ਪੰਜਾਬ ਦਾ ਸਿੱਖ ਇਤਿਹਾਸ
1708-1849

ਸਿਰ ਦੀਜੈ ਕਾਣ ਨਾ ਕੀਜੈ

ਨਰਿੰਦਰਪਾਲ ਸਿੰਘ

(ਨਾਵਲ)

Scanned by CamScanner

ਕਰਤਾ

ਸਿਪਾਹੀ, ਨੀਤੀਵੇਤਾ, ਉੱਚ-ਪ੍ਰਬੰਧਕ, ਅੱਥਕ ਯਾਤਰੂ, ਅਨੇਕ ਜ਼ਬਾਨਾਂ ਦੇ ਮਾਹਿਰ, ਨਾਵਲਕਾਰ, ਕਵੀ ਤੇ ਲੇਖਕ ਸਰਦਾਰ ਨਰਿੰਦਰਪਾਲ ਸਿੰਘ ਜੀ ਭਾਰਤ ਦੀ ਇਕ ਅਤਿ ਰੋਚਕ ਤੇ ਅਭਿਰਿਠ ਸ਼ਖ਼ਸੀਅਤ ਹਨ।

ਇਹਨਾਂ ਦਾ ਜਨਮ ੧੭ ਅਕਤੂਬਰ, ੧੯੨੪ ਨੂੰ ਕਾਨੀਆਂ ਬੰਗਲਾ, ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਚ ਹੋਇਆ। ਮੁਢਲੀ ਵਿਦਿਆ ਆਪ ਨੇ ਗੌਰਮੈਂਟ ਹਾਈ ਸਕੂਲ, ਜੜਾਂਵਾਲੇ ਵਿਚ ਪ੍ਰਾਪਤ ਕੀਤੀ। ਡਿਗਰੀ, ਸਿੱਖ ਨੈਸ਼ਨਲ ਕਾਲਜ, ਲਾਹੌਰ ਤੋਂ ਲਈ।

ਆਪ ਦੀ ਜੀਵਨ ਕਹਾਣੀ ਅਪ੍ਰਾਚੀਨ, ਬੇਜੋੜ, ਲਾਸਾਨੀ ਤੇ ਹੈਰਾਨੀ-ਜਨਕ ਹੈ। ਹਰ ਪਿੜ ਵਿਚ ਇਹਨਾਂ ਨੂੰ ਵਿਲਖਣ ਸਫ਼ਲਤਾ ਮਿਲੀ ਹੈ, ਪੰਤੂ ਆਪ ਫਿਰ ਵੀ ਅਤਿਅੰਤ ਨਿਰਮਾਨ ਤੇ ਅਲੌਕਿਕ ਪਿਆਰ-ਜੀਊੜੇ ਹਨ।

੧੯੪੨ ਵਿਚ, ਦੂਜੇ ਵਿਸ਼ਵ ਯੁਧ ਸਮੇਂ, ਆਪ ਸਿੱਖ ਲਾਈਟ ਇਨਫੈਂਟਰੀ ਵਿਚ ਅਫ਼ਸਰ ਨਿਯੁਕਤ ਹੋਏ ਤੇ ਪੱਛਮੀ ਏਸ਼ੀਆ ਵਿਚ ਲੜੇ। ੧੯੪੭-੪੮ ਵਿਚ ਆਪ ਪਹਿਲੇ ਜੂਨਾਗੜ੍ਹ ਤੇ ਫਿਰ ਜੰਮੂ ਕਸ਼ਮੀਰ ਵਿਚ ਸਨ। ੧੯੫੩-੫੪ ਵਿਚ ਇਹਨਾਂ ਨੇ ਵਲਿੰਗਟਨ ਤੋਂ ਸਤਵਾਂ ਸਟਾਫ਼ ਕਾਲਜ ਕੋਰਸ ਪਾਸ ਕੀਤਾ। ੧੯੫੬ ਤੋਂ ੧੯੫੯ ਤਕ ਆਪ ਕਾਬਲ, ਅਫ਼ਗ਼ਾਨਿਸਤਾਨ ਵਿਚ ਸੈਨਿਕ ਦੂਤ ਦੀ ਮਹੱਤਵ ਪਦਵੀ ਉੱਤੇ ਸਥਾਪਿਤ ਕੀਤੇ ਗਏ। ੧੯੬੨ ਤੋਂ ੧੯੬੬ ਤਕ ਭਾਰਤ ਦੇ ਮਹਾਨ ਫ਼ਿਲਾਸਫ਼ਰ ਰਾਸ਼ਟਰਪਤੀ, ਡਾਕਟਰ ਸਰਵੈਪਲੀ ਰਾਧਾਕ੍ਰਿਸ਼ਨਨ ਨੇ ਇਹਨਾਂ ਨੂੰ ਆਪਣਾ ਮੀਤ ਸੈਨਿਕ ਸਕੱਤਰ ਚੁਣਿਆ। ਉਸ ਤੋਂ ਪਿਛੋਂ ਆਪ ਫ਼ਰਾਂਸ, ਲਕਸਮਬਰਗ, ਬੈਲਜੀਅਮ ਤੇ ਹਾਲੈਂਡ ਵਿਚ ਇਕ ਵਾਰ ਫਿਰ ਸੈਨਿਕ ਦੂਤ ਬਣਾ ਕੇ ਭੇਜੇ ਗਏ। ਯੋਰਪ ਵਿਚ ਇਹਨਾਂ ਦਾ ਸਦਰ ਪੈਰਸ ਵਿਚ ਸੀ ਤੇ ਉੱਥੇ ਆਪ ੧੯੬੯ ਤਕ ਰਹੇ। ਕਿਸੇ ਵੀ ਫ਼ੌਜੀ ਅਫ਼ਸਰ ਨੂੰ ਅਜੇ ਤਕ ਉਤੋੜਿਤੀ ਅਜਿਹੀਆਂ ਗੌਰਵ ਤੇ ਮਾਨਨੀਯ ਪਦਵੀਆਂ ਪ੍ਰਾਪਤ ਨਹੀਂ ਹੋਈਆਂ ਤੇ ਨਾ ਹੀ ਸ਼ਾਇਦ ਹੋਣ।

੧੯੪੮ ਵਿਚ ਆਪ ਦਾ ਵਿਆਹ ਭਾਰਤ ਦੀ ਪ੍ਰਸਿਧ ਕਵੀ ਪਦਮਸ਼੍ਰੀ ਪ੍ਰਭਜੋਤ ਕੌਰ ਨਾਲ ਹੋਇਆ ਤੇ ਇਉਂ ਇਕ ਨਿਰਾਲੀ ਸਾਹਿਤਕ ਸਾਂਝ ਦਾ ਆਦਿ ਹੋਇਆ। ਦੋ ਪ੍ਰਤਿਭਾਵਾਂ ਦਾ ਅਜਿਹਾ ਸੁਭਾਗਾ ਮੇਲ ਦੁਨੀਆਂ ਦੇ ਇਤਿਹਾਸ ਅੰਦਰ ਕਦੇ ਕਦੇ ਹੀ ਵੇਖਣ ਵਿਚ ਆਇਆ ਹੈ। ਪ੍ਰਭਜੋਤ ਕੌਰ ਜੀ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਵੀ ਰਹਿ ਚੁਕੇ ਹਨ। ਇਹਨਾਂ ਦੀ ਦੋ ਬੱਚੀਆਂ ਹਨ : ਨਿਰੂਪਮਾ ਤੇ ਅਨੂਪਮਾ। ਦੋਵੇਂ ਵਿਆਹੀਆਂ ਹੋਈਆਂ ਹਨ ਤੇ ਵਡੀ ਇਕ ਸਫ਼ਲ ਕਵੀ ਹੈ ਤੇ ਅਨੂਪਮਾ ਇਕ ਉੱਤਮ ਚਿਤ੍ਰਕਾਰ। ਇਉਂ ਇਹਨਾਂ ਦਾ ਟੱਬਰ ਭਾਰਤ ਦਾ ਇਕ ਅਦੁੱਤੀ ਸੰਪੰਨ ਟੱਬਰ ਹੈ।

ਸਾਹਿਤਕ ਪਿੜ ਵਿਚ ਇਹਨਾਂ ਨੂੰ ਮਿਲੀ ਵਡਿਆਈ ਤੇ ਸਫ਼ਲਤਾ ਵੀ ਅਸਚਰਜ ਹੈ। ਸਰਬੰਗੀ, ਬਹੁਰੰਗੀ, ਬਹੁਰੂਪੀ — ਆਪ ਨੇ ਨਾਵਲ, ਕਵਿਤਾ, ਨਿਬੰਧ ਤੇ ਸਫ਼ਰਨਾਮੇ ਰਚੇ ਹਨ। ਇਹਨਾਂ ਦੀਆਂ ਇਤਿਹਾਸਕ ਰਚਨਾਵਾਂ ਵਿਚ ਸਾਹਿਤਕ ਸੰਵੇਦਨਾਂ ਦੀ ਚਾਸ਼ਨੀ ਹੈ ਤੇ ਆਪ ਸਿੱਖ ਧਰਮ ਦੇ ਮੰਨੇ ਪ੍ਰਮੰਨੇ ਖੋਜੀ ਹਨ। ਇਸ ਆਯੂ ਵਿਚ, ਆਪਣੇ ਅਨਗਿਣਤ ਰੁਝੇਵਿਆਂ ਦੇ ਵਿਪ੍ਰੀਤ ਵੀ, ਇਹਨਾਂ ਦੀ ਸਾਹਿਤਕ ਸਾਮਿਗ੍ਰੀ ਦੀ ਸੂਚੀ ਵਚਿਤ੍ਰ ਤੇ ਅਨਹੋਣੀ ਜਾਪਦੀ ਹੈ।

ਆਪ ਭਾਰਤ ਵਿਚ ਲੜੀਵਾਰ ਅੰਤਰਬੋਧ, ਜਾਂ ਚੇਤਨਾ ਪ੍ਰਵਾਹ, ਭੰਜਨ ਜਾਂ ਐਂਟੀ ਨਾਵਲ ਤੇ ਅਨਾਵਲ ਪਿਰਤ ਦੇ ਮੋਹਰੀ ਹਨ। ਸਾਹਿਤਕ ਨਜ਼ਰੀਏ ਤੋਂ ਆਪ ਨੂੰ ਸਤਿ ਲਭਣ ਤੇ ਸੰਚਾਰਨ ਦੀ ਕੋਈ ਦੁਰਗਮ ਸਿਕ ਜਾਪਦੀ ਹੈ। ਸੰਸਾਰ ਦਾ ਕੀ ਪ੍ਰਯੋਜਨ ਹੈ ? ਸਰਵ ਲੋਕ ਦਾ ਤਾਤਪਰਜ ਕੀ ਹੈ ? ਇਸ ਵਿਸ਼ਵ ਪ੍ਰਤਿਰੂਪ ਦਾ ਕੀ ਭਾਵ, ਕੀ ਨਿਸ਼ਾਨਾ, ਕੀ ਆਦਰਸ਼ ਤੇ ਕੀ ਟਿਕਾਣਾ ਹੈ ? ਇਕ ਮਨੁੱਖ ਚੰਦਰਮਾ ਉੱਤੇ — ਪੜ੍ਹਿਆ, ਗੁੜਿਆ, ਰਜਿਆ ਪੁਜਿਆ। ਇਕ ਦੀ ਪਾਤਾਲੀ ਉਤਪਤੀ — ਸੁਕਾ ਤੇ ਭੁਖਾ। ਕਿਥੇ ਹੋਈ ਅਨੁਰੂਪਤਾ ? ਪੁਲਾੜੀ ਵਿਮਾਨ, ਦਿਲ-ਖੱਗ, ਟੀਊਬ-ਉਤਪਤੀ — ਤੇ ਫਿਰ ਕੀ ? ਅਜਿਹੇ ਮਸਲੇ ਇਹਨਾਂ ਦੀ ਸਾਹਿਤ੍ਰਕ ਤੇ ਬੌਧਕ ਲਾਲਸਾ ਹਨ। ਨਿਰਸੰਦੇਹ ਥੱਥਾ ਉੱਤੇ ਸ਼ੱਕ, ਸਥਿਰਤਾ ਨੂੰ ਧਰਕੱਲੀਂ ਧੱਕੇ, ਕਾਲਪਨਿਕ ਨੂੰ ਵਾਸਤਵਿਕ ਬਨਾਣਾ, ਰਾਜ਼ਾ ਉੱਤੋਂ ਘੁੰਘਟ ਚੁਕਣੇ ਤੇ ਨੰਗੇਜਾਂ ਲਈ ਕੱਜਣ, ਕਰੂਪਤਾ ਨੂੰ ਰੂਪ ਦੇਣੇ,

Scanned by CamScanner

ਬੇਮੌਸਮੀ ਵਸਤਾਂ ਢੂੰਡਣੀਆਂ, ਸਿਫ਼ਰ ਵਿਚੋਂ ਅਲੱਖ ਨੂੰ ਲਭਣਾ...ਹਾਂ, ਕਿਸੇ ਵਿਸ਼ਵ ਪੈਟਰਨ ਦੀ ਲਾਲਸਾ ਹੀ ਇਹਨਾਂ ਦੀ ਕਲਾ ਦਾ ਸਾਰੰਸ਼ ਸਮਝੋ ।

ਇਹਨਾਂ ਦੀ ਬੋਲੀ, ਪੰਜਾਬੀ ਬੋਲੀ ਦੀ ਰਵਾਨੀ, ਉਰਮਤਾ, ਸ਼ਕਤੀ, ਸਮ੍ਰਥਾ, ਅਨੰਤਤਾ, ਅਸੀਮਤਾ, ਚੜ੍ਹਤਲ ਤੇ ਪ੍ਰਤਾਪੀ ਪ੍ਰਤਿਸ਼ਠਾ ਦੀ ਸਿਖਰ ਹੈ ।

ਇਹਨਾਂ ਦੀਆਂ ਅਨਿਕ ਰਚਨਾਵਾਂ ਹਿੰਦੀ, ਅੰਗ੍ਰੇਜ਼ੀ, ਫਰੈਂਚ ਤੇ ਕਈ ਹੋਰ ਭਾਰਤੀ ਤੇ ਵਦੇਸ਼ੀ ਬੋਲੀਆਂ ਵਿਚ ਉਲਥਾਈਆਂ ਜਾ ਚੁਕੀਆਂ ਹਨ । ਉਪ੍ਰੰਤ, ਆਪ ਸਿਧੇ ਅੰਗ੍ਰੇਜ਼ੀ ਵਿਚ ਵੀ ਲਿਖਦੇ ਹਨ, ਜਿਸ ਭਾਸ਼ਾ ਵਿਚ ਇਹਨਾਂ ਦੀਆਂ ਅਨੇਕ ਪੁਸਤਕਾਂ ਛਪ ਚੁਕੀਆਂ ਹਨ । ਫ਼ਰਾਂਸ ਤੇ ਹੋਰ ਯੋਰਪੀਨ ਦੇਸ਼ਾਂ ਵਿਚ ਇਹਨਾਂ ਦੀਆਂ ਰਚਨਾਵਾਂ ਦੀ ਸਾਹਿਤਕ ਹਲਕਿਆਂ ਤੇ ਪਤ੍ਰਕਾਵਾਂ ਵਿਚ ਕਾਫ਼ੀ ਚਰਚਾ ਹੋਈ ਹੈ । ਰੇਡੀਉ, ਟੈਲੀਵੀਯਨ ਤੇ ਸਾਹਿਤਕ ਗੋਸ਼ਟੀਆਂ ਵਿਚ ਭਾਗ ਲੈਣ ਲਈ ਜਾਂ ਯੂਨੀਵਰਸਿਟੀਆਂ ਵਿਚ ਭਾਸ਼ਨ ਦੇਣ ਲਈ ਆਪ ਨੂੰ ਪ੍ਰਦੇਸ ਵਿਚੋਂ ਥਾਂ ਥਾਂ ਤੋਂ ਸੱਦੇ ਆਉਂਦੇ ਹਨ । ਸੱਚ ਤਾਂ ਇਹ ਹੈ ਕਿ ਸ੍ਰੀਯੁੱਤ ਰਵਿੰਦਰਨਾਥ ਟੈਗੋਰ ਤੋਂ ਪਿਛੋਂ ਭਾਰਤੀ ਪ੍ਰਾਂਤਕ ਬੋਲੀ ਦੇ ਕਿਸੇ ਹੋਰ ਲੇਖਕ ਨੂੰ ਯੋਰਪ ਤੇ ਅਮ੍ਰੀਕਾ ਵਿਚ ਐਨੀ ਪ੍ਰਸਿਧੀ ਨਹੀਂ ਮਿਲੀ, ਜਿੰਨੀ ਸ੍ਰੀ ਨਰਿੰਦਰਪਾਲ ਸਿੰਘ ਜੀ ਨੂੰ ।

ਸਰਦਾਰ ਸਾਹਿਬ ਭਾਰਤ ਵਿਚ ਸਹਿਜੇ ਹੀ ਸਭ ਤੋਂ ਵਧ ਘੁੰਮੇ ਫਿਰੇ ਲੇਖਕ ਹਨ । ਸਫ਼ਰ ਤੇ ਯਾਤ੍ਰਾ ਇਹਨਾਂ ਦੀ ਲਗਨ ਹੈ । ਇਹਨਾਂ ਨੇ ਅਨੇਕ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਗੋਸ਼ਟੀਆਂ ਵਿਚ ਭਾਗ ਲਿਆ ਹੈ । ੧੯੬੭ ਵਿਚ ਆਪ ਡਬਲਿਨ, ਆਇਰਲੈਂਡ ਅੰਦਰ ਹੋਈ ਪੀ. ਈ. ਐਨ. ਕਾਨਫ਼ੈਂਸ ਲਈ ਭਾਰਤੀ ਡੈਲੀਗੇਟ ਸਨ ਤੇ ੧੯੬੮ ਵਿਚ ਕਨੇਕ, ਬੈਲਜੀਅਮ ਅੰਦਰ ਹੋਏ ਪੋਇਟ੍ਰੀ ਬੀਆਨਾਲ — ਦੋ-ਸਾਲਾ ਕਾਵਿਯ-ਸਮਾਰੋਹ — ਲਈ । ੧੯੬੯ ਵਿਚ ਆਪ ਪੀ. ਈ. ਐਨ. ਦੇ ਜਨੀਵਾ, ਸਵਿਟਜ਼ਰਲੈਂਡ ਦੇ ਅੰਤਰ-ਰਾਸ਼ਟਰੀ ਸੰਮੇਲਨ ਲਈ ਭਾਰਤ ਦੇ ਪ੍ਰਤੀਨਿਧ ਸਨ । ੧੯੭੦ ਵਿਚ ਆਪ ਨੂੰ ਪੋਇਟਰੀ ਸੋਸਾਇਟੀ ਆਫ਼ ਅਮ੍ਰੀਕਾ, ਨੀਊ ਯਾਰਕ ਦੇ ਸੰਮੇਲਨ ਲਈ ਉਚੇਚਾ ਬੁਲਾਇਆ ਗਿਆ ।

ਆਪ ਭਾਰਤ ਤੇ ਬਦੇਸ਼ ਵਿਚ ਅਨੇਕ ਸਾਹਿਤਕ ਸਭਾਵਾਂ ਦੇ ਮੈਂਬਰ ਹਨ, ਜਿਨ੍ਹਾਂ ਵਿਚੋਂ ਕੁਝ ਵਰਣਨ ਯੋਗ ਹਨ : ਪੈਰਸ ਦੀ 'ਸੋਸੀਈਤੇ ਦੇ ਯਾਂ ਦੇ ਲੈਤਰ', ਪੈਰਸ ਦੀ 'ਸੋਸੀਈਤੇ ਦੇ ਯਾਂ ਆਂਤਲੈਕਤੂਅਲ', ਫ਼ਿਲੇਪੀਨ ਦੀ 'ਰਾਜ ਕਵੀ ਐਸੋਸੀਏਸ਼ਨ', ਸਵਿਟਜ਼ਰਲੈਂਡ ਦੀ 'ਪੋਇਜ਼ੀ ਵੀਤਾਂਤ' ਤੇ 'ਪੋਇਟਰੀ ਸੋਸਾਇਟੀ ਆਫ਼ ਅਮੈਰੇਕਾ' ।

੧੯੬੯ ਵਿਚ ਫ਼ਰਾਂਸ ਦੀ 'ਆਰਟਸ, ਸਾਇਸਿਜ਼ ਤੇ ਲੈਤਰਜ਼' ਦੀ ਅਕਾਦਮੀ ਨੇ ਸਰਦਾਰ ਨਰਿੰਦਰਪਾਲ ਸਿੰਘ ਨੂੰ 'ਮਦਈ ਦਾ ਓਰ ਦ ਲਾ ਵੀਲ ਦਾ ਪਾਰੀ' (ਪੈਰਸ ਸ਼ਹਿਰ ਦਾ ਸੋਨੇ ਦਾ ਤਗ਼ਮਾ) ਨਾਲ ਸਨਮਾਨਿਆ । ੧੯੭੦ ਵਿਚ ਫ਼ਿਲੇਪੀਨ ਦੀ ਯੂ. ਪੀ. ਐਲ. ਆਈ. ਨੇ ਆਪ ਨੂੰ ਆਨਰੇਰੀ ਡਾਕਟਰੇਟ ਦਿਤੀ । ਪੰਜਾਬ ਸਰਕਾਰ ਨੇ ੧੯੭੧ ਵਿਚ ਸਰਦਾਰ ਜੀ ਨੂੰ ਸਾਹਿਤ ਸ਼ਰੋਮਣੀ ਮਿਥ ਕੇ 'ਰੱਬ ਆਫ਼ ਆਨੂਰ' ਪ੍ਰਦਾਨ ਕੀਤੀ ।

''ਸਿਰ ਦੀਜੈ ਕਾਣ ਨਾ ਕੀਜੈ' ਸਰਦਾਰ ਨਰਿੰਦਰਪਾਲ ਸਿੰਘ ਦੀ ਸਭ ਤੋਂ ਵਧ ਪ੍ਰਤਿਭਾਸ਼ਾਲੀ ਕ੍ਰਿਤ ਹੈ । ਇਹ ਭਾਰਤੀ ਗਲਪ ਸਾਹਿਤ ਦੇ ਭਵਿਖ ਦੀ ਮੰਜ਼ਲ ਹੈ । ਵਿਸ਼ਵ ਸਾਹਿਤ ਵਿਚ ਵੀ ਸ੍ਰੀ ਤਾਲਸਤਾਏ ਦੇ ''ਜੰਗ ਤੇ ਅਮਨ'' ਤੇ ਹੋਰ ਅਜਿਹੀਆਂ ਦੋ ਚਾਰ ਸਨਾਤਨੀ ਰਚਨਾਵਾਂ ਛਡ ਕੇ ਸ਼ਾਇਦ ਹੀ ਕੋਈ ਕ੍ਰਿਤ ''ਸਿਰ ਦੀਜੈ ਕਾਣ ਨਾ ਕੀਜੈ'' ਦੇ ਹੰਮਪੱਲਾ ਹੋਵੇ । ੧੭੧੦ ਤੋਂ ਲੈ ਕੇ ੧੯੪੯ ਤਕ ਦੇ ਪੰਜਾਬ ਦੇ ਇਤਿਹਾਸ ਨੂੰ ਇਸ ਪੁਸਤਕ ਵਿਚ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਇਤਿਹਾਸ ਦੇ ਪਿਛੋਕੜ ਸਾਹਵੇਂ ਨਿਤਾਰਿਆ ਗਿਆ ਹੈ । ਇਹ ਸਮਾਂ ਭਾਰਤ ਦੇ ਇਤਿਹਾਸ ਵਿਚ ਜਿਥੇ ਅਤਿ ਤੂਫ਼ਾਨੀ ਤੇ ਝਖੜਾਲਾ ਹੈ, ਉੱਥੇ ਰੌਚਕ ਤੇ ਦਰਦ-ਰਿੰਝਾਣਾ ਵੀ ਹੈ । ਇਸ ਕੂਚ ਸਦੀ ਵਿਚ ਹੀ ਸਿੱਖ ਧਰਮ ਦੀ ਬੁਨਿਆਦ ਰਖੀ ਗਈ, ਇਹ ਵਿਗਸਿਆ ਵੀ, ਇਹਦੀ ਸਲਤਨੱਤ ਵੀ ਉਸਰੀ, ਤੇ ਫਿਰ ਅੰਗ੍ਰੇਜ਼ੀ ਸਾਮਰਾਜ ਨੇ ਤਿੰਨ ਐਂਗਲੋ-ਪੰਜਾਬੀ ਯੁਧਾਂ ਸੰਗ ਇਹਦਾ ਖ਼ਾਤਮਾ ਵੀ ਕਰ ਦਿਤਾ । ਲੂੰ ਕੰਡੇ ਖੜੇ ਕਰਨ ਵਾਲਾ ਇਹ ਇਤਿਹਾਸ ਇਸ ਕ੍ਰਿਤ ਦਾ ਖੇਤਰ ਹੈ । ਕਿਸੇ ਨਾਵਲਕਾਰ ਨੇ ਅਜੇ ਤਕ ਐਡਾ ਵਿਸ਼ਾਲ ਕੈਨਵਸ ਚਿਥ੍ਰਨ ਦਾ ਜੇਰਾ ਨਹੀਂ ਕੀਤਾ । ਇਹ ਕ੍ਰਿਤ ਇਕ ਕਲਾਧਾਰੀ ਵਿਅਕਤੀ ਦੀ ਅਭਿਰਿਠ ਸਿਰਜਨਾ ਹੈ ।

ਸਰਬ ਸ਼ਕਤੀਮਾਨ ਭਾਰਤ ਦੇ ਇਸ ਦੂਲੇ ਨਾਇਕ ਨੂੰ ਹੋਰ ਸਫ਼ਲਤਾ ਤੇ ਜ਼ੋਰੇ-ਕਲਮ ਬਖ਼ਸ਼ੇ ।

Scanned by CamScanner

ਸਰਦਾਰ ਨਰਿੰਦਰਪਾਲ ਸਿੰਘ ਰਚਿਤ

ਨਾਵਲ :

ਮਲਾਹ, ਸੈਨਾਪਤੀ, ਉਨਤਾਲੀ ਵਰ੍ਹੇ, ਇਕ ਰਾਹ ਇਕ ਪੜਾ, ਸ਼ਕਤੀ, ਤ੍ਰਿਆ ਜਾਲ, ਅਮਨ ਦੇ ਰਾਹ, ਖੰਨਿਓਂ ਤਿੱਖੀ, ਵਾਲੋਂ ਨਿੱਕੀ, ਏਤਿ ਮਾਰਗ ਜਾਣਾ, ਇਕ ਸਰਕਾਰ ਬਾਝੋਂ, ਪੁੰਨਿਆ ਕਿ ਮੱਸਿਆ, ਚਾਨਣ ਖੜਾ ਕਿਨਾਰੇ, ਟਾਪੂ, ਵਿਕੇਂਦ੍ਰਿਤ, ਸਿਰ ਦੀਜੈ ਕਾਣ ਨਾ ਦੀਜੈ, ਗੱਲਾਂ, ਬਾ ਮੁਲਾਹਜ਼ਾ ਹੋਸ਼ਿਆਰ, ਸੂਰਤਧਾਰ, ਗਗਨ ਗੰਗਾ, ਕਾਲ ਅਕਾਲ, ਮੇਰੇ ਤੋਂ ਗਿਰਧਰ ਗੋਪਾਲ ।

ਕਵਿਤਾ :

ਅੰਗਮੀ ਵਹਿਣ, ਕਿੱਲ ਤੇ ਕਾਮੇਂ, ਅੰਗਮੀ ਵਹਿਣ, (ਸੰਚੀ ਦੂਜੀ) ।

ਸਫ਼ਰਨਾਮੇ :

ਦੇਸਾਂ ਪ੍ਰਦੇਸਾਂ ਵਿਚੋਂ, ਮੇਰਾ ਰੂਸੀ ਸਫ਼ਰਨਾਮਾ, ਆਰੀਆਨਾ, ਪੈਰਸ ਦੇ ਪੋਟਰੇਟ ।

ਲੇਖ :

ਨਿਕ ਸੁਕ, ਅਲਸੀ ਤੇ ਅਉਲੇ ।

ਇਤਿਹਾਸ, ਸਭਿਆਚਾਰ ਤੇ ਹੋਰ ਪੁਸਤਕਾਂ :

ਪੰਜਾਬ ਦਾ ਇਤਿਹਾਸ (1469-1839), ਭਾਰਤ ਦੇ ਤਿਓਹਾਰ, ਜੰਗ ਤੇ ਅਮਨ ਦੇ ਲੋਕ ਗੀਤ, ਅਫ਼ਗਾਨਿਸਤਾਨ, ਨਾਵਲ ਕਲਾ ਤੇ ਮੇਰਾ ਅਨੁਭਵ, ਮੇਰੀ ਸਾਹਿਤਕ ਸਵੈ-ਜੀਵਨੀ ।

ਕਵਿਆ ਨਾਟ :

ਕਾਫ਼ਲੇ

ਉਲੱਥਾ :

ਪੱਛਮੀ ਦੁਨੀਆਂ ਦੇ ਨਿਰਜੈਜਨਕ ਜੰਗ—ਮੂਲ ਕਰਤਾ, ਮੇਜਰ ਜਨਰਲ ਜੇ. ਐਫ. ਸੀ. ਫ਼ੁਲਰ (ਭਾਗ ਪਹਿਲਾ)

" " " " (ਭਾਗ ਦੂਜਾ)

" " " " (ਭਾਗ ਤੀਜਾ)

ਖ਼ਾਲ ਸਹਿਜ਼ਾਦਾ—ਮੂਲ ਲੇਖਕ, ਆਨਤੁਆਨ ਦ ਸੈਂਤ ਐਗਜ਼ੁਪੇਰੀ

ਅਜਨਬੀ —ਮੂਲ ਲੇਖਕ, ਐਲਬੈਰ ਕੈਮੀਊ

ਪਲੇਗ —ਮੂਲ ਲੇਖਕ, " "

ਜੀਵਨੀ :

ਮੋਹਨ ਸਿੰਘ

Scanned by CamScanner

ਹਿੰਦੀ ਵਿਚ :

ਸ਼ਕਤੀ, ਉਨਤਾਲੀਸ ਵਰਸ਼, ਸ਼ਾਂਤੀ ਕੇ ਪਥ ਪਰ, ਪ੍ਰਕਾਸ਼ ਕੀ ਛਾਯਾ ਮੇਂ, ਕੜੀਆਂ ਟੂਟ ਗਈਂ, ਟਾਪੂ, ਵਿਕੇਂਦ੍ਰਿਤ, ਅੰਧੇਰੇ ਕਾ ਕਾਫ਼ਲਾ, ਬਾ ਮੁਲਾਹਜ਼ਾ ਹੋਸ਼ਿਆਰ, ਕਹਾਣੀ ਪਾਂਚ ਲਾਖ ਗਾਵੇਂ ਕੀ, ਮੋਹਨ ਸਿੰਘ ।

ਅੰਗ੍ਰੇਜ਼ੀ :

New Horizons (Military Science), Furrows in the Snow (Travelogue), Gleanings from the Masters (Religion), Tales from the Sikh Gurus (Religion), Light Stands Aside (Novel), Afghanistan (General), Flaming Hills, (Novel), On the Crest of Time (Novel) Trapped (Novel), Holy Dips (Novel), Never a Noontide (Novel), Great Mother (Biography), Scandal Village (Novel), Torch of Non-Alignment (General), The New Moses (Translation), Last Words (General), Zero Hour (Poetry), Love in Nagaland (Novel), Mohan Singh (Biography), Puran Singh as a Poet.


ਫ਼ਰੈਂਚ ਵਿਚ :

Chants Spirituels des Sikhs, Les Histoires des Sikhs, Jamais de Jour, Saintes Immersions, L' Amour en Nagaland.


ਨੋਟ : ਉਪ੍ਰੋਕਤ ਪੁਸਤਕਾਂ ਵਿਚੋਂ ਕਈ ਭਾਰਤ ਦੀਆਂ ਪ੍ਰਾਂਤਕ ਬੋਲੀਆਂ ਤੇ ਹੋਰ ਬਦੇਸ਼ੀ ਭਾਸ਼ਾਵਾਂ ਵਿਚ ਵੀ ਅਨੁਵਾਦਿਤ ਹੋ ਚੁਕੀਆਂ ਹਨ । ਉਨ੍ਹਾਂ ਤੇ ਸ: ਨਰਿੰਦਰਪਾਲ ਸਿੰਘ ਦੇ ਕਈ ਲੇਖ, ਕਵਿਤਾਵਾਂ, ਨਾਵਲਾਂ ਵਿਚੋਂ ਕਾਂਡ ਤੇ ਹੋਰ ਫੁਟਕਲ ਲਿਖਤਾਂ ਦੁਨੀਆਂ ਦੀਆਂ ਲਗਭਗ ਵੀਹ ਭਾਸ਼ਾਵਾਂ ਦੇ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਨੁਵਾਦਿਤ ਹੋ ਕੇ ਛਪ ਚੁਕੀਆਂ ਹਨ ।

Scanned by CamScanner

"ਸਿਰ ਦੀਜੈ ਕਾਂਣ ਨਾ ਕੀਜੈ" ਦੇ ਪਾਤਰਾਂ ਦੀ ਬੰਸਾਵਲੀ



Scanned by CamScanner



Scanned by CamScanner

ਸਿਰ ਦੀਜੈ ਕਾਣ ਨਾ ਕੀਜੈ

Scanned by CamScanner

੧

ਪੰਜਾਬ ਦੀ ਮਿੱਟੀ ਬੜੀ ਸ਼ਕਤੀਵਾਨ ਹੈ। ਇਹ ਮਿੱਟੀ ਕਿਸੇ ਬੰਧਕ ਸਲਤਨੱਤ, ਕਿਸੇ ਰਾਜ, ਕਿਸੇ ਹਕੂਮਤ, ਕਿਸੇ ਰਾਜਸਕ ਤੇ ਬੁਧੀਮਾਨ ਪਰਨਾਲੀ ਜਾਂ ਧਾਰਾ ਨੂੰ ਚਿਰ-ਸਥਾਈ ਨਹੀਂ ਹੋਣ ਦੇਂਦੀ — ਇਸ ਮਿੱਟੀ ਨੂੰ ਸਥਿਰਤਾ ਨਾਲ ਵੈਰ ਹੈ। ਇਸ ਮਿੱਟੀ ਉੱਤੇ ਕਿਸੇ ਸ਼ਹਿਨਸ਼ਾਹ, ਰਾਜੇ, ਰਜਵਾੜੇ ਜਾਂ ਮਨੁੱਖ ਦੇ ਪੈਰ ਪੀਡੇ ਨਹੀਂ ਪੈਂਦੇ।

ਜਿੰਨੇ ਰਾਜ ਪੰਜਾਬ ਦੀ ਧਰਤੀ ਉੱਤੇ ਬਣੇ ਤੇ ਉੱਜੜੇ, ਉਨੇਂ ਰਾਜ ਸ਼ਾਇਦ ਦੁਨੀਆਂ ਦੇ ਕਿਸੇ ਹੋਰ ਹਿੱਸੇ ਉੱਤੇ ਨਾ ਹੀ ਬਣੇ ਤੇ ਨਾ ਹੀ ਉੱਜੜੇ। ਜਦੋਂ ਤੋਂ ਲਿਖਤੀ ਇਤਿਹਾਸ ਦੀ ਪਰੰਪਰਾ ਸ਼ੁਰੂ ਹੋਈ ਹੈ ਓਦੋਂ ਤੋਂ ਲੈ ਕੇ ਅੱਜ ਤਕ ਇਹ ਧਰਤੀ ਹਰ ਦਸਵੇਂ, ਪੰਝੀਵੇਂ ਜਾਂ ਪੰਜਾਹਵੇਂ ਸਾਲ ਜੰਗ ਦਾ ਮੈਦਾਨ ਬਣਦੀ ਆਈ ਹੈ। ਏਥੇ ਉੱਤਰ ਵਲੋਂ ਆਰੀਅਨ, ਯੂਨਾਨੀ, ਈਰਾਨੀ, ਤੁਰਕਸਤਾਨੀ, ਅਰਬੀ, ਮੁਗਲ ਤੇ ਪਠਾਣ ਆਏ ਤੇ ਏਥੇ ਦੱਖਣ ਵਲੋਂ ਮਰਹੱਟੇ ਤੇ ਫਿਰ ਅੰਗਰੇਜ਼ ਆਏ। ਪਰ ਪੰਜਾਬ ਦੀ ਮਿੱਟੀ ਨੇ ਕਿਸੇ ਦੀਆਂ ਜੜ੍ਹਾਂ ਪਕੀਆਂ ਨਾ ਹੋਣ ਦਿੱਤੀਆਂ।

ਕਮਾਲ ਦੀ ਗੱਲ ਹੈ ਕਿ ਜਿਸ ਧਰਤੀ ਵਿਚ ਐਨੀਆਂ ਪਾਤਸ਼ਾਹੀਆਂ ਰੁਲੀਆਂ, ਜਿਸ ਮਿੱਟੀ ਵਿਚ ਅਨੇਕਾਂ ਤਾਜ ਤੇ ਤਖ਼ਤ ਮਿੱਟੀ ਹੋਏ, ਜਿਸ ਧਰਤੀ ਉੱਤੇ ਬੇਥਹਾ ਖ਼ੂਨ ਡੁਲ੍ਹਿਆ, ਤੇ ਜਿਸ ਧਰਤੀ ਵਿਚ ਅਣਗਿਣਤ ਲੋਥਾਂ ਦੱਬੀਆਂ ਤੇ ਸਾੜੀਆਂ ਗਈਆਂ, ਉਸ ਧਰਤੀ ਵਿਚੋਂ ਆਪ ਬੜਾ ਥੋੜਾ ਕੁਝ ਪ੍ਰਫੁੱਲਤ ਹੋਇਆ। ਆਪ ਪੰਜਾਬ ਵਿਚੋਂ ਬੜੇ ਥੋੜੇ ਲੜਾਕੇ ਨਿੱਤਰੇ, ਬੜੇ ਥੋੜੇ ਸ਼ਹਿਨਸ਼ਾਹ ਬਣੇ ਤੇ ਬੜੇ ਥੋੜੇ ਸਾਹਿੱਤਕ ਜਾਂ ਬੁਧੀਮਾਨ ਪਾਠਸ਼ਾਲੇ ਚੱਲੇ।

ਹਾਂ, ਪਰ ਜੇ ਏਥੋਂ ਕੁਝ ਉਗਮਿਆ ਤੇ ਪ੍ਰਫੁੱਲਤ ਹੋਇਆ ਤਾਂ ਉਹ ਸਿਖ ਧਰਮ ਸੀ। ਇਸ ਸਰਜ਼ਮੀਨ ਨਾਲ ਜੇ ਕਿਸੇ ਦੀ ਲਹੂ ਤੇ ਆਂਦਰਾਂ ਦੀ ਸਾਂਝ ਹੈ ਤਾਂ ਉਹ ਸਿਖਾਂ ਨੂੰ ਹੈ। ਕਿਸੇ ਨੇ ਇਸ ਦੇਸ਼ ਨੂੰ ਆਪਣਾ ਨਹੀਂ ਮੰਨਿਆ, ਆਪਣਾ ਨਹੀਂ ਜਾਣਿਆ। ਹਰ ਕੋਈ ਏਥੇ ਆਇਆ ਤੇ ਗਿਆ। ਕਿਸੇ ਨੇ ਏਸ ਧਰਤੀ ਨਾਲ ਪਿਆਰ ਨਾ ਪਾਇਆ ਤੇ ਨਾ ਹੀ ਇਥੋਂ ਦੀ ਮਿੱਟੀ ਨੇ ਕਿਸੇ ਦਾ ਪਿਆਰ ਮੋੜਿਆ; ਕਿਸੇ ਦਾ ਪਿਆਰ ਪੁਗਣ ਦਿਤਾ। ਪਰ ਸਿਖ ਮੱਤ ਏਥੇ ਨਿਮ੍ਹਿਆ, ਏਥੇ ਜੰਮਿਆ ਤੇ ਏਥੇ ਪਲਿਆ।

ਪਰ ਏਥੋਂ ਦੀ ਮਿੱਟੀ ਨੇ ਸਿਖ ਮਤਿ ਨੂੰ ਵੀ ਕਿਹੜਾ ਅਪਣਾਇਆ ? ਏਥੋਂ ਜੰਮ ਕੇ ਵੀ ਸਿਖ ਮੱਤਿ ਨੇ ਏਥੇ ਉਹ ਉਹ ਕੁਝ ਸਹਾਰਿਆ ਜਿਵੇਂ ਇਹ ਬਿਗਾਨਾ ਹੋਵੇ। ਏਥੇ ਸਿਖ ਰਾਜ ਬਣਿਆ ਤੇ ਉਜੜਿਆ। ਏਥੇ ਸਿਖ ਸੰਸਕ੍ਰਿਤੀ ਖਿੜੀ ਤੇ ਮੁਰਝਾਈ। ਏਥੇ ਹੀ ਸਿਖ ਬਣੇ ਤੇ ਵਿਗੜੇ, ਫਿਰ ਬਣੇ ਤੇ ਫਿਰ ਵਿਗੜੇ। ਪਰ ਤਾਂ ਵੀ ਜੇ ਏਥੇ ਕੋਈ ਸ਼ੈ, ਕੋਈ ਇਨਸਾਫ਼, ਕੋਈ ਸੰਸਕ੍ਰਿਤੀ, ਕੋਈ ਰਾਜ ਸਥਿਰ ਹੋ ਸਕਦਾ ਹੈ ਤਾਂ ਉਹ ਸਿਖਾਂ ਦਾ ਹੀ ਹੈ। ਇਹੋ ਜਿਹੀ ਕਹਿਰਵੀ ਤੇ ਇਹੋ ਜਿਹੀ ਸ਼ਕਤੀਵਾਨ ਧਰਤੀ ਵਿਚੋਂ ਜੰਮ ਕੇ ਹੀ ਕੋਈ ਸ਼ਕਤੀਵਾਨ ਇਸ ਧਰਤੀ ਨੂੰ ਨਿੰਵਾ ਸਕਦਾ ਹੈ। ਸਿਖ ਇਸ ਮਿੱਟੀ ਨੂੰ ਸਮਝਦੇ ਹਨ। ਸਿਖ ਇਸ ਮਿੱਟੀ ਦੀ ਸ਼ਕਤੀ ਉਤੇ ਮੁਸਕਰਾ ਸਕਦੇ ਹਨ। ਸਿਰਫ਼ ਸਿਖ ਹੀ ਕਿਸੇ ਹੱਦ ਤੱਕ ਆਪਣੇ ਨਿਸ਼ਾਨ ਇਸ ਧਰਤੀ ਉਤੇ ਸਥਿਰ ਰਖ ਸਕਦੇ ਹਨ ਕਿਉਂਕਿ ਸਿਰਫ਼ ਉਹੋ ਹੀ ਆਪਣੇ ਨਿਸ਼ਾਨਾਂ ਨੂੰ ਮੁੜ ਮੁੜ ਮਿੱਟੀ ਵਿਚ ਰੁਲਦਿਆਂ ਵੇਖ ਕੇ ਵੀ ਨਿਰਾਸ਼ ਨਹੀਂ ਹੁੰਦੇ।

ਉਂਜ ਇਸ ਮਿੱਟੀ ਵਿਚ ਕਿਸੇ ਦੇ ਨਿਸ਼ਾਨ ਸਥਾਈ ਤੌਰ ਉੱਤੇ ਨਹੀਂ ਉਭਰਦੇ। ਜਦੋਂ ਏਥੇ ਹਵਾਵਾਂ ਝੁਲਦੀਆਂ ਹਨ ਤਾਂ ਇਸ ਮਿੱਟੀ ਦੀ ਉਡਦੀ ਧੂੜ ਤੋਂ ਕੋਈ ਸ਼ੈ ਬਚ ਨਹੀਂ ਸਕਦੀ। ਤੇ ਇਹ ਧੂੜ ਮਾਰੂ ਧੂੜ ਹੈ। ਜਿਸ ਸ਼ੈ ਉਤੇ ਇਹ ਧੂੜ ਪਵੇ ਉਹਨੂੰ ਇਹ ਖਾ ਜਾਂਦੀ ਹੈ। ਜਿਉਂ ਜਿਉਂ ਦੱਖਣ ਵਲ ਜਾਈਏ ਇਹ ਧੂੜ ਘਟਦੀ ਜਾਂਦੀ ਹੈ। ਮਹਾਰਾਸ਼ਟਰ ਤੋਂ ਥੱਲੇ ਇਹੋ ਜਿਹੀ ਧੂੜ ਬਿਲਕੁਲ ਨਹੀਂ ਉਡਦੀ। ਏਸੇ ਲਈ ਸ਼ਾਇਦ ਉਧਰ ਦੇ ਮੰਦਰ, ਮਕਾਨ, ਮਹਿਲ ਸਦੀਆਂ ਤੋਂ ਸਮੇਂ

Scanned by CamScanner

ਨੂੰ ਝੁਠਲਾਂਦੇ ਹਨ। ਹਜ਼ਾਰ ਹਜ਼ਾਰ ਤੇ ਦੋ ਦੋ ਹਜ਼ਾਰ ਸਾਲ ਪੁਰਾਣੀਆਂ ਗਾਰਾਂ, ਪੁਰਾਣੇ ਮਕਾਨ ਤੇ ਪੁਰਾਣੇ ਨਿਸ਼ਾਨ ਨੇ-ਥਰ ਨੇ ਹਨ। ਓਧਰ ਇਹ ਨਿਸ਼ਾਨ ਪੈਂਦੇ ਭਾਵੇਂ ਮੁਸ਼ਕਲ ਨਾਲ ਹਨ ਪਰ ਜਦੋਂ ਪੈਂਦੇ ਹਨ ਤਾਂ ਚਿਰ-ਸਥਾਈ ਹੁੰਦੇ ਹਨ। ਇਸ ਦੇ ਉਲਟ ਪੰਜਾਬ ਵਿਚ ਹਰ ਰਾਹੀ ਆਪਣੇ ਪੈਰ ਛਡਦਾ ਜਾਂਦਾ ਹੈ, ਪਰ ਉਹ ਪੈਰ ਉਤਨੀ ਹੀ ਤੇਜ਼ੀ ਤੇ ਉਤਨੀ ਹੀ ਬੇਫ਼ਿਕਰੀ ਵਿਚ ਮਿਟਦੀ ਵੀ ਜਾਂਦੀ ਹੈ।

ਪੰਜਾਬ ਵਿਚ ਲੋਕ ਆਪਣੇ ਮਕਾਨਾਂ, ਦੁਕਾਨਾਂ ਤੇ ਨਿਸ਼ਾਨਾ ਦੀਆਂ ਨੀਹਾਂ ਡੂੰਘੀਆਂ ਨਹੀਂ ਖੱਟਦੇ। ਏਥੇ ਪੈਰਾਂ ਤੇ ਪੜਪੋਤਰੇ ਜੱਦੀ ਜਾਇਦਾਦਾਂ ਦੀ ਖੱਟੀ ਉੱਤੇ ਨਹੀਂ ਪਲਦੇ। ਹਰ ਦੂਜੀ ਜਾਂ ਤੀਜੀ ਜੱਦ ਨੂੰ ਏਥੇ ਨਵੇਂ ਮਕਾਨ ਬਣਾਏ ਪੈਂਦੇ ਹਨ, ਨਵੀਆਂ ਜਾਇਦਾਦਾਂ ਹਾਸਲ ਕਰਨੀਆਂ ਪੈਂਦੀਆਂ ਹਨ। ਪੰਜਾਬ ਵਿਚ ਪੰਜਾਬ ਦੀ ਮਿੱਟੀ ਦਾ ਰਾਜ ਹੈ, ਕਿਸੇ ਰਾਜੇ, ਕਿਸੇ ਸ਼ਹਿਨਸ਼ਾਹ, ਕਿਸੇ ਗਣ ਜਾਂ ਕਿਸੇ ਪਰਜਾ-ਰਾਜ ਦਾ ਨਹੀਂ।

ਪੰਜਾਬ ਦੇ ਅਨੇਕ ਸ਼ਹਿਰ ਕਈ ਵਾਰ ਢੱਠੇ ਤੇ ਕਈ ਵਾਰ ਉਸਰੇ। ਜਿਹੜੇ ਸ਼ਹਿਰ ਤੇ ਗਿਰਾਂ ਅਸੀਂ ਅੱਜ ਵੇਖਦੇ ਹਾਂ ਇਹ ਸ਼ਹਿਰ ਤੇ ਗਿਰਾਂ ਅੱਜ ਤੋਂ ਪੰਜਾਹ, ਸੌ ਜਾਂ ਦੋ ਸੌ ਸਾਲ ਪਹਿਲੇ ਇਸ ਸ਼ਕਲ ਵਿਚ ਨਹੀਂ ਸਨ। ਉਹ ਵੇਲੇ ਹੋਰ ਸਨ, ਉਦੋਂ ਬਹਾਰਾਂ ਹੋਰ ਸਨ, ਉਦੋਂ ਦੀਆਂ ਉਜਾੜਾਂ ਹੋਰ ਸਨ।

ਅੱਜ ਦੀ ਸਰਹਿੰਦ ਤੇ ਦੋ ਢਾਈ ਸੌ ਵਰ੍ਹੇ ਪਹਿਲੇ ਦੀ ਸਰਹਿੰਦ ਵਿਚ ਬੜਾ ਫ਼ਰਕ ਹੈ। ਅਜੋਂ ਵੀਹਵੀਂ ਸਦੀ ਵਿਚ ਸਰਹਿੰਦ ਦੀ ਪੁੱਛ - ਪੜਤਾਲ ਨਹੀਂ। ਇਹ ਨਾ ਤਿੰਨਾਂ ਵਿਚ ਨਾ ਤੇਰ੍ਹਾਂ ਵਿਚ। ਇਹ ਨਾ ਸੂਬੇ ਦੀ ਰਾਜਧਾਨੀ ਨਾ ਕਮਿਸ਼ਨਰੀ, ਨਾ ਜ਼ਿਲਾ। ਅੱਜ ਏਥੇ ਕੋਈ ਬਾਗ਼ ਨਹੀਂ, ਬਗੀਚਾ ਨਹੀਂ। ਅਜੋਂ ਏਥੇ ਦਿਲਾਂ ਨੂੰ ਮੋਹਣ ਵਾਲਾ ਕੋਈ ਮਕਾਨ ਨਹੀਂ, ਮੰਜ਼ਲ ਨਹੀਂ। ਮਹਿਲ ਨਹੀਂ। ਅੱਜ ਏਥੇ ਕੋਈ ਨਾਮਵਰ ਕਾਰੀਗਰ ਨਹੀਂ, ਕੋਈ ਨਾਮਵਰ ਧਨੀ ਧਨਾਢ ਨਹੀਂ। ਅੱਜ ਏਥੋਂ ਦੇ ਬਜ਼ਾਰਾਂ ਵਿਚ ਕੋਈ ਖਿੱਚ ਨਹੀਂ, ਕੋਈ ਧੂਹ ਨਹੀਂ। ਅੱਜ ਏਥੇ ਕੋਈ ਯਾਤ੍ਰੀ ਨਹੀਂ ਆਉਂਦੇ, ਅੱਜ ਇਹਦੀ ਸ਼ੋਭਾ ਨਾ ਦੇਸ਼ ਨਾ ਦਿਸਾਵਰ ਵਿਚ। ਅੱਜ ਜਰਨੈਲੀ ਸੜਕ ਉਤੇ ਅੰਮ੍ਰਿਤਸਰੋਂ ਦਿੱਲੀ ਜਾਂਦੀਆਂ ਟਰੱਕਾਂ, ਕਾਰਾਂ ਤੇ ਕਾਰਵਾਨ ਸਰਹਿੰਦ ਨਹੀਂ ਰੁਕਦੇ। ਅੱਜ ਕਲ੍ਹ ਰਾਤ ਕੱਟਣ ਲਈ ਸਰਹਿੰਦ ਪਹੁੰਚਣਾ ਕੋਈ ਜ਼ਰੂਰੀ ਨਹੀਂ ਗਿਣਿਆ ਜਾਂਦਾ। ਏਥੇ ਕੋਈ ਆਰਾਮ-ਦਿਹ ਸਰਾਂ ਨਹੀਂ, ਹੋਟਲ ਨਹੀਂ। ਹੋਰ ਤੇ ਹੋਰ - ਗੱਡੀ ਵਿਚ ਬੈਠੀਆਂ ਸਵਾਰੀਆਂ ਵੀ ਗੱਡੀ ਦੇ ਸਰਹਿੰਦੋਂ ਲੰਘਣ ਵੇਲੇ ਕਿਸੇ ਖ਼ਾਸ ਉਤਸੁਕਤਾ ਨਾਲ ਸਰਹਿੰਦ ਵੱਲੇ ਨਹੀਂ ਤਕਦੀਆਂ। ਅੱਜ ਕਿਸੇ ਕੋਲ ਸਰਹਿੰਦ ਨੂੰ ਇਕ ਨਜ਼ਰ ਭਰ ਤਕਣ ਦੀ ਵਿਹਲ ਨਾਂਹ, ਲੋੜ ਨਾਂਹ, ਚਾਹ ਨਾਂਹ, ਖ਼ਿਆਲ ਨਾਂਹ।

ਪਰ ਸਤਾਰ੍ਹਵੀਂ ਸਦੀ ਵਿਚ ਤੇ ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਤਕ ਸਰਹਿੰਦ, ਸਰਹਿੰਦ ਸੀ। ਦਿੱਲੀ ਦੀ ਆਪਣੀ ਸ਼ਾਨ ਸੀ, ਲਾਹੌਰ ਦੀ ਆਪਣੀ, ਪਰ ਸਰਹਿੰਦ ਦੀ ਵੀ ਉਦੋਂ ਆਪਣੀ ਹੀ ਸ਼ਾਨ ਸੀ। ਜੇ ਦਿੱਲੀ ਨੂੰ ਮੁਗ਼ਲ ਸ਼ਹਿਨਸ਼ਾਹਾਂ ਦੀ ਸ਼ਹਾਨਾ ਰਾਜਧਾਨੀ ਹੋਣ ਦਾ ਮਾਨ ਸੀ ਤੇ ਲਾਹੌਰ ਨੂੰ ਮੁਗ਼ਲੀਹਾ ਸਲਤਨੱਤ ਦਾ ਇਕ ਸਭ ਤੋਂ ਤਕੜਾ ਸੂਬਾ, ਤਾਂ ਸਰਹਿੰਦ ਨੂੰ ਆਪਣੀ ਸੁੰਦਰਤਾ ਤੇ ਆਪਣੇ ਕਾਰੀਗਰਾਂ ਤੇ ਆਪਣੇ ਸੂਬੇਦਾਰ ਵਜ਼ੀਰ ਖ਼ਾਨ ਦਾ ਮਾਣ ਸੀ।

ਓਦੋਂ ਦਿੱਲੀ ਤੇ ਲਾਹੌਰ ਵਿਚਕਾਰ ਸਰਹਿੰਦ ਹੀ ਇਕੋ-ਇਕ ਅਜਿਹਾ ਪੜਾਅ ਸੀ ਜਿਥੇ ਯਾਤ੍ਰੀ ਹਫ਼ਤਾ ਹਫ਼ਤਾ, ਮਹੀਨਾ ਮਹੀਨਾ, ਸਾਲ ਸਾਲ ਭਰ ਟਿਕਣਾ ਕੰਦੀ ਬਹੁਤਾ ਨਹੀਂ ਸਨ ਸਮਝਦੇ। ਉਦੋਂ ਕਰਨਾਲ, ਅੰਬਾਲਾ, ਲੁਧਿਆਣਾ, ਜਾਲੰਧਰ ਜਾਂ ਅੰਮ੍ਰਿਤਸਰ ਆਦਿ ਸ਼ਹਿਰਾਂ ਵਿਚ ਲੋਕ ਮਜਬੂਰਨ ਪੜਾ ਪਾਂਦੇ ਸਨ, ਪਰ ਸਰਹਿੰਦ ਵਿਚ ਚਾਅ ਨਾਲ।

ਸਰਹਿੰਦ ਉਦੋਂ ਮੁਗ਼ਲੀਹਾ ਸਭਿਆਚਾਰ ਦਾ ਮਾਣ ਸੀ। ਏਥੇ ਦਿੱਲੀ ਤੋਂ ਵੀ ਚੰਗੇਰੇ ਕਾਰੀਗਰਾਂ ਦਾ ਵਾਸ ਸੀ। ਏਥੇ ਹਾਥੀ ਦੰਦ ਦੀਆਂ ਬੇਨਜ਼ੀਰ ਚੀਜ਼ਾਂ ਬਣਦੀਆਂ ਸਨ। ਚੰਦਨ ਦਾ ਕੰਮ ਕਰਦੇ ਕਾਰੀਗਰ ਵੀ ਸਨ। ਚੰਦਨ ਦੀ ਖ਼ੁਸ਼ਬੂ ਨਾਲ ਸ਼ਹਿਰ ਮਹਿਕਿਆ ਰਹਿੰਦਾ ਸੀ। ਇਥੋਂ ਦਾ ਗੋਟਾ ਤੇ ਕਿਨਾਰੀ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚਦਾ। ਸੰਗਮਰਮਰ ਬਣਾਉਣ, ਘੜਨ ਤੇ ਉਸਾਰਨ ਦੇ ਮਾਹਿਰ ਏਥੋਂ ਸਲਾਹਾਂ ਦੇਣ ਵਾਸਤੇ ਦਿੱਲੀ ਤੇ ਲਾਹੌਰ ਜਾਂਦੇ ਸਨ।

ਅੱਜ ਕੱਲ੍ਹ ਲੋਕ ਪਹਾੜਾਂ ਉਤੇ ਬੰਗਲੇ ਉਸਾਰਦੇ ਹਨ। ਇਕ ਤਾਂ ਗਰਮੀਆਂ ਕੱਟਣ ਵਾਸਤੇ, ਦੂਜਾ ਦੁਨੀਆਂ ਨੂੰ ਵਿਖਾਣ ਵਾਸਤੇ ਕਿ ਉਹ ਧਨਾਢ ਹਨ। ਇਹ ਬੰਗਲੇ ਅਮੀਰੀ ਤੇ ਵਡਿੱਤਣ ਦੀ ਨਿਸ਼ਾਨੀ ਜੋ ਹੋਏ। ਪਰ ਉਦੋਂ ਮੁਗ਼ਲੀਹ ਰਾਜ ਦੇ ਪਤਵੰਤੇ ਤੇ ਧਨਾਢ ਸਰਹਿੰਦ ਵਿਚ ਹਵੇਲੀਆਂ ਤੇ ਕਿਲੇ ਉਸਾਰਦੇ ਸਨ। ਕਸ਼ਮੀਰ ਜਾਂ ਲਾਹੌਰ ਆਉਂਦਿਆਂ ਜਾਂਦਿਆਂ ਅਮੀਰ, ਵਜ਼ੀਰ ਆਪਣੀ ਆਪਣੀ ਹਵੇਲੀ ਵਿਚ ਟਿਕਣਾ ਆਪਣੀ ਸ਼ਾਨ ਦਾ ਇਕ ਖ਼ਾਸ ਅੰਗ ਸਮਝਦੇ ਸਨ।

Scanned by CamScanner

ਅਕਬਰ ਤੋਂ ਲੈ ਕੇ ਬਹਾਦਰ ਸ਼ਾਹ ਬਾਦਸ਼ਾਹ ਤਕ ਮੁਗਲੀਹਾ ਰਾਜ ਦੇ ਸਭ ਪਤਵੰਤਿਆਂ ਨੇ ਏਥੇ ਆਪਣੇ ਮਹਿਲ ਮਾੜੀਆਂ ਉਸਾਰੀਆਂ ਤੇ ਬਾਗ਼ ਬਗੀਚੇ ਲਵਾਏ। ਬਹਾਦਰ ਸ਼ਾਹ ਦੀ ਪੁਤਰੀ ਨੇ ਲੱਖਾਂ ਰੁਪਏ ਖ਼ਰਚ ਕੇ ਏਥੇ ਸ਼ੇਖ਼ ਅਹਿਮਦ ਮੁਜਾਹਿਦ ਅਲਫ਼ਸਾਨੀ ਦਾ ਮਕਬਰਾ ਬਣਵਾਇਆ।

ਸਰਹਿੰਦ ਬਵੰਜਾ ਲਖ ਦੀ ਬਾਉਨੀ ਮਸ਼ਹੂਰ ਸੀ। ਸਰਹਿੰਦ ਦੇ ਸੂਬੇ ਬੱਲੇ ਅਠਾਈ ਪਰਗਣੇ ਸਨ। ਪਰ ਇਹਨਾਂ ਪਰਗਣਿਆਂ ਦੀ ਦੌਲਤ ਨਾਲ ਨਹੀਂ, ਆਉਂਦੇ ਜਾਂਦੇ ਵਜ਼ੀਰਾਂ ਤੇ ਅਮੀਰਾਂ ਦੀ ਦੌਲਤ ਨਾਲ ਸਰਹਿੰਦ ਅਮੀਰ ਹੁੰਦੀ ਸੀ। ਸਰਹਿੰਦ ਅਮੀਰ ਸੀ ਕਿਉਂਕਿ ਏਥੋਂ ਦੇ ਕਾਰੀਗਰ ਲੱਖਾਂ ਰੁਪਏ ਇਨਾਮ ਪਾਂਦੇ ਸਨ, ਦੇਸ਼ ਦਿਸ਼ਾਵਰੋਂ ਮਾਇਆ ਜੋੜ ਤੋੜ ਕੇ ਸਰਹਿੰਦ ਲਿਆਉਂਦੇ ਸਨ। ਸਰਹਿੰਦ ਅਮੀਰ ਸੀ ਕਿਉਂਕਿ ਵੇਖੋ-ਵੇਖੀ ਹਰ ਅਮੀਰ ਆਪਣੇ ਏਥੋਂ ਦੇ ਮਹਿਲ ਨੂੰ ਵਧ ਚੜ੍ਹ ਕੇ ਸਜਾਂਦਾ ਸੀ।

ਤੇ ਫਿਰ ਸਰਹਿੰਦ ਨੂੰ ਮਿਲਿਆ ਵਜ਼ੀਰ ਖ਼ਾਨ ਵਰਗਾ ਸੂਬੇਦਾਰ। ਵਜ਼ੀਰ ਖ਼ਾਨ ਸਰਹਿੰਦ ਨੂੰ ਪਿਆਰ ਕਰਦਾ ਸੀ। ਵਜ਼ੀਰ ਖ਼ਾਨ ਨੇ ਸਰਹਿੰਦ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਸੀ। ਉਹ ਹਰ ਸਰਦਾਰ ਤੇ ਅਮੀਰ ਨੂੰ ਸਰਹਿੰਦ ਵਿਚ ਮਹਿਲ ਮਾੜੀਆਂ ਬਨਾਉਣ ਵਾਸਤੇ ਨਿਉਂਤੇ ਦਿਆ ਕਰਦਾ ਸੀ। ਉਹ ਹਰ ਲੰਘਦੇ ਬਾਦਸ਼ਾਹ ਤੇ ਵਜ਼ੀਰ ਨੂੰ ਬੜੇ ਆਦਰ ਨਾਲ ਮਿਲਦਾ ਸੀ ਤੇ ਸਰਹਿੰਦ ਵਿਚ ਆਪਣੀ ਦੌਲਤ ਖਰਚਣ ਦੇ ਲਾਭ ਦਸਿਆ ਕਰਦਾ ਸੀ। ਕਹਿੰਦੇ ਹਨ ਕਿ ਹਰ ਸਵੇਰ ਤੇ ਹਰ ਸ਼ਾਮ ਉਹ ਆਪਣੇ ਮਹਿਲ ਦੇ ਬੁਰਜ ਉਤੇ ਚੜ੍ਹ ਕੇ ਦਸਾਂ ਬਾਰਾਂ ਮੀਲਾਂ ਵਿਚ ਵਿਛੇ ਸਰਹਿੰਦ ਵਲ ਵੇਖਿਆ ਕਰਦਾ ਤੇ ਆਪਣੀ ਅਰਦਲ ਵਿਚ ਖਲੋਤੇ ਮੁਸਾਹਿਬਾਂ ਨੂੰ ਕਹਿੰਦਾ, "ਸਰਹਿੰਦ ਵਰਗਾ ਸ਼ਹਿਰ ਹੋਰ ਦੁਨੀਆਂ ਵਿਚ ਕਿਤੇ ਨਹੀਂ। ਸਰਹਿੰਦ ਨੂੰ ਮੈਂ ਆਪਣੇ ਲਹੂਨਾਲ ਸਿੰਚਿਆ ਹੈ। ਬਿਨਾ ਸ਼ਕ ਸਰਹਿੰਦ ਸਥਾਈ ਹੋਵੇਗੀ।" ਤੇ ਫਿਰ ਉਹ ਤੇ ਉਹਦੇ ਮੁਸਾਹਿਬ ਹੱਥ ਜੋੜ ਕੇ ਖੁਦਾ ਅਗੇ ਦੁਆ ਕਰਿਆ ਕਰਦੇ, "ਯਾ ਰੱਬ! ਸਰਹਿੰਦ ਦਾ ਵਡਿਆਈ ਸਥਾਈ ਹੋਵੇ, ਸਰਹਿੰਦ ਨੂੰ ਤੱਤੀ ਵਾ ਨਾ ਲੱਗੇ।"

ਪਰ ਤੱਤੀਆਂ ਵਾਵਾਂ ਦੇ ਦੇਸ਼ ਪੰਜਾਬ ਵਿਚ ਤੱਤੀ ਵਾ ਨਾ ਲਗਣ ਦੀ ਦੁਆ ਮੰਗਣਾ ਜਾਂ ਤੱਤੀ ਵਾ ਨਾ ਲਗਣ ਦੀ ਅਸੀਸ ਦੇਣਾ ਮੂਰਖਤਾ ਹੈ। ਤੱਤੀਆਂ ਵਾਵਾਂ ਦੇ ਦੇਸ਼ ਪੰਜਾਬ ਵਿਚ ਕੋਈ ਤੱਤੀ ਵਾ ਤੋਂ ਬੱਚ ਨਹੀਂ ਸਕਦਾ ਤੇ ਨਾ ਹੀ ਕਿਸੇ ਸ਼ਹਿਰ ਦੀ ਵਡਿਆਈ ਪੰਜਾਬ ਦੀ ਧਰਤੀ ਉੱਤੇ ਸਥਾਈ ਹੋ ਸਕਦੀ ਹੈ। ਪੰਜਾਬ ਦੀ ਮਿੱਟੀ ਵਿਚ ਕੋਈ ਸ਼ਹਿਰ, ਕੋਈ ਨਿਸ਼ਾਨ ਸਥਾਈ ਨਹੀਂ।

੨

ਦਿਲੀ, ਲਾਹੌਰ ਤੇ ਕਸ਼ਮੀਰ ਵਿਚਕਾਰ ਸਰਹਿੰਦ ਮੁਗਲੀਹਾ ਰਾਜ ਦਾ ਸਭ ਤੋਂ ਲਾਡਲਾ ਸ਼ਹਿਰ ਸੀ। ਪਿਛਲੇ ਸੌ ਢੇਡ ਸੌ ਸਾਲ ਤੋਂ ਸਭ ਮੁਗਲਈ ਬਾਦਸ਼ਾਹਾਂ ਤੇ ਵਜ਼ੀਰਾਂ ਨੇ ਇਹਨੂੰ ਲਾਡ ਲਡਾਏ ਸਨ। ਪਰ ਜਿਤਨਾ ਸਰਹਿੰਦ ਮੁਗਲੀਹਾ ਰਾਜ ਦਾ ਲਾਡਲਾ ਸੀ ਉਤਨਾ ਹੀ ਖ਼ਾਲਸੇ ਵਾਸਤੇ ਘਿਰਣਤ ਤੇ ਤ੍ਰਿਸਕਾਰ ਯੋਗ।

ਉਸ ਸਮੇਂ ਵਿਚ ਲਾਹੌਰ ਤੋਂ ਨਹੀਂ — ਸਰਹਿੰਦ ਤੋਂ ਸਿਖਾਂ ਨੂੰ ਤੱਦੀ ਕਰਨ ਦੇ ਹੁਕਮ ਸਾਦਰ ਹੋਇਆ ਕਰਦੇ ਸਨ। ਸਰਹਿੰਦ ਗੜ੍ਹ ਸੀ ਦੌਲਤ ਤੇ ਸੁੰਦਰਤਾ ਦਾ, ਪਰ ਸਰਹਿੰਦ ਗੜ੍ਹ ਸੀ ਸਿਖਾਂ ਨੂੰ ਮਾਰ ਮੁਕਾਉਣ ਦੇ ਮਨਸੂਬੇ ਸੋਚਣ ਤੇ ਵਰਤੋਂ ਵਿਚ ਲਿਆਉਣ ਦਾ। ਸੂਬੇਦਾਰ ਵਜ਼ੀਰ ਖ਼ਾਨ ਨੂੰ ਸਿੱਖਾਂ ਨਾਲ ਜ਼ਾਤੀ ਵੈਰ ਸੀ। ਉਨ੍ਹਾਂ ਦਿਨਾਂ ਵਿਚ ਕਿਸੇ ਅਮੀਰ ਵਜ਼ੀਰ ਨੂੰ ਜੇ ਕਿਸੇ ਹੋਰ ਜ਼ਾਤੀ ਨਾਲ ਵੈਰ ਨਾ ਹੁੰਦਾ ਤਾਂ ਇਹ ਗਲ ਮੁਗਲਈ ਰਾਜ-ਸਥਾਪਨਾ ਦੇ ਅਨੁਕੂਲ ਨਹੀਂ ਸੀ ਹੋਣੀ। ਜੇ ਹਿਦੂ ਸਿੱਖਾਂ ਨਾਲ ਨਹੀਂ ਤਾਂ ਇਹਨਾਂ ਅਮੀਰਾਂ ਵਜ਼ੀਰਾਂ ਦੇ ਹੋਰ ਅਮੀਰਾਂ ਵਜ਼ੀਰਾਂ ਨਾਲ ਤੇ ਆਪਣੇ ਚਾਚੇ ਤਾਇਆਂ ਦੇ ਪੁਤਰਾਂ ਨਾਲ ਜ਼ਾਤੀ ਵੈਰ ਸਨ।

Scanned by CamScanner

ਗੁਰੂ ਗੋਬਿੰਦ ਸਿੰਘ ਜੀ ਦੀਆਂ ਬਹੁਤੀਆਂ ਸਰਗਰਮੀਆਂ ਦਾ ਪਿੜ ਵੀ ਸਰਹਿੰਦ ਦੇ ਆਲੇ ਦੁਆਲੇ ਦਾ ਇਲਾਕਾ ਸੀ। ਅਨੰਦਪੁਰ, ਮਾਛੀਵਾੜਾ, ਚਮਕੌਰ, ਮਲੇਰ ਕੋਟਲਾ, ਸਮਾਣਾ ਤੇ ਸਢੌਰਾ, ਸਰਹਿੰਦ ਦੇ ਚੌਗਿਰਦ ਇਕ ਛੱਲੇ ਵਾਂਗ ਸਥਾਪਤ ਹਨ। ਸਰਹਿੰਦ ਦੇ ਸੂਬੇਦਾਰ ਨੇ ਹੀ ਗੁਰੂ ਜੀ ਨੂੰ ਅਨੰਦ ਪੁਰੋਂ ਧੋਖੇ ਨਾਲ ਕਢਿਆ, ਇਹਨੇ ਹੀ ਉਹਨਾਂ ਉੱਤੇ ਚਮਕੌਰ ਦੀ ਗੜ੍ਹੀ ਵਿਚ ਹੱਲਾ ਕੀਤਾ, ਇਹਦੇ ਹਿੰਦੂ ਵਜ਼ੀਰਾਂ ਨੇ ਹੀ ਗੁਰੂ ਜੀ ਦੇ ਟੱਬਰ ਨਾਲ, ਧਰੋਹ ਕਮਾਇਆ, ਏਸੇ ਨੇ ਹੀ ਗੁਰੂ ਜੀ ਦਾ ਮੁਕਤਸਰ ਤਕ ਪਿੱਛਾ ਕੀਤਾ ਤੇ ਇਹੋ ਚਾਲ੍ਹੀ ਮੁਕਤਿਆਂ ਦੀ ਸ਼ਹੀਦੀ ਦਾ ਕਾਰਨ ਬਣਿਆ। ਏਸੇ ਨੇ ਹੀ ਮਾਸੂਮ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਨੂੰ ਇੱਟਾਂ ਵਿਚ ਚਿਣਾਇਆ ਤੇ ਏਸੇ...ਏਸੇ ਸੂਬੇਦਾਰ ਦੇ ਭੇਜੇ ਕਾਤਲਾਂ ਨੇ ਆਪ ਗੁਰੂ ਗੋਬਿੰਦ ਸਿੰਘ ਜੀ ਉੱਤੇ ਕਾਤਲਾਨਾ ਹਮਲਾ ਕੀਤਾ।

ਸਿਖਾਂ ਨੂੰ ਦਬਾਣ ਵਾਸਤੇ ਜਿਹੜੀ ਲਹਿਰ ਵੀ ਉੱਠੀ ਉਹ ਸਰਹਿੰਦ ਤੋਂ ਉਠੀ, ਤੇ ਗੁਰੂ ਗੋਬਿੰਦ ਸਿੰਘ ਤੇ ਉਹਨਾਂ ਦੇ ਸਰਬੰਸ ਨੇ ਜਿੰਨੇ ਤਸੀਹੇ ਸਹੇ ਉਹ ਸਭ ਸਰਹਿੰਦ ਦੇ ਸੂਬੇਦਾਰ ਦੇ ਹੱਥੋਂ ਹੀ।

ਸਰਹਿੰਦ ਇਕ ਸੂਲ ਵਾਂਗ ਖ਼ਾਲਸੇ ਦੇ ਦਿਲਾਂ ਵਿਚ ਖਟਕਦੀ। ਇਸ ਸੂਲ ਦੀ ਚੋਭ ਨਾਲ ਖਾਲਸੇ ਦੇ ਦਿਲੋਂ ਸਦਾ ਖ਼ੂਨ ਸਿੰਮਦਾ ਰਹਿੰਦਾ। ਸਰਹਿੰਦ ਵਿਚ ਹੋਈ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੋਚਦਿਆਂ ਹੀ ਗੁਰੂ ਪਿਆਰਿਆਂ ਦੇ ਨੈਣ ਭਰ ਜਾਂਦੇ ਤੇ ਉਹਨਾਂ ਦੇ ਡੋਲ੍ਹੇ ਫਰਕਣ ਲਗਦੇ।

ਪਰ ਅਜੇ ਤਕ ਸਿੰਘ ਸਰਹਿੰਦ ਨੂੰ ਕੋਈ ਹਾਨੀ ਨਹੀਂ ਸਨ ਪਹੁੰਚਾ ਸਕੇ। ਅਜੇ ਤਕ ਉਹਨਾਂ ਦੀ ਤਾਕਤ ਖਿੰਡਰੀ ਹੋਈ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਲਹਿਰ ਪੰਜਾਬ ਵਿਚ ਬੇਸ਼ਕ ਹਰਮਨ ਪਿਆਰੀ ਹੋ ਚੁਕੀ ਸੀ ਪਰ ਖ਼ਾਲਸਾ ਅਜੇ ਤਕ ਇਕ ਮੁੱਠ ਜਮਾਤ ਨਹੀਂ ਸੀ ਬਣਿਆ। ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਖ਼ਾਲਸੇ ਨੂੰ ਇਕ ਮੁੱਠ ਕਰਨ ਵਾਸਤੇ ਕਿਸ ਕਿਸ ਚੀਜ਼ ਦੀ ਲੋੜ ਹੈ। ਉਹਨਾਂ ਨੂੰ ਭਵਿਖ ਦੀ ਸੋਝੀ ਸੀ, ਉਹਨਾਂ ਦੇ ਬਹਾਦਰ ਸ਼ਾਹ ਨਾਲ ਦੱਖਣ ਜਾਣ ਵਿਚ ਵੀ ਇਕ ਡੂੰਘਾ ਭੇਦ ਸੀ, ਪਰ ਵਜ਼ੀਰ ਖ਼ਾਨ ਨੇ ਕੁਝ ਨੇਪਰੇ ਨਾ ਚੜ੍ਹਨ ਦਿਤਾ।

ਜਦੋਂ ਬੰਦਾ ਸਿੰਘ ਬਹਾਦਰ ਦਸਵੇਂ ਗੁਰੂ ਜੀ ਤੋਂ ਸਿਖਿਆ ਲੈ ਕੇ ਨਦੇੜੋਂ ਪੰਜਾਬ ਵਲ ਟੁਰਿਆ ਤਾਂ ਓਦੋਂ ਉਹਦੇ ਮਨ ਵਿਚ ਉਹਨਾਂ ਹੋਣੀਆਂ ਤੇ ਅਨਹੋਣੀਆਂ ਦਾ ਖਿਆਲ ਤਕ ਵੀ ਨਹੀਂ ਸੀ ਜਿਹੜੀਆਂ ਕਿ ਵਾਸਤਵ ਵਿਚ ਪੰਜਾਬ ਅੰਦਰ ਵਾਪਰੀਆਂ। ਬੇਸ਼ਕ ਮੁਗ਼ਲ ਰਾਜ ਨਾਲ ਇਕ ਨਾ ਇਕ ਦਿਨ ਟੱਕਰ ਲੈਣੀ ਹੀ ਪੈਣੀ ਸੀ ਪਰ ਗੁਰੂ ਜੀ ਤੇ ਬੰਦਾ ਸਿੰਘ ਓਦੋਂ ਕੁਝ ਹੋਰ ਲੀਹਾਂ ਉਪਰ ਸੋਚ ਰਹੇ ਸਨ। ਮੁਗ਼ਲਈ ਰਾਜ ਨੂੰ ਨੀਵਾਂ ਵਿਖਾਣ ਤੋਂ ਪਹਿਲਾਂ ਹੋਰ ਬੜਾ ਕੁਝ ਕਰਨ ਵਾਲਾ ਸੀ।

ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਨ ਨਾਲ ਹਾਲਾਤ ਬਦਲ ਗਏ। ਖ਼ਾਸ ਕਰ ਕੇ ਜਦੋਂ ਬੰਦਾ ਸਿੰਘ ਤੇ ਉਹਦੇ ਸਾਥੀਆਂ ਨੂੰ ਇਹ ਪਤਾ ਲਗਾ ਕਿ ਗੁਰੂ ਜੀ ਦੀ ਮੌਤ ਦਾ ਕਾਰਨ ਵਜ਼ੀਰ ਖ਼ਾਨ ਹੈ ਤਾਂ ਇਸ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ ਕਿ ਸਭ ਤੋਂ ਪਹਿਲੇ ਵਜ਼ੀਰ ਖਾਨ ਕੋਲੋਂ ਬਦਲਾ ਲਿਆ ਜਾਏ। ਪਰ ਇਸ ਦੇ ਨਾਲੋ ਨਾਲ ਬੰਦੇ ਨੇ ਇਕ ਮਿਸ਼ਨ ਦੀ ਪੂਰਤੀ ਵੀ ਕਰਨੀ ਸੀ ਤੇ ਰਾਜਸਕ ਵਿਚਾਰਾਂ ਨੂੰ ਮੁਖ ਰਖ ਕੇ ਉਸ ਫ਼ੈਸਲਾ ਕੀਤਾ ਕਿ ਸਰਹਿੰਦ ਦੀ ਜਿੱਤ ਇਕ ਫ਼ੈਸਲਾਕੁਨ ਜਿੱਤ ਹੋਵੇ। ਸਰਹਿੰਦ ਦੀ ਵਿਜੈ ਸਿਰਫ ਸਰਹਿੰਦ ਦੀ ਵਿਜੈ ਹੀ ਨਾ ਹੋਵੇ ਸਗੋਂ ਇਹ ਵਿਜੈ ਖ਼ਾਲਸੇ ਦੀ ਮੁਗ਼ਲਾਂ ਉੱਤੇ ਇਕ ਤਰ੍ਹਾਂ ਦੀ ਸੰਪੂਰਨ ਵਿਜੈ ਦੀ ਸੂਚਕ ਹੋਵੇ।

ਸਰਹਿੰਦ ਖ਼ਾਲਸੇ ਵਾਸਤੇ ਇਕ ਚਿੰਨ੍ਹ ਬਣ ਗਈ — ਮੁਗ਼ਲਈ ਜ਼ੁਲਮ ਤੇ ਸਿਤਮ ਦਾ ਚਿੰਨ੍ਹ ਤੇ ਖ਼ਾਲਸਈ ਵਿਜੈ ਦਾ ਚਿੰਨ੍ਹ।

ਇਹ ਸਢੌਰੇ ਦਾ ਕਿਲ੍ਹਾ ਹੈ। ਅੱਜ ਕਲ੍ਹ ਏਥੇ ਖ਼ਾਲਸਈ ਫੌਜ ਦਾ ਡੇਰਾ ਹੈ। ਬੰਦਾ ਬਹਾਦਰ ਨੇ ਪੰਜਾਬ ਆਉਂਦਿਆਂ ਸਾਰ ਸਭ ਤੋਂ ਪਹਿਲੇ ਬਾਂਗਰ ਮਾਰਿਆ ਸੀ। ਫਿਰ ਸਿਹਰੀ ਤੇ ਖੰਡਾ। ਸਿਹਰੀ ਤੋਂ ਬੰਦਾ ਬਹਾਦਰ ਨੇ ਮਾਝੇ, ਮਾਲਵੇ ਤੇ ਦੁਆਬੇ ਦੇ ਸਿਖਾਂ ਨੂੰ ਹੁਕਮਨਾਮੇ ਘੱਲੇ ਸਨ। ਗੁਰੂ ਜੀ ਦੇ ਅੰਤ ਦੀ ਦਰਦ ਰਿੰਝਾਣੀ ਸੋਅ ਸੁਣਾਈ ਸੀ ਤੇ ਲਿਖ ਭੇਜਿਆ ਕਿ ਜਿਸ ਜਿਸ ਨੇ ਗੁਰੂ ਜੀ ਤੇ ਗੁਰੂ ਜੀ ਦੇ ਸਰਬੰਸ ਦਾ ਬਦਲਾ ਚੁਕਾਣਾ ਹੋਵੇ ਉਹ ਸ਼ਹੀਦੀ ਗਾਨੇ ਬੰਨ੍ਹ ਕੇ ਬੰਦਾ ਸਿੰਘ ਨਾਲ ਆ ਮਿਲੇ।

ਬੰਦਾ ਸਿੰਘ ਬਹਾਦਰ ਦੀ ਸੱਦ ਨੇ ਪੰਜਾਬ ਵਿਚ ਇਕ ਹਨ੍ਹੇਰੀ ਝੁਲਾ ਦਿਤੀ। ਮਜ਼ਲੂਮ ਹਿੰਦੂਆਂ ਦੇ ਨੈਣਾਂ ਵਿਚ ਚਮਕ ਆਈ। ਉਹਨਾਂ ਅਖਾਂ ਖੋਲ੍ਹ ਕੇ ਚਾਰ ਚੁਫੇਰੇ ਵੇਖਣ ਦੀ ਹਿੰਮਤ ਕੀਤੀ। "ਕੀ ਕਦੀ ਸਾਡੀ ਵੀ ਸੁਣੀ ਜਾਏਗੀ ? ਅਸੀਂ

Scanned by CamScanner

ਨਹੀਂ ਸੀ ਜਾਣਦੇ !" ਉਹਨਾਂ ਆਖਿਆ ਤੇ ਪ੍ਰਾਰਥਨਾ ਕੀਤੀ ਕਿ ਰੱਬ ਬੰਦਾ ਸਿੰਘ ਨੂੰ ਸਫ਼ਲਤਾ ਦੇਵੇ। ਮਾਰੀ ਤੇ ਕੱਹੀ ਹੋਈ ਹਿੰਦੂ ਜਨਤਾ ਨੇ ਪਾਸਾ ਪਰਤਿਆ।

ਸਿਖ ਘਰਾਣੇ ਇਹ ਸੱਦ ਸੁਣ ਕੇ ਲਾਲੋ ਲਾਲ ਹੋ ਗਏ। ਲਹੂ ਦੀ ਹਰਜ਼ਤ ਸਰੀਰਾਂ ਵਿਚ ਐਨੀਂ ਤੇਜ਼ ਕਿ ਸਿਖ ਨੌਜਵਾਨਾਂ ਕੋਲੋਂ ਟਿੱਕ ਨਾ ਹੋਵੇ। ਕਿਹੜਾ ਵੇਲਾ ਹੋਵੇ, ਉਹ ਕਹਿਣ, ਕਿ ਗੁਰੂ ਗੋਬਿੰਦ ਸਿੰਘ ਜੀ ਦੀ ਜੀਰ੍ਹੰ ਦੀ ਨਿਸ਼ਾਨੀ, ਬੰਦਾ ਸਿੰਘ ਬਹਾਦਰ ਦੇ ਦਰਸ਼ਨ ਕਰੀਏ। ਇਸ ਸੱਦ ਦੀ ਪੁਕਾਰ ਨੇ ਸਿਖ ਇਸਤਰੀਆਂ ਦੇ ਦਿਲਾਂ ਵਿਚ ਪੁਰਜੋਸ਼ ਲਹਿਰ ਛੇੜੀ। ਖ਼ਾਲਸਾ ਪੰਥ ਵਾਸਤੇ ਗੁਰੂ ਜੀ ਨੇ ਧਨ ਦੌਲਤ, ਪੁੱਤਰ, ਪਿਤਾ, ਮਾਂ, ਵਹੁਟੀ, ਸੁਖ, ਆਰਾਮ ਸਭ ਕੁਝ ਵਾਰਿਆ; ਤੇ ਹੁਣ ਪੰਥ ਦੀ ਵਾਰੀ ਸੀ।

ਬੰਦਾ ਸਿਘ ਬਹਾਦਰ ਦੀ ਸੱਦ ਸੁਣ ਕੇ ਪਿੰਡ ਪਿੰਡ ਵਿਚ ਲੋਕ ਆਪਣੀਆ ਤਲਵਾਰਾਂ ਨੂੰ ਮਾਂਜਣ ਲਿਸ਼ਕਾਉਣ ਲਗੇ। ਕਈ ਵਰ੍ਹਿਆਂ ਦੀਆਂ ਇਹ ਤਲਵਾਰਾਂ ਭੋਏਂ ਵਿਚ ਦੱਬੀਆਂ ਪਈਆਂ ਸਨ। ਕਿਸੇ ਕਾਫ਼ਰ ਕੋਲੋਂ ਤਲਵਾਰ ਦਾ ਫੜਿਆ ਜਾਣਾ ਇਕ ਭਾਰੀ ਜੁਰਮ ਸੀ, ਜਿਹਦੀ ਸਜ਼ਾ ਹੱਥ ਪੈਰ ਵੱਢਣ ਤੋਂ ਲੈ ਕੇ ਮੌਤ ਤਕ ਹੋ ਸਕਦੀ ਸੀ। ਬੰਦਾ ਸਿੰਘ ਬਹਾਦਰ ਦੀ ਸੱਦ ਨਾਲ ਪਿੰਡ ਪਿੰਡ ਵਿਚ ਸਿਰਫ਼ ਦੱਬੀਆਂ ਤਲਵਾਰਾਂ ਹੀ ਨਾ ਕੱਢੀਆਂ ਗਈਆਂ, ਨਵੀਆਂ ਤਲਵਾਰਾਂ ਬਨਾਉਣ ਵਾਸਤੇ ਵੀ ਭੱਠੀਆਂ ਗਰਮ ਹੋਈਆਂ ਤੇ ਲੋਹਾ ਲਾਲ ਹੋਣ ਲਗਾ। ਲੋਕਾਂ ਨੇ ਮੱਝੀਆਂ ਵੇਚ ਦਿਤੀਆਂ ਤੇ ਘੋੜੇ ਖ਼ਰੀਦ ਲਏ। ਠੀਕ, ਦੁੱਧ ਦੀ ਥੁੜ ਹੋ ਗਈ ਪਰ...ਪਰ ਗੁਰੂ ਤੋਂ ਦੁੱਧ ਕੁਰਬਾਨ ਕਰਨਾ ਕੀ ਬਹੁਤ ਮੁਸ਼ਕਲ ਸੀ ?

ਬੰਦਾ ਸਿੰਘ ਬਹਾਦਰ ਦੀ ਸੱਦ ਸੁਣ ਕੇ ਅਨੇਕਾਂ ਜੱਥੇ ਖ਼ਾਲਸਈ ਦੱਲ ਵਿਚ ਆ ਸ਼ਾਮਲ ਹੋਏ। ਸਲੌਦੀ ਪਿੰਡ ਦੇ ਰਹਿਣ ਵਾਲੇ ਸਰਦਾਰ ਮਾਲੀ ਸਿੰਘ ਲਗ ਭਗ ਪੰਝੀ ਸਵਾਰਾਂ ਨਾਲ ਆਏ। ਇਹ ਜਥੇਦਾਰ ਵਜ਼ੀਰ ਖ਼ਾਨ ਕੋਲ ਨੌਕਰ ਸਨ, ਪਰ ਉਹਦੀਆਂ ਬੋਲੀਆਂ ਤੇ ਤਾਅਨੇ ਸਹਿ ਨਹੀਂ ਸਨ ਸੱਕੇ। ਭਾਈ ਭਗਤੂ ਦਾ ਪੋਤਰਾ ਸਰਦਾਰ ਫ਼ਤਿਹ ਸਿੰਘ ਆਇਆ। ਭਾਈ ਰੂਪੇ ਦੇ ਦੋ ਪੋਤਰੇ ਧਰਮ ਸਿੰਘ ਤੇ ਕਰਮ ਸਿੰਘ ਆਏ। ਫ਼ੂਲਕੀਆਂ ਰਾਜ ਦੇ ਕਰਤੇ ਧਰਤਿਆਂ ਨੇ ਰਸਦ ਭੇਜੀ, ਘੋੜੇ ਭੇਜੇ, ਕੁਝ ਆਦਮੀ ਵੀ ਘੱਲੇ। ਦੋ ਹੋਰ ਮਲਵਈ ਬਹਾਦਰ ਸਰਦਾਰ ਬੰਤਾ ਸਿੰਘ ਤੇ ਝੰਬਤਾ ਸਿੰਘ ਆਏ।

ਸਰਦਾਰ ਜੁੜਦੇ ਗਏ, ਸਵਾਰ ਇਕੱਠੇ ਹੁੰਦੇ ਗਏ ਤੇ ਦਿਨੋ ਦਿਨ ਵਧਦੇ ਦਲ ਨੂੰ ਵੇਖ ਕੇ ਬੰਦਾ ਸਿੰਘ ਮੁਸਕਰਾਂਦਾ ਤੇ ਮਨ ਹੀ ਮਨ ਵਿਚ ਆਖਦਾ, "ਅਵੱਲ ਹੁਣ ਮੈਂ ਗੁਰੂ ਕਲਗ਼ੀ ਵਾਲੇ ਦਾ ਵਿਸ਼ਵਾਸ਼ ਮੋੜ ਸਕਾਂਗਾ !"

ਸਿਹਰੀ ਤੋਂ ਪਿਛੋਂ ਸੋਨੀਪਤ ਮਾਰੀ ਗਈ। ਸੋਨੀਪਤ ਤੋਂ ਉਹ ਕੈਥਲ ਪੁੱਜੇ। ਕੈਥਲ ਤੋਂ ਸਰਕਾਰੀ ਖ਼ਜ਼ਾਨਾ ਦਿਲੀ ਨੂੰ ਜਾ ਰਿਹਾ ਸੀ, ਇਹ ਖ਼ਜ਼ਾਨਾ ਲੁਟ ਲਿਆ ਗਿਆ। ਬੰਦਾ ਸਿੰਘ ਤੇ ਉਹਦੇ ਸਾਥੀਆਂ ਨੂੰ ਪੈਸੇ ਦੀ ਲੋੜ ਸੀ। ਕੈਥਲ ਦੇ ਹਿੰਦੂ ਆਮਲ ਨੇ ਲੜਾਈ ਕੀਤੀ ਪਰ ਹਾਰ ਗਿਆ। ਕੈਥਲ ਤੋਂ ਬੰਦਾ ਸਿੰਘ ਬਹਾਦਰ ਸਮਾਣੇ ਆਇਆ। ਸਮਾਣਾ ਸਰਹਿੰਦ ਦੇ ਚਾਰ ਦਸਤੂਰਾਂ ਵਿਚੋਂ ਇਕ ਸੀ, ਬਾਕੀ ਤਿੰਨ ਦਸਤੂਰ ਸਨ; ਸਰਹਿੰਦ, ਤਿਹਾੜਾ ਤੇ ਥਨੇਸਰ। ਸਮਾਣੇ ਵਿਚ ਤਿਹਾੜਾ ਤੇ ਥਨੇਸਰ ਨਾਲੋਂ ਵਧ ਦੌਲਤ ਸੀ। ਗੁਰੂ ਤੇਗ਼ ਬਹਾਦਰ ਦਾ ਕਾਤਲ ਸਯਦ ਜਲਾਲੁ ਦੀਨ ਤੇ ਛੋਟੇ ਸਾਹਿਬ-ਜ਼ਾਦਿਆਂ ਦੇ ਕਾਤਲ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਸਮਾਣੇ ਦੇ ਸਨ।

ਸਮਾਣੇ ਦੇ ਸਰਦਾਰ ਬੰਦਾ ਸਿੰਘ ਲੁਟੇਰੇ ਤੋਂ ਡਰੇ ਨਾਂਹ। ਭਲਾ ਸਮਾਣੇ ਦਾ ਦਸਤੂਰ ਇਕ ਲੁਟੇਰੇ ਕੋਲੋਂ ਕਿਉਂ ਡਰਦਾ ? ਕਈ ਸੂਹਿਆਂ ਨੇ ਦਸਿਆ ਵੀ ਕਿ ਬੰਦਾ ਸਮਾਣੇ ਨੂੰ ਜ਼ਰੂਰ ਲੁੱਟੇਗਾ ਪਰ ਉਹਨਾਂ ਪਰਵਾਹ ਨਾ ਕੀਤੀ। ਇਕ ਸਵੇਰ ਬੰਦਾ ਬਹਾਦੁਰ ਦੇ ਚੰਦ ਹਜ਼ਾਰ ਸਾਥੀ ਸਮਾਣੇ ਆ ਪੁਜੇ। ਇਹ ਦਿਨ ਫਗਣ ਸੁਦੀ ਪੰਚਮੀ ਦਾ ਦਿਨ ਸੀ। ਪਹ-ਫੁਟਾਲੇ ਤੋਂ ਲੈ ਕੇ ਸ਼ਾਮ ਤਕ ਦੱਸ ਹਜ਼ਾਰ ਦੁਸ਼ਮਣ ਕਤਲ ਹੋਇਆ ਤੇ ਸਮਾਣਾ ਖ਼ਤਮ ਹੋਇਆ।

ਏਥੇ ਬੰਦਾ ਸਿੰਘ ਕੁਝ ਦਿਨ ਰੁਕਿਆ। ਉਸ ਆਪਣੇ ਲਸ਼ਕਰ ਦਾ ਅਲੀਮਾ ਕੀਤਾ। ਕੌਣ ਕੌਣ ਕਿਥੋਂ ਆਇਆ ਹੈ ਤੇ ਕਿਹੜੇ ਕਿਹੜੇ ਜੱਥੇ ਵਿਚ ਕੌਣ ਕੌਣ ਆਦਮੀ ਹੋਣੇ ਚਾਹੀਦੇ ਹਨ। ਏਥੇ ਬੰਦੇ ਨੇ ਸਭ ਸਰਦਾਰਾਂ ਨਾਲ ਮੁਲਾਕਾਤਾਂ ਕੀਤੀਆਂ, ਹਰ ਇਕ ਦੀ ਕਾਬਲੀਅੱਤ ਨੂੰ ਜਾਂਚਿਆ ਤੇ ਕਾਬਲੀਅੱਤ ਅਨੁਸਾਰ ਜੱਥੇਦਾਰ ਤੇ ਅਹੁਦੇਦਾਰ ਨਿਯਤ ਕੀਤੇ। ਏਥੇ ਹੀ ਸੈਨਾ ਦੀ ਲਾਮਡੋਰੀ ਵਾਸਤੇ ਇਕ ਜੱਥੇਦਾਰ ਵੀ ਨੀਯਤ ਹੋਇਆ ਤੇ ਉਹਦੀ ਸਹਾਇਤਾ ਵਾਸਤੇ ਇਕ ਖ਼ਾਸ ਜੱਥਾ ਚੁਣਿਆ ਗਿਆ। ਆਪ ਬੰਦਾ ਸਿੰਘ ਨੇ ਬੈਰਾਗੀ ਭੇਸ ਤਿਆਗਿਆ, ਜ਼ੱਰਾ-ਬਕਤਰ ਸਜਾਈ, ਸੁੰਦਰ ਦਸਤਾਰ ਬੰਨ੍ਹੀ ਤੇ ਆਪਣੇ ਆਪ ਨੂੰ ਖ਼ਾਲਸੇ ਦੀਆਂ ਚਾਹਾਂ ਤੇ ਤਾਂਘਾਂ ਦਾ ਨਮੂਨਾ ਬਣਾਇਆ। ਆਖਿਰ ਬੰਦਾ ਸਿੰਘ, ਗੁਰੂ ਕਲਗੀਆਂ ਵਾਲੇ

Scanned by CamScanner

ਦੇ ਸੁੰਦਰ ਬਸਤਰਾਂ, ਸੁੰਦਰ ਪੁਸ਼ਾਕਾਂ ਸੁੰਦਰ ਤੇ ਸੁਡੌਲ ਸਰੀਰਾਂ ਵਾਲੇ — ਖ਼ਾਲਸੇ ਦਾ ਨਾਇਕ ਸੀ। ਉਹ ਆਪ ਕਿਵੇਂ ਸੁੰਦਰ ਤੇ ਛਬੀਲਾ ਬਣਨ ਤੋਂ ਉਕਦਾ ?

ਸਮਾਣੇ ਤੋਂ ਬਾਦ ਵਾਰ ਵਾਰ ਘੁੜਾਮ, ਠਸਕਾ, ਸ਼ਾਹ ਬਾਦ ਤੇ ਮੁਸਤਫ਼ਾ-ਬਾਦ ਜਿਤਿਆ। ਮੁਸਤਫ਼ਾ-ਬਾਦ ਵਿਚ ਵਜ਼ੀਰ ਖ਼ਾਨ ਵਲੋਂ ਭੇਜੀਆਂ ਦੋ ਤੋਪਾਂ ਸਿਖਾ ਦੇ ਹੱਥ ਲਗੀਆਂ। ਵਜ਼ੀਰ ਖ਼ਾਨ ਨੇ ਮੁਸਤਫ਼ਾ-ਬਾਦ ਦੇ ਹਾਕਮ ਦੀ ਅਰਜ਼ ਉੱਤੇ ਸਮਝਿਆ ਸੀ ਕਿ ਦੋ ਤੋਪਾਂ ਖ਼ਾਲਸਾਈ ਦਲ ਨੂੰ ਠਲ੍ਹ ਪਾ ਦੇਣਗੀਆਂ।

ਮੁਸਤਫ਼ਾ-ਬਾਦ ਪਿਛੋਂ ਸਢੌਰੇ ਦੀ ਵਾਰੀ ਆਈ, ਸਢੌਰੇ ਤੋਂ ਪਿਛੋਂ ਮੁਖ਼ਲਸ ਗੜ੍ਹ ਦੀ ਤੇ ਫਿਰ ਲਗਦੇ ਹੱਥ ਅਬਾਲਾ ਵੀ ਮਾਰਿਆ ਗਿਆ।

ਹੁਣ ਬੰਦਾ ਸਿੰਘ ਬਹਾਦਰ ਦਾ ਝੱਟ-ਟਪਾਊ ਸਦਰ ਸਢੌਰੇ ਦੇ ਕਿਲੇ ਵਿਚ ਸੀ।

ਭਾਈ ਫ਼ਤਿਹ ਸਿੰਘ ਅਣਖੀਲਾ ਬਹਾਦਰ ਸੀ। ਭਾਈ ਭਗਤੂ ਦਾ ਪੋਤਰਾ ਹੋਣ ਕਰ ਕੇ ਦੱਲ ਵਿਚ ਉਹਦੀ ਇਜ਼ਤ ਸੀ। ਸਮੇ ਵਿਚ ਉਹ ਜਾਨ ਹੂਲ ਕੇ ਲੜਿਆ ਤੇ ਬੰਦਾ ਸਿੰਘ ਨੇ ਏਸੇ ਲਈ ਉਹਨੂੰ ਸਮਾਣੇ ਦਾ ਫ਼ੌਜਦਾਰ ਨਿਯਤ ਕੀਤਾ। ਦਿਨਾਂ ਤੋਂ ਉਹ ਬੰਦਾ ਬਹਾਦਰ ਅਗੇ ਅਰਜ਼ ਕਰ ਰਿਹਾ ਸੀ:

"ਸਰਹਿੰਦ ਅਗੇ ਕੋਈ ਰੋਕ ਨਹੀਂ, ਬਾਬਾ ਜੀ ! ਚਲੋ ਸਰਹਿੰਦ ਚਲੀਏ। ਮੇਰੇ ਦੱਲ ਦੇ ਬੰਦੇ ਬੇਕਰਾਰ ਹਨ। ਉਹ ਮਾਰਨਾ ਜਾਂ ਮਰ ਮਿਟਣਾ ਲੋਚਦੇ ਹਨ। ਉਹਨਾਂ ਦਾ ਲਹੂ ਖੌਲ ਰਿਹਾ ਹੈ। ਅਸੀਂ ਮਾਸੂਮ ਜਿੰਦਾਂ ਦਾ ਬਦਲਾ ਲੈਣ ਵਿਚ ਦੇਰ ਕਿਉਂ ਕਰ ਰਹੇ ਹਾਂ ?"

ਸਰਦਾਰ ਆਲੀ ਸਿੰਘ ਨੇ ਅਖਿਆ:

"ਅਸੀਂ ਦਿਨ ਅੰਵਾਈਂ ਗੁਆ ਰਹੇ ਹਾਂ। ਜਿੰਨੀ ਵਧ ਅਸੀਂ ਉਡੀਕ ਕਰ ਰਹੇ ਹਾਂ ਓਨਾਂ ਹੀ ਵਧ ਕਸ਼ਟ ਸਾਨੂੰ ਪਿਛੋਂ ਉਠਾਣਾ ਪਵੇਗਾ। ਵਜ਼ੀਰ ਖ਼ਾਨ ਦਿਨੋ ਦਿਨ ਤਕੜਾ ਹੋ ਰਿਹਾ ਹੈ।"

ਸਰਦਾਰ ਧਰਮ ਸਿੰਘ ਰੂਪੇ ਵਾਲਿਆਂ ਨੇ ਕਿਹਾ:

"ਬਾਬਾ ਜੀ ! ਲਸ਼ਕਰ ਕਿਤੇ ਹੱਥੋਂ ਨਾ ਨਿਕਲ ਜਾਏ ਸੁਨਾਮ ਤੋਂ ਇਕੱਠਾ ਕੀਤਾ ਧੰਨ ਮੁੱਕ ਚੁਕਾ ਹੈ। ਰੋਟੀ ਕਪੜਾ ਮਿਲਣਾ ਕਠਨ ਹੋ ਰਿਹਾ ਹੈ। ਸੈਨਾਂ ਸਰਹਿੰਦ ਉੱਤੇ ਟੁਟ ਪੈਣ ਲਈ ਕਾਹਲੀ ਹੈ।"

ਏਥੋਂ ਤਕ ਕਿ ਪੰਜਾਂ ਸਲਾਹਕਾਰਾਂ ਵਿਚੋਂ ਇਕ ਭਾਈ ਰਣ ਸਿੰਘ ਨੇ ਵੀ ਬੰਦਾ ਬਹਾਦਰ ਅੱਗੇ ਜਲਦੀ ਤੋਂ ਜਲਦੀ ਸਰਹਿੰਦ ਉਤੇ ਹਮਲਾ ਕਰਨ ਦੀ ਬੇਨਤੀ ਕੀਤੀ।

ਪਰ ਬੰਦਾ ਸਿੰਘ ਬਹਾਦਰ ਦਾ ਉੱਤਰ ਸਦਾ ਇਕ ਮੁਸਕਰਾਹਟ ਰਹੀ ਤੇ ਸਿਰਫ਼ ਇਹ ਸ਼ਬਦ, "ਖ਼ਾਲਸਾ ਜੀ, ਅਜੇ ਸਮਾਂ ਨਹੀਂ ਆਇਆ।"

ਅਜੇ ਸਮਾਂ ਨਹੀਂ ਸੀ ਆਇਆ ਕਿਉਂਕਿ ਅਜੇ ਤਕ ਦੁਆਬੇ ਤੇ ਮਾਝੇ ਦੇ ਸਿਖ ਬੰਦੇ ਤਕ ਨਹੀਂ ਸਨ ਪੁਜ ਸਕੇ ! ਉਹਨਾਂ ਵਾਸਤੇ ਸਤਲੁਜ ਪਾਰ ਕਰਨਾ ਮੁਸ਼ਕਲ ਸੀ। ਵਜ਼ੀਰ ਖਾਨ ਨੇ ਹੁਕਮ ਭੇਜ ਰਖਿਆ ਸੀ ਕਿ ਦੁਆਬੇ ਤੇ ਮਾਝੇ ਦੇ ਸਿਖਾਂ ਬੰਦਾ ਸਿੰਘ ਨੂੰ ਮਿਲ ਨਾ ਪਾਣ ਤੇ ਰੋਪੜ ਤੇ ਮਲੇਰ ਕੋਟਲੇ ਦੇ ਨਵਾਬ ਆਪਣੀ ਪੂਰੀ ਤਾਕਤ ਨਾਲ ਉਹਨਾਂ ਦਾ ਰਾਹ ਮੱਲੀ ਰੱਖਣ।

ਅਜੇ ਸਰਹਿੰਦ ਸਰ ਕਰਨ ਦਾ ਸਮਾਂ ਨਹੀਂ ਸੀ ਆਇਆ ਕਿਉਂਕਿ ਅਜੇ ਤਕ ਵਜ਼ੀਰ ਖ਼ਾਨ ਦੀਆਂ ਤਿਆਰੀਆਂ ਸੰਪੂਰਨ ਨਹੀਂ ਸਨ ਹੋਈਆਂ। ਬੰਦਾ ਸਿੰਘ ਇਕ ਲੁਟੇਰੇ ਜਾਂ ਇਕ ਧਾੜਵੀ ਵਾਂਗ ਸਰਹਿੰਦ ਸਰ ਨਹੀਂ ਸੀ ਕਰਨਾ ਚਾਹੁੰਦਾ। ਬੰਦਾ ਸਿੰਘ ਬਹਾਦਰ ਸਿਖ ਰਾਜ ਦੇ ਪ੍ਰਤੀਨਿਧ ਜਰਨੈਲ ਵਾਂਗ ਸਰਹਿੰਦ ਨੂੰ ਸਰ ਕਰਨਾ ਚਾਹੁੰਦਾ ਸੀ। ਉਹਦੇ ਦਿਲ ਵਿਚ ਸੀ ਕਿ ਸਰਹਿੰਦ ਵਿਚ ਮੁਗ਼ਲ ਤੇ ਸਿਖ ਰਾਜਾਂ ਦੀ ਟੱਕਰ ਹੋਵੇ, ਉਹ ਚਾਹੁੰਦਾ ਸੀ ਕਿ ਸਰਹਿੰਦ ਵਿਚ ਝਠ ਤੇ ਸੱਚ, ਜ਼ੁਲਮ ਤੇ ਧਰਮ ਦਾ ਗੱਜ ਵੱਜ ਕੇ ਟਾਕਰਾ ਹੋਵੇ। ਬੰਦਾ ਕੋਈ ਲੁਟੇਰਾ ਨਹੀਂ ਸੀ, ਕੋਈ ਡਾਕੂ ਜਾਂ ਧਾੜਵੀ ਨਹੀਂ ਸੀ, ਉਹ ਉਸ ਵੇਲੇ ਗੁਰੂ ਗੋਬਿੰਦ ਸਿੰਘ ਦਾ ਇਕਲੌਤਾ ਪ੍ਰਤੀਨਿਧ ਸੀ। ਜੇ ਕੈਥਲ ਤੇ ਸੁਨਾਮ ਲੁਟਿਆ ਗਿਆ ਤਾਂ ਉਹ ਰਾਜਸਕ ਤੇ ਆਰਥਕ ਮਜਬੂਰੀ ਸੀ। ਬੰਦੇ ਨੂੰ ਆਪਣੇ ਲਸ਼ਕਰ ਵਾਸਤੇ ਪੈਸੇ ਤੇ ਕਪੜੇ ਦੀ ਲੋੜ ਸੀ। ਬੰਦੇ ਨੇ ਅਜੇ ਆਪਣੇ ਦੱਲ ਨੂੰ ਖ਼ੁਸ਼ ਕਰਨਾ ਸੀ। ਬੰਦੇ ਦੀ ਖ਼ਾਹਿਸ਼ ਸੀ ਕਿ ਉਹਦੇ ਤੇ ਉਹਦੇ ਦੱਲ ਦੇ ਅਜਿੱਤ ਹੋਣ ਦੀ ਸੋਅ ਸਾਰੇ ਪੰਜਾਬ ਵਿਚ ਪੱਸਰੇ।

Scanned by CamScanner

ਉਹਦੇ ਦੱਲ ਵਿਚ ਅਨੇਕ ਧਾੜਵੀ ਸਨ। ਅਜੇ ਬੰਦੇ ਨੂੰ ਉਹਨਾਂ ਦੇ ਸਹਾਰੇ ਦੀ ਜ਼ਰੂਰਤ ਸੀ। ਜਦੋਂ ਇਹ ਧਾੜਵੀ ਚੀਜ਼ਾਂ ਤੇ ਧੰਨ ਲੁਟ ਕੇ ਘਰੋ ਘਰੀ ਪਿੰਡੋ ਪਿੰਡੀ ਜਾਂਦੇ ਸਨ ਤਾਂ ਗੁਰੂ ਦੱਲ ਦੇ ਅਜਿੱਤ ਹੋਣ ਦੀਆਂ ਖ਼ਬਰਾਂ ਵੀ ਨਾਲ ਲੈ ਜਾਂਦੇ ਸਨ। ਇਹ ਖ਼ਬਰਾਂ ਇਸ ਤੱਥ ਦੀਆਂ ਸੂਚਕ ਸਨ ਕਿ ਮੁਗ਼ਲੀਆ ਸਲਤਨੱਤ ਹੁਣ ਆਖ਼ਰੀ ਦਮ ਉੱਤੇ ਹੈ। ਉਹ ਮੁਗ਼ਲ ਰਾਜ ਦੇ ਕਾਰਿੰਦੇ ਜਿਹੜੇ ਸਦੀਆਂ ਤੋਂ ਦੇਸ਼ ਵਿਚ ਜ਼ੁਲਮ ਕਮਾਂਦੇ ਆ ਰਹੇ ਸਨ, ਅੱਜ ਬੰਦਾ ਸਿੰਘ ਬਹਾਦਰ ਦੇ ਦੱਲ ਅਗੇ ਤੁੱਛ ਸਨ।

ਅਜੇ ਸਰਹਿੰਦ ਸਰ ਕਰਨ ਦਾ ਸਮਾਂ ਨਹੀਂ ਸੀ ਆਇਆ, ਕਿਉਂਕਿ ਬੰਦਾ ਇਸ ਜਿੱਤ ਨਾਲ ਸਾਰੇ ਸਿਖ ਪੰਥ ਨੂੰ ਇਕ ਮੁਠ ਕਰਨ ਦਾ ਇੱਛਕ ਸੀ। ਇਸ ਜਿੱਤ ਨਾਲ ਉਹਨੇ ਖਿੰਡਰੇ ਪੁੰਡਰੇ ਘਤਾਣਿਆ ਨੂੰ ਇਕ ਜਾਤੀ, ਇਕ ਕੌਮ ਬਣਾਉਣਾ ਸੀ। ਮਲਵਈ ਸਿੰਘ ਬੇਸ਼ਕ ਉਹਦੇ ਨਾਲ ਸਨ ਪਰ ਮਲਵਈ ਸਿੰਘ ਸਾਰੀ ਖ਼ਾਲਸਾ ਕੌਮ ਨਹੀਂ ਸਨ। ਮਾਝੇ ਤੇ ਦੁਆਬੇ ਦੇ ਸਿਖਾਂ ਤੋਂ ਬਗ਼ੈਰ ਸਰਹਿੰਦ ਜਿਤਣੀ ਉਹਨਾਂ ਨਾਲ ਇਕ ਅਜਿਹੀ ਵਧੀਕੀ ਹੋਣੀ ਸੀ ਜਿਹੜੀ ਸਿਖ ਕੌਮ ਦੀ ਕਾਇਮੀ ਵਿਚ ਸਖ਼ਤ ਰੁਕਾਵਟ ਬਣ ਸਕਦੀ ਸੀ। ਸਰਹਿੰਦ ਤੋਂ ਪਿਛੋਂ ਪੰਜਾਬ ਵਿਚ ਕੋਈ ਇਹੋ ਜਿਹਾ ਸ਼ਹਿਰ ਨਹੀਂ ਸੀ ਜਿਦ੍ਹੀ ਜਿੱਤ ਸਿਖ ਪੰਥ ਨੂੰ ਇਕ ਮੁਠ ਕਰ ਸਕੇ। ਸਰਹਿੰਦ ਦੀ ਲੜਾਈ ਸਿਰਫ਼ ਰਾਜਸਕ ਤੇ ਆਰਥਕ ਪਹਿਲੂਆਂ ਤੋਂ ਹੀ ਜ਼ਰੂਰੀ ਨਹੀਂ ਸਗੋਂ ਸਰਹਿੰਦ ਦੀ ਲੜਾਈ ਜਜ਼ਬਾਤੀ ਤੇ ਨਿਰੋਲ ਮਜ਼ਹਬੀ ਦਰਿਸ਼ਟੀਕੋਣ ਤੋਂ ਇਸ ਨ ਲੋਂ ਵੀ ਵਧ ਜ਼ਰੂਰੀ ਸੀ।

ਉਸ ਵੇਲੇ ਸਿਰਫ਼ ਬੰਦਾ ਸਿੰਘ ਨੂੰ ਹੀ ਇਸ ਮਸਲੇ ਦੀ ਅੰਤ੍ਰੀਵ ਸੋਝੀ ਸੀ ਤੇ ਜਾਂ ਭਾਈ ਬਾਜ ਸਿੰਘ ਨੂੰ, ਜਿਸ ਨਾਲ ਬੰਦਾ ਪੇਚੀਦਾ ਮਸਲਿਆਂ ਬਾਰੇ ਗੱਲ ਬਾਤ ਕਰਿਆ ਕਰਦਾ ਸੀ। ਜੇ ਭਾਈ ਕਾਹਨ ਸਿੰਘ ਤੇ ਬਿਨੋਦ ਸਿੰਘ ਮਾਝੇ ਦੇ ਸਿੱਖਾਂ ਦੀ ਉਡੀਕ ਕਰਨ ਵਾਸਤੇ ਤਿਆਰ ਸਨ ਤਾਂ ਇਸ ਲਈ ਨਹੀਂ ਕਿ ਉਹ ਬੰਦੇ ਦੇ ਦਰਿਸ਼ਟੀਕੋਨ ਨੂੰ ਸਮਝਦੇ ਸਨ ਸਗੋਂ ਇਸ ਲਈ ਕਿ ਉਹ ਆਪ ਮਾਝੇ ਦੇ ਵਸਨੀਕ ਸਨ। ਉਹ ਸਰਹਿੰਦ ਦੀ ਲੁਟ ਵੇਲੇ ਆਪਣੇ ਭਰਾਵਾਂ ਤੇ ਮਿੱਤ੍ਰਾਂ ਦਾ ਨੇੜੇ ਹੋਣਾ ਜ਼ਰੂਰੀ ਸਮਝਦੇ ਸਨ।

ਪਰ ਏਨੀਆਂ ਬੇਨਤੀਆਂ ਤੇ ਅਰਜ਼ਾਂ ਤੇ ਲੁਕਵੀਂਆਂ ਧਮਕੀਆਂ ਦੇ ਬਾਵਜੂਦ ਵੀ ਬੰਦੇ ਨੇ ਅਜੇ ਤਕ ਦੋ ਟੂਕ ਫ਼ੈਸਲਾ ਨਹੀਂ ਸੀ ਦਿਤਾ। ਅਜੇ ਤਕ ਉਹਦੇ ਲਸ਼ਕਰ ਨੇ ਉਹਨੂੰ ਪੂਰੀ ਤਰ੍ਹਾਂ ਨਹੀਂ ਸੀ ਸਮਝਿਆ। ਅਜੇ ਤੱਕ ਉਹਦਾ ਲਸ਼ਕਰ ਪੂਰੀ ਤਰ੍ਹਾਂ ਜੱਥੇਬੰਦ ਨਹੀਂ ਸੀ ਹੋਇਆ। ਉਹ ਕਿਸੇ ਦੀ ਵੀ ਸਹਾਇਤਾ ਤੋਂ ਸਖਣਾ ਨਹੀਂ ਸੀ ਹੋਣਾ ਚਾਹੁੰਦਾ, ਖ਼ਾਸ ਕਰਕੇ ਜਦੋਂ ਵਜ਼ੀਰ ਖ਼ਾਨ ਦੀਆਂ ਤਿਆਰੀਆਂ ਦਾ ਕਿਤੇ ਅੰਤ ਨਹੀਂ ਸੀ।

ਪਰ ਦਿਨੋ ਦਨ ਸਰਦਾਰਾਂ ਤੇ ਲਸ਼ਕਰਾਂ ਦੀਆਂ ਬੇਨਤੀਆਂ ਪ੍ਰਬਲ ਹੁੰਦੀਆਂ ਗਈਆਂ। ਸੋ ਇਕ ਦਿਨ, ਦਰਜਨ ਸਵਾਰਾਂ ਨਾਲ ਬੰਦਾ ਬਹਾਦਰ ਆਪ ਸਰਹਿੰਦ ਵੇਖਣ ਗਿਆ। ਉਹ ਜਾਂਚਣਾ ਚਾਹੁੰਦਾ ਸੀ ਕਿ ਇਹ ਲੜਾਈ ਕਿਥੇ ਹੋਵੇ, ਕਿਵੇਂ ਹੋਵੇ ਤੇ ਅੱਜ ਕੱਲ੍ਹ ਵਜ਼ੀਰ ਖ਼ਾਨ ਦੇ ਗੜ੍ਹ ਵਿਚ ਕੀ ਕੀ ਹੋ ਰਿਹਾ ਹੈ।

ਅੱਜ ਬੰਦਾ ਸਿੰਘ ਬਹਾਦਰ ਸਰਹਿੰਦੋਂ ਹੋ ਕੇ ਮੁੜਿਆ ਸੀ। ਸ਼ਾਮ ਦਾ ਵੇਲਾ ਸੀ ਤੇ ਕਿਲ੍ਹਾ ਸਢੌਰ ਦਾ ਬਾਹਰਲਾ ਦਰਵਾਜ਼ਾ। ਇਕ ਦਿਨ ਤੇ ਇਕ ਰਾਤ ਬੰਦਾ ਸਿੰਘ ਤੇ ਉਹਦੇ ਸਾਥੀ ਬਾਹਰ ਰਹੇ ਸਨ। ਬਾਰਾਂ ਸਿੱਖਾਂ ਵਿਚੋਂ ਦੋ ਸਿਖ ਮੁਸਲਮਾਨਾਂ ਨਾਲ ਇਕ ਥਾਂ ਤੇ ਝੜੱਪ ਹੋ ਜਾਣ ਦੇ ਕਾਰਨ ਸ਼ਹੀਦ ਹੋ ਗਏ ਸਨ।

ਬੰਦਾ ਸਿੰਘ ਦਾ ਕੱਦ ਦਰਮਿਆਨਾ ਸੀ ਤੇ ਸਰੀਰ ਰਿਸ਼ਟ ਪੁਸ਼ਟ। ਇਹ ਸਰੀਰ ਸਾਧਨਾਂ ਨਾਲ ਕਮ ਇਆ ਗਿਆ ਸਰੀਰ ਸੀ। ਇਸ ਸਰੀਰ ਨੇ ਆਸਣ ਜਮਾਏ ਸਨ, ਇਹ ਸਰੀਰ ਭੁਖਿਆਂ ਰਹਿ ਕੇ ਵੀ ਰੱਜਿਆ ਰਿਹਾ ਸੀ। ਇਸ ਸਰੀਰ ਨੂੰ ਹੁਣ ਭੁੱਖਾਂ ਤੇ ਤ੍ਰੇਹਾਂ ਐਨਾ ਨਹੀਂ ਸੀ ਸਤਾਂਦੀਆਂ ਜਿੰਨਾਂ ਹੋਰ ਸਰੀਰਾਂ ਨੂੰ; ਇਹ ਸਰੀਰ ਹੁਣ ਗ਼ਰਮੀ ਤੇ ਸਰਦੀ ਨੂੰ ਹੋਰਨਾਂ ਸਰੀਰਾਂ ਨਾਲੋਂ ਸੌਖ ਨਾਲ ਸਹਿ ਸਕਦਾ ਸੀ। ਹਾਂ, ਇਹ ਸਰੀਰ ਭਰ ਸਿਆਲੇ ਵਿਚ ਵੀ ਇਕ ਕਮੀਜ਼ ਅੰਦਰ ਗੁਜ਼ਾਰਾ ਕਰ ਸਕਦਾ ਸੀ ਤੇ ਜੇਠ ਹਾੜ ਦੀ ਧੁੱਪ ਵਿਚ ਵੀ ਸਾਰਾ ਦਿਨ ਪਿਆਸਾ ਰਹਿ ਕੇ ਲੜ ਸਕਦਾ ਸੀ।

ਬੰਦੇ ਦਾ ਰੰਗ ਕਣਕ ਭਿੰਨਾ ਸੀ, ਸਰੀਰ ਵਾਂਗ ਇਹ ਰੰਗ ਵੀ ਕਮਾਇਆ ਹੋਇਆ ਲਗਦਾ ਸੀ। ਕਣਕ ਭਿੰਨੇ ਰੰਗ ਵਿਚ ਇਕ ਦ੍ਰਿੜ੍ਹਤਾ ਹੈ, ਇਕ ਪਕਿਆਈ ਜਿਹੜੀ ਕਿਸੇ ਹੋਰ ਰੰਗ ਵਿਚ ਨਹੀਂ।

ਬੰਦੇ ਦੀਆਂ ਅੱਖਾਂ ਮੋਟੀਆਂ ਸਨ ਤੇ ਕਿਸੇ ਹੱਦ ਤਕ ਸੁਰਖੀ ਮਾਇਲ। ਇਹਨਾਂ ਅੱਖਾਂ ਵਿਚ ਭਗਤੀ ਤੇ ਨਾਮ ਦੀ

Scanned by CamScanner

ਸੁਰਖੀ ਸੀ। ਇਹਨਾ ਅੱਖਾਂ ਵਿਚ ਇਕ ਅਜਬ ਤਰ੍ਹਾਂ ਦਾ ਉਜਲਾ ਸੀ। ਇਹਨਾਂ ਵਿਚ ਤਕਿਆਂ ਸਾਫ਼ ਦਿਸਦਾ ਸੀ ਕਿ ਇਹਨਾਂ ਅੱਖਾਂ ਨੇ ਗੁਰੂ ਗੋਬਿੰਦ ਸਿੰਘ ਦੀਆਂ ਅੱਖਾਂ ਵਿਚ ਤਕਿਆ ਸੀ। ਇਨਾਂ ਅੱਖਾਂ ਨੇ ਗੁਰੂ ਗੋਬਿੰਦ ਸਿੰਘ ਦੀਆਂ ਅੱਖਾਂ ਵਿਚੋਂ ਸ਼ਕਤੀ ਲਈ ਸੀ। ਵੇਖਣ ਵਾਲੇ ਆਖਦੇ ਸਨ ਕਿ ਇਹਨਾਂ ਅੱਖਾਂ ਵਿਚ ਕਦੀ ਉਹੋ ਜਿਹੀ ਲੋ ਉਭਰਦੀ ਹੈ ਜਿਹੋ ਜਹੀ ਗੁਰੂ ਗੋਬਿੰਦ ਸਿੰਘ ਦੇ ਨੈਣਾਂ ਵਿਚ ਸਾਕਾਰ ਰਹਿੰਦੀ ਸੀ।

ਬੰਦੇ ਬਹਾਦਰ ਦਾ ਮੱਥਾ ਚੌੜਾ ਹੈ, ਉਹਦਾ ਨੱਕ ਸੁਨੱਖਾ, ਉਹਦਾ ਪ੍ਰਭਾਵ ਭਾਵੀ, ਦਾੜ੍ਹੀ ਖੁਲ੍ਹੀ ਹੈ ਤੇ ਛੋਟੀ ਤੇ ਸਿਆਹ। ਉਮਰ ਬੇਸ਼ਕ ਚਾਲੀਆਂ ਦੀ ਹੋਣ ਲਗੀ ਹੈ ਪਰ ਵਾਲ ਅਜੇ ਤਕ ਇਕ ਵੀ ਸਫ਼ੈਦ ਨਹੀਂ ਹੋਇਆ। ਪੱਗ ਬੰਦੇ ਦੀ ਅੱਜ ਨੀਮ ਨੀਲੇ ਰੰਗ ਦੀ ਹੈ ਤੇ ਇੰਜ ਲਗਦਾ ਹੈ ਜਿਵੇਂ ਬਸ ਅਹਿ ਹੁਣੇ ਹੀ ਬੰਨ੍ਹੀ ਗਈ ਹੋਵੇ। ਕੋਈ ਨਹੀਂ ਕਹਿ ਸਕੇਗਾ ਕਿ ਇਹ ਘੋੜੀ ਦੀ ਕਾਠੀ ਉਤੇ ਬੰਨ੍ਹੀ ਗਈ ਸੀ।

ਬੰਦਾ ਸਿੰਘ, ਇਸ ਤਰ੍ਹਾਂ ਲਗਦਾ ਹੈ, ਕਿ ਜਿਵੇਂ ਕਿਸੇ ਮੁਹਿਮ ਉੱਤੇ ਚੜ੍ਹਨ ਲਗਾ ਹੋਵੇ। ਇੰਜ ਨਹੀਂ ਕਿ ਉਹ ਇਕ ਦਿਨ ਤੇ ਇਕ ਰਾਤ ਬਾਹਰ ਦੁਸ਼ਮਨ ਦੇ ਕੈਂਪ ਵਿਚ ਫਿਰ ਕੇ ਆਇਆ ਹੋਵੇ ਤੇ ਵੈਰੀ ਨਾਲ ਹੋਈ ਇਕ ਮੁਠ ਭੇੜ ਵਿਚ ਛੇ ਸ਼ਤਰੂ ਮਾਰ ਚੁਕਾ ਹੋਵੇ। ਉਹਦੇ ਦਸੇ ਦੇ ਦਸੇ ਸਾਥੀ ਥੱਕੇ ਹੋਏ ਲਗਦੇ ਹਨ। ਚੌਵੀ ਘੰਟਿਆਂ ਵਿਚ ਸੱਤਰ ਮੀਲ ਸਫ਼ਰ ਤੇ ਇਕ ਚੰਗੀ ਖ਼ਾਸੀ ਮੁਠ ਭੇੜ ਕਿਹੜੇ ਜਵਾਨ ਨੂੰ ਥਕਾ ਨਹੀਂ ਦੇਵੇਗੀ ? ਪਰ ਬੰਦੇ ਦੀ ਗੱਲ ਹੋਰ ਸੀ।

ਬੰਦਾ ਸਿੰਘ ਸਿਖ ਸਰਦਾਰਾਂ ਨੂੰ ਕਹਿ ਕੇ ਗਿਆ ਸੀ ਕਿ ਇਸ ਯਾਤ੍ਰਾ ਤੋਂ ਮੁੜਨ ਪਿਛੋਂ ਉਹ ਸਰਹਿੰਦ ਦੀ ਲੜਾਈ ਬਾਰੇ ਫ਼ੈਸਲਾ ਦਏਗਾ। ਉਹ ਸਮਝ ਰਹੇ ਸਨ ਕਿ ਬਸ ਉਸੇ ਰਾਤ ਜਾਂ ਉਸ ਤੋਂ ਅਗਲੇ ਦਿਨ ਸਰਹਿੰਦ ਉੱਤੇ ਹਮਲੇ ਦਾ ਹੁਕਮ ਹੋਵੇਗਾ ਪਰ ਬੰਦੇ ਦੀ ਇਸ ਫੇਰੀ ਨੇ ਬੰਦੇ ਦੇ ਆਪਣੇ ਵਿਚਾਰ ਪਹਿਲੇ ਨਾਲੋਂ ਵੀ ਦ੍ਰਿੜ ਕਰ ਦਿਤੇ। ਉਸ ਵਜ਼ੀਰ ਖ਼ਾਨ ਵਲੋਂ ਹੋ ਰਹੀਆਂ ਤਿਆਰੀਆਂ ਆਪਣੀ ਅੱਖੀਂ ਵੇਖੀਆਂ। ਉਸ ਵਜ਼ੀਰ ਖ਼ਾਨ ਦੀਆਂ ਤੋਪਾਂ ਤੇ ਹਾਥੀ ਤੇ ਹੋਰ ਜੰਗੀ ਸਾਮਾਨ ਵੇਖਿਆ।

ਆਪਣੀ ਮੌਜੂਦਾ ਨਫ਼ਰੀ ਸੰਗ ਵਜ਼ੀਰ ਖ਼ਾਨ ਨਾਲ ਲੜਾਈ ਨੀਤੀ-ਰਹਿਤ ਹੋਵੇਗੀ। ਬੰਦਾ ਜਾਣਦਾ ਸੀ ਕਿ ਉਹਦੇ ਲਸ਼ਕਰ ਵਿਚ ਚਾਰ ਪੰਜ ਹਜ਼ਾਰ ਤਾਂ ਧਾੜਵੀ ਹਨ ਜਿਨ੍ਹਾਂ ਦੀ ਸ਼ਹੀਦੀ ਪਾਣ ਵਾਸਤੇ ਚਾਹ ਸਿਰਫ ਲੁਟ ਦੇ ਮਾਲ ਤਕ ਮਹਿਦੂਦ ਹੈ ਤੇ ਨਾ ਹੀ ਬੰਦੇ ਨੂੰ ਸੁਚਾ ਨੰਦ ਦੇ ਭਤੀਜੇ ਤੇ ਉਹਦੇ ਨਾਲ ਆਏ ਇਕ ਹਜ਼ਾਰ ਸਵਾਰਾਂ ਦੀ ਵਫ਼ਾਦਾਰੀ ਉੱਤੇ ਵਿਸ਼ਵਾਸ ਸੀ। ਬੰਦਾ ਸਰਹਿੰਦ ਦੀ ਫ਼ਤਹ ਵਿਚ ਕਿਸੇ ਸ਼ਕ ਦੀ ਗੁੰਜਾਇਸ਼ ਨਹੀਂ ਸੀ. ਫ਼ਤਹ ਚਾਹੁੰਦਾ, ਉਹ ਅਜੇ ਤਕ ਤਿਆਰ ਨਹੀਂ ਸੀ।

ਪਰ ਉਹ ਇਹ ਵੀ ਚਾਹੁੰਦਾ ਸੀ ਕਿ ਵਜ਼ੀਰ ਖ਼ਾਂ ਵੀ ਪੂਰੀ ਤਰ੍ਹਾਂ ਤਿਆਰ ਹੋ ਲਵੇ। ਕੋਈ ਇਹ ਨਾ ਕਹੇ ਕਿ ਅਣਿਆਈਂ ਮੌਤੇ ਮਾਰਿਆ ਗਿਆ। ਲੁਟੇਰਿਆਂ ਨੇ ਜੰਮ ਕੇ ਲੜਾਈ ਨਾ ਕੀਤੀ। ਬਿਨਾਂ ਚਿਣੌਤੀ ਦਿਤੇ ਜੰਗ ਲਈ ਮਜਬੂਰ ਕੀਤਾ। ਬੰਦੇ ਦਾ ਜੀ ਕਰਦਾ ਸੀ ਕਿ ਵਜ਼ੀਰ ਖ਼ਾਂ ਤੇ ਮੁਗ਼ਲੀਹਾ ਰਾਜ ਦੇ ਪ੍ਰਬੰਧਕਾਂ ਵਿਚ ਕਿਸੇ ਕਿਸਮ ਦੀ ਹਸਰਤ ਨਾ ਰਹਿ ਜਾਏ। ਤੇ ਉਹ ਬੇਸ਼ਕ ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਉਡੀਕਣਾ ਚਾਹੁੰਦਾ ਸੀ।

ਬੰਦਾ ਸਿੰਘ ਬਹਾਦਰ ਘੋੜੇ ਤੋਂ ਉਤਰਿਆ। ਸੇਵਕ ਨੇ ਲਗਾਮ ਫੜੀ। ਬਾਬਾ ਬਾਜ ਸਿੰਘ ਤੇ ਹੋਰ ਸਾਰੇ ਸਰਦਾਰ ਉਹਨੂੰ ਅਗੋਂ ਮਿਲਣ ਵਾਸਤੇ ਆਏ। ਕਿਲ੍ਹੇ ਦੇ ਬਾਹਰ ਹੀ ਸਾਰੇ ਸਰਦਾਰ ਤੇ ਲਸ਼ਕਰ ਦਾ ਘਨੇਰਾ ਭਾਗ ਬੰਦੇ ਦੀ ਉਡੀਕ ਵਿਚ ਖੜਾ ਸੀ। ਸਾਰੇ ਦੱਲ ਵਿਚ ਘੁਸਰ-ਮੁਸਰ ਸ਼ੁਰੂ ਹੋਈ। ਅੱਜ ਜਾਂ ਕੱਲ੍ਹ ਬਸ ਸਰਹਿੰਦ ਦੀ ਲੜਾਈ ਹੋਈ ਕਿ ਹੋਈ. ਸਭ ਸਰਦਾਰਾਂ ਨੇ ਸਵਾਲੀਆ ਨਜ਼ਰਾਂ ਨਾਲ ਬੰਦੇ ਵਲ ਤਕਿਆ।

"ਅਜ ਵਜ਼ੀਰ ਖ਼ਾਂ ਨੂੰ ਤਿਆਰੀ ਵਾਸਤੇ ਕੁਝ ਦਿਨਾਂ ਦੀ ਮੁਹਲਤ ਹੋਰ ਦਿਤੀ ਜਾਵੇਗੀ। ਅਸੀਂ ਕੱਲ੍ਹ ਬਨੂੜ ਵਲ ਚਾਲੇ ਪਾਵਾਂਗੇ..." ਬੰਦੇ ਨੇ ਸ਼ਬਦ ਨਖੇੜ ਨਖੇੜ ਕੇ ਕਿਹਾ।

ਕਿੰਨਾ ਚਿਰ ਸਰਦਾਰ ਚੁਪ ਰਹੇ। ਫਿਰ ਫ਼ਤਹ ਸਿੰਘ ਕੁਝ ਕਦਮ ਅਗੇ ਵਧਿਆ ਤੇ ਉਸ ਕਿਹਾ:

"ਪਰ, ਬਾਬਾ ਜੀ ਸਰਹਿੰਦ...।"

"ਫ਼ਤਹ ਸਿੰਘ...!" ਬੰਦਾ ਸਿੰਘ ਨੇ ਤਾੜਨਾ ਭਰੇ ਸਵੱਰ ਵਿਚ ਪਹਿਲੀ ਵਾਰੀ ਸਰਦਾਰ ਫ਼ਤਹ ਸਿੰਘ ਨੂੰ ਸਿਰਫ਼ ਫ਼ਤਹ ਸਿੰਘ ਕਹਿ ਕੇ ਬੁਲਾਇਆ ਤੇ ਫ਼ਤਹ ਸਿੰਘ ਦੀ ਗੱਲ ਵਿੱਚੇ ਹੀ ਜ[illegible]

Scanned by CamScanner

੨

"ਅੱਬਾ ਜਾਨ ! ਤੁਹਾਡੇ ਡਰ ਨਿਰਮੂਲ ਹਨ। ਤੁਸੀਂ ਐਵੇਂ ਫ਼ਿਕਰ ਕਰਦੇ ਹੋ। ਪਹਿਲੇ ਤਾਂ ਬੰਦੇ ਦੀ ਹਿੰਮਤ ਹੀ ਨਹੀਂ ਪੈਣੀ ਕਿ ਸਰਹਿੰਦ ਉੱਤੇ ਹਮਲਾ ਕਰੇ, ਤੇ ਜੇ ਉਸ ਮਰਦੂਦ ਨੇ ਅੰਡੀ ਹਿੰਮਤ ਕੀਤੀ ਵੀ ਤਾਂ ਦੋ ਘੰਟੇ ਦੀ ਮਾਰ ਨਹੀਂ ਸਹਾਰੇਗਾ," ਸਮੁੰਦ ਖ਼ਾਨ ਆਪਣੇ ਪਿਤਾ ਵਜ਼ੀਰ ਖ਼ਾਨ ਨੂੰ ਕਹਿ ਰਿਹਾ ਸੀ।

ਸਮੁੰਦ ਖ਼ਾਨ ਨੌਜਵਾਨ ਸੀ। ਉਹਦਾ ਸਰੀਰ ਫਿਟਿਆ ਹੋਇਆ ਸੀ ਤੇ ਉਹਦੀਆਂ ਬਾਹਾਂ ਐਨੀਆਂ ਮੋਟੀਆਂ ਸਨ ਕਿ ਕੋਈ ਹਥਿਆਰ ਹੱਥ ਵਿਚ ਫੜੇ ਬਿਨਾਂ ਵੀ ਉਹ ਤੇਜ਼ੀ ਨਾਲ ਉਹਦੇ ਆਪਣੇ ਸਿਰ ਦੇ ਦੁਆਲੇ ਨਾ ਘੁੰਮ ਸਕਣ। ਸਮੁੰਦ ਖ਼ਾਨ ਅਯੱਾਸ਼ ਸੀ। ਉਹ ਸ਼ਰਾਬ ਪੀਂਦਾ ਸੀ ਤੇ ਉਹਦੇ ਹੱਥੋਂ ਅਨੇਕ ਹਿੰਦੂ ਤੇ ਮੁਸਲਮਾਨ ਯੁਵਤੀਆਂ ਦੀ ਇਜ਼ਤ ਭੰਗ ਹੋ ਚੁਕੀ ਸੀ। ਦਿਲ ਦਾ ਕਮਜ਼ੋਰ ਪਰ ਸ਼ੇਖੀਆਂ ਮਾਰਨ ਵਿਚ ਸਾਰੇ ਦਰਬਾਰੀਆਂ ਤੋਂ ਅੱਗੇ।

ਵਜ਼ੀਰ ਖ਼ਾਨ ਜਾਣਦਾ ਸੀ ਕਿ ਉਹਦਾ ਪੁੱਤਰ ਕਿੰਨੇ ਕੁ ਪਾਣੀ ਵਿਚ ਹੈ। ਵਜ਼ੀਰ ਖ਼ਾਨ ਬਿਨਾਂ ਸ਼ੱਕ ਆਪਣੇ ਸਭ ਦਰਬਾਰੀਆਂ, ਨਵਾਬਾਂ ਤੇ ਜਰਨੈਲਾਂ ਦੀ ਅਸਲੀ ਕਦਰ ਕੀਮਤ ਜਾਣਦਾ ਸੀ। ਉਹ ਬੜਾ ਬੇਦਾਰ ਮਗ਼ਜ਼ ਸੀ। ਜਦੋਂ ਉਹਦੇ ਪੁੱਤਰ ਨੇ ਉਪਰੋਕਤ ਡੀਂਗ ਮਾਰੀ ਤਾਂ ਉਸ ਕਿਹਾ:

"ਅੱਛਾ ! ਤੇਰੇ ਖਿਆਲ ਵਿਚ ਮਰਦੂਦ ਬੰਦਾ ਦੋ ਘੰਟੇ ਦੀ ਮਾਰ ਵੀ ਨਹੀਂ ਸਹਾਰੇਗਾ ?" ਉਹਦੇ ਕਹਿਣ ਢੰਗ ਵਿਚ ਇਕ ਤਨਜ਼ ਸੀ।

"ਹਾਂ, ਅੱਬਾ ਜਾਨ ! ਮੇਰਾ ਇਹ ਖਿਆਲ ਸਿਰਫ਼ ਖਿਆਲ ਹੀ ਨਹੀਂ। ਇਹ ਇਕ ਸਚਾਈ ਹੈ। ਮੈਂ...।"

"ਤੂੰ...", ਵਜ਼ੀਰ ਖ਼ਾਨ ਨੇ ਇਕ ਤਾੜ ਕਰਦੀ ਚਪੇੜ ਸਮੁੰਦ ਖ਼ਾਨ ਦੇ ਮੂੰਹ ਉੱਤੇ ਮਾਰੀ ਤੇ ਕਿਹਾ:

"ਤੂੰ ਵੇਖੀਂ ਕਿ ਜੰਗ ਵੇਲੇ ਤੂੰ ਕੰਡ ਵਿਖਾ ਕੇ ਨੱਸ ਨਹੀਂ ਜਾਂਦਾ। ਤੇ ਦੂਜਾ ਅੱਗੇ ਤੋਂ ਕਿਸੇ ਨੂੰ ਇਹ ਠਾ ਕਹੀਂ ਕਿ ਤੇਰੇ ਪਿਓ ਨੇ ਤੇਰੀ ਸਲਾਹ ਦੇ ਉਲਟ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਨੂੰ ਕੰਧਾਂ ਵਿਚ ਚਿਣਵਾਇਆ ਹੈ।"

ਸਮੁੰਦ ਖ਼ਾਨ ਹੱਧਾ ਬੱਕਾ ਆਪਣਾ ਇਕ ਹੱਥ ਆਪਣੀ ਗਲ੍ਹ ਉੱਤੇ ਰਖ ਕੇ ਦੋ ਤਿੰਨ ਮਿੰਟ ਆਪਣੇ ਪਿਤਾ ਵਲ ਵੇਖਦਾ ਰਿਹਾ। ਵਜ਼ੀਰ ਖ਼ਾਨ ਗੁੱਸੇ ਵਿਚ ਸੀ। ਉਹਨੇ ਮੁਸਲਮਾਨੀ ਢੰਗ ਦਾ ਲੰਮਾ ਚੋਗਾ ਪਹਿਨਿਆ ਹੋਇਆ ਸੀ। ਅੱਜ ਕਲ੍ਹ ਵਜ਼ੀਰ ਖ਼ਾਨ ਦੀ ਦਾੜ੍ਹੀ ਲੰਮੀ ਤੇ ਮਹਿੰਦੀ ਰੰਗੀ ਸੀ। ਉਹ ਹਰ ਦੂਜੇ ਚੌਥੇ ਸਾਲ ਵੇਸ ਬਦਲ ਲਿਆ ਕਰਦਾ। ਕਦੀ ਦਾੜ੍ਹੀ ਮੁਨਾ ਛਡਦਾ, ਕਦੀ ਰਖ ਲੈਂਦਾ। ਕਦੀ ਕੁੱਲਾ ਸਿਰ ਧਰ ਕੇ ਪੱਗ ਬੰਨ੍ਹਦਾ, ਕਦੀ ਐਵੇਂ ਟੋਪੀ ਅੜਾਈ ਰਖਦਾ। ਉਹਦਾ ਕੱਦ ਸਮੱਧਰ ਸੀ ਤੇ ਜਦੋਂ ਉਹਨੇ ਲੰਮੀਆਂ ਲੰਮੀਆਂ ਮੁੱਛਾਂ ਰਖੀਆਂ ਹੁੰਦੀਆਂ ਤਾਂ ਕਾਫ਼ੀ ਹਾਸੋਹੀਣਾ ਲਗਦਾ, ਜਿਵੇਂ ਅੱਜ ਕੱਲ੍ਹ।

ਪਰ ਅੱਜ ਕੱਲ੍ਹ ਤਾਂ ਉਹ ਉਂਜ ਹੀ ਹਾਸੋਹੀਣਾ ਲਗਦਾ ਸੀ। ਜਦੋਂ ਤੋਂ ਬੰਦਾ ਸਿੰਘ ਨੇ ਸੁਨਾਮ ਲੁਟਿਆ ਓਦੋਂ ਤੋਂ ਹੀ ਜਿਵੇਂ ਉਹਦਾ ਦਿਲ ਕੰਬ ਰਿਹਾ ਹੋਵੇ। ਉਦੋਂ ਤੋਂ ਹੀ ਉਹਦੀ ਨੀਂਦ ਹਰਾਮ ਹੋ ਗਈ। ਕਹਿੰਦੇ ਸਨ ਕਿ ਉਹ ਸੁੱਤਾ ਸੁੱਤਾ ਬਰੜਾ ਉਠਦਾ, "ਬੰਦਾ ਆਇਆ ! ਬੰਦਾ ਆਇਆ।" ਦਰਅਸਲ "ਬੰਦਾ ਆਇਆ, ਬੰਦਾ ਆਇਆ," ਹੁਣ ਤਕ ਹਿਰਾਸੇ ਹੋਏ ਹੁਕਮਰਾਨਾਂ ਦੀ ਹਾਰ ਦਾ ਪ੍ਰਗਟ ਚਿੰਨ੍ਹ ਬਣ ਚੁਕਾ ਸੀ। ਜਿਵੇਂ ਉਹ ਜਿੱਤਦੇ ਤੇ ਵਧਦੇ, "ਯਾ [illegible]" ਤੇ ਨਾਅਰੇ ਮਾਰਦੇ ਸਨ, ਉਵੇਂ ਹਾਰਦੇ ਹੋਏ ਤੇ ਪਿਛਾਂਹ ਹਟਦੇ ਹੋਏ ਉਹ "ਬੰਦਾ

Scanned by CamScanner

"ਬੰਦਾ ਆਇਆ, ਬੰਦਾ ਆਇਆ" ਦਾ ਨਾਅਰਾ ਲਾਉਂਦੇ ਤੇ ਪਲੋ-ਪਲੀ ਇਹ ਨਾਅਰਾ ਸਾਰੇ ਜੱਥੇ ਵਿਚ ਗੂੰਜ ਉਠਦਾ। ਦਹਿਲੇ ਦਿਲ ਮੁੜ ਬਲਵਾਨ ਹੋ ਜਾਂਦੇ ਤੇ ਲੜਾਈ ਦਾ ਢੁੱਕਾ ਬਦਲ ਜਾਂਦਾ। ਇਹ ਨਾਅਰਾ ਦੁਸ਼ਮਨਾਂ ਦੀਆਂ ਸੱਫਾਂ ਤਕ ਗੂੰਜਦਾ ਜਾਂਦਾ ਤੇ ਫਿਰ ਸਭ ਸ਼ਤਰੂ ਹੌਲੀ ਹੌਲੀ "ਬੰਦਾ ਆਇਆ, ਬੰਦਾ ਆਇਆ" ਪੁਕਾਰਦੇ ਪਿਛੇ ਹਟਣ ਲਗਦੇ, ਦੌੜਨ ਲਗਦੇ।

ਹੈਰਾਨੀ ਦੀ ਗੱਲ ਇਹ ਹੈ ਕਿ ਜਿੱਤਦਿਆਂ ਨੂੰ ਹਰਾਣ ਵਾਸਤੇ ਤੇ ਹਾਰਦਿਆਂ ਨੂੰ ਜਿੱਤਾਣ ਵਾਸਤੇ ਬੰਦੇ ਦਾ ਨਾਂ ਹੀ ਕਾਫ਼ੀ ਸੀ, ਬੰਦੇ ਦਾ ਆਪ ਉਥੇ ਹੋਣਾ ਲਾਜ਼ਮੀ ਨਹੀਂ ਸੀ। ਬੰਦਾ ਸਿੰਘ ਬਹਾਦਰ ਨੂੰ ਜਦੋਂ ਸਰਦਾਰ ਬਾਜ ਸਿੰਘ, ਬਾਬਾ ਬਿਨੋਦ ਸਿੰਘ ਤੇ ਸਰਦਾਰ ਫ਼ਤਹ ਸਿੰਘ ਵਰਗੇ ਜੱਥੇਦਾਰ ਇਹੋ ਜਿਹੀਆਂ ਗੱਲਾਂ ਸੁਣਾਂਦੇ ਤਾਂ ਉਹ ਮੁਸਕਰਾਉਂਦਾ ਤੇ ਕਿਹਾ ਕਰਦਾ, "ਖ਼ਾਲਸਾ ਜੀ ! ਇਹ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਹੈ, ਵਰਨਾ ਮੈਂ ਕੂਕਰ ਕਿਸ ਕਾਰੇ ਹਾਂ।"

ਇਹੋ ਜਿਹੀਆਂ ਗੱਲਾਂ ਜਦੋਂ ਉਹਦੇ ਅਮੀਰ ਤੇ ਜਰਨੈਲ ਵਜ਼ੀਰ ਖ਼ਾਨ ਨੂੰ ਸੁਣਾਂਦੇ ਤਾਂ ਉਹ ਗੁੱਸੇ ਨਾਲ ਲਾਲ ਹੋ ਜਾਂਦਾ ਤੇ ਆਖਦਾ, "ਮਰਦੂਦ ਬੰਦਾ...ਉਹਦੇ ਨਾਲ ਦੋ ਦੋ ਹੱਥ ਕਰਨੇ ਹੀ ਪੈਣਗੇ...।"

ਪਰ ਮੂੰਹੋਂ ਵਜ਼ੀਰ ਖ਼ਾਨ ਤੇ ਬਾਕੀ ਨਵਾਬ ਜੋ ਕੁਝ ਮਰਜ਼ੀ ਪਏ ਆਖਦੇ, ਇਹ ਗੱਲਾਂ ਸੁਣ ਕੇ ਦਿਲੋਂ ਉਹ ਵੀ ਦਹਿਲ ਜਾਂਦੇ। ਉਹਨਾਂ ਨੂੰ ਇਸ ਤਰ੍ਹਾਂ ਲਗਦਾ ਕਿ ਬਸ ਸੱਚੀ ਮੁੱਚੀਂ ਬੰਦਾ ਉਸੇ ਪਲ ਉਸੇ ਛਿੰਨ ਆਇਆ ਕਿ ਆਇਆ। ਉਹਨਾਂ ਨੂੰ ਲਗਦਾ ਕਿ ਜਿਵੇਂ ਬੰਦਾ ਉਸੇ ਵੇਲੇ ਹੀ ਉਹਨਾਂ ਦੇ ਮੱਧ ਵਿਚ ਹੋਵੇ, ਪਰ ਆਪਣੀ ਕਰਾਮਾਤੀ ਸ਼ਕਤੀ ਨਾਲ ਉਹਨਾਂ ਨੂੰ ਦਿਸ ਨਾ ਰਿਹਾ ਹੋਵੇ। ਕਦੀ ਕਦੀ ਤਾਂ ਉਹ ਬਹਾਨੇ ਪਾ ਕੇ ਆਪਣੇ ਆਸੇ-ਪਾਸੇ ਤੇ ਆਪਣੇ ਪਿੱਛੇ ਵੇਖਦੇ ਵੀ। ਅੰਤ ਨਿਤ ਨਿਤ ਇਹੋ ਜਿਹੀਆਂ ਭਿਆਨਕ ਸੋਆਂ ਸੁਣ ਕੇ ਇਕ ਰਾਤ ਸੁਪਨੇ ਵਿਚ ਵਜ਼ੀਰ ਖ਼ਾਨ "ਬੰਦਾ ਆਇਆ, ਬੰਦਾ ਆਇਆ" ਕਹਿੰਦਾ ਬਰੜਾ ਉਠਿਆ। ਗੋਲੀਆਂ-ਤੇ ਬਾਂਦੀਆਂ ਸਭ ਹੈਰਾਨ ਹੋ ਗਈਆਂ। ਅਗਲੇ ਦਿਨ ਸਾਰੇ ਦਰਬਾਰ ਵਿਚ ਇਹ ਗੱਲ ਧੂੰਮ ਗਈ। ਤੇ ਫਿਰ ਜਿਉਂ ਜਿਉਂ ਵਜ਼ੀਰ ਖ਼ਾਨ ਇਹੋ ਜਿਹਾ ਸਾਕਾ ਮੁੜ ਕੇ ਨਾ ਵਾਪਰਨ ਵਾਸਤੇ ਦਿਲ ਵਿਚ ਪੱਕੇ ਇਰਾਦੇ ਕਰਦਾ ਤਿਉਂ ਤਿਉਂ ਉਹਦਾ ਆਪਣੇ ਆਪ ਉੱਤੇ ਜ਼ਬਤ ਘਟਦਾ ਜਾਂਦਾ ਤੇ ਉਹ ਹਰ ਦੂਜੀ ਚੌਥੀ ਰਾਤ "ਬੰਦਾ ਆਇਆ, ਬੰਦਾ ਆਇਆ" ਕਹਿ ਕੇ ਬਰੜਾ ਉਠਦਾ।

ਹੁਣ ਸਾਰੇ ਦਰਬਾਰ ਦੇ ਆਦਮੀ ਵੀ ਡਰ ਰਹੇ ਸਨ ਖ਼ਾਸ ਕਰ ਕੇ ਉਦੋਂ ਤੋਂ ਜਦੋਂ ਕਿ ਸਰਹਿੰਦ ਦੇ ਇਕ ਨਵੇਂ ਕਾਜ਼ੀ ਨੇ ਕਿਤੇ ਇਹ ਕਹਿ ਦਿਤਾ ਕਿ ਵਜ਼ੀਰ ਖ਼ਾਨ ਦੇ ਸਿਰ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਦਾ ਖ਼ੂਨ ਚੜ੍ਹ ਗਿਆ ਹੈ। ਉਦੋਂ ਤੋਂ ਤਾਂ ਅਠੇਕ ਦਰਬਾਰੀਆਂ ਤੇ ਸ਼ਹਿਰ ਵਾਸੀਆਂ ਨੂੰ ਜਿਵੇਂ ਵਿਸ਼ਵਾਸ਼ ਹੋ ਗਿਆ ਹੋਵੇ ਕਿ ਹੁਣ ਸਰਹਿੰਦ ਗਈ। ਬੇਸ਼ਕ ਹੁਣ ਉਸ ਕਾਜ਼ੀ ਨੂੰ ਮਰਵਾ ਦਿਤਾ ਗਿਆ ਸੀ ਪਰ ਉਹਦੀ ਕਹੀ ਹੋਈ ਗੱਲ ਨੂੰ ਫ਼ਾਂਸੀ ਉੱਤੇ ਚੜ੍ਹਾਇਆ ਨਾ ਜਾ ਸਕਿਆ। ਬੇਸ਼ਕ ਕੋਈ ਉੱਚਾ ਉਡ੍ਹਾਸਰ ਨਹੀਂ ਸੀ ਸਕਦਾ ਪਰ ਚੋਰੀ ਛੱਪੀਂ ਇਉਂ ਕਰਨ ਲਈ ਹੁਣ ਕਿਸੇ ਨੂੰ ਕੌਣ ਰੋਕ ਸਕਦਾ ਸੀ ? ਇਸ ਤਰ੍ਹਾਂ ਹੀ ਇਕ ਵਾਰ ਸਮੁੰਦ ਖ਼ਾਨ ਸ਼ਰਾਬ ਦੇ ਨਸ਼ੇ ਵਿਚ ਅਬਦੁਲ ਰਹਿਮਾਨ ਵਜ਼ੀਰ ਨੂੰ ਕਹਿ ਬੈਠਾ ਸੀ। ਅਬਦੁਲ ਰਹਿਮਾਨ ਨੇ ਵਜ਼ੀਰ ਖ਼ਾਨ ਨੂੰ ਦੱਸ ਦਿਤਾ ਤੇ ਅੱਜ ਪਿਉ ਨੇ ਪੁਤਰ ਨੂੰ ਥਾਂ ਧਰਿਆ :

"ਤਾਂ ਉਸ ਮਰਦੂਦ ਨੇ ਤੁਹਾਨੂੰ ਦਸ ਦਿਤਾ ਹੈ ?" ਸਮੁੰਦ ਖ਼ਾਨ ਬੋਲਿਆ।

"ਖ਼ਬਰਦਾਰ ਜੇ ਅਬਦੁਲ ਰਹਿਮਾਨ ਨੂੰ ਮਰਦੂਦ ਕਿਹਾ। ਕਾਫ਼ਰ ! ਜ਼ਬਾਨ ਖਿੱਚ ਲਵਾਂਗਾ। ਅੱਛਾ ਤਾਂ ਤੂੰ ਸਮਝਦਾ ਹੈਂ ਕਿ ਮੇਰੇ ਸਿਰ ਉੱਤੇ ਉਹਨਾਂ ਕਾਫ਼ਰਾਂ ਦਾ ਖ਼ੂਨ ਸਵਾਰ ਹੈ ?"

ਸਮੁੰਦ ਖ਼ਾਨ ਨੇ ਵੀ ਜ਼ਰਾ ਅਝੱਕ ਹੋ ਕੇ ਕਿਹਾ :

"ਮੈਂ ਹੀ ਨਹੀਂ ਅੱਬਾ ਜਾਨ, ਸਾਰਾ ਸ਼ਹਿਰ ਇਸ ਤਰ੍ਹਾਂ ਕਹਿ ਰਿਹਾ ਹੈ।"

"ਸਾਰਾ ਸ਼ਹਿਰ ਇਸ ਤਰ੍ਹਾਂ ਕਹਿ ਰਿਹਾ ਹੈ," ਵਜ਼ੀਰ ਖ਼ਾਨ ਇਕ ਇਕ ਸ਼ਬਦ ਪੀਹ ਪੀਹ ਕੇ ਬੋਲ ਰਿਹਾ ਸੀ, "ਤਾਂ ਸਾਰੇ ਸ਼ਹਿਰ ਦੀ ਵੀ ਮੈਂ ਖ਼ਬਰ ਲਵਾਂਗਾ। ਜੇ ਬੰਦੇ ਨੇ ਨਹੀਂ, ਤਾਂ ਮੈਂ ਸਰਹਿੰਦ ਨੂੰ ਮਜ਼ਾ ਚਖਾਵਾਂਗਾ। ਚਲ ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ..." ਤੇ ਇਕ ਹੋਰ ਚਪੇੜ ਸਮੁੰਦ ਖ਼ਾਨ ਦੇ ਮੂੰਹ ਉੱਤੇ ਪਈ।

ਉਹ ਹੌਲੀ ਹੌਲੀ ਪੌੜੀਆਂ ਉਤਰਨ ਲੱਗਾ।

ਇਹ ਘਟਨਾ ਵਜ਼ੀਰ ਖ਼ਾਨ ਦੇ ਮਹਿਲ ਦੇ ਬੁਰਜ ਉੱਤੇ ਵਾਪਰੀ ਸੀ। ਹੁਣ ਵਜ਼ੀਰ ਖ਼ਾਨ ਇਕ ਜਾਂ ਦੋ ਵੇਲੇ

Scanned by CamScanner

ਨਹੀਂ ਸਗੋਂ ਤਿੰਨ ਤਿੰਨ ਚਾਰ ਚਾਰ ਵੇਲੇ ਬੁਰਜ ਉੱਤੇ ਚੜ੍ਹਦਾ ਤੇ ਆਪਣੀ ਸਰਹਿੰਦ ਵਲ ਵੇਖਦਾ। ਪਹਿਲੇ ਉਹਦੇ ਇਹ ਮੁਆਇਨੇ ਹਮੇਸ਼ਾ ਅਹਿਲਕਾਰਾਂ ਤੇ ਮੁਸਾਹਿਬਾਂ ਦੀ ਹਾਜ਼ਰੀ ਵਿਚ ਹੁੰਦਿਆ ਕਰਦੇ ਸਨ ਪਰ ਹੁਣ ਉਹ ਕਈ ਵਾਰ ਇਕੱਲਾ ਹੀ ਉਪਰ ਚੜ੍ਹ ਜਾਂਦਾ ਤੇ ਘੰਟਿਆਂ ਬੰਧੀ ਸਰਹਿੰਦ ਵਲ ਵੇਖਦਾ ਰਹਿੰਦਾ। ਕਦੀ ਕਦੀ ਉਹ ਆਪਣੇ ਨਾਲ ਅਬਦੁਲ ਰਹਿਮਾਨ ਨੂੰ ਲੈ ਜਾਂਦਾ ਤੇ ਉਥੇ ਬੈਠੇ ਉਹ ਆ ਰਹੀ ਜੰਗ ਬਾਰੇ ਗੱਲਾਂ ਬਾਤਾਂ ਕਰਦੇ ਰਹਿੰਦੇ। ਤ੍ਰਿੰਨੇ ਸਵਾਰ ਜੁੜ ਗਏ ਸਨ, ਕਿੰਨਾ ਸਾਮਾਨ ਇਕੱਠਾ ਹੋ ਚੁਕਾ ਸੀ, ਕਿੰਨੀਆਂ ਤੋਪਾਂ ਚੰਗਾ ਕੰਮ ਦੇਣ ਵਾਲੀਆਂ ਤਿਆਰ ਸਨ, ਛਲਾਣੀ ਛਲਾਣੀ ਚੀਜ਼ ਕਿਥੋਂ ਕਿਥੋਂ ਮਿਲ ਸਕਦੀ ਹੈ ਤੇ ਇਸ ਤਰ੍ਹਾਂ ਦੇ ਅਨੇਕ ਹੋਰ ਮਸਲੇ...। ਜੰਗ ਦੀ ਤਿਆਰੀ ਵੇਲੇ ਪੇਸ਼ ਆਉਣ ਵਾਲੇ ਮਸਲਿਆਂ ਦਾ ਕੋਈ ਕਿਤੇ ਅੰਤ ਹੁੰਦਾ ਹੈ ! ਕਦੀ ਕਦੀ ਵਜ਼ੀਰ ਖ਼ਾਨ ਕਿਤੋਂ ਬਾਹਰੋਂ, ਜਿਵੇਂ ਮਲੇਰ ਕੋਟਲਾ, ਰੋਪੜ, ਸੁਨਾਮ ਜਾਂ ਸਨਾਵਰ ਤੋਂ ਆਏ ਸਥਦਾਰਾਂ ਨਾਲ ਵਿਚਾਰ ਵਟਾਂਦਰਾ ਕਰਨ ਵਾਸਤੇ ਉਪਰ ਚੜ੍ਹ ਜਾਂਦਾ। ਅੱਜ ਉਹ ਆਪਣੇ ਬੇਟੇ ਸਮੁੰਦ ਖ਼ਾਨ ਨੂੰ ਲਿਆਇਆ ਸੀ। ਬਸ ਅੱਜ ਕਦੀ ਕਿਸੇ ਨੂੰ ਝਾੜ, ਕਿਸੇ ਨੂੰ ਪੁਚਕਾਰ, ਵਜ਼ੀਰ ਖ਼ਾਨ ਦਾ ਰੌਂ ਠੀਕ ਨਹੀਂ ਸੀ।

ਇਹ ਗਰਮੀਆਂ ਦੇ ਦਿਨ ਸਨ। ਇਸ ਸਾਲ ਗਰਮੀ ਵੀ ਕਹਿਰਾਂ ਦੀ ਪੈ ਰਹੀ ਸੀ। ਧੁੱਪ ਵਿਚ ਪਲ ਭਰ ਲਈ ਖਲੋਤਾ ਨਹੀਂ ਸੀ ਜਾਂਦਾ। ਗਰਮ ਲੂ ਛਣ ਛਣ ਕੇ ਘਰ ਦੀ ਹਰ ਨੁੱਕਰ ਵਿਚ ਧੱਸ ਜਾਂਦੀ ਸੀ। ਤੇ ਇਹੋ ਜਿਹੀਆਂ ਗਰਮੀਆਂ ਦੀਆਂ ਦੁਪਹਿਰਾਂ ਵਿਚ ਵੀ ਦੋ ਵਾਰ ਵਜ਼ੀਰ ਖ਼ਾਨ ਆਪਣੇ ਬੁਰਜ ਉੱਤੇ ਚੜ੍ਹ ਕੇ ਸਰਹਿੰਦ ਨੂੰ ਵੇਖਦਾ ਰਿਹਾ ਸੀ।

"ਕੀ ਬੰਦਾ ਇਸ ਸਰਹਿੰਦ ਨੂੰ," ਤੇ ਉਹ ਚਾਰ ਚੁਫੇਰੇ ਘੁੰਮ ਕੇ ਮਹਾਨ ਸਰਹਿੰਦ ਵਲ ਵੇਖਦਾ, "ਇਸ ਖ਼ੂਬਸੂਰਤ ਤੇ ਦੌਲਤਮੰਦ ਸਰਹਿੰਦ ਨੂੰ ਲੁੱਟ ਲਵੇਗਾ ! ਕੀ ਕਾਫ਼ਰ ਸਿਖ ਇਸ ਪਵਿਤ੍ਰ ਧਰਤੀ ਉੱਤੇ ਆਪਣੇ ਮਨਹੂਸ ਕਦਮ ਰਖਣਗੇ ? ਕੀ ਇਹ ਧਰਤੀ ਕਾਫ਼ਰਾਂ ਦੇ ਕਦਮਾਂ ਥੱਲੇ ਲਿਤੜੇਗੀ ?"

ਵਜ਼ੀਰ ਖ਼ਾਨ ਆਪਣੇ ਆਪ ਨਾਲ ਗੱਲਾਂ ਕਰਦਾ ਤੇ ਫਿਰ ਆਪੇ ਹੀ ਆਖਦਾ, "ਕਦੀ ਨਹੀਂ, ਕਦੀ ਨਹੀਂ। ਜਦੋਂ ਤਕ ਮੇਰੇ ਸਰੀਰ ਵਿਚ ਖ਼ੂਨ ਦੀ ਧਾਰਾ ਵਹਿੰਦੀ ਹੈ ਮੈਂ ਇਹ ਨਹੀਂ ਹੋਣ ਦੇਵਾਂਗਾ।"

"ਪਰ," ਤੇ ਉਹ ਫਿਰ ਮਾਯੂਸ ਹੋ ਜਾਂਦਾ, "ਪਰ...ਜੇ ਮੈਂ ਮਰ ਗਿਆ ਤਾਂ ? ਤਾਂ ਫਿਰ ਕੀ ਕਾਫ਼ਰ ਮਰਦੂਦ ਬੇਸ਼ਕ ਸਰਹਿੰਦ ਵਿਚ ਘੁਸ ਆਉਣ ? ਉਫ਼ ! ਮੇਰੀ ਰੂਹ ਜੱਨਤ ਵਿਚ ਵੀ ਦੋਜ਼ਖ ਦੀ ਅੱਗ ਨਾਲ ਲੂਸੇਗੀ। ਮੇਰਾ ਰੋਮ ਰੋਮ ਪੱਛਿਆ ਜਾਏਗਾ। ਨਹੀਂ, ਨਹੀਂ ਇਹ ਕਦੀ ਨਹੀਂ ਹੋਵੇਗਾ।"

ਇਹਨਾਂ ਦਿਨਾਂ ਵਿਚ ਅਬਦੁਲ ਰਹਿਮਾਨ ਉਹਦਾ ਇਕੋ ਇਕ ਸਹਾਰਾ ਸੀ। ਉਹ ਆਖਦਾ :

"ਬੇਸ਼ਕ ਸੂਬੇਦਾਰ ਸਾਹਿਬ ! ਇਹ ਕਦੀ ਨਹੀਂ ਹੋਵੇਗਾ। ਅੱਲਾ ਤੁਹਾਡੀ ਉਮਰ ਲੰਮੀ ਕਰੇ। ਤੁਸੀਂ ਇਹਨਾਂ ਕਾਫ਼ਰਾਂ ਦਾ ਬੀਜ ਨਾਸ ਕਰ ਕੇ ਹੀ ਜੱਨਤ ਵਿਚ ਵਾਸ ਕਰੋਗੇ। ਹੈਰਾਨੀ ਦਾ ਮੁਕਾਮ ਹੈ ਕਿ ਐਨਾ ਕੁਝ ਸਹਿ ਕੇ ਵੀ ਇਹ ਕਾਫ਼ਰ ਖੁੰਬਾਂ ਵਾਂਗ ਕਿਵੇਂ ਫੁੱਟ ਪਏ ਨੇ। ਅਸੀਂ ਤਾਂ ਸਮਝਿਆ ਸੀ..."

"ਹਾਂ, ਮੈਂ ਵੀ ਇਹ ਸਮਝਿਆ ਸੀ, ਅਬਦੁਲ ਰਹਿਮਾਨ ਕਿ ਗੋਬਿੰਦ ਸਿੰਘ ਤੇ ਉਹਦੇ ਚੌਹਾਂ ਪੁਤਰਾਂ ਦੇ ਨਾਲ ਸਿਖ ਕੌਮ ਦਾ ਨਾਸ ਹੋ ਗਿਆ। ਜੇ ਮੈਨੂੰ ਪਤਾ ਹੁੰਦਾ ਕਿ ਇਹਨਾਂ ਪੰਜਾਂ ਦੀ ਮੌਤ ਨਾਲ ਵੀ ਕੁਝ ਫ਼ਰਕ ਨਹੀਂ ਪੈਣਾ ਤਾਂ ਮੈਂ ਸ਼ਾਇਦ ਉਹਨਾਂ ਦੋ ਮਾਸੂਮਾਂ ਨੂੰ ਮੁਆਫ਼ ਕਰ ਦੇਂਦਾ...।"

ਬੇਸ਼ਕ ਵਜ਼ੀਰ ਖ਼ਾਨ ਉੱਤੇ ਉਹਨਾਂ ਦੋ ਮਾਸੂਮਾਂ ਦਾ ਖ਼ੂਨ ਚੜ੍ਹ ਚੁਕਾ ਸੀ। ਕਿਸੇ ਹੋਰ ਨੂੰ ਇਹੋ ਜਿਹੇ ਸ਼ਬਦ ਮੂੰਹ ਉੱਤੇ ਲਿਆਣ ਦੀ ਇਜਾਜ਼ਤ ਨਹੀਂ ਸੀ ਪਰ ਵਜ਼ੀਰ ਖ਼ਾਨ ਸੋਚਦਾ ਸੀ ਕਿ ਜਿਹੜੀ ਗੱਲ ਔਨਿਆਂ ਦੇ ਦਿਲ ਵਿਚ ਹੋਵੇ ਉਹ ਝੂਠੀ ਵੀ ਤਾਂ ਨਹੀਂ ਹੋ ਸਕਦੀ। ਉਹਨੂੰ ਕਦੀ ਕਦੀ ਵਿਸ਼ਵਾਸ਼ ਆਉਂਦਾ ਲਗਦਾ ਕਿ ਬੇਸ਼ਕ ਉਹਨੂੰ ਉਹ ਦੋ ਬਾਲਕ ਨਹੀਂ ਸਨ ਮਾਰਨੇ ਚਾਹੀਦੇ। ਇਕ ਰਾਤ ਆਪਣੀ ਰਖੇਲ ਅਨੀਸਾ ਨਾਲ, ਪਰ ਹੋਰ ਸਭ ਜਹਾਨ ਤੋਂ ਚੋਰੀਂ, ਉਹ ਉਸ ਥਾਂ ਉੱਤੇ ਗਿਆ ਸੀ ਜਿਥੇ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਇੱਟਾਂ ਵਿਚ ਚਿਣਾਏ ਗਏ ਸਨ ਤੇ ਉਥੇ ਖੜੋ ਕੇ ਉਸ ਦੁਆ ਮੰਗੀ ਸੀ:

"ਖ਼ੁਦਾਵੰਦ ਤਆਲਾ, ਜੇ ਉਹ ਗੁਨਾਹ ਸੀ ਤੇ ਮੈਨੂੰ ਇਹ ਗੁਨਾਹ ਮੁਆਫ਼ ਕਰ। ਮੈਂ ਆਪਣੇ ਵਲੋਂ ਤਾਂ ਉਸ ਕਾਫ਼ਰ ਪੀਰ ਦਾ ਸਰਬੰਸ ਮੁਕਾਇਆ ਤਾਂ ਜੋ ਉਹਦੀ ਉਲਾਦ ਕੋਲੋਂ ਇਸਲਾਮ ਨੂੰ ਕਦੀ ਕੋਈ ਹਾਨੀ ਨਾ ਪਹੁੰਚੇ। ਮੈਂ ਨਹੀਂ ਸੀ ਜਾਣਦਾ ਕਿ ਕਿਸੇ ਕਾਫ਼ਰ ਦਾ ਬਾਲ ਬੱਚਾ ਕਦੀ ਮਾਸੂਮ ਵੀ ਹੋ ਸਕਦਾ ਹੈ। ਮੈਨੂੰ...।"

ਕਈ ਵਾਰ ਰਾਤੀਂ ਸੌਣ ਲੱਗਿਆਂ ਵੀ ਉਹਦੀਆਂ ਅੱਖਾਂ ਸਾਹਮਣੇ ਉਹ ਨਜ਼ਾਰਾ ਆ ਜਾਂਦਾ। ਉਹ ਆਪਣੇ

Scanned by CamScanner

ਸਾਹਮਣੇ ਉਹਨਾਂ ਦੇ ਬਾਲਕਾਂ ਨੂੰ ਆਖਰੀ ਸਾਹ ਭਰਦਿਆਂ ਹੋਇਆਂ ਵੇਖਦਾ। ਉਹਨੂੰ ਯਾਦ ਆਉਂਦਾ ਕਿ ਉਦੋਂ ਵੀ ਇਕ ਵੇ ਵਾਰ ਉਹਦੇ ਜੀ ਵਿਚ ਤਰਸ ਜਾਗਿਆ ਸੀ...ਪਰ ਕਿਸੇ ਵੇਲੇ ਵੀ ਤਰਸ ਨਫ਼ਰਤ ਨੂੰ ਨਿਵਾ ਨਹੀਂ ਸੀ ਸਕਿਆ।

ਆਪਣੇ ਮਨ ਵਿਚ ਹੋ ਰਹੀ ਇਸ ਖਿਚੋਤਾਣ ਦਾ ਜ਼ਿਕਰ ਉਸ ਅਬਦੁਲ ਰਹਿਮਾਨ ਅੱਗੇ ਕੀਤਾ, ਪਰ ਅਬਦੁਲ ਰਹਿਮਾਨ ਉਹਦਾ ਦਿਲ ਰਖਦਾ। ਅੱਜ ਵੀ ਉਹਨੇ ਉੱਤਰ ਦਿਤਾ :

"ਸੂਬੇਦਾਰ ਸਾਹਿਬ ! ਤੁਸੀਂ ਕਿਉਂ ਡੋਲਦੇ ਹੋ। ਜੰਮਦੀਆਂ ਸੂਲਾਂ ਦੇ ਮੂੰਹ ਤੁਸੀਂ ਕੁੰਦ ਕੀਤੇ, ਇਸ ਤੋਂ ਵੱਡਾ ਸਵਾਬ ਹੋਰ ਕੋਈ ਨਹੀਂ। ਜੇ ਉਹ ਦੋ ਕਾਫ਼ਰ ਜੀਉਂਦੇ ਰਹਿੰਦੇ ਤਾਂ ਸ਼ਾਇਦ ਇਸ ਤੋਂ ਵੀ ਵੱਡੀ ਹਨੇਰੀ ਝੁਲਦੀ। ਇਸਲਾਮ ਵਿਚ ਕੋਈ ਕਾਫ਼ਰ ਮਾਸੂਮ ਨਹੀਂ, ਬੇਗੁਨਾਹ ਨਹੀਂ।"

"ਕਾਸ਼ ! ਇਸ ਤਰ੍ਹਾਂ ਹੀ ਹੋਵੇ।"

ਵਜ਼ੀਰ ਖ਼ਾਨ ਦੀ ਉਪਰਾਮਤਾ ਦਾ ਇਕ ਕਾਰਨ ਹੋਰ ਵੀ ਸੀ। ਉਹ ਇਹ ਕਿ ਜਿੰਨੇ ਵੀ ਆਦਮੀ ਉਸ ਦਿੱਲੀ ਦਰਬਾਰ ਵਲ ਭੇਜੇ ਉਹਨਾਂ ਵਿਚੋਂ ਕੋਈ ਵੀ ਮਦਦ ਦੀ ਆਸ ਲੈ ਕੇ ਵਾਪਸ ਨਹੀਂ ਸੀ ਮੁੜਿਆ। ਬਾਦਸ਼ਾਹ ਬਹਾਦਰ ਸ਼ਾਹ ਉਹਨਾਂ ਦਿਨਾਂ ਵਿਚ ਦੱਖਣ ਵਲੋਂ ਆਉਂਦਾ ਅਜੇ ਰਾਜਪੂਤਾਨੇ ਵਿਚ ਪਹੁੰਚਿਆ ਹੀ ਸੀ। ਦਿੱਲੀ ਵਿਚ ਵਜ਼ੀਰੇ-ਆਜ਼ਮ ਨੂੰ ਬੇਸ਼ਕ ਸਰਹਿੰਦ ਨਾਲ ਲਗਾਉ ਸੀ ਪਰ ਉਹਦੇ ਕੋਲ ਕਿਹੜੀ ਫ਼ੌਜ ਸੀ ਭੇਜਣ ਵਾਲੀ ? ਬਹਾਦਰ ਸ਼ਾਹ ਕੋਲ ਖ਼ਬਰ ਭਿਜਵਾਈ ਗਈ ਪਰ ਦਿੱਲੀ ਦੇ ਸ਼ਹਿਨਸ਼ਾਹ ਨੂੰ ਵਜ਼ੀਰ ਖ਼ਾਨ ਵਲੋਂ ਇਹੋ ਜਿਹੀਆਂ ਹਾਉਕਿਆਂ ਭਰੀਆਂ ਆਉਂਦੀਆਂ ਅਰਜ਼ੀਆਂ ਬੜੀਆਂ ਮਸ਼ਕੂਕ ਲਗਦੀਆਂ। ਉਹਨੂੰ ਖ਼ਿਆਲ ਵੀ ਨਹੀਂ ਸੀ ਆ ਸਕਦਾ ਕਿ ਸਿੱਖਾਂ ਜਿਹੇ ਗ਼ੁਲਾਮ ਤੇ ਕਮਜ਼ੋਰ ਧਾੜਵੀ ਸਰਹਿੰਦ ਵਰਗੇ ਸੂਬੇ ਨੂੰ ਲੁਟ ਲੈਣਗੇ। ਕਿਸੇ ਮੁਸਾਹਿਬ ਨੇ ਤਾਂ ਇਥੋਂ ਤੁਕ ਕਹਿ ਦਿਤਾ ਕਿ ਵਜ਼ੀਰ ਖ਼ਾਨ ਦਾ ਦਿਮਾਗ਼ ਵਿਗੜ ਰਿਹਾ ਹੈ। ਅਖੇ: "ਚਿੱਟਾ ਝਾਟਾ ਤੇ ਆਟਾ ਖ਼ਰਾਬ !"

ਸੋ ਦਿੱਲੀ ਵਲੋਂ ਕੋਈ ਸਹਾਇਤਾ ਆਉਂਦੀ ਨਾ ਦਿਸਦੀ ਤੇ ਵਜ਼ੀਰ ਖ਼ਾਨ ਦਾ ਦਿਲ ਢਹਿੰਦਾ।

"ਤੁਸੀਂ ਨਿਰਾਸ਼ ਕਿਉਂ ਹੁੰਦੇ ਹੋ, ਜਹਾਂ ਪਨਾਹ," ਅਬਦੁਲ ਰਹਿਮਾਨ ਆਖਦਾ, "ਅਸੀਂ ਬੰਦੇ ਜੋਗੇ ਕਾਫ਼ੀ ਹਾਂ। ਆਖਿਰਕਾਰ ਸੋਨੀਪਤ, ਥਾਨੇਸਰ, ਸਮਾਣਾ, ਅੰਬਾਲਾ ਤੇ ਸਢੌਰਾ ਸਰਹਿੰਦ ਨਹੀਂ ਸਨ। ਅਜੇ ਤਕ ਬੰਦਾ ਸਿੰਘ ਨੂੰ ਆਪਣੀ ਮੇਚ ਦਾ ਜੋਧਾ ਨਹੀਂ ਮਿਲਿਆ ਤੇ ਨਾ ਹੀ ਆਪਣੇ ਮੇਚ ਦੀ ਫ਼ੌਜ, ਸਰਹਿੰਦ ਨੂੰ ਉਹ ਕਦੀ ਜਿੱਤ ਨਹੀਂ ਸਕਦਾ।"

"ਪਰ ਅਬਦੁਲ ਰਹਿਮਾਨ, ਮੈਂ ਵੀ ਧੁੱਪ ਵਿਚ ਆਪਣੇ ਵਾਲ ਚਿੱਟੇ ਨਹੀਂ ਕੀਤੇ ! ਬੇਸ਼ਕ ਬਾਦਸ਼ਾਹ ਨੂੰ ਕੋਈ ਹਜ਼ਾਰ ਵਾਰ ਪਿਆ ਆਖੇ ਕਿ ਚਿੱਟਾ ਝਾਟਾ ਤੇ ਆਟਾ ਖ਼ਰਾਬ, ਪਰ ਮੈਂ ਜਾਣਦਾ ਹਾਂ ਕਿ ਹਵਾ ਦਾ ਰੁਖ਼ ਕਿਧਰ ਹੈ। ਮੈਂ ਆਪਣੀ ਜ਼ਿੰਦਗੀ ਵਿਚ ਅਜੇ ਤਕ ਕੋਈ ਲੜਾਈ ਨਹੀਂ ਹਾਰੀ। ਮੈਨੂੰ ਪਿਛਲੇ ਅਨੇਕ ਸਾਲਾਂ ਤੋਂ ਸਿੱਖਾਂ ਦਾ ਤਜਰਬਾ ਹੈ, ਜਿਹੜਾ ਨਾ ਹੀ ਤੈਨੂੰ ਹੈ ਤੇ ਨਾ ਹੀ ਵਜ਼ੀਰੇ-ਆਜ਼ਮ ਨੂੰ ਤੇ ਨਾ ਹੀ ਹਜ਼ੂਰ ਸ਼ਹਿਨਸ਼ਾਹ ਨੂੰ ! ਮੈਂ ਜਾਣਦਾ ਹਾਂ ਇਹ ਲੜਾਈ ਕੇਡੀ ਸਖ਼ਤ ਹੋਵੇਗੀ। ਆਖਿਰ ਅਨੰਦਪੁਰ ਜਾਂ ਚਮਕੌਰ ਵੇਲੇ ਵੀ ਤਾਂ ਮੈਂ ਹੀ ਕਰਤਾ ਧਰਤਾ ਸਾਂ। ਉਸ ਵੇਲੇ ਮੈਂ ਸ਼ਹਿਨਸ਼ਾਹ ਅਗੇ ਕਿਉਂ ਅਰਜ਼ੋਈਆਂ ਨਾ ਕੀਤੀਆਂ ?"

"ਤਾਂ ਵੀ ਮੇਰੀ ਜਾਚੇ ਜਨਾਬ ਫ਼ਾਲਤੂ ਘਬਰਾ ਰਹੇ ਹਨ। ਅਸੀਂ ਤੁਹਾਨੂੰ ਯਕੀਨ ਦਿਵਾਂਦੇ ਹਾਂ ਕਿ ਆਪ ਦਾ ਤੇ ਇਸਲਾਮ ਦਾ ਝੰਡਾ ਝੁਲਦਾ ਰੱਖਣ ਲਈ ਅਸੀਂ ਜਾਨਾਂ ਕੁਰਬਾਨ ਕਰ ਦੇਵਾਂਗੇ। ਇਸ ਤਰ੍ਹਾਂ ਲੜਾਂਗੇ ਜਿਵੇਂ ਅੱਗੇ ਕਦੀ ਨਹੀਂ ਲੜੇ...।"

"ਮੈਨੂੰ ਤੁਹਾਥੋਂ ਇਹੋ ਹੀ ਉਮੀਦ ਹੈ। ਪਰ...ਇਹ ਲੋਕ ਅੱਗੇ ਕਦੀ ਵੀ ਐਨੇਂ ਤਾਕਤਵਰ ਨਹੀਂ ਹੋਏ। ਗੋਬਿੰਦ ਸਿੰਘ ਦਾ ਲਾਇਆ ਪੌਦਾ ਅੱਜ ਫਲ ਪਿਆ ਹੈ। ਵਕਤ ਬਦਲ ਗਏ ਜਾਪਦੇ ਹਨ। ਗੋਬਿੰਦ ਸਿੰਘ ਤੇ ਉਹਦੇ ਬੱਚਿਆਂ ਨੇ ਮਰ ਕੇ ਸਾਰੇ ਪੰਜਾਬ ਵਿਚ ਇਕ ਅੱਗ ਲਾ ਦਿਤੀ ਹੈ। ਇਹਦੇ ਨਾਲੋਂ ਤਾਂ ਜੇ ਮੈਂ ਸ਼ਾਇਦ ਗੋਬਿੰਦ ਸਿੰਘ ਨੂੰ ਕਤਲ ਨਾ ਕਰਵਾਂਦਾ ਤਾਂ ਚੰਗਾ ਹੁੰਦਾ। ਪਰ ਹਰ ਹਾਲਤ ਵਿਚ ਮੈਂ ਮਹਿਸੂਸ ਕਰਦਾ ਹਾਂ ਕਿ ਜੇ ਦਿੱਲੀ ਨੇ ਮੇਰੀ ਮਦਦ ਨਾ ਕੀਤੀ ਤਾਂ ਨਾ ਸਹੀ, ਪਰ ਅੰਤ ਦਿੱਲੀ ਦੀ ਸਹਾਇਤਾ ਤੋਂ ਬਗ਼ੈਰ ਬੰਦੇ ਨੇ ਨਹੀਂ ਮਰਨਾ। ਤੇ ਜੇ ਸ਼ਾਹ ਨੇ ਕੁਝ ਮਹੀਨੇ ਹੋਰ ਮੇਰੀਆਂ ਬੇਨਤੀਆਂ ਤੇ ਚਿਤਾਉਣੀਆਂ ਨੂੰ ਨਾ ਗੌਲਿਆ ਤਾਂ ਸ਼ਾਇਦ ਇਕ ਦਿਨ ਉਹਨੂੰ ਵੀ ਬੰਦੇ ਹੱਥੋਂ ਰਖ਼ਤ ਤੋਂ ਹੱਥ ਧੋਣੇ ਪੈਣ।"

Scanned by CamScanner

ਵਜ਼ੀਰ ਖ਼ਾਨ ਦੀ ਚਿੰਤਾ ਦਾ ਤੀਜਾ ਵੱਡਾ ਕਾਰਨ ਗੰਡਾ ਮਲ ਦੀ ਕਮਜ਼ੋਰੀ ਸੀ ਜਾਂ ਨਿਮਕ-ਹਰਾਮੀ।

ਵਜ਼ੀਰ ਖ਼ਾਨ ਜਿੱਤ ਤੇ ਇਸਲਾਮ ਦੇ ਨਾਂ ਉੱਤੇ ਸਭ ਸਦਾਚਾਰਕ ਤੇ ਅਖ਼ਲਾਕੀ ਅਸੂਲ ਸੁੱਟ ਪਾਣ ਵਾਲਾ ਆਦਮੀ ਸੀ; ਉਹਦੇ ਵਾਸਤੇ ਕੋਈ ਚੀਜ਼ ਵੀ ਗੁਨਾਹ ਨਹੀਂ ਸੀ; ਉਹਦੇ ਵਾਸਤੇ ਕੋਈ ਗੁਨਾਹ ਵੀ ਉਹਨੂੰ ਦੋਜ਼ਖ ਦਾ ਭਾਗੀ ਨਹੀਂ ਸੀ ਬਣਾ ਸਕਦਾ।

ਉਸ ਜ਼ਮਾਨੇ ਦਾ ਆਮ ਵਤੀਰਾ ਹੀ ਕੁਝ ਇਹੋ ਜਿਹਾ ਸੀ। ਆਪਣੇ ਇਰਾਦੇ ਸਿੱਧ ਕਰਨ ਵਾਸਤੇ ਸਭ ਬਦਨੀਤੀਆਂ ਤੇ ਅਸਦਾਚਾਰਕ ਢੰਗ ਜਾਇਜ਼ ਸਨ। ਕਿਸੇ ਨੂੰ ਸੁੱਤਿਆਂ ਜਾਂ ਬੇਵਸਾਹੇ ਕਤਲ ਕਰਨਾ ਜਾਂ ਕਰਵਾਣਾ ਜਾਇਜ਼ ਸੀ ਜੇ ਇਸ ਤਰ੍ਹਾਂ ਰਾਹ ਵਿਚੋਂ ਇਕ ਕੰਡਾ ਪੁਟਿਆ ਜਾ ਸਕੇ।

ਤੇ ਵਜ਼ੀਰ ਖ਼ਾਨ ਹੋਰਨਾਂ ਨਾਲੋਂ ਵੀ ਭੈੜਾ ਸੀ, ਦਿਲ ਦਾ ਕਾਲਾ, ਦਿਮਾਗ਼ ਦਾ ਚੰਡਿਆ। ਵਜ਼ੀਰ ਖ਼ਾਨ ਹੰਕਾਰੀ ਸੀ, ਹੈਂਕੜੀ। ਸਰਹਿੰਦ ਦੀ ਸੂਬੇਦਾਰੀ ਨੇ ਉਹਦੇ ਵਿਚ ਕੋਈ ਇਖ਼ਲਾਕੀ ਭਾਵਨਾ ਜੀਊਂਦੀ ਨਹੀਂ ਸੀ ਛੱਡੀ। ਉਹ ਜਾਣਦਾ ਸੀ ਕਿ ਗੁਰੂ ਗੋਬਿੰਦ ਸਿੰਘ ਦਾ ਘਰਾਣਾ ਮਜ਼ਬੂਤੀ ਘਰਾਣਾ ਹੈ। ਉਹ ਜਾਣਦਾ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਘਰ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਬਰ ਨੂੰ ਹਿੰਦੁਸਤਾਨ ਦੀ ਸਲਤਨੱਤ ਬਖ਼ਸ਼ੀ ਸੀ। ਉਹ ਜਾਣਦਾ ਸੀ ਕਿ ਸ਼ਹਿਨਸ਼ਾਹ ਅਕਬਰ ਨੇ ਇਸ ਗੁਰ ਗੱਦੀ ਨੂੰ ਚੰਗਾ ਜਾਣਿਆ ਤੇ ਇਹਦੀ ਆਰਾਧਨਾ ਕੀਤੀ। ਉਹ ਇਹ ਵੀ ਜਾਣਦਾ ਸੀ ਕਿ ਇਹਨਾਂ ਗੁਰੂਆਂ ਦਾ ਇਸਲਾਮ ਨਾਲ ਕੋਈ ਵੈਰ ਨਹੀਂ — ਕਿ ਉਹਨਾਂ ਨੇ ਮੁਗ਼ਲਈ ਰਾਜ ਨਾਲ ਕਦੀ ਵਧੀਕੀ ਨਹੀਂ ਕੀਤੀ। ਸਦਾ ਉਹਨੇ ਤੇ ਹੋਰਨਾਂ ਸੂਬੇਦਾਰਾਂ ਨੇ ਹੀ ਪਹਿਲ ਕੀਤੀ ਹੈ ਤੇ ਗੁਰੂ ਗੋਬਿੰਦ ਸਿੰਘ ਨਾਲ ਹੋਈਆਂ ਝਪਟਾਂ ਦਾ ਅਸਲੀ ਕਾਰਨ ਪਹਾੜੀ ਰਾਜੇ ਸਨ, ਨਾ ਹੀ ਆਪ ਗੁਰੂ ਗੋਬਿੰਦ ਸਿੰਘ ਤੇ ਨਾ ਹੀ ਸੂਬੇਦਾਰ ਵਜ਼ੀਰ ਖ਼ਾਨ।

ਪਰ ਵਜ਼ੀਰ ਖ਼ਾਨ ਭੈੜਾ ਸੀ, ਉਹਨਾਂ ਦਿਨਾਂ ਵਿਚ ਉਹਦੇ ਕੋਲ ਕਿਸੇ ਹੋਰ ਦੇ ਬਰਖ਼ਿਲਾਫ਼ ਕਹਿਣ ਕਰਨ ਵਾਸਤੇ, ਕੁਝ ਨਹੀਂ ਸੀ। ਕਿਤੇ ਲੜਾਈ ਨਹੀਂ ਸੀ ਹੋ ਰਹੀ ਤੇ ਕਿਤੇ ਕੋਈ ਸੂਬੇਦਾਰ ਕਤਲ ਨਹੀਂ ਸੀ ਹੋ ਰਿਹਾ। ਗੁਰੂ ਨਾਲ ਝਪਟਾਂ ਲਾਣ ਦਾ ਆਹਰ ਚੰਗਾ ਸੀ, ਤੇ ਆਖ਼ਿਰ ਉਸ ਦੇ ਖ਼ਿਆਲ ਵਿਚ ਗੁਰੂ ਹੈ ਵੀ ਤੇ ਕਾਫ਼ਰ ਹੀ ਸੀ।

ਜਦੋਂ ਪਹਿਲੀਆਂ ਝਪਟਾਂ ਵਿਚ ਉਹਦੇ ਕੁਝ ਆਦਮੀ ਤੇ ਸਾਥੀ ਮਾਰੇ ਗਏ ਤਾਂ ਉਹਨੇ ਗੁਰੂ ਨਾਲ ਜ਼ਾਤੀ ਵੈਰ ਪਾ ਲਿਆ ਤੇ ਪ੍ਰਣ ਕੀਤਾ ਕਿ ਉਹ ਉਹਨੂੰ ਤੇ ਉਹਦੀ ਔਲਾਦ ਨੂੰ ਖ਼ਤਮ ਕਰ ਕੇ ਹੀ ਛਡੇਗਾ ਤੇ ਉਸ ਨੇ ਆਪਣਾ ਪ੍ਰਣ ਪੂਰਾ ਕੀਤਾ। ਦੋ ਸ਼ਹਿਬਜ਼ਾਦੇ ਚਮਕੌਰ ਸ਼ਹੀਦ ਹੋਏ, ਦੋ ਸਰਹਿੰਦ ਤੇ ਆਪ ਗੁਰੂ ਗੋਬਿੰਦ ਸਿੰਘ ਨੂੰ ਉਹਦੇ ਭੇਜੇ ਬੰਦਿਆਂ ਨੇ ਕਤਲ ਕੀਤਾ।

ਹੁਣ ਵਜ਼ੀਰ ਖ਼ਾਨ ਨੇ ਸੋਚਿਆ ਕਿ ਇਹੋ ਦਾਅ ਬੰਦਾ ਸਿੰਘ ਨਾਲ ਖੇਡਿਆ ਜਾਏ। ਜ਼ਾਲਮ ਸੁਚਾ ਨੰਦ ਦੇ ਭਤੀਜੇ ਗੰਡਾ ਮਲ ਨੂੰ ਚੁਣਿਆ ਗਿਆ। ਉਹਨੂੰ ਇਕ ਹਜ਼ਾਰ ਘੋੜ ਚੜ੍ਹੇ ਦਿਤੇ ਗਏ ਤੇ ਕਿਹਾ ਗਿਆ ਕਿ ਬੰਦੇ ਨੂੰ ਕਤਲ ਕਰ ਦਿਤਾ ਜਾਏ। ਪਰ ਲੜਾਈ ਕਰ ਕੇ ਨਹੀਂ, ਧੋਖੇ ਨਾਲ। ਗੰਡਾ ਮਲ ਨੇ ਜ਼ਾਹਿਰ ਕਰਨਾ ਸੀ ਕਿ ਉਹ ਵਜ਼ੀਰ ਖ਼ਾਨ ਨਾਲ ਤਨਖ਼ਾਹ ਦੀ ਗੱਲ ਤੋਂ ਲੜ ਕੇ ਆਇਆ ਹੈ। ਇਸ ਨੂੰ ਸੱਚ ਦਰਸਾਣ ਲਈ ਉਹਨੇ ਆਪਣੇ ਸਵਾਰਾਂ ਨਾਲ ਸਰਹਿੰਦ ਦੇ ਸੂਬੇ ਵਿਚ ਅਨੇਕ ਪਿੰਡ ਵੀ ਲੁੱਟੇ ਤੇ ਕਈ ਮਾਸੂਮਾਂ ਨੂੰ ਕਤਲ ਵੀ ਕੀਤਾ।

ਅੰਤ ਦਿੱਲੀ ਦੇ ਰਾਹ ਜਾਂਦੇ ਉਹ ਬੰਦੇ ਕੋਲ ਪਹੁੰਚੇ। ਸ਼ਰਨ ਮੰਗੀ ਤੇ ਵਜ਼ੀਰ ਖ਼ਾਨ ਕੋਲੋਂ ਬਦਲਾ ਲੈਣ ਦੀ ਆਗਿਆ।

"ਜਦੋਂ ਸਰਹਿੰਦ ਉੱਤੇ ਹਮਲਾ ਕਰੋਗੇ ਤਾਂ ਮੈਂ ਆਪਣੇ ਜੱਥੇ ਨਾਲ ਸਭ ਤੋਂ ਮੋਹਰੇ ਹੋਵਾਂਗਾ। ਤੁਸੀਂ ਨਹੀਂ, ਮੈਂ ਵਜ਼ੀਰ ਖ਼ਾਨ ਨੂੰ ਕਤਲ ਕਰਨ ਦਾ ਪੁੰਨ ਖੱਟਾਂਗਾ! ਮੈਂ ਦਿਲੋਂ ਓਨਾ ਹੀ ਪੱਕਾ ਸਿਖ ਹਾਂ ਜਿੰਨੇ ਤੁਸੀਂ। ਮੇਰੇ ਦਿਲ ਵਿਚ ਵੀ ਗੁਰੂ ਸਾਹਿਬ ਦਾ ਕਤਲ ਤੇ ਬੱਚਿਆਂ ਦੀ ਸ਼ਹੀਦੀ ਉਸੇ ਤਰ੍ਹਾਂ ਹੀ ਖਟਕਦੀ ਹੈ ਜਿਵੇਂ ਤੁਹਾਡੇ ਦਿਲਾਂ ਵਿਚ। ਮੈਨੂੰ ਆਪਣੇ ਤਾਬੇ ਰਹਿਣ ਦੀ ਇਜਾਜ਼ਤ ਬਖ਼ਸ਼ੋ। ਦਿੱਲੀ ਦੇ ਸ਼ਹਿਨਸ਼ਾਹ ਕੋਲ ਮੇਰਾ ਜਾਣਾ ਫ਼ਜ਼ੂਲ ਹੋਵੇਗਾ। ਉਥੇ ਕੋਈ ਸੁਣਵਾਈ ਨਹੀਂ ਹੋਣੀ ਤੇ ਮੇਰੀ ਬਦਲੇ ਦੀ ਅੱਗ ਭੜਕ ਰਹੀ ਹੈ।"

ਬੰਦਾ ਸਿਘ ਬਹਾਦਰ ਗੰਡਾ ਮਲ ਦੀ ਬਿਨਤੀ ਸੁਣ ਕੇ ਮੁਸਕਰਾਇਆ ਸੀ।

"ਅੱਛਾ ਭਾਈ", ਉਸ ਕਿਹਾ, "ਗੁਰੂ ਘਰੋਂ ਦਗ਼ੇਬਾਜ਼ ਵੀ ਨਿਰਾਸ ਨਹੀਂ ਮੋੜੇ ਜਾਂਦੇ।"

Scanned by CamScanner

ਅਜੇ ਤਕ ਗੰਡਾ ਮਲ ਆਪਣੇ ਨਿਸ਼ਾਨੇ ਵਿਚ ਸਫਲ ਨਹੀਂ ਸੀ ਹੋ ਸਕਿਆ। ਬਾਜ ਸਿੰਘ ਤੇ ਬਿਨੋਦ ਸਿੰਘ ਨੂੰ ਹੱਥ ਲਗ ਚੁਕੇ ਸਨ। ਉਹ ਬੰਦੇ ਦੇ ਬਚਾਓ ਤੋਂ ਪਲ ਭਰ ਲਈ ਵੀ ਅਵੇਸਲੇ ਨਾ ਹੁੰਦੇ।

ਤੇ ਓਧਰ ਜਿਉਂ ਜਿਉਂ ਦਿਨ ਗੁਜ਼ਰਦੇ ਜਾਂਦੇ ਵਜ਼ੀਰ ਖ਼ਾਨ ਉਦਾਸ ਹੁੰਦਾ ਜਾਂਦਾ। ਕੀ ਗੰਡਾ ਮਲ ਦਿਲੋਂ ਤਾਂ ਨਹੀਂ ਬਦਲ ਗਿਆ। ਕੀ ਕਿਤੇ ਮੈਨੂੰ ਇਕ ਹਜ਼ਾਰ ਫਾਲਤੂ ਫ਼ੌਜ ਨਾਲ ਤਾਂ ਲੜਨਾ ਨਹੀਂ ਪਵੇਗਾ। ਜੇ ਉਹਦੇ ਵਲੋਂ ਅਜੇ ਤਕ ਕੋਈ ਸੂਹ ਨਹੀਂ ਆਈ ਤਾਂ ਕੀ ਪਤਾ ਉਹ ਲੜਾਈ ਵੇਲੇ ਵੀ ਧੋਖਾ ਦੇ ਕੇ ਬੰਦੇ ਦੇ ਦੱਲ ਵਿਚ ਹਫੜਾ ਦਫੜੀ ਨਾ ਪੁਆਦੇ। ਫਿਰ ਕੀ ਬਣੇਗਾ ?

ਤੇ ਚੌਥੇ ਤੇ ਸਭ ਤੋਂ ਵੱਡੀ ਚਿੰਤਾ ਉਹਨੂੰ ਮਾਝੇ ਤੇ ਦੁਆਬੇ ਵਲੋਂ ਆ ਰਹੇ ਸਿੰਘਾਂ ਦੀ ਸੀ। ਉਹਨੂੰ ਖ਼ਬਰ ਪੁੱਜ ਚੁਕੀ ਸੀ ਕਿ ਉਹ ਸ਼ਤਲੁਜ ਪਾਰ ਕਰ ਚੁਕੇ ਹਨ। ਉਹਨੂੰ ਇਹ ਵੀ ਖ਼ਬਰ ਮਿਲੀ ਸੀ ਕਿ ਇਹ ਦੱਲ ਉਹਨਾਂ ਦੇ ਅੰਦਾਜ਼ਿਆਂ ਨਾਲੋਂ ਕਿਤੇ ਵੱਡਾ ਹੈ।

ਉਹਨੇ ਰੋਪੜ ਤੇ ਮਲੇਰ ਕੋਟਲੇ ਦੇ ਸਰਦਾਰਾਂ ਨੂੰ ਸਖ਼ਤ ਚਿਤਾਵਨੀ ਭੇਜੀ ਕਿ ਇਹ ਦੱਲ ਬੰਦੇ ਦੇ ਦੱਲ ਨਾਲ ਮਿਲ ਨਾ ਸਕੇ। ਜਿੰਨੀ ਜਲਦੀ ਹੋ ਸਕਦਾ ਹੈ, ਇਹਨੂੰ ਖ਼ਤਮ ਕਰ ਦਿਤਾ ਜਾਵੇ। ਉਹਨੇ ਮਲੇਰ ਕੋਟਲੇ ਦੇ ਸਰਦਾਰ ਸ਼ੇਰ ਮੁਹੰਮਦ ਖ਼ਾਨ ਨੂੰ ਪੰਜ ਤੋਪਾਂ ਤੇ ਪੰਜ ਹਜ਼ਾਰ ਆਦਮੀ ਵੀ ਭੇਜੇ।

ਤੇ ਹੁਣ ਉਹ ਹਰ ਸਵੇਰੇ, ਹਰ ਸ਼ਾਮ, ਹਰ ਰਾਤ, ਹਰ ਪਲ ਇਹੋ ਖਬਰ ਸੁਣਨ ਲਈ ਤੱਤਪਰ ਰਹਿੰਦਾ, ਕਿ ਮਾਝੇ ਤੇ ਦੁਆਬੇ ਦਾ ਦੱਲ ਮਾਰਿਆ ਗਿਆ ਹੈ, ਖਿੰਡਰ ਪੁੰਡਰ ਗਿਆ ਹੈ।

ਸਵੇਰੇ ਦਰਬਾਰ ਵਿਚ ਬੈਠਿਆਂ ਵੀ ਉਹਦਾ ਖਿਆਲ ਸ਼ੇਰ ਮੁਹੰਮਦ ਖ਼ਾਨ ਵਲ ਹੁੰਦਾ ਤੇ ਉਹਦੇ ਕੰਨ ਉੱਤਰੀ ਪੱਛਮ ਵਲੋਂ ਆਉਂਦੇ ਕਿਸੇ ਆਦਮੀ ਕੋਲੋਂ ਕੋਈ ਖ਼ਬਰ ਸੁਣਨ ਲਈ ਉਤਾਵਲੇ ਰਹਿੰਦੇ।

ਹਰ ਪੰਦਰਾਂ ਮਿੰਟ ਜਾਂ ਅੱਧੇ ਘੰਟੇ ਪਿੱਛੋਂ ਉਹ ਅਬਦੁਲ ਰਹਿਮਾਨ ਕੋਲੋਂ ਪੁਛਦਾ :

"ਕੋਈ ਖ਼ਬਰ ਨਹੀਂ ਆਈ ? ਕੀ ਸ਼ੇਰ ਮੁਹੰਮਦ ਅਜੇ ਤਕ ਸਿੰਘਾਂ ਨੂੰ ਹਰਾ ਨਹੀਂ ਸਕਿਆ ?"

ਤੇ ਅੰਤ ਇਕ ਰਾਤ ਖ਼ਬਰ ਪੁਜ ਗਈ। ਅੱਧੀ ਰਾਤ ਦਾ ਸਮਾਂ ਹੋਵੇਗਾ। ਵਜ਼ੀਰ ਖ਼ਾਨ ਅਜੇ ਜਾਗ ਰਿਹਾ ਸੀ ਕਿ ਜਦੋਂ ਅਬਦੁਲ ਰਹਿਮਾਨ ਸ਼ੇਰ ਮੁਹੰਮਦ ਵਲੋਂ ਆਏ ਏਲਚੀ ਨੂੰ ਲੈ ਕੇ ਉਹਦੇ ਕੋਲ ਪੁੱਜਿਆ।

"ਸਾਡੀ ਸਭ ਫ਼ੌਜ ਮਾਰੀ ਗਈ ਹੈ, ਜਹਾਂਪਨਾਹ," ਏਲਚੀ ਨੇ ਦਸਿਆ, "ਸਿੱਖਾਂ ਦੀ ਦੋ ਟੁਕ ਜਿੱਤ ਹੋਈ ਹੈ। ਮੇਰੇ ਮਾਲਕ ਸ਼ਾਹ ਸ਼ੇਰ ਮੁਹੰਮਦ ਖ਼ਾਨ ਦਾ ਭਰਾ ਖਿਜ਼ਰ ਖ਼ਾਨ ਵੀ ਮਾਰਿਆ ਗਿਆ ਹੈ। ਤੇ ਨੁਸਰਤ ਖ਼ਾਨ ਤੇ ਵਲੀ ਮੁਹੰਮਦ ਖ਼ਾਨ ਵੀ ਮਾਰੇ ਗਏ ਹਨ। ਹੁਣ ਕਾਫ਼ਰਾਂ ਦੇ ਦੱਵੇਂ ਦੱਲ..."

"ਬਕਵਾਸ ਬੰਦ ਕਰ ਮਰਦੂਦ !" ਵਜ਼ੀਰ ਖ਼ਾਨ ਕੜਕਿਆ ਤੇ ਫਿਰ ਕੁਝ ਰੁਕ ਕੇ ਕਹਿੰਦਾ ਗਿਆ :

"ਇਸ ਮਰਦੂਦ ਦੇ ਠੱਕ ਕੰਨ ਕੱਟ ਕੇ ਇਹਨੂੰ ਚਰਖੜੀ ਉੱਤੇ ਚੜ੍ਹਾ ਦਿਓ ਤੇ ਸ਼ੇਰ ਮੁਹੰਮਦ ਖ਼ਾਨ ਨੂੰ ਮੁਸ਼ਕਾਂ ਬੰਨ੍ਹ ਕੇ ਮੇਰੇ ਹਾਜ਼ਰ ਕਰੋ।"

ਜਦੋਂ ਕੁਝ ਕਹਿਣ ਵਾਸਤੇ ਅਬਦੁਲ ਰਹਿਮਾਨ ਨੇ ਸਿਰ ਉਤਾਂਹ ਚੁਕਿਆ ਤਾਂ ਵਜ਼ੀਰ ਖ਼ਾਨ ਭਭਕਿਆ :

"ਮੈਂ ਕੁਝ ਸੁਣਨਾ ਨਹੀਂ ਚਾਹੁੰਦਾ। ਮੇਰੇ ਹੁਕਮ ਦੀ ਤਾਮੀਲ ਹੋਵੇ..."

"ਕਾਫ਼ਰਾਂ ਦੇ ਦੋਂਵੇਂ ਦੱਲ ਕੱਲ੍ਹ ਸਵੇਰ ਤਕ ਇਕੱਠੇ ਹੋ ਜਾਣਗੇ ਤੇ ਫਿਰ ਸਰਹਿੰਦ...ਸਰਹਿੰਦ..." ਕਹਿੰਦਾ ਕਹਿੰਦਾ ਵਜ਼ੀਰ ਖ਼ਾਨ ਪਲੰਘ ਉੱਤੇ ਲੇਟ ਗਿਆ।

Scanned by CamScanner

੪

"ਬੋਲੇ ਸੋ ਨਿਹਾਲ", "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਦੀ ਗੂੰਜਾਰ ਵਿਚ ਮਝੈਲ ਤੇ ਦੁਆਬੀਏ ਸਿੰਘਾਂ ਦਾ ਤੇ ਬੰਦਾ ਸਿੰਘ ਬਹਾਦਰ ਦੇ ਲਸ਼ਕਰਾਂ ਦਾ ਮੇਲ ਹੋਇਆ।

ਥਾਂ, ਇਕ ਪਾਣੀ ਨਾਲ ਭਰੀ ਢਾਬ ਤੇ ਸਮਾਂ ਸਵੇਰ ਦਾ, ਬਨੂੜ ਤੋਂ ਚਾਰ ਕੁ ਮੀਲ ਦੇ ਫ਼ਾਸਲੇ ਉੱਤੇ ਭਾਈ ਬਾਜ ਸਿੰਘ ਤੇ ਰਤਨ ਸਿੰਘ ਚਾਹਿਲ ਨੇ ਘੋੜਿਆਂ ਤੋਂ ਉਤਰ ਕੇ ਇਕ ਦੂਜੇ ਨੂੰ ਘੁਟਿਆ। ਫਿਰ ਵਾਰੋ ਵਾਰ ਹੋਰਨਾਂ ਸਰਦਾਰਾਂ ਨੇ ਜਿਵੇਂ ਭਾਈ ਬਿਨੋਦ ਸਿੰਘ, ਭਾਈ ਫ਼ਤਹ ਸਿੰਘ, ਭਾਈ ਕਾਹਨ ਸਿੰਘ ਭੱਲਾ, ਸਰਦਾਰ ਆਲੀ ਸਿੰਘ ਆਦਿ ਨੇ ਮਝੈਲੀਏ ਤੇ ਦੁਆਬੀਏ ਸਰਦਾਰਾਂ ਨੂੰ ਜਿਵੇਂ ਦੇਵਾ ਸਿੰਘ ਜਲੰਧਰੀ, ਬਹਾਦਰ ਸਿੰਘ ਖੇਮਕਰਨੀ ਤੇ ਵਜ਼ੀਰ ਸਿੰਘ ਖੱਖਰੀ ਨੂੰ ਘੁਟਿਆ। ਓਧਰੋਂ ਦੋਹਾਂ ਲਸ਼ਕਰਾਂ ਵਿਚੋਂ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੂੰਜ ਉਠੇ।

ਕਈ ਸਿਖ ਇਕ ਦੂਜੇ ਨੂੰ ਜਾਣਦੇ ਸਨ। ਕਈ ਇਹਨਾਂ ਦੋ ਲਸ਼ਕਰਾਂ ਵਿਚ ਇਕ ਦੂਜੇ ਦੇ ਰਿਸ਼ਤੇਦਾਰ ਸਨ। ਜਾਣੂਆਂ ਤੇ ਰਿਸ਼ਤੇਦਾਰਾਂ ਨੇ ਤਾਂ ਘੁੱਟ ਮਿਲਣਾ ਹੀ ਸੀ, ਹੋਰਨਾਂ ਨੂੰ ਵੀ ਚਾਅ ਤੇ ਉਮਾਹ ਨੇ ਖੀਵਿਆਂ ਕਰ ਦਿਤਾ। ਜੋ ਵੀ ਕਿਸੇ ਦੇ ਸਾਹਮਣੇ ਆਇਆ, ਉਸ ਉਹਨੂੰ ਜੱਫੀ ਪਾ ਲਈ। ਗੁਰੂ ਗੋਬਿੰਦ ਸਿੰਘ ਦੇ ਸਿਖਾਂ ਵਿਚ ਆਪਣਾ ਕਿਹਾ ਤੇ ਪਰਾਇਆ ਕੌਣ ? ਸਭ ਇਕ ਦੂਜੇ ਦੇ ਸਾਕ ਸੰਬੰਧੀ ਤੇ ਮਿਤ੍ਰ ਜਾਣੂ ਸਨ।

ਪਲੋਪਲੀ ਵਿਚ ਮਝੈਲਸੇ ਨੇ ਆਪੋ ਆਪਣੀਆਂ ਕਹਾਣੀਆਂ ਸੁਣਾ ਛੱਡੀਆਂ। ਕਿਥੇ ਲੜਾਈ ਹੋਈ, ਕੀ ਕੀ ਭਾਣੇ ਵਰਤੇ, ਕੌਣ ਕੌਣ ਮਾਰਿਆ ਗਿਆ, ਕਿੰਨਾਂ ਕੁਝ ਲੁਟਿਆ ਤੇ ਲੁਟਾਇਆ। ਤੇ ਇਹਨਾਂ ਗੱਲਾਂ ਤੋਂ ਪਿੱਛੋਂ ਹਰ ਇਕ ਨੂੰ ਆਪਣੇ ਮਹਿਬੂਬ ਗੁਰੂ ਗੋਬਿੰਦ ਸਿੰਘ ਦੀ ਯਾਦ ਨੇ ਸਤਾਇਆ।

"ਸਾਡੇ ਗੁਰੂ ਕਲਗੀਆਂ ਵਾਲੇ ਨੂੰ ਵਜ਼ੀਰ ਖ਼ਾਨ ਦੇ ਭੇਜੇ ਪਠਾਣਾਂ ਨੇ ਮਾਰ ਸੁੱਟਿਆ ?" ਇਕ ਆਖਦਾ।

ਦੂਸਰੇ ਦੀਆਂ ਅੱਖਾਂ ਵਿਚ ਹੰਝੂ ਭਰ ਆਉਂਦੇ ਤੇ ਉਹ ਕਹਿੰਦਾ, "ਮੈਂ ਤਾਂ ਬਾਜਾਂ ਵਾਲੇ ਦੇ ਸਿਰਫ਼ ਇਕ ਵਾਰ ਹੀ ਦਰਸ਼ਨ ਕੀਤੇ, ਮਿਤ੍ਰਾ —ਉਸ ਨੂੰ ਵੀ ਵਰ੍ਹੇ ਬੀਤ ਗਏ ਹਨ।"

ਤੀਜਾ ਕੋਲੋਂ ਬੋਲਦਾ :

"ਤੂੰ ਭਾਗੀਂ ਭਰਿਆ ਹੈਂ, ਤੈਨੂੰ ਬਾਜਾਂ ਵਾਲੇ ਦੇ ਦਰਸ਼ਨ ਹੋਏ। ਇਹ ਨੈਣ," ਤੇ ਉਹ ਆਪਣੇ ਨੈਣਾਂ ਵਲ ਇਸ਼ਾਰਾ ਕਰਦਾ, "ਉਸ ਦਿੱਬ ਸੂਰਤ ਨੂੰ ਵੇਖਣ ਲਈ ਤਰਸਦੇ ਰਹਿ ਗਏ।"

ਕਿਸੇ ਹੋਰ ਟੋਲੀ ਵਿਚ ਇਸ ਤਰ੍ਹਾਂ ਦਾ ਵਾਰਤਾਲਾਪ ਹੋ ਰਿਹਾ ਸੀ :

"ਉਸ ਤੱਤੇ ਵਜ਼ੀਰ ਖ਼ਾਨ ਨੂੰ ਸਾਹਿਬਜ਼ਾਦੇ ਸ਼ਹੀਦ ਕਰ ਕੇ ਸੱਬਰ ਨਾ ਪਿਆ। ਕਿਹਾ ਕਾਹਰ ਕਮਾਇਆ ਹੈ ਉਸ ਸਾਡੇ ਧਰਮ ਨਾਲ। ਗੁਰੂ ਜੀ ਤੇ ਸਾਹਿਬਜ਼ਾਦਿਆਂ ਨੇ ਉਹਦਾ ਕੀ ਵਿਗਾੜਿਆ ਸੀ।"

"ਗੁਰੂ ਬਾਜਾਂ ਵਾਲੇ ਦੇ ਜੋਤੀ ਜੋਤ ਸਮਾਣ ਵੇਲੇ ਮੈਂ ਉਹਨਾਂ ਦੇ ਕੋਲ ਸਾਂ," ਕੋਈ ਉਹਨਾਂ ਸਿਖਾਂ ਵਿਚੋਂ ਇਕ ਆਖਦਾ ਜਿਹੜੇ ਕਿ ਨਦੇੜ ਵਿਚ ਉਸ ਵੇਲੇ ਗੁਰੂ ਜੀ ਨਾਲ ਸਨ, "ਕਿਵੇਂ ਦੱਸਾਂ ਮੁਖੜੇ ਉੱਤੇ ਕਿਸ ਤਰ੍ਹਾਂ ਨੂਰ ਡੁਲ੍ਹਦਾ ਸੀ। ਕਿਵੇਂ ਦੁਖ ਜਾਂ ਉਦਾਸੀ ਦਾ ਤਿਰਵਰਾ ਵੀ ਨਹੀਂ ਸੀ ਦਿਸਦਾ। ਮੈਂ..." ਤੇ ਉਹ ਗੁਰੂ ਗੋਬਿੰਦ ਸਿੰਘ ਦੇ ਅੰਤ ਸਮੇਂ ਦੀ ਪੂਰੀ ਕਹਾਣੀ ਸੁਣਾਂਦਾ।

ਕਿਸੇ ਹੋਰ ਟੋਲੀ ਵਿਚ ਸਿੰਘ ਇਸ ਤਰ੍ਹਾਂ ਗੱਲਾਂ ਕਰਦੇ ਸੁਣੇ ਜਾਂਦੇ :

"ਵਜ਼ੀਰ ਖ਼ਾਨ ਨੂੰ ਆਪਣੀ ਆਈ ਨੇ ਆ ਘੇਰਿਆ ਹੈ। ਇਹੋ ਜਿਹੇ ਪਾਪ ਕਰ ਕੇ ਕੋਈ ਸੁਖ ਨਹੀਂ ਭੋਗ ਸਕਦਾ।"

ਕੋਈ ਦੂਸਰਾ ਆਖਦਾ :

Scanned by CamScanner

"ਇਕ ਵਾਰੀ ਜ਼ਾਲਮ ਕਾਬੂ ਆ ਲਵੇ, ਉਹ ਬਾਬ ਕਰਾਂਗੇ ਕਿ ਉਹਨੂੰ ਆਪਣੇ ਜ਼ੁਲਮ ਭੁਲ ਜਾਣਗੇ।"

ਤੀਜਾ ਜਣਾ, ਨੇੜੇ ਖਲੋਤਾਂ, ਕਹਿੰਦਾ :

"ਹੁਣ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਤੋਂ ਸਾਨੂੰ ਕੋਈ ਤਾਕਤ ਨਹੀਂ ਰੋਕ ਸਕਦੀ। ਮੈਂ ਤਾਂ ਸੁਣਿਆ ਹੈ ਕਿ ਸਰਹਿੰਦ ਮਾਰ ਕੇ ਬਾਬਾ ਬੰਦਾ ਦਿੱਲੀ ਉੱਤੇ ਵੀ ਜਾ ਪਏਗਾ। ਗੁਰੂ ਗੋਬਿੰਦ ਸਿੰਘ ਦੀ ਕ੍ਰਿਪਾ ਹੋਈ..."

ਗੁਰੂ ਗੋਬਿੰਦ ਸਿੰਘ, ਗੁਰੂ ਬਾਜਾਂ ਵਾਲਾ, ਗੁਰੂ ਨੀਲੇ ਘੋੜੇ ਵਾਲਾ, ਗੁਰੂ ਕਲਗੀਆਂ ਵਾਲਾ — ਹਰ ਇਕ ਸਿੰਘ ਦੇ ਮੂੰਹੋਂ ਗੁਰੂ ਜੀ ਦੇ ਅੰਤ ਬਾਰੇ ਹਉਕੇ ਨਿਕਲ ਰਹੇ ਸਨ। ਉਹਨਾ ਦੇ ਨੈਣ ਸੱਜਲ ਸਨ। ਉਹਨਾਂ ਵਿਚੋਂ ਕਈ ਰੋ ਰਹੇ ਸਨ।

ਇਹ ਦੋ ਲਸ਼ਕਰਾਂ ਦਾ ਮੇਲ ਇੰਜ ਸੀ ਜਿਵੇਂ ਦੋ ਵਿਛੜੇ ਭਰਾਵਾਂ ਦਾ ਮੇਲ, ਕਿ ਜਿਨ੍ਹਾਂ ਦਾ ਪਿਤਾ ਦੋਹਾਂ ਨੂੰ ਮਿਲੇ ਬਗ਼ੈਰ ਹੀ ਮਰ ਗਿਆ ਹੋਵੇ। ਦੋ ਵਿਛੜੇ ਭਰਾਵਾਂ ਨੂੰ ਮਿਲਾਪ ਦੀ ਖੁਸ਼ੀ ਸੀ। ਇਹ ਵੀ ਖੁਸ਼ੀ ਸੀ ਕਿ ਹੁਣ ਉਹ ਆਪਣੇ ਦੁੱਖੀਆਂ ਤੇ ਆਪਣੇ ਪਿਤਾ ਦੇ ਕਾਤਲਾਂ ਕੋਲੋਂ ਗਿਣ ਗਿਣ ਕੇ ਬਦਲੇ ਲੈਣਗੇ, ਪਰ ਫਿਰ ਵੀ ਪਿਤਾ ਦੀ ਅਣਹੋਂਦ ਦਾ ਗ਼ਮ ਘਟੋ ਘਟ ਕੁਝ ਘੜੀਆਂ ਲਈ ਤਾਂ ਸਭ ਖੁਸ਼ੀਆਂ ਨੂੰ ਫਿੱਕਿਆਂ ਪਾ ਦੇਂਦਾ ਹੈ। ਗੁਰੂ ਗੋਬਿੰਦ ਸਿੰਘ ਨਾਲ ਸਿੰਘਾਂ ਦੀ ਪਿਤਾ ਪੁੱਤਰਾਂ ਵਰਗੀ ਸਾਂਝ ਸੀ। ਇਕ ਦੂਜੇ ਨੂੰ ਮਿਲਣ ਉੱਤੇ ਉਹ ਗੁਰੂ ਬਾਰੇ ਗੱਲ ਬਾਤ ਕਰਨ ਤੋਂ ਰਹਿ ਹੀ ਨਹੀਂ ਸਨ ਸਕਦੇ।

ਏਥੇ ਹੀ ਨਹੀਂ, ਹਰ ਥਾਂ ਤੇ ਜਿਥੇ ਵੀ ਦੋ ਸਿੰਘ ਜਾਂ ਦੋ ਸਿੰਘਣੀਆਂ ਮਿਲਦੀਆਂ ਗੁਰੂ ਗੋਬਿੰਦ ਸਿੰਘ, ਉਹਨਾਂ ਦੇ ਪਰਵਾਰਾਂ ਤੇ ਖ਼ਾਸ ਕਰ ਕੇ ਦੋਵੇਂ ਨਿੱਕੇ ਲਾਲਾਂ ਬਾਰੇ ਗੱਲਾਂ ਕਰਦੀਆਂ। ਗੁਰੂ ਜੀ ਦੇ ਸਰਬੰਸ ਦੀ ਸ਼ਹੀਦੀ ਸਾਰੇ ਪੰਜਾਬ ਨੂੰ ਹਲੂਣ ਗਈ ਸੀ।

ਜਲਦੀ ਹੀ ਪਿਛੋਂ ਦਾਬ ਦੇ ਲਾਗੇ ਬ੍ਰਿਛਾਂ ਦੀ ਛਾਵੇਂ ਦੀਵਾਨ ਸਜਿਆ। ਇਹ ਦੀਵਾਨ ਅਜੇ ਤਕ ਸਿਖ ਇਤਿਹਾਸ ਵਿਚ ਸਜੇ ਦੀਵਾਨਾਂ ਨਾਲੋਂ ਸਭ ਤੋਂ ਵਡਾ ਦੀਵਾਨ ਸੀ। ਇਕ ਲਸ਼ਕਰ ਦੇ ਨਾਲ ਦਰਬਾਰ ਸਾਹਿਬ ਸੀ। ਦਰਬਾਰ ਸਾਹਿਬ ਦਾ ਪ੍ਰਕਾਸ਼ ਹੋਇਆ। ਕੀਰਤਨ ਹੋਇਆ। ਕਥਾ ਹੋਈ ਤੇ ਫਿਰ ਭਾਈ ਬਾਜ ਸਿੰਘ ਨੇ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੀ ਵਾਰਤਾ ਸੁਣਾਈ। ਉਸ ਇਹ ਵੀ ਦਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤ ਤੋਂ ਪਹਿਲੇ ਕੀ ਕੀ ਆਖਿਆ ਤੇ ਕਿਸ ਤਰ੍ਹਾਂ ਸਿਖ ਧਰਮ ਦੀ ਵਾਗ ਡੋਰ ਬਾਬਾ ਬੰਦਾ ਸਿੰਘ ਦੇ ਹੱਥ ਸੰਭਾਲੀ।

ਜਿਸ ਸਮੇਂ ਬੰਦਾ ਸਿੰਘ ਦੀਵਾਨ ਵਿਚ ਆਇਆ, ਇੱਕੀ ਜੈਕਾਰੇ ਛੱਡੇ ਗਏ ਤੇ ਪਹਿਲੀ ਵਾਰ ਸਿਖ ਜਨਤਾ ਦੇ ਇਕ ਘਨੇਰੇ ਭਾਗ ਨੇ ਆਪਣੇ ਜਰਨੈਲ ਦੇ ਦਰਸ਼ਨ ਕੀਤੇ। ਹੁਣ ਤਕ ਪੰਜਾਬ ਕੀ, ਹਿੰਦੁਸਤਾਨ ਵਿਚ ਵੀ ਕੋਈ ਵਿਰਲਾ ਹੀ ਅੱਜਿਹਾ ਆਦਮੀ ਹੋਵੇਗਾ, ਜਿਸ ਨੇ ਬੰਦਾ ਸਿੰਘ ਬਹਾਦਰ ਦਾ ਨਾਂ ਨਾਂਹ ਸੁਣਿਆ ਹੋਵੇ। ਪਰ ਸੁਣਨ ਤੇ ਵੇਖਣ ਵਿਚ ਫ਼ਰਕ ਹੁੰਦਾ ਹੈ। ਅੱਜ ਜਦ ਦਸ ਪੰਦਰ੍ਹਾਂ ਹਜ਼ਾਰ ਦੀ ਗਿਣਤੀ ਵਿਚ ਸਜੇ ਦੀਵਾਨ ਅੰਦਰ ਬੰਦਾ ਬਹਾਦਰ ਪਧਾਰਿਆ ਤਾਂ ਉਹਦੀ ਡੀਲ ਡੌਲ, ਉਹਦੇ ਕੀਮਤੀ ਬਸਤਰਾਂ, ਉਹਦੀ ਪੀਡੀ ਤੇ ਸੁੰਦਰ ਦਸਤਾਰ ਤੇ ਉਹਦੇ ਰੱਤੇ ਨੇਤਰਾਂ ਦੇ ਦਰਸ਼ਨ ਕਰ ਕੇ ਹਰ ਇਕ ਆਦੰਮੀ ਦਾ ਦਿਲ ਉਛਲਿਆ। ਹਰੇ ਇਕ ਨੂੰ ਮਾਣ ਹੋਇਆ ਕਿ ਉਹਨਾਂ ਦਾ ਜਰਨੈਲ ਅਦੁਤੀ ਜਰਨੈਲ ਹੈ। ਉਹ ਆਖਦੇ :

"ਗੁਰੂ ਗੋਬਿੰਦ ਸਿੰਘ ਜੀ ਦੀ ਚੋਣ ਵੀ ਕਦੀ ਗ਼ਲਤ ਹੋ ਸਕਦੀ ਸੀ!"

"ਕਿਵੇਂ ਬਾਜਾਂ ਵਾਲੇ ਨੇ ਮਾਧੋ ਦਾਸ ਨੂੰ ਬੰਦਾ ਸਿੰਘ ਬਣਾਇਆ। ਕਿਥੇ ਜਾ ਕੇ ਤੇ ਕਿਨ੍ਹਾਂ ਹਾਲਤਾਂ ਵਿਚ ਉਹਨਾਂ ਨੇ ਆਪਣੇ ਜਾਨਸ਼ੀਨ ਨੂੰ ਲਭਿਆ!"

"ਇਸ ਬਹਾਦਰ ਜੋਧੇ ਦੀ ਕਮਾਨ ਥੱਲੇ ਖ਼ਾਲਸਾ ਕਦੀ ਨਹੀਂ ਹਾਰੇਗਾ। ਜਿਥੇ ਬੰਦਾ ਉਥੇ ਸਦਾ ਫ਼ਤਹ ਹੀ ਫ਼ਤੁਹ ਹੋਵੇਗੀ।"

ਬੰਦਾ ਸਿੰਘ ਦੇ ਨੈਣਾਂ ਵਿਚੋਂ ਡੁਲ੍ਹਦਾ ਤੇਜ ਦੂਰ ਖਲੋਤੇ ਬੰਦਿਆਂ ਨੂੰ ਵੀ ਆਪਣੇ ਵਲ ਖਿਚ ਲੈਂਦਾ ਸੀ। ਉਹਦੇ ਸਾਹਮਣੇ ਕਿਸੇ ਕਿਸਮ ਦੀ ਬਹਿਸ ਕਰਨੀ ਲਗ ਭਗ ਅਣਹੋਂਣੀ ਸੀ। ਸਭ ਨੂੰ ਪ੍ਰਤੱਖ ਦਿਸਦਾ ਸੀ ਕਿ ਇਹੋ ਜਿਹੇ ਚਿਹਰੇ ਉੱਤੇ ਇਹੋ ਜਿਹੇ ਨੈਣਾਂ ਵਾਲੇ ਮਨੁਖ ਦੇ ਮੂੰਹੋਂ ਜੋ ਕੁਝ ਵੀ ਨਿਕਲੇਗਾ ਉਹ ਸਤਿ ਹੋਵੇਗਾ, ਉਹਦੀ ਉਲੰਘਣਾ ਨਹੀਂ ਹੋਵੇਗੀ।

ਕਾਰਵਾਈ ਦੀ ਸਮਾਪਤੀ ਵੇਲੇ ਅਰਦਾਸਾ ਸੋਧਿਆ ਗਿਆ ਤੇ ਫਿਰ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਉਪੰਤ ਲੰਗਰ ਤਿਆਰ ਸੀ ਤੇ ਸਾਰੇ ਲਸ਼ਕਰ ਨੇ ਲੰਗਰ ਛਕਿਆ। ਦਾਲ, ਸਬਜ਼ੀ ਤੋਂ ਇਲਾਵਾ ਅੱਜ ਮਿੱਠੇ ਚਾਵਲ ਵੀ

Scanned by CamScanner

ਬਣਾਏ ਗਏ ਸਨ ਤੇ ਉਹਨਾਂ ਨੂੰ ਬਸੰਤੀ ਰੰਗ ਦਿਤਾ ਗਿਆ ਸੀ।

ਬੰਦਾ ਸਿੰਘ ਦੀ ਕਮਾਨ ਥੱਲੇ ਇਹ ਪਹਿਲਾ ਮਹਾਂ-ਭੋਜ ਸੀ। ਉਸ ਤੋਂ ਪਹਿਲੇ ਵੀ ਹਰ ਜਿੱਤ ਜਾਂ ਹਰ ਲੁਟ ਪਿਛੋਂ ਫ਼ੌਜ ਖ਼ੂਬ ਗੱਫੇ ਲਾਉਂਦੀ ਤੇ ਖ਼ਾਸ ਕਰ ਕੇ ਸਮਾਣੇ ਦੀ ਜਿੱਤ ਨੇ ਤਾਂ ਸਿਖ ਸੈਨਾ ਨੂੰ ਕਿਸੇ ਹੱਦ ਤਕ ਅਮੀਰ ਵੀ ਕਰ ਦਿਤਾ ਸੀ ਪਰ ਉਹਨਾਂ ਜਿੱਤਾਂ ਤੇ ਲੁੱਟਾਂ ਪਿਛੋਂ ਲਗਿਆਂ ਗੱਫ਼ਿਆਂ ਤੇ ਹੁਣ ਦੇ ਮਹਾਂ-ਭੋਜ ਵਿਚ ਅੰਤਰ ਸੀ। ਸਵਾਏ ਸਮਾਣਾ ਦੀ ਫ਼ਤਹ ਪਿਛੋਂ ਹੋਏ ਲੰਗਰ ਵੇਲੇ ਬੰਦਾ ਸਿੰਘ ਕਦੀ ਵੀ ਇਹਨਾਂ ਗੱਫ਼ਿਆਂ ਵਿਚ ਸ਼ਾਮਲ ਨਹੀਂ ਸੀ ਹੁੰਦਾ। ਬੇਸ਼ਕ ਉਸ ਕੀਮਤੀ ਵਸਤਰ ਪਹਿਨ ਲਏ, ਸ਼ਾਹਾਨਾ ਡੀਲ ਡੌਲ ਅਪਣਾਈ ਪਰ ਭੋਜਨ ਉਹਦਾ ਅਜੇ ਤਕ ਸਾਦਾ ਤੇ ਸੁਖਾਵਾਂ ਸੀ। ਉਹ ਨਾ ਹੀ ਬਹੁਤੀਆਂ ਗੱਲਾਂ ਕਰਦਾ ਤੇ ਨਾ ਹੀ ਹਰ ਜਿੱਤ ਵੇਲੇ ਆਪਣੇ ਆਪ ਤੋਂ ਬਾਹਿਰ ਹੋ ਕੇ ਖਾਂਦਾ ਪੀਂਦਾ ਜਾਂ ਸੌਂਦਾ।

ਸੰਜਮ ਬੰਦਾ ਸਿੰਘ ਦੇ ਆਚਰਨ ਦਾ ਸਭ ਤੋਂ ਵੱਡਾ ਅੰਗ ਸੀ।

ਅੱਜ ਪਹਿਲੀ ਵਾਰੀ ਬੰਦਾ ਮਹਾਂ-ਭੋਜ ਵਿਚ ਦਿਲ ਨਾਲ ਸ਼ਾਮਿਲ ਹੋਇਆ। ਅੱਜ ਉਹ ਆਮ ਨਾਲੋਂ ਗੱਲਾਂ ਵੀ ਵਧ ਕਰ ਰਿਹਾ ਸੀ ਤੇ ਅੱਜ ਹੀ, ਵੇਖਣ ਵਾਲੇ ਕਹਿ ਰਹੇ ਸਨ, ਕਿ ਬੰਦੇ ਨੇ ਭੋਜਨ ਦਾ ਰਸ ਮਾਣਿਆ ਹੈ। ਐਨੀ ਰੋਟੀ ਤੇ ਐਨੇ ਸਵਾਦ ਨਾਲ ਉਸ ਅੱਗੇ ਕਦੀ ਭੋਜਨ ਨਹੀਂ ਛਕਿਆ।

ਦੋਹਾਂ ਲਸ਼ਕਰਾਂ ਦਾ ਇਹ ਮੇਲ ਤਵਾਰੀਖ਼ੀ ਮੇਲ ਸੀ — ਤੇ ਬੰਦੇ ਨੂੰ ਇਸ ਤਵਾਰੀਖ਼ੀ ਮਿਲਾਪ ਦੀ ਕੀਮਤ ਸੀ, ਸੋਝੀ ਸੀ, ਮਾਣ ਸੀ।

ਸ਼ਾਮੀਂ ਬੰਦਾ ਬਹਾਦਰ ਦੇ ਤੰਬੂ ਵਿਚ ਦਰਬਾਰ ਲਗਾ। ਭਾਈ ਬਾਜ ਸਿੰਘ ਤੇ ਭਾਈ ਬਿਨੋਦ ਸਿੰਘ ਨੇ ਮਝੈਲੀਏ ਤੇ ਦੁਆਬੀਏ ਸਿੰਘਾਂ ਦੇ ਜੱਥੇਦਾਰਾਂ ਨੂੰ ਬੰਦੇ ਨਾਲ ਮਿਲਾਇਆ ਤੇ ਬੰਦੇ ਨੇ ਹਰ ਇਕ ਨਾਲ ਕੁਝ ਚਿਰ ਤਕ ਗੱਲ ਬਾਤ ਕੀਤੀ। ਸਰਦਾਰ ਰਤਨ ਸਿੰਘ ਚਾਹਿਲ ਕੋਲੋਂ ਰੋਪੜ ਦੇ ਨੇੜੇ ਹੋਏ ਜੰਗ ਦੀ ਵਾਰਤਾ ਉਸ ਤਫ਼ਸੀਲ ਨਾਲ ਸੁਣੀ।

ਰਤਨ ਸਿੰਘ ਨੇ ਦਸਿਆ ਕਿ ਕਿਵੇਂ ਬੰਦੇ ਦੇ ਹੁਕਮ-ਨਾਮੇ ਪੁਜਦਿਆਂ ਸਾਰ ਉਹਨਾਂ ਦੇ ਮੂੰਹ ਖੁੱਲੇ, ਤੇ ਬਿਨਾਂ ਕਿਸੇ ਹੀਲ-ਹੁਜੱਤ ਤੇ ਬਿਨਾਂ ਬਹੁਤੀ ਤਿਆਰੀ ਦੇ ਉਹ ਸਾਰੇ ਆਪੋ ਆਪਣੇ ਪਿੰਡਾਂ ਤੋਂ ਉਠ ਚੜ੍ਹੇ। ਆਪਣੇ ਆਪਣੇ ਟੱਬਰਾਂ ਤੇ ਪਿੰਡਾਂ ਵਿਚ ਤਾਂ ਭਾਵੇਂ ਲੋਕਾਂ ਨੇ ਘਰ ਛਡਣ ਵੇਲੇ ਸਲਾਹ ਕੀਤੀ ਹੋਵੇ ਪਰ ਉੱਜ ਕਿਸੇ ਵਲੋਂ ਕੋਈ ਸਾਂਝਾ ਜਾਂ ਕੇਂਦਰੀ ਉਦਮ ਨਹੀਂ ਸੀ ਹੋਇਆ। ਕੋਈ ਕੇਂਦਰੀ ਜੱਥੇਬੰਦੀ ਸਥਾਪਤ ਨਹੀਂ ਸੀ ਹੋਈ। ਹਰ ਕੋਈ ਗੁਰੂ ਆਸਰੇ ਖੰਨਿਓਂ ਤਿਖੇ ਰਾਹ ਉੱਤੇ ਬੰਦੇ ਤਕ ਪਹੁੰਚਣ ਲਈ ਟੁਰ ਪਿਆ ਸੀ।

ਇਹ ਤਾਂ ਸਿਰਫ਼ ਸਤਲੁਜ ਦੇ ਕਿਨਾਰੇ ਹੀ ਸੀ ਕਿ ਭਿੰਨ ਭਿੰਨ ਪਿੰਡਾਂ ਤੇ ਇਲਾਕਿਆਂ ਤੋਂ ਆਏ ਸਿਖ ਇਕੱਠੇ ਹੋਏ ਤੇ ਕਿਸੇ ਹਦ ਤਕ ਜੱਥੇਬੰਦ ਹੋਏ। ਸਿਰਫ਼ ਸਤਲੁਜ ਦੇ ਕੰਢੇ ਆ ਕੇ ਹੀ ਉਹਨਾਂ ਨੂੰ ਪਤਾ ਲਗਾ ਸੀ ਕਿ ਛੋਟੀਆਂ ਛੋਟੀਆਂ ਟੋਲੀਆਂ ਵਿਚ ਉਹਨਾਂ ਦਾ ਬੰਦੇ ਤਕ ਪਹੁੰਚਣਾ ਅਨਹੋਣਾ ਸੀ। ਰਾਹ ਵਿਚ ਵੈਰੀ ਡਟੇ ਬੈਠੇ ਸਨ।

ਏਥੇ ਹੀ ਰਤਨ ਸਿੰਘ ਚਾਹਿਲ ਦੀ ਪਾਰਦਰਸ਼ਤਾ ਨਾਲ ਕੁਝ ਆਦਮੀ ਚੋਰੀਂ ਛੱਪੀਂ ਬੰਦੇ ਕੋਲ ਆਏ ਤੇ ਉਹਦੀ ਸਲਾਹ ਲਈ। ਇਹ ਬੰਦੇ ਦੀ ਸਲਾਹ ਹੀ ਸੀ ਕਿ ਮਝੈਲ ਤੇ ਦੁਆਬੀਏ ਉਧਰੋਂ ਟੁਰਨ ਤੇ ਅਸੀਂ ਏਧਰੋਂ ਬਨੂੜ ਵਲ ਚਾਲੇ ਪਾਉਂਦੇ ਹਾਂ।

ਪਰ ਬੰਦਾ ਸਿੰਘ ਬਹਾਦਰ ਵਾਸਤੇ ਬਨੂੜ ਤਕ ਪਹੁੰਚਣਾ ਕੋਈ ਵੱਡੀ ਚੀਜ਼ ਨਹੀਂ ਸੀ। ਜਿਸ ਬੰਦਾ ਸਿੰਘ ਦੀ ਸੈਨਾ ਨੇ ਸਮਾਣਾ ਤੇ ਸਢੌਰਾ ਮਾਰਿਆ ਉਸ ਵਾਸਤੇ ਬਨੂੜ ਆਦਿ ਮਾਰਨਾ ਕਿਹੜੀ ਵੱਡੀ ਮੱਲ ਸੀ, ਪਰ ਮਝੈਲ ਸਿੰਘਾਂ ਵਾਸਤੇ ਰੋਪੜ ਦੀ ਲੜਾਈ ਸਚ ਮੁਚ ਹੀ ਇਕ ਮਰਹਲਾ ਸੀ। ਉਹਨਾਂ ਦੀ ਪਿੱਠ ਉੱਤੇ ਨਿਤ ਨਿਤ ਦੀਆਂ ਜਿੱਤਾਂ ਦੀ ਕੀਰਤੀ ਨਹੀਂ ਸੀ ਤੇ ਉਹਨਾਂ ਦੇ ਸਨਮੁਖ ਸਨ ਮਲੇਰਕੋਟਲਾ ਤੇ ਰੋਪੜ ਪਰਗਣਿਆਂ ਦੀਆਂ ਫ਼ੌਜਾਂ। ਮਲੇਰਕੋਟਲਾ ਦੇ ਲੜਾਕੇ ਪਠਾਣ ਉਹਨਾਂ ਦਿਨਾਂ ਵਿਚ ਸਾਰੇ ਪੰਜਾਬ ਅੰਦਰ ਮਸ਼ਹੂਰ ਸਨ।

Scanned by CamScanner

ਤੇ ਸਿੰਘਾਂ ਨੂੰ ਇਹਦੇ ਨਾਲ ਖ਼ਾਸ ਵੈਰ ਸੀ। ਚਮਕੌਰ ਵਿਚ ਇਹ ਬਚ ਗਿਆ — ਪਰ ਆਖਿਰ ਕਦੋਂ ਤਕ ?

ਰਤਨ ਸਿੰਘ ਚਾਹਿਲ, ਦੇਵਾ ਸਿੰਘ ਜਲੰਧਰੀ ਤੇ ਬਹਾਦਰ ਸਿੰਘ ਖੋਮਕਰਨੀ ਨੇ, ਫਿਰ ਉਹ ਮਾਲ ਬੰਦੇ ਨੂੰ ਵਿਖਾਇਆ ਜਿਹੜਾ ਉਹਨਾਂ ਰੋਪੜ ਵਿਚ ਜਿੱਤਿਆ ਸੀ। ਤੇ ਇਸ ਤੋਂ ਪਿਛੋਂ ਉਹਨਾਂ ਸਭਨਾਂ ਨੇ ਵਾਰੋ ਵਾਰੀ ਆਪਣੇ ਜੱਥਿਆਂ ਤੇ ਚੌਣਵੇਂ ਬਹਾਦਰਾਂ ਦੀ ਬੰਦੇ ਨਾਲ ਭੇਂਟ ਕਰਾਈ।

ਰਤਨ ਸਿੰਘ ਚਾਹਿਲ ਦੇ ਖ਼ਾਸ ਲੜਾਕਿਆਂ ਵਿਚੋਂ ਇਕ ਸ਼ਾਹਬਾਜ਼ ਸਿੰਘ ਵੀ ਸੀ ਤੇ ਉਸ ਦੀ ਵੀ ਬੰਦੇ ਬਹਾਦਰ ਨਾਲ ਉਚੇਚੀ ਜਾਣ-ਪਛਾਣ ਕਰਾਈ ਗਈ। ਸ਼ਾਹਬਾਜ਼ ਸਿੰਘ ਉਸ ਟੋਲੀ ਵਿਚ ਵੀ ਸ਼ਾਮਲ ਸੀ ਜਿਹੜੀ ਸਤਲੁਜ ਤੋਂ ਰਤਨ ਸਿੰਘ ਚਾਹਿਲ ਨੇ ਬੰਦੇ ਕੋਲ ਸਲਾਹ ਮਸ਼ਵਰੇ ਵਾਸਤੇ ਭੇਜੀ ਸੀ। ਪਰ ਓਦੋਂ ਬੰਦਾ ਸ਼ਾਹਬਾਜ਼ ਨੂੰ ਨਹੀਂ ਸੀ ਮਿਲਿਆ।

ਅੰਤਕੀਂ ਬੰਦਾ ਸਿੰਘ ਨਾਲ ਸ਼ਾਹਬਾਜ਼ ਦੀ ਮੁਲਾਕਾਤ ਕਰਾਂਦਿਆਂ ਰਤਨ ਸਿੰਘ ਨੇ ਕਿਹਾ :

"ਇਹਦੀ ਛੋਟੀ ਉਮਰ ਤੇ ਪਤਲੇ ਸਰੀਰ ਨੂੰ ਵੇਖ ਕੇ ਇਹ ਨਾ ਸਮਝਣਾ ਕਿ ਸ਼ਾਹਬਾਜ਼ ਪਲੇਥੇਬਾਜ਼ੀ ਤੇ ਘੋੜ-ਅਸਵਾਰੀ ਵਿਚ ਕਿਸੇ ਤੋਂ ਪਿਛੇ ਹੈ, ਇਹਦੀਆਂ ਭੁੱਜਾਂ ਵਿਚ ਗੁਰੂ ਕਲਗੀਆਂ ਵਾਲੇ ਨੇ ਉਹ ਬਲ ਧੱਰਿਆ ਹੈ ਕਿ ਜੋਧੇ ਤੋਂ ਜੋਧਾ ਜਵਾਨ ਵੀ ਜਿੱਚ ਹੋ ਜਾਏ। ਇਹਨੇ ਰੋਪੜ ਦੀ ਲੜਾਈ ਵਿਚ ਸਭ ਤੋਂ ਵਧ ਬਹਾਦਰੀ ਵਿਖਾਈ। ਸ਼ੇਰ ਮੁਹੰਮਦ ਖ਼ਾਨ ਦੇ ਚਾਰੇ ਦੇ ਚਾਰੇ ਪੁੱਤਰ ਤੇ ਨੁਸਰਤ ਖ਼ਾਨ ਨੂੰ ਮਾਰਨ ਵਾਲਾ ਵੀ ਇਹੋ ਸ਼ਾਹਬਾਜ਼ ਹੀ ਸੀ।"

ਬੰਦਾ ਸ਼ਾਹਬਾਜ਼ ਕੋਲ ਸਭ ਤੋਂ ਵਧੇਰੇ ਚਿਰ ਲਈ ਅਟਕਿਆ ਤੇ ਸਿਰਫ਼ ਸ਼ਾਹਬਾਜ਼ ਕੋਲੋਂ ਹੀ ਉਹਨੇ ਇਕ ਤੋਂ ਵਧ ਸਵਾਲ ਪੁੱਛੇ; ਜਿਨ੍ਹਾਂ ਵਿਚੋਂ ਪਹਿਲਾ ਸਵਾਲ ਸੀ :

"ਖ਼ਾਲਸਾ ਜੀ ! ਕਦੋਂ ਸਿੰਘ ਸਜੇ ਸਉ ?"

"ਮੈਂ ਜਮਾਂਦਰੂ ਹੀ ਸਿਖ ਹਾਂ, ਬਾਬਾ ਜੀ। ਮੇਰੇ ਪਿਤਾ ਬੁਢਾ ਮਲ ਜੀ ਨੇ ਮੈਨੂੰ ਬਚਪਨ ਤੋਂ ਹੀ ਗੁਰੂ ਸੇਵਾ ਦੀ ਚੇਟਕ ਲਾਈ। ਪੰਦਰ੍ਹਾਂ ਵਰ੍ਹੇ ਦੀ ਉਮਰ ਪਿਛੋਂ ਮੈਂ ਆਪਣੇ ਕੇਸ ਕਤਲ ਨਹੀਂ ਕਰਾਏ," ਸ਼ਾਹਬਾਜ਼ ਨੇ ਉੱਤਰ ਦਿਤਾ।

ਸ਼ਾਹਬਾਜ਼ ਸਿੰਘ ਵੀ ਦ ਪਹਿਲਾ ਹੀ ਲੜਾਕਾ ਸੀ ਜਿਹੜਾ ਬੰਦਾ ਬਹਾਦਰ ਦੇ ਸਾਹਮਣੇ ਇਸ ਤਰ੍ਹਾਂ ਸਥਿਰਤਾ ਤੇ ਧੀਰਜ ਨਾਲ ਗੱਲ ਕਰ ਸਕਿਆ। ਜਦੋਂ ਵੀ ਖ਼ਾਸ-ਖ਼ਾਸ ਜੋਧਿਆਂ ਨੂੰ ਜੱਥੇਦਾਰ ਬੰਦੇ ਅੱਗੇ ਪੇਸ਼ ਕਰਦੇ ਸਨ ਤਾਂ ਉਹਨਾਂ ਦੇ ਦਿਲ ਇਕ ਤਰ੍ਹਾਂ ਸਹਿਮ ਜਾਂਦੇ ਸਨ। ਉਹ ਦਿਲ ਹੀ ਦਿਲ ਵਿਚ ਪ੍ਰਾਰਥਨਾ ਕਰਦੇ ਸਨ ਕਿ ਬੰਦਾ ਸਿੰਘ ਉਹਨਾਂ ਕੋਲ ਬਹੁਤਾ ਚਿਰ ਨਾ ਖਲੋਵੇ ਤੇ ਨਾ ਹੀ ਉਹਨਾਂ ਕੋਲੋਂ ਕੋਈ ਸਵਾਲ ਪੁਛੇ। ਬੰਦੇ ਦੇ ਨਾਂ ਦਾ ਦਬਦਬਾ ਉਹਨਾਂ ਨੂੰ ਕੰਬਾ ਦਿੰਦਾ ਸੀ। ਜਿਹਦੇ ਜਿਹਦੇ ਕੋਲੋਂ ਬੰਦੇ ਨੇ ਕੁਝ ਪ੍ਰਸ਼ਨ ਪੁੱਛੇ ਵੀ, ਉਹਨਾਂ ਕੋਲੋਂ ਜੁਆਬ ਬੜੀ ਹੌਲੀ ਜ਼ਬਾਨ ਵਿਚ ਤੇ ਝਿੜਕਵੇਂ ਮਿਲੇ। ਸਿਪਾਹੀ ਹੀ ਨਹੀਂ ਬੰਦੇ ਦੇ ਸਾਹਮਣੇ ਆਪ ਜੱਥੇਦਾਰ ਵੀ ਅਟਕ ਅਟਕ ਕੇ ਗੱਲਾਂ ਕਰਿਆ ਕਰਦੇ ਸਨ।

ਪਰ ਸ਼ਾਹਬਾਜ਼ ਦੀ ਜ਼ਬਾਨ ਨਹੀਂ ਥਿੜਕੀ। ਉਹਦਾ ਇਹ ਉੱਤਰ ਸੁਣ ਕੇ ਬੰਦੇ ਨੇ ਵਧੇਰੇ ਨੀਝ ਲਾ ਕੇ ਸ਼ਾਹਬਾਜ਼ ਵਲ ਤੱਕਿਆ। ਸ਼ਾਹਬਾਜ਼ ਨੇ ਵੀ ਉਹਨਾਂ ਨੈਣਾਂ ਵਿਚ ਆਪਣੇ ਨੈਣ ਗੱਡੇ — ਤੇ ਸਿਰਫ਼ ਉਸ ਵੇਲੇ ਉਹਦਾ ਸਰੀਰ ਕੰਬਿਆ, ਅੰਡੀ ਚੋਰ ਦੀ ਕਿ ਆਲੇ ਦੁਆਲੇ ਖਲੋਤੇ ਸਰਦਾਰਾਂ ਕੋਲੋਂ ਇਹ ਕੰਬਣੀ ਗੁੱਝੀ ਨਾ ਰਹਿ ਸਕੀ।

ਅੰਤ ਬੰਦਾ ਸਿੰਘ ਨੇ ਸ਼ਾਹਬਾਜ਼ ਦੇ ਮੱਢੇ ਉੱਤੇ ਹੱਥ ਰਖਿਆ, ਥਾਪੜੀ ਦਿਤੀ ਤੇ ਕਿਹਾ :

"ਤੇਰੇ ਜਿਹੇ ਸਪੁੱਤਰਾਂ ਨਾਲ ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਹੇਗਾ। ਤੇਰੇ ਉੱਤੇ ਗੁਰੂ ਦੀ ਮਿਹਰ ਹੋਵੇ ਸ਼ਾਹਬਾਜ਼...।"

ਤੇ ਲੰਘਦਿਆਂ ਲੰਘਦਿਆਂ ਬਾਜ ਸਿੰਘ ਨੇ ਵੀ ਕਿਹਾ :

"ਸ਼ਾਬਾਸ਼ੇ ਸ਼ਾਹਬਾਜ਼ ! ਗੁਰੂ ਕਲਗੀਆਂ ਵਾਲਾ ਤੇਰੇ ਅੰਗ ਸੰਗ ਰਹੇ..." ਤੇ ਉਸ ਆਪਣੀ ਲੰਮੀ ਚਿੱਟੀ ਦਾੜ੍ਹੀ ਉੱਤੇ ਹੱਥ ਫੇਰਿਆ ਜਿਵੇਂ ਉਹਦੀ ਆਦਤ ਸੀ।

ਇਸ ਸ਼ਾਬਾਸ਼ ਪਿਛੋਂ ਹੋਰਨਾਂ ਸਿਪਾਹੀਆਂ ਨੂੰ ਮਿਲਦੇ ਸੁਖ ਸੁਰਦਾਰ ਅਗਾਂਹ ਨੂੰ ਏ ਪਰ ਸ਼ਾਹਬਾਜ਼ ਉਹ

Scanned by CamScanner

ਹੈ, ਪਰ ਜਿਵੇਂ ਰਤਨ ਸਿੰਘ ਨੇ ਦਸਿਆ ਸੀ, ਉਹਦੀਆਂ ਭੁੱਜਾਂ ਵਿਚ ਗੁਰੂ ਨੇ ਉਹ ਬਲ ਧਰਿਆ ਸੀ ਕਿ ਵੱਡੇ ਵੱਡੇ ਲੜਾਕੇ ਜਿੱਚ ਹੋ ਜਾਂਦੇ।

ਤੇ ਅੱਜ ਸ਼ਾਹਬਾਜ਼ ਨਾਲ ਬੰਦਾ ਸਿੰਘ ਨੇ ਗੱਲਾਂ ਕੀਤੀਆਂ ਸਨ ਤੇ ਅੱਜ ਸ਼ਾਹਬਾਜ਼ ਦੀ ਕੰਡ ਉੱਤੇ ਬੰਦਾ ਸਿੰਘ ਬਹਾਦਰ ਨੇ ਥਾਪੜੀ ਦਿਤੀ ਸੀ। ਅੱਜ ਤਾਂ ਇਕੱਲੇ ਸ਼ਾਹਬਾਜ਼ ਵਿਚ ਸਾਰੇ ਲਸ਼ਕਰ ਜਿੰਨਾ ਜ਼ੋਰ ਸੀ। ਅੱਜ ਤਾਂ ਉਹ, ਉਹਨੂੰ ਲੱਗਾ, ਇਕੱਲਾ ਹੀ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਸਕਦਾ ਹੈ। ਅੱਜ ਸ਼ਾਹਬਾਜ਼ ਦੀਆਂ ਅੱਖਾਂ ਵਿਚ ਬੰਦੇ ਦੀਆਂ ਅੱਖਾਂ ਨੇ ਵੇਖਿਆ। ਬੰਦਾ ਆਪਣਾ ਜਾਦੂ ਕਰ ਗਿਆ। ਸ਼ਾਹਬਾਜ਼ ਕੋਲੋਂ ਬੰਦੇ ਦੀ ਉਹ ਤਕਣੀ ਭੁਲਣ ਨਾ ਹੋਵੇ। ਬੰਦੇ ਦੀ ਤਕਣੀ ਭਲਾ ਕੋਈ ਭੁਲ ਜਾਣ ਵਾਲੀ ਤਕਣੀ ਸੀ ?

ਬਦਾ ਸਿੰਘ ਨੇ ਸਭ ਸਰਦਾਰਾਂ ਨਾਲ ਮੁਲਾਕਾਤ ਕੀਤੀ ਤੇ ਲਸ਼ਕਰ ਦੇ ਕਈ ਸਿਪਾਹੀਆਂ ਨੂੰ ਜਾਣਿਆ।

ਬੰਦਾ ਸਿੰਘ ਵਾਸਤੇ ਇਹ ਜਾਣਕਾਰੀ ਬੜੀ ਜ਼ਰੂਰੀ ਸੀ। ਉਹ ਆਪ ਰਾਜੌਰੀ, ਰਿਆਸਤ ਜਮੂੰ ਵਿਚ ਜੰਮਿਆ, ਕਸ਼ਮੀਰ ਫਿਰਿਆ, ਫਿਰ ਪੰਜਾਬੋਂ ਲੰਘ ਕੇ ਨਾਸਿਕ ਜਾ ਉਤਰਿਆ ਅਤੇ ਓਥੋਂ ਨਦੇੜ ਪੁਜਿਆ। ਉਹਨੇ ਆਪਣੀ ਸਾਰੀ ਉਮਰ ਵਿਚ ਪੰਜਾਬ ਨੂੰ ਚੰਗੀ ਤਰ੍ਹਾਂ ਨਹੀਂ ਸੀ ਜਾਣਿਆ ਤੇ ਨਾ ਹੀ ਪੰਜਾਬੀਆਂ ਨੂੰ ਜਾਣਿਆ ਸੀ। ਉਹਦੀ ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਬਹੁਤੀ ਲੰਮੇਰੀ ਨਹੀਂ ਸੀ ਤੇ ਉੱਜ ਵੀ ਨਦੇੜ ਵਿਚ ਗੁਰੂ ਸਾਹਿਬ ਨਾਲ ਸਿਖ ਹੈਸਨ ਵੀ ਥੋੜੇ।

ਬੰਦਾ ਸਿੰਘ ਦਾ ਸਿੰਘਾਂ ਨਾਲ ਕਦੀ ਵਾਸਤਾ ਨਹੀਂ ਸੀ ਪਿਆ। ਉਹ ਉਹਨਾਂ ਦੀਆਂ ਜ਼ਾਤਾਂ, ਉਹਨਾਂ ਦੀਆਂ ਆਦਤਾਂ, ਉਹਨਾਂ ਦੇ ਰਸਮੋ-ਰਿਵਾਜ, ਉਹਨਾਂ ਦੀਆਂ ਖ਼ਾਸੀਅਤਾਂ ਨਹੀਂ ਸੀ ਸਮਝਦਾ। ਨਦੇੜੋਂ ਟੁਰਦਿਆਂ ਹੀ ਉਹ ਏਸੇ ਲਈ ਭਾਈ ਬਾਜ ਸਿੰਘ ਤੇ ਬਿਨੋਦ ਸਿੰਘ ਨਾਲ ਰੋਜ਼ ਰੋਜ਼ ਸਿਖ ਇਤਿਹਾਸ ਤੇ ਸਿਖੀ ਰਸਮੋ-ਰਿਵਾਜ ਬਾਰੇ ਵਿਚਾਰ ਕਰਦਾ ਰਹਿੰਦਾ ਸੀ। ਬੰਦਾ ਬਹਾਦਰ ਬੜਾ ਪਾਰਦਰਸ਼ਕ ਆਦਮੀ ਸੀ। ਉਹ ਜਾਣਦਾ ਸੀ ਕਿ ਉਹਦਾ-ਕੀ ਮਿਥਨ ਹੈ ਤੇ ਉਹਨੇ ਇਸ ਨੂੰ ਕਿਸ ਤਰ੍ਹਾਂ ਪੂਰਾ ਕਰਨਾ ਹੈ।

ਗੁਰੂ ਗੋਬਿੰਦ ਸਿੰਘ ਨੇ ਬੇਸ਼ਕ ਉਹਨੂੰ ਸਿਖ ਧਰਮ ਦੇ ਮੋਟੇ ਮੋਟੇ ਅਸੂਲ ਸਮਝਾਏ ਸਨ। ਉਹਨੂੰ ਗੁਰੂ ਨਾਨਕ ਦੇਵ ਤੋਂ ਲੈ ਕੇ ਖ਼ਾਲਸਾ ਸਾਜਣ ਤਕ ਦੇ ਸਾਰੇ ਹਾਲਾਤ ਦਸੇ ਸਨ ਤੇ ਸਿਖੀ ਰਹਿਤ ਦੇ ਅੰਤਰੀਵ ਭਾਵਾਂ ਨੂੰ ਦਰਸਾਇਆ ਸੀ। ਪਰ ਫਿਰ ਵੀ ਉਹ ਬੰਦੇ ਦੀ ਤਰਬੀਅੱਤ ਬਹੁਤੀ ਦੇਰ ਆਪਣੇ ਹੱਥ ਵਿਚ ਨਹੀਂ ਸਨ ਰਖ ਸਕੇ। ਹਾਂ, ਪਰ ਬੰਦਾ ਬਹਾਦਰ ਦੀ ਜ਼ਮਾਂਦਰੂ ਸੂਝ ਸਹਾਈ ਹੋਈ। ਉਹਦੀ ਕਾਬਲੀਅਤ ਨੇ ਉਹਦਾ ਸਾਥ ਦਿਤਾ। ਉਹਨੇ ਐਨਾ ਕੁਝ ਸਿਖਿਆ ਨਹੀਂ ਜਿੰਨਾ ਆਪਣੀ ਅੰਦਰਲੀ ਸੂਝ ਨਾਲ ਗ੍ਰਹਿਣ ਕੀਤਾ। ਉਹਦੀ ਅੰਤ੍ਰੀਵ ਬੁਧ ਨੇ ਲੋ ਕੀਤੀ ਤੇ ਇਸ ਲੋ ਦੇ ਪ੍ਰਕਾਸ਼ ਵਿਚ ਉਹ ਕਈ ਪੁਰਾਣੇ ਤੇ ਹੰਢੇ ਹੋਏ ਸਿਖਾਂ ਨਾਲੋਂ ਵੀ ਵਧੇਰੇ ਜਾਣਕਾਰ ਸਿਖ ਬਣਿਆ।

ਹੁਣ ਉਹਦੀ ਮਨਸ਼ਾ ਖਿੰਡਰੀ ਪੁੰਡਰੀ ਸਿਖ ਤਾਕਤ ਨੂੰ ਜੱਥੇਬੰਦ ਕਰਨ ਦੀ ਸੀ। ਤੇ ਇਸ ਲਈ ਉਹਨੂੰ ਜੱਥੇਦਾਰਾਂ ਦੀ ਲੋੜ ਸੀ। ਬੰਦਾ ਸਿੰਘ ਨੇ ਇਕ ਚੰਗੇ ਮਹਾਂ ਸੈਨਾਪਤੀ ਵਾਂਗ ਮਹਿਸੂਸ ਕਰ ਲਿਆ ਸੀ ਕਿ ਸਿਖਾਂ ਜਾਂ ਅਣਖੀਲੇ ਸਿਪਾਹੀਆਂ ਵਾਸਤੇ ਮਜ਼ਬੂਤ ਤੇ ਬਹਾਦਰ ਕਮਾਨ ਸਭ ਤੋਂ ਜ਼ਰੂਰੀ ਤੇ ਲੋੜੀਂਦੀ ਸ਼ੈ ਹੈ। ਏਸੇ ਲਈ ਉਹ ਹਰ ਨਵੇਂ ਆਏ ਲਸ਼ਕਰ ਜਾਂ ਟੋਲੀ ਜਾਂ ਜੱਥੇ ਨੂੰ ਖ਼ੁਦ ਵਾਚਦਾ, ਨਰੀਖਣ ਕਰਦਾ ਤੇ ਵੇਖਦਾ ਕਿ ਕਿਹੜਾ ਸਰਦਾਰ ਜਾਂ ਸਵਾਰ ਕਿਥੇ ਜਾਂ ਕਿਹੜੀ ਥਾਂ ਤੇ ਵਧੇਰੇ ਯੋਗ ਹੋਵੇਗਾ।

ਹੁਣ ਬੰਦਾ ਸਿੰਘ ਦੀਆਂ ਨਜ਼ਰਾਂ ਵਿਚ ਸਿਖ ਕੌਮ ਦੇ ਇਤਿਹਾਸ ਵਿਚ ਸਭ ਤੋਂ ਜ਼ਰੂਰੀ ਤੇ ਅਹਿਮ ਲੜਾਈ ਸਾਹਮਣੇ ਸੀ — ਤੇ ਉਹ ਕੋਈ ਗ਼ਲਤੀ ਨਹੀਂ ਸੀ ਕਰਨਾ ਚਾਹੁੰਦਾ।

ਤੇ...ਅੱਜ ਆਪਣੇ ਲਗ ਭਗ ਪੰਦਰਾਂ ਵੀਹ ਹਜ਼ਾਰ ਦੇ ਲਸ਼ਕਰ ਨੂੰ ਪੂਰੀ ਤਰ੍ਹਾਂ ਜਾਣ ਕੇ ਉਸ ਆਪਣੇ ਦਿਲ ਹੀ ਦਿਲ ਅੰਦਰ ਸਰਹਿੰਦ ਦੀ ਲੜਾਈ ਬਾਰੇ ਫ਼ੈਸਲੇ ਕਰ ਲਏ। ਬਸ ਉਹਨੂੰ ਅੱਜ ਦੀ ਹੀ ਉਡੀਕ ਸੀ।

ਬੰਦਾ ਸਿੰਘ ਬਹਾਦਰ ਲੜਾਈ ਲਈ ਤਿਆਰ ਸੀ।

ਫ਼ੈਸਲੇ ਕਰਦਿਆਂ ਕਦੀ ਦੇਰ ਨਹੀਂ ਸੀ ਲਾਂਦਾ। ਸੋਚਦਾ ਜ਼ਰੂਰ ਸੀ, ਉਡੀਕਦਾ ਵੀ ਸੀ, ਸਾਰੀਆਂ

Scanned by CamScanner

ਬੰਦਾ ਸਿੰਘ ਬਹਾਦਰ ਲੜਾਈ ਲਈ ਤਿਆਰ ਸੀ ।

ਆਖਿਰ ਸਿਖ ਸੈਨਾਂ ਨੇ ਤਿਆਰੀ ਵੀ ਕਿਹੜੀ ਕਰਨੀ ਸੀ ? ਉਹਨਾਂ ਕਿਹੜੇ ਉਠ ਘੋੜੇ ਪੀੜਨੇ ਸਨ । ਉਹਨਾਂ ਕੋਲ ਕਿਹੜੀਆਂ ਬਹੁਤੀਆਂ ਤੋਪਾਂ ਸਨ ਤੇ ਕਿਹੜੇ ਹਾਥੀ ? ਉਹਨਾਂ ਨੇ ਹੋਰ ਕਿਥੋਂ ਸਹਾਇਤਾ ਦੀ ਉਡੀਕ ਕਰਨੀ ਸੀ । ਉਹਨਾਂ ਨੇ ਕਿਹੜਾ ਸਰਹਿੰਦ ਵਰਗੇ ਅਮੀਰ ਤੇ ਆਵਸ਼ਕ ਸ਼ਹਿਰ ਦੇ ਬਚਾ ਬਾਰੇ ਸੋਚਣਾ ਸੀ ?

ਦੋ ਦਲ ਇਕੱਠੇ ਹੋ ਚੁਕੇ ਸਨ । ਸਾਰਾ ਖ਼ਾਲਸਾ ਇਕ ਥਾਂ ਜੁੜ ਚੁਕਾ ਸੀ — ਤੇ...ਬਸ ਇਸੇ ਘੜੀ ਦੀ ਹੀ ਬੰਦੇ ਨੂੰ ਉਡੀਕ ਸੀ ।

ਬੰਦੇ ਨੇ ਹੁਕਮ ਦਿੱਤਾ, ਕਿ ਸਿਖ ਸੈਨਾ ਦੋ ਦਿਨਾਂ ਦੇ ਆਰਾਮ ਪਿਛੋਂ ਸਰਹਿੰਦ ਉੱਤੇ ਚੜਾਈ ਲਈ ਚਾਲੇ ਪਾਏਗੀ ।

੫

ਸੂਬੇਦਾਰ ਵਜ਼ੀਰ ਖ਼ਾਨ ਵੀ ਲੜਾਈ ਲਈ ਤਿਆਰ ਸੀ ।

ਘੋਰ ਨਿਰਾਸਤਾ ਵਿਚੋਂ ਆਸ਼ਾ ਜਾਗੀ ਸੀ । ਹਰ ਪਾਸਿਓਂ ਸਹਾਇਤਾ ਦੀ ਉਮੀਦ ਗਵਾ ਕੇ ਇਕ ਅਨੋਖਾ ਸਵੈ-ਵਿਸਵਾਸ ਉਤਪੰਨ ਹੋਇਆ ਸੀ ।

ਜੋ ਕੁਝ ਵੀ ਵਜ਼ੀਰ ਖ਼ਾਨ ਨੇ ਚਾਹਿਆ ਤੇ ਜਿਸ ਜਿਸ ਚੀਜ਼ ਵਾਸਤੇ ਵੀ ਉਹਨੇ ਦੁਆਵਾਂ ਕੀਤੀਆਂ ਉਹਨਾਂ ਵਿਚੋਂ ਕੁਝ ਵੀ ਸਿਰੇ ਨਾ ਚੜ੍ਹਿਆ । ਸਰਹਿੰਦ ਦੀ ਜਨਤਾ ਨੇ ਉਹਨੂੰ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਦੇ ਖ਼ੂਨ ਦਾ ਦੋਸ਼ੀ ਠਹਿਰਾਈ ਰਖਿਆ; ਮੁਗ਼ਲੀਹਾ ਸ਼ਹਿਨਸ਼ਾਹ ਵਲੋਂ ਕੋਈ ਮਦਦ ਨਾ ਪੁੱਜੀ । ਉਹਦੇ ਭੇਜੇ ਗੰਡਾ ਮਲ ਨੇ ਉਹਦੇ ਨਾਲ, ਉਹਨੂੰ ਲਗਦਾ ਗੱਦਾਰੀ ਕੀਤੀ, ਤੇ ਅੰਤ ਸਾਰੇ ਪੰਜਾਬ ਦਾ ਖ਼ਾਲਸਾ ਵੀ ਇਕ-ਮੁਠ ਹੋ ਗਿਆ ।

ਹਰ ਪਾਸਾ ਪੁੱਠਾ ਪਿਆ । ਜਿਨੂੰ ਵੀ ਹੱਥ ਲਾਇਆ ਉਹੋ ਸ਼ੈ ਰਾਖ ਹੋਈ । ਉਸ ਵੇਲੇ ਵਜ਼ੀਰ ਖ਼ਾਨ ਨੇ ਆਪਣੇ ਅੰਦਰ ਝਾਤੀ ਮਾਰੀ ਤੇ ਕਿਹਾ:

"ਕੁਝ ਪ੍ਰਵਾਹ ਨਹੀਂ । ਸਭ ਕੋਲੋਂ ਬਦਲੇ ਲਵਾਂਗਾ । ਸਰਹਿੰਦ ਦੀ ਜਨਤਾ ਨੂੰ ਸਬਕ ਸਿਖਾਵਾਂਗਾ, ਮੁਗ਼ਲੀਹਾ ਸ਼ਹਿਨਸ਼ਾਹ ਨਾਲ ਵੀ ਗੱਲ-ਬਾਤ ਹੋਵੇਗੀ, ਗੰਡਾ ਮਲ ਮਰਦੂਦ ਦਾ ਤਾਂ ਮਾਸ ਕਾਵਾਂ ਕੋਲੋਂ ਨੁਚਵਾਵਾਂਗਾ ਤੇ ਸਿੱਖਾਂ ਦਾ ਇਕ ਵਾਰ ਫਿਰ ਖੁਰਾ ਖੋਜ ਮਿਟਾਵਾਂਗਾ । ਆਖਿਰ ਮੈਨੂੰ ਇਹਨਾਂ ਸਮਝ ਕੀ ਰਖਿਆ ਹੈ ! ਮੈਂ ਆਪਣੀ ਜ਼ਿੰਦਗੀ ਵਿਚ ਕੋਈ ਲੜਾਈ ਨਹੀਂ ਹਾਰੀ । ਇਨਸ਼ਾ-ਅੱਲਾ ਹੁਣ ਵੀ ਫ਼ਤਹ ਮੇਰੀ ਹੀ ਹੋਵੇਗੀ । ਖ਼ੁਦਾਵੰਦ-ਤਆਲਾ ਮੈਨੂੰ ਇਸ ਉਮਰ ਵਿਚ ਜ਼ਲੀਲ ਨਹੀਂ ਕਰੇਗਾ । ਜੋ ਕੁਝ ਮੇਰੇ ਕੋਲ ਅਜੇ ਤਕ ਜੁੜ ਗਿਆ ਹੈ ਉਹ ਘਟ ਨਹੀਂ"

ਹਾਂ, ਜੋ ਕੁਝ ਅਜੇ ਤਕ ਵਜ਼ੀਰ ਖ਼ਾਨ ਕੋਲ ਜੁੜ ਗਿਆ ਸੀ ਉਹ ਘੱਟ ਨਹੀਂ ਸੀ !

ਉਹਦੇ ਕੋਲ ਲਗ ਭਗ ਚਾਰ ਕੁ ਦਰਜਨ ਤੋਪਾਂ ਸਨ । ਪਿਛਲੇ ਮਹੀਨਿਆਂ ਤੋਂ ਕਾਰੀਗਰ ਤੋਪਾਂ ਦੀ ਮੁਰੰਮਤ ਕਰਦੇ ਰਹੇ ਸਨ । ਭੈੜੇ ਤੇ ਨਾਕਿਸ ਪੁਰਜ਼ੇ ਬਦਲੇ ਗਏ ਸਨ । ਹਰ ਤੋਪ ਦੀ ਪੂਰੀ ਸਫਾਈ ਕੀਤੀ ਗਈ ਸੀ ਤੇ ਸਭ ਨੂੰ ਵਾਰੋ ਵਾਰ ਇਕ ਦਿਨ ਪਤਿਆਇਆ ਵੀ ਗਿਆ ਸੀ । ਉਹਦੇ ਕੋਲ ਦੋ ਕੁ ਸੌ ਹਾਥੀ ਸਨ । ਇਹਨਾਂ ਹਾਥੀਆਂ ਨੂੰ ਵੀ ਪਿਛਲੇ ਦੋ ਮਹੀਨਿਆਂ ਤੋਂ ਖ਼ਾਸ ਸਿਖਿਆ ਦਿਤੀ ਜਾਂਦੀ ਰਹੀ ਸੀ । ਇਹਨਾਂ ਦੀ ਖ਼ੁਰਾਕ ਦਾ ਪ੍ਰਬੰਧ ਵੀ ਬੜੇ ਉਚੇਚ ਨਾਲ ਕੀਤਾ ਗਿਆ ਸੀ, ਨਵੇਂ ਮਹਾਵਤਾਂ ਨੂੰ ਤਰਬੀਅਤ ਦਿੱਤੀ ਗਈ ਸੀ ! ਵਰ੍ਹਿਆਂ ਪਿਛੋਂ ਇਹਨਾਂ ਹਾਥੀਆਂ ਦੀ ਵੀ ਸੁਣੀ ਗਈ ਸੀ । ਉਹਦੇ ਕੋਲ ਹੁਣ ਤਕ ਦਸ ਬਾਰਾਂ ਹਜ਼ਾਰ ਘੋੜੇ ਵੀ ਜੁੜ ਗਏ ਸਨ । ਉਹਦੇ ਗੁਮਾਸ਼ਤਿਆਂ ਨੇ ਸਾਰੇ ਇਲਾਕੇ ਵਿਚ ਫਿਰ ਕੇ

Scanned by CamScanner

ਇਹ ਘੋੜੇ ਇਕੱਠੇ ਕੀਤੇ ਸਨ। ਉਹਦੇ ਕੋਲ ਅਣਗਿਣਤ ਜ਼ੰਬੂਰਕਾਂ ਸਨ ਤੇ ਬੰਦੂਕਾਂ ਤੇ ਤੋਪਾਂ ਵਾਸਤੇ ਬੇਇਨਤਹਾ ਗੋਲੀਆਂ ਤੇ ਬਾਰੂਦ ਤਿਆਰ ਹੋ ਚੁਕਾ ਸੀ।

ਸਰਹਿੰਦ ਵਿਚ ਐਨਾ ਉਦਮ ਤੇ ਪੁਰਸ਼ਾਰਥ ਕਦੀ ਵੇਖਣ ਵਿਚ ਨਹੀਂ ਸੀ ਆਇਆ। ਮਿਸਤਰੀਆਂ ਤੇ ਲੁਹਾਰਾਂ ਨੇ ਤਾਂ ਜੰਗੀ ਸਾਮਾਨ ਤਿਆਰ ਕਰਨਾ ਹੀ ਸੀ ਠਠਿਹਾਰ, ਸੁਨਿਆਰੇ, ਜੜੀਏ, ਤਰਖਾਣ ਵੀ ਸਾਰੇ ਇਸੇ ਕੰਮ ਲਾ ਦਿਤੇ ਗਏ। ਹੋਰ ਵੀ ਜਿਨ੍ਹਾਂ ਜਿਨ੍ਹਾਂ ਨੂੰ ਗੋਲਾ ਬਾਰੂਦ ਜਾਂ ਹਥਿਆਰਾਂ ਦੀ ਸੰਝੀ ਸੀ, ਚੁਣ ਚੁਣ ਕੇ ਇਕ ਮੀਰ ਮੁਨੱਜ਼ਮ ਕੋਲ ਭੇਜੇ ਗਏ। ਇਹ ਮੀਰ ਮੁਨੱਜ਼ਮ ਗੋਲਾ ਬਾਰੂਦ ਤੇ ਰਸਦ ਪਾਣੀ ਲਈ ਸਰਪਰਸਤ ਨਿਯੱਤ ਕੀਤਾ ਗਿਆ ਸੀ। ਜੰਗੀ ਸਾਮਾਨ ਤੋਂ ਉਪ੍ਰੰਤ ਮੀਰ ਮੁਨੱਜ਼ਮ ਦੇ ਬੰਦੇ ਸਾਰੇ ਸੂਬੇ ਵਿਚ ਘੁੰਮ ਕੇ ਰਸਦ ਇਕੱਠੀ ਕਰ ਰਹੇ ਸਨ। ਕਿਸੇ ਕੋਲੋਂ ਜੌਂ ਖੋਹ, ਕਿਸੇ ਕੋਲੋਂ ਕਣਕ ਮੰਗ, ਕਿਸੇ ਦਾ ਘਾਹ ਲੁੱਟ, ਕਿਸੇ ਦੇ ਛੋਲੇ ਭੋਰੇ ਪਾ, ਇਹਨਾਂ ਬੰਦਿਆਂ ਨੇ ਸੂਬੇ ਵਿਚ ਤਰਥੱਲੀ ਮਚਾ ਦਿਤੀ। ਕਿਸੇ ਨੂੰ ਬਦਲੇ ਵਿਚ ਨਾ ਪੈਸਾ, ਨਾ ਹੀ ਕੋਈ ਹੋਰ ਇਵਜ਼ਾਨਾ।

ਲੋਕ ਭੁੱਖੇ ਮਰਨ ਲਗੇ। ਉਹਨਾਂ ਦੀ ਸਾਲ ਸਾਲ ਦੋ ਦੋ ਸਾਲ ਦੀ ਕਮਾਈ ਪਲੋ-ਪਲੀ ਖੁੱਸ ਗਈ। ਕੋਈ ਬਿੜਕ ਨਾ ਸਕਦਾ। ਜਿਸ ਜਿਸ ਵੀ ਰੋਕ ਕੀਤਾ ਉਹ ਮਾਰ ਦਿਤਾ ਗਿਆ। ਹਿੰਦੂ ਲੋਕ ਗਾਲ੍ਹਾਂ ਕਢਦੇ ਕਮੀਨੇ ਵਜ਼ੀਰੇ ਨੂੰ, ਤੇ ਮੁਸਲਮਾਨ ਮਰਦੂਦ ਬੰਦੇ ਦਾ ਨਾਂ ਲੈ ਕੇ ਥੁਕਾਂ ਸੁਟਦੇ।

ਏਧਰ ਇਹ ਸਾਮਾਨ ਤੇ ਰਸਦ ਇਕੱਠੀ ਹੋ ਰਹੀ ਸੀ ਤੇ ਓਧਰ ਪੰਜਾਬ ਦੀਆਂ ਚੋਹਾਂ ਨੁਕਰਾਂ ਤੋਂ ਗ਼ਾਜ਼ੀ ਜੁੜ ਰਹੇ ਸਨ। ਵਜ਼ੀਰ ਖ਼ਾਨ ਦੇ ਏਲਚੀ ਹਰ ਥਾਂ ਗਏ ਤੇ ਉਹਨਾਂ ਇਸਲਾਮ ਦੇ ਨਾਂ ਉੱਤੇ ਸਭ ਮੁਸਲਮਾਨਾਂ ਅਗੇ ਅਪੀਲ ਕੀਤੀ ਤੇ ਕਿਹਾ ਕਿ ਹਿੰਦੁਸਤਾਨ ਵਿਚ ਇਸਲਾਮ ਨੂੰ ਬਚਾਉਣ ਵਾਸਤੇ ਇਹ ਸਭ ਤੋਂ ਜ਼ਰੂਰੀ ਲੜਾਈ ਹੈ। ਉਹਨਾਂ ਨੇ ਬੰਦੇ ਬਹਾਦਰ ਦੀਆਂ ਕਾਰਸਤਾਨੀਆਂ ਤੇ ਉਹਦੇ ਮਚਾਏ ਜ਼ੁਲਮਾਂ ਦੀ ਦੁਹਾਈ ਦੇ ਕੇ ਮੁਸਲਮਾਨ ਜਨਤਾ ਨੂੰ ਉਕਸਾਇਆ ਤੇ ਆਖਿਆ ਕਿ ਜੇ ਬੰਦਾ ਸਰਹਿੰਦ ਮੱਲ ਬੈਠਾ ਤਾਂ ਜਲਦੀ ਹੀ ਸਭ ਦੇਸ਼ ਵਿਚ ਸਿਖਾਂ ਦੀ ਹਕੂਮਤ ਸਥਾਪਿਤ ਹੋ ਜਾਏਗੀ ਤੇ ਤੁਸਾਂ ਵਿਚੋਂ ਕੋਈ ਜੀਉਂਦਾ ਨਹੀਂ ਰਹੇਗਾ।

ਇਹ ਦੁਹਾਈ ਸੁਣ ਕੇ ਕਈ ਮੁਸਲਮਾਨ ਵੀਣੀਆਂ ਉਪਰ ਗਾਨੇ ਬੰਨ ਕੇ ਉਠ ਟੁਰੇ। ਹਿਸਾਰ ਤੋਂ ਆਦਮੀ ਆਏ, ਜਲੰਧਰ ਤੋਂ ਆਦਮੀ ਆਏ, ਲਾਹੌਰ ਤੋਂ ਵੀ ਗ਼ਾਜ਼ੀ ਪੁਜੇ ਤੇ ਏਥੋਂ ਤਕ ਕਿ ਐਮਨਾਬਾਦ ਤੇ ਗੁਜਰਾਤ ਤੋਂ ਵੀ ਕੁਝ ਲੜਾਕੇ ਸਰਹਿੰਦ ਦੇ ਬਚਾਅ ਲਈ ਆਏ। ਇਹਨਾਂ ਗ਼ਾਜ਼ੀਆਂ ਦੀ ਗਿਣਤੀ ਪੰਜ ਹਜ਼ਾਰ ਤੋਂ ਘਟ ਨਹੀਂ ਸੀ।

ਪੰਜ ਹਜ਼ਾਰ ਤੋਂ ਵਧ ਗ਼ਾਜ਼ੀ ਤੇ ਪੰਦ੍ਰਾਂ ਹਜ਼ਾਰ ਤੋਂ ਵਧ ਤਨਖ਼ਾਹ ਦਾਰ ਫ਼ੌਜ! ਬੁਢੇ ਵਜ਼ੀਰ ਖ਼ਾਨ ਨੂੰ ਹੰਕਾਰ ਚੜ੍ਹ ਗਿਆ। ਇਕ ਵਕਤ ਉਹ ਮਦਦ ਮਦਦ ਕੂਕਦਾ ਰਿਹਾ ਸੀ — ਪਰ ਹੁਣ ਜਦੋਂ ਚਾਲੀ ਪੰਜਾਹ ਤੋਪਾਂ, ਦੋ ਸੌ ਹਾਥੀ, ਦਸ ਬਾਰਾਂ ਹਜ਼ਾਰ ਘੋੜੇ ਤੇ ਵੀਹ ਹਜ਼ਾਰ ਤੋਂ ਵੀ ਉੱਤੇ ਸੈਨਾਂ ਜੁੜ ਗਈ ਤਾਂ ਵਜ਼ੀਰ ਖ਼ਾਨ ਹੰਕਾਰਿਆ ਗਿਆ। ਉਹਦੇ ਮਨ ਵਿਚ ਫੁਰਨਾ ਫੁਰਿਆ ਕਿ ਇਸ ਫ਼ੌਜ ਨਾਲ ਤਾਂ ਉਹ ਦਿਲੀ ਉੱਤੇ ਹਮਲਾ ਕਰ ਕੇ ਵੀ ਸਫ਼ਲ ਹੋਵੇਗਾ ਤੇ ਉਸ ਮਹਿਸੂਸ ਕੀਤਾ ਕਿ ਬਹਾਦਰ ਸ਼ਾਹ ਵਰਗੇ ਡਰੂ ਦੀ ਥਾਂ ਤੇ ਉਹ ਚੰਗੇਰਾ ਸਹਿਨਸ਼ਾਹ ਬਣੇਗਾ। ਉਹਨੇ ਆਪਣੀਆਂ ਮੁੱਛਾਂ ਨੂੰ ਤਾਅ ਦਿਤਾ, ਆਪਣੀ ਅਧ-ਕਤਰੀ ਦਾੜ੍ਹੀ ਨੂੰ ਖੁਰਕਿਆ ਤੇ ਉਹਨੂੰ ਲਗਾ ਜਿਵੇਂ ਉਹ ਦਿੱਲੀ ਦਾ ਬਾਦਸ਼ਾਹ ਹੋਵੇ। ਉਹ ਕੁਝ ਪਲਾਂ ਲਈ ਬੰਦੇ ਨੂੰ ਭੁਲ ਗਿਆ। ਇਹ ਪਹਿਲੀ ਵਾਰ ਸੀ ਕਿ ਸਮਾਣੇ ਦੀ ਹਾਰ ਪਿਛੋਂ ਉਹ ਕੁਝ ਪਲਾਂ ਲਈ ਬੰਦੇ ਨੂੰ ਭੁਲ ਸਕਿਆ ਸੀ।

ਪਰ ਜਲਦੀ ਹੀ ਉਹ ਇਸ ਸੁਪਨੇ ਵਿਚੋਂ ਜਾਗਿਆ। ਬੰਦਾ ਸਾਹਮਣੇ ਦਿਸਿਆ ਤੇ ਉਸ ਕਿਹਾ:

"ਮਰਦੂਦ ਬੰਦਾ!"

ਵਜ਼ੀਰ ਖ਼ਾਨ ਨੇ ਆਪਣੀ ਫ਼ੌਜ ਨੂੰ ਚਾਰ ਹਿੱਸਿਆਂ ਵਿਚ ਵੰਡਿਆ।

ਸੱਜੇ ਹੱਥ ਸ਼ੇਰ ਮੁਹੰਮਦ ਖ਼ਾਨ ਸੀ; ਵਾਲੀਏ ਮਲੇਰ ਕੋਟਲਾ, ਇਕ ਵਡਾ ਘੋੜ ਸਵਾਰ। ਰੋਪੜ ਦੀ ਹਾਰ ਲਈ ਵਜ਼ੀਰ ਖ਼ਾਨ ਨੇ ਉਹਨੂੰ ਮੁਆਫ਼ ਕਰ ਦਿਤਾ ਸੀ। ਜੇ ਮੁਆਫ਼ ਨਾ ਕਰਦਾ ਤਾਂ ਹੋਰ ਕਰਦਾ ਵੀ ਕੀ? ਮਲੇਰ ਕੋਟਲੇ ਦੇ ਪਠਾਣਾਂ ਤੋਂ ਬਗ਼ੈਰ ਉਹ ਕਿਸੇ ਥਾਂ ਜੋਗਾ ਨਾ ਰਹਿੰਦਾ ਇਸ ਬਾਹੀ-ਫ਼ਲ ਸਭ ਤੋਂ ਵਧ ਫ਼ੌਜ ਸੀ ਤੇ ਵਜ਼ੀਰ ਖ਼ਾਨ ਦੀ ਚਾਲ ਸੀ ਕਿ ਉਹ ਸੱਜੇ ਹੱਥੋਂ ਹੀ ਬੰਦੇ ਦੀ ਸੈਨਾਂ ਨੂੰ ਲਪੇਟ ਵਿਚ ਲਏਗਾ।

Scanned by CamScanner

ਖੱਬੇ ਹੱਥ ਪੰਜ ਹਜ਼ਾਰ ਗਾਜ਼ੀ ਸਨ। ਇਹਨਾਂ ਦਾ ਸਰਦਾਰ, ਬੇਗ ਖ਼ਾਨ ਥਾਪਿਆ ਗਿਆ ਸੀ। ਬੇਗ ਖ਼ਾਨ ਥਾਣੇ ਸਮਾਣੇ ਦਾ ਹਾਕਮ ਰਹਿ ਚੁਕਾ ਸੀ ਤੇ ਅੱਜ ਕਲ੍ਹ ਵਜ਼ੀਰ ਖ਼ਾਨ ਦੀ ਪੱਕੀ ਫ਼ੌਜ ਦਾ ਸੈਨਾਪਤੀ ਸੀ। ਇਹਨਾਂ ਗਾਜ਼ੀਆਂ ਦਾ ਕੰਮ ਸੀ, ਬੰਦੇ ਦੀ ਭੱਜੀ ਜਾਂਦੀ ਫ਼ੌਜ ਨੂੰ ਰੋਕਣਾ ਤੇ ਵਧ ਤੋਂ ਵਧ ਆਦਮੀ ਮਾਰਨੇ।

ਵਿਚਕਾਰ ਆਪ ਵਜ਼ੀਰ ਖ਼ਾਨ ਸੀ। ਆਪਣੀ ਪੱਕੀ ਫ਼ੌਜ ਦੀ ਕਮਾਨ ਉਸ ਆਪਣੇ ਹੱਥ ਵਿਚ ਲੈ ਲਈ ਸੀ ਤੇ ਇਸ ਫ਼ੌਜ ਨਾਲ ਉਹ ਇਕ ਤਾਂ ਆਪਣਾ ਨਿੱਜੀ ਬਚਾਅ ਕਰਨਾ ਲੋੜਦਾ ਸੀ ਤੇ ਦੂਜਾ ਸਮੇਂ ਅਨੁਸਾਰ ਕਿਸੇ ਵੀ ਬਾਹੀ ਦੀ ਮਦਦ ਕੀਤੀ ਜਾ ਸਕਦੀ ਸੀ।

ਸਭ ਤੋਂ ਸਾਹਮਣੇ ਤੋਪਾਂ ਸਨ ਤੇ ਉਹਨਾਂ ਦੇ ਪਿਛੇ ਹਾਥੀ — ਭਾਵ ਕੀ ਘੋੜ ਸਵਾਰ ਤੇ ਪਿਆਦਾ ਫ਼ੌਜ ਤੋਪਾਂ ਤੇ ਹਾਥੀਆਂ ਦੀ ਓਟ ਵਿਚ ਖੜੀ ਸੀ।

ਤੋਪਾਂ ਦੇ ਕੋਲ ਗੋਲਿਆਂ ਦੇ ਢੇਰ ਲਾ ਦਿਤੇ ਗਏ। ਹਰ ਸਿਪਾਹੀ ਨੂੰ ਜਿੰਨੀਆਂ ਵਧ ਤੋਂ ਵਧ ਉਹ ਗੋਲੀਆਂ ਚੁਕ ਸਕਦਾ, ਦੇ ਦਿੱਤੀਆਂ ਗਈਆਂ। ਹਾਥੀਆਂ ਨੂੰ ਪਿਲਾਣ ਵਾਸਤੇ ਸ਼ਰਾਬ ਦਾ ਪ੍ਰਬੰਧ ਕੀਤਾ ਗਿਆ।

ਜਦੋਂ ਤਿਆਰੀ ਮੁਕੰਮਲ ਹੋ ਗਈ ਤਾਂ ਹਰ ਪੰਜ ਸੌ ਆਦਮੀਆਂ ਦੇ ਕਮਾਨ-ਅਫ਼ਸਰ ਤਕ ਦੇ ਅੋਹਦੇਦਾਰ ਵਜ਼ੀਰ ਖ਼ਾਨ ਦੇ ਖੇਮੇਂ ਕੋਲ ਆ ਜੁੜੇ, ਤੇ ਵਜ਼ੀਰ ਖ਼ਾਨ ਨੇ ਕਿਹਾ:

"ਗ਼ਾਜ਼ੀਓ ਤੇ ਇਸਲਾਮ ਦੇ ਚਮਕਦੇ ਹੀਰਿਓ!

"ਇਹ ਜੰਗ ਪਾਣੀਪਤ ਦੀ ਜੰਗ ਨਾਲੋਂ ਵੀ ਵੇਰ ਮਹੱਤਵ ਵਾਲੀ ਹੈ। ਏਥੇ ਇਸਲਾਮ ਦੀ ਕਿਸਮਤ ਦਾ ਫ਼ੈਸਲਾ ਹੋਣਾ ਹੈ। ਜੇ ਕਾਫ਼ਰਾਂ ਨੇ ਸਰਹਿੰਦ ਜਿੱਤ ਲਈ ਤਾਂ ਮੁਗ਼ਲੀਹ ਸਲਤਨੱਤ ਮੁਕ ਗਈ ਸਮਝੋ। ਮਰਦੂਦ ਬੰਦੇ ਨੂੰ ਏਥੇ ਠਲ੍ਹ ਨਾ ਪਈ ਤਾਂ ਉਹਨੂੰ ਕਿਤੇ ਕੋਈ ਠਲ੍ਹ ਨਹੀਂ ਪਾ ਸਕੇਗਾ।

"ਇਸ ਤਰ੍ਹਾਂ ਲੜੋ ਕਿ ਅੱਗੇ ਕਦੀ ਨਾ ਲੜੋ ਹੋਵੇ। ਮੈਂ ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਹਾਰਿਆ। ਇਹਨਾਂ ਧੋਲਿਆਂ ਨਾਲ ਹੁਣ ਮੇਰੀ ਮਿੱਟੀ ਪਲੀਤ ਨਾ ਕਰਵਾਣੀ। ਬੰਦੇ ਮਰਦੂਦ ਤੇ ਬਾਜ ਸਿੰਘ ਦੀਆਂ ਲੋਥਾਂ ਜਿਹੜਾ ਮੇਰੇ ਸਾਹਮਣੇ ਲਿਆਵੇਗਾ, ਮੂੰਹ ਮੰਗਿਆ ਇਨਾਮ ਪਾਏਗਾ।"

ਚਪੜਚੇੜੀ, ਜੋ ਸਰਹਿੰਦ ਤੋਂ ਅੱਠ ਦਸ ਮੀਲ ਦੀ ਵਿੱਥ ਤੇ ਸੀ, ਵਜ਼ੀਰ ਖ਼ਾਨ ਦੀ ਸੈਨਾਂ ਨੇ ਮੋਰਚੇ ਗੱਡ ਲਏ ਤੇ ਸਿਖਾਂ ਦੀ ਉਡੀਕ ਕਰਨ ਲਗੇ।

ਬੰਦਾ ਸਿੰਘ ਨੇ ਵਜ਼ੀਰ ਖ਼ਾਨ ਨੂੰ ਮੋਰਚੇ ਗੱਡਣ ਦਿਤੇ, ਉਹਨਾਂ ਨੂੰ ਪੂਰੀਆਂ ਤਿਆਰੀਆਂ ਕਰਨ ਦਿਤੀਆਂ ਤੇ ਆਪ ਉਹਨਾਂ ਸਭ ਤਿਆਰੀਆਂ ਦੀਆਂ ਖ਼ਬਰਾਂ ਸੁਣਦਾ ਰਿਹਾ। ਜਦੋਂ ਉਹਦੇ ਸੂਹੀਆਂ ਨੇ ਵਜ਼ੀਰ ਖ਼ਾਨ ਦੀ ਉਪਰੋਕਤ ਤਕਰੀਰ ਦਾ ਸਾਰੰਸ਼ ਬੰਦੇ ਨੂੰ ਦਸਿਆ ਤਾਂ ਉਹ ਮੁਸਕਰਾਇਆ ਤੇ ਉਸ ਆਖਿਆ :

"ਮੈਂ ਖ਼ੁਸ਼ ਹਾਂ ਕਿ ਵਜ਼ੀਰ ਖ਼ਾਨ ਤੇ ਮੁਸਲਮਾਨ ਹਾਕਮਾਂ ਦੇ ਦਿਲ ਵਿਚ ਕੋਈ ਹਸਰਤ ਨਹੀਂ ਰਹਿ ਗਈ।"

ਬੰਦਾ ਸਿੰਘ ਨੇ ਆਪਣੀ ਸੈਨਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ।

ਸੱਜੇ ਹੱਥ ਗ਼ਾਜ਼ੀਆਂ ਦੇ ਸਾਹਮਣੇ ਸਨ ਮਝੈਲ ਤੇ ਦੁਆਬੀਏ ਸਿੰਘ। ਜੱਥੇਦਾਰ ਭਾਈ ਬਾਜ ਸਿੰਘ ਸੀ ਤੇ ਉਹਦੇ ਥੱਲੇ ਸਨ ਭਾਈ ਬਿਨੋਦ ਸਿੰਘ ਤਿਹਨ, ਭਾਈ ਰਾਮ ਸਿੰਘ ਤੇ ਸਰਦਾਰ ਰਤਨ ਸਿੰਘ ਚਾਹਿਲ।

ਖੱਬੇ ਹੱਥ ਤੇ ਮਲੇਰਕੋਟਲੀਆਂ ਦੇ ਸਨਮੁਖ ਡਟੇ ਸਨ ਮਲਵਈ ਦੂਲੇ। ਜੱਥੇਦਾਰ ਭਾਈ ਫ਼ਤਹ ਸਿੰਘ ਸੀ ਤੇ ਉਹਦੇ ਥੱਲੇ ਸਨ ਭਾਈ ਕਰਮ ਸਿੰਘ, ਸਰਦਾਰ ਆਲੀ ਸਿੰਘ, ਸਰਦਾਰ ਤਖ਼ਤਾ ਸਿੰਘ ਤੇ ਸਰਦਾਰ ਨਿਗੋਹਾ ਸਿੰਘ।

ਵਿਚਕਾਰ ਬਾਬਾ ਕਾਹਨ ਸਿੰਘ ਤੇ ਸਰਦਾਰ ਮੀਰੀ ਸਿੰਘ ਸਨ ਥੱਲੇ ਕੁਝ ਹਜ਼ਾਰ ਸਿਪਾਹੀ। ਇਹ ਸਿਪਾਹੀ ਪੰਜਾਬ ਦੀਆਂ ਭਿੰਨ ਭਿੰਨ ਕੂੰਟਾਂ ਵਿਚੋਂ ਆਏ ਸਨ ਤੇ ਸਾਫ਼ ਖੁਲ੍ਹੇ ਸ਼ਬਦਾਂ ਵਿਚ ਇਹ ਸਨ ਧਾੜਵੀ। ਇਹਨਾਂ ਦਾ ਗੁਰੂ ਗੋਬਿੰਦ ਸਿੰਘ ਨਾਲ ਪਿਆਰ ਕੱਚਾ ਸੀ ਤੇ ਇਹਨਾਂ ਦਾ ਸਿਖ ਧਰਮ ਵਿਚ ਵਿਸ਼ਵਾਸ਼ ਲੁੱਟ ਮਾਰ ਤਕ ਹੀ ਸੀਮਤ। ਇਹਨਾਂ ਲੋਕਾਂ ਦੀ ਰੋਜ਼ੀ ਦਾ ਵਸੀਲਾ ਚੋਰੀਆਂ ਤੇ ਡਾਕੇ ਸਨ। ਇਹ ਕੰਮ ਤੋਂ ਕਤਰਾਂਦੇ ਤੇ ਜੰਗਲਾਂ ਵਿਚ ਰਹਿੰਦੇ। ਇਹ ਬੰਦੇ ਨਾਲ ਆ ਮਿਲੇ ਸਨ ਕਿਉਂਕਿ ਇਹਨਾਂ ਨੂੰ ਲੁੱਟ ਦੀ ਸੰਭਾਵਨਾ ਸੀ। ਸਮਾਣਾ ਵਿਚ ਇਹਨਾਂ ਨੇ ਬਹੁਤ ਲੋਟੀ ਮਾਰੀ ਸੀ।

ਬੰਦਾ ਸਿੰਘ ਨੇ ਇਹਨਾਂ ਨੂੰ ਰੱਖੀ ਰਖਿਆ ਸੀ, ਕਿਉਂਕਿ ਉਹਨੂੰ ਅਜੇ ਆਪ ਹੋਰ ਮਨ ਪਿਆਰਾ ਹੋਣ ਦੀ ਲੋੜ

Scanned by CamScanner

ਸੀ ਤੇ ਉਹਨੂੰ ਅਜੇ ਆਪਣੇ ਥੱਲੇ ਕਿਸੇ ਗਿਣਤੀ ਵਿਚ ਗਿਣੀ ਜਾਣ ਵਾਲੀ ਸੈਨਾ ਦੀ ਲੋੜ ਸੀ। ਸੂਬੇਦਾਰ ਸਰਹਿੰਦ ਦੀਆਂ ਤਿਆਰੀਆਂ ਸੁਣ ਸੁਣ ਕੇ ਇਹ ਧਾੜਵੀ ਪਹਿਲੇ ਹੀ ਡਗਮਗਾ ਰਹੇ ਸਨ ਪਰ ਕਦੀਆਂ ਦਾ ਬੰਦੇ ਦੀ ਜਿੱਤ ਵਿਚ ਵਿਸ਼ਵਾਸ਼ ਅਟੱਲ ਸੀ। ਬੰਦੇ ਨੇ ਇਹਨਾਂ ਨੂੰ ਜਾਣ ਕੇ ਮਾਲਵੀਆਂ ਤੇ ਮਝੈਲਾਂ ਦੇ ਵਿਚਕਾਰ ਰਖਿਆ ਤਾਂ ਜੋ ਦੌੜਨਾ ਸੌਖਾ ਨਾ ਹੋਵੇ।

ਚੌਥਾ ਹਿੱਸਾ ਬੰਦਾ ਬਹਾਦਰ ਦੀ ਆਪਣੀ ਕਮਾਨ ਥੱਲੇ ਸੀ। ਇਹ ਜੱਥਾ ਮਲਵਈਆਂ, ਮਝੈਲਾਂ ਤੇ ਦੁਆਬੀਆਂ ਦੇ ਚੁੱਣਵੇਂ ਸਵਾਰਾਂ ਦਾ ਇਕੱਠ ਸੀ ਤੇ ਇਹਨਾਂ ਗਿਣਵੇਂ ਮਿਣਵੇਂ ਸਵਾਰਾਂ ਨਾਲ ਬੰਦਾ ਬਹਾਦਰ ਜਿੱਤ ਦੀ ਕੁੰਜੀ ਆਪਣੇ ਹੱਥ ਵਿਚ ਰਖਣਾ ਚਾਹੁੰਦਾ ਸੀ।

ਖ਼ਾਲਸੇ ਕੋਲ ਸਿਰਫ ਛੇ ਤੋਪਾਂ ਸਨ। ਇਹਨਾਂ ਵਿਚੋਂ ਦੋ ਤਾਂ ਮੁਸਤਫ਼ਾ ਬਾਦ ਦੀ ਲੜਾਈ ਵਿਚ ਹੱਥ ਲਗੀਆਂ ਸਨ ਤੇ ਬਾਕੀ ਦੀਆਂ ਚਾਰ, ਹੋਰਨਾਂ ਇੱਕੀਆਂ ਦੁੱਕੀਆਂ ਲੜਾਈਆਂ ਤੇ ਮੁੱਠ ਭੇੜਾਂ ਵਿਚ ਜਿੱਤੀਆਂ ਗਈਆਂ ਸਨ। ਇਹਨਾਂ ਤੋਪਾਂ ਦੇ ਚਲਵਈਏ ਬੁੰਦੇਲਖੰਡੀ ਜਵਾਨ ਸਨ, ਜਿਨ੍ਹਾਂ ਵਿਚੋਂ ਕੁਝ ਪਾਹਲੇ ਸੂਬਾ ਸਰਹਿੰਦ ਤੇ ਕੁਝ ਮੁਗ਼ਲੀਹਾ ਸ਼ਾਹੀ ਸੈਨਾਂ ਵਿਚ ਨੌਕਰੀ ਕਰ ਚੁਕੇ ਸਨ। ਬੰਦਾ ਇਹਨਾਂ ਬੁੰਦੇਲਖੰਡੀ ਜਵਾਨਾਂ ਦਾ ਖ਼ਾਸ ਖਿਆਲ ਰਖਦਾ ਸੀ। ਹਰ ਸਵੇਰ ਆਪ ਉਹਨਾਂ ਨੂੰ ਕਵਾਇਦ ਕਰਦਿਆਂ ਤੇ ਹੋਰਨਾਂ ਨੂੰ ਕਵਾਇਦ ਸਿਖਾਂਦਿਆਂ ਵੇਖਿਆ ਕਰਦਾ।

ਇਹ ਚੌਦ ਬੁੰਦੇਲਖੰਡੀ ਜੁਆਨ ਤੇ ਇਹ ਛੇ ਤੋਪਾਂ ਖ਼ਾਲਸਾ ਰਾਜ ਦੇ ਮਹਾਨ ਤੋਪ ਖ਼ਾਨੇ ਦਾ ਆਦਿ ਸਨ, ਜਿਸ ਤੋਪ ਖ਼ਾਨੇ ਨੇ ਕਿ ਸਮਾਂ ਪਾ ਕੇ ਅੰਗ੍ਰੇਜ਼ੀ ਤੋਪਖ਼ਾਨੇ ਦਾ ਮੂੰਹ ਭੁੰਆਇਆ।

ਬੰਦਾ ਬਹਾਦਰ ਨੇ ਆਪਣੀ ਪਾਰਦਰਸ਼ਤਾ ਨਾਲ ਸੋਚ ਲਿਆ ਸੀ ਕਿ ਆਉਂਦੇ ਵਰ੍ਹਿਆਂ ਤੇ ਜੁਗਾਂ ਵਿਚ ਤੋਪਖ਼ਾਨੇ ਦੀ ਮਹੱਤਤਾ ਵਧਦੀ ਜਾਏਗੀ ਤੇ ਜੇ ਖ਼ਾਲਸੇ ਨੇ ਰਾਜ ਦੀਆਂ ਨੀਹਾਂ ਪੱਕੀਆਂ ਰਖਣੀਆਂ ਹਨ ਤਾਂ ਉਹਨਾਂ ਨੂੰ ਆਪਣੇ ਤੋਪ ਖ਼ਾਨੇ ਵਲ ਖ਼ਾਸ ਧਿਆਨ ਦੇਣਾ ਪਏਗਾ। ਜਿਹੜੇ ਲੜਾਕੇ ਉਹਨਾਂ ਬੁੰਦੇਲਖੰਡੀਆਂ ਕੋਲੋਂ ਤੋਪਾਂ ਦੀ ਸਿਖਲਾਈ ਲੈਣ ਵਾਸਤੇ ਚੁਣੇ ਗਏ ਉਹ ਸਾਰੇ ਦੇ ਸਾਰੇ ਸਿਖ ਜੋਧਿਆਂ ਦੇ ਸਿਰਤਾਜ ਸਨ ਤੇ ਇਹਨਾਂ ਵਿਚ ਸ਼ਾਹਬਾਜ਼ ਸਿੰਘ ਮਾਹਿਲ ਵੀ ਸ਼ਾਮਿਲ ਸੀ।

ਬੰਦਾ ਬਹਾਦਰ ਕੋਲ ਘੋੜ-ਚੜ੍ਹਾ ਕੋਈ ਸੱਤ ਕੁ ਹਜ਼ਾਰ ਹੋਵੇਗਾ ਤੇ ਫ਼ੌਜ ਦੀ ਕੁਲ ਗਿਣਤੀ ਵੀਹ ਹਜ਼ਾਰ ਤੋਂ ਕਾਫ਼ੀ ਥੱਲੇ।

੨੧ ਮਈ ੧੭੧੦ ਦੀ ਸ਼ਾਮ ਬੰਦਾ ਸਿੰਘ ਬਹਾਦਰ ਦੀ ਫ਼ੌਜ ਵੀ ਚਪੜਚੇੜੀ ਦੇ ਮੈਦਾਨ ਵਿਚ ਪਹੁੰਚ ਗਈ।

ਵਜ਼ੀਰ ਖ਼ਾਨ ਦੇ ਮੋਰਚਿਆਂ ਦੇ ਲਾਗੇ ਹੀ ਬਿਰਛਾਂ ਦੇ ਕੁਝ ਨਿਕੇ ਨਿਕੇ ਝੁੰਡ ਸਨ ਤੇ ਮੁਗ਼ਲਈ ਸੈਨਾ ਦੇ ਮਧ ਦੇ ਐਨ ਸਾਹਮਣੇ ਇਕ ਉੱਚਾ ਜਿਹਾ ਟਿੱਬਾ। ਇਹ ਵਜ਼ੀਰ ਖ਼ਾਨ ਦੀ ਬੇਵਕੂਫ਼ੀ ਸੀ ਕਿ ਉਸ ਨੇ ਇਹ ਟਿੱਬਾ ਤੇ ਬਿਰਛਾਂ ਦੇ ਇਹ ਝੁੰਡ ਖ਼ਾਲੀ ਛੱਡ ਦਿਤੇ। ਉਹਦੇ ਮਨ ਵਿਚ ਸ਼ਾਇਦ ਪਾਣੀ ਦੀ ਨੇੜਤਾ ਵਧੇਰੇ ਭਾਵ ਰਖਦੀ ਸੀ, ਕਿਉਂਕਿ ਜਿਥੇ ਹੁਣ ਉਹਦੇ ਮੋਰਚੇ ਸਨ, ਓਥੇ ਪਾਣੀ ਦਾ ਇਕ ਤਲਾਅ ਸੀ। ਖ਼ਾਲਸਈ ਦਲ ਨੇ ਇਹਨਾਂ ਝੁੰਡਾਂ ਵਿਚ ਆ ਉਤਾਰਾ ਕੀਤਾ ਤੇ ਬੰਦੇ ਨੇ ਆਪਣਾ ਸਦਰ ਟਿੱਬੇ ਉੱਤੇ ਆ ਬਣਾਇਆ।

ਜੇ ਬੰਦਾ ਬਹਾਦਰ ਚਾਹੁੰਦਾ ਤਾਂ ਵਜ਼ੀਰ ਖ਼ਾਨ ਨੂੰ ਚਪੜਚੇੜੀ ਹੀ ਬੈਠਾ ਛੱਡ ਆਪ ਵਲਾ ਮਾਰ ਕੇ ਸਰਹਿੰਦ ਉੱਤੇ ਜਾ ਪੈਂਦਾ, ਪਰ ਉਹਦੀ ਮਨਸ਼ਾ ਸਿਰਫ਼ ਸਰਹਿੰਦ ਨੂੰ ਹੀ ਫ਼ਤਹ ਕਰਨ ਦੀ ਨਹੀਂ ਸੀ, ਉਹ ਵਜ਼ੀਰ ਖ਼ਾਨ ਨੂੰ ਵੀ ਫ਼ਤਹ ਕਰਨਾ ਚਾਹੁੰਦਾ ਸੀ। ਉਹ ਦੁਨੀਆਂ ਨੂੰ ਵਿਖਾਣਾ ਚਾਹੁੰਦਾ ਸੀ ਕਿ ਖ਼ਾਲਸਾ ਦਲ ਕੀ ਕੀ ਕੁਝ ਕਰ ਸਕਦਾ ਹੈ।

ਹੁਣ ਦੋਵੇਂ ਦਲ ਆਮ੍ਹੋ ਸਾਹਮਣੇ ਸਨ। ਖ਼ਾਲਸੇ ਨੂੰ ਆਉਂਦਿਆਂ ਵੇਖ ਕੇ ਮੁਗ਼ਲਈ ਸੈਨਾਂ ਵਿਚ "ਅਲਾਹ ਹੂ ਅਕਬਰ, ਨਾਅਰਾ-ਏ-ਤਕਬੀਰ" ਦੇ ਨਾਅਰੇ ਉੱਚੇ ਹੋਏ ਤੇ ਏਧਰੋਂ ਖ਼ਾਲਸੇ ਨੇ ਵੀ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਛੱਡੇ।

ਖ਼ਾਲਸਈ ਦਲ ਨੂੰ ਵਖਰੇ ਵਖਰੇ ਝੁੰਡਾਂ ਵਿਚ ਜੁੜਦਿਆਂ ਵੇਖ ਕੇ ਮੁਗ਼ਲ ਤੋਪਚੀਆਂ ਨੇ ਸਮਝਿਆ ਕਿ ਖ਼ਾਲਸੇ ਨੂੰ ਧਰ ਲੈਣ ਦਾ ਇਸ ਤੋਂ ਚੰਗਾ ਮੌਕਾ ਹੋਰ ਕੋਈ ਨਹੀਂ ਹੋਵੇਗਾ। ਉਹਨਾਂ ਤੱਤੇ ਤਪ ਝੁੰਡਾਂ ਉੱਤੇ ਗੋਲੇ ਵਰਸਾਣੇ ਸ਼ੁਰ ਕਰ ਦਿਤੇ। ਗੋਲੇ ਜੰਜੀਰੀ ਸਨ। ਉਹ ਦਰਖਤਾਂ ਵਿਚ ਅੜ ਅੜ ਜਾਂਦੇ ਰਹੇ। ਸਿਖ ਸੈਨਾਂ ਦੇ ਥੋੜੇ ਆਦਮੀ ਹੀ ਮਰੇ ਤੇ ਥੋੜੇ ਜਿਹੇ ਹੋਰ ਜ਼ਖ਼ਮੀ ਹੋਏ ਪਰ ਵਜ਼ੀਰੀ ਤੋਪਾਂ ਦਾ ਅੱਧੇ ਤੋਂ ਵਧ ਬਾਰੂਦ ਮੁੱਕ ਗਿਆ। ਲੜਾਈ ਸ਼ੁਰੂ ਹੋਣ ਤੋਂ ਪਹਿਲੇ ਹੀ ਵਜ਼ੀਰ ਖ਼ਾਨ ਤੋਪਖ਼ਾਨੇ ਦੀ ਮੁਠ ਭੇੜ ਵਿਚ ਹਾਰ ਗਿਆ। ਹੁਣ ਖ਼ਾਲਸੇ ਦੀਆਂ ਛੇ ਤੋਪਾਂ ਉਹਦੀਆਂ ਪੰਜਾਹਾਂ ਦੇ ਸਨਮੁਖ ਅੜ ਸਕਣ ਦੇ ਯੋਗ ਸਨ।

Scanned by CamScanner

੬

ਯੁਧ ਇਕ ਕਲਾ ਹੈ ਤੇ ਇਸ ਕਲਾ ਵਿਚ ਨਿਪੁੰਨਤਾ ਹਾਸਿਲ ਕਰਨ ਵਾਸਤੇ ਉੱਨੀਂ ਹੀ ਸਿਖਲਾਈ ਤੇ ਅਭਿਆਸ ਦੀ ਲੋੜ ਹੈ ਜਿੰਨੀ ਕਿਸੇ ਹੋਰ ਕਲਾ ਵਾਸਤੇ।

ਜਿਉਂ ਜਿਉਂ ਸਿਪਾਹੀ ਦਾ ਅਹੁਦਾ ਉੱਚਾ ਹੁੰਦਾ ਹੈ, ਉਹਦੇ ਵਾਸਤੇ ਇਸ ਕਲਾ ਦਾ ਗਿਆਨ ਤੇ ਇਹਦੀ ਸਹੀ ਪਕੜ ਜ਼ਰੂਰੀ ਹੁੰਦੀ ਜਾਂਦੀ ਹੈ। ਇਕ ਆਮ ਸਿਪਾਹੀ ਵਾਸਤੇ ਇਹ ਕਲਾ ਸਿਰਫ ਚੰਗਾ ਬ੍ਰਾਹ-ਸਵਾਰ ਤੇ ਪਲੱਥੇ-ਬਾਜ਼ ਤੇ ਚਾਤੀ ਜੋਗੀ ਸਿਆਣਪ ਤਕ ਹੀ ਮਹਿਮੂਦ ਹੋਵੇਗੀ, ਪਰ ਇਕ ਸੈਨਾਪਤੀ ਵਾਸਤੇ ਇਹਨਾਂ ਤਿੰਨਾਂ ਚੀਜ਼ਾਂ ਵਿਚ ਪ੍ਰਬੀਨਤਾ ਦੂਜੇ ਦਰਜੇ ਉੱਤੇ ਆਉਂਦੀ ਹੈ। ਇਹਨਾਂ ਤਿੰਨਾਂ ਚੀਜ਼ਾਂ ਤੋਂ ਵਧ ਉਹਦੇ ਵਾਸਤੇ ਯੁਧ-ਕਲਾ ਨੂੰ ਚੌਰੇੜੇ ਦਰਿਸ਼ਟੀਕੋਣ ਤੋਂ ਸਮਝਣਾ ਜ਼ਰੂਰੀ ਹੈ। ਜਦੋਂ ਤਕ ਉਹਦਾ ਦਿਮਾਗ਼ ਵਡੀਆਂ ਵਡੀਆਂ ਚਾਲਾਂ ਤੇ ਜੰਗ ਜਿੱਤਣ ਦੇ ਨਵੇਂ ਤੇ ਅਣ-ਗਾਹੇ ਰਾਹ ਨਹੀਂ ਸੋਚ ਸਕਦਾ ਉਹ ਅਸਫਲ ਹੋਵੇਗਾ। ਉਹਦੀ ਸਫਲਤਾ ਵਾਸਤੇ ਲਾਜ਼ਮੀ ਹੈ ਕਿ ਉਹਦੇ ਸਿਪਾਹੀ ਸਦਾ ਚੜ੍ਹਦੀਆਂ ਕਲਾ ਵਿਚ ਰਹਿਣ। ਇਸ ਲਈ ਉਹਨੂੰ ਜਵਾਨਾਂ ਦੇ ਸੁਖ ਤੇ ਆਰਾਮ ਬਾਰੇ ਵੀ ਸੋਚਣਾ ਪਏਗਾ ਤੇ ਆਪਣੀ ਸੈਨਾਂ ਦੇ ਰਸਦ-ਪਾਣੀ ਤੇ ਲਾਮਡੋਰੀ ਦਾ ਖ਼ਾਸ ਧਿਆਨ ਰਖਣਾ ਪਏਗਾ।

ਇਕ ਚੰਗੇ ਸੈਨਾਪਤੀ ਵਾਸਤੇ ਰਾਜਨੀਤਕ ਸੂਝ ਵੀ ਜ਼ਰੂਰੀ ਹੈ। ਹਰ ਲੜਾਈ ਦੇ ਕੋਈ ਨਾ ਕੋਈ ਰਾਜਨੀਤਕ ਕਾਰਨ ਹੁੰਦੇ ਹਨ ਤੇ ਹਰ ਲੜਾਈ ਕਿਸੇ ਨਾ ਕਿਸੇ ਰਾਜਨੀਤਕ ਦਰਿਸ਼ਟੀਕੋਣ ਨੂੰ ਸਿਧ ਕਰਨ ਵਾਸਤੇ ਜਾਂ ਕੋਈ ਨਾ ਕੋਈ ਰਾਜਨੀਤਕ ਲਾਭ ਉਠਾਣ ਵਾਸਤੇ ਲੜੀ ਜਾਂਦੀ ਹੈ। ਜੇ ਸੈਨਾਪਤੀ ਨੂੰ ਇਹਨਾਂ ਕਾਰਨਾਂ ਤੇ ਇਹਨਾਂ ਲਾਭਾਂ ਦੀ ਸੋਝੀ ਨਹੀਂ ਹੋਵੇਗੀ ਤਾਂ ਉਹਦੀਆਂ ਚਾਲਾਂ ਬ੍ਰਾਦਿਦ ਕੁਥਾਈਆਂ ਤੇ ਅਣਉਚਿਤ ਹੋਣਗੀਆਂ।

ਇਕ ਸੈਨਾਪਤੀ ਵਾਸਤੇ ਸਮੁਚੀ ਆਰਥਕ ਸਥਿਤੀ ਜਾਣਨੀ ਵੀ ਜ਼ਰੂਰੀ ਹੈ। ਉਹਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਹਥਲੇ ਹਮਲੇ ਜਾਂ ਹਥਲੀ ਕਾਰਵਾਈ ਲਈ ਮੁਲਕ ਤੇ ਕੌਮ ਕੋਲੋਂ ਕੀ ਕੀ ਤੇ ਕਿਸ ਕਿਸ ਚੀਜ਼ ਦੀ ਆਸ਼ਾ ਰਖੀ ਜਾ ਸਕਦੀ ਹੈ। ਆਰਥਕ ਤੇ ਇੰਤਜ਼ਾਮੀ ਮਸਲਿਆਂ ਵਿਚ ਤਨਖ਼ਾਹ, ਰਸਦ ਪਾਣੀ, ਕਪੜੇ ਲੱਤੇ ਤੇ ਚਾਰੇ ਪੱਠੇ ਦੇ ਮਸਲੇ ਵੀ ਸ਼ਾਮਿਲ ਹਨ। ਲੜਾਈ ਵਾਸਤੇ ਮਜ਼ਬੂਤ ਆਰਥਕ ਤੇ ਪ੍ਰਬੰਧਕ ਹਾਲਤ ਜਿੰਨੀ ਅੱਜ ਜ਼ਰੂਰੀ ਹੈ ਉਨੀਂ ਹੀ ਅੱਜ ਤੋਂ ਦੋ ਸੌ ਜਾਂ ਦੋ ਹਜ਼ਾਰ ਸਾਲ ਪਹਿਲੇ ਵੀ ਜ਼ਰੂਰੀ ਸੀ।

ਇਕ ਚੰਗਾ ਸੈਨਾਪਤੀ ਸਦਾ ਚੰਗਾ ਮਨੋਵਿਗਿਆਨਕ ਹੁੰਦਾ ਹੈ। ਹਰਸ਼, ਅਸ਼ੋਕ, ਚੰਗੇਜ਼, ਸਕੰਦਰ ਜਾਂ ਸੀਜ਼ਰ ਸਦਾ ਜਾਣਦੇ ਸਨ ਕਿ ਉਹ ਆਪਣੇ ਸਿਪਾਹੀਆਂ ਕੋਲੋਂ ਕਿਸ ਚੀਜ਼ ਦੀ ਉਮੀਦ ਰਖ ਸਕਦੇ ਹਨ। ਫ਼ੌਜ ਦੀ ਹਾਲਤ ਤੇ ਸਾਮਾਨ ਦੀ ਮੌਜੂਦਗੀ ਨੂੰ ਅੱਖਾਂ ਸਾਹਮਣੇ ਰਖ ਕੇ ਇਕ ਚੰਗਾ ਜਰਨੈਲ ਸਹਿਜੇ ਹੀ ਦਸ ਦੇਵੇਗਾ ਕਿ ਅੰਤ ਹਾਰ ਹੋਵੇਗੀ ਜਾਂ ਜਿੱਤ।

ਇਹਨਾਂ ਸਭ ਚੀਜ਼ਾਂ ਦਾ ਜਾਣਨਾ ਤੇ ਇਹਨਾਂ ਸ਼ੈਆਂ ਨੂੰ ਲੜਾਈ ਲੜਨ ਵੇਲੇ ਆਪਣੇ ਸਾਹਮਣੇ ਰਖਣਾ ਯੁਧ-ਕਲਾ ਦਾ ਅੰਗ ਹੈ। ਤੇ ਇਸ ਕਲਾ ਵਿਚ ਨਿਪੁੰਨਤਾ ਹਾਸਲ ਕਰਨ ਵਾਸਤੇ ਬੇਸ਼ਕ ਬੜੇ ਅਭਿਆਸ ਤੇ ਸਿਖਲਾਈ ਦੀ ਲੋੜ ਹੈ।

ਪਰ ਹੋਰਨਾਂ ਕਲਾਂ ਵਾਂਗ ਯੁਧ-ਕਲਾ ਵੀ ਕਈ ਵਾਰ ਸਿਖਲਾਈ ਤੇ ਅਭਿਆਸ ਨੂੰ ਝੁਠਲਾ ਦੇਂਦੀ ਹੈ। ਇਸ ਕਲਾ ਵਿਚ ਵੀ ਕਿਤੇ-ਕਿਤੇ, ਕਦੀ-ਕਦੀ ਅਜਿਹੇ ਮਾਹਿਰ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨੇ ਕਿਤੋਂ ਕੁਝ ਸਿਖਿਆ ਨਹੀਂ ਹੁੰਦਾ ਤੇ ਨਾ ਹੀ ਜਿਨ੍ਹਾਂ ਨੂੰ ਕਿਸੇ ਅਭਿਆਸ ਦਾ ਅਵਸਰ ਮਿਲਿਆ ਹੁੰਦਾ ਹੈ। ਕਈ ਮਹਾਨ ਚਿਤ੍ਰਕਾਰਾਂ ਤੇ ਕਵੀਆਂ ਵਾਂਗ ਕਈ ਮਹਾਨ ਜਰਨੈਲ ਵੀ ਜਮਾਂਦਰੂ ਜਰਨੈਲ ਹੋਏ ਹਨ ਤੇ ਹੁੰਦੇ ਰਹਿਣਗੇ। ਨੈਪੋਲੀਅਨ ਦੀ ਯੁਧ-ਕਲਾ ਤੇ ਉਹਦੀ ਅਚੰਭਕ

Scanned by CamScanner

ਜੱਥੇਦਾਰੀ ਦੁਨੀਆਂ ਵਿਚ ਸਦਾ ਇਕ ਮਸ਼ਾਲ ਬਣ ਕੇ ਚਮਕਦੀ ਰਹੇਗੀ। ਤੂਲਾਨ ਦੀ ਲੜਾਈ ਵਿਚ ਪਹਿਲੇ ਪਹਿਲ ਜਿਵੇਂ ਨੈਪੋਲੀਅਨ ਬੋਨਾਪਾਰਟ ਨੇ ਆਪਣੀ ਯੁਧ-ਕਲਾ ਦਾ ਸਬੂਤ ਦਿਤਾ, ਉਹਨੂੰ ਵੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਇਹ ਨੇਤਾ ਅਜੇ ਕੱਲ੍ਹ ਦਾ ਬੱਚਾ ਹੈ, ਜਾਂ ਇਸ ਨੇਤੇ ਦੀ ਸਿਖਲਾਈ ਤੇ ਅਭਿਆਸ ਬੜੇ ਕੱਚੇ ਹਨ।

ਏਸੇ ਤਰ੍ਹਾਂ ਹੀ ਬੰਦਾ ਸਿੰਘ ਬਹਾਦਰ ਨੇ ਆਪਣੀ ਨਿਪੁੰਨਤਾ ਦਾ ਜਿਹੜਾ ਸਬੂਤ ਸਰਹਿੰਦ ਦੀ ਲੜਾਈ ਵਿਚ ਦਿਤਾ ਉਹਨੂੰ ਵੇਖ ਕੇ ਦੁਨੀਆਂ ਦਾ ਕੋਈ ਸਿਪਾਹੀ ਤੇ ਯੁਧ-ਕਲਾ ਦਾ ਸਿੱਖਾਣੂ ਇਹ ਨਹੀਂ ਕਹਿ ਸਕੇਗਾ ਕਿ ਬੰਦਾ ਸਿੰਘ ਬਹਾਦਰ ਉਸ ਦਿਨ ਤੋਂ ਥੋੜਾ ਸਮਾਂ ਪਹਿਲੇ ਸਿਰਫ਼ ਇਕ ਬੈਰਾਗੀ ਸੀ, ਕਿ ਉਸ ਦਿਨ ਤੋਂ ਪਹਿਲਾਂ ਉਹ ਕਿਸੇ ਜਾਨਦਾਰ ਚੀਜ਼ ਦਾ ਮਾਰਨਾ ਵੀ ਪਾਪ ਸਮਝਦਾ ਸੀ। ਬੰਦਾ ਸਿੰਘ ਦੀਆਂ ਲੜਾਈਆਂ ਦੀ ਸੰਜਮੀ ਤੇ ਸੋਧੀ ਹੋਈ ਤਕਨੀਕ ਚੰਗੇ ਸਿਖੇ ਤੇ ਸਾਧੇ ਹੋਏ ਜਰਨੈਲਾਂ ਵਾਂਗ ਸੀ।

ਬੰਦਾ ਬਹਾਦਰ ਜਿਹੇ ਜਰਨੈਲਾਂ ਨੂੰ ਵੇਖ ਕੇ ਹੀ ਆਦਮੀ ਕਹਿ ਸਕਦਾ ਹੈ ਕਿ ਕਈ ਜਰਨੈਲ ਜਮਾਂਦਰੂ ਹੀ ਜਰਨੈਲ ਹੁੰਦੇ ਹਨ ਤੇ ਕਈ ਸਿਪਾਹੀ ਵੀਹ ਵੀਹ ਸਾਲ ਦੀ ਨੌਕਰੀ ਪਿਛੋਂ ਵੀ ਜਰਨੈਲ ਨਹੀਂ ਬਣ ਸਕਦੇ।

ਇਹੋ ਕਾਰਨ ਸੀ ਸ਼ਾਇਦ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਆਪਣਾ ਜਾਂਨਸ਼ੀਨ ਨਦੇੜ ਵਰਗੀ ਦੂਰ-ਦਰਾਜ਼ ਜਗ੍ਹਾ ਵਿਚ ਇਕ ਨਵੇਂ ਸਜੇ ਸਿੰਘ ਨੂੰ ਚੁਣਿਆ। ਇਹੋ ਕਾਰਨ ਸੀ ਕਿ ਬਾਬਾ ਬਿਨੋਦ ਸਿੰਘ ਤੇ ਭਾਈ ਬਾਜ ਸਿੰਘ ਵਰਗੇ ਇਤਬਾਰੀ ਤੇ ਬਹਾਦਰ ਯੋਧਿਆਂ ਨੂੰ ਛੱਡ ਕੇ ਗੁਰੂ ਗੋਬਿੰਦ ਸਿੰਘ ਨੇ ਨਿਸਬਤਨ ਨੌਜਵਾਨ ਬੰਦੇ ਨੂੰ ਚੁਣਿਆ।

ਇਕ ਜਮਾਂਦਰੂ ਪ੍ਰਤਿਭਾ ਨੇ ਇਕ ਜਮਾਂਦਰੂ ਪ੍ਰਤਿਭਾ ਨੂੰ ਪਛਾਣ ਲਿਆ ਸੀ। ਇਕ ਜਮਾਂਦਰੂ ਸੂਝ ਨੇ ਇਕ ਜਮਾਂਦਰੂ ਸੂਝ ਵੇਖੀ ਤੇ ਬੰਦਾ ਬਹਾਦਰ ਇਕ ਬੈਰਾਗੀ ਤੋਂ ਸਿੰਘਾਂ ਦਾ ਜਰਨੈਲ ਬਣ ਗਿਆ। ਇਕ ਪੁੱਜੇ ਹੋਏ ਅਹਿੰਸਕ ਨੇ ਇਕ ਬਹਾਦਰ ਤੇ ਜੋਸ਼ੀਲੀ ਕੌਮ ਦੀ ਜੱਥੇਦਾਰੀ ਸੰਭਾਲੀ।

ਬੰਦਾ ਸਿੰਘ ਬਹਾਦਰ ਵਿਚ ਉਹ ਸਾਰੇ ਗੁਣ ਮੌਜੂਦ ਸਨ ਜਿਹੜੇ ਕਿ ਇਕ ਚੰਗੇ ਸਿਖੇ ਹੋਏ ਜਰਨੈਲ ਵਿਚ ਹੁੰਦੇ ਹਨ ਤੇ ਇਕ ਗੁਣ ਉਹਨਾਂ ਨਾਲੋਂ ਵਧੇਰੇ ਵੀ ਸੀ। ਉਹ ਸਿਹ, ਕਿ ਬੰਦਾ ਸਿੰਘ ਸਿਖਿਆ ਤੇ ਅਭਿਆਸਿਆ ਜਰਨੈਲ ਨਹੀਂ ਸੀ। ਇਹਨਾਂ ਲੰਮ-ਉਮਰੇ, ਸਿਖੇ ਅਭਿਆਸੇ ਸੈਨਾਪਤੀਆਂ ਵਿਚ ਇਕ ਤਰ੍ਹਾਂ ਦਾ ਕਟੜਪੁਣਾ ਪੈਦਾ ਹੋ ਜਾਂਦਾ ਹੈ ਜਿਹੜਾ ਅਣਸਿਖੀਆਂ ਪ੍ਰਤਿਭਾਵਾਂ ਵਿਚ ਨਹੀਂ ਹੁੰਦਾ। ਇਹ ਅਣਸਿਖੀਆਂ ਪ੍ਰਤਿਭਾਵਾਂ ਹੀ ਹਨ ਜਿਹੜੀਆਂ ਹਰ ਕਲਾ-ਖੇਤਰ ਵਿਚ ਉਹ ਅਸੂਲ ਤੇ ਨਿਯਮ ਰਚਦੀਆਂ ਹਨ ਤੇ ਉਹ ਸਿਖਰਾਂ ਛੋਂਹਦੀਆਂ ਹਨ ਕਿ ਜਿਨ੍ਹਾਂ ਤਕ ਜਗਿਆਸੂ ਪਿਛੋਂ ਸਿਖ ਸਿਖ ਕੇ ਤੇ ਅਭਿਆਸ ਕਰ ਕਰ ਕੇ ਵੀ ਨਹੀਂ ਅਪੜ ਸਕਦੇ।

ਅੱਜ ਬੰਦਾ ਸਿੰਘ ਬਹਾਦਰ ਦਾ ਮੁਕਾਬਲਾ ਇਕ ਹੰਢੇ ਹੋਏ ਤੇ ਸਿਖੇ ਹੋਏ ਸੈਨਾਂਪਤੀ ਵਜ਼ੀਰ ਖ਼ਾਨ ਨਾਲ ਸੀ। ਉਸ ਸੈਨਾਂਪਤੀ ਨਾਲ ਕਿ ਜਿਸ ਜ਼ਿੰਦਗੀ ਵਿਚ ਕੋਈ ਲੜਾਈ ਨਹੀਂ ਸੀ ਹਾਰੀ। ਅੱਜ ਬੰਦਾ ਸਿੰਘ ਦੀਆਂ ਛੇ ਤੋਪਾਂ ਦਾ ਮੁਕਾਬਲਾ ਵਜ਼ੀਰ ਖ਼ਾਨ ਦੀਆਂ ਪੰਜਾਹ ਤੋਪਾਂ ਨਾਲ ਸੀ। ਅੱਜ ਸਿਰਫ਼ ਛੇ ਸੱਤ ਹਜ਼ਾਰ ਘੋੜ-ਸਵਾਰ ਦਸ ਬਾਰਾਂ ਹਜ਼ਾਰ ਘੋੜ-ਸਵਾਰਾਂ ਦੇ ਸਨਮੁਖ ਡਟੇ ਸਨ। ਅੱਜ ਇਕ ਅਣਸਿਖਿਆ ਜੱਥਾ ਤੇ ਅਣਸਿਖਿਆ ਜਰਨੈਲ ਸਿਖੀ ਹੋਈ ਪੱਕੀ ਫ਼ੌਜ ਤੇ ਪੁਰਾਣੇ ਤੇ ਪਕੇ ਜਰਨੈਲ ਦੇ ਸਾਹਮਣੇ ਸੀ।

ਵਜ਼ੀਰ ਖ਼ਾਨ ਚੰਗੇਰੀ ਜ਼ਮੀਨ ਤੇ ਤੋਪਖ਼ਾਨੇ ਦੀ ਲੜਾਈ ਤਾਂ ਪਹਿਲੇ ਹੀ ਹਾਰ ਚੁਕਾ ਸੀ। ਆਪਣੇ ਮੋਰਚਿਆਂ ਦੇ ਸਾਹਮਣੇ ਉਸ ਇਕ ਉੱਚਾ ਜਿਹਾ ਟਿੱਬਾ ਖਾਲੀ ਰਹਿਣ ਦਿਤਾ ਸੀ ਜਿਹੜਾ ਕਿ ਹੁਣ ਬੰਦੇ ਦਾ ਸਦਰ ਸੀ ਤੇ ਉਹਦੇ ਤੋਪਖ਼ਾਨੇ ਦਾ ਕਾਫ਼ੀ ਬਾਰੂਦ ਰਾਤ ਪੈਣ ਤੋਂ ਪਹਿਲੇ ਹੀ ਮੁਕ ਚੁਕਾ ਸੀ।

ਹੁਣ ਬੰਦਾ ਸਿੰਘ ਨੇ ਇੱਕੀ ਮਈ ਦੀ ਰਾਤ ਵੀ ਦੁਸ਼ਮਨ ਨੂੰ ਜਿੱਚ ਕਰਨ ਦੀ ਸੋਚੀ। ਉਸ ਪੰਦਰਾਂ ਪੰਦਰਾਂ ਆਦਮੀਆਂ ਦੇ ਤਿੰਨ ਜੱਥੇ ਤਿਆਰ ਕੀਤੇ। ਇਹ ਜੱਥੇ ਵਾਰੋਵਾਰ ਤਿੰਨਾਂ ਤਿੰਨਾਂ ਘੰਟਿਆਂ ਪਿਛੋਂ ਦੁਸ਼ਮਨ ਉੱਤੇ ਕੱਚੇ ਹਮਲੇ ਕਰਨ ਵਾਸਤੇ ਸਨ। ਪਹਿਲੇ ਜੱਥੇ ਨੇ ਕੋਈ ਰਾਤ ਦੇ ਦੱਸ ਵਜੇ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਂਦਿਆਂ ਦੁਸ਼ਮਨ ਦੇ ਸੱਜੇ ਹੱਥ ਹਮਲਾ ਕੀਤਾ। ਮੁਗ਼ਲਾਂ ਨੇ ਸਮਝਿਆ ਕਿ ਸਿਖ ਆ ਪਏ। ਮਰਦੂਦ ਬੰਦੇ ਨੂੰ ਗਾਲ੍ਹਾਂ ਕਢਦੇ ਤੇ ਸਿਖਾਂ ਨੂੰ ਦੋਜ਼ਖ ਵਿਚ ਸੜਨ ਦੀਆਂ ਬਦ-ਅਸੀਸਾਂ ਦੇਂਦੇ ਮੁਸਲਮਾਨ ਉੱਠੇ, ਪਰ ਉਹਨਾਂ ਦੇ ਤਿਆਰ ਹੁੰਦਿਆਂ ਤਕ ਸਿਖ ਕੋਈ ਕਿਤੇ ਨਹੀਂ

Scanned by CamScanner

ਸੀ ਦਿਸਦਾ। ਆਪ ਵਜ਼ੀਰ ਖ਼ਾਨ ਹਾਥੀ ਉੱਤੇ ਆਪਣੀ ਸੈਨਾਂ ਦੀ ਸੱਜੀ ਬਾਹੀ ਤਕ ਆਇਆ ਪਰ ਸਿਖ ਫ਼ਰਾਰ ਹੋ ਚੁਕੇ ਸਨ।

ਦੋ ਤਿੰਨ ਘੰਟਿਆਂ ਤਕ ਜਦੋਂ ਸੈਨਾਂ ਵਿਚ ਸ਼ਾਂਤੀ ਵਰਤੀ ਤਾਂ ਇਕ ਨਵਾਂ ਹਮਲਾ ਮੁਗ਼ਲੀਹਾ ਸੈਨਾਂ ਦੀ ਖੱਬੀ ਬਾਹੀ ਵਲ ਸ਼ੁਰੂ ਹੋਇਆ। ਇਸ ਵਾਰੀ ਲਗਦਾ ਸੀ ਕਿ ਹਮਲਾ ਸੱਚੀ ਮੁੱਚੀ ਦਾ ਵੱਡਾ ਹੱਲਾ ਹੈ। ਕਿਉਂਕਿ ਐਤਕੀਂ ਬੰਦੇ ਦੇ ਹੁਕਮ ਅਨੁਸਾਰ ਸਮੁਚੀ ਸੈਨਾਂ ਦੇ ਬਹੁਤੇ ਭਾਗ ਨੇ ਵੀ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਛੱਡੇ। ਆਵਾਜ਼ ਐਨੀਂ ਉੱਚੀ ਗੂੰਜੀ ਕਿ ਦਸ ਮੀਲ ਦੂਰ ਸਰਹਿੰਦ ਤਕ ਵੀ ਜਾ ਪੁੱਜੀ। ਉਹਨਾਂ ਨੇ ਸਿੰਘਾ ਦੇ ਲਮਕਦੇ ਜੈਕਾਰੇ ਤੋਂ ਪਛਾਣਿਆ ਕਿ ਇਹ ਜ਼ਰੂਰ ਬੰਦੇ ਦੀ ਸੈਨਾਂ ਹੈ। ਉਹਨਾਂ ਦੇ ਦਿਲ ਕੰਬ ਗਏ। ਉਹਨਾਂ ਦੀ ਨੀਂਦ ਉਖੜ ਗਈ। ਉਹਨਾਂ ਦੇ ਬੱਚੇ ਰੋਣ ਲਗੇ। ਲੋਕ ਆਪੋ ਆਪਣੇ ਕੋਠਿਆਂ ਤੋਂ ਆਵਾਜ਼ਾਂ ਦੇ ਕੇ ਇਕ ਦੂਜੇ ਦਾ ਹਾਲ ਪੁਛਣ ਲਗੇ ਤੇ ਇਸ ਬੌਲ-ਬੁਲਾਰੇ ਵਿਚ ਉਹਨਾਂ ਆਪਣਾ ਡਰ ਲੁਕਾਣ ਦੀ ਕੋਸ਼ਿਸ਼ ਕੀਤੀ।

ਤੇ ਏਧਰ ਮੁਗ਼ਲਈ ਸੈਨਾਂ ਇਕ ਵਾਰ ਫਿਰ ਜਾਗ ਉੱਠੀ।

ਘੜੀ ਮੁੜੀ ਕੱਚੀ ਨੀਂਦਰੇ ਜਾਗਣਾ, ਨਾ ਸੋਣ ਨਾਲੋਂ ਵੀ ਭੈੜਾ ਹੁੰਦਾ ਹੈ ਉਹਨਾਂ ਦੀ ਅਜੇ ਅੱਖ ਲਗੀ ਹੀ ਸੀ ਕਿ ਹਾਲ-ਪਾਹਰਿਆ ਪੈ ਗਈ। ਪਰ ਅੰਤ ਨਤੀਜਾ ਓਹੀ 'ਢਾਕ ਕੇ ਤੀਨ ਪਾਤ'! ਸਿੰਘ ਵਗ਼ੈਰਾ ਕਾਈ ਨਾ। ਇਹ ਤਾਂ ਕੱਚਾ ਹੱਲਾ ਸੀ। ਸਿਰਫ਼ ਦੁਸ਼ਮਨ ਨੂੰ ਉਪਰਾਮ ਕਰਨ ਵਾਸਤੇ।

ਤੇ ਏਸੇ ਤਰ੍ਹਾਂ ਹੀ ਇੜ ਵਾਰ ਹੋਰ।

ਸਵੇਰ ਹੋਣ ਤਕ ਮੁਗ਼ਲਈ ਸੈਨਾਂ ਬੜੀ ਉਪਰਾਮ ਹੋ ਚੁਕੀ ਸੀ। ਉਹਨਾਂ ਵਿਚੋਂ ਬੜੇ ਥੋੜੇ ਆਦਮੀ ਰਾਤੀਂ ਪੂਰੀ ਨੀਂਦ ਸੁੱਤੇ ਸਨ ਤੇ ਸਰਦਾਰ ਤੇ ਜਰਨੈਲ ਤਾਂ ਬਿਲਕੁਲ ਹੀ ਨਹੀਂ। ਸਵੇਰ ਹੋਣ ਤਕ ਉਹਨਾਂ ਨੂੰ ਇਹ ਵੀ ਪਤਾ ਲਗਾ ਕਿ ਗ਼ਲਤੀ ਗ਼ਲਤੀ ਵਿਚ ਸਿਪਾਹੀਆਂ ਨੇ ਕਈ ਆਪਣੇ ਬੰਦੇ ਵੀ ਮਾਰ ਛਡੇ ਹਨ। ਘਾਬਰੇ ਹੋਏ ਚੰਦ ਮਲਵੱਈਆਂ ਨੇ ਕੁਝ ਤੋਪਾਂ ਵੀ ਚਲਾ ਛਡੀਆਂ। ਬੰਦੂਕਾਂ ਦਾ ਬਾਰੂਦ ਵੀ ਕਾਫ਼ੀ ਬਰਬਾਦ ਹੋ ਗਿਆ।

ਓਧਰ, ਸਿਖਾਂ ਦੀ ਬਹੁਤੀ ਸੈਨਾਂ ਸੁੱਤੀ ਰਹੀ ਸੀ। ਸਿਰਫ਼ ਇਕ ਵਾਰੀ ਹੀ ਬਹੁਤੇ ਆਦਮੀਆਂ ਨੇ ਉਠ ਕੇ ਜੈਕਾਰੇ ਛਡੇ ਸਨ ਪਰ ਉਹ ਵੀ ਫਿਰ ਘੂਕ ਸੌਂ ਗਏ। ਆਖ਼ਿਰ ਬੰਦੇ ਦੀ ਅਗਵਾਈ ਥਲੇ ਉਹ ਚੈਨ ਨਾਲ ਕਿਉਂ ਨਹੀਂ ਸਨ ਸੌਂ ਸਕਦੇ ?

੨੨ ਮਈ ੧੭੧੦ ਸਵੇਰੇ ਪਹੁ ਫੁਟਾਲੇ ਦੇ ਨਾਲ ਖ਼ਾਲਸਾ ਦਲ ਨੇ ਵੈਰੀ ਉੱਤੇ ਹੱਲਾ ਬੋਲਿਆ।

ਤੇ ਇਸ ਹੱਲੇ ਦੀ ਉਡੀਕ ਵਜ਼ੀਰ ਖ਼ਾਨ ਦੀ ਦੂਜੀ ਵਡੀ ਗ਼ਲਤੀ ਸੀ।

ਯੁਧ-ਕਲਾ ਦਾ ਇਕ ਨਿਯਮ ਹੈ ਕਿ ਜੇ ਹੋ ਸੱਕੇ ਤਾਂ ਸਦਾ ਚੜ੍ਹਾਈ-ਨੀਤੀ ਵਰਤੀ ਜਾਏ। ਖ਼ਾਸ ਕਰ ਕੇ ਜਦੋਂ ਕਿਸੇ ਸੈਨਾਂ ਕੋਲ ਗੋਲਾ ਬਾਰੂਦ, ਤੋਪਾਂ, ਘੋੜ ਅਸਵਾਰਾਂ ਤੇ ਸੈਨਾਂ ਦੀ ਬਹੁਤਾਤ ਹੋਵੇ ਤਾਂ ਕੋਈ ਵਜ੍ਹਾ ਨਹੀਂ ਕਿ ਉਹ ਸੈਨਾਂ ਚੜ੍ਹਾਈ-ਨੀਤੀ ਦੀ ਥਾਂ ਬਚਾਅ-ਨੀਤੀ ਵਰਤੇ।

ਬਚਾਅ-ਨੀਤੀ ਵਿਚ ਜੁੱਟੇ ਸਿਪਾਹੀਆਂ ਦਾ ਹੌਸਲਾ ਕਦੀ ਅਗਾਂਹ ਵਧੂ ਤੇ ਚੜ੍ਹਦੀਆਂ ਕਲਾਂ ਵਿਚ ਨਹੀਂ ਹੋ ਸਕਦਾ। ਆਪਣੇ ਪਿਛੇ ਉਹਨਾਂ ਨੂੰ ਮੌਤ ਜਾਂ ਹਾਰ ਖਲੋਤੀ ਉਡੀਕਦੀ ਦਿਸਦੀ ਹੈ। ਉਹ ਜਾਣਦੇ ਹਨ ਕਿ ਜੇ ਉਖੜੇ, ਤਾਂ ਗਏ। ਪਰ ਹਮਲਾ-ਆਵਰ ਕੋਲ ਇਕ ਤਾਂ ਜਿੱਤਣ ਦੀ ਆਸ਼ਾ ਹੁੰਦੀ ਹੈ ਤੇ ਦੂਜਾ ਉਹਨੂੰ ਇਹ ਵੀ ਖ਼ਿਆਲ ਹੁੰਦਾ ਹੈ ਕਿ ਜੇ ਹਮਲਾ ਨਾ-ਕਾਮਯਾਬ ਹੋਇਆ ਤਾਂ ਵੀ ਕੋਈ ਗੱਲ ਨਹੀਂ। ਹਮਲੇ ਵਿਚ ਹੋਈ ਅਸਫ਼ਲਤਾ ਹਾਰ ਨਹੀਂ ਹੁੰਦੀ। ਹਮਲਾ-ਆਵਰ ਕੋਲ ਹਮੇਸ਼ਾ ਇਕ ਰੰਗ ਦਾ ਪੱਤਾ ਫ਼ਾਲਤੂ ਹੁੰਦਾ ਹੈ।

ਏਸੇ ਕਰ ਕੇ ਹੀ ਚੜ੍ਹਾਈ-ਨੀਤੀ ਨੂੰ ਅਪਨਾਉਣ ਵਾਲਾ ਸੈਨਾਂਪਤੀ ਬਚਾਅ-ਨੀਤੀ ਨੂੰ ਅਪਨਾਉਣ ਵਾਲੇ ਸੈਨਾਪਤੀ ਨਾਲੋਂ ਹਰ ਹਾਲਤ ਵਿਚ ਚੰਗੇਰਾ ਹੋਵੇਗਾ। ਉਹਨੀ ਸਫ਼ਲਤਾ ਦੀ ਸੰਭਾਵਨਾ ਹਮੇਸ਼ਾ ਹੀ ਵਧੇਰੇ ਹੋਵੇਗੀ। ਬਚਾਅ-ਨੀਤੀ ਅਪਨਾਉਂਦਾ ਜਰਨੈਲ ਸਦਾ ਚੜ੍ਹਾਈ-ਨੀਤੀ ਵਾਲੇ ਜਰਨੈਲ ਦੇ ਵੱਸ ਵਿਚ ਹੁੰਦਾ ਹੈ, ਉਹ ਉਹਦੇ ਦਾਅਂ ਤੇ ਚਾਲਾਂ ਤੇ ਪੈ ਤੜਿਆਂ ਅਨੁਸਾਰ ਆਪਣੇ ਦਾਅ ਤੇ ਪੈਂਤੜੇ ਬਦਲਦਾ ਹੈ ਤੇ ਐਨ ਮੁਮਕਨ ਹੁੰਦ ਹੈ ਕਿ ਉਹ ਕਿਤੇ ਬਿੜਕ ਜਾਏ।

ਅੱਜ ਵਜ਼ੀਰ ਖ਼ਾਨ ਨੇ ਬਹੁਤੀ ਸੈਨਾਂ, ਬਹੁਤੀਆਂ ਤੋਪਾਂ ਤੇ ਬਹੁਤੇ ਘੋੜ-ਅਸਵਾਰਾਂ ਦੇ ਹੁੰਦੇ ਹੋਏ ਵੀ ਖ਼ਾਲਸਾ ਦਲ

Scanned by CamScanner

ਨੂੰ ਪਰਵੇਸ਼ਕ ਕਦਮ ਉਠਾਣ ਦਿਤਾ।

ਉਹ ਆਪਣੀਆਂ ਪੰਜਾਹ ਤੋਪਾਂ ਨਾਲ ਖ਼ਾਲਸੇ ਨੂੰ ਉਡੀਕ ਰਿਹਾ ਸੀ ਜਿਵੇਂ ਤੋਪਾਂ ਆਪਣੇ ਆਪ ਹੀ ਖ਼ਾਲਸਈ ਦਲ ਨੂੰ ਤਬਾਹ ਕਰ ਦੇਣਗੀਆਂ। ਉਹਨੇ ਆਪਣੇ ਸਾਹਮਣੇ ਹਾਥੀਆਂ ਦੀ ਕੰਧ ਖੜੀ ਕਰ ਲਈ। ਉਹਦੇ ਖ਼ਿਆਲ ਵਿਚ ਇਹ ਕੰਧ ਕਦੀ ਨਹੀਂ ਟੁੱਟੇਗੀ। ਬਜਾਏ ਏਸ ਦੇ ਕਿ ਉਹ ਤੋਪਾਂ ਤੇ ਹਾਥੀਆਂ ਦੀ ਸਹਾਇਤਾ ਨਾਲ ਬੰਦੇ ਉੱਤੇ ਹਮਲਾ ਕਰਦਾ ਤੇ ਉਹਨੂੰ ਦਬਾ ਲੈਂਦਾ — ਉਹ ਇਹਨਾਂ ਦੀ ਓਟ ਵਿਚ ਦਬ ਕੇ ਬੈਠ ਗਿਆ।

ਉਹਦੇ ਸਿਪਾਹੀਆਂ ਦੀ ਨਜ਼ਰ ਵੀ ਇਹਨਾਂ ਤੋਪਾਂ ਤੇ ਇਹਨਾਂ ਹਾਥੀਆਂ ਦੀ ਓਟ ਉੱਤੇ ਸੀ। ਉਹਨਾਂ ਨੂੰ ਅੰਨਾ ਆਪਣੇ ਆਪ ਉੱਤੇ ਭਰੋਸਾ ਨਹੀਂ ਸੀ ਜਿੰਨਾ ਇਹਨਾਂ ਤੋਪਾਂ ਤੇ ਹਾਥੀਆਂ ਉੱਤੇ, ਜਿਹੜੇ ਉਹਨਾਂ ਦੇ ਸਾਹਮਣੇ ਕੰਧ ਬਣ ਕੇ ਖਲੋਤੇ ਸਨ। ਜਦੋਂ ਆਸਰਾ ਟੁੱਟ ਜਾਵੇ ਤਾਂ ਦਿਲ ਬੈਠ ਜਾਂਦਾ ਹੈ। ਏਸੇ ਤਰ੍ਹਾਂ ਹੀ ਜਦੋਂ ਇਹ ਕੰਧ ਭਿਗ ਗਈ ਤਾਂ ਮੁਗ਼ਲਈ ਸੈਨਾਂ ਦਾ ਦਿਲ ਬੈਠ ਜਾਣਾ ਸੀ — ਇਸ ਗੱਲ ਦੀ ਵਜ਼ੀਰ ਖ਼ਾਨ ਨੂੰ ਸੋਝੀ ਨਾ ਹੋਈ।

ਜਦੋਂ ਕਿਸੇ ਸੱਪ ਦੀ ਮੌਤ ਆਉਂਦੀ ਹੈ ਤਾਂ ਉਹ ਖੁੱਡ ਵਿਚੋਂ ਬਾਹਰ ਨਿਕਲ ਆਉਂਦਾ ਹੈ ਪਰ ਜਦੋਂ ਕਿਸੇ ਸੈਨਾਪਤੀ ਦੀ ਮੌਤ ਆਉਂਦੀ ਹੈ ਤਾਂ ਉਹ ਆਪਣੀ ਸੈਨਾ ਨਾਲ ਇਕ ਖੁੱਡ ਵਿਚ ਵੜ ਜਾਂਦਾ ਹੈ।

ਅੱਜ ਵਜ਼ੀਰ ਖ਼ਾਨ ਦੀ ਮੌਤ ਆ ਗਈ ਸੀ। ਉਸ ਬਚਾਅ-ਨੀਤੀ ਨੂੰ ਅਪਣਾਇਆ ਸੀ। ਉਸ ਆਪਣੇ ਤੇ ਆਪਣੀ ਸੈਨਾ ਸਾਹਵੇਂ ਤੋਪਾਂ ਤੇ ਹਾਥੀਆਂ ਦੀ ਕੰਧ ਉਸਾਰ ਲਈ ਸੀ ਤੇ ਉਸ ਸਮਝਿਆ ਸੀ ਕਿ ਇਸ ਦਾਇਰੇ, ਇਸ ਖੁੱਡ, ਵਿਚ ਉਹ ਸੁਰੱਖਿਅਤ ਹੈ। ਪਰ ਉਹ ਨਹੀਂ ਸੀ ਜਾਣਦਾ ਕਿ ਇਹ ਉਹਦੀ ਮੌਤ ਸੀ।

੭

੨੨ ਮਈ ੧੭੧੦, — ਪਹੁ ਫੁਟਾਲੇ ਦਾ ਸਮਾਂ ਹੈ।

ਬੰਦਾ ਸਿੰਘ ਬਹਾਦਰ ਆਪਣੀ ਜਰਨੈਲੀ ਪੋਸ਼ਾਕ ਪਹਿਣੀ ਇਕ ਉਚੇਚੇ ਬਣੇ ਬੜੇ ਉੱਤੇ ਬੈਠਾ ਹੈ। ਖੱਬੇ ਮੋਢੇ ਲਾਲ ਪਿੜੀਆ ਵਾਲੀ ਕਮਾਨ ਹੈ। ਪਿੱਠ ਉੱਤੇ ਤੀਰਾਂ ਦਾ ਭੱਥਾ। ਗੁਰੂ ਗੋਬਿੰਦ ਸਿੰਘ ਦੇ ਬਖਸ਼ੇ ਪੰਜਾਂ ਤੀਰਾਂ ਵਿਚੋਂ ਬਾਕੀ ਬਚੇ ਚਾਰ ਤੀਰ ਇਕ ਵਖਰੇ ਭੱਥੇ ਵਿਚ ਹਨ। ਖੱਬੀ ਵੱਖੀ ਨਾਲ ਚਾਟ ਫੁੱਟੀ ਕਿਰਪਾਨ ਲਟਕ ਰਹੀ ਹੈ। ਬੰਦਾ ਸਿੰਘ ਦੀਆਂ ਅੱਖਾਂ ਵਿਚੋਂ ਨੂਰ ਛੁਲ੍ਹਦਾ ਹੈ ਤੇ ਉਹਦੇ ਬੁਲ੍ਹਾਂ ਉਤੇ ਇਕ ਪਤਲੀ ਜਿਹੀ ਮੁਸਕਾਨ ਹੈ।

ਉਹਦੇ ਆਲੇ ਦੁਆਲੇ ਖੜੇ ਹਨ ਸਰਦਾਰ ਬਾਜ ਸਿੰਘ, ਸਰਦਾਰ ਬਿਨੈਦ ਸਿੰਘ, ਸਰਦਾਰ ਫ਼ਤਹ ਸਿੰਘ, ਸਰਦਾਰ ਕਰਮ ਸਿੰਘ, ਸਰਦਾਰ ਕਾਹਨ ਸਿੰਘ, ਸਰਦਾਰ ਅਜੀਤ ਸਿੰਘ, ਸਰਦਾਰ ਸ਼ਾਹਬਾਜ਼ ਸਿੰਘ ਤੇ ਕੁਝ ਇਕ ਹੋਰ ਸਰਦਾਰ ਤੇ ਸਿਪਾਹੀ। ਇਹਨਾਂ ਸਰਦਾਰਾਂ ਦੇ ਅਰਦਲੀ ਇਹਨਾਂ ਦੇ ਘੋੜੇ ਲੈ ਕੇ ਵੀਹ ਕੁ ਗਜ਼ ਦੂਰ ਖਲੋਤੇ ਹਨ।

ਬੰਦਾ ਸਿੰਘ ਬਹਾਦਰ ਆਪਣੇ ਸਭ ਸਰਦਾਰਾਂ ਨੂੰ ਜੰਗ ਬਾਰੇ ਆਖਰੀ ਹਿਦਾਇਤਾਂ ਦੇ ਕੇ ਹਟਿਆ ਹੀ ਹੈ। ਉਸ ਉਹਨਾਂ ਨੂੰ ਦਸਿਆ ਹੈ ਕਿ ਤੋਪਖਾਨਾ ਕਿਥੋਂ ਤੇ ਕਿਵੇਂ ਮਦਦ ਦੇਵੇਗਾ। ਦੁਸ਼ਮਨ ਦੀਆਂ ਤੋਪਾਂ ਉੱਤੇ ਕਬਜ਼ਾ ਕਰਨ ਪਿਛੋਂ ਕੀ ਕਰਨਾ ਹੈ। ਜਦੋਂ ਹਾਥੀ ਸਰ ਹੋ ਜਾਣ ਤਾਂ ਕੀ ਹੋਵੇਗਾ। ਕਿਵੇਂ ਸਮੇਂ ਸਮੇਂ ਦੀ ਖਬਰ ਬੰਦੇ ਤਕ ਪਹੁੰਚਦੀ ਰਹਿਣੀ ਚਾਹੀਦੀ ਹੈ।

ਬੰਦਾ ਸਿੰਘ ਨੇ ਆਪਣੇ ਹੁਕਮ ਸੁਣਾ ਕੇ ਸਭ ਤੋਂ ਪੁਛਿਆ;

"ਕੋਈ ਸਵਾਲ ? ਕੋਈ ਸ਼ਕ।"

'ਨਹੀਂ, ਕਿਸੇ ਨੂੰ ਕੋਈ ਸ਼ਕ ਨਹੀਂ।'

Scanned by CamScanner

ਫਿਰ ਬੰਦਾ ਸਿੰਘ ਨੇ ਹਰ ਇਕ ਸਰਦਾਰ ਦਾ ਨਾਂ ਲੈ ਲੈ ਕੇ ਇਹੋ ਸਵਾਲ ਕੀਤਾ। ਪਰ ਸਭ ਦਾ ਉੱਤਰ ਸੀ ਕਿ ਕੋਈ ਝੱਕ ਨਹੀਂ।

"ਸਰਦਾਰ ਬਾਹਬਾਜ਼ ਸਿੰਘ! ਤੁਹਾਨੂੰ ਕੋਈ ਸ਼ਕ ਤਾਂ ਨਹੀਂ?" ਬੰਦਾ ਸਿੰਘ ਨੇ ਪੁਛਿਆ।

"ਨਹੀਂ ਜੀ।"

ਸਰਦਾਰ ਬਾਹਬਾਜ਼ ਸਿੰਘ — ਸਿੰਘ ਸੈਨਾ ਦਾ ਸਭ ਤੋਂ ਕਮ-ਉਮਰ ਸਰਦਾਰ! ਬੰਦੇ ਨੇ ਬਾਹਬਾਜ਼ ਨੂੰ ਆਪਣੇ ਤੋਪਖਾਨੇ ਦਾ ਸਰਦਾਰ ਨਿਯਤ ਕੀਤਾ ਸੀ। ਬੰਦੇ ਦਾ ਤੋਪਖਾਨਾ — ਖ਼ਾਲਸਾ ਸੈਨਾ ਦਾ ਤੋਪਖਾਨਾ। ਉਸ ਤੋਪਖਾਨੇ ਵਿਚ ਓਦੋਂ ਸਿਰਫ਼ ਛੇ ਤੋਪਾਂ ਸਨ। ਭਾਵੇਂ ਤੋਪਖਾਨਾ ਛੋਟਾ ਸੀ ਪਰ ਉਹਨਾ ਦਾ ਕੋਈ ਸਰਦਾਰ ਵੀ ਤਾਂ ਜ਼ਰੂਰੀ ਹੀ ਸੀ। ਬੰਦੇ ਨੇ ਇਹ ਤੋਪਾਂ ਵਖਰੇ ਵਖਰੇ ਸਰਦਾਰਾਂ ਥੱਲੇ ਨਹੀਂ ਸੀ ਵੰਡੀਆਂ ਤੇ ਇਹਨਾਂ ਦੀ ਕਮਾਨ ਇਕ-ਮੁਠ ਰਖੀ ਸੀ। ਬੰਦਾ ਆਪਣੀ ਜਮਾਂਦਰੂ ਸੈਨਕ ਸੂਝ ਨਾਲ ਆਪਣੇ ਨਿਕੇ ਜਿਹੇ ਤੋਪਖਾਨੇ ਦੀ ਵਡੀ ਕੀਮਤ ਸਮਝਦਾ ਸੀ।

ਤੇ ਬਾਹਬਾਜ਼ ਸਿੰਘ ਨੂੰ ਤੋਪਖਾਨੇ ਦਾ ਸਰਦਾਰ ਨਿਯਤ ਕੀਤਾ ਗਿਆ। ਬੰਦਾ ਸਿੰਘ ਗੁਣਾਂ ਤੇ ਗੁਣਵਾਨਾਂ ਦਾ ਕਦਰਦਾਨ ਸੀ। ਉਹਨੂੰ ਜਿਥੇ ਵੀ ਗੁਣ ਮਿਲਦਾ ਉਹ ਓਥੇ ਹੀ ਆਪਣਾ ਇਤਬਾਰ ਰਖਦਾ। ਉਹਦੇ ਆਪਣੇ ਕੋਲ ਕੀ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਉਹਨੂੰ ਚੁਣਿਆ? ਗੁਣ। ਅਜ ਬਾਹਬਾਜ਼ ਕੋਲ ਕੀ ਸੀ ਕਿ ਬੰਦੇ ਨੇ ਉਹਨੂੰ ਚੁਣਿਆ? ਗੁਣ।

ਅੱਜ ਤਕ ਬਾਹਬਾਜ਼ ਨੂੰ ਸਾਰੇ ਸਰਦਾਰ ਤੇ ਸਾਥੀ ਸਿਰਫ਼ ਬਾਹਬਾਜ਼ ਕਹਿ ਕੇ ਸਦਦੇ ਆਏ ਸਨ। 'ਤੂੰ' ਆਖ ਕੇ ਬੁਲਾਂਦੇ ਸਨ। ਪਰ ਅਜ ਬੰਦੇ ਨੇ ਬਾਹਬਾਜ਼ ਨੂੰ ਸਰਦਾਰ ਬਾਹਬਾਜ਼ ਸਿੰਘ ਆਖ ਕੇ ਸਭ ਨੂੰ ਹੈਰਾਨ ਕਰ ਦਿਤਾ।

"ਵੇਖਣਾ! ਤੋਪਖਾਨਾ ਕਿਤੇ ਪਿਛੇ ਨਾ ਰਹਿ ਜਾਏ।"

"ਗੁਰੂ ਮਹਾਰਾਜ ਦਾ ਹੱਥ ਮੇਰੀ ਕੰਡ ਉਤੇ ਹੈ! ਤੁਸੀਂ ਵੇਖੰਗੇ ਬਾਬਾ ਜੀ।" ਬਾਹਬਾਜ਼ ਨੇ ਸਨਿਮਰ ਕਿਹਾ।

ਤੇ ਫਿਰ...ਤੇ ਫਿਰ ਬੰਦਾ ਸਿੰਘ ਬਹਾਦਰ ਨੇ ਜੰਗ ਦੀ ਆਗਿਆ ਦਿਤੀ। ਉਹ ਆਪਣੀ ਥਾਂ ਤੋਂ ਉਠਿਆ ਤੇ ਉਸ ਕਿਹਾ:

"ਖ਼ਾਲਸਾ ਜੀ! ਚਾਲੇ ਪਾਏ ਜਾਣ।"

ਸਰਦਾਰ ਬਾਜ ਸਿੰਘ ਨੇ "ਬੋਲੇ ਸੋ ਨਿਹਾਲ" ਦਾ ਜੈਕਾਰਾ ਛਡਿਆ ਤੇ ਸਾਰੇ ਸਰਦਾਰ ਆਪੋ ਆਪਣੇ ਘੋੜਿਆਂ ਮੋਹਰੇ ਜਾ ਹੋਏ।

"ਬੋਲੇ ਸੋ ਨਿਹਾਲ" ਤੇ "ਸਤਿ ਸ੍ਰੀ ਅਕਾਲ" ਸਾਰੇ ਸਿਖ ਦਲ ਵਿਚ ਗੂੰਜ ਗਿਆ ਤੇ ਖ਼ਾਲਸਈ ਸੈਨਾਂ ਨੇ ਚਾਲੇ ਪਾ ਦਿਤੇ।

ਖੱਬੇ ਹੱਥ ਮਲਵਈ, ਸੱਜੇ ਹੱਥ ਮਝੈਲ, ਵਿਚਕਾਰ ਬਾਬਾ ਕਾਹਨ ਸਿੰਘ ਤੇ ਖ਼ਾਲਸਈ ਤੋਪਖ਼ਾਨਾ।

ਓਧਰੋਂ ਮੁਗ਼ਲਈ ਸੈਨਾਂ ਨੇ ਆਪਣੀਆਂ ਤੋਪਾਂ ਬੀੜੀਆਂ, ਪਲੀਤੇ ਭਰੇ ਠਾਹ-ਠਾਹ ਸ਼ੁਰੂ ਕੀਤੀ। ਪਰ ਅੱਜ ਤੋਪਾਂ ਦੀ ਗੋਲਾਬਾਰੀ ਦੀ ਤੇਜ਼ੀ ਜ਼ਰਾ ਘੱਟ ਸੀ। ਮੁਗ਼ਲਈ ਤੋਪਾਂ ਖ਼ਾਲਸਈ ਸੈਨਾ ਉੱਤੇ ਵਾਰ ਕਰ ਰਹੀਆਂ ਸਨ।

ਏਧਰੋਂ ਖ਼ਾਲਸਈ ਤੋਪਾਂ ਦੇ ਗੋਲੇ ਚੁਣ ਚੁਣ ਕੇ ਮੁਗ਼ਲਈ ਤੋਪਾਂ ਨੂੰ ਲੈ ਰਹੇ ਸਨ। ਇਹੋ ਬੰਦੇ ਦੀ ਆਗਿਆ ਸੀ, ਬੰਦੇ ਦਾ ਵੰਗ। ਉਸ ਸੋਚਿਆ ਸੀ ਕਿ ਮੁਗ਼ਲਈ ਸੈਨਾਂ ਨੂੰ ਤਾਂ ਖ਼ਾਲਸਈ ਸੈਨਾਂ ਮਾਰ ਲਵੇਗੀ ਪਰ ਸਿਪਾਹੀਆਂ ਵਾਸਤੇ ਤੋਪਾਂ ਦਾ ਮਾਰਨਾਂ ਆਸਾਨ ਨਹੀਂ ਹੁੰਦਾ। ਤੋਪਾਂ ਨੂੰ ਮਾਰਨ ਵਾਸਤੇ ਤੋਪਾਂ ਜ਼ਰੂਰੀ ਹੁੰਦੀਆਂ ਹਨ। ਬਾਹਬਾਜ਼ ਸਿੰਘ ਦੀ ਕਮਾਨ ਥੱਲੇ ਬੁੰਦੇਲਖੰਡੀਆਂ ਦੇ ਤਾਕ ਤਾਕ ਕੇ ਮਾਰੇ ਨਿਸ਼ਾਨੇ ਮੁਗ਼ਲਈ ਤੋਪਾਂ ਨੂੰ ਨਾਕਾਰਾ ਕਰ ਰਹੇ ਸਨ ਪਰ ਫਿਰ ਵੀ ਮੁਗ਼ਲ ਤੋਪਚੀਆਂ ਨੂੰ ਖਿਆਲ ਨਾ ਆਇਆ ਕਿ ਪਹਿਲੇ ਸਿੱਖੀ ਤੋਪਾਂ ਦਾ ਕੰਡਾ ਕਢ ਕੇ ਸਿਖੀ ਦੱਲ ਉਤੇ ਗੋਲੇ ਸੁਟਣ।

ਖ਼ਾਲਸੇ ਦਾ ਤੋਪਖ਼ਾਨਾ ਹੌਲਾ ਸੀ। ਤਿੰਨ ਤੋਪਾਂ ਇਕ ਵਾਰ ਗੋਲੇ ਚਲਾਂਦੀਆਂ ਸਨ ਤੇ ਤਿੰਨ ਤੋਪਾਂ ਬਾਕੀ ਦੀ ਸੈਨਾਂ ਦੇ ਨਾਲ ਨਾਲ ਅਗੇ ਵਧਦੀਆਂ ਜਾਂਦੀਆਂ ਸਨ।

ਬੰਦਾ ਸਿੰਘ ਬਹਾਦਰ ਆਪਣੇ ਸਦਰ ਤੇ ਖਲੋਤਾ ਆਪਣੇ ਖਿਡੋਣੇ ਸਮ ਤੋਪਖ਼ਾਨੇ ਦੇ ਕਾਰਨਾਮੇ ਵੇਖ ਕੇ ਮੁਸਕਰਾ ਰਿਹਾ ਸੀ ਤੇ ਆਪਣੇ ਮਨ ਹੀ ਮਨ ਵਿਚ ਕਹਿ ਰਿਹਾ ਸੀ;

"ਬਾਹਬਾਜ਼ ਸਿੰਘ! ਮੈਂ ਜਾਣਦਾ ਸਾਂ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਮਿਹਰ ਨਾਲ ਇਹ ਜਵਾਨ ਖੱਰਾ

Scanned by CamScanner

ਹੈ ਨਿੱਤਰੇਗਾ ।"

ਜਦੋਂ ਖ਼ਾਲਸਾ ਬਹੁਤ ਥੋੜਾ ਰਹਿ ਗਿਆ ਤਾਂ ਬਾਜ ਸਿੰਘ ਨੇ ਆਪਣਾ ਘੋੜਾ ਅਗੇ ਵਧਾਇਆ ਤੇ ਆਖਿਆ:

"ਖ਼ਾਲਸਾ ਜੀ ! ਤੋਪਾਂ ਤੇ ਹਾਥੀ ਮਾਰ ਲਓ !"

ਇਕ-ਦੰਮ ਸਾਰਾ ਸਿਖੀ ਦਲ ਤੋਪਾਂ ਉੱਤੇ ਟੁੱਟ ਪਿਆ । ਮੁਸਲਮਾਨ ਤੋਪਚੀ ਕੁਝ ਮਾਰੇ ਗਏ ਕੁਝ ਨੱਸ ਗਏ ।

ਤੇ ਹੁਣ ਖ਼ਾਲਸੇ ਦੇ ਸਾਹਮਣੇ ਸਨ ਹਾਥੀਆਂ ਦੀਆਂ ਪਾਲਾਂ । ਦੋ ਸੌ ਹਾਥੀ ਤੇ ਉਸ ਦੇ ਪਿਛੇ ਸੀ ਮੁਗ਼ਲਈ ਸੈਨਾਂ ।

ਤੋਪਾਂ ਨੂੰ ਮਾਰ ਕੇ ਖ਼ਾਲਸਾ ਰੁਕਿਆ । ਤੋਪਖ਼ਾਨਾ ਅਗੇ ਆਇਆ ਤੇ ਤੋਪਾਂ ਨੇ ਦਾਗ਼ਾ ਦਾਗ਼ ਕੇ ਹਾਥੀਆਂ ਨੂੰ ਮਾਰਿਆ । ਤੀਰਾਂ ਦੀ ਵੀ ਬੌਛਾੜ ਹੋਈ ਤੇ ਹਾਥੀ ਪਾਸਾ ਪਰਤਨ ਲਗੇ । ਬੇਸ਼ਕ ਕਈ ਮਹਾਵਤ ਤੇ ਲੜਾਕੇ ਆਪਣੇ ਹਾਥੀਆਂ ਨਾਲ ਸਿਖ ਸਿਪਾਹੀਆਂ ਨੂੰ ਲਿੜਾਤ ਰਹੇ ਸਨ ਪਰ ਅੱਧੇ ਕੁ ਹਾਥੀ ਅਗੇ ਵਧਣ ਤੋਂ ਝਿਜਕਦੇ ਸਨ । ਇਹਨਾਂ ਹਾਥੀਆਂ ਤੇ ਮਹਾਵਤਾਂ ਦੀ ਸਿਖਲਾਈ ਵਿਚ ਨਿਰਸੰਦੇਹ ਕੁਝ ਘਾਟਾਂ ਸਨ ।

ਪਰ ਦੁਸ਼ਮਣਾਂ ਨੇ ਆਪਣੇ ਹਾਥੀ ਆਪਣੀਆਂ ਤੋਪਾਂ ਵਾਂਗ ਨਾ ਮਰਨ ਦਿਤੇ । ਵਜ਼ੀਰ ਖ਼ਾਨ ਦੀ ਆਗਿਆ ਨਾਲ ਘੋੜ ਸਵਾਰ ਤੇ ਪਿਆਦੇ ਅਗੇ ਵਧੇ ਤੇ ਸਿੱਖਾਂ ਨਾਲ ਜੁੱਟ ਪਏ ।

ਹੁਣ ਤਕ ਸੂਰਜ ਕਾਫ਼ੀ ਚੜ੍ਹ ਆਇਆ ਸੀ ਤੇ ਗਰਮੀ ਵਧ ਰਹੀ ਸੀ ।

ਲੜਾਈ ਵੀ ਸਖਤ ਹੋ ਗਈ ।

ਦੋ ਘੰਟੇ ਖੰਡੇ ਨਾਲ ਖੰਡਾ ਠਹਿਕਦਾ ਰਿਹਾ । ਨੇਜ਼ੇ ਘੋੜਿਆਂ ਦੀਆਂ ਵੱਖੀਆਂ ਵਿਚ ਖੁਭਦੇ । ਘੋੜੇ ਵੀ ਡਿਗਦੇ ਤੇ ਸਵਾਰ ਵੀ ਡਿਗਦੇ । ਘੋੜੇ ਵੀ ਮਰਦੇ ਤੇ ਸਵਾਰ ਵੀ ਮਰਦੇ । ਰਣ-ਭੂਮੀ ਵਿਚੋਂ ਹਾਏ ਹਾਏ ਦੀ ਪੁਕਾਰ ਉਠ ਰਹੀ ਸੀ । ਕੋਈ ਜੰਗ ਤੇ ਆਪਣੇ ਆਲੇਦੁਆਲੇ ਤੋਂ ਬੇਸੁਧ ਹੋਇਆ ਪਾਣੀ, ਪਾਣੀ, ਕੁਰਲਾ ਰਿਹਾ ਸੀ । ਉਸ ਵੇਲੇ ਚਾਹੇ ਕਾਫ਼ਰ ਸਿਖ ਚਾਹੇ ਕਾਫ਼ਰ ਮੁਸਲਮਾਨ ਉਹਨਾਂ ਨੂੰ ਪਾਣੀ ਦਾ ਇਕ ਘੁਟ ਵੀ ਦੇਂਦਾ ਤਾਂ ਸਿਖ ਜਾਂ ਮੁਸਲਮਾਨ ਦੋਵੇਂ ਸ਼ੁਕਰ ਸ਼ੁਕਰ ਆਖਦੇ ਕਬੂਲ ਕਰ ਲੈਂਦੇ ।

ਹੁਣ ਘੋੜਿਆਂ ਦੇ ਸੁੰਮ ਨੌਜਵਾਨਾਂ ਦੀਆਂ ਲੱਥਾਂ ਉਤੇ ਪੈ ਰਹੇ ਸਨ । ਕੱਚੇ ਮਾਸ ਵਿਚੋਂ ਕਰਿਚ ਕਰਿਚ ਦੀ ਆਵਾਜ਼ ਉੱਠਦੀ । ਘੋੜਿਆਂ ਦੇ ਪੈਰਾਂ ਨੂੰ ਇਹਨਾਂ ਲੱਥਾਂ ਨਾਲ ਠੇਡੇ ਲਗਦੇ । ਜਦੋਂ ਕੋਈ ਘੋੜਾ ਬੇਸਵਾਰ ਹੋ ਜਾਂਦਾ ਤਾਂ ਕੋਈ ਹੋਰ ਪਿਆਦਾ ਜਾਂ ਕੋਈ ਹੋਰ ਸਵਾਰ ਜਿਦ੍ਹਾ ਆਪਣਾ ਘੋੜਾ ਮਰ ਜਾਂ ਜਖ਼ਮੀ ਹੋ ਚੁਕਾ ਹੁੰਦਾ, ਉਹਨੂੰ ਫੜ ਲੈਂਦਾ ਤੇ ਫਿਰ ਸ਼ਾਇਦ ਉਸ ਘੋੜੇ ਦੇ ਸੁੰਮ ਉਹਦੇ ਆਪਣੇ ਹੀ ਪੁਰਾਣੇ ਸਵਾਰ ਦੀ ਲੱਥ ਉਤੇ ਜਾ ਚੜ੍ਹਦੇ ।

ਤਲਵਾਰਾਂ ਲਹੂ ਨਾਲ ਰੰਗੀਆਂ ਜਾ ਚੁਕੀਆਂ ਸਨ । ਅੱਡੇ ਅੱਡੇ ਲੰਮੇ ਨੇਜ਼ੇ ਸਾਰੇ ਦੇ ਸਾਰੇ ਕਿਸੇ ਦੇ ਸਰੀਰ ਵਿਚ ਖੁਭ ਜਾਂਦੇ ਤੇ ਲਹੂ ਦੇ ਫੁਹਾਰੇ ਫੁਟ ਉਠਦੇ । ਆਲੇਦੁਆਲੇ ਲਤਦੇ ਸਿਪਾਹੀ ਲਹੂ ਨਾਲ ਲਥ-ਪਥ ਹੋ ਜਾਂਦੇ । ਕਿਤੇ ਕਿਤੇ ਇਕ ਇਕ ਮੁਸਲਮਾਨ ਪਿਛੇ ਪੰਜ ਪੰਜ ਸਿਖ ਪਏ ਸਨ ਤੇ ਕਿਤੇ ਕਿਤੇ ਇਕ ਇਕ ਸਿਖ ਪਿਛੇ ਦਸ ਦਸ ਮੁਸਲਮਾਨ ਜੁੱਟੇ ਹੋਏ ਸਨ । ਕਿਤੇ ਕਿਤੇ ਕੋਈ ਸਿਖ ਤੇ ਗ਼ਾਜ਼ੀ ਵਖਰੇ ਹੋ ਕੇ ਇਕ ਦੂਜੇ ਨੂੰ ਆਪਣੇ ਪਲੱਥੇਬਾਜ਼ੀ ਦੇ ਹੱਥ ਵਿਖਾ ਰਹੇ ਸਨ ।

ਇਥੇ ਕਿਤੇ ਮੁਸਲਮਾਨ ਭੋਇੰ ਉੱਤੇ ਡਿਗਦਾ ਆਖਦਾ, 'ਯਾ ਅੱਲਾ' ਉਥੇ ਕਿਤੇ ਕੋਈ ਸਿਖ ਕਾਰੀ ਸੱਟ ਖਾ ਕੇ ਪੁਕਾਰਦਾ, "'ਵਾਹਿਗੁਰੂ" !

ਸਿਖਾਂ ਤੇ ਮੁਸਲਮਾਨਾਂ ਦੀਆਂ ਲੱਥਾਂ ਇਸ ਤਰ੍ਹਾਂ ਗਲਵਕੜੀਆਂ ਪਾ ਕੇ ਮਿਲ ਰਹੀਆਂ ਸਨ ਜਿਵੇਂ ਇਹਨਾਂ ਦੋਹਾਂ ਵਿਚ ਕਦੀ ਕੋਈ ਮਤਿਭੇਦ ਨਾ ਹੋਈ ਹੋਵੇ । ਜਿਹੜੇ ਜ਼ਿੰਦਗੀ ਵਿਚ ਸਦਾ ਵਿਛੜੇ ਰਹੇ ਸਨ ਉਹ ਮੌਤ ਵਿਚ ਇਕੱਠੇ ਹੋ ਗਏ । ਜ਼ਿਦਗੀ ਵਿਚ ਵਖੇਵੇਂ ਤੇ ਵਿਤਕਰੇ ਹੁੰਦੇ ਹਨ ਪਰ ਮੌਤ ਵਿਚ ਨਹੀਂ । ਮੌਤ ਦਾ ਕੋਈ ਮਜ਼ਹਬ ਨਹੀਂ । ਮੌਤ ਸਰਬ ਸਾਂਝੀ ਹੈ । ਜ਼ਿੰਦਗੀ ਵੰਡੀਆਂ ਪਾਂਦੀ ਹੈ । ਮੌਤ ਵੰਡੀਆਂ ਮੇਲਦੀ ਹੈ ।

ਦੁਪਹਿਰ ਹੋਣ ਨੂੰ ਆਈ ।

ਮੁਸਲਮਾਨੀ ਕਮਾਨ ਨੂੰ ਪਤਾ ਲਗ ਗਿਆ ਕਿ ਸਿਖਾਂ ਦਾ ਸਭ ਤੋਂ ਕਮਜ਼ੋਰ ਹਿੱਸਾ ਉਹਨਾਂ ਦਾ ਮੱਧ ਹੈ ਉਹਨਾਂ ਨੂੰ ਪਤਾ ਲਗ ਗਿਆ ਕਿ ਇਸ ਹਿੱਸੇ ਦੀ ਸੈਨਾ ਵਿਚ ਬਹੁਤੇ ਧਾੜਵੀ ਹਨ । ਸੋ ਵਜ਼ੀਰ ਖ਼ਾਨ ਦੇ ਹੁਕਮ ਅਨੁਸਾਰ ਇਕ ਵਾਰਗੀ ਇਸ ਭਾਗ ਉੱਤੇ ਹੱਲਾ ਬੋਲਿਆ ਗਿਆ ।

Scanned by CamScanner

ਜਦੋਂ ਤੋਂ ਇਹਨਾਂ ਧਾੜਵੀਆਂ ਨੇ ਬੰਦੇ ਸਿੰਘ ਨਾਲ ਸਾਂਝ ਪਾਈ ਸੀ, ਉਸ ਤੋਂ ਪਿਛੋਂ ਅੱਜ ਪਹਿਲਾ ਮੌਕਾ ਸੀ ਕਿ ਪੈਰ-ਜੋਮ ਲੜਾਈ ਹੋਈ। ਤੇ ਇਹ ਪਹਿਲਾ ਹੀ ਸਮਾਂ ਸੀ ਕਿ ਇਹਨਾਂ ਖ਼ਾਨਦਾਨੀ ਤੇ ਪੇਸ਼ਾ-ਵਰ ਧਾੜਵੀਆਂ ਨੂੰ ਜਾਨ ਹੂਲ ਕੇ ਲੜਨਾ ਪਿਆ। ਜਦੋਂ ਮੁਸਲਮਾਨਾਂ ਦਾ ਇਕ-ਵਾਰਗੀ ਹੱਲਾ ਹੋਇਆ ਤਾਂ ਕੁਦਰਤੀ ਹੀ ਇਸ ਦਲ ਵਿਚ ਬਹੁਤੀ ਕਟ ਵਢ ਹੋਈ।

ਇਹ ਕਟ ਵਢ ਧਾੜਵੀ ਸਹਿ ਨਾ ਸਕੇ। ਇਹ ਉਹਨਾਂ ਦੀ ਫ਼ਿਤਰਤ ਦੇ ਅਨੁਕੂਲ ਨਹੀਂ ਸੀ। ਇਕ ਨੇ ਦੂਜੇ ਵਲ ਤਕਿਆ, ਦੂਜੇ ਨੇ ਪਹਿਲੇ ਵਲ, ਤੇ ਇਸ ਤਰ੍ਹਾਂ ਇਹ ਭੇਤ ਭਰੀਆਂ ਨਜ਼ਰਾਂ ਝਟਾ ਪਟ ਸਾਰੇ ਦਲ ਨੂੰ ਆਪਣੇ ਦਿਲਾਂ ਦੀਆਂ ਗੱਲਾਂ ਕਹਿ ਗਈਆਂ, ਤੇ ਫਿਰ...ਇਹ ਦਲ ਪਿਛੇ ਹਟਣ ਲਗਾ ਤੇ ਹੁਣੇ ਹੀ ਇੱਕੇ ਦੁੱਕੇ ਸਵਾਰ ਤੇ ਪਿਆਦੇ ਨਿਖੜਨ ਲਗੇ ਤੇ ਅੰਤ ਸਾਰਾ ਦਲ ਨੱਸ ਉਠਿਆ।

"ਅਲਾਹ ਹੂ ਅਕਬਰ" ਤੇ "ਨਾਅਰਾ-ਏ-ਤਕਬੀਰ" ਦੀ ਆਵਾਜ਼ ਮੁਗ਼ਲਈ ਸੈਨਾਂ ਵਿਚੋਂ ਗੂੰਜੀ। ਵਜ਼ੀਰ ਖ਼ਾਨ ਮੁਸਕਰਾਇਆ, ਵੱਡਾ ਵਜ਼ੀਰ ਅਬਦੁਲ ਰਹਿਮਾਨ ਮੁਸਕਰਾਇਆ। ਸਮੁੰਦ ਖ਼ਾਨ, ਵਜ਼ੀਰ ਖ਼ਾਂ ਦਾ ਲੜਕਾ ਮੁਸਕਰਾਇਆ। ਸਿਖਾਂ ਦੇ ਮੱਧ ਉੱਤੇ ਹੋਏ ਹੱਲੇ ਦਾ ਸਰਦਾਰ ਸ਼ਮੁੰਦ ਖ਼ਾਨ ਹੀ ਤਾਂ ਸੀ।

ਪਲੋ ਪਲੀ ਇਹ ਖ਼ਬਰ ਸਾਰੀ ਸੈਨਾਂ ਵਿਚ ਖਿਲਰ ਗਈ।

"ਸਿਖੜੇ ਭੱਜਣ ਲਗੇ ਹਨ," ਇਕ ਨੇ ਆਖਿਆ।

"ਇਹਨਾਂ ਕਾਫ਼ਰਾਂ ਵਿਚੋਂ ਕਿਸੇ ਨੂੰ ਜੀਉਂਦਾ ਨਹੀਂ ਛਡਣਾ," ਦੂਜੇ ਨੇ ਕਿਹਾ।

"ਇਹਨਾਂ ਦੇ ਮੂੰਹ ਵਿਚ ਗਊ ਦਾ ਗੋਬਰ ਪਾਣਾ ਹੈ ਤੇ ਇਹਨਾਂ ਨੂੰ ਗਊ ਦੀ ਚਮੜੀ ਵਿਚ ਮੜ੍ਹਨਾ ਹੈ। ਇਹਨਾਂ ਕਾਫ਼ਰਾਂ ਨਾਲ ਉਹ ਬਾਬ ਕਰਾਂਗੇ ਕਿ ਪੀਹੜੀਆਂ ਦਰ ਪੀਹੜੀਆਂ ਯਾਦ ਰਖਣਗੇ," ਤੀਜੇ ਨੇ ਕਿਹਾ।

ਤੇ ਮੁਸਲਮਾਨ ਸੈਨਾਂ ਹੋਰ ਵੀ ਤੇਜ਼ੀ ਨਾਲ ਲੜਨ ਲਗੀ। ਉਹਨਾਂ ਨੂੰ ਲਗਾ ਕਿ ਸਾਰੀ ਸਿਖ ਸੈਨਾ ਦੀ ਭਾਂਜ ਸਿਰਫ਼ ਦਸਾਂ ਵੀਹਾਂ ਮਿੰਟਾਂ ਦੀ ਹੀ ਗੱਲ ਹੈ।

ਪਰ ਦਸਾਂ ਵੀਹਾਂ ਮਿੰਟਾਂ ਵਿਚ ਹੀ ਮੋਰਚਾ ਥੰਮ ਗਿਆ ਤੇ ਪਾਸੇ ਫਿਰ ਇਕ-ਸਾਵੇਂ ਹੋ ਗਏ।

ਬੰਦਾ ਸਿੰਘ ਬਹਾਦਰ ਤੋਂ ਇਹਨਾਂ ਧਾੜਵੀਆਂ ਦੀ ਭਾਂਜ ਗੁੱਝੀ ਨਹੀਂ ਸੀ ਰਹੀ। ਬਾਬਾ ਕਾਹਨ ਸਿੰਘ ਨੇ ਹਲਕਾਰਾ ਭੇਜਿਆ ਸੀ ਤੇ ਆਪ ਬੰਦਾ ਵੀ ਆਪਣੀ ਉੱਚੀ ਥਾਂ ਤੋਂ ਇਹ ਭਾਂਜ ਵੇਖ ਸਕਦਾ ਸੀ। ਕੁਝ ਭਗੌੜੇ ਤਾਂ ਬਿਲਕੁਲ ਉਹਦੇ ਟਿੱਬੇ ਦੇ ਨੇੜਿਓਂ ਲੰਘੇ ਸਨ।

ਸਰਦਾਰ ਅਜੀਤ ਸਿੰਘ ਸੰਕਟ-ਸੈਨਾ ਦਾ ਜੱਥੇਦਾਰ ਸੀ। ਉਸ ਨੇ ਆਖਿਆ ਵੀ:

"ਜੇ ਹਜ਼ੂਰ ਦਾ ਹੁਕਮ ਹੋਵੇ ਤਾਂ ਸੰਕਟ-ਸੈਨਾ ਦੇ ਕੁਝ ਬੰਦਿਆਂ ਨਾਲ ਇਹਨਾਂ ਭਗੌੜਿਆਂ ਦਾ ਪਿਛਾ ਕਰੀਏ, ਤਾਂ ਕਿ ਇਨ੍ਹਾਂ ਵਿਚੋਂ ਇਕ ਵੀ ਬਚ ਕੇ ਨਾ ਜਾਏ।"

"ਨਹੀਂ ਖ਼ਾਲਸਾ ਜੀ," ਬੰਦੇ ਨੇ ਆਖਿਆ,

ਥੋੜੇ ਮਿੰਟਾਂ ਪਿਛੋਂ ਕੁਝ ਭਗੌੜੇ ਬਿਲਕੁਲ ਬੰਦੇ ਦੇ ਸਦਰ ਕੋਲੋਂ ਲੰਘੇ।

ਅਜੀਤ ਸਿੰਘ ਨੇ ਇਕ ਵਾਰ ਫਿਰ ਪੁਛਿਆ:

"ਹੁਕਮ ਦਿਓ, ਹਜ਼ੂਰ ਕਿ ਇਹਨਾਂ ਨੂੰ ਫੜ ਲਵਾਂ। ਇਹਨਾਂ ਨੇ ਸਾਡੇ ਨਾਲ ਬੜਾ ਧ੍ਰੋਹ ਕੀਤਾ ਹੈ।"

"ਨਹੀਂ, ਸਰਦਾਰ ਅਜੀਤ ਸਿੰਘ! ਇਹ ਸਾਡੇ ਸਾਥੀ ਰਹੇ ਹਨ ਤੇ ਇਹ ਜ਼ਰੂਰ ਸਾਡੇ ਸਾਥੀ ਆ ਬਣਨਗੇ। ਸਰਹਿਦ ਦੀ ਜਿੱਤ ਪਿਛੋਂ ਇਹਨਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਵੇਗਾ, ਤੇ ਦੂਸਰਾ ਮੈਨੂੰ ਤੁਹਾਡੀ ਲੋੜ ਹੈ। ਮੇਰੇ ਕੋਲ ਏਸ ਵੇਲੇ ਇਕ ਵੀ ਆਦਮੀ ਫ਼ਾਲਤੂ ਕੰਮਾਂ ਵਾਸਤੇ ਹਾਜ਼ਿਰ ਨਹੀਂ।"

ਤੇ ਬੰਦਾ ਸਿੰਘ ਬਹਾਦਰ ਉਠ ਖਲੋਤਾ। ਇਕ ਵਾਰ ਫਿਰ ਮੈਦਾਨੇ-ਜੰਗ ਵਲ ਨਜ਼ਰ ਮਾਰ ਕੇ ਉਸ ਕਿਹਾ:

"ਸਰਦਾਰ ਅਜੀਤ ਸਿੰਘ! ਅੱਧੀ ਸੰਕਟ-ਸੈਨਾਂ ਆਪਣੀ ਕਮਾਨ ਥੱਲੇ ਲੈ ਕੇ ਬਾਬਾ ਕਾਹਨ ਸਿੰਘ ਦੀ ਮਦਦ ਲਈ ਉਹਨਾਂ ਕੋਲ ਜਾ ਪਹੁੰਚੋ।"

"ਜੋ ਹੁਕਮ!"

Scanned by CamScanner

"ਹਾਂ, ਤੇ ਸਰਦਾਰ ਦੱਲ ਸਿੰਘ ਵਾਲਾ ਅੱਧ ਖੜਨਾ।"

"ਜੀ ਬਾਬਾ ਜੀ..."

ਤੇ ਦਸਾਂ ਵੀਹਾਂ ਮਿੰਟਾਂ ਦੇ ਅੰਦਰ ਅੰਦਰ ਅਜੀਤ ਸਿੰਘ ਸੰਕਟ-ਸੈਨਾ ਨਾਲ ਬਾਬਾ ਕਾਹਨ ਸਿੰਘ ਦੀ ਮਦਦ ਲਈ ਪਹੁੰਚ ਗਿਆ। ਸੰਕਟ-ਸੈਨਾ ਦੇ ਸਾਰੇ ਸਿਪਾਹੀ ਘੋੜ-ਸਵਾਰ ਸਨ : ਕੁਲ ਦੋ ਤਿੰਨ ਹਜ਼ਾਰ ਧਾੜਵੀ ਨੱਸੇ ਜਾ ਮਾਰੇ ਗਏ ਹੋਣਗੇ, ਜਿਨ੍ਹਾਂ ਵਿਚੋਂ ਬਹੁਤੇ ਪਿਆਦਾ ਸਿਪਾਹੀ ਸਨ। ਇਹਨਾਂ ਦੀ ਥਾਂ ਇਕ ਡੇਢ ਹਜ਼ਾਰ ਘੋੜ-ਅਸਵਾਰ ਦੁਸ਼ਮਣ ਦੀ ਸੈਨਾ ਉੱਤੇ ਆ ਟੁਟਿਆ।

ਪਲੜਾ ਆਪੇ ਹੀ ਸਾਵਾਂ ਹੋਣਾ ਸੀ। ਇਹ ਜਵਾਨ ਤਾਜ਼ਾ-ਦੰਮ ਸਨ। ਇਹ ਸਭ ਘੋੜ-ਅਸਵਾਰ ਸਨ। ਇਹ ਸਭ ਰੋਹ ਤੇ ਗੁੱਸੇ ਨਾਲ ਰੱਤੇ ਹੋਏ ਸਨ। ਇਹਨਾਂ ਮੁਸਲਮਾਨਾਂ ਨੂੰ ਘੜੀ ਦੀ ਘੜੀ ਲਈ ਜਿੱਤਦਿਆਂ ਵੇਖ ਤੇ ਕਾਣ ਖਾਧੀ ਸੀ। ਸੋ ਸਹਿਜੇ ਹੀ ਇਹਨਾਂ ਦੀਆਂ ਤਲਵਾਰਾਂ ਵਿਚ ਤੇਜ਼ੀ ਵਧੇਰੇ ਸੀ। ਇਹਨਾਂ ਦੇ ਨੇਜ਼ਿਆਂ ਦੀਆਂ ਨੋਕਾਂ ਨੂੰ ਅਜੇ ਖ਼ੂਨ ਨਹੀਂ ਸੀ ਛੋਹਿਆ।

ਇਹ ਆਏ ਤੇ ਪਲੜਾ ਫਿਰ ਸਾਵਾਂ ਹੋ ਗਿਆ।

ਪਰ ਅਜੇ ਬਹੁਤਾ ਚਿਰ ਨਹੀਂ ਸੀ ਬੀਤਿਆ ਕਿ ਬੰਦਾ ਸਿੰਘ ਨੇ ਕੁਝ ਹੋਰ ਸਵਾਰ ਆਪਣੀ ਸੈਨਾ ਵਿਚੋਂ ਖਿੰਡਰਦੇ ਵੇਖੇ। ਕੋਈ ਖੱਬੀ ਬਾਹੀ ਵਲੋਂ ਨਸਦਾ ਜਾ ਰਿਹਾ ਸੀ ਤੇ ਕੋਈ ਸੱਜੀ ਬਾਹੀ ਵਲੋਂ। ਉਹ ਹੈਰਾਨ ਹੀ ਹੋ ਰਿਹਾ ਸੀ ਕਿ ਉਹਨੂੰ ਇਤਲਾਹ ਪਹੁੰਚ ਗਈ ਕਿ ਗੰਡਾ ਮਲ ਨਾਲ ਆਏ ਇਕ ਹਜ਼ਾਰ ਸਵਾਰ ਭਗੌੜੇ ਹੋ ਰਹੇ ਹਨ। ਇਹ ਖਬਰ ਸੁਣ ਕੇ ਬੰਦਾ ਸਿੰਘ ਮੁਸਕਰਾਇਆ ਤੇ ਉਸ ਆਖਿਆ :

"ਮੈਂ ਪਹਿਲੇ ਹੀ ਜਾਣਦਾ ਸੀ।"

ਰਹਿੰਦੀ ਸੰਕਟ-ਸੈਨਾ ਦੇ ਜੱਥੇਦਾਰ ਸਰਦਾਰ ਇੰਦਰ ਸਿੰਘ ਨੇ ਸਰਦਾਰ ਅਜੀਤ ਸਿੰਘ ਵਰਗਾ ਹੀ ਸਵਾਲ ਕੀਤਾ ਪਰ ਬੰਦਾ ਸਿੰਘ ਨੇ ਵੀ ਪਹਿਲੇ ਵਰਗਾ ਹੀ ਉੱਤਰ ਦਿੱਤਾ।

ਗੰਡਾ ਮਲ ਤੇ ਉਹਦੇ ਸਿਪਾਹੀ ਭਗੌੜੇ ਹੋਏ ਤਾਂ ਇਕ ਵਾਰ ਫਿਰ ਮੁਸਲਮਾਨਾਂ ਦੇ ਦਿਲ ਉਛਲੇ। ਉਹਨਾਂ ਦੀਆਂ ਵਾਛਾਂ ਖਿੜ ਗਈਆਂ। ਇਹ ਭਗੌੜੇ, ਸਿਖ ਸੈਨਾ ਦੀ ਆਉਣ ਵਾਲੀ ਆਮ ਭਾਜੜ ਦੇ ਸੂਚਕ ਸਨ। ਕਿਸੇ ਨੇ ਆ ਕੇ ਵਜ਼ੀਰ ਖ਼ਾਨ ਨੂੰ ਦਸਿਆ:

"ਹਿੰਦੂਆਂ ਨੇ ਆਪਣਾ ਇਕਰਾਰ ਪੂਰਾ ਕੀਤਾ ਹੈ ਜਹਾਂਪਨਾਹ !"

"ਆਖ਼ਰ ਗੰਡਾ ਮਲ ਬਾਹਮਣ ਬਚੜਾ ਹੈ," ਵਜ਼ੀਰ ਖ਼ਾਨ ਠੱਠਾ ਮਾਰ ਕੇ ਹੱਸਿਆ, "ਹੁਣ ਬੰਦੇ ਮਰਦੂਦ ਦੀ ਕਮਕ ਵੇਖਾਂ ਕੀ ਸਹਾਇਤਾ ਕਰਦੀ ਹੈ।"

ਤੇ ਉਸ ਅਬਦੁਲ ਰਹਿਮਾਨ ਨੂੰ ਕਿਹਾ:

"ਵਜ਼ੀਰ ਸਾਹਿਬ ! ਰਹਿੰਦੀ ਖੂੰਹਦੀ ਸਭ ਫ਼ੌਜ ਅੱਗ ਵਿਚ ਸੁਟ ਦਿਓ। ਅੱਜ ਜਿੱਤ ਇਨਸ਼ਾ-ਅਲਾ ਸਾਡੀ ਹੋਵੇਗੀ।"

ਇਹ ਕਹਿੰਦਿਆਂ ਕਹਿੰਦਿਆਂ ਵਜ਼ੀਰ ਖ਼ਾਨ ਨੇ ਆਪਣੇ ਮਹਾਵਤ ਨੂੰ ਤਲਵਾਰ ਦੀ ਨੋਕ ਚਭੋਈ;

"ਚਲ ਮਹਾਵਤ ! ਅੱਗੇ ਕਰ ਚੜਾ ਹਾਥੀ। ਮੈਂ ਵੀ ਅੱਜ ਫਿਰ ਸਿਖਾਂ ਦੇ ਖ਼ੂਨ ਨਾਲ ਆਪਣੀ ਸ਼ਮਸ਼ੀਰ ਤੇ ਆਪਣੀ ਰੂਹ ਪਾਕ ਕਰ ਲਵਾਂ, ਗੁਨਾਹ ਧੋ ਲਵਾਂ।"

ਅੱਧਾ ਘੰਟਾ ਹੋਰ ਬੀਤ ਗਿਆ। ਸੂਰਜ ਢਲਣ ਲਗਾ। ਮੁਸਲਮਾਨ ਸਿਪਾਹੀਆਂ ਦੇ ਤਾਲੂ ਅਸਲੋਂ ਖੁਸ਼ਕ ਹੋ ਗਏ। ਹਰ ਇਕ ਨੂੰ ਅੰਤਾਂ ਦੀ ਭੁਖ ਲਗੀ। ਉਹਨਾਂ ਦੀਆਂ ਬਾਹਾਂ ਥਕ ਗਈਆਂ। ਉਹ ਅੱਧੇ-ਮੋਏ ਜਿਹੇ ਹੋਏ ਲਗਦੇ, ਪਰ ਫਿਰ ਵੀ ਆਮ ਸਿਖ ਸੈਨਾ ਦੇ ਪੈਰ ਨਹੀਂ ਸਨ ਉਖੜੇ।

"ਜਹਾਂਪਨਾਹ ! ਜੇ ਲੜਾਈ ਘੰਟਾ ਦੋ ਘੰਟੇ ਹੋਰ ਤੱਗੀ ਤਾਂ ਸਾਡੀ ਸੈਨਾ ਭੱਜ ਉਠੇਗੀ," ਅਬਦੁਲ ਰਹਿਮਾਨ ਨੇ ਵਜ਼ੀਰ ਖ਼ਾਨ ਨੂੰ ਆ ਕੇ ਅਰਜ਼ ਕੀਤੀ।

"ਅਬਦੁਲ ਰਹਿਮਾਨ !" ਵਜ਼ੀਰ ਖ਼ਾਨ ਨੇ ਤਾੜਨਾ ਭਰੇ ਸਵਰ ਵਿਚ ਕਿਹਾ,

Scanned by CamScanner

"ਮੈਂ ਸੱਚ ਕਹਿ ਰਿਹਾ ਹਾਂ ਜਹਾਂਪਨਾਹ !"

'ਅਬਦੁਲ ਰਹਿਮਾਨ ! ਤੂੰ ਵੀ ਇਸ ਤਰ੍ਹਾਂ ਆਖਦਾ ਹੈਂ ?"

"ਜਹਾਂਪਨਾਹ, ਮੈਂ ਸਿਰਫ ਇਕ ਸਚਾਈ ਦਸ ਰਿਹਾ ਹਾਂ। ਸਾਡੀ ਸੈਨਾਂ ਆਖ਼ਰੀ ਦਮਾਂ ਉੱਤੇ ਹੈ। ਸਾਡੇ ਸਿਪਾਹੀ ਅੱਠ ਆਰਾਮ ਦੀ ਜ਼ਿੰਦਗੀ ਕਟਦੇ ਨਿਰਬਲ ਹੋ ਗਏ ਹਨ। ਉਹਨਾਂ ਕੋਲੋਂ ਇਹ ਗਰਮੀ ਸਹਿਣ ਨਹੀਂ ਹੋ ਰਹੀ। ਤੇ..."

"ਤੇ ਸਿਖਾਂ ਦੀ ਕੀ ਹਾਲਤ ਹੈ ?"

"ਉਹ ਵੀ ਥੱਕੇ ਤਾਂ ਜ਼ਰੂਰ ਹਨ, ਪਰ ਉਹਨਾਂ ਨੂੰ ਜਿਵੇਂ ਜਿੰਨ ਚੜ੍ਹੇ ਹੋਏ ਹੋਣ। ਉਹਨਾਂ ਦੀ ਖੱਬੀ ਤੇ ਸੱਜੀ ਬਾਹੀ ਸਾਡੀ ਸੈਨਾਂ ਨੂੰ ਲਪੇਟਦੀ ਸਾਡੀ ਮਧ ਵਲ ਵਧਦੀ ਆ ਰਹੀ ਹੈ।"

"...ਇਕ ਵਾਰ ਫਿਰ ਹਮਲਾ ਕਰੋ। ਇਨਸ਼ਾ-ਅੱਲਾ ਫ਼ਤਹਿ ਹੋਵੇਗੀ।"

ਤੇ ਵਜ਼ੀਰ ਖ਼ਾਨ ਨੇ ਆਪ ਨਾਅਰਾ ਬੁਲੰਦ ਕੀਤਾ:

"ਅਲਾਹ-ਹੂ-ਅਕਬਰ...।"

ਉਹਦੇ ਨਿਕਟ ਵਰਤੀ ਤੇ ਉਹਦੀ ਸਾਰੀ ਸੈਨਾਂ ਬੋਲ ਉਠੀ, "ਨਾਅਰਾ-ਇ-ਤਕਬੀਰ।"

ਤੇ ਉਧਰ ਸਰਦਾਰ ਬਾਜ ਸਿੰਘ ਆਪ ਬੰਦੇ ਦੀ ਹਜ਼ੂਰੀ ਵਿਚ ਪਹੁੰਚਿਆ ਖੜੋਤਾ ਸੀ;

"ਬਿਨਾਂ ਪਾਣੀ ਤੇ ਬਿਨਾਂ ਰੋਟੀ ਸੈਨਾਂ ਨੂੰ ਲੜਦਿਆਂ ਅਠ ਘੰਟੇ ਬੀਤ ਚੁਕੇ ਹਨ। ਜੇ ਹੁਕਮ ਹੋਵੇ ਤਾਂ..."

"ਤਾਂ ਲੜਾਈ ਹੁਣ ਖ਼ਤਮ ਕਰ ਦੇਈਏ...?" ਬੰਦਾ ਸਿੰਘ ਮੁਸਕਰਾਇਆ।

"ਜੀ ! ਲੜਾਈ ਕੱਲ੍ਹ ਤਕ ਖ਼ਤਮ ਕਰ ਦੇਈਏ। ਮੈਨੂੰ ਵਿਸ਼ਵਾਸ਼ ਹੈ ਕਿ ਸ਼ਤਰੂ ਵੀ ਇਸੇ ਗੱਲ ਦੀ ਉਡੀਕ ਵਿਚ ਹੈ। ਸਿਰਫ ਪਹਿਲ ਕਰਨ ਦੀ ਵਿਲ ਹੈ।"

"ਤੇ ਅਸੀਂ ਪਹਿਲ ਨਹੀਂ ਕਰਾਂਗੇ ਖ਼ਾਲਸਾ ਜੀ ! ਨਾ ਹੀ ਉਹਨਾਂ ਨੂੰ ਕੋਈ ਇਹੋ ਜਿਹੀ ਪਹਿਲ ਕਰਨ ਦੇਵਾਂਗੇ। ਲੜਾਈ ਵਿਚ ਜਿੱਤ ਉਸੇ ਧਿਰ ਦੀ ਹੁੰਦੀ ਹੈ ਜਿਹੜੀ ਆਪਣੇ ਸ਼ਤਰੂ ਨਾਲੋਂ ਬਸ ਪੰਜ ਸੱਤ ਮਿੰਟ ਵਧੇਰੇ ਤੱਗ ਸਕੇ।"

"ਲੜਾਈ ਵਿਚ ਜਿੱਤ ਉਸੇ ਧਿਰ ਦੀ ਹੁੰਦੀ ਹੈ ਜਿਹੜੀ ਆਪਣੇ ਸ਼ਤਰੂ ਨਾਲੋਂ ਬਸ ਪੰਜ ਸੱਤ ਮਿੰਟ ਵਧੇਰੇ ਤੱਗ ਸਕੇ।" ਬੰਦਾ ਸਿੰਘ ਨੇ ਯੁਧ-ਕਲਾ ਦੀ ਇਕ ਸਚਾਈ ਬੜੇ ਸਰਲ ਸੁਭਾ ਕਹਿ ਦਿਤੀ ਸੀ। ਬੇਸ਼ਕ ਲੜਾਈ ਵਿਚ ਜਿੱਤ ਉਸੇ ਦੀ ਹੁੰਦੀ ਹੈ ਜਿਹੜਾ ਬਸ ਥੋੜੀ ਦੇਰ ਹੀ ਫ਼ਾਲਤੂ ਤੱਗ ਸਕਦਾ ਹੋਵੇ। ਜਿਸ ਵੇਲੇ ਸੈਨਾਵਾਂ ਥੱਕ ਟੁੱਟ ਚੁਕੀਆਂ ਹੋਣ, ਉਸ ਵੇਲੇ ਮਣ ਤੇ ਸੇਰ ਕੰਮ ਨਹੀਂ ਆਉਂਦੇ। ਉਸ ਵੇਲੇ ਮਾਸੇ ਤੇ ਰੱਤੀਆਂ ਲੜਾਈਆਂ ਜਿਤਦੀਆਂ ਹਨ। ਜਿਦ੍ਹੇ ਵਿਚ ਰੱਤੀ ਭਰ ਸਾਹਸ ਵਧੇਰੇ ਹੋਇਆ, ਜਿਹੜਾ ਰੱਤੀ ਭਰ ਵਧ ਜ਼ਹਿਮਤ ਸਹਾਰ ਸਕਿਆ, ਜਿਹੜਾ ਰੱਤੀ ਭਰ ਵਧ ਅੜਿਆ ਰਿਹਾ, ਉਹੋ ਜਿਤਿਆ।

ਦੁਨੀਆਂ ਦੇ ਯੁਧ-ਇਤਿਹਾਸ ਵਿਚ ਇਹੋ ਜਿਹੀਆਂ ਅਨੇਕ ਮਿਸਾਲਾਂ ਮਿਲਣਗੀਆਂ ਜਦੋਂ ਫ਼ੌਜ ਸਿਰਫ ਇਸ ਰੱਤੀ ਭਰ ਸਾਹਸ ਦੀ ਥੁੜ ਕਰ ਕੇ ਹਾਰ ਗਈ। ਇਸ ਰੱਤੀ ਭਰ ਜਿਗਰੇ ਦੀ ਘਾਟ ਕਰ ਕੇ ਲੜਾਈ ਅਗਲੇ ਦਿਨ ਤਕ ਮੁਲਤਵੀ ਕਰ ਦਿਤੀ ਗਈ ਤੇ ਅਗਲੇ ਦਿਨ...ਅਗਲੇ ਦਿਨ ਰੰਗ ਹੋਰ ਸਨ, ਢੰਗ ਹੋਰ।

ਬੰਦਾ ਸਿੰਘ ਨੂੰ ਇਸ ਸਚਾਈ ਦੀ ਸੋਝੀ ਸੀ। ਉਸ ਨੇ ਤਲਵਾਰ ਦੇ ਦਸਤੇ ਨੂੰ ਆਪਣੇ ਹੱਥ ਵਿਚ ਫੜਦਿਆਂ ਹੋਇਆਂ ਕਿਹਾ;

"ਖ਼ਾਲਸਾ ਜੀ ! ਇਹੋ ਸਮਾਂ ਜਿੱਤ ਤੇ ਵਿਜੈ ਦਾ ਹੈ। ਸਰਦਾਰ ਇੰਦਰ ਸਿੰਘ ! ਰਹਿੰਦੀ ਸੈਕਟ ਸੈਨਾਂ ਨਾਲ ਮੇਰੇ ਨਾਲ ਆਓ।"

ਤੇ ਫਿਰ ਉਸ ਬਾਜ ਸਿੰਘ ਵਲ ਨਜ਼ਰਾਂ ਭਰ ਕੇ ਤਕਿਆ;

"ਮੈਂ ਦੋਹਾਂ ਸੈਨਾਵਾਂ ਦੀ ਅਸਥਿਤੀ ਜਾਣਦਾ ਹਾਂ ਖ਼ਾਲਸਾ ਜੀ ! ਤੁਸੀਂ ਆਪਣੇ ਜੱਥੇ ਵਲ ਚਲੋ।"

ਬੰਦਾ ਸਿੰਘ ਬਹਾਦਰ ਨੇ ਘੋੜੇ ਉੱਤੇ ਪਲਾਕੀ ਮਾਰੀ। ਉਸ ਆਪਣੇ ਜੂੱਸੇ ਨੂੰ ਖੋਲ੍ਹਣ ਵਾਸਤੇ ਵਾਰੋ-ਵਾਰ ਦੋਹਾਂ ਹੱਥਾਂ ਨਾਲ ਤਲਵਾਰ ਨੂੰ ਆਪਣੇ ਸਿਰ ਦੁਆਲੇ ਘੁਮਾਇਆ। ਗੁਰੂ ਕਲਗ਼ੀਆਂ ਵਾਲੇ ਦੇ ਬਖਸ਼ੇ ਹੋਏ ਤੀਰਾਂ ਦੇ ਭੱਥੇ ਨੂੰ

Scanned by CamScanner

ਛੱਡਿਆ। ਤੇ ਉਹਦਾ ਘੋੜਾ ਪੈਲਾਂ ਪਾਂਦਾ ਮੈਦਾਨੇ-ਜੰਗ ਵਲ ਟੁਰ ਪਿਆ — ਉਹਦੇ ਪਿੱਛੇ ਸਨ ਡੇਢ ਹਜ਼ਾਰ ਘੋੜ ਸਵਾਰ...

ਰਣ-ਭੂੰਮੀ ਦੇ ਨੇੜੇ ਪਹੁੰਚ ਕੇ ਬੰਦੇ ਨੇ ਆਪਣੇ ਘੋੜੇ ਦੀ ਵਾਗ ਖਿੱਚੀ। ਅੱਖਾਂ ਬੰਦ ਕਰ ਕੇ ਤੇ ਹੱਥ ਜੋੜ ਕੇ ਉਸ ਪਲੋ-ਪਲੀ ਅਰਦਾਸਾ ਸੋਧਿਆ ਤੇ ਗੁਰੂ ਗੋਬਿੰਦ ਸਿੰਘ ਦੇ ਬਖਸ਼ੇ ਤੀਰਾਂ ਵਿਚੋਂ ਇਕ ਤੀਰ ਕਢਿਆ। ਇਹ ਦੂਜਾ ਤੀਰ ਸੀ। ਪਹਿਲਾ ਤੀਰ ਸਮਾਣੇ ਦੀ ਲੜਾਈ ਵੇਲੇ ਚੱਲੇ ਉੱਤੇ ਚੜ੍ਹਾਇਆ ਗਿਆ ਸੀ।

ਫਿਰ ਬੰਦਾ ਸਿੰਘ ਨੇ ਲਾਲ ਪਿੜੀਆਂ ਵਾਲੀ ਕਮਾਨ ਆਪਣੇ ਖੱਬੇ ਮੋਢੇ ਤੋਂ ਲਾਹੀ। ਸਰਦਾਰ ਇੰਦਰ ਸਿੰਘ ਨੇ ਕਿਰਪਾਨ ਫੜੀ...ਤੇ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਦਾ ਬਖਸ਼ਿਆ ਤੇ ਉਹਨਾਂ ਦੇ ਹੱਥਾਂ ਦਾ ਛੋਹਿਆ ਤੀਰ ਜੱਲੇ ਉੱਤੇ ਚੜ੍ਹਾ ਛਡਿਆ...ਤੇ ਅੱਖ-ਪਲਕਾਰੇ ਵਿਚ ਉਸ ਤੋਂ ਪਿਛੋਂ ਬੰਦਾ ਸਿੰਘ ਸਨਾਦਰ ਤੇ ਉਹਦੀ ਸੰਕਟ-ਸੈਨਾ ਰਣ-ਭੂੰਮੀ ਵਿਚ ਪੁਜ ਗਈ।

੮

ਸਾਡੇ ਯੁਧ ਇਤਿਹਾਸ ਵਿਚ ਕਈ ਸਦੀਆਂ ਤੋਂ ਇਕ ਵੱਡਾ ਭੁਲੇਖਾ ਪਿਆ ਆਉਂਦਾ ਹੈ ਜਿਹੜਾ ਕਿ ਹੁਣ ਦੂਰ ਹੋਣਾ ਚਾਹੀਦਾ ਹੈ। ਯੁਧ ਇਤਿਹਾਸ ਨਾਲ ਸਬੰਧਤ ਸਭ ਲਿਖਤਾਂ, ਕਹਾਣੀਆਂ, ਨਾਵਲ, ਕਵਿਤਾਵਾਂ ਸੈਨਾਪਤੀ ਦੀ ਜ਼ਾਤੀ ਸ਼ਕਤੀ ਤੇ ਬਲ ਤੇ ਉਹਦੇ ਜ਼ਾਤੀ, ਭਾਵ ਕਿ ਆਪਣੇ ਸ਼ਰੀਰ ਨਾਲ ਕਮਾਏ ਮਾਹਰਕਿਆਂ ਦੇ ਗੁਣ ਗਾਂਦੀਆਂ ਆਈਆਂ ਹਨ। ਹਰ ਇਤਿਹਾਸਕਾਰ, ਨਾਵਲਕਾਰ, ਕਹਾਣੀਕਾਰ ਤੇ ਕਵੀ ਇਹੋ ਹੀ ਦਰਸਾਣ ਦੀ ਕੋਸ਼ਿਸ਼ ਕਰਦਾ ਆਇਆ ਹੈ ਕਿ ਅਮਕਾ ਸੈਨਾਪਤੀ ਜਾਂ ਫ਼ਲਾਨਾ ਨਾਇਕ ਐਨਾ ਬਲਵਾਨ ਤੇ ਸ਼ਕਤੀਸ਼ਾਲੀ ਸੀ ਕਿ ਉਸ ਇਕੱਲਿਆਂ ਹੀ ਦਸਾਂ ਵੀਹਾਂ ਜਾਂ ਪੰਜਾਹਾਂ ਆਦਮੀਆਂ ਨੂੰ ਮਾਰ ਕੱਢਿਆ। ਜਾਂ ਇਹ ਕਿ ਫ਼ਲਾਨਾ ਨਾਇਕ ਤੇ ਸੈਨਾਪਤੀ ਆਪਣੀ ਸੈਨਾਂ ਦੇ ਸਭ ਤੋਂ ਮੋਹਰੇ ਦੁਸ਼ਮਨ ਦੀਆਂ ਸਫ਼ਾਂ ਤਕ ਜਾ ਪੁਜਿਆ।

ਪਰ ਕੀ ਇਕ ਸੈਨਾਪਤੀ ਵਾਸਤੇ ਆਪਣੀ ਸੈਨਾਂ ਦੇ ਸਭ ਤੋਂ ਮੋਹਰੇ ਹੋ ਕੇ ਲੜਨਾ ਸਚਮੁਚ ਹੀ ਕੋਈ ਵੱਡਾ ਗੁਣ ਹੈ; ਇਸ ਬਾਰੇ ਯੁਧ-ਕਲਾ ਦੇ ਚੰਗੇ ਸਿੰਞਾਣੂਆਂ ਨੂੰ ਸ਼ਕ ਹੈ।

ਇਹ ਠੀਕ ਹੈ ਕਿ ਸੈਨਾਪਤੀ ਦੀ ਆਪਣੀ ਨਿਡਰਤਾ ਤੇ ਉਹਦੀ ਬਹਾਦਰੀ ਦੀ ਜ਼ਾਤੀ ਮਿਸਾਲ ਸਾਰੀ ਸੈਨਾਂ ਨੂੰ ਨਿਡਰ ਤੇ ਬਹਾਦਰ ਬਣਾ ਦੇਂਦੀ ਹੈ। ਇਹ ਵੀ ਠੀਕ ਹੈ ਕਿ ਸੈਨਾਪਤੀ ਦਾ ਆਪਣੀ ਸੈਨਾਂ ਦੇ ਮੋਹਰੇ ਹੋ ਕੇ ਲੜਨਾਂ ਸਦਾ ਉਸ ਨੂੰ ਹਰਮਨ ਪਿਆਰਾ ਬਣਾਵੇਗਾ ਤੇ ਉਹਦੀ ਜ਼ਾਤੀ ਇੱਜ਼ਤ ਤੇ ਸ਼ਾਨ ਵਧੇਗੀ। ਪਰ ਸੈਨਾਪਤੀ ਦੀ ਨਿਡਰਤਾ ਤੇ ਬਹਾਦਰੀ ਸਦਾ ਸੰਜਮੀ ਹੋਣੀ ਚਾਹੀਦੀ ਹੈ, ਬੇਤਹਾਸ਼ਾ ਨਹੀਂ।

ਸੈਨਾਪਤੀ ਦੇ ਹੱਥ ਉਹਦੀ ਸੈਨਾ ਦੀ ਸਲਾਮਤੀ ਜਾਂ ਬਰਬਾਦੀ ਦੀ ਕੁੰਜੀ ਹੁੰਦੀ ਹੈ। ਸੈਨਾਪਤੀ ਦੀ ਜ਼ਾਤੀ ਬਹਾਦਰੀ ਤੇ ਉਹਦਾ ਦਿਮਾਗ਼ ਇਹ ਦੋਵੇਂ ਚੀਜ਼ਾਂ ਲੜਾਈ ਲੜੇ ਜਾਣ ਵਾਸਤੇ ਜ਼ਰੂਰੀ ਹਨ। ਕੀ ਇਕ ਸੈਨਾਪਤੀ ਨੂੰ ਸਿਰਫ਼ ਆਪਣੀ ਨਿਡਰਤਾ ਸਿਧ ਕਰਨ ਵਾਸਤੇ ਆਪਣੀ ਜਾਨ ਐਨੇਂ ਖਤਰੇ ਵਿਚ ਪਾਣ ਦਾ ਹੱਕ ਹੈ ਕਿ ਉਹਦੀ ਸਾਰੀ ਫ਼ੋਜ ਦੀ ਸਮੁੱਚੀ ਸੁਰੱਖਿਅਤਾ ਹੀ ਡਾਵਾਂ ਡੋਲ ਹੋ ਜਾਏ ? ਯੁਧ-ਕਲਾ ਦੇ ਦ੍ਰਿਸ਼ਟੀਕੋਨ ਤੋਂ ਇਕ ਸੈਨਾਪਤੀ ਨੂੰ ਕੋਈ ਹਕ ਨਹੀਂ ਕਿ ਲੜਾਈ ਦੇ ਆਦਿ ਵਿਚ ਹੀ ਆਪਣੀ ਸੈਨਾ ਦੇ ਮੋਹਰੇ ਹੋ ਕੇ ਆਪਣੀ ਜਾਨ ਨੂੰ ਤਲੀ ਉੱਤੇ ਰਖ ਦੇਵੇ। ਉਹਦੀ ਮੌਤ ਸ਼ਾਇਦ ਸਾਰੀ ਸੈਨਾ ਦੀ ਮੌਤ ਹੋਵੇ। ਉਹਦਾ ਇਹ ਵਤੀਰਾ ਉਹਦੀ ਸੈਨਾ ਨਾਲ ਅਨਿਆਂ ਹੈ, ਧਰੋਹ ਹੈ ਤੇ ਕੋਈ ਚੰਗਾ ਜਰਨੈਲ ਆਪਣੇ ਸਿਪਾਹੀਆਂ ਨਾਲ ਅਨਿਆਂ ਨਹੀਂ ਕਰੇਗਾ।

ਸੈਨਾਪਤੀ ਵਾਸਤੇ ਸਮੁੱਚੀ ਲੜਾਈ ਦੀ ਪਕੜ ਰਖਣੀ ਬੜੀ ਜ਼ਰੂਰੀ ਹੈ। ਉਹਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸ ਵੇਲੇ ਸੈਨਾ ਦੀ ਖੱਬੀ ਜਾਂ ਸੱਜੀ ਬਾਹੀ ਜਾਂ ਮਧ ਵਿਚ ਕੀ ਹੋ ਰਿਹਾ ਹੈ। ਜੇ ਉਹ ਇਹੋ ਜਿਹੀਆਂ ਖ਼ਬਰਾਂ ਦੀ ਸੋਝੀ ਨਹੀਂ

Scanned by CamScanner

ਰਖੇਗਾ ਤਾਂ ਉਹ ਲੋੜ ਵੇਲੇ ਲੋੜੀਂਦੀ ਥਾਂ ਉਤੇ ਕਮਕ ਨਹੀਂ ਭੇਜ ਸਕੇਗਾ; ਇਕ ਬਾਹੀ ਨੂੰ ਦੂਜੀ ਦੇ ਸਿਰ ਉੱਤੇ ਮਜ਼ਬੂਤ ਜਾਂ ਹੋਲਿਆਂ ਨਹੀਂ ਕਰ ਸਕੇਗਾ। ਤੇ ਜਦੋਂ ਤਕ ਲੜਾਈ ਦੇ ਦੌਰਾਨ ਵਿਚ ਸੈਨਾਪਤੀ ਇਹੋ ਜਿਹੇ ਐਡ ਤੋੜ ਨਹੀਂ ਕਰਦਾ ਉਦੋਂ ਤਕ ਜਿੱਤ ਦੀ ਪੂਰਨ ਆਸ਼ਾ ਨਹੀਂ ਰਖੀ ਜਾ ਸਕਦੀ।

ਇਕ ਹੋਰ ਗੱਲ ਇਹ ਕਿ ਸੈਨਾਪਤੀ ਦੀ ਜ਼ਿੰਮੇਵਾਰੀ ਸਿਰਫ਼ ਬਾਹਾਂ ਦੀ ਲੜਾਈ ਤਕ ਹੀ ਸੀਮਤ ਨਹੀਂ ਹੁੰਦੀ। ਉਸ ਦੀ ਇਕ ਵਡੀ ਜ਼ਿੰਮੇਵਾਰੀ ਰਸਦ ਪਾਣੀ ਤੇ ਦਾਣੇ ਪੱਠੇ ਦਾ ਖ਼ਿਆਲ ਰਖਣ ਦੀ ਵੀ ਹੈ। ਕੌਣ ਜਾਣਦਾ ਹੈ ਕਿ ਲੜਾਈ ਲਮਕ ਜਾਏ। ਦੱਹ ਚੌਹ ਘੰਟਿਆਂ ਵਿਚ ਮੁਕਣ ਦੀ ਥਾਂ ਦੋ ਚਾਰ ਦਿਨਾਂ ਦੀ ਥਾਂ ਦੋ ਚਾਰ ਮਹੀਨੇ। ਓਸ ਹਾਲਤ ਵਿਚ ਸੈਨਾਪਤੀ ਦੀ ਸਲਾਮਤੀ ਲਾਮਡੋਗੀ ਦੀ ਸਲਾਮਤੀ ਲਈ ਆਵੱਸ਼ਕ ਹੈ।

ਸ਼ਤਰੰਜ ਦੇ ਖਿਡਾਰੀ ਜਾਣਦੇ ਹਨ ਕਿ ਜਿਸ ਵੇਲੇ ਸ਼ਾਹ ਭਾਵ ਸੈਨਾਪਤੀ ਨੂੰ ਸ਼ਹਿ ਆ ਜਾਵੇ ਤਾਂ ਬਾਜ਼ੀ ਰੁਕ ਜਾਂਦੀ ਹੈ। ਜਾਂ ਤਾਂ ਸ਼ਾਹ ਦੀ ਸ਼ਹਿ ਕਢੀ ਜਾਏ ਜਾਂ ਬਾਜ਼ੀ ਮਾਤ ਸਮਝੀ ਜਾਏ। ਏਸੇ ਤਰ੍ਹਾਂ ਹੀ ਰਣ-ਭੂੰਮੀ ਵਿਚ ਜਦੋਂ ਸੈਨਾਪਤੀ ਨੂੰ ਸ਼ਹਿ ਆ ਪਈ ਜਾਂ ਦੂਸਰੇ ਸ਼ਬਦਾਂ ਵਿਚ ਸੈਨਾਪਤੀ ਜਾਂ ਉਹਦਾ ਸਦਰ ਹਮਲਾ-ਆਵਰਾਂ ਦੇ ਵੱਸ ਵਿਚ ਆ ਗਿਆ ਤਾਂ ਬਾਜ਼ੀ ਮਾਤ ਹੋ ਗਈ। ਸੈਨਾਪਤੀ ਦਾ ਅੰਨੇ ਵਾਹ ਮੋਹਰਲੀ ਕਤਾਰ ਵਿਚ ਦੁਸ਼ਮਣ ਉੱਤੇ ਟੁਟਣਾ ਇਕ ਤਰ੍ਹਾਂ ਬਿਨਾਂ ਹੀਲ ਹੁਜਤ ਬਾਜ਼ੀ ਮਾਤ ਕਰਵਾਉਣ ਦੇ ਬਰਾਬਰ ਹੈ।

ਪਰ ਇਹਦਾ ਇਹ ਮਤਲਬ ਨਹੀਂ ਕਿ ਸੈਨਾਪਤੀ ਇਹੋ ਜਿਹੇ ਪੱਕੇ ਤੇ ਮਜ਼ਬੂਤ ਸੰਗਰ ਵਿਚ ਸਿਰ ਲੁਕਾ ਕੇ ਬੈਠਾ ਰਹੇ ਕਿ ਉਹਨੂੰ ਕੋਈ ਖ਼ਤਰਾ ਪੋਹ ਨਾ ਸਕੇ। ਖ਼ਤਰਿਆਂ ਤੋਂ ਡਰਨ ਵਾਲੇ ਸੈਨਾਪਤੀ ਦੀ ਯੁਧ-ਕਲਾ ਵਿਚ ਕੋਈ ਥਾਂ ਨਹੀਂ ਤੇ ਡਰੂ ਸੈਨਾਪਤੀ ਨੂੰ ਸੈਨਾਪਤੀ ਨਹੀਂ ਕਿਹਾ ਜਾ ਸਕਦਾ।

ਸਿਰਫ਼ ਕਸਵੱਟੀ ਇਹ ਹੈ ਕਿ ਖ਼ਤਰੇ ਜਾਇਜ਼ ਤੇ ਵਾਜਬੀ ਹੋਣ। ਐਵੇਂ ਮੂੜ ਮੱਤ ਵਿਚ ਸਿਰਫ਼ ਸਿਰੀ ਕਟਵਾਉਣ ਵਾਸਤੇ ਹੀ ਚਾਕੂ ਦੇ ਥੱਲੇ ਨਾ ਦਿਤੀ ਜਾਏ।

ਕਈ ਆਦਮੀ ਕਹਿਣਗੇ ਕਿ ਇਹ ਪਾਲਿਸੀ ਜਾਂ ਨੀਤੀ ਸਿਰਫ਼ ਨਵੀਨ ਲੜਾਈ ਉੱਤੇ ਲਾਗੂ ਹੋ ਸਕਦੀ ਹੈ ਤੇ ਪੁਰਾਣੇ ਜ਼ਮਾਨੇ ਦੀਆਂ ਲੜਾਈਆਂ ਉੱਤੇ ਨਹੀਂ। ਪਰ ਇਹੋ ਤਾਂ ਭੁਲ ਹੈ ਕਿ ਜਿਹੜੇ ਸਾਡੇ ਇਤਿਹਾਸਕਾਰ ਤੇ ਕਹਾਣੀਕਾਰ ਕਰਦੇ ਆਏ ਹਨ।

ਯੁਧ-ਕਲਾ ਦੇ ਬੁਨਿਆਦੀ ਅਸੂਲ ਜੋ ਅੱਜ ਕੱਲ੍ਹ ਲਾਗੂ ਹਨ ਉਹੋ ਅੱਜ ਤੋਂ ਦੋ ਹਜ਼ਾਰ ਸਾਲ ਪਹਿਲੇ ਲਾਗੂ ਸਨ। ਦਰਅਸਲ ਨਵੀਨ ਯੁਧ-ਕਲਾ ਦੇ ਬਹੁਤੇ ਬੁਨਿਆਦੀ ਅਸੂਲ ਮਿਸਰ ਦੇ ਫੈਰੋਹਾ ਸਮੇਂ, ਯੂਨਾਨੀ ਸਭਿਅਤਾ ਦੇ ਸਿਖਰ ਸਮੇਂ ਭਾਰਤ ਵਿਚ ਵਿਕਰਮਾਦਿਤਯ ਦੇ ਰਾਜ ਸਮੇਂ ਹੀ ਰਖੇ ਗਏ ਸਨ। ਉਹਨਾਂ ਸਮਿਆਂ ਦੀਆਂ ਲਿਖਤਾਂ ਵਿਚੋਂ, ਯੁਧ-ਕਲਾ ਦਾ ਸੂਝਵਾਨ, ਇਹ ਅਸੂਲ ਸਹਿਜੇ ਹੀ ਨਖੇੜ ਸਕਦਾ ਹੈ। ਅਫ਼ਲਾਤੂਨ, ਅਰਸਤੂ, ਸਨਫ਼ੂ ਤੇ ਕਾਲੀਦਾਸ ਦੀਆਂ ਲਿਖਤਾਂ ਇਸ ਦਾਅਵੇ ਦੀ ਪਰੋੜਤਾ ਕਰਨਗੀਆਂ।

ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ ਇਹਨਾਂ ਬੁਨਿਆਦੀ ਅਸੂਲਾਂ ਦਾ ਖੇਤਰ ਚੌੜਾ ਹੁੰਦਾ ਗਿਆ — ਤੇ ਬਸ ਇਹੋ ਫਰਕ ਹੀ ਹੈ ਅੱਜ ਦੇ ਬੁਨਿਆਦੀ ਅਸੂਲਾਂ ਵਿਚ ਤੇ ਉਦੋਂ ਦੇ ਬੁਨਿਆਦੀ ਅਸੂਲਾਂ ਵਿਚ। ਨਵੇਂ ਨਵੇਂ ਹਥਿਆਰਾਂ ਦੇ ਬਣਨ ਨਾਲ, ਆਵਾਜਾਈ ਦੇ ਨਵੇਂ ਨਵੇਂ ਸਾਧਨਾਂ ਨਾਲ ਤੇ ਮਨੁੱਖ ਦੀ ਦਿਮਾਗੀ ਉੱਨਤੀ ਨਾਲ ਇਹਨਾਂ ਅਸੂਲਾਂ ਦੀ ਵਰਤੋਂ ਵਿਚ ਫ਼ਰਕ ਆ ਗਿਆ ਹੈ — ਤੇ ਇਸ ਗੱਲ ਦੇ ਸਮਝਣ ਵਾਸਤੇ ਵੀ ਮੁਤਾਲਿਆ ਤੇ ਸੂਝ ਦੀ ਲੋੜ ਹੈ।

ਕੋਈ ਪੁਛੇਗਾ ਕਿ ਜੇ ਇਹ ਦਾਅਵੇ ਦਰੁਸਤ ਹਨ ਤਾਂ ਕਿਉਂ ਇਤਿਹਾਸਕਾਰਾਂ ਤੇ ਅਫ਼ਸਾਨਾਕਾਰਾਂ ਨੇ ਨਾਇਕਾਂ ਦੇ ਜ਼ਾਤੀ ਗੁਣ ਵਧੇਰੇ ਗਾਏ ਹਨ ? ਉਹ ਇਸ ਲਈ ਕਿ ਬੀਤੇ ਜੁਗ ਨਾਇਕਾਂ ਤੇ ਸ਼ਹਿਨਸ਼ਾਹਾਂ ਦੇ ਜੁਗ ਸਨ। ਉਹਨਾਂ ਜੁਗਾਂ ਵਿਚ ਸੈਨਿਕ ਨਾਇਕ ਤੇ ਰਾਜੇ ਰਜਵਾੜੇ ਪਰਮਾਤਮਾ ਵਲੋਂ ਨੀਯਤ ਹੋ ਕੇ ਦੁਨੀਆਂ ਵਿਚ ਪਧਾਰੇ ਸਾਂਝੇ ਜਾਂਦੇ ਸਨ। ਇਸ ਲਈ ਉਹਨਾਂ ਦੀ ਤਾਰੀਫ਼ ਤੇ ਉਹਨਾਂ ਦੀ ਬਹਾਦਰੀ ਦੇ ਕਿੱਸੇ ਕਹਿਣ ਤੋਂ ਬਗ਼ੈਰ ਗੁਜ਼ਾਰਾ ਹੀ ਨਹੀਂ ਸੀ ਹੁੰਦਾ। ਗਈ ਦ

Scanned by CamScanner

ਉਚੇਚੀਆਂ ਵਾਰਾਂ ਗਾਉਣ ਲਈ ਥਾਂ ਹੁੰਦੀ ਸੀ।

ਉਪਰੰਤ ਉਹਨਾਂ ਦਿਨਾਂ ਵਿਚ ਕਦੀ ਕਦੀ ਦੋਹਾਂ ਧਿਰਾਂ ਦੀਆਂ ਸੈਨਾਵਾਂ ਵਿਚੋਂ ਸਿਰਫ਼ ਦੋ ਸੂਰਮੇ ਹੀ ਰਣ-ਭੂਮੀ ਵਿਚ ਨਿਤਰਦੇ ਸਨ ਤੇ ਉਹਨਾਂ ਦੀ ਹੀ ਜਿੱਤ ਜਾਂ ਹਾਰ ਉੱਤੇ ਸਮੁੱਚੀ ਜਿੱਤ ਜਾਂ ਹਾਰ ਦਾ ਫ਼ੈਸਲਾ ਹੋ ਜਾਂਦਾ ਸੀ। ਬਹੁਤੀ ਵਾਰੀ ਇਹ ਦੋ ਸੂਰਮੇ ਦੋਹਾਂ ਧਿਰਾਂ ਦੇ ਸੈਨਾਪਤੀ ਹੀ ਹੋਇਆ ਕਰਦੇ ਸਨ। ਸੋ ਭੱਟਾਂ ਤੇ ਇਤਿਹਾਸਕਾਰਾਂ ਨੇ ਇਹਨਾਂ ਸੈਨਾਪਤੀਆਂ ਦੇ ਹੀ ਕਸੀਦੇ ਪੜ੍ਹੇ।

ਉੱਜ ਯੁਧ-ਕਲਾ ਦਾ ਸਮੁਚਾ ਇਤਿਹਾਸ ਫੋਲਦਿਆਂ ਇਹੋ ਜਿਹਾ ਕੋਈ ਜਰਨੈਲ ਨਹੀਂ ਲਭਦਾ ਜਿਹੜਾ ਯੁਧ ਦੇ ਬੁਨਿਆਦੀ ਅਸੂਲਾਂ ਤੋਂ ਅਵੇਸਲਾ ਹੋ ਕੇ ਇਤਿਹਾਸਕ ਘਟਨਾ ਜਾਂ ਇਤਿਹਾਸਕ ਸ਼ਖਸੀਅਤ ਬਣਿਆ ਹੋਵੇ। ਵਿਕਰਮਾਦਿਤਯ, ਹਰਸ਼, ਸੀਜ਼ਰ, ਹੈਨੀਬਲ ਤੇ ਸਕੰਦਰ — ਸਾਰੇ ਹੀ — ਪਹਿਲੀ ਸਫ਼ ਵਿਚ ਲੜਨ ਵਾਲੇ ਸਿਪਾਹੀ ਨਹੀਂ ਸਨ ਸਗੋਂ ਦਿਮਾਗ਼ ਤੇ ਉਨਰ ਨਾਲ ਲੜਾਈਆਂ ਨੂੰ ਦਾਅ ਪੇਚਾਂ ਤੇ ਨਵੇਂ ਨਵੇਂ ਢੰਗਾਂ ਨਾਲ ਜਿੱਤਨ ਵਾਲੇ ਸੈਨਾਪਤੀ ਸਨ। ਹਾਂ, ਲੋੜ ਵੇਲੇ ਇਹਨਾਂ ਵਿਚੋਂ ਹਰ ਕੋਈ ਹੱਥੀਂ ਤਲਵਾਰ ਫੜ ਕੇ ਰਣ-ਭੂਮੀ ਵਿਚ ਜਾ ਗੱਜਣ ਦੇ ਕਾਬਲ ਸੀ। ਏਥੋਂ ਤਕ ਕਿ ਰਾਣਾ ਪਰਤਾਪ ਵੀ ਸੋਧਿਆ ਹੋਇਆ ਸਿਆਣਾ ਜਰਨੈਲ ਸੀ, ਮੂੜ੍ਹਮੱਤ ਸੂਰਮਾ ਨਹੀਂ।

ਇਹੋ ਗੱਲ ਗੁਰੂ ਹਰਗੋਬਿੰਦ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ ਤੇ ਹਰੀ ਸਿੰਘ ਨਲਵਾ ਆਦਿ ਉੱਪਰ ਸਹੀ ਹੁੰਦੀ ਹੈ। ਸਮੁੱਚੇ ਤੌਰ ਤੇ ਇਹਨਾਂ ਦੀ ਯੁਧ-ਕਲਾ ਬਾਰੇ ਸੂਝ ਮੁਗ਼ਲਾਂ ਤੇ ਹੋਰਨਾਂ ਜਾਤੀਆਂ ਨਾਲੋਂ ਚੰਗੇਰੀ ਸੀ।

ਗੁਰੂ ਗੋਬਿੰਦ ਸਿੰਘ — ਇਕ ਅਣਖੀਲੇ ਤੇ ਬੇਮਿਸਾਲ ਪਲੱਥੇਬਾਜ਼ ਤੇ ਸ਼ਾਹ ਸਵਾਰ ਸਨ — ਪਰ ਉਹਨਾਂ ਦੀਆਂ ਲੜਾਈਆਂ ਵਿਚ ਸਿਰਫ਼ ਪਲੱਥੇਬਾਜ਼ੀ ਤੇ ਸ਼ਾਹ ਸਵਾਰੀ ਦੀ ਬਹੁਤਾਤ ਨਹੀਂ, ਸਗੋਂ ਯੁਧ-ਕਲਾ ਦੇ ਅਸੂਲਾਂ ਦੀ ਵਰਤੋਂ ਦੀ ਬਹੁਤਾਤ ਹੈ।

ਚਮਕੌਰ ਦੀ ਲੜਾਈ ਵਿਚ ਗੁਰੂ ਸਾਹਿਬ ਲੜਾਈ ਦਾ ਜਾਇਜ਼ਾ ਚਮਕੌਰ ਦੀ ਗੜ੍ਹੀ ਤੋਂ ਲੈ ਰਹੇ ਸਨ। ਇਹ ਥਾਂ ਆਲੇ-ਦੁਆਲੇ ਦੇ ਮੈਦਾਨ ਨਾਲੋਂ ਉੱਚੀ ਸੀ ਤੇ ਏਥੋਂ ਗੁਰੂ ਜੀ ਰਣ-ਭੂਮੀ ਨੂੰ ਚੰਗੀ ਤਰ੍ਹਾਂ ਵੇਖ ਸਕਦੇ ਸਨ, ਤੇ ਲੜਾਈ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਸਮਝ ਸਕਦੇ ਸਨ ਤੇ ਇਹ ਜ਼ਰੂਰਤਾਂ ਸਮਝ ਕੇ ਉਹਨਾਂ ਬਾਰੇ ਲੋੜੀਂਦੇ ਕਦਮ ਚੁਕ ਸਕਦੇ ਸਨ।

ਮੁਕਤਸਰ ਵਿਚ ਵੀ ਗੁਰੂ ਸਾਹਿਬ ਦਾ ਸਦਰ ਇਕ ਉੱਚਾ ਟਿੱਬਾ ਸੀ। ਇਥੇ ਅੱਜ ਕੱਲ੍ਹ ਟਿੱਬੀ ਸਾਹਿਬ ਗੁਰਦੁਆਰਾ ਹੈ। ਪਰ ਜੰਗ ਅਸਲੀ ਮੁਕਤਸਰ ਦੇ ਅਜੋਕੇ ਸਰੋਵਰ ਦੇ ਲਾਗੇ ਹੋਇਆ। ਭਾਵੇਂ ਟਿੱਬਾ ਜ਼ਰਾ ਦੂਰਾਡੇ ਸੀ, ਪਰ ਹੈ ਸੀ ਟਿੱਬਾ — ਉੱਚੀ ਥਾਂ ਜਿਸ ਤੋਂ ਹੋ ਰਹੀ ਲੜਾਈ ਦਾ ਜਾਇਜ਼ਾ ਲਿਆ ਜਾ ਸਕੇ।

ਬੰਦਾ ਸਿੰਘ ਬਹਾਦਰ ਵੀ ਇਕ ਜਮਾਂਦਰੂ ਸੈਨਾਪਤੀ ਸੀ। ਉਸ ਨੂੰ ਵੀ ਇਸ ਬੁਨਿਆਦੀ ਲੋੜ ਦੀ ਸੋਝੀ ਸੀ ਕਿ ਸੈਨਾਪਤੀ ਦੀ ਥਾਂ ਲੜਾਈ ਸ਼ੁਰੂ ਹੋਣ ਸਮੇਂ ਸੈਨਾ ਦੀ ਪਹਿਲੀ ਸਫ਼ ਵਿਚ ਨਹੀਂ, ਕਿਸੇ ਉਚੇਰੇ ਟਿੱਬੇ ਉੱਤੇ ਹੁੰਦੀ ਹੈ ਕਿ ਜਿਥੇ ਬੈਠਾ ਉਹ ਲੜਾਈ ਦੇ ਦੌਰਾਨ ਵਿਚ ਉਪਜਦੀਆਂ ਲੋੜਾਂ ਪੂਰੀਆਂ ਕਰ ਸਕੇ।

ਸ਼ੁਰੂ ਤੋਂ ਹੀ ਉਸ ਨੇ ਇਹੋ ਨੀਤੀ ਰੱਖੀ। ਉਹ ਆਪ ਜੰਗ ਵਿਚ ਸ਼ਾਮਿਲ ਨਹੀਂ ਸੀ ਹੁੰਦਾ ; ਦੁਸ਼ਮਨ ਨਾਲ ਹੱਥੋਪਾਈ ਪ੍ਰਿਥਮ ਉਹਦੇ ਸਿਪਾਹੀਆਂ ਦਾ ਕੰਮ ਸੀ ਉਹਦਾ ਨਹੀਂ।

ਅਜੇ ਤਕ ਉਹ ਸਿਰਫ਼ ਸਮਾਣੇ ਦੀ ਲੜਾਈ ਵਿਚ ਹੀ ਆਪ ਸ਼ਾਮਿਲ ਹੋਇਆ ਸੀ। ਉਦੋਂ ਵੀ ਉਸ ਸਮੇਂ ਜਦੋਂ ਕਿ ਸਿਖ ਦਲ ਉੱਪਰ ਕਠਨਤਾ ਆ ਪਈ। ਜਿੱਤ ਦਾ ਪੱਲੜਾ ਡਾਵਾਂ-ਡੋਲ ਹੋ ਗਿਆ। ਉਦੋਂ ਬੰਦਾ ਆਪਣੇ ਮਾਰੂ ਖੰਡੇ ਦੀ ਹਨੇਰੀ ਝੁਲਾਂਦਾ ਰਣ-ਭੂਮੀ ਵਿਚ ਗੱਜਿਆ ਤੇ ਉਹਦੇ ਆਪਣੇ ਸਿਪਾਹੀ ਤੇ ਦੁਸ਼ਮਣ ਦੇ ਸਿਪਾਹੀ ਉਹਦੀਆਂ ਭੁਜਾਂ ਤੇ ਉਹਦੇ ਖੰਡੇ ਦਾ ਜ਼ੋਰ ਵੇਖ ਕੇ ਆਫ਼ਰੀਨ ਕਹਿ ਉਠੇ।

ਤੇ ਉਸ ਤੋਂ ਪਿਛੋਂ ਅੱਜ ਬੰਦੇ ਨੂੰ ਫਿਰ ਜੰਗ ਵਿਚ ਕੁੱਦਣ ਦੀ ਮਜਬੂਰੀ ਆ ਪਈ ਤੇ ਉਸ ਮੁਸਕਰਾ ਕੇ ਆਪਣੇ ਘੋੜੇ ਦਾ ਮੂੰਹ ਰਣ-ਭੂਮੀ ਵਲ ਫੇਰਿਆ। ਉਸ ਦਿਨ ਵਾਂਗ ਅੱਜ ਵੀ "ਬੰਦਾ ਆਇਆ !" "ਬੰਦਾ ਆਇਆ" ਦੇ ਅੰਬਰ-ਪਾਟਵੇਂ ਜੈਕਾਰਿਆਂ ਤੇ ਨਾਅਰਿਆਂ ਨੇ ਦੁਸ਼ਮਣਾਂ ਦੇ ਹੌਸਲੇ ਤੋੜ ਦਿਤੇ।

"ਬੰਦਾ ਆਇਆ," "ਬੰਦਾ ਆਇਆ" ਦੇ ਜੈਕਾਰੇ ਸਾਰੀ ਮੁਸਲਮਾਨੀ ਸੈਨਾ ਵਿਚ ਫਿਰ ਗਏ ਤੇ ਉਹਨਾਂ ਦੇ

Scanned by CamScanner

ਮਨ ਅੰਦਰਲੇ ਡਰ ਤੇ ਸ਼ੰਕੇ ਸੁਰਜੀਤ ਹੋ ਗਏ। ਉਹਨਾਂ ਸੁਣ ਰਖਿਆ ਸੀ ਕਿ ਬੈਦਾ ਸਿਰਫ਼ ਇਕ ਲੜਾਕਾ ਹੀ ਨਹੀਂ ਰਾਜਦੂਤ ਵੀ ਹੈ। ਆਪਣੇ ਜਾਦੂ ਨਾਲ ਉਹ ਜੋ ਮਰਜ਼ੀ ਚਾਹੇ ਕਰ ਸਕਦਾ ਹੈ।

ਬੰਦੇ ਨੂੰ ਆਪਣੇ ਮੱਧ ਵਿਚ ਵੇਖ ਕੇ ਖ਼ਾਲਸੇ ਨੂੰ ਆਪਣੀ ਤਰੇਹ ਭੁਲ ਗਈ, ਖ਼ਾਲਸੇ ਨੂੰ ਆਪਣੀ ਭੁਖ ਭੁਲ ਗਈ। ਖ਼ਾਲਸਾ ਸਵੇਰੇ ਛੇ ਵਜੇ ਤੋਂ ਲੜ ਰਿਹਾ ਸੀ। ਹੁਣ ਚਾਰ ਵੱਜਣ ਨੂੰ ਆਏ ਸਨ ਪਰ ਫਿਰ ਵੀ ਰੂਹਾਨੀ ਉਤਸ਼ਾਹ ਨੇ ਜਿਸਮਾਨੀ ਥਕਾਵਟ ਨੂੰ ਦਬਾ ਦਿਤਾ।

ਤੇ ਉਧਰ ਮੁਸਲਮਾਨਾਂ ਦੀ ਤਰੇਹ ਤੇ ਭੁਖ ਹੋਰ ਵੀ ਜਾਗ ਉਠੀ। ਉਹਨਾਂ ਨੂੰ ਲਗਾ ਕਿ ਉਹਨਾਂ ਦੇ ਪੈਰ ਮਣ ਮਣ ਭਾਰੇ ਹੋ ਗਏ ਹਨ। ਉਹਨਾਂ ਨੂੰ ਜਾਪਿਆ ਕਿ ਉਹਨਾਂ ਦੀਆਂ ਭੁਜਾਂ ਨਿਰਬਲ ਹਨ ਤੇ ਬਸ ਹੁਣ ਲੜਾਈ ਨਹੀਂ ਹੋ ਸਕਦੀ।

ਬੰਦਾ ਬਹਾਦਰ ਆਇਆ ਤੇ ਖ਼ਾਲਸਈ ਸੈਨਾ ਦੀ ਸੱਜੀ ਤੇ ਖੱਬੀ ਬਾਹੀ ਮੁਸਲਮਾਨਾਂ ਦੇ ਮੱਧ ਉੱਤੇ ਹਾਵੀ ਹੋ ਗਈ। ਭਾਈ ਫ਼ਤਹ ਸਿੰਘ, ਮਲੇਰਕੋਟਲੀਆਂ ਨੂੰ ਮਾਰ ਚੁਕੇ ਸਨ। ਉਹਨਾਂ ਦੇ ਦੋਵੇਂ ਸਿਰਕੱਢ ਸਰਦਾਰ, ਸ਼ੇਰ ਮੁਹੰਮਦ ਤੇ ਖ਼ਾਜਾ ਵਲੀ ਕਤਲ ਹੋ ਚੁਕੇ ਸਨ। ਭਾਈ ਬਾਜ ਸਿੰਘ ਆਪਣੇ ਸਨਮੁਖ ਲੜਦੇ ਗ਼ਾਜ਼ੀਆਂ ਨੂੰ ਪਿਛਾ ਵਿਖਾ ਚਕਾ ਸੀ। ਹੁਣ ਮੁਸਲਮਾਨਾਂ ਦੇ ਮੱਧ ਵਿਚ ਉਹਨਾਂ ਦਾ ਸੈਨਾਪਤੀ ਵਜ਼ੀਰ ਖ਼ਾਨ ਹਾਥੀ ਉੱਤੇ ਸਜਿਆ ਸੀ। ਇਸ ਵੇਲੇ ਸਿਖਾਂ ਦਾ ਉਹੋ ਨਿਸ਼ਾਨਾ ਸੀ।

ਬਾਜ ਸਿੰਘ ਖ਼ਾਰ ਖਾ ਕੇ ਕੁਝ ਸਿਪਾਹੀਆਂ ਦੇ ਨਾਲ ਵਜ਼ੀਰ ਖ਼ਾਨ ਦੇ ਬਿਲਕੁਲ ਨੇੜੇ ਪਹੁੰਚ ਗਿਆ। ਓਧਰੋਂ ਜਦੋਂ ਮਲਵਈਆਂ ਦੇ ਜੱਥੇਦਾਰ ਫ਼ਤਹ ਸਿੰਘ ਨੇ ਮਝੈਲ ਸਿੰਘਾਂ ਨੂੰ ਵਜ਼ੀਰ ਖ਼ਾਨ ਦੇ ਕਤਲ ਦਾ ਪੁੰਨ ਖਟਦਿਆਂ ਵੇਖਿਆ ਤਾਂ ਉਹ ਵੀ ਖ਼ਾਰ ਖਾ ਕੇ ਮਾਰੋ ਮਾਰ ਕਰਦਾ ਵਜ਼ੀਰ ਖ਼ਾਨ ਦੇ ਹਾਥੀ ਕੋਲ ਆ ਅਪੜਿਆ। ਹੁਣ ਦੋਹਾਂ ਪਾਸਿਉਂ ਵਜ਼ੀਰ ਖ਼ਾਨ ਦਾ ਹਾਥੀ ਘਿਰਨ ਲਗਾ ਤੇ ਅੰਤ ਪੂਰਨ ਤੋਰ ਉੱਤੇ ਘਿਰ ਗਿਆ। ਵਜ਼ੀਰ ਖ਼ਾਨ ਨੇ ਨੇਜ਼ੇ ਨਾਲ ਬਾਜ ਸਿੰਘ ਉੱਤੇ ਵਾਰ ਕੀਤਾ ਤੇ ਕਿਹਾ :

"ਸੰਭਲ ਉਏ ਕੁੱਤੇ।"

ਪਰ ਬਾਜ ਸਿੰਘ ਨੇ ਵਜ਼ੀਰ ਖ਼ਾਨ ਦੇ ਨੇਜ਼ੇ ਦਾ ਵਾਰ ਬਚਾਇਆ ਤੇ ਖੱਬੀ ਬਾਂਹ ਨਾਲ ਨੇਜ਼ੇ ਨੂੰ ਨੋਕ ਤੋਂ ਫੜ ਕੇ ਧਰੂ ਲਿਆ, ਤੇ ਫਿਰ ਆਪਣੇ ਨੇਜ਼ੇ ਨਾਲ ਉਸ ਨੇ ਵਜ਼ੀਰ ਖ਼ਾਨ ਉੱਤੇ ਵਾਰ ਕੀਤਾ। ਵਜ਼ੀਰ ਖ਼ਾਨ ਤਾਂ ਬਚ ਗਿਆ ਪਰ ਨੇਜ਼ਾ ਹਾਥੀ ਦੇ ਜਿਸਮ ਵਿਚ ਦੋ ਫੁਟ ਡੂੰਘਾ ਖੁਭ ਗਿਆ। ਹਾਥੀ ਪੀੜ ਨਾਲ ਚੰਘਿਾੜਿਆ ਤੇ ਸਾਰੇ ਦਾ ਸਾਰਾ ਹੌਦਾ ਜ਼ੋਰ ਦਾ ਹਿਲਿਆ।

ਓਧਰੋਂ ਫ਼ਤਹ ਸਿੰਘ ਨੇ ਆਪਣੇ ਘੋੜੇ ਉੱਤੇ ਖੜੇ ਹੋ ਕੇ ਤਲਵਾਰ ਦਾ ਵਾਰ ਕੀਤਾ ਤੇ ਵਜ਼ੀਰ ਖ਼ਾਨ ਦੀ ਬਾਂਹ ਕੱਟੀ ਗਈ। ਫ਼ਤਹ ਸਿੰਘ ਦੀ ਤਲਵਾਰ ਦਾ ਵਾਰ ਮੋੜਦਾ ਵਜ਼ੀਰ ਖ਼ਾਨ ਹੌਦੇ ਉਤੇ ਰੁਕਿਆ। ਪਰ ਵਾਰ ਖਾਲੀ ਗਿਆ ਤੇ ਆਪਣਾ ਸਾਵਾਂ-ਤੋਲ ਗੁਆ ਵਜ਼ੀਰ ਖ਼ਾਨ ਜ਼ਮੀਨ ਉੱਤੇ ਜਾ ਡਿੱਗਾ। ਪਲੋਪਲੀ ਉਹਦਾ ਸਰੀਰ ਘੋੜਿਆਂ ਦੇ ਸੁੰਮਾਂ ਥੱਲੇ ਕੁਚਲਿਆ ਗਿਆ।

"ਮਰਦੂਦ ਬੰਦਾ।" ਡਿਗਦਿਆਂ ਡਿਗਦਿਆਂ ਉਹਦੇ ਆਖ਼ਰੀ ਸ਼ਬਦ ਸਨ।

ਬੰਦਾ ਸਿੰਘ ਜ਼ਰਾ ਹਟ ਕੇ ਇਹ ਲੜਾਈ ਵੇਖ ਰਿਹਾ ਸੀ। ਉਹ ਆਪਣੇ ਘੋੜੇ ਉੱਤੇ ਬੈਠਾ ਸੀ। ਉਹਦੀ ਤਲਵਾਰ ਖ਼ੂਨ ਨਾਲ ਲਿਬੜੀ ਹੋਈ ਸੀ। ਉਹਦੇ ਕੀਮਤੀ ਬਸਤਰਾਂ ਉੱਤੇ ਲਹੂ ਦੇ ਵੱਡੇ ਵੱਡੇ ਨਿਸ਼ਾਨ ਸਨ। ਉਹਦੀ ਪਗੜੀ ਹਮੇਸ਼ਾਂ ਵਾਂਗ ਅਹਿ ਹੁਣੇ ਹੁਣੇ ਹੀ ਬੰਨ੍ਹੀ ਹੋਈ ਲਗਦੀ ਸੀ। ਉਹਦਾ ਘੋੜਾ ਕੁਝ ਇਕ ਲੋਥਾਂ ਦੇ ਬਣੇ ਢੇਰ ਉੱਤੇ ਖੜੋਤਾ ਸੀ। ਇਹ ਉਚਾਵੀਂ ਥਾਂ ਉੱਤੇ ਖਲੋਣਾ ਬੰਦੇ ਦਾ, — ਹਰ ਚੰਗੇ ਸੈਨਾਪਤੀ ਦਾ — ਖ਼ਾਸ ਗੁਣ ਹੈ।

ਜੇ ਉਹ ਚਾਹੁੰਦਾ ਤਾਂ ਥੋੜੀ ਦੂਰ ਹੋਰ ਅਗਾਹਾਂ ਵਧ ਕੇ ਖ਼ੁਦ ਵਜ਼ੀਰ ਖ਼ਾਨ ਨੂੰ ਮਾਰਦਾ, ਖ਼ੁਦ ਵਜ਼ੀਰ ਖ਼ਾਨ ਨੂੰ ਮਾਰਨ ਦੀ ਵਾਹ ਵਾਹ ਲੈਂਦਾ, ਆਪਣੀ ਸੈਨਾ ਵਿਚ ਆਪਣਾ ਨਾਮ ਉੱਚਾ ਕਰਦਾ, — ਪਰ ਨਹੀਂ, ਬੰਦਾ ਕੋਈ ਫੱਕਾ ਜਰਨੈਲ ਨਹੀਂ ਸੀ। ਉਹ ਝੂਠੀ ਵਾਹ ਵਾਹ ਦਾ ਭੁੱਖਾ ਨਹੀਂ ਸੀ। ਉਹ ਨੇਤਾ ਸੀ, ਇਕ ਲੀਡਰ। ਉਹਦੇ ਜਵਾਨਾਂ ਤੇ ਉਹਦੇ ਸਰਦਾਰਾਂ ਦਾ ਖਟਿਆ ਜੱਸ ਉਹਦਾ ਜੱਸ ਸੀ। ਇਸ ਲੜਾਈ ਦੀ ਜਿੱਤ ਦਾ ਅਸਲੀ ਨਾਂ ਉਹਦਾ ਨਾਂ ਸੀ — ਸੋ ਫਿਰ ਉਹਨੂੰ ਇਹੋ ਜਿਹੇ ਨਿਕੇ ਮੋਟੇ ਨਾਮਣਿਆਂ ਦੀ ਕੀ ਲੋੜ ?

Scanned by CamScanner

ਬੰਦਾ ਸਿੰਘ ਲੋਥਾਂ ਦੇ ਢੇਰ ਉੱਤੇ ਉੱਚਾ ਹੋ ਖਲੋਤਾ, ਆਪਣੀ ਫ਼ੌਜ ਨੂੰ ਮੁਗ਼ਲਈ ਸੈਨਾ ਤਾਈਂ ਕਟਦਿਆਂ ਵਢਦਿਆਂ ਵੇਖ ਰਿਹਾ ਸੀ। ਅਹਿ ਹੁਣੇ ਮੁਗ਼ਲਈ ਸੈਨਾ ਦੌੜ ਪਈ। ਵਜ਼ੀਰ ਖ਼ਾਨ ਡਿਗਿਆ ਕਿ ਸਭ ਹੌਂਸਲਾ ਤੇ ਹਿੰਮਤ ਖ਼ਤਮ ਹੋਈ। ਵਜ਼ੀਰ ਖ਼ਾਨ ਦਾ ~~ਆਪਣਾ ਲਸ਼ਕ-~~ਸਮੁੰਦ ਖ਼ਾਨ ਨਠਣ ਵਾਲਿਆਂ ਵਿਚੋਂ ਸਭ ਤੋਂ ਪਹਿਲੇ ਸੀ। ਆਖ਼ਿਰ ਉਹਦੇ ਪਿਤਾ ਦੇ ਕੀਤੇ ਬਚਨ ਸੱਚ ਨਿਕਲੇ ਤੇ ਸਿਖਾਂ ਦੇ ਦਿਲਾਂ ਵਿਚ ਵਜ਼ੀਰ ਖ਼ਾਨ ਦੇ ਪੁਤਰ ਨੂੰ ਮਾਰਨ ਦੀ ਹਸਰਤ ਖਟਕਦੀ ਰਹੀ।

ਮੁਗ਼ਲਈ ਸੈਨਾ ਦੌੜ ਪਈ ਤੇ ਖ਼ਾਲਸਈ ਸੈਨਾਂ ਨੇ ਉਹਦਾ ਪਿਛਾ ਕਰਨਾ ਸ਼ੁਰੂ ਕੀਤਾ।

ਬੰਦਾ ਸਿੰਘ ਬਹਾਦਰ ਲੋਥਾਂ ਦੇ ਢੇਰ ਉੱਤੇ ਖੜੋਤਾ ਆਪਣੇ ਦਲ ਦੀ ਬੀਰਤਾ ਵੇਖ ਕੇ ਮੁਸਕਰਾ ਰਿਹਾ ਸੀ। ਉਹਦਾ ਘੋੜਾ ਉਪਰਾਮ ਸੀ। ਆਲੇ ਦੁਆਲੇ ਦੇ ਸਭ ਘੋੜਿਆਂ ਨੂੰ ਭਜਦਾ ਵੇਖ ਕੇ ਉਹ ਵੀ ਭੱਜਣ ਵਾਸਤੇ ਕਾਹਲਾ ਪੈ ਰਿਹਾ ਸੀ। ਪਰ ਬੰਦੇ ਨੇ ਵਾਗਾਂ ਢਿੱਲੀਆਂ ਨਾ ਛਡੀਆਂ। ਲੋਥਾਂ ਦੇ ਢੇਰ ਵਿਚੋਂ, ਘੋੜੇ ਦੇ ਸੁੰਮਾਂ ਨਾਲ ਕਰਿਚ ਕਰਿਚ ਦੀ ਆਵਾਜ਼ ਆਉਂਦੀ ਰਹੀ ਤੇ ਬੰਦਾ ਉਥੇ ਖਲੋਤਾ ਰਿਹਾ।

ਸਰਹਿੰਦ ਦੀ ਲੜਾਈ ਖਤਮ ਹੋਈ।

ਸਿਖ ਇਤਿਹਾਸ ਵਿਚ ਇਹ ਸਭ ਤੋਂ ਅਹਿਮ ਲੜਾਈ ਸੀ ਜੋ ਚਪੜਚੇੜੀ ਦੇ ਮੈਦਾਨ ਵਿਚ ਲੜੀ ਗਈ ਤੇ ਖ਼ਾਲਸਾ ਸਫਲ ਹੋਇਆ। ਜਾਂ ਇਉਂ ਕਿ ਖ਼ਾਲਸਾ ਬੰਦਾ ਬਹਾਦਰ ਦੀ ਸਰਦਾਰੀ ਥੱਲੇ ਸਫ਼ਲ ਹੋਇਆ।

ਉਸ ਵੇਲੇ ਸ਼ਾਇਦ ਇਕ ਬੰਦਾ ਹੀ ਅਜਿਹਾ ਆਦਮੀ ਸੀ ਜਿਹਨੂੰ ਇਸ ਜਿਤ ਦੀ ਮਹੱਤਤਾ ਦੀ ਸੋਝੀ ਸੀ। ਤੇ ਏਸੇ ਲਈ ਉਹਦੇ ਨੇਤਰਾਂ ਵਿਚਲੇ ਨੂਰ ਦੀ ਚਮਕ ਹੋਰ ਸੀ, ਦਮਕ ਹੋਰ ਸੀ।

ਕਾਫ਼ੀ ਚਿਰ ਬੰਦਾ ਖ਼ਾਲਸੇ ਨੂੰ ਮੁਗ਼ਲਾਂ ਦਾ ਪਿਛਾ ਕਰਦੇ ਵੇਖਦਾ ਰਿਹਾ।

ਅੰਤ ਜਦੋਂ ਸੂਰਜ ਬਿਰਛਾਂ ਦੀਆਂ ਟੀਸੀਆਂ ਪਿਛੇ ਛੁਪਣ ਲੱਗਾ ਤਾਂ ਬੰਦਾ ਸਿੰਘ ਨੇ ਆਪਣੇ ਨੇੜੇ ਖਲੋਤੇ ਸਰਦਾਰ ਇੰਦਰ ਸਿੰਘ ਨੂੰ ਕਿਹਾ,

"ਖ਼ਾਲਸਾ ਜੀ ! ਹਲਕਾਰੇ ਭੇਜੋ ਤ ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ ਤੇ ਭਾਈ ਕਾਹਨ ਸਿੰਘ ਨੂੰ ਆਗਿਆ ਹੋਵੇ ਕਿ ਉਹ ਸੈਨਾ ਸਮੇਤ ਵਾਪਸ ਮੁੜ ਆਉਣ।"

ਸੈਨਾਪਤੀ ਬੰਦਾ ਸਿੰਘ ਬਹਾਦਰ ਜਾਣਦਾ ਸੀ ਕਿ ਉਹ ਰਾਤ ਸ਼ਹਿਰ ਸਰਹਿੰਦ ਵਿਚ ਪਹੁੰਚਣ ਦੀ ਰਾਤ ਨਹੀਂ। ਖ਼ੈਰ ਹੋਰ ਸੈਨਾਪਤੀ ਇਹੋ ਜਿਹੀ ਇਤਿਹਾਸਕ ਜਿਤ ਦੀ ਖੁਸ਼ੀ ਵਿਚ ਇਹੋ ਜਿਹੀ ਠੱਲ੍ਹ ਨਾ ਪਾਂਦਾ — ਪਰ ਜੇ ਕੋਈ ਹੋਰ ਸੈਨਾਪਤੀ ਹੁੰਦਾ ਤਾਂ ਸ਼ਾਇਦ ਇਹ ਜਿਤ ਜੇ ਜਿਤ ਹੁੰਦੀ ਵੀ ਤਾਂ ਘਟੋ ਘਟ ਇਤਿਹਾਸਕ ਜਿੱਤ ਨਾ ਹੁੰਦੀ।

ਬੰਦਾ ਸਿੰਘ ਬਹਾਦਰ ਨੇ ਆਪਣਾ ਮੂੰਹ ਆਪਣੇ ਸਦਰ ਵਲ ਮੋੜਿਆ ਤੇ ਉਹਦੇ ਪਿਛੇ ਪਿਛੇ ਜਾ ਰਿਹਾ ਸੀ ਸ਼ਾਹਬਾਜ਼ ਸਿੰਘ — ਬੰਦਾ ਸਿੰਘ ਦੇ ਤੋਪਖਾਨੇ ਦਾ ਸਰਦਾਰ, ਉਹਦਾ ਤੋਪਚੀ — ਨਾਇਬ। ਸ਼ਾਹਬਾਜ਼ ਸਿੰਘ ਦੇ ਸੱਜੇ ਮੋਢੇ ਉਤੇ ਡੂੰਘਾ ਜ਼ਖਮ ਆਇਆ ਸੀ। ਮੁਸਲਮਾਨਾਂ ਦਾ ਇਕ ਟੋਲਾ ਉਚੇਚਾ ਸ਼ਾਹਬਾਜ਼ ਸਿੰਘ ਉੱਤੇ ਆ ਪਿਆ ਸੀ — ਉਸ ਹਾਨੀ ਦਾ ਬਦਲਾ ਲੈਣ ਵਾਸਤੇ ਜਿਹੜੀ ਉਸ ਦੀ ਸਰਦਾਰੀ ਥੱਲੇ ਖ਼ਾਲਸਈ ਤੋਪਾਂ ਨੇ ਮੁਗ਼ਲਈ ਤੋਪਾਂ ਤੇ ਹਾਥੀਆਂ ਦੀ ਕੀਤੀ। ਜ਼ਖਮ ਭਾਵੇਂ ਬੰਨ੍ਹਿਆ ਜਾ ਚੁਕਾ ਸੀ, ਪਰ ਫਿਰ ਵੀ ਇਕੇ ਜ਼ਕੇ ਲਹੂ ਦੇ ਕਤਰੇ ਅਜੇ ਤਕ ਡਿਗਦੇ ਜਾ ਰਹੇ ਸਨ।

Scanned by CamScanner

੨੪ ਮਈ ਸਵੇਰੇ ਖਾਲਸਈ ਸੈਨਾ ਸਰਹਿੰਦ ਵਿਚ ਦਾਖਿਲ ਹੋਈ।

੨੩ ਮਈ ਨੂੰ ਬੰਦਾ ਸਿੰਘ ਬਹਾਦਰ ਨੇ ਸੈਨਾ ਨੂੰ ਚਪੜਚੇੜੀ ਦਾ ਮੈਦਾਨ ਛੱਡਣ ਦੀ ਆਗਿਆ ਨਹੀਂ ਸੀ ਦਿਤੀ। ਸਭ ਸਰਦਾਰਾਂ ਨੇ ਬੜੀ ਉਤਾਵਲ ਵਿਖਾਈ। ਆਪੋ ਵਿਚ ਉਹਨਾਂ ਨੇ ਬੰਦੇ ਦੇ ਸੰਜਮ ਦੀ ਨਿਖੇਧੀ ਵੀ ਕੀਤੀ। ਪਰ ਬੰਦਾ ਸਿੰਘ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਹੈ।

ਉਹਨੇ ਆਪਣੀ ਸੈਨਾ ਦੇ ਬਿਮਾਰਾਂ ਤੇ ਫੱਟੜਾਂ ਦਾ ਪ੍ਰਬੰਧ ਕਰਨਾ ਸੀ, ਉਹਨੇ ਚਪੜਚੇੜੀ ਦੇ ਮੈਦਾਨ ਵਿਚੋਂ ਹੱਥ ਲਗੇ ਮਾਲ ਨੂੰ ਇਕੱਤਰ ਕਰਨਾ ਸੀ ਤੇ ਉਹਨੇ ਸਰਹਿੰਦ ਵਿਚ ਦਾਖਿਲ ਹੋਣ ਲਈ ਤੇ ਫਿਰ ਸਰਹਿੰਦ ਵਿਚ ਰਹਿੰਦੀ ਖੂੰਹਦੀ ਮੁਖ਼ਾਲਫ਼ਿਤ ਨੂੰ ਬਰਬਾਦ ਕਰਨ ਲਈ ਆਪਣੀ ਸੈਨਾ ਨੂੰ ਨਵੇਂ ਸਿਰੇ ਤਰਤੀਬ ਦੇਣੀ ਸੀ।

ਅਜੇ ਤਕ ਖਾਲਸਈ ਦਲ ਪੂਰੀ ਤਰ੍ਹਾਂ ਜਥੇਬੰਦ ਨਹੀਂ ਸੀ ਹੋਇਆ। ਸਮਾਣੇ ਦੇ ਸਰ ਹੋਣ ਤੋਂ ਪਹਿਲੋਂ ਤਾਂ ਲੁਟ ਹਰ ਜਿੱਤ ਦਾ ਇਕ ਖਾਸ ਅੰਗ ਹੋਇਆ ਕਰਦੀ ਸੀ। ਏਥੋਂ ਖਜ਼ਾਨਾ ਲੁਟਿਆ, ਉਥੋਂ ਦਾਣਾ ਪੱਠਾ, ਉਦੋਂ ਦਾਈਏ ਲੰਮੇਰੇ ਨਹੀਂ ਸਨ ਹੁੰਦੇ। ਰੋਜ਼ ਬਰੋਜ਼ ਦੀਆਂ ਜਿੱਤਾਂ ਤੇ ਲੁੱਟਾਂ ਉਤੇ ਜੀਵਿਆ ਜਾਂਦਾ ਸੀ। ਉਦੋਂ ਹਾਲਾਤ ਦੀ ਇਹੋ ਮੰਗ ਸੀ।

ਸਮਾਣੇ ਦੀ ਜਿੱਤ ਪਿਛੋਂ ਬੰਦੇ ਬਹਾਦਰ ਨੇ ਆਪਣਾ ਬਾਣਾ ਬਦਲਿਆ। ਜਰਨੈਲੀ ਬਹਾਦਰ ਵਰਦੀ ਪਹਿਨੀ। ਆਪਣੇ ਲਸ਼ਕਰ ਦਾ ਨਰੀਖਣ ਕੀਤਾ। ਸਿਦਕੀ ਸਿੰਘਾਂ ਤੇ ਲੁਟੇਰਿਆਂ ਨੂੰ ਆਪੋ ਵਿਚ ਨਖੇੜਿਆ। ਸੂਰਬੀਰਾਂ ਨੂੰ ਚੁਣਿਆ ਤੇ ਵੇਖਿਆ ਕਿ ਕਿਸ ਕਿਸ ਉਤੇ ਕਿੰਨਾ ਕਿੰਨਾ ਇਤਬਾਰ ਕੀਤਾ ਜਾ ਸਕਦਾ ਹੈ। ਪਰ ਹਾਲੇ ਵੀ ਖਾਲਸਾ ਪੂਰੀ ਤਰ੍ਹਾਂ ਜੱਥੇਬੰਦ ਨਹੀਂ ਸੀ ਹੋਇਆ। ਹਾਲੇ ਵੀ ਲਸ਼ਕਰ ਵਿਚ ਧਾੜਵੀ ਸਨ। ਹਾਲੇ ਵੀ ਖਾਲਸਈ ਦਲ ਅਸਲੀ ਅਰਥਾਂ ਵਿਚ ਖਾਲਸਈ ਸੈਨਾ ਨਹੀਂ ਸੀ ਅਖਵਾ ਸਕਦਾ।

ਸਰਹਿੰਦ ਦੀ ਜੰਗ ਨਾਲ, ਬੰਦਾ ਸਿੰਘ ਸਿੱਖਾਂ ਨੂੰ ਪੂਰੀ ਤਰ੍ਹਾਂ ਜਥੇਬੰਦ ਕਰਨ ਦਾ ਚਾਹਵਾਨ ਸੀ। ਉਹਦੀ ਮਨਸ਼ਾ ਸੀ ਕਿ ਇਸ ਜੰਗ ਤੇ ਇਸ ਜਿੱਤ ਨਾਲ ਖਾਲਸਾ ਆਪਣੇ ਪੈਰ ਪੀਡੇ ਕਰੇ ਤੇ ਇਕ ਮਜ਼ਬੂਤ ਸਲਤਨੱਤ ਦੀ ਨੀਂਹ ਰਖੀ ਜਾਏ।

ਬਾਂਗਰ ਤੋਂ ਸੋਨੀਪਤ, ਸੋਨੀਪਤ ਤੋਂ ਕੈਥਲ, ਕੈਥਲ ਤੋਂ ਸਮਾਣਾ, ਸਮਾਣੇ ਤੋਂ ਘੜਾਮ, ਠਸਕਾ, ਸ਼ਾਹਬਾਦ, ਸਢੌਰਾ, ਮੁਖਲਸਗੜ੍ਹ, ਅੰਬਾਲਾ ਤੇ ਬਨੂੜ, ਅਜੇ ਤਕ ਬੰਦਾ ਸਿੰਘ ਕਿਤੇ ਵੀ ਨਹੀਂ ਸੀ ਅਟਕਿਆ। ਬਸ, ਰਾਤ ਬਸੇਰਾ ਤੇ ਫਿਰ ਅਗਾਂਹਾਂ। ਬਸ ਜਿੱਤ, ਲੁਟ ਤੇ ਅਗਾਹਾਂ ਨੂੰ ਚਾਲੇ। ਦਲ ਵਿਚ ਆਪਣੀ ਮਰਜ਼ੀ ਨਾਲ ਲੋਕ, ਸਿਪਾਹੀ ਤੇ ਧਾੜਵੀ ਆ ਸ਼ਾਮਿਲ ਹੁੰਦੇ ਤੇ ਆਪਣੀ ਮਰਜ਼ੀ ਨਾਲ ਚਲੇ ਜਾਂਦੇ। ਘਰਾਂ ਵਿਚ ਪਿੰਡਾਂ ਵਿਚ ਜਾਂ ਜੰਗਲਾਂ ਵਿਚ ਲੁਟ ਦਾ ਮਾਲ ਰਖ ਆਉਂਦੇ ਜਾਂ ਦੱਬਾ ਆਉਂਦੇ ਤੇ ਫਿਰ ਅਗਲੀ ਲੜਾਈ ਲਈ ਤਿਆਰ ਬੰਦੇ ਨਾਲ ਆ ਰਲਦੇ।

ਸਮਾਣੇ ਨੂੰ ਜਿੱਤ ਕੇ ਬੰਦੇ ਨੇ ਇਸ ਆਪਾ-ਧਾਪੀ ਦੀ ਮਨੋਵਿਗਿਆਨਕ ਬ੍ਰਿਤੀ ਨੂੰ ਵੀ ਠਲ੍ਹ ਪਾਣ ਦੀ ਕੋਸ਼ਿਸ਼ ਕੀਤੀ। ਫ਼ਤਹ ਸਿੰਘ ਨੂੰ ਸਮਾਣੇ ਦਾ ਸੂਬੇਦਾਰ ਥਾਪਿਆ! ਪਰ ਗੱਲ ਨਾ ਬਣੀ। ਫ਼ਤਹ ਸਿੰਘ ਉਥੇ ਬਹੁਤੀ ਦੇਰ ਟਿਕਿਆ ਨਹੀਂ ਲਗਦਾ, ਕਿਉਂਕਿ ਉਹ ਮੁਖਲਸ ਗੜ੍ਹ ਤੇ ਫਿਰ ਸਰਹਿੰਦ ਦੀ ਲੜਾਈ ਵਿਚ ਬੰਦੇ ਦੇ ਨਾਲ ਸੀ। ਸ਼ਾਇਦ ਅਜੇ ਤਕ ਵੀ ਸਮੇਂ ਦੀ ਮੰਗ ਇਹੋ ਸੀ। ਕੋਈ ਜਥੇਬੰਦੀ ਸੰਭਵ ਨਹੀਂ ਸੀ। ਅਜੇ ਹੋਰ ਸਾਥੀਆਂ ਦੀ ਲੋੜ ਸੀ, ਅਜੇ ਹੋਰ ਪ੍ਰਾਪੇਗੰਡੇ ਦੀ ਲੋੜ ਸੀ, ਅਜੇ ਹੋਰ ਜੰਗੀ ਸਾਮਾਨ ਚਾਹੀਦਾ ਸੀ, ਅਜੇ ਕੋਈ ਇਹੋ ਜਿਹੀ ਥਾਂ ਸਰ ਕਰਨ ਦੀ ਲੋੜ ਸੀ ਜਿਥੋਂ ਕਿ ਖਾਲਸਾ ਰਾਜ ਦੀ ਨੀਂਹ ਰੱਖੀ ਜਾ ਸਕੇ — ਤੇ ਬੰਦਾ ਜਾਣਦਾ ਸੀ ਕਿ ਉਹ ਥਾਂ ਸਰਹਿੰਦ ਹੈ।

Scanned by CamScanner

੨੨ ਮਈ ਨੂੰ ਚਪੜਚੇੜੀ ਦੇ ਮੈਦਾਨ ਵਿਚ ਸਰਹਿੰਦ ਫ਼ਤਹ ਹੋ ਗਈ ਤੇ ਹੁਣ ਬੰਦੇ ਨੇ ਵੇਖਣਾ ਸੀ ਕਿ ਸਰਹਿੰਦ ਦੀ ਫ਼ਤਹ ਵੀ ਸਮਾਣੇ ਤੇ ਹੋਰਨਾਂ ਥਾਵਾਂ ਦੀ ਫ਼ਤਹ ਵਾਂਗ ਛਿਨਭੰਗਰੀ ਨਾ ਹੋਵੇ ਤੇ ਖਾਲਸਾ ਦਲ ਸਰਹਿੰਦ ਨੂੰ ਵੀ ਸਿਰਫ ਇਕ ਰਾਤ ਬਸੇਰੇ ਲਈ ਮਿਲੇ ਨਿਘੇ ਆਲ੍ਹਣੇ ਵਾਂਗ ਨਾ ਲਵੇ।

ਇਹੋ ਸਮਾਂ ਸੀ ਤੇ ਇਹੋ ਮੌਕਾ। ਜੋ ਅਜ ਬੰਦਾ ਸਿੰਘ ਖਾਲਸਾ ਦਲ ਦੀਆਂ ਵਾਗਾਂ ਢਿਲੀਆਂ ਛੱਡ ਦੇਂਦਾ ਤੇ ਸਿਖ ਲਸ਼ਕਰ ਸਰਹਿੰਦ ਵਿਚ ਸਿਰਫ ਲੂਟ ਮਾਰ ਦੀ ਗ਼ਰਜ਼ ਨਾਲ ਦਾਖਿਲ ਹੋ ਜਾਂਦਾ ਤਾਂ ਬੰਦੇ ਨੇ ਆਪਣੇ ਨਿਸ਼ਾਨੇ ਤੋਂ ਉੱਕ ਜਾਣਾ ਸੀ, ਤੇ ਸਿਖ ਰਾਜ ਦੀ ਨੀਂਹ ਕਿਤੇ ਵੀ ਧਰੀ ਨਹੀਂ ਸੀ ਜਾ ਸਕਦੀ।

ਇਹ ਖੁਸ਼ੀ ਦਾ ਸਥਾਨ ਸੀ ਕਿ ਜਿੰਨੇ ਵੀ ਧਾੜਵੀ ਫੌਜ ਵਿਚ ਸਨ ਉਹ ਭੀੜ ਬਣੀ ਵੇਲੇ ਠੱਸ ਗਏ। ਰਹਿੰਦੇ ਲਸ਼ਕਰ ਵਿਚੋਂ ਬਹੁਤੇ ਮਰਦ ਸਿਦਕੀ ਸਨ ਤੇ ਖਾਲਸਾ ਰਾਜ ਦੀ ਸਥਾਪਤੀ ਵਿਚ ਦਿਲਚਸਪੀ ਰਖਦੇ ਸਨ। ਇਹਨਾਂ ਸਿਪਾਹੀਆਂ ਨੂੰ ਜਿਹੜੇ ਕਿ ਹੁਣ ਉਹਦੇ ਕੋਲ ਸਨ, ਜੱਥੇਬੰਦ ਕੀਤਾ ਜਾ ਸਕਦਾ ਸੀ ਤੇ ਇਹਨਾਂ ਵਿਚ ਫੌਜੀ ਜ਼ਬਤ ਦੀ ਸਪਿਰਟ ਭਰੀ ਜਾ ਸਕਦੀ ਸੀ।

ਇਕ ਭੀੜ ਜਾਂ ਇਕੱਠ, ਇਥੋਂ ਤਕ ਕਿ ਇਕ ਦਲ ਜਾਂ ਲਸ਼ਕਰ ਵਿਚਕਾਰ ਤੇ ਇਕ ਸੈਨਾਂ ਵਿਚ ਕਿਹੜਾ ਬੁਨਿਆਦੀ ਅੰਤਰ ਹੁੰਦਾ ਹੈ ? ਇਹੋ ਕਿ ਇਕ ਭੀੜ ਜਾਂ ਇਕੱਠ ਜਾਂ ਦਲ ਵਿਚ ਜ਼ਬਤ ਨਹੀਂ ਹੁੰਦਾ ਤੇ ਸੈਨਾਂ ਵਿਚ ਜ਼ਬਤ ਹੁੰਦਾ ਹੈ। ਜ਼ਬਤ, ਇਹਨੂੰ ਇਕ ਤਰ੍ਹਾਂ ਦਾ ਬੰਧੇਜ ਵੀ ਕਿਹਾ ਜਾ ਸਕਦਾ ਹੈ ਜਾਂ ਇਕ ਤਰ੍ਹਾਂ ਦਾ ਸੰਜਮ; ਸੰਜਮ ਸੈਨਾ ਦਾ ਨਿਖੜਵਾਂ ਅੰਗ ਹੈ। ਬਿਨਾਂ ਜ਼ਬਤ ਸੈਨਾ ਨਹੀਂ। ਬਿਨਾਂ ਜ਼ਬਤ ਸਿਪਾਹੀ ਨਹੀਂ ਸਿਰਫ ਇਕ ਲੁਟੇਰਾ ਹੈ, ਬਹਾਦਰ ਜਾਂ ਧਾੜਵੀ।

ਇਕ ਭੀੜ ਵਿਚ ਜ਼ਬਤ ਉਦੋਂ ਆਉਂਦਾ ਹੈ ਜਦੋਂ ਉਹਨਾਂ ਦਾ ਇਕ ਸੈਨਾਪਤੀ ਹੋਵੇ, ਸੈਨਾਪਤੀ ਥੱਲੇ ਸਰਦਾਰ ਹੋਣ, ਸਰਦਾਰਾਂ ਦੇ ਥੱਲੇ ਭਿੰਨ ਭਿੰਨ ਜੱਥੇ ਹੋਣ ਤੇ ਹਰ ਜੱਥੇ ਦੇ ਆਦਮੀਆਂ ਵਿਚ ਹੁਕਮ ਮੰਨਣ ਦੀ ਸਿਰਫ ਚਾਹ ਹੀ ਨਾ ਹੋਵੇ, ਸਗੋਂ ਹੁਕਮ ਅੰਦਰ ਰਹਿਣਾ ਇਕ ਤਰ੍ਹਾਂ ਦਾ ਸੁਭਾ ਹੀ ਬਣ ਗਿਆ ਹੋਵੇ। ਕੋਈ ਆਦਮੀ ਹੁਕਮ ਤੋਂ ਬਗ਼ੈਰ ਕਦਮ ਨਾ ਚੁਕੇ, ਕੋਈ ਆਦਮੀ ਬਿਨਾਂ ਆਗਿਆ ਸਾਹਮਣੇ ਦਿਸਦੀ ਹੀਰਿਆਂ ਦੀ ਖਾਣ ਵੀ ਵਲ ਨਾ ਤਕੇ। ਇਹੋ ਜਿਹੇ ਜ਼ਬਤ ਨਾਲ ਮਰਦ ਸਿਪਾਹੀ ਬਣਦੇ ਹਨ ਤੇ ਭੀੜਾਂ ਜਾਂ ਇਕੱਠ, ਸੈਨਾਵਾਂ।

ਚਪੜਚੇੜੀ ਦੀ ਲੜਾਈ ਨਾਲ ਬੰਦਾ ਬਹਾਦਰ ਅਸਲੀ ਅਰਥਾਂ ਵਿਚ ਖ਼ਾਲਸਈ ਦਲ ਨੂੰ ਖਾਲਸਈ ਸੈਨਾ ਬਨਾਉਣਾ ਚਾਹੁੰਦਾ ਸੀ।

ਇਹੋ ਹੀ ਕਾਰਨ ਸੀ ਕਿ ੨੩ ਮਈ ਨੂੰ ਖਾਲਸਾ ਸਰਹਿੰਦ ਅੰਦਰ ਨਾ ਵੜਿਆ। ਇਸ ਤਰੀਕੇ ਨਾਲ ਬੰਦਾ ਖਾਲਸੇ ਅੰਦਰ ਜ਼ਬਤ ਤੇ ਸੰਜਮ ਭਰਨਾ ਚਾਹੁੰਦਾ ਸੀ। ਲਾਲਚ ਤੇ ਖੁਸ਼ੀ ਦੇ ਸਨਮੁਖ ਉਹ ਆਗਿਆਵਾਂ ਰਖਣਾ ਚਾਹੁੰਦਾ ਸੀ ਤੇ ਦਰਸਾਣਾ ਚਾਹੁੰਦਾ ਸੀ ਕਿ ਖਾਲਸਾ ਲਾਲਚ ਤੇ ਅਪਾਰ ਖੁਸ਼ੀ ਦੇ ਸਨਮੁਖ ਵੀ ਆਗਿਆਵਾਂ ਦਾ ਪਾਲਣ ਉਚੇਰੀ ਪੱਧਰ ਤੇ ਰਖੇਗਾ।

ਸੋ ੨੩ ਮਈ ਦਾ ਦਿਨ ਜ਼ਖਮੀਆਂ ਤੇ ਫੱਟੜਾਂ ਦੀ ਦੇਖ ਭਾਲ ਵਿਚ ਲਾਇਆ ਗਿਆ। ਤੇ ਇਸ ਦਿਨ ਦੁਸ਼ਮਣ ਦਾ ਛਡਿਆ ਮਾਲ ਇਕੱਠਾ ਕੀਤਾ ਗਿਆ। ਹੁਣ ਬੰਦਾ ਪਹਿਲਾਂ ਵਾਂਗ ਗੋਲਾ ਬਾਰੂਦ ਤੇ ਹੋਰ ਜੰਗੀ ਸਾਮਾਨ ਲੁਟੇਰਿਆਂ ਦੇ ਵੱਸ ਨਹੀਂ ਸੀ ਛਡ ਸਕਦਾ। ਉਹਨੂੰ ਇਕ ਇਕ ਜੰਬੂਰਕੇ, ਇਕ ਇਕ ਚੰਗੀ ਕਮਾਨ, ਇਕ ਇਕ ਤੋਪ ਤੇ ਇਕ ਇਕ ਗੱਲੇ ਦੀ ਲੋੜ ਸੀ। ਹੁਣ ਉਸ ਖਾਲਸਈ ਸੈਨਾ ਦੀ ਸਥਾਪਨਾ ਕਰਨੀ ਸੀ। ਜੇ ਅਜ ਦੇ ਦਿਨ ਲੋਕ ਇਹ ਸਾਮਾਨ ਆਪਣੀ ਆਪਣੀ ਲੁੱਟ ਦੀ ਮਲਕੀਅਤ ਸਮਝਦੇ ਤਾਂ ਖਾਲਸਈ ਸੈਨਾ ਦੀ ਨੀਂਹ ਨਹੀਂ ਸੀ ਰਖੀ ਜਾ ਸਕਦੀ। ਜਦੋਂ ਜ਼ਬਤ-ਭਗੀ ਤੇ ਜੱਥੇਬੰਦ ਸੈਨਾ ਦੇ ਹੱਥ ਕੋਈ ਚੀਜ਼ ਲਗਦੀ ਹੈ ਤਾਂ ਉਹ ਸੈਨਾ ਦੀ ਮਲਕੀਅਤ ਹੁੰਦੀ ਹੈ ਕਿਸੇ ਦੀ ਜ਼ਾਤੀ ਮਲਕੀਅਤ ਨਹੀਂ। ਸੈਨਾਪਤੀ ਜਾਂ ਸਰਕਾਰ ਦੀ ਮਰਜ਼ੀ ਹੈ ਉਸ ਚੀਜ਼ ਨੂੰ ਜਿਵੇਂ ਚਾਹੇ ਵਰਤੇ।

ਇਸ ਦਿਨ ਇਹੋ ਜਿਹੀ ਜੱਥੇਬੰਦੀ ਤੇ ਜ਼ਬਤ ਪਹਿਲੀ ਵਾਰ ਖਾਲਸੇ ਵਿਚ ਆਇਆ। ਇਹ ਇਕ ਤਜਰਬਾ ਸੀ, ਇਕ ਜੂਆ ਸੀ। ਹੋ ਸਕਦਾ ਸੀ ਸਿਖ ਜਨਤਾ ਤੇ ਸਿਖ ਬਹਾਦਰ ਬੇਕਾਬੂ ਹੋ ਜਾਂਦੇ। ਹੋ ਸਕਦਾ ਸੀ ਕਿ ਉਹਨਾਂ ਦੀਆਂ ਅਸਰ ਹੋਣ ਵਾਲੀਆਂ ਤੇ ਬੇਲਗਾਮ ਬ੍ਰਿਤੀਆਂ ਵਿੱਟਰ ਜ਼ਾਂਦੀਆਂ ਤੇ ਇਹ ਦਲ ਚਪੜਚੇੜੀ ਵਿਚੋਂ ਹੱਥ ਲਗੇ ਜੰਗੀ ਸਾਮਾਨ

Scanned by CamScanner

ਨਾਲ ਮਨ-ਆਈਆਂ ਕਰਦਾ ਤੇ ਫਿਰ ਮਾਰੋ ਮਾਰ ਕੂਕਦਾ ਸਰਹਿੰਦ ਉਤੇ ਜਾ ਪੈਂਦਾ। ਯਾਦ ਰਹੇ ਕਿ ਸਿਖ ਜਨਤਾ ਪਾਸ ਬੇਕਾਬੂ ਹੋਣ ਵਾਸਤੇ ਬੜੇ ਬਹਾਨੇ ਸਨ। ਅਜ ਉਹਨਾਂ ਦੇ ਸਾਹਮਣੇ ਸਰਹਿੰਦ ਸੀ। ਉਹ ਸਰਹਿੰਦ ਜਿਥੇ ਗੁਰੂ ਕਲਗੀਆਂ ਵਾਲੇ ਦੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ ਗਿਆ ਤੇ ਜਿਸ ਸਰਹਿੰਦ ਨੂੰ "ਗੁਰੂ ਕੀ ਮਾਰੀ" ਦਾ ਨਾਂ ਦਿਤਾ ਗਿਆ। ਅਜ ਸਰਹਿੰਦ ਜਿੱਤੀ ਜਾ ਚੁਕੀ ਸੀ ਤੇ ਫਿਰ ਉਹਨਾਂ ਨੂੰ ਇਸ ਸ਼ਹਿਰ ਦੀ ਇੱਟ ਨਾਲ ਇੱਟ ਖੜਕਾਣ ਦੀ ਆਗਿਆ ਨਹੀਂ ਸੀ। ਅਜ ਸਰਹਿੰਦ ਜਿੱਤੀ ਜਾ ਚੁਕੀ ਸੀ ਤੇ ਫਿਰ ਵੀ ਸਿਖ ਜਨਤਾ ਜ਼ਖਮੀ ਤੇ ਫੱਟੜਾਂ ਦੀ ਦਵਾ-ਪੱਟੀ ਕਰ ਰਹੀ ਸੀ ਤੇ ਜੰਗ ਵਿਚੋਂ ਮਿਲਿਆ ਸਾਮਾਨ ਇਕ ਮਖਸੂਸ ਥਾਂ ਉਤੇ ਇਕੱਤਰ ਕਰ ਰਹੀ ਸੀ। ਬੇਸ਼ਕ, ਅੱਜ ਗੁਰੂ ਦਾ ਨਾਂ ਹੀ ਸਿਖ ਦਲ ਕੋਲ ਬੰਦੇ ਬਹਾਦਰ ਦੀ ਆਗਿਆ ਦੀ ਉਲੰਘਣਾ ਕਰਨ ਦਾ ਬਹਾਨਾ ਸੀ — ਤੇ ਬੰਦਾ ਇਹ ਜਾਣਦਾ ਸੀ।

ਪਰ ਬੰਦਾ ਸਿੰਘ ਬਹਾਦਰ ਇਹ ਵੀ ਜਾਣਦਾ ਸੀ ਕਿ ਅਜ ਦਾ ਹੀ ਦਿਨ ਹੈ, ਜਦੋਂ ਜੇ ਉਹ ਹਾਰ ਗਿਆ ਤਾਂ ਬਾਦਿਦ ਉਹ ਆਪਣੇ ਮਿਸ਼ਨ ਵਿਚ ਹੀ ਹਾਰ ਗਿਆ। ਜੇ ਅਜ ਸਿਖ ਜਨਤਾ ਬੇਲਗਾਮ ਹੋ ਗਈ ਤਾਂ ਇਹ ਕਦੀ ਕਾਬੂ ਵਿਚ ਨਹੀਂ ਆਵੇਗੀ, ਇਹ ਕਦੀ ਸੋਧੀ ਨਹੀਂ ਜਾ ਸਕੇਗੀ।

ਇਹੋ ਜਿਹੀ ਮੁਸ਼ਕਲ ਸਮੱਸਿਆ ਕੁਲ ਦੁਨੀਆਂ ਦੇ ਇਤਿਹਾਸ ਵਿਚ ਅਜੇ ਤਕ ਬੜੇ ਥੋੜੇ ਸੈਨਾਪਤੀਆਂ ਤੇ ਨੇਤਾਵਾਂ ਸਾਹਮਣੇ ਪੇਸ਼ ਆਈ ਹੈ ਤੇ ਬੜੇ ਥੋੜੇ ਸੈਨਾਪਤੀਆਂ ਤੇ ਨੇਤਾਵਾਂ ਨੇ ਇਹੋ ਜਿਹੀ ਅਜ਼ਬ ਸਮੱਸਿਆ ਨੂੰ ਇਹੋ ਜਿਹੇ ਜਿਗਰੇ ਤੇ ਹੌਸਲੇ ਨਾਲ ਨਜਿੱਠਿਆ ਹੈ।

੨੩ ਮਈ ਨੂੰ ਬੰਦਾ ਸਿੰਘ ਬਹਾਦਰ ਦਾ, ਲਗ ਪਗ ਬਾਰਾਂ ਪੰਦਰਾਂ ਹਜ਼ਾਰ ਆਦਮੀਆਂ ਨੂੰ, ਇਸ ਤਰ੍ਹਾਂ ਜ਼ਬਤ ਤੇ ਮੁੱਠ ਵਿਚ ਰਖਣਾ ਇਕ ਬੇਮਿਸਾਲ ਕ੍ਰਿਸ਼ਮਾ ਸੀ। ਕੋਈ ਘਟ ਹਿੰਮਤ ਵਾਲਾ ਜਰਨੈਲ ਇਹੋ ਜਿਹੇ ਵਕਤ ਅੰਨਾਂ ਵੱਡਾ ਜੂਆ ਠਾ ਖੇਡਦਾ ਤੇ ਜੇ ਖੇਡਦਾ ਤਾਂ ਬੜੀ ਕਿਸਮਤ ਨਾਲ ਜਿੱਤਦਾ। ਪਰ ਬੰਦੇ ਨੇ ਮੁਸਕਰਾਂਦਿਆਂ ਮੁਸਕਰਾਂਦਿਆਂ ਇਹ ਜੂਆ ਖੇਡਿਆ ਤੇ ਮੁਸਕਰਾਂਦਿਆਂ ਮੁਸਕਰਾਂਦਿਆਂ ਇਹ ਜੂਆ ਜਿੱਤਿਆ। ਉਹਨੂੰ ਕੋਈ ਉਚੇਚੀ ਮਿਹਨਤ ਨਹੀਂ ਕਰਨੀ ਪਈ, ਉਹਦੇ ਮੱਥੇ ਉੱਤੇ ਕੋਈ ਤਰੇਲੀਆਂ ਨਹੀਂ ਆਈਆਂ, ਉਹਦਾ ਦਿਲ ਨਹੀਂ ਕੰਬਿਆ, ਉਹਨੂੰ ਕਿਸੇ ਸ਼ੰਕੇ ਨੇ ਨਹੀਂ ਡਰਾਇਆ। ਅਜ ਬੰਦਾ ਸਿੰਘ ਦਾ ਅੰਤਰ-ਗਿਆਨ ਤੇ ਉਹਦੀ ਅੰਤਰ-ਸੋਝੀ ਉਹਦੀ ਸਹਾਇਕ ਹੋਈ। ਅਜ ਬੰਦੇ ਦਾ ਸਵੈ-ਵਿਸ਼ਵਾਸ ਤੇ ਉਹਦੀ ਭਗਤ ਜਿੱਤੀ। ਅਜ ਬੰਦਾ ਸਿੰਘ ਦਾ ਜੋਗ ਚਿਤਿਆ, ਉਹਦੀ ਤਪੱਸਿਆ ਜਿੱਤੀ। ਅਜ — ਅਜ ਗੁਰੂ ਗੋਬਿੰਦ ਸਿੰਘ ਦਾ ਵਿਸ਼ਵਾਸ ਜਿਤਿਆ, ਉਹਦੀ ਪਾਰਦਰਸ਼ਤਾ ਜਿੱਤੀ. ਅਜ ਗੁਰੂ ਗੋਬਿੰਦ ਸਿੰਘ ਆਪ ਜਿੱਤਿਆ।

ਅਜ ਦੇ ਕ੍ਰਿਸ਼ਮੇ ਨਾਲ ਬੰਦਾ ਸਿੰਘ ਬਹਾਦਰ ਦੀ ਤੁਲਨਾ ਸਹਿਜੇ ਹੀ ਨੈਪੋਲੀਅਨ ਤੇ ਹੈਨੀਬਲ ਜਿਹੇ ਸੈਨਾਪਤੀਆਂ ਨਾਲ ਕੀਤੀ ਜਾ ਸਕਦੀ ਹੈ। ਇਹਨਾਂ ਤਰੇਹਾਂ ਨੇ ਹੀ ਆਪਣੇ ਆਪਣੇ ਖੇਤਰ ਵਿਚ ਤੇ ਆਪਣੇ ਆਪਣੇ ਸਮੇਂ ਇਹੋ ਜਿਹੀਆਂ ਹਿੰਮਤਾਂ ਤੇ ਹੌਸਲੇ ਵਖਾਏ।

ਬੰਦਾ ਸਿੰਘ ਬਹਾਦਰ ਦੀ ਕਰਾਮਾਤ ਸਭੋਂ ਹੋਰ ਵਧੇਰੀ ਤਰ੍ਹਾਂ ਤਦੋਂ ਸਹੀ ਹੋਵੇਗੀ ਜਦੋਂ ਇਹ ਸੋਚਿਆ ਜਾਵੇ ਕਿ ਇਹੋ ਜਿਹੀ ਜਿੱਤ ਖਾਲਸੇ ਨੂੰ ਪਹਿਲੇ ਕਦੇ ਨਸੀਬ ਨਾ ਹੋਈ ਤੇ ਨਾ ਹੀ ਸਰਹਿੰਦ ਜਿਹਾ ਸ਼ਹਿਰ ਉਹਨਾਂ ਨੂੰ ਪਹਿਲੇ ਕਦੀ ਲੁਟਣ ਲਈ ਮਿਲਿਆ। ਸਰਹਿੰਦ ਦੀ ਪ੍ਰਸਿੱਧਤਾ ਤੇ ਸਰਹਿੰਦ ਦੀ ਅਮੀਰੀ — ਉਫ਼ ਸਰਹਿੰਦ ਦੀ ਦੌਲਤ ਤਾਂ ਮਜ਼ਬੂਰੀ ਮੁਸ਼ਤ ਜੋਡਾ ਹੀ ਕਾਰਨ ਸੀ ਕਿ ਸਿਖ ਜਨਤਾ ਬੇਲਗਾਮ ਹੁੰਦੀ। ਪਰ...ਪਰ ਬੰਦੇ ਨੇ ਕਿਸੇ ਦਲੀਲ ਨੂੰ ਵੀ ਆਪਣੇ ਨਿਸ਼ਾਨੇ ਦੇ ਸਾਹਮਣੇ ਟਿਕਣ ਨਾ ਦਿਤਾ।

ਅਜ ਬੰਦਾ ਸਿੰਘ ਸਵੇਰ ਤੋਂ ਹੀ ਘੋੜੇ ਉਤੇ ਚੜ੍ਹਿਆ ਆਪਣੀ ਸੈਨਾ ਵਿਚ ਗੇੜੇ ਲਾ ਰਿਹਾ ਸੀ। ਭਾਈ ਬਾਜ ਸਿੰਘ ਤੇ ਫਤਹ ਸਿੰਘ ਉਹਦੇ ਨਾਲ ਸਨ। ਉਹ ਖੁਦ ਪਹਿਲੇ ਮਝੈਲਾਂ ਦੀ ਵਿਸ਼ਰਾਮ-ਥਾਂ ਵਲ ਗਿਆ ਤੇ ਫਿਰ ਮਲਵਈ ਜਵਾਨਾਂ ਦੇ ਮੱਧ ਵਿਚ ਘੁੰਮਿਆ। ਉਸ ਖੁਦ ਸਰਦਾਰ ਕਾਹਨ ਸਿੰਘ ਤੇ ਮੀਰੀ ਸਿੰਘ ਦੀ ਕਮਾਨ ਥੱਲੇ ਬਚੇ ਖੁਚੇ ਧਾੜਵੀਆਂ ਦਾ ਅਲੀਮਾ ਲੀਤਾ।

ਅਜ ਬੰਦਾ ਸਿੰਘ ਨੇ ਖੁਦ ਵੇਖਿਆ ਕਿ ਸਿਖ ਸ਼ਹੀਦਾਂ ਦਾ ਸਸਕਾਰ ਇੱਜ਼ਤ ਨਾਲ ਤੇ ਗੁਰੂ ਘਰ ਦੀ ਮਰਿਆਦਾ ਨਾਲ ਕੀਤਾ ਜਾਂਦਾ ਹੈ। ਉਸ ਆਪ ਆਪਣੇ ਸਰਦਾਰਾਂ ਨਾਲ ਚਪੜਚੇੜੀ ਦੀ ਰਣਭੂਮੀ ਗਾਹੀ ਤੇ ਪੱਕ ਕੀਤਾ ਕਿ ਕੋਈ ਸਿੰਘ ਕਿਤੇ ਪਾਣੀ ਜਾਂ ਦਵਾ ਖੁਣੋਂ ਸਿਸਕ ਤਾਂ ਨਹੀਂ ਰਿਹਾ ਤੇ ਕਿਸੇ ਸਿੰਘ ਦੀ ਲੋਥ ਹੋਰਨਾਂ ਤੁਰਕਾਂ ਦੀਆਂ ਲੋਥਾਂ ਨਾਲ ਲੂ ਵਿਚ

Scanned by CamScanner

ਸੜਨ ਜੋਗੀ ਤਾਂ ਨਹੀਂ ਪਈ ਰਹੀ ।

ਅਜ ਬੰਦਾ ਸਿੰਘ ਨੇ ਆਪ, ਹੱਥ ਆਈ ਇਕ ਇਕ ਤੋਪ ਦਾ ਮੁਆਇਨਾ ਕੀਤਾ । ਹਰ ਤੋਪ ਕੋਲ ਜਾ ਕੇ ਉਸ ਸ਼ਾਹਬਾਜ਼ ਸਿੰਘ ਤੇ ਹੋਰਨਾਂ ਬੁੰਦੇਲਖੰਡੀ ਚਲਵੱਈਆ ਕੋਲੋਂ ਉਸ ਬਾਰੇ ਪੁਛਿਆ । ਕਿੰਨਾ ਕੁ ਨੁਕਸਾਨ ਹੋਇਆ ਹੈ, ਇਹਨਾਂ ਦੀ ਮੁਰੰਮਤ ਮੁਮਕਿਨ ਹੈ ਕਿ ਨਹੀਂ, ਇਹਨਾਂ ਦੀ ਸਫ਼ਾਈ ਤੇ ਹਿਫ਼ਾਜ਼ਤ ਕਿਵੇਂ ਕਰਨੀ ਚਾਹੀਦੀ ਹੈ ।

ਅਜ ਬੰਦਾ ਸਿੰਘ ਖੁਦ ਸਰਦਾਰ ਇੰਦਰ ਸਿੰਘ ਨੂੰ ਘੋੜੇ ਤੇ ਹੋਰ ਹੱਥ ਆਏ ਜੰਗੀ ਸਾਮਾਨ ਨੂੰ ਗਿਣਨ ਤੇ ਸੰਭਾਲਣ ਬਾਰੇ ਦਸਦਾ ਰਿਹਾ । ਉਸ ਉਹਨੂੰ ਇਹਨਾਂ ਸ਼ੈਆਂ ਦੀਆਂ ਲਿਸਟਾਂ ਬਨਾਉਣ ਵਾਸਤੇ ਕਿਹਾ ਤੇ ਦਸਿਆ ਕਿ ਲੌਟ ਵੇਲੇ ਇੰਦਰ ਸਿੰਘ ਨੂੰ ਇਹਨਾਂ ਬਾਰੇ ਜੁਆਬ ਦੇਣਾ ਪਵੇਗਾ ।

ਅਜ ਬੰਦਾ ਸਿੰਘ ਨੇ ਆਪ ਸਰਦਾਰ ਕਰਮ ਸਿੰਘ ਥੱਲੇ ਇਕ ਚੋਖਾ ਜੱਥਾ ਸਰਹਿੰਦ ਨੂੰ ਘੇਰਾ ਪਾਣ ਵਾਸਤੇ ਭੇਜਿਆ ਤਾਂ ਜੋ ਦਿਨ ਦਿਨ ਵਿਚ ਹੀ ਸਰਹਿੰਦ ਖਾਲੀ ਨਾ ਹੋ ਜਾਏ, ਤਾਂ ਜੋ ਵਜ਼ੀਰ ਖਾਨ ਤੇ ਹੋਰਨਾਂ ਅਮੀਰਾਂ, ਵਜ਼ੀਰਾਂ ਅਹਿਲਕਾਰਾਂ ਤੇ ਧਨਾਢਾਂ ਦੀਆਂ ਹਵੇਲੀਆਂ ਤੇ ਮਹਿਲ ਖੁਦ ਸਰਹਿੰਦ ਵਾਸੀ ਤੇ ਵਜ਼ੀਰ ਖਾਨ ਦੇ ਆਪਣੇ ਸਿਪਾਹੀ ਲੁਟ ਕੇ ਨਾ ਚਲਦੇ ਬਣਨ ।

ਹਾਂ, ਅਜ ਬੰਦਾ ਸਿੰਘ ਨੇ ਸਵੇਰ ਤੋਂ ਹੀ ਕੋਈ ਆਰਾਮ ਨਹੀਂ ਕੀਤਾ । ਉਸ ਰੋਟੀ ਨਹੀਂ ਖਾਧੀ ਉਸ ਪਾਣੀ ਨਹੀਂ ਪੀਤਾ । ਅਜ ਉਹਨੂੰ ਧੁੱਪ ਨਹੀਂ ਪੋਹ ਰਹੀ, ਗਰਮੀ ਨਹੀਂ ਸੀ ਸਤਾ ਰਹੀ । ਅਜ ਦਾ ਦਿਨ ਬੰਦੇ ਵਾਸਤੇ ਬੜਾ ਮਹੱਤਵ ਭਰਿਆ ਦਿਨ ਸੀ । ਅਜ ਉਹਨੇ ਇਕ ਉਹ ਇਤਿਹਾਸਕ ਬੀੜਾ ਚੁਕਿਆ ਸੀ ਜਿਦ੍ਹੀ ਸਫ਼ਲਤਾ ਸਿਰਫ ਉਹਦੀ ਨਿਡਰਤਾ ਦ੍ਰਿੜ੍ਹਤਾ, ਹੌਂਸਲੇ ਤੇ ਹਿੰਮਤ ਉਤੇ ਨਿਰਭਰ ਸੀ ।

ਕਲ ਨਹੀਂ ਅਜ ਉਹ ਪਹਿਲੀਆਂ ਸਫ਼ਾਂ ਵਿਚ ਲੜ ਰਿਹਾ ਸੀ । ਕਲ ਨਹੀਂ ਉਹਦੇ ਵਾਸਤੇ ਅਸਲੀ ਲੜਾਈ ਅਜ ਸੀ ।

੨੪ ਮਈ ਖਾਲਸਈ ਸੈਨਾ ਸਰਹਿੰਦ ਵਿਚ ਦਾਖਿਲ ਹੋਈ ।

ਮਝੈਲਾਂ, ਮਲਵਈਆਂ ਤੇ ਸ: ਕਾਹਨ ਸਿੰਘ ਦੇ ਜੱਥਿਆਂ ਲਈ ਸ਼ਹਿਰ ਤਿੰਨਾਂ ਹਿੱਸਿਆਂ ਵਿਚ ਵੰਡਿਆ ਗਿਆ । ਖਾਸ ਖਾਸ ਮਹਿਲਾਂ ਤੇ ਹਵੇਲੀਆਂ ਦੀ ਤਲਾਸ਼ੀ ਸਰਦਾਰ ਫ਼ਤਹ ਸਿੰਘ ਦੇ ਸਪੁਰਦ ਹੋਈ ।

ਸਰਹਿੰਦ ਵਿਚ ਬੰਦਾ ਸਿੰਘ ਨੇ ਆਪਣਾ ਸਦਰ ਵਜ਼ੀਰ ਖ਼ਾਨ ਦਾ ਕਿਲਾ ਬਣਾਇਆ ।

ਲੋਕ ਆਖਦੇ ਹਨ ਕਿ ਤਿੰਨ ਦਿਨ ਸਰਹਿੰਦ ਲੁਟੀਂਦੀ ਰਹੀ, ਕਿ ਤਿੰਨ ਦਿਨ ਸਿੱਖਾਂ ਨੇ ਮੁਸਲਮਾਨ ਮਰਦਾਂ, ਤੀਵੀਆਂ ਤੇ ਬੱਚਿਆਂ ਉਤੇ ਬੇਇਨਤਹਾ ਜ਼ੁਲਮ ਕੀਤੇ, ਕਿ ਤਿੰਨ ਦਿਨ ਕਿਸੇ ਨੂੰ ਉਘ ਸੁਘ ਨਾ ਰਹੀ ਕਿ ਕੀ ਹੋ ਰਿਹਾ ਹੈ । ਇਹਦੇ ਵਿਚੋਂ ਬੜਾ ਕੁਝ ਸੱਚ ਹੈ ਤੇ ਬੜਾ ਕੁਝ ਝੂਠ ।

ਹਾਂ, ਸਰਹਿੰਦ ਲੁੱਟੀ ਗਈ ਤੇ ਬੇਸ਼ਕ ਮੁਸਲਮਾਨੀ ਜਨਤਾ ਉਤੇ ਬੇਇਨਤਹਾ ਜ਼ੁਲਮ ਹੋਏ, ਪਰ ਇਹਨਾਂ ਦੋ ਨਿਸ਼ਾਨਿਆਂ ਨੇ ਹੀ ਤਾਂ ਸਿਖ ਜਨਤਾ ਨੂੰ ਦੂਰ ਦੁਰਾਡਲੇ ਸ਼ਹਿਰਾਂ ਤੋਂ ਇਕੱਠਿਆਂ ਕੀਤਾ ਸੀ । ਏਸੇ ਲਈ ਤਾਂ ਜਫ਼ਰ ਜਾਲਦੇ ਸਿਖ ਜੱਥੇ ਲਾਹੌਰ ਤੇ ਅੰਮ੍ਰਿਤਸਰ ਤੋਂ ਟੁਰ ਕੇ ਆਏ ਸਨ । ਉਹਨਾਂ ਦੇ ਦਿਲਾਂ ਵਿਚ ਬਦਲੇ ਦੀ ਅੱਗ ਬੇਸ਼ਕ ਭੜਕ ਰਹੀ ਸੀ । ਹਰ ਇਕ ਦਾ ਪ੍ਰਣ ਸੀ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਣੀ ਹੈ । ਸੋ ਸਰਹਿੰਦ ਬੇਸ਼ਕ ਲੁੱਟੀ ਗਈ ।

ਪਰ ਇਹ ਆਖਣਾ ਕਿ ਇਹ ਤਿੰਨ ਦਿਨ ਕੋਈ ਕਮਾਨ ਨਹੀਂ ਸੀ ਤੇ ਨਾ ਹੀ ਕੋਈ ਚਬਤ, ਬਿਲਕੁਲ ਗ਼ਲਤ ਹੋਵੇਗਾ ।

ਇਹ ਤਿੰਨ ਦਿਨ ਵੀ ਬੰਦਾ ਸਿੰਘ ਬਹਾਦਰ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਹੈ । ਸਰਹਿੰਦ ਦੇ ਬਰਖਿਲਾਫ਼ ਉਹਦੇ ਦਿਲ ਵਿਚ ਵੀ ਉੱਨਾ ਹੀ ਗੁੱਸਾ ਸੀ, ਜਿੰਨਾ ਉਹਦੇ ਸਿਪਾਹੀਆਂ ਦੇ ਦਿਲਾਂ ਵਿਚ, ਬੰਦਾ ਸਿੰਘ ਪ੍ਰਮਾਤਮਾ ਨਹੀਂ ਇਨਸਾਨ ਸੀ । ਉਹਦੇ ਵਿਚ ਵੀ ਇਨਸਾਨੀ ਕਮਜ਼ੋਰੀਆਂ ਸਨ । ਤੇ ਜੇ ਬਦਲੇ ਦੀ ਚਾਹ ਨੂੰ ਕਮਜ਼ੋਰੀ ਕਿਹਾ ਜਾ ਸਕਦਾ ਹੈ ਤਾਂ ਉਹਦੇ ਵਿਚ ਅਵੱਸ਼ ਇਹ ਕਮਜ਼ੋਰੀ ਸੀ ।

ਤੇ ਫਿਰ ਬੰਦਾ ਸਿੰਘ ਸੈਨਾਪਤੀ ਸੀ । ਉਹਨੇ ਆਪਣੇ ਸਿਪਾਹੀਆਂ ਦਾ ਬੜਾ ਕੁਝ ਦੇਣਾ ਸੀ । ਉਹ ਪਿਛਲੇ ਕਈ ਮਹੀਨਿਆਂ ਤੋਂ ਉਹਦੇ ਨਾਲ ਆਪਣਾ ਲਹੂ ਪਸੀਨਾ ਇਕ ਕਰਦੇ ਆਏ ਸਨ । ਉਹਨੂੰ ਉਹਨਾਂ ਦਿਲਾਂ ਦਾ ਵੀ ਪਾਸ ਸੀ

Scanned by CamScanner

ਜਿਹੜੇ ਸਿਰਫ਼ "ਗੁਰੂ ਕੀ ਮਾਰੀ" ਦੀਆਂ ਇੱਟਾਂ ਚੁਕ ਕੇ ਸਤਲੁਜ ਜਾਂ ਜਮਨਾ ਵਿਚ ਸੁਟਣ ਲਈ ਉਹਦੇ ਨਾਲ ਰਲੇ ਸਨ। ਉਹਨੂੰ ਉਹਨਾਂ ਜਜ਼ਬਾਤਾਂ ਤੇ ਅਹਿਸਾਸਾਂ ਦਾ ਵੀ ਖਿਆਲ ਸੀ ਜਿਹੜੇ ਜੇਠ ਹਾੜ ਦੀਆਂ ਧੁੱਪਾਂ ਸਹਿੰਦੇ ਸਿਰਫ਼ ਸਰਹਿੰਦ ਨੂੰ ਸਰ ਕਰਨ ਲਈ ਆਪਣੀਆਂ ਜਾਨਾਂ ਤਲੀ ਉਤੇ ਰਖ ਕੇ ਆਏ ਸਨ।

ਬੰਦਾ ਬਹਾਦਰ ਜਾਣਦਾ ਸੀ ਕਿ ਉਹਨੇ ੨੩ ਮਈ ਵਾਲੇ ਦਿਨ ਖਾਲਸੇ ਕੋਲੋਂ ਬੜਾ ਕੁਝ ਲਿਆ ਹੈ। ਉਸ ਦਿਨ ਖਾਲਸੇ ਨੇ ਉਹਦੇ ਵਾਸਤੇ ਉਹ ਕੁਰਬਾਨੀ ਕੀਤੀ ਕਿ ਬੰਦਾ ਸਿੰਘ ਦਾ ਦਿਲ ਪਸੀਜ ਗਿਆ ਸੀ।

ਚੰਗਾ ਸੈਨਾਪਤੀ ਸਦਾ ਜਾਣਦਾ ਹੁੰਦਾ ਹੈ ਕਿ ਉਹ ਆਪਣੇ ਸਿਪਾਹੀਆਂ ਨਾਲ ਕਿਥੋਂ ਤਕ ਖੁਲ੍ਹ ਲੈ ਸਕਦਾ ਹੈ, ਤੇ ਉਹਨਾਂ ਕੋਲੋਂ ਕਿਸ ਕਿਸ ਚੀਜ਼ ਦੀ ਉਮੀਦ ਰਖ ਸਕਦਾ ਹੈ। ਇਕ ਸੂਝਵਾਨ ਮਨੋਵਿਗਿਆਨਕ ਦੀ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਤਾੜ ਲਿਆ ਸੀ ਕਿ ਇਸ ਤੋਂ ਵਧ ਕੱਸਿਆ ਸ਼ਕੰਜਾ ਸਭ ਕੀਤੀ-ਕੱਤਰੀ ਖੂਹ ਪਾ ਦੇਵੇਗਾ। ਕਦੀ ਲਗਾਮ ਖਿਚਣੀ, ਕਦੀ ਢਿੱਲੀ ਛਡਨੀ, ਲੋੜ ਵੇਲੇ ਤਾੜਨਾ, ਲੋੜ ਵੇਲੇ ਪੁਚਕਾਰਨਾ, ਸਮੇਂ ਸਮੇਂ ਖੁਲ੍ਹ, ਸਮੇਂ ਸਮੇਂ ਸੰਜਮ, ਇਸ ਤਰ੍ਹਾਂ ਹੀ ਚੰਗੇ ਸਵਾਰ ਆਪਣੇ ਘੋੜਿਆਂ ਨਾਲ ਵਰਤਾ ਕਰਦੇ ਹਨ ਤੇ ਇਸ ਤਰ੍ਹਾਂ ਹੀ ਚੰਗੇ ਸੈਨਾਪਤੀ ਆਪਣੀਆਂ ਸੈਨਾਵਾਂ ਨੂੰ ਪਾਲਦੇ ਹਨ।

ਬੇਸ਼ਕ ਸਰਹਿੰਦ ਲੁਟੀ ਗਈ ਤੇ ਬੇਸ਼ਕ ਸਰਹਿੰਦ ਉਜਾੜੀ ਗਈ, ਪਰ ਕੋਈ ਇਹੋ ਜਿਹੀ ਚੀਜ਼ ਨਾ ਹੀ ਲੁਟੀ ਗਈ ਤੇ ਨਾ ਹੀ ਉਜਾੜੀ ਗਈ ਜਿਹੜੀ ਕਿਸੇ ਤਰ੍ਹਾਂ ਵੀ ਖਾਲਸਾ ਰਾਜ ਦੀ ਸਥਾਪਨਾ ਵਿਚ ਸਹਾਇਕ ਹੋ ਸਕਦੀ ਸੀ ਜਾਂ ਜਿਦ੍ਹਾ ਸਬੰਧ ਡੂੰਘੇ ਮਜ਼ਬੂਤ ਜਜ਼ਬਾਤਾਂ ਜਾਂ ਕਲਾ ਦੇ ਨਾਲ ਸੀ। ਅਮੀਰਾਂ ਵਜ਼ੀਰਾਂ ਦੀਆਂ ਹਵੇਲੀਆਂ ਉਸੇ ਤਰ੍ਹਾਂ ਕਾਇਮ ਰਹੀਆਂ; ਕਿਉਂਕਿ ਉਹਨਾਂ ਵਿਚਲੇ ਪੈਸੇ ਤੇ ਉਹਨਾਂ ਦੀਆਂ ਕੰਧਾਂ ਤੇ ਛੱਤਾਂ ਦੀ ਸਿਖ ਪੰਥ ਨੂੰ ਲੋੜ ਸੀ। ਵਜ਼ੀਰ ਖਾਨ ਦਾ ਕਿਲਾ ਤੇ ਬੁਰਜ ਕਾਇਮ ਰਹੇ, ਸ਼ੇਖ ਅਹਿਮਦ ਸ਼ਾਹ ਮੁਜਾਹਿਦ ਅਲਿਫ਼ਸਾਨੀ ਦਾ ਮਕਬਰਾ ਵੀ ਨਹੀਂ ਤੋੜਿਆ ਗਿਆ ਕਿਉਂਕਿ ਉਹਨਾਂ ਦਾ ਸੰਬੰਧ ਮੁਸਲਮਾਨਾਂ ਦੇ ਮਜ਼ਬੂਤ ਜਜ਼ਬਾਤਾਂ ਨਾਲ ਸੀ।

ਫਿਰ ਲੁਟਿਆ ਕੀ ਗਿਆ ? ਤੇ ਬਰਬਾਦ ਕੀ ਹੋਇਆ ? ਘਰ ਉਹ ਲੁੱਟੇ ਗਏ ਤੇ ਬਰਬਾਦ ਹੋਏ ਕਿ ਜਿਨ੍ਹਾਂ ਦੇ ਵਾਸੀ ਚਪੜਚੇੜੀ ਦੀ ਲੜਾਈ ਤੋਂ ਪਹਿਲਾਂ ਜਾਂ ਲੜਾਈ ਦੇ ਦੌਰਾਨ ਵਿਚ ਸ਼ਹਿਰੋਂ ਨੱਸ ਗਏ ਸਨ।

ਸਰਹਿੰਦ ਦੀ ਲੁੱਟ ਤੇ ਬਰਬਾਦੀ ਸਮਾਣੇ ਤੇ ਹੋਰਨਾਂ ਥਾਵਾਂ ਦੀ ਲੁੱਟ ਤੇ ਬਰਬਾਦੀ ਨਾਲੋਂ ਵਖਰੀ ਤਰ੍ਹਾਂ ਦੀ ਸੀ। ਪੱਖੀ ਇਤਿਹਾਸਕਾਰ ਜੋ ਮਰਜ਼ੀ ਪਏ ਆਖਣ, ਪਰ ਇਹਦੇ ਵਿਚ ਸ਼ਕ ਨਹੀਂ ਕਿ ਉਸ ਜ਼ਮਾਨੇ ਦੇ ਜੰਗੀ ਤੇ ਸਮਾਜਕ ਮਿਆਰਾਂ ਦੇ ਸਨਮੁਖ ਇਹ ਲੁੱਟ ਤੇ ਬਰਬਾਦੀ ਇਕ ਬੜੀ ਸੁਭਿਅਕ ਸ਼ੈ ਸੀ।

ਸ਼ਹਿਰ ਦੇ ਦਵਾਲੇ ਅਜੇ ਤਕ ਵੀ ਸਰਦਾਰ ਕਰਮ ਸਿੰਘ ਆਪਣੀ ਡੀਊਟੀ ਉਤੇ ਹਾਜ਼ਰ ਸੀ। ਕੋਈ ਆਦਮੀ ਵੀ ਆਪਣੀ ਲੁੱਟ, ਬਿਨਾਂ ਆਪਣੇ ਸਰਦਾਰਾਂ ਦੀ ਆਗਿਆ ਦੇ ਬਾਹਰ ਨਹੀਂ ਸੀ ਲੈ ਜਾ ਸਕਦਾ। ਖਾਲਸਾ ਰਾਜ ਦੀ ਸਥਾਪਨਾ ਲਈ ਬੜਾ ਸਾਮਾਨ ਤੇ ਪੈਸਾ ਜ਼ਰੂਰੀ ਸੀ — ਪਰ ਫਿਰ ਵੀ ਸਰਹਿੰਦ ਵਿਚ ਐਨਾ ਕੁਝ ਸੀ ਕਿ ਹਰ ਸਿਖ ਸਿਪਾਹੀ ਰਜਿਆ ਪੁਜਿਆ ਤੇ ਖੁਸ਼ ਖੁਸ਼ ਘਰੀਂ ਮੁੜ ਸਕਦਾ ਸੀ।

"ਸਰਹਿੰਦ ਬਵੰਜਾ ਲੱਖ ਦੀ ਬਾਉਨੀ ਮਸ਼ਹੂਰ ਸੀ। ਸਰਹਿੰਦ ਦੇ ਸੂਬੇ ਥੱਲੇ ਅਠਾਈ ਪਰਗਣੇ ਸਨ। ਪਰ ਇਹਨਾਂ ਪਰਗਣਿਆਂ ਦੀ ਦੌਲਤ ਨਾਲ ਨਹੀਂ, ਆਉਂਦੇ ਜਾਂਦੇ ਵਜ਼ੀਰਾਂ ਤੇ ਅਮੀਰਾਂ ਦੀ ਦੌਲਤ ਨਾਲ ਸਰਹਿੰਦ ਅਮੀਰ ਹੋਈ ਸੀ। ਸਰਹਿੰਦ ਅਮੀਰ ਸੀ ਕਿਉਂਕਿ ਏਥੋਂ ਦੇ ਕਾਰੀਗਰ ਲੱਖਾਂ ਰੁਪਏ ਇਨਾਮ ਪਾਂਦੇ ਸਨ, ਦੇਸ ਦਿਸਾਵਰੋਂ ਮਾਇਆ ਜੋੜ ਜੋੜ ਕੇ ਸਰਹਿੰਦ ਲਿਆਉਂਦੇ ਸਨ। ਸਰਹਿੰਦ ਅਮੀਰ ਸੀ ਕਿਉਂਕਿ ਵੇਖੋ-ਵੇਖੀ ਹਰ ਅਮੀਰ ਆਪਣੇ ਏਥੋਂ ਦੇ ਮਹਿਲ ਨੂੰ ਵਧ ਚੜ੍ਹ ਕੇ ਸਜਾਂਦਾ ਸੀ।"

ਐਡੀ ਅਮੀਰ ਸਰਹਿੰਦ ਵਿਚੋਂ ਹਰ ਕੋਈ ਖੁਸ਼ੀ ਨਾਲ ਰੱਜ ਸਕਦਾ ਸੀ ਤੇ ਫਿਰ ਵੀ ਬੜਾ ਕੁਝ ਬੱਚ ਰਹਿਣਾ ਸੀ। ਬੇਸ਼ਕ ਬੰਦੇ ਨੇ ਬੜੀ ਖੁਲ੍ਹ-ਦਿਲੀ ਨਾਲ ਆਪਣੇ ਸਿਪਾਹੀਆਂ ਨੂੰ ਘਰੀਂ ਲੈ ਜਾਣ ਵਾਸਤੇ ਬੜਾ ਕੁਝ ਦਿਤਾ ਤੇ ਲੱਖ

Scanned by CamScanner

ਉਪਰੰਤ, ਇਹਦੇ ਪਿਛੇ ਵੀ ਬੰਦਾ ਬਹਾਦਰ ਦੀ ਮਨੋ-ਵਿਗਿਆਨਕ ਸੂਝ ਕੰਮ ਕਰ ਰਹੀ ਸੀ। ਉਹ ਸਾਰੇ ਪੰਜਾਬ ਨੂੰ ਦਰਸਾਣਾ ਚਾਹੁੰਦਾ ਸੀ ਕਿ ਸਰਹਿੰਦ ਦੇ ਸੂਬੇ ਦੀ ਹਕੂਮਤ ਖਤਮ ਹੋ ਚੁਕੀ ਹੈ, ਕਿ ਹੁਣ ਮੁਗ਼ਲੀਹਾ ਸਲਤਨੱਤ ਨਹੀਂ, ਖ਼ਾਲਸਾ ਸਲਤਨੱਤ ਦੀ ਕਾਇਮੀ ਹੈ, ਕਿ ਅਜ ਦੀ ਸਰਕਾਰ ਸਿਖ ਸਰਕਾਰ ਹੈ। ਇਹ ਭਰੀਆਂ ਝੋਲੀਆਂ ਤੇ ਖੁਰਜੀਆਂ ਇਸ ਗੱਲ ਦੀ ਸ਼ਾਹਦੀ ਸਨ ਕਿ ਹੁਣ ਮੁਗ਼ਲੀਹਾ ਰਾਜ ਮੁਕ ਗਿਆ ਹੈ। ਇਹ ਭਰੀਆਂ ਝੋਲੀਆਂ ਤੇ ਖੁਰਜੀਆਂ ਦੂਰ ਅੰਮ੍ਰਿਤਸਰ ਤੇ ਲਾਹੌਰ ਜ਼ਿਲਿਆਂ ਦੇ ਪਿੰਡਾਂ ਤਕ ਗੁਰੂ ਤੇ ਬੰਦੇ ਦਾ ਸੰਦੇਸ਼ ਪੁਚਾਣ ਵਾਸਤੇ ਸਨ ਕਿ ਖਾਲਸੇ ਨੂੰ ਹੁਣ ਕਿਸੇ ਦੀ ਕਾਣ ਨਹੀਂ, ਕਿ ਖਾਲਸਾ ਆਪਣੀ ਸੁਤੰਤਰਤਾ ਵਾਸਤੇ ਹਰ ਨਾਜਾਇਜ਼ ਹਕੂਮਤ ਨਾਲ ਟੱਕਰ ਲਏਗਾ — ਟੱਕਰ ਲਏਗਾ ਤੇ ਜਿੱਤੇਗਾ :

ਜਿਥੇ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਨੇ ੨੭ ਦਸੰਬਰ ੧੭੦੪ ਵਾਲੇ ਦਿਨ ਸ਼ਹੀਦੀ ਪਾਈ, ਉਥੇ ਹੀ ੨੭ ਮਈ ੧੭੧੦ ਵਾਲੇ ਦਿਨ ਭਾਰੀ ਦੀਵਾਨ ਸਜਿਆ।

ਇਹ ਮਝੈਲਾਂ ਤੇ ਮਲਵਈਆ ਦੇ ਮਿਲਾਪ ਵੇਲੇ ਸਜੇ ਦੀਵਾਨ ਨਾਲੋਂ ਵੀ ਵਡਾ ਦੀਵਾਨ ਸੀ। ਪਿਛਲੇ ਤਿੰਨਾਂ ਦਿਨਾਂ ਵਿਚ ਆਲੇ ਦੁਆਲਿਓਂ ਹੋਰ ਵੀ ਬੜੀ ਸੰਗਤ ਜੁੜ ਚੁਕੀ ਸੀ ਤੇ ਹਰ ਪਹਿਲੂ ਤੋਂ ਇਹ ਦੀਵਾਨ ਇਕ ਇਤਿਹਾਸਕ ਦੀਵਾਨ ਸੀ।

ਇਸ ਦੀਵਾਨ ਵਿਚ ਸਿਖ ਰਾਜ ਦੀ ਕਾਇਮੀ ਦਾ ਐਲਾਨ ਕੀਤਾ ਗਿਆ। ਇਹ ਦੀਵਾਨ ਚਿੰਨ੍ਹਆਤਮਕ ਸੀ ਉਸ ਵਿਜੈ ਦਾ, ਜਿਹੜੀ ਕਿ ਸੁਤੰਤਰਤਾ ਨੇ ਗ਼ੁਲਾਮੀ ਉੱਤੇ ਪਾਈ, ਜਿਹੜੀ ਕਿ ਧਰਮ ਨੇ ਜ਼ੁਲਮ ਉਤੇ ਪਾਈ, ਜਿਹੜੀ ਕਿ ਖ਼ਾਲਸੇ ਨੇ ਮੁਗਲਾਂ ਉਤੇ ਪਾਈ।

ਅਜ ਦੇ ਦਿਨ ਉਹ ਬੀਜ ਬੀਜਿਆ ਗਿਆ ਜਿਹੜਾ ਕਿ ਬੇਸ਼ਕ ਬੜੀ ਮੁੱਦਤ ਪਾ ਕੇ ਫੁਟਿਆ ਤੇ ਫਲਿਆ ਪਰ ਅਤ ਵਿਚ ਫੁਟਿਆ ਤੇ ਫਲਿਆ ਜ਼ਰੂਰ। ਦੀਵਾਨ ਤੋਂ ਪਿਛੋਂ ਇਕ ਦਰਬਾਰ ਸਜਿਆ ਜਿਹਦੇ ਵਿਚ ਬੰਦਾ ਸਿੰਘ ਨੇ ਕੌਮੀ ਨੇਤਾ ਦੀ ਥਾਂ ਸੰਭਾਲੀ ਤੇ ਕਈ ਫੜੇ ਗਏ ਸਿਰ ਕੱਢ ਦੋਸ਼ੀਆਂ ਬਾਰੇ ਫੈਸ਼ਲੇ ਸੁਣਾਏ।

ਸਿਖ ਇਤਿਹਾਸ ਵਿਚ ਪਹਿਲੀ ਵਾਰੀ ਸੀ ਕਿ ਸੰਸਾਰਕ ਪੱਖੋਂ ਇਕ ਸਲਤਨੱਤ ਹੋਂਦ ਵਿਚ ਆਈ। ਸੰਸਾਰਕ ਪਖ ਤੋਂ ਕੌਮ ਦਾ ਕੋਈ ਨੇਤਾ ਤੇ ਕੌਮ ਦੇ ਚੰਗੇ ਬੁਰੇ ਦਾ ਜੁਆਬਦਾਰ ਬਣਿਆ। ਇਸ ਤੋਂ ਪਹਿਲੇ ਦਰਬਾਰ ਇਕ ਤਰ੍ਹਾਂ ਦੇ ਮਜ਼ਬੀ ਹੋਇਆ ਕਰਦੇ ਸਨ ਤੇ ਨੇਤਾ ਰੂਹਾਨੀ ਬਹੁਤੇ ਤੇ ਸੰਸਾਰਕ ਘਟ।

੧੦

੨੩ ਮਈ ੧੭੧੦ ਮਿਤੀ ਦਾ ਦਿਨ ਸ਼ਾਹੋਬਾਜ਼ ਦੀ ਜ਼ਿੰਦਗੀ ਦਾ ਅਭੁੱਲੇ ਦਿਨੋ ਸੀ।

ਉਸ ਦਿਨ ਪਹਿਲੀ ਵਾਰ ਤੇ ਸ਼ਾਇਦ ਆਖਰੀ ਵਾਰ ਉਸ ਐਨੀਆਂ ਤੋਪਾਂ ਦੀ ਇਕੋ ਵਕਤ ਸਰੋਦੋਗੀ ਸੰਭਾਲੀ। ਅੱਸੀ ਅਠਤਾਲੀ ਤੇ ਛੇ, ਕੁਲ ਚੁਰੰਜਾ ਤੋਪਾਂ ਉਹਦੇ ਥੱਲੇ ਸਨ।

ਇਹਨਾਂ ਚੁਰੰਜਾ ਤੋਪਾਂ ਵਿਚੋਂ ਚੌਵੀ ਪੰਝੀ ਤੋਪਾਂ ਨਾਕਾਰਾ ਹੋ ਚੁਕੀਆਂ ਸਨ। ਦੋ ਖਾਲਸੇ ਦੀਆਂ ਤੇ ਬਾਕੀ ਮੁਗ਼ੀਲਾਂ ਦੀਆਂ। ਪਰ ਫਿਰ ਵੀ ਤੋਪਾਂ ਤੋਪਾਂ ਹੀ ਸਨ ਤੇ ਥੋੜੀ ਜਾਂ ਬਹੁਤੀ ਮਿਹਨਤ ਨਾਲ ਬਹੁਤੀਆਂ ਸਾਰੀਆਂ ਠੀਕ ਕੀਤੀਆਂ ਜਾ ਸਕਦੀਆਂ ਸਨ।

ਖੁਦ ਬੰਦਾ ਬਹਾਦਰ ਦੇ ਨਾਲ ਲਗ ਕੇ ਸ਼ਾਹਬਾਜ਼ ਸਿੰਘ ਨੇ ਇਕ ਇਕ ਤੋਪ ਦਾ ਮੁਆਇਨਾ ਕੀਤਾ।

Scanned by CamScanner

ਵਡੀਆਂ ਤੋਪਾਂ ਉਸ ਨੇ ਪਹਿਲੀ ਵਾਰ ਵੇਖੀਆਂ ਸਨ। ਕੁਝ ਤੋਪਾਂ ਤਾਂ ਬੁੰਦੇਲਖੰਡੀ ਚਲਵੱਦੀਆਂ ਵਾਸਤੇ ਵੀ ਨਵੀਆਂ ਸਨ।

ਸਾਰਾ ਦਿਨ ਸ਼ਾਹਬਾਜ਼ ਸਿੰਘ ਇਹਨਾਂ ਤੋਪਾਂ ਨਾਲ ਲਗਾ ਰਿਹਾ। ਕਿਸੇ ਦੀ ਨਾਲੀ ਸਾਫ਼ ਕਰਵਾ, ਕਿਸੇ ਦੇ ਪਲੀਤੇ ਸਾਂਭ, ਕਿਸੇ ਤੋਪ ਦੇ ਘੋੜੇ ਸਫ਼ਾਈ ਮੰਗਦੇ ਸਨ ਤੇ ਕੋਈ ਤੋਪ ਸਿਰਫ਼ ਪਹੀਆਂ ਖੁਣੋਂ ਨਾਕਾਰੀ ਹੋਈ ਪਈ ਸੀ। ਅੰਤ ਸਾਰੀਆਂ ਤੋਪਾਂ ਖਿਚ ਧੂਹ ਕੇ ਬਿਛਾਂ ਦੇ ਇਕ ਝੁੰਡ ਵਿਚ ਇਕੱਠੀਆਂ ਕਰ ਲਈਆਂ ਗਈਆਂ। ਇਸ ਰਸਮੀ ਕਾਰਵਾਈ ਤੋਂ ਵਿਹਲਿਆਂ ਹੋ ਕੇ ਸ਼ਾਹਬਾਜ਼ ਸਿੰਘ ਸਭ ਤੋਂ ਵੱਡੀ ਤੋਪ ਦੀ 'ਫਰੋਲਾ ਫਰਾਲੀ' ਕਰਨ ਲਗ ਪਿਆ। ਐਨੇ ਥੋੜੇ ਦਿਨਾਂ ਅੰਦਰ ਉਹਦਾ ਦਿਮਾਗ਼ ਤੋਪਾਂ ਦੇ ਮੁਆਮਲੇ ਵਿਚ ਐਨਾ ਚਲਣ ਲਗ ਪਿਆ ਕਿ ਉਹ ਬੁੰਦੇਲਖੰਡੀ ਚਲਵਦੀਆਂ ਨੂੰ ਮਾਤ ਪਾਂਦਾ। ਸਭ ਤੋਂ ਵਡੀ ਇਸ ਤੋਪ ਦੀ ਉਹਨੂੰ ਪਲੋ ਪਲੀ ਐਨੀ ਜਾਣ ਪਛਾਣ ਹੋ ਗਈ ਕਿ ਬੁੰਦੇਲਖੰਡੀ ਚਲਵਦੀਆਂ ਦਾ ਪੰਚ, ਕੇਸਰੀ ਮਲ ਅਤੀ ਹੈਰਾਨ ਹੋਇਆ। ਉਸ ਪ੍ਰਸੰਸਕ ਲਹਿਜੇ ਵਿਚ ਕਿਹਾ,

"ਲਗਦਾ ਹੈ ਕਿ ਮੈਂ ਤੋਪਾਂ ਦੀ ਦੇਖ ਭਾਲ ਕਰਦਿਆਂ ਆਪਣੇ ਵੀਹ ਸਾਲ ਜ਼ਾਇਆ ਹੀ ਕੀਤੇ ਹਨ।"

"ਨਹੀਂ, ਕੇਸਰੀ ਮੱਲ ! ਤੂੰ ਮੇਰਾ ਉਸਤਾਦ ਹੈਂ। ਤੇਰੀ ਕਦਰ ਮੇਰੇ ਦਿਲ ਵਿਚ ਅਤਿਅੰਤ ਹੈ।"

"ਹਾਂ, ਸਰਦਾਰ ਜੀ ! ਮੈਂ ਤੁਹਾਡਾ ਉਸਤਾਦ ਰਿਹਾ ਹਾਂ ਬਸ ਕੁਝ ਗਿਣਵੇਂ ਦਿਨਾਂ ਵਾਸਤੇ ਹੀ। ਪਰ ਅਜ ਤੋਂ ਤੁਸੀਂ ਮੇਰੇ ਸਾਰੀ ਉਮਰ ਲਈ ਉਸਤਾਦ ਹੋਏ।"

"ਨਹੀਂ, ਕੇਸਰੀ ਮਲ ! ਤੂੰ ਅਜ ਵੀ ਮੇਰੇ ਨਾਲੋਂ ਬਹੁਤ ਕੁਝ ਜ਼ਿਆਦਾ ਜਾਣਦਾ ਹੈਂ।"

ਕੇਸਰੀ ਮੱਲ ਨੇ ਮਸ਼ਕੂਰ ਲਹਿਜੇ ਵਿਚ ਸਿਰ ਹਿਲਾਇਆ ਤੇ ਸ਼ਾਹਬਾਜ਼ ਸਿੰਘ ਮੁਸਕਰਾਇਆ।

ਬੇਸ਼ਕ ! ਕੇਸਰੀ ਮੱਲ ਜੋ ਕੁਝ ਕਹਿ ਰਿਹਾ ਸੀ ਉਹ ਠੀਕ ਹੀ ਸੀ। ਕੇਸਰੀ ਮੱਲ ਸਿਰਫ਼ ਕੁਝ ਦਿਨਾਂ ਵਾਸਤੇ ਹੀ ਸ਼ਾਹਬਾਜ਼ ਸਿੰਘ ਦਾ ਉਸਤਾਦ ਰਿਹਾ ਸੀ, ਪਰ ਅਜ ਸ਼ਾਹਬਾਜ਼ ਕੇਸਰੀ ਮੱਲ ਨੂੰ ਹੀ ਨਹੀਂ, ਉਸ ਤੋਂ ਵਧ ਨੌਕਰੀ ਵਾਲੇ, ਜਾਣਕਾਰ ਤੇ ਤਜਰਬਾਕਾਰ ਆਦਮੀ ਨੂੰ ਵੀ ਤੋਪਾਂ ਤੇ ਤੋਪਖਾਨੇ ਬਾਰੇ ਬੜਾ ਕੁਝ ਸਿਖਾ ਸਕਦਾ ਸੀ।

ਕਈ ਆਦਮੀ ਹੁੰਦੇ ਹਨ ਕਿ ਜਿਨ੍ਹਾਂ ਦੀ ਪ੍ਰਤਿਭਾ ਵਰ੍ਹਿਆਂ ਬੱਧੀ ਸੁੱਤੀ ਰਹਿੰਦੀ ਹੈ। ਕਦੀ ਮੌਕਾ ਆਉਂਦਾ ਹੈ ਤਾਂ ਉਹ ਪ੍ਰਤਿਭਾ ਸਾਵਣ ਮਾਂਹ ਦੀ ਹਰਿਆਲੀ ਵਾਂਗ ਫੁੱਟ ਪੈਂਦੀ ਹੈ। ਫਿਰ ਉਸ ਪ੍ਰਤਿਭਾ ਨੂੰ ਕੋਈ ਠਲ੍ਹ ਨਹੀਂ ਪਾ ਸਕਦਾ, ਉਹਦੇ ਰਾਹ ਵਿਚ ਕੋਈ ਅਟਕਾ ਖੜੇ ਨਹੀਂ ਹੋ ਸਕਦੇ। ਪਰ ਕਈ ਵਾਰ ਇੰਜ ਵੀ ਹੁੰਦਾ ਹੈ ਕਿ ਇਹ ਪ੍ਰਤਿਭਾਵਾਂ ਸੁੱਤੀਆਂ ਦੀਆਂ ਸੁੱਤੀਆਂ ਹੀ ਰਹਿ ਜਾਂਦੀਆਂ ਹਨ। ਕੋਈ ਮੇਲ ਨਹੀਂ ਬਣਦਾ, ਕੋਈ ਢੋ ਨਹੀਂ ਢੁਕਦਾ ਤੇ ਮਨੁੱਖ ਮਰ ਜਾਂਦਾ ਹੈ ਜਾਂ ਵਰ੍ਹੇ ਪਾ ਕੇ ਉਂਜ ਉਹਦੀ ਪ੍ਰਤਿਭਾ ਹੀ ਮਰ ਜਾਂਦੀ ਹੈ।

ਸ਼ਾਹਬਾਜ਼ ਸਿੰਘ ਖੁਸ਼ਕਿਸਮਤ ਸੀ ਕਿ ਉਹਦੀ ਪ੍ਰਤਿਭਾ ਨੂੰ ਪਰਫੁੱਲਤ ਹੋਣ ਦਾ ਮੌਕਾ ਮਿਲਿਆ।

ਹਰ ਆਦਮੀ ਦੀ ਵਿਚਲੀ ਲੁਪਤ ਛੁਪੀ ਪ੍ਰਤਿਭਾ ਨਿਰੋਲ ਨਿੱਜੀ ਹੁੰਦੀ ਹੈ। ਇਹ ਕਿਸੇ ਹੋਰ ਮਰਦ ਦੀ ਪ੍ਰਤਿਭਾ ਨਾਲ ਵਾਰਾ ਨਹੀਂ ਖਾ ਸਕਦੀ। ਇਹ ਪ੍ਰਤਿਭਾ ਕਿਸੇ ਖ਼ਾਸ ਚੀਜ਼, ਕਿਸੇ ਖ਼ਾਸ ਕਲਾ; ਜਾਂ ਕਾਰ, ਜਾਂ ਰੁਝੇਵੇਂ ਵਾਸਤੇ ਵਧੇਰੇ ਢੁਕਵੀਂ ਹੁੰਦੀ ਹੈ। ਕਈ ਨਿਕੇ ਨਿਕੇ ਬੱਚੇ ਲੁਹਾਰਾ ਕੰਮ ਕਰਦੇ ਨਹੀਂ ਥਕਦੇ ਤੇ ਕਈਆਂ ਨੂੰ ਪੜ੍ਹਨ ਦੀ ਚੇਟਕ ਐਨੀ ਹੁੰਦੀ ਹੈ ਕਿ ਮਾਸਟਰ ਭਾਵੇਂ ਚਾਹੇ ਨਾਂਹ, ਉਹ ਬਗ਼ੈਰ ਪੜ੍ਹਨੋਂ ਰਹਿ ਨਹੀਂ ਸਕਦੇ। ਕਈਆਂ ਨਾਲ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਜਦੋਂ ਕੋਈ ਨਵੀਂ ਚੀਜ਼ ਸਾਹਮਣੇ ਆਈ ਤੇ ਇਸ ਨਵੀਂ ਚੀਜ਼ ਨੇ ਆਦਮੀ ਦੀਆਂ ਬ੍ਰਿਤੀਆਂ ਨੂੰ ਟੁੰਭਿਆ ਤਾ ਉਸ ਵੇਲੇ ਹੀ ਉਹਦੀ ਛੁਪੀ ਪ੍ਰਤਿਭਾ ਉਸ ਖ਼ਾਸ ਚੀਜ਼ ਵਲ ਬੜੀ ਡੂੰਘੀ ਤਰ੍ਹਾਂ ਮਾਇਲ ਹੋ ਗਈ। ਫਿਰ ਇੰਜ ਲਗਦਾ ਹੈ ਕਿ ਉਹ ਆਦਮੀ ਤੇ ਇਹ ਕਸਬ ਬਸ ਇਕ ਦੂਜੇ ਵਾਸਤੇ ਹੀ ਹੋਂਦ ਵਿਚ ਆਏ ਸਨ।

ਹੋ ਸਕਦਾ ਸੀ ਕਿ ਜੇ ਸ਼ਾਹਬਾਜ਼ ਨੂੰ ਰਸਾਲੇ ਜਾਂ ਪਿਆਦਾ ਸੈਨਾ ਵਿਚ ਸਰਦਾਰ ਨੀਯਤ ਕੀਤਾ ਜਾਂਦਾ ਤਾਂ ਉਹ ਐਡਾ ਸਫ਼ਲ ਨਾ ਹੁੰਦਾ। ਪਰ ਤੋਪਾਂ ਨੂੰ ਵੇਖਦਿਆਂ ਸਾਰ ਹੀ ਸ਼ਾਹਬਾਜ਼ ਨੂੰ ਇੰਜ ਲਗਾ ਸੀ ਜਿਵੇਂ ਉਹ ਇਹਨਾਂ ਬਾਰੇ ਸਭ ਕੁਝ ਪਹਿਲੇ ਤੋਂ ਹੀ ਜਾਣਦਾ ਹੈ। ਉਹਨੂੰ ਲਗਾ ਸੀ ਕਿ ਉਹਨੇ ਤੋਪਾਂ ਨੂੰ ਪਹਿਲੇ ਵੀ ਕਿਤੇ ਚਲਾਇਆ ਹੈ, ਉਹਨਾਂ ਦੀ ਕਿਤੇ ਪਹਿਲੇ ਵੀ ਦੇਖ ਭਾਲ ਕੀਤੀ ਹੈ, ਕਦੀ ਪਹਿਲੇ ਵੀ ਉਹਨਾਂ ਦੀ ਸਰਦਾਰੀ ਸੰਭਾਲੀ ਹੈ।

ਇਕ ਰਾਤ ਸੁੱਤਾ ਸੁੱਤਾ ਉਹ ਘਬਰਾ ਕੇ ਉਠ ਬੈਠਾ। ਉਹਨੂੰ ਆਪਣੇ ਪੂਰਬਲੇ ਜਨਮ ਦਾ ਸੁਪਨਾ ਆਇਆ

Scanned by CamScanner

ਸੀ। ਸੁਪਨੇ ਦੇ ਦੌਰਾਨ ਵਿਚ ਉਸ ਆਪਣੇ ਆਪ ਨੂੰ ਕਿਸੇ ਕਲਪਤ ਰਾਜ ਦਾ ਸੈਨਾਪਤੀ ਬਣਿਆ ਵੇਖਿਆ ਸੀ। ਲੜਾਈਆਂ ਹੋਈਆਂ ਸਨ ਤੇ ਉਹ ਆਪਣੇ ਤੋਪਖਾਨੇ ਦੀ ਬਦੌਲਤ ਸਦਾ ਜਿਤਦਾ ਆਇਆ ਸੀ। ਜਦੋਂ ਉਹ ਉਠਿਆ ਤਾਂ ਉਹ ਘਬਰਾਇਆ। ਕਿਤੇ ਛੋਟਾ ਮੂੰਹ ਤੇ ਵੱਡੀ ਗੱਲ ਵਾਲਾ ਅਖਾਣ ਸੱਚ ਨਾ ਹੋਵੇ। ਕਿਤੇ ਉਹਦੇ ਕੋਲੋਂ ਅਗਲੀ ਸਵੇਰ ਤੋਪਾਂ ਦੀ ਸਰਦਾਰੀ ਖੋਹ ਨਾ ਲਈ ਜਾਏ।

ਪਰ ਉਸ ਤੋਂ ਅਗਲੀ ਸਵੇਰ ਬੰਦਾ ਜਦੋਂ ਕਵਾਇਦ ਵੇਖਣ ਵਾਸਤੇ ਆਇਆ ਤਾਂ ਉਸ ਸ਼ਾਹਬਾਜ਼ ਨੂੰ ਉਚੇਚੀ ਥਾਪੜੀ ਦਿਤੀ। ਉਹਦੀ ਸਰਦਾਰੀ ਥੱਲੇ ਖਾਲਸੇ ਦਾ ਤੋਪਖਾਨਾ ਇਕ ਲਾਜੁਆਬ ਚੀਜ਼ ਬਣੇਗੀ, ਉਸ ਕਿਹਾ ਸੀ।

ਸ਼ਾਹਬਾਜ਼ ਤੋਪਾਂ ਨੂੰ ਪਿਆਰ ਕਰਨ ਲਗ ਪਿਆ ਸੀ। ਉਹਨੂੰ ਲਗਣ ਲਗ ਪਿਆ ਸੀ ਕਿ ਜਿਵੇਂ ਇਸ ਸਖ਼ਤ ਧਾਤ ਵਿਚ ਜਾਨ ਹੋਵੇ। ਉਹ ਉਹਨਾਂ ਨਾਲ ਇਸ ਤਰ੍ਹਾਂ ਸਲੂਕ ਕਰਨ ਲਗਾ ਜਿਵੇਂ ਘੋੜ ਅਸਵਾਰ ਆਪਣੇ ਘੋੜੇ ਨਾਲ ਕਰਦਾ ਹੈ।

ਏਸੇ ਲਈ ਅਜ ਨਵੀਆਂ ਤੇ ਅਣਵੇਖੀਆਂ ਤੋਪਾਂ ਸਾਹਮਣੇ ਵੀ ਉਹ ਕਿਸੇ ਤਰ੍ਹਾਂ ਅਣਜਾਣ ਨਹੀਂ ਸੀ। ਉਹ ਇਹਨਾਂ ਬਾਰੇ ਸਭ ਕੁਝ ਜਾਣਦਾ ਸੀ। ਉਹਦੀ ਪ੍ਰਤਿਭਾ ਮੌਲ ਪਈ ਸੀ।

ਜਦੋਂ ਕੋਈ ਉਸਤਾਦ ਆਪਣੇ ਸ਼ਾਗਿਰਦ ਨੂੰ ਆਪਣੇ ਤੋਂ ਬਾਜ਼ੀ ਲੈ ਜਾਂਦਿਆਂ ਵੇਖਦਾ ਹੈ ਤਾਂ ਉਹਦੇ ਦਿਲ ਵਿਚ ਬੜੇ ਅਜੀਬ ਭਾਵ ਉਤਪੰਨ ਹੁੰਦੇ ਹਨ। ਇਹਨਾਂ ਭਾਵਾਂ ਵਿਚ ਪ੍ਰਸੰਤਾ ਦਾ ਅੰਸ ਹੁੰਦਾ ਹੈ ਤੇ ਇਹਨਾਂ ਭਾਵਾਂ ਵਿਚ ਕਿਤੇ ਇਕ ਹਸਰਤ ਭੀ ਲੁਕੀ ਹੁੰਦੀ ਹੈ ਪਰ ਘਟ ਵਧ ਹੀ ਕਿਤੇ ਕੋਈ ਉਸਤਾਦ ਆਪਣੇ ਸ਼ਾਗਿਰਦ ਨਾਲ ਈਰਖਾ ਕਰਦਾ ਹੈ।

ਇਹਨਾਂ ਥੋੜੇ ਦਿਨਾਂ ਵਿਚ ਕੇਸਰੀ ਮੱਲ ਤੇ ਸ਼ਾਹਬਾਜ਼ ਸਿੰਘ ਅੰਦਰ ਇਕ ਸਾਂਝ ਪੈਂਦਾ ਹੋ ਗਈ ਸੀ। ਦੋਵੇਂ ਹੀ ਆਪਣੀ ਆਪਣੀ ਅਸਥਿਤੀ ਜਾਣ ਗਏ ਸਨ। ਅਜ ਜਦੋਂ ਮਸ਼ਕੂਕ ਲਹਿਜੇ ਵਿਚ ਕੇਸਰੀ ਮੱਲ ਨੇ ਸਿਰ ਹਿਲਾਇਆ ਤਾਂ ਸ਼ਾਹਬਾਜ਼ ਸਿੰਘ ਮੁਸਕਰਾਇਆ ਤੇ ਉਸ ਉਹਦੀ ਕੰਡ ਉਤੇ ਹੱਥ ਧਰ ਕੇ ਕਿਹਾ,

"ਕੇਸਰੀ ਮੱਲ, ਕੋਈ ਸ਼ਾਗਿਰਦ ਆਪਣੀ ਸਾਰੀ ਉਮਰ ਵਿਚ ਆਪਣੇ ਉਸਤਾਦ ਦੀ ਇਕ ਦਿਨ ਦੀ ਕਰਨੀ ਦਾ ਮੁਲ ਨਹੀਂ ਤਾਰ ਸਕਦਾ। ਤੁਸੀਂ ਕਿਹੜੀ ਸੋਚ ਵਿਚ ਗੁੰਮ ਗਏ ਹੋ...।"

ਬੁਢੇ ਹੋ ਰਹੇ ਕੇਸਰੀ ਮੱਲ ਦੀਆਂ ਅੱਖਾਂ ਵਿਚ ਇਕ ਦੰਮ ਚਮਕ ਆ ਗਈ ਤੇ ਉਸ ਬੜੀ ਹਲੀਮੀ ਨਾਲ ਆਪਣਾ ਹੱਥ ਸ਼ਾਹਬਾਜ਼ ਸਿੰਘ ਦੇ ਹੱਥ ਉਤੇ ਰਖਦਿਆਂ ਕਿਹਾ:

"ਮੈਂ ਬੜਾ ਖੁਸ਼ ਹਾਂ ਸਰਦਾਰ ਜੀ...। ਤੁਸੀਂ..." ਪਰ ਉਹਦਾ ਗੱਚ ਭਰ ਗਿਆ ਤੇ ਉਹ ਅਗੋਂ ਨਾ ਬੋਲ ਸਕਿਆ। ਤੇ ਫਿਰ ਆਪਣੀ ਅਣ-ਮੁੰਨੀ ਡੱਬਖੜੱਬੀ ਦਾੜ੍ਹੀ ਨੂੰ ਖੁਰਕਦਿਆਂ ਉਸ ਆਪਣੀਆਂ ਅੱਖਾਂ ਨੀਵੀਆਂ ਪਾ ਲਈਆਂ।

ਉਸ ਦੁਪਹਿਰ ਤੋਂ ਪਿਛੋਂ ਤੇ ਸੂਰਜ ਛਿਪਣ ਤੋਂ ਕਈ ਚਿਰ ਬਾਅਦ ਤਕ ਸਿਖ ਸੈਨਾ ਦੇ ਸਿਪਾਹੀ ਟੋਲੀਆਂ ਬੰਨ੍ਹ ਬੰਨ੍ਹ ਕੇ ਆਪਣਾ ਤੋਪਖਾਨਾ ਵੇਖਣ ਆਉਂਦੇ ਰਹੇ। ਬੇਸ਼ਕ ਉਹ ਜਿੱਤ ਦਾ ਹੋਰ ਸਾਮਾਨ ਤੇ ਕਾਬੂ ਕੀਤੇ ਘੋੜੇ ਵੀ ਵੇਖਣ ਜਾਂਦੇ ਸਨ ਪਰ ਤੋਪਾਂ ਕੋਲ ਉਹ ਇਕ ਲੰਮਾ ਸਮਾਂ ਬਿਤਾਂਦੇ।

ਤੇ ਸ਼ਾਹਬਾਜ਼ ਸਿੰਘ ਸੀ ਕਿ ਤੋਪਾਂ ਬਾਰੇ ਸਮਝਾਉਂਦਾ ਤੇ ਉਹਨਾਂ ਦੀਆਂ ਤਾਰੀਫ਼ਾਂ ਕਰਦਾ ਨਾ ਥਕਦਾ। ਸਭ ਤੋਂ ਵਧ ਚਿਰ ਉਹ ਸਭ ਤੋਂ ਵਡੀ ਤੋਪ, ਜਿਨ੍ਹੂੰ ਬੰਦਾ ਸਿੰਘ ਬਹਾਦਰ ਨੇ "ਗੁਰੂ ਕਲਗ਼ੀਧਰ ਤੋਪ" ਦਾ ਨਾਂ ਦਿਤਾ ਸੀ, ਲਾਉਂਦਾ। ਉਹ ਸਿਪਾਹੀਆਂ ਨੂੰ ਉਹਦੇ ਗੁਣਾਂ ਬਾਰੇ ਤੇ ਉਹਦੇ ਚਲਾਉਣ ਢੰਗ ਬਾਰੇ ਦਸਦਾ। ਉਹਦੇ ਚਾਰ ਚਾਰ ਪੰਜ ਪੰਜ ਸੇਰ ਦੇ ਗੋਲੇ ਚੁਕ ਕੇ ਵਿਖਾਂਦਾ ਤੇ ਆਖਦਾ ਕਿ ਇਕ ਦਿਨ ਖਾਲਸਈ ਸੈਨਾ ਵਿਚ ਇਹੋ ਜਿਹੀਆਂ ਤੋਪਾਂ ਆਮ ਹੋਣਗੀਆਂ।

ਉਹਦੇ ਮੋਢੇ ਦਾ ਘਾਉ ਅਜੇ ਤਕ ਮਿਲਿਆ ਨਹੀਂ ਸੀ। ਖੂਨ ਅਜੇ ਵੀ ਸਿੰਮਦਾ ਰਹਿੰਦਾ ਸੀ। ਹਕੀਮ ਨੇ ਤਾਕੀਦ ਕੀਤੀ ਸੀ ਕਿ ਸ਼ਾਹਬਾਜ਼ ਆਰਾਮ ਕਰੇ ਪਰ ਸ਼ਾਹਬਾਜ਼ ਕੋਲ ਆਰਾਮ ਕਰਨ ਦੀ ਵਿਹਲ ਕਿਥੇ ? ਤੇ ਫਿਰ ਅਜ ਦੇ

Scanned by CamScanner

ਆਰਾਮ ? ਜੇ ਅਜ ਦਾ ਦਿਨ ਉਹਦੀ ਜਿੰਦਗੀ ਦਾ ਆਖਰੀ ਦਿਨ ਵੀ ਹੁੰਦਾ ਤਾਂ ਵੀ ਉਹ ਆਰਾਮ ਨਾ ਕਰਦਾ। ਅਜ ਦੇ ਦਿਨ, ਅੰਨੀਆਂ ਤੋਪਾਂ ਦੇ ਸਾਹਮਣੇ, ਉਹ ਕਿਸ ਤਰ੍ਹਾਂ ਆਰਾਮ ਕਰ ਸਕਦਾ ਸੀ। ਉਹਦਾ ਦਿਲ ਉਛਲ ਉਛਲ ਪੈਂਦਾ ਸੀ, ਉਹਦਾ ਦਿਮਾਗ਼ ਇਕ ਪਲ ਲਈ ਨਹੀਂ ਸੀ ਟਿਕਦਾ।

ਬੰਦਾ ਸਿੰਘ ਬਹਾਦਰ ਨੇ ਕਿਹਾ ਸੀ,

"ਖਾਲਸਾ ਜੀ ! ਤੁਹਾਨੂੰ ਫ਼ਾਲਤੂ ਖੇਚਲ ਨਹੀਂ ਕਰਨੀ ਚਾਹੀਦੀ।"

ਤੇ ਇਹ ਸ਼ਬਦ ਉਚਾਰ ਕੇ ਬੰਦਾ ਮੁਸਕਰਾਇਆ ਸੀ। ਉਹ ਜਾਣਦਾ ਸੀ ਕਿ ਇਹ ਗਲ ਮੰਨੀ ਨਹੀਂ ਜਾ ਸਕੇਗੀ। ਏਸੇ ਲਈ ਉਸਨੇ ਇਹ ਸ਼ਬਦ ਹੁਕਮਨ ਲਹਿਜੇ ਵਿਚ ਨਹੀਂ ਸਨ ਕਹੇ ਤੇ ਕਹਿ ਕੇ ਮੁਸਕਰਾ ਵੀ ਪਿਆ ਸੀ।

ਬੰਦਾ ਸਿੰਘ ਬਹਾਦਰ ਹਾਵ ਭਾਵ ਤੋਂ ਤੇ ਸੁਭਾ ਤੋਂ ਵੀ ਬੜਾ ਸੰਜੀਦਾ ਆਦਮੀ ਸੀ। ਲੰਮੇ ਵਰ੍ਹਿਆਂ ਦੇ ਜੋਗ ਤੇ ਤਪੱਸਿਆ ਨੇ ਉਹਨੂੰ ਗੰਭੀਰ ਬਣਾ ਦਿਤਾ ਸੀ। ਉਹਨੂੰ ਕਦੀ ਕਿਸੇ ਖਿੜਖਿੜਾ ਕੇ ਹੱਸਦਿਆਂ ਨਹੀਂ ਸੀ ਸੁਣਿਆ। ਉਹ ਕਦੀ ਬਹੁਤਾ ਨਹੀਂ ਸੀ ਸੌਂਦਾ, ਕਦੀ ਬਹੁਤਾ ਨਹੀਂ ਸੀ ਖਾਂਦਾ। ਉਹਦਾ ਹਾਸ-ਰਸ ਵੀ ਬੜਾ ਸੰਜੀਦਾ ਤੇ ਠਰੰਮੇ ਭਰਿਆ ਸੀ। ਉਪਰੋਕਤ ਗੱਲ ਬੰਦਾ ਸਿੰਘ ਦੇ ਹਾਸ-ਰਸ ਦਾ ਸਿੱਖਰ ਸੀ।

ਇਹਦੇ ਉੱਤਰ ਵਿਚ ਸ਼ਾਹਬਾਜ਼ ਸਿੰਘ ਨੇ ਲਾਡ ਨਾਲ ਕਿਹਾ,

"ਬਾਬਾ ਜੀ ! ਅੱਜ...ਅੱਜ ਦੇ ਦਿਨ ਕੋਈ ਖੇਚਲ ਵੀ ਖੇਚਲ ਨਹੀਂ। ਸਿਰਫ਼ ਅਜ ਦੇ ਦਿਨ ਮੇਰੇ ਉਤੇ ਕੋਈ ਬੰਦਸ਼ ਨਾ ਲਾਈ ਜਾਵੇ...।"

ਬੰਦਾ ਫਿਰ ਮੁਸਕਰਾ ਪਿਆ ਤੇ ਉਸ ਕਿਹਾ :

"ਖਾਲਸਾ ਜੀ ! ਗੁਰੂ ਤੁਹਾਡੇ ਅੰਗ ਸੰਗ ਹੋਵੇ।"

'ਖਾਲਸਾ ਜੀ' ਬੰਦੇ ਦਾ ਤਕੀਆ-ਕਲਾਮ ਸੀ। ਭਾਵੇਂ ਕੋਈ ਵੱਡਾ ਹੋਵੇ, ਭਾਵੇਂ ਛੋਟਾ, ਉਹ ਹਰ ਇਕ ਨੂੰ 'ਖਾਲਸਾ ਜੀ' ਹੀ ਆਖ ਕੇ ਸੰਬੋਧਨ ਕਰਦਾ। ਸਰਹਿੰਦ ਦੀ ਜਿਤ ਪਿਛੋਂ ਬੜੇ ਮੁਸਲਮਾਨ ਸੈਨਾਪਤੀ ਤੇ ਸੂਬੇਦਾਰ ਉਹਦੇ ਪੇਸ਼ ਹੋਏ। ਉਂਜ ਵੀ ਕਦੀ ਕਦੀ ਕੋਈ ਮੁਸਲਮਾਨ ਸ਼ਰਨ ਆ ਪੈਂਦਾ ਰਿਹਾ। ਪਰ ਬੰਦਾ ਤੁਰਕ ਜਾਂ ਪਠਾਣ, ਜਾਂ ਮੁਸਲਮਾਨ, ਜਾਂ ਹਿੰਦੂ — ਸਭ ਨੂੰ 'ਖਾਲਸਾ ਜੀ' ਹੀ ਆਖ ਕੇ ਸੱਦਦਾ ਰਿਹਾ ਤੇ ਜਦੋਂ ਕਦੀ ਵੀ ਉਸ ਕਿਸੇ ਦਾ ਨਾਂ ਲਿਆ ਤਾਂ ਪਿਛੇ "ਸਿੰਘ" ਲਾ ਦਿਤਾ। ਕਹਿੰਦੇ ਹਨ ਕਿ ਮੀਰ ਨਸੀਰ ਦੀਨ, ਜਿਹੜਾ ਕਿ ਸਰਹਿੰਦ ਦਾ ਰੀਪੋਰਟਰ ਸੀ, ਜਦੋਂ ਬੰਦਾ ਬਹਾਦਰ ਸਾਹਮਣੇ ਆਇਆ ਤਾਂ ਮੀਰ ਨਸੀਰ ਸਿੰਘ ਬਣਿਆ ਤੇ ਉਸ ਤੋਂ ਪਿਛੋਂ ਉਹ ਸਦਾ ਨਸੀਰ ਸਿੰਘ ਹੀ ਰਿਹਾ, ਨਸੀਰ ਦੀਨ ਨਾ ਬਣਿਆ। ਇਕ ਹੋਰ ਮੁਸਲਮਾਨ ਸੂਬੇਦਾਰ ਦਿੰਦਾਰ ਖਾਨ ; ਦਿੰਦਾਰ ਖਾਨ ਤੋਂ ਦਿੰਦਾਰ ਸਿੰਘ ਸਜਿਆ।

੨੪ ਤਾਰੀਖ ਜਦੋਂ ਬਾਕੀ ਦੀ ਸਾਰੀ ਸੈਨਾ ਸਰਹਿਦ ਅੰਦਰ ਦਾਖਲ ਹੋਈ ਤਾਂ ਸ਼ਾਹਬਾਜ਼ ਸਿੰਘ ਆਪਣੀਆਂ ਤੋਪਾਂ ਨਾਲ, ਕੁਝ ਹੋਰ ਜ਼ਖਮੀਆਂ ਤੇ ਕੁਝ ਪਿਆਦਾ ਰਖਵਾਲਿਆਂ ਨਾਲ ਚਪੜਚੇੜੀ ਹੀ ਰਿਹਾ। ਉਹ ਸਿਰਫ ੨੭-ਤਾਰੀਖ ਸਵੇਰੇ ਹੀ ਸਰਹਿੰਦ ਪੁੱਜੇ।

ਸਰਹਿੰਦ ਦੀ ਵਿਜੈ ਪਿਛੋਂ ਭਾਈ ਬਾਜ ਸਿੰਘ ਸਰਹਿੰਦ ਦਾ ਫ਼ੌਜਦਾਰ ਨਿਯਤ ਹੋਇਆ ਤੇ ਸਰਦਾਰ ਆਲੀ ਸਿੰਘ ਉਹਦਾ ਡੈਪਟੀ। ਸਰਦਾਰ ਫ਼ਤਹ ਸਿੰਘ ਪਹਿਲੇ ਹੀ ਸਮਾਣੇ ਦਾ ਫ਼ੌਜਦਾਰ ਸੀ, ਸੋ ਉਸ ਆਪਣੀ ਡੀਊਟੀ ਜਾ ਸੰਭਾਲੀ। ਸਰਦਾਰ ਰਾਮ ਸਿੰਘ ਥਨੇਸਰ ਦਾ ਤੇ ਭਾਈ ਬਿਨੋਦ ਸਿੰਘ ਤਰਾਵੜੀ ਦੇ ਫ਼ੌਜਦਾਰ ਨਿਯਤ ਹੋਏ।

ਚਾਰ ਤੋਪਾਂ ਇਕ ਬੇਅੰਤ ਸਿੰਘ ਬੱਲੇ ਸਮਾਣੇ ਭੇਜ ਦਿਤੀਆਂ ਗਈਆਂ। ਬਾਰਾਂ ਤੋਪਾਂ ਕੇਸਰੀ ਮੱਲ ਦੀ ਕਮਾਨ ਥੱਲੇ ਸਰਹਿੰਦ ਛਡੀਆਂ ਗਈਆਂ। ਇਸ ਤੋਂ ਉਪਰੰਤ ਬਾਕੀ ਦੀਆਂ ਸਭ ਨਾਕਾਰਾ ਤੋਪਾਂ ਵੀ ਸਰਹਿੰਦ ਹੀ ਰਹੀਆਂ, ਕਿਉਂਕਿ ਉਥੇ ਹੀ ਉਨ੍ਹਾਂ ਦੀ ਮੁਰੰਮਤ ਦਾ ਕੰਮ ਹੋ ਸਕਦਾ ਸੀ। ਦੱਸ ਤੋਪਾਂ, ਸਣੇ "ਗੁਰੂ ਕਲਗੀਧਰ ਤੋਪ" ਦੇ ਸਰਦਾਰ ਸ਼ਾਹਬਾਜ਼ ਸਿੰਘ ਤੇ ਬੰਦੇ ਨਾਲ ਮੁਖ਼ਲਸ ਗੜ੍ਹ ਆ ਗਈਆਂ।

ਮੁਖ਼ਲਸ ਗੜ੍ਹ ਹੁਣ ਲੋਹ ਗੜ੍ਹ ਸੀ। ਬੰਦਾ ਸਿੰਘ ਬਹਾਦਰ ਨੇ ਆਪ ਇਹ ਨਾਂ ਚੁਣਿਆ ਸੀ।

Scanned by CamScanner

ਲੋਹ ਗੜ੍ਹ — ਲੋਹੇ ਦਾ ਕਿਲਾ !

ਇਹ ਨਾਂ ਬੰਦਾ ਸਿੰਘ ਬਹਾਦਰ ਦੇ ਸੁਭਾ ਤੇ ਉਹਦੇ ਆਚਰਨ ਦਾ ਸਹੀ ਲਖਾਇਕ ਸੀ। ਇਹ ਨਾਂ ਬੰਦਾ ਸਿੰਘ ਦੇ ਆਚਰਨ ਦੀ ਦ੍ਰਿੜਤਾ ਦਰਸਾਂਦਾ ਸੀ। ਇਹ ਨਾ ਉਹਦੇ ਸੁਭਾ ਦਾ ਪ੍ਰਤੀਬਿੰਬ ਸੀ। ਬੰਦਾ ਸਿੰਘ ਦੇ ਸੁਭਾ ਵਿਚ ਜਜ਼ਬਾਤੀ ਵਲਵਲਿਆਂ ਲਈ ਬਹੁਤੀ ਥਾਂ ਨਹੀਂ ਸੀ। ਉਹ ਆਪਣੇ ਮਨ ਦੀ ਟੇਕ ਦਾ ਬੰਦਾ ਸੀ। ਜਦੋਂ ਕੋਈ ਚੀਜ਼ ਮਨ ਵਿਚ ਆ ਗਈ, ਜਦੋਂ ਕਿਤੇ ਟੇਕ ਜਾ ਜੁੜੀ ਤਾਂ ਮੀਂਹ ਆਵੇ ਹਨੇਰੀ, ਤੇ ਦੋਸਤ ਸਾਥ ਦੇਣ ਭਾਵੇਂ ਨਾਂਹ, ਤੇ ਦੁਖ ਹੋਵੇ ਸੁਖ, ਤੇ ਕੋਈ ਮਰੇ ਜਾਂ ਜੀਏ — ਉਹ ਟੇਕ ਪੂਰੀ ਹੋ ਕੇ ਹੀ ਰਹੇਗੀ।

ਬੰਦਾ ਸਿੰਘ ਆਪਣੇ ਘੋੜੇ ਉਤੇ ਬੈਠਾ ਸਵੇਰ ਤੋਂ ਸ਼ਾਮ ਤਕ ਲੋਥਾਂ ਨੂੰ ਮਿਧੀ ਜਾ ਸਕਦਾ ਸੀ ਤੇ ਉਹਦੇ ਦਿਲ ਵਿਚ ਰਹਿਮ ਜਾਂ ਦੁਖ ਦੀ ਇਕ 'ਆਹ' ਵੀ ਨਹੀਂ ਸੀ ਜਾਗ ਸਕਦੀ। ਚਪੜਚੇੜੀ ਵਿਚ ਹੋਈ ਜੰਗ ਦੇ ਖਾਤਮੇ ਸਮੇਂ ਜਦੋਂ ਉਹਦੇ ਘੋੜੇ ਦੇ ਸੁੰਮਾਂ ਨਾਲ ਲੋਥਾਂ ਵਿਚੋਂ ਕਰਿਚ ਕਰਿਚ ਦੀ ਆਵਾਜ਼ ਉਠ ਰਹੀ ਸੀ ਤਾਂ ਬੰਦਾ ਸਿੰਘ ਕੁਚਲੇ ਜਾ ਰਹੇ ਇਸ ਕੱਚੇ ਮਾਸ ਤੋਂ ਬਿਲਕੁਲ ਬੇਧਿਆਨਾ ਸੀ। ਉਹਦੇ ਨੈਣ ਭੱਜੀ ਜਾਂਦੀ ਮੁਗਲਈ ਸੈਨਾ ਤੇ ਮਾਰੋ ਮਾਰ ਕੂਕਦੀ ਖਾਲਸਈ ਸੈਨਾ ਨੂੰ ਵੇਖ ਰਹੇ ਸ਼ਨ ਪਰ ਉਹਦਾ ਮਨ ਗੁਰੂ ਗੋਬਿੰਦ ਸਿੰਘ ਦੇ ਕਦਮਾਂ ਨਾਲ ਜੁੜਿਆ ਹੋਇਆ ਸੀ। ਉਹਨੂੰ ਉਹ ਸਮਾਂ ਯਾਦ ਆ ਰਿਹਾ ਸੀ ਜਦੋਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਭੱਥੇ ਵਿਚੋਂ ਉਹਨੂੰ ਪੰਜ ਤੀਰ ਬਖਸ਼ੇ ਸਨ ਤੇ ਸਿਖ ਕੌਮ ਦੀ ਇਜ਼ਤ ਤੇ ਆਬਰੂ ਉਹਦੇ ਸਪੁਰਦ ਕੀਤੀ ਸੀ।

ਜਦੋਂ ਬੰਦਾ ਸਿੰਘ ਦੇ ਮਨ ਦਿਆ ਜਾਗਦੀ ਸੀ ਤਾਂ ਉਹ ਪੈਰ ਵੀ ਸੰਭਲ ਸੰਭਲ ਪੁਟਦਾ ਕਿ ਕਿਤੇ ਕੋਈ ਕੀੜੀ ਨਾ ਮਧੋਲੀ ਜਾਏ। ਪਰ ਜਦੋਂ ਉਹਦਾ ਮਨ ਕਰੜਾ ਹੁੰਦਾ ਤਾਂ ਬੇਸ਼ਕ ਉਹਦੇ ਸਾਮ੍ਹਣੇ ਬੱਚਿਆਂ ਦੀਆਂ ਬੋਟੀਆਂ ਕੀਤੀਆਂ ਜਾਣ, ਉਹਨੂੰ ਕੁਝ ਨਹੀਂ ਸੀ ਪੋਂਹਦਾ।

ਬੰਦਾ ਸਿੰਘ ਸੁਖ ਤੇ ਦੁਖ ਦੋਹਾਂ ਤੋਂ ਅਲੇਪ ਸੀ।

ਸ਼ਾਇਦ ਇਹ ਉਹਦੀ ਤਪੱਸਿਆ ਦਾ ਫਲ ਰੂਪ ਸੀ। ਉਹਦੇ ਵਿਚ ਸ਼ਕਤੀ ਸੀ ਕਿ ਉਹ ਆਪਣੇ ਆਪ ਨੂੰ ਆਮ ਮਨੁਖੀ ਵਲਵਲਿਆਂ ਤੇ ਜਜ਼ਬਾਤਾਂ ਤੋਂ ਵਖਰਿਆਂ ਜਾਂ ਨਿਰਲੇਪ ਕਰ ਲਵੇ।

ਲੋਹ ਗੜ੍ਹ — ਲੋਹੇ ਦਾ ਕਿਲ੍ਹਾ — ਉਹਦੇ ਸੁਭਾ ਤੇ ਉਹਦੇ ਆਚਰਨ ਦਾ ਏਸੇ ਲਈ ਸਹੀ ਲਖਾਇਕ ਸੀ।

ਲੋਹ ਗੜ੍ਹ ਹੁਣ ਬੰਦੇ ਦਾ ਸਦਰ ਸ। ਜਾਂ ਇਉਂ ਕਹੋ ਕਿ ਲੋਹ ਗੜ੍ਹ ਹੁਣ ਸਿਖ ਰਾਜ ਦੀ ਰਾਜਧਾਨੀ ਸੀ।

ਸਰਹਿੰਦ ਨਹੀਂ ਸੀ ਚੁਣੀ ਗਈ ਕਿਉਂਕਿ ਸਰਹਿੰਦ ਦਿੱਲੀ ਤੋਂ ਲਾਹੌਰ ਜਾਂਦੇ ਰਾਹ ਉਤੇ ਸਥਾਪਤਿ ਸੀ। ਖਾਲਸਾ ਰਾਜ ਨੂੰ ਅਜੇ ਸਮੇਂ ਤੇ ਟਿਕਾ ਦੀ ਲੋੜ ਸੀ। ਉਹਦੇ ਵਧਣ ਫੁਲਣ ਵਾਸਤੇ ਅਜੇ ਸ਼ਾਂਤ ਵਾਯੂ ਮੰਡਲ ਦੀ ਜ਼ਰੂਰਤ ਸੀ। ਸਰਹਿੰਦ ਹਰ ਆਏ ਗਏ ਦੇ ਰਾਹ ਵਿਚ ਖੜੋਤੀ ਸੀ। ਏਥੇ ਰਹਿ ਕੇ ਬੰਦਾ ਸਿੰਘ ਬਹਾਦਰ ਆਪਣੇ ਮਿਸ਼ਨ ਦੀ ਪੂਰਤੀ ਸੌਖੀ ਤਰ੍ਹਾਂ ਨਹੀਂ ਸੀ ਕਰ ਸਕਦਾ।

ਉਹਨੂੰ ਕਿਸੇ ਇਹੋ ਜਿਹੇ ਗੜ੍ਹ ਦੀ ਲੋੜ ਸੀ ਜਿਥੇ ਬਹੁਤੇ ਰੁਝੇਵੇਂ ਤੇ ਆਵਾਜਾਈ ਨਾ ਹੋਵੇ। ਜਿਥੇ ਉਹ ਸੌਚ ਸਕੇ, ਆਪਣੀ ਤਪੱਸਿਆ ਕਰ ਸਕੇ ਤੇ ਜਿਥੇ ਬੈਠਾ ਉਹ ਸਿਖ ਸਲਤਨੱਤ ਦੀਆਂ ਨੀਹਾਂ ਮਜ਼ਬੂਤ ਕਰ ਸਕੇ।

ਉਹਨੂੰ ਕਿਸੇ ਇਹੋ ਜਿਹੇ ਗੜ੍ਹ ਦੀ ਇਛਿਆ ਸੀ ਜਿਹੜਾ ਸਰਹਿੰਦ ਵਾਂਗ ਬਹਾਦਰਸ਼ਾਹ ਪਾਤਸ਼ਾਹ ਦੇ ਰਾਹ ਵਿਚ ਨਾ ਹੋਵੇ। ਜਿਦ੍ਹੇ ਤਕ ਪਹੁੰਚਣਾ ਕਠਨ ਹੋਵੇ, ਤੇ ਜਿਹਨੂੰ ਜਿਤਣਾ ਉਸ ਤੋਂ ਵੀ ਵਧ ਕਠਨ :

ਲੋਹ ਗੜ੍ਹ ਦੀ ਚੋਣ ਪਿਛੋਂ ਵੀ ਬੰਦਾ ਸਿੰਘ ਬਹਾਦਰ ਦੀ ਜਮਾਂਦਰੂ ਯੁਧ-ਕਲਾ ਕੰਮ ਕਰ ਰਹੀ ਸੀ।

ਲੋਹ ਗੜ੍ਹ ਵਿਚ ਆਉਂਦਿਆਂ ਹੀ ਬੰਦਾ ਸਿੰਘ ਕੰਮ ਵਿਚ ਜੁਟ ਪਿਆ।

ਸਰਦਾਰ ਕਰਮ ਸਿੰਘ ਨੂੰ ਉਸ ਪਿਆਦਾ ਫੌਜ ਦੀ ਸਿਖਲਾਈ ਸੌਂਪੀ। ਭਾਈ ਕਾਹਨ ਸਿਘ ਰਸਾਲੇ ਦਾ ਸਰਦਾਰ ਨਿਯਤ ਹੋਇਆ। ਸ਼ਾਹਬਾਜ਼ ਸਿੰਘ ਦੇ ਜੁੱਮੇ ਡਊਟੀ ਸੀ ਕਿ ਉਹ ਜਲਦੀ ਤੋਂ ਜਲਦੀ ਵਧ ਤੋਂ ਵਧ ਚਲਵਈਏ ਤਿਆਰ ਕਰੇ। ਭਾਈ ਬਿਨੋਦ ਸਿੰਘ ਤੋਪਣ ਨੂੰ ਉਸ ਮਾਲ ਗੁਜ਼ਾਰੀ ਦੀ ਉਗਰਾਹੀ ਤੇ ਤੋਸ਼ੇਖਾਨੇ ਦਾ ਸਰਦਾਰ ਥਾਪਿਆ।

ਬੜੇ ਕਾਰੀਗਰ — ਲੋਹਾਰ, ਤਰਖਾਣ, ਮਿਸਤਰੀ, ਲੋਹ ਗੜ੍ਹ ਬੁਲਾਏ ਗਏ। ਖਾਲਸਾ ਰਾਜ ਦੀ ਸਥਾਪਤੀ ਹੋਈ

Scanned by CamScanner

ਸੀ। ਨਵੇਂ ਸਿੱਕੇ ਢਾਲਣੇ ਸਨ। ਨਵੀਆਂ ਮੋਹਰਾਂ ਬਣਨੀਆਂ ਸਨ। ਅਜੇ ਫ਼ੌਜੀ ਮਾਲ ਅਸਬਾਬ ਦੀ ਵੀ ਬੜੀ ਲੋੜ ਸੀ। ਘੋੜਿਆਂ ਵਾਸਤੇ ਨਾਅਲਾਂ ਦੀ ਘਾਟ ਚਪੜਚੋੜੀ ਵਿਚ ਬੁਰੀ ਤਰ੍ਹਾਂ ਮਹਿਸੂਸ ਕੀਤੀ ਗਈ ਸੀ।

ਲੋਹ ਗੜ੍ਹ ਵਿਚ ਸਵੇਰ ਤੋਂ ਸ਼ਾਮ ਤਕ ਲੋਹਾ ਠਹਿਰਦਾ।

ਸਭ ਜਣੇ ਆਪੋ ਆਪਣੇ ਕੰਮ ਵਿਚ ਜੁਟੇ ਪਏ ਸਨ। ਪਰ...ਪਰ ਅਜੇ ਬਹੁਤਾ ਸਮਾਂ ਨਹੀਂ ਗੁਜ਼ਰਿਆ ਕਿ ਸ਼ਾਹਬਾਜ਼ ਸਿੰਘ ਨੂੰ ਆਪਣੀ ਡਊਟੀ ਤੋਂ ਵੱਖ ਹੋਣਾ ਪਿਆ।

ਉਹਦੇ ਮੋਢੇ ਉਤੇ ਆਇਆ ਘਾਉ ਉਪਰੋਂ ਉਪਰੋਂ ਮਿਲ ਚੁਕਾ ਸੀ ਪਰ ਉਹਦੀ ਬੇਆਰਾਮੀ ਤੇ ਫਾਲਤੂ ਖੇਚਲ ਨੇ ਅੰਦਰੋਂ ਜ਼ਖਮ ਮਿਲਣ ਨਹੀਂ ਸੀ ਦਿਤਾ। ਲੋਹ ਗੜ੍ਹ ਆ ਕੇ ਜਦੋਂ ਉਸ ਇਕ ਦਿਨ "ਗੁਰੂ ਕਲਗੀਧਰ ਤੋਪ" ਦਾ ਪਲੀਤਾ ਖਿੱਚਿਆ ਤਾਂ ਜ਼ਖਮ ਫਿਰ ਖੁਲ੍ਹ ਗਿਆ ਤੇ ਸ਼ਾਹਬਾਜ਼ ਸਿੰਘ ਕੰਮ ਕਰਨੋਂ ਆਤੁਰ ਹੋ ਗਿਆ।

ਬੰਦਾ ਸਿੰਘ ਨੂੰ ਪਤਾ ਲਗਾ ਤਾਂ ਉਸ ਅਫ਼ਸੋਸ ਕੀਤਾ — ਆਪਣੇ ਹੀ ਸੰਜਮੀ ਢੰਗ ਨਾਲ।

"ਮੈਂ ਆਖਿਆ ਸੀ ਖਾਲਸਾ ਜੀ ਕਿ ਫਾਲਤੂ ਖੇਚਲਾਂ ਨਾ ਕਰੋ।"

"ਭੁੱਲ ਹੋਈ, ਬਾਬਾ ਜੀ..."

ਸਚ ਮੁਚ ਹੀ ਅਜ ਸ਼ਾਹਬਾਜ਼ ਸਿੰਘ ਬੜਾ ਸ਼ਰਮਿੰਦਾ ਸੀ। ਉਹਦੇ ਦਿਲ ਵਿਚ ਰਹਿ ਰਹਿ ਕੇ ਅਰਮਾਨ ਉਠਦੇ। ਹੁਣ ਖਾਲਸਾ ਸਹਾਰਨ ਪੁਰ ਦੀ ਮੁਹਿੰਮ ਉਤੇ ਜਾਣ ਵਾਸਤੇ ਤਿਆਰੀਆਂ ਕਰ ਰਿਹਾ ਸੀ ਪਰ ਉਹ ਐਨਾ ਬਿਮਾਰ ਹੋ ਗਿਆ ਸੀ ਕਿ ਖਾਲਸਾ ਫ਼ੌਜ ਦਾ ਸਾਥ ਨਹੀਂ ਸੀ ਦੇ ਸਕਦਾ।

ਉਹ ਮਨ ਹੀ ਮਨ ਵਿਚ ਰੋਂਦਾ। ਕੌਣ ਖਾਲਸੇ ਦੇ ਤੋਪਖ਼ਾਨੇ ਦੀ ਸਰਦਾਰੀ ਕਰੇਗਾ। ਕੀ ਇਹ ਤੋਪਖਾਨਾ ਕਿਸੇ ਹੋਰ ਦੀ ਸਰਦਾਰੀ ਵਿਚ ਵੀ ਇਹੋ ਜਿਹਾ ਨਾਮਣਾ ਖਟ ਸਕੇਗਾ ਕਿ ਜਿਹੜਾ ਨਾਮਣਾ ਖੱਟਣ ਦੀ ਉਹਨੂੰ ਆਸ ਸੀ ?

ਉਹ ਇਸ ਤਰ੍ਹਾਂ ਪਸ਼ੇਮਾਨ ਦਿਨ-ਕਟੀ ਕਰ ਹੀ ਰਿਹਾ ਸੀ ਕਿ ਇਕ ਸਵੇਰ ਬੰਦਾ ਸਿੰਘ ਨੇ ਉਹਨੂੰ ਆਖਿਆ,

"ਸਰਦਾਰ ਸ਼ਾਹਬਾਜ਼ ਸਿੰਘ ! ਤੁਸੀਂ ਕੁਝ ਮਹੀਨੇ ਲਈ ਘਰ ਚਲੇ ਜਾਉ। ਮੈਨੂੰ ਹਕੀਮ ਜ਼ੋਰਾ ਸਿੰਘ ਨੇ ਦਸਿਆ ਹੈ ਕਿ ਤੁਹਾਨੂੰ ਰਾਜ਼ੀ ਹੋਣ ਵਿਚ ਘਟੋ ਘਟ ਚਾਰ ਪੰਜ ਮਹੀਨੇ ਲੱਗਣਗੇ।"

ਸ਼ਾਹਬਾਜ਼ ਸਿੰਘ ਇਹ ਹੁਕਮ ਸੁਣ ਕੇ ਝੁਭਕਿਆ।

"ਜੀ ! ਮੈਂ..."

ਸ਼ਬਦ ਅਜੇ ਉਹਦੇ ਮੂੰਹ ਵਿਚ ਸਨ ਕਿ ਬੰਦਾ ਸਿੰਘ ਨੇ ਕਿਹਾ,

"ਹੁਕਮ ਦੀ ਪਾਲਣਾ ਹੋਵੇ।" ਤੇ ਬੰਦਾ ਚਲਾ ਗਿਆ।

ਪਰ ਜੇ ਬੰਦਾ ਇਹ ਸ਼ਬਦ ਨਾ ਵੀ ਆਖਦਾ ਤਾਂ ਵੀ ਸ਼ਾਹਬਾਜ਼ ਸਿੰਘ ਜਾਣਦਾ ਸੀ ਕਿ ਹੁਣ ਬੰਦਾ ਬਹਾਦਰ ਅਗੇ ਕਿਸੇ ਦਲੀਲ ਜਾਂ ਹੁੱਜਤਬਾਜ਼ੀ ਦਾ ਕੋਈ ਫ਼ਾਇਦਾ ਨਹੀਂ।

Scanned by CamScanner

੧੧

ਬੁਖਾਰ ਦੀ ਤਪਸ਼ ਉਦੋਂ ਤਕ ਮਹਿਸੂਸ ਨਹੀਂ ਹੁੰਦੀ ਜਦੋਂ ਤਕ ਆਦਮੀ ਮੰਜੇ ਉਤੇ ਨਾ ਪੈ ਜਾਵੇ। ਜਦੋਂ ਤਕ ਆਦਮੀ ਟੁਰਦਾ-ਫਿਰਦਾ, ਕੰਮ ਕਰਦਾ ਰਹਿੰਦਾ ਹੈ ਉਹਨੂੰ ਬੀਮਾਰੀ ਐਨੀ ਨਹੀਂ ਪੋਂਹਦੀ ਜਿੰਨੀ ਕਿ ਜਦੋਂ ਉਹ ਮੰਜੀ ਮੱਲ ਲਏ।

ਏਸੇ ਤਰ੍ਹਾਂ ਹੀ ਸ਼ਾਹਬਾਜ਼ ਨਾਲ ਹੋਇਆ। ਉਹਨੂੰ ਜ਼ਖਮੀ ਹੋਇਆਂ ਲਗ ਪਗ ਦੋ ਮਹੀਨੇ ਹੋ ਚੁਕੇ ਸਨ। ਪਰ ਉਸ ਅਜੇ ਤਕ ਆਪਣੇ ਆਪ ਨੂੰ ਇਕ ਬੀਮਾਰ ਬੰਦੇ ਵਾਂਗ ਮਹਿਸੂਸ ਨਹੀਂ ਸੀ ਕੀਤਾ। ਸੀਤੇ ਤੇ ਬੰਨ੍ਹੇ ਹੋਏ ਜ਼ਖਮ ਨੂੰ ਲੈ ਕੇ ਉਹ ਹਮੇਸ਼ਾਂ ਥੋੜਾ ਬਹੁਤ ਕੰਮ ਕਰਦਾ ਰਿਹਾ। ਜਦੋਂ ਉਹ ਰਾਤੀਂ ਸੌਣ ਵਾਸਤੇ ਲੇਟਦਾ ਤਾਂ ਉਹਨੂੰ ਆਪਣੇ ਘਾਓ ਦਾ ਓਨਾ ਨਹੀਂ ਜਿੰਨਾ ਅਗਲੇ ਦਿਨ ਕਰਨ ਵਾਲੇ ਕੰਮ ਦਾ ਖਿਆਲ ਆਉਂਦਾ। ਉਹਨੂੰ ਕਿਸੇ ਆਦਰਸ਼ ਦੀ ਲਗਨ ਸੀ, ਕੁਝ ਪਾਉਣ ਤੇ ਕਮਾਉਣ ਦੀ ਇਛਿਆ ਸੀ। ਏਥੋਂ ਤਕ ਕਿ ਜਦੋਂ ਉਹਦਾ ਜ਼ਖਮ ਮੁੜ ਕੇ ਖੁਲ੍ਹਿਆ ਤਾਂ ਵੀ ਉਹਨੂੰ ਕੋਈ ਪੀੜ ਨਾ ਪੋਂਹੀ।

ਫਿਰ ਬੰਦਾ ਬਹਾਦਰ ਦੇ ਹੁਕਮ ਨਾਲ ਉਹ ਘਰ ਵਲ ਮੁੜਿਆ। ਉਹਦੇ ਨਾਲ ਅੱਠ ਕੁ ਆਦਮੀ ਹੋਰ ਸਨ। ਛੇ ਉਹਦੇ ਵਾਂਗ ਜ਼ਖਮੀ ਤੇ ਦੋ ਛੁੱਟੀ ਜਾ ਰਹੇ ਸਿਪਾਹੀ। ਰਸਤੇ ਵਿਚ ਆਉਂਦੇ ਜਾਂਦੇ ਹੋਰ ਰਾਹੀ ਵੀ ਇਸ ਨਿਕੇ ਜਿਹੇ ਜੱਥੇ ਵਿਚ ਆ ਸ਼ਾਮਿਲ ਹੁੰਦੇ ਤੇ ਆਪਣੀ ਆਪਣੀ ਮੰਜ਼ਲ ਤਕ ਪਹੁੰਚ ਕੇ ਉਹਨਾਂ ਦਾ ਸਾਥ ਛੱਡ ਜਾਂਦੇ। ਉਹਨਾਂ ਦਿਨਾਂ ਵਿਚ ਇਸ ਤਰ੍ਹਾਂ ਹੀ ਹੋਇਆ ਕਰਦਾ ਸੀ। ਇਕੱਲੇ ਦੁਕੱਲੇ ਸਫਰ ਕਰਨ ਦੀ ਬਜਾਏ ਦੋ ਚਾਰ ਜਾਂ ਦੱਸ ਆਦਮੀ ਇਕੱਠੇ ਹੋ ਕੇ ਕਿਤੇ ਆਉਂਦੇ ਜਾਂਦੇ ਸਨ। ਇਕ ਦੂਜੇ ਦਾ ਸਹਾਰਾ ਹੁੰਦਾ ਸੀ। ਅਗਲੇ ਨੂੰ ਡਰ ਹੁੰਦਾ ਸੀ। ਉਹਨਾਂ ਦਿਨਾਂ ਵਿਚ ਰਾਤ ਬਸੇਰਾ ਕਰਨਾ ਤੇ ਰੋਟੀ ਟੁਕ ਪਕਾਉਣਾ ਇਕ ਵਡੀ ਮੁਸ਼ੱਕਤ ਹੋਇਆ ਕਰਦੀ ਸੀ ਤੇ ਦੋ ਚਾਰ ਆਦਮੀ ਮਿਲ ਕੇ ਇਸ ਮੁਸ਼ਕਲ ਨੂੰ ਜ਼ਰਾ ਸੁਖੇਰੀ ਤਰ੍ਹਾਂ ਨਜਿੱਠ ਸਕਦੇ ਸਨ। ਪਰ ਫਿਰ ਵੀ ਕਈ ਮਨਚਲੇ ਇਕੱਲੇ ਹੀ ਟੁਰ ਪੈਂਦੇ ਤੇ ਕਈਆਂ ਨੂੰਅਜਿਹੇ ਜ਼ਰੂਰੀ ਕੰਮ ਆ ਬਣਦੇ ਕਿ ਸਾਥ ਮਿਲ ਹੀ ਨਾ ਸਕਦੇ।

ਸਾਰੇ ਰਾਹ ਸ਼ਾਹਬਾਜ਼ ਸਿੰਘ ਆਪਣੇ ਸਾਥੀਆਂ ਅਗੇ ਆਪਣੇ ਜ਼ਖਮ ਨੂੰ ਫੁਟਿਆਂਦਾ ਆਇਆ ਸੀ,

"ਸ਼ੇਰਾਂ ਨੂੰ ਇਹੋ ਜਿਹੇ ਘਾਓ ਕੀ ਆਖਦੇ ਹਨ ? ਸਮਾਂ ਪਾ ਕੇ ਆਪਣੇ ਆਪ ਮਰ ਜਾਂਦੇ ਹਨ।"

ਇਕ ਹੋਰ ਜੁਆਨ ਮੇਲਾ ਸਿੰਘ ਜਿਹੜਾ ਆਪ ਵੀ ਸ਼ਾਹਬਾਜ਼ ਸਿੰਘ ਵਾਂਗ ਬੰਦੇ ਦਾ ਸਾਥ ਨਹੀਂ ਸੀ ਛਡਣਾ ਚਾਹੁੰਦਾ, ਬੋਲਿਆ,

"ਜਦੋਂ ਬਾਬਾ ਬੰਦਾ ਜੀ ਦੇ ਮਨ ਵਿਚ ਕੋਈ ਗੱਲ ਆ ਜਾਏ ਉਹਨੂੰ ਮੋੜਿਆ ਵੀ ਤਾਂ ਨਹੀਂ ਜਾ ਸਕਦਾ।"

"ਮੈਂ ਇਕ ਵਾਰੀ ਤਾਂ ਨਾਂਹ ਕਰਨ ਹੀ ਲਗਾ ਸਾਂ ਪਰ ਬਾਬਾ ਜੀ ਨੇ ਮੇਰੇ ਵਲ ਇਸ ਤਰ੍ਹਾਂ ਵੇਖਿਆ ਕਿ ਮੇਰੀ ਖਾਨਿਓਂ ਗਈ" ਸ਼ਾਹਬਾਜ਼ ਸਿੰਘ ਨੇ ਕਿਹਾ।

"ਤੇਰੇ ਨਾਲ ਤਾਂ ਬਾਬਾ ਜੀ ਨੂੰ ਐਨਾ ਸਨੇਹ ਹੈ। ਮੈਂ ਹੈਰਾਨ ਹਾਂ ਕਿ ਉਹਨਾਂ ਤੈਨੂੰ ਘਰ ਜਾਣ ਦੀ ਆਗਿਆ ਕਿਵੇਂ ਦੇ ਦਿਤੀ" ਮੇਲਾ ਸਿੰਘ ਨੇ ਹੈਰਾਨਗੀ ਭਰੇ ਲਹਿਜੇ ਵਿਚ ਕਿਹਾ।

"ਮੈਨੂੰ ਤਾਂ ਆਪ ਕੁਝ ਸਮਝ ਨਹੀਂ ਆਉਂਦੀ। ਮੈਨੂੰ ਵਿਸ਼ਵਾਸ ਹੈ ਕਿ ਮੈਂ ਆਪਣੇ ਆਪ ਕੁਝ ਦਿਨਾਂ ਵਿਚ ਚੰਗਾ ਭਲਾ ਹੋ ਜਾਣਾ ਹੈ।"

ਇਹੋ ਜਿਹੀਆਂ ਗੱਲਾਂ ਕਰਦਿਆਂ ਤੇ ਇਸ ਤਰ੍ਹਾਂ ਮਹਿਸੂਸ ਕਰਦਿਆਂ ਸ਼ਾਹਬਾਜ਼ ਆਪਣੇ ਘਰ ਪਹੁੰਚਿਆ।

ਉਹਦਾ ਚਿਹਰਾ ਬੇਸ਼ਕ ਖਿੜਿਆ ਹੋਇਆ ਸੀ ਪਰ ਉਹਦਾ ਸਰੀਰ ਲੰਮੀ ਬੀਮਾਰੀ ਦਾ ਭੇਤ ਦਸ ਰਿਹਾ ਸੀ।

Scanned by CamScanner

ਉਹ ਪਹਿਲੇ ਹੀ ਬਹੁਤਾ ਮੋਟਾ ਤਾਜ਼ਾ ਨਹੀਂ ਸੀ ਤੇ ਹੁਣ ਅਗੇ ਨਾਲੋਂ ਵੀ ਨਿਰਬਲ ਸੀ। ਉਹਨੂੰ ਵੇਖਦਿਆਂ ਸਾਰ ਹੀ ਉਹਦੀ ਮਾਂ, ਧਰਮ ਕੌਰ, ਉਹਨੂੰ ਚਮੁੱਟ ਗਈ।

"ਮੇਰੇ ਲਾਲ ! ਮੇਰੇ ਚੰਨ !! ਚਾਏ ਵੇ ਤੈਨੂੰ ਕੀ ਹੋ ਗਿਆ ਹੈ। ਸਾਰੀ ਦੁਨੀਆਂ ਦੇ ਸਿਪਾਹੀ ਘਰ ਮੁੜ ਆਏ ਪਰ ਤੂੰ ਕਿਉਂ ਨਾ ਆਇਆ।"

ਧਰਮ ਕੌਰ ਮਾਂ-ਪਿਆਰ ਵਿਚ ਭੁਲ ਗਈ ਕਿ ਉਹਦਾ ਸ਼ਾਹਬਾਜ਼ ਬਾਬਾ ਬੰਦੇ ਦਾ ਇਕ ਜਰਨੈਲ ਬਣ ਚੁਕਾ ਏ। ਉਹ ਭੁਲ ਗਈ ਕਿ ਉਹਦੇ ਬਾਰੇ ਉਹ ਅਜ ਤਕ ਕੇਡੀਆਂ ਪ੍ਰਸੰਸਕ ਤੇ ਦਿਲ ਉਭਾਰੂ ਖਬਰਾਂ ਸੁਣਦੀ ਆਈ ਹੈ। ਬੇਸ਼ਕ ਉਹ ਸੁਣ ਚੁਕੀ ਸੀ ਕਿ ਉਹਦਾ ਪੁਤਰ ਜ਼ਖਮੀ ਹੋ ਗਿਆ ਏ ਪਰ ਸਾਰਿਆਂ ਨੇ ਇਹੋ ਹੀ ਕਿਹਾ ਸੀ ਕਿ ਜ਼ਖਮ ਐਨਾ ਭੈੜਾ ਨਹੀਂ। ਜਲਦੀ ਹੀ ਠੀਕ ਹੋ ਜਾਏਗਾ।

"ਮੈਨੂੰ ਤਾਂ ਹੁਣ ਵੀ ਬਾਬਾ ਜੀ ਨੇ ਚੋਰੀ ਭੇਜ ਦਿਤਾ ਹੈ ਮਾਂ, ਨਹੀਂ ਤੇ ਮੈਂ ਕਿਹੜਾ ਆਉਣਾ ਸੀ," ਸ਼ਾਹਬਾਜ਼ ਨੇ ਆਪਣੀ ਮਾਂ ਦਾ ਹੌਂਸਲਾ ਵਧਾਉਣ ਵਾਸਤੇ ਕਿਹਾ।

"ਵੇ ਤੂੰ ਆਪਣਾ ਹੁਲੀਆ ਤਾਂ ਵੇਖ। ਤੂੰ ਅੱਧਾ ਵੀ ਨਹੀਂ ਰਹਿ ਗਿਆ ਅਗੇ ਨਾਲੋਂ, ਤੇ ਉਤੋਂ ਆਖਦਾ ਹੈ ਮੈਂ ਹੁਣ ਵੀ ਨਹੀਂ ਸੀ ਆਉਣਾ," ਤੇ ਉਸ ਉਹਦੇ ਖੱਬੇ ਮੋਢੇ ਨੂੰ ਚੁੰਮਿਆ।

"ਨੀ ਬਲਵੰਤੀਏ ! ਨੀ ਲਛਮੀਏ ! ਕੁੰਤੀਏ, ਨੀ ਹਰਬੰਸੇ। ਲਓ ਨੀ ਮੁੰਡੇ ਦਾ ਜ਼ਖਮ ਧੋਵੋ। ਵੇਖੋ ਤਾਂ ਸਹੀ ਕਿ ਕੀ ਹਾਲ ਹੋ ਗਿਆ ਹੈ।"

ਬਲਵੰਤ ਕੌਰ ਨੇੜੇ ਆਈ ਤੇ ਉਸ ਆਪਣੇ ਦਿਓਰ ਨੂੰ ਥਾਪੜੀ ਦੇਂਦੇ ਹੋਏ ਕਿਹਾ,

"ਵੇ ਸ਼ਾਹਬਾਜ਼ਾ ! ਤੂੰ ਤਾਂ ਭੈੜਿਆ ਦੂਰ ਜਾ ਕੇ ਸਾਨੂੰ ਭੁਲ ਹੀ ਗਿਉਂ ! ਸੁਣਿਆ ਤੂੰ ਲੜਾਈ ਵਿਚ ਬਾਬਾ ਜੀ ਦਾ ਸੱਜਾ ਹੱਥ ਸੈਂ ! ਅਸੀਂ ਕਿਥੇ ਯਾਦ ਰਹਿਣਾ ਸੀ।" ਇਹ ਭਾਬੀ ਦਾ ਨਿਹੋਰਾ ਸੀ।

"ਭਾਬੀ ! ਯਾਦ ਤਾਂ ਤੁਸੀਂ ਬੜੀਆਂ ਆਈਆਂ ਪਰ ਬਾਬੇ ਦੀ ਸੇਵਾ ਛੱਡਣ ਨੂੰ ਰੂਹ ਨਾ ਕੀਤਾ।" ਸ਼ਾਹਬਾਜ਼ ਸਿੰਘ ਨੇ ਆਖਿਆ। "ਤੁਸੀਂ" ਵਿਚ ਭਾਬੀ ਤੇ ਉਹਦੀ ਆਪਣੀ ਪਤਨੀ ਸ਼ੋਭਾ ਦੇਈ ਦੋਵੇਂ ਸ਼ਾਮਿਲ ਸਨ। ਭਾਬੀ ਨੇ ਵੀ ਜਾਣਿਆ ਤੇ ਸ਼ੋਭੀ ਨੇ ਵੀ — ਜਿਹੜੀ ਇਕ ਨੁਕਰੇ ਖਲੋਤੀ ਸਭ ਸਮਾਚਾਰ ਸੁਣ ਤੇ ਵੇਖ ਰਹੀ ਸੀ।

ਹੁਣ ਲਛਮੀ ਤੇ ਕੁੰਤੀ ਦੀ ਵਾਰੀ ਸੀ। ਇਹ ਦੋਵੇਂ ਸ਼ਾਹਬਾਜ਼ ਦੀਆਂ ਨਿਕੀਆਂ ਭੈਣਾਂ ਸਨ। ਇਕ ਅਠਾਰਾਂ ਵਰ੍ਹਿਆਂ ਦੀ ਵਿਆਹੀ ਹੋਈ, ਇਕ ਬਾਰਾਂ ਕੁ ਵਰ੍ਹਿਆਂ ਦੀ ਕੁਆਰੀ। ਪਰ ਵਿਆਹੀ ਹੋਈ ਜਾਂ ਕੁਆਰੀ, ਭੈਣ ਦਾ ਆਪਣੇ ਵੀਰ ਲਈ ਪਿਆਰ ਸਦਾ ਜਜ਼ਬਾਤੀ, ਲਾਲਸਕ, ਮਿਠਾ ਤੇ ਹਸਰਤਾਂ ਭਰਿਆ ਹੁੰਦਾ ਹੈ। ਉਹਦੀ ਝੋਲੀ ਸਦਾ ਅੱਡੀ ਹੀ ਰਹੇਗੀ। ਉਹਦਾ ਦਿਲ ਸਦਾ ਉਣਾ ਹੀ ਰਹੇਗਾ। ਵੀਰ ਦਾ ਪਿਆਰ ਜਿੰਨਾ ਵੀ ਮਿਲੇ ਓਹਦੇ ਲਈ ਥੋੜਾ ਹੈ : ਏਸੇ ਲਈ ਇਕ ਲਾਲਸਾ, ਇਕ ਰਸਹਤ ਭੈਣ ਨੂੰ ਸਦਾ ਤੜਪਾਂਦੀ ਹੈ। ਪਰ ਇਹ ਲਾਲਸਾ ਜਾਂ ਇਹ ਹਸਰਤ ਵੇਗ ਮਈ ਤੇ ਸਾੜੂ ਨਹੀਂ ਹੁੰਦੀ, ਇਹ ਮਿਠੀ, ਸੂਫ ਤੇ ਨਿਰਮਲ ਹੁੰਦੀ ਹੈ।

"ਵੀਰਾ ! ਤੂੰ ਤਾਂ ਬੜਾ ਜੱਸ ਖਟਿਆ। ਰੱਬ ਤੇਰੀ ਉਮਰ ਲੰਮੀ ਕਰੇ।" ਲਛਮੀ ਨੇ ਕਿਹਾ।

"ਵੀਰਾ, ਲੜਾਈ ਕਿਦਾਂ ਹੋਈ ? ਹੁਣ ਤੈਨੂੰ ਬਹੁਤੀ ਪੀੜ ਤਾਂ ਨਹੀਂ ਹੁੰਦੀ," ਨਿੱਕੀ ਭੈਣ ਕੁੰਤੀ ਨੇ ਜ਼ਖਮ ਨੂੰ ਹੱਥ ਲਾ ਕੇ ਪੁਛਿਆ।

ਲਛਮੀ ਤੇ ਕੁੰਤੀ ਤੋਂ ਪਿਛੋਂ ਹਰਬੰਸੋ, ਪਾਸ਼ੋ ਤੇ ਸਭ ਤੋਂ ਛੋਟਾ ਗੁਰਦਾਸ ਸ਼ਾਹਬਾਜ਼ ਨੂੰ ਜਫੀਆਂ ਪਾਕੇ ਮਿਲੇ। ਇਹ ਤਿੰਨੋ ਜਾਂਬਾਜ਼ ਦੇ ਬੱਚੇ ਸਨ।

ਹੁਣ ਜਾਂਬਾਜ਼ ਦੀ ਵਾਰੀ ਸੀ। ਉਹ ਸ਼ਾਹਬਾਜ਼ ਦਾ ਵਡਾ ਭਰਾ ਸੀ। ਕੋਈ ਸਤ ਕੁ ਸਾਲ ਵਡਾ। ਨਾਵਾਂ ਦੀ ਸਾਰੂਪਤਾ ਤੋਂ ਸਵਾਏ ਉਹਨਾ ਵਿਚ ਹੋਰ ਕਿਸੇ ਚੀਜ਼ ਦੀ ਸਾਰੂਪਤਾ ਨਹੀਂ ਸੀ : ਜਾਂਬਾਜ਼ ਦਾ ਸਰੀਰ ਗੱਠਿਆ ਹੋਇਆ ਸੀ। ਉਹਦਾ ਮੂੰਹ ਨਿਸਬਤਨ ਗੋਲ। ਉਹਦੀਆਂ ਅੱਖਾਂ ਮੋਟੀਆਂ। ਉਹਦੀਆਂ ਗਲ੍ਹਾਂ ਉਭਰੀਆਂ ਹੋਈਆਂ। ਉਹਦਾ ਨੱਕ ਵਡਾ ਪਰ ਕਿਸੇ ਹਦ ਤਕ ਫੀਨਾ। ਉਹਦਾ ਕੱਦ ਵੀ ਸ਼ਾਹਬਾਜ਼ ਨਾਲੋਂ ਛੋਟਾ ਸੀ ਤੇ ਉਹਦੀ ਦਾੜ੍ਹੀ ਘਨੇਰੀ ਤੇ ਸੰਘਣੀ।

Scanned by CamScanner

ਜਾਂਬਾਜ਼ ਹੁਣੇ ਹੁਣੇ ਹੀ ਖੇਤਾਂ ਵਿਚੋਂ ਕੰਮ ਕਰਦਾ ਆਇਆ ਸੀ। ਖੇਤ ਉੱਤਰ ਵਲ ਸਨ ਤੇ ਸ਼ਾਹਬਾਜ਼ ਦਖਣ ਵਲੋਂ ਆਇਆ ਸੀ, ਨਹੀਂ ਤਾਂ ਉਹ ਰਾਹ ਵਿਚ ਆਪਣੀ ਜ਼ਮੀਨ ਤੋਂ ਹੋਈ ਆਉਂਦਾ। ਪਰ ਉਹਦੇ ਆਉਣ ਦੀ ਖਬਰ ਅੱਧੇ ਘੰਟੇ ਦੇ ਅੰਦਰ ਅੰਦਰ ਸਾਰੀ ਪੱਤੀ ਵਿਚ ਹੁੰਮ ਗਈ ਸੀ। ਜਾਬਾਜ਼ ਬਲਦ ਤੇ ਹੱਲ ਛੱਡ ਦੌੜਦਾ ਆਇਆ ਸੀ।

"ਤੁਰਕਾਂ ਦੇ ਖੂਬ ਸਿਰ ਭੰਨੇ ਫਿਰ ਤੈਂ ਸ਼ਾਹਬਾਜ਼ਾ! ਕਿੰਨੇ ਕੁ ਤੈਂ ਆਪਣੇ ਹੱਥੀਂ ਮਾਰੇ? ਤੁਰਕਾਣੀਆਂ ਸਰਹਿੰਦ ਦੀਆਂ ਤੋਬਾ ਤੋਬਾ ਨਾ ਕਰ ਉਠੀਆਂ?"

"ਜਾਂਬਾਜ਼ਾ ਧੀਰਜ ਨਾਲ ਸਭ ਕੁਝ ਦਸਾਂਗਾ। ਬੜਾ ਕੁਝ ਕਹਿਣ ਵਾਲਾ ਹੈ। ਉਹ ਬਾਬ ਹੋਈ ਨੇਂ ਕਿ ਕਿਆਮਤ ਤਕ ਨਹੀਂ ਭੁਲਣਗੇ।"

ਤੇ ਸਭ ਤੋਂ ਪਿਛੋਂ ਪਿਤਾ ਕੋਲ ਆਇਆ। ਬੁੱਢਾ ਮੱਲ ਹੁਣ ਸਿਰਫ ਨਾ ਵਲੋਂ ਹੀ ਨਹੀਂ, ਉਮਰੋਂ ਤ ਸਿਹਤੋਂ ਵੀ ਬੁੱਢਾ ਹੋ ਚੁਕਾ ਸੀ। ਉਹ ਸੱਠਾਂ ਦਾ ਹੋਣ ਨੂੰ ਆਇਆ ਸੀ: ਉਹਦੀ ਦਾੜ੍ਹੀ ਤੇ ਸਿਰ ਦੇ ਵਾਲ ਚਿੱਟੇ ਹੋ ਚੁਕੇ ਸਨ। ਉਹ ਖੇਤਾਂ ਵਿਚ ਕੋਈ ਸਖਤ ਕੰਮ ਨਹੀਂ ਸੀ ਕਰਦਾ। ਦਰਅਸਲ ਪਿਛਲੇ ਚਾਰ ਪੰਜ ਸਾਲ ਤੋਂ ਸਖਤ ਜਾਂ ਨਰਮ ਉਹਨੇ ਕੋਈ ਵੀ ਕੰਮ ਨਹੀਂ ਸੀ ਕੀਤਾ। ਆਪਣੀ ਉਮਰ ਦੇ ਦੋਹਾਂ ਚੌਹਾਂ ਹੋਰ ਬੰਦਿਆਂ ਨਾਲ ਸਾਰਾ ਦਿਨ ਧਰਮ-ਸਾਲੇ ਉਗੇ ਬ੍ਰਿਛਾਂ ਦੀ ਛਾਵੇਂ ਗੁਜ਼ਾਰ ਛਡਦਾ ਤੇ ਬਸ। ਉਹ ਵੀ ਹੁਣੇ ਹੁਣੇ ਹੀ ਸ਼ਾਹਬਾਜ਼ ਦੇ ਆਉਣ ਦੀ ਖਬਰ ਸੁਣ ਕੇ ਆਪਣੀ ਰਾਖਵੀਂ ਥਾਂ ਤੋਂ ਆਇਆ ਸੀ।

"ਸ਼ਾਬਾਸ਼ੇ ਬਚਿਆ", ਉਸ ਕਿਹਾ, "ਤੂੰ ਬੜੀ ਹਿੰਮਤ ਵਿਖਾਈ ਹੈ ਤੇ ਬੜਾ ਨਾਮਣਾ ਖੱਟਿਆ ਹੈ। ਤੇਰੇ ਉਤੇ ਗੁਰੂ ਬਾਬੇ ਦੀ ਮਿਹਰ ਹੋਵੇਗੀ। ਰਬ ਤੈਨੂੰ ਸੁਖੀ ਰਖੇ।"

ਇਹਨਾਂ ਭਾਵਾਂ ਤੇ ਇਹਨਾਂ ਸ਼ਬਦਾਂ ਨਾਲ ਮਾਂ, ਭਰਜਾਈ, ਭੈਣਾਂ, ਭਰਾ ਤੇ ਪਿਤਾ ਨੇ ਸ਼ਾਹਬਾਜ਼ ਦਾ ਸੁਆਗਤ ਕੀਤਾ। ਇਹ ਚੰਦ ਸ਼ਬਦ ਤੇ ਉਹਨਾਂ ਪਿਛੇ ਲੁਕੇ ਭਾਵ ਉਹਨਾਂ ਦੇ ਆਚਰਨ ਤੇ ਉਹਨਾਂ ਦੇ ਸ਼ਾਹਬਾਜ਼ ਵਾਸਤੇ ਦਿਲੀ ਜਜ਼ਬਾਤਾਂ ਦਾ ਪ੍ਰਤੀਬਿੰਬ ਸਨ।

ਮਾਂ ਨੂੰ ਸਭ ਤੋਂ ਵਧ ਆਪਣੇ ਪੁਤਰ ਦੀ ਸਿਹਤ ਦੀ ਚਿੰਤਾ ਸੀ। ਜਦੋਂ ਉਸ ਆਪਣੇ ਪੁਤਰ ਦਾ ਸਰੀਰ ਜ਼ਖਮਾਂ ਲਿੱਸਾ ਵੇਖਿਆ ਤੇ ਉਹਦੇ ਮੋਢੇ ਉਤੇ ਵਡੀ ਸਾਰੀ ਪੱਟੀ ਬੰਨ੍ਹੀ ਹੋਈ ਵੇਖੀ ਤਾਂ ਮਾਂ ਨੂੰ ਤੁਰਕ, ਧਰਮ, ਲੜਾਈ, ਜਿਤ, ਕਿਸੇ ਥੋ ਦੀ ਸੋਝੀ ਨਾ ਰਹੀ।

ਭਾਬੀ ਨੂੰ ਹੇਜੜਾ ਸੀ ਕਿ ਕਿਤੇ ਉਹਦਾ ਦਿਓਰ ਉਹਨੂੰ ਭੁਲ ਤਾਂ ਨਹੀਂ ਗਿਆ। ਭਾਬੀ ਦੇ ਪਿਆਰ ਦਾ ਅਤੁਟ ਅੰਗ ਨਿਹੋਰਾ ਹੈ ਤੇ ਉਸ ਪਹਿਲੀ ਪੰਕਤੀ ਹੀ ਆਪਣੀ ਰਿਸ਼ਤੇਦਾਰਕ ਅੰਸ ਦਾ ਸਬੂਤ ਦਿਤਾ।

ਭੈਣਾਂ ਤੇ ਭਤੀਜੀਆਂ ਨੂੰ ਆਪਣੇ ਵੀਰ ਦੇ ਖੱਟੇ ਜੱਸ ਦਾ ਚਾਅ ਹੈ ਤੇ ਦਰਦ ਹੈ ਉਹਦੇ ਦਰਦ ਵਾਸਤੇ, ਪੀੜ ਹੈ ਉਹਦੀ ਪੀੜ ਲਈ।

ਭਰਾ ਮਰਦ ਹੈ। ਉਹਦੇ ਵਾਸਤੇ ਸਭ ਤੋਂ ਪ੍ਰਥਮ ਚੀਜ਼ ਜਿੱਤ, ਲੜਾਈ ਤੇ ਤੁਰਕਾਂ ਦੀ ਮੌਤ ਹੈ। ਉਹਨੂੰ ਸਰਹਿੰਦ ਦੇ ਮਾਰੇ ਤੇ ਲੁਟੇ ਜਾਣ ਦੀ ਸੋਝੀ ਹੈ। ਉਹਦੇ ਸ਼ਬਦਾਂ ਵਿਚੋਂ ਬਦਲੇ ਦੀ ਚਾਹ ਪ੍ਰਤੱਖ ਦਿਸ ਆਉਂਦੀ ਹੈ।

ਤੇ ਪਿਤਾ ਦੇ ਭਾਵ ਪਿਤਾ ਦੇ ਭਾਵ ਹਨ। ਉਹਦੇ ਵਿਚ ਬੱਚੇ ਦੇ ਜੱਸ ਖਟਣ ਦੀ ਖੁਸ਼ੀ ਹੈ। ਉਹਦੇ ਕੋਲ ਬੱਚੇ ਦੀ ਲੰਮੀ ਉਮਰ ਤੇ ਸੁਖ ਵਾਸਤੇ ਅਸੀਸਾਂ ਹਨ। ਉਹਦੇ ਵਾਸਤੇ ਸਭ ਕਾਰ ਗੁਰੂ ਦੀ ਮਿਹਰ ਵਾਸਤੇ ਹੈ, ਸੁਰਗਾਂ ਵਿਚ ਜਾਣ ਵਾਸਤੇ।

ਹਾਂ, ਪਰ ਇਕ ਜੀਅ ਨੇ ਅਜੇ ਤਕ ਸ਼ਾਹਬਾਜ਼ ਨੂੰ 'ਜੀ ਆਇਆਂ' ਨਹੀਂ ਸੀ ਕਿਹਾ, ਉਹਨੂੰ ਗਲਵਕੜੀ ਨਹੀਂ ਸੀ ਪਾਈ, ਉਹਨੂੰ ਚੁੰਮਿਆ ਨਹੀਂ ਸੀ, ਉਹਦਾ ਹਾਲ ਹਵਾਲ ਨਹੀਂ ਸੀ ਪੁਛਿਆ, ਤੇ ਉਹ ਸੀ ਉਹਦੀ ਪਤਨੀ ਸ਼ੋਭਾ ਦੇਈ। ਸ਼ੋਭਾ ਦੇਈ, ਜਿਸਨੂੰ ਉਹਦਾ ਹਾਲ ਤੇ ਉਹਦੀ ਪੀੜ ਬਾਰੇ ਪੁਛਣ ਦਾ ਸਭ ਤੋਂ ਵਧ ਹਕ ਸੀ, ਉਹ ਅਜੇ ਤਕ ਦੂਰ ਇਕ ਨੁਕਰ ਵਿਚ ਖਲੋਤੀ ਸੀ। ਉਹਨੂੰ ਕਿਸੇ ਨਵੇਕਲੇ ਵੇਲੇ ਦੀ, ਨਵੇਕਲੇ ਖੂੰਜੇ ਦੀ ਲੋੜ ਸੀ।

Scanned by CamScanner

ਐਨੇਂ ਵਿਚ ਗਲੀ ਗੁਆਂਢ ਦੇ ਹੀ ਕਿਉਂ ਸਾਰੇ ਪਿੰਡ ਤੇ ਸਾਰੀ ਪੱਤੀ ਦੇ ਆਦਮੀ, ਤੇ ਤੀਵੀਆਂ ਜੁੜ ਗਈਆਂ। ਸਾਰੇ ਦੇ ਸਾਰੇ ਹੀ ਸ਼ਾਹਬਾਜ਼ ਦੇ ਸਿਵਾਣੂ ਸਨ। ਆਖਿਰ ਕਿਵੇਂ ਨਾ ਹੁੰਦੇ ? ਇਸੇ ਪਿੰਡ ਤੇ ਇਸੇ ਆਲਦੁਆਲੇ ਵਿਚ ਹੀ ਸ਼ਾਹਬਾਜ਼ ਨੇ ਆਪਣੀ ਸਾਰੀ ਜ਼ਿੰਦਗੀ ਬਿਤਾਈ। ਏਥੇ ਹੀ ਉਹਦਾ ਪਿਤਾ ਚਾਲੀ ਵਰ੍ਹਿਆਂ ਤੋਂ ਆਬਾਦ ਹੈ। ਏਥੇ ਉਸ ਆਪਣੇ ਤੋਂ ਵਡਿਆਂ ਨੂੰ ਬੁਦੇ ਹੁੰਦੇ ਤੇ ਮਰਦੇ ਹੋਏ ਵੇਖਿਆ। ਏਥੇ ਹੀ ਉਹ ਆਪਣੇ ਹਮ-ਉਮਰਾਂ ਨਾਲ ਘੋੜਿਆ ਪੱਲਿਆ, ਤੇ ਫਿਰ ਹਰ ਇਕ ਨੂੰ ਆਪਣੇ ਆਹਰੇ ਲਗਦਿਆਂ ਵੇਖਿਆ। ਏਥੇ ਹੀ ਉਸ ਬੱਚਿਆਂ ਨੂੰ ਜੁਆਨ ਹੁੰਦੇ ਤਕਿਆ। ਉਹਦੇ ਕੋਲੋਂ ਕਿਹੜਾ ਮਰਦ ਤੇ ਕਿਹੜੀ ਤੀਵੀਂ ਛੁੱਲੇ ਹੋਏ ਸਨ।

ਇਕ ਇਕ ਕਰ ਕੇ ਨਹੀਂ, ਟੋਲੀਆਂ ਬੰਨ੍ਹ ਕੇ ਇਹ ਲੋਕ ਬੁਢਾ ਮੱਲ ਦੇ ਘਰ ਇਕੱਠੇ ਹੋਏ। ਜਿੰਨੇ ਮੂੰਹ ਓਨੇ ਹੀ ਸਵਾਲ। "ਕਿੰਨੇ ਤੁਰਕ ਮਰੇ ?", "ਕਿੰਨਾ ਕੁ ਮਾਲ ਅਸਬਾਬ ਸਰਹਿੰਦ ਵਿਚੋਂ ਹੱਥ ਲੱਗਾ ?", "ਕਿੰਨਾ ਕੁ ਖਾਲਸਾ ਜੁਝ ਗਿਆ ਸੀ ?", "ਲੜਾਈ ਕਿੰਨੀ ਕੁ ਦੇਰ ਰਹੀ ?", "ਵਜ਼ੀਰ ਖਾਨ ਨੇ ਮਰਨ ਵੇਲੇ ਕੀ ਆਖਿਆ ?", "ਜਿਥੇ ਗੁਰੂ ਕਲਗੀਆਂ ਵਾਲੇ ਦੇ ਲਾਲ ਸ਼ਹੀਦ ਹੋਏ ਉਹ ਥਾਂ ਕਿਹੋ ਜਿਹੀ ਹੈ ?", "ਬਾਬਾ ਬੰਦਾ ਕਿਸ ਤਰ੍ਹਾਂ ਦਾ ਲਗਦਾ ਹੈ ?", "ਸੁੱਚਾ ਨੰਦ ਨੂੰ ਕਿਵੇਂ ਮਾਰਿਆ ਗਿਆ ?", "ਲੋਹ ਗੜ੍ਹ ਹੁਣ ਕਿਸ ਤਰ੍ਹਾਂ ਸਜਦਾ ਹੈ ?"

ਸ਼ਾਹਬਾਜ਼ ਸਿੰਘ ਸਰਸਰੀ ਤੌਰ ਉਤੇ ਹਰ ਇਕ ਸਵਾਲ ਦਾ ਜੁਆਬ ਦੇਂਦਾ। ਇਹ ਪਹਿਲਾ ਲੜਾਕਾ ਸੀ ਜਿਹੜਾ ਕਿ ਖਾਸ ਪਿੰਡ ਮਾਹਿਲ ਵਿਚ ਵਾਪਿਸ ਆਇਆ ਸੀ। ਇਸ ਤੋਂ ਪਹਿਲੇ ਹੋਰਨਾਂ ਪੱਤੀਆਂ ਤੇ ਪਿੰਡਾਂ ਦੇ ਕਈ ਸਿਪਾਹੀ ਮਾਹਿਲ ਵਿਚੋਂ ਲੰਘੇ ਸਨ ਤੇ ਬੇਸ਼ਕ ਹੁਣ ਤਕ ਏਥੋਂ ਦੀ ਜਨਤਾ ਸਰਹਿੰਦ ਦੀ ਲੜਾਈ ਤੇ ਲੋਹ ਗੜ੍ਹ ਦੀ ਸਮਾਪਤੀ ਬਾਰੇ ਕਾਫੀ ਕੁਝ ਸੁਣ ਚੁਕੀ ਸੀ ਪਰ ਫਿਰ ਵੀ ਕਿਸੇ ਆਪਣੇ ਨਜ਼ਦੀਕੀ ਦੇ ਮੂੰਹੋਂ ਸੁਣੀ ਕਹਾਣੀ ਦਾ ਰਸ ਹੋਰ ਹੋਂਦਾ ਹੈ।

ਇਸ ਤੋਂ ਉਪਰੰਤ ਜਿਹੜੇ ਆਦਮੀ ਓਧਰੋਂ ਲੰਘੇ ਉਹ ਸਾਰੇ ਸਿਪਾਹੀ ਸਨ ਜਾਂ ਛੋਟੇ ਮੋਟੇ ਸਰਦਾਰ, ਪਰ ਸ਼ਾਹਬਾਜ਼ ਸਿੰਘ ਵਰਗਾ ਜਰਨੈਲ ਅਜੇ ਤਕ ਉਧਰ ਕੋਈ ਨਹੀਂ ਸੀ ਆਇਆ। ਹੁਣ ਤਕ ਸਭ ਨੂੰ ਪਤਾ ਲਗ ਚੁਕਾ ਸੀ ਕਿ ਸ਼ਾਹਬਾਜ਼ ਦੀ ਖਾਲਸਈ ਸੈਨਾ ਵਿਚ ਬੜੀ ਇਜ਼ਤ ਹੋਈ ਹੈ। ਬੇਸ਼ਕ ਉਹਨਾਂ ਵਾਸਤੇ ਤੋਪਚੀ ਸਰਦਾਰ ਕੋਈ ਖਾਸ ਮਤਲਬ ਨਹੀਂ ਸੀ ਰਖਦਾ ਪਰ ਸਰਦਾਰ ਚਾਹੇ ਤੋਪਖਾਨੇ ਵਿਚ ਹੋਏ ਚਾਹੇ ਕਿਤੇ ਹੋਰ — ਹੁੰਦਾ ਤਾਂ ਸਰਦਾਰ ਹੀ ਹੈ। ਸੋ ਮਾਹਿਲ ਪਿੰਡ ਦੇ ਆਲੇ ਦੁਆਲੇ ਦੇ ਵਾਸੀ ਸਿਰਫ ਏਨਾ ਹੀ ਜਾਣਦੇ ਸਨ ਕਿ ਸ਼ਾਹਬਾਜ਼ ਸਿੰਘ ਖਾਲਸਈ ਫੌਜ ਵਿਚ ਇਕ ਸਰਦਾਰ, ਇਕ ਜੱਥੇਦਾਰ ਨਿਯਤ ਹੋਇਆ ਹੈ ਤੇ ਉਹਨਾਂ ਵਾਸਤੇ ਏਨਾ ਹੀ ਕਾਫੀ ਸੀ।

ਉਹਨਾਂ ਇਹ ਵੀ ਸੁਣ ਰਖਿਆ ਸੀ ਕਿ ਬਾਬਾ ਬੰਦਾ ਸ਼ਾਹਬਾਜ਼ ਦੀ ਬੜੀ ਇਜ਼ਤ ਕਰਦਾ ਹੈ! ਉਹ ਉਹਨੂੰ ਆਪਣੇ ਨਾਲ ਲੋਹ ਗੜ੍ਹ ਲੈ ਗਿਆ ਹੈ। ਹਰ ਗੱਲ ਉਹਦੇ ਕੋਲੋਂ ਪੁਛ ਕੇ ਕਰਦਾ ਹੈ, ਇਤਿ ਆਦਿ। ਕਈ ਗੱਲਾਂ ਵਧਾ ਕੇ ਕਰਦੇ, ਕਈ ਘਟਾ ਕੇ। ਪਰ ਜਿਹੜੇ ਵਧਾ ਕੇ ਕਰਦੇ ਉਹਨਾਂ ਦੀ ਵਧ ਸੁਣੀ ਜਾਂਦੀ, ਜਿਵੇਂ ਹਮੇਸ਼ਾ ਹੁੰਦਾ ਹੈ।

ਸੋ ਇਹ ਅਜ ਪਹਿਲੀ ਵਾਰ ਸੀ ਕਿ ਮਾਹਿਲ ਪੱਤੀ ਦੀ ਜਨਤਾ ਐਡੇ ਵਡੇ ਯੋਧੇ ਤੇ ਬਾਬਾ ਬੰਦੇ ਦੇ ਇਕ ਇਤਬਾਰ-ਯੋਗ ਜੱਥੇਦਾਰ ਕੋਲੋਂ ਸਰਹਿੰਦ ਤੇ ਲੋਹ ਗੜ੍ਹ ਦੀ ਵਾਰਤਾ ਸੁਣ ਰਹੀ ਸੀ।

ਦੁਪਹਿਰਾਂ ਢਲ ਰਹੀਆਂ ਸਨ। ਸ਼ਾਹਬਾਜ਼ ਸਿੰਘ ਵਾਸਤੇ ਧਰਮ ਕੌਰ ਨੇ ਸੂਤਰੀ ਦੀ ਉਣੀ ਮੰਜੀ ਵਿਛਾਈ। ਉਹਦੇ ਉਤੇ ਗੂੜ੍ਹੇ ਸੁਰਮਈ ਰੰਗ ਦਾ ਖੇਸ ਵਿਛਾਇਆ। ਨਵਾਂ ਨਕੋਰ ਸਰ੍ਹਾਣਾ ਕਢ ਕੇ ਲਿਆਂਦਾ। ਤੇ ਫਿਰ ਆਪ ਉਹ ਉਹਦੇ ਕੋਲ ਸਰ੍ਹਾਂਦੀ ਹੋ ਕੇ ਬੈਠ ਗਈ। ਦੋਵੇਂ ਭੈਣਾਂ ਪੁਆਂਦੀ ਬੈਠ ਗਈਆਂ। ਭਰਾ ਤੇ ਪਿੰਡ ਦੇ ਹੋਰ ਪਤਵੰਤੇ ਇਕ ਨਾਲ ਦੀ ਮੰਜੀ ਉਪਰ ਬੈਠ ਗਏ। ਤੇ ਬਾਕੀ ਦੇ ਮਰਦ ਤੀਵੀਆਂ ਭੋਇੰ ਉਤੇ ਸਜ ਗਏ। ਐਨੀਂ ਉਤਸੁਕਤਾ ਸੀ, ਐਨੀਂ ਤੀਬਰ ਚਾਹ। ਲੋਕਾਂ ਦਾ ਜੀ ਕਰਦਾ ਸੀ ਕਿ ਅੱਖਾਂ ਅੱਖਾਂ ਵਿਚ ਹੀ ਸਭ ਕੁਝ ਜਾਣ ਜਾਣ, ਕਿ ਸ਼ਾਹਬਾਜ਼ ਨੂੰ ਗਲ ਕਰਨ ਦੀ ਲੋੜ ਨਾ ਪਵੇ।

ਸ਼ਾਹਬਾਜ਼ ਜੁਆਬ ਦੇਂਦਾ। ਉਹਦਾ ਲਹਿਜਾ ਨਰਮੀ ਭਰਿਆ ਸੀ, ਉਹਦਾ ਚਿਹਰਾ ਗੰਭੀਰ। ਬੰਦਾ ਬਹਾਦਰ ਦੇ ਸਾਥ ਵਿਚ ਉਹਨੇ ਬੜਾ ਕੁਝ ਗ੍ਰਹਿਣ ਕੀਤਾ ਸੀ, ਜਿਨ੍ਹਾਂ ਵਿਚੋਂ ਸੰਜਮ ਤੇ ਗੰਭੀਰਤਾ ਦੇ ਵਿਕੋਲਿਤਰੇ ਤੇ ਗੌਰਵ ਗੁਣ ਸਨ। ਉਹਦੀ ਪੱਗ ਵੀ ਅਗੇ ਨਾਲੋਂ ਢੇਰ ਫਬਵੀਂ ਤੇ ਘੁੱਟਵੀਂ ਹੋ ਗਈ ਸੀ। ਉਹਦਾ ਬੋਲਣ ਢੰਗ ਢੇਰ ਵਿਸ਼ਵਾਸ ਪੂਰਵਕ ਸੀ ਤੇ

Scanned by CamScanner

ਉਹਦੀ ਆਵਾਜ਼ ਜ਼ਰਾ ਲੈ-ਮਈ। ਤੇ ਆਖਰ ਕਿਉਂ ਨਾ ਹੁੰਦੀ ? ਉਹ ਦੋ ਮਹੀਨੇ ਇਕ ਉਸਤਾਦ ਦੀ ਤਰ੍ਹਾਂ ਬੋਲਦਾ ਤੇ ਲੈਕਚਰ ਦੇਂਦਾ ਆ ਰਿਹਾ ਸੀ। ਸਿਰਫ ਉਹਦਾ ਲੰਮੂਤਰਾ ਯੁਵਕ ਮੂੰਹ ਅਗੇ ਨਾਲੋਂ ਵਧ ਕਮਜ਼ੋਰ ਲਗਦਾ — ਪਰ ਇਹ ਕਮਜ਼ੋਰੀ ਤੇ ਉਹਦਾ ਬੰਨ੍ਹਿਆ ਮੋਢਾ ਵੀ ਉਸ ਵੇਲੇ ਉਹਨੂੰ ਸੋਹਣਾ ਬਣਾ ਰਹੇ ਸਨ। ਇਹ ਦੋ ਚੀਜ਼ਾਂ ਚਿੰਨ੍ਹ ਸਨ ਉਸ ਲੜਾਈ ਦੇ ਜਿਸ ਵਿਚ ਉਹਨੇ ਇਕ ਮਹਾਨ ਯੋਧੇ ਦੀ ਤਰ੍ਹਾਂ ਭਾਗ ਲਿਆ ਸੀ।

ਔਨੇ ਵਿਚ ਸ਼ੋਭੀ ਨੇ ਦੁਧ ਗਰਮ ਕਰ ਲਿਆ। ਸਭ ਤੋਂ ਵਡਾ ਫੰਨਾ ਭਰਿਆ ਤੇ ਵਿਚ ਅੱਧ ਪਾ ਘਿਓ ਪਾ ਕੇ ਬਲਵੰਤ ਕੌਰ ਨੂੰ ਫੜਾਇਆ। ਉਸ ਆ ਕੇ ਸ਼ਾਹਬਾਜ਼ ਨੂੰ ਦਿਤਾ।

"ਔਨਾ ਦੁਧ ਮੈਂ ਨਹੀਂ ਪੀਣਾ !" ਸ਼ਾਹਬਾਜ਼ ਨੇ ਕਿਹਾ।

"ਵੇ ਕਿਉਂ ਨਹੀਂ ਪੀਣਾ ਪੁੱਤ ! ਮੈਂ ਤਾਂ ਸਿਕ ਸਿਕ ਮਰ ਗਈ ਤੇਰ ਵਾਸਤੇ। ਖਵਰੇ ਤੈਨੂੰ ਕਿਤੇ ਦੁਧ ਨਸੀਬ ਹੋਇਆ ਵੀ ਕਿ ਨਾਂਹ। ਪਿਛਲੇ ਮਹੀਨੇ ਦੀ ਤਾਂ ਮੇਰੇ ਮੂੰਹੋਂ ਗਰਾਹੀ ਨਹੀਂ ਲੰਘਦੀ।

"ਮਾਂ ਮੈਨੂੰ ਕਿਸੇ ਚੀਜ਼ ਦੀ ਕਾਣ ਨਹੀਂ ਰਹੀ। ਗੁਰੂ ਬਾਜਾਂ ਵਾਲੇ ਦੀ ਮਿਹਰ ਰਹੀ ਹੈ।"

ਇਸ ਗਲ ਤੇ ਲਛਮੀ ਬੋਲੀ

"ਪੀ ਲੈ ਵੀਰਾ ਵੇ। ਇਹ ਕੋਈ ਬਹੁਤਾ ਹੈ !"

ਨਾਲ ਦੀ ਮੰਜੀ ਉਤੇ ਬੈਠੇ ਦੋ ਤਿੰਨਾਂ ਪਤਵੰਤਿਆਂ ਨੇ ਵੀ ਕਿਹਾ,

"ਪੀ ਲੈ ਸ਼ਾਹਬਾਜ਼ ਸਿੰਘਾ, ਅਹਿ ਕਿਹੜੀ ਤੇਰੇ ਅਗੇ ਚਾਟੀ ਲਿਆ ਰਖੀ ਹੈ।"

ਸ਼ਾਹਬਾਜ਼ ਸਿੰਘ ਨੇ ਹੌਲੀ ਹੌਲੀ ਦੁਧ ਪੀ ਲਿਆ।

ਹਰ ਦੂਜੇ ਚੌਥੇ ਮਿੰਟ ਮਾਂ ਆਖਦੀ,

"ਬੱਚਾ ਹੁਣ ਤੂੰ ਬਸ ਕਰ। ਆਰਾਮ ਕਰ ਲੈ। ਗੱਲਾਂ ਕਰਨ ਜੋਗਾ ਬਥੇਰਾ ਵਕਤ ਪਿਆ ਹੈ।"

ਸ਼ਾਹਬਾਜ਼ ਸਿੰਘ ਜਾਣਦਾ ਸੀ ਕਿ ਗੱਲਾਂ ਕਰਨ ਜੋਗਾ ਬਥੇਰਾ ਵਕਤ ਪਿਆ ਹੈ। ਪਰ ਇਹਨਾਂ ਲੋਕਾਂ ਦੀ ਉਤਸੁਕਤਾ ਤੇ ਉਹਦੇ ਬਜ਼ੁਰਗਾਂ, ਹਾਣੀਆਂ ਤੇ ਛੋਟਿਆਂ ਦੀ ਤੀਬਰਤਾ ਵੀ ਕੁਝ ਅਰਥ ਰਖਦੀ ਸੀ ਕਿ ਨਹੀਂ ? ਉਹਨਾਂ ਕਰ ਕੇ ਹੀ ਨਹੀਂ, ਆਪਣੇ ਕਰ ਕੇ ਵੀ ਉਹ ਗੱਲਾਂ ਕਰਨਾ ਚਾਹੁੰਦਾ ਸੀ। ਤੇ ਸ਼ੋਭੀ ਕਰ ਕੇ ਵੀ, ਜਿਹੜੀ ਇਕ ਪਾਸੇ ਖਲੋਤੀ ਸ਼ਾਹਬਾਜ਼ ਦੇ ਮੂੰਹੋਂ ਨਿਕਲਿਆ ਇਕ ਇਕ ਸ਼ਬਦ ਸੁਣ ਰਹੀ ਸੀ। ਕਈ ਵਾਰੀ ਕਈ ਗੱਲਾਂ ਉਹ ਸਿਰਫ ਸ਼ੋਭੀ ਨੂੰ ਹੀ ਸੁਣਾਉਣ ਵਾਸਤੇ ਆਖਦਾ ਤੇ ਦਿਲੋਂ ਦਿਲੋਂ ਸ਼ੋਭੀ ਵੀ ਤਾੜ ਜਾਂਦੀ।

ਆਪਣੇ ਹਮਵਤਨਾਂ ਤੇ ਆਪਣੇ ਪਿੰਡ ਜਾਂ ਗਿਰਾਂ ਦੇ ਵਾਸੀਆਂ ਕੋਲੋਂ ਪ੍ਰਸੰਸਾ ਲੈ ਕੇ ਆਦਮੀ ਨੂੰ ਜਿੰਨੀ ਖੁਸ਼ੀ ਹੁੰਦੀ ਹੈ ਉਨੀਂ ਖੁਸ਼ੀ ਕਿਤੋਂ ਹੋਰੋਂ ਨਹੀਂ ਮਿਲ ਸਕਦੀ। ਬੇਸ਼ਕ ਸਾਰੀ ਦੁਨੀਆਂ ਵਾਹ ਵਾਹ ਪਈ ਕਰੇ, ਬੇਸ਼ਕ ਬੰਦਾ ਬੰਦਾ ਘਰ ਘਰ ਵਿਚੋਂ ਫੁਲਾਂ ਦੀ ਵਰਖਾ ਕਰੇ, ਬੇਸ਼ਕ ਕਿਤੋਂ ਕਿੰਨੀ ਇਜ਼ਤ ਮਿਲੇ, ਬੇਸ਼ਕ ਪ੍ਰਦੇਸ ਵਿਚ ਬੇਹੱਦ ਮਾਨਤਾ ਹੋਵੇ — ਪਰ ਜੇ ਆਪਣੇ ਪਿੰਡ ਜਾਂ ਸ਼ਹਿਰ ਵਾਸੀਆਂ ਨੇ ਹੱਥਾਂ ਉਤੇ ਨਾ ਚੁਕਿਆ ਤਾਂ ਇਹ ਵਾਹ ਵਾਹ, ਮਾਨਤਾ ਤੇ ਇਜ਼ਤ ਫੁੱਕੀ ਗਈ।

ਹਰ ਮਹਾਨ ਆਦਮੀ ਦੀ ਇਹ ਮਨੁੱਖਾ ਕਮਜ਼ੋਰੀ ਹੈ ਕਿ ਉਹ ਆਪਣੇ ਸ਼ਹਿਰ ਵਾਸੀਆਂ ਤੇ ਆਪਣੇ ਘਰ ਤੇ ਆਲੇ ਦੁਆਲੇ ਦੇ ਵਸਨੀਕਾਂ ਕੋਲੋਂ ਵਾਹ ਵਾਹ ਲੈ ਕੇ ਸਭ ਤੋਂ ਵਧੇਰੇ ਖੁਸ਼ ਹੁੰਦਾ ਹੈ।

ਅਜ ਸ਼ਾਹਬਾਜ਼ ਨੂੰ ਵੀ ਏਸੇ ਲਈ ਇਕ ਤਰ੍ਹਾਂ ਦਾ ਸਰੂਰ ਆ ਰਿਹਾ ਸੀ। ਅਜ ਉਹਨੂੰ ਆਪਣੇ ਸਾਥੀਆਂ ਤੇ ਹੋਰ ਜੱਥੇਦਾਰਾਂ ਦੀ ਸ਼ਾਬਾਸ਼ ਭੁੱਲ ਚੁਕੀ ਸੀ। ਅਜ ਸਰਦਾਰ ਰਤਨ ਸਿੰਘ ਚਾਹਿਲ, ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ ਤੇ ਏਥੋਂ ਤਕ ਕਿ ਬਾਬਾ ਬੰਦੇ ਦੀ ਵੀ ਸ਼ਾਬਾਸ਼ ਭੁਲ ਚੁਕੀ ਸੀ। ਅਜ ਉਹ ਬੇਸੁੱਧ ਸੀ ਆਪਣੇ ਵਡਿਆਂ ਤੇ ਆਪਣੇ ਹਮਜੋਲੀਆਂ ਵਿਚ। ਇਹਨਾਂ ਦੀ ਸ਼ਾਬਾਸ਼, ਨਿਰਸੰਦੇਹ ਕਿਸੇ ਵੀ ਹੋਰ ਸ਼ਾਬਾਸ਼ ਨਾਲੋਂ ਵਧ ਪਿਆਰੀ ਸੀ। ਇਹ ਵੱਡੇ ਤੇ ਇਹ ਹਮਜੋਲੀ — ਇਹਨਾਂ ਨਾਲ ਹੀ ਉਹਨੇ ਇਕ ਚੌਥਾਈ ਸਦੀ ਗੁਜ਼ਾਰੀ ਤੇ ਸ਼ਾਇਦ ਉਹਨਾਂ ਵਿਚੋਂ ਬਹੁਤਿਆਂ ਨੇ ਉਹਦੀ ਵਡਿਆਈ ਤੇ ਸੂਰਬੀਰਤਾ ਨਾ ਜਾਣੀ। ਪਰ ਅਜ ਇਹਨਾਂ ਦੇ ਸਾਹਮਣੇ ਹੀ ਸ਼ਾਹਬਾਜ਼ ਸਿੰਘ ਬੰਦਾ ਸਿੰਘ ਬਹਾਦਰ ਦਾ ਇਕ ਜੱਥੇਦਾਰ ਬਣ ਕੇ ਆਇਆ। ਬੇਸ਼ਕ ਉਹਨੂੰ ਇਕ ਤਰ੍ਹਾਂ ਦਾ ਸਰੂਰ ਆ ਰਿਹਾ ਸੀ ਤੇ ਉਹ ਗਲਾਂ ਕਰੀ ਜਾਂਦਾ, ਕਹਾਣੀਆਂ ਪਾਈ ਜਾਂਦਾ।

Scanned by CamScanner

ਏਸੇ ਲਈ ਆਪਣੀ ਮਾਂ ਦੀਆਂ ਚਿਤਾਉਣੀਆਂ ਉਹਨੂੰ ਸੁਣਦੀਆਂ ਤਕ ਨਹੀਂ।

ਪਰ ਗੱਲਾਂ ਸਨ ਕਿ ਖਤਮ ਹੋਣ ਵਿਚ ਹੀ ਨਾ ਆਉਂਦੀਆਂ। ਜਦੋਂ ਇਕ ਗੱਲ ਮੁਕਦੀ, ਦੂਜਾ ਕੋਈ ਹੋਰ ਸਵਾਲ ਪੁਛ ਲੈਂਦਾ। ਏਸੇ ਤਰ੍ਹਾਂ ਕਰਦਿਆਂ ਸੂਰਜ ਛੁਪ ਗਿਆ। ਲੋਕਾਂ ਦੇ ਰੋਟੀ ਟੁਕ ਦਾ ਵੇਲਾ ਬੀਤ ਚਲਿਆ-ਤਾਂ ਜਾ ਕੇ ਕੁਝ ਇਸਤਰੀਆਂ ਤੇ ਵੱਡੀਆਂ ਧੀਆਂ ਨੇਹਾਂ ਹਿਲਣ ਲਗੀਆਂ। ਤੇ ਉਸ ਵੇਲੇ ਹੀ ਸਰਦਾਰ ਗੁਰਬਖਸ਼ ਸਿੰਘ ਤੇ ਸਰਦਾਰ ਮਿਹਰ ਸਿੰਘ ਦੁੱਲਟ ਨੇ ਆਖਿਆ;

"ਹੁਣ ਬਸ ਕਰੋ। ਚਲੋ ਘਰੋਂ ਘਰੀ ਟੁਰੋ। ਸ਼ਾਹਬਾਜ਼ ਨੂੰ ਆਰਾਮ ਕਰਨ ਦਿਉ।" ਤੇ ਉਹ ਆਪ ਉਠ ਕੇ ਟੁਰ ਗਏ। ਉਹਨਾਂ ਦੇ ਪਿਛੋਂ ਬਾਕੀ ਵੀ ਵਾਰੋ-ਵਾਰੀ ਕਿਰਨ ਲਗੇ। ਹੁਣ ਧਰਮ ਕੌਰ ਦੀਆਂ ਚਿਤਾਉਣੀਆਂ ਵੀ ਮੋਹਰੀਆਂ ਹੋ ਗਈਆਂ ਤੇ ਉਸ ਕਿਹਾ,

"ਹੁਣ ਬਸ ਵੀ ਕਰੋ ਬਈ! ਬੜੀਆਂ ਗੱਲਾਂ ਹੋ ਗਈਆਂ। ਉਤੋਂ ਰਾਤ ਪੈ ਗਈ ਹੈ ਤੇ ਅਜੇ ਚੁਲ੍ਹੇ ਚੌਂਕੇ ਦਾ ਵੀ ਹੀਲਾ ਕਰਨਾ ਹੈ।"

ਚੰਨ ਚੋਖਾ ਚੜ੍ਹ ਆਇਆ ਸੀ ਜਦੋਂ ਸ਼ਾਹਬਾਜ਼ ਦੇ ਲੰਗੋਟੀਏ ਯਾਰਾਂ ਤੋਂ ਬਿਨਾਂ ਵਿਹੜਾ ਖਾਲੀ ਹੋਇਆ ਤੇ ਇਹ ਲੰਗੋਟੀਏ ਤਾਂ ਰੋਟੀ ਖਾ ਕੇ ਹੀ ਸ਼ਾਹਬਾਜ ਦੀ ਮੰਜੀ ਦੀ ਬਾਹੀ ਕੋਲੋਂ ਹਿੱਲੇ।

ਰੋਟੀ ਖਾਣ ਪਿਛੋਂ ਸ਼ਾਹਬਾਜ਼ ਦੀ ਮੰਜੀ ਕੋਠੇ ਉਤੇ ਡਾਹ ਦਿਤੀ ਗਈ। ਥੋੜੀ ਦੇਰ ਪਿਛੋਂ ਸ਼ੋਭੀ ਉਹਦੇ ਵਾਸਤੇ ਦੁਧ ਘਿਓ ਲੈ ਕੇ ਉਪਰ ਗਈ ਤੇ ਉਸ ਵੇਲੇ...ਉਸ ਵੇਲੇ ਸ਼ਾਹਬਾਜ਼ ਨੂੰ ਲਗਾ ਕਿ ਉਹ ਸਚੀਂ ਮੁੱਚੀ ਹੀ ਬੀਮਾਰ ਹੈ, ਉਸ ਵੇਲੇ ਪਹਿਲੀ ਵਾਰ ਉਹਨੂੰ ਆਪਣੇ ਮੋਦੇ ਦੀ ਪੀੜ ਬੁਰੀ ਤਰ੍ਹਾਂ ਪੋਹੀ।

ਸ਼ਾਹਬਾਜ਼ ਦੇ ਮੂੰਹੋਂ ਅਜ ਪਹਿਲੀ ਵਾਰ "ਹਾਏ" ਨਿਕਲੀ। ਅਜ ਤਕ ਉਸ ਇਹੋ ਜਿਹੀ ਕਸੀਜ਼ ਵੱਟੀ ਰੱਖੀ ਸੀ ਕਿ "ਹਾਏ" ਤਕ ਮੂੰਹੋਂ ਨਹੀਂ ਸੀ ਨਿਕਲੀ। ਪਰ ਸ਼ੋਭੀ ਸਾਹਮਣੇ ਇਸ ਕਸੀਜ਼ ਦੀ ਲੋੜ ਨਹੀਂ ਰਹੀ। ਅਜ ਉਹ ਆਪਣੇ ਟੱਬਰ ਵਿਚ ਸੀ। ਅਜ ਉਹ ਆਪਣੇ ਘਰ ਸੀ।

ਅਜ ਜਦੋਂ ਸ਼ੋਭੀ ਨੇ ਮੱਦਾ ਘੁਟਣ ਵਾਸਤੇ ਉਹਨੂੰ ਪਾਸਾ ਪਰਤਣ ਲਈ ਕਿਹਾ ਤਾਂ ਸ਼ਾਹਬਾਜ਼ ਕੋਲੋਂ ਪਾਸਾ ਪਰਤਿਆ ਨਾ ਜਾਏ। ਉਹ ਹੈਰਾਨ ਸੀ। ਅਗੇ ਤਾਂ ਉਹਨੂੰ ਕਦੀ ਐਨੀ ਪੀੜ ਨਹੀਂ ਹੋਈ! ਅਗੇ ਤਾਂ ਕਦੀ ਪਾਸਾ ਪਰਤਦਿਆਂ ਉਹ ਇੰਜ ਨਹੀਂ ਸੀ ਵਿਲਕਿਆ। ਉਸ ਸਮਝਿਆ ਕਿ ਜ਼ਰੂਰ ਅਜ ਹੀ ਅਜ ਵਿਚ ਉਹਦੀ ਮਰਜ਼ ਵਧ ਗਈ ਹੈ।

"ਕਹਿਰ ਸਾਈਂ ਦਾ," ਉਸ ਆਖਿਆ, "ਅਜੇ ਸਵੇਰ ਤਕ ਮੈਂ ਚੰਗਾ ਭਲਾ ਸਾਂ। ਅਜੇ ਸਵੇਰ ਤਕ ਮੈਂ ਘੋੜਾ ਸਰਪੱਟ ਦੁੜਾ ਸਕਦਾ ਸਾਂ। ਤੇ ਅਹਿ ਹੁਣ ਕੀ ਹੋਇਆ। ਮੇਰੇ ਕੋਲੋਂ ਤਾਂ ਸੌਖ ਨਾਲ ਪਾਸਾ ਵੀ ਨਹੀਂ ਪਰਤਿਆ ਜਾਂਦਾ।"

ਉਸ ਦਿਨ ਦੀ ਮੱਲੀ ਮੰਜੀ ਸ਼ਾਹਬਾਜ਼ ਕੋਲੋਂ ਤਿੰਨ ਮਹੀਨੇ ਛਡ ਨਾ ਹੋਈ। ਤਿੰਨ ਮਹੀਨੇ ਉਹਦੇ ਵਾਸਤੇ ਟੁਰਨਾ ਫਿਰਨਾ ਮਹਾਲ ਸੀ, ਘੋੜ ਅਸਵਾਰੀ ਤਾ ਕਿਤੇ ਰਹੀ।

Scanned by CamScanner

ਨਿੱਜੀ ਤੇ ਪਰਦਾ-ਦਾਰ ਜ਼ਿੰਦਗੀ ਨਵੀਨਤਾ ਤੇ ਸਭਿਅਤਾ ਦਾ ਚਿੰਨ੍ਹ ਹੈ। ਅਜ ਤੋਂ ਕੁਝ ਸਦੀਆਂ ਪਹਿਲੇ ਜ਼ਿੰਦਗੀ ਤੋ ਆਮ ਜੀਵਨ ਲੁਕੵਵਾਂ ਤੇ ਜ਼ਾਤੀ ਨਹੀਂ ਸੀ ਹੁੰਦਾ, ਸਰਬ ਸਾਂਝਾ ਤੇ ਭਾਈਚਾਰਕ ਹੁੰਦਾ ਸੀ।

ਅਜ ਤੋਂ ਕੁਝ ਸਦੀਆਂ ਪਹਿਲੇ ਦੇ ਜਾਂ ਕੁਝ ਹਜ਼ਾਰ ਸਾਲ ਪਹਿਲੇ ਦੇ ਅਮੀਰ ਰਾਜੇ ਮਹਾਰਾਜੇ ਵੀ ਬਹੁਤਾ ਕਰਕੇ ਸਰਬ-ਸਾਂਝਾ ਜੀਵਨ ਬਿਤਾਂਦੇ ਸਨ। ਜੈਪੁਰ, ਜੋਧਪੁਰ ਤੇ ਇੰਦੌਰ ਵਿਚ ਰਾਜਪੂਤੀ ਰਾਜਿਆਂ ਦੇ ਮਹਿਲ ਤਕੇ ਜਾਣ। ਆਗਰਾ, ਦਿੱਲੀ, ਲਖਨਊ ਵਿਚ ਮੁਗ਼ਲ ਪਾਤਸ਼ਾਹਾਂ ਦੇ ਮਹਿਲਾਂ ਤੇ ਕਿਲ੍ਹਿਆਂ ਦਾ ਮੁਲਾਹਜ਼ਾ ਹੋਵੇ। ਗੋਲਕੁਡਾ ਦੇ ਤੇ ਹੋਰ ਦੂਰ ਦੱਖਣ ਵਿਚ ਚੋਲਾ ਪੀਹੜੀ ਦੇ ਸ਼ਾਹੀ ਭਵਨ ਵੇਖੋ। ਰੋਮ ਵਿਚ ਮਹਾਨ ਰੋਮਨ ਰਾਜ ਦੇ ਸਮੇਂ ਦੇ ਮਹਿਲ, ਮਿਸਰ ਵਿਚ ਫ਼ੈਰੋਹਾਂ ਤੇ ਉਸ ਤੋਂ ਪਿਛਲੇ ਰਾਜਿਆਂ ਦੇ ਨਿਵਾਸ ਅਸਥਾਨ, ਇੰਗਲਸਤਾਨ ਵਿਚ ਗੌਲ ਤੇ ਐਂਗਲੋ ਸੈਕਸ਼ਨ ਸਮੇਂ ਦੇ ਕਿਲ੍ਹੇ ਜਾਂ ਯੂਨਾਨ ਵਿਚ ਯੂਨਾਨੀ-ਸਭਿਅਤਾ ਸਮੇਂ ਦੇ ਏਥਨਜ਼ ਜਾਂ ਹੋਰਨਾਂ ਸ਼ਹਿਰਾਂ ਅੰਦਰ ਉਸਰੇ ਕਿਲ੍ਹੇ ਤੇ ਮਕਾਨ ਵੀ ਤੱਕੇ ਜਾਣ।

ਇਹਨਾਂ ਸਭ ਭਵਨਾਂ, ਮਹਿਲਾਂ, ਕਿਲ੍ਹਿਆਂ ਤੇ ਮਕਾਨਾਂ ਵਿਚ ਕਮਰੇ ਬੜੇ ਥੋੜੇ ਹਨ। ਬਹੁਤੀਆਂ ਥਾਵਾਂ ਤੇ ਦਰਵਾਜ਼ੇ ਤੇ ਖਿੜਕੀਆਂ ਉੱਕਾ ਹਨ ਹੀ ਨਹੀਂ। ਪਰਦੇ ਲਟਕਾਉਣ ਦਾ ਰਵਾਜ ਵੀ ਆਮ ਨਹੀਂ ਸੀ ਹੁੰਦਾ। ਘਰ ਇਕ ਤਰ੍ਹਾਂ ਦੀਆਂ ਹਵੇਲੀਆਂ ਹੀ ਹੋਇਆਂ ਕਰਦੀਆਂ ਸਨ, ਜਾਂ ਵਡੇ ਵਡੇ ਤੇ ਲੰਮਸਲੰਮੇ ਹਾਲਾਂ ਨੂੰ ਨੀਵੀਆਂ ਮਹਿਰਾਬਾਂ ਨਾਲ ਵਖਰੇ ਵਖਰੇ ਹਿੱਸਿਆਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਪਰ ਇਹਨਾਂ ਮਹਿਰਾਬਾਂ ਵਿਚ ਵੀ ਦਰਵਾਜ਼ੇ ਨਹੀਂ ਸਨ ਜੜ੍ਹੇ ਜਾਂਦੇ। ਵਡੇ ਵਡੇ ਧਨਾਢਾਂ ਤੇ ਪਾਤਸ਼ਾਹਾਂ ਵਾਸਤੇ ਥੋੜੀ ਬਹੁਤੀ ਲੁਕਵੀਂ ਜ਼ਿੰਦਗੀ ਦਰਬਾਨ ਤੇ ਨੌਕਰ ਚਾਕਰ ਹਾਜ਼ਰ ਕਰਦੇ ਸਨ ਤੇ ਆਮ ਜਨਤਾ ਨੂੰ ਰਾਤ ਜਾਂ ਘਰਾਂ ਤੋਂ ਬਾਹਰ ਨਵੇਕਲੀਆਂ ਥਾਵਾਂ ਦਾ ਆਸਰਾ ਲੈਣਾ ਪੈਂਦਾ ਸੀ। ਦੁਨੀਆਂ ਵਿਚ ਭਿੰਨ ਭਿੰਨ ਮੁਲਕਾਂ ਤੇ ਥਾਵਾਂ ਵਿਚ ਉਸਰੇ ਮਹਿਲਾਂ ਤੇ ਕਿਲ੍ਹਿਆਂ ਦਾ ਹਵਾਲਾ ਇਸ ਲਈ ਦਿਤਾ ਗਿਆ ਹੈ ਕਿਉਂਕਿ ਸਿਰਫ਼ ਇਹ ਕਿਲ੍ਹੇ ਤੇ ਮਹਿਲ ਹੀ ਜੁਗਾਂ ਤੇ ਸਦੀਆਂ ਵਿਚੋਂ ਸਾਡੇ ਜੁਗ ਤਕ ਪਹੁੰਚੇ ਹਨ। ਉਂਜ ਤਵਾਰੀਖ ਗਵਾਹ ਹੈ ਤੇ ਅਕਲ ਸ਼ਾਹਦੀ ਭਰੇਗੀ ਕਿ ਜੇ ਅਮੀਰਾਂ ਤੇ ਰਾਜਿਆਂ ਦੇ ਜੀਵਨ ਨਿੱਜੀ ਨਹੀਂ ਸਨ ਤਾਂ ਆਮ ਜਨਤਾ ਦੇ ਤਾਂ ਉਸ ਤੋਂ ਵੀ ਵਧ ਸਰਬ ਸਾਂਝੇ ਹੋਣਗੇ।

ਜੇ ਅਸੀਂ ਭਾਰਤੀ, ਮਿਸਰੀ ਤੇ ਯੂਨਾਨੀ ਸਭਿਅਤਾਵਾਂ ਤੋਂ ਵੀ ਪਹਿਲੇ ਦੀ ਗੱਲ ਕਰੀਏ ਤਾਂ ਸਹੀ ਹੋਵੇਗਾ ਕਿ ਉਹਨਾਂ ਦਿਨਾਂ ਵਿਚ ਨਿੱਜੀ ਤੇ ਪਰਦਾ-ਦਾਰ ਜੀਵਨ ਸੰਭਵ ਹੀ ਨਹੀਂ ਸੀ। ਜੰਗਲਾਂ ਵਿਚ ਜਾਂ ਜੂਹਾਂ ਵਿਚ ਜਾਂ ਗਾਰਾਂ ਤੇ ਗੁਫ਼ਾਵਾਂ ਵਿਚ ਜ਼ਿੰਦਗੀ ਅਸਲੋਂ ਸਰਬਸਾਂਝੀ ਸੀ। ਅਜੋਕੇ ਮਿਆਰਾਂ ਤੋਂ ਕਾਮ ਇਖਲਾਕ ਦਾ ਪੱਧਰ ਵੀ ਨਿਸਬਤਨ ਬੜਾ ਨੀਵਾਂ ਸੀ।

ਜਿਉਂ ਜਿਉਂ ਜੁਗ ਬੀਤਦੇ ਗਏ ਨਿੱਜੀਤਵ ਤੇ ਵਿਅਕਤੀਤਵ ਲਈ ਮਨੁੱਖ ਦੀ ਚਾਹ ਪ੍ਰਬਲ ਹੁੰਦੀ ਗਈ। ਹਰ [illegible] ਪਰੱਖੀ ਦਿਮਾਗ਼ ਪਹਿਲਾਂ ਨਾਲੋਂ ਚੇਰ ਉਨੱਤ ਤੇ ਚੇਰ ਬੁਧੀਮਾਨ ਹੁੰਦਾ ਗਿਆ। ਤੇ ਇਸ ਦੇ ਨਾਲ ਨਾਲ

Scanned by CamScanner

ਬੱਲੇ ਸਭ ਦੇ ਸਾਹਮਣੇ ਕੀਤਾ ਜਾਂਦਾ ਹੈ। ਇਸਤਰੀਆਂ ਸਿਰਫ਼ ਮੰਜੀ ਡਾਹ ਕੇ ਤੇ ਉਹਦੇ ਉੱਤੇ ਕੋਈ ਚਾਦਰ ਤਾਣ ਕੇ ਪੜਦਾ ਕਰ ਲੈਂਦੀਆਂ ਹਨ ਤੇ ਬਸ।

ਕਸਬਿਆਂ ਤੇ ਛੋਟੇ ਸ਼ਹਿਰਾਂ ਵਿਚ ਘਰਾਂ ਅੰਦਰ ਕਮਰੇ ਜ਼ਿਆਦਾ ਹੋਣਗੇ। ਵਖਰੇ ਗੁਸਲਖ਼ਾਨਿਆਂ ਦਾ ਰਿਵਾਜ ਤਾਂ ਆਮ ਹੀ ਹੋ ਗਿਆ ਹੈ। ਪਰ ਵੱਡਿਆਂ ਸ਼ਹਿਰਾਂ ਤੇ ਅਜੋਕੇ ਤੇ ਨਵੀਨ ਮਿਆਰਾਂ ਅਨੁਸਾਰ ਉਸਾਰੇ ਗਏ ਬੰਗਲਿਆਂ, ਕੋਠੀਆਂ ਤੇ ਫਲੈਟਾਂ ਵਿਚ ਵਲਗਣ ਤੇ ਥਾਂ ਭਾਵੇਂ ਥੋੜੇ ਹੋਵੇ ਪਰ ਕਮਰੇ ਅਨੇਕ ਹੋਣਗੇ। ਬੈਠਕ ਵਖਰੀ, ਸੌਣ-ਕਮਰਾ ਵਖਰਾ, ਰਹਿਣ ਕਮਰਾ ਵਖਰਾ, ਤਿਆਰ ਹੋਣ ਵਾਸਤੇ ਕਮਰਾ ਵਖਰਾ ਤੇ ਗ਼ੁਸਲਖਾਨਾ, ਰਸੋਈ, ਭੰਡਾਰ ਅਸਥਾਨ ਸਭ ਵਖੋ ਵਖਰੇ; ਏਥੋਂ ਤਕ ਕਿ ਬੱਚਿਆਂ ਦਾ ਸੌਣ ਕਮਰਾ ਵੀ ਵਖਰਾ ਕਰ ਦਿਤਾ ਜਾਂਦਾ ਹੈ। ਮਾਪਿਆਂ ਨੂੰ ਵੀ ਸੋਖ, ਬੱਚਿਆਂ ਨੂੰ ਵੀ ਸੋਖ। ਫਿਰ ਹਰ ਕਮਰੇ ਵਿਚ ਬੂਹੇ ਤੇ ਬਾਰੀਆਂ। ਰੋਸ਼ਨੀ ਵੀ ਆ ਸਕਦੀ ਹੈ ਤੇ ਲੋੜ ਵੇਲੇ ਬਿਲਕੁਲ ਇਕਾਂਤ ਵੀ ਮਿਲ ਸਕਦੀ ਹੈ।

ਇਸ ਬੇਰੂਨੀ ਜਾਂ ਮਾਦਾ ਲੁਕਵੀਂ ਜ਼ਿੰਦਗੀ ਦੇ ਸਾਧਨਾਂ ਦੇ ਨਾਲ ਨਾਲ ਮਨੁੱਖ ਦੀ ਦਿਮਾਗ਼ੀ ਤੇ ਆਤਮਕ ਜ਼ਿੰਦਗੀ ਵੀ ਵਧੇਰੇ ਨਿੱਜੀ ਤੇ ਲੁਕਵੀਂ ਹੋ ਗਈ ਹੈ। ਹੁਣ ਆਦਮੀ ਆਪਣੇ ਜੀਵਨ ਦਾ ਇਕ ਚੰਗਾ ਖਾਸਾ ਭਾਗ ਇਕੱਲਿਆਂ ਬਿਤਾਂਦਾ ਹੈ, ਜਿਵੇਂ ਕਿਤਾਬਾਂ ਦਾ ਪੜ੍ਹਨਾ।

ਇਹ ਵਿਅਕਤੀਤਵ ਤੇ ਇਹ ਨਿੱਜੀਪਨ, ਸਭਿਅਤਾ ਤੇ ਨਵੀਨਤਾ ਦਾ ਸੂਚਕ ਹੈ। ਇਸ ਨਿੱਜੀਪਨ ਤੇ ਲੁਕਵੇਂਪਨ ਨਾਲ ਜ਼ਿੰਦਗੀ ਵੇਰ ਸਵਾਦਲੀ ਹੋਈ ਹੈ ਕਿ ਘਟ, ਬਾਹਲੀ ਰੋਮਾਂਟਕ ਹੋਈ ਹੈ ਜਾਂ ਥੋੜੀ, ਇਸ ਬਾਰੇ ਸ਼ਾਇਦ ਰਾਵਾਂ ਵਿਚ ਮਤਭੇਦ ਹੋਵੇ ਪਰ ਜਦੋਂ ਹਰ ਹਾਲਤ ਵਿਚ ਜੁਆਨ ਪਿਆਰ ਇਕ ਮੁਦਤ ਬਾਅਦ ਮਿਲਣ ਤੋਂ ਮਿਲ ਕੇ ਵੀ ਮਿਲ ਨਾ ਸਕਣ ਤਾਂ ਉਸ ਸਮੇਂ ਦੀ ਪੀੜ ਤੇ ਉਸ ਸਮੇਂ ਦੀ ਲਾਲਸਾ ਦਾ ਦੁਖ ਕਦੀ ਬਿਆਨ ਨਹੀਂ ਕੀਤਾ ਜਾ ਸਕਦਾ।

ਬੜੇ ਕਵੀਆਂ ਤੇ ਲਿਖਾਰੀਆਂ ਨੇ ਇਸ ਦੁਖ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਸਾਰੇ ਦੇ ਸਾਰੇ ਅਸਫਲ ਹੀ ਜਾਣੇ। ਜਦੋਂ ਇਕ ਸਿਪਾਹੀ ਲੜਾਈ ਤੋਂ ਮੁੜੇ, ਸਿਪਾਹੀ ਜਿਦ੍ਹੀ ਕਿ ਜਾਨ ਲੜਾਈ ਵਿਚ ਬੜੀ ਮੁਸ਼ਕਲ ਨਾਲ ਬਚੀ ਹੈ, ਤਾਂ ਸਭ ਘਰ ਵਾਲੇ ਉਹਦੀ ਤੀਬਰ ਉਡੀਕ ਕਰਦੇ ਰਹੇ ਹੁੰਦੇ ਹਨ। ਜੇ ਉਹ ਵਿਚਾਰਾ ਲੜਾਈ ਵਿਚ ਮਾਰਿਆ ਜਾਂਦਾ ਤਾਂ ਸ਼ਾਇਦ ਪਿਤਾ ਤੇ ਮਾਂ ਦਾ ਹੋਰ ਪੁੱਤਰ ਹੁੰਦਾ ਜਾਂ ਹੋ ਜਾਂਦਾ; ਭੈਣ ਜਾਂ ਭਰਾ ਦਾ ਹੋਰ ਭਰਾ ਹੁੰਦਾ ਜਾਂ ਹੋ ਜਾਂਦਾ, ਪਰ ਜੇ ਕਿਸੇ ਵਾਸਤੇ ਉਸ ਸਿਪਾਹੀ ਦੀ ਥਾਂ ਹੋਰ ਕੋਈ ਨਹੀਂ ਹੋ ਸਕਦਾ ਤਾਂ ਉਹ ਉਹਦੀ ਪਤਨੀ ਹੈ।

ਪਤਨੀ ਵਾਸਤੇ ਉਹਦਾ ਪਤੀ ਸਭ ਕੁਝ ਹੈ। ਜੇ ਉਹ ਗਿਆ ਤਾਂ ਉਹਦਾ ਜਹਾਨ ਗਿਆ, ਉਹਦੀ ਜ਼ਿੰਦਗੀ ਗਈ। ਉਹ ਵਿਚਾਰੀ ਜੀਉਂਦੀ ਹੀ ਮਰ ਗਈ। ਜੰਗ ਵਿਚ ਗਏ ਸਿਪਾਹੀ ਦੀ ਜ਼ਿੰਦਗੀ ਇਕ ਪਤਨੀ ਤੋਂ ਵਧ ਕਿਸੇ ਹੋਰ ਨੂੰ ਐਨੀ ਪਿਆਰੀ ਨਹੀਂ ਹੋ ਸਕਦੀ।

ਪਰ ਇਕ ਸਮਾਂ ਬਿਤਾ ਕੇ ਜਦੋਂ ਸਿਪਾਹੀ-ਪਤੀ ਘਰ ਮੁੜਦਾ ਹੈ ਤਾਂ ਆਉਂਦੇ ਸਾਰ ਹੀ ਸਾਰੇ ਮਰਦ ਤੇ ਤੀਵੀਆਂ ਉਹਦੇ ਉੱਤੇ ਆਪਣਾ ਹੱਕ ਜਮਾਉਣਾ ਸ਼ੁਰੂ ਕਰ ਦੇਂਦੇ ਹਨ, ਸਵਾਏ ਉਹਦੀ ਪਤਨੀ ਦੇ। ਉਹ ਵਿਚਾਰੀ ਉਹਦੇ ਨੇੜੇ ਨਹੀਂ ਆ ਸਕਦੀ, ਉਹਨੂੰ ਘੁਟ ਨਹੀਂ ਸਕਦੀ, ਉਹਨੂੰ ਚੁੰਮ ਨਹੀਂ ਸਕਦੀ, ਉਹਦੇ ਨਾਲ ਦੋ ਬੋਲ ਤਕ ਸਾਂਝੇ ਨਹੀਂ ਕਰ ਸਕਦੀ।

ਉਹਨੂੰ ਉਡੀਕਣਾ ਪੈਂਦਾ ਹੈ। ਉਹਨੂੰ ਸੋਚਣਾ ਪੈਂਦਾ ਹੈ ਤੇ ਦਲੀਲਾਂ ਕਰਨੀਆਂ ਪੈਂਦੀਆਂ ਹਨ। ਜਦੋਂ ਉਹ ਉਹਨੂੰ ਮਿਲੇ ਤਾਂ ਉਹਨੂੰ ਆਪਣੇ ਅੱਗੇ ਪਿਛੇ ਵੇਖਣਾ ਪੈਂਦਾ ਹੈ ਕਿ ਕੋਈ ਤਾੜ ਤਾਂ ਨਹੀਂ ਰਿਹਾ। ਉਹਨੂੰ ਹੋਲੀ ਹੋਲੀ ਗੱਲਾਂ ਕਰਨੀਆਂ ਪੈਂਦੀਆਂ ਹਨ ਤਾਂ ਜੋ ਕੋਈ ਸੁਣ ਨਾ ਲਵੇ। ਸਾਧਾਰਨ ਗੱਲਾਂ ਵੀ ਕਿਸੇ ਦੇ ਸਾਹਮਣੇ ਨਹੀਂ ਹੋ ਸਕਦੀਆਂ। ਕੁਝ ਨਵੀਨ ਟੱਬਰਾਂ ਵਿਚ ਇਹ ਝਿਝਕ ਬੇਸ਼ਕ ਦੂਰ ਹੋ ਗਈ ਹੈ ਪਰ ਘਨੇਰੇ ਟੱਬਰਾਂ ਵਿਚ ਨਹੀਂ।

ਜਦੋਂ ਸ਼ਾਹਬਾਜ਼ ਸਿੰਘ ਲੜਾਈ ਤੋਂ ਮੁੜਿਆ ਤਾਂ ਉਦੋਂ ਤਾਂ ਇਹ ਝਿਝਕ ਆਵੱਸ਼ਕ ਸੀ। ਬੇਸ਼ਕ ਕਈ ਪਹਿਲੂਆਂ ਤੋਂ ਉਹ ਜੀਵਨ ਵੇਰ ਖੁਲ੍ਹਾ ਡੁਲ੍ਹਾ ਸੀ। ਪਰਦਾ ਨਹੀਂ ਸੀ। ਨੌਂਹ, ਸੌਹਰੇ ਤੇ ਜੇਠ ਦੇ ਸਾਹਮਣੇ ਆ ਜਾ ਸਕਦੀ ਤੇ ਗੱਲਾਂ ਕਰ ਸਕਦੀ ਸੀ। ਪਰ ਫਿਰ ਵੀ ਪਤਨੀ ਦਾ ਬਾਹਰੋਂ ਆਏ ਪਤੀ ਨਾਲ ਕੋਈ ਗੱਲ ਕਰਨੀ ਜਾਂ ਉਹਦੇ ਨੇੜੇ ਜਾਣਾ ਅੱਜ ਕੱਲ੍ਹ ਵਾਂਗ ਹੀ ਮਨ੍ਹਾ ਸੀ।

ਅੱਜ ਸ਼ਾਹਬਾਜ਼ ਘਰ ਆਇਆ। ਉਹਦੇ ਨਾਲ ਸਾਰਿਆਂ ਨੇ ਦੁਖ ਫੋਲਿਆ। ਸਾਰਿਆਂ ਨੇ ਉਹਨੂੰ ਘੁਟ ਘੁਟ ਕੇ ਚੁੰਮ ਕੇ ਉਦਰੇਵਾਂ ਲਾਹਿਆ। ਸਾਰਿਆਂ ਨੇ ਉਹਦੇ ਨਾਲ ਗੱਲਾਂ ਕੀਤੀਆਂ, ਉਹਦੇ ਕੋਲੋਂ ਗੱਲਾਂ ਸੁਣੀਆਂ ਪਰ ਸ਼ੋਭੀ ਇਕ

Scanned by CamScanner

ਨੂਕਰੇ ਉਡੀਕਦੀ ਰਹੀ, ਕਿਸੇ ਉਸ ਸਮੇਂ ਵਾਸਤੇ ਜਦੋਂ ਉਹ ਸ਼ਾਹਬਾਜ਼ ਨਾਲ ਇਕੱਲਿਆਂ ਬੈਠ ਕੇ ਕੋਈ ਗੱਲ ਕਰ ਸਕੇ।

ਇਹ ਸਮਾਂ ਉਹਨੂੰ ਰਾਤੀਂ ਮਿਲਿਆ ਜਦੋਂ ਸ਼ਾਹਬਾਜ਼ ਸੌਣ ਲਈ ਕੋਠੇ ਉਪਰ ਆਇਆ।

ਦੋ ਜੁਆਨ ਦਿਲਾਂ ਅਗੇ ਲਾਈਆਂ ਰੋਕਾਂ ਦੇ ਕੜ ਟੁੱਟੇ ਤੇ ਫਿਰ ਵੀ ਨਾ ਟੁੱਟੇ। ਹੁਣ ਤਕ ਸ਼ਾਹਬਾਜ਼ ਮੰਜੀ ਉੱਤੇ ਲੇਟ ਚੁਕਾ ਸੀ ਤੇ ਮੰਜੀ ਉੱਤੇ ਲੇਟਦਿਆਂ ਸਾਰ ਹੀ ਉਹ ਅਸਲੀ ਅਰਥਾਂ ਵਿਚ ਬੀਮਾਰ ਹੋ ਚੁਕਾ ਸੀ। ਤੇ ਹੁਣ ਉਹਦੇ ਵਾਸਤੇ ਪਾਸਾ ਪਰਤਣਾ ਵੀ ਮੁਸ਼ਕਲ ਹੋ ਗਿਆ।

ਸ਼ੋਭੀ ਉਹਦੇ ਕੋਲ ਜ਼ਮੀਨ ਉੱਤੇ ਬੈਠ ਗਈ ਤੇ ਕਿੰਨਾ ਚਿਰ ਉਹਨਾਂ ਦੇ ਸਿਰ ਇਕ ਦੂਜੇ ਨਾਲ ਜੁੜੇ ਰਹੇ। ਪਰ ਸ਼ਾਹਬਾਜ਼ ਸ਼ੋਭੀ ਨੂੰ ਆਪਣੀ ਗਲਵਕੜੀ ਵਿਚ ਲੈ ਨਾ ਸਕਿਆ। ਇਕ ਬਾਂਹ ਨਾਲ ਉਹ ਆਪਣੀ ਪਿਆਰੀ ਤੇ ਜੁਆਨ ਪਤਨੀ ਨੂੰ ਉਸ ਜ਼ੋਰ ਨਾਲ ਘੁਟ ਨਾ ਸਕਿਆ ਜਿਸ ਜ਼ੋਰ ਨਾਲ ਘੁਟਣ ਵਾਸਤੇ ਉਹ ਚਿਰਾਂ ਤੋਂ ਸਹਿਕ ਰਿਹਾ ਸੀ ਤੇ ਜਿਸ ਘੁਟਣੀ ਨੂੰ ਮਾਨਣ ਵਾਸਤੇ ਸ਼ੋਭੀ ਇਕ ਮੁਦਤ ਤੋਂ ਬੇਕਰਾਰ ਸੀ।

ਫਿਰ ਅੱਜ ਦੀ ਰਾਤ ਚੰਨ ਇਸ ਹਸਰਤਾਂ ਭਰੀ ਮਿਲਣੀ ਨੂੰ ਅਸਲੋਂ ਝੁਠਲਾ ਰਿਹਾ ਸੀ। ਬਸ — ਨਾਲ ਦੇ ਕੋਠੇ ਉੱਤੇ ਹੀ ਇਕ ਦੋ ਹੋਰ ਮੁੰਡੇ ਸੁੱਤੇ ਪਏ ਸਨ। ਸੱਜੇ ਹੱਥ ਜ਼ਰਾ ਹੱਟ ਕੇ ਕਿਸੇ ਹੋਰ ਗਭਰੂ ਦੀ ਮੰਜੀ ਡੱਠੀ ਹੋਈ ਸੀ। "ਕਾਸ਼!" ਉਹਨਾਂ ਦੋਹਾਂ ਨੇ ਸੋਚਿਆ; "ਜੇ ਸਾਡੇ ਘਰ ਵਿਚ ਕੋਈ ਵਖਰਾ ਕਮਰਾ ਹੁੰਦਾ। ਬੇਸ਼ਕ ਹੁੱਸੜ ਬਹੁਤ ਹੋਣਾ ਸੀ ਪਰ...ਅਸੀਂ ਇਕ ਦੂਜੇ ਨੂੰ ਆਪਣਾ ਆਪ ਦੇ ਤਾਂ ਸਕਦੇ!"

"ਯਾਦ ਜੇ ਇਹਨਾਂ ਦਿਨਾਂ ਵਿਚ ਹੀ ਪਿਛਲੇ ਸਾਲ ਤੁਸੀਂ ਮੈਨੂੰ ਵਿਆਹ ਕੇ ਲਿਆਏ ਸੀ?" ਸ਼ੋਭੀ ਨੇ ਰੋਚਕ ਲਹਿਜੇ ਵਿਚ ਪੁਛਿਆ।

"ਹਾਂ ਸ਼ੋਭੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਇਹੋ ਸਾਵਣ ਦਾ ਮਹੀਨਾ ਸੀ। ਏਸੇ ਤਰ੍ਹਾਂ ਅਸੀਂ ਰਾਤੀਂ ਏਸੇ ਕੋਠੇ ਉੱਤੇ ਤੇ ਏਸੇ ਮੰਜੀ ਉੱਤੇ ਇਕੱਠਿਆਂ ਬੈਠੇ ਗੱਲਾਂ ਕਰਦੇ ਹੁੰਦੇ ਸਾਂ। ਹਰ ਦੂਜੇ ਚੌਥੇ ਮੀਂਹ ਪੈ ਜਾਂਦਾ ਸੀ ਤੇ ਸਾਨੂੰ ਥੱਲੇ ਕਮਰੇ ਵਿਚ ਸੋਣਾ ਪੈਂਦਾ ਸੀ।"

"ਪਰ ਤੁਸੀਂ ਭੁਲਦੇ ਹੋ ਪ੍ਰਾਣਪਤੀ ਕਿ ਉਹਨਾਂ ਦਿਨਾਂ ਵਿਚ ਰਾਤਾਂ ਕਾਲੀਆਂ ਸਨ...।" ਇਹ ਕਹਿੰਦਿਆਂ ਕਹਿੰਦਿਆਂ ਸ਼ੋਭੀ ਨੂੰ ਐਨੀ ਸ਼ਰਮ ਆਈ ਕਿ ਉਹ ਆਪਣੇ ਆਪ ਵਿਚ ਸੁੰਗੜ ਗਈ।

ਸ਼ਾਹਬਾਜ਼ ਨੇ ਉਹਦੀ ਗਲ੍ਹ ਨੂੰ ਪਲੋਸਦਿਆਂ ਹੋਇਆਂ ਕਿਹਾ,

"ਹਾਂ ਸ਼ੋਭੀ ਤੇ...ਤੇ..." ਉਹ ਕਹਿੰਦਾ ਕਹਿੰਦਾ ਰੁਕ ਗਿਆ।

"ਤੋਂ ਕੀ...?"

"ਤੇ ਯਾਦ ਹੀ ਤੇਰੇ ਪਿਤਾ ਨੇ ਇਸ ਵਿਆਹ ਦੀ ਕਿੰਨੀ ਵਿਰੋਧਤਾ ਕੀਤੀ ਸੀ?"

"ਭਲਾ ਮੈਂ ਭੁਲ ਸਕਦੀ ਹਾਂ! ਪਰ ਦਿਲੋਂ ਮੇਰੇ ਪਿਤਾ ਜੀ ਬੜੇ ਚੰਗੇ ਹਨ। ਮੇਰੀ ਮਾਂ ਦੇ ਕਹਿਣ ਉੱਤੇ ਉਹ ਝੱਟ ਹੀ ਮੰਨ ਗਏ ਸਨ। ਕੀ ਤੁਸੀਂ ਅਜੇ ਤਕ ਵੀ ਉਹਨਾਂ ਦੇ ਬਚਨਾਂ ਦਾ ਗੁੱਸਾ ਦਿਲ ਵਿਚ ਰੱਖੀ ਬੈਠੇ ਹੋ?"

"ਨਹੀਂ ਤੇ," ਸ਼ਾਹਬਾਜ਼ ਨੇ ਮੁਸਕਰਾ ਕੇ ਆਖਿਆ, "ਮੈਂ ਮਰਦ ਹਾਂ ਤੇ ਜਵਾਨ, ਮੈਨੂੰ ਇਹੋ ਜਿਹੀਆਂ ਗੱਲਾਂ ਦਾ ਦੁਖ ਨਹੀਂ। ਪਰ ਸ਼ਾਇਦ ਮੇਰੇ ਪਿਤਾ ਆਪਣੇ ਟੱਬਰ ਬਾਰੇ ਸੁਣੀਆਂ ਬੋਲੀਆਂ ਨੂੰ ਭੁਲਾ ਨਾ ਸਕੇ ਹੋਣ?"

ਸ਼ੋਭੀ ਚੁਪ ਕਰ ਗਈ। ਉਹ ਉਦਾਸ ਹੋ ਗਈ। ਝਟਪਟ ਹੀ ਸ਼ਾਹਬਾਜ਼ ਨੇ ਆਪਣੀ ਗ਼ਲਤੀ ਨੂੰ ਮਹਿਸੂਸ ਕਰਦਿਆਂ ਕਿਹਾ:

"ਪਰ ਤੂੰ ਚੁਪ ਕਿਉਂ ਹੋ ਗਈ ਹੈਂ? ਬੋਲ ਨਾ ਸ਼ੋਭੀ। ਸੌਂਹ ਰੱਬ ਦੀ, ਮੇਰੇ ਦਿਲ ਵਿਚ ਕੋਈ ਗਿਲਾ ਨਹੀਂ।"

Scanned by CamScanner

ਉਹਦੇ ਵਿਚਲੀ ਇਸਤਰੀ-ਅੰਸ ਦੀ ਪੂਰਤੀ ਹੋਈ ਸੀ । ਉਹਦੀਆਂ ਮਿੰਨਤਾਂ ਹੋਈਆਂ ਸਨ, ਉਹਦੇ ਅੱਗੇ ਬਾਬੇ ਬੰਦੇ ਦੇ ਇਕ ਜੱਥੇਦਾਰ ਨੇ ਲਿਲ੍ਹੜਕੀਆਂ ਲਈਆਂ ਸਨ । ਉਹਦੇ ਇਸਤਰੀ ਮਾਨ ਨੂੰ ਝੁਲਕਾ ਮਿਲਿਆ ਸੀ । ਸੋ ਉਹ ਮੰਨ ਗਈ ।

ਇਹ ਨਿਕੇ ਨਿਕੇ ਰੰਸੇ ਤੇ ਮਨੋਵੇਂ ਭਾਵੇਂ ਕਿੰਨੇ ਦੁਖਦਾਈ ਜਾਂ ਸੁਖਦਾਈ ਹੋਣ, ਇਹ ਦੋ ਦਿਲਾਂ ਦੀ ਪਿਆਰ-ਕਹਾਣੀ ਦਾ ਅਟੁਟ ਅੰਗ ਹਨ । ਇਹਨਾਂ ਬਿਨਾਂ ਪਿਆਰ ਦੀ ਕਹਾਣੀ ਅਧੂਰੀ ਰਹਿੰਦੀ ਹੈ ।

ਬੰਤੀ ਸਰਦਾਰ ਸੰਤ ਸਿੰਘ ਭੁੱਲਰ ਦੀ ਪੁਤਰੀ ਸੀ । ਇਕੋ ਇਕ ਧੀ । ਬੇਸ਼ਕ ਉਹਦੇ ਪੰਜ ਪੁਤਰ ਹੋਰ ਵੀ ਸਨ ਪਰ ਧੀ ਇਕੋ ਇਕ ਇਕੱਲੀ ਸੀ । ਸਰਦਾਰ ਸੰਤ ਸਿੰਘ ਭੁੱਲਰ ਬੜਾ ਚੜ੍ਹਿਆ ਪਿੜ੍ਹਿਆ ਜ਼ਿੰਮੀਦਾਰ ਸੀ । ਉਹਦੀ ਕਾਫ਼ੀ ਭੋਏਂ ਸੀ ਤੇ ਅਟਾਰੀ ਦੇ ਆਲੇਦੁਆਲੇ ਵਿਚ ਉਹਦੀ ਬੜੀ ਇਜ਼ਤ । ਉਹਦੇ ਪੰਜ ਦੇ ਪੰਜੇ ਪੁੱਤਰ ਰੱਜ ਕੇ ਜਵਾਨ ਸਨ । ਜਦੋਂ ਡਾਰ ਬੰਨ੍ਹ ਕੇ ਆਪਣੇ ਘੋੜਿਆਂ ਉੱਤੇ ਬਾਹਰ ਨਿਕਲਦੇ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਰਜਦੀਆਂ ਨਾਂਹ ! ਪੰਜਾਂ ਵੀਰਾਂ ਦੀ ਇਕੋ ਭੈਣ ਬੜੀ ਲਾਡਲੀ ਹੀ ਹੋਵੇਗੀ ਤੇ ਸ਼ੰਭੂ ਦੇਈ ਲਾਡਲੀ ਸੀ ।

ਬੰਤੀ ਤੋਂ ਸ਼ਾਹਬਾਜ਼ ਇਕ ਵਿਆਹ ਤੇ ਮਿਲੇ । ਸ਼ੰਭੂ ਦੀ ਫੁਫੀ ਦੇ ਪੁੱਤਰ ਦਾ ਵਿਆਹ ਸੀ । ਸ਼ਾਹਬਾਜ਼ ਕੁੜੀ ਵਾਲਿਆਂ ਵਲੋਂ ਉਥੇ ਆਇਆ ਹੋਇਆ ਸੀ ।

ਦੋਹਾਂ ਨੇ ਇਕ ਦੂਜੇ ਨੂੰ ਤਕਿਆ — ਤੇ ਉਹ ਦੋਵੇਂ ਸਦਾ ਲਈ ਇਕ ਦੂਜੇ ਦੇ ਹੋ ਗਏ । ਉਹਨਾਂ ਆਪੋ ਵਿਚ ਕੋਈ ਗੱਲ ਨਹੀਂ ਸੀ ਕੀਤੀ ਪਰ ਉਹਨਾਂ ਦੀਆਂ ਨਜ਼ਰਾਂ ਇਕ ਲੰਮੀ ਕਹਾਣੀ ਕਹਿ ਗਈਆਂ ਸਨ । ਰਸਮੀ ਸ਼ਬਦਾਂ ਦੀ ਲੋੜ ਹੀ ਨਹੀਂ ਸੀ ਰਹੀ ।

ਉਹਨਾਂ ਦਿਨਾਂ ਵਿਚ ਮੁੰਡਿਆਂ ਕੁੜੀਆਂ ਦੇ ਵਿਆਹ ਬੜੀ ਛੋਟੀ ਉਮਰ ਵਿਚ ਹੋ ਜਾਇਆ ਕਰਦੇ ਸਨ । ਪਰ ਸ਼ਾਹਬਾਜ਼ ਨੇ ਆਪਣੇ ਪਿਤਾ ਨੂੰ ਕਿਹਾ ਕਿ ਜੇ ਉਸ ਵਿਆਹ ਕਰਾਇਆ ਤਾਂ ਸਰਦਾਰ ਸੰਤ ਸਿੰਘ ਭੁੱਲਰ ਦੀ ਧੀ ਨਾਲ ਹੀ ਕਰਾਏਗਾ । ਪਿਓ ਉਹਦਾ ਭੁੱਲਰ ਨਾਲ ਗੱਲ ਕਰਨੀ ਮੰਨੇ ਨਾਂਹ । ਬੁੱਢਾ ਮੱਲ, ਭੁੱਲਰ ਜਿੱਨਾ ਮਾਲਦਾਰ ਤੇ ਸਿਰ-ਕਢ ਨਹੀਂ ਸੀ । ਉਂਜ ਭਾਵੇਂ ਕੋਈ ਤੋਟ ਵੀ ਨਹੀਂ ਸੀ । ਆਪਣੇ ਪਿੰਡ ਮਾਹਿਲ ਤੇ ਸਾਰੀ ਪੱਤੀ ਵਿਚ ਉਹਦੀ ਸ਼ਰਾਫ਼ਤ ਦਾ ਸਨਮਾਨ ਸੀ ਤੇ ਘਰ ਲਵੇਰੇ ਸਨ ਤੇ ਦੋ ਘੋੜੀਆਂ । ਹੋਰ ਕੀ ਚਾਹੀਦਾ ਹੁੰਦਾ ਹੈ ? ਪਰ ਤਾਂ ਵੀ ਬੁੱਢਾ ਮੱਲ ਕਹਿੰਦਾ;

"ਜੇ ਉਸ ਮੈਨੂੰ ਇਨਕਾਰ ਕੀਤਾ ਤਾਂ ਮੇਰੀ ਕੀ ਇੱਜ਼ਤ ਰਹਿ ਜਾਵੇਗੀ। ਤੇ ਨਾ ਹੀ ਸ਼ਾਹਬਾਜ਼ਾ ਪੁੱਤਰਾਂ ਵਾਲੇ ਧੀਆਂ ਵਾਲਿਆਂ ਨੂੰ ਜਾ ਕੇ ਆਖਦੇ ਹਨ । ਮੈਨੂੰ ਇਹਨਾਂ ਧੌਲੇ ਵਾਲਾਂ ਨਾਲ ਖ਼ਰਾਬ ਨਾ ਕਰ ।"

ਪਰ ਸ਼ਾਹਬਾਜ਼ ਨੇ ਵਾਸਤੇ ਪਾਏ ਤੇ ਇਸ ਤਹੁਾਂ ਪਿਤਾ-ਪਿਆਰ ਨੂੰ ਟੁੰਭਿਆ ਕਿ ਬੁੱਢਾ ਮੱਲ ਹਾਰ ਗਿਆ । ਉਸ ਆਪ ਸੰਤ ਸਿੰਘ ਭੁੱਲਰ ਕੋਲ ਬੰਦਾ ਭਿਜਵਾਇਆ । ਪਰ ਭੁੱਲਰ ਸ਼ੋਹਲੇ ਨੇ ਬੁੱਢਾ ਮੱਲ ਦਾ ਨਿਰਾਦਰ ਕੀਤਾ । ਕੁਝ ਇਹੋ ਜਿਹੇ ਸ਼ਬਦ ਕਹੇ ਜਿਹੜੇ ਉਹਨੂੰ ਨਹੀਂ ਸਨ ਕਹਿਣੇ ਚਾਹੀਦੇ ।

ਜਦੋਂ ਸ਼ੰਭੂ ਨੂੰ ਪਤਾ ਲਗਾ ਤਾਂ ਉਹ ਮਾਂ ਕੋਲ ਗਈ । ਉਸ ਮਾਂ ਨੂੰ ਚੂਹੜ ਸਿੰਘ ਦੇ ਵਿਆਹ ਉੱਤੇ ਸ਼ਾਹਬਾਜ਼ ਨਾਲ ਹੋਏ ਮੇਲ ਬਾਰੇ ਸਾਫ਼ ਸਾਫ਼ ਦੱਸ ਦਿਤਾ ਤੇ ਕਿਹ;ਾ

"ਅੰਮੀ ਜੇ ਧੀ ਦਾ ਸੁਖ ਚਾਹੁੰਦੀ ਹੈਂ ਤਾਂ ਬਾਪੂ ਨੂੰ ਮਨਾ ਲੈ...।"

ਅੰਤ ਅੰਮੀ ਨੇ ਬਾਪੂ ਨੂੰ ਮਨਾ ਲਿਆ ਤੇ ਬਾਪੂ ਨੇ ਬੁੱਢਾ ਮੱਲ ਨੂੰ ਮਨਾ ਲਿਆ ਤੇ ਇਹ ਵਿਆਹ ਹੋ ਗਿਆ ।

ਉਸ ਵੇਲੇ ਕੌਣ ਜਾਣਦਾ ਸੀ ਕਿ ਇਕ ਸਾਲ ਦੇ ਅੰਦਰ ਅੰਦਰ ਸ਼ਾਹਬਾਜ਼ ਦਾ ਖੱਟਿਆ ਜੱਸ ਦਸਾਂ ਭੁੱਲਰਾਂ ਦੇ ਜੱਸ ਨੂੰ ਮਾਤ ਪਾ ਦੇਵੇਗਾ ।

ਵਿਆਹ ਹੋ ਗਿਆ ।

ਦੋ ਦਿਲ ਮਿਲੇ, ਦੋ ਉਪਰਾਮ ਸ਼ਰੀਰ ਮਿਲੇ, ਦੋ ਉਡੀਕਦੇ ਅਹਿਸਾਸ ਮਿਲੇ । ਅਜੇ ਉਹਨਾਂ ਦੀਆਂ ਰੂਹਾਂ ਦਾ ਉਦਰੇਵਾਂ ਵੀ ਨਹੀਂ ਸੀ ਉਰਰਿਆ ਕਿ ਬੰਦਾ ਸਿੰਘ ਬਹਾਦਰ ਦੀ ਸੱਦ ਪਹੁੰਚ ਗਈ । ਅੱਠ ਮਹੀਨਿਆਂ ਵਿਚ ਬੇਸ਼ਕ ਸ਼ਰੀਰਾਂ ਦੇ ਉਦਰੇਵੇਂ ਤਾਂ ਉਤਰ ਜਾਣ ਪਰ ਰੂਹਾਂ ਦੇ ਉਦਰੇਵੇਂ ਨਹੀਂ ਉਤਰਦੇ ।

ਓਧਰ ਸ਼ਰੀਰਕ ਤੇ ਦੁਨਿਆਵੀ ਆਵਾਜ਼ਾਂ ਵਲੋਂ ਤਾਂ ਬੇਸ਼ਕ ਕੋਈ ਅਣਗਹਿਲਾ ਹੋ ਜਾਏ ਪਰ ਰੂਹਾਨੀ ਤੇ ਧਰਮੀ ਸੱਦ ਵਲੋਂ ਕੰਨ ਨਹੀਂ ਮੋੜੇ ਜਾਂਦੇ । ਬਾਬੇ ਬੰਦਾ ਸਿੰਘ ਦਾ ਸੱਦਾ ਗੁਰੂ ਬਾਜਾਂ ਵਾਲੇ ਦਾ ਸੱਦਾ ਸੀ । ਇਹ ਸਿਖ ਧਰਮ ਦਾ ਸੱਦਾ

Scanned by CamScanner

ਸੀ। ਸਿਖਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਰੂਹ ਬੁਲਾ ਰਹੀ ਸੀ। ਜਿਸ ਨੇ ਅੰਮ੍ਰਿਤ ਛਕ ਲਿਆ ਹੋਵੇ ਉਹ ਇਸ ਆਵਾਜ਼ ਤੋਂ ਕਿਵੇਂ ਅਵੇਸਲਾ ਹੁੰਦਾ ?

ਸ਼ਾਹਬਾਜ਼ ਕੁਝ ਵਰ੍ਹੇ ਪਹਿਲੇ ਅੰਮ੍ਰਿਤ ਛਕ ਚਕਾ ਸੀ। ਉਹਦੇ ਦਿਲ ਅੰਦਰ ਸਿਖੀ ਤੇ ਗੁਰੂ ਪਿਆਰ ਠਾਠਾਂ ਮਾਰਦਾ। ਉਹਦੇ ਕੋਲੋਂ ਸਬੱਰ ਨਾ ਹੁੰਦਾ। ਉਹਦੇ ਸਿਰ ਦੇ ਲੰਮੇ ਕੇਸ ਉਹਨੂੰ ਉਕਸਾਂਦੇ ਤੇ ਕੋਈ ਅਨੰਤ ਸੁਨੇਹੇ ਦੇਂਦੇ ਲਗਦੇ। ਉਹਨੂੰ ਇਉਂ ਜਾਪਦਾ ਕਿ ਜਿਵੇਂ ਉਹਦੇ ਸਿਰ ਦੇ ਕੇਸ ਪਹਿਲੇ ਨਹੀਂ ਹੁਣ ਵਧ ਰਹੇ ਹੋਣ, ਲੰਮੇ ਹੋ ਰਹੇ ਹੋਣ। ਬੇਸ਼ਕ ਸ਼ੋਭੀ ਦਾ ਪਿਆਰ ਤਣਾਵਾਂ ਕੱਸਦਾ ਪਰ...ਏਧਰ ਸੱਦਾ ਵੀ ਤਾਂ ਉਸ ਗੁਰੂ ਦਾ ਸੀ ਜਿਸ ਉਹਨੂੰ ਕੇਸ ਦਿਤੇ।

ਸਿੰਘ ਤਾਂ ਉਹਦਾ ਭਰਾ ਵੀ ਸਜਿਆ ਸੀ ਤੇ ਉਸ ਜਾਂਬਾਜ਼ ਸਿੰਘ ਨਾਂ ਧਰਾਇਆ ਸੀ ਪਰ ਉਹਨੂੰ ਅਜੇ ਤਕ ਸਿਖੀ ਸਿਦਕ ਨੇ ਨਹੀਂ ਸੀ ਟੁੰਭਿਆ। ਉਹ ਅਜੇ ਤਕ ਦਿਲੋਂ ਤੇ ਰੂਹੋਂ ਸਿੰਘ ਨਹੀਂ ਸੀ ਸਜਿਆ। ਉਹਨੇ ਅਜੇ ਤਕ ਆਪਣੇ ਕੇਸ ਵੀ ਪੂਰੀ ਤਰ੍ਹਾਂ ਲੰਮੇ ਨਹੀਂ ਸਨ ਹੋਣ ਦਿਤੇ।

"ਛਡ ਪਰ੍ਹਾਂ," ਜਾਂਬਾਜ਼ ਨੇ ਕਹਾ, "ਚੈਨ ਨਾਲ ਬਹੁ। ਤੁਰਕਾਂ ਦਾ ਰਾਜ ਖੇਤ ਦੀ ਮੂਲੀ ਨਹੀਂ। ਆਇਆ ਵਡਾ ਸਿਪਾਹੀ !"

ਪਿਤਾ ਨੇ ਵੀ ਹੌੜਿਆ ਸੀ :

"ਸ਼ਾਹਬਾਜ਼ਾ ! ਤੁਰਕਾਂ ਨਾਲ ਮੱਥਾ ਲਾਉਣਾ ਸੌਖਾ ਨਹੀਂ। ਉਥੇ ਪਹੁੰਚਦਿਆਂ ਹੀ ਨਾਨੀ ਯਾਦ ਆ ਜਾਵੇਗੀ। ਜੇ ਕਿਤੇ ਨੇੜੇ ਦੀ ਗੱਲ ਹੁੰਦੀ ਤਾਂ ਵੀ ਸੀ।"

ਬੁੱਢਾ ਮੱਲ ਦਾ ਆਖਣਾ ਸੱਚ ਸੀ। ਮਾਹਿਲ ਤੋਂ ਸਰਹਿੰਦ ਬੜਾ ਦੂਰ ਸੀ। ਮਾਹਿਲ ਤੋਂ ਸ੍ਰੀ ਅੰਮ੍ਰਿਤਸਰ ਹੀ ਪੰਦਰਾਂ ਕੁ ਕੋਹ ਵਾਟ ਸੀ ਤੇ ਫਿਰ ਕਿਥੇ ਜਲੰਧਰ, ਕਿਥੇ ਲੁਧਿਆਣਾ, ਕਿਥੇ ਰੋਪੜ ਤੇ ਕਿਥੇ ਸਰਹਿੰਦ। ਸਾਰੇ ਰਾਹ ਵਿਚ ਮੁਸਲਮਾਨੀ ਵਜ਼ੀਰ ਤੇ ਸੂਬੇਦਾਰ। ਉਹਨਾਂ ਮਾਝੇ ਦੇ ਇਹਨਾਂ ਨਿੱਕੇ ਨਿੱਕੇ ਜੱਥਿਆਂ ਨੂੰ ਕਿਥੇ ਨਿਕਲਣ ਦੇਣਾ ਸੀ। ਹੁਣੇ ਹੁਣੇ ਹੀ ਤਾਂ ਮਸੋਂ ਮਸੋਂ ਚੈਨ ਆਰਾਮ ਹੋਇਆ ਸੀ। ਅਗੇ ਕੀ ਹਿੰਦੂਆਂ ਸਿਖਾਂ ਉੱਪਰ ਥੋੜੇ ਜ਼ੁਲਮ ਹੋਏ ਸਨ ਕਿ ਹੁਣ ਫਿਰ ਤੁਰਕਾਂ ਨੂੰ ਗ਼ੁਸਾ ਚੜ੍ਹਾਇਆ ਜਾਏ, ਉਹਨਾਂ ਦੀ ਹੇਠੀ ਕੀਤੀ ਜਾਏ ?

ਮਾਂ ਨੇ ਵੀ ਹੌੜਿਆ:

"ਹੋਰ ਮਾਹਿਲ ਵਿਚੋਂ ਕਿਹੜਾ ਸਿਖ ਜਾ ਰਿਹਾ ਹੈ ਕਿ ਤੈਨੂੰ ਐਨਾ ਸ਼ੌਕ ਚੜ੍ਹ ਆਇਆ ਏ। ਚੈਨ ਕਰ ਵੇ ਪੁਤਰਾ !"

ਭੈਣ ਨੇ ਵੀ ਮਿੰਨਤਾਂ ਕੀਤੀਆਂ। ਤੇ ਸ਼ੋਭੀ..ਸ਼ੋਭੀ ਨੇ ਕਿਹਾ ਕੁਝ ਨਾ, ਪਰ ਉਹਦੀਆਂ ਅੱਖਾਂ, ਉਹਦਾ ਸਰੀਰ, ਉਹਦਾ ਅੰਗ ਅੰਗ ਐਨਾ ਕੁਝ ਕਹਿ ਰਹੇ ਸਨ ਕਿ ਮੂੰਹੋਂ ਬੋਲਣ ਦੀ ਲੋੜ ਹੀ ਨਹੀਂ ਸੀ।

ਪਰ ਸ਼ਾਹਬਾਜ਼ ਕੋਲੋਂ ਰਹਿਣ ਨਾ ਹੋਇਆ। ਗੁਰੂ ਗੋਬਿੰਦ ਸਿੰਘ ਦੇ ਬਖਸ਼ੇ ਪੰਜ ਕਕਾਰ ਉਹਨੂੰ ਟੁੰਭਦੇ ਰਹੇ, ਉਹ ਬੜਾ ਬੇਕਰਾਰ ਹੁੰਦਾ ਰਿਹਾ। ਓਧਰੋਂ ਸਰਦਾਰ ਪ੍ਰੀਤਮ ਸਿੰਘ ਚਾਹਿਲ ਦੇ ਬੰਦੇ ਪਿੰਡ ਪਿੰਡ ਹੋਕਾ ਦੇ ਗਏ ਕਿ ਜਿਨ੍ਹੇ ਜਿਨ੍ਹੇ ਵੀ ਸਰਹਿੰਦ ਦੀ ਜੰਗ ਜਿਤਣੀ ਹੋਵੇ ਪੰਜਾਂ ਦਿਨਾਂ ਦੇ ਅੰਦਰ ਅੰਦਰ ਚਾਹਿਲ ਪਹੁੰਚ ਜਾਵੇ।

ਇਸ ਹੋਕੇ ਤੋਂ ਤਿਨ ਦਿਨਾਂ ਪਿਛੋਂ ਸ਼ਾਹਬਾਜ਼ ਚਾਹਿਲ ਪਹੁੰਚ ਗਿਆ। ਜਦੋਂ ਸ਼ਾਹਬਾਜ਼ ਨਾ ਹੀ ਰਿਹਾ ਤਾਂ ਘਰ ਦਿਆਂ ਨੇ ਉਹਨੂੰ ਜੇਰੇ ਨਾਲ ਵਿਦਾ ਕੀਤਾ। ਪਿਓ ਨੇ ਘੋੜਾ ਦਿਤਾ, ਖੁਰਜੀ ਦਿਤੀ, ਮਾਂ ਨੇ ਮਿਠੀਆਂ ਰੋਟੀਆਂ ਪਕਾ ਕੇ ਦਿਤੀਆਂ ਤੇ ਸ਼ੋਭੀ ਨੇ ਆਪਣੀਆਂ ਸ਼ੁਭ ਇਛਾਵਾਂ ਦਿਤੀਆਂ;

"ਪ੍ਰਾਣ ! ਤੁਸੀਂ ਸਰਹਿੰਦ ਜਿਤ ਕੇ ਜਲਦੀ ਮੁੜੋ, ਮੈਂ ਤੁਹਾਡੇ ਵਾਸਤੇ ਸਵੇਰੇ ਸ਼ਾਮ ਪਾਠ ਕਰਿਆ ਕਰਾਂਗੀ।"

ਅੱਜ ਸਰਹਿੰਦ ਜਿਤ ਕੇ ਸ਼ਾਹਬਾਜ਼, ਸ਼ੋਭੀ ਦਾ ਪ੍ਰਾਣ ਪਤੀ, ਘਰ ਮੁੜਿਆ ਸੀ ਪਰ ਉਹਦੀ ਬੀਮਾਰੀ ਨੇ, ਇਕਾਂਤ ਦੀ ਥੋੜ ਨੇ ਤੇ ਚੰਨ ਦੀ ਚਾਨਣੀ ਨੇ ਉਹਨਾਂ ਦੇ ਸਰੀਰ ਤੇ ਰੂਹਾਂ ਦਾ ਉਦਰੇਵਾਂ ਲਹਿਣ ਨਾ ਦਿਤਾ।

ਅਗਲੇ ਦਿਨ ਸਵੇਰੇ ਸ਼ਾਹਬਾਜ਼ ਦੀ ਤਬੀਅਤ ਸੱਚ ਮੁਚ ਹੀ ਖ਼ਰਾਬ ਸੀ। ਉਹਦਾ ਪਿੰਡਾ ਵੀ ਥੋੜਾ ਥੋੜਾ ਗਰਮ ਸੀ ਤੇ ਉਹਦੇ ਕੋਲੋਂ ਆਪਣਾ ਮੋਢਾ ਹਿਲਾਇਆ ਨਹੀਂ ਸੀ ਜਾਂਦਾ।

ਸ਼ੋਭੀ ਤੇ ਸ਼ਾਹਬਾਜ਼ ਨੇ ਸੋਚਿਆ ਸੀ ਕਿ ਅਗਲੇ ਦਿਨ ਸਵੇਰੇ ਜਾਂ ਦੁਪਹਿਰੀਂ ਉਹ ਆਪਣੇ ਖੇਤਾਂ ਨੂੰ ਜਾਣਗੇ।

Scanned by CamScanner

ਉਹ ਉਹਨਾਂ ਸਭ ਥਾਵਾਂ ਤੇ ਜਾਣਗੇ ਜਿਥੇ ਉਹ ਪਿਛਲੇ ਸਾਲ ਵਿਆਹ ਪਿਛੋਂ ਆਉਂਦੇ ਜਾਂਦੇ ਰਹੇ ਸਨ। ਉਹਨਾਂ ਸੋਚਿਆ ਸੀ ਅਗਲੇ ਦਿਨ ਦਾ ਬਹੁਤਾ ਭਾਗ ਉਹ ਇਕ ਦੂਜੇ ਦੇ ਸਾਥ ਵਿਚ ਬਿਤਾਣਗੇ।

ਪਰ ਸਵੇਰ ਨੇ ਉਹਨਾਂ ਨੂੰ ਸਗੋਂ ਅਗੇ ਨਾਲੋਂ ਵਧ ਨਿਖੇੜ ਦਿਤਾ।

ਸ਼ਾਹਬਾਜ਼ ਦੀ ਤਬੀਅਤ ਖ਼ਰਾਬ ਦੇਖ ਕੇ ਸਾਰੇ ਘਰ ਦਿਆਂ ਨੇ ਫਿਰ ਉਹਦੇ ਦੁਆਲੇ ਝੁਰਮਟ ਪਾ ਲਿਆ। ਸ਼ੋਭੀ ਰੋਟੀ ਟੁਕ ਲਈ, ਸ਼ਾਹਬਾਜ਼ ਵਾਸਤੇ ਪੁਲਟਸ ਬਨਾਉਣ ਲਈ, ਦੁਧ ਦੇਣ ਲਈ ਜਾਂ ਹਕੀਮ ਵਾਸਤੇ ਪਾਣੀ ਗਰਮ ਕਰਨ ਲਈ ਰਹਿ ਗਈ ਤੇ ਮਾਂ, ਭੈਣਾਂ ਤੇ ਭਾਬੀ ਸ਼ਾਹਬਾਜ਼ ਦੀ ਛਾਤੀ ਖ਼ਾਤਰ ਕਰਨ ਵਾਸਤੇ ਉਹਦੇ ਆਲੇ ਦੁਆਲੇ ਜਾ ਬਿਰਾਜੀਆਂ।

ਸਾਰਾ ਦਿਨ ਲੋਕਾਂ ਦੀ ਆਵਾਜਾਈ ਲਗੀ ਰਹੀ। ਕੋਈ ਪੰਜ ਮਿੰਟ ਬੈਠਦਾ, ਕੋਈ ਘੰਟਾ ਭਰ।

ਰਾਤੀਂ ਬੱਦਲ ਆ ਗਏ ਤੇ ਕਿਣ ਮਿਣ ਹੋਣ ਲਗੀ। ਕੁਝ ਮੰਜੀਆਂ ਕਮਰੇ ਅੰਦਰ ਤੇ ਕੁਝ ਬਰਾਂਡੇ ਵਿਚ ਵਿਛਾਈਆਂ ਗਈਆਂ। ਸ਼ੋਭੀ ਤੇ ਸ਼ਾਹਬਾਜ਼ ਇਕ ਦੂਜੇ ਨਾਲ ਗੱਲਾਂ ਨਾ ਕਰ ਸਕੇ।

ਮੀਹਾਂ ਕਰ ਕੇ ਜ਼ਖ਼ਮ ਜ਼ਿਆਦਾ ਵਿਗੜ ਗਿਆ। ਚਾਹਿਲ ਤੋਂ, ਸਿਰਮੌਰ ਤੋਂ ਤੇ ਏਥੋਂ ਤਕ ਕਿ ਅੰਮ੍ਰਿਤਸਰ ਤੋਂ ਵੀ ਹਕੀਮ ਲਿਆਂਦੇ ਗਏ ਪਰ ਸਾਰਿਆਂ ਨੇ ਇਹੋ ਹੀ ਕਿਹਾ ਕਿ ਜ਼ਖ਼ਮ ਸਮਾਂ ਪਾ ਕੇ ਹੀ ਮਿਲੇਗਾ। ਮੀਹਾਂ ਦੇ ਦਿਨ ਲੰਘ ਜਾਣ, ਫਿਰ ਅੰਗੂਰ ਆਉਣਾ ਸ਼ੁਰੂ ਹੋ ਜਾਏਗਾ। ਦੁਆਈਆਂ ਦਿੱਤੀਆਂ ਗਈਆਂ ਤੇ ਕਿਹਾ ਗਿਆ ਕਿ ਸ਼ਾਹਬਾਜ਼ ਦੇ ਆਰਾਮ ਦਾ ਖ਼ਾਸ ਖ਼ਿਆਲ ਰਖਿਆ ਜਾਏ।

ਦੋ ਢਾਈ ਮਹੀਨੇ ਸ਼ਾਹਬਾਜ਼ ਨੇ ਮੰਜੀ ਮੱਲੀ ਰਖੀ। ਦੋ ਢਾਈ ਮਹੀਨੇ ਦਿਨ ਪੁਰ ਰਾਤ, ਸ਼ੋਭੀ ਕਦੀ ਦੂਰੋਂ ਕਦੀ ਨੇੜਿਓਂ ਤੇ ਬਹੁਤਾ ਕਰ ਕੇ ਦੂਰੋਂ ਸ਼ਾਹਬਾਜ਼ ਦੀ ਸੇਵਾ ਕਰਦੀ ਰਹੀ। ਦੋ ਢਾਈ ਮਹੀਨੇ ਦਿਨ ਪੁਰ ਰਾਤ ਸ਼ਾਹਬਾਜ਼ ਸ਼ੋਭੀ ਵਲ ਵੇਖਦਾ ਦਿਲ ਹੀ ਦਿਲ ਹਉਕੇ ਭਰਦਾ ਰਿਹਾ ਤੇ ਸੋਚਦਾ ਰਿਹਾ ਕਿ ਜੇ ਕਿਤੇ ਉਹ ਕੁਝ ਸਮੇਂ ਵਾਸਤੇ ਹੀ ਇਕੱਲੇ ਹੋ ਸਕਦੇ। ਜੇ ਘਰ ਵਿਚ ਇਕ ਕਮਰਾ ਹੀ ਫ਼ਾਲਤੂ ਹੁੰਦਾ। ਕਦੀ ਕਦੀ ਤਾਂ ਉਹਦਾ ਜੀ ਕਰਦਾ ਕਿ ਤੂੜੀ ਭੋਹ ਵਾਲਾ ਢਾਰਾ ਹੀ ਵਿਹਲਾ ਕਰਵਾ ਕੇ ਆਪਣੀ ਮੰਜੀ ਉਹ ਉਥੇ ਜਾ ਵਿਛਾਏ ਤੇ ਸਿਵਾਏ ਸ਼ੋਭੀ ਦੇ ਉਥੇ ਆਉਣ ਦੀ ਹੋਰ ਕਿਸੇ ਨੂੰ ਆਗਿਆ ਨਾ ਦੇਵੇ।

ਉਹਨੂੰ ਮਾਹਿਲ ਆਏ ਨੂੰ ਤਿੰਨ ਮਹੀਨੇ ਹੋ ਚੁਕੇ ਸਨ ਜਦੋਂ ਪਹਿਲੀ ਵਾਰ ਸ਼ਾਹਬਾਜ਼ ਤੇ ਸ਼ੋਭੀ ਆਪਣੇ ਖੇਤਾਂ ਵਲ ਇਕੱਲੇ ਗਏ।

੧੩

ਜਿਨ੍ਹਾਂ ਦਿਨਾਂ ਵਿਚ ਛਾਪੇਖ਼ਾਨੇ ਨਹੀਂ ਸਨ ਹੁੰਦੇ ਤੇ ਲੋਕਾਂ ਨੂੰ ਪੜ੍ਹਨ ਜੋਗੀਆਂ ਕਿਤਾਬਾਂ ਆਮ ਨਹੀਂ ਸਨ ਮਿਲਦੀਆਂ ਉਹਨਾਂ ਦਿਨਾਂ ਵਿਚ ਕਹਾਣੀ-ਕਹਿਣ-ਕਲਾ ਉਚ ਪਾਏ ਦੀ ਹੁੰਦੀ ਸੀ।

ਅਜ ਕਲ ਚੰਗੇ ਚੰਗੇ ਪੜ੍ਹਾਕੂ ਤੇ ਵਿਦਵਾਨ ਵੀ ਕਹਾਣੀ ਸੁਣਾਉਣ ਲਗਿਆਂ ਝਿਜਕ ਜਾਂਦੇ ਹਨ। ਕੋਈ ਲੈਕਚਰਬਾਜ਼ ਤੇ ਕਹਾਣੀ-ਲਿਖਣ-ਕਲਾ ਦੇ ਮਾਹਿਰ ਕਹਾਣੀ ਕਹਿਣ ਲਗਿਆਂ ਕਹਾਣੀ ਦਾ ਸੱਤਿਆਨਾਸ ਕਰ ਦੇਣਗੇ। ਅਜ ਕਲ ਕਹਾਣੀਆਂ ਲਿਖਣ ਵਾਲੇ ਬੜੇ ਕਹਾਣੀਕਾਰ ਹਨ ਤੇ ਕਹਾਣੀਆਂ ਪੜ੍ਹਨ ਵਾਲੇ ਬੜੇ ਪਾਠਕ, ਪਰ ਕਹਾਣੀਆਂ ਕਹਿਣ ਵਾਲੀ ਤੇ ਕਹਾਣੀਆਂ ਸੁਣਨ ਵਾਲੀ ਬਹੁਤ ਥੋੜੇ ਆਦਮੀ ਰਹਿ ਗਏ ਹਨ।

Scanned by CamScanner

ਬੀਤੇ ਦਿਨਾਂ ਵਿਚ ਸਿਰਫ਼ ਬੁਢੇ ਤੇ ਬੁਢੀਆਂ ਹੀ ਨਹੀਂ — ਜਵਾਨ ਜਹਾਨ ਇਸਤਰੀਆਂ ਮਰਦ ਵੀ ਕਹਾਣੀਆਂ ਖ਼ੂਬ ਕਹਿ ਸਕਦੇ ਸਨ, ਜਿਵੇਂ ਸ਼ਾਹਬਾਜ਼ ਸਿੰਘ।

ਬੇਸ਼ਕ ਸ਼ਾਹਬਾਜ਼ ਸਿੰਘ ਬੁਰੀ ਤਰ੍ਹਾਂ ਬੀਮਾਰ ਹੋ ਗਿਆ ਸੀ ਤੇ ਹਫ਼ਤਾ ਭਰ ਉਹਨੂੰ ਕੜਾਕੇ ਦਾ ਬੁਖਾਰ ਵੀ ਚੜ੍ਹਿਆ ਰਿਹਾ ਸੀ ਪਰ ਤਾਂ ਵੀ ਮਾਹਿਲ ਤੇ ਹੋਰਨਾਂ ਪਿੰਡਾਂ ਦੇ ਲੋਕ ਉਹਦੇ ਕੋਲ ਆਉਣੇ ਬੰਦ ਨਹੀਂ ਸਨ ਹੋਏ। ਹੁਣ ਤਾਂ ਸਗੋਂ ਉਹ ਬਾਬੇ ਬੰਦੇ ਦੇ ਜਵਾਨ ਸੈਨਾਪਤੀ ਦਾ ਹਾਲ ਪੁਛਣ ਆਉਂਦੇ ਸਨ।

ਇਹ ਲੋਕ — ਤੀਵੀਆਂ ਤੇ ਮਰਦ — ਆਉਂਦੇ ਤੇ ਸ਼ਾਹਬਾਜ਼ ਨੂੰ ਉਹਨਾਂ ਨਾਲ ਗੱਲਾਂ ਕਰਨੀਆਂ ਪੈਂਦੀਆਂ। ਆਮ ਕਰ ਕੇ ਇਹ ਗੱਲਾਂ ਬੰਦਾ ਸਿੰਘ ਤੇ ਸਰਹਿੰਦ ਦੀ ਲੜਾਈ ਨਾਲ ਸੰਬੰਧਤ ਹੋਇਆ ਕਰਦੀਆਂ। ਸੋ ਸ਼ਾਹਬਾਜ਼ ਨੂੰ ਉਹੋ ਗੱਲਾਂ ਕਈ ਵਾਰ ਦੁਹਰਾਣੀਆਂ ਪੈਂਦੀਆਂ। ਕੁਝ ਦਿਨਾਂ ਵਿਚ ਹੀ ਉਹ ਕਹਾਣੀ-ਕਹਿਣ-ਕਲਾ ਵਿਚ ਐਨਾ ਨਿਪੁੰਨ ਹੋ ਗਿਆ ਕਿ ਹਰ ਵਾਰ ਜਦੋਂ ਉਹ ਜੰਗ ਦਾ ਕਿੱਸਾ ਸੁਣਾਉਂਦਾ ਤਾਂ ਉਹਦੇ ਵਿਚ ਨਵਾਂ ਹੀ ਰੱਸ ਹੁੰਦਾ, ਇਕ ਨਵੀਂ ਤਰ੍ਹਾਂ ਦਾ ਸਵਾਦ ਆਉਂਦਾ। ਉਹ ਲੋਕ ਜਿਹੜੇ ਪਹਿਲੇ ਉਹੋ ਕਿੱਸਾ ਸੁਣ ਚੁਕੇ ਹੁੰਦੇ ਉਹ ਵੀ ਮਹਿਸੂਸ ਕਰਦੇ ਕਿ ਉਹ ਪਹਿਲੇ ਵਾਲੀ ਕਹਾਣੀ ਨਹੀਂ, ਕੋਈ ਨਵੀਂ ਚੀਜ਼ ਹੈ।

ਹੌਲੀ ਹੌਲੀ ਸ਼ਾਹਬਾਜ਼ ਆਪਣੇ ਸਰੋਤਿਆਂ ਦੀ ਸਰਲਤਾ ਦਾ ਆਪ ਵੀ ਰਸ ਮਾਣਨ ਲਗਾ। ਜਿਵੇਂ ਜਿਵੇਂ ਉਹ ਕਹਾਣੀ ਸੁਣਾਉਂਦਾ ਤਿਵੇਂ ਤਿਵੇਂ ਉਹਦੇ ਸਰੋਤਿਆਂ ਦੇ ਮੂੰਹ ਉਤੇ ਭਾਵ ਬਦਲਦੇ ਜਾਂਦੇ। ਜਦੋਂ ਉਹ ਗੰਡਾ ਮਲ ਤੇ ਉਹਦੇ ਇਕ ਹਜ਼ਾਰ ਸਾਥੀਆਂ ਦੇ ਭਾਂਜ ਪਾ ਜਾਣ ਦੀ ਵਾਰਤਾ ਸੁਣਾਉਂਦਾ ਤੇ ਦਸਦਾ ਕਿ ਕਿਵੇਂ ਇਸ ਭਾਂਜ ਨੇ ਮੁਸਲਮਾਨਾਂ ਦੇ ਦਿਲ ਵਧਾ ਦਿਤੇ ਤੇ ਉਹ "ਯਾ ਅਲੀ", "ਯਾ ਮੁਹੰਮਦ" ਤੇ "ਅਲਾਹ-ਹੂ-ਅਕਬਰ" ਦੇ ਨਾਅਰੇ ਲਾਉਂਦੇ ਉਹਨਾਂ ਉਤੇ ਆ ਪਏ ਤਾਂ ਉਹਦੇ ਸਰੋਤਿਆਂ ਦੇ ਮੂੰਹਾਂ ਉਤੇ ਇਕ ਤਰ੍ਹਾਂ ਦੀ ਮੁਰਦਿਹਾਣੀ ਛਾ ਜਾਂਦੀ। ਉਹਨਾਂ ਨੂੰ ਲਗਦਾ ਕਿ ਬਸ ਮੁਸਲਮਾਨ ਜਿੱਤੇ ਕਿ ਜਿੱਤੇ, ਕਿ ਗੰਢਾ ਮਲ ਦੇ ਪਿਛੇ ਪਿਛੇ ਬਾਕੀ ਸਿਖ ਸੈਨਾ ਵੀ ਭਾਂਜ ਖਾ ਕੇ ਭੱਜੀ ਕਿ ਭੱਜੀ।

ਪਰ ਜਦੋਂ ਸ਼ਾਹਬਾਜ਼ ਬੰਦਾ ਸਿੰਘ ਬਹਾਦਰ ਦੇ ਆਪ ਰਣਭੂਮੀ ਵਿਚ ਘੋੜਾ ਦੌੜਾਂਦੇ ਹੋਏ ਆਉਣ ਤਕ ਪਹੁੰਚਦਾ ਤਾਂ ਉਹਦੇ ਸਰੋਤਿਆਂ ਦੇ ਮੁਖੜੇ ਖਿੜ ਉਠਦੇ। ਫਿਰ ਕਦੀ ਕਦੀ ਸ਼ਾਹਬਾਜ਼ ਚੇਤੰਨ ਤੌਰ ਉੱਤੇ ਆਪਣੇ ਸਰੋਤਿਆਂ ਦੀ ਸਰਲਤਾ ਦਾ ਰਸ ਮਾਣਨਾ ਭੁਲ ਜਾਂਦਾ, ਉਹ ਆਪਣੇ ਆਪ ਨੂੰ ਸਰੋਤਿਆਂ ਦੇ ਉਮਾਹ ਵਿਚ ਗੁੰਮ ਕਰ ਲੈਂਦਾ ਤੇ ਉਹ ਆਪ ਵੀ ਇਸ ਤਰ੍ਹਾਂ ਮਹਿਸੂਸ ਕਰਦਾ ਜਿਵੇਂ ਕਿ ਮੁਗ਼ਲਾਂ ਨਾਲ ਜੰਗ ਹੁਣੇ ਹੋ ਰਹੀ ਹੈ ਕਿ ਬਸ ਹੁਣੇ ਹੀ ਬੰਦਾ ਸਿੰਘ ਆਪ ਘੋੜੇ ਉਤੇ ਦੌੜਦਾ ਆਇਆ ਹੈ ਤੇ ਸਾਰੀ ਖਾਲਸਈ ਸੈਨਾ ਵਿਚ "ਬੰਦਾ ਆਇਆ", "ਬੰਦਾ ਆਇਆ", ਦੇ ਨਾਅਰੇ ਉੱਚੇ ਹੋ ਗਏ ਹਨ।

ਇਕ ਦਿਨ ਵਾਤਾਵਰਣ ਐਨਾ ਰੋਚਕ ਤੇ ਐਨਾ ਵਾਸਤਵਿਕ ਹੋ ਗਿਆ ਕਿ ਸ਼ਾਹਬਾਜ਼ ਦੇ ਸਾਹਮਣੇ ਬੈਠੇ ਸਰੋਤੇ ਉੱਚੀ ਉੱਚੀ ਬੋਲ ਉਠੇ, "ਧੰਨ ਬਾਬਾ ਬੰਦਾ" ਤੇ ਇਕ ਸੋਲਾਂ ਕੁ ਵਰ੍ਹਿਆਂ ਦਾ ਯੁਵਕ "ਬੰਦਾ ਆਇਆ", "ਬੰਦਾ ਆਇਆ" ਪੁਕਾਰ ਉਠਿਆ।

ਜਨਤਾ ਵਿਚ ਉਤਸ਼ਾਹ ਪੱਸਰ ਚੁਕਾ ਸੀ। ਹਿੰਦੂ ਤੇ ਸਿਖ ਮਰਦਾਂ ਇਸਤਰੀਆਂ ਦਾ ਖ਼ੂਨ ਹੁਣ ਰਵਾਂ ਰਵੀਂ ਸਰੀਰ ਵਿਚ ਹਰਕਤ ਕਰਦਾ ਸੀ। ਉਹ ਮਾਣ ਨਾਲ ਆਪਣੀ ਛਾਤੀ ਕੱਢ ਕੇ ਤੇ ਆਪਣਾ ਸਿਰ ਉੱਚਾ ਕਰ ਕੇ ਟੁਰਦੇ ਸਨ। ਉਹਨਾਂ ਨੂੰ ਲਗਦਾ ਹੁਣ ਮੁਸਲਮਾਨਾਂ ਕੋਲੋਂ ਡਰਨ ਦੀ ਕੋਈ ਗੱਲ ਨਹੀਂ ਰਹਿ ਗਈ। ਉਹਨਾਂ ਨੂੰ ਯਕੀਨ ਹੋਣ ਲਗਾ ਕਿ ਮੁਗ਼ਲਈ ਰਾਜ ਦੇ ਦਿਨ ਗਏ। ਮੁਗ਼ਲਈ ਜ਼ਾਲਮ ਹਾਕਮਾਂ, ਆਮਲਾਂ, ਫ਼ੌਜਦਾਰਾਂ ਤੇ ਚੌਧਰੀਆਂ ਤੋਂ ਸਦਾ ਲਈ ਬੰਦ-ਖਲਾਸੀ ਹੋਈ। ਜਿਨ੍ਹਾਂ ਹਿੰਦੂਆਂ ਨੇ ਮੁੱਛਾਂ ਰਖੀਆਂ ਹੋਈਆਂ ਸਨ, ਉਹ ਮੁੱਛਾਂ ਨੂੰ ਤਾਅ ਦੇਣ ਲਗੇ। ਚਾਰ ਚੁਫੇਰੇ ਇਕ ਨਵਾਂ ਜੀਵਨ ਵਿਚਰਦਾ ਲਗਦਾ।

ਸਿਖ ਰਾਜ ਦੀ ਸਥਾਪਨਾ ਦੀ ਇਕ ਪੱਕੀ ਸ਼ਾਹਦੀ ਵੀ ਸ਼ਾਹਬਾਜ਼ ਸਿੰਘ ਆਪਣੇ ਨਾਲ ਲੈ ਕੇ ਆਇਆ ਸੀ। ਤੇ ਉਹ ਸ਼ਾਹਦੀ ਸੀ ਨਵੇਂ ਸਿੱਖੀ ਸਿੱਕੇ। ਸ਼ਾਹਬਾਜ਼ ਸਿੰਘ ਹੋਰ ਵੀ ਬੜਾ ਕੁਝ ਲੈ ਆਇਆ ਸੀ, ਜਿਵੇਂ ਸੋਨੇ ਦੀਆਂ ਮੋਹਰਾਂ, ਕੀਮਤੀ ਪੱਥਰ, ਕੁਝ ਗਹਿਣਾ ਗੱਟਾ ਤੇ ਆਮ ਵਰਤੋਂ ਵਿਚ ਆਉਣ ਵਾਲਾ ਮੁਗ਼ਲਈ ਸਿੱਕਾ। ਪਰ ਸਭ ਤੋਂ ਕੀਮਤੀ ਸ਼ੈ

Scanned by CamScanner

ਜਿਹੜੇ ਉਹਨੇ ਆਪਣੇ ਨਾਲ ਲਿਆਂਦੀ ਉਹ ਇਹ ਨਵੇਂ ਖਾਲਸਈ ਸਿੱਕੇ ਹੀ ਸਨ।

ਇਹ ਸਿੱਕਾ ਉਹਦੇ ਲੋਹ ਗੜ੍ਹ ਛੱਡਣ ਤੋਂ ਕਾਫੀ ਚਿਰ ਪਹਿਲੇ ਤਿਆਰ ਹੋ ਚੁਕਾ ਸੀ ਤੇ ਸਰਹਿੰਦ, ਸਮਾਣਾ, ਚੋਹਤਕ, ਰੋਪੜ ਸਭ ਥਾਵਾਂ ਵਿਚ ਹੁਣ ਸਰਕਾਰੀ ਸਿੱਕਾ ਇਹੋ ਹੀ ਚਲਦਾ ਸੀ ਪਰ ਅਜੇ ਤਕ ਦੁਆਬੇ ਤੇ ਮਾਝੇ ਵਿਚ ਇਹ ਆਮ ਨਹੀਂ ਸੀ ਹੋਇਆ। ਏਥੇ ਅਜੇ ਤਕ ਵੀ ਮੁਗ਼ਲ ਫ਼ੌਜਦਾਰਾਂ ਦੀ ਹਕੂਮਤ ਚਲਦੀ ਤੇ ਮੁਗਲਈ ਸਿੱਕੇ ਦਾ ਰਿਵਾਜ ਸੀ।

ਉਹ ਸਿਪਾਹੀ ਤੇ ਸਰਦਾਰ ਜਿਹੜੇ ਸਰਹਿੰਦ ਦੀ ਲੜਾਈ ਤੋਂ ਜਲਦੀ ਪਿਛੋਂ ਹੀ ਮਾਲਵੇ ਮਾਝੇ ਵਲ ਮੁੜ ਆਏ ਸਨ ਉਹ ਆਪਣੇ ਨਾਲ ਇਹ ਸਿੱਕਾ ਨਾ ਲਿਆ ਸਕੇ। ਉਦੋਂ ਤਕ ਤਾਂ ਇਹ ਢਾਲਿਆ ਹੀ ਨਹੀਂ ਸੀ ਗਿਆ। ਪਰ ਲੋਹ ਗੜ੍ਹ ਪਹੁੰਚਣ ਤੇ ਇਕ ਡੇਢ ਮਹੀਨੇ ਦੇ ਅੰਦਰ ਅੰਦਰ ਹੀ ਇਹ ਸਿੱਕਾ ਤਿਆਰ ਹੋ ਚੁਕਾ ਸੀ।

ਬੰਦਾ ਸਿੰਘ ਬਹਾਦਰ ਸਿਕੇ ਦੇ ਜਲਦੀ ਤੋਂ ਜਲਦੀ ਜਾਰੀ ਹੋਣ ਵਾਸਤੇ ਕਾਹਲਾ ਸੀ। ਕੰਮ ਕਾਫ਼ੀ ਮੁਸ਼ਕਲ ਸੀ। ਕਾਫ਼ੀ ਸਾਰੀਆਂ ਧਾਤਾਂ ਕਾਫ਼ੀ ਮਿਕਦਾਰ ਵਿਚ ਲੋੜੀਂਦੀਆਂ ਸਨ। ਫਿਰ ਧਾਤਾਂ ਨੂੰ ਮਿਲਾਣ ਦੀ ਨਿਸਬਤ ਤੇ ਉਹਨਾਂ ਨੂੰ ਸੁਚੱਜੀ ਤਰ੍ਹਾਂ ਢਾਲਣ ਦੇ ਤਜਰਬੇ ਕਰਨੇ ਸਨ। ਫਿਰ ਵੇਖਣਾ ਸੀ ਕਿ ਖਾਲਸੇ ਦੇ ਨਵੇਂ ਸਿੱਕੇ ਉਤੇ ਸੋਂਹਦੀ ਲਿਖਤ ਕਿਹੜੀ ਹੁੰਦੀ ਹੈ।

ਬੰਦਾ ਬਹਾਦਰ ਆਪ ਅਨੇਕ ਵਾਰ ਭੱਠੀ ਕੋਲ ਆਂਦਾ ਤੇ ਦਲੇ ਹੋਏ ਸਿੱਕੇ ਵੇਖਦਾ। ਉਸ ਨੇਂ ਕਈ ਸਿੱਕੇ ਰੱਦ ਕੀਤੇ,

"ਨਹੀਂ! ਇਹ ਧਾਤ ਕੱਚੀ ਹੈ।"

"ਨਹੀਂ! ਇਹ ਸਿੱਕਾ ਸੋਹਣਾ ਨਹੀਂ ਬਣਿਆ।"

ਫਿਰ ਜਦੋਂ ਧਾਤ ਉਹਦੇ ਮਨ-ਪਸੰਦ ਆਈ ਤਾਂ ਉਹਦੇ ਉਤੇ ਹੋਈ ਲਿਖਤ ਉਹਦੇ ਮਨ ਵਿਚ ਜਚੇ ਨਾਂਹ।

"ਨਹੀਂ! ਗੁਰੂ ਦੇ ਨਾਮ ਉੱਤੇ ਢਾਲਿਆ ਸਿੱਕਾ ਸੁੰਦਰ ਤੋਂ ਸੁੰਦਰ ਹੋਣਾ ਚਾਹੀਦਾ ਹੈ।"

"ਨਹੀਂ! ਇਹ ਇਬਾਰਤ ਠੀਕ ਨਹੀਂ ਲਿਖੀ ਗਈ। ਨਹੀਂ! ਨਹੀਂ।"

ਤੇ ਅੰਤ ਬੰਦਾ ਸਿੰਘ ਬਹਾਦਰ ਦਾ ਮਨ-ਪਸੰਦ ਸਿੱਕਾ ਤਿਆਰ ਹੋ ਗਿਆ। ਮਹੀਨੇ ਡੇਢ ਦੇ ਅੰਦਰ ਅੰਦਰ ਇਹ ਮੋਅਜਜ਼ਾ ਕਿਵੇਂ ਵਾਪਰਿਆ, ਕੋਈ ਨਹੀਂ ਕਹਿ ਸਕਦਾ। ਅਜ ਕਲ ਵੀ ਨਵਾਂ ਸਿੱਕਾ ਢਾਲਦਿਆਂ ਵਰ੍ਹਾ ਵਰ੍ਹਾ ਲਗ ਜਾਂਦਾ ਹੈ ਪਰ ਬੰਦੇ ਨੇ ਮਹੀਨੇ ਦੇ ਅੰਦਰ ਅੰਦਰ ਇਹ ਕਰਾਮਾਤ ਕਰ ਵਿਖਾਈ।

ਕਾਫ਼ੀ ਸਾਰੇ ਸਿੱਕੇ ਸ਼ਾਹਬਾਜ਼ ਸਿੰਘ ਆਪਣੇ ਨਾਲ ਲਿਆਇਆ ਸੀ ਤੇ ਮਾਹਿਲ ਦੀ ਜਨਤਾ ਇਹ ਸਿੱਕਾ ਵੇਖ ਕੇ ਕੇਡੀ ਅਚੰਭਤ ਹੋਈ, ਕੇਡੀ ਹੈਰਾਨ ਹੋਈ, ਇਹਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਦ੍ਹੇ ਹੱਥ ਵਿਚ ਇਹ ਸਿੱਕਾ ਇਕ ਵਾਰ ਆ ਜਾਏ ਉਹਦਾ ਜੀ ਇਹਨੂੰ ਛਡਣ ਵਾਸਤੇ ਨਾ ਕਰੇ, ਉਹ ਨਾਲ ਦਿਆਂ ਦੇ ਖਿਝਣ, ਖੋਹਣ ਉਤੇ ਵੀ ਇਸ ਸਿੱਕੇ ਨੂੰ ਲੰਮੇ ਤੋਂ ਲੰਮੇ ਚਿਰ ਵਾਸਤੇ ਆਪਣੇ ਹੱਥਾਂ ਵਿਚ ਮਹਿਸੂਸ ਕਰਨਾ ਚਾਹੁੰਦਾ ਸੀ।

ਇਹ ਸਿੱਕਾ ਬੰਦੇ ਦੀ ਕਰਾਮਾਤ ਸੀ। ਇਹ ਸਿੱਕਾ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਉਤੇ ਢਾਲਿਆ ਗਿਆ ਸੀ। ਇਹ ਉਹਨਾਂ ਦਾ ਆਪਣਾ ਸਿੱਕਾ ਸੀ।

ਇਹ ਸਿੱਕਾ ਉਹਨਾਂ ਦੀ ਆਜ਼ਾਦੀ ਤੇ ਸੁਤੰਤਰਤਾ ਦਾ ਚਿੰਨ੍ਹ ਸੀ।

ਕਈ ਤੀਵੀਆਂ ਮਰਦ ਸਿੱਕੇ ਉਤਲੀ ਲਿਖਤ ਪੜ੍ਹ ਨਹੀਂ ਸਨ ਸਕਦੇ। ਸੋ ਸ਼ਾਹਬਾਜ਼ ਸਿੰਘ ਜਾਂ ਕੋਈ ਹੋਰ ਉਹਨਾਂ ਨੂੰ ਇਹ ਸ਼ਬਦ ਪੜ੍ਹ ਕੇ ਸੁਣਾਂਦਾ। ਇਕ ਪਾਸੇ ਉਕਰਿਆ ਸੀ,

"ਸਿੱਕਾ ਜ਼ੱਦ ਬਰ ਹਰ ਦੋ ਆਲਮ
ਤੇਗ਼ ਨਾਨਕ ਵਾਹਿਬ ਅਸਤ।
ਫ਼ਤਹ ਗੋਬਿੰਦ ਸਿੰਘ ਸ਼ਾਹ ਸ਼ਾਹਾਂ
ਫ਼ਜ਼ਲ ਸੱਚਾ ਸਾਹਿਬ ਅਸਤ।"

ਵਾਹ! ਵਾਹ!! ਕਿਆ ਸ਼ਿੱਕਾ ਸੀ ਇਹ। ਹਰ ਸਿੱਕਾ ਸਿਰਫ਼ ਇਸ ਮਾਦੀ ਦੁਨੀਆਂ ਵਿਚ ਚਲਣ ਵਾਸਤੇ

Scanned by CamScanner

ਹੀ ਢਾਲਿਆ ਜਾਂਦਾ ਹੈ ਪਰ ਇਹ ਸਿੱਕਾ ਹਰ ਦੌ ਆਲਮ ਵਿਚ ਸੱਚਾ ਸੀ । ਹਰ ਦੌ ਆਲਮ ਵਿਚ ਠੁਣਵਾਇਆ ਜਾ ਸਕਦਾ ਸੀ ।

ਇਹ ਸਿੱਕਾ ਕਿਸੇ ਬਾਦਸ਼ਾਹ ਜਾਂ ਸ਼ਹਿਨਸ਼ਾਹ ਦੇ ਨਾਮ ਵਿਚ ਨਹੀਂ ਸੀ ਢਾਲਿਆ ਗਿਆ । ਬੇਸ਼ਕ ਬੰਦਾ ਸਿੰਘ ਬਹਾਦਰ ਉਸ ਵੇਲੇ ਸਿਖ ਰਾਜ ਦਾ ਮੁਖੀ ਸੀ ਪਰ ਕੀ ਉਸ ਆਪਣਾ ਨਾਂ ਸਿੱਕੇ ਉੱਤੇ ਉਕਰਨ ਦੀ ਭੁਲ ਕੀਤੀ ?

ਸੋ ਸਿੱਕੇ ਦੇ ਦੂਜੇ ਪਾਸੇ ਇਹ ਸ਼ਬਦ ਸਨ,

"ਜ਼ਰਬ ਬ ਅਮਾਨ-ਉਲ-ਦਹਿਰ ਮੁਸਵਰਤ ਸ਼ਹਿਰੇ ਜ਼ੀਨਤ
ਅਲਤਖਤ ਮੁਬਾਰਕ ਬਖਤ ।"

"ਇਹ ਸਿੱਕਾ ਸ਼ਾਂਤੀ-ਸ਼ਹਿਰ ਵਿਚ ਢਾਲਿਆ ਗਿਆ ਤੇ ਇਹ ਜੀਵਨ ਦੀ ਸੁੰਦਰਤਾ ਤੇ ਮਿਹਰਾਂ ਦੇ ਹਾਰਾਂ ਦਾ ਸੂਚਕ ਹੈ ।"

ਸ਼ਾਹਬਾਜ਼ ਸਿੰਘ ਨੇ ਦਸਿਆ ਕਿ ਸਿੱਕੇ ਤੋਂ ਉਪਰੰਤ ਬੰਦੇ ਨੇ ਇਕ ਸਰਕਾਰੀ ਮੋਹਰ ਵੀ ਢਾਲੀ ਹੈ । ਉਹਦੇ ਕੋਲ ਇਹ ਮੋਹਰ ਨਹੀਂ ਸੀ । ਲੋਕ ਪੁਛਦੇ,

"ਸ਼ਾਹਬਾਜ਼ਾ ! ਤੂੰ ਮੋਹਰ ਦਾ ਵੀ ਇਕ ਦਾਣਾ ਚੁਕੀ ਆਂਦੈਂ ।"

"ਨਹੀਂ ਬਾਬਾ !," ਸ਼ਾਹਬਾਜ਼ ਸਿੰਘ ਆਪਣੀ ਵਡੇਰੀ ਸਿਆਣਪ ਤੇ ਤਜਰਬਾ ਦਸਦਾ, "ਇਹ ਮੋਹਰ ਸਿਰਫ ਸਰਕਾਰੀ ਕਾਗ਼ਜ਼ਾਂ ਪੱਤਰਾਂ ਆਦਿ ਉਪਰ ਲਾਉਣ ਵਾਸਤੇ ਹੁੰਦੀ ਹੈ । ਇਹ ਜਣੇ ਖਣੇ ਕੋਲ ਨਹੀਂ ਹੋਣੀ ਚਾਹੀਦੀ । ਇਹ ਮੋਹਰ ਸਿਰਫ ਹਾਕਮਾਂ ਤੇ ਫ਼ੌਜਦਾਰਾਂ ਤਕ ਹੀ ਦਿਤੀ ਜਾਂਦੀ ਹੈ ।"

"ਬਈ ਦਸ ਤਾਂ ਸਹੀ ਕਿ ਇਹ ਕਿਹੋ ਜਿਹੀ ਹੈ ?" ਕੋਈ ਹੰਰ ਬੰਦਾ ਪੁਛਦਾ ।

ਸ਼ਾਹਬਾਜ਼ ਸਿੰਘ ਇਕ ਤੀਲੇ ਨਾਲ ਜ਼ਮੀਨ ਉਤੇ ਮੋਹਰ ਦੀ ਸ਼ਕਲ ਬਣਾਉਂਦਾ ਤੇ ਇਹ ਸ਼ਬਦ ਵੀ ਨਾਲ ਲਿਖਦਾ,

"ਦੇਗ਼ੋ ਤੇਗ਼ੋ ਫ਼ਤਹ ਨਸਰਤੋ ਬੇ ਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ।"

ਤੇ ਫਿਰ ਉਹ ਇਹਦਾ ਮਤਲਬ ਦਸਦਾ ਤੇ ਆਖਦਾ,

ਇਹ ਮੋਹਰ ਵੀ ਬਾਬਾ ਬੰਦਾ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਵਿਚ ਢਾਲੀ ਹੈ । ਬਾਬਾ ਬੰਦਾ ਆਖਦਾ ਹੈ ਕਿ ਇਹ ਹਕੂਮਤ ਇਹਨਾਂ ਦਸਾਂ ਗੁਰੂਆਂ ਦੀ ਬਖਸ਼ਸ਼ ਹੈ । ਇਹ ਦੇਗ, ਇਹ ਤੇਗ, ਇਹ ਫ਼ਤਹ, ਇਹ ਸਭ ਕੁਝ ਸਾਡੇ ਗੁਰੂਆਂ ਦੀ ਮਿਹਰ ਦਾ ਨਤੀਜਾ ਹੈ ।'

"ਹੋਰ ਬੰਦੇ ਬਾਬੇ ਨੇ ਕੀ ਕੀ ਕੁਝ ਕੀਤਾ ਹੈ ?" ਲੋਕ ਪੁਛਦੇ ।

ਇਸ ਪੁਛ ਦੇ ਉਤਰ ਵਿਚ ਸ਼ਾਹਬਾਜ਼ ਸਿੰਘ ਨੂੰ ਇਕ ਕਹਾਣੀ ਸੁਣਾਉਣ ਦੀ ਆਦਤ ਹੀ ਹੋ ਗਈ ਸੀ । ਉਹ ਆਖਦਾ,

"ਹੋਰ ਬੰਦੇ ਬਾਬੇ ਨੇ ਕੀ ਕੀ ਕੁਝ ਕੀਤਾ ਹੈ ? ਅਛਾ ਤਾਂ ਮੈਂ ਤੁਹਾਨੂੰ ਇਕ ਕਹਾਣੀ ਸੁਣਾਂਦਾ ਹਾਂ ।"

ਜੁੜੀ ਸੰਗਤ ਸ਼ੁਕਰ ਸ਼ੁਕਰ ਆਖਦੀ ਨਿੱਠ ਕੇ ਬੈਠ ਜਾਂਦੀ ਤੇ ਤੀਬਰਤਾ ਨਾਲ ਕਹਾਣੀ ਦੀ ਉਡੀਕ ਕਰਦੇ ਆਦਮੀ ਆਖਦੇ,

"ਅਹਿ ਤਾਂ ਬੜੀ ਚੰਗੀ ਗਲ ਕੀਤੀ ਆ ਸ਼ਾਹਬਾਜ਼ । ਸੁਣਾ ਵੀਰਾ ਸੁਣਾ ! ਰੱਬ ਤੇਰੇ ਉੱਤੇ ਮਿਹਰ ਕਰੇ ।"

"ਇਕ ਦਿਨ ਦੀ ਗੱਲ ਹੈ", ਸ਼ਾਹਬਾਜ਼ ਸ਼ੁਰੂ ਕਰਦਾ, "ਕਿ ਸਢੌਰੇ ਦੇ ਲਾਗਲੇ ਪਿੰਡਾਂ ਦੇ ਕੁਝ ਹਿੰਦੂ ਹੱਥ ਬੰਨ੍ਹ ਦਰਬਾਰ ਵਿਚ ਆਏ ।"

"ਇਕ ਅਰਜ਼ ਹੈ ਗੁਰੂ ਨਾਨਕ ਦੇ ਦਰਬਾਰ ਵਿਚ ।"

"ਖਾਲਸਾ ਜੀ ! ਗੁਰੂ ਨਾਨਕ ਦੇ ਦਰਬਾਰ ਵਿਚੋਂ ਕੋਈ ਖਾਲੀ ਨਹੀਂ ਜਾਏਗਾ", ਬੰਦਾ ਸਿੰਘ ਬਹਾਦਰ ਨੇ ਕਿਹਾ ।

Scanned by CamScanner

'ਸਾਰੇ ਇਕ ਦੂਜੇ ਨੂੰ ਹੂਰੇ ਤੇ ਆਰਕਾਂ ਮਾਰਨ ਲਗੇ। ਗੱਲ ਕੌਣ ਕਰੇ ? ਬੰਦੇ ਦੀ ਹਜ਼ੂਰੀ ਵਿਚ ਸਭ ਹੀ ਅੰਦਰੋ ਅੰਦਰੀ ਡਰਦੇ। ਉਹਦੇ ਸਾਹਮਣੇ ਬੋਲਣਾਂ ਜਾਂ ਬਹਿਸ ਕਰਨੀ ਕੋਈ ਸੌਖੀ ਗੱਲ ਨਹੀਂ। ਅੰਤ ਇਕ ਆਦਮੀ ਨੇ ਹਿੰਮਤ ਕੀਤੀ ਤੇ ਕਿਹਾ"

"ਬਾਬਾ ਜੀ ! ਅਸੀਂ ਆਪਣੇ ਚੌਧਰੀ ਦੇ ਅਤਿਆਚਾਰ ਤੋਂ ਬੜੇ ਤੰਗ ਆਏ ਹਾਂ। ਸਾਨੂੰ ਕੋਈ ਚੈਨ ਨਹੀਂ। ਸਾਡੇ ਜੀਣ ਦਾ ਕੋਈ ਹੱਜ ਨਹੀਂ। ਇਸ ਚੌਧਰੀ ਨੂੰ ਸਾਡੀਆਂ ਨੋਹਾਂ ਧੀਆਂ ਦੀ ਇੱਜ਼ਤ ਦਾ ਪਾਸ ਨਹੀਂ। ਮਾਲ ਗੁਜ਼ਾਰੀ ਵਿਚ ਇਹ ਆਪਣੀ ਲਗੀ ਲਾਂਦਾ ਹੈ। ਬਾਬਾ ਜੀ ! ਅਸੀਂ..."

"ਬਸ ਖਾਲਸਾ ਜੀ ! ਮੈਂ ਇਹੋ ਜਿਹੀਆਂ ਮੁਸੀਬਤ ਮਾਰੀਆਂ ਵਾਰਤਾਵਾਂ ਸੁਣਦਾ ਥੱਕ ਚੁਕਾ ਹਾਂ।"

ਤੇ ਫਿਰ ਸ਼ਾਹਬਾਜ਼ ਬੜੇ ਰੋਚਕ ਭਾਵ ਵਿਚ ਕਹੀ ਜਾਂਦਾ :

"ਤਾਂ ਬਾਬਾ ਬੰਦੇ ਨੇ ਮੇਰੇ ਵਲ ਮੂੰਹ ਕੀਤਾ ਤੇ ਆਖਿਆ,

"ਸ਼ਾਹਬਾਜ਼ ਸਿੰਘ ਜੀ ! ਇਹਨਾਂ ਸਭ ਨੂੰ ਗੋਲੀਆਂ ਨਾਲ ਉਡਾ ਦਿਤਾ ਜਾਏ...।"

"ਮੈਂ ਹੱਕਾ ਬੱਕਾ ਬਾਬਾ ਬੰਦਾ ਸਿੰਘ ਦੇ ਮੂੰਹ ਵਲ ਵੇਖਣ ਲਗਾ, ਪੇਂਡੂਆਂ ਦਾ ਸਾਰਾ ਜੱਥਾ ਜ਼ਮੀਨ ਉਪਰ ਲੇਟ ਗਿਆ। ਸਾਰੇ ਦਰਬਾਰ ਵਿਚੋਂ ਇਕ ਤਰ੍ਹਾਂ ਦੀ ਹੂਕ ਉਠੀ। ਸਾਰੇ ਹੀ ਮਨ ਹੀ ਮਨ ਪੁਛਦੇ ਕਿ ਬਾਬਾ ਜੀ ਨੇ ਇਹ ਕਿਹੋ ਜਿਹਾ ਹੁਕਮ ਦਿਤਾ ਹੈ !"

"ਬਾਬਾ ਜੀ ! ਅਸੀਂ ਗੁਰੂ ਨਾਨਕ ਦੇ ਘਰੋਂ ਕੁਝ ਮੰਗਣ ਆਏ ਸਾਂ।" ਜ਼ਮੀਨ ਉੱਤੇ ਲੇਟਿਆਂ ਵਿਚੋਂ ਇਕ ਨੇ ਲਿਲ੍ਹਕੜੀ ਲੈਂਦੇ ਹੋਏ ਕਿਹਾ।

"ਬਾਬਾ ਜੀ ਅੱਠਾ ਚੁਲਮ ਤਾਂ ਮੁਗ਼ਲ ਰਾਜ ਵਿਚ ਵੀ ਸਾਡੇ ਉਤੇ ਨਹੀਂ ਹੋਇਆ। ਸਾਨੂੰ ਬਖਸ਼ੋ ! ਬਖਸ਼ ਲਓ ਬਾਬਾ ਜੀ' ਇਕ ਹੋਰ ਜਣਾ ਬੋਲਿਆ।"

"ਗੁਰੂ ਗੋਬਿੰਦ ਸਿੰਘ ਦਾ ਵਾਸਤਾ ਜੇ, ਸਾਨੂੰ ਦਸੋ ਸਾਡਾ ਕਸੂਰ ਕੀ ਹੈ" ? ਕਿਸੇ ਹੋਰ ਨੇ ਲਿਲ੍ਹਕੜੀ ਲਈ।

"ਇਹ ਕੌਤਕ ਵੇਖ ਕੇ ਮੈਂ ਵੀ ਹਿੰਮਤ ਕੀਤੀ ਤੇ ਬੰਦਾ ਸਿੰਘ ਜੀ ਤੋਂ ਪੁਛਿਆ"

"ਬਾਬਾ ਜੀ ! ਇਹ ਕੀ ਭਾਣਾ ਵਰਤਾ ਰਹੇ ਹੋ। ਸਮਝ ਨਹੀਂ ਪਈ।"

"ਤਾਂ ਉਸ ਵੇਲੇ ਬਾਬਾ ਜੀ ਨੇ ਜ਼ਰਾ ਤਲਖ਼ੀ ਨਾਲ ਕਿਹਾ"

"ਇਸ ਚਾਲੀ ਪੰਜਾਹਾਂ ਦੀ ਟੋਲੀ ਕੋਲੋਂ ਪੁਛੋ ਕਿ ਇਹਨਾਂ ਦੇ ਉਪਰ ਕਿੰਨੇ ਚੌਧਰੀ ਹਨ ?"

"ਇਕੋ ਹੀ ਹੈ ਬਾਬਾ ਜੀ। ਇਕੋ ਜਿਸ ਨੇ..."

"ਪਰ ਬਾਬਾ ਬੰਦੇ ਨੇ ਉਹਨਾਂ ਨੂੰ ਟੋਕ ਕੇ ਆਖਿਆ"

"ਇਕੋ ਹੀ ਹੈ ਨਾ ! ਤਾਂ ਤੁਸੀਂ ਚਾਲੀ ਤੇ ਤੁਹਾਡੇ ਸਾਕ ਸਬੰਧੀ ਮਿਲਾ ਕੇ ਸੌ ਦੋ ਸੌ, ਇਕ ਆਦਮੀ ਨੂੰ ਸਬਕ ਨਹੀਂ ਸਿਖਾ ਸਕਦੇ ? ਦੂਰ ਹੋ ਜਾਓ ਮੇਰੀਆਂ ਨਜ਼ਰਾਂ ਤੋਂ। ਯਾਦ ਰਖੋ ਕਿ ਅਜ ਤੋਂ ਇਹ ਰਾਜ ਤੁਹਾਡਾ ਆਪਣਾ ਰਾਜ ਹੈ। ਚੌਧਰੀ ਤੇ ਸੂਬੇਦਾਰ ਤੁਹਾਡੇ ਆਪਣੇ ਚੌਧਰੀ ਤੇ ਸੂਬੇਦਾਰ ਹਨ। ਹੁਣ ਮੁਗ਼ਲਈ ਰਾਜ ਨਹੀਂ, ਖਾਲਸਈ ਰਾਜ ਹੈ। ਖਾਲਸਈ ਰਾਜ ਪੰਜਾਂ ਪਿਆਰਿਆਂ ਦਾ, ਸੰਗਤ ਦਾ, ਲੋਕਾਂ ਦਾ ਰਾਜ ਹੈ।"

"ਬਸ ਜੀ ਇਹ ਗ਼ਰੀਬ ਹਿੰਦੂ ਮੱਥੇ ਰਗੜਦੇ ਉਠੇ ਤੇ ਦਰਬਾਰ ਵਿਚੋਂ ਨਿਕਲ ਗਏ। ਉਸ ਦਿਨ ਤੋਂ ਪਿਛੋਂ ਸਾਰੇ ਹਾਕਮਾਂ ਤੇ ਚੌਧਰੀਆਂ ਨੂੰ ਕੰਨ ਹੋ ਗਏ ਹਨ। ਇਕ ਤਰ੍ਹਾਂ ਦੀ ਜ਼ਿਮੀਂਦਾਰੀ ਖ਼ਤਮ ਹੀ ਹੋ ਚੁਕੀ ਹੈ। ਹੁਣ ਜ਼ਮੀਨ ਉਹਦੀ ਹੈ ਜਿਹੜਾ ਇਸ ਨੂੰ ਵਾਹਦਾ ਹੈ। ਹੁਣ ਮਾਲਗੁਜ਼ਾਰੀ ਸਿਰਫ ਉਨੀਂ ਹੀ ਉਗਰਾਹੀ ਜਾ ਸਕਦੀ ਹੈ ਜਿੰਨੀ ਕਿ ਬਾਬੇ ਬੰਦੇ ਦੇ ਨਾਇਬਾਂ ਨੇ ਭਿੰਨ ਭਿੰਨ ਇਲਾਕਿਆਂ ਵਿਚ ਨਿਯਤ ਕਰ ਰਖੀ ਹੈ। ਚੌਧਰੀਆਂ ਤੇ ਅਮਲਾਂ ਨੂੰ ਆਪੋ ਆਪਣੀ ਤਨਖਾਹ ਮਿਲਦੀ ਹੈ ਤੇ ਉਹਨਾਂ ਨੂੰ ਇਸ ਤਨਖਾਹ ਵਿਚ ਹੀ ਗੁਜ਼ਰ ਕਰਨੀ ਪੈਂਦੀ ਹੈ।

"ਹੁਣ ਪਿਛਲੇ ਵੇਲੇ ਵਾਲੀਆਂ ਗੱਲਾਂ ਨਹੀਂ ਰਹੀਆਂ। ਬਾਬੇ ਬੰਦੇ ਨੇ ਜੁਗ ਪਲਟਾ ਦਿਤਾ ਹੈ। ਜ਼ਿੰਦਗੀ ਬਦਲ ਦਿਤੀ ਹੈ।" ਸ਼ਾਹਬਾਜ਼ ਸਿੰਘ ਨਾਟਕੀ ਢੰਗ ਨਾਲ ਕਹਾਣੀ ਖਤਮ ਕਰਦਾ।

ਹੌਲੀ ਹੌਲੀ ਬੰਦਾ ਬਹਾਦਰ ਦੀਆਂ ਜਲਾਲਾਬਾਦ ਤੇ ਸਹਾਰਨਪੁਰ ਵਿਚ ਮਾਰੀਆਂ ਜੱਤਾਂ ਦੀਆਂ ਵਾਰਤਾਵਾਂ ਵੀ

Scanned by CamScanner

ਮਾਹਿਲ ਪਹੁੰਚ ਗਈਆਂ। ਇਹਨਾਂ ਥਾਵਾਂ ਵਿਚ ਦੋ ਪਠਾਣ ਹਾਕਮ ਹਿੰਦੂਆਂ ਉੱਤੇ ਉਹ ਉਹ ਜ਼ੁਲਮ ਕਮਾਂਦੇ ਕਿ ਵਜ਼ੀਰ ਖ਼ਾਨ ਦੇ ਜ਼ੁਲਮਾਂ ਨੂੰ ਵੀ ਮਾਤ ਪਾਉਂਦੇ। ਹਿੰਦੂਆਂ ਦੀ ਕੋਈ ਇਜ਼ਤ ਨਹੀਂ ਸੀ, ਉਹਨਾਂ ਦੀ ਕਿਤੇ ਸੁਣਵਾਈ ਨਹੀਂ ਸੀ। ਅੰਤ ਸਹਾਰਨਪੁਰ ਦੇ ਬ੍ਰਾਹਮਣਾਂ ਦੀ ਇਕ ਟੋਲੀ ਰੋਂਦੀ ਕੁਰਲਾਂਦੀ ਬੰਦੇ ਕੋਲ ਲੋਹ ਗੜ੍ਹ ਪੁਜੀ ਤੇ ਉਹਨਾਂ ਨੇ ਪਰਮਾਤਮਾ ਦਾ ਵਾਸਤਾ ਪਾ ਕੇ ਬੰਦੇ ਨੂੰ ਸਹਾਇਤਾ ਵਾਸਤੇ ਬੁਲਾਇਆ।

ਬੰਦਾ ਸਿੰਘ ਆਪ ਇਕ ਤਕੜੀ ਸੈਨਾ ਲੈ ਕੇ ਸਹਾਰਨਪੁਰ ਪੁਜਿਆ। ਪਠਾਣ ਜੰਮ ਕੇ ਲੜੇ ਪਰ ਬੰਦੇ ਦਾ ਮੁਕਾਬਲਾ ਕਿਹੜੀ ਸੌਖੀ ਗੱਲ ਸੀ। ਉਹ ਭਾਂਜ ਖਾ ਗਏ। ਫਿਰ ਖ਼ਾਲਸੇ ਨੇ ਨੰਨੇਤਾ ਜਿੱਤਿਆ। ਏਥੇ ਵੀ ਸਖ਼ਤ ਲੜਾਈ ਹੋਈ। ਸਿਖਾਂ ਦਾ ਕਾਫ਼ੀ ਨੁਕਸਾਨ ਹੋਇਆ ਜਿਸ ਕਰ ਕੇ ਉਹਨਾਂ ਖ਼ਾਰ ਖਾਧੀ ਤੇ ਨੰਨੇਤਾ ਤਬਾਹ ਕਰ ਦਿੱਤਾ। ਉਦੋਂ ਤੋਂ ਅੱਜ ਤਕ ਨੰਨੇਤੇ ਦਾ ਨਾਂ "ਫੂਟਾ ਸ਼ਹਿਰ" ਟੁਰਿਆ ਆਉਂਦਾ ਹੈ। ਨੰਨੇਤੇ ਤੋਂ ਟੁਰ ਕੇ ਖ਼ਾਲਸੇ ਨੇ ਜਲਾਲਾਬਾਦ ਜਿੱਤਿਆ।

ਇਹਨਾਂ ਹਾਲਾਤਾਂ ਤੇ ਇਹਨਾਂ ਜਿੱਤਾਂ ਨੇ ਦੁਆਬੇ ਤੇ ਮਾਝੇ ਦੇ ਸਿੰਘਾਂ ਨੂੰ ਹਲੂਣਾ ਦਿੱਤਾ। ਮਾਲਵਾ ਆਜ਼ਾਦ ਸੀ, ਕਿਉਂ ਨਾ ਦੁਆਬਾ ਤੇ ਮਾਝਾ ਵੀ ਆਜ਼ਾਦ ਹੋਵੇ।

ਹਰ ਥਾਂ ਸਿਖ ਉਠ ਖਲੋਤੇ। ਉਹਨਾਂ ਨੇ ਇਰਾਦਾ ਕਰ ਲਿਆ ਕਿ ਹੁਣ ਮੁਗ਼ਲਾਂ ਦੀ ਈਨ ਨਹੀਂ ਮੰਨਣੀ। ਕੋਈ ਸਾਂਝੀ ਲੀਡਰਸ਼ਿਪ ਨਹੀਂ ਸੀ। ਪਰ ਜਿਥੇ ਜਿਥੇ ਵੀ ਕੋਈ ਸਿਖ ਸੀ ਉਹਦੇ ਦਿਲ ਅੰਦਰੋਂ ਆਪਣੇ ਆਪ ਹੀ ਮੁਗ਼ਲ ਰਾਜ ਨੂੰ ਤੋੜਨ ਦਾ ਉਤਸ਼ਾਹ ਉਠਿਆ। ਜਿਥੇ ਜਿਥੇ ਵੀ ਚਾਰ ਸਿਖ ਇਕੱਠੇ ਹੁੰਦੇ ਉਥੇ ਉਥੇ ਹੀ ਉਹ ਇਸ ਨਿਰਦਈ ਰਾਜ ਦੀ ਈਨ ਮੰਨਣੋਂ ਇਨਕਾਰੀ ਹੋ ਜਾਂਦੇ।

ਦੁਆਬੇ ਵਿਚ, ਸ਼ਮਸ ਖ਼ਾਨ, ਜਲੰਧਰ ਦੇ ਫ਼ੌਜਦਾਰ ਨੇ, ਇਸ ਉਠਦੀ ਲਹਿਰ ਨੂੰ ਕੁਚਲਣ ਦਾ ਯਤਨ ਕੀਤਾ। ਸੁਲਤਾਨਪੁਰ ਸਿਖਾਂ ਦੇ ਕਬਜ਼ੇ ਵਿਚ ਸੀ। ਉਸ ਲੱਗਪੱਗ ਪੰਜਾਹ ਹਜ਼ਾਰ ਫ਼ੌਜ ਤੇ ਗ਼ਾਜ਼ੀਆਂ ਨਾਲ ਸੁਲਤਾਨਪੁਰ ਉੱਤੇ ਚੜ੍ਹਾਈ ਕਰ ਦਿਤੀ। ਸਿਖ ਅਡੋਲ ਮਨ ਨਾਲ ਅਡੋਲ ਹੀ ਰਾਤੋ ਰਾਤ ਸੁਲਤਾਨਪੁਰ ਖਾਲੀ ਕਰ ਗਏ। ਪਰ ਅਗਲੇ ਦਿਨ ਹੀ ਅਵੇਸਲੇ ਹੋਏ ਸ਼ਮਸ ਖ਼ਾਨ ਉੱਤੇ ਰਾਹੋਂ ਜਾ ਪਏ ਤੇ ਉਹਨੂੰ ਬੁਰੀ ਭਾਂਜ ਪਾਈ। ਸਾਰਾ ਦੁਆਬਾ ਸਿਖ ਰਾਜ ਵਿਚ ਸ਼ਾਮਲ ਹੋ ਗਿਆ।

ਇਹਨਾਂ ਹੀ ਦਿਨਾਂ ਵਿਚ ਮਾਝਾ ਵੀ, ਧੁਰ ਲਾਹੌਰ ਸ਼ਹਿਰ ਦੀਆਂ ਕੰਧਾਂ ਤਕ, ਆਜ਼ਾਦ ਕੀਤਾ ਗਿਆ। ਇਸ ਮੁਹਿੰਮ ਵਾਸਤੇ ਮਾਹਿਲ ਪਿੰਡ ਤੋਂ ਵੀ ਕਾਫ਼ੀ ਆਦਮੀ ਗਏ। ਬਾਹਬਾਜ਼ ਸਿੰਘ ਨੂੰ ਵੇਖ ਕੇ ਹੁਣ ਹਰ ਨੌਜਵਾਨ ਦਾ ਦਿਲ ਉਛਲ ਰਿਹਾ ਸੀ। ਉਹਨਾਂ ਵਿਚ ਉਤਸ਼ਾਹ ਸੀ। ਉਹ ਵੀ ਸ਼ਾਹਬਾਜ਼ ਸਿੰਘ ਵਾਂਗ ਨਾਮਣਾ ਖਟਨਾ ਚਾਹੁੰਦੇ ਸਨ। ਉਹ ਵੀ ਮੁਗ਼ਲਾਂ ਨੂੰ ਮਾਰਨ ਦਾ ਪੁੰਨ ਕਮਾਉਣਾ ਲੋਚਦੇ ਸਨ। ਸਰਦਾਰ ਸੰਤ ਸਿੰਘ ਭੁੱਲਰ ਤੇ ਉਹਦੇ ਦੋ ਪੁਤਰ ਸਣੇ ਇਕ ਚੰਗੇ ਵੱਡੇ ਜੱਥੇ ਦੇ ਵੀ ਇਸ ਮੁਹਿੰਮ ਵਿਚ ਸ਼ਾਮਲ ਹੋਏ।

ਖ਼ਾਲਸੇ ਨੇ ਬਟਾਲਾ ਤੇ ਕਲਾਨੌਰ ਜਿੱਤਿਆ ਤੇ ਪਠਾਨਕੋਟ ਤਕ ਮਾਰ ਕੀਤੀ। ਕਈ ਵਾਰ ਲਾਹੌਰ ਦੇ ਫ਼ੌਜਦਾਰ ਨਾਲ ਮੁਠ-ਭੇੜਾਂ ਹੋਈਆਂ ਪਰ ਖ਼ਾਲਸੇ ਦੀ ਤਾਕਤ ਵਧਦੀ ਹੀ ਗਈ। ਕਦੀ ਜਿਤ ਮੁਗ਼ਲਾਂ ਦੀ ਹੁੰਦੀ, ਕਦੀ ਸਿਖਾਂ ਦੀ। ਅਕਤੂਬਰ ੧੭੧੦ ਵਿਚ ਖਾਲਸਈ ਦਲ ਨੇ ਸ਼ਾਲਾਮਾਰ ਬਾਗ਼ ਵਿਚ ਉਤਾਰਾ ਕੀਤਾ ਤੇ ਲਾਹੌਰ ਦੀ ਜਨਤਾ ਨੂੰ ਕਾਂਬਾ ਚੜ੍ਹ ਗਿਆ।

ਫ਼ੌਜਦਾਰ ਲਾਹੌਰ, ਸਯਦ ਅਸਲਮ ਖ਼ਾਨ, ਦੀ ਸਰਦਾਰੀ ਥੱਲੇ ਤੇ ਮੁਗ਼ਲ ਕਾਜ਼ੀਆਂ ਦੀ ਹਿੰਮਤ ਨਾਲ ਹੈਦਰੀ ਝੰਡੇ ਦਾ ਜਹਾਦ ਸ਼ੁਰੂ ਹੋਇਆ। ਇਸ ਹੈਦਰੀ ਝੰਡੇ ਦਾ ਵਾਸਤਾ ਪਾ ਕੇ ਮੁਲਾਣਿਆਂ, ਕਾਜ਼ੀਆਂ ਤੇ ਫ਼ੌਜਦਾਰ ਦੇ ਗੁਮਾਸ਼ਤਿਆਂ ਨੇ ਲੱਖਾਂ ਰੁਪਏ ਇਕੱਠੇ ਕੀਤੇ ਤੇ ਹਜ਼ਾਰਾਂ ਆਦਮੀ ਆਪਣੀ ਜਾਨ ਕੁਰਬਾਨ ਕਰਨ ਵਾਸਤੇ ਇਸ ਝੰਡੇ ਥੱਲੇ ਆ ਜੁੜੇ।

ਇਸ ਬੇਇਨਤਹਾ ਦੱਲ ਨਾਲ ਸਿਖਾਂ ਨੂੰ ਮਾਰਨ ਦੀ ਸਲਾਹ ਹੋਈ। ਪਰ ਸਿਖ ਮਾਰੇ ਨਾ ਗਏ। ਭਗਵੰਤ ਰਾਏ ਕਿਲੇ ਵਿਚ ਲੜਾਈ ਹੋਈ, ਕੋਟਲਾ ਬੇਗ਼ਮ ਕੋਲ ਲੜਾਈ ਹੋਈ ਪਰ ਨਾ ਕੋਈ ਹਾਰਿਆ ਤੇ ਨਾ ਕੋਈ ਜਿੱਤਿਆ। ਅੰਤ ਭੀਲੋਵਾਲ ਦੀ ਥਾਂ ਖ਼ਾਲਸੇ ਨੇ ਮੁਗ਼ਲਾਂ ਨੂੰ ਅਜਿਹੀ ਭਾਂਜ ਪਾਈ ਕਿ ਸੂਬਾ ਲਾਹੌਰ ਨੂੰ ਮੁੜ ਸਿਖਾਂ ਉੱਤੇ ਚੜ੍ਹਾਈ ਕਰਨ ਦੀ ਹਿੰਮਤ ਨਾ ਪਈ।

ਸਹਾਰਨਪੁਰ ਤੇ ਜਲਾਲਾਬਾਦ ਤੋਂ ਲੈ ਕੇ ਲਾਹੌਰ ਦੀਆਂ ਫ਼ਸੀਲਾਂ ਤਕ ਹੁਣ ਪੰਜਾਬ ਆਜ਼ਾਦ ਸੀ! ਖ਼ਾਲਸੇ ਦਾ ਰਾਜ ਸੀ।

ਹਰ ਦੂਜੇ ਚੌਥੇ ਕੋਈ ਨਾ ਕੋਈ ਪ੍ਰਸੰਸਾ-ਪੂਰਤ ਖ਼ਬਰ ਮਾਹਿਲ ਪਹੁੰਚਦੀ ਤੇ ਸ਼ਾਹਬਾਜ਼ ਸਿੰਘ ਕਹਿੰਦਾ:

"ਕਾਸ਼! ਮੈਂ ਰਾਜ਼ੀ ਹੁੰਦਾ ਤੇ ਇਹਨਾਂ ਮੁਹਿੰਮਾਂ ਵਿਚ ਸ਼ਾਮਿਲ ਹੋ ਸਕਦਾ।"

Scanned by CamScanner

ਯੁਧ-ਇਤਿਹਾਸ ਦਾ ਅਧਿਐਨ ਕਰਦਿਆਂ ਪਤਾ ਲਗੇਗਾ ਕਿ ਲੜਾਈਆਂ ਦੀ ਜਿੱਤ ਜਾਂ ਹਾਰ ਵਿਚ ਜਿੰਨਾ ਹੱਥ ਸੈਨਾਪਤੀਆਂ ਤੇ ਫੌਜਾਂ ਦਾ ਹੁੰਦਾ ਹੈ ਓਨਾਂ ਹੀ ਹੱਥ ਹੋਣੀ ਦਾ ਵੀ ਹੁੰਦਾ ਹੈ। ਬੇਮੌਸਮੀ ਬਾਰਸ਼, ਆਮ ਨਾਲੋਂ ਅਧਿਕ ਸਰਦੀ ਜਾਂ ਗਰਮੀ, ਬੇਵਕਤੇ ਹੜ੍ਹ, ਇਹ ਸਭ ਲੜਾਈ ਦਾ ਪਲੜਾ ਇਕ ਜਾਂ ਦੂਜੇ ਪਾਸੇ ਭਾਰਾਂ ਕਰ ਸਕਦੇ ਹਨ।

ਇੰਹਨਾਂ ਕੁਦਰਤੀ ਕਾਰਨਾਂ ਅੱਗੇ ਸੈਨਾਪਤੀਂ ਦੀ ਅਕਲ ਤੇ ਸਿਆਣਪ ਕੰਮ ਨਹੀਂ ਕਰਦੀ। ਉਹਦੀਆਂ ਚਾਲਾਂ ਮੌਸਮੀ ਤਬਦੀਲੀਆਂ ਨੂੰ ਮੁਖ ਰਖ ਕੇ ਘੜੀਆਂ ਜਾਂਦੀਆਂ ਹਨ। ਉਹਦੀਆਂ ਸਕੀਮਾਂ ਵਿਚ, ਜਿਵੇਂ ਵਰ੍ਹਿਆਂ ਤੋਂ ਜ਼ਮੀਨ ਪੱਧਰੀ ਜਾਂ ਪਹਾੜੀ ਰਹੀ ਹੈ, ਜਿਵੇਂ ਸਦੀਆਂ ਤੋਂ ਨਦੀਆਂ ਤੇ ਨਾਲੇ ਭਰਦੇ ਘਟਦੇ ਆਏ ਹਨ, ਜਿਵੇਂ ਹਜ਼ਾਰਾਂ ਸਾਲਾਂ ਤੋਂ ਧੁੱਪ ਜਾਂ ਮੀਂਹ ਜਾਂ ਬਰਫ਼ ਪੈਂਦੀ ਆਈ ਹੈ, ਇਹਨਾਂ ਸਭ ਚੀਜ਼ਾਂ ਨੂੰ ਇਸ ਤਰ੍ਹਾਂ ਹੀ ਸਮੇਂ ਦੇ ਚੌਖਟੇ ਸਾਹਵੇਂ ਰਖ ਕੇ ਪੜਤਾਲਿਆ ਗਿਆ ਹੁੰਦਾ ਹੈ।

ਪਰ ਕਈ ਵਾਰ ਜਿੱਤ ਹਾਰ ਦੇ ਜਾਂਦਾ ਹੈ, ਵਰ੍ਹੇ ਝੁਠਲਾਏ ਜਾਂਦੇ ਹਨ ਤੇ ਕੁਦਰਤ ਇਕ ਬੜੀ ਨਵੀਂ ਤੇ ਅਨੋਖੀ ਹਾਲਤ ਸੈਨਾਪਤੀ ਦੇ ਸਾਹਮਣੇ ਲਿਆ ਰਖਦੀ ਹੈ। ਚੰਗੇ ਸੈਨਾਪਤੀ ਆਪਣੀ ਪ੍ਰਤਿਭਾ ਨਾਲ ਔੜ ਤੋੜ ਕਰ ਕੇ ਬੜਾ ਕੁਝ ਬਚਾ ਲੈਂਦੇ ਹਨ ਪਰ ਫਿਰ ਵੀ ਇਨ੍ਹਾਂ ਕੁਦਰਤੀ ਵਧੀਕੀਆਂ ਦੇ ਨਤੀਜੇ ਬੜੇ ਮਹੱਤਵ ਪੂਰਨ ਨਿਕਲਦੇ ਹਨ। ਜਿੱਤੀਆਂ ਸ਼ਲਤਨੱਤਾਂ ਹਾਰ ਜਾਂਦੀਆਂ ਹਨ, ਹਾਰੀਆਂ ਸੈਨਾਵਾਂ ਪਲੋ ਪਲੀ ਬੱਚ ਨਿਕਲਦੀਆਂ ਹਨ ਤੇ ਸਮਾਂ ਪਾ ਕੇ ਉਹਨਾਂ ਵਾਸਤੇ ਜਿੱਤਣਾ ਸੰਭਵ ਹੋ ਜਾਂਦਾ ਹੈ।

ਬੰਦਾ ਸਿੰਘ ਬਹਾਦਰ ਸਹਾਰਨਪੁਰ ਤੇ ਨੰਨੇਤੇ ਨੂੰ ਜਿੱਤ ਕੇ ਜਲਾਲਾਬਾਦ ਤਕ ਪਹੁੰਚ ਚੁਕਾ ਸੀ। ਉਥੋਂ ਦਿੱਲੀ ਮਸ਼ਕਿਲ ਸੌ ਮੀਲ ਦੀ ਵਿਥ ਉੱਪਰ ਸੀ। ਦਿੱਲੀ, ਮੁਗਲੀਹਾ ਸਲਤਨੱਤ ਦੀ ਰਾਜਧਾਨੀ; ਦਿੱਲੀ, ਜਿਥੇ ਸਦੀਆਂ ਤੋਂ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਹੁੰਦਾ ਆਇਆ, ਦਿੱਲੀ ਜਿਹਦਾ ਕਬਜ਼ਾ ਇਕ ਤਰ੍ਹਾਂ ਨਾਲ ਸਾਰੇ ਹਿੰਦੁਸਤਾਨ ਦਾ ਕਬਜ਼ਾ ਸਮਝਿਆ ਜਾਂਦਾ ਸੀ; ਦਿੱਲੀ, ਜਿਹਦੇ ਵਿਚ ਇਕ ਅਤਿਅੰਤ ਰੋਮਾਂਟਿਕ ਖਿਚ ਸੀ, ਉਹ ਦਿੱਲੀ ਮਸੇਂ ਸੌ ਮੀਲ ਦੂਰ ਸੀ ਤੇ ਇਹਨਾਂ ਸੌ ਮੀਲਾਂ ਵਿਚ ਕੋਈ ਰੋਕ ਨਹੀਂ ਸੀ, ਕੋਈ ਰਾਜਾ, ਰਜੇਟਾ, ਚੌਧਰੀ ਜਾਂ ਸੂਬੇਦਾਰ ਨਹੀਂ ਸੀ, ਕੋਈ ਕਿਲ੍ਹਾ ਨਹੀਂ ਸੀ, ਕੋਈ ਫੌਜ ਨਹੀਂ ਸੀ।

ਇਹ ਹੀ ਨਹੀਂ ਆਪ ਦਿੱਲੀ ਵੀ ਉਹਨਾਂ ਦਿਨਾਂ ਵਿਚ ਰੰਡੀ ਸੀ। ਪਾਤਸ਼ਾਹ ਬਦੇਸ਼ੀਂ ਘੁੰਮ ਰਿਹਾ ਸੀ। ਦੇਖਣ ਵਿਚ ਪਾਤਸ਼ਾਹ ਨੂੰ ਅੰਨੀ ਸਫਲਤਾ ਨਹੀਂ ਸੀ ਮਿਲੀ ਜਿਹਦੀ ਕਿ ਉਹਨੂੰ ਤੇ ਮੁਗਲੀਹਾ ਸਲਤਨੱਤ ਨੂੰ ਆਸ ਸੀ। ਯਥਾ ਹਾਲਤ ਵਿਚ ਰਾਜ ਭਾਗ ਦੇ ਮੁਆਮਲਿਆਂ ਅੰਦਰ ਉਹਦੀ ਪਕੜ ਬੜੀ ਕੱਚੀ ਸੀ, ਉਹਦੇ ਦਬਾਅ ਥੱਲਿਓਂ ਹਰ ਕੋਈ ਲੜ ਵੇਲੇ ਅੱਖ ਬਚਾ ਕੇ ਨਿਕਲ ਸਕਦਾ ਸੀ। ਦਿੱਲੀ ਵਿਚ ਰਹਿੰਦੇ ਵਜ਼ੀਰੇ-ਆਜ਼ਮ ਤੇ ਬਾਕੀ ਵਜ਼ੀਰ ਤੇ ਅਮੀਰ ਆਪੋ-ਵਿਚਲੀ ਈਰਖਾ ਨਾਲ ਇਕ ਦੂਜੇ ਦੀ ਜਾਨ ਦੇ ਵੈਰੀ ਬਣੇ ਬੈਠੇ ਸਨ। ਹਕੂਮਤ ਦੀਆਂ ਨੀਹਾਂ ਖੋਖਲੀਆਂ ਹੋ ਚੁਕੀਆਂ ਸਨ। ਔਰੰਗਜ਼ੇਬ ਦੀ ਸਖ਼ਤ ਤੇ ਕਿਸੇ ਹੱਦ ਤਕ ਜ਼ਾਲਮ ਹਕੂਮਤ ਦੀ ਯਾਦ ਹਿੰਦੂਆਂ ਤੇ ਮੁਸਲਮਾਨਾਂ, ਦੋਹਾਂ ਨੂੰ ਕੰਬਾ ਦੇਂਦੀ ਸੀ। ਕਿਸੇ ਹੋਰ ਬਾਦਸ਼ਾਹ ਹੱਥ ਉਹ ਔਰੰਗਜ਼ੇਬ ਜਿੰਨੀ ਸ਼ਕਤੀ ਨਹੀਂ ਸਨ ਦੇਣਾ ਚਾਹੁੰਦੇ। ਉਹਨਾਂ ਦੀ ਦਿਲੀ ਇਛਿਆ ਸੀ ਕਿ ਬਾਦਸ਼ਾਹ ਦਾ ਰਸੂਖ ਮਹਿਦੂਦ ਰਹੇ ਤੇ ਉਹ ਕਦੀ ਵੀ ਐਨਾ ਬਲਵਾਨ ਨਾ ਹੋ ਜਾਏ ਕਿ ਉਹਨਾਂ ਨੂੰ ਸ਼ਤਰੰਜ ਦੇ ਮੋਹਰਿਆਂ ਵਾਂਗ ਜਿਥੇ ਮਰਜ਼ੀ ਹੈ ਰਖੇ ਜਾਂ ਜਿਥੋਂ ਮਰਜ਼ੀ ਹੈ ਚੁੱਕੇ।

ਉਹਨਾਂ ਦੀ ਗਿਰਾਵਟ ਤੇ ਵਹਿੰਦੀ ਵ੍ਰਿਤੀ ਦਾ ਇਕ ਹੋਰ ਕਾਰਨ ਬੰਦਾ ਸਿੰਘ ਦੀ ਬਹਾਦਰੀ ਤੇ ਉਹਦਾ ਨਵਾਂ ਵਿਸ਼ਵਾਸ ਸੀ। ਜਿਸ ਬੰਦਾ ਸਿੰਘ ਨੇ ਸਰਹਿੰਦ ਜਿਹਾ ਸੂਬਾ ਤੇ ਵਜ਼ੀਰ ਖਾਨ ਜਿਹਾ ਸੂਬੇਦਾਰ ਇਕ ਦਿਨ ਵਿਚ ਮਾਰ ਲਿਆ

Scanned by CamScanner

ਉਹਦੇ ਵਾਸਤੇ ਢਹਿ ਢੇਰੀ ਹੋਈ ਦਿੱਲੀ ਦੀ ਹਕੂਮਤ ਕੋਈ ਵੁਕੱਰ ਨਹੀਂ ਸੀ ਰਖਦੀ ! ਅਗੇ ਹੀ ਦਿੱਲੀ ਵਿਚ ਵਜ਼ੀਰ-ਆਜ਼ਮ ਤੇ ਬਾਕੀ ਦੇ ਸਰਦਾਰ ਦਿਨ ਪਰ ਦਿਨ ਬਾਦਸ਼ਾਹ ਬਹਾਦਰ ਸ਼ਾਹ ਨੂੰ ਸੱਦੇ ਭੇਜ ਰਹੇ ਸਨ । ਕਹਿ ਰਹੇ ਸਨ ਕਿ ਸਿਖਾਂ ਦੀ ਤਾਕਤ ਬੜੀ ਵਧ ਗਈ ਹੈ, ਵਜ਼ੀਰ ਖ਼ਾਨ ਅਸਫਲ ਰਿਹਾ ਹੈ । ਲਾਹੌਰ ਦਾ ਸੂਬੇਦਾਰ ਡਰੂ ਤੇ ਨਾਲਾਇਕ ਹੈ । ਦੁਆਬੇ ਦਾ ਸ਼ਮਸ ਖ਼ਾਨ ਅਸਲੋਂ ਹੀ ਨਿਰਲੱਜ ਸਾਬਤ ਹੋਇਆ ਹੈ । ਜੇ ਬਾਦਸ਼ਾਹ ਸਲਾਮਤ ਜਲਦੀ ਆਪਣੀਆਂ ਸਾਰੀਆਂ ਫ਼ੌਜਾਂ ਨਾਲ ਪੰਜਾਬ ਤਸ਼ਰੀਫ਼ ਨਾ ਲਿਆਏ ਤਾਂ ਸਿਖਾਂ ਦੀ ਤਾਕਤ ਨੂੰ ਕੁਚਲਨਾ ਅਨਹੋਣਾ ਹੋ ਜਾਏਗਾ । ਉਹਨਾਂ ਵਿਚੋਂ ਕਿਸੇ ਨੇ ਆਪ ਬੰਦੇ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ ਕੀਤੀ । ਉਹਨਾਂ ਵਿਚੋਂ ਕਿਸੇ ਨੇ ਸੂਬੇਦਾਰ ਸਰਹਿੰਦ ਨੂੰ ਸਹਾਇਤਾ ਭਿਜਵਾਣ ਬਾਰੇ ਵੀ ਨਹੀਂ ਸੀ ਸੋਚਿਆ ।

ਉਹ ਆਪਣੇ ਖਿਆਲੀ ਕਿਲ੍ਹਿਆਂ ਵਿਚ ਆਪਣੇ ਆਪ ਨੂੰ ਮਹਿਫ਼ੂਜ਼ ਸਮਝਦੇ । ਉਹਨਾਂ ਨੂੰ ਖ਼ੁਸ਼ੀ ਸੀ ਕਿ ਬੰਦਾ ਦਿੱਲੀ ਵਲ ਨਹੀਂ ਆ ਰਿਹਾ । ਸਰਹਿੰਦ ਦੀ ਵਿਜੈ ਖਿਡੋਂ ਉਹ ਲੋਹ ਗੜ੍ਹ ਜਾ ਟਿਕਿਆ ਹੈ ਤੇ ਸਿੰਘ ਦੁਆਬੇ ਤੇ ਮਾਝੇ ਵਿਚ ਉਘੜਤੱਤੀਆਂ ਮਚਾਣ ਲਗ ਪਏ ਹਨ । ਕਈ ਤਾਂ ਜਿਨ੍ਹਾਂ ਨੂੰ ਕਿ ਵਜ਼ੀਰ ਖ਼ਾਨ ਨਾਲ ਈਰਖਾ ਸੀ, ਦਿਲੋਂ ਦਿਲ ਖ਼ੁਸ਼ ਵੀ ਸਨ ।

ਪਰ ਜਦੋਂ ਦੋ ਢਾਈ ਮਹੀਨੇ ਠਹਿਰ ਕੇ ਬੰਦਾ ਸਿੰਘ ਨੇ ਸਹਾਰਨਪੁਰ ਆ ਮੱਲਿਆ ਤਾਂ ਉਹਨਾਂ ਦੀ ਖਾਨਿਓਂ ਗਈ । ਸਹਾਰਨਪੁਰ ਤੋਂ ਪਿਛੋਂ ਨੰਨੇਤਾ ਤੇ ਫਿਰ ਬੰਦਾ ਜਲਾਲਾਬਾਦ ਤਕ ਆ ਪਹੁੰਚਿਆ । ਇਹ ਗੱਲ ਅਸੱਚਰਜ ਨਹੀਂ ਸੀ ਕਿ ਦਿੱਲੀ ਦੇ ਵਜ਼ੀਰ ਤੇ ਦਿੱਲੀ ਦੀ ਰਈਅਤ ਕੰਬਣ ਲੱਗੀ ।

"ਕੀ ਸਰਹਿੰਦ ਵਾਂਗ ਦਿੱਲੀ ਵੀ ਲੁੱਟੀ ਤੇ ਉਜਾੜੀ ਜਾਏਗੀ ?" ਇਕ ਸਰਦਾਰ ਦੂਜੇ ਕੋਲੋਂ ਪੁਛਦਾ ।

"ਸਾਡੇ ਕੋਲ ਤਾਂ ਇਥੇ ਵਜ਼ੀਰ ਖ਼ਾਨ ਜਿੰਨੀ ਵੀ ਫ਼ੌਜ ਨਹੀਂ ।" ਦੂਸਰਾ ਆਖਦਾ ।

ਕਿਸੇ ਹੋਰ ਨੂੰ ਕੰਬਣੀ ਛਿੜਦੀ ਤੇ ਉਹ ਕਹਿੰਦਾ:

"ਹੁਣ ਕੀ ਬਣੇਗਾ ਭਰਾਵੋ ?"

ਇਸੇ ਤਰ੍ਹਾਂ ਹੀ ਲੋਕ ਦਿੱਲੀ ਦੇ ਬਾਜ਼ਾਰਾਂ ਵਿਚ ਹਿਰਾਸੇ ਫਿਰਦੇ । ਚਾਂਦਨੀ ਚੌਕ ਆਮ ਨਾਲੋਂ ਸ਼ਾਮੀਂ ਜਲਦੀ ਬੰਦ ਹੋ ਜਾਂਦਾ, ਗਲੀਆਂ ਤੇ ਮਹੱਲਿਆਂ ਦੇ ਲੋਕ ਹਰ ਸ਼ਾਮ ਤੇ ਹਰ ਸਵੇਰ ਇਕੱਠੇ ਹੋ ਕੇ ਬੰਦਾ ਸਿੰਘ ਬਹਾਦਰ ਦੀ ਪੇਸ਼-ਕਦਮੀ ਦੀਆਂ ਗੱਲਾਂ ਕਰਦੇ ।

"ਕਰੀਮਿਆ ! ਬੰਦਾ ਆਇਆ ਕਿ ਆਇਆ ਭਰਾਵਾ । ਮੈਂ ਤਾਂ ਕਹਿਨਾਂ ਟੂੰਬ ਛੱਲਾ ਸਾਂਭ ਆਗਰੇ ਉਠ ਚੱਲੀਏ ।"

"ਭਰਾ ਚਿਆ ਦੀਨਾ ! ਆਗਰੇ ਜਾਣ ਨਾਲ ਹੁਣ ਕੁਝ ਨਹੀਂ ਬਣਨਾ । ਬਸ ! ਮੈਨੂੰ ਤਾਂ ਲਗਦਾ ਹੈ ਕਿ ਮੁਗ਼ਲੀਹਾ ਹਕੂਮਤ ਦੇ ਆਖ਼ਰੀ ਦਿਨ ਆ ਚੁਕੇ ਹਨ ।" ਕਰੀਮ ਖ਼ਾਨ ਬੋਲਦਾ ।

ਕੋਈ ਵਾਹਿਦ ਮੁਹੰਮਦ ਦੋਹਾਂ ਨੂੰ ਢਾਰਸ ਦੇਂਦਾ ਆਖਦਾ:

"ਓਏ ਕੀ ਹੋ ਗਿਆ ਜੇ ਡਰੂ ਓ ! ਜੇਰਾ ਕਰੋ । ਬੰਦਾ ਤੁਹਾਨੂੰ ਮੂੰਹ ਵਿਚ ਤਾਂ ਨਹੀਂ ਪਾਣ ਲੱਗਾ । ਦਿੱਲੀ ਪਹੁੰਚਣਾ ਸੌਖਾ ਨਹੀਂ ।"

"ਪਰ ਵਾਹਿਦ ਮੁਹੰਮਦਾ, ਤੂੰ ਸਰਹਿੰਦ ਦੀ ਹੋਈ ਬਾਬ ਨਹੀਂ ਨਾ ਸੁਣੀ ! ਉਏ ਭੇੜਿਆ ਬੰਦਾ ਜਾਦੂਗਰ ਹੈ । ਬੰਦੇ ਸਾਹਮਣੇ ਅਜੇ ਤਕ ਕੋਈ ਨਹੀਂ ਠਹਿਰ ਸਕਿਆ ।" ਨਾਲ ਖਲੋਤਾ ਆਦਮੀ ਆਖਦਾ ।

"ਹੁਣ ਤਾਂ ਖ਼ੁਦਾਵੰਦ ਹੀ ਬਚਾਵੇ । ਬਾਦਸ਼ਾਹ ਸਲਾਮਤ ਵੀ ਨੇੜੇ ਨਹੀਂ । ਬਸ ! ਹੁਣ ਸਾਡੇ ਆਖਰੀ ਦਿਨ ਆਏ ।"

ਇਹੋ ਜਿਹੀ ਹਾਲਤ ਦਿੱਲੀ ਤੇ ਦਿੱਲੀ ਦੇ ਹਾਕਮਾਂ ਦੀ ਸੀ ਉਸ ਵੇਲੇ ਜਦੋਂ ਬੰਦਾ ਸਿੰਘ ਜਲਾਲਾਬਾਦ ਨੂੰ ਘੇਰਾ ਘੱਤੀ ਬੈਠਾ ਸੀ ਤੇ ਦਿੱਲੀ ਵਲ ਵੇਖਦਾ ਕਹਿ ਰਿਹਾ ਸੀ:

"ਜੇ ਪਰਮਾਤਮਾ ਨੇ ਚਾਹਿਆ ਤਾਂ ਜਲਦੀ ਹੀ ਦਿੱਲੀ ਸਿਖ ਪੰਥ ਅਗੇ ਚੜ੍ਹਾਵੇ ਦੇ ਰੂਪ ਵਿਚ ਅਰਪਨ ਕਰਾਂਗਾ ।"

ਬਾਜ ਸਿੰਘ ਸਦਾ ਵਾਂਗ ਬੰਦੇ ਦੇ ਨਾਲ ਸੀ । ਬਾਜ ਸਿੰਘ ਦੀ ਉਮਰ ਬੰਦੇ ਨਾਲੋਂ ਕੋਈ ਵੀਹ ਪੰਝੀ ਸਾਲ ਲੰਮੇਰੀ ਹੋਵੇਗੀ । ਉਹਦੀ ਦਾੜ੍ਹੀ ਚਿੱਟੀ ਸੀ ਤੇ ਸਿਰੋਂ ਉਹ ਲਗ ਪਗ ਹੁਣ ਤਕ ਗੰਜਾ ਹੀ ਹੋ ਚੁਕਾ ਸੀ । ਏਸੇ ਕਰ ਕੇ ਉਹ ਪੱਗ ਵੱਡੀ ਬੰਨ੍ਹਦਾ ਤੇ ਪੱਲੀ ਪੱਲੀ । ਉਹਦਾ ਸ਼ਰੀਰ ਪਤਲਾ ਸੀ ਤੇ ਕਦਰੇ ਲੰਮਾ । ਜਦੋਂ ਵੀ ਜ਼ਰਾ ਵਿਹਲ ਮਿਲੇ ਉਹ ਆਪਣੀ

Scanned by CamScanner

ਲੰਮੀ ਸੋਹਣੀ ਦਾੜ੍ਹੀ ਉੱਤੇ ਹੱਥ ਫੇਰਨ ਦਾ ਆਦੀ ਸੀ, ਖਾਸ ਕਰ ਕੇ ਜਦੋਂ ਉਹ ਬੰਦੇ ਦੇ ਸਾਹਮਣੇ ਹੁੰਦੇ। ਬਾਜ ਸਿੰਘ ਇਕ ਲੰਮਾ ਅਰਸਾ ਗੁਰੂ ਗੋਬਿੰਦ ਸਿੰਘ ਜੀ ਨਾਲ ਰਿਹਾ ਸੀ ਤੇ ਉਹਨੇ ਸਿਖੀ ਮਰਿਆਦਾ ਤੇ ਸਿਖ ਰਹਿਤ ਨੂੰ ਬੜੀ ਚੰਗੀ ਤਰ੍ਹਾਂ ਕੁਹਿਣ ਕੀਤਾ ਸੀ।

ਇਹ ਬਾਜ ਸਿੰਘ, ਬਾਕੀ ਚੋਣਾ ਪਿਆਰਿਆਂ ਤੇ ਗੁਰੂ ਗੋਬਿੰਦ ਸਿੰਘ ਵਲੋਂ ਬੰਦੇ ਨਾਲ ਭੇਜੇ ਬਾਕੀ ਸਿਖਾਂ ਦੀ ਵਡਿਆਈ ਸੀ ਕਿ ਉਹਨਾਂ ਨੇ ਬੰਦਾ ਸਿੰਘ ਨੂੰ ਤਨੋਂ ਮਨੋਂ ਆਪਣਾ ਨਾਇਕ ਸਵੀਕਾਰ ਕੀਤਾ। ਇਹ ਸਵੀਕਾਰਤਾ ਉਸ ਚੱਜਤ ਦੀ ਸੂਚਕ ਸੀ ਜਿਹੜੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਸਾਥੀਆਂ ਵਿਚ ਭਰਨ ਦੀ ਕੋਸ਼ਸ਼ ਕੀਤੀ। ਜਿਸ ਸੇਵਾ ਤੇ ਮੈਤਰੀ ਭਾਵ ਨਾਲ ਇਹਨਾਂ ਪੰਜਾਂ ਪਿਆਰਿਆਂ ਤੇ ਹੋਰਨਾਂ ਸਿਖਾਂ ਨੇ ਬੰਦੇ ਨੂੰ ਅਪਣਾਇਆ ਤੇ ਉਚਿਆਇਆ ਉਸ ਤੋਂ ਪ੍ਰਤਖ ਸੀ ਕਿ ਗੁਰੂ ਗੋਬਿੰਦ ਸਿੰਘ ਆਪਣੇ ਨਿਸ਼ਾਨੇ ਵਿਚ ਸਫਲ ਹੋਏ। ਠੀਕ, ਬੰਦੇ ਦੀ ਸ਼ਖਸੀਅਤ ਤੇ ਉਹਦੀ ਪ੍ਰਤਿਭਾ, ਇੱਜ਼ਤ ਤੇ ਆਗਿਆਕਾਰੀ ਲਈ ਹਰੇ ਇਕ ਨੂੰ ਮਜਬੂਰ ਕਰ ਸਕਦੀ ਸੀ ਪਰ ਭਾਈ ਬਾਜ ਸਿੰਘ ਤੇ ਹੋਰਨਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਜਿੰਨੀ ਬੰਦੇ ਦੀ ਸ਼ਖਸੀਅੱਤ ਤੇ ਪ੍ਰਤਿਭਾ ਸੀ ਉਸ ਤੋਂ ਵਧ ਇਹ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅੱਤ ਤੇ ਪ੍ਰਤਿਭਾ।

ਬੰਦੇ ਦੀ ਇਹ ਇਜ਼ਤ ਤੇ ਉਹਦੀ ਇਹ ਆਗਿਆਕਾਰੀ ਇਕ ਤਰ੍ਹਾਂ ਦੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਸੀ।

ਸਹਾਰਨਪੁਰ, ਨੰਨੇਤਾ ਤੇ ਜਲਾਲਾਬਾਦ — ਤੇ ਇਹਨਾ ਤੋਂ ਪਹਿਲੋਂ ਤੇ ਪਿਛੋਂ ਹੁੰਦੀਆਂ ਸਭ ਲੜਾਈਆਂ ਵਿਚ ਭਾਈ ਬਾਜ ਸਿੰਘ ਸਦਾ ਬੰਦੇ ਦਾ ਸੱਜਾ ਹੱਥ ਸੀ। ਭਾਈ ਬਾਜ ਸਿੰਘ ਤੋਂ ਇਲਾਵਾ ਉਹਦੇ ਤਿੰਨ ਭਰਾ ਰਾਮ ਸਿੰਘ, ਸ਼ਾਮ ਸਿੰਘ ਤੇ ਕੁਬੇਰ ਸਿੰਘ ਵੀ ਸਦਾ ਹਰ ਲੜਾਈ ਵਿਚ ਸ਼ਾਮਿਲ ਹੋਏ। ਉਪ੍ਰੰਤ ਬਿਨੋਦ ਸਿੰਘ ਝਿਹਣ ਤੇ ਕਾਹਨ ਸਿੰਘ ਭੱਲਾ ਨੇ ਵੀ ਘਟ ਵਧ ਹੀ ਬੰਦੇ ਦਾ ਸਾਥ ਫੜਿਆ।

ਅੱਜ ਜਦੋਂ ਬੰਦੇ ਨੇ ਇਹ ਸ਼ਬਦ ਕਹੇ, "ਜੇ ਪਰਮਾਤਮਾ ਨੇ ਚਾਹਿਆ ਤਾਂ ਜਲਦੀ ਹੀ ਦਿੱਲੀ ਸਿਖ ਪੰਥ ਅਗੇ ਚੜ੍ਹਾਵੇ ਦੇ ਰੂਪ ਵਿਚ ਅਰਪਨ ਕਰਾਂਗਾ," ਤਾਂ ਬਾਜ ਸਿੰਘ ਨਾਲ ਹੀ ਖਲੋਤਾ ਸੀ।

ਇਹ ਸ਼ਬਦ ਸੁਣ ਕੇ ਬਾਜ ਸਿੰਘ ਦਾ ਮਨ ਬੰਦੇ ਦੇ ਆਦਰ ਤੇ ਸਤਿਕਾਰ ਨਾਲ ਭਰ ਗਿਆ ਤੇ ਉਸ ਕਿਹਾ:

"ਬਾਬਾ ਜੀ ! ਤੁਹਾਡੀ ਅਗਵਾਈ ਬੱਲੇ ਖਾਲਸੇ ਦੀ ਫਤਹ ਹੀ ਫਤਹ ਹੋਵੇਗੀ। ਤੁਹਾਨੂੰ ਤਾਂ ਜਿਵੇਂ ਰੱਬ ਨੇ ਸਾਡੀ ਅਗਵਾਈ ਲਈ ਹੀ ਭੇਜਿਆ ਹੋਵੇ। ਅੱਜ ਮੈਨੂੰ ਉਹ ਦਿਨ ਯਾਦ ਆ ਰਿਹਾ ਹੈ ਜਦੋਂ ਗੁਰੂ ਕਲਗੀਆਂ ਵਾਲੇ ਨੇ ਤੁਹਾਨੂੰ ਪਹਿਲੀ ਵਾਰ ਵੇਖਿਆ। ਤੁਹਾਡੀ ਸ਼ਖਸੀਅਤ ਦਾ ਉਹਨਾਂ ਉੱਤੇ ਬੜਾ ਪ੍ਰਭਾਵ ਪਿਆ ਤੇ ਰਾਤ ਹੀ ਉਹਨਾਂ ਮੈਨੂੰ ਕਿਹਾ, ਕਿ ਜਿਸ ਆਦਮੀ ਦੀ ਉਹਨਾਂ ਨੂੰ ਭਾਲ ਸੀ ਉਹ ਅੱਜ ਉਹਨਾਂ ਨੂੰ ਗੋਦਾਵਰੀ ਦੇ ਕੰਢੇ ਉੱਤੇ ਮਿਲ ਗਿਆ ਹੈ। ਬਾਬਾ ਜੀ...।"

ਪਰ ਬੰਦਾ ਸਿੰਘ ਨੇ ਬਾਜ ਸਿੰਘ ਨੂੰ ਟੋਕਿਆ, "ਭਾਈ ਬਾਜ ਸਿੰਘ ਜੀ ! ਗੁਰੂ ਗੋਬਿੰਦ ਸਿੰਘ ਬਾਰੇ ਗੱਲ ਕਰਨੀ, ਮੈਨੂੰ ਇੰਜ ਲਗਦਾ ਹੈ, ਜਿਵੇਂ ਉਹਨਾਂ ਦਾ ਨਿਰਾਦਰ ਹੋਵੇ। ਭਾਈ ਜੀ ! ਗੁਰੂ ਗੋਬਿੰਦ ਸਿੰਘ ਬਾਰੇ ਸਿਰਫ਼ ਸੋਚਿਆ ਹੀ ਜਾ ਸਕਦਾ ਹੈ। ਉਹਨਾਂ ਨੂੰ ਮਨ ਹੀ ਮਨ ਧਿਆਇਆ ਤੇ ਸਿਮਰਿਆ ਹੀ ਜਾ ਸਕਦਾ ਹੈ। ਆਪਣੀ ਇਕ ਤਕਣੀ ਰੇ ਅਪਣੀ ਇਕ ਛੋਹ ਨਾਲ ਉਹਨਾਂ ਮੇਰੇ ਵਿਚ ਉਹ ਬਲ, ਉਹ ਸ਼ਕਤੀ, ਉਹ ਸਵੈ-ਵਿਸ਼ਵਾਸ ਤੇ ਸਿਖ ਪੰਥ ਵਾਸਤੇ ਉਹ ਸੇਵਾ ਭਾਵ ਭਰ ਦਿਤਾ ਕਿ..." ਤੇ ਬੰਦਾ ਐਨਾ ਭਾਵਕ ਹੋ ਗਿਆ ਕਿ ਉਹ ਅਗੋਂ ਕੁਝ ਨਾ ਕਹਿ ਸਕਿਆ।

ਸਿਰਫ਼ ਇਹਨਾਂ ਮੌਕਿਆਂ ਉਤੇ ਹੀ ਬੰਦਾ ਸਿੰਘ ਭਾਵਕ ਹੋਇਆ ਕਰਦਾ ਸੀ। ਉਹ ਗੁਰੂ ਗੋਬਿੰਦ ਸਿੰਘ ਬਾਰੇ ਕਦੀ ਬਹੁਤੀ ਦੇਰ ਗੱਲਾਂ ਨਹੀਂ ਸੀ ਕਰ ਸਕਦਾ। ਜਜ਼ਬਾਤ ਉਹਦਾ ਗੱਚ ਭਰ ਲੈਂਦੇ ਸਨ। ਏਸੇ ਲਈ ਉਹਦੀ ਗੱਲ ਬਾਤ ਵਿਚ ਗੁਰੂ ਗੋਬਿੰਦ ਸਿੰਘ ਵਲ ਸੰਕੇਤ ਜਾਂ ਉਹਨਾਂ ਦਾ ਜ਼ਿਕਰ ਬੜਾ ਘੱਟ ਆਉਂਦਾ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਧਿਆਨ ਵਿਚ ਜੀਉਂਦਾ ਸੀ, ਸੋ ਫਿਰ ਉਹਨਾਂ ਬਾਰੇ ਗੱਲਾਂ ਕਰਨੀਆਂ ਕਿਵੇਂ ਆਸਾਨ ਹੁੰਦੀਆਂ। ਏਸੇ ਧਿਆਨ ਨੇ ਹੀ ਉਹਨੂੰ ਪਹਿਲੇ ਨਾਲੋਂ ਵੀ ਵਧ ਸੰਜਮੀ ਤੇ ਮਿਹਨਤੀ ਬਣਾ ਦਿਤਾ ਸੀ।

ਅਜ ਬੰਦਾ ਸਿੰਘ ਨੂੰ ਇਸ ਤਰਾਂ ਗੱਲਾਂ ਕਰਦਿਆਂ ਸੁਣ ਕੇ ਭਾਈ ਬਾਜ ਸਿੰਘ ਦੇ ਨੈਣ ਭਰ ਆਏ ਤੇ ਉਹ ਕੂਇਆ;

Scanned by CamScanner

"ਧੰਨ ਬਾਬਾ ਨਾਨਕ ! ਧੰਨ ਗੁਰੂ ਕਲਗੀਆਂ ਵਾਲਾ !" "ਧੰਨ ਬਾਬਾ ਨਾਨਕ ! ਧੰਨ ਗੁਰੂ ਕਲਗੀਆਂ ਵਾਲਾ !"

"ਧੰਨ ਸਿੱਖੀ ! ਖੰਨਿਓਂ ਤਿੱਖੀ, ਵਾਕੋ ਨਿੱਕੀ !"

ਬੰਦਾ ਸਿੰਘ ਬਹਾਦਰ ਨੇ ਵੀ ਇਹੋ ਸ਼ਬਦ ਦੁਹਰਾਏ ਤੇ ਉਹ ਆਪਣੇ ਤੰਬੂ ਵਿਚ ਚਲਾ ਗਿਆ।

ਪਰ ਪਰਮਾਤਮਾ ਨੂੰ ਸ਼ਾਇਦ ਮਨਜ਼ੂਰ ਨਹੀਂ ਸੀ ਕਿ ਦਿੱਲੀ ਸਿਖ ਪੰਥ ਸਾਹਮਣੇ ਚੜ੍ਹਾਵੇ ਦੇ ਰੂਪ ਵਿਚ ਪੇਸ਼ ਹੁੰਦੀ।

ਅਜੇ ਜਲਾਲਾਬਾਦ ਪੂਰੀ ਤਰ੍ਹਾਂ ਸਰ ਵੀ ਨਹੀਂ ਸੀ ਹੋਇਆ ਕਿ ਮੀਂਹ ਮੋਹਲੇਧਾਰ ਵੱਸਨ ਲਗੇ । ਬੇਸ਼ਕ ਇਹ ਦਿਨ ਮੀਂਹਾਂ ਦੇ ਸਨ ਤੇ ਬੰਦੇ ਨੇ ਮੌਸਮ ਦੀ ਇਹ ਤਬਦੀਲੀ ਆਪਣੇ ਧਿਆਨ ਵਿਚ ਰਖੀ ਸੀ ਪਰ ਅਜ ਵਾਂਗ ਉਹਨਾਂ ਦਿਨਾਂ ਵਿਚ ਵੀ ਮੀਂਹਾਂ ਦੇ ਦਿਨ ਜਲਾਲਾਬਾਦ ਤੇ ਦਿੱਲੀ ਦੇ ਇਲਾਕੇ ਵਿਚ ਅਤਿਅੰਤ ਹੜ੍ਹਾਂ ਦੇ ਦਿਨ ਨਹੀਂ ਸੀ ਹੁੰਦਿਆ ਕਰਦੇ । ਜਿਹਲਮ ਤੇ ਅਟਕ ਚੜ੍ਹਿਆ ਕਰਦੇ ਸਨ । ਝਨਾਂ ਵੀ ਝੂਕ ਉਠਦੀ ਸੀ ਤੇ ਕਦੀ ਕਦੀ ਸਤਲੁਜ ਤੇ ਬਿਆਸਾਂ ਨੂੰ ਵੀ ਰੌਂ ਚੜ੍ਹਦਾ, ਪਰ ਜਮਨਾ ਦਰਿਆ ਤੇ ਕ੍ਰਿਸ਼ਨਾ ਨਦੀ ਘਟ ਵਧ ਹੀ ਕੰਢੇ ਪਾੜ ਕੇ ਸਭ ਪਾਸੇ ਜਲ ਥਲ ਕਰਦੀਆਂ ।

ਅੰਤਕੀ — ਨਾ ਜਾਣੇ ਕਿਉਂ, ਅੰਤਕੀ — ਕ੍ਰਿਸ਼ਨਾਂ ਤੇ ਜਮਨਾਂ ਨੂੰ ਰੌਂ ਚੜ੍ਹਿਆ ਤੇ ਉਹਨਾਂ ਨੇ ਆਪਣੇ ਕੰਢੇ ਪਾੜ ਦਿਤੇ । ਜਲਾਲਾਬਾਦ ਦੇ ਆਲੇ-ਦੁਆਲੇ ਦਾ ਇਲਾਕਾ ਤੇ ਧੁਰ ਦਿੱਲੀ ਤਕ ਆਉਣ ਜਾਉਣ ਮੁਹਾਲ ਹੀ ਨਹੀਂ — ਅਣਹੋਣਾ ਹੋ ਗਿਆ ।

ਕੁਦਰਤੀ ਤਾਕਤਾਂ ਨੇ ਮਨੁੱਖੀ ਪ੍ਰਤਿਭਾ ਨੂੰ ਹਾਰ ਦਿਤੀ । ਸੈਨਾਪਤੀ ਕੁਦਰਤ ਅਗੇ ਝੁਕਿਆ ਤੇ ਬੰਦਾ ਸਿੰਘ ਕਦਮ ਮੋੜ ਲਏ ।

ਜੇ ਇਹ ਸਿਰਫ ਹੜ੍ਹ ਵੀ ਹੁੰਦੇ ਤਾਂ ਵੀ ਕੋਈ ਗੱਲ ਸੀ, ਪਰ ਹੜ੍ਹਾਂ ਦੇ ਨਾਲ ਨਾਲ ਬਾਰਸ਼ਾਂ ਵੀ ਅਮੁੱਕ ਹੋਈਆਂ। ਤੇ ਬਾਰਸ਼ਾਂ ਦੇ ਨਾਲ ਨਾਲ ਮਲੇਰੀਏ ਨੇ ਸਾਰੀ ਸੈਨਾ ਨੂੰ ਆਪਣੀ ਜੱਦ ਵਿਚ ਲੈ ਲਿਆ ।

ਅਪੂਰਬਤਾ ਨੇ ਮਨੁੱਖੀ ਪਾਰਦਰਸ਼ਤਾ ਤੇ ਸਿਆਣਪ ਨੂੰ ਝੁੱਠਲਾ ਦਿਤਾ । ਬੰਦਾ ਸਿੰਘ ਸਹੀ ਸਲਾਮਤ ਆਪਣੀ ਸੈਨਾ ਨੂੰ ਪੰਜਾਬ ਮੋੜ ਲਿਆਇਆ । ਇਸ ਕੁਦਰਤ ਵਲੋਂ ਨਾਜ਼ਲ ਹੋਏ ਸੰਕਟ ਦਾ ਨਤੀਜਾ ਕੀ ਹੋਇਆ ?

ਇਕ ਸਲਤਨੱਤ ਤਬਾਹ ਹੋਣੋਂ ਬੱਚ ਗਈ, ਇਕ ਸਲਤੱਨਤ ਸਥਾਪਤਿ ਹੋਣੋਂ ਖੁੱਟ ਗਈ । ਇਕ ਰਾਜ ਕਾਇਮ ਹੁੰਦਾ ਹੁੰਦਾ ਉੱਕ ਗਿਆ ਤੇ ਇਕ ਰਾਜ ਚਹਿੰਦਾ ਚਹਿੰਦਾ ਵੀ ਤੱਗ ਗਿਆ ।

ਇਹੋ ਜਿਹਾ ਨੁਕਤਾ ਸਮਝਣ ਵਾਸਤੇ ਇਕ ਫਹਿਮ ਆਮ ਇਤਿਹਾਸਕਾਰ ਨਹੀਂ ਲੋੜੀਂਦਾ, ਓਹ ਇਤਿਹਾਸਕਾਰ ਲੋੜੀਂਦਾ ਹੈ ਜਿਹੜਾ ਯੁਧ ਨੂੰ ਸਮਝ ਸਕੇ ਤੇ ਜਿਹੜਾ ਬੰਦੇ ਦੀ ਪ੍ਰਤਿਭਾ ਦੀ ਥਾਹ ਪਾ ਸਕੇ ।

ਜਦੋਂ ਬੰਦੇ ਨੇ ਆਪਣੇ ਕਦਮ ਮੋੜੇ ਤਾਂ ਉਸ ਲਾਲਸਈ ਭਾਵਨਾਵਾਂ ਨਾਲ ਕਿਹਾ,

"ਇਹ ਮੋੜ ਬੜਾ ਛਿਤਨਾ ਭਰਪੂਰ ਤੇ ਗੁੜ-ਅਰਥਾ ਮੋੜ ਹੈ !"

ਬੰਦਾ ਸਿੰਘ ਨੂੰ ਜਿਵੇਂ ਇਹ ਤੌਖਲਾ ਹੋਵੇ ਕਿ ਇਹ ਮੋੜ ਸ਼ਾਇਦ ਉਹਦੀ ਖੇਸ਼ਕਦਮੀ ਤੇ ਖਾਲਸੇ ਦਾ ਜਿੱਤਾਂ ਦਾ ਆਦਿਕ ਮੋੜ ਹੈ ।

ਇਹ ਸਮਾਂ ਤੇ ਇਹ ਮੌਕਾ ਨਾਜ਼ਕ ਸੀ । ਇਸ ਸਮੇਂ ਦਿੱਲੀ ਨਿਹੱਥੀ ਸੀ । ਲਾਹੌਰ ਤੋਂ ਲੈ ਕੇ ਦਿੱਲੀ ਤਕ ਮੁਗਲੀਹਾ ਰਾਜ ਦੇ ਸਰਦਾਰਾਂ ਤੇ ਅਮੀਰਾਂ ਨੂੰ ਇਸ ਸਮੇਂ ਇਕ ਘੋਰ ਗਿਰਾਵਟ ਖਾ ਰਹੀ ਸੀ । ਇਸ ਸਮੇਂ ਸਿੱਖਾਂ ਦੀ ਧਾਂਕ ਰਾਜਪੂਤਾਨੇ ਤੇ ਧੁਰ ਦੱਖਣ ਤਕ ਪਹੁੰਚ ਚਕੀ ਸੀ । ਇਸ ਸਮੇਂ ਸਿਖ ਚੜ੍ਹਦੀਆਂ ਕਲਾਂ ਵਿਚ ਸਨ । ਇਸ ਸਮੇਂ ਤਕ ਬੰਦਾ ਸਿੰਘ ਬਹਾਦਰ ਨੇ ਸਿਖ ਰਾਜ ਦੀ ਸਥਾਪਨਾ ਕਰ ਦਿਤੀ ਸੀ ਪਰ ਅਜੇ ਨੀਂਹਾਂ ਮਜ਼ਬੂਤ ਨਹੀਂ ਸਨ ਹੋਈਆਂ ।

ਜੇ ਦਿੱਲੀ ਹੱਥ ਆ ਜਾਂਦੀ ਤਾਂ ਸਿਖ ਰਾਜ ਨੂੰ ਇਕ ਅਜਿਹਾ ਥੰਮ ਮਿਲਦਾ ਕਿ ਫਿਰ ਕੋਈ ਸ਼ਕ — ਕੋਈ ਡਰ ਨਾ ਰਹਿੰਦਾ ।

ਪਰ ਉੱਜ...ਉੱਜ ਬੰਦੇ ਕੋਲ ਅਜ ਸ਼ਹਿਨਸ਼ਾਹ ਦਿੱਲੀ ਨਾਲ ਭਿੜਨ ਵਾਸਤੇ ਤੋਪਾਂ ਨਹੀਂ ਸਨ, ਚਾਬੀ ਨਹੀਂ ਸਨ, ਪੈਸਾ ਨਹੀਂ ਸੀ, ਸਿਪਾਹੀ ਨਹੀਂ ਸਨ ।

ਬੰਦਾ ਸਿੰਘ ਨੂੰ ਇਸ ਨੁਕਤੇ ਦੀ ਸੋਝੀ ਸੀ । ਇਸੇ ਕਰਕੇ ਉਹ ਸਰਹਿੰਦ ਦੀ ਵਿਜੈ ਪਿਛੋਂ ਬਹੁਤਾ ਚਿਰ ਲੋਹ ਗੜ੍ਹ ਨਹੀਂ ਸੀ ਟਿਕਿਆ । ਉਹਦੇ ਦਿਮਾਗ਼ ਵਿਚ ਕਰਨ ਵਾਲੇ ਅਜੇ ਅਨੇਕ ਅਧੂਰੇ ਕੰਮ ਜੋੜ ਲਾ ਰਹੇ ਸਨ, ਪਰ ਉਸ ਕਿਹਾ ਕਿ

Scanned by CamScanner

ਅਧੂਰੇ ਕੰਮ ਫਿਰ ਵੀ ਨਜਿੱਠੇ ਜਾਣਗੇ। ਪਰ ਦਿੱਲੀ ਇਸ ਦਰ੍ਹਾ ਵਾਲ ਫਿਰ ਕਦੀ ਸੇਖੀ ਨਹੀਂ ਮਿਲਣੀ। ਸੋ ਉਸ ਕਾਮਰਵੇਸ਼ ਲੱਸ ਲਏ।

ਤੇ ਅਜ ਹੜ੍ਹੀ, ਮੀਂਹ ਤੇ ਮਲੇਰੀਏ ਨੇ ਬੰਦਾ ਸਿੰਘ ਨੂੰ ਹਰਾ ਦਿਤਾ। ਖਾਲਸਾ ਪੰਥ ਨੂੰ ਹਰਾ ਦਿਤਾ।

ਬੰਦੇ ਨੂੰ ਲਗਦਾ ਸੀ ਕਿ ਹੁਣ ਮੌਕਾ ਖੁੰਝ ਚੁੱਕਾ ਹੈ। ਹੁਣ ਪਤਾ ਨਹੀਂ ਕੀ ਹੋਵੇਗਾ? ਹੁਣ ਸ਼ਾਇਦ ਉਹ ਕਿਤੇ ਜੰਮੂ ਕੇ ਬਹਿਨਬਾਂਹ ਨਾਲ ਲੜ ਵੀ ਸਕੇਗਾ ਕਿ ਨਹੀਂ।

ਏਸੇ ਲਈ ਜਲਾਲਾਬਾਦ ਤੋਂ ਮੁੜਦਾ ਬੰਦਾ ਉਦਾਸ ਸੀ, ਕਿਸੇ ਹੱਦ ਤਕ ਨਿਰਾਸ਼ ਵੀ। ਸਦਾ ਚੜ੍ਹਦੀਆਂ ਕਲਾ ਵਿਚ ਰਹਿਣ ਵਾਲਾ ਬੰਦਾ ਅਜ ਨਿਰਾਸ਼ ਸੀ। ਉਹ ਕਿਸੇ ਨਾਲ ਗੱਲ ਨਹੀਂ ਸੀ ਕਰਦਾ, ਉਹ ਕੁਝ ਖਾ ਨਹੀਂ ਸੀ ਰਿਹਾ।

ਭਾਈ ਬਾਜ ਸਿੰਘ ਨੇ ਇਕ ਦਿਨ ਹਿੰਮਤ ਕਰ ਕੇ ਪੁਛਿਆ,

"ਬਾਬਾ ਜੀ! ਮੈਂ ਜਾਂ ਕੋਈ ਹੋਰ ਸਰਦਾਰ ਇਸ ਨਿਰਾਸ਼ਾ ਦਾ ਕਾਰਨ ਨਹੀਂ ਸਮਝ ਸਕੇ।"

ਪਰ "ਖਾਲਸਾ ਜੀ! ਮੇਰੀ ਨਿਰਾਸ਼ਾ ਦੇ ਕੁਝ ਕਾਰਨ ਜ਼ਰੂਰ ਹਨ — ਜਿੱਹੜੇ ਮੇਰੀ ਪ੍ਰਾਰਥਨਾ ਹੈ, ਕਿ ਹੁਣੇ ਨਿਕਲਣ।"

ਏਧਰ ਮਾਹਿਲ ਵਿਚ ਜਦੋਂ ਖਾਲਸਈ ਸੈਨਾ ਦੇ ਮੁੜਨ ਦੀ ਖਬਰ ਪਹੁੰਚੀ ਤਾਂ ਸ਼ਾਹਬਾਜ਼ ਸਿੰਘ ਬੜਾ ਨਿਮੋਝੂਣਾ ਹੋਇਆ।

ਸਵਾਏ ਸ਼ਾਹਬਾਜ਼ ਦੇ ਹੋਰ ਕੋਈ ਇਸ ਮੋੜੇ ਦਾ ਗੂੜ੍ਹ ਮਤਲਬ ਨਹੀਂ ਸੀ ਸਮਝ ਸਕਦਾ। ਹਰ ਇਕ ਦੇ ਭਾਵੇ ਸਹਾਰਨਪੁਰ ਤੇ ਠੰਠੇਰੇ ਦੀਆਂ ਜਿੱਤਾਂ ਸਿਖ ਪੰਥ ਵਾਸਤੇ ਬੜੀਆਂ ਮਾਹਰਕੇਦਾਰ ਜਿੱਤਾ ਸਨ। ਹਰ ਇਕ ਆਦਮੀ ਖੁਸ਼ ਸੀ। ਉਹਦਾ ਸਿਰ ਉਚਾ ਸੀ। ਉਹਨਾਂ ਦੇ ਖਿਆਲ ਵਿਚ ਸਿਖ ਸੈਨਾ ਮੁੜ ਆਈ ਸੀ ਕਿਉਂਕਿ ਜਿਸ ਕੰਮ ਲਈ ਉਹ ਸਹਾਰਨਪੁਰ, ਠੰਠੇਰੇ ਤੇ ਜਲਾਲਾਬਾਦ ਗਏ ਸਨ ਉਹ ਪੂਰਾ ਹੋ ਚੁਕਾ ਸੀ। ਹਿੰਦੂਆਂ ਦੀ ਬੰਦ-ਖਲਾਸ ਹੋ ਚੁਕੀ ਸੀ ਤੇ ਮੁਸਲਮਾਨਾ ਦਾ ਹੰਕਾਰ ਟੁਟ ਚੁਕਾ ਸੀ।

ਪਰ ਸ਼ਾਹਬਾਜ਼ ਸਿੰਘ ਮਨ ਹੀ ਮਨ 'ਚ ਆਖਦਾ ਕਿ ਕੋਈ ਭੇਦ ਜ਼ਰੂਰ ਹੈ।

ਉਹਨੂੰ ਬੰਦਾ ਸਿੰਘ ਬਹਾਦਰ ਦੇ ਸ਼ਬਦ ਚੇਤੇ ਆਉਂਦੇ। ਬੰਦਾ ਸਿੰਘ ਨੇ ਇਹ ਸ਼ਬਦ ਸ਼ਾਹਬਾਜ਼ ਨੂੰ ਬੜੇ ਖੁਫੀਆ ਲਹਿਜੇ ਵਿਚ ਕਹੇ ਸਨ ਤੇ ਚਿਤਾਉਨੀ ਕਰਾਈ ਸੀ ਕਿ ਉਹ ਕਿਸੇ...ਕਿਸੇ ਨਾਲ ਵੀ ਇਸ ਬਾਰੇ ਜ਼ਿਕਰ ਨਾ ਕਰੇ।

ਇਹ ਓਦੋਂ ਦੀ ਗੱਲ ਸੀ ਜਦੋਂ ਮਾਹਿਲ ਆਉਣ ਵੇਲੇ ਸ਼ਾਹਬਾਜ਼ ਬੰਦਾ ਸਿੰਘ ਨੂੰ ਸ਼ੁਭ ਵਿਦਾਇਗੀ ਕਹਿਣ ਗਿਆ ਸੀ।

"ਬਾਬਾ ਜੀ! ਮੈਂ ਰਾਜ਼ੀ ਹੁੰਦਿਆਂ ਸਾਰ ਹੀ ਤੁਹਾਡੀ ਸੇਵਾ ਵਿਚ ਆ ਹਾਜ਼ਰ ਹੋਵਾਂਗਾ, ਭਾਵੇਂ ਤੁਸੀਂ ਸਹਾਰਨਪੁਰ ਹੋਵੇ ਭਾਵੇਂ ਕਿਤੇ ਹੋਰ।"

"ਸ਼ਾਇਦ ਖਾਲਸਾ ਜੀ! ਅਸੀਂ ਸਭ ਦਿੱਲੀ ਹੀ ਹੋਈਏ...", ਬੰਦਾ ਸਿੰਘ ਮੁਸਕਰਾਇਆ ਸੀ ਤੇ ਫਿਰ ਉਸ ਭੇਤ ਭਰੇ ਲਹਿਜੇ ਵਿਚ ਕਿਹਾ ਸੀ, "ਪਰ ਤੁਸੀਂ ਕਿਸੇ...ਕਿਸੇ ਨਾਲ ਵੀ ਦਿੱਲੀ ਦੀ ਮੁਹਿੰਮ ਬਾਰੇ ਗੱਲ ਨਹੀਂ ਕਰਨੀ।"

ਤੇ ਸ਼ਾਹਬਾਜ਼ ਨੇ ਆਗਿਆ ਦਾ ਪਾਲਣ ਕੀਤਾ। ਦਿੱਲੀ ਬਾਰੇ ਉਹਨੇ ਕਿਸੇ...ਕਿਸੇ ਨਾਲ ਵੀ ਕੋਈ ਗੱਲ ਨਹੀਂ ਕੀਤੀ। ਆਪਣੀ ਪਿਆਰੀ ਸ਼ੋਭੀ ਨੂੰ ਵੀ ਕੁਝ ਨਹੀਂ ਕਿਹਾ, ਉਂਜ ਦਿਲ ਵਿਚ ਉਹ ਸਦਾ ਖੁਸ਼ ਸੀ ਕਿ ਜਲਦੀ ਹੀ ਦਿੱਲੀ ਮਾਰੀ ਕਿ ਮਾਰੀ ਗਈ।

ਪਰ ਜਦੋਂ ਉਸ ਸੁਣਿਆ ਕਿ ਖਾਲਸਈ ਸੈਨਾ ਜਲਾਲਾਬਾਦ ਨੂੰ ਸਰ ਕਰ ਕੇ ਮੁੜ ਆਈ ਹੈ ਤਾਂ ਉਹਦਾ ਜੀ ਇਕ ਦੰਮ ਬੈਠ ਗਿਆ।

"ਬਾਬਾ ਬੰਦਾ ਆਪਣੇ ਇਰਾਦਿਆਂ ਵਿਚ ਅਸਫਲ ਹੋਣ ਵਾਲਾ ਆਦਮੀ ਨਹੀਂ। ਕੀ ਘਟਨਾ ਵਾਪਰੀ ਹੈ। ਕੀ ਗੱਲ ਹੋਈ ਹੈ? ਕੋਈ ਨਾ ਕੋਈ ਕਾਰਨ ਜ਼ਰੂਰ ਹੈ।"

ਉਹਨੂੰ ਲਗਾ ਕਿ ਜਿਵੇਂ ਬੰਦਾ ਉਦਾਸ ਹੈ, ਨਿਰਾਸ਼ ਹੈ। ਉਹਨੂੰ ਲਗਾ ਕਿ ਜਿਵੇਂ ਬੰਦੇ ਨੂੰ ਉਹਦੀ ਲੋੜ ਹੈ।

ਉਹ ਆਪ ਵੀ ਬੜਾ ਉਦਾਸ ਹੋ ਗਿਆ ਤੇ ਉਹਦਾ ਚਿਤ ਨਾ ਲਗੇ।

"ਕੀ ਗੱਲ ਹੈ ਪ੍ਰਾਣ?" ਸ਼ੋਭੀ ਪੁਛਦੀ।

Scanned by CamScanner

"ਮੈਨੂੰ ਕੁਝ ਸਮਝ ਨਹੀਂ ਆਉਂਦੀ ਮੇਰੀ ਸ਼ੋਭੀ," ਸ਼ਾਹਬਾਜ਼ ਬਦਹਵਾਸ ਹੋਇਆ ਹੋਇਆ ਆਖਦਾ।
"ਪਰ ਕੋਈ ਨਾ ਕੋਈ ਗੱਲ ਤਾ ਜ਼ਰੂਰ ਹੈ ?" ਸ਼ੋਭੀ ਮਜਬੂਰ ਕਰਦੀ।
"ਹਾਂ ਸ਼ੋਭੀ ! ਪਰ ਮੈਨੂੰ ਉਹ ਗੱਲ ਦੱਸਣ ਦੀ ਆਗਿਆ ਨਹੀਂ।"
ਹੋਰਨਾਂ ਨੇ ਵੀ ਸ਼ਾਹਬਾਜ਼ ਕੋਲੋਂ ਉਹਦੀ ਉਪਰਾਮਤਾ ਬਾਰੇ ਪੁਛਿਆ। ਪਰ ਕਿਸੇ ਨੂੰ ਵੀ ਉਸ ਤਸੱਲੀ-ਬਖਸ਼ ਜੁਆਬ ਨਾ ਦਿਤਾ।
ਇਕ ਦਿਨ ਸ਼ੋਭੀ ਨੇ ਬੜਾ ਮਜਬੂਰ ਕੀਤਾ
ਤੁਹਾਨੂੰ ਮੇਰੀ ਸੌਂਹ ! ਤੁਹਾਨੂੰ ਗੁਰੂ ਦੀ ਸੌਂਹ। ਮੈਨੂੰ ਜ਼ਰੂਰ ਦੱਸੋ।"
"ਸ਼ੋਭੀ ਮੇਰੀ ਪਿਆਰੀ ! ਮੈਨੂੰ ਬਾਬਾ ਬੰਦਾ ਬੁਲਾ ਰਿਹਾ ਹੈ। ਮੈਂ ਬਹੁਤੇ ਦਿਨ ਹੋਰ ਤੇਰੇ ਕੋਲ ਨਹੀਂ ਰਹਿ ਸਕਦਾ — ਦਿੱਲੀ ਫ਼ਤਹ ਹੋਣੀ ਚਾਹੀਦੀ ਸੀ ਪਰ ਨਹੀਂ ਹੋਈ। ਕੋਈ ਕਾਰਨ ਜ਼ਰੂਰ ਹੈ। ਬਾਬਾ ਬੰਦੇ ਨੂੰ, ਸਿੱਖ ਪੰਥ ਨੂੰ, ਮੇਰੀ ਸੇਵਾ ਦੀ ਲੋੜ ਹੈ।"

੧੫

"ਮੈਨੂੰ ਬਾਬਾ ਬੰਦਾ ਬੁਲਾ ਰਿਹਾ ਹੈ !" ਰੋਜ਼ ਰੋਜ਼ ਤੇ ਫਿਰ ਦਿਨ ਵਿਚ ਕਈ ਕਈ ਵਾਰੀ ਸ਼ਾਹਬਾਜ਼, ਸ਼ੋਭੀ ਨੂੰ ਆਖਦਾ। ਉਹਦਾ ਮਤਲਬ ਹੁੰਦਾ ਕਿ ਉਹਨੂੰ ਹੁਣ ਫਿਰ ਲੜਾਈ ਵਿਚ ਜਾਣ ਤੋਂ ਰੋਕਿਆ ਨਾ ਜਾਏ।

ਸ਼ੋਭੀ ਇਸ ਦਾ ਜਾਂ ਇਹੋ ਜਿਹੀਆਂ ਕੀਤੀਆਂ ਗਈਆਂ ਹੋਰ ਗੱਲਾਂ ਦਾ ਕੀ ਜੁਆਬ ਦੇਂਦੀ ? ਨਾ ਉਹ ਆਖ ਸਕਦੀ ਕਿ ਇਹ ਸੱਚ ਹੈ ਤੇ ਸ਼ਾਹਬਾਜ਼ ਬੰਦੇ ਨੂੰ ਜਾ ਮਿਲੇ, ਨਾ ਉਹ ਆਖ ਸਕਦੀ ਕਿ ਐਵੇਂ ਸ਼ਾਹਬਾਜ਼ ਨੂੰ ਵਹਿਮ ਸੱਤਾ ਰਹੇ ਹਨ ਤੇ ਉਹ ਇਹੋ ਜਿਹੀਆਂ ਗੱਲਾਂ ਭੁਲੇ ਜਾਏ।

ਸ਼ੋਭੀ ਦੇ ਦਿਲ ਵਿਚ ਵੀ ਗੁਰੂ ਗੋਬਿੰਦ ਸਿੰਘ ਵਾਸਤੇ ਪਰੇਮ ਸੀ, ਬੰਦੇ ਵਾਸਤੇ ਆਦਰ ਸੀ ਤੇ ਸਿੱਖ ਧਰਮ ਵਾਸਤੇ ਕੁਰਬਾਨੀਆਂ ਕਰਨ ਦਾ ਚਾਅ। ਪਰ ਉਹ ਕੀ ਕਰਦੀ ? ਕੀ ਇਸ ਪਰੇਮ ਤੇ ਚਾਅ ਵਿਚ ਆਪਣੇ ਸ਼ਾਹਬਾਜ਼ ਨੂੰ ਘਰ ਛੱਡਣ ਉੱਤੇ ਮਜਬੂਰ ਕਰਦੀ ? ਉਹ ਵਿਚਾਰਾ ਅਜੇ ਹੁਣੇ ਤਾਂ ਠੀਕ ਹੋਇਆ ਸੀ ! ਅਜੇ ਹੁਣੇ ਹੀ ਤਾਂ ਉਹ ਮੁੜ ਘੋੜੇ ਉਤੇ ਚੜ੍ਹਨ ਲੱਗਾ ਸੀ ਤੇ ਮਸੇ ਮਸੇ ਪੰਜ ਸੱਤ ਵਾਰ ਹੀ ਖੇਤਾਂ ਵਿਚ ਕੰਮ ਕਰਨ ਗਿਆ ਸੀ।

ਸ਼ੋਭੀ ਤੇ ਸ਼ਾਹਬਾਜ਼ ਦਾ ਅਸਲੀ ਮਿਲਾਪ ਸ਼ਾਹਬਾਜ਼ ਦੇ ਵੱਲੋਂ ਹੋਣ ਪਿਛੋਂ ਹੀ ਸ਼ੁਰੂ ਹੋਇਆ। ਸ਼ਾਹਬਾਜ਼ ਦੇ ਮੰਜੀ ਛੱਡਣ ਪਿਛੋਂ ਹੀ ਉਹ ਤੇ ਸ਼ੋਭੀ ਇਕ ਦੂਜੇ ਨਾਲ ਇਕੱਲਿਆਂ ਹੋਣ ਵਾਸਤੇ ਬਾਹਰ ਆਉਣ ਜਾਣ ਲਗੇ। ਪਰ ਅਜੇ ਵੀ ਇਹ ਇਕੱਠੇ ਮਿਲਣੀਆਂ ਗਿਣਤੀ ਵਿਚ ਘਟ ਸਨ। ਉਹਨਾਂ ਦਾ ਅਜੇ ਉਦਰੇਵਾਂ ਨਹੀਂ ਸੀ ਲੱਥਾ। ਉਹਨਾਂ ਦੇ ਚਾਅ ਅਜੇ ਵੀ ਕੁਆਰੇ ਸਨ।

ਫਿਰ ਐਡੀ ਜਲਦੀ ਸ਼ੋਭੀ ਸ਼ਾਹਬਾਜ਼ ਨੂੰ ਕਿਵੇਂ ਜਾਣ ਦੇਂਦੀ ? ਉਹ ਆਪਣੇ ਜਜ਼ਬਾਤਾਂ ਦਾ ਕੀ ਕਰਦੀ ? ਉਹ ਆਪਣੇ ਪਿਆਰ ਨੂੰ ਕਿਸ ਚੀਜ਼ ਦਾ ਆਸਰਾ ਦੇਂਦੀ। ਉਹ ਇਸਤਰੀ ਸੀ। ਮਾਹਿਲ ਵਿਚ ਸ਼ਾਹਬਾਜ਼ ਤੋਂ ਸਵਾਏ ਉਹਨੂੰ ਕਿਸੇ ਹੋਰ ਦਾ ਪਿਆਰ ਨਹੀਂ ਸੀ ਪੋਂਹਦਾ। ਉਹ ਵੱਲ ਕੁਵੱਲ ਪਾ ਕੇ ਤੇ ਬਹਾਨੇ ਲਾ ਲਾ ਕੇ ਸ਼ਾਹਬਾਜ਼ ਨੂੰ ਦਰਸਾਂਦੀ ਕਿ ਅਜੇ ਉਹਦਾ ਉਚਰੇਵਾਂ ਨਹੀਂ ਸੀ ਉਤਰਿਆ। ਆਖਦੀ,

"ਪ੍ਰਾਣ ! ਵਿਆਹ ਤੋਂ ਪਿਛੋਂ ਅਸੀਂ ਮਸੇ ਸੱਤ ਅੱਠ ਮਹੀਨੇ ਹੀ ਇਕੱਠੇ ਰਹੇ ਸਾਂ ਕਿ ਤੁਸੀਂ ਟੁਰ ਗਏ।"
ਜਾਂ ਆਖਦੀ,

Scanned by CamScanner

"ਜਿੰਨੇ ਵਰ੍ਹੇ ਅਸੀਂ ਵਿਆਹ ਦੀ ਉਡੀਕ ਕੀਤੀ; ਵਿਆਹ ਪਿਛੋਂ ਘਟੋ ਘਟ ਉਨੇ ਵਰ੍ਹੇ ਤਾਂ ਇਕੱਠੇ ਰਹਿੰਦੇ ।"

ਜਿੰਨੀ ਵਧ ਕਿਸੇ ਵਾਸਤੇ ਉਡੀਕ ਕੀਤੀ ਗਈ ਹੋਵੇ ਉਨੀ ਹੀ ਉਹਦੇ ਨਾਲ ਰਹਿਣ ਦੀ ਲਾਲਸਾ ਕੀਥਰ ਹੋਇਆ ਕਰਦੀ ਹੈ। ਜਦੋਂ ਕਿਸੇ ਵਾਸਤੇ ਕੋਈ ਕੁਰਬਾਨੀ ਕਰ ਕੇ ਕਿਸੇ ਨੂੰ ਪਾਇਆ ਹੋਵੇ ਤਾਂ ਉਹਦੇ ਵਾਸਤੇ ਗੈਰ ਸਦਾ ਢੇਰ ਪੀਰੀ ਹੋ ਜਾਂਦੀ ਹੈ।

ਸ਼ਾਹਬਾਜ਼ ਤੇ ਸ਼ੋਭੀ ਦੋਹਾਂ ਨੇ ਇਕ ਦੂਜੇ ਵਾਸਤੇ ਕੁਰਬਾਨੀ ਕੀਤੀ ਸੀ। ਸ਼ਾਹਬਾਜ਼ ਨੇ ਆਪਣੇ ਪਿਤਾ ਦਾ ਨਿਰਾਦਰ ਕਰਵਾਇਆ ਤੇ ਆਪ ਵੀ ਉਹਦੀ ਪੀੜ ਸਹੀ। ਉਹਨੇ ਬੜੇ ਜੋਰ ਨਾਲ ਕਿਹਾ ਕਿ ਜੇ ਉਸ ਵਿਆਹ ਕਰਾਇਆ ਤਾਂ ਸ਼ੋਭੀ ਨਾਲ ਹੀ ਕਰਾਏਗਾ। ਉਧਰ ਸ਼ੋਭੀ ਨੇ ਵੀ ਕਈ ਪੱਜਾਂ ਨਾਲ ਆਪਣੇ ਵਿਆਹ ਨੂੰ ਲਮਕਾਇਆ ਤੇ ਅੰਤ ਆਪਣੀ ਮਾਂ ਨਾਲ ਇਸ ਬਾਰੇ ਗੱਲ ਕੀਤੀ। ਇਸਤਰੀ ਵਾਸਤੇ ਐਨੀ ਕੁਰਬਾਨੀ ਹੀ ਕਾਫੀ ਹੁੰਦੀ ਹੈ।

ਸ਼ਾਹਬਾਜ਼ ਵੀ ਇਹਨਾ ਹਾਲਾਤਾਂ ਨੂੰ ਸਮਝਦਾ ਸੀ। ਉਹ ਸ਼ੋਭੀ ਦੀ ਸਿਕ ਤੇ ਉਹਦੇ ਸੰਸਕਾਰਾਂ ਤੋਂ ਜਾਣੂ ਸੀ। ਏਸੇ ਲਈ ਉਹ ਵੀ ਚੋਰ ਪਾ ਕੇ ਕੁਝ ਨਾ ਆਖਦਾ। ਬਸ ਇਹੋ ਹੀ ਕਹਿੰਦਾ ਕਿ ਉਹਨੂੰ ਬੰਦਾ ਬੁਲਾ ਰਿਹਾ ਹੈ ਰੇ ਉਹ ਉਦਾਸ ਰਹਿਣ ਲਗਾ।

ਸ਼ੋਭੀ ਦੀਆਂ ਗੱਲਾਂ ਦੇ ਉੱਤਰ ਵਿਚ ਆਖਦਾ :

"ਸ਼ੋਭੀ ! ਇਸ ਵਿਆਹ ਵਾਸਤੇ ਮੇਰੀ ਉਡੀਕ ਤੇਰੇ ਨਾਲੋਂ ਵੀ ਪ੍ਰਬਲ ਸੀ। ਕਿਹੜਾ ਮੁੰਡਾ ਅਜ ਕਲ ਐਨੀ ਦੇਰ ਤਕ ਕੁਆਰਾ ਰਹਿੰਦਾ ਹੈ। ਮੈਂ ਸਭ ਨੂੰ ਤੇਰੇ ਬਾਰੇ ਦਸ ਚੁਕਾ ਸਾਂ। ਮੈਂ ਤਾਂ ਸਮਝਦਾ ਹਾਂ ਸ਼ੋਭੀ, ਕਿ ਤੇਰੇ ਮਿਲਣ ਤੋਂ ਪਹਿਲੋਂ ਵੀ ਮੈਨੂੰ ਤੇਰੀ ਹੀ ਉਡੀਕ ਸੀ..."

ਜਦੋਂ ਸ਼ਭੀ ਕਿਸੇ ਹੋਰ ਤਰ੍ਹਾਂ ਸ਼ਾਹਬਾਜ਼ ਨੂੰ ਆਪਣੇ ਨੇੜੇ ਰਹਿਣ ਲਈ ਬਿਨੈ ਕਰਦੀ ਤਾਂ ਉਹ ਆਖਦਾ,

"ਸ਼ੋਭੀ ! ਮੈਂ ਤੇਰੇ ਅਹਿਸਾਸ ਸਮਝਦਾ ਹਾਂ। ਜੇ ਹੋ ਸਕਿਆ ਤਾਂ ਮੈਂ ਤੈਨੂੰ ਕਦੀ ਛਡ ਕੇ ਨਾ ਜਾਵਾਂਗਾ। ਜੇ ਮੇਰੇ ਵੱਸੋਂ ਬੇਵੱਸ ਨਾ ਹੋ ਜਾਏ।

ਇਹੋ ਜਿਹੇ ਸੰਕੇਤਕ ਜਾਣ ਤੇ ਰੋਕਣ ਦੇ ਉਪਰਾਲਿਆਂ ਨੂੰ ਛੱਡ ਸ਼ਾਹਬਾਜ਼ ਤੇ ਸ਼ੋਭੀ ਦੋਵੇਂ ਚੁਪ ਰਹਿੰਦੇ।

ਸ਼ੋਭੀ ਮਨ ਹੀ ਮਨ ਕਹਿੰਦੀ,

"ਮੈਨੂੰ ਸ਼ਾਹਬਾਜ਼ ਨੂੰ ਰੋਕਣ ਦਾ ਕੀ ਹੱਕ ਹੈ ? ਬਾਬੇ ਬੰਦੇ ਦਾ ਬੁਲਾਵਾ ਗੁਰੂ ਕਲਗੀਆਂ ਵਾਲੇ ਦਾ ਬੁਲਾਵਾ ਹੈ। ਉਹ ਵੀ ਤਾਂ ਮਾਵਾਂ ਹਨ ਜਿਨ੍ਹਾਂ ਨੇ ਆਪਣੇ ਪੁਤਰਾਂ ਨੂੰ ਹੱਸ ਹੱਸ ਕੇ ਜੰਗ ਵਿਚ ਭੇਜਿਆ ਤੇ ਉਹ ਵੀ ਪਤਨੀਆਂ ਹਨ ਜਿਨ੍ਹਾਂ ਨੇ ਕਿ ਆਪਣੇ ਪਤੀਆਂ ਨੂੰ ਸਗੋਂ ਆਪਣੇ ਹੱਥੀਂ ਤੋਰਿਆ। ਮੈਂ ਕਿਹੜੇ ਮੂੰਹ ਨਾਲ ਸ਼ਾਹਬਾਜ਼ ਨੂੰ ਰੋਕਾਂ ? ਚਾਲੀ ਮੁਕਤਿਆਂ ਦੀਆਂ ਪਤਨੀਆਂ, ਮਾਵਾਂ ਤੇ ਭੈਣਾਂ ਨੇ ਬੋਲੀਆਂ ਤੇ ਤਾਅਨੇ ਮਾਰ ਮਾਰ ਕੇ ਉਹਨਾਂ ਨੂੰ ਗੁਰੂ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਭੇਜਿਆ, ਕਿ ਨਾ ? ਤਾਂ ਕੀ ਮੈਂ ਅਜੇਹੀ ਹੀ ਗਈ ਗੁਜ਼ਰੀ ਹਾਂ ਕਿ ਸ਼ਾਹਬਾਜ਼ ਨੂੰ ਆਪਣੇ ਮੂੰਹੋਂ ਰੋਕਾਂ ?"

ਉਹ ਤਾਂ ਸਗੋਂ ਇਹ ਸੋਚ ਕੇ ਵੀ ਉਦਾਸ ਸੀ ਕਿ ਉਹ ਸਾਹਬਾਜ਼ ਨੂੰ ਬਹਾਨਿਆਂ ਨਾਲ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ, ਉਹਨੂੰ ਲਗਦਾ ਕਿ ਐਨਾ ਕੁ ਹੋਜ ਵੀ ਗੁਰੂ ਜੀ ਨਾਲ ਬੇਵਫ਼ਾਈ ਹੈ। ਉਹ ਆਪਣੇ ਆਪ ਨੂੰ ਕੋਸਦੀ, ਹੋਰ ਕੋਈ ਸ਼ਾਇਦ ਇਸ ਤਰ੍ਹਾਂ ਨਾ ਕਰਦਾ, ਪਰ ਉਹ ਮਜਬੂਰ ਸੀ। ਉਹ ਆਪਣੇ ਪਿਆਰ ਤੇ ਆਪਣੇ ਜਜ਼ਬਾਤਾਂ ਹੱਥੋਂ ਮਜਬੂਰ ਸੀ।

ਉਹਨੂੰ ਇਕ ਹੋਰ ਚੀਜ਼ ਦਾ ਵੀ ਖਿਆਲ ਆਉਂਦਾ। ਅਗੇ ਚਾਰ ਮਹੀਨੇ ਬਾਹਿਰ ਰਹਿ ਕੇ ਪਰਤਿਆ ਸ਼ਾਹਬਾਜ਼ ਕਿਥੋਂ ਦਾ ਕਿਥੇ ਪਹੁੰਚ ਕੇ ਆਇਆ ਸੀ ਤੇ ਹੁਣ ਦਾ ਜਾ ਕੇ ਮੁੜਿਆ ਸ਼ਾਹਬਾਜ ਪਤਾ ਨਹੀਂ ਕੀ ਬਣ ਕੇ ਵਾਪਸ ਆਉਂਦਾ ਹੈ ? ਜਿੰਨੀ ਇੱਜ਼ਤ ਸ਼ਾਹਬਾਜ਼ ਦੀ ਹੋਈ ਉਸ ਨਾਲ ਸ਼ੋਭੀ ਦਾ ਅੰਦਰ ਬਾਹਰ ਭਰਿਆ ਪਿਆ ਸੀ। ਉਹ ਸਗੋਂ ਸ਼ਾਹਬਾਜ਼ ਨਾਲੋਂ ਵੀ ਢੇਰ ਫ਼ਖਰਮੰਦ ਸੀ। ਉਹਦੇ ਸ਼ਾਹਬਾਜ਼ ਦਾ ਆਦਰ ਉਹਦਾ ਆਪਣਾ ਆਦਰ ਸੀ।

ਉਹ ਸੋਚਦੀ ਕਿ ਹੁਣ ਦਾ ਗਿਆ ਸ਼ਾਹਬਾਜ਼ ਪਤਾ ਨਹੀਂ ਕਿਹੜੀਆਂ ਮੱਲਾਂ ਮਾਰ ਕੇ ਆਏਗਾ, ਕੇਡਾ ਨਾਮਣਾ ਖੱਟੇਗਾ। ਸ਼ੋਭੀ ਦਾ ਤਾਂ ਸਗੋਂ ਫ਼ਰਜ਼ ਸੀ ਕਿ ਉਹ ਸ਼ਾਹਬਾਜ਼ ਨੂੰ ਉਤਸ਼ਾਹ ਦੇ ਕੇ ਤੋਰਦੀ।

ਉਧਰ ਸ਼ਾਹਬਾਜ਼ ਨੂੰ ਵੀ ਹੋਰ ਨਾਮਣੇ ਤੇ ਵਡੇਰੀਆਂ ਮੱਲਾਂ ਦੀ ਭੁਖ ਸ਼ੁਤਾਂਦੀ। ਉਹ ਅੱਖਾਂ ਬੰਦ ਕਰ ਕੇ ਅਗਾਹਾਂ ਵੇਖਦਾ। ਉਹਨੂੰ ਭਵਿੱਖ ਬੜਾ ਸੋਹਣਾ ਲਗਦਾ। ਅਜ ਤਕ ਮਿਲੇ ਮਾਨ ਨੇ ਉਹਨੂੰ ਵਧੇਰੇ ਮਾਨ ਦਾ ਇੱਛਕ ਬਣਾ ਦਿਤਾ ਸੀ।

ਉਹਨੂੰ ਆਪਣੀਆਂ ਤੋਪਾਂ ਯਾਦ ਆਉਂਦਾਆਂ। ਉਹ ਉਹਨਾਂ ਤੋਂ ਬਗ਼ੈਰ ਜਿਵੇਂ ਇਕੱਲਾ ਮਹਿਸੂਸ ਕਰਦਾ ਸੀ ?

Scanned by CamScanner

ਉਹਨੂੰ ਲਗਦਾ ਕਿ ਉਹਦੇ ਬਗ਼ੈਰ ਨਾ ਹੀ ਉਹਨਾਂ ਦੀ ਕੋਈ ਰਾਖੀ ਕਰ ਸਕਦਾ ਹੈ ਤੇ ਨਾ ਹੀ ਕੋਈ ਉਹਨਾਂ ਨੂੰ ਜੰਗ ਵਿਚ ਠੀਕ ਤਰ੍ਹਾਂ ਵਰਤ ਸਕਦਾ ਹੈ !

ਇਹਦੇ ਵਿਚ ਵੀ ਕੋਈ ਸ਼ਕ ਨਹੀਂ ਸੀ ਕਿ ਉਹਨੂੰ ਬੰਦੇ ਦੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਲਗਦੀਆਂ। ਉਹਨੂੰ ਦੋ ਚਾਰ ਵਾਰ ਇਹੋ ਜਿਹੇ ਸੁਪਨੇ ਵੀ ਆਏ । ਉਹਨੂੰ ਵਿਸ਼ਵਾਸ ਸੀ ਕਿ ਜ਼ਰੂਰ ਕੋਈ ਦੁਰਘਟਨਾ ਹੋਈ ਹੈ ਤੇ ਬੰਦਾ ਬਹਾਦਰ ਉਦਾਸ ਹੈ । ਪਰ ਉਹ ਜ਼ੋਰ ਪਾ ਕੇ ਸ਼ੋਭੀ ਕੋਲੋਂ ਆਗਿਆ ਨਾ ਮੰਗਦਾ । ਉਹਨੂੰ ਉਹਦੇ ਅਹਿਸਾਸਾਂ ਦਾ ਪਾਸ ਸੀ ਤੇ ਉਹਦਾ ਆਪਣਾ ਦਿਲ ਵੀ ਅਜੇ ਨਹੀਂ ਸੀ ਭਰਿਆ ।

ਇਹੋ ਜਿਹੇ ਤਨਾਓ ਭਰੇ ਦਿਨ ਤੇ ਪਰਸਪਰ ਜਜ਼ਬਾਤ ਸੱਚੇ ਤੇ ਤੀਬਰ ਪਿਆਰ ਦੀ ਨਿਸ਼ਾਨੀ । ਜਦੋਂ ਦੋ ਪਰੇਮੀ ਕੋਈ ਸ਼ਬਦ ਕਹਿਣ ਤੋਂ ਤੇ ਕੋਈ ਕੰਮ ਕਰਨ ਤੋਂ ਸਿਰਫ਼ ਏਸੇ ਲਈ ਉਕਣ ਤੇ ਡਰਨ ਕਿ ਕਿਤੇ ਅਗਲੇ ਨੂੰ ਦੁਖ ਨਾ ਹੋਵੇ ਤਾਂ ਇਹ ਗੂੜ੍ਹੇ ਪਿਆਰ ਦਾ ਚਿੰਨ੍ਹ ਜਾਣੋ । ਪਿਆਰ ਜਿੰਨਾ ਵੀ ਅਥਾਹ ਹੋਵੇ ਉਨਾ ਹੀ ਵਧ ਉਹ ਨਿਗੂਣੀਆਂ ਤੇ ਤਰਦੀਆਂ ਤੁਰਦੀਆਂ ਗੱਲਾਂ ਨੂੰ ਮਹੱਤਵ ਦੇਂਦਾ ਹੈ । ਪਿਆਰ ਦੀ ਡੂੰਘਾਈ ਕੋਮਲ ਅਹਿਸਾਸਾਂ ਨੂੰ ਨਿਤਾਰ ਦੇਂਦੀ ਹੈ । ਘਟ ਡੂੰਘੇ ਪਾਣੀ ਬੜੀ ਜਲਦੀ ਗੰਧਲੇ ਹੋ ਜਾਂਦੇ ਹਨ, ਪਰ ਡੂੰਘੇ ਪਾਣੀ ਨਹੀਂ ।

ਰਾਜ਼ੀ ਹੋਣ ਪਿਛੋਂ ਸ਼ਾਹਬਾਜ਼ ਨਿਚੱਲਾ ਤੇ ਨਿਕੰਮਾ ਨਹੀਂ ਸੀ ਬੈਠਿਆ । ਉਹ ਕਦੀ ਕਦੀ ਖੇਤਾਂ ਵਿਚ ਜਾਂਦਾ ਤੇ ਸਵੇਰੇ ਸ਼ਾਮ ਘੋੜ ਅਸਵਾਰੀ ਕਰਦਾ । ਉਹ ਆਪਣੇ ਸਾਹੁਰੀਂ ਵੀ ਗਿਆ । ਉਹਦੀ ਇਜ਼ਤ ਵਿਚ ਸਰਦਾਰ ਸੰਤ ਸਿੰਘ ਭੁੱਲਰ ਨੇ ਇਕ ਵੱਡਾ ਖਾਣਾ ਕੀਤਾ ਤੇ ਦੂਰੋਂ ਨੇੜਿਓਂ ਕਈ ਪਤਵੰਤਿਆਂ ਨੂੰ ਬੁਲਾਇਆ । ਸ਼ੋਭੀ ਵੀ ਨਾਲ ਗਈ। ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਉਹ ਖੇਮਸਰ ਵੀ ਗਏ । ਪਰ ਸਭ ਤੋਂ ਵਡਾ ਕੰਮ ਜਿਹੜਾ ਉਹਨੇ ਰਾਜ਼ੀ ਹੋਣ ਪਿਛੋਂ ਛੋਹਿਆ ਉਹ ਕੰਮ ਸੀ ਅੰਮ੍ਰਿਤ-ਪਰਚਾਰ ਦਾ ।

ਉਹਨਾਂ ਦਿਨਾਂ ਵਿਚ ਪਿੰਡ ਪਿੰਡ ਅੰਦਰ ਸਿੰਘ ਸੱਜ ਰਹੇ ਸਨ । ਅਨੇਕ ਸਹਿਜਧਾਰੀਆਂ ਨੇ ਕੇਸ ਰਖ ਲਏ। ਕਈ ਕਈ ਮੁਸਲਮਾਨਾਂ ਨੇ ਵੀ ਅੰਮ੍ਰਿਤ ਛਕਿਆ । ਇਹੋ ਜਿਹੀ ਹਵਾ ਝੁੱਲੀ ਕਿ ਲੋਕ ਇਕ ਦੂਜੇ ਨੂੰ ਮਿਲਣ ਉਤੇ ਪਹਿਲਾ ਸਵਾਲ ਹੀ ਇਹੋ ਪੁਛਦੇ : "ਤੁਸਾਂ ਅੰਮ੍ਰਿਤ ਛਕ ਲਿਆ ਹੈ ਕਿ ਨਹੀਂ ?"

ਤੇ ਬਹੁਤੀਆਂ ਹਾਲਤਾਂ ਅੰਦਰ ਉੱਤਰ 'ਹਾਂ' ਵਿਚ ਹੁੰਦਾ ।

ਸ਼ਾਹਬਾਜ਼ ਨੇ ਰਾਜ਼ੀ ਹੁੰਦਿਆਂ ਸਾਰ ਮਾਹਿਲ ਵਿਚ ਇਕ ਬੜੇ ਵੱਡੇ ਦੀਵਾਨ ਦਾ ਪ੍ਰਬੰਧ ਕੀਤਾ । ਉਹਦਾ ਪਹਿਲਾ ਜਥੇਦਾਰ, ਸਰਦਾਰ ਰਤਨ ਸਿੰਘ ਚਾਹਿਲ ਵੀ ਉਹਨੀਂ ਦਿਨੀਂ ਓਧਰ ਆਇਆ ਹੋਇਆ ਸੀ । ਸੋ ਮਾਨ ਵਜੋਂ ਸ਼ਾਹਬਾਜ਼ ਨੇ ਰਤਨ ਸਿੰਘ ਚਾਹਿਲ ਹੱਥੋਂ ਪਾਹੁਲ ਦੀ ਰਸਮ ਅਦਾ ਕਰਵਾਈ ।

ਇਸ ਦੀਵਾਨ ਵਿਚ ਤਿੰਨ ਸੌ ਮਰਦਾਂ ਤੇ ਇਸਤਰੀਆਂ ਨੇ ਅੰਮ੍ਰਿਤ ਪਾਨ ਕੀਤਾ । ਇਹਨਾਂ ਵਿਚ ਸ਼ੋਭਾ ਦੇਈ, ਸ਼ਾਹਬਾਜ਼ ਦੀ ਪਤਨੀ ਵੀ ਸ਼ਾਮਿਲ ਸੀ । ਸਿੰਘਣੀ ਸੱਜਣ ਪਿਛੋਂ ਉਹਦਾ ਨਾਂ ਸ਼ੁਭਵੰਤ ਕੌਰ ਰਖਿਆ ਗਿਆ ।

ਸ਼ਾਹਬਾਜ਼ ਨੇ ਆਪਣੇ ਵੱਡੇ ਭਰਾ ਜਾਂਬਾਜ਼ ਸਿੰਘ ਨੂੰ ਵੀ ਦੂਹਰੀ ਵਾਰ ਅੰਮ੍ਰਿਤ ਛਕਣ ਲਈ ਮਜਬੂਰ ਕੀਤਾ । ਉਹਦੀ ਰਹਿਤ ਠੀਕ ਨਹੀਂ ਸੀ ਤੇ ਉਹ ਅਜੇ ਤਕ ਸਿਰ ਤੇ ਕਦੀ ਕਦੀ ਦਾਹੜੀ ਦੇ ਵਾਲ ਕੱਟ ਲੈਂਦਾ ਸੀ । ਐਤਕੀ ਉਹਨੇ ਅੰਮ੍ਰਿਤ ਛਕਣ ਵੇਲੇ ਵਖਰਾ ਤੇ ਸ਼ਾਹਬਾਜ਼ ਅਗੇ ਵਖਰਾ, ਦੋ ਵਾਰ ਪ੍ਰਣ ਕੀਤੇ ਕਿ ਉਹ ਰਹਿਤ ਉੱਤੇ ਪੂਰਿਆਂ ਉਤਰੇਗਾ ।

ਸ਼ਾਹਬਾਜ਼ ਦੀ ਮਾਤਾ ਤੇ ਉਹਦੀਆਂ ਭੈਣਾਂ ਨੇ ਵੀ ਅੰਮ੍ਰਿਤ ਛਕਿਆ । ਸਿਰਫ਼ ਬੁੱਢਾ ਮਲ ਨੇ ਨਾਂਹ ਕੀਤੀ :

"ਮੈਂ ਤਨੋਂ ਤੇ ਮਨੋਂ ਗੁਰੂ ਦਾ ਹੋ ਚੁਕਾ ਹਾਂ । ਸਾਰਾ ਦਿਨ ਮੇਰਾ ਧਰਮਸਾਲੇ ਗੁਜ਼ਰਦਾ ਹੈ । ਅੰਮ੍ਰਿਤ ਛਕਣ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਣਾ ।" ਮਜਬੂਰ ਕਰਨ ਉਪਰ ਵੀ ਉਹ ਨਾ ਮੰਨਿਆ ।

ਸਰਮੌਰ, ਸੰਤ ਸਿੰਘ ਭੁੱਲਰ ਦੇ ਘਰ ਵੀ, ਸ਼ਾਹਬਾਜ਼ ਨੇ ਅੰਮ੍ਰਿਤ ਛਕਾਣ ਦੀ ਰਸਮ ਅਦਾ ਕੀਤੀ ਤੇ ਦੋ ਸੌ ਬੰਦਿਆਂ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾਇਆ ।

"ਪਤਾ ਨਹੀਂ ਛਕਣ ਵਾਲੇ ਆਪਣੇ ਅੰਦਰ ਕੋਈ ਨਵੀਂ ਸ਼ਕਤੀ ਦਾ ਅਨੁਭਵ ਕਰਦੇ ਹਨ ਕਿ ਨਹੀਂ", ਇਕ ਦਿਨ ਉਹਨੇ ਸ਼ੁਭਵੰਤ ਕੌਰ ਨੂੰ ਕਿਹਾ, "ਪਰ ਮੈਂ ਤਾਂ ਹਰ ਆਦਮੀ ਨੂੰ ਅੰਮ੍ਰਿਤ ਛਕਾ ਕੇ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਕਿ ਪਹਿਲੇ ਨਾਲੋਂ ਦੂਣਾ ਬਲਵਾਨ ਹੋ ਗਿਆ ਹਾਂ । ਕੋਈ ਸ਼ੈ ਮੇਰੇ ਸਰੀਰ, ਮੇਰੀ ਨੱਸ ਨੱਸ ਅੰਦਰ ਪੱਸਰੀ ਲਗਦੀ ਹੈ ਜਿਹਨੂੰ ਮੈਂ

Scanned by CamScanner

ਬਿਆਨ ਨਹੀਂ ਕਰ ਸਕਦਾ।"

"ਮੈਂ ਵੀ ਇਸ ਤਰ੍ਹਾਂ ਹੀ ਮਹਿਸੂਸ ਕੀਤਾ ਸੀ ਪ੍ਰਾਣ!" ਸੋਭੀ ਨੇ ਉੱਤਰ ਦਿਤਾ, "ਅੰਮ੍ਰਿਤ ਛਕਣ ਪਿਛੋਂ ਕਈ ਦਿਨ ਮੈਂ ਅਉਰੀ ਬਉਰੀ ਹੋਈ ਰਹੀ। ਲਗੇ, ਜਿਵੇਂ ਮੈਂ ਬਦਲ ਗਈ ਹੋਵਾਂ। ਮੇਰੇ ਜਿਸਮ ਤੇ ਮੇਰੀ ਰੂਹ ਉਤੋਂ ਕਿਸੇ ਕਿਸਮ ਦਾ ਭਾਰ ਲਹਿ ਗਿਆ ਹੋਵੇ, ਜਿਵੇਂ ਚੁਰਾਸੀ ਲਖ ਜੂਨਾਂ ਦਾ ਗੇੜ ਕੱਟਿਆ ਗਿਆ ਹੋਵੇ। ਮੈਂ ਇਸ ਆਲੇ-ਦੁਆਲੇ ਵਿਚ ਓਪਰੀ ਓਪਰੀ ਮਹਿਸੂਸ ਕਰਦੀ ਸਾਂ। ਹੌਲੀ ਹੌਲੀ ਜਾ ਕੇ ਕਿਤੇ ਮੈਂ ਆਪਣੇ ਆਪ ਵਿਚ ਆਈ!"

"ਤੂੰ ਠੀਕ ਆਖਦੀ ਹੈਂ ਸ਼ੋਭੀ। ਹੋਰ ਕਈ ਆਦਮੀ ਵੀ ਮੈਨੂੰ ਏਸੇ ਤਰ੍ਹਾਂ ਦਸਦੇ ਹਨ। ਕਹਿੰਦੇ ਹਨ ਕਿ ਅੰਮ੍ਰਿਤ ਛਕਣ ਪਿਛੋਂ ਸਭ ਕੁਝ ਹੋਰਵੇਂ ਹੋਰਵੇਂ ਲਗਦਾ ਹੈ। ਜਿਵੇਂ ਅੰਨ੍ਹੇ ਨੂੰ ਅੱਖਾਂ ਮਿਲ ਗਈਆਂ ਹੋਣ। ਉਹਨਾਂ ਨੂੰ ਜਾਪਦਾ ਹੈ ਕਿ ਪਹਿਲੀ ਜ਼ਿੰਦਗੀ ਹੋਰ ਸੀ, ਹੁਣ ਹੋਰ ਹੈ।"

"ਮੇਰੀ ਸਹੇਲੀ ਪ੍ਰੀਤੋ ਵੀ ਗੱਲਾਂ ਕਰਦੀ ਆਖਦੀ ਸੀ ਕਿ ਅੰਮ੍ਰਿਤ ਛਕ ਕੇ ਇਉਂ ਜਾਪਦਾ ਹੈ ਕਿ ਅੰਮ੍ਰਿਤ ਪਾਨ ਕਰਨ ਤੋਂ ਪਹਿਲੇ ਦੀ ਜ਼ਿੰਦਗੀ ਜਿਵੇਂ ਅੰਞਾਈ ਗਈ ਹੋਵੇ। ਉਹ ਤਾਂ ਕਹਿੰਦੀ ਸੀ ਕਿ ਹੁਣ ਉਹਨੂੰ ਇਸੇ ਦੁਨੀਆਂ ਵਿਚ ਹੀ ਸਵੱਰਗ ਦੇ ਝਾਉਲੇ ਪੈਂਦੇ ਹਨ। ਦੋ ਵਾਰ ਸੁਪਨੇ ਵਿਚ ਉਹਨੂੰ ਆਪ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਹਨ।"

"ਤੂੰ ਵੇਖੀਂ ਅੰਤਕੀਂ ਮੈਂ ਬੜੇ ਸਿੰਘਾਂ ਨੂੰ ਆਪਣੇ ਨਾਲ ਲੰਹ ਗੜ੍ਹ ਲੈ ਕੇ ਜਾਵਾਂਗਾ।" ਸ਼ਾਹਬਾਜ਼ ਬਿਨਾਂ ਕੁਝ ਸੋਚੇ ਖਿਆਲੇ, ਕਹਿ ਜਾਂਦਾ। ਪਰ ਇਹੋ ਜਿਹੇ ਸ਼ਬਦ ਸੁਣਦਿਆਂ ਹੀ ਸ਼ੋਭੀ ਚੁਪ ਹੋ ਜਾਂਦੀ। ਜਦੋਂ ਸ਼ਾਹਬਾਜ਼ ਨੂੰ ਪਤਾ ਲਗਦਾ ਤਾਂ ਗੱਲ ਪਰਤਾਣੀ ਮੁਮਕਨ ਨਹੀਂ ਸੀ ਹੁੰਦੀ, ਤੇ ਉਹਨੂੰ ਅਫ਼ਸੋਸ ਹੁੰਦਾ। ਆਖਿਰ ਕਦੋਂ ਤਕ?

ਆਖਿਰ ਕਦੋਂ ਤਕ ਕੋਈ ਸ਼ਾਹਬਾਜ਼ ਨੂੰ ਲੰਹ ਗੜ੍ਹ ਜਾਣੋਂ ਰੋਕ ਸਕਦਾ ਸੀ। ਮੁਹੱਬਤ ਕਿੰਨੀ ਕੁ ਦੇਰ ਫ਼ਰਜ਼ ਦੇ ਰਾਹ ਵਿਚ ਖਲੋਂਦੀ? ਪਿਆਰ ਕਿੰਨੇ ਕੁ ਮਹੀਨੇ ਧਰਮ ਨੂੰ ਹਰਾਉਂਦਾ?

ਖਬਰਾਂ ਪੁਜਣ ਲਗੀਆਂ ਕਿ ਬਹਾਦਰ ਸ਼ਾਹ ਬਾਦਸ਼ਾਹ ਦਿੱਲੀ ਵਾਪਸ ਪੁਜ ਗਿਆ ਹੈ ਤੇ ਉਸ ਸਿਖਾਂ ਨੂੰ ਦਬਾਉਣ ਵਾਸਤੇ ਸ਼ਾਹੀ ਸੈਨਾ ਨੂੰ ਇਕੱਤਰ ਕਰ ਲਿਆ ਹੈ।

ਉਹਨਾਂ ਨੇ ਮਾਹਿਲ ਵਿਚ ਸੁਣਿਆ ਕਿ ਬਹਾਦਰ ਸ਼ਾਹ ਨੇ ਸਭ ਹਿੰਦੂਆਂ ਨੂੰ ਦਾੜ੍ਹੀਆਂ ਮੁਨਾਉਣ ਦਾ ਹੁਕਮ ਦੇ ਦਿਤਾ ਹੈ। ਹੁਕਮ ਸੀ ਕਿ ਜਿਹੜਾ ਕੋਈ ਵੀ ਦਾੜ੍ਹੀ ਤੇ ਵਾਲਾਂ ਨਾਲ ਵੇਖਿਆ ਗਿਆ ਉਹਨੂੰ ਗੋਲੀ ਨਾਲ ਉਡਾ ਦਿਤਾ ਜਾਏਗਾ। ਬਾਦਸ਼ਾਹ ਦਾ ਖਿਆਲ ਸੀ ਕਿ ਹਿੰਦੂਆਂ ਦਾ ਭੇਸ ਧਾਰੀ ਅਨੇਕ ਸਿਖ ਉਹਦੀ ਆਪਣੀ ਹਕੂਮਤ ਵਿਚ ਚੰਗੇ ਚੰਗੇ ਅਹੁਦਿਆਂ ਉਤੇ ਬਿਰਾਜਮਾਨ ਹਨ।

ਵਰ੍ਹਿਆਂ ਦੀਆਂ ਰਖੀਆਂ ਰਹਿਤਾਂ ਜਾਂ ਆਦਤਾਂ ਇਕ-ਦੰਮ ਤੋੜਨੀਆਂ ਸੌਖੀਆਂ ਨਹੀਂ ਹੁੰਦੀਆਂ। ਹਿੰਦੂ ਨੌਕਰਾਂ ਤੇ ਸਿਪਾਹੀਆਂ ਨੇ ਤਰਲੇ ਲਏ — ਆਪਣੇ ਆਪਣੇ ਸੂਬੇਦਾਰਾਂ ਤੇ ਤੱਤ ਵਜ਼ੀਰੇ-ਆਜ਼ਮ ਰਾਹੀਂ ਬਹਾਦਰ ਸ਼ਾਹ ਨੂੰ ਇਹ ਹੁਕਮ ਮਨਸੂਖ ਕਰਨ ਵਾਸਤੇ ਅਖਵਾਇਆ, ਪਰ ਬਾਦਸ਼ਾਹ ਨਾ ਮੰਨਿਆ।

ਕਈ ਹਿੰਦੂ ਹੁਕਮ-ਅਦੂਲੀ ਕਰ ਕੇ ਸਿੰਘਾਂ ਨਾਲ ਆ ਰਲੇ ਪਰ ਕਈਆਂ ਨੇ ਮਜਬੂਰਨ ਦਾੜ੍ਹੀ ਮੁੱਛਾਂ ਕਟਵਾ ਦਿਤੀਆਂ।

ਫਿਰ ਹੌਲੀ ਹੌਲੀ ਖਬਰ ਆਈ ਕਿ ਰੋਹਤਕ ਉਪਰ ਸ਼ਾਹੀ ਫ਼ੌਜਾਂ ਦਾ ਕਬਜ਼ਾ ਹੋ ਗਿਆ ਹੈ। ਥੋੜੇ ਦਿਨਾਂ ਪਿਛੋਂ ਸਮਾਣਾ ਹਾਰੇ ਜਾਣ ਦੀ ਖਬਰ ਪੁਜੀ ਤੇ ਅੰਤ ਇਕ ਦਿਨ ਕਿਸੇ ਨੇ ਆ ਕੇ ਸਰਹਿੰਦ ਖੁਸ ਜਾਣ ਦੀ ਹਿਰਦੇ ਵੇਧਕ ਖਬਰ ਸੁਣਾਈ। ਇਸ ਖਬਰ ਨੇ ਮਾਹਿਲ, ਸਰਮੌਰ ਤੇ ਸਾਰੇ ਮਾਝੇ ਵਿਚ ਮਾਯੂਸੀ ਦੀ ਲਹਿਰ ਛੇੜ ਦਿਤੀ। ਅਜੇ ਕਲ ਦੀ ਹੀ ਗੱਲ ਸੀ ਕਿ ਉਹ ਸਰਹਿੰਦ ਦੀ ਜਿੱਤ ਉਪਰ ਖੁਸ਼ ਹੋ ਰਹੇ ਸਨ ਤੇ ਅਜ ਸਰਹਿੰਦ ਸਰ ਵੀ ਹੋ ਗਈ। ਅਜੇ ਕਲ ਸਰਹਿੰਦ ਦੀ ਵਿਜੈ ਦੀਆਂ ਖਬਰਾਂ ਸੁਣਨ ਵਾਸਤੇ ਲੋਕ ਤਤਪਰ ਸਨ ਪਰ ਅਜ ਉਹਦੀ ਹਾਰ ਬਾਰੇ ਜਾਣਨ ਵਾਸਤੇ ਵੀ ਲੋਕਾਂ ਨੂੰ ਉਤਾਵਲਾ ਹੋਣਾ ਪਿਆ। ਇਹ ਕੀ ਵਾਪਰੀ?

ਸਰਹਿੰਦ ਦੀ ਹਾਰ ਬਾਰੇ ਸੁਣਦਿਆਂ ਹੀ ਸ਼ਾਹਬਾਜ਼ ਕੋਲੋਂ ਰਿਹਾ ਨਾ ਗਿਆ। ਇਹ ਖਬਰ ਸਾਂਝਰੇ ਪੁੱਜੀ ਸੀ। ਉਹ ਉਸੇ ਵੇਲੇ ਘਰ ਆਇਆ ਤੇ ਸਿਧਾ ਸ਼ੋਭੀ ਕੋਲ ਗਿਆ। ਉਹਨੂੰ ਚਾਰੇ ਵਿਚ ਇਕੱਲਿਆਂ ਲਿਆ ਕੇ ਉਸ ਆਖਿਆ:

"ਸ਼ੋਭੀ! ਹੁਣ ਮੈਂ ਨਹੀਂ ਰਹਿ ਸਕਦਾ।" ਸ਼ੋਭੀ ਮੁਸਕਰਾਈ।

Scanned by CamScanner

ਜਦੋਂ ਇਸਤਰੀ ਨੂੰ ਯਕੀਨ ਹੋ ਜਾਏ ਕਿ ਹੁਣ ਕੋਈ ਚਾਰਾ ਨਹੀਂ ਤਾਂ ਉਹ ਬੜੀ ਬਲਵਾਨ ਹੋ ਜਾਂਦੀ ਹੈ।

ਫਿਰ ਸ਼ੋਭੀ ਤਾਂ ਅਜ ਤਕ ਆਪਣੇ ਆਪ ਨੂੰ ਇਸ ਦਿਨ, ਇਸ ਘੜੀ ਲਈ ਤਿਆਰ ਕਰਦੀ ਆਈ ਸੀ । ਉਹ ਜਾਣਦੀ ਸੀ ਕਿ ਕਿਸੇ ਨਾ ਕਿਸੇ ਦਿਨ ਸ਼ਾਹਬਾਜ਼ ਨੇ ਚਲੇ ਜਾਣਾ ਹੈ। ਠੀਕ, ਉਹ ਸਰਹਿੰਦ ਦੀ ਹਾਰ ਬਾਰੇ ਅਗਦੋਂ ਨਹੀਂ ਸੀ ਜਾਣਦੀ ਪਰ ਔਰਤ ਦੀ ਸੁਰਤੀ ਬੜੀ ਦੂਰ ਅਗਾਂਹ ਤਕ ਵੇਖ ਸਕਦੀ ਹੈ। ਕਿਵੇਂ ਨਾ ਕਿਵੇਂ ਉਹ ਜਾਣਦੀ ਸੀ ਕਿ ਬਾਬੇ ਬੰਦੇ ਨੇ ਸ਼ਾਹਬਾਜ਼ ਨੂੰ ਬੁਲਾ ਹੀ ਲੈਣਾ ਹੈ ਤੇ ਉਹ ਆਪਣੇ ਆਪ ਨੂੰ ਸਮਝਾਂਦੀ ਆਈ ਸੀ। ਸ਼ੋਭੀ ਮੁਸਕਰੋਈ ਤੇ ਉਸ ਆਖਿਆ, "ਮੈਂ ਜਾਣਦੀ ਹਾਂ ਪ੍ਰਾਣ !"

"ਤਾਂ ਮੈਨੂੰ ਆਗਿਆ ਹੈ ?"

"ਮੈਂ ਤੁਹਾਨੂੰ ਕਦੀ ਵੀ ਨਹੀਂ ਸੀ ਰੋਕਿਆ ।"

"ਬੇਸ਼ਕ ਤੂੰ ਮੂੰਹੋਂ ਕਦੀ ਕੁਝ ਨਹੀਂ ਸੀ ਕਿਹਾ, ਪਰ ਮੈਂ ਜਾਣਦਾ ਹਾਂ ਤੂੰ ਕੀ ਮਹਿਸੂਸ ਕਰਦੀ ਸੈਂ ਸ਼ੋਭੀ !"

"ਸੱਚ, ਸ਼ਾਹਬਾਜ਼ !" — ਕਦੀ ਕਦੀ ਸ਼ੋਭੀ ਸ਼ਾਹਬਾਜ਼ ਨੂੰ "ਪ੍ਰਾਣ" ਆਖਣ ਦੀ ਥਾਂ "ਸ਼ਾਹਬਾਜ਼" ਵੀ ਆਖ ਲੈਂਦੀ ਸੀ।

"ਸੱਚ, ਸ਼ੋਭੀ ! ਪਰ ਹੁਣ ਮੈਂ ਵੱਸੋਂ ਬੇਵੱਸ ਹੋ ਗਿਆ ਹਾਂ। ਮੈਂ ਜਾਣਦਾ ਹਾਂ ਤੂੰ ਮੈਨੂੰ ਬਹੁਤ ਪਿਆਰ ਕਰਦੀ ਹੈਂ। ਮੇਰਾ ਵਿਛੋੜਾ ਤੇਰੇ ਵਾਸਤੇ ਸਹਿਣਾ ਬੜਾ ਕਠਨ ਹੋਵੇਗਾ। ਲੜਾਈਆਂ ਲੜਾਈਆਂ ਹੀ ਹੁੰਦੀਆਂ ਹਨ। ਕੀ ਪਤਾ ਮੈਂ...।"

ਸ਼ੋਭੀ ਨੇ ਸ਼ਾਹਬਾਜ਼ ਦੇ ਬੁਲ੍ਹਾਂ ਉੱਤੇ ਉਂਗਲ ਰਖਦਿਆਂ ਆਖਿਆ :

"ਬਸ ਇਕ ਇਹੋ ਜਿਹੇ ਸ਼ਬਦ ਨਾ ਕਿਹਾ ਕਰੋ, ਤੁਹਾਨੂੰ ਰੱਬ ਦੀ ਸੌਂਹ। ਮੈਂ ਤੁਹਾਨੂੰ ਹਜ਼ਾਰ ਵਾਰ ਕਿਹਾ ਹੈ।"

ਸ਼ਾਹਬਾਜ਼ ਮੁਸਕਰਾਇਆ, ਬੇਸ਼ਕ ਸ਼ੋਭੀ ਨੇ ਉਹਨੂੰ ਇਹੋ ਜਿਹੇ ਸ਼ਬਦ ਕਹਿਣ ਤੋਂ ਹਜ਼ਾਰ ਵਾਰ ਟੋਕਿਆ ਸੀ ਤੇ ਹਜ਼ਾਰ ਵਾਰ ਰੱਬ ਦੀ ਸੌਂਹ ਵੀ ਪਾਈ ਸੀ। ਸ਼ੋਭੀ ਨੂੰ ਸੌਂਹਾਂ ਪਾਣ ਦੀ ਆਦਤ ਸੀ । ਸ਼ਾਹਬਾਜ਼ ਉਹਨੂੰ ਅਨੇਕ ਵਾਰ ਟੋਕਦਾ। ਅਜ ਵੀ ਉਸ ਕਿਹਾ;

"ਤੇ ਮੈਂ ਤੈਨੂੰ ਹਜ਼ਾਰ ਵਾਰ ਕਿਹਾ ਹੈ ਕਿ ਤੂੰ ਗੱਲ ਗੱਲ ਉੱਤੇ ਮੈਨੂੰ ਸੌਂਹਾਂ ਨਾ ਪਾਇਆ ਕਰ।"

"ਉਫ਼ ! ਮੈਂ ਭੁਲ ਗਈ। ਰਬ ਦੀ ਸੌਂਹ ਅਗੇ ਤੋਂ ਮੈਂ ਸੌਂਹਾਂ ਨਹੀਂ ਪਾਵਾਂਗੀ।" ਤੇ ਉਹ ਦੋਵੇਂ ਹੱਸ ਪਏ।

"ਕਦੋਂ ਜਾਉਗੇ ਪ੍ਰਾਣ ?"

"ਪਰਸੋਂ ਜਾਂ ਚੌਥੇ। ਮੈਂ ਘਟੋ ਘਟ ਸੌ ਦੋ ਸੌ ਆਦਮੀ ਆਪਣੇ ਨਾਲ ਰਲਾਣਾ ਚਾਹੁੰਦਾ ਹਾਂ। ਮੈਨੂੰ ਪਤਾ ਹੈ ਕਿ ਬਾਬਾ ਬੰਦੇ ਨੂੰ ਆਦਮੀਆਂ ਦੀ ਲੋੜ ਹੈ। ਮੇਰਾ ਦਿਲ ਡਰਦਾ ਹੈ। ਪਤਾ ਨਹੀਂ ਉਥੇ ਕੀ ਹੋ ਰਿਹਾ ਹੈ।"

"ਸਿਖ ਹੋ ਕੇ ਡਰਦੇ ਹੋ ! ਜੋ ਕੁਝ ਰੱਬ ਕਰਦਾ ਹੈ ਚੰਗਾ ਹੀ ਕਰਦਾ ਹੈ।"

ਸ਼ਾਹਬਾਜ਼ ਨੇ ਇਕ-ਦੰਮ ਚਿੰਤਾਵਾਨ ਹੋ ਕੇ ਕਿਹਾ, "ਮੇਰੀ ਵੀ ਇਹੋ ਪ੍ਰਾਰਥਨਾ ਹੈ।"

"ਮੇਰੇ ਪ੍ਰਾਣ ! ਤੁਹਾਡੇ ਪੁਜਦਿਆਂ ਸਾਰ ਹੀ ਲੜਾਈ ਦਾ ਰੁਖ ਬਦਲ ਜਾਵੇਗਾ। ਤੁਸੀਂ ਵੇਖਣਾ ਤਾਂ ਸਹੀ।"

"ਤੇਰੀਆਂ ਗੱਲਾਂ ਕਿਤਨੀਆਂ ਉਤਸ਼ਾਹ-ਜਨਕ ਹਨ ਸ਼ੋਭੀ। ਤੂੰ ਕੇਡੀ ਬਹਾਦਰ ਹੈਂ। ਮੈਂ ਹੈਰਾਨ ਹਾਂ...।"

"ਮੈਂ ਵੀ ਅੰਮ੍ਰਿਤ ਪਾਨ ਕਰ ਚੁਕੀ ਹਾਂ, ਸ਼ਾਹਬਾਜ਼। ਮੇਰੀ ਬਹਾਦਰੀ ਉਪਰ ਹੈਰਾਨ ਹੋਣ ਦੀ ਕਿਹੜੀ ਲੋੜ ਹੈ। ਕਾਸ਼ ! ਮੈਂ ਤੁਹਾਡੇ ਨਾਲ ਜਾ ਸਕਦੀ। ਮੈਂ ਵੀ ਤੁਰਕਾਂ ਨਾਲ ਲੜ ਸਕਦੀ। ਉਹਨਾਂ ਨੂੰ ਪਤਾ ਲਗਦਾ ਕਿ ਅੰਮ੍ਰਿਤ ਵਿਚ ਕੇਡੀ ਤਾਕਤ ਹੈ !"

"ਕਾਸ਼ ਸ਼ੋਭੀ ! ਪਰ ਤੂੰ ਅਜ ਜੋ ਕੁਝ ਮੈਨੂੰ ਦਿਤਾ ਹੈ ਉਹ ਕੀ ਘਟ ਹੈ। ਇਹੋ ਜਿਹੇ ਸ਼ਕਤੀ ਦੇ ਸਾਗਰ ਤੋਂ ਬਾਪੜੀ ਲੈ ਕੇ ਕੌਣ ਵਿਜੱਈ ਨਹੀਂ ਹੋਵੇਗਾ ! ਤੂੰ ਧੰਨ ਹੈਂ ਸ਼ੋਭੀ !" "ਮੈਂ ਨਹੀਂ ! ਤੁਸੀਂ ਧੰਨ ਹੋ ਸ਼ਾਹਬਾਜ਼। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਧੰਨ ਹੈ।"

ਸ਼ਾਹਬਾਜ਼ ਨੇ ਉਸ ਪਿਆਰ ਭਰੀ ਤਕਣੀ ਨਾਲ ਸ਼ੋਭੀ ਵਲ ਤੱਕਿਆ ਕਿ ਜਿਹੋ ਜਿਹਾ ਪਿਆਰ ਉਹਦੀਆਂ ਤੱਕਣੀਆਂ ਵਿਚ ਪਹਿਲੇ ਕਦੀ ਨਹੀਂ ਸਮਾਇਆ ਹੋਣਾ। ਸ਼ੋਭੀ ਨੇ ਵੀ ਇਹਨਾਂ ਪਿਆਰ ਤਕਣੀਆਂ ਨੂੰ ਆਪਣੀਆਂ ਅੱਖਾਂ ਹੀ ਨਹੀਂ ਆਪਣੇ ਸਾਰੇ ਸਰੀਰ ਵਿਚ ਥਾਂ ਦਿਤੀ ਤੇ ਉਹ ਸ਼ਾਹਬਾਜ਼ ਦੀ ਛਾਤੀ ਨਾਲ ਲਗ ਗਈ।

Scanned by CamScanner

੧੬

ਦਿੱਲੀ ਦਾ ਸੂਬੇਦਾਰ, ਅਵਧ ਦਾ ਫ਼ੌਜਦਾਰ, ਮੁਰਾਦਾਬਾਦ ਦਾ ਨਜ਼ਾਮ, ਅਲਾਹਬਾਦ ਦਾ ਹਾਕਮ, ਬੱਰ੍ਹਾ ਦੇ ਸਯਦ, ਸ਼ਾਹੀ ਸੈਨਾ ਤੇ ਦੇਸ ਦਿਸਾਵਰਾਂ ਦੇ ਗ਼ਾਜ਼ੀ, ਇਹ ਸਾਰੇ ਆਪ ਬਹਾਦਰ ਸ਼ਾਹ ਬਾਦਸ਼ਾਹ ਦੀ ਕਮਾਨ ਥੱਲੇ "ਮਰਦੂਦ ਬੰਦੇ" ਉੱਤੇ ਟੁੱਟ ਪਏ। ਇਹਨਾਂ ਸਭ ਦਾ ਇਕੋ ਹੀ ਨਿਸ਼ਾਨਾ ਸੀ, — ਬੰਦੇ ਨੂੰ ਜ਼ਿੰਦਾ ਜਾਂ ਮੁਰਦਾ ਪਕੜਨਾ ! ਬਹਾਦਰ ਸ਼ਾਹ ਨੂੰ ਹੁਣ ਹੋਰ ਕੁਝ ਨਹੀਂ ਸੀ ਸੁਝਦਾ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਵਾਂਗ ਬਹਾਦਰ ਸ਼ਾਹ ਨੂੰ ਵੀ ਬੰਦੇ ਦੇ ਸੁਪਨੇ ਆਉਂਦੇ ਤੇ ਉਹ ਘਬਰਾ ਘਬਰਾ ਉਠਦਾ।

ਏਥੋਂ ਤਕ ਕਿ ਦਿਨੇ ਵੀ ਉਹ ਜਿਹੜਾ ਦਾਹੜੀ ਵਾਲਾ ਆਦਮੀ ਵੇਖਦਾ ਉਹਦੇ ਵਿਚੋਂ ਵੀ ਉਹਨੂੰ ਬੰਦੇ ਦਾ ਭੁਲੇਖਾ ਪੈਂਦਾ। ਏਸੇ ਲਈ ਉਹਨੇ ਆਪਣੇ ਸਲਾਹਕਾਰਾਂ ਦੀ ਇਕ ਨਾ ਸੁਣੀ ਤੇ ਸਭ ਹਿੰਦੂਆਂ ਵਾਸਤੇ ਦਾੜ੍ਹੀਆਂ ਕਟਾ ਦੇਣ ਦਾ ਆਪਣਾ ਹੁਕਮ ਮਨਸੂਖ ਨਾ ਕੀਤਾ।

"ਮੈਂ ਮਰਦੂਦ ਬੰਦੇ ਤੇ ਸਿੱਖਾਂ ਦੇ ਮੁਹਾਂਦਰੇ ਦਾ ਕੋਈ ਆਦਮੀ ਨਹੀਂ ਵੇਖਣਾ ਚਾਹੁੰਦਾ। ਆਪਣੀਆਂ ਰਾਤਾਂ ਵਾਂਗ ਮੈਂ ਆਪਣੇ ਦਿਨ ਵੀ ਹਰਾਮ ਨਹੀਂ ਕਰਾਂਗਾ," ਉਸ ਆਖਿਆ।

ਸ਼ਾਹੀ ਸੈਨਾ ਤੇਜ਼ੀ ਨਾਲ ਵਧੀ ਤੇ ੪ ਦਸਬਰ ੧੭੧੦ ਵਾਲੇ ਦਿਨ ਲੋਹ ਗੜ੍ਹ ਦੇ ਲਾਗੇ ਪਹੁੰਚ ਗਈ। ਸੈਨਾ ਦੀ ਕੁਲ ਗਿਣਤੀ ਸੱਠ ਹਜ਼ਾਰ ਦੇ ਲਗ ਪਗ ਹੋਵੇਗੀ। ਬੰਦਾ ਸਿੰਘ ਸਾਹਮਣੇ ਦੋ ਹੀ ਰਾਹ ਸਨ। ਇਕ, ਲੋਹ ਗੜ੍ਹ ਵਿਚ ਬੈਠ ਕੇ ਸ਼ਾਹੀ ਸੈਨਾ ਦੀ ਉਡੀਕ ਕਰਨੀ ਤੇ ਦੂਜਾ, ਲੋਹ ਗੜ੍ਹ ਨੇੜੇ ਇਕੱਤਰ ਹੋਈ ਸੈਨਾ ਉੱਤੇ ਹਮਲਾ ਕਰ ਕੇ ਉਹਨੂੰ ਤਬਾਹ ਕਰਨਾ। ਬੰਦਾ ਸਿੰਘ ਬਹਾਦਰ ਨੇ ਦੂਜਾ ਰਾਹ ਚੁਣਿਆ।

ਉਹਨਾਂ ਹਾਲਾਤਾਂ ਵਿਚ ਇਹੋ ਰਾਹ ਹੀ ਯੋਗ ਸੀ। ਜੇ ਬੰਦਾ ਸ਼ਾਹੀ ਸੈਨਾ ਨੂੰ ਤਬਾਹ ਕਰਨ ਵਿਚ ਅਸਫ਼ਲ ਵੀ ਰਹਿੰਦਾ ਤਾਂ ਵੀ ਉਹਦੇ ਸਾਹਮਣੇ ਪਹਿਲਾ ਰਾਹ ਅਜੇ ਖੁਲ੍ਹਾ ਸੀ। ਉਹ ਲੋਹ ਗੜ੍ਹ ਵਿਚ ਪਹੁੰਚ ਕੇ ਮੁਸਲਮਾਨਾਂ ਨਾਲ ਮੁਕਾਬਲਾ ਜਾਰੀ ਰਖ ਸਕਦਾ ਸੀ। ਪਰ ਬਿਨਾਂ ਲੜਾਈ ਕੀਤਿਆਂ ਆਪਣੇ ਆਪ ਨੂੰ ਕਿਲੇ ਵਿਚ ਬੰਦ ਕਰ ਲੈਣਾ ਇਕ ਤਰ੍ਹਾਂ ਨਾਲ ਅਗਦੋਂ ਹੀ ਹਾਰ ਮੰਨ ਲੈਣ ਦੇ ਬਰਾਬਰ ਹੋਣਾ ਸੀ।

ਹਰ ਸੈਨਾਪਤੀ ਦੀ ਬਣਤਰ ਵਿਚ ਜੁਆਰੀਏ ਦੀ ਅੰਸ਼ ਆਵਸ਼ਕ ਹੁੰਦੀ ਹੈ। ਜੇ ਸੈਨਾਪਤੀ ਅਨਿਸਚਿਤਾ ਉੱਤੇ ਇਤਬਾਰ ਨਹੀਂ ਕਰ ਸਕਦਾ ਤਾਂ ਉਹ ਵੱਡੀਆਂ ਵੱਡੀਆਂ ਲੜਾਈਆਂ ਵੀ ਕਦੀ ਨਹੀਂ ਜਿੱਤ ਸਕਦਾ। ਅਨਿਸਚਿਤਾ ਉੱਤੇ ਇਤਬਾਰ, ਕੱਚ ਪੱਕੀ ਵੇਲੇ ਆਪਣੇ ਤੇ ਆਪਣੀ ਸੈਨਾ ਉੱਤੇ ਯਕੀਨ, ਜਕੋ ਤਕੀ ਵੇਲੇ ਆਪਣੇ ਸ਼ਕਾਂ ਨੂੰ ਵਾਰ ਕੇ ਲੜਾਈ ਮੁਲ ਲੈਣੀ, ਇਹ ਚੰਗੇ ਸੈਨਾਪਤੀ ਦੇ ਗਣ ਹਨ।

ਜਦੋਂ ਬੰਦੇ ਨੇ ਲੋਹ ਗੜ੍ਹ ਤੇ ਸਿਦੌੜ ਵਿਚਕਾਰ ਖਿਲਰੀ ਸੱਠ ਹਜ਼ਾਰ ਸ਼ਾਹੀ ਸੈਨਾ ਉੱਤੇ ਆਪਣੇ ਪੰਜ ਕੁ ਹਜ਼ਾਰ ਬੰਦਿਆਂ ਨਾਲ ਚੜ੍ਹਾਈ ਕੀਤੀ ਤਾਂ ਉਹਨੇ ਅਨਿਸਿਚਤਾ ਉੱਤੇ ਇਤਬਾਰ ਕੀਤਾ ਸੀ। ਇਕ ਜੁਆਰੀਏ ਵਾਂਗ ਪਾਸਾ ਸੁਟਿਆ। ਜੇ ਜਿੱਤ ਗਏ ਤਾਂ ਪਉ ਬਾਰਾਂ, ਨਹੀਂ ਤਾਂ ..ਨਹੀਂ ਤਾਂ ਪਹਿਲੇ ਨਾਲੋਂ ਹਾਲਤ ਵਿਗੜਨ ਨਹੀਂ ਲਗੀ।

ਬੰਦਾ ਸਿੰਘ ਬਹਾਦਰ ਦਾ ਇਹ ਹਮਲਾ ਸਿਧ ਕਰਦਾ ਹੈ ਕਿ ਬੰਦੇ ਨੂੰ ਸ਼ੰਕੇ ਭੁਲਾ ਨਹੀਂ ਸਨ ਸਕਦੇ ਤੇ ਡਰ ਭਰਮ ਨਹੀਂ ਸਨ ਸਕਦੇ। ਉਹਦੇ ਵਿਚ ਮਹਾਨ ਸੈਨਾਪਤੀ ਦੀ ਇਕ ਜਮਾਂਦਰੂ ਅੰਸ਼ ਸੀ ਜਿਹੜੀ ਔਖੀ ਵੇਲੇ ਉਹਦੇ ਵਿਚ ਜੁਆਰੀਏ ਦੀ ਭਾਵਨਾ ਉਤਪੰਨ ਕਰਦੀ ਤੇ ਉਹ ਮਰਨ ਮਾਰਨ ਲਈ ਤਿਆਰ ਹੋ ਜਾਂਦਾ।

ਸ਼ਾਹੀ ਸੈਨਾ ਉੱਤੇ ਇਹ ਹੱਲਾ ਪੰਜ ਦਸੰਬਰ ਦੀ ਸਵੇਰ ਨੂੰ ਹੋਇਆ। ਬਹਾਦਰ ਸ਼ਾਹ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਇਹੋ ਜਿਹੀ ਮੁਸ਼ਕਲ ਤੇ ਖਤਰਨਾਕ ਸਥਿਤੀ ਵਿਚ ਬੰਦਾ ਲੋਹ ਗੜ੍ਹ ਨੂੰ ਛਡ ਕੇ ਉਹਦੇ ਉੱਤੇ ਹਮਲਾ ਕਰਨ ਦੀ ਹਿੰਮਤ

Scanned by CamScanner

ਕਰੇਗਾ। ਉਹਦੇ ਤੇ ਉਹਦੇ ਸੈਨਾਪਤੀਆਂ ਭਾਣੇ ਬੰਦਾ ਸਿਘ ਹੁਣ ਲੋਹ ਗੜ੍ਹ ਵਿਚ ਬੈਠਾ ਆਪਣੀ ਤੇ ਆਪਣੀ ਸੈਨਾ ਦੀ ਮੌਤ ਦੀਆਂ ਆਖਰੀ ਘੜੀਆਂ ਗਿਣਦਾ ਹੋਵੇਗਾ। ਉਹਨਾਂ ਦੇ ਖਿਆਲ ਵਿਚ ਲੋਹਗੜ੍ਹ ਦੀ ਜਿੱਤ ਨਾਲ ਸਿਖ ਤਾਕਤ ਖ਼ਤਮ ਹੀ ਹੋ ਜਾਵੇਗੀ। ਬੰਦਾ ਸਿੰਘ ਦੇ ਹਮਲੇ ਵਿਚ, ਇਸ ਲਈ, ਅਚੇਤੀ ਹਮਲੇ ਦੇ ਸਾਰੇ ਗੁਣ ਸ਼ਾਮਲ ਸਨ। ਪਰ ਪੰਜ ਦਸੰਬਰ ਵਾਲੇ ਦਿਨ ਹੋਈ ਲੜਾਈ ਕੋਈ ਚੰਗੀ ਤੇ ਸੁੱਚਜੀ ਲੜਾਈ ਨਹੀਂ ਸੀ। ਇਹ ਇਕ ਤਰ੍ਹਾਂ ਦੀ ਵੱਡੇ ਪੈਮਾਨੇ ਉੱਪਰ ਹੋਈ ਮੁਠ-ਭੇੜ ਸੀ।

ਬੰਦਾ ਸਿੰਘ ਦੀ ਸੈਨਾ ਵਿਚ ਸਿਖੇ ਹੋਏ ਸਿਪਾਹੀਆਂ ਦੀ ਘਾਟ ਸੀ। ਸਰਹਿੰਦ ਦੀ ਫਿਜੇ ਤੇ ਫਿਰ ਸ਼ਹਾਰਨਪੁਰ, ਨੰਨੰਤੇ ਦੀਆਂ ਜਿੱਤਾਂ ਪਿਛੋਂ ਖ਼ਾਲਸਈ ਸੈਨਾ ਦੇ ਬਹੁਤ ਸਾਰੇ ਸਿਪਾਹੀ ਆਪੋ ਆਪਣੇ ਘਰੀ ਫੁਟੀ ਆਦਿ ਜਾ ਚੁਕੇ ਸਨ।

ਜਿਵੇਂ ਪੰਜ ਦਸੰਬਰ ਦੇ ਹੱਲੇ ਵਿਚ ਬੰਦਾ ਸਿੰਘ ਨੇ ਮੁਕਾਮੀ ਤੌਰ ਉੱਤੇ ਮੁਗਲਈ ਸੈਨਾ ਨੂੰ ਅੰਚਭਿਤ ਕੀਤਾ ਸੀ ਉਸੇ ਤਰ੍ਹਾਂ ਮੁਗ਼ਲਈ ਸੈਨਾ ਨੇ ਲਾਮੁਕਾਮੀ ਤੌਰ ਤੋਂ ਖ਼ਾਲਸਈ ਸੈਨਾ ਨੂੰ ਅਚੰਭਿਤ ਕੀਤਾ ਸੀ। ਬੰਦਾ ਸਿੰਘ ਬਹਾਦਰ ਵਰਗਾ ਜਮਾਂਦਰੂ ਜਰਨੈਲ ਵੀ ਕਦੀ ਇਹ ਸੋਚ ਨਹੀਂ ਸੀ ਸਕਿਆ ਕਿ ਸ਼ਾਹੀ ਸੈਨਾ ਕੁਝ ਮਹੀਨਿਆਂ ਦੇ ਅੰਦਰ ਅੰਦਰ ਹੀ ਲੋਹ ਗੜ੍ਹ ਤਕ ਪਹੁੰਚ ਜਾਏਗੀ।

ਅਜੇ ਢਾਈ ਤਿੰਨ ਮਹੀਨੇ ਪਹਿਲੇ ਜਦੋਂ ਬੰਦਾ ਸਿੰਘ ਬਹਾਦਰ ਤੇ ਖ਼ਾਲਸਈ ਸੈਨਾ ਸਹਾਰਨਪੁਰ ਜਿੱਤ ਕੇ ਜਲਾਲਾਬਾਦ ਦਾ ਘੇਰਾ ਘੱਤੀ ਬੈਠੀ ਸੀ ਤਾਂ ਮੁਗ਼ਲਈ ਸੈਨਾ ਕਿਤੇ ਨਜ਼ਰ ਨਹੀਂ ਸੀ ਆਉਂਦੀ। ਧੁਰ ਦਿੱਲੀ ਤਕ ਰਾਹ ਖਾਲੀ ਸੀ। ਜਮਨਾ ਤੋਂ ਲੈ ਕੇ ਬਿਆਸ ਤਕ ਬੰਦੇ ਦਾ ਚਲਾਇਆ ਸਿੱਕਾ ਚੱਲਦਾ ਸੀ। ਮੁਸਲਮਾਨ ਜਨਤਾ ਦੇ ਦਿਲ ਬੈਠੇ ਹੋਏ ਸਨ। ਲਗਦਾ, ਕਿ ਤੁਰਕੀ ਸਲਤਨੱਤ ਬਸ ਖ਼ਤਮ ਹੀ ਹੋ ਚੁਕੀ ਹੈ।

ਬੰਦਾ ਸਿੰਘ ਆਪ ਵੀ ਕਿਸੇ ਹੱਦ ਤਕ ਅਵੇਸਲਾ ਹੋ ਗਿਆ ਤੇ ਆਮ ਸਿਖ ਜਨਤਾ ਤਾਂ ਜਿਵੇਂ ਮੁਗ਼ਲਈ ਰਾਜ ਨੂੰ ਭੁਲ ਹੀ ਗਈ ਹੋਵੇ। ਉਹਨਾਂ ਦੇ ਅੰਦਰ ਐਨੇ ਨਿੱਧੇ ਹੋ ਗਏ ਕਿ ਉਹ ਆਪਣੇ ਆਲੇ ਦੁਆਲੇ ਤੋਂ ਬਿਲਕੁਲ ਬੇ-ਫਿਕਰ ਹੋ ਬੈਠੇ। ਨਵੀਂ ਨਵੀਂ ਬਣੀ ਖ਼ਾਲਸਈ ਸੈਨਾ ਦੇ ਬਹੁਤੇ ਸਿਪਾਹੀਆਂ ਨੂੰ ਘਰਾਂ ਦੀ ਖਿੱਚ ਨੇ ਖਿੱਚਿਆ ਤੇ ਉਹ ਧਿੰਙੋ ਚੋਗੀ ਪਤਰਾ ਵਾਚ ਗਏ।

ਉਧਰ ਮੁਸਲਮਾਨਾਂ ਦੇ ਦਿਲੀਂ ਅੱਗ ਲਗੀ ਹੋਈ ਸੀ ਕਿ ਕਿਹੜਾ ਸਮਾਂ ਆਏ ਉਹ ਸਿਖਾਂ ਕੋਲੋਂ ਬਦਲਾ ਲੈਣ। ਬਹਾਦਰ ਸ਼ਾਹ ਵੀ ਮੰਜ਼ਲਾਂ ਮਾਰਦਾ ਆਇਆ। ਆਪਣੀ ਸਲਤਨੱਤ ਖੁਸਣ ਦੇ ਡਰ ਦਾ ਮਾਰਿਆ ਉਹ ਅੱਠਾਂ ਦੱਸਾਂ ਘੰਟਿਆਂ ਤੋਂ ਵਧ ਕਿਤੇ ਪੱਤਾ ਨਾ ਕਰਦਾ। ਏਥੋਂ ਤਕ ਕਿ ਉਹ ਆਪਣੀ ਹਾਜਧਾਨੀ ਦਿੱਲੀ ਵਿਚ ਵੀ ਨਾ ਅਟਕਿਆ। ਵਾਂਹੇ ਦਾਹ ਵਧੀ ਆਇਆ।

ਵੇਖਦਿਆਂ ਵੇਖਦਿਆਂ ਪਾਨੀਪਤ, ਕਰਨਾਲ, ਥਨੇਸਰ, ਸਮਾਣਾ ਤੇ ਸਰਹਿੰਦ ਫ਼ਤਹ ਹੋ ਗਏ। ਕਿਤੇ ਵੀ ਸਿਖ ਜੰਮ ਕੇ ਲੜ ਨਾ ਸਕੇ। ਕਿਤੇ ਵੀ ਸਿਖਾਂ ਦੀ ਪੂਰੀ ਫ਼ੌਜ ਇਕੱਤਰ ਨਾ ਹੋ ਸਕੀ। ਹਾਂ, ਜਦੋਂ ਤਕ ਮੁਗ਼ਲ ਸਰਹਿੰਦ ਤਕ ਪਹੰਜੇ ਉਦੋਂ ਤੋੜੀਂ ਬੰਦਾ ਜ਼ਰੂਰ ਪੰਜ ਕੁ ਹਜ਼ਾਰ ਆਦਮੀ ਇਕੱਠੇ ਕਰਨ ਵਿਚ ਸਫ਼ਲ ਹੋ ਗਿਆ।

ਹੁਣ ਸਵਾਲ ਸੀ ਕਿ ਕੀ ਇਹਨਾਂ ਪੰਜਾਂ ਹਜ਼ਾਰਾਂ ਨਾਲ ਉਹ ਸਰਹਿੰਦ ਨੂੰ ਬਚਾਣ ਦੀ ਕੋਸ਼ਿਸ਼ ਕਰੇ ਕਿ ਲੋਹ ਗੜ੍ਹ ਹੀ ਬੈਠਾ ਸ਼ਾਹੀ ਸੈਨਾ ਦੀ ਉਡੀਕ ਕਰੇ। ਉਸ ਵੇਲੇ ਸਰਹਿੰਦ ਨੂੰ ਬਚਾਣ ਵਾਸਤੇ ਸਰਹਿੰਦ ਪਹੁੰਚਣਾ ਬੇਮੌਨੀ ਸੀ। ਬੰਦੇ ਦੇ ਪਹੁੰਚਦਿਆਂ ਪਹੁੰਚਦਿਆਂ ਸ਼ਾਇਦ ਸਰਹਿੰਦ ਫ਼ਤਹ ਵੀ ਹੋ ਚੁਕੀ ਹੁੰਦੀ। ਉਸ ਹਾਲਤ ਵਿਚ ਇਸ ਪੰਜ ਹਜ਼ਾਰ ਸੈਨਾ ਦੀ ਸਲਾਮਤੀ ਵੀ ਖਤਰੇ ਵਿਚ ਪੈ ਜਾਂਦੀ। ਸਰਹਿੰਦ ਤੇ ਲੋਹ ਗੜ੍ਹ ਦੇ ਵਿਚਕਾਰ ਬਚਾਅ-ਲੜਾਈ ਵਾਸਤੇ ਕੋਈ ਵੀ ਥਾਂ ਢੁਕਵੀਂ ਨਹੀਂ ਸੀ। ਐਨਾਂ ਸਮਾਂ ਵੀ ਨਹੀਂ ਸੀ ਕਿ ਸਰਹਿੰਦ ਦੇ ਬਚਾਅ ਦਾ ਪੱਕੇ ਤਰੀਕੇ ਨਾਲ ਪ੍ਰਬੰਧ ਕੀਤਾ ਜਾ ਸਕੇ।

ਬੰਦਾ ਸਿੰਘ ਲੋਹ ਗੜ੍ਹ ਹੀ ਟਿਕਿਆ ਰਿਹਾ। ਸਰਹਿੰਦ ਵੀ ਹੱਥੋਂ ਗਈ। ਬਾਜ ਸਿੰਘ, ਫਤਹ ਸਿੰਘ ਤੇ ਹੋਰ ਸਰਦਾਰ ਥਨੇਸਰ, ਸਮਾਣਾ ਤੇ ਸਰਹਿੰਦ ਤੋਂ ਬਚੀ ਖੁਚੀ ਸੈਨਾ ਤੇ ਸਾਜ਼ ਸਾਮਾਨ ਲੈ ਕੇ ਲੋਹ ਗੜ੍ਹ ਆ ਪਹੁੰਚੇ। ਹੁਣ ਬੰਦੇ ਕੋਲ ਸਤ ਕੁ ਹਜ਼ਾਰ ਆਦਮੀ ਸਨ।

ਪਰ ਅਜੇ ਵੀ ਇਹ ਸੱਠ ਹਜ਼ਾਰ ਦੁਸ਼ਮਣ ਵਾਸਤੇ ਕਾਫ਼ੀ ਨਹੀਂ ਸਨ। ਜੇ ਬੰਦੇ ਕੋਲ ਚਾਲੀ ਪੰਜਾਹ ਤੋਪਾਂ ਹੁੰਦੀਆਂ ਤਾਂ ਵੀ ਕੋਈ ਮੁਕਾਬਲਾ ਹੁੰਦਾ ਪਰ ਉਸ ਵੇਲੇ ਲੋਹ ਗੜ੍ਹ ਵਿਚ ਸਿਰਫ਼ ਉਹ ਹੀ ਦਸ ਬਾਰਾਂ ਤੋਪਾਂ ਸਨ ਜਿਹੜੀਆਂ ਸਰਹਿੰਦ ਦੀ ਜਿੱਤ ਪਿਛੋਂ ਉਥੇ ਲਿਆਂਦੀਆਂ ਗੋਟੀਆਂ ਸਨ। ਘੋੜੇ ਵੀ ਮਸੇਂ ਹਜ਼ਾਰ ਬਾਰਾਂ ਸੌ ਹੋਣਗੇ।

Scanned by CamScanner

ਜੇ ਲੋਹ ਗੜ੍ਹ ਘੇਰੇ ਵਿਚ ਆ ਜਾਂਦਾ ਤਾ ਪ੍ਰਤੱਖ ਸੀ ਕਿ ਸਮੁੱਚੀ ਸਿਖ ਸੈਨਾ ਤਬਾਹ ਹੋ ਜਾਣੀ ਸੀ। ਇਕੋ ਇਕ ਤਰੀਕਾ ਸੀ ਕਿ ਮੁਖਲਸ ਗੜ੍ਹ ਤੇ ਲੋਹ ਗੜ੍ਹ ਵਿਚਕਾਰ ਜੁੜੀ ਤੇ ਜੁੜ ਰਹੀ ਸੈਨਾ ਨੂੰ ਭਾਂਜ ਪਾ ਦਿਤੀ ਜਾਏ ਤੇ ਫਿਰ ਵਡੀ ਤੇ ਲੰਮੇਰੀ ਜੰਗ ਦੀ ਤਿਆਰੀ ਵਿਚ ਜੁਟਿਆ ਜਾਵੇ। ਸਭ ਤੋਂ ਜ਼ਰੂਰੀ ਮਸਲਾ ਸਮੇਂ ਦਾ ਸੀ। ਜੇ ਇਕ ਦਿਨ ਵੀ ਉਡੀਕ ਕੀਤੀ ਗਈ ਤਾਂ ਮੁਗ਼ਲਈ ਸੈਨਾ ਨੂੰ ਭਾਂਜ ਪਾਣੀ ਅਨਹੋਣੀ ਹੋਵੇਗੀ। ਸੋ ਬਿਨਾਂ ਬਹੁਤੀ ਤਿਆਰੀ ਦੇ ਬੰਦੇ ਨੇ ਹੱਲਾ ਬੋਲ ਦਿਤਾ।

ਅਗੋਂ ਮੁਗ਼ਲ ਵੀ ਤਿਆਰ ਨਹੀਂ ਸਨ। ਬਸ ਅੰਨ੍ਹੇਵਾਹ ਕਟਾ-ਵੱਢ ਹੁੰਦੀ ਰਹੀ। ਸਿਖਾਂ ਨੇ ਉਹ ਜੋਸ਼ ਵਿਖਾਇਆ ਕਿ ਮੁਸਲਮਾਨਾਂ ਨੂੰ ਦੰਦਣ ਪੈ ਗਏ। ਇਹ ਅਤਿਕਥਨੀ ਨਹੀਂ ਕਿ ਇਕ ਇਕ ਸਿਖ ਨੇ ਦਸ ਦਸ ਦੁਸ਼ਮਣ ਮਾਰੇ। ਹਮਲੇ ਤੋਂ ਪਹਿਲਾਂ ਬੰਦੇ ਨੇ ਸਭ ਸੈਨਾ ਨੂੰ ਚਿਤਾਵਨੀ ਕਰਾਈ ਸੀ ਕਿ ਅੱਜ ਦੀ ਲੜਾਈ ਸਿਖਾਂ ਦੇ ਭਵਿਖ ਵਾਸਤੇ ਫ਼ੈਸਲਾਕੁਨ ਲੜਾਈ ਹੈ। "ਮੈਂ ਜਾਣਦਾ ਹਾਂ ਖ਼ਾਲਸਾ ਜੀ," ਉਸ ਕਿਹਾ, "ਕਿ ਛੇ ਸੱਤ ਹਜ਼ਾਰ ਸੈਨਾ ਦਾ ਮੁਕਾਬਲਾ ਪੰਜਾਹ ਸੱਠ ਹਜ਼ਾਰ ਫ਼ੌਜ ਨਾਲ ਹੈ। ਇਕ ਇਕ ਦਾ ਦਸ ਦਸ ਨਾਲ ਮੁਕਾਬਲਾ ਹੈ। ਪਰ ਤੁਸੀਂ ਉਸ ਗੁਰੂ ਕਲਗੀਆਂ ਵਾਲੇ ਦੇ ਸਿਖ ਹੋ ਜਿਨ੍ਹੇ ਸਾਮਰਤੱਖ ਚਿੜੀਆਂ ਕੋਲੋਂ ਬਾਜ ਤੁੜਾਏ।

"ਜੇ ਅੱਜ ਅਸਾਡੀ ਜਿੱਤ ਹੋਈ ਤਾਂ ਸ਼ੀਘਰ ਹੀ ਸਾਰੇ ਹਿੰਦੁਸਤਾਨ ਉੱਤੇ ਸਿਖਾਂ ਦਾ ਰਾਜਾ ਹੋ ਜਾਏਗਾ। ਕਿਉਂਕਿ ਅੱਜ ਸਾਡਾ ਮੁਕਾਬਲਾ ਕਿਸੇ ਸੂਬੇ ਦੇ ਸੂਬੇਦਾਰ ਨਾਲ ਨਹੀਂ, ਮੁਗ਼ਲੀਹਾ ਸਲਤਨੱਤ ਦੇ ਸ਼ਹਿਨਸ਼ਾਹ ਬਹਾਦਰ ਸ਼ਾਹ ਨਾਲ ਹੈ। ਜੇ ਹਾਰ ਗਏ ਤਾਂ ਬੇਸ਼ਕ ਲੋਹ ਗੜ੍ਹ ਸਾਡੇ ਹੱਥ ਵਿਚ ਹੈ ਪਰ ਫਿਰ ਵੀ ਮੁਗ਼ਲਈ ਘੇਰੇ ਦੀ ਅੱਕੜ ਵਿਚੋਂ .ਨਿਕਲਣਾ ਕਠਨ ਹੋ ਜਾਏਗਾ।

"ਅੱਜ ਜਾਨ ਹੂਲ ਕੇ ਲੜੋ ਖ਼ਾਲਸਾ ਜੀ। ਅੱਜ ਸਿਖੀ ਭਵਿਖ ਵਾਸਤੇ ਤੇ ਆਪਣੇ ਗੁਰੂ ਗੋਬਿੰਦ ਸਿੰਘ ਵਾਸਤੇ ਲੜੋ...।" ਤੇ ਸਿਖ ਜਾਨ ਹੂਲ ਕੇ ਲੜੇ।

ਦੁਪਹਿਰ ਤਕ ਇਸ ਤਰ੍ਹਾਂ ਲਗਦਾ ਸੀ ਕਿ ਮੁਗ਼ਲਈ ਸੈਨਾ ਖਿੰਡ ਜਾਏਗੀ। ਹਰ ਪਾਸਿਉਂ ਮੁਸਲਮਾਨ ਪਿਛੇ ਹਟਦੇ ਜਾ ਰਹੇ ਸਨ। ਬਹਾਦਰ ਸ਼ਾਹ ਬਾਦਸ਼ਾਹ ਦਾ ਆਪਣਾ ਖ਼ੇਮਾਂ ਵੀ ਸਿਖਾਂ ਦੀ ਜ਼ੱਦ ਤੋਂ ਦੂਰ ਨਹੀਂ ਸੀ ਰਹਿ ਗਿਆ।

"ਯਾ ਅੱਲਾ ! ਮੇਰੀ ਸੈਨਾ ਨੂੰ ਕੀ ਹੋ ਗਿਆ," ਬਹਾਦਰ ਸ਼ਾਹ ਗੁੱਸੇ ਨਾਲ ਲਾਲ ਹੋਇਆ ਕਹਿ ਰਿਹਾ ਸੀ, "ਮੈਨੂੰ ਤਾਂ ਸਿੱਖੜੇ ਕਿਤੇ ਨਜ਼ਰ ਨਹੀਂ ਆਉਂਦੇ ਤੇ ਫਿਰ ਵੀ ਗਾਜ਼ੀ ਪਿਛੇ ਹੱਟ ਰਹੇ ਹਨ। ਇਹ ਬੰਦੇ ਬਹਾਦਰ ਦਾ ਜਾਦੂ ਹੈ ਕਿ ਸਿੱਖੜਿਆਂ ਦੀ ਬਹਾਦਰੀ !"

ਬਾਦਸ਼ਾਹ ਨੇ ਆਪਣੇ ਦੋ ਵੱਡੇ ਪੁੱਤਰਾਂ ਨੂੰ ਠਲ੍ਹ ਪਾਣ ਵਾਸਤੇ ਭੇਜਿਆ। ਉਹਨੇ ਮੁਨੀਮ ਖ਼ਾਨ ਨੂੰ ਆਪਣਾ ਸਾਰਾ ਭਾਣ ਲਾਣ ਵਾਸਤੇ ਕਿਹਾ। ਉਹਨੇ ਹਮੀਦ ਖ਼ਾਨ ਨੂੰ ਆਪਣੇ ਬਚਾਅ ਵਾਲੀ ਰਾਖਵੀਂ ਫ਼ੌਜ ਦੇ ਕੇ ਸਿਖਾਂ ਨੂੰ ਘੇਰੇ ਵਿਚ ਲੈਣ ਦਾ ਹੁਕਮ ਦਿਤਾ। ਉਹਨੇ ਜਹਾਂਦਾਰ ਖ਼ਾਨ ਤੋਪਚੀ ਨੂੰ ਕੋਸਿਆ। ਉਹ ਕੱਲ੍ਹ ਦੇ ਏਥੇ ਆਏ ਹੋਏ ਸਨ ਪਰ ਅਜੇ ਤਕ ਤੋਪਾਂ ਜੰਗ ਲਈ ਤਿਆਰ ਕਿਉਂ ਨਹੀਂ ਹੋਈਆਂ ? ਉਸ ਉਹਨੂੰ ਧਮਕਾਇਆ ਕਿ ਜੇ ਘੰਟੇ ਅੱਧੇ ਘੰਟੇ ਦੇ ਅੰਦਰ ਅੰਦਰ ਤੋਪਾਂ ਨਾ ਬੀੜੀਆਂ ਗਈਆਂ ਤਾਂ ਉਹਨੂੰ ਫਾਂਸੀ ਉੱਪਰ ਲਟਕਾ ਦਿਤਾ ਜਾਏਗਾ।

ਇਹਨਾਂ ਸਭ ਹੁਕਮਾਂ ਤੇ ਕੋਸ਼ਿਸ਼ਾਂ ਦੇ ਬਾਵਜੂਦ ਵੀ ਸਿੰਘ ਵਧਦੇ ਹੀ ਆਏ ਤੇ ਮੁਸਲਮਾਨ ਪਿਛੇ ਹੀ ਹਟਦੇ ਗਏ। ਹੁਣ ਬਹਾਦਰ ਸ਼ਾਹ ਦੇ ਰਹਿੰਦੇ ਦੋਵੇਂ ਪੁਤਰ ਵੀ ਲੜਾਈ ਵਿਚ ਜਾ ਕੁਦੇ। ਬਾਦਸ਼ਾਹ ਦੇ ਕੋਲ ਸਿਰਫ਼ ਦਸ ਪੰਦਰ੍ਹਾਂ ਸਵਾਰ ਬਚ ਗਏ ਸਨ। ਜਾਪਦਾ ਸੀ ਕਿ ਮੁਗ਼ਲਈ ਸੈਨਾ ਨੂੰ ਫ਼ੈਸਲਾਕੁਨ ਹਾਰ ਹੋਏਗੀ।

ਪਰ ਉਸ ਵੇਲੇ ਹੀ ਸੈਨਾਪਤੀ ਮੁਹੰਮਦ ਦੀਨ ਸਰਹਿੰਦ ਵਲੋਂ ਦਸ ਹਜ਼ਾਰ ਤਾਜ਼ਾ ਦੰਮ ਸੈਨਾ ਲੈ ਕੇ ਆ ਪਹੁੰਚਿਆ। ਇਸ ਸੈਨਾ ਵਿਚ ਬਹੁਗਿਣਤੀ ਬੱਰ੍ਹਾ ਦੇ ਸੱਯਦਾਂ ਦੀ ਸੀ; ਇਹ ਸੱਯਦ ਕਾਹਲੀ ਕਾਹਲੀ ਵਿਚ ਸਾਰੇ ਦੇ ਸਾਰੇ ਪਹਿਲੇ ਜੁੜ ਨਹੀਂ ਸਨ ਸਕੇ।

ਇਸ ਕੁਮਕ ਦੇ ਆਉਣ ਪਿਛੋਂ ਪਾਸਾ ਪਰਤਣ ਲੱਗਾ ਤੇ ਮੁਸਲਮਾਨਾਂ ਦਾ ਜ਼ੋਰ ਵਧ ਗਿਆ। ਸਿਖ ਹੌਲੀ ਹੌਲੀ ਪਿਛੇ ਹਟਣ ਲਗੇ। ਆਖਰ ਮੁਕਾਬਲਾ ਵੀ ਤਾਂ ਬੜਾ ਆਸਾਵਾਂ ਸੀ। ਸ਼ਾਮ ਪੈਂਦਿਆਂ ਤਕ ਸਿਖ ਆਪਣੇ ਦਾਈ ਤਿੰਨ ਹਜ਼ਾਰ ਸਾਥੀ ਵਾਰ ਕੇ ਲੋਹ ਗੜ੍ਹ ਵਿਚ ਆ ਵੜੇ। ਮੁਸਲਮਾਨਾਂ ਦੇ ਕੋਈ ਦਸ ਬਾਰਾਂ ਹਜ਼ਾਰ ਗਾਜ਼ੀ ਸ਼ਹੀਦ ਹੋਏ।

ਮੁਨੀਮ ਖ਼ਾਨ ਨੇ ਬਹਾਦਰ ਸ਼ਾਹ ਅਗੇ ਮਿੰਨਤਾਂ ਕੀਟੀਆਂ ਕਿ ਉਹਨੂੰ ਉਸੇ ਰਾਤ ਲੋਹ ਗੜ੍ਹ ਉੱਤੇ ਹਮਲਾ ਕਰਨ ਦੀ ਆਗਿਆ ਦਿਤੀ ਜਾਏ, ਪਰ ਬਹਾਦਰ ਸ਼ਾਹ ਨਾ ਮੰਨਿਆ। ਉਹ ਦਿਲੋਂ ਡਰ ਰਿਹਾ ਸੀ।

Scanned by CamScanner

"ਨਹੀਂ," ਉਸ ਆਖਿਆ, "ਮੇਰਾ ਹੁਕਮ ਹੈ ਕਿ ਲੋਹ ਗੜ੍ਹ ਦਵਾਲੇ ਘੇਰਾ ਪਾ ਲਿਆ ਜਾਵੇ ਤੇ ਬੰਦਾ ਸਿੰਘ ਨੂੰ ਜ਼ਿੰਦਾ ਫੜਨ ਦੀ ਕੋਸ਼ਿਸ਼ ਕੀਤੀ ਜਾਏ।"

"ਜੇ ਅੱਜ ਰਾਤ ਹੀ ਮੈਨੂੰ ਹੱਲੇ ਦੀ ਆਗਿਆ ਹੋਵੇ ਤਾਂ ਕੱਲ੍ਹ ਦਿਨ ਚੜਦੇ ਤਕ ਮੈਂ ਮਰਦੂਦ ਬੰਦੇ ਨੂੰ ਜਹਾਂ-ਪਨਾਹ ਦੇ ਪੈਰਾਂ ਵਿਚ ਪੇਸ਼ ਕਰ ਸਕਦਾ ਹਾਂ।"

"ਮੁਨੀਮ ਖ਼ਾਨ ! ਤੂੰ ਨਹੀਂ ਜਾਣਦਾ ਕਿ ਸਾਡੀ ਸੈਨਾ ਐਸ ਵੇਲੇ ਕਿੰਨੀ ਥੱਕੀ ਹੋਈ ਹੈ ਤੇ ਐਸ ਵੇਲੇ ਦਾ ਕੀਤਾ ਹੋਇਆ ਹਰ ਹਮਲਾ ਅਸਫ਼ਲ ਜਾਏਗਾ।"

"ਮੈਂ ਆਪਣੀ ਜਾਨ ਦੀ ਜ਼ਾਮਨੀ ਦੇਂਦਾ ਹਾਂ, ਜਹਾਂ-ਪਨਾਹ ! ਜੇ ਮੈਂ ਕੱਲ੍ਹ ਸ਼ਾਮ ਤਕ ਬੰਦੇ ਨੂੰ ਤੁਹਾਡੇ ਹਜ਼ੂਰ ਪੇਸ਼ ਨਾ ਕੀਤਾ ਤਾਂ ਬੇਸ਼ਕ ਮੇਰਾ ਸਿਰ ਕਲਮ ਕਰ ਦਿਤਾ ਜਾਏ।"

"ਪਰ ਲੋਹ ਗੜ੍ਹ ਵਿਚ ਸ਼ਾਇਦ ਸਵੇਰੇ ਲੜਦੀ ਸੈਨਾ ਨਾਲੋਂ ਦੁਗਣੀ ਸੈਨਾ ਤਾਜ਼ਾ-ਦੰਮ ਬੈਠੀ ਹੋਵੇ...," ਬਹਾਦਰ ਸ਼ਾਹ ਨੇ ਝੂਠ ਮਾਰ ਕੇ ਆਪਣੇ ਡਰ ਨੂੰ ਲੁਕਾਣਾ ਚਾਹਿਆ।

"ਇਸ ਦੀ ਕੁਝ ਪ੍ਰਵਾਹ ਨਹੀਂ ਜਹਾਂ-ਪਨਾਹ ! ਮੈਂ ਇਹ ਆਗਿਆ ਸਿਰਫ਼ ਆਪਣੇ ਵਲੋਂ ਹੀ ਨਹੀਂ ਮੰਗ ਰਿਹਾ। ਸਾਰੀ ਦੀ ਸਾਰੀ ਸੈਨਾ ਵੀ ਇਹੋ ਆਗਿਆ ਮੰਗ ਰਹੀ ਹੈ। ਸੱਠ ਹਜ਼ਾਰ ਗਾਜ਼ੀ ਲੋਹ ਗੜ੍ਹ ਦੀ ਇੱਟ ਨਾਲ ਇੱਟ ਖੜਕਾਣ ਵਾਸਤੇ ਕਾਹਲੇ ਹਨ ਜਹਾਂ-ਪਨਾਹ। ਪਤਾ ਨਹੀਂ ਹਿੰਦੁਸਤਾਨ ਦਾ ਮਹਾਨ ਬਾਦਸ਼ਾਹ ਕਿਹੜੀਆਂ ਸੋਚਾਂ ਵਿਚ ਗੁੰਮ ਹੈ। ਸੈਨਾ ਆਖਦੀ ਹੈ ਕਿ ਜੇ ਅੱਜ ਹੀ ਬੰਦੇ ਨੂੰ ਫੜਿਆ ਨਾ ਗਿਆ ਤਾਂ ਉਹ ਜ਼ਰੂਰ ਆਪਣੇ ਜਾਦੂ ਦੇ ਜ਼ੋਰ ਨਾਲ ਕਿਲ੍ਹੇ ਵਿਚੋਂ ਉਡ ਜਾਏਗਾ।" ਪਰ ਹਜ਼ਾਰ ਮਿੰਨਤਾਂ ਤੇ ਕੋਸ਼ਿਸ਼ਾਂ ਦੇ ਬਾਵਜੂਦ ਬਹਾਦਰ ਸ਼ਾਹ ਨਾ ਮੰਨਿਆ। ਉਹ ਕੁਝ ਦਿਨ ਆਰਾਮ ਕਰਨਾ ਚਾਹੁੰਦਾ ਸੀ। ਉਹਦੇ ਵਿਚ ਜੇਰਾ ਨਹੀਂ ਸੀ ਕਿ ਅੱਜ ਸਵੇਰ ਵੇਲੇ ਦੇ ਸਿਖੀ ਹੱਥ ਵੇਖ ਕੇ ਫਿਰ ਉਸੇ ਸ਼ਾਮ ਉਹਨਾਂ ਉੱਤੇ ਹੱਲੇ ਦਾ ਹੁਕਮ ਦੇਵੇ। ਬੇਸ਼ਕ ਜੇ ਉਸ ਰਾਤ ਜਾਂ ਅਗਲੀ ਸਵੇਰ ਸ਼ਾਹੀ ਸੈਨਾ ਲੋਹ ਗੜ੍ਹ ਉੱਤੇ ਹਮਲਾ ਕਰਦੀ ਤਾਂ ਜਿੱਤ ਉਹਨਾਂ ਦੀ ਹੀ ਹੋਣੀ ਸੀ। ਬੰਦਾ ਸਿੰਘ ਦਾ ਬਚ ਨਿਕਲਣਾ ਵੀ ਮੁਸ਼ਕਲ ਹੁੰਦਾ ਤੇ ਨਾ ਹੀ ਮੁਗਲ ਫ਼ੌਜ ਵਿਚ ਕਿਸੇ ਰੋਸ ਦੀ ਲਹਿਰ ਦੌੜਦੀ। ਕਾਦਿਰ ਬਾਦਸ਼ਾਹ ਤੇ ਕਾਇਰ ਮਹਾਂ ਸੈਨਾਪਤੀ ਨੇ ਆਪਣੀ ਕਾਇਰਤਾ ਨਾਲ ਜੇਤੂ, ਜੋਸ਼ੀਲੀ ਤੇ ਗੌਰਵਮਾਨ ਫ਼ੌਜ ਦਾ ਉਤਸ਼ਾਹ ਮਲੀਆਮੇਟ ਕਰ ਦਿਤਾ।

੧੭

ਪਠਾਨਕੋਟ, ਭਰਮੌਰੀ, ਊਨਾ, ਰੋਪੜ ਤੇ ਸਿਦੌੜਾਂ — ਇਹ ਕੱਸਬੇ ਉੱਤਰੋਂ-ਪੂਰਬੋਂ ਵਿਚ ਪੰਜਾਬ ਦੀ ਪੱਧਰੀ ਧਰਤੀ ਦੀ ਹੱਦ ਹੋਨ। ਇਹਨਾਂ ਥਾਵਾਂ ਤੋਂ ਅਗੇ ਸ਼ਿਵਾਲਕ ਪਹਾੜੀਆਂ ਦਾ ਆਦਿ ਹੁੰਦਾ ਹੈ ਤੇ ਇਕ ਪਿਛੋਂ ਦੂਜੀ ਘਾਟੀ ਲੜੀਵਾਰ ਉੱਚੀ ਹੁੰਦੀ ਜਾਂਦੀ ਹੈ। ਸ਼ਿਵਾਲਕ ਪਹਾੜੀਆਂ ਦੀ ਪਹਿਲੀ ਕੰਡੀ ਨੇ ਸਿਖ ਧਰਮ ਦੀ ਅਤਿਅੰਤ ਸਹਾਇਤਾ ਕੀਤੀ ਹੈ। ਜੇ ਇੰਹ ਵੀ ਕਹਿ ਦੇਈਏ ਕਿ ਸਿਖ ਧਰਮ ਇਹਨਾਂ ਪਹਾੜੀਆਂ ਦਾ ਸਹਾਰਾ ਲੈ ਕੇ ਹੀ ਜਵਾਨ ਹੋਇਆ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

ਗੁਰੂ ਹਰਿਗੋਬਿੰਦ ਜੀ ਨੇ ਸਿਖ ਧਰਮ ਦੇ ਹੱਥ ਤਲਵਾਰ ਦੇਣ ਦੀ ਪਹਿਲ ਕੀਤੀ। ਉਦੋਂ ਸਿਖ ਧਰਮ ਨੂੰ ਬੀਰ ਧਰਮ ਬਨਾਉਣ ਦੀ ਨੀਂਹ ਰਖੀ ਗਈ। ਗੁਰੂ ਗੋਬਿੰਦ ਸਿੰਘ ਨੇ ਇਕ ਹੋਰ ਕਦਮ ਚੁਕਿਆ ਤੇ ਉਹਨਾਂ ਦੀ ਲੀਡਰਸ਼ਿਪ ਥੱਲੇ ਸਿਖ ਇਕ ਜੱਥੇਬੰਦ ਜਮਾਤ ਬਣ ਗਏ।

Scanned by CamScanner

ਗੁਰੂ ਗੋਬਿੰਦ ਸਿੰਘ ਨੇ ਮੁਗ਼ਲੀਹਾ ਤਾਕਤ ਨਾਲ ਟੱਕਰ ਲਈ। ਖਾਲਸੇ ਦੀ ਸ਼ਕਤੀ ਨੂੰ ਇਕੱਤਰ ਕਰਨ ਲਈ ਤੇ ਮੁਗ਼ਲਾਂ ਤੋਂ ਨਵੇਕਲਿਆਂ ਹਟ ਕੇ ਇਸ ਸ਼ਕਤੀ ਨੂੰ ਵਧਾਣ ਲਈ ਉਹਨਾਂ ਨੇ ਅਨੰਦ ਪੁਰ ਨੂੰ ਆਪਣਾ ਸਦਰ ਬਣਾਇਆ। ਅਨੰਦ ਪੁਰ ਸ਼ਿਵਾਲਕ ਪਹਾੜੀਆਂ ਦੇ ਦਾਮਨ ਵਿਚ ਹੈ।

ਬੰਦਾ ਸਿੰਘ ਬਹਾਦਰ ਨੇ ਲੋਹ ਗੜ੍ਹ ਨੂੰ ਆਪਣਾ ਸਦਰ ਬਣਾਇਆ। ਕਈ ਪੱਖਾਂ ਤੋਂ ਇਹ ਥਾਂ ਅਨੰਦਪੁਰ ਨਾਲੋਂ ਵੀ ਵੇਰ ਮਹਿਫ਼ੂਜ਼ ਹੈ। ਲੋਹ ਗੜ੍ਹ ਨੂੰ ਵੀ ਸ਼ਿਵਾਲਕ ਪਹਾੜ ਦਾ ਹੀ ਆਸਰਾ ਹੈ।

ਲੋਹ ਗੜ੍ਹ ਤੋਂ ਲੈ ਕੇ ਪਠਾਨਕੋਟ ਤਕ — ਇਹ ਇਲਾਕਾ ਮੁਗ਼ਲੀਹਾ ਸਲਤਨੱਤ ਨਾਲ ਲੜਾਈਆਂ ਵੇਲੇ ਬੰਦਾ ਸਿੰਘ ਬਹਾਦਰ ਦਾ ਰਾਖਵਾਂ ਰਿਹਾ। ਜਦੋਂ ਮੁਗ਼ਲਾਂ ਦਾ ਜ਼ੋਰ ਤੇਜ਼ ਹੁੰਦਾ, ਜਦੋਂ ਬੰਦੇ ਕੋਲ ਇਹਨਾਂ ਜਰਵਾਣਿਆਂ ਦਾ ਸਾਹਮਣਾ ਕਰਨ ਵਾਸਤੇ ਫ਼ੌਜ ਥੋੜ੍ਹੀ ਹੁੰਦੀ, ਜਦੋਂ ਖਾਲਸੇ ਉਤੇ ਕੋਈ ਮੁਸੀਬਤ ਆ ਬਣਦੀ, ਉਹ ਲੋਹ ਗੜ੍ਹ ਤੇ ਪਠਾਨਕੋਟ ਦੇ ਵਿਚਕਾਰਲੇ ਇਲਾਕੇ ਵਿਚ ਸ਼ਿਵਾਲਕ ਦਾ ਆਸਰਾ ਆ ਲੈਂਦੇ ਤੇ ਚੰਗੇ ਮੌਕਿਆਂ ਦੀ ਉਡੀਕ ਕਰਦੇ।

ਜੇ ਸ਼ਿਵਾਲਕ ਪਹਾੜੀਆਂ ਪੰਜਾਬ ਦੇ ਉਤਰ ਪੂਰਬ ਵਿਚ ਐਨੀਆਂ ਨੇੜੇ ਨਾ ਹੁੰਦੀਆਂ ਜਿੰਨੀਆਂ ਕਿ ਉਹ ਹਨ ਤਾਂ ਬੰਦਾ ਸਿੰਘ ਬਹਾਦਰ ਵਾਸਤੇ ਮੁਗ਼ਲਾਂ ਨਾਲ ਲਗ ਪਗ ਛੇ ਸੱਤ ਸਾਲ ਲੜਦੇ ਰਹਿਣਾ ਅਨਹੋਣਾ ਹੁੰਦਾ।

ਬੰਦੇ ਦੇ ਸਮੇਂ ਦੀ ਹੀ ਗੱਲ ਨਹੀਂ, ਉਸ ਤੋਂ ਪਿਛੋਂ ਵੀ ਸਿਖ ਯੋਧੇ, ਦੁਰਾਨੀ ਜਾਂ ਅਬਦਾਲੀ ਦੇ ਹਰ ਹੱਲੇ ਵੇਲੇ ਇਹਨਾਂ ਪਹਾੜੀਆਂ ਵਿਚ ਹੀ ਆ ਛੁਪਦੇ ਤੇ ਆਪਣੇ ਅਸੂਲਾਂ, ਧਰਮ ਤੇ ਆਦਰਸ਼ਾਂ ਦੀ ਪਾਲਣਾ ਕਰਦੇ। ਤੋੜ ਸਿਖ ਰਾਜ ਦੀ ਕਾਇਮੀ ਤਕ ਸ਼ਿਵਾਲਕ ਪਹਾੜ ਸਿਖ ਧਰਮ ਦੇ ਠਾਹਰ ਰਿਹਾ।

ਸਰਹਿੰਦ ਦੀ ਲੜਾਈ ਵਾਸਤੇ ਜਦੋਂ ਮਾਝੇ ਤੋਂ ਪਹਿਲੇ ਜੱਥੇ ਗਏ ਤਾਂ ਉਹ ਵੀ ਸ਼ਿਵਾਲਕ ਦਾ ਆਸਰਾ ਲੈਂਦੇ ਹੋਏ ਹੀ ਗਏ। ਰੋਪੜ ਦੇ ਕੋਲ ਜਾ ਕੇ ਉਹ ਪੱਧਰੀ ਜ਼ਮੀਨ ਉਤੇ ਉਤਰੇ ਤੇ ਰੋਪੜ ਦੇ ਨੇੜੇ ਹੀ ਮਝੈਲਾਂ ਤੇ ਦੁਆਬੀਆਂ ਦੀ ਤੇ ਵਜ਼ੀਰ ਖਾਨ ਦੇ ਹਮੈਤੀ ਮਲੇਰ ਕੋਟਲੀਆਂ ਆਦਿ ਦੀ ਪਹਿਲੀ ਲੜਾਈ ਹੋਈ।

ਪਰ ਹੁਣ ਜਦੋਂ ਸ਼ਾਹਬਾਜ਼ ਸਿੰਘ ਇਕ ਸੌ "ਪਗਬੰਨ੍ਹਾਂ" ਦਾ ਜੱਥਾ ਲੈ ਕੇ ਲੋਹ ਗੜ੍ਹ ਵਲ ਟੁਰਿਆ ਤਾਂ ਉਹਨੂੰ ਸ਼ਿਵਾਲਕ ਦੀ ਸਹਾਇਤਾ ਦੀ ਲੋੜ ਨਹੀਂ ਸੀ।

ਬੇਸ਼ਕ ਸਮਾਣਾ ਤੇ ਸਰਹਿੰਦ ਹਾਰੀ ਜਾ ਚੁਕੀ ਸੀ ਪਰ ਸਰਹਿੰਦ ਤੋਂ ਲਾਹੌਰ ਤਕ ਅਜੇ ਵੀ ਖਾਲਸੇ ਦਾ ਸਿੱਕਾ ਚਲਦਾ ਸੀ। ਅਜੇ ਤਕ ਵੀ ਸਿਖਾਂ ਨੇ ਆਪਣਾ ਜ਼ੋਰ ਨਹੀਂ ਸੀ ਛਡਿਆ। ਏਸੇ ਲਈ ਇਹ ਜੱਥਾ ਤੋੜ ਫਗਵਾੜੇ ਤਕ ਜਰਨੈਲੀ ਸੜਕ ਉੱਤੇ ਹੀ ਆਇਆ। ਉਥੋਂ ਵਲਾ ਮਾਰਨ ਦੀ ਥਾਂ ਸ਼ਾਹਬਾਜ਼ ਨੇ ਸਿੱਧਾ ਲੋਹ ਗੜ੍ਹ ਦਾ ਰੁਖ ਕੀਤਾ।

ਫਗਵਾੜੇ ਪਹੁੰਚਦਿਆਂ ਤਕ ਇਸ ਜਥੇ ਦੀ ਗਿਣਤੀ ਇਕ ਸੌ ਦੀ ਥਾਂ ਦੋ ਸੌ ਆਦਮੀਆਂ ਤਕ ਪਹੁੰਚ ਚੁਕੀ ਸੀ। ਉਤਸ਼ਾਹ ਐਨਾ ਸੀ ਕਿ ਕਿਸੇ ਨੂੰ ਦੂਜੀ ਵਾਰ ਆਖਣ ਦੀ ਲੋੜ ਨਹੀਂ ਸੀ ਪੈਂਦੀ। ਬੇਸ਼ਕ ਦਿਨ ਮੰਦੇ ਸਨ ਪਰ ਫਿਰ ਵੀ ਲੋਕਾਂ ਕੋਲੋਂ ਅੰਮ੍ਰਿਤ ਦੀ ਸ਼ਕਤੀ ਸੰਭਾਲਣ ਨਹੀਂ ਸੀ ਹੁੰਦੀ।

ਮਾਹਿਲ ਦੇ ਆਲੇ-ਦੁਆਲੇ ਵਿਚੋਂ ਪੰਜਾਹ ਸੂਰਮੇ ਨਿਤਰੇ ਤੇ ਰਹਿੰਦੇ ਪੰਜਾਹ ਸਰਮੌਰ ਦੇ ਲਾਗੇ-ਤਾਗਿਉਂ ਆਏ। ਸ਼ਾਹਬਾਜ਼ ਦਾ ਇਕ ਸਾਲਾ ਵੀ ਸ਼ਾਮਿਲ ਹੋਇਆ।

ਪਹਿਲਾ ਪੜਾਅ ਇਸ ਜੱਥੇ ਨੇ ਅੰਮ੍ਰਿਤਸਰ ਕੀਤਾ। ਉਥੇ ਸਰੋਵਰ ਵਿਚ ਇਸ਼ਨਾਨ ਹੋਇਆ ਤੇ ਹਰਮੰਦਰ ਵਿਚ ਸਭ ਸੂਰਮਿਆਂ ਨੇ ਆਪਣੇ ਵਿਤ ਮੁਜਬ ਰਿਲ-ਫੁਲ ਅਰਪਣ ਕੀਤਾ। ਏਥੇ ਪੰਜਾਹ ਕੁ ਹੋਰ ਖਾਲਸੇ ਸ਼ਾਹਬਾਜ਼ ਨਾਲ ਆ ਮਿਲੇ।

ਉਥੋਂ ਦੋ ਮੰਜ਼ਲਾ ਵਿਚ ਹੀ ਇਹ ਜੱਥਾ ਜਲੰਧਰ ਪਹੁੰਚ ਗਿਆ, ਜਿਥੇ ਪੰਜਾਹ ਕੁ ਸਿਖ ਹੋਰ ਆ ਸ਼ਾਮਿਲ ਹੋਏ।

ਰਾਹ ਵਿਚ ਜਿਥੇ ਕਿਤੇ ਵੀ ਕੁਝ ਖਾਣ ਨੂੰ ਮਿਲਦਾ ਇਕੱਠਾ ਕਰ ਲਿਆ ਜਾਂਦਾ। ਕਈ ਤੁਰਕਾਂ ਦੇ ਪਿੰਡ ਅਜੇ ਤਕ ਵੀ ਵਸਦੇ ਰਸਦੇ ਸਨ। ਇਹ ਜੱਥਾ ਸਭਨਾਂ ਕੋਲੋਂ ਪਿਆਰ ਮੁਹੱਬਤ ਨਾਲ ਦਾਣਾ ਪੱਠਾ ਲੈਂਦਾ ਤੇ ਆਪਣਾ ਨਿਰਬਾਹ ਕਰਦਾ ਵਾਹੋ ਦਾਹੀ ਅਗੇ ਵਧਦਾ ਆਇਆ।

ਸ਼ਾਹਬਾਜ਼ ਨੂੰ ਜਲਦੀ ਸੀ। ਉਹਨੂੰ ਡਰ ਸੀ ਕਿ ਕਿਤੇ ਉਹਦੇ ਪਹੁੰਚਣ ਤੋਂ ਪਹਿਲੇ ਪਹਿਲੇ ਹੀ ਲੋਹ ਗੜ੍ਹ ਹਾਰਿਆ ਨਾ ਜਾਏ। ਸ਼ਾਹਬਾਜ਼ ਨੂੰ ਲੋਹ ਗੜ੍ਹ ਦੀ ਯਾਦ ਸਤਾਂਦੀ ਸੀ ਤੇ ਉਸ ਤੋਂ ਵੀ ਵਧ ਉਹਨੂੰ ਆਪਣੀਆਂ ਤੋਪਾਂ ਦੀ ਯਾਦ ਸਤਾਂਦੀ ਸੀ ਜਿਨ੍ਹਾਂ ਨਾਲ ਉਸ ਬੰਦੇ ਦੀ ਸੱਜੀ ਬਾਂਹ ਬਣ ਕੇ ਤੁਰਕਾਂ ਨੂੰ ਭਾਂਜ ਪਾਣੀ ਸੀ!

Scanned by CamScanner

ਕਿਵੇਂ ਨਾ ਕਿਵੇਂ ਉਹਨੂੰ ਲਗਦਾ ਕਿ ਜੇ ਉਹ ਜ਼ਰਾ ਵੀ ਲੇਟ ਹੋਇਆ ਤਾਂ ਸਾਰਾ ਮੁਆਮਲਾ ਚੌਪਟ ਹੋ ਜਾਏਗਾ। ਉਸ ਆਪਣੇ ਜੱਥੇ ਨੂੰ ਕਿਤੇ ਆਰਾਮ ਨਾ ਕਰਨ ਦਿਤਾ। ਕਈ ਥਾਵਾਂ ਤੇ ਉਹਦੇ ਸਿਖ ਵਿੱਟਰ ਜਾਂਦੇ,

"ਐਡੀ ਜਲਦੀ ਵੀ ਕਾਹਦੀ ਹੈ ਸ਼ਾਹਬਾਜ਼ਾ", ਉਹ ਆਖਦੇ, "ਅਸੀਂ ਤਾਂ ਜੱਟਾਂਵੰਡ ਲੁਟੇ ਬਗੈਰ ਅਗੇ ਨਹੀਂ ਜਾਣਾ।" ਪਰ ਜੱਟਾਂਵੰਡ ਜਾਂ ਕੋਈ ਹੋਰ ਪਿੰਡ ਸਿਧੇ ਰਸਤੇ ਤੋਂ ਇਕ ਜਾਂ ਦੋ ਦਿਨ ਦੀ ਵਾਟ ਉਪਰ ਹੁੰਦਾ। ਸੋ ਉਸ ਵੇਲੇ ਸ਼ਾਹਬਾਜ਼ ਨੂੰ ਬੜੀ ਮੁਸ਼ਕਲ ਬਣਦੀ। ਉਹ ਇਹਨਾਂ ਲੋਕਾਂ ਨੂੰ ਕਿਵੇਂ ਸਮਝਾਂਦਾ ਕਿ ਬੰਦਾ ਸਿੰਘ ਬਹਾਦਰ ਅੰਕੜ ਵਿਚ ਹੈ, ਕਿ ਬਾਬਾ ਬੰਦਾ ਸਿੰਘ ਉਹਨਾਂ ਨੂੰ ਬੁਲਾ ਰਿਹਾ ਹੈ :

ਠੀਕ ਇਹਨਾਂ ਸਿਖਾਂ ਵਿਚ ਜੋਸ਼ ਤੇ ਉਤਸ਼ਾਹ ਕਾਫ਼ੀ ਸੀ। ਬੇਸ਼ਕ ਉਹਨਾਂ ਨੇ ਸਿਰਾਂ ਉੱਤੇ ਪੱਗਾਂ ਵੀ ਬੰਨ੍ਹ ਲਈਆਂ ਸਨ। ਪਰ ਉਹਨਾਂ ਦੇ ਕੇਸ ਅਜੇ ਤਕ ਲੰਮੇ ਨਹੀਂ ਸਨ ਹੋਏ। ਅਜੇ ਤਕ ਉਹਨਾਂ ਵਿਚੋਂ ਕਈਆਂ ਅੰਦਰ ਲਟ ਮਾਰ ਤੇ ਐਸ਼ ਦੀ ਅੰਸ ਬਾਕੀ ਸੀ। ਉਹਨਾਂ ਵਿਚੋਂ ਕਈ ਤਾਂ ਇਸ ਲਈ ਸਿੰਘ ਸਜੇ ਸਨ ਕਿਉਂਕਿ ਹੁਣ ਸਿਖਾਂ ਦਾ ਰਾਜ ਸੀ। ਜਾਂ ਕਿਉਂਕਿ ਉਹਨਾਂ ਨੇ ਆਪਣੇ ਤੋਂ ਪਹਿਲੇ ਸਜੇ ਸਿੰਘਾਂ ਨੂੰ ਸਮਾਣਾ ਤੇ ਸਰਹਿੰਦ ਦੀ ਮਾਇਆ ਨਾਲ ਪਲੇ-ਪਲੀ ਅਮੀਰ ਹੁੰਦਿਆਂ ਵੇਖਿਆ ਸੀ। ਉਹਨਾਂ ਵਿਚੋਂ ਕਈਆਂ ਦੇ ਅਜੇ ਤਕ ਦਿਲ ਨਹੀਂ ਸੀ ਬਦਲੇ ਤੇ ਇਹੋ ਜਿਹੇ ਕਈ ਆਦਮੀ ਸ਼ਾਹਬਾਜ਼ ਦੇ ਜਥੇ ਵਿਚ ਸ਼ਾਮਿਲ ਸਨ।

ਇਕ ਦੋ ਵਾਰ ਸ਼ਾਹਬਾਜ਼ ਨੂੰ ਉਹਨਾਂ ਦੀ ਆਖੀ ਮਨਣੀ ਵੀ ਪਈ। ਪਰ ਫਿਰ ਵੀ ਉਹ ਕਦੀ ਗੁਸੇ ਨਾਲ, ਕਦੀ ਤਰਲੇ ਨਾਲ ਕਦੀ ਡਰਾ ਕੇ, ਕਦੀ ਧਮਕਾ ਕੇ ਉਹਨਾਂ ਨੂੰ ਤੋਰੀ ਲਿਆਇਆ।

ਪਰ ਸਭ ਤੇਜ਼ੀ ਤੇ ਜਲਦੀ ਦੇ ਬਾਵਜੂਦ ਵੀ ਜਿਸ ਸ਼ਾਮ ਸ਼ਾਹਬਾਜ਼ ਲੋਹ ਗੜ੍ਹ ਦੇ ਨੇੜੇ ਪਹੁੰਚਿਆ ਉਸੇ ਸ਼ਾਮ ਬੰਦਾ ਸਿੰਘ ਮੁਗ਼ਲੀਹ ਫ਼ੌਜ ਉੱਤੇ ਕੀਤੇ ਹਮਲੇ ਵਿਚ ਅਸਫਲ ਹੋਇਆ ਸੀ :

ਕੀ ਜੇ ਸ਼ਾਹਬਾਜ਼ ਸਿੰਘ ਲੜਾਈ ਦੇ ਦੌਰਾਨ ਵਿਚ ਚਾਰ ਪੰਜ ਘੰਟੇ ਪਹਿਲੇ ਪਹੁੰਚ ਜਾਂਦਾ ਤਾਂ ਮੁਗ਼ਲੀਹ ਸੈਨਾ ਨੂੰ ਭਾਂਜ ਪੈ ਜਾਂਦੀ, ਕੋਈ ਨਹੀ ਕਹਿ ਸਕਦਾ। ਪਰ ਇਹਦੇ ਵਿਚ ਸ਼ਕ ਨਹੀਂ ਕਿ ਸ਼ਾਹਬਾਜ਼ ਦੇ ਦਿਲ ਵਿਚ ਕੋਈ ਅਰਮਾਨ ਨਾ ਰਹਿ ਜਾਂਦਾ। ਉਹਨੂੰ ਮੰਜ਼ਲਾਂ ਮਾਰ ਕੇ ਆਉਣ ਦਾ ਮੁਆਵਜ਼ਾ ਮਿਲ ਜਾਂਦਾ।

ਜਿਸ ਸ਼ਾਮ ਉਹ ਲੋਹ ਗੜ੍ਹ ਦੇ ਨੇੜੇ ਪਹੁੰਚਿਆ ਉਸ ਸ਼ਾਮ ਸ਼ਾਹੀ ਸੈਨਾ ਨੇ ਲੋਹ ਗੜ੍ਹ ਦਵਾਲੇ ਘੇਰਾ ਮਜ਼ਬੂਤ ਕਰ ਲਿਆ ਸੀ ਤੇ ਹੁਣ ਲੋਹ ਗੜ੍ਹ ਅੰਦਰ ਪਹੁੰਚਣਾ ਆਸਾਨ ਨਹੀਂ ਸੀ ਤੇ ਨਾ ਹੀ ਅੰਦਰੋਂ ਬਾਹਰ ਆਉਣਾ ਕਿਸੇ ਤਰ੍ਹਾਂ ਵੀ ਸੁਖਾਲਾ।

ਪਰ ਸ਼ਾਹਬਾਜ਼ ਨੇ ਲੋਹ ਗੜ੍ਹ ਅੰਦਰ ਜਾਣਾ ਜ਼ਰੂਰ ਸੀ। ਉਹ ਦੋ ਸੌ ਕੋਹ ਪੈਂਡਾ ਏਸ ਲਈ ਤਾਂ ਭਾਗ ਕੇ ਨਹੀਂ ਸੀ ਆਇਆ ਕਿ ਲੋਹ ਗੜ੍ਹ ਪਹੁੰਚ ਕੇ ਵੀ ਲੋਹ ਗੜ੍ਹ ਤੋਂ ਬਾਹਰ ਬੈਠਾ ਰਹੇ। ਪਰ ਅੰਦਰ ਜਾਣ ਕਿਵੇਂ ਹੋਵੇ ?

ਉਹਦੇ ਕਈ ਸਾਥੀ ਮੁਗ਼ਲਈ ਸੈਨਾ ਦੀ ਗਿਣਤੀ ਤੇ ਉਹਨਾਂ ਦਾ ਸਾਜ਼ ਸਾਮਾਨ ਵੇਖ ਕੇ ਦਹਿਲ ਗਏ। ਉਹਨਾਂ ਪਹਿਲੇ ਕਦੇ ਮੁਗ਼ਲਈ ਸੈਨਾ ਨਾਲ ਲੜਾਈ ਨਹੀਂ ਸੀ ਕੀਤੀ। ਲੜਾਈ ਕੀ ਉਹਨਾਂ ਦੇ ਦਿਲਾਂ ਅੰਦਰ ਆਪਣੀ ਸਾਰੀ ਉਮਰ ਵਿਚ ਮੁਗ਼ਲਾਂ ਨਾਲ ਬਰਾਬਰੀ ਕਰਨ ਦਾ ਖਿਆਲ ਵੀ ਨਹੀਂ ਗੁਜ਼ਰਿਆ ਹੋਣਾ। ਉਹਨਾਂ ਦੀ ਸਾਰੀ ਆਯੂ ਹਰ ਮੁਸੀਬਤ ਨੂੰ ਰੱਬ ਦਾ ਕਹਿਰ ਮੰਨ ਕੇ ਸਵੀਕਾਰ ਕਰਦਿਆਂ ਬੀਤੀ ਸੀ।

ਅਜ ਇਕਾ-ਇਕ ਮੁਗ਼ਲਾਂ ਨਾਲ ਲੜਾਈ ? ਤੇ ਫਿਰ ਲੜਾਈ ਸ਼ਾਹੀ ਸੈਨਾ ਨਾਲ, ਜਿਦ੍ਹੀ ਕਮਾਨ ਕਿ ਦਿੱਲੀ ਦਾ ਬਾਦਸ਼ਾਹ ਆਪਣੇ ਹੱਥੀਂ ਕਰ ਰਿਹਾ ਸੀ।

"ਬਸ ! ਏਸੇ ਲਈ ਸਾਨੂੰ ਆਪਣੇ ਨਾਲ ਲੈ ਕੇ ਆਇਆ ਸੈਂ ਸ਼ਾਹਬਾਜ਼। ਹੁਣ ਕਿਥੇ ਗਏ ਤੇਰੇ ਉਹ ਲਾਰੇ ਕਿ ਸਾਨੂੰ ਅਹਿ ਜਿਤ ਕੇ ਦੇਵੇਂਗਾ, ਓਹ ਜਿਤ ਕੇ ਦੇਵੇਂਗਾ।"

"ਗੁਰੂ ਬਾਜਾਂ ਵਾਲੇ ਤੇ ਭਰੋਸਾ ਰਖੋ ਖਾਲਸਾ ਜੀ !" ਅਚੇਤ ਹੀ ਉਸ ਬੰਦੇ ਦੀ ਨਕਲ ਮਾਰਦਿਆਂ ਹੋਇਆਂ ਕਿਹਾ, ਉਹ ਆਪ ਸਾਡੀ ਸਹਾਇਤਾ ਕਰੇਗਾ।"

ਪਰ ਕਈ ਤਰ੍ਹਾਂ ਦੀਆਂ ਤਸੱਲੀਆਂ ਨਾਲ ਵੀ ਕਈ ਆਦਮੀ ਨਾ ਮੰਨੇ ਤੇ ਉਹ ਉਹੋ ਜਿਹੇ ਮਾਯੂਸ ਆਲੇ-ਦੁਆਲੇ ਵਿਚ ਲੋਹ ਗੜ੍ਹ ਜਾਣ ਤੋਂ ਮੁਨਕਰ ਹੋ ਬੈਠੇ।

Scanned by CamScanner

ਫਿਰ ਵੀ ਸ਼ਾਹਬਾਜ਼ ਨੇ ਹੌਂਸਲਾ ਨਹੀਂ ਛਡਿਆ। ਜੇ ਉਹਦੇ ਨਾਲ ਇਕ ਵੀ ਹੋਰ ਆਦਮੀ ਨਾ ਹੁੰਦਾ ਤਾਂ ਵੀ ਉਸ ਬੰਦੇ ਕੋਲ ਜ਼ਰੂਰ ਪਹੁੰਚਣਾ ਸੀ। ਉਸ ਰਾਤ ਉਹ ਆਪਣੇ ਜੱਥੇ ਨੂੰ ਕੁਝ ਮੀਲ ਵਾਪਸ ਲੈ ਗਿਆ ਤੇ ਉਹਨਾਂ ਬ੍ਰਿਛਾਂ ਦੇ ਇਕ ਝੁੰਡ ਵਿਚ ਆਰਾਮ ਕੀਤਾ।

ਅਗਲੇ ਦਿਨ ਸ਼ਾਹਬਾਜ਼ ਇਕ ਦੋ ਆਦਮੀ ਨਾਲ ਲੈ ਕੇ ਲੋਹ ਗੜ੍ਹ ਦੇ ਉੱਤਰ ਵਿਚ ਉਹ ਦੋ ਨਦੀਆਂ ਵੇਖਣ ਗਿਆ ਜਿਹੜੀਆਂ ਕਿ ਇਕ ਤਰ੍ਹਾਂ ਨਾਲ ਲੋਹ ਗੜ੍ਹ ਦੇ ਦੋਹੀਂ ਬੰਨੀਂ ਵਹਿੰਦੀਆਂ ਸਨ। ਸ਼ਾਹਬਾਜ਼ ਲੋਹ ਗੜ੍ਹ ਦੇ ਆਲੇ-ਦੁਆਲੇ ਦੀ ਜ਼ਮੀਨ ਦਾ ਚੰਗਾ ਜਾਣੂ ਸੀ। ਉਸ ਏਥੇ ਕਾਫੀ ਦਿਨ ਕਟੇ ਸਨ ਤੇ ਉਹਨਾਂ ਦਿਨਾਂ ਵਿਚ ਉਹ ਆਪਣੇ ਤੋਪਚੀਆਂ ਦੀ ਸਿਖਲਾਈ ਵਾਸਤੇ ਏਧਰ ਓਧਰ ਘੁੰਮਦਾ ਰਿਹਾ ਸੀ।

ਉਸ ਵੇਖਿਆ ਕਿ ਲੋਹ ਗੜ੍ਹ ਦੇ ਉੱਤਰ ਵਿਚ ਸ਼ਾਹੀ ਸੈਨਾ ਉਨੀਂ ਚੌਖੀ ਨਹੀਂ ਜਿੰਨੀ ਕਿ ਹੋਰਨਾਂ ਤਿੰਨਾਂ ਦਿਸ਼ਾਵਾਂ ਵਿਚ। ਸਰਦੀ ਓੜਕ ਦੀ ਪੈ ਰਹੀ ਸੀ ਤੇ ਸ਼ਾਹੀ ਸੈਨਾ ਦੇ ਸਿਪਾਹੀ ਲੋੜ ਨਾਲੋਂ ਵਧੀਕ ਮੁਸ਼ਕਲ ਇਲਾਕੇ ਵਿਚ ਜਾਣ ਲਈ ਐਡੇ ਕਾਹਲੇ ਨਹੀਂ ਸਨ। ਜਿਹੜੇ ਥੋੜੇ ਬਹੁਤੇ ਸਿਪਾਹੀ ਉਸ ਉਥੇ ਵੇਖੇ, ਉਹਨਾਂ ਨੂੰ ਚੀਰ ਕੇ ਲੰਘ ਜਾਣਾ ਸ਼ਾਹਬਾਜ਼ ਨੂੰ ਐਡਾ ਔਖਾ ਨਾ ਲਗਾ। ਉਸ ਆਪਣਾ ਸਕੀਮ ਬਣਾ ਲਈ। ਉਸ ਫ਼ੈਸਲਾ ਕੀਤਾ ਕਿ ਇਕ ਪਹਿਰ ਰਾਤ ਗਈ ਉਹ ਉੱਤਰ ਵਲੋਂ ਵਹਿੰਦੀ ਕਰਾਨ ਨਦੀ ਰਾਹੀਂ ਲੋਹ ਗੜ੍ਹ ਅੰਦਰ ਦਾਖਿਲ ਹੋ ਜਾਏਗਾ।

ਸਿਰਫ਼ ਸੌ ਕੁ ਆਦਮੀ ਉਹਦੇ ਨਾਲ ਆਉਣ ਨੂੰ ਤਿਆਰ ਹੋਏ। ਬਾਕੀਆਂ ਨੇ ਆਪਣੀ ਜਾਨ ਮੁਸੀਬਤ ਵਿਚ ਪਾਣੀ ਯੋਗ ਨਾ ਸਮਝੀ। ਉਹ ਵੇਖ ਰਹੇ ਸਨ ਕਿ ਬੇਸ਼ੁਮਾਰ ਸ਼ਾਹੀ ਸੈਨਾ ਅਗੇ ਲੋਹ ਗੜ੍ਹ ਕਦਾਚਿਤ ਅਟਕ ਨਹੀਂ ਸਕਦਾ। ਉਹਨਾਂ ਨੂੰ ਜਾਪਦਾ ਸੀ ਕਿ ਇਸ ਵੇਲੇ ਲੋਹ ਗੜ੍ਹ ਵਾਲੇ ਸਿੰਘਾਂ ਨੂੰ ਬਾਹਰ ਆਉਣਾ ਚਾਹੀਦਾ ਹੈ ਨਾ ਕਿ ਬਾਹਰ ਦੇ ਆਜ਼ਾਦ ਸਿੰਘਾਂ ਨੂੰ ਕੈਦ ਹੋਣ ਲਈ ਤੇ ਅੰਤ ਫੜੇ ਤੇ ਮਾਰੇ ਜਾਣ ਲਈ ਅੰਦਰ ਜਾਣਾ ਲੋੜੀਂਦਾ ਹੈ।

ਪਰ ਸ਼ਾਹਬਾਜ਼ ਤਾਂ ਕਿਸੇ ਤਰ੍ਹਾਂ ਵੀ ਰੁਕ ਨਹੀਂ ਸੀ ਨਾ ਸਕਦਾ ਤੇ ਕਈ ਹੋਰ ਯੋਧੇ ਵੀ ਨਾਲ ਹੋ ਟੁਰੇ। ਆਖਿਰ ਐਨਾ ਲੰਮਾ ਸਫ਼ਰ ਭਾਗ ਕੇ ਆਏ ਸਨ, ਦਿਲ ਵਿਚ ਕੁਝ ਸੀ ਤਾਂ ਹੀ ਨਾ ?

ਨਿਯਤ ਸਮੇਂ ਸਿਰ ਸ਼ਾਹਬਾਜ਼ ਨੇ ਕਰਾਨ ਨਦੀ ਰਾਹੀਂ ਲੋਹ ਗੜ੍ਹ ਦਾ ਰੁਖ ਕੀਤਾ। ਘੋੜਿਆਂ ਦੀਆਂ ਟਾਪਾਂ ਦਾ ਖੜਕਾਰ ਗੁਪਤ ਨਹੀਂ ਰਹਿ ਸਕਦਾ। ਜਲਦੀ ਹੀ ਸ਼ਾਹੀ ਸੈਨਾ ਨੂੰ ਪਤਾ ਲਗ ਗਿਆ। ਉੱਜ ਵੀ ਉਸ ਦਿਨ ਉਧਰ ਸ਼ਾਹੀ ਸੈਨਾ ਦੇ ਕਈ ਹੋਰ ਆਦਮੀ ਆ ਗਏ ਸਨ ਤੇ ਘੇਰਾ ਪਹਿਲੇ ਨਾਲੋਂ ਮਜ਼ਬੂਤ ਹੋ ਗਿਆ ਸੀ। ਤੁਰਕਾਂ ਨੇ ਇਸ ਖੜਕਾਰ ਨੂੰ ਸਿੰਘਾਣ ਲਿਆ, ਤੇ ਸਿੰਘਾਣ ਕੇ ਰੋਕਣ ਦੀ ਕੋਸ਼ਿਸ਼ ਕੀਤੀ।

ਜਦੋਂ ਰਾਜ਼ ਖੁਲ੍ਹ ਗਿਆ ਤਾਂ ਸ਼ਾਹਬਾਜ਼ ਨੇ 'ਜੋ ਬੋਲੇ ਸੋ ਨਿਹਾਲ' ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡੇ ਤੇ ਫਿਰ ਜੋ ਰਾਹ ਵਿਚ ਆਇਆ ਉਸ ਦੀ ਕਟਾ ਵਢ ਸ਼ੁਰੂ ਹੋਈ। ਇਸ ਮਹੀਨੇ ਕਰਾਨ ਨਦੀ ਵਿਚ ਪਾਣੀ ਕਾਫੀ ਥੋੜ੍ਹਾ ਸੀ ਇਸ ਲਈ ਅਗੇ ਵਧਣ ਵਿਚ ਬਹੁਤੀ ਮੁਸ਼ਕਲ ਨਾ ਹੋਈ।

ਜਦੋਂ ਇਹਨਾਂ ਜੈਕਾਰਿਆਂ ਦੀ ਆਵਾਜ਼ ਲੋਹ ਗੜ੍ਹ ਪਹੁੰਚੀ ਤਾਂ ਬੰਦਾ ਸਿੰਘ ਬਹਾਦਰ ਨੇ ਭਾਈ ਬਾਜ ਸਿੰਘ ਨੂੰ ਬੁਲਾ ਕੇ ਆਖਿਆ, "ਖਾਲਸਾ ਜੀ ! ਇਹ ਸ਼ਾਹਬਾਜ਼ ਸਿੰਘ ਹੈ। ਜਾਉ, ਆਪ ਕਿਲੇ ਤੋਂ ਬਾਹਰ ਜਾ ਕੇ ਉਸ ਸ਼ੇਰ ਦਾ ਸਵਾਗਤ ਕਰੋ।" ਬਾਜ ਸਿੰਘ ਸੌ ਕੁ ਆਦਮੀਆਂ ਦਾ ਜੱਥਾ ਲੈ ਕੇ ਕਿਲ੍ਹੇ ਤੋਂ ਬਾਹਰ ਆਇਆ। ਕਰਾਨ ਨਦੀ ਵਿਚ ਉਤਰਦਿਆਂ ਉਸ "ਵਾਹਿਗੁਰੂ ਜੀ ਕਾ ਖਾਲਸਾ" "ਵਾਹਿਗੁਰੂ ਜੀ ਕੀ ਫ਼ਤਹ" ਗਜਾਈ ਤੇ ਫਿਰ ਸ਼ੀਘਰ ਹੀ ਦੋਹਾਂ ਪਾਸਿਆਂ ਤੋਂ ਉਚੇ ਹੁੰਦੇ ਨਾਅਰਿਆਂ ਨਾਲ ਮੁਗ਼ਲਾਂ ਦੇ ਦਿਲ ਦਹਿਲ ਗਏ। ਇਹਨਾਂ ਜੈਕਾਰਿਆਂ ਦੀ ਆਵਾਜ਼ ਉਹਨਾਂ ਸਿਖਾਂ ਤਕ ਵੀ ਪਹੁੰਚੀ ਜਿਹੜੇ ਸ਼ਾਹਬਾਜ਼ ਨਾਲ ਲੋਹ ਗੜ੍ਹ ਆਉਣ ਤੋਂ ਇਨਕਾਰੀ ਹੋ ਗਏ ਸਨ ਤੇ ਇਕ ਵਾਰੀ ਤਾਂ ਉਹਨਾਂ ਦੀ ਜ਼ਮੀਰ ਨੇ ਉਹਨਾਂ ਨੂੰ ਲਾਅਨਤ ਪਾਈ। ਉਹਨਾਂ ਨੇ ਅਫ਼ਸੋਸ ਕੀਤਾ ਕਿ ਗੁਰੂ ਸੇਵਾ ਦਾ ਇਕ ਚੰਗਾ ਮੌਕਾ ਉਹਨਾਂ ਅੰਜਾਈ ਖੁੰਝਾ ਦਿਤਾ।

ਝਪਾ ਝਪ ਸ਼ਾਹਬਾਜ਼ ਸਿੰਘ ਕਿਲ੍ਹੇ ਦੇ ਨੇੜੇ ਪਹੁੰਚ ਗਿਆ :

ਉਹਨੂੰ ਨੇੜੇ ਆਇਆ ਵੇਖ ਕੇ ਬਾਜ ਸਿੰਘ ਨੇ ਇਕ ਵਾਰ ਫਿਰ ਵਾਹਿਗੁਰੂ ਜੀ ਦੀ ਫ਼ਤਹ ਬੁਲਾਈ। ਸ਼ਾਹਬਾਜ਼ ਨੇ ਆਵਾਜ਼ ਪਛਾਣ ਲਈ ਤੇ ਉਸ ਮੋੜਵੀਂ ਫ਼ਤਹ ਗਜਾ ਕੇ ਕਿਹਾ, "ਬਾਬਾ ਜੀ ਮੈਂ ਆ ਗਿਆ ਜੇ।"

"ਆਓ ਸ਼ਾਹਬਾਜ਼ ਸਿੰਘ, ਬਾਬਾ ਬੰਦੇ ਨੂੰ ਤੇਰੀ ਉਡੀਕ ਸੀ।"

Scanned by CamScanner

"ਧੰਨ ਭਾਗ ਮੇਰੇ।"

ਜਦੋਂ ਸ਼ਾਹਬਾਜ਼ ਕਿਲ੍ਹੇ ਅੰਦਰ ਦਾਖਿਲ ਹੋਇਆ ਤਾਂ ਆਪ ਬੰਦਾ ਉਹਦੇ ਸਵਾਗਤ ਲਈ ਉਥੇ ਖੜੋਤਾ ਸੀ। ਉਹਨਾਂ ਨੂੰ ਵੇਖਦਿਆਂ ਸਾਰ ਸ਼ਾਹਬਾਜ਼ ਝੇਂਪ ਗਿਆ, ਜਿਵੇਂ ਸ਼ਰਮਾ ਗਿਆ ਹੋਵੇ। ਉਹ ਝਿਝਕਿਆ। ਉਹਨੂੰ ਸਮਝ ਨਾ ਆਈ ਕਿ ਉਹ ਬਾਬਾ ਬੰਦੇ ਨੂੰ ਗਲਵਕੜੀ ਪਾਏ, ਉਹਦੇ ਚਰਨੀਂ ਹੱਥ ਲਾਏ ਜਾਂ ਸਿਰਫ ਦੂਰੋਂ ਹੀ ਸਤਿ ਸ੍ਰੀ ਅਕਾਲ ਬੁਲਾਵੇ। ਉਹਦਾ ਜੀ ਤਾਂ ਬੰਦੇ ਨੂੰ ਘੁਟ ਲੰਣ ਲਈ ਕਰਦਾ ਸੀ ਪਰ ਇਜ਼ਤ ਤੇ ਆਦਰ ਦਾ ਪਾਸ ਵੀ ਜ਼ਰੂਰੀ ਸੀ।

ਬੰਦਾ ਸ਼ਾਹਬਾਜ਼ ਦੀ ਝਿਝਕ ਪਛਾਣ ਕੇ ਮੁਸਕਰਾਇਆ। "ਆਓ ਸ਼ਾਹਬਾਜ਼ ਸਿੰਘ ! ਗੁਰੂ ਕੇ ਲਾਲ ! ਮੈਨੂੰ ਤੁਹਾਡੀ ਉਡੀਕ ਸੀ।" ਤੇ ਬਾਬਾ ਬੰਦੇ ਨੇ ਸ਼ਾਹਬਾਜ਼ ਨੂੰ ਘੁਟ ਲਿਆ।

ਸ਼ਾਹਬਾਜ਼ ਇਸ ਘੁਟਨੀ ਲਈ ਆਪਣੇ ਸੱਤ ਜਨਮ ਵਾਰਨ ਨੂੰ ਤਿਆਰ ਸੀ।

"ਆਓ ਸ਼ਾਹਬਾਜ਼ ਸਿੰਘ ! ਤੁਹਾਡੀਆਂ ਤੋਪਾਂ ਤੁਹਾਨੂੰ ਉਡੀਕ ਰਹੀਆਂ ਹਨ।" ਬੰਦਾ ਸਿੰਘ, ਸ਼ਾਹਬਾਜ਼ ਦੀ ਕਮਜ਼ੋਰੀ ਤੋਂ ਜਾਣੂ ਸੀ।

੧੮

ਲੋਹ ਗੜ੍ਹ ਅੰਦਰ ਉਸ ਵੇਲੇ ਸਿਰਫ ਬਾਰਾਂ ਤੋਪਾਂ ਸਨ ਪਰ ਗੋਲੇ ਸਿਰਫ ਤਿੰਨ ਚਾਰ ਘੰਟਿਆਂ ਦੀ ਗੋਲਾਬਾਰੀ ਵਾਸਤੇ। ਬਾਰੂਦ ਤੋਂ ਬਗ਼ੈਰ ਹਥਿਆਰ ਨਾ ਹੋਏ ਦੇ ਬਰਾਬਰ ਹਨ।

ਪਿਛਲੇ ਤਿੰਨਾਂ ਚੌਹਾਂ ਮਹੀਨਿਆਂ ਵਿਚ ਬੰਦੇ ਦੀਆਂ ਕੋਸ਼ਿਸ਼ਾਂ ਨਾਲ ਕਾਫ਼ੀ ਬਾਰੂਦ ਤੇ ਗੋਲੇ ਤਿਆਰ ਕੀਤੇ ਗਏ ਸਨ। ਪਰ ਕਿਸੇ ਨੂੰ ਐਡੀ ਲੋੜ ਮਹਿਸੂਸ ਨਹੀਂ ਸੀ ਹੋਈ ਕਿ ਇਸ ਤਿਆਰ ਕੀਤੇ ਗਏ ਗੋਲਾ ਬਾਰੂਦ ਦਾ ਇਕ ਚੰਗਾ ਭਾਗ ਲੋਹ ਗੜ੍ਹ ਵੀ ਰਖਿਆ ਜਾਏ। ਲੋਹ ਗੜ੍ਹ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਪਹਿਲੇ ਸਰਹਿੰਦ, ਸਮਾਣਾ, ਕਰਨਾਲ ਆਦਿ ਸੂਬਿਆਂ ਤੇ ਪਰਗਣਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਵਧੇਰੇ ਯੋਗ ਸਮਝੀਆਂ ਗਈਆਂ ਸਨ।

ਲੋਹ ਗੜ੍ਹ ਸਦਰ ਸੀ। ਸਦਰ ਤੋਂ ਹੀ ਦੁਰਾਡਲੇ ਸੂਬਿਆਂ ਤੇ ਪੋਸਟਾਂ ਲਈ ਲੋੜ ਅਨੁਸਾਰ ਜੰਗੀ ਸਾਮਾਨ ਭੇਜਿਆ ਜਾਂਦਾ ਹੈ। ਠੀਕ, ਸਦਰ ਵਿਚ ਭੰਡਾਰ ਤੇ ਜ਼ਖੀਰਾ ਬਾਹਰਲੀਆਂ ਪੋਸਟਾਂ ਨਾਲੋਂ ਦੁਗਣਾ, ਚੌਗਣਾ ਜਾਂ ਅੱਠ ਗੁਣਾਂ ਹੋਣਾ ਚਾਹੀਦਾ ਹੈ ਪਰ ਇਸ ਹਾਲਤ ਵਿਚ ਇਹ ਚੀਜ਼ ਮੁਮਕਿਨ ਨਹੀਂ ਸੀ ਹੋ ਸਕੀ। ਬੰਦੇ ਦਾ ਖਿਆਲ ਸੀ ਕਿ ਸਭ ਸੂਬਿਆਂ ਤੇ ਪੱਤੀਆਂ ਦੇ ਭੰਡਾਰੇ ਭਰ ਕੇ ਉਹ ਲੋੜ ਅਨੁਸਾਰ ਆਪਣੇ ਸਦਰ ਵਾਸਤੇ ਵੀ ਚੀਜ਼ਾਂ ਬਣਾ ਲਏਗਾ। ਆਖਿਰ ਲੋਹ ਗੜ੍ਹ ਹੋਰਨਾਂ ਥਾਵਾਂ ਨਾਲੋਂ ਢੇਰ ਮਹਿਫ਼ੂਜ਼ ਸੀ।

ਪਰ ਬਹਾਦਰ ਸ਼ਾਹ ਦੀ ਤੇਜ਼ੀ ਹੈਰਾਨੀ ਜਨਕ ਸੀ। ਲਾਮੁਕਾਮੀ ਅਚੰਭੇ ਨੇ ਲੋਹ ਗੜ੍ਹ ਨੂੰ ਅਛੋਪਲੇ ਹੀ ਆ ਲਿਆ ਸੀ। ਸਿਰਫ਼ ਤੋਪਾਂ ਵਾਸਤੇ ਹੀ ਗੋਲੀਆਂ ਦੀ ਘਾਟ ਨਹੀਂ ਸੀ, ਬੰਦੂਕਾਂ ਤੇ ਜ਼ੰਬੂਰਕਿਆਂ ਵਾਸਤੇ ਵੀ ਬਾਰੂਦ ਥੋੜਾ ਸੀ। ਖਾਣ ਨੂੰ ਕਾਫ਼ੀ ਸੀ ਪਰ ਪੀਣ ਵਾਸਤੇ ਪਾਣੀ ਪੂਰਾ ਨਹੀਂ ਸੀ ਪੈ ਰਿਹਾ। ਇਹ ਸਰਦੀਆਂ ਦੇ ਦਿਨ ਸਨ। ਕਰਾਨ ਤੇ ਸੋਮ ਨਦੀਆਂ ਦੱਵੇਂ ਲਗ ਪਗ ਸੁਕੀਆਂ ਹੀ ਪਈਆਂ ਸਨ। ਜਦੋਂ ਤੋਂ ਬੰਦੇ ਨੇ ਸ਼ਾਹੀ ਫ਼ੌਜ ਦੀ ਆਮਦ ਬਾਰੇ ਸੁਣਿਆ ਸੀ ਉਹ ਔੜ-ਤੋੜ ਕਰ ਰਿਹਾ ਸੀ। ਇਕ ਵਡੀ ਸਾਰੀ ਖੁਲ੍ਹੀ ਥਾਂ ਚੁਣ ਕੇ ਉਹਨੇ ਤਲਾ ਖਟਵਾਇਆ ਤੇ ਜਿੰਨਾ ਹੋ ਸਕਿਆ ਪਾਣੀ ਇਕੱਠਾ ਕੀਤਾ। ਪਰ ਫਿਰ ਵੀ ਚਾਰ ਹਜ਼ਾਰ ਆਦਮੀਆਂ ਵਾਸਤੇ ਪਾਣੀ ਕਾਫ਼ੀ ਨਹੀਂ ਸੀ।

ਸ਼ਾਹਬਾਜ਼ ਨੇ ਸਾਰੇ ਕਿਲੇ ਦਾ ਇਕ ਵਾਰ ਫਿਰ ਮੁਆਇਨਾ ਕੀਤਾ ਤੇ ਸਾਰੀਆਂ ਤੋਪਾਂ ਆਪਣੀ ਨੀਤੀ ਅਨੁਸਾਰ

Scanned by CamScanner

ਵਬਾਈਆਂ। ਸਿਰਫ਼ ਪੰਦਰ੍ਹਾਂ ਪੰਦਰ੍ਹਾਂ ਗੋਲੇ ਹਰ ਇਕ ਤੋਪ ਕੋਲ ਰਖੇ। ਬਾਕੀ ਦੇ ਪੰਜ ਸੌ ਗੋਲੇ ਉੱਤੇ ਇਕ ਸਾਂਝੇ ਭੰਡਾਰ ਵਿਚ ਜਮਾਂ ਕਰ ਲਏ। ਉਹਦੇ ਖਿਆਲ ਅਨੁਸਾਰ ਜਿਹੜੇ ਮੋਰਚੇ ਉੱਪਰ ਉਹਨਾਂ ਦੀ ਲੋੜ ਵਧ ਮਹਿਸੂਸ ਹੋਏਗੀ ਓਥੇ ਹੀ ਗੋਲੇ ਭੇਜ ਦਿਤੇ ਜਾਣਗੇ। ਦੂਜੇ ਹੱਥ ਭਾਈ ਬਾਜ ਸਿੰਘ ਨੇ ਪਿਆਦਾ ਤੇ ਰਸਾਲੇ ਦੇ ਸਿਪਾਹੀਆਂ ਨੂੰ ਮੋਰਚੇ ਵੰਡੇ। ਹਰ ਇਕ ਟੋਲੀ ਦਾ ਵਖਰਾ ਵਖਰਾ ਜੱਥੇਦਾਰ ਨਿਯਤ ਕੀਤਾ।

ਲੋਹ ਗੜ੍ਹ ਕਿਲੇ ਦੇ ਬਾਹਰ ਪੂਰਬ ਪੱਛਮ ਵਲ ਕਈ ਪਹਾੜੀਆਂ ਹਨ ਜਿਨ੍ਹਾਂ ਨੂੰ ਸਰ ਕੀਤੇ ਬਗ਼ੈਰ ਲੋਹ ਗੜ੍ਹ ਤਕ ਪਹੁੰਚਣਾ ਬੜਾ ਕਠਿਨ ਹੈ। ਇਹਨਾਂ ਚੋਟੀਆਂ ਉੱਤੇ ਵੀ ਬੰਦਾ ਸਿੰਘ ਬਹਾਦਰ ਦੇ ਹੁਕਮ ਅਨੁਸਾਰ ਪਿਆਦਾ ਟੋਲੀਆਂ ਬੈਠ ਗਈਆਂ ਜਿਨ੍ਹਾਂ ਨੂੰ ਕਿਲੇ ਅੰਦਰ ਬੈਠੀਆਂ ਟੋਲੀਆਂ ਨਾਲੋਂ ਢੇਰ ਵਧ ਬਾਰੂਦ ਦਿਤਾ ਗਿਆ। ਇਹਨਾਂ ਪਹਾੜੀਆਂ ਵਿਚੋਂ ਦੋ ਚੋਟੀਆਂ ਉੱਤੇ ਚਾਰ ਤੋਪਾਂ ਵੀ ਨਿਯਤ ਕੀਤੀਆਂ ਗਈਆਂ। ਸ਼ਾਹਬਾਜ਼ ਨੇ ਆਪਣੇ ਹੱਥੀਂ ਇਹਨਾਂ ਤੋਪਾਂ ਨੂੰ ਸੰਧਿਆ ਤੇ ਇਹਨਾਂ ਵਿਚੋਂ ਹਰ ਇਕ ਤੋਪ ਨੂੰ ਸੱਠ ਸੱਠ ਗੋਲੇ ਮਿਲੇ।

ਸਿਰਫ਼ ਥੋੜੇ ਜਿਹੇ ਘੋੜੇ ਹੀ ਚਿੰਦਾ ਰਖੇ ਗਏ। ਬਾਕੀਆਂ ਨੂੰ ਮਾਰ ਦਿਤਾ ਗਿਆ। ਇਕ ਤਾਂ ਖਾਣ ਵਾਸਤੇ ਮਾਸ ਹੋ ਗਿਆ ਤੇ ਦੂਜਾ ਘੋੜਿਆਂ ਨੂੰ ਖੁਆਣ ਵਾਲਾ ਅੰਨ ਬਚ ਗਿਆ। ਆਪਣੇ ਵਲੋਂ ਖ਼ਾਲਸਾ ਹੁਣ ਸ਼ਾਹੀ ਸੈਨਾ ਦੇ ਮੁਕਾਬਲੇ ਲਈ ਤਿਆਰ ਸੀ।

ਛੇ, ਸਤ ਤੇ ਅੱਠ ਦਸੰਬਰ ਨੂੰ ਸ਼ਾਹੀ ਸੈਨਾ ਲੋਹ ਗੜ੍ਹ ਉੱਤੇ ਹਮਲਾ ਕਰਨ ਦੀਆਂ ਗੋਂਦਾ ਗੁੰਦਦੀ ਰਹੀ। ਸਿਵਾਏ ਸਿਪਾਹ-ਸਾਲਾਰ ਮੁਨੀਮ ਖਾਨ ਤੋਂ ਬਾਕੀ ਦੇ ਬਹੁਤੇ ਜਰਨੈਲ ਬਾਦਸ਼ਾਹ ਦੀ ਹਾਂ ਵਿਚ ਹਾਂ ਮਿਲਾਣ ਵਾਲੇ ਸਨ। ਉਹਨਾਂ ਸਭ ਦੀ ਰਾਏ ਸੀ ਕਿ ਲੋਹ ਗੜ੍ਹ ਉੱਤੇ ਹਮਲਾ ਕਰਨ ਦੀ ਕੋਈ ਲੋੜ ਨਹੀਂ। ਆਪੇ ਦਸਾਂ ਪੰਦਰ੍ਹਾਂ ਦਿਨਾਂ ਵਿਚ ਬੰਦਾ ਤੇ ਉਹਦੇ ਸਾਥੀ ਭੁਖੇ ਮਰਦੇ ਜਾਂ ਤਾਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨਗੇ ਜਾਂ ਉੱਜ ਸੁਲ੍ਹਾ ਦਾ ਝੰਡਾ ਝੁਲਾਣਗੇ। ਉਹ ਸਮਝਦੇ ਸਨ ਕਿ ਲੋਹ ਗੜ੍ਹ ਉੱਪਰ ਹੱਲਾ ਕਰਨਾ ਬੇਵਕੂਫ਼ੀ ਹੈ। ਆਪਣੀ ਫ਼ੌਜ ਨੂੰ ਖ਼ਾਹਮਖਾਹ ਮਰਵਾ ਦੇਣਾ ਕਿਥੋਂ ਦੀ ਸਿਆਣਪ ਹੈ ? ਇਹ ਸਾਰੇ ਜਰਨੈਲ ਕਾਇਰ ਸਨ।

ਦਰਅਸਲ ਉਹਨਾਂ ਦਿਨਾਂ ਵਿਚ ਮੁਸਲਮਾਨ ਜਰਨੈਲਾਂ ਦੀਆਂ ਲੜੀਆਂ ਬਹੁਤੀਆਂ ਲੜਾਈਆਂ ਘੋਖਣ ਤੋਂ ਇਹ ਹੀ ਸਿਧ ਹੋਵੇਗਾ ਕਿ ਇਹਨਾਂ ਵਿਚੋਂ ਬੜੇ ਥੋੜੇ ਜਰਨੈਲ ਹੌਂਸਲੇ ਤੇ ਜੇਰੇ ਵਾਲੇ ਜਰਨੈਲ ਸਨ।

ਸਿਰਫ਼ ਇਕ ਮੁਨੀਮ ਖ਼ਾਨ ਸੀ ਜਿਹੜਾ ਬਾਦਸ਼ਾਹ ਨੂੰ ਹਰ ਮੁਮਕਿਨ ਤਰੀਕੇ ਨਾਲ ਮਨਾਣ ਦੀ ਕੋਸ਼ਿਸ਼ ਕਰਦਾ ਤੇ ਕਹਿੰਦਾ ਕਿ ਕਿਤੇ ਬਾਜ ਹੱਥੋਂ ਨਿਕਲ ਨਾ ਜਾਏ। ਘੇਰਾ ਆਖਿਰ-ਕਾਰ ਘੇਰਾ ਹੀ ਹੈ। ਉਹ ਆਖਦਾ, "ਜਹਾਂਪਨਾਹ, ਜੇਰੇ ਵਾਲਾ ਆਦਮੀ ਰਾਤ ਵੇਲੇ ਆਪਣੇ ਤੋਂ ਵੀਹ ਗੁਣਾ ਵਧ ਆਦਮੀਆਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਫ਼ਰਾਰ ਹੋ ਸਕਦਾ ਹੈ। ਜੇ ਤੁਸੀਂ ਮਰਦੂਦ ਬੰਦੇ ਨੂੰ ਚਾਹੁੰਦੇ ਹੋ ਤਾਂ ਮੇਰੀ ਮੰਨੋ, ਮੈਨੂੰ ਆਗਿਆ ਦਿਉ ਮੈਂ ਲੋਹ ਗੜ੍ਹ ਉੱਤੇ ਕਬਜ਼ਾ ਕਰ ਲਵਾਂ।"

ਕਦੀ ਉਹ ਆਖਦਾ, "ਜਹਾਂਪਨਾਹ, ਜੇ ਪੰਜ ਹਜ਼ਾਰ ਫ਼ੌਜ ਮਰਵਾ ਕੇ ਵੀ ਅਸੀਂ ਮਰਦੂਦ ਬੰਦੇ ਨੂੰ ਪਕੜ ਸਕੀਏ ਤਾਂ ਇਹ ਸੌਦਾ ਮਹਿੰਗਾ ਨਹੀਂ ਹੋਵੇਗਾ। ਦੋ ਦਿਨ ਪਹਿਲੇ ਸਾਡੇ ਅੰਨੇ ਹਜ਼ਾਰ ਆਦਮੀ ਅਣਿਆਈ ਮੌਤੇ ਮਰ ਗਏ। ਜੇ ਹਜ਼ੂਰ ਨੂੰ ਉਹਨਾਂ ਦੀ ਮੌਤ ਦਾ ਦੁਖ ਨਹੀਂ ਤਾਂ ਲੋਹ ਗੜ੍ਹ ਉੱਤੇ ਕੁਝ ਜਾਨਾਂ ਵਾਰਨ ਵੇਲੇ ਸ਼ਹਿਨਸ਼ਾਹ ਕਿਉਂ ਸੋਚਾਂ ਵਿਚ ਪੈ ਜਾਂਦੇ ਹਨ ?"

ਪਰ ਸ਼ਹਿਨਸ਼ਾਹ ਸੋਚਾਂ ਵਿਚ ਪਿਆ ਰਿਹਾ। ਉਹ ਤੇ ਉਹਦੇ ਸਲਾਹਕਾਰ ਤਿੰਨ ਦਿਨ ਸੋਚਾਂ ਵਿਚਾਰਾਂ ਕਰਦੇ ਰਹੇ ਤੇ ਸਦਾ ਏਸੇ ਸਿੱਟੇ ਉੱਪਰ ਪਹੁੰਚਦੇ ਰਹੇ ਕਿ ਲੋਹ ਗੜ੍ਹ ਉੱਤੇ ਕਬਜ਼ਾ ਕਰਨਾ ਬੜਾ ਮਹਿੰਗਾ ਪਵੇਗਾ।

ਪਰ ਨੌਂ ਤਾਰੀਖ਼ ਸਵੇਰੇ ਮੁਨੀਮ ਖ਼ਾਨ ਨੇ ਬਾਦਸ਼ਾਹ ਨੂੰ ਜੋਰੋਜੋਰੀ ਮਨਾ ਹੀ ਲਿਆ ! ਪੰਜ ਹਜ਼ਾਰ ਸਿਪਾਹੀ ਲੈ ਕੇ ਉਹ ਲੋਹ ਗੜ੍ਹ ਨੂੰ ਜਿੱਤਣ ਲਈ ਤੁਰ ਪਿਆ। ਬੇਸ਼ਕ ਉਹਦੀ ਰਾਏ ਕੀਮਤੀ ਤੇ ਦਰੁਸਤ ਸੀ ਪਰ ਉਹਦਾ ਮੁਕਾਬਲਾ ਵੀ ਬੰਦਾ ਬਹਾਦਰ ਤੇ ਖ਼ਾਲਸਈ ਸੈਨਾ ਨਾਲ ਸੀ। ਲੋਹ ਗੜ੍ਹ ਉੱਤੇ ਕਬਜ਼ਾ ਸਚਮੁਚ ਹੀ ਆਸਾਨ ਨਹੀਂ ਸੀ।

ਨੌਂ ਤਾਰੀਖ਼ ਸਾਰਾ ਦਿਨ ਲੜਾਈ ਹੁੰਦੀ ਰਹੀ ਪਰ ਸ਼ਾਮ ਤਕ ਮੁਨੀਮ ਖ਼ਾਨ ਖ਼ਾਲਸੇ ਨੂੰ ਸਿਰਫ਼ ਚਾਰ ਚੋਟੀਆਂ ਉਤੋਂ ਹੀ ਚਿਕ ਸਕਿਆ ਤੇ ਸਿਰਫ਼ ਦੋ ਤੋਪਾਂ ਉਹਦੇ ਹੱਥ ਲਗੀਆਂ। ਅਜੇ ਚਾਰ ਚੋਟੀਆਂ ਤੇ ਉਹਨਾਂ ਉਤੋਂ ਮਾਰ ਕਰਦੀਆਂ ਦੋ ਤੋਪਾਂ ਹੋਰ ਸ਼ਾਹੀ ਸੈਨਾ ਤੇ ਲੋਹ ਗੜ੍ਹ ਦੇ ਵਿਚਕਾਰ ਸਨ।

Scanned by CamScanner

ਸ਼ਾਮ ਪੈ ਗਈ ਤੇ ਮੁਨੀਮ ਖ਼ਾਨ ਨੇ ਆਪਣੀ ਸੈਨਾ ਨੂੰ ਕਬਜ਼ਾ ਕੀਤੀਆਂ ਚੋਟੀਆਂ ਉੱਤੇ ਪੈਰ ਪੱਕੇ ਕਰਨ ਦਾ ਹੁਕਮ ਦਤਾ। ਉਹਨੂੰ ਵਿਸ਼ਵਾਸ ਸੀ ਕਿ ਜੇ ਉਹ ਇਹਨਾਂ ਚੋਟੀਆਂ ਨੂੰ ਛਡ ਆਇਆ ਤਾਂ ਰਾਤੋ ਰਾਤ ਸਿਖ ਉਹਨਾਂ ਉੱਤੇ ਫਿਰ ਕਬਜ਼ਾ ਰ ਲੈਣਗੇ। ਉਹਦਾ ਇਹ ਵਿਸ਼ਵਾਸ ਸਹੀ ਸੀ। ਅਗਲੇ ਦਿਨ ਦੀ ਲੜਾਈ ਵਾਸਤੇ ਫਿਰ ਉਸ ਰਾਤ ਬਹਿਸ ਹੋਈ।

ਪਰ ਹੁਣ ਤਕ ਬਾਦਸ਼ਾਹ ਨੂੰ ਵੀ ਤੇ ਹੋਰਨਾਂ ਨੂੰ ਵੀ ਕਾਫ਼ੀ ਰੋਹ ਚੜ੍ਹ ਚੁਕਾ ਸੀ ਤੇ ਮੁਨੀਮ ਖ਼ਾਨ ਨੇ ਅਗਲੇ ਦਿਨ ਦੀ ਲੜਾਈ ਵਾਸਤੇ ਦਸ ਹਜ਼ਾਰ ਹੋਰ ਸਿਪਾਹੀਆਂ ਦੀ ਮਨਜ਼ੂਰੀ ਲੈ ਲਈ। ਦੱਸ ਹਜ਼ਾਰ ਸਿਪਾਹੀ ਪਹੁ-ਫੁਟਾਲੇ ਨਾਲ ਤਿੰਨ ਤੂ ਸੌ ਸਿਖਾਂ ਉੱਤੇ ਆ ਪਏ ਤੇ ਦੁਪਹਿਰ ਤਕ ਤਿੰਨ ਸੌ ਸਿਖਾਂ ਨੇ ਦੱਸ ਹਜ਼ਾਰ ਸ਼ਾਹੀ ਸੈਨਾ ਨੂੰ ਆਪਣੇ ਮੋਰਚਿਆਂ ਤਕ ਪਹੁੰਚਣ ਨਾ ਦਿਤਾ।

ਥਾਂ ਤੇ ਸਮਾਂ ਸਿਖਾਂ ਵਲ ਸੀ। ਉਹਨਾਂ ਦੇ ਮੋਰਚੇ ਪਹਾੜੀਆਂ ਉੱਤੇ ਖੱਟੇ ਗਏ ਸਨ। ਤੋਪਾਂ ਵੀ ਇਹੋ ਜਿਹੀਆਂ ਚੰਗੀਆਂ ਥਾਵਾਂ ਉੱਪਰ ਬੀੜੀਆਂ ਗਈਆਂ ਸਨ ਕਿ ਉਹ ਹਰ ਮੁਮਕਨ ਰਾਹ ਉੱਤੇ ਮਾਰ ਕਰ ਸਕਦੀਆਂ ਸਨ। ਜਿਸ ਪਾਸੇ ਵੀ ਸ਼ਾਹੀ ਸੈਨਾ ਵਧਦੀ ਓਧਰ ਹੀ ਇਕ ਗੋਲਾ ਆ ਪੈਂਦਾ। ਪੰਜ ਦਸ ਆਦਮੀ ਥਾਂ ਡਿਗਦੇ ਤੇ ਬਾਕੀ ਦੇ ਡਰ ਕੇ ਪਿਛੇ ਹਟ ਜਾਂਦੇ। ਜਿਸ ਕਿਸੇ ਖ਼ਾਸ ਬਿਖੜੇ ਤੇ ਨਵੇਕਲੇ ਰਾਹ ਉੱਪਰ ਤੋਪਾਂ ਮਾਰ ਨਾ ਕਰ ਸਕਦੀਆਂ ਉਥੇ ਛੁਪੇ ਹੋਏ ਖ਼ਾਲਸਈ ਨਿਸ਼ਾਨਚੀ ਆਪਣੀਆਂ ਬੰਦੂਕਾਂ ਤੇ ਆਪਣੇ ਤੀਰਾਂ ਨਾਲ ਦੁਸ਼ਮਣ ਦਾ ਦਿਲ ਡਰਾ ਦਿੰਦੇ।

ਮੁਨੀਮ ਖ਼ਾਨ ਇਹੋ ਜਿਹੀ ਲੜਾਈ ਨੂੰ ਜਿੱਤਣ ਦਾ ਢੰਗ ਜਾਣਦਾ ਸੀ। ਉਹ ਇਹ ਕਿ ਜਾਨ ਮਾਲ ਦੀ ਪ੍ਰਵਾਹ ਨਾ ਕਰਦਿਆਂ ਇਕੋ ਵਾਰ ਦੁਸ਼ਮਨ ਦੀਆਂ ਚੋਟੀਆਂ ਉੱਤੇ ਧਾਵਾ ਬੋਲ ਦੇਣਾ ਤੇ ਉਹਨਾਂ ਨੂੰ ਜਾ ਲੈਣਾ। ਪਰ ਉਹ ਡਰਦਾ ਸੀ। ਉਹਨੂੰ ਐਨਾ ਮਹਿੰਗਾ ਹੱਲਾ ਕਰਨ ਦੀ ਆਗਿਆ ਨਹੀਂ ਸੀ।

ਬਾਕੀ ਸਾਰੀ ਸ਼ਾਹੀ ਸੈਨਾ ਵੀ ਇਹ ਤਮਾਸ਼ਾ ਵੇਖ ਰਹੀ ਸੀ। ਉਹ ਜਾਣਦੇ ਸਨ ਕਿ ਲੋਹ ਗੜ੍ਹ ਦੀਆਂ ਬਾਹਰਲੀਆਂ ਚੋਟੀਆਂ ਉੱਤੇ ਤਿੰਨ ਚਾਰ ਸੌ ਤੋਂ ਵਧ ਆਦਮੀ ਨਹੀਂ ਪਰ ਉਹਨਾਂ ਦੇ ਦਸ ਹਜ਼ਾਰ ਸਾਥੀ ਸਵੇਰ ਤੋਂ ਲੈ ਕੇ ਦੁਪਹਿਰ ਤਕ ਮਸੋਂ ਹਜ਼ਾਰ ਗਜ਼ ਹੀ ਅਗੇ ਵਧ ਸਕੇ ਸਨ।

ਉਸ ਵੇਲੇ ਮੁਨੀਮ ਖ਼ਾਨ ਨੇ ਇਕ ਚਾਲ ਖੇਡੀ। ਕਿਸੇ ਨਾ ਕਿਸੇ ਤਰ੍ਹਾਂ ਮਸ਼ਹੂਰ ਕਰਵਾ ਦਿਤਾ ਕਿ ਬਾਦਸ਼ਾਹ ਸਲਾਮਤ ਦੇ ਦੋ ਸ਼ਹਿਜ਼ਾਦੇ ਜ਼ਖ਼ਮੀ ਹੋ ਗਏ ਹਨ। ਗਾਜ਼ੀਆਂ ਨੂੰ ਕੀ ਅਣਖ ਨਹੀਂ ਮਾਰਦੀ ? ਬਾਦਸ਼ਾਹ ਸਲਾਮਤ ਦਾ ਹੁਕਮ ਹੈ ਕਿ ਰਾਤ ਤੋਂ ਪਹਿਲੇ ਪਹਿਲੇ ਲੋਹ ਗੜ੍ਹ ਉੱਪਰ ਕਬਜ਼ਾ ਕੀਤਾ ਜਾਏ ਤੇ ਬੰਦੇ ਨੂੰ ਜ਼ਿੰਦਾ ਜਾਂ ਮੁਰਦਾ ਪਕੜਿਆ ਜਾਏ !

ਬਸ ! ਇਸ ਖਬਰ ਦਾ ਹੁਲਣਾ ਸੀ ਕਿ ਚੌਹਾਂ ਪਾਸਿਆਂ ਤੋਂ ਮੁਸਲਮਾਨ ਲੋਹ ਗੜ੍ਹ ਉੱਤੇ ਆ ਪਏ। ਸਭ ਜਣੇ ਜਿਧਰ ਮੂੰਹ ਆਇਆ ਉਧਰ ਟੁਰ ਪਏ। ਬਸ ਸਭ ਨੂੰ ਆਪਣੇ ਸਾਹਮਣੇ ਲੋਹ ਗੜ੍ਹ ਦਾ ਕਿਲਾ ਦਿਸ ਰਿਹਾ ਸੀ। ਇਹੋ ਉਹਨਾਂ ਦਾ ਨਿਸ਼ਾਨਾ ਸੀ। ਲੋਹ ਗੜ੍ਹ ਦੇ ਅੰਦਰ ਸਿੰਘ ਸੂਰਮੇ ਸਨ ਪਰ ਲੋਹ ਗੜ੍ਹ ਦੇ ਅੰਦਰ ਬੰਦਾ ਸਿੰਘ ਬਹਾਦਰ ਵੀ ਸੀ, ਇਹੋ ਬੰਦਾ ਸਿੰਘ ਬਹਾਦਰ ਸ਼ਾਹੀ ਸੈਨਾ ਦਾ ਦੂਜਾ ਨਿਸ਼ਾਨਾ ਸੀ।

ਸੋਮ ਨਦੀ ਵਲ ਦੀ ਸੈਨਾ ਨੂੰ ਸਭ ਤੋਂ ਵਧ ਸਫਲਤਾ ਮਿਲੀ। ਇਕ ਜਰਨੈਲ ਦੀਨ ਮੁਹੰਮਦ ਥੱਲੇ ਮੁਗਲ ਸਿਪਾਹੀ ਲੋਹ ਗੜ੍ਹ ਦੀ ਬਾਹਰਲੀ ਦੀਵਾਰ ਤੋਂ ਸਿਰਫ਼ ਡੇਢ ਦੋ ਸੌ ਗਜ਼ ਦੂਰ ਰਹਿ ਗਏ। ਏਸੇ ਦਲ ਵਿਚ ਬੁੰਦੇਲੇ ਰਾਜਪੂਤ ਵੀ ਸ਼ਾਮਲ ਸਨ ਜਿਹੜੇ ਬਾਦਸ਼ਾਹ ਬਹਾਦਰ ਸ਼ਾਹ ਵਲੋਂ ਬੰਦੇ ਨਾਲ ਲੜਨ ਆਏ ਸਨ।

ਏਸੇ ਮੋਰਚੇ ਉੱਪਰ ਹੀ ਬੰਦਾ ਸਿੰਘ ਬਹਾਦਰ ਤੇ ਸ਼ਾਹਬਾਜ਼ ਸਿੰਘ ਦੋਵੇਂ ਖ਼ੁਦ ਹਾਜ਼ਰ ਸਨ। ਕਰਾਨ ਨਦੀ ਵਲ ਜੜੀਆਂ ਦੋ ਤੋਪਾਂ ਹਟਾ ਕੇ ਏਸ ਮੋਰਚੇ ਤੇ ਲਿਆਂਦੀਆਂ ਗਈਆਂ ਸਨ। "ਗੁਰੂ ਕਲਗੀਧਰ ਤੋਪ" ਵੀ ਇਥੇ ਜੜੀ ਗਈ। ਸ਼ਾਹਬਾਜ਼ ਸਿੰਘ ਆਪ ਇਹਨਾਂ ਚੌਹਾਂ ਤੋਪਾਂ ਦੀ ਕਮਾਨ ਕਰ ਰਿਹਾ ਸੀ। ਆਪ ਵਾਰੋ ਵਾਰ ਹਰ ਇਕ ਨੂੰ ਗੋਲੇ ਚਲਾਣ ਦਾ ਹੁਕਮ ਦੇ ਰਿਹਾ ਸੀ। ਜੇ ਸ਼ਾਇਦ ਉਹ ਆਪ ਉਥੇ ਨਾ ਹੁੰਦਾ ਤਾਂ ਹੁਣ ਤਕ ਤੋਪਚੀ ਜਿੰਨੇ ਵੀ ਗੋਲੇ ਪਏ ਸਨ, ਢੂਕ ਛਡਦੇ। ਉਹਨਾਂ ਨੂੰ ਗੋਲਿਆਂ ਦੀ ਐਨੀਂ ਕੀਮਤ ਨਹੀਂ ਸੀ ਜਿੰਨੀ ਸ਼ਾਹਬਾਜ਼ ਨੂੰ। ਬੰਦਾ ਸਿੰਘ ਬਹਾਦਰ ਸ਼ਾਹਬਾਜ਼ ਨੂੰ ਇਕ ਅਦਭੁਤ ਸਿਆਣਪ ਨਾਲ ਤੋਪਾਂ ਦੀ ਕਮਾਨ ਕਰਦਿਆਂ ਵੇਖਦਾ ਰਿਹਾ ਤੇ ਉਸ ਮਨ ਹੀ ਮਨ ਵਿਚ ਕਿਹਾ:

"ਕਾਸ਼ ! ਮੈਂ ਆਪਣੇ ਇਰਾਦਿਆਂ ਵਿਚ ਸਫ਼ਲ ਹੋ ਸਕਦਾ। ਸ਼ਾਹਬਾਜ਼ ਵਰਗੇ ਤੰਪਚੀ ਨਾਲ ਤੇ ਬਾਜ ਸਿੰਘ ਵਰਗੇ ਪ੍ਰਿਆਦਾ ਸਰਦਾਰ ਨਾਲ ਖ਼ਾਲਸੇ ਅਗੇ ਧੁਰ ਕਲਕੱਤੇ ਤੇ ਬੰਬਈ ਤਕ ਕੋਈ ਰੋਕ ਨਹੀਂ ਸੀ ਹੋਣੀ। ਕਾਸ਼...!"

Scanned by CamScanner

ਤੇ ਬੰਦਾ ਸਿੰਘ ਬਹਾਦਰ ਮੁਸਕਰਾ ਪਿਆ। ਬੰਦਾ ਸਿੰਘ ਬਹਾਦਰ ਆਪਣੇ ਇਰਾਦਿਆਂ ਦੀ ਅਸਫ਼ਲਤਾ ਤੇ ਆਪਣੇ ਨਿਸ਼ਾਨੇ ਤਕ ਪਹੁੰਚਣ ਦੀ ਨਾਕਾਮਯਾਬੀ ਉੱਪਰ ਮੁਸਕਰਾਇਆ। ਇਸ ਮੁਸਕਰਾਹਟ ਵਿਚ ਇਕ ਹਸਰਤ ਸੀ, ਇਕ ਸੋਚ, ਜਿਹੜਾ ਬਿਆਨ ਨਹੀਂ ਕੀਤਾ ਜਾ ਸਕਦਾ। ਬੰਦਾ ਸਿੰਘ ਦੀ ਮੁਸਕਰਾਹਟ ਇਹ ਵੀ ਦਰਸਾਂਦੀ ਸੀ ਕਿ ਬੇਸ਼ਕ ਉਹ ਅਸਫ਼ਲ ਰਿਹਾ ਹੈ ਪਰ ਉਹ ਹਾਰਿਆ ਨਹੀਂ। ਉਹ ਤੇ ਖ਼ਾਲਸਾ ਅਜਿੱਤ ਹਨ।

ਏਨੇ ਚਿਰ ਤਕ ਬੁੰਦੇਲੀ ਰਾਜਪੂਤ ਤੇ ਬੱਰੂ ਦੇ ਸੱਯਦ ਕਿਲੇ ਦੀ ਦੀਵਾਰ ਤੋਂ ਮਸੇਂ ਇਕ ਸੌ ਗਜ਼ ਦੂਰ ਰਹਿ ਗਏ। ਬੰਦਾ ਸਿੰਘ ਨੇ ਵਾਰੋ ਵਾਰ ਤਿੰਨ ਤੀਰ ਚਿੱਲੇ ਉੱਪਰ ਚੜ੍ਹਾਏ ਤੇ ਪਹਿਲੇ ਤੀਰ ਨਾਲ ਦੀਨ ਮੁਹੰਮਦ ਨੂੰ ਮਾਰਿਆ, ਦੂਜੇ ਤੀਰ ਨਾਲ ਬੱਰੂ ਸੱਯਦਾਂ ਦੇ ਲੀਡਰ ਨੂੰ ਲਿਆ ਤੇ ਤੀਜੇ ਨਾਲ ਬੁੰਦੇਲੀ ਰਾਜਪੂਤਾਂ ਦੇ ਸਰਦਾਰ ਨੂੰ ਥਾਂ ਧਰਿਆ। ਸ਼ਾਹੀ ਸੈਨਾ ਇਕ-ਦੰਮ ਰੁਕ ਗਈ। ਫਿਰ ਬੰਦਾ ਸਿੰਘ ਨੇ ਸ਼ਾਹਬਾਜ਼ ਨੂੰ ਉਂਗਲ ਨਾਲ ਇਸ਼ਾਰਾ ਕਰ ਕੇ ਦਸੀਆਂ ਦੋ ਥਾਵਾਂ ਉੱਪਰ ਦੋ ਗੋਲੇ ਸੁਟਣ ਲਈ ਕਿਹਾ : "ਸਤਿ ਬਚਨ, ਬਾਬਾ ਜੀ !"

ਇਹ ਦੂਜੀ ਵਾਰ ਸੀ ਕਿ ਬੰਦੇ ਨੇ ਸ਼ਾਹਬਾਜ਼ ਨੂੰ ਇਹੋ ਜਿਹੀ ਫਰਮਾਇਸ਼ ਪਾਈ ਸੀ। ਪਹਿਲੀ ਵਾਰ ਇਹੋ ਜਿਹਾ ਹੁਕਮ ਚੱਪੜਚੇੜੀ ਦੇ ਮੈਦਾਨ ਵਿਚ ਮਿਲਿਆ ਸੀ।

ਸ਼ਾਹਬਾਜ਼ ਸਿੰਘ ਖੁਸ਼ੀ ਖੁਸ਼ੀ ਆਪ "ਗੁਰੂ ਕਲਗ਼ੀਧਰ ਤੋਪ" ਦੇ ਪਾਸ ਗਿਆ। ਉਸ ਆਪ ਵਾਰੋ ਵਾਰੀ ਦੋਵੇਂ ਗੋਲੇ ਜੜੇ, ਤੇ ਦੋਵੇਂ ਵਾਰ ਉਸ ਆਪਣੇ ਹੱਥੀਂ ਤੋਪ ਨੂੰ ਚਲਾਇਆ। ਮਜਾਲ ਹੈ ਜੇ ਬੰਦੇ ਦੀ ਦਸੀ ਹੋਈ ਥਾਂ ਤੋਂ ਇਕ ਗਜ਼ ਵੀ ਗੋਲਾ ਏਧਰ ਓਧਰ ਡਿੱਗਿਆ ਹੋਵੇ।

ਬੰਦਾ ਮੁਸਕਰਾਇਆ ਤੇ ਉਸ ਆਖਿਆ, "ਧੰਨ ਗੁਰੂ ਕਲਗ਼ੀਧਰ ! ਧੰਨ ਸ਼ਾਹਬਾਜ਼।"

ਸ਼ਾਹਬਾਜ਼ ਗੋਲੇ ਚਲਾ ਕੇ ਬੰਦਾ ਸਿੰਘ ਕੋਲ ਆਇਆ ਤੇ ਬੰਦੇ ਨੇ ਉਹਦੀ ਕੰਡ ਉੱਤੇ ਹੱਥ ਧਰ ਕੇ ਕਿਹਾ, "ਕਾਸ਼ ਖ਼ਾਲਸਾ ਜੀ ! ਅੱਜ ਮੈਂ ਤੁਹਾਨੂੰ ਕੋਈ ਇਹੋ ਜਿਹੀ ਸ਼ੈ ਅਰਪਨ ਕਰ ਸਕਦਾ ਜਿਹੜੀ ਤੁਹਾਡੀ ਸੇਵਾ ਦੇ ਅਨਕੂਲ ਹੁੰਦੀ।"

"ਬਾਬਾ ਜੀ, ਤੁਹਾਡੀ ਤੇ ਗੁਰੂ ਕਲਗ਼ੀਆਂ ਵਾਲੇ ਦੀ ਸੁਵੱਲੀ ਨਜ਼ਰ ਨਾਲ ਮੈਂ ਮਾਲਾ ਮਾਲ ਹੋ ਗਿਆ ਹਾਂ। ਮੈਨੂੰ ਹੁਣ ਕਿਸੇ ਦੁਨਿਆਵੀ ਸ਼ੈ ਦੀ ਲੋੜ ਨਹੀਂ।" ਇਹ ਦੋ ਗੋਲੇ ਜਰਨੈਲ ਦੀਨ ਮੁਹੰਮਦ ਦੇ ਜ਼ਾਤੀ ਅਮਲੇ ਫ਼ੈਲੇ ਉੱਤੇ ਸੁੱਟੇ ਗਏ ਸਨ। ਇਹਨਾਂ ਟੋਲੀਆਂ ਵਿਚ ਕੁਝ ਆਦਮੀਆਂ ਦੇ ਮਰਨ ਨਾਲ ਇਹ ਸਾਰਾ ਲਸ਼ਕਰ ਬੌਂਦਲ ਗਿਆ ਤੇ ਹਾਲਤ ਸੁਧਰ ਗਈ।

ਬਾਕੀ ਕਿਲ੍ਹਾ ਸਰਦਾਰ ਬਾਜ ਸਿੰਘ ਦੀ ਨਿਗਰਾਨੀ ਥੱਲੇ ਸੀ ਤੇ ਉਹਨੂੰ ਕੋਈ ਚੈਨ ਨਹੀਂ ਸੀ। ਸਵੇਰ ਦਾ ਉਹ ਘੋੜੇ ਉੱਤੇ ਚੜ੍ਹਿਆ ਨਹੀਂ ਸੀ ਉਤਰਿਆ। ਕਾਠੀ ਨਾਲ ਜੰਮਿਆ ਉਹ ਪਹਿਲੇ ਤਾਂ ਕਿਲ੍ਹੇ ਤੋਂ ਬਾਹਰਲੀ ਸੈਨਾ ਦੀ ਨਿਗਰਾਨੀ ਕਰਦਾ ਰਿਹਾ ਸੀ ਤੇ ਦੁਪਹਿਰ ਤੋਂ ਪਿਛੋਂ ਉਹ ਕਿਲ੍ਹੇ ਅੰਦਰ ਖ਼ਦੀ ਇਕ ਮੋਰਚੇ ਉੱਤੇ ਆ, ਕਦੀ ਦੂਜੇ ਮੋਰਚੇ ਉੱਤੇ ਜਾ। ਹਰ ਪੰਦਰਾਂ ਵੀਹਾਂ ਮਿੰਟਾਂ ਪਿਛੋਂ ਉਹ ਬੰਦੇ ਕੋਲ ਆਉਂਦਾ ਤੇ ਉਹਨੂੰ ਸਾਰੇ ਮੋਰਚਿਆਂ ਬਾਰੇ ਰਿਪੋਟ ਦੇਂਦਾ। ਬੰਦਾ ਧਿਆਨ ਨਾਲ ਸਾਰੀ ਰਿਪੋਟ ਸੁਣਦਾ ਤੇ ਫਿਰ ਲੋੜ ਅਨੁਸਾਰ ਨਵੇਂ ਹੁਕਮ ਦੇਂਦਾ। ਬਾਜ ਸਿੰਘ ਆਪਣੀ ਦਾੜ੍ਹੀ ਉੱਤੇ ਹੱਥ ਫੇਰਦਾ ਫ਼ਤਹ ਬੁਲਾਂਦਾ ਤੇ ਘੋੜੇ ਨੂੰ ਅੱਡੀ ਲਾ ਕੇ ਬੰਦੇ ਦੇ ਹੁਕਮਾਂ ਦੀ ਪਾਲਨਾ ਕਰਨ ਲਈ ਟੁਰ ਜਾਂਦਾ।

ਹੁਣ ਸਵਾਏ ਕਰਾਨ ਨਦੀ ਵਾਲੇ ਪਾਸੇ ਦੇ ਮੋਰਚੇ ਨੂੰ ਛਡ ਕੇ ਬਾਕੀ ਸਭ ਪਾਸਿਉਂ ਮੁਗ਼ਲਾਂ ਦਾ ਜ਼ੋਰ ਵਧ ਗਿਆ ਸੀ। ਮੁਨੀਮ ਖ਼ਾਨ ਆਪਣੇ ਦਸ ਹਜ਼ਾਰਾਂ ਨਾਲ ਲੋਹ ਗੜ੍ਹ ਦੀਆਂ ਬਾਹਰਲੀਆਂ ਚੋਟੀਆਂ ਨੂੰ ਫ਼ਤਹ ਕਰ ਚੁਕਾ ਸੀ। ਦੋ ਰਹਿੰਦੀਆਂ ਤੋਪਾਂ ਉਹਦੇ ਹੱਥ ਲਗ ਚੁਕੀਆਂ ਸਨ। ਦੋ ਕੁ ਸੌ ਸਿੰਘ ਸ਼ਹੀਦ ਹੋ ਚੁਕੇ ਸਨ ਤੇ ਰਹਿੰਦੇ ਫਟੜ ਹੋਏ ਲੋਹ ਗੜ੍ਹ ਵਿਚ ਦਾਖ਼ਲ ਹੋ ਗਏ ਸਨ।

ਹੁਣ ਪੱਛਮ ਵਲੋਂ ਮੁਗ਼ਲਈ ਸੈਨਾ ਲੋਹ ਗੜ੍ਹ ਦੇ ਬਿਲਕੁਲ ਨੇੜੇ ਆ ਗਈ। ਬੰਦਾ ਸਿੰਘ ਬਹਾਦਰ ਤੇ ਸ਼ਾਹਬਾਜ਼ ਸਿੰਘ ਸ਼ਪਾਸ਼ਪ ਏਧਰ ਆਏ ਤੇ ਉਹਨਾਂ ਇਸ ਮੋਰਚੇ ਦੀ ਕਮਾਨ ਆਪਣੇ ਹੱਥ ਸੰਭਾਲ ਲਈ। "ਗੁਰੂ ਕਲਗ਼ੀਧਰ" ਤੋਪ ਵੀ ਏਸੇ ਮੋਰਚੇ ਉੱਪਰ ਲਿਆਂਦੀ ਗਈ ਤੇ ਅਤੀ ਘੋਰ ਮੁਕਾਬਲਾ ਸ਼ੁਰੂ ਹੋਇਆ।

ਮੁਸਲਮਾਨ ਯੋਧਿਆ ਦੀਆਂ ਪਾਲਾਂ ਦੀਆਂ ਪਾਲਾਂ ਅਗੇ ਵਧਦੀਆਂ ਤੇ ਏਧਰੋਂ ਸਿੰਘ ਸੂਰਮੇਂ ਆਪਣੀਆਂ ਬੰਦੂਕਾਂ ਤੇ ਤੀਰਾਂ ਨਾਲ ਉਹਨਾਂ ਦੇ ਆਹੂ ਲਾਹ ਛਡਦੇ। ਸੌ-ਦੋ ਸੌ ਜਵਾਨਾਂ ਦੀ ਪਾਲ ਵਿਚੋਂ ਅੱਧੇ ਦਹਿ ਢੇਰੀ ਹੋ ਜਾਂਦੇ। ਫਿਰ ਇਕ

Scanned by CamScanner

ਹੋਰ ਪਾਲ ਵਧਦੀ ਤੇ ਉਹਦੀ ਵੀ ਉਹੋ ਹਾਲਤ ਹੁੰਦੀ।

ਏਧਰ ਕਦੀ ਕਿਸੇ ਸਿੰਘ ਨੂੰ ਮੁਸਲਮਾਨ ਯੋਧਿਆਂ ਦਾ ਚਲਾਇਆ ਤੀਰ ਲਗਦਾ ਤੇ ਉਹ "ਵਾਹਿਗੁਰੂ" ਆਖ ਕੇ ਥੱਲੇ ਡਿਗ ਪੈਂਦਾ। ਕਦੀ ਕਿਸੇ ਹੋਰ ਸਿਖ ਨੂੰ ਬੰਦੂਕ ਦੀ ਗੋਲੀ ਲਗਦੀ ਤੇ ਉਹ ਤੜਪਦਾ ਤੜਪਦਾ ਪ੍ਰਾਣ ਤਿਆਗ ਦੇਂਦਾ। ਉਸ ਵੇਲੇ ਕਿਸੇ ਨੂੰ ਮਰ੍ਹਮ ਪੱਟੀ ਕਰਨ ਦੀ ਸੋਝੀ ਨਹੀਂ ਸੀ। ਕੋਈ ਕਿਸੇ ਨੂੰ ਪਾਣੀ ਖੁਣੋਂ ਸਹਿਕਦਾ ਵੇਖ ਕੇ ਪਾਣੀ ਲਿਆ ਕੇ ਨਹੀਂ ਸੀ ਦੇ ਸਕਦਾ। ਏਥੋਂ ਤਕ ਕਿ ਕਿਸੇ ਕੋਲ ਮੂਨ ਨਾਲ ਲੱਥ ਪੱਥ "ਹਾਏ ਹਾਏ" ਜਾਂ "ਵਾਹਿਗੁਰੂ ਵਾਹਿਗੁਰੂ" ਕਰਦੇ ਜ਼ਖ਼ਮੀ ਵਲ ਵੇਖਣ ਦਾ ਵਕਤ ਵੀ ਨਹੀਂ ਸੀ।

ਅਜ ਸਿਰ ਧੜ ਦੀ ਬਾਜ਼ੀ ਲਗੀ ਸੀ। ਅਜ ਦੀ ਲੜਾਈ ਵਰਗੀ ਅਜ ਤੋਂ ਪਹਿਲੇ ਕਦੀ ਕੋਈ ਲੜਾਈ ਨਹੀਂ ਸੀ ਹੋਈ। ਚਪੜਚੋੜੀ ਦੇ ਮੈਦਾਨ ਵਿਚ ਮੁਸਲਮਾਨ ਇਸ ਤਰ੍ਹਾਂ ਜੀ ਤੋੜ ਕੇ ਨਹੀਂ ਸਨ ਲੜੇ। ਪਤਾ ਨਹੀਂ ਕਿਉਂ, ਮੁਗ਼ਲਾਂ ਨੂੰ ਅਜ ਵਾਂਗ ਰੋਹ ਨਹੀਂ ਸੀ ਚੜ੍ਹਿਆ। ਉਸ ਦਿਨ ਤੁਰਕ ਸ਼ਾਇਦ ਬੰਦੇ ਨੂੰ ਮੈਦਾਨ ਵਿਚ ਖ਼ਲੋਤਿਆਂ ਵੇਖ ਨਹੀਂ ਸਨ ਸਕਦੇ। ਅਜ ਬੰਦਾ ਉਹਨਾਂ ਦੇ ਸਾਹਮਣੇ ਫਸੀਲ ਉੱਤੇ ਖੜਾ ਸੀ। ਅਜ ਉਹ ਉਸ ਆਦਮੀ ਨੂੰ ਆਪਣੇ ਸਾਹਮਣੇ ਵੇਖ ਸਕਦੇ ਸਨ ਜਿਦੇ ਵਾਸਤੇ ਸੱਠ ਸੱਤਰ ਹਜ਼ਾਰ ਗਾਜ਼ੀ ਸਾਰੇ ਹਿੰਦੁਸਤਾਨ ਵਿਚੋਂ ਇਕੱਠੇ ਹੋਏ ਸਨ। ਅਜ ਹਰ ਇਕ ਦੇ ਸਿਰ ਉੱਤੇ ਬੰਦੇ ਨੂੰ ਮਾਰਨ ਦਾ ਭੂਤ ਸਵਾਰ ਸੀ। ਅਜ ਉਹਨਾਂ ਦੇ ਨਾਅਰਿਆਂ ਵਿਚੋਂ ਅੰਗਾਰੇ ਦਹਿਕਦੇ ਸਨ।

ਬੇਸ਼ਕ ਅਜ ਵਾਂਗ ਤੁਰਕ ਪਹਿਲੇ ਕਦੇ ਸਿਖਾਂ ਨਾਲ ਨਹੀਂ ਸਨ ਲੜੇ, ਅਜ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਕਦੀ ਕੁਰਬਾਨ ਨਹੀਂ ਸੀ ਕੀਤਾ।

੧੬

ਭਰ ਸਰਦੀਆਂ ਦੇ ਦਿਨ ਸਨ। ਖਾਲਸੇ ਦੀ ਖ਼ੁਸ਼ਕਿਸਮਤੀ! ਸਰਦੀਆਂ ਵਿਚ ਸੂਰਜ ਜੋਲਦੀ ਛੁੱਪ ਜਾਂਦਾ ਹੈ।

ਉਧਰੋਂ ਸੂਰਜ ਛੁਪ ਰਿਹਾ ਸੀ ਤੇ ਉਧਰੋਂ ਮੁਨੀਮ ਖਾਨ ਦੇ ਬਹਾਦਰ ਸਿਪਾਹੀਆਂ ਨੇ ਲੋਹ ਗੜ੍ਹ ਦੀ ਬਾਹਰਲੀ ਦੀਵਾਰ ਨੂੰ ਪੌੜੀਆਂ ਜਾ ਲਾਈਆਂ।

ਲੋਹ ਗੜ੍ਹ ਦੇ ਵਡੇ ਦਰਵਾਜ਼ੇ ਵਲ ਕੋਈ ਤੁਰਕ ਅਜੇ ਤਕ ਪਹੁੰਚ ਨਹੀਂ ਸੀ ਸਕਿਆ। ਇਸ ਦਰਵਾਜ਼ੇ ਤਕ ਆਉਂਦਾ ਰਾਹ ਅਤਿਅੰਤ ਬਿਖੜਾ ਸੀ ਤੇ ਏਸੇ ਲੋਈ ਏਸ ਦਰਵਾਜ਼ੇ ਉਪਰਲੀ ਫਸੀਲ ਤੇ ਸਿਖਾਂ ਦੀ ਗਿਣਤੀ ਘਟ ਸੀ। ਪਰ ਇਸ ਦੇ ਬਾਵਜੂਦ ਵੀ ਉਹਨਾਂ ਹਮਲਾ-ਆਵਰ ਤੁਰਕਾਂ ਦੇ ਇਸ ਤਰ੍ਹਾਂ ਆਹੂ ਲਾਹੇ ਕਿ ਉਹ ਦਰਵਾਜ਼ੇ ਤਕ ਪਹੁੰਚਣ ਦਾ ਜੋਗਾ ਨਾ ਰਹਿ ਸਕੇ। ਇਹੋ ਕਾਰਨ ਸੀ ਕਿ ਮੁਨੀਮ ਖਾਨ ਨੇ ਦੱਖਣ-ਪੱਛਮ ਵਲੋਂ ਪੌੜੀਆਂ ਰਾਹੀਂ ਕਿਲੇ ਦੀ ਫਸੀਲ ਨੂੰ ਟਪਣ ਦੀ ਸਕੀਮ ਬਣਾਈ। ਇਸ ਪਾਸਿਉਂ ਇਹ ਫਸੀਲ ਸਭ ਤੋਂ ਘਟ ਉੱਚੀ ਸੀ। ਪਹਾੜੀਆਂ ਦੀ ਉਚਿਆਈ ਹੀ ਐਨੀ ਸੀ ਕਿ ਬਸ ਉਤਾਹਾਂ ਦੀਵਾਰ ਸਿਰਫ਼ ਪੰਜ ਸੱਤ ਹੱਥ ਹੀ ਰਹਿ ਜਾਂਦੀ।

ਦਿਨ ਛਿਪਦੇ ਨਾਲ ਗਾਜ਼ੀ ਪੌੜੀਆਂ ਰਾਹੀਂ ਲੋਹ ਗੜ੍ਹ ਉਪਰ ਚੜ੍ਹਨ ਲਗੇ ਤੇ ਸਿੰਘ ਆਪਣੀਆਂ ਤਲਵਾਰਾਂ ਨਾਲ ਉਹਨਾਂ ਦੇ ਗੁੱਟਾਂ, ਅਰਕਾਂ, ਬਾਂਹਾਂ, ਤੇ ਸਿਰਾਂ ਨੂੰ ਵਢਣ ਲਗੇ।

ਹੁਣ ਤਕ ਤੋਪਾਂ ਸਭ ਬੰਦ ਹੋ ਚੁਕੀਆਂ ਸਨ। ਲਗ ਪਗ ਗੋਲੇ ਖਤਮ ਹੀ ਹੋ ਗਏ ਸਨ। ਤੇ ਫਿਰ ਮੁਸਲੱਮਾਨ ਦੀਵਾਰ ਦੇ ਐਨੇ ਨੇੜੇ ਆ ਚੁਕੇ ਸਨ ਕਿ ਤੋਪਾਂ ਦੀ ਮਾਰ ਕਾਰਗਰ ਸਾਬਤ ਨਹੀਂ ਸੀ ਹੋ ਸਕਦੀ। ਬੰਦੂਕਾਂ ਵਾਸਤੇ ਬਾਰੂਦ ਵੀ ਮੁਕ ਚੁਕਾ ਸੀ ਤੇ ਕਮਾਨਾਂ ਵਾਸਤੇ ਤੀਰ ਥੁੜ ਰਹੇ ਸਨ। ਹਰ ਮੋਰਚੇ ਵਿਚ ਧਰਿਆਂ ਹਿੰਡਾਜ਼ਤੀ ਪਾਣੀ ਵੀ ਮੁਕ

Scanned by CamScanner

ਚੁਕਾ ਸੀ। ਬਸ ! ਐਸ ਵੇਲੇ ਸਿੰਘਾਂ ਕੋਲ ਸਿਵਾਏ ਸਿਰੀ ਸਾਹਿਬ ਦੇ, ਕੋਈ ਇਹੋ ਜਿਹਾ ਹਥਿਆਰ ਨਕੀਂ ਸੀ ਰਹਿ ਗਿਆ ਜਿਹੜਾ ਉਹ ਦੁਸ਼ਮਨ ਦੇ ਬਰਖਿਲਾਫ਼ ਵਰਤ ਸਕਦੇ।

ਜਲਦੀ ਹੀ ਇਹ ਖਬਰ ਸਾਰੀ ਸ਼ਾਹੀ ਸੈਨਾ ਵਿਚ ਧੂੰਮ ਗਈ ਕਿ ਜਰਨੈਲ ਮੁਨੀਮ ਖਾਨ ਨੇ ਕਿਲ੍ਹੇ ਦੀ ਫ਼ਸੀਲ ਨੂੰ ਪੌੜੀਆਂ ਲਾ ਲਈਆਂ ਹਨ ਤੇ ਕਿਲ੍ਹੇ ਦਾ ਫ਼ਤਹ ਹੋਣਾ ਕੁਝ ਮਿੰਟਾਂ ਦੀ ਹੀ ਗੱਲ ਹੈ। ਇਸ ਖਬਰ ਦੇ ਹੁਲਣ ਨਾਲ ਮੁਸਲਮਾਨੀ ਸੈਨਾ ਦੇ ਦਿਲ ਵਧ ਗਏ ਤੇ ਉਹਨਾਂ ਆਪਣੀ ਰਹਿੰਦੀ ਸਾਰੀ ਤਾਕਤ ਨਾਲ ਨਵੇਂ ਸਿਰੋਂ ਹੱਲਾ ਬੋਲ ਦਿਤਾ।

ਬਰੁੱਜ ਸਯਦ ਤੇ ਬੁੰਦੇਲੇ ਰਾਜਪੂਤਾਂ ਦੇ ਮੋਰਚਿਆਂ ਉਪਰ ਜ਼ੋਰ ਫੇਰ ਵਧ ਗਿਆਂ। ਉਹਨਾਂ ਦਾ ਜੀ ਸੀ ਕਿ ਕਿਵੇਂ ਨਾ ਕਿਵੇਂ ਉਹ ਕਿਲ੍ਹੇ ਵਿਚ ਵੜਨ ਦੀ ਪਹਿਲ ਕਰਨ। ਉਹੋ ਹੀ ਲਸ਼ਕਰ ਸੀ ਜਿਹੜਾ ਮੁਨੀਮ ਖਾਨ ਦੀ ਸੈਨਾ ਤੋਂ ਵੀ ਪਹਿਲੇ ਲੋਹ ਗੜ੍ਹ ਦੇ ਨੇੜੇ ਪਹੁੰਚਿਆ ਸੀ। ਬਾਜ ਸਿੰਘ ਨੇ ਆ ਕੇ ਦਸਿਆ, "ਬਾਬਾ ਜੀ ! ਉੱਤਰ-ਪੱਛਮੀ ਮੋਰਚਾ ਜਾਂਦਾ ਲਗਦਾ ਹੈ।" "ਨਹੀਂ ਖਾਲਸਾ ਜੀ ! ਅਜ ਦੀ ਅਜ ਲਈ ਕੋਈ ਮੋਰਚਾ ਨਹੀਂ ਜਾਵੇਗਾ।"

ਇਕਾ-ਇਕ ਬੰਦੇ ਦੇ ਨੈਣਾਂ ਵਿਚ ਜਿਵੇਂ ਖ਼ੂਨ ਉਤਰ ਆਇਆ। ਉਹਦੀਆਂ ਸੁਰਖੀ ਮਾਇਲ ਅੱਖੀਆਂ ਹੋਰ ਵੀ ਲਾਲ ਹੋ ਗਈਆਂ। ਉਸ ਆਪਣੇ ਸੇਵਕ ਨੂੰ ਘੋੜਾ ਲਿਆਉਣ ਵਾਸਤੇ ਕਿਹਾ ਤੇ ਉਹ ਪਲੋਪਲੀ ਉੱਤਰੀ-ਪਛਮੀ ਮੋਰਚੇ ਤੇ ਪਹੁੰਚ ਗਿਆ। ਉਥੇ ਉਹ ਘੋੜੇ ਤੋਂ ਉਤਰਿਆ ਤੇ ਤੀਰਾਂ ਤੇ ਗੋਲੀਆਂ ਦੀ ਬੁਛਾੜ ਦੀ ਪ੍ਰਵਾਹ ਨਾ ਕਰਦਿਆਂ ਉਹ ਫ਼ਸੀਲ ਉੱਤੇ ਚੜ੍ਹ ਗਿਆ।

"ਬਾਬਾ ਜੀ ! ਤੁਹਾਡਾ ਇਸ ਮੋਰਚੇ ਤੇ ਫ਼ਸੀਲ ਉਪਰ ਜਾਣਾ ਠੀਕ ਨਹੀਂ।" ਬਾਜ ਸਿੰਘ ਹਟਕਦਾ ਹੀ ਰਿਹਾ। ਬੰਦਾ ਸਿੰਘ ਬਿਨਾਂ ਕੁਝ ਸੁਣੇ ਫ਼ਸੀਲ ਉਪਰ ਚੜ੍ਹ ਗਿਆ ਤੇ ਜਾਂਦਿਆਂ ਨਾਲ ਉਸ ਕਿਹਾ:

"ਖਾਲਸਾ ਜੀ ! ਅਜ ਇਹ ਕਿਲ੍ਹਾ ਸਰ ਨਹੀਂ ਹੋਵੇਗਾ। ਆਪਣਾ ਸਾਰਾ ਜ਼ੋਰ ਲਾ ਦਿਉ," ਤੇ ਫਿਰ ਉਸ ਆਪ ਇਕ ਜੈਕਾਰਾ ਛਡਿਆ, "ਬੋਲੇ ਸੋ ਨਿਹਾਲ..."

ਉਸ ਮੋਰਚੇ ਦੇ ਸਿਪਾਹੀਆਂ ਨੇ ਅਜਿਹੇ ਜਨੂੰਨੀ ਲਹਿਜੇ ਵਿਚ "ਸਤਿ ਸ੍ਰੀ ਅਕਾਲ" ਉਚਾਰਿਆ ਕਿ ਉਹਨਾਂ ਦੀ ਆਵਾਜ਼ ਨੇ ਸਾਰੀ ਰਣਭੂਮੀ ਕੰਬਾ ਦਿਤੀ। ਧੁਰ ਬਹਾਦਰ ਸ਼ਾਹ ਤਕ ਇਸ ਜੈਕਾਰੇ ਦੀ ਆਵਾਜ਼ ਪਹੁੰਚੀ ਤੇ ਉਸ ਘਬਰਾ ਕੇ ਕਿਹਾ, "ਜਿਤ ਸਿਖੜਿਆਂ ਦੀ ਹੋ ਰਹੀ ਹੈ ਕਿ ਸਾਡੀ ? ਅੱਗੇ ਉਹ ਵਧ ਰਹੇ ਹਨ ਕਿ ਅਸੀਂ ?"

ਪਰ ਉਹਦੇ ਪੁਤਰ ਜਹਾਂਦਾਰ ਖਾਨ ਨੇ ਉਹਨੂੰ ਯਕੀਨ ਦਿਵਾਇਆ ਕਿ ਬੇਸ਼ਕ ਜਿਤ ਮੁਸਲਮਾਨਾਂ ਦੀ ਹੀ ਹੋ ਰਹੀ ਹੈ। ਇਹ ਤਾਂ ਸ਼ਾਇਦ ਦੰਮ ਤੋੜਨ ਤੋਂ ਪਹਿਲਾਂ ਘਾਇਲ ਸ਼ੇਰ ਦੀ ਆਖਰੀ ਚੰਘਿਆੜ ਸੀ।

ਪਰ ਦੰਮ ਤੋੜਨ ਤੋਂ ਪਹਿਲਾਂ ਘਾਇਲ ਸ਼ੇਰ ਦੀ ਇਹ ਆਖਰੀ ਚੰਘਿਆੜ ਨਹੀਂ ਸੀ। ਕਿਉ ਕਿ ਜਲਦੀ ਹੀ ਇਹ ਚੰਘਿਆੜ ਕਿਲ੍ਹੇ ਦੇ ਸਾਰਿਆਂ ਮੋਰਚਿਆਂ ਵਲੋਂ ਵਾਰ ਵਾਰ ਉੱਚੀ ਹੋਈ ਤੇ ਸਚਮੁਚ ਇਸ ਤਰ੍ਹਾਂ ਹੀ ਲਗਾ ਕਿ ਜਿਵੇਂ ਜਿਤ ਸਿੰਘਾਂ ਦੀ ਹੋ ਰਹੀ ਹੋਵੇ। ਇਸ ਤਰ੍ਹਾਂ ਹਾਰ ਕੇ ਵੀ ਬੰਦੇ ਨੇ ਖਾਲਸੇ ਨੂੰ ਹਾਰੇ ਜਾਣ ਦਾ ਅਹਿਸਾਸ ਨਾ ਹੋਣ ਦਿਤਾ। ਸਭ ਨੇ ਮਹਿਸੂਸਿਆ ਕਿ ਇਹ ਜਿਤ ਦੀ ਘੜੀ ਹੈ।

ਬੜੀ ਦੇਰ ਬੰਦਾ ਸਿੰਘ ਫ਼ਸੀਲ ਉੱਤੇ ਡੱਟ ਕੇ ਖਲੋਤਾ ਰਿਹਾ। ਬਰੁੱਜ ਦੇ ਸਯਦ ਤੇ ਓਧਰੋਂ ਦੱਖਣ-ਪੱਛਮ ਵਲੋਂ ਮੁਨੀਮ ਖਾਨ ਤੇ ਉਹਦੇ ਸਿਪਾਹੀਆਂ ਨੇ ਬੰਦੇ ਨੂੰ ਵੇਖਿਆ ਤੇ ਇਹ ਆਵਾਜ਼ਾਂ ਬੁਲੰਦ ਹੋਈਆਂ,

"ਫੜ ਲਉ", "ਜਾਣ ਨਾ ਦਿਓ", "ਇਹੋ ਹੀ ਬੰਦਾ ਹੈ।"

ਲੜਾਈ ਅਗੇ ਨਾਲੋਂ ਵੀ ਤੇਜ਼ ਹੋ ਗਈ। ਮੁਸਲਮਾਨਾਂ ਨੇ ਆਪਣੀਆਂ ਜਾਨਾਂ ਨੂੰ ਇਸ ਤਰ੍ਹਾਂ ਵਾਰਿਆ ਜਿਵੇਂ ਉਹ ਬਿਲਕੁਲ ਭੁੱਛ ਹੋਣ ਕਿ ਜਿਵੇਂ ਉਹਨਾਂ ਨੂੰ ਜੀਵਨ ਨਾਲ ਰਤਾ ਪਿਆਰ ਨਾ ਹੋਵੇ। ਬੜਿਆਂ ਨੇ ਤਾਕ ਤਾਕ ਕੇ ਨਿਸ਼ਾਨੇ ਮਾਰੇ, ਸੰਧ ਸੰਧ ਕੇ ਤੀਰ ਚਲਾਏ ਪਰ ਬੰਦੇ ਨੂੰ ਕੋਈ ਸ਼ੈ ਨਾ ਪੋਹੀ। ਸਭ ਸਿਪਾਹੀ ਆਖ ਰਹੇ ਸਨ,

"ਬਾਬਾ ਜੀ, ਤੁਸੀਂ ਫ਼ਸੀਲ ਤੋਂ ਹੱਟ ਜਾਓ," "ਬਾਬਾ ਜੀ, ਅਸੀਂ ਦੁਸ਼ਮਨ ਨੂੰ ਕਦੀ ਫ਼ਸੀਲ ਉਤੇ ਚੜ੍ਹਨ ਨਹੀਂ ਦਿਆਂਗੇ।" "ਬਾਬਾ ਜੀ ! ਅਸੀਂ ਜ਼ਾਮਨੀ ਹਾਂ। ਲੋਹ ਗੜ੍ਹ ਅਜਿਤ ਰਹੇਗਾ। ਤੁਸੀਂ ਥੱਲੇ ਉਤਰ ਜਾਓ।"

ਆਪ ਬਾਜ ਸਿੰਘ ਬੰਦੇ ਦੇ ਪਿਛੇ ਪਿਛੇ ਫ਼ਸੀਲ ਉਤੇ ਚੜ੍ਹਿਆ ਆਇਆ।

"ਬਾਬਾ ਜੀ ! ਤੁਹਾਡਾ ਏਥੇ ਖਲੋਣਾ ਠੀਕ ਨਹੀਂ। ਮੋੜਾ ਪੈ ਗਿਆ ਹੈ। ਲੋਹ ਗੜ੍ਹ ਸਰ ਨਹੀਂ ਹੋਵੇਗਾ।"

Scanned by CamScanner

ਪਰ ਬਾਬਾ ਬੰਦਾ ਉਥੇ ਖਲੋਤਾ ਰਿਹਾ। ਉਹ ਤੀਰਾਂ ਤੇ ਗੋਲੀਆਂ ਦੇ ਵਸਦੇ ਮੀਂਹ ਥੱਲੇ ਖਲੋਤਾ ਰਿਹਾ। ਉਹ ਸਿਰਫ ਉਸ ਵੇਲੇ ਹੀ ਉਥੋਂ ਉਤਰਿਆ ਜਦੋਂ ਮੁਗਲਾਂ ਨੇ ਆਪਣੇ ਕਦਮ ਮੋੜ ਲਏ।

ਸੂਰਜ ਛਿਪਣ ਤੋਂ ਜਲਦੀ ਹੀ ਪਿਛੋਂ ਹਨੇਰਾ ਹੋ ਗਿਆ। ਪਰ ਹਨੇਰਾ ਪੈਣ ਤਕ ਮੁਸਲਮਾਨੀ ਸੈਨਾ ਤੇ ਮੁਸਲਮਾਨੀ ਕਮਾਂਡਰਾਂ ਨੂੰ ਪਤਾ ਲਗ ਗਿਆ ਕਿ ਜੋ ਕੁਝ ਵੀ ਹੋਵੇ ਅਜ ਕਿਲ੍ਹਾ ਸਰ ਨਹੀਂ ਹੋ ਸਕਦਾ। ਅਜ ਖਾਲਸੇ ਨੂੰ ਜਿੱਤਿਆ ਨਹੀਂ ਜਾਵੇਗਾ।

ਪੰਜਾਹ ਕੁ ਹਜ਼ਾਰ ਸੈਨਾ ਹੌਲੀ ਹੌਲੀ ਪਿਛੇ ਮੁੜਨ ਲਗੀ। ਕੋਈ ਨਹੀਂ ਸੀ ਜਾਣਦਾ ਕਿ ਉਹਨਾਂ ਦੇ ਕਿੰਨੇ ਕੁ ਆਦਮੀ ਮਾਰੇ ਗਏ ਹਨ। ਲੋਹ ਗੜ੍ਹ ਅਜਿੱਤ ਰਿਹਾ।

ਬਹਾਦਰ ਸ਼ਾਹ ਦੇ ਗੁੱਸੇ ਦੀ ਹਦ ਨਾ ਰਹੀ। "ਮੈਂ ਪੁਛਦਾ ਹਾਂ ਕਿ ਕੀ ਮੁਗਲਈ ਸੈਨਾ ਹੁਣ ਇਸ ਅਧੋਗਤੀ ਦੀ ਪੱਧਰ ਤਕ ਪਹੁੰਚ ਚੁਕੀ ਹੈ ? ਪੰਜਾਹ ਹਜ਼ਾਰ ਆਦਮੀ ਤਿੰਨਾਂ ਹਜ਼ਾਰਾਂ ਕੋਲੋਂ ਭਾਂਜ ਖਾ ਗਏ ਹਨ। ਬੇਸ਼ਕ ! ਹੁਣ ਮੁਗ਼ਲੀਹਾ ਸਲਤਨੱਤ ਬਹੁਤੀ ਦੇਰ ਤਕ ਨਹੀਂ ਤੱਗ ਸਕਦੀ।"

ਮੁਨੀਮ ਖਾਨ ਨੂੰ ਬੁਲਾਇਆ ਗਿਆ। ਉਸੇ ਹੀ ਦਸ ਹਜ਼ਾਰ ਬੰਦਿਆਂ ਨਾਲ ਕਿਲ੍ਹਾ ਫ਼ਤਹ ਕਰਨ ਦਾ ਬਚਨ ਦਿਤਾ ਸੀ। "ਕੀ ਤੈਨੂੰ ਫ਼ਾਂਸੀ ਦੇ ਤਖਤੇ ਤੇ ਨਾ ਲਟਕਾਇਆ ਜਾਏ ? ਦਸ ਹਜ਼ਾਰ ਦੀ ਥਾਂ ਪੰਜਾਹ ਹਜ਼ਾਰ ਆਦਮੀ ਵੀ ਨਾਕਾਮ ਰਹੇ ਹਨ।" ਮੁਨੀਮ ਖਾਨ ਕੋਲ ਇਸ ਧਮਕੀ ਦਾ ਕੋਈ ਉਤਰ ਨਹੀਂ ਸੀ।

ਸੂਰਮਤਾ, ਕਾਇਰਤਾ ਨੂੰ ਕੀ ਉਤਰ ਦੇਵੇ ? ਖਾਸ ਕਰ ਕੇ ਕਿ ਜਦੋਂ ਸੂਰਮਤਾ ਕਮਜ਼ੋਰ ਹੋਵੇ ਤੇ ਕਾਇਰਤਾ ਬਲਵਾਨ, ਕਿ ਜਦੋਂ ਸੂਰਮਤਾ ਨਿਹੱਥੀ ਹੋਵੇ ਤੇ ਕਾਇਰਤਾ ਕੋਲ ਸ਼ਾਹੀ ਤਾਕਤ।

"ਜਹਾਂਪਨਾਹ ! ਕਲ ਜ਼ਰੂਰ ਲੋਹ ਗੜ੍ਹ ਉੱਤੇ ਕਬਜ਼ਾ ਹੋ ਜਾਏਗਾ।" ਉਸ ਝਕਦੇ ਝਕਦੇ ਕਿਹਾ। "ਕਲ ਤਕ ਸਿਖ ਵੀ ਆਰਾਮ ਕਰ ਚੁਕੇ ਹੋਣਗੇ। ਨਹੀਂ ! ਮੈਨੂੰ ਜਾਪਦਾ ਹੈ ਕਿ ਹੁਣ ਬੰਦਾ ਕਦੀ ਫੜਿਆ ਨਹੀਂ ਜਾਏਗਾ ਤੇ ਸਿਖਾਂ ਦੀ ਤਾਕਤ ਦਿਨ ਬਦਿਨ ਵਧਦੀ ਹੀ ਜਾਵੇਗੀ। ਹੁਣ ਮੁਗ਼ਲੀਹਾ ਫ਼ੌਜ ਤੇ ਮੁਗ਼ਲੀਹਾ ਸਿਪਾਹ ਸਾਲਾਰ ਪਹਿਲੇ ਜਿਹੇ ਨਹੀਂ ਰਹੇ।" ਪਰ ਉਸ ਵੇਲੇ ਸਭ ਅਮੀਰਾਂ ਤੇ ਵਜ਼ੀਰਾਂ ਨੇ ਯਕੀਨ ਦਿਵਾਇਆ ਕਿ ਅਗਲੇ ਦਿਨ ਲੋਹ ਗੜ੍ਹ ਉੱਤੇ ਜ਼ਰੂਰ ਕਬਜ਼ਾ ਕਰ ਲਿਆ ਜਾਵੇਗਾ ਤੇ ਬੰਦਾ ਸਿੰਘ ਵੀ ਅਵੱਸ਼ ਹੱਥ ਲਗੇਗਾ। "ਲੋਹ ਗੜ੍ਹ ਦੇ ਕਿਲ੍ਹੇ ਤੋਂ ਬਾਹਰ ਹੁਣ ਚਿੜੀ ਵੀ ਨਹੀਂ ਫਟਕ ਸਕਦੀ, ਕਿਸੇ ਆਦਮੀ ਦਾ ਖਿਸਕਣਾ ਤਾਂ ਕਿਤੇ ਰਿਹਾ।" ਉਹਨਾਂ ਨੇ ਆਖਿਆ।

ਪਰ ਉਸ ਰਾਤ ਬੰਦਾ ਸਿੰਘ ਬਹਾਦਰ ਆਪਣੇ ਲਗ ਪਗ ਸਾਰੇ ਸਾਥੀਆਂ ਨਾਲ ਕਰਾਨ ਨਦੀ ਰਾਹੀਂ ਗੱਜ-ਵੱਜ ਕੇ ਨਿਕਲ ਗਿਆ ਤੇ ਮੁਗ਼ਲਈ ਸੈਨਾ ਨੂੰ ਸਮਝ ਹੀ ਨਾ ਲਗੀ ਕਿ ਕੀ ਹੋਇਆ ਹੈ।

ਅਗਲੇ ਦਿਨ ਲੋਹ ਗੜ੍ਹ ਉੱਤੇ ਸ਼ਾਹੀ ਸੈਨਾ ਦਾ ਕਬਜ਼ਾ ਹੋ ਗਿਆ। ਬੰਦਾ ਸਿੰਘ ਦੀ ਥਾਂ ਇਕ ਗੁਲਾਬ ਸਿੰਘ ਬੰਦੇ ਵਰਗੀ ਪੋਸ਼ਾਕ ਪਾਈ ਮੁਗ਼ਲਾਂ ਦੇ ਹੱਥ ਆਇਆ। ਇਉਂ ਮੁਗ਼ਲ ਜਿਤ ਕੇ ਵੀ ਹਾਰ ਗਏ ਤੇ ਖ਼ਾਲਸਾ ਹਾਰ ਖਾ ਕੇ ਵੀ ਜਿਤ ਗਿਆ।

Scanned by CamScanner

੨੦

ਜਦੋਂ ਆਦਮੀ ਸਪੱਸ਼ਟ ਤੌਰ ਉਪਰ ਹਾਰ ਜਾਂਦਾ ਹੈ ਤਾਂ ਕਿਹੜੀ ਚੀਜ਼ ਹੈ ਜਿਹੜੀ ਉਹਨੂੰ ਤਾਂ ਵੀ ਅਜਿੱਤ ਰਖਦੀ ਹੈ ? ਉਹ ਆਪਣੇ ਦਿਲੋਂ ਹਾਰ ਨਹੀਂ ਮੰਨਦਾ । ਉਹ ਆਪਣੇ ਆਪ ਨੂੰ ਸਦਾ ਆਜ਼ਾਦ ਤੇ ਆਪਣੇ ਦੁਸ਼ਮਨ ਦੇ ਹਮ-ਪੱਲਾ ਮਹਿਸੂਸ ਕਰਦਾ ਹੈ ?

ਕੀ ਜਿੱਤ ਤੇ ਹਾਰ ਕੋਈ ਮਾਦੀ ਹਾਲਤ ਨਹੀਂ ? ਕੀ ਜਿੱਤ ਤੇ ਹਾਰ ਦਾ ਅਸਲੀ ਸੰਬੰਧ ਦਿਲ ਦੀ ਅਵੱਸਥਾ ਨਾਲ ਹੀ ਹੈ ? ਇਹ ਸਵਾਲ ਮੁੜ ਮੁੜ ਕੇ ਦੁਨੀਆਂ ਦੇ ਸਾਹਮਣੇ ਪੇਸ਼ ਹੋਇਆ ਹੈ । ਜਦੋਂ ਵੀ ਕਿਤੇ ਕੋਈ ਰਾਬਰਟ ਬਰੂਸ ਆਪਣੇ ਥੱਕੇ, ਹੁੱਟੇ, ਟੁੱਟੇ ਸਾਥੀਆਂ ਨਾਲ ਆਪਣੇ ਤੋਂ ਅਨੇਕਾਂ ਗੁਣਾ ਵਧੀਕ ਫ਼ੌਜ ਉਪਰ ਹੱਲਾ ਬੋਲਦਾ ਹੈ । ਜਦੋਂ ਵੀ ਕਿਤੇ ਕੋਈ ਵਾਰੇਜ਼ ਵਰਗਾ ਬੁਦਾ ਬਿਨਾ ਸਾਜ਼ ਸਾਮਾਨ ਦੇ ਸਪੇਨ ਵਰਗੀ ਜੰਮੀ ਹੋਈ ਹਕੂਮਤ ਨੂੰ ਉਹਦੇ ਸਭ ਜਰਨੈਲਾਂ, ਸਿਪਾਹੀਆਂ ਤੇ ਹਥਿਆਰਾਂ ਨਾਲ ਦਾਹ ਲੈਂਦਾ ਹੈ, ਜਦੋਂ ਵੀ ਕਿਤੇ ਕੋਈ ਮਹਾਰਾਣਾ ਪ੍ਰਤਾਪ ਵਰਗਾ ਯੋਧਾ ਭੁਖਿਆਂ ਰਹਿ ਕੇ ਤੇ ਆਪਣੇ ਬੱਚੇ ਕੁਹਾ ਕੇ ਵੀ ਕਿਸੇ ਪਾਤਸ਼ਾਹ ਅਗੇ ਸਿਰ ਨਹੀਂ ਨਿਵਾਂਦਾ, ਜਦੋਂ ਵੀ ਕਿਤੇ ਕੋਈ ਟੀਪੂ ਵਰਗਾ ਸੁਲਤਾਨ ਉਭਰਦੀ ਯੂਰਪੀਨ ਤਾਕਤ ਨਾਲ ਵਾਰ ਵਾਰ ਸਿਰਫ਼ ਇਸ ਲਈ ਟੱਕਰ ਲੈਂਦਾ ਹੈ ਕਿ ਉਸ ਹਾਰ ਨਹੀਂ ਮੰਨਣੀ ਤਾਂ ਉਹਨਾਂ ਵੇਲਿਆਂ ਉਤੇ ਸਹਿਜੇ ਹੀ ਇਹ ਸਵਾਲ ਮਹੱਤਤਾ ਹਾਸਿਲ ਕਰਦਾ ਹੈ ਕਿ ਕੀ ਹਾਰ ਜਿੱਤ ਸੱਚ ਹੀ ਕੋਈ ਮਾਦੀ ਚੀਜ਼ ਹਨ, ਕੋਈ ਇਹੋ ਜਿਹੀ ਸ਼ੈ ਜਿਹੜੀ ਕਿਸੇ ਦੇ ਹੱਥ ਆ ਸਕੇ !

ਜੇ ਮਨੁਖ ਹਾਰ ਮੰਨਣ ਤੋਂ ਇਨਕਾਰੀ ਹੋ ਜਾਏ ਤਾਂ ਉਹਨੂੰ ਕੌਣ ਹਾਰ ਮੰਨਵਾ ਸਕਦਾ ਹੈ ਤੇ ਉਹਨੂੰ ਕਿਵੇਂ ਹਾਰਿਆ ਹੋਇਆ ਕਿਹਾ ਜਾ ਸਕਦਾ ਹੈ । ਏਥੇ ਧਰਮ ਤੋਂ ਕੁਰਬਾਨ ਹੋਣ ਵਾਲੇ ਪੈਗੰਬਰਾਂ ਤੇ ਗੁਰੂਆਂ ਦੀ ਗੱਲ ਨਹੀਂ । ਏਥੇ ਉਹਨਾਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਧਰਮ ਨਾਲ ਕੋਈ ਡੂੰਘਾ ਲਗਾਓ ਨਹੀਂ, ਜਿਨ੍ਹਾਂ ਦੀ ਹਾਰ ਜਾਂ ਜਿਤ ਧਰਮ ਦੀ ਹਾਰ ਜਾਂ ਜਿੱਤ ਨਹੀਂ ।

ਜੇਤੂ ਕੋਲ ਆਪਣੀ ਜਿੱਤ ਮਨਾਉਣ ਵਾਸਤੇ ਕੀ ਹੈ ? ਉਹ ਹਾਰੇ ਹੋਏ ਆਦਮੀ ਨੂੰ ਪਕੜ ਸਕਦਾ ਹੈ ਤੇ ਬੰਦੀ ਬਣਾ ਸਕਦਾ ਹੈ । ਅੰਤ ਉਹ ਉਹਨੂੰ ਮਾਰ ਸਕਦਾ ਹੈ ! ਪਰ ਜੇ ਮਰਦੇ ਦੰਮ ਤਕ ਵੀ ਆਦਮੀ ਜੇਤੂ ਦੀ ਦਿਲੋਂ ਈਨ ਨਾ ਮੰਨੇ ਤੇ ਸਗੋਂ ਮੌਤ ਨੂੰ ਮੁਸਕਰਾ ਕੇ ਸਵੀਕਾਰ ਕਰੇ ਤਾਂ ਉਹ ਆਦਮੀ ਹਾਰਿਆ ਹੋਇਆ ਆਦਮੀ ਨਹੀਂ ਕਹਿਲਾ ਸਕਦਾ ।

ਹਰ ਮਨੁਖ ਵਿਚ ਮੱਚ ਹੁੰਦਾ ਹੈ । ਕਈਆਂ ਵਿਚ ਵਧ, ਕਈਆਂ ਅੰਦਰ ਘਟ । ਇਹ ਮੱਚ ਹੀ ਹੈ ਜਿਹੜਾ ਆਦਮੀ ਦੀ ਬਹਾਦਰੀ ਤੇ ਸੂਰਮਗਤੀ ਨੂੰ ਸਿਧ ਕਰਦਾ ਹੈ । ਸਰੀਰਕ ਤੌਰ ਉਤੇ ਕਮਜ਼ੋਰ ਤੇ ਨਿਰਬਲ ਆਦਮੀ ਅੰਦਰ ਵੀ ਬੜਾ ਬਲਵਾਨ ਤੇ ਅੜੀਅਲ ਮੱਚ ਹੋ ਸਕਦਾ ਹੈ ।

ਇਹ ਸ਼ਾਇਦ ਮੱਚ ਹੀ ਹੈ ਕਿ ਜਿਹੜਾ ਜਿੱਤ ਤੇ ਹਾਰ ਦਾ ਅੰਤਮ ਫ਼ੈਸਲਾ ਕਰਦਾ ਹੈ । ਜਦੋਂ ਤੱਕ ਮੱਚ ਅਮਰ ਹੈ ਓਦੋਂ ਤਕ ਆਦਮੀ ਸਰ ਨਹੀਂ ਹੋ ਸਕਦਾ ।

ਸ਼ਾਇਦ ਇਹੋ ਹੀ ਵਜਾ ਹੈ ਕਿ ਚੰਗੇ ਸੈਨਾਪਤੀ ਆਪਣੀ ਸੈਨਾ ਵਿਚ ਸਦਾ ਇਸ ਮੱਚ ਨੂੰ ਪ੍ਰਜਵਲਤ ਰਖਣ ਬਾਰੇ ਤਰਕੀਬਾਂ ਸੋਚਦੇ ਰਹਿੰਦੇ ਹਨ ਤੇ ਸਾਧਨ ਘੜਦੇ ਰਹਿੰਦੇ ਹਨ । ਸੈਨਾਪਤੀ ਦੀ ਸਦਾ ਇੱਛਾ ਹੁੰਦੀ ਹੈ ਕਿ ਦੁਖ ਤੇ ਤਕਲੀਫ਼ਾਂ ਸੈਨਾ ਦਾ ਜੀ ਨਾ ਡੁਲਾਣ, ਕਿ ਇੱਕੀ ਦੁੱਕੀ ਹਾਰ ਉਹਨੂੰ ਡਰਾ ਨਾ ਦੇਵੇ, ਕਿ ਜੰਗੀ ਸਾਮਾਨ ਦੀ ਘਾਟ ਉਹਦਾ ਹੌਂਸਲਾ ਨਾ ਤੋੜ ਦੇਵੇ, ਕਿ ਅਣ-ਸੋਚੀਆਂ ਤੇ ਅਣ-ਚਿਤਵੀਆਂ ਘਟਨਾਵਾਂ ਸੈਨਾ ਦਾ ਸਾਵਾਂ-ਤੋਲ ਗੁਆ ਨਾ ਦੇਣ । ਜਿਹੜਾ ਸੈਨਾਪਤੀ ਹਰ ਮੁਮਕਿਨ ਕੋਸ਼ਿਸ਼ ਤੇ ਸਾਧਨ ਨਾਲ ਆਪਣੀ ਸੈਨਾ ਦਾ ਮੱਚ ਮਰਨ ਨਹੀਂ ਦੇਵੇਗਾ ਉਹ ਜ਼ਰੂਰ ਇਕ ਨਾ ਇਕ ਦਿਨ ਛਤਰ-ਯਾਬ ਹੋਵੇਗਾ ਜਾਂ ਘਟੋ ਘਟ ਉਹ ਇਕ ਲੰਮੀ ਮੁਦਤ ਤਕ ਕਸ਼ਮਕਸ਼ ਸੁਰੱਖਿਅਤ ਰਖ ਸਕੇਗਾ ।

Scanned by CamScanner



ਜਦੋਂ ਤਕ ਕੋਈ ਸਿਪਾਹੀ ਜਾਂ ਸੈਨਾਪਤੀ ਦਿਲੋਂ ਹਾਰ ਨਹੀਂ ਮੰਨਦਾ ਉਹ ਹਾਰਦਾ ਨਹੀਂ।

ਬੰਦਾ ਸਿੰਘ ਬਹਾਦਰ ਲੋਹ ਗੜ੍ਹ ਦੀ ਲੜਾਈ ਵਿਚ ਹਾਰ ਗਿਆ ਸੀ। ਜਾਂ ਇਉਂ ਕਹੋ ਕਿ ਦੁਨਿਆਵੀ ਤੇ ਪ੍ਰਚੱਲਤ ਬੋਲੀ ਅਨੁਸਾਰ ਉਹ ਹਾਰ ਗਿਆ ਸੀ।

ਉਹਨੇ ਪਿਛਲੇ ਅਠਾਂ ਦਸਾਂ ਮਹੀਨਿਆ ਅੰਦਰ ਜੋ ਕੁਝ ਵੀ ਉਸਾਰਿਆ ਉਹ ਸਭ ਢਹਿ ਢੇਰੀ ਹੋਇਆ। ਉਹਨੇ ਇਹਨਾਂ ਦਸਾਂ ਮਹੀਨਿਆਂ ਵਿਚ ਜੋ ਕੁਝ ਵੀ ਪੈਦਾ ਕੀਤਾ ਉਹ ਬਰਬਾਦ ਹੋ ਗਿਆ।

ਉਹਨੇ ਇਕ ਸਲਤਨੱਤ ਕਾਇਮ ਕੀਤੀ ਸੀ। ਇਸ ਸਲਤਨੱਤ ਦਾ ਸਦਰ ਲੋਹ ਗੜ੍ਹ ਸੀ। ਇਹਦੇ ਅਨੇਕ ਸੂਬੇ ਤੇ ਪਰਗਣੇ ਸਨ। ਇਸ ਸਲਤਨੱਤ ਦਾ ਆਪਣਾ ਸਿੱਕਾ ਸੀ, ਆਪਣਾ ਸੰਮਤ ! ਇਸ ਸਲਤਨੱਤ ਵਿਚ ਇਕ ਨਵੀਂ ਤਰ੍ਹਾਂ ਦਾ ਰਾਜ ਪ੍ਰਬੰਧ ਸ਼ੁਰੂ ਹੋਇਆ ਸੀ। ਇਹ ਸਲਤਨੱਤ ਲੋਕ ਰਾਜ ਦੀ ਨੀਂਹ ਉਪਰ ਖੜੀ ਕੀਤੀ ਗਈ ਸੀ !

ਬੰਦਾ ਸਿੰਘ ਨੇ ਚਪੜਚੇੜੀ ਦੇ ਮੈਦਾਨ ਵਿਚ ਇਕ ਮਹਾਨ ਲੜਾਈ ਲੜੀ ਸੀ। ਉਸ ਸਰਹਿੰਦ ਜਿੱਤੀ ਸੀ। ਉਸ ਸਰਹਿੰਦ ਨੂੰ ਮੁਗ਼ਲਾਂ ਦੀ ਹਾਰ ਤੇ ਖਾਲਸੇ ਤੇ ਹਿੰਦੂਆਂ ਦੀ ਜਿੱਤ ਦਾ ਚਿੰਨ੍ਹ ਬਣਾਇਆ ਸੀ। ਉਸ ਸਰਹਿੰਦ ਦੇ ਨਾਂ ਉੱਤੇ ਪੰਜਾਬ ਦੇ ਕੌਨੇ ਕੌਨੇ ਵਿਚੋਂ ਮੁਗ਼ਲਾਂ ਦੇ ਦੁਸ਼ਮਨ ਇਕੱਠੇ ਕੀਤੇ ਸਨ।

ਪਰ ਅੱਜ ਸਲਤਨੱਤ ਖਤਮ ਹੋ ਚੁਕੀ ਸੀ ਤੇ ਸਲਤਨੱਤ ਦਾ ਸਦਰ ਲੋਹ ਗੜ੍ਹ ਮੁਗ਼ਲਾਂ ਦੇ ਹੱਥ ਸੀ। ਅਜ ਖਾਲਸਾ ਸਲਤਨੱਤ ਦਾ ਸਿੱਕਾ ਭੰਨ ਦੇ ਭਾੜੇ ਵਿਕ ਰਿਹਾ ਸੀ। ਅਜ ਸਰਹਿੰਦ ਹਾਰੀ ਜਾ ਚੁਕੀ ਸੀ ਤੇ ਸਰਹਿੰਦ ਦੇ ਨਾਂ ਉਤੇ ਉਭਾਰੀ ਸਪਿਰਟ ਵੀ ਡਾਵਾਂ ਡੋਲ ਸੀ।

ਇਹੋ ਜਿਹੇ ਦਾਊ ਹਾਲਾਤਾਂ ਵਿਚ ਕੋਈ ਆਮ ਆਦਮੀ ਆਪਣੇ ਦਿਲੋਂ ਆਪਣੀ ਹਾਰ ਮੰਨ ਲੈਂਦਾ। ਪਰ ਬੰਦਾ ਬਹਾਦਰ ਆਮ ਆਦਮੀਆਂ ਵਰਗਾ ਆਦਮੀ ਨਹੀਂ ਸੀ। ਬੰਦੇ ਬਹਾਦਰ ਵਿਚ ਰਾਬਰਟ ਬਰੂਸ, ਵਾਰੇਜ਼, ਰਾਣਾ ਪ੍ਰਤਾਪ, ਟੀਪੂ ਸੁਲਤਾਨ ਵਰਗੇ ਲੀਡਰਾਂ ਦੀ ਸਪਿਰਟ ਸੀ, ਸਗੋਂ ਇਹਨਾਂ ਤੋਂ ਵੀ ਕਿਤੇ ਵਧ। ਬੰਦੇ ਵਿਚਲਾ ਮੱਚ ਐਨਾ ਪ੍ਰਬਲ ਤੇ ਐਨਾ ਬ੍ਰਹਤੀ ਸ਼ਾਲੀ ਸੀ ਕਿ ਉਹ ਇਹੋ ਜਿਹੀ ਹਾਰ, ਤਬਾਹੀ, ਬਰਬਾਦੀ ਦੇ ਬਾਵਜੂਦ ਵੀ ਪ੍ਰਜਵਲਤ ਰਹਿ ਸਕਦਾ ਸੀ, ਸਗੋਂ ਇਸ ਤੋਂ ਵੱਡੀਆਂ ਹਾਰਾਂ ਤੇ ਤਬਾਹੀਆਂ ਦੇ ਸਨਮੁਖ ਵੀ ਇਹ ਮੱਚ ਪ੍ਰਜਵਲਤ ਰਿਹਾ, ਜਿਵੇਂ ਕਿ ਇਤਿਹਾਸ ਸ਼ਾਹਦੀ ਦੇਂਦਾ ਹੈ।

ਬੰਦਾ ਬਹਾਦਰ ਨੇ ਹਾਰ ਨਾ ਮੰਨੀ।

ਨਾ ਸਿਰਫ ਬੰਦਾ ਬਹਾਦਰ ਨੇ ਕਦੀ ਹਾਰ ਹੀ ਮੰਨਣ ਤੋਂ ਇਨਕਾਰ ਕੀਤਾ ਸਗੋਂ ਉਹ ਸਦਾ ਆਪਣੀ ਹਾਰ ਕਿਸੇ ਨਾ ਕਿਸੇ ਤਰ੍ਹਾਂ ਜਿੱਤ ਵਿਚ ਤਬਦੀਲ ਕਰਦਾ ਆਇਆ। ਲੋਹ ਗੜ੍ਹ ਵਿਚੋਂ ਉਹ, ਜਿਸ ਬਹਾਦਰੀ ਤੇ ਫੁਰਤੀ ਨਾਲ, ਪੰਜਾਹ ਸੱਠ ਹਜ਼ਾਰ ਸੈਨਾ ਨੂੰ ਆਪਣੇ ਹੱਥ ਮਲਦਿਆਂ ਛਡ ਕੇ ਨਿਕਲਿਆ ਉਹ ਹੈਰਾਨੀ ਜਨਕ ਸੀ, ਇਕ ਤਰ੍ਹਾਂ ਦੀ ਕਰਾਮਾਤ। ਐਵੇਂ ਤਾਂ ਮੁਗ਼ਲੀਹਾ ਸੈਨਾ ਵਿਚ ਉਹ ਜਾਦੂਗਰ ਦੇ ਨਾਂ ਨਾਲ ਪ੍ਰਸਿਧ ਨਹੀਂ ਸੀ, ਐਵੇਂ ਤਾਂ ਤੁਰਕ ਉਹਦੇ ਕੋਲੋਂ ਉਹਨੂੰ ਕਰਾਮਾਤੀ ਸਮਝ ਕੇ ਤ੍ਰਾਹ ਨਹੀਂ ਸਨ ਖਾਂਦੇ !

ਲੋਹ ਗੜ੍ਹ ਦੀ ਹਾਰ ਤੋਂ ਪਿਛੋਂ ਪੰਜ ਸਾਲ ਤਕ ਬੰਦਾ ਸਿੰਘ ਬਹਾਦਰ ਨੇ ਮੁਗ਼ਲੀਹਾ ਸ਼ਾਹੀ ਸਲਤਨੱਤ ਨਾਲ ਟੱਕਰ ਲਾਈ। ਉਹ ਹਰ ਦੂਜੇ ਚੌਥੇ ਮਹੀਨੇ ਕਿਤੇ ਨਾ ਕਿਤੇ ਹਕੂਮਤ ਨਾਲ ਲੜਾਈ ਮੁਲ ਲੈਂਦਾ। ਅਖੌਤੀ ਬੋਲੀ ਅਨੁਸਾਰ ਕਦੀ ਹਾਰਦਾ, ਕਦੀ ਜਿੱਤਦਾ ਪਰ ਕਦੀ ਵੀ ਤਨੋਂ ਮਨੋਂ ਸਰ ਨਾ ਹੁੰਦਾ।

ਇਹਨਾਂ ਪੰਜਾਂ ਸਾਲਾਂ ਦਾ ਇਤਿਹਾਸ ਇਕ ਬੀਰ ਯੋਧੇ ਤੇ ਇਕ ਬੀਰ ਦਿਲ ਦਾ ਇਤਿਹਾਸ ਹੈ। ਇਹਨਾਂ ਪੰਜਾਂ ਸਾਲਾਂ ਦੀ ਕਸ਼ਮਕਸ਼ ਵਰਗੀ ਕਸ਼ਮਕਸ਼ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਵਧ ਘਟ ਹੀ ਵੇਖਣ ਵਿਚ ਆਈ ਹੈ। ਇਹਨਾਂ ਪੰਜਾਂ ਸਾਲਾਂ ਵਿਚ ਇਕ ਸਪਿਰਟ ਮਾਦੀ ਬਹੁਤਾਤਾਂ ਦੇ ਬਰਖਿਲਾਫ ਲੜਦੀ ਰਹੀ ਤੇ ਇਕ ਮੱਚ ਥਾਂ ਥਾਂ ਤੇ ਡਿਗਦਾ ਢਹਿੰਦਾ ਹੁੰਦਿਆ ਵੀ ਅਜਿੱਤ ਤੇ ਅ-ਸੱਰ ਰਿਹਾ।

ਇਹਨਾਂ ਪੰਜਾਂ ਸਾਲਾਂ ਦੀ ਵਾਰਤਾ ਪੜ੍ਹ ਕੇ ਬੰਦੇ ਦੀ ਸਰਹਿੰਦ ਦੀ ਜਿਤ ਦੀ ਕੀਰਤੀ ਪੀਲੀ ਪੈ ਜਾਂਦੀ ਹੈ। ਇਹਨਾਂ ਪੰਜਾਂ ਸਾਲਾਂ ਵਿਚ ਹੋਈਆਂ ਲੜਾਈਆਂ ਦਾ ਇਤਿਹਾਸ ਦਸਦਾ ਹੈ ਕਿ ਬੰਦੇ ਨੇ ਆਪਣੀ ਸੈਨਕ ਸੂਝ ਤੇ ਲੀਡਰਸ਼ਿਪ ਦੀ ਜਿਹੜੀ ਮਿਸਾਲ ਚਪੜਚੇੜੀ ਵਿਚ ਕਾਇਮ ਕੀਤੀ ਉਹ ਉਹਦੀ ਪ੍ਰਤਿਭਾ ਦਾ ਸਹੀ ਪ੍ਰਤੀਬਿੰਬ ਨਹੀਂ। ਦਰਅਸਲ ਇਹ ਇਹਨਾਂ ਪੰਜਾਂ ਸਾਲਾਂ ਦੀਆਂ ਲੜਾਈਆਂ ਦਾ ਇਤਿਹਾਸ ਗਵਾਹ ਹੈ ਕਿ ਬੰਦੇ ਦੀ ਸੈਨਕ ਸੂਝ, ਉਹਦੀ ਬਹਾਦਰੀ ਤੇ ਦਲੇਰੀ

Scanned by CamScanner

ਬੇਮਿਸਾਲ ਸੀ।

ਲੋਹ ਗੜ੍ਹ ਨੂੰ ਛਡ ਖਾਲਸੇ ਨੇ ਸ਼ਿਵਾਲਕ ਪਹਾੜ ਦਾ ਆਸਰਾ ਲਿਆ ਤੇ ਜਲਦੀ ਹੀ ਨਾਹਨ ਤੋਂ ਅਗੇ ਲੰਘ ਉਹਨਾਂ ਅਨੰਦਪੁਰ ਵਲ ਦਾ ਰੁਖ ਕੀਤਾ। ਅਨੰਦਪੁਰ ਤੋਂ ਉਹ ਅਜੇ ਕਾਫੀ ਦੂਰ ਸਨ ਕਿ ਬੰਦਾ ਸਿੰਘ ਨੇ ਕੁਝ ਦਿਨ ਆਰਾਮ ਕਰਨ ਦਾ ਹੁਕਮ ਦਿਤਾ। ਉਥੇ ਖਾਲਸਾ ਟਿਕਿਆ ਤੇ ਬੰਦਾ ਸਿੰਘ ਨੇ ਨਵੇਂ ਸਿਰੋਂ ਆਪਣੇ ਭਵਿਖ ਬਾਰੇ ਸੋਚਿਆ। ਉਸ ਸੋਚਿਆ ਕਿ ਹੁਣ ਉਹਦਾ ਕੰਮ ਅਗੇ ਨਾਲੋਂ ਵੀ ਕਠਨ ਹੋ ਗਿਆ ਹੈ। ਸਰਹਿੰਦ ਤੋਂ ਪਹਿਲੇ ਸਿਖ ਜਨਤਾ ਵਿਚ ਇਕ ਚਾਅ ਸੀ ਤੇ ਬਦਲੇ ਦੀ ਅੱਗ ਭੜਕਦੀ ਸੀ।

ਸਰਹਿੰਦ ਉੱਤੇ ਕਬਜ਼ਾ ਹੋਣ ਨਾਲ ਤੇ ਸਰਹਿੰਦ ਵਿਚ ਖੂਨ ਖਰਾਬੇ ਨਾਲ ਸਿਦਕੀ ਸਿੰਘਾਂ ਦੇ ਬਦਲੇ ਦੀ ਅੱਗ ਜਿਵੇਂ ਬੁਝ ਗਈ। ਵਜ਼ੀਰ ਖਾਨ ਹੀ ਗੁਰੂ ਗੋਬਿੰਦ ਸਿੰਘ ਦਾ ਪ੍ਰਮੁਖ ਦੁਸ਼ਮਨ ਸੀ। ਉਸ ਹੀ ਗੁਰੂ ਗੋਬਿੰਦ ਸਿੰਘ ਦਾ ਤੇ ਉਹਦੇ ਸਰਬੰਸ ਦਾ ਘਾਣ ਕੀਤਾ ਸੀ। ਸਿਖਾਂ ਦੀ ਉਹਦੇ ਨਾਲ ਜ਼ਾਤੀ ਦੁਸ਼ਮਨੀ ਸੀ। ਸਰਹਿੰਦ ਦੀ ਸ਼ਹੀਦੀ ਵਾਲੀ ਥਾਂ ਉਤੇ ਦੀਵਾਨ ਸਜਾ ਕੇ ਖਾਲਸੇ ਦੀ ਦੁਸ਼ਮਨੀ ਮੁਕ ਗਈ। ਉਹਨਾਂ ਦੇ ਖੁਲ੍ਹੇ ਡੁਲ੍ਹੇ ਆਚਰਨ ਦਾ ਇਹ ਸਹੀ ਪ੍ਰਤੀਬਿੰਬ ਸੀ। ਉਹਨਾਂ ਦੀ ਦਲੀਲ ਸੀ ਕਿ ਕਰਨ ਵਾਲੇ ਨੂੰ ਉਹਦੀ ਸਜ਼ਾ ਮਿਲ ਗਈ ਹੈ। ਏਥੋਂ ਤਕ ਕਿ ਵਜ਼ੀਰ ਖਾਨ ਦੇ ਨਾਲ ਨਾਲ ਸੁਚਾ ਨੰਦ ਵੀ ਪਾਰ ਬੁਲਾਇਆ ਗਿਆ। ਸੁਚਾ ਨੰਦ ਸਿਖਾਂ ਦਾ ਦੂਸਰਾ ਜ਼ਾਤੀ ਦੁਸ਼ਮਨ ਸੀ।

ਸਰਹਿੰਦ ਦੀ ਜਿਤ ਪਿਛੋਂ ਦੂਜੀ ਪ੍ਰਕਾਰ ਦੇ ਸਿਪਾਹੀ, ਜਿਨ੍ਹਾਂ ਵਿਚ ਬਹੁ-ਗਿਣਤੀ ਲੱਟੀ ਮਾਰਾਂ ਦੀ ਸੀ, ਵੀ ਬੇਮੱਚ ਹੋ ਗਏ। ਸਰਹਿੰਦ ਵਰਗਾ ਹੋਰ ਅਮੀਰ ਸ਼ਹਿਰ ਹੁਣ ਕਿਤੇ ਦਿਸ ਨਹੀਂ ਸੀ ਰਿਹਾ। ਦਿੱਲੀ ਤੇ ਲਾਹੌਰ ਦੋਵੇਂ ਦੂਰ ਸਨ ਤੇ ਹਰ ਹਾਲਤ ਵਿਚ ਲਾਹੌਰ ਕਿਸੇ ਤਰ੍ਹਾਂ ਵੀ ਸਰਹਿੰਦ ਨਾਲੋਂ ਅਮੀਰ ਤੇ ਨਿਘਾ ਨਹੀਂ ਸੀ। ਜਿਸ ਨੇ ਸਰਹਿੰਦ ਦੀ ਲੂਟ ਵਿਚ ਹਿੱਸਾ ਲਿਆ, ਉਹਦੇ ਵਿਚ ਹੁਣ ਹੋਰ ਕੋਈ ਸ਼ਹਿਰ ਜਾਂ ਗਿਰਾਂ ਲੁਟਣ ਦੀ ਆਸ਼ਾ ਨਾ ਰਹੀ।

ਭੀੜੇ, ਬੰਦਾ ਸਿੰਘ ਜਾਣਦਾ ਸੀ ਕਿ ਲੋਹ ਗੜ੍ਹ ਦੀ ਹਾਰ ਪਿਛੋਂ ਬੜੀ ਜਲਦੀ ਜਮਨਾ ਤੋਂ ਸਤਲੁਜ ਤਕ ਜ਼ੁਲਮ ਤੇ ਦਬਾਅ ਦੀ ਲਹਿਰ ਸ਼ੁਰੂ ਹੋ ਜਾਏਗੀ ਤੇ ਜਿੰਨੇ ਜਿੰਨੇ ਵੀ ਸਰਹਿੰਦ ਤੇ ਉਸ ਤੋਂ ਪਿਛੋਂ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਹੈ ਉਹਨਾਂ ਤੇ ਉਹਨਾਂ ਦੇ ਟੱਬਰਾਂ ਅਤੇ ਸਾਕ ਸਬੰਧੀਆਂ ਨੂੰ ਬੁਰੀ ਤਰ੍ਹਾਂ ਮਾਰਿਆ ਪਿਟਿਆ ਜਾਏਗਾ। ਐਨਾ ਜ਼ੁਲਮ ਸਿਤਮ ਹੋਵੇਗਾ ਕਿ ਪਹਿਲੇ ਜਿਹਾ ਉਤਸ਼ਾਹ ਨਹੀਂ ਰਹੇਗਾ। ਲੋਕ ਹਾਹਾਕਾਰ ਕਰ ਉਠਣਗੇ ਤੇ ਅਨੇਕ ਕੱਚੇ ਸਿਖ ਫਿਰ ਹਿੰਦੂ ਜਾਂ ਮੁਸਲਮਾਨ ਬਣ ਜਾਣਗੇ।

ਇਹਨਾਂ ਹਾਲਾਤਾਂ ਵਿਚ ਬੰਦਾ ਬਹਾਦਰ ਨੇ ਸੋਚਿਆ, ਕਿ ਮੁਗਲ ਸਲਤਨੱਤ ਨਾਲ ਲੜਾਈ ਜਾਰੀ ਰਖਣੀ ਬੜੀ ਕਠਨ ਹੋਵੇਗੀ। ਇਹ ਲੜਾਈ ਜਾਰੀ ਰਖਣ ਵਾਸਤੇ ਉਹਨੂੰ ਆਦਮੀਆਂ ਦੀ ਲੋੜ ਸੀ ਤੇ ਇਹ ਆਦਮੀ ਕਿਥੋਂ ਆਉਂਦੇ, "ਕਾਸ਼!" ਉਹ ਮਨ ਹੀ ਮਨ ਆਖਦਾ,

"ਇਸ ਸਾਲ ਅੰਨੇ ਮੀਂਹ ਨਾ ਪੈਂਦੇ ਤੇ ਅਜਿਹੇ ਹੜ ਨਾ ਆਉਂਦੇ, ਮੈਂ ਹੁਣ ਤਕ ਦਿੱਲੀ ਵਿਚ ਹੋਣਾ ਸੀ ਤੇ ਕਾਬਲ ਤੋਂ ਲੈ ਕੇ ਬੰਬਈ ਤਕ ਖਾਲਸੇ ਦਾ ਰਾਜ ਹੋਣਾ ਸੀ। "ਪਰ", ਉਹ ਫਿਰ ਸੋਚਦਾ, "ਹੋਣੀ ਨਾਲ ਮਨੁਖ ਦਾ ਕੀ ਚਾਰਾ ਹੈ, ਪਰਮਾਤਮਾ ਨੂੰ ਇਹ ਚੀਜ਼ ਮਨਜ਼ੂਰ ਨਹੀਂ ਸੀ। ਜੇ ਮੈਨੂੰ ਐਨਾ ਵੀ ਪਤਾ ਲਗ ਜਾਂਦਾ ਕਿ ਬਹਾਦਰ ਸ਼ਾਹ ਇਸ ਰੇਜ਼ੀ ਨਾਲ ਸਰਹਿੰਦ ਤਕ ਪਹੁੰਚ ਜਾਵੇਗਾ, ਤਾਂ ਵੀ ਮੈਂ ਕੁਝ ਕਰਦਾ।"

"ਫਿਰ ਵੀ ਹੁਣ ਕੁਝ ਨਾ ਕੁਝ ਕਰਨਾ ਪਵੇਗਾ। ਮੈਂ ਮੁਸ਼ਕਲਾਂ ਦੇ ਸਾਹਮਣੇ ਹਾਰ ਨਹੀਂ ਮੰਨ ਸਕਦਾ। ਮੈਂ ਨਿਚੱਲਾ ਨਹੀਂ ਬੈਠ ਸਕਦਾ। ਮੈਨੂੰ ਗੁਰੂ ਕਲਗੀਆਂ ਵਾਲੇ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਚੁਣਿਆ ਹੈ। ਮੈਂ ਉਹਨਾਂ ਨੂੰ ਨੀਵਾਂ ਨਹੀਂ ਵਿਖਾ ਸਕਦਾ। ਪਰ ਕੀ ਕਰਾਂ ? ਕਿਥੋਂ ਫਿਰ ਸਭ ਕੁਝ ਸ਼ੁਰੂ ਕਰਾਂ।" ਬੰਦੇ ਦੇ ਮਨ ਵਿਚ ਇਹ ਉਧੇੜ-ਬੁਣ ਹੁੰਦੀ ਰਹੀ ਤੇ ਏਨੇ ਦਿਨਾਂ ਵਿਚ ਉਹਦੇ ਸਾਥੀਆਂ ਨੇ ਲੋਹ ਗੜ੍ਹ ਵਿਚ ਹੋਈ ਲੜਾਈ ਦਾ ਥਕੇਵਾਂ ਲਾਹਿਆ।

ਅੰਤ ਲੋਹ ਗੜ੍ਹ ਛਡਣ ਦੇ ਪੰਦਰ੍ਹਵੇਂ ਦਿਨ ਬੰਦਾ ਸਿੰਘ ਨੇ ਖਾਲਸਾ ਕੌਮ ਦੇ ਨਾਂ ਹੁਕਮਨਾਮਾ ਜਾਰੀ ਕੀਤਾ ਤੇ ਸਭ ਸਿਖਾਂ ਨੂੰ ਹਥਿਆਰ-ਬੰਦ ਹੋ ਕੇ ਜਲਦੀ ਤੋਂ ਜਲਦੀ ਕੀਰਤ ਪੁਰ ਪਹੁੰਚਣ ਦੀ ਤਾਕੀਦ ਕੀਤੀ।

ਬੰਦੇ ਨੇ ਆਪਣਾ ਪਰੋਗਰਾਮ ਬਣਾ ਲਿਆ ਸੀ। ਉਸ ਨੇ ਇਰਾਦਾ ਕੀਤਾ ਸੀ ਕਿ ਮੁਗਲੀਹਾ ਰਾਜ ਨਾਲ ਲੜਾਈ ਸ਼ੁਰੂ ਰਹੇਗੀ ਪਰ ਉਸ ਤੋਂ ਪਹਿਲੇ ਪਹਾੜੀ ਰਾਜਿਆਂ ਨੂੰ ਸੋਧਨਾ ਜ਼ਰੂਰੀ ਹੈ। ਇਹ ਪਹਾੜੀ ਰਾਜੇ ਇਕ ਚਿਰ ਤੋਂ ਸਿਖ ਪੰਥ

Scanned by CamScanner

ਦੇ ਦੁਸ਼ਮਨ ਟੁਰੇ ਆਉਂਦੇ ਸਨ ਤੇ ਗੁਰੂ ਗੋਬਿੰਦ ਸਿੰਘ ਨੂੰ ਵੀ ਇਹਨਾਂ ਹੱਥੋਂ ਕਾਫ਼ੀ ਦੁਖ ਉਠਾਣਾ ਪਿਆ ਸੀ । ਪਹਾੜੀ ਰਾਜਿਆਂ ਉਤੇ ਜਿੱਤਾਂ ਪਾਣ ਨਾਲ ਸਿਖ ਜਨਤਾ ਵਿਚ ਫਿਰ ਉਤਸ਼ਾਹ ਖਿਲਰ ਜਾਣ ਦੀ ਆਸ ਸੀ ।

ਲੋਹ ਗੜ੍ਹ ਦੀ ਹਾਰ ਦੇ ਪੰਦਰ੍ਹਵੇਂ ਦਿਨ ਮੁੜ ਖਾਲਸਾ ਕੌਮ ਨੂੰ ਹਥਿਆਰ-ਬੰਦ ਹੋ ਕੇ ਕੀਰਤ ਪੁਰ ਇਕੱਠੇ ਹੋਣ ਦਾ ਹੁਕਮਨਾਮਾ ਬੰਦਾ ਸਿੰਘ ਬਹਾਦਰ ਦੀ ਉਸ ਅਜਿਤ ਸਪਿਰਟ ਦਾ ਸੂਚਕ ਸੀ ਜਿਹੜੀ ਕਿ ਉਹਦੀ ਪ੍ਰਤਿਭਾ ਦਾ ਅਟੁੱਟ ਅੰਗ ਹੈ । ਇਹ ਹੁਕਮਨਾਮਾ ਬੰਦਾ ਸਿੰਘ ਦੇ ਅੰਦਰਲੇ ਉਸ ਮੱਚ ਦੀ ਸ਼ਾਹਦੀ ਸੀ ਜਿਹੜਾ ਕਿ ਸਦਾ ਪ੍ਰਜਵਲਤ ਰਿਹਾ, ਸਦਾ ਦ੍ਰਿੜ੍ਹ-ਵਿਸ਼ਵਾਸ-ਪੂਰਤ ਰਿਹਾ ।



੨੧

ਸ਼ਾਹਬਾਜ਼ ਦੇ ਘਰ ਪੁਤਰ ਜੰਮੇ ਨੂੰ ਲਗਪਗ ਤਿੰਨ ਮਹੀਨੇ ਹੋ ਚੁੱਕੇ ਸਨ ਪਰ ਉਹ ਅਜੇ ਵੀ ਬੰਦਾ ਬਹਾਦਰ ਦਾ ਸਾਥ ਨਹੀਂ ਸੀ ਛਡਣਾ ਚਾਹੁੰਦਾ ।

ਅੰਤ ਇਕ ਦਿਨ ਮਾਹਿਲ ਦੇ ਲਾਗਲੇ ਪਿੰਡ ਤਿਰਾਵੜੀ ਦੇ ਪੰਜ ਜੁਆਨ ਪਠਾਨਕੋਟ ਦੇ ਲਾਗੇ ਬੰਦਾ ਬਹਾਦਰ ਕੋਲ ਪਹੁੰਚੇ ਤੇ ਉਹਨਾਂ ਕਰ ਕੇ ਹੀ ਸ਼ਾਹਬਾਜ਼ ਨੂੰ ਘਰ ਮੁੜਨ ਦਾ ਹੁਕਮ ਮਿਲਿਆ । ਉਹਨਾਂ ਵਿਚੋਂ ਇਕ ਪ੍ਰੀਤਮ ਸਿੰਘ ਆਪਣੀ ਜਾਨ ਖਤਰੇ ਵਿਚ ਪਾ ਕੇ ਆਪਣੇ ਬਚਪਨ ਦੇ ਮਿਤਰ ਸ਼ਾਹਬਾਜ਼ ਸਿੰਘ ਦੇ ਘਰੋਂ ਹੋ ਕੇ ਆਇਆ ਸੀ । ਪ੍ਰੀਤਮ ਸਿੰਘ ਚਪੜਚੇੜੀ ਦੀ ਜੰਗ ਵਿਚ ਸ਼ਾਹਬਾਜ਼ ਦੇ ਬੱਲੇ ਇਕ ਤੋਪਚੀ ਵਾਂਗ ਲੜਿਆ ਸੀ । ਬਚਪਨ ਦੀ ਮਿਤ੍ਰਤਾ ਤੇ ਮੁਹੱਬਤ ਦੇ ਨਾਲ ਨਾਲ ਪ੍ਰੀਤਮ ਸਿੰਘ ਦੇ ਮਨ ਵਿਚ ਸ਼ਾਹਬਾਜ਼ ਵਾਸਤੇ ਇਕ ਉਸਤਾਦ ਤੇ ਲੀਡਰ ਦੀ ਭਾਵਨਾ ਵੀ ਜਾਗ ਪਈ ਸੀ ।

ਪ੍ਰੀਤਮ ਸਿੰਘ ਲੋਹ ਗੜ੍ਹ ਦੀ ਲੜਾਈ ਵੇਲੇ ਸ਼ਾਹਬਾਜ਼ ਦੇ ਨਾਲ ਨਹੀਂ ਸੀ ਆਇਆ । ਉਹਦੇ ਘਰੇਲੂ ਹਾਲਾਤ ਠੀਕ ਨਹੀਂ ਸਨ ਪਰ ਉਹ ਉਹਨਾਂ ਸਿਖਾਂ ਵਿਚੋਂ ਇਕ ਸੀ ਜਿਹੜੇ ਬੰਦਾ ਸਿੰਘ ਦਾ ਹੁਕਮਨਾਮਾ ਮਿਲਦਿਆਂ ਸਾਰ ਕੀਰਤਪੁਰ ਪਹੁੰਚ ਗਏ । ਬਿਲਾਸਪੁਰ ਦੀ ਜਿਤ ਵਿਚ ਭਾਗ ਲੈ ਕੇ ਪ੍ਰੀਤਮ ਸਿੰਘ ਫਿਰ ਵਾਪਸ ਆ ਗਿਆ ਸੀ ਤੇ ਹੁਣ ਤੀਜੀ ਵਾਰ ਪਠਾਨਕੋਟ ਬੰਦਾ ਸਿੰਘ ਕੋਲ ਆਇਆ । ਉਹ ਸ਼ਾਹਬਾਜ਼ ਦੇ ਘਰ ਗਿਆ ਤੇ ਉਹਦੇ ਘਰ ਦਿਆਂ ਨੇ ਵਾਰੋ ਵਾਰ ਪ੍ਰੀਤਮ ਸਿੰਘ ਨੂੰ ਮਿੰਨਤਾਂ ਕੀਤੀਆਂ । ਪਿਉ ਨੇ ਕਿਹਾ;

"ਬੱਚਿਆ, ਸ਼ਾਹਬਾਜ਼ ਨੂੰ ਕਹੀਂ ਕਿ ਪਿਉ ਮਰਨ ਕੰਢੇ ਹੈ । ਜੇ ਵੇਖਣਾ ਹੈਸੂ ਤਾਂ ਵੇਖ ਲਏ ।"

ਮਾਂ ਤੇ ਭੈਣਾਂ ਨੇ ਵੀ ਬੜੇ ਤਰਲੇ ਲਏ । ਪਰ ਭਰਾ ਜਾਂਬਾਜ਼ ਨੇ ਪ੍ਰੀਤਮ ਸਿੰਘ ਨੂੰ ਹੌੜਿਆ, "ਕੋਈ ਲੋੜ ਨਹੀਂ ਹੁਣ ਸ਼ਾਹਬਾਜ਼ ਦੇ ਵਾਪਸ ਮੁੜਨ ਦੀ । ਅਗੇ ਕੀ ਉਹਦੇ ਕਾਰਨ ਸਾਡੇ ਉੱਤੇ ਥੋੜੇ ਜ਼ੁਲਮ ਹੋਏ ਹਨ ? ਜਿਥੇ ਹੈ ਉਥੇ ਹੀ ਟਿਕਿਆ ਰਹੇ । ਜੇ ਫਿਰ ਕੇ ਖਾਲਸੇ ਦਾ ਰਾਜ ਹੋਇਆ ਤਾਂ ਵੇਖੀ ਜਾਸੀ ।"

ਇਹ ਇਕ ਮਰਦ ਦਾ ਦਰਿਸ਼ਟੀਕੋਨ ਸੀ । ਸ਼ਾਹਬਾਜ਼ ਦੇ ਬੰਦਾ ਸਿੰਘ ਦਾ ਸੱਜਾ ਹੱਥ ਹੋਣ ਕਰਕੇ ਸਿਰਫ ਸ਼ਾਹਬਾਜ਼ ਦੇ ਮਾਪਿਆਂ ਉਪਰ ਹੀ ਨਹੀਂ - ਮਾਹਿਲ ਤੇ ਸਰਮੌਰ ਦੇ ਵਾਸੀਆਂ ਉੱਤੇ ਵੀ ਕਾਫ਼ੀ ਜ਼ੁਲਮ ਹੋਏ ਸਨ । ਪਰ ਸ਼ੰਭੂ — ਇਕ ਪਤਨੀ ਕਿਵੇਂ — ਜਾਂਬਾਜ਼ ਇਕ ਭਰਾ-ਵਾਂਗ ਸੋਚ ਸਕਦੀ ਸੀ ? ਉਹ ਉਦਾਸ ਸੀ, ਬੜੀ ਉਦਾਸ । ਉਹ ਉਤਾਵਲੀ ਵੀ ਸੀ, ਬੜੀ ਉਤਾਵਲੀ । ਉਹਦਾ ਜੀ ਕਰਦਾ ਕਿ ਕਿਹੜਾ ਵੇਲਾ ਹੋਵੇ ਸ਼ਾਹਬਾਜ਼ ਆਪਣੇ ਚੰਨ ਵਰਗੇ ਪੁਤਰ ਨੂੰ ਆ ਕੇ ਵੇਖੇ । ਸ਼ੰਭੂ ਸਹਿਕ ਰਹੀ ਸੀ । ਆਪਣੇ ਵਾਸਤੇ ਤੇ ਆਪਣੇ ਕਾਲੂ ਵਾਸਤੇ । ਉਸ ਪ੍ਰੀਤਮ ਸਿੰਘ ਨੂੰ ਇਕ ਪਾਸੇ ਲੈ ਜਾ ਕੇ ਕਿਹਾ;

"ਵੀਰਾ ! ਤੈਨੂੰ ਗੁਰੂ ਕਲਗੀਆਂ ਵਾਲੇ ਦੀ ਸੌਂਹ, ਜੇ ਤੂੰ ਮੇਰਾ ਕੰਮ ਨਾ ਕੀਤਾ ।" "ਦਸ ਸ਼ੰਭੂ ਭੈਣੇ ! ਮੈਂ ਭਲਾ ਤੇਰਾ ਕੰਮ ਨਹੀਂ ਕਰਨਾ ?" "ਤੂੰ ਸ਼ਾਹਬਾਜ਼ ਨੂੰ ਕੁਝ ਨਹੀਂ ਕਹਿਣਾ ਮੇਰੇ ਵੀਰਾ, ਤੂੰ ਆਪ ਬਾਬਾ ਜੀ ਨੂੰ ਜਾ ਕੇ ਮੇਰੀ ਵਲੋਂ'

Scanned by CamScanner

ਕਹਿਣਾ ਹੈ ਕਿ ਕੁਝ ਦਿਨ ਵਾਸਤੇ ਉਹਨੂੰ ਛੁਟੀ ਦੇਣ। ਮੈਂ ਜਾਣਦੀ ਹਾਂ ਕਿ ਜਦ ਤਕ ਬਾਬਾ ਜੀ ਉਹਨੂੰ ਖੁਦ ਹੁਕਮ ਨਹੀਂ ਦੇਣਗੇ ਉਹ ਕਦੀ ਨਹੀਂ ਆਣ ਲਗੇ।"

"ਪਰ ਭੈਣੇ ! ਬਾਬਾ ਜੀ ਅਗੇ ਇਹੋ ਜਿਹੀ ਗਲ ਕਹਿਣ ਦਾ ਕਿਨੂੰ ਹੀਆ ਪੈ ਸਕਦਾ ਹੈ। ਤੂੰ ਉਹਨਾਂ ਨੂੰ ਵੇਖਿਆ ਨਹੀਂ ਹੋਇਆ, ਏਸੇ ਲਈ ਮੈਨੂੰ ਤਾਕੀਦਾਂ ਕਰ ਰਹੀ ਹੈਂ।"

"ਫਿਰ ਵੀ ਵੀਰਾ ਐਤਕੀ ਤਾਂ ਤੈਨੂੰ ਮੇਰੇ ਵਾਸਤੇ ਇਹ ਮੁਹਿੰਮ ਤੇ ਕਰਨੀ ਹੀ ਪਏਗੀ। ਤੈਨੂੰ, ਬਾਬਾ ਜੀ ਨੂੰ ਇਹ ਸੁਣੇਹਾ ਦੇਣਾ ਹੀ ਪਏਗਾ। ਤੇਨੂੰ ਗੁਰੂ ਨਾਨਕ ਦੇਵ ਦੀ ਸੋਂਹ।"

"ਸੋਂਹਾਂ ਨਾ ਪਾ, ਸ਼ੇਭੀ। ਮੈਂ ਕੋਸ਼ਿਸ਼ ਜ਼ਰੂਰ ਕਰਾਂਗਾ ਜੇ ਕਹਿ ਸਕਿਆ ਤਾਂ ਜ਼ਰੂਰ ਕਹਾਂਗਾ।" "ਨਹੀਂ ਵੀਰ, ਸਿਰਫ਼ ਕੋਸ਼ਿਸ਼ ਵਾਲੀ ਗੱਲ ਠੀਕ ਨਹੀਂ। ਤੈਨੂੰ ਗੁਰੂ ਨਾਨਕ ਦੀ ਸੋਂਹ ਜੇ ਤੂੰ ਹੁਣੇ ਬਾਬਾ ਜੀ ਨੂੰ ਮੇਰਾ ਸੁਨੇਹਾ ਦੇਣ ਦੀ ਸੋਂਹ ਨਾ ਚੁਕੇਂ।" ਤੇ ਸੋਹਾਂ ਦੀ ਸ਼ੋਕੀਨ ਸ਼ੇਭੀ ਨੇ ਪ੍ਰੀਤਮ ਸਿੰਘ ਕੋਲੋਂ ਸੋਂਹ ਚੁਕਵਾ ਲਈ। ਜਦੋਂ ਪ੍ਰੀਤਮ ਸਿੰਘ ਬੰਦੇ ਦੇ ਕੈਂਪ ਵਿਚ ਪਹੁੰਚਿਆ ਤਾਂ ਉਹਨੂੰ ਸਸਝ ਨਾ ਆਵੇ ਕਿ ਕਿਵੇਂ ਆਪਣੀ ਸੋਂਹ ਵਲੋਂ ਸਚਿਆਂ ਹੋਵੇ। ਉਸ ਸ਼ਾਹਬਾਜ਼ ਨੂੰ ਕਿਹਾ;

"ਮੇਰੀ ਸਹਾਇਤਾ ਕਰੋ ਕਿ ਮੈਂ ਆਪਣੀ ਚੁਕੀ ਸੋਂਹ ਪੂਰੀ ਕਰ ਸਕਾਂ।" ਜਦੋਂ ਸ਼ਾਹਬਾਜ਼ ਨੇ ਆਪਣੀ ਸ਼ੇਭੀ ਦਾ ਇਸ ਤਰੀਕੇ ਨਾਲ ਭੇਜਿਆ ਸੁਨੇਹਾ ਸੁਣਿਆ ਤਾਂ ਉਹਦਾ ਦਿਲ ਪਸੀਜ ਗਿਆ। ਉਹਨੂੰ ਦੁਖ ਵੀ ਹੋਇਆ ਤੇ ਖੁਸ਼ੀ ਵੀ। ਉਸ ਆਪਣੇ ਮਨ ਹੀ ਮਨ ਵਿਚ ਕਿਹਾ;

"ਭੈੜਿਆ ! ਐਡਾ ਨਿਰਮੋਹੀ ਵੀ ਨਹੀਂ ਹੋਈਦਾ।" ਪਰ ਉਹ ਕੀ ਕਰਦਾ ? ਕੀ ਆਪਣੇ ਮੂੰਹੋਂ ਬਾਬੇ ਬੰਦੇ ਕੋਲੋਂ ਜਾਣ ਦੀ ਆਗਿਆ ਮੰਗਦਾ ? ਕਦਾਚਿਤ ਨਹੀਂ। ਜਦੋਂ ਆਪ ਬੰਦਾ ਸਿੰਘ ਨੇ ਉਹਨੂੰ ਕਈ ਵਾਰ ਜਾਣ ਬਾਰੇ ਕਿਹਾ ਤਾਂ ਉਹ ਇਨਕਾਰ ਕਰਦਾ ਆਇਆ। ਤੇ ਹੁਣ ਉਹ ਆਪ ਉਹਦਾ ਸਾਥ ਛਡਣ ਵਾਸਤੇ ਕਿਵੇਂ ਉਹਦੇ ਕੋਲ ਜਾਵੇ ?

ਆਖਿਰ ਪ੍ਰੀਤਮ ਸਿੰਘ ਨੇ ਭਾਈ ਬਿਨੋਦ ਸਿੰਘ ਰਾਹੀਂ ਬੰਦਾ ਬਹਾਦਰ ਕੋਲ ਜਾਣ ਦੀ ਆਗਿਆ ਮੰਗੀ ਤੇ ਇਹ ਵੀ ਦਸਿਆ ਕਿ ਉਹ ਉਹਨੂੰ ਕੀ ਆਖਣਾ ਚਾਹੁੰਦਾ ਹੈ। ਭਾਈ ਬਿਨੋਦ ਸਿੰਘ ਦੇ ਕਹਿਣ ਉਪਰ ਬੰਦੇ ਨੇ ਆਪ ਪ੍ਰੀਤਮ ਸਿੰਘ ਨੂੰ ਆਪਣੇ ਪਾਸ ਬੁਲਾਇਆ ਤਾਂ ਜੋ ਘਟੋ ਘਟ ਸ਼ੇਭੀ ਦੀ ਮੁਰਾਦ ਤਾਂ ਪੂਰੀ ਕਰ ਸਕੇ।

ਪ੍ਰੀਤਮ ਸਿੰਘ ਦੀ ਗੱਲ ਸੁਣ ਕੇ ਬੰਦਾ ਮੁਸਕਰਾਇਆ। ਉਹ ਖੁਸ਼ ਵੀ ਹੋਇਆ। ਇਹ ਪਹਿਲੀ ਵਾਰ ਸੀ ਕਿ ਇਹੋ ਜਿਹਾ ਸੁਨੇਹਾ ਕਿਸੇ ਇਸਤਰੀ ਨੇ ਉਹਦੇ ਕੋਲ ਭੇਜਿਆ ਸੀ। ਬੇਸ਼ਕ ਬੰਦਾ ਸਿੰਘ ਐਨਾ ਸਿਆਣਾ ਜ਼ਰੂਰ ਸੀ ਕਿ ਉਹ ਇਸਤਰੀ ਮਨ ਦੀ ਤੜਪ ਤੇ ਲਾਲਸਾ ਸਮਝ ਸਕੇ ਪਰ ਹੁਣ ਤਾਂ ਉਹਦਾ ਆਪਣਾ ਵਿਆਹ ਵੀ ਹੋ ਚੁਕਾ ਸੀ। ਉਹ ਔਰਤ ਦੇ ਦਿਲ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦਾ ਸੀ।

ਸ਼ਾਇਦ ਇਹ ਗੱਲ ਸੱਚ ਹੀ ਹੈ ਕਿ ਹਰ ਮਹਾਨ ਆਦਮੀ ਨੂੰ ਵਿਆਹ ਜ਼ਰੂਰ ਕਰਾਣਾ ਚਾਹੀਦਾ ਹੈ। ਬਹੁਤਾ ਇਸ ਲਈ ਨਹੀਂ ਕਿ ਉਹਦਾ ਆਪਣਾ ਜੀਵਨ ਵਿਆਹ ਤੋਂ ਬਗੈਰ ਅਧੂਰਾ ਰਹਿੰਦਾ ਹੈ ਪਰ ਇਸ ਲਈ ਕਿ ਉਹ ਜ਼ਿੰਦਗੀ ਨੂੰ ਤੇ ਉਹਨਾਂ ਮਨੁੱਖਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦਾ ਹੈ ਜਿਨ੍ਹਾਂ ਦੀ ਉਹਨੇ ਅਗਵਾਈ ਕਰਨੀ ਹੈ।

ਇਕ ਅਣਵਿਆਹਿਆ ਨੇਤਾ ਅਨੇਕ ਵਾਰ ਇਹੋ ਜਿਹੀਆਂ ਮਨੋ-ਵਿਗਿਆਨਕ ਭੁੱਲਾਂ ਕਰ ਸਕਦਾ ਹੈ ਜਿਹੜੀਆਂ ਉਹਦੇ ਮਿਸ਼ਨ ਤੇ ਉਹਦੇ ਆਦਰਸ਼ਾਂ ਵਾਸਤੇ ਹਾਨੀਕਾਰਕ ਹੋ ਸਕਦੀਆਂ ਹਨ। ਜਦੋਂ ਤਕ ਇਕ ਨੇਤਾ ਆਪ ਪਤੀ, ਪਿਉ ਤੇ ਘਰੇਲੂ ਮੁਆਮਲਿਆਂ ਵਿਚ ਨਹੀਂ ਪੈਂਦਾ ਉਹ ਅਨੇਕ ਡੂੰਘਿਆਂ ਮਸਲਿਆਂ ਨੂੰ ਚਾਤੀ ਤੇਰ ਉਪਰ ਸਮਝ ਤਾਂ ਭਾਵੇਂ ਲਏ ਪਰ ਉਨੀਂ ਹੀ ਤੀਬਰਤਾ ਤੇ ਸੂਝ ਨਾਲ ਮਹਿਸੂਸ ਨਹੀਂ ਕਰ ਸਕਦਾ, ਜਿੰਨੀ ਕਿ ਇਕ ਨੇਤਾ ਜਾਂ ਸੈਨਾਪਤੀ ਵਾਸਤੇ ਜ਼ਰੂਰੀ ਹੁੰਦੀ ਹੈ। ਅਣਵਿਆਹੇ ਨੇਤਾ ਖਤਰਨਾਕ ਨੇਤਾ ਵੀ ਬਣ ਸਕਦੇ ਹਨ।

ਬੰਦੇ ਬਹਾਦਰ ਦਾ ਹੁਣ ਤਕ ਵਿਆਹ ਹੋ ਚੁਕਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਉਹਨੂੰ ਬੈਰਾਗੀ ਤੋਂ ਇਨਸਾਨ ਬਣਾਇਆ ਸੀ ਤੇ ਚਾਲ੍ਹੀ ਸਾਲ ਦੀ ਉਮਰ ਵਿਚ ਆਪਣੇ ਵਿਆਹ ਨਾਲ ਉਹ ਸਚਮੁਚ ਹੀ ਵਧੇਰੇ ਮਾਨਵ ਬਣਿਆ।

ਉਹ ਅਗੇ ਵੀ ਸ਼ਾਹਬਾਜ਼ ਸਿੰਘ ਨੂੰ ਘਰ ਜਾਣ ਵਾਸਤੇ ਕਹਿ ਚੁਕਾ ਸੀ। ਏਥੋਂ ਤਕ ਕਿ ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ ਤੇ ਬਾਕੀ ਦੇ ਪਿਆਰੇ ਵੀ ਵਾਰੋ ਵਾਰ ਘਰੀਂ ਹੋ ਆਏ ਸਨ ਪਰ ਇਕ ਸ਼ਾਹਬਾਜ਼ ਹੀ ਸੀ ਜਿਨੂੰ ਬੰਦਾ ਸਿੰਘ ਦਾ ਸਾਥ ਨਾ ਛਡਿਆ। ਉਹ ਆਖਦਾ ਸੀ, "ਘਰ ਦੀ ਖਿਚ ਬੜੀ ਤੇਜ਼ ਹੈ ਬਾਬਾ ਜੀ, ਪਰ ਤੁਹਾਨੂੰ ਛਡ ਕੇ ਜਾਣ ਤੇ ਰੂਹ

Scanned by CamScanner

ਹੀ ਨਹੀਂ ਕਰਦਾ।'' ਪਰ ਹੁਣ ਬਾਬਾ ਬੰਦਾ ਨੇ, ਸੋਭੀ ਦੇ ਕਹਿਣ ਅਨੁਸਾਰ; ਸ਼ਾਹਬਾਜ਼ ਨੂੰ ਘਰ ਜਾਣ ਦਾ ਹੁਕਮ ਦਿਤਾ। ਇਵੇਂ ਹੀ ਪਿਛਲੀ ਵਾਰ ਉਹਦੇ ਜ਼ਖ਼ਮ ਵਲ ਵੇਖ ਕੇ ਬੰਦੇ ਨੇ ਹੁਕਮਨ ਉਹਨੂੰ ਘਰ ਜਾਣ ਵਾਸਤੇ ਕਿਹਾ ਸੀ।

ਜਿਸ ਸਵੇਰ ਸ਼ਾਹਬਾਜ਼ ਓਥੋਂ ਟੁਰਿਆ ਤਾਂ ਉਸ ਆਪਣੇ ਮਨ ਵਿਚ ਕਿਹਾ, ''ਅਜ ਮੇਰਾ ਕਾਲੂ ਤਿੰਨ ਮਹੀਨਿਆਂ ਦਾ ਹੋ ਗਿਆ ਹੈ।'' ਸ਼ਾਹਬਾਜ਼ ਸਿੰਘ ਸੋਚਦਾ ਸੀ ਕਿ ਉਹਦੇ ਪੁਤਰ ਦਾ ਨਾਂ ਕਾਲੂ ਕਿਉਂ ਰਖਿਆ ਗਿਆ ਹੈ। ਸੋਭੀ ਤਾਂ ਗੋਰੀ ਸੀ ਤੇ ਸੁਖ ਨਾਲ ਉਹ ਵੀ ਕਾਲਾ ਨਹੀਂ ਹੈ। ਜੇ ਸਚ ਪੁਛਿਆ ਜਾਏ ਤਾਂ ਉਹਨਾਂ ਦੇ ਘਰ ਵਿਚ ਕੋਈ ਵੀ ਕਾਲਾ ਨਹੀਂ ਸੀ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਹਦਾ ਪੁਤਰ ਕਾਲੂ ਹੋਵੇ। ਪ੍ਰੀਤਮ ਸਿੰਘ ਦੇ ਹੱਥ ਤੇ ਉਸ ਤੋਂ ਵੀ ਪਹਿਲੇ ਕਿਸੇ ਦੇ ਹੱਥ ਸੁਨੇਹਾ ਆਇਆ ਸੀ ਕਿ ਪੁਤਰ ਦਾ ਪੂਰਾ ਨਾਂ ਉਹਦੇ ਆਉਣ ਉਤੇ ਹੀ ਰਖਵਾਇਆ ਜਾਏਗਾ ਤੇ ਇਹ ਕਾਲੂ ਨਾਂ ਉਹਦਾ ਸਿਰਫ ਝਟ ਟਪਾਉਣ ਵਾਸਤੇ ਹੈ। ਪਰ ਜਦੋਂ ਸ਼ਾਹਬਾਜ਼ ਨੇ ਪੁਛਿਆ ਕਿ ਕੀ ਸਚ ਹੀ ਉਹਦਾ ਪੁਤਰ ਕਾਲਾ ਹੈ ਤਾਂ ਪ੍ਰੀਤਮ ਸਿੰਘ ਤੇ ਉਸ ਤੋਂ ਪਹਿਲਾ ਆਦਮੀ ਦੋਵੇਂ ਖਿੜਖਿੜਾ ਕੇ ਹੱਸ ਪਏ ਸਨ ਤੇ ਉਹਨਾਂ ਕਿਹਾ ਸੀ;

''ਤੂੰ ਆਪੇ ਜਾ ਕੇ ਵੇਖ ਹੀ ਲਏਂਗਾ।'' ਉਹਨਾਂ ਦੇ ਕਹਿਣ-ਢੰਗ ਤੋਂ ਜਾਪਦਾ ਸੀ ਕਿ ਕਾਲੂ ਸਚੀਂ ਮੁਚੀਂ ਹੀ ਕਾਲਾ ਹੈ। ਪਰ ਸ਼ਾਹਬਾਜ਼ ਨੂੰ ਇਹ ਗਲ ਜਚਦੀ ਨਾ। ਉਹ ਕਹਿੰਦਾ ਕਿ ਇਸ ਵਿਚ ਜ਼ਰੂਰ ਕੋਈ ਭੇਦ ਹੈ। ਸ਼ਾਇਦ ਉਹਦੇ ਘਰ ਦਿਆਂ ਨੇ ਪੁਤਰ ਨੂੰ ਬਹੁਤਾ ਗੋਰਾ ਵੇਖ ਕੇ ਹੀ ਇਹੋ ਜਿਹਾ ਨਾਂ ਰਖਿਆ ਹੋਵੇ ਤਾਂ ਜੋ ਉਹਨੂੰ ਨਜ਼ਰ ਨਾ ਲਗੇ।

''ਚਲੋ ਹੁਣ ਨਿਰਨਾ ਹੋ ਜਾਏਗਾ।'' ਉਸ ਟੁਰਨ ਵੇਲੇ ਕਿਹਾ, ''ਹੁਣ ਜਲਦੀ ਹੀ ਮੈਂ ਆਪਣੇ ਕਾਲੂ ਨੂੰ ਵੇਖ ਸਕਾਂਗਾ।'' ਸ਼ਾਹਬਾਜ਼ ਟੁਰ ਪਿਆ ਤੇ ਉਹਦੇ ਨਾਲ ਚਾਰ ਆਦਮੀ ਹੋਰ ਟੁਰੇ। ਉਹ ਚਾਰੇ ਵੀ ਮਾਹਿਲ ਲਾਗਲੇ ਪਿੰਡਾਂ ਦੇ ਰਹਿਣ ਵਾਲੇ ਸਨ। ਅਜ ਕਲ ਸਿਖਾਂ ਵਾਸਤੇ ਇਕੱਲੇ ਦੁਕੱਲੇ ਸਫਰ ਕਰਨਾ ਅਨਹੋਣਾ ਸੀ। ਹੁਣ ਸਮੇਂ ਬਦਲ ਚੁਕੇ ਸਨ। ਬਾਦਸ਼ਾਹ ਬਹਾਦਰ ਸ਼ਾਹ ਲਾਹੌਰ ਬੈਠਾ ਸੀ।

ਲੋਹ ਗੜ੍ਹ ਦੀ ਜਿਤ ਪਿਛੋਂ ਲਗ ਪਗ ਇਕ ਮਹੀਨਾ ਬਾਦਸ਼ਾਹ ਉਥੇ ਹੀ ਟਿਕਿਆ ਰਿਹਾ। ਉਹਦਾ ਖਿਆਲ ਸੀ ਕਿ ਜਲਦੀ ਹੀ ਉਹਦਾ ਭੇਜਿਆ ਜਰਨੈਲ ਹਮੀਦ ਖਾਨ ਬੰਦੇ ਨੂੰ ਫੜ ਕੇ ਲੈ ਆਏਗਾ ਤੇ ਬਾਦਸ਼ਾਹ ਆਪ ਉਸ ਮਰਦੂਦ ਨੂੰ ਦਿੱਲੀ ਲੈ ਜਾਏਗਾ। ਪਰ ਇਕ ਮਹੀਨਾ ਬੀਤ ਗਿਆ, ਦੋ ਮਹੀਨੇ ਵੀ ਲੰਘ ਗਏ ਤੇ ਬੰਦਾ ਗਰਿਫ਼ਤਾਰ ਨਾ ਹੋ ਸਕਿਆ।

ਸੁਣਿਆ ਗਿਆ ਸੀ ਕਿ ਲੋਹ ਗੜ੍ਹ ਤੋਂ ਭੱਜ ਕੇ ਬੰਦੇ ਨੇ ਨਾਹਨ ਵਿਚ ਆਸਰਾ ਲਿਆ ਹੈ, ਸੋ ਜਦੋਂ ਹਮੀਦ ਖਾਨ ਕੋਲੋਂ ਹੋਰ ਕੁਝ ਨਾ ਹੋ ਸਕਿਆ ਤਾਂ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਬੰਨ੍ਹ ਲਿਆਇਆ।

''ਜਹਾਂ ਪਨਾਹ, ਜੇ ਇਹ ਮਰਦੂਦ ਨਾਹਨ ਨਾ ਹੁੰਦਾ ਤਾਂ ਹੁਣ ਤਕ ਚੈਡਾਲ ਬੰਦਾ ਫੜਿਆ ਜਾ ਚੁਕਾ ਹੁੰਦਾ। ਇਹਨੇ ਹੀ ਉਹਦੀ ਸਹਾਇਤਾ ਕਰ ਕੇ ਉਹਨੂੰ ਬਚਾਅ ਕਢਿਆ ਹੈ।''

ਬਾਦਸ਼ਾਹਾਂ ਨੂੰ ਆਪਣਾ ਗੁੱਸਾ ਲਾਹੁਣ ਵਾਸਤੇ ਕੋਈ ਨਾ ਕੋਈ ਬਹਾਨਾ ਚਾਹੀਦਾ ਹੁੰਦਾ ਹੈ। ਸੋ ਉਸ ਭੂਪ ਪ੍ਰਕਾਸ਼ ਨੂੰ ਪਿਟਵਾ ਕਢਿਆ ਤੇ ਫਿਰ ਉਹਨੂੰ ਤੇ ਗੁਲਾਬ ਸਿੰਘ ਨੂੰ ਲੋਹੇ ਦੇ ਪਿੰਜਰਿਆਂ ਵਿਚ ਬੰਦ ਕਰਵਾ ਕੇ ਦਿੱਲੀ ਭਿਜਵਾ ਦਿਤਾ।

ਇਸ ਸਮੇਂ ਵਿਚ ਲੋਹ ਗੜ੍ਹ ਦੇ ਕਿਲ੍ਹੇ ਅੰਦਰਲੀ ਚੱਪਾ ਚੱਪਾ ਭੋਏਂ ਖੋਦੀ ਗਈ ਤੇ ਮੁਗ਼ਲ ਬਾਦਸ਼ਾਹ ਦੀ ਇਹ ਮਿਹਨਤ ਅਜਾਈਂ ਨਾ ਗਈ। ਇਸ ਤਰ੍ਹਾਂ ਕਰਨ ਨਾਲ ਉਹਨੂੰ ਬੇਸ਼ਕ ਲੱਖਾਂ ਰੁਪਏ ਮਿਲੇ।

ਜਦੋਂ ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ ਬੰਦੇ ਦਾ ਪਕੜਿਆ ਜਾਣਾ ਅਨਹੋਣਾ ਹੈ ਤਾਂ ਉਹ ਹੌਲੀ ਹੌਲੀ ਲਾਹੌਰ ਵਲ ਟੁਰ ਪਿਆ। ਉਹਦਾ ਇਹ ਖਿਆਲ ਠੀਕ ਸੀ ਕਿ ਜੇ ਉਹ ਵਾਪਸ ਦਿੱਲੀ ਮੁੜ ਗਿਆ ਤਾਂ ਬੰਦੇ ਨੇ ਫਿਰ ਪਹਾੜਾਂ ਵਿਚੋਂ ਨਿਕਲ ਆਉਣਾ ਹੈ ਤੇ ਸਮਝੋ ਲੋਹ ਗੜ੍ਹ, ਸਰਹਿੰਦ, ਸਮਾਣਾ ਸਭ ਹੱਥੋਂ ਗਏ।

ਦੂਜਾ, ਅਜੇ ਮਾਲਵੇ, ਮਾਝੇ ਤੇ ਦੁਆਬੇ ਨੂੰ ਸੋਧਨਾ ਬਾਕੀ ਸੀ। ਅਜੇ ਉਹਨਾਂ ਕੋਲੋਂ ਉਹਨਾ ਦੀਆਂ ਜ਼ਿਆਦਤੀਆਂ ਦੇ ਬਦਲੇ ਲੈਣੇ ਸਨ। ਲੋਹ ਗੜ੍ਹ ਦੀ ਜਿੱਤ ਨਾਲ ਬਹਾਦਰ ਸ਼ਾਹ ਦਾ ਗੁੱਸਾ ਠੰਢਾ ਨਹੀਂ ਸੀ ਹੋਇਆ ਸਗੋਂ ਭੜਕ ਉਠਿਆ ਸੀ। ਉਹ ਠੀਕ ਮਹਿਸੂਸ ਕਰਦਾ ਸੀ ਕਿ ਬੰਦਾ ਸਿੰਘ ਦਾ ਪੰਜਾਹ ਹਜ਼ਾਰ ਫ਼ੌਜ ਦੇ ਘੇਰੇ ਵਿਚੋਂ ਫ਼ਰਾਰ ਹੋ ਜਾਣਾ ਉਹਦੀ ਜਿੱਤ ਸੀ ਤੇ ਸ਼ਾਹੀ ਸੈਨਾ ਦੀ ਹਾਰ। ਉਹ ਆਪਣੇ ਮੂੰਹ ਉੱਤੇ ਲੱਗੀ ਇਸ ਚਪੇੜ ਦੀ ਪੀੜ ਤੇ ਨਮੋਸ਼ੀ ਦੋਹਾਂ ਨੂੰ ਮਹਿਸੂਸ ਕਰਦਾ ਸੀ।

ਫ਼ਰਵਰੀ ੧੭੧੦ ਵਿਚ ਉਹ ਭਦੌਲੀ ਪਹੁੰਚਿਆ ਤੇ ਅਪਰੈਲ ਵਿਚ ਰੋਪੜ। ਰੋਪੜ ਉਹ ਲਗਪਗ ਦੋ ਮਹੀਨੇ ਟਿਕਿਆ। ਉਸ ਮਝੈਲਾਂ ਤੇ ਮਲੇਰ-ਕੋਟਲੀਆਂ ਵਿਚਕਾਰ ਹੋਈ ਲੜਾਈ ਦੀ ਥਾਂ ਵੇਖੀ ਤੇ ਢਹਿ ਰਹੀ ਮੁਗ਼ਲਈ ਸਪਿਰਟ ਨੂੰ

Scanned by CamScanner

ਕੋਸਿਆ। ਜੂਨ ਵਿਚ ਹੁਸ਼ਿਆਰਪੁਰ ਸ਼ਾਹੀ ਕੈਂਪ ਲਗਾ ਤੇ ਮਹੀਨਾ ਭਰ ਲੱਗਾ ਹੀ ਰਿਹਾ। ਮਸੇਂ ਮਸੇਂ ਅਗਸਤ ਦੇ ਮਹੀਨੇ ਬਹਾਦਰ ਸ਼ਾਹ ਲਾਹੌਰ ਪਹੁੰਚਿਆ।

ਬਹਾਦਰ ਸ਼ਾਹ ਥੋੜ-ਦਿਲਾ ਸੀ ਤੇ ਸਿੱਧਾ ਪੱਧਰਾ ਆਦਮੀ। ਪਰ ਕਿਸੇ ਕਿਸੇ ਵੇਲੇ ਉਹ ਸਿਆਣਪ ਭਰਪੂਰ ਗੱਲਾਂ ਤੇ ਕੰਮ ਵੀ ਕਰਦਾ। ਬੇਬਕ ਉਹਦੇ ਅਮੀਰ ਵਜ਼ੀਰ ਤੇ ਆਮ ਲੋਕ ਬਾਦਸ਼ਾਹ ਦੀ ਇਸ ਜੂੰ-ਚਾਲ ਤੋਂ ਕਾਹਲੇ ਪੈ ਰਹੇ ਸਨ ਤੇ ਉਹ ਜਲਦੀ ਤੋਂ ਜਲਦੀ ਲਾਹੌਰ ਪਹੁੰਚਣਾ ਚਾਹੁੰਦੇ ਸਨ, ਪਰ ਬਹਾਦਰ ਸ਼ਾਹ ਦੀ ਇਸ ਜੂੰ-ਚਾਲ ਵਿਚ ਇਕ ਸਿਆਣੀ ਰਮਜ਼ ਸੀ।

ਬੰਦੇ ਦੀਆਂ ਜਿੱਤਾਂ ਤੇ ਖਾਲਸਾ ਰਾਜ ਦੀ ਕਾਇਮੀ ਨਾਲ ਆਮ ਜਨਤਾ ਦਾ ਵਿਸ਼ਵਾਸ ਹਿੱਲ ਗਿਆ ਸੀ, ਉਹਨਾਂ ਦਾ ਮੱਚ ਮਰ ਗਿਆ ਸੀ। ਬਾਦਸ਼ਾਹ ਆਪਣੇ ਇਹਨਾਂ ਕਿਆਮਾਂ ਨਾਲ ਜਨਤਾ ਦਾ ਵਿਸ਼ਵਾਸ ਮੁੜ ਕੇ ਜਿਤਣਾ ਚਾਹੁੰਦਾ ਸੀ। ਉਹ ਲੋਕਾਂ ਨੂੰ ਦਰਸਾਣਾ ਚਾਹੁੰਦਾ ਸੀ ਕਿ ਮੁਗ਼ਲ ਰਾਜ ਜਿਉਂ ਦਾ ਤਿਉਂ ਕਾਇਮ ਹੈ ਤੇ ਹੁਣ ਤੋਂ ਬੰਦਾ ਬਹਾਦਰ ਵਰਗਾ ਕੋਈ ਹੋਰ ਧਾੜਵੀ ਇਸ ਤਰ੍ਹਾਂ ਆਪਣਾ ਰਾਜ ਕਾਇਮ ਕਰਨ ਵਿਚ ਸਫ਼ਲ ਨਹੀਂ ਹੋਵੇਗਾ। ਪੰਜਾਬ ਬਹਾਦਰ ਸ਼ਾਹ ਨੂੰ ਦਿੱਲੀ ਨਾਲੋਂ ਵੀ ਜ਼ਿਆਦਾ ਪਿਆਰਾ ਹੈ ਤੇ ਉਹ ਪੰਜਾਬ ਵਾਸਤੇ ਹਰ ਕੁਰਬਾਨੀ ਕਰੇਗਾ।

ਇਹ ਹੀ ਨਹੀਂ, ਜਿਥੇ ਜਿਥੇ ਵੀ ਬਾਦਸ਼ਾਹ ਦਾ ਕਿਆਮ ਹੁੰਦਾ ਉਥੇ ਉਥੇ ਹੀ ਚਾਰ ਚੁਫੇਰੇ ਸਿਖਾਂ ਉੱਤੇ ਜ਼ੁਲਮ ਸ਼ੁਰੂ ਹੋ ਜਾਂਦੇ। ਹਰ ਰੋਜ਼ ਸਿਖਾਂ ਦੇ ਸੋ ਪੰਜਾਹ ਸਿਰ ਬਾਦਸ਼ਾਹ ਸਾਹਵੇਂ ਹਾਜ਼ਰ ਕੀਤੇ ਜਾਂਦੇ। ਸਿਖਾਂ ਦੇ ਹਮਦਰਦ ਹਿੰਦੂਆਂ ਨੂੰ ਵੀ ਧਰ ਲਿਆ ਜਾਂਦਾ। ਬਹੁਤੀ ਵਾਰੀ ਜਦੋਂ ਦੋਸ਼ੀ ਤੇ ਕਸੂਰਵਾਰ ਹਿੰਦੂ ਨਾ ਮਿਲਦੇ ਤਾਂ ਗਿਣਤੀ ਪੂਰੀ ਕਰਨ ਵਾਸਤੇ ਮਾਸੂਮ ਹਿੰਦੂਆਂ ਦੇ ਵੀ ਸਿਰ ਕੱਟ ਕੇ ਬਹਾਦਰ ਸ਼ਾਹ ਦੇ ਸਾਹਮਣੇ ਪੇਸ਼ ਕੀਤੇ ਜਾਂਦੇ।

ਜਦੋਂ ਅਗਸਤ ਦੇ ਮਹੀਨੇ ਬਹਾਦਰ ਸ਼ਾਹ ਲਾਹੌਰ ਪਹੁੰਚਿਆ ਤਾਂ ਬਿਨਾਂ ਸ਼ਕ ਮੁਗ਼ਲੀਆ ਸਲਤਨੱਤ ਦੀ ਮਜ਼ਬੂਤੀ ਤੇ ਪਕਿਆਈ ਵਿਚ ਲੋਕਾਂ ਦਾ ਵਿਸ਼ਵਾਸ ਬਿਲਕੁਲ ਪੱਕਾ ਹੋ ਚੁਕਾ ਸੀ। ਕਈ ਨਵੇਂ ਬਣੇ ਸਿਖ ਵਾਲ ਕਟਵਾ ਚੁਕੇ ਸਨ। ਲਗ ਪਗ ਹਰ ਹਿੰਦੂ, ਬੰਦਾ ਸਿੰਘ ਨੂੰ ਗਾਲ੍ਹਾਂ ਕੱਢਦਾ ਸੀ ਤੇ ਆਮ ਜਨਤਾ ਇਹੋ ਹੀ ਸਮਝਦੀ ਕਿ ਬੰਦਾ ਬਹਾਦਰ ਇਕ ਉਚੱਕਾ ਤੇ ਧਾੜਵੀ ਹੈ ਜਿਹਦੀ ਕੀਤੀ ਉਨ੍ਹਾਂ ਨੂੰ ਭੁਗਤਣੀ ਪਈ ਹੈ।

ਬਹਾਦਰ ਸ਼ਾਹ ਆਪਣੀ ਇਸ ਸਿਆਣਪ ਭਰੀ ਚਾਲ ਨਾਲ ਬੰਦੇ ਦੇ ਨਾਂ ਨੂੰ ਐਨਾ ਨੁਕਸਾਨ ਪੁਚਾ ਗਿਆ ਕਿ ਅਜੇ ਤਕ ਕਿਸੇ ਹੋਰ ਮੁਗ਼ਲ ਸੂਬੇ ਜਾਂ ਸੈਨਾਪਤੀ ਨੇ ਕਿਸੇ ਹੋਰ ਤਰੀਕੇ ਨਾਲ ਨਹੀਂ ਸੀ ਪੁਚਾਇਆ।

ਪਰ ਇਹਨਾਂ ਮਹੀਨਿਆਂ ਵਿਚ ਬੰਦਾ ਸਿੰਘ ਨਿੱਚਲਾ ਨਹੀਂ ਸੀ ਰਿਹਾ। ਇਕ ਦੋ ਮਹੀਨੇ ਕੀਰਤਪੁਰ ਦੇ ਲਾਗੇ ਉਸ ਸਿਖਾਂ ਦੇ ਆਉਂਦੇ ਜੱਥਿਆਂ ਦੀ ਉਡੀਕ ਕੀਤੀ ਤੇ ਫਿਰ ਜਿੰਨੇ ਵੀ ਸਿਖ ਜੁੜੇ ਉਹਨਾਂ ਨੂੰ ਨਾਲ ਲੈ ਕੇ ਉਹ ਸਭ ਤੋਂ ਪਹਿਲੇ ਬਿਲਾਸਪੁਰ ਉੱਪਰ ਪਿਆ। ਬਿਲਾਸਪੁਰ ਦਾ ਭੀਮ ਚੰਦ ਬਾਈ ਧਾਰ ਦੇ ਰਾਜਿਆਂ ਦਾ ਸਰਦਾਰ ਸੀ ਤੇ ਇਕ ਤਰ੍ਹਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਾਤੀ ਵੈਰੀ।

ਬਿਲਾਸਪੁਰ ਦੇ ਭੀਮ ਚੰਦ ਨੇ ਬੰਦੇ ਦੀ ਮਾਰ ਕੀ ਝੱਲਣੀ ਸੀ। ਕੁਝ ਘੰਟੇ ਵੀ ਨਾ ਲਗੇ ਕਿ ਕਿਲ੍ਹਾ ਸਰ ਹੋ ਗਿਆ। ਭੀਮ ਚੰਦ ਦੀ ਇਹ ਬਾਬ ਹੋਈ ਵੇਖ ਕੇ ਸਭ ਰਾਜਿਆਂ ਨੇ ਆਪਣੇ ਆਪਣੇ ਆਦਮੀ ਬੰਦਾ ਸਿੰਘ ਕੋਲ ਭੇਜੇ ਤੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਘਰ ਦਾ ਕੂਕਰ ਦਸਿਆ। ਮੰਡੀ ਦਾ ਰਾਜਾ ਸਿੱਧ ਸੈਣ ਤਾਂ ਤਨੋਂ ਮਨੋਂ ਹੀ ਗੁਰੂ ਨਾਨਕ ਦੇ ਘਰ ਦਾ ਕੂਕਰ ਹੋਇਆ ਜਾਪਦਾ ਸੀ। ਕੁੱਲੂ ਦਾ ਰਾਜਾ ਆਕੜਿਆ ਪਰ ਮੁਸਕਰਾ ਕੇ ਭਾਈ ਬਾਜ ਸਿੰਘ ਨੇ ਉਹਦੀ ਆਕੜ ਭੰਨ ਦਿਤੀ। ਚੰਬਾ ਦਾ ਰਾਜਾ ਵੀ ਬੰਦੇ ਦੀ ਸ਼ਰਨ ਪਿਆ। ਚੰਬੇ ਦੇ ਰਾਜਾ ਉਦੈ ਸਿੰਘ ਦੀ ਧੀ ਨਾਲ ਹੀ ਬੰਦਾ ਬਹਾਦਰ ਦੀ ਸ਼ਾਦੀ ਹੋਈ। ਚੰਬੇ ਕੁਝ ਚਿਰ ਟਿਕਣ ਪਿਛੋਂ ਬੰਦਾ ਸਿੰਘ ਜੰਮੂ ਵਲ ਆਇਆ ਤੇ ਬਹਿਰਾਮਪੁਰ ਦੇ ਨੇੜੇ ਜੰਮੂ ਦੇ ਫ਼ੌਜਦਾਰ ਨਾਲ ਲੜਾਈ ਹੋਈ। ਬੰਦੇ ਦੀ ਫ਼ਤਹ ਹੋਈ ਤੇ ਉਸ ਤੋਂ ਜਲਦੀ ਹੀ ਪਿਛੋਂ ਬੰਦਾ ਸਿੰਘ ਬਟਾਲੇ ਤੇ ਕਲਾਨੌਰ ਆ ਪਹੁੰਚਿਆ।

ਇਹਨਾਂ ਦਿਨਾਂ ਵਿਚ ਬਾਦਸ਼ਾਹ ਹੁਸ਼ਿਆਰ ਪੁਰ ਸੀ। ਬਹਾਦਰ ਸ਼ਾਹ ਨੇ ਬੰਦੇ ਦਾ ਇਹ ਹੌਂਸਲਾ ਵੇਖ ਕੇ ਸ਼ਾਹੀ ਜਰਨੈਲ ਮੁਹੰਮਦ ਅਮੀਨ ਖ਼ਾਨ ਤੇ ਰੁਸਤਮਦਿਲ ਖ਼ਾਨ ਨੂੰ ਹੁਕਮ ਦਿਤਾ ਕਿ ਹਰ ਹੀਲੇ ਬੰਦੇ ਨੂੰ ਮਾਰਿਆ ਜਾਵੇ। ਬੰਦਾ ਸਿੰਘ ਦੀਆਂ ਇਹ ਜਿੱਤਾਂ ਤੇ ਉਹਦੀ ਇਹ ਹਿੰਮਤ ਪੰਜਾਬ ਵਿਚ ਫਿਰ ਹਿਲਜੁਲ ਮਚਾ ਰਹੀ ਹੈ।

ਬਟਾਲਾ ਤੇ ਕਲਾਨੌਰ ਮਾਰ ਕੇ ਬੰਦਾ ਬਹਾਦਰ ਨੇ ਫਿਰ ਜੰਮੂ ਦੇ ਨੇੜੇ ਕੈਂਪ ਕੀਤਾ। ਰੁਸਤਮਦਿਲ ਤੇ ਮੁਹੰਮਦ

Scanned by CamScanner

ਅਮੀਨ ਪਹਾੜਾਂ ਵਿਚ ਜਾਣ ਤੋਂ ਡਰਨ ਤੇ ਕੋਈ ਨਾ ਕੋਈ ਬਹਾਨੇ ਘੜ ਕੇ ਬਾਦਸ਼ਾਹ ਨੂੰ ਭੇਜਦੇ ਰਹਿਣ।

ਜਿਨ੍ਹਾਂ ਦਿਨਾਂ ਵਿਚ ਬਹਾਦਰ ਸ਼ਾਹ ਲਾਹੌਰ ਸੀ, ਉਹਨਾਂ ਦਿਨਾਂ ਵਿਚ ਬੰਦਾ ਸਿੰਘ ਬਹਾਦਰ ਨੇ ਪਹਾੜੀ ਰਸਤਿਉਂ ਗੁਜਰਾਤ ਉੱਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ ਤੇ ਉਸ ਸ਼ਾਹਬਾਜ਼ ਨਾਲ ਇਸ ਬਾਰੇ ਗੱਲ ਵੀ ਕੀਤੀ।

ਪਰ ਉਹਨਾਂ ਦਿਨਾਂ ਵਿਚ ਹੀ ਪ੍ਰੀਤਮ ਸਿੰਘ ਨੇ ਸ਼ੋਭੀ ਦਾ ਸੁਨੇਹਾ ਲਿਆ ਕੇ ਦਿਤਾ ਤੇ ਬੰਦਾ ਸਿੰਘ ਨੇ ਸ਼ਾਹਬਾਜ਼ ਨੂੰ ਘਰ ਮੁੜਨ ਲਈ ਮਜਬੂਰ ਕੀਤਾ।

"ਉਦੋਂ ਤੁਸੀਂ ਸਹਾਰਨਪੁਰ ਜਾ ਰਹੇ ਸੀ ਬਾਬਾ ਜੀ ਤੇ ਮੈਂ ਤੁਹਾਨੂੰ ਛਡ ਗਿਆ। ਹੁਣ ਤੁਸੀਂ ਗੁਜਰਾਤ ਵਲ ਜਾ ਰਹੇ ਹੋ ਤੇ ਮੈਨੂੰ ਫਿਰ ਪਿਛੇ ਛਡੀ ਜਾਂਦੇ ਹੋ!" ਬੰਦਾ ਮੁਸਕਰਾਇਆ ਪਰ ਇਕ ਹਸਰਤ ਭਰੀ ਮੁਸਕਰਾਹਟ।

"ਖ਼ਾਲਸਾ ਜੀ! ਮੈਂ ਗੁਜਰਾਤ ਉਹਨਾਂ ਹੀ ਆਸ਼ਾਵਾਂ ਨਾਲ ਨਹੀਂ ਜਾ ਰਿਹਾ ਜਿਨ੍ਹਾਂ ਨਾਲ ਸਹਾਰਨਪੁਰ ਗਿਆ ਸਾਂ। ਉਦੋਂ ਮੁਆਮਲੇ ਹੋਰ ਸਨ, ਦਾਈਏ ਹੋਰ ਸਨ। ਗੁਜਰਾਤ ਮੇਰਾ ਠਹਿਰਨ ਦਾ ਇਰਾਦਾ ਨਹੀਂ ਤੇ ਨਾ ਹੀ ਉਥੇ ਮੈਂ ਕੋਈ ਸਲਤਨੱਤ ਜਿੱਤਣ ਜਾ ਰਿਹਾ ਹਾਂ।"

ਸ਼ਾਹਬਾਜ਼ ਨੂੰ ਮਹਿਸੂਸ ਹੋਇਆ ਕਿ ਬੰਦਾ ਸਿੰਘ ਨੂੰ ਇਹ ਸ਼ਬਦ ਆਖਦਿਆਂ ਕਿਨਾਂ ਦੁਖ ਤੇ ਕਿੰਨੀ ਪੀੜ ਹੋਈ ਹੈ। ਹੁਣ ਤਕ ਸਹਾਰਨਪੁਰ ਤੇ ਜਲਾਲਾਬਾਦ ਜਾਣ ਬਾਰੇ ਸਾਰੇ ਸਰਦਾਰ ਬੰਦੇ ਦੇ ਦਿਲੀ ਇਰਾਦਿਆਂ ਤੋਂ ਜਾਣੂੰ ਹੋ ਚੁਕੇ ਸਨ। ਬੰਦੇ ਦੇ ਇਰਾਦਿਆਂ ਵਿਚ ਹੋਈ ਅਸਫਲਤਾ ਨੇ ਉਹਦੇ ਸਰਦਾਰਾਂ ਤੇ ਸ਼ਾਹਬਾਜ਼ ਵਰਗੇ ਮਨੁੱਖਾਂ ਨੂੰ ਉਹਦਾ ਵਧੇਰੇ ਖੈਰ-ਖਾਹ ਤੇ ਪੈਰੋਕਾਰ ਬਣਾ ਦਿਤਾ ਸੀ। ਉਹਨਾਂ ਦਾ ਰਿਸ਼ਤਾ ਸਗੋਂ ਉਹਦੇ ਨਾਲ ਹੋਰ ਵੀ ਪੀਢਾ ਹੋ ਗਿਆ ਸੀ। ਉਹ ਬੰਦਾ ਬਹਾਦਰ ਦੀ ਪੀੜਾ ਦੀ ਥਾਹ ਪਾ ਸਕਦੇ ਸਨ, ਖ਼ਾਸ ਕਰ ਕੇ ਬੰਦਾ ਸਿੰਘ ਜਦੋਂ ਉਸ ਇਰਾਦੇ ਬਾਰੇ ਸਿਰਫ਼ ਉਪ੍ਰੋਕਤ ਤਰ੍ਹਾਂ ਦੇ ਇਸ਼ਾਰੇ ਹੀ ਕਰਦਾ ਤੇ ਕਦੀ ਖੋਲ੍ਹ ਕੇ ਆਪਣਾ ਦੁਖ ਪ੍ਰਗਟ ਨਾ ਕਰਦਾ।

ਸ਼ਾਹਬਾਜ਼ ਟੁਰ ਪਿਆ ਪਰ ਦੀਨੇ ਪਹੁੰਚ ਕੇ ਉਹ ਤੇ ਉਹਦੇ ਸਾਥੀ ਰੁਕ ਗਏ। ਦੀਨੇ ਤੋਂ ਅਗੇ ਸਫ਼ਰ ਸਿਰਫ਼ ਰਾਤ ਦੇ ਵੇਲੇ ਹੀ ਕੀਤਾ ਜਾ ਸਕਦਾ ਸੀ। ਦਿਨੇ ਸਫ਼ਰ ਕਰਨਾ ਮੌਤ ਨੂੰ ਖ਼ਰੀਦਣਾ ਸੀ। ਦੀਨੇ ਤੋਂ ਅਗੇ ਸ਼ਾਹੀ ਸੈਨਾ ਖਿਲਰੀ ਹੋਈ ਸੀ ਤੇ ਸ਼ਾਹੀ ਸੈਨਾ ਤੋਂ ਅਗੇ ਵੀ ਇਕ ਤਰ੍ਹਾਂ ਨਾਲ ਦੁਸ਼ਮਨ ਦਾ ਇਲਾਕਾ ਹੀ ਸੀ।

ਹਾਂ, ਸਮੇਂ ਬਦਲ ਚੁਕੇ ਸਨ। ਹੁਣ ਖ਼ਾਲਸਾਈ ਰਾਜ ਖਤਮ ਹੋ ਚੁਕਾ ਸੀ ਤੇ ਮੁਗ਼ਲਈ ਰਾਜ ਦੀ ਨਵੇਂ ਸਿਰਿਉਂ ਸਥਾਪਨਾ ਹੋਈ ਸੀ।

੨੨

ਦੀਨਾ ਨਗਰ ਤੋਂ ਸ਼ਾਹਬਾਜ਼ ਤੇ ਉਹਦੇ ਸਾਥੀ ਰਾਵੀ ਦੇ ਕੰਢੇ ਕੰਢੇ ਹੋ ਪਏ। ਗੁਰਦਾਸਪੁਰ ਦੇ ਰਸਤਿਉਂ ਜਾਣਾ ਵਧੇਰੇ ਖਤਰਨਾਕ ਜਾਪਦਾ ਸੀ। ਇਕ ਰਾਤ ਉਹਨਾਂ ਡੇਰੂ ਬਾਬਾ ਨਾਨਕ ਕੋਲ ਕੱਟੀ ਤੇ ਇਕ ਪਿੰਡ ਝੰਡਿਆਂ ਦੇ ਨੇੜੇ। ਸਾਰੇ ਆਦਮੀਆਂ ਕੋਲ ਆਪੋ ਆਪਣਾ ਘੋੜਾ ਸੀ ਸੋ ਰਾਹ ਜਲਦੀ ਕਟਿਆ ਜਾਣਾ ਸੀ। ਰਾਤਾਂ ਵੀ ਹਨੇਰੀਆਂ ਸਨ ਸੋ ਮੁਸਲਮਾਨ ਸੈਨਕਾਂ ਦਾ ਕਿਤੇ ਮਿਲਣ ਦਾ ਬਹੁਤਾ ਡਰ ਨਹੀਂ ਸੀ। ਹੁਣ ਤਕ ਸ਼ਾਹਬਾਜ਼ ਤੇ ਹੋਰਨਾਂ ਸਵਾਰਾਂ ਨੂੰ ਰਾਤੀਂ ਸਫ਼ਰ ਤੇ ਕੰਮ ਆਦਿ ਕਰਨ ਦੀ ਚੰਗੀ ਮਹਾਰਤ ਹੋ ਚੁਕੀ ਸੀ।

ਆਖਰੀ ਰਾਤ ਦਾ ਸਫ਼ਰ ਲਗ ਪਗ ਵੀਹ ਕੁ ਕੋਹਾਂ ਦਾ ਸੀ। ਐਨਾ ਲੰਮਾ ਸਫ਼ਰ ਇਕੋ ਰਾਤ ਵਿਚ ਕਟਣਾ ਮੁਸ਼ਕਲ ਸੀ ਪਰ ਘਰ ਦੇ ਨੇੜੇ ਪਹੁੰਚਣ ਦੀ ਖਿੱਚ ਨੇ ਟੁੰਬਿਆ ਤੇ ਉਹਨਾਂ ਇਰਾਦਾ ਕੀਤਾ ਕਿ ਉਹ ਉਸੇ ਰਾਤ ਆਪਣੇ ਆਪਣੇ ਪਿੰਡ ਪਹੁੰਚਣ ਦੀ ਕੋਸ਼ਿਸ਼ ਕਰਨਗੇ। ਉਪ੍ਰੰਤ ਏਸ ਰਸਤੇ ਵਿਚ ਦਿਨ ਗੁਜ਼ਾਰਨ ਵਾਸਤੇ ਕੋਈ ਚੰਗਾ ਛੰਭ ਜਾਂ ਬਣ ਵੀ ਤਾਂ ਨੰਹੀਂ ਸੀ।

Scanned by CamScanner

ਪਰ ਉਹਨਾਂ ਦੀ ਬਦਕਿਸਮਤੀ ! ਚੜ੍ਹਦੇ ਸੂਰਜ ਦੀ ਲਲਿਆਈ ਨੇ ਪੂਰਬ ਨੂੰ ਨੂਰੋ ਨੂਰ ਕਰ ਦਿਤਾ ਤੇ ਉਹ ਅਜੇ ਵੀ ਮਾਹਿਲ ਤੋਂ ਅੱਠ ਮੀਲ ਦੂਰ ਸਨ । ਸ਼ਾਹਬਾਜ਼ ਦੇ ਸਾਥੀਆਂ ਦੇ ਪਿੰਡ ਮਾਹਿਲ ਤੋਂ ਵੀ ਅਗੇਰੇ ਸਨ । ਦੂਜੀ ਬਦਕਿਸਮਤੀ ਇਹ ਕਿ ਦਿਨ ਉਹਨਾਂ ਨੂੰ ਜਰਨੈਲੀ ਸੜਕ ਦੇ ਬਿਲਕੁਲ ਨੇੜੇ ਚੜ੍ਹਿਆ । ਸੜਕ ਦੇ ਦੋਹੀਂ ਪਾਸੀਂ ਥਾਂ ਆਬਾਦ ਸੀ ਤੇ ਲੁਕਣ ਛਿਪਣ ਵਾਸਤੇ ਛੰਭ ਬੜੇ ਥੋੜੇ ਸਨ । ਤੀਜਾ ਇਹੋ ਹੀ ਇਲਾਕਾ ਸੀ ਜਿਥੇ ਅਜ ਕਲ ਮੁਗ਼ਲ ਸੈਨਾਂ ਦਾ ਕਾਫ਼ੀ ਜ਼ੋਰ ਸੀ । ਬਾਦਸ਼ਾਹ ਲਾਹੌਰ ਬੈਠਾ ਸੀ ਤੇ ਲਾਹੌਰ ਮਾਹਿਲ ਤੋਂ ਸਿਧਾ ਮਸੇਂ ਵੀਹ ਮੀਲ ਸੀ । ਜੇ ਆਦਮੀ ਜਰਨੈਲੀ ਸੜਕ ਵਾਲੇ ਪਾਸਿਉਂ ਜਾਏ ਤਾਂ ਵਧ ਤੋਂ ਵਧ ਪੰਝੀ ਮੀਲ ਬਣਦਾ ਹੋਵੇਗਾ । ਬਾਦਸ਼ਾਹ ਨੂੰ ਖੁਸ਼ ਕਰਨ ਵਾਸਤੇ ਸੈਨਕ ਸਿਪਾਹੀ ਤੇ ਆਮ ਮੁਸਲਮਾਨ ਜਿੰਨੇ ਵੀ ਹਿੰਦੂ ਸਿਖ ਮਿਲ ਸਕਣ, ਫੜ ਕੇ ਸੂਬਾ ਲਾਹੌਰ ਸਾਹਮਣੇ ਪੇਸ਼ ਕਰ ਰਹੇ ਸਨ ਤੇ ਇਨਾਮ ਪਾ ਰਹੇ ਸਨ । ਮੁਗ਼ਲਈ ਰਾਜ ਦੀਆਂ ਫ਼ੌਜਾਂ ਦੇ ਨਿਕੇ ਵਡੇ ਦਸਤੇ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਕਾਰ ਤੇ ਸਰਮੋਰ, ਮਾਹਿਲ, ਰੰਗਪੁਰ, ਗੜ੍ਹੀ ਚੰਦ ਦੇ ਆਲੇ-ਦੁਆਲੇ ਗਸ਼ਤ ਕਰਦੇ ਰਹਿੰਦੇ । ਜਿਥੇ ਸਿਖ ਮਿਲਦਾ ਜਾਣ ਨਾ ਦੇਂਦੇ ।

ਲੋ ਹੁੰਦਿਆਂ ਸਾਰ ਸ਼ਾਹਬਾਜ਼ ਤੇ ਉਹਦੇ ਸਾਥੀ ਦਿਨ ਗੁਜ਼ਾਰਨ ਵਾਸਤੇ ਕੋਈ ਥਾਂ ਢੂੰਡਣ ਲਗੇ । ਬੇਸ਼ਕ ਇਹ ਇਲਾਕਾ ਉਹਨਾਂ ਦਾ ਚੰਗੀ ਤਰ੍ਹਾਂ ਵੇਖਿਆ ਹੋਇਆ ਸੀ ਪਰ ਫਿਰ ਵੀ ਉਹਨਾਂ ਨੂੰ ਕੋਈ ਢੁਕਵੀਂ ਥਾਂ ਜੱਚੀ ਨਾ ।

ਅੰਤ ਪੰਜ ਛੇ ਸੌ ਗਜ਼ ਦੂਰ ਉਹਨਾਂ ਨੂੰ ਇਕ ਬਿਛਾਂ ਦਾ ਝੁੰਡ ਨਜ਼ਰੀਂ ਪਿਆ । ਉਹ ਪੱਲੇ ਕਦਮੀਂ ਉਧਰ ਹੀ ਟੁਰ ਪਏ । ਉਹਨਾਂ ਨੂੰ ਡਰ ਸੀ ਕਿ ਦੌੜਨ ਨਾਲ ਖ਼ਾਹ ਮਖ਼ਾਹ ਕਿਸੇ ਨਾ ਕਿਸੇ ਦਾ ਧਿਆਨ ਉਹਨਾਂ ਵਲ ਖਿਚਿਆ ਜਾਏਗਾ ।

ਪਰ ਉਹਨਾਂ ਦਾ ਪੱਲੇ ਕਦਮੀਂ ਜਾਣਾ ਬੇਮੌਨੀ ਸੀ । ਇਕ ਮੁਗ਼ਲਈ ਫ਼ੌਜ ਦੇ ਦਸਤੇ ਦਾ ਧਿਆਨ ਉਹਨਾਂ ਵਲ ਖਿਚਿਆ ਗਿਆ ਸੀ । ਇਹ ਦਸਤਾ ਵੀ ਘੋੜਿਆਂ ਉਪਰ ਸੀ ਤੇ ਉਹਨਾਂ ਨੇ ਇਹਨਾਂ ਪੰਜਾਂ ਸਿਖਾਂ ਨੂੰ ਆਰਾਮ ਨਾਲ ਦਰਖਤਾਂ ਦੇ ਝੁੰਡ ਵਿਚ ਜਾਣ ਦਿਤਾ ।

ਜਦੋਂ ਸ਼ਾਹਬਾਜ਼ ਤੇ ਉਹਦੇ ਸਾਥੀ ਇਸ ਝੁੰਡ ਵਿਚ ਪਹੁੰਚੇ ਤਾਂ ਉਹਨਾਂ ਨੇ ਵੇਖਿਆ ਕਿ ਇਹ ਕੋਈ ਬਹੁਤਾ ਵੱਡਾ ਛੰਭ ਨਹੀਂ, ਮਸੇਂ ਦੋ ਕੁ ਸੌ ਗਜ਼ ਲੰਮਾ ਤੇ ਸਵਾ ਸੌ ਗਜ਼ ਚੌੜਾ । ਸਭ ਪਾਸੇ ਘੁੰਮਣ ਫਿਰਨ ਤੋਂ ਉਹਨਾਂ ਨੂੰ ਪਤਾ ਲਗਾ ਕਿ ਇਕ ਮੀਲ ਦੀ ਦੂਰੀ ਉਪਰ ਕਾਫ਼ੀ ਸੰਘਣਾ ਤੇ ਕਾਫ਼ੀ ਡੂੰਘਾ ਇਕ ਹੋਰ ਬਣ ਵੀ ਹੈ । ਇਹ ਬਣ ਸ਼ਾਹਬਾਜ਼ ਸਿੰਘ ਦਾ ਦੇਖਿਆ ਹੋਇਆ ਸੀ । ਪਰ ਐਸ ਵੇਲੇ ਉਥੇ ਜਾਣਾ ਉਹਨਾਂ ਨੂੰ ਮੁਸ਼ਕਲ ਲਗਿਆ । ਉਹਨਾਂ ਨੇ ਉਥੇ ਹੀ ਦਿਨ ਗੁਜ਼ਾਰਨ ਦਾ ਫ਼ੈਸਲਾ ਕੀਤਾ । ਉਹ ਘੋੜਿਆਂ ਤੋਂ ਉਤਰੇ, ਖੁਰਜੀਆਂ ਲਾਹੀਆਂ, ਤੇ ਭੁੱਜੇ ਹੋਏ ਛੋਲੇ ਕਢ ਕੇ ਖਾਧੇ । ਆਪਣੇ ਪੀਣ ਜੋਗਾ ਪਾਣੀ ਤਾਂ ਉਹਨਾਂ ਕੋਲ ਛੋਟੀਆਂ ਛੋਟੀਆਂ ਗਾਗਰਾਂ ਵਿਚ ਸੀ ਪਰ ਘੋੜਿਆਂ ਨੂੰ ਪਾਣੀ ਪਿਲਾਣ ਦੀ ਕਾਫ਼ੀ ਮੁਸ਼ਕਲ ਹੋਈ । ਉਸ ਛੰਭ ਦੇ ਵਿਚਕਾਰ ਜਿਹੜਾ ਨਿਕਾ ਜਿਹਾ ਤਲਾਅ ਸੀ ਉਹ ਸੁੱਕਾ ਪਿਆ ਸੀ । ਮਜਬੂਰਨ ਉਹ ਰਾਤ ਦੀ ਉਡੀਕ ਕਰਨ ਲਗੇ । ਆਪਣੀ ਸ਼ਬਦਾਵਲੀ ਵਿਚ ਉਹਨਾਂ ਨੇ ਘੋੜਿਆਂ ਕੋਲੋਂ ਖਿਮਾਂ ਮੰਗੀ ਜਿਹੜੀ ਕਿ ਉਹਨਾਂ ਦੇ ਘੋੜਿਆਂ ਨੇ ਬਿਨਾਂ ਸ਼ਕ ਸਮਝ ਲਈ। ਆਖ਼ਿਰ ਉਹ ਵੀ ਤਾਂ ਖਾਲਸੇ ਉਪਰ ਆਏ ਬੁਰੇ ਦਿਨਾਂ ਤੋਂ ਜਾਣੂੰ ਹੀ ਸਨ ।

ਇਹਨਾਂ ਕਾਰ ਵਿਹਾਰਾਂ ਤੋਂ ਵਿਹਲੇ ਹੋ ਕੇ ਉਹਨਾਂ ਆਰਾਮ ਕਰਨ ਦੀ ਵਿਉਂਤ ਬਣਾਈ । ਅਜੇ ਤਕ ਚਾਰ ਆਦਮੀਂ ਆਰਾਮ ਤੇ ਇਕ ਆਦਮੀ ਪਹਿਰਾ ਦੇਂਦਾ ਆਇਆ ਸੀ । ਪਰ ਅਜ ਮੁਆਮਲਾ ਜ਼ਰਾ ਖਤਰਨਾਕ ਹੋਣ ਕਰ ਕੇ, ਛੰਭ ਛੋਟਾ ਹੋਣ ਕਰ ਕੇ ਤੇ ਮੁਸਲਮਾਨੀ ਗਸ਼ਤੀ ਫ਼ੌਜ ਦੇ ਡਰ ਕਾਰਨ ਦੋ ਆਦਮੀਆਂ ਨੇ ਡੀਊਟੀ ਦੇਣ ਦਾ ਫ਼ੈਸਲਾ ਕੀਤਾ । ਏਨੇਂ ਚਿਰ ਵਿਚ ਸੂਰਜ ਵੀ ਕਾਫ਼ੀ ਚੜ੍ਹ ਆਇਆ ਤੇ ਗਰਮੀਆਂ ਦੀ ਰੁਤ ਕਰਕੇ ਛਾਂ ਦੀ ਲੋੜ ਮਹਿਸੂਸ ਹੋਣ ਲਗ ਪਈ ।

ਉਧਰ ਏਨੇਂ ਹੀ ਚਿਰ ਵਿਚ ਮੁਗ਼ਲਈ ਦਸਤਾ ਸਰਮੋਰ ਚੌਕੀ ਕੋਲੋਂ ਸਹਾਇਤਾ ਮੰਗ ਲਿਆਣ ਵਿਚ ਸਫਲ ਹੋ ਗਿਆ । ਲਗ ਪਗ ਪੰਜਾਹ ਆਦਮੀ ਇਕੱਠੇ ਕਰਕੇ ਇਕ ਤਾਜ਼ਾ ਦਮ ਉਸ ਛੰਭ ਦੇ ਲਾਗੇ ਪਹੁੰਚਿਆ । ਪੰਜਾਹ ਵਿਚੋਂ ਦਸ ਕੁ ਆਦਮੀਆਂ ਨੂੰ ਛੰਭ ਦਾ ਘੇਰਾ ਪਾਣ ਵਾਸਤੇ ਹੁਕਮ ਦਿਤਾ ਗਿਆ ਤੇ ਰਹਿੰਦੇ ਤੀਹ ਪੈਂਤੀ ਆਦਮੀ ਤਾਜ਼ਾ ਦਮ ਆਪਣੇ ਨਾਲ ਲੈ ਕੇ ਇਕ ਪਾਸਿਓਂ ਛੰਭ ਵਿਚ ਵੜ ਗਿਆ । ਛੰਭ ਸੰਘਣਾ ਨਹੀਂ ਸੀ ਤੇ ਏਸੇ ਲਈ ਘੋੜੇ ਚੰਗੀ ਤਰ੍ਹਾਂ ਟੁਰ ਫਿਰ ਸਕਦੇ ਸਨ । ਕਾਨ੍ਹ ਸਿੰਘ ਤੇ ਦਲੇਰ ਸਿੰਘ ਪਹਿਰੇ ਉਤੇ ਸਨ । ਪਹਿਲੇ ਉਹ ਦੋਵੇਂ ਵਖਰੇ ਵਖਰੇ ਚੱਕਰ ਲਾ ਰਹੇ ਸਨ ਕਿਉਂਕਿ ਆਪਣੀ ਆਪਣੀ ਡੀਊਟੀ ਦੇਣ ਵਾਸਤੇ ਉਹਨਾਂ ਨੇ ਛੰਭ ਨੂੰ ਦੋ ਹਿਸਿਆਂ ਵਿਚ ਵੰਡ ਲਿਆ ਸੀ ਪਰ ਜਦੋਂ ਉਹਨਾਂ ਨੇ ਕੁ

Scanned by CamScanner

ਮੁਸਲਮਾਨ ਸਵਾਰਾਂ ਨੂੰ ਛੰਭ ਦੇ ਆਲੇ-ਦੁਆਲੇ ਘੁੰਮਦਿਆਂ ਵੇਖਿਆ ਤਾਂ ਉਹ ਫੇਰਨ ਇਕ ਦੂਜੇ ਦੇ ਨੇੜੇ ਆਏ। ਗੱਲ-ਬਾਤ ਕਰ ਕੇ ਉਹਨਾਂ ਨੇ ਫੈਸਲਾ ਕੀਤਾ ਕਿ ਅਜੇ ਕੁਝ ਚਿਰ ਹੋਰ ਉਡੀਕ ਕਰਨੀ ਚਾਹੀਦੀ ਹੈ। ਸ਼ਾਇਦ ਇਹ ਆਦਮੀ ਸਿਰਫ ਆਮ ਗਸ਼ਤ ਹੀ ਕਰ ਰਹੇ ਹੋਣ।

ਪਰ ਜਲਦੀ ਹੀ ਉਹਨਾਂ ਨੇ ਵੇਖਿਆ ਕਿ ਉਹਨਾਂ ਦਾ ਛੰਭ ਮੁਗ਼ਲਈ ਸਿਪਾਹੀਆਂ ਨਾਲ ਘਿਰ ਗਿਆ ਹੈ। ਉਹਨਾਂ ਨੇ ਝਪਾ-ਝਪ ਸ਼ਾਹਬਾਜ਼ ਤੇ ਦੂਜੇ ਸਾਥੀਆਂ ਨੂੰ ਉਠਾਇਆ।

ਸ਼ਾਹਬਾਜ਼ ਨੇ ਉਠਦਿਆਂ ਸਾਰ ਹਾਲਾਤ ਦਾ ਜਾਇਜ਼ਾ ਲਿਆ। ਉਸ ਚਾਰ ਚੁਫੇਰੇ ਵੇਖਿਆ ਤੇ ਹੁਕਮ ਦਿਤਾ ਕਿ ਕਾਠੀਆਂ ਤੇ ਖੁਰਜੀਆਂ ਉਥੇ ਹੀ ਛਡ ਕੇ ਉਹ ਸਾਰੇ ਘੋੜਿਆਂ ਉਤੇ ਚੜ੍ਹ ਬਹਿਣ ਤੇ ਉਸ ਤੋਂ ਪਹਿਲੇ ਕਿ ਮੁਗ਼ਲਾਂ ਦਾ ਘਨੇਰਾ ਦਸਤਾ ਉਹਨਾਂ ਉਤੇ ਆ ਪਵੇ ਉਹ ਸਾਰੇ ਪੱਛਮ ਵਾਲੇ ਪਾਸੇ ਹਮਲਾ ਕਰ ਕੇ ਫ਼ਰਾਰ ਹੋਣ ਦੀ ਕਰਨ।

ਇਹਨਾਂ ਹਾਲਤਾਂ ਵਿਚ ਇਹ ਤਜਵੀਜ਼ ਸਹੀ ਤੇ ਅਨੁਕੂਲ ਸੀ। ਪਰ ਇਸ ਤਜਵੀਜ਼ ਦੀ ਪੂਰਤੀ ਨਾਲ ਉਹਨਾਂ ਦੀਆਂ ਖੁਰਜੀਆਂ ਵਿਚ ਸਭ ਮਾਲ ਮੱਤਾ ਉਸੇ ਤਰ੍ਹਾਂ ਹੀ ਧਰਿਆ ਰਹਿ ਜਾਂਦਾ ਸੀ। ਹਰ ਇਕ ਨੇ ਆਪਣੇ ਨਾਲ ਕੁਝ ਨਾ ਕੁਝ ਲਿਆਂਦਾ ਹੋਇਆ ਸੀ। ਆਖਿਰ ਉਹ ਲੜਾਈਆਂ ਲੜ ਕੇ ਤੇ ਜਫ਼ਰ ਜਾਲ ਕੇ ਇਕ ਲੰਮੀ ਮੁਦਤ ਪਿਛੋਂ ਘਰ ਜਾ ਰਹੇ ਸਨ। ਸ਼ਾਹਬਾਜ਼ ਨੇ ਵੀ ਆਪਣੇ ਨਾਲ ਬੜਾ ਕੁਝ ਲਿਆਂਦਾ ਸੀ। ਆਪਣੇ ਪਿਤਾ ਵਾਸਤੇ, ਆਪਣੀ ਭੈਣ ਤੇ ਭਰਾ ਵਾਸਤੇ, ਆਪਣੀ ਬੇਗ਼ੀ ਵਾਸਤੇ ਤੇ ਸਭ ਤੋਂ ਵਧ ਆਪਣੇ ਕਾਲੂ ਵਾਸਤੇ। ਹਾਂ, ਆਪਣੇ ਕਾਲੂ ਵਾਸਤੇ ਲਿਆਂਦੀ ਚੀਜ਼ ਉਹਨੇ ਸਭ ਤੋਂ ਵਧ ਰੀਝਾਂ ਨਾਲ ਬਣਾਈ ਸੀ।

ਇਹ ਚੀਜ਼ ਇਕ ਹਾਰ ਸੀ ਜਿਦੇ ਵਿਚ ਭਿੰਨ ਭਿੰਨ ਭਾਂਤ ਦੇ ਸਿੱਕੇ ਪਰੁੱਤੇ ਹੋਏ ਸਨ। ਵਿਚਕਾਰ ਮਾਲਸਈ ਸਿੱਕਾ ਸੀ ਤੇ ਦੋਹੀਂ ਪਾਸੀਂ ਕੀਮਤੀ ਮੁਗ਼ਲੀਹਾ ਸਿੱਕੇ ਜਿਹੜੇ ਉਹਨੇ ਲੋਹ ਗੜ੍ਹ ਤੋਂ ਆਪਣੇ ਨਾਲ ਲਿਆਂਦੇ ਸਨ। ਉਪੰਤ, ਇਹਨਾਂ ਵਿਚ ਬਾਈ ਧਾਰ ਦੇ ਰਾਜਿਆਂ ਦੇ ਵੀ ਭਿੰਨ ਭਿੰਨ ਸਿੱਕੇ ਪਰੁੱਤੇ ਹੋਏ ਸਨ। ਸ਼ਾਹਬਾਜ਼ ਦੇ ਖਿਆਲ ਵਿਚ ਕਾਲੂ ਵਾਸਤੇ ਇਹ ਸੁਗ਼ਾਤ ਸਚੀਂ ਮੁਚੀਂ ਹੀ ਸੋਹਣੀ ਤੇ ਪਿਆਰੀ ਸੁਗ਼ਾਤ ਸੀ।

ਜਿਸ ਵੇਲੇ ਸ਼ਾਹਬਾਜ਼ ਨੇ ਆਪਣੇ ਸਾਥੀਆਂ ਨੂੰ ਕਾਠੀਆਂ ਤੇ ਖੁਰਜੀਆਂ ਛੱਡ ਕੇ ਨੱਠ ਉਠਣ ਦਾ ਹੁਕਮ ਦਿਤਾ ਤਾਂ ਉਸ ਵੇਲੇ ਉਹਨੇ ਇਕ ਸਿਪਾਹੀ ਜਾਂ ਇਕ ਸੈਨਾਪਤੀ ਵਾਂਗ ਇਹ ਹੁਕਮ ਦਿਤਾ ਸੀ ਉਸ ਵੇਲੇ ਉਹਦੇ ਮਨ ਵਿਚ ਕੋਈ ਹੋਰ ਖਿਆਲ ਨਹੀਂ ਸੀ ਆਇਆ, ਕੋਈ ਹੋਰ ਜਜ਼ਬਾ ਨਹੀਂ ਸੀ ਉਪਜਿਆ। ਪਰ ਇਹ ਹੁਕਮ ਦੇ ਚੁਕਣ ਪਿਛੋਂ ਉਹਦੇ ਅੰਦਰ ਇਕਾ-ਇਕ ਪਿਤਾ ਦਾ ਮੋਹ ਜਾਗਿਆ ਤੇ ਉਹਦਾ ਜੀ ਕੀਤਾ ਕਿ ਘਟੋ ਘਟ ਉਹ ਆਪਣੇ ਕਾਲੂ ਵਾਸਤੇ ਐਨੀਆਂ ਰੀਝਾਂ ਨਾਲ ਬਣਾਇਆ ਹਾਰ ਤਾਂ ਖੁਰਜੀ ਵਿਚੋਂ ਕਢ ਲਏ।

ਉਸ ਲਲਚਾਈਆਂ ਅੱਖਾਂ ਨਾਲ ਖੁਰਜੀ ਵਲ ਤਕਿਆ। ਪਰ ਸ਼ਾਹਬਾਜ਼ ਸਿਪਾਹੀ ਸੀ, ਇਕ ਸਰਦਾਰ ਜੇ ਲੋੜੇ ਕਿ ਉਹਦੇ ਮਾਤਹਿਤ ਉਹਦਾ ਹੁਕਮ ਮੰਨਣ ਤਾਂ ਉਹਨੂੰ ਆਪ ਨੂੰ ਉਹਨਾਂ ਤੋਂ ਪਹਿਲੇ ਉਸ ਹੁਕਮ ਦੀ ਸਪਿਰਟ ਦੀ ਪਾਲਣਾ ਕਰਨੀ ਚਾਹੀਦੀ ਹੈ। ਏਨੇ ਵਿਚ ਪੂਰਬ ਵਲੋਂ ਘੋੜਿਆਂ ਦੀਆਂ ਟਾਪਾਂ ਤੇ ਪਤਿੱਆਂ ਦੀ ਖੜਖੜਾਹਟ ਦੀ ਆਵਾਜ਼ ਆਈ। ਪੰਜੇ ਦੇ ਪੰਜੇ ਸਵਾਰ ਘੋੜਿਆਂ ਉਤੇ ਚੜ੍ਹ ਚੁਕੇ ਸਨ, ਪੱਛਮ ਵਲ ਦੌੜਨ ਦਾ ਖਿਆਲ ਵੀ ਠੀਕ ਨਿਕਲਿਆ ਤੇ ਉਹਨਾਂ ਨੇ ਘੋੜਿਆਂ ਨੂੰ ਅੱਡੀਆਂ ਮਾਰੀਆਂ।

ਛੰਭ ਦੇ ਕਿਨਾਰੇ ਉੱਤੇ ਪਹੁੰਚਦਿਆਂ ਉਹਨਾਂ ਨੇ ਵੇਖਿਆ ਕਿ ਛੰਭ ਦੇ ਦਵਾਲੇ ਨਿਯਤ ਕੀਤੇ ਹੋਏ ਸਾਰੇ ਸਿਪਾਹੀ ਇਕੱਠੇ ਹੋ ਗਏ ਹਨ ਤੇ ਪਿਛੋਂ ਵੀ ਕਾਫ਼ੀ ਆਦਮੀ ਉਹਨਾਂ ਦੇ ਨੇੜੇ ਪਹੁੰਚ ਗਏ ਹਨ। ਐਨੇਂ ਆਦਮੀਆਂ ਦੇ ਘੇਰੇ ਵਿਚੋਂ ਉਹਨਾਂ ਦਾ ਬਚ ਨਿਕਲਣਾ ਸੁਖਾਲੀ ਗਲ ਨਹੀਂ ਸੀ। ਸੋ ਸ਼ਾਹਬਾਜ਼ ਨੇ ਇਕ ਹੋਰ ਚਾਲ ਚੱਲੀ। ਉਸ ਦਲੇਰ ਸਿੰਘ ਤੇ ਚੰਦ ਸਿੰਘ ਨੂੰ ਹੁਕਮ ਦਿਤਾ ਕਿ ਉਹ ਉੱਤਰ ਵਲ ਦਾ ਰੁਖ ਕਰਨ ਤੇ ਉਸ ਕਿਹ, "ਅਸੀਂ ਸਾਰੀ ਰਾਤ ਮਾਹਿਲ ਦੇ ਦੱਖਣ ਪੱਛਮ ਵਿਚ ਸਥਿਤ ਕਾਨ੍ਹਾ ਛੰਭ ਅੰਦਰ ਬਿਤਾਵਾਂਗੇ। ਜਦੋਂ ਵੀ ਹੋ ਸਕੇ ਉਧਰ ਪਹੁੰਚਣ ਦੀ ਕੋਸ਼ਸ਼ ਕਰਨੀ। ਮੁਸਲਿਆਂ ਦੇ ਹੱਥ ਨਹੀਂ ਲਗਣਾ।"

ਦਲੇਰ ਸਿੰਘ ਤੇ ਚੰਦ ਸਿੰਘ ਦੇ ਉੱਤਰ ਵਲ ਜਾਣ ਨਾਲ ਏਨਾ ਫ਼ਾਇਦਾ ਹੋਇਆ ਕਿ ਮੁਸਲਮਾਨ ਦੁਚਿੱਤੀਆਂ ਵਿਚ ਪੈ ਗਏ। ਇਹੋ ਜਿਹੇ ਹਾਲਾਤਾਂ ਵਿਚ ਪੰਜਾਂ ਦਸਾਂ ਸਕਿੰਟਾਂ ਦਾ ਸਮਾਂ ਵੀ ਕਾਫ਼ੀ ਹੁੰਦਾ ਹੈ। ਇਹਨਾਂ ਸਕਿੰਟਾਂ ਵਿਚ ਚੰਗੇ

Scanned by CamScanner

ਘੋੜ ਅਸਵਾਰ ਕਿਥੇ ਦੇ ਕਿਥੇ ਨਿਕਲ ਜਾਂਦੇ ਹਨ।

ਦੌੜ ਮੌਲ ਜਾਣ ਪਿਛੋਂ ਸ਼ਾਹਬਾਜ਼ ਨੇ ਵੇਖਿਆ ਕਿ ਉਹਨਾਂ ਦੇ ਮਗਰ ਆਏ ਆਦਮੀ ਅੱਠਾਂ ਦਸਾਂ ਤੋਂ ਜ਼ਿਆਦਾ ਨਹੀਂ। ਸ਼ਾਹਬਾਜ਼ ਦੇ ਦਿਲ ਵਿਚ ਖਿਆਲ ਆਇਆ ਕਿ ਜਿਸ ਪਾਸੇ ਉਹਨਾਂ ਦਾ ਮੂੰਹ ਸੀ ਉਸ ਪਾਸੇ ਸਵਾਏ ਕਾਨ੍ਹਾ ਦੇ ਵਡੇ ਛੰਭ ਦੇ ਲੁਕਣ ਛਿਪਣ ਲਈ ਹੋਰ ਕੋਈ ਥਾਂ ਨਹੀਂ। ਤੇ ਸ਼ਾਹਬਾਜ਼ ਨਹੀਂ ਸੀ ਚਾਹੁੰਦਾ ਕਿ ਉਹ ਇਹਨਾਂ ਆਦਮੀਆਂ ਦੇ ਸਾਹਮਣੇ ਕਾਨ੍ਹਾ ਛੰਭ ਵਿਚ ਵੜਨ, ਇਸ ਤਰ੍ਹਾਂ ਸਾਰਾ ਮੁਆਮਲਾ ਵਿਗੜ ਜਾਏਗਾ। ਮੁਸਲਮਾਨ ਕਾਨ੍ਹਾ ਛੰਭ ਨੂੰ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਛਾਣਨ ਵਾਸਤੇ ਹਜ਼ਾਰ ਆਦਮੀ ਲੈ ਆਉਣਗੇ ਤੇ ਫਿਰ ਉਹਨਾਂ ਦਾ ਭਜਣਾ ਬਿਲਕੁਲ ਹੀ ਕਠਨ ਹੋਵੇਗਾ।

ਸੋ ਉਸ ਸੋਚਿਆ ਕਿ ਕਿਉਂ ਨਾ ਇਹਨਾਂ ਅੱਠਾਂ ਦਸਾਂ ਮੁਗ਼ਲਾਂ ਨਾਲ ਚਾਰ ਚਾਰ ਹੱਥ ਕਰ ਕੇ ਉਹਨਾਂ ਨੂੰ ਭਾਂਜ ਪਾ ਦਿਤੀ ਜਾਏ ਤੇ ਫਿਰ ਆਰਾਮ ਨਾਲ ਹਰ ਇਕ ਦੀ ਨਜ਼ਰ ਤੋਂ ਬਚ ਕੇ ਕਾਨ੍ਹਾ ਛੰਭ ਵਿਚ ਜਾਇਆ ਜਾਏ।

ਉਹ ਤੇ ਉਹਦੇ ਦੋ ਸਾਥੀ ਏਸੇ ਲਈ ਕੁਝ ਬ੍ਰਿਛਾਂ ਦੀ ਆੜ ਵਿਚ ਖਲੋ ਗਏ। ਮੁਗ਼ਲ ਸਵਾਰ ਨੇੜੇ ਆਏ ਤੇ ਇਹਨਾਂ ਤਿੰਨਾਂ ਯੋਧਿਆਂ ਨੇ ਉਹਨਾਂ ਉੱਤੇ ਪਹਿਲੇ ਵਾਰ ਕੀਤਾ। ਤਿੰਨਾਂ ਨੂੰ ਥਾਂ ਧਰਿਆ। ਫਿਰ ਕੰਮ ਸੌਖਾ ਹੋ ਗਿਆ। ਤਿੰਨ ਸਿਖ ਤੇ ਛੇ ਦੁਸ਼ਮਣ ਮੁਕਾਬਲਾ ਔਖਾ ਨਹੀਂ ਕਿਹਾ ਜਾ ਸਕਦਾ।

ਤੇਜ਼ੀ ਨਾਲ ਸ਼ਾਹਬਾਜ਼ ਨੇ ਇਕ ਹੋਰ ਮੁਗ਼ਲ ਉੱਤੇ ਵਾਰ ਕੀਤਾ ਤੇ ਉਹਦਾ ਮੋਢਾ ਵਢਿਆ ਗਿਆ। ਕਾਨ੍ਹ ਸਿੰਘ ਤੇ ਬਨਤਾ ਸਿੰਘ ਵੀ ਵਾਰ ਕਰ ਰਹੇ ਸਨ ਕਿ ਇਕਾ-ਇਕ ਮੁਗ਼ਲਾਂ ਵਿਚੋਂ ਇਕ ਸਿਪਾਹੀ ਹੈਰਾਨੀ ਜਨਕ ਲਹਿਜੇ ਵਿਚ ਬੋਲਿਆ

"ਸ਼ਾਹਬਾਜ਼ ਸਿੰਘ !" ਸ਼ਾਹਬਾਜ਼ ਸਿੰਘ ਨੇ ਉਧਰ ਨਜ਼ਰ ਮਾਰੀ।

ਹੈਂ ! ਇਮਾਮ ਦੀਨ...।" ਇਮਾਮ ਦੀਨ ਇਹ ਗੱਲ ਬਾਤ ਹੁੰਦੇ ਸਾਰ ਹੀ ਪਿਛਲੇ ਪੈਰੀਂ ਦੌੜ ਪਿਆ ਤੇ ਸ਼ਾਹਬਾਜ਼ ਸਿੰਘ ਅਚੰਭਿਤ ਹੋ ਕੇ ਨੱਸੇ ਜਾਂਦੇ ਇਮਾਮ ਦੀਨ ਨੂੰ ਵੇਖਣ ਲਗਾ।

ਏਨੇ ਵਿਚ ਕਾਨ੍ਹ ਸਿੰਘ ਨੇ ਇਕ ਹੋਰ ਮੁਗ਼ਲ ਥਾਂ ਲਿਆ। ਸੋ ਬਾਕੀ ਦੇ ਤਿੱਨੇ ਆਦਮੀ ਆਪਣੇ ਆਪ ਨੂੰ ਇਕੱਲੇ ਰਹਿੰਦੇ ਵੇਖ ਕੇ ਤੇ ਇਮਾਮ ਦੀਨ ਨੂੰ ਦੌੜੇ ਜਾਂਦੇ ਵੇਖ ਕੇ ਉਹਦੇ ਪਿਛੇ ਹੀ ਭੱਜ ਨਿਕਲੇ।

ਕਾਨ੍ਹ ਸਿੰਘ ਤੇ ਬਨਤਾ ਸਿੰਘ, ਸ਼ਾਹਬਾਜ ਦੇ ਹੁਕਮ ਅਨੁਸਾਰ, ਚਾਰ ਪੰਜ ਸੌ ਗਜ਼ ਤਕ ਉਹਨਾਂ ਦੇ ਪਿਛੇ ਦੌੜੇ, ਚੰਗੀ ਤਰ੍ਹਾਂ ਡਰਾ ਕੇ ਤੇ ਕਾਫ਼ੀ ਦੂਰ ਚਿਕ ਕੇ ਉਹ ਸ਼ਾਹਬਾਜ਼ ਨੂੰ ਆ ਮਿਲੇ ਜਿਸ ਤੋਂ ਪਿਛੋਂ ਉਹ ਸਾਰੇ ਕਾਨ੍ਹਾ ਛੰਭ ਵਲ ਟੁਰ ਪਏ। "ਉਹ ਕੌਣ ਸੀ ਸ਼ਾਹਬਾਜ ਸਿੰਘ ?" ਕਾਨ੍ਹ ਸਿੰਘ ਨੇ ਪੁਛਿਆ।

"ਇਹ ਇਮਾਮ ਦੀਨ ਸੀ। ਇਹ ਉਹਨਾਂ ਮਿਸਤਰੀਆਂ ਵਿਚੋਂ ਇਕ ਸੀ ਜਿਹੜੇ ਬਾਬਾ ਜੀ ਸਰਹਿੰਦੋਂ ਫੜ ਕੇ ਲੋਹ ਗੜ੍ਹ ਆਪਣੇ ਨਾਲ ਲੈ ਆਏ ਸਨ। ਇਹਦੇ ਜ਼ੁੱਮੇ ਤੋਪਾਂ ਦੀ ਮੁਰੰਮਤ ਦਾ ਕੰਮ ਸੀ। ਮੌਕਾ ਪਾ ਕੇ ਇਕ ਦਿਨ ਇਹ ਨੱਸ ਗਿਆ। ਮੈਨੂੰ ਯਾਦ ਹੈ ਬਾਬਾ ਜੀ ਨੇ ਬੜਾ ਗ਼ੁੱਸਾ ਕੀਤਾ ਸੀ।"

Scanned by CamScanner



੨੩

ਕਾਨ੍ਹਾ ਛੰਭ ਇਕ ਤਰ੍ਹਾਂ ਦਾ ਜੰਗਲ ਸੀ। ਉਹਦੇ ਵਿਚ ਸੈ ਦੋ ਸੈ ਆਦਮੀ ਸਹਿਜੇ ਹੀ ਛੁਪ ਸਕਦੇ ਸਨ ਤੇ ਕਾਫੀ ਦਿਨਾਂ ਤਕ ਛੁਪੇ ਰਹਿ ਸਕਦੇ ਸਨ। ਹਜ਼ਾਰ ਦੋ ਹਜ਼ਾਰ ਤੋਂ ਘਟ ਗਿਣਤੀ ਵਾਲਾ ਦੁਸ਼ਮਣ ਦਿਮ ਜੰਗਲ ਵਿਚ ਸੋ ਆਦਮੀਆਂ ਨੂੰ ਲਭ ਨਹੀਂ ਸੀ ਸਕਦਾ।

ਮੁਸਲਮਾਨਾਂ ਨੂੰ ਸ਼ਕ ਤਾਂ ਪੈ ਗਿਆ ਕਿ ਸ਼ਾਹਬਾਜ਼ ਤੇ ਉਹਦੇ ਸਾਥੀ ਕਾਨ੍ਹਾ ਛੰਭ ਵਿਚ ਹੀ ਗਏ ਹੋਣਗੇ ਪਰ ਕਿਸੇ ਨੇ ਭਾਰੀ ਗਿਣਤੀ ਵਿਚ ਸੈਨਾਂ ਲਿਆ ਕੇ ਛੰਭ ਨੂੰ ਫਰੋਲਣਾ ਜ਼ਰੂਰੀ ਨਾ ਸਮਝਿਆ। ਸ਼ਿਕਾਰ ਐਨਾ ਕੀਮਤੀ ਨਹੀਂ ਸੀ। ਵਿਚੋਂ ਚਾਰ ਪੰਜ ਸਿਖ ਹੀ ਤਾਂ ਸਨ। ਜਿਥੇ ਸੋ ਪੰਜਾਹ ਰੋਜ਼ ਏਧਰੋਂ ਉਧਰੋਂ ਫੜ ਲਏ ਜਾਂਦੇ, ਓਥੇ ਚੌਹਾਂ ਪੰਜਾਂ ਸਿਰਾਂ ਦੀ ਕਿੰਨੀ ਕੁ ਕੀਮਤ ਮਿਥੀ ਜਾ ਸਕਦੀ ਸੀ।

ਪਰ ਸ਼ਾਹਬਾਜ਼ ਦੇ ਸਿਰ ਦੀ ਫਿਰ ਵੀ ਕੀਮਤ ਸੀ। ਇਮਾਮ ਦੀਨ ਤੇ ਹੋਰਨਾਂ ਦੀ ਜ਼ਬਾਨੀ ਹੁਣ ਤਕ ਸ਼ਾਹੀ ਜਰਨੈਲਾਂ ਨੂੰ ਪਤਾ ਲਗ ਚੁਕਾ ਸੀ ਕਿ ਸ਼ਾਹਬਾਜ਼ ਚਪੜਚੇੜੀ ਤੇ ਫਿਰ ਲੋਹ ਗੜ੍ਹ ਦੀ ਲੜਾਈ ਵਿਚ ਬੰਦਾ ਸਿੰਘ ਬਹਾਦਰ ਦਾ ਸੱਜਾ ਹੱਥ ਰਿਹਾ ਹੈ। ਉਹ ਜਾਣਦੇ ਸਨ ਕਿ ਚਪੜਚੇੜੀ ਦੀ ਰਣ-ਭੂਮੀ ਵਿਚ ਸ਼ਾਹਬਾਜ਼ ਹੀ ਖਾਲਸੇ ਦੇ ਤੋਪਖ਼ਾਨੇ ਦਾ ਸਰਦਾਰ ਸੀ, ਫਿਰ ਹੁਣ ਤਕ ਉਹ ਇਹ ਵੀ ਜਾਣ ਗਏ ਸਨ ਕਿ ਇਕ ਨਿੱਕੇ ਜਿਹੇ ਜੱਥੇ ਨਾਲ ਮੁਸਲਮਾਨਾਂ ਦਾ ਸਖਤ ਘੇਰਾ ਚੀਰ ਕੇ ਲੋਹ ਗੜ੍ਹ ਦੇ ਕਿਲ੍ਹੇ ਵਿਚ ਦਾਖ਼ਿਲ ਹੋਣ ਵਾਲਾ ਸਰਦਾਰ ਵੀ ਸ਼ਾਹਬਾਜ਼ ਸਿੰਘ ਹੀ ਸੀ। ਏਥੋਂ ਤਕ ਕਿ ਬਹਾਦਰ ਸ਼ਾਹ ਨੇ ਆਪ ਸ਼ਾਹਬਾਜ਼ ਸਿੰਘ ਦਾ ਨਾਂ ਸੁਣ ਰਖਿਆ ਸੀ।

ਇਮਾਮ ਦੀਨ ਸਭ ਤੋਂ ਪਹਿਲੇ ਸਰਮੋਰ ਪਹੁੰਚਿਆ ਤੇ ਉਸ ਹੌਂਕਦਿਆਂ ਹੌਂਕਦਿਆਂ ਸਰਮੋਰ ਦੇ ਹਾਕਮ ਅਖ਼ਤਰ ਖ਼ਾਨ ਨੂੰ ਸ਼ਾਹਬਾਜ਼ ਸਿੰਘ ਬਾਰੇ ਖ਼ਬਰ ਸੁਣਾਈ। ਅਖ਼ਤਰ ਖ਼ਾਨ ਸ਼ਾਹਬਾਜ਼ ਨੂੰ ਨਹੀਂ ਸੀ ਜਾਣਦਾ। "ਹਜ਼ੂਰ! ਤੁਸੀਂ ਮੈਨੂੰ ਹੁਕਮ ਦਿਓ ਕਿ ਮੈਂ ਇਹ ਖ਼ਬਰ ਜਹਾਂ-ਪਨਾਹ ਕੋਲ ਲਾਹੌਰ ਲੈ ਕੇ ਜਾਵਾਂ, ਫਿਰ ਵੇਖਣਾ ਮੈਨੂੰ ਕਿਵੇਂ ਬਹੁਮੁੱਲੀਆਂ ਖਿੱਲਤਾਂ ਮਿਲਦੀਆਂ ਹਨ।" "ਪਰ ਇਹ ਸ਼ਾਹਬਾਜ਼ ਸਿੰਘ ਮਰਦੂਦ ਹੈ ਕੌਣ?" ਹਾਕਮ ਨੇ ਪੁਛਿਆ।

"ਮੈਂ ਤੁਹਾਨੂੰ ਕਿਵੇਂ ਦਸਾਂ ਹਜ਼ੂਰ ਕਿ ਇਹ ਕੌਣ ਹੈ। ਇਹਦੇ ਬਾਰੇ ਤਾਂ ਸਾਰੀ ਦੁਨੀਆਂ ਨੂੰ ਪਤਾ ਹੈ। ਮੈਂ ਹੈਰਾਨ ਹਾਂ ਤੁਸੀਂ ਕਿਵੇਂ ਨਹੀਂ ਜਾਣਦੇ ਇਹਨੂੰ। ਇਹਨੇ ਚਪੜਚੇੜੀ ਵਿਚ ਮੁਗ਼ਲੀਹਾ ਸੈਨਾਂ ਨੂੰ ਵਖਤ ਪਾ ਦਿਤਾ ਸੀ। ਬਸ ਹਜ਼ੂਰ ਮੈਨੂੰ ਆਗਿਆ ਦਿਉ ਕਿ ਮੈਂ ਇਹ ਸੋ ਲਾਹੌਰ ਲੈ ਕੇ ਜਾਵਾਂ।"

ਪਰ ਅਖ਼ਤਰ ਖ਼ਾਨ ਅਸਲੋਂ ਬੇਵਕੂਫ ਹੁੰਦਾ ਜੇ ਉਹ ਇਮਾਮ ਦੀਨ ਨੂੰ ਲਾਹੌਰ ਸਿਰਫ ਇਹ ਸੋ ਲੈ ਕੇ ਜਾਣ ਦੀ ਇਜਾਜ਼ਤ ਦੇਂਦਾ। ਉਹਨੂੰ ਆਪਣੀ ਜਾਨ ਦੁਪਰਿਆਰੀ ਨਹੀਂ ਸੀ। ਜੇ ਇਹ ਖ਼ਬਰ ਸੂਬੇ ਕੋਲ ਜਾਂ ਬਾਦਸ਼ਾਹ ਕੋਲ ਪਹੁੰਚ ਜਾਂਦੀ ਤਾਂ ਉਹਨਾਂ ਨੇ ਅਖ਼ਤਰ ਖ਼ਾਨ ਨੂੰ ਸਣੇ ਇਮਾਮ ਦੀਨ ਦੇ ਮਰਵਾ ਦੇਣਾ ਸੀ। ਜੇ ਉਹਨਾਂ ਸ਼ਾਹਬਾਜ਼ ਨੂੰ ਵੇਖਿਆ ਤਾਂ ਉਹਨੂੰ ਮਾਰਿਆ ਕਿਉਂ ਨਾ, ਫੜਿਆ ਕਿਉਂ ਨਾ, ਉਹਨਾਂ ਕਹਿਣਾ ਸੀ।

ਅਖ਼ਤਰ ਖ਼ਾਨ ਨੂੰ ਸੋਚਦਿਆਂ ਵੇਖ ਕੇ ਇਮਾਮ ਦੀਨ ਕਾਹਲਾ ਪੈ ਰਿਹਾ ਸੀ: "ਹਜ਼ੂਰ! ਮੈਨੂੰ ਆਗਿਆ ਦਿਓ ਕਿ ਮੈਂ ਲਾਹੌਰ ਜਾਂਵਾਂ। ਤੁਸੀਂ ਜਿੰਨੀ ਫ਼ੌਜ ਲੈ ਜਾ ਸਕਦੇ ਹੋ ਲੈ ਜਾ ਕੇ ਸ਼ਾਹਬਾਜ਼ ਨੂੰ ਜ਼ਿੰਦਾ ਫੜਨ ਦੀ ਕੋਸ਼ਿਸ਼ ਕਰੋ। ਤੁਸੀਂ ਵੀ ਇਨਾਮ ਪਾਉ ਤੇ ਮੈਂ ਵੀ ਇਨਾਮ ਪਾਵਾਂ।"

ਏਨੇ ਵਿਚ ਬਾਕੀ ਦੇ ਤਿੰਨ ਸਿਪਾਹੀ ਵੀ ਪਹੁੰਚ ਗਏ ਅਖ਼ਤਰ ਖ਼ਾਨ ਨੇ ਉਹਨਾਂ ਕੋਲੋਂ ਸ਼ਾਹਬਾਜ਼ ਬਾਰੇ ਪੁਛਿਆ ਉਹਨਾਂ ਵਿਚੋਂ ਕੋਈ ਸ਼ਾਹਬਾਜ਼ ਦੇ ਨਾਂ ਤੋਂ ਜਾਣੂੰ ਨਹੀਂ ਸੀ। ਪਰ ਉਹਨਾਂ ਦਸਿਆ ਕਿ ਉਹਨਾਂ ਪੰਜਾਂ ਸਿਖਾਂ ਵਿਚੋਂ ਇਕ ਖ਼ੂਬਸੂਰਤ ਜਵਾਨ ਜ਼ਰੂਰ ਸੀ ਤੇ ਚਿਹਰੇ ਮੋਹਰੇ ਤੋਂ ਸੱਚੀਂ ਮੁਚੀਂ ਕੋਈ ਸਰਦਾਰ ਜਾਂ ਸੈਨਾਪਤੀ ਜਾਪਦਾ ਸੀ। ਇਸ ਵਿਚ

Scanned by CamScanner

ਉਹਨਾਂ ਨੂੰ ਕੋਈ ਸ਼ਕ ਨਹੀਂ ਸੀ। ਜਦੋਂ ਅਖ਼ਤਰ ਖ਼ਾਨ ਨੇ ਉਹਨਾ ਕੋਲੋਂ ਹੋਈ ਮੁੱਠ-ਭੇੜ ਦੀ ਪੂਰੀ ਵਾਰਤਾ ਸੁਣੀ ਤਾਂ ਉਸ ਇਮਾਮ ਦੀਨ ਦੀ ਕਾਇਰਤਾ ਵਾਸਤੇ ਉਹਨੂੰ ਕੈਦ ਕਰਵਾ ਦਿਤਾ। ਇਮਾਮ ਦੀਨ ਵਿਚਾਰਾ ਕਹਿੰਦਾ ਹੀ ਰਿਹਾ। "ਹਜ਼ੂਰ! ਮੈਂ ਹੀ ਨਹੀ, ਜੇ ਤੁਸੀਂ ਵੀ ਉਥੇ ਹੁੰਦੇ ਤਾਂ ਕਦੀ ਬਾਹਭਾਚ ਸਿੰਘ ਨਾਲ ਮੁਕਾਬਲਾ ਕਰਨ ਦੀ ਜੁਰਅਤ ਨਾ ਕਰਦੇ।'

ਅਖ਼ਤਰ ਖ਼ਾਨ ਨੇ ਹੋਰਨਾਂ ਕੋਲੋਂ ਬਾਹਬਾਚ ਬਾਰੇ ਜਾਣਨ ਦੀ ਇਛਿਆ ਪ੍ਰਗਟ ਕੀਤੀ ਤੇ ਉਹਨੂੰ ਜਲਦੀ ਹੀ ਪਤਾ ਲਗ ਗਿਆ ਕਿ ਬਾਹਬਾਚ ਸਿੰਘ ਬਾਰੇ ਜੋ ਕੁਝ ਇਮਾਮ ਦੀਨ ਨੇ ਕਿਹਾ ਹੈ ਉਹ ਸਹਿਜੇ ਹੀ ਠੀਕ ਸੀ।

ਹੁਣ ਉਹਦੇ ਦਿਲ ਵਿਚ ਵੀ ਬਾਹਬਾਚ ਨੂੰ ਫੜ ਕੇ ਸ਼ਾਹੀ ਦਰਬਾਰ ਵਿਚ ਪੇਸ਼ ਕਰਨ ਦਾ ਉਤਸ਼ਾਹ ਜਾਗਿਆ। ਕਾਨ੍ਹਾ ਛੰਭ ਨੂੰ ਘੇਰਾ ਪਾਉਣਾ ਉਹਦੇ ਵਾਸਤੇ ਮੁਮਕਿਨ ਨਹੀਂ ਸੀ, ਸੋ ਉਸਨੇ ਬਾਹਬਾਚ ਦੇ ਘਰ ਉੱਤੇ ਫੇਆਂ ਆਦਮੀਆਂ ਦੀ ਚੌਕੀ ਬਿਠਾ ਦਿਤੀ। ਉਹਦਾ ਖ਼ਿਆਲ ਸੀ ਕਿ ਕਦੀ ਨਾ ਕਦੀ ਤਾਂ ਬਾਹਬਾਚ ਘਰ ਆਵੇਗਾ ਹੀ। ਉਹ ਵੀ ਸਾਰੇ ਆਸ ਦੁਆਲੇ ਦੀਆਂ ਚੌਕੀਆਂ ਤੇ ਥਾਣਿਆਂ ਵਿਚ ਉਸ ਬਾਹਬਾਚ ਬਾਰੇ ਖਬਰਾਂ ਭੇਜ ਦਿਤੀਆਂ। ਸ਼ਾਹੀ ਦਰਬਾਰ ਨੂੰ ਸਿਰਫ ਉਸ ਏਨਾ ਹੀ ਅਖਵਾ ਭੇਜਿਆ ਕਿ ਬੰਦਾ ਸਿੰਘ ਦਾ ਇਕ ਮਸ਼ਹੂਰ ਸਾਥੀ ਬਾਹਬਾਚ ਸਿੰਘ ਸ:ਮੋਰ ਦੇ ਇਲਾਕੇ ਵਿਚ ਆਇਆ ਸੁਣਿਆ ਗਿਆ ਹੈ ਤੇ ਉਹਨੂੰ ਫੜਨ ਦੀ ਜਾਂ ਮਾਰਨ ਦੀ ਕੋਸ਼ਸ਼ ਕੀਤੀ ਜਾ ਰਹੀ ਹੈ। ਸਫਲ ਹੋਣ ਦੀ ਸੂਰਤ ਵਿਚ ਸ਼ਾਹੀ ਦਰਬਾਰ ਨੂੰ ਇਤਲਾਹ ਦਿਤੀ ਜਾਏਗੀ। ਪਰ ਏਨੀਂ ਕੁ ਸੂਚਨਾ ਦੇ ਉੱਤਰ ਵਿਚ ਵੀ ਜ਼ਰੂਰੀ ਹੁਕਮ ਲਾਹੌਰ ਤੋਂ ਪੁਜੇ ਤੇ ਅਖ਼ਤਰ ਖ਼ਾਨ ਨੂੰ ਤਾਕੀਦ ਕੀਤੀ ਗਈ ਕਿ ਬਾਹਬਾਚ ਨੂੰ ਹਰ ਹੀਲੇ ਜਲਦੀ ਤੋਂ ਜਲਦੀ ਚਿੰਦਾ ਫੜਿਆ ਜਾਏ। ਇਸ ਦੀ ਪੜਤਾ ਕਰਦਿਆਂ ਅਖ਼ਤਰ ਖ਼ਾਨ ਨੇ ਮਾਹਿਲ ਵਿਚ ਫੇਆਂ ਦੀ ਥਾਂ ਬਾਰ੍ਹਾਂ ਸਿਪਾਹੀ ਨਿਯਤ ਕਰ ਦਿਤੇ ਤੇ ਕਾਨ੍ਹਾ ਛੰਭ ਤੇ ਮਾਹਿਲ ਦੇ ਵਿਚਕਾਰ ਗਸ਼ਤੀ ਦਸਤੇ ਤੋਰ ਦਿਤੇ।

ਇਹਨਾਂ ਸਿਪਾਹੀਆਂ ਦੇ ਨਿਯਤ ਹੋਣ ਨਾਲ ਹੀ ਬਾਹਬਾਚ ਦੇ ਘਰ ਦਿਆਂ ਨੂੰ ਪਤਾ ਲਗਾ ਕਿ ਬਾਹਬਾਚ ਮਾਹਿਲ ਦੇ ਕਿਤੇ ਨੇੜੇ ਤੇੜੇ ਹੈ। ਸ਼ੋਭੀ ਵਿਚਾਰੀ ਨੂੰ ਏਸੇ ਗੱਲ ਦਾ ਡਰ ਸੀ। ਉਹਨੇ ਪ੍ਰੀਤਮ ਸਿੰਘ ਦੇ ਹਥ ਆਖ ਵੀ ਘਲਿਆ ਸੀ ਕਿ ਉਹ ਸੰਭਲ ਕੇ ਮਾਹਿਲ ਆਵੇ। ਮੁਸਲਮਾਨ ਬੜੇ ਲਾਖੇ ਹੋ ਰਹੇ ਹਨ।

ਜਿੰਨਾਂ ਚਾਅ ਤੇ ਖੁਸ਼ੀ ਸ਼ੋਭੀ ਨੂੰ ਬਾਹਬਾਚ ਦੇ ਘਰ ਆਉਣ ਦੀ ਹੋਣੀ ਸੀ ਇਹ ਖ਼ਬਰ ਸੁਣ ਕੇ ਉਹਨੂੰ ਓਨਾ ਹੀ ਗ਼ਮ ਤੇ ਚਿੰਤਾ ਹੋਈ। ਹੁਣ ਸਥਿਤੀ ਪਹਿਲੇ ਨਾਲੋਂ ਵੀ ਖ਼ਤਰਨਾਕ ਸੀ। ਬੰਦੇ ਸਿੰਘ ਦਾ ਸਾਥ ਸ਼ੋਭੀ ਵਾਸਤੇ ਸਦਾ ਇਕ ਵਿਸ਼ਵਾਸ-ਜਨਕ ਚੀਜ਼ ਸੀ। ਜਦੋਂ ਕਦੀ ਬਾਹਬਾਚ ਬੰਦਾ ਸਿੰਘ ਕੋਲ ਹੁੰਦਾ ਸ਼ੋਭੀ ਨੂੰ ਜ਼ਰਾ ਡਰ ਨਾ ਲਗਦਾ। ਪਰ ਹੁਣ ਬਾਹਬਾਚ ਬੰਦਾ ਸਿੰਘ ਕੋਲੋਂ ਆ ਗਿਆ ਪਰ ਸ਼ੋਭੀ ਕੋਲ ਨਾ ਪਹੁੰਚਿਆ। ਤੇ ਫਿਰ ਸਾਰੀ ਦੁਨੀਆਂ ਦੁਸ਼ਮਨ।

ਸ਼ੋਭੀ ਆਪਣੇ ਕਾਲੂ ਨੂੰ ਪਿਆਰ ਕਰਦੀ ਹੋਈ ਪੁਛਦੀ : "ਕਾਲੂਆ ਤੇਰਾ ਪਿਤਾ ਕਦੋਂ ਆਵੇਗਾ। ਮੈਂ ਜਾਣਦੀ ਹਾਂ ਉਹ ਤੈਨੂੰ ਵੇਖਣ ਵਾਸਤੇ ਹੀ ਬਾਬਾ ਬੰਦੇ ਨੂੰ ਛਡ ਕੇ ਆਇਆ ਹੈ। ਨਹੀਂ ਤਾਂ ਮੈਂ ਵਿਚਾਰੀ ਦਾ ਕੀ ਮੁੱਲ ਹੈ।

ਕਾਲੂ ਅਗੋਂ ਹੱਸ ਪੈਂਦਾ। ਕਦੀ ਉਹ ਆਪਣੇ ਨਿਕੇ ਨਿਕੇ ਕੋਮਲ ਹੱਥਾਂ ਨਾਲ ਮਾਂ ਦੀਆਂ ਗਲ੍ਹਾਂ ਅਤੇ ਬੁਲ੍ਹਾਂ ਨੂੰ ਖਿੱਚ ਆਪਣੇ ਮੂੰਹ ਵਿਚ ਪਾਣ ਦੀ ਕੋਸ਼ਸ਼ ਕਰਦਾ। ਕਦੀ ਉਹ ਐਡੇ ਜ਼ੋਰ ਨਾਲ ਮੱਡਰੁਦਾ ਕਿ ਸ਼ੋਭੀ ਕੋਲੋਂ ਸੰਭਾਲਣ ਨਾ ਹੁੰਦਾ ਤੇ ਉਹ ਆਖਦੀ; "ਵੇ ਕਾਲੂਆ! ਮੇਰੇ ਵਿਚ ਤਾਂ ਐਨੀਂ ਆਸੁਕਤਾ ਵੀ ਨਹੀਂ ਰਹਿ ਗਈ ਕਿ ਮੈਂ ਤੈਨੂੰ ਸੰਭਾਲ ਸਕਾਂ। ਤੂੰ ਨਹੀਂ ਜਾਣਦਾ ਪੁਤਰ ਕਿ ਝੱਲੇ ਇਨਸਾਨ ਵਿਚ ਕੁਝ ਨਹੀਂ ਫੜਦੇ।"

ਕਾਲੂ ਦੁਧ ਚੁਘਦਾ ਤੇ ਸ਼ੋਭੀ ਉਹਦੇ ਸਿਰ ਨੂੰ ਪਲੋਸਦੀ ਰਹਿੰਦੀ। ਕਾਲੂ ਦੀ ਨੁਹਾਰ ਸਾਹਬਾਚ ਨਾਲ ਐਨੀ ਮਿਲਦੀ ਸੀ, ਖਾਸ ਕਰ ਕੇ ਮੂੰਹ ਦਾ ਇਕਪਾਸਰੀ ਰੁਖ। ਦੁਧ ਪੀਂਦਾ ਉਹ ਉਹਨੂੰ ਬਾਹਬਾਚ ਦੀ ਤਸਵੀਰ ਹੀ ਲਗਦਾ। ਉਹਨੂੰ ਦੁਧ ਪਿਲਾਂਦਿਆਂ ਪਿਲਾਂਦਿਆਂ ਉਹ ਕਈ ਵਾਰੀ ਰੋ ਪੈਂਦੀ ਤੇ ਆਖਦੀ; "ਪਤਾ ਨਹੀਂ ਤੇਰੇ ਪਿਤਾ ਦਾ ਕੀ ਹਾਲ ਹੋਵੇਗਾ ਕਾਲੂ। ਉਹਨੂੰ ਕੁਝ ਖਾਣ ਨੂੰ ਵੀ ਮਿਲਦਾ ਹੈ ਕਿ ਨਹੀਂ। ਉਹ ਕਿਹੜੇ ਹਾਲੀਂ ਸੌਂਦਾ ਹੋਵੇਗਾ, ਕਿਸ ਤਰ੍ਹਾਂ ਤੇ ਕਿਥੇ ਰਹਿੰਦਾ ਹੋਵੇਗਾ, ਤੂੰ ਤੇ ਮੈਂ ਮੰਜੀਆਂ ਉਤੇ ਬਿਸਤਰੇ ਵਿਛਾ ਕੇ ਸੌਂਦੇ ਹਾਂ। ਪਰ ਸਚ ਪੁਤਰ ਹੁਣ ਮੇਰਾ ਮੰਜੀ ਉਤੇ ਸੌਣ ਨੂੰ ਰੂਹ ਨਹੀਂ ਕਰਦੀ ਮੰਜੀ ਮੈਨੂੰ ਸੂਲਾਂ ਨਾਲੋਂ ਵੀ ਵਧ ਚੁਭਦੀ ਹੈ। ਪਰ ਤੂੰ ਮੇਰੇ ਲਾਲ ਐਡਾ ਛੋਟਾ ਹੈਂ: ਐਨਾ ਨਾਜ਼ਕ; ਮੈਂ ਤੇਰੇ ਵਾਸਤੇ ਕੀ ਨਾ ਕਰਾਂ।" ਰਾਤ੍ਹਾਂ ਨੂੰ ਜਦੋਂ ਕਾਲੂ ਸੌਂ ਜਾਂਦਾ ਤਾਂ ਸ਼ੋਭੀ ਜਾਗਦੀ ਰਹਿੰਦੀ। ਇਥੋਂ ਤਕ ਕਿ ਸਾਰਾ ਮਾਹਿਲ, ਸਾਰੀ ਪੱਤੀ, ਸਾਰਾ ਪੰਜਾਬ ਤੇ ਸ਼ਾਇਦ ਦੁਨੀਆਂ ਸੌਂ ਜਾਂਦੀ ਤੇ ਸ਼ੋਭੀ ਜਾਗਦੀ ਰਹਿੰਦੀ। ਬਾਹਬਾਚ ਨੂੰ ਯਾਦ ਕਰਦੀ ਜਦੋਂ ਉਹ ਅੱਤੀ ਬਿਹਬ

Scanned by CamScanner

ਹੋ ਜਾਂਦੀ ਤਾਂ ਉਹ ਸੁੱਤੇ ਪਏ ਕਾਲੂ ਨੂੰ ਘੁੱਟ ਲੈਂਦੀ। "ਪਤਾ ਨਹੀਂ ਸਾਨੂੰ ਕਿੰਨੇ ਦਿਨ ਹੋਰ ਉਡੀਕਣਾ ਪਏਗਾ, ਕਾਲੂ। ਇਹਨਾਂ ਜ਼ਾਲਮਾਂ ਦੇ ਦਿਲਾਂ ਵਿਚ ਕੋਈ ਰਹਿਮ ਨਹੀਂ। ਇਹਨਾਂ ਤੱਤਿਆਂ ਨੂੰ ਪਤਾ ਨਹੀਂ ਕਿ ਤੇਰੀ ਮਾਂ ਦੀ ਕੀ ਹਾਲਤ ਹੈ ਕਾਲੂਆ! ਹਾਏ ਵੇ ਮੈਂ ਮਤ ਜਾ! ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਮੈਂ ਗ਼ਰੀਬਣੀ ਦੀ ਕਿਉਂ ਨਹੀਂ ਸੁਣਦੇ। ਉਹਨਾਂ ਦੇ ਘਰ ਕਿਸ ਚੀਜ਼ ਦੀ ਤੋਟ ਹੈ? ਮੈਂ ਤਾਂ ਸੁਣਿਆ ਹੈ ਕਿ ਕੋਈ ਲੋੜਵੰਦ ਗੁਰੂ ਬਾਬੇ ਦੇ ਘਰੋਂ ਖਾਲੀ ਝੋਲੀ ਨਹੀਂ ਮੁਤਦਾ। ਪਰ ਮੇਰੀ ਝੋਲ ਕਦੋਂ ਭਰੇਗੀ। ਤੂੰ ਦਸ ਕਾਲੂ! ਤੂੰ ਕਿਉਂ ਨਹੀਂ ਬੋਲਦਾ। ਕਾਸ਼! ਤੂੰ ਵਡਾ ਹੁੰਦੋਂ। ਮੇਰੀਆਂ ਗੱਲਾਂ ਤੇ ਮੇਰੀਆਂ ਵਿਲਜ਼ਣੀਆਂ ਦਾ ਜੁਆਬ ਤਾਂ ਦੇਂਦੋਂ। ਮੈਨੂੰ ਤੇਰਾ ਕੁਝ ਆਸਰਾ ਤਾਂ ਹੁੰਦਾ।" ਤੇ ਸ਼ੋਭੀ ਬਿਹਬਲ ਹੋਈ ਕਾਲੂ ਨੂੰ ਹੋਰ ਵੀ ਜ਼ੋਰ ਨਾਲ ਘੁੱਟ ਲੈਂਦੀ।

ਕਾਲੂ ਝੁਭਿਕਦਾ ਤੇ ਕਦੀ ਕਦੀ ਰੋ ਪੈਂਦਾ, ਆਪੇ ਹੀ ਰੁਆ ਕੇ ਸ਼ੋਭੀ ਫਿਰ ਉਹਨੂੰ ਚੁਪ ਕਰਾਂਦੀ, "ਚੁਪ ਕਰ ਪੁਤਰ, ਚੁਪ ਕਰ। ਨਾ ਰੋ ਮੇਰੇ ਲਾਲ। ਤੂੰ ਰੋਂਨਾਂ ਹੈਂ ਤਾਂ ਮੇਰਾ ਕਲੇਜਾ ਫੜਜ਼ ਉਠਦਾ ਹੈ। ਜੇ ਮੈਂ ਤੈਨੂੰ ਵੀ ਹਸਦਿਆਂ ਨਾ ਰਖ ਸਕਾਂ ਤਾਂ ਮੇਰੀ ਦੇਹ ਕਿਸ ਕੰਮ। ਮੈਂ ਮਰ ਕਿਉਂ ਨਾ ਜਾਵਾਂ..." ਇਹੋ ਜਿਹੀਆਂ ਬੇਥਵੀਆਂ ਮਾਰਦੀ ਉਹ ਕਾਲੂ ਨੂੰ ਫਿਰ ਛਾਤੀ ਨਾਲ ਲਾ ਕੇ ਘੁਟਦੀ ਤੇ ਕਾਲੂ ਹੋਰ ਵੀ ਜ਼ੋਰ ਦੀ ਰੋ ਪੈਂਦਾ।

ਧਰਮ ਕੌਰ ਕਿਤੇ ਨੇੜਿਓਂ ਹੀ ਬੋਲਦੀ, "ਕੀ ਹੋ ਗਿਆ ਸੂ ਸ਼ੋਭੀਏ?" ਤੇ ਫਿਰ ਉਹ ਆਪਣੇ ਮੂੰਹ ਵਿਚ ਹੀ ਬੁੜਬੁੜਾਂਦੀ, "ਵਿਚਾਰੇ ਨੇ ਕੀ ਵੇਖਿਆ ਹੈ।"

ਕਾਲੂ ਨੂੰ ਰੋਂਦਿਆਂ ਸੁਣ ਕੇ ਬੁਢਾ ਮੱਲ ਖੰਘਦਾ ਖੰਘਦਾ ਆਪਣੀ ਮੰਜੀ ਤੋਂ ਉਠਦਾ ਤੇ ਡੰਗੋਰੀ ਦਾ ਸਹਾਰਾ ਲੈਂਦਿਆਂ ਸ਼ੋਭੀ ਕੋਲੋਂ ਉਹਨੂੰ ਲੈ ਕੇ ਚੁਪ ਕਰਾਣ ਦੀ ਕੋਸ਼ਿਸ਼ ਕਰਦਾ। ਵਿਚਾਰੀ ਸ਼ੋਭੀ! ਉਹ ਪਹਿਲੇ ਨਾਲੋਂ ਵੀ ਨਿਮੋਝੂਣੀ ਹੋ ਜਾਂਦੀ। ਦਰਅੱਸਲ ਸਾਰੇ ਘਰ ਦੀ ਹੁਣ ਕੋਈ ਹਾਲਤ ਹੀ ਨਹੀਂ ਸੀ।

ਬੁੱਢਾ ਮੱਲ ਪਿਛਲੇ ਦੋ ਮਹੀਨਿਆਂ ਤੋਂ ਬਿਮਾਰ ਸੀ। ਉਸ ਆਪਣੀ ਸਾਰੀ ਉਮਰ ਵਿਚ ਅਜੇ ਤਕ ਡੰਗੋਰੀ ਦਾ ਸਹਾਰਾ ਨਹੀਂ ਸੀ ਲਿਆ ਤੇ ਫ਼ਖ਼ਰ ਨਾਲ਼ ਕਿਹਾ ਕਰਦਾ ਸੀ, "ਰੱਬ ਮੈਨੂੰ ਨੈਣਾਂ-ਪ੍ਰਾਣਾਂ ਨਾਲ ਸਿਵਿਆਂ ਵਿਚ ਭੇਜੇ। ਮੈਨੂੰ ਕਦੀ ਡੰਗੋਰੀ ਦਾ ਸਹਾਰਾ ਨਾ ਲੈਣਾ ਪਵੇ।"

ਉਹਦੇ ਕਈ ਹਮ-ਉਮਰ ਹੁਣ ਤਕ ਡੰਗੋਰੀ ਤੋਂ ਬਗ਼ੈਰ ਹਿਲ ਨਹੀਂ ਸਨ ਸਕਦੇ। ਜਦੋਂ ਦੋ ਮਹੀਨੇ ਪਹਿਲੇ ਉਹ ਬਿਮਾਰ ਹੋਇਆ ਤੇ ਉਹਨੂੰ ਡੰਗੋਰੀ ਲੈਣੀ ਪਈ ਤਾਂ ਉਸ ਕਿਹਾ, "ਮੈਨੂੰ ਤਾਂ ਲੋਕਾਂ ਦੀ ਨੱਜ਼ਰ ਮਾਰ ਗਈ ਹੈ, ਨਹੀਂ ਤਾਂ ਮੈਂ ਕਿਥੇ ਤੇ ਡੰਗੋਰੀ ਕਿਥੇ?" ਹਾਂ, ਇਹ ਇਕ ਲੋਕਾਂ ਦੀ ਨਜ਼ਰ ਸੀ ਤੇ ਦੂਜਾ ਬਹਾਦਰ ਸ਼ਾਹ ਦੇ ਜ਼ੁਲਮ। ਲੋਹ ਗੜ੍ਹ ਦੀ ਹਾਰ ਪਿਛੋਂ ਉਹਨੇ ਉਹ ਜ਼ੁਲਮ ਦੀ ਹਨੇਰੀ ਝੁਲਾਈ ਕਿ ਚੰਗੇ ਚੰਗੇ ਰਿਸ਼ਟ ਪੁਸ਼ਟ ਸਿਖ ਹਿੰਦੂ ਵੀ ਮੰਜੀਆਂ ਮੱਲ ਬੈਠੇ; ਬੁਢਾ ਮੱਲ ਤਾਂ ਫਿਰ ਵੀ ਵਿਚਾਰਾ ਬੁਢਾ ਸੀ। ਸਭ ਹਿੰਦੂਆਂ ਵਾਸਤੇ ਦਾੜ੍ਹੀਆਂ ਤੇ ਮੁੱਛਾਂ ਮੁਨਾ ਦੇਣ ਦਾ ਹੁਕਮ ਤਾਂ ਬਹਾਦਰ ਸ਼ਾਹ ਲੋਹ ਗੜ੍ਹ ਦੀ ਫ਼ਤਹ ਤੋਂ ਕਾਫ਼ੀ ਪਹਿਲੇ ਹੀ ਸਾਦਰ ਕਰ ਚੁਕਾ ਸੀ ਪਰ ਅਜੇ ਤਕ ਉਹ ਹੁਕਮ ਪੂਰੀ ਤਰ੍ਹਾਂ ਲਾਗੂ ਨਹੀਂ ਸੀ ਹੋਇਆ। ਸਰਮੌਰ ਦੀ ਪੱਤੀ ਵਿਚ ਤਾਂ ਖ਼ਾਸ ਕਰ ਕੇ ਸਿਖਾਂ ਦਾ ਕਾਫ਼ੀ ਜ਼ੋਰ ਸੀ।

ਪਰ ਹੁਣ ਲੋਹ ਗੜ੍ਹ ਦੀ ਜਿੱਤ ਪਿਛੋਂ, ਸਾਰੇ ਪੰਜਾਬ ਵਿਚ ਅਜਿਹੀ ਕੋਈ ਪੱਤੀ ਨਹੀਂ ਸੀ ਜਿੱਥੇ ਸਿਖਾਂ ਦਾ ਜ਼ੋਰ ਹੁੰਦਾ। ਸਿਖਾਂ ਦਾ ਜ਼ੋਰ ਬੰਦਾ ਸਿੰਘ ਬਹਾਦਰ ਦੇ ਕੈਂਪ ਵਿਚ ਹੀ ਚਲਦਾ ਜਾਂ ਜਿਥੇ ਜਿਥੇ ਬੰਦਾ ਸਿੰਘ ਖ਼ੁਦ ਜਾਂਦਾ। ਸਗੋਂ ਜਿਥੇ ਕਿਤੇ ਪਹਿਲੇ ਸਿਖਾਂ ਦਾ ਜ਼ੋਰ ਵਧੇਰੇ ਸੀ ਉਥੇ ਉਥੇ ਹੀ ਜ਼ੁਲਮ ਘਨੇਰੇ ਹੋਏ।

ਸ਼ੋਭੀ ਦਾ ਪਿਤਾ ਤੇ ਸਰਮੌਰ ਦਾ ਸਿਰਕੱਢ ਸਰਦਾਰ ਸੰਤ ਸਿੰਘ ਭੁਲਰ ਸਣੇ ਉਹਦੇ ਦੋ ਸ਼ੀਂਹ-ਜੁਆਨ ਪੁਤਰਾਂ ਦੇ ਫੜ ਲਿਆ ਗਿਆ ਤੇ ਲਾਹੌਰ ਲੈ ਜਾਇਆ ਗਿਆ। ਸੂਬਾ ਲਾਹੌਰ ਨੂੰ ਉਹਦੇ ਨਾਲ ਚਾਤੀ ਖ਼ਾਰ ਸੀ ਕਿਉਂਕਿ ਲਾਹੌਰ ਦੇ ਆਲੇ ਦੁਆਲੇ ਹੋਈਆਂ ਸਿਖ ਜਿੱਤਾਂ ਵਿਚ ਸਰਦਾਰ ਭੁਲਰ ਨੇ ਵਧ ਚੜ੍ਹ ਕੇ ਹਿੱਸਾ ਲਿਆ ਸੀ। ਜਿਹੜਾ ਸਿਖ ਜੱਥਾ ਧੁਰ ਸ਼ਾਲਾਮਾਰ ਬਾਗ਼ ਤਕ ਪਹੁੰਚਿਆ ਉਹਦੇ ਵਿਚ ਵੀ ਮੰਤ ਸਿੰਘ ਸ਼ਾਮਲ ਸੀ। ਉਹਦੇ ਰਹਿੰਦੇ ਤਿੰਨ ਪੁਤਰਾਂ ਨੇ ਭੱਜ ਕੇ ਜਾਨ ਬਚਾਈ। ਮਾਹਿਲ ਦੇ ਵਸਨੀਕਾਂ ਉੱਪਰ ਵੀ ਕਰੜੇ ਦੰਡ ਲਾਏ ਗਏ। ਏਥੇ, ਮੁਸਲਮਾਨ ਹਾਕਮ ਸੁਣ ਚੁਕੇ ਸਨ, ਅੰਮ੍ਰਿਤ ਪ੍ਰਚਾਰ ਵਿਚ ਕਈ ਸੌ ਆਦਮੀ ਸਿੰਘ ਸਜੇ ਸਨ, ਕੁਦਰਤਨ ਏਥੋਂ ਸਿਖ ਸਿਖ ਨੂੰ ਚੁਣਨਾ ਸੀ। ਮਿਹਰ ਸਿੰਘ ਤੇ ਗੁਰਬਖਸ਼ ਸਿੰਘ ਸਣੇ ਲਗ ਪਗ ਪੰਜਾਹ ਹੋਰ ਸਿਖਾਂ ਦੇ ਮਾਰ ਦਿਤੇ ਗਏ ਤੇ ਇਹਨਾਂ ਦੀਆਂ ਬੇਸਿਰ ਲਾਸ਼ਾਂ ਮਾਹਿਲ ਦੇ ਚੌਂਕ ਖੂਹ ਦੁਆਲੇ ਉਗੇ

Scanned by CamScanner

ਬੋਹੜਾਂ ਦੇ ਬ੍ਰਿਛਾਂ ਨਾਲ ਟੰਗ ਦਿਤੀਆਂ ਗਈਆਂ। ਸਿਰ ਲਾਹੌਰ ਪੁਚਾਏ ਗਏ। ਹੁਕਮ ਸੀ ਕਿ ਇਹਨਾਂ ਲਾਸ਼ਾਂ ਨੂੰ ਛੇੜਨ ਵਾਲਾ ਵੀ ਚਿੰਦਾ ਇਹਨਾਂ ਨਾਲ ਟੰਗ ਦਿਤਾ ਜਾਏਗਾ। ਪੰਦਰ੍ਹਾਂ ਵੀਹਾਂ ਦਿਨਾਂ ਪਿਛੋਂ ਜਦੋਂ ਲਾਸ਼ਾਂ ਦੇ ਨਿਰੋਲ ਪਿੰਜਰ ਰਹਿ ਗਏ ਤਾਂ ਇਹ ਪਿੰਜਰ ਖੂਹ ਵਿਚ ਸੁਟ ਦਿਤੇ ਗਏ। ਏਸੇ ਖੂਹ ਵਿਚ ਪਹਿਲੇ ਇਕ ਗਊ ਮਾਰ ਕੇ ਵੀ ਸੁੱਟੀ ਗਈ ਸੀ ਤੇ ਸਾਰੇ ਪਿੰਡ ਦਿਆਂ ਨੂੰ ਏਸੇ ਖੂਹ ਦਾ ਪਾਣੀ ਪੀਣ ਉੱਤੇ ਮਜਬੂਰ ਕੀਤਾ ਗਿਆ ਸੀ। ਪੂਰਾ ਇਕ ਮਹੀਨਾ ਮੁਗਲਈ ਸੈਨਾ ਦਾ ਇਕ ਦਸਤਾ ਮਾਹਿਲ ਵਿਚ ਨਿਯਤ ਰਿਹਾ।

ਇਸ ਦਸਤੇ ਦੇ ਸਿਪਾਹੀਆਂ ਦੀ ਟੈਂ ਪ ਤਸ਼ਾਹਾਂ ਵਰਗੀ ਸੀ। ਉਹਨਾਂ ਵਾਸਤੇ ਮਾਹਿਲ ਦੀਆਂ ਸਭ ਤੋਂ ਚੰਗੀਆਂ ਦੋ ਹਵੇਲੀਆਂ ਖ਼ਾਲੀ ਕੀਤੀਆਂ ਗਈਆਂ ਸਨ। ਪਿੰਡ ਵਾਲਿਆਂ ਨੂੰ ਹੁਕਮ ਸੀ ਕਿ ਹਰ ਕੋਈ ਵਾਰੋ ਵਾਰ ਇਹਨਾਂ ਨੂੰ ਰੋਟੀ ਖੁਆਇਆ ਕਰੇ! ਜਿਸ ਭੰਗ ਦੀ ਹੋਟੀ ਉਹਨਾਂ ਨੂੰ ਪਸੰਦ ਨਾ ਆਵੇ, ਖੁਆਣ ਵਾਲਿਆਂ ਦੀ ਸ਼ਾਮਤ। ਇਸ ਤਰ੍ਹਾਂ ਬੁਰੀ ਤਰ੍ਹਾਂ ਮਾਰਦੇ ਕਿ ਵਿਚਾਰਿਆਂ ਦੇ ਪਿੰਡਿਆਂ ਵਿਚੋਂ ਲਹੂ ਸਿੰਮ ਪੈਂਦਾ। ਬੁਢਾ ਮੱਲ ਤੇ ਜਾਂਬਾਜ਼ ਨੇ ਵੀ ਇਕ ਦਿਨ ਮਾਰ ਖਾਧੀ ਸੀ। ਸਾਰੇ ਪਿੰਡ ਨੇ ਮੁਆਫ਼ੀਆਂ ਮੰਗੀਆਂ ਤਾਂ ਜਾ ਕੇ ਕਿਤੇ ਸਿਪਾਹੀਆਂ ਨੇ ਇਹਨਾਂ ਨੂੰ ਛਡਿਆ।

ਇਹ ਜ਼ੁਲਮ ਉਹਨਾਂ ਜ਼ੁਲਮਾਂ ਦੀ ਇਕ ਵੰਨਗੀ ਸਨ ਜਿਹੜੇ ਸਹਾਰਨਪੁਰ ਤੋਂ ਲੈ ਕੇ ਲਾਹੌਰ ਤਕ ਸਿਖ ਤੇ ਹਿੰਦੂ ਜਨਤਾ ਉੱਤੇ ਕਮਾਏ ਗਏ। ਕਈ ਥਾਈਂ ਇਹਨਾਂ ਉੱਤੇ ਜ਼ੁਲਮਾਂ ਦੀ ਇਨਤਹਾ ਹੋਈ ਅਸਲ ਵਿਚ ਸਰਕਾਰੀ ਤੌਰ ਉੱਪਰ ਕੋਈ ਖ਼ਾਸ ਸਜ਼ਾਵਾਂ ਤੇ ਤਸੀਹੇ ਮਿਥੇ ਨਹੀਂ ਸਨ ਗਏ। ਸਜ਼ਾਵਾਂ ਤੇ ਤਸੀਹਿਆਂ ਦੀ ਵੰਨਗੀ ਤੇ ਮਿਕਦਾਰ ਜ਼ਾਤੀ ਦਿਮਾਗ਼ ਤੇ ਬੁਧੀ ਉੱਤੇ ਨਿਰਭਰ ਹੁੰਦੀ ਸੀ। ਕਹਿੰਦੇ ਹਨ ਕਿ ਇਕ ਸਿਆਣੇ ਨੇ ਸਿਖਾਂ ਦੇ ਵਾਲਾਂ ਦੀਆਂ ਰੱਸੀਆਂ ਵੱਟ ਕੇ ਘੋੜਿਆਂ ਨੂੰ ਬੰਨ੍ਹਣ ਦੇ ਕੰਮ ਲਿਆਂਦੀਆਂ।

ਉਸ ਮਾਰ ਤੋਂ ਪਿਛੋਂ ਬੁਢਾ ਮੱਲ ਦਿਨੋ ਦਿਨ ਨਿਘਰਦਾ ਗਿਆ ਤੇ ਦੋ ਮਹੀਨੇ ਪਹਿਲੇ ਜਦੋਂ ਉਹਨੂੰ ਬਲਗ਼ਮ ਦਾ ਦੌਰਾ ਹੋਇਆ ਤਾਂ ਉਹਦਾ ਉਠਣ ਬਹਿਣ ਕਠਨ ਹੋ ਗਿਆ। ਵਿਚਾਰੇ ਦੀ ਧਰਮਸਾਲ ਤਾਂ ਪਹਿਲੇ ਹੀ ਛੁਟ ਚੁਕੀ ਸੀ। ਜਾਂਬਾਜ਼ ਦੀ ਵੀ ਕੋਈ ਹਾਲਤ ਨਹੀਂ ਸੀ। ਮੁਗ਼ਲਈ ਸੈਨਾ ਦੀ ਆਮਦ ਸੁਣ ਕੇ ਤੇ ਸਿਖਾਂ ਨਾਲ ਹੋ ਰਹੀ ਬਾਬ ਵੇਖ ਕੇ ਜਾਂਬਾਜ਼ ਨੇ ਵਾਲ ਕਟਾ ਲਏ ਸਨ। ਵਾਲ ਨਾ ਕਟਾਣ ਦੀ ਸੂਰਤ ਵਿਚ ਜਾਂ ਤਾਂ ਉਹਨੂੰ ਨੱਸ ਜਾਣਾ ਪੈਂਦਾ ਸੀ ਜਾਂ ਮੌਤ ਮਨਜ਼ੂਰ ਕਰਨੀ ਪੈਂਦੀ ਸੀ। ਘਰ ਦੀ ਹਾਲਤ ਅਜਿਹੀ ਸੀ ਕਿ ਇਹ ਦੋਵੇਂ ਸੂਰਤਾਂ ਰਾਸ ਨਹੀਂ ਸਨ ਆ ਸਕਦੀਆਂ। ਬੁਢਾ ਮੱਲ ਨਾ ਹੋਂਦੇ ਵਰਗਾ ਸੀ ਤੇ ਘਰ ਦਾ ਖਿਆਲ ਰਖਣ ਵਾਸਤੇ ਇਕ ਨਾ ਇਕ ਬੰਦਾ ਤਾਂ ਅਵੱਸ਼ ਹੀ ਚਾਹੀਦਾ ਸੀ। ਨਾ ਹੀ ਇਹ ਆਖਿਆ ਜਾ ਸਕਦਾ ਹੈ ਕਿ ਜਾਂਬਾਜ਼ ਅਜੇ ਤਕ ਆਪਣੀ ਰੂਹੋਂ ਸਿਖ ਬਣਿਆ ਸੀ। ਇਹ ਤੀਜੀ ਵਾਰ ਸੀ ਕਿ ਉਹਨੇ ਵਾਲ ਕਟਾਏ ਸਨ। ਨਾ ਹੀ ਜਾਂਬਾਜ਼ ਆਪਣੀ ਵੰਨਗੀ ਦਾ ਉਦੋਂ ਇਕ ਇਕੱਲਾ ਆਦਮੀ ਸੀ, ਹੋਰ ਵੀ ਕਈ ਸਨ ਜਿਨ੍ਹਾਂ ਨੂੰ ਮਜਬੂਰਨ ਇਹ ਕਦਮ ਚੁਕਣਾ ਪਿਆ।

ਧਰਮ ਕੌਰ ਸਿਹਤ ਵਲੋਂ ਤਾਂ ਤਕੜੀ ਸੀ ਪਰ ਦਿਮਾਗ਼ੀਂ ਤੇ ਰੂਹੋਂ ਉਹ ਵੀ ਬੁਢੀ ਤੇ ਕਮਜ਼ੋਰ ਹੋ ਚੁਕੀ ਸੀ। ਇਕ ਸ਼ਾਹਬਾਜ਼ ਦਾ ਵਿਛੋੜਾ ਤੇ ਫਿਰ ਬੁਢਾ ਮੱਲ ਨੂੰ ਪਈ ਮਾਰ, ਉਹਦਾ ਮੁੱਚ ਮਾਰਿਆ ਗਿਆ। ਉਹਦਾ ਇਕ ਜਵਾਈ, ਲਛਮੀ ਦਾ ਆਦਮੀ ਮੁਸਲਮਾਨਾਂ ਹੱਥ ਆ ਗਿਆ ਸੀ ਤੇ ਉਹਨਾਂ ਨੇ ਉਹਦੇ ਬੰਦ ਬੰਦ ਕੱਟ ਦਿਤੇ ਸਨ। ਲਛਮੀ ਨੂੰ ਵੀ ਮੁਸਲਮਾਨ ਫੜ ਕੇ ਲੈ ਗਏ ਸਨ ਤੇ ਅਜੇ ਤਕ ਉਹਦੀ ਉਘ ਸੁਘ ਨਹੀਂ ਸੀ ਮਿਲੀ। ਸ਼ਾਹਬਾਜ਼ ਵਲੋਂ ਲਗਦੇ ਕੁੜਮਾਂ ਦਾ ਸਾਰਾ ਕੁਨਬਾ ਹੀ ਜਿਵੇਂ ਮਾਰਿਆ ਗਿਆ। ਧਰਮ ਕੌਰ ਹੀ ਨਹੀਂ, ਕੋਈ ਔਰਤ ਵੀ ਇਹੋ ਜਿਹੀ ਹਾਲਤ ਵਿਚ ਦਿਮਾਗੋਂ ਤੇ ਰੂਹੋਂ ਨਰੋਈ ਨਹੀਂ ਰਹਿ ਸਕਦੀ। ਸਗੋਂ ਧਰਮ ਕੌਰ ਦਾ ਹੌਂਸਲਾ ਤਾਂ ਫਿਰ ਵੀ ਹੋਰਨਾਂ ਨਾਲੋਂ ਮੁਕਾਬਲਤਨ ਚੰਗੇਰਾ ਸੀ। ਉਹ ਜੀ ਰਹੀ ਸੀ ਤੇ ਘਰ ਦਾ ਕੰਮ ਉਸੇ ਹੀ ਫੁਰਤੀ ਤੇ ਪ੍ਰਬੀਨਤਾ ਨਾਲ ਸੰਭਾਲ ਰਹੀ ਸੀ। ਧਰਮ ਕੌਰ ਵੀ ਇਕ ਵੱਡਾ ਕਾਰਨ ਸੀ ਕਿ ਜਾਂਬਾਜ਼ ਨਾ ਹੀ ਨੱਸਿਆ ਤੇ ਨਾ ਹੀ ਉਹਨੇ ਸਿਖ ਬਣੇ ਰਹਿਣ ਦਾ ਤੇ ਸ਼ਹੀਦੀ ਪਾਣ ਦਾ ਇਰਾਦਾ ਕੀਤਾ।

ਪਰ ਸਹਿਜੇ ਹੀ ਸ਼ੁੱਭੀ ਦੀ ਹਾਲਤ ਇਹਨਾਂ ਸਭਨਾਂ ਨਾਲੋਂ ਬੁਰੀ ਸੀ। ਪਿਤਾ ਤੇ ਦੋ ਭਰਾ ਲਾਹੌਰ ਲੈ ਜਾਏ ਗਏ। ਉਹ ਆਖਦੀ ਕਿ ਜੇ ਉਹਨਾਂ ਨੂੰ ਸਰਮੌਰ ਹੀ ਮਾਰ ਦਿਤਾ ਜਾਂਦਾ ਤਾਂ ਚੰਗੇਰਾ ਹੁੰਦਾ। ਪੱਕ ਤਾਂ ਹੁੰਦਾ ਕਿ ਉਹ ਖਤਮ ਹੋ ਗਏ ਹਨ ਤੇ ਦੂਜਾ ਇਹ ਕਿ ਉਹ ਕਿਵੇਂ ਖਤਮ ਹੋਏ ਹਨ। ਲਾਹੌਰ, ਇਹ ਜ਼ਾਲਮ ਤੁਰਕ ਉਹਨਾਂ ਨਾਲ ਕੀ ਕਰਨਗੇ, ਕੋਈ ਕੀ ਕਹਿ ਸਕਦਾ ਸੀ। ਤਿੰਨ ਭਰਾ ਨੱਸੇ ਹੋਏ ਸਨ ਤੇ ਅਜੇ ਤਕ ਉਹਨਾਂ ਦੀ ਕੋਈ ਖ਼ਬਰ ਨਹੀਂ ਸੀ ਲਗੀ। ਮਾਂ ਦੂਰੋਂ ਲਗਦੇ

Scanned by CamScanner



ਆਪਣੇ ਇਕ ਭਰਾ ਕੋਲ ਜਾ ਰਹੀ ਸੀ। ਪਰ ਇਹੋ ਜਿਹੀ ਦੁਖਾਂ ਮਾਰੀ ਮਾਂ ਦੇ ਜੀਉਣ ਦਾ ਕੀ ਹੱਜ। ਸਿਰ ਦਾ ਸਾਈਂ ਗਿਆ, ਪੰਜੇ ਦੇ ਪੰਜੇ ਪੁੱਤਰ ਅਲੋਪ ਤੇ ਇਕਲੌਤੀ ਧੀ ਦਾ ਆਦਮੀ ਬਾਬੇ ਬੰਦੇ ਦਾ ਸਾਥੀ। ਉਹ ਵਿਚਾਰੀ ਸਿਖ ਧਰਮ ਤੇ ਬੰਦਾ ਸਿੰਘ ਬਹਾਦਰ ਦੀ ਕਿੰਨੀ ਕੁ ਖੈਰ-ਖਾਹ ਹੁੰਦੀ।

ਫਿਰ ਸ਼ੋਭੀ ਦੇ ਸਹੁਰੇ ਤੇ ਜੇਠ ਦੀ ਜੋ ਹਾਲਤ ਹੋਈ ਉਸ ਨਾਲ ਵੀ ਉਹਨੂੰ ਧੱਕਾ ਲੱਗਾ। ਓਧਰੋਂ ਸ਼ਾਹਬਾਜ਼ ਨੇੜੇ ਨਾ, ਤੇ ਓਧਰੋਂ ਕਾਲੂ ਆ ਪਹੁੰਚਿਆ। ਸ਼ੋਭੀ ਵਿਚਾਰੀ ਦੱਬੀ ਗਈ। ਉਹ ਕਿਨੂੰ ਕੁਝ ਆਖਦੀ — ਕਿਨੂੰ ਕੁਝ ਦਸਦੀ! ਉਹ ਕਾਲੂ ਨੂੰ ਪਿਆਰਦੀ। ਉਹਦੇ ਵਿਚੋਂ ਉਹਨੂੰ ਸ਼ਾਹਬਾਜ਼ ਦੇ ਝਲਕਾਰੇ ਪੈਂਦੇ। ਉਹ ਉਹਨੂੰ ਘੁਟਦੀ ਰੋ ਉਹਨੂੰ ਲਗਦਾ ਕਿ ਉਹਨੇ ਸ਼ਾਹਬਾਜ਼ ਨੂੰ ਘੁਟ ਲਿਆ ਹੈ। ਉਹ ਉਹਨੂੰ ਚੁੰਮਦੀ ਤੇ ਉਹਨੂੰ ਲਗਦਾ ਕਿ ਉਹਨੇ ਸ਼ਾਹਬਾਜ਼ ਨੂੰ ਚੁੰਮ ਲਿਆ ਹੈ।

ਪਰ ਸ਼ੁਕਰ ਕਿ ਕਾਲੂ ਸਿਰਫ਼ ਉਹਦੀ ਇਕੱਲੀ ਦਾ ਕਾਲੂ ਨਹੀਂ ਸੀ। ਕਾਲੂ ਸਾਰੇ ਘਰ ਦਾ ਖਿਡੌਣਾ ਸੀ ਤੇ ਸਭ ਤੋਂ ਵਧ ਬੁਢਾ ਮੱਲ ਦਾ। ਧਰਮ ਕੌਰ ਵੀ ਕਾਲੂ ਨੂੰ ਚੁੰਮਦੀ ਚਟਦੀ। ਉਹਨੂੰ ਚੁਕਦੀ ਤੇ ਖਿਡਾਂਦੀ। ਕੁੰਤੀ ਵੀ ਉਹਨੂੰ ਦੁਲਾਰਦੀ। ਜਾਂਬਾਜ਼, ਬਲਵੰਤ ਤੇ ਉਹਨਾਂ ਦੇ ਬੱਚੇ ਵੀ ਉਹਨੂੰ ਆਰਾਮ ਨਾ ਕਰਨ ਦੇਂਦੇ। ਸ਼ੋਭੀ ਦੀ ਮਾਂ ਵੀ ਸਦਾ ਇਹੋ ਆਖਦੀ ਕਿ ਕਾਲੂ ਨੂੰ ਲੈ ਕੇ ਸ਼ੋਭੀ ਉਹਦੇ ਕੋਲ ਆ ਰਵੇ। ਓਹ ਕਹਿੰਦੀ ਕਿ ਸਿਰਫ਼ ਕਾਲੂ ਹੀ ਹੁਣ ਉਹਦੀ ਕੁਲ ਨੂੰ ਅਗਾਂਹ ਤੋਰ ਸਕਦਾ ਹੈ। ਬੇਸ਼ਕ ਉਹ ਦੋਹਤਰਾ ਹੈ ਪਰ ਜਿਨ੍ਹਾਂ ਦੇ ਪੱਤੇ ਨਾ ਹੋਣ ਉਹ ਕੀ ਕਰਨ? ਉਹਦਾ ਖਿਆਲ ਸੀ ਕਿ ਉਹਦੇ ਨੱਸੇ ਹੋਏ ਤਿੰਨੇ ਕੁਆਰੇ ਪੁਤਰ ਹੁਣ ਵਾਪਸ ਨਹੀਂ ਮੁੜਨਗੇ ਤੇ ਦੋਹਾਂ ਵਡਿਆਂ ਪੁਤਰਾਂ ਦੇ ਘਰ ਅਜੇ ਸਿਰਫ਼ ਦੋ ਦੋ ਧੀਆਂ ਹੀ ਹੋਈਆਂ ਸਨ।

ਪਰ ਇਹਨਾਂ ਸਭ ਤੋਂ ਵਧ ਕੇ ਬੁਢਾ ਮੱਲ ਸੀ ਜਿਹੜਾ ਕਾਲੂ ਉੱਤੇ ਆਪਣਾ ਹੱਕ ਜਮਾਂਦਾ। ਉਹਨੂੰ ਹੋਰ ਕੋਈ ਕੰਮ ਵੀ ਨਹੀਂ ਸੀ, ਸਾਰਾ ਦਿਨ ਮੰਜੀ ਉੱਤੇ ਬੈਠਾ ਖਊਂ ਖਊਂ ਕਰਦਾ ਉਹ ਕਾਲੂ ਨੂੰ ਖਿਡਾਂਦਾ ਰਹਿੰਦਾ ਜਾਂ ਕਿ ਕਾਲੂ ਉਹਨੂੰ ਖਿਡਾਂਦਾ ਰਹਿੰਦਾ। ਆਏ ਗਏ ਨਾਲ ਕਾਲੂ ਬਾਰੇ ਗੱਲਾਂ ਕਰਦਾ ਉਹ ਮੁੜ ਮੁੜ ਆਖਦਾ, "ਮੈਂ ਜਾਣ ਕੇ ਆਪਣੇ ਗੋਰੇ ਪੁਤ ਦਾ ਨਾਂ ਕਾਲੂ ਰਖਿਆ ਹੈ, ਕਿਤੇ ਮੇਰੇ ਪੁਤਰ ਨੂੰ ਨਜ਼ਰ ਨਾ ਲਗ ਜਾਏ। ਮੈਨੂੰ ਬੜਾ ਡਰ ਲਗਦਾ ਹੈ। ਇਕ ਵਾਰੀ ਜੇ ਨਜ਼ਰ ਲਗ ਜਾਏ ਤੇ ਫਿਰ ਬੱਚਾ ਕਦੀ ਨਹੀਂ ਪੱਲਰਦਾ। ਮੈਂ ਇਹੋ ਜਿਹੀਆਂ ਗੱਲਾਂ ਨੂੰ ਖ਼ੂਬ ਸਮਝਦਾ ਹਾਂ।"

ਏਥੋਂ ਤਕ ਕਿ ਜਦੋਂ ਰਾਤੀਂ ਵੀ ਕਦੀ ਕਾਲੂ ਰੋ ਪੈਂਦਾ ਤਾਂ ਉਹ ਅਬੜਵਾਹੇ ਉਠ ਬਹਿੰਦਾ, ਡੰਗੋਰੀ ਦਾ ਸਹਾਰਾ ਲੈਂਦਾ ਆਉਂਦਾ ਤੇ ਉਹਨੂੰ ਚੁੱਕ ਕੇ ਲੈ ਜਾਂਦਾ। ਤੇ ਫਿਰ...ਉਹਨੂੰ ਚੁਪ ਕਰਾ ਕੇ ਉਹ ਆਪਣੀ ਛਾਤੀ ਉੱਤੇ ਸੁਆ ਲੈਂਦਾ।

ਸ਼ੋਭੀ ਵਿਚਾਰੀ ਹੱਥ ਮਲਦੀ ਰਹਿ ਜਾਂਦੀ। ਉਹਦੇ ਹੱਥ ਸਖਣੇ, ਉਹਦੀ ਝੋਲੀ ਸਖਣੀ, ਉਹਦੀ ਮੰਜੀ ਸਖਣੀ, ਉਹਦਾ ਦਿਲ ਸਖਣਾ, ਉਹਦਾ ਜਿਸਮ ਤੇ ਉਹਦੀ ਰੂਹ ਸਖਣੀ। ਘਰ ਦੀ, ਪਿੰਡ ਦੀ ਤੇ ਪੰਜਾਬ ਦੀ ਇਹੋ ਜਿਹੀ ਹਾਲਤ ਸੀ। ਇਕ ਸਵੇਰ ਛੇ ਮੁਗਲਈ ਸਿਪਾਹੀ ਦਗੜ ਦਗੜ ਕਰਦੇ ਮਾਹਿਲ ਪਹੁੰਚ ਗਏ ਤੇ ਉਹਨਾਂ ਬੁਢਾ ਮੱਲ ਦੇ ਘਰ ਦੇ ਸਾਹਮਣੇ ਵਾਲੀ ਗੁਰਬਖਸ਼ ਸਿੰਘ ਦੀ ਹਵੇਲੀ ਖਾਲੀ ਕਰਵਾ ਲਈ।

ਸ਼ੋਭੀ ਆਪਣੇ ਕਾਲੂ ਅਗੇ ਵਿਲਕੀ, "ਮੈਂ ਪ੍ਰੀਤਮ ਸਿੰਘ ਨੂੰ ਸੌਹਾਂ ਪਾ ਕੇ ਭੇਜਿਆ ਸੀ ਕਿ ਤੇਰੇ ਪਿਤਾ ਨੂੰ ਰਾਤੋ ਰਾਤ ਆਉਣ ਵਾਸਤੇ ਕਹੇ। ਮੈਂ ਤੱਤੜੀ ਨੂੰ ਜੇ ਇਸ ਬਾਬ ਦਾ ਪਤਾ ਹੁੰਦਾ ਤਾਂ ਮੈਂ ਕਦੀ ਉਹਨੂੰ ਘਰ ਆਉਣ ਵਾਸਤੇ ਨਾ ਕਹਿੰਦੀ ਵੇ ਕਾਲੂ ਪੁਤਰਾ! ਤੂੰ ਆਪੇ ਹੀ ਦਸ, ਇਹਨਾਂ ਦਿਨਾਂ ਵਿਚ ਵੀ ਕੋਈ ਮੁਸਲਮਾਨ ਸਿਪਾਹੀਆਂ ਨੂੰ ਮਾਰਦਾ ਹੈ। ਵੀਹ ਮੀਲ ਏਥੋਂ ਲਾਹੌਰ ਹੈ, ਆਪ ਦਿੱਲੀ ਦਾ ਬਾਦਸ਼ਾਹ ਲਾਹੌਰ ਬੈਠਾ ਹੈ ਤੇ ਤੇਰਾ ਪਿਓ ਤੁਰਕ ਸਿਪਾਹੀਆਂ ਦਾ ਖ਼ੂਨ ਉਠ ਕਰਦਾ ਹੈ। ਦਸ ਕਾਲੂ! ਮੈਂ ਕੀ ਕਰਾਂ? ਜੇ ਉਹਨਾਂ ਏਥੇ ਛਾਉਣੀ ਆ ਪਾਈ ਹੈ ਤਾਂ ਉਹਨਾਂ ਨੂੰ ਵੀ ਕੀ ਦੋਸ਼ ਦੇਵਾਂ।"

ਸ਼ੋਭੀ ਰੋ ਪਈ ਤੇ ਉਹ ਕਹਿੰਦੀ ਗਈ, "ਕਾਲੂਆ! ਤੇਰਾ ਪਿਤਾ ਸਦਾ ਹੀ ਇਹੋ ਜਿਹਾ ਜੋਸ਼ੀਲਾ ਸੀ। ਉਹ ਕਦੇ ਕਿਸੇ ਕੋਲੋਂ ਨਹੀਂ ਡਰਿਆ। ਛੋਟੀ ਉਮਰ ਤੋਂ ਹੀ ਉਹ ਆਪਣੇ ਸਾਥੀਆਂ ਦਾ ਸਰਦਾਰ ਰਿਹਾ ਹੈ। ਉਹ ਐਨਾ ਜ਼ੋਰਾਵਰ ਹੈ ਕਿ ਦਸਾਂ ਵੀਹਾਂ ਦੁਸ਼ਮਣਾਂ ਵਾਸਤੇ ਇਕੱਲਾ ਹੀ ਕਾਫ਼ੀ ਹੈ। ਉਹ ਆਪਣੀ ਮਰੀ ਹੋਈ ਟੈਰ ਉੱਤੇ ਬੈਠਾ ਵੀ ਵਡੇ ਵਡੇ ਘੋੜਿਆਂ ਉੱਤੇ ਚੜ੍ਹੇ ਸਵਾਰਾਂ ਨੂੰ ਭਾਹੀ ਨਾ ਦੇਵੇ, ਜਦੋਂ ਉਹ ਆਏਗਾ ਕਾਲੂ ਤਾਂ ਤੂੰ ਵੇਖੇਂਗਾ ਉਹ ਕੇਡਾ ਸ਼ਕਤੀਵਾਨ ਹੈ। ਪਰ ਮੇਰੇ ਕਾਲੂ, ਤੂੰ ਤਾਂ ਮੇਰੇ ਘੁਟਣ ਨਾਲ ਹੀ ਰੋ ਪੈਂਦਾ ਹੈਂ। ਆਪਣੇ ਪਿਤਾ ਦੀ ਜੱਫੀ ਵਿਚ ਪਤਾ ਨਹੀਂ ਤੂੰ ਕਿਵੇਂ ਮਹਿਸੂਸ ਕਰਸੇਂ।"

Scanned by CamScanner

ਤੇ ਰੋਂਦੀ ਰੋਂਦੀ ਉਹ ਕਹਿੰਦੀ ਗਈ, "ਪਰ ਮੈਂ ਕਿਵੇਂ ਜਾਣਾਂ ਮੇਰੇ ਕਾਲੂ ਕਿ ਤੇਰਾ ਪਿਤਾ ਕਦੋਂ ਆਵੇਗਾ, ਜਾਂ ਕਿ ਕਦੀ ਆਵੇਗਾ ਵੀ। ਸਾਡੇ ਬੂਹੇ ਤੇ ਜ਼ਾਲਮਾਂ ਨੇ ਚੌਂਕੀ ਬਿਠਾ ਛਡੀ ਹੈ। ਹਾਏ ਮੈਂ ਆਖ ਵੀ ਘਲਿਆ ਸੀ ਕਿ ਰਾਤੋ ਰਾਤ ਆਵੀਂ। ਮੈਂ ਤੇਰੇ ਪਿਤਾ ਨੂੰ ਇਸ ਘਰ ਦੀ ਚਾਰ ਦੀਵਾਰੀ ਵਿਚੋਂ ਨਿਕਲਣ ਨਹੀਂ ਸੀ ਦੇਣਾ। ਆਖਿਰ ਬਖ਼ਤਾ ਸਿੰਘ ਵੀ ਤਾਂ ਹੈ ਨਾ, ਲੋਹਾਰਾ ਸਿੰਘ ਵੀ। ਸਾਲ ਸਾਲ ਹੋ ਗਿਆ ਨੇ ਲੁਕਿਆਂ। ਕਿਸੇ ਨੂੰ ਕੰਨੋਂ ਕੰਨੀ ਖ਼ਬਰ ਨਹੀਂ ਹੋਈ। ਮਹੀਨਾ ਭਰ ਥਾਣਾ ਏਥੇ ਉਤਰਿਆ ਰਿਹਾ। ਕਾਲੂਆ! ਜੇ ਕਦੀ ਸਾਡਾ ਸ਼ਾਹਬਾਜ਼ ਘਰ ਪਹੁੰਚ ਜਾਂਦਾ, ਮੈਂ ਤਾਂ ਉਹਨੂੰ ਆਪਣੇ ਨੈਣਾਂ ਵਿਚ ਹੀ ਲੁਕਾ ਲੈਣਾ ਸੀ।"

ਉਹ ਰੋਂਦੀ ਜਾਂਦੀ ਤੇ ਕਾਲੂ ਆਪਣੇ ਕੋਮਲ ਹੱਥ ਉਹਦੇ ਮੂੰਹ ਉੱਤੇ ਫੇਰਦਾ। ਏਸ ਤਰ੍ਹਾਂ ਲਗਦਾ ਕਿ ਜਿਵੇਂ ਉਹਦੇ ਅਥਰੂ ਪੁੰਝ ਰਿਹਾ ਹੈ। ਸ਼ੰਭੀ ਆਖਦੀ, "ਮੇਰੇ ਸ਼ੀਂਹ ਪੁੱਤਰ! ਤੂੰ ਮੇਰੇ ਅਥਰੂ ਪੁੰਝਦਾ ਹੈਂ। ਬੱਲੇ ਬੱਲੇ ਕਾਲੂਆ। ਵਡਾ ਹੋ ਕੇ ਤੂੰ ਹੀ ਮੇਰਾ ਸਹਾਰਾ ਬਣੇਂਗਾ। ਮੈਂ ਵੇਖ ਸਕਦੀ ਹਾਂ ਕਿ ਤੂੰ ਤਾਂ ਆਪਣੇ ਪਿਤਾ ਨਾਲੋਂ ਵੀ ਬਲਵਾਨ ਤੇ ਸ਼ਕਤੀਵਾਨ ਬਣੇਂਗਾ। ਮੇਰੇ ਪੁਤਰਾ! ਜਲਦੀ ਜਲਦੀ ਜਵਾਨ ਹੋ। ਆਪਣੇ ਪਿਉ ਤੇ ਦਾਦੇ ਤੇ ਆਪਣੀ ਦੁਖਾਂ ਲੱਦੀ ਮਾਂ ਦੇ ਸਾਰੇ ਬਦਲੇ ਲਾਹਵੀਂ। ਤੁਰਕਾਂ ਦੇ ਏਸ ਤਰ੍ਹਾਂ ਸਿਰ ਭੰਨੀਂ ਕਿ ਸਾਡਾ ਸ਼ਾਹਬਾਜ਼ ਤੇ ਸਾਡਾ ਬਾਬਾ ਬੰਦਾ ਵੀ ਮਾਤ ਪੈ ਜਾਏ।"

੨੪

ਦਲੇਰ ਸਿੰਘ ਤੇ ਚੰਦ ਸਿੰਘ ਵਿਚੋਂ ਚੰਦ ਸਿੰਘ ਤਾਂ ਤੁਰਕਾਂ ਹੱਥੋਂ ਮਾਰਿਆ ਗਿਆ ਤੇ ਦਲੇਰ ਸਿੰਘ ਦੇ ਘੋੜੇ ਨੂੰ ਅਜਿਹੇ ਜ਼ਖਮ ਆਏ ਕਿ ਉਹ ਨਾਕਾਰਾ ਹੋ ਗਿਆ। ਸਵੇਰ ਦਾ ਮਾਰਿਆ ਮਾਰਿਆ ਫਿਰਦਾ ਦਲੇਰ ਸਿੰਘ ਵਿਚਾਰਾ ਕਿਤੇ ਸ਼ਾਮ ਨੂੰ ਕਾਨ੍ਹਾ ਛੰਭ ਪਹੁੰਚਿਆ। ਉਹ ਵੀ ਬੁਰੇ ਹਾਲੀਂ। ਕਦਮ ਕਦਮ ਉੱਤੇ ਮੌਤ ਦਾ ਡਰ ਸੀ। ਬ੍ਰਿਛ ਬ੍ਰਿਛ ਤੇ ਬੂਟੇ ਬੂਟੇ ਪਿਛੇ ਲੁਕੇ ਕਿਸੇ ਦੁਸ਼ਮਨ ਦਾ ਸ਼ੁਬਾ ਹੁੰਦਾ। ਸ਼ਾਮ ਵੇਲੇ ਛੰਭ ਪਹੁੰਚ ਕੇ ਵੀ ਉਹਦੇ ਵਾਸਤੇ ਸ਼ਾਹਬਾਜ਼ ਤੇ ਆਪਣੇ ਹੋਰਨਾਂ ਸਾਥੀਆਂ ਨੂੰ ਲਭਣਾ ਕਠਨ ਸੀ।

ਕਾਨ੍ਹਾ ਛੰਭ ਵਿਚ ਪਾਣੀ ਦੀ ਕੋਈ ਥੋੜ ਨਹੀਂ ਸੀ। ਏਸੇ ਲਈ ਦੂਰੋਂ ਨੇੜਿਓਂ ਸਿਖ ਏਥੇ ਛੁਪਦੇ ਸਨ। ਲਾਹੌਰ ਤੇ ਅੰਮ੍ਰਿਤਸਰ ਦੇ ਆਲ-ਦੁਆਲਿਓਂ ਏਥੇ ਆ ਕੇ ਲੁਕੇ ਕੁਲ ਸਿਖਾਂ ਦੀ ਗਿਣਤੀ ਹੁਣ ਲਗ-ਪਗ ਸੌ ਕੁ ਹੋਵੇਗੀ। ਇਹਨਾਂ ਵਿਚੋਂ ਬਹੁਤੇ ਦੋ ਜੱਥਿਆਂ ਵਿਚ ਵੰਡੇ ਹੋਏ ਸਨ ਜਿਹੜੇ ਛੰਭ ਦੇ ਦੋ ਹਿਸਿਆਂ ਵਿਚ ਅਡੋ ਅਡਰੇ ਪਾਣੀ ਦੇ ਛੱਪੜਾਂ ਦੇ ਗਿਰਦ ਰਹਿੰਦੇ ਸਨ। ਦਲੇਰ ਸਿੰਘ ਪਹਿਲੇ ਉੱਤਰ ਪੂਰਬ ਵਾਲੇ ਜੱਥੇ ਨੂੰ ਮਿਲਿਆ ਤੇ ਅਗਲੇ ਦਿਨ ਇਸ ਜਥੇ ਵਿਚੋਂ ਇਕ ਜਾਣਕਾਰ ਲੈ ਕੇ ਉਹ ਛੰਭ ਦੇ ਦੂਜੇ ਹਿੱਸੇ ਵਲ ਗਿਆ। ਬਿਨਾਂ ਕਿਸੇ ਜਾਣੂੰ ਸਿਵਾਣੂੰ ਦੇ ਛੰਭ ਵਿਚ ਇਕ ਤੋਂ ਦੂਜੀ ਥਾਂ ਜਾਣਾ ਆਸਾਨ ਨਹੀਂ ਸੀ।

ਇਹਨਾਂ ਦੋ ਦਿਨਾਂ ਵਿਚ ਸ਼ਾਹਬਾਜ਼ ਨੇ ਦੱਖਣੀ ਪੱਛਮੀ ਹਿੱਸੇ ਵਿਚ ਵਿਚਰਦੇ ਸਿਖਾਂ ਨੂੰ ਜੱਥੇਬੰਦ ਕਰ ਲਿਆ। ਉਹਦੀ ਅਗਵਾਈ ਥੱਲੇ ਟੁੰਡੇਰ ਪਿੰਡ ਉੱਤੇ ਇਕ ਚੰਗਾ ਵੱਡਾ ਹੱਲਾ ਵੀ ਪਿਛਲੀ ਰਾਤ ਸਫਲ ਹੋ ਚੁਕਾ ਸੀ। ਇਹ ਹੱਲਾ ਉਚੇਚਾ ਕਣਕ ਲਿਆਣ ਵਾਸਤੇ ਕੀਤਾ ਗਿਆ ਸੀ, ਕਿਉਂ ਜੋ ਇਸ ਚੀਜ਼ ਦੀ ਛੰਭ ਵਿਚ ਬਹੁਤ ਘਾਟ ਸੀ। ਜੇ ਸਚ ਪੁਛਿਆ ਜਾਏ ਤਾਂ ਸ਼ਾਹਬਾਜ਼, ਬੰਤਾ ਸਿੰਘ ਤੇ ਕਾਨ੍ਹ ਸਿੰਘ ਦੋ ਦਿਨਾਂ ਦੇ ਭੁੱਖੇ ਸਨ। ਛੰਭ ਵਿਚ ਪਹਿਲੇ ਰਹਿੰਦੇ ਸਿੰਘਾਂ ਦਾ ਲੰਗਰ ਵੀ ਮਸਤਾਨਾ ਸੀ। ਮਸੇਂ ਗੁਜ਼ਾਰੇ ਵਾਸਤੇ ਉਹ ਇਧਰੋਂ ਓਧਰੋਂ ਕੁਝ ਇਕੱਠਾ ਕਰਦੇ ਸਨ।

ਸ਼ਾਹਬਾਜ਼ ਨੂੰ ਵੀ ਟੁੰਡੇਰ ਉੱਤੇ ਵੱਡਾ ਹੱਲਾ ਕਰਨ ਤੋਂ ਹੋੜਿਆ ਗਿਆ। ਦਲੀਲ ਦਿਤੀ ਗਈ ਕਿ ਇਸ ਹੱਲੇ ਨਾਲ ਅਵੱਸ਼ ਹੀ ਮੁਗਲਾਂ ਨੂੰ ਪਤਾ ਲਗ ਜਾਏਗਾ ਕਿ ਸਿੰਘ ਭਾਰੀ ਗਿਣਤੀ ਵਿਚ ਕਾਨ੍ਹਾ ਛੰਭ ਅੰਦਰ ਛੁਪੇ ਹੋਏ ਹਨ। ਬੇਸ਼ਕ

Scanned by CamScanner

ਹੁਣ ਵੀ ਉਹਨਾਂ ਨੂੰ ਸ਼ਕ ਤਾਂ ਸੀ ਪਰ ਜਦੋਂ ਤਕ ਕਿਸੇ ਦੀ ਅਣਖ ਨੂੰ ਵੰਗਾਰਿਆ ਨਾ ਜਾਏ ਤੇ ਅਗਲੇ ਦਾ ਨਕ ਵਿਚ ਦੰਮ ਨਾ ਕੀਤਾ ਜਾਏ ਉਦੋਂ ਤਕ ਆਪਣੇ ਆਪ ਵਾਸਤੇ ਚੈਨ ਨਾਲ ਰਹਿਣ ਦੀ ਸੰਭਾਵਨਾ ਹੋ ਸਕਦੀ ਹੈ। ਪਰ ਸ਼ਾਹਬਾਜ਼ ਚੈਨ ਵਿਚ ਰਹਿਣ ਵਾਲਾ ਆਦਮੀ ਨਹੀਂ ਸੀ। ਉਹਦਾ ਖਿਆਲ ਸੀ ਕਿ ਕਾਨ੍ਹ ਛੰਭ ਨੂੰ ਛਾਂਟਣਾ ਮੁਗ਼ਲਾਂ ਵਾਸਤੇ ਸੌਖਾ ਨਹੀਂ ਹੋਣ ਲੱਗਾ। ਦੂਜਾ ਉਹ ਹੱਲਾ ਇਹੋ ਜਿਹੀ ਦਸ਼ਾ ਵਿਚੋਂ ਤੇ ਅਜਿਹੇ ਅਵੱਲੇ ਤਰੀਕੇ ਨਾਲ ਕਰੇਗਾ ਕਿ ਕੋਈ ਵੀ ਜੱਥੇ ਦੇ ਆਉਣ ਜਾਣ ਦੇ ਰਾਹ ਬਾਰੇ ਜਾਣ ਹੀ ਨਹੀਂ ਸਕੇਗਾ। ਤੇ ਜੇ ਹਰ ਹਾਲਤ ਵਿਚ ਮੁਗ਼ਲਾਂ ਨੂੰ ਪਤਾ ਚਲ ਹੀ ਗਿਆ ਤੇ ਜੇ ਉਹਨਾਂ ਨੇ ਕਾਨ੍ਹ ਛੰਭ ਉੱਤੇ ਹੱਲਾ ਕਰ ਹੀ ਦਿਤਾ ਤਾਂ ਫਿਰ ਵੇਖੀ ਜਾਏਗੀ।

ਬੰਦੇ ਦੇ ਸਾਥ ਵਿਚ ਸ਼ਾਹਬਾਜ਼ ਨੇ ਬੜਾ ਸਵੈ-ਵਿਸ਼ਵਾਸ ਪ੍ਰਾਪਤ ਕੀਤਾ ਸੀ। ਪਿਛਲੇ ਅੱਠ ਨੌਂ ਮਹੀਨੇ ਤੋਂ ਜਿਸ ਭਾਂਤ ਉਹ ਜੰਗਲਾ ਵਿਚ ਰਹਿੰਦੇ ਆਏ ਸਨ ਉਸ ਨਾਲ ਸ਼ਾਹਬਾਜ਼ ਨੂੰ ਇਸ ਤਰ੍ਹਾਂ ਵੱਸਣ ਦੀ ਤਕਨੀਕ ਆ ਗਈ ਸੀ। ਉਹ ਸ਼ਹਿਰਾਂ ਤੇ ਗਿਰਾਵਾਂ ਤੋਂ ਦੂਰਾਡੇ ਜ਼ਿੰਦਗੀ ਗੁਜ਼ਾਰਨ ਦਾ ਇਕ ਲੰਮੇ ਅਰਸੇ ਵਾਸਤੇ ਜ਼ਾਤੀ ਤਜਰਬਾ ਕਰ ਚੁਕਾ ਸੀ। ਇਹ ਹੀ ਨਹੀਂ — ਜੇ ਸ਼ਾਹਬਾਜ਼ ਕਾਨ੍ਹ ਛੰਭ ਵਿਚ ਪਹਿਲੇ ਇਕੱਤਰ ਹੋਏ ਸਿੰਘਾਂ ਵਾਂਗ ਹੀ ਸ਼ਾਂਤ ਹੋ ਕੇ ਬਹਿ ਜਾਂਦਾ ਤੇ ਉਹਨਾਂ ਵਾਂਗ ਹੀ ਚੰਗੇ ਦਿਨਾਂ ਦੀ ਉਡੀਕ ਸ਼ੁਰੂ ਕਰ ਦੇਂਦਾ ਤਾਂ ਉਹਦੇ ਤੇ ਹੋਰਨਾਂ ਵਿਚ ਫਿਰ ਫਰਕ ਹੀ ਕੀ ਸੀ? ਫਿਰ ਬੰਦਾ ਬਹਾਦਰ ਦਾ ਸਾਥ ਕਿਸ ਕੰਮ? ਬੰਦਾ ਬਹਾਦਰ ਦੀ ਸ਼ਖਸੀਅਤ ਦਾ ਪ੍ਰਭਾਵ ਹੀ ਕੀ?

ਬੰਦਾ ਬਹਾਦਰ ਦੇ ਨਾਲ ਰਹਿੰਦਿਆਂ ਸ਼ਾਹਬਾਜ਼ ਵਿਚ ਸੈਨਾਪਤੀ ਦੇ ਤੇ ਇਕ ਆਗੂ ਦੇ ਸੰਪੂਰਨ ਗੁਣ ਪਲਦੇ ਆ ਰਹੇ ਸਨ। ਹਰ ਵੇਲੇ-ਕੁਵੇਲੇ ਇਹ ਗੁਣ ਆਪਣੇ ਆਪ ਹੀ ਪ੍ਰਕਾਸ਼ਮਾਨ ਹੁੰਦੇ ਤੇ ਸਭ ਨੂੰ ਇੰਜ ਹੀ ਜਾਪਦਾ ਕਿ ਜਿਵੇਂ ਸ਼ਾਹਬਾਜ਼ ਨੂੰ ਪਰਮਾਤਮਾ ਜਾਂ ਗੁਰੂ ਗੋਬਿੰਦ ਸਿੰਘ ਜਾਂ ਬਾਬਾ ਬੰਦੇ ਵਲੋਂ ਉਹਨਾਂ ਦਾ ਆਗੂ ਥਾਪਿਆ ਗਿਆ ਹੈ।

"ਜਲਦੀ ਹੀ ਬਾਬਾ ਬੰਦਾ ਫਿਰ ਭਾਰੂ ਹੋ ਜਾਏਗਾ। ਉਦੋਂ ਤਕ ਸਾਨੂੰ ਆਰਾਮ ਨਾਲ ਟਿਕਣਾ ਚਾਹੀਦਾ ਹੈ। ਖਾਹ ਮਖਾਹ ਬਲਾਅ ਗਲ ਨਹੀਂ ਪਾਣੀ ਚਾਹੀਦੀ।" ਟੁੰਡੇਰ ਉੱਤੇ ਹੱਲੇ ਤੋਂ ਪਹਿਲੇ ਇਕ ਰਣਜੀਤ ਸਿੰਘ ਨੇ ਆਖਿਆ।

"ਜਿਸ ਖਾਲਸੇ ਦਾ ਨਾਂ ਰਣਜੀਤ ਸਿੰਘ ਹੈ ਜੇ ਉਹ ਵੀ ਇਸ ਤਰ੍ਹਾਂ ਦੇ ਢਾਹੂ ਸੁਝਾਅ ਸਾਹਮਣੇ ਰਖੇ ਤਾਂ ਮੈਂ ਕੀ ਕਹਿ ਸਕਦਾ ਹਾਂ। ਇਕ ਇਕੱਲੇ ਬਾਬਾ ਬੰਦੇ ਨੇ ਮੁਸਲਮਾਨਾਂ ਉੱਤੇ ਭਾਰੂ ਨਹੀਂ ਹੋਣਾ। ਉਹਨਾਂ ਨੂੰ ਵੀ ਸਾਡੀ ਸਹਾਇਤਾ ਦੀ ਲੋੜ ਹੈ। ਅਸੀਂ ਇਸ ਤੇ ਹੋਰਨਾਂ ਹੱਲਿਆਂ ਨਾਲ ਬਾਬਾ ਬੰਦੇ ਨੂੰ ਮੁਗ਼ਲੀਆ ਸਲਤਨੱਤ ਉੱਤੇ ਭਾਰੂ ਹੋਣ ਵਿਚ ਅਧਿਕ ਮਦਦ ਦੇਵਾਂਗੇ।"

ਇਹੋ ਜਿਹੀਆਂ ਤੇ ਅਨੇਕਾਂ ਹੋਰ ਦਲੀਲਾਂ ਨਾਲ ਸ਼ਾਹਬਾਜ਼ ਨੇ ਇਹਨਾਂ ਜਵਾਨਾਂ ਨੂੰ ਜੱਥੇਬੰਦ ਕਰ ਲਿਆ ਤੇ ਉਹਨਾਂ ਕੋਲੋਂ ਆਪਣੀ ਆਖੀ ਮਨਵਾਣ ਲਗਾ। ਸ਼ਾਹਬਾਜ਼ ਨੇ ਆਪਣੇ ਪਹਿਲੇ ਹੱਲੇ ਵਾਸਤੇ ਟੁੰਡੇਰ ਨੂੰ ਇਸ ਲਈ ਚੁਣਿਆ ਕਿ ਇਕ ਤਾਂ ਏਥੋਂ ਦੇ ਮੁਸਲਮਾਨ ਸੱਯਦਾਂ ਕੋਲ ਕਾਫ਼ੀ ਧੰਨ, ਦੌਲਤ ਤੇ ਦਾਣਾ ਪੱਠਾ ਸੀ ਤੇ ਦੂਜਾ ਕਿਉਂਕਿ ਏਸੇ ਪਿੰਡ ਦੇ ਵਸਨੀਕਾਂ ਨੇ ਹੀ ਸਰਮੌਰ ਪ੍ਰੰਤੀ ਵਿਚ ਸਿਖਾਂ ਉਤੇ ਬਹੁਤੇ ਜ਼ੁਲਮ ਕਮਾਏ ਸਨ।

ਇਸ ਹੱਲੇ ਦੀ ਸਫ਼ਲਤਾ ਨਾਲ ਤੇ ਇਸ ਵਜ੍ਹਾ ਨਾਲ ਕਿ ਉਹ ਬੰਦੇ ਦਾ ਖ਼ਾਸ ਆਦਮੀ ਸੀ ਸ਼ਾਹਬਾਜ਼ ਕਾਨ੍ਹ ਛੰਭ ਵਿਚ ਰਹਿੰਦੇ ਸਿੰਘਾਂ ਦਾ ਸਹੀ ਆਗੂ ਬਣ ਗਿਆ। ਉਸ ਅਡੋ ਅਡਰੇ ਦੋਹਾਂ ਜੱਥਿਆਂ ਨੂੰ ਵੀ ਦਿਮਾਗੀ ਤੇ ਬੁਧੀ ਪੱਧਰ ਤੋਂ ਸੰਯੁਕਤ ਕੀਤਾ, ਭਾਵੇਂ ਅਜੇ ਤਕ ਵੀ ਉਹ ਛੰਭ ਦੇ ਵਖਰੇ ਵਖਰੇ ਹਿੱਸਿਆਂ ਵਿਚ ਰਹਿ ਰਹੇ ਸਨ।

ਇਕ ਹੋਰ ਕਾਰਨ ਜਿਸ ਕਰਕੇ ਸ਼ਾਹਬਾਜ਼ ਨੇ ਕਾਨ੍ਹ ਛੰਭ ਦੇ ਸਿਖਾਂ ਨੂੰ ਜੱਥੇਬੰਦ ਕਰਨ ਦਾ ਉਦਮ ਕੀਤਾ ਉਹ ਇਹ ਸੀ — ਉਹ ਜਾਣਦਾ ਲਗਦਾ ਸੀ ਕਿ ਉਹਦੇ ਵਾਸਤੇ ਮਾਹਿਲ ਜਾਣਾ ਹੁਣ ਬੜਾ ਕਠਿਨ ਹੈ। ਇਮਾਮ ਦੀਨ ਨੇ ਉਹਦੇ ਬਾਰੇ ਸਭਨਾਂ ਨੂੰ ਦਸ ਦਿਤਾ ਹੋਵੇਗਾ ਤੇ ਉਹਨੂੰ ਇਸ ਗੱਲ ਦਾ ਮਾਣ ਸੀ ਕਿ ਜਲਦੀ ਜਾਂ ਦੇਰ ਨਾਲ ਬਾਦਸ਼ਾਹ ਜ਼ਰੂਰ ਉਹਦੇ ਸਿਰ ਲਈ ਇਨਾਮ ਰਖੇਗਾ! ਨਾ ਹੀ ਹੁਣ ਵਾਪਸ ਬੰਦਾ ਸਿੰਘ ਬਹਾਦਰ ਕੋਲ ਜਾਣਾ ਮੁਮਕਿਨ ਸੀ। ਕੁਝ ਕੁ ਮਹੀਨਿਆਂ ਵਾਸਤੇ ਉਹਦਾ ਘਰ ਕਾਨ੍ਹ ਛੰਭ ਹੀ ਸੀ, ਸੋ ਇਸ ਘਰ ਦਾ ਤੇ ਇਸ ਘਰ ਵਿਚ ਵਸਦੇ ਜੀਆਂ ਦਾ ਲੋੜੀਂਦਾ ਤੇ ਸੌਂਹਦਾ ਪ੍ਰਬੰਧ ਬੈਠ ਲੈਣਾ ਹੀ ਯੋਗ ਸੀ।

ਬੇਸ਼ਕ ਉਹ ਜਾਣਦਾ ਸੀ ਕਿ ਜੇ ਇਕ ਵਾਰ ਮੁਗ਼ਲਾਂ ਨੇ ਛੰਭ ਨੂੰ ਛਾਂਟਣ ਦੀ ਠਾਨ ਲਈ ਤਾਂ ਉਹ ਅਵੱਸ਼ ਸਫਲ

Scanned by CamScanner

ਹੋਣਗੇ ਪਰ ਸਿਰਫ ਇਸ ਡਰ ਦੇ ਕਾਰਨ ਉਹ ਨਿਚੱਲਾ ਕਿਵੇਂ ਬੈਠਾ ਰਹਿੰਦਾ ? ਹਰ ਹਾਲਤ ਵਿਚ ਜੇ ਉਹ ਮਨਹੂਸ ਦਿਨ ਆ ਹੀ ਪਹੁੰਚਿਆ ਤਾਂ ਉਹ ਇਕੇ ਦੁਕੇ ਖਿੰਡ ਕੇ ਦੂਰਲੇ ਨੇੜਲੇ ਛੰਭਾਂ ਵਿਚ ਜਾ ਛੁਪਣਗੇ। ਪਰ ਮੁਗ਼ਲੀਹਾ ਸਲਤਨੱਤ ਨੂੰ ਪਤਾ ਤਾਂ ਲਗ ਜਾਏਗਾ ਕਿ ਉਹ ਸਿਖਾਂ ਦਾ ਬੀਜ ਨਾਸ ਨਹੀਂ ਕਰ ਸਕੇ। ਜੇ ਪਠਾਨਕੋਟ, ਜੰਮੂ, ਬਿਲਾਸਪੁਰ ਆਦਿ ਵਿਚ ਬੰਦਾ ਸਿੰਘ ਅਜੇ ਤਕ ਵੀ ਜੋਊਂਦਾ ਆਪਣਾ ਸਿੱਕਾ ਜਮਾ ਰਿਹਾ ਹੈ ਤਾਂ ਕੁਝ ਸਿਖ ਪੰਜਾਬ ਦੇ ਮੈਦਾਨਾਂ ਵਿਚ ਵੀ ਤੇ ਆਪ ਲਾਹੌਰ ਸੂਬੇ ਦੇ ਨੇੜੇ ਹੀ ਬੰਦਾ ਬਹਾਦਰ ਦੀ ਸਪਿਰਟ ਨੂੰ ਸੁਰਜੀਤ ਰਖ ਰਹੇ ਹਨ।

ਨੇਤ ਨਾਲ ਟੁੰਡੇਰ ਉੱਤੇ ਹੋਏ ਹੱਲੇ ਬਾਰੇ ਕਿਸੇ ਨੂੰ ਕੰਨੋਂ ਕੰਨੀ ਖਬਰ ਨਾ ਹੋਈ। ਸ਼ਾਹਬਾਜ਼ ਨੇ ਏਨੀ ਚਾਲਾਕੀ ਤੇ ਸਿਆਣਪ ਨਾਲ ਇਸ ਹੱਲੇ ਦਾ ਪ੍ਰਬੰਧ ਕੀਤਾ ਸੀ। ਕੁਝ ਦਿਨ ਠਹਿਰ ਕੇ ਸ਼ਾਹਬਾਜ਼ ਨੇ ਆਪਣੇ ਘਰ ਦਿਆਂ ਨੂੰ ਆਪਣੇ ਬਾਰੇ ਦਸਣ ਦੀਆਂ ਵਿਉਂਤਾਂ ਸੋਚਣੀਆਂ ਸ਼ੁਰੂ ਕੀਤੀਆਂ। ਪਰ ਸਿਵਾਏ ਕਿਸੇ ਹਿੰਦੂ ਦੇ, ਸਿਖਾਂ ਵਾਸਤੇ ਦਿਨ-ਦੀਵੀਂ ਮਾਹਿਲ ਜਾਣਾ ਅਨਹੋਣਾ ਸੀ ਤੇ ਹਿੰਦੂ ਜਾਂ ਸਹਿਜਧਾਰੀ ਸਿਖ ਕੋਈ ਕਾਨੂ ਵਿਚ ਹੈ ਨਹੀਂ ਸੀ। ਕੇਸਾ ਧਾਰੀ ਸਿਖ ਵਾਸਤੇ ਰਾਤੀਂ ਵੀ ਇਕੱਲੇ ਦੁਕੱਲੇ ਛੰਭ ਤੋਂ ਬਾਹਰ ਨਿਕਲਣਾ ਖਤਰੇ ਤੋਂ ਖਾਲੀ ਨਹੀਂ ਸੀ। ਨਾ ਹੀ ਸ਼ਾਹਬਾਜ਼ ਦਾ ਜੀ ਕਰਦਾ ਕਿ ਉਹਦੀ ਜ਼ਾਤ ਵਾਸਤੇ ਕੋਈ ਸਿੰਘ ਆਪਣੀ ਜਾਨ ਖਤਰੇ ਵਿਚ ਪਾਵੇ। ਪਰ ਦਿਲੋਂ ਸ਼ਾਹਬਾਜ਼ ਵੀ ਮਜਬੂਰ। ਉਹ ਐਡੀ ਦੂਰੋਂ ਸਿਰਫ ਏਸੇ ਲਈ ਹੀ ਆਇਆ ਸੀ ਕਿ ਉਹ ਆਪਣੇ ਘਰ ਦਿਆਂ ਨੂੰ, ਆਪਣੀ ਸ਼ੰਭੀ ਨੂੰ ਤੇ ਸਭ ਤੋਂ ਵਧ ਆਪਣੇ ਕਾਲੂ ਨੂੰ ਮਿਲ ਸਕੇ। ਕਿਥੇ ਜੰਮੂ ਤੇ ਪਠਾਣਕੋਟ ਤੇ ਕਿਥੇ ਮਾਹਿਲ ? ਪਰ ਹੁਣ ਉਹ ਮਾਹਿਲ ਤੋਂ ਚਾਰ ਮੀਲ ਦੂਰ ਸੀ ਤੇ ਮਾਹਿਲ ਜਾ ਨਹੀਂ ਸੀ ਸਕਦਾ। ਜਿਸ ਕਾਲੂ ਵਾਸਤੇ ਸ਼ੰਭੀ ਨੇ ਪ੍ਰੀਤਮ ਸਿੰਘ ਨੂੰ ਅੰਨੀਆਂ ਸੋਹਾਂ ਪਾਈਆਂ, ਜਿਸ ਕਾਲੂ ਦਾ ਨਾਂ ਬੰਦਾ ਸਿੰਘ ਦੇ ਸਾਰੇ ਕੈਂਪ ਵਿਚ ਐਨਾ ਮਸ਼ਹੂਰ ਹੋਇਆ ਤੇ ਜਿਸ ਕਾਲੂ ਵਾਸਤੇ ਬੰਦਾ ਸਿੰਘ ਨੇ ਉਹਨੂੰ ਵਾਪਸ ਮੁੜਨ ਦਾ ਹੁਕਮ ਦਿਤਾ, ਉਸੇ ਕਾਲੂ ਤੋਂ ਹੁਣ ਸ਼ਾਹਬਾਜ਼ ਸਿਰਫ ਚਾਰ ਮੀਲ ਦੂਰ ਸੀ ਪਰ ਇਹ ਚਾਰ ਮੀਲ ਚਾਰ ਸੌ ਮੀਲਾਂ ਨਾਲੋਂ ਵੀ ਲੰਮੇਰੇ ਤੇ ਔਖੇਰੇ ਸਨ। ਦਿਨੇ ਰਾਤ ਸ਼ਾਹਬਾਜ਼ ਨੂੰ ਕਾਲੂ ਤੇ ਸ਼ੰਭੀ ਦੇ ਸੁਪਨੇ ਆਉਂਦੇ।

ਦਲੇਰ ਸਿੰਘ, ਬੰਟਾ ਸਿੰਘ ਤੇ ਜਾਨੂ ਸਿੰਘ ਸ਼ਾਹਬਾਜ਼ ਦੀ ਦਿਲੀ ਹਾਲਤ ਤੋਂ ਜਾਣੂ ਸਨ। ਜੇ ਸ਼ਾਹਬਾਜ਼ ਨੇ ਪਠਾਣਕੋਟੋਂ ਨਾ ਆਉਣਾ ਹੁੰਦਾ ਭਾਂ ਸ਼ਾਇਦ ਇਹ ਤਿੰਨੇ ਸਿੰਘ ਵੀ ਅਜੇ ਤਕ ਪਠਾਣਕੋਟ ਹੀ ਹੁੰਦੇ। ਉਹਨਾਂ ਦੇ ਘਰ ਮੁੜਨ ਦਾ ਸ਼ਾਹਬਾਜ਼ ਵਰਗਾ ਕੋਈ ਨਾ ਕੋਈ ਖ਼ਾਸ ਕਾਰਨ ਸੀ। ਇਹ ਤਿੰਨੇ ਸਿੰਘ ਵੀ ਸ਼ਾਹਬਾਜ਼ ਵਾਂਗ ਇਕ ਮੁਦਤ ਤੋਂ ਘਰੋਂ ਨਿਕਲੇ ਹੋਏ ਸਨ ਤੇ ਬੰਦਾ ਸਿੰਘ ਨੇ ਇਹਨਾਂ ਨੂੰ ਵੀ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਆਗਿਆ ਦਿਤੀ ਸੀ।

ਦਲੇਰ ਸਿੰਘ ਨੇ ਸਭ ਤੋਂ ਪਹਿਲੇ ਤੇ ਆਪਣੇ ਆਪ ਸ਼ਾਹਬਾਜ਼ ਨੂੰ ਉਹਦੇ ਵਾਪਸ ਮੁੜਨ ਦਾ ਕਾਰਨ ਚੇਤੇ ਕਰਾਇਆ ਤੇ ਆਖਿਆ, "ਜੇ ਤੁਸੀਂ ਆਖੋ ਤਾਂ ਮੈਂ ਇਕ ਰਾਤ ਜਾ ਕੇ ਕਾਲੂ ਨੂੰ ਏਥੇ ਚੁਕ ਲਿਆਵਾਂ ?" ਤੇ ਉਹ ਮੁਸਕਰਾਇਆ।

"ਨਹੀਂ ਦਲੇਰ ਸਿੰਘ !" ਸ਼ਾਹਬਾਜ਼ ਨੇ ਹਉਕਾ ਭਰ ਕੇ ਕਿਹਾ, "ਜਿਥੇ ਐਨਾ ਲੰਮਾ ਵਿਛੋੜਾ ਸਹਿਆ ਹੈ ਉਥੇ ਕੁਝ ਦਿਨ ਹੋਰ ਵੀ ਸਹੀ, ਸਿਰਫ..." ਉਹ ਕਹਿੰਦਾ ਕਹਿੰਦਾ ਰੁਕ ਗਿਆ।

"ਕੀ ਕਹਿਣ ਲਗੇ ਸਉ ?"

"ਕੁਝ ਨਹੀਂ।"

"ਨਹੀਂ, ਕੁਝ ਨਾ ਕੁਝ ਤੁਹਾਡੇ ਮਨ ਵਿਚ ਹੈ। ਆਪਣੇ ਸੈਨਕ ਭਰਾਵਾਂ ਕੋਲੋਂ ਕੀ ਲੁਕਾਅ ?"

"ਦਲੇਰ ਸਿੰਘ, ਕਦੀ ਕਦੀ ਮੈਨੂੰ ਇੰਜ ਲਗਦਾ ਹੈ ਕਿ ਸ਼ਾਇਦ ਮੈਂ ਕਦੀ ਵੀ ਆਪਣੇ ਕਾਲੂ ਨੂੰ ਵੇਖ ਨਹੀਂ ਸਕਾਂਗਾ। ਮੈਨੂੰ ਇਸ ਤਰ੍ਹਾਂ ਕਿਉਂ ਲਗਦਾ ਹੈ — ਮੈਂ ਕਹਿ ਨਹੀਂ ਸਕਦਾ। ਸ਼ਾਇਦ..."

"ਨਹੀਂ ਸ਼ਾਹਬਾਜ਼, ਤੁਸੀਂ ਇਸ ਤਰ੍ਹਾਂ ਨਾ ਸੋਚੋ। ਗੁਰੂ ਕਲਗੀਆਂ ਵਾਲਾ ਮਿਹਰ ਕਰੇਗਾ। ਅਸਾਂ ਸਾਰਿਆਂ ਦੇ ਦੁਖ ਕਟੇ ਜਾਣਗੇ। ਰੱਬ ਸਾਡੇ ਇਮਤਿਹਾਨ ਲੈ ਰਿਹਾ ਹੈ।"

"ਕਾਸ਼ !" ਸ਼ਾਹਬਾਜ਼ ਨੇ ਆਖਿਆ, "ਇਹ ਵਿਛੋੜਾ ਜਲਦੀ ਕਟਿਆ ਜਾਵੇ। ਮੈਂ ਘਟੋ ਘਟ ਇਕ ਵਾਰ ਕਾਲੂ ਨੂੰ ਮਿਲ ਸਕਾਂ, ਉਹਨੂੰ ਵੇਖ ਤੇ ਚੁੰਮ ਸਕਾਂ।"

Scanned by CamScanner

ਦਲੇਰ ਸਿੰਘ ਨੇ ਸ਼ਾਹਬਾਜ਼ ਦੇ ਦਿਲ ਦੀ ਹਾਲਤ ਜਾਣ ਕੇ ਬੰਤਾ ਸਿੰਘ ਨਾਲ ਸਲਾਹ ਕੀਤੀ। ਉਹ ਜਾਣਦਾ ਸੀ ਕਿ ਉਹਦੇ ਆਪਣੇ ਜਾਣ ਦੀ ਆਗਿਆ ਸ਼ਾਹਬਾਜ਼ ਕਦੀ ਨਹੀਂ ਦੇਵੇਗਾ ਤੇ ਉਹ ਸ਼ਾਹਬਾਜ਼ ਦੀ ਆਗਿਆ ਬਗ਼ੈਰ ਜਾ ਨਹੀਂ ਸੀ ਸਕਦਾ, ਕਿਉਂਕਿ ਉਹਦੇ ਹੱਥ ਹੀ ਛੰਭ ਦੇ ਉਤਰੀ ਪੂਰਬੀ ਹਿਸੇ ਵਿਚ ਰਹਿੰਦੇ ਜੱਥੇ ਦੀ ਵਾਗ ਡੋਰ ਸੀ। ਪਰ ਬੰਤਾ ਸਿੰਘ ਜੇ ਚਾਹੁੰਦਾ ਤਾਂ ਸ਼ਾਹਬਾਜ਼ ਤੋਂ ਬਿਨਾਂ ਪੁਛੇ ਵੀ ਰਾਤ ਦੀ ਰਾਤ ਲਈ ਜਾ ਸਕਦਾ ਸੀ। ਸ਼ਾਹਬਾਜ਼ ਬੰਤਾ ਸਿੰਘ ਦੇ ਜਾਣ ਵਾਸਤੇ ਵੀ ਨਾ ਮੰਨਿਆ, ਸੋ ਅੰਤ ਉਹਨੂੰ ਸ਼ਾਹਬਾਜ਼ ਤੋਂ ਬਿਨਾਂ ਪੁਛਿਆਂ ਤੇ ਬਿਨਾਂ ਦਸਿਆਂ ਹੀ ਜਾਣ ਵਾਸਤੇ ਮਜਬੂਰ ਹੋਣਾ ਪਿਆ। ਅਜ ਉਹਨਾਂ ਨੂੰ ਕਾਨ੍ਹਾ ਛੰਭ ਵਿਚ ਆਇਆਂ ਨੌਂ ਦਿਨ ਹੋ ਚੁਕੇ ਸਨ।

ਬੰਤਾ ਸਿੰਘ ਮਾਹਿਲ ਗਿਆ ਤੇ ਖਬਰ ਲਿਆਇਆ ਕਿ ਸ਼ਾਹਬਾਜ਼ ਦੇ ਘਰ ਸਾਹਮਣੇ ਚੌਂਕੀ ਬੈਠੀ ਹੋਈ ਹੈ। ਉਸ ਸੁਣਿਆ ਕਿ ਅਖ਼ਤਰ ਖ਼ਾਨ ਨੂੰ ਸ਼ਾਹੀ ਦਰਬਾਰ ਤੋਂ ਸ਼ਾਹਬਾਜ਼ ਨੂੰ ਜ਼ਿੰਦਾ ਫੜਨ ਵਾਸਤੇ ਖਾਸ ਹੁਕਮ ਆਏ ਹਨ। ਸ਼ਾਹੀ ਦਰਬਾਰ ਦੀ ਇਛਿਆ ਹੈ ਕਿ ਸ਼ਾਹਬਾਜ਼ ਰਾਹੀਂ ਉਹ ਬੰਦਾ ਸਿੰਘ ਬਾਰੇ ਕੁਝ ਜ਼ਰੂਰੀ ਅਸਲੀਅਤਾਂ ਜਾਣ ਸਕਣ। ਬੰਤਾ ਸਿੰਘ ਨੇ ਇਹ ਵੀ ਦਸਿਆ ਕਿ ਕੋਈ ਆਦਮੀ ਬਿਨਾ ਤਲਾਸ਼ੀ ਸ਼ਾਹਬਾਜ਼ ਦੇ ਘਰ ਦੇ ਅੰਦਰ ਬਾਹਿਰ ਨਹੀਂ ਜਾ ਸਕਦਾ। ਪਰ ਹਰ ਹਾਲਤ ਵਿਚ ਬੰਤਾ ਸਿੰਘ ਦਾ ਮਿਸ਼ਨ ਸਫਲ ਹੋਇਆ। ਉਹ ਸ਼ਾਹਬਾਜ਼ ਬਾਰੇ ਉਹਦੇ ਘਰ ਦਿਆਂ ਨੂੰ ਦਸ ਆਇਆ ਤੇ ਕਾਫ਼ੀ ਸਾਰੀ ਲੱਤੀਂਦੀ ਖਬਰ-ਸੋ ਸ਼ਾਹਬਾਜ਼ ਵਾਸਤੇ ਇਕੱਠੀ ਕਰ ਲਿਆਇਆ। ਬੰਤਾ ਸਿੰਘ ਦੀ ਫੇਰੀ ਤੋਂ ਤਿੰਨ ਦਿਨ ਪਿਛੋਂ ਜਾਂਬਾਜ਼ ਕਾਨ੍ਹਾ ਛੰਭ ਆਪਣੇ ਭਰਾ ਨੂੰ ਮਿਲਣ ਆਇਆ ਤੇ ਇਸ ਤਰ੍ਹਾਂ ਸ਼ਾਹਬਾਜ਼ ਤੇ ਮਾਹਿਲ ਵਿਚਕਾਰ ਇਕ ਲੁਕਵਾਂ ਸੰਬੰਧ ਸ਼ੁਰੂ ਹੋ ਗਿਆ।

੨੫

ਸਿਖ ਰਾਜ ਦੀ ਸਥਾਪਤੀ ਨਾਲ ਪੰਜਾਬ ਵਿਚ ਇਸਤਰੀਆਂ ਨੂੰ ਆਜ਼ਾਦੀ ਮਿਲੀ। ਜਿਹੜਾ ਥੋੜਾ ਬਹੁਤਾ ਪਰਦੇ ਜਾਂ ਬੁਰਕੇ ਦਾ ਰਿਵਾਜ ਪਹਿਲੇ ਹੈ ਸੀ, ਉਹ ਵੀ ਮੁਕ ਗਿਆ। ਔਰਤਾਂ ਪੰਜਾਬ ਦੀ ਸਮਾਜਕ ਤੇ ਧਾਰਮਿਕ ਜ਼ਿੰਦਗੀ ਵਿਚ ਪੂਰਾ ਹਿੱਸਾ ਲੈਣ ਲਗੀਆਂ। ਉਹ ਬੇਧੜਕ ਖੇਤਾਂ ਵਿਚ ਜਾਂਦੀਆਂ ਤੇ ਮਰਦਾਂ ਨਾਲ ਕੰਮ ਕਰਦੀਆਂ। ਉਹ ਹਰ ਮਰਨੇ-ਪਰਨੇ ਤੇ ਆਉਂਦੀਆਂ ਜਾਂਦੀਆਂ।

ਲੌਹ ਗੜ੍ਹ ਵਿਚ ਹੋਈ ਖਾਲਸੇ ਦੀ ਹਾਰ ਨਾਲ ਤੇ ਫਿਰ ਬਹਾਦਰ ਸ਼ਾਹ ਦੀ ਪੰਜਾਬ ਫੇਰੀ ਨਾਲ ਇਸਤਰੀਆਂ ਦੀ ਆਜ਼ਾਦੀ ਕਿਸੇ ਹੱਦ ਤਕ ਘਟ ਗਈ। ਔਰਤਾਂ ਵਾਸਤੇ ਬਿਨਾਂ ਮਰਦਾਂ ਦੇ ਸਾਥ ਤੋਂ ਘਰੋਂ ਬਾਹਿਰ ਨਿਕਲਣਾ ਮੁਸ਼ਕਲ ਹੋ ਗਿਆ। ਪਿੰਡਾਂ ਵਿਚ ਵੀ ਔਰਤਾਂ ਬਹੁਤਾ ਕਰ ਕੇ ਘਰ ਹੀ ਰਹਿੰਦੀਆਂ। ਜਿਥੇ ਜਿਥੇ ਮੁਗਲਈ ਸੈਨਾ ਦੇ ਸਿਪਾਹੀ ਸੁਣੇ ਜਾਂਦੇ ਉਥੇ ਉਥੇ ਤਾਂ ਕਿਸੇ ਹਿੰਦੂ ਸਿਖ ਤੇ ਏਥੋਂ ਤਕ ਕਿ ਖੁਦ ਮੁਸਲਮਾਨ ਯੁਵਤੀਆਂ ਦਾ ਵੀ ਬਾਹਰ ਨਿਕਲਣਾ ਅਨਹੋਣਾ ਸੀ। ਇਹਨਾਂ ਮੁਗ਼ਲਈ ਮੁਸ਼ਟੰਡਿਆਂ ਕੋਲੋਂ ਕਿਸੇ ਵੀ ਔਰਤ ਦੀ ਦੁਰਗਤੀ ਹੋ ਸਕਦੀ ਸੀ ਤ ਫਿਰ ਦਿਹਦੀ ਕਿਤੇ ਸੁਣਵਾਈ ਵੀ ਨਹੀਂ ਸੀ ਹੁੰਦੀ।

ਜੋ ਕੁਝ ਸਾਰੇ ਪੰਜਾਬ ਵਿਚ ਵਾਪਰ ਰਿਹਾ ਸੀ, ਓਹੋ ਕੁਝ ਹੀ ਮਾਹਿਲ ਵਿਚ। ਸ਼ੋਭੀ ਜਾਂ ਘਰ ਦੀਆਂ ਹੋਰ ਇਸਤਰੀਆਂ ਘਟ ਵਧ ਹੀ ਬਾਹਿਰ ਜਾਂਦੀਆਂ। ਏਸੇ ਲਈ ਸ਼ੋਭੀ ਵਾਸਤੇ ਕਾਨ੍ਹਾ ਛੰਭ ਵਿਚ ਸ਼ਾਹਬਾਜ਼ ਨੂੰ ਮਿਲਣ ਜਾਣਾ ਮੁਸ਼ਕਲ ਸੀ। ਨਹੀਂ ਤਾਂ ਉਹ ਦਿਲੋਂ ਪੂਰਾ ਦਿਰਾਦਾ ਕਰ ਹੀ ਚੁਕੀ ਸੀ। ਖਾਸ ਕਰ ਕੇ ਜਦੋਂ ਤੋਂ ਉਸ ਜਾਂਬਾਜ਼ ਕੋਲੋਂ ਇਹ ਸੁਣਿਆ ਕਿ ਸ਼ਾਹਬਾਜ਼ ਨੇ ਅੱਠਾਂ ਦਸਾਂ ਦਿਨਾਂ ਤਕ ਇਕ ਰਾਤ ਮਾਹਿਲ ਆਉਣ ਦਾ ਫੈਸਲਾ ਕਰ ਲਿਆ ਹੋਇਆ ਹੈ। ਇਹ ਗਲ ਜਾਂਬਾਜ਼ ਦੇ ਕਾਨ੍ਹਾ ਛੰਭ ਵਿਚ ਤੀਜੀ ਵਾਰ ਜਾਣ ਵੇਲੇ ਦੀ ਸੀ।

Scanned by CamScanner

ਸ਼ੋਭੀ ਜਾਣਦੀ ਸੀ ਕਿ ਜੇ ਸ਼ਾਹਬਾਜ਼ ਨੂੰ ਕੋਈ ਉਹਦੀ ਕਹੀ ਤੋਂ ਮੋੜ ਸਕਦਾ ਹੈ ਤਾਂ ਸਿਰਫ ਉਹ ਹੀ ਹੈ । ਉਹ ਕਿਸੇ ਹੋਰ ਦੀ ਸੁਣਨ ਵਾਲਾ ਨਹੀਂ । ਤੇ ਉਹ ਨਹੀਂ ਸੀ ਚਾਹੁੰਦੀ ਕਿ ਸ਼ਾਹਬਾਜ਼ ਪਲ ਦੀ ਪਲ ਲਈ ਵੀ ਮਾਹਿਲ ਆਵੇ। ਉਹਨੂੰ ਡਰ ਲਗਦਾ । ਉਹ ਸ਼ਾਹਬਾਜ਼ ਦੀ ਸਲਾਮਤੀ ਵਾਸਤੇ ਫਿਕਰਮੰਦ ਹੋਈ ਤੇ ਜਦੋਂ ਉਸ ਜਾਂਬਾਜ਼ ਅਗੇ ਇਸ ਫਿਕਰ ਦਾ ਜ਼ਿਕਰ ਕੀਤਾ ਤਾਂ ਉਸ ਕਿਹਾ, "ਸ਼ੋਭੀ ! ਮੇਰੀ ਸ਼ਾਹਬਾਜ਼ ਨੇ ਅਗੇ ਕਦੀ ਮੰਨੀ ਹੈ ਕਿ ਹੁਣ ਉਹ ਮੇਰੀ ਸਲਾਹ ਲਏਗਾ ? ਮੇਰਾ ਫ਼ਰਜ਼ ਇਕ ਵਾਰੀ ਆਖਣਾ ਸੀ, ਸੋ ਮੈਂ ਕਹਿ ਦਿਤਾ ।"

"ਪਰ ਉਹ ਕਾਲੂ ਨੂੰ ਮਿਲਣ ਵਾਸਤੇ ਕਾਹਲੇ ਹਨ, ਮੈਂ ਜਾਣਦੀ ਹਾਂ," ਸ਼ੋਭੀ ਨੇ ਸ਼ਾਹਬਾਜ਼ ਦਾ ਪੱਖ ਲੈਂਦਿਆਂ ਹੋਇਆਂ ਕਿਹਾ। "ਤਾਂ ਮੈਂ ਉਹਨੂੰ ਬਾਬੇ ਬੰਦੇ ਦਾ ਜਰਨੈਲ ਬਣਨ ਦਾ ਨਿਓਂਤਾ ਨਹੀਂ ਸੀ ਦਿਤਾ ਤੇ ਨਾ ਹੀ ਮੈਂ ਉਹਨੂੰ ਵਾਲ ਕਟਾ ਦੇਣ ਤੋਂ ਰੋਕਦਾ ਹਾਂ ।"

"ਤੁਸੀਂ ਇੰਜ ਨਾ ਕਿਹਾ ਕਰੋ । ਅੰਮ੍ਰਿਤ ਉਹਨਾਂ ਦੀ ਨੱਸ ਨੱਸ ਵਿਚ ਰਸ ਗਿਆ ਹੈ । ਮੈਨੂੰ ਪਤਾ ਹੈ ਉਹ ਵਾਲ ਕਟਾਣ ਪਿਛੋਂ ਕਦੀ ਜੀ ਨਹੀਂ ਸਕਣਗੇ ।"

ਇਹ ਸੁਣਦਿਆਂ ਹੀ ਜਾਂਬਾਜ਼ ਦਾ ਮਨ ਨਰਮ ਹੋ ਗਿਆ ਤੇ ਉਹ ਬੋਲਿਆ;

"ਤਾਂ ਦਸ ਮੈਂ ਕੀ ਕਰਾਂ ਸ਼ੋਭੀਏ । ਜੇ ਹੋ ਸਕਦਾ ਤਾਂ ਮੈਂ ਕਾਲੂ ਨੂੰ ਨਾਲੇ ਲੈ ਜਾਂਦਾ ਤੇ ਸ਼ਾਹਬਾਜ਼ ਨੂੰ ਮਿਲਾ ਲਿਆਂਦਾ । ਪਰ ਤੂੰ ਜਾਣਦੀ ਹੈਂ ਕਿ ਮੈਂ ਕੇਡੀਆਂ ਔਕੜਾਂ ਨਾਲ ਉਹਨੂੰ ਮਿਲਣ ਲਈ ਜਾਂਦਾ ਰਿਹਾ ਹਾਂ । ਮੈਂ ਉਹਨੂੰ ਬੜਾ ਹੌੜਿਆ ਹੈ ਪਰ ਉਹ ਮੇਰੀ ਨਹੀਂ ਮੰਨਦਾ ।"

"ਉਹਨੂੰ ਤੁਸੀਂ ਮੇਰੀ ਵਲੋਂ ਸੋਂਹ ਪਾ ਕੇ ਆਖਣਾ ਸੀ...।"

"ਉਂਵ ਵੀ ਕਿਹਾ ਸੀ ਸ਼ੋਭੀ...। ਮੈਂ ਤਾਂ ਤੈਨੂੰ ਆਪ ਨਾਲ ਲੈ ਚਲਾਂ, ਪਰ ਇਹ ਸਮਾਂ ਕੇਡਾ ਕਠਿਨ ਹੈ । ਪੈਰ ਪੈਰ ਉੱਤੇ ਡਰ ਲਗਦਾ ਹੈ ।"

"ਮੈਨੂੰ ਆਪਣੀ ਜਾਨ ਦੀ ਪ੍ਰਵਾਹ ਨਹੀਂ । ਤੁਸੀਂ ਮੈਨੂੰ ਆਪਣੇ ਨਾਲ ਲੈ ਚਲੋ ।"

"ਪਰ ਮੈਨੂੰ ਆਪਣੀ ਜਾਨ ਦੀ ਪ੍ਰਵਾਹ ਹੈ । ਸ਼ੋਭੀ, ਮੇਰੇ ਸਿਰ ਉਤੇ ਸਾਰੇ ਘਰ ਦਾ ਬੀੜਾ ਹੈ । ਮੈਂ ਅਜੇ ਕੁੰਤੀ ਨੂੰ ਵਿਆਹੁਣਾ ਹੈ । ਮੇਰੀਆ ਆਪਣੀਆਂ ਹਰਬੰਸ ਤੇ ਪਾਸ਼ ਵਿਆਹੁਣ ਜੋਗੀਆਂ ਹੋ ਗਈਆਂ ਹਨ । ਸ਼ਾਹਬਾਜ਼ ਵਾਸਤੇ ਮੈਂ ਆਪਣੀ ਜ਼ਿੰਦਗੀ ਵਿਚ ਬਤਾ ਕੁਝ ਕੀਤਾ ਹੈ ਪਤ ਕਿਥੋਂ ਤਕ...?"

ਬੇਸ਼ਕ ਜਾਂਬਾਜ਼ ਨੇ ਆਪਣੇ ਭਰਾ ਲਈ ਜ਼ਿੰਦਗੀ ਵਿਚ ਬੜਾ ਕੁਝ ਕੀਤਾ ਸੀ । ਉਸ ਨੂੰ ਉਹਨੇ ਭਰਾ ਵਾਂਗ ਨਹੀਂ ਪੁਤਰਾਂ ਵਾਂਗ ਪਿਆਰਿਆ ਸੀ ਭਾਵੇਂ ਉਹਨਾਂ ਦੀ ਉਮਰ ਵਿਚ ਫ਼ਰਕ ਮਸੇਂ ਦਸ ਸਾਲਾਂ ਦਾ ਹੀ ਸੀ । ਜਾਂਬਾਜ਼ ਨੇ ਸ਼ਾਹਬਾਜ਼ ਨੂੰ ਕਦੀ ਨਹੀਂ ਸੀ ਝਿੜਕਿਆ, ਕਦੀ ਨਹੀਂ ਸੀ ਮਾਰਿਆ । ਉਸ ਸ਼ਾਹਬਾਜ਼ ਨੂੰ ਕਦੀ ਖੇਤਾਂ ਵਿਚ ਵੀ ਅਧਿਕ ਕੰਮ ਕਰਨ ਵਾਸਤੇ ਮਜਬੂਰ ਨਹੀਂ ਸੀ ਕੀਤਾ । ਸ਼ੋਭੀ ਨਾਲ ਹੋਏ ਵਿਆਹ ਦੇ ਮੁਆਮਲੇ ਵਿਚ ਵੀ ਉਸ ਨੇ ਹਮੇਸ਼ਾਂ ਸ਼ਾਹਬਾਜ਼ ਦਾ ਸਾਥ ਦਿਤਾ ਸੀ ।

ਪਰ ਜਾਂਬਾਜ਼ ਦੀਆਂ ਨੱਸਾਂ ਵਿਚ ਟੱਬਰ ਦਾ ਪਿਆਰ ਬੜਾ ਸ਼ਕਤੀਵਾਨ ਸੀ । ਉਹ ਧਰਮ ਨਾਲੋਂ ਵਧ ਆਪਣੇ ਟੱਬਰ ਤੇ ਆਪਣੀ ਸਲਾਮਤੀ ਨੂੰ ਤਰਜੀਹ ਦੇਂਦਾ । ਉਸ ਅਜੇ ਤਕ ਤਿੰਨ ਵਾਰ ਕੇਸ ਰਖੇ ਤੇ ਤਿੰਨ ਵਾਰ ਮੁਨਾਏ । ਕੇਸ ਨਾ ਮੁਨਾਣ ਦੀ ਸੂਰਤ ਵਿਚ ਜਾਂ ਉਹਨੂੰ ਘਰ ਛਡਣਾ ਪੈਂਦਾ ਸੀ ਤੇ ਜਾਂ ਮੌਤ ਕਬੂਲਣੀ ਪੈਂਦੀ ਸੀ ਤੇ ਉਹ ਇਹਨਾਂ ਦੋਹਾਂ ਚੀਜ਼ਾਂ ਵਾਸਤੇ ਤਿਆਰ ਨਹੀਂ ਸੀ । ਜੇ ਸਿਰਫ ਮੌਤ ਹੀ ਕਬੂਲਣ ਦਾ ਇਕ ਰਾਹ ਹੁੰਦਾ ਤਾਂ ਵੀ ਸ਼ਾਇਦ ਧਰਮ ਵਾਸਤੇ ਉਹ ਆਪਣੀ ਜਾਨ ਕੁਰਬਾਨ ਕਰ ਦੇਂਦਾ, ਪਰ ਉਹ ਨਿਰਸੰਦੇਹ ਧਰਮ ਅਪਨਾਣ ਵਾਸਤੇ ਘਰ ਨਹੀਂ ਸੀ ਛਡ ਸਕਦਾ । ਉਹਦੇ ਵਿਚ ਆਪਣੇ ਬੁਢੇ ਪਿਓ ਤੇ ਬੁਢੀ ਮਾਂ ਦੀ ਸੇਵਾ ਕਰਨ ਦਾ ਚਾਅ ਸੀ । ਉਹ ਕੁਲਵੰਤ ਨੂੰ ਵਿਆਹੁਣਾ ਚਾਹੁੰਦਾ ਸੀ । ਉਹਨੂੰ ਆਪਣੀ ਬਲਵੰਤ, ਆਪਣੀਆਂ ਹਰਬੰਸ ਤੇ ਪਾਸ਼ ਤੇ ਆਪਣਾ ਗੁਰਦਾਸ ਸਿੰਘ ਪਿਆਰਾ ਸੀ । ਉਹ ਜਾਣਦਾ ਸੀ ਕਿ ਜੇ ਉਹ ਘਰ ਨਾ ਰਿਹਾ ਤਾਂ ਇਹ ਸਾਰਾ ਟੱਬਰ ਰੁਲ ਜਾਏਗਾ ।

ਏਸੇ ਲਈ ਉਹ ਸ਼ਾਹਬਾਜ਼ ਉੱਤੇ ਖਿਝਦਾ । ਉਹਦਾ ਸਿਖ ਧਰਮ ਵਿਚ ਇਤਕਾਦ ਤੇ ਬਾਬਾ ਬੰਦੇ ਦਾ ਸਾਥ ਜਾਂਬਾਜ਼ ਨੂੰ ਚੰਗਾ ਨਾ ਲਗਦਾ । ਖਾਸ ਕਰ ਕੇ ਜਦੋਂ ਉਹਨਾਂ ਦੇ ਬੂਹੇ ਉੱਤੇ ਚੌਂਕੀ ਆ ਬੈਠੀ ਤਾਂ ਉਹ ਬਹੁਤ ਹੀ ਤੈਸ਼ ਵਿਚ ਆਇਆ ਤੇ ਉਸ ਕਿਹਾ;

Scanned by CamScanner

"ਇਹ ਸ਼ਾਹਬਾਜ਼ ਸਾਨੂੰ ਸਾਰਿਆਂ ਨੂੰ ਫਾਂਸੀ ਲਵਾਏਗਾ। ਮੈਂ ਇਹਦੇ ਹੱਥੋਂ ਏਨਾ ਸੜਿਆ ਹਾਂ ਕਿ ਰਹੇ ਰੱਬ ਦਾ ਨਾਂ। ਏਸੇ ਨਕਾਰੇ ਕਰ ਕੇ ਮੈਨੂੰ ਤੇ ਬਾਪੂ ਨੂੰ ਸਰੇ-ਚੌਂਕ ਜੁਤੀਆਂ ਨਾਲ ਮਾਰਿਆ ਗਿਆ। ਰੱਬ ਕਿਸੇ ਨੂੰ ਇਹੋ ਜਿਹਾ ਭਰਾ ਵੀ ਨਾ ਦੇਵੇ।" ਅੰਨੀ ਖਹੁਰੀ ਤਰ੍ਹਾਂ ਉਹ ਅਗੇ ਕਦੀ ਨਹੀਂ ਸੀ ਬੋਲਿਆ। ਅੱਜ ਇਹੋ ਜਿਹੇ ਸ਼ਬਦ ਸੁਣ ਕੇ ਸ਼ੋਭੀ ਰੋ ਪਈ। ਪਰ ਬਲਵੰਤ ਨੇ ਉਹਨੂੰ ਚੁਪ ਕਰਾਇਆ ਤੇ ਕਿਹਾ, "ਤੂੰ ਜਾਣਦੀ ਹੈਂ ਸ਼ੋਭੀ, ਉਹਨਾਂ ਦੇ ਦਿਲ ਵਿਚ ਕੁਝ ਨਹੀਂ। ਉਹ ਆਪਣੇ ਵਾਸਤੇ ਨਹੀਂ, ਅਸਾਂ ਸਾਰਿਆਂ ਵਾਸਤੇ ਇਹ ਕੁਝ ਕਰਦੇ ਹਨ। ਉਹਨਾਂ ਕਈ ਵਾਰ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਵਿਚ ਆਪਣਾ ਵਿਸ਼ਵਾਸ ਦਰਸਾਇਆ ਹੈ। ਮੈਨੂੰ ਯਕੀਨ ਹੈ ਕਿ ਉਹ ਸ਼ਾਹਬਾਜ਼ ਵਾਸਤੇ ਆਪਣੀ ਜਾਨ ਵੀ ਕੁਰਬਾਨ ਕਰ ਸਕਦੇ ਹਨ।" ਇਹੋ ਜਾਂਬਾਜ਼ ਦੇ ਆਚਰਨ ਦਾ ਸਹੀ ਜਾਇਜ਼ਾ ਸੀ। ਬਲਵੰਤ ਉਹਨੂੰ ਚੰਗੀ ਤਰ੍ਹਾਂ ਸਮਝਦੀ ਸੀ ਤੇ ਸਾਰੇ ਘਰ ਦਿਆਂ ਦਾ ਵੀ ਇਹੋ ਖ਼ਿਆਲ ਸੀ।

ਜੇ ਇਉਂ ਨਾ ਹੁੰਦਾ ਤਾਂ ਕਦੀ ਵੀ ਪਿਛਲੇ ਦੋ ਮਹੀਨਿਆਂ ਵਿਚ ਉਹ ਤਿੰਨ ਵਾਰ ਸ਼ਾਹਬਾਜ਼ ਨੂੰ ਮਿਲਣ ਨਾ ਜਾਂਦਾ। ਤੇ ਜਾਂਦਾ ਵੀ ਉਹ ਸਦਾ ਦਿਨੇ ਸੀ। ਦਿਨੇ ਕਾਨ੍ਹਾ ਛੰਭ ਵਿਚ ਜਾਣਾ ਰਾਤ ਨਾਲੋਂ ਵਧੇਰੇ ਖ਼ਤਰਨਾਕ ਸੀ। ਕਿਸੇ ਨੂੰ ਚਰਾ ਸ਼ਕ ਪਿਆ ਨਹੀਂ ਕਿ ਉਹ ਕੈਦੀ ਬਣਿਆ ਨਹੀਂ। ਪਰ ਉਹ ਰਾਤੀਂ ਵੀ ਤਾਂ ਨਹੀਂ ਸੀ ਜਾ ਸਕਦਾ। ਰਾਤ ਬਾਹਰ ਕਟਣ ਨਾਲ ਚੌਂਕੀ ਦੇ ਸਿਪਾਹੀਆਂ ਨੂੰ ਅਵੱਸ਼ ਸ਼ਕ ਪੈ ਜਾਣਾ ਸੀ।

ਹੁਣ ਵੀ ਉਸ ਆਪੇ ਹੀ ਸ਼ੋਭੀ ਦੇ ਕਾਨ੍ਹਾ ਛੰਭ ਜਾਣ ਬਾਰੇ ਗੱਲ ਤੋਰੀ ਤੇ ਫਿਰ ਆਪੇ ਹੀ ਉਸ ਮਾਂ ਤੇ ਪਿਉ ਨੂੰ ਮਨਾਇਆ। ਸੋ ਇਕ ਸਵੇਰ ਮੂੰਹ ਹਨੇਰੇ ਦੀ ਨਿਕਲੀ ਸ਼ੋਭੀ ਅਗਲੇ ਦਿਨ ਸਵੇਰੇ ਪਰਤੀ।

ਸ਼ਾਹਬਾਜ਼ ਤੇ ਸ਼ੋਭੀ ਮਿਲੇ। ਦੇ ਜਹਾਨ ਇਕ ਦੂਜੇ ਨੂੰ ਮਿਲੇ। ਅੰਨੇਂ ਵਰ੍ਹਿਆਂ ਦਾ ਵਿਆਹ ਪਿਛੋਂ ਵੀ ਸ਼ਾਹਬਾਜ਼ ਤੇ ਸ਼ੋਭੀ ਸਜ-ਵਿਆਹੇ ਸਨ। ਉਹ ਇਕੱਠੇ ਰਹੇ ਹੀ ਕਦੋਂ ਸਨ ਕਿ ਉਹ ਇਕ ਦੂਜੇ ਵਿਚ ਚੰਗੀ ਤਰ੍ਹਾਂ ਰਚਦੇ। ਅੰਨੀਂ ਚੰਗੀ ਤਰ੍ਹਾਂ ਕਿ ਸਰੀਰ ਤੇ ਰੂਹਾਂ ਦਾ ਉਦਰੇਵਾਂ ਲਹਿ ਜਾਂਦਾ। ਹਰ ਵਿਆਹੁਤਾ ਜੋੜੇ ਵਿਚ ਇਕ ਇਹੋ ਜਿਹੀ ਉਮਰ ਜਾਂ ਸਮਾਂ ਆਉਂਦਾ ਹੈ ਜਦੋਂ ਸਭ ਓਪਰਾਪਨ ਤੇ ਸਭ ਵਿੱਥਾਂ ਮਿਟ ਜਾਂਦੀਆਂ ਹਨ, ਇਕ ਦੂਜੇ ਨੂੰ ਇਉਂ ਸਮਝ ਲਿਆ ਜਾਂਦਾ ਹੈ ਕਿ ਫਿਰ ਸ਼ੰਕੇ ਉਤਪੰਨ ਨਹੀਂ ਹੋ ਸਕਦੇ, ਨਿਤਾਪ੍ਰਤੀ ਦੇ ਸਾਥ ਵਿਚੋਂ ਇਕ ਦੂਜੇ ਵਾਸਤੇ ਇਕ ਪਰਕਾਰ ਦਾ ਵਿਸ਼ਵਾਸ ਉਪਜ ਆਉਂਦਾ ਹੈ ਤੇ ਫਿਰ ਪਰਸਪਰ ਮੇਲ ਵਿਚ ਕਿਸੇ ਤਰ੍ਹਾਂ ਦੀ ਉਤਾਵਲ ਨਹੀਂ ਰਹਿੰਦੀ।

ਪਰ ਸਜ-ਵਿਆਹੇ ਜੋੜੇ ਸਦਾ ਅਣ-ਵਿਆਹੇ ਪ੍ਰੀਤਮ ਤੇ ਪ੍ਰੇਮੀ ਵਾਂਗ ਉਤਾਵਲੇ ਹੁੰਦੇ ਹਨ। ਉਹਨਾਂ ਵਿਚ ਇਕ ਤਰ੍ਹਾਂ ਦੀ ਬੇਭਰੋਸਗੀ ਤੇ ਉਤਾਵਲ ਹੁੰਦੀ ਹੈ। ਉਹ "ਹੋਰ ਹੋਰ" ਮੰਗਦੇ ਹਨ। ਉਹ ਸੰਤੁਸ਼ਟ ਨਹੀਂ ਹੁੰਦੇ। ਤ੍ਰਿਪਤੀ ਤੇ ਸੰਤੁਸ਼ਟਤਾ ਚੰਗੇ ਤੇ ਸੁਖੀ ਵਿਆਹੁਤ ਜੀਵਨ ਦੀ ਨਿਸ਼ਾਨੀ ਹੈ।

ਅੱਜ ਸ਼ਾਹਬਾਜ਼ ਤੇ ਸ਼ੋਭੀ ਮਿਲੇ ਤੇ ਉਹਨਾਂ ਵਿਚ ਇਕ ਉਤਾਵਲ ਸੀ, ਇਕ ਅਸੰਤੁਸ਼ਟਤਾ। ਉਹ ਗੱਲਾਂ ਕਰਦ ਪਰ ਕੋਈ ਗੱਲ ਵੀ ਪੂਰੀ ਨਾ ਉਤਰਦੀ। ਇਕ ਗੱਲ ਨੂੰ ਵਿਚੇ ਹੀ ਛਡ ਕੇ ਉਹ ਦੂਜੀ ਸ਼ੁਰੂ ਕਰ ਦੇਂਦੇ। ਇਹ ਉਤਾਵਲ ਅਪੂਰਨ ਪਿਆਰ ਦਾ ਚਿੰਨ੍ਹ ਹੈ।

ਪਹਿਲੇ ਸ਼ੋਭੀ ਸ਼ਾਹਬਾਜ਼ ਕੋਲੋਂ ਸਭ ਕੁਝ ਸੁਣਨ ਲਈ ਕਾਹਲੀ ਸੀ। ਉਹ ਕਿਵੇਂ ਰਿਹਾ ਤੇ ਕਿਥੇ ਰਿਹਾ। ਉਸ ਕੀ ਕੀ ਕਾਤਾ। ਲੋਹ ਗੜ੍ਹ ਦੀ ਲੜਾਈ ਦਾ ਵਿਸਥਾਰ ਕੀ ਹੈ। ਲੋਹ ਗੜ੍ਹ ਛਡਣ ਪਿਛੋਂ ਉਹ ਤੇ ਬਾਬਾ ਬੰਦਾ ਕਿਥੇ ਕਿਥੇ ਗਏ ਤੇ ਕਿਹੜੇ ਕਿਹੜੇ ਸ਼ਹਿਰਾਂ ਤੇ ਰਾਜਿਆਂ ਨੂੰ ਫ਼ਤਹ ਕੀਤਾ ਤੇ ਫਿਰ ਉਸ ਪਠਾਣਕੋਟ ਤੋਂ ਕਾਨ੍ਹਾ ਛੰਭ ਤਕ ਪਹੁੰਚਣ ਦੀ ਪੂਰੀ ਕਹਾਣੀ ਸੁਣੀ ਤੇ ਆਖਿਆ, "ਤੁਸੀਂ ਕਿਉਂ ਜਲਦੀ ਕੀਤੀ ਪ੍ਰਾਣ ! ਤੁਸੀਂ ਉਸ ਰਾਤ ਆਰਾਮ ਨਾਲ ਕਿਤੇ ਠਹਿਰ ਕਿਉਂ ਨਾ ਗਏ। ਤੁਸੀਂ..."

ਸ਼ਾਹਬਾਜ਼ ਮੁਸਕਰਾਇਆ ਤੇ ਉਸ ਉਹਦੀ ਗਲ੍ਹ ਉੱਤੇ ਚੂੰਢੀ ਵਢਦਿਆਂ ਹੋਇਆਂ ਕਿਹਾ, "ਤੇਰੇ ਵਾਸਤੇ।"

"ਹਾਂ..., ਮੇਰੇ ਵਾਸਤੇ। ਆਪਣੇ ਕਾਲੂ ਵਾਸਤੇ ਭਾਵੇਂ ਹੋਵੇ ਤਾਂ ਹੋਵੇ, ਮੇਰੇ ਵਾਸਤੇ ਜੇ ਕਾਹਲੇ ਹੁੰਦੇ ਤਾਂ ਹੁਣ ਨੂੰ ਕਦੋਂ ਦੇ ਪਹੁੰਚ ਗਏ ਹੁੰਦੇ।"

"ਕਾਲੂ ਮੈਨੂੰ ਤੇਰੇ ਤੋਂ ਵਧ ਪਿਆਰਾ ਨਹੀਂ, ਸ਼ੋਭੀ...।

"ਆਖੇ ਸੌਂਹ ਰੱਬ ਦੀ...!" ਸ਼ੋਭੀ ਨੇ ਲਾਡ ਨਾਲ ਕਿਹਾ, ਪਰ ਫਿਰ ਆਪੇ ਹੀ ਉਸ ਚੁਹਨੂੰ ਕੁਝ ਕਹਿਣ ਤੋਂ ਰੋਕ ਦਿਤਾ।

Scanned by CamScanner

ਹਾਂ, ਸੋਭੀ ਸੁਣਨਾ ਚਾਹੁੰਦੀ ਸੀ ਕਿ ਕਾਲੂ ਸ਼ਾਹਬਾਜ਼ ਨੂੰ ਉਹਦੇ ਨਾਲੋਂ ਵਧ ਪਿਆਰਾ ਹੈ। ਇਹ ਮਾਂ ਦੀ ਮਮਤਾ ਹੈ, ਇਹੋ ਮਾਂ ਦੇ ਪਿਆਰ ਦੀ ਓੜਕਤਾ। ਏਸੇ ਲਈ ਮਾਂ ਪਿਆਰ ਵਰਗਾ ਕੋਈ ਪਿਆਰ ਨਹੀਂ। ਆਪਣੀ ਮਮਤਾ ਵਿਚ ਮਾਂ ਐਨੀ ਲਾ-ਗ਼ਰਜ਼ ਹੋ ਜਾਂਦੀ ਹੈ ਉਹਦੀ। ਹਉਮੈਂ ਏਥੋਂ ਤਕ ਮਿਟ ਜਾਂਦੀ ਹੈ ਕਿ ਉਹ ਦਿਲੋਂ ਵੀ ਆਪਣੇ ਪਤੀ ਨੂੰ ਪੁਤਰ ਨਾਲ ਆਪਣੇ ਨਾਲੋਂ ਵਧ ਪਿਆਰ ਕਰਦਿਆਂ ਵੇਖਣਾ ਚਾਹੁੰਦੀ ਹੈ।

ਜਿਥੇ ਸ਼ੋਭੀ ਸ਼ਾਹਬਾਜ਼ ਕੋਲੋਂ ਉਹਦੇ ਬਾਰੇ ਸੁਣਨ ਲਈ ਕਾਹਲੀ ਸੀ ਉਥੇ ਸ਼ਾਹਬਾਜ਼ ਵੀ ਸ਼ੋਭੀ ਕੋਲੋਂ ਉਹਦੇ ਬਾਰੇ ਸੁਣਨ ਲਈ ਕਾਹਲਾ ਸੀ। ਆਖਿਰ ਉਹ ਵੀ ਤੇ ਸ਼ੋਭੀ ਨੂੰ ਉੱਨਾ ਹੀ ਪਿਆਰ ਕਰਦਾ ਸੀ ਜਿਨਾਂ ਸ਼ੋਭੀ ਉਸ ਨੂੰ। ਉਹ ਜਾਣਨਾ ਚਾਹੁੰਦਾ ਸੀ ਕਿ ਉਹਦਾ ਕੀ ਹਾਲ ਰਿਹਾ ਹੈ, ਕਾਲੂ ਦੇ ਜਨਮ ਵੇਲੇ ਬਹੁਤੀ ਤਕਲੀਫ਼ ਤਾਂ ਨਹੀਂ ਹੋਈ, ਕਾਲੂ ਉਹਨੂੰ ਤੰਗ ਤਾਂ ਨਹੀਂ ਕਰਦਾ, ਮੁਗ਼ਲਾਂ ਨੇ ਮਾਹਿਲ ਤੇ ਸਰਮੋਰ ਵਿਚ ਕੀ ਕੀ ਤੇ ਕਿਵੇਂ ਜ਼ੁਲਮ ਕੀਤੇ।

"ਕਾਸ਼ ! ਮੈਨੂੰ ਪਤਾ ਹੁੰਦਾ। ਜੇ ਮੈਂ ਸਰਮੋਰ ਪਹੁੰਚ ਜਾਂਦਾ ਤਾਂ ਤੇਰੇ ਪਿਤਾ ਤੈ ਭਰਾਵਾਂ ਨੂੰ ਇਸ ਤਰ੍ਹਾਂ ਕੈਦੀ ਨਾ ਬਣਨ ਦੇਂਦਾ।" ਸ਼ੋਭੀ ਆਪਣੇ ਪਿਤਾ, ਭਰਾਵਾਂ, ਤੇ ਮਾਂ ਬਾਰੇ ਗੱਲਾਂ ਕਰਦੀ ਰੋ ਪਈ ਤੇ ਉਸ ਆਖਿਆ, "ਨਹੀਂ ਸ਼ਾਹਬਾਜ਼! ਆਈ ਹੋਣੀ ਨੂੰ ਕੋਈ ਨਹੀਂ ਟਾਲ ਸਕਦਾ। ਮੁਗ਼ਲ ਬੜੇ ਜ਼ਾਲਮ ਹਨ। ਰੱਬ ਉਹਨਾਂ ਨਾਲ ਕਿਸੇ ਦਾ ਮੱਥਾ ਨਾ ਲਾਵੇ। ਰੱਬ ਉਹਨਾਂ ਨੂੰ ਆਪਣੇ ਹੁਕਮ ਥੱਲੇ ਹੀ ਲਵੇ। ਇਹਨਾਂ ਸਾਡੇ ਨਾਲ ਉਹ ਉਹ ਕੀਤੀਆਂ ਹਨ ਕਿ ਸਦੀਆਂ ਤਕ ਸਾਡੀ ਔਲਾਦ ਨਹੀਂ ਭੁਲ ਸਕਦੀ।"

ਜਦੋਂ ਦੋਵੇਂ ਇਕ ਦੂਜੇ ਦਾ ਹਾਲ ਸੁਣਨ ਦੀ ਕਾਹਲ ਮੁੱਕਾ ਚੁਕੇ ਤਾਂ ਦੋਹਾਂ ਨੂੰ ਆਪਣੇ ਆਪ ਬਾਰੇ ਦੱਸਣ ਦੀ ਉਤਾਵਲ ਮਹਿਸੂਸ ਹੋਣ ਲਗੀ। ਜਦੋਂ ਦੋ ਪ੍ਰੇਮੀ ਕਾਫ਼ੀ ਚਿਰ ਪਿਛੋਂ ਇਕ ਦੂਜੇ ਨੂੰ ਮਿਲਣ ਤਾਂ ਸਦਾ ਏਸੇ ਤਰ੍ਹਾਂ ਹੀ ਹੁੰਦਾ ਹੈ। ਪਹਿਲੇ ਦੂਸਰੇ ਦਾ ਹਾਲ ਜਾਨਣ ਦੀ ਚੇਸ਼ਟਾ ਹੁੰਦੀ ਹੈ, ਤੇ ਫਿਰ ਆਪਣੇ ਬਾਰੇ ਦੱਸਣ ਦੀ ਲਾਲਸਾ। ਦੂਸਰੇ ਦਾ ਹਾਲ ਪਹਿਲੇ ਇਸ ਲਈ ਜਾਣੀਦਾ ਹੈ ਕਿ ਪ੍ਰੇਮ ਵਿਚ ਗੁਆਚੇ ਆਦਮੀ ਸਦਾ ਪਿਆਰ ਕੀਤੇ ਜਾਣ ਵਾਲੇ ਨੂੰ ਆਪਣੇ ਆਪ ਤੋਂ ਉੱਚਾ ਰਖਦੇ ਹਨ। ਸਦਾ ਅਗਲੇ ਦੇ ਸੁਖ ਦੀ ਸੋ ਸੁਣ ਕੇ ਮਨ ਵਧੇਰੇ ਪ੍ਰਸੰਨ ਹੁੰਦਾ ਹੈ। ਪ੍ਰੇਮ ਵਿਚ ਆਦਮੀ ਸਦਾ ਅਗਲੇ ਲਈ ਜੀਂਦਾ ਹੈ, ਫਿਰ ਆਪਾ ਕਿਵੇਂ ਪਹਿਲੇ ਆਵੇ।

ਪਰ ਪ੍ਰੇਮ ਵਿਚ ਦੂਜੇ ਨੂੰ ਆਪਾ ਦਰਸਾਣਾ ਵੀ ਉੱਨਾਂ ਹੀ ਜ਼ਰੂਰੀ ਹੈ ਜਿੱਨਾਂ ਅਗਲੇ ਦਾ ਅੰਦਰਲਾ ਜਾਣਨਾ। ਪ੍ਰੇਮੀ ਨੂੰ ਸਦਾ ਇਸ ਗੱਲ ਦੀ ਵੀ ਕਾਹਲੀ ਹੁੰਦੀ ਹੈ ਕਿ ਅਗਲਾ ਉਹਦੇ ਪਿਆਰ ਨੂੰ ਜਾਣੇ ਤੇ ਉਹਦੇ ਉੱਤੇ ਵਿਸ਼ਵਾਸ ਕਰੇ। ਵਿਛੋੜੇ ਵਿਚ ਸਹੀ ਪੀੜ ਤੇ ਦੁਖ ਮਿਲਾਪ ਵੇਲੇ ਜਲਦੀ ਤੋਂ ਜਲਦੀ ਦਸਣੇ ਐਨੇ ਜ਼ਰੂਰੀ ਹੁੰਦੇ ਹਨ ਤੇ ਆਦਮੀ ਇਹਨਾਂ ਵਾਸਤੇ ਐਨਾ ਤੀਬਰ ਹੁੰਦਾ ਹੈ ਜਿੱਨਾ ਮਿਲਾਪ ਵਾਸਤੇ, ਸਗੋਂ ਉਸ ਤੋਂ ਵੀ ਵਧ।

ਏਸੇ ਲਈ ਇਕ ਦੂਜੇ ਬਾਰੇ ਕੁਝ ਜਾਣ ਕੇ ਸ਼ਾਹਬਾਜ਼ ਤੇ ਸ਼ੋਭੀ ਹੁਣ ਆਪੋ ਆਪਣੇ ਬਾਰੇ ਦਸਣ ਲਗੇ ! ਸ਼ੋਭੀ ਨੇ ਪਹਿਲ ਕੀਤੀ। ਇਸਤਰੀ ਨੂੰ ਇਹੋ ਜਿਹੀ ਨਿਰਦੋਸ਼ ਤੇ ਮਾਸੂਮ ਪਹਿਲ ਸਦਾ ਮਿਲ ਹੀ ਜਾਂਦੀ ਹੈ।

ਉਸ ਨੇ ਆਪਣੀ ਬਿਹਬਲਤਾ ਦਸੀ। ਕਿਵੇਂ ਉਹ ਰਾਤ ਨੂੰ ਆਪਣੇ ਕਾਲੂ ਨਾਲ ਗੱਲਾਂ ਕਰਦੀ ਤੇ ਕਿਵੇਂ ਉਹ ਪਲ ਪਲ ਸ਼ਾਹਬਾਜ਼ ਨੂੰ ਯਾਦ ਕਰਦੀ, ਫਿਰ ਸ਼ਾਹਬਾਜ਼ ਨੇ ਦਸਿਆ,

"ਬੇਸ਼ਕ ਸ਼ੋਭੀ ਮੈਂ ਤੇਰੇ ਕੋਲ ਜਲਦੀ ਨਹੀਂ ਮੁੜਿਆ ਤੇ ਹੁਣ ਵੀ ਬਾਬੇ ਬੰਦੇ ਦਾ ਹੁਕਮ ਹੀ ਮੰਨ ਕੇ ਆਇਆ ਹਾਂ, ਪਰ ਫਿਰ ਵੀ, ਤੂੰ ਸਦਾ ਮੇਰੇ ਨਾਲ ਰਹੀ ਹੈਂ। ਹਰ ਲੜਾਈ ਵੇਲੇ, ਹਰ ਮੁਸ਼ਕਲ ਤੇ ਹਰ ਔਖ ਵੇਲੇ ਮੈਂ ਤੈਨੂੰ ਆਪਣੇ ਨੇੜੇ ਮਹਿਸੂਸ ਕੀਤਾ ਹੈ ਤੇ ਤੇਰੇ ਵਿਚੋਂ ਹੀ ਹਥਲੇ ਕੰਮਾਂ ਵਾਸਤੇ ਸ਼ਕਤੀ ਗ੍ਰਹਿਣ ਕੀਤੀ ਹੈ।"

ਇਹ ਵਾਕ ਸੁਣ ਕੇ ਸ਼ੋਭੀ ਨੂੰ ਐਨੀਂ ਖੁਸ਼ੀ ਹੋਈ ਕਿ ਉਹਦਾ ਮੂੰਹ ਇਕਦੰਮ ਲਾਲ ਹੋ ਗਿਆ ਤੇ ਉਸ ਆਖਿਆ, "ਸੱਚ ਸ਼ਾਹਬਾਜ਼ !"

"ਸੱਚ ਸ਼ੋਭੀ", ਸ਼ਾਹਬਾਜ਼ ਨੂੰ ਉਹਦਾ ਲਾਲ ਹੋਇਆ ਮੂੰਹ ਐਨਾ ਪਿਆਰਾ ਲਗਾ ਕਿ ਉਹਦਾ ਜੀ ਕੀਤਾ ਕਿ ਉਹ ਉਹਨੂੰ ਚੁੰਮ ਲਏ, "ਤੂੰ ਮੇਰੇ ਵਾਸਤੇ ਬਾਬਾ ਬੰਦਾ ਦੀ ਬਰੰਬਰੀ ਰਖਦੀ ਹੈਂ। ਜਿੱਨਾਂ ਸਵੈ-ਵਿਸ਼ਵਾਸ ਤੇ ਬਲ ਮੈਂ ਉਹਦੀ ਨੇੜਤਾ ਤੇ ਉਹਦੀ ਪਰੇਰਨਾ ਤੋਂ ਲੈਂਦਾ ਹਾਂ ਉੱਨਾ ਹੀ ਸਵੈ-ਵਿਸ਼ਵਾਸ ਤੇ ਬਲ ਮੈਨੂੰ ਤੇਰੀ ਨੇੜਤਾ ਤੇ ਤੇਰੇ ਸਾਥ ਵਿਚੋਂ ਮਿਲਦਾ ਹੈ। ਤੂੰ ਨਹੀਂ ਜਾਣਦੀ ਸ਼ੋਭੀ ਕਿ ਜੇ ਤੇਰੀ ਥਾਂ ਤੇ ਕੋਈ ਹੋਰ ਪਤਨੀ ਹੁੰਦੀ ਤਾਂ ਮੈਂ ਸ਼ਾਇਦ ਕਦੀ ਐਨੀਂ ਦੇਰ ਬਾਹਰ

Scanned by CamScanner

ਨਾ ਰਹਿੰਦਾ ਤੇ ਨਾ ਹੀ ਐਨਾ ਨਾਮਣਾ ਖਟਦਾ। ਇਹ ਤੇਰਾ ਹੀ ਉਤਸ਼ਾਹ ਤੇ ਪਿਆਰ ਹੈ ਜਿਹੜਾ ਮੇਰੇ ਕੋਲੋਂ ਐਨਾ ਕੁਝ ਕਰਵਾ ਸਕਿਆ ਹੈ।"

ਇਹ ਗੱਲਾਂ ਸੁਣਦਿਆਂ ਸ਼ੋਭੀ ਦਾ ਮੂੰਹ ਲਾਲ ਹੀ ਰਿਹਾ, ਸਗੋਂ ਹੋਰ ਲਾਲ ਹੋ ਗਿਆ ਤੇ ਉਸ ਫਿਰ ਕਿਹਾ, "ਸੱਚ ਸ਼ਾਹਬਾਜ਼!"

"ਸੱਚ ਸ਼ੋਭੀ! ਐਵੇਂ ਤਾਂ ਮੈਂ ਤੇਰੇ ਵਾਸਤੇ ਐਨੇਂ ਵਰ੍ਹੇ ਉਡੀਕ ਨਾ ਕੀਤੀ। ਐਵੇਂ ਤਾਂ ਮੇਰਾ ਵਿਆਹ ਛੋਟੀ ਉੱਮਰ ਵਿਚ ਨਾ ਹੋਇਆ। ਤੂੰ ਆਪ ਰੱਬ ਵਲੋਂ ਸਿਰਫ ਮੇਰੇ ਹੀ ਵਾਸਤੇ ਇਸ ਦੁਨੀਆਂ ਵਿਚ ਪਠਾਈ ਗਈ ਸੈਂ ਸ਼ੋਭੀ...।"

"ਸੱਚ ਸ਼ ਹਬਾਜ਼!" ਸ਼ੋਭੀ ਸਿਰਫ ਐਨਾਂ ਹੀ ਕਹਿ ਸਕੀ।

"ਹਾਂ ਸ਼ੋਭੀ! ਕਿੰਨੀਆਂ ਕੁ ਔਰਤਾਂ ਅੱਜ ਪੰਜਾਬ ਵਿਚ ਹਨ ਜਿਨ੍ਹਾਂ ਨੂੰ ਅੰਮ੍ਰਿਤ ਦੀ ਸ਼ਕਤੀ ਦਾ ਸਹੀ ਅੰਦਾਜ਼ਾ ਹੈ। ਕਿੰਨੀਆਂ ਕੁ ਇਸਤਰੀਆਂ ਧਰਮ ਤੋਂ ਆਪਣੀ ਜਾਨ ਵਾਰ ਸਕਦੀਆਂ ਹਨ। ਔਰਤਾਂ ਕੀ, ਏਥੇ ਤਾਂ ਕਈ ਮਰਦ ਵੀ ਲੱਤ ਵੇਲੇ ਖਿਸਕ ਜਾਂਦੇ ਹਨ। ਜਾਂਬਾਜ਼ ਵੀ ਤਾਂ ਮੇਰਾ ਹੀ ਭਰਾ ਹੈ। ਤਿੰਨ ਵਾਰ ਕੇਸ ਕਤਲ ਕਰਵਾ ਚੁਕਾ ਹੈ। ਪਰ ਤੂੰ ..ਮੈਂ ਜਾਣਦਾ ਹਾਂ ਕਿ ਤੂੰ ਲੱਤ ਵੇਲੇ ਸਿਖੀ ਧਰਮ ਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਉਤੋਂ ਆਪਣੀ ਜਾਨ ਕੁਰਬਾਨ ਕਰ ਸਕਦੀ ਹੈਂ। ਤੂੰ ਅੰਮ੍ਰਿਤ ਦੀ ਕੀਮਤ ਪਾਈ ਹੈ। ਤੈਨੂੰ ਅੰਮ੍ਰਿਤ ਦੀ ਅੰਤਰੀਵ ਸ਼ਕਤੀ ਦੀ ਸੋਝੀ ਹੈ।"

ਜਾਂਬਾਜ਼ ਦਾ ਨਾਂ ਸੁਣਦਿਆਂ ਸ਼ੋਭੀ ਨੂੰ ਆਪਣੀ ਖੁਸ਼ੀ ਭੁਲ ਗਈ। ਉਹਦਾ ਸਦਾ ਜੀ ਕਰਦਾ ਸੀ ਕਿ ਜਾਂਬਾਜ਼ ਤੇ ਸ਼ਾਹਬਾਜ਼ ਵਿਚ ਪਿਆ ਭੁਲੇਖਾ ਮਿਟ ਜਾਵੇ। ਅਜੇ ਤਕ ਦੋਹਾਂ ਭਰਾਵਾਂ ਨੇ ਇਕ ਦੂਜੇ ਨੂੰ ਸਮਝਿਆ ਨਹੀਂ। ਇਕ ਦੂਜੇ ਦਾ ਦਰਿਸ਼ਟੀਕੋਣ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਏਸੇ ਲਈ ਦੋਵੇਂ ਇਕ ਦੂਜੇ ਨੂੰ ਕੋਸਦੇ ਸਨ ਭਾਵੇਂ ਦੋਹਾਂ ਦਾ ਭਰਾ-ਪਿਆਰ ਕਦੀ ਕਦੀ ਜ਼ੋਰ-ਆਵਰ ਵੀ ਹੋ ਜਾਂਦਾ। ਸੋ ਸ਼ੋਭੀ ਨੇ ਕਿਹਾ:

"ਤੁਸੀਂ ਵਡੇ ਭਰਾ ਨੂੰ ਸਦਾ ਕੋਸਦੇ ਨਾ ਰਿਹਾ ਕਰੋ। ਤੁਸੀਂ ਉਹਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਉਹਨਾਂ ਤੁਹਾਡੇ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ ਹਨ ਤੇ ਉਹ ਤੁਹਾਨੂੰ ਅਜੇ ਤਕ ਵੀ ਪਿਆਰ ਕਰਦੇ ਹਨ। ਤੁਹਾਨੂੰ ਤਿੰਨ ਵਾਰ ਇਕੱਲੇ ਤੇ ਚੌਥੀ ਵਾਰ ਮੇਰੇ ਨਾਲ ਮਿਲਣ ਆਏ ਹਨ। ਉਹ ਸਗੋਂ...।"

"ਜਾਂਬਾਜ਼ ਦਾ ਆਪਣੇ ਵਾਸਤੇ ਪਿਆਰ ਮੈਂ ਪੂਰੀ ਤਰ੍ਹਾਂ ਸਮਝਦਾ ਹਾਂ ਸ਼ੋਭੀ, ਪਰ ਮੇਰੇ ਕੋਲੋਂ ਆਪਣਾ ਭਰਾ ਹੀ ਪਤਿਤ ਹੁੰਦਾ ਵੇਖਿਆ ਨਹੀਂ ਜਾਂਦਾ। ਦੁਨੀਆਂ ਨਾਲ ਮੈਨੂੰ ਐਨੀਂ ਗਰਜ਼ ਨਹੀਂ ਜਿੰਨੀ ਆਪਣੇ ਘਰ ਦਿਆਂ ਨਾਲ। ਬਾਪੂ ਦੀ ਗੱਲ ਹੋਰ ਹੈ। ਉਨ੍ਹਾਂ ਅੰਮ੍ਰਿਤ ਛਕਿਆ ਹੀ ਨਹੀਂ, ਸੋ ਪਤਿਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

"ਪਰ ਤੁਸੀਂ ਵੀ ਵਡੇ ਭਰਾ ਦੀ ਦਲੀਲ ਨਹੀਂ ਸਮਝਦੇ। ਤੁਸੀਂ ਆਪ ਹੀ ਦਸੋ ਕਿਹੜੇ ਟੱਬਰ ਵਿਚ ਸਾਰੇ ਦੇ ਸਾਰੇ ਭਰਾ ਸਿਖ ਬਣੇ ਹਨ ਤੇ ਉਹਨਾਂ ਅੰਮ੍ਰਿਤ ਪਾਨ ਕੀਤਾ ਹੈ? ਇਹ ਵਖਰੀ ਗੱਲ ਹੈ ਕਿ ਬਹੁਤੇ ਟੱਬਰ ਵਡੇ ਹਨ ਤੇ ਇਸ ਘਰ ਵਿਚ ਸਿਰਫ ਤੁਸੀਂ ਦੋ ਭਰਾ ਹੀ ਹੋ। ਆਖਿਰ ਕਿਸੇ ਨਾ ਕਿਸੇ ਨੇ ਤਾਂ ਘਰ ਦਾ ਬੀੜਾ ਵੀ ਤਾਂ ਚੁਕਣਾ ਹੈ ਕਿ ਨਹੀਂ?"

ਸ਼ਾਹਬਾਜ਼ ਅੱਜ ਇਹੋ ਜਿਹੀ ਤਕਰਾਰ ਲਮਕਾਣਾ ਨਹੀਂ ਸੀ ਚਾਹੁੰਦਾ। ਸੋ ਭਾਵੇਂ ਉਹ ਸ਼ੋਭੀ ਦੀ ਦਲੀਲ ਨਾਲ ਕਾਇਲ ਨਾ ਹੋਇਆ ਤਾਂ ਵੀ ਉਸ ਕਿਹਾ: "ਅਛਾ ਸ਼ੋਭੀ! ਜਿਵੇਂ ਤੂੰ ਕਹੇਂ।\ਪਰ ਮੇਰਾ ਦਿਲ ਨਹੀਂ ਮੰਨਦਾ।"

"ਪਹਿਲੀ ਵਾਰ ਤੁਹਾਨੂੰ ਮਿਲਣ ਆਉਣਾ ਤਾਂ ਖ਼ੈਰ ਸਾਰਿਆਂ ਦੀ ਮਰਜ਼ੀ ਨਾਲ ਸੀ ਪਰ ਦੂਜੀ ਤੇ ਤੀਜੀ ਵਾਰ ਵਡੇ ਭਰਾ ਜੀ ਹੱਠ ਕਰ ਕੇ ਹੀ ਤੁਹਾਡੇ ਕੋਲ ਆਏ। ਬਾਪੂ ਤੇ ਮਾਂ ਦੋਹਾਂ ਨੇ ਰੋਕਿਆ ਸੀ ਪਰ ਉਹਨਾਂ ਕਿਹਾ:

"ਸ਼ਾਹਬਾਜ਼ ਨੂੰ ਮਿੱਠੀ ਰੋਟੀ ਪਸੰਦ ਹੈ। ਹੁਣ ਤਕ ਉਹਦੀ ਰੋਟੀ ਮੁਕ ਗਈ ਹੋਵੇਗੀ। ਪਤਾ ਨਹੀਂ ਉਸ ਫਿਰ ਕਦੋਂ ਘਰੋਂ ਦੂਰ ਚਲਿਆ ਜਾਣਾ ਹੈ। ਜਿੱਨਾ ਚਿਰ ਨੰਡੇ ਹੈ ਓਨਾ ਚਿਰ ਤਾਂ ਮਿੱਠੀ ਰੋਟੀ ਤੋਂ ਵਾਂਜਿਆ ਨਾ ਜਾਏ।"

"ਤੇ ਫਿਰ ਉਹਨਾਂ ਆਪ ਮੈਨੂੰ ਕਾਫ਼ੀ ਸਾਰੀ ਮਿੱਠੀ ਰੋਟੀ ਪਕਾ ਕੇ ਦੇਣ ਵਾਸਤੇ ਕਿਹਾ। ਉਹ ਕਾਲੂ ਨੂੰ ਵੀ ਐਨਾਂ ਪਿਆਰ ਕਰਦੇ ਹਨ ਕਿ ਮੈਂ ਕੀ ਦਸਾਂ। ਕਾਲੂ...!"

ਕਾਲੂ ਇਕ ਅਜਿਹਾ ਪ੍ਰਕਰਣ ਸੀ ਜਿਹੜਾ ਮੁੜ ਮੁੜ ਕੇ ਗ਼ੱਲ-ਬਾਤ ਦਾ ਵਿਸ਼ਾ ਆ ਬਣਦਾ। ਕਾਲੂ ਸ਼ਾਹਬਾਜ਼ ਤੇ ਸ਼ੋਭੀ ਵਿਚਕਾਰ ਹੋ ਰਹੀ ਗੱਲ-ਬਾਤ ਦਾ ਅੰਤਰਾ ਸੀ। ਸ਼ਾਇਦ ਹਰ ਪੁੱਤਰ ਤੇ ਧੀ ਆਪਣੇ ਮਾਂ ਤੇ ਪਿਉ ਦੀ ਗੱਲ-ਬਾਤ ਵਿਚ ਸਭ ਤੋਂ ਸੁਲਝਟ ਪ੍ਰਕਰਣ ਹੁੰਦਾ ਹੈ — ਖ਼ਾਸ ਕਰ ਕੇ ਜਦੋਂ ਕਿ ਪੁੱਤਰ ਜਾਂ ਧੀ ਕੋਲ ਨਾ ਹੋਣ।

Scanned by CamScanner

ਕਾਲੂ ਹੀ ਅਸਲੀ ਕਾਰਨ ਸੀ ਜਿਸ ਕਰ ਕੇ ਹੁਣ ਬੁੱਭੀ ਸ਼ਾਹਬਾਜ਼ ਨੂੰ ਮਿਲਣ ਆਈ ਸੀ। ਉਹ ਸ਼ਾਹਬਾਜ਼ ਨੂੰ ਮਾਹਿਲ ਆਉਣ ਤੋਂ ਰੋਕਣਾ ਚਾਹੁੰਦੀ ਸੀ।

"ਇਹਨਾਂ ਚਾਲਮਾਂ ਨੇ ਜੋ ਸਾਡੇ ਉੱਤੇ ਕੀਤੀਆਂ ਹਨ ਤੁਸੀਂ ਨਹੀਂ ਜਾਣਦੇ। ਮੈਨੂੰ ਵਿਸ਼ਵਾਸ ਹੈ ਕੁਝ ਦਿਨਾਂ ਜਾਂ ਮਹੀਨਿਆਂ ਤਕ ਇਹ ਚੁਲਮ ਆਪਣੀ ਅੱਗ ਵਿਚ ਸੜ ਕੇ ਸੁਆਹ ਹੋ ਜਾਏਗਾ ਤੇ ਫਿਰ ਤੁਸੀਂ ਆਪਣੇ ਕਾਲੂ ਨੂੰ ਮਿਲ ਸਕੋਗੇ।"

"ਪਰ...ਪਰ ਕਦੀ ਵਾਰ ਇੰਜ ਜਾਪਦਾ ਹੈ ਬੁੱਭੀ ਕਿ ਮੈਂ ਕਾਲੂ ਨੂੰ ਕਦੀ ਮਿਲ ਨਹੀਂ ਸਕਾਂਗਾ। ਤੂੰ...।" ਪਰ ਬੁੱਭੀ ਨੇ ਸ਼ਾਹਬਾਜ਼ ਦੀ ਗੱਲ ਟੱਕ ਕੇ ਆਖਿਆ:

"ਤੁਹਾਨੂੰ ਸੋਹ ਗੁਰੂ ਗੋਬਿੰਦ ਸਿੰਘ ਦੀ ਜੇ ਇਹੋ ਜਹੇ ਸ਼ਬਦ ਮੂੰਹੋਂ ਕਦੇ ਤਾਂ। ਮੈਂ ਤੁਹਾਨੂੰ ਕਿੰਨੀ ਵਾਰ ਇਹੋ ਜਿਹੀਆਂ ਅਪਸ਼ਗਨੀਆਂ ਗੱਲਾਂ ਆਖਣ ਤੋਂ ਰੋਕਿਆ ਹੈ।"

"ਤੇ ਮੈਂ ਤੈਨੂੰ ਕਿੰਨੀ ਵਾਰ ਸੋਹਾਂ ਪਾਣ ਤੋਂ ਰੋਕਿਆ ਹੈ, ਜੇ ਤੂੰ ਮੇਰੀ ਗੱਲ ਨਹੀਂ ਮੰਨਦੀ ਤਾਂ ਮੈਂ ਤੇਰੀ ਗੱਲ ਕਿਉਂ ਮੰਨਾਂ?" "ਹਛਾ ਬਾਬਾ! ਹੁਣ ਤੋਂ ਮੈਂ ਸੋਂਹਾਂ ਨਹੀਂ ਪਾਵਾਂਗੀ।"

"ਪਰ ਬੁੱਭੀ! ਇਹ ਤੈਨੂੰ ਕਿਵੇਂ ਯਕੀਨ ਆਇਆ ਕਿ ਮੈਂ ਸਿਰਫ਼ ਕਾਲੂ ਨੂੰ ਹੀ ਮਿਲਣ ਵਾਸਤੇ ਮਾਹਿਲ ਆਵਾਂਗਾ, ਆਖ਼ਿਰ ਮੈਂ ਜਾਂਬਾਜ਼ ਨੂੰ ਕੋਈ ਹੋਰ ਗੱਲ ਥੋੜ੍ਹੀ ਹੀ ਕਹਿ ਸਕਦਾ ਸੀ। ਅਸਲ ਵਿਚ ਮੈਂ ਤਾਂ ਤੈਨੂੰ ਮਿਲਣ ਵਾਸਤੇ ਕਾਹਲਾ।"ਸ਼ਾਂ"

"ਅਛਾ ਜੇ ਇਹ ਗੱਲ ਹੈ ਤਾਂ ਹੁਣ ਤੁਸੀਂ ਮੈਨੂੰ ਮਿਲ ਲਿਆ ਹੈ। ਸੋ ਹੁਣ ਤੁਹਾਡੇ ਮਾਹਿਲ ਆਉਣ ਦਾ ਕੋਈ ਕਾਰਨ ਨਹੀਂ।" "ਪਰ ਹੁਣ ਕਾਲੂ ਨੂੰ ਦੇਖਣ ਦਾ ਜੋ ਇਕ ਕਾਰਨ ਬਚ ਰਿਹਾ ਹੈ। ਹੁਣ ਮੈਂ ਉਹਨੂੰ ਮਿਲਣ ਆਵਾਂਗਾ।"

"ਤੁਹਾਨੂੰ ਸੋਹ ਨੀਲੇ ਘੋੜੇ ਵਾਲੇ ਦੀ, ਜੇ ਆਪਣੀ ਜਾਨ ਨੂੰ ਖ਼ਤਰੇ ਵਿਚ ਪਾਉ। ਹੋਰ ਜਿਸ ਪਿੰਡ ਮਰਜ਼ੀ ਜੇ ਚਲੇ ਜਾਓ ਪਰ ਮਾਹਿਲ ਨਾ ਆਉਣਾ।"

"ਸ਼ਾਇਦ ਤੂੰ ਚਾਹੁੰਦੀ ਹੈਂ ਕਿ ਮੈਂ ਕਾਲੂ ਨੂੰ ਨਾ ਮਿਲਾਂ। ਤੂੰ ਡਰਦੀ ਹੈਂ ਕਿ ਕਿਤੇ ਤੈਨੂੰ ਛਡ ਕੇ ਮੈਂ ਉਹਦੇ ਨਾਲ ਵੇਰ ਪਿਆਰ ਨਾ ਕਰਨ ਲਗ ਪਵਾਂ।" ਸ਼ਾਹਬਾਜ਼ ਨੇ ਮਖ਼ੌਲ ਨਾਲ ਕਿਹਾ।

"ਜੇ ਇਸ ਤਰ੍ਹਾਂ ਹੀ ਸਮਝੋ ਤਾਂ ਵੀ ਕੋਈ ਹਰਜ ਨਹੀਂ ਪਰ ਤੁਹਾਨੂੰ ਸੋਂਹ ਰੱਬ ਦੀ ਜੇ ਮਾਹਿਲ ਆਵੋ...।" ਤੇ ਇਹੋ ਜਿਹੀਆਂ ਸੋਂਹਾਂ ਪਾ ਕੇ ਬੁੱਭੀ ਅਗਲੀ ਸਵੇਰ ਮਾਹਿਲ ਪਰਤ ਆਈ।

੨੬

ਖ਼ੁਦਾ ਦਾਦ ਮਾਹਿਲ ਵਿਚ ਲਗੀ ਚੌਂਕੀ ਦਾ ਸਰਦਾਰ ਸੀ। ਉਮਰ ਚਾਲੀਆਂ ਦੇ ਲਗ ਭਗ, ਕਦ ਲੰਮਾ — ਐਨਾ ਲੰਮਾ ਕਿ ਦੋ ਆਦਮੀ ਇਕ ਦੂਜੇ ਉੱਤੇ ਖਲੋਤੇ ਹੋਏ ਲਗਦੇ। ਉੱਜ ਸਰੀਰ ਪਤਲਾ। ਮੁੱਛਾਂ ਉਹਦੇ ਕਦ ਵਾਂਗ ਹੀ ਲੰਮੀਆਂ। ਖਿੱਚਿਆਂ ਕੰਨਾਂ ਤੋਂ ਵੀ ਅਗਾਹਾਂ ਲੰਘ ਜਾਣ। ਅੱਖਾਂ ਲਹੂ ਰੱਤੀਆਂ। ਦਾੜ੍ਹੀ ਅੱਧ-ਕਤਰੀ। ਸੱਜੀ ਗਲ੍ਹ ਉੱਤੇ ਦੋ ਉਂਗਲੀਆਂ ਜਿੰਨਾ ਚੌੜਾ ਨਿਸ਼ਾਨ ਜਿਹੜਾ ਅੱਧ-ਕਤਰੀ ਦਾੜ੍ਹੀ ਵਿਚੋਂ ਵੀ ਉਭਰਿਆ ਉਭਰਿਆ ਲਗਦਾ।

ਖ਼ੁਦਾ ਦਾਦ ਅਹੁਦੇ ਵਲੋਂ ਤਾਂ ਇਕ ਸਿਪਾਹੀ ਹੀ ਸੀ ਪਰ ਉਹਦਾ ਰੋਅਬ ਦਾਅਬ ਹਾਕਮਾਂ ਵਰਗਾ ਸੀ। ਉਹ ਹੁਣ ਤਕ ਕਾਫ਼ੀ ਤਰੱਕੀ ਕਰ ਚੁਕਾ ਹੁੰਦਾ ਪਰ ਉਹ ਸ਼ਰਾਬ ਐਨੀ ਪੀਂਦਾ ਕਿ ਕੋਈ ਵੀ ਅਫ਼ਸਰ ਉਹਨੂੰ ਜ਼ਿੰਮੇਂਵਾਰੀ ਦਾ ਕੰਮ ਜਾਂ ਅਹੁਦਾ ਦੇਣ ਤੋਂ ਘਬਰਾਂਦਾ ਸੀ।

Scanned by CamScanner

ਪਿਛਲੇ ਦੋ ਮਹੀਨਿਆਂ ਤੋਂ ਉਸ ਮਾਹਿਲ ਵਿਚ ਬੜੇ ਜ਼ੁਲਮ ਕੀਤੇ ਸਨ। ਕਿਸੇ ਨੂੰ ਹੂਰਾ, ਕਿਸੇ ਨੂੰ ਬੰਦੂਕ ਦਾ ਬੱਟ, ਕਿਸੇ ਨੂੰ ਗਾਲ੍ਹ, ਕਿਸੇ ਨੂੰ ਚੁਪੇੜ, ਹੁਣ ਤਕ ਉਹਦੇ ਕੋਲੋਂ ਮਾਹਿਲ ਦੇ ਵਾਸੀ ਅਤਿਅੰਤ ਤੰਗ ਆ ਚੁਕੇ ਸਨ ਤੇ ਸਭ ਉਹਨੂੰ ਦਿਲੋਂ ਨਫ਼ਰਤ ਕਰਦੇ ਸਨ। ਉਸ ਇਕ ਦੋ ਆਦਮੀਆਂ ਨੂੰ ਸ਼ਰਾਬ ਤਿਆਰ ਕਰਨ ਵਾਸਤੇ ਮਜਬੂਰ ਕੀਤਾ। ਉਹ ਹਰ ਲੰਘਦੀ ਆਉਂਦੀ ਔਰਤ ਨੂੰ ਮਖ਼ੌਲ ਕਰਦਾ। ਸੋਚ ਪਾਣੀ ਵਾਸਤੇ ਬਹੁਤੀਆਂ ਇਸਤਰੀਆਂ ਏਸੇ ਕਰ ਕੇ ਮੂੰਹ-ਹਨੇਰੇ ਹੀ ਬਾਹਰੋਂ ਹੋ ਆਉਂਦੀਆਂ।

ਹੁਣ ਖ਼ੁਦਾ ਦਾਦ ਵਾਸਤੇ ਮਾਹਿਲ ਵਾਸੀਆਂ ਨੂੰ ਤੰਗ ਕਰਨ ਦਾ ਇਕ ਹੋਰ ਬਹਾਨਾ ਮਿਲਿਆ। ਅਖ਼ਤਰ ਖ਼ਾਨ ਨੇ ਅਖਵਾ ਭੇਜਿਆ ਕਿ ਮਾਹਿਲ ਦੇ ਵਾਸੀਆਂ ਕੋਲੋਂ ਹੀ ਸ਼ਾਹਬਾਜ਼ ਬਾਰੇ ਪਤਾ ਕੀਤਾ ਜਾਏ। ਉਹਦੀ ਖ਼ਬਰ ਅਨੁਸਾਰ ਘਟੋ ਘਟ ਅੱਧੇ ਪਿੰਡ ਨੂੰ ਸ਼ਾਹਬਾਜ਼ ਦੇ ਛੁਪਣ ਦੀ ਥਾਂ ਮਾਲੂਮ ਹੈ। ਜੇ ਇਕ ਹਫ਼ਤੇ ਦੇ ਅੰਦਰ ਅੰਦਰ ਖ਼ੁਦਾ ਦਾਦ ਸ਼ਾਹਬਾਜ਼ ਬਾਰੇ ਕੁਝ ਪਤਾ ਨਾ ਕਰ ਸਕਿਆ ਤਾਂ ਉਹਨੂੰ ਖੋਤੇ ਉੱਤੇ ਬਿਠਾ ਕੇ ਉਹਦਾ ਮੂੰਹ ਕਾਲਾ ਕਰ ਕੇ ਸਰਮੌਰ ਵਿਚ ਫਿਰਾਇਆ ਜਾਏਗਾ। ਖ਼ੁਦਾ ਦਾਦ ਨੇ ਸਾਰੇ ਪਿੰਡ ਦੇ ਆਦਮੀਆਂ ਨੂੰ ਇਕੱਠਾ ਕਰ ਕੇ ਇਹ ਹੁਕਮ ਸੁਣਾਇਆ।

"ਜੇ ਪੰਜਾਂ ਦਿਨਾਂ ਦੇ ਅੰਦਰ ਅੰਦਰ ਮੈਨੂੰ ਸ਼ਾਹਬਾਜ਼ ਦਾ ਪਤਾ ਨਾ ਚਲਿਆ ਤਾਂ ਮੈਂ ਸਾਰੇ ਪਿੰਡ ਨੂੰ ਏਸੇ ਚੌਂਕ ਵਿਚ ਖੜਾ ਕਰਵਾ ਕੇ ਕੋੜਿਆਂ ਨਾਲ ਮਰਵਾਵਾਂਗਾ।"

ਇਸ ਦੀ ਪੁਸ਼ਟੀ ਵਿਚ ਉਹਨੇ ਜਾਂਬਾਜ਼, ਬੁਦਾ ਮੱਲ ਤੇ ਜਾਂਬਾਜ਼ ਦੇ ਸੱਤ ਸਾਲ ਦੇ ਪੁੱਤਰ ਨੂੰ ਸਾਰੇ ਪਿੰਡ ਦੇ ਸਾਹਮਣੇ ਦਸ ਦਸ ਕੋੜੇ ਮਰਵਾਏ ਤੇ ਕਿਹਾ:

"ਅੱਜ ਤੋਂ ਪੰਜਵੇਂ ਦਿਨ ਸਿਰਫ਼ ਦਸ ਦਸ ਕੋੜੇ ਹੀ ਨਹੀਂ ਪੈਣਗੇ ਸਗੋਂ ਸੱਠ ਸੱਠ। ਮੈਂ ਤੁਹਾਡੇ ਵਿਚੋਂ ਇਕ ਇਕ ਦੀ ਚੰਮੜੀ ਉਧੜਵਾ ਦੇਵਾਂਗਾ," ਤੇ ਉਸ ਆਪਣੀਆਂ ਮੁੱਛਾਂ ਨੂੰ ਵੱਟ ਦਿਤਾ। ਦਸ ਦਸ ਪਏ ਕੋੜੇ ਜਾਂਬਾਜ਼ ਨੇ ਤਾਂ ਬੇਸ਼ਕ ਦੜ ਵੱਟ ਕੇ ਸਹਿ ਲਏ ਪਰ ਬੁਦਾ ਮੱਲ ਤੇ ਗੁਰਦਾਸ ਦੀ ਤਬੀਅਤ ਖ਼ਰਾਬ ਹੋ ਗਈ।

"ਮੈਨੂੰ ਤਾਂ ਰੱਬ ਹੁਣ ਇਸ ਦੁਨੀਆਂ ਤੋਂ ਚੁਕ ਲਵੇ," ਬੁਦਾ ਮੱਲ ਨੇ ਕਿਹਾ, "ਮੇਰੇ ਜੀਣ ਦਾ ਹੁਣ ਕੋਈ ਹੱਜ ਨਹੀਂ ਰਿਹਾ।"

ਹੁਣ ਬੁਦਾ ਮੱਲ ਵਾਸਤੇ ਉਠਣਾ ਬੈਠਣਾ ਬਿਲਕੁਲ ਮੁਸ਼ਕਲ ਹੋ ਗਿਆ। ਉਹ ਅਗੇ ਹੀ ਬੀਮਾਰ ਸੀ ਤੇ ਫਿਰ ਇਹ ਮਾਰ...ਹੁਣ ਪਿਤਾ ਬਹੁਤੀ ਦੇਰ ਨਹੀਂ ਨਹਿਰੇਗਾ, ਘਰ ਵਾਲੇ ਸੋਚਦੇ। ਧਰਮ ਕੌਰ ਸਾਰਾ ਦਿਨ ਤੇ ਸਾਰੀ ਰਾਤ ਉਹਦੇ ਸੁੱਜੇ ਹੋਏ ਪਿੰਡੇ ਨੂੰ ਟਕੋਰਾਂ ਕਰਦੀ ਰਹੀ ਤਾਂ ਜਾ ਕੇ ਕਿਤੇ ਉਹਦੀ ਅਮੁੱਕ ਹਾਏ ਹਾਏ ਮੁਕੀ। ਗੁਰਦਾਸ ਨੂੰ ਬੁਖ਼ਾਰ ਚੜ੍ਹ ਗਿਆ ਤੇ ਉਹ ਦਿਨ ਰਾਤ ਕੁਰਲਾਂਦਾ ਰਿਹਾ।

"ਔਰੰਗਜ਼ੇਬ ਨੇ ਮਲੂਕ ਬੱਚੇ ਨੂੰ ਮਾਰਦਿਆਂ ਜ਼ਰਾ ਤਰਸ ਨਾ ਕੀਤਾ," ਸਭ ਆਖਦੇ। ਪਰ ਤਰਸ ਉਹਨਾਂ ਦਿਨਾਂ ਵਿਚ ਮੁਗ਼ਲੀਹਾ ਫ਼ੌਜ ਜਾਂ ਮੁਗ਼ਲੀਹਾ ਸਲਤਨੱਤ ਦਾ ਖ਼ਾਸਾ ਨਹੀਂ ਸੀ। ਜਿਹੜਾ ਬਾਦਸ਼ਾਹ, ਸੂਬਾ ਹਾਕਮ ਜਾਂ ਫ਼ੌਜਦਾਰ ਤਰਸ ਤੇ ਇਨਸਾਫ਼ ਨੂੰ ਭੁਲ ਕੇ ਜ਼ੁਲਮ ਨਹੀਂ ਸੀ ਕਰ ਸਕਦਾ ਉਹਦੀ ਥਾਂ ਉਸ ਵੇਲੇ ਦੇ ਰਾਜ ਪ੍ਰਬੰਧ ਵਿਚ ਮਹਿਫ਼ੂਜ਼ ਨਹੀਂ ਸੀ।

ਇਸ ਮਾਰ ਪਿਛੋਂ ਪਹਿਲੀ ਵਾਰ ਜਾਂਬਾਜ਼ ਦੇ ਦਿਲ ਵਿਚ ਇਕ ਤਰ੍ਹਾਂ ਦੀ ਬਗ਼ਾਵਤ ਜਾਗੀ। ਉਹ ਅਜੇ ਤਕ ਤੁਰਕ ਰਾਜ ਵਲੋਂ ਹੋਈਆਂ ਸਭ ਬੇਇਨਸਾਫ਼ੀਆਂ, ਜ਼ੁਲਮ, ਸਿਤਮ ਸਹਿੰਦਾ ਆਇਆ ਸੀ। ਉਹਦਾ ਸਦਾ ਇਹ ਖ਼ਿਆਲ ਰਿਹਾ ਸੀ ਕਿ ਮੁਗ਼ਲੀਹਾ ਰਾਜ ਕਦੀ ਤੋੜਿਆ ਨਹੀਂ ਜਾ ਸਕਦਾ ਤੇ ਉਹਨਾਂ ਸਭਨਾਂ ਦੀ ਸਲਾਮਤੀ ਏਸੇ ਵਿਚ ਹੀ ਹੈ ਕਿ ਉਹ ਚੈਨ ਤੇ ਵਫ਼ਾਦਾਰੀ ਨਾਲ ਇਸ ਰਾਜ ਦੇ ਖਿਦਮਤਗ਼ਾਰ ਬਣੇ ਰਹਿਣ।

ਉਹਨੂੰ ਸਿਖੀ ਜਾਂ ਬਾਬੇ ਬੰਦੇ ਨਾਲ ਵੀ ਇਸੇ ਕਰ ਕੇ ਬਹੁਤ ਉਨਸ ਤੇ ਲਗਾਓ ਨਹੀਂ ਸੀ — ਉਹ ਸਿਖ ਧਰਮ ਦੀ ਇਜ਼ਤ ਕਰਦਾ ਸੀ। ਠੀਕ ਤੇ ਉਹਨੂੰ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸ਼ਖ਼ਸੀਅਤਾਂ ਤੇ ਉਹਨਾਂ ਦੇ ਦਸੇ ਰਾਹ ਨਾਲ ਹਮਦਰਦੀ ਸੀ। ਏਥੋਂ ਤਕ ਵੀ ਕਿ ਕੋਈ ਅੰਕੜ ਨਾ ਬਣੇ ਤਾਂ ਉਹਨੂੰ ਸਿਖੀ ਧਾਰਨ ਕਰਨ ਵਿਚ ਕੋਈ ਇਨਕਾਰ ਵੀ ਨਹੀਂ ਸੀ।

ਪਰ ਅੰਕੜਾਂ ਦੇ ਸਨਮੁਖ ਉਹਨੂੰ ਸਿਖੀ ਵਿਚੋਂ ਬਹੁਤਾ ਕੁਝ ਨਹੀਂ ਸੀ ਲਭਿਆ। ਉਹ ਸਮਝਦਾ ਕਿ ਬੰਦਾ ਸਿੰਘ ਨੇ

Scanned by CamScanner

ਕੋਈ ਛਾਇਦਾ ਕਰਨ ਦੀ ਥਾਂ ਨੁਕਸਾਨ ਕੀਤਾ ਹੈ। ਉਹਨੂੰ ਆਪਣੇ ਭਰਾ ਸ਼ਾਹਬਾਜ਼ ਨਾਲ ਦਿਲੋਂ ਐਨਾਂ ਪਿਆਰ ਸੀ ਕਿ ਉਹ ਉਹਨੂੰ ਮਿਲੀ ਵਡਿਆਈ ਦੇ ਬਾਵਜੂਦ ਵੀ ਚਾਹੁੰਦਾ ਸੀ ਕਿ ਕਾਸ਼ ਉਹ ਬੰਦਾ ਬਹਾਦਰ ਦਾ ਸਾਥੀ ਨਾ ਬਣਦਾ। ਉਹਨੂੰ ਬੰਦਾ ਬਹਾਦਰ ਦੀ ਸ਼ੁਰੂ ਕੀਤੀ ਲੜਾਈ ਕਿਸੇ ਤਰ੍ਹਾਂ ਲਾਭਦਾਇਕ ਨਾ ਲਗਦੀ। ਖ਼ਾਸ ਕਰ ਕੇ ਜਦੋਂ ਉਹਨੂੰ ਬੰਦਾ ਬਹਾਦਰ ਦੀ ਹਾਰ ਦਾ ਪਤਾ ਲਗਾ ਤੇ ਜਦੋਂ ਸਾਰ ਪੰਜਾਬ ਵਿਚ ਜ਼ੁਲਮ ਦੀ ਨਵੀਂ ਲਹਿਰ ਚੱਲੀ ਤਾਂ ਉਸ ਕਿਹਾ:

"ਮੈਂ ਨਹੀਂ ਸੀ ਕਿਹਾ ਕਿ ਮੁਗ਼ਲ ਹਕੂਮਤ ਨੂੰ ਖ਼ਤਮ ਕਰਨਾ ਸੌਖਾ ਨਹੀਂ। ਜੋ ਜ਼ੁਲਮ ਸਾਡੇ ਉੱਤੇ ਹੁਣ ਹੋਏ ਹਨ ਉਹੋ ਜਿਹੇ ਜ਼ੁਲਮ ਤਾਂ ਵਜ਼ੀਦੇ ਨੇ ਵੀ ਨਹੀਂ ਕਮਾਏ ਹੋਣੇ।"

ਸੋ ਉਸ ਵਾਲ ਕਟਾ ਦਿਤੇ ਤੇ ਆਪਣੇ ਵਲੋਂ ਇਸ ਤਰ੍ਹਾਂ ਹੀ ਮਹਿਸੂਸ ਕਰਨ ਦੀ ਕੋਸ਼ਿਸ਼ ਕੀਤੀ ਕਿ ਜਿਵੇਂ ਸਿਖ ਰਾਜ ਕਦੀ ਸਥਾਪਿਤ ਹੋਇਆ ਹੀ ਨਹੀਂ। ਜੋ ਕੁਝ ਵੀ ਹੋਇਆ ਉਹਨੂੰ ਉਸ ਖੁਲ੍ਹੇ ਦਿਲ ਸਵੀਕਾਰ ਕਰਨ ਦੀ ਕੋਸ਼ਿਸ਼ ਕੀਤੀ। ਪਰ ਅੱਜ ਦੀ ਮਾਰ ਨੇ ਉਹਦੇ ਦਿਲ ਨੂੰ ਝੰਝੋੜਿਆ। ਉਸ ਅੱਜ ਪਹਿਲੀ ਵਾਰ ਦਿਲੋਂ ਮਹਿਸੂਸ ਕੀਤਾ ਕਿ ਇਹ ਜ਼ਿਆਦਤੀ ਦੀ ਹੱਦ ਹੈ।

"ਹੈਰਾਨੀ ਦੀ ਗੱਲ ਹੈ," ਉਸ ਦਿਲ ਹੀ ਦਿਲ ਵਿਚ ਸੋਚਿਆ, "ਕਿ ਇਕ ਸਿਪਾਹੀ ਦੀ ਐਨੀ ਹਿੰਮਤ! ਇਕ ਸਿਪਾਹੀ ਸਾਰੇ ਪਿੰਡ ਦੇ ਚੌਧਰੀਆਂ ਦੇ ਸਾਹਮਣੇ ਬੁਢਾ ਮੱਲ ਵਰਗੇ ਬੁਢੇ ਤੇ ਪਤਵੰਤੇ ਆਦਮੀ ਨੂੰ ਕੋੜੇ ਮਰਵਾ ਸਕਦਾ ਹੈ ਤੇ ਇਕ ਸੱਤ ਸਾਲ ਦੇ ਬੱਚੇ ਲਈ ਵੀ ਕੋਈ ਰਿਆਇਤ ਨਹੀਂ ਕਰਦਾ!"

ਅੱਜ ਉਹਦਾ ਸਰਬੋਰ ਕੰਬਿਆ ਤੇ ਉਸ ਮਹਿਸੂਸ ਕੀਤਾ ਕਿ ਇਹੋ ਜਿਹੇ ਜ਼ਾਲਮ ਰਾਜ ਨੂੰ ਫ਼ਲਦੇ ਫੁਲਦੇ ਰਹਿਣ ਦੀ ਆਗਿਆ ਨਹੀਂ ਮਿਲਣੀ ਚਾਹੀਦੀ। ਇਹੋ ਜਿਹਾ ਠਿਰਦਈ ਰਾਜ, ਉਸ ਸੋਚਿਆ ਮਨੁੱਖਤਾ ਦਾ ਅਪਮਾਨ ਹੈ।

ਉਹਦਾ ਇਕਾ-ਇਕ ਜੀ ਕੀਤਾ ਕਿ ਉਹ ਫਿਰ ਅੰਮ੍ਰਿਤ ਛਕ ਕੇ ਸਿੰਘ ਸਜੇ ਤੇ ਸ਼ਾਹਬਾਜ਼ ਦੇ ਨਾਲ ਮਿਲ ਕੇ ਇਸ ਹਕੂਮਤ ਦਾ ਤਖ਼ਤਾ ਉਲਟ ਦੇਵੇ। ਪਰ...ਪਰ ਹੌਲੀ ਹੌਲੀ ਉਹ ਥਾਂਤ ਹੋ ਗਿਆ।

ਪੰਜ ਦਿਨ ਖ਼ੁਦਾ ਦਾਦ ਨੇ ਮਾਹਿਲ ਨੂੰ ਸੂਲੀ ਉੱਤੇ ਟੰਗੀ ਰਖਿਆ। ਜਾਂਬਾਜ਼ ਦਾ ਬਾਹਿਰ ਕੰਮ ਉੱਪਰ ਜਾਣਾ ਨਾ-ਮੁਮਕਿਨ ਹੋ ਗਿਆ। ਬੁਢਾ ਮੱਲ ਦੀ ਤਬੀਅਤ ਖ਼ਰਾਬ, ਗੁਰਦਾਸ ਨੂੰ ਬੁਖ਼ਾਰ, ਧਰਮ ਕੌਰ ਕਾਹਲੀ ਪਵੇ ਤੇ ਬਲਵੰਤ ਕੌਰ ਨੂੰ ਆਪ ਜਾਂਬਾਜ਼ ਦੀ ਜ਼ਿੰਦਗੀ ਦਾ ਫ਼ਿਕਰ।

"ਇਹਨਾਂ ਸਾਨ੍ਹਾਂ ਦਾ ਕੀ ਹੈ," ਉਹ ਆਖਦੀ, "ਜਿਥੇ ਐਨੀਂ ਦੁਨੀਆਂ ਇਹਨਾਂ ਆਉਂਤਰਿਆਂ ਦੇ ਪੈਰਾਂ ਥੱਲੇ ਰੁਲ ਗਈ ਹੈ ਉਥੇ ਇਕ ਹੋਰ ਨਾਲ ਕੀ ਫਰਕ ਪਵੇਗਾ।"

ਸ਼ੋਭੀ ਹਮੇਸ਼ਾਂ ਵਾਂਗ ਸਭ ਤੋਂ ਵਧ ਉਦਾਸ। ਹੁਣ ਉਹ ਸਮਝਦੀ ਕਿ ਸਭ ਨੂੰ ਇਹ ਸਾਰਾ ਦੁਖ ਉਹਦੇ ਕਾਰਨ ਹੀ ਸਹਿਣਾ ਪੈ ਰਿਹਾ ਹੈ। ਉਹ ਭੁਲ ਜਾਂਦੀ ਕਿ ਕੀ ਸ਼ਾਹਬਾਜ਼ ਇਹਨਾਂ ਦਾ ਵੀ ਪੁਤਰ ਜਾਂ ਭਰਾ ਹੈ ਤੇ ਇਹ ਕਿ ਇਹਨਾਂ ਦਾ ਸ਼ਾਹਬਾਜ਼ ਨਾਲ ਰਿਸ਼ਤਾ ਵੀ ਕੁਝ ਮਹੱਤਤਾ ਰਖਦਾ ਹੈ। ਉਹ ਆਪਣੇ ਆਪ ਨੂੰ ਸ਼ਾਹਬਾਜ਼ ਨਾਲ ਇਕ-ਮਿਕ ਹੋਇਆ ਮਹਿਸੂਸ ਕਰਦੀ ਤੇ ਆਪਣੇ ਆਪ ਨੂੰ ਕੋਸਦੀ। ਜੇ ਸ਼ਾਹਬਾਜ਼ ਐਨਾ ਜ਼ਿੱਦੀ ਨਾ ਹੁੰਦਾ ਤਾਂ ਬੁਢਾ ਮੱਲ, ਜਾਂਬਾਜ਼ ਤੇ ਗੁਰਦਾਸ ਦੀ ਇਹੋ ਜਿਹੀ ਹਾਲਤ ਨਾ ਹੁੰਦੀ।

ਏਥੋਂ ਤਕ ਕਿ ਮਾਰ ਪੈਣ ਪਿਛੋਂ ਉਸ ਰੋਂਦੀ ਰੋਂਦੀ ਨੇ ਇਹ ਵੀ ਆਖ ਦਿਤਾ, "ਪਿਤਾ ਜੀ! ਤੁਸੀਂ ਸ਼ਾਹਬਾਜ਼ ਦਾ ਪਤਾ ਦਸ ਦਿਓ। ਮੇਰੇ ਕੋਲੋਂ ਤੁਹਾਡੀ ਇਹ ਹਾਲਤ ਵੇਖੀ ਨਹੀਂ ਜਾਂਦੀ।"

ਪਰ ਬੁਢਾ ਮੱਲ ਨੇ ਪੀੜ ਜਰਦਿਆਂ ਕਿਹਾ, "ਨਹੀਂ ਪੁਤਰੀ! ਹੁਣ ਏਸ ਉਮਰੇ ਮੈਨੂੰ ਵੀ ਕੁਝ ਪੁੰਨ ਖੱਟ ਲੈਣ ਦਿਓ। ਮੈਂ ਸਮਝਾਗਾ ਮੈਨੂੰ ਇਹ ਮਾਰ ਸ਼ਾਹਬਾਜ਼ ਕਰ ਕੇ ਨਹੀਂ — ਗੁਰੂ ਗੋਬਿੰਦ ਸਿੰਘ ਤੇ ਸਿਖੀ ਧਰਮ ਵਾਸਤੇ ਪਈ ਹੈ।"

ਸ਼ੋਭੀ ਨੇ ਜਾਂਬਾਜ਼ ਨੂੰ ਕਿਹਾ, "ਤੁਸੀਂ ਮੇਰੀ ਪ੍ਰਵਾਹ ਨਾ ਕਰੋ। ਬੇਸ਼ਕ ਜ਼ਾਲਮਾਂ ਨੂੰ ਸ਼ਾਹਬਾਜ਼ ਦਾ ਪਤਾ ਦਸ ਦਿਓ। ਜੋ ਹੋਵੇਗਾ ਵੇਖੀ ਜਾਏਗੀ। ਮੈਂ ਇਕ ਇਕੱਲੀ ਨਹੀਂ।"

ਜਾਂਬਾਜ਼ ਨੇ ਇਕ ਨਜ਼ਰ ਭਰ ਕੇ ਸ਼ੋਭੀ ਵਲ ਵੇਖਿਆ ਤੇ ਕਾਫ਼ੀ ਝੱਕ ਕੇ ਕਿਹਾ, "ਮੇਰਾ ਜੀ ਤਾਂ ਇਹੋ ਕਰਦਾ ਹੈ ਸ਼ੋਭੀ। ਪਰ...ਪਰ" ਤੇ ਉਸ ਅਗੋਂ ਕੁਝ ਨਾ ਕਿਹਾ। ਹਮੇਸ਼ਾ ਵਾਂਗ ਸ਼ੋਭੀ ਨੇ ਕਾਲ੍ਹੂ ਦਾ ਆਸਰਾ ਲਿਆ। ਆਪਣੇ ਲਹੂ ਦਾ ਭਾਵੇਂ ਅਜੇ ਦੁਧ ਪੀਂਦਾ ਵੀ ਹੋਵੇ, ਸਹਾਰਾ ਬੜਾ ਹੁੰਦਾ ਹੈ। ਜਦੋਂ ਸ਼ੋਭੀ ਕਾਲ੍ਹੂ ਨੂੰ ਆਪਣੀ ਛਾਤੀ ਨਾਲ ਘੁਟਦੀ ਤਾਂ ਉਹਦਾ

Scanned by CamScanner

ਦੁਖ ਮਿਟ ਜਾਂਦਾ, ਉਹਦੀ ਪੀੜ ਅਧੀ ਰਹਿ ਜਾਂਦੀ, ਉਹ ਆਖਦੀ, "ਮੇਰੇ ਕਾਲ਼ੂਆ ! ਤੈਨੂੰ ਰੱਬ ਲੰਮੀ ਉਮਰ ਦੇਵੇ। ਇਕ ਇਕ ਕੰਰੜੇ ਦੀ ਥਾਂ ਸੌ ਸੌ ਕੋਰੜੇ ਮਾਰੀਂ ਇਹਨਾਂ ਮਰਦੂਦਾਂ ਨੂੰ।"

ਪਿੰਡ ਵਿਚ ਹੋਰ ਵੀ ਕਈ ਆਦਮੀ ਸ਼ਾਹਬਾਜ਼ ਬਾਰੇ ਜਾਣਦੇ ਸਨ। ਇਹੋ ਜਿਹੀ ਗੱਲ ਛੁਪੀ ਵੀ ਕਿਵੇਂ ਰਹਿ ਸਕਦੀ ਹੈ। ਪਰ ਅਜੇ ਤਕ ਕਿਸੇ ਨੇ ਧੂੰ ਨਹੀਂ ਸੀ ਕਢਿਆ। ਹਾਂ, ਬੁਢਾ ਮੱਲ ਤੇ ਜਾਂਬਾਜ਼ ਨੂੰ ਪਈ ਮਾਰ ਪਿਛੋਂ ਤੇ ਉਹਨਾਂ ਵਾਸਤੇ ਵੀ ਇਹੋ ਜਿਹੀ ਸਜ਼ਾ ਦੀ ਧਮਕੀ ਨੇ ਉਹਨਾਂ ਦੇ ਮਨ ਸਹਿਜੇ ਹੀ ਹਿਲਾ ਦਿਤੇ। ਉਹਨਾਂ ਵਿਚੋਂ ਬਹੁਤੇ ਜਣੇ ਸੋਚਣ ਲਗੇ ਕਿ ਕੀ ਇਕ ਸ਼ਾਹਬਾਜ਼ ਦੀ ਜ਼ਿੰਦਗੀ ਸਚੀਂ ਹੀ ਐਨੀਂ ਬਹੁ-ਮੁੱਲੀ ਹੈ ਕਿ ਸਾਰੇ ਦਾ ਸਾਰਾ ਪਿੰਡ ਬਝਿਆ ਜਾਏ!

ਹੁਣ ਇਕ ਤਰ੍ਹਾਂ ਨਾਲ ਪਿੰਡ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਧਿਰ ਦਾ ਦਿਲ ਕਰੇ ਕਿ ਰਾਜ਼ ਫ਼ਾਸ਼ ਹੋ ਜਾਏ, ਪਰ ਦੂਜੀ ਧਿਰ ਦਾ ਦਿਲ ਕਿ ਸੱਠ ਦੀ ਥਾਂ ਭਾਵੇਂ ਸੱਠ ਸੌ ਕੋਰੜੇ ਪੈਣ, ਸ਼ਾਹਬਾਜ਼ ਦਾ ਪਤਾ ਨਹੀਂ ਦੇਣਾ। ਇਹ ਇਰਾਦਾ ਸ਼ਾਹਬਾਜ਼ ਦੀ ਜ਼ਾਤ ਵਾਸਤੇ ਨਹੀਂ ਸਗੋਂ ਇਕ ਆਦਰਸ਼ ਵਾਸਤੇ ਸੀ। ਬੇਸ਼ਕ ਇਹ ਹਿੰਦੂ ਜਾਂ ਸਹਿਜਧਾਰੀ ਸਿਖ ਸਨ ਪਰ ਬੰਦੇ ਦੀ ਚਲਾਈ ਲਹਿਰ ਤੇ ਅੰਮ੍ਰਿਤ ਪਰਚਾਰ ਦਾ ਇਹੋ ਜਿਹਾ ਅੱਸਰ ਹੋਇਆ ਸੀ ਕਿ ਲੋਕਾਂ ਦੇ ਦਿਲ ਪਹਿਲਾਂ ਨਾਲੋਂ ਬੜੇ ਮਜ਼ਬੂਤ ਹੋ ਗਏ ਤੇ ਉਹਨਾਂ ਵਿਚ ਇਕ ਨਵੀਂ ਤਰ੍ਹਾਂ ਦਾ ਜੋਸ਼ ਭਰ ਗਿਆ।

ਮਾਹਿਲ ਵਿਚ ਇਹੋ ਜਿਹੇ ਹਾਲਾਤ ਸਨ ਜਦੋਂ ਇਕ ਸ਼ਾਮ ਆਪ ਅਖ਼ਤਰ ਖ਼ਾਨ ਵੀਹਾਂ ਸਵਾਰਾਂ ਨਾਲ ਮਾਹਿਲ ਆ ਧਮਕਿਆ। ਅਜੇ ਇਕ ਹਫ਼ਤੇ ਦੀ ਮਿਆਦ ਨਹੀਂ ਸੀ ਮੁਕੀ।

ਖ਼ੁਦਾ ਦਾਦ ਨੇ ਥਰਥਰਾਂਦੇ ਹੋਏ ਕਿਹਾ, "ਹਜ਼ੂਰ ! ਅਜੇ ਮੇਰੀ ਮੁਹਲਤ ਨਹੀਂ ਮੁਕੀ। ਮੈਂ ਦੋ ਦਿਨਾਂ ਦੇ ਅੰਦਰ ਅੰਦਰ ਤੁਹਾਡੇ ਹੁਕਮ ਦੀ ਤਾਮੀਲ ਕਰਾਂਗਾ।"

ਪਰ ਅਖ਼ਤਰ ਖ਼ਾਂ ਨੇ ਉਹਨੂੰ ਜੋਰ ਦੀ ਠੁੱਡ ਮਾਰਦਿਆਂ ਹੋਇਆਂ ਕਿਹਾ, "ਮੇਰਾ ਤੇ ਸ਼ਹਿਨਸ਼ਾਹੇ-ਆਜ਼ਮ ਦਾ ਸਬਰ ਮੁਕ ਚੁਕਾ ਹੈ। ਤੇਰੇ ਜਿਹੇ ਮਰਦੂਦ ਇਹੋ ਜਿਹੇ ਜ਼ਰੂਰੀ ਕੰਮ ਨਹੀਂ ਕਰ ਸਕਦੇ।"

ਅਖ਼ਤਰ ਖ਼ਾਨ ਨੇ ਆਉਂਦਿਆਂ ਨਾਲ ਹੁਕਮ ਦਿਤਾ ਕਿ ਸ਼ਾਹਬਾਜ਼ ਦਾ ਘਰ ਖਾਲੀ ਕਰ ਦਿਤਾ ਜਾਏ। ਸਭ ਮਰਦ, ਜ਼ਨਾਨੀਆਂ ਬੱਚੇ ਬਾਹਰ ਇਕ ਕਤਾਰ ਵਿਚ ਖੜੇ ਕਰ ਦਿਤੇ ਜਾਣ।

ਹੁਕਮ ਦੀ ਤਾਮੀਲ ਹੋਈ, ਸਾਰੇ ਘਰ ਦੇ ਘਰੋਂ ਬਾਹਰ ਲਿਆਂਦੇ ਗਏ। ਬੁਢਾ ਮੱਲ ਕੋਲੋਂ ਖਲੋਤਾ ਨਾ ਜਾਏ। ਸੋ ਵਿਚਾਰਾ ਕਤਾਰ ਵਿਚ ਹੀ ਬਹਿ ਗਿਆ। ਪਰ ਅਖ਼ਤਰ ਖ਼ਾਨ ਨੇ ਕਿਹਾ, "ਉਏ ਕੁੱਤੇ ! ਮੇਰੇ ਸਾਹਮਣੇ ਬੈਠਣ ਦੀ ਜੁਰਅਤ ਕਰਦਾ ਹੈਂ। ਖ਼ੁਦਾ ਦਾਦ !" ਤੇ ਉਸ ਖ਼ੁਦਾ ਦਾਦ ਨੂੰ ਹੁਕਮ ਦਿਤਾ, "ਮਾਰੋ ਇਸ ਬਦ ਨੂੰ ਕੋੜੇ...।"

ਬੁਢਾ ਮੱਲ ਉਠ ਖਲੋਤਾ ਤੇ ਉਸ ਇਕ ਠੰਢਾ ਸਾਹ ਭਰ ਕੇ ਅਖ਼ਤਰ ਖ਼ਾਨ ਵਲ ਤਕਿਆ। ਧਰਮ ਕੌਰ, ਬਲਵੰਤ ਕੌਰ, ਕੁੰਤੀ, ਸ਼ੋਭੀ ਸਾਰੀਆਂ ਰੋ ਰਹੀਆਂ ਸਨ ਤੇ ਉਹਨਾਂ ਦੇ ਡੁਸਕਾਰਿਆਂ ਦੀ ਆਵਾਜ਼ ਅਖ਼ਤਰ ਖ਼ਾਨ ਦੇ ਕੰਨਾਂ ਤਕ ਪਹੁੰਚ ਰਹੀ ਸੀ। ਅਖ਼ਤਰ ਖ਼ਾਨ ਨੂੰ ਇਹ ਆਵਾਜ਼ ਬੜੀ ਨਾ-ਗੁਵਾਰ ਲਗੀ ਤੇ ਉਸ ਇਹਨਾਂ ਨੂੰ ਰੋਣ ਤੋਂ ਵਰਜਿਆ। "ਜੇ ਉਸ ਕਿਸੇ ਦਾ ਡੁਸਕਾਰਾ ਫਿਰ ਸੁਣਿਆ ਤਾਂ ਉਹਨੂੰ ਸੌ ਕੋਰੜੇ ਮਰਵਾਏਗਾ," ਉਸ ਧਮਕਾਇਆ।

ਅਖ਼ਤਰ ਖ਼ਾਨ ਤੇ ਖ਼ੁਦਾ ਦਾਦ ਨੇ ਮਿਲ ਕੇ ਘਰ ਦੀ ਤਲਾਸ਼ੀ ਲਈ। ਖੂੰਜਾ ਖੂੰਜਾ ਛਾਣਿਆ। ਤੂੜੀ ਤੇ ਲਕੜਾਂ ਵਾਲੇ ਢਾਰੇ ਨੂੰ ਢਵਾਇਆ ਤੇ ਸਾਰੀ ਤੂੜੀ ਖਿੰਡੇਰ ਕੇ ਸ਼ਾਹਬਾਜ਼ ਨੂੰ ਲਭਿਆ। ਪਰ ਸ਼ਾਹਬਾਜ਼ ਨਾ ਮਿਲਿਆ।

ਉਸ ਪਿੰਡ ਇਕ ਹਿੰਮਤ ਰਾਉ ਵੀ ਰਹਿੰਦਾ ਸੀ। ਸੁਣਿਆ ਗਿਆ ਸੀ ਕਿ ਉਹ ਸ਼ਾਹਬਾਜ਼ ਦਾ ਦੋਸਤ ਹੈ। ਸੋ ਸ਼ਾਹਬਾਜ਼ ਦੇ ਘਰ ਪਿਛੋਂ ਉਸ ਦੇ ਘਰ ਦੀ ਤਲਾਸ਼ੀ ਲਈ ਗਈ, ਪਰ ਸ਼ਾਹਬਾਜ਼ ਉਥੋਂ ਵੀ ਨਾ ਮਿਲਿਆ।

ਇਸ ਤੋਂ ਪਿਛੋਂ ਅਖ਼ਤਰ ਖ਼ਾਨ ਬੁਢਾ ਮੱਲ ਦੇ ਟੱਬਰ ਕੋਲ ਆਇਆ ਤੇ ਉਸ ਨੇ ਆਖਿਆ, "ਜੇ ਤੁਸੀਂ ਸ਼ਾਹਬਾਜ਼ ਦਾ ਪਤਾ ਨਾ ਦਸਿਆ ਤਾਂ ਤੁਹਾਨੂੰ ਸਾਰਿਆਂ ਨੂੰ ਬੰਦੀ ਕਰ ਕੇ ਮੈਂ ਲਾਹੌਰ ਭੇਜ ਦਿਆਂਗਾ।"

ਕਿਸੇ ਦੀ ਹਿੰਮਤ ਨਾ ਪਵੇ ਕਿ ਕੁਝ ਕਹੇ, ਲਾਹੌਰ ਭੇਜਣ ਦੀ ਧਮਕੀ ਆਦਮੀ ਨੂੰ ਸਚੀਂ ਮੁਚੀਂ ਮਾਰ ਦੇਣ ਨਾਲੋਂ ਵਧ ਸਖ਼ਤ ਸੀ। ਏਥੋਂ ਤਕ ਕਿ ਕਿਸੇ ਨੂੰ ਝੂਠ ਬੋਲਣ ਦੀ ਵੀ ਹਿੰਮਤ ਨਾ ਪਈ। ਦੂਸ ਰੀ ਵਾਰ ਧਮਕੀ ਦੇਣ ਉੱਤੇ ਧਰਮ ਕੌਰ ਬੋਲੀ, "ਵੇ ਵੀਰਾ ਜੇ ਸਾਨੂੰ ਪਤਾ ਹੁੰਦਾ ਅਸੀਂ ਤੈਨੂੰ ਦਸ ਦੇਂਦੇ। ਸਾਨੂੰ ਮੁਆਫ਼ ਕਰ ਵੀਰਾ। ਇਹ ਬੁਢੀ ਮਾਂ ਵਿਚਾਰੀ ਆਪ ਆਪਣੇ ਪੁਤਰ ਨੂੰ ਵੇਖਣ ਲਈ ਸਹਿਕ ਰਹੀ ਹੈ।"

Scanned by CamScanner

"ਤੂੰ ਹੁਣ ਉਹਨੂੰ ਵੇਖ ਚੁਕੀ ਚੁਭੇਲੇ। ਜੇ ਅਜ ਨਹੀਂ ਤਾਂ ਕਲ ਤੇ ਜੇ ਕਲ ਨਹੀਂ ਤਾਂ ਪਰਸੋਂ ਸ਼ਾਹਬਾਜ਼ ਸਾਡੇ ਹੱਥਾਂ ਵਿਚ ਹੋਏਗਾ। ਮੈਨੂੰ ਪਤਾ ਹੈ ਕਿ ਤੁਸੀਂ ਸ਼ਾਹਬਾਜ਼ ਬਾਰੇ ਜਾਣਦੇ ਹੋ, ਮੈਂ ਤੁਹਾਨੂੰ ਸਾਰਿਆਂ ਨੂੰ ਉਸ ਤਰ੍ਹਾਂ ਪਿਟਵਾਵਾਂਗਾ ਕਿ ਤੁਸੀਂ ਜੀਂਦੇ ਹੀ ਮੋਇਆਂ ਵਾਂਗ ਮਹਿਸੂਸ ਕਰੋਗੇ।"

ਹੁਣ ਬੁਢਾ ਮੱਲ ਨੇ ਜ਼ਬਾਨ ਖੋਲ੍ਹੀ, "ਜਿੰਨਾ ਮਰਜ਼ੀ ਹੈ ਮਾਰ ਲੈ ਪੁਤਰਾ। ਸਾਡਾ ਕੀ ਜ਼ੋਰ ਹੈ।"

ਏਧਰ ਕਾਲੂ ਉੱਚੀ ਉੱਚੀ ਰੋਣ ਲਗਾ। ਉਹਦੇ ਦੁਧ ਪੀਣ ਦਾ ਸਮਾਂ ਲੰਘ ਚੁਕਾ ਸੀ ਤੇ ਉਹਨੂੰ ਸਖ਼ਤ ਭੁਖ ਲਗ ਰਹੀ ਸੀ। ਸ਼ੋਭੀ ਨੇ ਚੁਪ ਕਰਾਣ ਦੀ ਕੋਸ਼ਿਸ਼ ਕੀਤੀ। ਪਰ ਉਹ ਚੁਪ ਨਾ ਹੋਇਆ। ਧਰਮ ਕੌਰ ਨੇ ਉਹਦੇ ਹੱਥੋਂ ਕਾਲੂ ਨੂੰ ਫੜ ਲਿਆ ਤੇ ਫਿਰ ਉਹਦੇ ਹੱਥੋਂ ਬਲਵੰਤ ਨੇ ਤੇ ਫਿਰ ਕੁੰਤੀ ਨੇ। ਪਰ ਕਾਲੂ ਕਿਸੇ ਦੇ ਹੱਥਾਂ ਵਿਚ ਵੀ ਚੁਪ ਨਾ ਹੋਇਆ। ਚਿੜ ਖਾਲੀ ਬੱਚਾ ਕਿਵੇਂ ਚੁਪ ਕਰੇ। ਤੇ ਐਸ ਵੇਲੇ ਦੁਧ ਕਿਥੇ ? ਕਿਸੇ ਨੂੰ ਹਿਲਣ ਤਕ ਦੀ ਇਜਾਜ਼ਤ ਨਹੀਂ ਸੀ।

ਅੰਤ ਬੁਢਾ ਮੱਲ ਨੇ ਕਾਲੂ ਨੂੰ ਚੁਕਿਆ। ਸਭ ਨੇ ਹੌੜਿਆ ਪਰ ਬੁਢਾ ਮੱਲ ਨੇ ਕਿਹਾ, "ਮੈਂ ਕਾਲੂ ਨੂੰ ਜਾਣਦਾ ਹਾਂ, ਮੇਰੀ ਛਾਤੀ ਨਾਲ ਲਗ ਕੇ ਇਹ ਜ਼ਰੂਰ ਚੁਪ ਕਰ ਜਾਏਗਾ।"

ਪਰ ਬੁਢਾ ਮੱਲ ਅੰਨਾਂ ਨਿਰਬਲ ਹੋ ਚੁਕਾ ਸੀ ਕਿ ਉਹ ਕਾਲੂ ਦਾ ਭਾਰ ਸਹਾਰ ਨਾ ਸਕਿਆ ਤੇ ਉਹ ਡਿਗ ਪਿਆ। ਥੱਲੇ ਕਾਲੂ ਤੇ ਉਪਰ ਬੁਢਾ ਮੱਲ। ਕਾਲੂ ਦੀਆਂ ਚੀਕਾਂ ਨਿਕਲ ਗਈਆਂ। ਜਾਂਬਾਜ਼ ਨੇ ਪਿਤਾ ਨੂੰ ਤੇ ਸ਼ੋਭੀ ਨੇ ਪੁਤਰ ਨੂੰ ਚੁਕਿਆ। ਅਖ਼ਤਰ ਖ਼ਾਨ ਮੁਸਕਰਾਇਆ, "ਅੱਛਾ ਤਾਂ ਇਹ ਬੱਚਾ ਕਿਸੇ ਕੋਲੋਂ ਚੁਪ ਨਹੀਂ ਹੁੰਦਾ। ਲਿਆਓ ਹੁਣ ਮੈਂ ਇਹਨੂੰ ਚੁਪ ਕਰਾਂਦਾ ਹਾਂ।" ਸ਼ੋਭੀ ਦੀ ਚੀਕ ਨਿਕਲ ਗਈ ਤੇ ਉਸ ਕਾਲੂ ਨੂੰ ਆਪਣੀ ਛਾਤੀ ਨਾਲ ਘੁਟ ਲਿਆ। ਉਹਦੀ ਰੂਹ ਸਿਸਕ ਸਿਸਕ ਕੇ ਕਹਿ ਰਹੀ ਸੀ;

"ਕਾਲੂ ਨੂੰ ਨਾ ਖੱਸੀਂ ਓਏ ਜ਼ਾਲਮਾ ! ਕਾਲੂ ਮੇਰੇ ਸ਼ਾਹਬਾਜ਼ ਦੀ ਅਮਾਨਤ ਹੈ। ਇਹਨੂੰ ਤੇਰੇ ਸਖ਼ਤ ਹੱਥਾਂ ਦੀ ਛੋਹ ਨੇ ਹੀ ਮਾਰ ਛਡਣਾ ਹੈ। ਅਜੇ ਤਕ ਤਾਂ ਮੇਰੇ ਸ਼ਾਹਬਾਜ਼ ਨੇ ਮੇਰੇ ਕਾਲੂ ਨੂੰ ਵੇਖਿਆ ਵੀ ਨਹੀਂ।"

"ਖ਼ੁਦਾ ਦਾਦ ਵੇਖਦਾ ਕੀ ਹੈਂ ! ਖੋਹ ਲੈ ਇਸ ਮਰਦੂਦ ਨੂੰ ਤੇ ਲਿਆ ਮੇਰੇ ਕੋਲ।"

ਖ਼ੁਦਾ ਦਾਦ ਨੇ ਵਧ ਕੇ ਸ਼ੋਭੀ ਨੂੰ ਇਕ ਝਟਕਾ ਦਿਤਾ ਪਰ ਸ਼ੋਭੀ ਨੇ ਹੱਠ ਕਰ ਕੇ ਕਾਲੂ ਨੂੰ ਛਾਤੀ ਨਾਲੋਂ ਨਾ ਲਾਹਿਆ। "ਬੇਸ਼ਰਮ !" ਖ਼ੁਦਾ ਦਾਦ ਨੇ ਵੱਟ ਕੇ ਇਕ ਜ਼ਪੇੜ ਸ਼ੋਭੀ ਨੂੰ ਮਾਰੀ ਤੇ ਬੱਚਾ ਖੋਹ ਲਿਆ।

ਜਾਂਬਾਜ਼ ਦਾ ਹੱਥ ਉਠਦਾ ਉਠਦਾ ਹੀ ਰਹਿ ਗਿਆ। ਉਹ ਖ਼ੁਦਾ ਦਾਦ ਨੂੰ ਪੁੱਠੇ ਹੱਥ ਦੀ ਚਪੇੜ ਮਾਰ ਕੇ ਜ਼ਮੀਨ ਉਪਰ ਸੁਟਦਿਆਂ ਸੁਟਦਿਆਂ ਹੀ ਰਹਿ ਗਿਆ। ਉਹਦੇ ਦਿਲ ਵਿਚ ਇਕ ਲਹਿਰ ਉਛਲੀ ਪਰ ਝੱਟ ਹੀ ਪਾਣੀ ਵਿਚ ਮਿਲ ਗਈ। ਉਹਦੇ ਵਿਚ ਇਕ ਜ਼ਲਜ਼ਲਾ ਆਇਆ ਪਰ ਜ਼ਲਜ਼ਲੇ ਦੇ ਝਟਕੇ ਪਲੋ ਪਲੀ ਮੁਕ ਗਏ। ਹੋਰ ਵੀ ਪਿੰਡ ਵਾਸੀ ਇਹ ਮਾਜਰਾ ਵਖ ਰਹੇ ਸਨ ਪਰ ਕਿਸੇ ਨੂੰ ਠਲ੍ਹਣ ਦੀ ਹਿੰਮਤ ਨਾ ਪਈ। ਖ਼ੁਦਾ ਦਾਦ ਬੱਚਾ ਲੈ ਕੇ ਅਖ਼ਤਰ ਖਾਨ ਕੋਲ ਆਇਆ।

"ਮੈਂ ਵੀ ਪਿਉ ਹਾਂ", ਅਖ਼ਤਰ ਖ਼ਾਨ ਨੇ ਕਿਹਾ, "ਮੇਰੇ ਵੀ ਬੱਚੇ ਬੱਚੀਆਂ ਹਨ। ਘਬਰਾਉ ਨਾਂਹ ਕਮਜ਼ਾਤੋ! ਮੈਂ ਇਹਨੂੰ ਚੁਪ ਕਰਾਣ ਦੀ ਜਾਚ ਜਾਣਦਾ ਹਾਂ। ਐਸਾ ਚੁਪ ਕਰਾਵਾਂਗਾ ਕਿ ਫਿਰ ਕਦੀ ਨਹੀਂ ਰੋਵੇਗਾ। ਤੁਸੀਂ ਸਭ ਮਰਦੂਦ ਇਸ ਬੱਚੇ ਦੇ ਕਾਬਲ ਨਹੀਂ। ਸਾਰੇ ਜਣੇ ਮਿਲ ਕੇ ਵੀ ਤੁਸੀਂ ਇਹਨੂੰ ਚੁਪ ਨਹੀਂ ਕਰਾ ਸਕਦੇ।"

"ਹਜ਼ੂਰ ! ਇਹ ਸ਼ਾਹਬਾਜ਼ ਦਾ ਇਕਲੌਤਾ ਲੜਕਾ ਹੈ।" ਖ਼ੁਦਾ ਦਾਦ ਬੋਲਿਆ। "ਵਾਹ ਵਾਹ !" ਅਖ਼ਤਰ ਖ਼ਾਨ ਖਿੜਖਿੜਾ ਕੇ ਹੁਸਿਆ, "ਇਕਲੌਤਾ ਲੜਕਾ ! ਵਾਹ ਵਾਹ ! ਇਹ ਖ਼ੂਬ ਕਹੀ, ਇਕਲੌਤਾ ਲੜਕਾ।"

ਅਖ਼ਤਰ ਖ਼ਾਨ ਨੇ ਕਾਲੂ ਨੂੰ ਇਕ ਬਾਹੋਂ ਫੜ ਲਿਆ। ਕਾਲੂ ਦੇ ਪੈਰ ਜ਼ਮੀਨ ਨੂੰ ਛੋਹ ਰਹੇ ਸਨ ਤੇ ਉਸਦਾ ਮੂੰਹ ਅਖ਼ਤਰ ਖ਼ਾਨ ਦੇ ਗੋਡਿਆਂ ਨੂੰ ਛੋਹ ਰਿਹਾ ਸੀ। ਤੇ ਸਾਹਮਣੇ ਖੜੀ ਸੀ ਕਾਲੂ ਦੀ ਮਾਂ, ਉਹਦੀ ਦਾਦੀ, ਉਹਦਾ ਦਾਦਾ।

"ਇਕਲੌਤਾ ਲੜਕਾ ! ਸਾਡੇ ਵਡੇ ਵਡੇਰੇ ਠੀਕ ਇਹੋ ਹੀ ਕਹਿ ਗਏ ਹਨ ਕਿ ਤਿਖੀਆਂ ਸੂਲਾਂ ਦੇ ਮੂੰਹ ਜੰਮਦਿਆਂ ਹੀ ਭੰਨ ਦੇਣੇ ਚਾਹੀਦੇ ਹਨ। ਹੁਣ ਬਈ ਮਰਦੂਦੋ ! ਦਸਦੇ ਹੋ ਸ਼ਾਹਬਾਜ਼ ਦਾ ਪਤਾ ਕਿ ਨਹੀਂ। ਬਸ ਦੋ ਮਿੰਟਾਂ ਦੀ ਮੋਹਲਤ ਜੇ। ਜੇ ਤੁਹਾਡੇ ਵਿਚੋਂ ਕੋਈ ਵੀ ਨਾ ਬਕਿਆ ਤਾਂ ਇਹ ਹਰਾਮੀ ਮੁੜ ਕੇ ਕਦੀ ਰੋਣ ਜੋਗਾ ਨਹੀਂ ਰਹੇਗਾ।"

ਜਦੋਂ ਦੁਖ ਦੀ ਇਨਤਹਾ ਹੋ ਜਾਏ ਤਾਂ ਮਨੁੱਖ ਦਾ ਸਰੀਰ ਤੇ ਉਹਦੇ ਅਹਿਸਾਸ ਸੁੰਨ ਹੋ ਜਾਂਦੇ ਹਨ। ਸ਼ੋਭੀ, ਜਾਂਬਾਜ਼, ਬੁਢਾ ਮੱਲ, ਧਰਮ ਕੌਰ ਸਾਰੇ ਇਹ ਧਮਕੀ ਸੁਣ ਕੇ ਅਜਿਹੇ ਸੁੰਨ ਹੋਏ ਕਿ ਉਹਨਾਂ ਨੂੰ ਕੁਝ ਸੁਝਿਆ ਨਾਂਹ। ਉਹ ਫਿਟ

Scanned by CamScanner

ਬਿਟ ਅਖ਼ਤਰ ਖ਼ਾਨ ਵਲ ਤਕਦੇ ਰਹੇ। ਉਹਨਾਂ ਨੂੰ ਸਮਝ ਨਾ ਆਈ ਕਿ ਅਖ਼ਤਰ ਖ਼ਾਨ ਨੇ ਕੀ ਧਮਕੀ ਦਿਤੀ ਹੈ। ਦੇਰ ਤਕ ਚਾਰ ਚੁਫੇਰੇ ਇਕ ਚੁਪ ਵਰਤ ਗਈ। ਪਲ ਦੀ ਪਲ ਲਈ ਕਾਲੂ ਵੀ ਆਪਣੇ ਆਪ ਨੂੰ ਇਕ ਅਸਲੋਂ ਨਵੀਂ ਹਾਲਤ ਵਿਚ ਵੇਖ ਕੇ ਚੁਪ ਹੋ ਗਿਆ। ਪਰ ਜਦੋਂ ਅਖ਼ਤਰ ਖ਼ਾਨ ਨੇ ਉਹਨੂੰ ਇਕ ਝਟਕਾ ਦਿਤਾ ਤੇ ਆਪਣੀ ਧਮਕੀ ਦੁਹਰਾਈ ਤਾਂ ਕਾਲੂ ਦੀਆਂ ਫਿਰ ਚੀਕਾਂ ਨਿਕਲਣ ਲਗੀਆਂ।

"ਤੀਜੀ ਵਾਰ ਪੁਛਦਾ ਹਾਂ ?" ਅਖ਼ਤਰ ਖ਼ਾਨ ਨੇ ਮੁਸਕਰਾਂਦਿਆਂ ਹੋਇਆਂ ਕਿਹਾ, "ਕੌਣ ਬੋਲਦਾ ਹੈ ਕਿ ਨਹੀਂ ?" ਕੌਣ ਜੁਆਬ ਨਾ ! "ਅਛਾ ! ਤਾਂ ਅਜ ਸ਼ਾਹਬਾਜ਼ ਦੇ ਇਕਲੌਤੇ ਲੜਕੇ ਦੀ ਮੌਤ ਦਾ ਤਾਂ ਸੁਆਬ ਖਟਿਆ ਜਾਏ....."

ਅਖ਼ਤਰ ਖ਼ਾਨ ਖਿੜਖਿੜਾ ਕੇ ਹੱਸਿਆ ਤੇ ਉਸ ਕਾਲੂ ਨੂੰ ਇਸ ਤਰ੍ਹਾਂ ਘੁੰਮਾਇਆ ਜਿਵੇਂ ਕਮੰਦ ਜਾਂ ਵੱਟਾ ਸੁਟਣ ਵੇਲੇ ਆਦਮੀ ਕਿਸੇ ਰੱਸੀ ਨੂੰ ਘੁੰਮਾਂਦਾ ਹੈ। ਤੇ ਫਿਰ "ਪਟਾਕ"

ਕਾਲੂ ਸਾਹਮਣੀ ਕੰਧ ਨਾਲ ਜਾ ਟਕਰਾਇਆ। ਟਕਰਾ ਕੇ ਥੱਲੇ ਡਿਗਿਆ ਤੇ ਉਹਦਾ ਰੋਣਾ ਸਦਾ ਲਈ ਮੁਕ ਗਿਆ।

੨੭

"ਬਸ ਸ਼ਾਹਬਾਜ਼ ! ਪਲੋਪਲੀ ਭਾਣਾ ਵਰਤ ਗਿਆ। ਕਿਸੇ ਨੂੰ ਪਤਾ ਵੀ ਨਾ ਲਗਾ। ਸਾਨੂੰ ਤਾਂ ਓਦੋਂ ਹੀ ਹੋਸ਼ ਆਈ ਜਦੋਂ ਕਾਲੂ ਸਾਹਮਣੇ ਜ਼ਮੀਨ ਉਤੇ ਪਿਆ ਹਿੱਲੇ ਜੁਲੇ ਨਾ। ਉਸ ਵੇਲੇ ਦੌੜ ਕੇ ਮੈਂ ਉਹਨੂੰ ਚੁਕਿਆ ਤੇ ਮੈਂ ਕੁਰਲਾਈ, "ਕਾਲੂ ! ਵੇ ਮੇਰੇ ਬਾਲੂਆ।"

"ਮੈਂ ਉਹਨੂੰ ਚੁਕ ਕੇ ਛਾਤੀ ਨਾਲ ਲਾਇਆ। ਪਰ ਮੇਰੀ ਛਾਤੀ ਵਿਚ ਕੋਈ ਠੰਢ ਨਾ ਪਈ। ਮੈਨੂੰ ਕੋਈ ਸ਼ਾਂਤੀ ਨਾ ਮਿਲੀ। ਘਬਰਾਈ ਹੋਈ ਨੇ ਮੈਂ ਕਾਲੂ ਨੂੰ ਵਾਰ ਵਾਰ ਬੁਲਾਇਆ, ਮੈਂ ਆਖਿਆ, "ਵੇ ਕਾਲੂਆ ਤੈਨੂੰ ਕੀ ਹੋ ਗਿਆ ਹੈ। ਵੇ ਕਾਲੂਆ ਤੂੰ ਰੋਂਦਾ ਕਿਉਂ ਨਹੀਂ। ਵੇ ਕਾਲੂਆ ਕੀ ਤੇਰੀ ਭੁਖ ਬਿਨਾ ਦੁਧ ਪੀਤਿਆਂ ਹੀ ਲਹਿ ਗਈ ?" ਪਰ ਕਾਲੂ ਵਲੋਂ ਕੋਈ ਜੁਆਬ ਨਾਂਹ। ਨਾ ਉਹ ਰੋਵੇ, ਨਾ ਹੱਸੇ, ਨਾ ਹਿੱਲੇ, ਨਾ ਕੁਝ ਹੋਰ। ਮੇਰੇ ਹੱਥਾਂ ਵਿਚੋਂ ਡਿਗਦਾ ਜਾਵੇ। ਮੈਂ ਇਸ ਤਰ੍ਹਾਂ ਕਾਲੂ ਨਾਲ ਰੱਬ ਜਾਣੇ ਕੀ ਕੀ ਗੱਲਾਂ ਕਰ ਰਹੀ ਸਾਂ ਕਿ ਪਿਤਾ ਜੀ ਨੇ ਆ ਕੇ ਮੇਰੇ ਮੋਢੇ ਉੱਤੇ ਹੱਥ ਰਖਿਆ ਤੇ ਆਖਿਆ: 'ਸ਼ੁੰਭੀਏ ! ਕਾਲੂ ਗਿਆ, ਮੇਰੀ ਬਚੀਏ ! ਹੁਣ ਕਿਦ੍ਹੇ ਨਾਲ ਗੱਲਾਂ ਕਰਦੀ ਹੈਂ।' ਤੇ ਉਹ ਵੀ ਡੁਸਕ ਡੁਸਕ ਕੇ ਰੋਣ ਲੱਗੇ।" ਸ਼ੁੰਭੀ ਦਾ ਗੱਚ ਤੇ ਅੱਖਾਂ ਭਰ ਆਈਆਂ। ਫਿਰ ਪਲੋਪਲੀ ਅਥਰੂ ਵਹਿ ਤੁਰੇ। ਤੇ ਉਹ ਡੁਸਕਾਰੇ ਭਰਨ ਲਗੀ। ਸ਼ਾਹਬਾਜ਼ ਨੇ ਉਹਨੂੰ ਆਪਣੀ ਛਾਤੀ ਨਾਲ ਘੁਟਿਆ ਤੇ ਫਿਰ ਉਹਨੂੰ ਆਪਣੀ ਝੋਲੀ ਵਿਚ ਲਿਟਾ ਲਿਆ। ਹੁਣ ਤਕ ਉਹਦੀਆਂ ਵੀ ਅੱਖਾਂ ਭਰ ਆਈਆਂ ਸਨ। ਉਸ ਦੂਰ ਪੁਲਾੜ ਵਿਚ ਵੇਖਦਿਆਂ ਹੋਇਆ ਕਿਹਾ :

"ਸ਼ੁੰਭੀ, ਮੇਰੀ ਪਿਆਰੀ ! ਨਾ ਜਾਣੇ ਕਿਉਂ ਮੈਨੂੰ ਸਦਾ ਇਹੋ ਤੋਖਲਾ ਰਿਹਾ। ਮੈਨੂੰ ਲਗਦਾ ਸੀ ਕਿ ਮੈਂ ਸ਼ਾਇਦ ਆਪਣੇ ਕਾਲੂ ਨੂੰ ਨਹੀਂ ਵੇਖਣਾ। ਯਾਦ ਹਈ ਜਦੋਂ ਤੂੰ ਕਾਨ੍ਹਾ ਛੰਭ ਵਿਚ ਮੈਨੂੰ ਮਿਲਣ ਆਈ ਸੈਂ ਤਾਂ ਮੈਂ ਤੇਰੇ ਅਗੇ ਆਪਣਾ ਇਹ ਡਰ ਪ੍ਰਗਟ ਕੀਤਾ ਸੀ। ਆਪਣੇ ਹੋਰਨਾਂ ਸਾਥੀਆਂ ਨਾਲ ਵੀ ਮੈਂ ਇਹ ਤੋਖਲਾ ਸਾਂਝਾ ਕਰਦਾ ਰਿਹਾ। ਪਰ ਮੇਰੇ ਸਾਥੀ ਵੀ ਕਹਿਣ ਤੇ ਤੂੰ ਵੀ ਕਿਹਾ ਕਿ ਮੇਰੇ ਡਰ ਨਿਰਮੂਲ ਹਨ।"

ਸ਼ੁੰਭੀ ਨੇ ਸ਼ਾਹਬਾਜ਼ ਦੇ ਗਲ ਦਵਾਲੇ ਬਾਹਾਂ ਪਾਈਆਂ, ਉਹਦੇ ਨੈਣਾਂ ਵਿਚ ਇਕ ਟੱਕ ਤਕਿਆ ਤੇ ਆਖਿਆ, "ਸ਼ਾਹਬਾਜ਼, ਜੇ ਤੁਸੀਂ ਇਕ ਵਾਰ ਮੇਰੇ ਕਾਲੂ ਨੂੰ ਤਕ ਲੈਂਦੇ ਤਾਂ ਸਾਰੀ ਉਮਰ ਮੇਰੇ ਵਾਂਗ ਬਿਹਬਲ ਰਹਿੰਦੇ। ਕਾਲੂ ਵਰਗਾ

Scanned by CamScanner

ਬੱਚਾ ਨਾ ਕਦੀ ਜੰਮਿਆ ਨਾ ਜੰਮੇਗਾ। ਉਹਦਾ ਮੂੰਹ ਜ਼ਰਾ ਲੰਮੂਤਰਾ, ਉਹਦਾ ਰੰਗ ਗੋਰਾ, ਉਹਦੇ ਬੁਲ੍ਹ ਪਤਲੇ, ਉਹਦੀਆਂ ਅੱਖਾਂ ਮੋਟੀਆਂ। ਮੈਂ ਕੀ ਦਸਾਂ ਸ਼ਾਹਬਾਜ਼। ਉਹ ਬਿਲਕੁਲ ਤੁਹਾਡੇ ਵਰਗਾ ਸੀ," ਤੇ ਉਸ ਸ਼ਾਹਬਾਜ਼ ਨੂੰ ਚੁੰਮ ਲਿਆ। ਸ਼ੋਭੀ ਨੇ ਸ਼ਾਹਬਾਜ਼ ਨੂੰ ਚੁੰਮਿਆ ਕਿ ਸ਼ਾਹਬਾਜ ਵਿਚੋਂ ਕਾਲੂ ਨੂੰ।

ਮਾਂ ਤੇ ਪਿਤਾ ਕਦੀ ਵਾਰ ਆਪਣੇ ਬੱਚਿਆਂ ਨੂੰ ਚੁੰਮਦੇ ਇਕ ਦੂਜੇ ਨੂੰ ਚੁੰਮਦੇ ਹਨ ਤੇ ਕਈ ਵਾਰ ਆਪ ਇਕ ਦੂਜੇ ਨੂੰ ਚੁੰਮਦਿਆਂ ਦਰ ਅਸਲ ਬੱਚਿਆਂ ਨੂੰ। ਮਾਂ ਤੇ ਪਿਉ ਆਪਣੇ ਬੱਚਿਆਂ ਵਿਚ ਇਸ ਤਰ੍ਹਾਂ ਰਚ ਮਿਚ ਜਾਂਦੇ ਹਨ ਕਿ ਦੂਈ ਮੁਕ ਜਾਂਦੀ ਹੈ। ਖ਼ਾਸ ਕਰ ਕੇ ਮਾਂ ਜਦੋਂ ਆਪਣ ਪੁਤਰ ਨੂੰ ਚੁੰਮਦੀ ਹੈ ਤਾਂ ਸਹਿਜੇ ਹੀ ਉਹਨੂੰ ਇਸ ਤਰ੍ਹਾਂ ਲਗਦਾ ਹੈ ਕਿ ਇਹ ਉਹਦੇ ਪਤੀ ਦਾ ਮੂੰਹ ਹੈ। ਪਤੀ ਦ ਚੁੰਮਣ ਵਿਚ ਵੀ ਇਹੋ ਜਿਹਾ ਸਵਾਦ ਹੁੰਦਾ ਹੈ। ਪਤੀ ਦੇ ਮੂੰਹ ਦੀ ਨੁਹਾਰ ਵੀ ਬਸ ਇਹੋ ਜਿਹੀ ਹੀ ਹੁੰਦੀ ਹੈ। ਤੇ ਪਿਤਾ ਜਦੋਂ ਧੀ ਨੂੰ ਚੁਮੇ ਤਾਂ ਉਹਨੂੰ ਸਦਾ ਧੀ ਦੀ ਮਾਂ ਦੇ ਚੁੰਮਣ ਦੀ ਯਾਦ ਆਉਂਦੀ ਹੈ। ਜਦੋਂ ਧੀ ਜਾਂ ਪੁਤਰ ਨਾ ਰਹੇ। ਹੋਣੀ ਖੱਸ ਲਏ। ਤੇ ਜੇ ਮਰ ਚੁਕੇ ਨੂੰ ਚੁੰਮਣ ਨੂੰ ਜੀ ਕਰੇ ਤਾਂ ਮਰਦ ਆਪਣੀ ਪਤਨੀ ਨੂੰ ਤੇ ਇਸਤਰੀ ਆਪਣੇ ਮਰਦ ਨੂੰ ਹੀ ਚੁੰਮ ਸਕਦੀ ਹੈ।

ਹਾਂ, ਸ਼ੋਭੀ ਨੇ ਸ਼ਾਹਬਾਜ਼ ਨੂੰ ਨਹੀਂ, ਸ਼ਾਹਬਾਜ਼ ਵਿਚੋਂ ਕਾਲੂ ਨੂੰ ਚੁੰਮਿਆ ਸੀ ਤੇ ਸ਼ਾਬਬਾਜ਼ ਨੂੰ ਇਸ ਭੇਦ ਦਾ ਗਿਆਨ ਸੀ। ਸ਼ੋਭੀ ਦੇ ਇਸ ਚੁੰਮਣ ਬਾਰੇ ਸ਼ਾਹਬਾਜ਼ ਕਈ ਚਿਰ ਸੋਚਦਾ ਰਿਹਾ ਤੇ ਸ਼ੋਭੀ ਵਲ ਵੇਖਦਾ ਰਿਹਾ ਤੇ ਅੰਤ ਉਸ ਸ਼ੋਭੀ ਨੂੰ ਇਸ ਤਰ੍ਹਾਂ ਚੁੰਮਿਆਂ ਕਿ ਜਿਵੇਂ ਅਗੇ ਕਦੀ ਨਹੀਂ ਸੀ ਚੁੰਮਿਆ। ਸ਼ੋਭੀ ਨੂੰ ਵੀ ਮਹਿਸੂਸ ਹੋਇਆ ਕਿ ਸ਼ਾਹਬਾਜ ਦਾ ਇਹ ਚੁੰਮਣ ਉਸ ਦੇ ਵਾਸਤੇ ਨਹੀਂ ਉਹਦੇ ਕਾਲੂ ਵਾਸਤੇ ਸੀ।

"ਸ਼ੋਭੀਏ ! ਏਸ਼ਕ ਮੈਂ ਕਾਲੂ ਨੂੰ ਇਹਨਾਂ ਦੋ ਨੈਣਾਂ ਨਾਲ ਨਹੀਂ ਵੇਖਿਆ ਪਰ ਹੁਣ ਤਕ ਮੈ ਉਹਦੇ ਬਾਰੇ ਐਨਾਂ ਕੁਝ ਸੁਣ ਚੁਕਾ ਹਾਂ ਕਿ ਮੈਂ ਉਹਦੀ ਨੁਹਾਰ ਨੂੰ ਹੂ-ਬ-ਹੂ ਆਪਣੀਆਂ ਅੱਖਾਂ ਸਾਹਮਣੇ ਮਹਿਸੂਸ ਕਰ ਸਕਦਾ ਹਾਂ। ਮੈਨੂੰ ਪੱਕ ਹੈ ਕਿ ਜਿਸ ਤਰ੍ਹਾਂ ਮੈਂ ਕਾਲੂ ਨੂੰ ਚਿਤ੍ਰਿਆ ਹੈ ਕਾਲੂ ਬਿਲਕੁਲ ਉਸੇ ਤਰ੍ਹਾਂ ਦਾ ਹੀ ਹੋਵੇਗਾ। ਕਾਸ਼ ! ਮੇਰੀ ਰਾਣੀਏ ਕਾਲੂ ਜ਼ਿੰਦਾ ਰਹਿ ਸਕਦਾ।"

"ਕਾਸ਼ ਮੇਰੇ ਪ੍ਰਾਣ ! ਕਾਲੂ ਜ਼ਿੰਦਾ ਰਹਿ ਸਕਦਾ। ਮੈਂ ਤੁਹਾਨੂੰ ਸਚ ਆਖਦੀ ਹਾਂ ਉਹਨੇ ਬਿਲਕੁਲ ਤੁਹਡੇ ਵਾਂਗ ਹੀ ਬਲਵਾਨ ਤੇ ਜੁਆਨ ਨਿਕਲਣਾ ਸੀ। ਉਹਨੇ ਤੁਰਕਾਂ ਦੇ ਸਿਰ ਗੰਦਿਆਂ ਵਾਂਗ ਭੰਨਣੇ ਸਨ। ਉਹਨੇ ਇਹਨਾਂ ਜਾਨਵਰਾਂ ਕੋਲੋਂ ਗਿਣ ਗਿਣ ਕੇ ਬਦਲੇ ਲੈਣੇ ਸਨ। ਮਾਂ ਜੀ ਜਦੋਂ ਵੀ ਕਾਲੂ ਨੂੰ ਚੁਕਦੇ ਜਾ ਉਹਦੇ ਨਾਲ ਖੇਡਦੇ ਤਾਂ ਇਹੋ ਹੀ ਆਖਦੇ, "ਇਹ ਤਾਂ ਸਗਵਾਂ ਸ਼ਾਹਬਾਜ਼ ਹੈ। ਅੱਡੀ ਉਮਰ ਵਿਚ ਉਹ ਵੀ ਏਸੇ ਤਰ੍ਹਾ ਹਾ ਅੱਥਰਾ ਤੇ ਕਾਹਲਾ ਸੀ। ਬਿਲਕੁਲ ਇਹਦੇ ਵਾਂਗ ਹੱਥਾਂ ਵਿਚੋਂ ਉਛਲ ਉਛਲ ਪੈਂਦਾ।"

"ਸ਼ੋਭੀ ! ਮੈਨੂੰ ਕਾਲੂ ਦੇ ਨਾ ਰਹਿਣ ਦਾ ਤੇਰੇ ਨਾਲੋਂ ਵੀ ਜ਼ਿਆਦਾ ਗ਼ਮ ਹੈ। ਮੇਰੇ ਅੰਦਰ ਬਦਲੇ ਦੀ ਅਗ ਐਨੀ ਜ਼ੋਰ ਦੀ ਬਲ ਰਹੀ ਹੈ ਕਿ ਮੇਰੇ ਭਸਮ ਹੋਣ ਨਾਲ ਇਹ ਅਗ ਭਸਮ ਨਹੀਂ ਹੋਣੀ। ਜੇ ਮੇਰਾ ਕਾਲੂ ਜ਼ਿੰਦਾ ਰਹਿੰਦਾ ਤਾਂ ਮੈਂ ਉਹਦੇ ਅੰਦਰ ਇਹੋ ਅਗ ਬਲਦੀ ਵੇਖ ਕੇ ਖੁਸ਼ ਹੁੰਦਾ। ਮੇਰੀ ਸ਼ੋਭੀ,, ਇਸ ਸਲਤਨੱਤ ਨੂੰ ਖੋਖਲਿਆਂ ਕਰ ਕੇ ਇਹਦਾ ਨਾਸ ਕਰਨਾ ਇਕ ਪੀਹੜੀ ਦਾ ਕੰਮ ਨਹੀਂ। ਇਸ ਕੰਮ ਨੂੰ ਨੇਪਰੇ ਚਾੜ੍ਹਨ ਵਾਸਤੇ ਦੋ ਕਿ ਤਿੰਨ ਕਿ ਸ਼ਾਇਦ ਚਾਰ ਪੀਹੜੀਆਂ ਦੀ ਲੋੜ ਹੋਵੇ। ਇਹਨਾਂ ਤੁਰਕਾਂ ਨੇ ਆਪਣੀਆਂ ਜੜ੍ਹਾਂ ਹਿੰਦੁਸਤਾਨ ਵਿਚ ਐਨੀਆਂ ਮਜ਼ਬੂਤ ਕਰ ਰਖੀਆਂ ਨੇ ਚੰਨੀਏ, ਕਿ ਇਕ ਬਾਬਾ ਬੰਦਾ ਤੇ ਇਕ ਸ਼ਾਹਬਾਜ਼ ਇਹਨਾਂ ਨੂੰ ਪੁਟ ਨਹੀਂ ਸਕਦੇ। ਜੇ ਕਾਲੂ ਜ਼ਿੰਦਾ ਰਹਿੰਦਾ ਤਾਂ ਉਹ ਮੇਰਾ ਕੰਮ ਜਾਰੀ ਰਖਦਾ।"

ਉੱਤਰ ਵਿਚ ਸ਼ੋਭੀ ਨੇ ਫਿਰ ਸ਼ਾਹਬਾਜ਼ ਨੂੰ ਘੁੱਟ ਲਿਆ।

"ਹੁਣ ਤਾਂ ਮਿਲ ਪਏ ਹਾਂ ਸ਼ਾਹਬਾਜ਼, ਤੇ ਦੁਖ ਕੁਝ ਹਲਕਾ ਹੋ ਗਿਆ ਹੈ ਪਰ ਜਦੋਂ ਕਾਲੂ ਗਿਆ ਤੇ ਉਸ ਤੋਂ ਅਗਲੇ ਦਿਨ ਬਾਪੂ ਜੀ, ਤਾਂ ਤੁਸੀਂ ਨਹੀਂ ਸਮਝ ਸਕਦੇ ਕਿ ਜ਼ਿੰਦਗੀ ਕੇਡੀ ਕਠਨ ਹੋ ਗਈ। ਕਾਲੂ ਹੀ ਮੇਰਾ ਇਕੋ ਇਕ ਸਹਾਰਾ ਸੀ। ਮੈਂ ਕਾਲੀਆਂ ਰਾਤਾਂ ਤੇ ਬੇਨੂਰ ਦਿਨ ਸਿਰਫ਼ ਕਾਲੂ ਦੇ ਆਸਰੇ ਹੀ ਬਿਤਾਂਦੀ ਸਾਂ। ਹੁਣ ਤਕ ਵੀ ਮੇਰੇ ਪ੍ਰਾਣ! ਕਾਲੂ ਮੈਨੂੰ ਸੁਪਨਿਆਂ ਵਿਚ ਆ ਮਿਲਦਾ ਹੈ ਤੇ ਮੈਂ ਆਪਣੀ ਛਾਤੀ ਉਸੇ ਤਰ੍ਹਾਂ ਹੀ ਦੁੱਧ ਨਾਲ ਭਰੀ ਭਰੀ ਮਹਿਸੂਸ ਕਰਦੀ ਹਾਂ। ਉਫ਼ ! ਇਹਨਾਂ ਛਾਤੀਆਂ ਦਾ ਭਾਰ ਚੁਕਣਾ ਕੇਡਾ ਮੁਸ਼ਕਲ ਹੋ ਗਿਆ ਸੀ। ਮਾਂ ਜੀ ਨੇ ਹਜ਼ਾਰ ਔਜ਼ ਤੋੜ ਕੀਤੇ ਪਰ ਦੁਧ ਸੀ ਕਿ ਮੁਕਣ ਵਿਚ ਨਾ ਆਵੇ।"

Scanned by CamScanner

"ਬਸ ਸ਼ੰਭੀਏ ਹੁਣ ਰੌਣ ਤੇ ਕੁਰਲਾਣ ਦਾ ਕੀ ਫ਼ਾਇਦਾ। ਜੋ ਹੋਣਾ ਸੀ ਹੋ ਗਿਆ। ਗੁਰੂ ਗੋਬਿੰਦ ਸਿੰਘ ਵੀ ਤਾਂ ਸਨ। ਚਾਰੇ ਦੇ ਚਾਰੇ ਲਾਲ ਧਰਮ ਤੋਂ ਕੁਰਬਾਨ ਕਰ ਗਏ, ਪਰ ਉਹਨਾਂ ਦੇ ਮੁਖੜੇ ਉੱਤੇ ਕਿਸੇ ਨੇ ਰੰਜ ਦੀ ਰੇਖਾ ਨਾ ਵੇਖੀ। ਉਹਨਾਂ ਦੇ ਨੈਣਾਂ ਵਿਚੋਂ ਇਕ ਅੱਥਰ ਨਾ ਕਿਰੀ। ਸਾਨੂੰ ਉਹਨਾਂ ਦੇ ਹੀ ਪੈੜ ਉੱਪਰ ਚਲਣਾ ਚਾਹੀਦਾ ਹੈ।"

"ਹਰ ਕੋਈ ਗੁਰੂ ਗੋਬਿੰਦ ਸਿੰਘ ਵਰਗਾ ਨਹੀਂ ਹੋ ਸਕਦਾ ਸ਼ਾਹਬਾਜ਼। ਉਹ ਤਾਂ ਪਰਮਾਤਮਾ ਦਾ ਰੂਪ ਸਨ। ਉਹ ਤਾਂ ਰੱਬ ਦਾ ਪ੍ਰਕਾਸ਼ ਸਨ। ਉਹਨਾਂ ਦਾ ਕੀ ਮੁਕਾਬਲਾ! ਉਹ ਕੋਈ ਸਾਡੇ ਵਾਂਗ ਲਹੂ ਮਾਸ ਦੇ ਬਣੇ ਹੋਏ ਮਨਖ ਥੋੜੇ ਸਨ।"

"ਨਹੀਂ ਕਮਲੀਏ, ਉਹ ਬਿਲਕੁਲ ਸਾਡੇ ਵਾਂਗ ਹੀ ਮਨੁਖ ਸਨ। ਪਰ ਉਹਨਾਂ ਦਾ ਚਬਤ ਅਜਿਹਾ ਸੀ; ਉਹਨਾਂ ਵਿਚ ਸਬਰ ਏਨਾ ਸੀ, ਸਾਈਂ ਵਾਸਤੇ ਪਿਆਰ ਏਨਾ ਸੀ, ਆਦਰਸ਼ ਅਜਿਹੇ ਸਨ ਕਿ ਉਹਨਾਂ ਨੂੰ ਦੁਖ ਸੁਖ ਇਕ ਸਮਾਨ ਹੋ ਪੋਂਹਦੇ। ਏਸੇ ਤਰ੍ਹਾਂ ਹੀ ਬਾਬਾ ਬੰਦਾ ਸਾਨੂੰ ਗੁਰੂ ਜੀ ਦੀ ਸ਼ਖਸੀਅਤ ਤੇ ਮਹਾਨਤਾ ਬਾਰੇ ਖੋਲ੍ਹ ਕੇ ਦਸਿਆ ਕਰਦਾ ਹੈ।"

ਸ਼ਾਹਬਾਜ਼ ਨੇ ਇਉਂ ਮਜ਼ਮੂਨ ਦਾ ਰੁਖ ਬਦਲ ਲਿਆ। ਆਖਰ ਮਰਦ ਸੀ। ਭਾਵੇਂ ਕਾਲ੍ਹ ਦੇ ਨਾ ਮਿਲਣ ਦੀ ਪੀੜ ਸ਼ਾਇਦ ਸ਼ੰਭੀ ਨਾਲੋਂ ਵੀ ਢੇਰ ਹੋਵੇ ਪਰ ਸ਼ੰਭੀ ਦਾ ਵੀ ਸਹਾਰਾ ਤਾਂ ਉਹੋ ਹੀ ਸੀ।

ਇਸ ਤਰ੍ਹਾਂ ਹੀ ਮਰਦ ਸਦਾ ਇਸਤਰੀ ਦੀ ਪੀੜ ਚੁਣਦਾ ਹੈ। ਉਹਨੂੰ ਭਰਮਾ ਕੇ ਹੋਰ ਹੋਰ ਗੱਲੀਂ ਲਾ ਲੈਂਦਾ ਹੈ। ਉਹਦਾ ਦਿਲ ਰਖਦਾ ਹੈ। ਉਹਦੀ ਦਿਲਜੋਈ ਕਰਦਾ ਹੈ। ਏਸੇ ਲਈ ਇਸਤਰੀ ਸਦਾ ਮਰਦ ਦਾ ਆਸਰਾ ਢੂੰਡਦੀ ਹੈ।

ਅੱਜ ਸ਼ੰਭੀ ਤੇ ਸ਼ਾਹਬਾਜ਼ ਆਪਣੇ ਖੇਤਾਂ ਦੇ ਨੇੜੇ ਦਰਖਤਾਂ ਦੀ ਇਕ ਝੰਗੀ ਵਿਚ ਨਵੜਲੀ ਥਾਂ ਤੇ ਬੈਠੇ ਸਨ। ਸਮੇਂ ਨੇ ਇਕ ਵਾਰ ਫਿਰ ਪਲਟਾ ਖਾਧਾ ਸੀ। ਇਕ ਵਾਰ ਫਿਰ ਇਨਕਲਾਬ ਆਇਆ ਸੀ। ਹੇਠਲੀ ਉੱਤੇ ਹੋਈ ਸੀ। ਸਿਖ ਰਾਜੇ ਬਣੇ ਸਨ ਤੇ ਮੁਗ਼ਲ ਰਿਆਇਆ। ਪਾਤਸ਼ਾਹ ਰੰਕ ਹੋਏ ਸਨ ਤੇ ਰੰਕ ਪਾਤਸ਼ਾਹ।

੧੮ ਫਰਵਰੀ ੧੭੧੨ ਵਾਲੇ ਦਿਨ ਬਹਾਦਰ ਸ਼ਾਹ ਮਰ ਗਿਆ। ਲਾਹੌਰ ਵਿਚ ਹੀ। ਆਪਣੀ ਰਾਜਧਾਨੀ ਦਿੱਲੀ ਵੀ ਨਾ ਪਹੁੰਚਿਆ। ਸ਼ਾਇਦ ਉਹਦੇ ਸਿਰ ਉੱਤੇ ਸਿਖਾਂ ਉੱਤੇ ਕੀਤੇ ਜ਼ੁਲਮ ਚੜ੍ਹ ਗਏ ਸਨ। ਉਹ ਆਪਣੇ ਆਖਰੀ ਦਿਨਾਂ ਵਿਚ ਪਾਗ਼ਲ ਜਿਹਾ ਹੋ ਗਿਆ ਤੇ ਬੇਥਵੀਆ ਮਾਰਨ ਲਗਾ। ਇਹੋ ਜਿਹੇ ਹੁਕਮ ਦੇਣ ਲੁਗਾ ਕਿ ਵੇਖਣ ਸੁਣਨ ਵਾਲੇ ਹੈਰਾਨ ਹੁੰਦੇ ਤੇ ਬਾਦਸ਼ਾਹ ਦੀ ਅਕਲ ਉੱਤੇ ਹਸਦੇ। ਇਕ ਦਿਨ ਉਸ ਲਾਹੌਰ ਸ਼ਹਿਰ ਤੇ ਆਸੇ ਪਾਸੇ ਦੇ ਪਿੰਡਾਂ ਦੇ ਸਾਰੇ ਕੁੱਤੇ ਮਰਵਾ ਦੇਣ ਦਾ ਹੁਕਮ ਦਿਤਾ।

ਬਹਾਦਰ ਸ਼ਾਹ ਮਰਿਆ ਤਾਂ ਜਹਾਂਦਾਰ ਖ਼ਾਨ ਤਖਤ ਦਾ ਮਾਲਕ ਬਣਿਆ। ਜਹਾਂਦਾਰ ਖ਼ਾਨ ਲੋਹ ਗੜ੍ਹ ਦੇ ਯੁਧ ਵੇਲੇ ਬਹਾਦਰ ਸ਼ਾਹ ਦੇ ਨਾਲ ਸੀ। ਉਸ ਖ਼ਾਲਸੇ ਦੇ ਹੱਥ ਚੰਗੀ ਤਰ੍ਹਾਂ ਵੇਖੇ ਹੋਏ ਸਨ। ਹਰ ਹਾਲਤ ਵਿਚ ਉਹ ਅੰਨਾ ਕਮਜ਼ੋਰ ਤੇ ਯਮਲਾ ਸੀ ਕਿ ਉਹਦੇ ਆਪਣੇ ਦਰਬਾਰ ਦੇ ਅਮੀਰ ਵਜ਼ੀਰ ਹੀ ਉਹਦੀ ਸੁਣਨੋਂ ਇਨਕਾਰੀ ਹੋ ਗਏ। ਭਿੰਨ ਭਿੰਨ ਸੂਬਿਆਂ ਦੇ ਸੂਬੇਦਾਰ ਆਪੋ ਆਪਣੀ ਈਨ ਮਨਾਣ ਲਗੇ।

ਇਹੋ ਜਿਹੇ ਹਾਲਾਤ ਪੈਦਾ ਹੁੰਦਿਆਂ ਸਾਰ ਬੰਦਾ ਸਿੰਘ ਪਹਾੜਾਂ ਵਿਚੋਂ ਨਿਕਲਿਆ ਤੇ ਬਿਜਲੀ ਦੀ ਤੇਜ਼ੀ ਨਾਲ ਉਸ ਫਿਰ ਲੋਹ ਗੜ੍ਹ ਜਾ ਮਲਿਆ ਤੇ ਅਜਿਤ ਖ਼ਾਲਸੇ ਨੇ ਜਲੰਧਰ, ਲੁਧਿਆਣਾ, ਸਰਹਿੰਦ, ਸਮਾਣਾ ਆਦਿ ਉੱਤੇ ਮੁੜ ਕੇ ਕਬਜ਼ਾ ਕਰ ਲਿਆ। ਇਕ ਵਾਰ ਫਿਰ ਖ਼ਾਲਸਈ ਸਿੱਕੇ ਦਾ ਬੋਲ-ਬਾਲਾ ਹੋਇਆ। ਲਾਹੌਰ ਦੀਆਂ ਕੰਧਾਂ ਤੋਂ ਲੈ ਕੇ ਜਮਨਾ ਤਕ ਬੰਦੇ ਦਾ ਹੁਕਮ ਚਲਣ ਲੱਗਾ।

ਜ਼ਿੰਦਗੀ ਬਦਲ ਗਈ, ਜ਼ਮਾਨਾ ਬਦਲ ਗਿਆ। ਸਹਿਜਧਾਰੀ ਸਿੰਘਾਂ ਨੇ ਫਿਰ ਕੇਸ ਰਖ ਲਏ। ਅੰਮ੍ਰਿਤ ਪਰਚਾਰ ਦੀ ਲਹਿਰ ਫਿਰ ਹਰ ਮਨ ਪਿਆਰੀ ਹੋ ਗਈ ਤੇ ਅਨੇਕ ਹਿੰਦੂ ਤੇ ਮੁਸਲਮਾਨ ਸਿੰਘ ਸਜਣ ਲਗੇ। ਇਸ ਤਰ੍ਹਾਂ ਲਗਿਆ ਕਿ ਚੰਨ ਨੂੰ ਸਿਰਫ਼ ਗ੍ਰਹਿਣ ਹੀ ਲਗਾ ਸੀ। ਗ੍ਰਹਿਣ ਖਤਮ ਹੋਇਆ ਤੇ ਚਾਰ ਚੁਫੇਰੇ ਫਿਰ ਚਾਨਣ ਪਸਰ ਗਿਆ। ਜੀਵਨ ਸੁਖਾਵਾਂ ਹੋ ਗਿਆ। ਇਸਤਰੀਆਂ ਫਿਰ ਖੁਸ਼ੀ ਨਾਲ ਖੁਲ੍ਹਾ ਡੁਲ੍ਹਾ ਤੇ ਬਿਨਾਂ ਝੱਕ-ਝਕਾ ਦੇ ਅੰਦਰ ਬਾਹਿਰ ਆਣ ਜਾਣ ਲਗੀਆਂ। ਫ਼ਸਲਾਂ ਲਹਿ-ਲਹਾ ਪਈਆਂ। ਪੱਕ ਰਹੀ ਕਣਕ ਦੀ ਖ਼ੁਸ਼ਬੋ ਸਾਰੇ ਪੰਜਾਬ ਨੂੰ ਮਹਿਕਾਣ ਲਗੀ। ਪਿੰਡਾਂ ਵਿਚ ਗੀਤਾਂ ਦੀ ਗੁੰਜਾਰ ਉੱਚੀ ਹੋਈ। ਆਗੇ ਗਾਏ ਜਾਣ ਲਗੇ। ਵਿਆਹ ਸ਼ਾਦੀਆਂ ਹੋਣ ਲਗੀਆਂ ਤੇ ਇਹਨਾਂ ਉਤਸਵਾਂ ਉੱਤੇ ਵਾਜੇ ਵਜਣ ਲਗੇ। ਜਨਤਾ ਤਿਉਹਾਰ ਮਨਾਣ ਲਗੀ। ਵਿਸਾਖੀ ਆਈ ਤੇ ਖ਼ਲਕਤ ਅੰਮ੍ਰਿਤਸਰ ਉਲਟ ਪਈ। ਦੀਵਾਲੀ ਉੱਪਰ ਓੜਕ ਦੀ ਰੌਣਕ ਹੋਈ। ਗੁਰਪੁਰਬ ਵੀ ਮਨਾਏ ਜਾਣ ਲਗੇ। ਪਿੰਡਾਂ ਵਿਚੋਂ ਤੇ ਖੇਤਾਂ ਵਿਚੋਂ ਲੋਕ-ਗੀਤਾਂ ਦੀਆਂ ਸੁਰਾਂ ਬੁਲੰਦ

Scanned by CamScanner

ਹੋਈਆਂ। ਕੁੜੀਆਂ ਤੇ ਮੁੰਡੇ ਰਾਤਾਂ ਨੂੰ ਨਚਣ ਲਗੇ। ਗਿੱਧਾ ਤੇ ਭੰਗੜਾ ਪੈਣ ਲਗਾ। ਲੰਕੀਂ ਰੱਜ ਕੇ ਰੋਟੀ ਖਾਂਦੇ, ਚੈਨ ਨਾਲ ਸੌਂਦੇ, ਆਰਾਮ ਨਾਲ ਉਠਦੇ, ਠਰ੍ਹੰਮੇ ਨਾਲ ਕੰਮਾਂ ਕਾਰਾਂ ਵਾਸਤੇ ਨਿਕਲਦੇ।

ਕਾਨ੍ਹਾ ਛੰਭ ਖਾਲੀ ਹੋ ਗਿਆ। ਸਭ ਸਿਖ ਆਪੋ ਆਪਣੇ ਘਰਾਂ ਨੂੰ ਮੁੜ ਆਏ। ਸ਼ਾਹਬਾਜ਼ ਵੀ ਆਇਆ।

ਅੰਤ ਸ਼ਾਹਬਾਜ ਵੀ ਘਰ ਆਇਆ। ਪਰ ਉਹ ਘਰ ਪਹੁੰਚਿਆ ਤਾਂ ਨਾ ਕਾਲੂ ਨਾ ਪਿਤਾ।

ਕਾਲੂ ਤਾਂ ਅਖ਼ਤਰ ਖ਼ਾਨ ਨੇ ਕੰਧ ਨਾਲ ਪਟਕਾ ਕੇ ਮਾਰ ਛਡਿਆ ਸੀ ਤੇ ਬੁਢਾ ਮੱਲ ਨੂੰ ਜਦੋਂ ਅਗਲੇ ਦਿਨ ਹਥਕੜੀ ਲਾਈ ਗਈ ਤੇ ਲਾਹੌਰ ਲੈ ਜਾਣ ਵਾਸਤੇ ਟੋਰਿਆ ਗਿਆ ਤਾਂ ਪਿੰਡ ਤੋਂ ਮੀਲ ਭਰ ਦੂਰ ਜਾ ਕੇ ਉਸ ਪ੍ਰਾਣ ਤਿਆਗ ਦਿਤੇ। ਅਖ਼ਤਰ ਖ਼ਾਨ ਨੇ ਕਾਲੂ ਨੂੰ ਮਾਰ ਕੇ ਡਰਾਵਾ ਦਿਤਾ ਸੀ ਕਿ ਇਹ ਉਹਦੇ ਅਤਿਆਚਾਰਾਂ ਦੀ ਪਹਿਲੀ ਕਿਸ਼ਤ ਹੈ। ਜੇ ਅਗਲੀ ਭਲਕ ਤਕ ਸ਼ਾਹਬਾਜ਼ ਦਾ ਪਤਾ ਨਾ ਦਸਿਆ ਗਿਆ ਤਾਂ ਉਹ ਘਟੋ ਘਟ ਜਾਬਾਜ਼, ਬੁਢਾ ਮੱਲ ਤੇ ਗੁਰਦਾਸ ਨੂੰ ਲਾਹੌਰ ਘਲਣ ਵਾਸਤੇ ਮਜਬੂਰ ਹੋ ਜਾਏਗਾ।

ਉਸ ਰਾਤ ਜਾਂਬਾਜ਼, ਗੁਰਦਾਸ ਨੂੰ ਨਾਲ ਲੈ ਕੇ ਪਿਛਲੀ ਕੰਧ ਵਿਚ ਸੰਨ੍ਹ ਮਾਰ ਕੇ ਘਰੋਂ ਨਸ ਗਿਆ। ਖ਼ੁਦਾ ਦਾਦ ਤੇ ਉਸ ਦੇ ਸਾਥੀਆਂ ਨੂੰ ਕਦੀ ਖ਼ਿਆਲ ਵੀ ਨਹੀਂ ਸੀ ਆ ਸਕਦਾ ਕਿ ਜਾਂਬਾਜ਼ ਐਨੀ ਹਿੰਮਤ ਕਰੇਗਾ। ਉਹ ਜਾਂਬਾਜ਼ ਦੇ ਡਰੂ ਤੇ ਆਗਿਆਕਾਰ ਸੁਭਾ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਚੁਕੇ ਸਨ। ਉਹ ਉਹਨੂੰ ਬਸ ਗਊ ਹੀ ਸਮਝਦੇ। ਜਦੋਂ ਖ਼ੁਦਾ ਦਾਦ ਨੇ ਬੇਭੀ ਨੂੰ ਚੁਪੇੜ ਮਾਰੀ ਸੀ ਤਾਂ ਜਾਂਬਾਜ਼, ਉਹਦੀ ਉਲਰਦੀ ਬਾਂਹ ਤੇ ਉਹਦੇ ਫਟਕਦੇ ਜਬਾਤਾਂ ਨੂੰ ਕਿਸੇ ਨਹੀਂ ਸੀ ਵੇਖਿਆ। ਸੋ ਜਾਂਬਾਜ਼ ਉੱਤੇ ਇਤਬਾਰ ਉਵੇਂ ਹੀ ਬਣਿਆ ਰਿਹਾ। ਜਾਂਬਾਜ਼ ਦੇ ਨੱਸਣ ਉੱਤੇ ਅਖ਼ਤਰ ਖ਼ਾਨ ਨੇ ਖ਼ੁਦਾ ਦਾਦ ਨੂੰ ਸੱਠ ਕੋਰੜੇ ਮਰਵਾਏ, ਮਾਹਿਲ ਵਿਚ ਹੀ। ਸਾਰਿਆਂ ਦੇ ਸਾਹਮਣੇ ਤੇ ਆਖਿਆ:

"ਮੁਗ਼ਲ ਰਾਜ ਵਿਚ ਜ਼ੁਲਮ ਸਿਰਫ਼ ਹਿੰਦੂਆਂ ਤੇ ਸਿਖਾਂ ਉੱਤੇ ਹੀ ਨਹੀਂ ਮੁਸਲਮਾਨਾਂ ਉੱਪਰ ਵੀ ਹੋ ਸਕਦਾ ਹੈ। ਵੇਖੋ! ਮੇਰਾ ਇਨਸਾਫ਼।"

ਬੁਢਾ ਮੱਲ ਸਵੇਰੇ ਹੀ ਤਿਆਰ ਸੀ। ਉਸ ਪਹਿਲੇ ਹੀ ਘਰ ਦਿਆਂ ਨੂੰ ਸ਼ੁਭ-ਵਿਦਾਇਗੀ ਕਹਿ ਛਡੀ ਸੀ। ਉਸ ਧਰਮ ਕੌਰ ਨੂੰ ਕਿਹਾ ਸੀ:

"ਅਛਾ ਕੌਰੇ, ਮੇਰੀ ਭੁਲ ਚੁਕ ਮੁਆਫ਼ ਕਰੀਂ। ਮੈਂ ਜੁਆਨੀ ਵਿਚ ਕਾਫ਼ੀ ਅੱਥਰਾ ਸਾਂ। ਕਦੀ ਧੌਲ ਧੱਪਾ ਵੀ ਕਰ ਬੈਠਾ ਹੋਵਾਂ। ਪਰ ਮੇਰੇ ਵਿਚ ਕੋਈ ਹੋਰ ਔਗਣ ਨਹੀਂ ਸੀ।"

ਉਸ ਆਪਣੀ ਧੀ ਕੁੰਤੀ ਨੂੰ ਕਿਹਾ ਸੀ, "ਮੇਰੀ ਕੁੰਤੋ, ਜੇ ਵਾਹਿਗੁਰੂ ਨੇ ਮਦਦ ਕੀਤੀ ਤਾਂ ਤੇਰੇ ਭਰਾ ਤੈਨੂੰ ਬਿੱਲੇ ਲਾ ਦੇਣਗੇ। ਮੈਂ ਤੇਰਾ ਕਰਜ਼ ਆਪਣੇ ਸਿਰ ਉੱਤੇ ਚਾੜ੍ਹੀ ਹੀ ਚਲਦਾ ਹਾਂ।"

ਉਸ ਸ਼ੋਭੀ ਨੂੰ ਕਿਹਾ ਸੀ, "ਮੇਰੀ ਪੁਤਰੀ! ਗ਼ਮ ਨਾ ਕਰੀਂ। ਪਰਮਾਤਮਾ ਜੋ ਕੁਝ ਕਰਦਾ ਹੈ ਸਾਡੇ ਭਲੇ ਵਾਸਤੇ ਹੀ ਕਰਦਾ ਹੈ। ਇਹਨਾਂ ਸਭ ਜ਼ੁਲਮਾਂ ਵਿਚ ਵੀ ਕੋਈ ਰੱਬੀ ਮਰ੍ਹਮ ਹੈ। ਮੈਨੂੰ ਮੁਆਫ਼ ਕਰੀਂ ਬੱਚੀਏ ਕਿ ਇਸ ਘਰ ਤੈਨੂੰ ਸੁਖ ਨਾ ਮਿਲਿਆ। ਮੇਰੇ ਘਰ ਨੂੰ, ਮੈਨੂੰ ਆਪ ਨੂੰ ਤੇ ਸਾਡੇ ਕਾਲੂ ਨੂੰ ਲੋਕਾਂ ਦੀ ਨਜ਼ਰ ਮਾਰ ਗਈ। ਮੈਨੂੰ ਪੱਕ ਹੈ।"

ਉਹਨੇ ਜਾਂਬਾਜ਼ ਦੀਆਂ ਧੀਆਂ ਹਰਬੰਸੋ ਤੇ ਪਾਸ਼ੋ ਦੇ ਸਿਰ ਪਿਆਰ ਦਿਤਾ ਤੇ ਆਖਿਆ, "ਤੁਸੀਂ ਆਪਣੇ ਦਾਦੇ ਦਾ ਰਾਜ ਨਾ ਮਾਣਿਆ। ਕੀ ਕਰਾਂ ਬੱਚੀਓ, ਜ਼ਿੰਦਗੀ ਨੇ ਸਾਨੂੰ ਹਾਰ ਦਿਤੀ।" ਤੇ ਉਹ 'ਸਤਿ ਨਾਮ, ਸ੍ਰੀ ਵਾਹਿਗੁਰੂ' ਦਾ ਉਚਾਰਨ ਕਰਦਾ ਬਾਹਿਰ ਨਿਕਲ ਆਇਆ।

"ਮੈਂ ਤਿਆਰ ਹਾਂ ਹਾਕਮ ਸਾਹਿਬ! ਮੈਨੂੰ ਲਾਹੌਰ ਕੀ ਜਿਥੇ ਮਰਜ਼ੀ ਹੈ ਲੈ ਚਲੋ। ਮੈਂ ਆਪਣੀ ਜਾਨ ਵਾਰਨ ਦਾ ਪੱਕ ਕਰ ਲਿਆ ਹੈ।" ਉਹ ਖੰਘ ਰਿਹਾ ਸੀ ਤੇ ਡੰਗੌਰੀ ਦੀ ਓਟ ਤੋਂ ਬਗ਼ੈਰ ਇਕ ਕਦਮ ਵੀ ਨਹੀਂ ਸੀ ਪੁਟ ਸਕਦਾ।

ਅਖ਼ਤਰ ਖ਼ਾਨ ਤਾਂ ਆਪਣੇ ਸਿਪਾਹੀਆਂ ਤੇ ਆਪਣੇ ਹਾਕਮਾਂ ਨੂੰ ਗਾਲ੍ਹਾਂ ਕਢਦਾ ਚਲਾ ਗਿਆ ਤੇ ਉਹਦੇ ਸਿਪਾਹੀਆਂ ਨੇ ਬੁਢਾ ਮੱਲ ਨੂੰ ਹੱਥਕੜੀ ਮਾਰ ਲਈ।

ਪਿੰਡ ਤੋਂ ਮੀਲ ਭਰ ਹੀ ਗਏ ਹੋਣਗੇ ਕਿ ਬੁਢਾ ਮਲ ਕੋਲੋਂ ਕਦਮ ਚੁਕਣਾ ਔਖਾ ਹੋ ਗਿਆ। ਇਕ ਥਾਂ ਉਹਨੂੰ ਠੇਡਾ ਲਗਾ, ਉਹ ਡਿਗਿਆ ਤੇ ਮੁੜ ਕੇ ਨਾ ਉਠਿਆ। ਜਿਸ ਥਾਂ ਤੇ ਉਸ ਪ੍ਰਾਣ ਤਿਆਗੇ ਉਥੋਂ ਉਹਨੂੰ ਆਪਣੀ ਭੋਂਇ ਨਜ਼ਰ ਆ ਰਹੀ ਸੀ।

Scanned by CamScanner

"ਸ਼ੁਕਰ ਹੈ," ਮਰਨ ਤੋਂ ਪਹਿਲੇ ਉਸ ਆਖਿਆ, "ਮੈਂ ਆਪਣੇ ਪਿੰਡ ਦੇ ਨੇੜੇ ਹੀ ਪ੍ਰਾਣ ਤਿਆਗ ਰਿਹਾ ਹਾਂ।"

ਪਰ ਪਿੰਡ ਦੇ ਨੇੜੇ ਪ੍ਰਾਣ ਤਿਆਗਣ ਦਾ ਕੋਈ ਫ਼ਾਇਦਾ ਨਾ ਹੋਇਆ। ਸਿਪਾਹੀ ਉਹਦੀ ਲੋਥ ਨੂੰ ਤੋੜ ਸਰਮੋਰ ਤਕ ਲੈ ਹੀ ਗਏ ਡਰਦਿਆਂ, ਕਿ ਕਿਤੇ ਅਖ਼ਤਰ ਖ਼ਾਨ ਉਹਨਾਂ ਨੂੰ ਝੂਠ ਮਾਰਦਿਆਂ ਸਮਝ ਕੇ ਉਹਨਾਂ ਨਾਲ ਵੀ ਮੁਰਾਦਾਦ ਵਰਗੀ ਬਾਬ ਨਾ ਕਰੇ। ਸਰਮੋਰ ਉਹਦੀ ਲਾਸ਼ ਨੂੰ ਇਕ ਬ੍ਰਿਛ ਨਾਲ ਟੰਗ ਦਿਤਾ ਗਿਆ ਜਿਥੋਂ ਪੰਛੀ ਉਹਦਾ ਮਾਸ ਚੁਣ ਚੁਣ ਕੇ ਖਾਂਦੇ ਰਹੇ। ਹੱਡੀਆਂ ਦਾ ਪਿੰਜਰ ਵੀ ਇਕ ਮੁਦਤ ਓਥੇ ਲਟਕਦਾ ਰਿਹਾ।

ਅੰਤ ਦਿਨ ਪਰਤੇ ਤੇ ਜਾਂਬਾਜ਼ ਤੇ ਸ਼ਾਹਬਾਜ਼ ਘਰ ਆਏ। ਬੇਸ਼ਕ ਜਾਂਬਾਜ਼ ਲਗ ਪਗ ਢਾਈ ਤਿੰਨ ਮਹੀਨੇ ਸ਼ਾਹਬਾਜ਼ ਤੇ ਹੰਰਨਾਂ ਕੱਟੜ ਸਿਖਾਂ ਨਾਲ ਰਿਹਾ ਸੀ ਪਰ ਉਹਦੇ ਖ਼ਿਆਲਾਂ ਵਿਚ ਅਜੇ ਤਕ ਕੋਈ ਖਾਸ ਫ਼ਰਕ ਨਹੀਂ ਸੀ ਆਇਆ। ਉਹ ਅਜੇ ਤਕ ਵੀ ਸ਼ਾਹਬਾਜ਼ ਦੇ ਉਤਸ਼ਾਹ ਤੇ ਉਮਾਹ ਨੂੰ ਇਕ ਝੱਲ ਹੀ ਸਮਝਦਾ। ਕਾਨ੍ਹਾ ਫੇਰ ਵਿਚ ਆਉਣ ਪਿਛੋਂ ਵੀ ਉਸ ਸ਼ਾਹਬਾਜ਼ ਦੇ ਜੱਥਿਆਂ ਦੀਆਂ ਕਾਰਵਾਈਆਂ ਵਿਚ ਕੋਈ ਖ਼ਾਸ ਹਿੱਸਾ ਨਾ ਲਿਆ।

ਉਹ ਘਰ ਮੁੜੇ ਤੇ ਸ਼ੋਭੀ ਨੇ ਕਿਹਾ: "ਹੁਣ ਮੈਂ ਤੈਨੂੰ ਕਦੀ ਜਾਣ ਨਹੀਂ ਦਿਆਂਗੀ ਸ਼ਾਹਬਾਜ਼। ਹੁਣ ਮੈਂ ਤੈਨੂੰ ਕਦੀ ਜਾਣ ਨਹੀਂ ਦਿਆਂਗੀ। ਤੇਰੇ ਵਿਛੋੜੇ ਵਿਚ ਮੈਂ ਜੋ ਜੋ ਕੁਝ ਸਿਹਾ ਹੈ ਉਹ ਕਿਸੇ ਹੋਰ ਇਸਤਰੀ ਨੇ ਨਹੀਂ ਸਿਹਾ, ਮੇਰੇ ਪ੍ਰਾਣ।" ਪਰ...ਪਰ ਦਿਲੋਂ ਸ਼ਾਹਬਾਜ਼ ਵੀ ਜਾਣਦਾ ਸੀ ਤੇ ਸ਼ੋਭੀ ਵੀ ਕਿ ਸ਼ਾਹਬਾਜ਼ ਸਾਰੀ ਉਮਰ ਸ਼ੋਭੀ ਦੇ ਨੇੜੇ ਨਹੀਂ ਰਹੇਗਾ। ਅੱਜ ਕਿੰਨੇ ਦਿਨਾਂ ਪਿਛੋਂ ਉਹ ਦੋਵੇਂ ਇਕੱਠੇ ਇਹ ਸਮਾਂ ਵਿਹਲਾ ਲੈ ਕੇ ਬੈਠੇ ਸਨ। ਉਹ ਅੱਜ ਤਕ ਕਾਲੂ ਬਾਰੇ ਅੰਨਾ ਕੁਝ ਕਹਿ ਸੁਣ ਚੁਕੇ ਸਨ, ਪਰ ਫਿਰ ਵੀ ਬੜਾ ਕੁਝ ਕਹਿਣ ਤੇ ਸੁਣਨ ਵਾਲਾ ਸੀ। ਜਦੋਂ ਵੀ ਉਹ ਇਕੱਲੇ ਬੈਠਦੇ ਉਹ ਕਾਲੂ ਬਾਰੇ ਗੱਲਾਂ ਕਰਦੇ, ਜਿਵੇਂ ਅਜ।

੨੮

ਅਗਲੀ ਵਿਸਾਖੀ ਤੇ ਬੰਦਾ ਸਿੰਘ ਬਹਾਦਰ ਅੰਮ੍ਰਿਤਸਰ ਆਇਆ।

ਗੁਰੂ ਅਰਜਨ ਦੇਵ ਤੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਅੰਮ੍ਰਿਤਸਰ ਦੀ ਸ਼ਾਨ ਨਿਰਾਲੀ ਤੇ ਅਨੋਖੀ ਸੀ। ਏਥੇ ਦਵਿਾਨ ਸਜਦੇ, ਏਥੇ ਕੀਰਤਨ ਹੁੰਦਾ, ਏਥੇ ਯਾਤਰੀ ਆਉਂਦੇ ਤੇ ਏਥੋਂ ਸੁਖ ਤੇ ਸ਼ਾਂਤੀ ਦਾ ਪ੍ਰਵਾਹ ਚਲਦਾ। ਗੁਰੂ ਹਰ ਗੋਬਿੰਦ ਜੀ ਤੋਂ ਪਿਛੋਂ ਹੌਲੀ ਹੌਲੀ ਅੰਮ੍ਰਿਤਸਰ ਦੀ ਮਹੱਤਤਾ ਘਟਦੀ ਗਈ।

ਅੰਮ੍ਰਿਤਸਰ ਲਾਹੌਰ ਦੇ ਨੇੜੇ ਸੀ ਤੇ ਏਥੇ ਸਿੰਘਾਂ ਵਾਸਤੇ ਆਪਣਾ ਗੜ੍ਹ ਬਣਾਈ ਰਖਣਾ ਮੁੜ ਮੁੜ ਕੇ ਕਠਿਨ ਹੋ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦ ਪੁਰ ਨੂੰ ਆਪਣਾ ਸਦਰ ਬਣਾਇਆ। ਇਸ ਚੋਣ ਦੇ ਵੀ ਬਹੁਤੇ ਕਾਰਨ ਰਾਜਸੀ ਤੇ ਸੈਨਕ ਸਨ।

ਬੰਦਾ ਸਿੰਘ ਨੇ ਆਪਣੀ ਦੌੜ-ਭੱਜ ਸ਼ੁਰੂ ਕਰਨ ਵੇਲੇ ਸਭ ਤੋਂ ਵਧ ਮਹੱਤਤਾ ਸਰਹਿੰਦ ਨੂੰ ਦਿਤੀ ਤੇ ਫਿਰ ਲੋਹ ਗੜ੍ਹ ਨੂੰ। ਗੁਰੂ ਗੋਬਿੰਦ ਸਿੰਘ ਦੇ ਵੇਲੇ ਲਾਹੌਰ ਦੀ ਬਜਾਏ ਸਰਹਿੰਦ ਸਿੰਘਾਂ ਨੂੰ ਕੁਚਲਣ ਦਾ ਸਦਰ ਰਿਹਾ ਸੀ। ਬੰਦਾ ਸਿੰਘ ਜੋ ਕੁਝ ਸਰਹਿੰਦ ਦੇ ਨਾਂ ਉੱਤੇ ਕਰ ਸਕਦਾ ਸੀ ਉਹ ਲਾਹੌਰ ਦੇ ਨਾਂ ਉੱਤੇ ਨਹੀਂ। ਸਰਹਿੰਦ ਦੀ ਵਿਜੈ ਪਿਛੋਂ ਉਹ ਵੀ ਰਾਜਸਕ ਤੇ ਸੈਨਕ ਕਾਰਨਾਂ ਕਰ ਕੇ ਆਪਣਾ ਸਦਰ ਲੋਹ ਗੜ੍ਹ ਲੈ ਗਿਆ।

ਸਰਹਿੰਦ ਦੇ ਨਾਂ ਉੱਤੇ ਬੰਦਾ ਸਿੰਘ ਨੇ ਸਿੰਘਾਂ ਵਿਚ ਇਕ ਏਕਤਾ ਲਿਆਂਦੀ। ਉਹਨੇ ਸਰਹਿੰਦ ਦੀ ਜਿਤ ਵਾਸਤੇ ਸਿੰਘਾਂ ਨੂੰ ਇਕ-ਮੁਠ ਕੀਤਾ। ਸਮੂਹ ਖ਼ਾਲਸੇ ਵਿਚ ਇਕ ਜੋਸ਼ ਉਤਪੰਨ ਹੋਇਆ। ਬਦਲੇ ਦੀ ਨੀਂਹ ਉੱਤੇ ਸਿਖ ਪੰਥ ਵਿਚ ਇਕ ਅਦ੍ਵੈਤਤਾ ਆਈ।

Scanned by CamScanner

ਪਰ ਹੁਣ ਸਰਹਿੰਦ ਵਿਚ ਕੁਝ ਨਹੀਂ ਸੀ ਰਿਹਾ। ਬਦਲਾ ਲਿਆ ਜਾ ਚੁਕਾ ਸੀ। ਸਰਹਿੰਦ ਲੁਟੀ ਗਈ ਸੀ। ਸਰਹਿੰਦ ਦੀਆਂ ਮਹਿਲ-ਮਾੜੀਆਂ ਝਾਂ ਝਾਂ ਕਰਦੀਆਂ ਸਨ। ਸਰਹਿੰਦ ਵਿਚ ਜੱਦੀ ਸਿਖੀ ਨਿਸ਼ਾਨ ਕੋਈ ਨਹੀਂ ਸਨ। ਓਥੇ ਕੋਈ ਗੁਰੂ ਨਹੀਂ ਸੀ ਅਟਕਿਆ। ਓਥੇ ਕਿਸੇ ਨੇ ਧਰਮ ਪ੍ਰਚਾਰ ਨਹੀਂ ਸੀ ਕੀਤਾ।

ਨਾਲੋ ਨਾਲ ਇਹਨਾਂ ਵਰ੍ਹਿਆਂ ਵਿਚ ਬੰਦਾ ਸਿੰਘ ਬਹਾਦਰ ਹੌਲੀ ਹੌਲੀ ਉੱਤਰ ਵਲ ਆਪਣਾ ਅਸਰ ਵਧਾਂਦਾ ਆਇਆ ਸੀ। ੧੭੧੦ ਵਿਚ ਲੋਹ ਗੜ੍ਹ ਦੀ ਹਾਰ ਪਿਛੋਂ ਤੇ ੧੭੧੨ ਵਿਚ ਦੋਬਾਰਾ ਲੋਹ ਗੜ੍ਹ ਦੀ ਜਿਤ ਤਕ ਬੰਦਾ ਸਿੰਘ ਦਾ ਅਸਲੀ ਮਹਿਨਿਆਂ ਵਿਚ ਸਦਰ ਜੰਮੂ ਜਾਂ ਪਠਾਨਕੋਟ ਹੀ ਗਿਣਿਆ ਜਾ ਸਕਦਾ ਹੈ।

ਉਹਨੇ ਆਪਣੀ ਬੇਓੜਕ ਸਿਆਣਪ ਨਾਲ ਮਹਿਸੂਸ ਕੀਤਾ ਕਿ ਭਵਿਸ਼ ਵਿਚ ਸਿੰਘਾਂ ਨੂੰ ਇਕ-ਮੁਠ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਹੀ ਇਕੋ ਇਕ ਨਿੱਗਰ ਆਧਾਰ ਹੋ ਸਕਦਾ ਹੈ। ਦੂਜਾ, ਅੰਮ੍ਰਿਤਸਰ ਖਾਲਸਾ ਆਬਾਦੀ ਦੇ ਇਸ ਤਰ੍ਹਾਂ ਨਾਲ ਮਧ ਵਿਚ ਸੀ। ਇਸ ਸ਼ਹਿਰ ਨਾਲ ਖਾਲਸਾ ਪੰਥ ਦੀਆਂ ਬੜੀਆਂ ਪਿਆਰੀਆਂ ਯਾਦਾਂ ਸੰਬੰਧਤ ਸਨ।

ਏਸੇ ਲਈ ਦੂਜੀ ਵਾਰ ਲੋਹ ਗੜ੍ਹ ਉੱਤੇ ਕਬਜ਼ਾ ਕਰਨ ਪਿਛੋਂ ਬੰਦਾ ਸਿੰਘ ਨੇ ਇਕ ਵਾਰ ਅੰਮ੍ਰਿਤਸਰ ਦੀ ਯਾਤ੍ਰਾ ਕੀਤੀ : ਪਰ ਉਦੋਂ ਅਜੇ ਤਕ ਸਾਰਾ ਪੰਜਾਬ ਪਹਿਲਿਆਂ ਵਾਂਗ ਸਿਖੀ ਰਾਜ ਦੇ ਥੱਲੇ ਨਹੀਂ ਸੀ ਆਇਆ। ਸੋ ਅੰਮ੍ਰਿਤਸਰ ਬਹੁਤੀਆਂ ਸੰਗਤਾਂ ਨਾ ਜੁੜ ਸਕੀਆਂ।

ਐਤਕੀ ਬੰਦਾ ਸਿੰਘ ਨੇ ਆਪਣੀ ਯਾਤਰਾ ਦਾ ਕਾਫੀ ਪਰਚਾਰ ਕੀਤਾ। ਹਰ ਪਾਸੇ ਖਬਰਾਂ ਘੱਲੀਆਂ ਕਿ ਆਉਂਦੀ ਵਿਸਾਖੀ ਤੇ ਸੰਗਤਾਂ ਹੁਮ ਹੁਮਾ ਕੇ ਅੰਮ੍ਰਿਤਸਰ ਪੁਜਣ। ਮਾਝੇ, ਮਾਲਵੇ ਤੇ ਦੁਆਬੇ ਵਿਚ ਹੁਕਮਨਾਮੇ ਘਲੇ। ਹਰ ਆਉਂਦੇ ਜਾਂਦੇ ਸਿਖ ਨੂੰ ਹਦਾਇਤ ਕੀਤੀ ਗਈ ਕਿ ਉਹ ਆਪ ਵੀ ਤੇ ਆਪਣੇ ਨਾਲ ਘਟੋ ਘਟ ਪੰਜ ਸਿੰਘਾਂ ਨੂੰ ਲੈ ਕੇ ਅੰਮ੍ਰਿਤਸਰ ਵਿਸਾਖੀ ਉਤੇ ਪੁਜੇ। ਸਰਮੌਰ ਤੇ ਮਾਹਿਲ ਵਾਲਿਆਂ ਨੂੰ ਵੀ ਬਾਬਾ ਬੰਦੇ ਦੀ ਆ ਰਹੀ ਅੰਮ੍ਰਿਤਸਰ ਯਾਤਰਾ ਦੀ ਖਬਰ ਪਹੁੰਚੀ।

ਬਾਹਬਾਜ਼ ਨੇ ਫ਼ੈਸਲਾ ਕੀਤਾ ਕਿ ਉਹ ਵਿਸਾਖੀ ਦੇ ਮੇਲੇ ਤੇ ਅੰਮ੍ਰਿਤਸਰ ਜਾਏਗਾ ਤੇ ਉਹਦੇ ਨਾਲ ਉਹਦਾ ਸਾਰਾ ਟੱਬਰ ਹੋਏਗਾ। ਵਿਸਾਖੀ ਉੱਤੇ ਜਾਣ ਦੀਆਂ ਤਿਆਰੀਆਂ ਹੋਣ ਲਗੀਆਂ। ਲੋਕਾਂ ਨੇ ਘਰਾਂ ਵਿਚ ਉਚੇਚੀਆਂ ਖੱਡੀਆਂ ਰਖੀਆਂ ਤੇ ਦਿਨ ਰਾਤ ਇਕ ਕਰ ਕੇ ਸਾਰੇ ਪਰਵਾਰ ਲਈ ਨਵਾਂ ਕਪੜਾ ਉਣਿਆ। ਕੁੜੀਆਂ ਤੇ ਮੁੰਡੇ ਗਲੀ ਗਲੀ, ਜੂਹ ਜੂਹ ਆ ਰਹੇ ਉਤਸਵ ਖ਼ਾਰੇ ਗੀਤ ਗਾਣ ਲਗੇ। ਉਹਨਾਂ ਨੇ ਆਪਣੀਆਂ ਪੱਗਾਂ ਤੇ ਚੁੰਨੀਆਂ ਰੰਗਾਈਆਂ। ਉਹ ਦਿਨ ਰਾਤ ਅੰਮ੍ਰਿਤਸਰ ਦੇ ਸੁਪਨੇ ਲੈਂਦੇ।

ਅਨੇਕਾਂ ਸਿਖ ਅਜਿਹੇ ਸਨ ਜਿਨ੍ਹਾਂ ਨੇ ਅਜੇ ਤਕ ਅੰਮ੍ਰਿਤਸਰ ਨਹੀਂ ਸੀ, ਵੇਖਿਆ ਭਾਵੇਂ ਇਹਦੇ ਬਾਰੇ ਸੁਣਿਆ ਬੜਾ ਕੁਝ ਸੀ। ਖਾਸ ਕਰ ਕੇ ਯੁਵਕ ਉਮਰਾਂ ਦੇ ਮੁੰਡੇ ਕੁੜੀਆਂ ਵਿਚੋਂ ਤਾਂ ਬਹੁਤ ਘਟ ਅੰਮ੍ਰਿਤਸਰ ਗਏ ਸਨ। ਉਹਨਾਂ ਦੇ ਪੈਦਾ ਹੋਣ ਪਿਛੋਂ ਰਾਜਸੀ ਹਾਲਾਤ ਹੀ ਕੁਝ ਇਹੋ ਜਿਹੇ ਰਹੇ ਸਨ। ਮੁੰਡੇ, ਕੁੜੀਆਂ ਤੇ ਆਦਮੀਆਂ ਦੇ ਉਤਸ਼ਾਹ ਦੀ ਹੱਦ ਨਹੀਂ ਸੀ।

ਸ਼ਾਹਬਾਜ਼ ਦੇ ਘਰ ਵੀ ਇਹੋ ਜਿਹੀਆਂ ਤਿਆਰੀਆਂ ਹੋਈਆਂ। ਉਹਨਾਂ ਨੇ ਵੀ ਨਵਾਂ ਕਪੜਾ ਉਣਿਆ। ਉਹਨਾਂ ਨੇ ਵੀ ਅੰਮ੍ਰਿਤਸਰ ਗੁਰਦੁਆਰੇ ਦੀ ਭੇਟਾ ਕਰਨ ਲਈ ਤਿਲ ਫੁਲ ਜੋੜਿਆ। ਹੋਰ ਤੇ ਹੋਰ ਹੁਣ ਧਰਮ ਕੌਰ ਵੀ ਉਤਸ਼ਾਹਤ ਸੀ, ਉਸ ਆਖਿਆ; "ਪਤਾ ਨਹੀਂ ਕਿੰਨੇ ਕੁ ਦਿਨ ਹੋਰ ਜੀਣਾ ਹੈ। ਮਰਨ ਤੋਂ ਪਹਿਲੇ ਇਕ ਵਾਰ ਅੰਮ੍ਰਿਤਸਰ ਅਸ਼ਨਾਨ ਤਾਂ ਕਰ ਆਵਾਂ। ਜਦੋਂ ਮੈਂ ਪਿਛਲੀ ਵਾਰ ਅੰਮ੍ਰਿਤਸਰ ਗਈ ਸਾ ਤਾਂ ਮੈਂ ਆਪਣੀ ਕੁੰਤੀ ਨਾਲੋਂ ਵੀ ਛੋਟੀ ਸਾਂ।"

ਕੁੰਤੀ ਤੇ ਬਲਵੰਤ ਕੌਰ ਵੀ ਉਰਸ਼ਾਹਤ। ਹਰਬੰਸ ਤੇ ਪਾਸ਼ੋ ਵੀ। ਪਰ ਸਭ ਤੋਂ ਵਧ ਖੁਸ਼ੀ ਗੁਰਦਾਸ ਨੂੰ ਹੋਈ।

ਗੁਰਦਾਸ ਨੇ ਆਪਣੇ ਚਾਚੇ ਦੀ ਪੈੜ ਫੜੀ ਸੀ। ਉਹਦੇ ਵਾਸਤੇ ਸ਼ਾਹਬਾਜ਼ ਆਪ ਬਾਬੇ ਬੰਦੇ ਦਾ ਰੂਪ ਸੀ। ਉਹਦੇ ਵਿਚ ਸਿਖੀ ਜੋਸ਼ ਇਸ ਤਰ੍ਹਾਂ ਰਚ ਗਿਆ ਜਿਵੇਂ ਕਿ ਜੇ ਕਾਲੂ ਜ਼ਿੰਦਾ ਰਹਿੰਦਾ ਤਾਂ ਉਹਦੀਆਂ ਨਾੜਾਂ ਵਿਚ ਰਚਦਾ। ਸ਼ਾਇਦ ਇਹੋ ਕਾਰਨ ਸੀ ਕਿ ਸ਼ਾਹਬਾਜ਼ ਉਹਨੂੰ ਆਪਣੇ ਪੁਤਰ ਵਾਂਗ ਪਿਆਰਨ ਲਗ ਪਿਆ। ਕਾਲੂ ਦੇ ਹਿਸੇ ਦਾ ਕਾਫੀ ਸਾਰਾ ਮੋਹ ਗੁਰਦਾਸ ਦੇ ਮੋਹ ਵਿਚ ਤਬਦੀਲ ਹੋ ਗਿਆ।

ਕਾਨ੍ਹਾ ਛੰਭ ਵਿਚ ਗੁਰਦਾਸ ਦਾ ਪੁਨਰ ਜਨਮ ਹੋਇਆ ਸੀ। ਉਥੋਂ ਸ਼ਾਹਬਾਜ਼ ਤੇ ਹੋਰਨਾਂ ਸਿਖਾਂ ਦੇ ਸਾਥ ਵਿਚ ਉਹਨੇ ਇਰਾਦਾ ਕੀਤਾ ਸੀ ਕਿ ਉਹ ਆਪਣੀ ਜਾਨ ਸਿਖ ਧਰਮ ਤੋਂ ਕੁਰਬਾਨ ਕਰ ਦੇਵੇਗਾ। ਉਹ ਆਪਣੇ ਪਿਤਾ ਨਾਲ

Scanned by CamScanner

ਖਿਝਦਾ ਕਿ ਉਹਦਾ ਵਿਸ਼ਵਾਸ ਸਿਖ ਧਰਮ ਵਾਸਤੇ ਕਿਉਂ ਐਡਾ ਕੱਚ-ਪੱਕਾ ਹੈ। ਏਥੋਂ ਤਕ ਕਿ ਸੱਤ ਸਾਲ ਦਾ ਇਹ ਬਾਲ ਦੋ ਵਾਰ ਸ਼ਾਹਬਾਜ਼ ਨਾਲ ਕਾਨੂੰ ਛੰਭ ਤੋਂ ਬਾਹਿਰ ਦਾਣਾ ਪਾਣੀ ਇਕੱਠਾ ਕਰਨ ਵਾਸਤੇ ਵੀ ਗਿਆ।

"ਮੈਨੂੰ ਬਾਬੇ ਬੰਦੇ ਨਾਲ ਜ਼ਰੂਰ ਮਿਲਾਈਂ ਚਾਚਾ," ਹੁਣ ਉਹ ਸ਼ਾਹਬਾਜ਼ ਨੂੰ ਆਖਦਾ, "ਜੇ ਤੂੰ ਨਾ ਮਿਲਾਇਆ ਨਾ ਮੈਂ ਤੇਰੇ ਨਾਲ ਸਾਰੀ ਉਮਰ ਨਹੀਂ ਬੋਲਣਾ।"

"ਜ਼ਰੂਰ ਮਿਲਾਵਾਂਗਾ ਪੁਤਰ," ਸ਼ਾਹਬਾਜ਼ ਹੁਣ ਕਈ ਵਾਰ ਗੁਰਦਾਸ ਨੂੰ ਪੁਤਰ ਕਹਿ ਕੇ ਬੁਲਾਂਦਾ ਤੇ ਆਪਣੇ ਵਾਤਸਲ ਪਿਆਰ ਦੀ ਖੋਹ ਨੂੰ ਸੰਤੁਸਟ ਕਰਦਾ।

ਸ਼ੋਭੀ ਨੂੰ ਵੀ ਅੰਮ੍ਰਿਤਸਰ ਜਾਣ ਦਾ ਚਾਅ। ਉਹ ਹੁਣ ਤਕ ਬੰਦਾ ਬਹਾਦਰ ਨੂੰ ਚੰਗੀ ਤਰ੍ਹਾਂ ਜਾਣ ਚੁਕੀ ਸੀ। ਉਹਨੂੰ ਸਮਝਦੀ ਸੀ। ਉੱਨੀ ਹੀ ਚੰਗੀ ਤੇ ਡੂੰਘੀ ਤਰ੍ਹਾਂ ਜਿੰਨਾ ਕਿ ਆਪ ਸ਼ਾਹਬਾਜ਼।

ਸ਼ੋਭੀ ਤੇ ਸ਼ਾਹਬਾਜ਼ ਵਿਚਕਾਰ ਹੁੰਦੀ ਗੱਲ ਬਾਤ ਦਾ ਇਕ ਚਹੇਤਾ ਮਜ਼ਮੂਨ ਕਾਲੂ ਤੋਂ ਇਲਾਵਾ ਬਾਬਾ ਬੰਦਾ ਵੀ ਸੀ। ਸ਼ਾਹਬਾਜ਼ ਨੇ ਬੰਦਾ ਸਿੰਘ ਕੋਲੋਂ ਐਨਾ ਕੁਝ ਪਾਇਆ ਕਿ ਉਹ ਉਹਨੂੰ ਪਲਾਂ ਤੇ ਘੰਟਿਆਂ ਵਾਸਤੇ ਵੀ ਭੁਲ ਨਾ ਸਕਦਾ। ਮੁੜ ਮੁੜ ਕੇ ਉਹਦੇ ਖਿਆਲ ਬੰਦੇ ਦੀ ਸ਼ਖਸੀਅਤ ਨਾਲ ਜਾ ਜੁੜਦੇ ਤੇ ਉਹ ਉਹਦੇ ਬਾਰੇ ਸ਼ੋਭੀ ਨਾਲ ਗੱਲਾਂ ਕਰਨ ਤੋਂ ਰਹਿ ਨਾ ਸਕਦਾ। ਸ਼ੋਭੀ ਬੰਦਾ ਬਹਾਦਰ ਦੀ ਦੇਣਦਾਰ ਸੀ। ਖ਼ੁਦ ਬਾਬਾ ਬੰਦਾ ਨੇ ਹੀ ਉਹਦੀ ਅਰਜੋਈ ਮੰਨ ਕੇ ਸ਼ਾਹਬਾਜ਼ ਨੂੰ ਵਾਪਸ ਆਉਣ ਦਾ ਹੁਕਮ ਦਿਤਾ ਸੀ। ਇਸ ਅਰਜੋਈ ਵਿਚ ਤੇ ਇਸ ਹੁਕਮ ਵਿਚ ਇਕ ਰੋਮਾਂਚਕ ਖਿਚ ਸੀ, ਜਿਹੜੀ ਸ਼ੋਭੀ ਨੂੰ ਟੁੰਭਦੀ। ਅੰਤ ਵਿਸਾਖੀ ਕੁਝ ਦਿਨ ਹੀ ਦੂਰ ਰਹਿ ਗਈ।

ਚੌਹ ਕੂੰਟਾਂ ਤੋਂ ਖਾਲਸਾ ਅੰਮ੍ਰਿਤਸਰ ਜੁੜਨ ਲਗਾ। ਮਾਲਵੇ ਤੇ ਦੁਆਬੇ ਤੋਂ ਵੱਡੇ ਨਿੱਕੇ ਅਨੇਕ ਜੱਥੇ ਆਏ। ਜਿਥੇ ਜਿਥੇ ਵੀ ਇਹ ਜੱਥੇ ਰਾਹ ਵਿਚ ਟਿਕਦੇ ਬਾਣੀ ਦਾ ਪ੍ਰਵਾਹ ਚਲਦਾ। ਗੁਰੂ ਨਾਨਕ ਤੇ ਗੁਰੂ ਅਰਜਨ ਦੇਵ ਜੀ ਦੀ ਕ੍ਰਿਤ ਸ਼ਬਦ ਗਾਏ ਜਾਂਦੇ। ਜੱਥਿਆਂ ਨਾਲ ਆ ਰਹੇ ਰਾਗੀ ਸਿੰਘ ਕੀਰਤਨ ਕਰਦੇ। ਹਰ ਪੜਾਅ ਕਰਨ ਵੇਲੇ ਤੇ ਹਰ ਸਵੇਰ ਟੁਰਨ ਤੋਂ ਪਹਿਲੇ "ਬੋਲੇ ਸੋ ਨਿਹਾਲ" ਤੇ "ਸਤਿ ਸ੍ਰੀ ਅਕਾਲ," ਦੇ ਜੈਕਾਰੇ ਗੂੰਜਦੇ।

ਮਾਝੇ ਦੇ ਸਿੰਘ ਨਿਕੇ ਨਿਕੇ ਜੱਥਿਆਂ ਵਿਚ ਆਏ। ਅੰਮ੍ਰਿਤਸਰ ਤੋਂ ਨੇੜਲੇ ਪਿੰਡਾਂ ਦੇ ਲੋਕ ਤਾਂ ਇਕੱਲੇ ਦੁਕੱਲੇ ਤੇ ਜੋ ਜੋੜਿਆਂ ਜੋੜਿਆਂ ਵਿਚ ਵੀ ਪੁਜੇ, ਜਿਵੇਂ ਮਾਹਿਲ ਤੋਂ।

ਜਿਹੜਾ ਵੀ ਸਿਖ ਆਇਆ ਉਹ ਆਪਣੇ ਨਾਲ ਆਪਣੀ ਕਮਾਈ ਮਾਇਆ ਵਿਚੋਂ ਜੋ ਕੁਝ ਬਣਦਾ ਸਰਦਾ ਸੀ ਲਿਆਇਆ। ਬਹੁਤੇ ਜਣੇ ਘਰ ਜੁੜੇ ਪਏ ਅਨਾਜ ਦਾ ਇਕ ਹਿੱਸਾ ਲਿਆਏ। ਕੋਈ ਆਟਾ ਲਿਆਇਆ। ਕੋਈ ਕਪੜਾ। ਅੰਮ੍ਰਿਤਸਰ ਅਸ਼ਨਾਨ ਕਰਨ ਦੀ ਭੁੱਖ ਅਮੁੱਕ ਸੀ ਤੇ ਬਾਬਾ ਬੰਦੇ ਦੇ ਦਰਸ਼ਨ ਕਰਨ ਦੀ ਉਤਾਵਲ।

ਇਹ ਜੋੜ ਮੇਲਾ ਬੜਾ ਸਫਲ ਰਿਹਾ।

ਸਰਹਿੰਦ ਤੋਂ ਪਿਛੋਂ ਪਹਿਲੀ ਵਾਰ ਐਨੇ ਸਿਖ ਇਕ ਥਾਂ ਉਪਰ ਇਕੱਤਰ ਹੋਏ।

ਬਾਬਾ ਬੰਦੇ ਵਾਸਤੇ ਇਹ ਮੌਕਾ ਇਕ ਦਾਤ ਵਾਂਗ ਆਇਆ। ਉਸ ਸਿਖਾਂ ਵਿਚ ਸਿਖੀ ਧਰਮ ਵਾਸਤੇ ਇਕ ਨਵੀਂ ਤੇ ਸ਼ਕਤੀ-ਸ਼ਾਲੀ ਲਹਿਰ ਛੇੜੀ। ਉਸ ਦੋ ਵਾਰ ਭਰੇ ਦੀਵਾਨਾਂ ਵਿਚ ਗੁਰੂ ਗੋਬਿੰਦ ਸਿੰਘ ਦੀ ਸਿਖਿਆ ਤੇ ਜੀਵਨ ਬਾਰੇ ਤੇ ਸਰਹਿੰਦ ਦੀ ਲੜਾਈ ਬਾਰੇ ਵਖਿਆਨ ਦਿਤੇ। ਕਹਿੰਦੇ ਹਨ ਕਿ ਸ਼ਾਇਦ ਹੀ ਕੋਈ ਆਦਮੀ ਅਜਿਹਾ ਹੋਵੇਗਾ ਜਿਹੜਾ ਬੰਦੇ ਦੇ ਭਾਸ਼ਨ ਸੁਣ ਕੇ ਰੋ ਨਾ ਪੈਂਦਾ ਹੋਵੇ।

ਬੰਦੇ ਦੀ ਸ਼ਖਸੀਅਤ ਵਿਚ ਇਕ ਅਜਿਹੀ ਕਸ਼ਿਸ਼ ਸੀ ਕਿ ਆਪਣੇ ਆਪ ਦੂਰੋਂ ਹੀ ਆਦਮੀ ਖਿਚੇ ਆਉਂਦੇ। ਉਂਜ ਵੀ ਹੁਣ ਤਕ ਉਹਦਾ ਨਾਂ ਸਾਰੇ ਭਾਰਤ ਵਿਚ ਮਸ਼ਹੂਰ ਹੋ ਚੁਕਾ ਸੀ। ਬੰਦੇ ਵਰਗੇ ਮਸ਼ਹੂਰ ਤੇ ਬਹਾਦਰ ਨੂੰ ਮਿਲਣ ਦੀ ਖਾਹਿਸ਼ ਹਰ ਇਨਸਾਨ ਵਿਚ ਪ੍ਰਬਲ ਹੋ ਜਾਂਦੀ ਹੈ। ਬੰਦੇ ਨੂੰ ਤਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਿਸ਼ਨ ਦੀ ਪੂਰਤੀ ਵਾਸਤੇ ਆਪ ਚੁਣਿਆ ਸੀ।

ਸ਼ਾਹਬਾਜ਼, ਬੰਦਾ ਸਿੰਘ ਬਹਾਦਰ ਨੂੰ ਨਵੇਕਲਿਆਂ ਵੀ ਮਿਲਿਆ ਤੇ ਉਸ ਆਪਣੇ ਸਾਰੇ ਟੱਬਰ ਦੀ ਵਾਰੋ ਵਾਰ ਉਹਦੇ ਨਾਲ ਮੁਲਾਕਾਤ ਕਰਾਈ।

ਗੁਰਦਾਸ ਨੇ ਜਦੋਂ ਬਾਬਾ ਬੰਦੇ ਅਗੇ ਸਿਰ ਝੁਕਾਇਆ ਤਾਂ ਸ਼ਾਹਬਾਜ਼ ਨੇ ਆਖਿਆ; "ਇਸ ਯੁਵਕ ਦੀ ਕੰਡ ਉੱਤੇ

Scanned by CamScanner

ਥਾਪੜੀ ਦਿਓ, ਬਾਬਾ ਜੀ। ਇਹ ਮੇਰੇ ਪਿਛੋਂ ਮੇਰੇ ਘਰ ਵਿਚੋਂ ਧਰਮ ਤੋਂ ਜਾਨ ਵਾਰਨ ਦੀ ਰਵਾਇਤ ਨੂੰ ਕਾਇਮ ਰਖੇਗਾ।"

ਬੰਦੇ ਨੇ ਥਾਪੜੀ ਦਿਤੀ।

ਬੰਦੇ ਨੇ ਸ਼ਾਹਬਾਜ਼ ਤੇ ਸ਼ੋਭੀ ਕੋਲੋਂ ਕਾਲੂ ਬਾਰੇ ਵੀ ਪੁਛਿਆ, "ਖਾਲਸਾ ਜੀ! ਉਹ ਕੁਝੰਗੀ ਕਿਥੇ ਹੈ ਜਿਦ੍ਹੇ ਵਾਸਤੇ ਤੁਸੀਂ ਸਾਨੂੰ ਪਠਾਣਕੋਟੋਂ ਛਡ ਆਏ ਸੀ?"

ਇਹ ਪ੍ਰਸ਼ਨ ਸੁਣ ਕੇ ਸ਼ਾਹਬਾਜ਼ ਨੇ ਸ਼ੋਭੀ ਵਲ ਤੇ ਸ਼ੋਭੀ ਨੇ ਸ਼ਾਹਬਾਜ਼ ਵਲ ਵੇਖਿਆ ਤੇ ਉਹਨਾਂ ਦੋਹਾਂ ਦੀਆਂ ਅੱਖਾਂ ਝੁਕ ਗਈਆਂ। ਬੰਦਾ ਸਿੰਘ ਨੇ ਸਚਿਆਈ ਨੂੰ ਜਾਣਿਆ।

"ਕਿਉਂ ਕੁਝ ਹੋ ਗਿਆ ਲਾਲ ਨੂੰ?"

"ਬਾਬਾ ਜੀ! ਨਿਰਦਈ ਮੁਸਲਮਾਨਾਂ ਨੇ ਉਹਨੂੰ ਕੰਧ ਨਾਲ ਪਟਕਾ ਕੇ ਮਾਰ ਦਿਤਾ।" ਸ਼ਾਹਬਾਜ਼ ਬੋਲਿਆ।

ਇਹ ਸੁਣ ਕੇ ਬੰਦਾ ਸਿੰਘ ਨੇ ਸ਼ੋਭੀ ਦੇ ਸਿਰ ਉੱਤੇ ਹੱਥ ਰਖਿਆ, "ਮੇਰੀ ਬੱਚੀ! ਜਿਹੜੇ ਧਰਮ ਉਤੋਂ ਆਪਣੀ ਜਾਨ ਵਾਰਦੇ ਹਨ ਉਹ ਕਦੀ ਨਹੀਂ ਮਰਦੇ। ਇਹੋ ਸਬਕ ਹੀ ਸਾਡੇ ਮਹਾਨ ਨੇਤਾ ਗੁਰੂ — ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਿਖਾਇਆ ਹੈ। ਪ੍ਰਭੂ ਹੋਰ ਦਾਤ ਬਖਸ਼ੇਗਾ।"

ਸ਼ੋਭੀ ਨੇ ਬੰਦਾ ਸਿੰਘ ਦੀ ਫੂਹ ਪਾਈ ਤੇ ਉਹਨੂੰ ਲਗਾ ਕਿ ਉਹਦੀ ਕਾਇਆ ਕਲਪ ਹੋ ਗਈ ਹੈ। ਉਹਦਾ ਜੀ ਕਰੇ ਕਿ ਬੰਦਾ ਉਹਦੇ ਸਿਰ ਉਤੋਂ ਆਪਣਾ ਹੱਥ ਨਾ ਚੁਕੇ। ਪਰ ਫਿਰ ਵੀ ਨਾ ਜਾਣੇ ਕਿਉਂ ਉਹਦੀਆਂ ਅੱਖਾਂ ਵਿਚ ਅਥਰੂ ਛਲਕ ਆਏ। ਜਦੋਂ ਬੰਦਾ ਸਿੰਘ ਨੇ ਸ਼ੋਭੀ ਦੇ ਨੈਣਾਂ ਵਿਚ ਅਥਰੂ ਵੇਖੇ ਤਾਂ ਉਸ ਕਿਹਾ, "ਮੇਰੀ ਬੱਚੀ! ਸਿਖ ਹੋ ਕੇ ਤੇ ਸ਼ਾਹਬਾਜ਼ ਸਿੰਘ ਵਰਗੇ ਸੂਰਬੀਰ ਦੀ ਪਤਨੀ ਹੋ ਕੇ ਅਥਰੂ ਕੇਰਦੀ ਹੈਂ? ਨਾ ਨਾ ਮੇਰੀ ਬੱਚੀ। ਇਸ ਤਰ੍ਹਾਂ ਡੋਲਣਾ ਠੀਕ ਨਹੀਂ।"

ਸ਼ੋਭੀ ਦਾ ਬੋਲਣ ਨੂੰ ਜੀ ਕੀਤਾ। ਉਹ ਆਖਣਾ ਚਾਹੁੰਦੀ ਸੀ ਕਿ ਇਹ ਅਥਰੂ ਕਾਲੂ ਵਾਸਤੇ ਨਹੀਂ, ਕਿ ਇਹ ਅਥਰੂ ਉਹਦੀ ਡੋਲਦੀ ਜ਼ਿੰਦੜੀ ਦੇ ਲਖਾਇਕ ਨਹੀਂ। ਉਹ ਆਖਣਾ ਚਾਹੁੰਦੀ ਸੀ ਕਿ ਇਹ ਖੁਸ਼ੀ ਦੇ ਅਥਰੂ ਹਨ। ਇਹ ਅਥਰੂ ਬੰਦਾ ਸਿੰਘ ਵਲੋਂ ਦਿਤੀ ਅਸੀਸ ਦੀ ਖੁਸ਼ੀ ਵਿਚ ਵਹਾਏ ਜਾ ਰਹੇ ਹਨ। ਪਰ ਉਹ ਕੁਝ ਨਾ ਕਹਿ ਸਕੀ। ਬੰਦਾ ਬਹਾਦਰ ਸਾਹਮਣੇ ਕੁਝ ਆਖਣਾ ਸੌਖਾ ਨਹੀਂ ਸੀ।

ਉਸ ਸ਼ਾਹਬਾਜ਼ ਵਲ ਵੇਖਿਆ। ਸ਼ਾਹਬਾਜ਼ ਨੇ ਸ਼ੋਭੀ ਦੇ ਮਨ ਦੀ ਜਾਣੀ ਤੇ ਉਸ ਬੰਦੇ ਨੂੰ ਕਿਹਾ, "ਬਾਬਾ ਜੀ! ਇਹ ਅਥਰੂ ਤੁਹਾਡੇ ਹੋਏ ਦਰਸ਼ਨਾਂ ਦੀ ਖੁਸ਼ੀ ਵਿਚ ਹਨ।"

ਬਾਬਾ ਬੰਦਾ ਮੁਸਕਰਾਇਆ।

ਕੁਝ ਚਿਰ ਹੋਰ ਗੱਲਾਂ ਕਰਨ ਪਿਛੋਂ ਬੰਦਾ ਸਿੰਘ ਨੇ ਫਿਰ ਮੁਸਕਰਾ ਕੇ ਕਿਹਾ, "ਹੁਣ ਮੈਨੂੰ ਮੇਰੇ ਤੋਪਚੀ ਦਾ ਸਾਥ ਕਦੋਂ ਨਸੀਬ ਹੋਵੇਗਾ?"

ਸ਼ਾਹਬਾਜ਼ ਇਹਨਾਂ ਸ਼ਬਦਾਂ ਨੂੰ ਸੁਣ ਕੇ ਇਕ-ਦੰਮ ਤੜਪ ਉਠਿਆ। ਉਹ ਏਸੇ ਲਈ ਕਈ ਦਿਨਾਂ ਤੋਂ ਉਦਾਸ ਵੀ ਸੀ। ਉਹ ਉਦਾਸ ਸੀ ਕਿਉਂਕਿ ਉਹਦਾ ਜੀ ਬੰਦਾ ਬਹਾਦਰ ਦੇ ਸਾਥ ਵਾਸਤੇ ਕਾਹਲਾ ਪੈ ਰਿਹਾ ਸੀ। ਉਹਨੂੰ ਮਾਹਿਲ ਰਹਿੰਦਿਆਂ ਲਗ-ਭਗ ਇਕ ਸਾਲ ਬੀਤ ਗਿਆ ਸੀ ਤੇ ਉਹੋ ਜਿਹੀ ਉਤਸ਼ਾਹਤ ਸ਼ਖਸੀਅਤ ਵਾਸਤੇ ਘਰ ਦੀ ਚਾਰ-ਦੀਵਾਰੀ ਵਿਚ ਕਾਹਲਾ ਪੈ ਜਾਣਾ ਕੁਦਰਤੀ ਗੱਲ ਸੀ। ਪਰ ਉਹ ਡਰਦਾ ਰਿਹਾ। ਉਹ ਸ਼ੋਭੀ ਕੋਲੋਂ ਡਰਦਾ, ਉਹ ਕੀ ਕਹੇਗੀ। ਉਹਦੇ ਵਾਸਤੇ ਇਹ ਵਿਛੋੜਾ ਕਿਥੋਂ ਤਕ ਜਾਇਜ਼ ਹੋਏਗਾ। ਉਹ ਦਿਲੋਂ ਸੰਗਦਾ, ਉਹਨੂੰ ਜਾਪਦਾ ਕਿ ਅਜੇ ਤਕ ਸ਼ੋਭੀ ਨੂੰ ਉਹਦੀ ਲੋੜ ਹੈ। ਅਜੇ ਤਕ ਤਾਂ ਸ਼ੋਭੀ ਤੇ ਉਹਦੇ ਘਰ ਦੇ ਉਹਦੇ ਨਾਲ ਇਕ ਪ੍ਰਾਹੁਣੇ ਵਰਗਾ ਸਲੂਕ ਕਰਦੇ ਸਨ। ਮਾਂ ਉਹਦੇ ਵਾਸਤੇ ਅਜੇ ਤਕ ਵੀ ਉਚੇਚੀਆਂ ਚੀਜ਼ਾਂ ਬਣਾਉਣ ਦੀ ਜ਼ਿਦ ਕਰਦੀ। ਕੁੰਤੀ, ਹਰਬੰਸੋ, ਪਾਸ਼ੋ ਤੇ ਗੁਰਦਾਸ ਅਜੇ ਤਕ ਵੀ ਉਹਦੇ ਕੋਲੋਂ ਉਹਦੀਆਂ ਲੜਾਈਆਂ ਤੇ ਬਾਬੇ ਬੰਦੇ ਬਾਰੇ ਕਹਾਣੀਆਂ ਸੁਣਦੇ। ਜਾਂਬਾਜ਼ ਅਜੇ ਤਕ ਉਹਦੇ ਨਾਲ ਰਲ ਨਹੀਂ ਸੀ ਬੈਠਾ। ਸ਼ਾਹਬਾਜ਼ ਕਿਹੜੇ ਮੂੰਹ ਨਾਲ ਮੁੜ ਜਾਣ ਵਾਸਤੇ ਆਖਦਾ?

ਹੁਣ ਜਦੋਂ ਬਾਬਾ ਬੰਦਾ ਨੇ ਮਖੌਲ ਵਿਚ ਇਹ ਸ਼ਬਦ ਕਹੇ ਤਾਂ ਸ਼ਾਹਬਾਜ਼ ਦੀ ਕਾਇਆ ਕੰਬ ਗਈ। ਉਹਨੂੰ ਲਗਾ ਕਿ ਉਹਨੇ ਉਹ ਅਮਾਨਤ ਵਰਤਾ ਦੀ ਪਾਲਣਾ ਤੋਂ ਉਕ ਗਿਆ ਹੈ। ਜਿਹੜਾ ਕਿ ਉਹ ਚੌਧੀ ਹੈ ਤੇ ਬਾਬਾ ਜਾ ਹਕਦਾਰ।

Scanned by CamScanner

ਇਹੋ ਜਿਹੀਆਂ ਦੋਸ਼ੀ ਭਾਵਨਾਵਾਂ ਨਾਲ ਸ਼ਾਹਬਾਜ਼ ਬੰਦੇ ਵਲ ਵੇਖ ਹੀ ਰਿਹਾ ਸੀ ਕਿ ਸ਼ੁਭੀ ਕੋਲੋਂ ਬੋਲੀ, "ਬਾਬਾ ਜੀ ! ਅਜੇ ਕੁਝ ਦਿਨ ਹੋਰ ਇਹਨਾਂ ਨੂੰ ਮਾਹਿਲ ਰਹਿਣ ਦਿਉ ।"

ਪਤਾ ਨਹੀਂ ਹੁਣ ਸ਼ੁਭੀ ਕੋਲ ਇਹ ਸ਼ਬਦ ਕਹਿਣ ਦੀ ਹਿੰਮਤ ਕਿਵੇਂ ਆ ਗਈ ?

ਬੰਦਾ ਹੱਸਿਆ । ਐਡੀ ਉਚੀ ਕਿ ਉਹਦੇ ਦਵਾਲੇ ਖਲੋਤੇ ਸਾਰੇ ਟੱਬਰ ਨੇਂ ਉਹਦਾ ਹਾਸਾ ਸੁਣਿਆ । ਆਮ ਕਰ ਕੇ ਬੰਦਾ ਸਿਰਫ਼ ਮੁਸਕਰਾਇਆ ਹੀ ਕਰਦਾ ਸੀ । ਉਸ ਕਿਹਾ, "ਸ਼ਾਹਬਾਜ਼ ! ਹਾਲਾਂ ਮੈਨੂੰ ਤੇਰੀ ਲੋੜ ਨਹੀਂ । ਜਦੋਂ ਮੈਨੂੰ ਤੇਰੀ ਲੋੜ ਹੋਈ ਮੈਨੂੰ ਵਿਸ਼ਵਾਸ ਹੈ ਤੂੰ ਅੰਤਰ-ਆਤਮੇ ਜਾਣ ਜਾਏਂਗਾ ।"

੨੯

ਬੰਦਾ ਸਿੰਘ ਬਹਾਦਰ ਦੇ ਦੂਜੇ ਭਾਸ਼ਣ ਦੇ ਕੁਝ ਆਖ਼ਰੀ ਸ਼ਬਦ ਇਉਂ ਸਨ, "ਖ਼ਾਲਸਾ ਜੀ ! ਸਿਖ ਪੰਥ ਉੱਤੇ ਜਲਦੀ ਹੀ ਫਿਰ ਭੀੜਾ ਬਣਨ ਵਾਲੀ ਹੈ । ਜ਼ੁਲਮ ਤੇ ਸਿਤਮ ਦਾ ਫਿਰ ਬੋਲਬਾਲਾ ਹੋਵੇਗਾ । ਧਰਮ ਤੇ ਇਨਸਾਫ਼ ਨੂੰ ਗ੍ਰਹਿਣ ਲਗ ਜਾਏਗਾ ।"

"ਪਰ ਮੈਂ ਖ਼ਾਲਸੇ ਨੂੰ ਯਕੀਨ ਦਵਾਂਦਾ ਹਾਂ ਕਿ ਇਹ ਗ੍ਰਹਿਣ ਸਦੀਵੀ ਨਹੀਂ ਹੋਣ ਲਗਾ । ਅੰਤ ਵਿਜੈ ਸਚ ਤੇ ਧਰਮ ਦੀ ਹੋਵੇਗੀ । ਖ਼ਾਲਸੇ ਦਾ ਰਾਜ ਹੋਵੇਗਾ ।"

"ਤੁਸੀਂ ਤੇ ਮੈਂ ਇਸ ਜ਼ਾਲਮ ਰਾਜ ਨੂੰ ਤਬਾਹ ਕਰ ਕੇ ਹੀ ਸਾਹ ਲਵਾਂਗੇ । ਤੁਰਕ ਰਾਜ ਵਿਚ ਕਿਸੇ ਮਾਸੂਮ ਤੇ ਕਮਜ਼ੋਰ ਦੀ ਸੁਣਵਾਈ ਨਹੀਂ । ਤੁਰਕ ਰਾਜ ਜਬਰ ਦੀਆਂ ਵਿਕਰਾਲ ਨੀਹਾਂ ਉੱਤੇ ਉਸਰਿਆ ਹੈ, ਤੇ ਖ਼ਾਲਸਾ ਇਸ ਨੂੰ ਕਦੀ ਬਰਦਾਸ਼ਤ ਨਹੀਂ ਕਰ ਸਕਦਾ ।"

ਸਾਡਾ ਵੈਰ ਮੁਸਲਮਾਨਾਂ ਨਾਲ ਨਹੀਂ, ਜਬਰ ਤੇ ਸਿਤਮ ਨਾਲ ਹੈ । ਅਨੇਕ ਮੁਸਲਮਾਨ ਗੁਰੂ ਘਰ ਦੇ ਵੀ ਓਨੇ ਹੀ ਉਪਾਸ਼ਕ ਤੇ ਤਾਬਿਆਦਾਰ ਰਹੇ ਹਨ ਜਿੰਨੇ ਕਿ ਹਿੰਦੂ ਜਾਂ ਸਿਖ । ਸਾਡੇ ਇਸ ਅਤਿ ਪਵਿਤ੍ਰ ਅਸਥਾਨ ਦੀ ਨੀਂਹ ਕਿਸੇ ਹਿੰਦੂ ਜਾਂ ਸਿਖ ਨੇ ਨਹੀਂ, ਇਕ ਚੰਗੇ, ਮਿਠੇ ਤੇ ਸੂਝਵਾਨ ਮੁਸਲਮਾਨ ਨੇ ਹੀ ਰਖੀ ਹੈ, ਗੁਰੂ ਨਾਨਕ ਬਾਬੇ ਦਾ ਇਕ ਸਦੀਵੀ ਸਾਥੀ ਵੀ ਮੁਸਲਮਾਨ ਹੀ ਸੀ, ਪਰ ਅਫ਼ਸੋਸ ਹੈ ਕਿ ਅਜਿਹੇ ਮਹਾਨ ਤੇ ਅਜਿਹੇ ਉਚੀ ਕਰਨੀ ਵਾਲੇ ਆਗੂਆਂ ਦੇ ਕੁਝ ਪੈਰੋਕਾਰ, ਇਸਲਾਮ ਦੇ ਅਸੂਲ ਭੁਲ ਚੁਕੇ ਹਨ । ਉਹਨਾਂ ਦੇ ਸਿਰ ਨੂੰ ਹੰਕਾਰ ਚੜ੍ਹ ਗਿਆ ਹੈ । ਜ਼ੁਲਮ ਉਹਨਾਂ ਦੀ ਨੀਤੀ ਹੀ ਬਣ ਗਈ ਹੈ । ਅਸੀਂ ਇਸ ਨੀਤੀ ਤੇ ਇਸ ਜ਼ੁਲਮ ਦੇ ਦੁਸ਼ਮਣ ਹਾਂ ।

"ਖ਼ਾਲਸੇ ਨੇ ਹਿੰਦੂ ਜਾਤੀ ਦੀ ਰਖਿਆ ਲਈ ਤੇ ਧਰਮ ਤੇ ਇਨਸਾਫ਼ ਦੀ ਪ੍ਰੌੜਤਾ ਵਿਚ ਖੰਡਾ ਚੁਕਿਆ ਹੈ । ਜਿਹੜੀ ਮੁਹਿੰਮ ਇਕ ਵਾਰ ਸ਼ੁਰੂ ਹੋ ਚੁਕੀ ਹੈ ਉਹ ਸਫ਼ਲ ਹੋਏ ਬਗ਼ੈਰ ਖ਼ਤਮ ਨਹੀਂ ਹੋਵੇਗੀ । ਹੋ ਸਕਦਾ ਹੈ ਕਿ ਇਸ ਮੁਹਿੰਮ ਨੂੰ ਕਾਮਯਾਬ ਹੋਣ ਵਾਸਤੇ ਵੀਹ ਜਾਂ ਪੰਜਾਹ ਜਾਂ ਸੌ ਵਰ੍ਹਾ ਵੀ ਲਗ ਜਾਏ, ਪਰ ਖ਼ਾਲਸਾ ਹਾਰ ਨਹੀਂ ਮੰਨੇਗਾ । ਬੇਸ਼ਕ ਇਸ ਰਾਜ ਦੀਆਂ ਜੜ੍ਹਾਂ ਪੀਡੀਆਂ ਹਨ, ਪਰ ਅਸੀਂ ਵੀ ਪੀਹੜੀ ਦਰ ਪੀਹੜੀ ਇਹ ਮੁਹਿੰਮ ਜਾਰੀ ਰਖਾਂਗੇ ।

"ਹਮੇਸ਼ ਵਾਂਗ ਦਿੱਲੀ ਦੇ ਬਾਦਸ਼ਾਹ ਤੇ ਲਾਹੌਰ ਦੇ ਸੂਬੇ ਨਾਲ ਟੱਕਰ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਨਿਮਾਣਾ ਦਾਸ, ਇਹ ਬੰਦਾ ਲਏਗਾ । ਪਰ ਭਾਵੇਂ ਮੁਗ਼ਲ ਹਾਰਨ ਜਾਂ ਜਿਤਣ ਤੁਸਾਂ ਡੋਲਣਾ ਨਹੀਂ । ਧਰਮ ਨਹੀਂ ਤਿਆਗਣਾ । ਲੋੜ ਵੇਲੇ ਜੰਗਲਾਂ, ਜੂਹਾਂ, ਛੰਭਾਂ, ਝੁੰਡਾਂ ਵਿਚ ਜਾ ਛੁਪਣਾ ਤੇ ਲੋੜ ਵੇਲੇ ਬਾਹਰ ਨਿਕਲ ਆਉਣਾ । ਦੁਸ਼ਮਣ ਨੂੰ ਚੈਨ ਨਹੀਂ ਲੈਣ ਦੇਣਾ । ਉਹਦੀ ਈਨ ਨਹੀਂ ਮੰਨਣੀ ।"

Scanned by CamScanner

ਇਹਨਾਂ ਤੇ ਇਹੋ ਜਿਹੇ ਸ਼ਬਦਾਂ ਰਾਹੀਂ ਬੰਦਾ ਸਿੰਘ ਨੇ ਖ਼ਾਲਸਾ ਕੌਮ ਨੂੰ ਛਾਪਾ ਮਾਰ ਯੁਧ ਵਾਸਤੇ ਉਤਸ਼ਾਹਤ ਕੀਤਾ। ਬੰਦਾ ਸਿੰਘ ਸਮਝਦਾ ਸੀ ਕਿ ਇਸੇ ਭਾਂਤ ਦਾ ਯੁਧ ਹੀ ਮੁਗਲਾਂ ਦੇ ਬਰਖ਼ਿਲਾਫ਼ ਸਫ਼ਲ ਹੋਵੇਗਾ। ਹੁਣ ਹਾਲਾਤ ਇਹੋ ਜਿਹੇ ਸਨ ਕਿ ਬਾਕਾਇਦਾ ਜਾਂ ਆਈਨੀ ਫ਼ੌਜ ਰਖਣੀ ਕਠਨ ਸੀ। ਬੜੀਆਂ ਦਿੱਕਤਾਂ ਤੇ ਤਕਲੀਫਾਂ ਸਨ। ਬੰਦਾ ਇਹ ਵੀ ਜਾਣਦਾ ਸੀ ਕਿ ਅਨੇਕ ਸਾਲਾਂ ਲਈ ਕੌਮ ਦੇ ਸਭ ਨੌਜਵਾਨਾਂ ਵਾਸਤੇ ਘਰੋਂ ਦੂਰ ਰਹਿਣਾ ਕਠਨ ਹੈ। ਆਪਣੇ ਦਿੱਲੀ ਫ਼ਤਹ ਕਰਨ ਦੇ ਇਰਾਦੇ ਵਿਚ ਫਿਹਲ ਹੋਣ ਪਿਛੋਂ ਉਹਨੂੰ ਮਹਿਸੂਸ ਹੋਇਆ ਕਿ ਸ਼ਾਇਦ ਉਹ ਆਪਣੀ ਜ਼ਿੰਦਗੀ ਵਿਚ ਮੁਗ਼ਲ ਰਾਜ ਦਾ ਖ਼ਾਤਮਾ ਨਾ ਕਰ ਸਕੇ। ਪਰ ਜਦੋਂ-ਜਹਿਦ ਵਿਚ ਔੜ ਨਹੀਂ ਸੀ ਆਉਣੀ ਚਾਹੀਦੀ। ਸੋ ਬੰਦਾ ਸਿੰਘ ਨੇ ਖ਼ਾਲਸੇ ਨੂੰ ਛਾਪਾ ਮਾਰ ਜੰਗ ਦਾ ਰਾਹ ਦਸਿਆ ਤੇ ਕੁਝ ਸਰਦਾਰਾਂ ਨੇ ਵਿਸਾਖੀ ਦੇ ਇਸ ਜੋੜ ਮੇਲੇ ਉੱਤੇ ਸੰਗਤਾਂ ਨੂੰ ਛਾਪਾ ਮਾਰ ਜੰਗ ਦੇ ਮੋਟੇ ਮੋਟੇ ਅਸੂਲ ਸਮਝਾਏ ਤੇ ਸਫ਼ਲ ਛਾਪਾ ਮਾਰ ਜੰਗ ਦੇ ਗੁਣ ਦੱਸੇ।

ਬੰਦਾ ਸਿੰਘ, ਜਹਾਂਦਾਰ ਖ਼ਾਨ ਦੇ ਕਤਲ ਤੇ ਫ਼ਰਖ਼ ਸੀਅਰ ਦੇ ਸ਼ਹਿਨਸ਼ਾਹ ਬਣਨ ਬਾਰੇ ਸੁਣ ਚੁਕਾ ਸੀ। ਇਹ ਸ਼ੁਰੂ ਫ਼ਰਵਰੀ ੧੭੧੩ ਦੀ ਗੱਲ ਹੈ। ਉਹਦੇ ਸੂਹੀਆਂ ਨੇ ਇਹ ਖ਼ਬਰ ਵੀ ਲਿਆ ਕੇ ਦਿਤੀ ਕਿ ਜ਼ਬਰਦਸਤ ਖ਼ਾਨ ਦੀ ਥਾਂ ਤੇ ਅਬਦੁੱਲ ਸੱਮਦ ਦਲੇਰ ਜੰਗ ਲਾਹੌਰ ਦਾ ਗਵਰਨਰ ਨਿਯਤ ਹੋਇਆ ਹੈ। ਸੱਯਦ ਅਬਦੁੱਲਾ ਨਵੇਂ ਸ਼ਹਿਨਸ਼ਾਹ ਨੇ ਵਜ਼ੀਰੇ ਆਜ਼ਮ ਥਾਪਿਆ ਹੈ ਤੇ ਸੱਯਦ ਹੁਸੈਨ ਅਲੀ, ਮਹਾਂ ਸੈਨਾਪਤੀ।

ਇਹ ਹੀ ਨਹੀਂ — ਸੱਯਦ ਅਬਦੁਲਾ ਤੇ ਹੁਸੈਨ ਦੋਹਾਂ ਨੇ ਮਿਲ ਕੇ ਅਬਦੁਲ ਸੱਮਦ ਨੂੰ ਬੰਦੇ ਨਾਲ ਲੜਾਈ ਜਾਰੀ ਰਖਣ ਦੀਆਂ ਖ਼ਾਸ ਹਦਾਇਤਾਂ ਦਿਤੀਆਂ ਹਨ। ਸ਼ਹਿਨਸ਼ਾਹ ਦਾ ਹੁਕਮ ਹੈ ਕਿ ਜੇ ਅਬਦੁਲ ਸੱਮਦ ਬੰਦੇ ਨੂੰ ਪਛਾੜਨ ਵਿਚ ਅਸਫਲ ਰਿਹਾ ਤਾਂ ਉਹਨੂੰ ਸੂਬੇਦਾਰੀ ਤੋਂ ਬਰਖ਼ਾਸਤ ਕਰ ਦਿਤਾ ਜਾਵੇਗਾ। ਵਜ਼ੀਰੇ ਆਜ਼ਮ ਤੇ ਮਹਾਂ ਸੈਨਾਪਤੀ ਇਹ ਨਹੀਂ ਸਨ ਚਾਹੁੰਦੇ, ਸੋ ਉਹਨਾਂ ਨੇ ਅਬਦੁਲ ਸਮੱਦ ਨੂੰ ਸਭ ਲੋੜੀਂਦੀ ਸਹਾਇਤਾ ਦੇਣ ਦਾ ਬਚਨ ਦਿਤਾ।

ਬੰਦਾ ਸਿੰਘ ਬਹਾਦਰ ਇਹ ਵੀ ਸੁਣ ਚੁਕਾ ਸੀ ਕਿ ਇਕ ਵਡੀ ਫ਼ੌਜ ਲੈ ਕੇ ਜਲਦੀ ਹੀ ਅਬਦੁਲ ਸਮੱਦ ਉਹਦੇ ਨਾਲ ਜੰਗ ਕਰਨ ਵਾਸਤੇ ਦਿੱਲੀ ਤੋਂ ਟੁਰ ਰਿਹਾ ਹੈ।

ਇਹ ਸਾਰੀਆਂ ਖ਼ਬਰਾਂ ਉਹਨੂੰ ਮਾਰਚ ਦੇ ਸ਼ੁਰੂ ਤਕ ਪਹੁੰਚ ਗਈਆਂ। ਸਮਾਂ ਐਨਾ ਨਾਜ਼ਕ ਸੀ ਕਿ ਅੰਮ੍ਰਿਤਸਰ ਵਿਸਾਖੀ ਵਾਸਤੇ ਜਾਣਾ ਖ਼ਤਰਨਾਕ ਸੀ। ਪਰ ਬੰਦਾ ਸਿੰਘ ਬਹਾਦਰ ਵਾਸਤੇ ਵਿਸਾਖੀ ਦੇ ਜੋੜ ਮੇਲੇ ਬਾਰੇ ਕੀਤੇ ਸਾਰੇ ਪ੍ਰਬੰਧ ਮਨਸੂਖ ਕਰਨਾ ਇਕ ਤੁਰਾਂ ਹਾਰ ਮੰਨਣ ਦੇ ਬਰਾਬਰ ਸੀ ਤੇ ਬੰਦਾ ਸਿੰਘ ਨੇ ਕਦੀ ਹਾਰ ਨਹੀਂ ਸੀ ਮਨੀ। ਉਹ ਅਜਿਹੇ ਹੌਸਲੇ ਤੇ ਠਰੰਮੇ ਨਾਲ ਅੰਮ੍ਰਿਤਸਰ ਆਇਆ ਤੇ ਉਸ ਸਿਖ ਪੰਥ ਨੂੰ ਉਨੀਂ ਜਿਹਾ ਜ਼ਾਤੀ ਉਦਾਹਰਣ ਦਿਤਾ ਕਿ ਇਕ ਇਕ ਮਨੁੱਖ ਦੇ ਦਿਲ ਵਿਚ ਸਿਖ ਧਰਮ ਤੇ ਬੰਦਾ ਬਹਾਦਰ ਵਾਸਤੇ ਉਤਸ਼ਾਹ ਜਾਗ ਪਿਆ।

ਉਹ ਵਿਸਾਖੀ ਦੇ ਜੋੜ ਮੇਲੇ ਪਿਛੋਂ ਸਿਧਾ ਲੋਹ ਗੜ੍ਹ ਆਇਆ ਤੇ ਅਬਦਲ ਸਮੱਦ ਨੂੰ ਬਣਦੀ ਫ਼ਬਦੀ ਜੋ-ਆਇਆਂ ਕਹਿਣ ਵਾਸਤੇ ਤਿਆਰੀਆਂ ਕਰਨ ਲੱਗਾ।

ਜੇ ਉਹ ਚਾਹੁੰਦਾ ਤਾਂ ਪਹਿਲਾਂ ਵਾਂਗ ਸਿਧਾ ਪਹਾੜਾਂ ਵਿਚ ਠਾਹਰ ਜਾ ਲੈਂਦਾ। ਉਹਨੂੰ ਪਤਾ ਸੀ ਕਿ ਅਬਦੁਲ ਸਮੱਦ ਕੋਲ ਉਹਦੇ ਨਾਲੋਂ ਦੱਸ ਜਾਂ ਵੀਹ ਗੁਣਾਂ ਵਧ ਫ਼ੌਜ ਹੋਵੇਗੀ। ਉਹ ਇਹ ਵੀ ਜਾਣਦਾ ਸੀ ਕਿ ਪਿਛਲੀ ਲੋਹ ਗੜ੍ਹ ਦੀ ਲੜਾਈ ਵਾਂਗ ਐਤਕੀਂ ਵੀ ਸ਼ਾਇਦ ਉਹਦੇ ਵਾਸਤੇ ਸ਼ਾਹੀ ਸੈਨਾ ਨੂੰ ਫ਼ੈਸਲਾ-ਕੁਨ ਹਾਰ ਦੇਣੀ ਮੁਮਕਿਨ ਨਾ ਹੋਵੇ। ਉਹਦੇ ਕੋਲ ਫ਼ੌਜ ਹੁਣ ਪਹਿਲੇ ਨਾਲੋਂ ਵੀ ਘਟ ਸੀ। ਠੀਕ, ਉਹ ਇਸ ਜੋੜ ਮੇਲੇ ਤੇ ਕੋਸ਼ਿਸ਼ ਕਰ ਕੇ ਹਜ਼ਾਰਾਂ ਆਦਮੀ ਆਪਣੇ ਨਾਲ ਲੋਹ ਗੜ੍ਹ ਲੈ ਜਾ ਸਕਦਾ ਸੀ, ਪਰ ਨਿਹੱਥੇ ਹਜ਼ਾਰਾਂ ਦਾ ਕੀ ਫ਼ਾਇਦਾ ? ਉਹਦੇ ਕੋਲ ਇਹਨਾਂ ਹਜ਼ਾਰਾਂ ਨੂੰ ਹਥਿਆਰ-ਬੰਦ ਕਰਨ ਵਾਸਤੇ ਹਥਿਆਰ ਨਹੀਂ ਸਨ, ਗੋਲਾ ਬਾਰੂਦ ਨਹੀਂ ਸੀ। ਸੋ ਉਸ ਆਪਣੀ ਰਾਖਵੀਂ ਫ਼ੌਜ ਨਾਲ ਹੀ ਲੜਾਈ ਕਰਨ ਦੀ ਠਾਨੀ।

ਅਸਲ ਵਿਚ ਜਹਾਂਦਾਰ ਖ਼ਾਨ ਦਾ ਕਤਲ ਤੇ ਫ਼ਰਖ਼-ਸੀਅਰ ਦੀ ਤਾਜਪੋਸ਼ੀ ਬੰਦਾ ਬਹਾਦਰ ਵਾਸਤੇ ਤੇ ਹਰ ਇਕ ਵਾਸਤੇ ਇਕ ਹੈਰਾਨੀ ਜਨਕ ਘਟਨਾ ਸੀ। ਇਹਦੇ ਵਿਚ ਸ਼ਕ ਨਹੀਂ ਕਿ ਜਹਾਂਦਾਰ ਕਮਜ਼ੋਰ ਦਿਲ ਤੇ ਬੁਜ਼ਦਿਲ ਆਦਮੀ ਸੀ ਪਰ ਉਹਦਾ ਵਜ਼ੀਰੇ ਆਜ਼ਮ ਤਕੜਾ ਸੀ ਤੇ ਉਹਦੀ ਮੁਗ਼ਲ ਦਰਬਾਰ ਵਿਚ ਕਾਫ਼ੀ ਮੰਨੀ ਜਾਂਦੀ ਸੀ।

ਜੇ ਜਹਾਂਦਾਰ ਖ਼ਾਨ ਤਖ਼ਤ ਉੱਤੇ ਦੋ ਚਾਰ ਸਾਲ ਹੋਰ ਸਜਿਆ ਰਹਿੰਦਾ ਤਾਂ ਸੰਭਵ ਸੀ ਕਿ ਬੰਦਾ ਬਹਾਦਰ ਫਿਰ

Scanned by CamScanner

ਆਪਣੀ ਤਾਕਤ ਇਕੱਠੀ ਕਰ ਕੇ ਮੁਗਲ ਰਾਜ ਦੀ ਹੇਠਲੀ ਉੱਤੇ ਕਰਨ ਵਾਸਤੇ ਦਿੱਲੀ ਦੀ ਜਿਤ ਲਈ ਜਾਂ ਇਹੋ ਜਿਹੀ ਕਿਸੇ ਹੋਰ ਮੁਹਿੰਮ ਲਈ ਕਦਮ ਚੁਕਦਾ। ਏਸੇ ਲਈ ਉਹ ਦੋਬਾਰਾ ਲੋਹ ਗੜ੍ਹ ਉੱਤੇ ਕਬਜ਼ਾ ਕਰਨ ਪਿਛੋਂ ਹੌਲੀ ਹੌਲੀ ਆਪਣੀਆਂ ਫ਼ੌਜਾਂ ਨੂੰ ਆਮ ਹਥਿਆਰਾਂ ਦੇ ਤੋਪਾਂ ਵਲੋਂ ਮਜ਼ਬੂਤ ਕਰਦਾ ਆ ਰਿਹਾ ਸੀ। ਪਰ ਜਹਾਂਦਾਰ ਖ਼ਾਨ ਦੇ ਕਤਲ ਨੇ ਇਹ ਮਨਸੂਬੇ ਕਿਸੇ ਹੱਦ ਤਕ ਖ਼ਤਮ ਕਰ ਦਿਤੇ।

ਓਧਰੋਂ ਬੰਦਾ ਸਿੰਘ ਬਹਾਦਰ ਅੰਮ੍ਰਿਤਸਰੋਂ ਲੋਹ ਗੜ੍ਹ ਵਲ ਟੁਰਿਆ ਤੇ ਓਧਰੋਂ ਅਬਦੁਲ ਸਮੱਦ ਖ਼ਾਨ ਨੇ ਦਿੱਲੀ ਤੋਂ ਲੋਹ ਗੜ੍ਹ ਵਾਸਤੇ ਚਾਲੇ ਪਾਏ।

ਪਰ ਪੂਰੇ ਛੇ ਮਹੀਨੇ ਬੰਦਾ ਸਿੰਘ ਨੇ ਲੋਹ ਗੜ੍ਹ ਮੱਲੀ ਰਖਿਆ ਤੇ ਅਬਦੁਲ ਸਮੱਦ ਨੂੰ ਚੈਨ ਨਾ ਲੈਣ ਦਿਤਾ। ਅਕਤੂਬਰ ੧੭੧੩ ਵਿਚ ਜਦੋਂ ਬੰਦਾ ਸਿੰਘ ਲੋਹ ਗੜ੍ਹ ਨੂੰ ਖਾਲੀ ਕਰ ਕੇ ਨਿਕਲਿਆ ਤਾਂ ਸਿਰਫ ਇਸ ਲਈ ਕਿ ਅਬਦੁਲ ਸਮੱਦ ਨੂੰ ਪੰਜ ਸਤ ਹਜ਼ਾਰ ਤਾਜ਼ਾ ਦੰਮ ਆਦਮੀਆਂ ਦੀ ਕੁਮਕ ਪਹੁੰਚ ਗਈ ਸੀ।

ਲੋਹ ਗੜ੍ਹ ਤੋਂ ਹੁੰਦਾ ਅਬਦੁਲ ਸਮੱਦ ਲਾਹੌਰ ਪਹੁੰਚਿਆ ਤੇ ਉਸ ਆਪਣੀ ਸੂਬੇਦਾਰੀ ਸੰਭਾਲੀ। ਉਹਦੇ ਲਾਹੌਰ ਪਹੁੰਚਣ ਤੋਂ ਕੁਝ ਦਿਨ ਪਿਛੋਂ ਸਾਰੇ ਪੰਜਾਬ ਵਿਚ ਸਿਖਾਂ ਨੂੰ ਫੜਨ ਤੇ ਮਾਰਨ ਦਾ ਫਿਰ ਦੌਰ-ਦੌਰਾ ਸ਼ੁਰੂ ਹੋਇਆ। ਅਬਦੁਲ ਸਮੱਦ ਦਾ ਪੁਤਰ ਜ਼ਕਰੀਆ ਖ਼ਾਨ, ਸਿਢੌਰਾ ਤੇ ਲੋਹ ਗੜ੍ਹ ਵਿਚ ਮਾਰੇ ਗਏ ਸਿਖਾਂ ਦੇ ਸਿਰ ਲੈ ਕੇ ਇਕ ਵਾਰ ਪਹਿਲੇ ਦਿੱਲੀ ਜਾ ਚੁਕਾ ਸੀ ਤੇ ਆਪਣੇ ਤੇ ਆਪਣੇ ਪਿਤਾ ਵਾਸਤੇ ਇਨਾਮ ਪਾ ਚੁਕਾ ਸੀ। ਹੁਣ ਦਰ ਅੱਸਲ ਜ਼ਕਰੀਆ ਖ਼ਾਨ ਦੀ ਜਿਵੇਂ ਨੌਕਰੀ ਹੀ ਇਹੋ ਹੋ ਗਈ। ਹਰ ਆਏ ਦਿਨ ਉਹ ਕੇਸਾਂ ਤੇ ਦਾੜ੍ਹੀ ਵਾਲੇ ਸਿਰ ਫ਼ਰਖ਼ਸੀਅਰ ਦੇ ਦਰਬਾਰ ਵਿਚ ਪੇਸ਼ ਕਰਦਾ ਤੇ ਇਨਾਮ ਖਟਦਾ।

ਇਹ ਠੀਕ ਸੀ ਕਿ ਇਸ ਤਰ੍ਹਾਂ ਕਰਨ ਨਾਲ ਨਾ ਹੀ ਸਿਖ ਖ਼ਤਮ ਹੋਏ ਤੇ ਨਾ ਹੀ ਮੁਗਲ ਸ਼ਹਿਨਸ਼ਾਹ ਨੂੰ ਕੁਝ ਲਾਭ ਹੋਇਆ ਪਰ ਫਿਰ ਵੀ ਬਾਦਸ਼ਾਹ ਦਾ ਦਿਲ ਲਗਿਆ ਰਿਹਾ। ਉਹਨੂੰ ਘਟੋ ਘਟ ਕੁਝ ਤੇ ਤਸੱਲੀ ਹੁੰਦੀ। ਓਧਰ ਅਬਦੁਲ ਸਮੱਦ ਦੀ ਗਵਰਨਰੀ ਬਣੀ ਰਹੀ ਜਿਸ ਵਿਚ ਮੁਖ ਮੰਤਰੀ ਤੇ ਸੈਨਾਪਤੀ ਦੋਵੇਂ ਦਿਲਚਸਪੀ ਲੈਂਦੇ ਸਨ। ਹਾਂ, ਇਹਨਾਂ ਦਿਨਾਂ ਵਿਚ ਸਿੰਘਾਂ ਨੂੰ ਆਪਣੀ ਜਾਨ ਬਚਾਣ ਵਾਸਤੇ ਫਿਰ ਜੰਗਲਾਂ ਤੇ ਛੰਭਾਂ ਦੀ ਓਟ ਲੈਣੀ ਪਈ ਸ਼ਾਹਬਾਜ਼ ਵੀ ਮਾਹਿਲ ਛਡ ਕੇ ਫਿਰ ਕਾਨ੍ਹੂ ਛੰਭ ਵਿਚ ਜਾ ਟਿਕਿਆ ਤੇ ਐਤਕਾਂ ਗੁਰਦਾਸ ਸਿੰਘ ਵੀ ਉਹਦੇ ਨਾਲ ਸੀ।

ਇਹਨਾਂ ਦਿਨਾਂ ਵਿੱਚ ਹੀ ਫਰਖ਼ਸੀਅਰ ਦੇ ਹੁਕਮ ਅਨੁਸਾਰ ਅਬਦੁਲ ਸਮੱਦ ਨੂੰ ਰਾਜਪੂਤਾਨੇ ਦੀ ਇਕ ਮੁਹਿੰਮ ਵਾਸਤੇ ਹੁਕਮ ਮਿਲਿਆ ਤੇ ਉਹ ਲਗ ਪਗ ਚਾਰ ਕੁ ਮਹੀਨੇ ਓਧਰ ਹੀ ਰਿਹਾ। ਰਾਜਪੂਤਾਨੇ ਵਿਚ ਆਪਣੇ ਕੰਮ ਦੀ ਸਮਾਪਤੀ ਪਿਛੋਂ ਉਹ ਦਿੱਲੀ ਗਿਆ ਤੇ ਅੰਤ ਜੂਨ ੧੭੧੪ ਦੇ ਮਹੀਨੇ ਉਹ ਦੋਬਾਰਾ ਲਾਹੌਰ ਆਇਆ।

ਜੂਨ ੧੭੧੪ ਤੋਂ ਲੈ ਕੇ ਅਖ਼ੀਰ ੧੭੧੫ ਤਕ ਸਿਖਾਂ ਉੱਤੇ ਜ਼ੁਲਮ ਦਾ ਇਕ ਨਵਾਂ ਕੜ ਟੁੱਟਾ। ਅਬਦੁਲ ਸਮੱਦ ਦੇ ਰਾਜਪੂਤਾਨੇ ਜਾਣ ਪਿਛੋਂ ਸਿਖ ਫਿਰ ਜੂਹਾਂ ਤੇ ਜੰਗਲਾਂ ਵਿਚੋਂ ਨਿਕਲ ਆਏ ਸਨ ਪਰ ਉਹਦੇ ਲਾਹੌਰ ਮੁੜਨ ਨਾਲ ਸਾਰੀ ਜ਼ੁਲਮ-ਲਹਿਰ ਮੁੜ ਕੇ ਸ਼ੁਰੂ ਹੋਈ ਤੇ ਜਿਨ੍ਹਾਂ ਨੂੰ ਆਪਣੇ ਕੇਸ ਪਿਆਰੇ ਸਨ ਉਹ ਸਾਰੇ ਗਿਰਾਵਾਂ ਤੇ ਪਿੰਡਾਂ ਨੂੰ ਛਡ ਗਏ।

ਜੋ ਜੋ ਔਕੜਾਂ ਖ਼ਾਲਸੇ ਨੇ ਜੂਨ ੧੭੧੪ ਤੋਂ ਪਿਛੋਂ ਸਹੀਆਂ ਉਹੋ ਜਿਹੀਆਂ ਔਕੜਾਂ ਦਾ ਸਾਹਮਣਾ ਅਜੇ ਤਕ ਕਦੀ ਨਹੀਂ ਹੋਇਆ। ਇਹ ਸਮਾਂ ਸਿਖਾਂ ਵਾਸਤੇ ਸਭ ਤੋਂ ਕਠਨ ਸਮਾਂ ਸੀ। ਜੇ ਇਹਨਾਂ ਦਿਨਾਂ ਵਿਚ ਸਿਖ ਕੌਮ ਡੋਲ ਜਾਂਦੀ ਤਾਂ ਇਹਦਾ ਕੋਈ ਭਵਿਸ਼ ਨਹੀਂ ਸੀ ਹੋਣਾ। ਜੇ ਜ਼ੁਲਮ ਤੇ ਕਠਨਾਈਆਂ ਖ਼ਾਲਸੇ ਦੀ ਸਪਿਰਟ ਨੂੰ ਇਹਨਾਂ ਦਿਨਾਂ ਵਿਚ ਕੁਚਲ ਦੇਂਦੀਆਂ ਤਾਂ ਖ਼ਾਲਸਾ ਰਾਜ ਦੀ ਸਥਾਪਤੀ ਦੀ ਕਦਾਚਿਤ ਆਸ ਨਹੀਂ ਸੀ ਕੀਤੀ ਜਾ ਸਕਦੀ।

ਪਰ ਇਹਨਾਂ ਕਠਨ ਦਿਨਾਂ ਵਿਚ ਖ਼ਾਲਸਾ ਨਾ ਡੋਲਿਆ। ਖ਼ਾਲਸੇ ਦੀ ਰੂਹ, ਉਹਦੀ ਸਪਿਰਟ ਅਜਿੱਤ ਰਹੀ। ਖ਼ਾਲਸਾ ਲਿਫ ਗਿਆ ਪਰ ਉਹਨੇ ਆਪਣੀ ਆਨ ਤੇ ਆਪਣਾ ਸਿਦਕ ਟੁੱਟਣ ਨਾ ਦਿਤਾ। ਹਰ ਇਕ ਸ਼ਹੀਦੀ ਦੋ ਨਵੇਂ ਸ਼ਹੀਦ ਪੈਦਾ ਕਰਦੀ ਰਹੀ। ਇਕ ਕੇਸਾਂ ਵਾਲੇ ਦੀ ਮੌਤ ਨੇ ਦੋ ਦੋ ਹੋਰ ਸਹਿਜਧਾਰੀਆਂ ਨੂੰ ਕੇਸਾਧਾਰੀ ਬਣਨ ਦਾ ਉਤਸ਼ਾਹ ਦਿਤਾ। ਇਹ ਸੌਲਾਂ ਸਤਾਰਾਂ ਮਹੀਨੇ ਖ਼ਾਲਸੇ ਵਾਸਤੇ ਇਕ ਸਦੀ ਦੇ ਬਰਾਬਰ ਸਨ।

Scanned by CamScanner

੩੦

ਭਾਦੋਂ ਦਾ ਮਹੀਨਾ ਸੀ ਤੇ ਝੜੀਆਂ ਦੇ ਦਿਨ। ਅਬਦੁਲ ਸਮੱਦ ਦੇ ਹੁਕਮ ਨਾਲ ਸਰਮੌਰ ਦੇ ਹਾਕਮ ਅਖ਼ਤਰ ਖ਼ਾਨ ਨੇ ਸੰਭ ਵਾਲਾਂ ਤੇ ਦਾੜ੍ਹੀਆਂ ਵਾਲੇ ਆਦਮੀਆਂ ਨੂੰ ਫੜ ਕੇ ਜਾਂ ਉਹਨਾਂ ਦੇ ਸਿਰ ਕੱਟ ਕੇ ਲਿਆਣ ਵਾਸਤੇ ਸਿਪਾਹੀ ਘਲ ਦਿਤੇ। ਜਿਸ ਦਿਨ ਇਹ ਹੁਕਮ ਸਾਦਰ ਹੋਇਆ ਤੇ ਜਿਸ ਦਿਨ ਇਹ ਸਿਪਾਹੀ ਹੁਕਮ ਦੀ ਪਾਲਣਾ ਲਈ ਟੁਰੇ ਉਸੇ ਦਿਨ ਹੀ ਖ਼ਾਲਸਾ ਰਾਜ ਦੇ ਹਿਤੂ ਇਹ ਖਬਰ ਲੈ ਕੇ ਪਿੰਡ ਪਿੰਡ ਜਾ ਪੁਜੇ। ਇਹ ਸੂਹੀਏ ਹਿੰਦੂ ਜਾਂ ਸਹਿਜਧਾਰੀ ਸਿੰਘ ਸਨ।

ਮਾਹਿਲ ਵੀ ਇਕ ਸੂਹੀਆ ਪੁਜਾ। ਉਸ ਇਹ ਖਬਰ ਦਿਤੀ, ਪਰ ਨਾਲ ਇਹ ਵੀ ਦੱਸਿਆ ਕਿ ਮਾਹਿਲ ਤੇ ਹੋਰਨਾਂ ਦੱਖਣੀ ਪੱਛਮੀ ਪਿੰਡਾਂ ਨੂੰ ਅਜੇ ਛੇ ਸਤ ਦਿਨੇ ਹੋਰ ਕੋਈ ਖ਼ਤਰਾ ਨਹੀਂ। ਅਖ਼ਤਰ ਖ਼ਾਨ ਦੇ ਸਾਰੇ ਆਦਮੀ ਪਹਿਲੇ ਉਤਰੀ ਪੂਰਬੀ ਪਾਸੇ ਵਲ ਦੇ ਪਿੰਡਾਂ ਨੂੰ ਫਾਣਨ ਗਏ ਹਨ।

ਇਸ ਖਬਰ ਦੇ ਪੁਜਦਿਆਂ ਸਾਰ ਸ਼ੋਭੀ ਨੇ ਆਖਿਆ; "ਹੁਣ ਤੁਸੀਂ ਫਿਰ ਚਲੇ ਜਾਉਗੇ, ਸ਼ਾਹਬਾਜ਼ ?"

"ਇਸ ਤੋਂ ਸਿਵਾਏ ਹੋਰ ਕੀ ਚਾਰਾ ਹੈ ਸ਼ੋਭੀ ? ਜਦ ਤਕ ਇਹ ਰਾਜ ਖ਼ਤਮ ਨਹੀਂ ਹੁੰਦਾ ਅਸੀਂ ਆਪਣੀ ਜ਼ਿੰਦਗੀ ਨਾਲ ਏਸੇ ਤਰ੍ਹਾਂ ਲੁਕਣ-ਮੀਟੀ ਖੇਡਦੇ ਰਹਾਂਗੇ।"

ਸ਼ੋਭੀ ਨੇ ਇਕ ਕਸੀਸ ਵੱਟੀ; "ਤੁਸੀਂ ਤਾਂ ਸ਼ਾਹਬਾਜ਼ ਜ਼ਿੰਦਗੀ ਨਾਲ ਲੁਕਣ-ਮੀਟੀ ਖੇਡਦੇ ਹੋ ਪਰ ਮੈਨੂੰ ਤਾਂ ਇੰਜ ਲਗਦਾ ਹੈ ਕਿ ਮੈਂ ਆਪਣੀ ਮੌਤ ਨਾਲ ਲੁਕਣ-ਮੀਟੀ ਖੇਡ ਰਹੀ ਹਾਂ। ਸੱਚ ! ਸ਼ਾਹਬਾਜ਼ ਜੇ ਤੁਹਾਨੂੰ ਕੁਝ ਹੋ ਗਿਆ ਤਾਂ ਮੈਂ ਜੀਉਂਦੀ ਨਾ ਰਹਾਂਗੀ।"

"ਇੰਜ ਵੀ ਕਹੀਦਾ ਹੈ ਝੱਲੀਏ ! ਜੇ ਮੇਰੇ ਵਾਸਤੇ ਨਹੀਂ ਤਾਂ ਤੈਨੂੰ ਨਵੇਂ ਆ ਰਹੇ ਕਾਲੂ ਵਾਸਤੇ ਜੀਣਾ ਪਵੇਗਾ।"

"ਤੁਹਾਨੂੰ ਸੌਂਹ ਨੀਲੇ ਘੋੜੇ ਵਾਲੇ ਦੀ ਸ਼ਾਹਬਾਜ਼। ਤੁਸੀਂ ਕਿਉਂ ਮੈਨੂੰ ਇਹੋ ਜਿਹੀਆਂ ਗੱਲਾਂ ਕਹਿ ਕਹਿ ਕੇ ਤੰਦੇ ਰਹਿੰਦੇ ਹੋ," ਤੇ ਫਿਰ ਉਸ ਲਾਡ ਨਾਲ ਕਿਹਾ : "ਹੁਣ ਮੈਨੂੰ ਕਾਲੂ ਦੀ ਵੀ ਕੋਈ ਪ੍ਰਵਾਹ ਨਹੀਂ।"

"ਵਾਹ ਜੀ ਵਾਹ !" ਸ਼ਾਹਬਾਜ਼ ਮੁਸਕਰਾਇਆ ਤੇ ਫਿਰ ਇਕ ਦੰਮ ਸੰਜੀਦਾ ਹੋ ਕੇ ਉਸ ਆਖਿਆ, "ਨਹੀਂ ਸ਼ੋਭੀ ਨਹੀਂ। ਜੇ ਕਦੀ ਮੈਂ ਨਾ ਰਿਹਾ ਤਾਂ ਨਵਾਂ ਜਨਮਿਆ ਕਾਲੂ ਮੇਰੀ ਨਿਸ਼ਾਨੀ ਹੋਵੇਗਾ। ਤੂੰ ਉਹਨੂੰ ਮੇਰੇ ਵਾਂਗ ਤੇ ਪਹਿਲੇ ਕਾਲੂ ਵਾਂਗ ਹੀ ਪਿਆਰ ਕਰਨਾ ਹੋਵੇਗਾ ! ਜੇ ਰੱਬ ਨੇ ਸਾਨੂੰ ਪਹਿਲੇ ਕਾਲੂ ਦਾ ਸਾਥ ਨਹੀਂ ਬਖਸ਼ਿਆ ਤਾਂ ਕੋਈ ਨਹੀਂ। ਮੇਰਾ ਦੂਜਾ ਸ਼ੀਹ ਪੁਤਰ ਮੇਰੀ ਪੈੜ ਫੜਦਾ ਸਿਖ ਰਾਜ ਦਾ ਥੰਮ ਬਣੇਗਾ।"

"ਤੁਹਾਨੂੰ ਸੌਂਹ, ਮੈਨੂੰ ਇੰਜ ਕਹਿ ਕੇ ਨਾ ਡਰਾਓ। ਮੈਂ ਤੁਹਾਡੇ ਜਾਣ ਤੋਂ ਪਹਿਲੇ ਪਹਿਲੇ ਹੀ ਤੁਹਾਡੇ ਨਵੇਂ ਆ ਰਹੇ ਕਾਲੂ ਸਣੇ ਪ੍ਰਾਣ ਤਿਆਗ ਦੇਵਾਂਗੀ। ਤੁਸੀਂ ਮੈਨੂੰ ਆਪਣੀ ਆਦੀ ਤੇ ਉਤਰਿਆ ਨਹੀਂ ਵੇਖਿਆ।"

ਸ਼ੋਭੀ ਦੇ ਸਬਰ ਦੀ ਇੰਤਹਾ ਹੋ ਚੁੱਕੀ ਸੀ। ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ। ਉਹ ਸ਼ਾਹਬਾਜ਼ ਨੂੰ ਕਿਵੇਂ ਰੋਕੇ, ਕੀ ਆਖੇ। ਸ਼ਾਹਬਾਜ਼ ਨੂੰ ਘਰ ਦੇ ਸੁਖ ਦੀ ਪ੍ਰਵਾਹ ਨਹੀਂ। ਉਹਨੂੰ ਆਪਣੇ ਟੱਬਰ ਦੀ ਖਿਚ ਨਹੀਂ ਟੁੰਭਦੀ। ਉਹ ਸਗੋਂ ਦੁਖਾਂ ਤੇ ਤਕਲੀਫਾਂ ਵਿਚ ਵਧੇਰੇ ਖ਼ੁਸ਼ ਰਹਿੰਦਾ ਹੈ। ਉਹਨੂੰ ਸ਼ੋਭੀ ਨਾਲ ਪਿਆਰ ਜ਼ਰੂਰ ਹੈ ਪਰ ਫ਼ਰਜ਼ ਦੀ ਪਾਲਣਾ ਵਾਸਤੇ ਉਹ ਉਹਨੂੰ ਵੀ ਛਡ ਸਕਦਾ ਹੈ। ਅਗੇ ਇਕ ਪੁਤਰ ਉਸ ਗਵਾਇਆ ਪਰ ਹੁਣ ਦੂਜੇ ਦੀ ਖਿਚ ਵੀ ਨਹੀਂ ਸੂ ਖਿਚਦੀ।

ਭ ਵੇਂ ਸ਼ੋਭੀ ਦਿਲੋਂ ਚਾਹੁੰਦੀ ਕਿ ਔਤਕੀਂ ਸ਼ਾਹਬਾਜ਼ ਬੱਚੇ ਦੇ ਜੰਮਣ ਵੇਲੇ ਉਹਦੇ ਕੋਲ ਹੋਵੇ, ਪਰ ਇਹ ਵੀ ਸਮਝਦੀ ਕਿ ਅਜੋਕੇ ਹਾਲਾਤਾਂ ਵਿਚ ਇਹ ਮੁਮਕਿਨ ਨਹੀਂ। ਸ਼ਾਹਬਾਜ਼ ਵਾਸਤੇ ਹੁਣ ਆਪਣੇ ਘਰ ਵਿਚ ਲੁਕਿਆ ਰਹਿਣਾ ਔਖ

Scanned by CamScanner

ਨਹੀਂ ਸੀ। ਐਤਕੀ ਬਿਨਾਂ ਸ਼ਕ ਉਹਨਾਂ ਦੇ ਘਰ ਦੀ ਤਲਾਸ਼ੀ ਲਈ ਜਾਣੀ ਸੀ। ਨਾ ਹੀ ਉਹਦਾ ਮਾਹਿਲ ਪਿੰਡ ਦੇ ਕਿਸੇ ਹੋਰ ਘਰ ਅੰਦਰ ਲੁਕਣਾ ਯੋਗ ਸੀ। ਕੀ ਪਤਾ ਕੋਈ ਕਿਸ ਵੇਲੇ ਬਕ ਪਏ। ਤੇ ਜੇ ਸ਼ਾਹਬਾਜ਼ ਨੇ ਕਿਸੇ ਹੋਰ ਪਿੰਡ ਜਾ ਕੇ ਸਿਰ ਛੁਪਾਣਾ ਹੋਵੇ ਤਾਂ ਉਹਦੇ ਵਿਚ ਤੇ ਕਾਨ੍ਹਾ ਛੰਭ ਜਾ ਕੇ ਰਹਿਣ ਅੰਦਰ ਕੀ ਫ਼ਰਕ ? ਇਹਨਾਂ ਦੋਹਾਂ ਥਾਵਾਂ ਤੋਂ ਉਹ ਸੌਖੀ ਤਰ੍ਹਾਂ ਉਹਨੂੰ ਮਿਲਣ ਨਹੀਂ ਸੀ ਆ ਸਕਦਾ।

ਸ਼ਾਹਬਾਜ਼ ਸਿਰਫ਼ ਇਕੋ ਸ਼ਰਤ ਉਤੇ ਮਾਹਿਲ ਰਹਿ ਸਕਦਾ ਸੀ। ਜੇ ਉਹ ਵਾਲ ਕਟਾ ਦਏ ਤੇ ਹਿੰਦੂ ਬਣ ਜਾਏ। ਤੇ ਇਸ ਵਾਸਤੇ ਸ਼ੁੱਭੀ ਸ਼ਾਹਬਾਜ਼ ਨੂੰ ਕੁਝ ਵੀ ਆਖਣ ਤੋਂ ਝਕਦੀ।

ਸ਼ੁੱਭੀ ਆਪ ਅਜੇ ਤਕ ਇਸ ਤਰ੍ਹਾਂ ਮਹਿਸੂਸ ਕਰਦੀ ਸੀ ਕਿ ਉਹਨੇ ਕਲ ਹੀ ਅੰਮ੍ਰਿਤ ਛਕਿਆ ਹੈ। ਉਹਦੇ ਵਾਸਤੇ ਵੀ ਅਜੇ ਪਾਹੁਲ ਦਾ ਸਰੂਰ ਨਹੀਂ ਸੀ ਉਤਰਿਆ। ਉਹਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ ਹੁਲਾਰੇ ਲੈਂਦਾ ਤੇ ਸਭ ਸ਼ੰਕੇ ਤੇ ਦੁਖਾਂ ਦੇ ਸੰਕਲਪ ਨਵਿਰਤ ਕਰਦਾ ਲਗਦਾ। ਸ਼ੁੱਭੀ, ਬੰਦਾ ਸਿੰਘ ਬਹਾਦਰ ਨੂੰ ਵੀ ਪਿਆਰ ਕਰਦੀ। ਉਹਨੂੰ ਮਹਿਸੂਸ ਹੁੰਦਾ ਕਿ ਬਸ ਬੰਦਾ ਸਿੰਘ ਦੇ ਸਿਰ ਉੱਤੇ ਹੀ ਕੌਮ ਦੀ ਸਲਾਮਤੀ ਦਾ ਦਾਈਆ ਹੈ। ਜੇ ਬੰਦਾ ਸਿੰਘ ਹਾਰ ਗਿਆ ਤਾਂ ਖ਼ਾਲਸਾ ਕੌਮ ਹਾਰ ਗਈ। ਪਰ ਬੰਦਾ ਸਿੰਘ ਕਿਵੇਂ ਕਾਇਮ ਰਵ੍ਹੇ ਜੇ ਸ਼ਾਹਬਾਜ਼ ਵਰਗੇ ਆਦਮੀ ਉਹਦਾ ਸਾਥ ਛਡ ਦੇਣ ? "ਕਾਸ਼ !" ਉਹ ਸੋਚਦੀ, "ਜੇ ਸ਼ਾਹਬਾਜ਼ ਤੋਂ ਬਗ਼ੈਰ ਕਦੀ ਕਿਸੇ ਤਰ੍ਹਾਂ ਇਹ ਜਦੋਂ ਜਹਿਦ ਜਾਰੀ ਰਹਿ ਸਕਦੀ !"

ਸ਼ਾਹਬਾਜ਼ ਵੀ ਸ਼ੁੱਭੀ ਦੇ ਮਨ ਦੀ ਇਹ ਉਧੇੜ-ਬੁਣ ਸਮਝਦਾ। ਉਹ ਜਾਣਦਾ ਸੀ ਕਿ ਸਿਰਫ ਗੁਰੂ ਪਿਆਰ ਦੇ ਸਦਕੇ ਹੀ ਸ਼ੁੱਭੀ ਉਹਨੂੰ ਵਾਲ ਕਟਾ ਦੇਣ ਦੇ ਵਾਸਤੇ ਨਹੀਂ ਸੀ ਪਾਂਦੀ ਤੇ ਸ਼ਾਹਬਾਜ਼ ਨੂੰ ਇਸ ਗਲ ਦਾ ਮਾਣ ਸੀ। ਉਹ ਅਠੇਕ ਵਾਰ ਕਿਹਾ ਕਰਦਾ, "ਸ਼ੁੱਭੀ ! ਮੈਂ ਤੇਰੇ ਸਹਾਰੇ ਹੀ ਜੰਗਲਾਂ ਵਿਚ ਰਹਿੰਦਿਆਂ ਤੇ ਲੜਾਈਆਂ ਕਰਦਿਆਂ ਖ਼ੁਸ਼ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਤੂੰ ਮੇਰੇ ਨਾਲੋਂ ਵੀ ਪੱਕੀ ਸਿਖ ਹੈਂ। ਜੇ ਤੇਰੇ ਵਿਚ ਅੰਮ੍ਰਿਤ ਦੀ ਅਮਰ ਰੂਹ ਨਾ ਰਵ ਰਹੀ ਹੁੰਦੀ ਤਾਂ ਮੈਂ ਸ਼ਾਇਦ ਕਦੀ ਵੀ ਘਰ ਛਡ ਕੇ ਨਾ ਜਾ ਸਕਦਾ।"

ਪਰ ਹੁਣ ਤਾਂ ਜਾਪਦਾ ਸੀ ਕਿ ਵਾਲ ਕਟਾ ਕੇ ਵੀ ਸ਼ਾਹਬਾਜ਼ ਵਾਸਤੇ ਮਾਹਿਲ ਰਹਿਣਾ ਅਨਹੋਣਾ ਹੈ। ਹੁਣ ਸ਼ਾਹਬਾਜ਼ ਦੇ ਸਿਰ ਦਾ ਮੁਲ ਪੈ ਚੁਕਾ ਸੀ। ਹੁਣ ਉਹਦੇ ਬਾਰੇ ਹਰ ਕੋਈ ਜਾਣ ਚੁਕਾ ਸੀ। ਹੁਣ ਤਾਂ ਉਹ ਸਿਰਫ਼ ਧਰਮ ਤਿਆਗ ਕੇ ਤੇ ਮੁਸਲਮਾਨ ਬਣ ਕੇ ਹੀ ਮੌਤ ਤੋਂ ਛੁਟਕਾਰਾ ਪਾ ਸਕਦਾ ਸੀ। ਤੇ ਇਹੋ ਜਿਹੇ ਰਾਹ ਦਾ ਸ਼ਾਹਬਾਜ਼ ਜਾਂ ਸ਼ੁੱਭੀ ਤੇ ਏਥੋਂ ਤਕ ਕਿ ਜਾਂਬਾਜ਼ ਵਾਸਤੇ ਵੀ ਖਿਆਲ ਕਰਨਾ ਮੁਸ਼ਕਲ ਸੀ।

ਪਰ ਜੇ ਉਹਨੂੰ ਕਿਸੇ ਚੀਜ਼ ਦੀ ਖਿਚ ਸੀ ਤਾਂ ਉਹ ਆ ਰਹੇ ਬੱਚੇ ਦੀ। ਉਹਦਾ ਜੀ ਕਰਦਾ ਕਿ ਐਤਕੀਂ ਉਹ ਬੱਚੇ ਦੇ ਜਨਮ ਵੇਲੇ ਸ਼ੁੱਭੀ ਦੇ ਕੋਲ ਹੋਵੇ। ਘਟੋ ਘਟ ਉਹ ਆਪਣੇ ਬੱਚੇ ਦਾ ਮੂੰਹ ਤਾਂ ਵੇਖ ਸਕੇ।

ਸ਼ੁੱਭੀ ਨੂੰ ਵੀ ਬਹੁਤੀ ਏਸੇ ਦੀ ਚਿੰਤਾ ਸੀ। ਉਹਦਾ ਜੀ ਕਰਦਾ ਕਿ ਕਾਸ਼ ਇਸ ਬਚੇ ਦੇ ਜਨਮ ਵੇਲੇ ਉਹਦਾ ਸ਼ਾਹਬਾਜ਼ ਉਹਦੀ ਸਰੁੰਦੀ ਹੋਵੇ। ਉਸ ਕਿਹਾ ਵੀ, "ਮੈਂ ਤੁਹਾਨੂੰ ਜਾਣ ਤੋਂ ਨਹੀਂ ਰੋਕਦੀ। ਪਰ ਮੇਰਾ ਜੀ ਕਰਦਾ ਹੈ ਕਿ ਬੱਚੇ ਦੇ ਜਨਮ ਵੇਲੇ ਤੁਸੀਂ ਮੈਥੋਂ ਦੂਰ ਨਾ ਹੋਵੋ। ਪਤਾ ਨਹੀਂ ਕਿਉਂ, ਤੁਹਾਡੇ ਬਗ਼ੈਰ ਮੇਰਾ ਹੌਂਸਲਾ ਟੁਟ ਟੁਟ ਜਾਂਦਾ ਹੈ। ਕਿਤੇ ਇਸ ਬੱਚੇ ਨੂੰ ਵੀ ਵੇਖੇ ਬਗ਼ੈਰ ਹੀ ਕੋਈ ਭਾਣਾ ਨਾ ਵਰਤ ਜਾਏ।"

ਪਰ ਸ਼ਾਹਬਾਜ਼ ਨੇ ਆਪਣੀ ਸ਼ੁੱਭੀ ਦਾ ਯਕੀਨ ਬੰਨ੍ਹਾਇਆ, "ਤੈਨੂੰ ਸੋਹਾਂ ਜੇ ਤੂੰ ਇਹੋ ਜਿਹੀ ਗਲ ਆਪਣੇ ਮੂੰਹ ਵਿਚੋਂ ਕਢੀ।" ਉਹ ਮੁਸਕਰਾਇਆ, "ਨਹੀਂ ਸ਼ੁੱਭੀ ਐਤਕੀ ਮੈਂ ਆਪਣੇ ਬੱਚੇ ਦਾ ਮੂੰਹ ਵੇਖੇ ਬਿਨਾਂ ਉਹਨੂੰ ਹੱਥੋਂ ਜਾਣ ਨਹੀਂ ਦਿਆਂਗਾ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਜਲਦੀ ਹੀ ਸਾਡਾ ਰਾਜ ਹੋਵੇਗਾ ਤੇ ਅਸੀਂ ਕਦੀ ਨਾ ਵਿਛੜਨ ਵਾਸਤੇ ਇਕ ਦੂਜੇ ਨੂੰ ਮਿਲਾਂਗੇ।"

"ਰਬ ਇਸ ਤਰ੍ਹਾਂ ਹੀ ਕਰੇ ਸ਼ਾਹਬਾਜ਼ ! ਪਰ ਮੇਰਾ ਦਿਲ ਡਰਦਾ ਹੈ। ਉਫ਼ ! ਜੇ ਤੁਹਾਨੂੰ ਕੁਝ ਹੋ ਗਿਆ ?"

ਇਸ ਤਰ੍ਹਾਂ ਦੇ ਮਨੋਭਾਵ ਦਿਲ ਵਿਚ ਲੈ ਕੇ ਸ਼ੁੱਭੀ ਤੇ ਸ਼ਾਹਬਾਜ਼ ਕੁਝ ਰਹਿੰਦੇ ਦਿਨ ਬਿਤਾਣ ਲਗੇ। ਪਰ ਇਹਨਾਂ ਦਿਨਾਂ ਵਿਚ ਧਰਮ ਕੌਰ ਉਹਨਾਂ ਦਾ ਸਾਥ ਛਡ ਗਈ। ਜਦੋਂ ਤੋਂ ਬੁਢਾ ਮੱਲ ਗਿਆ, ਧਰਮ ਕੌਰ ਵੀ ਜਾਂਦੀ ਦਿਸਦੀ। ਉਦੋਂ ਤੋਂ ਬਸ ਉਹਦਾ ਤਕੀਆ ਕਲਾਮ ਹੀ ਇਹੋ ਹੋ ਗਿਆ। "ਪਤਾ ਨਹੀਂ ਕਿੰਨੇ ਦਿਨ ਹੋਰ ਹਨ.....,"

ਕਦੀ ਆਖਦੀ, "ਹੁਣ ਮੇਰੇ ਵਾਸਤੇ ਇਸ ਦੁਨੀਆਂ ਵਿਚ ਕੀ ਰਹਿ ਗਿਆ ਹੈ। ਹੁਣ ਤਾਂ ਜੇ ਮੈਂ ਟੁਰ ਜਾਵਾਂ

Scanned by CamScanner

ਰਦ ਹੀ ਚੰਗਾ ਹੈ।" ਪਿਛਲੀ ਵਿਸਾਖੀ ਤੋਂ ਦੋ ਕੁ ਮਹੀਨੇ ਪਹਿਲੇ ਜਦੋਂ ਕੁੰਤੀ ਦਾ ਵਿਆਹ ਮਾਣਕ ਚੰਦ ਨਾਲ ਹੋ ਗਿਆ ਤਾ ਧਰਮ ਕੌਰ ਆਖਣ ਲਗੀ;

"ਹੁਣ ਤਾਂ ਮੈਂ ਆਖਰੀ ਭਾਰਾ ਵੀ ਲਾਹ ਚੁਕੀ ਹਾਂ। ਹੁਣ ਜੇ ਮੈਂ ਟੁਰ ਜਾਵਾਂ ਤਾਂ ਕਿਸੇ ਨੂੰ ਮੇਰੀ ਅਣਹੋਂਦ ਮਹਿਸੂਸ ਨਹੀਂ ਹੋਣ ਲਗੀ।" ਹਾਂ, ਉਹਨੂੰ ਬੇਬੀ ਦਾ ਫਿਕਰ ਜ਼ਰੂਰ ਸੀ।

ਉਹਨੂੰ ਇਹੋ ਜਿਹੀਆਂ ਗੱਲਾਂ ਕਰਦਿਆਂ ਸੁਣ ਕੇ ਸ਼ੁਭੇ ਆਖਦੀ; "ਮਾਂ ਜੀ! ਜਦੋਂ ਤਕ ਤੁਸੀਂ ਮੇਰਾ ਭਾਰਾ ਨਾ ਲਾਹਿਆ ਤਾਂ ਤੁਸੀਂ ਕਿਸੇ ਦਾ ਵੀ ਭਾਰਾ ਨਾ ਲਾਹਿਆ। ਤੁਸੀਂ ਹੀ ਦੱਸੋ, ਮੇਰਾ ਦੁਨੀਆ ਵਿਚ ਕੌਣ ਜੇ? ਤੁਹਾਡਾ ਪੁਤਰ ਜਿਸ ਦਿਨ ਹਮੇਸ਼ਾਂ ਲਈ ਘਰ ਰਹਿਣ ਨੂੰ ਤਿਆਰ ਹੋਇਆ ਤਾਂ ਮੈਂ ਸਮਝਾਂਗੀ ਕਿ ਤੁਸੀਂ ਮੇਰਾ ਭਾਰਾ ਲਾਹਿਆ ਹੈ।"

"ਤੇਰਾ ਦੁਖ ਮੈਨੂੰ ਜ਼ਰੂਰ ਹੈ ਸੁਭਵੰਤੀਏ। ਬਸ! ਜੇ ਮੈਂ ਇਹ ਦਿਹਾੜੇ ਕਟ ਰਹੀਂ ਹਾਂ ਤਾਂ ਸੱਚ ਜਾਣੀਂ ਸਿਰਫ ਤੇਰੇ ਕਰ ਕੇ ਹੀ। ਮੈਂ ਜਾਣਦੀ ਹਾਂ ਬੱਚੀਏ ਕਿ ਤੂੰ ਆਪਣੀ ਉਮਰ ਵਿਚ ਕੋਈ ਸੁਖ ਨਹੀਂ ਵੇਖਿਆ। ਪਰ ਮੈਂ ਕੀ ਕਰਾਂ? ਸ਼ਾਹਬਾਜ਼ ਨੂੰ ਕੌਣ ਮਠਾਵੇ। ਨੀਂ ਸੁਭਵੰਤੀਏ, ਉਹ ਸਦਾ ਤੋਂ ਹੀ ਅੱਥਰਾ ਸੀ। ਉਸ ਦੁਧ ਪੀਂਦਿਆਂ ਤੋਂ ਹੀ ਕਦੀ ਕਿਸੇ ਦੀ ਨਹੀਂ ਮੰਨੀ। ਸਦਾ ਆਪਣੀਆਂ ਚਿੱਦਾਂ ਮਾਰਦਾ। ਆਪਣੀਆਂ ਮਨ-ਆਈਆਂ ਕਰਾਉਂਦਾ। ਹੁਣ ਉਹ ਕਿਸੇ ਦੇ ਆਖੇ ਕਿਵੇਂ ਲਗਣ ਲਗਾ?" ਕਦੀ ਆਖਦੀ; "ਸੁਭਵੰਤੀਏ! ਮੈਂ ਤਾਂ ਹੈਰਾਨ ਹਾਂ ਕਿ ਇਹ ਸ਼ਾਹਬਾਜ਼ ਬਾਬੇ ਬੰਦੇ ਦੀ ਕਿਵੇਂ ਮੰਨਦਾ ਹੈ। ਉਸ ਤਾਂ ਕਿਸੇ ਗੁਰੂ ਪਗੰਬਰ ਨੂੰ ਆਪਣੇ ਤੁਲ ਨਹੀਂ ਸਮਝਿਆ। ਮੇਰੀ ਆਖੀ ਸੁਣ, ਉਹ ਜ਼ਰੂਰ ਕਿਸੇ ਦਿਨ ਬਾਬੇ ਬੰਦੇ ਨਾਲ ਲੜ ਕੇ ਘਰ ਟੁਰਿਆ ਆਵੇਗਾ।"

ਜਦੋਂ ਬਾਬਾ ਬੰਦਾ ਵਿਸਾਖੀ ਤੇ ਅੰਮ੍ਰਿਤਸਰ ਆਇਆ ਤਾਂ ਧਰਮ ਕੌਰ ਦੇ ਦਿਲ ਵਿਚ ਕੁਝ ਉਤਸ਼ਾਹ ਜਾਗਿਆ। ਉਸ ਬੁਢਾ ਮੱਲ ਦੇ ਮਰਨ ਪਿਛੋਂ ਪਹਿਲੀ ਵਾਰ ਕਿਸੇ ਚੀਜ਼ ਵਾਸਤੇ ਕੁਝ ਚਾਅ ਪ੍ਰਗਟ ਕੀਤਾ। ਉਹ ਅੰਮ੍ਰਿਤਸਰ ਦਰਸ਼ਨਾਂ ਵਾਸਤੇ ਅਵੱਸ਼ ਜਾਣਾ ਚਾਹੁੰਦੀ ਸੀ। ਪਰ ਉਦੋਂ ਵੀ ਉਹਦੀ ਦਿਲੀ ਮਨਸ਼ਾ ਇਹੋ ਹੀ ਸੀ ਕਿ ਮਰਨ ਤੋਂ ਪਹਿਲੇ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿਚ ਅਸ਼ਨਾਨ ਕਰ ਆਵੇ।

ਵਿਸਾਖੀ ਤੋਂ ਕੁਝ ਮਹੀਨੇ ਪਿਛੋਂ ਜਦੋਂ ਸ਼ਾਹਬਾਜ਼ ਕਾਨ੍ਹਾ ਛੰਭ ਵਿਚ ਕਾਫ਼ੀ ਦੇਰ ਰਹਿ ਕੇ ਘਰ ਆਇਆ ਤਾਂ ਜਾਂਬਾਜ਼ ਦੀ ਵਡੀ ਧੀ ਹਰਬੰਸੋ ਦਾ ਵਿਆਹ ਰਚਾਇਆ ਗਿਆ, ਇਕ ਬੱਲ ਰਾਮ ਦੁੱਲਟ ਨਾਲ। ਬੱਲ ਰਾਮ ਮਾਲਵੇ ਦਾ ਰਹਿਣ ਵਾਲਾ ਸੀ। ਸਾਰੇ ਆਖਦੇ ਕਿ ਧੀ ਦੂਰ ਵਿਆਹੀ ਹੈ ਪਰ ਧਰਮ ਕੌਰ ਕਹਿੰਦੀ; "ਦੂਰੀ ਨੂੰ ਟੋਗੇ ਛਿੱਕੇ। ਚੰਦ ਵਰਗਾ ਮੁੰਡਾ। ਘਰ ਵਧ ਚੜ੍ਹ ਕੇ। ਆਉਂਤਰੇ ਲੋਕਾਂ ਦੀਆਂ ਗੱਲਾਂ ਤਾਂ ਕਦੀ ਮੁਕਦੀਆਂ ਹੀ ਨਹੀਂ।"

ਹਰਬੰਸ ਦੇ ਵਿਆਹ ਪਿਛੋਂ ਧਰਮ ਕੌਰ ਕੋਲ ਆਪਣੀ ਮੌਤ ਨੂੰ ਜੀਊ-ਆਇਆਂ ਕਹਿਣ ਵਾਸਤੇ ਇਕ ਹੋਰ ਬਹਾਨਾ ਹੋ ਗਿਆ। ਓਧਰੋਂ ਕੁੰਤੀ ਦੇ ਘਰ ਧੀ ਜੰਮੀ, ਸੋ ਉਹ ਆਖਦੀ, "ਬਸ ਬਈ! ਮੈਂ ਹੁਣ ਬੜੀ ਲੰਮੀ ਉਮਰ ਭੋਗ ਲਈ ਹੈ। ਮੇਰੇ ਨਾਲ ਦੀਆਂ ਨੂੰ ਮਰਿਆਂ ਦਸ ਦਸ ਸਿਆਲੇ ਬੀਤ ਚੁਕੇ ਹਨ।"

ਅਸਲ ਵਿਚ ਬੁਢਾ ਮੱਲ ਦੇ ਜਾਣ ਪਿਛੋਂ ਧਰਮ ਕੌਰ ਦਾ ਜੀ ਨਹੀਂ ਸੀ ਲਗਦਾ। ਏਸੇ ਲਈ ਉਹ ਸਦਾ ਕੋਈ ਨਾ ਕੋਈ ਬਹਾਨਾ ਲਭਦੀ ਰਹਿੰਦੀ। ਸ਼ਾਇਦ ਹਰ ਇਸਤਰੀ ਇਸ ਤਰ੍ਹਾਂ ਹੀ ਕਰਦੀ ਹੈ, ਖ਼ਾਸ ਕਰ ਕੇ ਉਹ ਇਸਤਰੀ ਜਿਹਨੂੰ ਵਿਆਹੁਤ ਜੀਵਨ ਖ਼ੁਸ਼ੀ ਖ਼ੁਸ਼ੀ ਗੁਜ਼ਰਿਆ ਹੋਵੇ। ਜਦੋਂ ਮਰਦ ਟੁਰ ਜਾਏ ਤਾਂ ਔਰਤ ਦੇ ਜੀਣ ਦਾ ਕੀ ਹੱਜ!

ਆਖ਼ਰੀ ਬਹਾਨਾ ਉਹਨੂੰ ਹੁਣ ਸ਼ਾਹਬਾਜ਼ ਦੇ ਕਾਨ੍ਹਾ ਛੰਭ ਨਸਣ ਵੇਲੇ ਮਿਲਿਆ। ਉਸ ਆਖਿਆ, "ਵੇ ਸ਼ਾਹਬਾਜ਼ਾ, ਹੁਣ ਤੂੰ ਫਿਰ ਜਾਣਾ ਹੈ, ਤੇ ਰਬ ਜਾਣੇ ਤੂੰ ਕਦੋਂ ਮੁੜੇਂ। ਮੈਂ ਤੇਰੀ ਐਨਾ ਚਿਰ ਉਡੀਕ ਨਾ ਕਰ ਸਕਾਂਗੀ। ਤੇਰੇ ਜਾਣ ਤੋਂ ਪਹਿਲੇ ਪਹਿਲੇ ਰੱਬ ਕਦੀ ਮੈਨੂੰ ਇਸ ਦੁਨੀਆਂ ਤੋਂ ਚੁਕ ਲਏ।" "ਮਾਂ ਤੂੰ ਫ਼ਿਕਰ ਨਾ ਕਰ, ਮੈਂ ਆਇਆ ਕਿ ਆਇਆ। ਹੁਣ ਜੰਞਲੀ ਹੀ ਖ਼ਾਲਸੇ ਦਾ ਰਾਜ ਫਿਰ ਹੋਵੇਗਾ ਤੇ ਤੂੰ ਵੇਖੀਂ ਔਰਤੀ ਅਸੀਂ ਤੁਰਕੜਿਆਂ ਦੇ ਪੈਰ ਨਹੀਂ ਲਗਣ ਦੇਣੇ।"

"ਨਹੀਂ ਪੁਤਰ! ਮੈਨੂੰ ਹੁਣ ਆਉਣ ਵਾਲੇ ਦਿਨ ਵੇਖਣ ਦੀ ਕੋਈ ਹਵਸ ਨਹੀਂ। ਜੇ ਮੇਰੀ ਕੋਈ ਚਾਹ ਹੈ ਤਾਂ ਬਸ ਇਹੋ ਕਿ ਮੈਂ ਤੇਰੇ ਘਰ ਹੁੰਦਿਆਂ ਹੀ ਪ੍ਰਾਣ ਤਿਆਗਾਂ। ਵੇ ਭੈੜਿਆ ਛੋਟੇ ਹੁੰਦਿਆਂ ਤੂੰ ਮੇਰਾ ਰਤਾ ਵਿਸਾਹ ਨਹੀਂ ਸੈਂ ਕਰਦਾ। ਹੁਣ ਵਰ੍ਹੇ ਬੀਤ ਜਾਂਦੇ ਹਨ ਤੇ ਤੇਰੀ ਦੀਦ ਨਸੀਬ ਨਹੀਂ ਹੁੰਦੀ। ਨਹੀਂ! ਸ਼ਾਹਬਾਜ਼ਾ ਮੇਰੇ ਵਿਚ ਇਕ ਹੋਰ ਲੰਮਾ ਵਿਛੋੜਾ ਸਹਿਣ ਵਾਸਤੇ ਆਸੰਙ ਨਹੀਂ ਰਹੀਂ।" "ਨਹੀਂ ਮਾਂ! ਮੈਂ ਤੈਨੂੰ ਯਕੀਨ ਦਿਵਾਂਦਾ ਹਾਂ ਕਿ ਇਹ ਵਿਛੋੜਾ ਲੰਮਾ ਨਹੀਂ

Scanned by CamScanner

ਹੰਣ ਲਗਾ। ਮੈਂ ਅੱਖ ਦੇ ਫੋਰ ਵਿਚ ਹੀ ਵਾਪਸ ਮੁੜ ਆਵਾਂਗਾ ਤੂੰ ਵੇਖੀਂ ਤਾਂ ਸਹੀ।"

ਪਰ ਧਰਮ ਕੌਰ ਨੂੰ ਯਕੀਨ ਨਾ ਆਇਆ। ਉਹਦੀ ਇਛਿਆ ਬੜੀ ਤੀਬਰ ਸੀ ਕਿ ਉਹ ਸ਼ਾਹਬਾਜ਼ ਦੇ ਉਥੇ ਹੁੰਦਿਆਂ ਹੀ ਪ੍ਰਾਣ ਤਿਆਗੇ ਤੇ ਉਹਦੀ ਇਛਿਆ ਪੂਰਨ ਹੋਈ। ਤੀਬਰ ਇਛਾ ਸ਼ਕਤੀ ਨਾਲ ਸ਼ਾਇਦ ਆਦਮੀ ਮੌਤ ਨੂੰ ਵੀ ਲਭ ਸਕਦਾ ਹੈ। ਸਰਮੌਰ ਤੋਂ ਖਬਰ ਆਉਣ ਦੇ ਦੂਜੇ ਦਿਨ ਮੀਂਹ ਵਸਿਆ। ਧਰਮ ਕੌਰ ਜਾਣ ਕੇ ਕੱਠੇ ਉਤੋਂ ਵਸਦੇ ਮੀਂਹ ਵਿਚ ਗੰਹੇ ਚੁਗਣ ਚੜ੍ਹ ਗਈ। ਸਭਨਾਂ ਨੇ ਰੋਕਿਆ ਪਰ ਉਸ ਕਿਸੇ ਦੀ ਨਾ ਸੁਣੀ। ਦੱਵੇਂ ਭਰਾ ਤੇ ਗੁਰਦਾਸ ਜਦੋਂ ਸ਼ਾਮੀਂ ਘਰ ਮੁੜੇ ਤਾਂ ਧਰਮ ਕੌਰ ਨੂੰ ਬੁਖਾਰ ਚੜ੍ਹਿਆ ਹੋਇਆ ਸੀ। ਉਹਨਾਂ ਨੇ ਤੇ ਖ਼ਾਸ ਕਰ ਕੇ ਸ਼ਾਹਬਾਜ਼ ਨੇ ਬੜੀ ਦੌੜ-ਭੱਜ ਕੀਤੀ ਪਰ ਧਰਮ ਕੌਰ ਨੇ ਚੌਥੇ ਦਿਨ ਹਸਦਿਆਂ ਮੁਸਕਰਾਂਦਿਆ ਤੇ ਪੂਰਨ ਸ਼ਾਂਤ-ਦਿਲੀ ਨਾਲ ਪ੍ਰਾਣ ਤਿਆਗ ਦਿਤੇ।

ਬੁਢਾ ਮੱਲ ਤੇ ਧਰਮ ਕੌਰ ਪਰਲੋਕ ਸਿਧਾਰੇ। ਕੁੰਤੀ ਤੇ ਹਰਬੰਸੋ ਵਿਆਹੀਆਂ ਗਈਆਂ। ਘਰ ਅੱਧਾ ਅੱਧਾ ਜਾਪੇ। ਬੂਰੇ ਵਿਚੋਂ ਰਹਿ ਗਏ ਜਾਂਬਾਜ਼, ਸ਼ਾਹਬਾਜ਼, ਬਲਵੰਤ, ਸ਼ੋਭੀ, ਪਾਸ਼ੋ ਤੇ ਗੁਰਦਾਸ। ਗੁਰਦਾਸ ਚਿੱਦ ਕਰੇ ਤੇ ਆਖੇ; "ਮੈਨੂੰ ਤਾਂ ਭਾਵੇਂ ਵਢ ਦਿਉ ਮੈਂ ਚਾਚੇ ਦੇ ਨਾਲ ਹੀ ਜਾਣਾ ਹੈ। ਮੈਂ ਆਪਣੇ ਕੇਸਾਂ ਨੂੰ ਕੈਂਚੀ ਨਹੀਂ ਲਾਣੀ। ਮੇਰੇ ਵਰਗੇ ਕੇਸ ਦੁਨੀਆਂ ਵਿਚ ਕਿਸੇ ਹੋਰ ਦੇ ਨਹੀਂ।" ਜਾਂਬਾਜ਼ ਨੇ ਕਿਹਾ; "ਸ਼ਾਹਬਾਜ਼ਾ, ਬੇਸ਼ਕ ਗੁਰਦਾਸ ਨੂੰ ਲੈ ਜਾ ਪਰ ਘਰ ਅਗੇ ਹੀ ਅੱਧਾ ਰਹਿ ਗਿਆ ਹੈ। ਗੁਰਦਾਸ ਦੇ ਜਾਣ ਪਿਛੋਂ ਇਹ ਘਰ ਭਾਂ ਭਾਂ ਕਰੇਗਾ।"

"ਜਾਂਬਾਜ਼ਾ ਜੇ ਰਹਿੰਦਾ ਹੀ ਤਾਂ ਰਖ ਲੈ ਸੂ। ਮੈਂ ਤੇਰੀ ਹਾਲਤ ਸਮਝਦਾ ਹਾਂ। ਪਰ ਵੀਰਾ ਮੇਰੇ ਮੂੰਹੋਂ ਕਿਸੇ ਨੂੰ ਕੇਸ ਕਤਲ ਕਰਾਣ ਬਾਰੇ ਸਲਾਹ ਦੇ ਕੋਈ ਸ਼ਬਦ ਨਿਕਲਨ —? ਨਹੀਂ ਇਹ ਮੈਂ ਨਹੀਂ ਕਰ ਸਕਦਾ।"

"ਜੇ ਸਚ ਪੁੱਛੇਂ ਸ਼ਾਹਬਾਜ਼ਾ ਤਾਂ ਹੁਣ ਮੇਰੀ ਵੀ ਟੱਬਰ ਦੀ ਖਿਚ ਮੁਕ ਗਈ ਹੈ। ਹੁਣ ਤਾਂ ਮੇਰਾ ਵੀ ਜੀ ਕਰਦਾ ਹੈ ਕਿ ਮੈਂ ਤੇਰੇ ਨਾਲ ਹੀ ਟੁਰ ਚਲਾਂ ਤੇ ਆਪਣੀ ਪਿਛਲੀ ਉਮਰ ਵਿਚ ਆਪਣੀਆਂ ਕੀਤੀਆਂ ਸਭ ਭੁਲਾਂ ਬਖਸ਼ਾਵਾਂ।"

ਇਹ ਪਹਿਲੀ ਵਾਰ ਸੀ ਕਿ ਜਾਂਬਾਜ਼ ਨੇ ਇਹੋ ਜਿਹੀ ਕੋਈ ਗੱਲ ਕਹੀ ਸੀ। ਉਹਦੀ ਆਵਾਜ਼ ਸੰਜੀਦਾ ਸੀ ਤੇ ਲਗਦਾ ਕਿ ਉਹਦੇ ਦਿਲ ਵਿਚ ਸਚੀਂ ਮੁਚੀਂ ਹੀ ਪਾਪਾਂ ਦੇ ਪ੍ਰਾਸ਼ਚਿਤ ਵਾਸਤੇ ਕੋਈ ਖੋਹ ਉਤਪੰਨ ਹੋਈ ਹੈ। ਏਸੇ ਲਈ ਇਹ ਪਹਿਲੀ ਹੀ ਵਾਰ ਸੀ ਕਿ ਸ਼ਾਹਬਾਜ਼ ਦਾ ਜਾਂਬਾਜ਼ ਦੇ ਘਰ ਛਡ ਜਾਣ ਦੀ ਸੰਭਾਵਨਾ ਨਾਲ ਸਾਹਮਣਾ ਹੋਇਆ ਤੇ ਉਹ ਇਕ ਦੰਮ ਕੰਬ ਗਿਆ।

"ਜੇ ਜਾਂਬਾਜ਼ ਵੀ ਮੇਰੇ ਨਾਲ ਟੁਰ ਉਠਿਆ" ਉਸ ਮਨ ਹੀ ਮਨ ਵਿਚ ਸੋਚਿਆ, "ਤਾਂ ਸ਼ੋਭੀ ਦਾ ਕੀ ਹੋਵੇਗਾ? ਤੇ ਇਸ ਪਾਸ਼ੋ ਦਾ ਕੌਣ ਖ਼ਿਆਲ ਰਖੇਗਾ।" ਸ਼ਾਹਬਾਜ਼ ਘਬਰਾ ਗਿਆ। ਉਹ ਝੁੰਜਲਾਇਆ: "ਹੈਂ ਇਹ ਕੀ? ਮੈਂ ਤਾਂ ਅਜੇ ਤਕ ਜਾਂਬਾਜ਼ ਨੂੰ ਸਿਰਫ ਏਸੇ ਕਰ ਕੇ ਹੀ ਕੋਸਦਾ ਆਇਆ ਹਾਂ। ਪਿਛਲੀ ਵਾਰ ਜਦੋਂ ਉਹਨੇ ਚੌਥੀ ਵਾਰ ਕੇਸ ਕਟਾਏ ਤਾਂ ਮੈਂ ਕੇਡਾ ਲੰਹਾ ਲਾਖਾ ਹੋਇਆ। ਮੈਂ ਉਹਨੂੰ ਗਾਲ੍ਹਾਂ ਤਕ ਕਢੀਆਂ ਤੇ ਮੈਨੂੰ ਯਾਦ ਹੈ ਕਿ ਜਾਂਬਾਜ਼ ਨੇ ਕਿਹਾ ਸੀ, "ਮੈਂ ਆਪਣੀ ਬੁਢੀ ਮਾਂ ਨੂੰ ਛਡ ਕੇ ਤੇਰੇ ਨਾਲ ਪਾਗ਼ਲਾਂ ਵਾਂਗ ਜੰਗਲਾਂ ਵਿਚ ਨੱਸ ਨਹੀਂ ਸਕਦਾ।" ਤੇ ਇਹਨਾਂ ਸ਼ਬਦਾਂ ਦੇ ਉੱਤਰ ਵਿਚ ਮੈਂ ਉਹਨੂੰ ਕਾਇਰ ਤੇ ਬੁਜ਼ਦਿਲ ਕਿਹਾ ਸੀ। ਸ਼ਾਇਦ ਇਹ ਪਿਤਾ ਤੇ ਮਾਤਾ ਹੀ ਸਨ ਜਿਹੜੇ ਉਹਨੂੰ ਘਰ ਨਾਲ ਬੰਨ੍ਹ ਰਹੇ ਸਨ। "ਪਰ ਅਜ ਸ਼ਾਇਦ ਉਹਦਾ ਇਹ ਬੰਧਨ ਟੁਟ ਗਿਆ। ਤੇ ਹੁਣ ਉਹ ਮੇਰੇ ਨਾਲ ਆਉਣ ਵਾਸਤੇ ਤਿਆਰ ਹੈ। ਪਰ...ਪਰ...ਨਹੀਂ, ਨਹੀਂ ਉਹ ਮੇਰੇ ਨਾਲ ਨਹੀਂ ਆ ਸਕਦਾ। ਸਾਡੇ ਵਿਚੋਂ ਇਕ ਦਾ ਘਰ ਵਿਚ ਰਹਿਣਾ ਅਸਲੋਂ ਜ਼ਰੂਰੀ ਹੈ।"

ਜਦੋਂ ਜਾਂਬਾਜ਼ ਨੇ ਸ਼ਾਹਬਾਜ਼ ਨਾਲ ਉਠ ਟੁਰਨ ਦੀ ਇਛਿਆ ਪ੍ਰਗਟ ਕੀਤੀ ਤਾਂ ਸ਼ਾਹਬਾਜ਼ ਦਾ ਜੀ ਕੀਤਾ ਕਿ ਉਹ ਇਕਾ ਇਕ ਪੁਕਾਰ ਕੇ ਕਹੇ, "ਨਹੀਂ ਵੀਰਾ! ਇਹ ਕਿਵੇਂ ਹੋ ਸਕਦਾ ਹੈ। ਅਸੀਂ ਦੱਵੇਂ ਇਕੋ ਵਾਰ ਘਰੋਂ ਕਿਵੇਂ ਜਾ ਸਕਦੇ ਹਾਂ, ਜਾਂ ਤੂੰ ਜਾ ਤੇ ਜਾਂ ਮੈਂ। ਪਰ ਜਿਥੇ ਮੈਂ ਅਗੇ ਅੰਨੀਂ ਵਾਰ ਹੋ ਆਇਆ ਹਾਂ ਉਥੇ ਇਕ ਵਾਰ ਹੋਰ ਸਹੀ। ਤੈਨੂੰ ਘਰ ਦੇ ਕੰਮਾਂ ਦੀ ਵਧੇਰ ਸੋਝੀ ਹੈ।" ਪਰ ਜਿਥੇ ਪਲੋਪਲੀ ਸ਼ਾਹਬਾਜ਼ ਅੰਨਾ ਕੁਝ ਮਹਿਸੂਸ ਕਰ ਗਿਆ ਉਥੇ ਉਹਨੇ ਮੂੰਹ ਵਿਚੋਂ ਕੁਝ ਨਾ ਕਿਹਾ।

ਅਜ ਪਹਿਲੀ ਵਾਰ ਸ਼ਾਹਬਾਜ਼ ਨੇ ਆਪਣੇ ਆਪ ਨੂੰ ਗ਼ਲਤ ਤੇ ਜਾਂਬਾਜ਼ ਨੂੰ ਠੀਕ ਮੰਨਿਆ। ਉਸ ਸੋਚਿਆ ਕਿ ਜੇ ਅਜ ਉਹ ਜਾਂਬਾਜ਼ ਦਾ ਘਰ ਰਹਿਣਾ ਜ਼ਰੂਰੀ ਸਮਝ ਰਿਹਾ ਹੈ ਤਾਂ ਮਾਤਾ ਪਿਤਾ ਦੇ ਜੀਂਦਿਆਂ ਉਹਦਾ ਘਰ ਰਹਿਣਾ

Scanned by CamScanner

ਕਿੰਨਾ ਜ਼ਰੂਰੀ ਹੋਵੇਗਾ। ਉਹ ਹੈਰਾਨ ਹੋਇਆ ਕਿ ਉਸ ਕਿਵੇਂ ਅਜ ਤਕ ਇਹ ਨਿਕਾ ਜਿਹਾ ਮਸਲਾ ਨਹੀਂ ਸਮਝਿਆ। ਉਸ ਆਪਣੇ ਆਪ ਨੂੰ ਕੋਸਿਆ।

ਉਹਨੂੰ ਬੁੱਤੀ ਦੇ ਬਚਨ ਯਾਦ ਆਏ। ਬੁੱਤੀ ਨੇ ਕਾਨ੍ਹਾ ਛੰਭ ਵਿਚ ਕਿਹਾ ਸੀ ਕਿ ਸ਼ਾਹਬਾਜ਼ ਵਡੇ ਭਰਾ ਦੀ ਦਲੀਲ ਠਰੀਂ ਸਮਝਦਾ। ਉਸ ਦਸਿਆ ਸੀ ਕਿ ਉਹਨਾਂ ਦਿਨਾਂ ਵਿਚ ਕਿਸੇ ਟੱਬਰ ਵਿਚ ਵੀ ਸਾਰੇ ਦੇ ਸਾਰੇ ਭਰਾ ਸਿਖ ਨਹੀਂ ਸਨ। ਇਹ ਵਖਰੀ ਗੱਲ ਹੈ ਕਿ ਬਹੁਤੇ ਟੱਬਰ ਵਡੇ ਹਨ ਪਰ ਉਹਨਾਂ ਦੇ ਘਰ ਸਿਰਫ ਦੋ ਹੀ ਭਰਾ। ਆਖਿਰ ਕਿਸੇ ਨਾ ਕਿਸੇ ਨੂੰ ਘਰ ਦਾ ਬੋਝ ਚੁਕਣਾ ਹੀ ਸੀ।

ਇਕਾ ਇਕ ਸ਼ਾਹਬਾਜ਼ ਨੇ ਇਹ ਵੀ ਮਹਿਸੂਸ ਕੀਤਾ ਕਿ ਬੁੱਤੀ ਉਹਦੇ ਨਾਲੋਂ ਕੇਡੀ ਨਿੱਗਰ ਤੇ ਕੇਡੀ ਗੰਭੀਰ ਹੈ। ਉਹ ਦੁਨੀਆਂਦਾਰੀ ਦੀਆਂ ਗੱਲਾਂ ਕਿਸ ਤਰ੍ਹਾਂ ਉਹਦੇ ਨਾਲੋਂ ਵਧ ਸਮਝਦੀ ਹੈ। ਇਸ ਤਰ੍ਹਾਂ ਹੀ ਸ਼ਾਇਦ ਹਰ ਆਦਮੀ ਕਦੀ ਕਦੀ ਮਹਿਸੂਸ ਕਰਦਾ ਹੈ। ਉਹਨੂੰ ਸੋਝੀ ਹੁੰਦੀ ਹੈ ਕਿ ਉਹਦੀ ਪਤਨੀ—ਇਸਤਰੀ—ਉਹਦੇ ਨਾਲੋਂ ਦੇਰ ਸਿਆਣੀ ਹੈ, ਦੇਰ ਗੰਭੀਰ ਤੇ ਨਿੱਗਰ। ਮਰਦ ਮਹਿਸੂਸ ਕਰਦਾ ਹੈ ਕਿ ਉਹ ਭਾਂ ਕੁਝ ਨਾ ਹੁੰਦਿਆਂ ਸੰਦਿਆਂ ਐਵੇਂ ਹੀ ਭੌਂਗਾਂ ਮਾਰਦਾ ਰਹਿੰਦਾ ਹੈ ਪਰ ਇਸਤਰੀ ਬੜਾ ਕੁਝ ਹੁੰਦਿਆਂ ਵੀ ਮੂੰਹੋਂ ਕੁਝ ਨਹੀਂ ਬੋਲਦੀ। ਜਿਹੜਾ ਮਰਦ ਕਦੀ ਕਦੀ ਇਸ ਤਰ੍ਹਾਂ ਮਹਿਸੂਸ ਕਰ ਸਕਣ ਦੀ ਸਮਰਥਾ ਰਖਦਾ ਹੈ ਤੇ ਓਹ ਮਹਿਸੂਸ ਕਰ ਕੇ ਆਪਣੇ ਆਪ ਨੂੰ ਨਿਮਾਣਾ ਸਮਝਦਾ ਹੈ, ਉਹੋ ਆਦਮੀ ਦਰਅੱਸਲ ਦੇਰ ਸਿਆਣਾ ਤੇ ਬੁਧੀਮਾਨ ਬਣਦਾ ਹੈ।

ਧਰਮ ਕੌਰ ਦੀ ਮ੍ਰਿਤੂ ਪਿਛੋਂ ਦੂਜੀ ਰਾਤ ਸ਼ਾਹਬਾਜ਼ ਤੇ ਗੁਰਦਾਸ ਘਰੋਂ ਨਿਕਲ ਗਏ। ਉਸ ਰਾਤ ਨਿੰਮ੍ਹਾ ਨਿੰਮ੍ਹਾ ਮੀਂਹ ਵਸ ਰਿਹਾ ਸੀ। ਜਾਣ ਲਗਿਆਂ ਬੁੱਤੀ ਨੇ ਕਿਹਾ: "ਪ੍ਰਾਣ! ਇਹਨਾਂ ਮੀਹਾਂ ਦੇ ਦਿਨਾਂ ਵਿਚ ਹੀ ਅਸੀਂ ਪਹਿਲੀ ਵਾਰ ਮਿਲੇ ਸਾਂ। ਇਹਨਾਂ ਦਿਨਾਂ ਵਿਚ ਹੀ ਸਾਡਾ ਵਿਆਹ ਹੋਇਆ। ਫਿਰ ਇਹਨਾਂ ਹੀ ਦਿਨਾਂ ਵਿਚ ਤੁਸੀਂ ਸਰਹਿੰਦ ਜਿਤ ਕੇ ਤੇ ਜ਼ਖਮੀ ਹੋ ਕੇ ਮੁੜੇ...। ਅਗਲੇ ਸਾਲ ਇਹਨਾਂ ਦਿਨਾਂ ਵਿਚ ਪਤਾ ਨਹੀਂ ਕੀ ਹੋਵੇਗਾ?"

"ਇਹਨਾਂ ਦਿਨਾਂ ਵਿਚ ਅਗਲੇ ਸਾਲ ਮੈਂ ਤੇਰੇ ਕੋਲ ਹੋਵਾਂਗਾ, ਤੁਰਕੜੇ ਦਾਹੇ ਜਾ ਚੁਕੇ ਹੋਣਗੇ ਤੇ ਖ਼ਾਲਸੇ ਦਾ ਰਾਜ ਹੋਵੇਗਾ।" ਸ਼ਾਹਬਾਜ਼ ਮੁਸਕਰਾਇਆ ਤੇ ਉਸ ਬੁੱਤੀ ਦੀ ਗਲ੍ਹ ਉੱਤੇ ਚੁੰਢੀ ਵਢੀ।

੩੧

ਅਬਦੁਲ ਸਮੱਦ ਖ਼ਾਨ ਬੇਸ਼ਕ ਇਕ ਕਾਬਲ ਤੇ ਬੇਦਾਰ-ਮਗਜ਼ ਆਦਮੀ ਸੀ। ਉਸ ਨੇ ਆਪਣੀ ਸੂਬੇਦਾਰੀ ਦੇ ਪਹਿਲੇ ਛੇਆਂ ਮਹੀਨਿਆਂ ਵਿਚ ਸਾਬਤ ਕਰ ਦਿਤਾ ਕਿ ਸਿਖਾਂ ਨੂੰ ਮੁਕਾਣ ਵਾਸਤੇ ਜੋ ਕੁਝ ਪਿਛਲੇ ਤਿੰਨਾਂ ਸਾਲਾਂ ਵਿਚ ਹੋਇਆ ਉਸ ਉਹੋ ਸਿਰਫ ਛੇਆਂ ਮਹੀਨਿਆਂ ਵਿਚ ਕਰ ਵਿਖਾਇਆ। ਅਣਗਿਣਤ ਸਿਰ ਇਹਨਾਂ ਮਹੀਨਿਆਂ ਵਿਚ ਦਿੱਲੀ ਪੁਚਾਏ ਗਏ। ਜ਼ਕਰੀਆ ਖ਼ਾਨ ਸਿਖਾਂ ਦੇ ਸਿਰਾਂ ਦੇ ਭਰੇ ਗੱਡਿਆਂ ਦਾ ਜਦੋਂ ਇਕ ਕਾਫ਼ਲਾ ਦਿੱਲੀ ਛਡ ਕੇ ਆਉਂਦਾ, ਅਬਦੁਲ ਸਮੱਦ ਦੇ ਆਦਮੀ ਇਕ ਉਡਾ ਹੀ ਜਾਂ ਉਸ ਤੋਂ ਇਕ ਵਡਾ ਕਾਫ਼ਲਾ ਹੋਰ ਤਿਆਰ ਕਰ ਛਡਦੇ।

ਉਧਰ ਫ਼ਰਖ਼ਸੀਅਰ ਦੇ ਵੀ ਪੈਰ ਪੀਡੇ ਹੋ ਗਏ। ਜਿਸ ਚਾਲਾਕੀ ਤੇ ਦਗ਼ੇਬਾਜ਼ੀ ਨਾਲ ਜਹਾਂਦਾਰ ਖ਼ਾਨ ਨੂੰ ਕਤਲ ਕਰ ਕੇ ਉਹ ਤਖ਼ਤ ਉੱਤੇ ਬੈਠਾ ਸੀ ਉਹਦੇ ਬਾਰੇ ਆਮ ਸਰਦਾਰਾਂ ਦੇ ਤੇ ਜਨਤਾ ਤੇ ਸ਼ੱਕੇ ਦਿਨ ਦਿਨ ਨਿਵਿਰਤ ਹੋਣ ਲਗੇ। ਉਸ ਨੇ ਸਾਰੇ ਦਰਬਾਰ ਵਿਚ ਹੌਲੀ ਹੌਲੀ ਆਪਣਾ ਭੈ ਚੰਗੀ ਤਰ੍ਹਾਂ ਬਿਠਾ ਲਿਆ।

Scanned by CamScanner

ਦਰ ਅਸਲ ਮੁਗਲੀਹਾ ਇਤਿਹਾਸ ਵਿਚ ਇਹੋ ਜਿਹੇ ਮੌਕੇ ਕਈ ਵਾਰ ਆਏ ਹਨ। ਲਗ ਪਗ ਹਰ ਬਾਦਸ਼ਾਹ ਦੇ ਮਰਨ ਉੱਤੇ ਉਹਦੇ ਪੁਤਰਾਂ ਵਿਚ ਫੁਟ ਪੈ ਜਾਂਦੀ ਰਹੀ ਤੇ ਹਰ ਕੋਈ ਤਖ਼ਤ ਦਾ ਵਾਰਸ ਬਣਨਾ ਲੋੜਦਾ ਰਿਹਾ, ਜਾਂ ਘਟੋ ਘਟ ਕੋਈ ਚੰਗਾ ਉਪਜਾਊ ਤੇ ਅਮੀਰ ਸੂਬਾ ਹੱਥੇ ਚਾੜ੍ਹ ਕੇ ਆਜ਼ਾਦ ਰਾਜ ਕਰਨ ਦਾ ਇਰਾਦਾ ਕਰਦਾ ਰਿਹਾ। ਇਹੋ ਜਿਹੇ ਹਾਲਾਤ ਵੇਖ ਕੇ ਪਹਿਲੇ ਤਾਂ ਬੇਸ਼ਕ ਜਨਤਾ ਕੰਬੀ ਹੋਵੇ ਪਰ ਹੁਣ ਤਕ ਹਰ ਕੋਈ ਗਿੱਝ ਚੁਕਾ ਸੀ।

ਆਏ ਦਿਨ ਇਕ ਭਰਾ ਦੂਜੇ ਨੂੰ ਕਤਲ ਕਰਦਾ, ਇਕ ਵਜ਼ੀਰ ਦੂਜੇ ਨੂੰ ਜ਼ਹਿਰ ਪਿਲਾ ਦੇਂਦਾ, ਕੋਈ ਸੂਬੇਦਾਰ ਏਥੇ ਆਕੀ ਹੋ ਬਹਿੰਦਾ ਕੋਈ ਉਥੇ, ਜਦੋਂ ਵੀ ਕਿਸੇ ਦਾ ਦਾਅ ਚਲਦਾ ਉਹ ਆਪਣੇ ਸਾਥੀਆਂ ਨੂੰ ਬੁਰੀ ਤਰ੍ਹਾਂ ਮਾਰਦਾ।

ਮੁਗਲੀਹਾ ਰਾਜ ਦੇ ਸਮੇਂ ਹਰ ਬਾਦਸ਼ਾਹ ਜਾਂ ਸੂਬੇਦਾਰ ਜਿਵੇਂ ਇਕ ਚਾਹੇ ਉੱਤੇ ਖਲੋਤਾ ਹੁੰਦਾ। ਇਕ ਪਾਸੇ ਮੌਤ, ਦੂਜੇ ਪਾਸੇ ਉਮਰ ਕੈਦ ਤੇ ਤਸੀਹੇ। ਇਹ ਚਾਹਾ ਜਾਂ ਦੰਦੀ ਕਈ ਵਾਰ ਐਨੀਂ ਬੇਵਿਸਾਹੀ ਤੇ ਬਿਖੜੀ ਹੁੰਦੀ ਕਿ ਵਜ਼ੀਰ ਤੇ ਬਾਦਸ਼ਾਹ ਇਸੇ ਚਾਹੀ ਉੱਤੇ ਜੀਣ ਨਾਲੋਂ ਮਰ ਜਾਣਾ ਬਿਹਤਰ ਸਮਝਦੇ।

ਇਹੋ ਕਾਰਨ ਸੀ ਕਿ ਹਿੰਦੁਸਤਾਨ ਵਿਚ ਸਦਾਚਾਰ ਦੀ ਪੱਧਰ ਨੀਵੀਂ ਹੁੰਦੀ ਗਈ। ਇਖ਼ਲਾਕ ਤੇ ਸੁਹਜ ਖ਼ਤਮ ਹੁੰਦਾ ਗਿਆ। ਯਥਾ ਰਾਜਾ ਤਥਾ ਪਰਜਾ। ਜੇ ਰਾਜਿਆਂ ਵਿਚ ਸਦਾਚਾਰ ਦੀ ਥਾਂ ਵਿਕਰਾਲਤਾ ਤੇ ਭਰਿਸ਼ਟਤਾ, ਮੂੰਹ ਹੋਰ ਮਨ ਹੋਰ ਦਾ ਅਸੂਲ ਰਵ ਰਿਹਾ ਹੋਵੇ ਤਾਂ ਪਰਜਾ ਕਿੰਨੀ ਕੁ ਇਖ਼ਲਾਕ-ਮਈ ਹੋ ਸਕਦੀ ਹੈ।

ਜਿਹੋ ਜਿਹਾ ਭਰਿਸ਼ਟਾਚਾਰ ਬਾਦਸ਼ਾਹਾਂ ਦੀ ਹਕੂਮਤ ਵਿਚ ਵਿਚਰਦਾ ਉਹੋ ਜਿਹਾ ਭਰਿਸ਼ਟਾਚਾਰ ਹੀ ਪਰਜਾ ਵਿਚ ਸਿੱਕੇ-ਬੰਦ ਹੋ ਚਲਦਾ। ਦਾਅ ਲਗਿਆਂ ਸਭ ਕੁਝ ਜਾਇਜ਼ ਸੀ। ਤੇ ਜੇ ਕੋਈ ਜਾਇਜ਼ ਜਾਂ ਨਾਜਾਇਜ਼ ਕੰਮ ਕਰਦਾ ਫੜਿਆ ਗਿਆ ਤੇ ਹਕੂਮਤ ਜਾਂ ਕਾਨੂੰਨ ਦੀ ਸ਼ਰ੍ਹ ਨਾਲ ਉਹਨੂੰ ਮਾਰਿਆ ਗਿਆ ਜਾਂ ਉਹਦੇ ਬਾਲ ਬੱਚੇ ਦਾ ਘਾਣ ਕਰਾਇਆ ਗਿਆ ਤਾਂ ਕਿਸੇ ਹੋਰ ਆਦਮੀ ਨੂੰ ਇਸ ਬਾਰੇ ਜ਼ਰਾ ਗ਼ਮ ਨਾ ਹੋਇਆ।

ਸਮਾਜਕ ਨਿਆਂ ਦੀ ਸੂਝ ਜਾਂ ਚੇਤੰਨਤਾ ਤਾਂ ਜਿਵੇਂ ਹੈ ਹੀ ਨਹੀਂ ਸੀ। ਜੇ ਕਿਸੇ ਬੇਦੋਸ਼ੇ ਨੂੰ ਮਾਰ ਮਾਰ ਕੇ ਲਾਸਾਂ ਪਾ ਦਿਤੀਆਂ ਗਈਆਂ ਤਾਂ ਭਾਵੇਂ ਹਜ਼ਾਰ ਪਤਵੰਤੇ ਵੀ ਜੇ ਉਸ ਬੇਦੋਸ਼ੇ ਦੀ ਬੇਦੋਸ਼ਗੀ ਵਿਚ ਵਿਸ਼ਵਾਸ ਕਰਦੇ ਹੋਣ, ਉਹਨਾਂ ਵਿੱਚੋਂ ਕੋਈ ਉਭਾਸਰਨ ਨਹੀਂ ਲਗਾ। ਹਰ ਇਕ ਨੂੰ ਆਪਣੀ ਆਪਣੀ ਜਾਨ ਪਿਆਰੀ ਸੀ ਤੇ ਲਗਦਾ ਸੀ ਕਿ ਜਨਤਾ ਦਿਨ ਦਿਨ ਵਾਸਤੇ ਜੀਉ ਰਹੀ ਹੈ, ਜਿਵੇਂ ਇਹ ਜ਼ਿੰਦਗੀ ਜੀਉਣ ਦਾ ਉਹਨਾਂ ਨੂੰ ਪ੍ਰਮਾਤਮਾ ਵਲੋਂ ਹੱਕ ਨਾ ਹੋਵੇ, ਜਿਵੇਂ ਇਹ ਜ਼ਿੰਦਗੀ ਸਿਰਫ਼ ਹਕੂਮਤ ਦੀ ਤੇ ਤਾਕਤਵਰਾਂ ਦੀ ਮਿਹਰਬਾਨੀ ਹੋਵੇ।

ਇਹੋ ਕਾਰਨ ਸੀ ਕਿ ਸਿਖਾਂ ਤੇ ਹਿੰਦੂਆਂ ਉੱਤੇ ਜ਼ੁਲਮ ਤੇ ਜ਼ੁਲਮ ਹੋਏ। ਸੱਚੇ ਇਸਲਾਮ ਦੇ ਅਸੂਲ ਸਿਰਫ਼ ਆਪਣਾ ਉਲੂ ਸਿਧਾ ਕਰਨ ਲਈ ਮੌਕੇ ਤੋੜੇ ਜਾਂਦੇ ਰਹੇ। ਇਹ ਸਿਰਫ਼ ਮਜ਼ਬੂਤ ਜ਼ਨੂੰਨ ਹੀ ਸੀ ਜਿਹੜਾ ਕਿ ਹਕੂਮਤ ਦੇ ਸਿਰ ਚੜ੍ਹ ਕੇ ਬੋਲਿਆ। ਗੱਲ ਕੁਝ ਇਸ ਤਰ੍ਹਾਂ ਦੀ ਸੀ ਕਿ ਹਕੂਮਤ ਵਿਚ ਜਿਥੇ ਜਿਥੇ ਵੀ ਕਿਸੇ ਦੇ ਹਥਾਂ ਵਿਚ ਕੁਝ ਤਾਕਤ ਸੀ ਉਹਨੂੰ ਜ਼ੁਲਮ ਕਰਨ ਦਾ ਝੱਸ ਪੈ ਗਿਆ ਸੀ। ਹਕੂਮਤ ਦੇ ਮੋਹਰੀ ਤੇ ਪਿਛਲੱਗ ਨਿਹੱਥਿਆਂ ਤੇ ਮਾਸੂਮਾਂ ਉੱਤੇ ਜ਼ੁਲਮ ਕਰ ਕੇ ਇਕ ਤਰ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰਦੇ। ਉਹਨਾਂ ਨੂੰ ਕੁਝ ਸਵਾਦ ਆਉਂਦਾ। ਇਹ ਜ਼ੁਲਮ ਜਿਵੇਂ ਉਹਨਾਂ ਦੇ ਰੂਹ ਦੀ ਖ਼ੁਰਾਕ ਹੋਣ। ਜਦੋਂ ਤਕ ਕਿਸੇ ਨੂੰ ਕੋਰੜੇ ਨਾ ਵਜ ਜਾਣ, ਕਿਸੇ ਨੂੰ ਚਰਖੜੀ ਤੇ ਨਾ ਚੜ੍ਹਾਇਆ ਜਾਏ, ਕਿਸੇ ਦੇ ਹਥ, ਕੰਨ, ਪੈਰ ਨਾ ਕਟਾਏ ਜਾਣ, ਕਿਸੇ ਦਾ ਖ਼ੂਨ ਨਾ ਕੀਤਾ ਜਾਏ — ਇਹਨਾਂ ਮਾਨ ਮੱਤਿਆਂ ਨੂੰ ਸਵਾਦ ਨਹੀਂ ਸੀ ਆਉਂਦਾ।

ਬੇਸ਼ਕ ਇਹ ਬੜਾ ਵਹਿਸ਼ੀਆਨਾ ਸਵਾਦ ਸੀ। ਇਹ ਲਹੂ ਦਾ ਭੁਸ ਭਰਿਸ਼ਟਾਚਾਰ ਦੀ ਹਦ ਸੀ। ਪਰ ਹਰ ਇਕ ਵਿਚ ਇਹ ਹੈ ਸੀ, ਇਕ ਸਵਾਦ ਤੇ ਭੁਸ। ਇਹ ਜ਼ੁਲਮ ਕਮਾਣ ਵਾਲੇ ਆਦਮੀ ਸਚੀਂ ਮੁਚੀਂ ਇਕ ਅਨੋਖੀ ਤਰ੍ਹਾਂ ਦਾ ਅਨੰਦ ਮਾਣਦੇ। ਜਿਵੇਂ ਸ਼ਰਾਬ ਦੀ ਆਦਤ ਤਿਵੇਂ ਜ਼ੁਲੱਮ ਕਰਨ ਦੀ ਭੁਖ ਤੇ ਭੁਸ। ਇਹ ਛਡਿਆਂ ਛਡੇ ਨਾ ਜਾਣ। ਲਾਹਿਆਂ ਗਲੋਂ ਨਾ ਲਹਿਣ।

ਜੇ ਫ਼ਰਖਸੀਅਰ ਦਾ ਹੁਕਮ ਹੋਵੇ ਕਿ ਮੈਨੂੰ ਸਿਖਾਂ ਦੇ ਸੌ ਸਿਰ ਚਾਹੀਦੇ ਹਨ ਤਾਂ ਵਡਾ ਵਜ਼ੀਰ ਆਖਦਾ ਕਿ ਮੈਨੂੰ ਸਵਾ ਸੌ ਚਾਹੀਦੇ ਹਨ। ਵਜ਼ੀਰ ਤੋਂ ਸੂਬੇ ਤਕ, ਸੂਬੇ ਤੋਂ ਆਮਲ ਤਕ, ਆਮਲ ਤੋਂ ਚੌਧਰੀ ਤਕ ਤੇ ਚੌਧਰੀਆਂ ਤੋਂ ਜਲਾਦਾਂ ਤੇ ਸਿਪਾਹੀਆਂ ਤਕ ਪਹੁੰਚਦਿਆਂ ਪਹੁੰਚਦਿਆਂ ਸੌ ਸਿਰਾਂ ਦੀ ਮੰਗ ਹਰ ਇਕ ਜੀਉਂਦੇ ਤੇ ਟੁਰਦੇ ਫਿਰਦੇ ਸਿੰਘ ਦੇ ਸਿਰ ਦੀ ਮੰਗ ਤਕ ਪਹੁੰਚ ਜਾਂਦੀ। ਨਿਕੇ ਜਿਹੇ ਜ਼ੁਲਮ ਜਾਂ ਸਜ਼ਾ ਵਾਸਤੇ ਚੁਕੀ ਗਈ ਉਂਗਲੀ ਜਦੋਂ ਸਿਪਾਹੀਆਂ ਤੇ ਜਲਾਦਾਂ ਤਕ ਪਹੁੰਚਦੀ

Scanned by CamScanner

ਤਾਂ ਉਹ ਸਮਝਦੇ ਕਿ ਉਹਨਾਂ ਨੂੰ ਬੇਇਨਤਹਾ ਜ਼ੁਲਮ ਤੇ ਸਜ਼ਾ ਦੇਣ ਦੀ ਆਗਿਆ ਮਿਲ ਗਈ ਹੈ। ਕਿਉਂਕਿ ਹਰ ਆਦਮੀ ਜ਼ੁਲਮ ਵਿਚ ਸਵਾਦ ਲੈਂਦਾ ਸੀ। ਉਹ ਜ਼ੁਲਮ, ਜ਼ੁਲਮ ਕਰਨ ਵਾਸਤੇ ਕਰਦਾ, ਸਜ਼ਾ ਦੇਣ ਵਾਸਤੇ ਨਹੀਂ।

ਫ਼ਰਖਸੀਅਰ ਤੇ ਅਬਦੁਲ ਸਮੱਦ ਵੀ ਦੇਵੇਂ ਏਸੇ ਵੰਨਗੀ ਦੇ ਆਦਮੀ ਸਨ। ਉਹ ਆਪਣੇ ਵੇਲਿਆਂ ਦੇ ਸੋਹਣੇ ਪੁਤੀਨ ਸਨ। ਹੋਰਨਾਂ ਨਾਲੋਂ ਉਹਨਾਂ ਵਿਚ ਖੂਬੀ ਇਹੋ ਵਧੇਰੇ ਸੀ ਕਿ ਕਿਸੇ ਤੇ ਅਤਿਆਚਾਰ ਉਹਨਾਂ ਦੇ ਦਿਲਾਂ ਨੂੰ ਨਰਮ ਨਹੀਂ ਸੀ ਕਰ ਸਕਦਾ। ਉਹ ਆਪਣ ਦੁਸ਼ਮਣਾਂ ਨੂੰ ਮਰਵਾ ਕੇ ਉਹਨਾਂ ਦਾ ਮਾਸ ਕੱਚਾ ਖਾ ਸਕਦੇ ਸਨ। ਮਾਸੂਮਾਂ ਨੂੰ ਵੀ ਮਰਵਾ ਕੇ ਉਹਨਾਂ ਦਾ ਖੂਨ ਪੀ ਸਕਦੇ ਸਨ ਤੇ ਫਿਰ ਵੀ ਮੁਸਕਰਾ ਸਕਦੇ ਸਨ, ਹੱਸ ਸਕਦੇ ਸਨ, ਖੁਸ਼ ਹੋ ਸਕਦੇ ਸਨ ਤੇ ਉਨਮੱਟ ਹੋ ਸਕਦੇ ਸਨ। ਜੇ ਆਪ ਫ਼ਰਖਸੀਅਰ ਤੇ ਅਬਦੁਲ ਸਮੱਦ ਇਹੋ ਜਿਹੇ ਸਨ ਤਾਂ ਉਹਨਾਂ ਦੇ ਫ਼ੌਜਦਾਰ ਤੇ ਆਮਲ ਤੇ ਚੌਧਰੀ ਤੇ ਹਾਕਮ ਕਿਉਂ ਉਹਨਾਂ ਨੂੰ ਮਾਤ ਨਾ ਪਾਂਦੇ ?

ਅਜ ਤਕ ਅਜਿਹੇ ਜ਼ੁਲਮ ਤੇ ਅਤਿਆਚਾਰ ਸਾਹਮਣੇ ਕੋਈ ਨਹੀਂ ਸੀ ਟਿਕਿਆ। ਅਜ ਤਕ ਕਿਸੇ ਹੋਰ ਨੇ ਆਪਣੀ ਜ਼ਿੰਦਗੀ ਨੂੰ ਰੱਬ ਦੀ ਦਾਤ ਨਹੀਂ ਸੀ ਸਮਝਿਆ ਸਗੋਂ ਹਕੂਮਤ ਦੀ ਮਿਹਰਬਾਨੀ ਖਿਆਲ ਕੀਤਾ ਸੀ। ਅਜ ਤਕ ਕਿਸੇ ਨੂੰ ਹਕੂਮਤ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਸੀ ਹੋਈ ਤੇ ਜੇ ਹੋਈ ਸੀ ਤਾਂ ਇਹ ਹਿੰਮਤ ਛਿਨਭੰਗਰੀ ਸਾਬਤ ਹੋਈ। ਅਜ ਤਕ ਹਰ ਹਾਲੇ ਜੀਣ ਦਾ ਅਸੂਲ ਅਪਣਾਇਆ ਗਿਆ ਸੀ। ਪਰ ਜਦੋਂ ਇਸ ਹਕੂਮਤ ਦਾ ਮੁਕਾਬਲਾ ਮਾਲਸੇ ਨਾਲ ਹੋਇਆ ਤਾਂ ਇਹ ਇਕ ਅਸਲੋਂ ਨਵੀਂ ਚੀਜ਼ ਹੋਈ।

ਸਿਖ ਲੋਕ ਜ਼ਿੰਦਗੀ ਨੂੰ ਪ੍ਰਮਾਤਮਾ ਦੀ ਦਾਤ ਸਮਝਦੇ ਤੇ ਇਹ ਵੀ ਸਮਝਦੇ ਕਿ ਜ਼ਿੰਦਗੀ ਪ੍ਰਮਾਤਮਾਂ ਦੇ ਨਾਂ ਉੱਤੇ ਹੀ ਬਿਤਾਣੀ ਯੋਗ ਹੈ। ਇਹਨਾਂ ਲੋਕਾਂ ਨੇ ਇਹ ਮੰਨਣੋਂ ਇਨਕਾਰ ਕਰ ਦਿਤਾ ਕਿ ਉਹ ਮੁਗ਼ਲੀਹਾ ਹਕੂਮਤ ਦੀ ਮਿਹਰਬਾਨੀ ਨਾਲ ਜੀ ਰਹੇ ਹਨ। ਇਹਨਾਂ ਅਦੁਤੀ ਲੋਕਾਂ ਵਿਚ ਇਕ ਅਦੁਤੀ ਹਿੰਮਤ ਸੀ, ਇਕ ਬੇਮਿਸਾਲ ਮੱਚ। ਇਹ ਲੋਕ ਮਰ ਜਾਂਦੇ ਸਨ ਪਰ ਇਹਨਾਂ ਦਾ ਮੱਚ ਨਹੀਂ ਸੀ ਮਰਦਾ।

ਇਹਨਾਂ ਲੋਕਾਂ ਨੇ ਮੁਗ਼ਲੀਹਾ ਹਕੂਮਤ ਨਾਲ ਟੱਕਰ ਲਈ। ਇਹ ਕੀੜੀ ਤੇ ਹਾਥੀ ਦਾ ਮੁਕਾਬਲਾ ਸੀ, ਪਰ ਸੀ ਮੁਕਾਬਲਾ ਹੀ। ਇਹਨਾਂ ਨੇ ਪ੍ਰਣ ਕੀਤਾ ਕਿ ਉਹਨਾਂ ਦੀਨ ਨਹੀਂ ਮੰਨਣੀ, ਧਰਮ ਨਹੀਂ ਗੁਆਣਾ, ਜਾਨ ਭਾਵੇਂ ਚਲੀ ਜਾਵੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਇਹੋ ਜਿਹੇ ਸੰਸਕਾਰ ਤੇ ਖਿਆਲ ਇਹਨਾਂ ਵਿਚ ਰਵਦੇ ਆ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਇਹ ਸੰਸਕਾਰ ਤੇ ਇਰਾਦੇ ਕੜ ਪਾੜ ਕੇ ਫੁਟ ਨਿਕਲੇ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕੁਲ ਵਡਾਦਾਰ ਤੇ ਆਪਾ-ਵਾਰੂ ਸਿੰਘਾਂ ਨਾਲ ਦਿੱਲੀ ਦੇ ਸ਼ਹਿਨਸ਼ਾਹ ਨੂੰ ਲਲਕਾਰਿਆ। ਲਲਕਾਰ ਨੂੰ ਖੁਲ੍ਹੇ ਹੱਥੀਂ ਮਨਜ਼ੂਰ ਕੀਤਾ ਗਿਆ। ਅੰਨ੍ਹਾ ਕੀ ਭਾਲੇ ਦੋ ਅੱਖਾਂ ?

ਬੰਦਾ ਸਿੰਘ ਬਹਾਦਰ ਨੇ ਦੋਬਾਰਾ ਸ਼ੇਰ ਵਰਗੀ ਲਲਕਾਰ ਮਾਰੀ। ਪਹਿਲੇ ਨਾਲੋਂ ਵੀ ਜ਼ੋਰਦਾਰ ਚੈਲੰਜ ਦਿਤਾ। ਜਦੋ-ਜਹਿਦ ਜਾਰੀ ਰਹੀ। ਪਹਿਲੀ ਵਾਰ ਹੀ ਕਿਸੇ ਦੀ ਲਲਕਾਰ ਨੂੰ ਪਛਾੜਨ ਤੇ ਲਿਤਾੜਨ ਵਾਸਤੇ ਔਨੀ ਦੇਰ ਲਗੀ ਸੀ। ਹੁਣ ਇਕ ਇਕ ਸਿੰਘ ਇਹੋ ਚੈਲੰਜ ਮੁਗ਼ਲੀਹਾ ਸ਼ਹਿਨਸ਼ਾਹ ਨੂੰ ਸੁੱਟ ਰਿਹਾ ਸੀ। ਹੁਣ ਇਹ ਲਹਿਰ ਚੰਢ ਸਿਖਾਂ ਤਕ ਹੀ ਮਹਿਦੂਦ ਨਹੀਂ ਸੀ ਰਹੀ। ਹੁਣ ਸਮੂਹ ਜਨਤਾ ਨੇ ਸਿਰ ਧੜ ਦੀ ਬਾਜ਼ੀ ਲਾ ਦਿਤੀ। ਸਿਖਾਂ ਦੇ ਸਿਰਾਂ ਦੀ ਵਾਢੀ ਸ਼ੁਰੂ ਹੋਈ। ਪਰ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਮੁਗ਼ਲਾਂ ਦੀ ਮਿਹਰਬਾਨੀ ਮਹਿਸੂਸ ਨਹੀਂ ਸੀ ਕੀਤਾ ਉਹ ਕਿਥੋਂ ਡਰਨ ਵਾਲੇ ਸਨ ? ਜਿਥੇ ਜਿਥੇ ਵੀ ਕੋਈ ਗੁਰੂ ਦਾ ਲਾਲ ਸੀ ਓਥੋਂ ਓਥੋਂ ਹੀ ਕਸ਼ਮਕਸ਼ ਜਾਰੀ ਰਹੀ। ਛੰਭਾਂ ਤੇ ਜੰਗਲਾਂ ਤੇ ਜੂਹਾਂ ਵਿਚ ਲੁਕੇ ਸਿੰਘ ਆਏ ਦਿਨ ਸ਼ੀਹਾਂ ਵਾਂਗ ਮੁਸਲਮਾਨਾਂ ਉੱਤੇ ਜਾ ਪੈਂਦੇ। ਕਟਾ-ਵਢ ਕਰਕੇ ਤੇ ਖਾਣ ਪੀਣ ਜੋਗਾ ਮਾਲ ਖੋਹ ਲਆਂਦੇ। ਮੁਗ਼ਲੀਹਾ ਸਲਤਨੱਤ ਦਾ ਮੌਤ ਦੀ ਖਾਮੋਸ਼ੀ ਵਾਲਾ ਅਮਨ ਭੰਗ ਹੋ ਜਾਂਦਾ। ਇਹ ਹਮਲੇ, ਇਹ ਧਾੜਾਂ ਤੇ ਡਾਕੇ, ਇਹ ਇੱਕੇ-ਦੁਕੇ ਕਤਲ, ਇਹ ਬ੍ਰਿਛ ਬ੍ਰਿਛ ਪਿਛੇ ਲੁਕੇ ਸਿੰਘ ਦਾ ਅਹਿਸਾਸ ਮੁਸਲਮਾਨ ਹਕੂਮਤ ਨੂੰ ਚੈਨ ਨਾ ਲੈਣ ਦੇਂਦੇ। ਤੇ ਦਿਨੋਂ ਦਿਨ ਉਹਨਾਂ ਦੀ ਸਾਖ ਪਰਜਾ ਦੀ ਨਜ਼ਰ ਵਿਚ ਘਟਦੀ ਜਾਂਦੀ।

ਫ਼ਰਖਸੀਅਰ ਤੇ ਅਬਦੁਲ ਸਮੱਦ ਖ਼ਾਨ ਦਲੇਰ ਜੰਗ ਗ਼ਜਬਨਾਕ ਹੋਏ। ਉਹਨਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਹ ਗੁੱਸੇ ਨਾਲ ਕੰਬੇ। 'ਹੈਂ' ! ਇਹ ਚੰਦ ਹਜ਼ਾਰ ਸਿਖੜੇ ? ਸਾਨੂੰ ਨੀਵਾਂ ਵਿਖਾਣ ਦਾ ਜੇਰਾ ਕਰਦੇ ਹਨ ? ਅਸੀਂ, ਜਿਨ੍ਹਾਂ ਨੇ ਕੀ ਕੀ ਨਹੀਂ ਕੀਤਾ ਇਹਨਾਂ ਕੋਲੋਂ ਦੱਬੇ ਜਾ ਰਹੇ ਹਾਂ ?" ਦਾਤਰੀ ਹੋਰ ਵੀ ਤੇਜ਼ ਕੀਤੀ ਗਈ। ਵਾਢੀ

Scanned by CamScanner

ਵਧੇਰੇ ਤੇਜ਼ੀ ਨਾਲ ਸ਼ੁਰੂ ਹੋਈ। ਬੇਗੁਨਾਹ ਤੇ ਮਾਸੂਮ ਵੀ ਵਿਚੇ ਕੁਰਰੇ ਜਾਣ ਲਗੇ। ਪਰ ਅੰਤ...ਅੰਤ ਜਿਸ ਸਲਤਨੱਤ ਦਾ ਸਿਧਾਂਤ ਹੀ ਜ਼ੁਲਮ ਤੇ ਖ਼ੂਨ ਸੀ ਉਹ ਸਲਤਨੱਤ ਵੀ ਡੋਲ ਗਈ। ਪਹਿਲੀ ਵਾਰ ਮੁਗ਼ਲ ਸਲਤਨੱਤ ਨੂੰ ਉਹਨਾਂ ਦੀ ਨੀਤੀ ਦਾ ਉੱਤਰ ਮਿਲਿਆ। ਮੁਗ਼ਲੀਹਾ ਸਲਤਨੱਤ ਹਾਰ ਗਈ। ਅਬਦੁਲ ਸਮੱਦ ਖ਼ਾਨ ਦਲੇਰੇ-ਜੰਗ ਹਾਰ ਗਿਆ। ਹਿੰਦੁਸਤਾਨ ਦਾ ਸ਼ਹਿਨ-ਸ਼ਾਹ ਫ਼ਰਖਸੀਅਰ ਹਾਰ ਗਿਆ। ਇਸ ਰਾਜ ਦੇ ਸਭ ਫ਼ੌਜਦਾਰ, ਸਭ ਆਮਲ, ਸਭ ਚੌਧਰੀ, ਸਭ ਹਾਕਮ, ਸਭ ਸਿਪਾਹੀ, ਸਭ ਜਲਾਦ ਹਾਰ ਗਏ। ਖ਼ਾਲਸੇ ਦੀ ਵਿਜੈ ਹੋਈ। ਬੰਦਾ ਸਿੰਘ ਬਹਾਦਰ ਜਿਤਿਆ। ਓਦੋਂ ਪਿਛਲੀਆਂ ਕਈ ਸਦੀਆਂ ਵਿਚ ਪਹਿਲੀ ਵਾਰ ਮੁਗ਼ਲ ਰਾਜ ਨੇ ਕਿਸੇ ਨੂੰ ਸੁਲ੍ਹਾ ਦਾ ਨਿਉਤਾ ਦਿਤਾ। ਫ਼ਰਖ਼ਸੀਅਰ ਵਰਗਾ ਫ਼ੌਲਾਦ ਦਾ ਬਣਿਆ ਆਦਮੀ ਵੀ ਝੁਕ ਗਿਆ ਤੇ ਉਸ ਦਿਲੋਂ ਹਾਰ ਮੰਨੀ।

ਹੁਣ ਦਿਨੋਂ ਦਿਨ ਅਬਦੁੱਲ ਸਮੱਦ ਦੇ ਆਦਮੀ ਸਿਖਾਂ ਨਾਲ ਸੁਲ੍ਹਾ ਕਰਨ ਦੀਆਂ ਦਲੀਲਾਂ ਪੇਸ਼ ਕਰਦੇ। ਉਹ ਆਖਦੇ ਕਿ ਮੁਗ਼ਲ ਰਾਜ ਦਾ ਵੈਰ ਸਿਖਾਂ ਨਾਲ ਨਹੀਂ ਬੰਦੇ ਨਾਲ ਹੈ। ਜੇ ਸਿਖ ਚੈਨ ਤੇ ਆਰਾਮ ਨਾਲ ਵੱਸਣ ਤਾਂ ਉਹ ਬੇਸ਼ਕ ਆਪਣੇ ਕੇਸ ਰਖਣ, ਆਪਣੀ ਦਾੜ੍ਹੀ ਰਖਣ, ਆਪਣਾ ਨਿਤਨੇਮ ਕਰਨ। ਇਹ ਹੀ ਨਹੀਂ, ਉਹਨਾਂ ਕਿਹਾ, ਇਹੋ ਜਿਹੇ ਸਿਖਾਂ ਨੂੰ ਮੁਗ਼ਲ ਰਾਜ ਵਿਚ ਨੌਕਰੀਆਂ ਦਿਤੀਆਂ ਜਾਣਗੀਆਂ, ਉਹਨਾਂ ਦੀਆਂ ਜਾਗੀਰਾਂ ਵਾਪਸ ਮੋੜੀਆਂ ਜਾਣਗੀਆਂ। ਅੰਮ੍ਰਿਤਸਰ ਨਾਲ ਲਗੀ ਜ਼ਮੀਨ, ਜਿਹੜੀ ਅਕਬਰ ਦੇ ਵੇਲੇ ਤੋਂ ਦਰਬਾਰ ਸਾਹਿਬ ਦੀ ਮਲਕੀਅਤ ਟੁਰੀ ਆਉਂਦੀ ਸੀ, ਬਹਾਲ ਕਰ ਦਿਤੀ ਜਾਵੇਗੀ। ਸਰਕਾਰੇ ਦਰਬਾਰੇ ਸਿੰਘਾਂ ਦੀ ਇੱਜ਼ਤ ਹੋਵੇਗੀ।

ਇਸ ਨਿਉਂਤੇ ਨਾਲ ਫ਼ਰਖ਼ਸੀਅਰ ਦਾ ਖਿਆਲ ਸੀ ਕਿ ਉਹ ਸਿਖਾਂ ਵਿਚ ਫੁੱਟ ਪਾ ਸਕੇਗਾ। ਉਹਨਾਂ ਨੂੰ ਦੋ ਫਾੜ ਕਰ ਸਕੇਗਾ। ਜਦੋਂ ਬੰਦਾ ਇਕੱਲਾ ਰਹਿ ਗਿਆ ਤਾਂ ਉਹਨੂੰ ਪਛਾੜਨਾ ਸੌਖਾ ਹੋਵੇਗਾ। ਇਹ ਨਿਉਂਤਾ ਤੇ ਇਹ ਸਹੂਲਤਾਂ ਦੀ ਲਿਸਟ ਪੜ੍ਹ ਕੇ ਕਈ ਸਿੰਘ ਡੋਲ ਗਏ। ਸਿੰਘਾਂ ਵਿਚ ਹਰ ਆਦਮੀ ਹੀ ਬੰਦਾ ਸਿੰਘ ਬਹਾਦਰ ਨਹੀਂ ਸੀ। ਨਾਂ ਹੀ ਹਰ ਇਕ ਸਿੰਘ ਵਿਚ ਸ਼ਾਹਬਾਜ਼ ਜਾਂ ਉਹਦੇ ਵਰਗੇ ਸੂਰਬੀਰਾਂ ਦਾ ਦਿਲ ਧੜਕ ਰਿਹਾ ਸੀ। ਜੇ ਇਉਂ ਹੁੰਦਾ ਤਾਂ ਵੀ ਸ਼ਾਇਦ ਇਹ ਲਹਿਰ ਸਫਲ ਨਾ ਹੋ ਸਕਦੀ।

ਧਰਮ ਬੇਸ਼ਕ ਇਕ ਬੜਾ ਤਾਕਤਵਰ ਜਜ਼ਬਾ ਹੈ। ਇਹਦੇ ਤੋਂ ਬੜਾ ਕੁਝ ਵਾਰਿਆ ਜਾ ਸਕਦਾ ਹੈ ਤੇ ਇਹਦੇ ਵਾਸਤੇ ਬੜਾ ਕੁਝ ਸਿਹਾ ਜਾ ਸਕਦਾ ਹੈ। ਪਰ ਤਾਂ ਵੀ ਕਦੀ ਕਦੀ ਆਦਮੀ ਧਰਮ ਵਿਚ ਰਿਆਇਤਾਂ ਮੰਨ ਲੈਣ ਨੂੰ ਤਿਆਰ ਹੋ ਜਾਂਦਾ ਹੈ। ਉਹਦੀ ਸਪਿਰਟ ਕੁਝ ਚਿਰ ਵਾਸਤੇ ਲਿਫ਼ ਜਾਂਦੀ ਹੈ। ਪਰ ਇਹ ਸਿਰਫ਼ ਕੁਝ ਹੀ ਆਦਮੀ ਸਨ। ਅਸਲੋਂ ਥੋੜੇ ਹੀ ਮੁਗ਼ਲ ਰਾਜ ਦੇ ਇਸ ਝਾਂਸੇ ਵਿਚ ਆਏ। ਇਹਨਾਂ ਕੁਝ ਬੰਦਿਆਂ ਦੇ ਲਿਫਣ ਨਾਲ ਜਦੋ ਜਹਿਦ ਖਤਮ ਨਾ ਹੋਈ। ਬੰਦਾ ਸਿੰਘ ਦਾ ਬੋਲ ਬਾਲਾ ਉਸੇ ਤਰ੍ਹਾਂ ਹੀ ਰਿਹਾ। ਸਿੰਘ ਸੁਲ੍ਹਾ ਨਹੀਂ ਸਨ ਚਾਹੁੰਦੇ। ਸਿੰਘ ਮੁਗ਼ਲੀਹਾ ਸਲਤਨੱਤ ਨੂੰ ਜੜ੍ਹੋਂ ਪੁਟਣਾ ਚਾਹੁੰਦੇ ਸਨ। ਉਹ ਕਿਸੇ ਸ਼ਰਤ ਉੱਤੇ ਵੀ ਜ਼ੁਲਮ ਨਾਲ ਮੇਲ ਜੋਲ ਕਰਨ ਤੋਂ ਇਨਕਾਰੀ ਸਨ। ਖ਼ਾਸ ਕਰ ਕੇ ਹੁਣ ਜਦੋਂ ਉਹ ਸਲਤਨੱਤ ਨੂੰ ਹਾਰਿਆ ਵੇਖ ਚੁਕੇ ਸਨ ਉਹਨਾਂ ਦੇ ਡੋਲਣ ਦਾ ਕੋਈ ਕਾਰਨ ਨਹੀਂ ਸੀ।

Scanned by CamScanner

੩੨

ਨਿਰੋਲ ਸਾਹਿਤਕ ਦਰਿਸ਼ਟੀਕੋਣ ਤੋਂ ਸਿਖ ਇਤਿਹਾਸ ਬੜੀ ਬਦਕਿਸਮਤ ਅਸਥਿਤੀ ਵਿਚ ਹੈ । ਸ਼ਾਇਦ ਹੋਰ ਕੌਮ ਤੇ ਦੇਸ਼ ਦੇ ਇਤਿਹਾਸ ਵਿਚ ਕਿਸੇ ਹੱਦ ਤਕ ਊਣਤਾਈਆਂ ਹੁੰਦੀਆਂ ਹੋਣ ਪਰ ਸਿਖ ਇਤਿਹਾਸ ਦੀਆਂ ਊਣਤਾਈਆ ਇਹਨੂੰ ਹੱਦੋਂ ਵਧ ਦਰਦ-ਰਿੰਵਾਣਾ ਬਣਾ ਦੇਂਦੀਆਂ ਹਨ । ਸਿਖ ਇਤਿਹਾਸ ਦੀ ਸਭ ਤੋਂ ਵਡੀ ਬਦਕਿਸਮਤੀ ਇਹ ਹੈ ਕਿ ਇਹਨੂੰ ਤਿੰਨਾਂ ਚੋਹਾਂ ਜਾਤੀਆਂ ਦੇ ਪ੍ਰਤੀਨਿਧਾਂ ਨੇ ਲਿਖਿਆ ਹੈ ਤੇ ਹਰ ਜਾਤੀ ਦੇ ਪ੍ਰਤੀਨਿਧ ਨੇ ਇਸ ਇਤਿਹਾਸ ਨੂੰ ਆਪਣੇ ਨਿੱਜੀ ਝੁਕਾਅ ਨਾਲ, ਆਪਣੇ ਜਾਤੀ ਸੰਸਕਾਰਾਂ ਨਾਲ ਆਪਣੇ ਨਿੱਜੀ ਤੇ ਜਾਤੀ ਵਿਸ਼ਵਾਸ਼ਾਂ ਤੇ ਭਰਮਾਂ ਨਾਲ ਤੇ ਆਪਣੇ ਤਰਫਦਾਰੀ ਪੱਖਾਂ ਨਾਲ ਰੰਗਿਆ ਹੈ । ਜਿਸ ਇਤਿਹਾਸ ਦੇ ਲਿਖਣ ਵਾਲੇ ਪੱਖ-ਪਾਤੀ, ਤਰਫਦਾਰ, ਤੇ ਕਿਸੇ ਹੱਦ ਤਕ ਜ਼ਜ਼ਬਾਤੀ ਹੋਣ ਉਹ ਇਤਿਹਾਸ ਕਿਵੇਂ ਟਕਸਾਲੀ ਗਿਣਿਆ ਜਾ ਸਕਦਾ ਹੈ ?

ਸਿਖ ਇਤਿਹਾਸ ਲਿਖਣ ਵਾਲੇ ਸਭ ਤੋਂ ਪਹਿਲੇ ਲੇਖਕ ਮੁਸਲਮਾਨ ਸਨ। ਉਹ ਮੁਸਲਮਾਨ ਜਿਨ੍ਹਾਂ ਨਾਲ ਖ਼ਾਲਸੇ ਦੀ ਸਿਰ ਧੜ ਦੀ ਬਾਜ਼ੀ ਲਗ ਚੁਕੀ ਸੀ । ਕਈ ਹਾਲਤਾਂ ਵਿਚ ਇਹ ਲੇਖਕ ਮੁਗਲ ਬਾਦਸ਼ਾਹਾਂ ਦੇ ਦਰਬਾਰੀ ਲੇਖਕ ਸਨ। ਉਹਨਾਂ ਦਿਨਾਂ ਵਿਚ ਕੱਟੜਪੁਣਾ ਹੱਦ ਤਕ ਪਹੁੰਚ ਚੁਕਾ ਸੀ । ਇਹੋ ਜਿਹੇ ਇਤਿਹਾਸਕਾਰਾਂ ਕੋਲੋਂ ਸਿਖ ਇਤਿਹਾਸ ਨੂੰ ਕੀ ਉਮੀਦ ਹੋ ਸਕਦੀ ਸੀ ?

ਇਹਨਾਂ ਤੋਂ ਪਿਛੋਂ ਮੈਦਾਨ ਵਿਚ ਆਏ ਸਿਖ ਇਤਿਹਾਸਕਾਰ । ਜਿੰਨੀ ਸੇਵਾ ਕਈ ਪ੍ਰਸਿਧ ਤੇ ਸੂਝਵਾਨ ਸਿਖ ਇਤਿਹਾਸਕਾਰਾਂ ਨੇ ਸਿਖ ਇਤਿਹਾਸ ਦੀ ਕੀਤੀ ਹੈ ਉਸ ਤੋਂ ਕੋਈ ਮੁਨਕਰ ਨਹੀਂ ਹੋਵੇਗਾ ਪਰ ਤਾਂ ਵੀ ਇਹ ਕਹਿਣ ਵਿਚ ਆਰ ਨਹੀਂ ਹੋਣੀ ਚਾਹੀਦੀ ਕਿ ਕਿਸੇ ਹਦ ਤਕ ਇਹਨਾਂ ਲੇਖਕਾਂ ਦਾ ਲਿਖਿਆ ਇਤਿਹਾਸ ਵੀ ਨਿਰਪੱਖ ਨਹੀਂ । ਸਿਖ ਇਤਿਹਾਸਕਾਰਾਂ ਦਾ ਲਿਖਿਆ ਇਤਿਹਾਸ ਮੁਸਲਮਾਨਾਂ ਦੇ ਲਿਖੇ ਇਤਿਹਾਸ ਦਾ ਪ੍ਰਤਿਕਰਮ ਹੈ । ਇਕ ਤਰ੍ਹਾਂ ਨਾਲ ਇਸ ਇਤਿਹਾਸ ਵਿਚ ਮੁਸਲਮਾਨਾਂ ਨੂੰ ਮੂੰਹ-ਤੋੜਵੇਂ ਜੁਆਬ ਦਿਤੇ ਗਏ ਹਨ। ਉਹਨਾਂ ਦੇ ਲਿਖੇ ਝੂਠਾਂ ਦੇ ਸਨਮੁਖ ਸੱਚ ਨੂੰ ਦਰਸਾਣ ਦੀ ਕੋਸ਼ਸ਼ ਕੀਤੀ ਗਈ ਹੈ । ਇਹ ਕਿ ਪਹਿਲਾਂ ਇਤਿਹਾਸਕਾਰ ਕਿਸੇ ਹੱਦ ਤਕ ਗ਼ਲਤ ਸਨ ਇਹਦੇ ਵਿਚ ਸ਼ੱਕ ਨਹੀਂ, ਪਰ ਨਿਰਪੱਖ ਸਚ ਦਰਸਾਂਦੇ ਦਰਸਾਂਦੇ ਸਿਖ ਇਤਿਹਾਸਕਾਰ ਵੀ ਪੂਰਾ ਸੱਚ ਨਹੀਂ ਦਰਸਾ ਸਕੇ । ਇਹਨਾਂ ਦੇ ਸੱਚ ਵਿਚ ਅਤਿ-ਕਥਨੀਆਂ ਤੇ ਟਪਾਰਾਂ ਦੀ ਭਰਮਾਰ ਹੋ ਗਈ ਹੈ, ਜਾਂ ਦੂਜੇ ਸ਼ਬਦਾਂ ਵਿਚ ਇਸ ਸੱਚ ਵਿਚ ਵੀ ਝੂਠ ਦੀ ਮਿਲਾਵਟ ਹੈ ।

ਸਿਖਾਂ ਤੋਂ ਪਿਛੋਂ ਅੰਗਰੇਜ਼ ਇਤਿਹਾਸਕਾਰ ਨਿੱਤਰੇ । ਬੇਸ਼ਕ ਅੰਗਰੇਜ਼ ਬੜੇ ਬੁਧੀਮਾਨ ਤੇ ਸਿਆਣੇ ਸਨ ਪਰ ਬੁਧੀਮਾਨ ਇਤਿਹਾਸਕਾਰਾਂ ਨੂੰ ਵੀ ਦੂਸਰੀ ਜਾਤੀ ਤੇ ਦੇਸ਼ ਦੇ ਮਨੁੱਖਾਂ, ਹਾਲਾਤਾਂ, ਕਰਮਾਂ ਤੇ ਪ੍ਰਤਿਕਰਮਾਂ ਤੇ ਇਤਿਹਾਸਕ ਪਿਛੋਕੜਾਂ ਨੂੰ ਸਮਝਣ ਵਾਸਤੇ ਸਮਾਂ ਚਾਹੀਦਾ ਸੀ । ਅੰਗਰੇਜ਼ ਜਦੋਂ ਪੰਜਾਬ ਵਿਚ ਆਏ ਤਾਂ ਪੰਜਾਬ ਨੂੰ ਜਿੱਤਣ ਦੇ ਖਿਆਲ ਨਾਲ । ਜੇ ਸਾਰੇ ਹਿੰਦੁਸਤਾਨ ਵਿਚ ਉਹਨਾਂ ਦੀਆਂ ਕਿਸੇ ਜਾਤੀ ਨਾਲ ਸਭ ਤੋਂ ਵਧ ਮੂੰਹ-ਤੋੜਵੀਆਂ ਲੜਾਈਆਂ ਹੋਈਆਂ ਤਾਂ ਉਹ ਸਿਖਾਂ ਨਾਲ । ਜੇ ਉਹਨਾਂ ਨੂੰ ਕਿਸੇ ਉਹਨਾਂ ਦੇ ਰਾਖਵੇਂ ਦਾਵਾਂ ਤੇ ਲੜਾਈ ਦੇ ਅੱਸੂਲਾਂ ਤੇ ਹਰਾਇਆ ਤਾਂ ਉਹ ਸਿਖਾਂ ਨੇ । ਜੇ ਹਿੰਦੁਸਤਾਨ ਵਿਚ ਕਿਸੇ ਕੌਮ ਦਾ ਤੋਪਖ਼ਾਨਾ ਤੇ ਰਸਾਲਾ ਅੰਗਰੇਜ਼ਾਂ ਦੇ ਮੁਕਾਬਲੇ ਪਿਛੋਂ ਨੌ-ਬਰ-ਨੌ ਬਚਿਆ ਤਾਂ ਉਹ ਸਿਖਾਂ ਦਾ । ਜੇ ਨੀਤੀ ਤੇ ਪਾਲੇਟਿਕਸ ਦੇ ਪੱਧਰ ਤੋਂ ਵੀ ਅੰਗਰੇਜ਼ ਹੁਕਮਰਾਨਾਂ ਨੂੰ ਆਪਣਾ ਕੋਈ ਹਮ-ਪੱਲਾ ਮਿਲਿਆ ਤਾਂ ਉਹ ਮਹਾਰਾਜਾ ਰਣਜੀਤ ਸਿੰਘ । ਸਹਿਜੇ ਹੀ ਤਾਂ ਇਹੋ ਜਿਹੇ ਹਾਲਾਤਾਂ ਵਿਚ ਅਸੀਂ ਇਹਨਾਂ ਇਤਿਹਾਸਕਾਰਾਂ ਕੋਲੋਂ ਕਿਸ ਤਰ੍ਹਾਂ ਬੇਦਰੇਗ-ਸੱਚ ਦੀ ਆਸ ਰਖ ਸਕਦੇ ਹਾਂ ?

ਅੰਗਰੇਜ਼ ਇਕ ਸਾਮਰਾਜੀ ਕੌਮ ਹੈ । ਹਿੰਦੁਸਤਾਨ ਵਿਚ ਸਾਮਰਾਜੀ ਫੰਗ ਫੈਲਾਣ ਤੋਂ ਪਹਿਲਾਂ ਅੰਗਰੇਜ਼ਾਂ ਦਾ ਸਾਮਰਾਜ ਦੁਨੀਆਂ ਦੇ ਕਈ ਹੋਰ ਮੁਲਕਾਂ ਵਿਚ ਸਫ਼ਲਤਾ ਨਾਲ ਚਲ ਚੁਕਾ ਸੀ । ਪੰਜਾਬ ਤਕ ਪਹੁੰਚਦਿਆਂ ਪਹੁੰਚਦਿਆਂ

Scanned by CamScanner

ਅੰਗਰੇਜ਼ ਕੌਮ ਆਪਣੀ ਸਾਮਰਾਜੀ ਨੀਤੀ ਵਿਚ ਨਿਪੁੰਨ ਤੇ ਤਜਰਬੇਕਾਰ ਹੋ ਚੁਕੀ ਸੀ। ਅੰਗਰੇਜ਼ਾਂ ਨੇ ਕਈ ਕੌਮਾਂ ਤੇ ਦੇਸ਼ਾਂ ਦਾ ਇਤਿਹਾਸ ਵਿਗਾੜਿਆ ਹੈ। ਇਹਨਾਂ ਨੇ ਕਈ ਕੌਮਾਂ ਤੇ ਦੇਸ਼ਾਂ ਨੂੰ ਸੂਲੀ ਉੱਤੇ ਟੰਗੀ ਰਖਿਆ ਹੈ। ਜਿਹੜੀ ਜਿਹੜੀ ਚੀਜ਼ ਵੀ ਇਹਨਾਂ ਦੀ ਸਾਮਰਾਜੀ ਨੀਤੀ ਅੰਦਰ ਪੂਰੀ ਨਾ ਉਤਰਦੀ ਉਹੋ ਉਹੋ ਸ਼ੈ ਹੀ ਇਹ ਇਤਿਹਾਸ ਨੂੰ ਝੂਠਲਾ ਕੇ ਸਿਧ ਕਰ ਲੈਂਦੇ ਰਹੇ। ਹਿੰਦੁਸਤਾਨ ਵਿਚ ਤੇ ਖ਼ਾਸ ਕਰਕੇ ਸਿਖਾਂ ਨਾਲ ਵੀ ਇਹਨਾਂ ਇਸ ਤਰ੍ਹਾਂ ਹੀ ਕੀਤਾ।

ਲੋਕਾਂ ਨੂੰ ਨਖੇੜ ਕੇ ਰਾਜ ਜਾਰੀ ਰਖਣ ਦੀ ਅੰਗਰੇਜ਼ੀ ਨੀਤੀ ਦਾ ਆਦਿ ਵੀ ਲਗ ਭਗ ਉਹਨਾਂ ਦਿਨਾਂ ਵਿਚ ਸ਼ੁਰੂ ਹੋਇਆ ਤੇ ਏਸੇ ਲਈ ਅੰਗਰੇਜ਼ ਇਤਿਹਾਸਕਾਰਾਂ ਦੀਆਂ ਪੁਸਤਕਾਂ ਵਿਚ ਇਕ ਅਜੀਬ ਤਰ੍ਹਾਂ ਦਾ ਬੇਤਵਾਜ਼ਨ ਹੁੰਦਾ ਹੈ। ਇਸ ਤੋਂ ਉਪਰੰਤ, ਉਸ ਵੇਲੇ ਬਹੁਤੀਆਂ ਪੁਸਤਕਾਂ ਤੇ ਖਰੜੇ ਜਿਹੜੇ ਉਹਨਾਂ ਦੇ ਹੱਥਾਂ ਵਿਚ ਆਏ ਉਹ ਮੁਸਲਮਾਨ ਇਤਿਹਾਸਕਾਰਾਂ ਦੇ ਲਿਖੇ ਹੋਏ ਸਨ। ਅੰਗਰੇਜ਼ਾਂ ਨੇ ਫ਼ਾਰਸੀ ਤੇ ਹੋਰ ਜ਼ਬਾਨਾਂ ਪੰਜਾਬੀ ਪੜ੍ਹਨ ਨਾਲੋਂ ਕਿਤੇ ਪਹਿਲੇ ਸਿਖੀਆਂ। ਸੋ ਸਮਕਾਲੀ ਇਤਿਹਾਸਕਾਰਾਂ ਲਈ ਸਿਖ ਇਤਿਹਾਸਕਾਰਾਂ ਦਾ ਲਿਖਿਆ ਮਸਾਲਾ ਬਹੁਤਾ ਲਾਭਵੰਦ ਨਾ ਹੋ ਸਕਿਆ।

ਇਕ ਪ੍ਰਸਿਧ ਅੰਗਰੇਜ਼ ਇਤਿਹਾਸਕਾਰ ਜਿਹੜਾ ਅੰਗਰੇਜ਼ ਹੁੰਦਾ ਹੋਇਆ ਵੀ ਸਾਮਰਾਜੀ ਨੀਤੀ ਤੋਂ ਉਪਰ ਉਠਿਆ ਤੇ ਜਿਸ ਸਿਖ ਇਤਿਹਾਸ ਤੇ ਧਰਮ ਦੀ ਨਵੇਕਲੀ ਛਾਣ ਬੀਣ ਕੀਤੀ, ਉਹਦਾ ਇਤਿਹਾਸ ਬੇਸ਼ਕ ਕਿਸੇ ਹੱਦ ਤਕ ਭਰੋਸੇ ਯੋਗ ਹੈ। ਪਰ ਉਹ ਵੀ ਸਿਖ ਇਤਿਹਾਸ ਬਾਰੇ ਉਸ ਵੇਲੇ ਆਸਾਨੀ ਨਾਲ ਮਿਲ ਸਕਦੇ ਖਰੜਿਆਂ ਤੇ ਕਿਤਾਬਾਂ ਤੋਂ ਅਗੇ ਨਹੀਂ ਸੀ ਜਾ ਸਕਦਾ। ਦੂਜਾ, ਉਹ ਹਾਲਾਤਾਂ ਦੇ ਅਤਿਅੰਤ ਨੇੜੇ ਸੀ ਤੇ ਆਪ ਵੀ ਐਨੀ ਮਹੱਤਵ ਸਰਕਾਰੀ ਸ਼ਖਸੀਅਤ ਕਿ ਉਹਦੇ ਵਾਸਤੇ ਨਵੇਕਲੀ ਸੂਝ ਨਾਲ ਕੁਝ ਲਿਖਣਾ ਬੜਾ ਕਠਿਨ ਸੀ। ਤੀਜਾ, ਉਸ ਐਨਾਂ ਥੋੜਾ ਚਿਰ ਸਿਖਾਂ ਦੇ ਸਾਥ ਵਿਚ ਗੁਜ਼ਾਰਿਆ ਕਿ ਇਸ ਸਮੇਂ ਵਿਚ ਉਹ ਸਿਖਾਂ ਦੀ ਇਤਿਹਾਸਕ ਪਿਛੋਕੜ ਨੂੰ ਹਰ ਪੱਖ ਤੋਂ ਸਮਝ ਨਾ ਸਕਿਆ।

ਅੰਗਰੇਜ਼ਾਂ ਤੋਂ ਪਿਛੋਂ ਆਏ ਹਿੰਦੂ ਇਤਿਹਾਸਕਾਰ। ਇਹਨਾਂ ਨੇ ਆਪਣੀ ਹੀ ਨਵੀਂ ਲਕੀਰ ਖਿੱਚੀ। ਮੁਸਲਮਾਨ, ਸਿਖ ਤੇ ਅੰਗਰੇਜ਼ ਤਿੰਨੇ ਕੌਮਾਂ ਸਿਖਾਂ ਦੇ ਮੁਕਾਬਲੇ ਵਿਚ ਹਿੰਦੂਆਂ ਨੂੰ ਛੁਟਿਆਂਦੀਆਂ ਆਈਆਂ ਸਨ। ਹਰ ਇਕ ਲੇਖਕ ਨੇ ਕਿਹਾ ਸੀ ਕਿ ਹਿੰਦੂ ਜਾਤੀ ਬਿਲਕੁਲ ਨਿਘਰ ਚੁਕੀ ਹੈ, ਕਿ ਇਹਦਾ ਮੱਚ ਮਰ ਚੁਕਾ ਹੈ, ਕਿ ਇਹ ਆਪਣੀ ਜ਼ਿੰਦਗੀ ਨੂੰ ਮੁਗ਼ਲਾਂ ਦੀ ਮਿਹਰਬਾਨੀ ਸਮਝਦੇ ਹਨ ਕਿ ਇਹ ਹਰ ਹੀਲੇ ਚਾਰ ਦਿਨ ਸੌਖ ਨਾਲ ਬਿਤਾਣ ਦੇ ਖਾਹਸ਼ਮੰਦ ਹਨ ਕਿ ਦਰਅਸਲ ਸਿਖਾਂ ਦਾ ਆਦਰਸ਼ ਹੀ ਹਿੰਦੂ ਜਾਤੀ ਨੂੰ ਬਚਾਣਾ ਹੈ, ਕਿ ਸਿਖ ਸਹੀ ਅਰਥਾਂ ਵਿਚ ਹਿੰਦੂਆਂ ਦੇ ਰਾਖੇ ਹਨ।

ਇਹੋ ਜਿਹੀਆ ਲਿਖਤਾਂ ਤੇ ਦਾਅਵਿਆਂ ਨੇ ਹਿੰਦੂ ਲੇਖਕਾਂ ਨੂੰ ਗੁੱਸੇ ਕੀਤਾ ਤੇ ਉਹਨਾਂ ਦੇ ਲਿਖੇ ਸਿਖ ਇਤਿਹਾਸ ਵਿਚ ਵੀ ਏਸੇ ਲਈ ਸੱਚ ਤੇ ਝੂਠ ਦੋਵੇਂ ਮਿਲ ਗਏ। ਸੋ ਇਹਨਾਂ ਲੇਖਕਾਂ ਦਾ ਲਿਖਿਆ ਇਤਿਹਾਸ ਇਕ ਤਰ੍ਹਾਂ ਦੀ ਅੱਧ-ਪੱਕੀ ਖਿਚੜੀ ਹੀ ਸਮਝੋ। ਇਹਨਾਂ ਨੇ ਆਪਣੀਆਂ ਮਨ ਭਾਉਂਦੀਆਂ ਕਿਤਾਬਾਂ ਪੜ੍ਹੀਆਂ ਤੇ ਬਾਕੀ ਦੀਆਂ ਛੇਕ ਦਿਤੀਆਂ ਤੇ ਇਹਨਾਂ ਨੇ ਆਪਣੇ ਮਨ ਭਾਉਂਦੇ ਨਤੀਜੇ ਕਢੇ।

ਏਸੇ ਲਈ ਕਿਹਾ ਜਾ ਸਕਦਾ ਹੈ ਕਿ ਸਿਖ ਇਤਿਹਾਸ ਵਰਗੀ ਦੁਰਗੱਤੀ ਹੋਰ ਕਿਸੇ ਇਤਿਹਾਸ ਦੀ ਨਹੀਂ ਹੋਈ। ਇਕ ਲਾਲ, ਮਿੱਟੀ ਵਿਚ ਰੁਲਿਆ ਪਿਆ ਹੈ। ਇਕ ਸੂਰਬੀਰ ਇਤਿਹਾਸ ਭਿੰਨ ਭਿੰਨ ਜ਼ਾਤੀਆਂ ਦੇ ਪੱਖਪਾਤੀ ਠੇਡਿਆਂ ਦਾ ਸ਼ਿਕਾਰ ਹੈ। ਐਨਾ ਘੱਟ ਭਰਿਆ ਗਿਆ ਹੈ ਕਿ ਸੋਨਾ ਅਲੋਪ ਹੋ ਚੁਕਾ ਹੈ। ਇਕ ਜੀਉਂਦੀ ਜਾਗਦੀ ਕੌਮ ਬਿਨਾਂ ਸੋਂਹਦੇ ਇਤਿਹਾਸ ਦੇ ਤੜਪ ਰਹੀ ਹੈ। ਇਹੋ ਜਿਹੀ ਜ਼ਿਆਦਤੀ ਕਿਸੇ ਹੋਰ ਕੌਮ ਨਾਲ ਨਹੀਂ ਹੋਈ। ਇਸ ਤਰ੍ਹਾਂ ਕਿਸੇ ਕੌਮ ਦਾ ਇਤਿਹਾਸ ਲਿਤਾੜਿਆ ਤੇ ਵਿਗਾੜਿਆ ਨਹੀਂ ਗਿਆ।

ਹੈਰਾਨੀ ਦੀ ਗੱਲ ਹੈ ਕਿ ਅਜ ਤਕ ਵੀ, ਜਦ ਕਿ ਵੀਹਵੀਂ ਸਦੀ ਅੱਧੀ ਤੋਂ ਵਧ ਬੀਤ ਚੁਕੀ ਹੈ, ਸਿਖ ਜਾਤੀ ਦਾ ਇਤਿਹਾਸ ਨਿਰਪੱਖ ਦਰਿਸ਼ਟੀਕੋਣ ਤੋਂ ਮੁਕੰਮਲ ਨਹੀਂ। ਸਿਖ ਇਤਿਹਾਸ ਵਿਚੋਂ ਉਹ ਇਨਸਾਨ ਤੇ ਉਹ ਸਮਾਂ ਜਿਸ ਨਾਲ ਸਭ ਤੋਂ ਵਧ ਜ਼ਿਆਦਤੀ ਹੋਈ ਹੈ ਤੇ ਜਿਹਦੀ ਸਭ ਤੋਂ ਵਧ ਦੁਰਗੱਤੀ ਕੀਤੀ ਗਈ ਹੈ ਉਹ ਇਨਸਾਨ ਬੰਦਾ ਸਿੰਘ ਬਹਾਦਰ ਹੈ ਤੇ ਉਹ ਸਮਾਂ ਬੰਦਾ ਸਿੰਘ ਬਹਾਦਰ ਦਾ ਸਮਾਂ।

ਮੁਸਲਮਾਨਾਂ ਨੇ ਬੰਦਾ ਸਿੰਘ ਬਹਾਦਰ ਨੂੰ ਇਕ ਇਨਸਾਨ ਦੀ ਤਰ੍ਹਾਂ ਨਹੀਂ — ਇਕ ਹੈਵਾਨ ਦੀ ਤਰ੍ਹਾਂ ਪੇਸ਼ ਕੀਤਾ ਹੈ — ਉਹਦੇ ਵਰਗਾ ਖ਼ੂਨੀ, ਲੁੱਟੀਮਾਰ, ਜ਼ਾਲਮ ਤੇ ਧੋਖੇਬਾਜ਼ ਆਦਮੀ ਮੁਸਲਮਾਨ ਇਤਿਹਾਸਕਾਰਾਂ ਦੀ ਨਜ਼ਰ ਵਿਚ ਨਾ ਕਦੀ ਹੋਇਆ ਤੇ ਨਾ ਕਦੀ ਹੋਏਗਾ। ਮੁਸਲਮਾਨ ਇਤਿਹਾਸਕਾਰਾਂ ਨੇ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬੰਦਾ ਅੰਤ ਵਿਚ ਹਾਰ ਗਿਆ ਤੇ ਉਹਦਾ ਮਿਸ਼ਨ ਫਿਹਲ ਹੋਇਆ।

Scanned by CamScanner

ਮੁਸਲਮਾਨਾਂ ਨੇ ਤਾਂ ਉਹਨੂੰ ਇਕ ਧਿਰਕਾਰੀ-ਸ਼ਖਸੀਅਤ ਦੇ ਰੂਪ ਵਿਚ ਪੇਸ਼ ਕਰਨਾ ਹੀ ਸੀ ਪਰ ਅਫ਼ਸੋਸ ਹੈ ਕਿ ਸਿਖ ਇਤਿਹਾਸਕਾਰ ਵੀ ਉੱਕ ਗਏ। ਉਹਨਾਂ ਨੇ ਵੀ ਇਸ ਸ਼ਖਸੀਅਤ ਨਾਲ ਅਣਸੋਂਹਦੀ ਜ਼ਿਆਦਤੀ ਕੀਤੀ। ਇਹਨਾਂ ਵਿਚੋਂ ਬਹੁਤੇ ਮੁਸਲਮਾਨ ਹਕੂਮਤ ਤੇ ਮੁਸਲਮਾਨ ਇਤਿਹਾਸਕਾਰਾਂ ਦੇ ਝਾਂਸੇ ਵਿਚ ਆ ਗਏ ਤੇ ਉਹ ਟਪਲਾ ਖਾ ਗਏ। ਉਹਨਾਂ ਨੇ ਵੀ ਸਮਝਿਆ ਹੈ ਕਿ ਬੰਦਾ ਸਿੰਘ ਹਾਰ ਗਿਆ ਤੇ ਆਪਣੇ ਮਿਸ਼ਨ ਵਿਚ ਵਿਹਲ ਹੋਇਆ।

ਅੰਗਰੇਜ਼ ਇਤਿਹਾਸਕਾਰਾਂ ਨੂੰ ਬੰਦੇ ਦੀ ਮਹਾਨਤਾ ਨੇ ਚੁੰਧਿਆ ਦਿਤਾ। ਉਹ ਹੈਰਾਨ ਹੋਏ ਤੇ ਉਹਨਾਂ ਦੀ ਇਸ ਸ਼ਖਸ਼ੀਅਤ ਬਾਰੇ ਪਰਖ ਅਧੂਰਨ ਰਹੀ। ਹਿੰਦੂ ਇਤਿਹਾਸਕਾਰਾਂ ਨੇ ਬੰਦੇ ਬਾਰੇ ਲਿਖੇ ਇਤਿਹਾਸ ਵਿਚ ਸਭ ਤੋਂ ਵਧ ਧੱਕਾ ਕਮਾਇਆ। ਉਹਨਾਂ ਨੇ ਸਿਖ ਧਰਮ ਦੇ ਇਸ ਸਪੂਤ ਨੂੰ ਇਕ ਤਰ੍ਹਾਂ ਨਾਲ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਸਾਡੇ ਆਪਣੇ ਸਮੇਂ ਵਿਚ ਵੀ ਚੰਗੀਆਂ ਚੰਗੀਆਂ ਸਿਰ-ਕੱਢ ਹਿੰਦੂ ਸ਼ਖਸੀਅਤਾਂ, ਜਿਹੜੀਆਂ ਕਿ ਸਿਰਫ਼ ਆਪਣੇ ਨਿੱਜੀ ਸੰਸਕਾਰਾਂ ਨੂੰ ਸਿਧ ਕਰਨ ਵਾਸਤੇ ਇਤਿਹਾਸਕਾਰ ਬਣੀਆਂ — ਉਹਨਾਂ ਨੇ ਵੀ ਏਸੇ ਲੀਹ ਨੂੰ ਅਪਣਾ ਕੇ ਆਖਿਆ ਹੈ ਕਿ ਬੰਦਾ ਸਿੰਘ ਸਿਖ ਧਰਮ ਦਾ ਕਦੀ ਵੀ ਪੱਕਾ ਸ਼ਿਸ਼ ਨਹੀਂ ਸੀ। ਉਹ ਮਾਸ ਨਹੀਂ ਸੀ ਖਾਂਦਾ ਤੇ ਇਹ ਕਿ ਉਸ ਸਿਖ ਧਰਮ ਨੂੰ ਕਦੀ ਵੀ ਚੰਗੀ ਤਰ੍ਹਾਂ ਨਹੀਂ ਸੀ ਸਮਝਿਆ।

ਅਫ਼ਸੋਸ ! ਸਿਖ ਕੌਮ ਤੇ ਸਿਖ ਇਤਿਹਾਸਕਾਰ ਇਸ ਝਾਂਸੇ ਵਿਚ ਵੀ ਆ ਗਏ ਤੇ ਉਹਨਾਂ ਨੇ ਧਰਮ ਦੇ ਨਾਂ ਤੇ ਬੰਦਾ ਸਿੰਘ ਦੀ ਵਡਿਆਈ ਨੂੰ ਛੁਟਿਆਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੂੰ ਡਰ ਲਗਾ ਕਿ ਮਤੇ ਇਹ ਗੱਲ ਸਚ ਹੀ ਨਾ ਹੋਵੇ। ਮਤੇ ਬੰਦਾ ਸਿੰਘ ਸਚ ਮੁਚ ਹਿੰਦੂ ਹੀ ਹੋਵੇ ਤੇ ਉਹਦੀ ਤਾਰੀਫ਼ ਕਿਤੇ ਹਿੰਦੂਆਂ ਦੀ ਤਾਰੀਫ਼ ਨਾ ਗਿਣੀ ਜਾਵੇ। ਇਹ ਹੈ ਉਹ ਇਤਿਹਾਸਕ ਮਿਲਗੋਭਾ ਤੇ ਇਤਿਹਾਸਕ ਪਿਛੇਕੜ ਜਿਸ ਉੱਤੇ ਸਿਖ ਕੌਮ ਤੇ ਖਾਸ ਕਰ ਕੇ ਬੰਦਾ ਸਿੰਘ ਬਹਾਦਰ ਦੀ ਪਰਖ ਕੀਤੀ ਜਾਂਦੀ ਰਹੀ ਹੈ ਤੇ ਕੀਤੀ ਜਾ ਰਹੀ ਹੈ।

੩੩

ਕੀ ਬੰਦਾ ਸਿੰਘ ਬਹਾਦਰ ਆਪਣੇ ਮਿਸ਼ਨ ਵਿਚ ਅਸਫ਼ਲ ਰਿਹਾ ? ਕੀ ਬੰਦਾ ਸਿੰਘ ਨੂੰ ਰਾਜਸਕ ਤੇ ਸੈਨਿਕ ਦਰਿਸ਼ਟੀਕੋਣ ਤੋਂ ਪੂਰਨ ਹਾਰ ਹੋਈ ? ਕੀ ਬੰਦਾ ਸਿੰਘ ਸਿਖ ਧਰਮ ਦੇ ਅਸੂਲਾਂ ਤੋਂ ਡਿਗ ਗਿਆ ਤੇ ਉਹਦੇ ਸਮੇਂ ਅੰਦਰ ਸਿਖਾਂ ਵਿਚ ਘੋਰ ਫੁਟ ਪਈ ? ਕੀ ਬੰਦਾ ਸਿੰਘ ਸਿਰਫ਼ ਇਕ ਖ਼ਬੱਤ ਸੀ ਤੇ ਪ੍ਰਤਿਭਾ ਨਹੀਂ ? ਇਹ ਕੁਝ ਸਵਾਲ ਹਨ ਜਿਨ੍ਹਾਂ ਦਾ ਠਿਰਨੇ ਪੂਰਵਕ ਜੁਆਬ ਅਜੇ ਤਕ ਇਤਿਹਾਸ ਵਿਚੋਂ ਸਹੀ ਨਹੀਂ ਹੁੰਦਾ। ਇਹੋ ਉਹ ਸਵਾਲ ਹਨ ਜਿਨ੍ਹਾਂ ਦਾ ਸਹੀ ਜੁਆਬ ਸਿਖ ਇਤਿਹਾਸ ਵਾਸਤੇ ਬੜਾ ਜ਼ਰੂਰੀ ਤੇ ਲੋੜੀਂਦਾ ਹੈ। ਇਹੋ ਉਹ ਸਵਾਲ ਹਨ ਕਿ ਜਿਨ੍ਹਾਂ ਦੇ ਜੁਆਬ ਉੱਤੇ ਬੰਦਾ ਸਿੰਘ ਦੀ ਤੇ ਉਹਦੇ ਸਮੇਂ ਦੀ ਸਹੀ ਪਰਖ ਕੀਤੀ ਜਾ ਸਕਦੀ ਹੈ। ਇਹੋ ਉਹ ਸਵਾਲ ਹਨ ਕਿ ਜਿਨ੍ਹਾਂ ਦਾ ਦਰੁਸਤ ਅਧਿਐਨ ਅਨਿਸਚਤਾ ਦਾ ਵਾਯੂ ਮੰਡਲ ਸਾਫ਼ ਕਰੇਗਾ ਤੇ ਫਿਰ ਕੁਝ ਜ਼ਰੂਰੀ ਨਿਰਨਿਆਂ ਉੱਤੇ ਪਹੁੰਚਣਾ ਆਸਾਨ ਹੋ ਜਾਵੇਗਾ।

ਬੰਦਾ ਸਿੰਘ, ਇਕ ਜਮਾਂਦਰੂ ਸੈਨਿਕ ਪ੍ਰਤਿਭਾ, ਨੇ ਮੁਗਲ ਸੈਨਾਵਾਂ ਨਾਲ ਬੜੀਆਂ ਲੜਾਈਆਂ ਲੜੀਆਂ। ਉਹ ਅਠੇਕ ਲੜਾਈਆਂ ਵਿਚ ਜਿਤਿਆ ਤੇ ਅਠੇਕਾਂ ਵਿਚ ਹਾਰਿਆ। ਸੈਨਿਕ ਦਰਿਸ਼ਟੀਕੋਣ ਤੋਂ ਬੰਦਾ ਸਿੰਘ ਦੀਆਂ ਚਾਰ ਮੁਹਿੰਮਾਂ ਬਾਕੀਆਂ ਨਾਲੋਂ ਢੇਰ ਮਹੱਤਵ ਵਾਲੀਆਂ ਹਨ। ਪਹਿਲੀ ਮੁਹਿੰਮ ਸੀ ਸਰਹਿੰਦ ਦੀ ਲੜਾਈ, ਦੂਜੀ ਮੁਹਿੰਮ ਸੀ ਸਹਾਰਨਪੁਰ ਤੇ ਜਲਾਲਾਬਾਦ ਵਿਚ ਜਥੇਬੰਦ ਕਾਰਵਾਈ, ਤੀਜੀ ਮੁਹਿੰਮ ਸੀ ਲੋਹ ਗੜ੍ਹ ਦਾ ਪਹਿਲਾ ਯੁਧ ਤੇ ਆਖਰੀ ਮੁਹਿੰਮ ਸੀ ਗੁਰਦਾਸ ਨੰਗਲ ਦਾ ਆਖਰੀ ਮਾਹਰਕਾ।

Scanned by CamScanner

ਸਰਹਿੰਦ ਦੀ ਲੜਾਈ ਸੈਨਿਕ ਲੀਹਾਂ ਤੋਂ ਟਕਸਾਲੀ ਲੜਾਈ ਹੈ ਤੇ ਖਾਲਸੇ ਦੇ ਯੁਧ-ਇਤਿਹਾਸ ਵਿਚ ਇਕ ਮੀਲ ਚਿੰਨ੍ਹ। ਜਿਸ ਸਫ਼ਾਈ ਤੇ ਸਿਆਣਪ ਨਾਲ ਬੰਦਾ ਬਹਾਦਰ ਨੇ ਚਪੜਚੇੜੀ ਦੇ ਮੈਦਾਨ ਵਿਚ ਵਜ਼ੀਰ ਖਾਨ ਨੂੰ ਹਰਾਇਆ ਤੇ ਆਪਣੀ ਜ਼ਾਤੀ ਲੀਡਰਸ਼ਿਪ ਦੀ ਜਿਹੜੀ ਮਿਸਾਲ ਉਸ ਚਪੜਚੇੜੀ ਤੇ ਫਿਰ ਸਰਹਿੰਦ ਵਿਚ ਪੇਸ਼ ਕੀਤੀ, ਉਸ ਨਾਲ ਸਹਿਜੇ ਹੀ ਬੰਦਾ ਸਿੰਘ ਹੈਨੀਬਲ, ਸੀਜ਼ਰ, ਨੈਪੋਲੀਅਨ ਤੇ ਹਰਸ਼ ਜਿਹੇ ਯੋਧਿਆਂ ਤੇ ਸੈਨਾ-ਪਤੀਆਂ ਦੀ ਲੀਹ ਵਿਚ ਆ ਖਲੋਂਦਾ ਹੈ।

ਸਹਾਰਨਪੁਰ ਤੇ ਜਲਾਬਾਦ ਵਿਚ ਜਥੇਬੰਦ ਕਾਰਵਾਈ ਸੈਨਿਕ ਅਸੂਲਾਂ ਤੇ ਨਤੀਜਿਆਂ ਤੋਂ ਇਕ ਬੜੀ ਸਿਆਣੀ ਮੁਹਿੰਮ ਹੈ। ਬੰਦਾ ਸਿੰਘ ਬਹਾਦਰ ਦਾ ਹੌਸਲਾ ਤੇ ਜੰਗੀ ਹਾਲਾਤਾਂ ਉਪਰ ਉਹਦੀ ਪਕੜ ਬੇਮਿਸਾਲ ਰਹੀ। ਦਿੱਲੀ ਨੂੰ ਜਿੱਤਣ ਦੀ ਕਲਪਨਾ ਤੇ ਇਸ ਕਲਪਨਾ ਦੀ ਪਰੌੜ੍ਹਤਾ ਵਿਚ ਚੁਕੇ ਕਦਮ ਦਰਸਾਂਦੇ ਹਨ ਕਿ ਬੰਦਾ ਸਿੰਘ ਬਹਾਦਰ ਦੇ ਇਰਾਦੇ ਫੌਲਾਦੀ ਸਨ, ਕਿ ਉਹਦੇ ਦਾਈਏ ਸਿਰਫ਼ ਪੰਜਾਬ ਉੱਤੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਉੱਤੇ ਕਬਜ਼ਾ ਕਰਨ ਦੇ ਸਨ, ਕਿ ਉਹਨੂੰ ਮੁਗ਼ਲ ਸਲਤਨੱਤ ਦੀ ਮਹਾਨ ਤਾਕਤ ਨੇ ਕਦੀ ਨਹੀਂ ਡਰਾਇਆ, ਕਿ ਉਹ ਆਪਣੀ ਕਲਪਨਾ ਤੇ ਇਰਾਦਿਆਂ ਵਿਚ ਸਫ਼ਲ ਹੋਣ ਹੀ ਵਾਲਾ ਸੀ ਕਿ ਕੁਦਰਤੀ ਤਾਕਤਾਂ ਰਾਹ ਵਿਚ ਆ ਖਲੋਤੀਆਂ।

ਲੋਹ ਗੜ੍ਹ ਦੀ ਲੜਾਈ ਵਿਚ ਬੰਦਾ ਸਿੰਘ ਪਹਿਲੀ ਵਾਰ ਹਾਰਿਆ ਤੇ ਉਹ ਲੋਹ ਗੜ੍ਹ ਨੂੰ ਛਡ ਕੇ ਪਹਾੜਾਂ ਵਿਚ ਨਿਕਲ ਗਿਆ। ਉਸ ਦਿਨ ਤੋਂ ਲੈ ਕੇ ਗੁਰਦਾਸ ਨੰਗਲ ਦੇ ਆਖਰੀ ਮਾਹਰਕੇ ਤਕ ਉਹ ਹਰ ਆਏ ਦਿਨ ਸ਼ਹਿਨਸ਼ਾਹੀ ਫ਼ੌਜਾਂ ਨਾਲ ਲੜਦਾ ਭਿੜਦਾ ਰਿਹਾ ਤੇ ਇਨ੍ਹਾਂ ਲੜਾਈਆਂ ਭਿੜਾਈਆਂ ਵਿਚ ਉਹ ਬਹੁਤੀ ਵਾਰ ਜਿੱਤਿਆ ਤੇ ਥੋੜੀ ਵਾਰ ਹਾਰਿਆ। ਗੁਰਦਾਸ ਨੰਗਲ ਦੇ ਮਾਹਰਕੇ ਵਿਚ ਬੰਦਾ ਸਿੰਘ ਨੂੰ ਫ਼ੈਸਲਾਕੁਨ ਹਾਰ ਹੋਈ ਤੇ ਉਹ ਕੈਦੀ ਬਣਾਇਆ ਗਿਆ।

ਇਹਦੇ ਵਿਚ ਕੋਈ ਸ਼ਕ ਨਹੀਂ ਕਿ ਸੈਨਿਕ ਦਰਿਸ਼ਟੀਕੋਣ ਤੋਂ ਬੰਦਾ ਸਿੰਘ ਨੇ ਆਖਰੀ ਮਾਹਰਕੇ ਵਿਚ ਫ਼ੈਸਲਾਕੁਨ ਹਾਰ ਖਾਧੀ ਪਰ ਉਹਦੇ ਨਾਲ ਨਿਆਂ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਇਸ ਹਾਰ ਦੇ ਪਿਛੋਕੜ ਨੂੰ ਸਮਝਿਆ ਤੇ ਪਛਾਣਿਆ ਜਾਵੇ। ਅਸਲ ਵਿਚ ਲੋਹ ਗੜ੍ਹ ਦੀ ਪਹਿਲੀ ਹਾਰ ਪਿਛੋਂ ਮੁਗ਼ਲ ਸਲਤਨੱਤ ਨੂੰ ਪਛਾੜਨਾ ਸਭ ਪੱਖਾਂ ਤੋਂ ਇਕ ਅਨਹੋਣਾ ਪ੍ਰਸਤਾਵ ਬਣ ਗਿਆ ਸੀ। ਜੇ ਜਹਾਂਦਾਰ ਸ਼ਾਹ ਤਖ਼ਤ ਉੱਤੇ ਕੁਝ ਸਾਲ ਹੋਰ ਬੈਠਾ ਰਹਿੰਦਾ ਤਾਂ ਸ਼ਾਇਦ ਬੰਦਾ ਸਿੰਘ ਦਿੱਲੀ ਪਹੁੰਚਣ ਲਈ ਫਿਰ ਹੰਭਲਾ ਮਾਰਦਾ ਪਰ ਫ਼ਰਖਸੀਅਰ ਦੇ ਰਾਜ ਮੱਲਣ ਨਾਲ ਇਹ ਹਮਲਾ, ਜੇ ਕੀਤਾ ਵੀ ਜਾਂਦਾ, ਤਾਂ ਕਦੀ ਕਾਮਯਾਬ ਨਾ ਹੁੰਦਾ। ਸੋ ਕਿਹਾ ਜਾ ਸਕਦਾ ਹੈ ਕਿ ਜਿਥੋਂ ਤਕ ਪੰਜਾਬ ਤੇ ਦਿੱਲੀ ਦੇ ਰਾਜ ਮੱਲਣ ਦਾ ਸੰਬੰਧ ਹੈ ਬੰਦਾ ਸਿੰਘ ਆਪਣੇ ਇਰਾਦਿਆਂ ਵਿਚ ਫਿਹਲ ਹੋਇਆ। ਪਰ ਇਸ ਹਾਰ ਨੂੰ ਬੰਦਾ ਸਿੰਘ ਬਹਾਦਰ ਦੀ ਸੈਨਿਕ ਹਾਰ ਆਖਣਾ ਬੇਸਮਝੀ ਹੋਵੇਗਾ। ਯੁਧ ਇਤਿਹਾਸ ਵਿਚ ਹਾਰੇ ਹੋਏ ਜਰਨੈਲਾਂ ਨੂੰ ਸੈਨਿਕ ਦਰਿਸ਼ਟੀਕੋਣ ਤੋਂ ਹਾਰੇ ਹੋਏ ਜਰਨੈਲ ਨਹੀਂ ਗਿਣਿਆ ਜਾਂਦਾ ਜਦੋਂ ਤਕ ਕਿ ਜਰਨੈਲ ਦੀ ਅਗਵਾਈ ਤੋਟਾਂ ਭਰੀ ਨਾ ਹੋਵੇ।

ਇਹਦੇ ਵਿਚ ਕੋਈ ਹੈਰਾਨੀ ਨਹੀਂ ਕਿ ਮੁਗ਼ਲ ਸੈਨਾਵਾਂ ਅੰਤ ਵਿਚ ਬੰਦਾ ਸਿੰਘ ਨੂੰ ਹਰਾ ਕੇ ਕੈਦੀ ਬਣਾਣ ਵਿਚ ਸਫ਼ਲ ਹੋਈਆਂ ਪਰ ਹੈਰਾਨੀ ਦਾ ਅਸਥਾਨ ਇਹ ਹੈ ਕਿ ਬੰਦਾ ਸਿੰਘ ਬਹਾਦਰ ਛੇ ਵਰ੍ਹੇ ਆਪਣੇ ਤੋਂ ਨਿਸਬਤਨ ਬਹੁਤ ਵਡੀ ਬਲਵਾਨ ਹਕੂਮਤ ਨਾਲ ਟੱਕਰ ਲੈਂਦਾ ਆਇਆ ਤੇ ਇਹ ਕਿ ਉਸ ਐਡੀ ਬਲਵਾਨ ਹਕੂਮਤ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰ ਪਛਾੜਿਆ। ਏਸੇ ਲਈ ਬਿਨਾ ਸ਼ੱਕ ਇਹ ਕਿਹਾ ਜਾ ਸਕਦਾ ਹੈ, ਕਿ ਰਣ-ਭੂਮੀ ਵਿਚ ਹਾਰ ਕੇ ਵੀ ਬੰਦਾ ਸਿੰਘ ਬਹਾਦਰ ਇਹ ਸਿਧ ਕਰ ਗਿਆ ਕਿ ਉਹ ਉਸ ਵੇਲੇ ਦੇ ਮੁਗ਼ਲ ਸੈਨਾ-ਪਤੀਆਂ ਨਾਲੋਂ ਚੰਗੇਰਾ ਸੈਨਾਪਤੀ ਸੀ ਤੇ ਇਹ ਕਿ ਉਸ ਜਿਹੜੀ ਹਿੰਮਤ ਤੇ ਹੌਂਸਲੇ ਨਾਲ ਲਗ ਪਗ ਛੇ ਸਾਲ ਮੁਗ਼ਲ ਸ਼ਹਿਨਸ਼ਾਹੀਅਤ ਨੂੰ ਵੰਗਾਰੀ ਰਖਿਆ ਉਹ ਬੇਮਿਸਾਲ ਹੈ।

ਇਸ ਤੋਂ ਉਪਰੰਤ ਉਸ ਖਾਲਸੇ ਨੂੰ ਛਾਪਾ-ਮਾਰ ਜੰਗ ਦਾ ਰਾਹ ਦਸਿਆ ਤੇ ਇਹਨੂੰ ਆਪਣੇ ਹੱਥੀਂ ਸਫ਼ਲ ਕਰ ਕੇ ਦਰਸਾਇਆ ਤਾਂ ਜੋ ਉਸ ਤੋਂ ਪਿਛੋਂ ਵੀ ਖਾਲਸਾ ਇਹੋ ਜਿਹੀ ਜੰਗ ਸਫ਼ਲ ਤਰੀਕੇ ਨਾਲ ਜਾਰੀ ਰਖ ਸਕੇ। ਤੇ ਇਹੋ ਛਾਪਾ ਮਾਰ ਜੰਗ ਅਗਲੇ ਲਗ ਭਗ ਸੌ ਸਾਲਾਂ ਵਾਸਤੇ ਖਾਲਸਾ ਕੌਮ ਦੀ ਸਲਾਮਤੀ ਦਾ ਆਧਾਰ ਰਹੀ। ਕੀ ਬੰਦਾ ਸਿੰਘ ਰਾਜਸੀ ਪੱਖ ਤੋਂ ਹਾਰ ਗਿਆ ? ਠੀਕ, ਉਹ ਪੰਜਾਬ ਵਿਚ ਤੇ ਹਿੰਦੁਸਤਾਨ ਉੱਤੇ ਸਿਖ ਰਾਜ ਸਥਾਈ ਤੌਰ ਤੇ ਸਥਾਪਿਤ ਨਾ ਕਰ ਸਕਿਆ ਪਰ ਉਹ ਰਾਜਸੀ ਪੱਖ ਤੋਂ ਅਸਲੋਂ ਨਾਕਾਮ ਨਹੀਂ ਸੀ ਰਿਹਾ।

ਘਟੋ ਘਟ ਇਕ ਵਾਰ ਬੰਦਾ ਸਿੰਘ ਸਾਰੇ ਪੰਜਾਬ ਅੰਦਰ ਸਿਖ ਰਾਜ ਸਥਾਪਿਤ ਕਰਨ ਵਿਚ ਸਫਲ ਹੋਇਆ। ਉਸ ਲੋਹ ਗੜ੍ਹ ਨੂੰ ਆਪਣਾ ਸਦਰ ਬਣਾਇਆ ਤੇ ਜਥੇਬੰਦ ਹਕੂਮਤ ਦੀ ਸਾਰੀ ਲਾਮਡੋਰੀ ਅੱਖ-ਪਲਕਾਰੇ ਵਿਚ ਚਾਲੂ ਕਰ

Scanned by CamScanner

ਦਿਤੀ। ਉਸ ਨਵਾਂ ਸਿੱਕਾ ਜਾਰੀ ਕੀਤਾ, ਨਵੀਆਂ ਮੋਹਰਾਂ ਬਣਾਈਆਂ, ਹਲਕਾਰਾ ਸਿਸਟਮ ਜਾਰੀ ਕੀਤਾ, ਜ਼ਿਮੀਂਦਾਰੀ ਖਤਮ ਕੀਤੀ, ਸਭ ਫ਼ੌਜਦਾਰ, ਆਮਲ, ਚੌਧਰੀ ਤੇ ਹਾਕਮ ਤਬਦੀਲ ਕੀਤੇ ਤੇ ਇਹੋ ਜਿਹਾ ਹੋਰ ਬੜਾ ਨਿਕ-ਸੁਕ, ਜਿਹੜਾ ਕਿ ਹੋਰਨਾਂ ਗੱਲਾਂ ਨਾਲ ਇਹ ਵੀ ਸਿਧ ਕਰਦਾ ਹੈ ਕਿ ਬੰਦਾ ਸਿੰਘ ਬਹਾਦਰ ਮਿਰਫ ਇਕ ਸੈਨਿਕ ਪ੍ਰਤਿਭਾ ਹੀ ਨਹੀਂ ਸੀ ਸਗੋਂ ਇਕ ਰਾਜਸੀ ਪ੍ਰਤਿਭਾ ਵੀ ਸੀ। ਉਸ ਰਾਜਸੀ ਪੱਧਰ ਤੋਂ ਸਾਰੀ ਸਿਖ ਤੇ ਹਿੰਦੂ ਜਾਤੀ ਨੂੰ ਸੰਗਠਿਤ ਕੀਤਾ। ਉਹਨੇ ਕੌਮ ਦੀਆਂ ਖਿੰਡਰੀਆਂ ਸ਼ਕਤੀਆਂ ਨੂੰ ਇਕੱਠਾ ਕਰ ਕੇ ਵਿਖਾਇਆ ਕਿ ਏਕੇ ਵਿਚ ਬੜੀ ਤਾਕਤ ਹੈ।

ਕੀ ਬੰਦਾ ਸਿੰਘ ਸਿਖ ਧਰਮ ਦੇ ਅਸੂਲਾਂ ਤੋਂ ਡਿਗ ਪਿਆ ਤੇ ਉਹਦੇ ਸਮੇਂ ਖ਼ਾਲਸੇ ਵਿਚ ਫੁਟ ਪਈ ? ਇਹ ਬੜੀ ਵਚਿੱਤਰ ਗੱਲ ਹੈ ਕਿ ਅਜ ਤਕ ਸਿਖਾਂ ਵਿਚ ਇਸ ਸਵਾਲ ਬਾਰੇ ਸ਼ੰਕੇ ਤੇ ਭੁਲੇਖੇ ਪਏ ਆ ਰਹੇ ਹਨ। ਕਈ ਸਿਖ ਤਾਂ ਏਥੋਂ ਤਕ ਜਨੂੰਨੀ ਹਨ ਕਿ ਇਹਨਾਂ ਭੁਲੇਖਿਆਂ ਕਰਕੇ ਉਹ ਬੰਦਾ ਸਿੰਘ ਦੀ ਸੈਨਿਕ ਪ੍ਰਤਿਭਾ ਤੋਂ ਵੀ ਇਨਕਾਰੀ ਹੋ ਬਹਿੰਦੇ ਹਨ। ਉਹ ਭੁਲਦੇ ਹਨ ਕਿ ਬੰਦਈ ਸਿਖਾਂ ਤੇ ਤੱਤ ਖਾਲਸੇ ਵਿਚਕਾਰ ਮਤਿ ਭੇਦ ਬੰਦਾ ਸਿੰਘ ਦੀ ਮੌਤ ਤੋਂ ਪਿਛੋਂ ਸ਼ੁਰੂ ਹੋਇਆ। ਬੰਦਾ ਸਿੰਘ ਬਹਾਦਰ ਦੇ ਸਮੇਂ ਇਹੋ ਜਿਹੇ ਮਤਿ ਭੇਦ ਦੀ ਕੋਈ ਨਿਰਨੇ ਜੋਗ ਇਤਿਹਾਸਕ ਗਵਾਹੀ ਨਹੀਂ ਮਿਲਦੀ। ਜਿਨ੍ਹਾਂ ਜਿਨ੍ਹਾਂ ਸਿਖ ਇਤਿਹਾਸਕਾਰਾਂ ਨੇ ਇਹਨਾਂ ਮਤਿ ਭੇਦਾਂ ਨੂੰ ਵਡਿਆਇਆ ਹੈ ਉਹਨਾਂ ਦੀਆਂ ਲਿਖਤਾਂ ਵਿਚੋਂ ਮਜ਼ਬੂਤੀ ਕਟੜਪੁਣਾ ਪ੍ਰਤੱਖ ਨਜ਼ਰ ਆਉਂਦਾ ਹੈ ਉਹ ਕਿਵੇਂ ਨਾ ਕਿਵੇਂ ਬੰਦਾ ਸਿੰਘ ਦੀ ਹਾਰ ਦਾ ਕਾਰਨ ਉਹਦਾ ਸਿਖੀ ਅਸੂਲਾਂ ਤੋਂ ਡਿਗਣਾ ਸਿਧ ਕਰਨਾ ਚਾਹੁੰਦੇ ਸਨ ਕਿਉਂਕਿ ਉਹਨਾਂ ਦੀ ਆਪਣੀ ਕੋਈ ਸੈਨਿਕ ਸੂਝ ਨਹੀਂ ਸੀ ਤੇ ਉਹ ਬੰਦਾ ਸਿੰਘ ਦੀ ਹਾਰ ਦੇ ਸੈਨਿਕ ਕਾਰਨ ਢੂੰਡ ਨਹੀਂ ਸਨ ਸਕਦੇ। ਤੇ ਜੇ ਉਹ ਢੂੰਡ ਵੀ ਸਕਦੇ ਹੁੰਦੇ ਤੇ ਜੇ ਥੋੜੀ ਬਾਹਲੀ ਸੈਨਿਕ ਸੂਝ ਹੁੰਦੀ ਵੀ ਤਾਂ ਵੀ ਉਹ ਬੰਦਾ ਸਿੰਘ ਦੀ ਹਾਰ ਦੇ ਸੈਨਿਕ ਕਾਰਨ ਦੇ ਕੇ ਧਰਮ ਨੂੰ ਝੁਠਲਾ ਨਹੀਂ ਸਨ ਸਕਦੇ।


ਉਹਨਾਂ ਦੀ ਜਾਚੇ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਿਸ਼ ਕਿਸੇ ਹੋਰ ਤਰ੍ਹਾਂ ਵੀ ਮੁਗਲਾਂ ਕੋਲੋਂ ਹਰਾਇਆ ਨਹੀਂ ਸੀ ਜਾ ਸਕਦਾ, ਜੇ ਉਹ ਸਿਖੀ ਨੇਮ ਵਿਚ ਪੱਕਾ ਰਹਿੰਦਾ। ਉਹ ਭੁਲ ਜਾਂਦੇ ਹਨ ਤੇ ਮੰਨਣ ਤੋਂ ਇਨਕਾਰ ਕਰਦੇ ਹਨ ਕਿ ਆਪ ਗੁਰੂ ਗੋਬਿੰਦ ਸਿੰਘ ਜੀ ਨੇ ਮੁਟਲ ਸੈਨਾਵਾਂ ਕੋਲੋਂ ਇਕ ਤੋਂ ਵਧ ਵਾਰੀ ਹਾਰ ਖਾਧੀ ! ਇਤਿਹਾਸਕ ਪੱਖੋਂ ਇਹੋ ਜਿਹੇ ਮਜ਼ਬੂਤ ਕੱਟੜਾਂ ਦੀਆਂ ਲਿਖਤਾਂ ਉੱਤੇ ਇਤਬਾਰ ਨਹੀਂ ਕੀਤਾ ਜਾ ਸਕਦਾ। ਬੰਦਈ ਤੇ ਤੱਤ ਖਾਲਸੇ ਦਾ ਮਤਿ ਭੇਦ ਤੇ ਮਾਤਾ ਸੁੰਦਰੀ ਦਾ ਪਤਰ, ਦੋ ਉਹ ਢੰਗ ਹਨ ਜਿਨ੍ਹਾਂ ਥੱਲੇ ਇਹ ਅਖੌਤੀ ਇਤਿਹਾਸਕਾਰ ਆਪਣੇ ਮਜ਼ਬੂਤ ਕਟੜਪੁਣੇ ਦੀ ਪੁੜਤਾ ਕਰਨਾ ਲੋੜਦੇ ਹਨ ਤੇ ਆਪਣੇ ਅੰਧ-ਵਿਸ਼ਵਾਸ਼ ਨੂੰ ਹਰ ਹੀਲੇ ਤੇ ਹਰ ਦਲੀਲ ਦੇ ਬਰਖਿਲਾਫ਼ ਸੁਰਖਿਅਤ ਰਖਣਾ ਚਾਹੁੰਦੇ ਹਨ।

ਇਹ ਕਿ ਕੁਝ ਸਿਖ ਮੁਗਲਈ ਹਕੂਮਤ ਨਾਲ ਮਿਲ ਗਏ ਤੇ ਗੁਰਦਾਸ ਨੰਗਲ ਦੀ ਲੜਾਈ ਤੋਂ ਪਹਿਲੇ ਕਈ ਸਿਖਾਂ ਨੇ ਜਦੋਂ ਜਹਿਦ ਛਡ ਦਿਤੀ, ਇਸ ਵਿਚ ਕੋਈ ਸ਼ਕ ਨਹੀਂ। ਆਖਿਰ ਕਿੰਨੀ ਕੁ ਦੇਰ ਤਕ ਜਨਤਾ ਜ਼ੁਲਮ ਤੇ ਕਸ਼ਟ ਸਹਿ ਸਕਦੀ ਹੈ ? ਆਖਿਰ ਸਫਰ ਦੀ ਕਿਤੇ ਨਾ ਕਿਤੇ ਤਾਂ ਇਨਤਹਾ ਹੁੰਦੀ ਹੀ ਹੈ ? ਆਖਿਰ ਸਿਖ ਵੀ ਇਨਸਾਨ ਹੀ ਸਨ ਤੇ ਉਹਨਾਂ ਵਿਚ ਇਨਸਾਨੀ ਕੰਮਜ਼ੋਰੀਆਂ ਦੀ ਉਤਪਤੀ ਲਾਜ਼ਮੀ ਸੀ ਆਖਿਰ ਸ਼ੰਭੂ ਦੀ ਮਾਂ ਵੀਰਾਂ ਦਈ ਵਰਗੀਆਂ ਦੁਖੀ ਇਸਤਰੀਆਂ ਹੋਰ ਵੀ ਤਾਂ ਪੰਜਾਬ ਵਿਚ ਸਨ।

ਕੀ ਕੋਈ ਨਿਰਪੱਖ ਤੇ ਸਮਝਦਾਰ ਆਦਮੀ ਵੀਰਾਂ ਦੇਈ ਨੂੰ ਕਸੂਰਵਾਰ ਠਹਿਰਾਏਗਾ ਜੇ ਉਹ ਬੰਦਾ ਸਿੰਘ ਨਾਲ ਖੱਟ ਕਦਈ ਤੇ ਆਖਦੀ ਕਿ ਉਸੇ ਇਕੋ ਆਦਮੀ ਕਰ ਕੇ ਹੀ ਉਹਦੇ ਉਤੇ ਇਹੋ ਜਿਹੀਆਂ ਮੁਸੀਬਤਾਂ ਪਈਆਂ। ਭਾਵੇਂ ਧਰਮ ਹੋਵੇ ਭਾਵੇਂ ਕੁਧਰਮ ਪਰ ਇਨਸਾਨ ਇਕ ਪੱਧਰ ਉੱਤੇ ਪਹੁੰਚ ਕੇ ਕੁਰਲਾ ਉਠਦਾ ਹੈ ਤੇ ਆਖਦਾ ਹੈ, "ਬਸ ! ਹੋਰ ਨਹੀਂ ਸਹਿਆ ਜਾਂਦਾ।" ਸਿਖ ਇਤਿਹਾਸਕਾਰ ਇਸ ਸਚਾਈ ਨੂੰ ਵੀ ਮੰਨਣ ਤੋਂ ਇਨਕਾਰੀ ਹਨ। ਉਹਨਾਂ ਦੀਆਂ ਲਿਖਤਾਂ ਅਨੁਸਾਰ ਲੋਕ ਸਿਰਫ ਸਿਖ ਬਣੇ ਹੀ ਹਨ ਪਰ ਕਿਸੇ ਸਿਖ ਨੇ ਵਾਲ ਕਟਾਏ ਨਹੀਂ। ਉਹਨਾਂ ਦੇ ਇਤਿਹਾਸ ਮੁਜਬ ਕੋਈ ਆਦਮੀ ਪਤਤ ਨਹੀਂ ਹੋਇਆ ਤੇ ਕਿਸੇ ਸਿਖ — ਪੁਰਸ਼ ਜਾਂ ਇਸਤਰੀ ਨੇ ਦਿਲੋਂ ਹਾਰ ਨਹੀਂ ਮੰਨੀ। ਇਹ ਦੋਵੇਂ ਗੱਲਾਂ ਗ਼ਲਤ ਹਨ ਤੇ ਏਸੇ ਲਈ ਇਹਨਾਂ ਇਤਿਹਾਸਕਾਰਾਂ ਦਾ ਲਿਖਿਆ ਇਤਿਹਾਸ ਵੀ ਗ਼ਲਤ ਹੈ। ਉਹ ਸਿਖ ਹੁੰਦੇ ਹੋਏ ਇਹੋ ਜਿਹੀ ਕੋਈ ਗੱਲ ਮੰਨਣ ਨੂੰ ਤਿਆਰ ਨਹੀਂ ਸਨ ਤੇ ਬਸ।

ਬੇਸ਼ੱਕ ਕਈ ਸਿਖਾਂ ਨੇ ਵਾਲ ਕਟਾਏ ਤੇ ਕਈ ਮਰਦ ਤੀਵੀਆਂ ਨੇ ਦਿਲੋਂ ਹਾਰ ਸਵੀਕਾਰ ਕੀਤੀ ਤੇ ਕੁਝ ਆਦਮੀਆਂ ਨੇ ਲਾਹੌਰ ਦੇ ਸੂਬੇ ਨਾਲ ਮਿਲਾਪ ਵੀ ਕੀਤਾ। ਸਿਖ ਇਤਿਹਾਸਕਾਰਾਂ ਨੇ ਇਸ ਮਿਲਾਪ ਦਾ ਕਾਰਨ ਬੰਦਾ ਸਿੰਘ

Scanned by CamScanner



ਦਾ ਸਿਖੀ ਤੋਂ ਡੋਲਣਾ ਦਸਿਆ ਹੈ ਜਿਹੜਾ ਸੱਚ ਨਹੀਂ । ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਲੌਹ ਗੜ੍ਹ ਦੀ ਲੜਾਈ ਤੋਂ ਪਿਛੋਂ ਪਹਿਲੇ ਪੈਮਾਨੇ ਉੱਤੇ ਲੂਟ ਮਾਰ ਦੀ ਸੰਭਾਵਨਾ ਨਹੀਂ ਸੀ ਰਹੀ, ਸੋ ਆਮ ਜਨਤਾ ਵਾਸਤੇ ਜਾਨ ਵਾਰਨ ਦਾ ਇਕ ਜ਼ਰੂਰੀ ਬਹਾਨਾ ਵੀ ਖਤਮ ਹੋ ਚੁਕਾ ਸੀ ।

ਇਕ ਹੋਰ ਤੱਥ ਜਿਹੜਾ ਚੇਤੇ ਰਖਣਾ ਚਾਹੀਦਾ ਹੈ ਉਹ ਇਹ ਕਿ ਬੰਦਾ ਸਿੰਘ ਦੀ ਮੌਤ ਵੇਲੇ ਤੇ ਉਸ ਤੋਂ ਪਿਛੋਂ ਬੜੀ ਦੇਰ ਤਕ ਉਹਦੀ ਇਕ ਪਤਨੀ ਸਾਹਿਬ ਕੌਰ ਜੀਂਦੀ ਰਹੀ । ਉਹਦੀ ਕੁਖੋਂ ਇਕ ਪੁਤਰ ਰਣਜੀਤ ਸਿੰਘ ਵੀ ਜੰਮਿਆ । ਬੰਦਾ ਸਿੰਘ ਦਾ ਇਹ ਦੂਜਾ ਵਿਆਹ ਲੌਹ ਗੜ੍ਹ ਛਡਣ ਦੇ ਪਿਛੋਂ ਹੋਇਆ ਸੀ । ਅਸਲ ਵਿਚ ਇਹੋ ਟਿਸਤਰੀ ਤੇ ਉਹਦਾ ਪੁਤਰ ਰਣਜੀਤ ਸਿੰਘ ਹੀ ਬੰਦੱਈ ਖ਼ਾਲਸੇ ਨੂੰ ਹੋਂਦ ਵਿਚ ਲਿਆਣ ਦੇ ਮੋਹਰੀ ਸਨ । ਬੰਦਾ ਬਹਾਦਰ ਦੇ ਨਾਂ ਉੱਤੇ ਇਹਨਾਂ ਨੇ ਜੰਮੂ ਦੇ ਕੋਲ ਇਕ ਡੇਰਾ ਬਾਬਾ ਬੰਦਾ ਸ਼ੁਰੂ ਕੀਤਾ ਤੇ ਆਪਣੀ ਲੁੱਖੀ ਮਿੱਸੀ ਜੱਗਾ ਚੜ੍ਹਾਵਾ ਉਪਜਾਣਾ ਸ਼ੁਰੂ ਕੀਤਾ ।

ਇਹ ਵੀ ਹੋ ਸਕਦਾ ਹੈ ਕਿ ਬੰਦਾ ਬਹਾਦਰ ਦੇ ਕੁਝ ਸਾਥੀ ਉਹਨਾਂ ਸਿਖਾਂ ਨਾਲ, ਜਿਨ੍ਹਾਂ ਨੇ ਕਿ ਲਾਹੌਰ ਦੇ ਸੂਬੇ ਸੰਗ ਸੁਲਹ ਕੀਤੀ, ਨਾਰਾਜ਼ ਹੋ ਕੇ ਡੇਰਾ ਬਾਬਾ ਬੰਦਾ ਪਹੁੰਚ ਗਏ ਹੋਣ । ਤੇ ਇਹ ਵੀ ਹੋ ਸਕਦਾ ਹੈ ਕਿ ਉਹ ਬੰਦਾ ਸਿੰਘ ਦੀ ਮੌਤ ਪਿਛੋਂ ਹੋਰ ਲੜਾਈਆਂ ਦੀ ਆਸ ਤੋਂ ਬੇਆਸ ਹੋ ਕੇ ਡੇਰੇ ਪਹੁੰਚੇ ਹੋਣ । ਆਖਿਰ ਉਹਨਾਂ ਨੂੰ ਵੀ ਇਕ ਮੁਦਤ ਦੀਆਂ ਲੜਾਈਆਂ ਬਾਅਦ ਕੁਝ ਆਰਾਮ ਤੇ ਚੈਨ ਦੀ ਲੋੜ ਸੀ । ਦੂਜਾ ਕਾਰਨ ਪਹਿਲੇ ਨਾਲੋਂ ਵਧੇਰੇ ਸੰਭਵ ਹੈ । ਪਰ ਕੀ ਅਸੀਂ ਸਿਰਫ਼ ਬੰਦਈ ਤੇ ਤੱਤ ਖ਼ਾਲਸੇ ਦੇ ਮਤਿ ਭੇਦਾਂ ਨੂੰ ਅਣ-ਲੋੜੀਂਦੀ ਮਹੱਤਤਾ ਦੇਣ ਵਿਚ ਸਹੀ ਹਾਂ ? ਕੀ ਪਿਛਲੀਆਂ ਡੇਢ ਦੌ ਸਦੀਆਂ ਵਿਚ ਬੰਦਈ ਖ਼ਾਲਸੇ ਵਰਗੀਆਂ ਪੰਜਾਬ ਵਿਚ ਤੇ ਸਿਖ ਧਰਮ ਵਿਚ ਹੋਰ ਲਹਿਰਾਂ ਨਹੀਂ ਚਲੀਆਂ ਜਿਨ੍ਹਾਂ ਦਾ ਮਤਿ ਭੇਦ ਕਿ ਤੱਤ ਖ਼ਾਲਸੇ ਨਾਲ ਬੰਦਈ ਖ਼ਾਲਸੇ ਦੇ ਮਤਿ ਭੇਦ ਨਾਲੋਂ ਵਨਗੀ ਵਿਚ ਕਿਸੇ ਤਰ੍ਹਾਂ ਵੀ ਓਪਰਾ ਨਹੀਂ ? ਕੀ ਉਦਾਸੀ, ਨਿਰਮਲੇ, ਨਾਮਧਾਰੀ ਤੇ ਰਾਧਾ ਸਵਾਮੀ ਸੰਪਰਦਾਵਾਂ ਕਿਸੇ ਤਰ੍ਹਾਂ ਬੰਦਈ ਸੰਪਰਦਾ ਨਾਲੋਂ ਅਡਰੀ ਕਿਸਮ ਦੀਆਂ ਹਨ ?

ਜੇ ਬੰਦਾ ਸਿੰਘ ਆਪਣੇ ਸਮੇਂ ਵਿਚ ਬਦਨਾਮ ਹੋ ਚੁਕਾ ਹੁੰਦਾ ਤੇ ਖ਼ਾਲਸੇ ਵਿਚ ਫੂਟ ਪੈ ਚੁਕੀ ਹੁੰਦੀ ਤਾਂ ਲੌਹ ਵੇਲੇ ਬੰਦਾ ਸਿੰਘ ਪਲੋਪਲੀ ਹਜ਼ਾਰਾਂ ਦੀ ਗਿਣਤੀ ਵਿਚ ਸੈਨਾਵਾਂ ਇਕੱਠੀਆਂ ਨਾ ਕਰ ਲੈਂਦਾ । ਗੁਰਦਾਸ ਨੰਗਲ ਦੇ ਮਾਹਰਕੇ ਵਿਚ ਉਹਦੇ ਕੋਲ ਦਸ ਹਜ਼ਾਰ ਸਿਪਾਹੀ ਸਨ । ਤੇ ਸਭ ਤੋਂ ਵਡੀ ਦਲੀਲ ਕਿ ਬੰਦਾ ਸਿੰਘ ਸਿਖੀ ਰਹਿਤ ਤੋਂ ਡੋਲਿਆ ਨਹੀਂ ਤੇ ਇਹ ਕਿ ਸਿੰਘਾਂ ਵਿਚ ਬੰਦਾ ਸਿੰਘ ਦੇ ਵੇਲੇ ਕੋਈ ਫੂਟ ਨਹੀਂ ਪਈ, ਉਹ ਇਹ ਹੈ ਕਿ ਬੰਦਾ ਸਿੰਘ ਦੇ ਸਾਰੇ ਦੇ ਸਾਰੇ ਪ੍ਰਮੁਖ ਸਾਥੀ ਉਹਦੇ ਨਾਲ ਹੀ ਦਿੱਲੀ ਵਿਚ ਸ਼ਹੀਦ ਹੋਏ । ਇਹਨਾਂ ਵਿਚ ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ ਤਿਹਣ ਤੇ ਹੋਰ ਪਿਆਰੇ ਵੀ ਸ਼ਾਮਲ ਸਨ ਤੇ ਇਸ ਤੋਂ ਇਲਾਵਾ ਅਨੇਕ ਹੋਰ ਸਿੰਘ ।

ਜੇ ਕਦੀ ਕੋਈ ਫੂਟ ਪਈ ਹੁੰਦੀ ਤੇ ਜੇ ਬਾਬਾ ਬੰਦਾ ਸਿਖੀ ਅਸੂਲਾਂ ਤੋਂ ਡਿਗ ਚੁਕਾ ਹੁੰਦਾ ਤਾਂ ਇਹ ਪੰਜ ਪਿਆਰੇ ਉਹਦਾ ਅੰਤ ਤਕ ਸਾਥ ਨਾ ਦੇਂਦੇ । ਆਖਿਰ ਇਹ ਪੰਜ ਪਿਆਰੇ ਸਿਖੀ ਤੇ ਸਿਖੀ ਅਸੂਲਾਂ ਨੂੰ ਆਮ ਜਨਤਾ ਨਾਲੋਂ ਬਿਹਤਰ ਸਮਝਦੇ ਸਨ । ਤੇ ਅੰਤ ਵਿਚ ਕਿ ਕੀ ਬੰਦਾ ਸਿੰਘ ਬਹਾਦਰ ਆਪਣੇ ਮਿਸ਼ਨ ਵਿਚ ਫਿਹਲ ਹੋਇਆ ? ਇਸ ਸਵਾਲ ਦਾ ਜ਼ੋਰਦਾਰ ਉੱਤਰ ਹੈ ਕਿ — ਨਹੀਂ । ਜੇ ਹੋਰਨਾਂ ਸਵਾਲਾਂ ਦੇ ਉੱਤਰਾਂ ਵਿਚ ਕਿਸੇ ਸ਼ੰਕੇ ਦੀ ਗੁੰਜਾਇਸ਼ ਹੋ ਸਕਦੀ ਹੈ ਤਾਂ ਇਸ ਸਵਾਲ ਦੇ ਉੱਤਰ ਵਿਚ ਓਨੇਂ ਕੁ ਸ਼ਕ ਦੀ ਵੀ ਗੁੰਜਾਇਸ਼ ਨਹੀਂ । ਬੰਦਾ ਸਿੰਘ ਬਹਾਦਰ ਦਾ ਅਸਲੀ ਮਿਸ਼ਨ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਜਾਰੀ ਰਖਣਾ ਸੀ ਤੇ ਇਹ ਮਿਸ਼ਨ ਉਸ ਮਰਦੇ ਦੰਮ ਤਕ ਜ਼ੋਰ ਸ਼ੋਰ ਨਾਲ ਜਾਰੀ ਰਖਿਆ । ਬੰਦਾ ਸਿੰਘ ਨੇ ਕਦੀ ਹਾਰ ਨਾ ਮੰਨੀ ਤੇ ਉਹ ਸਦਾ ਸਿਖੀ ਰਹਿਤ ਵਿਚ ਕਾਇਮ ਰਿਹਾ ।

ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਚੁਣਿਆ ਸੀ ਕਿ ਸਿਖ ਕੌਮ ਉਹਨਾਂ ਦੇ ਪਿਛੋਂ ਬੇ-ਆਗੂ ਨਾ ਰਹੇ, ਕਿ ਉਹਨਾਂ ਦੀ ਚਲਾਈ ਅੰਮ੍ਰਿਤ ਲਹਿਰ ਮਰ ਨਾ ਜਾਏ, ਕਿ ਉਹਨਾਂ ਨੇ ਆਜ਼ਾਦੀ ਦਾ ਜਿਹੜਾ ਸਵਾਦ ਜਨਤਾ ਨੂੰ ਚਖਾਇਆ ਸੀ ਉਹ ਸਵਾਦ ਜਨਤਾ ਕਿਤੇ ਭੁਲ ਨਾ ਜਾਏ ਤੇ ਮੁੜ ਗ਼ੁਲਾਮੀ ਵਿਚ ਉਹਦਾ ਦਿਲ ਤੇ ਉਹਦੀ ਰੂਹ ਖਚਿਤ ਨਾ ਹੋ ਜਾਣ, ਕਿ ਕਿਤੇ ਜ਼ੁਲਮ ਨਾਲ ਟੱਕਰ ਲੈਣ ਵਾਸਤੇ ਧਰਮ ਬਿਲਕੁਲ ਹੀ ਕਮਜ਼ੋਰ ਨਾ ਹੋ ਜਾਏ । ਜੇ ਇਹ ਕਿਹਾ ਜਾਏ ਕਿ ਬੰਦਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਸ਼ਾਵਾਂ ਨਾਲੋਂ ਕਿਤੇ ਵਧ ਸਫ਼ਲਤਾ ਪ੍ਰਾਪਤ ਕੀਤੀ ਤਾਂ ਇਹ ਅਤਿ ਕਥਨੀ ਨਹੀਂ ਹੋਵੇਗੀ ।

ਬੰਦਾ ਸਿੰਘ ਵੇਲੇ ਪਹਿਲੀ ਵਾਰ ਖ਼ਾਲਸਾ ਕੌਮ ਇਕ-ਮੁਠ ਹੋਈ । ਬੰਦਾ ਸਿੰਘ ਦੇ ਵੇਲੇ ਪਹਿਲੀ ਵਾਰ ਚਪਤਚੇਤੀ

Scanned by CamScanner

ਦੇ ਮੈਦਾਨ ਵਿਚ ਐਨੀਂ ਮਹਾਨ ਸੈਨਾ ਇਕੱਤਰ ਹੋਈ ਕਿ ਆਉਣ ਵਾਲੇ ਸੌ ਸਾਲਾਂ ਤਕ ਇਹੋ ਜਿਹਾ ਦਰਿਸ਼ ਕਿਤੇ ਨਾ ਦਿਸਿਆ। ਬੰਦਾ ਸਿੰਘ ਨੇ ਅਸਲੀ ਰਾਜਸੀ ਅਰਥਾਂ ਵਿਚ ਇਕ ਰਾਜ ਦੀ ਸਥਾਪਨਾ ਕੀਤੀ। ਬੇਸ਼ਕ ਇਹ ਰਾਜ ਛਿਣ-ਭੰਗਰ ਸੀ, ਪਰ ਹੈ ਸੀ ਇਹ ਇਕ ਰਾਜ ਹੀ। ਤੇ ਸਭ ਤੋਂ ਵੱਡੀ ਗੱਲ ਕਿ ਬੰਦਾ ਸਿੰਘ ਬਹਾਦਰ ਨੇ ਜਨਤਾ ਵਿਚ ਇਕ ਰੂਹਾਨੀ ਇਨਕਲਾਬ ਕਿਆਂਦਾ। ਪਹਿਲੀ ਵਾਰ ਕਰੋੜਾਂ ਦੀ ਗਿਣਤੀ ਵਿਚ ਹਿੰਦੁਸਤਾਨ ਅੰਦਰ ਵੱਸਣ ਵਾਲੀ ਹਿੰਦੂ ਜਨਤਾ ਨੇ ਮਹਿਸੂਸ ਕੀਤਾ ਕਿ ਮੁਗ਼ਲ ਅਜਿਤ ਨਹੀਂ, ਕਿ ਮੁਗ਼ਲ ਵੀ ਹਰਾਏ ਜਾ ਸਕਦੇ ਹਨ।

ਭਾਰਤ ਦੀ ਜਨਤਾ ਨੇ ਆਪਣੀ ਅੱਖੀਂ ਚਿੜੀਆਂ ਕੋਲੋਂ ਬਾਜ਼ ਤੁੜਾਏ ਜਾਂਦੇ ਵੇਖੇ ਤੇ ਉਹਨਾਂ ਵੇਖਿਆ ਕਿ ਇਕ ਇਕ ਸਿਖ ਦਸ ਦਸ ਦੁਸ਼ਮਣਾ ਨੂੰ ਮਾਰ ਕੇ ਮਰਿਆ ਹੈ। ਭਾਰਤ ਤੇ ਖ਼ਾਸ ਕਰ ਕੇ ਪੰਜਾਬ ਦੀ ਵੱਸੋਂ ਚੁੰਧਿਆ ਗਈ। ਏਥੋਂ ਤਕ ਕਿ ਮੁਗ਼ਲ ਵੀ ਚੁੰਧਿਆ ਗਏ। ਅੰਤ ਤਕ ਮੁਗ਼ਲ ਇਹੋ ਸੋਚਦੇ ਆਏ ਕਿ ਬੰਦਾ ਇਨਸਾਨ ਨਹੀਂ — ਕੋਈ ਅੱਲੀਆ ਹੈ। ਬਸ ਹੁਣ ਤੋਂ, ਹਿੰਦੂ ਜਨਤਾ ਨੇ ਸੋਚਿਆ ਤੇ ਖ਼ਾਲਸਈ ਜਨਤਾ ਨੇ ਖ਼ੂਨ ਕੀਤਾ, ਕਿ ਮੁਗ਼ਲਾਂ ਅਗੇ ਹਥਿਆਰ ਨਹੀਂ ਸੁਟਣੇ। ਬਸ ਹੁਣ ਤੋਂ ਇਕ ਅਮੁਕ ਲੜਾਈ ਜਾਰੀ ਰਹਿਣੀ ਸੀ। ਜਦੋਂ ਤਕ ਮੁਗ਼ਲ ਰਾਜ ਨੂੰ ਜੜੋਂ ਨਹੀਂ ਪੁਟਿਆ ਜਾਂਦਾ ਉਦੋਂ ਤਕ ਕੋਈ ਆਰਾਮ ਨਹੀਂ ਸੀ, ਕੋਈ ਨੀਂਦ ਨਹੀਂ ਸੀ, ਕੋਈ ਖਾਣ ਪੀਣ ਪਹਿਨਣ ਨਹੀਂ ਸੀ।

੩੪

"ਕੀ ਤੁਸੀਂ ਦੋ ਢਾਈ ਮਹੀਨੇ ਵੀ ਹੋਰ ਨਹੀਂ ਠਹਿਰ ਸਕਦੇ ਸ਼ਾਹਬਾਜ਼ ? ਐਤਕੀ ਮੇਰਾ ਦਿਲ ਖੁਸਦਾ ਹੈ। ਮੈਂ ਕੀ ਕਰਾਂ ?" ਸ਼ੁੰਭੀ ਨੇ ਜਿਵੇਂ ਲਿਲੂਕੜੀ ਲੈ'ਦੇ ਹੋਏ ਕਿਹਾ। "ਤੇਰੇ ਹੀ ਆਖਣ ਉੱਤੇ ਮੈਂ ਪਿਛਲੇ ਚਾਰ ਪੰਜ ਮਹੀਨਿਆਂ ਤੋਂ ਇਹ ਫੇਰੀ ਲਮਕਾਂਦਾ ਆਇਆ ਹਾਂ। ਪਰ ਤੂੰ ਹੀ ਦਸ ਇਸ ਤਰ੍ਹਾਂ ਮਨ ਵਿਚ ਸੜਨ ਦਾ ਵੀ ਕੀ ਫ਼ਾਇਦਾ ?" "ਪਰ ਪ੍ਰਾਣ। ਜਿਸ ਤੇਜ਼ੀ ਤੇ ਤੀਬਰਤਾ ਨਾਲ ਮੈਂ ਤੁਹਾਡੇ ਵਿਛੋੜੇ ਵਿਚ ਸੜਾਂਗੀ ਉਹਦਾ ਕਿੰਨਾਂ ਕੁ ਫ਼ਾਇਦਾ ਹੋਵੇਗਾ ?" ਸ਼ੁੰਭੀ ਉਦਾਸ ਸੀ।

ਲਗ ਭਗ ਤਿੰਨਾਂ ਮਹੀਨਿਆਂ ਪਿਛੋਂ ਸ਼ਾਹਬਾਜ਼ ਤੇ ਸ਼ੁੰਭੀ ਕਾਨ੍ਹਾ ਛੰਭ ਵਿਚ ਮਿਲੇ ਸਨ। ਪਿਛਲੇ ਪੰਜਾਂ ਮਹੀਨਿਆਂ ਵਿਚ ਐਤਕੀ ਦੂਜੀ ਵਾਰ ਸ਼ੁੰਭੀ ਕਾਨ੍ਹਾ ਛੰਭ ਵਿਚ ਆਈ ਸੀ। ਪਹਿਲੀ ਵਾਰ ਉਹਦੀ ਫੇਰੀ ਦਾ ਕਾਰਨ ਉਹਦੇ ਜੀ ਦਾ ਉਦਾਸ ਹੋ ਜਾਣਾ ਸੀ, ਤੇ ਸ਼ਾਹਬਾਜ਼ ਕੋਲ ਮਿਠੀ ਰੋਟੀ ਦਾ ਮੁੱਕ ਜਾਣਾ। ਜੀ ਤਾਂ ਉਹਦਾ ਪਿਛਲੇ ਤਿੰਨਾਂ ਮਹੀਨਿਆਂ ਵਿਚ ਅਗੇ ਨਾਲੋਂ ਵੀ ਵਧ ਉਦਾਸ ਹੋ ਗਿਆ ਪਰ ਹਾਲਾਤ ਪਹਿਲੇ ਨਾਲੋਂ ਕਠਿਨ ਹੋ ਗਏ ਤੇ ਉਹ ਸ਼ਾਹਬਾਜ਼ ਨੂੰ ਮਿਲਣ ਨਹੀਂ ਸੀ ਆ ਸਕੀ। ਮੁਸਲਮਾਨ ਸਿਪਾਹੀਆਂ ਦੀ ਗਸ਼ਤ ਇਸ ਇਲਾਕੇ 'ਵਚ ਐਨੀਂ ਤ੍ਰਿਖੀ ਹੋ ਗਈ ਕਿ ਆਪ ਜਾਂਬਾਜ਼ ਵੀ ਲਗ ਭਗ ਢਾਈ ਮਹੀਨੇ ਸ਼ਾਹਬਾਜ਼ ਨੂੰ ਮਿਲਣ ਨਾ ਆਇਆ

ਜਦੋਂ ਜਾਂਬਾਜ਼ ਆਇਆ ਤਾਂ ਸ਼ਾਹਬਾਜ਼ ਨੇ ਉਹਨੂੰ ਕਿਹਾ, "ਸ਼ੁੰਭੀ ਨੂੰ ਆਖ ਦੇਈਂ ਜਾਂਬਾਜ਼ਾ ਕਿ ਹੁਣ ਮੈਂ ਨਹੀਂ ਰੁਕਣਾ। ਮੇਰਾ ਮਨ ਨਹੀਂ ਲਗ ਰਿਹਾ। ਮੈਂ ਇਹਨਾਂ ਦਿਨਾਂ ਵਿਚ ਨਿਕਲ ਜਾਣਾ ਹੈ। ਖ਼ਾਸ ਕਰ ਕੇ ਜਦੋਂ ਤੋਂ ਤੂੰ ਮੈਨੂੰ ਕੁਝ ਸਿਖਾਂ ਦੀ ਗ਼ਦਾਰੀ ਬਾਰੇ ਦਸਿਆ ਹੈ ਤਾਂ ਮੈਨੂੰ ਰਤਾ ਚੈਨ ਨਹੀਂ ਆ ਰਿਹਾ।" ਹਾਂ, ਜਾਂਬਾਜ਼ ਨੇ ਹੀ ਸ਼ਾਹਬਾਜ਼ ਨੂੰ ਉਹਨਾਂ ਉਡਦੀਆਂ ਅਫ਼ਵਾਹਾਂ ਬਾਰੇ ਦਸਿਆ ਸੀ ਜਿਨ੍ਹਾਂ ਅਨੁਸਾਰ ਕਿ ਕੁਝ ਸਿਖਾਂ ਨੇ ਸੂਬਾ ਲਾਹੌਰ ਨਾਲ ਸੁਲ੍ਹਾ ਕਰ ਕੇ ਉਹਦੀ ਨੌਕਰੀ ਮਨਜ਼ੂਰ ਕਰ ਲਈ ਸੀ। ਇਹਨਾਂ ਸਿੰਘਾਂ ਦਾ ਖਿਆਲ ਸੀ ਕਿ ਬੰਦਾ ਸਿੰਘ ਬਹਾਦਰ ਉਹਨਾਂ ਨੂੰ ਗ਼ਲਤ ਰਾਹੇ ਪਾ ਕੇ ਉਹਨਾਂ ਦਾ ਖ਼ਾਹ ਮਖ਼ਾਹ ਨਾਸ ਕਰਵਾ ਰਿਹਾ ਹੈ।

Scanned by CamScanner

ਜਾਂਬਾਜ਼ ਨੇ ਕਿਹਾ, "ਸ਼ਾਹਬਾਜ਼, ਤੂੰ ਮੰਨੇਗਾ ਨਹੀਂ ਪਰ ਜਿਉਂ ਜਿਉਂ ਮੈਂ ਇਹ ਅਫ਼ਵਾਹਾਂ ਸੁਣਦਾ ਹਾਂ ਮੇਰਾ ਦਿਲ ਖੁਸ਼ਦਾ ਹੈ। ਠੀਕ, ਮੈਂ ਪੂਰਨ ਸਿਖ ਨਹੀਂ ਪਰ ਜਦੋਂ ਤੋਂ ਬਾਪੂ ਤੇ ਕਾਲੂ ਨੇ ਸ਼ਹੀਦੀ ਪਾਈ ਹੈ ਮੈਂ ਕੁਝ ਹੋਰਵੇਂ ਹੋਰਵੇਂ ਮਹਿਸੂਸ ਕਰਦਾ ਹਾਂ। ਪਿਛਲੀ ਵਾਰੀ ਜਦੋਂ ਮੈਂ ਵਾਲ ਕਟਾਏ ਤਾਂ ਸ਼ਾਇਦ ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੈਨੂੰ ਇਉਂ ਨਹੀਂ ਕਰਨਾ ਚਾਹੀਦਾ।"ਪਰ ਹੁਣ ਸ਼ਾਹਬਾਜ਼ ਦੇ ਨਾ ਮੰਨਣ ਦਾ ਕੋਈ ਮੌਕਾ ਨਹੀਂ ਸੀ। ਹੁਣ ਸ਼ਾਹਬਾਜ਼ ਨੂੰ ਪਤਾ ਲਗ ਗਿਆ ਸੀ ਕਿ ਉਹਦੇ ਥੋੜੇ ਜਿਹੇ ਉਤਸ਼ਾਹ ਨਾਲ ਜਾਂਬਾਜ਼ ਉਹਦੇ ਸੰਗ ਉਠ ਟੁਰਨ ਨੂੰ ਤਿਆਰ ਹੋ ਜਾਵੇਗਾ। ਏਥੋਂ ਤਕ ਕਿ ਅੰਤਕੀ ਜਾਂਬਾਜ਼ ਨੇ ਸ਼ਾਹਬਾਜ਼ ਨਾਲ ਕਾਨੂ ਛੰਭ ਵਿਚ ਆ ਛੁਪਣ ਦਾ ਪ੍ਰਸਤਾਵ ਖ਼ੁਦ ਪੇਸ਼ ਕੀਤਾ ਸੀ ਤਾਂ ਜੋ ਉਹਨੂੰ ਕੇਸ ਨਾ ਕਟਾਣੇ ਪੈਣ ਪਰ ਸ਼ਾਹਬਾਜ਼ ਆਪ ਘੋਸ ਵੱਟ ਗਿਆ ਤੇ ਉਸ ਜਾਂਬਾਜ਼ ਨੂੰ ਕਿਸੇ ਕਿਸਮ ਦਾ ਉਤਸ਼ਾਹ ਨਾ ਦਿਤਾ।

ਹੁਣ ਵੀ ਇਹ ਸ਼ਬਦ ਸੁਣ ਕੇ ਸ਼ਾਹਬਾਜ਼ ਨੇ ਕਿਹਾ, "ਤੂੰ ਸੱਚ ਕਹਿੰਦਾ ਹੈਂ ਵੀਰਾ। ਇਹ ਅਫ਼ਵਾਹਾਂ ਬੜੀਆਂ ਹਿਰਦੇ ਵੇਧਕ ਹਨ। ਜਿਸ ਬਾਬੇ ਬੰਦੇ ਨੇ ਸਾਨੂੰ ਰੰਕਾਂ ਤੋਂ ਰਾਜੇ ਬਣਾਇਆ ਤੇ ਜਿਸ ਬਾਬੇ ਨੇ ਸਿਖ ਕੌਮ ਵਿਚ ਉਹ ਅਜਿਤ ਸਪਿਰਟ ਭਰੀ ਕਿ ਮੁੜ ਕੇ ਕਦੀ ਮਰਣ ਨਹੀਂ ਲਗੀ, ਉਸੇ ਬਾਬੇ ਬੰਦੇ ਨਾਲ ਲੋਕ ਦਗ਼ਾ ਕਰ ਗਏ।"

"ਸ਼ਾਹਬਾਜ਼! ਇਹ ਮੈਂ ਜ਼ਰੂਰ ਸੁਣਿਆ ਹੈ ਤੇ ਮੇਰਾ ਵਿਸ਼ਵਾਸ ਵੀ ਹੈ ਕਿ ਇਹੋ ਜਿਹੇ ਆਦਮੀ ਬਸ ਦੋਹਾਂ ਚੋਹਾਂ ਕੌੜੀਆਂ ਤੋਂ ਵਧ ਨਹੀਂ, ਪਰ ਮੈਂ ਹੈਰਾਨ ਹਾਂ ਕਿ ਇਹਨਾਂ ਤੱਤਿਆਂ ਨੇ ਸੋਚਿਆ ਕੀ। ਬਾਬੇ ਬੰਦੇ ਨਾਲ ਦਗ਼ਾ ਕਰਨਾ ਐਨਾਂ ਧਰੋਹ ਨਹੀਂ ਜਿੰਨਾ ਕਿ ਇਹਨਾਂ ਨਾਮੁਰਾਦ ਤੁਰਕੜਿਆਂ ਦੀ ਨੌਕਰੀ ਕਰਨੀ।" "ਆਮ ਲੋਕ ਇਸ ਬਾਰੇ ਕਿਸ ਤਰ੍ਹਾਂ ਮਹਿਸੂਸ ਕਰਦੇ ਹਨ?" "ਉਹ ਹੈਰਾਨ ਹਨ ਤੇ ਦੁਖੀ। ਉਹ ਆਖਦੇ ਹਨ ਕਿ ਬੇਸ਼ਕ ਉਹਨਾਂ ਬਾਬੇ ਬੰਦੇ ਨਾਲ ਮਿਲ ਕੇ ਜੰਗ ਨਹੀਂ ਕੀਤੀ ਪਰ ਉਹਨਾਂ ਬਾਬੇ ਨਾਲ ਕੋਈ ਧਰੋਹ ਵੀ ਤਾਂ ਨਹੀਂ ਕਮਾਇਆ। ਤੂੰ ਜਾਣਦਾ ਹੈਂ ਕਿ ਕਿਵੇਂ ਸਾਰੇ ਸਹਿਜਧਾਰੀ ਸਿਖ ਤੇ ਹਿੰਦੂ ਤੁਹਾਡੇ ਵਰਗੇ ਲੁਕੇ ਛਿਪੇ ਸਿਖਾਂ ਲਈ ਰੋਟੀਆਂ ਭੇਜਦੇ ਰਹੇ ਹਨ। ਸਗੋਂ ਇਹ ਸਿਖ ਤੇ ਹਿੰਦੂ ਤਾਂ ਏਥੋਂ ਤਕ ਮਹਿਸੂਸ ਕਰਦੇ ਹਨ ਕਿ ਸੂਬਾ ਲਾਹੌਰ ਅਗੇ ਹਥਿਆਰ ਸੁਟਣ ਵਾਲੇ ਸਿੰਘਾਂ ਨੇ ਉਹਨਾਂ ਨਾਲ ਵੀ ਧੋਖਾ ਕੀਤਾ ਹੈ।"

ਸ਼ਾਹਬਾਜ਼ ਸੋਚਵਾਨ ਹੋ ਗਿਆ ਤੇ ਥੋੜੀ ਦੇਰ ਪਿਛੋਂ ਉਸ ਕਿਹਾ, "ਇਸ ਤੋਂ ਵੀ ਵਧ! ਇਹਨਾਂ ਕਲਮੂੰਹਿਆਂ ਨੇ ਸਿਖ ਧਰਮ ਨਾਲ ਧੋਖਾ ਕੀਤਾ ਹੈ। ਇਹਨਾਂ ਨੂੰ ਸਾਹਿਬ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀ ਲਾਜ ਵੀ ਨਹੀਂ ਆਈ। ਵੇਖੀਂ ਇਹਨਾਂ ਨੂੰ ਕਿਤੇ ਢੋਈ ਨਹੀਂ ਮਿਲੇਗੀ...। ਪਰ ਹਰ ਕੌਮ ਵਿਚ ਕੁਝ ਨਾ ਕੁਝ ਕਾਲੀਆਂ ਭੇਡਾਂ ਹੁੰਦੀਆਂ ਹੀ ਹਨ।" "ਪਰ ਇਹੋ ਜਿਹੇ ਹਾਲਾਤਾਂ ਵਿਚ ਬਾਬੇ ਬੰਦੇ ਦੀ ਸਹਾਇਤਾ ਕਰਨੀ ਸਾਡਾ ਫ਼ਰਜ਼ ਹੋ ਜਾਂਦਾ ਹੈ। ਜੇ ਕਹੇਂ ਤਾਂ ਜਦੋਂ ਤੂੰ ਚੱਲੇ ਮੈਂ ਵੀ ਤੇਰੇ ਨਾਲ ਚੱਲਾਂ.....?"

ਇਸ ਸਵਾਲ ਨੇ ਇਕ ਵਾਰ ਫਿਰ ਸ਼ਾਹਬਾਜ਼ ਨੂੰ ਕੰਬਾ ਦਿਤਾ। ਉਹਦੇ ਮਨ ਵਿਚ ਉਹੋ ਖਿਆਲ ਇਕ ਵਾਰ ਫਿਰ ਫੁਰੇ ਜਿਹੜੇ ਕਿ ਇਹੋ ਜਿਹੇ ਹਾਲਾਤਾਂ ਵਿਚ ਪਿਛਲੀ ਵਾਰ ਉਤਪੰਨ ਹੋਏ ਸਨ। ਉਸ ਕਾਹਲੀ ਨਾਲ ਕਿਹਾ, "ਨਹੀਂ ਜਾਂਬਾਜ਼! ਤੂੰ ਘਰ ਹੀ ਟਿਕ। ਮੈਂ ਆਪਣੇ ਹੋਰਨਾਂ ਸਾਥੀਆਂ ਨਾਲ ਸਲਾਹ ਕਰ ਕੇ ਤੈਨੂੰ ਦਸਾਂਗਾ।"

ਦਸਾਂ ਪੰਦਰਾਂ ਦਿਨਾਂ ਵਿਚ ਜਦੋਂ ਜਾਂਬਾਜ਼ ਫਿਰ ਉਹਨੂੰ ਮਿਲਣ ਆਇਆ ਤਾਂ ਸ਼ਾਹਬਾਜ਼ ਨੇ ਬਾਬਾ ਬੰਦੇ ਨੂੰ ਜਾ ਮਿਲਣ ਦਾ ਆਪਣਾ ਇਰਾਦਾ ਦਸਿਆ ਤੇ ਉਸ ਆਪੇ ਹੀ ਜਾਂਬਾਜ਼ ਨੂੰ ਉਹਦਾ ਸਾਥ ਕਰਨ ਤੋਂ ਰੋਕਿਆ, "ਤੂੰ ਵੀਰਾ ਘਰ ਹੀ ਰਹੇਂ ਤਾਂ ਚੰਗਾ ਹੈ। ਗੁਰਦਾਸ ਮੇਰੇ ਨਾਲ ਜਾਣ ਵਾਸਤੇ ਜ਼ਿੱਦ ਕਰਦਾ ਹੈ ਤੇ ਮੈਨੂੰ ਪਤਾ ਹੈ ਕਿ ਉਹ ਕਿਸੇ ਹਾਲਤ ਵਿਚ ਵੀ ਕੇਸ ਨਹੀਂ ਕਟਾਣ ਲਗਾ।"

ਇਹ ਸ਼ਬਦ ਸੁਣ ਕੇ ਜਾਂਬਾਜ਼ ਚੁਪ ਹੋ ਗਿਆ ਤੇ ਉਸ ਆਪਣੇ ਯੁਵਕ ਪੁਤਰ ਵਲ ਵੇਖਿਆ ਜਿਹੜਾ ਨਾਲ ਹੀ ਖਲੋਤਾ ਸੀ। ਉਹ ਕੁਝ ਚਿਰ ਉਹਦੇ ਵਲ ਟਿਕ-ਟਿਕੀ ਲਾ ਕੇ ਵੇਖਦਾ ਰਿਹਾ ਤੇ ਫਿਰ ਉਹਦੀਆਂ ਅੱਖਾਂ ਵਿਚ ਮੋਟੇ ਮੋਟੇ ਅਥਰੂ ਛਲਕ ਪਏ ਤੇ ਉਸ ਕਿਹਾ, "ਜਾਉ ਬਚਿਓ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦੇ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਮੇਰੇ ਵਾਸਤੇ ਇਸ ਦੁਨੀਆਂ ਵਿਚ ਤੇ ਅਗਲੀ ਦੁਨੀਆਂ ਵਿਚ ਨਰਕ ਭੋਗਣਾ ਹੀ ਲਿਖਿਆ ਹੈ।"

ਜਾਂਬਾਜ਼ ਦੇ ਅਥਰੂ ਕਿੰਨਾ ਚਿਰ ਬੰਦ ਨਾ ਹੋਏ ਤੇ ਟੁਰਨ ਵੇਲੇ ਉਸ ਗੁਰਦਾਸ ਨੂੰ ਤੇ ਸ਼ਾਹਬਾਜ਼ ਨੂੰ ਵਾਰੋ ਵਾਰੀ ਛਾਤੀ ਨਾਲ ਲਾ ਕੇ ਕਿਹਾ, "ਮੈਂ ਤਾਂ ਕਿਹਾ ਸੀ ਕਿ ਇਕ ਵਾਰੀ ਮੈਂ ਵੀ ਜਾਂਦਾ ਪਰ ਤੁਸੀਂ ਮੈਨੂੰ ਮਜਬੂਰ ਕਰ ਦਿਤਾ ਹੈ। ਗੁਰਦਾਸ ਹੁਣ ਘਰ ਸੰਭਾਲਣ ਜੋਗਾ ਹੋ ਤਾਂ ਗਿਆ ਸੀ...।" ਸ਼ਾਇਦ ਜਾਂਬਾਜ਼ ਇਹੋ ਚਾਹੁੰਦਾ ਸੀ ਕਿ ਗੁਰਦਾਸ ਘਰ ਰਹੇ ਤੇ

Scanned by CamScanner

ਉਹ ਸ਼ਾਹਬਾਜ਼ ਨਾਲ ਜਾਏ। ਇਸ ਖਾਹਿਸ਼ ਵਿਚ ਅਵੱਸ਼ ਪਿਤਾ ਦਾ ਆਪਣੇ ਪੁਤਰ ਵਾਸਤੇ ਪਿਆਰ ਸੀ ਤੇ ਧਰਮ ਤੋਂ ਵੀ ਕੁਝ ਕਰ ਗੁਜ਼ਰਨ ਦੀ ਚਾਹ । ਪਰ ਸ਼ਾਹਬਾਜ਼ ਤੇ ਗੁਰਦਾਸ ਦੋਹਾਂ ਪੁਤਰਾਂ ਸਾਹਮਣੇ ਉਹਦੀ ਵਾਹ ਨਾ ਚੱਲੀ । ਆਖਿਰ ਸ਼ਾਹਬਾਜ਼ ਨੂੰ ਵੀ ਉਹ ਸਦਾ ਇਕ ਪੁਤਰ ਵਾਂਗ ਹੀ ਪਿਆਰ ਕਰਦਾ ਆਇਆ ਸੀ ਨਾ ?

ਜਾਂਬਾਜ਼ ਰੋ ਕੇ ਚੁਪ ਹੋ ਰਿਹਾ । ਏਸੇ ਤਰ੍ਹਾਂ ਕਈ ਵਾਰ ਉਹਦਾ ਬਾਪੂ ਬੁਢਾ ਮੱਲ ਵੀ ਆਪਣੀ ਗੱਲ ਮੰਨੀ ਜਾਂਦੀ ਨਾ ਵੇਖ ਕੇ ਵਿਚੇ ਵਿਚ ਵੱਟਿਆ ਚੁਪ ਹੋ ਜਾਇਆ ਕਰਦਾ ਸੀ । ਜਾਂਬਾਜ਼ ਘਰ ਗਿਆ ਤੇ ਉਸ ਸ਼ੋਭੀ ਨੂੰ ਕਿਹਾ, "ਸ਼ੋਭੀ । ਸ਼ਾਹਬ ਜ਼ ਤੇ ਗੁਰਦਾਸ ਹੁਣ ਨਹੀਉਂ ਰੁਕਦੇ । ਉਹ ਇਹਨਾਂ ਕੁਝ ਦਿਨਾਂ ਵਿਚ ਗਏ ਕਿ ਗਏ ।"

ਸ਼ੋਭੀ ਦੇ ਦਿਲ ਵਿਚ ਇਕ ਅਸਹਿ ਚੀਸ ਉਠੀ । ਉਸ ਆਪਣੀ ਇਕ ਉਂਗਲ ਮੂੰਹ ਵਿਚ ਪਾ ਕੇ ਐਨੀ ਜ਼ੋਰ ਦੀ ਚੱਕ ਵਢਿਆ ਕਿ ਲਹੂ ਸਿੰਮ ਆਇਆ । ਉਹਨੂੰ ਇਉਂ ਲਗਾ ਕਿ ਉਹਦੇ ਗਰਭ ਵਿਚਲੇ ਬੱਚੇ ਨੇ ਵੀ ਇਕਾ-ਦਿਕ ਚੀਸ ਵੱਟੀ ਹੈ । ਉਹਦੇ ਦਿਡ ਵਿਚ ਕੁੜੱਲ ਪੈ ਗਿਆ ।

ਸ਼ੋਭੀ ਨੂੰ ਚੁਪ ਵੇਖ ਕੇ ਉਸ ਕਿਹਾ : "ਮੈਂ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਨਹੀਂ ਮੰਨੇ।" ਤੇ ਉਹਨੂੰ ਲਗਾ ਕਿ ਉਹਦੇ ਦਿਲ ਵਿਚ ਵੀ ਇਕ ਅਸਹਿ ਚੀਸ ਉਠੀ ਹੈ ਤੇ ਉਹ ਵੀ ਆਪਣਾ ਬੁਲ ਟੁਕਦਾ ਬਾਹਿਰ ਨਿਕਲ ਗਿਆ । ਜਦੋਂ ਉਹ ਦਲੀਜ਼ੋਂ ਬਾਹਿਰ ਆਇਆ ਤਾਂ ਉਹਦੀਆਂ ਅੱਖਾਂ ਵਿਚ ਅਥਰੂ ਫਿਰ ਛਲਕ ਆਏ ਸਨ ।

ਜਾਂਬਾਜ਼ ਨੇ ਸ਼ੋਭੀ ਅਗੇ ਝੂਠ ਮਾਰਿਆ । ਉਸ ਐਤਕੀ ਨਾ ਹੀ ਸ਼ਾਹਬਾਜ਼ ਨੂੰ ਰੋਕਿਆ ਸੀ ਤੇ ਨਾ ਹੀ ਗੁਰਦਾਸ ਨੂੰ । ਉਸ ਤਾਂ ਸਗੋਂ ਆਪ ਬਾਬੇ ਬੰਦੇ ਦੇ ਸਾਥ ਹੋ ਕੇ ਲੜਨ ਦੀ ਚਾਹ ਪ੍ਰਗਟ ਕੀਤੀ । ਉਸੇ ਨੇ ਹੀ ਤਾਂ ਸਗੋਂ ਸ਼ਾਹਬਾਜ਼ ਨੂੰ ਕੁਝ ਸਿਖਾਂ ਦੀ ਗਦਾਰੀ ਬਾਰੇ ਜਾ ਕੇ ਦਸਿਆ ਤੇ ਆਖਿਆ ਕਿ ਇਹੋ ਜਿਹੇ ਆੜੇ ਵੇਲੇ ਬਾਬੇ ਬੰਦੇ ਦੀ ਸਹਾਇਤਾ ਬੜੀ ਜ਼ਰੂਰੀ ਹੋ ਜਾਂਦੀ ਹੈ । ਉਹਨੂੰ ਲਗਿਆ ਕਿ ਐਤਕੀ ਸ਼ਾਹਬਾਜ਼ ਨੂੰ ਜੰਗ ਵਿਚ ਝੋਕਣ ਵਾਲਾ ਉਹ ਆਪ ਜਾਂਬਾਜ਼ ਹੀ ਹੈ । ਜੇ ਉਸ ਸ਼ਾਹਬਾਜ਼ ਨੂੰ ਇਹ ਖਬਰਾਂ ਨਾ ਦਿਤੀਆਂ ਹੁੰਦੀਆਂ ਤਾਂ ਉਹ ਕਾਨ੍ਹਾ ਛੰਭ ਨੂੰ ਕਦੀ ਛਡਣ ਦਾ ਇਰਾਦਾ ਨਾ ਕਰਦਾ । ਖਾਸ ਕਰ ਕੇ ਅਜ ਜਦੋਂ ਉਸ ਸ਼ੋਭੀ ਦੀ ਇਹ ਹਾਲਤ ਵੇਖੀ ਤਾਂ ਉਹ ਇਕ ਦਮ ਮਾਯੂਸ ਹੋ ਗਿਆ । ਉਸ ਧਰਮ ਦੇ ਨਾਂ ਉਤੇ ਇਹ ਕੀ ਕਰ ਦਿਤਾ ।

"ਜੇ ਮੈਂ ਅਧਰਮੀ ਰਵ੍ਹਾਂ ਤਾਂ ਵੀ ਮੈਂ ਕਿਸੇ ਨੂੰ ਖੁਸ਼ ਨਹੀਂ ਕਰ ਸਕਦਾ ਤੇ ਹੁਣ ਜਦੋਂ ਮੈਂ ਧਰਮ ਵਾਸਤੇ ਕੁਝ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ...ਤਾਂ ਵੀ ਮੈਂ ਕਿਨ੍ਹੇ ਖੁਸ਼ ਰਖ ਰਿਹਾ ਹਾਂ ?' ਉਹ ਕੁਰਲਾਇਆ ਤੇ ਉਸ ਕਿਹਾ : "ਮੇਰੀ ਵੀ ਕੀ ਜ਼ਿਦਗੀ ਹੈ ।" ਪਰ ਹੁਣ ਤੀਰ ਕਮਾਨੋਂ ਨਿਕਲ ਚੁਕਾ ਸੀ । ਹੁਣ ਸ਼ਾਹਬਾਜ਼ ਨੂੰ ਕੋਈ ਰੋਕਣਾ ਨਹੀਂ ਸੀ । ਅਗਲੇ ਦਿਨ ਬੜੇ ਦੁਖ ਭਰੇ ਲਹਿਜੇ ਵਿਚ ਸ਼ੋਭੀ ਨੇ ਜ਼ਾਂਬਾਜ਼ ਨੂੰ ਚੇਤੇ ਕਰਾਇਆ, "ਸ਼ਾਹਬਾਜ਼ ਨੇ ਤਾਂ ਬਚਨ ਕੀਤਾ ਸੀ ਕਿ ਉਹ ਦੋ ਢਾਈ ਮਹੀਨੇ ਜ਼ਰੂਰ ਅਟਕੇਗਾ । ਇਕਾ-ਦਿਕ ਕੀ ਹੋ ਗਿਆ ਸੂ ।" "ਮੈਂ ਕੀ ਜਾਣਾਂ..." ਤੇ ਉਹ ਫਿਰ ਘਰੋਂ ਬਾਹਰ ਨਿਕਲ ਗਿਆ ।

ਉਸ ਫਿਰ ਝੂਠ ਬੋਲਿਆ ਸੀ । ਬੇਸ਼ਕ ਉਹ ਜਾਣਦਾ ਸੀ ਕਿ ਸ਼ਾਹਬਾਜ਼ ਨੇ ਸ਼ੋਭੀ ਨਾਲ ਅਗਲੇ ਬੱਚੇ ਦੇ ਜਨਮ ਤਕ ਕਾਨ੍ਹਾ ਛੰਭ ਨਾ ਛਡਣ ਦਾ ਬਚਨ ਕੀਤਾ ਹੋਇਆ ਸੀ । ਇਕ ਦਿਨ ਆਪ ਸ਼ਾਹਬਾਜ਼ ਨੇ ਭਾਵਕ ਹੋ ਕੇ ਜਾਂਬਾਜ਼ ਨੂੰ ਕਿਹਾ ਸੀ, "ਵੀਰਾ ! ਐਤਕੀ ਮੈਂ ਆਪਣੇ ਆ ਰਹੇ ਬਚੇ ਦਾ ਮੂੰਹ ਵੇਖ ਕੇ ਹੀ ਜਾਵਾਂਗਾ । ਭਾਵੇਂ ਮੁੰਡਾ ਭਾਵੇਂ ਕੁੜੀ । ਕੌਣ ਜਾਣੇ ਕਿ ਫਿਰ ਭਾਗਾਂ ਵਿਚ ਉਹਨੂੰ ਵੇਖਣਾ ਲਿਖਿਆ ਹੈ ਕਿ ਨਹੀਂ ।" ਪਰ...ਪਰ ਹੁਣ ਸ਼ਾਹਬਾਜ਼ ਨੂੰ ਰੋਕਣਾ ਕਠਿਨ ਸੀ । ਉਸ ਨੇ ਇਕ ਵਾਰ ਇਰਾਦਾ ਕਰ ਲਿਆ ਸੀ ਤੇ ਸ਼ਾਹਬਾਜ਼ ਨੂੰ ਆਪਣੀ ਆਈ ਤੋਂ ਕਦੀ ਕੋਈ ਟਾਲ ਨਹੀਂ ਸੀ ਸਕਿਆ । ਅਵੱਸ਼ ਸ਼ਾਹਬਾਜ਼ ਦਾ ਇਹ ਫੈਸਲਾ ਕੁਝ ਸਿੰਘਾਂ ਦੀ ਗਦਾਰੀ ਤੇ ਇਸ ਵੇਲੇ ਬੰਦਾ ਸਿੰਘ ਬਹਾਦਰ ਦੀ ਲੋੜ ਮਹਿਸੂਸ ਕਰ ਕੇ ਹੀ ਕੀਤਾ ਗਿਆ ਸੀ ।

ਅਜ ਜਦੋਂ ਸ਼ੋਭੀ ਨੇ ਕਿਹਾ, "ਪਰ ਸ਼ਾਹਬਾਜ਼ ਜਿਸ ਤੇਜ਼ੀ ਤੇ ਤੀਬਰਤਾ ਨਾਲ ਮੈਂ ਤੁਹਾਡੇ ਵਿਛੋੜੇ ਵਿਚ ਸੜਾਂਗੀ । ਉਹਦਾ ਕਿੰਨਾ ਕੁ ਫਾਇਦਾ ਹੋਵੇਗਾ," ਤਾਂ ਸ਼ਾਹਬਾਜ਼ ਨੇ ਸ਼ੋਭੀ ਨੂੰ ਪਹਿਲਿਆਂ ਵਾਂਗ ਆਪਣੀ ਝੋਲੀ ਵਿਚ ਲੈ ਕੇ ਕਿਹਾ, "ਸ਼ੋਭੀ, ਮੇਰੀ ਰਾਣੀ ! ਦੋਸਤੀ ਉਹ ਜਿਹੜੀ ਵੇਲੇ ਸਿਰ ਕੰਮ ਆਏ । ਤੂੰ ਸ਼ਾਇਦ ਨਹੀਂ ਜਾਣਦੀ ਕਿ ਬਾਬਾ ਬੰਦਾ ਸਿੰਘ ਵਾਸਤੇ ਮੇਰੇ ਮਨੋਭਾਵ ਸਿਰਫ ਇਕ ਸ਼ਿਸ਼ ਤੇ ਸਿਖ ਦੇ ਹੀ ਨਹੀਂ ਸਗੋਂ ਇਕ ਦੋਸਤ ਦੇ ਮਨੋਭਾਵ ਵੀ ਹਨ।

Scanned by CamScanner

ਬਾਬਾ ਜੀ ਨੂੰ ਮੇਰੇ ਨਾਲ ਬੜਾ ਹਿਤ ਹੈ ਤੇ ਮੈਂ ਹੀ ਸ਼ਾਇਦ ਇਕੋ ਇਕ ਅਜਿਹਾ ਸਿਪਾਹੀ ਹਾਂ ਜਿਹਦੇ ਨਾਲ ਬਾਬਾ ਜੀ ਕਦੀ ਕਦੀ ਹਾਸਾ ਮਖੌਲ ਕਰਦੇ ਤੇ ਹਸਦੇ ਹਨ। ਯਾਦ ਨਹੀਂ ? ਜਦੋਂ ਅਸੀਂ ਉਹਨਾਂ ਨੂੰ ਅੰਮ੍ਰਿਤਸਰ ਮਿਲੇ ਸਾਂ ਤਾਂ ਉਹ ਸਾਡੇ ਨਾਲ ਕਿਸ ਤਰ੍ਹਾਂ ਹਸਦੇ ਰਹੇ ?" "ਹਾਂ, ਮੈਨੂੰ ਯਾਦ ਹੈ।" ਸ਼ੋਭੀ ਨੂੰ ਸਭ ਕੁਝ ਯਾਦ ਸੀ। ਸ਼ੋਭੀ ਕਦੀ ਕੁਝ ਨਹੀਂ ਸੀ ਭੁਲਦੀ। ਭੁਲਦੀ ਵੀ ਕਿਵੇਂ ? ਕਦੀ ਯਾਦਾਂ ਤੋਂ ਸਵਾਏ ਉਹਦੀ ਝੋਲੀ ਕੁਝ ਪਿਆ ਵੀ ਹੋਵੇ। ਹੁਣ ਤਕ ਉਹਦੀ ਯਾਦਸ਼ਤ ਬੜੀ ਤੇਜ਼ ਹੋ ਚੁਕੀ ਸੀ। ਪਰ ਉਹ ਇਹਨਾਂ ਯਾਦਾਂ ਨੂੰ ਕੀ ਕਰਦੀ। ਹਾਂ, ਬਾਬਾ ਬੰਦਾ ਉਹਨਾਂ ਨਾਲ ਹੌਲੇ ਭਾਵ ਹਸਦਾ ਰਿਹਾ ਸੀ ਤੇ ਬੇਸ਼ਕ ਇਹੋ ਜਿਹੀ ਇਜ਼ਤ ਉਹ ਹਰ ਕਿਸੇ ਨੂੰ ਨਹੀਂ ਸੀ ਬਖਸ਼ਦਾ। ਸ਼ੋਭੀ ਇਹ ਵੀ ਜਾਣਦੀ ਸੀ ਕਿ ਬਾਬਾ ਬੰਦਾ ਤੇ ਸ਼ਾਹਬਾਜ਼ ਵਿਚਕਾਰ ਇਕ ਦੂਜੇ ਵਾਸਤੇ ਮਿਤ੍ਰਤਾ ਦੇ ਭਾਵ ਹਨ। ਉਹਦੇ ਦਿਲ ਵਿਚ ਬਾਬੇ ਬੰਦੇ ਵਾਸਤੇ ਵੀ ਇਜ਼ਤ ਹੈ। ਪਰ ਇਹਨਾਂ ਸਭ ਚੀਜ਼ਾਂ ਦਾ ਕੀ ਲਾਭ ?

"ਫਿਰ ਤੂੰ ਆਪ ਹੀ ਦਸ," ਸ਼ਾਹਬਾਜ਼ ਉਹਨੂੰ ਮਨਾਂਣ ਦੀ ਕੋਸ਼ਿਸ਼ ਕਰਦਾ ਕਹਿੰਦਾ ਗਿਆ," ਉਹਨਾਂ ਉਤੇ ਬਣੀ ਭੀੜ ਵੇਲੇ ਮੈਂ' ਉਹਨਾਂ ਨੂੰ ਕਿਵੇਂ ਇਕੱਲਾ ਰਹਿਣ ਦੇਵਾਂ। ਉਹ ਮਤਾਂ ਇਹ ਨਾ ਸਮਝਣ ਕਿ ਗੁਰੂ ਬਾਜਾਂ ਵਾਲੇ ਦਾ ਸਭ ਤੋਂ ਪਿਆਰਾ ਸਿਖ ਤੇ ਮਿੱਤਰ ਵੀ ਜਾ ਕੇ ਮੁਸਲਮਾਨਾਂ ਨਾਲ ਮਿਲ ਗਿਆ ਹੈ। ਮੈਂ' ਚੰਗੀ ਤਰ੍ਹਾਂ ਜਾਣਦਾ ਹਾਂ ਕਿ ਉਹਨਾਂ ਨੂੰ ਮੇਰੀ ਉਡੀਕ ਹੈ। ਹੁਣ ਹੀ ਉਹ ਵਕਤ ਹੈ ਜਿਹਦਾ ਜ਼ਿਕਰ ਉਹਨਾਂ ਨੇ ਅੰਮ੍ਰਿਤਸਰ ਕੀਤਾ ਸੀ। ਉਹਨਾਂ ਕਿਹਾ ਸੀ ਕਿ ਜਦੋਂ ਉਹਨਾਂ ਨੂੰ ਮੇਰੀ ਲੋੜ ਹੋਈ ਮੈਂ ਆਪੇ ਹੀ ਜਾਣ ਜਾਵਾਂਗਾ। ਮੈਂ ਜਾਣਦਾ ਹਾਂ ਸ਼ੋਭੀ ! ਕਿ ਇਹੋ ਉਹ ਵਕਤ ਹੈ। ਸ਼ੋਭੀ ਨੇ ਸ਼ਾਹਬਾਜ਼ ਨੂੰ ਘੁਟਿਆ ਤੇ ਉਸ ਕਿਹਾ, "ਪਰ ਮੇਰੇ ਸ਼ਾਹਬਾਜ਼ ! ਆਪਣਾ ਬਚਨ ਫੇਰਨਾ ਵੀ ਤਾਂ ਪਾਪ ਹੈ। ਤੁਸੀਂ ਮਿਤ੍ਰਤਾ ਨੂੰ ਪਾਲਣ ਵਾਸਤੇ ਇਹ ਪਾਪ ਕਿਵੇਂ ਕਰ ਸਕਦੇ ਹੋ ?' "ਬਸ ! ਇਸ ਬਚਨ ਦਾ ਪਾਲਣ ਕਰਦਿਆਂ ਹੀ ਏਨੇ ਮਹੀਨੇ ਲਗ ਗਏ ਹਨ। ਪਰ ਸ਼ੋਭੀ ! ਇਹ ਪਿਛਲੇ ਕੁਝ ਮਹੀਨਿਆਂ ਦੀ ਗਲ ਨਹੀਂ, ਮੈਨੂੰ ਤਾਂ ਸਿਰਫ ਪਿਛਲੇ ਪੰਦਰ੍ਹਾਂ ਦਿਨਾਂ ਵਿਚ ਹਾਲਾਤਾਂ ਨੇ ਮਜਬੂਰ ਕੀਤਾ ਹੈ। ਜਦੋਂ ਤੋਂ ਭਰਾ ਨੇ ਦਸਿਆ ਹੈ ਕਿ ਕੁਝ ਸਿੰਘ ਬਾਬਾ ਜੀ ਨਾਲ ਦਗਾ ਕਮਾ ਗਏ ਹਨ ਉਸ ਤੋਂ ਪਿਛੋਂ ਮੈਨੂੰ ਇਕ ਪਲ ਨੀਂਦਰ ਨਹੀਂ ਆਈ। ਵੇਖਦੀ ਨਹੀਂ ਮੇਰੀਆਂ ਅੱਖਾ ਕਿਵੇਂ ਸੁਜੀਆਂ ਹੋਈਆਂ ਹਨ ?' ਸ਼ੋਭੀ ਨੇ ਸ਼ਾਹਬਾਬ ਦੀਆਂ ਅੱਖਾਂ ਨੂੰ ਚੁੰਮਿਆ ਤੇ ਆਖਿਆ : "ਵੇਖਦੀ ਹਾਂ ਪ੍ਰਾਣ ! ਪਰ ਮੈਨੂੰ ਦਿਤੇ ਬਚਨ ਦਾ ਕੀ ਬਣੇਗਾ ?"

"ਸ਼ੋਭੀ ! ਬਾਬਾ ਬੰਦਾ ਦੇ ਸਾਹਮਣੇ ਵੀ ਕਈ ਵਾਰ ਇਹੋ ਜਿਹੇ ਮਸਲੇ ਆਏ ਹਨ। ਬੇਸ਼ਕ, ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਹਰਗੋਬਿੰਦ ਸਾਹਿਬ ਸਾਹਮਣੇ ਵੀ ਇਹੋ ਜਿਹੇ ਮਸਲੇ ਆਏ। ਇਹਨਾਂ ਮਸਲਿਆਂ ਅਨੁਸਾਰ ਆਪਣੇ ਧਰਮ ਨਾਲ ਸੱਚਿਆਂ ਹੋਣ ਵਾਸਤੇ ਦੋ ਆਪਾ-ਵਿਰੋਧੀ ਬਚਨਾਂ ਜਾਂ ਫਰਜ਼ਾਂ ਦਾ ਪਾਲਣ ਕਰਨਾ ਜ਼ਰੂਰੀ ਹੋ ਜਾਂਦਾ ਹੈ। ਬਾਬਾ ਬੰਦੇ ਨੇ ਖੁਦ ਕਿਹਾ ਹੈ ਕਿ ਜਦੋਂ ਇਹੋ ਜਿਹੀ ਮੁਸ਼ਕਲ ਆ ਬਣੇ ਤਾਂ ਸਿਖ ਨੂੰ ਦੋਹਾਂ ਬਚਨਾਂ ਤੇ ਫਰਜ਼ਾਂ ਨੂੰ ਤੋਲ ਕੇ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਬਚਨ ਜਾਂ ਫਰਜ਼ ਵਧੇਰੇ ਗੌਰਵ ਵਾਲਾ ਹੈ ਤੇ ਉਸੇ ਬਚਨ ਦੀ ਹੀ ਪਾਲਣਾ ਕਰਨੀ ਚਾਹੀਦੀ ਹੈ। ਇਹੋ ਜਿਹੇ ਹਾਲਾਤਾਂ ਵਿਚ ਘਟ ਜ਼ਰੂਰੀ ਬਚਨ ਜਾਂ ਫਰਜ਼ ਦੀ ਉਲੰਘਣਾ ਪਾਪ ਨਹੀਂ। "ਜਦੋਂ ਆਦਮੀ ਚਾਹੇ ਤਾਂ ਉਹ ਬਚਨਾਂ, ਫਰਜਾਂ ਤੇ ਧਰਮਾਂ ਨੂੰ ਆਪਣੀ ਮਰਜ਼ੀ ਅਨੁਸਾਰ ਮੋੜ ਤੋੜ ਸਕਦਾ ਹੈ। ਸ਼ਾਹਬਾਜ਼ ! ਹੋਰ ਮੈਂ ਕੀ ਕਹਾਂ ? ਮੈਂ ਕੀ ਕਹਿਣ ਜੋਗੀ ਹਾਂ।"

ਸ਼ਾਇਦ ਮਰਦ ਇਸਤਰੀ ਨਾਲ ਸਦਾ ਇਸ ਤਰ੍ਹਾਂ ਹੀ ਕਰਦਾ ਆਇਆ ਹੈ। ਆਪਣੀ ਮਰਜ਼ੀ ਅਨੁਸਾਰ ਉਹ ਆਪਣੇ ਉੱਤੇ ਫਰਜ਼ਲਾਜ਼ਮ ਕਰਦਾ ਹੈ ਤੇ ਆਪਣੀ ਮਨ ਦੀ ਮਰਜ਼ੀ ਅਨੁਸਾਰ ਹੀ ਇਕ ਫਰਜ਼ ਦੀ ਪਾਲਣਾ ਤੇ ਦੂਜੇ ਦੀ ਉਲੰਘਣਾ ਕਰਦਾ ਹੈ। ਮਰਦ ਦੀ ਸ਼ਰ੍ਹਾ ਆਪਣੀ ਹੈ, ਉਹਦਾ ਧਰਮ ਆਪਣਾ। ਉਹ ਸਦਾ ਇਹੋ ਸਮਝਦਾ ਆਇਆ ਹੈ ਕਿ ਧਰਮ ਤੇ ਫਰਜ਼ ਸਿਰਫ ਉਹਦੀ ਬਹਾਦਰੀ ਤੇ ਸੂਰਬੀਰਤਾ ਦੇ ਸਹਾਰੇ ਹੀ ਫਲਦਾ ਫੁਲਦਾ ਰਿਹਾ ਹੈ। ਤੇ ਔਰਤ ਸਦਾ ਮਰਦ ਵਾਸਤੇ ਸ਼ੁਭ ਕਾਮਨਾਵਾਂ ਚਿਤਵਦੀ ਆਈ ਹੈ। ਜਦੋਂ ਉਹ ਕਹਿੰਦਾ ਹੈ ਕਿ ਉਹ ਫਰਜ ਦੀ ਪਾਲਣਾ ਵਾਸਤੇ ਔਰਤ ਨਾਲ ਅਨਿਆਂ ਕਰ ਰਿਹਾ ਹੈ ਤਾਂ ਔਰਤ ਆਪਣੇ ਨਾਲ ਕੀਤਾ ਅਨਿਆਂ ਭੁਲ ਜਾਂਦੀ ਹੈ ਤੇ ਮਨ ਹੀ ਮਨ ਆਪਣੇ ਮਰਦ ਨੂੰ ਫਰਜ਼ ਦੀ ਪਾਲਣਾ ਕਰਦਿਆਂ ਵੇਖ ਕੇ ਸ਼ਾਇਦ ਖੁਸ਼ ਵੀ ਹੋ ਜਾਂਦੀ ਹੈ। ਹਉਕਾ ਭਰ ਕੇ ਆਖਦੀ ਹੈ, "ਹਲਾ ਜਿਵੇਂ ਮਰਜ਼ੀ ਸ਼ੁ ਕਰੇ ਪਰ ਜਿਥੇ ਹੋਵੇ ਸੁਖੀ ਰਵ੍ਹੇ। ਇਹਨੂੰ ਤੱਤੀ ਵਾ ਵੀ ਨਾ ਲਗੇ।" ਉਹਨੂੰ ਫਰਜਾਂ ਤੇ ਧਰਮ ਦੇ ਅਸੂਲਾਂ

Scanned by CamScanner

ਦੇ ਝੱਲ-ਝੰਮੇਲਿਆਂ ਦੀ ਐਨੀ ਸੋਝੀ ਨਹੀਂ। ਉਹ ਆਮ ਕਰ ਕੇ ਇਹਨਾਂ ਤੋਂ ਨਿਆਰਾ ਹੀ ਰਹਿਣਾ ਚਾਹੁੰਦੀ ਹੈ।

ਪਰ ਕਈ ਔਰਤਾਂ ਹੁੰਦੀਆਂ ਹਨ ਕਿ ਉਹਨਾਂ ਨੂੰ ਫ਼ਰਜਾਂ ਤੇ ਧਰਮ ਦੇ ਅਸੂਲਾਂ ਦੀ ਸੋਝੀ ਹੁੰਦੀ ਹੈ। ਸ਼ੋਭੀ ਵਰਗੀਆਂ। ਉਹਨਾਂ ਵਾਸਤੇ ਸਗੋਂ ਓੜਕ ਦੀ ਮੁਸ਼ਕਿਲ ਬਣਦੀ ਹੈ। ਉਹਨਾਂ ਵਾਸਤੇ ਕੋਈ ਵੀ ਫ਼ੈਸਲਾ ਕਰਨਾ ਕਠਿਨ ਹੁੰਦਾ ਹੈ। ਉਹ ਮਰਦ ਨੂੰ ਜ਼ੋਰ ਨਾਲ ਠੁਕ ਰੋਕ ਵੀ ਨਹੀਂ ਸਕਦੀਆਂ, ਉਹ ਖੁਲੇ ਦਿਲ ਉਹਨੂੰ ਜਾਣ ਦੀ ਆਗਿਆ ਵੀ ਨਹੀਂ ਦੇ ਸਕਦੀਆਂ। ਸ਼ੋਭੀ ਇਸੇ ਹਾਲਤ ਵਿਚ ਸੀ। ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਹੇ ਤੇ ਕੀ ਕਰੇ? ਉਹ ਜਾਣਦੀ ਸੀ ਕਿ ਬੰਦੇ ਨੂੰ ਇਸ ਵੇਲੇ ਸਿਪਾਹੀਆਂ ਦੀ ਲੋੜ ਹੈ। ਜੇ ਏਸ ਵੇਲੇ ਉਸ ਮੁਗ਼ਲਾਂ ਨੂੰ ਆਪਣੇ ਹੱਥ ਨਾ ਵਖਾਏ ਤਾਂ ਉਹ ਸਮਝਣਗੇ ਕਿ ਉਹਨਾਂ ਬੰਦੇ ਨੂੰ ਪਛਾੜ ਲਿਆ ਹੈ ਤੇ ਇਸ ਡਕੋਡੋਲੀ ਵਿਚ ਹੋਰ ਸਿਖ ਵੀ ਮੁਗ਼ਲਾਂ ਨਾਲ ਜਾ ਮਿਲਣਗੇ। ਇਸ ਸਮੇਂ ਬੰਦੇ ਨੂੰ ਸਾਥੀਆਂ ਤੇ ਸਿਪਾਹੀਆਂ ਦੀ ਲੋੜ ਸੀ ਤਾਂ ਜੋ ਦੁਨੀਆਂ ਜਾਣ ਸਕੇ ਕਿ ਤੁਰਕਾਂ ਦੀ ਵਿਜੈ ਨਹੀਂ ਹੋਈ ਕਿ ਬੰਦਾ ਸਿੰਘ ਅਜੇ ਤਕ ਜੀਉਂਦਾ ਹੈ।

ਜਦੋਂ ਤੋਂ ਕੁਝ ਸਿਖਾਂ ਦੀ ਗ਼ਦਾਰੀ ਬਾਰੇ ਸ਼ੋਭੀ ਨੇ ਸੁਣਿਆ ਉਹ ਵੀ ਉਦਾਸ ਤੇ ਨਿਰਾਸ਼ ਸੀ। ਉਹ ਕਿਆਸ ਨਹੀਂ ਸੀ ਕਰ ਸਕਦੀ ਕਿ ਅੰਮ੍ਰਿਤ ਛਕ ਕੇ ਆਦਮੀ ਕਦੀ ਏਨਾ ਨੀਵਾਂ ਡਿਗ ਸਕਦਾ ਹੈ। ਬੇਸ਼ਕ ਕੇਸਾਂ ਤੋਂ ਬਗ਼ੈਰ ਸ਼ਾਇਦ ਸਿਖ ਰੂਹੋਂ ਤੇ ਦਮਾਗ਼ੋਂ ਨਹੀਂ ਬਦਲਦਾ। ਪਰ ਕੇਸ ਰਖ ਕੇ ਤੁਰਕ ਦੀ ਨੌਕਰੀ ਤੇ ਬਾਬੇ ਬੰਦੇ ਨਾਲ ਗ਼ਦਾਰੀ ਕਰਨੀ — ਇਹ ਤਾਂ ਪਸ਼ੂਪੁਣਾ ਸੀ, ਇਸ ਤੋਂ ਕਮੀਨੀ ਹਰਕਤ ਹੋਰ ਕੋਈ ਨਹੀਂ ਹੋ ਸਕਦੀ। ਸ਼ੋਭੀ ਦੀ ਹਮਦਰਦੀ ਬਾਬੇ ਬੰਦੇ ਵਾਸਤੇ ਏਅੰਤ ਸੀ। ਪਰ...ਸ਼ਾਹਬਾਜ਼ ਨੂੰ ਭੇਜਣਾ ਹੋਰ ਗਲ ਸੀ। ਖਾਸ ਕਰ ਕੇ ਜਦੋਂ ਬਚੇ ਦੇ ਜਨਮ ਵਿਚ ਸਮੇਂ ਦੇ ਢਾਈ ਮਹੀਨੇ ਰਹਿੰਦੇ ਹੋਣ। ਨਾ ਜਾਣੇ ਕਿਉਂ ਸ਼ੋਭੀ ਨੂੰ ਲਗਦਾ ਕਿ ਕਿਤੇ ਅਗੇ ਵਾਂਗ ਹੀ ਕੋਈ ਭਾਣਾ ਨਾ ਵਰਤ ਜਾਏ ਤੇ ਸ਼ਾਹਬਾਜ਼ ਇਸ ਬਚੇ ਨੂੰ ਵੀ ਨਾ ਵੇਖ ਸਕੇ। ਪਰ ਸ਼ਾਹਬਾਜ਼ ਆਖਦਾ, "ਸ਼ੋਭੀ! ਤੂੰ ਬਚੇ ਵਾਸਤੇ ਰਤਾ ਫਿਕਰ ਨਾ ਕਰ। ਗੁਰੂ ਭਲੀ ਕਰੇਗਾ। ਤੂੰ ਵੇਖੀਂ ਮੈਂ ਦੋ ਚਾਰ ਲੜਾਈਆਂ ਵਿਚ ਹਿਸਾ ਲੈ ਕੇ ਮੁੜਿਆ ਕਿ ਮੁੜਿਆ। ਨਹੀਂ, ਐਤਕੀ ਮੈਂ ਆਪਣੇ ਲਾਲ ਨੂੰ ਵੇਖਣ ਵਾਸਤੇ ਤੇਰੇ ਨਾਲੋਂ ਵੀ ਕਾਹਲਾ ਹਾਂ। "ਸ਼ਾਹਬਾਜ਼! ਬਚੇ ਨੂੰ ਵੇਖਣ ਦੀ ਤੀਬਰਤਾ ਹੋਰ ਗੱਲ ਹੈ ਤੇ ਵਿਯੋਗ ਵੇਲੇ ਤੁਹਾਡੇ ਨੇੜੇ ਹੋਣ ਵਾਸਤੇ ਮੇਰੀ ਤੀਬਰਤਾ ਹੋਰ ਗਲ? ਤੁਸੀਂ ਮੇਰੀ ਗਲ ਤੇ ਮੇਰੇ ਅਹਿਸਾਸ ਵੀ ਕਦੀ ਸਮਝੋਗੇ ਕਿ ਨਹੀਂ।

ਬੇਸ਼ਕ ਇਸਤਰੀ ਦੀਆਂ ਬੇਅੰਤ ਤੀਬਰ ਚਾਹਾਂ ਵਿਚੋਂ ਸਭ ਤੋਂ ਵਧ ਤੀਬਰ ਚਾਹ ਇਹੋ ਹੁੰਦੀ ਹੈ ਕਿ ਬਚੇ ਦੇ ਜਨਮ ਵੇਲੇ, ਉਹਦਾ ਮਰਦ ਉਹਦੇ ਕੋਲ ਹੋਵੇ। "ਮੈਂ ਤੇਰੀ ਗਲ ਤੇ ਤੇਰੇ ਅਹਿਸਾਸ ਸਮਝਦਾ ਹਾਂ ਸੋਭੀ, ਪਰ ਤੂੰ ਵੀ ਮੇਰੀ ਗਲ ਤੇ ਮੇਰੇ ਅਹਿਸਾਸ ਸਮਝਣ ਦੀ ਕੋਸ਼ਿਸ਼ ਕਰ। ਸ਼ੋਭੀ! ਤੂੰ ਨਹੀਂ ਜਾਣਦੀ ਮੈਂ ਇਹਨਾਂ ਪੰਦਰਾਂ ਦਿਨਾਂ ਵਿਚ ਕੀ ਮਹਿਸੂਸ ਕਰਦਾ ਆਇਆ ਹਾਂ। ਮੇਰੇ ਵਾਸਤੇ ਸਾਹ ਲੈਣਾ ਵੀ ਮੁਸ਼ਕਲ ਹੈ। ਮੈਂ ਬਚਨ ਦੇਂਦਾ ਹਾਂ ਸ਼ੋਭੀਏ ਕਿ ਦੋ ਢਾਈ ਮਹੀਨਿਆਂ ਦੇ ਅੰਦਰ ਅੰਦਰ ਹੀ ,ਮੁੜਨ ਦੀ ਕੋਸ਼ਿਸ਼ ਕਰਾਂਗਾ। ਸ਼ਾਇਦ ਮੈਂ ਬਚੇ ਦੇ ਆਉਣ ਤੋਂ ਪਹਿਲੇ ਹੀ ਪਹੁੰਚ ਜਾਵਾਂ।"

ਸੋਭੀ ਦੇ ਨੈਣ ਭਰ ਆਏ। ਉਹਨੇ ਆਪਣੇ ਅਥਰੂ ਪੂੰਝਦਿਆਂ ਹੋਇਆਂ ਕਿਹਾ, 'ਜਿਸ ਤਰ੍ਹਾਂ ਤੁਸੀਂ ਆਪਣਾ ਪਹਿਲਾ ਬਚਨ ਪਾਲ ਰਹੇ ਹੋ ਸ਼ਾਇਦ ਉਸੇ ਤਰ੍ਹਾਂ ਹੀ ਇਹ ਬਚਨ ਵੀ ਪਾਲੋਗੇ। ਜਾਂਦੇ ਹੋ ਤਾਂ ਜਾਉ ਸ਼ਾਹਬਾਜ਼! ਪਰ ਮੈਂ ਬੜੀ ਮਾਯੂਸ ਹਾਂ। ਮੈਨੂੰ ਲਗਦਾ ਹੈ ਕਿ ਮੈਂ ਇਸ ਸਾਰੇ ਸੰਸਾਰ ਵਿਚ ਇਕੱਲੀ ਰਹਿ ਗਈ ਹਾਂ।" ਸ਼ਾਹਬਾਜ਼ ਨੇ ਸ਼ੋਭੀ ਨੂੰ ਘੁਟਿਆ, ਚੁੰਮਿਆ ਤੇ ਪੁਚਕਾਰਦਿਆਂ ਦੁਲਾਰਦਿਆਂ ਆਖਿਆ, 'ਨਹੀਂ ਮੇਰੀ ਸ਼ੋਭੀ ਤੂੰ ਇਕੱਲੀ ਨਹੀਂ। ਤੇਰੇ ਨਾਲ ਆਪ ਗੁਰੂ ਗੋਬਿੰਦ ਸਿੰਘ ਹਨ। ਤੇਰੇ ਨਾਲ ਬਾਬਾ ਬੰਦਾ ਹੈ। ਤੇਰੇ ਨਾਲ ਮੈਂ ਹਾਂ। ਤੇ ਤੇਰੇ ਨਾਲ ਹੈ ਅੰਮ੍ਰਿਤ ਦੀ ਸ਼ਕਤੀ। ਤੂੰ ਇਕੱਲੀ ਨਹੀਂ ਸ਼ੋਭੀ। ਜਿਹੜੀ ਕੁਰਬਾਨੀ ਸਿਖ ਧਰਮ ਵਾਸਤੇ ਤੂੰ ਕੀਤੀ ਹੈ ਰੱਬ ਉਸ ਦਾ ਮੁਲ ਪਾਵੇਗਾ। ਤੇਰੀ ਝੋਲੀ ਸਦਾ ਭਰੀ ਰਹੇਗੀ, ਤੂੰ ਅਮਰ ਸੁਹਾਗਵਤੀ ਹੋਵੇਂਗੀ।" ਸ਼ੋਭੀ ਦੇ ਅਥਰੂ ਵਹਿੰਦੇ ਗਏ, 'ਰੱਬ ਕਰੇ ਜਿਵੇਂ ਤੁਸੀਂ ਕਹਿੰਦੇ ਹੋ ਉਸੇ ਤਰ੍ਹਾਂ ਹੀ ਹੋਵੇ..." ਤੇ ਉਹ ਡੁਸਕ ਡੁਸਕ ਕੇ ਚੁਪ ਕਰ ਗਈ। ਪਰ ਵਿਛੋੜੇ ਤੋਂ ਪਹਿਲੇ ਸ਼ੋਭੀ ਦਾ ਦਿਲ ਫਿਰ ਡੋਲ ਗਿਆ ਤੇ ਉਸ ਸਹਿਕਦਿਆਂ ਹੋਇਆਂ ਕਿਹਾ, 'ਸ਼ਾਹਬਾਜ਼! ਮੈਨੂੰ ਡਰ ਲਗਦਾ ਹੈ ਕਿ ਸ਼ਾਇਦ ਇਸ ਬਚੇ ਦਾ ਮੂੰਹ ਵੀ ਤੁਸੀਂ ਨਹੀਂ ਵੇਖਣਾ।" ਪਰ ਸ਼ਾਹਬਾਜ਼ ਹਸਿਆ, 'ਡਰ ਦੀ ਕੋਈ ਗਲ ਨਹੀਂ ਸ਼ੋਭੀ। ਮੈਂ ਬਚਨ ਦੇਂਦਾ ਹਾਂ ਕਿ ਮੈਂ ਜਲਦੀ

Scanned by CamScanner

ਤੋਂ ਜਲਦੀ ਮੁੜਨ ਦੀ ਕੋਸ਼ਿਸ਼ ਕਰਾਂਗਾ । ਸਾਨੂੰ ਵਿਸ਼ਵਾਸ ਹੈ ਕਿ ਜਿਤ ਸਾਡੀ ਹੋਵੇਗੀ ਤੇ ਤੁਰਕੜੇ ਫਿਰ ਰੰਕ ਬਣਨਗੇ ।" ਡਲ੍ਹਕਦੀਆਂ ਅੱਖਾਂ ਨਾਲ ਸ਼ੋਭੀ ਨੇ ਸ਼ਾਹਬਾਜ਼ ਨੂੰ ਸ਼ੁਭ ਵਿਦਾਇਗੀ ਆਖੀ । "ਅੱਛਾ ਮੇਰੇ ਸ਼ਾਹਬਾਜ । ਗੁਰੂ ਕਲਗੀਆਂ ਵਾਲਾ ਤੇਰੇ ਅੰਗ ਸੰਗ ਹੋਵੇ । ਤੂੰ ਤੁਰਕਾਂ ਦੇ ਸਿਰ ਭੰਨ ਕੇ ਮੇਰੇ ਨਵੇਂ ਕਾਲੂ ਦੇ ਆਉਣ ਤੋਂ ਪਹਿਲੇ ਪਹਿਲੇ ਘਰ ਮੁੜੇਂ ।

੩੫

ਲਗ ਭਗ ਪੰਦ੍ਰਾਂ ਵੀਹ ਸਾਥੀ ਆਪਣੇ ਨਾਲ ਲੈ ਕੇ ਸ਼ਾਹਬਾਜ਼ ਆਪਣੇ ਉਸਤਾਦ, ਆਪਣੇ ਨਾਇਕ ਤੇ ਆਪਣੇ ਸਭ ਤੋਂ ਵਡੇ ਮਹਿਬੂਬ ਮਿਤ੍ਰ ਬੰਦਾ ਸਿੰਘ ਨੂੰ ਜਾ ਮਿਲਿਆ । ਬੰਦਾ ਸਿੰਘ, ਸ਼ਾਹਬਾਜ਼ ਨੂੰ ਮਿਲ ਕੇ ਖ਼ੁਸ਼ ਹੋਇਆ ਤੇ ਉਹਦੀ ਖੁਸ਼ੀ ਨਾਲ ਸ਼ਾਹਬਾਜ਼ ਦੀ ਨਿੱਜੀ ਖੁਸ਼ੀ ਵਿਚ ਅਤਿਅੰਤ ਵਾਧਾ ਹੋਇਆ "ਤੁਸੀਂ ਆ ਗਏ ਹੋ ਸ਼ਾਹਬਾਜ਼", ਬੰਦਾ ਮੁਸਕਰਾਇਆ, "ਮੈਨੂੰ ਵਿਸ਼ਵਾਸ ਸੀ ਕਿ ਘਟੋ ਘਟ ਤੁਸੀਂ ਮੈਨੂੰ ਕੁਝ ਹੋਰਨਾਂ ਵਾਂਗ ਇਕੱਲਿਆਂ ਨਹੀਂ ਛਡੋਗੇ ।"

ਇਹਨਾਂ ਸ਼ਬਦਾਂ ਨੇ ਸ਼ਾਹਬਾਜ਼ ਨੂੰ ਕੰਬਾ ਦਿਤਾ । ਬੰਦਾ ਸਿੰਘ ਬਹਾਦਰ ਤੇ ਉਹਦੇ ਮੂੰਹ ਵਿਚੋਂ ਇਹੋ ਜਿਹੇ ਸ਼ਬਦ ਬੰਦਾ ਸਿੰਘ ਬਹਾਦਰ ਤੇ ਉਹਦੀ ਮੁਸਕਰਾਹਟ ਵਿਚ ਉਦਾਸੀ ? ਬੰਦਾ ਸਿੰਘ ਤੇ ਉਹਨੂੰ ਕਿਸੇ ਕਿਸਮ ਦੀ ਮੁਸੀਬਤ ਵੀ ਭੁਲਾ ਸਕੇ ? ਸ਼ਾਹਬਾਜ਼ ਨੂੰ ਲਗਾ ਕਿ ਇਸ ਵਿਚ ਜ਼ਰੂਰ ਕੋਈ ਭੇਦ ਹੈ । ਪਰ ਫਿਰ ਜਲਦੀ ਹੀ ਉਸ ਆਪਣੇ ਆਪ ਨੂੰ ਕੋਸਿਆ ਤੇ ਆਖਿਆ ਕਿ ਸ਼ਾਇਦ ਉਸ ਆਪਣੇ ਨਾਇਕ ਨੂੰ ਗ਼ਲਤ ਸਮਝਿਆ ਹੈ । "ਮੇਰੀ ਜ਼ਿੰਦਗੀ ਤੁਹਾਡੇ ਵਾਸਤੇ ਹੈ ਬਾਬਾ ਜੀ । ਤੁਹਾਨੂੰ ਕਿਹੜਾ ਸਿਖ ਸਦਾ ਲਈ ਛਡ ਕੇ ਜਾ ਸਕਦਾ ਹੈ ?" "ਪਰ ਖਾਲਸਾ ਜੀ, ਕੀ ਇਹ ਸੱਚ ਨਹੀਂ ਕਿ ਕੁਝ ਸਿੰਘਾਂ ਨੇ ਸੂਬਾ ਲਾਹੌਰ ਨਾਲ ਸੁਲ੍ਹਾ ਕਰ ਲਈ ਹੈ ?" "ਸ਼ਾਇਦ ਇਹ ਸੱਚ ਹੈ ਬਾਬਾ ਜੀ । ਪਰ ਉਹ ਆਦਮੀ ਸਿੰਘ ਨਹੀਂ । ਉਹਨਾਂ ਨੂੰ ਸਿੰਘ ਕਹਿਣਾ ਸਿਖੀ ਦੀ ਹੱਤਕ ਹੈ ।" "ਅਵੱਸ਼ ਖਾਲਸਾ ਜੀ...!"

ਸ਼ਾਹਬਾਜ਼ ਨੂੰ ਇੰਜ ਲਗਾ ਕਿ ਬਾਬਾ ਬੰਦਾ ਉਹਦੇ ਕੋਲੋਂ ਇਹਨਾਂ ਸਿੰਘਾਂ ਬਾਰੇ ਕੁਝ ਹੋਰ ਸੁਣਨ ਦਾ ਚਾਹਵਾਨ ਹੈ । ਸ਼ਾਹਬਾਜ਼ ਨੂੰ ਮਹਿਸੂਸ ਹੋਇਆ ਕਿ ਬੇਸ਼ਕ ਇਸ ਘਟਨਾ ਨੇ ਬਾਬੇ ਬੰਦੇ ਨੂੰ ਦੁਖ ਪਹੁੰਚਾਇਆ ਹੈ । ਉਹਦੇ ਦਿਲ ਉੱਪਰ ਕਿਸੇ ਕਿਸਮ ਦੀ ਚੋਟ ਆਈ ਹੈ । ਉਹਦੇ ਹਾਵ ਭਾਵ ਤੋਂ ਵੀ ਕੁਝ ਇਸ ਤਰ੍ਹਾਂ ਹੀ ਲਗਿਆ । ਸ਼ਾਹਬਾਜ਼ ਨੇ ਹਿੰਮਤ ਕਰ ਕੇ ਕਿਹਾ, "ਬਾਬਾ ਜੀ ਇਹ ਪਤਿਤ ਸਿਖ ਗਿਣਤੀ ਵਿਚ ਬੜੇ ਥੋੜੇ ਹਨ । ਸਾਨੂੰ..." ਪਰ ਬੰਦੇ ਨੇ ਸ਼ਾਹਬਾਜ਼ ਨੂੰ ਟੋਕਿਆ । ਉਹਦਾ ਸਰੀਰ ਇਕ-ਦੰਮ ਤਣ ਗਿਆ । ਉਹਦੀਆਂ ਸੁਰਖੀ ਮਾਇਲ ਅੱਖਾਂ ਲਾਲ ਹੋ ਗਈਆਂ । ਉਹਨੇ ਆਪਣੀ ਮੁੱਠੀ ਵੱਟੀ ਤੇ ਆਖਿਆ, "ਕੁਝ ਪ੍ਰਵਾਹ ਨਹੀਂ ਖਾਲਸਾ ਜੀ ! ਜਦੋਂ ਤਕ ਤੁਹਾਡੇ ਵਰਗੇ ਸਿੰਘ ਜੀਉ ਦੇ ਹਨ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਉਤੇ ਧੱਬਾ ਨਹੀਂ ਆਵੇਗਾ । ਅਸੀਂ ਦੁਸ਼ਮਣਾਂ ਨੂੰ ਚੈਨ ਨਹੀਂ ਲੈਣ ਦੇਣਾ । ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ ।"

ਤੇ ਬੰਦਾ ਸਿੰਘ ਟੁਰ ਗਿਆ । ਸ਼ਾਹਬਾਜ਼ ਦੁਖੀ ਸੀ ਬੰਦਾ ਸਿੰਘ ਦੇ ਦੁਖ ਵਾਸਤੇ । ਪਰ ਸ਼ਾਹਬਾਜ਼ ਖੁਸ਼ ਸੀ ਕਿ ਬੰਦੇ ਨੇ ਉਹਦੇ ਨਾਲ ਆਪਣੇ ਅੰਤ੍ਰੀਵ ਜਜ਼ਬਾਤ ਸਾਂਝੇ ਕੀਤੇ ਹਨ । ਉਹਨੂੰ ਵਿਸ਼ਵਾਸ਼ ਸੀ ਕਿ ਬੰਦਾ ਸਿੰਘ ਕਿਸੇ ਹੋਰ ਨਾਲ ਇਹੋ ਜਿਹੀਆ ਗੱਲਾਂ ਨਹੀਂ ਕਰੇਗਾ । ਸ਼ਾਹਬਾਜ਼ ਐਨਾ ਖੁਸ਼ ਸੀ ਕਿ ਉਹਦੇ ਨੈਣ ਭਰ ਆਏ ਤੇ ਉਹਦਾ ਜੀ ਕੀਤਾ ਕਿ ਕਿਹੜਾ ਵੇਲਾ ਹੋਵੇ ਉਹ ਬਾਬਾ ਬੰਦਾ ਤੇ ਸਿਖ ਕੌਮ ਉੱਤੋਂ ਜਾਨ ਵਾਰੇ । ਸ਼ਾਹਬਾਜ਼ ਨੂੰ ਕੈਂਪ ਵਿਚ ਆਇਆਂ ਅਜੇ ਮਸੋਂ

Scanned by CamScanner

ਇਕ ਹੋਛਤਾ ਹੀ ਹੋਇਆ ਸੀ ਕਿ ਮੁੜ ਮੈਦਾਨਾਂ ਵਿਚ ਉਤਰਨ ਤੇ ਕਲਾਨੌਰ ਤੇ ਬਟਾਲੇ ਨੂੰ ਪਛਾੜਨ ਦਾ ਫ਼ੈਸਲਾ ਹੋ ਗਿਆ। ਫੈਸਲਾ ਹੋਣ ਪਿਛੋਂ ਅਗਲੇ ਦਿਨ ਲਸ਼ਕਰ ਨੇ ਚਾਲੇ ਪਾ ਦਿਤੇ।

ਬੰਦਾ ਸਿੰਘ ਨੂੰ ਐਸ ਵੇਲੇ ਪੈਸਿਆਂ ਤੇ ਸਿਪਾਹੀਆਂ ਦੀ ਲੋੜ ਸੀ। ਉਹਦੇ ਦਿਲ ਵਿਚ ਇਕ ਵਾਰ ਮੁਕੰਮਲ ਸਲਤਨਤ ਨਾਲ ਮੱਥਾ ਲਾਣ ਦਾ ਫੁਰਨਾ ਫੁਰਿਆ ਸੀ ਤੇ ਅੰਤਕੀ ਉਹਦਾ ਨਿਸ਼ਾਨਾ ਸੀ ਲਾਹੌਰ। ਉਹ ਲਾਹੌਰ ਉੱਤੇ ਕਬਜ਼ਾ ਕਰਨਾ ਚਾਹੁੰਦਾ ਸੀ। ਸਰਹਿੰਦ ਤੋਂ ਪਿਛੋਂ ਪੰਜਾਬ ਵਿਚ ਇਕ ਲਾਹੌਰ ਹੀ ਅਜਿਹਾ ਸ਼ਹਿਰ ਰਹਿ ਗਿਆ ਜਿਹੜੇ ਉੱਤੇ ਕਬਜ਼ਾ ਬੰਦਾ ਸਿੰਘ ਨੂੰ ਨਿੱਗਰ ਰਾਜਸੀ ਤੇ ਸੈਨਿਕ ਲਾਭ ਪਹੁੰਚਾ ਸਕਦਾ ਸੀ। ਸਰਹਿੰਦ ਹੁਣ ਖਤਮ ਹੋ ਚੁਕੀ ਸੀ। ਉਹਦੀ ਮਹੱਤਤਾ ਮੁੱਕ ਚੁਕੀ ਸੀ। ਸਿਖ ਸਲਤਨੱਤ ਵਾਸਤੇ ਬੰਦੇ ਬਹਾਦਰ ਨੇ ਸਰਹਿੰਦ ਨੂੰ ਕਦੀ ਵੀ ਚੰਗਾ ਸਦਰ ਨਹੀਂ ਸੀ ਸਮਝਿਆ। ਏਸੇ ਲਈ ਉਸ ਆਪਣਾ ਸਦਰ ਲੋਹ ਗੜ੍ਹ ਬਣਾਇਆ। ਪਰ ਹੁਣ ਤਕ ਲੋਹ ਗੜ੍ਹ ਵੀ ਖਤਮ ਹੋ ਚੁਕਾ ਸੀ। ਮੁੜ ਕੇ ਉਹਦੇ ਉੱਤੇ ਕਬਜ਼ਾ ਕਰਨ ਨਾਲ ਕੋਈ ਮਸਲਾ ਹਲ ਨਹੀਂ ਸੀ ਹੋਣਾ। ਸਰਹਿੰਦ ਤੇ ਲੋਹ ਗੜ੍ਹ ਦਿੱਲੀ ਦੇ ਬਹੁਤ ਨੇੜੇ ਸਨ ਤੇ ਹੁਣ ਦਿੱਲੀ ਦੀ ਹਕੂਮਤ ਮਜ਼ਬੂਤ ਸੀ। ਜਦੋਂ ਸਰਹਿੰਦ ਫ਼ਤਹ ਹੋਈ ਤੇ ਲੋਹ ਗੜ੍ਹ ਦੀ ਸਥਾਪਨਾ ਹੋਈ ਤਾਂ ਦਿਲੀ ਹਕੂਮਤ ਹਰ ਹਾਲਤ ਵਿਚ ਕਮਜ਼ੋਰ ਸੀ ਤੇ ਬਾਦਸ਼ਾਹ ਕਿਤੇ ਨੇੜੇ ਤੇੜੇ ਵੀ ਨਹੀਂ ਸੀ। ਸਰਹਿੰਦ ਦੀ ਤਬਾਹੀ ਨਾਲ ਲਾਹੌਰ ਦੀ ਮਹੱਤਤਾ ਵਧ ਗਈ। ਦੂਜਾ, ਆਪ ਸ਼ਹਿਨਸ਼ਾਹ ਬਹਾਦਰ ਸ਼ਾਹ ਉਥੇ ਕਈ ਮਹੀਨੇ ਰਿਹਾ। ਤੀਜਾ, ਅਬਦੁਲ ਸਮੱਦ, ਦੀ ਠਿੱਜੀ ਤਾਕਤ ਨਾਲ ਲਾਹੌਰ ਆਪਣੇ ਆਪੇ ਵਿਚ ਆਇਆ। ਚੌਥਾ, ਫ਼ਰਖ਼ਸੀਅਰ ਨੇ ਸੂਬਾ ਲਾਹੌਰ ਦੇ ਜ਼ਿੰਮੇ ਹੀ ਸਿਖਾਂ ਨੂੰ ਮੁਕਾਣ ਦੀ ਡੀਊਟੀ ਲਾਈ ਤੇ ਪੰਜਵਾਂ, ਲਾਹੌਰ ਦਿੱਲੀ ਤੋਂ ਦੂਰ ਸੀ। ਇਹਨਾਂ ਕਾਰਨਾਂ ਕਰ ਕੇ ਹੀ, ਬੰਦੇ ਨੇ ਸੋਚਿਆ, ਕਿ ਉਹਦਾ ਤੇ ਸਿਖ ਹਕੂਮਤ ਦਾ ਅਗਲਾ ਸਦਰ ਲਾਹੌਰ ਹੋਵੇਗਾ।

ਜੇ ਲਾਹੌਰ ਮੁੱਕਿਆ ਤਾਂ ਅਬਦੁਲ ਸਮੱਦ ਮੁਕੇਗਾ। ਹੁਣ ਲਾਹੌਰ ਤੋਂ ਹੀ ਸਿਖਾਂ ਨੂੰ ਖਤਮ ਕਰਨ ਦੇ ਸ਼ਾਹੀ ਹੁਕਮ ਸਾਦਰ ਹੋ ਰਹੇ ਸਨ। ਦਿੱਲੀ ਦੀਆਂ ਫ਼ੌਜਾਂ ਵਾਸਤੇ ਲਾਹੌਰ ਪਹੁੰਚਣਾ ਸੌਖਾ ਨਹੀਂ ਸੀ ਤੇ ਹਰ ਹਾਲੇ ਇਕ ਵਾਰ ਲਾਹੌਰ ਉਤੇ ਕਬਜ਼ਾ ਕਰਨ ਨਾਲ ਉਹਦੇ ਪੈਰ ਐਨੇ ਮਜ਼ਬੂਤ ਹੋ ਜਾਣਗੇ ਕਿ ਉਹ ਥੋੜੀ ਬਹੁਤੀ ਫ਼ੌਜ ਕੋਲੋਂ ਹਾਰਨ ਨਹੀਂ ਲਗਾ। ਇਹ ਵੀ ਹੋ ਸਕਦਾ ਹੈ ਕਿ ਕੁਝ ਸਿਖਾਂ ਦੀ ਗ਼ਦਾਰੀ ਨੇ ਬੰਦਾ ਸਿੰਘ ਨੂੰ ਦੁਖੀ ਕੀਤਾ ਹੋਵੇ ਤੇ ਏਸੇ ਲਈ ਉਹਦਾ ਗੁੱਸਾ ਸੂਬਾ ਲਾਹੌਰ ਦੇ ਬਰਖਿਲਾਫ ਵਧੇਰੇ ਤੀਬਰ ਹੋ ਗਿਆ ਹੋਵੇ। ਜਿਵੇਂ ਵੀ ਹੋਵੇ, ਬੰਦਾ ਸਿੰਘ ਦਾ ਕਲਾਨੌਰ ਤੇ ਬਟਾਲਾ ਲੁਟਣ ਦਾ ਕਾਰਨ ਲਾਹੌਰ ਦੀ ਜਿਹ ਵਾਸਤੇ ਤਿਆਰੀ ਕਰਨਾ ਸੀ। ਇਸ ਕਾਰਨ ਤੇ ਇਸ ਤੱਥ ਦਾ ਕਿਸੇ ਇਤਿਹਾਸਕਾਰ ਨੇ ਕਿਤੇ ਕੋਈ ਜ਼ਿਕਰ ਨਹੀਂ ਕੀਤਾ। ਪਰ ਆਖਿਰ ਕਿਹੜੇ ਇਤਿਹਾਸਕਾਰ ਨੇ ਬੰਦੇ ਬਹਾਦਰ ਦੀ ਸੈਨਿਕ ਤੇ ਰਾਜਸਕ ਸੂਝ ਬਾਰੇ ਡੂੰਘੀ ਖੋਜ ਪੜਤਾਲ ਕੀਤੀ ਹੈ ? ਇਤਿਹਾਸਕਾਰ ਬੰਦੇ ਬਹਾਦਰ ਦੀਆਂ ਜਿੱਤਾਂ ਤੇ ਲੜਾਈਆਂ ਦੇ ਕਾਰਨਾਂ ਪਿਛੇ ਨਹੀਂ ਗਏ ! ਉਹਨਾਂ ਸਮਿਆਂ ਦਾ ਇਕ ਮੋਟਾ ਠੁੱਲ੍ਹਾ ਅਸੂਲ ਸੀ — ਲੁਟ ਮਾਰ ਕਰਨੀ। ਜਿਦ੍ਹੇ ਕੋਲ ਵੀ ਜ਼ਰਾ ਤਾਕਤ ਹੋਈ ਉਹ ਆਪਣੇ ਗਵਾਂਢੀ ਉਤੇ ਜਾ ਪਿਆ। ਸੋ ਬਹੁਤੇ ਇਤਿਹਾਸਕਾਰ ਬੰਦੇ ਨੂੰ ਵੀ ਆਪਣੇ ਸਮੇਂ ਦਾ ਇਕ ਪ੍ਰਤੀਨਿਧ ਲੁੱਟੇਮਾਰ ਸਮਝਦੇ ਆਏ ਹਨ।

ਬੰਦੇ ਦੀਆਂ ਸੰਨ ੧੭੧੨-੧੩ ਤੋਂ ਪਿਛੋਂ ਦੀਆਂ ਲੜਾਈਆਂ ਨੂੰ ਕੋਈ ਗੌਰਵਤਾ ਨਹੀਂ ਮਿਲੀ। ਇਤਿਹਾਸਕਾਰ ਇਹਨਾਂ ਲੜਾਈਆਂ ਨੂੰ ਇਕ ਮਾਯੂਸ ਹੋ ਚੁਕੇ ਧਾੜਵੀ ਦੀਆਂ ਝੁੱਟੀਆਂ ਆਖਦੇ ਹਨ। ਬਹੁਤੇ ਇਤਿਹਾਸਕਾਰ ਇਹਨਾਂ ਬਾਰੇ ਅਸਲੋਂ ਚੁੱਪ ਹਨ। ਇਹ ਬੰਦਾ ਸਿੰਘ ਦੀ ਪ੍ਰਤਿਭਾ ਨਾਲ ਅਨਿਆਂ ਹੈ। ਬੰਦਾ ਸਿੰਘ ਦੀ ਹਰ ਲੋਟੀ ਤੇ ਹਰ ਕਰਮ ਤੇ ਹਰ ਲੜਾਈ ਪਿਛੇ ਇਕ ਸੈਨਿਕ ਤੇ ਰਾਜਸਕ ਸੂਝ ਕੰਮ ਕਰਦੀ ਸੀ। ਗੁਜਰਾਤ ਤੇ ਜੰਮੂ ਦੀਆਂ ਲੜਾਈਆਂ ਅੰਜਾਈ ਭਟ ਵਾਸਤੇ ਨਹੀਂ ਸਨ ਲੜੀਆਂ ਗਈਆਂ। ਪਿਛੋਂ ਜਾ ਕੇ ਗੁਜਰਾਤ ਤੇ ਜੰਮੂ ਸਿਖ ਰਾਜ ਦੇ ਜ਼ਰੂਰੀ ਅੰਗ ਬਣੇ। ਨਾ ਹੀ ਬੰਦਾ ਸਿੰਘ ਦਾ ਕਲਾਨੌਰ ਤੇ ਬਟਾਲਾ ਜਿਤਣ ਦਾ ਫੈਸਲਾ ਬਿਨਾਂ ਕਿਸੇ ਸੋਚ ਵਿਚਾਰ ਤੇ ਕੀਤਾ ਗਿਆ ਸੀ।

ਉਹਨਾਂ ਦਿਨਾਂ ਵਿਚ ਕਲਾਨੌਰ ਤੇ ਬਟਾਲਾ ਦੋਵੇਂ ਮਿਲਾ ਕੇ ਸਰਹਿੰਦ ਤੋਂ ਘਟੋ ਘਟ ਅਧੇ ਅਮੀਰ ਜ਼ਰੂਰ ਸਨ ਤੇ ਬੰਦਾ ਸਿੰਘ ਦੀ ਲੋੜ ਵਾਸਤੇ ਐਨਾ ਪੈਸਾ ਕਾਫੀ ਸੀ। ਕਲਾਨੌਰ ਵਿਚ ਸ਼ਹਿਨਸ਼ਾਹ ਅਕਬਰ ਨੇ ਤਾਜ ਪਹਿਨਿਆ ਸੀ ਤੇ ਉਸ ਤੋਂ ਪਿਛੋਂ ਇਹ ਸ਼ਹਿਰ ਦਿਨੋਂ ਦਿਨ ਦੂਰ ਮਸ਼ਹੂਰ ਹੁੰਦਾ ਗਿਆ। ਏਥੇ ਮਨੋਰੰਜਕ ਹਵੇਲੀਆਂ ਤੇ ਆਲੀਸ਼ਾਨ ਮੰਦਿਰ ਉਸਰੇ। ਏਸੇ ਤਰ੍ਹਾਂ ਦਾ ਸ਼ਹਿਰ ਹੀ ਬਟਾਲਾ ਸੀ। ਅਜਕਲ ਦਾ ਬਟਾਲਾ, ਅਜਕਲ ਦੀ ਸਰਹਿੰਦ ਵਾਗ ਉਹਨਾਂ ਦਿਨਾਂ ਦੇ

Scanned by CamScanner

ਬਟਾਲੇ ਨਾਲ ਮੇਚਾ ਨਹੀਂ ਖਾ ਸਕਦਾ। ਅਜ ਕੱਲ ਦਾ ਬਟਾਲਾ ਉਹਨਾਂ ਸਮਿਆਂ ਦੇ ਬਟਾਲੇ ਸਾਹਮਣੇ ਇਕ ਤਰ੍ਹਾਂ ਦਾ ਸ਼ਮਸ਼ਾਨ ਹੀ ਹੈ। ਇਹਨਾਂ ਦੋਹਾਂ ਸ਼ਹਿਰਾਂ ਤੋਂ ਮਾਲ ਅਸਬਾਬ ਤੇ ਪੈਸਾ ਲੈ ਕੇ ਬੰਦਾ ਸਿੰਘ ਇਕ ਚੰਗੀ ਖ਼ਾਸੀ ਫ਼ੌਜ ਤਿਆਰ ਕਰਨ ਦਾ ਇਰਾਦਾ ਰਖਦਾ ਸੀ। ਉਹਨੂੰ ਪਤਾ ਸੀ ਕਿ ਅਨੇਕ ਸਾਥੀ ਸਿਰਫ਼ ਇਹੋ ਜਿਹੀਆਂ ਲੁਟਾਂ ਤੇ ਬਾਕਾਇਦਾ ਮਿਲਦੀ ਤਨਖ਼ਾਹ ਸਦਕੇ ਹੀ ਉਹਦੇ ਨਾਲ ਆ ਕੇ ਮਿਲਦੇ ਹਨ। ਉਹ ਆਪਣੇ ਵੇਲੇ ਦੀ ਮਨੋਵਿਗਿਆਨਕ ਅਵਸਥਾ ਨੂੰ ਚੰਗੀ ਤਰ੍ਹਾਂ ਸਮਝਦਾ ਸੀ।

ਬੰਦਾ ਸਿੰਘ ਨੇ ਕਲਾਨੌਰ ਤੇ ਬਟਾਲਾ ਜਿੱਤਣ ਦਾ ਇਰਾਦਾ ਕੀਤਾ ਤੇ ਥੋੜੇ ਸਮੇਂ ਦੇ ਅੰਦਰ ਹੀ ਇਹ ਦੋਵੇਂ ਸ਼ਹਿਰ ਉਹਦੇ ਕਬਜ਼ੇ ਵਿਚ ਆ ਗਏ। ਇਹ ਸ਼ਹਿਰ ਜਿਤ ਕੇ ਬੰਦਾ ਸਿੰਘ ਨੇ ਆਪਣੀ ਤਾਕਤ ਨੂੰ ਵਧਾਣਾ ਸ਼ੁਰੂ ਕੀਤਾ। ਕੋਟ ਮਿਰਜ਼ਾ ਜਾਨ ਦੇ ਕੋਲ ਉਸ ਆਪਣਾ ਆਰਜ਼ੀ ਸਦਰ ਕਾਇਮ ਕੀਤਾ ਤੇ ਇਕ ਕੱਚਾ ਕਿਲ੍ਹਾ ਉਸਾਰਿਆ। ਕੋਟ ਮਿਰਜ਼ਾ ਜਾਨ ਕਲਾਨੌਰ ਤੇ ਬਟਾਲੇ ਦੇ ਵਿਚਕਾਰ ਸੀ। ਪ੍ਰਤਖ ਹੈ ਕਿ ਬੰਦਾ ਸਿੰਘ ਇਹਨਾਂ ਦੋਹਾਂ ਸ਼ਹਿਰਾਂ ਨੂੰ ਆਪਣਾ ਸਦਰ ਨਹੀਂ ਸੀ ਬਨਾਉਣਾ ਚਾਹੁੰਦਾ, ਜਿਹੜੀ ਗੱਲ ਕਿ ਫ਼ੌਜੀ ਦਰਿਸ਼ਟੀ-ਕੋਣ ਤੋਂ ਬਿਲਕੁਲ ਦਰੁਸਤ ਹੈ। ਬੇਸ਼ਕ ਇਹ ਸ਼ਹਿਰ ਲੁਟੇ ਗਏ ਸਨ ਪਰ ਏਥੋਂ ਦੇ ਕਿਸੇ ਹਿੰਦੂ ਤੇ ਮੁਸਲਮਾਨ ਨੂੰ ਕਤਲ ਨਹੀਂ ਸੀ ਕੀਤਾ ਗਿਆ। ਵਸਦੇ ਸ਼ਹਿਰ ਵਿਚ ਫ਼ੌਜੀ ਤਿਆਰੀ ਦਾ ਕਮ ਸੁਖਾਲੀ ਤਰ੍ਹਾਂ ਨਹੀਂ ਹੋ ਸਕਦਾ। ਦੂਜਾ, ਦੁਸ਼ਮਣ ਨੂੰ ਖ਼ਬਰਾਂ ਆਸਾਨੀ ਨਾਲ ਪਹੁੰਚ ਸਕਦੀਆਂ ਹਨ। ਉਪ੍ਰੰਤ, ਸਿਪਾਹੀ ਸਿਖਲਾਈ ਵਲ ਇਕ-ਧਿਆਨ ਹੋ ਕੇ ਕੰਮ ਨਹੀਂ ਦੇਂਦੇ।

ਕੋਟ ਮਿਰਜ਼ਾ ਸਦਰ ਬਣਾ ਕੇ ਬੰਦਾ ਬਹਾਦਰ ਨੇ ਆਪਣੇ ਸਾਥੀਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ ਤੇ ਹੋਰ ਫ਼ੌਜ ਇਕਠੀ ਕਰਨ ਦੀ ਕੋਸ਼ਿਸ਼ ਕੀਤੀ। ਥੋੜੇ ਸਮੇਂ ਵਿਚ ਲਗ ਪਗ ਦਸ ਹਜ਼ਾਰ ਆਦਮੀ ਇਕੱਠਾ ਹੋ ਗਿਆ। ਇਹਨਾਂ ਦਿਨਾਂ ਵਿਚ ਹੀ ਥੋੜੀ ਦੇਰ ਲਈ ਬੰਦਾ ਸਿੰਘ ਨੇ ਆਪਣੀ ਪਤਨੀ ਤੇ ਆਪਣੇ ਬੱਚੇ ਨੂੰ ਕੋਟ ਮਿਰਜ਼ੇ ਬੁਲਵਾਇਆ। ਲਾਹੌਰ ਦੀ ਫ਼ਤਹ ਵਾਸਤੇ ਤਿਆਰੀ ਜਾਰੀ ਸੀ ਕਿ ਮੁਸਲਮਾਨਾਂ ਦੀ ਇਕ ਭਾਰੀ ਸੈਨਾ, ਅਬਦੁਲ ਸਮੱਦ ਸੂਬੇਦਾਰ ਦੇ ਥੱਲੇ ਉਹਦੇ ਉੱਤੇ ਆ ਪਈ ਤੇ ਇਉਂ ਬੰਦਾ ਸਿੰਘ ਬਹਾਦਰ ਵਾਸਤੇ ਇਕ ਭਾਰੀ ਮੁਸ਼ਕਲ ਆ ਬਣੀ। ਇਹੋ ਸੈਨਿਕ ਦਰਿਸ਼ਟੀਕੋਣ ਤੋਂ ਬੰਦਾ ਸਿੰਘ ਦੀ ਸਭ ਤੋਂ ਵਡੀ ਕਮਜ਼ੋਰੀ ਸੀ। ਉਹਦਾ ਖ਼ਬਰ-ਪੁਚਾਊ ਮਹਿਕਮਾ ਨਾ ਹੋਏ ਦੇ ਬਰਾਬਰ ਸੀ। ਇਸੇ ਕਮਜ਼ੋਰੀ ਕਰ ਕੇ ਬੰਦਾ ਬਹਾਦਰ ਨੂੰ ਇਕ ਤੋਂ ਬਹੁਤੀ ਵਾਰ ਨੁਕਸਾਨ ਉਠਾਣਾ ਪਿਆ। ਇਸੇ ਹੀ ਗ਼ਲਤੀ ਜਾਂ ਕਮਜ਼ੋਰੀ ਨੇ ਬਣਿਆ ਬਣਾਇਆ ਸਿਖ ਰਾਜ ਤਬਾਹ ਕਰਵਾ ਦਿਤਾ। ਜੇ ਲੋਹ ਗੜ੍ਹ ਵਿਚ ਬੈਠਾ ਬੰਦਾ ਸਿੰਘ ਦਿੱਲੀ ਤੋਂ ਦਿਨ ਪਰ ਦਿਨ ਦੀਆਂ ਖ਼ਬਰਾਂ ਪ੍ਰਾਪਤ ਕਰਦਾ ਰਹਿੰਦਾ ਤਾਂ ਕੋਈ ਕਾਰਨ ਨਹੀਂ ਸੀ ਕਿ ਉਹਨੂੰ ਬਹਾਦਰ ਸ਼ਾਹ ਦੇ ਪਹੁੰਚਣ ਦੀ ਸੋ ਨਾ ਮਿਲਦੀ। ਕੋਈ ਕਾਰਨ ਨਹੀਂ ਸੀ ਕਿ ਰੋਹਤਕ, ਸਮਾਣਾ, ਸਰਹਿੰਦ ਤਾਸ਼ ਦੇ ਪਤਿਆਂ ਵਾਂਗ ਡਿਗਦੇ ਜਾਂਦੇ। ਸਰਹਿੰਦ ਦੀ ਵਿਜੈ ਤੇ ਲੋਹ ਗੜ੍ਹ ਦੀ ਸਥਾਪਤੀ ਪਿਛੋਂ ਸਿਖ ਰਾਜ ਕਾਫ਼ੀ ਮਜ਼ਬੂਤ ਹੋ ਚੁਕਾ ਸੀ। ਭਾਵੇਂ ਗੱਲ ਸਿਰਫ਼ ਮਹੀਨਿਆਂ ਦੀ ਸੀ ਪਰ ਬੰਦਾ ਬਹਾਦਰ ਦੀ ਕਾਬਲੀਅਤ ਤੇ ਸਿਆਣਪ ਨਾਲ ਫਰੁਖ਼ਸੀਅਰ ਦੇ ਮੁਆਮਲੇ ਮਹੀਨਿਆਂ ਤੇ ਦਿਨਾਂ ਵਿਚ ਨਜਿੱਠੇ ਗਏ ਸਨ। ਫਿਰ ਵੀ ਸ਼ਾਹੀ ਸੈਨਾ ਨੂੰ ਕਿਤੇ ਠੱਲ੍ਹ ਨਾ ਪਈ, ਪਹਿਲੀ ਤੇ ਸਮਝੋ ਆਖ਼ਰੀ ਲੜਾਈ ਲਹ ਗੜ੍ਹ ਹੀ ਹੋਈ।

ਇਸ ਤੋਂ ਪਿਛੋਂ ਵੀ ਬੰਦਾ ਸਿੰਘ ਨੇ ਦੁਸ਼ਮਣ ਦੀਆਂ ਖ਼ਬਰਾ ਲੈਣ ਵਾਸਤੇ ਕਦੀ ਕੋਈ ਤਸੱਲੀ ਯੋਗ ਕਾਰਵਾਈ ਨਹੀਂ ਕੀਤੀ। ਕੋਈ ਖ਼ਬਰ-ਪੁਚਾਊ ਮਹਿਕਮਾਂ ਜਾਂ ਵਿਭਾਗ ਸਥਾਪਿਤ ਨਹੀਂ ਹੋਇਆ। ਨਾ ਹੀ ਉਹਨੇ ਖ਼ਬਰਾਂ ਇਕੱਠੀਆਂ ਕਰਨ ਵਾਸਤੇ ਕਦੀ ਕੋਈ ਰੀਝ ਪ੍ਰਗਟ ਕੀਤੀ। ਬੰਦਾ ਬਹਾਦਰ ਨੂੰ ਬਸ ਆਮ ਉੜਦੀਆਂ ਉੜਦੀਆ ਖ਼ਬਰਾਂ ਦਾ ਹੀ ਪਤਾ ਲਗਦਾ। ਏਸੇ ਅਣਗਹਿਲੀ ਤੇ ਕਮਜ਼ੋਰੀ ਦੇ ਕਾਰਨ ਅੰਤਕੀ ਬੰਦਾ ਸਿੰਘ ਨੂੰ ਹਾਰ ਖਾਣੀ ਪਈ। ਜਿਥੇ ਉਹ ਐਨੇ ਕੰਮ ਨਜਿੱਠ ਰਿਹਾ ਸੀ ਉਥੇ ਜੇ ਚਾਹੁੰਦਾ ਤਾਂ ਇਸ ਜ਼ਰੂਰੀ ਮਸਲੇ ਵਲ ਵੀ ਧਿਆਨ ਦੇ ਸਕਦਾ ਸੀ। ਸੂਹਿਆਂ ਦੀ ਕੋਈ ਘਾਟ ਨਹੀਂ ਸੀ। ਦਿੱਲੀ, ਲਾਹੌਰ ਤੇ ਹਰ ਥਾਂ ਕਾਫ਼ੀ ਹਿੰਦੂ ਸਨ ਤੇ ਉਹ ਹਰ ਤਰ੍ਹਾਂ ਦੀਆਂ ਖ਼ਬਰਾਂ ਦੇਣ ਵਾਸਤੇ ਤਿਆਰ ਸਨ। ਪਰ ਸਿਖਾਂ ਵਲੋਂ ਹੀ ਕੋਈ ਪ੍ਰਬੰਧ ਨਾ ਹੋਇਆ। ਸ਼ਾਇਦ ਬੰਦਾ ਸਿੰਘ ਬਹਾਦਰ ਐਨਾ ਸ੍ਵੈ-ਵਿਸ਼ਵਾਸੀ ਤੇ ਜੋਸ਼ੀਲਾ ਸੀ ਕਿ ਉਹਨੂੰ ਇਹੋ ਜਿਹੇ ਪ੍ਰਬੰਧ ਦੀ ਲੋੜ ਹੀ ਮਹਿਸੂਸ ਨਾ ਹਦੀ। ਉਸ ਹਮੇਸ਼ਾ ਇਹੋ ਹੀ ਸਮਝਿਆ ਕਿ ਜਿਤ ਸਦਾ ਉਹਦੀ ਹੀ ਹੋਵੇਗੀ ਭਾਵੇਂ ਦੁਸ਼ਮਨ ਕਿਡਾ ਵੀ ਬਲਵਾਨ ਹੋਵੇ। ਉਸ ਸਿਰਫ਼ ਆਪਣੀ ਸੈਨਾ ਤੇ ਆਪਣਾ ਘਰ ਸੰਵਾਰੀ ਰਖਣ ਵਲ ਹੀ ਚੇਤ ਦਿਤਾ ਪਰ ਦੁਸ਼ਮਨ ਦੇ ਘਰ ਵਲ ਅਖ ਉੱਚੀ ਕਰ ਕੇ ਨਾ ਵੇਖਿਆ। ਉਹਦੇ ਖ਼ਿਆਲ ਵਿਚ ਜੋ ਕੁਝ ਉਹਦਾ ਦੁਸ਼ਮਨ ਕਰ ਕਿਹਾ ਸੀ ਇਹ ਉਹਦਾ ਘਰੇਗੀ ਮੁਆਮਲਾ ਸੀ ਤੇ ਬੰਦਾ ਸਿੰਘ ਦਾ ਉਹਦੇ ਵਿਚ ਦਿਲਚਸਪੀ ਲੈਣਾ ਉਹਦੀ ਹੇਠੀ।

Scanned by CamScanner

ਪਰ ਯੁਧ-ਕਲਾ ਦਾ ਇਕ ਅਤੁਟ ਅਸੂਲ ਹੈ ਕਿ ਦੁਸ਼ਮਣ ਦੇ ਘਰੇਗੀ ਮੁਆਮਲੇ ਆਪਣੇ ਨਿੱਜੀ ਘਰੇਗੀ ਮੁਆਮਲਿਆਂ ਨਾਲੋਂ ਵੀ ਵਧ ਜ਼ਰੂਰੀ ਹਨ। ਦੁਸ਼ਮਣ ਨੂੰ ਆਈ ਹਰ ਨਿੱਛ ਦੀ ਖ਼ਬਰ ਲੈਣੀ ਵੀ ਜ਼ਰੂਰੀ ਹੈ। ਦੁਸ਼ਮਣ ਦੀਆਂ ਸੈਨਾਵਾਂ ਤੇ ਉਹਦੇ ਸੈਨਾਪਤੀਆ ਦੀ ਟੂਰਨ, ਫਿਰਨ, ਸੌਣ, ਗੱਲਾਂ ਬਾਤਾਂ ਕਰਨ ਦੀ ਪਲੋ-ਪਲੀ ਦੀ ਖ਼ਬਰ ਇਕੱਤਰ ਕਰਨੀ ਚਾਹੀਦੀ ਹੈ। ਰੱਤੀ ਰੱਤੀ ਜੁੜ ਕੇ ਪਹਾੜ ਬਣਦਾ ਹੈ। ਨਿਕੀਆਂ ਮੋਟੀਆਂ ਤੇ ਹਰ ਤਰ੍ਹਾਂ ਤੇ ਹਰ ਪਹਿਲੂ ਦੀਆਂ ਖ਼ਬਰਾਂ ਤੇ ਸੋਆਂ ਇਕੱਠੀਆਂ ਕਰ ਕੇ ਹੀ ਦੁਸ਼ਮਣ ਦੇ ਮਨਸੂਬਿਆਂ ਤੇ ਉਹਦੀਆਂ ਚਾਲਾਂ ਬਾਰੇ ਜਾਣਿਆ ਜਾ ਸਕਦਾ ਹੈ। ਇਹ ਕਮਜ਼ੋਰੀ ਸਿਰਫ਼ ਬੰਦਾ ਸਿੰਘ ਦੀ ਹੀ ਕਮਜ਼ੋਰੀ ਨਹੀਂ, ਇਹ ਕਮਜ਼ੋਰੀ ਸ਼ੁਰੂ ਤੋਂ ਲੈ ਕੇ ਆਖ਼ਰ ਤਕ ਸਿਖ ਰਾਜ ਦੀ ਕਮਜ਼ੋਰੀ ਰਹੀ ਹੈ। ਜਦੋਂ ਵੀ ਸਿਖ ਮਾਰੇ-ਗਏ ਇਸੇ ਕਮਜ਼ੋਰੀ ਕਾਰਨ। ਆਪ ਰਣਜੀਤ ਸਿੰਘ ਵਿਚ ਇਹ ਕਮਜ਼ੋਰੀ ਬੰਦਾ ਸਿੰਘ ਜੇਡੀ ਜਾਂ ਸ਼ਾਇਦ ਉਸ ਤੋਂ ਵੀ ਵਡੇਰੀ ਸੀ। ਠੀਕ, ਇਹ ਕਮਜ਼ੋਰੀ ਬੰਦਾ ਸਿੰਘ ਦੀ ਸੈਨਿਕ ਸੂਝ ਤੇ ਪ੍ਰਤਿਭਾ ਉਪਰ ਇਕ ਧਬਾ ਹੈ ਪਰ ਇਹ ਕਮਜ਼ੋਰੀ ਯੁਧ-ਕਲਾ ਦੇ ਲਿਹਾਜ਼ ਤੋਂ ਸੰਸਾਰ ਪ੍ਰਸਿਧ ਸੈਨਾਪਤੀਆਂ ਦੇ ਸਨਮੁਖ ਉਹਦਾ ਅਸਥਾਨ ਨੀਵਾਂ ਨਹੀਂ ਕਰਦੀ। ਹਰ ਸੈਨਿਕ ਪ੍ਰਤਿਭਾ ਵਿਚ ਕੋਈ ਨਾ ਕੋਈ ਖ਼ਾਮੀ ਜਾਂ ਕਮਜ਼ੋਰੀ ਅਵੱਸ਼ ਹੁੰਦੀ ਹੈ। ਕੋਈ ਬਹੁਤਾ ਹੈ'ਕੜੀ ਹੋਇਆ ਹੈ, ਕੋਈ ਬਹੁਤਾ ਬਰਾਬੀ, ਕੋਈ ਅਯਾਸ਼ ਤੇ ਕੋਈ ਕੁਝ ਹੋਰ।

ਅਜ ਆਪਣੀ ਕਮਜ਼ੋਰੀ ਦੇ ਕਾਰਨ ਬੰਦਾ ਬਹਾਦਰ ਕੋਟ ਮਿਰਜ਼ਾ ਵਿਚ ਘਿਰ ਗਿਆ। ਕੋਟ ਮਿਰਜ਼ਾ ਇਕ ਆਰਜ਼ੀ ਸਦਰ ਸੀ। ਏਥੇ ਲੰਮੀ ਲੜਾਈ ਸਫਲ ਨਹੀਂ ਸੀ ਹੋ ਸਕਦੀ। ਪਰ ਨਾ ਹੀ ਨੇੜੇ ਤੇੜੇ ਲੜਾਈ ਜਾਰੀ ਰਖਣ ਵਾਸਤੇ ਕੋਈ ਚੰਗੇਰੀ ਥਾਂ ਜਾਂ ਕਿਲ੍ਹਾ ਸੀ। ਕੀ ਕੀਤਾ ਜਾਂਦਾ ? ਅੰਤ ਬੰਦਾ ਸਿੰਘ ਨੇ ਕੋਟ ਮਿਰਜ਼ੇ ਨਾਲੋਂ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਵਿਸ਼ੇਸ਼ਤਾ ਦਿਤੀ ਤੇ ਸੰਨ ੧੭੧੫ ਵਿਚ ਮਾਰਚ ਮਹੀਨੇ ਦੇ ਦੂਜੇ ਹਫ਼ਤੇ ਇਸ ਗੜ੍ਹੀ ਅੰਦਰ ਆ ਵੜਿਆ।

੩੬

ਗੁਰਦਾਸ ਨੰਗਲ ਦਾ ਮਾਹਰਕਾ ਇਸ ਗੱਲ ਦਾ ਸ਼ਾਹਦੀ ਹੈ ਕਿ ਉਸ ਵੇਲੇ ਦੀ ਮੁਗਲੀਹਾ ਸੈਨਿਕ ਲੀਡਰਸ਼ਿਪ ਅਸਲੋਂ ਦੀਵਾਲੀਆ ਹੋ ਚੁਕੀ ਸੀ। ਯੁਧ-ਕਲਾ ਦੇ ਵਿਸ਼ਵ ਇਤਿਹਾਸ ਵਿਚੋਂ ਕਿਤੇ ਵੀ ਇਹੋ ਜਹੀ ਘਟੀਆ ਅਗਵਾਈ ਦੀ ਮਿਸਾਲ ਨਹੀਂ ਮਿਲੇਗੀ। ਅਜੇ ਤਕ ਕਿਤੇ ਇਹੋ ਜਿਹਾ ਅਸਾਵਾਂ ਮੁਕਾਬਲਾ ਐਨੀ ਦੇਰ ਨਹੀਂ ਲਮਕਿਆ। ਨਾ ਹੀ ਦੂਜੇ ਹੱਥ, ਗੁਰਦਾਸ ਨੰਗਲ ਵਿਚ ਵਿਖਾਈ ਸਿਖੀ ਲੀਡਰਸ਼ਿਪ ਤੇ ਬਹਾਦਰੀ ਦੀ ਮਿਸਾਲ ਹੀ ਕਿਤੋਂ ਮਿਲ ਸਕਦੀ ਹੈ। ਬੰਦਾ ਸਿੰਘ ਬਹਾਦਰ ਕੋਲ ਗੁਰਦਾਸ ਨੰਗਲ ਵਿਚ ਵਧ ਤੋਂ ਵਧ ਦਸ ਹਜ਼ਾਰ ਆਦਮੀ ਸਨ ਤੇ ਅਬਦੁਲ ਸਮੱਦ ਥੱਲੇ ਘਟੋ ਘਟ ਇਸ ਤੋਂ ਢਾਈ ਜਾਂ ਤਿੰਨ ਗੁਣਾਂ ਵਧ ਫ਼ੌਜ। ਬੰਦਾ ਸਿੰਘ ਕੋਲ ਕੋਈ ਤੋਪ ਨਹੀਂ ਸੀ, ਘੋੜੇ ਬੜੇ ਥੋੜੇ ਸਨ, ਰਸਦ ਪਾਣੀ ਨਹੀਂ ਸੀ ਤੇ ਨਾ ਹੀ ਕਿਸੇ ਹੋਰ ਤਰ੍ਹਾਂ ਦੀ ਸਹੂਲਤ।

ਅਬਦੁਲ ਸਮੱਦ ਕੋਲ ਤੋਪਾਂ ਸਨ, ਸਾਜ਼ੋ-ਸਾਮਾਨ ਸੀ, ਘੋੜੇ ਸਨ, ਰਸਦ ਪਾਣੀ ਸੀ ਤੇ ਹਰ ਤਰ੍ਹਾਂ ਦੀ ਹੋਰ ਸਹੂਲਤ ਹਾਜ਼ਰ ਸੀ। ਅਬਦੁਲ ਸਮੱਦ ਕੋਲ ਉਸ ਵੇਲੇ ਰਾਜਾ ਉਦੈ ਸਿੰਘ ਬੁੰਦੇਲੀਆ ਤੇ ਰਾਜਾ ਗੋਪਾਲ ਸਿੰਘ ਭਦੌੜੀਆ ਦੀਆਂ ਫ਼ੌਜਾਂ ਸਨ। ਕਾਂਗੜੇ ਦਾ ਹਰਦੇਵ ਕਟੋਚ ਤੇ ਜਸਰੋਟੇ ਦੇ ਰਾਜੇ ਦਾ ਪੁਤਰ ਵੀ ਮਦਦ ਲਈ ਆਏ ਹੋਏ ਸਨ। ਇਸ ਤੋਂ ਉਪੰਰ ਗੁਜਰਾਤ ਦਾ ਫ਼ੌਜਦਾਰ ਮਿਰਜ਼ਾ ਅਹਿਮਦ ਖ਼ਾਨ, ਏਮਨਾਬਾਦ ਦਾ ਹਾਕਮ ਇਰਾਦਤ ਖ਼ਾਨ, ਪਰਸਰੂਰ ਦਾ ਫ਼ੌਜਦਾਰ ਨੂਰ ਮੁਹੰਮਦ, ਪੱਟੀ ਦਾ ਫ਼ੌਜਦਾਰ ਸੱਯਦ ਹਫ਼ੀਜ਼ ਅਲੀ ਖ਼ਾਨ ਤੇ ਕਲਾਨੌਰ ਦਾ ਫ਼ੌਜਦਾਰ ਸੁਹਰਾਬ ਵੀ ਇਕ ਇਕ ਕਰ ਕੇ ਆਪਣੇ ਗਾਜ਼ੀਆਂ ਨਾਲ ਅਬਦੁਲ ਸਮੱਦ ਦੀ ਕਮਾਨ ਥੱਲੇ ਆ ਚੁਕੇ ਸਨ। ਹਾਂ, ਇਹਨਾਂ ਹਿਮਾਇਤੀਆਂ ਨਾਲੋਂ ਅਬਦੁਲ ਸਮੱਦ

Scanned by CamScanner

ਦੀ ਆਪਣੀ ਸੈਨਾ ਵਖਰੀ ਸੀ, ਜਿਹੜੀ ਇਹਨਾਂ ਸਭਨਾਂ ਨਾਲੋਂ ਭੀ ਵਧ ਸੀ। ਤੇ ਫਿਰ ਇਸ ਸਾਰੀ ਫ਼ੌਜ ਦਾ ਕਮਾਂਡਰ ਸੀ ਆਪ ਅਬਦੁਲ ਸਮੱਦ ਖ਼ਾਨ ਦਲੇਰੇ-ਜੰਗ। ਦਲੇਰੇ-ਜੰਗ ਦਾ ਖ਼ਿਤਾਬ ਉਹਨੂੰ ਝੁੰਗੇ ਵਿਚ ਨਹੀਂ ਸੀ ਮਿਲਿਆ। ਇਹ ਖ਼ਿਤਾਬ ਉਹਨੇ ਚਾਰੇ ਪਾਸੇ ਆਪਣੀ ਸੂਰਮਗਤੀ ਤੇ ਬਹਾਦਰੀ ਦੀ ਧਾਂਕ ਬਿਠਾ ਕੇ ਲਿਆ ਸੀ। ਆਪ ਫਰਖ਼ਸੀਅਰ ਨੇ ਵੀ ਉਹਦੀ ਸਿਆਣਪ ਤੇ ਦਲੇਰੀ ਦੀ ਕਦਰ ਕੀਤੀ ਸੀ। ਰਾਜਪੂਤਾਨੇ ਦੇ ਰਾਜਪੂਤ ਉਹਦੇ ਕੋਲੋਂ ਭੈ ਖਾਂਦੇ ਸਨ। ਸਭ ਪੱਖੋਂ ਸੋਚ ਵਿਚਾਰ ਕੇ ਇਹ ਕਿਹਾ ਜਾ ਸਕਦਾ ਹੈ ਕਿ ਅਬਦੁਲ ਸਮੱਦ ਉਸ ਵੇਲੇ ਦੇ ਵਧੀਆ ਮੁਗ਼ਲ ਜਰਨੈਲਾਂ ਵਿਚੋਂ ਇਕ ਵਧੀਆ ਜਰਨੈਲ ਸੀ। ਪਰ ਫਿਰ ਵੀ ਅਬਦੁਲ ਸਮੱਦ ਖ਼ਾਨ ਸਣੇ ਆਪਣੀ ਸਾਰੀ ਫ਼ੌਜ ਦੇ ਨੌਂ ਮਹੀਨੇ ਗੁਰਦਾਸ ਨੰਗਲ ਦੀ ਗੜ੍ਹੀ ਦਵਾਲੇ ਘੇਰਾ ਘੱਤੀ ਬੈਠਾ ਰਿਹਾ ਤੇ ਬੰਦਾ ਸਿੰਘ ਨੇ ਉਹਨੂੰ ਐਨਾ ਲੰਮਾ ਅਰਸਾ ਨੇੜੇ ਨਾ ਲਗਣ ਦਿਤਾ।

ਇਹ ਹੈਰਾਨੀ ਦੀ ਗੱਲ ਹੈ ਕਿ ਹਿੰਦੁਸਤਾਨ ਵਿਚ ਮੁਸਲਮਾਨ ਸੈਨਾਪਤੀ ਨਿਸਬਤਨ ਘਟੀਆ ਦਰਜੇ ਦੇ ਹੋਏ ਹਨ। ਗਜ਼ਨੀ ਦਾ ਮਹਿਮੂਦ ਇਕ ਚੰਗਾ ਤੇ ਵਧੀਆ ਸੈਨਾਪਤੀ ਸੀ। ਤੈਮੂਰ ਵੀ ਖ਼ੂਬ ਜਰਨੈਲ ਸੀ। ਬੇਸ਼ਕ ਜ਼ਾਲਮ ਸਨ ਪਰ ਸੈਨਿਕ ਦਰਿਸ਼ਟੀਕੋਣ ਤੋਂ ਉਹਨਾਂ ਦੀ ਲੀਡਰਸ਼ਿਪ ਉਚੇ ਦਰਜੇ ਦੀ ਸੀ। ਬਾਬਰ ਵੀ ਇਕ ਕਾਬਲ, ਸੂਝਵਾਨ ਤੇ ਮਹਾਨ ਸੈਨਾਪਤੀ ਸੀ। ਪਰ ਜਿਸ ਵੇਲੇ ਮੁਸਲਮਾਨ ਹਿੰਦੁਸਤਾਨ ਉਤੇ ਕਾਬਜ਼ ਹੋ ਗਏ ਤੇ ਏਥੇ ਹਕੂਮਤ ਕਰਨ ਲਗੇ ਤਾਂ ਉਹਨਾਂ ਦੀ ਜਰਨੈਲੀ ਤੇ ਬਹਾਦਰੀ ਦਾ ਮਿਆਰ ਨੀਂਵਾਂ ਹੁੰਦਾ ਗਿਆ। ਬੇਸ਼ਕ ਉਹਨਾਂ ਦਾ ਰਾਜ ਕਸ਼ਮੀਰ ਤੋਂ ਲੈ ਕੇ ਦਖਣ ਤਕ ਫੈਲਿਆ ਪਰ ਹਿੰਦੁਸਤਾਨ ਵਿਚ ਹੋਈਆਂ ਬਹੁਤੀਆਂ ਲੜਾਈਆਂ ਬਿਨਾਂ ਕਿਸੇ ਮਾਹਰਕੇ-ਭਰੀ ਸਿਆਣਪ ਦੇ ਜਿਤੀਆਂ ਗਈਆਂ ਸਨ। ਇਹਨਾਂ ਜਿਤਾਂ ਦਾ ਸਭ ਤੋਂ ਵਡਾ ਕਾਰਨ ਉਸ ਵੇਲੇ ਦੀ ਹਿੰਦੂ ਜਨਤਾ ਦੀ ਅਧੋਗਤੀ ਸੀ।

ਹੋ ਸਕਦਾ ਹੈ ਕਿ ਇਹ ਗਿਰਾਵਟ ਹਕੂਮਤ ਦੇ ਨਸ਼ੇ ਕਰ ਕੇ ਹੋਵੇ। ਆਰਾਮ ਤੇ ਐਸ਼ ਵਿਚ ਗ਼ਲਤਾਨ ਮੁਗ਼ਲ ਆਪਣੇ ਬਹੁਤੇ ਗੁਣਾਂ ਤੋਂ ਡਿਗ ਪਏ ਹੋਣ ਪਰ ਹਰ ਹਾਲਤ ਵਿਚ ਤੱਥ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਔਰੰਗਜ਼ੇਬ ਤੋਂ ਪਿਛੋਂ ਜਿਹੜੀ ਥੋੜੀ ਬਹੁਤੀ ਸਾਖ ਮੁਗ਼ਲੀਹਾ ਬਹਾਦਰੀ ਦੀ ਬਾਕੀ ਰਹਿ ਗਈ ਸੀ ਉਹ ਵੀ ਬੜੀ ਜਲਦੀ ਖ਼ਤਮ ਹੋ ਗਈ। ਬਹਾਦਰ ਸ਼ਾਹ ਤੇ ਜਹਾਂਦਾਰ ਸ਼ਾਹ ਦੋਵੇਂ ਡਰਪੋਕ ਸਨ। ਫਰਖ਼ਸੀਅਰ ਨੇ ਕੁਝ ਹਿੰਮਤ ਵਿਖਾਈ ਪਰ ਹੁਣ ਤਕ ਮੁਗ਼ਲੀਹਾ ਸਲਤਨੱਤ ਨੂੰ ਲਗਾਂ ਘੁਣ ਕਾਫ਼ੀ ਕੁਝ ਖਾ ਚੁਕਾ ਸੀ ਤੇ ਫਰਖ਼ਸੀਅਰ ਤੇ ਹੋਰਨਾਂ ਦੀ ਸੂਰਮਗਤੀ ਬਹੁਤਾ ਫ਼ਰਕ ਨਾ ਪਾ ਸਕੀ। ਏਸੇ ਲਈ ਜਦੋਂ ਨਾਦਰ ਤੇ ਦੁਰਾਨੀ ਭਾਰਤ ਆਏ ਤਾਂ ਮੁਸਲਮਾਨ ਸੂਬੇ ਤੇ ਸ਼ਹਿਨਸ਼ਾਹ ਉਹਨਾਂ ਅਗੇ ਅੜ ਨਾ ਸਕੇ। ਆਖ਼ਿਰ ਜੇ ਮੁਗ਼ਲੀਹਾ ਸੂਰਮਗਤੀ ਦੇ ਨ ਇਕ ਅਬਦੁਲ ਸਮੱਦ ਨੇ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਜਿਤਣ ਵਾਸਤੇ ਨੌਂ ਦਸ ਮਹੀਨੇ ਲਾਏ ਤਾਂ ਹੋਰਨਾਂ ਜਰਨੈਲਾਂ ਤੇ ਸੈਨਾਪਤੀਆਂ ਕੋਲੋਂ ਕਿੰਨੀ ਕੁ ਉਮੀਦ ਹੋ ਸਕਦੀ ਸੀ ?

ਅਬਦੁਲ ਸਮੱਦ ਦੇ ਸਨਮੁਖ ਸੀ ਬੰਦਾ ਸਿੰਘ ਬਹਾਦਰ। ਉਹਦੇ ਕੋਲ ਸਨ ਦਸ ਹਜ਼ਾਰ ਸਿਖ ਤੇ ਬਸ! ਪਰ ਬੰਦਾ ਸਿੰਘ ਦੀ ਲੀਡਰਸ਼ਿਪ ਉਸ ਪਾਏ ਦੀ ਸੀ ਕਿ ਇਹਨਾਂ ਦਸਾਂ ਹਜ਼ਾਰਾਂ ਵਿਚੋਂ ਇਕ ਨੇ ਵੀ ਅੰਤ ਤਕ ਮੁਗ਼ਲਾਂ ਨੂੰ ਪਿਠ ਦਾਨ ਦਾ ਇਰਾਦਾ ਨਾ ਛਡਿਆ। ਇਹ ਜਾਣਦੇ ਸਨ ਕਿ ਉਹਨਾਂ ਕੋਲ ਖਾਣ ਨੂੰ ਰਸਦ ਨਹੀਂ, ਪੀਣ ਨੂੰ ਪਾਣੀ ਨਹੀਂ। ਇਹ ਵੇਖ ਰਹੇ ਸਨ ਕਿ ਇਹਨਾਂ ਦਾ ਕਿਤੇ ਨੱਸ ਜਾਣਾ ਨਾ-ਮੁਮਕਿਨ ਹੈ। ਸਭ ਨੂੰ ਪ੍ਰਤਖ ਦਿਸਦਾ ਸੀ ਕਿ ਇਹੋ ਹੀ ਅੰਤ ਹੈ। ਪਰ ਫਿਰ ਵੀ ਇਹਨਾਂ ਸ਼ਹੀਦਾਂ ਦਾ ਮੱਚ ਨਾ ਮਰਿਆ। ਇਹਨਾਂ ਨੇ ਕਿਹਾ ਕਿ ਜਾਨ ਦੇ ਦੇਣੀ ਹੈ ਪਰ ਹਾਰ ਨਹੀਂ ਮੰਨਣੀ, ਹਥਿਆਰ ਨਹੀਂ ਸੁਟਣੇ।

ਬੰਦਾ ਵੇਖ ਰਿਹਾ ਸੀ ਕਿ ਉਹਦੀ ਤੇ ਉਹਦੇ ਸਾਥੀਆਂ ਦੀ ਹਾਲਤ ਦਰਦਨਾਕ ਹੈ। ਉਹ ਵੇਖ ਰਿਹਾ ਸੀ ਕਿ ਇਹ ਗੜ੍ਹੀ ਦਰਅਸਲ ਇਕ ਕਾਲ ਕੋਠੜੀ ਹੈ। ਘੇਰਾ ਬੜਾ ਸਖ਼ਤ ਹੈ ਤੇ ਆਲ-ਦੁਆਲੇ ਛੁਪਣ ਵਾਸਤੇ ਥਾਂ ਕੋਈ ਨੇੜੇ ਨਹੀਂ। ਬੰਦਾ ਸਿੰਘ ਵੇਖ ਰਿਹਾ ਸੀ ਕਿ ਉਹਦੇ ਸਾਥੀ ਉਹਦੇ ਵਾਸਤੇ ਤੇ ਧਰਮ ਵਾਸਤੇ ਮਹਾਨ ਕੁਰਬਾਨੀ ਕਰ ਰਹੇ ਹਨ। ਉਹਦੀ ਪਤਨੀ ਤੇ ਉਹਦਾ ਪੁਤਰ ਉਹਨਾਂ ਅਹਿਸਾਸਾਂ ਤੇ ਜਜ਼ਬਾਤਾਂ ਦੇ ਸਾਖੀ ਸਨ ਜੋ ਕੁਝ ਇਹ ਜੁਆਨ ਆਪਣੀਆਂ ਪਤਨੀਆਂ, ਆਪਣੇ ਬੱਚਿਆਂ ਤੇ ਆਪਣੇ ਸਾਕ ਸਬੰਧੀਆਂ ਵਾਸਤੇ ਮਹਿਸੂਸ ਕਰਦੇ ਸਨ। ਉਹ ਜਾਣਦਾ ਸੀ ਕਿ ਇਹਨਾਂ ਸਭ ਸਿਪਾਹੀਆਂ ਦੀ ਸ਼ਹੀਦੀ ਸਿਰਫ਼ ਉਹਦੇ ਕਰ ਕੇ ਹੀ ਹੈ। ਉਹੋ ਹੀ ਇਹਨਾਂ ਦੀ ਜ਼ਿੰਦਗੀ ਤੇ ਮੌਤ ਦਾ ਜ਼ਿਮੇਂਵਾਰ ਹੈ। ਮਾਯੂਸਕੁਨ ਹਾਲਾਤਾਂ ਵਿਚ ਸੈਨਾਪਤੀ ਦੀ ਇਹ ਜ਼ਿਮੇਂਵਾਰੀ ਉਹਨੂੰ ਅੰਦਰੋ-ਅੰਦਰ ਖਾ ਜਾਂਦੀ ਹੈ। ਪਰ ਬੰਦਾ ਸਿੰਘ ਨੇ ਇਹ ਜ਼ਿਮੇਂਦਾਰੀ ਕਬੂਲ ਕੀਤੀ। ਉਸ ਆਪਣੀ ਛਾਤੀ ਉਤੇ ਹੱਥ ਧਰ ਕੇ ਆਖਿਆ, "ਕੁਝ ਪ੍ਰਵਾਹ ਨਹੀਂ। ਅਸੀਂ ਗੁਰੂ ਗੋਬਿੰਦ ਸਿੰਘ

Scanned by CamScanner

ਦੇ ਨਾਂ ਨੂੰ ਕਲੰਕ ਨਹੀਂ ਲਾਣਾ।" ਬੇਸ਼ਕ ਉਸ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਮੁਸਲਮਾਨਾਂ ਦੇ ਘੇਰੇ ਅੰਦਰ ਦਿਨ ਬਿਤਾਣਾ ਉਹਦੇ ਸਾਥੀਆਂ ਨਾਲ ਜ਼ੁਲਮ ਹੈ। ਇਹੋ ਜਿਹੇ ਹਾਲਾਤਾਂ ਵਿਚ ਹਾਰ ਮੰਨ ਲੈਣੀ ਹੀ ਇਕੋ ਇਕ ਸਿਆਣਾ ਰਾਹ ਹੈ। ਪਰ ਉਹਦੀ ਦ੍ਰਿੜ੍ਹਤਾ ਨੇ ਉਹਨੂੰ ਡੋਲਣ ਨਾ ਦਿਤਾ।

ਹਰ ਚੜ੍ਹਦੇ ਦਿਨ ਨਾਲ ਭੁਖ ਤੋਂ ਆਤੁਰ ਹੋਏ ਸਿਖ ਮਰਦੇ ਜਾਂਦੇ। ਹੁਣ ਤਕ ਸਭ ਦਾਣਾ ਮੁਕ ਚੁਕਾ ਸੀ। ਕਦੀ ਕਦੀ ਕੋਈ ਸਿਖ ਭੇਸ ਬਦਲ ਕੇ ਗੜ੍ਹੀ ਦੇ ਦਵਾਲੇ ਆਰਾਮ ਕਰ ਰਹੀ ਮੁਗ਼ਲਈ ਸੈਨਾ ਦੇ ਲਗੇ ਬਾਜ਼ਾਰਾਂ ਵਿਚ ਜਾਂਦਾ ਤੇ ਕੁਝ ਅੰਨ ਤੋੜ ਕਰਦਾ ਪਰ ਇਸ ਮਦਦ ਨਾਲ ਕਿੰਨੇ ਕੁ ਆਦਮੀ ਕਿੰਨੀ ਕੁ ਦੇਰ ਤਕ ਪਲ ਸਕਦੇ ਸਨ ? ਘੋੜਿਆਂ ਨੂੰ ਝਟਕਾ ਕੇ ਉਹਨਾਂ ਦਾ ਮਾਸ ਖਾਧਾ ਜਾ ਚੁਕਾ ਸੀ। ਉਸ ਤੋਂ ਪਿਛੋਂ ਸਿਪਾਹੀ ਆਪਣੇ ਪੱਟਾ ਦਾ ਮਾਸ ਖਾਣ ਉਤੇ ਮਜਬੂਰ ਹੋ ਗਏ ਸਨ। ਪਰ...ਕਿਤੇ ਨਾ ਕਿਤੇ ਤਾਂ ਭੁਖ ਨੂੰ ਰੀਝਾਣ ਦਾ ਅੰਤ ਹੋਣਾ ਹੀ ਸੀ ? ਹੁਣ ਹਰ ਸਵੇਰੇ ਤੇ ਹਰ ਸ਼ਾਮੀਂ ਸਿਖ ਪ੍ਰਾਣ ਤਿਆਗਦੇ। ਬੰਦਾ ਬਹਾਦਰ ਕਈ ਵਾਰ ਇਹਨਾਂ ਸਮਿਆਂ ਵੇਲੇ ਆਪਣੇ ਸਿਪਾਹੀਆਂ ਕੋਲ ਹੁੰਦਾ। ਉਹ ਪ੍ਰਾਣ ਤਿਆਗਦੇ ਬੰਦਾ ਸਿੰਘ ਵਲ ਵੇਖਦੇ ਤੇ ਆਖਦੇ, "ਧੰਨ ਹੋ ਤੁਸੀਂ ਬਾਬਾ ਜੀ ਤੇ ਧੰਨ ਸਾਡਾ ਗੁਰੂ ਕਲਗ਼ੀਆਂ ਵਾਲਾ।"

ਬੰਦਾ ਸਿੰਘ ਹੱਡੀਆਂ ਦੇ ਮੁੱਠਾਂ ਨੂੰ ਇਸ ਤਰ੍ਹਾਂ ਖ਼ਤਮ ਹੁੰਦੇ ਵੇਖਦਾ, ਉਹਨਾਂ ਦੇ ਮੂੰਹੋਂ ਨਿਕਲਦੇ ਆਖ਼ਰੀ ਸ਼ਬਦ ਸੁਣਦਾ ਤੇ ਉਹ ਹੈਰਾਨ ਹੁੰਦਾ ਆਖਦਾ, "ਧੰਨ ਸਿਖੀ ਖੰਨਿਉਂ ਤਿਖੀ, ਵਾਲੋਂ ਨਿਕੀ ! ਧੰਨ ਗੁਰੂ ਗੋਬਿੰਦ ਸਿੰਘ ਜੀ।"

ਉਹ ਹੈਰਾਨ ਹੁੰਦਾ ਇਹਨਾਂ ਸਿਖਾਂ ਦੀ ਮਹਾਨਤਾ ਤੇ। ਉਹ ਹੈਰਾਨ ਹੁੰਦਾ ਉਸ ਸ਼ਕਤੀ ਤੇ ਜਿਹੜੀ ਇਹਨਾਂ ਨੂੰ ਅਜੇ ਤਕ ਜੀਉਂਦਿਆਂ ਰਖਦੀ ਆਈ ਤੇ ਉਸ ਸ਼ਕਤੀ ਤੇ ਜਿਸ ਕਾਰਨ ਇਹ ਪਿੰਜਰ ਬਣ ਕੇ ਵੀ ਅਜਿਤ ਹਨ। ਉਹਨਾਂ ਦੀਆਂ ਅੱਖਾਂ ਪੀਲੀਆਂ ਸਨ, ਉਹਨਾਂ ਦਾ ਮਾਸ ਸੁਕ ਚੁਕਾ ਸੀ, ਉਹਨਾਂ ਦੇ ਸ਼ਰੀਰ ਦੀ ਹੱਡੀ ਹੱਡੀ ਗਿਣੀ ਤੇ ਵੇਖੀ ਜਾ ਸਕਦੀ ਸੀ, ਉਹਨਾਂ ਵਾਸਤੇ ਉਠਣਾ ਬੈਠਣਾ ਮੁਹਾਲ ਸੀ ਪਰ ਫਿਰ ਵੀ ਉਹਨਾਂ ਦੀਆਂ ਰੂਹਾਂ ਉਸੇ ਤਰ੍ਹਾਂ ਹੀ ਨੌ-ਬਰ-ਨੌ ਸਨ। ਉਹਨਾਂ ਦੀ ਸਪਿਰਟ ਅਮੱਰ ਸੀ। ਉਹਨਾਂ ਦਾ ਮੱਚ ਜੀਉਂਦਾ ਸੀ। ਬੰਦਾ ਸਿੰਘ ਹੈਰਾਨ ਹੁੰਦਾ ਕਿ ਕੀ ਉਹ ਇਹਨਾਂ ਦਾ ਲੀਡਰ ਬਣਨ ਦੇ ਯੋਗ ਹੈ ? ਕੀ ਇਹਨਾਂ ਵਿਚੋਂ ਇਕ ਇਕ ਉਹਦੇ ਕੋਲੋਂ ਹਰ ਪਹਿਲੂ ਤੋਂ ਚੰਗੇਰਾ ਤੇ ਵਡੇਰਾ ਇਨਸਾਨ ਨਹੀਂ ? ਇਹ ਕੁਰਬਾਨੀਆਂ ਦਾ ਸਿਲਸਿਲਾ ਵੇਖ ਕੇ ਉਹਨੂੰ ਸਿਖ ਧਰਮ ਦਾ ਨਵਾਂ ਗਿਆਨ ਹੋਇਆ ਤੇ ਉਹ ਅਗੇ ਨਾਲੋਂ ਵੀ ਸਨਿਮਰ ਹੋ ਗਿਆ।

ਬਿਨਾਂ ਸ਼ਕ ਤੇ ਬਿਨਾਂ ਸ਼ੰਕੇ ਦੇ ਕਿਹਾ ਜਾ ਸਕਦਾ ਹੈ ਕਿ ਬੰਦਾ ਬਹਾਦਰ ਤੋਂ ਛੁਟੇਰੀ ਸ਼ਖਸੀਅਤ ਇਸ ਪ੍ਰੀਖਿਆ ਵਿਚੋਂ ਪੂਰੀ ਨਾ ਉਤਰਦੀ - ਆਪਣੀ ਜਾਨ ਦੀ ਕੁਰਬਾਨੀ ਦੇਣੀ ਹੋਰ ਗੱਲ ਹੈ ਪਰ ਇਕ ਨਹੀਂ ਹਜ਼ਾਰਾਂ ਜਾਨਾਂ ਦੀਆਂ ਕੁਰਬਾਨੀਆਂ ਦੀ ਜ਼ਿਮੇਂਦਾਰੀ ਲੈਣੀ ਹੋਰ ਗੱਲ। ਇਹ ਪ੍ਰੀਖਿਆ ਆਪਣੀ ਜਾਨ ਕੁਰਬਾਨ ਕਰਨ ਨਾਲੋਂ ਉਚੇਰਾ ਤੇ ਵਡੇਰਾ ਹੌਸਲਾ ਮੰਗਦੀ ਹੈ। ਇਹੋ ਹੌਂਸਲਾ ਸੈਨਾਪਤੀ ਨੂੰ ਜੰਗ ਦੇ ਦੌਰਾਨ ਵਿਚ ਦਿਖਾਣਾ ਪੈਂਦਾ ਹੈ। ਹਰ ਪਲ ਉਹਦੇ ਹੱਥ ਵਿਚ ਹਜ਼ਾਰਾਂ ਦਿਲ ਧੜਕ ਰਹੇ ਹੁੰਦੇ ਹਨ। ਉਹਦੇ ਇਕ ਹੁਕਮ ਦੀ ਪਾਲਣਾ ਕਰਨ ਵਾਸਤੇ ਸ਼ਾਇਦ ਹਜ਼ਾਰਾਂ ਜਾਨਾਂ ਨੂੰ ਦੰਮ ਤੋੜਨਾ ਪਵੇ। ਸੈਨਾਪਤੀ ਦੀ ਸਭ ਤੋਂ ਵਡੀ ਜ਼ਿਮੇਂਦਾਰੀ ਆਪਣੀ ਸੈਨਾ ਦੀ ਹਿਫ਼ਾਜ਼ਤ ਹੈ। ਜਿਹੜਾ ਸੈਨਾਪਤੀ ਆਪਣੀ ਸੈਨਾ ਦੀ ਹਿਫ਼ਾਜ਼ਤ ਕਰਨ ਵਿਚ ਫੇਹਲ ਹੁੰਦਾ ਹੈ ਉਹ ਆਪਣੀ ਅਸਥਿਤੀ ਨਾਲ ਨਿਆਂ ਨਹੀਂ ਕਰਦਾ। ਪਰ ਜਦੋਂ ਕੋਈ ਚਾਰਾ ਨਾ ਰਹੇ ਤਾਂ ਕਿੰਨੇ ਕੁ ਸੈਨਾਪਤੀ ਆਪਣੀ ਇਸ ਜ਼ਿਮੇਂਦਾਰੀ ਨੂੰ ਨਵੇਂ ਭਾਂਵ ਦੇ ਕੇ ਹਥਿਆਰ ਨਹੀਂ ਤਿਆਗਦੇ ? ਬੜੇ ਥੋੜੇ। ਤੇ ਬੰਦਾ ਸਿੰਘ ਬਹਾਦਰ ਉਹਨਾਂ ਬੜੇ ਥੋੜੇ ਸੈਨਾਪਤੀਆਂ ਵਿਚੋਂ ਇਕ ਸੀ।

ਮਨੁੱਖ ਕਿਆਸ ਨਹੀਂ ਕਰ ਸਕਦਾ ਕਿ ਐਡੀ ਵਡੀ ਮੁਗ਼ਲਈ ਸੈਨਾ ਲਗ ਭਗ ਇਕ ਸਾਲ ਗੁਰਦਾਸ ਨੰਗਲ ਦੀ ਗੜ੍ਹੀ ਦਵਾਲੇ ਬੈਠੀ ਕੀ ਕਰਦੀ ਰਹੀ ? ਉਹਨਾਂ ਨੇ ਗੜ੍ਹੀ ਉਤੇ ਹਮਲਾ ਕਰ ਕੇ ਉਹਨੂੰ ਜ਼ੋਰ ਕਰਨ ਦਾ ਜੇਰਾ ਕਿਉਂ ਨਾ ਕੀਤਾ ? ਸਵਾਏ ਏਸ ਦੇ ਕਿ ਅਬਦਲ ਸਮੱਦ ਤੇ ਸਭ ਮੁਗ਼ਲੀਹਾ ਫ਼ੌਜ ਬੰਦਾ ਸਿੰਘ ਕੋਲੋਂ ਡਰਦੀ ਸੀ, ਸਿਵਾਏ ਇਸ ਦੇ ਇਹਨਾਂ ਸਵਾਲਾਂ ਦਾ ਹੋਰ ਕੋਈ ਜਵਾਬ ਨਹੀਂ ਮਿਲਦਾ।

ਕਹਿੰਦੇ ਹਨ ਕਿ ਸ਼ਾਹੀ ਫ਼ੌਜ ਵਿਚ ਘਟੋ ਘਟ ਸੌ ਸਿਪਾਹੀਆਂ ਪਿਛੇ ਪੰਜ ਮੁਲਾਣੇ ਸਨ ਤੇ ਇਹਨਾਂ ਮੁਲਾਣਿਆਂ ਦੇ ਜ਼ਿਮੇਂ ਹੀ ਸਭ ਤੋਂ ਸਖ਼ਤ ਤੇ ਮੁਸ਼ਕਲ ਕੰਮ ਸੀ। ਉਹਨਾਂ ਨੂੰ ਸਵੇਰੇ ਸ਼ਾਮ ਨਮਾਜ਼ਾਂ ਪੜ੍ਹਨੀਆਂ ਪੈਂਦੀਆਂ ਤੇ ਦੁਆਵਾਂ ਕਰਨੀਆਂ ਪੈਂਦੀਆਂ ਤਾਂ ਕਿ ਬੰਦਾ ਸਿੰਘ ਦਾ ਜਾਦੂ ਕਾਰਗਰ ਨਾ ਹੋਵੇ। ਹੁਕਮ ਹੋਇਆ ਸੀ ਕਿ ਜੇ ਐਤਕੀ ਵੀ ਬੰਦਾ ਸਿੰਘ ਉਹਨਾਂ ਦੇ ਹੱਥ ਨਾ ਆਇਆ ਤਾਂ ਸਭ ਤੋਂ ਪਹਿਲੇ ਉਹਨਾਂ ਮੁਲਾਣਿਆਂ ਦੀਆਂ ਜਾਨਾਂ ਲਈਆਂ ਜਾਣਗੀਆਂ। ਐਤਕੀ ਬੰਦਾ ਸਿੰਘ ਦੀ

Scanned by CamScanner

ਜਿਰ ਸਹੀ ਕਰ ਦਏਗੀ ਕਿ ਮੁਲਾਣਿਆਂ ਨੇ ਦੁਆਵਾਂ ਦਿਲ ਨਾਲ ਨਹੀਂ ਕੀਤੀਆਂ ਤੇ ਕਾਫਰਾਂ ਦਾ ਜਾਦੂ ਫਿਰ ਚਲ ਗਿਆ ਹੈ। ਇਉਂ ਜਾਪਦਾ ਹੈ ਕਿ ਇਹ ਘੇਰਾ ਤੇ ਇਹ ਲੜਾਈ ਇਕ ਤਰ੍ਹਾਂ ਦਾ ਤਮਾਸ਼ਾ ਸੀ। ਕਿਆਸ ਕੀਤਾ ਜਾ ਸਕਦਾ ਹੈ ਕਿ ਗੁਰਦਾਸ ਨੰਗਲ ਦੀ ਗੜ੍ਹੀ ਦਵਾਲੇ ਇਕ ਤਰ੍ਹਾਂ ਦਾ ਸ਼ਹਿਰ ਵੱਸ ਗਿਆ ਹੋਵੇਗਾ। ਬਾਜ਼ਾਰ ਲਗ ਗਏ ਹੋਣਗੇ। ਚੀਜ਼ਾਂ ਖ਼ਰੀਦੀਆਂ ਤੇ ਵੇਚੀਆਂ ਜਾਂਦੀਆਂ ਹੋਣਗੀਆਂ। ਸ਼ਰਾਬਾਂ ਉਡਦੀਆਂ ਹੋਣਗੀਆਂ ਤੇ ਵੇਸ਼ਵਾਵਾਂ ਦੇ ਨਾਚ ਹੁੰਦੇ ਹੋਣਗੇ। ਖ਼ੁਦ ਸ਼ਾਹੀ ਫ਼ੌਜ ਵਿਚ ਡਾਕੇ ਤੇ ਚੋਰੀਆਂ ਹੁੰਦੀਆਂ ਹੋਣਗੀਆਂ। ਕਈ ਸਿਪਾਹੀਆਂ ਤੇ ਸਰਦਾਰਾਂ ਨੇ ਆਪਣੇ ਟੱਬਰ ਉਥੇ ਹੀ ਮੰਗਵਾ ਲਏ ਹੋਣਗੇ। ਜੇ ਇਉਂ ਨਹੀਂ ਤਾਂ ਹੋਰ ਕਿਸ ਤਰ੍ਹਾਂ ਇਹਨਾਂ ਨੇ ਇਕ ਪੂਰਾ ਉਨਾਲਾ ਤੇ ਲਗ ਪਗ ਦੋ ਅਧੇ-ਸਿਆਲੇ ਏਥੇ ਕੱਟੇ !

ਭਰਪੱਕਾ ਵਿਚੋਂ ਸ਼ਾਇਦ ਇਸ ਤਰ੍ਹਾਂ ਦਾ ਖ਼ੂਨੀ ਸਵਾਦ ਜਾਗਿਆ ਹੋਵੇ। ਇਹਨਾਂ ਸੈਨਾਪਤੀਆਂ ਤੇ ਸਿਪਾਹੀਆਂ ਨੇ ਇਰਾਦਾ ਕਰ ਲਿਆ ਹੋਵੇ ਕਿ ਹੁਣ ਗੜ੍ਹੀ ਉਤੇ ਹਮਲਾ ਨਹੀਂ ਕਰਨਾ ਪਰ ਇਕ ਇਕ ਸਿਖੜੇ ਨੂੰ ਭੁਖਿਆਂ ਮਰਦਿਆਂ ਵੇਖਣਾ ਹੈ। ਉਹਨਾਂ ਨੇ ਸ਼ਾਇਦ ਇਰਾਦਾ ਕਰ ਲਿਆ ਹੋਵੇ ਕਿ ਬਦਲੇ ਤੇ ਜ਼ੁਲਮ ਦਾ ਇਹ ਢੰਗ ਸਭ ਹੋਰ ਢੰਗਾਂ ਨਾਲੋਂ ਚੰਗੇਰਾ ਹੈ। ਵਹਿਸ਼ੀਆਨਾ ਸਵਾਦ ਦੀ ਇਹ ਵੰਨਗੀ ਉਹਨਾਂ ਦਿਨਾਂ ਵਿਚ ਹਰ ਮਜ਼ਹਬ ਦੇ ਹੁਕਮਰਾਨਾਂ ਵਾਸਤੇ ਕੋਈ ਅਲੋਕਾਰ ਨਹੀਂ ਸੀ।

ਫ਼ਰਖਸੀਅਰ ਨੇ ਇਹੋ ਜਿਹੇ ਹਾਲਾਤ ਕਿਵੇਂ ਸਵੀਕਾਰ ਕੀਤੇ, ਕੋਈ ਨਹੀਂ ਕਹਿ ਸਕਦਾ। ਪਰ ਫ਼ਰਖ਼ਸੀਅਰ ਨੂੰ ਸ਼ਾਇਦ ਨਿਤ ਨਵੇਂ ਨਵੇਂ ਮਾਹਰਕਿਆਂ ਦੀਆਂ ਝੂਠੀਆਂ ਖ਼ਬਰਾਂ ਪਹੁੰਚਾਈਆਂ ਜਾਂਦੀਆਂ ਹੋਣ। ਇਸ ਤਰ੍ਹਾਂ ਦਿਨ ਬੀਤਦੇ ਗਏ। ਮਾਰਚ ਅਪ੍ਰੈਲ ਲੰਘ ਗਏ ਤੇ ਭਰ ਗਰਮੀਆਂ ਆਈਆਂ। ਲੂਆਂ ਮੁਕੀਆਂ ਤਾਂ ਮੀਂਹ ਸ਼ੁਰੂ ਹੋ ਗਏ। ਬਾਰਸ਼ਾਂ ਨਾਲ ਗੜ੍ਹੀ ਦਵਾਲੇ ਖੱਟੀ ਖਾਈ ਭਰ ਗਈ ਤੇ ਸਿਖਾਂ ਨੂੰ ਦੂਹਰਾ ਫ਼ਿਦਾ ਹੋਇਆ। ਇਕ ਤਾਂ ਮੁਸਲਮਾਨਾਂ ਦਾ ਹੱਲਾ ਮੁਸ਼ਕਲ ਹੋ ਗਿਆ ਤੇ ਦੂਜਾ ਉਹ ਜੁਣ ਆਪਣੇ ਮੁਰਦੇ ਜਲ ਪ੍ਰਵਾਹ ਕਰ ਸਕਦੇ ਸਨ। ਸਸਕਾਰ ਕਰਨ ਵਾਸਤੇ ਗੜ੍ਹੀ ਵਿਚ ਲਕੜਾਂ ਕਦੀ ਵੀ ਕਾਫ਼ੀ ਨਹੀਂ ਸਨ। ਮੀਂਹ ਮੁੱਕੇ ਤੇ ਹੌਲੀ ਹੌਲੀ ਸਰਦੀ ਸ਼ੁਰੂ ਹੋਈ। ਸਰਦੀਆਂ ਵਿਚ ਸਰੀਰ ਨੂੰ ਨਿਰਬਾਹ ਦੀ ਲੋੜ ਵਧੇਰੇ ਮਹਿਸੂਸ ਹੁੰਦੀ ਹੈ। ਢਿਡ ਨੂੰ ਝੁਲਕਾ ਢੇਰ ਚਾਹੀਦਾ ਹੈ ਖ਼ਾਸ ਕਰ ਕੇ ਜਦੋਂ ਤਨ ਢਕਣ ਨੂੰ ਕਪੜਾ ਨਾ ਹੋਵੇ। ਪਿਛਲੇ ਛੇਆਂ ਸੱਤਾਂ ਮਹੀਨਿਆਂ ਵਿਚ ਮਸੇਂ ਦੋ ਕੁ ਹਜ਼ਾਰ ਸਿਖ ਮਰੇ ਸਨ ਪਰ ਹੁਣ ਹਰ ਰੋਜ਼ ਲਗ ਪਗ ਸੌ ਖ਼ਾਲਸਾ ਪ੍ਰਾਣ ਤਿਆਗਣ ਲਗਾ। ਸਰਦੀ ਵਧ ਗਈ ਤੇ ਖਾਣ ਨੂੰ ਕੁਝ ਨਹੀਂ ਰੂਹ ਅਜਿਤ ਰਹੀ ਪਰ ਜਿਸਮ ਨੇ ਭੁਖ ਸਾਹਮਣੇ ਪ੍ਰਾਣ ਤਿਆਗ ਦਿਤੇ।

ਲਗ ਪਗ ਡੇਢ ਦੋ ਮਹੀਨੇ ਹਰ ਰੋਜ਼ ਸੌ ਸੌ ਸਿਖ ਸ਼ਹੀਦ ਹੁੰਦੇ। ਕੁਝ ਖਾਈ ਵਿਚ ਸੁੱਟੇ ਜਾਂਦੇ, ਕੁਝ ਗੜ੍ਹੀ ਅੰਦਰ ਹੀ ਦੱਬ ਦਿਤੇ ਜਾਂਦੇ। ਖਾਈ ਵਿਚ ਪਾਣੀ ਮੁੱਕ ਚੁਕਾ ਸੀ ਸੋ ਚਾਰ-ਚੁਫੇਰਿਓਂ ਇਕ ਤਰ੍ਹਾਂ ਦੀ ਸੜਿਆਂਦ ਉਡਣ ਲਗੀ। ਅਬਦੁਲ ਸਮੱਦ ਖ਼ਾਨ, ਜਿਹਨੂੰ ਬਾਦਸ਼ਾਹ ਵਲੋਂ ਤੇ ਮੁਸਲਮਾਨ ਮਿੱਲਤ ਵਲੋਂ ਦਲੇਰੇ-ਜੰਗ ਦਾ ਖਿਤਾਬ ਦਿਤਾ ਗਿਆ ਸੀ, ਇਹ ਨਜ਼ਾਰਾ ਵੇਖਦਾ ਰਿਹਾ। ਦਸੰਬਰ ੧੭੧੫ ਦਾ ਸ਼ੁਰੂ ਹਫ਼ਤਾ ਸੀ। ਦਸ ਹਜ਼ਾਰ ਸਿੰਘਾਂ ਵਿਚੋਂ ਸਿਰਫ਼ ਦੋ ਹਜ਼ਾਰ ਸਿੰਘ ਬਾਕੀ ਬਚੇ ਸਨ। ਪੰਦਰਾਂ ਵੀਹ ਦਿਨ ਹੋਰ ਨੂੰ ਤੇ ਇਹਨਾਂ ਰਹਿੰਦੇ ਸਿੰਘਾਂ ਨੇ ਵੀ ਭੁਖ ਖੁਣੋਂ ਪ੍ਰਾਣ ਤਿਆਗ ਦੇਣੇ ਸਨ। ਦਲੇਰ-ਜੰਗ ਨੇ ਸੋਚਿਆ ਕਿ ਜੇ ਹੁਣ ਵੀ ਹਮਲਾ ਨਾ ਕੀਤਾ ਗਿਆ ਤਾਂ ਕਿਤੇ ਬੰਦਾ ਸਿੰਘ ਵੀ ਹੱਥੋਂ ਨਾ ਜਾਏ। ਤੇ ਬੰਦਾ ਸਿੰਘ ਨੂੰ ਜ਼ਿੰਦਾ ਪਕੜਨ ਦੇ ਸਵਾਬ ਵਰਗਾ ਹੋਰ ਕਿਹੜਾ ਸਵਾਬ ਹੋ ਸਕਦਾ ਸੀ ?

ਸੋ ਸੱਤ ਦਸੰਬਰ ਨੂੰ ਲੜਾਈ ਹੋਈ। ਨੌਆਂ ਮਹੀਨਿਆਂ ਵਿਚ ਪਹਿਲੀ ਲੜਾਈ। ਉਹ ਸਿਖ ਜਿਹੜੇ ਉਠ ਬੈਠ ਨਹੀਂ ਸਨ ਸਕਦੇ — ਜਦੋਂ ਲੜਨ ਤੇ ਆਏ ਤਾਂ ਆਪਣੇ ਤੋਂ ਤਿਗਣੇ ਸ਼ਤਰੂਆਂ ਨੂੰ ਪਛਾੜ ਗਏ। ਭੁਖਿਆਂ ਤੇ ਪਿਆਸਿਆਂ ਨੇ ਉਹ ਸ਼ਮਸ਼ੀਰ ਚਲਾਈ ਕਿ ਦਲੇਰ ਜੰਗ ਨੇ ਕਿਹਾ, "ਯਾ ਅੱਲਾ ! ਇਹ ਕਿਹੋ ਜਿਹੀ ਕੌਮ ਹੈ। ਇਹ ਇਨਸਾਨ ਹਨ ਕਿ ਸ਼ੈਤਾਨ ?" ਅਧਮੋਏ ਹੋਏ ਬੰਦਾ ਸਿੰਘ ਨੂੰ ਫੜਨ ਵਾਸਤੇ ਕੋਈ ਨੇੜੇ ਨਾ ਢੁਕੇ। ਜਿਧਰ ਵੀ ਬੰਦਾ ਸਿੰਘ ਦੀ ਤਲਵਾਰ ਉਲਰੇ ਉਧਰ ਹੀ ਦੁਸ਼ਮਣ ਦੇ ਸਿਪਾਹੀਆਂ ਦੀ ਤਹਿ ਬੈਠ ਜਾਵੇ। ਬੰਦਾ ਸਿੰਘ ਮੁਸਕਰਾ ਕੇ ਇਕ ਕਦਮ ਚੁਕੇ ਤਾਂ ਦਸ ਵੀਹ ਦੁਸ਼ਮਣ ਸਿਪਾਹੀਆਂ ਦਾ ਦਲ ਦਾ ਦਲ ਇਕ ਦੂਜੇ ਨੂੰ ਦਲਦਾ ਪਿਛੇ ਹੱਟ ਜਾਏ। ਦਲੇਰ ਜੰਗ ਮੁਲਾਣਿਆਂ ਨੂੰ ਉਚੀ ਉਚੀ ਨਮਾਜ਼ਾਂ ਪੜ੍ਹਨ ਵਾਸਤੇ ਆਖੇ, ਐਡੀ ਉੱਚੀ ਕਿ ਉਹਨਾਂ ਦੀ ਆਵਾਜ਼ ਕਿਵੇਂ ਨਾ ਕਿਵੇਂ ਖ਼ੁਦਾਵੰਦ ਤਆਲਾ ਸੁਣ ਲਵੇ ਤੇ ਉਹਨਾਂ ਦੀ ਇਜ਼ੱਤ ਰਹਿ ਜਾਵੇ। ਆਖ਼ਰ ਉਹਨਾਂ ਦੀ ਇਜ਼ੱਤ ਰਹਿ ਗਈ, ਤੇ ਬੰਦਾ ਸਿੰਘ ਗ੍ਰਿਫ਼ਤਾਰ ਹੋ ਗਿਆ।

Scanned by CamScanner

ਅਜ ਸਰਮੋਰ ਵਿਚੋਂ ਬੰਦਾ ਸਿੰਘ ਬਹਾਦਰ ਤੇ ਹੋਰ ਫੜੇ ਗਏ ਸਿੱਖ ਕੈਦੀਆਂ ਦਾ ਜਲੂਸ ਲੰਘਣਾ ਸੀ। ਕਿਵੇਂ ਸਾਰੀ ਖਲਕਤ ਉਲਟ ਰਹੀ ਸੀ ? ਕੀ ਮੁਸਲਮਾਨ ਕੀ ਹਿੰਦੂ, ਕੀ ਬੱਚੇ, ਕੀ ਬੁਢੇ ਕੀ ਮਰਦ, ਤੀਵੀਆਂ ਸਭ ਕੋਈ ਬੰਦਾ ਬਹਾਦਰ ਨੂੰ ਵੇਖਣ ਵਾਸਤੇ ਉਤਾਵਲਾ। ਦੁਨੀਆਂ ਸੋਚਦੀ ਕਿ ਬੰਦਾ ਬਹਾਦਰ ਕਿਹੋ ਜਿਹਾ ਹੋਵੇਗਾ ? ਉਹ ਬਹਾਦਰ ਜਿ ਜ਼ਾਲਮ ਜਿਸ ਨੇ ਦਿੱਲੀ ਸਲਤਨੱਤ ਨਾਲ ਮੱਥਾ ਲਾਇਆ ਉਹਦੀ ਨੁਹਾਰ ਕਿਹੋ ਜਿਹੀ ਹੋਵੇਗੀ ? ਜਿਸ ਲੜਾਕੇ ਕਿ ਡਾਕੂ ਨੇ ਸਰਹਿੰਦ ਵਰਗਾ ਸ਼ਹਿਰ ਲੁਟਿਆ, ਜਿਸ ਆਦਮੀ ਨੇ ਲੋਹ ਗੜ੍ਹ ਵਿਚ ਆਪਣੇ ਤੋਂ ਤਿਗਣੀ ਸੈਨਾਂ ਦੇ ਛੱਕੇ ਛੁੜਾਏ ਉਹ ਲੜਾਕਾ ਦੇਖਣ ਵਿਚ ਕਿਸ ਤਰ੍ਹਾਂ ਲਗਦਾ ਹੋਵੇਗਾ ? ਕਹਿੰਦੇ ਹਨ ਕਿ ਬੰਦਾ ਸਿੰਘ ਆਦਮੀ ਨਹੀਂ ਕੋਈ ਬਲਾਅ ਸੀ, ਯਾ ਕੋਈ ਔਲੀਆ, ਜਾਂ ਕੋਈ ਫ਼ਰਿਸ਼ਤਾ — ਤੇ ਅਜ ਇਹੋ ਜਿਹੀ ਸ਼ੈ ਸੰਗਲਾਂ ਵਿਚ ਬੱਝੀ ਕਿਸ ਤਰ੍ਹਾਂ ਦਿਸ ਆਵੇਗੀ ?

ਮੁਸਲਮਾਨਾਂ-ਨੂੰ ਬੰਦਾ ਸਿੰਘ ਨਾਲ ਵੈਰ ਸੀ। ਉਹ ਬੰਦਾ ਸਿੰਘ ਨੂੰ ਨਫ਼ਰਤ ਕਰਦੇ ਸਨ। ਉਸ ਆਦਮੀ ਨੇ ਉਹਨਾਂ ਉੱਤੇ ਬੇਸ਼ੁਮਾਰ ਜ਼ੁਲਮ ਕਮਾਏ ਸਨ। ਪਰ ਭਾਵੇਂ ਨਫ਼ਰਤ ਭਾਵੇਂ ਡਰ ਹਰ ਮੁਸਲਮਾਨ ਵਿਚ ਬੰਦਾ ਸਿੰਘ ਵਾਸਤੇ ਇਕ ਅਜੀਬ ਤਰ੍ਹਾਂ ਦੀ ਖਿਚ ਸੀ। ਸ਼ਾਇਦ ਇਹ ਬੰਦਾ ਸਿੰਘ ਦੀ ਸ਼ਖਸੀਅਤ ਤੇ ਉਹਦੀ ਜ਼ਾਤ ਦੀ ਖਿਚ ਸੀ। ਹਰ ਮੁਸਲਮਾਨ ਆਪਣੀ ਜ਼ਿੰਦਗੀ ਵਿਚ ਇਕ ਵਾਰ ਬੰਦਾ ਸਿੰਘ ਨੂੰ ਅਵੱਸ਼ ਵੇਖਣ ਦਾ ਚਾਹਵਾਨ ਸੀ। ਹਿੰਦੂ ਤੇ ਸਹਿਜਧਾਰੀ ਸਿਖ ਉੱਜ ਉਤਾਵਲੇ। ਉਹ ਬੰਦਾ ਬਹਾਦਰ ਦੇ ਦਰਸ਼ਨ ਕਰ ਕੇ ਆਪਣਾ ਜਨਮ ਸਫਲਾ ਕਰਨਾ ਚਾਹੁੰਦੇ। ਉਹ ਆਪਣੇ ਬੰਦੀ ਛੋੜ ਨੂੰ ਆਖਰੀ ਸ਼ਰਧਾਂਜਲੀ ਪੇਸ਼ ਕਰਨ ਦੇ ਅਭਿਲਾਸ਼ੀ। ਉਹ ਬੰਦਾ ਸਿੰਘ ਦੇ ਸਾਹਮਣੇ ਆਪਣਾ ਸਿਰ ਝੁਕਾਨਾ ਲੋੜਦੇ। ਉਹ ਕਹਿੰਦੇ ਕਿ ਉਹ ਜਨਮ ਜਨਮ ਤਕ ਬੰਦਾ ਸਿੰਘ ਦਾ ਦੇਣਾ ਨਹੀਂ ਲਾਹ ਸਕਦੇ। ਉਹਨੇ ਮੁਗਲੀਆ ਸਲਤਨੱਤ ਨੂੰ ਉਲਟਾ ਕੇ ਇਕ ਕਰਾਮਾਤ ਕਰ ਵਿਖਾਈ ਸੀ। ਉਸ ਦਰਸਾ ਦਿਤਾ ਸੀ ਕਿ ਹਕੂਮਤ ਨੂੰ ਪਰਮਾਤਮਾ ਵਲੋਂ ਹਿੰਦੂਆਂ ਨੂੰ ਤਾਬਿਆ ਰਖਣ ਦਾ ਕੋਈ ਪਰਵਾਨਾ ਨਹੀਂ ਮਿਲਿਆ ਹੋਇਆ। ਉਸ ਸਾਬਤ ਕਰ ਦਿਤਾ ਕਿ ਅੰਮ੍ਰਿਤ ਦੀ ਤਾਕਤ ਨਾਲ ਸਹਿਜੇ ਹੀ ਇਕ ਸਿਖ ਦਸਾਂ ਦਸਾਂ ਦੁਸ਼ਮਣਾਂ ਦਾ ਮੁਕਾਬਲਾ ਕਰ ਸਕਦਾ ਹੈ। ਠੀਕ — ਉਹਨਾਂ ਵਿਚੋਂ ਹਰ ਇਕ ਨੇ ਬੰਦਾ ਸਿੰਘ ਅਤੇ ਧਰਮ ਵਾਸਤੇ ਜਾਨ ਕੁਰਬਾਨ ਨਹੀਂ ਸੀ ਕੀਤੀ। ਉਹ ਆਪਣੇ ਦਿਲੋਂ ਆਪਣੀ ਕਾਇਰਤਾ ਨੂੰ ਸਵੀਕਾਰ ਕਰਦੇ ਸਨ। ਪਰ ਸ਼ਾਇਦ ਮਨ ਵਿਚ ਵਸਦੇ ਏਸੇ ਚੋਰ ਕਰ ਕੇ ਉਹ ਬੰਦਾ ਸਿੰਘ ਨੂੰ ਢੇਰ ਪਿਆਰ ਵੀ ਕਰਦੇ ਸਨ। ਅਜ ਬੰਦਾ ਸਿੰਘ ਸੰਗਲਾਂ ਨਾਲ ਬੰਨ੍ਹਿਆ, ਲੋਹੇ ਦੇ ਪਿੰਜਰੇ ਵਿਚ ਕੈਦ, ਆਪਣੀ ਪਤਨੀ ਤੇ ਪੁਤਰ ਤੇ ਚਾਰ ਪੰਜ ਸੌ ਸਿਖਾਂ ਨਾਲ ਲਾਹੌਰ ਤੋਂ ਦਿੱਲੀ ਲੈ ਜਾਇਆ ਜਾ ਰਿਹਾ ਸੀ। ਉਹਨਾਂ ਦਾ ਫ਼ਰਜ਼ ਸੀ ਕਿ ਉਹ ਉਹਨੂੰ ਆਖ਼ਰੀ ਪਰਨਾਮ ਕਰਨ ਜਾਂਦੇ। ਸਭਨਾਂ ਨੂੰ ਵਿਸ਼ਵਾਸ ਸੀ ਕਿ ਦਿੱਲੀ ਵਿਚ ਬੰਦਾ ਸਿੰਘ ਦੇ ਬਚਣ ਦੀ ਕੋਈ ਆਸ ਨਹੀਂ।

ਜੇ ਸਭ ਦੁਨੀਆਂ ਬੰਦਾ ਬਹਾਦਰ ਨੂੰ ਵੇਖਣ ਜਾ ਰਹੀ ਸੀ ਤਾਂ ਸ਼ੋਭੀ, ਬਲਵੰਤ ਤੇ ਘਰ ਦੇ ਬਾਕੀ ਆਦਮੀ ਕਿਉਂ ਸਰਮੋਰ ਨਾ ਜਾਂਦੇ ? ਖ਼ਾਸ ਕਰ ਕੇ ਜਦੋਂ ਸ਼ਾਹਬਾਜ਼ ਇਸ ਭਿਆਨਕ ਜਲੂਸ ਦਾ ਇਕ ਅੰਗ ਸੀ। ਜਦੋਂ ਕੁਰਦਾਨ

Scanned by CamScanner

ਨੰਗਲ ਵਿਚ ਬੰਦਾ ਬਹਾਦਰ ਨੂੰ ਹੋਈ ਹਾਰ ਦੀ ਖ਼ਬਰ ਮਾਹਿਲ ਪੁਜੀ ਸੀ ਤਾਂ ਸਾਰੀ ਦੁਨੀਆਂ ਨਾਲ ਬੁਢਾ ਮਲ ਦਾ ਟੱਬਰ ਵੀ ਸਹਿਕ ਉਠਿਆ। ਨਿਸ਼ੰਕ ਇਹ ਟੱਬਰ ਜਾਣਦਾ ਸੀ ਕਿ ਸ਼ਾਹਬਾਜ਼ ਤੇ ਗੁਰਦਾਸ ਇਸ ਲੜਾਈ ਵਿਚ ਬੰਦਾ ਸਿੰਘ ਦੇ ਨਾਲ ਹੀ ਹੋਣਗੇ। ਨੌਂ ਦਸ ਮਹੀਨੇ ਗੁਰਦਾਸ ਨੰਗਲ ਦੇ ਘੇਰੇ ਦੀਆਂ ਖ਼ਬਰਾਂ ਪਿੰਡੋਂ ਪਿੰਡੀਂ ਪੁਜਦੀਆਂ ਰਹੀਆਂ ਸਨ ਤੇ ਖਲਕਤ ਪ੍ਰਾਰਥਨਾ ਕਰਦੀ ਰਹੀ ਸੀ, "ਹੇ ਰੱਬਾ ! ਫ਼ਤਹ ਬਾਬੇ ਬੰਦਾ ਸਿੰਘ ਦੀ ਹੋਵੇ। ਜੇ ਹਕੂਮਤ ਨੂੰ ਜਿਤ ਹੋਈ ਤਾਂ ਪਤਾ ਨਹੀਂ ਸਾਡੇ ਉੱਤੇ ਹੋਰ ਕੀ ਜ਼ੁਲਮ ਹੋਣਗੇ।"

ਸ਼ੁਭੀ ਆਖਦੀ, "ਹੇ ਪਰਮਾਤਮਾ ! ਬਸ ਮੈਨੂੰ ਇਸੇ ਵਾਰ ਹੀ ਡਰ ਲਗਦਾ ਹੈ। ਜੇ ਐਤਕੀ ਬਾਬਾ ਬੰਦਾ ਦੀ ਫ਼ਤਿਹ ਹੋਈ ਤਾਂ ਮੈਨੂੰ ਵਿਸ਼ਵਾਸ ਹੈ ਫਿਰ ਖਾਲਸਾ ਹਾਰਨ ਵਾਲਾ ਨਹੀਂ। ਸਿਰਫ ਇਸ ਲੜਾਈ ਵਿਚੋਂ ਖਾਲਸੇ ਨੂੰ, ਮੇਰੇ ਸ਼ਾਹਬਾਜ਼ ਤੇ ਮੇਰੇ ਗੁਰਦਾਸ ਨੂੰ ਬਚਾ ਲਵੀਂ। ਮੁਸਲਿਆਂ ਨੂੰ ਭਾਂਜ ਪਾਈਂ।" ਜਾਂਬਾਜ਼ ਉਦਾਸ ਸੀ ਤੇ ਉਹ ਆਪਣੀ ਉਦਾਸੀ ਨੂੰ ਪ੍ਰਾਥਨਾਵਾਂ ਨਾਲ ਤੇ ਹੋਰਨਾਂ ਗੱਲਾਂ ਨਾਲ ਹੌਲਿਆਂ ਨਹੀਂ ਸੀ ਕਰਦਾ। ਬਲਵੰਤ ਦੀ ਗੱਲ ਹੋਰ ਸੀ। ਬੇਬੱਕ ਹੁਣ ਤਕ ਉਹਦੀ ਗੋਦੀ ਵਿਚ ਦੂਜਾ ਪੁਤਰ ਚੌਹਾਂ ਮਹੀਨਿਆਂ ਦਾ ਹੋ ਚੁਕਾ ਸੀ ਪਰ ਵਡੇ ਪੁਤਰ ਨਾਲ ਮਾਵਾਂ ਦਾ ਪਿਆਰ ਹੋਰ ਹੀ ਤਰ੍ਹਾਂ ਦਾ ਹੁੰਦਾ ਹੈ। ਗੁਰਦਾਸ ਪਾਸ਼ੋ ਦਾ ਭੁਰਾ ਸੀ। ਸੋ ਬਲਵਤ ਤੇ ਪਾਸ਼ੋ ਸਵੇਰੇ ਸ਼ਾਮ ਪ੍ਰਾਰਥਨਾਵਾਂ ਕਰਦੀਆਂ, ਪਾਠ ਕਰਦੀਆਂ, ਵਾਹਿਗੁਰੂ ਵਾਹਿਗੁਰੂ ਜਪਦੀਆਂ, ਸੁਖਣਾਂ ਸੁਖਦੀਆਂ ਤੇ ਆਖਦੀਆ ਕਿ ਐਤਕੀ ਪ੍ਰਭੂ ਗੁਰਦਾਸ ਨੂੰ ਤੇ ਸ਼ਾਹਬਾਜ਼ ਨੂੰ ਬਚਾ ਲਵੇ। ਪਰ ਸਭ ਪ੍ਰਾਰਥਨਾਵਾਂ ਦੇ ਬਾਵਜੂਦ ਜਿਤ ਮੁਸਲਮਾਨਾਂ ਦੀ ਹੋਈ ਤੇ ਏਥੋਂ ਤਕ ਕਿ ਬੰਦਾ ਸਿੰਘ ਗ੍ਰਿਫਤਾਰ ਹੋ ਗਿਆ। ਖ਼ਲਕਤ ਦੀ ਹੈਰਾਨੀ ਅਮਾ ਸੀ।

ਖ਼ਲਕਤ ਨੇ ਸੁਣਿਆ ਕਿ ਦਸ ਹਜ਼ਾਰ ਸਿਖਾਂ ਵਿਚੋਂ ਅੱਠ ਹਜ਼ਾਰ ਤਾਂ ਭੁਖ ਦੇ ਮਾਰੇ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਹੀ ਮਾਰੇ ਗਏ ਤੇ ਰਹਿੰਦੇ ਦੋ ਹਜ਼ਾਰਾਂ ਵਿਚੋਂ ਵੀ ਬਹੁਤੇ ਦੁਸ਼ਮਣ ਨੇ ਮਾਰ ਦਿਤੇ। ਬੇ ਹਥਿਆਰ, ਬੇ ਆਸਰੇ, ਕਮਜ਼ੋਰ ਤੇ ਨਿਰਬਲ ਹੋ ਚੁਕੇ ਸਿਖਾਂ ਨੂੰ ਮਾਰ ਕੇ ਇਹਨਾਂ ਸਿਪਾਹੀਆਂ ਨੂੰ ਕੀ ਸਵਾਦ ਆਇਆ ਹੋਵੇਗਾ, ਕੋਈ ਨਹੀਂ ਸੀ ਕਹਿ ਸਕਦਾ। ਪਰ ਉਹ ਮਾਰ ਦਿਤੇ ਗਏ ਤੇ ਉਹਨਾਂ ਦੇ ਸਿਰ ਧੜਾਂ ਨਾਲੋਂ ਅੱਡ ਕਰਕੇ ਗਡਿਆਂ ਵਿਚ ਲੱਦ ਦਿਤੇ ਗਏ। ਫਿਰ ਇਹਨਾਂ ਸਿਰਾਂ ਨੂੰ ਬੰਦਾ ਸਿੰਘ ਤੇ ਉਹਦੇ ਪ੍ਰਮੁਖ ਸਾਥੀਆਂ ਸਣੇ ਲਾਹੌਰ ਲੈ ਜਾਇਆ ਗਿਆ। ਅਬਦਲ ਸਮੱਦ ਖਾਨ ਦਲੇਰ ਜੰਗ ਆਪਣੇ ਸੂਬੇ ਦੇ ਵਾਸੀਆਂ ਅਗੇ ਆਪਣੀ ਸੂਰਮਗਤੀ ਦਾ ਵਿਖਾਵਾ ਕਰਨਾ ਚਾਹੁੰਦਾ ਸੀ। ਉਹ ਦਸਣਾ ਚਾਹੁੰਦਾ ਸੀ ਕਿ ਮਹਾਨ ਲੜਾਈ ਕਰਕੇ ਤੇ ਦਸ ਮਹੀਨੇ ਬੰਦਾ ਸਿੰਘ ਨਾਲ ਹਥੋਪਾਈ ਕਰ ਕੇ ਅੰਤ ਉਹ ਬੰਦਾ ਸਿੰਘ ਜਿਹੇ ਵਾਸਤਵ ਸ਼ੈਤਾਨ ਨੂੰ ਪਛਾੜਨ ਵਿਚ ਸਫਲ ਹੋਇਆ ਹੈ। ਜੋ ਕੁਝ ਸ਼ਾਹੀ ਸੈਨਾਂ ਆਪ ਨਾ ਕਰ ਸਕੀ ਤੇ ਜਿਸ ਬੰਦੇ ਨੂੰ ਪਛਾੜਨ ਵਿਚ ਆਪ ਬਹਾਦਰ ਸ਼ਾਹ ਬਾਦਸ਼ਾਹ ਅਸਫਲ ਰਿਹਾ, ਉਸੇ ਬੰਦਾ ਸਿੰਘ ਨੂੰ ਅਬਦਲ ਸਮੱਦ ਖਾਨ ਸੂਬਾ ਲਾਹੌਰ ਨੇ ਕੈਦ ਕਰ ਲਿਆ ਹੈ। ਉਹਦਾ ਹੱਕ ਸੀ ਕਿ ਉਹ ਦਿੱਲੀ ਭੇਜਣ ਤੋਂ ਪਹਿਲੇ ਬੰਦਾ ਸਿੰਘ ਨੂੰ ਲਾਹੌਰ ਲਿਆਉਂਦਾ ਤਾਂ ਜੋ ਲਾਹੌਰ ਵਾਸੀ ਸਭ ਤੋਂ ਪਹਿਲੇ ਉਹਦੇ ਉੱਤੇ ਥੁਕਣ ਦਾ ਮਾਣ ਲੈ ਸਕਦੇ।

ਜਾਂਬਾਜ਼ ਵੀ ਲਾਹੌਰ ਆਇਆ। ਵੇਖਣ ਲਈ ਕਿ ਕੀ ਬੰਦਾ ਸਿੰਘ ਦੇ ਨਾਲ ਸ਼ਾਹਬਾਜ਼ ਤੇ ਗੁਰਦਾਸ ਵੀ ਹਨ ਜਾਂ ਨਹੀਂ। ਜੇ ਹਨ ਤਾਂ ਜ਼ਿੰਦਾ ਕਿ ਮੁਰਦਾ ? ਲਾਹੌਰ ਦੀਆਂ ਗਲੀਆਂ ਵਿਚ ਬੰਦਾ ਸਿੰਘ ਨੂੰ ਦੋ ਵਾਰ ਫਿਰਾਇਆ ਗਿਆ। ਦੂਵੇਂ ਵਾਰ ਜਾਂਬਾਜ਼ ਨੇ ਨੀਝ ਲਾ ਕੇ ਵੇਖਿਆ। ਸ਼ਾਹਬਾਜ਼ ਇਕ ਗੱਡੇ ਵਿਚ ਬੈਠਾ ਉਹਦੇ ਨਜ਼ਰੀਂ ਪਿਆ। ਉਹਦੀਆਂ ਮੁਸ਼ਕਾਂ ਬੰਨ੍ਹੀਆਂ ਹੋਈਆਂ ਸਨ ਤੇ ਉਹ ਪਹਿਚਾਣਿਆ ਨਹੀਂ ਸੀ ਜਾਂਦਾ। ਜਾਪਦਾ ਸੀ ਕਿ ਉਹ ਸਾਲ ਦਾ ਭੁਖਾ ਹੈ। ਪਰ ਗੁਰਦਾਸ ਉਹਨਾਂ ਜ਼ਿੰਦਾ ਕੈਦੀਆਂ ਵਿਚ ਕਿਤੇ ਨਾ ਦਿਸਿਆ : ਜੇ ਹੁੰਦਾ ਤਾਂ ਛੋਟਾ ਹੋਣ ਕਰਕੇ ਤੇ ਹੋਰਨਾਂ ਕੈਦੀਆਂ ਨਾਲੋਂ ਅਸਾਵਾਂ ਹੋਣ ਕਰਕੇ ਜ਼ਰੂਰ ਪਛਾਣਿਆ ਜਾਂਦਾ। ਫਿਰ ਉਸ ਸਿਰਾਂ ਨਾਲ ਲੱਦੇ ਗੱਡਿਆਂ ਨੂੰ ਗੌਰ ਨਾਲ ਵੇਖਿਆ। ਪਰ ਅੰਨੇਂ ਸਿਰਾਂ ਵਿਚ ਗੁਰਦਾਸ ਦਾ ਸਿਰ ਕਿਵੇਂ ਪਛਾਣਿਆ ਜਾ ਸਕਦਾ ਸੀ ?

"ਜੇ ਸ਼ਾਹਬਾਜ਼ ਤੇ ਹੋਰਨਾਂ ਸਰਦਾਰਾਂ ਦੀ ਭੁੱਖ ਨਾਲ ਇਹ ਹਾਲਤ ਹੋਈ ਤਾਂ ਗੁਰਦਾਸ ਅਜ ਤਕ ਕਿਵੇਂ ਜੀਉਂਦਾ ਰਹਿ ਸਕਦਾ ਸੀ ?" ਉਸ ਹਉਕਾ ਭਰ ਕੇ ਕਿਹਾ। ਉਹਦਾ ਬੜਾ ਜੀ ਕੀਤਾ ਕਿ ਸ਼ਾਹਬਾਜ਼ ਉਹਨੂੰ ਭੀੜ ਵਿਚ ਖਲੋਤੇ ਨੂੰ ਪਛਾਣ ਲਏ ਪਰ ਕਿਥੋਂ ? ਲਾਹੌਰ ਦੀ ਭੀੜ ਵਿਚ ਕੌਣ ਕਿਸੇ ਨੂੰ ਪਛਾਣਦਾ ਹੈ ? ਜਾਂਬਾਜ਼ ਘਰ ਮੁੜ ਆਇਆ ਤੇ ਉਸ ਲਾਹੌਰ ਵਿਦ ਨਿਕਲੇ ਜਲੂਸ ਦੇ ਹਾਲ ਸਭ ਨੂੰ ਸੁਣਾਏ।

Scanned by CamScanner

ਅਜ ਇਹੋ ਜਲੂਸ ਸਰਮੋਰ ਵਿਚੋਂ ਲੰਘਣਾ ਸੀ ਤੇ ਜਾਂਬਾਜ, ਬਲਵੰਤ, ਪਾਸ਼ੋ, ਨਿਕਾ ਅਨੰਦ ਤੇ ਸ਼ੋਭੀ ਆਪਣੇ ਨਵੇਂ ਕਾਲੂ ਨਾਲ ਮਾਹਿਲ ਤੋਂ ਸਰਮੋਰ ਆਏ। ਨਵਾਂ ਕਾਲੂ ਹੁਣ ਤਕ ਲਗ ਭਗ ਸੱਤਾਂ ਮਹੀਨਿਆਂ ਦਾ ਹੋ ਚੁੜਾ ਸੀ ਰੇ ਹਰ ਇਕ ਦੇ ਆਖਣ ਅਨੁਸਾਰ ਉਹਦਾ ਮੁਹਾਂਦਰਾ ਪਹਿਲੇ ਕਾਲੂ ਵਰਗਾ ਹੀ ਸੀ। ਪਿਛਲੇ ਕੁਝ ਦਿਨਾਂ ਤੋਂ ਕਿਸੇ ਨੇ ਆ ਰਹੀ ਸਰਮੋਰ ਫੇਰੀ ਵਾਸਤੇ ਆਪੋ ਵਿਚ ਕੋਈ ਗੱਲ ਨਹੀਂ ਸੀ ਕੀਤੀ। ਸਭ ਦੇ ਦਿਲ ਐਨੇ ਭਰੇ ਹੋਏ ਸਨ।

ਸ਼ੋਭੀ ਹੁਣ ਪਹਿਲਿਆਂ ਵਾਂਗ ਕਾਲੂ ਨਾਲ ਵੈਣ ਮਟੀ ਗੱਲਾਂ ਨਹੀਂ ਸੀ ਕਰਦੀ। ਉਹ ਉਹਨੂੰ ਪਹਿਲਿਆਂ ਵਾਂਗ ਲਾਡ ਨਹੀਂ ਸੀ ਲਡਾਂਦੀ। ਉਹਨੂੰ ਆਪਣੀ ਝੋਲੀ ਵਿਚ ਲੈ ਕੇ ਜਾਂ ਬਾਹਾਂ ਵਿਚ ਉਛਾਲਦਿਆਂ ਇਹ ਨਹੀਂ ਸੀ ਆਖਦੀ: "ਕਾਲੂਆ ! ਤੂੰ ਸਗਵਾਂ ਆਪਣੇ ਪਿਤਾ ਵਰਗਾ ਹੈਂ।" ਜਾਂ ਕਾਲੂਆ ! ਤੂੰ ਵਡਾ ਹੋ ਕੇ ਮੇਰਾ ਸਹਾਰਾ ਬਣੇਂਗਾ। ਤੁਰਕਾਂ ਦੇ ਇਸ ਤਰ੍ਹਾਂ ਸਿਰ ਭੰਨੀਂ ਕਿ ਤੇਰਾ ਪਿਉ ਤੇ ਆਪ ਬਾਬਾ ਬੰਦਾ ਵੀ ਮਾਤ ਪੈ ਜਾਏ।" ਹੁਣ ਸ਼ੋਭੀ ਸਿਰਫ ਆਪਣੇ ਕਾਲੂ ਅਗੇ ਰੋਂਦੀ ਹੈ, ਡੁਸਕਾਰੇ ਭਰਦੀ ਹੈ। ਉਹਦੇ ਜੰਮਣ ਤੋਂ ਪਹਿਲੇ ਹੀ ਉਹਨੂੰ ਬੰਦਾ ਬਹਾਦੁਰ ਦੇ ਗੁਰਦਾਸ ਨੰਗਲ ਵਿਚ ਘਿਰ ਜਾਣ ਦੀ ਖਬਰ ਪਹੁੰਚ ਚੁਕੀ ਸੀ ਤੇ ਉਹ ਜਾਣਦੀ ਸੀ ਕਿ ਅਵੱਸ਼ ਸ਼ਾਹਬਾਜ਼ ਬੰਦਾ ਸਿੰਘ ਦੇ ਨਾਲ ਹੈ। ਜੇ ਨਾ ਹੁੰਦਾ ਤਾਂ ਉਹ ਹੁਣ ਤਕ ਜ਼ਰੂਰ ਘਰ ਪਰਤ ਆਇਆ ਹੁੰਦਾ।

ਤੇ ਸ਼ੋਭੀ, ਵਾਵੇਂ ਪ੍ਰਾਰਥਨਾਵਾਂ ਪੁਰ-ਜ਼ੋਰ ਕਰਦੀ, ਪਰ ਕੋਈ ਨਾ ਕੋਈ ਚੀਜ਼ ਉਹਦੇ ਮਨ ਵਿਚ ਉਭਰਦੀ ਦਸਦੀ ਕਿ ਬਸ ਇਹੋ ਹੀ ਅੰਤ ਹੈ। ਇਹ ਉਹੋ ਚੀਜ਼ ਸੀ ਕਿ ਜਿਹੜੀ ਸ਼ਾਹਬਾਜ਼ ਦੇ ਸਾਥ ਵਿਚ ਇਉਂ ਕੂਈ, "ਐਤਕੀਂ ਮੇਰਾ ਦਿਲ ਖੁਸਦਾ ਹੈ, ਮੈਂ ਕੀ ਕਰਾਂ ?" ਜਾਂ, "ਸ਼ਾਹਬਾਜ਼ ! ਮੈਨੂੰ ਡਰ ਲਗਦਾ ਹੈ। ਜਾਪਦਾ ਹੈ, ਕਿ ਤੂੰ ਸ਼ਾਇਦ ਇਸ ਬੱਚੇ ਦਾ ਵੀ ਮੂੰਹ ਨਹੀਂ ਵੇਖਣਾ।"

ਜਦੋਂ ਸ਼ੋਭੀ ਦਾ ਮਨ ਇਸ ਤਰ੍ਹਾਂ ਕੂੰਦਾ ਸੀ ਤਾਂ ਉਹ ਕਾਲੂ ਨੂੰ ਕੀ ਲਾਡ ਲਡਾਂਦੀ ? ਪਿਛਲੀ ਵਾਰ ਸ਼ੋਭੀ ਨੂੰ ਆਸ ਸੀ ਪਰ ਐਤਕੀ ਉਹ ਮਾਯੂਸ ਸੀ। ਐਤਕੀ ਉਹ ਆਪਣੇ ਨਵੇਂ ਕਾਲੂ ਨੂੰ ਗੋਦੀ ਵਿਚ ਲੈ ਕੇ ਸਿਰਫ ਰੋਂਦੀ, ਸਿਰਫ ਡੁਸਕਦੀ। ਬਲਵੰਤ ਆਖਦੀ, "ਸ਼ੋਭੀਏ ! ਹੁਣ ਕੀ ਹੋ ਸਕਦਾ ਹੈ। ਸਬਰ ਕਰ। ਗੁਰਦਾਸ ਵੀ ਤਾਂ ਨਾਲ ਹੀ ਹੈ। ਇਉਂ ਕਿਥੋਂ ਤਕ ਲੰਘੇਗੀ !" ਪਰ ਸ਼ੋਭੀ ਕੋਈ ਉਤਰ ਨਾ ਦੇਂਦੀ।

ਜਾਂਬਾਜ਼ ਸ਼ੋਭੀ ਦੇ ਸਿਰ ਉਤੇ ਹੱਥ ਫੇਰਦਾ ਤੇ ਪਿਆਰ ਨਾਲ ਆਖਦਾ, "ਸ਼ੋਭੀਏ ! ਮੈਂ ਤੇਰੇ ਦਿਲ ਦੀ ਹਾਲਤ ਜਾਣਦਾ ਹਾਂ ਪਰ ਕਾਲੂ ਮੇਰਾ ਵੀ ਓਨਾ ਹੀ ਪੁਤਰ ਹੈ ਜਿੱਨਾ ਸ਼ਾਹਬਾਜ਼ ਦਾ। ਉਸ ਵਿਚਾਰੇ ਨਾਲ ਕਦੀ ਤਾਂ ਹੱਸ ਲਿਆ ਕਰ।" ਪਰ ਸ਼ੋਭੀ ਸਗੋਂ ਅਗੇ ਨਾਲੋਂ ਵੀ ਵਧ ਤੀਬਰਤਾ ਨਾਲ ਰੋਣ ਲਗਦੀ ਤੇ ਮੂੰਹੋਂ ਕੁਝ ਨਾ ਉਭਾਸਰਦੀ। ਇਹ ਨਹੀਂ ਕਿ ਸ਼ੋਭੀ ਆਪਣੇ ਕਾਲੂ ਨਾਲ ਬਿਲਕੁਲ ਹੀ ਗਲਾਂ ਨਹੀਂ ਸੀ ਕਰਦੀ। ਜ਼ਰੂਰ ਕਰਦੀ ਸੀ। ਪਰ ਉਹਦੀਆਂ ਗਲਾਂ ਹੁਣ ਕਿਸੇ ਨੂੰ ਸੁਣ ਨਹੀਂ ਸਨ ਸਕਦੀਆਂ। ਬੇਸ਼ਕ ਉਹ ਬੋਲਣਾ ਚਾਹੁੰਦੀ ਸੀ ਪਰ ਦਿਲ ਦੀ ਉਮਾਹ ਕਰੁਣਾ ਵਿਚ ਸ਼ਬਦ ਮੂੰਹੋਂ ਹੀ ਨਹੀਂ ਸਨ ਨਿਕਲਦੇ। ਅਜ ਜਦੋਂ ਉਹ ਸਰਮੋਰ ਨੂੰ ਟੁਰੇ ਤਾਂ ਪਹਿਲੀ ਵਾਰ ਉਸ ਕਿਹਾ, 'ਰੱਬ ਕਰੇ ! ਸ਼ਾਹਬਾਜ਼ ਦੀ ਨਜ਼ਰ ਇਕ ਵਾਰ ਕਾਲੂ ਉੱਤੇ ਜਾ ਪਏ...।"

ਜਾਂਬਾਜ਼ ਵੀ ਸਾਰੇ ਰਾਹ ਦਿਲ ਵਿਚ ਇਹੋ ਪ੍ਰਾਰਥਨਾ ਕਰਦਾ ਆਇਆ ਕਿ ਕਾਸ਼ ! ਸ਼ਾਹਬਾਜ਼ ਦੀ ਨਜ਼ਰ ਉਹਨਾਂ ਉੱਤੇ ਪੈ ਜਾਏ। ਪਰ ਜੇ ਲਾਹੌਰ ਦਾ ਨਜ਼ਾਰਾ ਕਿਸੇ ਗੱਲ ਦਾ ਸ਼ਾਹਦ ਸੀ ਤਾਂ ਇਹ ਬੜਾ ਮੁਸ਼ਕਲ ਜਾਪਦਾ ਸੀ। ਲਾਹੌਰ ਵਿਚ ਨਾ ਹੀ ਬੰਦਾ ਸਿੰਘ ਤੇ ਨਾ ਹੀ ਕਿਸੇ ਹੋਰ ਕੈਦੀ ਨੇ ਦਰਸ਼ਕਾਂ ਵਲ ਵੇਖਣ ਦੀ ਪ੍ਰਵਾਹ ਕੀਤੀ ਸੀ। ਉਹ ਸਾਰੇ ਆਪਾ-ਚੁੰਤੇ ਆਪਣੇ ਆਪਣੇ ਸਾਹਮਣੇ ਹੀ ਵੇਖਦੇ ਗਏ ਸਨ। ਜਦੋਂ ਮੁਸਲਮਾਨਾਂ ਨੇ ਉਹਨਾਂ ਉਤੇ ਥੁਕਿਆ ਵੀ ਤੇ ਉਹਨਾਂ ਨੂੰ ਚੂਦੀਆਂ ਵਢੀਆਂ ਤੇ ਕਿਸੇ ਮਨਚਲੇ ਮੁੰਡੇ ਨੇ ਉਹਨਾਂ ਦੇ ਸਰੀਰ ਵਿਚ ਡੰਡੇ ਤੇ ਚਿਮਟੇ ਖੱਭੇ ਜਾਂ ਵੀ ਇਹਨਾਂ ਸਿਖਾਂ ਨੇ ਕਿਸੇ ਵਲ ਨਜ਼ਰ ਚੁਕ ਕੇ ਨਾ ਵੇਖਿਆ। ਇਉਂ ਜਾਪਦਾ ਸੀ ਕਿ ਉਹਨਾਂ ਨੂੰ ਕੁਝ ਪੋਹ ਹੀ ਨਹੀਂ ਰਿਹਾ, ਜਿਵੇਂ ਉਹ ਅਸਲੋਂ ਸੁੰਨ ਹੋ ਗਏ ਹੋਣ। ਜਾਂਬਾਜ਼ ਪ੍ਰਾਰਥਨਾ ਕਰਦਾ ਕਿ ਕਿਵੇਂ ਨਾ ਕਿਵੇਂ ਐਤਕੀ ਸ਼ਾਹਬਾਜ਼ ਆਪਣੇ ਆਲੇ ਦੁਆਲ ਵਲ ਵੇਖੇ। ਉਹਨੂੰ ਆਪਣੀ [illegible]

Scanned by CamScanner

ਤੇ ਸਰਮੌਰ ਸਰਮੌਰ। ਜਾਂਬਾਜ਼ ਸੰਤੁਸ਼ਟ ਸੀ ਕਿ ਸ਼ਾਹਬਾਜ਼ ਨੇ ਜ਼ੋਰ ਵੀ ਕੋਸ਼ਸ਼ ਕੀਤੀ ਤਾਂ ਦੋਵੇਂ ਧਿਰਾਂ ਜ਼ਰੂਰ ਸਫ਼ਲ ਰਹਿਣਗੀਆਂ। ਪਰ ਉਹਨੇ ਸ਼ੋਭੀ, ਬਲਵੰਤ ਤੇ ਪਾਸ਼ੋ ਨੂੰ ਖ਼ਬਰਦਾਰ ਕਰ ਦੇਣਾ ਮੁਨਾਸਿਬ ਸਮਝਿਆ ਕਿ ਉਹ ਆਪਣੇ ਕਿਸੇ ਕਰਮ ਨਾਲ ਇਹ ਜ਼ਾਹਿਰ ਨਾ ਕਰਨ ਕਿ ਉਹ ਕੈਦੀਆਂ ਵਾਸਤੇ ਕਿਸੇ ਤਰ੍ਹਾਂ ਦੀ ਹਮਦਰਦੀ ਰਖਦੇ ਹਨ। ਲਾਹੌਰ ਵਿਚ ਇਹੋ ਜਿਹੇ ਦੋ ਚਾਰ ਸੌ ਹਮਦਰਦੀ ਦਿਖਾਣ ਵਾਲੇ ਹਿੰਦੂਆਂ ਦੇ ਸਿਰ ਵੀ ਚੌਂਹ ਪੰਜਾਂ ਵਖਰੇ ਗੱਡਿਆਂ ਵਿਚ ਇਕੱਠੇ ਕਰ ਲਏ ਗਏ ਸਨ। ਅਬਦਲ ਸਮੱਦ ਨੇ ਡੌਂਡੀ ਪਿਟਵਾਈ ਸੀ ਕਿ ਬੰਦੇ ਸਿੰਘ ਤੇ ਉਹਦੇ ਸਾਥੀਆਂ ਨਾਲ ਹਮਦਰਦੀ ਜਤਾਣ ਵਾਲੇ ਹਿੰਦੂਆਂ ਦਾ ਇਹੋ ਹਾਲ ਹੋਵੇਗਾ।

ਦੁਪਹਿਰਾਂ ਵੇਲੇ ਜਲੂਸ ਸਰੋਮਰ ਪੁਜਿਆ। ਸਭ ਤੋਂ ਅੱਗੇ ਗੱਡੇ ਸਨ ਸਿਖਾਂ ਤੇ ਹਮਦਰਦ ਹਿੰਦੂਆਂ ਦੇ ਸਿਰਾਂ ਨਾਲ ਲੱਦੇ ਹੋਏ। ਦੋ ਤਿੰਨ ਹਜ਼ਾਰ ਸਿਰ ਪੰਜਾਹ ਕੁ ਗੱਡਿਆਂ ਵਿਚ ਲਦੇ ਗਏ ਸਨ। ਉਸ ਤੋਂ ਪਿਛੋਂ ਬੰਦਾ ਸਿੰਘ ਦਾ ਹਾਥੀ ਸੀ। ਹਾਥੀ ਦੀ ਪਿਠ ਉੱਤੇ ਲੋਹੇ ਦਾ ਪਿੰਜਰਾ ਸੀ ਪਿੰਜਰੇ ਵਿਚ ਬੰਦਾ ਸਿੰਘ ਲੋਹੇ ਦੇ ਸੰਗਲਾਂ ਨਾਲ ਬਧਾ ਹੋਇਆ ਸੀ। ਉਹਦੇ ਸਿਰ ਉਤੇ ਲਾਲ ਪੱਗ ਬੰਨ੍ਹੀ ਗਈ ਸੀ ਤੇ ਇਸ ਪੱਗ ਦਵਾਲੇ ਸੋਨੇ ਦੀਆਂ ਜ਼ੰਜੀਰੀਆਂ ਸਨ। ਪਿੰਜਰੇ ਦੇ ਵਿਚ ਹੀ ਇਕ ਮੁਸਲਮਾਨ ਜੱਲਾਦ ਹੱਥ ਵਿਚ ਨੰਗੀ ਤਲਵਾਰ ਲੈ ਕੇ ਖਲੋਤਾ ਸੀ ਤਾਂ ਜ ਆਪਣੀ ਸ਼ੈਤਾਨੀ ਕਰਾਮਾਤ ਨਾਲ ਬੰਦਾ ਸਿੰਘ ਕਿਤੇ ਪਿੰਜਰੇ ਵਿਚੋਂ ਉਡ ਨਾ ਜਾਏ।

ਬੰਦਾ ਸਿੰਘ ਤੋਂ ਪਿਛੇ ਪੰਜ ਸਤ ਸੌ ਕੈਦੀ ਸਨ। ਕੁਝ ਗੱਡਿਆਂ ਵਿਚ ਤੇ ਕੁਝ ਊਠਾਂ ਉਪਰ। ਉਹਨਾਂ ਵਿਚੋਂ ਕਈਆਂ ਦੇ ਹੱਥਾਂ ਉਤੇ ਲਕੜਾਂ ਰਖ ਕੇ ਕਿੱਲ ਠੋਕੇ ਗਏ ਸਨ। ਇਕ ਨਹੀਂ — ਅਜ ਸੈਂਕੜੇ ਮਸੀਹ ਲਾਹੌਰ ਤੋਂ ਦਿੱਲੀ ਜਾਂਦੀ ਜਰਨੈਲੀ ਸੜਕ ਉੱਤੋਂ ਲੰਘਦੇ ਜਾ ਰਹੇ ਸਨ। ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ, ਭਾਈ ਦਿਆ ਸਿੰਘ, ਸ਼ਾਹਬਾਜ਼ ਸਿੰਘ ਤੇ ਪੰਜ ਹੋਰ ਜਰਨੈਲ ਬੰਦਾ ਸਿੰਘ ਤੋਂ ਪਿਛੋਂ ਆ ਰਹੇ ਪਹਿਲੇ ਗੱਡੇ ਵਿਚ ਸਨ। ਜ਼ਕਰੀਆ ਖ਼ਾਨ, ਅਬਦਲ ਸਮੱਦ ਖ਼ਾਨ ਦਲੇਰ-ਜੰਗ ਦਾ ਪੁੱਤਰ ਇਸ ਜਲੂਸ ਦਾ ਸਰਦਾਰ ਸੀ ਤੇ ਉਹ ਆਪਣੇ ਘੋੜੇ ਉਤੇ ਕਦੀ ਜਲੂਸ ਦੇ ਅਗੇ ਜਾਂਦਾ ਕਦੀ ਪਿਛੇ। ਆਖ਼ਿਰ ਕਿਸੇ ਮੁਗ਼ਲ ਜਰਨੈਲ ਵਾਸਦੇ ਇਸ ਤੋਂ ਵਡੀ ਇੱਜ਼ਤ ਹੋਰ ਕਿਹੜੀ ਹੋ ਸਕਦੀ ਸੀ ? ਦਲੇਰ ਜੰਗ ਨੇ ਤਾਂ ਆਪ ਦਿੱਲੀ ਆਉਣ ਦੀ ਆਗਿਆ ਮੰਗੀ ਸੀ ਪਰ ਫਰਖ਼ਸੀਅਰ ਮੰਨਿਆ ਨਹੀਂ।

ਜਲੂਸ ਸਰੋਮਰ ਪਹੁੰਚਿਆ ਤੇ ਸਭ ਤੋਂ ਪਹਿਲੇ ਅਖ਼ਤੇਰ ਖ਼ਾਨ ਨੇ ਜ਼ਕਰੀਆ ਖ਼ਾਨ ਅਗੇ ਪੰਜਾਹ ਹੋਰ ਸਿਖਾਂ ਦੇ ਸਿਰਾਂ ਦਾ ਨਜ਼ਰਾਨਾ ਪੇਸ਼ ਕੀਤਾ ਤੇ ਆਖਿਆ। "ਹਜ਼ੂਰ ! ਇਹ ਬਹੁਤੇ ਨਹੀਂ ਪਰ ਮੈਂ ਇਸ ਤੋਂ ਪਹਿਲਾਂ ਪੰਜ ਸੌ ਸਿਰ ਹਾਜ਼ਰ ਕਰ ਚੁਕਾਂ ਹਾਂ।" ਜ਼ਕਰੀਆਂ ਖ਼ਾਨ ਨੇ ਮੁਸਕਰਾ ਕੇ ਇਹ ਤੋਹਫ਼ਾ ਸਵੀਕਾਰ ਕੀਤਾ ਤੇ ਆਪਣੇ ਹੱਥੀਂ ਇਕ ਇਕ ਦੋ ਦੋ ਸਿਰ ਜਿਉਂ ਜਿਉਂ ਗੱਡੇ ਲੰਘਦੇ ਉਹਨਾਂ ਵਿਚ ਉਛਾਲ ਉਛਾਲ ਕੇ ਸੁਟਦਾ ਗਿਆ। ਜਿਹੜਾ ਸਿਰ ਉਰ੍ਹਾਂ ਜਾਂ ਪਰ੍ਹਾਂ ਡਿਗਦਾ ਉਸ ਬਾਰੇ ਜ਼ਕਰੀਆ ਖ਼ਾਨ ਆਖਦਾ : "ਇਹ ਜਰੂਰ ਕਿਸੇ ਹਰਾਮਜ਼ਾਦੇ ਦਾ ਸਿਰ ਹੈ !"

ਨੇੜੇ ਖੜੋਤੇ ਸਿਪਾਹੀ ਇਸ ਸਿਰ ਨੂੰ ਚੁਕ ਕੇ ਪਿਛਲੇ ਆ ਰਹੇ ਗੱਡੇ ਵਿਚ ਸੁੱਟ ਦੇਂਦੇ। ਇਸ ਤਰ੍ਹਾਂ ਦੇ ਹੀ ਤੋਹਫ਼ੇ ਲਾਹੌਰ ਤੋਂ ਦਿਲੀ ਦੇ ਰਾਹ ਵਿਚ ਕਈ ਥਾਵਾਂ ਤੋਂ ਜ਼ਕਰੀਆ ਖ਼ਾਨ ਨੂੰ ਮਿਲੇ। ਅਖ਼ਤਰ ਖ਼ਾਨ ਨੇ ਦਸਿਆ ਕਿ ਇਸ ਜਲੂਸ ਦੇ ਸੁਆਗਤ ਲਈ ਉਸ ਇਕ ਹੋਰ ਇੰਤਜ਼ਾਮ ਵੀ ਕੀਤਾ ਹੈ ਪੰਜਾਹਾਂ ਸਿਪਾਹੀਆ ਤੇ ਦੂਜੇ ਆਦਮੀਆਂ ਦੀ ਇਕ ਟੋਲੀ ਕੋਲ ਦਸਾਂ ਗਊਆਂ ਦਾ ਮਾਸ ਹੈ। ਡੱਕਰੇ ਡੱਕਰੇ ਕੀਤਾ ਇਹ ਮਾਸ ਟੋਲੀ ਦੇ ਹਰ ਆਦਮੀ ਵਿਚ ਵੰਡਿਆ ਗਿਆ ਹੈ ਤੇ ਇਹ ਕੱਚਾ ਮਾਸ ਉਹਨਾਂ ਜ਼ਿੰਦਾ ਕੈਦੀਆਂ ਉਤੇ ਸੁਟਿਆ ਜਾਵੇਗ। ਉਸੇ ਤਰ੍ਹਾਂ ਹੀ ਜਿਵੇਂ ਕਿ ਸਿਖੜੇ ਆਪਣੇ ਗੁਰੂਆਂ ਉੱਤੇ ਫੁੱਲ ਸੁਟਿਆ ਕਰਦੇ ਹਨ। ਅਖ਼ਤਰ ਖ਼ਾਨ ਨੇ ਤਾਂ ਏਥੋਂ ਤਕ ਕਿਹਾ ਕਿ ਉਹਨੂੰ ਘਟੋ ਘਟ ਬੰਦਾ ਸਿੰਘ ਤੇ ਉਹਦੇ ਖਾਸ ਜਰਨੈਲਾਂ ਦੇ ਮੂੰਹ ਵਿਚ ਇਕ ਇਕ ਬੱਟੀ ਪਾਣ ਦੀ ਆਗਿਆ ਦਿਤੀ ਜਾਏ ਪਰ ਜ਼ਕਰੀਆਂ ਖ਼ਾਨ ਨਹੀਂ ਮੰਨਿਆ, "ਹੁਣ ਵਕਤ ਨਹੀਂ। ਦਿੱਲੀ ਅਸੀਂ ਇਸ ਤੋਂ ਵਧ ਵੀ ਬੜਾ ਕੁਛ ਕਰਾਂਗੇ। ਮੈਂ ਸ਼ਾਮ ਤੋਂ ਪਹਿਲੇ ਪਹਿਲੇ ਅੰਮ੍ਰਿਤਸਰ ਪਹੁੰਚਣਾ ਹੈ।"

ਸ਼ੋਭੀ ਦੇ ਆਖੇ ਜਾਂਬਾਜ਼ ਤੇ ਬਾਕੀ ਸਭ ਸਰਮੌਰ ਦੇ ਉੱਤਰੀ ਸਿਰੇ ਉੱਤੇ ਜਾ ਖੜੋਤੇ ਸਨ। ਸ਼ੋਭੀ ਨੇ ਕਿਹਾ ਸੀ। 'ਜਲੂਸ ਦੇ ਨਾਲ ਨਾਲ ਟੁਰਾਂਗੀ ਭਰਾ ਜੀ। ਜਿੰਨਾ ਚਿਰ ਮੈਂ ਸ਼ਾਹਬਾਜ਼ ਦੀ ਦੀਦ ਪਾ ਸਕਾਂ ਓਨਾਂ ਹੀ ਸਹੀ। ਜੇ ਪਹਿਲੀ ਵਾਰ ਉਹਨੂੰ ਤਖ਼ਤ ਉਤੇ ਉੱਚੇ ਤਾ ਮਹੀ ਜਾਂ ਦ ਸਿਮਰੇ ਦਸੀ ਵਾਰ ਅਸੀਂ ਖੁਸ਼ਕਿਸਮਤ ਹੋਈਏ...।" "ਬਹਤਾ ਇਕਲਵਾਂਝਿਆ

Scanned by CamScanner

ਸਿਖਾਂ ਵਾਸਤੇ ਹਮਦਰਦੀ ਜਤਾਈ। ਵੇਖਣਾ !" ਤੇ ਉਹ ਆਪਣੀ ਪਤਨੀ ਤੇ ਧੀ ਨੂੰ ਵੀ ਸੰਬੋਧਨ ਕਰ ਕੇ ਕਹਿੰਦਾ ਗਿਆ। "ਤੁਹਾਡੇ ਵਿਚੋਂ ਕਿਸੇ ਵੀ ਰੋਣਾ ਨਹੀਂ ਤੇ ਨਾ ਹੀ ਕੋਈ ਇਸ਼ਾਰਾ ਕਰਨਾ ਹੈ। ਜਲੂਸ ਦੇ ਨਾਲ ਨਾਲ ਇਕ ਨਹੀਂ ਅਨੇਕਾ ਜੱਲਾਦ ਹਨ। ਕਿਸ ਨੇ ਦੂਹਰੀ ਵਾਰ ਨਹੀਂ ਪੁਛਣਾ।"

ਜਾਂਬਾਜ਼ ਸਵੇਰ ਤੋਂ ਹੀ ਇਸਤਰ੍ਹਾਂ ਪੱਕ ਕਰਦਾ ਆ ਰਿਹਾ ਸੀ। ਉਹਨੂੰ ਡਰ ਸੀ ਕਿ ਕਿਤੇ ਸ਼ੋਭੀ ਜਾਂ ਬਲਵੰਤ ਆਪਣੇ ਉਤੇ ਕਹਿਰ ਨਾਜ਼ਲ ਨਾ ਕਰਵਾ ਬਹਿਣ। ਉਹ ਸਮਝਾਂਦਾ ਆਇਆ ਸੀ ਕਿ ਕਿਸੇ ਨੇ ਵੀ ਕਿਸੇ ਤਰ੍ਹਾਂ ਦੀ ਉਤਸਕਤਾ ਜਾਂ ਉਤਾਵਲ ਪ੍ਰਗਟ ਨਹੀਂ ਕਰਨੀ।

ਅੰਤ ਜਲੂਸ ਆਇਆ ਪਹਿਲੇ ਸਿਰਾਂ ਨਾਲ ਭਰੇ ਗੱਡੇ, ਫਿਰ ਇਕ ਹਾਥੀ ਉਤੇ ਬੰਦਾ ਸਿੰਘ ਤੇ ਫਿਰ...ਫਿਰ ਸ਼ਾਹਬਾਜ਼ ਤੇ ਬੰਦਾ ਸਿੰਘ ਦੇ ਹੋਰਨਾਂ ਸਰਦਾਰਾਂ ਦਾ ਭਰਿਆ ਗੱਡਾ। ਸ਼ੋਭੀ ਐਵੇਂ ਹੀ ਡਰਦੀ ਸੀ...। ਸ਼ਾਹਬਾਜ਼ ਉਹਨਾਂ ਨੂੰ ਜਿਵੇਂ ਲਭ ਹੀ ਰਿਹਾ ਹੋਵੇ। ਉਸ ਦੂਰੋਂ ਹੀ ਸੋਭੀ ਤੇ ਹੋਰਨਾਂ ਨੂੰ ਵੇਖ ਲਿਆ ਤੇ ਜਿਸ ਵੇਲੇ ਗੱਡਾ ਉਹਨਾਂ ਦੇ ਕੋਲੋਂ ਲੰਘਿਆ ਉਹ ਮੁਸਕਰਾਇਆ। ਰਤਨ ਸਿੰਘ ਚਾਹਿਲ ਵੀ ਉਸੇ ਗੱਡੇ ਵਿਚ ਸੀ। ਉਹ ਵੀ ਜਿਵੇਂ ਆਪਣੇ ਮਿਤ੍ਰਾਂ ਤੇ ਰਿਸ਼ਤੇਦਾਰਾਂ ਨੂੰ ਲਭ ਰਿਹਾ ਹੋਵੇ।

ਸ਼ਾਹਬਾਜ਼ ਦਾ ਗੱਡਾ ਸ਼ੋਭੀ ਦੇ ਕੋਲੋਂ, ਲੰਘਿਆ। ਐਨਾ ਕੋਲੋਂ ਕਿ ਜੇ ਸ਼ੋਭੀ ਚਾਹੁੰਦੀ ਤਾਂ ਉਹ ਹੱਥ ਵਧਾ ਕੇ ਸ਼ਾਹਬਾਜ਼ ਨੂੰ ਛੋਹ ਵੀ ਸਕਦੀ ਸੀ। ਪਰ ਅਫ਼ਸੋਸ ਕਿ ਸ਼ਾਹਬਾਜ਼ ਜੇ ਚਾਹੁੰਦਾ ਤਾਂ ਵੀ ਆਪਣੇ ਹੱਥ ਵਧਾ ਨਹੀਂ ਸੀ ਸਕਦਾ ਉਹਦੇ ਹੱਥਾਂ ਵਿਚ ਕਿੱਲ ਠੁੱਕੇ ਹੋਏ ਸਨ। ਸ਼ਾਹਬਾਜ਼ ਨੇ ਆਪਣਾ ਕਾਲੂ ਵੀ ਵੇਖਿਆ ਤੇ ਉਸ ਮਨ ਵਿਚ ਕਿਹਾ 'ਕਿੰਨੇ ਚੰਗੇ ਭਾਗ ਹਨ ਮੇਰੇ ! ਮੈਂ ਆਪਣੇ ਦੂਜੇ ਕਾਲੂ ਨੂੰ ਤਾਂ ਵੇਖ ਸਕਿਆ ਹਾਂ। ਧੰਨ ਬਾਬਾ ਨਾਨਕ, ਧੰਨ ਗੁਰੂ ਕਲਗੀਆਂ ਵਾਲੇ।" ਤੇ ਇਹੋ ਕੁਝ ਹੀ ਉਸ ਵੇਲੇ ਸ਼ੋਭੀ ਨੇ ਮਨ ਹੀ ਮਨ ਕਿਹਾ: 'ਗੁਰੂ ਬਾਬੇ ਨੇ ਮੇਰੀ ਸੁਣ ਲਈ ਹੈ। ਮੇਰੀ ਆਖ਼ਿਰੀ ਚਾਹ ਪੂਰੀ ਹੋਈ ਹੈ। ਮੇਰਾ ਸ਼ਾਹਬਾਜ਼ ਮੇਰੇ ਕਾਲੂ ਨੂੰ ਇਕ ਨਜ਼ਰ ਵੇਖ ਸਕਿਆ ਹੈ। ਹੁਣ ਮੈਂ ਆਪ ਵੀ ਖੁਸ਼ੀ ਨਾਲ ਪ੍ਰਾਣ ਤਿਆਗ ਸਕਦੀ ਹਾਂ। ਧੰਨ ਗੁਰੂ ਬਾਜਾਂ ਵਾਲਾ।"

ਕਮਾਲ ਦਾ ਸੰਜਮ ਸੀ। ਕੇਡੀ ਤੁਛ ਚਾਹ ਵਾਸਤੇ ਕੇਡਾ ਵਡਾ ਸ਼ੁਕਰਾਨਾ ਸੀ। ਧਰਮ ਤੋਂ ਆਪਾ ਵਾਰ ਸਕਣ ਵਾਲਾ ਆਦਮੀ ਕਿੰਨੀ ਕੁ ਨਿਗੂਣੀ ਚਾਹ ਦੀ ਪੂਰਤੀ ਉਤੇ ਕਿਹੋ ਜਿਹੇ ਭਾਵ ਪ੍ਰਗਟ ਕਰ ਸਕਦਾ ਹੈ ? ਸ਼ਾਹਬਾਜ਼ ਨੇ ਆਪਣੇ ਭਰਾ, ਆਪਣੀ ਭਰਜਾਈ, ਆਪਣੀ ਭਤੀਜੀ ਤੇ ਆਪਣੇ ਨਵੇਂ ਭਤੀਜੇ ਨੂੰ ਵੇਖਿਆ। ਜਾਂਬਾਜ਼ ਨੂੰ ਵੇਖਦਿਆਂ ਸਾਰ ਹੀ ਸ਼ਾਹਬਾਜ਼ ਨੂੰ ਜਿਵੇਂ ਗ਼ੈਬੋਂ ਪਤਾ ਲਗ ਗਿਆ ਕਿ ਹੁਣ ਜਾਂਬਾਜ਼ ਘਰ ਨਹੀਂ ਟਿਕਣ ਲਗਾ। ਉਹ ਹੁਣ ਉਹਦੀ ਥਾਂ ਲਵੇਗਾ। ਉਸ ਅੱਖਾਂ ਹੀ ਅੱਖਾਂ ਵਿਚ ਉਹਨੂੰ ਘਰ ਰਹਿਣ ਤੇ ਸ਼ੋਭੀ ਅਤੇ ਹੋਰਨਾਂ ਦਾ ਖਿਆਲ ਰਖਣ ਵਾਸਤੇ ਕਿਹਾ ਪਰ ਉੱਤਰ ਤਸੱਲੀ-ਜਨਕ ਨਾ ਮਿਲਿਆ।

ਸ਼ਾਹਬਾਜ਼ ਨੇ ਬਲਵੰਤ ਤੇ ਪਾਸ਼ ਅਗੇ ਗੁਰਦਾਸ ਦੀ ਸ਼ਹੀਦੀ ਵਾਸਤੇ ਖਿਮਾਂ ਮੰਗੀ। ਬਲਵੰਤ ਦੇ ਅੱਖਾਂ ਵਿਚਲੇ ਭਾਬੀਆਂ ਦੇ ਅਮਿਟ ਨਿਹੋਰੇ ਦਾ ਵੀ ਸ਼ਾਹਬਾਜ਼ ਨੇ ਮੁਸਕਰਾਹਟ ਭਰਿਆ ਉੱਤਰ ਦਿਤਾ। ਉਸ ਆਪਣੇ ਭਤੀਜੇ ਨੂੰ ਅਸੀਸ ਦਿਤੀ ਤੇ ਉਸ ਆਪਣੇ ਕਾਲੂ ਨੂੰ ਬੜਾ ਪਿਆਰ ਕੀਤਾ। ਐਨਾ ਪਿਆਰ ਸ਼ੋਭੀ ਦਾ ਅੰਦਰ ਬਾਹਰ ਭਰ ਗਿਆ। ਉਸ ਆਖਿਆ "ਜੋ ਕੁਝ ਮੈਂ ਅਧੂਰਾ ਛਡ ਕੇ ਜਾ ਰਿਹਾ ਹਾਂ ਉਹ, ਪ੍ਰਭੂ ਕਰੇ, ਮੇਰਾ ਕਾਲੂ ਪੂਰਨ ਕਰੇ। ਜਾਬਰਾਂ ਦੇ ਸਿਰ ਇਸਤਰ੍ਹਾਂ ਭੰਨੇ ਕਿ ਉਹਨਾਂ ਨੂੰ ਇਸ ਸਮੇਂ ਵਿਖਾਈ ਸਾਡੀ ਬਹਾਦਰੀ ਭੁਲ ਜਾਵੇ।" ਸ਼ਾਹਬਾਜ਼ ਦਾ ਗੱਡਾ ਸ਼ੋਭੀ ਹੁਰਾਂ ਕੋਲੋਂ ਲੰਘਿਆ ਤੇ ਪਲੋ ਪਲੀ ਇਹ ਸਾਰੀਆਂ ਗੱਲਾਂ ਹੋ ਗਈਆਂ, ਭਾਵੇਂ ਕਿਸੇ ਨੇ ਕੁਝ ਮੂੰਹੋਂ ਨਹੀਂ ਸੀ ਕਿਹਾ। ਸ਼ਾਹਬਾਜ਼ ਦਾ ਗੱਡਾ ਲੰਘਿਆ ਤੇ ਸ਼ੋਭੀ ਗੱਡੇ ਦੇ ਨਾਲ ਨਾਲ ਟੁਰਨ ਲਗੀ। ਜਾਂਬਾਜ਼ ਨੇ ਰੋਕਣਾ ਚਾਹਿਆ ਪਰ ਉਹਦਾ ਹੌਸਲਾ ਨਾ ਪਿਆ। ਪਰ ਦਸ ਬਾਰਾਂ ਕਦਮ [illegible]।

Scanned by CamScanner

ਸੰਭਾਲਦੀ ਜਲਦੀ ਜਲਦੀ ਉਠ ਖਲੋਤੀ। ਉਹਨੂੰ ਤਾਂ ਨਹੀਂ ਪਰ ਕਾਲੂ ਨੂੰ ਮੱਥੇ ਉੱਤੇ ਜ਼ਖਮ ਆਇਆ ਤੇ ਉਥੋਂ ਲਹੂ ਦੀ ਤਤੀਰੀ ਵਹਿ ਟੁਰੀ...। "ਮੁਗ਼ਲਈ ਜ਼ੁਲਮ ਦੇ ਟਾਕਰੇ ਵਿਚ ਪਹਿਲੀ ਵਾਰ ਅਜ ਕਾਲੂ ਦਾ ਲਹੂ ਵਿਹਾ ਹੈ...ਤੇ ਸਾਨੂੰ ਆਸ਼ਾ ਹੈ ਕਿ ਆਪਣੇ ਲਹੂ ਦਾ ਆਖ਼ਰੀ ਕਤਰਾ ਵੀ ਇਹ ਖ਼ਾਲਸਾ ਰਾਜ ਦੀ ਸਥਾਪਤੀ ਵਾਸਤੇ ਵਗਾਏਗਾ।" ਸ਼ੋਭੀ ਤੇ ਸ਼ਾਹਬਾਜ਼ ਦੋਹਾਂ ਦੇ ਦਿਲਾਂ ਵਿਚੋਂ ਇਕੋ ਵਾਰ ਇਕੋ ਚਾਹ ਉਤਪੰਨ ਹੋਈ।

੩੮

ਫਰਵਰੀ ਮਹੀਨੇ ਦਾ ਅੰਤ ਸੀ ਤੇ ਮਾਰਚ ਮਹੀਨੇ ਦਾ ਸ਼ੁਰੂ। ਦਿੱਲੀ ਵਿਚ ਅਜੇ ਤਕ ਵੀ ਠੰਢ ਸੀ। ਦੋ ਢਾਈ ਮਹੀਨਿਆਂ ਦੇ ਧੜਾਂ ਨਾਲੋਂ ਵਖਰੇ ਹੋਏ ਸਿਰਾਂ ਨੇ ਏਸੇ ਕਰ ਕੇ ਅਜੇ ਤਕ ਬਹੁਤੀ ਸੜਿਆਦ ਨਹੀਂ ਸੀ ਛਡੀ। ਤੇ ਜਿਹੜੀ ਥੋੜੀ ਬਹੁਤੀ ਬਦਬੋ ਇਹਨਾਂ ਨਾਲ ਲਾਹੌਰ ਤੋਂ ਦਿੱਲੀ ਤਕ ਆਂਦਿਆਂ ਸਾਰੇ ਪੰਜਾਬ ਵਿਚ ਤੇ ਫਿਰ ਦਿੱਲੀ ਵਿਚ ਪੱਸਰੀ ਉਸ ਨਾਲ ਜਿਵੇਂ ਮੁਗ਼ਲ ਹਕੂਮਤ ਦੇ ਕਾਰਕੁਨਾਂ ਦਾ ਦਿਮਾਗ਼ ਖੁਲ੍ਹ ਗਿਆ।

ਜਿਵੇਂ ਗੁਲਾਬ, ਚੰਬੇ ਜਾਂ ਅਤਰ ਦੀ ਸੁਗੰਧ ਆਦਮੀਆਂ ਦੀਆਂ ਸੂਖਸ਼ਮ ਬਿਰਤੀਆਂ ਨੂੰ ਟੁੰਭਦੀ ਹੈ ਤੇ ਦਿਮਾਗ਼ ਨੂੰ ਇਕ ਮਿਠਾ ਜਿਹਾ ਸਰੂਰ ਆਉਂਦਾ ਮਹਿਸੂਸ ਹੁੰਦਾ ਹੈ ਉਸੇ ਤਰ੍ਹਾਂ ਅਜ ਮੁਰਦਾ ਤੇ ਕੱਚੇ ਮਾਸ ਦੀ ਬਾਸ ਨਾਲ ਤੇ ਜੰਮੇ ਲਹੂ ਦੀ ਮੁਸ਼ਕ ਨਾਲ ਸਾਰੇ ਹਾਕਮਾਂ ਨੂੰ ਸਰੂਰ ਚੜ੍ਹ ਆਇਆ। ਉਂਜ ਹੀ ਉਹਨਾਂ ਸਮਿਆਂ ਵਿਚ ਹਾਲਾਤ ਕੁਝ ਅਜਿਹੇ ਸਨ ਕਿ ਖੁਸ਼ਬੂ ਬਦਬੂ ਵਿਚ ਬਹੁਤਾ ਅੰਤਰ ਨਹੀਂ ਸੀ ਕੀਤਾ ਜਾਂਦਾ। ਕੋਮਲ ਤੇ ਸਥੂਲ ਬਿਰਤੀਆਂ ਉਹਨਾਂ ਦੇ ਸਾਹਮਣੇ ਇਕ ਬਰਾਬਰ ਸਨ। ਚਿੜੀਆਂ ਦੀ ਮੌਤ ਉੱਤੇ ਗੰਵਾਰ ਹਮੇਸ਼ਾ ਹੱਸਦੇ ਆਏ ਹਨ। ਤਰਸ ਤੇ ਦਿਆ ਹਕੂਮਤ ਵਿਚ ਕਦੀ ਸਤਿਕਾਰੇ ਨਹੀਂ ਗਏ। ਫਿਰ ਜਦੋਂ ਬੰਦਾ ਸਿੰਘ ਵਰਗੇ ਆਦਮੀ ਦੇ ਸਾਥੀਆਂ ਦੇ ਸਿਰਾਂ ਦੀ ਸੜਿਆਂਦ ਉਹਨਾਂ ਦੇ ਦਿਮਾਗ਼ ਤਕ ਪਹੁੰਚਦੀ ਤਾਂ ਉਹਨਾਂ ਨੂੰ ਕਿਵੇਂ ਸਰੂਰ ਨਾ ਆਉਂਦਾ ? ਉਹ ਕਿਵੇਂ ਮੁਗਧ ਹੋ ਕੇ ਅਨੰਦ ਨਾ ਮਾਣਦੇ ਕਿ ਜਿਵੇਂ ਇਹ ਬਦਬੂ ਅੰਮ੍ਰਿਤ ਦੀ ਸੁਗੰਧ ਹੋਵੇ।

ਦਿੱਲੀ ਵਾਲਿਆਂ ਨੂੰ ਜਿਵੇਂ ਇਸ ਗੰਧ ਦੀ ਅਤਿਅੰਤ ਚੇਸ਼ਟਾ ਹੋਵੇ; ਕਿ ਜਿਵੇਂ ਉਹ ਇਕੋ ਵਾਰ ਨਹੀਂ ਵਾਰ ਵਾਰ ਇਸ ਗੰਧ ਦਾ ਅਨੰਦ ਮਾਣਨਾ ਚਾਹੁੰਦੇ ਹੋਣ, ਜਿਵੇਂ ਕਿ ਉਹ ਇਸ ਗੰਧ ਵਿਚ ਹੀ ਸਦਾ ਸਦਾ ਲਈ ਵਸਣਾ ਰਸਣਾ ਚਾਹੁੰਦੇ ਹੋਣ ! ਅਜ ਮਹਾਨ ਦਿੱਲੀ ਸ਼ਹਿਰ ਦੇ ਚੌਰਾਹਿਆਂ, ਉਹਦੇ ਮਹੱਲਿਆਂ, ਉਹਦੀਆਂ ਗਲੀਆਂ, ਉਹਦੇ ਬਾਜ਼ਾਰਾਂ ਵਿਚ ਥਾਂ ਥਾਂ ਇਹ ਸਿਰ ਦਰੱਖਤਾਂ ਨਾਲ ਤੇ ਉਚੇਚੇ ਗੱਡੇ ਬਾਂਸਾਂ ਨਾਲ ਟੰਗੇ ਗਏ ਹਨ। ਤਿੰਨ ਹਜ਼ਾਰ ਸਿਰ ਮੱਸਾਂ ਹੀ ਸਾਰੇ ਸ਼ਹਿਰ ਵਿਚ ਪੂਰੇ ਆਏ ਹਨ। ਇਕ ਇਕ ਸਿਰ ਦਵਾਲੇ ਦਸ ਦਸ ਆਦਮੀ ਜੁੜੇ ਉਹਨਾਂ ਨੂੰ ਪੱਥਰ ਮਾਰ ਰਹੇ ਹਨ ਕਿ ਕਿਹੜਾ ਪੱਥਰ ਲਗਦਾ ਹੈ ਤੇ ਕਿਹੜਾ ਉਕਦਾ ਹੈ ! ਆਖਦੇ ਹਨ :

"ਸੂਬਾ ਪੰਜਾਬ ਵੀ ਕਮਾਲ ਦਾ ਜਨੌਰ ਹੈ। ਸਮਝਦਾ ਹੈ ਸਾਰੀ ਦਿੱਲੀ ਵਾਸਤੇ ਇਹ ਚੰਦ ਗਿਣਵੇਂ ਸਿਰ ਕਾਫੀ ਹੋਣਗੇ ! ਇਹਨਾਂ ਦਿਨਾਂ ਅੰਦਰ ਦਿੱਲੀ ਵਿਚ ਮਾਨੋ ਇਕ ਤਰ੍ਹਾਂ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਹੁਣ ਕੰਮ ਕੋਈ ਨਹੀਂ ਹੋ ਰਿਹਾ। ਬਾਦਸ਼ਾਹ ਦਰਬਾਰ ਨਹੀਂ ਲਾਂਦਾ। ਹਾਕਮ ਚਿਠੀਆਂ ਚਪਠੀਆਂ ਵਲ ਧਿਆਨ ਨਹੀਂ ਦੇਂਦੇ। ਬੜੇ ਪੈਮਾਨੇ ਉੱਤੇ ਲੈਣ ਦੇਣ ਬੰਦ ਹੈ। ਸਾਰੇ ਪਾਸੇ ਇਕ ਖੁਸ਼ੀ ਦੀ ਲਹਿਰ ਪਸਰ ਚੁਕੀ ਹੈ। ਛੋਟੀਆਂ ਦੁਕਾਨਾਂ, ਖੋਂਚਿਆਂ ਤੇ ਰੇੜ੍ਹੀਆਂ ਵਾਲਿਆਂ ਦੀਆਂ ਪੌ ਬਾਰ੍ਹਾਂ ਹਨ। ਖੁਸ਼ੀ ਤੇ ਜਸ਼ਨ ਦੀ ਸਪਿਰਟ ਨੇ ਸਿਰਫ ਦਿੱਲੀ ਵਾਲਿਆਂ ਨੂੰ ਹੀ ਮਸਤ ਨਹੀਂ ਕੀਤਾ ਸਗੋਂ ਦਿੱਲੀ

Scanned by CamScanner

ਦੇ ਵੀਹ ਵੀਹ ਮੀਲ ਦਵਾਲੇ ਦੇ ਇਲਾਕੇ ਨੂੰ ਵੀ ਅਨੰਦਤ ਕਰ ਦਿਤਾ ਹੈ। ਮਥਰਾ, ਆਗਰਾ, ਅਲਾਹਾਬਾਦ, ਤੇ ਲਖਨਊ ਤਕ ਤੋਂ ਲੋਕੀਂ ਬੰਦਾ ਸਿੰਘ ਦਾ ਤਮਾਸ਼ਾ ਵੇਖਣ ਆਏ ਹਨ। ਨਿਕ ਸੁਕ ਦੀ ਵਿਕਰੀ ਬੇਅੰਤ ਹੈ। ਤੰਦੂਰ ਵਾਲਿਆਂ ਨੂੰ ਵਿਹਲ ਨਹੀਂ ਮਿਲ ਰਹੀ। ਦਿੱਲੀ ਦੇ ਅੰਦਰ ਜਲੂਸ ਦੇ ਦਾਖਲ ਹੋਣ ਤੋਂ ਪਹਿਲਾਂ ਗੱਡਿਆਂ ਵਿਚ ਲੱਦੇ ਸਿਰ ਨੇਜ਼ਿਆਂ ਤੇ ਬਾਂਸਾਂ ਉਤੇ ਟੰਗੇ ਗਏ ਸਨ। ਰੰਗ ਢੰਗ ਇਸ ਤਰ੍ਹਾਂ ਵਧ ਨਾਟਕੀ ਹੋ ਜਾਣ ਦੀ ਆਸ ਸੀ। ਸਿਰਾਂ ਦੀ ਵੰਡ ਵੇਲੇ ਮੁਸਲਮਾਨੀ ਜਨਤਾ ਵਿਚ ਬੜਾ ਝਗੜਾ ਹੋਇਆ। ਦਿੱਲੀ ਦੇ ਲਾਗਲੇ ਪਿੰਡਾਂ ਵਿਚੋਂ ਆਏ ਸਭ ਲੋਕ ਇਹਨਾਂ ਸਿਰਾਂ ਨੂੰ ਚੁਕ ਕੇ ਜਲੂਸ ਦਾ ਭਾਗ ਬਣਨ ਦੀ ਚਾਹ ਰਖਦੇ ਸਨ। ਪਰ ਤਿੰਨ ਹਜ਼ਾਰ ਸਿਰ ਤੇ ਤੇਰ੍ਹਾਂ ਹਜ਼ਾਰ ਜਨਤਾ, ਚਕਰੀਆ ਖ਼ਾਨ ਨੇ ਦਸ ਵੀਹ ਆਦਮੀਆਂ ਨੂੰ ਚਾਬਕਾਂ ਨਾਲ ਪਿਟਵਾਇਆ ਤਾਂ ਜਾ ਕੇ ਕਿਤੇ ਸ਼ਾਂਤੀ ਹੋਈ।

ਜਲੂਸ ਦਿੱਲੀ ਬਹਿਰ ਦੀਆਂ ਸਭ ਸੜਕਾਂ ਤੇ ਗਲੀਆਂ ਵਿਚ ਫਿਰਾਇਆ ਗਿਆ ਤੇ ਮਾਰਚ ੧੭੧੬ ਤਕ ਬੰਦਾ ਸਿੰਘ ਤੇ ਉਹਦੇ ਛੱਬੀ ਸਾਥੀਆਂ ਤੋਂ ਇਲਾਵਾ ਸਭ ਕੈਦੀਆਂ ਨੂੰ ਕਤਲ ਕਰਨ ਦਾ ਪ੍ਰਬੰਧ ਮੁਕੰਮਲ ਹੋ ਗਿਆ। ਲਗ ਪਗ ਕੁਲ ਸੱਤ ਸੌ ਕੈਦੀ ਸਨ ਤੇ ਫੈਸਲਾ ਹੋਇਆ ਕਿ ਇਕ ਸੌ ਆਦਮੀ ਰੋਜ਼ ਕਤਲ ਕੀਤੇ ਜਾਣ। ਸੱਤ ਦਿਨ ਇਸ ਤਰ੍ਹਾਂ ਇਹ ਜਸ਼ਨ ਜਾਰੀ ਰਹੇਗਾ ਤੇ ਲੋਕਾਂ ਦੀ ਖੁਸ਼ੀ ਦਾ ਸਹਾਰਾ ਬਣਿਆ ਰਹੇਗਾ। ਜਿਹੜੇ ਲੋਕ ਦੂਰੋਂ ਪਾਰੋਂ ਆਏ ਸਨ ਉਹਨਾਂ ਨੂੰ ਤਮਾਸ਼ਾ ਪਲੋ-ਪਲੀ ਖ਼ਤਮ ਹੋ ਜਾਣ ਦੀ ਮਾਯੂਸੀ ਨਹੀਂ ਹੋਵੇਗੀ।

ਸਿੰਘਾਂ ਨੂੰ ਕਤਲ ਕਰਨ ਵਾਸਤੇ ਕੋਤਵਾਲੀ ਦੇ ਸਾਹਮਣੇ ਇਕ ਚੰਗਾ ਵੱਡਾ ਤੇ ਉਚਾ ਚਬੂਤਰਾ ਬਣਵਾਇਆ ਗਿਆ ਤਾਂ ਜੋ ਦੂਰ ਦੂਰ ਖਲੋਤੇ ਲੋਕਾਂ ਨੂੰ ਵੇਖਣ ਵਿਚ ਤਕਲੀਫ਼ ਨਾ ਹੋਵੇ। ਕੋਤਵਾਲ ਹਰ ਇਕ ਆਦਮੀ ਨੂੰ ਕਤਲ ਕਰਨ ਤੋਂ ਪਹਿਲੋਂ ਇਸਲਾਮ ਕਬੂਲ ਕਰਨ ਦਾ ਨਿਉਂਤਾ ਦੇਂਦਾ। ਸਿਰਫ਼ ਨਿਉਂਤੇ ਨੂੰ ਨਾ ਕਬੂਲ ਕਰਨ ਵਾਲਿਆਂ ਦੇ ਸਿਰ ਹੀ ਧੜ ਨਾਲੋਂ ਅਡਰੇ ਕੀਤੇ ਜਾਣ ਦਾ ਫੈਸਲਾ ਸੀ। ਪਰ ਅਫ਼ਸੋਸ ਕਿ ਇਹਨਾਂ ਸ਼ਤ ਸੌ ਕੈਦੀਆਂ ਵਿਚੋਂ ਇਕ ਨੇ ਵੀ ਨਿਉਂਤਾ ਕਬੂਲ ਕਰ ਕੇ ਕੋਤਵਾਲ ਤੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਦਰਸ਼ਕਾਂ ਨੂੰ ਕਿਰਤਾਰਥ ਨਾ ਕੀਤਾ। ਕਿਸੇ ਨੇ ਵੀ ਮੌਤ ਦੀ ਥਾਂ ਇਸਲਾਮ ਗ੍ਰਹਿਣ ਕਰਕੇ ਇਹਨਾਂ ਲਲਚਾਈਆਂ ਨਜ਼ਰਾਂ ਤੇ ਰੂਹਾਂ ਨੂੰ ਸੁਖੀ ਕਰਨ ਦੀ ਹਿਮਾਇਤ ਨਾ ਕੀਤੀ।

ਹਰ ਵਾਰ ਜਦੋਂ ਇਕ ਸਿੰਘ ਵਢਿਆ ਜਾਂਦਾ ਤੇ ਉਹਦਾ ਸਿਰ ਦਰਸ਼ਕਾਂ ਦੇ ਮਧ ਵਿਚ ਉਛਾਲਿਆ ਜਾਂਦਾ ਤਾਂ ਹਰ ਦਰਸ਼ਕ ਆਪਣੇ ਆਪਣੇ ਦਿਲ ਵਿਚ ਸੋਚਦਾ ਕਿ ਅਗਲਾ ਸਿਖ ਜ਼ਰੂਰ ਮੌਤ ਦੀ ਥਾਂ ਇਸਲਾਮ ਕਬੂਲ ਕਰ ਲਏਗਾ। ਦਬੂਤਰੇ ਦੇ ਗਿਰਦ ਬੈਠੇ ਬੱਚੇ ਉੱਚੀ ਉੱਚੀ ਪੁਕਾਰਦੇ "ਇਸਲਾਮ ਇਸਲਾਮ!" ਪਰ ਜਦੋਂ ਅਗਲਾ ਸਿਖ ਵੀ ਮੁਸਕੁਰਾ ਕੇ ਕਹਿੰਦਾ "ਮੌਤ!" ਤਾਂ ਸਾਰੇ ਪਾਸਿਉਂ ਲਾਅਨਤਾਂ ਤੇ ਫਿਟਕਾਰਾਂ ਪੈਂਦੀਆਂ; "ਨਾ-ਮੁਰਾਦ" "ਸ਼ੈਤਾਨ "ਖ਼ਬੀਸ" ਇਕ ਆਖਦਾ "ਇਹਨਾਂ ਬਦਕਾਰਾਂ ਨੂੰ ਇਸਲਾਮ ਕਬੂਲ ਕਰਨ ਦਾ ਨਿਉਂਤਾ ਦੇਣਾ ਹੀ ਬੇਵਕੂਫੀ ਹੈ" ਤੇ ਦੂਜਾ ਆਖਦਾ, "ਸ਼ੈਤਾਨਾਂ ਨੂੰ ਬਖ਼ਸ਼ਿਸ਼ ਮਿਲ ਰਹੀ ਹੈ ਤੇ ਇਹ ਠੁਕਰਾ ਰਹੇ ਹਨ।" ਤੀਜਾ ਆਖਦਾ: "ਇਹ ਮਰਦੂਦ ਸਾਡੇ ਯੋਗ ਨਹੀਂ।" ਪਰ ਭਾਵੇਂ ਉਹ ਮਰਦੂਦ ਪਵਿਤਰ ਇਸਲਾਮ ਦੇ ਯੋਗ ਸਨ ਕਿ ਨਹੀਂ, ਫਿਰ ਵੀ ਅਗਲੇ ਆਦਮੀ ਦੇ ਕਤਲ ਵੇਲੇ ਕੁਝ ਹਿੰਦੂਆਂ ਨੂੰ ਛਡਦੇ ਬਾਕੀ ਦਰਸ਼ਕ ਆਸ਼ਾਵੰਦ ਜ਼ਰੂਰ ਹੁੰਦੇ ਤੇ ਪ੍ਰਾਰਥਨਾਂ ਕਰਦੇ ਕਿ ਕਿਵੇਂ ਨਾ ਕਿਵੇਂ ਇਹ ਸਿਖ ਇਸਲਾਮ ਕਬੂਲ ਕਰ ਲਏ।

ਬੇਸ਼ਕ! ਇਹ ਮਰਦੂਦ ਪਵਿਤਰ ਇਸਲਾਮ ਦੇ ਯੋਗ ਨਹੀਂ ਸਨ। ਜੇ ਹੁੰਦੇ ਤਾਂ ਇਹਨਾਂ ਵਿਚੋਂ ਕੀ ਇਕ ਵੀ ਇਸਲਾਮ ਨਾ ਕਬੂਲਦਾ? ਏਥੋਂ ਤਕ ਕਿ ਇਕ ਯੁਵਕ ਉਮਰ ਦਾ ਨੌਜਵਾਨ ਆਪਣੀ ਮਾਂ ਤੇ ਸਜ-ਵਿਆਹੀ ਵਹੁਟੀ ਦੀਆਂ ਮਿੰਨਤਾਂ ਦੇ ਬਾਵਜੂਦ ਵੀ ਮੌਤ ਦੀ ਥਾਂ ਇਸਲਾਮ ਤਾਂ ਕੀ ਮੌਤ ਦੀ ਥਾਂ ਜ਼ਿੰਦਗੀ ਵੀ ਕਬੂਲ ਕਰਨ ਲਈ ਰਾਜ਼ੀ ਨਾ ਹੋਇਆ। ਮਾਂ ਨੇ ਨਵ-ਵਿਆਹੀ ਨੂੰਹ ਦਾ ਮਹਿੰਦੀ ਰੱਤਾ ਹੱਥ ਵਿਖਾ ਕੇ ਪਾਤਸ਼ਾਹ ਕੋਲੋਂ ਕਿਵੇਂ ਅਪਣੇ ਜਵਾਨ ਪੁਤਰ ਵਾਸਤੇ ਮੁਆਫ਼ੀ ਮੰਗ ਲੀਤੀ ਸੀ। ਜਦੋਂ ਕੋਤਵਾਲ ਨੇ ਨੌਜਵਾਨ ਨੂੰ ਛਡਿਆ ਤੇ ਆਖਿਆ, "ਜਾ ਤੇਰੀ ਬੰਦ-ਖਲਾਸ ਹੋਸੀ। ਸੁਣਿਆ ਹੈ ਤੂੰ ਸਿਖ ਨਹੀਂ ਗ਼ਲਤੀ ਵਿਚ ਫੜਿਆ ਗਿਆ ਹੈਂ।" ਤਾਂ ਨੌਜਵਾਨ ਮੁਸਕਰਾਇਆ:

"ਨਹੀਂ ਕੋਤਵਾਲ ਸਾਹਿਬ! ਬੰਦ-ਖਲਾਸ ਮੇਰੀ ਮੌਤ ਨਾਲ ਹੀ ਹੋਵੇਗੀ, ਜ਼ਿੰਦਗੀ ਨਾਲ ਨਹੀਂ। ਬੇਸ਼ਕ ਮੈਂ ਸਿਖ ਹਾਂ।" ਮਾਂ ਰੋਈ ਤੇ ਕੁਰਲਾਈ ਪਰ ਨੌਜਵਾਨ ਨੇ ਮਾਂ ਨੂੰ ਆਪਣੀ ਮਾਂ ਸਵੀਕਾਰ ਕਰਨ ਤੋਂ ਹੀ ਇਨਕਾਰ ਕਰ ਦਿਤਾ। ਦਰਸ਼ਕਾਂ ਵਿਚ ਹਲ-ਚਲ ਮਚ ਗਈ। ਬੱਚੇ ਜਿਹੜੇ ਹਰ ਵਕਤ ਚਾਂ ਚਾਂ ਕਰਦੇ ਰਹਿੰਦੇ ਸਨ, ਆਪਣੇ ਜਿਹਾ ਇਕ ਬੱਚਾ ਇਸ ਤਰ੍ਹਾਂ ਜ਼ਿੰਦਗੀ ਨੂੰ ਦੁਰਕਾਰਦਾ ਤੇ ਮੌਤ ਨੂੰ ਅਪਣਾਂਦਾ ਵੇਖ ਕੇ, ਸੁੰਨ ਹੋ ਗਏ।

Scanned by CamScanner

ਸ਼ਾਇਦ ਇਸ ਸਾਕੇ ਨੇ ਕੋਤਵਾਲ, ਜੱਲਾਦ, ਹੋਰ ਅਫ਼ਸਰ ਤੇ ਆਮ ਦਰਸ਼ਕਾਂ ਵਿਚ ਤਰਸ ਤੇ ਦਿਆ ਦੀ ਭਾਵਨਾ ਪੈਦਾ ਕੀਤੀ ਹੋਵੇ। ਸ਼ਾਇਦ ਉਹਨਾਂ ਨੂੰ ਖ਼ਿਆਲ ਆਇਆ ਹੋਵੇ ਕਿ ਇਹ ਸਭ ਕੁਝ ਜ਼ੁਲਮ ਹੈ ਤੇ ਅਜੋਗ, ਪਰ ਜੋ ਇਹੋ ਜਿਹੀ ਕੋਈ ਭਾਵਨਾ ਜਾਂ ਖ਼ਿਆਲ ਉਹਨਾਂ ਦੇ ਦਿਲ ਅੰਦਰ ਉਤਪੰਨ ਹੋਇਆ ਵੀ ਸੀ ਤਾਂ ਉਹ ਛਿਣ-ਭੰਗਰਾ ਸੀ। ਪਲੋ-ਪਲੀ ਦਾ ਉਛਾਲਾ। ਸ਼ੈਤਾਨ ਉਤੇ ਇਨਸਾਨ ਦੀ ਇਕ-ਦਮੀ ਵਿਜੈ। ਇਹ ਉਛਾਲ ਖ਼ਤਮ ਹੋਇਆ ਤੇ ਸ਼ੈਤਾਨ ਫਿਰ ਤਾਕਤਵਰ ਸੀ।

ਇਸੇ ਤਰ੍ਹਾਂ ਸਤ ਦਿਨ ਕੋਤਵਾਲੀ ਦੇ ਸਾਹਮਣੇ ਕੋਤਵਾਲ ਇਸਲਾਮ ਜਾਂ ਮੌਤ ਦਾ ਪ੍ਰਸਤਾਵ ਸਿਖਾਂ ਸਾਹਮਣੇ ਰਖਦਾ ਆਇਆ ਤੇ ਵਾਰੋ ਵਾਰ ਹਰ ਸਿੰਘ ਇਸਲਾਮ ਦੀ ਥਾਂ ਮੌਤ ਪ੍ਰਵਾਨ ਕਰਦਾ ਆਇਆ। ਸੱਤ ਦਿਨ ਸਾਰੀ ਦਿੱਲੀ ਤੇ ਗਵਾਂਢੀ ਪਿੰਡਾਂ ਤੇ ਸ਼ਹਿਰਾਂ ਦੀ ਜਨਤਾ ਇਹ ਤਮਾਸ਼ਾ ਵੇਖਦੀ ਰਹੀ। ਸੱਤ ਦਿਨ ਲੋਕ ਸਵੇਰ ਤੋਂ ਹੀ ਚਬੂਤਰੇ ਦੇ ਦਵਾਲੇ ਜੁੜ ਜਾਂਦੇ ਤੇ ਸੌ ਆਦਮੀਆਂ ਦੇ ਧੜ ਸਿਰਾਂ ਤੋਂ ਅੱਡ ਹੁੰਦੇ ਵੇਖ ਕੇ ਘਰ ਮੁੜਦੇ। ਸੱਤ ਦਿਨ ਇਹਨਾਂ ਸੱਤ ਸੌ ਸਿੰਘਾਂ ਦੀ ਮੌਤ ਉਤੇ ਖ਼ੁਸ਼ੀ ਤੇ ਸੰਤੁਸ਼ਟਤਾ ਪ੍ਰਗਟ ਕੀਤੀ ਜਾਂਦੀ ਰਹੀ। ਧੰਨ ਦਿੱਲੀ ਤੇ ਧੰਨ ਦਿੱਲੀ ਸ਼ਹਿਰ ਦੇ ਵਾਸੀ। ਸੱਤ ਸੌ ਆਦਮੀ ਸੱਤ ਦਿਨ ਉਹਨਾਂ ਸਾਹਮਣੇ ਵਾਸਤਵਿਕ ਜ਼ਿੰਦਗੀ ਤੇ ਮੌਤ ਦਾ ਤਮਾਸ਼ਾ ਖੇਡਦੇ ਰਹੇ ਤੇ ਫਿਰ ਵੀ ਉਹਨਾ ਆਖਿਆ:

"ਨਾ-ਮੁਰਾਦ ਅਬਦੁਲ ਸਮੱਦ, ਸੱਤ ਸੌ ਕੈਦੀਆਂ ਨਾਲ ਸਮਝਦਾ ਹੈ ਸਾਰੀ ਦਿੱਲੀ ਸੰਤੁਸ਼ਟ ਹੋ ਜਾਵੇਗੀ!"

ਬੰਦਾ ਸਿੰਘ ਤੇ ਉਹਦੇ ਛੱਬੀ ਸਾਥੀਆਂ ਨੂੰ ਤਿੰਨ ਮਹੀਨੇ ਹੋਰ ਉਡੀਕਣਾ ਪਿਆ। ਇਸ ਸਮੇਂ ਵਿਚ ਨਿਤਾ-ਪ੍ਰਤੀ ਉਹਨਾਂ ਕੋਲੋਂ ਖ਼ਾਲਸੇ ਦੇ ਖ਼ਜ਼ਾਨੇ ਬਾਰੇ ਪੁਛਿਆ ਜਾਂਦਾ। "ਸਰਹਿੰਦ ਵਰਗੇ ਅਮੀਰ ਸ਼ਹਿਰ ਦੀ ਦੌਲਤ ਆਖ਼ਿਰ ਗਈ ਕਿਧਰ?" ਫ਼ਰਖਸੀਅਰ ਆਖਦਾ। "ਜੇ ਲੋਹ ਗੜ੍ਹ ਵਿਚੋਂ ਕੁਝ ਨਹੀਂ ਲਭਿਆ ਤੇ ਜੇ ਗੁਰਦਾਸ ਨੰਗਲ ਵੀ ਖ਼ਾਲਮਖ਼ਾਲੀ ਦਿਸਿਆ ਹੈ ਤਾਂ ਜ਼ਰੂਰ ਮਰਦੂਦ ਬੰਦੇ ਨੇ ਇਹ ਦੌਲਤ ਕਿਤੇ ਹੋਰ ਥਾਂ ਛੁਪਾਈ ਹੋਣੀ ਹੈ।" ਸਰਹਿੰਦ ਹੀ ਨਹੀਂ, ਪਿਛਲੇ ਛੇਆਂ ਸਾਲਾਂ ਵਿਚ ਹੋਰਨਾਂ ਥਾਵਾਂ ਤੋਂ ਸਣੇ ਕਲਾਨੌਰ ਤੇ ਗੁਰਦਾਸਪੁਰ ਦੇ, ਬੇਅੰਤ ਧੰਨ ਲੁਟਿਆ ਗਿਆ ਸੀ।

ਤਿੰਨ ਮਹੀਨੇ ਕਦੀ ਪਿਆਰ ਨਾਲ ਤੇ ਕਦੀ ਤਸੀਹੇ ਦੇ ਦੇ ਕੇ ਇਸ ਖ਼ਜ਼ਾਨੇ ਦਾ ਪਤਾ ਸੌ ਲੈਣ ਦਾ ਉਪਰਾਲਾ ਕੀਤਾ ਗਿਆ ਪਰ ਬੰਦਾ ਸਿੰਘ ਜਾਂ ਉਹਦੇ ਸਾਥੀਆਂ ਕੋਲ ਕੋਈ ਖ਼ਜ਼ਾਨਾ ਹੋਵੇ ਤਾਂ ਦੱਸਣ? ਖ਼ਾਲਸੇ ਨੇ ਵੀ ਕਦੀ ਮਾਇਆ ਜੋੜੀ? ਖ਼ਾਲਸੇ ਨੇ ਵੀ ਕਦੀ ਖ਼ਜ਼ਾਨੇ ਦੱਬੇ? ਖੁਲ੍ਹਾ ਦਿਲ, ਖੁਲ੍ਹੇ ਵਿਚਾਰ, ਖੁਲ੍ਹੇ ਦਰਿਸ਼ਟੀਕੋਣ, ਖੁਲ੍ਹਾ ਜੀਵਨ — ਇਹੋ ਜਿਹਾ ਖ਼ਾਲਸਾ ਕੀ ਜੋੜ ਜੋੜ ਕੇ ਮਾਇਆ ਰਖੇ? ਜਦੋਂ ਹਕੂਮਤ ਮਾਯੂਸ ਹੋ ਗਈ ਤਾਂ ਇਹਨਾਂ ਨੂੰ ਵੀ ਕਤਲ ਕਰ ਦੇਣ ਦਾ ਹੁਕਮ ਦੇ ਦਿਤਾ ਗਿਆ।

ਬੰਦਾ ਸਿੰਘ ਬਹਾਦਰ ਤੇ ਉਹਦੇ ਸਾਥੀਆਂ ਦਾ ਕਤਲ ਕੋਈ ਅਲੋਕਾਰ ਘਟਨਾ ਨਹੀਂ। ਜਿਹੜਾ ਆਦਮੀ ਉਹਨਾਂ ਸਮਿਆਂ ਦੀ ਸਪਿਰਟ ਨੂੰ ਸਮਝਦਾ ਹੈ ਉਹਦੇ ਵਾਸਤੇ ਇਹਦੇ ਵਿਚ ਲੂੰ ਕੰਡੇ ਖੜੇ ਕਰਨ ਵਾਲੀ ਕੋਈ ਗੱਲ ਨਹੀਂ। ਤੇ ਜਿਹੜਾ ਆਦਮੀ ਉਸ ਸਪਿਰਟ ਨੂੰ ਪਕੜ ਨਹੀਂ ਸਕਦਾ ਉਹ ਵੀ ਹਉਕੇ ਨਹੀਂ ਭਰ ਸਕੇਗਾ, ਨਾ ਹੀ ਉਹਦੀਆਂ ਅੱਖਾਂ ਵਿਚੋਂ ਅਥਰੂ ਡਿਗ ਸਕਣਗੇ, ਕਿਉਂ ਜੋ ਉਹੋ ਜਿਹਾ ਆਦਮੀ ਇਹੋ ਜਿਹੀ ਵਾਰਤਾ ਜਾਣ ਕੇ ਸਿਰਫ਼ ਸੁਨ ਹੀ ਹੋ ਸਕਦਾ ਹੈ। ਉਹਨੂੰ ਪੀੜ ਨਹੀਂ ਪੋਹ ਸਕਦੀ, ਉਹਨੂੰ ਦੁਖ ਨਹੀਂ ਦੁਖਾ ਸਕਦਾ।

੧੯ ਜੂਨ ੧੭੧੬ ਦੀ ਸਵੇਰ ਕੀ ਹੋਇਆ ਜੇ ਬੰਦਾ ਸਿੰਘ ਨੂੰ, ਉਹਦਾ ਮੋਜੂ ਉਜ਼ਾਣ ਵਾਸਤੇ, ਕਤਲ ਤੋਂ ਪਹਿਲੇ ਫ਼ੌਜੀ ਵਰਦੀ ਪਹਿਨਾਂਈ ਗਈ। ਕੀ ਹੋਇਆ ਜੇ ਉਸ ਦਿਨ ਦਿੱਲੀ ਵਾਸੀਆਂ ਨੂੰ ਗਿਠ ਗਿਠ ਲਾਲੀਆਂ ਚੜ੍ਹ ਗਈਆਂ? ਕੀ ਹੋਇਆ ਜੇ ਦਿੱਲੀ ਵਾਸੀਆਂ ਨੇ ਬੰਦਾ ਸਿੰਘ ਬਹਾਦਰ ਤੇ ਉਹਦੇ ਸਾਥੀਆਂ ਉੱਤੇ ਥੁਕਿਆ? ਕੀ ਹੋਇਆ? ਹਾਂ, ਕੀ ਹੋਇਆ ਜੇ ਅਜ ਮਕਤੂਲਾਂ ਨੂੰ ਸਜ ਧੱਜ ਨਾਲ ਤੇ ਵਾਜਿਆਂ ਤੂਤੀਆਂ ਨਾਲ ਕਤਲਗਾਹ ਵੱਲ ਲੈਜਾਇਆ ਗਿਆ?

ਹਕੂਮਤ ਜੇਤੂ ਹੋਈ ਸੀ। ਉਹਦਾ ਇਖ਼ਲਾਕੀ ਅਧਿਕਾਰ ਸੀ ਕਿ ਆਪਣੇ ਕੈਦੀਆਂ ਨਾਲ ਉਹ ਜਿਸ ਤਰ੍ਹਾਂ ਦਾ ਚਾਹੁੰਦੀ ਵਰਤਾਅ ਕਰਦੀ। ਕੋਈ ਜ਼ੁਲਮ ਵੀ ਜ਼ੁਲਮ ਨਹੀਂ ਜੇ ਜ਼ਾਲਮ ਨੂੰ ਆਪਣੇ ਜ਼ੁਲਮ ਦਾ ਅਹਿਸਾਸ ਨਹੀਂ। ਜਲੂਸ ਸ਼ਾਹੀ ਕਿਲੇ ਤੋਂ ਨਿਕਲਿਆ ਤੇ ਖ਼ਾਜਾ ਕੁਤਬਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਕੋਲ ਪਹੁੰਚਿਆ। ਦਰਗਾਹ ਦੇ ਕੋਲ ਕਤਲਗਾਹ। ਕਤਲਗਾਹ ਪਵਿਤ੍ਰ ਹੋਈ ਦਰਗਾਹ ਦੀ ਨੇੜਤਾ ਨਾਲ ਤੇ ਦਰਗਾਹ ਹੋਰ ਵੀ ਪਵਿਤ੍ਰ ਹੋਈ ਕਤਲਗਾਹ ਦੀ ਨੇੜਤਾ ਨਾਲ।

ਪਹਿਲੇ ਖ਼ਾਲਸਾ ਪੰਥ ਦੇ ਛੱਬੀ ਹੋਣਹਾਰ ਜਰਨੈਲ ਸ਼ਹੀਦ ਕੀਤੇ ਗਏ। ਏਨੇ ਅਹਿਮਕ ਸਨ ਇਹ ਸਾਰੇ ਕਿ ਕਿਸੇ

Scanned by CamScanner

ਨੇ ਵੀ ਮੌਤ ਦੀ ਥਾਂ ਇਸਲਾਮ ਨਾ ਕਬੂਲਿਆ। ਸਭ ਤੋਂ ਪਹਿਲੇ ਭਾਈ ਬਾਜ ਸਿੰਘ ਨੂੰ ਚੁਣਿਆ ਗਿਆ, ਜਿਵੇਂ ਬਿਲਕੁਲ ਯੋਗ ਸੀ। ਉਸ ਆਪਣੇ ਚਿਟੇ ਦਾੜ੍ਹੇ ਉਤੇ ਹੱਥ ਫੇਰਿਆ, ਜਿਵੇਂ ਉਹਦੀ ਆਦਤ ਸੀ ਤੇ ਬੰਦਾ ਬਹਾਦਰ ਵਲ ਵੇਖਿਆ। ਬੰਦਾ ਸਿੰਘ ਬਹਾਦਰ ਮੁਸਕਰਾਇਆ, ਜਿਵੇਂ ਉਹਦੀ ਆਦਤ ਸੀ, ਤੇ ਉਸ ਮਨ ਹੀ ਮਨ ਆਖਿਆ: "ਖਾਲਸਾ ਜੀ, ਗੁਰੂ ਬਾਬਾ ਤੁਹਾਡੇ ਅੰਗ-ਸੰਗ ਹੋਵੇ।" ਭਾਈ ਬਾਜ ਸਿੰਘ ਨੇ ਗੱਜ ਕੇ ਜੈਕਾਰਾ ਛਡਿਆ, "ਬੋਲੇ ਸੋ ਨਿਹਾਲ"। ਸਾਰੇ ਸਿਖ ਗੱਜੇ, "ਸਤਿ ਸ੍ਰੀ ਅਕਾਲ"।

ਕਾਤਲਾਂ ਤੇ ਜੱਲਾਦਾਂ ਨੂੰ ਪੀੜ ਪੈ ਗਈ। ਉਹਨਾਂ ਇਹਨਾਂ ਸਿਖਾਂ ਨੂੰ ਚਾਬਕਾਂ ਨਾਲ, ਤਲਵਾਰਾਂ ਨਾਲ, ਚਿਮਟਿਆਂ ਨਾਲ, ਛੱਤਾਂ ਨਾਲ ਮਾਰਿਆ। ਦਰਸ਼ਕਾਂ ਨੇ ਇਹਨਾਂ ਮਰਦੂਦਾਂ ਉਤੇ ਥੁਕਿਆ। ਇਹਨਾਂ ਬਦਾਂ ਨੇ ਖਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਨੂੰ ਅਪਵਿੱਤਰ ਕਰ ਦਿਤਾ ਸੀ। ਉਫ਼ ! ਇਹ ਸਿਖ ਕੀ ਸਮਝਦੇ ਸਨ ਕਿ ਇਹ ਕੈਦੀ ਨਹੀਂ, ਕਿ ਇਹ ਹਾਰੇ ਨਹੀਂ। ਪਰ ਅਫ਼ਸੋਸ ਕਿ ਮਰਦੂਦ ਸਿੰਘ ਇਹੋ ਹੀ ਸਮਝਦੇ ਸਨ। ਮੁਗ਼ਲ ਹਕੂਮਤ ਸਮਝਦੀ ਕਿ ਜਿਤ ਉਹਨਾਂ ਦੀ ਹੋਈ ਹੈ, ਪਰ ਬੰਦਾ ਸਿੰਘ ਤੇ ਉਹਦੇ ਸਾਥੀ ਅਜੇ ਤਕ ਵੀ ਸਮਝਦੇ ਕਿ ਹਕੂਮਤ ਹਾਰ ਗਈ ਹੈ, ਜਿਤਿਆ ਖ਼ਾਲਸਾ ਹੈ ਤੇ ਜਿਤਿਆ ਹੈ ਗੁਰੂ ਗੋਬਿੰਦ ਸਿੰਘ ਤੇ ਉਹਦੀ ਦਾਤ — ਅੰਮ੍ਰਿਤ।

ਭਾਈ ਬਾਜ ਸਿੰਘ ਨੇ ਅਜਿਹੀ ਰੀਤੀ ਚਲਾਈ ਕਿ ਹੁਣ ਹਰ ਇਕ ਸਿਖ ਜਰਨੈਲ ਮਰਦਾ ਮਰਦਾ ਵੀ ਜੈਕਾਰਾ ਛਡਦਾ ਤੇ ਹਾਕਮਾਂ ਨੂੰ ਉਹਨਾਂ ਦੀ ਹੋਈ ਹਾਰ ਦਾ ਯਕੀਨ ਦਵਾਂਦਾ ਲਗਦਾ। ਇਹਨਾਂ ਛੱਬੀ ਜਰਨੈਲਾਂ ਦੇ ਸਿਰ ਨੇਜ਼ਿਆਂ ਉਪਰ ਟੰਗ ਕੇ ਬੰਦਾ ਸਿੰਘ ਦੇ ਦਵਾਲੇ ਖੜੇ ਕਰ ਦਿਤੇ ਗਏ। ਹੁਣ ਬੰਦਾ ਸਿੰਘ ਬਹਾਦਰ ਦੇ ਚੌਂਹ ਵਰ੍ਹਿਆਂ ਦੇ ਪੁਤਰ ਨੂੰ ਪਿਤਾ ਦੀ ਗੋਦ ਵਿਚ ਰਖਿਆ ਗਿਆ। ਤੇ ਫਿਰ ਜਲਾਦਾਂ ਨੇ ਇਸ "ਜੰਮਦੀ ਸੂਲ" ਦਾ ਮੂੰਹ ਭੰਨ ਦਿਤਾ। ਉਹਦੇ ਟੁਕੜੇ ਟੁਕੜੇ ਕਰ ਦਿਤੇ। ਪੁੱਤਰ ਦੇ ਤੜਪਦੇ ਕਲੇਜੇ ਨੂੰ ਪਿਤਾ ਦੇ ਮੂੰਹ ਵਿਚ ਤੁਨਿਆ ਗਿਆ। ਉਸ ਵੇਲੇ ਸਾਰੀ ਖ਼ਲਕਤ ਖਿੜ-ਖਿੜਾ ਕੇ ਹੱਸੀ। ਦਰਸ਼ਕਾਂ ਨੇ ਤਾੜੀਆਂ ਮਾਰੀਆਂ। ਬੱਚਿਆਂ ਨੇ ਖਿੱਲੀ ਪਾਈ। ਬੰਦਾ ਸਿੰਘ ਆਪ ਵੀ ਮੁਸਕਰਾਇਆ। ਉਹਦੀਆਂ ਸੁਰਖੀਆਂ ਮਾਇਲ ਅੱਖਾਂ ਵਿਸੇ ਰੱਬੀ ਜੋਤਨਾ ਨਾਲ ਭਰ ਗਈਆਂ। ਉਹਦੇ ਮੁਖੜੇ ਉੱਤੇ ਜਿਵੇਂ ਕੋਈ ਇਲਾਹੀ ਨੂਰ ਆ ਵਸਿਆ, ਉਹਦਾ ਚਿਟਾ ਹੋ ਰਿਹਾ ਦਾੜ੍ਹਾ ਹਵਾ ਨਾਲ ਹਿਲਿਆ, ਪਰ ਉਹ ਆਪ ਸੀ ਅਹਿੱਲ, ਅਡੋਲ, ਸ਼ਾਂਤ, ਅਭਿੱਜ।

ਉਸ ਤੋਂ ਪਿਛੋਂ ਇਕ ਵਾਰ ਫਿਰ ਕੋਤਵਾਲ ਨੇ ਪੁਛਿਆ, "ਇਸਲਾਮ ਕਿ ਮੌਤ ?" ਬੰਦਾ ਸਿੰਘ ਬਹਾਦਰ ਮੁਸਕਰਾਇਆ। ਉਹਦੀ ਮੁਸਕਰਾਹਟ ਦਸਦੀ ਲਗੀ ਕਿ ਉਸ ਆਦਮੀ ਦੇ ਦਿਲ ਵਿਚ ਕੋਈ ਵੈਰ ਨਹੀਂ, ਕੋਈ ਦਵਾਇਸ਼ ਨਹੀਂ। ਉਸ ਮੁਸਕਰਾਹਟ ਨੇ ਦਸਿਆ ਕਿ ਬੰਦਾ ਸਿੰਘ ਦੇ ਦਿਲ ਵਿਚ ਉਸ ਵੇਲੇ ਕਿਸੇ ਫ਼ਾਸੇਤੇ ਨਫ਼ਰਤ ਨਹੀਂ। ਇਹ ਮੁਸਕਰਾਹਟ ਲਖਾਇਕ ਸੀ ਇਸ ਗੱਲ ਦੀ ਕਿ ਬੰਦਾ ਸਿੰਘ ਬਹਾਦਰ ਅਸਲੀ ਜੋਤੂ ਹੈ ਕਿ ਉਹ ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਹਾਰਿਆ। ਇਹ ਮੁਸਕਰਾਹਟ ਲਖਾਇਕ ਸੀ ਇਸ ਗੱਲ ਦੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਸਫ਼ਲ ਹੋਇਆ ਹੈ ਤੇ ਅੰਤ ਰਾਜ ਖ਼ਾਲਸਾ ਹੀ ਕਰੇਗਾ। ਇਹ ਮੁਸਕਰਾਹਟ ਲਖਾਇਕ ਸੀ ਇਸ ਗੱਲ ਦੀ ਕਿ ਸਲਤਨੱਤ ਬਿਖਰੀ ਕਿ ਬਿਖਰੀ, ਬਰਬਾਦ ਹੋਈ ਕਿ ਹੋਈ। ਇਹ ਮੁਸਕਰਾਹਟ ਲਖਾਇਕ ਸੀ ਇਸ ਗੱਲ ਦੀ ਕਿ ਇਨਸਾਨ ਮਰ ਜਾਂਦਾ ਹੈ, ਪਰ ਉਹਦਾ ਮੱਚ, ਉਹਦੀ ਸਪਿਰਟ, ਉਹਦੀ ਰੂਹ ਨਹੀਂ ਮਰਦੀ। ਇਹ ਮੁਸਕਰਾਹਟ ਲਖਾਇਕ ਸੀ ਇਸ ਗੱਲ ਦੀ ਕਿ ਬੰਦਾ ਸਿੰਘ ਮੁਸਲਮਾਨਾਂ ਨੂੰ ਤਾਂ ਕੀ, ਜਾਬਰ ਹੁਕਮਰਾਨਾਂ ਨੂੰ ਵੀ ਦਿਲੋਂ ਨਫ਼ਰਤ ਨਹੀਂ ਸੀ ਕਰਦਾ। ਪ੍ਰਮਾਤਮਾ ਦੀ ਹਜ਼ੂਰੀ ਵਿਚ ਕੁਲ ਖ਼ਲਕਤ ਬਰਾਬਰ ਸੀ। ਤੇ ਅੰਤ ਵਿਚ ਇਹ ਮੁਸਕਰਾਹਟ ਜੁਆਬ ਸੀ ਕੋਤਵਾਲ ਨੂੰ ਕਿ ਬੰਦਾ ਸਿੰਘ ਬਹਾਦਰ ਇਸਲਾਮ ਨਹੀਂ ਮੌਤ ਸਵੀਕਾਰ ਕਰਦਾ ਹੈ।

ਉਸ ਦਿਨ ਬੰਦਾ ਸਿੰਘ ਬਹਾਦਰ ਦੇ ਜਿਹੜੇ ਜਰਨੈਲ ਸ਼ਹੀਦ ਹੋਏ ਉਹਨਾਂ ਵਿਚੋਂ ਇਕ ਜਰਨੈਲ ਸੀ, ਗਾਹਬਾਜ ਸਿੰਘ। ਤੇ ਉਸ ਦਿਨ ਜਿਨ੍ਹਾਂ ਦਰਸ਼ਕਾਂ ਨੇ ਇਹ ਨਜ਼ਾਰਾ ਵੇਖਿਆ ਉਹਦੇ ਵਿਚੋਂ ਇਕ ਦਰਸ਼ਕ ਸੀ ਜਾਂਬਾਜ ਸਿੰਘ।

Scanned by CamScanner

੩੯

ਜਾਂਬਾਜ਼ ਸਿੰਘ ਪਿਛਲੇ ਚੌਹਾਂ ਕੁ ਮਹੀਨਿਆਂ ਦਾ ਦਿੱਲੀ ਹੀ ਸੀ। ਬੋਭੀ, ਬਲਵੰਤ, ਪਾਸ਼ੋ, ਅਨੰਦ ਤੇ ਕਾਲ੍ਹੂ ਨੂੰ ਮਾਹਿਲ ਛਡ ਕੇ ਉਹ ਅਗਲੇ ਦਿਨ ਅੰਮ੍ਰਿਤਸਰ ਹੀ ਜਲੂਸ ਨਾਲ ਆ ਸ਼ਾਮਿਲ ਹੋਇਆ ਸੀ। ਜਾਂਬਾਜ਼ ਦਿੱਲੀ ਆਇਆ ਸੀ ਤਾਂ ਜੋ ਉਹ ਆਪਣੇ ਵੀਰ ਸ਼ਾਹਬਾਜ਼ ਨੂੰ ਸ਼ਹੀਦ ਹੁੰਦਿਆਂ ਵੇਖ ਸਕੇ, ਤਾਂ ਜੋ ਜਿਹੜਾ ਉਤਾਰ-ਚੜ੍ਹਾ ਉਹਨੂੰ ਚਿਰਾਂ ਤੋਂ ਉਪਰਾਮ ਕਰ ਰਿਹਾ ਸੀ ਉਹ ਉਹਦਾ ਕੋਈ ਨਿਰਠੇ-ਜਠਕ ਹਲ ਲਭ ਸਕੇ। ਚੌਥੀ ਵਾਰ ਕੇਸ ਕਟਾਣ ਬਾਅਦ, ਕਾਲ੍ਹੂ ਦੇ ਕਤਲ ਨਾਲ ਤੇ ਆਖ਼ਰੀ ਵਾਰ ਸ਼ਾਹਬਾਜ਼ ਦੇ ਘਰ ਛਡ ਜਾਣ ਪਿਛੋਂ ਜਾਂਬਾਜ਼ ਉਪਰਾਮ ਰਿਹਾ ਸੀ। ਉਹਦੇ ਦਿਲ ਵਿਚ ਸ਼ੰਕੇ ਉਪਜਦੇ ਰਹੇ ਸਨ ਜਿਨ੍ਹਾਂ ਦਾ ਕਿ ਉਹ ਜੁਆਬ ਨਾ ਲਭ ਸਕਦਾ। ਉਹਨੂੰ ਆਪਣੇ ਅੰਦਰ ਕੋਈ ਸ਼ੈ ਚੁਭਦੀ ਲਗਦੀ। ਉਹਨੂੰ ਕੋਈ ਆਵਾਜ਼ ਕਹਿੰਦੀ ਜਾਪਦੀ ਕਿ ਉਹਨੇ ਸਿਖੀ ਨਾਲ ਤੇ ਅੰਮ੍ਰਿਤ ਨਾਲ ਨਿਆਂ ਨਹੀਂ ਕੀਤਾ।

ਜਦੋਂ ਕੁਝ ਸਿਖਾਂ ਨੇ ਬੰਦਾ ਸਿੰਘ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਝੁਠਲਾ ਕੇ ਸੂਬਾ ਲਾਹੌਰ ਕੋਲ ਨੌਕਰੀ ਕੀਤੀ ਤਾਂ ਜਾਂਬਾਜ਼ ਨੂੰ ਘੋਰ ਦੁਖ ਹੋਇਆ। ਉਹਨੂੰ ਜਾਪਿਆ ਕਿ ਹੁਣ ਬੰਦਾ ਬਹਾਦਰ ਦੀ ਸਹਾਇਤਾ ਕਰਨ ਦਾ ਵਕਤ ਆ ਗਿਆ ਹੈ। ਉਹਨੂੰ ਜਾਪਿਆ ਕਿ ਉਹ ਅਜੇ ਤਕ ਭੰਭਲਭੂਸੇ ਖਾਂਦਾ ਰਿਹਾ ਹੈ ਤੇ ਸਹੀ ਮਾਰਗ ਨਹੀਂ ਪਛਾਣ ਸਕਿਆ।

ਸ਼ੁਰੂ ਤੋਂ ਉਹ ਆਪਣੇ ਸ਼ਾਹਬਾਜ਼ ਵਲ ਵਖਦਾ ਆਇਆ ਸੀ ਤੇ ਫਿਰ ਉਹਦਾ ਆਪਣਾ ਗੁਰਦਾਸ ਵਡਾ ਹੋ ਗਿਆ। ਉਹਦਾ ਆਪਣਾ ਅੱਠ ਸਾਲਾ ਗੁਰਦਾਸ, ਉਹਨੂੰ ਲੱਗਾ ਕਿ ਉਮ੍ਰ, ਸਿਆਣਪ, ਸ਼ਰਧਾ ਤੇ ਵਿਸ਼ਵਾਸ ਵਿਚ, ਉਹਦੇ ਨਾਲੋਂ ਵੀ ਵੱਡਾ ਹੈ। ਗੁਰਦਾਸ ਨੇ ਕਿਹਾ ਸੀ ਕਿ ਉਹਦਾ ਸਮੁੱਚਾ ਜੀਵਨ ਗੁਰੂ ਗੋਬਿੰਦ ਸਿੰਘ ਜੀ ਵਾਸਤੇ ਹੈ ਤੇ ਇਹ ਕਿ ਉਹਦੀ ਜ਼ਿੰਦਗੀ ਖ਼ਾਲਸਾ ਪੰਥ ਦੀ ਅਮਾਨਤ ਹੈ। ਇਹ ਸੁਣ ਕੇ ਜਾਂਬਾਜ਼ ਨੇ ਆਪਣੇ ਆਪ ਕੋਲੋਂ ਪੁਛਿਆ.,"ਤੇ ਮੇਰੀ ਜ਼ਿੰਦਗੀ ਕਿਦ੍ਹੀ ਅਮਾਨਤ ਹੈ ? ਮੈਂ ਅਜੇ ਤਕ ਕਿਸ ਲਈ ਜੀਊਂਦਾ ਰਿਹਾ ਹਾਂ ?"

ਆਪਣੇ ਆਪ ਨੂੰ ਸਚਿਆਂ ਸਾਬਤ ਕਰਨ ਵਾਸਤੇ ਜਾਂਬਾਜ਼ ਸੋਚਦਾ ਕਿ ਉਹਦਾ ਘਰ ਰਹਿਣਾ ਇਕ ਸਮਾਜਕ ਲੋੜ ਸੀ। ਜੇ ਉਹ ਘਰ ਨਾ ਹੁੰਦਾ ਤਾਂ ਘਰ ਦਾ ਖ਼ਿਆਲ ਕੌਣ ਰਖਦਾ ? ਬੇਸ਼ਕ ਉਸ ਵੇਲੇ ਕਿਸੇ ਵੀ ਘਰਾਣੇ ਵਿਚ ਸਾਰੇ ਦੇ ਸਾਰੇ ਭਰਾ ਸਿਖ ਨਹੀਂ ਸਨ ਹੁੰਦੇ। ਪਰ...ਪਰ ਉਹ ਇਹ ਵੀ ਸੋਚਦਾ ਕਿ ਜਦੋਂ ਧਰਮ ਤੇ ਫ਼ਰਜ਼ ਦੇ ਸਾਹਮਣੇ ਸਮਾਜਕ ਲੋੜ ਆ ਖਲੋਤੀਆਂ ਤਾਂ ਫਿਰ ਧਰਮ ਕਿਹਾ ਤੇ ਫ਼ਰਜ਼ ਕਿਹਾ ? ਆਖ਼ਿਰ ਹੁਣ ਵੀ ਤਾਂ ਉਹੋ ਲੋੜਾਂ ਸਾਹਮਣੇ ਹਨ। ਬੁਢਾ ਮੱਲ ਗਿਆ, ਗੁਰਦਾਸ ਗਿਆ ਤੇ ਹੁਣ ਸ਼ਾਹਬਾਜ਼ ਵੀ ਸਦਾ ਲਈ ਜਾ ਰਿਹਾ ਸੀ। ਇਹੋ ਜਹੇ ਖ਼ਿਆਲਾਂ ਤੇ ਇਹੋ ਜਿਹੀ ਆਤਮ-ਵਿਰੋਧੀ ਦਲੀਲਬਾਜ਼ੀ ਨਾਲ ਉਪਰਾਮ ਜਾਂਬਾਜ਼ ਅੰਮ੍ਰਿਤਸਰ ਤੋਂ ਬੰਦਾ ਸਿੰਘ ਬਹਾਦਰ ਦੇ ਜਲੂਸ ਨਾਲ ਹੋ ਟੁਰਿਆ। ਤੇ ਅਜ [illegible] ਬੰਦਾ ਸਿੰਘ ਤੇ ਉਹਦੇ ਛੱਬੀ ਜਰਨੈਲਾਂ ਨੂੰ ਸ਼ਹੀਦ ਹੁੰਦੇ ਤਕਿਆ। ਇਹਨਾਂ ਸ਼ਹੀਦਾਂ ਵਿਚ ਉਹਦਾ ਭਰਾ [illegible] ਸਿੰਘ ਵੀ ਸੀ।

Scanned by CamScanner

ਜਾਂਬਾਜ਼ ਇਕ ਪਿਛੋਂ ਦੂਜੇ ਬੀਰ ਜੋਧੇ ਨੂੰ ਸ਼ਹੀਦ ਹੁੰਦੇ ਵੇਖ ਰਿਹਾ ਸੀ ਤੇ ਉਹਨੂੰ ਲਗ ਰਿਹਾ ਸੀ ਕਿ ਜਿਵੇਂ ਉਹਦੇ ਕੇਸ ਪਲੋਪਲੀ ਲੰਮੇ ਹੁੰਦੇ ਜਾ ਰਹੇ ਹੋਣ। ਉਹਨੂੰ ਇਸੇ ਤਰ੍ਹਾਂ ਜਾਪ ਰਿਹਾ ਸੀ ਕਿ ਅਜ ਉਹ ਪੰਜਵੀਂ ਵਾਰ ਅੰਮ੍ਰਿਤ ਪਾਣ ਕਰ ਰਿਹਾ ਹੈ ਤੇ ਉਹਦਾ ਸਰੀਰ ਤੇ ਰੂਹ ਇਕ ਨਵੇਂ ਸੱਚੇ ਵਿਚ ਦਲ ਰਹੀਆਂ ਹਨ। ਇਕਾ-ਇਕ ਉਹਦੇ ਅੰਦਰ ਅੰਠੀਂ ਬਕਤੀ ਜਾਗੀ ਕਿ ਉਹਦੇ ਕੋਲੋਂ ਆਪਣਾ ਆਪ ਸੰਭਾਲ੍ਹਣ ਨਾ ਹੋਇਆ। ਉਹ ਇਕਲਵਾਂਝੇ ਜਾ ਕੇ ਬਹਿ ਗਿਆ। ਜਦੋਂ ਉਹ ਆਪਣੇ ਆਪ ਵਿਚ ਆਇਆ ਤਾਂ ਧੁੰਧਲਕਾ ਡੂੰਘਾ ਹੋ ਚੁਕਾ ਸੀ ਤੇ ਕਤਲ-ਗਾਹ ਖ਼ਾਲੀ ਸੀ। ਉਹ ਉੱਠਿਆ, ਉਸ ਆਪਣੇ ਹੱਥ ਚੁੰਮੇ ਤੇ ਫਿਰ ਇਹ ਪਵਿਤਰ ਕੀਤੇ ਹਥ ਉਸ ਆਪਣੇ ਧੌਲੇ ਹੋ ਰਹੇ ਕੇਸਾਂ ਉਤੇ ਫੇਰੇ ਤੇ ਇਕ ਵਾਰ ਫਿਰ ਹਥ ਚੁੰਮ ਕੇ ਉਸ ਕਿਹਾ: "ਖ਼ਾਲਸਾ ਅਮਰ ਹੈ। ਇਹਨਾਂ ਸ਼ਹੀਦੀਆਂ ਨਾਲ ਖ਼ਾਲਸਾ ਪੰਥ ਸ਼ਹੀਦ ਨਹੀਂ ਹੋਇਆ। ਅਜ ਮੇਰੇ ਅੰਦਰ ਉਹ ਲਾਟ ਪ੍ਰਜਵਲਤ ਹੋਈ ਹੈ ਕਿ ਫਿਰ ਕਦੇ ਨਹੀਂ ਬੁਝੇਗੀ। ਧੰਨ ਸਿਖੀ; ਧੰਨਿਓ' ਤਿੱਖੀ।"

Scanned by CamScanner

ਜੋਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ ॥
ਝੂਲਣ ਨੇਜੇ ਬੈਰਕਾ ਨੀਸਾਣ ਲਸਨਿ ਲਿਸਾਵਲੇ ॥
ਢੋਲ ਨਗਾਰੇ ਪਉਣਦੇ ਉਘਨ ਜਾਣ ਜਟਾਵਲੇ ॥
ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ ॥
ਬੀਰ ਪਰੋਤੇ ਬਰਛੀਏਂ ਜਣ ਡਾਲ ਚੱਮੁਟੇ ਆਵਲੇ ॥
ਇਕ ਵੱਢੇ ਤੇਗੀ ਤੜਛੀਅਨ ਮਦ ਪੀਤੇ ਲੱਟਨਿ ਬਾਵਲੇ ॥
ਇਕ ਚੁਣਿ ਚੁਣਿ ਝਾੜਉ ਕਢੀਅਨ ਰੇਤ ਵਿਚੋਂ ਸੁਇਨਾ ਡਾਵਲੇ ॥
ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ ॥
ਜਣ ਡਸੇ ਭੁਜੰਗਮ ਸਾਵਲੇ ॥ ਮਰ ਜਾਵਨ ਬੀਰ ਰੁਹਾਵਲੇ ॥

Scanned by CamScanner

੪੦

ਸਿਰ ਘੋਟਵੀਂ ਪੱਗ, ਗਲ ਖੱਦਰ ਦਾ ਕੁੜਤਾ, ਤੇੜ ਕਛਹਿਰਾ ਤੇ ਪੈਰੀਂ ਧੋੜੀ ਦੀ ਮੋਟੀ ਜੁੱਤੀ, ਇਹ ਉਹਨਾਂ ਦਿਨਾਂ ਵਿਚ ਸਿਖ ਸਿਪਾਹੀ ਦੀ ਵਰਦੀ ਹੋਇਆ ਕਰਦੀ ਸੀ ਤੇ ਇਹੋ ਵਰਦੀ ਪਾਈ ਅੱਜ ਜਾਂਬਾਜ਼ ਸਿੰਘ ਮਾਹਿਲ ਆਪਣੇ ਪਿੰਡ ਛਤਹ ਗੜ੍ਹ ਵਿਚ ਖੂਹ ਦੇ ਲਾਗੇ ਬੈਠਾ ਸੀ। ਇਹ ਸਿਪਾਹੀ ਪਿਛਲੇ ਚਾਲ੍ਹੀ ਸਾਲਾਂ ਤੋਂ ਮੁਗਲਾਂ ਤੇ ਪਠਾਣਾਂ ਨਾਲ ਲੜਦਾ ਆ ਰਿਹਾ ਸੀ ਤੇ ਕੱਲ੍ਹ ਹੀ ਆਪਣੀ ਲਗਨ, ਤੇ ਆਪਣੇ ਜੀਵਨ ਦੀ ਸਭ ਤੋਂ ਵੱਡੀ ਸੱਧਰ ਪੂਰੀ ਕਰਕੇ ਘਰ ਪਰਤਿਆ ਸੀ। ਇਸ ਸਿਪਾਹੀ ਦੀ ਲਗਨ ਤੇ ਸੱਧਰ ਸੀ — ਲਾਹੌਰ ਦੀ ਛਤਹ, ਤੇ ਪੰਦ੍ਹਰਾਂ ਦਿਨ ਪਹਿਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਣੇ ਸਰਦਾਰ ਜਾਂਬਾਜ਼ ਸਿੰਘ ਦੇ, ਲਾਹੌਰ ਉੱਤੇ ਕਾਬਜ਼ ਹੋ ਚੁਕਾ ਸੀ।

ਕੱਲ ਸ਼ਾਮੀ ਜਦੋਂ ਜ਼ਾਂਬਾਜ ਸਿੰਘ ਛਤਹ ਗੜ੍ਹ ਪੁਜਾ ਤਾਂ ਉਹਦੇ ਪਿੰਡ ਵਾਸੀਆਂ ਨੇ ਜੈਕਾਰੇ ਗਜਾਂਦਿਆਂ ਉਹਨੂੰ ਆਪਣੀਆਂ ਅਖੀਆਂ ਉੱਤੇ ਚੁਕ ਲਿਆ। ਨਢਿੱਆਂ ਤੇ ਲਗਨਾਂ ਜੁੜੇ ਬੱਚਿਆਂ ਨੇ ਉਹਦੀ ਚਰਨਧੂੜ ਲਈ। ਆਖਿਰ ਛਤਹ ਗੜ੍ਹ ਵਿਚ ਤੇ ਉਹਦੇ ਆਲੇ ਦੁਆਲੇ ਵਿਚ ਕਿਹੜਾ ਜਾਂਬਾਜ਼ ਦੀ ਸੱਧਰ ਤੇ ਉਹਦੀ ਦਿਲੀ ਚਾਹ ਤੋਂ ਅਨਜਾਣੂ ਸੀ ? ਹਰ ਕੋਈ ਜਾਣਦਾ ਸੀ ਕਿ ਜਾਂਬਾਜ਼ ਨੇ ਲਾਹੌਰ ਨੂੰ ਛਤਹ ਕਰਨ ਤੋਂ ਬਗ਼ੈਰ ਨਾ ਮਰਨ ਦੀ ਸੌਂਹ ਖਾ ਰਖੀ ਹੈ। ਹਰ ਸਾਲ ਮੀਂਹਾਂ ਦੀ ਰੁੱਤੇ ਉਹਨੂੰ ਆਪਣੇ ਪਿਤਾ ਬੁਢਾ ਮੱਲ ਵਾਂਗ ਬਲਗ਼ਾਮ ਦਾ ਦੌਰਾ ਹੋ ਜਾਂਦਾ, ਪਰ ਰੁੱਤ ਬਦਲਦਿਆਂ ਹੀ ਉਹ ਆਪਣੀ ਬਿਮਾਰੀ ਛੰਡ ਕੇ ਆਪਣੀ ਤਲਵਾਰ ਹੱਥ ਵਿਚ ਫੜਦਾ, ਆਪਣਾ ਘੋੜਾ ਕਿੱਲੇ ਨਾਲੋਂ ਖੋਲ੍ਹਦਾ ਤੇ "ਵਾਹਿਗੁਰੂ ਜੀ ਕਾ ਖਾਲਸਾ ਤੇ ਵਾਹਿਗੁਰੂ ਜੀ ਕੀ ਛਤਹ" ਬੁਲਾਂਦਾ ਮੁਲ-ਖ਼ੀਦੀਆਂ ਮੁਹਿੰਮਾਂ ਉੱਤੇ ਚੜ੍ਹ ਉਠਦਾ ਸੀ।

ਸਾਰੇ ਸਾਲ ਵਿਚ ਉਹ ਸਿਰਫ ਸਾਵਣ ਤੇ ਭਾਦਰੋਂ ਦੇ ਦੋ ਮਹੀਨੇ ਹੀ ਛਤਹ ਗੜ੍ਹ ਵਿਚ ਬਿਤਾਉਂਦਾ ਸੀ। ਬਾਕੀ ਦੇ ਦਸ ਮਹੀਨਿਆਂ ਵਿਚੋਂ ਉਹ ਕਦੀ ਇਕ ਰਾਤ ਛਤਹ ਗੜ੍ਹ ਕਦੀ ਦੋ ਰਾਤਾਂ। ਉਹ ਵੀ ਉਦੋਂ ਕਿ ਜਦੋਂ ਉਹਦੀਆਂ ਜਾਂ ਖਾਲਸੇ ਦੀਆਂ ਮੁਹਿੰਮਾਂ ਉਹਨੂੰ ਕਿਤੇ ਛਤਹ ਗੜ੍ਹ ਦੀ ਭੌਂਇ ਵਲ ਧ੍ਰੀਕ ਲਿਆਉਣ।

ਸਿਰਫ ਅੰਤਕੀਂ ਹੀ ਨਹੀਂ, ਹਰ ਵਾਰ ਜਦੋਂ ਜਾਂਬਾਜ਼ ਪਿੰਡ ਆਉਂਦਾ ਜਾਂ ਪਿੰਡੋਂ ਜਾਂਦਾ ਤਾਂ ਪਿੰਡ ਵਾਸੀ ਉਹਦੇ ਆਦਰ ਵਿਚ ਜੈਕਾਰੇ ਛਡਦੇ। ਉਹਨਾਂ ਭਾਣੇ ਛਤਹ ਗੜ੍ਹ ਦੀ ਰੂਹ ਜਾਂਬਾਜ਼ ਸੀ। ਜਦੋਂ ਜਾਂਬਾਜ਼ ਛਤਹ ਗੜ੍ਹ ਆਉਂਦਾ ਤਾਂ ਇੰਜ ਲਗਦਾ ਕਿ ਜਿਵੇਂ ਛਤਹ ਗੜ੍ਹ ਵਿਚ ਨਵਾਂ ਜੀਵਨ ਪੱਸਰ ਗਿਆ ਹੋਵੇ ਵਿਹਲੇ ਲੋਕਾਂ ਨੂੰ ਆਹਰ ਮਿਲ ਗਿਆ ਹੋਵੇ। ਤੇ ਕੰਮ ਕਰਦੇ ਲੋਕਾ ਵਾਸਤੇ ਜ਼ਿੰਦਗੀ ਦੀ ਰੌ ਤੇਜ਼ ਹੋ ਗਈ ਹੋਵੇ। ਆਲਸ ਖ਼ਤਮ ਹੋ ਜਾਂਦਾ ਤੇ ਇਉਂ ਲਗਦਾ ਕਿ ਹਰ ਇਕ ਨੂੰ ਕਿਸੇ ਨਾ ਕਿਸੇ ਸ਼ੈ ਦੀ ਕਾਹਲੀ ਹੈ। ਜਦੋਂ ਵੀ ਜਾਂਬਾਜ਼ ਸਿੰਘ ਪਿੰਡ ਆਉਂਦਾ ਜਾਂ ਪਿੰਡੋਂ ਜਾਂਦਾ ਤਾਂ ਘਟੋ ਘਟ ਤੀਹ ਚਾਲੀ ਲੜਾਕੇ ਉਹਦੇ ਨਾਲ ਆਉਂਦੇ ਜਾਂਦੇ। ਸਭ ਲੋਕ ਵਾਰੀਆਂ ਲੈਂਦੇ ਪਰ ਜਾਂਬਾਜ਼ ਸਿੰਘ ਦੀ ਵਾਰੀ ਕਦੀ ਨਾ ਮੁਕਦੀ। ਲੋਕ ਥੱਕ ਜਾਂਦੇ, ਹੱਫ ਜਾਂਦੇ ਪਰ ਜਾਂਬਾਂਜ਼ ਸਿੰਘ ਕਦੀ ਨਾ ਹੱਫਦਾ — ਕਦੀ ਨਾ ਥੱਕਦਾ।

ਜਿਉਂ ਜਿਉਂ ਵਰ੍ਹੇ ਗੁਜ਼ਰਦੇ ਜਾਂਦੇ ਜਾਂਬਾਜ਼ ਦੀ ਦਾੜ੍ਹੀ ਚਿੱਟੀ ਹੁੰਦੀ ਜਾਂਦੀ। ਉਹਦੇ ਭਰਵੱਟਿਆਂ ਉਤਲੇ ਵਾਲ ਸੰਘਣੇ ਤੇ ਮੋਟੇ ਹੁੰਦੇ ਜਾਂਦੇ, ਉਹਦੇ ਚਿਹਰੇ ਉੱਤੇ ਪਈਆਂ ਝੁਰੜੀਆਂ ਵਧਦੀਆਂ ਜਾਂਦੀਆਂ ਤੇ ਬਲਗ਼ਾਮ ਦੇ ਦੌਰੇ ਦਾ ਜ਼ੋਰ ਵੀ ਵਧਦਾ ਜਾਂਦਾ, ਪਰ ਤਾਂ ਵੀ ਜਾਂਬਾਜ਼ ਸਿੰਘ ਦਾ ਦਿਲ ਜਿਵੇਂ ਅੱਗੇ ਨਾਲੋਂ ਵੀ ਜਵਾਨ ਹੁੰਦਾ ਜਾਂਦਾ, ਉਹਦੀਆਂ ਬਾਹਾਂ ਵਿਚ ਪਹਿਲੇ ਨ ਲੋਂ ਵੀ ਵਧੇਰੇ ਫੁਰਤੀ ਆਉਂਦੀ ਜਾਂਦੀ, ਉਹਦੀਆਂ ਲੱਤਾਂ ਸਗੋਂ ਢੇਰ ਤਕੜੀਆਂ ਹੋਈ ਜਾਂਦੀਆਂ ਤੇ ਉਹਦੀ ਸ਼ਖਸੀਅਤ ਦਾ ਪ੍ਰਭਾਵ ਇਕ ਬੁੱਢੇ ਨਹੀਂ ਨੱਢੇ ਲੜਾਕੇ ਦੇ ਪ੍ਰਭਾਵ ਵਰਗਾ ਪੈਂਦਾ। ਇਸ ਕਾਇਆ-ਕਲਪ ਦਾ ਅਹਿਸਾਸ ਸਿਰਫ ਛਤਹ

Scanned by CamScanner

ਗੜ੍ਹ ਨੂੰ ਹੀ ਨਹੀਂ, ਆਪ ਜਾਂਬਾਜ਼ ਨੂੰ ਵੀ ਸੀ। ਏਸੇ ਲਈ ਜਦੋਂ ਕੋਈ ਅੱਖੜਖਾਂਦ ਛਹਰ ਆਪਣੇ ਬਾਬੇ ਨੂੰ ਮਖੌਲ ਕਰਦੇ ਤਾਂ ਉਹ ਹੱਸ ਕੇ ਆਖਦਾ :

"ਆਹੋ ਪੁੱਤਰ ! ਜਦੋਂ ਤਕ ਲਾਹੌਰ ਨਹੀਂ ਪੁਜਦਾ, ਮੈਂ ਮਰਨਾ ਨਹੀਂ। ਮੈਂ ਸਗੋਂ ਜਵਾਨ ਹੁੰਦੇ ਜਾਣਾ ਹੈ।"

ਕੱਲ੍ਹ ਬਾਬਾ ਜਾਂਬਾਜ਼ ਸਿੰਘ ਲਾਹੌਰ ਨੂੰ ਫ਼ਤਹ ਕਰਕੇ ਘਰ ਮੁੜਿਆ ਸੀ। ਤੇ ਅਜ ਸਵੇਰੇ ਆਲੇ-ਦੁਆਲੇ ਦੇ ਅਨੇਕ ਆਦਮੀ ਇਸ ਜਿੱਤ ਦੀ ਕਹਾਣੀ ਸੁਣਨ ਵਾਸਤੇ ਫ਼ਤਹ ਗੜ੍ਹ ਦੇ ਖੂਹ ਦਵਾਲੇ ਜੁੜ ਗਏ ਸਨ। ਰਾਤੋ ਰਾਤ ਖ਼ਬਰਾਂ ਪੁਜ ਗਈਆਂ ਸਨ ਤੇ ਲੋਕਾਂ ਨੇ ਵਹੀਰਾਂ ਪਾ ਦਿਤੀਆਂ ਸਨ। ਜਾਂਬਾਜ਼ ਸੂਤਰੀ ਮੰਜੀ ਉੱਤੇ ਆ ਬੈਠਾ। ਉਹਦੇ ਆਉਂਦਿਆਂ ਸਾਰ ਹੀ ਭਿੰਨ-ਭਿੰਨੇ ਤੇ ਨਿਕੇ ਨਿਕੇ ਭਾਗਾਂ ਵਿਚ ਖਿੰਡੇ ਆਦਮੀ ਮੰਜੀ ਦਵਾਲੇ ਪਹੁੰਚ ਗਏ। ਖੂਹ ਦੇ ਪਾਰਲੇ ਪਾਸੇ ਇਕੱਤਰ ਹੋਇਆ ਬਾਲਕਾਂ ਦੇ ਝੁੰਡ ਦਾ ਝੁੰਡ ਵੀ ਮੰਜੀ ਦੇ ਪਾਵਿਆਂ ਕੋਲ ਆ ਜੁੜਿਆ। ਉਹਨਾਂ ਬਾਲਕਾਂ ਦੇ ਹੱਥ ਵਿਚ ਲਡੂ ਤੇ ਮਖਾਣੇ ਸਨ। ਫ਼ਤਹ ਗੜ੍ਹ ਦੇ ਲਾਗਲੇ ਪਿੰਡ ਜੋਗੋਪੁਰ ਦੇ ਹਲਵਾਈ ਝੰਡਾ ਸਿੰਘ ਨੇ ਰਾਤੋ ਰਾਤ ਉਚੇਚੇ ਇਹ ਲੱਡੂ ਤੇ ਮਖਾਣੇ ਤਿਆਰ ਕੀਤੇ ਸਨ, ਤੇ ਅੱਜ ਸਵੇਰ ਤੋਂ ਹੀ ਸ਼ਸਤੇ ਭਾਅ ਵੇਚ ਰਿਹਾ ਸੀ। ਹੁਣ, ਖ਼ਾਲਸੇ ਦੇ ਬਾਲਕਾਂ ਨੂੰ ਲਡੂਆਂ ਤੇ ਮਖਾਣਿਆਂ ਵਰਗੀਆਂ ਨਿਆਮਤਾਂ ਪੁਜਣ ਚੰਗ ਹੋ ਗਈਆ ਸਨ।

ਜਾਂਬਾਜ਼ ਦੇ ਕੋਲ ਬੈਠਾ ਸੀ ਉਸਦਾ ਭਤੀਜਾ ਸੁਬੇਗ ਸਿੰਘ ਤੇ ਸੁਬੇਗ ਸਿੰਘ ਦੇ ਕੋਲ ਪਈ ਸੀ ਉਹਦੀ ਟੇਕ। ਟੇਕ ਬਗ਼ੈਰ ਸੁਬੇਗ ਸਿੰਘ ਟੁਰ ਨਹੀਂ ਸੀ ਸਕਦਾ। ਅੱਜ ਤੋਂ ਲਗ ਭਗ ਵੀਹ ਸਾਲ ਪਹਿਲੇ ਤੇ ਲਗ ਭਗ ਵੀਹ ਸਾਲ ਦੀ ਉਮਰ ਵਿਚ ਸੁਬੇਗ ਸਿੰਘ, ਡੇਰਾ ਬਾਬਾ ਨਾਨਕ ਤੇ ਦੁੱਲੇਵਾਲ ਦੀਆਂ ਲੜਾਈਆਂ ਵਿਚ ਸ਼ਾਮਿਲ ਹੋਇਆ ਸੀ। ਉਥੋਂ ਹੀ ਉਹ ਆਪਣੇ ਸਾਥੀਆਂ ਨਾਲ ਨਾਦਰ ਸ਼ਾਹ ਦੀ ਲਾਮ ਡੋਗੀ ਉਤੇ ਆ ਪਿਆ ਸੀ। ਨਾਦਰ ਸ਼ਾਹ ਜਾਂ ਅਫਗਾਨ ਬਾਦਸ਼ਾਹਾਂ ਦਾ ਹਿੰਦੁਸਤਾਨ ਉਤੇ ਇਹ ਪਹਿਲਾ ਹੱਲਾ ਸੀ। ਏਸੇ ਮੁਠ-ਭੇੜ ਵਿਚ ਸੁਬੇਗ ਸਿੰਘ ਨੂੰ ਉਹਦੀ ਸੱਜੀ ਲੱਤ ਉਤੇ ਗੋਲੀ ਲਗੀ ਸੀ ਤੇ ਅੰਤ ਲੱਤ ਕਟਵਾਣੀ ਪਈ ਸੀ। ਜਦੋਂ ਸੁਬੇਗ ਦੀ ਲੱਤ ਕਟੀ ਗਈ ਤਾਂ ਤਿੰਨ ਦਿਨ ਉਹਦੀਆਂ ਅੱਖਾਂ ਵਿਚੋਂ ਅਥਰੂ ਨਾ ਸੁੱਕੇ। "ਬਸ !" ਉਹ ਕੁਰਲਾਂਦਾ, "ਬਸ ਮੇਰੀ ਸਿਪਾਹ-ਗੀਰੀ ਮੁਕ ਗਈ ਕੀ ?

"ਮੈਂ ਪਰਲੋਕ ਵਿਚ ਆਪਣੇ ਪਿਤਾ ਨੂੰ ਕੀ ਮੂੰਹ ਵਿਖਾਵਾਂਗਾ। ਉਸ ਆਪਣੀ ਜ਼ਿੰਦਗੀ ਵਿਚ ਕੇਡਾ ਨਾਮਣਾ ਖਟਿਆ ਤੇ ਮੈਂ.. ਮੈ ਆਪਣੀਆਂ ਪਹਿਲੀਆਂ ਕੁਝ ਲੜਾਈਆਂ ਵਿਚ ਹੀ ਸਦਾ ਲਈ ਨਕਾਰਾ ਹੋ ਗਿਆ ! ਸਿਖ ਪੰਥ ਨੇ ਮੇਰੇ ਉਤਸ਼ਾਹ ਤੇ ਮੇਰੇ ਬਲ ਦਾ ਕੀ ਕੁਝ ਵੇਖਿਆ ? ਕੀ ਮੈਨੂੰ ਜਰਨੈਲ ਸ਼ਾਹਬਾਜ਼ ਸਿੰਘ ਦਾ ਪੁਤਰ ਅਖਵਾਣ ਦਾ ਕੋਈ ਹੱਕ ਹੈ ?" ਮਾਂ ਸ਼ੁਭਵੰਤ ਨੇ ਸਹਾਰਾ ਦਿਤਾ। ਜਾਂਬਾਜ਼ ਨੇ ਪੁਚਕਾਰਿਆ, ਪਰ ਸੁਬੇਗ ਦਾ ਮਾਨੋਂ ਲੱਤ ਦੇ ਕਟੇ ਜਾਣ ਨਾਲ ਦਿਲ ਵੀ ਟੁੱਟ ਗਿਆ। ਉਹ ਦਿਨ ਗਿਆ ਤੇ ਅੱਜ ਦਾ ਦਿਨ ਆਇਆ, ਸੁਬੇਗ ਸਿੰਘ ਖਿੜ ਕੇ ਨਾ ਹੱਸਿਆ; ਉਸ ਰੱਜ ਕੇ ਨਾ ਖਾਧਾ।

ਅੱਜ ਬੇਸ਼ਕ ਫ਼ਿਰ ਵੀ ਉਹ ਆਮ ਨਾਲੋਂ ਢੇਰ ਖੁਸ਼ ਸੀ। ਉਹ ਮੁਸਕਰਾ ਰਿਹਾ ਸੀ। ਉਹਨੇ ਛੋਟਿਆਂ ਹੁੰਦਿਆਂ ਪ੍ਰਣ ਕੀਤਾ ਸੀ, "ਮੈਂ ਆਪਣੇ ਪਿਤਾ ਸ਼ਾਹਬਾਜ਼ ਸਿੰਘ ਦੀ ਸੌਂਹ ਖਾ ਕੇ ਕਹਿੰਦਾ ਹਾਂ ਕਿ ਮੈਂ ਸੂਬਾ ਲਾਹੌਰ ਕੋਲੋਂ ਆਪਣੇ ਪਿਤਾ ਦਾ ਬਦਲਾ ਲਵਾਂਗਾ।" ਤੇ ਅੱਜ ਉਹਨੂੰ ਲਗਦਾ ਕਿ ਕਿਸੇ ਹਦ ਤਕ ਉਹਦਾ ਬਦਲਾ ਚੁਕ ਗਿਆ ਹੈ। ਉਹਦੇ ਲਾਗੇ ਹੀ ਪਾਵੇ ਦੇ ਕੋਲ ਬੈਠੇ ਸਨ ਉਹਦੇ ਪੰਜ ਪੁੱਤਰ — ਬਹਾਦਰ ਸਿੰਘ, ਗੁਰਬਖ਼ਸ਼ ਸਿੰਘ, ਹਰਨਾਮ ਸਿੰਘ, ਮਿਹਰ ਸਿੰਘ ਤੇ ਦਲੇਰ ਸਿੰਘ। ਸਭ ਤੋਂ ਛੋਟਾ ਸੀ ਦਲੇਰ ਸਿੰਘ ਮਸੋਂ ਤਿੰਨਾਂ ਕੁ ਵਰ੍ਹਿਆਂ ਦਾ। ਉਹਦੇ ਇਕ ਹੱਥ ਵਿਚ ਲਡੂ ਸੀ ਤੇ ਦੂਜੇ ਵਿਚ ਗੁਲੇਲ। ਮਿਹਰ ਸਿੰਘ ਨਵਾਂ ਕੁ ਸਾਲਾਂ ਦਾ ਸੀ ਤੇ ਉਹ ਆਪਣੇ ਬਾਬੇ ਨਾਲ ਲਾਹੌਰ ਦਾ ਜੇਤੂ ਗਿਣਿਆ ਜਾ ਸਕਦਾ ਸੀ। ਐਤਕੀਂ ਪਹਿਲੀ ਵਾਰੀ ਉਹ ਅਫ਼ਗਾਨਾਂ ਜਾ ਮੁਗ਼ਲਾਂ ਨਾਲ ਜੰਗ ਕਰਨ ਗਿਆ ਸੀ। ਹਰਨਾਮ ਸਿੰਘ, ਗੁਰਬਖ਼ਸ਼ ਸਿੰਘ ਤੇ ਬਹਾਦਰ ਸਿੰਘ ਵਾਰੋ ਵਾਰੀ ਯਾਰ੍ਹਾਂ, ਉਨੀਆਂ ਤੇ ਇੱਕੀਆਂ ਵਰ੍ਹਿਆਂ ਦੇ ਸਨ। ਤੇ ਇਹ ਤਿੰਨੇ ਹੁਣ ਤਕ ਚੰਗੇ ਗਿਝੇ ਹੋਏ ਸਿਪਾਹੀ ਬਣ ਚੁਕੇ ਸਨ। ਸੁਬੇਗ ਸਿੰਘ ਦੀਆਂ ਦੋ ਧੀਆਂ ਵੀ ਉਥੇ ਸਨ, ਦਲੀਪ ਕੌਰ ਤੇ ਸੁਰਿੰਦਰ ਕੌਰ।

ਇਹਨਾਂ ਨੂੰ ਛਡ ਕੇ ਡੇਢ ਕੁ ਸੌ ਹੋਰ ਆਦਮੀ ਤੇ ਇਸਤਰੀਆਂ ਹੋਣਗੀਆਂ ਤੇ ਤੀਹ ਚਾਲ੍ਹੀ ਬੱਚੇ। ਧੁੱਪ ਕਾਫ਼ੀ

Scanned by CamScanner

ਇਲਾਵਾ ਕਈ ਵਾਰ ਸਿਖ ਸਿਪਾਹੀ ਕਮਰ-ਬੰਦ ਵੀ ਬੰਨ੍ਹ ਲਿਆ ਕਰਦੇ ਸਨ। ਇਹਦੇ ਨਾਲ ਤਲਵਾਰ ਚਲਾਂਦਿਆਂ ਕੁੜਤਾ ਜਿਹੜਾ ਕਿ ਆਮ ਕਰਕੇ ਖੁਲ੍ਹਾ ਡੁਲ੍ਹਾ ਹੁੰਦਾ ਸੀ ਬੋੜਿਆ ਰਹਿੰਦਾ ਸੀ। ਕਦੀ ਇਹਦੇ ਪੱਲੇ ਨਾਲ ਆਪਣਾ ਜਾਂ ਸਾਥੀ ਦਾ ਫੱਟ ਵੀ ਬੰਨ੍ਹਿਆ ਜਾ ਸਕਦਾ ਸੀ। ਲੋੜ ਵੇਲੇ ਇਹ ਘੋੜੇ ਦੀ ਪਿੱਠ ਉੱਤੇ ਵਿਛਾਣ ਦੇ ਕੰਮ ਆਉਂਦਾ ਤੇ ਕਿਸੇ ਵੇਲੇ ਇਹਦੇ ਵਿਚ ਰਸਦ ਦਾਣਾ ਵੀ ਪੁਆਇਆ ਜਾਂਦਾ।

ਅੱਜ ਇਸ ਪੱਲੇ ਥਲੇ ਇਕ ਫੱਟ ਲੁਕਿਆ ਸੀ। ਲਾਹੌਰ ਦੀ ਲੜਾਈ ਵਿਚ ਜਾਂਬਾਜ਼ ਨੂੰ ਵੱਖੀ ਵਿਚ ਘਾਉ ਆ ਗਿਆ ਸੀ, ਜਿਥੋਂ ਅਜੇ ਤਕ ਲਹੂ ਸਿੰਮ ਰਿਹਾ ਸੀ। ਜਾਂਬਾਜ਼ ਨੇ ਮੰਜੀ ਉਤੇ ਬੈਠਦਿਆਂ ਕਮਰ-ਬੰਦ ਦੀ ਗੰਢ ਢਿੱਲੀ ਕੀਤੀ ਤੇ ਆਪਣੀ ਜੁੱਤੀ ਲਾਹ ਕੇ ਪੈਰਾਂ ਨਾਲ ਹੀ ਛੰਡੀ ਤੇ ਫਿਰ ਪੈਰ ਦੇ ਅੰਗੂਠੇ ਨਾਲ ਹੀ ਚੁਕ ਕੇ ਇਕ ਪਾਸੇ ਰੱਖ ਦਿਤਾ। ਜਾਂਬਾਜ਼ ਸਿੰਘ ਦੇ ਪੈਰ ਮੈਲੇ ਸਨ। ਅੰਗੂਠੇ ਤੇ ਚੀਚੀ ਦੇ ਦੋਹਾਂ ਪਾਸਿਆਂ ਤੇ ਗੰਨ੍ਹਾਂ ਪਈਆਂ ਸਨ। ਨਹੁੰ ਮੋਟੇ ਤੇ ਖੁਰਦਰੇ ਸਨ। ਅੱਡੀਆਂ ਬੱਲਿਓ ਫੱਟੀਆਂ ਹੋਈਆਂ ਸਨ। ਇਹ ਪੈਰ ਮੈਲੇ ਸਨ ਕਿਉਂਕਿ ਇਹਨਾਂ ਪੈਰਾਂ ਨੇ ਮੰਜ਼ਲਾਂ ਮਾਰੀਆਂ ਸਨ। ਅੰਗੂਠਿਆਂ ਤੇ ਚੀਚੀਆਂ ਦੁਆਲੇ ਗੰਨ੍ਹਾਂ ਪਈਆਂ ਸਨ ਕਿਉਂਕਿ ਕਿੰਨੇ ਕਿੰਨੇ ਦਿਨ ਜਾਂਬਾਜ਼ ਨੂੰ ਧੌੜੀ ਦੀ ਮੋਟੀ ਜੁੱਤੀ ਲਾਹੁਣ ਦਾ ਸਮਾਂ ਨਹੀਂ ਸੀ ਮਿਲਦਾ। ਇਹਨਾਂ ਪੈਰਾਂ ਦੇ ਨਹੁੰ ਮੋਟੇ ਤੇ ਖੁਰਦਰੇ ਸਨ ਕਿਉਂਕਿ ਪਿਛਲੇ ਚਾਲ੍ਹੀ ਸਾਲਾਂ ਤੋਂ ਜਾਂਬਾਜ਼ ਨੇ ਸੋਹਣੀ ਤਰ੍ਹਾਂ ਨਹੁੰ ਨਹੀਂ ਸਨ ਕਟੇ। ਇਹ ਨਹੁੰ ਆਪਣੇ ਆਪ ਹੀ ਵਧਦੇ ਤੇ ਝੁਰ ਜਾਂਦੇ। ਤੇ ਇਹਨਾਂ ਪੈਰਾਂ ਦੀਆਂ ਅੱਡੀਆਂ ਫੱਟੀਆਂ ਪਈਆਂ ਸਨ ਕਿਉਂਕਿ ਇਹਨਾਂ ਪੈਰਾਂ ਨੂੰ ਇਕ ਲਗਨ ਨੇ ਮੁੱਦਤ ਤੋਂ ਆਰਾਮ ਨਹੀਂ ਸੀ ਕਰਨ ਦਿਤਾ। ਉਨ੍ਹਾਲੇ ਸਿਆਲੇ ਇਹ ਪੈਰ — ਇਹ ਅੱਡੀਆਂ ਕਿਸੇ ਸੁਪਨੇ ਨੂੰ ਸੱਚ ਕਰਨ ਲਈ ਭੇਂਦੀਆਂ ਰਹੀਆਂ ਸਨ। ਏਸੇ ਲਈ ਜੁੜੇ ਨੌਜਵਾਨ ਤੇ ਲਗਨਾਂ ਜੁੜੇ ਬਾਲਕ ਇਹਨਾਂ ਪੈਰਾਂ ਦੀ ਧੂੜ ਮਸਤਕਾਂ ਉੱਤੇ ਲਾਂਦੇ ਸਨ।

ਜਾਂਬਾਜ਼ ਨੇ ਆਪਣੀ ਦਾੜ੍ਹੀ ਉੱਤੇ ਇਕ ਵਾਰ ਫਿਰ ਹੱਥ ਫੇਰਿਆ ਤੇ ਉਹਦੇ ਹੱਥਾਂ ਵਿਚ ਇਕ ਕਾਲਾ ਵਾਲ ਆ ਟੁਟਿਆ। ਜਾਂਬਾਜ਼ ਉੱਚੀ ਸਾਰੀ ਕਹਿਕਾ ਮਾਰ ਕੇ ਹਸਿਆ। "ਲਉ ਬੱਚਿਓ! ਪੱਝਤਰਾਂ ਸਾਲਾਂ ਦਾ ਵੀ ਤੁਹਾਡੇ ਕਈਆਂ ਨਾਲੋਂ ਜੁਆਨ ਹਾਂ...।" ਇਹ ਵਾਲ ਉਹਦੇ ਕੋਲੋਂ ਲੈ ਕੇ ਤਿੰਨਾਂ ਵਰ੍ਹਿਆਂ ਦੇ ਪੋਤਰੇ ਦਲੇਰ ਸਿੰਘ ਨੇ ਫੜ ਲਿਆ ਤੇ ਫਿਰ ਨਜ਼ਰ ਬਚਾ ਕੇ ਸੁਬਗ ਸਿੰਘ ਨੇ ਇਹ ਆਪਣੇ ਪੁੱਤਰ ਕੋਲੋਂ ਆਪਣੀ ਮੁੱਠੀ ਵਿਚ ਲਕੋ ਲਿਆ।

ਜਾਂਬਾਜ਼ ਸਿੰਘ ਦੇ ਹੱਥਾਂ ਉਤੇ ਵੀ ਝੁਰੜੀਆਂ ਪਈਆਂ ਸਨ ਤੇ ਇਹਨਾਂ ਦੀਆਂ ਪੋਰੀਆਂ, ਗੰਢਾਂ ਤੇ ਨਾੜਾਂ ਇਕ ਇਕ ਕਰਕੇ ਪ੍ਰਤੱਖ ਗਿਣੀਆਂ ਤੇ ਵੇਖੀਆਂ ਜਾ ਸਕਦੀਆਂ ਸਨ। ਇਹਨਾਂ ਹੱਥਾਂ ਨੇ ਚਾਲ੍ਹੀ ਵਰ੍ਹਿਆਂ ਵਿਚ ਐਨੀਂ ਤਲਵਾਰ ਵਾਹੀ ਸੀ ਕਿ ਕਈ ਹੱਥਾਂ ਨੇ ਸੱਠਾਂ ਸਤਰਾਂ ਵਰ੍ਹਿਆਂ ਵਿਚ ਵੀ ਨਹੀਂ ਵਾਹੀ ਹੋਣੀ।

ਜਾਂਬਾਜ ਸਿੰਘ ਦੀ ਪੱਗ ਦਾ ਇਕ ਇਕ ਪੇਚ ਉਭਰਵਾਂ ਸੀ। ਇਸ ਪੱਗ ਦਾ ਰੰਗ ਕੇਸਰੀ ਸੀ ਤੇ ਇਸ ਵਾਸਤੇ ਖੱਦਰ ਸ਼ੁੱਭੀ ਉਚੇਚਾ ਤਿਆਰ ਕਰਿਆ ਕਰਦੀ ਸੀ। ਜਾਂਬਾਜ਼ ਕੋਲੋਂ ਮੋਟੇ ਖੱਦਰ ਦੀ ਪੱਗ ਸੁਆਰ ਕੇ ਨਹੀਂ ਸੀ ਬੰਨ੍ਹੀ ਜਾਂਦੀ ਤੇ ਉਹਦੀ ਪੋਸ਼ਾਕ ਦਾ ਇਹ ਇਕ ਅੰਗ ਸੀ ਜਿਸ ਉਤੇ ਉਹ ਸਭ ਤੋਂ ਵਧ ਮਿਹਨਤ ਕਰਦਾ ਕਿ ਜਿਹੜੀ ਉਹਨੂੰ ਬੜੀ ਪਿਆਰੀ ਲਗਦੀ। ਕੀ ਹੋਇਆ ਜੇ ਪੈਰ ਮੈਲੇ ਸਨ, ਜੇ ਕੁੜਤਾ ਫਟਿਆ ਹੋਇਆ ਸੀ, ਜੇ ਜੁਤੀ ਹੱਦੋਂ ਹੀ ਵਧ ਘਸ ਗਈ ਸੀ, ਪਰ ਅਜੇ ਤਕ ਕਿਸੇ ਨੇ ਜਾਂਬਾਜ਼ ਸਿੰਘ ਮਾਹਿਲ ਦੀ ਕੇਸਰੀ ਪੱਗ ਮੈਲੀ ਨਹੀਂ ਸੀ ਵੇਖੀ, ਅਜੇ ਤਕ ਕਿਸੇ ਨੇ ਪੱਗ ਨੂੰ ਫਟਿਆ ਹੋਇਆ ਨਹੀਂ ਸੀ ਤਕਿਆ।

ਇਹ ਪੱਗ ਜਾਂਬਾਜ਼ ਨੂੰ ਪਿਆਰੀ ਸੀ ਕਿਉਂਕਿ ਇਹਦੇ ਥੱਲੇ ਉਹਦੀ ਜ਼ਿੰਦਗੀ ਦੀ ਸਭ ਤੋਂ ਪਿਆਰੀ ਸ਼ੈ, ਉਹਦੇ ਕੇਸ ਸਨ। ਹਾਂ, ਜਾਂਬਾਜ਼ ਨੂੰ ਕੇਸਾਂ ਦੀ ਦਾਤ ਬੜੀ ਮਹਿੰਗੀ ਮਿਲੀ ਸੀ। ਜਾਂਬਾਜ਼ ਨੇ ਆਪਣੇ ਦਾੜ੍ਹੇ ਉੱਤੇ ਹੱਥ ਫੇਰ ਕੇ ਆਪਣੀ ਪੱਗ ਨੂੰ ਸੁਆਰਿਆ ਤੇ ਉਸ ਲਾਹੌਰ ਉਤੇ ਫ਼ਤਹ ਪਾਉਣ ਦੀ ਕਹਾਣੀ ਸੁਣਾਉਣੀ ਸ਼ੁਰੂ ਕੀਤੀ। ਪਰ ਜੁੜੀ ਸੰਗਤ ਨੇ ਉਹਨੂੰ ਹੱਲਿਆ ਤੇ ਬਿਨੈ ਕੀਤੀ ਕਿ ਜਾਂਬਾਜ਼ ਫ਼ਤਹ ਗੜ੍ਹ ਨੂੰ ਛਡ ਕੇ ਜਾਣ ਦੇ ਸਮੇਂ ਤੋਂ ਹੀ ਆਪਣੀ ਕਹਾਣੀ ਸ਼ੁਰੂ ਕਰੇ। ਅੱਜ ਪਹਿਲੀ ਵਾਰ ਨਹੀਂ, ਹਰ ਵਾਰ ਹੀ, ਫ਼ਤਹ ਗੜ੍ਹ ਨਿਵਾਸੀ ਜਾਂਬਾਜ਼ ਨੂੰ ਆਪਣੀਆਂ ਸਾਰੀਆਂ ਮੁਹਿਮਾਂ ਬਾਰੇ ਵਿਸਥਾਰ ਨਾਲ ਸੁਣਾਉਣ ਵਾਸਤੇ ਕਿਹਾ ਕਰਦੇ ਸਨ।

ਜਾਂਬਾਜ਼ ਅਜੇ ਪੰਜ ਕੁ ਮਿੰਟ ਬੋਲਿਆ ਹੋਣਾ ਹੈ ਕਿ ਦੂਰੋਂ ਸ਼ੁਭਵੰਤ ਵੀ ਆਉਂਦੀ ਦਿੱਸੀ। ਉਹ ਆਪਣੀ ਡੰਗੌਰੀ ਦਾ ਸਹਾਰਾ ਲਈ ਤੇਜ਼ ਕਦਮੀ ਨਾਲ ਟੁਰੀ ਆ ਰਹੀ ਸੀ। ਜਦੋਂ ਉਹ ਇਸ ਜੁੜੇ ਦੀਵਾਨ ਦੇ ਲਾਗੇ ਪਹੁੰਚੀ ਤਾਂ ਉਹਦੀ ਤੋਰ

Scanned by CamScanner

ਇਕ ਦੰਮ ਚੋਲ਼ੀ ਹੋ ਗਈ। ਚੁਣ ਉਹ ਰੁਕੀ। ਉਹਦੇ ਨੈਣ ਜੁੜ ਗਏ ਤੇ ਉਸ ਮਨ ਵਿਚ ਸੋਚਿਆ। "ਜਦੋਂ ਵੀ ਮੇਰਾ ਸ਼ਾਹਬਾਜ਼ ਆਪਣੀਆਂ ਮੁਹਿੰਮਾਂ ਤੋਂ ਮੁੜਿਆ ਕਰਦਾ ਸੀ ਤਾਂ ਉਹ ਵੀ ਏਸੇ ਤਰ੍ਹਾਂ ਮੰਜੀ ਉਤੇ ਬੈਠ ਕੇ ਕਹਾਣੀਆਂ ਕਰਿਆ ਕਰਦਾ ਸੀ।" ਤੇ ਸਭ ਤੋਂ ਵਧ ਉਹਨੂੰ ਉਹ ਬੈਠਕ ਯਾਦ ਆਈ ਜਦੋਂ ਸ਼ਾਹਬਾਜ਼ ਸਰਹਿੰਦ ਦੀ ਫ਼ਤਹ ਪਿਛੋਂ ਮਾਹਿਲ ਆਇਆ ਸੀ।

"ਉਫ਼!" ਉਸ ਸੋਚਿਆ, ਉਹਦੇ ਮੂੰਹ ਉਤੇ ਕਿਹੋ ਜਿਹਾ ਜਲਾਲ ਸੀ! ਉਹ ਕੇਡਾ ਸੋਹਣਾ ਲਗਦਾ ਸੀ। ਉਸ, ਖ਼ਾਲਸਾ ਇਤਿਹਾਸ ਵਿਚ ਕਦੀ ਨਾ ਭੁਲਣ ਵਾਲੀ ਜੰਗ ਜਿੱਤੀ ਸੀ...ਅੱਜ ਉਸ ਗ਼ਲ ਨੂੰ ਕਿੰਨੇ ਵਰ੍ਹੇ ਹੋ ਗਏ ਹਨ!" ਸੋਭੀ ਨੇ ਆਪਣੇ ਆਪ ਕੋਲੋਂ ਪੁਛਿਆ। ਉਹਨੇ ਅੱਟਾ ਸਟਾ ਲਾਣਾ ਚਾਹਿਆ, ਪਰ ਉਹਨੂੰ ਕੁਝ ਬੋਹ ਨਾ ਲੱਗਾ। ਕੁਝ ਪਲ ਅਟਕ ਕੇ ਉਸ ਆਪਣੇ ਆਪ ਹੀ ਕਿਹਾ, "ਪੰਜਾਹ ਸਾਲ ਤਾਂ ਬੀਤ ਹੀ ਗਏ ਹੋਣਗੇ। ਪੰਜਾਹ ਸਾਲ..."ਉਸ ਇਕ ਠੰਢਾ ਹਉਕਾ ਭਰਿਆ ਤੇ ਉਹਦੇ ਨੈਣ ਭਰ ਆਏ। ਫਿਰ ਇਕ ਦੰਮ ਉਹਨੂੰ ਪਤਾ ਨਹੀਂ ਕੀ ਖਿਆਲ ਆਇਆ ਕਿ ਉਸ ਜਲਦੀ ਨਾਲ ਆਪਣੀਆਂ ਅੱਖੀਆਂ ਪੁੰਝੀਆਂ ਤੇ ਪਹਿਲੇ ਵਾਂਗ ਹੀ ਡੰਗੋਰੀ ਦਾ ਸਹਾਰਾ ਲੈਂਦਿਆਂ, ਉਹ ਤੇਜ਼ ਕਦਮੀਂ ਅੱਗੇ ਵਧੀ।

੪੧

ਅੱਜਕਲ੍ਹ ਦਾ ਅੰਮ੍ਰਿਤਸਰ, ਅੱਜ ਤੋਂ ਦੋ ਸੌ ਸਾਲ ਪਹਿਲੇ ਦਾ ਅੰਮ੍ਰਿਤਸਰ ਹੈ ਵੀ ਤੇ ਨਹੀਂ ਵੀ। ਕੌਮਾਂ ਤੇ ਪਾਤਸ਼ਾਹੀਆਂ ਵਾਂਗ ਸ਼ਹਿਰ ਵੀ ਕਦੀ ਕਮਾਲ ਦੀਆਂ ਸਿਖਰਾਂ ਛੋਂਹਦੇ ਹਨ ਤੇ ਕਦੀ ਜਵਾਲ ਦੇ ਪਾਤਾਲਾਂ ਵਿਚ ਧੱਸ ਜਾਂਦੇ ਹਨ। ਉਂਜ ਕਈ ਸ਼ਹਿਰ ਅਜਿਹੇ ਵੀ ਹੁੰਦੇ ਹਨ ਜਿਹੜੇ ਕਿ ਸਦੀਆਂ ਦਰ ਸਦੀਆਂ ਆਪਣੀ ਚਮਕ ਜਾਂ ਆਪਣੀ ਸਾਧਾਰਨ ਇਸਥਿਤੀ ਇੰਨ-ਬਿੰਨ ਕਾਇਮ ਰਖਦੇ ਹਨ ਜਿਵੇਂ ਲਾਹੌਰ ਤੇ ਦਿੱਲੀ! ਸਰਹਿੰਦ ਇਕ ਸ਼ਹਿਰ ਹੈ ਕਿ ਜਿਹੜਾ ਪਿਛਲੇ ਦੋ ਸੌ ਸਾਲ ਵਿਚ ਨਿਘਰਦਾ ਹੀ ਗਿਆ ਹੈ, ਅੰਮ੍ਰਿਤਸਰ ਇਕ ਸ਼ਹਿਰ ਹੈ ਕਿ ਜਿਹੜਾ ਪਿਛਲੇ ਦੋ ਸੌ ਸਾਲਾਂ ਵਿਚ ਵਧਦਾ ਤੇ ਫੁਲਦਾ ਆਇਆ ਹੈ। ਉਦੋਂ ਤੇ ਅੱਜ ਦੇ ਅੰਮ੍ਰਿਤਸਰ ਵਿਚ ਸਮਰੂਪਤਾ ਹੈ ਕਿ ਉਦੋਂ ਵਾਂਗ ਏਥੇ ਅੱਜ ਵੀ ਹਰਿਮੰਦਰ ਹੈ। ਉਦੋਂ ਵਾਂਙ ਅੱਜ ਵੀ ਏਥੇ ਗੁਟਕੇ, ਕੰਘੇ, ਕੜੇ ਤੇ ਕਿਰਪਾਨਾਂ ਵਿਕਦੀਆਂ ਹਨ। ਅੱਜ ਤਕ ਇਹ ਖ਼ਾਲਸੇ ਦੀਆਂ ਧਾਰਮਕ ਕਾਰਵਾਈਆਂ ਦਾ ਮੱਧ ਹੈ। ਏਥੋਂ ਹੀ ਸਮੂਹ ਗੁਰਦੁਆਰਿਆਂ ਵਾਸਤੇ ਹੁਕਮਨਾਮੇ ਸਾਦਰ ਹੁੰਦੇ ਹਨ। ਦੇਸ ਪ੍ਰਦੇਸ ਵਿਚੋਂ ਯਾਤ੍ਰੀ ਏਥੇ ਦਰਸ਼ਨ ਕਰਨ ਆਉਂਦੇ ਹਨ। ਤੇ ਹਰਿਮੰਦਰ ਦੇ ਸਰੋਵਰ ਵਿਚ ਅਸ਼ਨਾਨ ਕਰ ਕੇ ਆਪਣੀ ਰੂਹ ਲਈ ਸ਼ਾਂਤੀ ਗ੍ਰਹਿਣ ਕਰਨ ਦਾ ਉਪਰਾਲਾ ਕਰਦੇ ਹਨ।

ਪਰ ਉਦੋਂ ਵਾਂਗ ਅੱਜ ਅੰਮ੍ਰਿਤਸਰ ਆਮ ਸਿਖ ਜਨਤਾ ਦੀ ਰੂਹਾਨੀ ਓਟ ਨਹੀਂ। ਅੰਮ੍ਰਿਤਸਰ ਉਹ ਆਧਾਰ ਨਹੀਂ ਜਿਹੜੀ ਆਜ਼ਾਦੀ ਤੇ ਜਿਹੜੀ ਸ਼ਾਨ ਵਾਸਤੇ ਸਿਖ ਕੌਮ ਜੀਊਂਦੀ ਹੈ। ਅੰਮ੍ਰਿਤਸਰ ਉਹ ਦਿਲ ਨਹੀਂ ਕਿ ਜਿਹੜੀ ਧੜਕਣ ਬੰਦ ਹੋ ਜਾਣ ਨਾਲ ਖ਼ਾਲਸਾ ਮੁਰਦਾ ਹੋ ਜਾਵੇਗਾ। ਪਰ ਉਹਨਾਂ ਦਿਨਾਂ ਵਿਚ ਅੰਮ੍ਰਿਤਸਰ ਖਾਲਸੇ ਦੀ ਰੂਹਾਨੀ ਓਟ ਸੀ। ਅੰਮ੍ਰਿਤਸਰ ਦੇ ਸਰੋਵਰ ਨੂੰ ਬਰਕਾਰ ਰਖਣ ਵਾਸਤੇ, ਇਉਂ ਜਾਪਦਾ ਸੀ, ਕਿ ਸਿਖ ਕੌਮ ਸਾਹ ਲੈਂਦੀ ਹੈ। ਅੰਮ੍ਰਿਤਸਰ ਉਦੋਂ ਸਿੱਖ ਜਨਤਾ ਦਾ ਇਕ ਵਿਸ਼ੇਸ਼ ਅੰਗ ਸੀ, ਉਹਨਾਂ ਦਾ ਦਿਲ। ਅੱਜ ਵਾਂਗ ਇਹ ਉਹਨਾਂ ਦਿਨਾਂ ਵਿਚ ਕੋਈ ਵੱਡਾ ਸ਼ਹਿਰ ਨਹੀਂ ਸੀ। ਨਾ ਹੀ ਉਦੋਂ ਏਥੇ ਅੱਜ ਤੋਂ ਇਕ ਸਦੀ ਪਹਿਲੇ ਦੀਆਂ ਪ੍ਰਤੀਨਿਧ ਭੀੜੀਆਂ ਗਲੀਆਂ, ਸੋੜੇ ਦਿਲ, ਥੋਥੇ ਸੜ੍ਹਿਆਂਦ ਛਡਦੇ ਘਰਨਿਆਂ ਵਾਲੇ ਮਕਾਨ ਸਨ।

ਉਦੋਂ ਅੰਮ੍ਰਿਤਸਰ ਦਾ ਸਰੋਵਰ ਕੱਚਾ ਸੀ। ਐਨਾ ਪਾਣੀ ਵੀ ਨਹੀਂ ਸੀ ਹੁੰਦਾ ਜਿੰਨਾ ਕਿ ਅੱਜ ਹੈ। ਅੜ੍ਹਾਂ ਤੇ ਜੁਲਮਾਂ ਦੇ ਦਿਨਾਂ ਵਿਚ ਸਰੋਵਰ ਸੁਕ ਵੀ ਜਾਂਦਾ ਸੀ। ਪੂਰਿਆ ਵੀ ਜਾਂਦਾ ਸੀ। ਉਦੋਂ ਹਰਿਮੰਦਰ ਦੀ ਇਮਾਰਤ ਉਤੇ ਸੋਨਾ

Scanned by CamScanner

ਨਹੀਂ ਸੀ ਚੜ੍ਹਿਆ। ਪਰਕਰਮਾਂ ਸੰਗ-ਮਰਮਰ ਦੇ ਪੱਥਰਾਂ ਨਾਲ ਜੜੀ ਨਹੀਂ ਸੀ ਗਈ। ਹਰਿਮੰਦਰ ਦੇ ਦਵਾਲੇ ਕੋਈ ਸ਼ਹਿਰ ਨਹੀਂ ਸੀ ਉਸਰਿਆ ਹੁੰਦਿਆ। ਸਿਰਫ਼ ਕੁਝ ਕੱਚੇ ਤੇ ਅੱਧ ਪੱਕੇ ਘਰ ਸਨ, ਜਿਨ੍ਹਾਂ ਦੇ ਉਸਾਰਨ ਵਾਲੇ ਸਦਾ ਆਪਣੇ ਮਨਾਂ ਵਿਚ ਇਹ ਪੱਕੀ ਰਖਦੇ ਸਨ ਕਿ ਕੱਲ੍ਹ ਭਾਵੇਂ ਇਹ ਘਰ ਰਹਿਣ ਭਾਵੇਂ ਨਾ। ਪਰ ਫਿਰ ਵੀ ਇਸ ਕੱਚ ਪੱਕੇ ਹਰਿਮੰਦਰ ਦੀ, ਨਿੱਕੇ ਤੇ ਕੱਚੇ ਸਰੋਵਰ ਦੀ ਤੇ ਇਹਨਾਂ ਚੰਦ ਘਰਾਂ ਵਾਲੇ ਅੰਮ੍ਰਿਤਸਰ ਦੀ ਸ਼ਾਨ ਅੱਜ ਦੇ ਸੋਨਾ ਲੱਦੇ ਹਰਿਮੰਦਰ, ਸੰਗ-ਮਰਮਰੀ ਸਰੋਵਰ ਤੇ ਪੰਜ ਪੰਜ ਮੰਜ਼ਲੀਆਂ ਇਮਾਰਤਾਂ ਨਾਲ ਭਰੇ ਅੰਮ੍ਰਿਤਸਰ ਦੀ ਸ਼ਾਨ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ।

ਉਦੋਂ ਅੰਮ੍ਰਿਤਸਰ ਸਿਖ ਕੌਮ ਦਾ ਜਨਮਦਾਤਾ ਸੀ। ਜਦੋਂ ਹਰਿਮੰਦਰ ਤੋੜ ਦਿਤਾ ਜਾਂਦਾ ਤੇ ਸਰੋਵਰ ਪੂਰ ਦਿਤਾ ਜਾਂਦਾ ਤਾਂ ਸਿਖ ਕੌਮ ਨੂੰ ਲਗਦਾ ਕਿ ਉਹ ਹੁਣ ਆਖ਼ਰੀ ਦਮਾਂ ਉੱਤੇ ਹੈ। ਉਹ ਇਕ ਅੰਤਲਾ ਤੇ ਪੁਰਜ਼ੋਰ ਹੰਭਲਾ ਮਾਰਦੀ ਤੇ ਅੰਮ੍ਰਿਤਸਰ ਫਿਰ ਆਜ਼ਾਦ ਹੋ ਜਾਂਦਾ। ੧੭੧੬ ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਲੈਕੇ ੧੭੬੫ ਤਕ ਜਦੋਂ ਕਿ ਸਿਖ ਰਾਜ ਸਥਾਪਿਤ ਹੋਇਆ, ਇਹ ਗੱਲ ਨਿਸਚੇ ਪੂਰਵਕ ਕਹੀ ਜਾ ਸਕਦੀ ਹੈ ਕਿ ਅੰਮ੍ਰਿਤਸਰ ਦਾ ਇਤਿਹਾਸ ਸਿਖ ਕੌਮ ਦਾ ਇਤਿਹਾਸ ਹੈ। ਆਪਣੇ ਅੰਤਲੇ ਦਿਨਾਂ ਵਿਚ ਬੰਦਾ ਸਿੰਘ ਬਹਾਦਰ ਨੇ ਅੰਮ੍ਰਿਤਸਰ ਨੂੰ ਸਿਖ ਕੌਮ ਦੀਆਂ ਕਾਰਵਾਈਆਂ ਦਾ ਗੜ੍ਹ ਬਣਾਇਆ ਸੀ। ਉਸ ਅਦੁਤੀ ਸਖਸ਼ੀਅਤ ਨੇ ਆਪਣੀ ਪਾਰਦਰਸ਼ਤਾ ਨਾਲ ਇਸ ਸ਼ਹਿਰ ਦੀ ਮਹੱਤਤਾ ਨੂੰ ਜਾਣਿਆ ਸੀ। ਉਹਨੂੰ ਪਤਾ ਸੀ ਕਿ ਸਿਖ ਪੰਥ ਨੂੰ ਇਕ-ਮੁਠ ਕਰਨ ਵਿਚ ਅੰਮ੍ਰਿਤਸਰ ਕੇਡੀ ਜ਼ਰੂਰੀ ਕੜੀ ਹੈ। ਸਿਰਫ਼ ਇਹ ਹੀ ਨਹੀਂ, ਉਹ ਇਹ ਵੀ ਜਾਣਦਾ ਸੀ ਕਿ ਜੇ ਇਕ ਵਾਰੀ ਸਿਖ ਅੰਮ੍ਰਿਤਸਰ ਪੁੱਜ ਗਏ ਤਾਂ ਲਾਹੌਰ ਉਹਨਾਂ ਦੀ ਕਲਪਨਾ ਨੂੰ ਇਸ ਤਰ੍ਹਾਂ ਟੁੰਭੇਗਾ ਕਿ ਉਹ ਇਹਨੂੰ ਸਰ ਕਰੇ ਬਗ਼ੈਰ ਚੈਨ ਨਹੀਂ ਲੈਣਗੇ। ਲਾਹੌਰ ਤੋਂ ਸਿਰਫ਼ ਪੈਂਤੀ ਮੀਲ ਦੀ ਵਿਥ ਉੱਤੇ ਜੇ ਖ਼ਾਲਸੇ ਦੇ ਪੈਰ ਗੱਡੇ ਗਏ ਤਾਂ ਇਹ ਆਪਣੇ ਆਪ ਵਿਚ ਸੂਬਾ ਲਾਹੌਰ ਦੀ ਵੱਡੀ ਹਾਰ ਹੋਵੇਗੀ।

ਬੰਦਾ ਸਿੰਘ ਬਹਾਦਰ ਇਕ ਤੋਂ ਬਹੁਤੀ ਵਾਰ ਆਪ ਏਥੇ ਆਇਆ ਤੇ ਉਸ ਖ਼ਾਲਸੇ ਦੀ ਕਲਪਨਾ ਨੂੰ ਟੁੰਬਿਆ ਤੇ ਉਸ ਤੋਂ ਪਿਛੋਂ ੧੭੨੧ ਵਿਚ ਏਥੇ ਆਇਆ ਭਾਈ ਮਨੀ ਸਿੰਘ। ਲਗ ਭਗ ਪੰਦ੍ਰਾਂ ਸਾਲ ਭਾਈ ਮਨੀ ਸਿੰਘ ਆਪਣੀ ਵਿਦਵਤਾ ਨਾਲ, ਆਪਣੇ ਮਿਠੇ ਸੁਭਾ ਤੇ ਉਦਾਰਤਾ ਨਾਲ, ਤੇ ਆਪਣੇ ਉਚ ਖਿਆਲਾਂ ਨਾਲ ਸਿਖਾਂ ਦਾ ਮਚ੍ਹੁਬੀ ਆਗੂ ਰਿਹਾ। ਭਾਈ ਮਨੀ ਸਿੰਘ ਨੂੰ ਕੋਈ ਮੁਸ਼ਕਲ ਜਾਂ ਔਖਿਆਈ ਡੁਲਾ ਨਹੀਂ ਸੀ ਸਕਦੀ। ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਵਿਚ ਉਹਦਾ ਵਿਸ਼ਵਾਸ਼ ਅਟੂਟ ਸੀ ਤੇ ਉਹਦੀ ਅਗਵਾਈ ਥੱਲੇ ਖਾਲਸੇ ਵਿਚੋਂ ਫੁਟ ਦੂਰ ਹੋਈ ਤੇ ਹੋਰ ਕਈ ਪ੍ਰਚਲਤ ਹੋਈਆਂ ਕੁਰੀਤੀਆਂ ਵੀ ਘਟੀਆਂ।

੧੭੨੬ ਵਿਚ ਜ਼ਕਰੀਆ ਖ਼ਾਨ ਲਾਹੌਰ ਦਾ ਸੂਬਾ ਨਿਯਤ ਹੋਇਆ। ਉਹਦਾ ਪਿਤਾ ਸਮੱਦ ਖ਼ਾਨ ਮੁਲਤਾਨ ਦਾ ਹਾਕਮ ਥਾਪਿਆ ਗਿਆ ਸੀ। ਆਪ ਸਮੱਦ ਖਾਨ ਹੁਣ ਬੁਢਾ ਹੋ ਰਿਹਾ ਸੀ ਤੇ ਉਹਦੇ ਵਾਸਤੇ ਸਿਖਾਂ ਜਿਹੀ ਨਰੋਈ ਤੇ ਤਿਆਰ-ਬਰ-ਤਿਆਰ ਕੌਮ ਨੂੰ ਕਾਬੂ ਰਖਣਾ ਔਖਾ ਹੋ ਗਿਆ ਸੀ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਸਿਖਾਂ ਦੇ ਬਰਖ਼ਿਲਾਫ਼ ਫਿਰ ਤਲਵਾਰ ਚੁਕੀ ਤੇ ਸੂਬਾ ਲਾਹੌਰ ਨਾਲ ਸਿੰਘਾਂ ਦਾ ਫਿਰ ਯੁਧ ਸ਼ੁਰੂ ਹੋ ਗਿਆ। ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਹੋਇਆਂ ਅਜੇ ਮਸੇਂ ਦਸ ਸਾਲ ਹੀ ਹੋਏ ਸਨ।

੧੭੨੬ ਤੋਂ ਲੈਕੇ ੧੭੩੩ ਤਕ ਖ਼ਾਲਸੇ ਤੇ ਮੁਗ਼ਲਾਂ ਦੀ ਤਲਵਾਰ ਖਟਕਦੀ ਰਹੀ। ਕਦੀ ਸਿਖ ਜਿਤਦੇ ਤੇ ਉਹ ਇਸ ਜਿਤ ਦੀ ਖੁਸ਼ੀ ਵਿਚ ਹੁਮ ਹੁਮਾ ਕੇ ਅੰਮ੍ਰਿਤਸਰ ਦੀਵਾਲੀ ਜਾਂ ਵਿਸਾਖੀ ਉੱਤੇ ਆ ਗੱਜਦੇ। ਕਦੀ ਮੁਗ਼ਲ ਜਿਤਦੇ ਤਾਂ ਉਹ ਸਿਖਾਂ ਨੂੰ ਅੰਮ੍ਰਿਤਸਰ ਤੇ ਬਾਕੀ ਇਲਾਕੇ ਵਿਚੋਂ ਭਜਾ ਕਢਦੇ। ਸਿਖ ਲੱਖੀ ਜੰਗਲ ਤੇ ਸ਼ਿਵਾਲਕ ਪਹਾੜੀਆਂ ਵਿਚ ਜਾ ਪਨਾਹ ਲੈਂਦੇ। ਕੁਝ ਚਿਰ ਪਿਛੋਂ ਉਹ ਫਿਰ ਇਕੱਠੇ ਹੁੰਦੇ, ਗੁਰਮਤ ਸੋਧਦੇ, ਘੋੜੇ, ਅਨਾਜ ਜੋੜਦੇ ਤੇ ਇਕ ਵਾਰ ਫਿਰ ਇਕ ਮੁਠ ਹੋ ਕੇ ਅਕਾਲ ਅਕਾਲ ਗਜਾਂਦੇ ਮੁਗ਼ਲਾਂ ਨੂੰ ਮਾਰ ਕਢਦੇ।

੧੭੩੩ ਵਿਚ ਜ਼ਕਰੀਆ ਖ਼ਾਨ ਨੂੰ ਆਪਣੀ ਜ਼ੋਰ-ਨੀਤੀ ਹੀਨ ਹੁੰਦੀ ਦਿੱਸੀ। ਉਹਨੂੰ ਦਿਸਿਆ ਕਿ ਖ਼ਾਲਸੇ ਨੂੰ ਤਲਵਾਰ ਨਾਲ ਦਬਾਉਣਾ ਅਨਹੋਣਾ ਹੈ। ਉਸ ਦਿੱਲੀ ਸਰਕਾਰ ਕੋਲੋਂ ਇਕ ਲੱਖ ਦੀ ਜਾਗੀਰ ਤੇ ਨਵਾਬੀ ਦਾ ਖ਼ਿਤਾਬ ਮੰਗ ਘਲਿਆ ਤੇ ਸਿਖਾਂ ਨੂੰ ਬਿਨੈ ਕੀਤੀ ਕਿ ਉਹ ਇਹ ਜਾਗੀਰ ਤੇ ਨਵਾਬੀ ਸਵੀਕਾਰ ਕਰਨ। ਸਿਖ ਮੁਸਕਰਾਏ। ਮੁਗ਼ਲਾਂ ਕੋਲੋਂ ਨਵਾਬੀ ਤੇ ਮੁਗਲਾਂ ਦੀ ਜਾਗੀਰ ? ਇਹ ਮੁਲਕ ਮੁਗ਼ਲਾਂ ਦਾ ਨਹੀਂ ਸਿਖਾਂ ਦਾ ਸੀ : ਮੁਗ਼ਲ ਕਿਧਰੋਂ ਜਾਗੀਰ ਦੇਣ ਜੋਗੇ ਹੁੰਦੇ ? ਤੇ ਨਵਾਬੀ ? ਸਿਖ ਸਭ ਲੋਕ ਰਾਜਕ ਤੇ ਜਮਹੂਰੀ ਮਨੁਖ ਹਨ, ਉਹਨਾਂ ਵਿਚੋਂ ਕੋਈ ਮੁਗਲਾਂ ਵਲੋਂ ਬਖਸ਼ੀ ਨਵਾਬੀ ਸਵੀਕਾਰ ਨਹੀਂ ਸੀ ਕਰ ਸਕਦਾ। ਸਰਦਾਰੀ ਉਹ, ਜਿਹੜੀ ਸਿਖ ਆਪ ਆਪਣੇ ਵਿਚੋਂ ਕਿਸੇ ਨੂੰ ਦੇਣ।

Scanned by CamScanner

ਇਕ ਸੁਬੇਗ ਸਿੰਘ ਇਹ ਨਵਾਬੀ ਤੇ ਇਹ ਜਾਗੀਰ ਦੀ ਭੇਟਾ ਲਿਆਇਆ ਸੀ। ਭੇਟਾ ਨੂੰ ਨਾ ਕਬੂਲਣਾ ਸਿਖੀ ਦੇ ਅਸੂਲਾਂ ਦੇ ਵਿਰੁਧ ਹੈ, ਉਸ ਕਿਹਾ, ਜੇ ਕਿਸੇ ਸਿਰਕੱਢ ਸਰਦਾਰ ਨੂੰ ਨਹੀਂ ਤਾਂ ਇਹ ਨਵਾਬੀ ਕਿਸੇ ਸੇਵਕ ਨੂੰ ਹੀ ਦੇ ਦਿਤੀ ਜਾਏ। ਉਸ ਵੇਲੇ ਹਰਿਮੰਦਰ ਵਿਚ ਪੱਖਾ ਕਰਦਾ ਇਕ ਕਪੂਰ ਸਿੰਘ ਸੋ ਨਵਾਬ ਕਪੂਰ ਸਿੰਘ ਬਣਿਆ। ਦੀਪਾਲ ਪੁਰ, ਕੰਬੋਜਨਵਾਲ ਤੇ ਝੁਬਾਲ ਦੇ ਪਰਗਨੇ ਜਾਗੀਰ ਵਜੋਂ ਮਿਲੇ। ਪਰ ਜੋ ਹਕੂਮਤ ਦਾ ਖਿਆਲ ਸੀ ਕਿ ਇਸ ਜਾਗੀਰ ਤੇ ਇਸ ਨਵਾਬੀ ਦੀ ਬਖ਼ਸ਼ਸ਼ ਨਾਲ ਉਹ ਸਿਖਾਂ ਨੂੰ ਰਾਖਵੇਂ ਕਰ ਲੈਣਗੇ ਤਾਂ ਉਹ ਖਿਆਲ ਜਲਦੀ ਹੀ ਗ਼ਲਤ ਨਿਕਲਿਆ ਸਿਖਾਂ ਦਾ ਨਿਸ਼ਾਨਾ ਹੁਣ ਲਾਹੌਰ ਸੀ। ਇਹਨਾਂ ਹੀ ਦਿਨਾਂ ਵਿਚ ਖ਼ਾਲਸਾ ਬੁਢਾ ਦਲ ਤੇ ਤਰਨਾ ਦਲ ਅੰਦਰ ਵੰਡਿਆ ਗਿਆ। ਬੁਢਾ ਦਲ ਨਿਸਬਤਨ ਬਿਰਧ ਲੋਕਾਂ ਦਾ ਦਲ ਸੀ ਤੇ ਇਹਦੇ ਸਰਦਾਰ ਸਨ ਸ਼ਾਮ ਸਿੰਘ ਸਾਰੋਕੇ, ਭੰਗਾ ਸਿੰਘ ਤੇ ਗੁਰਬਖ਼ਸ਼ ਸਿੰਘ ਰੋਰਨਵਾਲਾ। ਤਰਨਾ ਦਲ ਨੌਜਵਾਨਾਂ ਦੀ ਫ਼ੌਜ ਦਾ ਨਾਂ ਸੀ। ਅੰਮ੍ਰਿਤਸਰ ਦੇ ਭਿੰਨ ਭਿੰਨ ਪੰਜ ਹਿਸਿਆਂ ਵਿਚ ਇਹਨਾਂ ਦੇ ਪੰਜ ਸਦਰ ਸਨ। ਹਰ ਇਕ ਜਥੇ ਵਿਚ ਦੋ ਕੁ ਹਜ਼ਾਰ ਆਦਮੀ ਸਨ ਤੇ ਹਰ ਜਥੇ ਦਾ ਆਪਣਾ ਆਪਣਾ ਵਖਰਾ ਝੰਡਾ ਸੀ।

ਸੁਬੇਗ ਸਿੰਘ, ਬਾਹਬਾਜ਼ ਦਾ ਪੁਤਰ, ਵੀ ਇਹਨਾਂ ਪੰਜਾਂ ਜਥਿਆਂ ਵਿਚੋਂ ਬਿਨੋਦ ਸਿੰਘ ਦੇ ਜੱਥੇ ਵਿਚ ਸ਼ਾਮਲ ਸੀ। ਇਹ ਜੱਥੇ ਕੁਝ ਮਹੀਨਿਆਂ ਦੇ ਅੰਦਰ ਅੰਦਰ ਹੀ ਸਾਰੇ ਪੰਜਾਬ ਵਿਚ ਪੱਸਰ ਗਏ। ਧੁਰ ਦਿੱਲੀ ਤਕ ਤਰਨਾ ਦਲ ਦੇ ਘੋੜਿਆਂ ਦੀ ਚਾਪ ਸੁਣਾਈ ਦਿਤੀ। ਬਾਦਸ਼ਾਹ ਘਬਰਾਇਆ, ਕੀ ਜਾਗੀਰ ਤੇ ਨਵਾਬੀ ਲੈ ਕੇ ਵੀ ਇਹ ਸਿਖ ਚੈਨ ਨਹੀਂ ਕਰਦੇ, ਉਸ ਪੁਛਿਆ। ਜ਼ਕਰੀਆ ਖਾਨ ਥਰਥਰਾਇਆ। ਦੋ ਸਾਲਾਂ ਦੇ ਅੰਦਰ ਅੰਦਰ ਜਾਗੀਰ ਤੇ ਨਵਾਬੀ ਦਾ ਖ਼ਿਤਾਬ ਚਬਤ ਹੋ ਗਿਆ। ਪਰ ਹੁਣ ਤਕ ਸੇਵਾਦਾਰ ਕਪੂਰ ਸਿੰਘ ਨਵਾਬ ਕਪੂਰ ਸਿੰਘ ਬਣ ਚੁਕਾ ਸੀ ਤੇ ਖ਼ਾਲਸੇ ਨੇ ਉਹਨੂੰ ਆਪਣਾ ਨਵਾਬ ਮਿਥ ਲਿਆ ਸੀ। ਹੁਣ ਕੋਈ ਤਾਕਤ ਉਹਦੇ ਕੋਲੋਂ ਇਹ ਖ਼ਿਤਾਬ ਖੱਸ ਨਹੀਂ ਸੀ ਸਕਦੀ।

ਫਿਰ ਲੜਾਈ ਸ਼ੁਰੂ ਹੋਈ। ਫਿਰ ਅੰਮ੍ਰਿਤਸਰ ਉੱਤੇ ਚੜ੍ਹਾਈ ਹੋਈ। ਫਿਰ ਅੰਮ੍ਰਿਤਸਰ ਦੀ ਬੇਹੁਰਮਤੀ ਹੋਈ। ੧੭੩੮ ਵਿਚ ਭਾਈ ਮਨੀ ਸਿੰਘ ਦਾ ਬੰਦ ਬੰਦ ਕਟਿਆ ਗਿਆ। ਕੁਝ ਸਾਲਾਂ ਪਿਛੋਂ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰੀ ਗਈ। ਫਿਰ ਹਕੀਕਤ ਰਾਏ ਸ਼ਹੀਦ ਕੀਤਾ ਗਿਆ। ਇਹਨਾਂ ਦਿਨਾਂ ਵਿਚ ਹੀ ਨਾਦਰ ਸ਼ਾਹ ਦੁਰਾਨੀ ਪਹਿਲੀ ਵਾਰ ਹਿੰਦੁਸਤਾਨ ਉੱਤੇ ਚੜ੍ਹ ਕੇ ਆਇਆ। ਧੁਰ ਦਿੱਲੀ ਤਕ ਮੁਗ਼ਲ ਉਹਦੇ ਪੈਰਾਂ ਥੱਲੇ ਵਿਛ ਗਏ। ਜੇ ਕਿਸੇ ਨੇ ਉਸ ਅਗੇ ਸਿਰ ਨਾ ਝੁਕਾਇਆ ਤਾਂ ਓਹ ਖ਼ਾਲਸਾ ਸੀ। "ਕੌਣ ਹਨ ਇਹ ਜਿਹੜੇ ਮੇਰਾ ਸਾਹਮਣਾ ਕਰਨ ਦਾ ਜ਼ੇਰਾ ਕਰਦੇ ਹਨ ? ਹਿੰਦੁਸਤਾਨ ਵਿਚ ਕਿਹੜੀ ਅਜਿਹੀ ਕੌਮ ਅਜ ਤਕ ਜ਼ਿੰਦਾ ਹੈ ? ਇਹਨਾਂ ਦੇ ਘਰ ਸਾੜ ਦਿਤੇ ਜਾਣ ! ਇਹਨਾਂ ਦਾ ਮਾਲ ਧੰਨ ਲੁਟ ਲਿਆ ਜਾਏ ! ਇਹਨਾਂ ਦਾ ਖੁਰਾ ਖੋਜ ਮਿਟਾ ਦਿਉ ! ਇਕ ਇਕ ਨੂੰ ਕਤਲ ਕਰ ਦਿਓ।" ਨਾਦਰ ਸ਼ਾਹ ਦਿੱਲੀ ਦਾ ਜੇਤੂ ਗਰਜਿਆ। "ਇਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਉਤੇ ਹਨ, ਜਹਾਂ ਪਨਾਹ। ਇਹਨਾਂ ਕੋਲ ਮਾਲ ਧੰਨ ਕੋਈ ਨਹੀਂ ਹੁੰਦਾ। ਹਰ ਛੇਵੇਂ ਮਹੀਨੇ ਅੰਮ੍ਰਿਤਸਰ ਦੇ ਛੱਪੜ ਵਿਚ ਨਹਾ ਕੇ ਇਹ ਨਵੇਂ ਨਰੋਏ ਹੋ ਜਾਂਦੇ ਹਨ। ਇਹਨਾਂ ਨੂੰ ਖਾਣ ਦੀ ਹਵਸ ਨਹੀਂ। ਇਹ ਲੋਕ ਤਾਂ ਰੱਬ ਕੋਲੋਂ ਵੀ ਨਹੀਂ ਡਰਦੇ ਜਹਾਂ ਪਨਾਹ" ਜ਼ਕਰੀਆ ਖ਼ਾਨ ਨੇ ਕੰਬਦਿਆਂ ਹੋਇਆਂ ਉਤਰ ਦਿੱਤਾ।

ਨਾਦਰ ਸ਼ਾਹ ਵੀ ਦਿਲ ਹੀ ਦਿਲ ਵਿਚ ਕੰਬਿਆ। ਉਹਨੂੰ ਲਗਾ ਕਿ ਹੋਵੇ ਨਾ ਹੋਵੇ, ਇਹ ਅੰਮ੍ਰਿਤਸਰ ਦੇ ਪਾਣੀ ਦੀ ਹੀ ਕਰਾਮਾਤ ਹੈ ਕਿ ਸਿਖ ਮਰਦੇ ਨਹੀਂ। ਉਹਦੇ ਜਾਂ-ਨਸ਼ੀਨ ਅਹਿਮਦ ਸ਼ਾਹ ਦੁਰਾਨੀ ਨੇ ਏਸੇ ਲਈ ਹਰ ਦੂਜੇ ਤਜ਼ੇ ਹੱਲੇ ਅੰਮ੍ਰਿਤਸਰ ਦੇ ਸਰੋਵਰ ਨੂੰ ਪੂਰਨ ਦਾ ਬੀੜਾ ਚੁਕ ਲਿਆ। ਖ਼ਾਲਸਾ ਕੌਮ ਨੇ ਸਰੋਵਰ ਨੂੰ ਬਰਕਰਾਰ ਰਖਣ ਦਾ ਬੀੜਾ ਪੁਕ ਰਖਿਆ ਸੀ, ਸੋ ਮੁਕਾਬਲਾ ਜਾਰੀ ਰਿਹਾ। ਵਾਹ ਸਿਖਾਂ ਦਾ ਜਿਗਰਾ ਤੇ ਵਾਹ ਸਿਖਾਂ ਦਾ ਅੰਮ੍ਰਿਤਸਰ ਵਾਸਤੇ ਪਿਆਰ! ਜਦੋਂ ਉਹਨਾਂ ਸੁਣਿਆ ਕਿ ਮੱਸਾ ਰੰਘੜ ਹਰਿਮੰਦਰ ਦੀ ਬੇਇਜ਼ਤੀ ਕਰ ਰਿਹਾ ਹੈ, ਕੀਰਤਨ ਦੀ ਥਾਂ ਉਥੇ ਮੁਜਰਾ ਹੁੰਦਾ ਹੈ, ਤਾਂ ਸੁੱਖਾ ਸਿੰਘ ਤੁਖਾਣ ਤੇ ਮਤਾਬ ਸਿੰਘ ਭੰਗੂ — ਦੋ ਜਵਾਨ, ਮੁਗ਼ਲਾਂ ਦੇ ਪਹਿਰੇ ਹੇਠੋਂ ਲੰਘ ਕੇ, ਅਨੇਕ ਸਾਥੀਆਂ ਨਾਲ ਘਿਰੇ ਮੱਸੇ ਰੰਘੜ ਨੂੰ ਕਤਲ ਕਰ ਕੇ ਸਾਫ਼ ਬਚ ਨਿਕਲੇ। ਅੰਮ੍ਰਿਤਸਰ ਦੇ ਸਰੋਵਰ ਵਿਚ ਅਸ਼ਨਾਨ ਦੀ ਚਾਹ ਇਹੋ ਜਿਹੀ ਕਿ ਸਣੇ ਕਮੀਜ਼ ਤੇ ਕਛਹਿਰੇ ਦੇ ਘੋੜੇ ਨੂੰ ਸਰਵਰ ਵਿਚੋਂ ਦੂੜਾ ਲੈ ਜਾਣਾ ਤੇ ਸਮਝਣਾ ਕਿ ਅਸ਼ਨਾਨ ਹੋ ਗਿਆ।

ਇਕ ਬੰਤਾ ਸਿੰਘ ਤੇ ਇਕ ਗਰਜਾ ਸਿੰਘ, ਦੋ ਸਾਥੀ ਲੁਕ ਛੁਪ ਕੇ ਰਾਤੀਂ ਏਥੇ ਅਸ਼ਨਾਨ ਕਰਦੇ ਤੇ ਦਿਨੇ ਲੁਕੇ ਰਹਿੰਦੇ। ਕਿਸੇ ਨੇ ਬੱਲੀ ਮਾਰੀ — "ਇਹ ਸਿਖ ਨਹੀਂ ਬੁਜ਼ਦਿਲ ਹਨ ਜਿਹੜੇ ਦਿਨੇ ਛੁਪੇ ਰਹਿੰਦੇ ਹਨ।" ਉਸੇ ਵੇਲੇ ਜਰਨੈਲੀ

Scanned by CamScanner

ਸੜਕ ਉੱਤੇ ਨੂਰਦੀਨ ਦੀ ਸਰਾਂ ਦੇ ਲਾਗੇ ਬੋਤਾ ਸਿੰਘ ਨੇ ਸਿਖ ਸਲਤਨੱਤ ਵਜੂਦ ਵਿਚ ਲੈ ਆਂਦੀ। ਹਰ ਆਉਂਦੇ ਜਾਂਦੇ ਕੋਲੋਂ ਚੁਕਾਤ ਉਗਰਾਹਣ ਲੱਗਾ ਤੇ ਇਕ ਰਾਹੀ ਹੱਥ ਉਸ ਨੇ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਲਿਖਿਆ—

"ਚਿਠੀ ਲਿਖੀ ਸਿੰਘ ਬੋਤਾ, ਹੱਥ ਹੈ ਸੋਟਾ, ਵਿਚ ਰਾਹ ਖਲੋਤਾ, ਪਉਆ ਲਾਇਆ ਗੱਡੇ ਨੂੰ,
ਪੈਸਾ ਲਾਇਆ ਖੋਤਾ, ਦੱਸੋ ਭਾਬੋ ਖਾਨੋਂ ਨੂੰ, ਯੋਂ ਆਖੇ ਸਿੰਘ ਬੰਤਾ।"

ਜਲਾਲ ਦੀਨ ਫ਼ੌਜਦਾਰ ਸੌ ਆਦਮੀਆਂ ਨਾਲ ਬੋਤਾ ਸਿੰਘ ਤੇ ਗਰਜਾ ਸਿੰਘ ਨੂੰ ਸਰ ਕਰਨ ਆਇਆ। ੧੭੪੮ ਵਿਸਾਖੀ ਦੇ ਦਿਨ ਅੰਮ੍ਰਿਤਸਰ ਫਿਰ ਜੋੜ-ਮੇਲ ਹੋਇਆ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਖ਼ਾਲਸੇ ਦੀ ਸਰਦਾਰੀ ਬਖਸ਼ੀ। ਏਸੇ ਸਾਲ ਹੀ ਅੰਮ੍ਰਿਤਸਰ ਅੰਦਰ ਰਾਮ ਰਾਉਣੀ ਹੋਂਦ ਵਿਚ ਆਈ ਜਿਹੜੀ ਪਿਛੋਂ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਮ ਗੜ੍ਹ ਕਿਲ੍ਹੇ ਵਿਚ ਤਬਦੀਲ ਕੀਤੀ। ਰਾਮ-ਰਾਉਣੀ ਦੀ ਉਸਾਰੀ ਜਿਵੇਂ ਸਾਰੇ ਪੰਜਾਬ ਵਿਚ ਕਿਲ੍ਹੇ ਬਨਾਉਣ ਦਾ ਇਸ਼ਾਰਾ ਹੋਵੇ। ਕੁਝ ਸਾਲਾਂ ਦੇ ਅੰਦਰ ਅੰਦਰ ਹੀ ਥਾਂ ਥਾਂ ਸਰਦਾਰਾਂ ਨੇ ਕਿਲ੍ਹੇ ਉਸਾਰ ਲਏ ਪਰ ਸਿਖ ਕਾਰਵਾਈਆਂ ਦਾ ਮਧ ਅੰਮ੍ਰਿਤਸਰ ਹੀ ਰਿਹਾ। ਅੰਮ੍ਰਿਤਸਰ ਦੀ ਰਾਮ ਰਾਉਣੀ ਤੇ ਅੰਮ੍ਰਿਤਸਰ ਦਾ ਸਰੋਵਰ ਹੁਣ ਹਾਕਮਾਂ ਦੇ ਦੋ ਨਿਸ਼ਾਨੇ ਸਨ।

ਫਿਰ ਮੀਰ ਮਨੂੰ ਲਾਹੌਰ ਦਾ ਸੂਬਾ ਬਣਿਆ। ਲਾਹੌਰ ਦੇ ਹਰ ਸੂਬੇ ਦਾ ਸਭ ਤੋਂ ਵਡਾ ਕੰਮ ਸਿਖਾਂ ਨੂੰ ਦਬਾਣਾ ਤੇ ਅੰਮ੍ਰਿਤਸਰ ਵਿਚ ਸਿਖਾਂ ਨੂੰ ਇਕੱਠਿਆਂ ਨਾ ਹੋਣ ਦੇਣਾ ਹੀ ਹੁੰਦਾ ਹੀ। ਸੋ ਮਨੂੰ ਨੇ ਆਪਣੇ ਪੂਰਵ-ਅਧਿਕਾਰੀਆਂ ਦਾ ਕੰਮ ਬਰਕਾਰ ਰਖਿਆ। ਕਦੀ ਅੰਮ੍ਰਿਤਸਰ ਮੀਰ ਮਨੂੰ ਦੇ ਹੱਥ, ਕਦੀ ਸਿਖਾਂ ਦੇ। ਮੀਰ ਮਨੂੰ ਦੇ ਜ਼ੁਲਮ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਗਏ। ਪਰ ਸਿਖਾਂ ਨੇ ਮੁਸਕਰਾਂਦਿਆਂ ਮੁਸਕਰਾਂਦਿਆਂ ਇਹ ਜ਼ੁਲਮ ਸਹੇ ਤੇ ਗਾਂਵਿਆ—

"ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ। ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।" ਹੁਣ ਤੀਜੀ ਵਾਰ ਅਹਿਮਦ ਸ਼ਾਹ ਭਾਰਤ ਆਇਆ। ਦੀਵਾਨ ਕੋੜਾ ਮਲ ਦੀ ਰਾਏ ਨਾਲ ਮੀਰ ਮਨੂੰ ਨੇ ਆਪਣੀ ਗਰਜ਼ ਨੂੰ ਸਿਖਾਂ ਨਾਲ ਸੁਲਹ ਕੀਤੀ ਪਰ ਅਹਿਮਦ ਸ਼ਾਹ ਦੇ ਜਾਣ ਦੇ ਝਟ ਪਿਛੋਂ ਆਪਣੀ ਨੀਤੀ ਫਿਰ ਬਦਲ ਲਈ। ਮਾਖੋਵਾਲ ਵਿਚ ਹੋਲੇ ਮਹੱਲੇ ਵੇਲੇ ਜੁੜੇ ਸਿਖਾਂ ਉਤੇ ਸੁਤੇ-ਸਿਧ ਹਮਲਾ ਕਰ ਦਿਤਾ ਗਿਆ। ਇਸ ਮੇਲੇ ਉੱਤੇ ਇਕੱਤਰ ਹੋਏ ਸਭ ਸਿਖਾਂ ਨੂੰ ਕਤਲ ਕਰ ਕੇ ਮੀਰ ਮਨੂੰ ਦਾ ਖਿਆਲ ਸੀ ਸਿਖ ਖਤਮ ਹੋ ਜਾਣਗੇ। ਪਰ ਦੋਹਾਂ ਮਹੀਨਿਆਂ ਦੇ ਅੰਦਰ ਅੰਦਰ ਹੀ ਸਿੰਘ ਫਿਰ ਅੰਮ੍ਰਿਤਸਰ ਆ ਜੁੜੇ ਤੇ ਉਹਨਾਂ ਮਨੂੰ ਦੇ ਜਰਨੈਲਾਂ ਤੇ ਉਹਦੀਆਂ ਫ਼ੌਜਾਂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿਤਾ।

੧੭੫੬ ਵਿਚ ਦੁਰਾਨੀ ਨੇ ਚੌਥੀ ਵਾਰ ਹਿੰਦੁਸਤਾਨ ਉੱਤੇ ਹੱਲਾ ਕੀਤਾ ਤੇ ੧੭੫੭ ਵਿਚ ਵਾਪਸ ਜਾਂਦਿਆਂ ਅੰਮ੍ਰਿਤਸਰ ਦੇ ਸਰੋਵਰ ਨੂੰ ਫਿਰ ਪੂਰ ਗਿਆ। ਇਹ ਹੀ ਨਹੀਂ, ਨਾਲ ਹੁਕਮ ਵੀ ਦੇ ਗਿਆ ਕਿ ਏਥੇ ਹੁਣ ਫ਼ਸਲ ਬੀਜ ਦਿਤੀ ਜਾਏ ਤਾਂ ਕਿ ਸਿਖ ਕਦੀ ਮੁੜ ਕੇ ਅੰਮ੍ਰਿਤਸਰ ਨਾ ਜੁੜਨ। ਪਰ ਉਹ ਅਜੇ ਝਨਾਂ ਵੀ ਨਹੀਂ ਸੀ ਟਪਿਆ ਕਿ ਖ਼ਾਲਸੇ ਨੇ ਸਰੋਵਰ ਦੀ ਨਵੇਂ ਸਿਰੋਂ ਖੁਦਾਈ ਵੀ ਕਰ ਲਈ। ਹਰਿਮੰਦਰ ਵਿਚੋਂ ਉਠਦੇ ਜੈਕਾਰਿਆਂ ਦੀ ਆਵਾਜ਼ ਲਾਹੌਰ ਦੇ ਕਿਲ੍ਹੇ ਦੀਆਂ ਫ਼ਸੀਲਾਂ ਨਾਲ ਮੁੜ ਟਕਰਾਣ ਲਗੀ। ਆਉਂਦੀ ਦੀਵਾਲੀ ਉੱਤੇ ਦੁਰਾਨੀ ਦੇ ਸੂਬਾ ਤੈਮੂਰ ਸ਼ਾਹ ਨੇ ਇਕ ਵਾਰ ਫਿਰ ਸਿੱਖਾਂ ਨਾਲ ਦੋ ਦੋ ਹੱਥ ਕਰਨ ਦੀ ਠਾਣੀ। ਦੀਵਾਲੀ ਉੱਤੇ ਅਨੇਕ ਸਿਖ ਅੰਮ੍ਰਿਤਸਰ ਇਕੱਠੇ ਹੋਣਗੇ ਤੇ ਉਦੋਂ ਹੀ ਉਹਨਾਂ ਦਾ ਹਰ ਹਮੇਸ਼ ਲਈ ਖੁਰਾ ਖੋਜ ਮਿਟਾਇਆ ਜਾਏਗਾ। ਉਹਨੇ ਸਿਖਾਂ ਦੇ ਬਰਖ਼ਿਲਾਫ਼ ਜਹਾਦ ਦੀ ਡੌਂਡੀ ਪਿਟਵਾਈ ਤੇ ਹਜ਼ਾਰਾਂ ਗ਼ਾਜ਼ੀਆਂ ਨੂੰ ਇਕੱਠਿਆਂ ਕਰ ਲਿਆ।

ਉਧਰ ਖ਼ਾਲਸੇ ਨੂੰ ਵੀ ਇਸ ਜਹਾਦ ਦੀ ਮੁਨਾਦੀ ਦੀ ਸੋ ਪੁਜੀ ਤੇ ਉਹਨਾਂ ਵੀ ਕਮਰ ਕੱਸੇ ਕਰ ਲਏ। ਬਾਬਾ ਦੀਪ ਸਿੰਘ ਦੀ ਸਰਦਾਰੀ ਥਲੇ ਪੰਜ ਹਜ਼ਾਰ ਸਿੰਘ ਤਰਨ ਤਾਰਨ ਆ ਜੁੜਿਆ। ਗੁਰਵਾਲ ਦੇ ਕੋਲ ਮੁਗਲੀਹਾ ਜਰਨੈਲ ਜਹਾਨ ਖ਼ਾਨ ਨਾਲ ਟਾਕਰਾ ਹੋਇਆ। ਮੁਗਲ ਹਾਰ ਗਏ ਤੇ ਬਾਬਾ ਦੀਪ ਸਿੰਘ ਨੇ ਇਕ ਮਾਰੂ ਜ਼ਖਮ ਦੇ ਬਾਵਜੂਦ ਵੀ ਹਰਿਮੰਦਰ ਦੀ ਚਾਰ ਦੀਵਾਰੀ ਵਿਚ ਪੁਜ ਕੇ ਪ੍ਰਾਣ ਦਿਤੇ। ਪਰ ਕੁਝ ਦਿਨਾਂ ਦੇ ਅੰਦਰ ਅੰਦਰ ਅਤਾਈ ਖ਼ਾਨ, ਲਗ ਭਗ ਸੱਤ ਹਜ਼ਾਰ ਤਾਜ਼ਾ ਦੰਮ ਸਿਪਾਹੀਆਂ ਤੇ ਬਾਰਾਂ ਕੁ ਤੋਪਾਂ ਨਾਲ ਅੰਮ੍ਰਿਤਸਰ ਆ ਪਹੁੰਚਿਆ। ਐਤਕੀ ਖ਼ਾਲਸਾ ਆਪਣੇ ਤੋਂ ਤਿਗਣੀ ਚੌਗਣੀ ਫ਼ੌਜ ਦੀ ਤਾਬ ਨਾ ਸਹਾਰ ਸਕਿਆ ਤੇ ਬੰਦਾ ਸਿੰਘ ਬਹਾਦਰ ਦੀ ਸਿਖਾਈ ਛਾਪੇ-ਮਾਰ ਨੀਤੀ ਨੂੰ ਅਪਣਾਂਦਾ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਜਾ ਛੁਪਿਆ।

Scanned by CamScanner

ਇਹ ਇਸ ਆਖਰੀ ਮਾਹੌਰਕੇ ਦੀ ਕਹਾਣੀ ਸੀ ਜਿਹੜੀ ਜਾਂਬਾਜ਼ ਸਿੰਘ ਨੇ ਛਤੰਹ ਗਜ਼ ਦੇ ਕੈਂਦਰੀ ਖੂਹ ਦਵਾਲੇ ਜੁੜੀ ਸੰਗਤ ਨੂੰ ਸੁਣਾਈ। ਦੀਵਾਲੀ ਤੋਂ ਕੁਝ ਦਿਨ ਪਹਿਲਾਂ ਉਹ ਆਪਣੇ ਤੀਹ ਚਾਲ੍ਹੀ ਸਾਥੀਆਂ ਨਾਲ ਇਸ ਲੜਾਈ ਵਿਚ ਹਿੱਸਾ ਲੈਣ ਵਾਸਤੇ ਟੁਰ ਗਿਆ ਸੀ। ਉਹ ਗੁਰਵਾਲ ਦੀ ਜੰਗ ਵਿਚ ਹਾਜ਼ਰ ਸੀ। ਉਹ ਬਾਬਾ ਦੀਪ ਸਿੰਘ ਦੇ ਨਾਲ ਹੀ ਅੰਮ੍ਰਿਤਸਰ ਪੁਜਾ ਸੀ ਤੇ ਉਸ ਹੁਸ਼ਿਆਰਪੁਰ ਦੇ ਉੱਤਰ ਵਿਚ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਆ ਸਾਹ ਲਿਆ ਸੀ। "ਏਥੇ ਪਹੁੰਚ ਕੇ ਜੱਸਾ ਸਿੰਘ ਆਹੂਵਾਲੀਏ ਨੂੰ ਤੇ ਮੈਨੂੰ ਲਾਹੌਰ ਦੀ ਜਿਤ ਦਾ ਰਾਹ ਦਿੱਸਿਆ ਤੇ ਅਸਾਂ ਇਸ ਮੁਹਿੰਮ ਵਾਸਤੇ ਪ੍ਰਬੰਧ ਕਰਨਾ ਸ਼ੁਰੂ ਕੀਤਾ", ਉਸ ਆਖਿਆ।

੪੨

"ਅਦੀਨਾ ਬੇਗ ਦੀ ਮਰਜ਼ੀ ਸੀ ਕਿ ਉਹਦੀ ਤੇ ਸਾਡੀ ਮਿਲਵੀਂ ਸੈਨਾਂ ਸਭ ਤੋਂ ਪਹਿਲੇ ਜਲੰਧਰ ਉੱਤੇ ਹੱਲਾ ਬੋਲੇ ਤੇ ਪਿਛੋਂ ਲਾਹੌਰ ਛਤਹ ਕੀਤਾ ਜਾਏ", ਜਾਂਬਾਜ਼ ਸਿਘ ਕਹਿੰਦਾ ਗਿਆ, "ਪਰ ਮੈਂ ਸਰਦਾਰ ਜੱਸਾ ਸਿੰਘ ਨੂੰ ਰਾਏ ਦਿਤੀ ਕਿ ਕਿਉਂ ਨਾ ਸਾਰੀ ਸੈਨਾਂ ਦੋ ਹਿੱਸਿਆਂ ਵਿਚ ਵੰਡ ਦਿਤੀ ਜਾਏ ਤੇ ਇਕ ਹਿੱਸਾ ਜਲੰਧਰ ਦੁਆਬ ਉੱਤੇ ਹੱਲਾ ਬੋਲੇ ਤੇ ਦੂਜਾ ਲਾਹੌਰ ਉੱਤੇ। ਸਰਦਾਰ ਦੀ ਪਹਿਲੋਂ ਹੀ ਇਹੋ ਮਨਸ਼ਾ ਸੀ। ਉਸ ਮੈਨੂੰ ਦੱਸਿਆ ਕਿ ਉਹ ਜ਼ੋਰ ਦੇ ਕੇ ਕਿਵੇਂ ਨਾ ਕਿਵੇਂ ਅਦੀਨਾ ਬੇਗ ਕੋਲੋਂ ਇਹ ਗੱਲ ਮਨਵਾ ਲਏਗਾ। ਉਹਨੂੰ ਡਰ ਸਿਰਫ ਇਹ ਸੀ ਕਿ ਕਿਤੇ ਇਹ ਰਾਏ ਸੁਣ ਕੇ ਅਦੀਨਾ ਬੇਗ ਆਪ ਲਾਹੌਰ ਚੜ੍ਹਨ ਦਾ ਪੱਕ ਨਾ ਕਰ ਲਏ। ਅਜੇ ਤਕ ਉਹਦਾ ਦਾਦੀਆ ਸਿਰਫ ਜਲੰਧਰ ਸੀ।

"ਸੋ ਇਕ ਦਿਨ ਮੈਂ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ, ਤੇਹੁਾਂ ਨੇ ਰਲ ਕੇ ਅਦੀਨਾ ਬੇਗ ਤੇ ਉਹਦੇ ਸਾਥੀ ਇਲਮ ਦੀਨ ਨੂੰ ਸਮਝਾਇਆ ਕਿ ਉਹ ਆਪਣਾ ਜੱਦੀ ਸੂਬਾ ਜਲੰਧਰ ਹੱਥੋਂ ਨਾ ਗੁਆਣ। ਜਲੰਧਰ ਦੁਆਬ ਉਤੇ ਅਦੀਨਾ ਬੇਗ ਦਾ ਜਮ ਦਰੂ ਹੱਕ ਹੈ ਤੇ ਇਸ ਸਮੇਂ ਸਿਧੀ ਲਾਹੌਰ ਉਤੇ ਆਸ ਲਾਈ ਰਖਣੀ ਠੀਕ ਨਹੀਂ। ਬੇਸ਼ਕ ਅਦੀਨਾ ਬੇਗ ਸਾਡੀ ਚਾਲ ਸਮਝਦਾ ਸੀ ਤੇ ਅਸੀਂ ਉਹਦੀ ਪਰ ਸਾਡੀ ਸਲਾਹ ਦੀ ਉਲੰਘਣਾ ਕਰਨ ਦੀ ਉਹਨੂੰ ਹਿੰਮਤ ਨਾ ਹੋਈ। ਸਾਡੇ ਬਗੈਰ ਉਹ ਡੇਰਿਉਂ ਕਦਮ ਵੀ ਨਹੀਂ ਸੀ ਜੁਕ ਸਕਦਾ। ਸੋ ਫੈਸਲਾ ਹੋਇਆ ਕਿ ਜੱਸਾ ਸਿੰਘ ਰਾਮਗੜ੍ਹੀਆ, ਅਦੀਨਾ ਬੇਗ ਨਾਲ ਜਲੰਧਰ ਜਾਏ ਤੇ ਜੱਸਾ ਸਿੰਘ ਕਲਾਲ ਦਿਕ ਇਕੱਲਾ ਆਪਣੇ ਜੱਥੇ ਨਾਲ ਲਾਹੌਰ ਉਤੇ ਚੜ੍ਹਾਈ ਕਰੇ। ਇਸ ਤਰ੍ਹਾਂ ਸਾਥੀਓ ਮੈਨੂੰ ਆਪਣੀ ਚਾਹ ਤੇ ਆਪਣੀ ਰੀਝ ਪੂਰੀ ਕਰਨ ਦਾ ਮੌਕਾ ਮਿਲਿਆ", ਜਾਂਬਾਜ਼, ਨੈ ਆਪਣੀ ਕਹਾਣੀ ਦਾ ਇਕ ਹੋਰ ਹਿੱਸਾ ਜਿਵੇਂ ਖ਼ਤਮ ਕਰਦਿਆਂ ਹੋਇਆਂ ਕਿਹਾ।

ਜਾਂਬਾਜ਼ ਸਿੰਘ ਦੇ ਦਿਲ ਵਿਚ ਲਾਹੌਰ ਪਹੁੰਚਣ ਦੀ ਰੀਝ ਕੇਡੀ ਪੁਰਾਣੀ ਸੀ ਕੋਈ ਨਹੀਂ ਕਹਿ ਸਕਦਾ। ਜਿਥੋਂ ਤਕ ਉਹਨੂੰ ਯਾਦ ਸੀ ਇਹ ਰੀਝ ਉਦੋਂ ਤੋਂ ਹੀ ਉਹਦੇ ਮਨ ਵਿਚ ਉਤਪੰਨ ਸੀ ਜਦੋਂ ਤੋਂ ਉਹ ਆਪਣੇ ਭਰਾ ਸ਼ਾਹਬਾਜ਼ ਸਿੰਘ ਤੇ ਆਪਣੇ ਪੁੱਤਰ ਗੁਰਦਾਸ ਸਿੰਘ ਨੂੰ ਢੂੰਡਣ ਵਾਸਤੇ ਲਾਹੌਰ ਗਿਆ ਸੀ। ਉਹ ਨਜ਼ਾਰਾ ਯਾਦ ਕਰ ਕੇ ਉਹਦੇ ਅੰਗ ਹੁਣ ਵੀ ਕੰਬ ਉਠਦੇ ਸਨ ਤੇ ਉਹਦੇ ਬੁਲ੍ਹ ਫਰਕਣ ਲਗਦੇ ਸਨ। ਕਿਸ ਤਰ੍ਹਾਂ ਜ਼ਾਲਮ ਸਮੱਦ ਖ਼ਾਨ ਨੇ ਬੰਦਾ ਸਿੰਘ ਬਹਾਦਰ ਤੇ ਉਹਦੇ ਸਾਥੀਆਂ ਦਾ ਜਲੂਸ ਲਾਹੌਰ ਦੇ ਬਾਜ਼ਾਰਾਂ ਵਿਚ ਫਿਰਾਇਆ ਸੀ ? ਕਿਸ ਤਰ੍ਹਾਂ ਲੋਕਾਂ ਨੇ ਉਹਨਾਂ ਸੂਰਮਿਆਂ ਉੱਤੇ ਥੁਕਿਆ ਤੇ ਉਹਨਾਂ ਉੱਤੇ ਪੱਥਰ ਸੁੱਟੇ ਸਨ। ਤੇ ਫਿਰ ਇਹ ਜਲੂਸ ਸਰਮੋਰ ਦੀ ਪੱਤੀ ਵਿਚੋਂ ਲੰਘਿਆ। ਜਾਂਬਾਜ਼ ਦੇ ਨਾਲ ਸਨ ਉਹਦੇ ਟੱਬਰ ਦੇ ਸਾਰੇ ਜੀ, ਉਹਦੀ ਵਹੁਟੀ, ਧੀ, ਸ਼ੁੰਭੀ ਤੇ ਉਹਦਾ ਨਵਜਨਮਿਆਂ ਕਾਲ੍ਹੂ ਤੇ ਉਹਦਾ ਆਪਣਾ ਕਸਨ ਅਨੰਦ। ਹਾਂ, ਜਾਂਬਾਜ਼ ਨੂੰ ਲਗਦਾ ਕਿ ਲਾਹੌਰ ਨੂੰ ਜਿੱਤਣ ਦੀ ਖਾਹਿਸ਼ ਉਡੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਕਿ ਉਹਦਾ ਸਿਖੀ ਧਰਮ ਵਿਚ ਵਿਸ਼ਵਾਸ਼।

Scanned by CamScanner

ਇਹ ਹੀ ਨਹੀਂ, ਪਿਛਲ ਦਸਾਂ ਸਾਲਾਂ ਤੋਂ ਉਹਦਾ ਸਾਥ ਜੱਸਾ ਸਿੰਘ ਆਹਲੂਵਾਲੀਏ ਨਾਲ ਪੱਕਾ ਹੋ ਗਿਆ ਸੀ ਤੇ ਪਿਛਲੇ ਦਸਾਂ ਸਾਲਾਂ ਤੋਂ ਹੀ ਆਹਲੂਵਾਲੀਆ ਸਰਦਾਰ ਲਾਹੌਰ ਜਿੱਤ ਕੇ ਸਿਖ ਸਲਤਨੱਤ ਦੀ ਨਵੇਂ ਸਿਰੋਂ ਬੁਨਿਆਦ ਰਖਣ ਦੇ ਸੁਪਨੇ ਲੈ ਰਿਹਾ ਸੀ। ਜਦੋਂ ੧੭੪੮ ਵਿਚ ਨਵਾਬ ਕਪੂਰ ਸਿੰਘ ਨੇ ਪੰਥ ਦੀ ਵਾਗ ਡੋਰ ਜੱਸਾ ਸਿੰਘ ਦੇ ਹੱਥ ਸੌਂਪੀ ਸੀ ਉਦੋਂ ਹੀ ਉਹਨੇ ਨਵਾਬ ਸਾਹਿਬ ਨੂੰ ਆਪਣੀ ਲਾਹੌਰ ਜਿੱਤਨ ਦੀ ਚਾਹ ਤੋਂ ਜਾਣੂ ਕਰ ਦਿਤਾ ਸੀ। ਜਾਂਬਾਜ਼ ਸਿੰਘ ਦੀ ਇਸ ਚਾਹ ਦਾ ਵੀ ਫਤਹਗੜ੍ਹ ਦੇ ਸਭ ਲੋਕਾਂ ਨੂੰ ਪਤਾ ਸੀ।

ਇਹ ਪਹਿਲੀ ਵਾਰ ਸੀ ਕਿ ਖ਼ਾਲਸੇ ਨੂੰ ਲਾਹੌਰ ਫ਼ਤਹ ਕਰਨ ਦਾ ਮੌਕਾ ਹੱਥ ਆਇਆ ਤੇ ਇਹ ਉਹਨਾਂ ਦੀ ਪਾਰਦਰਸ਼ਤਾ ਸੀ ਕਿ ਉਹਨਾਂ ਇਹ ਗੁਆਇਆ ਨਾ। ਅਦੀਨਾ ਬੇਗ ਤੇ ਤੈਮੂਰ ਸ਼ਾਹ ਆਪੋ ਵਿਚ ਪਾਟ ਪਏ ਸਨ। ਤੈਮੂਰ ਸ਼ਾਹ ਅਦੀਨਾ ਬੇਗ ਨੂੰ ਜਲੰਧਰ ਦੀ ਸੂਬੇਦਾਰੀ ਦੇਣ ਤੋਂ ਇਨਕਾਰੀ ਨਹੀਂ ਸੀ ਪਰ ਉਹ ਇਹ ਅਵੱਸ਼ ਚਾਹੁੰਦਾ ਸੀ ਕਿ ਅਦੀਨਾ ਬੇਗ ਉਹਦੀ ਦੀਨ ਮੰਨੇ। ਦਰਬਾਰ ਵਿਚ ਹਾਜ਼ਰ ਹੋਏ। ਤਾਬੇਦਾਰ ਹੋ ਕੇ ਰਹੇ। ਪਰ ਅਦੀਨਾ ਬੇਗ ਹੁਣ ਆਪ ਲਾਹੌਰ ਦਾ ਸੂਬਾ ਬਣਨ ਲਈ ਵਿਆਕੁਲ ਸੀ। ਉਹਦਾ ਖਿਆਲ ਸੀ ਕਿ ਹੁਣ ਦਾ ਗਿਆ ਅਹਿਮਦ ਸ਼ਾਹ ਵਾਪਸ ਨਹੀਂ ਆਉਣ ਲਗਾ, ਸੋ ਤੈਮੂਰ ਸ਼ਾਹ, ਜਹਾਨ ਖ਼ਾਨ ਸਣੇ, ਅਦੀਨਾ ਬੇਗ ਉਤੇ ਚੜ੍ਹ ਆਇਆ ਤੇ ਅਦੀਨਾ ਬੇਗ ਠੱਸ ਉਠਿਆ। ਡੇਰੇ ਨਾਥ ਅਦੀਨਾ ਬੇਗ, ਜੱਸਾ ਸਿੰਘ ਤੇ ਜਾਂਬਾਜ਼ ਨੂੰ ਮਿਲਿਆ। ਹੁਣ ਤਕ ਅੰਮ੍ਰਿਤਸਰ ਵਿਚ ਹਾਰ ਖਾ ਕੇ ਖ਼ਾਲਸਾ ਵੀ ਆਪਣੀ ਜੱਦੀ ਠਾਹਰ, ਇਹਨਾਂ ਪਹਾੜੀਆਂ ਵਿਚ ਪਹੁੰਚ ਚੁਕਾ ਸੀ।

ਅਦੀਨਾ ਬੇਗ ਨੇ ਸਿਖ ਸਰਦਾਰਾਂ ਅਗੇ ਮਿੰਨਤ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਉਹਦਾ ਪੁਰਾਣਾ ਸਾਥੀ ਤੇ ਹਿਮਾਇਤੀ ਸੀ ਹੀ, ਅੰਤਕੀ ਜੱਸਾ ਸਿੰਘ ਕਲਾਲ ਵੀ ਨਾਲ ਆ ਮਿਲਿਆ, ਤੇ ਅੰਤ ਕਲਾਲ ਸਰਦਾਰ ਨੇ ਅਦੀਨਾ ਬੇਗ ਨੂੰ ਜਲੰਧਰ ਤੇ ਆਪ ਲਾਹੌਰ ਜਿਤਨ ਵਾਸਤੇ ਮਜਬੂਰ ਕਰ ਕੇ ਮਨਾ ਲਿਆ। ਅਦੀਨਾ ਬੇਗ ਉਹਨਾਂ ਆਦਮੀਆਂ ਵਿਚੋਂ ਇਕ ਸੀ ਜਿਹੜੇ ਆਪਣੇ ਆਪ ਨੂੰ ਬੜਾ ਚਾਲਾਕ ਸਮਝਦੇ ਹਨ ਪਰ ਹੁੰਦੇ ਦਰਅਸਲ ਮੂਰਖ ਹਨ। ਅਦੀਨਾ ਬੇਗ ਸ਼ੁਰੂ ਤੋਂ ਹੀ ਇਹੋ ਸਮਝਦਾ ਆਇਆ ਸੀ ਕਿ ਉਹਦੇ ਸਿਵਾਏ ਸਭ ਅਮੀਰ, ਵਜ਼ੀਰ, ਸੂਬੇਦਾਰ ਤੇ ਸਰਦਾਰ ਅਹਿਮਕ ਹਨ। ਇਹ ਸਮਝ ਕੇ ਕਿ ਉਹ ਇਹਨਾਂ ਸਾਰਿਆਂ ਨਾਲੋਂ ਲਾਇਕ ਹੈ ਉਹ ਇਹ ਵੀ ਸਮਝਦਾ ਕਿ ਉਹਨੂੰ ਕਿਸੇ ਨਾਲ ਵੀ ਵਫ਼ਾਦਾਰੀ ਤੇ ਸਦਾਕਤ ਨਾਲ ਪੇਸ਼ ਆਉਣ ਦੀ ਕੋਈ ਲੋੜ ਨਹੀਂ। ਉਹ ਸਦਾ ਤੋਂ ਆਪਣੇ ਬਚਨ ਤੋੜਦਾ ਆਇਆ ਸੀ ਤੇ ਸਦਾ ਕਦੀ ਇਕ ਨਾਲ ਜੁੜ ਤੇ ਦੂਜ ਨਾਲ ਵਿਗਾੜਦਾ ਆਇਆ ਸੀ।

ਅੰਤਕੀ ਵੀ ਉਹਦਾ ਖਿਆਲ ਸੀ ਕਿ ਉਹ ਸਿਖਾਂ ਨੂੰ ਆਪਣੇ ਫਾਇਦੇ ਲਈ ਵਰਤ ਕੇ ਪਿਛੋਂ ਉਹਨਾਂ ਦੀ ਕੀਤੀ ਕੱਤਰੀ ਖੂਹ ਪਾਏਗਾ ਤੇ ਆਪ ਲਾਹੌਰ ਦਾ ਹਾਕਮ ਜਾ ਬਣੇਗਾ। ਪਰ ਸਿਖ ਨਾ ਹੀ ਐਨੇ ਮੂਰਖ ਸਨ ਕਿ ਉਹਦੇ ਝਾਂਸੇ ਵਿਚ ਆ ਜਾਂਦੇ ਤੇ ਨਾ ਹੀ ਹੁਣ ਐਡੇ ਕਮਜ਼ੋਰ ਕਿ ਉਹਦੇ ਇਰਾਦਿਆਂ ਅਗੇ ਸਿਥਲ ਰਹਿੰਦੇ। ਹੁਣ ਤਕ ਖਾਲਸਾ ਉਹ ਧੁਰਾ ਬਣ ਚੁਕਾ ਸੀ ਕਿ ਜਿਹਦੇ ਦਵਾਲੇ ਪੰਜਾਬ ਦੀ ਸਿਆਸਤ ਘੁੰਮਦੀ ਸੀ। "ਸਰਦਾਰ ਆਪਣੇ ਘੋੜੇ ਉੱਤੇ ਅੱਗੇ ਅੱਗੇ ਟੁਰਿਆ ਜਾ ਰਿਹਾ ਸੀ ਤੇ ਉਹਦੇ ਪਿਛੇ ਸੀ ਅੱਠ ਹਜ਼ਾਰ ਖਾਲਸਈ ਫ਼ੌਜ" ਜਾਂਬਾਜ਼ ਨੇ ਦੱਸਿਆ। ਜਾਂਬਾਜ਼ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸਿਰਫ਼ ਸਰਦਾਰ ਕਹਿਕੇ ਹੀ ਬੁਲਾਇਆ ਕਰਦਾ ਸੀ। "ਦੋ ਦਿਨਾਂ ਦੇ ਅੰਦਰ ਅੰਦਰ ਚਾਲ੍ਹੀ ਮੀਲ ਦਾ ਸਫ਼ਰ ਮੁਕਾ ਕੇ ਅਸੀਂ ਲਾਹੌਰ ਤੋਂ ਪੰਜ ਮੀਲ ਬਾਹਰ ਆ ਡੇਰੇ ਲਾਏ। ਉਥੋਂ ਸਾਨੂੰ ਕਿਲ੍ਹਾ, ਲਾਹੌਰ ਦੇ ਮਹਿਲ, ਬੁਰਜ ਤੇ ਲਾਹੌਰ ਦੇ ਉਹ ਉੱਚੇ ਮਕਾਨ ਪ੍ਰਤੱਖ ਦਿਸ ਆਉਂਦੇ ਸਨ। ਲਾਹੌਰ ਨੂੰ ਵੇਖਦਿਆਂ ਹੀ ਰੋਮ ਰੋਮ ਵਿਚ ਕੰਬਣੀ ਛਿੜ ਗਈ। ਸਹਿਜੇ ਹੀ ਮੇਰੀਆਂ ਅੱਖਾਂ ਸਾਹਮਣੇ ਉਹ ਨਜ਼ਾਰਾ ਘੁੰਮ ਗਿਆ ਜਦੋਂ ਅਜ ਤੋਂ ਚਾਲ੍ਹੀ ਬਿਤਾਲੀ ਸਾਲ ਪਹਿਲੇ ਮੈਂ ਏਥੇ ਆਇਆ ਸਾਂ। ਉਦੋਂ ਅਸਾਂ ਸਿਖਾਂ ਦੀ ਕੀ ਹਾਲਤ ਸੀ ? ਆਪਣੀ ਸਥਿਤੀ ਯਾਦ ਕਰ ਕੇ ਮੇਰੇ ਨੈਣਾਂ ਵਿਚ ਅਥਰੂ ਛਲਕ ਆਏ। ਅਜ ਲਾਹੌਰ ਫਿਰ ਮੇਰੇ ਸਾਹਮਣੇ ਸੀ ਤੇ ਮੈਨੂੰ ਵਿਸ਼ਵਾਸ ਸੀ ਕਿ ਅੰਤਕੀਂ ਇਕ ਜੇਤੂ ਦੀ ਹੈਸੀਅਤ ਵਿਚ ਮੈਂ ਲਾਹੌਰ ਅੰਦਰ ਦਾਖ਼ਲ ਹੋਵਾਂਗਾ। ਇਤਿਹਾਸ ਵਿਚ ਪਹਿਲੀ ਵਾਰ ਲਾਹੌਰ ਖ਼ਾਲਸੇ ਦਾ ਹੋਵੇਗਾ। ਮੈਂ ਖੁਸ਼ ਸਾਂ ਕਿ ਆਪਣੇ ਭਰਾ ਸ਼ਾਹਬਾਜ਼ ਵਾਂਗ ਮੈਂ ਵੀ ਕਿਸੇ ਇਤਿਹਾਸਕ ਲੜਾਈ ਵਿਚ ਭਾਗ ਲੈਣ ਲਗਾ ਸਾਂ।" ਲਾਹੌਰ ਦੇ ਲਾਗੇ ਸਿੰਘਾਂ ਦਾ ਪਹੁੰਚਣਾ ਸੀ ਕਿ ਤੈਮੂਰ ਸ਼ਾਹ ਆਪੇ ਤੋਂ ਬਾਹਰ ਹੋ ਗਿਆ।

"ਅਜੇ ਕਲ ਤਾਂ ਅੰਮ੍ਰਿਤਸਰ ਵਿਚ ਇਹਨਾਂ ਸਿਖੜਿਆਂ ਦੀ ਉਹ ਹਾਲਤ ਹੋਈ ਸੀ ਕਿ ਜੇ ਕੰਧੀ ਹੋਰ ਹੁੰਦਾ ਤਾਂ

Scanned by CamScanner

ਵਰ੍ਹਿਆਂ ਵਰ੍ਹੇ ਮੁੜ ਕੇ ਨਾ ਉਠਦਾ । ਪਰ ਇਹ ਮਰਦੂਦ ਹਨ ਕਿ ਚਾਰ ਦਿਨ ਚੈਨ ਨਹੀਂ ਲੈਣ ਦੇਂਦੇ'' ਉਸ ਆਖਿਆ। ਲਾਹੌਰ ਵਿਚ ਫ਼ੌਜ ਥੋੜੀ ਸੀ। ਸਰਫ਼ਰਾਜ਼ ਖ਼ਾਨ ਬੱਲੇ ਕਾਫ਼ੀ ਸਾਰੇ ਸਿਪਾਹੀ ਤੇ ਤੋਪਾਂ ਅਦੀਨਾ ਬੇਗ਼ ਦਾ ਸਾਹਮਣਾ ਕਰਨ ਲਈ ਜਲੰਧਰ ਭੇਜੀਆਂ ਜਾ ਚੁਕੀਆਂ ਸਨ। ਜਰਨੈਲ ਜਹਾਨ ਖ਼ਾਨ ਨੇ, ਜਿਹੜਾ ਕਿ ਤੈਮੂਰ ਸ਼ਾਹ ਦਾ ਰਖਵਾਲਾ ਵੀ ਸੀ, ਉਹਦਾ ਹੌਸਲਾ ਰਖਿਆ; "ਡਰ ਦੀ ਕੋਈ ਗੱਲ ਨਹੀਂ, ਮੈਂ ਕੁਝ ਦਿਨਾਂ ਦੇ ਅੰਦਰ ਅੰਦਰ ਹੀ ਇਹਨਾਂ ਦੀ ਅੰਮ੍ਰਿਤਸਰ ਵਾਲੀ ਬਾਬ ਕਰਾਂਗਾ ਤੁਸੀਂ ਫ਼ਿਕਰ ਨਾ ਕਰੋ।" ਪਰ ਤੈਮੂਰ ਸ਼ਾਹ ਦੇ ਆਪਣੇ ਸ਼ੱਕ ਸਨ, ਉਹਦਾ ਧਰਵਾਸਾ ਨਾ ਬਝਿਆ ।

ਅਗਲੇ ਹੀ ਦਿਨ ਜਹਾਨ ਖ਼ਾਨ ਖ਼ਾਲਸੇ ਨਾਲ ਲੜਾਈ ਲਈ ਆਇਆ ਪਰ ਲੜਾਈ ਜੰਮ ਕੇ ਹੋ ਨਾ ਸਕੀ। ਜਹਾਨ ਖ਼ਾਨ ਵਿਚੋਂ ਵਿਚੋਂ ਡਰ ਰਿਹਾ ਸੀ ਤੇ ਜੱਸਾ ਸਿੰਘ ਆਹਲੂਵਾਲੀਆ ਖੁੱਦ ਵਡੇ ਪੈਮਾਨੇ ਉਤੇ ਅਫ਼ਗਾਨਾਂ ਨਾਲ ਹੱਥੋ-ਪਾਈ ਕਰਨਾ ਨਹੀਂ ਸੀ ਚਾਹੁੰਦਾ, ਕਾਰਨ ਇਹ ਕਿ ਉਹਦੇ ਕੋਲ ਸਿਰਫ਼ ਪਿਆਦਾ ਤੇ ਘੋੜ ਅਸਵਾਰ ਸਿਪਾਹੀ ਸਨ ਤੇ ਅਫ਼ਗਾਨਾਂ ਕੋਲ ਅਠੇਕ ਤੋਪਾਂ । ਤੋਪਾਂ ਦੀ ਮਾਰ ਬੜੀ ਕਾਰਗਰ ਸਾਬਤ ਹੋ ਸਕਦੀ ਹੈ ਤੇ ਇਹਨਾਂ ਦਾ ਮੁਕਾਬਲਾ ਥੋੜੇ ਕੀਤਿਆਂ ਪੈਦਲ ਸਿਪਾਹੀਆਂ ਤੇ ਰਸਾਲੇ ਕੋਲੋਂ ਹੋ ਨਹੀਂ ਸਕਦਾ ।

"ਇਹ ਵੀ ਇਕ ਕਾਰਨ ਸੀ" ਜਾਂਬਾਜ਼ ਨੇ ਦਸਿਆ "ਕਿ ਅਸੀਂ ਪੈਂਦੀ ਸੱਟੇ ਲਾਹੌਰ ਉਤੇ ਹੱਲਾ ਨਾ ਬੋਲਿਆ। ਆਪਣੇ ਪੜਾਅ ਤੋਂ ਸੌਖ ਨਾਲ ਅਸੀਂ ਕਿਲ੍ਹੇ ਦੀਆਂ ਦੀਵਾਰਾਂ ਉਤੇ ਅਨੇਕਾਂ ਤੋਪਾਂ ਬੀੜੀਆਂ ਹੋਈਆਂ ਵੇਖ ਸਕਦੇ ਸਾਂ। ਮੇਰੇ ਸਰਦਾਰ ਦਾ ਸਵੈ-ਵਿਸ਼ਵਾਸ਼ ਕਮਾਲ ਦਾ ਸੀ। ਉਹ ਆਖਦਾ ਕਿ ਹੁਣ ਕੋਈ ਪ੍ਰਵਾਹ ਨਹੀਂ । ਅਜ ਨਹੀਂ ਤਾਂ ਕਲ, ਕਲ ਨਹੀਂ ਤਾਂ ਪਰਸੋਂ ਲਾਹੌਰ ਖ਼ਾਲਸੇ ਦੇ ਹੱਥਾਂ ਵਿਚ ਹੋਵੇਗਾ, ਸਰਦਾਰ ਸੋਚ ਖਾਧੀ ਕਿ ਅੰਤਕੀਂ ਲਾਹੌਰ ਜਿੱਤੇ ਬਗ਼ੈਰ ਵਾਪਸ ਨਹੀਂ ਜਾਣਾ ।" ਇਸ ਤਰ੍ਹਾਂ ਹਰ ਦੂਜੇ ਚੌਥੇ ਨਿਕੀਆਂ ਨਿਕੀਆਂ ਮੁਠ-ਭੇੜਾਂ ਹੁੰਦੀਆਂ ਰਹੀਆਂ ਤੇ ਅੰਤ ੧੭੫੮ ਦੇ ਪਹਿਲੇ ਹਫ਼ਤੇ ਤੈਮੂਰ ਸ਼ਾਹ ਤੇ ਜਹਾਨ ਖ਼ਾਨ ਦਾ ਸਬਰ ਮੁਕ ਗਿਆ । ਹੁਣ ਤਕ ਜੱਸਾ ਸਿੰਘ ਨੇ ਸਾਰੇ ਲਾਹੌਰ ਦੇ ਦਵਾਲੇ ਘੇਰਾ ਘਤ ਲਿਆ ਸੀ ਤੇ ਮੁਗ਼ਲਾਂ ਅਤੇ ਅਫ਼ਗਾਨਾਂ ਵਾਸਤੇ ਲਾਹੌਰ ਦੇ ਅੰਦਰ ਬਾਹਿਰ ਜਾਣਾ ਅਨਹੋਣਾ ਹੋ ਗਿਆ ਸੀ । ਲਾਹੌਰ ਦੀ ਜਨਤਾ ਕੁਰਲਾ ਰਹੀ ਸੀ । ਖਾਣ ਨੂੰ ਆਟਾ ਦਾਣਾ ਖਤਮ ਹੋ ਚੁਕਾ ਸੀ। ਤੇ ਉਹਨਾਂ ਦੇ ਬੱਚੇ ਭੁਖੇ ਮਰ ਰਹੇ ਸਨ। ਕਿਲ੍ਹੇ ਦੀਆਂ ਫ਼ਸੀਲਾਂ ਉਤੇ ਪਹਿਰਾ ਦੇਂਦੇ ਸਿਪਾਹੀ ਭੁੱਖੇ ਸਨ ਤੇ ਉਹਨਾਂ ਦੀ ਆਸਕੱਤਾ ਮੁਕਦੀ ਜਾਂਦੀ ਸੀ ।

ਜਹਾਨ ਖ਼ਾਨ ਤੇ ਤੈਮੂਰ ਸ਼ਾਹ ਦੋਵੇਂ ਜੱਸਾ ਸਿੰਘ ਨਾਲ ਫ਼ੈਸਲਾ-ਕੁਨ ਲੜਾਈ ਲਈ ਇਕ ਦੁਪਹਿਰ ਕਿਲ੍ਹੇ ਵਿਚੋਂ ਨਿਕਲੇ, ਪਰ ਹੁਣ ਤਕ ਉਹਨਾਂ ਦੀ ਬੁਜ਼ਦਿਲੀ ਨੇ ਉਹਨਾਂ ਦੀ ਜਿਤ ਔਖੀ ਬਣਾ ਦਿਤੀ ਸੀ । ਉਹਨਾਂ ਦੇ ਸਿਪਾਹੀ ਨਿਸਥਤਨ ਕਮਜ਼ੋਰ ਹੋ ਚੁਕੇ ਸਨ ਤੇ ਉਹਨਾਂ ਦਾ ਮੱਚ ਮਰ ਚੁਕਾ ਸੀ । ਉਧਰੋਂ ਜਲੰਧਰ ਦੁਆਬ ਵਿਚ ਸਰਫ਼ਰਾਜ਼ ਖ਼ਾਨ ਨੂੰ ਭਾਂਜ ਪੈ ਚੁਕੀ ਸੀ ਤੇ ਅਦੀਨਾ ਬੇਗ਼ ਤੇ ਜੱਸਾ ਸਿੰਘ ਰਾਮਗੜ੍ਹੀਆ ਜਲੰਧਰ ਉਤੇ ਕਬਜ਼ਾ ਕਰ ਚੁਕੇ ਸਨ । ਸਿੱਖਾਂ ਦਾ ਡਰ ਵੀ ਭਾਰੂ ਸੀ। ਲਾਹੌਰ ਦੀ ਜਨਤਾ ਦਾ ਯਕੀਨ ਬੱਝ ਗਿਆ ਲਗਦਾ ਸੀ ਕਿ ਅਫ਼ਗਾਨ ਸੂਬੇਦਾਰ, ਸਿੱਖਾਂ ਦਾ ਜ਼ੋਰ ਸੰਭਾਲ ਨਹੀਂ ਸਕਦਾ ਤੇ ਜੇ ਉਹਨਾਂ ਨੇ ਸਿਖਾਂ ਦੇ ਮੁਕਾਬਲੇ ਵਿਚ ਤੈਮੂਰ ਦੀ ਮਦਦ ਕੀਤੀ ਤਾਂ ਕੱਲ੍ਹ ਲਾਹੌਰ ਉੱਤੇ ਕਬਜ਼ਾ ਕਰਨ ਪਿਛੋਂ ਸਿੱਖ ਉਹਨਾਂ ਕੋਲੋਂ ਬੁਰੇ ਬਦਲੇ ਲੈਣਗੇ ।

ਸੋ ਇਹਨਾਂ ਹਾਲਾਤਾਂ ਦੇ ਪਿਛੋਕੜ ਸਾਹਮਣੇ ਜਹਾਨ ਖ਼ਾਨ ਤੇ ਜੱਸਾ ਸਿੰਘ ਆਹਲੂਵਾਲੀਆ ਪਿਛਲੇ ਮਹੀਨੇ ਭੇੜ ਵਿਚ ਪਹਿਲੀ ਵਾਰ ਇਕ ਦੂਜੇ ਦੇ ਮੁਕਾਬਲੇ ਵਿਚ ਡਟੇ ਤੇ ਪਹਿਲੀ ਵਾਰ ਖ਼ਾਲਸੇ ਨੇ ਅਫ਼ਗਾਨਾਂ ਉੱਤੇ ਵਿਜੈ ਪਾਈ । "ਲੜਾਈ ਪੂਰੇ ਚਾਰ ਘੰਟੇ ਵੀ ਨਾ ਤੱਗੀ," ਜਾਂਬਾਜ਼ ਸਿੰਘ ਨੇ ਫ਼ਤਹਗੜ੍ਹ ਦੇ ਕੇਂਦਰੀ ਖੂਹ ਦਵਾਲੇ ਜੁੜੀ ਸੰਗਤ ਨੂੰ ਦੱਸਿਆ ।" ਸਰਦਾਰ ਨੇ ਬੜੀ ਸਿਆਣਪ ਨਾਲ ਮੈਨੂੰ ਸ਼ੁਰੂ ਸ਼ੁਰੂ ਵਿਚ ਲੜਾਈ ਅੰਦਰ ਸ਼ਾਮਿਲ ਨਾ ਹੋਣ ਦਿਤਾ ਤੇ ਪੰਜ ਸੌ ਸਰਦਾਰਾਂ ਨਾਲ ਉਸ ਮੈਨੂੰ ਇਕ ਵਿਕੋਲਿਤਰੇ ਫ਼ੰਬ ਵਿਚ ਭੇਜ ਦਿਤਾ । ਮੌਕਾ ਵੇਖਦਿਆਂ ਹੀ ਉਸ ਅਖਾ ਭੇਜਿਆ ਕਿ ਸੱਜੇ ਹਥੋਂ ਮੁਗ਼ਲਾਂ ਦੀਆਂ ਤੇਈ ਚੌਵੀ ਤੋਪਾਂ ਉਤੇ ਜਾ ਪਵਾਂ ਤੇ ਉਹਨਾਂ ਦੇ ਚਲਵੱਦੀਆਂ ਨੂੰ ਮੁਕਾ ਛੱਡਾਂ । ਮੈਂ ਹੋਰ ਕੀ ਚਾਹੁੰਦਾ ਸਾਂ । ਉਡੀਕਦਿਆਂ ਉਡੀਕਦਿਆਂ ਮੈਂ ਅੱਗੇ ਹੀ ਕਾਹਲਾ ਹੋਇਆ ਬੈਠਾ ਸਾਂ । ਪੰਜ ਸੌ ਸਵਾਰਾਂ ਨੂੰ ਪਿੱਛੇ ਲਾ ਮੈਂ ਇਹਨਾਂ ਤੋਪਾਂ ਉੱਤੇ ਜਾ ਪਿਆ। ਇਸ ਤੋਂ ਪਹਿਲਾਂ ਕਿ ਇਹ ਕਲਮੰਹੀਆਂ ਤੋਪਾਂ ਸਾਡੇ ਉੱਤੇ ਗੋਲੇ ਦਾਗ ਸਕਦੀਆਂ ਅਸੀਂ ਅਕਾਲ ਅਕਾਲ ਗਜਾਂਦੇ ਉਹਨਾਂ ਨੂੰ ਦਬਾ ਲਿਆ । ਬਸ ਫਿਰ ਕੀ ਸੀ, ਤੁਰਕੜੇ ਨੱਸ ਉਠੇ । ਅਸੀਂ ਮਾਰੋ ਮਾਰ ਕਰਦੇ ਉਹਨਾਂ ਦਾ ਪਿੱਛਾ ਕੀਤਾ । ਏਸੇ ਲੜਾਈ ਵਿਚ ਹੀ ਪਤਾ ਨਹੀਂ ਕਿਵੇਂ ਮੇਰੀ ਖੱਬੀ ਵੱਖੀ ਵਿਚ ਜ਼ਖਮ ਆ ਗਿਆ ਪਰ ਸ਼ਾਮ ਤੋਂ ਪਹਿਲੇ ਮੈਨੂੰ ਆਪਣੇ ਜ਼ਖਮ

ਦਾ ਜ਼ਰਾ ਪੱਤਾ ਨਾ ਲਗਾ, ਕੋਈ ਪੀੜ ਹੀ ਨਾ ਪੋਹੀ। ਪਹਿਲਾ ਆਦਮੀ ਜਿਸ ਨੇ ਮੈਨੂੰ ਇਸ ਜ਼ਖਮ ਦਾ ਚੇਤਾ ਕਰਾਇਆ ਉਹ ਆਪ ਸਰਦਾਰ ਹੀ ਸੀ। ਉਸ ਬੜਾ ਫ਼ਿਕਰ ਕੀਤਾ ਪਰ ਮੈਂ ਕਿਹਾ, 'ਲੜਾਕਿਆਂ ਨੂੰ ਇਹੋ ਜਿਹੇ ਜ਼ਖਮ ਨਹੀਂ ਪੋਂਹਦੇ ਸਰਦਾਰ ਜੀ। ਅਜ ਤੁਸੀਂ ਮੇਰੇ ਦਿਲ ਅੰਦਰ ਵੜ ਕੇ ਵੇਖੋ। ਅਜ ਮੇਰੇ ਅਨੇਕ ਘਾਉ ਪਲੋ ਪਲੀ ਪੂਰੇ ਗਏ ਹਨ।"

"ਤੇ ਬੇਸ਼ਕ ਚਾਲ੍ਹੀ ਪੰਜਾਹ ਵਰ੍ਹਿਆਂ ਦੇ ਪੁਰਾਣੇ ਘਾ ਪਲੋ ਪਲੀ ਪੂਰੇ ਗਏ ਸਨ। ਖਪੇ ਮਿਟ ਗਏ ਸਨ। ਅਗਲੇ ਦਿਨ ਲਾਹੌਰ ਅੰਦਰ ਪੈਰ ਪਾਂਦਿਆਂ ਮੈਨੂੰ ਲਗਾ ਕਿ ਆਪਣੀ ਜ਼ਿੰਦਗੀ ਵਿਚ ਮੈਂ ਪਹਿਲੀ ਵਾਰ ਬਿਲਕੁਲ ਨੌਂ ਬਰ ਨੌਂ ਸਾਂ, ਅੱਜ ਤਕ ਕਿਸੇ ਨਾ ਕਿਸੇ ਜ਼ਖਮ ਤੇ ਘਾਉ ਦੀ ਪੀੜ ਨੇ ਸਰੀਰ ਤੇ ਦਿਮਾਗ਼ ਦੋਹਾਂ ਨੂੰ ਉਪਰਾਮ ਰਖਿਆ ਸੀ। ਉਸੇ ਰਾਤ ਅਸਾਂ ਸੁਣਿਆ ਕਿ ਤੈਮੂਰ ਸ਼ਾਹ ਤੇ ਜਹਾਨ ਖ਼ਾਨ ਚਨਾਬ ਵਲ ਨੱਸ ਗਏ ਹਨ। ਜਦੋਂ ਅਸੀਂ ਲਾਹੌਰ ਵਿਚ ਵੜੇ ਤਾਂ ਸਰਦਾਰ ਦਾ ਘੋੜਾ ਉਹਦੇ ਕੋਲੋਂ ਸੰਭਲੇ ਨਾ। ਮੇਰਾ ਘੋੜਾ ਵੀ ਅਖੜ-ਖਾਂਦੀਆਂ ਪਿਆ ਕਰੇ। ਸਾਰੀ ਫ਼ੌਜ ਦੇ ਘੋੜੇ ਖ਼ਰਮਸਤੀਆਂ ਕਰ ਰਹੇ ਸਨ ਤੇ ਕਿਸੇ ਸਵਾਰ ਨੇ ਸਣੇ ਸਰਦਾਰ ਦੇ ਉਹਨਾਂ ਦੀਆਂ ਲਗਾਮਾਂ ਨਾ ਖਿੱਚੀਆਂ। ਬੱਲੇ ਸ਼ੇ ਨਿਹਾਲ ਤੇ ਸ੍ਰਤਿ ਸ੍ਰੀ ਅਕਾਲ ਦੇ ਜੈਕਾਰੇ ਸਾਰੇ ਲਾਹੌਰ ਵਿਚੋਂ ਸਣੇ ਜਾ ਸਕਦੇ ਸਨ। ਮੈਂ ਆਪਣੀ ਜ਼ਿੰਦਗੀ ਵਿਚ ਕਦੀ ਏਡਾ ਖੁਸ਼ ਨਹੀਂ ਹੋਇਆ ਸਾਥੀਓ...ਅੱਜ ਮੇਰੀ ਚਾਲ੍ਹੀ ਵਰ੍ਹਿਆਂ ਦੀ ਲੰਮੀ ਰੀਝ ਪੂਰੀ ਹੋਈ ਸੀ।" ਤੇ ਬਾਬਾ ਜਾਂਬਾਜ਼ ਦੇ ਕਹਾਣੀ ਸੁਣਾਂਦੇ ਦੇ ਨੈਣ ਭਰ ਆਏ, ਪਰ ਉਹ ਆਪਣੇ ਭਰੇ ਨੈਣਾਂ ਨਾਲ ਕਹਿੰਦਾ ਗਿਆ "ਅੱਜ ਮੈਨੂੰ ਪਹਿਲੀ ਵਾਰ ਲਗਾ ਕਿ ਮੈਂ ਗੁਰੂ ਗੋਬਿੰਦ ਸਿੰਘ, ਸਿਖ ਧਰਮ ਤੇ ਆਪਣੇ ਭਰਾ ਸ਼ਾਹਬਾਜ਼ ਸਿੰਘ ਦਾ ਭਾਰਾ ਲਾਹਿਆ ਹੈ। ਮੈਨੂੰ ਲਗਾ ਕਿ ਗੁਰੂ ਬਾਬੇ ਨੇ ਮੈਨੂੰ ਪੰਜ ਵਾਰ ਕੇਸ ਕਤਲ ਕਰਾਉਣ ਵਾਸਤੇ ਬਖਸ਼ ਦਿਤਾ ਹੈ। ਅੱਜ ਮੈਂ ਸੁਰਖਰੂ ਸਾਂ। ਹੁਣ ਮੈਂ ਬਿਨਾਂ ਕਿਸੇ ਰੋਸ ਤੇ ਬਿਨਾਂ ਕਿਸੇ ਸੰਦੇਹ ਦੇ ਮਰ ਸਕਦਾ ਸਾਂ।"

੪੩

"ਤੈਨੂੰ ਪਤਾ ਹੈ ਕਿ ਮੈਂ ਇਕ ਦਿਨ ਲਾਹੌਰ ਵੇਖਣ ਦੀ ਆਸ ਉੱਤੇ ਜੀ ਰਹੀ ਹਾਂ," ਸ਼ੋਭੀ ਨੇ ਰਾਤ ਦੀ ਰੋਟੀ ਖਾਣ ਪਿਛੋਂ ਜਾਂਬਾਜ਼ ਨੂੰ ਕਿਹਾ। "ਹਾਂ ਸ਼ੋਭੀਏ, ਮੈਂ ਜਾਣਦਾ ਹਾਂ। ਪਰ ਅਜੇ ਦਿਨ ਪੂਰੀ ਤਰ੍ਹਾਂ ਫਿਰੇ ਨਹੀਂ। ਅਜੇ ਤਕ ਦੁਸ਼ਮਣਾਂ ਵਿਚ ਦੰਮ ਮਾਰਨ ਦੀ ਤਾਕਤ ਹੈ। ਬਸ ਅਹਿ ਦੋ ਚਾਰ ਸਾਲ ਹੋਰ ਠਹਿਰ ਜਾ, ਫਿਰ ਮੈਂ ਤੈਨੂੰ ਲਾਹੌਰ ਲੈ ਜਾਵਾਂਗਾ। ਤੈਨੂੰ ਸਾਰੇ ਸ਼ਹਿਰ ਦੀ ਸੈਰ ਕਰਾਵਾਂਗਾ।" ਉਹ ਮੁਸਕਰਾਇਆ। "ਹੁਣ ਮੈਂ ਸੈਰਾਂ ਜੋਗੀ ਕਿਥੇਂ ? ਹੁਣ ਤਾਂ ਸਿਰਫ਼ ਏਨੀਂ ਹੀ ਚਾਹ ਹੈ ਕਿ ਲਾਹੌਰ ਵੇਖਾਂ ਤੇ ਪ੍ਰਾਣ ਤਿਆਗਾਂ।" "ਸੁੱਖੀਂ ਸਾਂਦੀਂ ! ਤੂੰ ਸ਼ੋਭੀਏ ਮੇਰੇ ਕੋਲੋਂ ਪੰਦ੍ਰਾਂ ਵਰ੍ਹੇ ਛੋਟੀ ਹੈਂ। ਤੈਨੂੰ ਮਰਨ ਦੀ ਕਾਹਦੀ ਜਲਦੀ ਹੈ ? ਮੈਂ ਸਗੋਂ ਹੈਰਾਨ ਹਾਂ ਕਿ ਮੈਂ ਕਿਵੇਂ ਤੱਗਦਾ ਜਾਂਦਾ ਹਾਂ। ਹੁਣ ਤਾਂ ਲਾਹੌਰ ਜਿੱਤੇ ਨੂੰ ਵੀ ਦੋ ਸਾਤੇ ਹੋ ਗਏ ਹਨ," ਜਾਂਬਾਜ਼ ਨੇ ਕਿਹਾ।

ਉਹ ਦੋਵੇਂ ਅਜੇ ਤਕ ਚੌਂਕੇ ਵਿਚ ਹੀ ਬੈਠੇ ਸਨ। ਬਾਕੀ ਦਾ ਸਾਰਾ ਟੱਬਰ ਵਾਰੋ ਵਾਰੀ ਸੌਣ ਵਾਸਤੇ ਜਾ ਚੁਕਾ ਸੀ। ਨਿੱਤ ਵਾਂਗ ਅੱਜ ਵੀ ਬਾਬੇ ਜਾਂਬਾਜ਼ ਕੋਲੋਂ ਕਹਾਣੀਆਂ ਸੁਣਨ ਵਾਸਤੇ ਤੇ ਏਧਰ ਓਧਰ ਦੀਆਂ ਗੱਲਾਂ ਕਰਨ ਵਾਸਤੇ ਫ਼ਤਹ ਗੜ੍ਹ ਦੇ ਕਈ ਆਦਮੀ ਆਉਂਦੇ ਜਾਂਦੇ ਰਹੇ ਸਨ। ਅੱਜ ਜਾਂਬਾਜ਼ ਨੇ ਇਹਨਾਂ ਸਾਰਿਆਂ ਨੂੰ ਚੌਂਕੇ ਵਿਚ ਹੀ ਬਿਠਾ ਲਿਆ ਸੀ। ਬਾਹਰ ਕਣੀ ਕਣੀ ਮੀਂਹ ਵੱਸ ਰਿਹਾ ਸੀ ਤੇ ਚੌਂਕੇ ਉਤਲਾ ਢਾਰਾ ਕਾਫ਼ੀ ਵਡਾ ਸੀ।

Scanned by CamScanner

ਜਾਂਬਾਜ਼ ਦੁਆਲੇ ਜਤੀਆਂ ਬੈਠਕਾਂ ਇਕ ਤਰ੍ਹਾਂ ਦੀਆਂ ਸਚੀਵੀ ਹੀ ਹੋਇਆ ਕਰਦੀਆਂ ਸਨ । ਲੋਕ ਆਉਂਦੇ ਸਨ, ਗੱਲਾਂ ਕਰਦੇ ਸਨ, ਅੱਧਾ ਘੰਟਾ, ਘੰਟਾ ਬੈਠਦੇ ਸਨ ਤੇ ਉਠ ਜਾਂਦੇ ਸਨ । ਏਨੇ ਚਿਰ ਵਿਚ ਕਈ ਹੋਰ ਆ ਬੈਠਦੇ । ਜਿਨ੍ਹੂੰ ਕੰਮ ਹੁੰਦਾ ਉਹ ਜਲਦੀ ਚਲਾ ਜਾਂਦਾ ਤੇ ਜਿਹੜਾ ਵਿਹਲਾ ਹੁੰਦਾ ਉਹਦੇ ਵਾਸਤੇ ਬਾਬੇ ਜਾਂਬਾਜ਼ ਕੋਲ ਬੈਠ ਕੇ ਸਮਾਂ ਗੁਜ਼ਾਰਨ ਤੋਂ ਉਪੰਤ ਹੋਰ ਕਿਹੜਾ ਚੰਗੇਰਾ ਜੀ-ਪਰਚਾਵਾ ਹੋ ਸਕਦਾ ਸੀ । ਇਉਂ ਲਗਦਾ ਸੀ ਕਿ ਜਾਂਬਾਜ਼ ਸਿੰਘ ਕੋਈ ਇਤਿਹਾਸਕ ਇਮਾਰਤ ਹੈ ਕਿ ਜਿਨ੍ਹੂੰ ਮੁੜ ਮੁੜ ਵੇਖਣ ਦਾ ਚਾਅ ਹੀ ਲੋਕਾਂ ਦਾ ਖ਼ਤਮ ਨਹੀਂ ਹੁੰਦਾ ?

ਅੱਜ ਵੀ ਏਸੇ ਤਰ੍ਹਾਂ ਲੋਕੀ ਆਉਂਦੇ ਜ ਦੇ ਰਹੇ ਸਨ । ਸੁਬੇਗ ਸਿੰਘ ਘਰ ਦਿਆਂ ਵਿਚੋਂ ਸਭ ਤੋਂ ਪਹਿਲਾ ਸੀ ਕਿ ਜਿਹੜਾ ਉਠ ਕੇ ਗਿਆ । ਆਪਣੇ ਸੰਕੋਚਵੇਂ ਸੁਭਾ ਅਨੁਸਾਰ ਉਹ ਨਾ ਹੀ ਬਹੁਤੀਆ' ਗੱਲਾਂ ਕਰਦਾ ਸੀ ਤੇ ਨਾ ਹੀ ਕਿਸੇ ਬਹਿਸ ਵਿਚ ਪੈਂਦਾ ਸੀ । ਫਿਰ ਹੌਲੀ ਹੌਲੀ ਬਹਾਦਰ, ਮਿਹਰ, ਹਰਨਾਮ ਤੇ ਗੁਰਬਖਸ਼ ਉਠ ਗਏ । ਤੇ ਹੁਣ ਤਕ ਦਲੀਪ ਕੌਰ ਤੇ ਸੁਰਿੰਦਰ ਕੌਰ ਨੇ ਵੀ ਚੌਂਕਾ ਸਾਂਭ ਲਿਆ ।

ਦਲੀਪ ਕੌਰ ਦਾ ਆਉਂਦੇ ਮਹੀਨੇ ਦੇ ਅਖ਼ੀਰ ਵਿਚ ਵਿਆਹ ਸੀ ਸੋ ਉਹ ਹਰ ਉਸ ਕੁੜੀ ਵਾਂਗ, ਜਿਦ੍ਹਾ ਵਿਆਹ ਨੇੜੇ ਹੋਵੇ, ਆਪਣਾ ਪਲ ਪਲ ਆਪਣੇ ਟੱਬਰ ਦੇ ਸਾਥ ਵਿਚ ਬਿਤਾਣਾ ਚਾਹੁੰਦੀ ਸੀ । ਉਹ ਸਵੇਰ ਤੋਂ ਸ਼ਾਮ ਤਕ ਕੰਮ ਕਰਦੀ । ਪਿਉ ਤੇ ਭਰਾਂ ਵਾਸਤੇ ਰੋਟੀ ਲੈ ਕੇ ਜਾਂਦੀ । ਸੀਂਦੀ ਪਰੋਂਦੀ ਵੀ । ਦਾਜ ਵੀ ਤਿਆਰ ਕਰਦੀ ਤੇ ਫਿਰ ਵੀ ਨਾ ਥੱਕਦੀ । ਜਿਉਂ ਜਿਉਂ ਕੁੜੀ ਦਾ ਵਿਆਹ ਨੇੜੇ ਆਉਂਦਾ ਜਾਂਦਾ ਹੈ ਉਹ ਆਪਣੇ ਹੀ ਘਰ ਵਿਚ ਇਕ ਪ੍ਰਦੇਸਨ ਵਾਂਗ ਮਹਿਸੂਸ ਕਰਨ ਲਗਦੀ ਹੈ । ਉਹਦੇ ਅੰਦਰੋਂ ਜਿਵੇਂ ਕੋਈ ਉਬਾਲ ਉਠਦੇ ਹੋਣ । ਉਹਨੂੰ ਲਗਦਾ ਹੈ ਕਿ ਇਕ ਵਾਰ ਦੀ ਪੇਕੇ ਘਰੋਂ ਗਈ ਉਹ ਕਦੀ ਮੁੜ ਕੇ ਏਥੇ ਪਹਿਲੇ ਰੌਅਬ ਨਾਲ ਤੇ ਪਹਿਲੀ ਅਪਣੱਤ ਨਾਲ ਵਾਪਸ ਨਹੀਂ ਆ ਸਕਦੀ । ਇਹੋ ਹੀ ਕਾਰਨ ਹੈ ਕਿ ਉਹ ਇਹਨਾਂ ਦਿਨਾਂ ਵਿਚ ਆਪਣੀ ਅਪਣੱਤ ਢੇਰ ਦਰਸਾਂਦੀ ਹੈ । ਬਹੁਤਾ ਕੰਮ ਕਰ ਕੇ ਆਪਣੇ ਅੰਦਰੋਂ ਉਠਦੇ ਮਨੋਭਾਵਾਂ ਨੂੰ ਝੁਟਲਾਂਦੀ ਹੈ । ਟੱਬਰ ਦੇ ਹਰ ਜੀ ਦੇ ਨੇੜੇ ਨੇੜੇ ਹੋ ਕੇ ਉਹ ਆਪਣੇ ਆਪ ਨੂੰ ਤੇ ਦੂਜਿਆਂ ਨੂੰ ਦਰਸਾਣਾ ਚਾਹੁੰਦੀ ਹੈ ਕਿ ਉਹ ਸਦਾ ਸਦਾ ਆਪਣੇ ਟੱਬਰ ਦੇ ਨੇੜੇ ਹੋ ਕੇ ਰਹਿਣ ਦੀ ਚਾਹਵਾਨ ਹੈ ।

ਜਦੋਂ ਪਿੰਡ ਦੇ ਕਾਫ਼ੀ ਸਾਰੇ ਲੋਕ ਉਠ ਗਏ ਤਾਂ ਵੀ ਦਲੀਪ, ਸੁਰਿੰਦਰ ਨੂੰ ਨਾਲ ਲੈ ਕੇ ਉਥੇ ਬੈਠੀ ਰਹੀ । ਅੰਤ ਉਹਨਾਂ ਦੀ ਮਾਂ ਜੀਵਨ ਕੌਰ ਨੂੰ ਵੀ ਨੀਂਦਰ ਆ ਗਈ ।

"ਉਠੋ ਕੁੜੀਓ ! ਹੁਣ ਸੌਂ ਜਾਵੋ । ਸਵੇਰੇ ਕੰਮ ਢੇਰ ਹੈ ।" ਪਰ ਕੁੜੀਆਂ ਕੋਈ ਨਾ ਉਠੀਆਂ । ਘੋਸ ਵੱਟ-ਕੇ ਬੈਠੀਆਂ ਰਹੀਆਂ । ਮਾਂ ਨੇ ਦੋ ਵਾਰੀ ਫਿਰ ਇਕੋ ਸ਼ਬਦ ਦੁਹਰਾਏ ।

"ਮਾਂ, ਬਹਿ ਲੈਣ ਦੇ ਕੁਝ ਚਿਰ ਹੋਰ । ਫਿਰ ਕਦੋਂ ਕਦੋਂ ਮੈਂ ਬਾਬੇ ਦੀਆਂ ਕਹਾਣੀਆਂ ਸੁਣਾਂਗੀ..." ਦਲੀਪ ਠੰਢੀ ਪੀੜਤ ਆਵਾਜ਼ ਵਿਚ ਕਿਹਾ ਤੇ ਜੀਵਨ ਕੌਰ ਆਪ ਉਠ ਕੇ ਚਲੀ ਗਈ । ਆਖ਼ਰ ਫ਼ਤਹ ਗੜ੍ਹ ਦੇ ਸਾਰੇ ਆਦਮੀ ਉਠ ਗਏ । ਹੁਣ ਤਕ ਕਿਣ ਮਿਣ ਵੀ ਤੇਜ਼ ਹੋ ਗਈ ਸੀ ਤੇ ਵਾ ਠੰਡੀ ਵਗ ਰਹੀ ਸੀ । ਚੁਲ੍ਹੇ ਵਿਚ ਅੱਗ ਅਜੇ ਤਕ ਸੁਲਗ ਰਹੀ ਸੀ । ਸ਼ੁੱਭੀ ਨੇ ਦੋ ਛਿੱਟੀਆਂ ਵਿਚ ਹੋਰ ਪਾਈਆਂ ਤੇ ਉਹ ਤੇ ਜਾਂਬਾਜ਼ ਦੋਵੇਂ ਚੁਲ੍ਹੇ ਦੇ ਨੇੜੇ ਢੁਕ ਗਏ ।

ਦਲੀਪ ਕੋਈ ਗੱਲਾਂ ਨਹੀਂ ਸੀ ਕਰ ਰਹੀ, ਸਿਰਫ਼ ਸੁਰਿੰਦਰ ਹੀ ਬੋਲ ਰਹੀ ਸੀ । ਸ਼ਾਇਦ ਦਲੀਪ ਸੋਚ ਰਹੀ ਸੀ ਕਿ ਇਕ ਦਿਨ ਸ਼ੁੱਭੀ ਦਾ ਵੀ ਵਿਆਹ ਨੇੜੇ ਆਇਆ ਹੋਵੇਗਾ ਤੇ ਉਦੋਂ ਉਹ ਵੀ ਸ਼ਾਇਦ ਉਹਦੇ ਵਾਂਗ ਹੀ ਮਹਿਸੂਸ ਕਰਦੀ ਹੋਵੇਗੀ । ਉਹ ਸ਼ਾਇਦ ਸੋਚ ਰਹੀ ਸੀ ਕਿ ਇਕ ਦਿਨ ਉਹ ਵੀ ਸ਼ੁੱਭੀ ਵਾਂਗ ਬੁਢੀ ਹੋ ਜਾਵੇਗੀ, ਜਾਂ ਕਿ ਸ਼ਾਇਦ ਬਿਨਾਂ ਕੁਝ ਸੋਚੇ ਸਮਝੇ ਉਹ ਸਿਰਫ਼ ਇਸ ਚੌਂਕੇ ਦੀ ਨਿਘ ਦਾ ਰਸ ਮਾਣ ਰਹੀ ਸੀ । ਇਹ ਰਸ ਕਿ ਜਿਹੜਾ ਸਿਰਫ਼ ਦੋ ਹੋਰ ਮਹੀਨਿਆਂ ਪਿਛੋਂ ਉਹਦੇ ਵਾਸਤੇ ਬਿਗਾਨਾ ਹੋ ਜਾਣਾ ਸੀ ।

ਹੁਣ ਸ਼ੁੱਭੀ ਤੇ ਜਾਂਬਾਜ਼ ਨੇ ਵੀ ਦਲੀਪ ਨੂੰ ਜਾ ਕੇ ਸੌਣ ਵਾਸਤੇ ਕਿਹਾ । "ਸਵੇਰ ਤੋਂ ਤੂੰ ਲਗਨੀ ਹੈਂ ਕੰਮ ਕਰਨ, ਦੀਪੋ । ਰਾਤੀਂ ਤਾਂ ਕੁਝ ਚਿਰ ਆਰਾਮ ਕਰ ਲਿਆ ਕਰ," ਸ਼ੁੱਭੀ ਨੇ ਕਿਹਾ । "ਉਠ ਬੱਚੀ," ਜਾਂਬਾਜ਼ ਬੋਲਿਆ, "ਜਾ ਸੌਂ ਜਾ, ਤੇ ਵੇਖ ਹੁਣ ਕੰਮ ਬਹੁਤਾ ਨਾ ਕਰਿਆ ਕਰ । ਜਿੰਨਾ ਸੁਖ ਪੇਕਿਆਂ ਦੇ ਘਰ ਮਾਣ ਲਈਏ, ਮਾਣ ਲਈਏ ਬੱਚੀਏ । ਫਿਰ ਤਾਂ ਜ਼ਿੰਦਗੀ ਝਲ ਝੰਮੇਲਿਆਂ ਵਿਚ ਹੀ ਲੰਘ ਜਾਂਦੀ ਹੈ ।" ਨੈਣਾਂ ਵਿਚ ਅਥਰੂ ਭਰ ਕੇ ਦੀਪੋ ਉਠ ਬੈਠੀ । ਵਿਆਹ ਤੋਂ ਪਹਿਲੇ ਕੁੜੀ ਬੁਧੀ ਤੇ ਜਜ਼ਬਾਤਾਂ ਦੇ ਪੱਧਰ ਤੋਂ ਬੜੀ ਗੰਭੀਰ ਤੇ ਡੂੰਘੀ ਹੋ ਜਾਂਦੀ ਹੈ ।

Scanned by CamScanner

ਹੁਣ ਜਾਂਬਾਜ਼ ਤੇ ਸ਼ੋਭੀ ਇਕੱਲੇ ਰਹਿ ਗਏ। ਇਸ ਤਰ੍ਹਾਂ ਹੀ ਕਦੀ ਵਾਰ ਰਾਤੀਂ ਉਹ ਇਕੱਲੇ ਹੀ ਰਹਿ ਜਾਂਦੇ ਸਨ। ਉਨ੍ਹਾਲੇ ਦੇ ਦਿਨਾਂ ਵਿਚ ਉਹ ਕੱਠੇ ਉੱਤੇ ਹੁੰਦੇ ਸਨ। ਜਾਂਬਾਜ਼ ਵਾਸਤੇ ਉਚੇਚਾ ਕੱਠੇ ਉੱਤੇ ਇਕ ਢਾਰਾ ਬਣਾਇਆ ਗਿਆ ਸੀ ਤਾਂ ਜੋ ਮੀਂਹ ਹਨੇਰੀ ਕਰ ਕੇ ਉਹਨੂੰ ਥੱਲੇ ਨਾ ਉਤਰਨਾ ਪਵੇ। ਇਹਨਾਂ ਦਿਨਾਂ ਵਿਚ ਉਸ ਨੂੰ ਬਲਗ਼ਮ ਦਾ ਦੌਰਾ ਵੀ ਹੋਇਆ ਕਰਦਾ ਸੀ। ਸੋ ਉਹ ਕਾਫ਼ੀ ਕਮਜ਼ੋਰ ਹੋ ਜਾਂਦਾ ਸੀ। ਸ਼ੋਭੀ ਤੇ ਦੀਪੋ ਜਾਂ ਸੁਰਿੰਦਰ ਉਹਦਾ ਖ਼ਿਆਲ ਰੱਖਣ ਵਾਸਤੇ ਚਾਰੇ ਥੱਲੇ ਉਹਦੇ ਨਾਲ ਹੀ ਸੌਂ ਜਾਂਦੇ ਸਨ।

ਸਿਆਲੇ ਵਿਚ ਕਦੀ ਏਥੇ ਚੌਂਕੇ ਵਿਚ ਤੇ ਕਦੀ ਅੰਦਰ ਕਮਰੇ ਵਿਚ ਸ਼ੋਭੀ ਤੇ ਜਾਂਬਾਜ਼ ਇਕੱਲੇ ਰਹਿ ਜਾਂਦੇ। ਸਭ ਟੱਬਰ ਸੌਂ ਜਾਂਦਾ, ਪਰ ਇਹਨਾਂ ਦੋਹਾਂ ਵਡੇਰੀ ਉਮਰ ਦੇ ਬੰਦਿਆਂ ਨੂੰ ਨੀਂਦ ਨਾ ਪੈਂਦੀ। ਫਿਰ ਦੋਹਾਂ ਦੇ ਆਦਰਸ਼ ਪਿਛਲੇ ਚਾਲ੍ਹੀ ਸਾਲਾਂ ਤੋਂ ਸਾਂਝੇ ਰਹੇ ਸਨ। ਉਹਨਾਂ ਦੋਹਾਂ ਨੇ ਸ਼ਾਹਬਾਜ਼ ਨੂੰ ਪਿਆਰ ਕੀਤਾ ਸੀ। ਇਕ ਨੇ ਵਡੇ ਭਰਾ ਜਾਂ ਇਉਂ ਕਹੋ ਕਿ ਪਿਤਾ ਵਾਂਗ ਤੇ ਦੂਜੇ ਨੇ ਪਤਨੀ ਜਾਂ ਇਉਂ ਕਿ ਇਕ ਸਹੇਲੀ ਵਾਂਗ। ਦੋਹਾਂ ਨੂੰ ਸਿਖ ਧਰਮ ਨਾਲ ਮੋਹ ਸੀ ਤੇ ਦੋਹਾਂ ਦੇ ਦਿਲਾਂ ਵਿਚ ਇਕ ਚਿੰਜੀਵੀ ਚਾਹ ਸੀ, — ਲਾਹੌਰ ਵੇਖਣ ਦੀ, ਲਾਹੌਰ ਜਿੱਤਣ ਦੀ।

ਜਿਸ ਤਰ੍ਹਾਂ ਜਾਂਬਾਜ਼ ਸਾਰਾ ਸਾਰਾ ਸਾਲ ਕਮਰ ਕੱਸਿਆ ਜੀਵਨ ਬਿਤਾਂਦਾ ਉਸੇ ਤਰ੍ਹਾਂ ਸ਼ੋਭੀ ਵੀ ਕਦੀ ਟਿਕ ਕੇ ਘਰ ਨਹੀਂ ਸੀ ਬਹਿੰਦੀ। ਠੀਕ, ਉਹ ਲੜਾਈਆਂ ਲੜਨ ਨਹੀਂ ਸੀ ਜਾਂਦੀ ਪਰ ਆਰਾਮ ਉਹਨੂੰ ਵੀ ਨਹੀਂ ਸੀ। ਆਪਣੀ ਵਿਤ ਅਨੁਸਾਰ ਉਸ ਅੰਮ੍ਰਿਤ ਪ੍ਰਚਾਰ ਦਾ ਬੀੜਾ ਚੁਕਿਆ ਹੋਇਆ ਸੀ। ਸ਼ਾਹਬਾਜ਼ ਦੇ ਸਾਥ ਵਿਚ ਹੀ ਉਸ ਇਸ ਪਰਚਾਰ ਦੀ ਲੀਹ ਤੋਰੀ ਸੀ ਪਰ ਉਹਦੀ ਮੌਤ ਪਿਛੋਂ ਤਾਂ ਜਿਵੇਂ ਸ਼ੋਭੀ ਦਾ ਇਹ ਆਹਾਰ ਹੀ ਹੋ ਗਿਆ ਹੋਵੇ। ਉਹਨੂੰ ਅੰਮ੍ਰਿਤ ਪ੍ਰਚਾਰ ਵਿਚੋਂ ਸੰਤੁਸ਼ਟਾ ਮਿਲਦੀ, ਸ਼ਾਂਤੀ ਮਿਲਦੀ। ਇਹ ਸਿਰਫ਼ ਪਿਛਲੇ ਚਾਰ ਪੰਜ ਸਾਲ ਤੋਂ ਹੀ ਸੀ ਕਿ ਉਸ ਇਸ ਪ੍ਰਚਾਰ ਵਾਸਤੇ ਸਵੇਰੇ ਸ਼ਾਮ ਕੰਮ ਕਰਨਾ ਛਡਿਆ, ਹੁਣ ਉਹਦੀ ਸਿਹਤ ਬਹੁਤੀ ਭੱਜ ਦੌੜ ਦੀ ਇਜਾਜ਼ਤ ਨਹੀਂ ਸ਼ੀ ਦੇਂਦੀ।

ਅੱਜ ਤੋਂ ਤੀਹ ਸਾਲ ਪਹਿਲੇ ਇਹ ਟੱਬਰ ਆਪਣੇ ਪੁਰਾਣੇ ਪਿੰਡ ਮਾਹਿਲ ਨੂੰ ਛਡ ਕੇ ਛਤਹ ਗੜ੍ਹ ਆ ਵੱਸਿਆ ਸੀ। ਮਾਹਿਲ ਵਿਚ ਰਹਿਣਾ ਸ਼ੁਰੂ ਤੋਂ ਹੀ ਕਠਨ ਸੀ। ਜਦ ਇਹ ਟੱਬਰ ਤੇ ਬਾਕੀ ਸਾਰੇ ਹਿੰਦੂ ਸਨ ਤਾਂ ਬੇਸ਼ਕ ਔਖਾ ਸੌਖਾ ਨਿਰਬਾਹ ਹੁੰਦਾ ਜਾਂਦਾ, ਪਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ, ਤੇ ਅੰਮ੍ਰਿਤ ਦੀ ਲਹਿਰ ਚਲਾਈ ਤਾਂ ਓਦੋਂ ਤੋਂ ਇਸ ਇਲਾਕੇ ਵਿਚ ਹਾਕਮਾਂ ਦੀ ਦਬਾਉ ਨੀਤੀ ਵਧਦੀ ਗਈ।

ਮਾਹਿਲ ਤੇ ਸਰਮੌਰ ਪੱਤੀ ਦੇ ਸਿੱਖਾਂ ਨੇ ਬੜੀ ਹਿੰਮਤ ਵਿਖਾਈ, ਬੜਾ ਸਾਹਸ ਦਸਿਆ, ਪਰ ਸ਼ਾਹਬਾਜ਼ ਦੀ ਸ਼ਹੀਦੀ ਪਿਛੋਂ ਇਲਾਕੇ ਦੇ ਸਿੱਖਾਂ ਨੂੰ ਜਾਪਿਆ ਕਿ ਹੁਣ ਏਥੇ ਰਹਿ ਨਹੀਂ ਹੋਣਾ, ਲਾਹੌਰ ਮਸੇਂ ਵੀਹ ਪੰਝੀ ਮੀਲ ਤੇ ਜਰਨੈਲੀ ਸੜਕ ਅਸਲੋਂ ਨੇੜੇ। ਜਦੋਂ ਵੀ ਮੁਗ਼ਲਾਂ ਦਾ ਜੀ ਕਰਦਾ ਉਹ ਸਰਮੌਰ ਪੱਤੀ ਦੇ ਸਿਖਾਂ ਨੂੰ ਅਗੇ ਲਾ ਤੁਰਦੇ। ਜਾਂਬਾਜ਼ ਨੇ ਇਕ ਦਿਨ ਮਾਹਿਲ ਛਡ ਜਾਣ ਦਾ ਫ਼ੈਸਲਾ ਕੀਤਾ।

"ਅੱਜ ਅਸੀਂ ਆਪਣੀ ਜੱਦੀ ਜ਼ਮੀਨ ਤੇ ਜੱਦੀ ਮਕਾਨ ਛਡਣ ਵਾਸਤੇ ਮਜ਼ਬੂਰ ਹੋ ਗਏ ਹਾਂ, ਪਰ ਜੇ ਗੁਰੂ ਮਹਾਰਾਜ ਨੇ ਚਾਹਿਆ ਤਾਂ ਇਕ ਦਿਨ ਜ਼ਰੂਰ ਏਥੇ ਮੁੜਾਂਗੇ। ਮੁਗ਼ਲਾਂ ਨੇ ਸਾਡੇ ਨਾਲ ਅਨੇਕ ਵਧੀਕੀਆਂ ਕੀਤੀਆਂ ਹਨ ਪਰ ਇਸ ਵਧੀਕੀ ਜਿਹੀ ਕੋਈ ਹੋਰ ਵਧੀਕੀ ਨਹੀਂ ਹੋਣੀ," ਉਸ ਕਿਹਾ।

ਸ਼ੋਭੀ ਵੀ ਮਾਹਿਲ ਛਡਣ ਲਗਿਆਂ ਰੋਈ। ਉਸ ਉਹਨਾਂ ਖੇਤਾਂ ਵਲ, ਉਸ ਉਹਨਾਂ ਬ੍ਰਿਛਾਂ ਵਲ, ਉਸ ਉਹਨਾਂ ਢਾਰਿਆਂ ਵਲ, ਉਸ ਹਰ ਉਸ ਥਾਂ ਵਲ ਹਸਰਤ ਭਰੀਆਂ ਨਜ਼ਰਾਂ ਨਾਲ ਤਕਿਆ ਜਿਥੇ ਕਦੇ ਉਹ ਤੇ ਉਹਦਾ ਸ਼ਾਹਬਾਜ਼ ਇਕੱਠੇ ਬੈਠੇ ਜਾਂ ਖਲੋਤੇ ਸਨ। ਉਹ ਉਚੇਚੀ ਕਾਨ੍ਹਾਂ ਛੈਬ ਗਈ। ਇਸ ਛੈਬ ਵਿਚ ਉਹਦੀਆਂ ਤੇ ਸ਼ਾਹਬਾਜ਼ ਦੀਆਂ ਮੁਲਾਕਾਤਾਂ ਕਿੰਨੀਆਂ ਮਨੋਰੰਜਕ ਸਨ ? ਸਮਾਂ ਗੁਜ਼ਰ ਜਾਣ ਨਾਲ ਕਾਨ੍ਹਾਂ ਛੈਬ ਵਿਚ ਉਹਨਾਂ ਮੁਲਾਕਾਤਾਂ ਦੀ ਯਾਦ ਕੇਡੀ ਰੰਗੀਨ ਹੋ ਗਈ ਸੀ। ਪਰ ਕੀ ਚਾਰਾ ਸੀ ? ਮਾਹਿਲ ਹੁਣ ਰਹਿ ਨਹੀਂ ਸੀ ਹੁੰਦਾ।

ਇਕ ਝੰਡਾ ਸਿੰਘ ਪਿੜੀ ਵਾਲੇ ਦੇ ਆਖੇ ਉਹ ਛਤਹ ਗੜ੍ਹ ਆ ਗਏ। ਪਰ ਜਾਂਬਾਜ਼ ਦੇ ਏਥੇ ਆਉਣ ਤੋਂ ਪਹਿਲਾਂ ਇਸ ਥਾਂ ਦਾ ਨਾਂ ਛਤਹ ਗੜ੍ਹ ਨਹੀਂ, ਟਿਗਰੀ ਸੀ। ਇਹ ਨਾਂ ਕਿਸੇ ਪੀਰ ਇਮਾਮ ਮੁਹੰਮਦ ਟਿਗਰੀ ਦੇ ਨਾਂ ਪਿਛੇ ਪਿਆ ਸੀ। ਜਾਂਬਾਜ਼ ਨੇ ਏਥੇ ਆ ਕੇ ਸਭ ਤੋਂ ਪਹਿਲਾ ਕੰਮ ਇਹੋ ਕੀਤਾ ਕਿ ਟਿਗਰੀ ਦੀ ਥਾਂ ਇਸ ਥਾਂ ਦਾ ਨਾਂ ਛਤਹ ਗੜ੍ਹ ਰਖਿਆ।

Scanned by CamScanner

ਫਤਹ ਗੜ੍ਹ ਡੇਰਾ ਬਾਬਾ ਨਾਨਕ ਤੋਂ ਕੋਈ ਬਾਰਾਂ ਕੁ ਮੀਲ ਹੋਵੇਗਾ ਤੇ ਇਹ ਥਾਂ ਨਾ ਹੀ ਅੰਮ੍ਰਿਤਸਰ ਤੋਂ ਬਹੁਤੀ ਦੂਰ ਸੀ ਨਾ ਹੀ ਲਾਹੌਰ ਤੋਂ, ਪਰ ਜਰਨੈਲੀ ਸੜਕ ਤੋਂ ਪਰਾਂਡੇ ਹੋਣ ਕਰ ਕੇ ਕਾਫ਼ੀ ਮਹਿਫ਼ੂਜ਼ ਸੀ। ਉੱਜ ਵੀ ਹੋਲੀ ਹੋਲੀ ਇਸ ਇਲਾਕੇ ਵਿਚ ਸਿੰਘਾਂ ਦਾ ਜ਼ੋਰ ਵਧਦਾ ਜਾਂਦਾ ਸੀ। ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਹੀ ਹਰ ਔਖੇ ਵੇਲੇ ਸਿਖ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਜਾ ਛੁਪਦੇ ਸਨ ਤੇ ਉਹ ਪਹਾੜੀਆਂ ਵੀ ਏਥੋਂ ਨੇੜੇ ਸਨ। ਪਠਾਨਕੋਟ ਮਸੇ ਤੀਹ ਚਾਲ੍ਹੀ ਮੀਲ ਦੂਰ ਸੀ। ਲੋੜ ਵੇਲੇ ਸੌਖ ਨਾਲ ਜਾਨ ਬਚਾਈ ਜਾ ਸਕਦੀ ਸੀ।

ਹੌਲੀ ਹੌਲੀ ਫਤਹ ਗੜ੍ਹ ਵਿਚ ਜਾਂਬਾਜ਼ ਦੀ ਸਾਖ ਵਧਦੀ ਗਈ। ਜਦੋਂ ਜਾਂਬਾਜ਼ ਏਥੇ ਆਇਆ ਤਾਂ ਫਤਹ ਗੜ੍ਹ ਵਿਚ ਸਾਰੇ ਪੰਝੀ ਤੀਹ ਘਰ ਸਨ, ਪਰ ਹੁਣ ਕੋਈ ਅੱਸੀ ਨੱਵੇ ਘਰ ਹੋਣਗੇ। ਜਾਂਬਾਜ਼ ਸਿੰਘ ਆਪਣੀ ਭੋਏਂ ਵਿਚ ਵਾਧਾ ਕਰਦਾ ਗਿਆ। ਜਿਉਂ ਜਿਉਂ ਸੁਬੇਗ ਦੇ ਘਰ ਪੁਤਰ ਜੰਮਦੇ ਗਏ ਤੇ ਵਡੇ ਹੁੰਦੇ ਗਏ ਤਿਉਂ ਤਿਉਂ ਬਹੁਤੀ ਭੋਏਂ ਦੀ ਲੋੜ ਵੀ ਵਧਦੀ ਗਈ ਤੇ ਉਹਦਾ ਪ੍ਰਬੰਧ ਵੀ ਸੌਖਾ ਹੁੰਦਾ ਗਿਆ।

ਫਿਰ ਜਾਂਬਾਜ਼ ਦੀ ਸਾਂਝ ਜੱਸਾ ਸਿੰਘ ਆਹਲੂਵਾਲੀਏ ਨਾਲ ਪਈ। ਉਹ ਇਕੱਠੇ ਹੀ ਸਭ ਮੁਹਿੰਮਾਂ ਉਤੇ ਜਾਣ ਲਗੇ। ਸਾਵਣ ਮਾਂਹ ਦੇ ਦਿਨਾਂ ਵਿਚ ਜਦੋਂ ਜਾਂਬਾਜ਼ ਨੂੰ ਦੌਰਾ ਹੁੰਦਾ ਤਾਂ ਕਦੀ ਕਦੀ ਸਰਦਾਰ ਜੱਸਾ ਸਿੰਘ ਆਪ ਉਹਨੂੰ ਮਿਲਣ ਵਾਸਤੇ ਏਥੇ ਆਉਂਦਾ ਤੇ ਦਸ ਦਸ ਬਾਰਾਂ ਬਾਰਾਂ ਦਿਨ ਆਪਣੇ ਮਿਤ੍ਰ ਜਾਬਾਜ਼ ਕੋਲ ਕੱਟ ਜਾਂਦਾ। ਤੇ ਇਸ ਤਰ੍ਹਾਂ ਵਰ੍ਹੇ ਬੀਤਦੇ ਗਏ। ਤੇ ਇਸ ਤਰ੍ਹਾਂ, ਇਹਨਾਂ ਵਰ੍ਹਿਆਂ ਵਿਚ ਜਾਂਬਾਜ਼ ਤੇ ਸ਼ੁਭੀ ਦੀ ਸਾਂਝ ਵਧਦੀ ਗਈ।

ਜਦੋਂ ਜਾਂਬਾਜ਼ ਦੀ ਵਹੁਟੀ, ਬਲਵੰਤ ਕੌਰ, ਨੂੰ ਮਰਿਆਂ ਦੋ ਸਾਲ ਤੇ ਸ਼ਾਹਬਾਜ਼ ਨੂੰ ਪੂਰੇ ਹੋਇਆਂ ਪੰਜ ਸਾਲ ਹੋ ਗਏ ਤਾਂ ਕਈ ਬੰਦਿਆਂ ਨੇ ਸਲਾਹ ਦਿਤੀ ਕਿ ਉਹ ਦੋਵੇਂ ਚਾਦਰਾ ਕਰ ਲੈਣ ਪਰ ਦੋਹਾਂ ਨੇ ਹੀ ਇਹ ਸਲਾਹ ਨਾ ਮੰਨੀ। ਜਾਂਬਾਜ਼ ਦੀ ਲਗਨ ਪ੍ਰਬਲ ਸੀ। ਉਹਨੂੰ ਪੂਰੀ ਤਰ੍ਹਾਂ ਤੇ ਤਨੋਂ ਮਨੋਂ ਸਿੰਘ ਸਜਿਆਂ ਅਜੇ ਬਹੁਤਾ ਚਿਰ ਨਹੀਂ ਸੀ ਹੋਇਆ ਤੇ ਉਹ ਆਪਣਾ ਸਾਰਾ ਸਮਾਂ ਸਿਖੀ ਸੇਵਾ ਵਿਚ ਸਰਫ਼ ਕਰਨਾ ਚਾਹੁੰਦਾ ਸੀ। ਸ਼ੁਭੀ ਅਜੇ ਤਕ ਵੀ ਸ਼ਾਹਬਾਜ਼ ਦੀ ਯਾਦ ਨੂੰ ਪਿਆਰ ਕਰਦੀ ਸੀ।

ਇਕ ਦੋ ਸਾਲਾਂ ਪਿਛੋਂ ਫਿਰ ਇਹ ਸਲਾਹ ਪੇਸ਼ ਹੋਈ। ਪਰ ਫਿਰ ਵੀ ਦੋਹਾਂ ਨੇ ਮੁਸਕਰਾ ਛਡਿਆ। ਤੇ ਇਉਂ ਇਹ ਦੋਵੇਂ ਪਿਛਲੇ ਤਿੰਨ ਦਹਾਕਿਆਂ ਤੋਂ ਇਕੋ ਘਰ ਵਿਚ ਰਹਿੰਦੇ ਆਏ। ਜਿਉਂ ਜਿਉਂ ਵਰ੍ਹੇ ਗੁਜ਼ਰਦੇ ਗਏ ਸ਼ੁਭੀ ਜਾਂਬਾਜ਼ ਦੀਆਂ ਚਾੜੀ ਲੜਾਂ ਦਾ ਵਧ ਖ਼ਿਆਲ ਰਖਣ ਲਗੀ। ਉਹਦੀ ਬਿਮਾਰੀ ਦੇ ਦਿਨਾਂ ਵਿਚ ਉਹ ਆਪ ਉਹਦੀ ਸੇਵਾ ਕਰਦੀ। ਜਦੋਂ ਕਦੀ ਉਹ ਮੁਹਿੰਮਾਂ ਤੋਂ ਘਰ ਮੁੜਦਾ ਉਹ ਆਪ ਉਹਦੇ ਵਾਸਤੇ ਉਚੇਚੀ ਰੋਟੀ ਪਕਾਂਦੀ। ਸਰਦੀਆਂ ਵਿਚ ਉਹਨੂੰ ਨ੍ਹਾਉਣ ਵਾਸਤੇ ਆਪ ਪਾਣੀ ਗਰਮ ਕਰ ਕੇ ਦੇਂਦੀ। ਗਰਮੀਆਂ ਵਿਚ ਉਹਨੂੰ ਪੱਖਾ ਕਰਦੀ।

ਦੁਰਾਨੀ ਦੇ ਪਹਿਲੇ ਹੱਲੇ ਵੇਲੇ ਦੀ ਗੱਲ ਹੈ। ਸੁਬੇਗ ਸਿੰਘ ਨੂੰ ਟੰਗ ਉਤੇ ਗੋਲੀ ਲਗੀ। ਸੁਬੇਗ ਤੇ ਜਾਂਬਾਜ਼ ਦੇ ਨਾਲ ਉਸ ਲੜਾਈ ਵਿਚ ਜਾਂਬਾਜ਼ ਦਾ ਪੁਤਰ ਅਨੰਦ ਸਿੰਘ ਵੀ ਸ਼ਾਮਿਲ ਸੀ। ਉਦੋਂ ਉਹਦੀ ਉਮਰ ਪੰਝੀ ਕੁ ਵਰ੍ਹੇ ਦੀ ਸੀ। ਅਨੰਦ ਸਿੰਘ ਇਸ ਲੜਾਈ ਵਿਚ ਸ਼ਹੀਦ ਹੋ ਗਿਆ ਤੇ ਉਹਦੀ ਮਿਤ੍ਰ ਉੱਤੇ ਸਿਖ ਸਜਣ ਤੋਂ ਪਿਛੋਂ ਪਹਿਲੀ ਵਾਰ ਜਾਂਬਾਜ਼ ਨੂੰ ਕੋਈ ਉਦਾਸੀ ਪੋਹੀ।

ਉਹਦੀ ਉਦਾਸੀ ਦੇ ਦਿਨਾਂ ਵਿਚ ਤੇ ਫਿਰ ਉਸ ਤੋਂ ਪਿਛੋਂ ਸ਼ੁਭੀ ਜਾਂਬਾਜ਼ ਨਾਲ ਅਗੇ ਨਾਲੋਂ ਵੇਰ ਸੰਬੰਧਤ ਹੋ ਗਈ। ਔਤਕੀਂ ਜਦੋਂ ਜਾਂਬਾਜ਼ ਲਾਹੌਰ ਜਿਤ ਕੇ ਆਇਆ ਤਾਂ ਸ਼ੁਭੀ ਆਪਣੀ ਖ਼ੁਸ਼ੀ ਵਿਚ ਮਿਵੇਂ ਨਾਂਹ। ਅੱਜ ਫਿਰ ਉਹਨੂੰ ਆਪਣੇ ਸ਼ਾਹਬਾਜ਼ ਦੀ ਯਾਦ ਆ ਰਹੀ ਸੀ। ਅੱਜ ਫਿਰ ਉਹਦੇ ਨੈਣਾਂ ਅਗੋਂ ਉਹਦੇ ਆਪਣੇ ਸ਼ਾਹਬਾਜ਼ ਦੇ ਆਖ਼ਰੀ ਦਿਨ ਗੁਜ਼ਰ ਗਏ। ਗੁਰਦਾਸ ਨੰਗਲ ਦੀ ਲੜਾਈ, ਲਾਹੌਰ ਵਿਚ ਨਿਕਲਿਆ ਕੈਦੀਆਂ ਦਾ ਜਲੂਸ, ਉਹਨਾਂ ਦਾ ਸਰਮੋਰ ਤੋਂ ਲੰਘਣਾ ਤੇ ਫਿਰ ਦਿੱਲੀ ਵਿਚ ਉਹਨਾਂ ਦੀ ਸ਼ਹੀਦੀ।

ਔਤਕੀ ਜਿਉਂ ਜਿਉਂ ਸ਼ੁਭੀ ਨੂੰ ਸ਼ਾਹੁਬਾਜ਼ ਯਾਦ ਆਉਂਦਾ ਉਹ ਆਪਣੇ ਆਪ ਨੂੰ ਜਾਂਬਾਜ਼ ਦੇ ਉੱਕਾ ਹੀ ਨੇੜੇ ਮਹਿਸੂਸ ਕਰਦੀ।

ਏਸੇ ਤਰ੍ਹਾਂ ਹੀ ਲਾਹੌਰ ਦੀ ਜਿਤ ਪਿਛੋਂ ਜਾਂਬਾਜ਼ ਨੂੰ ਆਪਣਾ ਵੀਰ ਸ਼ਾਹਬਾਜ਼ ਬੜਾ ਯਾਦ ਆਇਆ। ਆਪਣੇ ਸ਼ਾਹਬਾਜ਼ ਕਰ ਕੇ ਹੀ ਉਹ ਸਿੰਘ ਸਜਿਆ ਸੀ, ਉਸ ਅਕਾਲ ਅੰਮ੍ਰਿਤ ਛਕਿਆ ਸੀ ਤੇ ਸ਼ਾਹਬਾਜ਼ ਦੇ ਕਾਰਨ ਹੀ ਉਹਦੇ ਦਿਲ

Scanned by CamScanner

ਵਿਚ ਲਾਹੌਰ ਜਿਤਨ ਦੀ ਚਾਹ ਉਤਪੰਨ ਹੋਈ ਸੀ। ਸੋ ਜਿਉਂ ਜਿਉਂ ਉਹਨੂੰ ਸ਼ਾਹਬਾਜ਼ ਯਾਦ ਆਉਂਦਾ ਤਿਉਂ ਤਿਉਂ ਉਹ ਆਪਣੇ ਆਪ ਨੂੰ ਸ਼ੰਭੀ ਦੇ ਵਧ ਨੇੜੇ ਮਹਿਸੂਸ ਕਰਦਾ।

ਸ਼ਾਇਦ ਉਹ ਇਕ ਦੂਜੇ ਦੇ ਐਨਾ ਨੇੜੇ ਕਦੀ ਵੀ ਨਹੀਂ ਸਨ ਹੋਏ ਜਿੰਨਾ ਐਤਕੀ। ਬਾਹਰ ਮੀਂਹ ਤੇਜ਼ ਹੋ ਗਿਆ। ਦਾਰੇ ਉੱਤੇ ਪੈਂਦੇ ਮੀਂਹ ਦੀਆਂ ਕਣੀਆਂ ਦੀ ਆਵਾਜ਼ ਉਚੀ ਹੋ ਗਈ। ਜਿਸ ਪਾਸੇ ਸ਼ੰਭੀ ਬੈਠੀ ਸੀ ਉਧਰੋਂ ਦਾਰਾ ਚੁ ਪਿਆ ਤੇ ਉਹ ਆਪਣਾ ਮੂੜ੍ਹਾ ਧਰੀਕ ਕੇ ਜਾਂਬਾਜ਼ ਦੇ ਹੋਰ ਨੇੜੇ ਹੋ ਗਈ।

ਕਿੰਨਾ ਹੀ ਚਿਰ ਇਸ ਤਰ੍ਹਾਂ ਬੈਠੇ ਉਹ ਗੱਲਾਂ ਕਰਦੇ ਰਹੇ। ਉਹ ਗੱਲਾਂ ਕਰਦੇ ਸ਼ਾਹਬਾਜ਼ ਦੀਆਂ, ਤੇ ਸ਼ਾਹਬਾਜ਼ ਦੀਆਂ ਜਿਤਾਂ ਤੇ ਉਹਦੇ ਉਚ ਆਚਰਨ ਦੀਆਂ। ਉਹ ਗੱਲਾਂ ਕਰਦੇ ਰਹੇ ਮਾਹਿਲ ਤੇ ਸਰਮੌਰ ਦੀਆਂ। ਉਹਨਾਂ ਗੱਲਾਂ ਕੀਤੀਆਂ ਪਿਛਲੇ ਤੀਹ ਚਾਲ੍ਹੀ ਵਰ੍ਹੇ ਵਿਚ ਵਾਪਰੇ ਜ਼ਰੂਰੀ ਤੇ ਅਹਿਮ ਮੁਆਮਲਿਆਂ ਦੀਆਂ ਤੇ ਉਹਨਾਂ ਗੱਲਾਂ ਕੀਤੀਆਂ ਦੀਪੋ ਦੇ ਆ ਰਹੇ ਕਾਜ ਬਾਰੇ। ਜਦੋਂ ਅੱਗ ਜ਼ਰਾ ਮਧੁਮ ਹੁੰਦੀ ਲਗਦੀ ਤਾਂ ਸ਼ੰਭੀ ਇਕ ਛਿਟੀ ਵਿਚ ਹੋਰ ਭਾਹ ਦੇਂਦੀ ਤੇ ਉਹ ਫਿਰ ਗੱਲਾਂ ਵਿਚ ਰੁਝ ਜਾਂਦੇ।

੪੪

ਰੋਜ਼ ਵਾਂਗ ਅੱਜ ਵੀ ਛਤਹ ਗੜ੍ਹ ਦੇ ਖੂਹ ਲਾਗੇ ਬਾਬਾ ਜਾਂਬਾਜ਼ ਦਵਾਲੇ ਪਰ੍ਹਾ ਜੁੜਿਆ ਹੋਇਆ ਸੀ। ਸਵੇਰ ਤੋਂ ਹੀ ਲੰਕਾਂ ਦੀ ਆਵਾਜਾਈ ਸ਼ੁਰੂ ਸੀ। ਏਨੇਂ ਨੂੰ ਉਜਾਗਰ ਸਿੰਘ, ਪਿੰਡ ਦਾ ਇਕ ਸ਼ੌਹ ਲੜਾਕਾ ਆਪਣੇ ਘੋੜੇ ਉੱਤੇ ਦੌੜਦਾ ਆਇਆ ਤੇ ਪਰ੍ਹੇ ਦੇ ਕੋਲ ਆਉਂਦਿਆਂ ਉਸ ਦਸਿਆ "ਬਾਬਾ, ਸਰਦਾਰ ਆਇਆ ਹੈ। ਤੇਰਾ ਹਾਲ ਅਹਿਵਾਲ ਪੁਛਣ ਨੂੰ।" "ਧੰਨ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ" ਜਾਂਬਾਜ਼ ਦਾ ਮੂਹ ਖਿੜ ਗਿਆ, "ਮੈਂ ਅਜੇ ਰਾਤੀਂ ਹੀ ਉਹਨੂੰ ਯਾਦ ਕੀਤਾ ਸੀ। ਰੱਬ ਨੇ ਕਿਵੇਂ ਸੁਣ ਲਈ ਮੇਰੀ।" "ਬਾਬਾ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ।" ਪਰ੍ਹੇ ਵਿਚ ਬੈਠੇ ਇਕ ਆਦਮੀ ਨੇ ਕਿਹਾ "ਪਰ ਸੁਖ ਹੋਵੇ ਸਹੀ ਸੰਗਤ ਸਿੰਘਾ। ਕੋਈ ਭਾਣਾ ਜ਼ਰੂਰ ਵਰਤਿਆ ਹੈ। ਸਰਦਾਰ ਐਵੇਂ ਲਾਹੌਰ ਛਡ ਕੇ ਆਉਣ ਵਾਲਾ ਨਹੀਂ।" ਇਹ ਸਰਦਾਰ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ। ਜੇ ਜੱਸਾ ਸਿੰਘ ਆਹਲੂਵਾਲੀਆ ਜਾਂਬਾਜ਼ ਵਾਸਤੇ ਸਰਦਾਰ ਸੀ ਤਾਂ ਉਹ ਸਾਰੇ ਪਿੰਡ ਵਾਲਿਆਂ ਵਾਸਤੇ ਵੀ ਸਿਰਫ਼ ਸਰਦਾਰ ਹੀ ਸੀ। ਹੁਣ ਤਕ ਸਰਦਾਰ ਐਨੀ ਵਾਰੀ ਇਸ ਪਿੰਡ ਆ ਚੁਕਾ ਸੀ ਕਿ ਏਥੋਂ ਦੇ ਸਾਰੇ ਵਾਸੀ ਉਹਨੂੰ ਜਾਣਦੇ ਸਨ ਤੇ ਆਪ ਸਰਦਾਰ ਏਥੋਂ ਦੇ ਸਭ ਵਾਸੀਆਂ ਨੂੰ ਜਾਣਨ ਲਗ ਗਿਆ ਸੀ। "ਭਾਵੇਂ ਤੇਰੀ ਕਹੀ ਸਚ ਹੀ ਹੋਵੇ, ਬਾਬਾ। ਤੂੰ ਕਿਹਾ ਸੀ ਨਾ, ਕਿ ਅਦੀਨਾ ਬੇਗ ਤੇ, ਕੀ ਨਾਂ ਲਦੀ ਦਾ ਹੈ, ਮਰਹੱਟੇ ਲਾਹੌਰ ਪਹੁੰਚ ਗਏ ਹਨ।' "ਪਰ ਫਿਰ ਵੀ ਚੂਹੜ ਸਿਹਾਂ, ਲਾਹੌਰ ਦਾ ਜੇਤੂ ਸਰਦਾਰ ਹੈ। ਮੁਗਲ ਤੇ ਮਰਹੱਟੇ ਚੱਕੇ ਲਗਦੇ ਹਨ ਲਾਹੌਰ ਦੇ। ਸਰਦਾਰ ਅੜਿਆ ਤਾ ਜ਼ਰੂਰ ਹੋਣਾ ਹੈ ਪਰ...ਲਓ ਆ ਗਿਆ ਹੈ ਆਪ ਸਰਦਾਰ। ਹੁਣੇ ਸਭ ਗਲਾਂ ਖੁਲ੍ਹ ਜਾਣਗੀਆਂ।"

ਸਾਹਮਣੇ ਆ ਰਿਹਾ ਸੀ ਸਰਦਾਰ ਜੱਸਾ ਸਿੰਘ ਤੇ ਉਹਦੇ ਨਾਲ ਸਨ ਦਸ ਹੈਰ ਘੋੜ ਸਵਾਰ। ਸਰਦਾਰ ਦਾ ਘੋੜਾ ਕਾਲੇ ਰੰਗ ਦਾ ਸੀ। ਕੱਦ ਘੋੜੇ ਦਾ ਵੱਡਾ ਤੇ ਲੱਤਾਂ ਉਹਦੀਆਂ ਲੰਮੀਆਂ। ਸੁੰਮ ਚਿੱਟੇ, ਘੜਾ ਇੰਜ ਟੁਰੇ ਨਖ਼ਰੇ ਨਾਲ ਜਿਵੇਂ ਕਿ ਉਹਦੇ ਸੁੰਮ ਮੈਲੇ ਹੋ ਜਾਣਗੇ। ਉਹਦਾ ਸਿਰ ਉੱਚਾ। ਇੰਜ ਮਾਨ ਮੱਤਾ ਕਿ ਜਿਵੇਂ ਉਹਨੂੰ ਆਪਣੇ ਮਾਲਕ ਦੀ ਵਡਤੱਨ ਦਾ ਅਹਿਸਾਸ ਹੋਵੇ। ਵਾਗ ਦੇ ਵਾਲ ਵੀ ਕਾਲੇ ਤੇ ਲੰਮੇ। ਕਦਮ ਕਦਮ ਉਤੇ ਇਹ ਵਾਲ ਝਟਕੇ ਖਾਂਦੇ ਹਵਾ ਵਿਚ ਉਠਦੇ ਤੇ ਡਿਗਦੇ।

Scanned by CamScanner

ਸਰਦਾਰ ਜਸਾ ਸਿੰਘ ਪਰ੍ਹੇ ਦੇ ਵਿਚ ਪੁਜਾ । ਜਾਂਬਾਜ਼ ਉਹਨੂੰ ਉਠ ਕੇ ਲੈਣ ਗਿਆ । ਆਪਣੇ ਸੋਹਣੇ ਘੋੜੇ ਉੱਤੇ ਸਰਦਾਰ ਜੱਸਾ ਸਿੰਘ ਬੜਾ ਸੋਹਣਾ ਸਜਿਆ ਹੋਇਆ । ਉਹਦੀ ਛਾਤੀ ਨਿਕਲੀ ਹੋਈ । ਉਹਦੀਆਂ ਬਾਹਾਂ ਐਨੀਆਂ ਲੰਮੀਆਂ ਕਿ ਜ਼ਰਾ ਉਜ਼ ਕੇ ਵਧਾਏ ਤਾਂ ਘੋੜੇ ਦੇ ਸਾਰੇ ਮੂੰਹ ਉੱਤੇ ਫੇਰ ਲਏ । ਉਹਦੀਆਂ ਲੱਤਾਂ ਘੋੜੇ ਦੇ ਗੋਡਿਆਂ ਤਕ ਪਹੁੰਚਦੀਆਂ । ਉਹਦਾ ਮੁਖੜਾ ਹੱਸੂ ਹੱਸੂ ਕਰਦਾ ਕਿ ਜਿਵੇਂ ਇਸ ਮੁਖੜੇ ਨੇ ਕਦੀ ਕੋਈ ਔਕੜ ਨਾ ਵੇਖੀ ਹੋਵੇ । ਕਿ ਜਿਵੇਂ ਇਸ ਮੁਖੜੇ ਉੱਤੇ ਮਲਾਲ ਤੇ ਰੰਜ ਦੀ ਛਾਂ ਵੀ ਨਾ ਪਈ ਹੋਏ ਕਦੇ । ਰੰਗ ਪੱਕਾ ਪਰ ਰਸਭਿੰਨਾ । ਦਾੜ੍ਹੀ ਸਾਰੀ ਦੀ ਸਾਰੀ ਕਾਲੀ । ਸਰਦਾਰ ਦਾ ਸਮੁੱਚਾ ਪ੍ਰਭਾਵ ਤੁਲ ਨਾਤੀ ਪ੍ਰਭਾਤ ਵਰਗਾ । ਸਜਰਾ ਤੇ ਸੁਖਾਵਾਂ ।

ਸਰਦਾਰ ਦੇ ਖੱਬੇ ਉਹਦੀ ਤਲਵਾਰ ਤੇ ਤਲਵਾਰ ਦੀ ਨੱਕ ਉਹਦੀਆਂ ਰਕਾਬਾਂ ਤੋਂ ਥੱਲੇ ਤਕ ਲਟਕਦੀ ਪਈ ਦਿਸਦੀ । ਉਹਦੇ ਸੱਜੇ ਹੱਥ ਕਾਠੀ ਵਿਚ ਲਗੇ ਕੁੰਡਿਆਂ ਨਾਲ ਅਟਕਿਆ ਸੀ ਉਹਦਾ ਨੇਜ਼ਾ, ਘੋੜੇ ਦੇ ਪਿਛੇ ਦੂਰ ਤਕ ਵਧਿਆ ਹੋਇਆ । ਘੋੜੇ ਦਾ ਤੰਗ ਕੇਸਰੀ, ਉਹਦੀ ਕਾਠੀ ਥੱਲੇ ਵਿਛਿਆ ਕਪੜਾ ਕੇਸਰੀ, ਉਹਦੀ ਕਾਠੀ ਸੂਫ਼ ਕੇਸਰੀ, ਪਜਾਮਾ ਕੇਸਰੀ, ਪੱਗ ਨੀਲੀ ਤੇ ਹੇਠਲੀ ਛੋਟੀ ਦਸਤਾਰ ਚਿੱਟੀ ਜਿਹੜੀ ਇਕ ਤਿਕੋਨ ਬਣੀ ਨੀਲੀ ਪੱਗ ਥਲਿਓਂ ਪਈ ਦਿਸਦੀ । ਸਰਦਾਰ ਦੇ ਗਲੇ ਤੋਂ ਲੈ ਕੇ ਨਾਭ ਤਕ ਤੇ ਦੰਹਾਂ ਵੱਖੀਆਂ ਤਕ ਪੁਜਦੀ ਜ਼ਰਾ-ਬਕਤਰ । ਉਹਦੀ ਪਿੱਠ ਉਤੇ ਢਾਲ ਤੇ ਵੀਣੀਆਂ ਤੋਂ ਲੈ ਕੇ ਮੋਢਿਆਂ ਤਕ ਲੋਹੇ ਦਾ ਝਾਲਰ ਨੁਮਾ ਸੰਜੋਅ । ਇਹ ਸੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ । ਜਾਂਬਾਜ਼ ਨੇ ਵਧ ਕੇ ਸਰਦਾਰ ਨਾਲ ਹੱਥ ਮਿਲਾਇਆ ਤੇ ਫਿਰ ਆਦਰ ਨਾਲ ਪਿੰਡ ਦੇ ਵਸਨੀਕਾਂ ਨੇ ਉਹਨੂੰ ਘੋੜੇ ਤੋਂ ਉਤਾਰਿਆ । ਸਰਦਾਰ ਮੁਸਕਰਾਇਆ "ਬਈ ਮੇਰੀ ਐਨੀ ਖ਼ਾਤਰ ਕਿਉਂ ਕਰਦੇ ਹੋ", ਉਸ ਆਖਿਆ "ਮੈਂ ਲਾਹੌਰ ਹਾਰ ਕੇ ਆਉਂਦਾ ਪਿਆ ਜੇ । ਤੇ ਉਸ ਘੋੜੇ ਤੋਂ ਉਤਰ ਕੇ ਜਾਂਬਾਜ਼ ਨੂੰ ਜੱਫੀ ਪਾ ਲਈ ।

"ਹਾਰ ਜਿਤ ਸਰਦਾਰ ਜੀ ਗੁਰੂ ਦੀ ਕਰਨੀ ਹੈ । ਪਰ ਸਾਡੇ ਵਾਸਤੇ ਤੁਸੀਂ ਜੋ ਹੋ, ਹੋ ਹੀ ।" ਜਾਂਬਾਜ਼ ਵੀ ਮੁਸਕਰਾਇਆ, ਤੇ ਉਸ ਸਰਦਾਰ ਨੂੰ ਮੰਜੀ ਉੱਤੇ ਬੈਠਣ ਵਾਸਤੇ ਕਿਹਾ । ਏਨੇ ਚਿਰ ਵਿਚ ਬਾਕੀ ਦੇ ਸਿੰਘ ਵੀ ਆਪਣੇ ਆਪਣੇ ਘੋੜਿਆਂ ਤੋਂ ਉਤਰ ਆਏ । ਸਭ ਜਣ ਵਾਰੋ ਵਾਰੀ ਜਾਂਬਾਜ਼ ਨੂੰ ਤੇ ਹੋਰਨਾਂ ਨੂੰ ਘੁੱਟ ਘੁੱਟ ਮਿਲੇ, ਜਾਂਬਾਜ਼ ਇਹਨਾਂ ਸਭ ਸਵਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ ! ਸਰਦਾਰ ਆ ਕੇ ਮੰਜੀ ਉਤੇ ਬਹਿ ਗਿਆ । ਉਹਦੇ ਨਾਲ ਜਾਂਬਾਜ਼ ਆ ਬੈਠਾ । ਇਸ ਵੱਡੀ ਸਾਰੀ ਮੰਜੀ ਦੇ ਪੁਅੰਦੀ ਪਿੰਡ ਦਾ ਇਕ ਹੋਰ ਪਤਵੰਤਾ ਚੂਹੜ ਸਿੰਘ ਬਰਾੜ ਟਿਕ ਗਿਆ । ਸਰਦਾਰ ਦੇ ਕੱਲ ਸਰ੍ਹਾਂਦੇ ਵਾਲੇ ਪਾਸੇ ਸਰਦਾਰ ਨਾਲ ਆਇਆ ਬੰਤਾ ਸਿੰਘ ਕੰਬੋ ਸੀ । ਜਾਂਬਾਜ਼ ਦੀ ਝੱਲੀ ਹੁਣੇ ਉਹਦੇ ਤਿੰਨ ਸਾਲਾਂ ਪੋਤਰੇ ਦਲੇਰ ਸਿੰਘ ਨੇ ਆ ਮੱਲੀ ਤੇ ਪਲੋ ਪਲੀ ਫ਼ਤਹ ਗੜ੍ਹ ਤੇ ਆਲੇਦੁਆਲੇ ਦੇ ਲੋਕ ਉਥੇ ਜੁੜਨ ਲਗੇ ।

ਸਭ ਤੋਂ ਪਹਿਲੇ ਆਪਣੀ ਡੰਗੋਰੀ ਦਾ ਸਹਾਰਾ ਲਈ ਆਈ ਸ਼ਭੀ । ਸ਼ੁਭਵੰਤ ਨੂੰ ਵੇਖਦਿਆਂ ਸਾਰ ਸਰਦਾਰ ਜੱਸਾ ਸਿੰਘ ਮੰਜੀ ਤੋਂ ਉਠਿਆ ਤੇ ਉਹਦੇ ਅਗੇ ਝੁਕਿਆ । ਸ਼ੁਭੀ ਨੇ ਉਹਦੀ ਕੰਡ ਤੇ ਉਹਦੀ ਦਸਤਾਰ ਉੱਤੇ ਹੱਥ ਫੇਰਿਆ ਤੇ ਉਹਨੂੰ ਮੱਥੇ ਉੱਤੇ ਚੁੰਮਿਆ । "ਕਿਵੇਂ ਰਾਹ ਭੁਲ ਗਿਉਂ ਸਰਦਾਰਾ । ਅਜੇ ਰਾਤੀਂ ਹੀ ਜਾਂਬਾਜ਼ ਤੇ ਮੈਂ ਤੇਰੀਆਂ ਗੱਲਾਂ ਪਏ ਕਰਦੇ ਸਾਂ" "ਰਾਤੀਂ ਤੂੰ ਯਾਦ ਕੀਤਾ, ਸ਼ੁਭੀ ਮਾਂ, ਤੇ ਅੱਜ ਸਵੇਰੇ ਮੈਂ ਪਹੁੰਚ ਗਿਆ । ਜੇ ਪਹਿਲੇ ਯਾਦ ਕਰਦੀਓਂ ਤਾਂ ਮੈਂ ਪਹਿਲੇ ਆ ਪਹੁੰਚਦਾ ।" "ਸੱਚ ਰੱਬ ਦੀ, ਸਰਦਾਰ ਅਸਲੋਂ ਸ਼ਾਹਬਾਜ਼ ਵਾਗ ਗਲਾਂ ਕਰਦਾ ਹੈ," ਸ਼ੁਭੀ ਨੇ ਉਹਦੇ ਕੋਲ ਢੁਕ ਕੇ ਬੈਠਦਿਆਂ ਹੋਇਆਂ ਕਿਹਾ । ਰੱਬ ਦੀਆਂ, ਗੁਰੂ ਦੀਆਂ, ਗੁਰੂ ਗ੍ਰੰਥ ਸਾਹਿਬ ਦੀਆਂ ਤੇ ਹੋਰ ਸਭ ਚੀਜ਼ਾਂ ਦੀਆਂ ਸੌਹਾਂ ਪਾਣ ਦੀ ਸ਼ੁਭੀ ਦੀ ਆਦਤ ਅਜੇ ਤਕ ਪੂਰੀ ਤਰ੍ਹਾਂ ਨਹੀਂ ਸੀ ਗਈ । ਬੇਸ਼ਕ ਵਿਚੋਂ ਵਿਚੋਂ ਕਦੀ ਵਰ੍ਹੇ ਉਹ ਸੌਹਾਂ ਪਾਣੀਆਂ ਭੁਲ ਜਾਂਦੀ, ਪਰ ਫਿਰ ਆਪੇ ਹੀ ਉਹਦੀ ਇਹ ਆਦਤ ਪਰਤ ਆਂਦੀ । ਜਾਂਬਾਜ਼ ਉਹਨੂੰ ਇਹਦੇ ਬਾਰੇ ਯਾਦ ਕਰਾਉਂਦਾ ਤੇ ਉਹ ਹਸ ਕੇ ਆਖਦੀ।

"ਹੁਣ ਤਾਂ ਇਹ ਆਦਤ ਸਿਵਿਆਂ ਵਿਚ ਹੀ ਜਾ ਮੁੱਕੇਗੀ ।"

ਪਿਛਲੇ ਦੋ ਤਿੰਨ ਵਰ੍ਹਿਆਂ ਤੋਂ ਸ਼ੁਭੀ ਜਿਵੇਂ ਸੌਂਹਾਂ ਪਾਣੀਆਂ ਤੇ ਸੌਂਹਾਂ ਖਾਣੀਆਂ ਭੁਲ ਗਈ ਹੋਵੇ । ਅੱਜ ਬਿਨਾਂ ਕੁਝ ਸੋਚੇ ਸਮਝੇ ਉਹਦੇ ਮੂੰਹੋਂ ਇਹ ਸੌਂਹ ਨਿਕਲ ਗਈ ਸੀ । ਜਾਂਬਾਜ਼ ਨੇ ਝਟ ਤਾੜਿਆ । "ਸਰਦਾਰ ਜੀ, ਜਦੋਂ ਤੁਸੀਂ ਆਉਂਦੇ ਹੋ ਤਾਂ ਸ਼ੁਭੀ ਜਿਵੇਂ ਮੁੜ ਕੇ ਜੁਆਨ ਹੋ ਜਾਂਦੀ ਹੋਵੇ ।" "ਵੇਖ ਸ਼ੁਭੀ ਮਾਂ ਤੈਨੂੰ ਮਖੌਲ ਕਰਦਾ ਹੀ ਜਾਂਬਾਜ਼" ਸਰਦਾਰ ਜੱਸਾ ਸਿੰਘ ਨੇ ਆਖਿਆ ।

"ਹੋਰ ਕਿਦ੍ਹੇ ਨਾਲ ਮਖੌਲ ਕਰੇ ਇਹ ? ਸਰਦਾਰਾ ਤੂੰ ਤਾਂ ਮੇਰੇ ਸੁਬੇਗ ਨਾਲੋਂ ਵੀ ਦੋ ਸਾਲ ਛੋਟਾ ਹੈਂ ਤੇ ਫਿਰ ਇਕਾ-ਇਕ ਸ਼ੁਭੀ ਨੇ ਗੰਭੀਰ ਹੋ ਕੇ ਪੁਛਿਆ : "ਪਰ ਤੂੰ ਏਥੇ ਕਿਵੇਂ ? ਲਾਹੌਰ ਕਿਨ੍ਹੂੰ ਸੌਂਪ ਕੇ ਆਇਆ ਹੈਂ ? ਵੇ ਮੈਂ ਤਾਂ ਆਪ

Scanned by CamScanner

ਲਾਹੌਰ ਵੇਖਣ ਵਾਸਤੇ ਕਾਹਲੀ ਸਾਂ। ਜਦੋਂ ਦਾ ਜਾਂਬਾਜ਼ ਆਇਆ ਹੈ ਮੈਂ ਇਹਨੂੰ ਪਈ ਕਹਿਨੀ ਹਾਂ ਕਿ ਮੈਨੂੰ ਲੈ ਚਲੇ, ਲੈ ਚਲੇ, ਪਰ ਇਕ ਤਾਂ ਇਹਦਾ ਜ਼ਖਮ ਠੀਕ ਹੋਣ ਵਿਚ ਨਹੀਂ ਆਉਂਦਾ ਤੇ ਦੂਜਾ ਇਹ ਆਖੇ ਕਿ ਅਜੇ ਵਕਤ ਨਹੀਂ ਆਇਆ'' ਸ਼ੋਭੀ ਨੇ ਇਹ ਸਵਾਲ ਤੇ ਇਹ ਗੱਲਬਾਤ ਬੜੇ ਚਿਤਾਤੁਰ ਲਹਿਜੇ ਵਿਚ ਕੀਤੀ ਸੀ। ਇਹੋ ਸਵਾਲ ਹੀ ਉਥੇ ਜੁੜੇ ਸਾਰੇ ਬੰਦਿਆਂ ਦੇ ਦਿਲ ਵਿਚ ਸੀ। ਇਹੋ ਸਵਾਲ ਹੀ ਉਹਨਾਂ ਨੇ ਪਹਿਲਾ ਮੌਕਾ ਮਿਲਣ ਤੇ ਸਰਦਾਰ ਕੋਲੋਂ ਪੁਛਣਾ ਸੀ। ਸ਼ੋਭੀ ਨੇ ਇਹ ਸ਼ਬਦ ਕਹੇ ਤੇ ਸਾਰੀਆਂ ਚਿਤਾਤੁਰ ਅੱਖਾ ਸਰਦਾਰ ਦੇ ਚਿਹਰੇ ਉੱਤੇ ਗੱਡੀਆਂ ਗਈਆਂ। ਸਰਦਾਰ ਜੱਸਾ ਸਿੰਘ ਨੇ ਆਪਣੇ ਦੁਆਲੇ ਇਹ ਪਸ਼ੇਮਾਨ ਚਿਹਰੇ ਵੇਖੇ, ਪਰ ਖ਼ੁਦ ਸਰਦਾਰ ਦੇ ਮੂੰਹ ਉੱਤੇ ਨਾ ਚਿੰਤਾ ਨਾ ਪਸ਼ੇਮਾਨੀ, ਉਹ ਪਹਿਲੇ ਵਾਂਗ ਹੀ ਹੌਲੇ ਭਾਵ ਵਿਚ ਬੋਲਿਆ: "ਸ਼ੋਭੀ ਮਾਂ! ਮੈਂ ਲਾਹੌਰ ਅਦੀਨਾ ਬੇਗ਼ ਤੇ ਰਾਘੋਬਾ ਨੂੰ ਅਮਾਨਤ ਸੌਂਪ ਆਇਆ ਹਾਂ। ਫਿਕਰ ਦਾ ਕੋਈ ਮੁਕਾਮ ਨਹੀਂ। ਜਦੋਂ ਤੂੰ ਆਖੇਂਗੀ ਅਸੀਂ ਆਪਣੀ ਅਮਾਨਤ ਸਾਂਭਾਂਗੇ।" "ਸਰਦਾਰ ਦੀ ਮਖ਼ੌਲ ਕਰਨ ਦੀ ਆਦਤ ਵੀ ਮੇਰੀ ਸੌਂਹਾਂ ਖਾਣ ਦੀ ਆਦਤ ਵਾਂਗ ਕਦੀ ਨਹੀਂ ਜਾਏਗੀ। ਸਾਰੀ ਗੱਲ ਕਿਉਂ ਨਹੀਂ ਦਸਦਾ?" ਸ਼ੋਭੀ ਨੇ ਫਿਰ ਪੁਛਿਆ। ਹਾਂ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਖੁਸ਼ ਮਿਜਾਜ਼ੀ ਨੂੰ ਕੋਈ ਘਾਟ, ਕੋਈ ਮੁਨਾਮੀ, ਕੋਈ ਹਾਦਸਾ ਵੀ ਭੁਲਾ ਨਹੀਂ ਸੀ ਸਕਦਾ। ਉਹ ਸਦਾ ਮੁਸਕਰਾਂਦਾ ਰਹਿੰਦਾ ਸੀ। ਉਹ ਆਪਣੇ ਹੁਕਮ ਵੀ ਸਦਾ ਮੁਸਕਰਾ ਕੇ ਦੇਂਦਾ ਸੀ। ਉਹ ਆਪਣੇ ਮਾਤਹਿਤਾਂ ਤੇ ਸਿਪਾਹੀਆਂ ਨੂੰ ਵੀ ਹੱਸਦਿਆਂ ਹੱਸਦਿਆਂ ਝਾੜਦਾ ਸੀ। ਜਦੋਂ ਕਦੀ ਵਾਰੀ ਉਹਦੇ ਥੱਲੇ ਲੜਦੀ ਫ਼ੌਜ ਦੇ ਕਦਮ ਹਿਲ ਜਾਂਦੇ ਤਾਂ ਵੀ ਉਹ ਉਦਾਸ ਨਾ ਹੁੰਦਾ, ਭੁਰਲੋਮੱਛੀ ਨਾ ਹੁੰਦਾ। ਜਦੋਂ ਵੇਖਦਾ ਕਿ ਹੁਣ ਮੈਦਾਨ ਗਿਆ ਤਾਂ ਉਹ ਹੱਸ ਕੇ ਆਖਦਾ :

"ਲਓ ਸਾਥੀਓ, ਜੈਕਾਰਾ ਗਜਾਓ ਤੇ ਹਰਨ ਹੋ ਜਾਓ...ਪਰਸੋਂ ਅਸੀਂ ਸਾਰੇ ਕਾਨੂੰਆਨੇ ਮਿਲਾਂਗੇ।" ਨਵਾਬ ਕਪੂਰ ਸਿੰਘ ਕੋਲੋਂ ਉਸ ਆਪਣੇ ਆਪ ਉੱਤੇ ਹੱਸ ਸਕਣ ਦੀ ਜਾਚ ਵੀ ਸਿਖ ਲਈ ਸੀ। ਕਹਿੰਦੇ ਹਨ ਕਿ ਨਵਾਬ ਕਪੂਰ ਸਿੰਘ ਹਰ ਬਣਦੇ ਢੁਕਦੇ ਮੌਕੇ ਉਤੇ ਆਪਣੇ ਆਪ ਨੂੰ ਜ਼ਰੂਰ ਕੋਈ ਨਾ ਕੋਈ ਮਖ਼ੌਲ ਕਰ ਲੈਂਦਾ ਸੀ। ਸਿਖ ਪੰਥ ਵਿਚ ਉਹਦੇ ਹਰ ਮਨ ਪਿਆਰੇ ਹੋਣ ਦੀ ਇਹ ਵੀ ਇਕ ਵੱਡੀ ਦਲੀਲ ਸੀ। ਜਦੋਂ ਹਰ ਕੋਈ ਉਹਨੂੰ ਨਵਾਬ ਆਖਦਾ ਤਾਂ ਉਹ ਆਪਣੇ ਆਪ ਨੂੰ ਸੇਵਾਦਾਰ ਤੇ ਪੱਖਾ-ਫੇਰੂ ਆਖਦਾ, ਪਰ ਹੱਥ ਲਗਦੇ ਉਹ ਆਪਣੀ ਨਵਾਬੀ ਨੂੰ ਵੀ ਵਡਿਆ ਜਾਂਦਾ। ਇਕ ਵਾਰ ਇਹੋ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਵਾਬ ਕਪੂਰ ਸਿੰਘ ਕੋਲ ਇਕ ਸ਼ਿਕਾਇਤ ਲੈ ਕੇ ਗਿਆ। ਓਦੋਂ ਜੱਸਾ ਸਿੰਘ ਅਜੇ ਸਰਦਾਰ ਜੱਸਾ ਸਿੰਘ ਨਹੀਂ ਸੀ ਬਣਿਆ, ਨਵਾਬ ਕਪੂਰ ਸਿੰਘ ਦੇ ਦਲ ਵਿਚ ਇਕ ਸਿਪਾਹੀ ਸੀ। ਉਸ ਬਿਨੈ ਕੀਤੀ :

"ਨਵਾਬ ਸਾਹਿਬ! ਮੈਨੂੰ ਸਾਥੀ ਬੜੇ ਮਖ਼ੌਲ ਕਰਦੇ ਹਨ। ਪਾਤਸ਼ਾਹ ਆਖ ਕੇ ਬੁਲਾਂਦੇ ਹਨ। ਤੁਸੀਂ ਇਹਨਾਂ ਨੂੰ ਰੋਕੋ।" ਪਰ ਨਵਾਬ ਕਪੂਰ ਸਿੰਘ ਹਸਿਆ। "ਬੜੀ ਚੰਗੀ ਗੱਲ ਹੈ ਜੱਸਾ ਸਿਹਾਂ। ਗੁਰੂ ਦੇ ਸਿਖ ਜੋ ਆਖਦੇ ਹਨ ਸੱਚ ਹੋ ਤੱਗਦਾ ਹੈ। ਜਿਥੇ ਮੇਰੇ ਵਰਗੇ ਪੱਖਾ-ਫੇਰੂ ਨੂੰ ਇਹਨਾਂ ਨਵਾਬ ਬਣਾ ਦਿਤਾ ਕੀ ਤੇਰੇ ਵਰਗੇ ਛਬੀਲੇ ਜਵਾਨ ਨੂੰ ਪਾਤਸ਼ਾਹ ਨਹੀਂ ਬਣਾ ਸਕਦੇ?" ਓਦੋਂ ਤੋਂ ਹੀ ਜੱਸਾ ਸਿੰਘ ਦੀ 'ਪਾਤਸ਼ਾਹ' ਜਿਵੇਂ ਅੱਲ ਹੀ ਪੈ ਗਈ। ਤੇ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿਖ ਸਰਦਾਰਾਂ ਵਿਚੋਂ ਸਭ ਤੋਂ ਪਹਿਲੇ ਲਾਹੌਰ ਵੜਿਆ ਤਾਂ ਸਾਰਿਆਂ ਨੇ ਕਿਹਾ ਕਿ ਕਿਵੇਂ ਨਵਾਬ ਕਪੂਰ ਸਿੰਘ ਦੀ ਭਵਿਸ਼ ਬਾਣੀ ਸੱਚ ਨਿਕਲੀ ਹੈ।

ਅੱਜ ਜਦੋਂ ਸ਼ੋਭੀ ਨੇ ਉਹਨੂੰ ਗੰਭੀਰਤਾ ਨਾਲ ਸਾਰੀ ਕਹਾਣੀ ਸੁਣਾਨ ਵਾਸਤੇ ਕਿਹਾ ਤਾਂ ਵੀ ਜੱਸਾ ਸਿੰਘ ਨੇ ਉੱਤਰ ਦਿਤਾ। "ਪਹਿਲੇ ਸ਼ੋਭੀ ਮਾਂ ਦੁਧ ਲੱਸੀ ਤਾਂ ਪਿਆ। ਐਨਾ ਲੰਮਾ ਸਫ਼ਰ ਕਰ ਕੇ ਆਇਆ ਹਾਂ। ਲਾਹੌਰ ਤੇ ਲਾਹੌਰ ਦੀ ਪਾਤਸ਼ਾਹੀ ਕਿਤੇ ਨੱਸੀ ਨਹੀਂ ਜਾਂਦੀ। ਹੁਣ ਖਾਲਸੇ ਦੀ ਹਾਲਤ ਪਹਿਲੇ ਜਿਹੀ ਨਹੀਂ।" ਐਨੇ ਨੂੰ ਦੁਸਾਂਝੀ ਦਾ ਸਹਾਰਾ ਲਈ ਸੁਬੇਗ ਸਿੰਘ ਆਇਆ। ਜੱਸਾ ਸਿੰਘ ਉਹਨੂੰ ਵੀ ਉਠ ਕੇ ਮਿਲਿਆ। "ਧੰਨ ਭਾਗ ਸਰਦਾਰ ਜੀ। ਤੁਹਾਡੇ ਵਰਗੇ ਜੋਧਿਆਂ ਦੇ ਚਰਨ ਸਾਡੇ ਪਿੰਡ ਪਏ", ਸੁਬੇਗ ਸਿੰਘ ਨੇ ਕਿਹਾ। ਜੱਸਾ ਸਿੰਘ ਦਾ ਦਿਲ ਜਿਵੇਂ ਇਕੋ ਵਾਰੀ ਪਸੀਜ ਗਿਆ। ਉਹ ਸੁਬੇਗ ਸਿੰਘ ਦੀ ਦਰਦ-ਰਿੰਵਾਣੀ ਕਹਾਣੀ ਨੂੰ ਜਾਣਦਾ ਸੀ। ਉਹ ਜਾਣਦਾ ਸੀ ਕਿ ਪਿਛਲੇ ਵੀਹ ਵਰ੍ਹਿਆਂ ਤੋਂ ਉਹ ਕੋਈ ਲੜਾਈ ਨਹੀ ਲੜ ਸਕਿਆ ਤੇ ਇਹਨਾਂ ਵਰ੍ਹਿਆਂ ਵਿਚ ਕਿਵੇਂ ਉਹਦਾ ਲਹੂ ਖੌਲਦਾ ਰਿਹਾ ਹੋਵੇਗਾ। ਉਹਦਾ ਦਿਮਾਗ਼ ਪਤਾ ਨਹੀਂ ਕੀ ਕੀ ਸੁਪਨੇ ਘੜ ਕੇ ਪਾਟਦਾ ਰਿਹਾ ਹੋਵੇਗਾ। ਜੱਸਾ ਸਿੰਘ ਨੂੰ ਉਹਦੇ ਜਨਮ, ਉਹਦੇ ਵਡੇ ਭਰਾ ਦੀ ਦੁਧ-ਚੁੰਘਦੀ ਅਵਸਥਾ ਵਿਚ ਮੌਤ, ਉਹਦੇ ਪਿਤਾ ਸ਼ਾਹਬਾਜ਼ ਤੇ ਉਹਦੀ ਮਾਤਾ ਸ਼ੋਭੀ ਦੀਆਂ ਉਹਦੇ ਬਾਰੇ ਆਸਾਂ ਤੇ ਰੁੱਝਾਂ ਦਾ ਵੀ

Scanned by CamScanner

ਪਤਾ ਸੀ । ਉਹ ਜਾਣਦਾ ਸੀ ਕਿ ਸ਼ਾਹਬਾਜ਼ ਤੇ ਬੁੱਤੀ ਨੇ ਸੁਬੇਗ ਸਿੰਘ ਕਾਲੂ ਉਤੇ ਹੀ ਮੁਗਲ ਰਾਜ ਨੂੰ ਖਤਮ ਕਰਨ ਦਾ ਦਾਈਆ ਬੰਨ੍ਹਿਆ ਸੀ । ਤੇ ਸਭ ਤੋਂ ਦਰਦ-ਰਿੰਦਾਨੀ ਗਲ ਸੀ ਕਿ ਬੁੱਤੀ ਸੁਬੇਗ ਨੂੰ ਨਹੀਂ ਜੱਸਾ ਸਿੰਘ ਨੂੰ ਜਾ ਕਦੀ ਕਦੀ ਜਾਂਬਾਜ਼ ਸਿੰਘ ਨੂੰ ਵੇਖ ਕੇ ਆਪਣੇ ਸ਼ਾਹਬਾਜ਼ ਨੂੰ ਯਾਦ ਕਰਿਆ ਕਰਦੀ ਸੀ, ਜਿਵੇਂ ਕਿ ਅੱਜ ਵੀ ਉਸ ਕੀਤਾ । ਜਦੋਂ ਪਹਿਲੀ ਵਾਰੀ ਬੁੱਤੀ ਨੇ ਇਹੋ ਜਿਹੀ ਗੱਲ ਕਹੀ ਤਾਂ ਸੁਬੇਗ ਸਿੰਘ ਵੀ ਸਾਹਮਣੇ ਸੀ ਤੇ ਜੱਸਾ ਸਿੰਘ ਇਕ ਦੰਮ ਉਹਦੀ ਪੀੜ ਨੂੰ ਤਾੜ ਗਿਆ ਸੀ । ਉਸ ਤੋਂ ਪਿਛੋਂ ਵੀ ਦੋ ਵਾਰੀ ਇਉਂ ਹੋਇਆ ।

ਅੱਜ ਜੱਸਾ ਸਿੰਘ ਨੇ ਸੁਬੇਗ ਦੇ ਅਰਮਾਨਾਂ ਦੀ ਫਿਰ ਥਾਹ ਪਾਈ, ਉਹਨੂੰ ਸ਼ੋਕ ਵੀ ਹੋਇਆ ਪਰ ਉੱਤੋਂ ਉੱਤੋਂ ਪਹਿਲੇ ਵਾਂਗ ਹੀ ਹੱਸਦਾ ਉਹ ਕਹਿੰਦਾ ਗਿਆ : "ਧੰਨ ਤੂੰ ਸੁਬੇਗ ਸਿੰਘ ਤੇ ਧੰਨ ਤੇਰਾ ਪਿਤਾ । ਮੈਂ ਤਾਂ ਸਿਖ ਪੰਥ ਵਾਸਤੇ ਕੁਝ ਵੀ ਨਹੀਂ ਕੀਤਾ । ਮੈਨੂੰ ਤਾਂ ਖ਼ਾਲਸੇ ਦੀ ਸਰਦਾਰੀ ਝੂੰਗੇ ਵਿਚ ਮਿਲੀ ਹੈ । ਮੈਂ ਕਿਸ ਮੁਲ ਦਾ ਹਾਂ ?" ਮੈਂ ਕਿਸ ਮੁਲ ਦਾ ਹਾਂ । ਮੇਰੀ ਕੀ ਸਾਖ ਹੈ ? ਜੋ ਕੁਝ ਹੈ ਸੋ ਅਗਲਾ ਜਾਂ ਪੰਥ, ਜਾਂ ਗੁਰੂ ਜਾਂ ਰੱਬ ਦਾ । ਧੰਨ ਅਗਲਾ ਆਦਮੀ, ਧੰਨ ਸਿਖ ਪੰਥ, ਧੰਨ ਗੁਰੂ, ਧੰਨ ਰੱਬ । ਇਹ ਓਦੋਂ ਹਰ ਸਿਖ ਦਾ ਮੂਲ ਮੰਤਰ ਸੀ । ਇਹੋ ਓਦੋਂ ਹਰ ਇਕ ਸਿਖ ਦੀ ਅੰਤਰਆਤਮ ਆਵਾਜ਼ ਸੀ । ਉਹਨਾਂ ਦਿਨਾਂ ਵਿਚ ਹਉਮੈਂ ਸੀ ਹੀ ਨਹੀਂ । "ਮੈਂ" ਮਰ ਚੁਕੀ ਸੀ । ਭਾਵੇਂ ਸਰਦਾਰ ਭਾਵੇਂ ਸਿਪਾਹੀ, ਭਾਵੇਂ ਜਰਨੈਲ, ਭਾਵੇਂ ਮਾਤਹਿਤ, ਭਾਵੇਂ ਗੁਰੂ ਭਾਵੇਂ ਸਿਖ, ਸਭ ਅਗਲੇ ਨੂੰ ਹੀ ਸਲਾਹੁੰਦੇ ਸਨ, ਸਭ ਆਪਣੇ ਗੁਣਾਂ ਨੂੰ ਛੁਟਿਆ ਕੇ ਅਗਲੇ ਨੂੰ ਹੀ ਵਡਿਆਂਦੇ ਸਨ । ਸਭ ਮੱਲਾਂ ਤੇ ਸਭ ਜਿੱਤਾਂ ਦਾ ਸਿਹਰਾ ਕਦੇ ਕਿਸੇ ਆਪਣੇ ਗਲ ਨਹੀ ਸੀ ਪੁਆਇਆ । ਇਹ ਸਭ ਰੱਬ, ਗੁਰੂ ਪੰਥ ਤੇ ਹੋਰਨਾਂ ਸੂਰਿਆਂ ਦੀ ਕਰਨੀ ਸੀ । "ਤੁਸੀਂ ਪੰਥ ਦੇ ਬੇਤਾਜ ਪਾਤਸ਼ਾਹ ਹੋ, ਸਰਦਾਰ ਜੀ । ਇਹ ਤਾਂ ਥਾਬੇ ਜਾਂਬਾਜ਼ ਵਾਸਤੇ ਤੁਹਾਡੇ ਦਿਲ ਵਿਚਲੀ ਕਦਰ ਹੈ ਕਿ ਜਿਹੜੀ ਤੁਹਾਨੂੰ ਏਧਰ ਖਿਚ ਲਿਆਂਦੀ ਹੈ ਨਹੀਂ ਤਾਂ ਕਿਥੇ ਤੁਸੀਂ ਕਿਥੇ ਅਸੀਂ" ਤੇ ਸੁਬੇਗ ਸਿੰਘ ਦੁਸਾਂਝੀ ਨੂੰ ਮੰਜੀ ਦੇ ਆਸਰੇ ਰਖਦਾ ਜ਼ਮੀਨ ਉੱਤੇ ਬਹਿ ਗਿਆ ।

ਸਰਦਾਰ ਜੱਸਾ ਸਿੰਘ ਕਹਿੰਦਾ ਹੀ ਰਹਿ ਗਿਆ ਕਿ ਉਹ ਮੰਜੀ ਉੱਤੇ ਬੈਠੇ । ਉਹਨੂੰ ਉਸ ਫੜਿਆ ਵੀ । ਹੋਰਨਾਂ ਨੇ ਵੀ ਕਿਹਾ ਪਰ ਸੁਬੇਗ ਸਿੰਘ ਮੰਨਿਆ ਨਹੀਂ । "ਮੈਂ ਸਿਰਫ ਏਸੇ ਥਾਂ ਦੇ ਹੀ ਯੋਗ ਹਾਂ ਸਰਦਾਰ ਜੀ" ਉਸ ਕਿਹਾ ਸੀ । ਏਨੇ ਵਿਚ ਮਿਹਰ ਸਿੰਘ ਆਇਆ । ਨੌਂ ਸਾਲਾਂ ਦਾ ਮਿਹਰ ਸਿੰਘ ਅਜੇ ਕੁਝ ਚਿਰ ਪਹਿਲੇ ਹੀ ਸਰਦਾਰ ਜੱਸਾ ਸਿੰਘ ਨੂੰ ਲਾਹੌਰ ਮਿਲ ਕੇ ਆਇਆ ਸੀ । ਉਹਦਾ ਸੁਭਾਅ ਚੁਲਬੁਲਾ ਸੀ । ਉਹਦੇ ਵਿਚ ਜੋਸ਼ ਤੇ ਉਤਸ਼ਾਹ ਦੀਆਂ ਠਾਠਾਂ ਮਚਲਦੀਆਂ ਸਨ । ਉਸ ਆਉਂਦਿਆਂ ਨਾਲ ਹੀ ਸਰਦਾਰ ਜੱਸਾ ਸਿੰਘ ਦੀ ਇਜ਼ਤ ਵਿਚ "ਬੋਲੇ ਸੋ ਨਿਹਾਲ" ਦਾ ਜੈਕਾਰਾ ਛੱਡਿਆ ਤੇ ਪਰੇ ਵਿਚ ਜੁੜੇ ਆਦਮੀਆਂ ਨੇ ਸਤਿ ਸ੍ਰੀ ਅਕਾਲ ਗਜਾਇਆ । ਸਰਦਾਰ ਜੱਸਾ ਸਿੰਘ ਉਹਨੂੰ ਵੀ ਉਠ ਕੇ ਮਿਲਿਆ । ਮਿਹਰ ਸਿੰਘ ਸਰਦਾਰ ਦੇ ਪੈਰੀਂ ਹੱਥ ਲਾਣ ਲਈ ਝੁਕਿਆ ਪਰ ਜੱਸਾ ਸਿੰਘ ਨੇ ਉਹਨੂੰ ਚੁਕ ਲਿਆ ।

"ਮੈਂ ਇਸ ਯੋਗ ਨਹੀਂ ਮਿਹਰ ਸਿੰਘਾ । ਸਿਖ ਦਾ ਸਿਰ ਸਿਰਫ਼ ਗੁਰੂ ਗਰੰਥ ਸਾਹਿਬ ਅਗੇ ਹੀ ਝੁਕ ਸਕਦਾ ਹੈ" ਉਸ ਆਖਿਆ । ਏਸ ਤਰ੍ਹਾਂ ਵਾਰੋ ਵਾਰ ਆਦਮੀ ਆਉਂਦੇ ਗਏ । ਕੋਈ ਜਿਹੜਾ ਸਰਦਾਰ ਦਾ ਸਿੰਵਾਣੂੰ ਹੁੰਦਾ ਉਹਨੂੰ ਨੇੜੇ ਹੋ ਕੇ ਮਿਲਦਾ ਤੇ ਓਹਦੇ ਨਾਲ ਗੱਲਾਂ ਕਰਦਾ । ਸਰਦਾਰ ਵੀ ਉਹਦੀ ਸੁਖ ਸਾਂਦ ਪੁਛਦਾ । ਕੋਈ ਜਣਾ ਦੂਰੋਂ ਹੀ ਫ਼ਤਹ ਗਜਾ ਕੇ ਬਹਿ ਜਾਂਦਾ । ਇਸਤਰੀਆਂ ਵੀ ਆਈਆਂ । ਜੀਵਨ ਕੌਰ, ਦੀਪੋ ਤੇ ਸੁਰਿੰਦਰੋ ਵੀ ਆਈਆਂ ਤੇ ਸਰਦਾਰ ਨੇ ਸਭ ਦੇ ਸਿਰ ਪਿਆਰ ਦਿਤਾ ।

ਦੀਪੋ ਤੇ ਸੁਰਿੰਦਰ, ਜੱਸਾ ਸਿੰਘ ਤੇ ਉਹਦੇ ਸਾਥੀਆਂ ਵਾਸਤੇ ਲੱਸੀ ਦੀ ਚਾਟੀ ਲਿਆਈਆਂ ਸਨ । ਵਿਚ ਸੇਰ ਭਰ ਮਖਣ । ਪਲੰਪਲੀ ਇਹ ਪਿੰਡ ਵਿਚੋਂ ਇਕੱਠਾ ਹੋ ਗਿਆ ਸੀ । ਜੀਵਨ ਕੌਰ ਲੱਸੀ ਦੇ ਛੰਨੇ ਦੀਪੋ ਨੂੰ ਫੜਾਈ ਜਾਂਦੀ ਤੇ ਉਹ ਵਾਰੋ ਵਾਰੀ ਵੰਡੀ ਜਾਂਦੀ । "ਜੀਵਨ ਕੌਰੇ" ਸਰਦਾਰ ਜੱਸਾ ਸਿੰਘ ਨੇ ਆਪਣੀ ਖੁਸ਼-ਮਿਜ਼ਾਜੀ ਕ ਇਮ ਰਖਦਿਆਂ ਕਿਹਾ, "ਲੱਸੀ ਤੇ ਮਖਣ ਵਿਚ ਕੀ ਪਾਇਆ ਹੈ ? ਮੈਂ ਤਾਂ ਅਜੇ ਤਕ ਇਹੋ ਜਿਹੀ ਲੱਸੀ ਕਦੇ ਨਹੀਂ ਪੀਤੀ ।"

"ਇਹ ਤੁਹਾਡੀ ਹੀ ਮਿਹਰ ਹੈ ਸਰਦਾਰ ਜੀ ਕਿ ਦੁੱਧ ਲੱਸੀ ਤੇ ਮੱਖਣ ਮਿਲਣ ਲਗੇ ਹਨ । ਮੁਗਲਾਂ ਦੇ ਜ਼ੋਰ ਵੇਲੇ ਬੜੀ ਮੁਸ਼ਕਲ ਕਟਦੀ ਸੀ ।" "ਮੇਰੀ ਨਹੀਂ, ਜੀਵਨ ਕੌਰੇ ਇਹ ਗੁਰੂ ਬਾਜਾਂ ਵਾਲੇ ਦੀ ਮਿਹਰ ਹੈ । ਸਾਡਾ ਰਾਜ ਹੋਣ ਦੇ, ਘਰ ਘਰ ਲਵੇਰਾ ਹੋਏਗਾ । ਦੁੱਧ ਘਿਉ ਦੀਆਂ ਨਹਿਰਾਂ ਵਗਣਗੀਆਂ ।" "ਸੁਖ ਨਾਲ" ਜਾਂਬਾਜ਼ ਬੋਲਿਆ, "ਭਾਵੇਂ ਦੁੱਧ ਘਿਓ ਦੀਆਂ ਨਹਿਰਾਂ ਭਾਂ ਨਹੀਂ ਵਗਦੀਆਂ ਪਰ ਛਤਹ ਗੜ੍ਹ ਵਿਚ ਕੋਈ ਘਰ ਹੁਣ ਲੱਸੀ ਤੋਂ ਖ਼ਾਲੀ ਨਹੀਂ ਜਾਂਦਾ ।"

Scanned by CamScanner

''ਆਹੋ ਸਰਦਾਰ ਜੀ। ਬੇਸ਼ਕ ਥੋੜਾ ਹੈ ਪਰ ਬਾਬੇ ਜਾਂਬਾਜ਼ ਦੇ ਸਦਕਾ ਅਸੀਂ ਸਾਰੇ ਵੰਡ ਛਕਦੇ ਹਾਂ।'' ''ਚੰਗੀ ਕਰਦੇ ਹੋ'' ਸਰਦਾਰ ਜੱਸਾ ਸਿੰਘ ਹੱਸਿਆ, ''ਸੁਣਿਆ ਨਹੀਂ ਜੇ ਕਿ 'ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ' ਤੇ ਅਜੇ ਮੇਰੀ ਮੰਨੋ ਅਹਿਮਦ ਸ਼ਾਹ ਇਕ ਦੋ ਵਾਰੀ ਹੋਰ ਪੰਜਾਬ ਉੱਤੇ ਚੜ੍ਹ ਕੇ ਆਵੇਗਾ।''

''ਮੇਰੀ ਤਾਂ ਪ੍ਰਾਰਥਨਾ ਹੈ'' ਜਾਂਬਾਜ਼ ਸਿੰਘ ਵੀ ਹੱਸਿਆ, ''ਕਿ ਖ਼ਾਲਸਾ ਕਦੀ ਵੀ ਜੱਥੇ ਨਾ ਤੇ ਕਦੀ ਵੀ ਸ਼ੁਮ ਨਾ ਬਣੇ। ਸਿਖ ਸਦਾ ਵੰਡ ਛਕਣ ਤੇ ਖਾਧਾ ਪੀਤਾ ਸਦਾ ਲਾਹੇ ਚਾ ਸਮਝਣ।''

੪੫

ਹੌਲੀ ਹੌਲੀ ਸਰਦਾਰ ਜੱਸਾ ਸਿੰਘ ਨੇ ਸਾਰੀ ਗੱਲ ਦਸੀ। ਸਿਖਾਂ ਦੇ ਲਾਹੌਰ ਜਿਤਣ ਉੱਤੇ, ਉਸ ਦਸਿਆ ਅਦੀਨਾ ਬੇਗ ਬੜਾ ਖ਼ਫ਼ਾ ਹੋਇਆ। ਉਹ ਬੇਸ਼ਕ ਸਿਖਾਂ ਦਾ ਸਾਥ ਲੋਚਦਾ ਸੀ ਤੇ ਉਹਨਾਂ ਦੀ ਬਹਾਦਰੀ ਮੰਨਦਾ ਸੀ, ਪਰ ਉਹ ਇਹਨਾਂ ਨੂੰ ਰਾਜ ਭਾਗ ਦੇ ਲਾਇਕ ਨਹੀਂ ਸੀ ਸਮਝਦਾ। ਵਧ ਤੋਂ ਵਧ ਉਹ ਇਹਨਾਂ ਨੂੰ ਠੇਕਰ ਸਿਪਾਹੀਆਂ ਦੀ ਪਦਵੀ ਦੇ ਸਕਦਾ ਸੀ ਤੇ ਉਹਦੇ ਖਿਆਲ ਅਨੁਸਾਰ ਇਹ ਪਦਵੀ ਕੋਈ ਛੋਟੀ ਨਹੀਂ ਸੀ। ਬਾਕੀ ਦੇ ਮੁਗ਼ਲ ਸੂਬੇ ਤੇ ਸਰਦਾਰ ਸਿਖਾਂ ਨੂੰ ਇਸ ਪਦਵੀ ਦੇ ਲਾਇਕ ਵੀ ਨਹੀਂ ਸਨ ਸਮਝਦੇ।

''ਪਰ ਜੇ ਉਹ ਇਹ ਸਮਝਦਾ ਸੀ ਤਾਂ ਇਹ ਉਹਦੀ ਬੇਵਕੂਫ਼ੀ ਹੈ, ਉਹਦੀ ਖ਼ਰ ਦਿਮਾਗ਼ੀ'' ਸਰਦਾਰ ਜੱਸਾ ਸਿੰਘ ਨੇ ਕਿਹਾ, ''ਅਸੀਂ, ਡੇਰਾ ਨਾਥ ਵਿਚ ਉਹਨੂੰ ਆਪਣੀ ਇਸਥਿਤੀ ਬਿਲਕੁਲ ਸਾਫ਼ ਕਰ ਦਿਤੀ। ਮੈਂ ਉਹਨੂੰ ਦਸਿਆ ਸੀ ਕਿ ਅਸੀਂ ਹੁਣ ਮਿੱਟੀ ਦੇ ਘੁਘੂ ਘੋੜੇ ਨਹੀਂ ਕਿ ਉਹ ਸਾਨੂੰ ਆਪਣੀ ਮਰਜ਼ੀ ਨਾਲ ਤੋੜ ਭੋਰ ਸਕੇ। ਮੇਰੇ ਨਾਲ ਤਾਂ ਨਹੀਂ ਪਰ ਉਹ ਜੱਸਾ ਸਿੰਘ ਰਾਮਗੜ੍ਹੀਏ ਨਾਲ ਹੀ ਤੂੰ ਤੂੰ ਮੈਂ ਮੈਂ ਛੋ ਬੈਠਾ'', ਸਰਦਾਰ ਕਹਿੰਦਾ ਗਿਆ, ''ਪਹਿਲੇ ਆਖੇ ਕਿ ਲਾਹੌਰ ਉੱਤੇ ਕਬਜ਼ਾ ਉਹਦਾ ਹੋਣਾ ਚਾਹੀਦਾ ਸੀ ਤੇ ਅਸੀਂ ਉਹਨੂੰ ਧੋਖਾ ਦਿਤਾ ਹੈ। ਫਿਰ ਆਖੇ ਕਿ ਸਿਧੇ ਲਾਹੌਰ ਚਲੀਏ, ਪਿਛੋਂ ਸਾਰੀ ਗੱਲ ਦਾ ਫੈਸਲਾ ਕਰਾਂਗੇ। ਪਰ ਰਾਮਗ਼ੜ੍ਹੀਆ ਸਰਦਾਰ ਉਹਨੂੰ ਮੇਰੇ ਨਾਲੋਂ ਵੀ ਚੰਗੀ ਤਰ੍ਹਾਂ ਸਮਝਦਾ ਹੈ। ਉਸ ਉਹਦੀ ਇਕ ਨਾ ਮੰਨੀ। ਫਿਰ ਅਦੀਨਾ ਬੇਗ ਨੇ ਦਿੱਲੀ ਵਲ ਉਠ ਟੁਰਨ ਦਾ ਨਿਉਂਤਾ ਦਿਤਾ। ਆਖੇ ਕਿ ਸਰਹਿੰਦ ਤੇ ਹੋਰਨਾਂ ਪਰਗਣਿਆਂ ਦੇ ਅਫ਼ਗਾਨ ਸੂਬਿਆਂ ਨੂੰ ਵੀ ਤਬਾਹ ਤੇ ਬਰਬਾਦ ਕਰੀਏ। ਪਰ ਰਾਮਗੜ੍ਹੀਆ ਸਰਦਾਰ ਜਾਣਦਾ ਸੀ ਕਿ ਅਸਲ ਵਿਚ ਉਹ ਮਰਹੱਟੇ ਜਰਨੈਲ ਰਘੋਬਾ ਨਾਲ ਗੰਢ-ਤੁਪ ਕਰ ਰਿਹਾ ਹੈ। ਵਜ਼ੀਰ ਗਾਜ਼ੀ-ਉ-ਦੀਨ ਦੇ ਨਿਉਂਤੇ ਤੇ ਰਘੋਬਾ ਪਹਿਲੇ ਹੀ ਦਿਲੀ ਵਿਚ ਸੀ। ਜੋ ਸੁਨੇਹਾ ਅਦੀਨਾਂ ਬੇਗ ਨੇ ਰਘੋਬਾ ਨੂੰ ਘਲਿਆ ਰਾਮਗੜ੍ਹੀਆ ਸਰਦਾਰ ਉਸ ਦੇ ਸ਼ਬਦ ਸ਼ਬਦ ਤੋਂ ਜਾਣੂੰ ਸੀ। ਰਾਮਗੜ੍ਹੀਏ ਸਰਦਾਰ ਵਾਸਤੇ ਵੀ ਹੋਰ ਕੋਈ ਚਾਰਾ ਨਾ ਰਿਹਾ ਸੋ ਉਹ ਵੀ ਉਹਦੇ ਨਾਲ ਹੋ ਟੁਰਿਆ। ਸਾਰੀ ਗੱਲ ਦੀ ਖ਼ਬਰ ਉਸ ਮੈਨੂੰ ਘਲ ਦਿਤੀ ਤੇ ਇਹ ਵੀ ਲਿਖਿਆ, 'ਸਰਹਿੰਦ ਨੂੰ ਲੁਟਣ ਦਾ ਨਿਉਂਤਾ ਕਿਸੇ ਹਾਲਤ ਵਿਚ ਵੀ ਮੈਂ ਮੋੜ ਨਹੀਂ ਸਕਦਾ। ਸ਼ਰਹਿੰਦ ਨੇ ਖਾਲਸੇ ਦਾ ਅਜੇ ਤਕ ਵੀ ਬੜਾ ਕੁਝ ਦੇਣਾ ਹੈ।'

੯ ਮਾਰਚ ੧੭੫੮ ਵਾਲੇ ਦਿਨ ਖਾਲਸਾ ਫ਼ੌਜ ਤੇ ਅਦੀਨਾ ਬੇਗ ਦੀ ਮੁਸਲਮਾਨੀ ਫ਼ੌਜ ਸਰਹਿੰਦ ਜਾ ਵੜੀ। ਉਧਰੋਂ ਰਘੋਬਾ ਵੀ ਮਰਹੱਟਿਆਂ ਨਾਲ ਉਥੇ ਪੁਜ ਗਿਆ ਤੇ ਅਹਿਮਦ ਸ਼ਾਹ ਦਾ ਸੂਬੇਦਾਰ ਸਮੱਦ ਖਾਨ ਨੱਸ ਗਿਆ। ਸਭ ਤੋਂ ਪਹਿਲੇ ਸਿਖ ਸਰਹਿੰਦ ਵਿਚ ਦਾਖ਼ਿਲ ਹੋਏ। ਮਰਹੱਟੇ ਉਹਨਾਂ ਨਾਲ ਗੁੱਸੇ ਕਿ ਪਹਿਲ ਸਿਖਾਂ ਨੇ ਕਿਉਂ ਕੀਤੀ; ਪਹਿਲ ਮਰਹੱਟਿਆਂ ਦੀ ਹੋਣੀ ਚਾਹੀਦੀ ਸੀ। ''ਅਸੀਂ ਤੁਹਾਨੂੰ ਰੋਕਿਆ ਨਹੀਂ ਸੀ ਹੋਇਆ'', ਖ਼ਾਲਸੇ ਨੇ ਕਿਹਾ।

Scanned by CamScanner

ਪਰ ਮਰਹੱਟਿਆਂ ਨੂੰ ਸਰਹਿੰਦ ਵਿਚ ਪਹਿਲੇ ਦਾਖ਼ਲ ਹੋਣ ਦੀ ਚਣੌਤੀ ਦੇਣੀ ਅਦੀਨਾ ਬੇਗ ਦੀ ਚਾਲ ਸੀ। ਉਹ ਸ਼ੁਰੂ ਤੋਂ ਹੀ ਖਾਲਸੇ ਤੇ ਮਰਹੱਟਿਆਂ ਨੂੰ ਪਾੜੀ ਰਖਣਾ ਚਾਹੁੰਦਾ ਸੀ। ਖਾਲਸੇ ਨੇ ਇਹ ਚਾਲ ਪਛਾਣ ਲਈ। ਜੱਸਾ ਸਿੰਘ ਰਾਮਗੜ੍ਹੀਏ ਨੇ ਰਘੋਬਾ ਤੇ ਰਾਮਜੀ ਸ਼ਾਮਜੀ ਨੂੰ ਸਮਝਾਇਆ, ਪਰ ਉਹ ਅਦੀਨਾ ਬੇਗ ਦੀ ਚਾਲ ਨੂੰ ਸਮਝ ਨਾ ਸਕੇ। ਉਹਨਾਂ ਦਾ ਖਿਆਲ ਸੀ ਕਿ ਸਿਖ ਉਹਨਾਂ ਨੂੰ ਕੁਝ ਦੇਣ ਨਹੀਂ ਲਗੇ ਤੇ ਅਦੀਨਾ ਬੇਗ ਨੇ ਉਹਨਾਂ ਨੂੰ ਇਕ ਲੱਖ ਰੁਪਿਆ ਲੜਾਈ ਜਾਂ ਸਫ਼ਰ ਦੇ ਦਿਨ ਦਾ ਤੇ ਪੰਜਾਹ ਹਜ਼ਾਰ ਰੁਪਿਆ ਆਰਾਮ ਦੇ ਦਿਨ ਦਾ ਦੇਣਾ ਨਿਯਤ ਕੀਤਾ ਹੋਇਆ ਸੀ।

੧੬ ਅਪ੍ਰੈਲ ੧੭੫੮ ਵਾਲੇ ਦਿਨ ਅਦੀਨਾ ਬੇਗ ਤੇ ਰਘੋਬਾ ਲਾਹੌਰ ਪੁਜੇ। ਸਿਖ ਮਰਹੱਟਿਆਂ ਨਾਲ ਕਿਵੇਂ ਲੜਦੇ ? ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਕਿਹਾ "ਮਰਹੱਟੇ ਅਫ਼ਗਾਨਾਂ ਤੇ ਮੁਗ਼ਲਾਂ ਵਾਂਗ ਬਦੇਸ਼ੀ ਨਹੀਂ ਸਨ। ਉਹ ਸਾਡੇ ਆਪਣੇ ਦੇਸ਼ ਵਾਸੀ ਸਨ। ਅਸੀਂ ਸਮਝਦੇ ਸਾਂ ਕਿ ਜੇ ਅਜ ਨਹੀਂ ਤਾਂ ਕਲ ਇਹਨਾਂ ਦੀਆਂ ਅੱਖਾਂ ਖੁਲ੍ਹ ਜਾਣਗੀਆਂ। ਇਹ ਸਾਡੀ ਮਿਤ੍ਰਤਾ ਤੇ ਸਾਡੀ ਲੋੜ ਅਨੁਭਵ ਕਰਨਗੇ। ਰਾਮਗੜ੍ਹੀਏ ਸਰਦਾਰ ਨੇ ਵੀ ਮੈਨੂੰ ਆਖ ਘਲਿਆ ਕਿ ਮਰਹੱਟਿਆਂ ਨਾਲ ਲੜੀਏ ਨਾਂ। ਸ਼ਾਇਦ ਇਹ ਸਾਡੀ ਸਲਾਹ ਮੰਨ ਜਾਣ।"

"ਪਰ ਅਫ਼ਸੋਸ," ਸਰਦਾਰ ਨੇ ਜਾਂਬਾਜ਼, ਬੋਤੀ, ਚੂਹੜ ਸਿੰਘ, ਬੰਤਾ ਸਿੰਘ, ਤੇ ਕੁਝ ਹੋਰ ਪਤਵੰਤੇ ਬੰਦਿਆਂ ਅੱਗੇ ਹਉਕਾ ਭਰ ਕੇ ਕਿਹਾ, "ਪਰ ਅਫਸੋਸ ਕਿ ਰਘੋਬਾ ਤੇ ਰਾਮਜੀ ਸ਼ਾਮਜੀ ਨੂੰ ਸਮਝ ਨਾ ਆਈ। ਉਹਨਾਂ ਨੇ ਸਾਡੇ ਉਤੇ ਇਤਬਾਰ ਨਾ ਕੀਤਾ। ਮੈਂ, ਰਾਮਗੜ੍ਹੀਆ ਸਰਦਾਰ, ਚੜ੍ਹਤ ਸਿੰਘ, ਗੁਜਰ ਸਿੰਘ ਤੇ ਲਹਿਣਾ ਸਿੰਘ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ, ਪਰ ਉਹ ਨਾ ਮੰਠੇ। ਅਸੀਂ ਕਿਹਾ ਕਿ ਦਿਲੀ ਤੁਸੀਂ ਸਾਂਭੋ, ਪੰਜਾਬ ਅਸੀਂ ਮੱਲਦੇ ਹਾਂ। ਫਿਰ ਅਫ਼ਗਾਨਾਂ ਨੂੰ ਦੋ ਦੋ ਹੱਥ ਕਰ ਕੇ ਅਸੀਂ ਤੁਹਾਡੀ ਮਦਦ ਉੱਤੇ ਆਵਾਂਗੇ ਤੇ ਅੰਗਰੇਜ਼ਾਂ ਨਾਲ ਵੀ ਸਿੱਝ ਲਵਾਂਗੇ। ਪਰ ਉਹ ਕਹਿਣ ਮੁਗ਼ਲਾਂ ਤੇ ਅਦੀਨਾ ਬੇਗ ਸਾਹਮਣੇ ਅਸੀਂ ਪੰਜਾਬ ਦਾ ਰਾਜ ਸੰਭਾਲਣ ਜੋਗੇ ਨਹੀਂ।

"ਦਰਅਸਲ ਮੇਰੀ ਰਾਏ ਵਿਚ ਉਹਨਾਂ ਦਾ ਖਿਆਲ ਹੈ ਕਿ ਹੁਣ ਅਬਦਾਲੀ ਨੇ ਨਹੀਂ ਆਉਣਾ ਤੇ ਉਸ ਤੋਂ ਬਗ਼ੈਰ ਉਹਨਾਂ ਕੋਲੋਂ ਦਿੱਲੀ ਦੀ ਸਲਤਨੱਤ ਹੁਣ ਕੋਈ ਫੁੜਾ ਨਹੀਂ ਸਕਦਾ। ਸਾਡਾ ਹੁਣੇ ਹੀ ਬਾਨੂੰਏਂ ਬੰਨ੍ਹ ਕੇ ਉਹ ਚਲੇ ਹਨ ਕਿ ਪਿੱਛੋਂ ਅਸੀਂ ਕਿਤੇ ਉਹਨਾਂ ਨਾਲ ਦਿੱਲੀ ਦੀ ਭਾਈਵਾਲੀ ਨਾ ਪਾਈਏ।"

"ਅਹਿ ਤਾਂ ਬੜੀ ਮਾੜੀ ਗਲ ਹੋਈ ਸਰਦਾਰ", ਜਾਂਬਾਜ਼ ਨੇ ਗੌਰਵ ਭਾਵ ਵਿਚ ਕਿਹਾ। ਗੱਲ ਬੇਸ਼ਕ ਮੰਦੀ ਗੌਰਵ ਸੀ ਕਿ ਜਾਬਾਂਜ਼ ਦੀ ਝੋਲੀ ਵਿਚ ਬੈਠਾ ਤਿੰਨ ਸਾਲਾਂ ਦਾ ਦਲੇਰ ਸਿੰਘ ਵੀ ਹਿਲ ਨਹੀਂ ਸੀ ਰਿਹਾ। ਉਹ ਐਨੇ ਜਿ ਤੋਂ ਚੁਪ ਚਾਪ ਬੈਠਾ ਜੱਸਾ ਸਿੰਘ ਦੀਆਂ ਗੱਲਾਂ ਸੁਣਦਾ ਆ ਰਿਹਾ ਸੀ।

"ਹਾਂ ਜਾਂਬਾਜ਼," ਸਰਦਾਰ ਨੇ ਉੱਤਰ ਦਿਤਾ, "ਇਹ ਸੱਚ ਮੁਚ ਹੀ ਭੈੜੀ ਗੱਲ ਹੋਈ ਹੈ। ਜੇ ਕਦੀ ਸਿਖਾਂ ਤੇ ਮਰਹੱਟਿਆਂ ਦੀ ਬਣ ਜਾਂਦੀ ਤਾਂ ਸ਼ਾਇਦ ਆਉਣ ਵਾਲਾ ਇਤਿਹਾਸ ਕਿਸੇ ਹੋਰ ਤਰ੍ਹਾਂ ਦਾ ਰੂਪ ਧਾਰਦਾ। ਹੁਣ ਬਦੇਸ਼ੀ ਰਾਜ ਨੂੰ ਪਛਾੜਨ ਵਿਚ ਪਤਾ ਨਹੀਂ ਕਿੰਨੇ ਕੁ ਵਰ੍ਹੇ ਹੋਰ ਲਗਣ। ਮੈਨੂੰ ਵਿਸ਼ਵਾਸ ਹੈ ਕਿ ਜੇ ਅਸੀਂ ਦੋਵੇਂ ਕੌਮਾਂ ਮਿਲ ਜਾਈਏ ਤਾਂ ਦੁਰਾਨੀ ਜਾਂ ਅੰਗਰੇਜ਼ ਸਾਡੀ ਕੋਈ ਵੀ ਤਾਬ ਨਹੀਂ ਲਾ ਸਕਦਾ।"

"ਇਨਸਾਨ ਲੱਖ ਪਿਆ ਸੋਚੇ। ਹੁੰਦਾ ਉਹੋ ਹੈ ਜੋ ਭਾਵੀ ਨੂੰ ਮਨਜ਼ੂਰ ਹੈ," ਚੂਹੜ ਸਿੰਘ ਬੋਲਿਆ। "ਪਰ ਚੂਹੜ ਸਿੰਘਾ," ਸਰਦਾਰ ਕਹਿੰਦਾ ਗਿਆ, "ਰੱਬ ਨੇ ਦਿਮਾਗ਼ ਸਾਨੂੰ ਸੋਚਣ ਵਾਸਤੇ ਦਿਤਾ ਹੈ। ਜੇ ਹਰ ਗਲ ਭਾਵੀ ਉੱਤੇ ਛਡ ਦੇਈਏ ਤਾਂ ਫਿਰ ਪੈ ਚੁਕੀਆਂ ਪੂਰੀਆਂ !" ਹੁਣ ਗੌਰਵ ਤੇ ਗੰਭੀਰ ਮੁਆਮਲਾ ਖ਼ਤਮ ਹੋ ਜਾਣ ਉੱਤੇ ਸਰਦਾਰ ਜੱਸਾ ਸਿੰਘ ਦੀ ਖੁਸ਼-ਮਿਜ਼ਾਜੀ ਮੁੜ ਆਈ। ਉਹਦੇ ਚਿਹਰੇ ਉੱਤੋਂ ਗੰਭੀਰ ਰੇਖਾਵਾਂ ਇਕ ਦਮ ਅਲੋਪ ਹੋ ਗਈਆਂ ਤੇ ਉਸ ਕਿਹਾ:

"ਚਲੋ ਚੰਗਾ ਹੋਇਆ ਜੋ ਹੋਇਆ। ਅਸਾਂ ਕਿਸੇ ਨਾਲ ਗੰਢ ਤੁਪ ਕਰ ਕੇ ਲਾਹੌਰ ਤੇ ਪੰਜਾਬ ਦੀ ਚੌਧਰ ਨਹੀਂ ਲਈ। ਅਸੀਂ ਇਹ ਹਕੂਮਤ ਆਪਣੀਆਂ ਬਾਂਹਾਂ ਦੇ ਜ਼ੋਰ ਨਾਲ ਲਵਾਂਗੇ। ਕਿਉਂ ?" ਉਸ ਦਲੇਰ ਨੂੰ ਜੱਫਾ ਦੀ ਝੋਲੀ ਵਿਚੋਂ ਲੈ ਕੇ ਆਪਣੀ ਛਾਤੀ ਨਾਲ ਲਾ ਕੇ ਕਿਹਾ, "ਕਿਉਂ ਦਲੇਰ ਪੁੱਤਰ, ਤੂੰ ਮੇਰੇ ਨਾਲ ਸਹਿਮਤ ਹੈਂ। ਤੇਰੇ ਵਰਗੇ ਲਾਲ ਹਨ, ਉਥੇ ਸਾਨੂੰ ਡਰ ਕਿਹਾ ? ਦਸ ਪੁੱਤਰ ਤੂੰ ਲਾਹੌਰ ਦਾ ਰਾਜਾ ਬਣੇਂਗਾ ?" "ਬਣਾਂਗਾ," ਦਲੇਰ ਸਿੰਘ ਖੁਸ਼ ਹੋਇਆ। "ਤਾ ਮੈਨੂੰ ਆਪਣਾ ਸੈਨਾਪਤੀ ਬਣਾ ਲਵੀਂ। ਦਸ ਬਣਾਂਵੇਂਗਾ ?"

"ਬਣਾਵਾਂਗਾ," ਦਲੇਰ ਨੇ ਕਿਹਾ ਤੇ ਸਾਰੇ ਹੱਸ ਪਏ।

"ਬੇਸ਼ਕ ਪੁੱਤਰੋ। ਖਾਲਸਾ ਰਾਜ ਦਾ ਭਵਿਖ ਤੇਰੇ ਜਿਹੇ ਪੀਹੜੀ ਦਰ ਪੀਹੜੀ ਆ ਰਹੇ ਸੂਰਿਆਂ ਦੇ ਹੱਥ ਹੀ ਹੈ।" ਸਾਰੇ ਇਕੱਠ੍ਰ ਸੰਤੁਸ਼ਟ ਹੋ ਗਏ ਸਨ, ਪਰ ਸ਼ੋਭੀ ਦਾ ਅਜੇ ਇਕ ਸਵਾਲ ਬਾਕੀ ਸੀ।

"ਤੇ ਹੁਣ ਕੀ ਬਣੇਗਾ ?" "ਹੁਣ ਕੀ ਬਣੇਗਾ ? ਬਣਨਾ ਕੀ ਹੈ। ਅਸੀਂ ਕਿਸੇ ਦੀ ਈਨ ਨਹੀਂ ਮੰਨਣੀ ਭਾਵੇਂ ਉਹ ਮੁਗਲ ਹੋਵੇ, ਭਾਵੇਂ ਪਠਾਣ ਤੇ ਭਾਵੇਂ ਮਰਹੱਟਾ, ਅਸਾਂ ਸਭ ਸਰਦਾਰਾਂ ਨੇ ਫੈਸਲਾ ਕਰ ਲਿਆ ਹੈ ਕਿ ਸਰਕਾਰ ਨਾਲ ਮਿਲਵਰਤਨ ਨਹੀਂ ਕਰਨੀ। ਮਾਲੀਆ ਨਹੀਂ ਦੇਣਾ ਤੇ ਆਪਣੀ ਆਪਣੀ ਮਿਸਲ ਦਾ ਮੁਲਕ ਵਧਾਈ ਜਾਣਾ ਹੈ। ਭਾਵੇਂ ਉਹ ਪਠਾਣ ਹੋਵੇ ਭਾਵੇਂ ਮਰਹੱਟਾ, ਅਸੀਂ ਕਿਸੇ ਦੇ ਏਥੇ ਪੈਰ ਨਹੀਂ ਲਗਣ ਦੇਣੇ। ਪੰਜਾਬ ਖਾਲਸੇ ਦਾ ਹੈ ਤੇ ਖਾਲਸੇ ਦਾ ਹੀ ਹੋ ਕੇ ਰਹੇਗਾ।"

"ਤੇ ਤੂੰ ਆਪਣਾ ਮੁਲਕ ਨਹੀਂ ਵਧਾਣਾ," ਸ਼ੋਭੀ ਮੁਸਕਰਾਈ। "ਨਹੀਂ। ਮੇਰਾ ਸਾਰਾ ਮੁਲਕ ਤੁਸੀਂ ਹੋ। ਜਦੋਂ ਤਕ ਧਿਕ ਕੇ ਨਹੀਂ ਕਢੋਗੇ ਮੈਂ ਐਤਕੀ ਏਥੋਂ ਨਹੀਂ ਜਾਣਾ।"

੪੬

ਅਜ ਦੀਪੋ ਦਾ ਵਿਆਹ ਸੀ। ਜੰਞ ਆਈ ਸੀ ਧੋਲ ਪੁਰੋਂ। ਨੀਂਗਰ ਸੀ ਹਰਪਾਲ ਸਿੰਘ ਤੇ ਉਹਦੇ ਪਿਤਾ ਦਾ ਨਾਂ ਸੀ ਪ੍ਰੀਤਮ ਸਿੰਘ। ਪ੍ਰੀਤਮ ਸਿੰਘ ਰੰਧਾਵਾ। ਜਾਂਬਾਜ਼ ਸਿੰਘ ਨੇ ਆਪ ਹੀ ਇਹ ਰਿਸ਼ਤਾ ਪ੍ਰੀਤਮ ਸਿੰਘ ਰੰਧਾਵੇ ਨਾਲ ਤੈ ਕੀਤਾ ਸੀ। ਅੱਜ ਤੋਂ ਕੋਈ ਪੰਜ ਵਰ੍ਹੇ ਪਹਿਲੇ ਪ੍ਰੀਤਮ ਸ਼ਿੰਘ ਤੇ ਜਾਂਬਾਜ਼ ਸਿੰਘ ਅੰਮ੍ਰਿਤਸਰ ਮਿਲੇ ਸਨ। ਅੰਮ੍ਰਿਤਸਰ ਨੂੰ ਮੁਗਲਾਂ ਤੇ ਪਠਾਣਾਂ ਦੇ ਅਤਿਆਚਾਰਾਂ ਤੋਂ ਬਚਾਣ ਵਾਸਤੇ ਸਮੇਂ ਸਮੇਂ ਛੇੜੀਆਂ ਗਈਆਂ ਕਈ ਮੁਹਿੰਮਾਂ ਵਿਚੋਂ ਉਦੋਂ ਵੀ ਇਕ ਮੁਹਿੰਮ ਜਾਰੀ ਸੀ।

ਪ੍ਰੀਤਮ ਸਿੰਘ ਦੇ ਨਾਲ ਉਸ ਲੜਾਈ ਵਿਚ ਸ਼ਾਮਿਲ ਸੀ ਉਹਦਾ ਜੁਆਨ ਹੋ ਰਿਹਾ ਪੁਤਰ ਹਰਪਾਲ ਸਿੰਘ। ਹਰਪਾਲ ਨੇ ਇਸ ਲੜਾਈ ਵਿਚ ਉਹ ਬਹਾਦਰੀ ਵਿਖਾਈ ਕਿ ਸਾਰੇ ਸਰਦਾਰਾਂ ਦੀ ਵਾਹ ਵਾਹ ਖੱਟੀ। ਜਾਂਬਾਜ਼ ਨੂੰ ਲਗਾ ਕਿ ਹਰਪਾਲ ਦੀ ਸ਼ਕਲ ਉਹਦੇ ਪੁਤਰ ਅਨੰਦ ਸਿੰਘ ਨਾਲ ਮਿਲਦੀ ਹੈ। ਉਹ ਵੀ ਐਡੀ ਕੁ ਹੀ ਉਮਰ ਵਿਚ ਮੁਗਲਾਂ ਨਾਲ ਲੜਦਾ ਸ਼ਹੀਦ ਹੋਇਆ ਹੋਣਾ ਹੈ। ਹਰਪਾਲ ਨੂੰ ਮਿਲਦਿਆਂ ਸਾਰ ਜਾਂਬਾਜ਼ ਨੇ ਉਸਨੂੰ ਆਪਣੀ ਜੱਫੀ ਵਿਚ ਲੈ ਲਿਆ। "ਮੇਰਾ ਅਨੰਦ ਸਗਵਾਂ ਤੇਰੇ ਵਰਗਾ ਸੀ ਪੁਤਰ" ਜਾਂਬਾਜ਼ ਨੇ ਆਖਿਆ। "ਆਖ ਬੱਚਾ ਕਿ ਤੇਰੇ ਤੇ ਅਨੰਦ ਵਿਚ ਕੀ ਫ਼ਰਕ ਹੈ ?" ਕੋਲ ਖਲੋਤੇ ਪ੍ਰੀਤਮ ਸਿੰਘ ਨੇ ਆਪਣੇ ਪੁੱਤਰ ਨੂੰ ਕਿਹਾ।

ਹਰਪਾਲ ਨੇ ਆਪਣੇ ਪਿਤਾ ਦੀ ਆਖੀ ਮੰਨੀ ਤੇ ਪ੍ਰੀਤਮ ਸਿੰਘ ਕਹਿੰਦਾ ਗਿਆ : "ਸਰਦਾਰ ਜੀ, ਧੰਨ ਭਾਗ ਤੁਸੀਂ ਮੇਰੇ ਪੁੱਤਰ ਉੱਤੇ ਤੁੱਠੇ ਹੋ।" ਔਨੀਂ ਇਚਤ ਸੀ ਪ੍ਰੀਤਮ ਸਿੰਘ ਤੇ ਕਈ ਹੋਰਨਾਂ ਦੇ ਦਿਲਾਂ ਵਿਚ ਜਾਂਬਾਜ਼ ਵਾਸਤੇ। ਪਲੋਪਲੀ ਜਾਂਬਾਜ਼ ਨੇ ਸੋਚ ਕੇ ਆਖਿਆ:

"ਰੰਧਾਵਾ ਜੀ ! ਹਰਪਾਲ ਮੈਨੂੰ ਆਪਣੀ ਦੀਪੋ ਲਈ ਦੇ ਦਿਓ, ਦੀਪੋ ਮੇਰੀ ਪੋਤਰੀ ਹੈ।" ਬੇਸ਼ਕ ਜਾਂਬਾਜ਼, ਦਲੇਰ, ਗੁਰਬਖਸ਼, ਮਿਹਰ, ਦੀਪੋ ਤੇ ਸੁਰਿੰਦਰ ਆਦਿ ਨੂੰ ਆਪਣੇ ਪੋਤਰੇ ਪੋਤਰੀਆਂ ਹੀ ਆਖਦਾ। ਸ਼ਾਹਬਾਜ਼ ਦੀ ਮੌਤ ਪਿਛੋਂ ਸ਼ਾਹਬਾਜ਼ ਦੀ ਸੰਤਾਨ ਨਾਲ ਜਾਂਬਾਜ਼ ਦਾ ਰਿਸ਼ਤਾ ਅਤੁੱਟ ਤੇ ਡੂੰਘਾ ਹੋ ਗਿਆ ਸੀ। ਸ਼ੋਭੀ ਤੇ ਸ਼ਾਹਬਾਜ਼ ਦੀ ਇਕਲੌਤੀ ਸੰਤਾਨ ਸੁਬੇਗ ਨੂੰ ਵੀ ਜਾਂਬਾਜ਼ ਦੀ ਲੋੜ ਸੀ। ਜਾਂਬਾਜ਼ ਸਿੰਘ ਬਗ਼ੈਰ ਉਹਦਾ ਹੋਰ ਕੌਣ ਸੀ ?

Scanned by CamScanner

ਬਹੁਤੀ ਵਾਰ ਦੂਜਿਆਂ ਦੇ ਪੁੱਤਰ ਪੁਤਰੀਆਂ ਨੂੰ ਆਪਣੇ ਪੁੱਤਰ ਧੀਆਂ ਬਣਾਉਂਦਾ ਆਦਮੀ ਵਾਸਤਵਕ ਸਚਾਈਆਂ ਨੂੰ ਦਿਲੋਂ ਦਰ-ਕੂਚਰ ਨਹੀਂ ਕਰ ਸਕਦਾ। ਇਹਨਾਂ ਬੱਚੇ ਬੱਚੀਆਂ ਨੂੰ ਪਿਆਰ ਕਰਦਾ, ਉਹਨਾਂ ਉੱਤੇ ਵਕਤ ਤੇ ਧੰਨ ਖਰਚ ਕਰਦਾ, ਹੋਰਨਾਂ ਸਾਹਮਣੇ ਉਹਨਾਂ ਨੂੰ ਆਪਣਾ ਆਪਣਾ ਆਖਦਾ ਓਹ ਦਿਲੋਂ ਮਹਿਸੂਸ ਕਰਦਾ ਰਹਿੰਦਾ ਹੈ ਕਿ ਇਹ ਬੱਚੇ ਬੱਚੀਆਂ ਦਰ ਅਸਲ ਉਹਦੇ ਨਹੀਂ। ਇਹੋ ਜਿਹੇ ਆਦਮੀ ਦੀ ਜ਼ਿੰਦਗੀ ਬੜੀ ਕਠਨ ਹੁੰਦੀ ਹੈ। ਹੁੰਦਿਆਂ ਸੰਝਿਆਂ ਵੀ ਉਹਦਾ ਦੁਨੀਆਂ ਵਿਚ ਕੁਝ ਨਹੀਂ ਹੁੰਦਾ।

ਪਹਿਲੇ ਪਹਿਲ ਜਾਂਬਾਜ਼ ਨੂੰ ਇਹੋ ਜਹੀ ਮਾਨਸਕ ਕਠਨਤਾ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਉਸ ਆਪਣੇ ਪੁਤਰ ਅਨੰਦ ਤੇ ਸ਼ਾਹਬਾਜ਼ ਦੇ ਪੁਤਰ ਕਾਲੂ ਨੂੰ ਇਕੋ ਜਿਹਾ ਤੇ ਇਕੋ ਜਿੰਨਾ ਪਿਆਰ ਦਿਤਾ। ਅਨੰਦ ਤੇ ਕਾਲੂ ਵਿਚ ਉਹਦੇ ਵਾਸਤੇ ਕੋਈ ਫਰਕ ਨਹੀਂ ਸੀ।

ਪਰ ਅਨੰਦ ਦੀ ਸ਼ਹੀਦੀ ਨੇ ਹਾਲਾਤ ਬਦਲ ਦਿਤੇ। ਅਨੰਦ ਦੇ ਜਾਣ ਪਿਛੋਂ ਜਾਂਬਾਜ਼ ਨੂੰ ਆਲੇ ਦੁਆਲੇ ਵਿਚ ਕੁਝ ਭਿੰਨਤਾ ਜਾਪੀ। ਉਹਨੂੰ ਮਹਿਸੂਸ ਹੋਇਆ ਕਿ ਕਾਲੂ ਉਹਦਾ ਸੱਕਾ ਪੁਤਰ ਨਹੀਂ। ਏਸੇ ਲਈ ਉਹ ਕਾਲੂ ਨੂੰ ਵਧ ਪਿਆਰ ਕਰਨ ਲਗਾ। ਇਹ ਹੀ ਨਹੀਂ, ਸਗੋਂ ਉਹਦੇ ਨਾਲ ਵਧ ਪਿਆਰ ਜਿਤਾਨ ਲਗਾ। ਸ਼ੋਭੀ ਨੇ ਇਹ ਗੱਲ ਤਾਡੀ ਪਰ ਆਖਿਆ ਕੁਝ ਨਾਂਹ। ਇਸ ਤਰ੍ਹਾਂ ਵਰ੍ਹੇ ਬੀਤਦੇ ਗਏ। ਜਾਂਬਾਜ਼ ਤੇ ਸ਼ੋਭੀ ਇਕ ਦੂਜੇ ਦੇ ਨੇੜੇ ਆਉਂਦੇ ਗਏ। ਸ਼ੋਭੀ ਦੇ ਪੁੱਤਰੇ ਤੇ ਪੁੱਤਰੀਆਂ ਜਾਂਬਾਜ਼ ਦੇ ਪੁੱਤਰੇ ਪੁੱਤਰੀਆਂ ਸਨ। ਜਾਂਬਾਜ਼ ਅਨੰਦ ਨੂੰ ਭੁਲਦਾ ਗਿਆ।

ਫਿਰ ਇਕਾ-ਇਕ ਅੰਮ੍ਰਿਤਸਰ ਦੀ ਇਸ ਲੜਾਈ ਤੇ ਜਾਂਬਾਜ਼ ਹਰਪਾਲ ਨੂੰ ਮਿਲਿਆ ਤੇ ਐਨੇਂ ਵਰ੍ਹਿਆਂ ਪਿਛੋਂ ਜਾਂਬਾਜ਼ ਵਾਸਤੇ ਅਨੰਦ ਫਿਰ ਜੀਉਣ ਲਗਾ। ਉਹਨੂੰ ਅਨੰਦ ਦੇ ਹੋਣ ਤੇ ਫਿਰ ਨਾ ਹੋਣ ਦਾ ਅਹਿਸਾਸ ਹੋਇਆ। ਉਹਨੇ ਹਰਪਾਲ ਨੂੰ ਆਪਣੀ ਪੋਤਰੀ ਵਾਸਤੇ ਮੰਗਿਆ। ਪਰ ਉਹਦੇ ਅੰਤਹ-ਕਰਨ ਵਿਚ ਕਿਤੋਂ ਇਕ ਆਵਾਜ਼ ਆਈ ਕਿ ਇਹ ਉਹਦੀ ਨਹੀਂ, ਸ਼ਾਹਬਾਜ਼ ਦੀ ਪੋਤਰੀ ਹੈ।

ਜਾਂਬਾਜ਼ ਘਰ ਮੁੜਿਆ। ਉਸ ਸ਼ੋਭੀ ਨਾਲ ਗੱਲਾਂ ਕੀਤੀਆਂ ਤੇ ਸ਼ੋਭੀ ਉਹਦੀ ਮਾਨਸਕ ਅਵਸਥਾ ਤਾੜ ਗਈ। ਸ਼ੋਭੀ ਨੇ ਸੋਚਿਆ ਕਿ ਸੱਚੀਂ ਮੁੱਚੀ ਪਰਾਏ ਕਦੀ ਵੀ ਆਪਣੇ ਨਹੀਂ ਹੋ ਸਕਦੇ ? ਇਕ ਵਹੁਟੀ ਤੇ ਗਭਰੂ ਦਾ ਹੀ ਅਜਿਹਾ ਰਿਸ਼ਤਾ ਹੈ ਕਿ ਜਿਹੜਾ ਆਪਣਿਆਂ ਨੂੰ ਪਰਾਏ ਤੇ ਪਰਾਇਆਂ ਨੂੰ ਆਪਣਾ ਬਣਾ ਦੇਂਦਾ ਹੈ, ਪਰ ਕੀ ਕਿਸੇ ਦਾ ਪੁਤਰ ਕਦੀ ਆਪਣਾ ਪੁਤਰ ਬਣ ਸਕਦਾ ਹੈ ? ਕੀ ਕਿਸੇ ਦਾ ਪਿਓ ਤੇ ਮਾਂ, ਪਿਓ ਤੇ ਮਾਂ ਬਣ ਸਕਦੇ ਹਨ ? ਕੀ ਇਸਤਰੀ, ਮਰਦ ਤੇ ਉਹਨਾਂ ਦੇ ਆਪਣੇ ਬੱਚਿਆਂ ਤੋਂ ਸਵਾਏ ਹੋਰ ਵੀ ਕੋਈ ਖ਼ੂਨ ਦਾ ਰਿਸ਼ਤਾ ਹੈ ? ਕੀ ਭਰਾ ਤੇ ਭਰਾ ਜਾਂ ਭੈਣ ਤੇ ਭਰਾ ਵੀ ਕਿਸੇ ਖ਼ੂਨ ਦੇ ਰਿਸ਼ਤੇ ਨਾਲ ਬੰਨ੍ਹੇ ਹੋਏ ਹਨ ?

ਜੇ ਜਾਂਬਾਜ਼ ਤੇ ਸ਼ਾਹਬਾਜ਼ ਜਿਹੇ ਭਰਾਵਾਂ ਨੂੰ ਵੀ ਇਕ ਦੂਜੇ ਦੀ ਔਲਾਦ ਤੋਂ ਤੌਖਲੇ ਪੈ ਸਕਦੇ ਹਨ ਤਾਂ ਹੋਰ ਕਿਹੜੇ ਭਰਾ ਇਹਨਾਂ ਤੌਖਲਿਆਂ ਤੋਂ ਵਿਮੁਕਤ ਹੋਣਗੇ ? ਕੀ, ਉਸ ਆਪਣੇ ਆਪ ਤੋਂ ਪੁਛਿਆ, ਜੇ ਸ਼ੋਭੀ ਤੇ ਜਾਂਬਾਜ਼ ਦਾ ਵਿਆਹ ਹੋ ਜਾਂਦਾ ਤਾਂ ਉਹ ਜਾਂ ਜਾਂਬਾਜ਼ ਇਹਨਾਂ ਤੌਖਲਿਆਂ ਤੋਂ ਵਿਮੁਕਤ ਹੋ ਜਾਂਦੇ ? ਉਹਦੇ ਅੰਤਹ-ਕਰਨ ਵਿਚੋਂ ਆਵਾਜ਼ ਆਈ ਕਿ ਨਹੀਂ।

ਸ਼ੋਭੀ ਤੇ ਜਾਂਬਾਜ਼ ਉਦਾਸ ਰਹੇ। ਕੁਝ ਚਿਰ ਉਦਾਸ ਰਹੇ ਪਰ ਹੌਲੀ ਹੌਲੀ ਇਹ ਪ੍ਰਛਾਵੇਂ ਢਲ ਗਏ। ਵਰ੍ਹਿਆਂ ਦੇ ਸਾਥ ਵਿਚੋਂ ਇਕ ਅਜਿਹੀ ਸਾਂਝ ਉਤਪੰਨ ਹੋਈ ਸੀ ਕਿ ਇਹੋ ਜਿਹੇ ਪ੍ਰਛਾਵੇਂ ਉਹਨਾਂ ਦੇ ਜੀਵਨ ਵਿਚ ਕੋਈ ਸਦੀਵੀ ਅੜਚਣ ਨਹੀਂ ਸਨ ਬਣ ਸਕਦੇ। ਇਹੋ ਜਿਹੇ ਸੰਕੇ ਤ੍ਰਿਰਵਰੇ ਵਾਂਗ ਪਾਣੀ ਉੱਤੇ ਤਰਦੇ ਤੇ ਫਿਰ ਗੁੰਮ ਹੋ ਜਾਂਦੇ।

ਪਰ ਹੁਣ ਜਦੋਂ ਦੀਪੋ ਦਾ ਵਿਆਹ ਨੇੜੇ ਆਇਆ ਤਾਂ ਜਾਂਬਾਜ਼ ਦੇ ਤੌਖਲੇ ਫਿਰ ਕੇ ਸੁਰਜੀਤ ਹੋ ਗਏ। ਉਹਨੂੰ ਆਪਣੇ ਹੱਥੋਂ ਕੁਝ ਖਿਸਕਦਾ ਦਿਸਿਆ। ਤੇ ਇਸੇ ਅਣਹੋਂਦ ਦੇ ਅਹਿਸਾਸ ਨੂੰ ਦਬਾਣ ਵਾਸਤੇ ਉਸ ਇਸ ਵਿਆਹ ਲਈ ਢੇਰ ਉਤਸ਼ਾਹ ਵਿਖਾਣਾ ਸ਼ੁਰੂ ਕੀਤਾ।

ਅਜੇ ਤਕ ਉਹਦੀ ਵੱਖੀ ਵਿਚ, ਪਿਛਲੀ ਲੜਾਈ ਵੇਲੇ ਲਗਾ ਜ਼ਖਮ, ਪੂਰੀ ਤਰ੍ਹਾਂ ਵੱਲ ਨਹੀਂ ਸੀ ਹੋਇਆ। ਸ਼ੋਭੀ ਚਾਹੁੰਦੀ ਕਿ, ਇਹ ਜ਼ਖਮ ਸਾਵਣ ਦੀਆਂ ਝੜੀਆਂ ਤੋਂ ਪਹਿਲੇ ਹੀ ਠੀਕ ਹੋ ਜਾਏ, ਨਹੀਂ ਤਾਂ ਬਲਗਮ ਦੇ ਦੌਰੇ ਦੀ ਕਮਜ਼ੋਰੀ ਨਾਲ ਇਸ ਜ਼ਖਮ ਦਾ ਵੱਲ ਹੋਣਾ ਮੁਸ਼ਕਲ ਹੋ ਜਾਵੇਗਾ। ਉਹ ਉਹਨੂੰ ਕ੍ਰੀਮ ਕਰਨ ਤੋਂ ਹੋੜਦੀ। ਪਰ ਜਾਂਬਾਜ਼ ਆਖੇ,

Scanned by CamScanner

'ਪਤਾ ਨਹੀਂ ਮੈਂ ਕਿਸੇ ਹੋਰ ਪੋਤਰੇ ਪੋਤਰੀ ਦਾ ਵਿਆਹ ਆਪਣੇ ਹੱਥੀਂ ਕਰਨਾ ਹੈ ਕਿ ਨਹੀਂ । ਮੈਨੂੰ ਆਪਣੇ ਅਰਮਾਨ ਕਢ ਲੈਣ ਦੇ, ਸ਼ੋਭੀਏ ।"

ਜਦੋਂ ਜਾਂਬਾਜ਼ ਕਦੀ ਇਹੋ ਜਿਹੀ ਗੱਲ ਕਰਦਾ ਤਾਂ ਸ਼ੋਭੀ ਨੂੰ ਦੁਖ ਹੁੰਦਾ । ਉਹਨੂੰ ਲਗਦਾ ਕਿ ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਜਾਂਦੀ ਹੈ । ਉਹ ਇਸ ਖੋਹ ਦਾ ਕਾਰਨ ਨਹੀਂ ਸੀ ਜਾਣਦੀ ਪਰ ਇਹ ਉਹ ਅਵੱਸ਼ ਜਾਣਦੀ ਸੀ ਕਿ ਜਾਂਬਾਜ਼ ਦੀ ਮੌਤ ਪਿਛੋਂ ਉਹਦੀ ਸਿਹਤ ਡਿਗ ਜਾਏਗੀ ਤੇ ਉਹਦੇ ਜੀਣ ਦਾ ਕੋਈ ਹੱਜ ਨਹੀਂ ਹੋਏਗਾ ।

ਸ਼ੁਭਵੰਤ ਦੀਆਂ ਕੋਸ਼ਿਸ਼ਾਂ ਦੇ ਵਿਪ੍ਰੀਤ ਵੀ ਜਾਂਬਾਜ਼ ਕੰਮ ਵਿਚ ਲਗਾ ਰਿਹਾ । ਇਉਂ ਲਗਦਾ ਸੀ ਕਿ ਉਸ ਇਸ ਵਿਆਹ ਨੂੰ ਇਕ ਮਿਸਾਲ ਬਣਾਣ ਦਾ ਇਰਾਦਾ ਕਰ ਲਿਆ ਹੈ । ਇਹੋ ਕਾਰਨ ਸੀ ਕਿ ਇਸ ਉਸਤਵ ਉੱਤੇ ਸਿਖ ਪੰਥ ਦੇ ਕਈ ਮੁਖੀ ਪਤਵੰਤੇ ਸ਼ਾਮਲ ਹੋ ਰਹੇ ਸਨ ।

ਸ਼ਾਇਦ ਇਸ ਤਰ੍ਹਾਂ ਕਰਨ ਨਾਲ ਜਾਂਬਾਜ਼ ਦੀ ਆਪਣੀ ਮਨੋ-ਵਿਗਿਆਨਕ ਖੋਹ ਵੀ ਪੂਰਨ ਹੋਈ ਹੋਵੇ । ਉਹਨੂੰ ਆਪਣੀ ਮਿਹਨਤ, ਆਪਣੀ ਬਹਾਦਰੀ ਤੇ ਪੰਥ ਵਾਸਤੇ ਕੀਤੀ ਆਪਣੀ ਸੇਵਾ ਦਾ ਇਵਜ਼ਾਨਾ ਮਿਲਦਾ ਦਿਸਿਆ ਹੋਵੇ । ਆਖ਼ਿਰ ਜੇ ਉਹਦੀ ਕੋਈ ਸਾਖ ਸੀ ਤਾਂ ਹੀ ਤੇ ਪੰਥ ਦੇ ਮੁਖੀ ਉਹਦੇ ਘਰ ਆਉਣ ਦੀ ਖੇਚਲ ਕਰ ਰਹੇ ਸਨ, ਨਹੀਂ ਤਾਂ ਆਪਣੇ ਆਪਣੇ ਕੰਮ ਛਡ ਕੇ ਕੌਣ ਕਿਤੇ ਆਉਂਦਾ ਜਾਂਦਾ ਹੈ ਤੇ ਫਿਰ ਫ਼ਤਹ ਗੜ੍ਹ ਹੈ ਵੀ ਇਕ ਪਾਸੇ ਸੀ ।

ਇਸ ਕਾਜ ਉੱਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਉਪਰੰਤ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਤੇ ਸਰਦਾਰ ਲਹਿਣਾ ਸਿੰਘ ਭੰਗੀ ਤੇ ਸਰਦਾਰ ਚੜ੍ਹਤ ਸਿੰਘ ਸਕਰਚਕੀਆ ਵੀ ਆਏ । ਤੇ ਇਹਨਾਂ ਚੌਹਾਂ ਸਰਦਾਰਾਂ ਤੋਂ ਉਪਰੰਤ ਸਨ ਹੋਰ ਕਈ ਸਿਖ ਪੰਥ ਦੇ ਸਰਦਾਰ ਤੇ ਪਤਵੰਤੇ ।

ਹਰ ਸਰਦਾਰ ਦੇ ਆਉਣ ਦੀ ਖਸ਼ੀ ਵਿਚ ਨੌਂ ਸਾਲਾ ਮਿਹਰ ਸਿੰਘ ਇਕ ਨਹੀਂ ਪੰਜ ਪੰਜ ਜੈਕਾਰੇ ਛਡਦਾ । ਜੱਸਾ ਸਿੰਘ ਆਹਲੂਵਾਲੀਏ ਨੇ ਇਹ ਆਖ ਕੇ ਕਿ ਮਿਹਰ ਸਿੰਘ ਦਾ ਨਾਂ ਜੈਕਾਰਾ ਸਿੰਘ ਹੋਣਾ ਚਾਹੀਦਾ ਹੈ ਉਹਦਾ ਇਹੋ ਨਾਂ ਪ੍ਰਚਲਤ ਕਰ ਦਿਤਾ । ਪਰ ਮਿਹਰ ਸਿੰਘ ਵੀ ਕਮਾਲ ਦਾ ਬੱਚਾ ਸੀ । ਉਹਦਾ ਹਾਸ ਰਸ ਅੰਨਾ ਕਟਾਖਸ਼ ਭਰਿਆ ਕਿ ਉਸ ਆਖਿਆ :

"ਜੇ ਮੇਰਾ ਨਾਂ ਸਰਦਾਰ ਨੇ ਜੈਕਾਰਾ ਸਿੰਘ ਧਰ ਹੀ ਛਡਿਆ ਹੈ ਤਾਂ ਮੈਂ ਕਿਉਂ ਨਾ ਪਹਿਲੇ ਨਾਲੋਂ ਵੀ ਜ਼ਿਆਦਾ ਜੈਕਾਰੇ ਗਜਾਵਾਂ ?"

ਦਲੇਰ ਸਿੰਘ, ਜਾਂਬਾਜ਼ ਦਾ ਅੱਜ ਕੱਲ ਇਕ ਅਟੁੱਟ ਸਾਥੀ ਸੀ । ਉਹ ਹਰ ਵੇਲੇ ਕੁਵੇਲੇ ਆਪਣੇ ਦਾਦੇ ਦੀ ਝੋਲੀ ਵਿਚ ਆ ਬਹਿੰਦਾ ਤੇ ਏਸੇ ਕਾਰਨ ਦਲੇਰ ਸਿੰਘ ਨੂੰ ਹਰ ਨਵਾਂ ਆਇਆ ਸਰਦਾਰ ਚੁਕਦਾ, ਉਹਦੇ ਨਾਲ ਗੱਲਾਂ ਕਰਦਾ ਉਹ ਨੂੰ ਚੁੰਮਦਾ ਤੇ ਉਹਨੂੰ ਅਸੀਸਾਂ ਦੇਂਦਾ । ਇਕ ਦਿਨ ਸ਼ੋਭੀ ਨੇ ਕਿਹਾ: "ਦਲੇਰ ਨੂੰ ਅੰਨੇ ਮਹਾਂ ਪੁਰਖਾਂ ਦੀਆਂ ਅਸੀਸਾਂ ਮਿਲੀਆਂ ਹਨ ਕਿ ਇਹ ਨਿਰਸੰਦੇਹ ਹੀ ਕੋਈ ਮਹਾਂ ਪੁਰਖ ਬਣੇਗਾ ।"

ਮਿਸਲਾਂ ਦੇ ਸਰਦਾਰਾਂ ਤੋਂ ਇਲਾਵਾ ਹੋਰ ਵੀ ਬੜਾ ਮੇਲ ਆਇਆ । ਜਾਂਬਾਜ਼ ਦੀ ਧੀ ਹਰਬੰਸ ਕੌਰ ਆਪਣੇ ਆਦਮੀ ਤੇ ਆਪਣੇ ਦੋ ਪੁਤਰਾਂ ਨਾਲ ਆਈ । ਮਾਹਿਲ ਵਿਚ ਰਹਿਣ ਵਾਲੇ ਪੁਰਾਣੇ ਸਾਥੀਆਂ ਵਿਚੋਂ ਵੀ ਕੁਝ ਸਾਥੀ ਆਏ ਤੇ ਫਤਹ ਗੜ੍ਹ ਦੇ ਆਲੇ ਦੁਆਲੇ ਦੇ ਵੀ ਕਈ ਮਿਤ੍ਰ ਸਾਥੀ । ਪਿੰਡ ਵਿਚ ਚੰਗੀ ਖਾਸੀ ਭੀੜ ਜੁੜ ਗਈ । ਇਹ ਭੀੜ-ਜੜੱਕਾ ਸਿਖਾਂ ਦੀ ਵਧਦੀ ਤਾਕਤ ਦਾ ਸੂਚਕ ਸੀ ।

ਕੁਝ ਵਰ੍ਹੇ ਪਹਿਲੇ ਵਿਆਹਾਂ ਸ਼ਾਦੀਆਂ ਉੱਤੇ ਕਿਥੇ ਕੋਈ ਮੇਲ ਜੁੜਦੇ ਸਨ ਤੇ ਕਿਥੇ ਕੋਈ ਆਗੇ ਗਾਏ ਜਾਂਦੇ ਸਨ ? ਕਿਥੇ ਕੋਈ ਜੰਞਾਂ ਵਾਜੇ ਵਜਾਂਦੀਆਂ ਆਉਂਦੀਆਂ ਸਨ ਤੇ ਕਿਥੇ ਉਹਨਾਂ ਦੀ ਬੇਫ਼ਿਕਰੀ ਸਾਰੀ ਪੱਤੀ ਦੀ ਪੱਤੀ ਵਿਚ ਤੂਫਾਨ ਲੈ ਆਉਂਦੀ ਸੀ । ਓਦੋਂ ਬਦੇਸ਼ੀ ਹਕੂਮਤ ਦਾ ਜ਼ੋਰ ਹੁੰਦਾ ਸੀ । ਓਦੋਂ ਸਿਖਾਂ ਤੇ ਹਿੰਦੂਆਂ ਨੂੰ ਮੂੰਹ ਖੋਲ੍ਹਣ ਦੀ ਵੀ ਇਜਾਜ਼ਤ ਨਹੀਂ ਸੀ ਹੁੰਦੀ । ਉਹ ਦੱਬੇ ਦੱਬੇ ਜੀਂਦੇ ਸਨ, ਡਰੇ ਡਰੇ ਸੋਂਦੇ ਸਨ । ਇਕ ਪਿੰਡ ਤੋਂ ਦੂਜੇ ਪਿੰਡ ਜਾਣਾ ਸੌਖਾ ਨਹੀਂ ਸੀ ਹੁੰਦਾ; ਇਕ ਜ਼ਿਲੇ ਤੋਂ ਦੂਜੇ ਜ਼ਿਲੇ ਜਾਣ ਦੀ ਗੱਲ ਤਾਂ ਕਿਤੇ ਰਹੀ ।

ਪਰ ਹੁਣ . ਹੁਣ ਕਿਦ੍ਹਾ ਡਰ ਸੀ ਤੇ ਕਿਸ ਭੜੂਏ ਦਾ ਖ਼ਤਰਾ ? ਬੇਸ਼ਕ ਲਾਹੌਰ ਅਦੀਨਾ ਬੇਗ਼ ਦੇ ਹੱਥ 'ਚ ਸੀ ਪਰ ਹਕੂਮਤ ਅਸਲੀ ਸਿਖਾਂ ਦੀ ਆਪਣੀ ਹੀ ਸੀ । ਹੁਣ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕਹਿਣ ਅਨੁਸਾਰ, ਲਾਹੌਰ, ਖਾਲਸੇ ਦੀ ਅਮਾਨਤ ਸੀ । ਜਦੋਂ ਖਾਲਸਾ ਚਾਹੇ — ਉਹ ਸ਼ਹਿਰ ਮੱਲ ਸਕਦਾ ਸੀ ।

Scanned by CamScanner

ਬੰਦਾ ਸਿੰਘ ਬਹਾਦਰ ਦੇ ਸਰਹੰਦ ਜਿੱਤਣ ਪਿਛੋਂ ਤੇ ਲੋਹ ਗੜ੍ਹ ਵਿਚ ਸਿਖ ਰਾਜ ਦੀ ਕਾਇਮੀ ਪਿਛੋਂ ਹੁਣ ਪਹਿਲੀ ਵਾਰ ਸਿੰਘ ਆਪਣੇ ਆਪ ਵਿਚ ਆਏ ਸਨ। ਬੰਦਾ ਸਿੰਘ ਦੇ ਸਮੇਂ ਵਿਚ ਮਾਇਕ ਤੇ ਆਰਥਕ ਪਿੜਾ ਵਿਚ ਐਨੀ ਸਫਲਤਾ ਨਹੀਂ ਸੀ ਹੋਈ ਜਿੰਨੀ ਕਿ ਰਾਜਸਕ ਤੇ ਮਨੋਵਿਗਿਆਨਕ ਪਿੜ ਵਿਚ। ਬੰਦਾ ਸਿੰਘ ਬਹਾਦਰ ਨੇ ਹਿੰਦੂ ਤੇ ਸਿਖ ਜਨਤਾ ਨੂੰ ਸਭ ਤੋਂ ਉੱਚੀ ਤੇ ਸੁੱਚੀ ਚੀਜ਼ ਜਿਹੜੀ ਦਿਤੀ, ਉਹ ਸ੍ਵੈ-ਵਿਸ਼ਵਾਸ਼ ਸੀ। ਪਰ ਹੁਣ ਸ੍ਵੈ-ਵਿਸ਼ਵਾਸ਼ ਤੇ ਰਾਜਸਕ ਆਜ਼ਾਦੀ ਦੇ ਨਾਲ ਨਾਲ ਸਿਖ ਜਨਤਾ ਨੂੰ ਆਰਥਕ ਆਜ਼ਾਦੀ ਵੀ ਮਿਲੀ। ਹਿੰਦੂ ਸਿਖ ਜਨਤਾ ਦੇ ਰਹਿਣ ਸਹਿਣ ਦਾ ਮਿਆਰ ਉਚੇਰਾ ਹੋ ਗਿਆ। ਵਿਆਹ ਡੋਲ ਡੋਲ ਨਾਲ ਹੋਣ ਲਗੇ, ਜੰਞਾਂ ਬੇਫਿਕਰ ਸਫ਼ਰ ਕਰਨ ਲਗੀਆਂ ਤੇ ਕੁੜੀ ਵਾਲੇ ਮੇਲ ਨੂੰ ਜੀਓ ਆਇਆਂ ਕਹਿਣ ਜੋਗੇ ਹੋ ਪਏ। ਸਾਰਾ ਸਮਾਜਕ ਢਾਂਚਾ ਪੱਲਰ ਆਇਆ। ਦੀਪੇ ਦੇ ਵਿਆਹ ਉੱਤੇ ਜੰਞ ਪੰਜ ਦਿਨ ਫ਼ਤਹ ਗੜ੍ਹ ਰਹੀ।

ਇਹਨਾਂ ਦਿਨਾਂ ਵਿਚ ਬੱਚਿਆਂ ਨੇ ਉਹ ਉਹ ਖੇਡਾਂ ਕੀਤੀਆਂ ਕਿ ਵੇਖਣ ਵਾਲਿਆਂ ਨੂੰ ਹੁਕਮਰਾਨਾਂ ਦੇ ਸਭ ਜ਼ੁਲਮ ਤੇ ਇਹਨਾਂ ਜ਼ੁਲਮਾਂ ਹੇਠ ਸਹੇ ਸਭ ਤਸੀਹੇ ਭੁਲ ਗਏ। ਜੁਆਨਾਂ ਨੇ ਛਿੰਜਾਂ ਪਾਈਆਂ। ਗਤਕੇ ਬਾਜ਼ੀ ਤੇ ਪਲੱਥੇ ਬਾਜ਼ੀ ਹੋਈ। ਘੋੜ ਦੌੜਾਂ ਹੁਈਆਂ। ਨੱਦਿਆਂ ਤੇ ਬੁਦਿਆਂ ਨੇ ਇਸ ਮੌਕੇ ਉੱਤੇ ਪੰਥ ਦੀ ਸਾਰੀ ਇਸਥਿਤੀ ਉੱਤੇ ਇਕ ਵਾਰ ਫਿਰ ਗੌਰ ਕੀਤਾ। ਅਗਲੇ ਕਦਮਾਂ ਬਾਰੇ ਸੋਚਿਆ। ਸਿਖ ਰਾਜ ਦੀ ਸਥਾਈ ਸਥਾਪਤੀ ਬਾਰੇ ਬਹਿਸਾਂ ਕੀਤੀਆਂ। ਕਿਸੇ ਨੇ ਕਿਹਾ ਅਜੇ ਸਮਾਂ ਨਹੀਂ ਆਇਆ ਤੇ ਕਿਸੇ ਨੇ ਆਖਿਆ ਕਿ ਇਹੋ ਜਿਹਾ ਸਮਾਂ ਮੁੜ ਨਹੀਂ ਲਭਣਾ। ਇਹਨਾਂ ਪਤਵੰਤਿਆਂ ਨੇ ਅੰਮ੍ਰਿਤਸਰ ਦੇ ਹਰਿਮੰਦਰ ਤੇ ਉਹਦੇ ਸਰੋਵਰ ਬਾਰੇ ਵਿਚਾਰ ਕੀਤੀ ਤੇ ਕਈ ਮੁਆਮਲੇ ਨਜਿੱਠੇ। ਇਸ ਸਮਾਗਮ ਵਿਚ ਇਕ ਹੋਰ ਵੀ ਖਾਸ ਵਾਧਾ ਸੀ।

ਸਰਦਾਰ ਜਾਂਬਾਜ਼ ਸਿੰਘ ਨੇ ਬੜਾ ਉਚੇਚ ਤੇ ਹੇਜ ਕਰ ਕੇ ਇਸ ਮੌਕੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਫ਼ਤਹ ਗੜ੍ਹ ਮੰਗਵਾਈ ਸੀ। ਅਜੇ ਤਕ ਸਥਾਨਕ ਗੁਰਦੁਆਰੇ ਵਿਚ ਬਾਬਾ ਜਾਂਬਾਜ਼ ਦੀ ਆਪਣੀ ਹੱਥ-ਲਿਖਤੀ ਪੰਜ ਗ੍ਰੰਥੀ ਹੀ ਸੀ ਤੇ ਬਸ! ਬੜੇ ਚਿਰਾਂ ਤੋਂ ਸੁਬੇਗ ਸਿੰਘ ਇਹ ਚਾਹ ਪ੍ਰਗਟ ਕਰਦਾ ਆ ਰਿਹਾ ਸੀ ਕਿ ਗੁਰਦੁਆਰੇ ਵਿਚ ਸਿਰਫ ਪੰਜ ਗ੍ਰੰਥੀ ਹੀ ਨਹੀਂ ਸਗੋਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਹੋਵੇ।

"ਮੈਂ ਨਿਮਾਣਾ ਆਦਮੀ ਹਾਂ। ਮੇਰੀ ਚਾਹ ਵੀ ਨਿਮਾਣੀ ਹੈ। ਮਰਨ ਤੋਂ ਪਹਿਲੇ ਮੇਰੀ ਇਹ ਖਾਹਿਸ਼ ਪੂਰੀ ਕਰਵਾ ਦਿਓ ਬਾਬਾ!" ਉਸ ਜਾਂਬਾਜ਼ ਨੂੰ ਕਿਹਾ ਸੀ। ਤੇ ਫਤਿਹ ਗੜ੍ਹ ਵਿਚ ਬੀੜ ਲਿਆਣ ਵਾਸਤੇ ਇਸ ਮੌਕੇ ਨੂੰ ਚੰਗੇਰਾ ਹੋਰ ਕਿਹੜਾ ਮੌਕਾ ਹੋ ਸਕਦਾ ਸੀ? ਜਾਂਬਾਜ਼ ਨੇ ਸਰਦਾਰ ਲਹਿਣਾ ਸਿੰਘ ਨੂੰ ਅਖਵਾ ਕੇ ਇਹ ਬੀੜ ਦਮਦਮੇ ਸਾਹਿਬ ਤੋਂ ਮੰਗਵਾਈ। ਬਾਬਾ ਦੀਪ ਸਿੰਘ ਜੀ ਦੀ ਨਿਗਰਾਨੀ ਹੇਠ ਇਹ ਬੀੜ ਲਿਖੀ ਤੇ ਸੋਧੀ ਗਈ ਸੀ।

ਗੁਰੂ ਗ੍ਰੰਥ ਸਾਹਿਬ ਦੀ ਇਸ ਬੀੜ ਵਿਚੋਂ ਸਭ ਤੋਂ ਪਹਿਲਾ ਵਾਕ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਲਿਆ ਤੇ ਫਿਰ ਸੁਬੇਗ ਸਿੰਘ ਨੇ ਇਕੱਲੇ ਇਕ ਅਖੰਡ ਪਾਠ ਕੀਤਾ। ਅੱਜ ਉਹਦੇ ਮਨ ਦੀ ਮੁਰਾਦ ਪੂਰੀ ਹੋਈ ਸੀ। ਇਸ ਸਜ ਧੱਜ ਵਿਚ ਦਲੀਪ ਕੌਰ ਤੇ ਹਰਪਾਲ ਸਿੰਘ ਦਾ ਅਨੰਦ ਕਾਰਜ ਹੋਇਆ, ਤੇ ਦੀਪੇ ਸਹੁਰੇ ਚਲੀ ਗਈ।' ਬੜਾ ਕੁਝ ਬਦਲ ਚੁਕਾ ਸੀ। ਬੜਾ ਕੁਝ ਨਵਾਂ ਤੇ ਨਰੋਆ ਸੀ। ਪਰ ਸਹੁਰੇ ਜਾਂਦੀ ਧੀ ਦੀ ਪੀੜਾ ਅਜੇ ਤਕ ਵੀ ਉਹੋ ਜਿਹੀ ਪੁਰਾਣੀ ਸੀ। ਸਹੁਰੇ ਜਾਂਦੀ ਧੀ ਦੇ ਪਰੰਪਰਕ ਜਜ਼ਬਾਤ ਅਜੇ ਤਕ ਨਹੀਂ ਸਨ ਬਦਲੇ।

ਧੀ ਦੇ ਬਿਗਾਨੀ ਹੋਣ ਵੇਲੇ ਅਜੇ ਤਕ ਵੀ ਮਾਂ ਦੀ ਛਾਤੀ ਪਹਿਲੇ ਵਾਂਗ ਹੀ ਉਛਲਦੀ ਸੀ ਤੇ ਪਿਉ ਦੀ ਨੈਣ ਕੋਰ ਅਣਦਿਸਦੇ ਹੰਝੂਆਂ ਨਾਲ ਗਿੱਲੀ ਹੋ ਜਾਂਦੀ ਸੀ। ਬੜਾ ਕੁਝ ਬਦਲ ਚੁਕਾ ਸੀ ਪਰ ਮਨੁਖ ਦੇ ਇਹ ਜਜ਼ਬਾਤੀ ਵਲਵਲੇ ਨਹੀਂ ਸਨ ਬਦਲੇ। ਦੀਪ ਗਈ। ਪੰਥਕ ਸਰਦਾਰ ਗਏ। ਮੇਲ ਗਿਆ।

ਸਿਰਫ ਜਾਂਬਾਜ਼ ਤੇ ਸੁਬੇਗ ਦਾ ਘਰ ਹੀ ਨਹੀਂ ਸਾਰਾ ਫ਼ਤਹ ਗੜ੍ਹ ਹੀ ਜਿਵੇਂ ਖਾਲੀ ਹੋ ਗਿਆ। ਚਾਰ ਚੁਫੇਰੇ ਇਕ ਉਦਾਸੀ ਪੱਸਰ ਗਈ। ਜਾਂਬਾਜ਼ ਤੇ ਸ਼ੁਭੀ ਇਕ ਵਾਰ ਡੂੰਘੀ ਰਾਤ ਗਈ ਦੀਪੇ ਨੂੰ ਯਾਦ ਕਰਦੇ ਸਚੀਂ ਮੁਚੀਂ ਰੋ ਪਏ..."ਵਰ੍ਹੇ ਕਿਵੇਂ ਬੀਤਦੇ ਜਾ ਰਹੇ ਹਨ ਸ਼ੁਭੀ," ਜਾਂਬਾਜ਼ ਨੇ ਆਖਿਆ। "ਹਾਂ ਜਾਂਬਾਜ਼, ਤੇ ਨਾਲੋ ਨਾਲ ਸਾਡੀ ਜ਼ਿੰਦਗੀ ਵੀ।" ਸ਼ੁਭੀ ਨੇ ਕਿਹਾ।

Scanned by CamScanner

ਦੁਨੀਆਂ ਦੇ ਹਰ ਹਿੱਸੇ ਵਿਚ ਸ਼ਾਇਦ ਸਭਿਆਤਾਵਾਂ ਬਣੀਆਂ ਹਨ ਤੇ ਉਜੜੀਆਂ ਹਨ; ਸੰਸਕ੍ਰਿਤੀਆਂ ਪੁੰਗਰੀਆਂ ਹਨ, ਰਾਜ ਭਾਗ ਉਸਰੇ ਹਨ ਤੇ ਢੱਠੇ ਹਨ; ਕਲਾ ਤੇ ਸਾਹਿਤ ਫਲੇ ਫੁੱਲੇ ਹਨ ਤੇ ਮੁਰਝਾਏ ਹਨ। ਪਰ ਫਿਰ ਵੀ ਦੁਨੀਆਂ ਦੇ ਕੁਝ ਹਿੱਸੇ ਹੋਰਨਾਂ ਨਾਲੋਂ ਵਧ, ਇਸ ਅਰੂਜ ਤੇ ਜ਼ਵਾਲ ਦੀ ਖੇਡ ਦਾ ਮੈਦਾਨ ਰਹੇ ਹਨ। ਜਿਵੇਂ ਕਿ ਚੀਨ, ਭਾਰਤ, ਮਧ ਏਸ਼ੀਆ ਮਧ ਪੂਰਬ, ਮਿਸਰ, ਰੋਮ ਤੇ ਯੂਨਾਨ।

ਦੁਨੀਆਂ ਦੇ ਇਹ ਕੁਝ ਹਿੱਸੇ ਇਕ ਤਰ੍ਹਾਂ ਨਾਲ ਸਮੁਚੀ ਦੁਨੀਆਂ ਦਾ ਇਤਿਹਾਸ ਹਨ। ਇਹਨਾਂ ਦੀ ਉੱਨਤੀ ਤੇ ਇਹਨਾਂ ਦੀਆਂ ਢਹਿੰਦੀਆਂ ਕਲਾਂ ਮਾਨਵਤਾ ਦੀ ਕਹਾਣੀ ਹੁਨ। ਇਹਨਾਂ ਹੀ ਹਿੱਸਿਆ ਵਿਚ ਮਨੁੱਖੀ ਸਭਿਅਤਾ ਪੰਘੂੜਿਆਂ ਵਿਚ ਪਲੀ, ਫਿਰ ਏਥੇ ਹੀ ਇਸ ਸਭਿਅਤਾ ਦੀ ਅਰਥੀ ਨਿਕਲੀ ਤੇ ਫਿਰ ਏਥੇ ਹੀ, ਏਥੋਂ ਦੀ ਹੀ ਖ਼ਾਕ ਵਿਚੋਂ, ਪਹਿਲੀ ਸਭਿਅਤਾ ਦੀ ਹੀ ਮੜ੍ਹੀ ਵਿਚੋਂ ਇਕ ਨਵੀਂ ਸਭਿਅਤਾ ਜੰਮੀ ਤੇ ਇਹ ਹਿੱਸੇ ਇਕ ਨਵੀਂ ਸਭਿਅਤਾ ਤੇ ਸੰਸਕ੍ਰਿਤੀ ਦਾ ਪੰਘੂੜਾ ਬਣੇ।

ਇਹਨਾਂ ਸਭ ਹਿੱਸਿਆਂ ਵਿਚੋਂ ਮਧ ਏਸ਼ੀਆ ਤੇ ਮਧ ਪੂਰਬ ਦਾ ਇਕ ਭਾਗ ਸਭ ਤੋਂ ਵਧ ਬੰਜਰ ਹੈ ਤੇ ਸਭ ਤੋਂ ਵਧ ਪਹਾੜੀ। ਏਸੇ ਲਈ ਇਸ ਹਿੱਸੇ ਵਿਚੋਂ ਉਭਰੀ ਸਭਿਅਤਾ, ਉਠੇ ਨੇਤਾ, ਬਾਦਸ਼ਾਹ ਤੇ ਜਰਨੈਲ ਮਨੁੱਖ ਦੀ ਨਵੀਨ ਬ੍ਰਿਤੀ ਨੂੰ ਇਕ ਅਜਬ ਤਰੀਕੇ ਨਾਲ ਟੁੰਭਦੇ ਹਨ। ਏਥੇ ਖਾਣ ਨੂੰ ਬੜਾ ਘਟ ਹੈ। ਏਥੇ ਮੀਂਹ ਬਹੁਤਾ ਨਹੀਂ ਵਸਦਾ। ਏਥੋਂ ਦੇ ਪਹਾੜ ਰੱਕੜ ਹਨ। ਏਥੋਂ ਦੀ ਧਰਤੀ ਬਾਂਝ ਹੈ। ਏਥੋਂ ਦੇ ਦਰਿਆ ਬੇਇਤਬਾਰੇ ਹਨ। ਸਦੀਆਂ ਦਰ ਸਦੀਆਂ ਏਥੇ ਜਿਹੜਾ ਮੀਂਹ ਵਸਿਆ ਹੈ, ਜਿਹੜੇ ਵੀ ਦਰਿਆ ਘੁੰਮੇ ਫਿਰੇ ਹਨ, ਉਹਨਾਂ ਨਾਲ ਕਿਤੇ ਬਹੁਤੀ ਖੇਤੀ ਨਹੀਂ ਹੋਈ, ਕਿਤੇ ਦਰਖ਼ਤ ਨਹੀਂ ਉੱਗੇ, ਝਾੜੀਆਂ ਵੀ ਨਹੀਂ ਪਰੁੰਬਲੀਆਂ। ਏਥੇ ਸਿਰਫ਼ ਕਿਤੇ ਕਿਤੇ ਕੁਝ ਖਾਣ ਨੂੰ ਉਪਜਦਾ ਹੈ ਤੇ ਕਿਤੇ ਕਿਤੇ ਪੀਣ ਨੂੰ ਪਾਣੀ ਮਿਲਦਾ ਹੈ। ਵਧ ਤੋਂ ਵਧ ਨਿੱਕਾ ਨਿੱਕਾ ਦੋ ਉਂਗਲਾਂ ਉੱਚਾ ਘਾ ਪੈਦਾ ਹੁੰਦਾ ਹੈ ਤੇ ਬਸ!

ਇਸ ਦੋ ਉਂਗਲੇ ਘਾ ਉੱਤੇ ਭੇਡਾਂ ਬਕਰੀਆਂ ਪਲਦੀਆਂ ਹਨ। ਹੋਰ ਕੁਝ ਨਹੀਂ ਪਲ ਸਕਦਾ। ਮੱਝਾਂ ਤੇ ਗਾਵਾਂ ਦੀ ਭੁਖ ਇਹ ਘਾ ਸਹਾਰ ਨਹੀਂ ਸਕਦਾ। ਜਿਥੇ ਪਾਣੀ ਤੇ ਅਨਾਜ ਹੁੰਦਾ ਹੈ ਉਥੇ ਊਂਠ ਤੇ ਘੋੜੇ ਪਲਦੇ ਰਹੇ ਹਨ। ਇਸ ਲਈ ਨਹੀਂ ਕਿ ਇਹ ਗਾਵਾਂ ਮੱਝਾਂ ਤੋਂ ਘਟ ਜਾਂ ਵਧ ਖਾਂਦੇ ਹਨ — ਸਗੋਂ ਇਸ ਲਈ ਕਿ ਗਾਵਾਂ ਮੱਝਾਂ ਤੋਂ ਵਧ ਏਥੇ ਊਠਾਂ ਤੇ ਘੋੜਿਆਂ ਦੀ ਲੋੜ ਹੈ। ਕਿਤੇ ਆਉਣ ਜਾਣ ਵਾਸਤੇ, ਲੜਾਈਆਂ ਵਾਸਤੇ ਤੇ ਸਭ ਤੋਂ ਵਧ ਸ਼ਿਕਾਰ ਵਾਸਤੇ ਇਹ ਜਾਨਵਰ ਕੀਮਤੀ ਹਨ।

ਦੁਨੀਆਂ ਦੇ ਇਸ ਹਿੱਸੇ ਵਿਚ ਸਨ ਬਲਖ਼ ਤੇ ਬੁਖ਼ਾਰਾ। ਬਲਖ਼ ਏਸ਼ੀਆ ਵਿਚ ਸ਼ਹਿਰਾਂ ਦੀ ਮਾਂ ਮਿਥੀ ਜਾਂਦੀ ਹੈ ਤੇ ਬੁਖ਼ਾਰੇ ਦੀ ਦਸਤਕਾਰੀ ਸ਼ਾਨਦਾਰ ਸੀ। ਦੁਨੀਆਂ ਦੇ ਏਸੇ ਹਿੱਸੇ ਵਿਚ ਸਨ ਬਸਰਾ ਤੇ ਬਗ਼ਦਾਦ। ਦੁਨੀਆਂ ਦੇ ਏਸੇ ਹਿੱਸੇ ਵਿਚ ਸਕੰਦਰ ਆਜ਼ਮ ਨੇ ਹੈਰਾਤ ਅਤੇ ਕੰਧਾਰ ਤੇ ਆਪਣੇ ਨਾਂ ਨਾਲ ਮਿਲਦੇ ਜੁਲਦੇ ਕਈ ਹੋਰ ਸ਼ਹਿਰ ਵਸਾਏ ਸਨ। ਜਿਹੜਾ ਵੀ ਕੋਈ ਮਨੁੱਖ ਦੁਨੀਆਂ ਦੇ ਪ੍ਰਾਚੀਨ ਇਤਿਹਾਸ ਵਿਚ ਕੋਈ ਸਾਖ ਰਖਦਾ ਹੈ ਉਹ ਏਸ ਹਿੱਸੇ ਵਿਚੋਂ ਜ਼ਰੂਰ ਕਿਤੋਂ ਲੰਘਿਆ ਹੈ, ਜ਼ਰੂਰ ਏਥੇ ਰਮਿਆ ਹੈ।

ਏਥੇ ਜ਼ਿੰਦਗੀ ਬੜੀ ਕਠਨ ਹੈ। ਏਥੇ ਖਾਣ ਨੂੰ ਨਹੀਂ ਤੇ ਪਹਿਨਣ ਨੂੰ ਉਸ ਤੋਂ ਵੀ ਘਟ ਹੈ। ਏਥੇ ਓਦੋਂ ਜੇ ਰੇਲਾਂ ਨਹੀਂ ਸਨ ਤਾਂ ਅੱਜ ਤਕ ਵੀ ਇਹ ਸੋਹਣੀ ਤਰ੍ਹਾਂ ਬਣ ਨਹੀਂ ਸਕੀਆਂ। ਏਥੇ ਜੇ ਓਦੋਂ ਸੜਕਾਂ ਨਹੀਂ ਸਨ ਤਾਂ ਅੱਜ ਤਕ ਵੀ ਰੜੇ ਮੈਦਾਨਾਂ ਜਾਂ ਮੁਸ਼ਕਲ ਘਾਟੀਆਂ ਵਿਚ ਮੋਟਰਾਂ ਰੱਬ-ਆਸਰੇ ਹੀ ਟੁਰਦੀਆਂ ਹਨ। ਏਥੇ ਲੋਕਾਂ ਪਾਸ ਬੜੀ ਵਿਹਲ ਹੈ

Scanned by CamScanner

ਤੇ ਇਕ ਗਲੋਂ ਵਿਹਲ ਹੈ ਵੀ ਨਹੀਂ। ਜੀ ਦੇ ਉਪਹਾਰ ਵਾਸਤੇ ਕੁਝ ਪੈਦਾ ਕਰਨ ਵਿਚ ਏਨੀਂ ਮਿਹਨਤ ਖ਼ਰਚ ਹੋ ਜਾਂਦੀ ਹੈ ਕਿ ਰਹਿੰਦੀ ਵਿਹਲ ਕਿਸੇ ਉਪਜਾਊ ਕੰਮ ਵਿਚ ਵਰਤੀ ਨਹੀਂ ਜਾ ਸਕਦੀ।

ਏਸੇ ਲਈ ਸ਼ਾਇਦ ਏਥੇ ਬਹੁਤੀ ਕ਼ਲਾ ਤੇ ਸਾਹਿਤ ਨਹੀਂ ਫੁਟਿਆ। ਤੇ ਏਸੇ ਲਈ ਸ਼ਾਇਦ ਇਸ ਹਿੱਸੇ ਨੇ ਸਿਰਫ਼ ਜਰਨੈਲ ਤੇ ਸਿਪਾਹੀ ਪੈਦਾ ਕੀਤੇ ਹਨ। ਏਥੇ ਆਪਣੀ ਰੋਜ਼ੀ ਵਾਸਤੇ ਹਰ ਕੋਈ ਸਿਪਾਹੀ ਹੈ। ਏਥੋਂ ਦੀ ਕਠਨ ਜ਼ਿੰਦਗੀ ਸਿਰਫ਼ ਸਿਪਾਹੀ ਹੀ ਬਤੀਤ ਕਰ ਸਕਦੇ ਹਨ, ਕੂਲੇ ਆਦਮੀ ਨਹੀਂ। ਏਥੋਂ ਦੇ ਭਰਾਉਣੇ ਤੇ ਬਾਂਝ ਪਹਾੜਾਂ, ਏਥੋਂ ਦੇ ਰੜੇ ਮੈਦਾਨਾਂ, ਏਥੋਂ ਦੀ ਬਰਫ਼ ਤੇ ਕੁਝ ਥਾਵਾਂ ਦੀ ਬੇਹਿਸਾਬ ਗਰਮੀ ਨੇ ਹੀ ਚੰਗੇਜ਼, ਹਲਾਕੂ, ਤੈਮੂਰ, ਬਾਬਰ, ਗਜ਼ਨੀ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਉਪਜਾਏ।

ਪਰ ਇਹਨਾਂ ਬਹਾਦਰਾਂ ਦੀ ਬਹਾਦਰੀ ਕਿਸ ਕੰਮ ਜੇ ਇਹ ਆਪਣੇ ਕਬੀਲਿਆਂ ਨੂੰ ਰੱਜ ਕੇ ਖੁਆ ਨਾ ਸੱਕੇ? ਪਹਿਨਣ ਪਹਿਨਾਣ ਦੀ ਗੱਲ ਵਖਰੀ। ਇਹ ਵੀ ਕੋਈ ਜ਼ਿੰਦਗੀ ਸੀ ਕਿ ਹਰ ਵੇਲੇ ਰੋਟੀ ਵਾਸਤੇ ਜਾਨ ਜੋਖਾਂ ਵਿਚ ਪਾ ਕੇ ਸ਼ਿਕਾਰ ਖੇਡੇ ਰਹਿਣਾ ਜਾਂ ਸਾਲ ਸਾਲ ਦੋ ਦੋ ਸਾਲ ਪਾਲੀ ਭੇਡ ਨੂੰ ਵਢ ਖਾਣਾ! ਇਹ ਹੀ ਨਹੀਂ, ਔਨੀਆਂ ਭੇਡਾਂ ਵੀ ਕਿਥੇ ਕਿ ਹਰ ਸਵੇਰ ਜਾਂ ਸ਼ਾਮ ਇਕ ਹਲਾਲ ਕੀਤੀ ਜਾ ਸਕੇ ਜਾਂ ਝਟਕਾਈ ਜਾ ਸਕੇ।

ਮਸੋਂ ਦੋ ਦੋ ਉਂਗਲ ਉੱਚਾ ਘਾ, ਉਹ ਵੀ ਸਾਰਾ ਸਾਲ ਕਿਥੇ। ਭੇਡਾਂ ਤੇ ਬਕਰੀਆਂ ਕੀ ਖਾਣ? ਕਿਵੇਂ ਆਪ ਜੀਊਂਦੀਆਂ ਰਹਿਣ ਤੇ ਆਪਣੇ ਰਖਵਾਲਿਆਂ ਨੂੰ ਜੀਊਂਦਾ ਰਖਣ। ਸੋ ਇਹਨਾਂ ਬਹਾਦਰਾਂ ਨੂੰ ਲੋੜ ਸੀ ਖਾਣ ਦੀ। ਏਥੇ ਖਾਣ ਦੀ ਏਨੀਂ ਤੰਗੀ ਸੀ ਤੇ ਹੈ ਕਿ ਇਹਨਾਂ ਲੋਕਾਂ ਵਾਸਤੇ ਰੱਜ ਕੇ ਰੋਟੀ ਖਾਣੀ ਸਭ ਤੋਂ ਵੱਡੀ ਨਿਆਮਤ ਸੀ ਤੇ ਹੈ।

ਨੇੜ ਨਾਲ ਹਿੰਦੁਸਤਾਨ ਇਕ ਅਜਿਹਾ ਮੁਲਕ ਸੀ ਕਿ ਜਿਥੇ ਖਾਣੇ ਨੂੰ ਸੱਬਰਘਤਾ ਸੀ। ਹਿੰਦੁਸਤਾਨ ਹੀ ਇਕ ਮੁਲਕ ਸੀ ਕਿ ਜਿਥੋਂ ਦੇ ਪਹਾੜ ਬਾਂਝ ਤੇ ਰੱਕੜ ਨਹੀਂ ਸਨ। ਹਿੰਦੁਸਤਾਨ ਦੀ ਧਰਤੀ ਅਜਿਹੀ ਉਪਜਾਊ ਸੀ ਕਿ ਬਿਨਾਂ ਕੁਝ ਬੀਜੇ ਖਾਣ ਨੂੰ ਚੋਖਾ ਤੇ ਸੰਹਣਾ। ਐਵੇਂ ਬੇਧਿਆਨੇ ਖੁੰਡੀ ਨਾਲ ਖੋਦਿਆਂ ਨਿਰਮਲ ਜਲ ਦੀ ਧਾਰਾ ਵਹਿ ਤੁਰੇ। ਸਿਰਫ਼ ਪੀਣ ਨੂੰ ਨਹੀਂ ਇਸ ਪਾਣੀ ਨਾਲ ਤਾਂ ਮਧ ਏਸ਼ੀਆ ਦੇ ਲੋਕਾਂ ਦੀ ਜਨਮ ਜਨਮ ਦੀ ਤ੍ਰਿਖਾ ਮਿਟ ਜਾਏ। ਏਥੇ ਦੇ ਦਰਿਆਵਾਂ ਵਿਚ ਪਾਣੀ ਵੀ, ਠਰੰਮੇ ਭਰਿਆ ਵਹਾ ਵੀ, ਸੰਗੀਤ ਵੀ, ਲੰਘਦੇ ਜਾਂਦੇ ਬੰਦਿਆਂ ਨੂੰ ਖਿਚ ਲੈਣ ਦੀ ਸ਼ਕਤੀ ਵੀ। ਏਥੇ ਦੇ ਜੰਗਲਾਂ ਤੇ ਬੇਲਿਆਂ ਵਿਚ ਜਾਨਵਰ ਤੇ ਪੰਛੀ। ਜੇ ਮਾਰ ਕੇ ਖਾਣੇ ਹੋਣ ਤਾਂ ਮੁਕਣ ਨਾਂਹ, ਜੇ ਉਹਨਾਂ ਦੇ ਰਾਗਾਂ ਦਾ ਰਸ ਮਾਨਣਾ ਹੋਵੇ ਤਾਂ ਕਦੀ ਤੋਟ ਨਾ ਆਵੇ। ਹਿੰਦੁਸਤਾਨ ਦੀ ਧਰਤੀ ਛਾਵਾਂ ਭਰੀ। ਇਸ ਧਰਤੀ ਦੀ ਗਰਮੀ ਸਹਿਣ ਜੋਗ, ਇਸ ਧਰਤੀ ਦੀ ਸਰਦੀ ਯਖ਼ ਬਰਫ਼ਾਂ ਤੋਂ ਰਹਿਤ।

ਹਿੰਦੁਸਤਾਨ ਕਿਨੂੰ ਨਾ ਖਿਚਦਾ? ਕਿਨੂੰ ਨਾ ਟੁੰਬਦਾ? ਹਿੰਦੁਸਤਾਨ ਇਕ ਸੁਰਗ ਸੀ। ਦੁਨੀਆਂ ਉੱਤੇ ਸਾਮਰਥੱ ਤੇ ਸੱਚੀਂ ਮੁੱਚੀ ਦਾ ਸੁਰਗ। ਸੋ ਹਿੰਦੁਸਤਾਨ ਦੀ ਇਹ ਕਸ਼ਸ਼ ਸਭਨਾਂ ਨੂੰ ਏਥ ਖਿਚ ਲਿਆਂਦੀ ਰਹੀ। ਏਥੇ ਕੌਣ ਕੌਣ ਨਾ ਆਇਆ? ਤੇ ਏਥੇ ਆ ਕੇ ਏਥੋਂ ਜੋਗਾ ਹੀ ਨਾ ਹੋ ਗਿਆ? ਆਰੀਆਂ ਤੋਂ ਲੈ ਕੇ ਅਹਿਮਦ ਸ਼ਾਹ ਤਕ ਹਿੰਦੁਸਤਾਨ ਦੇ ਇਹਨਾ ਦਿਲਦਾਦਿਆਂ ਦੀ ਇਕ ਲਾਮਡੋਰੀ ਲਗੀ ਰਹੀ। ਤੇ ਇਹਨਾਂ ਵਿਚੋਂ ਬਹੁਤੇ ਜਣੇ ਆਉਂਦੇ ਜੇਤੂਆਂ ਵਾਂਙ। ਇਹ ਆਉਂਦੇ ਆਪਣੀ ਬਹਾਦਰੀ ਦੇ ਮਾਨ ਵਿਚ ਮੱਤੇ। ਇਹ ਆਪਣੇ ਘੋੜਿਆਂ ਤੇ ਊਠਾਂ ਦੇ ਡਖਰਮੰਦ ਸਨ। ਬਰਫ਼ਾਂ ਤੇ ਲੂਆਂ ਵਿਚ ਆਪਣੇ ਪੱਕ ਚੁਕੇ ਤੇ ਸਹੋਦੜ ਜਿਸਮਾਂ ਦਾ ਇਹਨਾਂ ਨੂੰ ਘਮੰਡ ਸੀ। ਤੇ ਏਧਰ ਹਿੰਦੁਸਤਾਨ ਵਿਚ ਕੀ ਲੋੜ ਸੀ ਭਲਾ ਜਿਸਮ ਕਮਾਣ ਦੀ ਤੇ ਘੋੜਿਆਂ ਦੀ ਸਵਾਰੀ ਕਰਨ ਦੀ? ਏਥੇ ਕੀ ਖਾਣ ਨੂੰ ਘੱਟ ਸੀ? ਏਥੇ ਕੋਈ ਕਿਸੇ ਸ਼ੈ ਦੀ ਥੋੜ ਸੀ?

ਸੋ ਇਹ ਆਉਂਦੇ, ਆਪਣੀ ਭੁਖ ਤੇ ਪਿਆਸ ਮਿਟਾਂਦੇ, ਕੁਝ ਦੇਸ਼ ਭਗਤ ਵਾਪਸ ਚਲੇ ਜਾਂਦੇ ਤੇ ਕੁਝ ਲਾਲਚੀ ਇਥੇ ਰਹਿ ਜਾਂਦੇ। ਏਸੇ ਤਰ੍ਹਾਂ ਇਹ ਆਉਂਦੇ ਰਹੇ ਤੇ ਜਾਂਦੇ ਰਹੇ ਜਾਂ ਟਿਕ ਜਾਂਦੇ ਰਹੇ। ਉੱਤਰੀ ਪਛਮੀ ਹਿੰਦੁਸਤਾਨ ਇਹਨਾਂ ਹਮਲਾ-ਆਵਰਾਂ ਅਗੇ ਝੁਕ ਜਾਂਦਾ ਰਿਹਾ। ਤੇ ਇਹਨਾਂ ਦੇ ਜਾਣ ਪਿਛੋਂ ਆਪਣੀ ਧੌਣ ਫਿਰ ਉੱਚੀ ਕਰ ਖਲੋਂਦਾ ਰਿਹਾ। ਅਨੇਕ ਵਾਰ ਇਹਨਾਂ ਅਗੇ ਨਾ ਹੀ ਇਹ ਝੁਕਦਾ, ਨਾ ਹੀ ਇਹ ਲੜਦਾ। ਲੜਨਾ ਕਾਸ ਨੂੰ, ਕਾਹਦੇ ਲਈ? ਏਥੇ ਕੀ ਖਾਣ ਨੂੰ ਘਟ ਹੈ। ਜੋ ਮਰਜ਼ੀ ਹੈ ਆਵੇ। ਰੱਬ ਦਾ ਦਿਤਾ ਬਹੁਤ ਕੁਝ।

ਇਹਨਾਂ ਪੇਸ਼-ਕਦਮੀਆਂ ਦੇ ਜੁਆਬ ਵਿਚ ਹਿੰਦੁਸਤਾਨ ਨੇ ਕਦੀ ਮਧ-ਏਸ਼ੀਆ ਜਾਂ ਮਧ-ਪੂਰਬ ਵਿਚ ਪੇਸ਼-ਕਦਮੀ ਕਰਨ ਦੀ ਨਾ ਸੱਚੀ। ਲੋੜ ਹੀ ਕਿਹੜੀ ਸੀ ਭਲਾ ਹਿੰਦੁਸਤਾਨੀਆਂ ਨੂੰ ਏਧਰ ਆਉਣ ਦੀ? ਉਹਨਾਂ ਨੂੰ ਕਿਸੇ ਸ਼ੈ ਦੀ ਤੰਦ

ਨਹੀਂ ਸੀ। ਉਹਨਾਂ ਨੂੰ ਕੀ ਫ਼ਾਲਤੂ ਚਾਹੀਦਾ ਸੀ ? ਉਹ ਕਿਉਂ ਇਹਨਾਂ ਹਿੱਸਿਆਂ ਵਿਚ ਆ ਕੇ ਗਲ ਮੁਸੀਬਤ ਸਹੇੜਨ; ਇਕ ਤਰ੍ਹਾਂ ਦਾ ਭਾਰਾ ਚੁਕਣ।

ਠੀਕ ਕਦੀ ਗੰਧਾਰ ਜਾਂ ਕੰਧਾਰ ਵਿਚ ਬੁਧ ਮੱਤ ਫੈਲਿਆ। ਏਥੇ ਭਾਰਤੀ ਸਭਿਅਤਾ ਪ੍ਰਫੁੱਲਤ ਹੋਈ। ਕਾਬਲ ਤੋਂ ਡੇਢ ਸੌ ਮੀਲ ਦੂਰ ਬਾਮਿਆਨ ਵਿਚੇ ਮਹਾਤਮਾ ਬੁਧ ਦੀਆਂ ਮੂਰਤੀਆਂ ਦੁਨੀਆਂ ਦੀ ਹਰ ਹੋਰ ਥਾਂ ਵਿਚ ਸਥਾਪਿਤ ਬੁਧ ਭਗਵਾਨ ਦੀਆਂ ਮੂਰਤੀਆਂ ਨਾਲੋਂ ਆਕਾਰ ਵਿਚ ਵੱਡੀਆਂ ਤੇ ਪ੍ਰਭਾਵ ਵਿਚ ਤੇਜਸਵੀ ਹਨ। ਏਸੇ ਤਰ੍ਹਾਂ ਰਣਜੀਤ ਸਿੰਘ ਪਿਸ਼ਾਵਰ ਨੂੰ ਸਰ ਕਰਦਾ ਖ਼ੈਬਰ ਤਕ ਪਹੁੰਚਿਆ ਪਰ...ਪਰ ਖ਼ੈਬਰ ਤੋਂ ਅਗੇ ਕਿਸੇ ਚੀਜ਼ ਦੀ ਕਸ਼ਸ਼ ਨਹੀਂ। ਕੋਈ ਸ਼ੈ ਟੁੰਭਨ ਜੋਗ ਨਹੀਂ ਸੀ ?

ਸੋ ਇਹ ਇਕ-ਪਾਸਗੀ ਪੇਸ਼-ਕਦਮੀ ਹਿੰਦੁਸਤਾਨ ਤੇ ਮਧ ਏਸ਼ੀਆ ਦੇ ਇਤਿਹਾਸ ਦਾ ਹੀ ਨਹੀਂ, ਸੰਸਾਰ ਇਤਿਹਾਸ ਦਾ ਇਕ ਅੰਗ ਬਣ ਗਈ। ਹੌਲੀ ਹੌਲੀ ਇਸ ਪੇਸ਼ਕਦਮੀ ਦੀ ਪਰੇਰਨਾ ਤਾਂ ਬੇਸ਼ਕ ਉਹੋ ਰਹੀ ਪਰ ਉਹਦੀ ਨੁਹਾਰ ਬਦਲਦੀ ਗਈ। ਤੱਥ ਤੇ ਮੂਲ ਉਹੋ ਸੀ ਪਰ ਇਸ ਮੂਲ ਦੇ ਆਲੇਦੁਆਲੇ ਨਵੀਆਂ ਦਲੀਲਾਂ ਜੁੜਦੀਆਂ ਗਈਆਂ।

ਬਾਰ੍ਹਵੀਂ ਤੇਰ੍ਹਵੀਂ ਸਦੀ ਵਿਚ ਮਧ ਏਸ਼ੀਆ ਵਲੋਂ ਭੁੱਖਾਂ, ਪਿਆਸਾਂ, ਬਰਫ਼ਾਂ ਤੇ ਲੂਆਂ ਤੋਂ ਅੱਕੇ ਹੋਏ ਆਉਂਦੇ ਜਰਨੈਲ ਤੇ ਸਿਪਾਹੀ ਹਿੰਦੁਸਤਾਨ ਨੂੰ ਨਹੀਂ ਹਿੰਦੂ ਹਿੰਦੁਸਤਾਨ ਨੂੰ ਲੁਟਣਾ ਆਪਣਾ ਮਜ਼ਹਬੀ ਹੱਕ ਸਮਝਣ ਲਗੇ। ਮੋਮਨ ਤੇ ਕਾਫ਼ਰ ਦਾ ਵਿਤਕਰਾ ਵਿਚ ਆ ਪਿਆ ਤੇ ਇਹਨਾਂ ਪੇਸ਼-ਕਦਮੀਆਂ ਦਾ ਰੰਗ ਬਦਲ ਗਿਆ। ਇਸ ਮਸਲੇ ਤੇ ਇਸ ਵਿਤਕਰੇ ਦੇ ਪੈਦਾ ਹੁੰਦਿਆਂ ਨਾਲ ਹੀ ਹਿੰਦੁਸਤਾਨੀਆਂ ਵਿਚ ਵੀ "ਮੈਂ" ਜਾਗੀ। ਉਹਨਾਂ ਦੀ ਜ਼ਮੀਰ ਧੜਕੀ। ਉਹਨਾਂ ਦੇ ਦਿਲ ਫੜਕੇ ਤੇ ਉਹਨਾਂ ਦੀਆਂ ਦਿਮਾਗ਼ੀ ਸੋਚਾਂ ਨੇ ਹਲੂਣਾ ਖਾਧਾ। "ਇਹ ਅਨਿਆਂ ਹੈ," ਉਹਨਾਂ ਵਿਚੋਂ ਕੋਈ ਸ਼ੈ ਕੂਈ।

ਅਜੇ ਤਕ ਸਭ ਕੁਝ ਠੀਕ ਸੀ। ਅਜੇ ਤਕ ਮਧ ਏਸ਼ੀਆ ਵਲੋਂ ਹੋ ਰਹੀ ਪੇਸ਼-ਕਦਮੀ ਭੁਖ ਤੇ ਤ੍ਰੇਹ ਨੂੰ ਮਿਟਾਣ ਵਾਸਤੇ ਸੀ। ਇਹ ਪੇਸ਼-ਕਦਮੀ ਮਨੁਖ ਦੀਆਂ ਜਮਾਂਦਰੂ ਲੋੜਾਂ ਪੂਰੀਆਂ ਕਰਨ ਦਾ ਉਪਰਾਲਾ ਸੀ। ਇਹ ਜਮਾਂਦਰੂ ਲੋੜਾਂ ਪ੍ਰਮਾਤਮਾ ਨੇ ਧੁਰ ਤੋਂ ਮਨੁਖੀ ਹਿਰਦੇ, ਮਨੁਖੀ ਜਿਸਮ ਵਿਚ ਧਰੀਆਂ ਸਨ। ਪ੍ਰਮਾਤਮਾ ਨੇ ਹੀ ਹਿੰਦੁਸਤਾਨ ਨੂੰ ਕੁਦਰਤੀ ਦੌਲਤ ਨਾਲ ਅਮੀਰ ਤੇ ਮਧ ਏਸ਼ੀਆ ਨੂੰ ਗ਼ਰੀਬ ਬਣਾਇਆ ਸੀ। ਹਿੰਦ ਵਿਚ ਪ੍ਰਮਾਤਮਾ ਦੀ ਇਹ ਦਾਤ ਉਹਦੀ ਸਭ ਮਖ਼ਲੂਕਾਤ ਲਈ ਸੀ। ਥੋੜ ਕੋਈ ਨਹੀਂ ਸੀ ਤੇ ਲੋਕ ਸਮਝਦੇ ਸਨ ਕਿ ਜਦੋਂ ਕੋਈ ਥੋੜ ਹੋਈ ਤਾਂ ਵੇਖੀ ਜਾਏਗੀ।

ਪਰ ਹੁਣ ਕੀ ਹੋਇਆ ? ਇਕ ਪਖ-ਪਾਤੀ ਦਰਿਸ਼ਟੀਕੋਣ ਤੋਂ ਇਹ ਲੋਕ ਹਿੰਦੁਸਤਾਨ ਉੱਤੇ ਆਪਣਾ ਹਕ ਸਮਝਣ ਲਗ ਪਏ। ਹੁਣ ਹਿੰਦੁਸਤਾਨ ਕਾਫ਼ਰ ਹੋ ਗਿਆ। ਹੁਣ ਹਿੰਦੁਸਤਾਨੀਆਂ ਉੱਤੇ ਜ਼ੁਲਮ ਹੋਣ ਲਗੇ। ਹੁਣ ਦੀ ਲੜਾਈ ਪਹਿਲੇ ਵਰਗੀ ਲੜਾਈ ਨਾ ਰਹੀ। ਹੁਣ ਦੀ ਲੜਾਈ ਵਿਚ ਨਫ਼ਰਤ ਆ ਸ਼ਾਮਿਲ ਹੋਈ। ਹੁਣ ਤੋਂ ਇਹਨਾਂ ਲੜਾਈਆਂ ਵਿਚ ਮਜ਼ਹਬ ਆ ਸ਼ਾਮਿਲ ਹੋਇਆ। ਹੁਣ ਹਿੰਦੁਸਤਾਨ ਕਿਸ ਤਰ੍ਹਾਂ ਇਹਨਾਂ ਭੁਖਿਆਂ ਤੇ ਤਰਿਹਾਇਆਂ ਨੂੰ ਸਵੀਕਾਰ ਕਰਦਾ ? ਨਹੀਂ, ਹੁਣ ਇਹਨਾਂ ਨਾਲ ਖੰਡਾ ਖੜਕਾਣਾ ਪਏਗਾ। ਹੁਣ ਕੁਝ ਨਾ ਕੁਝ ਕਰਨਾ ਪਏਗਾ। ਜਿਹੜੇ ਪਹਿਲਿਆਂ ਵਾਂਗ ਹੀ ਆਉਣਗੇ ਸਿਰਫ਼ ਉਹਨਾਂ ਨੂੰ ਹੀ ਪਹਿਲਿਆਂ ਵਾਂਗ ਠਾਹਰ ਮਿਲੇਗੀ। ਇਉਂ ਅੰਤ ਇਕ ਹੈਰਾਨੀ-ਜਨਕ ਜਦੋ-ਜਹਿਦ ਸ਼ੁਰੂ ਹੋਈ।

ਹਿੰਦੁਸਤਾਨ ਵਲੋਂ ਇਸ ਜਦੋ-ਜਹਿਦ ਦੇ ਤਿੰਨ ਮੋਹਰੀ ਸਨ — ਰਾਜਪੂਤ, ਮਰਹੱਟੇ ਤੇ ਸਿਖ। ਰਾਜਪੂਤ, ਮਰਹੱਟੇ ਤੇ ਸਿਖ; ਤਿੰਨੇ ਸਿਰ ਧੜ ਦੀਆਂ ਬਾਜ਼ੀਆ ਲਾ ਕੇ ਲੜੇ। ਤਿੰਨੇ ਤਲਵਾਰ ਦੇ ਧਨੀ ਸਨ ਤੇ ਕੌਲਾਂ ਦੇ ਪੱਕੇ। ਤਿੰਨਾਂ ਦਾ ਜੋਸ਼ ਬੇ-ਬਹਾ ਸੀ ਤੇ ਤਿੰਨਾਂ ਦਾ ਹੀ ਜਿਗਰਾ ਧੰਨ। ਇਹ ਤਿੰਨੇ ਹੀ ਆਪਣੇ ਵਿਰੋਧੀਆਂ ਤੋਂ ਬਾਜ਼ੀ ਲੈ ਗਏ। ਕੂਲੇ ਤੇ ਸੋਹਲ ਮੁਲਕ ਤੇ ਜਾਤੀ ਵਿਚੋਂ ਜਨਮ ਲੈ ਕੇ ਇਹ ਤਿੰਨੇ ਹੀ ਐਡੇ ਕਰੜੇ ਤੇ ਜ਼ੋਰਾਵਰ ਬਣੇ ਕਿ ਬਰਫ਼ਾਂ ਤੇ ਲੂਆਂ ਤੇ ਭੁਖਾਂ ਪਿਆਸਾਂ ਨਾਲ ਸਹੇਂਦੜ ਹੋਏ ਮੁਗ਼ਲਾਂ ਤੇ ਪਠਾਣਾਂ ਨੂੰ ਨੀਵਾਂ ਵਿਖਾ ਸਕੇ।

ਪਰ ਨੇਤ ਅਜਿਹੀ ਕਿ ਰਾਜਪੂਤ ਉੱਤਰੀ ਪਛਮੀ ਹਿੰਦੁਸਤਾਨ ਤੋਂ ਜ਼ਰਾ ਪਰਾਡੇ ਸਨ ਤੇ ਮਰਹੱਟੇ ਰਾਜਪੂਤਾਂ ਤੋਂ ਵੀ ਦੂਰ। ਇਹਨਾਂ ਤਕ ਪਹੁੰਚਦਿਆਂ ਪਹੁੰਚਦਿਆਂ ਹਮਲਾ-ਆਵਰ ਦੇ ਹਥਿਆਰ ਕੁੰਦ ਹੋ ਜਾਂਦੇ ਸਨ। ਪਰ ਸਿਖਾਂ ਦੀ ਧਰਤੀ ਇਹਨਾਂ ਹਮਲਾ-ਆਵਰਾਂ ਦਾ ਪਹਿਲਾ ਪੜਾਅ ਸੀ। ਸਿੱਖਾਂ ਦੀ ਧਰਤੀ ਤਕ ਪਹੁੰਚਦਿਆਂ ਮੁਗ਼ਲ ਤੇ ਪਠਾਣ ਥੱਕ ਨਹੀਂ ਸਨ ਜਾਂਦੇ, ਸਗੋਂ ਇਸ ਧਰਤੀ ਵਿਚ ਪਹੁੰਚ ਕੇ ਹੀ ਉਹ ਆਪਣੇ ਜਿਸਮ ਛੰਡਦੇ ਸਨ ਤੇ ਤਲਵਾਰਾਂ ਦੀਆਂ ਧਾਰਾਂ ਤੇਜ਼ ਕਰਦੇ ਸਨ। ਸਿਖਾਂ ਦੀ ਧਰਤੀ ਪੰਜਾਬ ਏਸੇ ਲਈ ਹੀ ਭਾਰਤ ਤੇ ਬਦੇਸ਼ੀਆਂ ਵਿਚਕਾਰ ਜਦੋ-ਜਹਿਦ ਦਾ ਮੈਦਾਨ ਬਣੀ। ਪੰਜਾਬ ਭਾਰਤ ਦੀ

Scanned by CamScanner

ਧਰਤੀ ਦਾ ਚੁਨ ਬਣਿਆ ਤੇ ਸਿਖ ਭਾਰਤ ਦੀ ਜਾਗ ਤੇ ਅੰਗੜਾਈਆਂ ਲੈ ਰਹੀ ਜਨਤਾ ਦਾ ਚੁਨ। ਸਿਖਾਂ ਦੀ ਬਹਾਦਰੀ ਤੇ ਸੂਰਮਗਤੀ, ਹੌਂਸਲੇ ਤੇ ਜਿਗਰੇ ਦੀ ਮਿਸਾਲ ਭਾਰਤ ਦੀ ਲੁਪਤ ਬਹਾਦਰੀ ਤੇ ਸੂਰਮਗਤੀ, ਹੌਂਸਲੇ ਤੇ ਜਿਗਰੇ ਦੀ ਮਿਸਾਲ ਹੈ।

ਸਿਖਾਂ ਰਾਹੀਂ ਭਾਰਤ ਨੇ ਆਪਣੀ ਤਲਵਾਰ ਦਾ ਸਿੱਕਾ ਸਿਧ ਕੀਤਾ। ਸਿਖਾਂ ਰਾਹੀਂ ਹਿੰਦੁਸਤਾਨ ਨੇ ਆਪਣੀਆਂ ਭੁੱਜਾਂ ਦਾ ਜ਼ੋਰ ਦਰਸਾਇਆ। ਸਿਖਾਂ ਰਾਹੀਂ ਹਿੰਦੁਸਤਾਨ ਨੇ ਆਪਣੇ ਘੋੜ ਸਵਾਰਾਂ ਤੇ ਪਲਥੇ-ਬਾਜ਼ਾਂ ਦੀ ਵੈਨਗੀ ਦਸੀ। ਸਿਖਾਂ ਰਾਹੀਂ ਭਾਰਤ ਨੇ ਆਪਣੀ ਫ਼ੌਜੀ ਪ੍ਰਤਿਭਾ ਤੇ ਸੈਨਿਕ-ਸੂਝ ਦਾ ਉਦਾਹਰਣ ਦਿਤਾ। ਸਿਖਾਂ ਰਾਹੀਂ ਹਿੰਦੁਸਤਾਨ ਨੇ ਸਿਧ ਕੀਤਾ ਕਿ ਜੇ ਜੰਦੇ ਜਹਿਦ ਤੇ ਲੜਾਈ ਦਾ ਹੀ ਇਕੋ ਰਾਹ ਬਾਕੀ ਹੈ ਤਾਂ ਉਹ ਵੀ ਹਿੰਦੁਸਤਾਨ ਸਵੀਕਾਰ ਕੰਰ ਸਕਦਾ ਹੈ।

ਭਾਰਤ ਦੀ ਸਰ-ਜ਼ਮੀਨ ਵਲੋਂ ਜਦੋਂ ਸਿਖ ਮੈਦਾਨ ਵਿਚ ਨਿੱਤਰੇ ਤਾਂ ਓਦੋਂ ਮੁਕਾਬਲਾ ਪਠਾਣਾਂ ਨਾਲ ਸੀ। ਮੱਧ ਏਸ਼ੀਆ ਵਿਚੋਂ ਓਦੋਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਧੁਰ ਪੁਰਾਣੀ ਲੀਹ ਨੂੰ ਕਾਇਮ ਰਖ ਰਹੇ ਸਨ। ਭੁਖ ਤੇ ਤਰੇਹ ਦੇ ਸਤਾਏ ਹੋਏ ਉਹ ਭਾਰਤ ਵਿਚ ਅਨਾਜ ਤੇ ਪਾਣੀ ਨੂੰ ਢੂੰਡਦੇ ਆ ਰਹੇ ਸਨ, ਪਰ ਨਾਲੋ ਨਾਲ ਇਸ ਕਾਫ਼ਰ ਦੇਸ਼ ਨੂੰ ਲੁਟਣਾ ਤੇ ਕਾਫ਼ਰਾਂ ਨੂੰ ਦੁਨੀਆਂ ਤੋਂ ਖ਼ਤਮ ਕਰਨਾ ਵੀ ਉਹਨਾਂ ਦਾ ਇਕ ਨਿਸ਼ਾਨਾ ਸੀ।

ਇਹ ਨਵੀਂ ਜੰਦੇ ਜਹਿਦ ਕਿਸੇ ਹੋਰ ਪਹਿਲੀ ਜਦੋਂ ਜਹਿਦ ਨਾਲੋਂ ਭਿੰਨ ਸੀ ਤੇ ਵਧ ਖ਼ਤਰਨਾਕ। ਇਹ ਜਦੋ ਜਹਿਦ ਸਾਵਧਾਨ ਹੋ ਰਹੇ ਭਾਰਤ ਦੀ ਪਹਿਲੀ ਚੇਤੰਨ ਜਦੋ ਜਹਿਦ ਸੀ। ਸਿਖਾਂ ਦੀ ਅਛਗਾਨਾਂ ਨਾਲ ਜਦੋ ਜਹਿਦ ਉਸ ਜਦੋ ਜਹਿਦ ਦੀ ਸੂਚਕ ਹੈ ਜਿਹੜੀ ਕਿ ਭਾਰਤ ਨੇ ਅੱਜ ਦੋ ਸਦੀਆਂ ਹੋਰ ਬਦੇਸ਼ੀ ਰਾਜ ਦਾ ਸਾਹਮਣਾ ਕਰਦਿਆਂ ਜਾਰੀ ਰਖਣੀ ਸੀ।

੪੯

ਨਾਦਰ ਸ਼ਾਹ ਦਾ ਪਿਤਾ ਇਕ ਨਿਮਾਣਾ ਆਜੜੀ ਸੀ। ਅਨੇਕਾਂ ਹੋਰਨਾਂ ਆਜੜੀਆਂ ਵਾਂਗ ਉਹ ਵੀ ਭੇਡਾਂ ਬਕਰੀਆਂ ਪਾਲਦਾ ਤੇ ਲੋੜ ਵੇਲੇ ਉਹਨਾਂ ਨੂੰ ਆਪਣੇ ਆਪ ਨੂੰ ਤੇ ਆਪਣੇ ਟੱਬਰ ਦੇ ਪੇਟ ਨੂੰ ਝੁਲਕਾ ਦੇਣ ਵਾਸਤੇ ਵਢ ਸੁਟਦਾ। ਅਜੋਕੇ ਈਰਾਨ ਦੀ ਧਰਤੀ ਉੱਤੇ ਉਹਨੂੰ ਜਿਥੇ ਕਿਤੇ ਪਾਣੀ ਤੇ ਘਾ ਮਿਲਦਾ ਉਹ ਉਥੇ ਹੀ ਜਾ ਡੇਰੇ ਲਾਂਦਾ ਤੇ ਘਾ ਜਾਂ ਪਾਣੀ ਖ਼ਤਮ ਹੁੰਣ ਉੱਤੇ ਕਿਤੇ ਹੋਰ ਜਾ ਅਟਕਦਾ।

ਨਾਦਰ ਸ਼ਾਹ ਦਾ ਬਚਪਨ ਵੀ ਏਸੇ ਤਰ੍ਹਾਂ ਨਿਮਾਣੀ ਹਾਲਤ ਵਿਚ ਬੀਤਿਆ। ਪਰ ਨਾਦਰ ਸ਼ਾਹ ਆਪਣੇ ਪਿਤਾ ਵਾਂਗ ਸਾਬਰ ਤੇ ਸ਼ਾਕਰ ਨਹੀਂ ਸੀ। ਉਹ ਜਮਾਂਦਰੂ ਹੀ ਜੁੱਸੇ ਦਾ ਤਕੜਾ ਸੀ ਤੇ ਆਪਣੇ ਪਿਤਾ ਵਾਂਗ ਉਹਨੂੰ ਚਾਲ੍ਹੀ ਪੰਜਾਹ ਭੇਡਾਂ ਬਕਰੀਆਂ ਦੇ ਇੱਜੜ ਨੂੰ ਪਾਲਣ ਤੇ ਖਾਣ ਦਾ ਕਸਬ ਅਪਨਾਉਣਾ ਕਿਸੇ ਤਰ੍ਹਾਂ ਵੀ ਚੰਗਾ ਨਾ ਲਗਾ। ਇਕ ਦਿਨ ਉਹ ਕਿਸੇ ਨੇੜਲੇ ਕਬੀਲੇ ਦੀਆਂ ਭੇਡਾਂ ਤੇ ਬਕਰੀਆਂ ਦੀ ਵਾਹਰ ਹਿਕ ਲਿਆਇਆ। ਕਬੀਲੇ ਦੇ ਸਰਦਾਰਾ ਨੂੰ ਪਤਾ ਲੱਗਾ ਤਾਂ ਉਹ ਨਾਦਰ ਦੇ ਪਿਉ ਕੋਲ ਪਹੁੰਚੇ ਤੇ ਲੜਾਈ ਦੀ ਚਣੌਤੀ ਦਿਤੀ। ਨਾਦਰ ਦੇ ਪਿਓ ਨੇ ਹੱਥ ਪੈਰ ਜੋੜੇ ਤੇ ਆਪਣੇ ਇੱਜੜ ਦਾ ਇਕ ਭਾਗ ਅਰਪਣ ਕਰ ਕੇ ਉਹਨਾਂ ਨੂੰ ਖੁਸ਼ ਕੀਤਾ। ਨਾਦਰ ਸ਼ਾਹ ਦੀ ਪੁਛ ਪੜਤਾਲ ਹੋਈ। ਪਰ ਉਸ ਪਿਤਾ ਨੂੰ ਸਾਫ਼ ਕਹਿ ਦਿਤਾ ਕਿ ਉਹ ਇਸ ਸਾਦ-ਮੁਰਾਦੀ ਜ਼ਿੰਦਗੀ ਨਾਲ ਸੰਤੁਸ਼ਟ ਨਹੀਂ। ਉਹ ਆਪਣੇ ਅੰਦਰ ਉਛਾਲੇ ਮਾਰਦੇ ਜ਼ੋਰ ਨੂੰ ਸੰਭਾਲ ਨਹੀਂ ਸਕਦਾ। ਬੁਢਾ ਪਿਤਾ ਨਿਰਾਸ ਹੋਇਆ ਪਰ ਨਾਦਰ ਨੇ ਪ੍ਰਵਾਹ ਨਾ ਕੀਤੀ।

ਕੁਝ ਸਾਲਾਂ ਦੇ ਅੰਦਰ ਅੰਦਰ ਹੀ ਨਾਦਰ ਇਕ ਚੰਗੇ ਖਾਸੇ ਟੋਲੇ ਦਾ ਸਰਦਾਰ ਸੀ। ਉਹਦਾ ਇੱਜੜ ਭੇਡਾਂ ਬਕਰੀਆਂ ਦਾ ਨਹੀਂ, ਜ਼ਿਦਰ ਪਾਸ਼ ਤੇ ਲੜਾਕੇ ਨੌਜਵਾਨਾਂ ਦਾ ਇੱਜੜ ਸੀ। ਆਪਣੇ ਪਿਤਾ ਵਾਂਗ ਉਹ ਆਪ ਇੱਜੜ ਨੂੰ

Scanned by CamScanner

ਨਹੀਂ ਸੀ ਪਾਲਦਾ ਪਰ ਇੱਜੜ ਉਹਨੂੰ ਤੇ ਆਪਣੇ ਆਪ ਨੂੰ ਪਾਲਦਾ ਸੀ। ਆਲੇਦੁਆਲੇ ਦੇ ਸਾਰੇ ਕਬੀਲ ਨਾਦਰ ਕੋਲੋਂ ਕੰਬਣ ਲਗੇ। ਉਹਦੀ ਆਖੀ ਕਾਨੂੰਨ ਵਾਂਗ ਮੰਨੀ ਜਾਣ ਲਗੀ। ਕੁਝ ਵਰ੍ਹੇ ਹੋਰ ਗੁਜ਼ਰੇ ਤੇ ਨਾਦਰ ਦੀ ਸਾਖ ਈਰਾਨ ਦੇ ਬਾਦਸ਼ਾਹ ਤਕ ਜਾ ਪਹੁੰਚੀ। ਆਪ ਬਾਦਸ਼ਾਹ ਨੇ ਉਹਦੀ ਦੋਸਤੀ ਮੰਗੀ। ਇਹਨਾਂ ਹੀ ਦਿਨਾਂ ਵਿਚ ਅਜੋਕੇ ਅਫ਼ਗਾਨਿਸਤਾਨ ਦੇ ਇਲਾਕੇ ਵਲੋਂ ਈਰਾਨ ਉੱਤੇ ਹੱਲਾ ਹੋਇਆ। ਨਾਦਰ ਆਪਣੇ ਟੋਲੇ ਸਮੇਤ ਬਾਦਸ਼ਾਹ ਵਲੋਂ ਲੜਿਆ। ਲੜਿਆ ਤੇ ਜਿਤਿਆ। ਜਿਤਿਆ ਤੇ ਬਾਦਸ਼ਾਹ ਦਾ ਨਜ਼ਦੀਕੀ ਸਾਥੀ ਬਣਿਆ। ਬਾਦਸ਼ਾਹ ਦੇ ਮਰਨ ਉੱਤੇ ਉਸ ਆਪ ਗੱਦੀ ਮੱਲੀ। ਤੇ ਇਉਂ ਨਾਦਰ ਸ਼ਾਹ ਦੀਆਂ ਭਵਿਖਤ ਵਿਚ ਜਿਤੀਆਂ ਜਾਣ ਵਾਲੀਆਂ ਲੜਾਈਆਂ ਦਾ ਮੂਢ ਬੱਝਾ। ਉਹ ਜਲਦੀ ਹੀ ਸਾਰੇ ਅਫ਼ਗਾਨਿਸਤਾਨ ਉੱਤੇ ਕਾਬਜ਼ ਹੋ ਗਿਆ ਤੇ ਫਿਰ ਉਸ ਤੋਂ ਪਿਛੋਂ ਉਹ ਹਿੰਦੁਸਤਾਨ ਉੱਤੇ ਚੜ੍ਹ ਪਿਆ।

ਅਹਿਮਦ ਸ਼ਾਹ ਨਾਦਰ ਸ਼ਾਹ ਦਾ ਜਾਂ-ਨਸ਼ੀਨ ਸੀ। ਨਾਦਰ ਸ਼ਾਹ ਵਾਂਗ ਹੀ ਛੋਟੀ ਉਮਰ ਵਿਚ ਗ਼ਰੀਬ ਤੇ ਨਿਮਾਣਾ। ਉਦੋਂ ਇਹ ਅਹਿਮਦ ਸ਼ਾਹ ਦੀ ਥਾਂ ਅਹਿਮਦ ਖਾਂ ਹੁੰਦਾ ਸੀ। ਨਾਦਰ ਵਾਂਗ ਹੀ ਅਹਿਮਦ ਵੀ ਹੌਲੀ ਹੌਲੀ ਕਿਤੋਂ ਦਾ ਕਿਤੇ ਪਹੁੰਚਦਾ ਗਿਆ। ਅੰਤ ਆਪ ਨਾਦਰ ਦਾ ਇਤਬਾਰੀ ਜਰਨੈਲ ਬਣਿਆ ਤੇ ਉਹਦੀ ਮੌਤ ਪਿਛੋਂ ਉਹਦਾ ਜਾਂ-ਨਸ਼ੀਨ। ਨਾਦਰ ਦੁਰਾਨੀ ਸੀ ਤੇ ਅਹਿਮਦ ਅਬਦਾਲੀ। ਪਰ ਅਹਿਮਦ ਖਾਂ ਤੋਂ ਅਹਿਮਦ ਸ਼ਾਹ ਬਣਨ ਵੇਲੇ ਉਸ ਆਪਣੇ ਆਪ ਨੂੰ ਤੇ ਆਪਣੇ ਕਬੀਲੇ ਨੂੰ ਅਬਦਾਲੀ ਨਹੀਂ ਦੁਰਾਨੀ ਦਾ ਨਾਂ ਦਿਤਾ। ਨਾਂ ਦੀ ਇਸ ਤਬਦੀਲੀ ਨਾਲ ਅਹਿਮਦ ਆਪਣੇ ਮਾਲਕ ਤੇ ਆਪਣੇ ਪੁਰਾਣੇ ਸ਼ਾਹ ਨੂੰ ਉਹਦੀ ਕੀਤੀ ਦਾ ਹੱਥ ਲਗਦੇ ਕੁਝ ਨਾ ਕੁਝ ਇਵਜ਼ਾਨਾਂ ਦੇਣ ਦਾ ਚਾਹਵਾਨ ਸੀ। ਅਜ ਤਕ ਇਹ ਕਬੀਲਾ ਦੁਰਾਨੀ ਦੇ ਨਾਂ ਥੱਲੇ ਹੀ ਅਫ਼ਗਾਨਿਸਤਾਨ ਵਿਚ ਪ੍ਰਸਿਧ ਹੈ।

ਨਾਦਰ ਤੇ ਅਹਿਮਦ ਕੋਈ ਅਸਾਧਾਰਨ ਵਿਅਕਤੀਆਂ ਨਹੀਂ। ਮਧ ਏਸ਼ੀਆ ਦੀਆਂ ਬਹੁਤੀਆਂ ਇਤਿਹਾਸਕ ਵਿਅਕਤੀਆਂ ਏਸੇ ਪਰਕਾਰ ਹੀ ਸਿਫ਼ਰ ਤੋਂ ਸੋ ਬਣੀਆਂ ਹਨ। ਇਸ ਤਰ੍ਹਾਂ ਵਿਅਕਤੀਆਂ ਦਾ ਕੁਝ ਤੋਂ ਕੁਝ ਬਣਨਾ ਮਧ ਏਸ਼ੀਆ ਤੇ ਮਧ ਪੂਰਬ ਦੇ ਕੁਝ ਹਿਸਿਆਂ ਵਿਚ ਇਕ ਆਮ ਘਟਨਾ ਹੈ।

ਚੰਗੇਜ਼ ਖ਼ਾਨ ਵੀ ਨਾਦਰ ਵਾਂਗ ਹੀ ਗ਼ਰੀਬ ਤੇ ਨਿਮਾਣਾ ਸੀ। ਨੌਂ ਕੁ ਵਰ੍ਹੇ ਦੀ ਉਮਰ ਵਿਚ ਯਤੀਮ ਹੋ ਗਿਆ। ਪਰ ਹੌਲੀ ਹੌਲੀ ਉਹ ਇਕ ਇਹੋ ਜਿਹਾ ਜਰਨੈਲ ਬਣਿਆ ਕਿ ਅੱਜ ਉਹਦੀ ਯੁਧ ਕਲਾ ਯੁਧ ਇਤਿਹਾਸ ਵਿਚ ਇਕ ਬੜੇ ਉੱਚੇ ਅਸਥਾਨ ਦੀ ਪਾਤਰ ਹੈ। ਬਾਬਰ ਵੀ ਏਸੇ ਤਰ੍ਹਾਂ ਬੁਖ਼ਾਰੇ ਤੋਂ ਜਾਨ ਬਚਾ ਕੇ ਨਿਕਲਿਆ ਸੀ। ਆਮੂ ਦਰਿਆ ਵਿਚ ਰੁੜ੍ਹਦਾ ਰੁੜ੍ਹਦਾ ਮਸੇਂ ਬਚਿਆ। ਪਰ ਅੰਤ ਹਿੰਦੁਸਤਾਨ ਵਿਚ ਮੁਗ਼ਲੀਹ ਖ਼ਾਨਦਾਨ ਦਾ ਬਾਨੀ ਬਣਿਆ।

ਅਜੇ ਕੁਝ ਕੁ ਦਹਾਕਿਆਂ ਦੀ ਹੀ ਗਲ ਹੈ ਕਿ ਇਕ 'ਬੱਚਾ-ਸਕਾ' ਅਫ਼ਗਾਨਿਸਤਾਨ ਦੇ ਤਖਤ ਉੱਤੇ ਆ ਬੈਠਾ। ਉਸ ਨੇ ਅਮਾਨ ਉੱਲਾ ਵਰਗੇ ਬੇਦਾਰ ਮਗਜ਼ ਤੇ ਸੂਝਵਾਨ ਬਾਦਸ਼ਾਹ ਨੂੰ ਹਾਰ ਦਿਤੀ ਤੇ ਨੌਂ ਮਹੀਨੇ ਰਾਜ ਕੀਤਾ।

ਦੁਨੀਆਂ ਦੇ ਇਸ ਹਿੱਸੇ ਦੀ ਇਕ ਤਾਂ ਰੀਤੀ ਹੀ ਅਜਿਹੀ ਹੈ ਤੇ ਦੂਜਾ ਏਥੇ ਦੀ ਕੁਦਰਤੀ ਤੇ ਆਰਥਕ ਸਥਿਤੀ ਵੀ ਇਹੋ ਜਿਹੀ ਰੀਤੀ ਨੂੰ ਪ੍ਰਚੱਲਤ ਰਖਦੀ ਹੈ। ਏਥੇ ਰਾਜ ਉਹਦਾ ਜਿਹੜਾ ਆਪਣੇ ਟੱਬਰ ਜਾਂ ਕਬੀਲੇ ਨੂੰ ਹੋਰਨਾਂ ਨਾਲੋਂ ਚੰਗੇਰੀ ਰੋਟੀ ਖੁਆ ਸਕੇ। ਏਸੇ ਲਈ ਏਥੇ ਇਹੋ ਜਿਹੀਆਂ ਅਸਾਧ ਰਨ ਗੱਲਾਂ ਤੇ ਅਸਾਧਾਰਨ ਉਨਤੀਆਂ ਸਾਧਾਰਨ ਲਗਦੀਆਂ ਹਨ। ਜਿਹਦੀਆਂ ਭੁੱਜਾਂ ਵਿਚ ਜ਼ੋਰ, ਦਿਲ ਵਿਚ ਮਜ਼ਬੂਤੀ, ਇਰਾਦਿਆਂ ਵਿਚ ਪਕਿਆਈ ਤੇ ਆਚਰਨ ਵਿਚ ਸਖ਼ਤੀ ਤੇ ਚੁੱਸ, ਉਹੋ ਹੀ ਏਥੇ ਕੁਝ ਦਾ ਕੁਝ ਬਣਦਾ ਰਿਹਾ ਹੈ।

ਹੈਰਾਤ, ਫ਼ਰ੍ਹਾ, ਕੰਧਾਰ ਤੇ ਕਾਬਲ ਨੂੰ ਮਾਰਦਾ ਨਾਦਰ ਜਲਾਲਾਬਾਦ ਤਕ ਆ ਪਹੁੰਚਿਆ। ਜਲਾਲਾਬਾਦ ਤੋਂ ਪਿਸ਼ਾਵਰ ਮੱਸੇਂ ਅੱਸੀ ਮੀਲ ਹੈ। ਪਿਸ਼ਾਵਰ ਹਿੰਦੁਸਤਾਨ ਦਾ ਇਲਾਕਾ ਸੀ। ਪਰ ਪਿਸ਼ਾਵਰ ਤੋਂ ਥੱਲੇ ਬਸ ਅਨਾਜ ਹੀ ਅਨਾਜ ਸੀ, ਪਾਣੀ ਹੀ ਪਾਣੀ, ਆਰਾਮ ਹੀ ਆਰਾਮ ਸੁਖ ਹੀ ਸੁਖ।

ਜਿਹੜਾ ਨਾਦਰ ਈਰਾਨ ਦੇ ਤਖ਼ਤ ਦਾ ਮਾਲਕ ਬਣਿਆ ਤੇ ਜਿਸ ਨਾਦਰ ਨੇ ਸਾਰਾ ਅਫ਼ਗਾਨਿਸਤਾਨ ਮਾਰਿਆ, ਉਹ ਕੀ ਜਲਾਲਾਬਾਦ ਤਕ ਪੁਜ ਕੇ ਰੁਕ ਜਾਏ ? ਕੀ ਨਾਦਰ ਨੂੰ ਆਪਣੇ ਤੋਂ ਪਹਿਲੇ ਹੋਈਆਂ ਮਧ ਏਸ਼ੀਆ ਦੀਆਂ ਮਹਾਨ ਵਿਅਕਤੀਆਂ ਦੀ ਸੋਝੀ ਨਹੀਂ ਸੀ ? ਕੀ ਨਾਦਰ, ਬਾਬਰ ਨੂੰ ਨਹੀਂ ਸੀ ਜਾਣਦਾ ? ਤੇ ਕੀ ਨਾਦਰ ਤੇ ਉਹਦੇ ਸਿਪਾਹੀਆਂ ਨੂੰ ਈਰਾਨ ਤੇ ਅਫ਼ਗਾਨਿਸਤਾਨ ਵਿਚ ਰੋਟੀ ਦੀ ਥੋੜ ਨਹੀਂ ਸੀ ? ਪੈਸੇ ਦੀ ਘਾਟ ਨਹੀਂ ਸੀ ?

ਬੇਸ਼ਕ ਉਸ ਵੇਲੇ ਹਿੰਦੁਸਤਾਨ ਵਿਚ ਮੁਸਲਮਾਨਾਂ ਦਾ ਰਾਜ ਸੀ, ਪਰ ਨਾਦਰ ਸ਼ਾਹ ਹਿੰਦੁਸਤਾਨ ਵਿਚ ਉਠ ਰਹੇ

Scanned by CamScanner

ਮਰਹੱਟਿਆਂ, ਰਾਜਪੂਤਾਂ ਤੇ ਸਿਖਾਂ ਬਾਰੇ ਸੁਣ ਚੁਕਾ ਸੀ। ਉਹ ਜਾਣਦਾ ਸੀ ਕਿ ਮੁਗਲ ਸਲਤਨੱਤ ਬਿਲਕੁਲ ਤਰੇੜੀ ਜਾ ਚੁਕੀ ਹੈ ਤੇ ਉਹਦਾ ਹਮਲਾ ਇਕ ਪੰਥ ਦੋ ਕਾਜ ਵਾਲੀ ਗੱਲ ਹੋਵੇਗੀ।

੧੩ ਫ਼ਰਵਰੀ ੧੭੩੯ ਵਾਲੇ ਦਿਨ ਨਾਦਰ ਸ਼ਾਹ ਦਿੱਲੀ ਵਿਚ ਦਾਖ਼ਿਲ ਹੋਇਆ। ਮੁਹੰਮਦ ਸ਼ਾਹ ਨੇ ਕਰਨਾਲ ਦੇ ਕੋਲ ਆਪਣੀ ਟੁੱਟੀ ਫੁੱਟੀ ਫੌਜ ਨਾਲ ਨਾਦਰ ਦਾ ਸਾਹਮਣਾ ਕੀਤਾ ਪਰ ਕਿਥੇ ਨਾਦਰ ਤੇ ਕਿਥੇ ਮੁਹੰਮਦ ਸ਼ਾਹ ? ਮੁਕਾਬਲਾ ਅੜ ਨਾ ਸਕਿਆ।

ਨਾਦਰ ਨੇ ਮੁਹੰਮਦ ਸ਼ਾਹ ਨੂੰ ਬਖ਼ਸ਼ ਦਿਤਾ। ਰਾਜ ਭਾਗ ਰਹਿਣ ਦਿਤਾ ਤੇ ਸਿਰਫ ਕੁਝ ਦਮੜੇ ਮੰਗੇ। ਅਗਲੇ ਦਿਨ ਬਕਰੀਦ ਸੀ। ਜਾਮਾਂ ਮਸਜਦ ਵਿਚ ਖ਼ੁਤਬਾ ਨਾਦਰ ਦੇ ਨਾਂ ਦਾ ਪੜ੍ਹਿਆ ਗਿਆ। ਪਰ ਉਦੋਂ ਹੀ ਕਿਸੇ ਨੇ ਮਸ਼ਹੂਰ ਕਰ ਦਿਤਾ ਕਿ ਨਾਦਰ ਕਤਲ ਕੀਤਾ ਜਾ ਚੁਕਾ ਹੈ। ਉਸੇ ਵੇਲੇ ਕੁਝ ਸਿਪਾਹੀਆਂ ਨੇ ਬੇਦਰੇਗ਼ ਨਾਦਰ ਦੇ ਆਦਮੀਆਂ ਨੂੰ ਮਾਰ ਕਢਿਆ। ਗ਼ੁੱਸਾ ਖਾ ਕੇ ਨਾਦਰ ਨੇ ਕਤਲੇਆਮ ਦਾ ਹੁਕਮ ਦੇ ਦਿਤਾ। ਕਹਿੰਦੇ ਹਨ ਕਿ ਚੌਹਾਂ ਪਹਿਰਾਂ ਵਿਚ ਸਵਾ ਕੁ ਲੱਖ ਆਦਮੀ ਕਤਲ ਕੀਤਾ ਗਿਆ। ਮੁਹੰਮਦ ਸ਼ਾਹ ਨੇ ਪੈਰ ਫੜ੍ਹ ਤਾਂ ਜਾ ਕੇ ਕਤਲੇਆਮ ਦਾ ਹੁਕਮ ਬੰਦ ਹੋਇਆ।

ਮਈ ਦੇ ਸ਼ੁਰੂ ਵਿਚ ਨਾਦਰ ਮੁੜਿਆ ਤੇ ਉਹ ਆਪਣੇ ਨਾਲ ਲੈ ਜਾ ਰਿਹਾ ਸੀ ਕਰੋੜਾਂ ਰੁਪਿਆ, ਤਖਤੇ-ਤਾਊਸ ਤੇ ਕੋਹੇਨੂਰ ਹੀਰਾ। ਜਦੋਂ ਮੁੜਦੀ ਵਾਰੀ ਪੰਜਾਬੋਂ ਲੰਘਿਆ ਤਾਂ ਸਿਖਾਂ ਨੇ ਆ ਦਬਿਆ। ਬੜਾ ਪਰੇਸ਼ਾਨ ਕੀਤਾ। ੧੭੪੭ ਵਿਚ ਅਹਿਮਦ ਖਾਂ ਅਬਦਾਲੀ, ਅਹਿਮਦ ਸ਼ਾਹ ਦੁਰਾਨੀ ਬਣਿਆ। ਤੇ ਉਸੇ ਸਾਲ ਹੀ ਉਹ ਹਿੰਦੁਸਤਾਨ ਚੜ੍ਹ ਆਇਆ। ਜਿਵੇਂ ਕਿ ਆਪਣਾ ਸ਼ਾਹ ਬਣਨਾ ਹੀ ਉਡੀਕ ਰਿਹਾ ਹੋਵੇ।

੧੭੪੮ ਵਿਚ ਜਨਵਰੀ ਦੇ ਮਹੀਨੇ ਉਹ ਲਾਹੌਰ ਪੁਜਾ ਤੇ ਕੁਝ ਚਿਰ ਉਥੇ ਅਟਕ ਕੇ ਅਗੇ ਵਧਿਆ। ਸਿਖਾਂ ਨਾਲ ਥਾਂ ਥਾਂ ਉਤੇ ਹਥੋਂ-ਪਾਈਆਂ ਹੋਈਆਂ। ਮਾਣੂੰ-ਪੁਰੇ ਦੀ ਜੂਹ ਵਿਚ ਖਾਲਸੇ ਨੇ ਬੁਰੀ ਤਰ੍ਹਾਂ ਲਿਆ, ਸੋ ਅਹਿਮਦ ਸ਼ਾਹ ਸਤਲੁਜ ਤੋਂ ਹੀ ਮੁੜ ਗਿਆ। ਏਸੇ ਸਾਲ ਦੇ ਅਖ਼ੀਰ ਵਿਚ ਉਹ ਫਿਰ ਪਹਾੜਾਂ ਵਿਚੋਂ ਉਤਰਿਆ। ਮੁਸਲਮਾਨ ਸੂਬੇ ਨੇ ਜਿਹਲਮ ਨਾਲ ਜੁੜਦੇ ਚਾਰ ਚਿਲਿਆਂ ਦਾ ਖ਼ਿਰਾਜ ਦੇਣਾ ਮੰਨ ਕੇ ਅਹਿਮਦ ਸ਼ਾਹ ਨੂੰ ਵਿਲਚਾ ਲਿਆ।

੧੭੫੧ ਦੇ ਅਖੀਰ ਤੇ ੧੭੫੨ ਦੇ ਸ਼ੁਰੂ ਵਿਚ ਅਹਿਮਦ ਸ਼ਾਹ ਫਿਰ ਲਾਹੌਰ ਸੀ। ਐਤਕੀ ਮੀਰ ਮਨੂੰ ਨਾਲ ਮੁਕਾਬਲਾ ਹੋਇਆ। ਦੀਵਾਨ ਕੌੜਾ ਮੱਲ ਰਾਹੀਂ ਮੀਰ ਮਨੂੰ ਵਰਗਾ ਹੈਂਸਿਆਰਾ, ਜ਼ਾਲਮ ਤੇ ਕੱਟੜ ਆਦਮੀ ਸਿਖਾਂ ਨੂੰ ਆਪਣੇ ਨਾਲ ਰਲਾ ਲੈਣ ਵਿਚ ਸਫ਼ਲ ਹੋਇਆ ਪਰ ਕਿਸੇ ਤਰ੍ਹਾਂ ਵੀ ਅਹਿਮਦ ਸ਼ਾਹ ਦਾ ਮੁਕਾਬਲਾ ਪੂਰੀ ਤਰ੍ਹਾਂ ਹੋ ਨਾ ਸਕਿਆ। ਅਹਿਮਦ ਸ਼ਾਹ ਨੇ ਲਾਹੌਰ ਦਾ ਆਲ-ਦੁਆਲਾ ਤਬਾਹ ਕਰ ਦਿਤਾ। ਰੁਪਏ ਦਾ ਦੋ ਸੇਰ ਆਟਾ ਤੇ ਅਧ ਪਾ ਘਿਉ ਵਿਕਿਆ। ਅਹਿਮਦ ਆਪਣਾ ਮੁਆਮਲਾ ਉਗਰਾਹ, ਭਾਵ ਕਿ ਆ ਰਹੀਆਂ ਗਰਮੀਆਂ ਵਾਸਤੇ ਖਾਣ ਪੀਣ ਦਾ ਪ੍ਰਬੰਧ ਕਰ ਕੇ ਮੀਰ ਮਨੂੰ ਨੂੰ ਮੁੜ ਸਰਦਾਰੀ ਸੌਂਪ ਵਾਪਸ ਟੁਰ ਗਿਆ।

੧੭੫੫-੫੮ ਵਿਚ ਦੁਰਾਨੀ ਚੌਥੀ ਵਾਰ ਫਿਰ ਹਿੰਦੁਸਤਾਨ ਆਇਆ। ਐਤਕੀਂ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਸੂਬਾ ਬਣਾ ਗਿਆ। ਜਹਾਨ ਖਾਂ ਉਹਦਾ ਸਰਪਰੱਸਤ ਸੀ। ਅਹਿਮਦ ਅਜੇ ਚਨਾਬ ਵੀ ਨਹੀਂ ਸੀ ਟਪਿਆ ਕਿ ਸਿੰਘ ਤੈਮੂਰ ਉੱਤੇ ਜਾ ਪਏ। ਜੱਸਾ ਸਿੰਘ ਕਲਾਲ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਤੈਮੂਰ ਤੇ ਉਸਦਾ ਸਰਪਰਸਤ ਜਹਾਨ ਖਾਂ ਰਾਤੋ ਰਾਤ ਨੱਸ ਗਏ।

ਅਦੀਨਾ ਬੇਗ ਨੇ ਲਾਹੌਰ ਆਪਣੇ ਪੱਟੇ ਪਾਣ ਦੀ ਸੋਚੀ ਤੇ ਮਰਹੱਟਿਆਂ ਨੂੰ ਬੁਲਾ ਕੇ ਸਿਖਾਂ ਨੂੰ ਧੋਖਾ ਦਿਤਾ ਸਿਖ ਤੇ ਮਰਹੱਟੇ — ਭਾਰਤੀ ਬੀਰ-ਰਸ ਤੇ ਭਾਰਤੀ ਸੂਰਮਗਤੀ ਦੇ ਦੋ ਤਾਰੇ ਆਪੋ ਵਿਚ ਮਿਲ ਨਾ ਸਕੇ ਤੇ ਘੜੀ ਦੀ ਘੜੀ ਸਿਖ ਲਾਹੌਰੋਂ ਹਟ ਆਏ।

ਪਰ ਇਹ ਕਿਵੇਂ ਹੋ ਸਕਦਾ ਸੀ ਕਿ ਅਹਿਮਦ ਦੇ ਪੁੱਤਰ ਤੇ ਉਹਦੇ ਪੁੱਤਰ ਦੇ ਸਰਪਰਸੱਤ ਨੂੰ "ਸਿਖੜੇ" ਮਾਰ ਕੇ ਕਢ ਦੇਣ ਤੇ ਅਹਿਮਦ ਗ਼ੁੱਸਾ ਨਾ ਖਾਵੇ ? ਇਹ ਹੀ ਨਹੀਂ, ਉਧਰ ਮਰਹੱਟੇ ਇਕ ਤਰ੍ਹਾਂ ਦਿੱਲੀ ਦਾ ਤਖ਼ਤ ਮੱਲ ਹੀ ਬੈਠੇ ਸਨ। ਅਹਿਮਦ ਦਾ ਪ੍ਰਤੀਨਿਧ ਨਜੀਬ-ਉਦ-ਦੌਲਾ ਦਿੱਲੀ ਤੋਂ ਕਢਿਆ ਹੋਇਆ ਹੁਣ ਸੁਕਰਤਾਲ ਵਿਚ ਸੁੱਕ ਰਿਹਾ ਸੀ। ਆਪ ਆਲਮਗੀਰ ਸਾਨੀ ਮਰਹੱਟਿਆਂ ਤੋਂ ਡਰਦਾ ਉਹਨੂੰ ਨਿਉਂਤੇ ਘਲ ਰਿਹਾ ਸੀ। ਆਲਮਗੀਰ ਵਾਸਤੇ ਬਦੇਸ਼ੀ ਅਫ਼ਗਾਨ ਦੇਸੀ ਮਰਹੱਟਿਆਂ ਨਾਲੋਂ ਹਰ ਹਾਲਤ ਵਿਚ ਚੰਗੇਰੇ ਸਨ। ਸੱਠ ਹਜ਼ਾਰ ਸਵਾਰਾਂ ਨੂੰ ਪਿਛੇ ਲਾਈ ਬਹਾਦਰ ਤੇ ਸੂਰਬੀਰ

Scanned by CamScanner

ਅਹਿਮਦ ਸ਼ਾਹ ਨੇ ਅਕਤੂਬਰ ੧੭੫੬ ਵਿਚ ਸਿੰਧ ਦਰਿਆ ਪਾਰ ਕੀਤਾ।

ਮਰਹੱਟੇ ਪੰਜਾਬ ਛੱਡ ਗਏ; ਜਿਹੜੇ ਵੀ ਥੋੜੇ ਬਹੁਤੇ ਉਹ ਪੰਜਾਬ ਵਿਚ ਸਨ। ਪਰ ਸਿੱਖ ਪੰਜਾਬ ਛਡ ਕੇ ਕਿੱਥੇ ਜਾਂਦੇ ? ਉਹ ਟਿਕੇ ਰਹੇ। ਦੁਰਾਨੀ ਨੂੰ ਗਜ਼ ਗਜ਼ ਉੱਤੇ ਸੂਲਾਂ ਚੁਭਾਂਦੇ ਆਏ। ਸਤਲੁਜ ਦੇ ਕੋਲ ਇਕ ਥਾਂ ਉਹਨਾਂ ਦੋ ਹਜ਼ਾਰ ਪਠਾਣ ਮਾਰ ਘੱਤੇ। ਪਰ ਸੂਲਾਂ ਦੀਆਂ ਇਹ ਚੋਭਾਂ ਅਹਿਮਦ ਦੀ ਚਾਲ ਨੂੰ ਰੋਕ ਨਾ ਸਕੀਆਂ। ਉਹ ਆਪਣੀ ਧੁੰਨ ਵਿਚ ਪੱਕਾ ਵਧਿਆ ਗਿਆ। ਅੰਤਕੀਂ ਉਹਨੇਂ ਦਿਲੀ ਫਿਰ ਮਾਰਨੀ ਸੀ ਤੇ ਅੰਤਕੀਂ ਉਹਨੇਂ ਨਾਲ ਮਾਰਨਾ ਸੀ ਮਰਹੱਟਿਆਂ ਨੂੰ।

ਲਗ ਭਗ ਇਕ ਸਾਲ ਅਹਿਮਦ ਸ਼ਾਹ ਦਿੱਲੀ ਰਿਹਾ। ਮਰਹੱਟਿਆਂ ਨਾਲ ਝਪਟਾਂ ਹੁੰਦੀਆਂ ਰਹੀਆਂ ਪਰ ਦੋਵੇਂ ਧਿਰਾਂ ਜਾਣਦੀਆਂ ਸਨ ਕਿ ਅਸਲੀ ਲੜਾਈ ਅਜੇ ਹੋਣੀ ਹੈ। ਦੁਰਾਨੀ ਨੇ ਇਸ ਆ ਰਹੀ ਲੜਾਈ ਨੂੰ ਮਜ਼ਹਬ ਨਹੀਂ ਸਮਝਿਆ। ਉਸ ਉੱਤਰੀ ਹਿੰਦੁਸਤਾਨ ਦੀਆਂ ਜਿੰਨੀਆਂ ਵੀ ਮੁਸਲਮਾਨ ਰਿਆਸਤਾਂ ਸਨ, ਉਹਨਾਂ ਦੀ ਮਦਦ ਮੰਗੀ। ਅਹਿਮਦ ਸ਼ਾਹ ਜਾਣਦਾ ਸੀ ਕਿ ਜੇ ਇਸ ਲੜਾਈ ਵਿਚ ਮਰਹੱਟੇ ਜਿਤ ਗਏ ਤਾਂ ਦਿੱਲੀ ਆਉਣ ਦੀ ਇਹ ਉਹਦੀ ਆਖ਼ਰੀ ਵਾਰ ਹੋਵੇਗੀ। ਪਰ ਦੂਜੇ ਪਾਸੇ ਮਰਹੱਟੇ ਇਕ ਇਕੱਲੇ ਸਨ। ਰਾਜਪੂਤ ਅੱਡ ਤੇ ਦੂਰ ਖਲੋਤੇ ਇਹ ਤਮਾਸ਼ਾ ਵੇਖਦੇ ਰਹੇ। ਸਿਖਾਂ ਤੇ ਮਰਹੱਟਿਆਂ ਦੀ ਉੱਜ ਬਣ ਨਾ ਆਈ। ਇਸ ਤਰ੍ਹਾਂ ਜਦੋਂ ਭਾਰਤ ਦੀਆਂ ਤਿੰਨ ਮੋਹਰੀ ਤੇ ਬਹਾਦਰ ਤਾਕਤਾਂ ਇਕ ਦੂਜੇ ਦਾ ਮੂੰਹ ਵੇਖ ਰਹੀਆਂ ਸਨ ਤਾਂ ਅਹਿਮਦ ਸ਼ਾਹ ਹਿੰਦੁਸਤਾਨ ਦੇ ਮੂੰਹ ਉੱਤੇ ਇਕ ਅਜੇਹੀ ਚਪੇੜ ਮਾਰ ਗਿਆ ਕਿ ਜ਼ਿੰਦੀ ਮੁਨਾਮੀਂ ਪਹਿਲੀਆਂ ਕਈ ਚੁਪੇੜਾਂ ਨਾਲੋਂ ਵਧ ਡੂੰਘੀ ਸੀ।

ਇਹੋ ਜਿਹੀ ਹੈਰਾਨੀ-ਜਨਕ ਹਾਲਤ ਕਿਵੇਂ ਪੈਦਾ ਹੋਈ, ਕੋਈ ਨਹੀਂ ਕਹਿ ਸਕਦਾ। ਕੀ ਸਚ ਮੁਚ ਮਰਹੱਟਿਆਂ, ਰਾਜਪੂਤਾਂ ਤੇ ਸਿਖਾਂ ਵਿਚ ਇਕ ਵੀ ਅਜਿਹਾ ਨੇਤਾ ਤੇ ਦੂਰ-ਅੰਦੇਸ਼ ਮਨੁੱਖ ਨਹੀਂ ਸੀ ਜਿਹੜਾ ਕਿ ਹਰ ਹੀਲੇ ਤੇ ਹਰ ਕੀਮਤ ਉੱਤੇ ਇਸ ਇਤਿਹਾਸਕ ਮੌਕੇ ਦੀ ਨਾਜ਼ੁਕਤਾ ਨੂੰ ਪਛਾਣਦਾ ? ਅਜੇ ਕੱਲ੍ਹ ਦੀ ਹੀ ਗੱਲ ਸੀ ਕਿ ਅਫ਼ਗਾਨ ਹਮਲ-ਆਵਰ ਤੇ ਹਿੰਦੁਸਤਾਨ ਦੇ ਮੁਗ਼ਲ ਆਪੋ ਵਿਚ ਪਾਟੇ ਹੋਏ ਸਨ ਪਰ ਅਜ ਉਹ ਦੇਵ ਘਿਓ ਖਿਚੜੀ ਸਨ। ਤੇ ਇਸ ਦੇ ਵਿਪ੍ਰੀਤ ਵੀ ਕਿਸੇ ਨੇ ਸਿਖਾਂ, ਰਾਜਪੂਤਾਂ ਤੇ ਮਰਹੱਟਿਆਂ ਨੂੰ ਇਕੱਠਾ ਕਰਨ ਦਾ ਅੰਦੋਲਨ ਸ਼ੁਰੂ ਨਾ ਕੀਤਾ।

ਪਾਣੀਪਤ ਦੀ ਸਭ ਤੋਂ ਅਹਿਮ ਲੜਾਈ ੧੪ ਜਨਵਰੀ ੧੭੬੧ ਨੂੰ ਲੜੀ ਗਈ ਤੇ ਜੇ ਇਸ ਲੜਾਈ ਵਿਚ ਮਰਹੱਟੇ, ਰਾਜਪੂਤ ਤੇ ਖ਼ਾਲਸਾ ਇਕ ਮੁਠ ਹੋ ਸਕਦੇ ਤਾਂ ਹਿੰਦੁਸਤਾਨ ਦ ਪਿਛਲ ਦੋ ਸਦੀਆਂ ਦੇ ਇਤਿਹਾਸ ਦੀ ਨੁਹਾਰ ਹੋਰ ਹੀ ਹੋਣੀ ਸੀ। ਜੇ ਕਦੀ ਮਰਹੱਟੇ ਤੇ ਸਿਖ ਹੀ ਇਕੱਠੇ ਹੁੰਦੇ ਤਾਂ ਵੀ ਸ਼ਾਇਦ ਇਹ ਇਤਿਹਾਸਕ ਲੜਾਈ ਕਿਸੇ ਹੋਰ ਤਰ੍ਹਾਂ ਹੀ ਖਤਮ ਹੁੰਦੀ। ਪਰ ਨਹੀਂ ! ਪਾਣੀਪਤ ਦਾ ਮੈਦਾਨ ਅਹਿਮਦ ਸ਼ਾਹ ਦੇ ਹੱਥ ਰਿਹਾ।

ਇਤਿਹਾਸਕ ਪੱਖੋਂ ਹਿੰਦੁਸਤਾਨ ਵਿਚ ਅਹਿਮਦਸ਼ਾਹ ਦੀ ਇਹ ਆਖ਼ਰੀ ਵਡੀ ਲੜਾਈ ਸੀ। ਇਸ ਤੋਂ ਪਿਛੋਂ ਵੀ ਬੇਸ਼ਕ ਅਹਿਮਦ ਸ਼ਾਹ ਹਿੰਦੁਸਤਾਨ ਆਇਆ ਪਰ ਨਾ ਪਹਿਲੇ ਜਿਹੀ ਫਬਨ, ਨਾ ਪਹਿਲੇ ਜਿਹੀਆਂ ਜਿੱਤਾਂ। ਪੰਜਾਬ ਵਿਚ ਸਿਖ ਹੁਣ ਤੁਕ ਬਹੁਤ ਤਾਕਤਵਰ ਹੋ ਚੁਕੇ ਸਨ, ਤੇ ਅਹਿਮਦ ਸ਼ਾਹ ਦੇ ਪੈਰ ਨਹੀਂ ਸਨ ਲਗ ਸਕਦੇ।

ਸੋ ਜਿਸ ਚਾਹਾਂ ਤੇ ਆਸਾਂ ਨਾਲ ਅਹਿਮਦ ਸ਼ਾਹ ਨੇ ਪਾਣੀਪੱਤ ਦੀ ਲੜਾਈ ਲੜੀ ਉਹਦੀਆਂ ਉਹ ਚਾਹਾਂ ਤੇ ਆਸਾਂ ਪੂਰੀਆਂ ਨਾ ਹੋ ਸਕੀਆਂ। ਹਿੰਦੁਸਤਾਨ ਵਿਚ ਮੁਗ਼ਲ ਜਾਂ ਅਫ਼ਗਾਨ ਹਕੂਮਤ ਦੇ ਦਿਨ ਪੁਗ ਚੁਕੇ ਸਨ। ਪਰ ਉਹਦੀ ਇਸ ਜਿੱਤ ਨੇ ਜੇ ਮੁਗ਼ਲ ਜਾਂ ਅਫ਼ਗਾਨ ਰਾਜ ਨੂੰ ਕੋਈ ਧਰਵਾਸਾ ਨਾ ਦਿਤਾ ਤਾਂ ਕਈ ਪੱਖੋਂ ਬੇਸ਼ਕ ਇਹ ਜਿਤ ਭਾਰਤ ਵਿਚ ਅੰਗਰੇਜ਼ ਰਾਜ ਦੀ ਸਥਾਪਤੀ ਦਾ ਕਾਰਨ ਬਣੀ। ਅਹਿਮਦ ਸ਼ਾਹ ਜਦੋਂ ਦਿੱਲੀ ਸੀ ਤਾਂ ਵੀ ਸਿਖਾਂ ਨੇ ਪੰਜਾਬ ਵਿਚ ਆਪਣਾ ਗ਼ੈਰ-ਸਰਕਾਰੀ ਰਾਜ ਕਾਇਮ ਕਰ ਰਖਿਆ ਸੀ। ਉਹ ਆਪ ਮਾਲੀਆ ਉਗਰਾਹੁੰਦੇ ਸਨ ਤੇ ਆਪਣੀ ਮਰਜ਼ੀ ਅਨੁਸਾਰ ਖਰਚ ਕਰਦੇ ਸਨ। ਉਹਨਾਂ ਲਾਹੌਰ ਤੋਂ ਵੀ ਖ਼ਰਾਜ ਜਾ ਲਿਆ ਸੀ।

ਪਰ ਹੁਣ ਪਾਣੀਪਤ ਵਿਚ ਜਿੱਤ ਪਾ ਕੇ ਜਦੋਂ ਦੁਰਾਨੀ ਵਾਪਸ ਮੁੜਿਆ ਤਾਂ ਖ਼ਾਲਸੇ ਨੇ ਉਹਨੂੰ ਇਕ ਰਾਤ ਵੀ ਕਿਤੇ ਟਿਕਣ ਨਾ ਦਿਤਾ। ਪਾਣੀਪਤ ਦਾ ਜੇਤੂ ਵਾਪਸ ਕਾਬਲ ਜਾਂਦਿਆਂ ਖ਼ਾਲਸੇ ਦੇ ਰਹਿਮ ਉੱਤੇ ਸੀ ਤੇ ਇਹ ਪਰਾਏ ਦੇ ਰਹਿਮ ਉੱਤੇ ਹੋਣ ਦੀ ਇਸਥਿਤੀ ਅਹਿਮਦ ਨੇ ਪਿਛਲੇ ਕਈ ਦਹਾਕਿਆਂ ਤੋਂ ਨਹੀਂ ਸੀ ਵਖੀ। ਉਹ ਦੁਖੀ ਹੋਇਆ ਤੇ ਗ਼ੁੱਸੇ ਵੀ।

Scanned by CamScanner

ਏਸੇ ਲਈ ਅਗੋਂ ਤੋਂ ਉਹਦੀਆਂ ਹਿੰਦੁਸਤਾਨ ਉੱਤੇ ਮੁਹਿੰਮਾਂ ਸਿਰਫ ਮਾਲਸੇ ਨੂੰ ਸਜ਼ਾ ਦੇਣ ਵਾਸਤੇ ਸਨ। ਪਰ ਅਫ਼ਸੋਸ ਕਿ ਹਰ ਮੁਹਿਮ ਦੇ ਪਿਛੋਂ ਉਹਨੂੰ ਇਉਂ ਮਹਿਸੂਸ ਹੁੰਦਾ ਕਿ ਉਹਨੇ ਤਾਂ ਸਿਖਾਂ ਨੂੰ ਜਿਹੜੀ ਸਜ਼ਾ ਦਿਤੀ ਓਹ ਥਿੱਤੀ, ਪਰ ਸਿਖਾਂ ਨੇ ਹਰ ਹਾਲਤ ਵਿਚ ਉਹਨੂੰ ਬੇਓੜਕ ਸਜ਼ਾ ਦਿਤੀ ਹੈ।

੪੯

ਅਜੇ ਮੀਂਹ ਦੇ ਦਿਨ ਨਹੀਂ ਸਨ ਆਏ ਪਰ ਮੀਂਹਾਂ ਵੱਸ ਪਏ।

ਪਾਣੀਪਤ ਦਾ ਜੇਤੂ ਸਤਲੁਜ ਦਰਿਆ ਦੇ ਕੰਢੇ ਗੋਇੰਦਵਾਲ ਦੇ ਪੱਤਣ ਉੱਤੇ ਆ ਕੇ ਰੁਕ ਗਿਆ। ਪਾਣੀ ਦਾ ਰੌੜ ਤੇ ਦਰਿਆ ਵਿਚ ਉਠਦੀਆਂ ਘੁੰਮਣਘੇਰੀਆਂ ਵੇਖ ਕੇ ਉਸ ਕੁਝ ਦਿਨ ਉਡੀਕਣਾ ਬਿਹਤਰ ਸਮਝਿਆ। ਬੇਸ਼ਕ ਉਹਨੂੰ ਕਾਬਲ ਪਹੁੰਚਣ ਦੀ ਜਲਦੀ ਸੀ ਪਰ ਕੁਦਰਤ ਸਾਹਮਣੇ ਉਹਦਾ ਜਾਂ ਕਿਸੇ ਦਾ ਕੀ ਜ਼ੋਰ ?

ਅਹਿਮਦ ਸ਼ਾਹ ਦੁਰਾਨੀ ਨੂੰ ਸਤਲੁਜ ਦੇ ਕੰਡੇ ਰੁਕਣਾ ਚੰਗਾ ਨਾ ਲਗਾ। ਉਹਦੀ ਉਮਰ ਵਡੇਰੀ ਹੋ ਰਹੀ ਸੀ ਤੇ ਪਿਛਲੇ ਸਾਲ ਡੇਢ ਸਾਲ ਵਿਚ ਮਰਹੱਟਿਆਂ ਨਾਲ ਹੋਈਆਂ ਨਿਕੀਆਂ ਵਡੀਆਂ ਲੜਾਈਆਂ ਕਰ ਕੇ ਉਹ ਕੁਝ ਥਕ ਵੀ ਗਿਆ ਸੀ। ਓਧਰੋਂ ਗਰਮੀ ਵਧ ਰਹੀ ਸੀ ਤੇ ਅਹਿਮਦ ਸ਼ਾਹ ਨੂੰ ਪਿਛਲੇ ਸਾਲ ਦੀਆਂ ਗਰਮੀਆਂ ਦੀ ਯਾਦ ਅਜੇ ਤਕ ਵੀ ਕੰਬਾ ਦੇਂਦੀ ਸੀ। ਉਹਦੀ ਸਾਰੀ ਪਠਾਣੀ ਫ਼ੌਜ ਵਿਲਕ ਉਠੀ।

ਇਹਨਾਂ ਤੋਂ ਇਲਾਵਾ ਇਕ ਹੋਰ ਵੀ ਕਾਰਨ ਸੀ ਜਿਸ ਕਰ ਕੇ ਅਹਿਮਦ ਸ਼ਾਹ ਨੂੰ ਸਤਲੁਜ ਕੰਢੇ ਰੁਕਣਾ ਚੰਗਾ ਨਹੀਂ ਸੀ ਲਗਦਾ। ਉਹਨੂੰ ਡਰ ਸੀ ਕਿ ਕਿਤੇ ਸਿਖ ਧਾੜਵੀ ਉਹਦੀ ਬਣੀ ਬਣਾਈ ਸਾਖ ਵਿਗਾੜ ਨਾ ਦੇਣ। ਪਾਣੀਪਤ ਤੋਂ ਸਤਲੁਜ ਤਕ ਉਹ ਅਗੇ ਹੀ ਤਿੰਨ ਵਾਰ ਉਹਦੀ ਲਾਮ-ਡੋਰੀ ਲੂਟ ਚੁਕੇ ਸਨ। ਇਸ ਲਾਮ-ਡੋਰੀ ਵਿਚ ਦਿੱਲੀ ਤੇ ਹੋਰਨਾਂ ਥਾਵਾਂ ਤੋਂ ਲੁਟੀਆਂ ਅਨੇਕ ਬਹੁ-ਮੁੱਲੀਆਂ ਚੀਜ਼ਾਂ ਸਨ।

ਉਹਨੇ ਆਪਣੇ ਜਰਨੈਲਾਂ ਨੂੰ ਹੁਕਮ ਤਾਂ ਦਿਤਾ ਸੀ ਕਿ ਸਿਖਾਂ ਨਾਲ ਲੜਾਈ ਕਰ ਕੇ ਉਹਨਾਂ ਨੂੰ ਇਸ ਉਦਦਮੀ ਦਾ ਮਜ਼ਾ ਚਖਾਇਆ ਜਾਵੇ ਪਰ ਜਰਨੈਲਾਂ ਦਾ ਉੱਤਰ ਸੀ ਕਿ ਉਹ ਸਿਖਾਂ ਨੂੰ ਕਿਤੇ ਲਭ ਨਹੀਂ ਸਕਦੇ। ਇਹ ਸਿਖ ਰਾਤੋ ਰਾਤ ਧਾਵਾ ਕਰ ਕੇ ਤੇ ਲੂਟ ਮਾਰ ਕਰ ਕੇ ਜੰਗਲਾਂ ਤੇ ਜੂਹਾਂ ਵਿਚ ਜਾ ਛੁਪਦੇ ਸਨ। ਅਜ ਸ਼ਾਮ ਨੂਰ ਦੀਨ ਬਾਮੇਜ਼ਈ ਨੇ ਬਿਨੈ ਕੀਤੀ :

"ਜਹਾਂਪਨਾਹ, ਤੁਸੀਂ ਵਾਪਸ ਜਾਓ, ਮੈਂ ਏਥੇ ਅਟਕਦਾ ਹਾਂ। ਪੰਜਾਬ ਵਿਚੋਂ ਇਹਨਾਂ ਬੇਹਯਾਵਾਂ ਦਾ ਖੁਰਾ ਖੋਜ ਮਿਟਾ ਕੇ ਹੀ ਤੁਹਾਨੂੰ ਮੂੰਹ ਵਿਖਾਵਾਂਗਾ।" ਪਰ ਅਹਿਮਦ ਸ਼ਾਹ ਨਹੀਂ ਮੰਨਿਆ, ਨਹੀਂ, ਉਹਨੂੰ ਨੂਰ ਦੀਨ ਦੀ ਲੋੜ ਸੀ। ਉਹ ਇਕ ਲੰਮੇ ਅਰਸੇ ਪਿਛੋਂ ਕਾਬਲ ਜਾ ਰਿਹਾ ਸੀ। ਪਤਾ ਨਹੀਂ ਉਥੇ ਕੀ ਕੀ ਤਬਦੀਲੀਆਂ ਆ ਚੁਕੀਆਂ ਹਨ। ਆਪਣੇ ਸਭ ਤੋਂ ਇਤਬਾਰੀ ਜਰਨੈਲ ਨੂੰ ਉਹ ਪੰਜਾਬ ਛਡ ਕੇ ਇਕੱਲਾ ਵਾਪਸ ਨਹੀਂ ਸੀ ਜਾ ਸਕਦਾ। ਨੂਰ ਦੀਨ ਬਾਮੇਜ਼ਈ ਵੀ ਅਹਿਮਦ ਸ਼ਾਹ ਦੀ ਦਲੀਲ ਸਮਝਦਾ ਸੀ। ਏਸੇ ਲਈ ਤਾਂ ਸ਼ਾਇਦ ਉਸ ਆਪਣੇ ਆਪਨੂੰ ਪੰਜਾਬ ਰਹਿ ਜਾਣ ਵਾਸਤੇ ਪੇਸ਼ ਕੀਤਾ ਸੀ। ਇਉਂ ਆਪਣੀ ਹਉਮੈਂ ਨੂੰ ਝੁਲਕਾ ਦੇ ਕੇ ਉਹ ਖੁਸ਼ ਹੋਇਆ ਤੇ ਉਸ ਕਿਹਾ। "ਜੇ ਕਹੋ ਤਾਂ ਮਿਰਜ਼ਾ ਜਾਨ ਨੂੰ ਛਡ ਜਾਈਏ।

Scanned by CamScanner

ਅਹਿਮਦ ਸ਼ਾਹ ਨੇ ਆਪਣੀ ਠੰਡੀ ਉੱਤੇ ਹੱਥ ਰਖਿਆ ਤੇ ਆਪਣੀ ਅਧ ਕਤਰੀ ਦਾੜ੍ਹੀ ਨੂੰ ਖੁਰਕਿਆ। ਫਿਰ ਉਸ ਆਪਣੀਆਂ ਮੁੱਛਾਂ ਤੇ ਮੂੰਹ ਉੱਤੇ ਹੱਥ ਫੇਰਿਆ। ਉਹਨੂੰ ਜਾਪਿਆ ਕਿ ਜਿਵੇਂ ਉਹਦਾ ਮੂੰਹ ਅਗੇ ਨਾਲੋਂ ਕਮਜ਼ੋਰ ਹੋ ਗਿਆ ਹੋਵੇ। ਉਹ ਸੋਚੀਂ ਪੈ ਗਿਆ ਤੇ ਕੁਝ ਚਿਰ ਸੋਚਦਾ ਰਿਹਾ। ਫਿਰ ਇਕਾ ਇਕ ਉਹਨੂੰ ਨੂਰਦੀਨ ਦੇ ਸਵਾਲ ਦਾ ਖਿਆਲ ਆਇਆ ਤੇ ਉੱਤਰ ਵਿਚ ਕਿਹਾ :

"ਮਿਰਜ਼ਾ ਜਾਨ ਵੀ ਨਹੀਂ। ਮੈਂ ਇਹਨਾਂ ਸਿਖਾਂ ਨੂੰ ਜਾਣਦਾ ਹਾਂ। ਮੇਰੇ ਬਗ਼ੈਰ ਉਹਨਾਂ ਨੂੰ ਕੋਈ ਨਹੀਂ ਸੁਆਰ ਸਕਦਾ।" ਉਸ ਫਿਰ ਆਪਣੇ ਜੁੱਸੇ ਉੱਤੇ ਨਜ਼ਰ ਮਾਰੀ। ਬੇਸ਼ਕ ਉਹ ਕਮਜ਼ੋਰ ਹੋ ਰਿਹਾ ਸੀ। "ਮਰਨ ਤੋਂ ਪਹਿਲੇ ਇਹ ਕੰਮ ਨੇਪਰੇ ਅਵੱਸ਼ ਚਾੜ੍ਹਨਾ ਹੈ" ਉਸ ਦਿਲ ਹੀ ਦਿਲ ਵਿਚ ਕਿਹਾ। ਐਨੇ ਵਿਚ ਮੀਆਂ ਦੀਨ ਅਹਿਮਦ, ਸ਼ਾਹ ਦੇ ਹਜ਼ੂਰ ਵਿਚ ਆਇਆ ਨੂਰ ਦੀਨ ਦੀ ਮਾਅਰਫ਼ਤ ਉਸ ਬਾਦਸ਼ਾਹ ਨੂੰ ਅਖਵਾਇਆ ਕਿ ਦਸ ਆਦਮੀ ਇਕ ਹਿੰਦਵਾਣੀ ਵਾਸਤੇ ਆਪੋ ਵਿਚ ਲੜ ਕੈ ਮਰ ਗਏ ਹਨ। ਬਾਦਸ਼ਾਹ ਨੂੰ ਇਹ ਸੁਣਦਿਆਂ ਸਾਰ ਹੀ ਰੋਹ ਚੜ੍ਹ ਗਿਆ। ਸ਼ਾਇਦ ਉਹ ਆਪਣੇ ਪਤਲੇ ਹੋ ਰਹੇ ਚਿਹਰੇ ਤੇ ਕਮਜ਼ੋਰ ਹੋ ਰਹੇ ਜਿਸਮ ਦਾ ਭਰਮ ਮਿਟਾਉਣਾ ਚਾਹੁੰਦਾ ਸੀ। ਉਸ ਮੀਆਂ ਅਹਿਮਦ ਤੋਂ ਪੁਛਿਆ।

"ਤੂੰ ਤੇ ਬਾਕੀ ਸਿਪਾਹੀ ਉਸ ਵੇਲੇ ਕੀ ਕਰ ਰਹੇ ਸਉ ?" "ਹਜ਼ੂਰ ਮੈਨੂੰ ਪਤਾ ਨਾ ਲਗਾ ਕਿ ਪਿਛਲੇ ਕਈ ਦਿਨਾਂ ਤੋਂ ਪੀਰ ਅਬੱਦੁਲੇ ਦੇ ਦਸਤੇ ਵਿਚੋਂ ਕੁਝ ਸਿਪਾਹੀ ਇਕ ਹਿੰਦਨੀ ਉੱਤੇ ਨਜ਼ਰ ਰਖਦੇ ਆ ਰਹੇ ਹਨ। ਅੱਜ ਸਵੇਰੇ ਮੇਰੇ ਪਹਿਰੇਦਾਰਾਂ ਨੂੰ ਰਿਸ਼ਵਤ ਦੇ ਕੇ ਦੋ ਸਿਪਾਹੀ ਉਸ ਹਿੰਦਨੀ ਨੂੰ ਕਢ ਲੈ ਗਏ। ਹਜ਼ੂਰ ਸਿਪਾਹੀਆਂ ਸਿਪਾਹੀਆਂ ਵਿਚ ਲੜਾਈ ਪੀਰ ਅਬਦੁੱਲੇ ਦੇ ਦਸਤੇ ਵਿਚ ਹੀ ਹੋਈ ਹੈ।"

ਅਹਿਮਦ ਸ਼ਾਹ ਨੇ ਦੀਨ ਅਹਿਮਦ ਨੂੰ ਐਨੀਂ ਲੰਮੀ ਬਕਵਾਸ ਕਰਨ ਦਿਤੀ। ਜਿੰਨੀ ਦੇਰ ਉਹ ਵਧ ਲਗਾ ਰਿਹਾ ਸੀ। ਉਨਾ ਹੀ ਵਧ ਗ਼ੁੱਸਾ ਅਹਿਮਦ ਸ਼ਾਹ ਨੂੰ ਚੜ ਰਿਹਾ ਸੀ ਜਦੋਂ ਮੀਆਂ ਦੀਨ ਅਹਿਮਦ ਦੀ ਗੱਲ ਖ਼ਤਮ ਹੋਈ ਤਾਂ ਉਸ ਵੇਲੇ ਤਕ ਅਹਿਮਦ ਸ਼ਾਹ ਹੌਲੇ ਹੌਲੇ ਟੁਰਦਾ ਉਹਦੇ ਕਾਫੀ ਨੇੜੇ ਆ ਚੁਕਾ ਸੀ। ਓਧਰੋਂ ਦੀਨ ਅਹਿਮਦ ਨੇ ਗਲ ਖ਼ਤਮ ਕੀਤੀ ਤੇ ਓਧਰੋਂ ਅਹਿਮਦ ਸ਼ਾਹ ਨੇ ਉਹਦੇ ਮੂੰਹ ਉੱਤੇ ਇਕ ਅਜਿਹੀ ਚਪੇੜ ਜੜੀ ਕਿ ਮੀਆਂ ਦੀਨ ਅਹਿਮਦ ਭੌਰ ਭੌਰ ਹੋ ਕੇ ਚਾਰੇ ਪਾਸੇ ਤਕਣ ਲਗਾ।

"ਬਾਮੇਜ਼ਈ ਸਾਹਿਬ !" ਤਨਜ਼ ਭਰੇ ਲਹਿਜੇ ਵਿਚ ਫਿਰ ਅਹਿਮਦ ਸ਼ਾਹ ਨੇ ਨੂਰ ਦੀਨ ਨੂੰ ਸੰਬੋਧਨ ਕਰ ਕੇ ਕਿਹਾ: "ਇਹ ਮੀਆਂ ਜੀ ਤੁਹਾਡੀ ਸਿਫ਼ਾਰਸ਼ ਨਾਲ ਹੀ ਇਸ ਕੰਮ ਵਾਸਤੇ ਨਿਯਤ ਕੀਤੇ ਗਏ ਸਨ। ਤੁਸੀਂ ਆਖਿਆ ਸੀ ਕਿ ਜੇ ਇਹ ਹਾਜੀ ਸਾਹਿਬ ਵਿਸ ਅਹੁਦੇ ਉੱਤੇ ਹੰਣਗੇ ਤਾਂ ਕਿਸੇ ਕਿਸਮ ਦਾ ਖ਼ਤਰਾ ਨਹੀਂ ਹੋਵੇਗਾ।"

"ਖਿਮਾਂ ਦਾ ਜਾਚਕ ਹਾਂ ਪਾਤਸ਼ਾਹ। ਮੈਂ ਹੁਣੇ ਖ਼ੁਦ ਜਾ ਕੇ ਸਾਰਾ ਮੁਆਮਲਾ ਨਜਿੱਠ ਦੇਂਦਾ ਹਾਂ।" ਨੂਰ ਦੀਨ ਨੇ ਸਨਿਮਰ ਤੇ ਅਹਿਮਦ ਸ਼ਾਹ ਅਗੇ ਜ਼ਮੀਨ ਤਕ ਝੁਕਦਿਆਂ ਹੋਇਆਂ ਕਿਹਾ।

ਚੰਗੇ ਚੰਗੇ ਮੁਅਤਬਿਰ ਅਹੁਦੇਦਾਰਾਂ ਤੇ ਅਮੀਰਾਂ, ਸਰਦਾਰਾਂ ਤੇ ਸੈਨਾਪਤੀਆਂ ਨੂੰ ਚਪੇੜ ਕਢ ਮਾਰਨੀ ਜਾਂ ਆਪਣੇ ਸਾਹਮਣੇ ਚਾਬਕਾਂ ਨਾਲ ਉਨ੍ਹਾਂ ਦੀ ਚਮੜੀ ਉਧੜਵਾ ਕਢਨੀ ਉਹਨਾਂ ਦਿਨਾਂ ਵਿਚ ਮਧ ਏਸ਼ੀਆ ਤੋਂ ਉਠੇ, ਪਾਤਸ਼ਾਹਾਂ ਵਾਸਤੇ ਕੋਈ ਅਲੋਕਾਰ ਨਹੀਂ ਸੀ। ਖ਼ੁਦ ਬਾਦਸ਼ਾਹ ਹੀ ਨਹੀਂ ਉਹਨਾਂ ਦੇ ਹੇਠਲੇ ਜਰਨੈਲ ਤੇ ਮੁਸਾਹਿਬ ਵੀ ਆਪਣੇ ਮਾਤਿਹਤਾਂ ਨਾਲ ਏਸੇ ਤਰ੍ਹਾਂ ਕਰਦੇ ਸਨ। ਆਮ ਸਿਪਾਹੀਆਂ ਨੂੰ ਮਾਰ ਮਾਰ ਕੇ ਜਾਨੋਂ ਮਾਰ ਛਡਣਾ ਇਕ ਆਮ ਘਟਨਾ ਹੁੰਦੀ ਸੀ।

ਏਸੇ ਤਰ੍ਹਾਂ ਹੀ ਉਹਨਾਂ ਦਿਨਾਂ ਵਿਚ ਫ਼ੌਜੀ ਜ਼ਬਤ ਕਾਇਮ ਰਖਿਆ ਜਾਂਦਾ ਸੀ। ਅੱਜ ਵਾਂਗ ਫ਼ੌਜੀ ਮੁਨਸਫ਼ੀਆਂ ਨਹੀਂ ਸਨ ਹੁੰਦੀਆਂ। ਅੱਜ ਵਾਂਗ ਸਿਪਾਹੀਆਂ ਤੇ ਅਫ਼ਸਰਾਂ ਨੂੰ ਮਿਲੀਆਂ ਸਜ਼ਾਵਾਂ ਦੇ ਬਰਖਿਲਾਫ਼ ਅਪੀਲਾਂ ਕਰਨ ਦੀ ਇਜਾਜ਼ਤ ਨਹੀਂ ਸੀ ਹੁੰਦੀ। ਓਦੋਂ ਦੇ ਲਿਖਤੀ ਕਾਨੂੰਨ ਦੀ ਕੋਈ ਚੰਗੀ ਵਨਗੀ ਅਜੇ ਤਕ ਨਹੀਂ ਮਿਲੀ। ਨੇਤਾ ਜਾਂ ਪਾਤਸ਼ਾਹ ਜਾਂ ਜਰਨੈਲ ਦੀ ਆਖੀ ਹੀ ਕਾਨੂੰਨ ਹੁੰਦੀ ਸੀ। ਉਹਦੀ ਆਖੀ ਦੀ ਕੋਈ ਉਲੰਘਣਾ ਮੁਮਕਿਨ ਨਹੀਂ ਸੀ।

ਸ਼ਾਇਦ ਉਹਨਾਂ ਦਿਨਾਂ ਵਿਚ ਉਹੋ ਜਿਹੇ ਆਦਮੀਆਂ ਵਾਸਤੇ ਤੇ ਉਹੋ ਜਿਹੇ ਇਲਾਕੇ ਦੇ ਜੰਮ ਪਲਾਂ ਲਈ ਸਿਰਫ਼ ਇਹੋ ਜਿਹਾ ਜ਼ਬਤ ਹੀ ਕਾਰਆਮਦ ਸੀ। ਨੇਤਾਵਾਂ ਨੂੰ ਕਿਸੇ ਹੋਰ ਤਰ੍ਹਾਂ ਦਾ ਕਾਨੂੰਨ ਪੁਗ ਨਹੀਂ ਸਕਦਾ ਸੀ। ਉਹਨਾਂ ਦੀ ਵਡਿਆਈ ਤੇ ਉਹਨਾਂ ਦੀ ਲੀਡਰੀ ਉਹਨਾਂ ਦੀ ਜ਼ਾਤੀ ਤਾਕਤ ਉੱਤੇ ਨਿਰਭਰ ਹੁੰਦੀ ਸੀ। ਏਸ ਲਈ ਇਹ ਨੇਤਾ ਲੰਡ ਤੋਂ ਬਹੁਤੀ ਵਾਰ ਵਧ ਆਪਣੀ ਜ਼ਾਤੀ ਤਾਕਤ ਦੀ ਬਰਤਰੀ ਹੋਰਨਾਂ ਨੂੰ ਵਿਖਾਂਦੇ ਰਹਿੰਦੇ ਸਨ।

ਇਹ ਹੀ ਨਹੀਂ, ਜੇ ਇਹੋ ਜਿਹਾ ਸਖ਼ਤ ਜ਼ਬਤ ਲਾਗੂ ਨਾ ਹੁੰਦਾ ਤਾਂ ਬਗ਼ਾਵਤ ਦੇ ਮੌਕੇ ਅਣਗਿਣਤ ਹੋ ਸਕਦੇ

Scanned by CamScanner

ਸਨ। ਸੱਠ, ਸੱਤਰ ਜਾਂ ਸੌ ਹਜ਼ਾਰ ਆਦਮੀਆਂ ਵਿਚੋਂ ਹਰ ਇਕ ਸਿਪਾਹੀ ਕਿਸੇ ਵੇਲੇ ਵੀ ਬਗ਼ਾਵਤ ਦਾ ਮੋਹਰੀ ਬਣ ਸਕਦਾ ਸੀ ਤੇ ਬਣ ਸਕਣ ਦੇ ਯੋਗ ਸੀ। ਹਰ ਆਮ ਸਿਪਾਹੀ ਬਹਾਦਰ ਹੁੰਦਾ ਸੀ ਤੇ ਉਹਦੇ ਇਲਾਕੇ ਦੇ ਤੇ ਉਹਦੀ ਜਾਣ ਪਛਾਣ ਦੇ ਫ਼ੌਜ ਵਿਚ ਹੋਰ ਵੀ ਕਾਫ਼ੀ ਸਾਥੀ ਹੁੰਦੇ ਸਨ। ਤੇ ਆਖ਼ਿਰ ਉਹਨਾਂ ਦਾ ਨੇਤਾ ਤੇ ਲੀਡਰ ਵੀ ਕੁਝ ਸਾਲ ਪਹਿਲੇ ਕੀ ਸੀ ? ਉਹਨਾਂ ਵਰਗਾ ਹੀ ਇਕ ਸਿਪਾਹੀ।

ਇਸ ਸ਼ੈ ਦੀ ਚੇਤਨਤਾ ਨੇਤਾ ਨੂੰ ਬੜਾ ਸਖ਼ਤ ਤੇ ਖ਼ੂਨਖ਼ਾਰ ਹੋਣ ਲਈ ਮਜਬੂਰ ਕਰ ਦੇਂਦੀ ਸੀ। ਉਹਨਾਂ ਦਿਨਾਂ ਵਿਚ ਜ਼ਿੰਦਗੀ ਦੀ ਤੇ ਆਪੋ ਵਿਚਲੇ ਸਾਰੇ ਮਨੁੱਖੀ ਸਬੰਧਾਂ ਦੀ ਉਸਾਰੀ ਹੀ ਤਸ਼ੱਦਦ ਤੇ ਸਖ਼ਤੀ ਦੀਆਂ ਨੀਂਹਾਂ ਉੱਤੇ ਹੋਇਆ ਕਰਦੀ ਸੀ।

ਪਰ ਅਹਿਮਦ ਸ਼ਾਹ, ਹਲਾਕੂ ਤੇ ਚੰਗੇਜ਼ ਵਰਗਾ ਜ਼ਾਲਮ ਤੇ ਹੈਂਸਿਆਰਾ ਨਹੀਂ ਸੀ। ਅਹਿਮਦ ਸ਼ਾਹ ਇਕ ਜੋ ਹਲਾਕੂ, ਚੰਗੇਜ਼ ਤੇ ਤੈਮੂਰ ਵਰਗੇ ਨੇਤਾਵਾਂ ਤੋਂ ਕਾਫ਼ੀ ਸਦੀਆਂ ਪਿਛੋਂ ਆਇਆ ਤੇ ਦੂਸਰਾ ਇਸ ਲੀਡਰ ਵਿਚ ਇਕ ਤਰ੍ਹਾਂ ਦੀ ਲੁਪਤ ਮਾਨਵਤਾ ਸੀ। ਉਹ ਲੋੜ ਤੋਂ ਵਧ ਜ਼ਾਲਮ ਨਹੀਂ ਸੀ ਬਣਦਾ। ਪਰ ਜਦੋਂ ਉਹਦੀ ਕੋਈ ਦੀਨ ਨਾ ਮੰਨੇ, ਜਦੋਂ ਕੋਈ ਉਹਦਾ ਸਾਹਮਣਾ ਕਰਨ ਦੀ ਹਿੰਮਤ ਕਰੇ ਜਾਂ ਜਦੋਂ ਕਦੀ ਉਹਦੀ ਮਨ ਆਈ ਪੂਰੀ ਨਾ ਹੋਵੇ ਤਾਂ ਅਹਿਮਦ ਸ਼ਾਹ ਆਪਣੀ ਵਨਗੀ ਦੇ ਹੋਰਨਾਂ ਜਰਨੈਲਾਂ ਵਾਂਗ ਹੀ ਜ਼ਾਲਮ ਤੇ ਬੇਰਹਿਮ ਹੋ ਸਕਦਾ ਸੀ।

ਅੱਜ ਸਿਖਾਂ ਨੇ ਉਹਨੂੰ ਪੰਜਾਬ ਦੀ ਧਰਤੀ ਉੱਤੇ ਉਪਰਾਮ ਕਰ ਦਿਤਾ ਸੀ ਪੰਜਾਬ ਦੀ ਧਰਤੀ ਜਿਹੜੀ ਕਿ ਇਕ ਮੁੱਦਤ ਤੋਂ ਉਹਦੀ ਹਕੂਮਤ ਦਾ ਸਭ ਤੋਂ ਅਮੀਰ ਸੂਬਾ ਸੀ। ਪੰਜਾਬ ਦੀ ਧਰਤੀ ਉੱਤੇ ਸ਼ਹਿਨਸ਼ਾਹੇ ਦਿੱਲੀ ਨੇ ਵੀ ਆਪਣੇ ਅਧਿਕਾਰ ਰਜ਼ਾਮੰਦੀ ਨਾਲ ਪਠਾਣਾਂ ਨੂੰ ਸੌਂਪ ਦਿਤੇ ਸਨ। ਤੇ ਇਹ ਸਿਖ ਸਨ ਕਿ ਮਾਰ ਖਾ ਖਾ ਕੇ ਵੀ ਨਹੀਂ ਸਨ ਮਨਦੇ ! ਐਤਕੀਂ ਉਹ ਦਿਲ ਹੀ ਦਿਲ ਵਿਚ ਖ਼ਾਸ ਕਰ ਕੇ ਜ਼ਿੱਚ ਸੀ। ਉਹਦੇ ਵਾਸਤੇ ਪਾਣੀਪਤ ਦੀ ਲੜਾਈ ਇਤਿਹ ਸਕ ਸੀ ਤੇ ਉਹ ਪਾਣੀਪਤ ਦੀ ਜਿਤ ਆਪਣੀ ਜ਼ਾਤੀ ਜਿਤ ਸਮਝਦਾ ਸੀ। ਸੋ ਉਸ ਜਿਤ ਤੋਂ ਐਡੀ ਜਲਦੀ ਪਿਛੋਂ ਸਿਖਾਂ ਵਲੋਂ ਇਹ ਵਧੀਕੀਆਂ ਸਹਾਰੀਆਂ ਨਹੀਂ ਸਨ ਜਾ ਸਕਦੀਆਂ।

ਇਸ ਤੋਂ ਉਪੰਤ ਅਜ ਸ਼ਾਇਦ ਪਹਿਲੀ ਵਾਰੀ ਅਹਿਮਦ ਸ਼ਾਹ ਦਰਾਨੀ ਨੂੰ ਖ਼ਿਆਲ ਆਇਆ ਸੀ ਕਿ ਉਹ ਬੁਢਾ ਹੋ ਰਿਹਾ ਹੈ, ਕਿ ਉਹਦਾ ਜਿਸਮ ਕਮਜ਼ੋਰ ਹੋ ਰਿਹਾ ਹੈ ਤੇ ਉਹਦਾ ਮੂੰਹ ਪਤਲਾ। ਏਸੇ ਲਈ ਸ਼ਾਇਦ ਉਸ ਹਾਜੀ ਦੀਨ ਅਹਿਮਦ ਨੂੰ ਇਕ ਚਪੇੜ ਮਾਰੀ ਤੇ ਝਟ ਹੀ ਪਿਛੋਂ ਉਹਦੇ ਕਤਲ ਦਾ ਹੁਕਮ ਸੁਣਾਇਆ।

ਨੂਰ ਦੀਨ ਨੇ ਖ਼ੁਦ ਜਾ ਕੇ ਹਿੰਦਵਾਣੀਆਂ ਦੇ ਮੁਆਮਲੇ ਦੀ ਪੜਤਾਲ ਕੀਤੀ। ਉਹਨੂੰ ਪਤਾ ਲਗਾ ਕਿ ਹਿੰਦਵਾਣੀਆਂ ਵਾਸਤੇ ਸਿਰਫ਼ ਦਸ ਆਦਮੀ ਨਹੀਂ, ਹੁਣ ਤਕ ਸ਼ਾਇਦ ਸੱਠ ਸੱਤਰ ਆਦਮੀ ਮਰ ਚੁਕੇ ਹਨ। ਇਹ ਮਰਦੂਦ ਸਿਪਾਹੀ ਅਮੀਰਾਂ ਤੇ ਜਰਨੈਲਾਂ ਦੀਆਂ ਖ਼ਾਸ ਖ਼ਾਸ ਰਖੇਲਾਂ ਉੱਤੇ ਉਚੇਚੀ ਅੱਖ ਰਖਦੇ ਸਨ। ਤੇ ਬਹੁਤੀਆਂ ਲੜਾਈਆਂ ਇਹਨਾਂ ਖ਼ਾਸ ਖ਼ਾਸ ਰਖੇਲਾਂ ਵਾਸਤੇ ਹੀ ਹੋਈਆਂ ਸਨ।

ਉਹਨੇ ਵੇਖਿਆ ਕਿ ਇਹੋ ਜਿਹੀਆਂ ਬਾਈ ਸੌ ਜ਼ਨਾਨੀਆਂ ਵਾਸਤੇ ਸਿਰਫ਼ ਪੰਜ ਸੌ ਆਦਮੀਆਂ ਦੀ ਡੀਊਟੀ ਕਾਫ਼ੀ ਨਹੀਂ। ਉਸ ਇਕ ਸਰਦਾਰ ਕਬੀਰ ਉੱਲੇ ਥੱਲੇ ਪੰਜ ਸੌ ਦੀ ਥਾਂ ਦੋ ਹਜ਼ਾਰ ਆਦਮੀ ਬਾਈ ਸੌ ਜ਼ਨਾਨੀਆਂ ਤੇ ਲਗਭਗ ਤਿੰਨ ਸੌ ਹੋਰ ਹਿੰਦੂ ਸਿਖਾਂ ਦੀ ਰਖਵਾਲੀ ਵਾਸਤੇ ਨਿਯਤ ਕੀਤੇ। ਦੀਨ ਅਹਿਮਦ ਦੇ ਕਤਲ ਦਾ ਹੁਕਮ ਤਾਂ ਆਪ ਬਾਦਸ਼ਾਹ ਨੇ ਸੁਣਾਇਆ ਸੀ। ਤੇ ਪੀਰ ਅਬਦੁੱਲੇ ਨੂੰ ਆਪਣੀ ਕਮਾਨ ਤੋਂ ਬਰਤਰਫ਼ ਕਰ ਕੇ ਕੈਦ ਵਿਚ ਸੁਟਣ ਦਾ ਹੁਕਮ ਨੂਰ ਦੀਨ ਨੇ ਦਿਤਾ।

ਦੋ ਤਿੰਨ ਘੰਟੇ ਪਿਛੋਂ ਪੂਰਾ ਪ੍ਰਬੰਧ ਕਰ ਕੇ ਨੂਰ ਦੀਨ ਬਾਦਸ਼ਾਹ ਸਾਹਮਣੇ ਹਾਜ਼ਿਰ ਹੋਇਆ। "ਜਹਾਂ ਪਨਾਹ, ਸਭ ਕੁਝ ਠੀਕ ਹੋ ਗਿਆ ਹੈ" ਉਸ ਕਿਹਾ। ਪੀਰ ਅਬਦੁੱਲੇ ਨੂੰ ਮੈਂ ਕੈਦ ਕਰ ਦਿਤਾ ਹੈ। ਸਰਦਾਰ ਕਬੀਰ ਉੱਲੇ ਥੱਲੇ ਦੇ ਹਜ਼ਾਰ ਆਦਮੀ ਹਿੰਦੀ ਕੈਦੀਆਂ ਦੀ ਰਖਵਾਲੀ ਵਾਸਤੇ ਨਿਯਤ ਕਰ ਦਿਤੇ ਹਨ। ਹੁਣ ਕਿਸੇ ਫ਼ਿਕਰ ਦੀ ਲੋੜ ਨਹੀਂ। ਬਾਦਸ਼ਾਹ ਸਲਾਮਤ ਆਪ ਆਰਾਮ ਨਾਲ ਸੌਂ ਸਕਦੇ ਹਨ।

ਇਹ ਸੁਣ ਬਾਦਸ਼ਾਹ ਸਲਾਮਤ ਅਹਿਮਦ ਸ਼ਾਹ ਨੂਰ ਦੀਨ ਨੂੰ ਨਾਲ ਲਈ ਆਪਣੇ ਖੇਮੇਂ ਤੋਂ ਬਾਹਰ ਆਇਆ। ਨਿਰਮਲ ਅਸਮਾਨ ਉੱਤੇ ਉਸ ਚਮਕਦਾ ਚੰਨ ਤਕਿਆ ਤੇ ਹੌਲੀ ਹੌਲੀ ਉਹ ਸਤਲੁਜ ਦੇ ਕੰਢੇ ਵਲ ਜੁਰ ਪਿਆ। ਉਹਦਾ ਤੰਬੂ

Scanned by CamScanner

ਸਤਲੁਜ ਦੇ ਕੰਢੇ ਤੋਂ ਸੱਠ ਸਤਰ ਕੁ ਗਜ਼ ਹੀ ਦੂਰ ਹੋਵੇਗਾ। ਦਰਿਆ ਦੇ ਕੰਢੇ ਉੱਤੇ ਪਹੁੰਚ ਕੇ ਉਹ ਰੁਕ ਗਿਆ। ਜ਼ਰਾ ਦੂਰ ਇਕ ਦੰਮ ਕੁਝ ਖੜਾਕ ਹੋਇਆ। ਦਰਿਆ ਨੇ ਢਾਹ ਲਾਈ ਹੋਈ ਸੀ ਤੇ ਇਕ ਵਡੀ ਸਾਰੀ ਮਣ ਪਾਣੀ ਵਿਚ ਜਾ ਡਿਗੀ ਸੀ। ਨੂਰ ਦੀਨ ਨੇ ਜਲਦੀ ਜਲਦੀ ਆਪਣੇ ਪੈਰਾਂ ਦੇ ਥੱਲੇ ਵਾਲੀ ਜ਼ਮੀਨ ਵਲ ਨੀਝ ਨਾਲ ਤਕਿਆ, ਕਿਤੇ ਉਥੇ ਕੋਈ ਤ੍ਰੇੜ ਤਾਂ ਨਹੀਂ। ਕਿਤੇ ਇਹ ਜ਼ਮੀਨ ਅਗਲੀ ਮਣ ਵਿਚ ਦਰਿਆ ਦੀ ਭੇਟ ਹੋਣ ਵਾਲੀ ਤਾਂ ਨਹੀਂ। ਉਹ ਕੁਝ ਕਹਿਣ ਹੀ ਲਗਾ ਸੀ ਕਿ ਅਹਿਮਦ ਸ਼ਾਹ ਹਸਿਆ।

"ਤੂੰ ਸਮਝਿਆ ਹੈ ਨੂਰ ਦੀਨ ਕਿ ਤੇਰੇ ਬਾਦਸ਼ਾਹ ਦੀ ਨੀਂਦ ਦਸਾਂ ਜਾਂ ਵੀਹਾ ਸਿਪਾਹੀਆਂ ਦੀ ਮੌਤ ਬੇਅਰਾਮ ਕਰ ਸਕਦੀ ਹੈ?" "ਮੇਰਾ ਇਹ ਭਾਵ ਨਹੀਂ ਸੀ ਹਜ਼ੂਰ..." "ਮੈਂ ਜਾਣਦਾ ਹਾਂ ਨਰ ਦੀਨ ਤੇਰਾ ਭਾਵ। ਤੇ ਤੂੰ ਵੀ ਸ਼ਾਇਦ ਜਾਣਦਾ ਹੈਂ ਕਿ ਮੈਨੂੰ ਐਨਾ ਗੁੱਸਾ ਕਿਉਂ ਆਇਆ ਤੇ ਮੈਂ ਕਿਉਂ ਉਪਰਾਮ ਹਾਂ?" ਫਿਰ ਇਕਾ ਇਕ ਉਹ ਤੇਜ਼ ਸੁਰ ਵਿਚ ਬੱਲਿਆ : "ਤੇਰੇ ਖ਼ਿਆਲ ਵਿਚ ਕੀ ਕੱਲ੍ਹ ਤਕ ਦਰਿਆ ਵਿਚ ਬੇੜੀਆਂ ਪੈ ਸਕਣਗੀਆਂ ਕਿ ਨਹੀਂ?"

ਨੂਰ ਦੀਨ, ਅਹਿਮਦ ਸ਼ਾਹ ਦਾ ਸੱਜਾ ਹੱਥ ਸੀ। ਬਾਦਸ਼ਾਹ ਨੂੰ ਉਹਦੇ ਉੱਤੇ ਪੂਰਨ ਇਤਬਾਰ ਸੀ। ਉਹ ਬਾਦਸ਼ਾਹ ਨੂੰ ਹਮੇਸ਼ਾ ਠੀਕ ਸਲਾਹ ਦੇਂਦਾ ਸੀ, ਭਾਵੇਂ ਉਹ ਕੋਝੀ ਵੀ ਹੋਵੇ। ਐਸ ਵੇਲੇ ਨੂਰ ਦੀਨ ਨੂੰ ਯਕੀਨ ਸੀ ਕਿ ਕਿਸੇ ਹਾਲਤ ਵਿਚ ਵੀ ਕੱਲ੍ਹ ਤਕ ਹੜ੍ਹ ਲਹਿਣ ਨਹੀਂ ਲਗਾ, ਪਰ ਉਸ ਬਾਦਸ਼ਾਹ ਦੀ ਤਲਮਲਾਈ ਹਾਲਤ ਵੇਖ ਕੇ ਉਹਦੀ ਹਾਂ ਵਿਚ ਹਾਂ ਮਿਲਾਣੀ ਹੀ ਯੋਗ ਸਮਝੀ। "ਇਨਸ਼ਾ ਅੱਲਾ। ਉਮੀਦ ਤਾਂ ਇਹੋ ਹੈ।"

ਸ਼ਾਹ ਅਹਿਮਦ ਸ਼ਾਹ ਨੇ ਚਮਕਦੇ ਚੰਨ ਵੱਲ ਟਿਕਟਿਕੀ ਲਾ ਕੇ ਵੇਖਿਆ ਤੇ ਕਿਹਾ : "ਅਸਮਾਨ ਤਾਂ ਅਜ ਸਵੇਰ ਦਾ ਹੀ ਨਿਰਮਲ ਹੈ।" "ਬੇਸ਼ਕ ਬਾਦਸ਼ਾਹ ਸਲਾਮਤ। ਇਹ ਕੋਈ ਬਰਸਾਤਾਂ ਦੇ ਦਿਨ ਹਨ? ਪਤਾ ਨਹੀਂ ਕਿਵੇਂ ਮੀਂਹ ਵੱਸ ਪਏ ਹਨ। ਮੈਨੂੰ ਵਿਸ਼ਵਾਸ ਹੈ ਕਿ ਪਹਾੜਾਂ ਵਿਚ ਵੀ ਹੁਣ ਬਾਰਸ਼ ਨਹੀਂ ਹੋ ਰਹੀ ਹੋਣੀ।" ਬਾਦਸ਼ਾਹ ਫਿਰ ਹਸਿਆ। "ਪਰ ਤੱਕੋ ਨਾ ਉਹ ਬਦਲੀਆਂ...?" "ਉਹ ਉਛ ਪੁਡ ਜਾਣਗੀਆਂ ਪਾਤਸ਼ਾਹਾਂ ਦੇ ਪਾਤਸ਼ਾਹ...।' ਇਤ ਹੋਰ ਮਣ ਪਹਿਲੇ ਨਾਲੋਂ ਵੀ ਕਿਤੇ ਨੇੜੇ ਦਰਿਆ ਵਿਚ ਡਿਗੀ ਤੇ ਖੜਾਕ ਫਿਰ ਉੱਚਾ ਹੋਇਆ..।

ਬਾਦਸ਼ਾਹ ਅਹਿਮਦ ਸ਼ਾਹ ਫਿਰ ਹਸਿਆ। ਹਸਦਿਆਂ ਹਸਦਿਆਂ ਉਹਨੂੰ ਇਕਾ ਇਕ ਖੰਘ ਆ ਗਈ ਤੇ ਉਸ ਖੰਘਦੇ ਖੰਘਦੇ ਨੇ ਆਪਣੇ ਖੈਮੇਂ ਦਾ ਰੁਖ਼ ਕੀਤਾ। ਖੰਘਦਿਆਂ ਖੰਘਦਿਆਂ ਹੀ ਉਹਦੇ ਮੂੰਹ ਵਿਚੋਂ ਨਿਕਲਿਆ। "ਇਨਸ਼ਾ-ਅੱਲਾ..."

ਅਹਿਮਦ ਸ਼ਾਹ ਤੇ ਨੂਰ ਦੀਨ ਵਾਪਸ ਖੈਮੇਂ ਵਲ ਜਾ ਰਹੇ ਸਨ। ਅਹਿਮਦ ਸ਼ਾਹ ਅਗੇ ਅਗੇ ਤੇ ਨੂਰ ਦੀਨ ਪਿਛੇ ਪਿਛੇ। ਅਹਿਮਦ ਸ਼ਾਹ ਦਾ ਪ੍ਰਛਾਵਾਂ ਲੰਮੇਰਾ ਸੀ ਤੇ ਉਹਦਾ ਜਿਸਮ ਅਜੇ ਤਕ ਵੀ ਸਹਿਜੇ ਹੀ ਨੂਰ ਦੀਨ ਦੇ ਜਿਸਮ ਨਾਲੋਂ ਢੇਰ ਗੱਠਿਆ ਹੋਇਆ ਦਿਸਦਾ ਸੀ। ਪਰ ਜਦੋਂ ਆਪ ਅਹਿਮਦ ਸ਼ਾਹ ਨੇ ਆਪਣੇ ਸੱਜੇ ਹੱਥ ਆਪਣਾ ਆਕਾਰ ਧਰਤੀ ਉੱਤੇ ਉਕਰਿਆ ਵੇਖਿਆ ਤਾਂ ਉਹਨੂੰ ਲਗਾ ਕਿ ਇਹ ਆਕਾਰ ਪਹਿਲਿਆਂ ਵਾਂਗ ਤੇਜੱਸਵੀ ਤੇ ਸੁੰਦਰ ਨਹੀਂ। ਇਹ ਆਕਾਰ ਅਹਿਮਦ ਸ਼ਾਹ ਦੇ ਪਹਿਲੇ ਆਕਾਰ ਨਾਲੋਂ ਪਤਲਾ, ਕਮਜ਼ੋਰ ਤੇ ਫਿਕਾ ਫਿਕਾ ਹੈ।

ਅਹਿਮਦ ਸ਼ਾਹ ਖੰਘਿਆ ਤੇ ਉਹਦਾ ਸਿਰ ਝੁਕ ਗਿਆ! ਹੌਲੀ ਹੌਲੀ ਟੁਰਦੇ ਉਹ ਆਪਣੇ ਖੈਮੇਂ ਤਕ ਪਹੁੰਚਿਆ। ਉਹ ਅੰਦਰ ਵੜਨ ਹੀ ਵਾਲਾ ਸੀ ਕਿ ਦੋ ਚਾਰ ਖਿੰਡਰੀਆਂ ਪੁੰਡਰੀਆਂ ਬਦਲੀਆਂ ਇਕੱਠੀਆਂ ਹੋ ਗਈਆਂ ਤੇ ਉਹਨਾਂ ਨੇ ਚੰਨ ਦਾ ਮੁਖੜਾ ਕੱਜ ਲਿਆ। ਪਰ ਅਹਿਮਦ ਸ਼ਾਹ ਇਹ ਭਾਣਾ ਵੇਖ ਕੇ ਅਟਕਿਆ ਨਹੀਂ...। ਓਧਰੋਂ ਬਦਲੀਆਂ ਨੇ ਚੰਨ ਕਜਿਆ ਤੇ ਓਧਰੋਂ ਅਹਿਮਦ ਸ਼ਾਹ ਆਪਣੇ ਖੈਮੇਂ ਵਿਚ ਵੜਿਆ ਤੇ ਦੂਜੇ ਪਾਸੇ ਦੋ ਸਿਖ ਸਿਪਾਹੀਆਂ ਨੇ ਅਹਿਮਦ ਸ਼ਾਹ ਦੇ ਪੜਾ ਦੇ ਲਾਗੇ ਪਹੁੰਚ ਕੇ ਆਪਣਾ ਕੰਮ ਅਰੰਭ ਕੀਤਾ।

ਇਹ ਦੋ ਸਿਖ ਸੂਹੀਏ ਬਾਦਸ਼ਾਹ ਅਹਿਮਦ ਸ਼ਾਹ ਦੇ ਪੜਾ ਵਿਚੋਂ ਬਾਈ ਸੌ ਜ਼ਨਾਨੀਆਂ ਤੇ ਤਿੰਨ ਸੌ ਹੋਰ ਹਿੰਦੂ ਸਿਖ ਆਦਮੀਆਂ ਦੀ ਇਸਥਿਤੀ ਦਾ ਪਤਾ ਲਾਣ ਆਏ ਸਨ। ਉਹ ਜਾਣਨਾ ਚਾਹੁੰਦੇ ਸਨ ਕਿ ਇਸ ਚਾਲੀ ਕੁ ਹਜ਼ਾਰ ਫ਼ੌਜ ਦੇ ਮਹਾਨ ਪੜਾ ਦੇ ਕਿਹੜੇ ਹਿਸੇ ਅੰਦਰ ਉਹਨਾਂ ਦੇ ਹਿੰਦੀ ਸਾਥੀ ਕੈਦ ਹਨ। ਇਹਨਾਂ ਦੋ ਸਿਖਾਂ ਵਿਚੋਂ ਇਕ ਭੰਮਾ ਸਿੰਘ ਕੰਬੋ ਸੀ ਤੇ ਇਕ ਗੁਰਬਖਸ਼ ਸਿੰਘ ਮਾਹਿਲ, ਬਾਬੇ ਜਾਬਾਜ਼ ਸਿੰਘ ਦਾ ਕਿ ਸ਼ਹੀਦ ਸ਼ਾਹਬਾਜ਼ ਸਿੰਘ ਦਾ ਪੋਤਰਾ।

Scanned by CamScanner

ਪੰਝੀ ਸੌ ਹਿੰਦੂ ਸਿਖ ਮਰਦਾਂ ਤੇ ਔਰਤਾਂ ਨੂੰ ਅਹਿਮਦ ਸ਼ਾਹ ਦੀ ਕੈਦ ਵਿਚੋਂ ਛੁਡਾਣ ਦਾ ਫ਼ੈਸਲਾ ਸਿਰਫ਼ ਦੋ ਦਿਨ ਪਹਿਲੇ ਹੋਇਆ ਸੀ। ਫ਼ਰਿਆਦੀ ਹਮੇਸ਼ਾਂ ਵਾਂਗ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਕੋਲ ਆਏ ਸਨ। "ਮੇਰੀਆਂ ਪੰਜ ਧੀਆਂ ਜਰਵਾਣੇ ਫੜ ਕੇ ਲੈ ਗਏ ਹਨ ਸਰਦਾਰ ਜੀ।" ਇਕ ਬੁਢਾ ਹਿੰਦੂ ਵਿਲਕਿਆ।

"ਬੜੇ ਚਾਅਵਾਂ ਤੇ ਸ਼ਗਨਾਂ ਨਾਲ ਮੈਂ ਆਪਣੇ ਦੋਵੇਂ ਪੁਤਰ ਇਕੋ ਦਿਨ ਇਕੋ ਪਿੰਡ ਪਰਨਾਏ ਸਨ। ਮੇਰੀਆ ਨੂੰਹਾਂ ਨੇ ਅਜੇ ਮੇਰੇ ਘਰ ਚਾਰ ਦਿਨ ਵੀ ਨਹੀਂ ਸਨ ਕਢੇ ਕਿ ਜ਼ਾਲਮ ਅਹਿਮਦ ਸ਼ਾਹ ਦੇ ਆਦਮੀ ਉਹਨਾਂ ਨੂੰ ਚਿੱਕ ਕੇ ਲੈ ਗਏ" ਇਕ ਬੁਢੀ ਮਾਈ ਵੈਣ ਪਾ ਪਾ ਕੇ ਸਰਦਾਰ ਜੱਸਾ ਸਿੰਘ ਅਗੇ ਰੋਈ ਸੀ।

"ਸਰਦਾਰ ਜੀ ਅਸੀਂ ਕਿਸੇ ਪਾਸੇ ਦੇ ਨਾ ਰਹੇ। ਅਸੀਂ ਨਿਮਾਣੇ ਹਿੰਦੂਆਂ ਨੇ ਸਿਖਾਂ ਦੀ ਸਹਾਇਤਾ ਵਾਸਤੇ ਮੁਸਲਮਾਨਾਂ ਨਾਲ ਵਿਗਾੜੀ। ਅਸੀਂ ਤੁਹਾਨੂੰ ਖਾਣ ਨੂੰ ਅੰਨ ਪੁਚਾਇਆ, ਪੀਣ ਨੂੰ ਪਾਣੀ। ਅਸਾਂ ਤੁਹਾਨੂੰ ਰਾਖੀ ਦੇ ਪੈਸੇ ਦਿਤੇ। ਹੁਣ ਅਸੀਂ ਕਿਹੜੇ ਮੂੰਹ ਨਾਲ ਮੁਸਲਮਾਨਾਂ ਅਗੇ ਦਾਦ ਫਰਿਆਦ ਕਰੀਏ। ਨਹੀਂ ਸਰਦਾਰ ਜੀ ਅਸੀਂ ਤੁਹਾਡੇ ਕੰਮ ਆਏ ਹਾਂ, ਹੁਣ ਤੁਸੀਂ ਸਾਡੀ ਮਦਦ ਕਰੋ। ਮੇਰੇ ਦੋਵੇਂ ਪੁਤਰ ਦੁਰਾਨੀ ਦੇ ਕਬਜ਼ੇ ਵਿਚ ਹਨ। ਅਸੀਂ ਗਉਆਂ ਸਮਾਨ ਲੋਕ ਕੀ ਕਰਠ ਜੋਗੇ ਹਾਂ। ਸਾਨੂੰ ਸਿਰਫ਼ ਤੁਹਾਡਾ ਹੀ ਆਸਰਾ ਹੈ।"

ਇਹ ਇਕ ਉਸ ਹਿੰਦੂ ਦੀ ਫ਼ਰਿਆਦ ਸੀ ਜਿੰਨੂੰ ਤੇ ਜਿਦ੍ਹੇ ਟੱਬਰ ਨੇ ਸਦਾ ਖ਼ਾਲਸੇ ਨੂੰ ਆਪਣਾ ਰਖਵਾਲਾ ਸਮਝਿਆ ਸੀ। ਇਸ ਫਰਿਆਦ ਵਿਚ ਨਿਹੋਰਾ ਸੀ ਤੇ ਇਸ ਫ਼ਰਿਆਦ ਵਿਚ ਗਿਲਾ ਸੀ, ਜਿਹੜਾ ਸਰਦਾਰ ਜੱਸਾ ਸਿੰਘ ਤੋਂ ਗੁੱਝਾ ਨਾ ਰਿਹਾ। ਇਕ ਸੱਜ-ਵਿਆਹੀ ਸਿਖ ਨਾਰ ਵੀ ਸਰਦਾਰ ਕੋਲ ਆਈ ਸੀ। ਉਹਦਾ ਪਤੀ ਦੁਰਾਨੀ ਦੀ ਕੈਦ ਵਿਚ ਸੀ।

"ਸਰਦਾਰ ਜੀ, ਮੇਰਾ ਹੋਰ ਕੋਈ ਨਹੀਂ। ਉਹਨਾਂ ਦਾ ਵੀ ਹੋਰ ਕੋਈ ਨਹੀਂ। ਸਾਡਾ ਵਿਆਹ ਬੜੇ ਅਜੀਬ ਹਾਲਾਤਾਂ ਵਿਚ ਹੋਇਆ। ਮੈਂ ਤੁਹਾਡੇ ਕੋਲ ਆਈ ਹਾਂ, ਭੀਖ ਮੰਗਣ ਵਾਸਤੇ ਨਹੀਂ ਪਰ ਤੁਹਾਡੇ ਜੱਥੇ ਵਿਚ ਲੜਨ ਵਾਸਤੇ। ਮੇਰੇ ਕੋਲ ਤਲਵਾਰ ਹੈ" ਉਸ ਆਪਣੇ ਖੱਬੇ ਪਾਸੇ ਲਟਕਦੀ ਢਾਈ ਫੁੱਟੀ ਕਿਰਪਾਨ ਨੂੰ ਹੱਥ ਲਾਇਆ ਤੇ ਕਹਿੰਦੀ ਗਈ, "ਮੇਰੇ ਕੋਲ ਘੋੜਾ ਹੈ", ਤੇ ਉਸ ਬਾਹਰ ਵਲ ਇਸ਼ਾਰਾ ਕੀਤਾ ਜਿਥੇ ਸ਼ਾਇਦ ਉਹਦਾ ਘੋੜਾ ਖਲੋਤਾ ਸੀ। "ਤੇ ਮੈਂ ਘੋੜੇ ਉੱਤੇ ਚੜ੍ਹ ਸਕਦੀ ਹਾਂ ਤੇ ਤਲਵਾਰ ਵਾਹ ਸਕਦੀ ਹਾਂ," ਫਿਰ ਕੁਝ ਚਿਰ ਅਟਕ ਕੇ ਉਹ ਜੋਸ਼ ਭਰਪੂਰ ਸ਼ਬਦਾਂ ਵਿਚ ਕਹਿੰਦੀ ਗਈ; "ਮੈਂ ਤੁਹਾਡੀ ਅਗਵਾਈ ਥੱਲੇ ਲੜਨ ਆਈ ਹਾਂ ਮੈਂ ਸ਼ਹੀਦ ਹੋਣ ਆਈ ਹਾਂ ਤੁਸੀਂ ਖ਼ਾਲਸੇ ਦੇ ਨੇਤਾ ਹੋ। ਤੁਹਾਨੂੰ ਪਿਛੇ ਹਟਣਾ ਸ਼ੋਭਦਾ ਨਹੀਂ।"

ਸਰਦਾਰ ਜੱਸਾ ਸਿੰਘ ਦੇ ਆਪਣੇ ਜੱਥੇ ਦੇ ਇਕ ਸਰਦਾਰ ਧੱਲਾ ਸਿੰਘ ਕੰਗ ਨੇ ਵੀ ਕਿਹਾ, "ਮੈਨੂੰ ਘਰੋਂ ਖ਼ਬਰ ਆਈ ਹੈ ਕਿ ਮੇਰੀ ਪਤਨੀ ਤੇ ਮੇਰੀਆਂ ਦੋਵੇਂ ਧੀਆਂ ਨੂੰ ਸਰਬੁਲੰਦ ਖ਼ਾਨ ਆਪ ਫੜ ਕੇ ਲੈ ਗਿਆ ਹੈ! ਸਰਦਾਰ ਜੀ ਦੁਰਾਨੀ ਨਾਲ ਕਿਉਂ ਨਾ ਦੋ ਦੋ ਹੱਥ ਕਰੀਏ।" ਕਰਨਾਲ ਸ਼ਹਿਰ ਦੇ ਸੌ ਕੁ ਹਿੰਦੂ ਟੱਬਰਾਂ ਦੀਆਂ ਸਭੋ ਇਸਤਰੀਆਂ ਦੀ ਸਰੇ-ਬਾਜ਼ਾਰ ਨੁਮਾਇਸ਼ ਹੋਈ ਸੀ ਤੇ ਇਹ ਸਰਬੁਲੰਦ ਖ਼ਾਨ ਦੀ ਮਰਜ਼ੀ ਸੀ ਕਿ ਜਿਸ ਨੂੰ ਚਾਹੇ ਛਡੇ ਜਿਸ ਨੂੰ ਚਾਹੇ ਲਵੇ। ਉਸ ਸਭ ਜੁਆਨ ਤੇ ਸੋਹਣੀਆਂ ਇਸਤਰੀਆਂ ਚੁਣ ਲਈਆਂ ਸਨ ਤੇ ਆਖਿਆ ਸੀ :

"ਬਾਕੀ ਦੀਆਂ ਚੂਹੜੀਆਂ ਸਾਡੇ ਸੋਹਣੇ ਮੁਲਕ ਵਿਚ ਸ਼ੋਭਾ ਨਹੀਂ ਦੇਣਗੀਆਂ। ਇਹ ਬਦਕਿਸਮਤ ਤੇ ਫਿੱਸੜੀ ਹਿੰਦੁਸਤਾਨੀਆਂ ਜੋਗੀਆਂ ਹੀ ਹਨ।" ਕਰਨਾਲ ਦੇ ਹਿੰਦੂ ਵੀ ਜੱਸੇ ਕਲਾਲ ਅੱਗੇ ਫ਼ਰਿਆਦੀ ਹੋਏ ਸਨ। ਕੀ ਕਰਨਾਲ ਤੇ ਕੀ ਪਾਣੀਪਤ, ਕੀ ਦਿੱਲੀ ਤੇ ਕੀ ਸਰਹੰਦ, ਕੀ ਲੁਧਿਆਣਾ ਤੇ ਕੀ ਜਲੰਧਰ, ਪੰਜਾਬ ਦੀ ਨੁੱਕਰ ਨੁੱਕਰ ਵਿਚੋਂ ਸਰਦਾਰ ਕੋਲ ਇਹੋ

Scanned by CamScanner

ਰਿਆਦਾਂ ਪੁਜੀਆਂ ਸਨ । ਜਿਥੇ ਜਿਥੇ ਆਪ ਦੁਰਾਨੀ ਦੇ ਗੁਮਾਸ਼ਤੇ ਨਹੀਂ ਸਨ ਪਹੁੰਚੇ ਜਿਵੇਂ ਜਲੰਧਰ ਵਿਚ, ਉਥੇ ਉਥੇ ਸੂਬੇ ਜਾਂ ਸੈਨਾਂਪਤੀ ਜਬਰੀ ਧੀਆਂ ਭੈਣਾਂ ਚੁਕ ਕੇ ਲੈ ਗਏ ਸਨ । ਕੁਝ ਆਪਣੇ ਵਾਸਤੇ ਤੇ ਕੁਝ ਦੁਰਾਨੀ ਨੂੰ ਤੋਹਫਿਆਂ ਦੇ ਤੌਰ ਉੱਤੇ ਪੇਸ਼ ਕਰਨ ਵਾਸਤੇ ।

ਸਰਦਾਰ ਜੱਸਾ ਸਿੰਘ ਕਲਾਲ ਇਹ ਫ਼ਰਿਆਦਾਂ ਸੁਣਦਾ ਸੀ ਤੇ ਉਹਦਾ ਅੰਦਰਲਾ ਲੂਹਿਆ ਜਾਂਦਾ ਸੀ । ਹਰ ਨਵੀਂ ਫ਼ਰਿਆਦ ਉਹਦੇ ਅੰਤਹ ਕਰਨ ਦੀਆਂ ਡੂੰਘਾਈਆਂ ਵਿਚ ਉੱਤਰ ਜਾਂਦੀ ਸੀ ਤੇ ਉਹਦੀ ਸਾਰੀ ਕਾਇਆ ਕੰਬ ਜਾਂਦੀ ਸੀ । ਸਰਦਾਰ ਦੁ-ਚਿੱਤਾ ਸੀ । ਉਹ ਕੋਈ ਨਿਰਨਾ ਨਹੀਂ ਸੀ ਕਰ ਸਕਦਾ ਕਿ ਕੀ ਕਰੇ ?

ਸਰਦਾਰ ਜੱਸਾ ਸਿੰਘ ਇਕ ਡਾਕੂ ਜਾਂ ਧਾੜਵੀ ਨਹੀਂ ਸੀ । ਉਹ ਜਾਣਦਾ ਸੀ ਕਿ ਜੇ ਇਸ ਮੁਹਿੰਮ ਵਿਚ ਉਹ ਹਾਰ ਗਿਆ ਤਾਂ ਇਹਦੇ ਨਤੀਜੇ ਬੜੇ ਖ਼ਤਰਨਾਕ ਹੋਣਗੇ । ਸਿਖਾਂ ਦਾ ਉਹਦੀ ਲੀਡਰੀ ਵਿਚ ਇਤਬਾਰ ਡੋਲ ਜਾਏਗਾ ਤੇ ਸਾਰੇ ਪੰਜਾਬ ਦਾ ਸਮੁੱਚੇ ਸਿਖਾਂ ਦੀ ਲੀਡਰੀ ਉੱਤੇ ਇਤਬਾਰ ਵੀ । ਉਹਨੂੰ ਆਪਣੇ ਜ਼ਾਤੀ ਮਾਨ ਦੀ ਪ੍ਰਵਾਹ ਨਹੀਂ ਸੀ ਤਾਂ ਵੀ ਉਹ ਪੰਥ ਦੇ ਮਾਨ ਨੂੰ ਤਾਂ ਹੌਲੇ ਭਾਵ ਨਹੀਂ ਸੀ ਲੈ ਸਕਦਾ ? ਬੇਸ਼ਕ ਉਹ ਦਿਲੋਂ ਡਰਦਾ ਸੀ । ਉਸ ਆਪਣੇ ਇਕ ਇਤਬਾਰੀ ਸਾਥੀ ਸਦਾ ਸਿੰਘ ਕਲਸੀਏ ਨੂੰ ਕਿਹਾ :

"ਸਦਾ ਸਿੰਘ, ਦੁਰਾਨੀ ਦੀ ਲਾਮਡੋਰੀ ਉੱਤੇ ਹਮਲਾ ਕਰ ਕੇ ਮਾਲ ਮੱਤਾ ਖੋਹ ਲਿਆਣਾ ਹੋਰ ਗੱਲ ਹੈ ਤੇ ਇਸ ਮੁਹਿੰਮ ਉੱਤੇ ਖ਼ਾਸ ਦਾਈਏ ਨਾਲ ਚੜ੍ਹਨਾ ਹੋਰ ਗੱਲ । ਜੇ ਦੁਰਾਨੀ ਦੀ ਲਾਮਡੋਰੀ ਉੱਤੇ ਧਾਵਾ ਬੋਲ ਕੇ ਕੁਝ ਵੀ ਨਾ ਥਿਆਵੇ ਤਾਂ ਵੀ ਕੋਈ ਔਂਤ ਨਹੀਂ । ਨਾ ਸਾਡਾ ਕੁਝ ਵਿਗੜਦਾ ਹੈ ਨਾ ਉਹਨਾਂ ਦਾ । ਜੇ ਇਸ ਵਾਰੀ ਨਹੀਂ ਤਾਂ ਸ਼ਾਇਦ ਅਗਲੀ ਵਾਰੀ ਕੁਝ ਹੱਥ ਲਗ ਜਾਏ । ਇਸ ਲੂਟ ਮਾਰ ਵਾਸਤੇ ਸਾਡਾ ਕੋਈ ਖ਼ਾਸ ਨਿਸ਼ਾਨਾ ਨਹੀਂ ਹੁੰਦਾ । ਅਸੀਂ ਕਿਸੇ ਖ਼ਾਸ ਕੰਮ ਦਾ ਬੀੜਾ ਚੁਕ ਕੇ ਹਮਲਾ ਨਹੀਂ ਕਰਦੇ । ਪਰ ਪੰਝੀ ਸੌ ਹਿੰਦੂ ਸਿਖਾਂ ਨੂੰ ਤੇ ਖ਼ਾਸ ਕਰ ਕੇ ਜਿਸ ਗਿਣਤੀ ਵਿਚ ਬਾਈ ਸੌ ਔਰਤਾਂ ਹੋਣ, ਛੁਡਾਣਾ ਸੌਖਾ ਨਹੀਂ ।

"ਇਕ ਤਾਂ ਇਹ ਔਰਤਾਂ ਮਰਦ ਕੜੀ ਨਿਗਰਾਨੀ ਥੱਲੇ ਹੋਣਗੇ । ਦੂਜਾ ਇਹ ਜ਼ਰੂਰ ਦੁਰਾਨੀ ਦੇ ਕੈਂਪ ਵਿਚ ਗਭਲੀ ਜਾਂ ਕਿਸੇ ਹੋਰ ਪੱਖੋਂ ਮਹਿਫ਼ੂਜ਼ ਥਾਂ ਅੰਦਰ ਕੈਦ ਹੋਣਗੇ । ਤੀਜਾ, ਜੇ ਅਸੀਂ ਇਹਨਾਂ ਨੂੰ ਛੁਡਾ ਵੀ ਲਿਆ ਤਾਂ ਇਹਨਾਂ ਨੂੰ ਹਿਫ਼ਾਜ਼ਤ ਨਾਲ ਬਚਾ ਕੇ ਲਿਆਉਣਾ ਅਤੀ ਕਠਨ ਹੋਏਗਾ ਉਹਨਾਂ ਵਾਸਤੇ ਐਨੇ ਘੋੜੇ, ਊਂਠ ਜਾਂ ਗੱਡੇ ਕਿਥੋਂ ਆਉਣਗੇ ਇਸਤਰੀਆਂ ਬਹੁਤਾ ਦੌੜਨ, ਭੱਜਣ ਜੋਗੀਆਂ ਵੀ ਨਹੀਂ ਹੁੰਦੀਆਂ । ਤੇ ਚੌਥਾ ਜੇ ਅਸੀਂ ਇਸ ਮੁਹਿੰਮ ਵਿਚ ਅਸਫ਼ਲ ਰਹੇ ਤਾਂ ਸਾਡੀ ਸਾਖ ਰੁਲ ਜਾਏਗੀ ।"

ਉਂਜ, ਜੱਸਾ ਸਿੰਘ ਆਹਲੂਵਾਲੀਆ ਇਹ ਵੀ ਮਹਿਸੂਸ ਕਰਦਾ ਸੀ ਕਿ ਜੇ ਉਹਦੇ ਕੋਲ ਨਹੀਂ ਤਾਂ ਕਿਦ੍ਹੇ ਕੋਲ ਇਹ ਹਿੰਦੂ ਫ਼ਰਿਆਦ ਲੈ ਕੇ ਜਾਣ ? ਸਿਖਾਂ ਨੇ ਹੀ ਉਹਨਾਂ ਦੀ ਰਾਖੀ ਦਾ ਭਾਰ ਚੁਕਿਆ ਸੀ । ਸਿਖਾਂ ਨੇ ਹੀ ਉਹਨਾਂ ਦੀ ਆਜ਼ਾਦੀ ਵਾਸਤੇ ਹਥਿਆਰ ਚੁਕੇ ਸਨ । ਉਹਨਾਂ ਨੇ ਵੀ ਸਿਖਾਂ ਦੀ ਹਰ ਤਰੀਕੇ ਨਾਲ ਧੁਰ ਤੋਂ ਮਦਦ ਕੀਤੀ ਹੈ ।

ਸਰਦਾਰ ਜੱਸਾ ਸਿੰਘ ਸਿਰਫ਼ ਆਪਣੀ ਮਿਸਲ ਦਾ ਨਹੀਂ ਇਕ ਤਰ੍ਹਾਂ ਨਾਲ ਸਾਰੇ ਸਿਖ ਪੰਥ ਦਾ ਵੀ ਸਰਦਾਰ ਸੀ ਨਵਾਬ ਕਪੂਰ ਸਿੰਘ ਨੇ ੧੭੪੮ ਵਿਚ ਅੰਮ੍ਰਿਤਸਰ ਵਿਖੇ ਪੰਥ ਦੀ ਵਾਗ ਡੋਰ ਉਹਦੇ ਹੱਥ ਸੌਂਪੀ ਸੀ । ਉਹਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਜ ਬਖਸ਼ਿਆ ਸੀ ਤੇ ਆਖਿਆ ਸੀ :

"ਸਰਦਾਰ ਜੱਸਾ ਸਿੰਘ, ਪੰਥ ਦੀ ਇਜ਼ਤ ਆਪਣੀ ਇਜ਼ਤ ਕਰ ਜਾਣੀ । ਯਾਦ ਰਖੀਂ ਕਿ 'ਮੇਰਾ ਮੁਝ ਮੇਂ ਕੁਛ ਨਹੀਂ ਜੋ ਕੁਛ ਹੈ ਸੋ ਤੇਰਾ ।' ਯਾਦ ਰਖੀਂ ਕਿ ਜੋ ਕੁਝ ਹੈ ਉਹ ਪੰਥ ਦਾ ਹੀ ਹੈ । ਮੈਂ ਕੀ ਸਾਂ ਕਿ ਮੈਨੂੰ ਇਹਨਾਂ ਨਵਾਬ ਬਣਾਇਆ । ਤੂੰ ਵੀ ਜੋ ਕੁਝ ਬਣੇਂਗਾ ਪੰਥ ਦੇ ਸਦਕਾ ਹੀ ਬਣੇਂਗਾ ।"

ਹਾਂ, ਨਵਾਬ ਕਪੂਰ ਸਿੰਘ ਦੇ ਇਹ ਸ਼ਬਦ ਅਨੇਕ ਵਾਰ ਸਰਦਾਰ ਜੱਸਾ ਸਿੰਘ ਦੇ ਦਿਮਾਗ਼ ਵਿਚ ਤੇ ਜ਼ਿਹਨ ਵਿਚ ਆਉਂਦੇ ਰਹੇ ਸਨ । ਨਵਾਬ ਕਪੂਰ ਸਿੰਘ ਦੇ ਇਹ ਸ਼ਬਦ ਉਹਦੀ ਜ਼ਿੰਦਗੀ ਦਾ ਚਾਨਣ ਮੁਨਾਰਾ ਰਹੇ ਸਨ । ਉਹ ਇਹਨਾਂ ਸ਼ਬਦਾਂ ਤੋਂ ਅਗਵਾਈ ਲੈ ਕੇ ਹੀ ਆਪਣੇ ਜੀਵਨ ਤੇ ਆਪਣੇ ਆਚਰਨ ਨੂੰ ਢਾਲਦਾ ਆਇਆ ਸੀ ।

ਸਰਦਾਰ ਜੱਸਾ ਸਿੰਘ ਨੂੰ ਯਾਦ ਸੀ ਕਿ ਨਵਾਬ ਕਪੂਰ ਸਿੰਘ ਨੇ ਬਿਨਾਂ ਕਿਸੇ ਪੱਖ ਪਾਤ ਦੇ ਉਹਨੂੰ ਪੰਥ ਦਾ ਲੀਡਰ ਥਾਪਿਆ । ਉਹ ਕਿਸੇ ਕੰਨੀਓਂ ਵੀ ਨਵਾਬ ਸਾਹਿਬ ਦਾ ਰਿਸ਼ਤੇਦਾਰ ਨਹੀਂ ਸੀ । ਏਸੇ ਲਈ ਹੀ ਸ਼ਾਇਦ ਨਵਾਬ ਨੇ ਮਿਸਲ ਦੀ ਸਰਦਾਰੀ ਤੇ ਪੰਥ ਦੀ ਸਰਦਾਰੀ ਵਖੋ ਵਖ ਰਖੀ ਸੀ ।

Scanned by CamScanner

ਇਸ ਪਿਛੋਕੜ ਨਾਲ ਅਜੋਕੇ ਹਾਲਾਤਾਂ ਵਿਚ ਸਰਦਾਰ ਜੱਸਾ ਸਿੰਘ ਉੱਤੇ ਇਕ ਬੜੀ ਭਾਰੀ ਜ਼ਿੰਮੇਵਾਰੀ ਆ ਪਈ ਤੇ ਸਾਰੇ ਪਾਸਿਓਂ ਇਸ ਬਾਰੇ ਸੋਚ ਕੇ ਸਰਦਾਰ ਨੇ ਕਿਹਾ : "ਮੈਂ ਇਸ ਜ਼ਿੰਮੇਵਾਰੀ ਤੋਂ ਮੁਖ ਨਹੀਂ ਮੋੜ ਸਕਦਾ।" ਪਰ ਉਸ ਇਹ ਵੀ ਸੋਚਿਆ, "ਇਹ ਜ਼ਿੰਮੇਵਾਰੀ ਦੋਹਾਂ ਪਾਸਿਓਂ ਖ਼ਤਰਨਾਕ ਹੈ। ਹਰ ਦੋਹਾਂ ਹਾਲਾਤਾਂ ਵਿਚ ਮੈਂ ਮੁਸ਼ਕਲਾਂ ਵਿਚ ਫਸਦਾ ਹਾਂ।"

ਇਸ ਦੋ-ਚਿਤਵੀ ਵਿਚ ਕਈ ਦਿਨ ਲੰਘ ਗਏ। ਸਰਦਾਰ ਕੋਈ ਫ਼ੈਸਲਾ ਨਾ ਕਰ ਸਕਿਆ। ਇਹਨਾ ਹੀ ਦਿਨਾਂ ਵਿਚ ਉਹਨੇ ਸੁਣਿਆ ਕਿ ਅਹਿਮਦ ਸ਼ਾਹ ਨੂੰ ਗੋਇੰਦਵਾਲ ਦੇ ਪੱਤਨ ਉੱਤੇ ਰੁਕਣਾ ਪੈ ਗਿਆ ਹੈ। ਸਤਲੁਜ ਹੜ੍ਹਾਂ ਵਿਚ ਹੈ। ਇਕ ਬੁੱਢਾ, ਸ਼ਾਇਦ ਅੱਸੀਆਂ ਕਿ ਨਵਿਆਂ ਸਾਲਾਂ ਦਾ ਬੁਢਾ ਹਿੰਦੂ, ਸਰਦਾਰ ਜੱਸਾ ਸਿੰਘ ਕੋਲ ਆਇਆ ਤੇ ਉਸ ਸਰਦਾਰ ਨੂੰ ਆਖਿਆ :

"ਇਹ ਅਟਕਾ ਰਬ ਦੀ ਕਰਨੀ ਹੈ, ਸਰਦਾਰ ਜੀ। ਤੁਸੀਂ ਗੁਰੂ ਮਹਾਰਾਜ ਦਾ ਨਾਂ ਲੈ ਕੇ ਜਾ ਪਵੋ। ਅਸਾਂ ਗਰੀਬਾਂ ਦੀਆਂ ਪ੍ਰਾਰਥਨਾਵਾਂ ਦੀ ਲਾਜ ਰਖੋ। ਅਗੇ ਵੀ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਕੁੜੀਆਂ ਲੈ ਜਾਂਦੇ ਰਹੇ ਹਨ ਪਰ ਇਸ ਤਰ੍ਹਾਂ ਵਾਹਰਾਂ ਦੀਆਂ ਵਾਹਰਾਂ ਅਗੇ ਉਹਨਾਂ ਕਦੇ ਇਕੱਠੀਆਂ ਨਹੀਂ ਸੀ ਕੀਤੀਆਂ।"

ਇਕ ਦਿਨ ਸਰਦਾਰ ਦਾ ਸਾਥੀ ਜਾਂਬਾਜ਼ ਵੀ ਉਹਦੇ ਕੋਲ ਆ ਪਹੁੰਚਿਆ ਤੇ ਮਜ਼ਾਕ ਵਿਚ ਉਸ ਪੁਛਿਆ : "ਸਰਦਾਰ — ਮੇਰਾ ਜ਼ਖਮ ਠੀਕ ਹੋ ਗਿਆ ਹੈ। ਹੁਣ ਕਿਹੜੀ ਮੁਹਿੰਮੇ ਚੜ੍ਹਨਾ ਹੈ ?" ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸ਼ਾਇਦ ਕਿਸੇ ਇਹੋ ਜਿਹੇ ਹੌਲੇ ਤੇ ਹਾਸ ਰਸ ਭਰੇ ਮੌਕੇ ਦੀ ਉਡੀਕ ਸੀ। ਉਹ ਹੱਸਿਆ ਤੇ ਸਹਿਜੇ ਸੁਭਾਏ ਤੇ ਆਪਣੇ ਆਪ ਜਿਵੇਂ ਉਹਦੇ ਮੂੰਹ ਵਿਚੋਂ ਨਿਕਲ ਗਿਆ : "ਹੁਣ ਆਪ ਅਹਿਮਦ ਸ਼ਾਹ ਦੁਰਾਨੀ ਨਾਲ ਭਿੜਨਾ ਹੈ। ਬਾਬਾ ਜਾਂਬਾਜ਼ ! ਤਿਆਰ ਹੈਂ ? ਹੈ ਹਿੰਮਤ ?" "ਹਿੰਮਤ ? ਸਰਦਾਰ ਜੀ ਕੀ ਪਏ ਆਖਦੇ ਹੋ ? ਤੁਹਾਡੀ ਸਰਦਾਰੀ ਥੱਲੇ ਏਥੇ ਕੀ, ਕਾਬਲ ਪਹੁੰਚ ਕੇ ਵੀ ਅਹਿਮਦ ਸ਼ਾਹ ਨਾਲ ਭਿੜ ਸਕਦਾ ਹੈ ਤੁਹਾਡਾ ਬਾਬਾ..."

"ਤਾਂ ਚਲੋ ਫਿਰ ਫ਼ੈਸਲਾ ਹੋ ਗਿਆ। ਅਹਿਮਦ ਸ਼ਾਹ ਨਾਲ ਭਿੜ ਕੇ ਅਸੀਂ ਪੰਝੀ ਸੌ ਹਿੰਦੂ ਮਰਦ ਇਸਤਰੀਆਂ ਨੂੰ ਛੁਡਾਣਾ ਹੈ। ਤਿਆਰੀ ਪੂਰੀ ਹੋਵੇ।" ਬਸ ਸਰਦਾਰ ਦਾ ਕਹਿਣਾ ਸੀ ਕਿ ਤਿਆਰੀ ਸ਼ੁਰੂ ਹੋ ਗਈ। ਹਲਕਾਰੇ ਖ਼ਬਰਾਂ ਲੈ ਕੇ ਪਿੰਡ ਪਿੰਡ ਪੁਜ ਗਏ। ਲੋਕ ਜੁੜਨ ਲਗੇ। ਘਰ ਘਰ ਗੱਲਾਂ ਬਾਤਾਂ ਪੈਣ ਲਗੀਆਂ। ਦੋ ਹੀ ਦਿਨਾਂ ਵਿਚ ਸਾਰੇ ਹਿੰਦੂ ਸਿਖ ਪੰਜਾਬ ਨੂੰ ਪਤਾ ਲਗ ਗਿਆ ਕਿ ਸਰਦਾਰ ਜੱਸਾ ਸਿੰਘ ਨੇ ਅਹਿਮਦ ਸ਼ਾਹ ਕੋਲ ਕੈਦੀਆਂ ਬਾਰੇ ਕੀ ਫ਼ੈਸਲਾ ਕੀਤਾ ਹੈ।

"ਪੂਰੀ ਤਿਆਰੀ ਬਗ਼ੈਰ ਮੈਂ ਇਸ ਮੁਹਿੰਮ ਉੱਤੇ ਨਹੀਂ ਚੜ੍ਹਨਾ" ਸਰਦਾਰ ਜਸਾ ਸਿੰਘ ਨੇ ਕਿਹਾ ਸੀ, "ਸਾਹਮਣੇ ਪਈ ਮੁਸ਼ਕਲ ਦਾ ਬਸ ਇਕੋ ਇਕ ਹੱਲ ਹੈ। ਉਹ ਇਹ ਕਿ ਅਹਿਮਦ ਸ਼ਾਹ ਦੇ ਕੈਂਪ ਉੱਤੇ ਹੱਲਾ ਕਰਾਂ ਤੇ ਇਸ ਹੱਲੇ ਵਿਚ ਕਾਮਯਾਬ ਹੋਵਾਂ। ਇਸ ਹੱਲੇ ਵਿਚ ਹੋਈ ਅਸਫ਼ਲਤਾ ਮੇਰੇ ਖ਼ਿਆਲ ਵਿਚ ਵੀ ਨਹੀਂ ਆ ਸਕਦੀ।"

ਇਹੋ ਕਾਰਨ ਸੀ ਕਿ ਸਰਦਾਰ ਨੇ ਇਸ ਹਮਲੇ ਵਾਸਤੇ ਖ਼ਾਸ ਸੂਹੀਏ ਭੇਜੇ। ਉਸ ਹੱਲੇ ਦੀ ਤਜਵੀਜ਼ ਬੜੀ ਇਹਤਿਆਤ ਨਾਲ ਤਿਆਰ ਕੀਤੀ। ਉਸ ਉਚੇਚ ਕਰ ਕੇ ਵਧ ਤੋਂ ਵਧ ਆਦਮੀ ਇਕੱਠੇ ਕੀਤੇ। ਉਸ ਆਪਣੇ ਸਾਥੀਆਂ ਨਾਲ ਲੰਮੀਆਂ ਸਲਾਹਾਂ ਕੀਤੀਆਂ। ਏਥੋਂ ਤਕ ਕਿ ਰਿਹਾਈ ਪਿਛੋਂ ਕੈਦੀਆਂ ਨੂੰ ਮਹਿਫ਼ੂਜ਼ ਥਾਵਾਂ ਤੇ ਪੁਚਾਣ ਲਈ ਘੋੜਿਆਂ ਤੇ ਗੱਡਿਆਂ ਦਾ ਵੀ ਖ਼ਾਸ ਪ੍ਰਬੰਧ ਕੀਤਾ। "ਇਹ ਹੱਲਾ ਤੇ ਇਹ ਮੁਹਿੰਮ ਅਵੱਸ਼ ਕਾਮਯਾਬ ਹਣੀ ਚਾਹੀਦੀ ਹੈ," ਉਸ ਆਪਣੇ ਸਾਥੀਆਂ ਨੂੰ ਹੁਕਮਨ ਲਹਿਜੇ ਵਿਚ ਕਿਹਾ।

Scanned by CamScanner

੫੧

ਜਿਓਂ ਹੀ ਸਤਲੁਜ ਵਿਚ ਪਾਣੀ ਦਾ ਰੋੜ੍ਹ ਘਟ ਹੋਇਆ ਅਹਿਮਦ ਸ਼ਾਹ ਦੁਰਾਨੀ ਨੇ ਦਰਿਆ ਵਿਚ ਬੇੜੀਆਂ ਠੇਲ੍ਹਣ ਦਾ ਹੁਕਮ ਦਿਤਾ। ਜਿੰਨੀਆਂ ਬੇੜੀਆਂ ਜੁੜ ਸਕਦੀਆਂ ਸਨ ਇਕੱਠੀਆਂ ਕੀਤੀਆਂ ਗਈਆਂ। ਦੁਰਾਨੀ ਦੇ ਆਪਣੇ ਸਿਪਾਹੀਆਂ ਨੇ ਪਤਵਾਰ ਚੁਕੇ। ਕੁਝ ਬੇੜੀਆਂ ਉਚੇਚੀਆਂ ਕੈਂਪ ਵਿਚ ਹੀ ਤਿਆਰ ਕੀਤੀਆਂ ਗਈਆਂ ਸਨ। ਅਹਿਮਦ ਸ਼ਾਹ ਦਾ ਨਿਸ਼ਾਨਾ ਸੀ ਕਿ ਜਲਦੀ ਤੋਂ ਜਲਦੀ ਦਰਿਆ ਪਾਰ ਕਰ ਲਿਆ ਜਾਏ, ਮਤਾਂ ਫਿਰ ਮੀਂਹ ਨਾ ਵੱਸ ਪੈਣ, ਕਿਉਂਕਿ ਅਜੇ ਤਕ ਵੀ ਕਿਸੇ ਕਿਸੇ ਵੇਲੇ ਨਿਰਮਲ ਅਸਮਾਨ ਉੱਤੇ ਬਦਲ ਮੰਡਲਾਣ ਲਗਦੇ ਸਨ, ਜਾਂ ਮਤਾਂ ਕਿਤੇ ਸਿਖ ਨਾ ਆ ਪੈਣ ਕਿਉਂਕਿ ਚਾਰ ਚੁਫੇਰਿਓਂ ਸੌਆਂ ਜ਼ਰਾ ਡਰਾਉਣੀਆਂ ਹੀ ਪੁਜ ਰਹੀਆਂ ਸਨ।

ਦੋ ਦਿਨ ਬੇੜੀਆਂ ਦੀ ਆਵਾਜਾਈ ਜਾਰੀ ਰਹੀ। ਦੋ ਦਿਨ ਬਿਨਾਂ ਆਰਾਮ ਤੇ ਬਿਨਾਂ ਚੈਨ ਲਿਆਂ ਦੁਰਾਨੀ ਜਰਨੈਲ ਇਸ ਆਵਾਜਾਈ ਦੀ ਨਿਗਰਾਨੀ ਕਰਦੇ ਰਹੇ। ਤੇ ਇਹਨਾਂ ਦੋ ਦਿਨਾਂ ਵਿਚ ਅਹਿਮਦ ਸ਼ਾਹ ਦੀ ਅਧੀ ਤੋਂ ਵਧ ਫ਼ੌਜ ਦਰਿਆ ਦੇ ਪਾਰ ਜਾ ਪਹੁੰਚੀ। ਇਹਨਾਂ ਦੋ ਦਿਨਾਂ ਵਿਚ ਦਰਿਆ ਦਾ ਵਹਿਣ ਹੋਰ ਵੀ ਘਟ ਗਿਆ ਤੇ ਉਮੀਦ ਸੀ ਕਿ ਅਗਲੇ ਦਿਨ ਜੇ ਰਹਿੰਦੀ ਸਾਰੀ ਫ਼ੌਜ ਨਹੀਂ ਤਾਂ ਉਹਦਾ ਇਕ ਘਨੇਰਾ ਭਾਗ ਜ਼ਰੂਰ ਪਾਰਲੇ ਕੰਢੇ ਪਹੁੰਚ ਜਾਏਗਾ।

ਅਹਿਮਦ ਸ਼ਾਹ ਤੇ ਨੂਰ ਦੀਨ ਬਾਮੇਜ਼ਈ ਦੋਵੇਂ ਅਜੇ ਦਰਿਆ ਦੇ ਉਰਾਰ ਸਨ। ਇਕ ਤਾਂ ਅਹਿਮਦ ਸ਼ਾਹ ਆਪਣੀ ਫ਼ੌਜ ਦੇ ਘਨੇਰੇ ਭਾਗ ਨੂੰ ਦਰਿਆ ਪਾਰ ਕਰਦਿਆਂ ਵੇਖਣਾ ਚਾਹੁੰਦਾ ਸੀ ਤੇ ਦੂਜਾ ਉਹ ਨਹੀਂ ਸੀ ਚਾਹੁੰਦਾ ਕਿ ਉਹ ਪਾਰ ਚਲਾ ਜਾਏ ਤੇ ਪਿਛੋਂ ਉਹਦੀ ਉਰਾਰ ਦੀ ਫ਼ੌਜ ਨੂੰ ਕੋਈ ਨੁਕਸਾਨ ਪੁਚਾ ਜਾਏ। ਪਾਣੀਪਤ ਦੇ ਜੇਤੂ ਨੂੰ ਆਪਣੇ ਨਾਂ ਦੀ ਕਾਣ ਸੀ। ਅਗੇ ਹੀ ਧਾੜਵੀ ਸਿਖ ਉਹਦੀ ਲਾਮਡੋਰੀ ਉੱਤੇ ਛਾਪੇ ਮਾਰ ਮਾਰ ਕੇ ਉਹਦੇ ਨਾਂ ਨੂੰ ਕਿਸੇ ਹਦ ਤਕ ਰੋਲਣ ਵਿਚ ਸਫ਼ਲ ਹੋ ਗਏ ਸਨ।

ਅਗਲੀ ਸ਼ਵੇਰ ਅਹਿਮਦ ਸ਼ਾਹ ਨੇ ਸਤਲੁਜ ਪਾਰ ਕਰਨਾ ਸੀ, ਸੋ ਉਹ ਨਿਰਸੰਦੇਹ ਕਰ ਗਿਆ। ਪਰ ਅਗਲੀ ਸਵੇਰ ਜਿਹੜੇ ਪੰਝੀ ਸੌ ਹਿੰਦੂ ਸਿਖਾਂ ਨੇ ਦਰਿਆ ਪਾਰ ਕਰਨਾ ਸੀ ਉਹ ਇਉਂ ਨਾ ਕਰ ਸਕੇ। ਉਸ ਰਾਤ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਥੱਲੇ ਖ਼ਾਲਸੇ ਨੇ ਦੁਰਾਨੀ ਕੈਂਪ ਉੱਤੇ ਧਾਵਾ ਬੋਲਿਆ ਤੇ ਸਭ ਹਿੰਦੂ ਸਿਖ ਮਰਦ ਤੇ ਔਰਤਾਂ ਛੁਡਾ ਕੇ ਲੈ ਗਏ। ਸਿਰਫ਼ ਹਿੰਦੂ ਤੇ ਸਿਖ ਹੀ ਨਹੀਂ, ਉਹ ਲਗਭਗ ਦੋ ਕੁ ਸੌ ਮੁਸਲਮਾਨ ਔਰਤਾਂ ਵੀ ਛੁਡਾ ਕੇ ਲੈ ਗਏ। ਹਿੰਦੁਸਤਾਨੀ ਮੁਸਲਮਾਨ ਔਰਤਾਂ।

ਇਹ ਪਹਿਲਾ ਧਾਵਾ ਸੀ ਜਿਸ ਵਿਚ ਕਿ ਸਰਦਾਰ ਜੱਸਾ ਸਿੰਘ ਨੇ ਖ਼ੁਦ ਹਿੱਸਾ ਨਹੀਂ ਸੀ ਲਿਆ। ਲੜਾਈ ਵਾਸਤੇ ਨਿਯਤ ਕੀਤੇ ਗਏ ਜੱਥੇ ਦੀ ਕਮਾਨ ਬਾਬਾ ਜਾਂਬਾਜ਼ ਸਿੰਘ ਮਾਹਿਲ ਦੇ ਹੱਥ ਸੀ ਤੇ ਕੈਦੀਆਂ ਨੂੰ ਛੁਡਾਣ ਵਾਲੇ ਜੱਥੇ ਦੀ ਕਮਾਨ ਸਦਾ ਸਿੰਘ ਕਲਸੀਆ ਦੇ ਹੱਥ। ਆਪ ਸਰਦਾਰ ਜੱਸਾ ਸਿੰਘ, ਦੁਰਾਨੀ ਦੇ ਕੈਂਪ ਤੋਂ ਤਿੰਨ ਮੀਲ ਦੂਰ ਆਪਣੀ ਸੈਨਾ ਦੀ ਰਹਿੰਦੀ ਲਾਮ ਡੋਰੀ ਨਾਲ ਖੜਾ ਸੀ। ਇਹੋ ਉਹਦਾ ਆਰਜ਼ੀ ਸਦਰ ਸੀ ਤੇ ਏਥੇ ਹੀ ਮੁਦਤ ਹੋਈ ਕੰਗਸਰ ਨਾਂ ਦਾ ਪਿੰਡ ਆਬਾਦ ਸੀ।

ਸਰਦਾਰ ਜੱਸਾ ਸਿੰਘ ਨੇ ਮਹਿਸੂਸ ਕੀਤਾ ਸੀ ਕਿ ਇਹ ਲੜਾਈ ਤਲਵਾਰ ਤੇ ਬੰਦੂਕ ਦੀ ਲੜਾਈ ਨਾਲੋਂ ਵਧ ਪ੍ਰਬੰਧ ਤੇ ਚੰਗੇ ਇੰਤਜ਼ਾਮ ਦੀ ਲੜਾਈ ਹੈ। ਏਸੇ ਲਈ ਉਸ ਨੇ ਲੜਾਈ ਵਾਸਤੇ ਤੇ ਕੈਦੀਆਂ ਨੂੰ ਛੁਡਾ ਕੇ ਲਿਆਣ ਵਾਸਤੇ ਦੋ ਵਖੋ ਵਖ ਜਥੇ ਨਿਯਤ ਕੀਤੇ। ਜਿਹੜਾ ਜੱਥਾ ਲੜ ਰਿਹਾ ਹੋਵੇ ਉਹਦੇ ਵਾਸਤੇ ਮੁਮਕਿਨ ਨਹੀਂ ਹੋ ਸਕਦਾ ਕਿ ਉਹ ਕੈਦੀਆਂ ਨੂੰ ਰਾਹੇ ਪਾ ਕੇ ਭਜਾ ਵੀ ਲਿਆਏ ਤੇ ਉਹਨਾਂ ਦੀ ਰਾਹਬਰੀ ਵੀ ਕਰ ਸਕੇ। ਏਸੇ ਤਰ੍ਹਾਂ ਸਦਾ ਸਿੰਘ ਕਲਸੀਏ ਦੇ ਜੱਥੇ ਦੀ

Scanned by CamScanner

ਡੇਉਟੀ ਲਤਨਾ ਨਹੀਂ ਸੀ ਪਰ ਸਿਰਫ ਕੈਦਆਂ ਨੂੰ ਸਾਵਧਾਨ ਕਰਨਾ; ਹਨੇਰੇ ਵਿਚ ਉਹਨਾਂ ਨੂੰ ਰਾਹ ਦਸਣਾ, ਨਿਸਥਤਨ ਨਿਰਬਲ ਇਸਤਰੀਆਂ ਨੂੰ ਘੋੜਿਆਂ ਉੱਤੇ ਬਿਠਾ ਕੇ ਕੰਗਸਰ ਪੁਚਾਣਾ ਤੇ ਫਿਰ ਵਾਪਸ ਜਾ ਕੇ ਹੋਰਨਾਂ ਨੂੰ ਲੈ ਆਉਣਾ।

ਆਪ ਸਰਦਾਰ ਜੱਸਾ ਸਿੰਘ ਪਿਛੇ ਸੀ। ਕਿਉਂਕਿ ਉਹ ਜਾਣਦਾ ਸੀ ਕਿ ਏਥੇ ਹੀ ਚੰਗੇ ਪ੍ਰਬੰਧ ਦੀ ਸਭ ਤੋਂ ਵਧ ਲੋੜ ਹੈ। ਏਥੇ ਹੀ ਰਿਹਾ ਹੋਏ ਕੈਦੀ ਪਹਿਲੇ ਪਹੁੰਚਣਗੇ ਤੇ ਏਥੇ ਹੀ ਉਹ ਆ ਕੇ ਰੋਣ ਤੇ ਕੁਰਲਾਣਗੇ ਤੇ ਅੰਨ੍ਹੇ ਵਾਹ ਦੁਰਾਨੀ ਦੇ ਪੰਜਿਆਂ ਤੋਂ ਦੂਰ ਠੱਠਣ ਦੀ ਕੋਸ਼ਸ਼ ਕਰਨਗੇ। ਸੋ ਜੇ ਏਥੇ ਇੰਤਜ਼ਾਮ ਮਜ਼ਬੂਤ ਹੱਥਾਂ ਵਿਚ ਨਾ ਹੋਇਆ ਤਾਂ ਸਭ ਕੀਤੀ ਕੱਤਰੀ ਖੂਹ ਪਏਗੀ। ਏਥੇ ਹੀ ਸਰਦਾਰ ਨੇ ਬਹੁਤ ਸਾਰੇ ਗੱਡੇ ਇਕੱਠੇ ਕੀਤੇ ਸਨ ਤਾਂ ਜੋ ਕਮਜ਼ੋਰ ਇਸਤਰੀਆਂ ਗੱਡਿਆਂ ਵਿਚ ਲੱਦਾ ਕੇ ਮਹਿਮਾ ਪੁਰ ਪੁਚਾਈਆਂ ਜਾ ਸਕਣ।

ਮਹਿਮਾ ਪਰ ਗੋਇੰਦਵਾਲ ਦੇ ਪੱਤਨ ਤੋਂ ਕੋਈ ਵੀਹ ਮੀਲ ਦੂਰ ਸੀ ਤੇ ਏਥੇ ਹੀ ਜੱਸਾ ਸਿੰਘ ਦੇ ਹੁਕਮ ਨਾਲ ਉਹ ਸਭ ਫਰਿਆਦੀ ਜੁੜੇ ਸਨ ਜਿਨ੍ਹਾਂ ਦੇ ਰਿਸ਼ਤੇਦਾਰ ਅਹਿਮਦ ਸ਼ਾਹ ਦੁਰਾਨੀ ਦੀ ਬੰਦੀ ਵਿਚ ਕਾਬਲ ਜਾ ਰਹੇ ਸਨ। ਜੱਸਾ ਸਿੰਘ ਨੇ ਹੁਕਮਨ ਬਹੁਤੇ ਫਰਿਆਦੀਆਂ ਨੂੰ ਮਹਿਮਾ ਪੁਰ ਤੋਂ ਕਿਤੇ ਅਗੇ ਵਧਣਾ ਮਨ੍ਹਾਂ ਕਰ ਦਿਤਾ ਸੀ। ਨਹੀਂ ਤਾਂ ਉਹਨਾਂ ਸੁਆਰਨਾ ਘਟ ਸੀ ਤੇ ਵਿਗਾੜਨਾ ਬਹੁਤਾ। ਇਹਨਾਂ ਫਰਿਆਦੀਆਂ ਵਿਚੋਂ ਬਹੁਤੇ ਹਿੰਦੂ ਸਨ ਤੇ ਲੜਾਈ ਦੇ ਢੰਗਾਂ ਤੋਂ ਅਨਜਾਣ। ਉਹਨਾਂ ਨੇ ਕੰਗਸ਼ਰ ਜਾਂ ਹੋਰ ਜਿਥੇ ਕਿਤੇ ਵੀ ਆਪਣੀ ਭੈਣ, ਧੀ, ਪਤਨੀ ਜਾਂ ਮਾਂ ਨੂੰ ਪਛਾਣਨਾ ਸੀ ਰੋਣ ਕੁਰਲਾਣ ਜਹਿ ਪੈਣਾ ਸੀ।

ਸਰਦਾਰ ਜੱਸਾ ਸਿੰਘ ਦੇ ਹਿਸਾਬ ਅਨੁਸਾਰ ਮਹਿਮਾਂ ਪੁਰ ਗੋਇੰਦਵਾਲ ਤੋਂ ਕਾਫੀ ਦੂਰ ਸੀ ਤੇ ਅਹਿਮਦ ਸ਼ਾਹ ਦੀ ਜੱਦ ਤੋਂ ਬਾਹਰ। ਜੇ ਦੁਰਾਨੀ ਨੇ ਅਗਲੀ ਭਲਕ ਉਹਨਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੱਸਾ ਸਿੰਘ ਨੂੰ ਆਪਣੇ ਸੂਹੀਆਂ ਰਾਹੀਂ ਜਲਦੀ ਹੀ ਸੋ ਪੁਜ ਜਾਣ ਦੀ ਆਸ ਸੀ ਤੇ ਦੁਰਾਨੀ ਦੇ ਆਉਣ ਤਕ ਉਹ ਮਹਿਮਾ ਪੁਰ ਨੂੰ ਖਾਲੀ ਕਰ ਕੇ ਕਿਤੇ ਦੇ ਕਿਤੇ ਜਾ ਸਕਦੇ ਸੀ।

ਜੱਸਾ ਸਿੰਘ ਨੇ ਇਸ ਧਾਵੇ ਵਾਸਤੇ ਹਰ ਹਮੇਸ਼ ਨਾਲੋਂ ਵਧ ਮਿਹਨਤ ਕੀਤੀ ਤੇ ਵਧ ਜਾਨ ਮਾਰੀ। ਉਹ ਆਪਣੇ ਆਪ ਉੱਤੇ ਹੈਰਾਨ ਸੀ। ਉਸ ਮਨ ਹੀ ਮਨ ਆਖਿਆ :

ਮੈਂ ਤਾਂ ਸਮਝਦਾ ਸਾਂ ਕਿ ਮੈਂ ਸਿਰਫ ਇਕ ਲੜਾਕਾ ਸਿਪਾਹੀ ਹਾਂ, ਕਿ ਮੈਂ ਸਿਰਫ ਜਾਨ ਹੂਲ ਕੇ ਜੰਗ ਵਿਚ ਜੂਝਨਾ ਹੀ ਜਾਣਦਾ ਹਾਂ, ਪਰ ਅੱਜ ਮੈਂ ਆਪਣੀ ਹੀ ਪ੍ਰਬੰਧਕ ਸ਼ਕਤੀ ਉੱਤੇ ਹੈਰਾਨ ਹਾਂ। ਮੈਂ ਕਦੀ ਨਹੀਂ ਸੀ ਸੋਚਿਆ ਕਿ ਲੋੜ ਵੇਲੇ ਮੇਰੇ ਵਿਚ ਐਨਾ ਠਰਮਾ ਪੈਦਾ ਹੋ ਸਕਦਾ ਹੈ ਕਿ ਉਧਰ ਖ਼ਾਲਸੇ ਤੇ ਪਠਾਨਾਂ ਦਾ ਯੁਧ ਹੋ ਰਿਹਾ ਹੋਵੇ ਤੇ ਏਧਰ ਮੈਂ ਤਿੰਨ ਮੀਲ ਦੂਰ ਗੱਡਿਆਂ, ਘੋੜਿਆਂ ਤੇ ਕੈਦੀਆਂ ਦਾ ਪ੍ਰਬੰਧ ਕਰ ਰਿਹਾ ਹੋਵਾਂ.. "

"ਸ਼ਾਇਦ ਗੋਂ ਸਭ ਕੁਝ ਸਿਖਾ ਦੇਂਦਾ ਹੈ," ਬੜੀਆਂ ਸੋਚਾਂ ਪਿਛੋਂ ਉਸ ਜਿਵੇਂ ਫੈਸਲਾ ਕੀਤਾ, "ਮੈਂ ਇਸ ਧਾਵੇ ਦੀ ਅਸਫਲਤਾ ਸਵੀਕਾਰ ਨਹੀਂ ਸਾਂ ਕਰ ਸਕਦਾ ਤੇ ਇਸ ਧਾਵੇ ਨੂੰ ਸਫਲ ਬਨਾਣ ਵਾਸਤੇ ਸਿਰਫ ਇਹੋ ਹੀ ਇਕੋ ਇਕ ਰਾਹ ਸੀ। ਗੁਰੂ ਕਲਗੀਆਂ ਵਾਲੇ ਦੀ ਮਿਹਰ ਹੈ...!"

ਇਉਂ ਜੱਸਾ ਸਿੰਘ ਵਿਚ ਲੋੜ ਵੇਲੇ ਪ੍ਰਬੰਧਕ ਸੂਝ ਤੇ ਪਾਰਦਰਸ਼ਤਾ ਜਾਗੀ ਤੇ ਇਉਂ ਪੰਝੀ ਸੋ ਹਿੰਦੂਆਂ ਸਿਖਾਂ ਨੂੰ ਪਾਣੀਪਤ ਦੇ ਜੇਤੂ ਅਹਿਮਦ ਸ਼ਾਹ ਕੋਲੋਂ ਛੁਡਾ ਲਿਆਣ ਦੀ ਕਰਾਮਾਤੀ ਮੁਹਿੰਮ ਸਫਲ ਹੋਈ।

ਆਪ ਜੱਸਾ ਸਿੰਘ ਹੀ ਨਹੀਂ, ਸਾਰਾ ਪੰਜਾਬ, ਸਾਰੇ ਮਰਹੱਟੇ, ਸਾਰੇ ਰਾਜਪੂਤ ਤੇ ਸਾਰੀ ਦਿਲੀ ਤੇ ਏਥੋਂ ਤਕ ਕਿ ਸਾਰੀ ਪਠਾਣੀ ਫ਼ੌਜ ਤੇ ਉਹਨਾਂ ਦਾ ਅਜਿਤ ਸਰਦਾਰ ਅਹਿਮਦ ਸ਼ਾਹ ਦੁਰਾਨੀ ਵੀ ਇਸ ਕਰਾਮਾਤ ਉੱਤੇ ਹੈਰਾਨ ਸੀ। "ਜੇ ਇਹ ਕਰਾਮਾਤ ਨਹੀਂ ਤਾਂ ਹੋਰ ਕੀ ਹੈ ?" ਸਭ ਨੇ ਪੁਛਿਆ।

ਚੰਨ ਕਿਉਂਕਿ ਅਧੀ ਕੁ ਰਾਤ ਵੇਲੇ ਨਿਕਲ ਆਉਣਾ ਸੀ ਇਸ ਲਈ ਦੁਰਾਨੀ ਦੀ ਫ਼ੌਜ ਉੱਤੇ ਇਹ ਧਾਵਾ ਕੋਈ ਸ਼ਾਮ ਦੀ ਰੋਟੀ ਪਿਛੋਂ ਜਲਦੀ ਹੀ ਹੋ ਗਿਆ ਸੀ। ਅਜੇ ਦੁਰਾਨੀ ਦੀ ਸਾਰੀ ਫ਼ੌਜ ਸੁੱਤੀ ਵੀ ਨਹੀਂ ਸੀ। ਹਰ ਹਾਲਤ ਵਿਚ ਦੁਰਾਨੀ ਕਿਸੇ ਇਹੋ ਜਿਹੇ ਹੱਲੇ ਦੀ ਉਡੀਕ ਵਿਚ ਸਨ ਤੇ ਆਪਣੇ ਵਲੋਂ ਉਹ ਹਮਲਾ ਆਵਰਾਂ ਨੂੰ ਸੋਂਹਦਾ ਉੱਤਰ ਦੇਣ ਲਈ ਤਿਆਰ ਸਨ। ਸੰਤਰੀਆਂ ਦੀ ਭਰਮਾਰ ਸੀ ਤੇ ਕਈ ਹਜ਼ਾਰਾਂ ਆਦਮੀ ਤਿਆਰ ਬਰ ਤਿਆਰ ਹੋ ਕੇ ਸੁੱਤੇ ਸਨ: ਤਾਂ ਜੋ ਲੋੜ ਵੇਲੇ ਕਿਸੇ ਕਿਸਮ ਦੀ ਦੇਰੀ ਨਾ ਹੋਵੇ।

Scanned by CamScanner

ਮਾਲਸੇ ਦੇ ਹੱਲੇ ਵੇਲੇ ਦੁਰਾਨੀ ਜੂਝ ਕੇ ਲੜੇ। ਆਪ ਨੂਰ ਦੀਨ ਬਾਮੇਜ਼ਈ ਨੇ ਕਮਾਨ ਸੰਭਾਲੀ, ਪਰ ਖ਼ਾਲਸੇ ਦੀ ਤੇਜ਼ੀ ਅਗੇ ਉਹ ਕੁਝ ਕਰ ਨਾ ਸਕੇ। ਏਨੀ ਤਲਵਾਰ ਦੀ ਤੇਜ਼ੀ ਨੇ ਨਹੀਂ ਜਿਨ੍ਹੀ ਕਿ ਪ੍ਰਬੰਧ ਦੀ ਮਜ਼ਬੂਤੀ ਨੇ ਖ਼ਾਲਸੇ ਦਾ ਇਹ ਧਾਵਾ ਸਫ਼ਲ ਕੀਤਾ। ਡੇਢ ਘੰਟੇ ਦੇ ਅੰਦਰ ਅੰਦਰ ਪੰਝੀ ਸੋ ਆਦਮੀ ਕੰਗਸਰ ਪਹੁੰਚ ਚੁਕਾ ਸੀ ਤੇ ਚੰਨ ਨਿਕਲਣ ਤੋਂ ਪਹਿਲੇ ਪਹਿਲੇ ਕੰਗਸਰ ਤੋਂ ਮਹਿਮਾਂ ਪੁਰ।

ਨੂਰ ਦੀਨ ਬਾਮੇਜ਼ਈ ਗਜ਼ਬਨਾਕ ਹੋਇਆ। ਉਸ ਅਹਿਮਦ ਸ਼ਾਹ ਕੋਲੋਂ ਖ਼ਾਲਸੇ ਦਾ ਪਿਛਾ ਕਰਨ ਦੀ ਇਜਾਜ਼ਤ ਮੰਗੀ। ਉਸ ਕਿਹਾ: "ਮੈਂ ਆਪਣੇ ਦੀਨ ਈਮਾਨ ਤੇ ਆਪਣੇ ਪਿਆਰੇ ਬਾਦਸ਼ਾਹ ਦੀ ਕਸਮ ਖਾ ਕੇ ਆਖਦਾ ਹਾਂ ਕਿ ਜਾਂ ਸਿਖਾਂ ਨੂੰ ਉਹਨਾਂ ਦੇ ਕੀਤੇ ਦੀ ਸਜ਼ਾ ਦਿਆਂਗਾ ਜਾਂ ਤੁਹਾਨੂੰ ਮੁੜਕੇ ਮੂੰਹ ਨਹੀਂ ਵਿਖਾਵਾਂਗਾ।"

ਆਪ ਬਾਦਸ਼ਾਹ ਅਹਿਮਦ ਸ਼ਾਹ ਵੀ ਉਦਾਸ ਸੀ; ਨਿਰਾਸ ਵੀ। ਉਸ ਉਬਲਦੇ ਤੇ ਖੌਲਦੇ ਨੂਰ ਦੀਨ ਨੂੰ ਬਹਿ ਜਾਣ ਵਾਸਤੇ ਕਿਹਾ। ਨੂਰ ਦੀਨ ਬਾਦਸ਼ਾਹ ਦੇ ਅਡੋਲ ਚਿਹਰੇ ਤੇ ਉਹਦੇ ਧੀਰਜ ਉੱਤੇ ਬੜਾ ਹੈਰਾਨ ਹੋਇਆ। ਐਤਕੀਂ ਇਸ ਸੂਝਵਾਨ ਜਰਨੈਲ ਤੇ ਵਫ਼ਾਦਾਰ ਮਾਤਹਿਤ ਕੋਲੋਂ ਆਪਣੇ ਮਾਲਕ ਤੇ ਆਪਣੇ ਜਹਾਂਪਨਾਹ ਦੀ ਦਿਲੀ ਹਾਲਤ ਵੇਖਣ ਨਾ ਹੋਈ। ਉਹ ਆਪਣੇ ਗੁਸੇ ਦੇ ਉਬਾਲ ਵਿਚ ਪਛਾਣ ਨਾ ਸਕਿਆ ਕਿ ਆਪ ਦੁਰਾਨੀ ਦੇ ਦਿਲ ਤੇ ਦਿਮਾਗ਼ ਵਿਚ ਕੀ ਵਿਚਰ ਰਿਹਾ ਹੈ।

ਅਹਿਮਦ ਸ਼ਾਹ ਦੁਰਾਨੀ ਅੰਨਾ ਭਰਿਆ ਪੀਤਾ ਬੈਠਾ ਸੀ ਤੇ ਉਹ ਅੰਨਾ ਨਿਰਾਸ ਸੀ ਕਿ ਉਹ ਬੜੀ ਦੇਰ ਤਕ ਕੁਝ ਕਹਿ ਨਾ ਸਕਿਆ ਤੇ ਜਦੋਂ ਉਹ ਬੋਲਿਆ ਤਾਂ ਵੀ ਸ਼ਬਦ ਉਹਦੇ ਮੂੰਹ ਵਿਚੋਂ ਬੜੇ ਪੋਲੇ ਪੋਲੇ ਨਿਕਲੇ ਤੇ ਉਸ ਕਿਹਾ : "ਪੰਛੀ ਹੱਥੋਂ ਨਿਕਲ ਗਿਆ ਹੈ। ਬਾਮੇਜ਼ਈ ਸਾਹਿਬ! ਹੁਣ ਇਹ ਸੌਖਾ ਫੜਿਆ ਜਾਣ ਵਾਲਾ ਨਹੀਂ।" "ਹਜ਼ੂਰ! ਤੁਸੀਂ ਮੇਰੀ ਅਰਜ਼ ਸਵੀਕਾਰ ਕਰੋ। ਮੈਨੂੰ ਸਿਰਫ਼ ਚੌਵੀ ਘੰਟਿਆਂ ਦੀ ਮੁਹਲਤ ਦਿਓ। ਮੈਂ "

ਪਰ ਦੁਰਾਨੀ ਨੇ ਆਪਣੇ ਪਹਿਲੇ ਜਿਹੇ ਹਾਵ ਭਾਵ ਵਿਚ ਹੀ ਨੂਰ ਦੀਨ ਦੀ ਗੱਲ ਟੋਕੀ। "ਕਲ ਸਵੇਰੇ ਮੇਰੇ ਨਾਲ ਇਸ ਬਾਰੇ ਵਿਚਾਰ ਕਰਨੀ..." ਤੇ ਇਸ ਵਾਕ ਦਾ ਇਹ ਵੀ ਮਤਲਬ ਸੀ ਕਿ ਨੂਰ ਦੀਨ ਨੂੰ ਇਕ ਸ਼ਬਦ ਵੀ ਹੋਰ ਕਹਿਣ ਦੀ ਇਜਾਜ਼ਤ ਨਹੀਂ। ਉਹ ਉਠਿਆ ਤੇ ਝੁਕ ਕੇ ਸਲਾਮ ਕਰ ਕੇ ਖੈਮੇਂ ਤੋਂ ਬਾਹਰ ਨਿਕਲ ਗਿਆ। ਸਵੇਰੇ ਆਪਣੇ ਦਰਸ਼ਨੀ ਘੋੜੇ ਉੱਤੇ ਚੜ੍ਹਿਆ ਅਹਿਮਦ ਸ਼ਾਹ ਦੁਰਾਨੀ ਨੂਰ ਦੀਨ ਬਾਮੇਜ਼ਈ ਨੂੰ ਨਾਲ ਲੈ ਕੇ ਆਪਣੇ ਕੈਂਪ ਦਾ ਚੱਕਰ ਲਾ ਰਿਹਾ ਸੀ।

ਬਾਮੇਜ਼ਈ ਨੇ ਉਹਨੂੰ ਦਸਿਆ ਕਿ ਸਿਖ ਕਿਸ ਪਾਸਿਓਂ ਆਏ, ਕਿਸ ਪਾਸਿਓਂ ਗਏ ਤੇ ਕਿਹੜੇ ਕਿਹੜੇ ਕਾਰਨਾਂ ਕਰ ਕੇ ਦੁਰਾਨੀ ਅਸਫ਼ਲ ਰਹੇ ਤੇ ਸਿਖ ਸਫ਼ਲ ਹੋਏ। "ਹਾਰੇ ਹੋਏ ਜਰਨੈਲ ਨੂੰ ਅਨੇਕਾਂ ਬਹਾਨੇ ਤੇ ਕਾਰਨ ਮਿਲ ਜਾਂਦੇ ਹਨ," ਅਹਿਮਦ ਸ਼ਾਹ ਨੇ ਹੌਲੇ ਜਿਹੇ ਬਿਨਾਂ ਨੂਰ ਦੀਨ ਵਲ ਤਕੇ ਦੇ ਕਿਹਾ। ਇਸ ਵਾਕ ਨੇ ਜਿਵੇਂ ਨੂਰ ਦੀਨ ਦਾ ਲਹੂ ਹੀ ਚੂਸ ਲਿਆ। ਉਹ ਇਸ ਤਰ੍ਹਾਂ ਚੁਪ ਹੋਇਆ ਕਿ ਜਿਵੇਂ ਮੁੜ ਕਦੀ ਨਹੀਂ ਬੋਲੇਗਾ। ਬੇਸ਼ਕ ਉਹ ਮਹਿਸੂਸ ਕਰਦਾ ਸੀ ਕਿ ਜੋ ਕੁਝ ਉਹ ਬਾਦਸ਼ਾਹ ਨੂੰ ਦਸਦਾ ਰਿਹਾ ਹੈ ਉਹ ਝੂਠ ਸੀ।

ਕਾਫ਼ੀ ਦੇਰ ਪਿਛੋਂ ਕੈਂਪ ਦੇ ਇਕ ਹਿੱਸੇ ਵਿਚ ਪਹੁੰਚ ਕੇ ਨੂਰ ਦੀਨ ਨੇ ਫਿਰ ਜ਼ਬਾਨ ਖੋਲ੍ਹੀ। ਆਖ਼ਿਰ ਇਹ ਉਹਦਾ ਕਰਤੱਵ ਸੀ, ਇਹੋ ਉਹਦਾ ਕਸਬ। ਉਹ ਆਪ ਬਾਦਸ਼ਾਹ ਨਹੀਂ ਸੀ, ਅਹਿਮਦ ਸ਼ਾਹ ਉਹਦਾ ਬਾਦਸ਼ਾਹ ਸੀ, ਸੋ ਮਾਲਕ ਨੂੰ ਹਕ ਹੈ ਕਿ ਉਹ ਮਾਤਹਿਤ ਨੂੰ ਉਹਦੀ ਕਮਜ਼ੋਰੀ ਵਾਸਤੇ ਟੋਕੇ।

"ਬਾਦਸ਼ਾਹ ਸਲਾਮਤ,!" ਉਸ ਕਿਹਾ ' ਇਮਾਮ ਦੀਨ ਦੇ ਜੱਥੇ ਨੇ ਬਿਲਕੁਲ ਹੀ ਗ਼ੌਰ ਜ਼ਿੰਮੇਵਾਰੀ ਵਿਖਾਈ।"

"ਨਹੀਂ ਬਾਮੇਜ਼ਈ ਸਾਹਿਬ" ਅਹਿਮਦ ਸ਼ਾਹ ਨੇ ਫਿਰ ਟੋਕਿਆ, "ਇਸ ਮਾਹਰਕੇ ਵਿਚ ਹਰ ਪਹਿਲੂ ਤੋਂ ਸਿਖਾਂ ਨੇ ਦੁਰਾਨੀ ਨੂੰ ਨੀਵਾਂ ਵਿਖਾਇਆ ਹੈ।" ਫਿਰ ਉਸ ਘਬਰਾਏ ਤੇ ਨਿਮੋਝੂਣੇ ਹੋਏ ਨੂਰ ਦੀਨ ਵਲ ਵੇਖ ਕੇ ਕਿਹਾ :

"ਤੈਨੂੰ ਘਬਰਾਣ ਦੀ ਲੋੜ ਨਹੀਂ। ਮੈਂ ਸਗੋਂ ਇਕ ਗੱਲੋਂ ਸੰਤੁਸ਼ਟ ਵੀ ਹਾਂ। ਸਿਖਾਂ ਵਿਚ ਮੈਨੂੰ ਆਪਣੇ ਪਾਏ ਤੇ ਆਪਣੇ ਹੌਂਸਲੇ ਦਾ ਦੁਸ਼ਮਣ ਮਿਲਦਾ ਹੈ। ਮੈਂ ਤਾਂ ਸਗੋਂ ਚਾਹੁੰਦਾ ਹਾਂ ਕਿ ਕਾਸ਼ ਸਿਖ ਦਿੱਲੀ ਦੇ ਤਖ਼ਤ ਦੇ ਮਾਲਕ ਹੁੰਦੇ ਤੇ ਮੈਂ ਉਹਨਾਂ ਨਾਲ ਲੜ ਕੇ ਵੇਖਦਾ। ਪਿਛਲੇ ਅਨੇਕ ਵਰ੍ਹਿਆਂ ਤੋਂ ਮੈਨੂੰ ਮੇਰੇ ਹਾਣ ਦਾ ਕੋਈ ਖਿਡਕਾਰ ਨਹੀਂ ਮਿਲਿਆ। ਮਲਹੱਟਿਆਂ ਨਾਲ ਵੀ ਉਹ ਮਜ਼ਾ ਨਹੀਂ ਆਇਆ ਜਿਹਦੀ ਕਿ ਮੈਨੂੰ ਆਸ ਸੀ..."

ਨੂਰ ਦੀਨ ਖੁਸ਼ ਹੋਇਆ ਕਿ ਉਹਦੇ ਮਾਲਕ ਦੀ ਚੁਪ ਟੁਟੀ ਹੈ ਕਿ ਉਹਦੇ ਮਾਲਕ ਨੇ ਉਹ ਨੂੰ 'ਤੂੰ' ਕਰ ਕੇ

Scanned by CamScanner

ਬਲਾਇਆ ਹੈ। ਜਦੋਂ ਅਹਿਮਦ ਸ਼ਾਹ ਨੂਰ ਦੀਨ ਨੂੰ "ਰੂਸੀ"' ਜਾਂ "ਬਾਮੇਜ਼ਈ ਸਾਹਿਬ" ਕਹਿ ਕੇ ਸੰਬੋਧਨ ਕਰਦਾ ਸੀ ਤਾਂ ਨੂਰ ਦੀਨ ਨੂੰ ਬੜਾ ਡਰ ਲਗਿਆ ਕਰਦਾ ਸੀ। ਅਹਿਮਦ ਸ਼ਾਹ ਦੀ ਜ਼ਬਾਨ ਵਿਚ ਤਨਜ਼ ਜਦੋਂ ਆਉ'ਦਾ ਤਾਂ ਜ਼ਰੂਰ ਕਿਸੇ ਨੂੰ ਜਾਂ ਕੁਝ ਨਾ ਕੁਝ ਲੈ ਕੇ ਹੀ ਭਿਗਦਾ।

"ਮੈਂ ਤਾਂ ਅਜੇ ਵੀ ਕਹਿੰਦਾ ਹਾਂ ਕਿ ਇਕ ਹਫ਼ਤਾ ਹੋਰ ਰੁਕ ਜਾਈਏ। ਜਿਥੇ ਅਗੇ ਅੱਠੇ ਮਹੀਨੇ ਲਗ ਗਏ ਹਨ ਓਥੇ ਸੱਤ ਦਿਨ ਹੋਰ ਸਹੀ।" "ਨਹੀਂ ਨੂਰ ਦੀਨ, ਅਸੀਂ ਫਿਰ ਆਵਾਂਗੇ ਤੇ ਜਲਦੀ ਆਵਾਂਗੇ ਤੇ ਆਵਾਂਗੇ ਵੀ ਇਸ ਹਾਰ ਦਾ ਬਦਲਾ ਚੁਕਾਣ ਲਈ..."

ਦੁਰਾਨੀ ਨੇ ਆਪਣੇ ਘੋੜੇ ਦੀ ਵਾਗ ਮੋੜੀ ਤੇ ਉਹ ਪੱਤਨ ਵਲ ਟੁਰ ਪਿਆ। ਮੁੜਦਿਆਂ ਸਾਰ ਹੀ ਉਹਨੂੰ ਸੱਜੇ ਹੱਥ ਜ਼ਮੀਨ ਉੱਤੇ ਪੈਂਦੇ ਆਪਣੇ ਪ੍ਰਛਾਵੇਂ ਦਾ ਫਿਰ ਇਹਸਾਸ ਹੋਇਆ। ਉਸ ਫਿਰ ਅਹਸੂਸ ਕੀਤਾ ਕਿ ਉਹ ਅਗੇ ਨਾਲੋਂ ਕਮਜ਼ੋਰ ਹੋ ਗਿਆ ਹੈ ਕਿ ਘੋੜੇ ਉੱਤੇ ਬੈਠਾ ਉਹ ਪਹਿਲੇ ਵਰਗਾ ਸਵਾਰ ਨਹੀਂ ਲਗਦਾ। ਉਹ ਪੱਤਨ ਉੱਤੇ ਪਹੁੰਚਿਆ। ਸਿਪਾਹੀਆਂ ਦੀ ਆਵਾਜਾਈ ਜਾਰੀ ਸੀ। ਢਾਈ ਹਜ਼ਾਰ ਫਾਲਤੂ ਆਦਮੀ ਗਏ। ਰਹਿੰਦੀ ਫ਼ੌਜ ਅਵੱਸ਼ ਸ਼ਾਮ ਤੋਂ ਪਹਿਲੇ ਪਹਿਲੇ ਸਤਲੁਜ ਪਾਰ ਕਰ ਜਾਏਗੀ।

ਅਹਿਮਦ ਸ਼ਾਹ ਆਪਣੀ ਮਹਾਨ ਫ਼ੌਜ ਦੇ ਸਿਪਾਹੀਆਂ ਵਲ ਵੇਖ ਰਿਹਾ ਸੀ ਤੇ ਉਹਦੇ ਮਨ ਵਿਚ ਵਿਚਰ ਰਿਹਾ ਸੀ ਉਹਦਾ ਬਚਪਨ, ਉਹਦੀ ਜੁਆਨੀ, ਉਹਦੀ ਸ਼ੁਰੂ ਸ਼ੁਰੂ ਦੀ ਜਰਨੈਲੀ, ਉਹਦੀ ਬਾਦਸ਼ਾਹੀ, ਉਹਦੀਆਂ ਜਿੱਤਾਂ, ਉਹਦੇ ਮਾਹਰਕੇ, ਉਹਦੇ ਸਫ਼ਰ, ਤੇ ਉਹਦੀ ਇਹ ਹਾਰ।

ਤੇ ਜਦੋਂ ਆਪਣੀਆਂ ਸੋਚਾਂ ਦੇ ਤਾਣੇ ਪੇਟੇ ਵਿਚੋਂ ਉਹ ਸਿਖਾਂ ਨਾਲ ਹੁੰਦੀਆਂ ਝੜਪਾਂ ਤਕ ਪਹੁੰਚਿਆ ਤਾਂ ਇਕ-ਇਕ ਉਹਨੂੰ ਜ਼ਮੀਨ ਉੱਤੇ ਭਿਗਦੇ ਆਪਣੇ ਪ੍ਰਛਾਵੇਂ ਦਾ ਅਹਿਸਾਸ ਹੋਇਆ ਤੇ ਉਹਨੂੰ ਇਹ ਵੀ ਅਹਿਸਾਸ ਹੋਇਆ ਕਿ ਉਹ ਬੁਢਾ ਹੁੰ ਰਿਹਾ ਹੈ...।

੫੨

ਜਿਸ ਤਰ੍ਹਾਂ ਪਹਿਲੇ ਪੰਜਾਬ ਦੀ ਨੁਕਰ ਨੁੱਕਰ ਵਿਚੋਂ ਸਰਦਾਰੀ ਜੱਸਾ ਸਿੰਘ ਕੌਲ ਛਰਿਆਦਾਂ ਪੁਜੀਆਂ ਸਿਨ ਉਸ ਤਰ੍ਹਾਂ ਹੁਣੇ ਉਹਦੇ ਕੌਲ ਪੰਜਾਬ ਦੀ ਨੁਕਰ ਨੁੱਕਰ ਵਿਚੋਂ ਵਧਾਈਆਂ ਪੁਜਣ ਲਗੀਆਂ। ਗੋਇੰਦਵਾਲ ਦੀ ਜਿੱਤ ਨੇ ਸਾਰੇ ਪੰਜਾਬ ਦੀ ਕਲਪਨਾ ਨੂੰ ਟੁੰਭਿਆ। ਖ਼ਾਲਸੇ ਦੀ ਵਡਿਆਈ, ਉਹਦੀ ਬਹਾਦਰੀ ਤੇ ਨਿਡਰਤਾ ਇਕ ਵਾਰ ਫਿਰ ਅਜ਼ਮਾਈ ਗਈ ਸੀ। ਤੇ ਖ਼ਾਲਸਾ ਇਸ ਅਜ਼ਮਾਇਸ਼ ਵਿਚ ਪੂਰਾ ਉਤਰਿਆ ਸੀ।

ਅਨੇਕ ਛਰਿਆਦੀਂ ਅਗੇ ਹੀ ਮਹਿਮਾਂ ਪੁਰ ਜੁੜ ਜੁੜੇ ਸਨ। ਇਹਨਾਂ ਰਿਸ਼ਤੇਦਾਰਾਂ ਦਾ ਆਪਣੇ ਨਜ਼ਦੀਕੀਆਂ ਤੇ ਪਿਆਰਿਆਂ ਨਾਲ ਮੇਲ ਬੜਾ ਦਰਦ ਰਿੰਵਾਣਾ ਸੀ। ਮਾਵਾਂ ਤੇ ਧੀਆਂ ਗਲ ਲਗ ਰੁੰਨੀਆਂ। ਭੈਣਾਂ ਭੈਣਾਂ ਨੂੰ ਵੇਖਦਿਆਂ ਸਾਰ ਭੁੱਬਾਂ ਮਾਰ ਉਠੀਆਂ। ਮਰਦਾਂ ਦੇ ਨੈਣ ਵੀ ਅਥਰੂਆਂ ਨਾਲ ਸੱਜਲ ਹੋ ਗਏ। ਕਈ ਬੁੱਢੇ ਪਿਓ ਆਪਣੇ ਪੁਤਰਾਂ ਨੂੰ ਵੇਖ ਕੇ ਡੁਸਕਾਰੇ ਮਾਰ ਰੋਏ।

Scanned by CamScanner

ਤੇ ਇਹ ਕੁਰਲਾਹਟ ਹੋਰ ਵੀ ਦਰਦ-ਰਿੰਵਾਂਣੀ ਹੋ ਗਈ ਜਦੋਂ ਕਿ ਕੈਦੀਆਂ ਨੇ ਆਪਣੀ ਆਪਣੀ ਕੈਦ ਦੀਆਂ ਕਹਾਣੀਆਂ ਸੁਣਾਈਆਂ। ਕੁੜੀਆਂ ਨੇ ਦਸਿਆ ਕਿ ਕਿਵੇਂ ਪਠਾਨੀ ਸੈਨਾਂ ਉਹਨਾਂ ਵਲ ਅਖਾਂ ਪਾੜ ਪਾੜ ਵੇਖਦੀ, ਕਿ ਕਿਵੇਂ ਉਹ ਕਿਸੇ ਦੀ ਮਲਕੀਅਤ ਨਹੀਂ ਸਨ ਤੇ ਹਰ ਕਿਸੇ ਦੀ ਮਲਕੀਅਤ ਵੀ ਸਨ, ਕਿਵੇਂ ਉਹਨਾਂ ਨੂੰ ਆਪਣਾ ਬਨਾਣ ਵਾਸਤੇ ਪਠਾਣ ਸਿਪਾਹੀ ਆਪੋ ਵਿਚ ਲੜ ਮਰਦੇ ਸਨ, ਤੇ ਉਹ ਆਪਣੀਆਂ ਅੱਖਾਂ ਸਾਹਮਣੇ ਉਹਨਾਂ ਦਾ ਖੂਨ ਡੁਲ੍ਹਦਾ ਵੇਖਦੀਆਂ ਸਨ, ਤੇ ਅੰਤ ਜੇਤੂ ਆਦਮੀ ਕੇਡੇ ਮਾਨ ਨਾਲ ਉਹਨਾਂ ਕੈਜਕਾਂ ਨੂੰ ਆਪਣੀ ਛਾਤੀ ਜਿਤ ਖਿਆਲ ਕਰਨ ਲਗ ਜਾਂਦਾ ਸੀ।

ਆਦਮੀਆਂ ਨੇ ਦਸਿਆ ਕਿ ਕਿਵੇਂ ਉਹਨਾਂ ਨੂੰ ਮਾਰ ਪਿਟੀ, ਉਹਨਾਂ ਨੂੰ ਭੁਖਿਆਂ ਰਖਿਆ ਗਿਆ, ਉਹਨਾਂ ਨੂੰ ਪਾਣੀ ਲਈ ਤਰਸਾਇਆ ਗਿਆ। ਜਿਓਂ ਜਿਓਂ ਗੋਇੰਦਵਾਲ ਦੇ ਪੱਤਨ ਉੱਤੇ ਹੋਈ ਖ਼ਾਲਸੇ ਦੀ ਜਿਤ ਦੀ ਖ਼ਬਰ ਧੁੰਮਦੀ ਗਈ ਤਿਵੇਂ ਤਿਵੇਂ ਹੋਰ ਹੋਰ ਲੋਕ ਮਹਿਮਾਂ ਪੁਰ ਇਕੱਠੇ ਹੋਣ ਲਗੇ।

ਪਹਿਲਾਂ ਜੱਸਾ ਸਿੰਘ ਦਾ ਖਿਆਲ ਸੀ ਕਿ ਇਹਨਾਂ ਸਭ ਰਿਹਾ ਹੋਏ ਕੈਦੀਆਂ ਨੂੰ ਸ੍ਰੀ ਅੰਮ੍ਰਿਤਸਰ ਲੈ ਜਾਇਆ ਜਾਏ ਤੇ ਓਥੋਂ ਹੀ ਸਭੋ ਘਰੋ ਘਰੀਂ ਜਾਣ ਪਰ ਰਿਸ਼ਤੇਦਾਰ ਰਿਸ਼ਤੇਦਾਰਾਂ ਨੂੰ ਮਿਲ ਕੇ ਕਿਵੇਂ ਵਿਛੜਨ ? ਅਹਿਮਦ ਸ਼ਾਹ ਦੁਰਾਨੀ ਸਤਲੁਜ ਪਾਰ ਕਰ ਚੁਕਾ ਸੀ ਤੇ ਅੰਨੀਂ ਤੇਚੀ ਨਾਲ ਪਿਛੇ ਮੁੜ ਰਿਹਾ ਸੀ ਕਿ ਹੋਰ ਦੋ ਦਿਨਾਂ ਵਿਚ ਉਹ ਲਾਹੌਰ ਵੀ ਜਾ ਪਹੁੰਚਿਆ। ਮਹਿਮਾਂ ਪੁੰਰ ਏਸੇ ਲਈ ਹਰ ਪੱਖੋਂ ਬਿਲਕੁਲ ਮਹਿਫ਼ੂਜ਼ ਸੀ।

ਜੱਸਾ ਸਿੰਘ ਇਸ ਲਈ ਮਹਿਮਾਂ ਪੁਰ ਹੀ ਟਿਕਿਆ ਰਿਹਾ ਤੇ ਏਥੇ ਹੀ ਵਹੀਰਾਂ ਘਤ ਕੇ ਲੋਕ ਆਪਣੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਪੁਜੇ। ਜਿਹੜੇ ਲੋਕ ਮਹਿਮਾਂ ਪੁਰ ਆਪਣੇ ਸਬੰਧੀਆਂ ਨੂੰ ਮਿਲਣ ਆਏ ਉਹਨਾਂ ਵਿਚੋਂ ਕਈ ਮੁਸਲਮਾਨ ਵੀ ਸਨ। ਇਹ ਮੁਸਲਮਾਨ ਆਪਣੀਆਂ ਉਹਨਾਂ ਕੁੜੀਆਂ ਤੇ ਇਸਤਰੀਆਂ ਨੂੰ ਲੈਣ ਆਏ ਸਨ ਜਿਹੜੀਆਂ ਕਿ ਹਿੰਦੂ ਸਿਖ ਇਸਤਰੀਆਂ ਨਾਲ ਖ਼ਾਲਸਾ ਦੁਰਾਨੀ ਕੋਲੋਂ ਛੁਡਾ ਕੇ ਲੈ ਆਇਆ ਸੀ।

ਇਹ ਸ਼ਾਇਦ ਪਹਿਲੀ ਵਾਰ ਸੀ ਕਿ ਮੁਸਲਮਾਨੀ ਜਨਤਾ ਇਸ ਤਰ੍ਹਾਂ ਦਿਲੋਂ ਤੇ ਰੂਹੋਂ ਖ਼ਾਲਸੇ ਦੀ ਸ਼ੁਕਰਗੁਜ਼ਾਰ ਹੁੰਦੀ ਸੀ। ਖ਼ਾਲਸਾ ਤਾਂ ਆਪਣੇ ਅਨੇਕ ਨੇਤਾਵਾਂ ਰਾਹੀਂ ਸਦਾ ਤੋਂ ਹੀ ਮੁਸਲਮਾਨਾਂ ਨੂੰ ਕਹਿੰਦਾ ਆ ਰਿਹਾ ਸੀ : "ਅਸੀਂ ਤੁਹਾਡੇ ਮਿਤ੍ਰ ਹਾਂ। ਸਾਡੇ ਵਾਸਤੇ ਤੁਸੀਂ ਕੋਈ ਵੱਖਰੀ ਮਖ਼ਲੂਕ ਨਹੀਂ। ਸਾਡੀ ਜ਼ਿੱਦ ਹਕੂਮਤ ਨਾਲ ਹੈ। ਅਸੀਂ ਗ਼ੁਲਾਮ ਬਣ ਇਸ ਹਕੂਮਤ ਥੱਲੇ ਨਹੀਂ ਰਹਿ ਸਕਦੇ। ਅਸੀਂ ਜ਼ੁਲਮ ਜੱਬਰ ਤੇ ਮਜ਼ਬੀ ਪਖ ਪਾਤ ਨਹੀਂ ਸਹਿ ਸਕਦੇ ਇਹੋ ਸਾਡੇ ਗੁਰੂ ਸਾਹਿਬਾਨ ਦੀ ਸਿਖਿਆ ਹੈ। ਵੈਸੇ ਇਸਲਾਮ ਦੀ ਸਾਡੇ ਦਿਲ ਵਿਚ ਬੜੀ ਇਜ਼ਤ ਹੈ ਅਸੀਂ ਆਪ ਇਸ ਧਰਮ ਕੋਲੋਂ ਬੜਾ ਕੁਝ ਗ੍ਰਹਿਣ ਕੀਤਾ ਹੈ।" ਪਰ ਮੁਸਲਮਾਨ ਨਹੀਂ ਸਨ ਮੰਨੇ। ਉਹ ਸਮਝਦੇ ਆਏ ਸਨ ਕਿ ਖ਼ਾਲਸਾ ਸਿਰਫ਼ ਉਹਨਾਂ ਨੂੰ ਖ਼ਤਮ ਕਰਨ ਵਾਸਤੇ ਹੀ ਵਜੂਦ ਵਿਚ ਆਇਆ ਹੈ।

ਅੰਤਕੀ ਜਦੋਂ ਪੰਜਾਹ ਕੁ ਮੁਸਲਮਾਨ ਇਸਤਰੀਆਂ ਖ਼ਾਲਸੇ ਦੇ ਕਬਜ਼ੇ ਵਿਚ ਆਈਆਂ ਤੇ ਉਹਨਾਂ ਨੇ ਇਹਨਾਂ ਇਸਤਰੀਆਂ ਨੂੰ ਇੰਜ ਸਾਂਭਿਆ ਜਿਵੇਂ ਕਿ ਇਹ ਉਹਨਾਂ ਦੀਆਂ ਆਪਣੀਆਂ ਭੈਣਾਂ ਹੋਣ ਤਾਂ ਮੁਸਲਮਾਨੀ ਜਨਤਾ ਚੀਆਂ ਅੱਖਾਂ ਖੁਲ੍ਹੀਆਂ। ਉਹ ਹੈਰਾਨ ਹੋਏ। ਉਹਨਾਂ ਨੂੰ ਇਤਬਾਰ ਨਾ ਆਵੇ ਕਿ ਸਿਖ ਸਚ ਮੁਚ ਹੀ ਇਹਨਾਂ ਔਰਤਾਂ ਨੂੰ ਵਾਪਸ ਜਾਣ ਦੇਣਗੇ। ਉਹਨਾਂ ਵਿਚੋਂ ਕਈ ਸਮਝਦੇ ਸਨ ਕਿ ਇਸ ਤਰ੍ਹਾਂ ਮੁਸਲਮਾਨ ਔਰਤਾਂ ਨੂੰ ਮੋੜਨ ਦੇ ਬਹਾਨੇ ਸਿਖ ਉਹਨਾਂ ਨੂੰ ਇਕੱਠਾ ਕਰ ਕੇ ਮਾਰ ਮੁਕਾਣਗੇ।

ਪਰ ਜੱਸਾ ਸਿੰਘ ਨੇ ਕਿਹਾ, "ਭਰਾਵੋ ਜਦੋਂ ਸਾਡਾ ਰਾਜ ਹੋਵੇ ਤਾਂ ਤੁਹਾਨੂੰ ਹਰ ਥਾਂ ਆਉਣ ਜਾਣ ਦੀ ਖੁਲ੍ਹ ਹੈ। ਸਿਰਫ਼ ਤੁਹਾਡੇ ਰਾਜ ਵਿਚ ਹੀ ਸਾਡੇ ਉੱਤੇ ਬੰਦਸ਼ਾਂ ਲਗਦੀਆਂ ਹਨ। ਇਹ ਔਰਤਾਂ ਤੁਹਾਡੀਆਂ ਹੀ ਨਹੀਂ ਸਾਡੀਆਂ ਵੀ ਧੀਆਂ ਭੈਣਾਂ ਹਨ। ਇਹਨਾਂ ਦੀ ਇਜ਼ਤ ਸਾਡੀ ਇਜ਼ਤ ਹੈ; ਇਹਨਾਂ ਦੀ ਬੇਇਜ਼ਤੀ ਸਾਡੀ ਬੇਇਜ਼ਤੀ।" ਹਰ ਇਕ ਮੁਸਲਮਾਨ, "ਅਫ਼ਰੀਨ ਹੈ ਜੱਸਾ ਸਿੰਘ ਦੇ" "ਅਫ਼ਰੀਨ ਹੈ ਜੱਸੇ ਕਲਾਲ ਦੇ" ਪੁਕਾਰ ਉਠਿਆ।

ਇਕ ਬੁਢਾ ਮੁਸਲਮਾਨ ਜਿਹਦੀਆਂ ਦੋ ਧੀਆਂ ਦੁਰਾਨੀ ਸਿਪਾਹੀ ਚੁਕ ਕੇ ਲੈ ਗਏ ਸਨ, ਸਰਦਾਰ ਦੇ ਪੈਰੀਂ ਪੈ ਕੇ ਬੋਲਿਆ : "ਧੰਨ ਹੈਂ ਤੂੰ ਸਰਦਾਰ ਤੇ ਧੰਨ ਤੇਰਾ ਆਚਰਨ। ਬੇਸ਼ਕ ਤੈਨੂੰ ਬੰਦੀ-ਛੋੜ ਆਖਣਾ ਤੇਰੀ ਕੋਈ ਫ਼ਾਲਤੂ ਵਡਿਆਈ ਨਹੀਂ। ਅੱਲਾ ਪਾਕ ਦੀ ਤੇਰੇ ਉੱਤੇ ਮਿਹਰ ਹੋਵੇ।" ਸਭ ਮੁਸਲਮਾਨ ਔਰਤਾਂ ਆਪਣੇ ਮਾਪਿਆਂ ਜਾਂ ਵਾਰਸਾਂ ਨਾਲ ਮੁੜ ਗਈਆਂ, ਸਿਵਾਏ ਇਕ ਨੂਰਾਂ ਦੇ।

Scanned by CamScanner

ਨੂਰਾਂ ਤੇ ਹੀਰਾ ਸਿੰਘ ਕਲਸੀਏ ਦਾ ਮੋਹ ਹੋ ਗਿਆ ਸੀ। ਹੀਰਾ ਸਿੰਘ ਕਲਸੀਆ ਸਰਦਾਰ ਸੁਚਾ ਸਿੰਘ ਕਲਸੀਏ ਦਾ ਪੁਤਰ ਸੀ ਤੇ ਇਸ ਮੁਹਿਮ ਵਿਚ ਸ਼ਾਮਲ ਸੀ। ਹੀਰਾ ਸਿੰਘ ਦੇ ਘੋੜੇ ਉੱਤੇ ਹੀ ਬੈਠ ਕੇ ਨੂਰਾਂ ਕੰਗਸਰ ਤਕ ਆਈ ਸੀ ਤੇ ਫਿਰ ਉਸੇ ਦੇ ਹੀ ਘੋੜੇ ਉੱਤੇ ਬੈਠ ਕੇ ਮਹਿਮਾਂ ਪੁਰ। ਜਦੋਂ ਗੱਡੇ ਥੁੜ ਗਏ ਸਨ ਤਾਂ ਅਨੇਕ ਔਰਤਾਂ ਨੂੰ ਸਵਾਰ, ਘੋੜਿਆਂ ਉੱਤੇ ਬੈਠਾ ਕੇ ਹੀ ਮਹਿਮਾਂ ਪੁਰ ਭਜਾ ਲਿਆਏ ਸਨ। ਨੂਰਾਂ ਸੋਹਣੀ ਨਹੀਂ ਸੀ ਤੇ ਨਾ ਹੀ ਸ਼ਾਇਦ ਹੀਰਾ ਸਿੰਘ ਕੋਈ ਦਰਸ਼ਨੀ ਜੁਆਨ। ਪਰ ਜਦੋਂ ਤੀਵੀਂ ਤੇ ਮਰਦ ਨੂੰ ਇਕ ਦੂਜੇ ਦੀਆਂ ਅੱਖਾਂ ਵਿਚ ਕੋਈ ਪਛਾਣ ਦਿਸ ਪਏ ਓਦੋਂ ਸੁਹੱਪਣ ਓਪਰੀ ਜੇ ਬੋਲੇਤੀ ਚੀਜ਼ ਹੋ ਜਾਂਦੀ ਹੈ। ਇਹ ਪਛਾਣ ਨੂਰਾਂ ਤੇ ਹੀਰਾ ਸਿੰਘ ਨੂੰ ਇਕ ਦੂਜੇ ਦੀਆਂ ਅੱਖਾਂ ਵਿਚੋਂ ਲਭ ਪਈ ਸੀ।

ਨੂਰਾਂ ਨਿਰਬਲ ਕੁੜੀ ਸੀ। ਕਬੂਤਰੀ ਵਾਂਗ ਡਰੀ ਹੋਈ। ਜਦੋਂ ਹੀਰਾ ਸਿੰਘ ਨੇ ਉਹਨੂੰ ਆਪਣੇ ਘੋੜੇ ਉੱਤੇ ਬਿਠਾਇਆ ਤੇ ਘੋੜਾ ਦੁੜਾਇਆ ਤਾਂ ਉਸ ਕੱਸ ਕੇ ਹੀਰਾ ਸਿੰਘ ਦੀ ਕੰਡ ਨੂੰ ਜੱਫੀ ਪਾ ਲਈ ਤੇ ਅੱਖਾਂ ਬੰਦ ਕਰ ਲਈਆਂ। ਉਹਨੂੰ ਕੁਝ ਪਤਾ ਨਹੀਂ ਸੀ ਕਿ ਉਹ ਕਿਥੇ ਜਾ ਰਹੀ ਹੈ। "ਭਾਵੇਂ ਮੈਂ ਇਕ ਕੈਦ ਵਿਚੋਂ ਨਿਕਲ ਕੇ ਦੂਜੀ ਕੈਦ ਵਿਚ ਜਿਕ ਰਹੀ ਹੋਵਾਂ," ਉਸ ਸੋਚਿਆ "ਪਰ ਜਿਥੇ ਹੋਰ ਕੁੜੀਆਂ ਹਨ; ਉਥੇ ਮੈਂ ਵੀ ਸਹੀ।"

ਕੰਗਸਰ ਤੋਂ ਜਦੋਂ ਉਹ ਮਹਿਮਾਂ ਪੁਰ ਆਈ ਤਾਂ ਵੀ ਉਹ ਡਰੀ ਤੇ ਹਿਰਾਸੀ ਹੋਈ ਸੀ, ਤੇ ਉਹਦੀਆਂ ਅੱਖਾਂ ਬੰਦ ਸਨ ਸਿਰਫ ਅਗਲੀ ਭਲਕ ਸੂਰਜ ਨਿਕਲਣ ਵੇਲੇ ਹੀ ਉਹ ਕੁਝ ਹੋਸ਼ ਵਿਚ ਆਈ। ਉਸ ਆਪਣੇ ਆਲੇ ਦੁਆਲੇ ਅਨੇਕ ਚੁਲਾਹੀਆਂ ਤੇ ਆਦਮੀ ਡਿੱਠੇ। ਬਹੁਤਿਆਂ ਦੇ ਮੂੰਹ ਉੱਤੇ ਸੰਤੁਸ਼ਟਤਾ ਤੇ ਸ਼ਾਂਤਗੀ ਸੀ। ਵਾਯੂ ਮੰਡਲ ਕੁਝ ਇਸ ਤਰ੍ਹਾਂ ਦਾ ਮਿਤ੍ਰਤਾਨਾ ਤੇ ਨਜ਼ਦੀਕੀ ਸੀ ਕਿ ਉਹਦਾ ਡਰ ਉਤਰ ਗਿਆ। ਉਹਦਾ ਮੂੰਹ ਨਿਖਰਿਆ, ਭਾਵੇਂ ਉਹਦਾ ਸਰੀਰ ਅੰਨੀਂ ਲੰਮੀ ਸਵਾਰੀ ਕਰ ਕੇ ਅਜੇ ਵੀ ਪੀੜਤ ਸੀ।

"ਅਸੀਂ ਕਿਥੇ ਹਾਂ ?" ਉਸ ਆਪਣੇ ਨੇੜੇ ਬੈਠੀ ਇਕ ਔਰਤ ਕੋਲੋਂ ਪੁਛਿਆ। "ਅਸੀ ਮਹਿਮਾਂ ਪੁਰ ਹਾਂ ਕੁੜੇ" ਇਹ ਇਸਤਰੀ ਉਮਰ ਵਿਚ ਨੂਰਾਂ ਨਾਲੋਂ ਕਿਤੇ ਵਡੀ ਸੀ, "ਤੂੰ ਹੁਣ ਰਤਾ ਫਿਕਰ ਨਾ ਕਰ। ਕਲਾਲ ਸਰਦਾਰ ਦੀ ਨਿਗਰਾਨੀ ਥੱਲੇ ਕਿਸੇ ਕਿਸਮ ਦਾ ਭਉ ਨਹੀਂ। ਉਹ ਜਾਬਰ ਹੁਕਮਰਾਨਾਂ ਵਾਂਗ ਨਹੀਂ। ਹਰ ਪਰਾਈ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਦਾ ਹੈ।"

ਐਨੇਂ ਵਿਚ ਹੀਰਾ ਸਿੰਘ ਉਥੇ ਆਇਆ। "ਤੇਰਾ ਕੀ ਨਾਂ ਹੈ ਕੁੜੀਏ ?" ਉਸ ਨੂਰਾਂ ਤੋਂ ਪੁਛਿਆ। "ਨੂਰਾਂ, ਸਰਦਾਰ ਜੀ", ਦਬਕ ਕੇ ਨੂਰਾਂ ਨੇ ਕਿਹਾ। ਉਹ ਡਰੀ ਕਿ ਕਿਤੇ ਕੋਈ ਅਨਹੋਣੀ ਨਾ ਵਾਪਰੇ। ਬਸ ਇਸ ਸਵਾਲ ਤੇ ਉੱਤਰ ਵਿਚਕਾਰ ਜਦੋਂ ਉਹਨਾਂ ਦੀਆਂ ਨਜ਼ਰਾਂ ਮਿਲੀਆਂ ਤਾਂ ਉਹ ਨਜ਼ਰਾਂ ਜਿਵੇਂ ਉਹਨਾਂ ਦੀਆਂ ਰੂਹਾਂ ਤਕ ਧੱਸ ਗਈਆਂ।

"ਮੈਂ ਹੀ ਤੈਨੂੰ ਰਾਤੀਂ ਘੋੜੇ ਉੱਤੇ ਬਿਠਾਕੇ ਲਿਆਇਆ ਸਾਂ, ਨੂਰਾਂ।" ਹੀਰਾ ਸਿੰਘ ਨੇ ਕਿਹਾ। ਕਿੰਨਾ ਚਿਰ ਦੋਵੇਂ ਕੁਝ ਨਾਂ ਬੋਲੇ। ਦੋਹਾਂ ਦੇ ਹੀ ਖਿਆਲ ਰਾਤ ਦੇ ਸਫ਼ਰ ਵਲ ਦੌੜੇ। ਹੀਰਾ ਸਿੰਘ ਨੂੰ ਲਗਾ ਕਿ ਔਵੇਂ ਤਾਂ ਉਹ ਨੂਰਾਂ ਦੀ ਜੱਫੀ ਵਿਚ ਇਕ ਤਰ੍ਹਾਂ ਦਾ ਸੁਖ ਮਹਿਸੂਸ ਨਹੀਂ ਸੀ ਕਦਾ ਰਿਹਾ, ਔਵੇਂ ਤਾਂ ਉਹਨੂੰ ਇਹ ਨਹੀਂ ਸੀ ਲਗਿਆ ਕਿ ਇਸ ਕੁੜੀ ਦੀ ਜੱਫੀ ਰਸਦਾਇਕ ਤੇ ਜਾਣੀ ਪਛਾਣੀ ਹੈ ? ਤੇ ਨੂਰਾਂ ਨੂੰ ਲਗਿਆ ਕਿ ਬੇਸ਼ਕ ਭਾਵੇਂ ਰਾਤੀਂ ਉਹਦੀਆਂ ਅੱਖਾਂ ਬੰਦ ਸਨ ਪਰ ਕਿਵੇਂ ਨਾ ਕਿਵੇਂ ਉਸ ਆਪਣੇ ਬੰਦੀ ਛੋੜ ਨੂੰ ਵੇਖ ਲਿਆ ਸੀ।ਜੋ ਭਾਵ ਉਸ ਵੇਲੇ ਇਕ ਦੂਜੇ ਦੇ ਦਿਲਾਂ ਵਿਚ ਉਤਪੰਨ ਹੋਏ ਉਹ ਇਕ ਦੂਜੇ ਤੋਂ ਗੁਝੇ ਨਾ ਰਹੇ।

ਹੀਰਾ ਸਿੰਘ ਨੇ ਆਪਣੇ ਪਿਓ ਕੋਲੋਂ ਪੁਛਿਆ। ਸਦਾ ਸਿੰਘ ਨੇ ਸਰਦਾਰ ਜੱਸਾ ਸਿੰਘ ਕੋਲੋਂ ਤੇ ਜੱਸਾ ਸਿੰਘ ਨੇ ਕਿਹਾ, "ਜੇ ਕੁੜੀ ਦਾ ਪਿਓ ਮੰਨ ਜਾਏ ਤਾਂ ਵਾਹ ਵਾਹ" "ਪਰ ਨੂਰਾਂ ਜੋ ਮੰਨਦੀ ਹੈ ਸਰਦਾਰ ਜੀ !" ਹੀਰਾ ਸਿੰਘ ਨੇ ਉਤਸ਼ਾਹੀ ਲਹਿਜੇ ਵਿਚ ਕਿਹਾ। ਉਹ ਆਪਣੇ ਪਿਓ ਦੇ ਨਾਲ ਹੀ ਸਰਦਾਰ ਕੋਲ ਆਇਆ ਸੀ। ਚੰਗੇਰੀ ਤੇ ਸਰਗ਼ਰਮ ਵਕੀਲੀ ਵਾਸਤੇ। ਸਰਦਾਰ ਜੱਸਾ ਸਿੰਘ ਹੱਸਿਆ; "ਅਛਾ ਬਈ ਤੈਨੂੰ ਅੱਖਿਆਂ ਹੋਣ ਦੀ ਲੋੜ ਨਹੀਂ। ਤੂੰ ਕੁੜੀ ਨੂੰ ਮਨਾ ਲਿਆ ਹੈ ਤੇ ਅਸੀਂ ਉਹਦੇ ਪਿਓ ਨੂੰ ਮਨਾ ਲਵਾਂਗੇ।"

ਜਦੋਂ ਨੂਰਾਂ ਦਾ ਪਿਓ ਮਹਿਮਾਂ ਪੁਰ ਆਇਆ ਤੇ ਸਰਦਾਰ ਨੇ ਨੂਰਾਂ ਤੇ ਹੀਰਾ ਸਿੰਘ ਦੀ ਵਾਰਤਾ ਸੁਣਾ ਕੇ ਉਹਦੇ ਕੋਲੋਂ ਨੂਰਾਂ ਦਾ ਸਾਕ ਮੰਗਿਆ ਤਾਂ ਇਦਰਸ ਸ਼ਾਹ ਬੋਲਿਆ : "ਸਰਦਾਰ ਤੇਰੇ ਵਾਸਤੇ ਨੂਰਾਂ ਹੀ ਨਹੀਂ ਆਪਣੀ ਜਾਨ ਤਕ ਵਾਰ ਦਿਆਂ। ਤੂੰ ਐਤਕੀਂ ਉਹ ਦਿਲ ਵਿਖਾਇਆ ਹੈ ਕਿ ਮੁਸਲਮਾਨਾਂ ਨੂੰ ਲੁਟ ਲਿਆ ਹੈ।" ਤੇ ਇਸ ਤਰ੍ਹਾਂ ਨੂਰਾਂ ਤੇ ਹੀਰਾ

Scanned by CamScanner

ਸਿੰਘ ਦਾ ਵਿਆਹ ਹੋ ਗਿਆ। ਮਹਿਮਾਂ ਪੁਰ ਵਿਚ ਕੇਵਲ ਇਕ ਇਹੋ ਹੀ ਵਿਆਹ ਨਹੀਂ ਸੀ ਹੋਇਆ, ਹੋਰ ਵੀ ਕਈ ਅਨੰਦ ਕਾਰਜ ਹੋਏ ਸਨ।

ਗੁਰਬਖਸ਼ ਸਿੰਘ ਦਾ ਵਿਆਹ ਵੀ ਮਹਿਮਾਂ ਪੁਰ ਹੀ ਹੋਇਆ। ਮੁਸਲਮਾਨ ਕੁੜੀ ਨਾਲ ਨਹੀਂ ਸਗੋਂ ਇਕ ਹਿੰਦੂ ਕੁੜੀ ਨਾਲ। ਉਹਨਾਂ ਦੋਹਾਂ ਦੀ ਵੀ ਜਾਣ ਪਛਾਣ ਏਥੇ ਹੀ ਹੋਈ। ਇਹ ਇਕ ਉਹ ਕੁੜੀ ਸੀ ਜਿਹਨੂੰ ਕੋਈ ਵੀ ਲੈਣ ਨਹੀਂ ਸੀ ਆਇਆ ਤੇ ਜਿਹਦਾ ਘਰ ਪਾਣੀਪਤ ਦੇ ਕਿਤੇ ਲਾਗੇ ਸੀ। ਉਸ ਸਰਦਾਰ ਜੱਸਾ ਸਿੰਘ ਅਗੇ ਬਿਨੈ ਕੀਤੀ ਸੀ; "ਮੈਂ ਕਿਤੇ ਜਾਣ ਜੋਗੀ ਨਹੀਂ ਸਰਦਾਰ ਜੀ। ਮੇਰੀ ਮਾਂ ਮਤਰੇਈ ਹੈ। ਮੇਰਾ ਪਿਓ ਬੁਢਾ। ਮੇਤੀ ਮਾਂ ਮੈਨੂੰ ਹਰ ਦੂਜੇ ਚੌਥੇ ਦਿਨ ਲੂਸ ਛਡਦੀ ਹੈ। ਜੇ ਤੁਸੀਂ ਮੈਨੂੰ ਘਰ ਭੇਜਿਆ ਤਾਂ ਮੈਂ ਸਮਝਾਂਗੀ ਤੁਸੀਂ ਮੈਨੂੰ ਮੁੜ ਦੁਰਾਨੀ ਦੀ ਕੈਦ ਵਿਚ ਧਿਕ ਦਿਤਾ ਹੈ।

ਇਕ ਇਹੋ ਕੁੜੀ ਨਹੀਂ, ਹੋਰ ਕਈ ਕੁੜੀਆਂ ਵੀ ਏਸੇ ਹਾਲਤ ਵਿਚ ਸਨ। ਕਿਸੇ ਦਾ ਕੋਈ ਹੈ ਹੀ ਨਹੀਂ ਸੀ ਤੇ ਕੋਈ ਘਰ ਮੁੜਨਾ ਨਹੀਂ ਸੀ ਚਾਹੁੰਦੀ। ਨਹੀਂ ਸੀ ਜਾਣਦੀ ਕਿ ਮੁੜ ਘਰ ਵਿਚ ਉਹ ਸਵੀਕਾਰ ਹੋਵੇਗੀ ਵੀ ਕਿ ਨਹੀਂ। ਇਹਨਾਂ ਕੁੜੀਆਂ ਦੀ ਹਾਲਤ ਵੇਖ ਕੇ ਸਰਦਾਰ ਜੱਸਾ ਸਿੰਘ ਨੇ ਸਿਖ ਨੌਜਵਾਨਾਂ ਨੂੰ ਸੱਦਾ ਦਿਤਾ ਸੀ ਕਿ ਉਹ ਇਹਨਾਂ ਨੂੰ ਅਪਨਾਉਣ। ਸਰਦਾਰ ਆਹਲੂਵਾਲੀਆ ਕੋਈ ਚਣੌਤੀ ਪਾਏ ਤੇ ਸਿਖ ਨੌਜਵਾਨ ਨਾ ਮੰਨਣ ?

ਕੁਲ ਰਲਾ ਮਿਲਾ ਕੇ ਸਵਾ ਸੌ ਅਨੰਦ ਕਾਰਜ ਮਹਿਮਾਂ ਪੁਰ ਵਿਚ ਤੋੜ ਚੜ੍ਹੇ। ਉਥੇ ਕੰਮ ਖਤਮ ਕਰ ਕੇ ਸਰਦਾਰ ਜੱਸਾ ਸਿੰਘ ਨੇ ਆਪਣੇ ਸਾਥੀਆਂ ਨਾਲ ਅੰਮ੍ਰਿਤਸਰ ਵਲ ਚਾਲੇ ਪਾਏ। ਇਸ ਵਡੀ ਜਿਤ ਦੀ ਖੁਸ਼ੀ ਵਿਚ ਜੇ ਸ੍ਰੀ ਅੰਮ੍ਰਿਤਸਰ ਕੜਾਹ ਪ੍ਰਸ਼ਾਦ ਨਾ ਕਰਾਇਆ ਗਿਆ ਤਾਂ ਗੁਰੂ ਤੇ ਪੰਥ ਦਾ ਦੇਣਾ ਦੇ ਨਾ ਹੋਇਆ...।

੫੩

ਦੁਰਾਨੀ ਗਿਆ, ਜਾਂਦੀ ਵਾਰੀ ਲਾਹੌਰ ਆਪਣਾ ਸੂਬੇਦਾਰ ਛਡ ਗਿਆ, ਜਿਥੇ ਜਿਥੇ ਲੰਘਿਆ ਸਭ ਨੂੰ ਇਹੋ ਕਹਿੰਦਾ ਗਿਆ ਕਿ ਸਿਖਾਂ ਨੂੰ ਕਾਬੂ ਰਖਣਾ ਤੇ ਆਪ ਪਲ ਪਲ ਆਪਣਾ ਇਰਾਦਾ ਪੱਕਾ ਕਰਦਾ ਗਿਆ ਕਿ ਜਲਦੀ ਹੀ ਉਹ ਆਪਣੀਆਂ ਹਾਰਾਂ ਦਾ ਬਦਲਾ ਲਏਗਾ। ਪਰ ਖ਼ਾਲਸੇ ਨੂੰ ਸਿਰਫ਼ ਦੁਰਾਨੀ ਨਾਲ ਗਰਜ਼ ਸੀ; ਉਹਦੇ ਸੂਬੇ ਨਾਲ ਨਹੀਂ ਉਹਦੇ ਹੋਰਨਾ ਮਾਤਹਿਤਾਂ ਨਾਲ ਨਹੀਂ ਤੇ ਨਾ ਹੀ ਉਹਨਾਂ ਨੂੰ ਗਰਜ਼ ਸੀ ਉਹਦੇ ਇਰਾਦਿਆਂ ਨਾਲ।

ਹੁਣ ਸਿਖ ਆਪਣੇ ਆਪ ਨੂੰ ਦੁਰਾਨੀ ਦਾ ਹਮ-ਪੱਲਾ ਸਮਝਣ ਲਗ ਪਏ ਸਨ। ਜਦੋਂ ਪਹਿਲੇ ਪਹਿਲੇ ਦੁਰਾਨੀ ਆਉਂਦਾ ਸੀ ਤਾਂ ਸਾਰੇ ਪੰਜਾਬ ਵਿਚ ਖਲਬਲੀ ਮੱਚ ਜਾਂਦੀ ਸੀ। ਦੁਰਾਨੀ ਇਕ ਹਨ੍ਹੇਰੀ ਵਾਂਗ ਆਉਂਦਾ ਤੇ ਸਾਰਾ ਪੰਜਾਬ ਤੇ ਦਿੱਲੀ ਦੀ ਸ਼ਾਹੀ ਸਲਤਨੱਤ ਬ੍ਰਿਛ ਦੇ ਪੱਤਿਆਂ ਵਾਂਗ ਕੰਬ ਜਾਂਦੀ। ਸਮਾਜਕ ਜੀਵਨ ਖੇਰੂੰ ਖੇਰੂੰ ਹੋ ਜਾਂਦਾ ਸੀ। ਵਸਦੇ ਘਰ ਉਜੜ ਜਾਂਦੇ। ਲਹਿ ਲਹਿ ਕਰਦੀਆਂ ਖੇਤੀਆਂ ਵੀਰਾਨ ਹੋ ਜਾਂਦੀਆਂ। ਆਪਣੇ ਨੂੰ ਆਪਣੇ ਦੀ ਸਿਵਾਣ ਨਾ ਰਹਿੰਦੀ।

ਹਾਂ, ਜਦੋਂ ਪਹਿਲੇ ਪਹਿਲੇ ਦੁਰਾਨੀ ਆਪਣੇ ਗੱਠੇ ਹੋਏ, ਬਹਾਦਰ ਸੂਰਬੀਰ ਤੇ ਆਪਣੀਆਂ ਜੱਤਾਂ ਨਾਲ ਮਸਤ ਪਠਾਣੀ ਸਿਪਾਹੀਆਂ ਨਾਲ ਹਿੰਦੁਸਤਾਨ ਆਉਂਦਾ ਤਾਂ ਭਾਰਤ ਭੈ ਖ਼ਾਸ ਕਰ ਕੇ ਪੰਜਾਬ ਦਾ ਰਾਜਸਕ, ਭਾਈਚਾਰਕ, ਸਦਾਚਾਰਕ ਤੇ ਆਰਥਕ ਢਾਂਚਾ ਡਾਵਾਂ-ਡੋਲ ਹੋ ਜਾਂਦਾ।

ਸਭ ਤੋਂ ਵਧ ਸੰਕਟ ਸਿਖਾਂ ਉੱਤੇ ਟੁਟਦਾ। ਸਿਖ ਉਸ ਹਿੰਦੂ ਤੇ ਮੁਸਲਮਾਨ ਜਨਤਾ ਵਾਂਗ ਨਹੀਂ ਸਨ ਜਿਹੜੀ ਹਰ ਜੇਤੂ ਨੂੰ, 'ਜੀ ਹਜ਼ੂਰ' ਆਖ ਸਕਣ ਦੇ ਯੋਗ ਸੀ। ਬੇਸ਼ਕ ਇਸ ਜਨਤਾ ਵਿਚ ਵੀ ਅਣਖ ਹੋਵੇਗੀ ਪਰ ਮਜਬੂਰੀਆਂ ਤੇ ਹਰ

Scanned by CamScanner

ਆਏ ਦਿਨ ਨਾਜ਼ਲ ਹੁੰਦੀਆਂ ਦੁਰਗਤੀਆਂ ਦੇ ਸਾਹਮਣੇ ਇਹ ਅਣਖ ਜਿਵੇਂ ਮਰ ਗਈ ਹੋਵੇ। ਇਸ ਜਨਤਾ ਨੇ ਸ਼ਾਇਦ ਧਾਰ ਲਿਆ ਸੀ ਕਿ ਬਸ ਦਿਨ-ਕਟੀ ਕਰਨ ਵਾਲੀ ਹੀ ਗੱਲ ਹੈ, ਜਿਦ੍ਹਾ ਮਰਜ਼ੀ ਹੈ ਰਾਜ ਹੋਵੇ, ਜਿੰਨਾ ਮਰਜ਼ੀ ਹੈ ਕੋਈ ਜ਼ੁਲਮ ਕਮਾਏ। ਇਸ ਜਨਤਾ ਨੇ ਆਪਣਾ ਦੰਮ ਤੋੜ ਦਿਤਾ ਸੀ, ਆਪਣਾ ਮੱਚ ਮਾਰ ਛਡਿਆ ਸੀ।

ਪਰ ਸਿਖ; ਨਹੀਂ ਇਹ ਸਿਖ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਸਨ। ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਨੇ ਇਹਨਾਂ ਵਿਚ ਇਕ ਅਜਿਹੀ ਸਪਿਰਟ ਭਰ ਦਿਤੀ ਸੀ ਜਿਹੜੀ ਹਾਰਾਂ ਖਾ ਕੇ ਵੀ ਅਜਿੱਤ ਰਹਿੰਦੀ, ਜਿਹੜੀ ਮਾਰ ਖਾ ਖਾ ਕੇ ਵੀ ਨਾ ਮਰਦੀ। ਅੰਮ੍ਰਿਤ ਦੀ ਸਭ ਤੋਂ ਵੱਡੀ ਕਰਾਮਾਤ ਕਿਹੜੀ ਸੀ ? ਇਹੋ ਕਿ ਅੰਮ੍ਰਿਤ ਛਕ ਕੇ ਆਦਮੀ ਮੌਤ ਕੋਲੋਂ ਨਹੀਂ ਸੀ ਡਰਦਾ। ਅੰਮ੍ਰਿਤ ਦਾ ਭਾਵ ਸੀ ਅਕਾਲ; ਕਿ ਮਰ ਕੇ ਵੀ ਨਾਂ ਮਰਨਾਂ। ਤੇ ਜਿਹੜਾ ਆਦਮੀ ਮੌਤ ਕੋਲੋਂ ਨਾ ਡਰੇ ਉਹਨੂੰ ਕੋਈ ਕਿਸ ਤਰ੍ਹਾਂ ਗ਼ੁਲਾਮ ਬਣਾ ਸਕਦਾ ਹੈ ? ਉਹਨੂੰ ਕੋਈ ਕਿਵੇਂ ਬੰਧਨਾਂ ਵਿਚ ਜਕੜ ਸਕਦਾ ਹੈ ? ਉਹਨੂੰ ਕੋਈ ਕਿਵੇਂ ਝੁੰਗੇ ਦੇ ਦੇ ਕੇ ਵਿਲਚਾ ਸਕਦਾ ਹੈ ? ਹਾਂ, ਇਹੋ ਜਿਹੇ ਆਦਮੀ ਨਾਲ ਗੁਜ਼ਾਰਾ ਕਰਨਾ ਬੜਾ ਮੁਸ਼ਕਲ ਹੋ ਜਾਂਦਾ ਹੈ।

ਬਾਦਸ਼ਾਹਾਂ, ਹਾਕਮਾਂ, ਅਮੀਰਾਂ ਤੇ ਵਜ਼ੀਰਾਂ ਕੋਲ ਮੌਤ ਤੋਂ ਬਗ਼ੈਰ ਹੋਰ ਕਿਹੜਾ ਵਡੇਰਾ ਹਥਿਆਰ ਸੀ ਜਿਹੜਾ ਉਹ ਕਿਸੇ ਨੂੰ ਆਪਣੀ ਵੀਨ ਮਨਾਉਣ ਵਾਸਤੇ ਵਰਤਦੇ ? ਮੌਤ ਤੋਂ ਡਰਦਾ ਇਨਸਾਨ ਸਭ ਕੁਝ ਕਰ ਗੁਜ਼ਰਦਾ ਹੈ।

ਪਰ ਸਿਖ ਸਨ ਕਿ ਮੌਤ ਕੋਲੋਂ ਨਹੀਂ ਸਨ ਡਰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਪਤਾਸਿਆਂ ਦੇ ਸ਼ਰਬਤ ਵਿਚ ਪਤਾ ਨਹੀਂ ਕਿਹੜੀ ਅਣਡਿਠ ਤੇ ਰੂਹਾਨੀ ਚੀਜ਼ ਘੋਲ ਦਿਤੀ ! ਪਤਾ ਨਹੀਂ ਉਨ੍ਹਾਂ ਨੇ ਕੀ ਕੀਤਾ ਕਿ ਮੌਤ ਨਾਲ ਮਖੌਲ ਹੋਣ ਲਗੇ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਆਇਆ ਬੰਦਾ ਸਿੰਘ ਬਹਾਦਰ ! ਉਸ ਅੰਮ੍ਰਿਤ ਦੀ ਸ਼ਕਤੀ ਦੀ ਪਰਦਰਸ਼ਨੀ ਦਿਤੀ। ਬੰਦਾ ਸਿੰਘ ਬਹਾਦਰ ਸਦੀਆਂ ਦੀ ਸਥਾਪਿਤ ਮੁਗਲ ਸਲਤਨੱਤ ਨੂੰ ਅੱਗੇ ਲਾ ਤੁਰਿਆ। ਪੰਜਾਬ ਹੈਰਾਨ, ਹਿੰਦੁਸਤਾਨ ਹੈਰਾਨ, ਹਿੰਦੂ ਤੇ ਮੁਸਲਮਾਨ ਹੈਰਾਨ। ਹਿੰਦੂ ਸੋਚਣ ਕਿ ਅਸੀਂ ਕੀ ਸਾਂ ਤੇ ਕੀ ਹੋ ਗਏ ? ਓਧਰੋਂ ਪਤਾਸਿਆਂ ਦਾ ਸ਼ਰਬਤ ਮੂੰਹ ਲਗਦਾ ਹੈ ਤੇ ਓਧਰੋਂ ਕਾਇਆ ਕਲਪ ਹੋ ਜਾਂਦੀ ਹੈ, ਭਉ ਉਡ ਜਾਂਦਾ ਹੈ, ਭੁਜਾਂ ਵਿਚ ਸ਼ਕਤੀ ਆਉਂਦੀ ਹੈ, ਤੇ ਦਿਮਾਗ਼ ਨਿਖਰ ਆਉਂਦਾ ਹੈ। ਮੁਸਲਮਾਨ ਆਖਣ ਕਿ ਵਾਹਦਤ ਦੇ ਜਾਮ ਤੋਂ ਵਧ ਕਰਾਮਾਤੀ ਹੈ ਇਹ ਪਤਾਸਿਆਂ ਦਾ ਸ਼ਰਬਤ।

ਸਦੀਆਂ ਤੋਂ ਹਿੰਦੂਆਂ ਵਾਸਤੇ ਆਪਣਾ ਹਿੰਦੁਸਤਾਨ ਪਰਾਇਆ ਹੋ ਚੁਕਾ ਸੀ। ਪੰਜਾਬ ਵਿਚ ਖ਼ਾਸ ਕਰ ਕੇ ਹਿੰਦੂ ਜਨਤਾ ਮੁਸਲਮਾਨਾਂ ਨੂੰ ਆਪਣੀ ਧੁਰੋਂ ਨਿਯਤ ਹੋਈ ਸਰਕਾਰ ਸਮਝਦੀ ਸੀ।

ਪਰ ਉਧਰੋਂ ਹਿੰਦੂ ਸਿਖ ਬਣੇ ਤੇ ਉਧਰੋਂ ਇਹੋ ਜਿਹੇ ਸਭ ਵਿਚਾਰ ਝੜ ਗਏ। ਸਿਖ ਆਪਣੇ ਆਪ ਨੂੰ ਪੰਜਾਬ ਤੇ ਹਿੰਦੁਸਤਾਨ ਦੇ ਵਾਰਸ ਸਮਝਣ ਲਗੇ। ਉਹਨਾਂ ਨੇ ਮੰਨਣੋਂ ਇਨਕਾਰ ਕਰ ਦਿਤਾ ਕਿ ਮੁਸਲਮਾਨ ਉਹਨਾਂ ਦੀ ਧੁਰੋਂ ਨਿਯਤ ਹੋਈ ਸਰਕਾਰ ਹਨ। ਮੁਲਕ ਵਿਚ ਸ਼ਰੇਮਣਤਾਈ ਵਾਸਤੇ ਜਦੋਂ ਜਹਿਦ ਸ਼ੁਰੂ ਹੋਈ। ਸਿਖ ਮੁਗਲਾਂ ਨੂੰ ਹਰਾਉਣ ਹੀ ਵਾਲੇ ਸਨ ਕਿ ਉਧਰੋਂ ਦੁਰਾਨੀ ਬਾਦਸ਼ਾਹ ਮੁੜ ਮੁੜ ਹਿੰਦੁਸਤਾਨ ਉੱਤੇ ਚੜ੍ਹ ਕੇ ਆਉਣ ਲਗੇ। ਕਦੀ ਪੱਖਾਂ ਤੋਂ ਦੁਰਾਨੀਆਂ ਨੇ ਮੁਗਲਾਂ ਦੇ ਹਜ਼ਕੱਲੇ ਖਾਂਦੇ ਰਾਜ ਨੂੰ ਦਾਹ ਵੀ ਲਾਈ।

ਅੰਤ ਜਦੋਂ ਜੇਹਿਦ ਅੰਨੀ ਸਿਖਾਂ ਤੇ ਮੁਗਲਾਂ ਵਿਚਕਾਰ ਨਾ ਰਹੀ ਜਿੰਨੀ ਕਿ ਸਿਖਾਂ ਤੇ ਦੁਰਾਨੀਆਂ ਵਿਚ ਹੋ ਗਈ ਖ਼ਾਸ ਕਰ ਕੇ ਜਦੋਂ ਪੰਜਾਬ ਦਾ ਸੂਬਾ ਵਾਸਤਵਿਕ ਤੌਰ ਉੱਤੇ ਤੇ ਕਾਨੂੰਨੀ ਤੌਰ ਉੱਤੇ ਵੀ ਅਫ਼ਗਾਨਿਸਤਾਨ ਦਾ ਭਾਗ ਬਣ ਗਿਆ, ਤਾਂ ਇਸ ਕਸ਼ਮਕਸ਼ ਨੇ ਨਵੀਂ ਸੂਰਤ ਧਾਰੀ।

ਪਹਿਲੇ ਪਹਿਲੇ ਸਿਖ ਦੁਰਾਨੀ ਬਾਦਸ਼ਾਹਾਂ ਦਾ ਮੁਕਾਬਲਾ ਕਰਨ ਜੋਗੇ ਨਹੀਂ ਸਨ। ਜਦੋਂ ਵੀ ਦੁਰਾਨੀ ਆਉਂਦਾ ਉਹ ਪਹਾੜਾਂ ਵਲ ਉਠ ਨੱਠਦੇ। ਸਿਰਫ਼ ਚੋਰੀਂ ਛਿਪੀਂ ਉਹਦੀ ਲਾਮ ਡੋਰੀ ਨੂੰ ਤੰਗ ਕਰਦੇ, ਪਰ ਅੰਮ੍ਰਿਤ ਦੀ ਸ਼ਕਤੀ ਹੌਲੀ ਹੌਲੀ ਆਪਣਾ ਰੰਗ ਵਿਖਾਂਦੀ ਗਈ।

ਪਹਿਲੇ ਪਹਿਲੇ ਤਾਂ ਸਿਖ ਹੋਰ ਮੁਗਲ ਸੂਬੇ ਦੇ ਅਤਿਆਚਾਰਾਂ ਕੋਲੋਂ ਵੀ ਤੰਗ ਆ ਕੇ ਜੰਗਲਾਂ ਤੇ ਪਹਾੜਾਂ ਵਿਚ ਜਾ ਪਨਾਹ ਲੈਂਦੇ ਸਨ। ਅਜੇ ਦਸ ਸਾਲ ਪਹਿਲੇ ਹੀ ਮੀਰ ਮਨੂੰ ਨੇ ਚੁਣ ਚੁਣ ਕੇ ਸਿਖਾਂ ਨੂੰ ਪੰਜਾਬ ਦੇ ਜੀਵਨ ਸਮਾਜਕ ਵਿਚੋਂ ਬਾਹਰ ਕਢ ਦਿਤਾ ਸੀ।

ਪਰ ਉਹ ਦਸ ਸਾਲ ਪਹਿਲੇ ਦਾ ਸਮਾਂ ਸੀ, ਪੂਰੇ ਦਸ ਸਾਲ ਪਹਿਲੇ ਦਾ। ਤੇ ਖ਼ਾਲਸੇ ਦੀ ਸਮਾਂ-ਸੂਰਤ ਬੜੇ ਅਜੀਬ ਤਰੀਕੇ ਨਾਲ ਬੰਮ ਕਰਦੀ ਸੀ। ਉਹ ਦੁਖ ਤਕਲੀਫ਼ ਤੇ ਸੰਕਟ ਦੇ ਸਮੇਂ ਨੂੰ ਬੜੀ ਜੱਲਦੀ ਭੁਲ ਜਾਂਦੇ ਸਨ। ਦਸ

Scanned by CamScanner

ਸਾਲ ਪਹਿਲੇ ਦੇ ਸਹੇ ਦੁਖ ਤਾਂ ਜਿਵੇਂ ਕਿਸੇ ਪਹਿਲੇ ਜਨਮ ਵਿਚ ਸਹੇ ਦੁਖਾਂ ਵਾਂਗ ਹੋਣ; ਜਿਵੇਂ ਦਸ ਸਾਲ ਨਹੀਂ, ਦਸ ਦਹਾਕੇ ਬੀਤ ਗਏ ਹੋਣ। ਤੇ ਓਧਰ ਖੁਸ਼ੀ ਤੇ ਆਜ਼ਾਦੀ ਤੇ ਆਪਣੇ ਰਾਜ ਦਾ ਸਮਾਂ ਉਹਨਾਂ ਕੋਲੋਂ ਭੁਲਣ ਹੀ ਨਾ ਹੁੰਦਾ। ਉਹ ਸਮਾਂ ਸਦਾ ਉਹਨਾਂ ਦੇ ਨੈਣਾਂ ਅਗੇ ਤਰਦਾ ਰਹਿੰਦਾ।

ਜੰਗਲਾਂ ਤੇ ਪਹਾੜਾਂ ਦੇ ਬਿਖੜੇ ਸਮਿਆਂ ਵਿਚੋਂ ਉਪਜੇ ਨਿਹੰਗ ਬੱਲੇ ਸਿਖਾਂ ਦੀ ਇਸ ਸਮਾਂ-ਸੁਰਤ ਦੇ ਸੂਚਕ ਹਨ। ਹਾਂ, ਦਸ ਸਾਲ ਪਹਿਲੇ ਦਾ ਖ਼ਾਲਸਾ ਅਜ ਦਾ ਖ਼ਾਲਸਾ ਨਹੀਂ ਸੀ। ਅਜ ਦਾ ਖ਼ਾਲਸਾ ਦੁਰਾਨੀ ਦੇ ਸ਼ਨਮੁਖ ਹੋ ਲੜ ਸਕਦਾ ਸੀ। ਅਜ ਦਾ ਖ਼ਾਲਸਾ ਜਾਣਦਾ ਸੀ ਕਿ ਬਸ ਭਾਵੇਂ ਦੋ ਸਾਲ ਹੋਰ ਲਗਣ ਭਾਵੇਂ ਪੰਜ, ਰਾਜ ਖ਼ਾਲਸੇ ਦਾ ਹੀ ਹੋਵੇਗਾ। ਸਿਰਫ਼ ਸਿਖ ਹੀ ਨਹੀਂ ਪੰਜਾਬ ਦੇ ਹਿੰਦੂ ਤੇ ਮੁਸਲਮਾਨ ਵੀ ਜਾਣਦੇ ਸਨ ਕਿ ਸਮੇਂ ਬਦਲ ਗਏ ਹਨ, ਬਦਲ ਰਹੇ ਹਨ ਤੇ ਪੰਜਾਂ ਸੱਤਾਂ ਸਾਲਾਂ ਤਕ ਬਿਲਕੁਲ ਬਦਲ ਜਾਣਗੇ।

ਏਸੇ ਲਈ ਸਿਖਾਂ ਨੂੰ ਜਨਤਾ ਕੋਲੋਂ ਹੁਣ ਦੇਰ ਸਹਾਇਤਾ ਮਿਲਦੀ। ਹੁਣ ਉਹਨਾਂ ਨੂੰ ਕੋਈ ਚਿੜਾਉਣ ਜਾਂ ਖਿਝਾਉਣ ਦੀ ਹਿੰਮਤ ਨਾ ਕਰ ਸਕਦਾ। ਹੁਣ ਜੇ ਸਿਖ ਕਦੀ ਆਪਣੇ ਘਰ ਘਾਟ ਛਡ ਕੇ ਜਾਣ ਉੱਤੇ ਮਜਬੂਰ ਹੋ ਵੀ ਜਾਂਦੇ ਤਾਂ ਵੀ ਉਹਨਾਂ ਦੇ ਘਰ ਨਿਸਬਤਨ ਮਹਿਫ਼ੂਜ਼ ਰਹਿੰਦੇ। ਉਹਨਾਂ ਦੇ ਟੱਬਰਾਂ ਨੂੰ ਰੋਟੀ ਟੁਕ ਮਿਲਦਾ ਰਹਿੰਦਾ। ਹੁਣ ਕਿਉਂਕਿ ਹਿੰਦੂ ਤੇ ਮੁਸਲਮਾਨ ਜਨਤਾ ਜਾਣਦੀ ਸੀ ਕਿ ਦੁਰਾਨੀ ਤਾਂ ਆਉਂਦਾ ਜਾਂਦਾ ਰਹਿੰਦਾ ਹੈ, ਉਹਦੇ ਸੂਬੇ ਅਦਲਦੇ ਬਦਲਦੇ ਰਹਿੰਦੇ ਹਨ ਪਰ ਸਿਖ ਸਦੀਵੀ ਹਨ। ਸਿਖਾਂ ਦੀ ਤਾਕਤ ਹਰ ਹਮਲੇ ਪਿਛੋਂ ਤੇ ਹਰ ਆਰਥਕ ਤੇ ਰਾਜਸਕ ਤਬਦੀਲੀ ਪਿਛੋਂ ਸਗੋਂ ਵਧਦੀ ਹੀ ਜਾਵੇਗੀ। ਹੁਣ ਕੋਈ ਸਿਖਾਂ ਦੀ ਕਰੋਪੀ ਤੇ ਉਹਨਾਂ ਦਾ ਕਰੋਧ ਸਹੇੜਨ ਵਾਸਤੇ ਤਿਆਰ ਨਹੀਂ ਸੀ।

ਜਿਹੜੀ ਰਹਿੰਦੀ ਖੂੰਦੀ ਕਸਰ ਸੀ ਉਹ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਪਤਨ ਉੱਤੇ ਹੋਈ ਜਿਤ ਨੇ ਪੂਰੀ ਕਰ ਦਿਤੀ। ਇਸ ਜਿਤ ਨਾਲ ਸਿਖਾਂ ਨੂੰ ਨਵਾਂ ਤੇ ਨਰੋਈ ਤਰ੍ਹਾਂ ਦਾ ਸਵੈ-ਵਿਸ਼ਵਾਸ ਮਿਲਿਆ ਤੇ ਇਸ ਪੰਜਾਬ ਨੂੰ ਵੀ ਜਿਵੇਂ ਸੰਪੂਰਨ ਵਿਸ਼ਵਾਸ ਹੋ ਗਿਆ ਕਿ ਹੁਣ ਪੰਜਾਬ ਦੇ ਅਸਲੀ ਰਾਜੇ ਸਿਖ ਹਨ, ਮੁਗ਼ਲ ਜਾਂ ਪਠਾਣ ਨਹੀਂ। ਦੁਰਾਨੀ ਗਿਆ ਤੇ ਪੰਜਾਬ ਦਾ ਜੀਵਨ ਫਿਰ ਕੁਦਰਤੀ ਤੇ ਸਾਧਾਰਨ ਹੋਣ ਲਗਾ। ਪੰਜਾਬ ਵਿਚ ਇਕ ਤਰ੍ਹਾਂ ਦਾ ਸਾਵਾਂ-ਤੋਲ ਫਿਰ ਉਪਜਣ ਲਗਾ ਤੇ ਸਮਾਜਕ ਤੇ ਆਰਥਕ ਇਸਥਿਤੀ ਸੁਧਰਨ ਲਗੀ।

੫੪

ਦੁਰਾਨੀ ਗਿਆ ਤੇ ਜੱਥੇਬੰਦੀ ਫਿਤੇਹ ਗੀੜ੍ਹ ਮੁੜਿਆ। ਗੁਰਬਖ਼ਸ਼ ਸਿੰਘ ਤੇ ਮਿਹਰ ਸਿੰਘ ਵੀ ਘਰ ਮੁੜੇ। ਇਹ ਦੋਵੇਂ ਵੀ ਜੱਥੇਬੰਦੀ ਨਾਲ ਆਹਲੂਵਾਲੀਏ ਸਰਦਾਰ ਦੀ ਕਮਾਨ ਥੱਲੇ ਗੋਇੰਦਵਾਲ ਦੀ ਮੁਹਿੰਮ ਵਿਚ ਸ਼ਾਮਿਲ ਹੋਏ ਸਨ। ਸ਼ੋਭੀ ਤੇ ਜੀਵਨ ਕੌਰ ਨੇ ਮਿਹਰ ਨੂੰ ਰੋਕਿਆ ਸੀ। "ਅਜੇ ਤੂ ਬਹੁਤ ਛੋਟਾ ਹੈਂ। ਬੜੀ ਉਮਰ ਪਈ ਹੈ ਲੜਾਈਆਂ ਲੱਭਣ ਦੀ" ਜੀਵਨ ਕੌਰ ਨੇ ਕਿਹਾ ਸੀ। "ਬੇਸ਼ਕ !" ਸ਼ੋਭੀ ਨੇ ਨਾਲ ਜੋੜਿਆ, "ਸਿਖਾਂ ਨੇ ਕਿਹੜੀਆਂ ਲੜਾਈਆਂ ਲੜਨੀਆਂ ਬੰਦ ਕਰ ਦੇਣੀਆਂ ਹਨ। ਮੈਂ ਤਾਂ ਸਮਝਦੀ ਹਾਂ ਕਿ ਖ਼ਾਲਸਾ ਪੈਦਾ ਹੀ ਲੜਨ ਤੇ ਜੂਝਨ ਵਾਸਤੇ ਹੋਇਆ ਹੈ।"

ਮਿਹਰ ਨੂੰ ਲੜਾਈ ਲਈ ਜਾਂਦਿਆਂ ਵੇਖ ਕੇ ਜੀਵਨ ਕੌਰ ਤੇ ਸ਼ੋਭੀ ਨੂੰ ਨਿਰਸੰਦੇਹ ਅਨੰਦ ਯਾਦ ਆ ਗਿਆ ਸੀ। ਕਿਸੇ ਇਹੋ ਜਿਹੀ ਲੜਾਈ ਵਿਚ ਸੁਬੇਗ ਦੀ ਟੁੱਟੀ ਹੋਈ ਲੱਤ ਵੀ ਉਹਨਾਂ ਨੂੰ ਦਿਸ ਰਹੀ ਸੀ ਤੇ ਉਹਨਾਂ ਦਾ ਜੀ ਕੀਤਾ ਕਿ ਮਿਹਰ ਸਿੰਘ ਅਜੇ ਲੜਾਈਆਂ ਵਿਚ ਨਾ ਪਏ। ਪਰ ਮਿਹਰ ਸਿੰਘ ਕਿਥੇ ਕੋਈ ਛੋਟਾ ਸੀ ? ਉਸ ਆਖਿਆ : "ਆਉਂਦੇ

Scanned by CamScanner

ਉਨ੍ਹਾਂ ਮੈਂ ਨੇਅਾਂ ਸਾਲਾਂ ਦਾ ਹੋ ਜਾਂਦਾ ਹੈ ਤੇ ਸ਼ੋਭੀ ਮਾਂ ਤੂੰ ਆਪੇ ਹੀ ਤਾਂ ਗੁਰੂ ਬਾਜਾਂ ਵਾਲੇ ਦੇ ਸਾਹਿਬਜ਼ਾਦਿਆਂ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਦਸਿਆ ਕਰਦੀ ਹੈਂ ਕਿ ਸਿਖ ਜੰਮਦੇ ਹੀ ਸਿਪਾਹੀ ਹੁੰਦੇ ਹਨ। ਨਹੀ, ਮੈਂ ਘਰ ਨਹੀਂ ਜੰਹਦਾ।"

ਮਿਹਰ ਸਿੰਘ ਨੇ ਹਮਾਇਤ ਲਈ ਬਾਬੇ ਜਾਂਬਾਜ਼ ਅਗੇ ਬਿਨੈ ਕੀਤੀ। "ਬਾਬਾ ! ਮੈਂ ਨਹੀਂ ਟਿਕਣਾ। ਤੂੰ ਭਾਵੇਂ ਜਿਵੇਂ ਮਰਜ਼ੀ ਹੈ ਦਾਦੀ ਤੇ ਮਾਂ ਨੂੰ ਮਨਾ।"

ਬਾਬੇ ਜਾਂਬਾਜ਼ ਦੇ ਦਿਲ ਵਿਚ ਵੀ ਆਪਣੇ ਅਨੰਦ ਦੀ ਯਾਦ ਆਈ ਪਰ ਮਿਹਰ ਸਿੰਘ ਦੀ ਜ਼ਿਦ ਅਗੇ ਉਹਦਾ ਕੀ ਜ਼ੋਰ ? ਇਹ ਹੀ ਠਹੀਂ, ਗੁਰੂ ਪਿਆਰ ਤੇ ਸਿਖੀ ਧਰਮ ਦੀ ਮੰਗ ਅਗੇ ਉਹਦਾ ਕੀ ਜ਼ੋਰ ? ਇਸ ਤੋਂ ਇਲਾਵਾ ਸਰਦਾਰ ਜੱਸਾ ਸਿੰਘ ਦਾ ਹੁਕਮ ਆਇਆ ਸੀ ਕਿ ਇਸ ਮੁਹਿੰਮ ਵਿਚ ਵਧ ਤੋਂ ਵਧ ਆਦਮੀ ਸ਼ਾਮਿਲ ਹੋਣ।

ਜਾਂਬਾਜ਼ ਨੇ ਹੱਸ ਕੇ ਕਿਹਾ, "ਬਈ ਜਾਣ ਦਿਓ ਮਿਹਰੂ ਨੂੰ। ਇਹਦੇ ਬਗ਼ੈਰ ਤਾਂ ਸਾਡੀ ਫ਼ੌਜ ਵਿਚ ਰੌਣਕ ਹੀ ਨਹੀਂ ਲਗਣੀ। ਜੈਕਾਰੇ ਕੌਣ ਛੱਡੂ।" ਮਿਹਰ ਸਿੰਘ ਆ ਗਿਆ ਤੇ ਬੇਸ਼ਕ ਉਸ ਆਪਣੇ ਜੈਕਾਰਿਆਂ ਨਾਲ ਖ਼ੂਬ ਰੌਣਕ ਲਾਈ ਰੱਖੀ। ਜੱਸਾ ਸਿੰਘ ਉਹਨੂੰ ਐਨਾ ਪਿਆਰ ਕਰਨ ਲਗਾ ਕਿ ਮੁੜਦੀ ਵਾਰ ਪੰਦਰ੍ਹਾਂ ਦਿਨਾਂ ਵਾਸਤੇ ਉਹ ਆਪਣੇ ਨਾਲ ਹੀ ਲੈ ਗਿਆ। "ਜੇ ਤੇਰੇ ਜੈਕਾਰੇ ਸ੍ਰੀ ਅੰਮ੍ਰਿਤਸਰ ਸਾਹਿਬ ਨਾ ਗੂੰਜੇ ਤਾਂ ਸਵਾਦ ਹੀ ਕੀ ਆਇਆ," ਉਸ ਆਖਿਆ। ਪਰ ਹੁਣ ਤਕ ਮਿਹਰ ਸਿੰਘ ਘਰ ਮੁੜ ਆਇਆ ਸੀ ਤੇ ਸਾਰਾ ਟੱਬਰ ਇਕੱਠਾ ਸੀ ਉੱਜ ਜਾਂਬਾਜ਼ ਦੇ ਫ਼ਤਹ ਗੜ੍ਹ ਵਿਚ ਲਗਾਤਾਰ ਦੋ ਤਿੰਨ ਮਹੀਨੇ ਕੱਟਣ ਦੇ ਦਿਨ ਵੀ ਆਉਣ ਵਾਲੇ ਸਨ। ਅਗਲਾ ਮਹੀਨਾ ਸਾਵਣ ਦਾ ਮਹੀਨਾ ਸੀ ਤੇ ਉਹਨੂੰ ਫਿਰ ਬਲਖ਼ ਦਾ ਦੌਰਾ ਹੋ ਜਾਣਾ ਸੀ।

ਜਾਂਬਾਜ਼, ਗੁਰਬਖਸ਼, ਮਿਹਰ ਤੇ ਪਿੰਡ ਦੇ ਕਈ ਹੋਰ ਆਦਮੀ ਫ਼ਤਹ ਗੜ੍ਹ ਮੁੜੇ ਤੇ ਫਿਰ ਪਹਿਲੇ ਵਾਂਗ ਆਲੇ-ਦੁਆਲਿਓਂ ਲੋਕ ਜਾਂਬਾਜ਼ ਕੋਲੋਂ ਕਹਾਣੀਆਂ ਸੁਣਨ ਵਾਸਤੇ ਆ ਇਕੱਤਰ ਹੋਏ। ਏਸੇ ਤਰ੍ਹਾਂ ਹੀ ਹਰ ਮੁਹਿੰਮ ਦੀ ਸਮਾਪਤੀ ਪਿਛੋਂ ਹੋਇਆ ਕਰਦਾ ਸੀ ਤੇ ਇਸ ਤਰ੍ਹਾਂ ਹੀ ਹੁਣ ਹੋਇਆ।

ਫ਼ਤਹ ਗੜ੍ਹ ਦੇ ਕੇਂਦਰੀ ਖੂਹ ਗਿਰਦ ਪਿੜ ਜੁੜ ਗਿਆ। ਬੁਢਾ ਜਾਂਬਾਜ਼, ਆਪਣੀ ਸ੍ਰਫ਼ ਕੇਸਰੀ ਦਸਤਾਰ ਨਾਲ, ਆਪਣੇ ਖੱਦਰ ਦੇ ਕੁੜਤੇ ਤੇ ਕਛਹਿਰੇ ਨਾਲ, ਆਪਣੀ ਮੋਟੀ ਧੋਤੀ ਦੀ ਜੁਤੀ ਨਾਲ, ਆਪਣੇ ਝੁਰੜਾਏ ਪਰ ਚਮਕਦੇ ਚਿਹਰੇ ਨਾਲ ਇਸ ਪਿੜ ਦਾ ਨਾਇਕ ਸੀ।

ਸ਼ੋਭੀ ਜਦੋਂ ਇਹਨਾਂ ਪਿੜਾਂ ਵਿਚ ਸ਼ਾਮਿਲ ਹੁੰਦੀ ਤਾਂ ਸਦਾ ਵਾਂਗ ਉਹਦਾ ਮਨ ਬੀਤੇ ਵਰ੍ਹਿਆਂ ਵਿਚ ਜਾ ਵਿਚਰਦਾ। ਉਹਨੂੰ ਆਪਣਾ ਸ਼ਾਹਬਾਜ਼ ਯਾਦ ਆ ਜਾਂਦਾ। ਬਿਲਕੁਲ ਏਸੇ ਤਰ੍ਹਾਂ ਹੀ ਖ਼ਲਕ਼ਤ ਜੁੜ ਜਾਂਦੀ ਸੀ ਤੇ ਸ਼ਾਹਬਾਜ਼ ਪਿੜ ਦਾ ਨਾਇਕ ਹੋਇਆ ਕਰਦਾ ਸੀ।

ਠੀਕ ਅੱਜ ਕੱਲ੍ਹ ਦੇ ਇਹੋ ਜਿਹੇ ਪਿੜਾਂ ਵਿਚ ਤੇ ਉਹਨਾਂ ਦਿਨਾਂ ਦੇ ਪਿੜਾਂ ਵਿਚ ਭਿੰਨਤਾ ਅਵੱਸ਼ ਸੀ। ਅੱਜ ਕੱਲ੍ਹ ਖ਼ਲੱਕਤ ਦੇ ਚਿਹਰਿਆਂ ਉੱਤੇ ਡਰ ਤੇ ਹਿਰਾਸ ਨਹੀਂ ਸੀ ਹੁੰਦਾ। ਅੱਜ ਕੱਲ੍ਹ ਉਹਨਾਂ ਦੇ ਕਪੜੇ ਚੰਗੇਰੇ ਵੀ ਹੁੰਦੇ ਸਨ ਤੇ ਸ੍ਰਫ਼ ਵੀ। ਅੱਜ ਕੱਲ੍ਹ ਖਾਣ ਪੀਣ ਤੇ ਪ੍ਰਾਹੁਣੇਚਾਰੀ ਦਾ ਮਿਆਰ ਉਚਾ ਸੀ। ਅੱਜ ਕੱਲ੍ਹ ਪਹਿਲਿਆਂ ਵਾਂਗ ਅਗਲੀ ਰੋਟੀ ਤੇ ਅਗਲੇ ਦਿਨ ਦਾ ਸਹਿਮ ਜਨਤਾ ਦੇ ਦਿਲਾਂ ਨੂੰ ਨਹੀਂ ਸੀ ਖਾਂਦਾ।

ਪਰ ਇਹਨਾਂ ਪਿੜਾਂ ਦੀ ਸਪਿਰਟ, ਇਹਨਾਂ ਦੀ ਰੂਹ ਤੇ ਨੁਹਾਰ ਉਹੋ ਸੀ। ਪਿਛਲੇ ਪੰਜਾਹ ਸਾਲਾਂ ਦੀਆਂ ਜਿੱਤਾਂ ਤੇ ਸਫ਼ਲਤਾਵਾਂ ਨਾਲ ਹੋ ਸਕਦਾ ਸੀ ਕਿ ਸਿਖਾਂ ਦਾ ਉਤਸ਼ਾਹ ਤੇ ਉਮਾਹ ਮਾਂਦ ਪੈ ਜਾਂਦਾ ਪਰ ਇਉਂ ਨਹੀਂ ਸੀ ਹੋਇਆ। ਬੇਸ਼ਕ ਪੱਗਾਂ ਤੇ ਕਿਰਪਾਨਾਂ ਢੇਰ ਦਿਸ ਆਉਂਦੀਆਂ ਸਨ, ਪਰ ਉਤਸ਼ਾਹ ਤੇ ਜੋਸ਼ ਪਹਿਲਿਆਂ ਵਰਗਾ ਹੀ ਸੀ।

ਸ਼ੋਭੀ ਸਿਰਫ਼ ਜਾਂਬਾਜ਼ ਨੂੰ ਹੀ ਨਹੀਂ, ਇਹੋ ਜਿਹੀਆਂ ਇਕੱਤਰਤਾਵਾਂ ਨੂੰ ਵੇਖ ਕੇ ਵੀ ਖੁਸ਼ ਹੋਇਆ ਕਰਦੀ। ਇਹ ਇਕੱਤਰਤਾਵਾਂ ਤੇ ਇਹ ਵਧਦੀਆਂ ਕਿਰਪਾਨਾਂ ਤੇ ਪੱਗਾਂ ਉਹਨੂੰ ਆਪਣੇ ਸ਼ਾਹਬਾਜ਼ ਦੇ ਮਿਸ਼ਨ ਦੀ ਸਫ਼ਲਤਾ ਦਰਸਾਂਦੀਆਂ ਲਗਦੀਆਂ। ਇਹਨਾਂ ਸਦਕਾ ਉਹ ਭੂਤ ਨਾਲ ਸਗੋਂ ਪਹਿਲੇ ਨਾਲੋਂ ਵਧ ਸੰਬੰਧਤ ਹੋ ਜਾਂਦੀ।

ਜਿਵੇਂ ਉਦੋਂ ਉਹਦਾ ਜੀ ਕਰਦਾ ਸੀ ਕਿ ਸ਼ਾਹਬਾਜ਼ ਦੀ ਪਿੰਡ ਪਿੰਡ ਸ਼ਹਿਰ ਸ਼ਹਿਰ ਮਾਨਤਾ ਹੋਵੇ, ਉਹਦਾ ਹੁਣ ਜੀ ਕਰਦਾ ਕਿ ਜਾਂਬਾਜ਼ ਦੀ ਇਜ਼ਤ ਦਿਨੋਂ ਦਿਨ ਵਧੇ ਤੇ ਫੁਲੇ। ਉਹ ਆਖਦੀ ਕਿ ਜਾਂਬਾਜ਼ ਦਾ ਜੱਸ ਤੇ ਪਰਤਾਪ ਸਭਨਾਂ

Scanned by CamScanner

ਦੇ ਜੱਸ ਤੇ ਪਰਤਾਪ ਨੂੰ ਮਾਤ ਪਾ ਦੇਵੇ। ਉਹ ਪ੍ਰਾਰਥਨਾ ਕਰਦੀ ਕਿ ਜਾਂਬਾਜ਼ ਪੰਥ ਦੀ ਇਸ ਤਰ੍ਹਾਂ ਸੇਵਾ ਕਰੇ ਕਿ ਪੀਹੜੀ ਦਰ ਪੀਹੜੀ ਉਹਦੀ ਸੇਵਾ ਦੀ ਕਹਾਣੀ ਮਾਵਾਂ ਆਪਣੇ ਪੁਤਰਾਂ ਨੂੰ ਸੁਣਾਦੀਆਂ ਰਹਿਣ।

ਇਹਨਾਂ ਦਿਨਾਂ ਵਿਚ ਸੁਬੇਗ ਦਾ ਸਭ ਤੋਂ ਵਡਾ ਪੁਤਰ ਬਹਾਦਰ ਸਿੰਘ, ਵੀ ਫ਼ਤਹ ਗੜ੍ਹ ਪੁਜਾ। ਬਹਾਦਰ ਸਿੰਘ ਹੁਣ ਸਰਦਾਰ ਚੜ੍ਹਤ ਸਿੰਘ ਸੁਕਰਚਕੀਏ ਦਾ ਸਿਪਾਹੀ ਸੀ। ਜਦੋਂ ਦੀਪੋ ਦੇ ਵਿਆਹ ਉੱਤੇ ਚੜ੍ਹਤ ਸਿੰਘ ਫ਼ਤਹ ਗੜ੍ਹ ਆਇਆ ਸੀ ਤਾਂ ਬਹਾਦਰ ਸਿੰਘ ਤੇ ਚੜ੍ਹਤ ਸਿੰਘ ਇਕ ਦੂਜੇ ਨੂੰ ਚੰਗੇ ਲਗੇ ਸਨ।

"ਬਾਬਾ ਜਾਂਬਾਜ਼! ਮੇਰਾ ਜੀ ਕਰਦਾ ਹੈ ਕਿ ਤੇਰੀ ਖਿੜੀ ਫੁਲਵਾੜੀ ਵਿਚੋਂ ਇਕ ਫੁਲ ਮੇਰੇ ਦਲ ਦੀ ਵੀ ਸ਼ੋਭਾ ਵਧਾਵੇ" ਸਰਦਾਰ ਚੜ੍ਹਤ ਸਿੰਘ ਨੇ ਕਿਹਾ ਸੀ। ਜਾਂਬਾਜ਼ ਕਿਵੇਂ ਇਹ ਕਹਿਣੀ ਮੋੜਦਾ ? ਓਦੋਂ ਕੋਈ ਸਿਖ ਵੀ ਕਿਸੇ ਸਿਖ ਦੀ ਆਖੀ ਨਹੀਂ ਸੀ ਮੋੜਦਾ। ਰੀਤ ਹੀ ਕੁਝ ਇਹੋ ਜਿਹੀ ਸੀ। ਫਿਰ ਚੜ੍ਹਤ ਸਿੰਘ ਨੇ ਆਹਲੂਵਾਲੀਏ ਸਰਦਾਰ ਨੂੰ ਕਿਹਾ "ਮੈਂ ਜਾਣਦਾ ਹਾਂ ਸ਼ਾਹਬਾਜ਼ ਤੇ ਜਾਂਬਾਜ਼ ਦਾ ਪਰਵਾਰ ਤੇਰੀ ਜੱਦ ਹੈ, ਪਰ ਪੰਥ ਦੇ ਇਹਨਾਂ ਦੂਲਿਆਂ ਉੱਤੇ ਤੇਰਾ ਨਹੀਂ ਸਾਰੇ ਪੰਥ ਦਾ ਹੱਕ ਹੋਣਾ ਚਾਹੀਦਾ ਹੈ।"

ਸਰਦਾਰ ਜੱਸਾ ਸਿੰਘ ਆਪਣੇ ਸੁਭਾ ਅਨੁਸਾਰ ਹਸਿਆ, "ਸਰਦਾਰ ਜੀ, ਸਿਰਫ਼ ਇਹ ਕਿਉਂ ਤੁਸੀਂ ਮੈਨੂੰ ਹੁਕਮ ਕਰੋ ਤਾਂ ਮੈਂ ਵੀ ਤੁਹਾਡੀ ਸਰਦਾਰੀ ਥੱਲੇ ਲੜਨ ਨੂੰ ਤਿਆਰ ਹਾਂ।" ਚੜ੍ਹਤ ਸਿੰਘ ਆਹਲੂਵਾਲੀਏ ਸਰਦਾਰ ਦੇ ਇਸ ਉਦਾਰਚਿਤ ਮਖ਼ੌਲ ਉੱਤੇ ਗੰਭੀਰ ਹੋ ਕੇ ਬੋਲਿਆ :

"ਨਹੀਂ ਸਰਦਾਰ ਜੀ! ਤੁਸੀਂ ਪੰਥ ਦੇ ਆਗੂ ਹੋ। ਮੈਂ ਤਾਂ ਇਹੋ ਜਿਹੀ ਗੱਲ ਸੁਣਨਾ ਵੀ ਪਾਪ ਸਮਝਦਾ ਹਾਂ।" ਜੱਸਾ ਸਿੰਘ ਫਿਰ ਹਸਿਆ ਤੇ ਉਸ ਚੜ੍ਹਤ ਸਿੰਘ ਨੂੰ ਜੱਫੀ ਪਾ ਕੇ ਕਿਹਾ "ਸਰਦਾਰ ਚੜ੍ਹਤ ਸਿੰਘ, ਮੈਂ ਪੰਥ ਦਾ ਆਗੂ ਨਹੀਂ, ਪੰਥ ਮੇਰਾ ਆਗੂ ਹੈ। ਜਿਥੇ ਪੰਥ ਦਾ ਸਵਾਲ ਹੈ ਓਥੇ ਨਾ ਤੂੰ ਕੁਝ ਹੈਂ ਨਾ ਮੈਂ। ਪਰ ਤੈਨੂੰ ਬਹਾਦਰ ਸਿੰਘ ਹੀ ਚਾਹੀਦਾ ਹੈ ਉਹਨੂੰ ਤੂੰ ਜੰਮ ਜੰਮ ਲੈ ਜਾ। ਉੱਜ ਆਦਮੀ ਜ਼ਰਾ ਖੜਮਸਤ ਹੈ, ਸੰਭਾਲ ਕੇ ਰਖੀਂ।"

ਸੰਜੀਦਾ ਮੁਆਮਲਿਆਂ ਵਿਚ ਵੀ ਹਾਸੇ ਦੀ ਚਾਸ਼ਨੀ ਮਿਲਾ ਦੇਣੀ, ਇਹ ਜੱਸਾ ਸਿੰਘ ਦੀ ਫ਼ਿਤਰਤ ਹੀ ਬਣ ਗਈ ਸਮਝੋ। ਜਿਵੇਂ ਬਹਾਦਰ ਸਿੰਘ ਸੁਕਰਚਕੀਏ ਸਰਦਾਰ ਨਾਲ ਗਿਆ ਉਸੇ ਤਰ੍ਹਾਂ ਦੀਪੋ ਦੇ ਵਿਆਹ ਉੱਤੇ ਹੀ ਗੁਰਬਖਸ਼ ਸਿੰਘ ਮਾਹਿਲ ਸਰਦਾਰ ਲਹਿਣਾ ਸਿੰਘ ਭੰਗੀ ਦਾ ਹੋ ਗਿਆ। ਲਹਿਣਾ ਸਿੰਘ ਦੀ ਮੰਗ ਉੱਤੇ ਜੱਸਾ ਸਿੰਘ ਫਿਰ ਹਸਿਆ ਸੀ ਤੇ ਆਖਿਆ ਸੀ, "ਬਈ ਬੇਸ਼ਕ ਪੰਜੇ ਦੇ ਪੰਜੇ ਪੁਤਰ ਵੰਡ ਲਓ ਪਰ ਇਕ ਬਾਬਾ ਜਾਂਬਾਜ਼ ਮੇਰੇ ਕੋਲ ਰਹਿਣ ਦਿਓ। ਉਹਦੇ ਬਗ਼ੈਰ, ਮੈਨੂੰ ਸਮਝ ਨਹੀਂ ਆਉਂਦੀ, ਮੈਂ ਕਿਸੇ ਕੰਮ ਜੋਗਾ ਹਾਂ ਵੀ ਕਿ ਨਹੀਂ," ਤੇ ਫਿਰ ਉਸ ਹਸਦਿਆਂ ਹਸਦਿਆਂ ਇਹ ਵੀ ਕਿਹਾ, "ਤੇ ਜੇ ਹੋ ਸਕੇ ਤਾਂ ਮਿਹਰ ਸਿੰਘ ਉਰਫ਼ ਜੈਕਾਰਾ ਸਿੰਘ ਉੱਤੇ ਵੀ ਮੈਂ ਆਪਣਾ ਹਕ ਰਖਣਾ ਚਾਹੁੰਦਾ ਹਾਂ। ਇਹਦਾ ਸਿਖੀ ਪ੍ਰੇਮ ਵੇਖ ਕੇ ਮੇਰੀ ਚਾਹ ਹੈ ਕਿ ਵਡਾ ਹੋ ਕੇ ਇਹ ਸ੍ਰੀ ਹਰਿਮੰਦਰ ਵਿਚ ਭਾਈ ਮਨੀ ਸਿੰਘ ਦੀ ਥਾਂ ਲਏ। ਸਾਰਾ ਹਰਿਮੰਦਰ ਸਾਹਿਬ ਪਲ ਪਲ ਜੈਕਾਰਿਆਂ ਨਾਲ ਗੂੰਜਦਾ ਰਹੇਗਾ।

ਜੱਸਾ ਸਿੰਘ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਸਾਰੇ ਸਰਦਾਰ ਤੇ ਸਾਥੀ ਚੁੱਚੀ ਉੱਚੀ ਹਸਿਆ ਕਰਦੇ ਸਨ।

ਦੀਪੋ ਗਈ ਤੇ ਉਸ ਤੋਂ ਪਿਛੋਂ ਥੋੜੇ-ਥੋੜੇ ਸਮੇਂ ਦੀ ਵਿਥ ਉੱਤੇ ਬਹਾਦਰ ਸਿੰਘ ਤੇ ਗੁਰਬਖਸ਼ ਸਿੰਘ ਵੀ ਚਲੇ ਗਏ। ਪਿਛਲੀ ਵਾਰ ਜਦੋਂ ਗੁਰਬਖਸ਼ ਸਿੰਘ ਘਰ ਦਿਆਂ ਨੂੰ ਮਿਲਣ ਆਇਆ ਤਾਂ ਓਧਰੋਂ ਅਹਿਮਦ ਸ਼ਾਹ ਦੁਰਾਨੀ ਉੱਤੇ ਹਮਲਾ ਕਰਨ ਵਾਸਤੇ ਜੱਸਾ ਸਿੰਘ ਆਹਲੂਵਾਲੀਏ ਦਾ ਸੱਦਾ ਪਹੁੰਚ ਗਿਆ। ਭੰਗੀ ਸਰਦਾਰਾਂ ਸਾਹਮਣੇ ਉਸ ਵੇਲੇ ਕੋਈ ਇਹੋ ਜਿਹੀ ਮੁਹਿੰਮ ਨਹੀਂ ਸੀ ਕਿ ਗੁਰਬਖਸ਼ ਸਿੰਘ ਦੀ ਹਾਜ਼ਰੀ ਜ਼ਰੂਰੀ ਹੁੰਦੀ। ਸੋ ਉਹ ਆਪਣੇ ਬਾਬੇ ਨਾਲ ਗੋਇੰਦਵਾਲ ਜਾ ਪੁਜਾ। ਹੁਣ ਸਰਦਾਰ ਲਹਿਣਾ ਸਿੰਘ ਕੋਲੋਂ ਆਇਆਂ ਉਹਨੂੰ ਕਾਫੀ ਚਿਰ ਹੋ ਚੁਕਾ ਸੀ ਤੇ ਵਾਪਸ ਜਾਣ ਦਾ ਚਾਹਵਾਨ ਸੀ, ਪਰ ਸਾਰਿਆਂ ਦੇ ਕਹਿਣ ਉੱਤੇ ਉਹ ਟਿਕਿਆ ਰਿਹਾ।

ਸਾਰਾ ਟੱਬਰ ਹੁਣ ਨੇਤ ਨਾਲ ਇਕ ਥਾਂ ਜੁੜਿਆ ਸੀ ਤੇ ਫਿਰ ਪਤਾ ਨਹੀਂ ਕਦੋਂ ਅਵਸਰ ਬਣੇ। ਇਸ ਜੋੜ ਮੇਲ ਵਿਚ ਦੀਪੋ ਵੀ ਆਈ; ਸਣੇ ਆਪਣੇ ਆਦਮੀ ਹਰਪਾਲ ਦੇ। ਹਰਪਾਲ ਮਖ਼ੌਲੀਆਂ ਆਦਮੀ ਸੀ। ਜ਼ਿੰਦਗੀ ਨੂੰ ਹੌਲੇ ਭਾਵਾ ਨਾਲ ਲੈਣ ਵਾਲਾ। ਗੱਲ ਗੱਲ ਉੱਤੇ ਮਸ਼ਕਰੀ ਉਡਾਣ ਵਾਲਾ। ਉਹ ਦੀਪੋ ਨੂੰ ਵੀ ਮਖ਼ੌਲ ਕਰਿਆ ਕਰਦਾ। ਦੀਪੋ ਉਹਦੇ ਮੁਕਾਬਲੇ ਵਿਚ ਕਾਫ਼ੀ ਸੰਜੀਦਾ ਸੀ।

Scanned by CamScanner

"ਬਈ ਅਸੀਂ ਰੰਨਾਵੇ ਤਾਂ ਜਮਾਂਦਰੂ ਹੀ ਹਸਣੇ ਖੇਡਣੇ ਹਾਂ। ਜੇ ਮਾਹਿਲਾਂ ਦੀ ਧੀ ਐਖੀ ਹੁੰਦੀ ਹੈ ਤਾਂ ਹੁੰਦੀ ਰਹੇ" ਉਹ ਆਖਿਆ ਕਰਦਾ। ਸ਼ੋਭੀ ਤੇ ਜ਼ਾਂਬਾਜ਼ ਆਪਣੇ ਇਸ ਟੱਬਰ ਨੂੰ ਹੱਸਦੇ ਰਸਦੇ ਵੇਖਦੇ ਤਾਂ ਖੁਸ਼ ਹੁੰਦੇ। ਜੇ ਇਸ ਸਾਰੇ ਸੁਖੀ ਪਰਵਾਰ ਵਿਚ ਕੋਈ ਦੁਖੀ ਸੀ ਤਾਂ ਉਹ ਹਰਨਾਮ ਸਿੰਘ। ਉਹਦੀ ਉਮਰ ਛੋਟੀ ਸੀ — ਮਸੇਂ ਤੇਰ੍ਹਾਂ ਸਾਲ ਦੀ ਪਰ ਉਹਦੀ ਸੁਹਬਤ ਭੈੜੀ ਸੀ। ਚੋਰੀਆਂ ਤੇ ਡਾਕੇ ਬੇਸ਼ਕ ਸਿਖ ਜਨਤਾ ਵਿਚ ਓਦੋਂ ਆਮ ਨਹੀਂ ਸਨ ਹੁੰਦੇ ਪਰ ਫਿਰ ਵੀ ਕਈ ਜਣਿਆਂ ਨੂੰ ਸਿਵਾਏ ਇਹੋ ਜਿਹੇ ਕੋਈ ਆਹਰ ਦੇ ਹੋਰ ਕੁਝ ਚੰਗਾ ਨਹੀਂ ਸੀ ਲਗਦਾ। ਹਰਨਾਮ ਸਿੰਘ ਵੀ ਚੋਰਾਂ ਦੇ ਇਕ ਜੁਟ ਨਾਲ ਜਾ ਮਿਲਿਆ ਸੀ। ਕਈ ਕਈ ਦਿਨ ਬਾਹਰ ਰਹਿੰਦਾ ਤੇ ਜਦੋਂ ਕੋਈ ਉਹਨੂੰ ਸਮਝਾਉਣ ਲਗਦਾ ਤਾਂ ਅਗੋਂ ਝਈਆਂ ਲੈ ਲੈ ਪੈਂਦਾ।

"ਪਤਾ ਨਹੀਂ ਕੀ ਹੋ ਗਿਆ ਹੈ। ਛੋਟਿਆਂ ਹੁੰਦਿਆਂ ਬੜਾ ਪ੍ਰੇਮੀ ਹੁੰਦਾ ਸੀ" ਉਹਦੀ ਮਾਂ ਆਖਦੀ। ਹਰਨਾਮ ਦੀਆਂ ਵਿਗੜਦੀਆਂ ਆਦਤਾਂ ਉੱਤੇ ਸਭ ਤੋਂ ਵਧ ਆਪ ਸੁਬੇਗ ਸਿੰਘ ਦੁਖੀ ਹੁੰਦਾ। ਜਿਥੇ ਹੋਰ ਸਾਰੇ ਹਰਨਾਮ ਨੂੰ ਠੰਢੀਆਂ-ਤੱਤੀਆਂ ਸੁਣਾ ਸਕਦੇ ਸਨ ਉਥੇ ਸੁਬੇਗ ਸਿਰਫ ਚੁਪ ਆਪਣੇ ਆਪ ਵਿਚ ਕੁੜ੍ਹਦਾ ਸੀ। ਕਦੀ ਕਦੀ ਉਹ ਠੰਢਾ ਹਉਕਾ ਭਰ ਕੇ ਆਖਦਾ, "ਆਪਣੀ ਇਜ਼ਤ ਦਾ ਨਹੀਂ, ਮੈਨੂੰ ਤਾਂ ਪੰਥ ਤੇ ਬਾਪੂ ਸ਼ਾਹਬਾਜ਼ ਦੀ ਇੱਜ਼ਤ ਦਾ ਖਿਆਲ ਹੈ। ਹਰਨਾਮ ਨੂੰ ਇਉਂ ਨਹੀਂ ਕਰਨਾ ਚਾਹੀਦਾ।" ਪਰ ਹਰਨਾਮ ਨਾ ਸੰਵਰਦਾ। ਅੰਤਕੀਂ ਜਦੋਂ ਸਾਰਾ ਟੱਬਰ ਜੁੜਿਆ ਤਾਂ ਹਰਨਾਮ ਵੀ ਫਿਰਦਾ ਫਿਰਾਂਦਾ ਆ ਪਹੁੰਚਿਆ ਤੇ ਆਉਂਦਿਆਂ ਨਾਲ ਹੀ ਉਸ ਕਿਹਾ :

"ਜੇ ਕਿਸੇ ਨੇ ਮੈਨੂੰ ਬਹੁਤੀਆਂ ਨਸੀਹਤਾਂ ਕਰਨ ਦੀ ਖੇਚਲ ਕੀਤੀ ਤਾਂ ਮੈਂ ਇਕ ਛਿਨ ਵੀ ਹੋਰ ਨਹੀਂ ਟਿਕਣਾ।"

ਸੋ ਕਿਸੇ ਨੇ ਉਹਨੂੰ ਨਸੀਹਤ ਕਰਨ ਦੀ ਖੇਚਲ ਨਾ ਕੀਤੀ।

ਜਿਸ ਤਰ੍ਹਾਂ ਛਤਹ ਗੜ੍ਹ ਵਿਚ ਜਾਂਬਾਜ਼ ਦਾ ਟੱਬਰ ਇਕੱਤਰ ਹੋਇਆ ਸੀ ਉਸੇ ਤਰ੍ਹਾਂ ਪੰਜਾਬ ਦੇ ਕਈ ਹੋਰ ਪਿੰਡਾਂ ਵਿਚ ਵੀ ਸਿਖ ਸਿਪਾਹੀਆਂ ਦੇ ਟੱਬਰ ਇਕੱਤਰ ਹੋਏ ਹੋਏ ਸਨ। ਹਰ ਵਡੀ ਮੁਹਿੰਮ ਪਿਛੋਂ ਇੰਜ ਹੀ ਹੋਇਆ ਕਰਦਾ ਸੀ। ਜੰਗ ਹੁੰਦੀ ਸੀ, ਸਿਪਾਹੀ ਘਰ ਮੁੜਦੇ ਸਨ, ਤੇ ਉਹਨਾਂ ਨੂੰ ਮਿਲਣ ਵਾਸਤੇ ਉਹਨਾਂ ਦੇ ਰਿਸ਼ਤੇਦਾਰ ਆ ਜੁੜਦੇ ਸਨ। ਇਕ ਸਭਨਾਂ ਸਾਕ ਸਬੰਧੀਆਂ ਨੂੰ ਮਿਲਣ ਵਾਸਤੇ, ਇਕ ਲੜਾਈ ਦੀਆਂ ਕਹਾਣੀਆਂ ਸੁਣਨ ਵਾਸਤੇ। ਆਖ਼ਿਰ ਕੀ ਪਤਾ ਸੀ ਕਿਸੇ ਨੂੰ ਕਿ ਅਗਲੀ ਮੁਹਿੰਮ ਕਦੋਂ ਸ਼ੁਰੂ ਹੋ ਜਾਏ ਤੇ ਕਦੋਂ ਪੁਤਰ ਪੋਤਰੇ ਜਵਾਈ ਸਦਾ ਲਈ ਟੱਬਰ ਨਾਲੋਂ ਨਿਖੜ ਜਾਣ ?

੫੫

ਆਪਣੀ ਜ਼ਿੰਦਗੀ ਦੇ ਪਹਿਲੇ ਪੈਂਤੀ ਚਾਲੀ ਸਾਲ ਜਾਂਬਾਜ਼ ਇਕ ਯਥਾਰਥ ਤੇ ਅਲਗਰਜ਼ ਮਨੁੱਖ ਸੀ। ਉਹ ਦਿਨ ਪਰ ਦਿਨ ਜੀਉਂਦਾ। ਉਹਨੂੰ ਦੂਰ ਦੇ ਦਾਈਏ ਨਹੀਂ ਸਨ। ਉਹਦੀਆਂ ਅਭਿਲਾਸ਼ਾਵਾਂ ਸੀਮਤ ਸਨ, ਉਹਨੂੰ ਕੋਈ ਆਦਰਸ਼ ਜਾਂ ਕੋਈ ਲਗਨ ਵਢ ਵਢ ਨਾ ਖਾਂਦੀ।

ਹੋਰ ਤੇ ਹੋਰ, ਉਹ ਆਪਣੇ ਪਿਤਾ ਬੁਢਾ ਮੱਲ ਨਾਲੋਂ ਵੀ ਚੇਰ ਯਥਾਰਥਕ ਸੀ। ਬੁਢਾ ਮੱਲ ਜੇ ਹੋਰ ਕੁਝ ਨਹੀਂ ਤਾਂ ਘਟੋ ਘਟ ਧਰਮ ਵਿਚ ਵਿਸ਼ਵਾਸ ਰਖਦਾ ਸੀ ਤੇ ਧਰਮ ਉੱਤੋਂ ਬੜਾ ਕੁਝ ਕੁਰਬਾਨ ਕਰਨ ਵਾਸਤੇ ਤਿਆਰ ਸੀ। ਉਹਨੂੰ ਧਰਮਸਾਲ ਨਾਲ ਪਿਆਰ ਸੀ ਤੇ ਉਹਦੇ ਮਿਤ੍ਰ ਸਨ ਜਿਨ੍ਹਾਂ ਦੀ ਸੰਗਤ ਤੋਂ ਬਿਨਾਂ ਉਹ ਊਣਾ ਮਹਿਸੂਸ ਕਰਦਾ। ਪਰ ਜਾਂਬਾਜ਼ ਵਿਚ ਕੋਈ ਇਹੋ ਜਿਹੀ ਕਮਜ਼ੋਰੀ ਨਹੀਂ ਸੀ। ਆਪਣੇ ਰਿਸ਼ਤੇਦਾਰਾਂ, ਆਪਣੀ ਪਤਨੀ ਤੇ ਬੱਚਿਆਂ ਵਾਸਤੇ ਉਹਦੇ ਦਿਲ

Scanned by CamScanner

ਵਿਚ ਮੋਹ ਜ਼ਰੂਰ ਸੀ ਪਰ ਇਹ ਮੋਹ ਇਕ ਅਸਲੋਂ ਸਾਧਾਰਨ ਮੋਹ ਸੀ। ਇਸ ਮੋਹ ਨੇ ਕਦੀ ਬੰਧਨ ਨਹੀਂ ਸਨ ਤੋੜੇ, ਇਹ ਮੋਹ ਕਦੀ ਬੰਮੁਹਾਰ ਨਹੀਂ ਸੀ ਹੋਇਆ। ਇਹ ਮੋਹ ਸੀਮਤ ਸੀ। ਇਹ ਮੋਹ ਭਾਂ ਜ਼ਰੂਰ ਸੀ ਪਰ ਰੁਖਾ ਰੁਖਾ, ਕੋਰਾ ਕੋਰਾ। ਜਾਂਬਾਜ਼ ਜਿਵੇਂ ਤਿਵੇਂ ਆਪਣਾ ਜੀਵਣ ਬਸਰ ਕਰਨਾ ਚਾਹੁੰਦਾ। ਉਹਨੂੰ ਅਮੀਰ ਬਣਨ ਦੀ ਖਾਹਿਸ਼ ਨਹੀਂ ਸੀ, ਨਾ ਹੀ ਕੋਈ ਬੜਾ ਆਦਮੀ ਬਣਨ ਦਾ ਲਾਲਚ। ਉਹਦੀਆਂ ਦੋਸਤੀਆਂ ਵੀ ਬੜੀਆਂ ਯਥਾਰਥਕ। ਕਿਸੇ ਨਾਲ ਦਿਲ ਦੀ ਗੱਲ ਨਾ, ਕਿਸੇ ਤੋਂ ਉਦਰੇਵਾਂ ਨਾ।

ਸ਼ਾਇਦ ਜਾਂਬਾਜ਼ ਦੇ ਦਿਲ੍ ਵਿਚ ਹੈ ਹੀ ਐਨਾ ਥੋੜਾ ਕੁਝ ਸੀ ਕਿ ਉਹ ਦਿਲ ਦੀਆਂ ਕਿਸੇ ਨਾਲ ਕਰੇ ਵੀ ਕੀ ? ਕੋਈ ਬੁਨਿਆਦ ਹੀ ਨਹੀਂ ਸੀ, ਮਹਿਲ ਕਿਵੇਂ ਉਸਰਦੇ ?

ਉਹ ਵਕਤ ਸਨ ਜਦੋਂ ਕਿ ਸਿਖੀ ਲਹਿਰ ਜ਼ੋਰਾਂ ਉੱਤੇ ਸੀ। ਹਰ ਦਿਲ ਵਾਲਾ ਨੌਜਵਾਨ ਸਿੰਘ ਸਜ ਰਿਹਾ ਸੀ ਜਾਂ ਘਟੋ ਘਟ ਮੁਗ਼ਲਾਂ ਦੇ ਬਰਖ਼ਿਲਾਫ਼ ਉਬਲ ਰਿਹਾ ਸੀ। ਪਰ ਜਾਂਬਾਜ਼ ਨੂੰ ਮੁਗ਼ਲਾਂ ਦੇ ਬਰਖ਼ਿਲਾਫ਼ ਕੋਈ ਗਿਲਾ ਨਹੀਂ ਸੀ। ਉਸ ਕਿਹਾ ਸੀ :

"ਮੈਨੂੰ ਤਾਂ ਇਹ ਸਾਰੀ ਲਹਿਰ ਬੜੀ ਬੇਮਤਲਬ ਲਗਦੀ ਹੈ। ਮੁਗ਼ਲਾਂ ਨੇ ਏਥੇ ਸਦੀਆਂ ਰਾਜ ਕੀਤਾ ਹੈ ਤੇ ਸਦੀਆਂ ਹੋਰ ਰਾਜ ਕਰਨਗੇ। ਮੈਨੂੰ ਇਸ ਤਰ੍ਹਾਂ ਲੜਨ ਵਿਚ ਤੇ ਆਫ਼ਤਾਂ ਸਹੇੜਨ ਵਿਚ ਕੋਈ ਸਿਆਣਪ ਨਹੀਂ ਦਿਸਦੀ।" ਇਸ ਲਈ ਉਹ ਸਿਖ ਨਹੀਂ ਸੀ ਬਣਿਆ। ਕਦੀ ਕਦੀ ਸ਼ਾਹਬਾਜ਼ ਉਹਨੂੰ ਮਜਬੂਰ ਕਰ ਕੇ ਅੰਮ੍ਰਿਤ ਛਕਾ ਦੇਂਦਾ ਤੇ ਕੇਸ ਰਖਣ ਲਈ ਮਜਬੂਰ ਕਰ ਦੇਂਦਾ ਪਰ ਉਹ ਅਗਲੇ ਹੀ ਮੌਕੇ ਉੱਤੇ ਕੇਸ ਕਟਾ ਦੇਂਦਾ ਤੇ ਅੰਮ੍ਰਿਤ ਛਕਣ ਦੀ ਗੱਲ ਭੁਲਾ ਛਡਦਾ।

ਹੋਰਨਾਂ ਵਾਂਗ ਉਹਨੂੰ ਸ਼ਾਹਬਾਜ਼ ਨਾਲ ਵੀ ਮੋਹ ਸੀ। ਸ਼ਾਇਦ ਹੋਰਨਾਂ ਨਾਲੋਂ ਸ਼ਾਹਬਾਜ਼ ਨਾਲ ਕੁਝ ਜ਼ਿਆਦਾ। ਪਤਾ ਨਹੀਂ ਕਿਉਂ ? ਪਰ ਏਸ ਮੋਹ ਦੇ ਵਿਪ੍ਰੀਤ ਵੀ ਉਹ ਸ਼ਾਹਬਾਜ਼ ਨੂੰ ਆਪਣੇ ਘਰ ਦੀ ਸਾੜ੍ਹਸਤੀ ਆਖਦਾ, "ਸ਼ਾਹਬਾਜ਼ ਦੇ ਕਾਰਨ ਹੀ ਸਾਡੀ ਇਹ ਬਾਬ ਹੋ ਰਹੀ ਹੈ। ਸਾਨੂੰ ਸੁਖ ਚੈਨ ਨਹੀਂ ਮਿਲਦਾ। ਇਸ ਇਕੋ ਆਦਮੀ ਦੇ ਬਦਲੇ ਸਾਰੇ ਘਰ ਵਿਚ ਸਾੜ੍ਹਸਤੀ ਆ ਵੜੀ ਹੈ। ਇਕ ਆਦਮੀ ਨੇ ਅਨੇਕਾਂ ਨੂੰ ਦੁਖੀ ਕਰ ਛਡਿਆ ਹੈ।"

ਜਾਂਬਾਜ਼ ਨੇ ਆਪਣੀ ਪਤਨੀ ਬਲਵੰਤ ਨੂੰ ਵੀ ਕਿਸੇ ਉਚੇਚੀ ਤੀਬਰਤਾ ਨਾਲ ਪਿਆਰ ਨਹੀਂ ਸੀ ਕੀਤਾ। ਉਹਦੇ ਪਿਤਾ ਨੇ ਉਹਦਾ ਕਾਜ ਰਚਾਇਆ ਸੀ ਤੇ ਉਹਦੇ ਵਾਸਤੇ ਪਤਨੀ ਚੁਣੀ ਸੀ। ਜਾਂਬਾਜ਼ ਨੇ ਵਿਆਹ ਕਰਾ ਲਿਆ ਸੀ ਤੇ ਬਸ ਇਹ ਇਕ ਰਸਮ ਸੀ ਜਿਹੜੀ ਪੂਰੀ ਹੋਈ। ਇਹ ਇਕ ਪ੍ਰਚੱਲਤ ਰਿਵਾਜ ਸੀ ਜਿਹਦੀ ਪਾਲਨਾ ਵੀ ਜਾਂਬਾਜ਼ ਨੇ ਰਿਵਾਜ ਅਨੁਸਾਰ ਕੀਤੀ। ਵਿਆਹ ਨਾ ਕਰਣ ਦਾ ਉਹਨੂੰ ਕਦੀ ਖਿਆਲ ਵੀ ਨਹੀਂ ਸੀ ਆ ਸਕਦਾ, ਨਾ ਹੀ ਉਹ ਕਿਸੇ ਤਰਾਂ ਵਿਆਹ ਨੂੰ ਕੋਈ ਖ਼ਾਸ ਮਤਲਬ ਜਾਂ ਭਾਵ ਦੇ ਸਕਣ ਦੇ ਯੋਗ ਸੀ!

ਵਿਆਹ ਹੋਇਆ ਤੇ ਬੱਚੇ ਹੋਏ। ਇਹ ਵੀ ਸਾਧਾਰਨ ਪ੍ਰਕਰਮ ਸੀ। ਦੁਨੀਆਂ ਵਿਚ ਸਦਾ ਤੋਂ ਹੁੰਦਾ ਆਇਆ ਹੈ ਤੇ ਸਦਾ ਹੁੰਦਾ ਰਹੇਗਾ। ਜਾਂਬਾਜ਼ ਦਾ ਬੱਚਿਆਂ ਨਾਲ ਮੋਹ ਕਿਸੇ ਤਰ੍ਹਾਂ ਵੀ ਪਤਨੀ ਜਾਂ ਹੋਰਨਾਂ ਸਬੰਧੀਆਂ ਦੇ ਮੋਹ ਨਾਲੋਂ ਦੂਰ ਡੂੰਘਾ ਨਹੀਂ ਸੀ। ਇਹੋ ਜਿਹੇ ਹਾਲਾਤ ਸਨ ਤੇ ਇਹੋ ਜਿਹਾ ਸੀ ਜਾਂਬਾਜ਼, ਜਦੋਂ ਜ਼ੁਲਮਾਂ ਤੇ ਅਤਿਆਚਾਰਾਂ ਹੱਥੋਂ ਮਜਬੂਰ ਸ਼ਾਹਬਾਜ਼ ਨੇ ਕਾਨ੍ਹਾ ਛੰਭ ਵਿਚ ਸਿਟ ਲੁਕਾਇਆ।

ਇਹੋ ਜਿਹੀ ਸਖ਼ਤੀ ਸੀ, ਸੂਬੇਦਾਰਾਂ ਦਾ ਇਹੋ ਜਿਹਾ ਜ਼ੋਰ ਤੇ ਜਬਰ ਕਿ ਇਕ ਵਾਰੀ ਤਾਂ ਸਿਖੀ ਲਹਿਰ ਤੇ ਮੁਗ਼ਲਾਂ ਦੇ ਬਰਖ਼ਿਲਾਫ਼ ਚਲ ਰਿਹਾ ਅੰਦੋਲਨ ਅਸਫਲ ਹੋਣ ਲਗਾ। ਕੁਝ ਸਿਖ ਬੰਦਾ ਸਿੰਘ ਬਹਾਦਰ ਨੂੰ ਛਡ ਸੂਬੇਦਾਰ ਲਾਹੌਰ ਦੇ ਨੌਕਰ ਜਾ ਹੋਏ। ਜਾਂਬਾਜ਼ ਸ਼ਾਹਬਾਜ਼ ਨੂੰ ਕਾਨ੍ਹਾ ਛੰਭ ਵਿਚ ਮਿਲਿਆ ਤੇ ਇਸ ਅੰਦੋਲਨ ਬਾਰੇ ਉਸ ਸ਼ਾਹਬਾਜ਼ ਦਾ ਵਿਚਾਰ ਸੁਣਿਆ। ਜਾਂਬਾਜ਼ ਦੇ ਅਹਿਸਾਸ ਕੰਬੇ। ਉਹਦੇ ਅੰਦਰ ਕੁਝ ਕੁਝ ਹੋਇਆ। ਉਹਦਾ ਅੰਤਹਕਰਨ ਹਿਲਿਆ। ਉਸ ਆਪਣੇ ਆਪ ਨੂੰ ਫੋਲਿਆ। ਜਾਂਬਾਜ਼ ਨੂੰ ਲਗਾ ਕਿ ਉਹਦੇ ਵਿਚ ਕੋਈ ਤਬਦੀਲੀ ਆ ਰਹੀ ਹੈ। ਹਾਂ, ਜਾਂਬਾਜ਼ ਬਦਲ ਰਿਹਾ ਸੀ।

ਸ਼ੋਭੀ ਨੇ ਜਾਂਬਾਜ਼ ਅਗੇ ਫ਼ਰਿਆਦ ਕੀਤੀ। ਉਸ ਸ਼ਾਹਬਾਜ਼ ਨੂੰ ਮਿਲਣ ਵਾਸਤੇ ਜ਼ਿੱਦ ਕੀਤੀ। ਉਸ ਕਾਨ੍ਹਾ ਛੰਭ ਵਿਚ ਜਾਣ ਦਾ ਖ਼ਤਰਾ ਮੁਲ ਲੈਣ ਵਾਸਤੇ ਜ਼ਿੱਦ ਕੀਤੀ। ਜਾਂਬਾਜ਼ ਨੇ ਸ਼ੋਭੀ ਦੀ ਆਖੀ ਨਾ ਮੋੜੀ ਤੇ ਸ਼ਾਹਬਾਜ਼ ਦੇ ਅਤਿਅੰਤ ਪਿਆਰ ਨੇ ਵੀ ਉਹਦਾ ਅੰਦਰਲਾ ਹਿਲਾਇਆ, ਉਹਨੂੰ ਸੋਚਣ ਵਾਸਤੇ ਮਜਬੂਰ ਕੀਤਾ। ਫਿਰ ਉਸ ਸ਼ੋਭੀ ਦੇ ਇਰਾਦਿਆਂ ਦਾ ਮਜੀਠੀ ਰੰਗ ਤਕਿਆ। ਸ਼ੋਭੀ ਦਾ ਸਿਧੀ ਪ੍ਰੇਮ ਦਿਲ ਤੇ ਦਿਮਾਗ਼ ਨੂੰ ਹਿਲਾ ਦੇਣ ਵਾਲਾ ਸੀ। ਸ਼ੋਭੀ ਨੇ

Scanned by CamScanner

ਸ਼ਾਹਬਾਜ਼ ਨੂੰ ਆਪਣੀ ਜਾਨ ਵਾਰਨ ਵਾਸਤੇ ਵਿਦਾ ਕੀਤਾ ਸੀ। ਬੇਸ਼ਕ ਉਹ ਰੋਂਦੀ, ਉਹ ਤੜਪੀ, ਉਹ ਵਿਲਕੀ, ਉਹ ਕੁਰਲਾਈ, ਪਰ ਮਜਾਲ ਹੈ ਜੇ ਸ਼ਾਹਬਾਜ਼ ਨੂੰ ਉਹਨੇ ਬੰਨ੍ਹਣ ਦੀ ਰਤਾ ਵੀ ਕੋਸ਼ਿਸ਼ ਕੀਤੀ ਹੋਵੇ, ਮਜਾਲ ਹੈ ਉਸ ਸ਼ਾਹਬਾਜ਼ ਨੂੰ ਸਿਖੀ ਅਸੂਲਾਂ ਤੋਂ ਡਿਗ ਜਾਣ ਦੀ ਘੁੰਟਨ ਦੇਣ ਵਾਸਤੇ ਇਕ ਵਾਰ ਵੀ ਮੂੰਹ ਖੋਲ੍ਹਿਆ ਹੋਵੇ। ਬੇਭੀ ਨੇ ਸਗੋਂ ਕਿਹਾ ਸੀ, "ਮੈਂ ਰੋ ਲਵਾਂਗੀ, ਤੜਪ ਲਵਾਂਗੀ ਪਰ ਆਪਣੇ ਸ਼ਾਹਬਾਜ਼ ਨੂੰ ਕੇਸ ਕਤਲ ਕਰਾਣ ਵਾਸਤੇ ਕਦੀ ਨਹੀਂ ਕਹਾਂਗੀ। ਕੇਸ ਉਹਨਾਂ ਦੀ ਜਾਨ ਹਨ। ਸਿਖੀ ਤੋਂ ਪਤਤ ਮੇਰੇ ਸ਼ਾਹਬਾਜ਼ ਮੁਰਦਾ ਹੋ ਜਾਣਗੇ। ਸਿਖੀ ਤੋਂ ਪਤਤ ਸ਼ਾਹਬਾਜ਼ ਮੇਰਾ ਸ਼ਾਹਬਾਜ਼ ਨਹੀਂ ਹੋਵੇਗਾ। ਮੇਰੇ ਸ਼ਾਹਬਾਜ਼ ਜ਼ਿੰਦੇ ਹਨ ਤੇ ਜਿਹਨਾਂ ਨਾਲ ਜੁੜੇ ਹੁੰਦੇ।"

ਇਉਂ ਜਾਂਬਾਜ਼ ਸਿਖੀ, ਸ਼ਾਹਬਾਜ਼, ਬੇਭੀ ਤੇ ਚਲੰਤ ਹਾਲਾਤਾਂ ਬਾਰੇ ਸੋਚਣ ਉੱਤੇ ਮਜਬੂਰ ਹੋ ਗਿਆ। ਤੇ ਅੰਤ ਜਾਂਬਾਜ਼ ਵਦਲ ਗਿਆ। ਜਾਂਬਾਜ਼ ਠਾਹਰ ਗਿਆ। ਉਸ ਬੰਦਾ ਸਿੰਘ ਬਹਾਦਰ ਤੇ ਉਹਦੇ ਕੈਦੀ ਸਾਥੀਆਂ ਦਾ ਜਲੂਸ ਤੱਕਿਆ। ਉਹ ਦਿੱਲੀ ਗਿਆ ਤੇ ਇਕ ਦਿਨ ਉਸ ਖ਼ਾਲਸਾ ਕੌਮ ਦੇ ਸਿਰਕਢ ਸਰਦਾਰਾਂ ਨੂੰ ਵਾਰੋ ਵਾਰੀ ਸ਼ਹੀਦ ਹੁੰਦੇ ਤੱਕਿਆ ਸੁਣੇ ਆਪਣੇ ਭਰਾ ਸ਼ਾਹਬਾਜ਼ ਦੇ। ਉਸ ਦਿਨ ਤੋਂ ਜਾਂਬਾਜ਼ ਇਕ ਨਵੇਂ ਸੰਚੇ ਵਿਚ ਢਲਿਆ, ਉਹ ਇਕ ਨਵੀਂ ਤਰ੍ਹਾਂ ਜੀਵਨ ਜੀਣ ਲਗਾ, ਉਸ ਦਿਨ ਤੋਂ ਜਾਂਬਾਜ਼ ਦਿਰਾਦਿਆਂ ਤੇ ਅਭਿਲਾਸ਼ਾਵਾਂ ਦਾ ਜਾਂਬਾਜ਼ ਬਣਿਆ। ਉਸ ਦਿਨ ਤੋਂ ਜਾਂਬਾਜ਼ ਦੀ ਜ਼ਿੰਦਗੀ ਨੂੰ ਮੰਤਵ ਮਿਲਿਆ। ਉਸ ਦਿਨ ਤੋਂ ਜਾਂਬਾਜ਼ ਕਿਸੇ ਨਿਸ਼ਾਨੇ, ਕਿਸੇ ਭਾਵ ਵਾਸਤੇ ਜੀਉਣ ਲਗਾ। ਹੁਣ ਉਹਦੀ ਜ਼ਿੰਦਗੀ ਦਾ ਕੋਈ ਆਧਾਰ ਸੀ, ਕੋਈ ਵਿਸ਼ਵਾਸ। ਜਾਂਬਾਜ਼ ਇਕ ਕਟੜ ਸਿਖ ਬਣਿਆ ਤੇ ਉਹਦਾ ਪਲ ਪਲ ਐਨਾ ਸਿਖੀ ਸੇਵਾ ਵਿਚ ਨਹੀਂ ਜਿੱਨਾਂ ਮੁਗ਼ਲਾਂ ਨੂੰ ਠੀਵਾਂ ਵਿਖਾਣ ਵਿਚ ਖਰਚ ਹੋਣ ਲਗਾ।

ਜਾਂਬਾਜ਼ ਦੇ ਦਿਲ ਅੰਦਰ ਬਦਲੇ ਦੀ ਜਵਾਲਾ ਭੱਖ ਰਹੀ ਸੀ। ਉਹ ਮੁਗ਼ਲ ਸਲਤਨੱਤ ਨੂੰ ਖੇਰੂੰ ਖੇਰੂੰ ਹੋਂਦਿਆ ਵੇਖਣਾ ਚਾਹੁੰਦਾ ਸੀ। ਉਹ ਆਪਣੇ ਭਰਾ ਦਾ, ਹੋਰਨਾਂ ਸਿਖ ਸ਼ਹੀਦਾਂ ਦਾ, ਆਪਣੇ ਬਾਲੂ ਤੇ ਆਪਣੇ ਗੁਰਦਾਸ ਦਾ ਤੇ ਬੰਦਾ ਸਿੰਘ ਬਹਾਦਰ ਦਾ ਬਦਲਾ ਚੁਕਾਣਾ ਚਾਹੁੰਦਾ ਸੀ। ਜਾਂਬਾਜ਼ ਨੂੰ ਕਿਸੇ ਹੋਰ ਚੀਜ਼ ਦੀ ਸੁਧ ਨਹੀਂ ਸੀ।

ਜਾਂਬਾਜ਼ ਅੰਦਰ ਪਿਆਰ ਨਹੀਂ ਨਫ਼ਰਤ ਜਾਗੀ; ਮੋਹ ਨਹੀਂ ਵਿਦਰੋਹ ਜਾਗਿਆ। ਬੇਸ਼ਕ ਉਸ ਵਾਲ ਰਖੇ, ਉਹ ਗੁਰਦੁਆਰੇ ਜਾਣ ਲਗਾ, ਉਹ ਪਾਠ ਕਰਨ ਲਗਾ ਪਰ ਕੀ ਸਚ ਮੁੱਚ ਹੀ ਉਹ ਇਹ ਰਹਿਤ ਸਿਖੀ ਸਿਦਕ ਵਾਸਤੇ ਰਖਦਾ ਸੀ? ਕੌਣ ਨਹੀਂ ਕਹਿ ਸਕਦਾ। ਸ਼ਾਇਦ ਇਹ ਸਿਖੀ ਦਾ ਪਿਆਰ ਨਹੀਂ, ਸਿਰਫ ਮੁਗ਼ਲਾਂ ਵਾਸਤੇ ਤੇ ਤਸ਼ੱਦਦ ਦੇ ਬਰਖ਼ਿਲਾਫ਼ ਨਫ਼ਰਤ ਹੀ ਸੀ।

ਸ਼ਾਹਬਾਜ਼ ਦੀ ਸ਼ਹੀਦੀ ਤੋਂ ਲੈ ਕੇ ਜੱਸਾ ਸਿੰਘ ਆਹਲੂਵਾਲੀਏ ਦੇ ਮਿਲਣ ਤਕ ਜਾਂਬਾਜ਼ ਸ਼ਾਇਦ ਕਦੀ ਹੀ ਹਸਿਆ ਹੋਵੇ? ਲਗ ਭਗ ਤੀਹ ਵਰ੍ਹੇ ਉਹ ਆਰਾਮ ਨਾਲ ਸੌਂ ਨਾ ਸਕਿਆ, ਉਸ ਕਿਸੇ ਨਾਲ ਚਾਅ ਨਾਲ ਗੱਲ ਨਾ ਕੀਤੀ। ਉਹਨੇ ਇਹ ਤੀਹ ਵਰ੍ਹੇ ਕਿਸੇ ਸ਼ੈ ਨੂੰ ਹੌਲੇ ਭਾਵ ਨਾ ਲਿਆ।

ਇਹ ਤੀਹ ਵਰ੍ਹੇ ਉਹ ਮੁਗ਼ਲਾਂ ਦੇ ਬਰਖ਼ਿਲਾਫ਼ ਹੋਈ ਹਰ ਲੜਾਈ ਵਿਚ ਸ਼ਰੀਕ ਹੋਇਆ। ਉਸ ਕੋਈ ਐਸਾ ਜਿਹਾ ਮੌਕਾ ਹੱਥੋਂ ਨਾ ਜਾਣ ਦਿਤਾ ਜਦੋਂ ਕਿ ਉਹ ਹਕਮਰਾਨ ਨੂੰ ਨੀਵਾਂ ਵਿਖਾ ਸਕੇ ਤੇ ਨਾ ਵਿਖਾਵੇ। ਪਿਆਰ ਨਹੀਂ ਨਫ਼ਰਤ ਤੀਹ ਵਰ੍ਹੇ ਉਹਦੀ ਜ਼ਿੰਦਗੀ ਦੀ ਟੇਕ ਰਹੀ। ਉਹਨੇ ਆਪਣੀ ਪਤਨੀ ਤੇ ਆਪਣੇ ਬੱਚਿਆਂ ਨੂੰ ਵੀ ਪਹਿਲੇ ਨਾਲੋਂ ਕਿਸੇ ਤਰ੍ਹਾਂ ਵਧ ਪਿਆਰ ਨਾ ਕੀਤਾ। ਜਦੋਂ ਉਹਦੀ ਪਤਨੀ ਮਰ ਗਈ, ਉਹਨੂੰ ਕੋਈ ਮਲਾਲ ਨਾ ਹੋਇਆ। ਉਹਦੀ ਇਕ ਧੀ ਮਰ ਗਈ, ਉਸ ਅਥਰੂ ਨਾ ਕੇਰੇ। ਹਾਂ, ਆਪਣੇ ਦੂਜੇ ਪੁਤਰ ਅਨੰਦ ਦੀ ਸ਼ਹੀਦੀ ਨੇ ਉਹਨੂੰ ਜ਼ਰੂਰ ਉਪਰਾਮ ਕੀਤਾ। ਕਿਸੇ ਲੜਾਈ ਵਿਚ ਅਨੰਦ ਮਾਰਿਆ ਗਿਆ ਤੇ ਸੁਬੰਗ ਸਦਾ ਲਈ ਨਕਾਰਾ ਹੋ ਗਿਆ। ਜਾਂਬਾਜ਼ ਨੂੰ ਦੁਖ ਹੋਇਆ, ਉਹਦੀ ਨਫ਼ਰਤ ਤੇ ਵਿਸ਼ਵਾਸ ਡੋਲਿਆ, ਪਰ ਨਹੀਂ, ਜਾਂਬਾਜ਼ ਜਲਦੀ ਹੀ ਥੰਮ ਗਿਆ। ਉਹ ਅਨੰਦ ਦੀ ਮੌਤ ਉੱਤੇ ਵੀ ਰੋਇਆ ਨਹੀਂ।

ਫਿਰ ਜੱਸਾ ਸਿੰਘ ਆਹਲੂਵਾਲੀਆ ਉਹਦੀ ਜ਼ਿੰਦਗੀ ਵਿਚ ਆਇਆ। ਪਿਛਲੇ ਤੀਹ ਸਾਲ ਵਿਚ ਜਾਂਬਾਜ਼ ਦੀਆਂ ਕੀਤੀਆਂ ਕੁਰਬਾਨੀਆਂ ਕਿਸ ਕੋਲੋਂ ਗੁੱਝੀਆਂ ਸਨ? ਉਹਨੂੰ ਸਿਖ ਪੰਥ ਵਿਚ ਕਿਹੜਾ ਨਹੀਂ ਸੀ ਜਾਣਦਾ? ਕਿਸ ਸਿਖ ਸਰਦਾਰ ਨੇ ਸ਼ਾਹਬਾਜ਼ ਬਾਰੇ ਨਹੀਂ ਸੀ ਸੁਣਿਆ?

ਪਰ ਜੱਸਾ ਸਿੰਘ ਨੇ ਕਿਹਾ, "ਬਾਬਾ ਜਾਂਬਾਜ਼, ਮੈਂ ਤੇਰੀ ਮੁਗ਼ਲਾਂ ਵਾਸਤੇ ਤੇ ਜਬਰ ਜ਼ੁਲਮ ਵਾਸਤੇ ਨਫ਼ਰਤ ਸਿਵਾਣਦਾ ਹਾਂ। ਮੈਂ ਤੇਰਾ ਸਿਖੀ ਸਿਦਕ ਵੀ ਮੰਨਦਾ ਹਾਂ ਪਰ ਐਡੀ ਗੰਭੀਰਤਾ ਵੀ ਕੀ ਆਖ? ਬਾਬਾ ਜੀ, ਤੁਸੀਂ ਵੇਖਣਾ

Scanned by CamScanner

ਆਹਾਂ ਹਾਕਦਿਆਂ ਖੇੜਦਿਆਂ ਤੇ ਮਖ਼ੌਲਾਂ ਮਖ਼ੌਲਾਂ ਵਿਚ ਸਿਖ ਰਾਜ ਕਾਇਮ ਕਰ ਲੈਣਾ ਹੈ। ਲਾਉ ਫਿਰ ਚਰ੍ਹਾ ਘੋੜੇ ਨੂੰ ਅੱਡੀ। ਵੇਖੀਏ ਦੱਰ ਅਮਰੂ ਤਕ ਕੌਣ ਪਹਿਲੇ ਪਹੁੰਚਦਾ ਹੈ।"

ਇਸ ਤਰ੍ਹਾਂ ਤੇ ਇਹੋ ਜਿਹੀਆਂ ਕਈ ਹੋਰ ਗੱਲਾਂ ਨਾਲ ਜੱਸਾ ਸਿੰਘ ਨੇ ਜਾਂਬਾਜ਼ ਦਾ ਨਫ਼ਰਤ-ਕੜ ਭੰਨਿਆ। ਇੰਜ ਉਸ ਨੇ ਉਹਨੂੰ ਸਾਧਾਰਨ ਬਨਾਉਣ ਦੀ ਕੋਸ਼ਿਸ਼ ਕੀਤੀ। ਜੱਸਾ ਸਿੰਘ ਦੇ ਸਾਥ ਵਿਚ ਕਿਸੇ ਵਾਸਤੇ ਹਰ ਪਲ ਗੰਭੀਰ ਰਹਿਣਾ ਅਨਹੋਣਾ ਸੀ। ਉਂਜ ਵੀ ਹੁਣ ਪਹਿਲੇ ਜਿਹੇ ਦਿਨ ਨਹੀਂ ਸਨ ਰਹੇ। ਪਹਿਲੇ ਜਿਹਾ ਜ਼ੁਲਮ ਤੇ ਦਬਾਓ ਹੁਣ ਸਿਖਾਂ ਨੂੰ ਨਹੀਂ ਸੀ ਦਬਾਂਦਾ। ਸਿਖ ਤਾਕਤਵਰ ਹੋ ਚੁਕੇ ਸਨ। ਬੜੇ ਬਦਲੇ ਚੁਕਾਏ ਜਾ ਚੁਕੇ ਸਨ। ਸਿਰਫ ਲਾਹੌਰ ਫ਼ਤਹ ਕਰਨਾ ਬਾਕੀ ਸੀ ਤੇ ਜੱਸਾ ਸਿੰਘ ਨੇ ਆਖਿਆ ਸੀ :

"ਬਾਬਾ ਜਾਂਬਾਜ਼ ! ਲਾਹੌਰ ? ਲਾਹੌਰ ਦਾ ਕੀ ਹੈ। ਤੂੰ ਵੇਖੀਂ ਇਕ ਦਿਨ ਮੈਂ ਤੈਨੂੰ ਅਡੋਪਲੇ ਹੀ ਲਾਹੌਰ ਲੈ ਵੜਨਾ ਹੈ। ਇਉਂ ਪੈਂਠ ਸਾਲ ਦੀ ਉਮਰ ਵਿਚ ਜਾਂਬਾਜ਼ ਨਫ਼ਰਤ ਦੇ ਸਾਗਰ ਵਿਚੋਂ ਤਾਰੀਆਂ ਲਾਂਦਾ ਕਿਨਾਰੇ ਉੱਤੇ ਪੁਜਾ। ਇਸ ਤਰ੍ਹਾਂ ਪੈਂਠ ਸਾਲ ਦੀ ਉਮਰ ਵਿਚ ਉਹਦੀ ਇਕ ਨਵੀਂ ਜ਼ਿੰਦਗੀ ਸ਼ੁਰੂ ਹੋਈ। ਉਹਦੇ ਵਿਚ ਇਕ ਨਵੀਂ ਤਬਦੀਲੀ ਆਉਣ ਲਗੀ।

ਇਸ ਤਬਦੀਲੀ ਦੇ ਆਉਣ ਨਾਲ ਜਾਂਬਾਜ਼ ਨੇ ਆਪਣੇ ਆਲੇ ਦੁਆਲੇ ਵੇਖਿਆ। ਨਵੀਆਂ ਨਜ਼ਰਾਂ ਨਾਲ, ਨਵੇਂ ਨਜ਼ਰੀਏ ਨਾਲ। ਉਸ ਬੜਾ ਕੁਝ ਵੇਖਿਆ ਤੇ ਨਾਲ ਹੀ ਉਸ ਵੇਖੀ ਸ਼ੁਭੀ। ਪਿਛਲੇ ਤੀਹ ਸਾਲ ਤੋਂ ਉਹ ਤੇ ਸ਼ੁਭੀ ਇਕੱਠੇ ਰਹੇ ਸਨ; ਇਕੋ ਘਰ ਵਿਚ। ਪਿਛਲੇ ਤੀਹ ਸਾਲ ਤੋਂ ਸ਼ੁਭੀ ਉਹਦੇ ਵਾਸਤੇ ਨਿਕ ਸੁਕ ਕਰਦੀ ਆਈ ਸੀ। ਉਹਦੇ ਵਾਸਤੇ ਫ਼ਿਕਰ ਉਣਦੀ ਆਈ ਤੇ ਉਹਦੇ ਆਰਾਮ ਦਾ ਖਿਆਲ ਰਖਦੀ ਆਈ ਸੀ। ਪਿਛਲੇ ਤੀਹ ਸਾਲਾਂ ਵਿਚ ਬੇਸ਼ਕ ਜਾਂਬਾਜ਼ ਵੀ ਸ਼ੁਭੀ ਦੇ ਬੜਾ ਨੇੜੇ ਆ ਗਿਆ ਸੀ। ਉਹ ਵੀ ਉਹਦੇ ਵਾਸਤੇ ਨਿਕ ਸੁਕ ਕਰਦਾ ਤੇ ਉਹਦਾ ਆਸਰਾ ਲੈਂਦਾ ਆਇਆ ਸੀ।

ਪਰ ਹੁਣ; ਸਿਰਫ ਹੁਣ ਹੀ ਜਾਂਬਾਜ਼ ਦੇ ਦਿਲ ਵਿਚ ਸ਼ੁਭੀ ਵਾਸਤੇ ਇਕ ਨਵੀਂ ਭਾਂਤ ਦਾ ਮੋਹ ਜਾਗਿਆ। ਉਸ ਸ਼ੁਭੀ ਨੂੰ ਪਛਾਨਣ ਦੀ ਕੋਸ਼ਿਸ਼ ਕੀਤੀ, ਉਹਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ। ਸਿਰਫ਼ ਹੁਣ ਹੀ ਉਸ ਮਹਿਸੂਸ ਕੀਤਾ ਕਿ ਪਿਛਲੇ ਤੀਹ ਸਾਲਾਂ ਤੋਂ ਸ਼ੁਭੀ ਕਿਵੇਂ ਉਹਦੀ ਕੇਸਰੀ ਦਸਤਾਰ ਵਾਸਤੇ ਖੱਦਰ ਉਚੇਚਾ ਉਣਦੀ ਆਈ ਹੈ ?

ਹੁਣ ਹੀ ਜਾਂਬਾਜ਼ ਨੂੰ ਸਿਖੀ ਨਾਲ ਪ੍ਰੇਮ ਸ਼ੁਰੂ ਹੋਇਆ। ਹੁਣ ਹੀ ਸ਼ਾਇਦ ਉਹਨੂੰ ਅੰਮ੍ਰਿਤ ਦੀ ਸਾਰ ਆਈ। ਹੁਣ ਹੀ ਉਹ ਮੁਸਲਮਾਨਾਂ ਨੂੰ ਨਹੀ ਜਬਰ ਨੂੰ ਨਫ਼ਰਤ ਕਰਨ ਲਗਾ।

ਗੁਰਬਾਣੀ ਵਿਚੋਂ ਉਹਨੂੰ ਨਵੇਂ ਮਤਲਬ ਪ੍ਰਤਖ ਹੋਣ ਲਗੇ। ਆਪਣੇ ਕੇਸਾਂ ਨੂੰ ਛੋਹਦਿਆਂ ਉਹਨੂੰ ਕਿਸੇ ਨਵੀਂ ਤੇ ਅਨੋਖੀ ਤਰ੍ਹਾਂ ਦਾ ਸੰਵਾਦ ਆਉਂਦਾ। ਆਪਣੀ ਪੱਗ ਬੰਨ੍ਹਦਿਆਂ ਉਹਦੇ ਹੱਥਾਂ ਨੂੰ ਨਵਾਂ ਜੀਵਨ ਮਿਲਦਾ ਜਾਪਦਾ। ਗੁਰਦੁਆਰੇ ਮੱਥਾ ਟੇਕਦਿਆਂ ਇਕ ਨਵੀਂ ਤਰ੍ਹਾਂ ਦਾ ਰਸ ਨਸੀਬ ਹੁੰਦਾ।

ਮੁਗ਼ਲ ਸਾਬਰ ਤੇ ਜਰਵਾਣੇ ਸਨ ਪਰ ਹੁਣ ਜਾਂਬਾਜ਼ ਨੇ ਸਿੱਖਾ ਕਿ ਜੋਤ ਉਹਨਾਂ ਵਿਚ ਵੀ ਇਕੋ ਰੱਬ ਦੀ, ਪਰਜਵਲਤ ਹੈ। ਹੁਣ ਜਾਂਬਾਜ਼ ਨੂੰ ਪਤਾ ਲਗਾ ਕਿ ਮੁਸਲਮਾਨਾਂ ਨਾਲ ਦਿਲੋਂ ਨਫ਼ਰਤ ਕਰਨੀ ਸਿਖੀ ਦੀ ਹੇਠੀ ਹੈ। ਇਹ ਸਿਖੀ ਦੀ ਅਸਲੀ ਸਪਿਰਟ ਨਹੀਂ। ਜਾਂਬਾਜ਼ ਨੇ ਹੁਣ ਜਾਣਿਆ ਕਿ ਸ਼ਾਹਬਾਜ਼ ਤੇ ਬੰਦਾ ਸਿੰਘ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਮੁਸਲਮਾਨਾਂ ਵਿਰੁਧ ਨਹੀਂ, ਤਸ਼ੱਦਦ ਤੇ ਅਨਿਆਏ ਦੇ ਵਿਰੁਧ ਲੜਦੇ ਰਹੇ ਸਨ।

ਹੁਣ ਜਾਂਬਾਜ਼ ਦੇ ਦਿਲ ਤੇ ਦਿਮਾਗ਼ ਦਾ ਰੁਖ ਕੰਪਾਸ ਦੀ ਸੂਈ ਵਾਂਗ ਠੀਕ ਉੱਤਰ ਵਲ ਸੀ। ਹੁਣ ਦਰੁਸਤ ਦਿਸ਼ਾ, ਸਥਿਤੀ ਹੋਈ। ਹੁਣ ਦਰਿਸ਼ਟੀਕੋਣ ਠੀਕ ਹੋਏ। ਦਸ ਸਾਲ ਹੋਰ ਤੇ ਜੱਸਾ ਸਿੰਘ ਦੇ ਨਾਲ ਨਾਲ ਜਾਂਬਾਜ਼ ਘੋੜੇ ਉੱਤੇ ਅਸਵਾਰ ਲਾਹੌਰ ਵਿਚ ਦਾਖ਼ਿਲ ਹੋਇਆ। ਲਾਹੌਰ ਨੂੰ ਜਿੱਤ ਕੇ ਜਿਵੇਂ ਜਾਂਬਾਜ਼ ਦੀ ਭਟਕਨਾ ਮੁਕੀ। ਉਹਦੀ ਰੂਹ ਨੂੰ ਸ਼ਾਂਤੀ ਮਿਲੀ ਤੇ ਉਹਨੂੰ ਲਗਾ ਕਿ ਉਹਦੀ ਜ਼ਿੰਦਗੀ ਸਫ਼ਲ ਹੋ ਗਈ ਹੈ।

ਲਾਹੌਰ ਜਿਤ ਕੇ ਉਹ ਫ਼ਤਹ ਗੜ੍ਹ ਆਇਆ। ਉਹਦੇ ਮੂੰਹ ਉੱਤੇ ਰੌਣਕ ਹੀ ਹੋਰ; ਉਹਦੇ ਮੁਖੜੇ ਦਾ ਜਲਾਲ ਹੀ ਹੋਰ। ਸ਼ੁਭੀ ਆਖੇ ਕਿ ਉਹਦੇ ਕੋਲੋਂ ਤਾਂ ਆਪਣਾ ਜਾਂਬਾਜ਼ ਪਛਾਣਿਆ ਨਹੀਂ ਜਾਂਦਾ। ਇਕ ਰਾਤ ਜਾਂਬਾਜ਼ ਤੇ ਸ਼ੁਭੀ ਢਾਰੇ ਦੇ ਬੱਲੇ ਬੈਠੇ ਸਨ। ਹੋਰ ਕੋਈ ਵੀ ਕੋਲ ਨਹੀਂ ਸੀ। ਬਾਹਰ ਮੀਂਹ ਵੱਸ ਰਿਹਾ ਸੀ ਤੇ ਢਾਰੇ ਬੱਲੇ ਸਰਦੀ ਸੀ। ਉਸ ਰਾਤ, ਸ਼ੁਭੀ ਤੇ ਜਾਂਬਾਜ਼ ਇਕ ਦੂਜੇ ਦੇ ਜਿੰਨਾ ਨੇੜੇ ਆਏ ਉੱਨਾਂ ਅਗੇ ਉਹ ਕਦੀ ਇਕ ਦੂਜੇ ਦੇ ਨੇੜੇ ਨਹੀਂ ਸਨ ਹੋਏ।

Scanned by CamScanner

ਬਾਹਰ ਮੀਂਹ ਵਸ ਰਿਹਾ ਸੀ, ਢਾਰੇ ਥੱਲੇ ਸਰਦੀ ਸੀ ਤੇ ਚੁਲ੍ਹੇ ਵਿਚ ਮਨਛਿੱਟੀਆਂ ਦੀ ਮਧਮ ਅੱਗ ਬਲ ਰਹੀ ਸੀ। ਜਦੋਂ ਅੱਗ ਬੁਝਣ ਲਗਦੀ ਸ਼ੁਭੀ ਇਕ ਮਨਛਿੱਟੀ ਚੁਲ੍ਹੇ ਵਿਚ ਹੋਰ ਡਾਹ ਦੇਂਦੀ ਤੇ ਉਹ ਦੋਵੇਂ ਇਕ ਦੂਜੇ ਦੇ ਹੋਰ ਨੇੜੇ ਹੋ ਜਾਂਦੇ।

ਇਉਂ ਦਿਨ ਬੀਤਦੇ ਗਏ . ਹੋਰ ਹੋਰ ਲੜਾਈਆਂ ਤੇ ਮੁਹਿੰਮਾਂ ਹੁੰਦੀਆਂ ਰਹੀਆਂ ਪਰ ਹੁਣ ਜਾਂਬਾਜ਼ ਐਨਾ ਆਪਣੇ ਆਪ ਵਾਸਤੇ ਨਹੀਂ ਜਿੰਨਾ ਸ਼ੁਭਵੰਤ ਵਾਸਤੇ ਇਹਨਾਂ ਲੜਾਈਆਂ ਵਿਚ ਹਿੱਸਾ ਲੈਂਦਾ। ਹੁਣ ਉਹਦਾ ਨਿਸ਼ਾਨਾ ਸੀ ਸ਼ੋਭੀ ਨੂੰ ਲਾਹੌਰ ਵਿਖਾਉਣਾ ਤੇ ਇਸ ਵਾਸਤੇ ਜ਼ਰੂਰੀ ਸੀ ਲਾਹੌਰ ਦੀ ਦੁਬਾਰਾ ਜਿਤ ਤੇ ਏਸੇ ਲਈ ਹੀ ਉਹ ਲੜਾਈਆਂ ਲੜਦਾ।

ਅੰਤਕੀ ਗੋਇੰਦਵਾਲ ਦੀ ਜਿਤ ਪਿਛੋਂ ਜਦੋਂ ਉਹ ਘਰ ਆਇਆ ਤਾਂ ਉਹਦੇ ਆਪ ਬਿਮਾਰ ਪੈਣ ਦੇ ਨਾਲ ਨਾਲ ਸ਼ੁਭਵੰਤ ਵੀ ਬਿਮਾਰ ਪੈ ਗਈ। ਸ਼ੁਭਵੰਤ ਦੀ ਬਿਮਾਰੀ ਨੇ ਜਾਂਬਾਜ਼ ਨੂੰ ਆਪਣੀ ਅਠੱਤਰ ਸਾਲਾਂ ਦੀ ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਦੀ ਸੇਵਾ ਕਰਨ ਦਾ ਅਵਸਰ ਦਿਤਾ। ਪਹਿਲੀ ਵਾਰ ਜਾਂਬਾਜ਼ ਨੇ ਕਿਸੇ ਦੀ ਸੇਵਾ ਵਿਚ ਆਪਣਾ ਆਪਾ ਵਾਰਿਆ। ਪਹਿਲੀ ਵਾਰ ਸ਼ਾਇਦ ਜਾਂਬਾਜ਼ ਨੇ ਕਿਸੇ ਨੂੰ ਪਿਆਰ ਕੀਤਾ।

ਪ੬

ਸ਼ੁਭਵੰਤ ਨੂੰ ਬੁਖ਼ਾਰ ਚੜ੍ਹਿਆ ਤੇ ਉਹਦੀਆਂ ਅਖਾਂ ਦੁਖਣੀਆਂ ਆ ਗਈਆਂ। ਭੈਰਾ ਬਾਬਾ ਨਾਨਕ ਤਕ ਦਾ ਹਕੀਮ ਆਇਆ ਪਰ ਸ਼ੋਭੀ ਨੂੰ ਜਲਦੀ ਆਰਾਮ ਨਾ ਆਵੇ। ਹਾੜ ਦਾ ਪੂਰਾ ਮਹੀਨਾ ਤੇ ਜੇਠ ਤੇ ਸਾਵਣ ਦਾ ਅੱਧਾ ਅੱਧਾ ਮਹੀਨਾ ਸ਼ੋਭੀ ਬਿਮਾਰ ਰਹੀ। ਇਹ ਦੋ ਮਹੀਨੇ ਜਾਂਬਾਜ਼ ਨੇ ਸ਼ੁਭਵੰਤ ਦੀ ਸੇਵਾ ਕੀਤੀ। ਬਾਕੀ ਦੀ ਸੇਵਾ ਤਾਂ ਰਹੀ, ਪਰ ਜਿਸ ਸੇਵਾ ਵਿਚ ਉਹਨੂੰ ਸਭ ਤੋਂ ਵਧ ਸਵਾਦ ਆਉਂਦਾ ਉਹ ਸੀ ਦਿਨ ਵਿਚ ਤਿੰਨ ਵਾਰ ਸ਼ੁਭਵੰਤ ਦੀਆਂ ਅੱਖਾਂ ਧੋਣੀਆਂ।

ਸ਼ੋਭੀ ਨੂੰ ਪਿਛਲੇ ਕੁਝ ਵਰ੍ਹਿਆਂ ਤੋਂ ਜਾਂਬਾਜ਼ ਤੇ ਕਈ ਹੋਰ ਸ਼ੁਭਵੰਤ ਬੁਲਾਣ ਲਗ ਪਏ ਸਨ। ਸ਼ਾਇਦ ਇਹ ਸ਼ੋਭੀ ਦੀ ਉਮਰ ਦਾ ਤਕਾਜ਼ਾ ਸੀ ਜਾਂ ਸ਼ਾਇਦ ਇਹ ਉਸ ਸੇਵਾ ਤੇ ਕੁਰਬਾਨੀ ਦਾ ਇਵਜ਼ਾਨਾ ਸੀ ਜਿਹੜੀ ਸ਼ੋਭੀ ਨੇ ਸਿਖ ਪੰਥ ਤੇ ਪਹਿਲੇ ਮਾਹਿਲ ਤੇ ਫਿਰ ਛਤਹ ਗੜ੍ਹ ਨਿਵਾਸੀਆਂ ਦੀ ਕੀਤੀ। ਜਿਉਂ ਜਿਉਂ ਦਿਨ ਗੁਜ਼ਰਦੇ ਗਏ ਸਨ ਉਹਦੀ ਕੁਰਬਾਨੀ, ਉਹਦੇ ਅੰਮ੍ਰਿਤ ਪਰਚਾਰ ਤੇ ਹਰ ਮੁਹਿੰਮ ਵਾਸਤੇ ਨੌਜੁਵਾਨਾਂ ਵਿਚ ਉਹਦੇ ਉਚੇਚੇ ਪਰਚਾਰ ਦੇ ਸਦਕਾ ਉਹਦੀ ਇਜ਼ਤ ਤੇ ਆਦਰ ਵਧਦਾ ਗਿਆ ਸੀ। ਬਹੁਤੇ ਨੌਜਵਾਨ ਉਹਨੂੰ ਮਾਤਾ ਸ਼ੁਭਵੰਤ ਕੌਰ ਦੇ ਪੂਰੇ ਨਾਂ ਨਾਲ ਸੰਬੋਧਨ ਕਰਨ ਲਗੇ ਜਿਵੇਂ ਜਾਂਬਾਜ਼ ਕਈਆਂ ਯੁਵਕਾਂ ਵਿਚ ਹੁਣ ਬਾਬਾ ਜਾਂਬਾਜ਼ ਸਿੰਘ ਦੇ ਨਾਂ ਨਾਲ ਪ੍ਰਚਲਤ ਸੀ। ਮਾਤਾ ਸ਼ੁਭਵੰਤ ਕੌਰ, ਹੋਰਨਾਂ ਕਮ-ਉਮਰ ਮਰਦ ਇਸਤਰੀਆ ਵਾਸਤੇ, ਜਾਂਬਾਜ਼, ਜੱਸਾ ਸਿੰਘ ਆਹਲੂਵਾਲੀਆਂ ਤੇ ਹੋਰਨਾਂ ਨਜ਼ਦੀਕੀਆਂ ਵਾਸਤੇ ਸ਼ੋਭੀ ਦੀ ਥਾਂ ਸ਼ੁਭਵੰਤ ਬਣੀ।

ਬਿਮਾਰੀ ਦੇ ਦਿਨਾਂ ਵਿਚ ਸ਼ੁਭਵੰਤ ਰਾਤੀਂ ਬਹੁਤਾ ਸੌਂ ਨਾ ਸਕਦੀ। ਤਾਪ ਤੇ ਦੁਖਦੀਆਂ ਅੱਖਾਂ ਦਾ ਕੋਈ ਮਰੀਜ਼ ਵੀ ਸਾਰੀ ਰਾਤ ਆਰਾਮ ਨਾਲ ਨਹੀਂ ਸੌਂ ਸਕਦਾ। ਬਹੁਤਾ ਕਰਕੇ ਸ਼ੋਭੀ ਨੂੰ ਨੀਂਦ ਸਵੇਰੇ ਅੰਮ੍ਰਿਤ ਵੇਲੇ ਆਉਂਦੀ। ਗਰਮੀਆਂ ਦੇ ਦਿਨਾਂ ਵਿਚ ਇਸ ਵੇਲੇ ਬਿਮਾਰ ਤੋਂ ਬਿਮਾਰ ਆਦਮੀਆਂ ਨੂੰ ਵੀ ਨੀਂਦ ਜ਼ਰੂਰ ਆ ਹੀ ਜਾਂਦੀ ਹੈ।

ਸੋ ਸ਼ੋਭੀ ਦੀ ਜਲਦੀ ਅੱਖ ਨਾ ਖੁਲ੍ਹਦੀ। ਪਿਛਲੇ ਅਨੇਕ ਵਰ੍ਹਿਆ ਵਿਚ ਇਹ ਸ਼ਾਇਦ ਪਹਿਲੀ ਵਾਰ ਸੀ ਕਿ ਸ਼ੋਭੀ ਸਵੇਰੇ ਸਵੇਰੇ ਉਠ ਕੇ ਗੁਰਦੁਆਰੇ ਨਾ ਜਾਂਦੀ। ਉਹਦੇ ਵਾਸਤੇ ਜਾਂਬਾਜ਼ ਵੀ ਗੁਰਦੁਆ ਰਾ ਘੁਸਾ ਜਾਂਦਾ। ਆਖ਼ਿਰ ਜਾਂਬਾਜ਼ ਹੁਣ ਪਹਿਲੇ ਜਿਹਾ ਕੱਟੜ ਜਾਂਬਾਜ਼ ਨਹੀਂ ਸੀ ਰਿਹਾ। ਉਹਦਾ ਸਿਖੀ ਪ੍ਰੇਮ ਸੋਧਿਆ ਜਾ ਚੁਕਾ ਸੀ। ਉਹ ਹੁਣ ਪਛਾਣ ਗਿਆ ਸੀ

Scanned by CamScanner

ਗੁਰਦੁਆਰੇ ਜਾਣ ਵਿਚ ਪਏ ਨਾਗਿਆਂ ਨਾਲ ਉਹ ਨਰਕਾਂ ਦਾ ਭਾਗੀ ਨਹੀਂ ਬਣੇਗਾ। ਬੇਸ਼ਕ ਉਹ ਸ਼ੰਭੀ ਨੂੰ ਇਸ ਹਾਲਤ ਵਿਚ ਇਕੱਲਿਆਂ ਛਡ ਕੇ ਗੁਰਦੁਆਰੇ ਨਹੀਂ ਸੀ ਜਾ ਸਕਦਾ।

ਪਰ ਘਰ ਦੇ ਬਾਕੀ ਜੀ ਆਪੋ ਆਪਣੇ ਆਹਰੇ ਲਗ ਜਾਂਦੇ। ਕੋਈ ਖੇਤਾਂ ਵਿਚ ਰਲਾ ਜਾਂਦਾ, ਕੋਈ ਹੋਰ ਕੰਮ। ਸੁਖੇਰਾ ਗੁਰਦੁਆਰੇ ਹੁੰਦਾ ਤੇ ਜੀਵਨ ਕੌਰ ਤੇ ਸੁਰਿੰਦਰ ਕੌਰ ਚਾੜ੍ਹ ਪਕਾ ਰਹੀਆਂ ਹੁੰਦੀਆਂ। ਜਾਂਬਾਜ਼ ਐਸ ਵੇਲੇ ਸ਼ੰਭੀ ਦੀ ਪੁਆਂਦੀ ਬੈਠਾ ਹੁੰਦਾ। ਬੇਸ਼ਕ ਤਾਪ ਸੀ ਪਰ ਸ਼ੰਭੀ ਸੋਂਦੀ ਕੋਠੇ ਉੱਤੇ ਹੀ ਸੀ। ਹਾੜ ਦੇ ਮਹੀਨੇ ਕਿਹਦੇ ਕੋਲੋਂ ਅੰਦਰ ਸੌਣ ਹੁੰਦਾ ਹੈ? ਕੋਠੇ ਉੱਤੇ ਜਿਹੜਾ ਢਾਰਾ ਸੀ ਉਥੇ ਹੀ ਪਹਿਲਿਆਂ ਵਾਂਗ ਸ਼ੰਭੀ ਤੇ ਜਾਂਬਾਜ਼ ਦੀਆਂ ਮੰਜੀਆਂ ਵਿਛ ਜਾਂਦੀਆਂ।

ਜਾਂਬਾਜ਼ ਆਪਣੇ ਨਿਤ ਨੇਮ ਵਾਂਗ ਸਵੇਰੇ ਉਠਦਾ। ਸੋਚ ਪਾਣੀ ਤੋਂ ਵਿਹਿਲਿਆਂ ਹੋ ਕੇ ਪਾਠ ਕਰਦਾ ਤੇ ਫਿਰ ਸ਼ੰਭੀ ਦੇ ਕੋਲ ਆਪਣੀ ਮੰਜੀ ਉੱਤੇ ਆ ਬੈਠਦਾ। ਉਹ ਸ਼ੁਭਵੰਤ ਵਲ ਵੇਖਦਾ ਰਹਿੰਦਾ। ਸ਼ੁਭਵੰਤ ਹੁਣ ਕਿੰਨੀ ਬਦਲ ਗਈ ਸੀ? ਸਚਮੁਚ ਜਿਨਾਂ ਮਤਿ ਭੇਦ ਸ਼ੰਭੀ ਤੇ ਸ਼ੁਭਵੰਤ ਦੇ ਨਾਵਾਂ ਵਿਚ ਸੀ ਉੱਨਾਂ ਹੀ ਮਤਿ ਭੇਦ ਵਾਸਤਵ ਵਿਚ ਹੁਣ ਪਹਿਲੇ ਦੀ ਸ਼ੰਭੀ ਤੇ ਅਜ ਦੀ ਸ਼ੁਭਵੰਤ ਵਿਚ ਸੀ।

ਸ਼ੰਭੀ ਬੁੱਢੀ ਹੋ ਚੁਕੀ ਸੀ। ਉਹਦੇ ਮੂੰਹ ਉੱਤੇ ਝੁਰੜੀਆਂ ਪੈ ਚੁਕੀਆਂ ਸਨ। ਉਹਦਾ ਸਰੀਰ ਨਿਰਬਲ ਹੋ ਗਿਆ ਸੀ। ਦਸਾਂ ਸਾਲਾਂ ਤੋਂ ਉਹ ਖੂੰਡੀ ਦਾ ਸਹਾਰਾ ਲੈ ਕੇ ਟੁਰਦੀ ਆ ਰਹੀ ਸੀ। ਇਉਂ ਲਗਦਾ ਸੀ ਕਿ ਅਗੇ ਨਾਲੋਂ ਸ਼ੰਭੀ ਦਾ ਕੱਦ ਵੀ ਛੋਟਾ ਹੋ ਗਿਆ ਹੈ। ਸ਼ਾਇਦ ਹਰ ਬੁਢਾ ਹੋਇਆ ਆਦਮੀ ਇਸ ਤਰ੍ਹਾਂ ਹੀ ਲਗਦਾ ਹੈ।

ਕਿਥੇ ਸ਼ੰਭੀ ਦਾ ਉਹ ਖਿੜਿਆ ਹੋਇਆ ਚਿਹਰਾ, ਉਹ ਚਿਹਰੇ ਉੱਤੇ ਨੂਰ, ਉਸ ਨੂਰ ਵਿਚ ਇਕ ਖਿਚ, ਉਹ ਖਿਚ ਜਿਹੜੀ ਰੂਹਾਨੀ ਵੀ ਤੇ ਜਿਸਮਾਨੀ ਵੀ। ਉਹਦਾ ਗੱਲ ਗੱਲ ਉੱਤੇ ਰੱਬ ਦੀਆਂ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ, ਜਾਂ ਧੀਆਂ ਜਾਂ ਪੁਤਰਾਂ ਦੀਆਂ ਸੌਹਾਂ ਖਾਣੀਆਂ। ਠੀਕ, ਹੁਣ ਵੀ ਕਦੀ ਕਦੀ ਉਹ ਭੁਲ ਭੁਲੇਖੇ ਸੌਹਾਂ ਖਾ ਜਾਂਦੀ ਸੀ ਪਰ ਕਿਥੇ ਪਹਿਲੇ ਜੇਹਾ ਚਟਕ ਤੇ ਤੀਬਰਤਾ। ਬੁਢਾਪੇ ਵਿਚ ਕੇਡਾ ਠਰੰਮਾ ਹੈ? ਬੁਢਾਪਾ ਕੇਡਾ ਸਾਬਰ ਤੇ ਸੰਤੁਸ਼ਟ ਹੁੰਦਾ ਹੈ? ਬੇਸ਼ਕ ਸ਼ੰਭੀ ਬੁਢੀ ਹੋ ਚੁਕੀ ਸੀ, ਉਹ ਸੋਟੀ ਦਾ ਸਹਾਰਾ ਲੈ ਕੇ ਟੁਰਦੀ ਸੀ ਤੇ ਉਹਦੇ ਮੂੰਹ ਉੱਤੇ ਝੁਰੜੀਆਂ ਪੈ ਚੁਕੀਆਂ ਸਨ ਪਰ ਫਿਰ ਵੀ ਜਾਂਬਾਜ਼ ਨੂੰ ਉਹ ਬੁਢੀ ਨਹੀਂ ਸੀ ਲਗਦੀ। ਜਾਂਬਾਜ਼ ਵਾਸਤੇ ਉਹਦੇ ਵਿਚ ਅਜੇ ਵੀ ਇਕ ਖਿਚ ਸੀ, ਰੂਹਾਨੀ ਤੇ ਜਿਸਮਾਨੀ ਖਿਚ।

ਜਾਂਬਾਜ਼ ਵਾਸਤੇ ਸ਼ੰਭੀ ਸੋਹਣੀ ਸੀ। ਸ਼ਾਇਦ ਜਵਾਨ ਤੇ ਬੁਢੇ ਆਦਮੀਆਂ ਦੇ ਸੁਹੱਪਣ ਬਾਰੇ ਮਿਆਰ ਹੋਰਨਾਂ ਕਈ ਮਿਆਰਾਂ ਵਾਂਗ ਹੀ ਬਦਲ ਜਾਂਦਾ ਹੈ। ਸ਼ਾਇਦ ਉਹਨਾਂ ਨੂੰ ਉਥੇ ਸਹੁਪਣ ਦਿਸਦਾ ਹੈ ਜਿਥੇ ਜਵਾਨ ਸਿਰਫ ਕੋਹਜ ਹੀ ਵੇਖ ਸਕਦੇ ਹਨ? ਨਿਰਸੰਦੇਹ ਜਵਾਨੀ ਤੇ ਬੁਢਾਪੇ ਦੀਆਂ ਨਜ਼ਰਾਂ ਵਿਚ ਅੰਤਰ ਹੈ।

ਇਹਨਾਂ ਦਿਨਾਂ ਵਿਚ ਜਦੋਂ ਜਾਂਬਾਜ਼, ਸੁੱਤੀ ਹੋਈ, ਝੁਰੜੀਆਂ ਭਰੀ, ਨਿਰਬਲ, ਤੇ ਬਿਮਾਰ ਸ਼ੰਭੀ ਕੋਲ ਆ ਕੇ ਬਹਿੰਦਾ ਤਾਂ ਉਹਦਾ ਜੀ ਕਰਦਾ ਕਿ ਉਹ ਸਦਾ ਸਦਾ ਉਸੇ ਤਰ੍ਹਾਂ ਹੀ ਓਥੇ ਬੈਠਾ ਰਹੇ। ਤੇ ਸ਼ੰਭੀ ਸਦਾ ਸਦਾ ਉਸੇ ਤਰ੍ਹਾਂ ਹੀ ਉਹਦੇ ਸਾਹਮਣੇ ਲੇਟੀ ਰਹੇ। ਹਾਂ, ਉਹਦਾ ਜੀ ਕਰਦਾ ਕਿ ਸ਼ੰਭੀ ਇੰਜੇ ਹੀ ਹਰ ਹਮੇਸ਼ ਬਿਮਾਰ ਰਹੇ...

ਕੇਡਾ ਅੰਤਰ ਹੈ ਜਵਾਨੀ ਤੇ ਬੁਢਾਪੇ ਦੇ ਮਿਆਰਾਂ ਵਿਚ, ਉਹਨਾਂ ਦੇ ਦਰਿਸ਼ਟੀਕੋਣਾਂ ਵਿਚ, ਉਹਨਾਂ ਦੇ ਆਲੇ-ਦੁਆਲੇ ਵਿਚ, ਪਰ ਫਿਰ ਵੀ ਜਦੋਂ ਪਿਆਰ ਦੀ ਤੀਬਰਤਾ ਹੋਵੇ ਤਾਂ ਇਹ ਮਿਆਰ ਤੇ ਦਰਿਸ਼ਟੀਕੋਣ ਕਿਵੇਂ ਫਿਰ ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ? ਜਾਂਬਾਜ਼ ਉਥੇ ਬੈਠਾ ਸ਼ੰਭੀ ਵਲ ਵੇਖਦਾ ਰਹਿੰਦਾ ਤੇ ਬੀਤੇ ਸੱਠ ਸੱਤਰ ਵਰ੍ਹਿਆਂ ਵਿਚੋਂ ਭਿੰਨ ਭਿੰਨ ਝਾਕੀਆਂ ਉਹਦੇ ਨੈਣਾਂ ਅਗੋਂ ਲੰਘ ਜਾਂਦੀਆਂ। ਕਿਸੇ ਕਿਸੇ ਝਾਕੀ ਵਲ ਉਹ ਆਪਣੀ ਘਟ ਰਹੀ ਬੀਨਾਈ ਨਾਲ ਜ਼ਰਾ ਨੀਝ ਲਾ ਕੇ ਤਕਦਾ ਤੇ ਕੋਈ ਕੋਈ ਝਾਕੀ ਉਹਨੂੰ ਇਸ ਘਟ ਰਹੀ ਬੀਨਾਈ ਨਾਲ ਵੀ ਉਘੜੀ ਉਘੜੀ ਜਾਪਦੀ।

ਏਨੇ ਵਿਚ ਧੁਪ ਹੋਰ ਚੜ੍ਹ ਆਉਂਦੀ ਤੇ ਢਾਰਾ ਵੀ ਗਰਮ ਹੋ ਜਾਂਦਾ। ਸ਼ੰਭੀ ਪਾਸਾ ਪਰਤਦੀ ਤੇ ਜਾਂਬਾਜ਼ ਉਹਦੇ ਮੱਥੇ ਉੱਤੇ ਹੱਥ ਰਖਦਾ। ਜਦੋਂ ਤਕ ਉਹ ਆਪ ਪਾਸਾ ਨਾ ਪਰਤੇ ਜਾਂਬਾਜ਼ ਉਹਨੂੰ ਕਦੀ ਨਹੀਂ ਸੀ ਉਠਾਂਦਾ। ਜਾਂਬਾਜ਼ ਸ਼ੰਭੀ ਦੇ ਮੱਥੇ ਉੱਤੇ ਹੱਥ ਰਖਦਾ ਤੇ ਆਖਦਾ:

"ਕੀ ਹਾਲ ਹੈ, ਸ਼ੁਭਵੰਤ?" ਸ਼ੁਭਵੰਤ ਕੋਲੋਂ ਅੱਖਾਂ ਨਾ ਖੁਲ੍ਹਦੀਆਂ। ਉਹਦੀਆਂ ਅੱਖਾਂ ਬੁਰੀ ਤਰ੍ਹਾਂ ਦੁਖਣੀਆਂ ਆਈਆਂ ਹੁੰਦੀਆਂ ਸਨ। ਉਹ ਜਾਂਬਾਜ਼ ਦੇ ਹੱਥ ਉੱਤੇ ਆਪਣਾ ਹੱਥ ਰਖਦੀ ਤੇ ਮੁਸਕਰਾਉਣ ਦੀ ਕੋਸ਼ਸ਼ ਕਰਦਿਆਂ ਹੋਇਆਂ

Scanned by CamScanner

ਆਖਦੀ, "ਚੰਗਾ ਹੈ, ਜਾਂਬਾਜ !" "ਤੇਰਾ ਪਿੰਡਾ ਤਾਂ ਅਜੇ ਤਕ ਵੀ ਗਰਮ ਹੈ !" "ਪਤਾ ਨਹੀਂ ਇਹ ਤਾਪ ਕਦੋਂ ਟੁਟੇਗਾ। ਮੈਂ ਬੜੀ ਕਮਜ਼ੋਰ ਹੋ ਗਈ ਹਾਂ।"

"ਗੁਰੂ ਮਿਹਰ ਕਰੇਗਾ, ਸ਼ੁਭਵੰਤ। ਸਰੀਰ ਅਗੇ ਹੀ ਮਾੜਾ ਸੀ। ਉੱਤੋਂ ਇਹ ਤਾਪ ਤੇ ਫਿਰ ਜੇਠ ਹਾੜ ਦੀਆਂ ਧੁੱਪਾਂ ਤੇ ਲੂ।" ਇਸਤਰ੍ਹਾਂ ਜਾਂਬਾਜ ਤੇ ਸ਼ੁਭੀ ਸਵੇਰੇ ਨਿਕੀਆਂ ਨਿਕੀਆਂ ਗੱਲਾਂ ਕਰਦੇ। ਕਦੀ ਕਿਸੇ ਮਸਲੇ ਉੱਤੇ ਕਦੀ ਕਿਨ੍ਹਾਂ ਭਾਵ ਨਾਲ। "ਲਾਹੌਰ ਕਦੋਂ ਵਿਖਾਣਾ ਹੈ ਜਾਂਬਾਜ ? ਹੁਣ ਤਾਂ ਇਹ ਜਿੰਦੜੀ ਵਧੇਰੇ ਦੁਖ ਨਹੀਂ ਸਹਿ ਸਕਦੀ।"

ਉਦੋਂ ਜਾਂਬਾਜ ਸ਼ੁਭੀ ਦਾ ਮੱਥਾ ਪਲੋਸਦਾ ਤੇ ਜੱਸਾ ਸਿੰਘ ਕੈਲੋਂ ਲਗੀ ਹਾਸੇ ਦੀ ਚਟਕ ਵਰਤਦਾ ਹੋਇਆ ਕਹਿੰਦਾ: "ਬਸ ਤੂੰ ਠੀਕ ਹੋ ਜਾ, ਸ਼ੁਭਵੰਤ। ਲਾਹੌਰ ਤੈਨੂੰ ਉਡੀਕਦਾ ਹੀ ਖੜੋਤਾ ਹੈ। ਮੈਂ ਸਰਦਾਰ ਜੱਸਾ ਸਿੰਘ ਨੂੰ ਆਖ ਦਿਤਾ ਹੈ। ਜਦੋਂ ਸਾਡੀ ਸ਼ੁਭਵੰਤ ਲਾਹੌਰ ਆਵੇ, ਤਾਂ ਉਹਦੀ ਰਾਣੀਆਂ ਵਰਗੀ ਖ਼ਾਤਰ ਹੋਵੇ।" ਕਿੰਜ ਪਿਆਰ ਦਾ ਜਜ਼ਬਾ ਤੇ ਪਿਆਰ ਦੀ ਬੋਲੀ ਸਰਬ ਵਿਆਪੀ ਹੈ ? ਕਿਵੇਂ ਬੁਢਾ ਤੇ ਜਵਾਨ, ਅਧੇੜ ਤੇ ਬਾਲਕ ਇਕੋ ਤਰ੍ਹਾਂ ਦੇ ਸੁਪਨੇ ਲੈਂਦੇ ਹਨ, ਇਕੋ ਤਰ੍ਹਾਂ ਦੇ ਦਾਈਏ ਬੰਨ੍ਹਦੇ ਹਨ।

ਇਹੋ ਜਿਹੀ ਮਸ਼ਕਰੀ ਸੁਣ ਕੇ ਕਦੀ ਕਦੀ ਸ਼ੁਭਵੰਤ ਵੀ ਹੱਸ ਪੈਂਦੀ ਤੇ ਕਹਿੰਦੀ: "ਇਹ ਉਮਰ ਹੈ ਕੋਈ ਮਸ਼ਕਰੀਆਂ ਕਰਨ ਦੀ। ਮੈਨੂੰ ਪਤਾ ਹੈ ਜੇ ਸ਼ਾਹਬਾਜ਼ ਜੀਊਂਦਾ ਹੁੰਦਾ ਤਾਂ ਉਹ ਵੀ ਸਦਾ ਇਸ ਤਰ੍ਹਾਂ ਭੋਲੇ ਭਾਅ ਮਰਦੇ ਦੰਮ ਤਕ ਮਸ਼ਕਰੀਆ ਚਰਦਾ ਰਹਿੰਦਾ।" ਇਉਂ ਕਦੀ ਕਦੀ ਇਹਨਾਂ ਵੇਲਿਆਂ ਉੱਤੇ ਸ਼ਾਹਬਾਜ਼ ਦਾ ਜ਼ਿਕਰ ਆ ਜਾਂਦਾ। ਕਦੀ ਸ਼ੁਭੀ ਉਹਨੂੰ ਯਾਦ ਕਰ ਲੈਂਦੀ, ਕਦੀ ਜਾਂਬਾਜ। ਸ਼ਾਹਬਾਜ਼ ਇਕ ਅਜਿਹੀ ਪੁਲ ਸੀ ਜਿਹੜੀ ਇਹਨਾਂ ਦੋਹਾਂ ਜੀਆਂ ਦੇ ਮਾਨਸਕ ਤੇ ਰੂਹਾਨੀ ਭਾਵਾਂ ਨੂੰ ਆਪੋ ਵਿਚ ਮੇਲਦੀ ਸੀ। ਸ਼ਾਹਬਾਜ਼ ਦਾ ਜ਼ਿਕਰ ਕਿਸੇ ਤਰ੍ਹਾਂ ਜਾਂਬਾਜ਼ ਵਿਚ ਕੋਈ ਈਰਖਾ ਨਹੀਂ ਸੀ ਉਪਜਾਂਦਾ, ਸਗੋਂ ਉਹਨੂੰ ਇਕ ਤਰ੍ਹਾਂ ਦੀ ਸ਼ਾਂਤੀ ਤੇ ਠਰੰਮਾ ਮਿਲਦਾ ਲਗਦਾ।

ਆਖ਼ਿਰ ਹੁਣ ਜਾਂਬਾਜ਼ ਬਿਲਕੁਲ ਆਪਣੇ ਸ਼ਾਹਬਾਜ਼ ਵਾਂਗ ਹੀ ਤਾਂ ਹੋ ਗਿਆ ਸੀ। ਆਮ ਕਰ ਕੇ ਛੋਟੇ ਭਰਾ ਹੁੰਦੇ ਹਨ ਜਿਹੜੇ ਆਪਣੇ ਵਡੇ ਭਰਾਵਾਂ ਦੀਆਂ ਆਦਤਾਂ ਤੇ ਸੁਭਾ ਲੈਂਦੇ ਹਨ ਪਰ ਏਥੇ ਜਾਂਬਾਜ਼ ਸੀ ਕਿ ਜਿਸ ਆਪਣੇ ਛੋਟੇ ਭਰਾ ਦਾ ਸੁਭਾ ਤੇ ਉਹਦੀਆਂ ਆਦਤਾਂ ਅਪਨਾਈਆਂ। ਸ਼ਾਹਬਾਜ਼ ਹੀ ਜਾਂਬਾਜ਼ ਦੀ ਕਾਇਆ ਕਲਪ ਦਾ ਕਾਰਨ ਸੀ ਤੇ ਫਿਰ ਸ਼ਾਹਬਾਜ਼ ਹੀ ਬਣਿਆ ਜਾਂਬਾਜ਼ ਦਾ ਆਦਰਸ਼। ਬੇਸ਼ਕ ਸ਼ਾਹਬਾਜ਼ ਜਾਂਬਾਜ਼ ਦਾ ਆਦਰਸ਼ ਸੀ, ਪਰ ਸ਼ਾਹਬਾਜ਼ ਦੀ ਮੌਤ ਤੋਂ ਤੀਹ ਸਾਲ ਪਿਛੋਂ ਤਕ ਜਾਂਬਾਜ਼ ਨੇ ਆਪਣੇ ਆਦਰਸ਼ ਨੂੰ ਸਮਝਿਆ ਨਾਂਹ। ਸਿਰਫ ਜੱਸਾ ਸਿੰਘ ਆਹਲੂਵਾਲੀਏ ਦੇ ਸਾਥ ਬਾਅਦ ਜਦੋਂ ਜਾਂਬਾਜ਼ ਦਾ ਕੱਟੜ ਪਨ ਗਿਆ ਤੇ ਉਹ ਵਧੇਰੇ ਮਾਨਵ ਬਣਿਆ ਤਾਂ ਹੀ ਉਹ ਸ਼ਾਹਬਾਜ਼ ਨੂੰ ਅਸਲੀ ਤਰ੍ਹਾਂ ਜਾਣ ਸਕਿਆ ਤੇ ਉਹਦੀਆਂ ਆਦਤਾਂ ਤੇ ਸੁਭਾਅ ਗ੍ਰਹਿਣ ਕਰ ਸਕਿਆ। ਜਿਸ ਪਦ ਉੱਤੇ ਜਾਂਬਾਜ਼ ਪੈਂਠ ਜਾ ਸੱਤਰ ਸਾਲਾਂ ਦੀ ਉਮਰ ਵਿਚ ਪਹੁੰਚਿਆ ਉਸੇ ਪਦ ਉੱਤੇ ਸ਼ਾਹਬਾਜ਼ ਵੀਹਾਂ ਪੰਝੀਆਂ ਸਾਲਾਂ ਦੀ ਉਮਰ ਵਿਚ ਹੀ ਪਹੁੰਚ ਚੁਕਾ ਸੀ।

ਇਹੋ ਫ਼ਰਕ ਹੁੰਦਾ ਹੈ ਕਿਸੇ ਜਜ਼ਬੇ ਜਾਂ ਧਰਮ ਨੂੰ ਉਪਰੋ ਤਰ੍ਹਾਂ ਗ੍ਰਹਿਣ ਕਰਨ ਵਿਚ ਤੇ ਉਸ ਜਜ਼ਬੇ ਜਾਂ ਧਰਮ ਦਾ ਆਪਣੇ ਆਪ ਦਿਲ ਜਾਂ ਰੂਹ ਅੰਦਰੋਂ ਉਗਮਨ ਵਿਚ। ਸ਼ਾਹਬਾਜ਼ ਅੰਦਰ ਸਿਖੀ ਸਪਿਰਟ ਜੰਮਦਿਆਂ ਹੀ ਸੰਪੂਰਨ ਸੀ, ਪਰ ਜਾਂਬਾਜ਼ ਨੂੰ ਸਿਖੀ ਦੀ ਅਸਲੀ ਸਪਿਰਟ ਸਮਝਦਿਆਂ ਤੇ ਪਾਂਦਿਆਂ ਤੀਹ ਵਰ੍ਹੇ ਲਗ ਗਏ।

ਜਦੋਂ ਜਾਂਬਾਜ਼ ਨੇ ਸਿਖੀ ਨੂੰ ਸਮਝਿਆ, ਜਦੋਂ ਉਹਦੇ ਵਿਚ ਮਾਨਵਤਾ ਆਈ, ਜਦੋਂ ਨਫ਼ਰਤ ਦੀ ਥਾਂ ਪਿਆਰ ਤੇ ਕੱਟੜਪੁਣੇ ਦੀ ਥਾਂ ਸੂਝ ਤੇ ਸਿਆਣਪ ਨ ਲਈ ਉਦੋਂ ਹੀ ਉਹਨੇ ਸ਼ਾਹਬਾਜ਼ ਦੀਆਂ ਆਦਤਾਂ ਤੇ ਸੁਭਾਅ ਅਪਨਾਇਆ ਤੇ ਉਦੋਂ ਹੀ ਸ਼ੁਭੀ ਦੇ ਦਿਲ ਵਿਚ ਉਹਦੇ ਵਾਸਤੇ ਇਕ ਬੜੇ ਵਿਲ ਖਿਚ ਪਰਕਾਰ ਦਾ ਮੋਹ ਤੇ ਪ੍ਰੇਮ ਹੌਲੀ ਹੌਲੀ ਪਕਦਾ ਤੇ ਰਸਦਾ ਗਿਆ ਤੇ ਐਨਾ ਰਸਿਆ ਕਿ ਸ਼ੁਭੀ ਨੂੰ ਜਾਂਬਾਜ਼ ਵਿੱਚ ਆਪਣਾ ਸ਼ਾਹਬਾਜ਼ ਹੀ ਦਿਸਣ ਲਗਾ।

ਜਾਂਬਾਜ਼ ਵੀ ਸ਼ੁਭੀ ਦੇ ਇਹਨਾਂ ਭਾਵਾਂ ਦਾ ਸਾਰੰਸ਼ ਜਾਣਦਾ ਸੀ। ਪਰ ਹਰ ਹਾਲਤ ਵਿਚ ਉਹ ਹੁਣ ਤਕ ਸ਼ੁਭੀ ਦੇ ਐਨਾ ਨੇੜੇ ਆ ਚੁਕਾ ਸੀ ਕਿ ਉਹਨੂੰ ਸ਼ੁਭੀ ਦਾ ਹਰ ਕਰਮ ਤੇ ਹਰ ਭਾਵ ਚੰਗਾ ਲਗਦਾ ਸੀ। ਹੁਣ ਉਹਦੀ ਜਾਚੇ ਸ਼ੁਭੀ ਕਦੀ ਗ਼ਲਤ ਨਹੀਂ ਸੀ ਹੋ ਸਕਦੀ: ਉਹਦਾ ਕੋਈ ਭਾਵ ਜਾਂ ਖਿਆਲ ਵੀ ਵਿਦਰੋਹੀ ਨਹੀਂ ਸੀ ਹੋ ਸਕਦਾ।

ਜਦੋਂ ਤੋਂ ਜਾਂਬਾਜ਼ ਨੂੰ ਇਸ ਤਬਦੀਲੀ ਤੇ ਆਪੋ ਵਿਚ ਨਵੇਂ ਉਪਜੇ ਸੰਬੰਧਾਂ ਦਾ ਅਹਿਸਾਸ ਹੋਇਆ ਸੀ ਉਦੋਂ ਤੋਂ ਹੀ ਜਾਂਬਾਜ਼ ਆਪਣੇ ਕੇਸਰੀ ਦਸਤਾਰੇ ਦਾ ਪਹਿਲੇ ਤੋਂ ਵੀ ਵਧ ਖਿਆਲ ਰਖਣ ਲਗ ਪਿਆ ਸੀ। ਕੇਸਰੀ ਦਸਤਾਰ ਦਾ

Scanned by CamScanner

ਪੱਦਰ ਇਸ ਗੱਲ ਦੀ ਗਵਾਹੀ ਸੀ ਕਿ ਜੇ ਅਜ ਵਾਂਗ ਡੂੰਘੀ ਤਰ੍ਹਾਂ ਨਹੀਂ ਤਾਂ ਘਟੋ ਘਟ ਕੁਝ ਨਾ ਕੁਝ ਆਦਰ ਤੇ ਮੋਹ ਸ਼ੋਭੀ ਦੇ ਦਿਲ ਵਿਚ ਸਦਾ ਹੀ ਉਹਦੇ ਵਾਸਤੇ ਰਿਹਾ ਹੈ।

ਜਾਂਬਾਜ਼ ਦੀ ਕੇਸਰੀ ਦਸਤਾਰ ਕਦੇ ਕਿਸੇ ਨੇ ਮੈਲੀ ਨਹੀਂ ਸੀ ਵੇਖੀ, ਇਹ ਦਸਤਾਰ ਸਦਾ ਬਣਾ ਤੇ ਸਵਾਰ ਕੇ ਬੰਨ੍ਹੀ ਜਾਂਦੀ ਰਹੀ ਸੀ, ਪਰ ਹੁਣ ਇਹ ਦਸਤਾਰ ਪਹਿਲੋਂ ਨਾਲੋਂ ਵੀ ਸਾਫ਼ ਸੁਥਰੀ ਤੇ ਸੁੰਦਰ ਹੋ ਗਈ। ਠੀਕ, ਅਗੇ ਨਾਲੋਂ ਹੁਣ ਇਹ ਪੱਗ ਆਕਾਰ ਵਿਚ ਛੋਟੀ ਸੀ। ਜਾਂਬਾਜ਼ ਨੇ ਕਿਹਾ ਸੀ, "ਸ਼ੁਭਵੰਤ ਮੈਂ ਹੁਣ ਬੁਢਾ ਹੋ ਗਿਆ ਹਾਂ ਤੇ ਕਮਜ਼ੋਰ। ਹੁਣ ਮੇਰਾ ਸਿਰ ਅੱਡੀ ਵਡੀ ਪੱਗ ਦਾ ਭਾਰ ਨਹੀਂ ਸਹਾਰ ਸਕਦਾ।" ਸ਼ੁਭਵੰਤ ਨੇ ਉੱਤਰ ਦਿਤਾ ਸੀ:

"ਇਹੋ ਜਿਹੀਆਂ ਮਸ਼ਕਰੀਆਂ ਨਹੀਂ ਕਰੀ ਦੀਆਂ, ਜਾਂਬਾਜ਼। ਕਦੀ ਅੰਮ੍ਰਿਤ ਛਕ ਕੇ ਵੀ ਕੋਈ ਬੁਢਾ ਹੋਇਆ ਹੈ?" ਪਰ ਇਹਨਾਂ ਸ਼ਬਦਾਂ ਦੇ ਬਾਵਜੂਦ ਵੀ ਜਿਹੜੀ ਅਗਲੀ ਪੱਗ ਉਹਨੇ ਬਣਾਈ ਉਹ ਆਕਾਰ ਵਿਚ ਪਹਿਲੀ ਨਾਲੋਂ ਛੋਟੀ ਸੀ। ਜਦੋਂ ਜਾਂਬਾਜ਼ ਨੇ ਇਹ ਨਵੀ ਤਿਆਰ ਕੀਤੀ ਪੱਗ ਬੰਨ੍ਹੀ ਤਾਂ ਉਹ ਆਪਣੇ ਆਪ ਵਿਚ ਮੁਸਕਰਾਇਆ ਤੇ ਉਹਨੂੰ ਖੁਸ਼ੀ ਦਾ ਇਕ ਹਿਲੌਰਾ ਆਇਆ, ਪਰ ਉਸ ਆਖਿਆ ਕੁਝ ਨਾ।

ਕਿਵੇਂ ਐਨੇ ਵਰ੍ਹੇ ਜਵਾਨੀ ਪਿਛੇ ਛਡ ਕੇ ਵੀ ਕਿਸੇ ਦੇ ਸੂਖਸ਼ਮ ਪਿਆਰ ਤੇ ਮੋਹ ਦੀ ਹਿਰਸ ਨਹੀਂ ਮੁਕਦੀ? ਕਿਵੇਂ ਮਨੁਖ ਸਦਾ ਸਦਾ ਇਹੋ ਚਾਹੁੰਦਾ ਰਹਿੰਦਾ ਹੈ ਕਿ ਕੋਈ ਉਹਨੂੰ ਆਪਣਾ ਸਮਝੇ ਕਿ ਕੋਈ ਉਹਦੇ ਵਾਸਤੇ ਉਚੇਚ ਕਰੇ, ਕਿ ਕੋਈ ਉਹਦੇ ਸਾਥ ਦਾ ਦੰਮ ਕਰੇ? ਏਵੇਂ ਹੀ ਐਤਕੀ ਬਿਮਾਰ ਪੈਣ ਉੱਤੇ ਸ਼ੋਭੀ ਨੇ ਮਹਿਸੂਸ ਕੀਤਾ। ਕੋਈ ਹੈ ਕਿ ਜਿਹੜਾ ਉਹਦੇ ਵਾਸਤੇ ਉਚੇਚ ਕਰਦਾ ਹੈ ਕਿ ਜਿਹੜਾ ਉਹਦਾ ਸਾਥ ਮੰਗਦਾ ਹੈ ਕਿ ਉਹਦੇ ਵਾਸਤੇ ਦੁਨੀਆਂ ਦੇ ਹੋਰ ਕੰਮ ਛਡ ਸਕਦਾ ਹੈ ਕਿ ਜਿਦ੍ਹੇ ਵਾਸਤੇ ਉਹਦੀ ਜ਼ਿੰਦਗੀ ਕੋਈ ਕੀਮਤ ਰਖਦੀ ਹੈ, ਮੁਲ ਰਖਦੀ ਹੈ।

੫੭

ਇਉਂ ਸ਼ੋਭੀ ਨੂੰ ਜਗਾ ਕੇ ਜਾਂਬਾਜ਼ ਕੰਠੇ ਤੋਂ ਉਤਰਦਾ ਤੇ ਉਹਦੀਆਂ ਅੱਖਾਂ ਧੋਣ ਵਾਸਤੇ ਕੋਸਾ ਪਾਣੀ ਲਿਆਉਂਦਾ। ਪਹਿਲੇ ਪਹਿਲੇ ਉਹ ਸ਼ੋਭੀ ਨੂੰ ਉਠਾਣ ਤੋਂ ਅਗੋਂ ਦ ਹੀ ਇਹ ਪਾਣੀ ਉੱਪਰ ਲੈ ਆਉਂਦਾ ਸੀ। ਪਰ ਸ਼ੋਭੀ ਕਦੀ ਦੇਰ ਨਾਲ ਉਠਦੀ, ਕਦੀ ਜਲਦੀ। ਇਸੇ ਲਈ ਇਹ ਪਾਣੀ ਵੀ ਕਦੀ ਲੋੜ ਤੋਂ ਵਧ ਗਰਮ ਹੁੰਦਾ ਕਦੀ ਠੰਢਾ। ਸੋ ਉਹ ਹੁਣ ਉਹਨੂੰ ਉਠਾ ਕੇ ਹੀ ਫਟਕੜੀ-ਘੁਲਿਆ ਕੋਸਾ ਕੋਸਾ ਪਾਣੀ ਲਿਆਉਂਦਾ। ਸ਼ੋਭੀ ਆਪਣਾ ਸਿਰ ਉਪਰ ਕਰ ਲੈਂਦੀ ਤੇ ਬਿਸਤਰਾ ਚਰਾ ਹੇਠਾਂ ਛਿਕ ਲਿਆ ਜਾਂਦਾ ਤਾਂ ਜੋ ਪਾਣੀ ਬਿਸਤਰੇ ਨੂੰ ਖ਼ਰਾਬ ਨਾ ਕਰੇ। ਫਿਰ ਜਾਂਬਾਜ਼ ਰੂੰ ਦੇ ਫੰਬੇ ਪਾਣੀ ਵਿਚ ਭਿਉਂ ਭਿਉਂ ਕੇ ਸ਼ੋਭੀ ਦੀਆਂ ਅੱਖਾਂ ਸਾਫ਼ ਕਰਦਾ।

ਉਹ ਅੱਖਾਂ ਵੀ ਧੋਈ ਜਾਂਦਾ ਤੇ ਨਾਲੋ ਨਾਲ ਉਹ ਤੇ ਸ਼ੋਭੀ ਗੱਲਾਂ ਵੀ ਕਰੀ ਜਾਂਦੇ। ਇਹੋ ਸਾਧਾਰਨ ਤੇ ਆਮ ਗੱਲਾਂ — ਪਰ ਸਾਧਾਰਨ ਤੇ ਆਮ ਗੱਲਾਂ ਜਿਨ੍ਹਾਂ ਵਿਚੋਂ ਕਿ ਮੋਹ ਤੇ ਅਪਣੱਤ ਛਲਕ ਛਲਕ ਡੁਲ੍ਹਦੀ। "ਰੱਬ ਕਰੇ ਤੇਰੀਆਂ ਅੱਖਾਂ ਜਲਦੀ ਠੀਕ ਹੋ ਜਾਣ," ਕਦੀ ਉਹ ਆਖਦਾ, "ਇਹ ਤਾਂ ਤਾਪ ਨਾਲੋਂ ਵੀ ਵਧ ਦੁਖਦਾਇਕ ਹਨ।" "ਪਤਾ ਨਹੀਂ ਐਤਕੀਂ ਹੋ ਕੀ ਗਿਆ ਹੈ। ਮੇਰੀਆਂ ਤਾਂ ਸਾਰੀ ਉਮਰ ਅੱਖਾਂ ਦੁਖਣੀਆਂ ਨਹੀਂ ਸਨ ਆਈਆਂ, ਬੁਖਾਰ ਭਾਵੇਂ ਕਈ ਵਾਰ ਚੜ੍ਹਿਆ ਹੈ।" ਕਦੀ ਜਾਂਬਾਜ਼ ਹੱਸਦਾ ਹੋਇਆ ਆਖਦਾ, "ਤੂੰ ਜ਼ਰੂਰ ਕੋਈ ਇਹੋ ਜਿਹੀ ਚੀਜ਼ ਵੇਖੀ ਹੋਣੀ ਹੈ ਜਿਹੜੀ ਤੈਨੂੰ ਨਹੀਂ ਸੀ ਵੇਖਣੀ ਚਾਹੀਦੀ।"

Scanned by CamScanner

"ਇਸ ਉਮਰ ਵਿਚ ਸਿਵਾਏ ਸਿਵਿਆਂ ਦੇ ਹੋਰ ਕੀ ਵੇਖਣਾ ਬਾਕੀ ਹੈ।" ਇਹੋ ਜਿਹੇ ਅਸ਼ੁਭ ਬੋਲ ਸੁਣ ਕੇ ਹਮੇਸ਼ਾ ਜਾਂਬਾਜ਼ ਨਾਰਾਜ਼ ਹੋ ਜਾਂਦਾ। "ਤੈਨੂੰ ਕਈ ਵਾਰ ਕਿਹਾ ਹੈ ਸ਼ੁਭਵੰਤ ਕਿ ਤੂੰ ਇਹੋ ਜਿਹੀਆਂ ਅਪਸ਼ਗਨੀਆਂ ਨਾ ਕਿਹਾ ਕਰ, ਪਰ ਤੂੰ ਹੈਂ ਕਿ ਬਾਜ਼ ਨਹੀਂ ਆਉਂਦੀ...।"

ਬੇਬਕ ਇਸਤਰੀ ਇਹੋ ਜਿਹੀਆਂ ਅਪਸ਼ਗਨੀਆਂ ਕਰਨ ਤੋਂ ਬਾਜ਼ ਨਹੀਂ ਆਉਂਦੀ। ਉਹ ਹਮੇਸ਼ਾ ਆਪਣੀ ਮੌਤ ਦਾ ਜ਼ਿਕਰ ਆਪਣੇ ਪਿਆਰੇ ਜਾਂ ਪਤੀ ਅਗੇ ਕਰਦੀ ਹੈ। ਸ਼ਾਇਦ ਇਹ ਇਕ ਤਰੀਕਾ ਹੈ ਕਿ ਜਿਸ ਰਾਹੀਂ ਉਹ ਆਪਣੇ ਪ੍ਰੇਮੀ ਕੋਲੋਂ ਉਹਦੇ ਪਿਆਰ ਦੀ ਪਕਿਆਈ ਮੰਗਦੀ ਹੈ। ਉਹ ਜਾਣਨਾ ਚਾਹੁੰਦੀ ਹੈ ਕਿ ਉਹਦਾ ਆਦਮੀ ਜਾਂ ਉਹਦਾ ਪ੍ਰੇਮੀ ਉਹਦੀ ਮੌਤ ਦੀ ਪ੍ਰਸਤਾਵਨਾ ਨੂੰ ਕਿਸ ਤਰ੍ਹਾਂ ਸਵੀਕਾਰ ਕਰਦਾ ਹੈ ? ਜੇ ਆਦਮੀ ਗ਼ੁਸੇ ਹੋਵੇ ਤੇ ਆਖੇ ਕਿ ਉਹ ਉਹਦੇ ਬਗ਼ੈਰ ਜ਼ਿੰਦਾ ਨਹੀਂ ਰਹਿ ਸਕਦਾ ਤਾਂ ਔਰਤ ਨੂੰ ਖ਼ੁਸ਼ੀ ਹੁੰਦੀ ਹੈ। ਉਹ ਮਹਿਸੂਸ ਕਰਦੀ ਹੈ ਕਿ ਉਹ ਐਵੇਂ ਹੀ ਨਹੀਂ ਜੀ ਰਹੀ। ਉਹਦੀ ਜ਼ਿੰਦਗੀ ਦਾ ਕੋਈ ਅਰਥ ਹੈ। ਸੱਠਾਂ ਸੱਤਰਾਂ ਵਰ੍ਹਿਆਂ ਦੀ ਇਸਤਰੀ ਤੇ ਪੰਦਰ੍ਹਾਂ ਵੀਹਾਂ ਵਰ੍ਹਿਆਂ ਦੀ ਜੁਆਨ ਕੁੜੀ ਵਿਚ ਇਸ ਪੱਖੋਂ ਕੋਈ ਭਿੰਨਤਾ ਨਹੀਂ।

ਜਦੋਂ ਸ਼ੁਭੀ ਦੀਆਂ ਅੱਖਾਂ ਸਾਫ਼ ਹੋ ਜਾਂਦੀਆਂ ਤਾਂ ਜਾਂਬਾਜ਼ ਆਖਦਾ : "ਉਹ ਵੇਖ ਸੋਨ ਚਿੜੀ ਉਡ ਗਈ।" ਏਸੇ ਤਰ੍ਹਾਂ ਹੀ ਉਹ ਆਪਣੇ ਪੋਤਰੇ ਦਲੇਰ ਨੂੰ ਵਿਲਚਾਇਆ ਕਰਦਾ ਸੀ ਤੇ ਏਸੇ ਤਰ੍ਹਾਂ ਹੀ ਉਹ ਸ਼ੁਭੀ ਨੂੰ ਵਿਲਚਾਂਦਾ। ਸ਼ੁਭੀ ਵੀ ਅੱਖਾਂ ਖੋਲ੍ਹਦੀ, ਕਹਿੰਦੀ, "ਕਿਥੇ ਹੈ ਸੋਨ ਚਿੜੀ ?"

ਬਹੁਤ ਵਾਰੀ ਇਹਨਾਂ ਵੇਲਿਆਂ ਤੇ ਦਲੇਰ ਵੀ ਦਾਦੇ ਤੇ ਦਾਦੀ ਕੋਲ ਆ ਜਾਂਦਾ। ਉਹ ਹੁਣ ਚਾਰ ਸਾਢੇ ਚਾਰ ਸਾਲ ਦਾ ਹੋ ਚੁਕਾ ਸੀ ਤੇ ਸਿਖੀ ਵਾਸਤੇ ਪ੍ਰੇਮ ਉਹਦੀਆਂ ਨੱਸਾਂ ਵਿਚ ਰਚ ਰਿਹਾ ਸੀ। ਕਿਸ ਤਰ੍ਹਾਂ ਚੌਹਾਂ ਪੰਜਾਂ ਜਾਂ ਦੋਵੇਂ ਤਰ੍ਹਾਂ ਕਿ ਦੋਹਾਂ ਤਿੰਨਾਂ ਸਾਲਾਂ ਦੇ ਬੱਚੇ ਘਰ ਵਿਚ ਪਸਰੇ ਵਾਤਾਵਰਨ ਤੋਂ ਚੀਜ਼ਾਂ ਗ੍ਰਹਿਣ ਕਰਦੇ ਹਨ ਉਹ ਵੀ ਬੜਾ ਹੈਰਾਨੀ ਜਨਕ ਹੈ। ਵੱਡੇ ਜਾਣਨ ਤੇ ਮਹਿਸੂਸ ਕਰਨ ਭਾਵੇਂ ਨਾ, ਪਰ ਬੱਚਾ ਜੋ ਕੁਝ ਵੇਖਦਾ ਤੇ ਸੁਣਦਾ ਹੈ ਉਹਦਾ ਅਸਰ ਬੜੀ ਤੇਜ਼ੀ ਨਾਲ ਕਬੂਲਦਾ ਹੈ।

ਉਹਨਾਂ ਦਿਨਾਂ ਵਿਚ ਸਿਖ ਟੱਬਰਾਂ ਤੇ ਘਰਾਣਿਆਂ ਅੰਦਰ ਸਿਵਾਏ ਲੜਾਈਆਂ, ਮੁਹਿੰਮਾਂ, ਮੁਗ਼ਲਾਂ ਤੇ ਪਠਾਣਾਂ ਦੇ ਜ਼ੁਲਮਾਂ ਤੇ ਗੁਰੂ ਦੇ ਪ੍ਰੇਮ ਤੋਂ ਹੋਰ ਕਿਹੜੀਆਂ ਗੱਲਾਂ ਹੁੰਦੀਆਂ ਸਨ ? ਹਰ ਸਿਖ ਟੱਬਰ ਦੀ ਟੇਕ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਪਿਆਰ ਸੀ। ਗੁਰਦੁਆਰੇ ਵਿਚ ਵਿਸ਼ਵਾਸ ਤੇ ਮੁਗ਼ਲਾਂ ਜਾਂ ਪਠਾਣਾਂ ਕੋਲੋਂ ਪੰਜਾਬ ਖੋਹਣ ਦੀ ਦ੍ਰਿੜਤਾ। ਇਹਨਾਂ ਮੁਆਮਲਿਆਂ ਬਾਰੇ ਹੀ ਹਰ ਆਏ ਗਏ ਨਾਲ ਗੱਲ ਹੁੰਦੀ ਤੇ ਇਹੋ ਗੱਲਾਂ ਹੀ ਘਰਾਂ ਵਿਚ ਬਾਲਕ ਸੁਣਦੇ ਤੇ ਵੇਖਦੇ।

ਏਸੇ ਲਈ ਚੌਹਾਂ ਪੰਜਾਂ ਸਾਲਾਂ ਦਾ ਬਾਲਕ, ਗੁਰੂ ਗੋਬਿੰਦ ਸਿੰਘ, ਗੁਰਦੁਆਰੇ, ਸਰਹਿੰਦ, ਅੰਮ੍ਰਿਤਸਰ ਤੇ ਹੋਰ ਚਲੰਤ ਖ਼ਬਰਾਂ ਤੋਂ ਚੰਗੀ ਤਰ੍ਹਾਂ ਜਾਣੂ ਹੁੰਦਾ ਸੀ। ਠੀਕ, ਉਹ ਇਹਨਾਂ ਮੁਆਮਲਿਆਂ ਦੀ ਅੰਤ੍ਰੀਵ ਮਹੱਤਤਾ ਨਹੀਂ ਸੀ ਸਮਝਦਾ ਪਰ ਇਹ ਜ਼ਰੂਰ ਸਮਝਦਾ ਸੀ ਕਿ ਇਹੋ ਮੁਆਮਲੇ ਹੀ ਚਲੰਤ ਤੇ ਗੌਰਵ ਹਨ।

ਦਲੇਰ ਸਿੰਘ ਵੀ ਪਿਛਲੇ ਪੰਜਾਂ ਛੇਆਂ ਮਹੀਨਿਆਂ ਤੋਂ ਆਪਣੇ ਗਲ਼ ਵਿਚ ਇਕ ਨਿਕੀ ਜਿਹੀ ਕਿਰਪਾਨ ਲਟਕਾਈ ਰਖਦਾ ਸੀ। ਮਜਾਲ ਹੈ ਜੇ ਗਾਤਰਾ ਗਲੋਂ ਲਾਹਵੇ। ਰਾਤੀਂ ਸੌਣ ਲਗਿਆਂ ਵੀ ਚਿੱਦ ਕਰ ਕੇ ਕਿਰਪਾਨ ਪਾਈ ਰਖਦਾ। ਜਦੋਂ ਕੋਈ ਇਸ ਬਾਰੇ ਪੁਛਦਾ ਤਾਂ ਆਖਦਾ, "ਇਹ ਗੁਰੂ ਨੀਲੇ ਘੋੜੇ ਵਾਲੇ ਦਾ ਹੁਕਮ ਹੈ।" ਕਦੀ ਦਸਦਾ, "ਮੈਂ ਇਸ ਕਿਰਪਾਨ ਨਾਲ ਪਠਾਣਾਂ ਨੂੰ ਮਾਰਨਾ ਹੈ।"

ਦਲੇਰ ਹੀ ਨਹੀਂ, ਉਸ ਜ਼ਮਾਨੇ ਵਿਚ ਚੌਹਾਂ ਚੌਹਾਂ ਪੰਜਾਂ ਪੰਜਾਂ ਸਾਲਾਂ ਦੇ ਅਨੇਕ ਬਾਲਕ ਕਿਰਪਾਨਾਂ ਲਟਕਾਈ ਫਿਰਦੇ ਸਨ, ਵੇਲੇ ਕੁਵੇਲੇ ਜੈਕਾਰੇ ਛਡਦੇ ਸਨ, ਆਪਣੀ ਤਾਕਤ ਤੇ ਬਾਹੂ ਬਲ ਦੀ ਪ੍ਰਦਰਸ਼ਨੀ ਕਰਦੇ ਸਨ ਤੇ ਪੰਜਾਬ ਵਿਚ ਆਪਣੀ ਹਕੂਮਤ ਕਾਇਮ ਕਰਨ ਦੇ ਸੁਪਨੇ ਲੈਂਦੇ ਸਨ। ਸ਼ਾਇਦ ਉਸ ਸਮੇਂ ਦੀ ਇਹੋ ਸੱਚੀ ਸਪਿਰਟ ਸੀ।

ਦਲੇਰ ਦੇ ਉਤਸ਼ਾਹ ਤੇ ਉਹਦੇ ਪ੍ਰੇਮ ਨੂੰ ਵੇਖ ਕੇ ਸਭ ਤੋਂ ਵਧ ਖ਼ੁਸ਼ੀ ਜਾਂਬਾਜ਼ ਨੂੰ ਹੁੰਦੀ ਤੇ ਸ਼ਾਇਦ ਉਸ ਤੋਂ ਵੀ ਵਧ ਸ਼ੁਭੀ ਨੂੰ। ਘਰ ਵਿਚ ਬੱਚੇ ਤਾਂ ਹੋਰ ਵੀ ਹੋਏ ਸਨ ਪਰ ਦਲੇਰ ਦੀ ਛਬ ਨਿਰਾਲੀ ਹੀ ਸੀ। ਸੁਬੇਗ ਤੋਂ ਵੀ ਵਧ ਉਹ ਹਰ ਇਕ ਨੂੰ ਸ਼ਾਹਬਾਜ਼ ਵਾਂਗ ਲਗਦਾ। ਜਦੋਂ ਵੀ ਜਾਂਬਾਜ਼ ਘਰ ਆਉਂਦਾ ਦਲੇਰ ਜਾਂ ਉਹਦੇ ਕੁੱਛੜ ਹੁੰਦਾ ਜਾਂ ਉਹਦੇ ਸਾਥ ਵਿਚ। ਸ਼ੁਭੀ ਦੀ ਸੇਵਾ ਵਿਚ ਵੀ ਦਲੇਰ ਸਾਰਿਆਂ ਨਾਲੋਂ ਦੇਰ ਜਾਂਬਾਜ਼ ਦਾ ਹੱਥ ਵਟਾਉਂਦਾ।

Scanned by CamScanner

ਜਦੋਂ ਦਲੇਰ ਕੋਲ ਹੁੰਦਾ ਸ਼ੋਭੀ ਤੇ ਜਾਂਬਾਜ਼ ਆਪੋ ਵਿਚ ਗੱਲਾਂ ਕਰਦੇ ਉਹਦੇ ਕੋਲੋਂ ਵੀ ਸਵਾਲ ਪੁਛਦੇ ਤੇ ਉਹਦੇ ਸਵਾਲਾਂ ਦਾ ਉੱਤਰ ਦੇਂਦੇ। ਸ਼ੋਭੀ ਦੀਆਂ ਅੱਖਾਂ ਧੋ ਕੇ ਉਹਨਾਂ ਵਿਚ ਦਵਾਈ ਪਾਈ ਜਾਂਦੀ। ਅੰਨੇ ਚਿਰ ਵਿਚ ਕਦੀ ਜੀਵਨ ਕੋਰ ਤੇ ਕਦੀ ਸੁਰਿੰਦਰ, ਘੁੱਟੀ ਹੋਈ ਗਿਲ੍ਹੇ ਤੇ ਜਵਾਇਣ ਦੀ ਭਰੀ ਕੋਲੀ ਲੈ ਆਉਂਦੀ। ਜਾਂਬਾਜ਼ ਉਹਨਾਂ ਹੱਥੋਂ ਕੋਲੀ ਫੜ ਕੇ ਆਪ ਸ਼ੋਭੀ ਨੂੰ ਪਿਲਾਂਦਾ ਤੇ ਫਿਰ ਉਹਨੂੰ ਉਠਾ ਕੇ ਥੱਲੇ ਲੈ ਆਂਦਾ।

ਕਮਜ਼ੋਰ ਹੋ ਚੁਕੀ ਸ਼ੋਭੀ ਨੂੰ ਥੱਲੇ ਲਿਆਉਣਾ ਆਸਾਨ ਨਹੀਂ ਸੀ। ਪੌੜੀ ਬਾਂਸ ਦੀ ਸੀ ਤੇ ਕਾਫੀ ਛੋਟੀ। ਹੈ ਸੀ ਵੀ ਪੁਰਾਣੀ ਤੇ ਜ਼ਰਾ ਜ਼ਰਾ ਹਿਲਦੀ। ਜਾਂਬਾਜ਼ ਪਹਿਲੇ ਆਪ ਇਕ ਦੋ ਡੰਡੇ ਥੱਲੇ ਉਤਰਦਾ ਤੇ ਫਿਰ ਸ਼ੋਭੀ ਨੂੰ ਸਹਾਰਾ ਦੇ ਕੇ ਵਾਰੋ ਵਾਰ ਇਕ ਇਕ ਡੰਡੇ ਤੋਂ ਉਤਾਰਦਾ। ਇੰਜੇ ਹੀ ਉਹ ਸ਼ਾਮ ਵੇਲੇ ਸਹਾਰਾ ਦੇ ਕੇ ਉਹਨੂੰ ਕੋਠੇ ਉੱਤੇ ਚੜ੍ਹਾਂਦਾ ਸੀ।

ਹਕੀਮ ਦੇ ਆਖੇ ਅਨੁਸਾਰ ਦਲਦੀਆਂ ਦੁਪਹਿਰਾਂ ਵੇਲੇ ਫਿਰ ਅੱਖਾਂ ਧੋਣੀਆਂ ਹੁੰਦੀਆਂ ਤੇ ਦਵਾਈ ਪਾਣੀ ਹੁੰਦੀ ਸੀ। ਜਾਂਬਾਜ਼ ਉਹ ਵੀ ਕਰਦਾ ਤੇ ਤੀਜੀ ਵਾਰੀ ਫਿਰ ਰਾਤੀਂ ਉਹ ਅੱਖਾਂ ਧੋਂਦਾ ਤੇ ਦਵਾਈ ਪਾਂਦਾ। ਸੋਣ ਤੋਂ ਪਹਿਲਾਂ, ਸਵੇਰ ਵਾਂਗ ਰਾਤੀਂ ਵੀ ਸ਼ੋਭੀ ਦੀਆਂ ਅੱਖਾਂ ਧੋਂਦਾ ਜਾਂਬਾਜ਼ ਉਹਦੇ ਨਾਲ ਗੱਲਾਂ ਕਰਦਾ। "ਮੈਂ ਤੇਰਾ ਦੇਣਾਂ ਕਦੋਂ ਦਿਆਂਗੀ ਜਾਂਬਾਜ਼," ਸ਼ੋਭੀ ਕਹਿੰਦੀ: "ਜੋ ਤੂੰ ਨਾ ਹੁੰਦਾ ਤਾਂ ਮੈਨੂੰ ਇਹ ਬਿਮਾਰੀ ਲੈ ਹੀ ਬਹਿੰਦੀ ਤੇ ਲਾਹੌਰ ਵੇਖਣ ਦੀ ਮੇਰੀ ਸੱਧਰ ਦਿਲ ਵਿਚ ਹੀ ਰਹਿ ਜਾਂਦੀ।" "ਤੂੰ ਨਹੀਂ, ਸ਼ੁਭਵੰਤ ਮੈਨੂੰ ਥੋਹ ਨਹੀਂ ਲਗਦਾ ਕਿ ਮੈਂ ਤੇਰਾ ਦੇਣਾ ਕਿਵੇਂ ਦਿਆਂਗਾ," ਜਾਂਬਾਜ ਉੱਤਰ ਦੇਂਦਾਂ। "ਮੈਂ ਤਾਂ ਸਾਰੀ ਜ਼ਿੰਦਗੀ ਵਿਚ ਸਿਰਫ ਇਕ ਵਾਰ ਤੇਰੀ ਦੇਖ ਭਾਲ ਕੀਤੀ ਹੈ ਤੇ ਤੂੰ ਪਤਾ ਨਹੀਂ ਕਿੰਨੇ ਵਰ੍ਹਿਆਂ ਤੋਂ ਮੇਰਾ ਖ਼ਿਆਲ ਰਖਦੀ ਆਈਂ ਹੈ ?" "ਸ਼ਾਇਦ ਮੈਂ ਪਿਛਲੇ ਜਨਮ ਦਾ ਤੇਰਾ ਕੁਝ ਦੇਣਾ ਹੋਵੇ," ਸ਼ੋਭੀ ਮੁਸਕਰਾ ਕੇ ਆਖਦੀ। "ਪਰ ਅੰਨਾ ਕੁਝ ਦੇਣਾ ਵੀ ਕੀ ਆਖ ? ਨਹੀਂ, ਮੈਨੂੰ ਵਿਸ਼ਵਾਸ ਹੈ ਕਿ ਮੈਂ ਕਿਸੇ ਜਨਮ ਵਿਚ ਵੀ ਤੇਰੇ ਜਾਂ ਕਿਸੇ ਹੋਰ ਉੱਤੇ ਕੋਈ ਖ਼ਾਸ ਅਹਿਸਾਨ ਨਹੀਂ ਕੀਤੇ ਹੋਣੇ।"

ਸਾਵਣ ਦਾ ਮਹੀਨਾ ਸ਼ੁਰੂ ਹੋਇਆ ਤੇ ਮਹੀਨੇ ਦੇ ਸ਼ੁਰੂ ਹੁੰਦਿਆਂ ਸਾਰ ਹੀ ਝੜੀ ਲਗ ਗਈ। ਬਾਰਸ਼ਾਂ ਹੋਈਆਂ ਤੇ ਸ਼ੋਭੀ ਦੀਆਂ ਅੱਖਾਂ ਠੀਕ ਹੋ ਗਈਆਂ, ਜਿਵੇਂ ਬਸ ਮੀਹਾਂ ਦੀ ਹੀ ਉਡੀਕ ਹੋਵੇ ਪਰ ਉਹਦਾ ਤਾਪ ਨਾ ਉਤਰਿਆ। ਇਕ ਵਾਰ ਟੁਟ ਕੇ ਫਿਰ ਚੜ੍ਹ ਗਿਆ। ਤੇ ਸਭ ਨੇ ਆਖਿਆ ਕਿ ਟੁਟ ਕੇ ਚੜ੍ਹਿਆ ਤਾਪ ਬੜਾ ਖ਼ਤਰਨਾਕ ਹੁੰਦਾ ਹੈ। ਜਾਂਬਾਜ਼ ਨੂੰ ਦੁਖ ਹੋਇਆ, ਬੜਾ ਦੁਖ। ਪਹਿਲੀ ਵਾਰ ਸ਼ਾਇਦ ਜਾਂਬਾਜ਼ ਦੇ ਸਾਹਮਣੇ ਸ਼ੋਭੀ ਦੀ ਮੌਤ ਦੀ ਪ੍ਰਸਤਾਵਨਾ ਪੇਸ਼ ਆਈ ਤੇ ਹੁਣ ਉਹਨੂੰ ਲਗਾ ਕਿ ਨਿਰਸੰਦੇਹ ਉਹ ਸ਼ੋਭੀ ਦੀ ਮੌਤ ਵਾਸਤੇ ਤਿਆਰ ਨਹੀਂ। ਉਹਨੂੰ ਲਗਾ ਕਿ ਸ਼ੋਭੀ ਨੂੰ ਕੁਝ ਹੋ ਗਿਆ ਤਾਂ ਉਹਦੇ ਵਾਸਤੇ ਜ਼ਿੰਦਗੀ ਕੋਝੀ ਕਠਨ ਹੋ ਜਾਏਗੀ। ਇਕ ਇਕ ਕਰ ਕੇ ਸਾਰੇ ਬੀਤੇ ਵਰ੍ਹੇ ਉਹਦੇ ਨੈਣਾਂ ਅਗੇ ਵਿਚਰ ਗਏ। ਇਕ ਇਕ ਕਰ ਕੇ ਉਸ ਸਭ ਉਹ ਘਟਨਾਵਾਂ ਤੇ ਅਵਸਰ ਯਾਦ ਕੀਤੇ ਜਦੋਂ ਸ਼ੋਭੀ ਦੇ ਸਾਥ ਵਿਚੋਂ ਉਹਨੂੰ ਸੁਖ ਤੇ ਸ਼ਾਂਤੀ ਤੇ ਸਵਾਦ ਮਿਲਿਆ ਸੀ। ਉਹਨੂੰ ਆਪਣੇ ਵਾਸਤੇ ਸ਼ੋਭੀ ਦਾ ਮੋਹ ਟੁੰਬਦਾ ਤੇ ਉਹਨੂੰ ਜਾਪਦਾ ਕਿ ਉਹਨੇ ਸ਼ੋਭੀ ਨਾਲ ਨਿਆਂ ਨਹੀਂ ਕੀਤਾ। ਉਸ ਉਹਦਾ ਪਿਆਰ ਉਸੇ ਤੀਬਰਤਾ ਨਾਲ ਨਹੀਂ ਮੋੜਿਆ। ਉਹਨੂੰ ਲਗਦਾ ਕਿ ਉਸ ਸ਼ੋਭੀ ਦਾ ਅਜੇ ਬੜਾ ਕੁਝ ਦੇਣਾ ਹੈ।

ਜੇ ਸ਼ੋਭੀ ਮਰ ਗਈ, ਉਹ ਸੋਚਦਾ, ਤਾਂ ਉਹ ਇਹ ਭਾਰ ਕਿਵੇਂ ਲਾਹੇਗਾ। ਇਹ ਭਾਰਾ ਆਪਣੇ ਸਿਰ ਲੈ ਕੇ ਉਹਦੇ ਵਾਸਤੇ ਮੰਰਨਾ ਬੜਾ ਮੁਸ਼ਕਲ ਹੋਵੇਗਾ। ਅੰਨੀ ਲੰਮੀ ਜ਼ਿੰਦਗੀ ਤੇ ਮੌਤ ਵੇਲੇ ਸਿਰ ਉੱਤੇ ਇਹੋ ਜਿਹਾ ਭਾਰ ? ਨਹੀਂ, ਇਹ ਨਹੀਂ ਹੋ ਸਕਦਾ। ਜਾਂਬਾਜ਼ ਆਪਣੇ ਸਿਰੋਂ ਸਾਰੇ ਭਾਰ ਲਾਹ ਕੇ ਹੀ ਮਰਨਾ ਚਾਹੁੰਦਾ ਸੀ। ਤੇ ਫਿਰ ਸ਼ੋਭੀ ਨੇ ਤਾਂ ਅਜੇ ਤਕ ਲਾਹੌਰ ਨਹੀਂ ਸੀ ਵੇਖਿਆ। ਇਹ ਇਕ ਸ਼ੈ ਸੀ ਜਿਦ੍ਹਾ ਜਾਂਬਾਜ਼ ਨੂੰ ਆਪ ਵੀ ਚਾਅ ਸੀ। ਉਹਦੀ ਆਪਣੀ ਵੀ ਇਹ ਲਾਲਸਾ ਸੀ ਕਿ ਉਹ ਸ਼ੋਭੀ ਨੂੰ ਆਪ ਲਾਹੌਰ ਵਿਖਾਵੇ। ਏਸੇ ਲਈ ਤਾਂ ਉਹ ਆਪਣੀ ਨਿੱਜੀ ਲਾਲਸਾ ਖ਼ਤਮ ਹੋ ਜਾਣ ਉੱਤੇ ਵੀ ਲੜਾਈਆਂ ਲੜ ਰਿਹਾ ਸੀ।

ਇਹੋ ਜਿਹੀਆਂ ਸੋਚਾਂ ਸੋਚ ਕੇ ਜਾਂਬਾਜ਼ ਕੂਕਿਆ, "ਨਹੀਂ ਸ਼ੋਭੀ ਹਾਲੇ ਨਹੀਂ ਮਰ ਸਕਦੀ, ਮੈਂ ਅਜੇ ਉਹਦਾ ਬੜਾ ਕੁਝ ਦੇਣਾ ਹੈ।" ਉਸ ਦਿਨ ਤੋਂ ਉਹ ਸ਼ੋਭੀ ਦੀ ਸੇਵਾ ਪਹਿਲੇ ਤੋਂ ਵੀ ਵਧੇਰੀ ਮਿਹਨਤ ਤੇ ਧਿਆਨ ਨਾਲ ਕਰਨ ਲਗਾ। ਉਹ ਸੁੱਤਾ ਸੁੱਤਾ ਅੱਬੜ-ਵਾਹੇ ਉਠ ਬੈਠਦਾ ਤੇ ਪੱਕ ਕਰਦਾ ਕਿ ਸ਼ੋਭੀ ਅਜੇ ਤਕ ਜੀ ਰਹੀ ਹੈ। ਉਸ ਇਕ ਨਹੀਂ ਦੋ, ਤਿੰਨ, ਚਾਰ ਹਕੀਮ ਹੋਰ ਬੁਲਾਏ। "ਸ਼ੋਭੀ ਨੇ ਅਜੇ ਹੋਰ ਜੀਊਣਾ ਹੈ", ਉਹ ਆਖਦਾ, "ਸ਼ੋਭੀ ਲਾਹੌਰ ਵੇਖੇ ਬਗ਼ੈਰ ਨਹੀਂ ਮਰ ਸਕਦੀ।"

Scanned by CamScanner

ਟੱਬਰ ਤੇ ਫ਼ਤਹੇ ਗੜ੍ਹ ਤੇ ਆਲੇ-ਦੁਆਲੇ ਦੇ ਸਭ ਲੋਕਾਂ ਨੂੰ ਸ਼ੋਭੀ ਦੀ ਬਿਮਾਰੀ ਦਾ ਪਤਾ ਸੀ। ਮਾਤਾ ਸ਼ੁਭਵੰਤ ਕੌਰ ਬਿਮਾਰ ਹੋਵੇ ਤੇ ਸਾਰੇ ਇਲਾਕੇ ਨੂੰ ਪਤਾ ਨਾ ਲਗੇ, ਇਹ ਕਿਵੇਂ ਹੋ ਸਕਦਾ ਸੀ ? ਇਕ ਨਹੀਂ ਅਨੇਕ ਲੋਕ ਮਾਤਾ ਸ਼ੁਭਵੰਤ ਦਾ ਹਾਲ ਪੁਛਣ ਵਾਸਤੇ ਆਉਂਦੇ। ਉਹ ਜਾਂਬਾਜ਼ ਤੇ ਸ਼ੋਭੀ ਦਾ ਆਪੋ ਵਿਚ ਪਿਆਰ ਵੇਖਦੇ ਤੇ ਇਕ ਨਵੀਂ ਖਿੱਚ ਨਾਲ ਉਹ ਬਾਬੇ ਤੇ ਮਾਤਾ ਵਲ ਖਿੱਚੇ ਜਾਂਦੇ। ਜਾਂਬਾਜ਼ ਹਰ ਇਕ ਨੂੰ ਇਹੋ ਆਖਦਾ, "ਨਹੀਂ, ਸ਼ੁਭਵੰਤ ਲਾਹੌਰ ਵੇਖੇ ਬਗ਼ੈਰ ਨਹੀਂ ਮਰ ਸਕਦੀ।"

ਏਸੇ ਲਈ ਹੀ ਸ਼ਾਇਦ ਜਦੋਂ ਦੁਨੀਆਂ ਤੇ ਹਕੀਮ ਨਿਰਾਸ਼ ਹੋ ਚੁਕੇ ਸਨ ਜਾਂਬਾਜ਼ ਨਿਰਾਸ਼ ਨਹੀਂ ਸੀ ਹੋਇਆ। ਉਹ ਸ਼ੋਭੀ ਦੀ ਮੌਤ ਨੂੰ ਕਿਸੇ ਤਰ੍ਹਾਂ ਵੀ ਮੰਨਣੋਂ ਇਨਕਾਰੀ ਸੀ। ਜਾਂਬਾਜ਼ ਨੇ ਦਵਾਈਆਂ ਕੀਤੀਆਂ ਤੇ ਪ੍ਰਾਰਥਨਾਵਾਂ ਕੀਤੀਆਂ ਕਿ ਸ਼ੋਭੀ ਦੀ ਬਿਮਾਰੀ ਨੂੰ ਮੋੜਾ ਪੈ ਜਾਵੇ। ਸਾਵਣ ਦੀਆਂ ਝੜੀਆਂ ਨਾਲ ਆਪ ਜਾਂਬਾਜ਼ ਵੀ ਦਮੇ ਦੇ ਦਾਦਿਮੀ ਰੋਗ ਨਾਲ ਪੈ ਗਿਆ, ਉਹਨੂੰ ਹਰ ਰੋਜ਼ ਖੰਘ ਦੇ ਦੌ ਚਾਰ ਦੌਰੇ ਪੈਂਦੇ ਸਨ। ਪਰ ਉਹਨੂੰ ਆਪਣੇ ਦੌਰਿਆਂ ਦੀ ਪ੍ਰਵਾਹ ਨਹੀਂ ਸੀ। ਉਹਨੇ ਸ਼ੋਭੀ ਨੂੰ ਬਚਾਣਾ ਸੀ ਉਹਦਾ ਖ਼ਿਆਲ ਰਖਣਾ ਸੀ।

ਸ਼ੋਭੀ ਆਖਦੀ, "ਜਾਂਬਾਜ਼ ਤੂੰ ਆਪਣੀ ਹਾਲਤ ਵੇਖ। ਇਹ ਤੇਰੇ ਆਰਾਮ ਕਰਨ ਦਾ ਵਕਤ ਹੈ। ਘਰ ਵਿਚ ਹੋਰ ਕਈ ਜੀ ਹਨ। ਮੇਰੀ ਦੇਖ ਭਾਲ ਹੁੰਦੀ ਰਹੇਗੀ।" "ਨਹੀਂ ਸ਼ੁਭਵੰਤ ਤੂੰ ਜਿਥੇ ਮੈਨੂੰ ਐਨੇ ਵਰ੍ਹੇ ਸੁਖ ਪਹੁੰਚਾਇਆ ਹੈ ਉਥੇ ਮੈਂ ਕੀ ਦੋ ਮਹੀਠੇ ਵੀ ਤੇਰਾ ਖ਼ਿਆਲ ਨਹੀਂ ਰਖ ਸਕਦਾ ? ਤੂੰ ਨਹੀਂ ਜਾਣਦੀ ਮੈਂ ਤੇਰਾ ਕਿੰਨਾ ਕੁਝ ਦੇਣਾ ਹੈ।" "ਇਹੋ ਜਿਹੀਆਂ ਗੱਲਾਂ ਨਾ ਕਰਿਆ ਕਰ, ਜਾਂਬਾਜ਼। ਮੇਰੇ ਉੱਤੇ ਖ਼ਾਹਮਖ਼ਾਹ ਭਾਰ ਚੜ੍ਹਾਂਦਾ ਏਂ। ਮੈਂ ਕੀ ਹਾਂ ਤੇ ਕਿਸ ਜੋਗੀ ਹਾਂ।"

ਸ਼ੋਭੀ ਨੂੰ ਰਾਤੀਂ ਤਾਪ ਨਾ ਸੌਣ ਦੇਂਦਾ ਤੇ ਜਾਂਬਾਜ਼ ਨੂੰ ਖੰਘ ਦੇ ਦੌਰੇ। ਦੋਵੇਂ ਇਕ ਦੂਜੇ ਦੇ ਕੋਲੋਂ ਕੋਲ ਲੇਟੇ ਕਈ ਚੁਪ ਹੋ ਜਾਂਦੇ ਤੇ ਕਦੀ ਫਿਰ ਗੱਲਾਂ ਕਰਨ ਲਗ ਜਾਂਦੇ। ਜਦੋਂ ਜਾਂਬਾਜ਼ ਨੂੰ ਦੌਰਾ ਪੈਂਦਾ ਤਾਂ ਸ਼ੋਭੀ ਜਕੋਤਕੀ ਉਠਣ ਦੀ ਕੋਸ਼ਸ਼ ਕਰਦੀ ਤਾਂ ਜੋ ਉਹ ਉਹਦੀ ਪਿੱਠ ਉੱਤੇ ਨਿਕੀਆਂ ਨਿਕੀਆਂ ਮੁੱਕੀਆਂ ਮਾਰ ਸਕੇ ਤੇ ਜਦੋਂ ਸ਼ੋਭੀ ਦਾ ਤਾਪ ਤੇਜ਼ ਹੁੰਦਾ ਜਾਂ ਉਹ ਉਂਜ ਕਮਜ਼ੋਰੀ ਜਾਂ ਪੀੜ ਨਾਲ ਕੁਰਾਂਹਦੀ ਤਾਂ ਜਾਂਬਾਜ਼ ਉਹਦੇ ਸਰ੍ਹਾਣੇ ਬੈਠ ਕੇ ਉਹਦਾ ਮੱਥਾ ਪਲੋਸਦਾ ਤੇ ਉਹਨੂੰ ਦਿਲਾਸਾ ਦੇਂਦਾ। ਸਵੇਰ ਵੇਲੇ ਜਦੋਂ ਜ਼ਰਾ ਠੰਢ ਵਰਤਦੀ ਤਾਂ ਦੋਹਾਂ ਦੀ ਅੱਖ ਲਗ ਜਾਂਦੀ।

ਪਰ ਕੀ ਮਜਾਲ ਜੋ ਜਾਂਬਾਜ਼ ਆਪਣੇ ਨਿਤ ਦੇ ਨੇਮ ਤੋਂ ਖੁੰਝੇ। ਆਪਣੀ ਜ਼ਿੰਮੇਵਾਰੀ ਸਿੰਞਾਣਦਾ ਉਹ ਸ਼ੋਭੀ ਤੋਂ ਪਹਿਲੇ ਉਠ ਬਹਿੰਦਾ ਤੇ ਨਿਤ ਵਾਂਗ ਉਹਦੇ ਸਰ੍ਹਾਣੇ ਬੈਠ ਕੇ ਉਹਦੇ ਪਾਸਾ ਮੱਲਨ ਤੇ ਆਪਣਾ ਹੱਥ ਉਹਦੇ ਮੱਥੇ ਉੱਤੇ ਰਖ ਕੇ ਕਹਿੰਦਾ, "ਅੱਜ ਤਾਂ ਤਾਪ ਘਟ ਹੈ, ਸ਼ੁਭਵੰਤ !" ਤਾਪ ਭਾਵੇਂ ਘਟ ਹੁੰਦਾ ਭਾਵੇਂ ਨਾ ਪਰ ਜਾਂਬਾਜ਼ ਵਿਸ਼ਵਾਸ ਕਰਨਾ ਚਾਹੁੰਦਾ ਸੀ ਕਿ ਇਹ ਘਟ ਹੈ ਤੇ ਸ਼ੋਭੀ ਅਜੇ ਜੀਏਗੀ, ਕਿ ਉਹ ਸ਼ੋਭੀ ਦੇ ਭਾਰ ਲਾਹ ਸਕਣ ਦੇ ਯੋਗ ਹੋਏਗਾ।

੫੮

ਬੰਦਾ ਸਿੰਘ ਬਹਾਦਰ ਨੇ ਸਰਹਿੰਦ ਤੇ ਸਰਹਿੰਦ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਆਪਣੀਆਂ ਸਰਗਰਮੀਆਂ ਦਾ ਗੜ੍ਹ ਬਣਾਇਆ ਸੀ। ਆਪਣੀ ਉਮਰ ਦੇ ਅਖ਼ੀਰਲੇ ਵਰ੍ਹਿਆਂ ਵਿਚ ਉਹਨੇ ਅੰਮ੍ਰਿਤਸਰ ਦੀ ਮਹਤਤਾ ਸਿੰਞਾਣੀ ਤੇ ਕਈ ਹੋਰ ਰਾਜਸਕ, ਰੂਹਾਨੀ ਤੇ ਅਮਲੀ ਕਾਰਨਾਂ ਕਰ ਕੇ ਉਸ ਇਸ ਸ਼ਹਿਰ ਤੇ ਇਸ ਸ਼ਹਿਰ ਦਵਾਲੇ ਲਗਦੇ ਇਲਾਕੇ ਵਿਚ ਖ਼ਾਲਸੇ ਨੂੰ ਆਪਣਾ ਜ਼ੋਰ ਵਧਾਉਣ ਦਾ ਨਿਓਂਤਾ ਦਿਤਾ। ਏਸੇ ਲਈ ਸ਼ਾਇਦ ਉਹਦੀ ਸ਼ਹੀਦੀ ਤੋਂ ਲੈ ਕੇ ੧੭੬੫ ਵਿਚ ਖ਼ਾਲਸਾ ਰਾਜ ਦੀ ਸਥਾਪਤੀ ਤਕ ਅੰਮ੍ਰਿਤਸਰ ਸਿਖ ਕਾਰਵਾਈਆਂ ਦਾ ਮੱਧ ਰਿਹਾ।

ਪਰ ਸ਼ੁਰੂ ਜੁਲਾਈ ੧੭੬੧ ਵਿਚ ਇਕ ਹੋਰ ਵੀ ਬੜਾ ਜ਼ਰੂਰੀ ਤੇ ਵਜ਼ਨੀ ਕਦਮ ਚੁਕਿਆ ਗਿਆ। ਇਹ ਕਦਮ ਉਸੇ ਤਰ੍ਹਾਂ ਦਾ ਹੀ ਇਤਿਹਾਸਕ ਕਦਮ ਸੀ ਜਿਵੇਂ ਕਿ ਸਰਹਿੰਦ ਦੀ ਫ਼ਤਹ ਜਾਂ ਲੋਹ ਗੜ੍ਹ ਦੀ ਕਾਇਮੀ ਜਾਂ ਜਿਵੇਂ ਕਿ

Scanned by CamScanner

ਅੰਮ੍ਰਿਤਸਰ ਦਾ ਸਿਖ ਦੁਨੀਆਂ ਦਾ ਮੱਧ ਬਣਨਾ। ਇਹ ਕਦਮ ਗੁਜਰਾਂਵਾਲੇ ਜਾਂ ਗੁਜਰਨੌਲੀ ਵਿਚ ਉਸਾਰਿਆ ਗਿਆ ਮਿੱਟੀ ਦਾ ਇਕ ਨਿਕਾ ਜਿਹਾ ਕਿਲ੍ਹਾ ਸੀ। ਸ਼ੁਕਰ ਚਕ ਦੇ ਸਰਦਾਰ ਚੜ੍ਹਤ ਸਿੰਘ ਨੇ ਇਹ ਕਿਲ੍ਹਾ ਉਸਾਰਨ ਦੀ ਹਿੰਮਤ ਕੀਤੀ।

ਗੁਜਰਾਂਵਾਲਾ ਲਾਹੌਰ ਤੋਂ ਚਾਲ੍ਹੀ ਮੀਲ ਉੱਤਰ ਵਲ ਹੈ। ਲਾਹੌਰ ਦੇ ਉੱਤਰ ਵਿਚ ਅਜੇ ਤਕ ਖ਼ਾਲਸੇ ਨੇ ਪੈਰ ਨਹੀਂ ਸਨ ਪਸਾਰੇ। ਬੇਸ਼ਕ ਇਕ ਦੋ ਵਾਰ ਬੰਦਾ ਸਿੰਘ ਬਹਾਦਰ ਪਹਾੜ ਪਹਾੜੀ ਲਾਹੌਰ ਦੇ ਉੱਤਰ ਵਲ ਹੱਥ ਮਾਰ ਆਇਆ ਸੀ ਤੇ ਉੱਜ ਵੀ ਕਈ ਸਿਖ ਤੇ ਹਿੰਦੂ ਘਰਾਣੇ ਏਧਰ ਆਬਾਦ ਸਨ ਪਰ ਤਾਂ ਵੀ ਰਾਜਸਕ ਪੱਖੋਂ ਸਿਖਾਂ ਦਾ ਇਸ ਇਲਾਕੇ ਵਿਚ ਕੋਈ ਜ਼ੋਰ ਨਹੀਂ ਸੀ। ਲਾਹੌਰ ਤੋਂ ਲੈ ਕੇ ਕਾਬਲ ਤਕ ਅਫ਼ਗਾਨ ਬਾਦਸ਼ਾਹ ਦਾ ਰਾਜ ਤੇ ਦਬਦਬਾ, ਲਾਹੌਰ ਦੇ ਦੱਖਣ ਵਿਚ ਉਹਦੇ ਰਾਜ ਤੇ ਦਬਦਬੇ ਨਾਲੋਂ ਕਿਤੇ ਘਨੇਰਾ ਸੀ। ਲਾਹੌਰ ਤੋਂ ਉੱਤਰੀ ਦਿਸ਼ਾ ਵਾਲੇ ਕਿਸੇ ਰਜਵਾੜੇ ਜਾਂ ਸੂਬੇਦਾਰ ਦੀ ਕੀ ਮਜਾਲ ਕਿ ਜੇ ਉਹ ਅਫ਼ਗਾਨ ਸ਼ਹਿਨਸ਼ਾਹ ਅਗੇ ਕੁਸਕ ਵੀ ਸਕੇ ?

ਇਹ ਹੀ ਨਹੀਂ ਗੁਜਰਾਂਵਾਲਾ, ਲਾਹੌਰ ਤੋਂ ਰਾਵਲਪਿੰਡੀ, ਪਿਸ਼ਾਵਰ, ਜਲਾਲਾਬਾਦ ਤੇ ਕਾਬਲ ਜਾਂਦੀ ਸੜਕ ਦੇ ਐਨ ਉੱਤੇ ਵਾਕਿਆ ਹੈ। ਪਿਸ਼ਾਵਰ ਤੇ ਲਾਹੌਰੋਂ ਆਉਂਦਾ ਜਾਂਦਾ ਆਦਮੀ ਗੁਜਰਾਂਵਾਲੇ ਨੂੰ ਕਿਸੇ ਪਾਸੇ ਵੀ ਛਡ ਨਹੀਂ ਸਕਦਾ। ਗੁਜਰਾਂਵਾਲੇ ਤੋਂ ਵਲਾ ਮਾਰ ਕੇ ਜਾਣਾ ਬੜਾ ਅਨਹੋਣਾ ਲਗੇਗਾ। ਇਸ ਗੁਜਰਾਂਵਾਲੇ ਦੇ ਸ਼ਹਿਰ ਵਿਚ ਜੁਲਾਈ ੧੭੬੧ ਦੇ ਅੰਦਰ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਇਕ ਕਿਲ੍ਹਾ ਉਸਾਰਿਆ।

ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨਹੀਂ ਲੋਹ ਗੜ੍ਹ ਨੂੰ ਸਿਖ ਸਲਤਨੱਤ ਦੀ ਰਾਜਧਾਨੀ ਬਨਾਉਣ ਦਾ ਯਤਨ ਕੀਤਾ ਸੀ। ਲੋਹ ਗੜ੍ਹ ਦੀ ਅੰਤਲੀ ਹਾਰ ਪਿਛੋਂ ਉਹਦਾ ਸਦਰ ਹਮੇਸ਼ਾਂ ਸ਼ਿਵਾਲਕ ਦੀਆਂ ਪਹਾੜੀਆਂ ਦਾ ਦਾਮਨ ਹੀ ਰਿਹਾ। ਫਿਰ ਖ਼ਾਲਸਾ ਅੰਮ੍ਰਿਤਸਰ ਵਿਚ ਆਇਆ ਪਰ ਪਹਿਲੇ ਕਈ ਦਹਾਕੇ ਖ਼ਾਲਸੇ ਵਾਸਤੇ ਅੰਮ੍ਰਿਤਸਰ ਮੱਲੀ ਰਖਣਾ ਮੁਸ਼ਕਲ ਸੀ। ਜਦੋਂ ਖ਼ਾਲਸਾ ਤਾਕਤਵਰ ਹੋ ਵੀ ਗਿਆ ਤਾਂ ਵੀ ਹਰ ਆਏ ਸਾਲ ਅੰਮ੍ਰਿਤਸਰ ਮੁਗ਼ਲਾਂ ਜਾਂ ਅਫ਼ਗਾਨਾਂ ਦੇ ਹੱਥ ਆ ਜਾਂਦਾ ਤੇ ਉਹ ਇਸ ਸ਼ਹਿਰ ਨੂੰ ਤਬਾਹ ਕਰ ਦੇਂਦੇ। ਹਰਿਮੰਦਰ ਦੀ ਬੇਹੁਰਮਤੀ ਕਰਦੇ, ਸਰੋਵਰ ਨੂੰ ਪੂਰ ਦੇਂਦੇ। ਅੰਮ੍ਰਿਤਸਰ ਵੀ ਲਾਹੌਰ ਤੋਂ ਦਿੱਲੀ ਜਾਂਦੀ ਸੜਕ ਦੇ ਐਨ ਉੱਤੇ ਸੀ।

ਇਹ ਸਭ ਕੁਝ ਜਾਣਦਿਆਂ ਬੁਝਦਿਆਂ ਹੋਇਆਂ ਵੀ ਚੜ੍ਹਤ ਸਿੰਘ ਨੇ ਗੁਜਰਾਂਵਾਲੇ ਖ਼ਾਲਸੇ ਦਾ ਝੰਡਾ ਗਡਿਆ। ਬੇਸ਼ਕ ਹੁਣ ਹਾਲਾਤ ਕਾਫ਼ੀ ਬਦਲ ਚੁਕੇ ਸਨ। ਬੇਸ਼ਕ ਹੁਣ ਖ਼ਾਲਸਾ ਆਪਣੇ ਆਪ ਵਿਚ ਆ ਚੁਕਾ ਸੀ ਤੇ ਅਫ਼ਗਾਨਾਂ ਨੇ ਖ਼ਾਲਸੇ ਦੀ ਤਾਕਤ ਨੂੰ ਮੰਨ ਲਿਆ ਸੀ, ਪਰ ਫਿਰ ਵੀ ਅਜੇ ਕੱਲ੍ਹ ਹੀ ਤਾਂ ਦੁਰਾਨੀ ਬਾਦਸ਼ਾਹ ਅੰਮ੍ਰਿਤਸਰ ਦਾ ਸਰੋਵਰ ਪੂਰ ਕੇ ਲਾਹੌਰ ਤੇ ਫਿਰ ਗੁਜਰਾਂਵਾਲੇ ਤੋਂ ਲੰਘਿਆ ਸੀ। ਅਜੇ ਉਹਦੇ ਹਮਲਿਆਂ ਦਾ ਅੰਤ ਕਿਥੇ ਹੋਇਆ ਸੀ ? ਸਭ ਜਾਣਦੇ ਸਨ ਕਿ ਜੇ ਇਹਨਾਂ ਸਰਦੀਆਂ ਵਿਚ ਨਹੀਂ, ਤਾਂ ਆਉਂਦੀਆਂ ਸਰਦੀਆਂ ਅਹਿਮਦ ਸ਼ਾਹ ਸਿਖਾਂ ਨਾਲ ਆਪਣਾ ਹਿਸਾਬ ਚੁਕਾਉਣ ਵਾਸਤੇ ਜ਼ਰੂਰ ਕਾਬਲ ਤੋਂ ਧਾਓ ਧਾਈ ਕਰਦਾ ਆਏਗਾ ਤੇ ਗੁਜਰਾਂਵਾਲਾ ਉਹਦੇ ਰਾਹ ਵਿਚ ਪਏਗਾ।

ਪਰ ਨੌਜਵਾਨ ਚੜ੍ਹਤ ਸਿੰਘ ਨੂੰ ਭਵਿਖ ਦੇ ਖ਼ਤਰਿਆਂ ਨੇ ਨਹੀਂ ਡਰਾਇਆ। ਗੁਜਰਾਂਵਾਲਾ ਲਾਹੌਰ ਤੇ ਕਾਬਲ ਦੇ ਰਾਹ ਵਿਚ ਹੈ, ਅਛਾ ਕੋਈ ਨਹੀਂ। ਦੁਰਾਨੀ ਕਾਬਲੋਂ ਆਉਂਦਾ ਲਾਹੌਰ ਤੋਂ ਪਹਿਲੇ ਗੁਜਰਾਂਵਾਲੇ ਹੀ ਆਏਗਾ, ਆਉਣ ਦਿਓ। ਚੜ੍ਹਤ ਸਿੰਘ ਦੀ ਇਹੋ ਜਿਹੀ ਵਧੀਕੀ ਵੇਖ ਕੇ ਅਹਿਮਦ ਸ਼ਾਹ ਕੇੜਾ ਗੁੱਸੇ ਹੋਵੇਗਾ, ਅਛਾ ਹੋਣ ਦਿਓ। ਅਹਿਮਦ ਸ਼ਾਹ ਇਹ ਕਿਲ੍ਹਾ ਤੋੜ ਦੇਵੇਗਾ, ਤਬਾਹ ਕਰ ਦੇਵੇਗਾ, ਮਿਟੀ ਇੱਟਾਂ ਖੇਰੂੰ ਖੇਰੂੰ ਕਰ ਦਏਗਾ, ਅਛਾ ਕਰਨ ਦਿਓ।

ਇਉਂ ਚੜ੍ਹਤ ਸਿੰਘ ਨੇ ਭਵਿਖ ਨੂੰ ਲਲਕਾਰਿਆ ਤੇ ਕਿਹਾ: "ਕੀ ਸਾਡਾ ਸ੍ਰੀ ਅੰਮ੍ਰਿਤਸਰ ਮੁੜ ਮੁੜ ਕੇ ਬਰਬਾਦ ਨਹੀਂ ਹੁੰਦਾ ਰਿਹਾ ? ਕੀ ਸਾਡੀ ਰਾਮ ਰਾਉਣੀ ਦੀਆਂ ਕੰਧਾਂ ਕਿਸੇ ਵਰ੍ਹੇ ਵੀ ਸਲਾਮਤ ਰਹੀਆਂ ਸਨ ? ਜੇ ਦੁਰਾਨੀ ਮੇਰਾ ਕਿਲ੍ਹਾ ਤਬਾਹ ਕਰ ਦੇਵੇਗਾ, ਪ੍ਰਵਾਹ ਨਹੀਂ, ਮੈਂ ਫਿਰ ਉਸਾਰ ਲਵਾਂਗਾ। ਉਹ ਫਿਰ ਉਜਾੜੇਗਾ, ਮੈਂ ਫਿਰ ਵਸਾ ਲਵਾਂਗਾ। ਪਰ ਮੈਂ ਦੁਰਾਨੀ ਨੂੰ ਸਿਧ ਕਰ ਦੇਵਾਂਗਾ ਕਿ ਮੈਂ ਉਹਦ ਕੋਲੋਂ ਡਰਦਾ ਨਹੀਂ, ਕਿ ਖ਼ਾਲਸਾ ਅਫ਼ਗਾਨਾਂ ਜਾਂ ਤੁਰਕਾਂ ਕੋਲੋਂ ਡਰਦਾ ਨਹੀਂ।"

ਇਹੋ ਜਿਹੇ ਇਰਾਦਿਆਂ ਨਾਲ ਤੇ ਇਹੋ ਜਿਹੀ ਬੇਮਿਸਾਲ ਦਿ੍ੜ੍ਹਤਾ ਨਾਲ ਚੜ੍ਹਤ ਸਿੰਘ ਨੇ ਮਿਟੀ ਦਾ ਇਕ ਕਿਲ੍ਹਾ ਗੁਜਰਾਂਵਾਲੇ ਉਸਾਰ ਲਿਆ ਤੇ ਆਪਣੀ ਸ਼ੁਕਰਚਕੀਆ ਮਿਸਲ ਦਾ ਇਹਨੂੰ ਸਦਰ ਬਣਾਇਆ।

ਕੀ ਸੀ ਇਹ ਕਿਲ੍ਹਾ ? ਕੱਚੀਆਂ ਇੱਟਾਂ ਦਾ ਗਾਰਾ। ਨਾ ਬਹੁਤੀ ਲਕੜੀ ਵਰਤੀ ਗਈ ਨਾ ਹੀ ਬਹੁਤਾ ਲੰਹਾ। ਕੋਈ ਇਹੋ ਜਿਹੇ ਦਰਵਾਜ਼ੇ ਨਹੀਂ ਸਨ ਕਿ ਜਿਨ੍ਹਾਂ ਦੇ ਤੋੜਨ ਵਾਸਤੇ ਮਸਤ ਹਾਥੀਆਂ ਦੀ ਲੋੜ ਪਵੇ। ਜਿਹੋ ਜਿਹੀ ਚਾਰ

Scanned by CamScanner

ਦੀਵਾਰੀ ਨਹੀਂ ਸੀ ਕਿ ਉਹਨੂੰ ਢਾਂਚਾ ਵਾਸਤੇ ਪੋਤੀਆਂ ਤੇ ਕੰਮਦਾਂ ਦੀ ਲੋੜ ਹੋਵੇ। ਨਾ ਹੀ ਇਹ ਦੀਵਾਰਾਂ ਇਹੋ ਜਿਹੀਆਂ ਸਨ ਕਿ ਅਫ਼ਗਾਨੀ ਤੋਪਾਂ ਦੇ ਗੋਲਿਆਂ ਦੀ ਕਰੋਪੀ ਸਹਿ ਸਕਣ। ਇਸ ਨਾਮ-ਮਾਤ੍ਰ ਕਿਲ੍ਹੇ ਦੇ ਅੰਦਰ ਨਾ ਹੀ ਬਹੁਤਾ ਹਸਦ ਪਾਣੀ ਦਾ ਪ੍ਰਬੰਧ ਸੀ ਤੇ ਨਾ ਹੀ ਹਜ਼ਾਰ ਦੋ ਹਜ਼ਾਰ ਤੋਂ ਵਧ ਇਹਦੇ ਅੰਦਰ ਆਦਮੀ ਸਮਾ ਸਕਦੇ ਸਨ।

ਪਰ ਚੜ੍ਹਤ ਸਿੰਘ ਨੂੰ ਇਹੋ ਜਿਹੀ ਕਿਸੇ ਘਾਟ ਦਾ ਖ਼ਿਆਲ ਨਹੀਂ ਆਇਆ। ਖ਼ਾਲਸੇ ਦਾ ਜਨਮ ਹੀ ਘਾਟਾ ਤੇ ਉਣਤਾਈਆਂ ਦੇ ਵਾਤਾਵਰਣ ਵਿਚ ਹੋਇਆ ਸੀ। ਇਹ ਇਹੋ ਘਾਟਾਂ ਤੇ ਉਣਤਾਈਆਂ ਹੀ ਸਨ, ਜਿਨ੍ਹਾਂ ਨੇ ਕਿ ਖ਼ਾਲਸਾ ਕੌਮ ਵਿਚ ਬੇਅੰਤ ਸੈ-ਵਿਸ਼ਵਾਸ ਉਪਜਾਇਆ। ਇਹਨਾਂ ਘਾਟਾਂ ਤੇ ਉਣਤਾਈਆਂ ਦੇ ਸਦਕੇ ਹੀ ਛੋਲਿਆਂ ਨੂੰ ਖ਼ਾਲਸਾ ਬਦਾਮ ਆਖਦਾ ਸੀ। ਏਸੇ ਸਪਿਰਟ ਨਾਲ ਹੀ ਚੜ੍ਹਤ ਸਿੰਘ ਨੇ ਦੁਰਾਨੀ ਦੀ ਸੌ ਹਜ਼ਾਰ ਤਕ ਦੀ ਫ਼ੌਜ ਦੇ ਹਮਲਿਆਂ ਨੂੰ ਠਲ੍ਹਣ ਦੀ ਸਮਰਥਾ ਰਖਦਾ ਇਹ ਮਿਟੀ ਦਾ ਕਿਲ੍ਹਾ ਉਸਾਰਿਆ ਜਿਹਦੇ ਨਾ ਦਰਵਾਜ਼ੇ ਮਜ਼ਬੂਤ ਸਨ ਨਾ ਕੰਧਾਂ। ਚੜ੍ਹਤ ਸਿੰਘ ਦੀ ਸਪਿਰਟ ਸਮੁਚੇ ਖ਼ਾਲਸੇ ਦੀ ਸਪਿਰਟ ਦੀ ਪ੍ਰਤੀਨਿਧਤਾ ਸੀ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨਾਲ ਸਿਖਾਂ ਨੂੰ ਧੱਕਾ ਲਗਾ ਸੀ। ਕੁਝ ਕੁ ਸਮੇਂ ਵਾਸਤੇ ਉਹਨਾਂ ਦੇ ਪੈਰ ਉਖੜ ਗਏ ਸਨ। ਜਿਥੇ ਵੀ ਕੋਈ ਸਿਖ ਮਿਲਦਾ ਸੀ ਹਕੂਮਤ ਉਹਨੂੰ ਅੱਗੇ ਧਰ ਲੈਂਦੀ। ਕੋਈ ਨਾ ਕੋਈ ਦੋਸ਼ ਜੜ ਦਿਤਾ ਜਾਂਦਾ ਤੇ ਉਹਨੂੰ ਚਰਖੜੀ ਨਾਲ ਬੰਨ੍ਹ ਕੇ ਉਹਦੀ ਹੱਡੀ ਹੱਡੀ ਚੂਰ ਕਰ ਦਿਤੀ ਜਾਂਦੀ। ਜਾਂ ਉਹਨੂੰ ਸੂਲੀ ਉੱਤੇ ਚੜ੍ਹਾ ਦਿਤਾ ਜਾਂਦਾ। ਇਕ ਪਟੜੇ ਉੱਤੇ ਲੰਮਾ ਪਾ ਕੇ ਅੰਗ ਅੰਗ ਵਿਚ ਕਿਲ ਠੋਕੇ ਜਾਂਦੇ। ਜਾਂ ਦਰੱਖਤ ਨਾਲ ਲਟਕਾ ਕੇ ਇੱਟਾਂ ਵੱਟੇ ਮਾਰ ਮਾਰ ਕੇ ਮਾਰ ਦਿਤਾ ਜਾਂਦਾ। ਇਹੋ ਜਿਹੀ ਮੌਤ ਨੂੰ ਹਕੂਮਤ ਮੌਤੇ-ਸੰਗੇਸਾਰ ਆਖਦੀ ਸੀ। ਤਸਮਕੱਸੀ ਇਕ ਹੋਰ ਤਰ੍ਹਾਂ ਦੀ ਸਜ਼ਾ ਸੀ। ਚੁੰਮ ਦੇ ਵੱਧਰ ਬਗ਼ਲਾਂ ਹੇਠਾਂ ਪਾ ਕੇ ਮਧਾਣੀ ਵਾਂਗ ਰਿੜਕ ਰਿੜਕ ਕੇ ਛਾਤੀ ਚੂਰੋ ਚੂਰ ਕਰ ਦਿਤੀ ਜਾਂਦੀ। ਜਾਂ ਮੁੰਗਲੀਆਂ ਨਾਲ ਕੁਟ ਕੁਟ ਕੇ ਮਾਰਿਆ ਜਾਂਦਾ। ਕਦੀ ਕਦੀ ਕਿਸੇ ਨੂੰ ਲੱਕ ਤਕ ਜ਼ਮੀਨ ਵਿਚ ਗੱਡ ਦੇਂਦੇ ਤੇ ਫਿਰ ਸਾਰੀ ਮਖ਼ਲਕ ਉਹਨੂੰ ਪੱਥਰਾਂ ਨਾਲ ਮਾਰ ਮੁਕਾਂਦੀ। ਕਿਸੇ ਨੂੰ ਸ਼ਿਕਾਰੀ ਕੁਤਿਆਂ ਤੋਂ ਤੁੜਵਾਇਆ ਜਾਂਦਾ। ਗਲ ਵਿਚ ਫਾਹਾ ਪਾ ਕੇ ਮਾਰਨਾ ਤਾਂ ਆਮ ਸਚਾ ਸੀ ਜਿਹੜੀ ਹੁਣ ਹਕੂਮਤ ਵਾਸਤੇ ਬਹੁਤ ਹੀ ਆਮ ਹੋ ਚੁਕੀ ਸੀ ਤੇ ਜਿਸ ਵਿਚੋਂ ਉਹਨਾਂ ਨੂੰ ਹੁਣ ਕੋਈ ਨਿੱਜੀ ਜਿਸਮਾਨੀ ਜਾਂ ਰੂਹਾਨੀ ਸਵਾਦ ਨਹੀਂ ਸੀ ਆਉਂਦਾ। ਹਰ ਸੂਬੇਦਾਰ ਤੇ ਫ਼ੌਜਦਾਰ ਆਪਣੇ ਹੀ ਕਿਸਮ ਦੀ ਨਿਰਾਲੀ ਮੌਤ ਸਿਖਾਂ ਨੂੰ ਮਾਰਨਾ ਚਾਹੁੰਦਾ ਸੀ। ਹੁਣ ਕਿਸੇ ਨੂੰ ਤੱਤੇ ਤੇਲ ਵਿਚ ਪਾ ਕੇ ਸਾੜਿਆ ਜਾਂਦਾ ਤੇ ਕਿਸੇ ਦਾ ਮਾਸ ਜੰਬੂਰਾਂ ਨਾਲ ਨੋਚ ਲਿਆ ਜਾਂਦਾ।

ਇਹ ਦਸ ਬਾਰਾਂ ਕਿਸਮ ਦੀਆਂ ਮੌਤ ਦੀਆਂ ਸਜ਼ਾਵਾਂ ਸਿਰਫ ਵੰਨਗੀ ਮਾਤਰ ਹਨ। ਉਹਨਾਂ ਦਿਨਾਂ ਵਿਚ ਹਕੂਮਤ ਦੀ ਅਸਲੀ ਪ੍ਰਤਿਭਾ ਇਹੋ ਜਿਹੀਆਂ ਮੌਤ-ਸਜ਼ਾਵਾਂ ਵਿਚ ਹੀ ਉਜਾਗਰ ਹੁੰਦੀ ਸੀ। ਜੋ ਕੁਝ ਬੰਦਾ ਸਿੰਘ ਨੇ ਇਸ ਹਕੂਮਤ ਨਾਲ ਕੀਤਾ ਉਹਦਾ ਬਦਲਾ ਹਕੂਮਤ ਨੇ ਸਿਰਫ ਬੰਦਾ ਸਿੰਘ ਕੋਲੋਂ ਹੀ ਨਹੀਂ ਲਿਆ, ਇਕ ਇਕ ਸਿਖ ਕੋਲੋਂ ਲਿਆ।

ਮਨੀ ਸਿੰਘ ਦਾ ਬੰਦ ਬੰਦ ਕਟਿਆ ਗਿਆ, ਤਾਰੂ ਸਿੰਘ ਨੂੰ ਚਰਖੜੀ ਉੱਤੇ ਚੜ੍ਹਾਇਆ ਗਿਆ। ਬੁਲਾਕਾ ਸਿੰਘ ਹਠੀਲਾ, ਰੂਪ ਸਿੰਘ ਤਖਾਣ, ਹੀਰਾ ਸਿੰਘ ਰੰਘੜ, ਸੂਰਾ ਸਿੰਘ ਕਲਾਲ, ਸਦਨ ਸਿੰਘ ਮਜ਼ਬੀ, ਪਹਾੜ ਸਿੰਘ ਸੈਦਪੁਰੀਆ, ਤੇਗਾ ਸਿੰਘ, ਹਕੀਕਤ ਰਾਏ, ਇਕ ਇਕ ਨੂੰ ਦ੍ਰਿਸ਼ਟਾਂਤਕ ਸਜ਼ਾਵਾਂ ਮਿਲੀਆਂ। ਸਿਖ ਨੂੰ ਫੜਨ ਜਾਂ ਫੜਾਣ ਵਾਲੇ ਨੂੰ ਪੰਜ ਰੁਪਏ ਮਿਲਦੇ, ਆਪ ਫੜ ਕੇ ਲਿਆਣ ਵਾਲੇ ਨੂੰ ਦਸ, ਤੇ ਜਿਹੜਾ ਪਲੰਮਦੇ ਵਾਲਾਂ ਵਾਲਾ ਸਿਰ ਵਢ ਕੇ ਲਿਆਏ ਉਹਨੂੰ ਵੀਹ। ਦਸ ਦਸ ਰੁਪਏ ਤੋਂ ਸਿੰਘਾਂ ਦੇ ਬੱਚੇ ਵੇਚੇ ਗਏ।

ਕੁਝ ਚਿਰ ਲਈ ਸਿਖ ਦਬਕ ਗਏ। ਕਈ ਜਣੇ ਬੀਕਾਨੇਰ, ਜੈਸਲਮੇਰ, ਜੋਧਪੁਰ, ਜੈਪੁਰ ਨੱਸ ਗਏ। ਕਈਆਂ ਨੇ ਆਪਣੇ ਪਿੰਡ ਛਡ ਦਿਤੇ। ਮਾਹਿਲ ਵਰਗੇ ਜਰਨੈਲੀ ਸੜਕ ਦੇ ਨੇੜੇ ਤੇੜੇ ਦੇ ਗਿਰਾਂ ਖ਼ਤਮ ਹੋ ਗਏ। ਕੋਈ ਸਿਖ ਸਾਂਦਲ ਬਾਰ ਤੇ ਸਾਹੀਵਾਲ ਬਾਰ ਵਲ ਭੱਜ ਗਏ।

ਪਰ ਅਜੇ ਪੰਜ ਵਰ੍ਹੇ ਵੀ ਨਹੀਂ ਸਨ ਬੀਤੇ ਕਿ ਸਿੰਘ ਮੁੜ ਆਪਣੇ ਆਪ ਵਿਚ ਆਏ। ਇਕ ਝੱਖੜ ਝੁਲਿਆ ਸੀ ਤੇ ਸਿਖ ਖਿੰਡਰ ਗਏ ਸਨ। ਪਰ ਹੁਣ ਸਿਖ ਆਪ ਇਕ ਝੱਖੜ ਬਣ ਕੇ ਝੁਲਣ ਲਗੇ। ਬੰਦਾ ਸਿੰਘ ਦੀ ਸ਼ਹੀਦੀ ਤੋਂ ਪੂਰੇ ਪੰਜ ਸਾਲ ਪਿਛੋਂ ਭਾਈ ਮਨੀ ਸਿੰਘ ਅੰਮ੍ਰਿਤਸਰ ਆਇਆ ਤੇ ਫਿਰ ਹੋਲੀ ਹੋਲੀ ਚੂਹੜਕਾਨਾ, ਸਾਂਦਲ ਬਾਰ, ਸਾਹੀਵਾਲ ਬਾਰ, ਕਾਨੂਆਣਾ, ਜੈਪੁਰ, ਜੋਧਪੁਰ, ਜੈਸਲਮੇਰ ਖ਼ਾਲੀ ਹੋਣ ਲਗੇ ਤੇ ਅੰਮ੍ਰਿਤਸਰ ਦੇ ਆਲੇਦੁਆਲੇ ਵਿਚ ਖੜਕਾ ਦੜਕਾ ਹੋਣ ਲਗਾ। "ਪੰਜਾਬ ਸਾਡਾ ਹੈ," ਖ਼ਾਲਸੇ ਨੇ ਫਿਰ ਲਲਕਾਰਿਆ।

Scanned by CamScanner

ਮੰਡਿਆਲੇ ਦੇ ਕੋਲ ਮੁਰਤਜ਼ਾ ਖ਼ਾਨ ਕੰਧਾਰੀ ਕੋਲੋਂ ਘੋੜੇ ਖੋਹ ਲਏ ਗਏ। ੧੭੨੭ ਵਿਚ ਪੰਜ ਸੌ ਰੁਹੇਲੇ ਲਾਹੌਰੋਂ ਦਿੱਲੀ ਵਾਸਤੇ ਮੁਆਮਲਾ ਲੈ ਕੇ ਜਾ ਰਹੇ ਸਨ, ਉਹ ਖ਼ਜ਼ਾਨਾ ਲੁਟ ਲਿਆ ਗਿਆ। ੧੭੩੧ ਵਿਚ ਕਾਨੂਆਣ ਦਾ ਮਸ਼ਹੂਰ ਜੰਗ ਹੋਇਆ। ਗੁਰਦਾਸਪੁਰ ਦੇ ਕੋਲ ਚੱਕੀ ਨਦੀ ਦੇ ਕਿਨਾਰੇ ਪੰਝੀ ਹਜ਼ਾਰ ਮਸਲਮਾਨ ਭਾਂਜ ਖਾ ਗਏ। ਫਿਰ ਭੀਲੋਵਾਲ ਲੜਾਈ ਹੋਈ, ਲਾਹੌਰ ਤੋਂ ਪੰਝੀ ਮੀਲ। ਖ਼ਾਲਸੇ ਨੇ ਇਸ ਤਰ੍ਹਾਂ ਮਾਰਿਆ ਕਿ ਅਖੇਤ ਮਸ਼ਹੂਰ ਹੋ ਗਈ :

"ਮਾਰਨ ਗਏ ਸੋ ਮਰ ਰਹੇ, ਖੋ ਈਮਾਨ ਤੇ ਮਾਲ। ਨੰਗੇ ਨੰਗ ਚੁਤਾਲ ਸੋ ਡੇਰਾ ਭੀਲੋਵਾਲ।"

ਹਕੂਮਤ ਨੇ ਸੋਚਿਆ ਕਿ ਹੁਣ ਸਿਖਾਂ ਨਾਲ ਸੁਲਾਹ ਹੀ ਭਲੀ। ਜਾਗੀਰ ਦਿਤੀ, ਨਵਾਬੀ ਦਾ ਖ਼ਿਤਾਬ ਵੀ ਦਿਤਾ। ਪਰ ਸਿਖਾਂ ਨੂੰ ਭੁੱਘੇ ਨਹੀਂ — ਹਕੂਮਤ ਚਾਹੀਦੀ ਸੀ। ਜਲਦੀ ਹੀ ਜਾਗੀਰ ਜ਼ਬਤ ਹੋ ਗਈ।

੧੭੩੯ ਵਿਚ ਚੂਨੀਆਂ ਦੀ ਧਰਤੀ ਸਿਖਾਂ ਤੇ ਮੁਗਲਾਂ ਦੇ ਖ਼ੂਨ ਨਾਲ ਲਾਲ ਹੋਈ। ਨਾਦਰ ਸ਼ਾਹ ਜਦ ਕਾਬਲ ਬੈਠਾ ਹਿੰਦੁਸਤਾਨ ਉੱਤੇ ਪਹਿਲਾ ਹਮਲਾ ਬੋਲਣ ਦੀ ਤਿਆਰੀ ਕਰ ਰਿਹਾ ਸੀ ਓਦੋਂ ਸਿੰਘ ਗੁਰਦਾਸਪੁਰ, ਸਿਆਲਕੋਟ, ਕਲਾਨੌਰ, ਪਸਰੂਰ, ਵਜ਼ੀਰਾਬਾਦ ਤੇ ਗੁਜਰਾਤ ਤਕ ਆਪਣਾ ਦਬਦਬਾ ਬਿਠਾ ਰਹੇ ਸਨ। ਨਾਦਰ ਸ਼ਾਹ ਦੁਰਾਨੀ ਆਇਆ ਤੇ ਚਲਾ ਗਿਆ ਪਰ ਆਉਂਦੇ ਜਾਂਦੇ ਉਹ ਖ਼ਾਲਸੇ ਦੇ ਹੱਥ ਵੀ ਵੇਖ ਗਿਆ। ਗੁਜਰਾਤ ਤੋਂ ਮਥਰਾ ਤੇ ਫ਼ਰਖ਼ਾਬਾਦ ਤਕ ਖ਼ਾਲਸਾ ਸਿਪਾਹੀਆਂ ਦਾ ਬੋਲ ਬਾਲਾ ਕਾਇਮ ਰਿਹਾ। ਸਿੰਘ ਸਿੰਧ ਵਿਚ ਵੀ ਗਏ। ਅਵੱਧ ਤੇ ਗੜ੍ਹਵਾਲ ਤਕ ਪਹੁੰਚੇ। ਕਹਿੰਦੇ ਨੇ ਇਕ ਵਾਰੀ ਦੋ ਸਿਖ ਆਪਣੀਆਂ ਤਲਵਾਰਾਂ ਗਾਤਰੇ ਨਾਲ ਸਜਾਈ, ਨੀਲੇ ਦਸਤਾਰੇ ਬੰਨ੍ਹੀ, ਛਬੀਲੇ ਘੋੜਿਆਂ ਉੱਤੇ ਸਵਾਰ ਫਿਰਦੇ ਫਿਰਾਂਦੇ ਅਵੱਧ ਵਿਚ ਇਕ ਨਗਰ ਦੇ ਨੇੜੇ ਜਾ ਪੁਜੇ।

ਇਹ ਨਗਰ ਕਿਸੇ ਰਜਵਾੜੇ ਦੀ ਰਾਜਧਾਨੀ ਸੀ। ਪਲੋ ਪਲੀ ਖ਼ਬਰ ਰਾਜੇ ਕੋਲ ਪਹੁੰਚਾਈ ਗਈ। "ਦੋ ਸਿੰਘ ਨਗਰ ਉੱਤੇ ਚੜ੍ਹੇ ਆ ਰਹੇ ਹਨ," ਸੂਹੀਆਂ ਨੇ ਕਿਹਾ। ਸਾਰੇ ਨਗਰ ਵਿਚ ਰੌਲਾ ਪੈ ਗਿਆ। ਰਾਜੇ ਨੇ ਜਲਦੀ ਨਾਲ ਆਪਣੇ ਨਿਕਟਵਰਤੀਆਂ ਨਾਲ ਸਲਾਹ ਕੀਤੀ। ਸਭਨਾਂ ਨੇ ਇਹੋ ਹੀ ਕਿਹਾ ਕਿ ਸਿਖਾਂ ਨਾਲ ਮੁਕਾਬਲਾ ਕਰਨਾ ਚੰਗਾ ਨਹੀਂ। ਡਰਦਾ ਮਾਰਾ ਰਾਜਾ ਆਪਣੀ ਫ਼ੌਜ ਤੇ ਪਰਜਾ ਨਾਲ ਪੈਦਲ ਟੁਰ ਕੇ ਦੋ ਸਿੰਘਾਂ ਨੂੰ ਅਗੋਂ ਲੈਣ ਗਿਆ।

ਇਕ ਨਹੀਂ ਇਹੋ ਜਿਹੀਆਂ ਅਨੇਕ ਕਹਾਣੀਆਂ — ਕੁਝ ਸੱਚੀਆਂ ਕੁਝ ਝੂਠੀਆਂ — ਪ੍ਰਚਲਤ ਹੋ ਗਈਆਂ। ਤੇ ਇਉਂ ੧੭੮੪ ਵਿਚ ਅੰਮ੍ਰਿਤਸਰ ਦੇ ਜੋੜ ਮੇਲੇ ਉੱਤੇ ਬੰਦਾ ਸਿੰਘ ਬਹਾਦਰ ਤੋਂ ਪਿਛੋਂ ਨਵਾਬ ਕਪੂਰ ਸਿੰਘ ਨੇ ਪਹਿਲੀ ਵਾਰੀ ਸਿਖ ਰਾਜ ਦੀ ਕਾਇਮੀ ਦਾ ਐਲਾਨ ਕੀਤਾ ਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਗਣਰਾਜ ਦਾ ਮੁਖੀ ਥਾਪਿਆ ਗਿਆ। ਉਸ ਤੋਂ ਪਿਛੋਂ ਅੱਜ ਤਕ ਪੌੜੀ ਦਰ ਪੌੜੀ ਪੰਜਾਬ ਉੱਤੇ ਅਧਿਕਾਰ ਜਮਾਉਣ ਲਈ ਸਿਖ ਉਨਤੀ ਕਰਦੇ ਆਏ। ਤੇ ਅੱਜ ਸਿੰਘ ਐਨੇ ਜੋਗੇ ਹੋ ਗਏ ਕਿ ਉਹਨਾਂ ਦੇ ਇਕ ਸਰਦਾਰ ਨੇ ਮਿੱਟੀ ਦਾ ਨਿੱਕਾ ਜਿਹਾ ਖਿਡੌਣਾ-ਕਿਲ੍ਹਾ ਉਸਾਰ ਕੇ ਅਹਿਮਦ ਸ਼ਾਹ ਦੁਰਾਨੀ ਵਰਗੇ ਸ਼ਕਤੀਵਾਨ ਤੇ ਸਰਬਸਮਰਥ ਸਮਰਾਟ ਨੂੰ ਚਨੌਤੀ ਦਿਤੀ। ਇਹੋ ਸੀ ਖ਼ਾਲਸੇ ਦੀ ਸਪਿਰਟ, ਇਹੋ ਜਿਹੀ ਸੀ ਖ਼ਾਲਸੇ ਦੀ ਬਣਤਰ।

ਇਹ ਹੀ ਨਹੀਂ, ਸਿੰਘਾਂ ਨੇ ਇਹ ਸਭ ਕੁਝ ਉਸ ਵੇਲੇ ਦੇ ਭਾਰਤ ਦੇ ਸਭ ਤੋਂ ਤਕੜੇ ਭਾਗ ਤੇ ਤਕੜੀ ਹਕੂਮਤ ਦੇ ਸਨਮੁਖ ਨੇਪਰੇ ਚਾੜ੍ਹਿਆ। ਭੁਲਣਾ ਨਹੀਂ ਚਾਹੀਦਾ ਕਿ ਅਠਾਰਵੀਂ ਸਦੀ ਦਾ ਇਹ ਸਮਾਂ ਭਾਰਤ ਵਿਚ ਮੁਗਲ ਰਾਜ ਦੇ ਵਕਾਰ ਦਾ ਸਮਾਂ ਸੀ। ਦੱਖਣ ਵਿਚ ਮਰਹੱਟੇ ਉਠ ਰਹੇ ਸਨ ਤੇ ਮਧ ਭਾਰਤ ਵਿਚ ਰਾਜਪੂਤ। ਪੂਰਬ ਵਿਚ ਅੰਗਰੇਜ਼ ਜੰਦਾਂ ਪੀੜੀਆਂ ਕਰ ਰਹੇ ਸਨ। ਜੇ ਮੁਗਲੀਹਾ ਸਨਤਨੱਤ ਦੀ ਕੋਈ ਸਾਖ ਸੀ ਤਾਂ ਉਹ ਬਹੁਤਾ ਕਰ ਕੇ ਦਿੱਲੀ ਦੇ ਆਲ੍ਹੇ-ਦੁਆਲੇ ਹੀ। ਦਿੱਲੀ ਮੁਗਲੀਹਾ ਸਲਤਨੱਤ ਦੀ ਰਾਜਧਾਨੀ ਸੀ ਤੇ ਜਿਉਂ ਜਿਉਂ ਵਖ ਵਖ ਹਿਸਿਆਂ ਵਿਚ ਵਖ ਵਖ ਤਾਕਤਾਂ ਉਠ ਰਹੀਆਂ ਸਨ ਤਿਉਂ ਤਿਉਂ ਮੁਗਲੀਹਾ ਤਾਕਤ ਆਪਣੇ ਖੰਭ ਸਮੇਟੀ ਦਿੱਲੀ ਵਿਚ ਹੀ ਸੀਮਤ ਹੁੰਦੀ ਜਾ ਰਹੀ ਸੀ। ਤੇ ਦਿੱਲੀ ਤੋਂ ਇਲਾਵਾ ਜੇ ਕੋਈ ਹੋਰ ਸੂਬਾ ਉਸ ਵੇਲੇ ਤਕੜਾ ਸੀ ਤਾਂ ਉਹ ਸੀ ਪੰਜਾਬ।

ਮੁਗਲ ਬਾਦਸ਼ਾਹ ਦੇ ਵਡੇ ਵਡੇਰੇ ਉੱਤਰ ਪਛਮ ਵਲੋਂ ਆਏ ਸਨ। ਅਫ਼ਗਾਨਿਸਤਾਨ ਤੇ ਈਰਾਨ ਵਾਸਤੇ ਅੰਜੇ ਤਕ ਉਹਨਾਂ ਦੇ ਦਿਲਾਂ ਵਿਚ ਖਿਚ ਸੀ। ਆਪ ਬਾਬਰ ਨੇ ਵਸੀਅਤ ਕੀਤੀ ਸੀ ਕਿ ਉਹਦੀ ਮੜ੍ਹੀ ਦਿੱਲੀ ਵਿਚ ਨਹੀਂ ਕਾਬੁਲ ਵਿਚ ਬਣੇ। ਇਸ ਰੂਹਾਨੀ ਰਿਸ਼ਤੇ ਦੇ ਕਾਰਨ ਮੁਗਲ ਹਮੇਸ਼ਾ ਉੱਤਰ ਨਾਲ ਸਬੰਧ ਪੱਕੇ ਰਖਣੇ ਚਾਹੁੰਦੇ ਸਨ ਤੇ ਏਸੇ ਕਾਰਨ ਪੰਜਾਬ ਵਿਚ ਉਹਨਾਂ ਦਾ ਅਸਰ ਢੇਰ ਹੁੰਦਾ ਸੀ। ਪੰਜਾਬ ਉਹਨਾਂ ਦੇ ਅਸਰ ਤੇ ਦੱਬਾ ਦਾ ਗੜ੍ਹ ਸੀ।

Scanned by CamScanner

ਦੂਜਾ ਮੁਗ਼ਲ ਬਾਦਸ਼ਾਹ ਗਰਮੀਆਂ ਬਿਤਾਉਣ ਵਾਸਤੇ ਜਦੋਂ ਕਸ਼ਮੀਰ ਜਾਂਦੇ ਤਾਂ ਵੀ ਉਹਨਾਂ ਨੂੰ ਪੰਜਾਬ ਦੀ ਧਰਤੀ ਉੱਤੋਂ ਹੀ ਲੰਘ ਕੇ ਜਾਣਾ ਹੁੰਦਾ। ਏਸੇ ਲਈ ਪੰਜਾਬ ਦਾ ਸੂਬੇਦਾਰ ਸਦਾ ਇਤਬਾਰੀ ਆਦਮੀ ਹੁੰਦਾ ਤੇ ਹੋਰਨਾਂ ਨਾਲੋਂ ਢੇਰ ਸੂਰਬੀਰ। ਦਿਲੀ ਦੇ ਨੇੜੇ ਹੋਣ ਕਰ ਕੇ ਪੰਜਾਬ ਦਾ ਆਕੀ ਹੋਣਾ ਹਰ ਹਾਲਤ ਵਿਚ ਕਠਨ ਸੀ। ਜਦੋਂ ਪਠਾਣਾਂ ਦਾ ਦਬਦਬਾ ਹੋਇਆ ਤਾਂ ਵੀ ਬਹੁਤਾ ਪੰਜਾਬ ਵਿਚ।

ਸਿਖਾਂ ਦਾ ਇਸ ਪਰਕਾਰ ਮੁਗ਼ਲ ਸਲਤਨੱਤ ਦੇ ਸਭ ਤੋਂ ਕਰੜੇ ਸੂਬੇ ਨਾਲ ਸਾਹਮਣਾ ਆਇਆ। ਪੂਨਾ ਤੇ ਬੰਬਈ ਦਿਲੀ ਤੋਂ ਬੜੇ ਦੂਰ ਸਨ। ਸ਼ਿਵਾਜੀ ਤੇ ਮਰਹੱਟਾ ਤਾਕਤ ਦੇ ਵਧਣ ਵਾਸਤੇ ਵਾਤਾਵਰਨ ਮੁਆਫ਼ਕ ਤੇ ਸੁਖਾਉਣਾ ਸੀ। ਰਾਜਪੂਤਾਨੇ ਦੇ ਸਹਿਰਾਵਾਂ ਵਿਚ ਵੀ ਮੁਗ਼ਲਾਂ ਦਾ ਜ਼ੋਰ ਨਹੀਂ ਸੀ ਚਲਦਾ। ਏਸੇ ਕਰ ਕੇ ਹੀ ਸ਼ਾਇਦ ਅੰਗਰੇਜ਼ ਵੀ ਪੂਰਬ ਵਿਚ ਜਲਦੀ ਆਪਣਾ ਰਸੂਖ ਵਧਾ ਸਕੇ ਤੇ ਉਥੋਂ ਦੇ ਰਜਵਾੜਿਆਂ ਨੂੰ ਦਬਾ ਸਕੇ। ਪਰ ਦਿੱਲੀ ਤੋਂ ਲਾਹੌਰ ਦੂਰ ਨਹੀਂ ਸੀ। ਸਿਖਾਂ ਨੂੰ ਮਰਹੱਟਿਆਂ ਰਾਜਪੂਤਾਂ ਤੇ ਅੰਗਰੇਜ਼ਾਂ ਨਾਲੋਂ ਸਭ ਤੋਂ ਤਾਕਤਵਰ ਵਿਰੋਧੀ ਨਾਲ ਮੁਕਾਬਲਾ ਕਰਨਾ ਪਿਆ।

ਜਦੋਂ ਪਠਾਣ ਆਏ ਤਾਂ ਵੀ ਸਿਖਾਂ ਦਾ ਮੁਕਾਬਲਾ ਉਸ ਵੇਲੇ ਦੀ ਏਸ਼ੀਆ ਦੀ ਸਭ ਤੋਂ ਵੱਡੀ ਤਾਕਤ ਨਾਲ ਹੋਇਆ। ਮਰਹੱਟਿਆਂ ਨਾਲ ਸਿਰਫ਼ ਇਕ ਵਾਰੀ ਹੀ ਦੁਰਾਨੀਆਂ ਦਾ ਖੰਡਾ ਖੜਕਿਆ ਤੇ ਮਰਹੱਟੇ ਹਾਰ ਗਏ ਤੇ ਮੁੜ ਕੇ ਉਹ ਆਪਣੇ ਪੈਰ ਕਿਤੇ ਵੀ ਜਮਾ ਨਾ ਸਕੇ। ਰਾਜਪੂਤਾਂ ਨੇ ਬਹੁਤਾ ਕਰ ਕੇ ਦੁਰਾਨੀਆਂ ਤੋਂ ਕੰਨੀ ਹੀ ਕਤਰਾਈ। ਅੰਗਰੇਜ਼ ਅਜੇ ਉੱਜ ਬਹੁਤ ਦੂਰ ਸਨ। ਜੇ ਦੁਰਾਨੀਆਂ ਨਾਲ ਕਿਸੇ ਦਾ ਮੁਕਾਬਲਾ ਹੋਇਆ ਤਾਂ ਉਹ ਸਿਖਾਂ ਦਾ ਹੀ ਸੀ। ਕੀ ਸਨ ਸਿਖ ਦੁਰਾਨੀਆਂ ਦੇ ਸਾਹਮਣੇ ? ਗਿਣਤੀ ਵਿਚ ਥੋੜੇ, ਜੰਗੀ ਮਾਲ ਅਸਬਾਬ ਤੋਂ ਰਹਿਤ, ਨਾ ਉਹਨਾਂ ਕੋਲ ਰਾਜ ਨਾ ਭਾਗ। ਮਸੋਂ ਪੰਜਾਹ ਸੱਠ ਸਾਲ ਹੀ ਝੁਗੇ ਵਿਚੋਂ ਉਹਨਾਂ ਦੀ ਸਾਰੀ ਆਯੂ — ਪਰ ਫਿਰ ਵੀ ਉਹ ਡੋਲੇ ਨਹੀਂ, ਡਰੇ ਨਹੀਂ, ਤ੍ਰਿਭਕੇ ਨਹੀਂ, ਘਬਰਾਏ ਨਹੀਂ।

ਉਹਨਾਂ ਨੇ ਦੁਰਾਨੀ ਨੂੰ ਪਛਾੜਨਾ ਹੈ। ਸਿਵਾਏ ਨਿੱਜੀ ਹੌਸਲੇ ਤੇ ਸੈ-ਵਿਸ਼ਵਾਸ ਦੇ ਉਸ ਵੇਲੇ ਸਿਖ ਜਨਤਾ ਕੋਲ ਕੁਝ ਵੀ ਨਹੀਂ ਸੀ ਜਿਸ ਨਾਲ ਉਹ ਦੁਰਾਨੀ ਦਾ ਸਾਹਮਣਾ ਕਰਦੇ, ਪਰ ਸ਼ਾਇਦ ਇਹ ਸੈ-ਵਿਸ਼ਵਾਸ ਤੇ ਹੌਸਲਾ ਹੀ ਹੈ ਜਿਹੜਾ ਅੰਤ ਵਿਚ ਜਿੱਤਾਂ ਤੇ ਹਾਰਾਂ ਦਾ ਫੈਸਲਾ ਕਰਦਾ ਹੈ; ਗਿਣਤੀ ਨਹੀਂ, ਸਾਜ਼ੋ-ਸਾਮਾਨ ਨਹੀਂ।

੫੯

ਨਵੀਨ ਕਾਬਲ ਦੇ ਦੱਖਣ ਪੂਰਬ ਵਲ ਕਾਬਲ ਦਾ ਪੁਰਾਣਾ ਸ਼ਹਿਰ ਹੈ ਤੇ ਇਸ ਸ਼ਹਿਰ ਦੇ ਦੱਖਣ ਪੂਰਬ ਵਲ ਬਾਲਾ ਹਿਸਾਰ — ਸੋਸ਼ਟ ਜਾਂ ਉੱਚਾ ਕਿਲ੍ਹਾ। ਬਾਲਾ ਹਿਸਾਰ ਹੀ ਇਕ ਸਦੀ ਪਹਿਲੇ ਤਕ ਅਫ਼ਗ਼ਾਨ ਬਾਦਸ਼ਾਹਾਂ ਦਾ ਸਦਰ ਹੋਇਆ ਕਰਦਾ ਸੀ। ਏਥੇ ਹੀ ਉਹਨਾਂ ਦੀ ਰਿਹਾਇਸ ਹੁੰਦੀ ਸੀ, ਏਥੇ ਹੀ ਉਹਨਾਂ ਦੇ ਇਤਬਾਰੀ ਜਰਨੈਲ ਤੇ ਹੋਰ ਨਿਕਟਵਰਤੀ ਰਹਿੰਦੇ ਸਨ ਤੇ ਏਥੇ ਹੀ ਰਹਿੰਦੇ ਸਨ ਫ਼ੌਜ ਦੇ ਕੁਝ ਉਹ ਸੂਰਬੀਰ ਸਿਪਾਹੀ ਜਿਹੜੇ ਲੋੜ ਵੇਲੇ ਬਾਦਸ਼ਾਹ ਦੇ ਕੰਮ ਆ ਸਕਣ; ਅਚਨਚੇਤ ਉਠਦੀ ਬਗ਼ਾਵਤ ਵੇਲੇ ਉਹਦੀ ਜਾਨ ਬਚਾ ਸਕਣ।

ਹੁਣ ਬਾਲਾ ਹਿਸਾਰ ਦੀਆਂ ਕੰਧਾਂ ਮੀਹਾਂ, ਬਰਫ਼ਾਂ ਤੇ ਧੁੱਪਾਂ ਨਾਲ ਐਡੀਆਂ ਮਜ਼ਬੂਤ ਨਹੀਂ ਰਹੀਆਂ। ਬਾਲਾ ਹਿਸਾਰ ਦਾ ਅਜੋਕਾ ਦਰਵਾਜ਼ਾ ਵੀ ਕਿਸੇ ਤਰ੍ਹਾਂ ਮਜ਼ਬੂਤ ਨਹੀਂ ਆਖਿਆ ਜਾ ਸਕਦਾ, ਪਰ ਅਜ ਤੋਂ ਦੋ ਕੁ ਸੌ ਸਾਲ ਪਹਿਲੇ ਬਾਲਾ ਹਿਸਾਰ ਮਧ ਏਸ਼ੀਆ ਦੇ ਸਭ ਤੋਂ ਮਜ਼ਬੂਤ ਕਿਲ੍ਹਿਆਂ ਵਿਚੋਂ ਇਕ ਸੀ।

ਇਹਦੀਆਂ ਦੋ ਦਿਸ਼ਾਵਾਂ ਵਲ ਪਹਾੜ ਹਨ। ਏਧਰੋਂ ਕਿਸੇ ਹਮਲਾ-ਆਵਰ ਦਾ ਆਉਣਾ ਕਠਿਨ ਹੀ ਨਹੀਂ ਅਣਹੋਣਾ ਹੈ। ਬਾਕੀ ਸਿਰਫ਼ ਦੋ ਦਿਸ਼ਾਵਾਂ ਹੀ ਆਮ ਬਚਾਅ ਵਾਸਤੇ ਬੀੜਨੀਆ ਜ਼ਰੂਰੀ ਹਨ। ਪੂਰਬੀ ਦਿਸ਼ਾ ਜਲਾਲਬਾਦ,

Scanned by CamScanner

ਪਿਸ਼ਾਵਰ ਤੇ ਲਾਹੌਰ ਦੀ ਦਿਸ਼ਾ ਹੈ ਤੇ ਉੱਤਰੀ ਦਿਸ਼ਾ ਕਾਬਲ ਸ਼ਹਿਰ, ਮਜ਼ਾਰੇ ਸ਼ਰੀਫ਼ ਤੇ ਪੁਰਾਣੇ ਵੇਲਿਆਂ ਦੇ ਬਲਖ਼ ਤੇ ਬੁਖ਼ਾਰੇ ਦੀ ਦਿਸ਼ਾ। ਇਹਨਾਂ ਦੋ ਦਿਸ਼ਾਵਾਂ ਵਲ ਸਦਾ ਤੋਪਾਂ ਤੇ ਬੰਦੂਕਾਂ ਬੀੜੀਆਂ ਰਹਿੰਦੀਆਂ ਸਨ ਤੇ ਬੇਇਨਤਹਾ ਗੋਲਾ ਬਾਰੂਦ ਫ਼ਸੀਲ ਦੇ ਲਾਗੇ ਜੋੜ ਕੇ ਰਖਿਆ ਜਾਂਦਾ ਸੀ।

ਬਾਲਾ ਹਿਸਾਰ ਨੂੰ ਵੇਖ ਕੇ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜਿਸ ਆਦਮੀ ਦੇ ਹੱਥ ਇਹ ਕਿਲ੍ਹਾ ਹੋਏਗਾ ਉਹੋ ਹੀ ਕਾਬਲ ਤੇ ਅਫ਼ਗਾਨਿਸਤਾਨ ਦਾ ਮਾਲਕ ਹੋਏਗਾ। ਅਹਿਮਦ ਸ਼ਾਹ ਦੁਰਾਨੀ ਦਾ ਮਹਿਲ ਵੀ ਏਸੇ ਕਿਲ੍ਹੇ ਵਿਚ ਸੀ ਤੇ ਇਹਨਾਂ ਦਿਨਾਂ ਵਿਚ ਸੀ ਵੀ ਉਹ ਮਧ ਏਸ਼ੀਆ ਦਾ ਸਭ ਤੋਂ ਸ਼ਕਤੀਵਾਨ ਸਮਰਾਟ।

ਜੁਲਾਈ ਜਾਂ ਸਾਵਣ ਦੇ ਮਹੀਨੇ ਕਾਬਲ ਗਰਮ ਹੁੰਦਾ ਹੈ। ਕਾਬਲ ਵਿਚ ਬਾਰਸ਼ਾਂ ਦੇ ਦਿਨ ਸਾਵਣ ਭਾਦਰੋਂ ਦੇ ਦਿਨ ਨਹੀਂ ਹੁੰਦੇ, ਚੇਤਰ ਤੇ ਵਿਸਾਖ ਦੇ ਦਿਨ ਹੁੰਦੇ ਹਨ। ਸਾਵਣ, ਭਾਦਰੋਂ ਤੇ ਅੱਸੂ ਕਾਬਲ ਵਿਚ ਵੀ ਕਾਫ਼ੀ ਗਰਮ ਹੋ ਸਕਦੇ ਹਨ। ਬੇਸ਼ਕ ਲੂ ਨਹੀਂ ਚਲਦੀ ਪਰ ਦਿਨ ਵੇਲੇ ਬਾਹਰ ਫਿਰਨਾ ਟੁਰਨਾ ਸੌਖਾ ਨਹੀਂ ਹੁੰਦਾ।

ਫਿਰ ਵੀ ਕਿਥੇ ਹਿੰਦੁਸਤਾਨ ਵਿਚ ਸਾਵਣ, ਭਾਦਰੋਂ ਤੇ ਅੱਸੂ, ਤੇ ਕਿਥੇ ਕਾਬਲ ਵਿਚ ਇਹ ਮਹੀਨੇ ? ਏਥੇ ਘਟੋ ਘਟ ਸ਼ਾਮਾਂ ਵੇਲੇ ਠੰਢ ਹੋ ਜਾਂਦੀ ਹੈ ਤੇ ਗਰਮ ਕਪੜਾ ਪੈ ਜਾਂਦਾ ਹੈ। ਰਾਤੀਂ ਹਰ ਹਾਲਤ ਵਿਚ ਅੰਦਰ ਸੋਣਾ ਹੁੰਦਾ ਹੈ; ਜੇ ਦੋ ਕੰਬਲ ਨਹੀਂ ਤਾਂ ਇਕ ਕੰਬਲ ਜਾਂ ਚਾਦਰ ਵਿਚ। ਅਹਿਮਦ ਸ਼ਾਹ ਨੇ ਲਗ ਭਗ ਦੋ ਗਰਮੀਆਂ ਹਿੰਦੁਸਤਾਨ ਵਿਚ ਕੱਟੀਆਂ ਸਨ। ਉਹਦਾ ਪਿੰਡਾ ਲੂਹਿਆ ਗਿਆ ਸੀ। ਪਿੱਤ ਨਾਲ ਉਹਦਾ ਸਰੀਰ ਲੇਸਿਆ ਗਿਆ ਸੀ ਤੇ ਸਭ ਸਹੂਲਤਾਂ ਦੇ ਹੁੰਦੇ ਹੋਏ ਵੀ ਉਹ ਤਰਾਹ ਤਰਾਹ ਕਰ ਉਠਿਆ ਸੀ।

ਜੂਨ ਦੇ ਪਹਿਲੇ ਹਫ਼ਤੇ ਹੀ ਉਹ ਕਾਬਲ ਪੁੱਜਾ। ਬੇਸ਼ਕ ਜੱਸਾ ਸਿੰਘ ਆਹਲੂਵਾਲੀਏ ਨੇ ਗੋਇੰਦਵਾਲ ਦੇ ਪੱਤਨ ਉੱਤੇ ਉਹਨੂੰ ਬੜਾ ਜਿੱਚ ਕੀਤਾ ਪਰ ਇਕ-ਵਾਰ ਫਿਰ ਉਹ ਜੂਨ, ਜੁਲਾਈ ਤੇ ਅਗਸਤ ਦੇ ਮਹੀਨੇ ਹਿੰਦੁਸਤਾਨ ਵਿਚ ਨਹੀਂ ਸੀ ਕਟ ਸਕਦਾ। ਜੂਨ ਦੇ ਪਹਿਲੇ ਹਫ਼ਤੇ ਉਹ ਕਾਬਲ ਪੁਜਾ ਤੇ ਜੁਲਾਈ ਦੇ ਦੂਜੇ ਸਾਰੇ ਉਹਨੂੰ ਗੁਜਰਾਂਵਾਲੇ ਵਿਚ ਚੜ੍ਹਤ ਸਿੰਘ ਦੇ ਉਸਾਰੇ ਕਿਲ੍ਹੇ ਦੀ ਸੋ ਮਿਲੀ। "ਇਹ ਕੌਣ ਹੈ ਚੜ੍ਹਤ ਸਿੰਘ ?" ਉਸ ਨੂਰਦੀਨ ਬਾਮੇਜ਼ਈ ਕੋਲੋਂ ਪੁਛਿਆ, ਬੜੇ ਠਰ੍ਹੰਮੇ ਨਾਲ ਤੇ ਬੜੀ ਸ਼ਾਂਤੀ ਨਾਲ। ਜਿਉਂ ਜਿਉਂ ਵਰ੍ਹੇ ਬੀਤਦੇ ਜਾਂਦੇ ਸਨ ਅਹਿਮਦ ਸ਼ਾਹ ਬਾਦਸ਼ਾਹ ਗੰਭੀਰ ਤੇ ਸ਼ਾਂਤ ਹੁੰਦਾ ਜਾਂਦਾ ਸੀ। ਉਹਨੂੰ ਲਗਦਾ ਸੀ ਕਿ ਜਿਵੇਂ ਉਹਦੀ ਜ਼ਿੰਦਗੀ ਸਫ਼ਲ ਨਾ ਹੋਈ ਹੋਵੇ ਕਿ ਜਿਵੇਂ ਉਹ ਅੰਨੀਆਂ ਲੜਾਈਆਂ ਤੇ ਜਿੱਤਾਂ ਦੇ ਬਾਵਜੂਦ ਵੀ ਹਾਰ ਗਿਆ ਹੋਵੇ ਆਪਣੇ ਬੁੱਢੇ ਤੇ ਕਮਜ਼ੋਰ ਹੋ ਜਾਣ ਦਾ ਅਹਿਸਾਸ ਉਹਨੂੰ ਬੜਾ ਉਪਰਾਮ ਕਰਦਾ।

"ਜਹਾਂ ਪਨਾਹ, ਇਹ ਸੁਕਰਚਕੀਆ ਮਿਸਲ ਦਾ ਇਕ ਨੌਜਵਾਨ ਸਰਦਾਰ ਹੈ। ਇਹਦੀ ਬਹਾਦਰੀ ਤੇ ਦਲੇਰੀ ਬਾਰੇ ਮੈਂ ਪਹਿਲੇ ਵੀ ਸੁਣ ਚੁਕਾ ਸਾਂ, ਪਰ ਮੈਨੂੰ ਇਹ ਪਤਾ ਨਹੀਂ ਸੀ ਕਿ ਇਕ ਦਿਨ ਇਹ ਆਪਣੀ ਔਕਾਤ ਨੂੰ ਭੁਲ ਕੇ ਅਫ਼ਗਾਨ ਸਮਰਾਟ ਦੇ ਸੂਬੇ ਵਿਚ ਆਪ-ਹੁਦਰੀ ਮਚਾਂਦਾ ਓਥੇ ਕਿਲ੍ਹਾ ਆ ਉਸਾਰੇਗਾ।"

ਨੂਰਦੀਨ ਬਾਮੇਜ਼ਈ ਵਧੀਆ ਜਰਨੈਲ ਸੀ। ਦੂਰ-ਅੰਦੇਸ਼, ਡੂੰਘੀ ਪਰਖ ਤੇ ਸੂਝ ਵਾਲਾ, ਬਹਾਦਰ ਤੇ ਨਿਡੱਰ। ਪਰ ਨੂਰਦੀਨ ਗਲਾਂ ਦੇਰ ਕਰਦਾ ਸੀ। ਅਹਿਮਦ ਸ਼ਾਹ ਉਹਦੀ ਇਸ ਕਮਜ਼ੋਰੀ ਤੋਂ ਜਾਣੂ ਸੀ। ਪਹਿਲੇ ਪਹਿਲੇ ਤਾਂ ਉਹ ਉਹਨੂੰ ਟੋਕ ਦੇਂਦਾ ਸੀ, ਜ਼ਬਾਨ ਬੰਦ ਕਰਨ ਵਾਸਤੇ ਆਖਦਾ ਸੀ ਪਰ ਹੁਣ ਅਹਿਮਦ ਸ਼ਾਹ ਉਹਨੂੰ ਕਾਫ਼ੀ ਕੁਝ ਕਹਿ ਲੈਣ ਦੇਂਦਾ ਭਾਵੇਂ ਕਰਦਾ ਉਹ ਅਜੇ ਤਕ ਵੀ ਆਪਣੇ ਹੀ ਮਨ ਦੀ ਸੀ।

"ਕੀ ਚੜ੍ਹਤ ਸਿੰਘ, ਜੱਸਾ ਸਿੰਘ ਆਹਲੂਵਾਲੀਏ ਦਾ ਕੋਈ ਰਿਸ਼ਤੇਦਾਰ ਹੈ ?" "ਨਹੀਂ ਹਜ਼ੂਰ ! ਪਰ ਸਿਖੜਿਆਂ ਵਿਚ ਰਿਸ਼ਤੇਦਾਰੀਆਂ ਦਾ ਕੀ ਹੈ। ਹਰ ਸਿਖ ਦੂਜੇ ਸਿਖ ਦਾ ਰਿਸ਼ਤੇਦਾਰ ਹੈ। ਜਦੋਂ ਇਹ ਇਕੋ ਬਾਟੇ ਵਿਚ ਪਤਾਸੇ ਘੋਲ ਕੇ ਪੀ ਲੈਂਦੇ ਹਨ ਤਾਂ ਸਭ ਜ਼ਾਤ ਪਾਤ ਮਿਟ ਜਾਂਦੀ ਹੈ। ਜੁਹੜੇ ਤੇ ਚਮਾਰ ਸਰਦਾਰਾਂ ਦੇ ਨਾਲ ਸਜ ਬਹਿੰਦੇ ਹਨ। ਸਿਖਾਂ ਵਿਚ..."
"ਚੜ੍ਹਤ ਸਿੰਘ ਕੋਲ ਕਿੰਨੇ ਕੁ ਆਦਮੀ ਹਨ ?" "ਇਸ ਗਿਣਤੀ ਦੀ ਕੋਈ ਖ਼ਬਰ ਨਹੀਂ ਬਾਦਸ਼ਾਹ ਸਲਾਮਤ ਪਰ ਆਖ਼ਿਰ ਕਿੰਨੇ ਕੁ ਆਦਮੀ ਹੋ ਸਕਦੇ ਹਨ, ਇਹੋ ਦੋ ਚਾਰ ਹਜ਼ਾਰ। ਉਹ ਵੀ ਵਧ ਤੋਂ ਵਧ। ਪਰ ਜਹਾਂਪਨਾਹ, ਇਹ ਇਕ ਸਰਦਾਰ ਥੱਲੇ ਆਦਮੀਆਂ ਦੀ ਗਲ ਨਹੀਂ। ਜਦੋਂ ਸਿਖਾਂ ਉੱਤੇ ਭੀੜਾ ਬਣੇ ਸਾਰੇ ਸਿਖ ਇਕਾ ਇਕ ਇਕੱਠੇ ਹੋ ਜਾਂਦੇ ਹਨ। ਖੁੰਬਾਂ ਵਾਂਗ ਪਤਾ ਨਹੀਂ ਕਿਵੇਂ ਤੇ ਕਿਥੋਂ ਫੁਟ ਪੈਂਦੇ ਹਨ। ਮੈਨੂੰ ਵਿਸ਼ਵਾਸ ਹੈ...।"

"ਕੀ ਇਸ ਨਵੇਂ ਉਸਰੇ ਕਿਲ੍ਹੇ ਨਾਲ ਪੰਜਾਬ ਵਿਚ ਰਾਜਸਕ ਤਵਾਜ਼ਨ ਕਾਇਮ ਨਹੀਂ ਰਹਿਣ ਲਗਾ ?" "ਬਿਲਕੁਲ

Scanned by CamScanner

ਨਹੀਂ ਜਹਾਂਪਨਾਹ ! ਅਗੇ ਹੀ ਲਾਹੌਰ ਤੋਂ ਦੱਖਣ ਵਲ ਦਾ ਇਲਾਕਾ ਹੱਥੋਂ ਗਿਆ ਸਮਝੋ । ਉਥੋਂ ਦੇ ਸੂਬੇਦਾਰ ਕਮਜ਼ੋਰ ਹਨ। ਰਾਜਾ ਆਲਾ ਸਿੰਘ ਇਕ ਸਿਖ ਹੈ ਜਿਹੜਾ ਹਰ ਹੋਰ ਸਿਖੜੇ ਵਾਂਗ ਖ਼ੂਨ ਖ਼ਾਰ, ਜ਼ਾਲਮ ਤੇ ਸਾਡਾ ਜਮਾਂਦਰੂ ਦੁਸ਼ਮਣ ਨਹੀਂ। ਜੇ ਉਹ ਰਾਹੇ ਰਾਸਤ ਉੱਤੇ ਆ ਜਾਏ ਤਾਂ ਮੇਰੀ ਜਾਚੇ ਉਹੋ ਹੀ ਸਰਹਿੰਦ ਤੇ ਪਟਿਆਲੇ ਦੇ ਇਲਾਕੇ ਵਿਚ ਸਾਡੇ ਵਲੋਂ ਸੂਬੇਦਾਰ ਨਿਯਤ ਹੋਣਾ ਚਾਹੀਦਾ ਹੈ। ਉਹ ਡਰੇਗਾ ਵੀ ਤੇ ਖ਼ਰਾਜ ਵੀ ਤਾਰੇਗਾ। ਨ ਲੇ ਬਾਕੀ ਦੇ ਸਿਖ ਵੀ ਕੁਝ ਨਾ ਕੁਝ ਚੈਨ ਕਰ ਕੇ ਬਹਿਣਗੇ।" "ਤੇ ਲਾਹੌਰ ਦੇ ਉੱਤਰ ਵਲ...?" ਅਹਿਮਦ ਸ਼ਾਹ ਨੇ ਪੁਛਿਆ। "ਲਾਹੌਰ ਦੇ ਉੱਤਰ ਵਲ ਹਾਲਾਤ ਐਨੇ ਭੈੜੇ ਨਹੀਂ ਸਨ, ਪਰ ਇਸ ਸਿਰ ਫਿਰੇ ਚੜ੍ਹਤ ਸਿੰਘ ਨਾਲ ਪਾਸਾ ਉਲਟ ਗਿਆ ਹੈ। ਬਾਦਸ਼ਾਹ ਸਲਾਮਤ ! ਜੇ ਅਸੀਂ ਜਲਦੀ ਹੀ ਇਸ ਸੂਲ ਦਾ ਮੂੰਹ ਨਾ ਮੱਤਿਆ ਤਾਂ ਪਤਾ ਨਹੀਂ ਇਹ ਤੇ ਇਹਦੇ ਪੁਤਰ ਪੋਤਰੇ ਕੀ ਕਰ ਗੁਜ਼ਰਨ। ਜਿਵੇਂ ਮੈਂ ਤੁਹਾਨੂੰ ਪਹਿਲੇ ਅਰਜ਼ ਕੀਤੀ ਹੈ, ਮੈਨੂੰ ਆਗਿਆ ਦਿਓ ਕਿ ਮੈਂ ਚੜ੍ਹਤ ਸਿੰਘ ਦਾ ਕਜੀਆ ਮੁਕਾਵਾਂ। ਤੁਸੀਂ ਮੇਰੀ ਗੋਇੰਦਵਾਲ ਹੀ ਸਲਾਹ ਨਾ ਮੰਨੀ। ਜੇ ਤੁਸੀਂ ਮੈਨੂੰ ਪਿਛੇ ਛਡ ਆਉ'ਦੇ ਤਾਂ ਹਾਲਾਤ ਐਡੀ ਤੇਜ਼ੀ ਨਾਲ ਨਾਂਹ ਬਦਲਦੇ।"

"ਓਦੋਂ ਤੈਨੂੰ ਮੈਂ ਪਿਛੇ ਨਹੀਂ ਸੀ ਛਡ ਸਕਦਾ ਤੇ ਹੁਣ ਵੀ ਚਾਹੁੰਦਾ ਹਾਂ ਕਿ ਤੂੰ ਮੇਰੇ ਕੋਲ ਰਹੇਂ। ਕੀ ਗੁਲਾਮ ਗ਼ਫ਼ਾਰ ਇਹ ਕੰਮ ਨੇਪਰੇ ਨਹੀਂ ਚਾੜ੍ਹ ਸਕਦਾ ?" ਓਦੋਂ ਅਹਿਮਦ ਸ਼ਾਹ ਨੂੰ ਡਰ ਸੀ ਕਿ ਕਿਤੇ ਉਹਦੇ ਕਾਬਲ ਪਹੁੰਚਣ ਉੱਤੇ ਉਹਨੂੰ ਲੜਨਾ ਭਿੜਨਾ ਨਾ ਪਵੇ। ਆਪਣੇ ਇਤਬਾਰੀ ਸਿਪਾਹ-ਸਾਲਾਰ ਬਾਮੇਜ਼ਈ ਨੂੰ ਇਸ ਲਈ ਉਹ ਆਪਣੇ ਕੋਲ ਹੀ ਰਖਣਾ ਚਾਹੁੰਦਾ ਸੀ। ਹੁਣ ਉਹਨੂੰ ਕਾਬਲ ਆਇਆਂ ਮਹੀਨਾ ਡੇਢ ਹੋ ਚੁਕਾ ਸੀ ਤੇ ਹਾਲਾਤ ਠੀਕ ਸਨ। ਹੁਣ ਬਾਮੇਜ਼ਈ ਜਾ ਸਕਦਾ ਸੀ ਪਰ...ਪਰ ਅਜੇ ਵੀ ਅਹਿਮਦ ਸ਼ਾਹ ਕਿਸੇ ਹੋਰ ਨੂੰ ਭੇਜ ਕੇ ਵਧੇਰੇ ਖੁਸ਼ ਹੁੰਦਾ। ਉਹ ਬਾਮੇਜ਼ਈ ਨੂੰ ਗੁਆਣਾ ਨਹੀਂ ਸੀ ਚਾਹੁੰਦਾ ਤੇ ਉਹ ਡਰਦਾ ਕਿ ਕਿਤੇ ਚੜ੍ਹਤ ਸਿੰਘ ਉਹਨੂੰ ਮਾਰ ਨਾ ਮੁਕਾਵੇ।

"ਨਹੀਂ ਵਾਲੀਏ ਹਿੰਦ ਗ਼ੁਲਾਮ ਗ਼ੁਫ਼ਾਰ ਚੜ੍ਹਤ ਸਿੰਘ ਨੂੰ ਸੋਧ ਨਹੀਂ ਸਕੇਗਾ। ਮੈਂ ਆਪਣੇ ਵਾਸਤੇ ਤੁਹਾਡਾ ਇਤਬਾਰ ਤੇ ਪਿਆਰ ਮੰਨਦਾ ਹਾਂ ਪਰ ਜਹਾਂਪਨਾਹ, ਮੈਨੂੰ ਵੀ ਤੁਹਾਡੇ ਵਾਸਤੇ ਆਪਣੀ ਸ਼ੇਰ ਖ਼ਾਹੀ ਵਿਖਾਣ ਦਾ ਮੌਕਾ ਦਿਓ ਮੈਨੂੰ ਮੌਕਾ ਦਿਓ ਕਿ ਮੈਂ ਤੁਹਾਡੇ ਵਾਸਤੇ ਕੁਝ ਕਰ ਸਕਾਂ ?"

"ਕੀ ਸਰਦੀਆਂ ਤਕ ਮੁਹਿੰਮ ਰੁਕ ਸਕਦੀ ਹੈ?" "ਨਹੀਂ ਸ਼ਹਿਨਸ਼ਾਹ। ਉਬੇਦ ਖ਼ਾਨ ਜੇ ਕਿਸੇ ਜੋਗਾ ਹੁੰਦਾ ਤਾਂ ਹੁਣ ਤਕ ਇਹ ਕਿਲ੍ਹਾ ਢਾਹ ਚੁਕਾ ਹੁੰਦਾ। ਮੈਂ ਸੁਣਿਆ ਹੈ ਕਿ ਉਬੇਦ ਖ਼ਾਨ ਤਾਂ ਲਾਹੌਰ ਜ਼ਿਲੇ ਦੇ ਪਿੰਡਾਂ ਵਿਚੋਂ ਵੀ ਪੂਰਾ ਮਾਲੀਆ ਨਹੀਂ ਉਗਰਾਹ ਰਿਹਾ। ਅਜੇ ਸਰਦੀਆਂ ਆਉਣ ਵਿਚ ਚਾਰ ਪੰਜ ਮਹੀਨੇ ਹਨ। ਇਹਨਾਂ ਮਹੀਨਿਆਂ ਵਿਚ ਸਭ ਕੁਝ ਹੱਥੋਂ ਨਿਕਲ ਜਾਏਗਾ ਤੇ ਜੇ ਪੰਜਾਬ ਹੱਥੋਂ ਗਿਆ ਤਾਂ ਏਥੋਂ ਦੀ ਰਿਆਇਆ ਨੂੰ ਵੀ ਖਾਣ ਵਾਸਤੇ ਕੁਝ ਨਹੀਂ ਲਭਣਾ।"

ਅਹਿਮਦ ਸ਼ਾਹ ਦੁਰਾਨੀ ਨੇ ਆਪਣੀ ਅਧ-ਕਤਰੀ ਦਾੜ੍ਹੀ ਨੂੰ ਖੁਰਕਿਆ। ਉਹ ਚਿੰਤਾਤਰ ਨਜ਼ਰ ਆਉਂਦਾ ਸੀ। ਜੋ ਕੁਝ ਬਾਮੇਜ਼ਈ ਕਹਿ ਰਿਹਾ ਸੀ, ਉਹ ਬਿਲਕੁਲ ਠੀਕ ਸੀ। ਬਾਮੇਜ਼ਈ ਤੋਂ ਵਧ ਖ਼ੁਦ ਆਪ ਉਹਨੂੰ ਸਭ ਸਮਸਿਆਵਾਂ ਦਾ ਅਹਿਸਾਸ ਸੀ। ਉਹਨੇ ਸੋਚਿਆ ਕਿ ਕਾਸ਼ ਉਹ ਪਹਿਲੇ ਹੀ ਨੂਰ ਦੀਨ ਨੂੰ ਹਿੰਦੁਸਤਾਨ ਛਡ ਆਇਆ ਹੁੰਦਾ ! ਉਬੇਦ ਖ਼ਾਨ ਸਚ ਮੁਚ ਹੀ ਨਿਖੱਟੂ ਸੀ। ਕਿਸੇ ਕੰਮ ਜੋਗਾ ਨਾ।

ਉਹਨੂੰ ਇਕਾ ਇਕ ਚੰਗੇ ਅਹੁਦੇਦਾਰਾਂ, ਜਰਨੈਲਾਂ ਤੇ ਅਫ਼ਸਰਾਂ ਦੀ ਘਾਟ ਮਹਿਸੂਸ ਹੋਈ। ਜਦੋਂ ਉਹ ਜਵਾਨ ਸੀ ਤਾਂ ਉਹਨੂੰ ਕਦੀ ਇਹੋ ਜਿਹਾ ਖ਼ਿਆਲ ਨਹੀਂ ਸੀ ਆਇਆ। ਪਰ ਹੁਣ ਜਦੋਂ ਉਹ ਬੁਢਾ ਹੋ ਰਿਹਾ ਸੀ ਤਾਂ ਬਾਮੇਜ਼ਈ ਤੋਂ ਬਗ਼ੈਰ ਉਹਨੂੰ ਹੋਰ ਕੋਈ ਵੀ ਇਹੋ ਜਿਹਾ ਸਾਲਾਰ ਨਾ ਦਿਸਿਆ ਜਿਸ ਉੱਤੇ ਉਹ ਇਤਬਾਰ ਕਰ ਸਕੇ। ਬੇਸ਼ਕ ਹੁਣ ਉਹਨੂੰ ਚੰਗੇ ਸਾਲਾਰਾਂ ਦੀ ਜ਼ਰੂਰਤ ਸੀ।

ਅਹਿਮਦ ਸ਼ਾਹ ਨੇ ਹਉਕਾ ਭਰਿਆ ਤੇ ਮਨ ਹੀ ਮਨ ਵਿਚ ਕਿਹਾ — "ਕਾਸ਼ ! ਮੈਂ ਬੁਢਾ ਨਾ ਹੋ ਗਿਆ ਹੁੰਦਾ। ਮੈਂ ਖ਼ੁਦ ਇਹਨਾਂ ਸਿਖਾਂ ਨੂੰ ਸੋਧਦਾ। ਮੈਂ ਗਰਮੀ ਤੇ ਲੂ ਦੀ ਪ੍ਰਵਾਹ ਨਾ ਕਰਦਾ। ਆਖ਼ਿਰ ਜਵਾਨੀ ਵਿਚ ਮੈਂ ਕਿਹੜੀਆਂ ਧੁੱਪਾਂ ਨਹੀਂ ਵੇਖੀਆਂ ਤੇ ਲੂਆਂ ਨਹੀਂ ਸਹੀਆਂ।"

ਪਰ ਅਹਿਮਦ ਸ਼ਾਹ ਅੰਦਰ ਅੱਸ ਉਮਰੇ ਲੂਆਂ ਸੜੇ ਪੰਜਾਬ ਵਿਚ ਜਾਣ ਵਾਸਤੇ ਸਾਹਸ ਨਹੀਂ ਸੀ। ਫਿਰ ਵੀ ਕਿਸੇ ਨਾ ਕਿਸੇ ਦਾ ਜਾਣਾ ਬਣਦਾ ਜ਼ਰੂਰੀ ਸੀ। ਜੇ ਪੰਜਾਬ ਹਥੋਂ ਗਿਆ ਤਾਂ ਜਿਵੇਂ ਨੂਰ ਦੀਨ ਨੇ ਕਿਹਾ ਸੀ, ਅਫ਼ਗਾਨਿਸਤਾਨ ਵਿਚ ਕਾਲ ਪੈ ਜਾਏਗਾ। ਜੇ ਪੰਜਾਬ ਵਿਚੋਂ ਖ਼ਿਰਾਜ ਆਉਣਾ ਬੰਦ ਹੋ ਗਿਆ ਤਾਂ ਸਿਪਾਹੀਆਂ ਦੀਆਂ ਤਨਖ਼ਾਹਾਂ ਵੀ ਤਾਰ ਨਹੀਂ

Scanned by CamScanner

ਹੈਟੀਆ। ਅੰਤ ਉਸ ਫ਼ੈਸਲਾ ਕੀਤਾ ਤੇ ਕਿਹਾ, "ਅਛਾ ਨੂਰ ਦੀਨ, ਤੂੰ ਆਪ ਹੀ ਜਾ। ਕਿੰਨੇ ਆਦਮੀ ਚਾਹੀਦੇ ਹਨ ?"

ਨੂਰ ਦੀਨ ਬਾਮੇਜ਼ਈ ਨੇ ਅਗੇ ਵਧ ਕੇ ਬਾਦਸ਼ਾਹ ਅਹਿਮਦ ਸ਼ਾਹ ਦੁਰਾਨੀ ਦਾ ਹੱਥ ਚੁੰਮਿਆ, "ਧੰਨ ਭਾਗ ਮੇਰੀ ਸਰਕਾਰ, ਤੁਸੀਂ ਮੇਰੀ ਅਰਜ਼ ਮੰਨੀ ਤੇ ਮੈਨੂੰ ਆਪਣੀ ਸੇਵਾ ਕਰਨ ਦਾ ਮੌਕਾ ਦਿਤਾ। ਆਦਮੀਆਂ ਦੀ ਪ੍ਰਵਾਹ ਨਹੀਂ। ਚੜ੍ਹਤ ਸਿੰਘ ਵਾਸਤੇ ਮੈਂ ਇਕ ਇਕੱਲਾ ਹੀ ਕਾਫ਼ੀ ਹਾਂ।" "ਦਸ ਹਜ਼ਾਰ ਸਿਪਾਹੀ ਕਾਫ਼ੀ ਹੋਣਗੇ ?" "ਬਹੁਤ। ਆਖ਼ਿਰ ਇਕ ਦੁਰਾਨੀ ਪੰਜਾ ਪੰਜਾ ਸਿਖਾਂ ਦੇ ਬਰਾਬਰ ਹੈ। ਹਾਂ ਜੀ, ਦਸ ਹਜ਼ਾਰ ਸਿਪਾਹੀ ਕਾਫ਼ੀ ਹੋਣਗੇ।"

ਪਰ ਅਹਿਮਦ ਸ਼ਾਹ ਨੇ ਅੰਤ ਦਸ ਹਜ਼ਾਰ ਨਹੀਂ ਪੰਦ੍ਰਾਂ ਹਜ਼ਾਰ ਸਿਪਾਹੀ ਨੂਰ ਦੀਨ ਨਾਲ ਟੋਰੇ। ਜੇ ਨੂਰ ਦੀਨ ਬਾਮੇਜ਼ਈ ਨਹੀਂ ਤਾਂ ਅਹਿਮਦ ਸ਼ਾਹ ਦੁਰਾਨੀ ਦਿਲੋਂ ਜ਼ਰੂਰ ਡਰਦਾ ਸੀ। ਉਹਦੀ ਜਾਚੇ ਹੁਣ ਸਿਖਾਂ ਨਾਲ ਮੁਕਾਬਲਾ ਆਸਾਨ ਨਹੀਂ ਸੀ ਰਹਿ ਗਿਆ। ਦੂਜਾ ਉਸ ਸੋਚਿਆ ਕਿ ਜਿੰਨੇ ਆਦਮੀ ਵਧ ਹਿੰਦੁਸਤਾਨ ਜਾਣਗੇ ਓਨੇ ਹੀ ਘਟ ਆਦਮੀ ਏਥੇ ਖਾਣ ਪੀਣ ਵਾਸਤੇ ਹੋਣਗੇ। ਤੇ ਹੁਣ ਸਮਾਂ ਆ ਗਿਆ ਸੀ ਕਿ ਅਫ਼ਗਾਨਿਸਤਾਨ ਵਿਚ ਪੈਦਾ ਹੁੰਦਾ ਅਨਾਜ ਸੰਭਲ ਕੇ ਵਰਤਿਆ ਜਾਏ। ਪਤਾ ਨਹੀਂ ਪੰਜਾਬ ਸਦਾ ਹੱਥ ਵਿਚ ਰਹੇ ਕਿ ਨਾ। ਉੱਜ ਵੀ ਨੂਰ ਦੀਨ ਵਰਗੇ ਆਦਮੀ ਕੋਲੋਂ ਕਿਸੇ ਬਗਾਵਤ ਦਾ ਡਰ ਵੀ ਨਹੀਂ ਸੀ। ਇਸਤਰ੍ਹਾਂ ਜੁਲਾਈ ਮਹੀਨੇ ਦੇ ਤੀਜੇ ਸਾਤੇ ਇਕ ਹੋਰ ਮੁਹਿੰਮ ਕਾਬਲੋਂ ਹਿੰਦੁਸਤਾਨ ਉੱਤੇ ਚੜ੍ਹੀ। ਸਾਰੀ ਸੈਨਾਂ ਬਾਲਾ ਹਿਸਾਰ ਦੇ ਸਾਹਮਣੇ ਮੈਦਾਨ ਵਿਚ ਇਕੱਤਰ ਹੋਈ। ਨੂਰ ਦੀਨ ਬਾਮੇਜ਼ਈ ਨੇ ਸਾਰੀ ਸੈਨਾਂ ਦਾ ਮੁਆਇਨਾ ਕੀਤਾ। ਸਾਜ਼ੋ ਸਾਮਾਨ ਦੀ ਪੜਤਾਲ ਕੀਤੀ। ਆਪਣੇ ਮੁਖ ਮਾਤਿਹਤ ਪੀਰ ਨਜਬ-ਉਦ-ਦਓਲਾ ਨੂੰ ਇਕ ਇਕ ਚੀਜ਼ ਸਹੀ ਕਰਨ ਵਾਸਤੇ ਕਿਹਾ।

ਨੂਰ ਦੀਨ ਬਾਮੇਜ਼ਈ ਦੀ ਪਿਛਲੇ ਕਈ ਵਰ੍ਹਿਆਂ ਵਿਚ ਇਹ ਪਹਿਲੀ ਖ਼ੁਦ-ਮੁਖ਼ਤਾਰ ਮੁਹਿੰਮ ਸੀ ਤੇ ਉਹ ਨਹੀਂ ਸੀ ਚਾਹੁੰਦਾ ਕਿ ਉਹ ਹਾਰ ਖਾਵੇ। ਉਹ ਆਪ ਕਈ ਮਹੀਨਿਆਂ ਤੋਂ ਬਾਦਸ਼ਾਹ ਕੋਲੋਂ ਇਹ ਮੰਗ ਮੰਗਦਾ ਆਇਆ ਸੀ। ਅੱਜ ਬਾਦਸ਼ਾਹ ਨੇ ਮਿਹਰਬਾਨ ਹੋ ਕੇ ਇਹ ਮੰਗ ਸਵੀਕਾਰ ਕੀਤੀ ਸੀ। ਉਹ ਬਾਦਸ਼ਾਹ ਦਾ ਇਤਬਾਰ ਮੋੜਨਾ ਚਾਹੁੰਦਾ ਸੀ। ਉਹ ਆਪ ਬਾਦਸ਼ਾਹ ਨਾਲੋਂ ਵੀ ਵਧ ਕੰਮ ਨੇਪੜੇ ਚਾੜ੍ਹ ਕੇ ਵਾਪਸ ਕਾਬਲ ਮੁੜਣ ਦਾ ਚਾਹਵਾਨ ਸੀ ਤਾਂ ਜੋ ਉਹਦਾ ਕੰਮ ਵੇਖ ਕੇ ਬਾਦਸ਼ਾਹ ਹੈਰਾਨ ਹੋ ਜਾਏ। ਆਪ ਬਾਦਸ਼ਾਹ ਅਹਿਮਦ ਸ਼ਾਹ ਇਸ ਸੈਨਾਂ ਨੂੰ ਵੇਖਣ ਵਾਸਤੇ ਆਇਆ। "ਸ਼ਹਿਨਸ਼ਾਹ ਜ਼ਿੰਦਾ ਬਾਦ" ਦੇ ਨਾਅਰਿਆਂ ਨਾਲ ਸਾਰਾ ਬਾਲਾ ਹਿਸਾਰ ਤੇ ਸਾਰਾ ਕਾਬਲ ਗੂੰਜ ਉਠਿਆ।

ਫ਼ੌਜ ਟੁਰੀ ਤੇ ਅਸਮਾਨ ਉੱਤੇ ਇਕ ਤਰਦੀ ਤਰਦੀ ਬਦਲੀ ਨੇ ਕੁਝ ਪਲਾਂ ਲਈ ਸੂਰਜ ਨੂੰ ਕੱਜ ਲਿਆ। ਸਭ ਨੇ ਇਹਨੂੰ ਸ਼ੁਭ ਲਗਨ ਸਮਝਿਆ ਤੇ ਅਹਿਮਦ ਸ਼ਾਹ ਨੇ ਦਿਲ ਵਿਚ ਕਿਹਾ, "ਕਾਸ਼! ਐਨੀ ਗਰਮੀ ਨਾ ਹੁੰਦੀ। ਮਹੀਨੇ ਡੇਢ ਅੰਦਰ ਹੀ ਮੈਂ ਹਿਦੁਸਤਾਨ ਵਿਚ ਲੜਾਈਆਂ ਲੜਨ ਤੋਂ ਬਿਨਾਂ ਉਦਾਸ ਹੋ ਗਿਆ ਹਾਂ। ਮੈਂ ਸਿਖਾਂ ਕੋਲੋਂ ਬਦਲਾ ਜ਼ਰੂਰ ਲੈਣਾ ਹੈ।"

Scanned by CamScanner

ਯੁਧ ਕਲਾ ਦਾ ਇਕ ਨੇਮ ਹੈ ਕਿ ਆਪਣੇ ਦੁਸ਼ਮਣ ਨੂੰ ਕਦੀ ਨਾ ਛੁਟਿਆਓ। ਘਟੋ ਘਟ ਐਨਾ ਜ਼ਰੂਰ ਸਮਝਿਆ ਜਾਏ ਕਿ ਦੁਸ਼ਮਣ ਸਾਡੇ ਜਿੰਨਾ ਹੀ ਅਕਲਮੰਦ ਹੈ ਤੇ ਸਾਡੇ ਜਿੰਨਾ ਹੀ ਬਹਾਦਰ। ਨੂਰ ਦੀਨ ਬਾਮੇਜ਼ਈ ਨੇ ਯੁਧ ਕਲਾ ਦੇ ਇਸ ਨੇਮ ਦੀ ਪਾਲਨਾ ਨਾ ਕੀਤੀ। ਉਹ ਆਪਣੀ ਆਕੜ ਵਿਚ ਰਿਹਾ। ਉਸ ਸਮਝਿਆ ਕਿ ਉਹਦਾ ਤੇ ਚੜ੍ਹਤ ਸਿੰਘ ਦਾ ਕੀ ਮੁਕਾਬਲਾ ਹੈ। ਕਿਥੇ ਹਾਥੀ ਤੇ ਕਿਥੇ ਇਕ ਕੀੜੀ ਤੇ ਉਹਦੀ ਔਕਾਤ ? ਉਹਨੂੰ ਆਪਣੇ ਬਾਦਸ਼ਾਹ ਦਾ ਘੁਮੰਡ ਸੀ। ਉਹ ਏਸ਼ੀਆ ਦੇ ਸਭ ਤੋਂ ਵਡੇ ਸ਼ਹਿਨਸ਼ਾਹ ਅਹਿਮਦ ਸ਼ਾਹ ਦੁਰਾਨੀ ਦਾ ਜਰਨੈਲ ਸੀ। ਉਹਦੇ ਕੋਲ ਪੰਦਰਾਂ ਹਜ਼ਾਰ ਸਿਪਾਹੀ ਸਨ। ਪੰਦਰਾਂ ਹਜ਼ਾਰ ਸਿਪਾਹੀ...? ਠਾਂ ਲੇਣਾ ਸੌਖਾ ਹੁੰਦਾ ਹੈ ਪਰ ਪੰਦਰਾਂ ਹਜ਼ਾਰ ਸਿਧੇ ਹੋਏ, ਬਰਫ ਵਿਚ ਪਲੇ ਹੋਏ, ਜਿੱਤਾਂ ਨਾਲ ਸਰਸ਼ਾਰ ਤੇ ਜਮਾਂਦਰੂ ਲੜਾਕੇ ਸਿਪਾਹੀ ਕੋਈ ਸ਼ੈ ਹੁੰਦੇ ਹਨ।

ਚੜ੍ਹਤ ਸਿੰਘ ਆਪਣੇ ਨਿਗੂਣੇ ਹਜ਼ਾਰ ਦੋ ਹਜ਼ਾਰ ਅਧ ਨੰਗੇ ਤੇ ਅਧ-ਰੱਜੇ ਸਿਖੜਿਆਂ ਨਾਲ ਪੰਦਰਾਂ ਹਜ਼ਾਰ ਦਾ ਕੀ ਮੁਕਾਬਲਾ ਕਰੇਗਾ। ਪਲੋ ਪਲੀ ਪੰਦਰਾਂ ਹਜ਼ਾਰ ਸਿਪਾਹੀ ਚੜ੍ਹਤ ਸਿੰਘ ਤੇ ਉਹਦੇ ਸਿਪਾਹੀਆਂ ਦੀ ਬੋਟੀ ਬੋਟੀ ਕਰ ਦੇਣਗੇ ਤੇ ਉਹਦੇ ਕਿਲ੍ਹੇ ਨੂੰ ਜ਼ਮੀਨ ਨਾਲ ਮਿਲਾ ਦੇਣਗੇ।

ਇਹਨਾਂ ਮਨੋਭਾਵਾਂ ਨਾਲ ਬਾਮੇਜ਼ਈ ਕਾਬਲ ਤੋਂ ਟੁਰਿਆ ਸੀ ਤੇ ਹਰ ਪੜਾਅ ਨਾਲ ਉਹਦੇ ਇਹ ਮਨੋਭਾਵ ਸਖੋ ਦ੍ਰਿੜ ਸ਼ਕਲ ਇਖ਼ਤਿਆਰ ਕਰ ਲੈਂਦੇ ਰਹੇ ਸਨ। ਚੌਹਾਂ ਹੀ ਦਿਨਾਂ ਵਿਚ ਉਹ ਜਲਾਲਾਬਾਦ ਪਹੁੰਚ ਗਿਆ। ਸਿਰਫ ਇਕ ਰਾਤ ਹੀ ਉਸ ਲਰਾ ਬੰਦ, ਸਰੋਬੀ ਤੇ ਨਿਰਮਲੇ ਵਿਚ ਕੱਟੀ। ਜਲਾਲਾਬਾਦ ਪਹੁੰਚ ਕੇ ਉਹ ਦੋ ਦਿਨ ਟਿਕਿਆ। ਇਸ ਇਲਾਕੇ ਵਿਚੋਂ ਕਈ ਆਦਮੀ ਉਹਦੇ ਨਾਲ ਜਾਣਾ ਚਾਹੁੰਦੇ ਸਨ। ਉਹਨਾਂ ਸਭ ਕੋਲ ਬੰਦੂਕਾਂ ਤੇ ਤਲਵਾਰਾਂ ਸਨ। ਉਹ ਨੂਰ ਦੀਨ ਉੱਤੇ ਕਿਸੇ ਤਰ੍ਹਾਂ ਦਾ ਭਾਰ ਨਹੀਂ ਹੋਣਗੇ। ਉਹਨਾਂ ਕਿਹਾ ਕਿ ਉਹ ਹਿੰਦੁਸਤਾਨ ਤੋਂ ਓਦਰ ਗਏ ਹਨ ਤੇ ਸਿਖਾਂ ਕੋਲੋਂ ਉਹਨਾਂ ਦੀਆਂ ਵਧੀਕੀਆਂ ਦਾ ਬਦਲਾ ਲੈਣ ਲਈ ਉਤਾਵਲੇ ਹਨ।

ਬਾਮੇਜ਼ਈ ਨੇ ਸੋਚਿਆ। ਕੀ ਅਹਿਮਦ ਸ਼ਾਹ ਤੋਂ ਪੁਛੇ ਬਗ਼ੈਰ ਉਹ ਇਹਨਾਂ ਆਦਮੀਆਂ ਨੂੰ ਨਾਲ ਲੈ ਟੁਰੇ ? ਕੀ ਇਹਨਾਂ ਦੀ ਕੋਈ ਲੋੜ ਵੀ ਹੈ ? ਉਸ ਸੋਚਿਆ ਤੇ ਫੈਸਲਾ ਕੀਤਾ ਕਿ ਅਗੇ ਹੀ ਪੰਦਰਾਂ ਹਜ਼ਾਰ ਆਦਮੀ ਲੋੜ ਨਾਲੋਂ ਵਧੀਕ ਹਨ। ਉਹਨੇ ਇਹਨਾਂ ਆਦਮੀਆਂ ਦੀ ਅਰਜ਼ ਰੱਦ ਕਰ ਦਿਤੀ। ਜਲਾਲਾਬਾਦ ਤੋਂ ਪਿਸ਼ਾਵਰ ਤਕ ਅੱਸੀ ਮੀਲ ਦਾ ਸਫ਼ਰ ਉਸ ਸਿਰਫ਼ ਦੋ ਦਿਨ ਵਿਚ ਮੁਕਾਇਆ। ਉਹਨੂੰ ਜਿੱਤਾਂ ਜਿਤਣ ਦੀ ਕਾਹਲੀ ਸੀ। ਉਹ ਦਿਲ ਵਿਚ ਸੋਚ ਰਿਹਾ ਸੀ ਕਿ ਚੜ੍ਹਤ ਸਿੰਘ ਦਾ ਕਜ਼ੀਆ ਕਢ ਉਹ ਲਾਹੌਰ ਜਾਏਗਾ ਤੇ ਕਿਸੇ ਨਾ ਕਿਸੇ ਬਹਾਨੇ ਅਹਿਮਦ ਸ਼ਾਹ ਕੋਲੋਂ ਇਜਾਜ਼ਤ ਲੈ ਕੇ ਜੱਸਾ ਸਿੰਘ ਆਹਲੂਵਾਲੀਏ ਨਾਲ ਵੀ ਨਿਤਰੇਗਾ ਤੇ ਗੋਇੰਦਵਾਲ ਵਿਚ ਉਹਦੇ ਵਲੋਂ ਹੋਈ ਵਧੀਕੀ ਦਾ ਉਹਨੂੰ ਸਵਾਦ ਚਖਾਏਗਾ।

ਪਿਸ਼ਾਵਰ, ਪਿੰਡੀ, ਜਿਹਲਮ, ਗੁਜਰਾਤ, ਨੂਰ ਦੀਨ ਬਾਮੇਜ਼ਈ ਕਿਤੇ ਵੀ ਨਾ ਅਟਕਿਆ। ਵਾਹੋ ਦਾਹੀ ਅਗੇ ਵਧਦਾ ਆਇਆ। ਆਪਣੀ ਨਵੀਂ ਮਿਲੀ ਖ਼ੁਦ ਮੁਖਤਾਰੀ ਵਿਚ ਉਹ ਖ਼ੁਸ਼ ਸੀ ਤੇ ਸ਼ੀਘਰ ਹੀ ਭਵਿਖ ਵਿਚ ਪਾਣ ਵਾਲੀਆਂ ਜਿੱਤਾਂ ਨੇ ਉਹਨੂੰ ਉਤੇਜਿਤ ਕਰ ਦਿਤਾ ਸੀ।

ਗੁਜਰਾਤ ਤੋਂ ਟੁਰ ਕੇ ਅਗਲਾ ਪੜਾਅ ਉਸ ਚਨਾਬ ਦੇ ਉਰਾਰ ਆ ਕੀਤਾ। ਸ਼ਾਮ ਹੋ ਚੁਕੀ ਸੀ ਤੇ ਉਹਦੇ ਹਿਰਾਵਲ ਦਸਤਿਆਂ ਨੇ ਦਰਿਆ ਦੇ ਕੰਢੇ ਹੀ ਕੈਂਪ ਤਿਆਰ ਕਰ ਛਡਿਆ ਸੀ। ਸਭ ਸਿਪਾਹੀ ਥੱਕੇ ਹੋਏ ਸਨ। ਆਪ ਨੂਰ ਦੀਨ ਵੀ ਕੁਝ ਮਾਂਦਾ ਸੀ। ਆਪਣੇ ਨਾਇਬ ਨਜਬ-ਉਦ-ਦਉਲਾ ਨੂੰ ਉਸ ਕਿਹਾ, "ਏਥੇ ਅਸੀਂ ਦੋ ਤਿੰਨ ਦਿਨ ਆਰਾਮ ਕਰਾਂਗੇ, ਸਾਰੀ ਫ਼ੌਜ ਨੂੰ ਵੀ ਆਰਾਮ ਦੀ ਲੋੜ ਹੈ। ਮੈਂ ਆਪ ਵੀ ਕੁਝ ਥਕਾਵਟ ਮਹਿਸੂਸ ਕਰਦਾ ਹਾਂ।"

Scanned by CamScanner

"ਬੇਸ਼ਕ ਸਿਪਾਹ-ਸਾਲਾਰ ਸਾਹਿਬ ! ਆਖ਼ਿਰ ਗੁਜਰਾਂਵਾਲੇ ਦਾ ਕਿਲ੍ਹਾ ਕਿਹੜਾ ਭੱਜਿਆ ਜਾਂਦਾ ਹੈ। ਮੈਨੂੰ ਤਾਂ ਜਾਪਦਾ ਹੈ ਕਿ ਸਾਡੇ ਆਉਣ ਦੀ ਖ਼ਬਰ ਸੁਣਦਿਆਂ ਹੀ ਇਹ ਚੜ੍ਹਤ ਸਿੰਘ ਆਪਣੇ ਸਾਥੀਆਂ ਸਮੇਤ ਨੱਸ ਜਾਏਗਾ ਤੇ ਕਿਲ੍ਹਾ ਸਾਡੇ ਹੱਥਾਂ ਵਿਚ ਹੋਵੇਗਾ।" "ਮੇਰਾ ਆਪਣਾ ਵੀ ਇਹੋ ਖ਼ਿਆਲ ਹੈ। ਜੇ ਕੋਈ ਆਹਲੂਵਾਲੀਆ, ਭੰਗੀ ਜਾਂ ਰਾਮਗੜ੍ਹੀਆ ਸਰਦਾਰ ਹੁੰਦਾ ਤਾਂ ਵੀ ਕੋਈ ਗੱਲ ਸੀ ਪਰ ਚੜ੍ਹਤ ਸਿੰਘ ਉੱਤੇ ਮੈਨੂੰ ਯਕੀਨ ਨਹੀਂ ਆਉਂਦਾ। ਇਹਦੇ ਨਾਲ ਲੜਨਾ ਮੈਨੂੰ ਆਪਣੀ ਹੇਠੀ ਲਗਦੀ ਹੈ।"

"ਤੁਸੀਂ ਬਜਾ ਫਰਮਾਉਂਦੇ ਹੋ। ਪਰ ਜਿਵੇਂ ਤੁਸੀਂ ਆਪ ਹੀ ਕਿਹਾ ਹੈ ਅਸੀਂ ਆਹਲੂਵਾਲੀਏ ਸਰਦਾਰ ਦੇ ਦੰਦ ਖੱਟੇ ਕਰਨ ਤੋਂ ਬਗ਼ੈਰ ਕਾਬਲ ਨਹੀਂ ਮੁੜਨਾ।" "ਬੇਸ਼ਕ...।" ਨੂਰ ਦੀਨ ਤੇ ਨਜਬ-ਉਦ-ਦਉਲਾ ਇਹ ਗੱਲਾਂ ਕਰ ਰਹੇ ਸਨ ਤੇ ਉਹਨਾਂ ਦੀ ਫ਼ੌਜ ਰੋਟੀ ਟੁਕ ਖਾਂਦੀ ਸੌਣ ਦੀਆਂ ਤਿਆਰੀਆਂ ਕਰ ਰਹੀ ਸੀ। ਹਰ ਇਕ ਨੂੰ ਹੀ ਸੌਣ ਦੀ ਜਲਦੀ ਸੀ, ਅੱਠਾ ਥੱਕ ਚੁਕੇ ਸਨ ਵਿਚਾਰੇ।

ਪਰ ਚੜ੍ਹਤ ਸਿੰਘ ਤੇ ਉਹਦੇ ਸਿਪਾਹੀਆਂ ਨੂੰ ਕਿਸੇ ਕਿਸਮ ਦੀ ਥਕਾਵਟ ਨਹੀਂ ਸੀ। ਉਹ ਸਾਰੇ ਦੇ ਸਾਰੇ ਤਾਜ਼ਾਦਮ ਸ਼ਨ। ਓਧਰ ਨੂਰ ਦੀਨ ਦੀ ਫ਼ੌਜ ਸੌਣ ਦੀਆਂ ਤਿਆਰੀਆ ਕਰ ਰਹੀ ਸੀ ਤੇ ਓਧਰ ਚੜ੍ਹਤ ਸਿੰਘ ਦੀ ਨਾਮ-ਮਾਤ੍ਰ ਸੈਨਾ ਹਮਲੇ ਦੀਆਂ ਤਿਆਰੀਆਂ। ਜਿਉਂ ਹੀ ਰਾਤ ਦੀ ਸੰਪੂਰਨ ਚੁਪ ਵਰਤੀ ਤੇ ਨੂਰ ਦੀਨ ਦੀ ਸੈਨਾ ਲੰਮੀਆਂ ਤਾਣ ਕੇ ਸੁੱਤੀ ਤਿਉਂ ਹੀ ਚੜ੍ਹਤ ਸਿੰਘ ਨੇ ਆਪ "ਬੋਲੇ ਸੋ ਨਿਹਾਲ" ਦਾ ਜੈਕਾਰਾ ਛਡਿਆ ਤੇ ਉਹਦੇ ਸਾਥੀਆਂ "ਸਤਿ ਸ੍ਰੀ ਅਕਾਲ" ਗੁਜਾਈ। ਇਹ ਜੈਕਾਰਾ ਨੂਰ ਦੀਨ ਤੇ ਬਾਕੀ ਦੁਰਾਨੀ ਸਿਪਾਹੀਆਂ ਦਾ ਜਾਣਿਆ ਪਛਾਣਿਆ ਜੈਕਾਰਾ ਸੀ। ਇਹ ਜੈਕਾਰਾ ਸੁਣਦਿਆਂ ਹੀ ਸੰਤਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ, ਉਹਨਾਂ ਆਪਣੇ ਅਹੁਦੇਦਾਰਾਂ ਨੂੰ ਉਠਾਇਆ, ਕੱਚੀ ਨੀਂਦਰੇ ਸਿਪਾਹੀ ਅੱਖਾਂ ਮਲਦੇ ਉਠੇ। ਨਜਬ-ਉਦ-ਦਉਲਾ ਨੇ ਨੂਰ ਦੀਨ ਨੂੰ ਉਠਾਇਆ ਤੇ ਪੰਦਰ੍ਹਾਂ ਹਜ਼ਾਰ ਸਿੱਖੀ ਹੋਈ ਤੇ ਬਹਾਦਰ ਸੈਨਾ ਪਲੋ ਪਲੀ ਬੇਮੁਹਾਰ ਹੁੰਦੀ ਜਾਪੀ। ਨੂਰ ਦੀਨ ਨੇ ਉਠਦਿਆਂ ਨਾਲ ਹਾਲਾਤ ਦਾ ਜਾਇਜ਼ਾ ਲਿਆ। ਸਭ ਕੁਝ ਸਮਝ ਕੇ ਹੁਕਮ ਸੁਣਾਏ ਤੇ ਜੰਮ ਕੇ ਲੜਨ ਵਾਸਤੇ ਕਿਹਾ।

"ਮੈਂ ਜਾਣਦਾ ਹਾਂ ਇਹ ਸਿਖਾਂ ਦਾ ਪੁਰਾਣਾ ਤਰੀਕਾ ਹੈ। ਉਹ ਹਮੇਸ਼ਾ ਕਾਇਰਾਂ ਵਾਂਗ ਰਾਤ ਦੇ ਹਨੇਰੇ ਵਿਚ ਆਉਂਦੇ ਹਨ ਤੇ ਲੁਟੇਰਿਆਂ ਵਾਂਗ ਰਸਦ ਪਾਣੀ ਲੁਟ ਕੇ ਲੈ ਜਾਂਦੇ ਹਨ। ਅਸੀਂ ਏਥੋਂ ਹਿਲਣਾ ਨਹੀਂ। ਇਹ ਹਨੇਰੀ ਆਪੇ ਹੀ ਝੁੱਲ ਕੇ ਹੱਟ ਜਾਏਗੀ।" ਪਰ ਨੂਰ ਦੀਨ ਦੇ ਖੈਮੇਂ ਤੇ ਉਹਦੀ ਸਿਪਾਹ ਇਸ ਹਨੇਰੀ ਦੀ ਤਾਬ ਨਾ ਲਿਆ ਸਕੇ। ਸਮਾਂ ਲੱਦ ਗਿਆ ਸੀ, ਦੇਰ ਹੋ ਚੁਕੀ ਸੀ, ਨੂਰ ਦੀਨ ਦੇ ਹੁਕਮਾਂ ਨੂੰ ਸਾਰੀ ਫ਼ੌਜ ਵਿਚ ਫ਼ੱਸ਼ਰ ਕਰਨਾ ਵੀ ਅਨਹੋਣਾ ਹੋ ਗਿਆ ਸੀ। ਬਾਜ਼ੀ ਹਾਰੀ ਜਾ ਚੁਕੀ ਸੀ। ਚੜ੍ਹਤ ਸਿੰਘ ਦੀ ਨੌਜਵਾਨ ਲੀਡਰਸ਼ਿਪ ਥੱਲੇ ਇਹ ਹੱਲਾ ਐਡੀ ਤੇਜ਼ੀ ਨਾਲ ਤੇ ਐਡੇ ਜ਼ੋਰ ਨਾਲ ਹੋਇਆ ਕਿ ਕੁਝ ਹੀ ਮਿੰਟਾਂ ਵਿਚ ਤਿੰਨ ਹਜ਼ਾਰ ਦੁਰਾਨੀ ਚਿੱਤ ਹੋ ਗਏ। ਪੈਰਾਂ ਥੱਲੇ ਲੋਥਾਂ ਹੀ ਲੋਥਾਂ। ਦੁਰਾਨੀ ਸਿਪਾਹੀਆਂ ਨੂੰ ਲਗੇ ਕਿ ਉਹਨਾਂ ਦੀ ਅੱਧੀ ਫ਼ੌਜ ਤਬਾਹ ਹੋ ਚੁਕੀ ਹੈ। ਜਿਹੜਾ ਸਿਪਾਹੀ ਵੀ ਆਪਣੇ ਸਾਥੀ ਨੂੰ ਵਾਜ ਮਾਰੇ ਉਸੇ ਸਾਂਥੀ ਵਲੋਂ ਹੀ ਕੋਈ ਜੁਆਬ ਨਾ ਆਵੇ।

ਦੁਰਾਨੀ ਨੱਸਣ ਉੱਤੇ ਮਜਬੂਰ ਹੋ ਗਏ। ਉਹਨਾਂ ਨੂੰ ਦਿਸ਼ਾਵਾਂ ਦੀ ਸੁਧ ਨਾ ਰਹੀ। ਅਨੇਕਾਂ ਨੇ ਸ਼ੁਕਦੀ ਝਨਾਂ ਵਿਚ ਛਾਲਾਂ ਕਢ ਮਾਰੀਆਂ। ਕੋਈ ਪੂਰਬ ਕੋਈ ਪੱਛਮ ਵਲ ਨੱਸਣ ਲਗਾ। ਬਾਜ਼ੀ ਹਾਰੀ ਵੇਖ ਕੇ ਨੂਰ ਦੀਨ ਨੇ ਫੈਸਲਾ ਕੀਤਾ ਕਿ ਹੁਣ ਕਿਸੇ ਮਹਿਫ਼ੂਜ਼ ਥਾਂ ਵਲ ਮੂੰਹ ਕਰਨਾ ਹੀ ਯੋਗ ਹੈ। ਪਿਛੇ ਜਾਣਾ ਮੁਸ਼ਕਲ ਸੀ। ਝਨਾਂ ਵਿਚ ਪਾਣੀ ਢੇਰ ਸੀ। ਸੋ ਉਸ ਹੁਕਮ ਦਿਤਾ, "ਸਭ ਸਿਪਾਹੀ ਸਿਆਲਕੋਟ ਦਾ ਮੂੰਹ ਕਰਨ।" ਬੜਾ ਮਾਲ ਅਸਬਾਬ ਛਡ ਕੇ ਅਹਿਮਦ ਸ਼ਾਹ ਦੁਰਾਨੀ ਦਾ ਸਭ ਤੋਂ ਵਧੀਆ ਜਰਨੈਲ, ਚੜ੍ਹਤ ਸਿੰਘ ਕੋਲੋਂ ਹਾਰ ਖਾ ਕੇ ਭੱਜ ਉਠਿਆ।

"ਮਾਲ ਅਸਬਾਬ ਬੇਸ਼ਕ ਕਾਫ਼ੀ ਹੈ ਸਾਥੀਓ, ਪਰ ਅਜੇ ਤਕ ਖ਼ਾਲਸੇ ਨੇ ਪਠਾਣਾਂ ਨੂੰ ਹਰਾ ਕੇ ਉਹਨਾਂ ਦਾ ਪਿੱਛਾ ਨਹੀਂ ਕੀਤਾ। ਉਹਨਾਂ ਕੋਲੋਂ ਈਨ ਨਹੀਂ ਮਨਵਾਈ। ਇਹ ਮਾਲ ਅਸਬਾਬ ਤਾਂ ਅੰਤ ਨੂੰ ਸਾਡਾ ਹੀ ਹੋਣਾ ਹੈ ਚਲੋ ਐਤਕੀਂ ਪਠਾਣਾਂ ਦਾ ਪਿਛਾ ਕਰੀਏ। ਇਹਨਾਂ ਦੇ ਪੈਰ ਨਾ ਲਗਣ ਦੇਈਏ।" ਛਬੀਲੇ ਚੜ੍ਹਤ ਸਿੰਘ ਨੇ ਹੁਕਮ ਦਿਤਾ।

ਅੱਗੇ ਅੱਗੇ ਸਿਪਾਹ ਸਾਲਾਰ ਨੂਰ ਦੀਨ ਤੇ ਉਹਦੇ ਦੁਰਾਨੀ ਸਿਪਾਹੀ ਤੇ ਪਿਛੇ ਪਿਛੇ ਚੜ੍ਹਤ ਸਿੰਘ ਤੇ ਉਹਦੇ ਸਿਖ ਸਾਥੀ। ਅੱਗੇ ਅੱਗੇ ਬਾਰਾਂ ਕੁ ਹਜ਼ਾਰ ਤੇ ਸਦਾ ਜਿਤਣ ਵਾਲੇ ਦੁਰਾਨੀ ਤੇ ਪਿਛੇ ਤਿੰਨ ਚਾਰ ਹਜ਼ਾਰ ਸਦਾ ਮਾਰਾਂ ਖਾਣ

Scanned by CamScanner

ਵਾਲੇ ਸਿਖ। ਜੇ ਕਿਤੇ ਵੀ ਨੂਰ ਦੀਨ ਹੌਂਸਲਾ ਕਰ ਕੇ ਪੈਰ ਮੋੜਦਾ ਤੇ ਚੜ੍ਹਤ ਸਿੰਘ ਨਾਲ ਜੰਮ ਕੇ ਲੜਾਈ ਕਰਦਾ ਤਾਂ ਚੜ੍ਹਤ ਸਿੰਘ ਵਾਸਤੇ ਆਪਣੇ ਆਪ ਨੂੰ ਸੰਭਾਲਣਾ ਕਠਨ ਹੋ ਜਾਂਦਾ। ਪਰ ਜਦੋਂ ਕਿਸੇ ਸੈਨਾ ਦਾ ਹੌਂਸਲਾ ਟੁਟ ਜਾਏ ਤੇ ਉਹਦਾ ਜਰਨੈਲ ਬੇਦਿਲ ਹੋ ਜਾਏ ਤਾਂ ਹਾਰ ਯਕੀਨੀ ਹੋ ਜਾਂਦੀ ਹੈ।

ਨੂਰ ਦੀਨ ਤੇ ਉਹਦੀ ਸੈਨਾ ਨੇ ਸਿਆਲਕੋਟ ਦੇ ਕਿਲ੍ਹੇ ਵਿਚ ਜਾ ਠਾਹਰ ਲਈ। ਉਥੇ ਪਹੁੰਚਦਿਆਂ ਤਕ ਹਜ਼ਾਰ ਦੋ ਹਜ਼ਾਰ ਆਦਮੀ ਹੋਰ ਘਾਇਲ ਹੋਏ ਜਾਂ ਮਾਰੇ ਗਏ, ਸੋ ਚੜ੍ਹਤ ਸਿੰਘ ਦੀ ਮੁਹਿੰਮ ਪਹਿਲੇ ਨਾਲੋਂ ਵੀ ਆਸਾਨ ਹੋ ਗਈ। ਉਸ ਸਿਆਲਕੋਟ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਨਾ ਅੰਦਰੋਂ ਕੋਈ ਚੀਜ਼ ਜਾਂ ਆਦਮੀ ਬਾਹਿਰ, ਨਾ ਬਾਹਰੋਂ ਕੋਈ ਚੀਜ਼ ਜਾਂ ਆਦਮੀ ਅੰਦਰ। ਕਿਲ੍ਹੇ ਵਿਚ ਖਾਣ ਪੀਣ ਨੂੰ ਕੁਝ ਹੈ ਨਹੀਂ ਸੀ, ਦੁਰਾਨੀ ਕੀ ਕਰਦੇ ? ਇਕ ਦੋ ਵਾਰੀ ਉਹਨਾਂ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਛਾਪੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਇਕ ਵਾਰੀ ਦੇ ਬਾਹਰ ਨਿਕਲੇ ਆਦਮੀ ਜੀਉਂਦੇ ਅੰਦਰ ਨਾ ਜਾਂਦੇ।

ਅੰਤ ਬਾਮੇਜ਼ਈ ਨੇ ਅਖਵਾ ਭੇਜਿਆ, "ਮੈਂ ਹਾਰ ਮੰਨਦਾ ਹਾਂ। ਮੈਂ ਮੁਆਫ਼ੀ ਮੰਗਦਾ ਹਾਂ। ਮੈਂ ਪ੍ਰਣ ਕਰਦਾ ਹਾਂ ਕਿ ਅਗੇ ਤੋਂ ਸਿਖਾਂ ਦੇ ਬਰਖ਼ਿਲਾਫ਼ ਕੋਈ ਗੱਲ ਜਾਂ ਬੇਰਮ ਨਹੀਂ ਕਰਾਂਗਾ।" ਸਰਦਾਰ ਚੜ੍ਹਤ ਸਿੰਘ ਸੁਕਰਚੱਕੀਏ ਕੋਲ ਇਹ ਅਰਜ਼ ਪੁਜੀ। ਉਹ ਮੁਸਕਰਾਇਆ। ਉਹਦੇ ਨੌਜਵਾਨ ਚਿਹਰੇ ਉੱਤੇ ਜਿਤ ਦੀ ਇਹ ਮੁਸਕਰਾਹਟ ਕੇਡੀ ਪਿਆਰੀ ਸੀ ? ਉਸ ਆਪਣੇ ਸਾਥੀ ਬਹਾਦਰ ਸਿੰਘ ਮਾਹਿਲ ਕੋਲੋਂ ਪੁਛਿਆ: "ਕਿਉਂ ਬਹਾਦਰ ਸਿੰਘ ਕੀ ਖ਼ਿਆਲ ਹੈ ?" "ਜਿਵੇਂ ਤੁਹਾਡੀ ਮਰਜ਼ੀ, ਸਰਦਾਰ ਜੀ! ਮੈਂ ਤਾਂ ਕਹਿੰਦਾ ਹਾਂ ਕਿ ਇਹਨਾਂ ਨੂੰ ਖ਼ਾਲਸਈ ਦਿਆ ਤੇ ਰਹਿਮ ਦੀ ਵਡਿਆਈ ਦਾ ਪਤਾ ਲਭ ਹੀ ਜਾਏ ਤਾਂ ਚੰਗਾ ਹੈ।"

"ਅਛਾ ਇੰਜੇ ਹੀ ਹੋਏਗਾ। ਅਹਿਮਦ ਸ਼ਾਹ ਦੁਰਾਨੀ ਦੇ ਇਹ ਸਿਪਾਹੀ ਤਾਂ ਘਟੋ ਘਟ ਅਫ਼ਗਾਨਿਸਤਾਨ ਮੁੜ ਕੇ ਖ਼ਾਲਸੇ ਦੇ ਜੱਸ ਗਾਉਣਗੇ। ਘਟੋ ਘਟ ਇਹ ਸਿਪਾਹੀ ਤਾਂ ਆਖਣਗੇ ਕਿ ਖ਼ਾਲਸਾ ਕਿਸੇ ਦਾ ਵੈਰੀ ਨਹੀਂ ਕਿ ਖ਼ਾਲਸਾ ਇਕ ਸੂਰਬੀਰਾਂ ਦੀ ਜਮਾਤ ਹੈ। ਸਾਨੂੰ ਸਿਰਫ਼ ਆਪਣਾ ਪੰਜਾਬ ਤੇ ਆਪਣਾ ਧਰਮ ਚਾਹੀਦਾ ਹੈ। ਇਹਨਾਂ ਨੂੰ ਅਫ਼ਗਾਨਿਸਤਾਨ, ਇਹਨਾਂ ਦਾ ਮਹਾਨ ਧਰਮ ਤੇ ਬਾਕੀ ਦੀ ਸਾਰੀ ਹੋਰ ਦੁਨੀਆਂ ਮੁਬਾਰਕ।"

ਪਹਿਲੀ ਵਾਰ ਜ਼ਿੰਦਗੀ ਵਿਚ ਸਿਪਾਹ ਸਾਲਾਰ ਨੂਰ ਦੀਨ ਬਾਮੇਜ਼ਈ ਦਾ ਸਿਰ ਅਹਿਮਦ ਸ਼ਾਹ ਦੁਰਾਨੀ ਤੋਂ ਸਿਵਾਏ ਕਿਸੇ ਹੋਰ ਵਿਅਕਤੀ ਅਗੇ ਝੁਕਿਆ। ਪਹਿਲੀ ਵਾਰ ਹੀ ਸ਼ਾਇਦ ਉਹਦੀ ਹੈਂਕੜ ਟੁੱਟੀ ਤੇ ਉਸ ਜਿਥੇ ਸਿੰਘਾਂ ਦੀ ਤਲਵਾਰ ਦੀ ਦਾਦ ਦਿਤੀ ਓਥੇ ਉਹਨਾਂ ਦੀ ਦਿਆ ਤੇ ਮਿਹਰ ਨੂੰ ਵੀ ਸਤਿਕਾਰਿਆ। ਉਹਦੇ ਸਾਹਮਣੇ ਸੀ ਉਹਦੇ ਪੁਤਰਾਂ ਜੇਡਾ ਸਰਦਾਰ ਚੜ੍ਹਤ ਸਿੰਘ, ਤੇ ਨੂਰ ਦੀਨ ਸੋਚ ਰਿਹਾ ਸੀ, "ਜ਼ਰੂਰ ਇਸ ਧਰਮ ਤੇ ਇਸ ਧਰਮ ਦੇ ਪਤਾਸਿਆਂ ਦੇ ਪਾਣੀ ਵਿਚ ਕੋਈ ਸ਼ੈ ਹੈ। ਇਹ ਲੋਕ ਜਿਹਨੂੰ ਅੰਮ੍ਰਿਤ ਆਖਦੇ ਹਨ — ਆਬੇ-ਹਯਾਤ। ਇਹ ਦਾਅਵਾ ਸਚ ਹੀ ਲਗਦਾ ਹੈ। ਨਹੀਂ ਤਾਂ ਕਿਥੇ ਇਹ ਬਾਲਕ ਤੇ ਕਿਥੇ ਮੈਂ ? ਕਿਥੇ ਮੇਰੀ ਪੰਦਰਾਂ ਹਜ਼ਾਰ ਫ਼ੌਜ ਤੇ ਕਿਥੇ ਇਹ ਲੱਕੋਂ ਨੰਗੇ ਤੇ ਢਿੱਡੋਂ ਭੁੱਖੇ ਸਿਪਾਹੀ।" ਉਸ ਚੜ੍ਹਤ ਸਿੰਘ ਨੂੰ ਕਿਹਾ, "ਸਰਦਾਰ ਸਾਹਿਬ ! ਕੁਝ ਕਹਿਣ ਲਈ ਬਾਕੀ ਨਹੀਂ ਰਿਹਾ। ਤੁਸੀਂ 'ਧੰਨ ਹੋ ਤੇ ਧੰਨ ਹੈ ਤੁਹਾਡਾ ਮਜ਼ਹਬ।" ਪਹਿਲੀ ਵਾਰ ਹੀ ਸ਼ਾਇਦ ਨੂਰ ਦੀਨ ਬਾਮੇਜ਼ਈ ਨੇ ਇਕ ਲੰਮੀ ਤਕਰੀਰ ਨਾ ਕੀਤੀ। ਪਠਾਣ ਖਿੰਡ ਗਏ ਤੇ ਉਹਨਾਂ ਦੇ ਨਾਲ ਹੀ ਖਿੰਡ ਗਏ ਸਿਖ ਸਿਪਾਹੀ ਵੀ। ਲੜਾਈ ਜਿੱਤੀ ਜਾ ਚੁਕੀ ਸੀ। ਕਾਫੀ ਕੁਝ ਹੱਥ ਆਇਆ ਸੀ ਜਿਹੜਾ ਕਿ ਵੰਡਿਆ ਜਾ ਚੁਕਾ ਸੀ। ਸੋ ਹਰ ਇਕ ਨੂੰ ਘਰ ਪੁਜਣ ਦੀ ਕਾਹਲੀ ਸੀ। ਰਿਸ਼ਤੇਦਾਰਾਂ ਨੂੰ ਮਿਲ ਕੇ ਆਪਣੀ ਜਿਤ ਦਾ ਮਾਲ ਵਿਖਾਣਾ ਸੀ ਤੇ ਲੜਾਈ ਦੀਆਂ ਕਹਾਣੀਆਂ ਕਰਨੀਆਂ ਸਨ।

ਚੜ੍ਹਤ ਸਿੰਘ ਆਪਣੇ ਕੁਝ ਸਾਥੀਆਂ ਨਾਲ ਗੁਜਰਾਂਵਾਲੇ ਵਲ ਜਾ ਰਿਹਾ ਸੀ। ਚੜ੍ਹਤ ਸਿੰਘ ਦਾ ਹੁਣ ਸਾਰਾ ਕੁਝ ਗੁਜਰਾਂਵਾਲੇ ਹੀ ਸੀ। ਉਹਦੇ ਨਾਲ ਸੀ ਬਹਾਦਰ ਸਿੰਘ ਮਾਹਿਲ। "ਮਾਹਿਲ ਜੀ ! ਇਹ ਲੜਾਈ ਤੇ ਇਹ ਜਿਤ ਬਿਲਕੁਲ ਸੁਪਨੇ ਵਾਂਗ ਲਗਦੀ ਹੈ।" ਚੜ੍ਹਤ ਸਿੰਘ ਨੇ ਕਿਹਾ।

"ਇਹੋ ਜਿਹੇ ਕਈ ਸੁਪਨੇ ਅਜੇ ਹੋਰ ਸਾਕਾਰ ਹੋਣਗੇ ਸਰਦਾਰ ਜੀ...।" ਬਹਾਦਰ ਸਿੰਘ ਮਾਹਿਲ ਹਸਿਆ।

Scanned by CamScanner

੬੧

ਪਰ ਅਜੇ ਬਹੁਤੇ ਦਿਨ ਨਹੀਂ ਸਨ ਗੁਜ਼ਰੇ ਕਿ ਜਰਨੈਲ ਉਬੇਦ ਖ਼ਾਨ ਗੁਜਰਾਂਵਾਲੇ ਉੱਤੇ ਚੜ੍ਹ ਆਇਆ। ਉਬੇਦ ਖ਼ਾਨ ਲਾਹੌਰ ਦਾ ਸੂਬੇਦਾਰ ਸੀ। ਆਪ ਅਹਿਮਦ ਸ਼ਾਹ ਦੁਰਾਨੀ ਨੇ ਉਹਨੂੰ ਸੂਬੇਦਾਰੀ ਬਖਸ਼ੀ ਸੀ। ਉਬੇਦ ਖ਼ਾਨ ਨੂਰ ਦੀਨ ਬਾਮੋਜ਼ਈ ਦੇ ਮੁਕਾਬਲੇ ਵਿਚ ਇਕ ਘਟੀਆ ਜਰਨੈਲ ਸੀ ਤੇ ਘਟੀਆ ਆਦਮੀ। ਉਹ ਬੁਜ਼ਦਿਲ ਸੀ, ਪਰ ਗੱਲਾਂ ਇਉਂ ਕਰਦਾ ਤੇ ਇਉਂ ਵਿਖਾਣ ਦੀ ਕੋਸ਼ਿਸ਼ ਕਰਦਾ ਕਿ ਜਿਵੇਂ ਉਹਦੇ ਜਿਹਾ ਬਹਾਦਰ ਹੋਰ ਕੋਈ ਨਾ ਹੋਵੇ।

ਉਬੇਦ ਖ਼ਾਨ ਨੂਰ ਦੀਨ ਨੂੰ ਨਫ਼ਰਤ ਕਰਦਾ ਸੀ। ਕਈ ਹੋਰ ਅਮੀਰ ਤੇ ਸੈਨਾਪਤੀ ਵੀ ਨੂਰ ਦੀਨ ਨੂੰ ਨਫ਼ਰਤ ਕਰਦੇ ਸਨ। ਉਹ ਬਾਦਸ਼ਾਹ ਦੇ ਐਨਾ ਨੇੜੇ ਸੀ ਤੇ ਬਾਦਸ਼ਾਹ ਦਾ ਐਨਾ ਮੋਰਖਾਹ। ਉਹਦੀ ਵਫ਼ਾਦਾਰੀ ਬੇਮਿਸਾਲ ਸੀ। ਉਹਨੂੰ ਕੋਈ ਲੋਭ ਜਾਂ ਚਕਮਾ ਡੁਲਾ ਨਹੀਂ ਸੀ ਸਕਦਾ। ਇਹੋ ਜਿਹੀ ਰਜਵਾੜਾ ਸ਼ਾਹੀ ਵਿਚ ਇਹੋ ਜਿਹੇ ਵਫ਼ਾਦਾਰ ਤੇ ਸੱਚੇ ਆਦਮੀ ਦੇ ਸਹਿਜੇ ਹੀ ਅਨੇਕ ਦੁਸ਼ਮਣ ਹੋਣਗੇ, ਸੋ ਨੂਰ ਦੀਨ ਦੇ ਕਈ ਦੁਸ਼ਮਣ ਸਨ। ਆਪ ਅਹਿਮਦ ਸ਼ਾਹ ਇਸ ਤੱਥ ਤੋਂ ਜਾਣੂ ਸੀ ਤੇ ਏਸੇ ਕਰ ਕੇ ਹੀ ਸ਼ਾਇਦ ਉਹ ਨੂਰ ਦੀਨ ਉਤੇ ਵਧ ਇਤਬਾਰ ਕਰਦਾ ਸੀ ਤੇ ਉਹਦਾ ਖ਼ਿਆਲ ਰਖਦਾ ਸੀ। ਦਿਲੋਂ ਉਹਦਾ ਆਦਰ ਵੀ ਕਰਦਾ ਸੀ।

ਅਜ ਨੂਰ ਦੀਨ ਹਾਰ ਗਿਆ। ਉਹਦੀ ਬੇਇਜ਼ਤੀ ਹੋਈ ਤੇ ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਰਿਹਾ। ਉਬੇਦ ਖ਼ਾਨ ਨੂੰ ਖ਼ੁਸ਼ੀ ਹੋਈ ਤੇ ਉਸ ਸੋਚਿਆ ਕਿ ਅਹਿਮਦ ਸ਼ਾਹ ਨੂੰ ਸਦਾ ਸਦਾ ਲਈ ਖ਼ੁਸ਼ ਕਰਨ ਦਾ ਵੀ ਇਹੋ ਸਮਾਂ ਹੈ। ਜਿਥੇ ਨੂਰ ਦੀਨ ਅਸਫਲ ਰਿਹਾ ਹੈ ਉਥੇ ਉਹ ਸਫਲ ਹੋਣਗੇ।

"ਇਓਂ," ਉਸ ਆਪਣੇ ਆਪ ਨੂੰ ਕਿਹਾ, "ਮੈਂ ਦੁਰਾਨੀ ਸਹਿਨਸ਼ਾਹ ਨੂੰ ਸਿਧ ਕਰ ਦੇਵਾਂਗਾ ਕਿ ਸਿਰਫ਼ ਨੂਰਦੀਨ ਹੀ ਉਹਦੀ ਫ਼ੌਜ ਵਿਚ ਇਕੋ ਇਕ ਸਿਪਾਹ ਸਾਲਾਰ ਨਹੀਂ।"

ਉਬੇਦ ਖ਼ਾਨ ਨੇ ਗੁਜਰਾਂਵਾਲੇ ਉੱਤੇ ਹੱਲਾ ਕਰਨ ਦੀ ਤਿਆਰੀ ਦਾ ਹੁਕਮ ਦੇ ਦਿਤਾ। ਬੜਿਆਂ ਨੇ ਰੋਕਿਆ : "ਸੂਬੇਦਾਰ ਸਾਹਿਬ! ਇਹ ਹੱਲਾ ਖ਼ਤਰਨਾਕ ਹੋਵੇਗਾ, ਸਿਖ ਹੁਣ ਕਾਫ਼ੀ ਜ਼ੋਰ ਫੜ ਗਏ ਹਨ।" "ਇਹ ਵੇਲਾ ਠੀਕ ਨਹੀਂ। ਚੜ੍ਹਤ ਸਿੰਘ ਤੇ ਉਹਦੇ ਸਾਥੀਆਂ ਦਾ ਹੌਂਸਲਾ ਵਧਿਆ ਹੋਇਆ ਹੈ। ਕੁਝ ਮਹੀਨੇ ਠਹਿਰ ਜਾਓ।"

ਪਰ ਉਬੇਦ ਖ਼ਾਨ ਗਰਜਿਆ, "ਨਹੀਂ! ਤੁਸੀਂ ਮੈਨੂੰ ਨਹੀਂ ਜਾਣਦੇ। ਮੈਂ ਚੜ੍ਹਤ ਸਿੰਘ ਵਰਗੇ ਕਈ ਗਿੱਦੜਾਂ ਨੂੰ ਭਜਾ ਭਜਾ ਕੇ ਮਾਰ ਕਢਿਆ ਹੈ। ਅਜੇ ਤਕ ਮੇਰਾ ਰੋਹ ਨਹਾਂ ਸੀ ਜਾਗਿਆ। ਜਦੋਂ ਇਕ ਵਾਰ ਮੈਨੂੰ ਗੁੱਸਾ ਆ ਜਾਏ ਤਾਂ ਫਿਰ ਕੋਈ ਚੀਜ, ਕੋਈ ਔਕੜ ਮੇਰੇ ਅਗੇ ਨਹੀਂ ਠਹਿਰ ਸਕਦੀ।" ਇਸ ਦੇ ਬਾਵਜੂਦ ਵੀ ਇਕ ਮੁਸਾਹਿਬ ਨੇ ਉਹਨੂੰ ਹੌੜਨ ਦੀ ਹਿੰਮਤ ਕੀਤੀ। ਇਹ ਮੁਸਾਹਿਬ ਉਬੇਦ ਖ਼ਾਨ ਦੀਆਂ ਭੱਬਕੀਆਂ ਥਾਣੀ ਵੇਖ ਸਕਦਾ ਸੀ। "ਸੂਬੇਦਾਰ ਸਾਹਿਬ ਨੂਰ ਦੀਨ ਕੋਲ ਸੁਣਿਆ ਹੈ ਪੰਦਰ੍ਹਾਂ ਹਜ਼ਾਰ ਫ਼ੌਜ ਸੀ, ਅਸੀਂ ਐਨੀ ਫ਼ੌਜ ਕਿਥੋਂ ਤਿਆਰ ਕਰਾਂਗੇ ਤੇ ਓਧਰੋਂ...।" ਪਰ ਉਬੇਦ ਖ਼ਾਨ ਨੇ ਉਹਨੂੰ ਟੋਕਿਆ :

"ਨੂਰ ਦੀਨ ਦਾ ਮੇਰੇ ਸਾਹਮਣੇ ਕੋਈ ਜ਼ਿਕਰ ਨਾ ਕਰੇ। ਉਹਦਾ ਨਾਂ ਲੈਣਾ ਵੀ ਪਾਪ ਹੈ। ਉਸ ਆਦਮੀ ਨੇ ਇਸਲਾਮ ਦੀ ਇਜ਼ਤ ਮਲੀਆਮੇਟ ਕਰ ਦਿਤੀ ਹੈ। ਉਹਨੇ ਸਾਨੂੰ ਕਿਸੇ ਥਾਂ ਜੋਗਾ ਨਹੀਂ ਛਡਿਆ। ਚੜ੍ਹਤ ਸਿੰਘ ਵਰਗੇ ਮੁੰਡੇ ਅਗੇ ਗਿੜ ਗਿੜਾਣ ਨਾਲੋਂ ਜੇ ਉਹ ਕੁਝ ਖਾ ਕੇ ਹੀ ਮਰ ਜਾਂਦੇ ਤਾਂ ਚੰਗਾ ਸੀ। ਮੈਂ ਸਦਾ ਸ਼ਹਿਨਸ਼ਾਹ ਨੂੰ ਨੂਰ ਦੀਨ ਦੀ ਅਸਲੀ ਔਕਾਤ ਬਾਰੇ ਦਸਣ ਦਸਣ ਕਰਦਾ ਰਿਹਾ ਪਰ ਮੌਕਾ ਹੀ ਨਾ ਬਣਿਆ। ਸ਼ਹਿਨਸ਼ਾਹ ਉਹਦੇ ਉੱਤੇ ਬੜਾ ਇਤਬਾਰ ਕਰਦੇ ਸਨ, ਪਰ ਹੁਣ ਤਾਂ ਉਹਨਾਂ ਨੂੰ ਉਹਦੀ ਅਸਲੀਅਤ ਦਾ ਪਤਾ ਲਗ ਗਿਆ ਹੋਵੇਗਾ!" ਫਿਰ ਕੁਝ ਚਿਰ ਅਟਕ ਕੇ ਉਹ ਕਹਿੰਦਾ ਗਿਆ:

Scanned by CamScanner

"ਮੈਂ ਪੰਦਰ੍ਹਾਂ ਹਜ਼ਾਰ ਤੋਂ ਵੀ ਵਧ ਫ਼ੌਜ ਤੇ ਗਾਜ਼ੀ ਇਕੱਠੇ ਕਰਾਂਗਾ। ਮੈਂ ਏਥੇ ਲਾਹੌਰ ਵਿਚ ਜਿੰਨੀਆਂ ਵੀ ਤੋਪਾਂ ਹਨ ਸਭ ਨਾਲ ਲੈ ਜਾਵਾਂਗਾ। ਮੈਂ ਨੁਕਰ ਨੁਕਰ ਵਿਚੋਂ ਰਸਦ ਪਾਣੀ ਇਕੱਠਾ ਕਰਾਂਗਾ। ਨਹੀਂ, ਚੜ੍ਹਤ ਸਿੰਘ ਮੇਰੇ ਕੋਲੋਂ ਬਚ ਕੇ ਨਹੀਂ ਜਾਏਗਾ।" ਇਉਂ ਪਹਿਲੇ ਤੋਂ ਵੀ ਇਕ ਵਡੀ ਫ਼ੌਜ ਗੁਜਰਾਂਵਾਲੇ ਦੇ ਕਿਲ੍ਹੇ ਨੂੰ ਸਰ ਕਰਨ ਵਾਸਤੇ ਲਾਹੌਰ ਤੋਂ ਓਠ ਟੁਰੀ। ਇਸ ਫ਼ੌਜ ਦੀ ਗਿਣਤੀ ਪੰਦਰ੍ਹਾਂ ਹਜ਼ਾਰ ਤੋਂ ਉਪਰ ਸੀ। ਇਸ ਫ਼ੌਜ ਕੋਲ ਉਠ ਸਨ, ਤੇ ਰਸਦ ਪਾਣੀ ਨਾਲ ਲੱਦੇ ਕਈ ਹੋਰ ਜਾਨਵਰ। ਇਸ ਫ਼ੌਜ ਕੋਲ ਬਾਰਾਂ ਤੋਪਾਂ ਸਨ। ਇਸ ਫ਼ੌਜ ਕੋਲ ਕੁਝ ਹਾਥੀ ਵੀ ਸਨ। ਇਸ ਫ਼ੌਜ ਵਿਚ ਸਿਖਾਂ ਵਾਸਤੇ ਨਫ਼ਰਤ ਸੀ, ਇਸ ਫ਼ੌਜ ਨੂੰ ਹਰ ਮੁਮਕਿਨ ਤਰੀਕੇ ਨਾਲ ਭੜਕਾਇਆ ਗਿਆ ਸੀ। ਇਸਲਾਮ ਦਾ ਵਾਸਤਾ ਪ ਇਆ ਗਿਆ ਸੀ ਤੇ ਨੂਰ ਦੀਨ ਬਾਮੇਜ਼ਈ ਦੀ ਹਿਮਾਕਤ ਨੂੰ ਖੋਲ੍ਹ ਕੇ ਬਿਆਨਿਆ ਗਿਆ ਸੀ।

ਇਉਂ ਜਾਪਦਾ ਸੀ ਕਿ ਇਹ ਫ਼ੌਜ ਬਿਨਾਂ ਕਿਸੇ ਲੜਾਈ ਦੇ ਸੁਕਰਚਕੀਏ ਕਿਲ੍ਹੇ ਨੂੰ ਪੈਰਾਂ ਥੱਲੇ ਰੌਂਦ ਦੇਵੇਗੀ। ਤੇ ਸ਼ਾਇਦ ਇਉਂ ਹੀ ਹੁੰਦਾ ਜੇ ਉਬੇਦ ਖ਼ਾਨ ਚੜ੍ਹਤ ਸਿੰਘ ਹੁੰਦਾ ਤੇ ਚੜ੍ਹਤ ਸਿੰਘ ਦੀ ਥਾਂ ਉਬੇਦ ਖ਼ਾਨ। ਪਰ ਚੜ੍ਹਤ ਸਿੰਘ, ਚੜ੍ਹਤ ਸਿੰਘ ਸੀ ਤੇ ਉਬੇਦ ਖ਼ਾਨ ਉਬੇਦ ਖ਼ਾਨ। ਇਸ ਵਾਰੀ ਚੜ੍ਹਤ ਸਿੰਘ ਨੇ ਫ਼ੌਜੀ ਕਲਾ ਦੀ ਉਹ ਸੂਝ ਵਿਖਾਈ ਕਿ ਜਿਹੋ ਜਿਹੀ ਸੂਝ ਬੰਦਾ ਸਿੰਘ ਬਹਾਦਰ ਤੇ ਏਸੇ ਤਰ੍ਹਾਂ ਦੁਨੀਆਂ ਦੇ ਹੋਰ ਪ੍ਰਸਿਧ ਜਰਨੈਲਾਂ ਨੇ ਔਖੇ ਮੌਕਿਆਂ ਵੇਲੇ ਦਰਸਾਈ ਹੈ। ਚੜ੍ਹਤ ਸਿੰਘ ਵਿਚ ਵੀ ਜਿਵੇਂ ਇਹ ਸੂਝ ਜਮਾਂਦਰੂ ਹੋਵੇ, ਜਿਵੇਂ ਉਹ ਜਮਾਂਦਰੂ ਹੀ ਸਿਪਾਹੀ ਹੋਵੇ, ਜਮਾਂਦਰੂ ਹੀ ਸੈਨਾਪਤੀ।

ਚੜ੍ਹਤ ਸਿੰਘ ਨੇ ਆਪਣੇ ਉੱਤੇ ਚੜ੍ਹੇ ਆਉਂਦੇ ਉਬੇਦ ਖ਼ਾਨ ਬਾਰੇ ਸੁਣਿਆ। ਉਸ ਆਪਣੇ ਮਿਟੀ ਦੇ ਕੱਚੇ ਕਿਲ੍ਹੇ ਵਲ ਵੇਖਿਆ ਤੇ ਉਹਨੂੰ ਉਬੇਦ ਖ਼ਾਨ ਦੀਆਂ ਤੋਪਾਂ ਦਾ ਖ਼ਿਆਲ ਆਇਆ। ਉਸ ਆਪਣੇ ਕੁਝ ਕੁ ਸੌ ਸਾਥੀਆਂ ਵਲ ਵੇਖਿਆ ਤੇ ਉਹਨੂੰ ਉਬੇਦ ਖ਼ਾਨ ਦੀ ਪੰਦਰ੍ਹਾਂ ਹਜ਼ਾਰ ਸਿਪਾਹ ਨੇ ਚਿੰਤਤ ਕਰ ਦਿਤਾ। ਹੁਣ ਕੀ ਕੀਤਾ ਜਾਵੇ? ਜੇ ਉਬੇਦ ਖ਼ਾਨ ਨੂੰ ਕਿਲ੍ਹੇ ਅੰਦਰਲੀ ਅਸਲੀ ਗਿਣਤੀ ਦਾ ਪਤਾ ਲਗ ਗਿਆ ਤਾਂ ਤਮਾਸ਼ਾ ਵਿਗੜ ਜਾਏਗਾ, ਉਸ ਸੋਚਿਆ। ਜੇ ਉਬੇਦ ਖ਼ਾਨ ਦੀਆਂ ਤੋਪਾਂ ਕਿਲ੍ਹੇ ਦੇ ਨੇੜੇ ਲੈ ਆ ਕੇ ਕਿਲ੍ਹੇ ਉੱਤੇ ਦਾਗੀਆਂ ਜਾ ਸਕੀਆਂ ਤਾ ਵੀ ਖੇਲ ਚੌਪਟ ਹੋ ਜਾਏਗੀ। ਚੜ੍ਹਤ ਸਿੰਘ ਚਿੰਤਤ ਰਿਹਾ। ਕਿੰਨਾ ਚਿਰ ਚਿੰਤਤ। ਪਰ ਫਿਰ ਇਕਾ ਇਕ ਉਹਦੇ ਅੰਦਰੋਂ ਕੁਝ ਫੁਟਿਆ। ਉਹਨੂੰ ਸਾਰੇ ਚੌਗਿਰਦੇ ਤੇ ਸਾਰੇ ਬ੍ਰਹਿਮੰਡ ਵਿਚੋਂ ਕੁਝ ਫੁਟਦਾ ਦਿਸਿਆ। ਚੜ੍ਹਤ ਸਿੰਘ ਦੇ ਅੰਦਰੋਂ ਉਹਦੀ ਜਮਾਂਦਰੂ ਯੁਧ-ਪ੍ਰਤਿਭਾ ਫੁੱਟੀ। ਉਹਦੇ ਵਿਚ ਉਹਦੀ ਜਮਾਂਦਰੂ ਯੁਧ-ਕਲਾ ਦਾ ਪ੍ਰਕਾਸ਼ ਹੋਇਆ।

ਚੜ੍ਹਤ ਸਿੰਘ ਮੁਸਕਰਾਇਆ। ਉਸ ਆਪਣੀ ਦਸਤਾਰ ਨੂੰ ਸੰਭਾਲਿਆ। ਉਸ ਆਪਣੀ ਪਤਲੀ ਤੇ ਗੂਹੜੀ ਕਾਲੀ ਦਾੜ੍ਹੀ ਉੱਤੇ ਹੱਥ ਫੇਰਿਆ। ਉਸ ਆਪਣੇ ਨੇਤਰਾਂ ਨੂੰ ਝਸਿਆ ਤੇ ਉਸ ਬਹਾਦਰ ਸਿੰਘ ਮਾਹਿਲ ਨੂੰ ਕਿਹਾ: "ਉਬੇਦ ਖ਼ਾਨ ਤੇ ਉਹਦੀ ਫ਼ੌਜ ਤੇ ਉਹਦੀਆਂ ਤੋਪਾਂ ਕਿਲ੍ਹੇ ਦੇ ਨੇੜੇ ਨਾ ਆਉਣ। ਜਦੋਂ ਸ਼ਤਰੂ ਇਕ ਪੜਾਅ ਦੂਰ ਹੀ ਹੋਵੇ ਉਸੇ ਰਾਤ ਉਹਦੇ ਉੱਤੇ ਹਮਲਾ ਕਰ ਦਿਤਾ ਜਾਏ ਤੇ ਫਿਰ ਹਰ ਰਾਤ ਏਸੇ ਤਰ੍ਹਾਂ ਉਹਨਾਂ ਉੱਤੇ ਹਮਲੇ ਹੁੰਦੇ ਰਹਿਣ। ਉਹ ਕਿਲ੍ਹੇ ਦੇ ਨੇੜੇ ਆਉਣ ਦੀ ਜੁਰਅਤ ਹੀ ਨਾ ਕਰਨ।"

ਇਹ ਇਕ ਫ਼ੌਜੀ ਪ੍ਰਤਿਭਾ ਦਾ ਚਮਤਕਾਰ ਸੀ। ਇਹ ਆਮ ਫ਼ਹਿਮ ਲੜਾਈ ਨਹੀਂ ਸੀ ਤੇ ਨਾ ਹੀ ਇਹ ਚਾਲ ਸਿੱਖੀ ਹੋਈ ਫ਼ੌਜੀ ਕਲਾ ਦਾ ਨਤੀਜਾ ਸੀ। ਨਿਰਸੰਦੇਹ ਇਸ ਚਾਲ ਵਿਚ ਪ੍ਰਤਿਭਾ ਦੀ ਛੋਹ ਸੀ, ਪ੍ਰਤਿਭਾ ਦੀ ਰੰਗਣ। ਜਿਵੇਂ ਚੜ੍ਹਤ ਸਿੰਘ ਨੇ ਸੋਚਿਆ ਉਸੇ ਤਰ੍ਹਾਂ ਹੀ ਹੋਇਆ। ਉਹ ਆਪ ਪਹਿਲੀ ਰਾਤ ਤੇ ਫਿਰ ਹਰ ਰਾਤ ਆਪਣੇ ਕੁਝ ਸਾਥੀਆਂ ਨਾਲ ਕਿਲ੍ਹੇ ਵਿਚੋਂ ਨਿਕਲਦਾ ਤੇ ਉਬੇਦ ਖ਼ਾਨ ਉੱਤੇ ਜਾ ਪੈਂਦਾ।

"ਬੋਲੇ ਸੋ ਨਿਹਾਲ" ਤੇ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਸੁਣ ਸੁਣ ਕੇ ਉਬੇਦ ਖ਼ਾਨ ਦੀ ਸਿਪਾਹ ਬੇਦਿਲ ਹੋ ਜਾਂਦੀ। ਇਹ ਸਿਖ ਅੱਡੀ ਤੇਜ਼ੀ ਨਾਲ ਆਉਂਦੇ ਤੇ ਅੱਡੀ ਤੇਜ਼ੀ ਨਾਲ ਨਿਕਲ ਜਾਂਦੇ। ਇਹਨਾਂ ਵਿਚ ਅੱਨੀ ਫੁਰਤੀ ਸੀ। ਇਹਨਾਂ ਦੇ ਘੋੜੇ ਅੱਨੇ ਤੇਜ਼ ਸਨ। ਇਹ ਕਿਸੇ ਨੂੰ ਡਾਹੀ ਨਾ ਦੇਂਦੇ। ਕਦੀ ਰਾਤ ਪੈਣ ਵੇਲੇ ਹੱਲਾ ਹੁੰਦਾ, ਕਦੀ ਅਧੀ ਰਾਤ ਵੇਲੇ, ਕਦੀ ਸਵੇਰੇ ਧੰਮੀ ਵੇਲੇ। ਸਾਰਾ ਦਿਨ ਉਬੇਦ ਖ਼ਾਨ ਨੂੰ ਰਾਤੀ ਹੋਇਆ ਨੁਕਸਾਨ ਸਹੀ ਕਰਨ ਵਿਚ, ਕਸੂਰਵਾਰਾਂ ਨੂੰ ਸਜ਼ਾਵਾਂ ਦੇਣ ਵਿਚ, ਹਰ ਕਿਸੇ ਦੀ ਝਾੜ ਝੰਭ ਕਰਨ ਵਿਚ ਤੇ ਏਧਰ ਓਧਰ ਘੁੰਮਣ ਫਿਰਨ ਵਿਚ ਲਗ ਜਾਂਦਾ ਤੇ ਆਉਂਦੀ ਰਾਤ ਚੜ੍ਹਤ ਸਿੰਘ ਆਪਣੇ ਬੀਰ ਸਵਾਰਾਂ ਨਾਲ ਫਿਰ ਉਹਦੇ ਉੱਤੇ ਆ ਪੈਂਦਾ ਤੇ ਸਭ ਕੁਝ ਫਿਰ ਚੌਪਟ ਕਰ ਜਾਂਦਾ।

ਓਧਰ ਸਾਰਾ ਦਿਨ ਚੜ੍ਹਤ ਸਿੰਘ ਤੇ ਉਹਦੇ ਸਾਥੀ ਕੱਚੇ ਕਿਲ੍ਹੇ ਦੀਆਂ ਕੱਚੀਆਂ ਤੇ ਨਿਕੀਆਂ ਨਿਕੀਆਂ ਫ਼ਸੀਲਾਂ

Scanned by CamScanner

ਉੱਤੇ ਬੈਠ ਨੀਝ ਲਾ ਕੇ ਉਬੇਦ ਖ਼ਾਨ ਦੇ ਕੈਂਪ ਦੀ ਦਿਸ਼ਾ ਵਲ ਤਕਦੇ ਰਹਿੰਦੇ। ਉਹ ਤਕਦੇ ਰਹਿੰਦੇ ਤੇ ਪ੍ਰਾਰਥਨਾ ਕਰਦੇ ਰਹਿੰਦੇ ਕਿ ਉਬੇਦ ਖ਼ਾਨ ਕਿਲ੍ਹੇ ਉੱਤੇ ਚੜ੍ਹਾਈ ਨਾ ਕਰੇ। ਦੁਪਹਿਰ ਤਕ ਉਹਨਾਂ ਦਾ ਸਾਹ ਸੁਕਿਆ ਰਹਿੰਦਾ, ਪਰ ਜਦੋਂ ਦਿਨ ਢਲਦਾ ਤਾਂ ਉਹ ਆਪਣੇ ਆਪ ਵਿਚ ਆਉਂਦੇ ਤੇ ਕੁਝ ਖਾਂਦੇ ਪੀਂਦੇ। ਜਦੋਂ ਸ਼ਾਮ ਪੈਂਦੀ ਤਾਂ ਚੜ੍ਹਤ ਸਿੰਘ ਆਖਦਾ, "ਧੰਨ ਗੁਰੂ ਬਾਜਾਂ ਵਾਲਾ। ਉਸ ਮੇਰੀ ਤੇ ਸਿਖ ਪੰਥ ਦੀ ਇਜ਼ਤ ਰਖ ਲਈ ਹੈ।" ਫਿਰ ਚੜ੍ਹਤ ਸਿੰਘ ਆਪ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਰਦਾਸਾ ਕਰਦਾ ਤੇ ਪ੍ਰਾਰਥਨਾ ਕਰਦਾ ਕਿ ਇਸੇ ਤਰ੍ਹਾਂ ਹੀ ਕੁਝ ਦਿਨ ਹੋਰ ਲੰਘ ਜਾਣ।

ਅਰਦਾਸਾ ਹੋ ਚੁਕਣ ਪਿਛੋਂ ਉਸ ਕਿਲ੍ਹੇ ਵਿਚ ਜਿਵੇਂ ਜਾਨ ਪੈ ਜਾਵੇ। ਸ਼ਾਮ ਦਾ ਪ੍ਰਸ਼ਾਦਾ ਬੜੇ ਚਾਅ ਤੇ ਖੁਸ਼ੀ ਨਾਲ ਛਕਿਆ ਜਾਂਦਾ। ਸਿਪਾਹੀ ਇਕ ਦੂਜੇ ਨੂੰ ਮਖ਼ੌਲ ਕਰਦੇ। ਕਈ ਚੁਲਬਲੇ ਆਪਣੇ ਆਪਣੇ ਪਿੰਡਾਂ ਦੇ ਭਿੰਨ ਭਿੰਨ ਲੋਕ ਨਾਚ ਨੱਚਦੇ। ਕੋਈ ਜਣਾ ਹੇਕ ਲਾ ਕੇ ਗੁਰਬਾਣੀ ਦੀਆਂ ਤੁਕਾਂ ਪੜ੍ਹਦਾ ਤੇ ਕੋਈ ਮਨਚਲਾ ਲੋਕ-ਗੀਤਾਂ ਦੀਆਂ ਹੇਕਾਂ ਉਚੀਆਂ ਕਰਦਾ।

ਆਪ ਚੜ੍ਹਤ ਸਿੰਘ ਖੁਸ਼ ਖੁਸ਼ ਹੱਸਦਾ ਹੱਸਦਾ ਇਸ ਚੁਫੇਰੇ ਖਿਲਰੀ ਖੁਸ਼ੀ ਵਿਚ ਸ਼ਰੀਕ ਹੁੰਦਾ। ਤੇ ਫਿਰ ਨਿਯਤ ਸਮੇਂ ਸਿਰ ਚੜ੍ਹਤ ਸਿੰਘ ਦੀ ਸਰਦਾਰੀ ਥੱਲੇ ਇਹ ਬਹਾਦਰ ਸਿਖ ਆਪਣੇ ਆਪਣੇ ਘੋੜਿਆਂ ਉੱਤੇ ਚੜ੍ਹਦੇ, ਮਿਆਨਾਂ ਵਿਚੋਂ ਆਪਣੀਆਂ ਤਲਵਾਰਾਂ ਖਿਚਦੇ, ਤੇ ਫਿਰ ਕੁਝ ਮਿੰਟਾਂ ਵਿਚ ਹੀ ਉਹਨਾਂ ਦੀਆਂ ਤਲਵਾਰਾਂ ਹੁੰਦੀਆਂ ਤੇ ਉਬੇਦ ਖ਼ਾਨ ਦੇ ਸਿਪਾਹੀਆਂ ਦੇ ਸਿਰ।

ਉਬੇਦ ਖ਼ਾਨ ਸਵੇਰੇ ਸਵੇਰੇ ਉਠ ਕੇ ਫਿਰ ਭਭਕਦਾ। ਹਰ ਇਕ ਨੂੰ ਕੋਸਦਾ — ਤੋਪਚੀਆਂ ਨੂੰ, ਰਸਾਲੇ ਨੂੰ, ਪਿਆਦਾ ਫੌਜ ਨੂੰ ਤੇ ਲਾਮਡੋਰੀ ਵਾਲਿਆਂ ਨੂੰ। ਜਦੋਂ ਇਕ ਸਰਦਾਰ ਨੇ ਬਿਨੈ ਕੀਤੀ, 'ਸੂਬੇਦਾਰ ਸਾਹਿਬ! ਇਸ ਤਰ੍ਹਾਂ ਰੋਜ਼ ਮਾਰ ਖਾਣ ਨਾਲੋਂ ਤਾਂ ਇਕ ਦਿਨ ਕਿਲ੍ਹੇ ਉੱਤੇ ਹੱਲਾ ਬੋਲ ਹੀ ਦੇਣਾ ਚਾਹੀਦਾ ਹੈ, ਜੋ ਹੋਏਗੀ ਵੇਖੀ ਜਾਏਗੀ।" ਤਾਂ ਉਬੇਦ ਖ਼ਾਂ ਨੇ ਉੱਤਰ ਦਿਤਾ, "ਤੂੰ ਜੰਗ ਦੇ ਮੁਆਮਲੇ ਕੀ ਸਮਝੇਂ, ਤੂੰ ਨਹੀਂ ਜਾਣਦਾ ਮੇਰੇ ਮਨ ਵਿਚ ਕੀ ਹੈ। ਮੈਂ ਇਕ ਅਜਿਹੀ ਚਾਲ ਚਲਾਂਗਾ ਕਿ ਚੜ੍ਹਤ ਸਿੰਘ ਆਪਣੇ ਆਪ ਮੇਰੇ ਪੈਰਾਂ ਵਿਚ ਆ ਰੁਲੇਗਾ।" ਖ਼ਾਨ ਮੁਹੰਮਦ ਨੇ, ਜਿਹੜਾ ਕਿ ਉਬੇਦ ਖ਼ਾਨ ਦੀਆਂ ਫ਼ੌਜਾਂ ਦਾ ਅਸਲ ਸਿਪਾਹ-ਸਲਾਰ ਸੀ, ਆਖਿਆ :

"ਸੂਬੇਦਾਰ ਸਾਹਿਬ, ਮੈਨੂੰ ਆਗਿਆ ਦਿਓ ਕਿ ਮੈਂ ਕਿਲ੍ਹੇ ਉੱਤੇ ਹੱਲਾ ਬਲਾਂ। ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ ਕਿ ਇਕ ਦੋ ਘੰਟਿਆਂ ਦੇ ਅੰਦਰ ਅੰਦਰ ਹੀ ਕਿਲ੍ਹਾ ਸਰ ਹੋ ਜਾਏਗਾ। ਸਾਡੀਆਂ ਤੋਪਾਂ ਦਾ ਗੋਲਾ ਕਿਲ੍ਹੇ ਦੀਆਂ ਕੱਚੀਆਂ ਦੀਵਾਰਾਂ ਨੂੰ ਮਿੰਟਾਂ ਵਿਚ ਤੋੜ ਦੇਵੇਗਾ।" ਪਰ ਉਬੇਦ ਖ਼ਾਨ ਨਾ ਮੰਨਿਆ। ਉਹ ਖ਼ਾਨ ਮੁਹੰਮਦ ਰਾਹੀਂ ਨਹੀਂ ਆਪਣੀ ਕਮਾਨ ਥਲੇ ਕਿਲ੍ਹੇ ਨੂੰ ਜਿਤਣਾ ਚਹੁੰਦਾ ਸੀ। "ਸੂਬੇਦਾਰ ਸਾਹਿਬ ਮੈਨੂੰ ਖ਼ੁਫ਼ੀਆ ਖ਼ਬਰ ਪੁਜੀ ਹੈ ਕਿ ਕਿਲ੍ਹੇ ਵਿਚ ਅਸਲੋਂ ਥੋੜ੍ਹੇ ਗਿਣਤੀ ਦੇ ਆਦਮੀ ਹਨ", ਖ਼ਾਨ ਮੁਹੰਮਦ ਨੇ ਇਕ ਵਾਰੀ ਫਿਰ ਆਖਿਆ, "ਜਾਂ ਤੁਸੀਂ ਆਪ ਚਲੋ ਜਾਂ ਮੈਨੂੰ ਜਾਣ ਦੀ ਆਗਿਆ ਦਿਓ। ਸ਼ਹਿਨਸ਼ਾਹ ਅਹਿਮਦ ਸ਼ਾਹ ਦੁਰਾਨੀ ਕੀ ਕਹਿਣਗੇ।" ਪਰ ਉਬੇਦ ਖ਼ਾਨ ਨੇ ਉਹਨੂੰ ਝਿੜਕਿਆ:

"ਸ਼ਹਿਨਸ਼ਾਹ ਨੇ ਨੂਰ ਦੀਨ ਬਾਮੇਜ਼ਈ ਨੂੰ ਕੀ ਆਖਿਆ ਹੈ। ਤੇ ਤੇਰੀ ਇਹ ਖ਼ੁਫ਼ੀਆ ਖ਼ਬਰ ਗਲਤ ਹੈ ਕਿ ਕਿਲ੍ਹੇ ਵਿਚ ਗੰਣਵੇਂ ਆਦਮੀ ਹਨ। ਘੱਟੋ ਘਟ ਸਾਡੇ ਜਿੰਨੀ ਹੀ ਫ਼ੌਜ ਹੈ ਚੜ੍ਹਤ ਸਿੰਘ ਕੋਲ।"

"ਹਜ਼ੂਰ" ਖ਼ਾਨ ਮੁਹੰਮਦ ਨੇ ਤਨਅਜ਼ਨ ਲਹਿਜੇ ਵਿਚ ਕਿਹਾ, "ਉਸ ਕਿਲ੍ਹੇ ਵਿਚ ਤਾਂ ਚਾਰ ਹਜ਼ਾਰ ਆਦਮੀ ਭੇਡਾਂ ਬਕਰੀਆਂ ਵਾਂਗ ਵੀ ਡਕੇ ਨਹੀਂ ਜਾ ਸਕਦੇ, ਸਾਡੇ ਜਿੰਨੀ ਫ਼ੌਜ ਕਿਵੇਂ ਹੋ ਸਕਦੀ ਹੈ?"

ਪਰ ਉਬੇਦ ਖ਼ਾਨ ਨੇ ਉਹਨੂੰ ਬਕਵਾਸ ਬੰਦ ਕਰਨ ਵਾਸਤੇ ਆਖਿਆ। "ਕੀ ਦੁਰਾਨੀ ਜ਼ੱਬਤ ਏਥੋਂ ਤਕ ਗਿਰ ਗਿਆ ਹੈ ਕਿ ਮਾਤਹਿਤ ਆਪਣੇ ਸੂਬੇਦਾਰਾਂ ਤੇ ਆਹਲਾ ਅਫ਼ਸਰਾਂ ਨਾਲ ਬਹਿਸਾਂ ਕਰਨ ਲਗ ਪਏ ਹਨ। ਜੇ ਇਸ ਤਰ੍ਹਾਂ ਹੀ ਰਿਹਾ ਤਾਂ ਦੁਰਾਨੀ ਰਾਜ ਬਹੁਤੀ ਦੇਰ ਨਹੀਂ ਤੱਗ ਸਕਦਾ।" ਖ਼ਾਨ ਮੁਹੰਮਦ ਨੇ ਦਿਲ ਹੀ ਦਿਲ ਉਬੇਦ ਖ਼ਾਨ ਨੂੰ ਸੌ ਗਾਲ੍ਹਾਂ ਕਢੀਆਂ, "ਮੇਰੇ ਜਿਹੇ ਆਦਮੀਆਂ ਕਰ ਕੇ ਨਹੀਂ ਉਬੇਦ ਵਰਗੇ ਕਾਇਰਾਂ ਤੇ ਬੁਜ਼ਦਿਲਾਂ ਕਰ ਕੇ ਦੁਰਾਨੀ ਰਾਜ ਤਬਾਹ ਹੋਏਗਾ।" ਉਸ ਕਿਹਾ।

ਖ਼ਾਨ ਮੁਹੰਮਦ ਨੇ ਇਰਾਦਾ ਕਰ ਲਿਆ ਕਿ ਉਬੇਦ ਖ਼ਾਨ ਦੀ ਮਰਜ਼ੀ ਤੋਂ ਬਗ਼ੈਰ ਇਕ ਦੋ ਦਿਨਾਂ ਵਿਚ ਉਹ ਕਿਲ੍ਹੇ ਉੱਤੇ ਹੱਲਾ ਕਰੇਗਾ। ਜੋ ਹੋਵੇਗੀ ਉਹ ਪਿਛੋਂ ਨਜਿੱਠੀ ਜਾਏਗੀ। ਉਸ ਉਸੇ ਵੇਲੇ ਹੀ ਬਾਕੀ ਸਰਦਾਰਾਂ ਤੇ ਜਰਨੈਲਾਂ

Scanned by CamScanner

ਨਾਲ ਗੰਦ ਰੂਪ ਕਰਨੀ ਸ਼ੁਰੂ ਕਰ ਦਿਤੀ। ਪਰ ਖ਼ਾਨ ਮੁਹੰਮਦ ਦੀ ਇਹ ਨਵੀਂ ਚਾਲ ਕਾਰਗਰ ਸਾਬਤ ਨਾ ਹੋ ਸਕੀ। ਉਥੇਦ ਖ਼ਾਨ ਦੀ ਕਾਇਰਤਾ ਨੇ ਬੜੇ ਬਹੁਮੁੱਲੇ ਦਿਨ ਜ਼ਾਇਆ ਕਰ ਦਿਤੇ ਸਨ।

ਹੁਣ ਤਕ ਸਾਰੇ ਸਿਖ ਪੰਥ ਵਿਚ ਚੜ੍ਹਤ ਸਿੰਘ ਤੇ ਉਥੇਦ ਖ਼ਾਨ ਦੀ ਇਸ ਲੜਾਈ ਦੀ ਖਬਰ ਪਹੁੰਚ ਚੁਕੀ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਚੜ੍ਹਤ ਸਿੰਘ ਦੀ ਚਿਠੀ ਮਿਲ ਚੁਕੀ ਸੀ। ਚੜ੍ਹਤ ਸਿੰਘ ਨੇ ਲਿਖਿਆ ਸੀ, "ਜਲਦੀ ਪਹੁੰਚੋ ਪੰਥ ਦੇ ਬੇਤਾਜ ਬਾਦਸ਼ਾਹ। ਤੁਹਾਡੇ ਆਉਣ ਤਕ ਮੈਨੂੰ ਵਿਸ਼ਵਾਸ ਹੈ ਮੈਂ ਗੁਰੂ ਗੋਬਿੰਦ ਸਿੰਘ ਦੇ ਮਾਲਸੇ ਉੱਤੇ ਕੋਈ ਹਰਫ਼ ਨਹੀਂ ਆਉਣ ਦੇਵਾਂਗਾ।" ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਸ ਆ ਹੀ ਪਹੁੰਚਿਆ ਸੀ।

੬੨

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਇਆ ਤੇ ਉਹਦੇ ਨਾਲ ਆਇਆ ਬਾਬਾ ਜਾਂਬਾਜ਼ ਸਿੰਘ ਤੇ ਬਾਬੇ ਜਾਂਬਾਜ਼ ਨਾਲ ਆਇਆ ਪੰਜਾਂ ਕੁ ਸਾਲਾਂ ਦਾ ਦਲੇਰ ਸਿੰਘ। ਘਰ ਵਿਚ ਦਲੇਰ ਦੇ ਜਾਂਬਾਜ਼ ਨਾਲ ਆਉਣ ਬਾਰੇ ਬੜੀ ਤਕਰਾਰ ਹੋਈ ਸੀ। ਜੀਵਨ ਕੌਰ, ਬੇਬੇ ਤੇ ਆਪ ਜਾਂਬਾਜ਼ ਦਲੇਰ ਨੂੰ ਹੋੜਦੇ ਰਹੇ ਸਨ। "ਇਹ ਵੀ ਕੋਈ ਉਮਰ ਹੈ ਲੜਾਈਆਂ ਉੱਤੇ ਜਾਣ ਦੀ?" ਬੇਬੇ ਨੇ ਆਖਿਆ। "ਆਪ ਤਾਂ ਇਸ ਕੀ ਕਰਨਾ ਹੈ, ਬਾਬੇ ਨੂੰ ਵੀ ਤੰਗ ਕਰੇਗਾ।" ਜੀਵਨ ਕੌਰ ਨੇ ਆਖਿਆ।

ਜਾਂਬਾਜ਼ ਨੇ ਮੁੜ ਮੁੜ ਕਿਹਾ, "ਇਕ ਤਾਂ ਐਨਾ ਲੰਮਾ ਸਫ਼ਰ ਹੈ ਤੇ ਦੂਜਾ ਪਤਾ ਨਹੀਂ ਕਿਥੇ ਰੁਕਣਾ ਪਵੇ, ਕਦੋਂ ਭਜਣਾ ਪਵੇ, ਕਦੋਂ ਕੁਝ ਖਾਣ ਪੀਣ ਨੂੰ ਮਿਲੇ ਕਦੋਂ ਨਾ। ਉਂਜ ਭਾਵੇਂ ਮੈਨੂੰ ਤਲਵਾਰ ਵਾਹੁਣ ਦੀ ਲੋੜ ਨਾ ਪਵੇ ਪਰ ਦਲੇਰ ਨਾਲ ਤਾਂ ਮੈਂ ਉੱਕਾ ਹੀ ਨਿਕੰਮਾਂ ਹੋ ਜਾਵਾਂਗਾ।" ਪਰ ਦਲੇਰ ਦੀ ਜ਼ਿੱਦ ਕਿ ਜੇ ਉਹ ਐਤਕੀ ਬਾਬੇ ਨਾਲ ਨਾ ਗਿਆ ਤਾਂ ਉਹ ਨਾ ਰੋਟੀ ਖਾਏਗਾ ਨਾ ਪਾਣੀ ਪੀਏਗਾ। "ਮਿਹਰੂ ਹੋ ਆਇਆ ਹੈ। ਦੋ ਤਿੰਨਾਂ ਸਾਲਾਂ ਦੀ ਉਮਰ ਦਾ ਕੀ ਫਰਕ ਹੁੰਦਾ ਹੈ। ਮੈਂ ਮਿਹਰੂ ਨਾਲੋਂ ਤਕੜਾ ਹਾਂ। ਜੇ ਘੁਲ ਕੇ ਵੇਖਣਾ ਸੂ ਤਾਂ ਬੇਸ਼ਕ ਵੇਖ ਲਏ।" ਪਰ ਮਿਹਰੂ ਬਿਮਾਰ ਸੀ ਤੇ ਦਲੇਰ ਨਾਲ ਘੁਲ ਨਹੀਂ ਸੀ ਸਕਦਾ। ਕਦੀ ਦਲੇਰ ਆਖਦਾ, "ਕੀ ਫਾਇਦਾ ਇਸ ਗਾਤਰੇ ਤੇ ਤਲਵਾਰ ਦਾ? ਕੀ ਫਾਇਦਾ ਮੇਰੇ ਸਿੰਘ ਹੋਣ ਦਾ? ਸਿਖਾਂ ਦੇ ਪੁਤਰ ਤਾਂ ਜੰਮਦੇ ਹੀ ਸਿਪਾਹੀ ਹੁੰਦੇ ਹਨ।" ਜੋ ਗੱਲਾਂ ਤੇ ਜੋ ਜੋ ਵਾਕ ਉਸ ਲੋਕਾਂ ਦੇ ਮੂੰਹੋਂ ਸਿਖ ਬਚਿਆਂ ਦੀ ਬਹਾਦਰੀ ਬਾਰੇ ਸੁਣੇ ਸਨ ਉਸ ਉਹ ਸਭ ਆਪਣੀ ਪੁੜ੍ਹਤਾ ਵਿਚ ਕਹੇ।

"ਬਾਬਾ ਮੈਨੂੰ ਲੈ ਚਲ", ਉਸ ਤਰਲਾ ਕੀਤਾ, "ਮੈਂ ਤੈਨੂੰ ਰਤਾ ਤੰਗ ਨਹੀਂ ਕਰਾਂਗਾ। ਮੈਂ ਪਾਣੀ ਤਕ ਨਹੀਂ ਮੰਗਾਂਗਾ। ਮੈਂ ਸਗੋਂ ਤੇਰੀ ਸੇਵਾ ਕਰਾਂਗਾ।" ਬਾਬਾ ਜਾਂਬਾਜ਼ ਦਲੇਰ ਦੇ ਇਹ ਸ਼ਬਦ ਸੁਣ ਕੇ ਹਸਿਆ। ਤੂੰ ਹੀ ਸੇਵਾ ਕਰਨੀ ਹੈ ਪੁੱਤਰ, ਹੋਰ ਕਿਸ ਕਰਨੀ ਹੈ!"

ਅੰਤ ਸੁਬੇਗ ਨੇ ਆਪਣੇ ਦਲੇਰ ਦਾ ਪੱਖ ਲਿਆ। ਉਹ ਸ਼ੁਰੂ ਤੋਂ ਇਹ ਤਕਰਾਰ ਸੁਣਦਾ ਆਇਆ ਸੀ ਪਰ ਉਸ ਆਪਣੇ ਵਲੋਂ ਕੁਝ ਨਹੀਂ ਸੀ ਕਿਹਾ। ਘਰ ਵਿਚ ਹੋਏ ਬਹੁਤੇ ਫੈਸਲਿਆਂ ਅੰਦਰ ਉਹ ਬੜੀ ਥੋੜੀ ਦਿਲਚਸਪੀ ਲੈਂਦਾ ਸੀ। ਹਾਂ, ਜਦੋਂ ਉਹ ਕਿਸੇ ਗੱਲ ਜਾਂ ਮਸਲੇ ਉੱਤੇ ਖ਼ਾਸ ਤੌਰ ਉੱਤੇ ਮਹਿਸੂਸ ਕਰੇ ਤਾਂ ਭਾਵੇਂ ਉਹ ਦਖ਼ਲ ਦੇਣ ਤੋਂ ਨਹੀਂ ਸੀ ਰੁਕਦਾ ਤੇ ਏਸੇ ਲਈ ਆਮ ਕਰਕੇ ਉਹਦੀ ਹਰ ਆਖੀ ਮੰਨੀ ਜਾਂਦੀ ਸੀ, ਉਹ ਐਨਾ ਥੋੜਾ ਕੁਝ ਆਖਦਾ ਸੀ ਕਿ ਜਦੋਂ ਵੀ ਉਹ ਕੁਝ ਕਹਿੰਦਾ ਉਹਦੇ ਸ਼ਬਦਾਂ ਵਿਚ ਵਜ਼ਨ ਹੁੰਦਾ, "ਬਾਬਾ ਲੈ ਜਾ ਸੂ ਦਲੇਰ ਨੂੰ" ਅਜ ਵੀ ਉਸ ਕਿਹਾ, "ਮੇਰੇ ਖਿਆਲ ਵਿਚ ਇਹ ਮੁਹਿੰਮ ਔਖੀ ਨਹੀਂ ਹੋਣ ਲਗੀ। ਜਾਣ ਤੇ ਆਉਣ ਵਾਲੀ ਹੀ ਗੱਲ ਹੋਣੀ ਹੈ। ਮੁੰਡੇ ਦਾ ਚਾਅ ਲਹਿ ਜਾਏਗਾ ਤੇ ਆਖ਼ਿਰ ਇਹ...।"

Scanned by CamScanner

ਸੁਬੇਗ ਚੁਕ ਗਿਆ। ਪਤਾ ਨਹੀਂ ਉਹ ਕੀ ਕਹਿਣਾ ਚਾਹੁੰਦਾ ਸੀ। ਸ਼ਾਇਦ ਉਹ ਕਹਿਣਾ ਚਾਹੁੰਦਾ ਸੀ ਕਿ ਆਖਿਰ ਇਹ ਉਹਦਾ ਹੀ ਪੁਰਤ ਹੈ ਜਾਂ ਇਹ ਕਿ ਉਹ ਸ਼ਾਹਬਾਜ਼ ਦਾ ਹੀ ਪੋਤਰਾ ਹੈ। ਪਰ ਜੋ ਕੁਝ ਵੀ ਸੁਬੇਗ ਕਹਿਣਾ ਚਾਹੁੰਦਾ ਹੰਢੇ ਉਸ ਕਿਹਾ ਨਾ। ਇਸ ਅਣਕਹੀ ਗੱਲ ਦਾ ਵਜ਼ਨ ਕਹੀ ਗਲ ਦੇ ਵਜ਼ਨ ਨਾਲੋਂ ਵੀ ਚੇਰ ਸੀ।

ਸੁਬੇਗ ਨੇ ਦਲੇਰ ਦਾ ਪੱਖ ਲੈ ਕੇ ਉਹਨੂੰ ਜਾਂਬਾਜ਼ ਨਾਲ ਤੋਰ ਦਿਤਾ। ਤੇ ਜਿਵੇਂ ਸੁਬੇਗ ਨੇ ਕਿਹਾ ਸੀ ਇਹ ਬਸ ਜਾਣ ਆਣ ਵਾਲੀ ਹੀ ਗੱਲ ਹੋਈ। ਉਬੇਦ ਖ਼ਾਨ ਅਗੇ ਹੀ ਡਰ ਰਿਹਾ ਸੀ। ਜਦੋਂ ਉਸ ਦੂਜੇ ਪਾਸਿਓਂ ਇਕ ਵਡੀ ਤੇ ਬਲਵਾਨ ਸਿਖ ਸੈਨਾ ਆਉਣ ਦੀ ਖਬਰ ਸੁਣੀ ਤਾਂ ਉਹ ਨੱਸਣ ਦੀਆਂ ਤਿਆਰੀਆਂ ਕਰਨ ਲਗਾ।

ਤੇ ਸਿਖ ਸੈਨਾ ਵੀ ਕਿਹੜੀ ਘਟ ਸੀ ? ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ ਤੇ ਉਹਦਾ ਦਲ, ਸਰਦਾਰ ਲਹਿਣਾ ਸਿੰਘ ਭੰਗੀ ਸੀ ਤੇ ਉਹਦੇ ਸਾਥੀ ਸਨ ਗੁਰਬਖਸ਼ ਸਿੰਘ ਮਾਹਿਲ। ਬਾਕੀ ਦੇ ਦੋਵੇਂ ਭੰਗੀ ਸਰਦਾਰ ਵੀ ਸਨ, ਕਨ੍ਹੱਈਆ ਸਿੰਘੀਆਂ ਤੇ ਕਨੱਈਆ ਮਿਸਲ ਦੇ ਵੀ ਬੰਦੇ ਸਨ, ਸੋ ਸਿਖ ਦਲ ਕੋਈ ਛੋਟਾ ਤੇ ਹੀਣਾ ਨਹੀਂ ਸੀ ਕਿਹਾ ਜਾ ਸਕਦਾ।

ਸਿਖ ਸਵਾਰ ਦਗੜ ਦਗੜ ਕਰਦੇ ਆਪਣੇ ਘੋੜਿਆਂ ਉੱਤੇ ਆਏ ਤੇ ਸਾਰੀ ਜ਼ਮੀਨ ਕੰਬ ਗਈ। ਜਦੋਂ ਸਿਖ ਦਲਾਂ ਨੇ ਜੈਕਾਰੇ ਗਜਾਏ ਤਾਂ ਪਠਾਣੀ ਤੇ ਮੁਸਲਮਾਨੀ ਸਿਪਾਹੀਆਂ ਦੇ ਦਿਲ ਕੰਬ ਗਏ।

ਨਹੀਂ, ਉਬੇਦ ਖ਼ਾਨ ਵਿਚ ਤੋਫ਼ੀਕ ਨਹੀਂ ਸੀ ਕਿ ਉਹ ਇਸ ਦਲ ਦਾ ਮੁਕਾਬਲਾ ਕਰ ਸਕੇ। ਉਹ ਘਬਰਾ ਗਿਆ ਉਸ ਸਿਪਾਹ-ਸਾਲਾਰ ਖ਼ਾਨ ਮੁਹੰਮਦ ਨੂੰ ਪੁਛਿਆ, "ਹੁਣ ਕੀ ਕਰਨਾ ਚਾਹੀਦਾ ਹੈ ?"

ਸਿਪਾਹ-ਸਾਲਾਰ ਖਾਨ ਮੁਹੰਮਦ ਨੇ ਘਿਰਣਤ ਨਜ਼ਰਾਂ ਨਾਲ ਆਪਣੇ ਸੂਬੇਦਾਰ ਵਲ ਵੇਖਿਆ ਤੇ ਉਹਦਾ ਜੀ ਕੀਤਾ ਕਿ ਉਹ ਉਬੇਦ ਖ਼ਾਨ ਉੱਤੇ ਥੁਕ ਦਏ।

ਉਸ ਵਿਅੰਗਾਤਮਕ ਲਹਿਜੇ ਵਿਚ ਕਿਹਾ "ਹੁਣ ਭੱਜ ਨਿਕਲਣਾ ਚਾਹੀਦਾ ਹੈ ਸੂਬੇਦਾਰ ਸਾਹਿਬ।"

ਐਨਾ ਹਿਰਾਸਿਆ ਤੇ ਘਬਰਾਇਆ ਹੋਇਆ ਸੀ ਸੂਬੇਦਾਰ ਉਬੇਦ ਖ਼ਾਨ ਕਿ ਉਸ ਨਾ ਹੀ ਖ਼ਾਨ ਮੁਹੰਮਦ ਦੀਆਂ ਘਿਰਣਤ ਨਜ਼ਰਾਂ ਨੂੰ ਵੇਖਿਆ ਤੇ ਨਾ ਹੀ ਉਹਦੇ ਸ਼ਬਦਾਂ ਅੰਦਰਲੇ ਵਿਅੰਗ ਨੂੰ ਪਛਾਣਿਆ। ਖ਼ਾਨ ਮੁਹੰਮਦ ਦੀ ਕਹੀ ਗਲ ਬਿਲਕੁਲ ਉਹਦੇ ਮਨ ਪਸੰਦ ਸੀ, ਸੋ ਉਸ ਕਿਹਾ:

"ਤੂੰ ਬਿਲਕੁਲ ਠੀਕ ਆਖਦਾ ਹੈਂ ਖ਼ਾਨ ਮੁਹੰਮਦ। ਖ਼ਾਹ ਮਖ਼ਾਹ ਦਾ ਖ਼ੂਨ ਖ਼ਰਾਬਾ ਕਰਨ ਨਾਲੋਂ ਭੱਜ ਜਾਣਾ ਚਾਹੀਦਾ ਹੈ ਤੇ ਕੁਝ ਦਿਨ ਠਹਿਰ ਕੇ ਸਿਖਾਂ ਨੂੰ ਫਿਰ ਵੰਗਾਰਨਾ ਚਾਹੀਦਾ ਹੈ !"

ਖ਼ਾਨ ਮੁਹੰਮਦ ਉਸੇ ਤਰ੍ਹਾਂ ਘਿਰਣਤ ਨਜ਼ਰਾਂ ਨਾਲ ਉਹਦੇ ਵਲ ਵੇਖਦਾ ਰਿਹਾ।

"ਜਾਓ ਤੇ ਸਿਖਾਂ ਦੇ ਆਉਣ ਤੋਂ ਪਹਿਲੇ ਹੀ ਭੱਜ ਜਾਣ ਦੀ ਤਿਆਰੀ ਕਰੋ," ਸੂਬੇਦਾਰ ਕਹਿੰਦਾ ਗਿਆ। ਖ਼ਾਨ ਮੁਹੰਮਦ ਅਜੇ ਤਕ ਵੀ ਘਿਰਣਤ ਨਜ਼ਰਾਂ ਨਾਲ ਉਬੇਦ ਖ਼ਾਨ ਵਲ ਵੇਖ ਰਿਹਾ ਸੀ।

"ਕਿਉਂ ਕੀ ਗੱਲ ਹੈ ? ਹੁਕਮ ਦੀ ਪਾਲਨਾ ਹੋਵੇ।"

ਸਿਵਾਏ ਘਿਰਣਤ ਨਜ਼ਰਾਂ ਤੋਂ ਹੋਰ ਕੋਈ ਜੁਆਬ ਨਾ। ਅੰਤ ਜਿਵੇਂ ਉਬੇਦ ਖ਼ਾਨ ਆਪਣੀ ਘਬਰਾਹਟ ਤੇ ਹਿਰਾਸ ਵਿਚੋਂ ਜਾਗਿਆ ਤੇ ਉਹਨੂੰ ਇਹਨਾਂ ਘਿਰਣਤ ਨਜ਼ਰਾਂ ਦਾ ਪਾਸ ਹੋਇਆ,

"ਇਹ ਕੀ ਬਦਤਮੀਜ਼ੀ ਹੈ ਖ਼ਾਨ ਮੁਹੰਮਦ ? ਆਪਣੇ ਸੂਬੇਦਾਰ ਦੇ ਹੁਕਮ ਦੀ ਉਲੰਘਣਾ ਕਰਨ ਵਾਲਾ ਸੂਲੀ ਦਾ ਹਕਦਾਰ ਹੋਵੇਗਾ।" "ਬੇਸ਼ਕ ਸੂਬੇਦਾਰ ਸਾਹਿਬ, ਮੈਂ ਤੁਹਾਡੇ ਹੁਕਮ ਦੀ ਉਲੰਘਣਾ ਕਰਾਂਗਾ ਤੇ ਇਹਦੀ ਸਜ਼ਾ ਭੁਗਤਾਂਗਾ। ਪਰ ਸੂਲੀ ਉੱਤੇ ਨਹੀਂ ਮੈਦਾਨੇ ਜੰਗ ਵਿਚ।"

ਉਸਨੇ ਜ਼ਮੀਨ ਉੱਤੇ ਥੁਕਿਆ। ਦਰਅਸਲ ਇਹ ਥੁੱਕ ਉਹ ਉਬੇਦ ਖ਼ਾਨ ਦੇ ਮੂੰਹ ਉੱਤੇ ਥੁਕਣਾ ਚਾਹੁੰਦਾ ਸੀ। ਪਰ ਉਸ ਇਉਂ ਨਾਂ ਕੀਤਾ। ਪਤਾ ਨਹੀਂ ਕਿਉਂ ? ਸ਼ਾਇਦ ਜ਼ਬਤ ਦਾ ਪਾਸ ਸੀ। ਸ਼ਾਇਦ ਉਹ ਐਨਾ ਹੀ ਗੁਸੇ ਸੀ ਕਿ ਇਉਂ ਉਬੇਦ ਖ਼ਾਨ ਦੇ ਮੂੰਹ ਉੱਤੇ ਥੁਕਣਾ ਵੀ ਉਹਨੂੰ ਆਪਣੀ ਹਾਨੀ ਲਗੀ। ਉਬੇਦ ਖ਼ਾਨ ਇਉਂ ਆਪਣੇ ਉੱਪਰ ਥੁੱਕੇ ਜਾਣ ਦੇ ਵੀ ਕਾਬਿਲ ਨਹੀਂ ਸੀ। "ਤੁਸੀਂ ਭੱਜ ਜਾਓ ਸੂਬੇਦਾਰ ਸਾਹਿਬ, ਮੈਂ ਸਿਖਾਂ ਨਾਲ ਲੜਾਂਗਾ। ਮੈਂ ਦੁਰਾਨੀ ਹਾਂ। ਤੁਹਾਡੇ ਵਰਗਾ ਕਾਫ਼ਰ ਨਹੀਂ। ਮੈਂ ਮੁਸਲਮਾਨ ਹਾਂ। ਮੈਂ ਵਹਿਦਤ ਦਾ ਜਾਮ ਪੀਤਾ ਹੈ। ਮੈਂ ਦੁਨੀਆਂ ਦੇ ਵਾਲੀ ਹਜ਼ੂਰ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਬੱਲੇ ਲੜ ਚੁਕਾ ਹਾਂ। ਸਾਰੀ ਜ਼ਿੰਦਗੀ ਵਿਚ ਇਹੋ ਜਿਹੀ ਕਾਇਰਤਾ ਤੇ ਬੁਜ਼ਦਿਲੀ ਦੀ ਪਰਦਰਸ਼ਨੀ ਨਹੀਂ ਵੇਖੀ।"

Scanned by CamScanner

ਫਿਰ ਕੁਝ ਪਲ ਠਹਿਰ ਕੇ ਉਹ ਕਹਿੰਦਾ ਗਿਆ:

"ਹਾਂ ਤੁਸੀਂ ਭੁੱਜ ਨਿਕਲੋ, ਸੂਬੇਦਾਰ ਸਾਹਿਬ ! ਮੈਂ ਨਹੀਂ ਭਜਣਾ । ਦੁਰਾਨੀ ਰਾਜ ਦੇ ਹੁਣ ਆਖਰੀ ਦਿਨ ਆ ਚੁਕੇ ਹਨ । ਤੁਸੀਂ ਵੀ ਇਕ ਦਿਨ ਉਹ ਮੌਤ ਮਰੋਗੇ ਕਿ ਜਿਹੋ ਜਿਹੀ ਮੌਤ ਅਗੇ ਕੋਈ ਨਾ ਮਰਿਆ ਹੋਵੇ । ਤੁਸੀਂ ਜਾਓ । ਮੈਂ ਲੜਾਂਗਾ । ਮੈਂ ਆਪਣੇ ਸ਼ਾਹ ਅਹਿਮਦ ਸ਼ਾਹ ਦੁਰਾਨੀ ਤੇ ਆਪਣੇ ਪਿਆਰੇ ਇਸਲਾਮ ਵਾਸਤੇ ਲੜਾਂਗਾ, ਲੜਾਂਗਾ ਤੇ ਮਰਾਂਗਾ ।"

ਅੰਤ ਇਹੋ ਖ਼ਾਨ ਮੁਹੰਮਦ ਹੀ ਗੁਜਰਾਂਵਾਲੇ ਦੇ ਕਿਲ੍ਹੇ ਕੋਲ ਖ਼ਾਲਸੇ ਨਾਲ ਲੜਿਆ । ਉਹ ਲੜਿਆ ਤੇ ਜਾਨ ਹੂਲ ਕੇ ਲੜਿਆ । ਪਰ ਕੀ ਲੜਿਆ ਵਿਚਾਰਾ । ਉਬੇਦ ਖ਼ਾਨ ਨੱਸ ਗਿਆ ਤੇ ਪੁਚਕਾਰ ਕੇ ਉਹ ਆਪਣੇ ਨਾਲ ਘਨੇਰੀ ਫ਼ੌਜ ਨੂੰ ਵੀ ਨਸਾ ਕੇ ਲੈ ਗਿਆ । ਖ਼ਾਨ ਮੁਹੰਮਦ ਕੁਝ ਕੁ ਹੋਰ ਗਾਜ਼ੀ ਸਾਥੀਆਂ ਸਣੇ ਕਿੰਨਾ ਕੁ ਲੜਦਾ ?

ਮੈਦਾਨ ਮਾਰ ਕੇ ਸਰਦਾਰ ਜੱਸਾ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ ਤੇ ਬਾਬਾ ਜਾਂਬਾਜ਼ ਆਪਣੀ ਫ਼ੌਜ ਨਾਲ ਗੁਜਰਾਂਵਾਲੇ ਦੇ ਕਿਲ੍ਹੇ ਵਿਚ ਦਾਖਿਲ ਹੋਏ ਤੇ ਸੁਕਰਚਕੀਆ ਮਿਸਲ ਨੇ ਉਹਨਾਂ ਦਾ ਸੁਆਗਤ ਕੀਤਾ । ਸਰਦਾਰ ਚੜ੍ਹਤ ਸਿੰਘ ਨੇ ਲੰਮੀ ਹੋਕ ਨਾਲ ਫ਼ਸੀਲ ਉੱਤੇ ਖਲੋ ਕੇ ਪੰਜ ਜੈਕਾਰੇ ਛਡੇ ਤੇ ਦੋਹਾਂ ਦਲਾਂ ਨੇ "ਸਤਿ ਸ੍ਰੀ ਅਕਾਲ" ਗਜਾਇਆ ।

"ਬਾਬਾ, ਜੇ ਮਿਹਰੂ ਹੁੰਦਾ ਤਾਂ ਪਤਾ ਨਹੀਂ ਸੋ ਜੈਕਾਰੇ ਛਡਦਾ," ਦਲੇਰ ਸਿੰਘ ਨੇ ਕਿਹਾ । "ਆਹੋ ਪੁਤਰ, ਆਪ ਸਰਦਾਰ ਜੱਸਾ ਸਿੰਘ ਨੇ ਵੀ ਇਹੋ ਹੀ ਕਿਹਾ ਹੈ । ਪਤਾ ਨਹੀਂ ਮਿਹਰੂ ਦਾ ਤਾਪ ਟੁਟਾ ਹੈ ਕਿ ਨਹੀਂ ।"

ਜਿਹੜਾ ਸਾਮਾਨ ਇਸ ਲੜਾਈ ਵਿਚ ਖ਼ਾਲਸੇ ਦੇ ਹੱਥ ਲਗਾ ਉਹਦੇ ਵਿਚ ਬਾਰਾਂ ਤੋਪਾਂ ਵੀ ਸਨ ।

ਬਾਰਾਂ ਤੋਪਾਂ...ਇਹ ਤੋਪਾਂ ਕਿਲ੍ਹੇ ਵਿਚ ਲਿਆਂਦੀਆਂ ਗਈਆਂ ਤੇ ਸਾਰੀ ਸੈਨਾਂ ਨੇ ਇਹਨਾਂ ਨੂੰ ਰੱਜ ਰੱਜ ਵੇਖਿਆ। ਇਹ ਤੋਪਾਂ ਵੇਖ ਕੇ ਜਾਂਬਾਜ਼ ਦੇ ਨੈਣ ਅਥਰੂਆਂ ਨਾਲ ਭਰ ਆਏ । ਉਹਨੂੰ ਯਾਦ ਆਈਆਂ ਆਪਣੇ ਸ਼ਾਹਬਾਜ਼ ਦੀਆਂ ਗੱਲਾਂ ਤੇ ਉਹਦੀਆਂ ਸਾਰੀਆਂ ਮੱਲਾਂ ।

ਸ਼ਾਹਬਾਜ਼, ਬੰਦਾ ਸਿੰਘ ਬਹਾਦਰ ਦੀਆਂ ਤੋਪਾਂ ਦਾ ਸਰਦਾਰ ਸੀ । ਸ਼ਾਹਬਾਜ਼ ਨੇ ਹਰ ਲੜਾਈ ਵਿਚ ਤੋਪਾਂ ਨੂੰ ਅਜਿਹੀ ਸਿਆਣਪ ਨਾਲ ਵਰਤਿਆ ਸੀ ਕਿ ਆਪ ਬੰਦਾ ਸਿੰਘ ਬਹਾਦਰ ਉਹਦੀ ਪ੍ਰਤਿਭਾ ਉੱਤੇ ਹੈਰਾਨ ਸੀ । ਸ਼ਾਹਬਾਜ਼ ਆਪਣੀਆਂ ਤੋਪਾਂ ਤੇ ਖ਼ਾਸ ਕਰਕੇ ਉਸ ਤੋਪ ਨੂੰ ਜਿਹਦਾ ਨਾਂ ਕਿ ਬੰਦਾ ਸਿੰਘ ਬਹਾਦਰ ਨੇ "ਗੁਰੂ ਕਲਗੀਧਰ ਤੋਪ" ਰਖਿਆ ਸੀ, ਪਿਆਰ ਕਰਨ ਲਗ ਪਿਆ ਸੀ । ਜਦੋਂ ਸਰਹਿੰਦ ਦੀ ਜਿੱਤ ਤੇ ਲੋਹ ਗੜ੍ਹ ਵਿਚ ਸਿਖ ਰਾਜ ਦੀ ਸਥਾਪਤੀ ਪਿਛੋਂ ਥਿਮਾਰ ਹੋਕੇ ਸ਼ਾਹਬਾਜ਼ ਘਰ ਆਇਆ ਤਾਂ ਤੁਪਾਂ ਬਾਰੇ ਗੱਲਾਂ ਕਰਨ ਤੋਂ ਥੱਕੇ ਨਾ ।

ਬੇਸ਼ਕ ਜਾਂਬਾਜ਼ ਉਹਨਾਂ ਦਿਨਾਂ ਵਿਚ ਸ਼ਾਹਬਾਜ਼ ਦੀਆਂ ਸਾਰੀਆਂ ਗੱਲਾਂ ਵਿਚ ਦਿਲਚਸਪੀ ਨਹੀਂ ਸੀ ਲੈਂਦਾ ਪਰ ਉਹਦੇ ਕੰਨਾਂ ਵਿਚ ਇਹੋ ਜਿਹੀਆਂ ਗੱਲਾਂ ਪੈ ਜ਼ਰੂਰ ਜਾਂਦੀਆਂ । ਅਜ ਚਾਲ੍ਹੀ ਪੰਜਾਹ ਸਾਲ ਪਿਛੋਂ ਤਰਦੀਆਂ ਤਰਦੀਆਂ ਸੁਣੀਆਂ ਹੋਈਆਂ ਗੱਲਾਂ ਸਾਮ੍ਹਣੇ ਉਹਦੇ ਸਾਹਮਣੇ ਸਨ ।

ਉਸ ਰਾਤ ਜਦੋਂ ਅੱਧੇ ਤੋਂ ਵਧ ਦਲ ਸੌਂ ਗਿਆ ਤੇ ਬਾਕੀ ਜਣੇ ਆਪਣੀਆਂ ਆਪਣੀਆਂ ਕਹਾਣੀਆਂ ਵਿਚ ਲਗੇ ਹੋਏ ਸਨ ਤਾਂ ਜਾਂਬਾਜ਼ ਗੁਰਬਖਸ਼, ਬਹਾਦਰ ਤੇ ਦਲੇਰ ਨੂੰ ਆਪਣੇ ਨਾਲ ਲੈ ਕੇ ਇਹਨਾਂ ਤੋਪਾਂ ਕੋਲ ਆਇਆ ਤੇ ਉਸ ਕਿਹਾ : "ਪੁੱਤਰੋ ! ਤੁਹਾਡਾ ਦਾਦਾ ਬੰਦਾ ਸਿੰਘ ਬਹਾਦਰ ਦੀ ਕਮਾਨ ਥੱਲੇ ਇਹੋ ਜਿਹੀਆਂ ਤੋਪਾਂ ਦਾ ਹੀ ਸਰਦਾਰ ਸੀ। ਜਿਹੜੀ ਬਹਾਦਰੀ ਤੁਹਾਡੇ ਦਾਦੇ ਨੇ ਪੰਝੀਆਂ ਸਾਲਾਂ ਦੀ ਉਮਰ ਵਿਚ ਵਿਖਾਈ ਉਹੋ ਜਿਹੀ ਬਹਾਦਰੀ ਤੁਹਾਡਾ ਬਾਬਾ ਪੰਝੱਤਰਾਂ ਸਾਲਾਂ ਵਿਚ ਵੀ ਨਹੀਂ ਵਿਖਾ ਸਕਿਆ ।" ਫਿਰ ਉਸ ਗੁਰਬਖਸ਼ ਤੇ ਬਹਾਦਰ ਨੂੰ ਸੰਬੋਧਨ ਕਰ ਕੇ ਕਿਹਾ :

"ਅੱਜ ਗੁਰੂ ਗੋਬਿੰਦ ਸਿੰਘ ਦੀ ਮਿਹਰ ਨਾਲ ਬੰਦਾ ਸਿੰਘ ਬਹਾਦਰ ਦੇ ਕਾਲ ਪਿਛੋਂ ਪਹਿਲੀ ਵਾਰ ਕੁਝ ਤੋਪਾਂ ਖ਼ਾਲਸੇ ਦੇ ਹੱਥ ਆਈਆਂ ਹਨ । ਧੰਨ ਗੁਰੂ ਗੋਬਿੰਦ ਸਿੰਘ, ਧੰਨ ਗੁਰੂ ਨਾਨਕ ਦੇਵ। ਤੁਸੀਂ ਇਹਨਾਂ ਤੋਪਾਂ ਦਾ ਖਿਆਲ ਰਖਣਾ ਹੈ । ਨਰੀਂ ! ਇਹਨਾਂ ਤੋਪਾਂ ਦੇ ਸਰਦਾਰ ਬਣਨਾ ਹੈ । ਮੈਂ ਆਪ ਚੜ੍ਹਤ ਸਿੰਘ ਤੇ ਹੋਰਨਾਂ ਸਰਦਾਰਾਂ ਨੂੰ ਆਖ ਦੇਵਾਂਗਾ ਪਰ ਪਹਿਲੇ ਤੁਹਾਨੂੰ ਇਸ ਇਜ਼ਤ ਤੇ ਮਾਨ ਦੇ ਯੋਗ ਹੋਣਾ ਪਵੇਗਾ । ਆਪਣੇ ਦਾਦੇ ਦੀ ਪ੍ਰਤਿਭਾ ਤੁਹਾਨੂੰ ਵਿਰਸੇ ਵਿਚ ਮਿਲੀ ਹੈ। ਵੇਖਣਾ ਕਿਤੇ ਸਾਡੇ ਨਾਂ ਨੂੰ ਲਾਜ ਨਾ ਲਾਉਣੀ ।"

ਦਲੇਰ ਸਿੰਘ ਚੁਪ ਆਪਣੇ ਬਾਬੇ ਦੇ ਇਹ ਸ਼ਬਦ ਸੁਣਦਾ ਆਇਆ ਸੀ । ਹੁਣ ਉਸ ਕਿਹਾ : "ਬਾਬਾ ਮੈਂ ਵੀ

Scanned by CamScanner

ਤੋਪ ਚਲਾਣ ਦੀ ਜਾਚ ਸਿੱਖਾਂਗਾ । ਮੈਨੂੰ ਵਡੇ ਵੀਰੇ ਕੋਲ ਛਡ ਦਿਓ ।" ਬਾਬੇ ਨੇ ਦਲੇਰ ਨੂੰ ਚਕ ਕੇ ਛਾਤੀ ਨਾਲ ਲਾ ਲਿਆ ।

"ਤੂੰ ਵੀ ਤੋਪਾਂ ਚਲਾਣ ਦੀ ਜਾਚ ਸਿਖੀਂ, ਪੁੱਤਰ । ਤੂੰ ਵੀ ਖ਼ਾਲਸੇ ਦੇ ਤੋਪਖ਼ਾਨੇ ਦਾ ਸਰਦਾਰ ਬਣੀਂ । ਅਜੇ ਤਾਂ ਪਤਾ ਨਹੀਂ ਮਾਲਸਾ ਰਾਜ ਨੇ ਕਿਹੜੇ ਗਗਨਾਂ ਨੂੰ ਛੋਹਣਾ ਹੈ ।"

ਤੇ ਇਕ ਵਾਰ ਫਿਰ ਜਾਂਬਾਜ਼ ਦੀਆਂ ਅੱਖਾਂ ਭਰ ਆਈਆਂ । ਖੁਸ਼ੀ ਦੇ ਅਥਰੂ ... ਜਾਂਬਾਜ਼ ਨੇ ਸਵਾਦ ਲਾ ਲਾ ਕੇ ਵੀਟੇ । ਤੇ ਫਿਰ ਇਕਾ ਇਕ ਉਹਦਾ ਜੀ ਕੀਤਾ ਕਿ ਉਹ ਸ਼ੋਭੀ ਕੋਲ ਹੋਵੇ । ਉਹ ਸ਼ੁਭਵੰਤ ਨੂੰ ਇਹਨਾਂ ਤੋਪਾਂ ਦੀ ਜਿੱਤ ਬਾਰੇ ਦਸੇ । ਉਹ ਦਸੇ ਕਿ ਕਿਵੇਂ ਉਸ ਗੁਰਬਖਸ਼, ਬਹਾਦਰ ਤੇ ਦਲੇਰ ਨੂੰ ਸ਼ਾਹਬਾਜ਼ ਦੇ ਮਹਾਨ ਤੋਪਚੀ ਹੋਣ ਬਾਰੇ ਦਸਿਆ । ਜਾਂਬਾਜ਼ ਸ਼ੋਭੀ ਦੇ ਕੋਲ ਹੋਣਾ ਚਾਹੁੰਦਾ ਸੀ ਕਿ ਸ਼ੋਭੀ ਨਾਲ ਉਹ ਇਹੋ ਜਿਹੀ ਸੂਖਸ਼ਮ ਖੁਸ਼ੀ ਸਾਂਝੀ ਕਰ ਸਕੇ । ਸਾਰੀ ਰਾਤ ਬੋਭੀ ਦੇ ਨੰਜੇ ਹੋਣ ਦਾ ਇਹ ਖਿਆਲ ਪੱਕਦਾ ਰਿਹਾ ਤੇ ਸਵੇਰੇ ਹੀ ਉਸ ਸਰਦਾਰਾਂ ਕੋਲੋਂ ਆਗਿਆ ਮੰਗੀ ।

ਜੱਸਾ ਸਿੰਘ ਨੇ ਆਪਣੇ ਸੁਭਾ ਅਨੁਸਾਰ ਉਹਨੂੰ ਮਖ਼ੌਲ ਕੀਤੇ । ਹੋਰਨਾਂ ਨੇ ਐਡੀ ਜਲਦੀ ਦਾ ਕਾਰਨ ਪੁਛਿਆ । ਜਾਂਬਾਜ਼ ਨੇ ਦਲੇਰ ਸਿੰਘ ਦੀ ਥਕਾਵਟ ਦਾ ਬਹਾਨਾ ਲਾਇਆ ਪਰ ਜੱਸਾ ਸਿੰਘ ਟਲਣ ਵਾਲਾ ਨਹੀਂ ਸੀ । "ਕਿਉਂ ਦਲੇਰ ਤੂੰ ਘਰ ਜਾਣਾ ਚਾਹੁੰਦਾ ਹੈਂ ਕਿ ਪਠਾਣਾਂ ਨਾਲ ਇਕ ਹੋਰ ਲੜਾਈ ਲੜੇਂਗਾ," ਉਸ ਪੁਛਿਆ ।

"ਮੈਂ ਘਰ ਨਹੀਂ ਜਾਣਾ । ਮੈਂ ਪਠਾਣਾਂ ਨਾਲ ਲੜਨਾ ਹੈ, ਸਰਦਾਰ ਜੀ ।" ਅੰਤ ਚੰਦ ਲਫ਼ਜ਼ਾਂ ਵਿਚ ਜਾਂਬਾਜ਼ ਨੇ ਜਲਦੀ ਘਰ ਮੁੜਨ ਦਾ ਕਾਰਨ ਦਸਿਆ । ਝੂਠ ਕਿਉਂ ਤੇ ਸੰਗ ਕਾਹਦੀ ? ਇਹ ਸਾਰੇ ਸਰਦਾਰ ਜਾਂਬਾਜ਼ ਦੇ ਪੁੱਤਰਾਂ ਵਰਗੇ ਹੀ ਤਾਂ ਸਨ ਤੇ ਸ਼ੁਭਵੰਤ ਇਹਨਾਂ ਸਰਦਾਰਾਂ ਦੀ ਮਾਂ ਬਰੋਬਰ ।

"ਮੈਂ ਘਰ ਜਾਣਾ ਚਾਹੁੰਦਾ ਹਾਂ ਸਰਦਾਰ ਮਿਤਰੋ ਤਾਂ ਜੋ ਸ਼ੁਭਵੰਤ ਨੂੰ ਇਹਨਾਂ ਤੋਪਾਂ ਦੀ ਜਿਤ ਬਾਰੇ ਦਸ ਸਕਾਂ । ਬੰਦਾ ਸਿੰਘ ਬਹਾਦਰ ਤੋਂ ਪਿਛੋਂ ਪਹਿਲੀ ਵਾਰ ਇਹ ਤੋਪਾਂ ਖ਼ਾਲਸੇ ਦੇ ਹੱਥ ਲਗੀਆਂ ਹਨ ਤੇ ਮੇਰਾ ਭਰਾ ਸ਼ਾਹਬਾਜ਼, ਸਿਖ ਪੰਥ ਦਾ ਪਹਿਲਾ ਤੋਪਚੀ ਸਰਦਾਰ ਸੀ । ਇਹ ਖ਼ਬਰ ਸੁਣ ਕੇ ਸ਼ੁਭਵੰਤ ਦੀ ਉਮਰ ਦਸ ਸਾਲ ਹੋਰ ਵਧ ਜਾਏਗੀ ।"

ਵਾਰੋ ਵਾਰ ਸਾਰੇ ਸਰਦਾਰਾਂ ਨੇ ਜਾਂਬਾਜ਼ ਸਿੰਘ ਨੂੰ ਜੱਫ਼ੀਆਂ ਪਾਈਆਂ ਤੇ ਕਿਹੜਾ ਸਰਦਾਰ ਸੀ ਕਿ ਜਿਹਦੀਆਂ ਅੱਖਾਂ ਉਸ ਵੇਲੇ ਅਥਰੂਆਂ ਨਾਲ ਭਰ ਨਾ ਗਈਆਂ ਹੋਣ ।

ਦਲੇਰ ਨੂੰ ਆਪਣੇ ਅਗੇ ਘਾਠੀ ਉੱਤੇ ਬਿਠਾ ਕੇ ਜਦੋਂ ਜਾਂਬਾਜ਼ ਨੇ ਘੋੜੇ ਨੂੰ ਅੱਡੀ ਮਾਰੀ ਤਾਂ ਜੱਸਾ ਸਿੰਘ ਨੇ ਕਿਹਾ "ਧੰਨ ਸਿਖੀ ... ਧੰਨਿਓਂ ਤਿੱਖੀ ਵਾਲਹੁ ਨਿੱਕੀ ।"

Scanned by CamScanner

ਗੁਜਰਾਂਵਾਲੇ ਦੀ ਜਿਤ ਨਾਲ ਉਸ ਵੇਲੇ ਦੇ ਪੰਜਾਬ ਵਿਚ ਮਿਸਲਦਾਰੀ ਪ੍ਰਬੰਧ ਦੀ ਨੁਹਾਰ ਨਿਖਰ ਆਈ ਤੇ ਆਉਂਦੇ ਚਾਲ੍ਹੀ ਸਾਲਾਂ ਦੇ ਸਮੇਂ ਵਿਚ ਦੁਨੀਆਂ ਦੇ ਇਤਿਹਾਸ ਅੰਦਰ ਇਕ ਨਵਾਂ ਤੇ ਬੇਮਿਸਾਲ ਕਾਂਡ ਲਿਖਿਆ ਗਿਆ।

ਮਿਸਲਦਾਰੀ ਪ੍ਰਬੰਧ ਹੇਠ ਦੇਸ਼ ਭਿੰਨ ਭਿੰਨ ਮਿਸਲਾਂ ਵਿਚ ਵੰਡਿਆ ਹੋਇਆ ਸੀ। ਹਰ ਮਿਸਲ ਦਾ ਇਕ ਸਰਦਾਰ ਸੀ ਤੇ ਹਰ ਸਰਦਾਰ ਦਾ ਆਪਣਾ ਆਪਣਾ ਇਲਾਕਾ। ਦੋਸ਼ੀਆਂ ਵਾਸਤੇ ਫ਼ੈਸਲੇ ਪੰਚਾਇਤ ਦੇ ਹੱਥ ਹੋਇਆ ਕਰਦੇ ਸੰਨ। ਮੌਤ ਦੀ ਸਜ਼ਾ ਬੜੀ ਘਟ ਹੁੰਦੀ ਸੀ। ਆਮ ਸਜ਼ਾਵਾਂ ਹੁੰਦੀਆਂ ਸਨ : ਕਿਸੇ ਖ਼ਾਸ ਗਿਣਤੀ ਦੇ ਪਾਠ ਕਰਨੇ, ਜੋੜੇ ਝਾੜਨੇ, ਸੰਗਤ ਵਾਸਤੇ ਦਾਤਣਾਂ ਵਢ ਕੇ ਲਿਆਉਣੀਆਂ, ਨਾਈਆਂ ਕੋਲੋਂ ਜੁੱਤੀਆਂ ਮਰਵਾਣੀਆਂ, ਮਣ ਜਾਂ ਦੋ ਮਣ ਦਾਣੇ ਪੀਹਣੇ, ਥੱਰਾਂ ਵਿਚ ਝਾੜੂ ਲੁਆਣਾ, ਇਤਿ ਆਦਿ।

ਕਈ ਜੁਰਮਾਂ ਦੇ ਫੈਸਲੇ ਜਿਵੇਂ ਝੂਠ ਮਾਰਨਾ ਜਾਂ ਵਿਸ਼ਵਾਸ ਘਾਤ ਕਰਨਾ, ਧੀ ਵਿਆਹੁਣ ਨਾਲ ਜਾਂ ਜ਼ਮੀਨ ਵੇਚਣ ਨਾਲ ਹੋ ਜਾਂਦੇ ਸਨ। ਜੋ ਕੁਝ ਲੜਾਈਆਂ ਜਾਂ ਮੁਹਿੰਮਾਂ ਉਪਰ ਲੁਟਿਆ ਜਾਂਦਾ ਉਹ ਸਰਦਾਰ ਤੇ ਉਹਦੇ ਸਾਥੀ ਇਕੋ ਜਿੰਨਾ ਵੰਡਦੇ। ਮਿਸਲਬੰਦੀ, ਤਾਬੰਦਾਰੀ ਤੇ ਜਾਗੀਰਦਾਰੀ ਵੀ ਕਿਸੇ ਹੱਦ ਤਕ ਪ੍ਰਚੱਲਤ ਸਨ ਪਰ ਬਹੁਤੀਆਂ ਮਿਸਲਾਂ ਸਿਰਫ਼ ਪੈਂਟੀਦਾਰੀ ਪ੍ਰਬੰਧ ਨੂੰ ਹੀ ਮੰਨਦੀਆਂ ਜਿਸ ਅਨੁਸਾਰ ਮਿਸਲ ਵਿਚ ਹਰ ਮੈਂਬਰ ਦਾ ਇਕੋ ਜਿੰਨਾ ਹਿੱਸਾ ਹੁੰਦਾ।

ਹਿੰਦੂਆਂ ਤੇ ਮੁਸਲਮਾਨਾਂ ਕੋਲੋਂ ਰਾਖੀ ਲਈ ਜਾਂਦੀ ਸੀ, ਭਾਵ ਕਿ ਰਾਖੀ ਕਰਨ ਦਾ ਲਗਾਨ। ਇਹ ਬਹੁਤਾ ਕੇ ਪੈਦਾਵਾਰ ਦਾ ਪੰਜਵਾਂ ਹਿੱਸਾ ਹੁੰਦਾ, ਭਾਵੇਂ ਪੈਦਾਵਾਰ ਦਾ ਅੱਧਾ ਹਿੱਸਾ ਵੀ ਜਾਇਜ਼ ਗਿਣਿਆ ਜਾਂਦਾ ਸੀ।

ਇਹ ਸਨ ਕੁਝ ਮੋਟੇ ਅਸੂਲ ਜਿਸ ਉੱਤੇ ਮਿਸਲਦਾਰੀ ਪ੍ਰਬੰਧ ਉਸਰਿਆ ਤੇ ਵਧਿਆ ਫੁਲਿਆ। ਪਰ ਇਹ ਨਾ ਹੀ ਇਹ ਅਸੂਲ ਸਨ ਤੇ ਨਾ ਹੀ ਮਿਸਲਦਾਰੀ ਪ੍ਰਬੰਧ ਦੇ ਕੋਈ ਹੋਰ ਨਿੱਜੀ ਗੁਣ, ਜਿਸ ਕਰਕੇ ਇਸ ਪ੍ਰਬੰਧ ਦੀ ਮਿਸਾਲ ਕਿਸੇ ਹੋਰ ਮੁਲਕ ਦੇ ਇਤਿਹਾਸ ਵਿਚ ਨਹੀਂ ਮਿਲਦੀ; ਭਾਵੇਂ ਇਹੋ ਜਿਹਾ ਪ੍ਰਬੰਧ ਕਈ ਦੇਸ਼ਾਂ ਵਿਚ ਸਮੇਂ ਸਮੇਂ ਪ੍ਰਚਲਤ ਰਿਹਾ ਹੈ।

ਇਹ ਪ੍ਰਬੰਧ ਜਾਗੀਰਦਾਰੀ, ਰਜਵਾੜਾ ਸ਼ਾਹੀ ਜਾਂ ਬਿਸਵੇਦਾਰੀ ਪ੍ਰਬੰਧ ਨਾਲੋਂ ਆਕਾਰ ਵਿਚ ਬਹੁਤ ਭਿੰਨ ਨਹੀਂ ਪਰ ਇਸ ਪ੍ਰਬੰਧ ਦੀ ਜਾਗੀਰਦਾਰੀ ਰਜਵਾੜਾ ਸ਼ਾਹੀ ਜਾਂ ਬਿਸਵੇਦਾਰੀ ਪ੍ਰਬੰਧ ਨਾਲੋਂ ਵਡਿਆਈ ਇਹਦੀ ਨੁਹਾਰ ਵਿਚ ਹੈ, ਇਹਦੀ ਸਪਿਰਟ ਵਿਚ। ਮਿਸਲਦਾਰੀ ਪ੍ਰਬੰਧ ਦੀ ਸਪਿਰਟ ਬੇਮਿਸਾਲ ਹੈ। ਉਸ ਵੇਲੇ ਦੇ ਸਿਖਾਂ ਦੀ ਸਪਿਰਟ ਬੇਮਿਸਾਲ ਹੈ ਤੇ ਜਿਸ ਤੌਰ ਤਰੀਕੇ ਨਾਲ ਇਹ ਪ੍ਰਬੰਧ ਚਾਲ੍ਹੀ ਸਾਲ ਕਾਇਮ ਰਿਹਾ, ਉਸ ਤੌਰ ਤਰੀਕੇ ਦੀ ਸਪਿਰਟ ਬੇਮਿਸਾਲ ਹੈ।

ਜੇ ਦੁਨੀਆਂ ਦੇ ਕਿਸੇ ਹਿੱਸੇ ਵਿਚ ਇਹੋ ਜਿਹੇ ਪ੍ਰਬੰਧ ਨੇ ਆਦਰਸ਼ਕ ਟੀਸੀ ਨੂੰ ਛੋਹਿਆ ਹੈ ਤਾਂ ਉਹ ਟੀਸੀ ਪੰਜਾਬ ਵਿਚ, ਅਠਾਰਵੀਂ ਸਦੀ ਦੇ ਦੂਜੇ ਅੱਧ ਵਿਚ ਤੇ ਸਿਖੀ ਮਿਸਲਦਾਰੀ ਪ੍ਰਬੰਧ ਵਿਚ ਛੋਹੀ ਗਈ।

ਇਸ ਪ੍ਰਬੰਧ ਦੀ ਨੀਂਹ ਧਰਮ ਸੀ। ਹੋਰਨਾ ਮੁਲਕਾਂ ਵਿਚ ਤੇ ਭਿੰਨ ਭਿੰਨ ਸਮਿਆਂ ਵਿਚ ਜਿਥੇ ਜਿਥੇ ਵੀ ਇਹੋ ਜਿਹੇ ਧਰਮ ਪ੍ਰਬੰਧ ਪ੍ਰਚਲਤ ਹੋਏ ਉਹਨਾਂ ਪ੍ਰਬੰਧਾਂ ਦੀ ਨੀਂਹ ਜ਼ੋਰ ਦੇ ਕਮਜ਼ੋਰ ਕੋਲੋਂ ਕੰਮ-ਕਢਾਈ ਹੋਇਆ ਕਰਦੀ ਸੀ। ਏਥੇ ਪੰਜਾਬ ਵਿਚ ਜ਼ੋਰ ਕਮਜ਼ੋਰ ਦਾ ਮਸਲਾ ਹੀ ਉਤਪੰਨ ਨਹੀਂ ਸੀ ਹੁੰਦਾ। ਏਥੇ ਸਭ ਬਰਾਬਰ ਸਨ। ਏਥੇ ਸਭ ਦੇ ਇਕੋ ਜਿਹੇ ਹਕੂਕ ਸਨ ਤੇ ਏਥੇ ਸਰਦਾਰ ਤੇ ਮੁਸਾਹਿਬ, ਸੈਨਾਪਤੀ ਤੇ ਸਿਪਾਹੀ ਇਕੋ ਥਾਲ ਵਿਚੋਂ ਛਕਦੇ ਸਨ, ਇਕੋ ਬਾਟੇ ਵਿਚੋਂ ਪਾਣੀ ਪੀਂਦੇ ਸਨ। ਏਥੇ ਸੈਨਾਪਤੀ ਜਾਂ ਸਰਦਾਰ ਨਿੱਜੀ ਸੁਖ ਵਾਸਤੇ ਮਹਿਲ ਨਹੀਂ ਸੀ ਉਸਾਰਦਾ, ਨਾਂ ਹੀ ਉਹ ਕਿਸੇ ਕਿਸਮ ਦਾ ਚੰਗੇਰਾ ਖਾਣਾ ਖਾਂਦਾ ਸੀ ਤੇ ਨਾ ਹੀ ਉਹਨੂੰ ਕੋਈ ਚਾਤੀ ਤੇ ਦੁਨਿਆਵੀ ਹਵਸ ਸੀ।

ਸਰਦਾਰ ਦਾ ਚਾਲਚਲਣ, ਤੌਰ ਤਰੀਕਾ, ਵਰਤਾਓ ਤੇ ਆਚਰਣ ਗੁਰਬਾਣੀ ਤੇ ਸਿਖੀ ਧਰਮ ਦੇ ਅਸੂਲਾਂ ਉੱਤੇ ਨਿਰਭਰ ਸੀ ਜਿਵੇਂ ਕਿ ਇਕ ਸਿਪਾਹੀ ਦਾ ਜਾਂ ਜਿਵੇਂ ਕਿ ਕਿਸੇ ਵੀ ਹੋਰ ਸਿਖ ਦਾ। ਇਸ ਸਰਦਾਰ ਵਾਸਤੇ ਸਭ

Scanned by CamScanner

ਵਖੀਰੀਆਂ ਵਿਵਰਜਤ ਸਨ। ਨਾਮ ਜਪਣਾ ਤੇ ਵੰਡ ਛਕਣਾ ਓਹਦੀ ਜੀਵਨੀ ਦਾ ਅੰਤਰਾ ਸੀ। ਨਾਮ ਜਪਣਾ, ਵੰਡ ਛਕਣਾ ਤੇ ਸੰਗਤ ਦੇ ਹੁਕਮਾਂ ਦੀ ਪਾਲਣਾ ਕਰਨੀ ਇਹ ਗੁਣ ਇਸ ਪ੍ਰਬੰਧ ਦੇ ਥੰਮ ਸਨ।

ਕਦੀ ਕਿਸੇ ਸੁਣਿਆ ਹੈ ਕਿ ਇਕ ਟਹਿਲੀਏ ਨੂੰ ਨਵਾਬੀ ਸੌਂਪ ਦੇਣੀ ਤੇ ਫਿਰ ਆਪੇ ਹੀ ਓਹਦੇ ਹੁਕਮਾਂ ਨੂੰ ਰੱਬੀ ਆਵਾਜ਼ ਸਮਝਣਾ ? ਇਉਂ ਕਪੂਰ ਸਿੰਘ ਨਾਲ ਹੋਇਆ ਸੀ। ਜਦੋਂ ਜਗੀਰ ਤੇ ਖਿਤਾਬ ਚਬਤ ਵੀ ਹੋ ਗਏ ਤਾਂ ਵੀ ਕਪੂਰ ਸਿੰਘ, ਨਵਾਬ ਕਪੂਰ ਸਿੰਘ ਰਿਹਾ। ਸਿਖ ਪੰਥ ਤੇ ਸਰਦਾਰਾਂ ਨੇ ਵਾਹ ਮਜਾਲ ਜੇ ਇਕ ਵਾਰੀ ਜਾਂ ਇਕ ਪਲ ਵੀ ਨਵਾਬ ਕਪੂਰ ਸਿੰਘ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੋਵੇ।

ਇਸ ਮਿਸਲਦਾਰੀ ਪ੍ਰਬੰਧ ਵਿਚ ਮਾਨਤਾ ਉਹਦੀ ਜਿਹੜਾ ਚੰਗਾ ਸਿਖ ਹੈ, ਜਿਹੜਾ ਸਿਖੀ ਸਪਿਰਟ ਤੇ ਅਸੂਲਾਂ ਦਾ ਚੰਗੇਰਾ ਪ੍ਰਤੀਨਿਧ ਹੈ। ਜਦੋਂ ਮਿਸਲਾਂ ਦੇ ਸਰਦਾਰਾਂ ਵਿਚ ਇਖ਼ਤਿਲਾਫ਼ ਹੁੰਦਾ ਤਾਂ ਫ਼ੈਸਲੇ ਕਦੀ ਵਾਰ ਗੁਰੂ ਦੇ ਲੰਗਰ ਦਾ ਛਾਂਗਰੀ ਹਰੀ ਸਿੰਘ ਕਰਦਾ। ਉਹ ਲਾਂਗਰੀ ਸੀ ਕਿ ਹੁਕਮਰਾਨ ?

ਮਿਸਲਾਂ ਦੀ ਸਰਦਾਰੀ ਖ਼ਾਨਦਾਨੀ ਨਹੀਂ ਸੀ। ਸਿਖੀ ਸਪਿਰਟ ਅਨੁਸਾਰ ਕੋਈ ਸ਼ੈ ਵੀ ਜੱਦੀ, ਖ਼ਾਨਦਾਨੀ ਤੇ ਜ਼ਾਤੀ ਨਹੀਂ ਸੀ। ਇਸ ਸਪਿਰਟ ਅਨੁਸਾਰ ਅਨਿਆਂ ਤੇ ਮਾੜੇ ਦੀ ਲੁਟ ਖੁਸੱਟ ਬਾਰੇ ਕਦੀ ਕੋਈ ਮਸਲਾ ਹੀ ਨਹੀਂ ਸੀ ਉਠ ਸਕਦਾ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਫ਼ਕੀਰਾਨਾ ਬਾਣਾ ਤੇ ਆਪਣੇ ਆਜ਼ਾਦ ਖਿਆਲ ਤੇ ਅਨੂਲ ਜਾਂ ਦੂਜੇ ਸ਼ਬਦਾਂ ਵਿਚ ਗੁਰਿਆਈ ਜਾਂ ਗੱਦੀ ਆਪਣੇ ਪੁੱਤਰਾਂ ਨੂੰ ਨਹੀਂ ਦਿਤੀ। ਗੁਰੂ ਨਾਨਕ ਆਪਣੇ ਪੁੱਤਰਾਂ ਦੀ ਔਕਾਤ ਜਾਣਦੇ ਸਨ। ਉਨ੍ਹਾਂ ਦੇ ਖਿਆਲ ਤੇ ਅਸੂਲ ਉਨ੍ਹਾਂ ਦੇ ਪੁੱਤਰ ਠੀਕ ਤਰ੍ਹਾਂ ਨਹੀਂ ਸਨ ਅਪਨਾ ਸਕਦੇ। ਉਨ੍ਹਾਂ ਦੇ ਪੁੱਤਰ ਉਨ੍ਹਾਂ ਦੇ ਮਿਸ਼ਨ ਦੀ ਸਪਿਰਟ ਨਹੀਂ ਸਨ ਸਮਝਦੇ, ਸੋ ਆਪਣੇ ਮਿਸ਼ਨ ਦੀ ਪੂਰਤੀ ਲਈ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਨੂੰ ਚੁਣਿਆ।

ਅਜ ਜਦੋਂ ਕਰੋੜ ਸਿੰਘੀਆ ਮਿਸਲ ਤੇ ਕਰੋੜ ਸਿੰਘੀਆ ਵਿਰਾਸਤ ਉੱਤੇ ਭਣੇਵੇਂ ਜਾਂ ਭਤੀਜੇ ਦਾ ਹੱਕ ਸੀ ਤਾਂ ਇਹ ਹੱਕ ਉਹਨਾਂ ਨੂੰ ਨਾ ਮਿਲਿਆ, ਮਿਸਲ ਦੇ ਇਕ ਸਿਪਾਹੀ ਨੂੰ ਮਿਲਿਆ। ਕਰੋੜਾ ਮਲ ਨੇ ਮਿਸਲ ਦੀ ਸਰਦਾਰੀ ਆਪਣੇ ਪੁੱਤਰ ਨੂੰ ਨਹੀਂ ਇਕ ਸਿਪਾਹੀ ਬਘੇਲ ਸਿੰਘ ਨੂੰ ਦਿਤੀ। ਨਵਾਬ ਕਪੂਰ ਸਿੰਘ ਨੇ ਆਪਣੀ ਮਿਸਲ ਤੇ ਆਪਣੀ ਸਿਖ ਪੰਥ ਦੀ ਨਵਾਬੀ ਵਿਚ ਫਰਕ ਸਿੱਖਾਤਾ। ਸਿਖ ਪੰਥ ਦਾ ਅਗਲਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਸੀ। ਨਵਾਬ ਕਪੂਰ ਸਿੰਘ ਦਾ ਕੋਈ ਰਿਸ਼ਤੇਦਾਰ ਨਹੀਂ।

ਅੰਮ੍ਰਿਤਸਰ ਵਿਚ ਚਾਰ ਸਰਦਾਰਾਂ ਨੇ ਕਿਲ੍ਹੇ ਉਸਾਰੇ। ਉੱਤਰ ਵਿਚ ਚੜ੍ਹਤ ਸਿੰਘ ਸੁਕਰਚਕੀਏ ਨੇ, ਦਖਣ ਵਿਚ ਭੰਗੀ ਸਰਦਾਰਾਂ ਨੇ ਪੂਰਬ ਵਿਚ ਜੱਸਾ ਸਿੰਘ ਰਾਮਗੜ੍ਹੀਏ ਨੇ ਤੇ ਪਛਮ ਵਿਚ ਗੁੱਜਰ ਸਿੰਘ ਨੇ ਤੇ ਇਹ ਚਾਰੇ ਕਿਲ੍ਹੇ ਤੇ ਇਹਨਾਂ ਚੌਹਾਂ ਕਿਲ੍ਹਿਆਂ ਦੇ ਸਰਦਾਰ ਆਪੋ ਵਿਚ ਮੈਤ੍ਰੀ ਭਾਵਾਂ ਨਾਲ, ਭਰੋਸੇ ਨਾਲ, ਪਿਆਰ ਨਾਲ, ਸਿਖੀ ਸਿਦਕ ਦੇ ਅਸੂਲਾਂ ਨਾਲ ਰਹੇ। ਜਦੋਂ ਅੰਤ ਲਾਹੌਰ ਜਿਤਿਆ ਗਿਆ ਤਾਂ ਵੀ ਤਿੰਨ ਭੰਗੀ ਸਰਦਾਰਾਂ ਨੇ ਇਹਨੂੰ ਆਪੋ ਵਿਚ ਵੰਡ ਲਿਆ ਤੇ ਵਰ੍ਹਿਆਂ ਤਕ ਲਾਹੌਰ ਇਉਂ ਵੰਡਿਆ ਰਿਹਾ।

ਪੰਜਾਬ ਵਿਚ ਰਾਜ ਇਹਨਾਂ ਸਰਦਾਰਾਂ ਤੇ ਰਜਵਾੜਿਆਂ ਦਾ ਨਹੀਂ ਸੀ, ਅਸਲੀ ਰਾਜ ਸੀ ਸਦਾਚਾਰ ਦਾ ਅਖ਼ਲਾਕ ਦਾ ਤੇ ਸਿਖ ਧਰਮ ਦੇ ਅਸੂਲਾਂ ਦਾ। ਇਕ ਅਸੂਲ ਸੀ ਨਾਮ ਜਪਣਾ, ਤੇ ਸਾਰੀ ਖ਼ਲਕਤ ਸਰਦਾਰ ਤੇ ਸਿਪਾਹੀ ਨਾਮ ਜਪਦੇ ਸਨ। ਥਾਂ ਥਾਂ ਗੁਰਦੁਆਰੇ ਸਨ। ਥਾਂ ਥਾਂ ਪੰਜ ਗ੍ਰੰਥੀਆਂ ਸਨ ਤੇ ਥਾਂ ਥਾਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤਿਆਰ ਹੋ ਰਹੀਆਂ ਸਨ।

ਪਰ ਨਾਮ ਜਪਣ ਦਾ ਮਤਲਬ ਸਿਰਫ ਪਾਠ ਕਰਨਾ ਤੇ ਵਾਹਿਗੁਰੂ ਵਾਹਿਗੁਰੂ ਕਰਨਾ ਹੀ ਨਹੀਂ ਇਹਦਾ ਭਾਵ ਹੈ ਆਪਣੀ ਜ਼ਿੰਦਗੀ ਨੂੰ ਸਚਿਆਈ ਤੇ ਸਦਾਚਾਰ ਦੇ ਸੱਚੇ ਵਿਚ ਢਾਲਣਾ, ਝੂਠ ਨਾ ਬੋਲਣਾ। ਚੋਰੀ ਨਾ ਕਰਨੀ, ਅਨ੍ਹਿਆ ਨਾ ਕਰਨਾ ਤੇ ਬਦ-ਅਖ਼ਲਾਕ ਨਾ ਹੋਣਾ। ਬੇਸ਼ਕ ਉਹਨਾਂ ਦਿਨਾਂ ਵਿਚ ਝੂਠ ਬੋਲਣ ਵਾਲੇ ਵੀ ਸਨ, ਚੋਰ ਵੀ ਸਨ, ਅਨਿਆਈਂ ਤੇ ਬਦ-ਅਖ਼ਲਾਕ ਵੀ ਸਨ ਪਰ ਆਮ ਸਰਦਾਰ ਤੇ ਆਮ ਜਨਤਾ ਸਚੀ ਤੇ ਸਦਾਚਾਰਕ ਸੀ।

ਇਕ ਅਸੂਲ ਸੀ ਵੰਡ ਛਕਣਾ। ਤੇ ਖ਼ਾਲਸਾ ਪੰਥ ਵੰਡ ਛਕਦਾ ਸੀ। ਜਦੋਂ ਲੜਾਈਆਂ ਤੇ ਲੁੱਟਾਂ ਵਿਚ ਮਾਲ ਅਸਬਾਬ ਹੱਥ ਲਗਦਾ ਤਾਂ ਸੈਨਾਪਤੀ ਤੇ ਸਿਪਾਹੀ ਇਕੋ ਜਿਨਾ ਹਿੱਸਾ ਲੈਂਦੇ। ਸਿਖਾਂ ਵਿਚ ਕੋਈ ਗਰੀਬ ਤੇ ਕੋਈ ਅਮੀਰ

Scanned by CamScanner

ਨਹੀਂ ਸੀ ਜੇ ਖਾਣ ਜੋਗਾ ਰੱਜਵਾਂ ਸੀ ਤਾਂ ਸਭ ਕੋਲ ਰਜਵਾਂ ਸੀ ਤੇ ਜੇ ਔੜ ਸੀ ਤਾਂ ਇਹ ਔੜ ਵੀ ਹਰ ਇਕ ਵਾਸਤੇ ਸੀ। ਔਂਦੇ ਜਾਂਦੇ ਰਾਹੀਆਂ ਲਈ ਸਥਾਨਕ ਗੁਰਦੁਵਾਰਿਆਂ ਵਿਚ ਰਹਿਣ ਦਾ ਤੇ ਰੋਟੀ ਟੁਕ ਦਾ ਪ੍ਰਬੰਧ ਸੀ।

ਪ੍ਰਾਹੁਣੇਚਾਰੀ ਉੱਚੇ ਦਰਜੇ ਦੀ ਸੀ। ਪਿੰਡ ਵਿਚ ਜੇ ਇਕ ਘਰ ਦਾ ਕੋਈ ਰਿਸ਼ਤੇਦਾਰ ਆਵੇ ਤਾਂ ਉਹ ਸਿਰਫ ਉਸ ਘਰ ਦਾ ਹੀ ਨਹੀਂ, ਸਾਰੇ ਪਿੰਡ ਦਾ ਪ੍ਰਾਹੁਣਾ ਸੀ। ਉਹਦੀਆਂ ਰੋਟੀਆਂ ਹਟਕੀਆਂ ਜਾਂਦੀਆਂ ਸਨ ਤੇ ਉਹਦੀ ਸਹੂਲਤ ਵਾਸਤੇ ਸਭ ਪਿੰਡ ਵਾਸੀ ਸਭ ਕੁਝ ਕਰਨ ਨੂੰ ਤਿਆਰ ਸਨ। ਪੰਜਾਬ ਦੇ ਪਿੰਡਾਂ ਵਿਚ ਅਜ ਤੱਕ ਵੀ ਕੁਝ ਇਹੋ ਜਿਹੀ ਸਪਿਰਟ ਹੀ ਰਵ ਰਹੀ ਹੈ। ਪੰਜਾਬ ਵਿਚ ਅਜਿਹੀ ਆਰਥਕ ਵੰਡ ਤੇ ਅਜਿਹੀ ਸਪਿਰਟ ਵੇਖ ਕੇ ਨਵੀਨ ਸਾਮਵਾਦੀ ਅਸੂਲਾਂ ਉੱਤੇ ਨਿਰਭਰ ਸਮਾਜ ਦਾ ਟਪਲਾ ਲਗ ਸਕਦਾ ਹੈ।

ਇਕ ਹੋਰ ਅਸੂਲ ਸੀ ਕਿ ਸੰਗਤ ਦੀ ਆਵਾਜ਼ ਨੂੰ ਰੱਬ ਦੀ ਆਵਾਜ਼ ਸਮਝਣਾ। ਛੋਟੇ ਛੋਟੇ ਮੁਆਮਲੇ ਪੰਚਾਇਤਾਂ ਨਜਿੱਠਦੀਆਂ ਸਨ। ਪਿੰਡ ਜਾਂ ਇਲਾਕੇ ਗੋਰਵ ਮੁਆਮਲੇ ਸਥਾਨਕ ਸੰਗਤ ਨਜਿੱਠਦੀ ਸੀ ਤੇ ਕੌਮੀ ਮੁਆਮਲੇ ਸ੍ਰੀ ਅੰਮ੍ਰਿਤਸਰ ਵਿਚ ਹੋਏ ਗੁਰਮਤਿਆਂ ਨਾਲ ਨਜਿੱਠੇ ਜਾਂਦੇ ਸਨ। ਪੰਚਾਇਤ, ਸੰਗਤ ਤੇ ਗੁਰਮਤਿਆਂ ਅਨੁਸਾਰ ਦਲ ਦਾ ਪ੍ਰਬੰਧ ਸਹੀ ਅਰਥਾਂ ਵਿਚ ਗਣਰਾਜ ਦੀ ਵੰਨਗੀ ਗਿਣੀ ਜਾ ਸਕਦੀ ਹੈ। ਇਸ ਭਾਂਤ ਦੇ ਫੈਸਲਿਆਂ ਵਿਚ ਸਮੂਹ ਜੰਤਾ ਦਾ ਹੱਥ ਸੀ। ਹਰ ਆਦਮੀ ਹਰ ਵੇਲੇ ਆਪਣੀ ਰਾਏ ਦੇ ਸਕਦਾ ਸੀ ਤੇ ਅਗਲੇ ਦੀ ਰਾਏ ਦੀ ਨਖੇਧੀ ਕਰ ਸਕਦਾ ਸੀ। ਹਰ ਇਕ ਨੂੰ ਆਪਣੀ ਉਨ੍ਹਾਂ ਆਵਾਜ਼ ਦੀ ਪੁੜਤਾ ਵਿਚ ਕਹਿਣ ਸੁਣਨ ਤੇ ਵੋਟ ਉਗਰਾਹਣ ਦਾ ਹੱਕ ਸੀ।

ਪਰ ਜਦੋਂ ਇਕ ਵਾਰ ਫੈਸਲਾ ਹੋ ਜਾਏ ਤੇ ਫੈਸਲੇ ਦੀ ਖੁਸ਼ੀ ਵਿਚ ਜੈਕਾਰਾ ਛਡਿਆ ਜਾ ਚੁਕਾ ਹੋਵੇ ਤਾਂ ਉਸ ਤੋਂ ਪਿਛੋਂ ਸਭ ਇਖ਼ਤਿਲਾਫ ਤੇ ਵਿਰੋਧਤਾ ਮੁਕ ਗਈ ਸਮਝੋ। ਬਹੁਸੰਮਤੀ ਦਾ ਫੈਸਲਾ ਹਰ ਇਕ ਨੂੰ ਪ੍ਰਵਾਨ ਕਰਨਾ ਪੈਂਦਾ।

ਕੁਝ ਇਹੋ ਜਿਹਾ ਢਾਂਚਾ ਸੀ ਉਸ ਵੇਲੇ ਦੇ ਸਮਾਜ ਦਾ ਕੁਝ ਇਹੋ ਜਿਹੇ ਅਸੂਲ ਸਨ ਜਿਨ੍ਹਾਂ ਉੱਤੇ ਮਿਸਲਦਾਰੀ ਪ੍ਰਬੰਧ ਕਾਇਮ ਸੀ, ਕੁਝ ਇਹੋ ਜਿਹੀ ਸਪਿਰਟ ਸੀ ਜਿਸ ਨੇ ਉਸ ਸਮੇਂ ਦੇ ਸਿਖ ਸਮਾਜ ਨੂੰ ਇਕ ਇਤਿਹਾਸਕ ਤੇ ਬੇਮਿਸਾਲ ਸਮਾਜ ਬਣਾਇਆ।

ਪਰ ਅੱਠੇ ਗੁਣਵਾਨ ਹੋਣ ਦੇ ਵਿਪ੍ਰੀਤ ਵੀ ਇਸ ਪ੍ਰਬੰਧ ਵਿਚ ਕਈ ਥੋੜਾਂ ਸਨ — ਕਈ ਤਰੁਟੀਆਂ।

੬੪

ਮਿਸਲਦਾਰੀ ਪ੍ਰਬੰਧ ਦੀ ਸਭ ਤੋਂ ਵਡੀ ਤਰੁੱਟੀ ਕਿਸੇ ਕੇਂਦਰੀ ਸੰਸਥਾ ਜਾਂ ਸਰਕਾਰ ਦੀ ਅਣਹੋਂਦ ਸੀ। ਮਸਲਿਆਂ ਨੂੰ ਸਿਆਣਪ ਨਾਲ ਨਜਿੱਠਣ ਵਾਸਤੇ, ਹੱਥਲੇ ਕੰਮਾਂ ਨੂੰ ਤੋੜ ਚੜ੍ਹਾਉਣ ਵਾਸਤੇ, ਸਾਰੀ ਕੌਮ ਤੇ ਸਾਰੇ ਮੁਲਕ ਦੀ ਉਪਜਾਊ ਸ਼ਕਤੀ ਨੂੰ ਇਕ ਮੁਠ ਕਰਨ ਵਾਸਤੇ ਤੇ ਅੰਦਰੂਨੀ ਤੇ ਬੇਰੂਨੀ ਔਕੜਾਂ ਜਾਂ ਖ਼ਤਰਿਆਂ ਦਾ ਪੂਰਨ ਸੰਜੋਗ ਤੇ ਬਲ ਨਾਲ ਸਾਹਮਣਾ ਕਰਨ ਵਾਸਤੇ ਕੋਈ ਨਾ ਕੋਈ ਕੇਂਦਰੀ ਸੰਸਥਾ ਲੋੜੀਂਦੀ ਹੁੰਦੀ ਹੈ।

ਇਹ ਅਣਹੋਂਦ ਇਕ ਕਾਰਨ ਸੀ ਜਿਸ ਕਰ ਕੇ ਖ਼ਾਲਸੇ ਨੂੰ ਲਗਭਗ ਸਾਰੀ ਅਠਾਰਵੀਂ ਸਦੀ ਵਿਚ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ।

ਬੰਦਾ ਸਿੰਘ ਬਹਾਦਰ ਦੇ ਸਮੇਂ ਵਿਚ ਕੇਂਦਰੀ ਸਰਕਾਰ ਸਥਾਪਤ ਹੋਈ। ਬੰਦਾ ਸਿੰਘ ਨੇ ਸਰਕਾਰੀ ਤੇ ਰਾਜਸੀ ਮੁਆਮਲਿਆਂ ਦਾ ਫੈਸਲਾ ਕਰਨ ਵਾਸਤੇ ਇਸ ਪ੍ਰਬੰਧ ਨੂੰ ਹੋਂਦ ਵਿਚ ਲਿਆਂਦਾ। ਲੋਹ ਗੜ੍ਹ ਵਿਚ ਆਪਣਾ ਸਦਰ ਬਣਾ ਕੇ ਉਸ ਨਵੇਂ ਸਿੱਕੇ, ਨਵੀਆਂ ਮੋਹਰਾਂ ਤੇ ਨਵਾਂ ਰਾਜ ਪ੍ਰਬੰਧ ਰਾਜ ਜਾਰੀ ਕੀਤਾ।

Scanned by CamScanner

ਪਰ ਅਫ਼ਸੋਸ ਕਿ ਬੰਦਾ ਸਿੰਘ ਬਹਾਦਰ ਬਹੁਤੀ ਦੇਰ ਨਾ ਤਗਿਆ। ਸਿਰਫ਼ ਛੇ ਸਾਲ ਹੀ ਉਹ ਖ਼ਾਲਸੇ ਦਾ ਨੇਤਾ ਰਿਹਾ, ਤ ਇਹ ਛੇ ਸਾਲ ਵੀ ਔਕੜਾਂ ਤੇ ਔੜਾਂ ਦੇ ਸਨ। ਮੁਗ਼ਲੀਹਾ ਸ਼ਹਿਨਸ਼ਾਹ ਤੇ ਮੁਗ਼ਲੀਹਾ ਸਰਕਾਰ ਨੇ ਉਹਨੂੰ ਇਕ ਦਿਨ ਵੀ ਚੈਨ ਨਾ ਲੈਣ ਦਿਤਾ। ਬੰਦਾ ਸਿੰਘ ਬਹਾਦਰ ਕਿਸੇ ਲੰਮੇਰੇ ਸਮੇਂ ਵਾਸਤੇ ਲੋਹ ਗੜ੍ਹ ਵੀ ਨਾਂ ਟਿਕ ਸਕਿਆ। ਫਿਰ ਵੀ ਬੰਦਾ ਸਿੰਘ ਨੇ ਬੜਾ ਕੁਝ ਉਸਾਰਿਆ। ਉਸ ਮਿਟੀ ਵਿਚੋਂ ਇਕ ਰਾਜ ਉਪਜਾਇਆ। ਬੇਸ਼ਕ ਉਹ ਰਾਜ ਨਾਮ-ਮਾਤ੍ਰ ਰਾਜ ਸੀ, ਪਰ ਹੈ ਸੀ ਇਕਤਰ੍ਹਾਂ ਦਾ ਰਾਜ ਹੀ। ਇਹਦੀ ਨੁਹਾਰ ਸਹੀ ਸੀ ਤੇ ਇਹਦੀ ਬਣਤਰ ਸਹੀ ਲੀਹਾਂ ਉੱਤੇ ਸੀ।

ਲੋਹ ਗੜ੍ਹ ਖੁਸ ਗਿਆ, ਇਹ ਰਾਜ ਫਿਰ ਮਿਟੀ ਵਿਚ ਰੁਲ ਗਿਆ ਪਰ ਤਾਂ ਵੀ ਜਦੋਂ ਤਕ ਬੰਦਾ ਸਿੰਘ ਜੀਉਂਦਾ ਰਿਹਾ, ਖ਼ਾਲਸੇ ਦੀ ਇਕ ਕੇਂਦਰੀ ਸੰਸਥਾ ਜ਼ਰੂਰ ਸੀ। ਇਹ ਕੇਂਦਰੀ ਸੰਸਥਾ ਭਾਵੇਂ ਬੰਦਾ ਸਿੰਘ ਬਹਾਦਰ ਦੀ ਜ਼ਾਤ ਤੋਂ ਵਖ ਕੋਈ ਸ਼ੈ ਨਹੀਂ ਸੀ, ਪਰ ਤਾਂ ਵੀ ਸਿਖ ਪੰਥ ਦਾ ਕੋਈ ਧੁਰਾ ਸੀ। ਬੰਦਾ ਸਿੰਘ ਦੀ ਜ਼ਾਤ ਦੇ ਦਵਾਲੇ ਘੂੰਮਦੀ ਇਹ ਕੇਂਦਰੀ ਹਕੂਮਤ ਖ਼ਾਲਸੇ ਦੀ ਸਹੀ ਕੇਂਦਰੀ ਹਕੂਮਤ ਸੀ।

ਬੰਦਾ ਸਿੰਘ ਗਿਆ ਤਾਂ ਇਹ ਕੇਂਦਰੀ ਹਕੂਮਤ ਜਾਂ ਸੰਸਥਾ ਜਾਂ ਜਮਾਤ ਜੋ ਕੁਝ ਵੀ ਇਹਨੂੰ ਕਹੀਏ, ਖ਼ਤਮ ਹੋ ਗਈ। ਵੀਹ ਕੁ ਸਾਲਾਂ ਵਾਸਤੇ ਹਰ ਸਿਖ ਆਪਣੇ ਆਪ ਉੱਪਰ ਨਿਰਭਰ ਸੀ। ਭਾਈ ਮਨੀ ਸਿੰਘ ਅੰਮ੍ਰਿਤਸਰ ਆਇਆ ਤੇ ਉਹਦੇ ਅੰਮ੍ਰਿਤਸਰ ਆਉਣ ਤੋਂ ਲਗ ਭਗ ਬਾਰਾਂ ਸਾਲਾਂ ਪਿਛੋਂ ਸੇਵਾਦਾਰ ਕਪੂਰ ਸਿੰਘ ਨਵਾਬ ਕਪੂਰ ਸਿੰਘ ਬਣਿਆ।

ਨਵਾਬ ਕਪੂਰ ਸਿੰਘ ਇਕ ਬੜਾ ਬੰਦਾਰ ਮਗਜ਼, ਦਿਆਨਤਦਾਰ ਤੇ ਸਿਦਕੀ ਮਨੁਖ ਸੀ। ਉਹਦੇ ਵਿਚ ਇਕ ਉਚ ਪਾਏ ਦੀ ਪ੍ਰਬੰਧਕ ਸੂਝ ਤੇ ਸਿਆਣਪ ਸੀ। ਨਵਾਬ ਕਪੂਰ ਸਿੰਘ ਉਹਨਾਂ ਦਿਨਾਂ ਵਿਚ ਖ਼ਾਲਸੇ ਅੰਦਰ ਸ਼ਾਇਦ ਇਕ ਇਕੱਲਾ ਆਦਮੀ ਸੀ ਜਿਹੜਾ ਪੰਥ ਦੇ ਮੁਆਮਲਿਆਂ ਬਾਰੇ ਨਿਰਪੱਖ ਤੇ ਨਵੇਕਲੀ ਵਿਚਾਰ ਕਰ ਸਕਦਾ ਸੀ। ਨਵਾਬ ਕਪੂਰ ਸਿੰਘ ਕੋਈ ਬੰਦਾ ਸਿੰਘ ਬਹਾਦਰ ਨਹੀਂ ਸੀ, ਪਰ ਨਵਾਬ ਕਪੂਰ ਸਿੰਘ ਬੰਦਾ ਸਿੰਘ ਬਹਾਦਰ ਦਾ ਸੁਚੱਜਾ ਜਾਂ-ਨਸ਼ੀਨ ਜ਼ਰੂਰ ਆਖਿਆ ਜਾ ਸਕਦਾ ਹੈ।

ਨਵਾਬ ਕਪੂਰ ਸਿੰਘ ਦੀ ਅਗਵਾਈ ਥੱਲੇ ਲਗ ਭਗ ਵੀਹਾਂ ਸਾਲਾਂ ਪਿਛੋਂ ਖ਼ਾਲਸਾ ਫਿਰ ਕਿਸੇ ਹੱਦ ਤਕ ਇਕ-ਮੁਠ ਹੋਇਆ। ਸਭ ਜ਼ਰੂਰੀ ਮੁਆਮਲੇ ਨਵਾਬ ਕਪੂਰ ਸਿੰਘ ਦੇ ਸਾਹਮਣੇ ਪੇਸ਼ ਹੋਣ ਲਗੇ। ਇਕ ਆਦਮੀ ਖ਼ਾਲਸੇ ਦੇ ਲਾਭ ਹਾਨ ਦਾ ਜ਼ਿਮੇਵਾਰ ਬਣਿਆ। ਇਕ ਆਦਮੀ ਖ਼ਾਲਸੇ ਦੇ ਲਾਭ ਹਾਨ ਬਾਰੇ ਨਵੇਕਲੀ ਸੋਚ ਵਿਚਾਰ ਕਰਨ ਲਗਾ। ਪੰਥ ਵਿਚ ਤੇ ਸਾਰੇ ਦੇਸ਼ ਵਿਚ ਹੋ ਰਹੀਆਂ ਕਾਰਵਾਈਆਂ ਦੀ ਖ਼ਬਰ ਨਵਾਬ ਸਾਹਿਬ ਕੋਲ਼ ਪਹੁੰਚਣ ਲਗੀ।

ਇਹ ਹੀ ਨਹੀਂ, ਨਵਾਬ ਕਪੂਰ ਸਿੰਘ ਨੇ ਕਿਸੇ ਹੱਦ ਤਕ ਖ਼ਾਲਸਾ ਫ਼ੌਜ ਨੂੰ ਫਿਰ ਜਥੇਬੰਦ ਕੀਤਾ। ਦੋ ਦਲ ਹੋਂਦ ਵਿਚ ਆਏ। ਬੁਢਾ ਦਲ ਤੇ ਤਰਨਾ ਦਲ। ਹਰ ਇਕ ਦਲ ਵਿਚ ਭਿੰਨ ਭਿੰਨ ਜਥੇਦਾਰਾਂ ਥੱਲੇ ਛੋਟੇ ਜਾਂ ਵਡੇ ਜੱਥੇ ਸਨ। ਦੋਹਾਂ ਦਲਾਂ ਵਾਸਤੇ ਤੇ ਫਿਰ ਹਰ ਦਲ ਵਿਚਲੇ ਹਰ ਜੱਥੇ ਵਾਸਤੇ ਕੋਈ ਨਾ ਕੋਈ ਖਾਸ ਕੰਮ ਨਿਯਤ ਹੋਇਆ ਤੇ ਨਵਾਬ ਕਪੂਰ ਸਿੰਘ ਆਪ ਇਹਨਾਂ ਦੋ ਦਲਾਂ ਦੀਆਂ ਕਾਰਵਾਈਆਂ ਵਲ ਧਿਆਨ ਦੇਂਦੇ।

ਠੀਕ ਇਹ ਪ੍ਰਬੰਧ ਅੱਜ ਕਲ੍ਹ ਦੇ ਨਵੀਨ ਪ੍ਰਬੰਧ ਵਰਗਾ ਚੰਗਾ ਨਹੀਂ ਸੀ ਤੇ ਨਾ ਹੀ ਕਿਸੇ ਨੂੰ ਇਸ ਗੱਲ ਦੀ ਉਮੀਦ ਕਰਨੀ ਚਾਹੀਦੀ ਹੈ, ਪਰ ਆਪਣੇ ਸਮੇਂ ਵਾਸਤੇ ਤੇ ਓਦੋਂ ਪੱਸਰ ਰਹੇ ਹਾਲਾਤ ਦੇ ਸਨਮੁਖ ਇਹ ਪ੍ਰਬੰਧ ਕੋਈ ਐਨਾ ਮਾੜਾ ਵੀ ਨਹੀਂ ਗਿਣਿਆ ਜਾ ਸਕਦਾ।

ਪਰ ਨਵਾਬ ਕਪੂਰ ਸਿੰਘ ਨੂੰ ਜਦੋਂ ਨਵਾਬੀ ਮਿਲੀ ਤਾਂ ਉਹ ਜੁਆਨ ਨਹੀਂ ਸੀ। ਉਹਦੀ ਹਸ-ਮੁਖਤਾ ਤੇ ਗੌਰਵ ਮੁਆਮਲਿਆਂ ਨੂੰ ਹੌਲੇ ਭਾਵ ਲੈਣ ਦੇ ਸੁਭਾ ਦੇ ਬਾਵਜੂਦ ਵੀ ਨਵਾਬ ਕਪੂਰ ਸਿੰਘ ਵਧਦੀ ਉਮਰ ਸਾਹਮਣੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਯੋਗ ਨਾ ਰਖ ਸਕਿਆ। ਉਹਨੂੰ ਨਵਾਬ ਬਣਿਆਂ ਅਜੇ ਦਸ ਕੁ ਸਾਲ ਹੀ ਹੋਏ ਸਨ ਕਿ ਉਸਦੀ ਉਮਰ ਉਹਦੇ ਹੀ ਨਹੀਂ ਖ਼ਾਲਸਾ ਪੰਥ ਦੇ ਰਾਹ ਵਿਚ ਆ ਅਟਕੀ। ਉਹ ਬਹੁਤਾ ਕੰਮ ਕਰਨ ਤੋਂ ਆਤਰ ਹੋ ਗਿਆ। ਬੇਸ਼ਕ ਉਹ ਅਜੇ ਤਕ ਵੀ ਖ਼ਾਲਸੇ ਦੀ ਕੇਂਦਰੀ ਹਕੂਮਤ ਸੀ ਤੇ ਉਹਦਾ ਆਖਿਆ ਕਾਨੂੰਨ ਦੀ ਨਿਆਈਂ ਸੀ ਪਰ ਉਹ ਰਾਜ ਪ੍ਰਬੰਧ ਤੇ ਮਜ਼ਬੂਥੀ ਮੁਆਮਲਿਆਂ ਉੱਤੇ ਬਹੁਤਾ ਸਮਾਂ ਖਰਚ ਨਾ ਕਰ ਸਕਦਾ।

ਇਹੋ ਹੀ ਸਮਾਂ ਸੀ ਜਦੋਂ ਕਿ ਸਮੁੱਚੀ ਸਿਖ ਕੌਮ ਪੰਜਾਬ ਵਿਚ ਤਾਕਤ ਫੜ ਰਹੀ ਸੀ ਤੇ ਮਿਸਲਦਾਰੀ ਦਾ ਆਦਿ

Scanned by CamScanner

ਹੋ ਰਿਹਾ ਸੀ। ਸਰਦਾਰ ਤਕੜੇ ਹੋ ਰਹੇ ਸਨ ਤੇ ਕੇਂਦਰੀ ਕੰਟਰੋਲ ਭਾਵ ਨਵਾਬ ਕਪੂਰ ਸਿੰਘ ਦਾ ਕੰਟਰੋਲ ਘਟਦਾ ਜਾ ਰਿਹਾ ਸੀ।

ਕੀ ਨਵਾਬ ਕਪੂਰ ਸਿੰਘ ਨੂੰ ਇਹਨਾਂ ਖੰਡੇਰੂ ਹੋਣੀਆਂ ਦਾ ਗਿਆਨ ਸੀ ? ਦੋ-ਟੂਕ ਨਹੀਂ ਕਿਹਾ ਜਾ ਸਕਦਾ। ਸਿਖ ਇਤਿਹਾਸ ਸਿਰਫ ਨਵਾਬ ਕਪੂਰ ਸਿੰਘ ਬਾਰੇ ਹੀ ਨਹੀਂ ਸਗੋਂ ਇਸ ਸਾਰੇ ਸਮੇਂ ਬਾਰੇ ਹੀ ਕੋਈ ਸਾਧੂਰੀ ਅਗਵਾਈ ਨਹੀਂ ਕਰਦਾ। ਸਮਕਾਲੀ ਇਤਿਹਾਸਕਾਰ ਬੁਧੀਮਾਨ ਨਹੀਂ ਸਨ ਤੇ ਪਿਛਲੇਰੇ ਇਤਿਹਾਸਕਾਰਾਂ ਨੇ ਇਸ ਸਮੇਂ ਨੂੰ ਅਜੇ ਤਕ ਗੌਰਵਤਾ ਨਾਲ ਨਹੀਂ ਲਿਆ ਹਰ ਹਾਲਤ ਵਿਚ ਅਠਾਰਵੀਂ ਸਦੀ ਦਾ ਸਮੁੱਚਾ ਖਾਲਸਾ ਇਤਿਹਾਸ ਬੜੀ ਤਰਸਯੋਗ ਹਾਲਤ ਵਿਚ ਹੈ।

ਫਿਰ ਵੀ ਹਾਲਾਤ ਦਾ ਜਾਇਜ਼ਾ ਲੈਂਦਿਆਂ ਤੇ ਨਵੇਕਲੀ ਵਿਚਾਰ ਕਰਦਿਆਂ ਇਹ ਗੱਲ ਜ਼ਰੂਰ ਸਹੀ ਹੋਵੇਗੀ ਕਿ ਨਵਾਬ ਕਪੂਰ ਸਿੰਘ ਇਹਨਾਂ ਵਧ ਰਹੀਆਂ ਖੰਡੇਰੂ ਸ਼ਕਤੀਆਂ ਤੋਂ ਜਾਣੂ ਸੀ। ਕੀ ਇਹੋ ਹੀ ਕਾਰਨ ਨਹੀਂ ਸੀ ਕਿ ਆਪਣੀ ਮੌਤ ਤੋਂ ਤਿੰਨ ਚਾਰ ਵਰ੍ਹੇ ਪਹਿਲਾਂ ਉਹਨੇ ਪੰਥ ਦਾ ਆਗੂ ਜੱਸਾ ਸਿੰਘ ਆਹਲੂਵਾਲੀਆ ਨੂੰ ਥਾਪਿਆ।

ਨਵਾਬ ਕਪੂਰ ਸਿੰਘ ਗਿਆ। ਸਰਦਾਰ ਜੱਸਾ ਸਿੰਘ ਆਇਆ। ਪਰ ਖ਼ਾਲਸਾ ਰਾਜ ਦੇ ਮੰਡਪ ਨੂੰ ਹਾਨੀ ਪਹਿਲੇ ਹੀ ਪਹੁੰਚ ਚੁਕੀ ਸੀ। ਕੁਝ ਇਹੋ ਜਿਹੀਆਂ ਰੁਚੀਆਂ ਤੇ ਝੁਕਾ ਸ਼ੁਰੂ ਹੋ ਚੁਕੇ ਸਨ ਕਿ ਜਿਨ੍ਹਾਂ ਨੂੰ ਹੁਣ ਮੋੜਨਾ ਸ਼ਾਇਦ ਕਿਸੇ ਵੀ ਲੀਡਰ ਦੀ ਤਾਕਤ ਤੋਂ ਬਾਹਰ ਹੋ ਚੁਕਾ ਸੀ। ਫਿਰ ਜੱਸਾ ਸਿੰਘ ਆਹਲੂਵਾਲੀਆ ਕਿਸੇ ਹੱਦ ਤਕ ਲੋੜ ਨਾਲੋਂ ਘਟ ਹੰਢਿਆ ਹੋਇਆ ਸੀ। ਨਵਾਬ ਕਪੂਰ ਸਿੰਘ ਦੇ ਉਲਟ ਇਸ ਹਾਲਤ ਵਿਚ ਉਮਰ ਦਾ ਤਕਾਜ਼ਾ ਦੂਜੇ ਪਾਸੇ ਸੀ।

ਇਹਦੇ ਵਿਚ ਸ਼ਕ ਨਹੀਂ ਕਿ ਜੱਸਾ ਸਿੰਘ ਆਹਲੂਵਾਲੀਆ ਬਹਾਦਰ ਸੀ, ਸਮਝਦਾਰ ਸੀ, ਅਣਖੀਲਾ ਸੀ ਤੇ ਸੱਚਾ ਸੀ, ਪਰ ਸ਼ਾਇਦ ਉਹਦੇ ਵਿਚ ਉਸ ਚੀਜ਼ ਦੀ ਘਾਟ ਸੀ ਜਿਹੜੀ ਕਿ ਇਕ ਬਹਾਦਰ ਨੂੰ ਇਕ ਉਚ ਪ੍ਰਬੰਧਕ ਨਾਲੋਂ ਨਖੇੜਦੀ ਹੈ। ਉਹ ਬੜਾ ਵਧੀਆ ਜਰਨੈਲ ਬਣ ਸਕਦਾ ਸੀ, ਪਰ ਕੀ ਉਸੇ ਯੋਗਤਾ ਨਾਲ ਉਹ ਰਾਜ ਦੇ ਕਾਰਜ ਵੀ ਚਲਾ ਸਕਦਾ ਸੀ ? ਇਹਦੇ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।

ਇਕ ਵਾਰ ਫਿਰ ਇਤਿਹਾਸਕ ਮਸਾਲੇ ਦੀ ਅਣਹੋਂਦ ਕੋਈ ਨਿਰਪਖ ਰਾਇ ਦੇਣ ਤੋਂ ਡਰਾਉਂਦੀ ਹੈ।

ਜੱਸਾ ਸਿੰਘ ਆਹਲੂਵਾਲੀਆ ਖ਼ਾਲਸੇ ਦਾ ਆਗੂ ਜ਼ਰੂਰ ਸੀ ਪਰ ਉਹ ਖ਼ਾਲਸੇ ਦਾ ਕੇਂਦਰ ਨਹੀਂ ਸੀ। ਬੰਦਾ ਸਿੰਘ ਬਹਾਦਰ ਜਾਂ ਨਵਾਬ ਕਪੂਰ ਸਿੰਘ ਵਾਂਗ ਖ਼ਾਲਸੇ ਦੀਆਂ ਰਾਜਸਕ, ਸਮਾਜਕ, ਧਾਰਮਕ ਤੇ ਸੈਨਿਕ ਕਾਰਵਾਈਆਂ ਉਹਦੀ ਜ਼ਾਤ ਦਵਾਲੇ ਨਹੀਂ ਸਨ ਘੁੰਮਦੀਆਂ। ਦੂਜੇ ਲਫ਼ਜ਼ਾਂ ਵਿਚ ਉਹ ਖ਼ਾਲਸੇ ਦੀ ਕੇਂਦਰੀ ਸਰਕਾਰ ਨਹੀਂ ਸੀ। ਇਸ ਕੇਂਦਰੀ ਸਰਕਾਰ ਦੀ ਅਣਹੋਂਦ ਕਰਕੇ ਹੀ ਖ਼ਾਲਸਈ ਸੈਨਾਂ ਇਸ ਸਮੇਂ ਵਿਚ ਕਿਸੇ ਤਰ੍ਹਾਂ ਵੀ ਜਥੇਬੰਦ ਸੈਨਾਂ ਨਹੀਂ ਆਖੀ ਜਾ ਸਕਦੀ। ਬੇਸ਼ਕ ਸਿਖਾਂ ਨੇ ਦੁਰਾਨੀ ਦੇ ਹਰ ਹੱਲੇ ਵੇਲੇ ਉਹਦੇ ਨਾਲ ਟੱਕਰ ਲਈ ਤੇ ਬੇਸ਼ਕ ਉਂਜ ਵੀ ਖ਼ਾਲਸੇ ਨੇ ਮੁਸਲਮਾਨ ਸੂਬਿਆਂ ਨੂੰ ਪੰਜਾਬ ਵਿਚ ਕਿਤੇ ਚੈਨ ਨਾ ਲੈਣ ਦਿਤਾ, ਪਰ ਖ਼ਾਲਸੇ ਦੀਆਂ ਇਹ ਲੜਾਈਆਂ ਜਥੇਬੰਦ ਤੇ ਸੋਧੀਆਂ ਹੋਈਆਂ ਲੜਾਈਆਂ ਨਹੀਂ ਸਨ।

ਭਿੰਨ ਭਿੰਨ ਮਿਸਲਾਂ ਦੇ ਸਰਦਾਰ ਸਾਂਝੇ ਖਤਰੇ ਦੇ ਸਨਮੁਖ ਜਾਂ ਗੁਰਮਤਿਆਂ ਅਨੁਸਾਰ ਸਾਂਝੇ ਬੀੜੇ ਨੂੰ ਨੇਪਰੇ ਚਾੜ੍ਹਨ ਵਾਸਤੇ ਇਕੱਠੇ ਹੋ ਜਾਂਦੇ ਸਨ, ਪਰ ਫਿਰ ਜਲਦੀ ਹੀ ਆਪੋ ਆਪਣੇ ਕੇਂਪਾਂ ਜਾਂ ਮਿਸਲਾਂ ਵਿਚ ਖਿੰਡ ਵੀ ਜਾਂਦੇ ਸਨ। ਇਹ ਹੀ ਨਹੀਂ, ਖੁਦ ਮਿਸਲਾਂ ਵਿਚ ਵੀ ਕੋਈ ਬਾਕਾਇਦਾ ਜ਼ਬਤ ਨਹੀਂ ਸੀ। ਹਰ ਲੜਾਈ ਜਾਂ ਲੂਟ ਤੋਂ ਪਿਛੋਂ ਮਿਸਲਾਂ ਦੇ ਸਿਪਾਹੀ ਆਪਣੇ ਆਪਣੇ ਪਿੰਡਾਂ ਵਿਚ ਚਲੇ ਜਾਂਦੇ ਤੇ ਸਰਦਾਰ ਦੇ ਅਗਲੇ ਸੱਦੇ ਉੱਤੇ ਮੁੜ ਆ ਪੁਜਦੇ। ਇਹਨਾਂ ਹਾਲਾਤਾਂ ਵਿਚ ਮੁਮਕਿਨ ਸੀ ਕਿ ਲੋੜ ਵੇਲੇ ਸਾਰੇ ਆਦਮੀ ਇਕੱਠੇ ਨਾ ਹੋ ਸਕਣ ਤੇ ਨਾ ਹੀ ਲੋੜ ਵੇਲੇ ਭਿੰਨ ਭਿੰਨ ਮਿਸਲਾਂ ਦੇ ਸਰਦਾਰ ਇੱਕ-ਥਾਂ ਜੁੜ ਸਕਦੇ ਸਨ।

ਏਸੇ ਕੇਂਦਰੀ ਹਕੂਮਤ ਜਾਂ ਸੰਸਥਾ ਦੀ ਅਣਹੋਂਦ ਕਰ ਕੇ ਹੀ ਸ਼ਾਇਦ ਲਾਹੌਰ ਦੀ ਫ਼ਤਹ ਪਛੜਦੀ ਗਈ। ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਜੇ ਖ਼ਾਲਸਾ ਦੀ ਕੋਈ ਕੇਂਦਰੀ ਸੰਸਥਾ ਹੁੰਦੀ ਤਾਂ ਲਾਹੌਰ ਜਲਦੀ ਹੀ ਫ਼ਤਹ ਨਾ ਹੋ ਗਿਆ ਹੁੰਦਾ। ਲਾਹੌਰ ਦੀ ਫ਼ਤਹ ਨੇ ਅਫ਼ਗਾਨੀ ਸੂਬੇਦਾਰਾਂ ਤੇ ਖਿੰਡਰੇ-ਪੁੰਡਰੇ ਅਫ਼ਗਾਨੀ ਅਸਰ ਨੂੰ ਬੜੀ ਜਲਦੀ ਹੀ ਖੇਨੂੰ ਖੇਰੂੰ ਕਰ ਦੇਣਾ ਸੀ। ਲਾਹੌਰ ਦੀ ਜਿਤ ਨਾਲ ਖ਼ਾਲਸੇ ਨੂੰ ਕੇਂਦਰੀ ਰਾਜ ਸਥਾਪਿਤ ਕਰਨ ਦਾ ਮੌਕਾ ਮਿਲ ਜਾਣਾ ਸੀ। ਦੁਰਾਨੀ ਨੇ ਤਾਂ ਹਰ ਹਾਲਤ ਵਿਚ ਹਰ ਸਾਲ ਜਾਂ ਹਰ ਦੂਜੇ ਤੀਜੇ ਸਾਲ ਆਉਣਾ ਹੀ ਸੀ, ਪਰ ਲਾਹੌਰ ਉੱਤੇ ਸਿਖਾਂ ਦਾ ਕਬਜ਼ਾ ਉਹਨੂੰ

Scanned by CamScanner

ਡਰਾਉ'ਦਾ, ਉਕਸਾਉ'ਦਾ ਨਾ ? ਇਸ ਤੋਂ ਉਪ੍ਰੰਤ ਲਾਹੌਰ ਉੱਤੇ ਕਬਜ਼ੇ ਨਾਲ ਤੇ ਬਕਾਇਦਾ ਫ਼ੌਜ ਦੇ ਹੁੰਦਿਆਂ ਐਨ ਮੁਮਕਿਨ ਸੀ ਕਿ ਦੁਰਾਨੀ ਨੂੰ ਆਮ ਨਾਲੋਂ ਵਧ ਮਾਰ ਖਾਣੀ ਪੈਂਦੀ ਤੇ ਉਹਦਾ ਢਹਿ ਰਿਹਾ ਹੌਸਲਾ ਜਲਦੀਂ ਹੀ ਅਸਲੋਂ, ਢਹਿ ਜਾਂਦਾ ।

ਕੇਂਦਰੀ ਸੰਸਥਾ ਦੀ ਅਣਹੋਂਦ ਕਰ ਕੇ ਸਿਖ ਸਰਦਾਰ ਵੀ ਆਪੋ ਵਿਚ ਉਸ ਤਰ੍ਹਾਂ ਸੰਯੁਕਤ ਨਾ ਰਹੇ ਕਿ ਜਿਸ ਤਰ੍ਹਾਂ ਸੰਗਠਨ ਦੀ ਉਸ ਵੇਲੇ ਲੋੜ ਸੀ । ਇਹ ਝੁਕਾ ਕੁਦਰਤੀ ਸੀ । ਹਰ ਮਿਸਲ ਦਾ ਸਰਦਾਰ ਆਪਣੇ ਆਪ ਨੂੰ ਆਜ਼ਾਦ ਤੇ ਖ਼ੁਦ-ਮੁਖ਼ਤਾਰ ਸਮਝਦਾ । ਬੇਸ਼ਕ ਉਹ ਗੁਰਮਤਿਆਂ ਰਾਹੀਂ ਹੋਏ ਫ਼ੈਸਲਿਆਂ ਨੂੰ ਮੰਨਣ ਵਾਸਤੇ ਤਿਆਰ ਸੀ, ਪਰ ਹਰ ਮੁਆਮਲੇ ਵਾਸਤੇ ਗੁਰਮਤਾ ਸੰਭਵ ਨਹੀਂ ਸੀ । ਕੋਈ ਸਰਦਾਰ ਚਾਹੁੰਦਾ ਤਾਂ ਉਹ ਗੁਰਮਤੇ ਉੱਤੇ ਹਾਜ਼ਰ ਹੋਣਾ ਘੁਸਾ ਵੀ ਸਕਦਾ ਸੀ । ਇਹਨਾਂ ਹਾਲਾਤਾਂ ਵਿਚ ਇਹ ਵੀ ਬਿਲਕੁਲ ਕੁਦਰਤੀ ਸੀ ਕਿ ਮਿਸਲਾਂ ਦੇ ਸਰਦਾਰਾਂ ਅੰਦਰ ਈਰਖਾ ਜਾਗੇ ਤੇ ਹਰ ਕੋਈ ਇਕ ਦੂਜੇ ਨਾਲੋਂ ਵਧੇਰੇ ਸ਼ਕਤੀਵਾਨ ਹੋਣਾ ਲੋੜੇ ।

ਜਿਨ੍ਹਾਂ ਦਿਨਾਂ ਵਿਚ ਅਜੇ ਤਕ ਸਿਖ ਪੂਰੀ ਤਰ੍ਹਾਂ ਪੰਜਾਬ ਉੱਤੇ ਕਾਬਜ਼ ਨਹੀਂ ਸਨ ਹੋਏ ਤੇ ਜਿਨ੍ਹਾਂ ਦਿਨਾਂ ਤਕ ਦੁਰਾਨੀ ਦਾ ਡਰ ਉਹਨਾਂ ਨੂੰ ਇਕੱਠਿਆਂ ਰਹਿਣ ਉੱਤੇ ਮਜਬੂਰ ਕਰਦਾ ਰਿਹਾ, ਓਦੋਂ ਤਕ ਇਹ ਝੁਕਾ ਬਹੁਤੇ ਪ੍ਰਗਟ ਨਾ ਹੋਏ ਪਰ ੧੭੬੫ ਤੋਂ ਪਿਛੋਂ ਜਲਦੀ ਹੀ ਮਿਸਲਾਂ ਵਿਚ ਈਰਖਾ ਸ਼ੁਰੂ ਹੋ ਗਈ ਤੇ ਇਸ- ਰਾਜ ਪ੍ਰਬੰਧ ਵਿਚ ਫਿਕ ਪੈ ਗਈ । ਬੇਸ਼ਕ ਸਿੱਖੀ ਦੀ ਸਪਿਰਟ ਅਜੇ ਵੀ ਪ੍ਰਜਵੱਲਤ ਸੀ ਤੇ ਸਭ ਸਰਦਾਰਾਂ ਤੇ ਸਿਪਾਹੀਆਂ ਵਿਚ ਰਚ ਰਹੀ ਸੀ, ਪਰ ਇਹਦੀ ਲਾਟ ਪਹਿਲੇ ਜਿਹੀ ਨੂਰਾਨੀ ਨਾ ਰਹੀ ।

ਸ਼ਾਇਦ ਇਹ ਸਭ ਚਰਚਾ ਦਿਮਾਗ਼ੀ ਹੈ । ਇਹਦਾ ਵਾਸਤਵਿਕ ਹਾਲਾਤਾਂ ਨਾਲ ਐਨਾ ਡੂੰਘਾ ਸੰਬੰਧ ਨਹੀਂ ਜਿੰਨਾ ਕਿ ਦਰਸਾਣ ਦੀ ਕੋਸ਼ਿਸ਼ ਕੀਤੀ ਗਈ ਹੈ ।

ਮਿਸਲਦਾਰੀ ਪ੍ਰਬੰਧ ਦਾ ਆਦਿ ਤੇ ਅੰਤ ਇਤਿਹਾਸ ਦਾ ਉਹ ਕਾਂਡ ਹੈ ਜਿਹੜਾ ਕਿ ਅਨਿਵਾਰਣੀ ਤੇ ਅਟੱਲ ਹੈ । ਇਹੋ ਜਿਹੇ ਕਾਂਡ ਹਰ ਕੌਮ ਦੇ ਇਤਿਹਾਸ ਵਿਚ ਆਏ ਹਨ । ਇਹ ਇਕ ਇਤਿਹਾਸਕ ਕਾਨੂੰਨ ਜਾਂ ਕਾਰਵਾਈ ਹੈ ਜਿਹੜੀ ਕਿ ਹਰ ਇਕ ਕੌਮ ਦੇ ਇਤਿਹਾਸ ਵਿਚ ਇਕ ਖ਼ਾਸ ਵਕਤ ਪ੍ਰਗਟ ਤੇ ਇਕ ਖ਼ਾਸ ਸਮੇਂ ਖ਼ਤਮ ਹੁੰਦੀ ਹੈ ।

ਪੰਜਾਬ ਵਿਚ ਇਸ ਇਤਿਹਾਸਕ ਕਾਰਵਾਈ ਨੂੰ ਦੇਰ ਅਨਿਵਾਰਣੀ ਬਣਾਉਣ ਵਾਲੇ ਸਨ ਮੁਗ਼ਲ ਤੇ ਅਫ਼ਗ਼ਾਨ । ਉਹਨਾਂ ਦੀ ਨੀਤੀ ਦੇ ਸਾਹਮਣੇ ਖ਼ਾਲਸਾ ਕੌਮ ਦੀ ਉੱਤਪਤੀ ਤੇ ਅਰੂਜ ਕਿਸੇ ਹੋਰ ਤਰ੍ਹਾਂ ਮੁਮਕਿਨ ਨਹੀਂ ਸੀ । ਇਹੋ ਹੀ ਇਕ ਤਰੀਕਾ ਸੀ, ਇਹੋ ਹੀ ਇਕ ਰਾਹ ।

ਹਰ ਹਾਲਤ ਵਿਚ ਇਹਨਾਂ ਔਗਣਾਂ ਤੇ ਤਰੁਟੀਆਂ ਦੇ ਬਾਵਜੂਦ ਇਸ ਸਮੇਂ ਦਾ ਪੰਜਾਬ ਕਿਸੇ ਤਰ੍ਹਾਂ ਵੀ ਏਸ਼ੀਆ ਵਿਚ ਉਸ ਸਮੇਂ ਦੀ ਸਭ ਤੋਂ ਵਡੀ ਸੈਨਿਕ ਪ੍ਰਤਿਭਾ ਸਾਹਮਣੇ ਜਿੱਚ ਨਹੀਂ ਹੋਇਆ । ਖ਼ਾਲਸਾ ਤੇ ਪੰਜਾਬ ਮਰ ਮਰ ਕੇ ਜੀਵਿਆ, ਮਾਰ ਖਾ ਖਾ ਕੇ ਉਠਿਆ । ਸਿਖ ਜੁੜੇ ਤੇ ਖਿੰਡਰੇ; ਤੇ ਫਿਰ ਜੁੜੇ ਤੇ ਖਿੰਡਰੇ, ਪਰ ਅਹਿਮਦ ਸ਼ਾਹ ਦੁਰਾਨੀ ਨੂੰ ਉਹਨਾਂ ਪੰਜਾਬ ਉੱਤੇ ਰਾਜ ਨਾ ਕਰਨ ਦਿਤਾ । ਸਿਖ ਅੰਤ ਪੰਜਾਬ ਦੇ ਹੁਕਮਰਾਨ ਬਣ ਕੇ ਹੀ ਰਹੇ;-ਤੇ ਇਹੋ ਸੀ ਉਹਨਾਂ ਦਾ ਆਦਰਸ਼, ਉਹਨਾਂ ਦਾ ਦਾਈਆ ।

Scanned by CamScanner

"ਮੈਂ ਸਿਖਾਂ ਕੋਲੋਂ ਬਦਲਾ ਜ਼ਰੂਰ ਲੈਣਾ ਹੈ," ਅਹਿਮਦ ਸ਼ਾਹ ਦੁਰਾਨੀ ਇਕ ਮੁੱਦਤ ਤੋਂ ਆਖਦਾ ਆ ਰਿਹਾ ਸੀ ਤੇ ਨਿਰਸੰਦੇਹ ਉਸ ਸਿਖਾਂ ਕੋਲੋਂ ਬਦਲਾ ਲਿਆ।

ਉਸ ਆਪਣੇ ਸਭ ਤੋਂ ਵਧੀਆ ਤੇ ਇਤਬਾਰੀ ਜਰਨੈਲ ਨੂਰ ਦੀਨ ਬਾਮੇਜ਼ਈ ਦੀ ਸ਼ਰਮਨਾਕ ਹਾਰ ਬਾਰੇ ਸੁਣਿਆ। ਉਸ ਉਬੇਦ ਖ਼ਾਨ ਦੀ ਭਾਂਜ ਬਾਰੇ ਸੁਣਿਆ। ਉਸ ਇਹ ਵੀ ਸੁਣਿਆ ਕਿ ਗੁਜਰਾਂਵਾਲੇ ਦੀ ਮਹਾਨ ਜਿਰ ਪਿਛੋਂ ਸਿੰਘ ਅੰਮ੍ਰਿਤਸਰ ਇਕੱਠੇ ਹੋਏ ਹਨ ਤੇ ਉਹਨਾਂ ਨੇ ਦੁਰਾਨੀ ਰਾਜ ਨੂੰ ਪੰਜਾਬ ਵਿਚੋਂ ਉੱਕਾ ਹੀ ਖ਼ਤਮ ਕਰ ਦੇਣ ਦੀ ਸੌਂਹ ਚੁਕ ਲਈ ਹੈ। ਉਹਦੇ ਡੈਜਦਾਰ ਸਆਦਤ ਖ਼ਾਨ ਤੇ ਸਦੀਕ ਖ਼ਾਨ ਹਾਰ ਚੁਕੇ ਸਨ। ਉਹਦਾ ਇਕ ਪਾਣੀ ਬਰਦਾਰ ਜੰਡਿਆਲੇ ਦਾ ਆਕਲ ਦਾਸ ਵੀ ਸਿੱਖਾਂ ਹੱਥੋਂ ਸਤਿਆ ਉਹਨੂੰ ਵਾਰ ਵਾਰ ਸੱਦੇ ਘਲ ਚੁਕਾ ਸੀ।

ਅਹਿਮਦ ਸ਼ਾਹ ਆਖਦਾ, "ਮੇਰੇ ਜੀਂਦਿਆਂ-ਜੀਅ ਸਿਖਾਂ ਦੀ ਐਨੀ ਹਿੰਮਤ ? ਜਦੋਂ ਮੈਂ ਨਾ ਰਿਹਾ ਤਾਂ ਉਦੋਂ ਕੀ ਹੋਏਗਾ ? ਕੀ ਮੈਂ ਹਿੰਦੁਸਤਾਨ ਉੱਤੇ ਰਾਜ ਕਰਨ ਵਾਲਾ ਆਖਰੀ ਅਫ਼ਗਾਨ ਹਾਂ ? ਅਸਾਂ ਏਥੇ ਪਹਿਲੇ ਵੀ ਰਾਜ ਕੀਤਾ ਹੈ। ਮੁਗ਼ਲਾਂ ਦੀ ਵਡਿਆਈ ਵੇਲੇ ਵੀ ਸਾਡੀ ਇਹੋ ਜਿਹੀ ਹਾਲਤ ਨਹੀਂ ਸੀ ਹੋਈ ਜਿਹੋ ਜਿਹੀ ਅੱਜ ਸਿੱਖਾਂ ਨੇ ਕਰ ਦਿਤੀ ਹੈ।"

ਦੁਰਾਨੀ ਚਿੰਤਾਤਰ ਸੀ। ਉਸ ਇਕ ਵਾਰ ਫਿਰ ਆਪਣੇ ਭੂਤ ਉੱਤੇ ਨਜ਼ਰ ਮਾਰੀ। ਉਹ ਕੀ ਸੀ ਤੇ ਕੀ ਬਣ ਗਿਆ ਹੈ। ਕਿਥੇ ਉਹ ਵਕਤ ਕਿ ਦਿੱਲੀ ਦਾ ਸ਼ਹਿਨਸ਼ਾਹ ਉਹਦੇ ਘੋੜਿਆਂ ਦੇ ਸੁੰਮਾਂ ਦਾ ਖੜਕਾਰ ਸੁਣ ਕੇ ਹੀ ਕੰਬ ਉਠਦਾ। ਕਿਥੇ ਉਹ ਵਕਤ ਕਿ ਮਧ ਏਸ਼ੀਆ ਦਾ ਹਰ ਬਹਾਦਰ, ਹਰ ਸੈਨਾਪਤੀ, ਹਰ ਬਾਦਸ਼ਾਹ ਉਹਦੇ ਅਗੇ ਸਿਰ ਨਿਵਾਂਦਾ ! ਕਿਥੇ ਉਹ ਪਾਣੀਪਤ ਵਿਚ ਮਰਹੱਟਿਆਂ ਨੂੰ ਹਰਾਉਣਾ ! ਤੇ ਕਿਥੇ ਮਰਹੱਟਿਆਂ ਦੀ ਮਹਾਨ ਸੈਨਾ ਤੇ ਕਿਥੇ ਗੋਣਵੇਂ ਸਿਖ ਛਿੱਡੇ ਭੁਖੇ, ਤੇੜੋਂ ਨੰਗੇ ?

"ਨਹੀਂ ਪਰ ਮੈਂ ਆਪਣੇ ਜੀਉਂਦੇ ਜੀ ਆਪਣੀ ਸਾਜੀ ਹਕੂਮਤ ਨੂੰ ਖੇਰੂੰ ਖੇਰੂੰ ਹੁੰਦਿਆਂ ਨਹੀਂ ਵੇਖ ਸਕਦਾ। ਐਂਤਕੀਂ ਮੈਂ ਓਦੋਂ ਤਕ ਪੰਜਾਬ ਤੋਂ ਨਹੀਂ ਮੁੜਨਾ ਜਦੋਂ ਤਕ ਪੂਰੀ ਤਰ੍ਹਾਂ ਇਹਨਾਂ ਸਿਰ-ਫਿਰਿਆਂ ਨੂੰ ਦਬਾ ਨਾ ਲਵਾਂ।" ਦੁਰਾਨੀ ਹਰ ਸਵੇਰੇ ਦੁਆ ਕਰਦਾ।

"ਹੇ ਖੁਦਾਵੰਦ ਤਆਲਾ, ਗਰਮੀਆਂ ਜਲਦੀ ਮੁਕਾ ਤੇ ਆ ਰਹੀ ਮੁਹਿਮ ਵਿਚ ਮੇਰੀ ਯਾਵਰੀ ਕਰ।"

ਸਵੇਰੇ ਹੀ ਨਹੀਂ, ਹਰ ਨਮਾਜ਼ ਪਿਛੋਂ ਉਹ ਖ਼ੁਦਾ ਕੋਲੋਂ ਇਹ ਦੁਆ ਮੰਗਦਾ ਤੇ ਉਹਦੇ ਖ਼ੁਦਾ ਨੇ ਸ਼ਾਇਦ ਉਹਦੀ ਇਹ ਦੁਆ ਸਵੀਕਾਰ ਕੀਤੀ। ਗਰਮੀਆਂ ਤਾਂ ਭਾਵੇਂ ਜਲਦੀ ਨਾ ਮੁਕੀਆਂ, ਪਰ ਜਦੋਂ ਸਰਦੀਆਂ ਆਈਆਂ ਤਾਂ ਉਹ ਸਿੱਖਾਂ ਕੋਲੋਂ ਬਦਲਾ ਜ਼ਰੂਰ ਲੈ ਸਕਿਆ ਤੇ ਕਿਸੇ ਹਦ ਤਕ ਆਪਣੀ ਚਿਰੰਜੀਵੀ ਆਰਜ਼ੂ ਨੂੰ ਸ਼ਾਂਤ ਕਰ ਸਕਿਆ।

ਸਰਦੀਆਂ ਆਈਆਂ ਤੇ ਅਹਿਮਦ ਸ਼ਾਹ ਦੁਰਾਨੀ ਪੰਜਾਬ ਉਤਰਿਆ। ਐਤਕੀ ਏਸ਼ੀਆ ਦੀ ਮਹਾਨ ਸੈਨਿਕ ਪ੍ਰਤਿਭਾ ਨੇ ਸਿਖਾਂ ਨੂੰ ਮੁਕਾਣ ਵਾਸਤੇ ਇਕ ਨਵੀਂ ਚਾਲ ਖੇਡੀ। ਅਜੇ ਤਕ ਹਰ ਹਮੇਸ਼ ਸਿਖ ਉਹਦੇ ਨਾਲ ਜੰਮ ਕੇ ਲੜਾਈ ਕਰਨ ਤੋਂ ਬਚਦੇ ਆਏ ਸਨ। ਸਿਖਾਂ ਪਿਛੇ ਭਜਣਾ ਜਾਂ ਉਹਨਾਂ ਨੂੰ ਜੰਗਲਾਂ ਵਿਚੋਂ ਢੂੰਡਣਾ ਅਤਿ ਮੁਸ਼ਕਲ ਸੀ ਤੇ ਅਜੇ ਤਕ ਇਹੋ ਜਿਹੀ ਦੌੜ ਭੱਜ ਵਿਚ ਨਾ ਹੀ ਮੁਗਲਾਂ ਨੂੰ ਸਫਲਤਾ ਮਿਲੀ ਸੀ ਤੇ ਨਾ ਹੀ ਪਠਾਣਾਂ ਨੂੰ।

ਅਹਿਮਦ ਸ਼ਾਹ ਐਤਕੀ ਇਕ ਫੈਸਲਾ-ਕੁਨ ਵਾਰ ਰਾਹੀਂ ਸਿਖਾਂ ਦੀ ਤਾਕਤ ਖ਼ਤਮ ਕਰਨ ਦਾ ਚਾਹਵਾਨ ਸੀ। ਸੋ ਉਸ ਹੁਕਮ-ਦਿਤਾ ਕਿ ਉਹ ਓਦੋਂ ਤਕ ਲਾਹੌਰੋਂ ਨਹੀਂ ਹਿੱਲੇਗਾ ਜਦੋਂ ਤਕ ਕਿ ਉਹ ਸਿਖ ਦਲ ਦੇ ਇਕ ਥਾਂ ਪੂਰੀ ਤਰ੍ਹਾਂ ਜੁੜੇ ਹੋਣ ਬਾਰੇ ਖ਼ਬਰ ਨਹੀਂ ਸੁਣ ਲੈਂਦਾ। ਫਿਰ ਇਸ ਖ਼ਬਰ ਦੇ ਮਿਲਦਿਆਂ ਸਾਰ ਹੀ ਉਹ ਉਕਾਬ ਦੀ ਤੇਜ਼ੀ ਵਾਂਗ 'ਕਾਫ਼ਰਾਂ' ਉੱਤੇ ਜਾ ਪਏਗਾ। ਅਹਿਮਦ ਸ਼ਾਹ ਦੀ ਇਹ ਚਾਲ ਤੇ ਇਹ ਸੁਪਨਾ ਸੱਚਾ ਸਿਧ ਹੋਇਆ।

ਸ਼ੁਰੂ ਅਕਤੂਬਰ ਵਿਚ ਦੁਰਾਨੀ ਨੂੰ ਖ਼ਬਰ ਮਿਲੀ ਕਿ ਸਿਖ ਦਲ ਦਾ ਇਕ ਮਹਾਨ ਹਿੱਸਾ ਮਲੇਰ ਕੋਟਲੇ ਇਕੱਠਾ ਹੋ ਗਿਆ ਹੈ ਤੇ ਉਹਨਾਂ ਦਾ ਇਰਾਦਾ ਸ਼ਾਇਦ ਸਰਹਿੰਦ ਉੱਤੇ ਚੜ੍ਹਾਈ ਦਾ ਹੈ। ਇਸ ਖ਼ਬਰ ਦਾ ਮਿਲਣਾ ਸੀ ਕਿ ਦੁਰਾਨੀ ਲਾਹੌਰੋਂ ਉਠ ਤੁਰਿਆ।

ਜਵਾਨੀ ਦੇ ਦਿਨਾਂ ਵਿਚ ਦੁਰਾਨੀ ਇਕ ਦਿਨ ਅੰਦਰ ਸੌ ਸੌ ਮੀਲ ਦਾ ਪੈਂਡਾ ਸਹਿਜੇ ਹੀ ਮੁਕਾ ਲਿਆ ਕਰਦਾ ਸੀ। ਘੋੜੇ ਉੱਤੇ ਇਹ ਸੌ ਮੀਲ ਦਾ ਸਫ਼ਰ ਉਹਨੂੰ ਕਿਸੇ ਤਰ੍ਹਾਂ ਦੀ ਥਕਾਵਟ ਨਾ ਪਹੁੰਚਾਂਦਾ। ਓਦੋਂ ਸੌ ਮੀਲ ਦਾ ਸਫ਼ਰ ਮੁਕਾ ਕੇ ਵੀ ਅਹਿਮਦ ਸ਼ਾਹ ਲੜ ਸਕਦਾ ਸੀ, ਜੂਝ ਸਕਦਾ ਸੀ। ਅੱਜ ਬੁਢੇ ਹੋ ਰਹੇ ਦੁਰਾਨੀ ਦੇ ਅੰਦਰ ਜੋਸ਼ ਜਾਗਿਆ। ਅਜ ਉਹਦਾ ਖ਼ੂਨ ਫਿਰ ਖੌਲਿਆ। ਉਸ ਆਪਣੇ ਸਰੀਰ ਵਲ ਤਕ ਕੇ ਕਿਹਾ;

"ਨਹੀਂ ਮੈਂ ਬੁਢਾ ਨਹੀਂ ਹੋਇਆ, ਇਹ ਮੇਰਾ ਵਹਿਮ ਹੈ। ਅੱਜ ਮੈਂ ਸਾਬਤ ਕਰ ਦਿਆਂਗਾ ਕਿ ਮੇਰੇ ਵਿਚ ਪਹਿਲੇ ਜਿਹਾ ਹੀ ਬਲ ਹੈ ਕਿ ਮੈਂ ਪਹਿਲਾ ਵਾਂਗ ਹੀ ਘੋੜੇ ਉੱਤੇ ਸੌ ਮੀਲ ਸਹਿਜੇ ਹੀ ਮੁਕਾ ਸਕਦਾ ਹਾਂ। ਇਹ ਫ਼ਤਹ ਸ਼ਾਇਦ ਮੇਰੀ ਜ਼ਿੰਦਗੀ ਦੀ ਸਭ ਤੋਂ ਵਡੀ ਤੇ ਫ਼ੈਸਲਾ-ਕੁਨ ਫ਼ਤਹ ਹੋਏਗੀ।"

ਉਸ ਗ਼ੌਸ ਅਹਿਮਦ ਸ਼ਾਹ ਨੂੰ, ਜਿਹੜਾ ਕਿ ਬਾਮੇਚਈ ਪਿਛੋਂ ਉਹਦਾ ਮੀਤ ਬਣਿਆ ਸੀ, ਕਿਹਾ:

"ਸੈਨਾਪਤੀ! ਮੈਂ ਰੋਟੀ ਪਾਣੀ ਵਾਸਤੇ ਰਸਤੇ ਵਿਚ ਕਿਤੇ ਨਹੀਂ ਅਟਕਣਾ। ਸਾਰੀ ਸੈਨਾ ਨੂੰ ਹੁਕਮ ਦਿਓ ਕਿ ਆ ਰਹੀ ਜੰਗ ਫ਼ੈਸਲਾ-ਕੁਨ ਜੰਗ ਹੈ। ਜਿਹੜੇ ਆਦਮੀ ਪਿਛੇ ਰਹਿ ਜਾਣਗੇ ਉਹਨਾਂ ਨੂੰ ਮੌਤ ਦੀ ਸਜ਼ਾ ਮਿਲੇਗੀ। ਅੱਜ ਦੁਨੀਆਂ ਅਹਿਮਦ ਸ਼ਾਹ ਦੁਰਾਨੀ ਦੇ ਅਸਲੀ ਹੱਥ ਫਿਰ ਵੇਖੇਗੀ। ਅਜੇ ਮੈਂ ਬੁਢਾ ਨਹੀਂ ਹੋਇਆ।"

ਤਿੰਨ ਅਕਤੂਬਰ ੧੭੬੨ ਵਾਲੇ ਦਿਨ ਅਹਿਮਦ ਸ਼ਾਹ ਲਾਹੌਰ ਤੋਂ ਟੁਰਿਆ ਤੇ ਪੰਜ ਅਕਤੂਬਰ ਨੂੰ ਸਵੇਰੇ ਸਵੇਰੇ ਉਹ ਮਲੇਰ ਕੋਟਲੇ ਦੇ ਨੇੜੇ ਇਕ ਪਿੰਡ ਕੁੱਪ ਕੋਲ ਆ ਪਹੁੰਚਿਆ। ਚਾਲ੍ਹੀ ਘੰਟਿਆਂ ਵਿਚ ਅਹਿਮਦ ਸ਼ਾਹ ਨੇ ਡੇਢ ਕੁ ਸੌ ਮੀਲ ਦਾ ਸਫ਼ਰ ਮੁਕਾ ਲਿਆ।

ਕੁੱਪ ਦੇ ਨੇੜੇ ਹੀ ਲਗਭਗ ਵੀਹ ਹਜ਼ਾਰ ਸਿੱਖ ਇਕੱਤਰ ਸਨ। ਕਈ ਟੱਬਰ ਤੇ ਬੱਚੇ ਵੀ ਨਾਲ ਸਨ। ਸਿਖਾਂ ਦਾ ਇਹਨਾਂ ਟੱਬਰਾਂ ਤੋਂ ਬੱਚਿਆਂ ਨੂੰ ਦੁਰਾਨੀ ਦੀ ਜ਼ੱਦ ਤੋਂ ਦੂਰ ਲੈ ਜਾਣ ਦਾ ਇਰਾਦਾ ਸੀ। ਦੁਰਾਨੀ ਕੁੱਪ ਪਹੁੰਚਿਆ ਤੇ ਬਿਨਾਂ ਕੁਝ ਖ਼ਾਧੇ ਪੀਤਿਆਂ ਉਹ ਸਿਖਾਂ ਦੇ ਲਸ਼ਕਰ ਉੱਤੇ ਆ ਪਿਆ।

ਸਿਖ ਹੈਰਾਨ ਹੋ ਗਏ। ਸਿਖਾਂ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਅਜ ਦੇ ਦਿਨ ਦੁਰਾਨੀ ਉਹਨਾਂ ਉੱਤੇ ਚੜ੍ਹ ਆਵੇਗਾ। ਉਹ ਰਾਤੀਂ ਘੂਕ ਸੁੱਤੇ ਸਨ। ਅਜ ਦੇ ਦਿਨ ਵਾਸਤੇ ਉਹਨਾਂ ਦੇ ਇਰਾਦੇ ਹੋਰ ਸਨ। ਉਹਨਾਂ ਨੇ ਦੁਰਾਨੀ ਦੀ ਪੇਸ਼ਕਦਮੀ ਜਾਣਨ ਬਾਰੇ ਕੋਈ ਖ਼ੋਜ ਨਹੀਂ ਸੀ ਕੀਤੀ। ਉਹਨਾਂ ਭਾਣੇ ਦੁਰਾਨੀ ਅਜੇ ਲਾਹੌਰ ਕੁਝ ਦਿਨ ਹੋਰ ਅਟਕੇਗਾ। ਉਹਨਾਂ ਦਾ ਖ਼ਿਆਲ ਸੀ ਕਿ ਜਦੋਂ ਵੀ ਦੁਰਾਨੀ ਟੁਰਿਆ ਤਾਂ ਜ਼ਰੂਰ ਉਹਨਾਂ ਨੂੰ ਆਪਣੇ ਆਪ ਹੀ ਸੋ ਪੁਜ ਜਾਏਗੀ।

ਇਉਂ ਖ਼ਬਰ-ਸੋ ਇਕੱਤਰ ਕਰਨ ਦੀ ਅਨਗਹਿਲੀ ਨੇ ਖ਼ਾਲਸੇ ਨੂੰ ਨੀਵਾਂ ਵਿਖਾਇਆ। ਅੱਜ ਪਹਿਲੀ ਵਾਰ ਨਹੀਂ ਖ਼ਾਲਸੇ ਨਾਲ ਅਗੇ ਵੀ ਕਈ ਵਾਰ ਇਸੇ ਤਰ੍ਹਾਂ ਹੋਇਆ ਸੀ। ਆਪ ਗੁਰੂ ਗੋਬਿੰਦ ਸਿੰਘ ਜੀ ਤੇ ਬੰਦਾ ਸਿੰਘ ਬਹਾਦਰ ਦੀ ਸੈਨਿਕ ਪ੍ਰਤਿਭਾ ਵਿਚ ਇਹੋ ਘਾਟ ਸੀ ਤੇ ਇਹ ਘਾਟ ਸਦਾ ਤਕ ਸਿਖ ਸੈਨਾਪਤੀਆਂ ਵਿਚ ਰਹੀ।

ਬੇਸ਼ਕ ਉਕਾਬ ਦੀ ਤੇਜ਼ੀ ਵਾਂਗ ਅਹਿਮਦ ਸ਼ਾਹ ਦੁਰਾਨੀ, ਖ਼ਾਲਸਾ ਦਲ ਉੱਤੇ ਆ ਪਿਆ ਤੇ ਉਹਨੇ ਇਹੋ ਜਿਹੀ ਕਟਾ ਵਢ ਸ਼ੁਰੂ ਕੀਤੀ ਕਿ ਜਿਹੋ ਜਿਹੀ ਉਹ ਵਰ੍ਹਿਆਂ ਵਰ੍ਹੇ ਪਹਿਲੇ ਮਧ ਏਸ਼ੀਆ ਦੇ ਮੈਦਾਨਾਂ ਤੇ ਵਾਦੀਆਂ ਵਿਚ ਕਰਿਆ ਕਰਦਾ ਸੀ। ਅੱਜ ਉਸਦਾ ਖ਼ੂਨ ਫਿਰ ਜੁਆਨ ਸੀ। ਅਜ ਉਹਦੇ ਇਰਾਦੇ ਫਿਰ ਜੁਆਨ ਸਨ। ਅੱਜ ਦੁਰਾਨੀ ਵਿਚ ਪਹਿਲੇ ਜਿਹਾ ਹੀ ਜ਼ੋਰ ਤੇ ਤੇਜ਼ੀ ਸੀ। ਉਹਦੀ ਬਾਹਾਂ ਦੀ ਫ਼ੁਰਤੀ ਹੈਰਾਨੀ ਜਨਕ। ਉਹਦਾ ਅਗੇ ਵਧ ਵਧ ਕੇ ਲੜਨਾ ਬੇਮਿਸਾਲ।

ਗ਼ੌਸ ਅਹਿਮਦ ਨੇ ਅਨੇਕ ਵਾਰ ਕਿਹਾ, "ਜਹਾਂਪਨਾਹ! ਇਹ ਕੰਮ ਸਾਡਾ ਹੈ। ਸਾਡੇ ਉੱਤੇ ਹੀ ਰਹਿਣ ਦਿਓ। ਅਸੀਂ ਇਹਨਾਂ ਸਿਖਾਂ ਵਾਸਤੇ ਕਾਫ਼ੀ ਹਾਂ।" ਪਰ ਅਹਿਮਦ ਸ਼ਾਹ ਆਖੇ;

"ਮੈਂ ਜਾਣਦਾ ਹਾਂ ਕਿ ਮੇਰੇ ਤੋਂ ਬਗੈਰ ਕੋਈ ਇਸ ਦੁਸ਼ਮਣ ਨੂੰ ਕਾਬੂ ਨਹੀਂ ਕਰ ਸਕਦਾ। ਮੈਂ ਆਪਣੇ ਸੈਨਾਪਤੀਆਂ ਨੂੰ ਅਜ਼ਮਾ ਕੇ ਵੇਖਿਆ ਹੈ। ਸਿਰਫ਼ ਮੈਂ ਹੀ ਇਹਨਾਂ ਕੋਲੋਂ ਪੂਰਾ ਬਦਲਾ ਲੈ ਸਕਦਾ ਹਾਂ। ਅੱਜ ਮੈਂ ਸਦਾ ਸਦਾ ਵਾਸਤੇ ਇਹਨਾਂ ਕਾਫ਼ਰਾਂ ਨੂੰ ਮੁਕਾ ਕੇ ਆਪਣੀ ਪਿਆਸ ਬੁਝਾਣੀ ਹੈ, ਆਪਣੀ ਰੂਹ ਸ਼ਾਂਤ ਕਰਨੀ ਹੈ।"

Scanned by CamScanner

ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸੁਕਰਚਕੀਆਂ ਤੇ ਸਰਦਾਰ ਸ਼ਾਮ ਸਿੰਘ ਕਰੋੜ ਸਿੰਘੀਆ ਤੇ ਇਕ ਭੰਗੀ ਸਰਦਾਰ ਚਾਰੇ ਇਕੱਠੇ ਹੋਏ, ਕੀ ਕੀਤਾ ਜਾਏ ? ਉਹਨਾਂ ਇਕ ਦੂਜੇ ਕੋਲੋਂ ਪੁਛਿਆ।

"ਜੇ ਦੇੜੀਏ ਤਾਂ ਵੀ ਬਚਣਾ ਮੁਸ਼ਕਲ ਹੈ ਤੇ ਜੇ ਲੜੀਏ ਤਾਂ ਵੀ ਮੁਕਾਬਲਾ ਸੌਖਾ ਨਹੀਂ" ਸਰਦਾਰ ਸੁਕਰਚਕੀਏ ਨੇ ਕਿਹਾ। "ਮੈਂ ਤਾਂ ਆਖਦਾ ਹਾਂ ਕਿ ਪਈ ਨੂੰ ਸਹੀਏ। ਜੰਮ ਕੇ ਲੜੀਏ। ਹੋਏਗੀ ਵੇਖੀ ਜਾਏਗੀ। ਗੁਰੂ ਭਲੀ ਕਰੇਗਾ।" ਕਰੋੜ ਸਿੰਘੀਏ ਸਰਦਾਰ ਦੀ ਰਾਏ ਸੀ।

"ਮੈਂ ਕਹਿੰਦਾ ਹਾਂ ਭਾਹ ਨਾ ਦੇਈਏ ? ਅਗੇ ਵੀ ਕਈ ਵਾਰ ਅਸੀਂ ਇਉਂ ਦੁਰਾਨੀ ਨੂੰ ਜਿੱਚ ਕੀਤਾ ਹੈ।" ਭੰਗੀ ਸਰਦਾਰ ਦਾ ਖ਼ਿਆਲ ਸੀ। ਪਰ ਸਰਦਾਰ ਜੱਸਾ ਸਿੰਘ ਨੇ ਫ਼ੈਸਲਾ ਕੀਤਾ : "ਨਹੀਂ ਮਿਤ੍ਰੋ ! ਇਉਂ ਗਲ ਨਹੀਂ ਬਣਨੀ। ਅੱਜ ਵਾਂਗ ਸਾਨੂੰ ਦੁਰਾਨੀ ਨੇ ਪਹਿਲੇ ਕਦੀ ਪਰੇਸ਼ਾਨ ਨਹੀਂ ਕੀਤਾ। ਅਸੀਂ ਖ਼ਬਰ ਸੁੱ ਦੀ ਅਣਹੋਂਦ ਕਰ ਕੇ ਫੜੇ ਗਏ ਹਾਂ। ਨਾ ਹੀ ਜੰਮ ਕੇ ਲੜ ਸਕਦੇ ਹਾਂ, ਨਾ ਹੀ ਦੇੜਕੇ ਬਚ ਸਕਦੇ ਹਾਂ। ਅੱਜ ਸਾਨੂੰ ਨਵਾਂ ਤਰੀਕਾ ਅਪਨਾਉਣਾ ਪਵੇਗਾ। ਅਸੀਂ ਲੜਾਂਗੇ ਵੀ ਤੇ ਹੌਲੀ ਹੌਲੀ ਪਿਛੇ ਵੀ ਹਟਦੇ ਜਾਵਾਂਗੇ। ਸਰਦਾਰ ਚੜ੍ਹਤ ਸਿੰਘ ਟੱਬਰਾਂ ਤੇ ਬੱਚਿਆਂ ਨੂੰ ਦਲ ਦੇ ਵਿਸ਼ਵਾਸ ਰਖ ਕੇ ਉਹਨਾਂ ਦੀ ਸੰਭਾਲ ਕਰੇ। ਬਾਕੀ ਦੋਵੇਂ ਸਰਦਾਰ ਸੱਜਾ ਤੇ ਖੱਬਾ ਪਾਸਾ ਸੰਭਾਲਣ। ਮੈਂ ਘੁੰਮਦਾ ਫਿਰਦਾ ਸਾਰੀ ਲੜਾਈ ਵਾਚਾਂਗਾ।"

ਤੇ ਇਓਂ ਪੰਜ ਫਰਵਰੀ ਵਾਲੇ ਦਿਨ ਲੜਾਈ ਜ਼ਾਰੀ ਰਹੀ। ਅਹਿਮਦ ਸ਼ਾਹ ਦੁਰਾਨੀ ਖੁਸ਼, ਸ਼ਾਇਦ ਆਪਣੀ ਜ਼ਿੰਦਗੀ ਵਿਚ ਉਹ ਪਹਿਲੇ ਕਦੀ ਵੀ ਐਨਾ ਖੁਸ਼ ਨਹੀਂ ਸੀ ਹੋਇਆ। ਪਾਰ ਸਾਲ ਇਹਨਾਂ ਹੀ ਦਿਨਾਂ ਵਿਚ ਪਾਈ ਪਾਣੀਪਤ ਦੀ ਜਿੱਤ ਨੇ ਵੀ ਉਹਨੂੰ ਐਨਾ ਖੁਸ਼ ਨਹੀਂ ਸੀ ਕੀਤਾ। ਅੱਜ ਦੁਰਾਨੀ ਨੇ ਆਪਣੀ ਵਰ੍ਹਿਆਂ ਵਰ੍ਹਿਆਂ ਦੀ ਭੁਖ ਮਿਟਾਈ। ਅੱਜ ਉਸਦੀ ਰੂਹ ਸੰਤੁਸ਼ਟ ਹੋਈ।

ਸਿੱਖ ਸਰਦਾਰਾਂ ਨੇ ਵੀ ਅਜ ਸਾਰਾ ਦਿਨ ਪਾਣੀ ਮੂੰਹ ਨਾ ਲਾਇਆ। ਸਿੱਖ ਸੈਨਾ ਵੀ ਅਜ ਜਾਨ ਮਾਰ ਕੇ ਲੜੀ ਪਰ ਮੈਦਾਨ ਦੁਰਾਨੀ ਦੇ ਹੱਥ ਰਿਹਾ। ਇਕ ਵਾਰ ਜਦੋਂ ਕਿਸੇ ਸੈਨਾ ਨੂੰ ਅਭੇਦਿਤ ਫੜ ਲਿਆ ਜਾਏ ਤਾਂ ਉਹਦੇ ਵਾਸਤੇ ਮੁੜ ਕੇ ਸ਼ਾਵਾਂ ਤੋੜ ਗੁੰਹਿਣ ਕਰਨਾ ਬੜਾ ਮੁਸ਼ਕਲ ਹੁੰਦਾ ਹੈ। ਅਜ ਸਿਖ ਫੜੇ ਗਏ ਸਨ ਤੇ ਬਚਣਾ ਅਨਹੋਣਾ ਸੀ। ਜਦੋਂ ਸ਼ਾਮ ਨੂੰ ਲੜਾਈ ਮੁੱਕੀ ਤਾਂ ਘਟੋ ਘਟ ਬਾਰ੍ਹਾਂ ਹਜ਼ਾਰ ਸਿਖਾਂ ਦੀਆਂ ਲੋਥਾਂ ਮੈਦਾਨੇ ਜੰਗ ਵਿਚ ਗਿਣੀਆਂ ਜਾ ਸਕਦੀਆਂ ਸਨ। ਇਹਨਾਂ ਬਾਰ੍ਹਾਂ ਹਜ਼ਾਰ ਸ਼ਹੀਦਾਂ ਵਿਚ ਦੋ ਸਕੇ ਭਰਾ ਵੀ ਸ਼ਹੀਦ ਹੋਏ, ਜਿਨ੍ਹਾਂ ਦੇ ਨਾਂ ਸਨ ਬਹਾਦਰ ਸਿੰਘ ਮਾਹਿਲ ਤੇ ਗੁਰਬਖ਼ਸ਼ ਸਿੰਘ ਮਾਹਿਲ।

੬੬

ਪਿਛਲੇ ਤੇਈ ਸਾਲਾਂ ਅੰਦਰ ਜਾਂਬਾਜ਼ ਦੇ ਟੱਬਰ ਵਿਚ ਕਿਸੇ ਨੈ ਸ਼ਹੀਦੀ ਨਹੀਂ ਸੀ ਪਾਈ।

੧੭੬੯ ਵਿਚ ਦੁਰਾਨੀ ਦੇ ਪਹਿਲੇ-ਹੱਲੇ ਵੇਲੇ ਯੁਵਕ ਅਨੰਦ ਸਿੰਘ ਸ਼ਹੀਦ ਹੋਇਆ ਸੀ ਤੇ ਸੁਬੇਗ ਸਿੰਘ ਸਦਾ ਵਾਸਤੇ ਨਕਾਰਾ। ਉਸ ਤੋਂ ਪਿਛੋਂ ਲੜਾਈਆਂ ਤੇ ਅਨੇਕ ਲੜੀਆਂ ਗਈਆਂ, ਪਰ ਕੋਈ ਮੋਤ ਨਾ ਹੋਈ। ਮਰਦਾ ਵੀ ਕੌਣ ? ਘਰ ਵਿਚ ਰਹਿ ਹੀ ਕਿਹੜਾ ਗਿਆ ਸੀ ? ਸੁਬੇਗ ਸਿੰਘ ਕਿਤੇ ਨਿਕਲਣ ਜੋਗਾ ਨਹੀਂ ਸੀ ਤੇ ਉਹਦੇ ਪੰਜਾਂ ਪੁਤਰਾਂ ਵਿਚੋਂ ਕੁਝ ਤਾਂ ਅਜੇ ਜੰਮੇ ਹੀ ਨਹੀਂ ਸਨ ਤੇ ਜਿਹੜੇ ਸਨ ਉਹ ਅਜੇ ਬਹੁਤ ਛੋਟੇ ਸਨ।

Scanned by CamScanner

ਪਰ ਜਿਉਂ ਹੀ ਇਹ ਬਾਲਕ ਘੋੜੇ ਉੱਤੇ ਬੈਠਣ ਜੋਗੇ ਹੁੰਦੇ ਲੜਾਈਆਂ ਲੜਨ ਵਾਸਤੇ ਘਰੋਂ ਉਠ ਤੁਰਦੇ। ਮੀਰ ਮੰਨੂ ਦੇ ਜ਼ੁਲਮ ਰਾਜ ਵੇਲੇ ਪਹਿਲੀ ਵਾਰ ਬਹਾਦਰ ਸਿੰਘ ਜਾਂਬਾਜ਼ ਨਾਲ ਕਮਰ-ਕੱਸੇ ਕੱਸ ਕੇ ਆਇਆ ਸੀ, ਉਸ ਤੋਂ ਪਿਛੋਂ ਬਹਾਦਰ ਸਿੰਘ ਆਪ ਮੁਹਿੰਮਾਂ ਉੱਤੇ ਚੜ੍ਹਨ ਲਗਾ। ਫਿਰ ਗੁਰਬਖਸ਼ ਦੇ ਵਡੇ ਹੋਣ ਉੱਤੇ ਉਹ ਵੀ ਲੜਾਈ ਲਈ ਜ਼ਿੱਦ ਕਰਨ ਲਗਾ। ਸੋ ਜਾਂਬਾਜ਼ ਕਦੀ ਇਕ ਨੂੰ, ਕਦੀ ਦੂਜੇ ਨੂੰ ਨਾਲ ਲੈ ਜਾਂਦਾ। ਏਸੇ ਤਰ੍ਹਾਂ ਹੀ ਅੱਜ ਤਕ ਹੋ ਰਿਹਾ ਸੀ। ਮਿਹਰ ਸਿੰਘ ਆਪਣੇ ਬਾਬੇ ਨਾਲ ਗੋਇੰਦਵਾਲੇ ਦੀ ਲੜਾਈ ਵਿਚ ਸ਼ਾਮਿਲ ਹੋਇਆ ਤੇ ਪੰਜ ਕੁ ਸਾਲਾਂ ਦਾ ਦਲੇਰ ਸਿੰਘ ਕੁਜਰਾਂਵਾਲੇ ਦੀ ਜਿੱਤ ਵਿਚ।

ਇਹ ਇਸ ਟੱਬਰ ਵਿਚ ਪਹਿਲੀ ਵਾਰ ਸੀ ਕਿ ਪੰਜ ਸਾਲਾਂ ਦਾ ਯੁਵਕ ਲੜਾਈ ਵਿਚ ਸ਼ਾਮਿਲ ਹੋਵੇ। ਹੋਰਨਾਂ ਟੱਬਰਾਂ ਵਿਚੋਂ ਵੀ ਬਹੁਤਾ ਕਰ ਕੇ ਦਸਾਂ ਬਾਰਾਂ ਸਾਲਾਂ ਦੇ ਮੁੰਡੇ ਹੀ ਲੜਨ ਭਿੜਨ ਆਇਆ ਕਰਦੇ ਸਨ। ਪਰ ਜਾਂਬਾਜ਼ ਦੀ ਤੇ ਦਲੇਰ ਸਿੰਘ ਦੀ ਗੱਲ ਹੋਰ ਸੀ। ਦੋਹਾਂ ਵਿਚ ਮਿਤ੍ਰਾਂ ਵਰਗੀ ਸਾਂਝ ਸੀ। ਦੱਵੇਂ ਇਕ ਦੂਜੇ ਦੇ ਬੜਾ ਨੇੜੇ ਸੁਨ੍ਹ।

ਤੇ ਫਿਰ ਸਮੇਂ ਵੀ ਤਾਂ ਬਦਲ ਗਏ ਸਨ ਨਾ ? ਹੁਣ ਸਿਖਾਂ ਵਾਸਤੇ ਇਹ ਮੁਹਿੰਮਾਂ ਪਹਿਲੇ ਜਿਹੀਆਂ ਖ਼ਤਰਨਾਕ ਨਹੀਂ ਸਨ ਰਹੀਆਂ। ਹੁਣ ਖ਼ਾਲਸਾ ਜਿਸ ਸ਼ੈ ਨੂੰ ਹੱਥ ਲਾਂਦਾ ਉਹੋ ਸੋਨਾ ਬਣਦੀ। ਹੁਣ ਪੰਜਾਬ ਦੀ ਆਮ ਜਨਤਾ ਖ਼ਾਲਸੇ ਦੀ ਤਾਕਤ ਨੂੰ ਮੰਨਦੀ। ਹੁਣ ਉਹਨਾਂ ਦੇ ਬਰਖਿਲਾਫ਼ ਹਰ ਕੋਈ ਮੁਗ਼ਲਾਂ ਜਾਂ ਪਠਾਣਾਂ ਦੀ ਸਹਾਇਤਾ ਕਰਨੋਂ ਡਰਦਾ ਸੀ।

ਕਦੀ ਪੱਖੋਂ ਇਸ ਸਮੇਂ ਦੀਆਂ ਮੁਹਿੰਮਾਂ ਖ਼ਾਲਸੇ ਵਾਸਤੇ ਇਕ ਤਰ੍ਹਾਂ ਦਾ ਜੋੜ ਮੇਲ ਜਾਂ ਤਮਾਸ਼ਾ ਹੀ ਹੋਇਆ ਕਰਦੀਆਂ ਸਨ। ਆਮ ਉਹ ਆਪਣੇ ਦੁਸ਼ਮਣ ਨਾਲੋਂ ਭਾਰੇ ਹੁੰਦੇ ਸਨ ਤੇ ਜਦੋਂ ਕਦੀ ਦੁਸ਼ਮਣ ਭਾਰਾ ਹੁੰਦਾ ਤਾਂ ਉਹ ਲੜਾਈ ਬੰਦ ਕਰਕੇ ਕਿਸੇ ਜੂਹ ਜਾਂ ਕਿਸੇ ਪਿੰਡ ਜਾਂ ਕਿਸੇ ਪਾਸੇ ਬਿਨਾਂ ਕਿਸੇ ਅੜਚਣ ਦੇ ਖਿਸਕ ਜਾਂਦੇ। ਜਦੋਂ ਆਪਣਾ ਪੱਲਾ ਭਾਰਾ ਕਰ ਲਿਆ ਤਾਂ ਫਿਰ ਨਿਕਲ ਆਏ।

ਇਹ ਵੀ ਇਕ ਕਾਰਨ ਸੀ ਕਿ ਸਿਖ ਬਾਲਕ ਬਾਹਰ ਮੁਹਿੰਮਾਂ ਉੱਤੇ ਆਉਣ ਲਗੇ ਸਨ। ਉਹਨਾਂ ਵਾਸਤੇ ਲੜਾਈ ਇਕ ਤਮਾਸ਼ਾ ਸੀ। ਇਹਨਾਂ ਸਿਖ ਬਾਲਕਾ ਨੂੰ ਮੌਤ ਨਹੀਂ ਸੀ ਡਰਾਂਦੀ ਤੇ ਖ਼ੂਨ ਦਾ ਖ਼ਤਰਾ ਕੋਈ ਨਹੀਂ ਸੀ। ਜੰਮਦਿਆਂ ਹੀ ਉਹ ਲੜਾਈਆਂ, ਮੌਤਾਂ ਤੇ ਖ਼ੂਨ ਦੀਆਂ ਗੱਲਾਂ ਸੁਣਦੇ ਆਉਂਦੇ ਤੇ ਪੰਜਾਂ ਸਾਲਾਂ ਦੀ ਆਯੂ ਤਕ ਪਹੁੰਚਦੇ ਮੁਗ਼ਲਾਂ ਜਾਂ ਪਠਾਣਾਂ ਵਾਸਤੇ ਨਫ਼ਰਤ ਉਹਨਾਂ ਦੀ ਨਸ ਨਸ ਵਿਚ ਰਚ ਜਾਂਦੀ। ਉਹਨਾਂ ਦਿਨਾਂ ਦੇ ਬਾਲਕ ਖਿਡੌਣਿਆਂ ਨਾਲ ਨਹੀਂ, ਤਲਵਾਰਾਂ ਨਾਲ ਖੇਡਦੇ ਸਨ।

ਇਉਂ ਪਿਛਲੇ ਦਸ ਸਾਲ ਤੋਂ ਇਸ ਮਾਹਿਲ ਟੱਬਰ ਦੇ ਯੁਵਕ ਪੁੱਤਰ ਕਦੀ ਘਰ ਰਹਿੰਦੇ ਕਦੀ ਲੜਾਈ ਲੜਨ ਜਾਂਦੇ। ਇਸ ਸਾਰੇ ਟੱਬਰ ਵਿਚ ਵੀ ਸਾਰੀ ਸਿਖ ਜਨਤਾ ਵਾਂਗ ਇਕ ਤਰ੍ਹਾਂ ਦਾ ਸੈ-ਵਿਸ਼ਵਾਸ ਉਤਪੰਨ ਹੋ ਗਿਆ ਸੀ। ਇਹ ਟੱਬਰ ਵੀ ਸਮਝਦਾ ਕਿ ਹੁਣ ਸਿਖ ਪੰਥ ਦੀ ਵਿਜੈ ਹੋਣ ਹੀ ਵਾਲੀ ਹੈ ਕਿ ਹੁਣ ਤੋਂ ਸਭ ਦੁਖ ਤੇ ਤਕਲੀਫ਼ਾਂ ਮੁਕ ਗਈਆਂ ਹਨ।

ਬੁਦਾ ਮੱਲ, ਸ਼ਾਹਬਾਜ਼, ਕਾਲੂ, ਗੁਰਦਾਸ ਤੇ ਅਨੰਦ ਦੀਆਂ ਸ਼ਹਾਦੀਆਂ ਹੁਣ ਪੁਰਾਣੀਆਂ ਬਾਤਾਂ ਲਗਦੀਆਂ ਸਨ। ਇਸ ਟੱਬਰ ਦੇ ਬਹੁਤੇ ਆਦਮੀਆਂ ਵਾਸਤੇ ਇਹਨਾਂ ਮੌਤਾਂ ਦੀ ਘੋਰ ਪੀੜ ਚੁਣੀ ਜਾ ਚੁਕੀ ਸੀ। ਸ਼ਾਇਦ ਇਹ ਟੱਬਰ ਮੌਤ ਨੂੰ ਭੁਲ ਹੀ ਗਿਆ ਸੀ।

ਤੇ ਇਹਨਾਂ ਹਾਲਾਤਾਂ ਵਿਚ ਸੋ ਆਈ ਬਹਾਦਰ ਸਿੰਘ ਤੇ ਗੁਰਬਖਸ਼ ਸਿੰਘ ਦੀ ਮੌਤ ਦੀ। ਜਾਂਬਾਜ਼ ਕੁੱਪ ਦੀ ਲੜਾਈ ਵਿਚ ਸ਼ਾਮਿਲ ਨਹੀਂ ਸੀ ਹੋਇਆ। ਕੁੱਪ ਵਿਚ ਜੁੜਿਆ ਸਿਖਾਂ ਦਾ ਦਲ ਦੁਰਾਨੀ ਨਾਲ ਲੜਾਈ ਕਰਨ ਵਾਸਤੇ ਨਹੀਂ ਸੀ ਜੁੜਿਆ, ਨਹੀਂ ਤਾਂ ਜਾਂਬਾਜ਼ ਕੌਦੀ ਟਲਣ ਵਾਲਾ ਸੀ ? ਇਹ ਦਲ ਪੰਜਾਬ ਵਿਚ ਉਦੋਂ ਆਪਣੇ ਨਿਤ-ਕਰਮ ਰੌਂਡ ਕਰ ਰਿਹਾ ਸੀ। ਇਹ ਦਲ ਕਦੀ ਕਿਥੇ ਕਦੀ ਕਿਥੇ। ਜਿਥੇ ਕਿਸੇ ਹਿੰਦੂ ਸਿਖ ਨੂੰ ਤਕਲੀਫ਼ ਸੁਣੀ ਇਹ ਓਥੇ ਪਹੁੰਚ ਜਾਂਦਾ। ਜਿਥੇ ਕਿਤੇ ਸੂਬੇਦਾਰ ਜਾਂ ਹਾਕਮ ਨੇ ਵਧੀਕੀ ਕੀਤੀ ਇਹ ਓਥੇ ਵੀ ਜਾ ਪਹੁੰਚਦਾ। ਜਦੋਂ ਪੈਸੇ ਦੀ ਅਧਿਕ ਲੋੜ ਮਹਿਸੂਸ ਹੁੰਦੀ ਤਾਂ ਸਰਹਿੰਦ ਵਰਗੇ ਕਿਸੇ ਰੱਜਵੇਂ ਸੂਬੇਦਾਰ ਨੂੰ ਜਾ ਲੈਂਦੇ। ਅੰਤਕੀ ਇਕ ਤਾਂ ਉਹ ਜਰਨੈਲੀ ਸੜਕ ਦੇ ਨੇੜੇ ਵਸਦੇ ਟੱਬਰਾਂ ਨੂੰ ਦੁਰਾਨੀ ਦੀ ਜ਼ੱਦ ਤੋਂ ਦੂਰ ਲੈ ਜਾ ਰਹੇ ਸੰਨ ਤੇ ਦੂਜਾ ਸਰਦਾਰ ਦਿਆਲ ਸਿੰਘ ਬਰਾੜ ਦੀ ਮੌਤ ਦਾ ਬਦਲਾ ਲੈਣ ਜਾ ਰਹੇ ਸਨ। ਸਰਹਿੰਦ ਦੇ ਸੂਬੇਦਾਰ ਜ਼ੈਲ ਖ਼ਾਨ ਨੇ ਸਰਦਾਰ ਦਿਆਲ ਸਿੰਘ ਬਰਾੜ ਨੂੰ ਬੁਰੀ ਤਰ੍ਹਾਂ ਤੁਸ਼ੀਹੇ ਦੇ ਦੇ ਕੇ ਮਾਰਿਆ ਸੀ।

Scanned by CamScanner

ਜਾਂਬਾਜ਼ ਘਰ ਸੀ। ਕੁਝ ਚਿਰ ਪਹਿਲੇ ਉਹ ਘਰ ਆਇਆ ਸੀ ਤੇ ਇਕ ਥਕਾਵਟ ਕਰ ਕੇ ਤੇ ਇਕ ਸ਼ੌਂਕੀ ਦੇ ਮੋਹ ਦਾ ਖਿਚਿਆ ਉਹ ਕੁਝ ਦਿਨ ਘਰ ਹੀ ਟਿਕਿਆ ਰਿਹਾ ਸੀ। ਪਰ ਬਹਾਦਰ ਤੇ ਗੁਰਬਖ਼ਸ਼ ਆਪਣੇ ਆਪਣੇ ਸਰਦਾਰਾਂ ਦੇ ਨਾਲ ਸਨ ਤੇ ਇਉਂ ਉਹ ਦੋਵੇਂ ਕੂੰਪ ਵਿਚ ਦੁਰਾਨੀ ਨਾਲ ਲੜਦੇ ਮਾਰੇ ਗਏ। ਉਹਨਾਂ ਦੀ ਮੌਤ ਦੀ ਖ਼ਬਰ ਇਕ ਝੰਡਾ ਸਿੰਘ ਛਤਹਗੜ੍ਹ ਨਿਵਾਸੀ ਹੀ ਲਿਆਇਆ ਸੀ। ਉਸ ਦਸਿਆ:

"ਬਾਬਾ ਬਹਾਦਰ ਸਿੰਘ ਨੇ ਉਹ ਬਹਾਦਰੀ ਵਿਖਾਈ ਕਿ ਮੈਂ ਕੀ ਦਸਾਂ ? ਜਦੋਂ ਸਾਡਾ ਮਜ਼ਬੂਤ ਘੇਰਾ ਤੋੜ ਕੇ ਦੁਰਾਨੀ ਸਾਡੀਆਂ ਇਸਤਰੀਆਂ ਤੇ ਬੱਚਿਆਂ ਉੱਤੇ ਆ ਪਏ ਤਾਂ ਬਹਾਦਰ ਇਕ ਢਾਲ ਵਾਂਗ ਦੁਸ਼ਮਣ ਅਗੇ ਅੜ ਗਿਆ। ਉਹਨੂੰ ਇਕ ਨਹੀਂ ਹਜ਼ਾਰ ਜ਼ਖਮ ਆਏ ਹੋਣਗੇ, ਪਰ ਉਹ ਸ਼ੇਰ ਦਾ ਪੁੱਤਰ ਇਕ ਪਲ ਲਈ ਵੀ ਰੁਕਿਆ ਨਹੀਂ।"

ਝੰਡਾ ਸਿੰਘ ਦੀਆਂ ਅੱਖਾਂ ਸਾਹਮਣੇ ਜਿਵੇਂ ਉਸ ਵੇਲੇ ਦਾ ਨਜ਼ਾਰਾ ਆ ਗਿਆ ਹੋਵੇ। ਉਹ ਗੱਲਾਂ ਕਰਦਾ ਕਰਦਾ ਰੁਕ ਗਿਆ। ਫਿਰ ਉਹਦੀਆਂ ਅੱਖਾਂ ਵਿਚ ਅਥਰੂ ਛਲਕ ਆਏ ਤੇ ਉਸ ਰੋਂਦਿਆਂ ਰੋਂਦਿਆਂ ਕਿਹਾ:

"ਬਾਬਾ ! ਮੈਂ ਵੀ ਉਹਦੇ ਨਾਲ ਹੀ ਲੜ ਰਿਹਾ ਸਾ। ਮੈਨੂੰ ਵੀ ਕੋਈ ਡਰ ਨਹੀਂ ਸੀ, ਪਰ ਰੱਬ ਜਾਣੇ ਕਿਉਂ ਮੈਨੂੰ ਦੁਸ਼ਮਣ ਦੀਆਂ ਤਲਵਾਰਾਂ ਲਗਣ ਨਾ। ਮੈਂ ਸ਼ਹੀਦ ਹੋਣਾ ਚਾਹੁੰਦਾ ਸਾਂ, ਪਰ ਮੈਨੂੰ ਸਮਝ ਨਾ ਆਏ ਮੈਂ ਕਿਵੇਂ ਕੂਹ ਬਾਜਾਂ ਵਾਲੇ ਤੋਂ ਜਾਨ ਘੁਮਾਵਾਂ। ਜਿਥੇ ਬਹਾਦਰ ਸਿੰਘ ਲੜਦਾ ਹੋਵੇ ਮੈਂ ਉਥੇ ਹੀ ਪਹੁੰਚ ਜਾਵਾਂ ਤੇ ਉਹਨੂੰ ਆਖਾਂ ਕਿ ਉਹ ਹੁਣ ਬਸ ਕਰੇ। ਪਰ ਬਹਾਦਰ...ਬਹਾਦਰ ਮੈਨੂੰ ਕਹੇ, 'ਦੁਰਾਨੀ ਇਹ ਨਾ ਕਹਿਣ ਕਿ ਉਹਨਾਂ ਨੂੰ ਅੱਜ ਦੀ ਜਿਤ ਸੋਖੀ ਹੀ ਮਿਲ ਗਈ ਹੈ।'

"ਬਾਬਾ, ਜਦੋਂ ਉਹ ਜ਼ਮੀਨ ਉੱਤੇ ਡਿਗਿਆ ਤਾਂ ਵੀ ਮੈਂ ਉਹਦੇ ਕੋਲ ਸੀ। ਉਹਦੇ ਆਖ਼ਰੀ ਸ਼ਬਦ ਸਨ, 'ਧੰਨ ਸਿੱਖੀ। ਤੇ ਇਹੋ ਸ਼ਬਦ ਸਰਦਾਰ ਚੜ੍ਹਤ ਸਿੰਘ ਨੇ ਮੈਨੂੰ ਤੁਹਾਡੇ ਵਾਸਤੇ ਭੇਜੇ ਹਨ। ਉਸ ਕਿਹਾ ਹੈ, ਬਾਬਾ ਜਾਂਬਾਜ਼, ਮਾਤਾ ਸ਼ੁਭਵੰਤ, ਵੀਰ ਸੁਬੇਗ ਤੇ ਬਾਕੀ ਸਾਰਿਆਂ ਨੂੰ ਕਹੀਂ ਕਿ ਤੁਹਾਡਾ ਬਹਾਦਰ ਪੁੱਤਰ ਬਹਾਦਰ ਸਿੰਘ ਤੁਹਾਡੇ ਖ਼ਾਨਦਾਨ ਦੀ ਲਾਜ ਰਖਦਾ ਸ਼ਹੀਦ ਹੋਇਆ ਹੈ। ਉਸ ਵਿਚ ਉਹ ਲਹੂ ਸੀ ਕਿ ਜਿਸ ਡਰ ਨਹੀਂ ਸੀ ਜਾਣਿਆ, ਭੋ ਨਹੀਂ ਸੀ ਸਿਖਿਆ। ਮੈਨੂੰ ਅਫ਼ਸੋਸ ਹੈ ਕਿ ਬਹਾਦਰ ਟੁਰ ਗਿਆ। ਮੈਂ ਉਹਨੂੰ ਤੁਹਾਡੇ ਕੋਲੋਂ ਮੰਗ ਕੇ ਲਿਆ ਸੀ। ਮੈਂ ਤੁਹਾਡਾ ਦੇਣਦਾਰ ਹਾਂ। ਪਰ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਮੈਨੂੰ ਮੁਆਫ਼ ਕਰ ਦਿਓਗੇ। ਇਹਨਾਂ ਸ਼ਹੀਦੀਆਂ ਦੇ ਵਿਪ੍ਰੀਤ ਵੀ ਅਸੀਂ ਇਸ ਮਾਰਗ ਤੋਂ ਉਕ ਨਹੀਂ ਸਕਦੇ। ਧੰਨ ਸਿੱਖੀ, "ਧੰਨਿਅਨੁ ਤਿਖੀ ਵਾਲਹੁ ਨਿੱਕੀ ਏਤਿ ਮਾਰਗਿ ਜਾਣਾ।"

ਝੰਡਾ ਸਿੰਘ ਨੇ ਆਪਣੀ ਵਾਰਤਾ ਖ਼ਤਮ ਕੀਤੀ। ਉਹ ਕਹਿਣਾ ਤਾਂ ਸ਼ਾਇਦ ਹੋਰ ਵੀ ਬੜਾ ਕੁਝ ਚਾਹੁੰਦਾ ਹੋਵੇ ਪਰ ਉਹਦੇ ਅਥਰੂਆਂ ਨੇ ਉਹਨੂੰ ਆਤੁਰ ਕਰ ਦਿਤਾ। ਜਿੰਨਾ ਚਿਰ ਉਹ ਗੱਲਾਂ ਕਰਦਾ ਰਿਹਾ ਸੀ ਉਸਨੂੰ ਕਿਸੇ ਨੇ ਨਹੀਂ ਸੀ ਟੋਕਿਆ। ਕਿਸੇ ਨੇ ਕੋਈ ਸੁਆਲ ਨਹੀਂ ਸੀ ਪੁਛਿਆ। ਬੇਸ਼ਕ ਝੰਡਾ ਸਿੰਘ ਸੰਬੋਧਨ ਸਿਰਫ਼ ਬਾਬਾ ਜਾਂਬਾਜ਼ ਨੂੰ ਹੀ ਕਰ ਰਿਹਾ ਸੀ ਪਰ ਉਥੇ ਹਾਜ਼ਰ ਸਨ ਟੱਬਰ ਦੇ ਸਭ ਮੈਂਬਰ ਤੇ ਪਿੰਡ ਦੇ ਕਈ ਹੋਰ ਆਦਮੀ। ਦਲੇਰ ਸਿੰਘ ਜਾਂਬਾਜ਼ ਦੀ ਝੋਲੀ ਵਿਚ ਸੀ ਤੇ ਮਿਹਰ ਸਿੰਘ ਆਪਣੇ ਪਿਤਾ ਸੁਬੇਗ ਦੇ ਮੋਢੇ ਨਾਲ ਜੁੜਿਆ ਬੈਠਾ ਸੀ। ਦੀਪੋ ਵੀ ਆਪਣੇ ਆਦਮੀ ਹਰਪਾਲ ਨਾਲ ਇਹਨੀਂ ਦਿਨੀਂ ਏਥੇ ਸੀ। ਸੁਰਿੰਦਰ ਨੇ ਸ਼ੁਭਵੰਤ ਦਾ ਹੱਥ ਫੜਿਆ ਹੋਇਆ ਸੀ। ਜੇ ਕੋਈ ਘਰ ਨਹੀਂ ਸੀ ਤਾਂ ਉਹ ਸੀ ਹਰਨਾਮ ਸਿੰਘ।

ਝੰਡਾ ਸਿੰਘ ਗੱਲਾਂ ਕਰਦਾ ਗਿਆ ਸੀ ਤੇ ਜਾਂਬਾਜ਼ ਦਲੇਰ ਨੂੰ ਆਪਣੀ ਛਾਤੀ ਨਾਲ ਘੁਟਦਾ ਗਿਆ। ਸੁਬੇਗ ਮਿਹਰੂ ਦੀ ਛੋਹ ਨੂੰ ਵਧ ਤੀਬਰਤਾ ਨਾਲ ਮਹਿਸੂਸ ਕਰਦਾ ਗਿਆ। ਦੀਪੋ ਹਰਪਾਲ ਨੂੰ ਘੁਟਦੀ ਗਈ ਤੇ ਸ਼ੁਭਵੰਤ ਤੇ ਸੁਰਿੰਦਰ ਨੇ ਜਿਵੇਂ ਇਕ ਦੂਜੇ ਦੇ ਹੱਥਾਂ ਨੂੰ ਨਪੀੜ ਹੀ ਸੁਟਿਆ।

ਇਹ ਇਕ ਦੂਜੇ ਦੀ ਨੇੜਤਾ ਲਈ ਜਤਨ ਸਨ ਇਸ ਲਈ ਕਿ ਕਿਵੇਂ ਨਾ ਕਿਵੇਂ ਅਥਰੂ ਡੱਕੇ ਜਾ ਸਕਣ। ਧਰਮ ਉੱਤੇ ਕੁਰਬਾਨ ਹੋਏ ਪੁੱਤਰ ਜਾਂ ਭਰਾ ਵਾਸਤੇ ਰੋਣਾ ਸਿੱਖਾਂ ਨੂੰ ਸੋਭਦਾ ਨਹੀਂ ! ਝੰਡਾ ਸਿੰਘ ਰੋ ਰਿਹਾ ਸੀ ਕਿਉਂਕਿ ਉਹ ਸ਼ਹੀਦ ਹੋਣਾ ਚਾਹੁੰਦਾ ਸੀ ਤੇ ਹੋ ਨਾ ਸਕਿਆ। ਉਹਨੂੰ ਆਪਣੀ ਜਾਨ ਦੇ ਬਚਣ ਦੀ ਖੁਸ਼ੀ ਨਹੀਂ, ਦੁਖ ਸੀ।

ਝੰਡਾ ਖਿੰਘ ਨੇ ਵਾਰਤਾ ਖ਼ਤਮ ਕੀਤੀ ਤੇ ਕਿੰਨਾ ਚਿਰ ਚੁਪ ਵਰਤੀ ਰਹੀ। ਫਿਰ ਬਾਬਾ ਜਾਂਬਾਜ਼ ਨੇ ਕਿਹਾ, "ਧੰਨ ਸਿਖੀ ! ਧੰਨ ਸਿਖੀ !!"

Scanned by CamScanner

ਸਭ ਤੋਂ ਪਹਿਲੇ ਜਿਦ੍ਹਾ ਕੜ ਭੱਜਾ ਉਹ ਸੀ ਸੁਰਿੰਦਰ ਤੇ ਉਸ ਤੋਂ ਪਿਛੋਂ ਭੁੱਬਾਂ ਮਾਰ ਕੇ ਰੋਦੀ ਦਲੀਪ। ਸ਼ਾਇਦ ਭੈਣ ਦਾ ਪਿਆਰ ਕਦੀ ਵੀ ਦਲੀਲਾਂ ਦਾ ਆਸਰਾ ਲੈ ਕੇ ਵਿਰਲ ਨਹੀਂ ਸਕਦਾ ! ਸ਼ਾਇਦ ਭੈਣ ਵਾਸਤੇ ਵੀਰ ਦੀ ਮੌਤ ਉੱਤੇ ਰੱਬ ਧਰਮ ਦਾ ਪਿਆਰ ਤੇ ਸਿਖੀ ਦਾ ਸਿਦਕ ਵੀ ਬੰਦ ਨਹੀਂ ਕਰ ਸਕਦਾ ! ਸ਼ਾਇਦ ਭੈਣ ਦਾ ਵੀਰ ਵਾਸਤੇ ਮੋਹ ਸਭ ਮੋਹਾਂ ਤੋਂ ਵਧ ਮਾਨਵ ਹੈ। ਸੁਰਿੰਦਰ ਤੇ ਦਲੀਪ ਰੋ ਪਈਆਂ। ਸ਼ੁਭਵੰਤ ਨੇ ਸੁਰਿੰਦਰ ਨੂੰ ਚੁਪ ਕਰਾਇਆ: "ਨਾ ਰੋ ਬੱਚੀਏ। ਸਿਖ ਪੰਥ ਸ਼ਾਇਦ ਧੁਰੋਂ ਹੀ ਇਹ ਲੇਖ ਲਿਖਵਾ ਕੇ ਆਇਆ ਹੈ। ਸਾਨੂੰ ਸ਼ਾਇਦ ਸਦਾ ਹੀ ਜਰਵਾਣਿਆਂ ਦਾ ਸਾਹਮਣਾ ਕਰਨਾ ਪਵੇਗਾ।"

ਕੌਣ ਕਹਿ ਸਕਦਾ ਹੈ ਕਿ ਉਸ ਵੇਲੇ ਸ਼ੇਭੀ ਦੀਆਂ ਨਜ਼ਰਾਂ ਸਾਹਮਣੇ ਕਾਲੂ ਦੀ ਮੌਤ ਦਾ ਨਜ਼ਾਰਾ ਨਹੀਂ ਆ ਰਿਹਾ ਹੋਣਾ ? ਦੀਪੋ ਰੋਂਦੀ ਰੋਂਦੀ ਹਰਪਾਲ ਨੂੰ ਛਡ ਕੇ ਆਪਣੇ ਪਿਤਾ ਸੁਬੇਗ ਦੀ ਝੋਲੀ ਵਿਚ ਆ ਡਿਗੀ ਸੀ ਤੇ ਸੁਬੇਗ ਨੇ ਉਹਦੇ ਸਿਰ ਨੂੰ ਪਲੋਸਦਿਆਂ ਆਖਿਆ: ਨਾ ਰੋ ਮੇਰੀ ਬੱਚੀਏ। ਕਈ ਹੋਰ ਭੈਣਾਂ ਦੇ ਭਰਾ ਵੀ ਸ਼ਹੀਦ ਹੋਏ ਹੋਣਗੇ, ਮੇਰੀ ਦੀਪੀਏ ਕਈ ਪਿਤਾ...।

ਹਾਂ ਬੇਸ਼ਕ ਕਈ ਹੋਰ ਭੈਣਾਂ ਦੇ ਭਰਾ ਵੀ ਸ਼ਹੀਦ ਹੋਏ ਹੋਣਗੇ ਤੇ ਕਈ ਪਿਤਾਵਾਂ ਦੇ ਪੁੱਤਰ ਵੀ ਕੁਰਬਾਨ ਹੋਏ ਹੋਣਗੇ "ਪਰ ਕੀ ਉਹਨਾਂ ਭੈਣਾਂ ਭ ਪਿਤਾਵਾਂ ਨੂੰ ਦੁਖ ਨਹੀਂ ਹੋਇਆ ਹੋਣਾ ?" ਸੁਬੇਗ ਨੇ ਸੋਚਿਆ। ਸ਼ਾਇਦ ਕਈ ਹੋਰ ਟੱਬਰ ਉਹਨਾਂ ਨਾਲੋਂ ਵੀ ਵਧੇਰੇ ਸਿਦਕੀ ਤੇ ਸੱਚੇ ਹੋਣ ਪਰ ਹਰ ਹਾਲਤ ਵਿਚ ਸੁਬੇਗ ਆਪਣੇ ਨੈਣਾਂ ਵਿਚ ਸਿੰਮਦੇ ਅਥਰੂਆਂ ਨੂੰ ਰੋਕ ਨਾ ਸਕਿਆ

ਪਤਾ ਨਹੀਂ ਸੁਬੇਗ ਕਾਹਦੇ ਲਈ ਰੋਇਆ ਸੀ ? ਕੀ ਸਚੀਂ ਮੁਚੀਂ ਹੀ ਆਪਣੇ ਬਹਾਦਰ ਤੇ ਆਪਣੇ ਗੁਰਬਖਸ਼ ਵਾਸਤੇ ਜਾਂ ਸ਼ਾਇਦ ਇਹ ਖਿਆਲ ਕਰ ਕੇ ਉਹ ਅਜੇ ਤਕ ਕਿਉਂ ਜ਼ਿੰਦਾ ਹੈ, ਕਿ ਉਹ ਆਪ ਅਜੇ ਤਕ ਕਿਉਂ ਸ਼ਹੀਦ ਨਹੀਂ ਹੋ ਗਿਆ। ਸੁਬੇਗ ਸਿੰਘ ਬੋੜਾ ਕੀਤਿਆਂ ਰੋਣ ਵਾਲਾ ਆਦਮੀ ਨਹੀਂ ਸੀ। ਉਹਦੇ ਨੈਣਾਂ ਵਿਚ ਅਥਰੂ ਇਸ ਗੱਲ ਦੀ ਗਵਾਹੀ ਸਨ ਕਿ ਉਹਨੂੰ ਚਰੂਰ ਕਿਸੇ ਇਹੋ ਜਿਹੀ ਪੀੜ ਨੇ ਡੱਸਿਆ ਹੈ ਕਿ ਜਿਹੋ ਜਿਹੀ ਪੀੜ ਉਹਨੂੰ ਪਹਿਲੇ ਕਦੀ ਨਹੀਂ ਹੋਹੀ। ਫਿਰ ਇਕ ਜਿਵੇਂ ਆਪਣਾ ਇਰਾਦਾ ਪੱਕਾ ਕਰ ਕੇ ਸੁਬੇਗ ਨੇ ਆਪਣੇ ਕੁੜਤੇ ਦੇ ਪੱਲੇ ਨਾਲ ਆਪਣੇ ਅਥਰੂ ਪੂੰਝੇ ਤੇ ਦੀਪੋ ਨੂੰ ਫਿਰ ਦਿਲਾਸਾ ਦੇਂਦੇ ਹੋਏ ਉਸ ਆਖਿਆ:

"ਬਸ ਦੀਪੋ, ਜਦੋਂ ਅਸੀਂ ਇਸ ਮਾਰਗ ਉੱਤੇ ਟੁਰੇ ਹਾਂ ਤਾਂ ਫਿਰ ਗ਼ਮ ਕਿਹਾ। ਅਸੀਂ ਜਾਣਦੇ ਹਾਂ ਕਿ ਇਹ ਮਾਰਗ ਖੰਨਿਉਂ ਤਿੱਖਾ ਹੈ ਤੇ ਵਾਲਹੁ ਨਿੱਕਾ...।

ਸ਼ੇਭੀ ਨੇ ਗੁਰਬਖਸ਼ ਦੀ ਸ਼ਹੀਦੀ ਬਾਰੇ ਪੁਛਿਆ। ਪਰ ਉਸ ਬਾਰੇ ਝੰਡਾ ਸਿੰਘ ਕੁਝ ਨਹੀਂ ਸੀ ਜਾਣਦਾ। ਝੰਡਾ ਸਿੰਘ ਨੇ ਨਾ ਹੀ ਉਹਨੂੰ ਵੇਖਿਆ ਸੀ, ਨਾ ਹੀ ਉਹਦੀ ਲੋਥ ਨੂੰ। ਪਰ ਉਸ ਇਹ ਖ਼ਬਰ ਜ਼ਰੂਰ ਸੁਣੀ ਸੀ ਕਿ ਗੁਰਬਖਸ਼ ਸਿੰਘ ਸ਼ਹੀਦ ਅਵੱਸ਼ ਹੋ ਗਿਆ ਹੈ। ਇਕ ਨੇੜਲੇ ਪਿੰਡ ਚੱਕ ਸਰਾਏ ਦਾ ਤੀਰਥ ਸਿੰਘ ਸੁਣੀਂਦਾ ਸੀ ਜੋ ਗੁਰਬਖਸ਼ ਸਿੰਘ ਦੇ ਆਖਰੀ ਘੰਟਿਆਂ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ। ਝੰਡਾ ਸਿੰਘ ਦੇ ਖ਼ਿਆਲ ਵਿਚ ਉਹਨੂੰ ਸੱਦ ਭੇਜਣਾ ਲੋੜੀਂਦਾ ਹੈ। ਉਹੋ ਹੀ ਸਭ ਕੁਝ ਠੀਕ ਤਰ੍ਹਾਂ ਦਸ ਸਕੇਗਾ ।ਪਰ ਜਾਂਬਾਜ਼ ਨੇ ਕਿਹਾ, "ਕੋਈ ਨਹੀਂ ਝੰਡਾ ਸਿੰਘਾ ! ਤੀਰਥ ਸਿੰਘ ਆਪੇ ਆ ਪਹੁੰਚੇਗਾ ਪਰ ਮੈਂ ਉਹਨੂੰ ਮਿਲਣ ਨਹੀਂ ਲਗਾ। ਮੈਂ ਤਾਂ ਹੁਣੇ ਚਲਿਆ ਹਾਂ।"

ਜਾਂਬਾਜ਼ ਉਠ ਖਲੋਤਾ, ਉਹਦਾ ਚਿਹਰਾ ਉਸ ਵੇਲੇ ਵੇਖਣ ਵਾਲਾ ਸੀ। ਸ਼ੇਭੀ ਨੇ ਆਪਣੀ ਸਾਰੀ ਉਮਰ ਵਿਚ ਜਾਂਬਾਜ਼ ਨੂੰ ਕਦੀ ਐਡਾ ਦ੍ਰਿੜ੍ਹ ਤੇ ਗੰਭੀਰ ਨਹੀਂ ਸੀ ਵੇਖਿਆ। ਉਹਦੀਆਂ ਅੱਖਾਂ ਲਾਲ ਸਨ ਤੇ ਉਹਦਾ ਸਰੀਰ ਤਣਿਆ ਹੋਇਆ। ਇਓਂ ਜਾਪਦਾ ਕਿ ਪਲੋ-ਪਲੀ ਉਹ ਆਪਣੀ ਉਮਰ ਦੇ ਤੀਹ ਸਾਲ ਛੰਡ ਚੁਕਾ ਹੈ। ਉਹਦੀ ਚਿਟੀ ਦੁਧ ਦਾੜ੍ਹੀ ਵੀ ਕੰਈ ਭੁਲੇਖਾ ਪਾਣ ਤੋਂ ਮਜਬੂਰ ਸੀ।

ਉਹ ਉਠਿਆ ਤੇ ਸ਼ੇਭੀ ਨੇ ਕਿਹਾ: "ਐਤਰੀ ਤਾਂ ਜਾਂਬਾਜ਼ਾ ਮੈਂ ਵੀ ਤੇਰੇ ਨਾਲ ਚਲਨੀ ਹਾਂ। ਜਦੋਂ ਮੇਰੇ ਸਾਰੇ ਸਰਬੰਸ ਨੇ ਰਣ-ਖੇਤਰ ਵਿਚ ਪ੍ਰਾਣ ਤਿਆਗੇ ਹਨ ਤਾਂ ਮੈਂ ਵੀ ਮੰਜੀ ਉੱਤੇ ਨਹੀਂ ਮਰਾਂਗੀ।"

Scanned by CamScanner

ਬਹਾਦਰ ਸਿੰਘ ਤੇ ਗੁਰਬਖਸ਼ ਸਿੰਘ ਸ਼ਹੀਦ ਹੋਏ। ਟੱਬਰ ਦੇ ਦੋਵੇਂ ਵੱਡੇ ਪੁੱਤਰ। ਪਰ ਮਾਹਿਲ ਟੱਬਰ ਉੱਤੇ ਉਸ ਸਾਲ ਸਿਰਫ਼ ਇਹੋ ਹੀ ਕਸ਼ਟ ਨਾ ਟੁੱਟਿਆ, ਇਕ ਹੋਰ ਬਿਪਤਾ ਵੀ ਪਈ। ਬਿਪਤਾ — ਕਿ ਜਿਸ ਦਾ ਮੇਲ ਉਹਨਾਂ ਨੇ ਪਿਛਲੇ ਕਈ ਦਹਾਕਿਆਂ ਤੋਂ ਨਹੀਂ ਸੀ ਵੇਖਿਆ!

ਕੁੱਪ ਦਾ ਜੰਗ ਜਿਤ ਕੇ ਅਹਿਮਦ ਸ਼ਾਹ ਦੁਰਾਨੀ ਅੰਮ੍ਰਿਤਸਰ ਆਇਆ ਸੀ। ਉਸ ਸਰੋਵਰ ਵਿਚ ਮਿੱਟੀ ਭਰਵਾ ਦਿਤੀ। ਹਰਿਮੰਦਰ ਸਾਹਿਬ ਤੇ ਬੁੰਗਿਆਂ ਨੂੰ ਬਾਰੂਦ ਨਾਲ ਉਡਵਾ ਦਿਤਾ। ਹਰਿਮੰਦਰ ਦੇ ਇਹਨਾਂ ਬੁੰਗਿਆਂ ਦੀ ਮਿਟੀ ਵੀ ਸਰੋਵਰ ਦੇ ਭਰਨ ਦੇ ਕੰਮ ਵਿਚ ਲਿਆਂਦੀ ਗਈ। ਸਰੋਵਰ ਨੂੰ ਭਰਨ ਵਾਸਤੇ ਕੁੱਪ ਦੀ ਵਿਜੇ ਪਿਛੋਂ ਲਿਆਂਦੇ ਅਨੇਕ ਸਿੱਖਾਂ ਦੇ ਸਿਰ ਤੇ ਕਈਆਂ ਦੇ ਸਰੀਰ ਵੀ ਵਰਤੇ ਗਏ। ਸਰੋਵਰ ਨੂੰ ਪੂਰ ਕੇ ਤੇ ਹਰਿਮੰਦਰ ਨੂੰ ਢਾਹ ਕੇ ਸਭ ਥਾਂ ਹਲ ਫਿਰਵਾ ਦਿਤਾ ਗਿਆ ਤੇ ਖੇਤੀ ਬਿਜਵਾ ਦਿਤੀ ਗਈ।

ਜਦੋਂ ਇਹ ਸਾਰਾ ਕਾਰਜ ਸਮਾਪਤ ਹੋ ਗਿਆ ਤਾਂ ਦੁਰਾਨੀ ਆਪਣੇ ਖੈਮੇਂ ਤੋਂ ਬਾਹਿਰ ਆਇਆ ਤੇ ਦੂਰੋਂ ਖੜੇ ਹੋ ਉਸ ਆਪਣੀ ਕਰਾਮਾਤ ਦਾ ਕ੍ਰਿਸ਼ਮਾ ਵੇਖਿਆ, "ਇਹ ਅੰਤਲੀ ਮੰਜ਼ਲ ਸੀ। ਹੁਣ ਸਿੱਖਾਂ ਦਾ ਸਤਿਆਨਾਸ ਹੋ ਕੇ ਹੀ ਰਹੇਗਾ। ਹੁਣ ਮੇਰੇ ਜੀਉਂਦੇ-ਜੀ ਇਹ ਮੁਠੀ ਤੇ ਜ਼ਹਿਰੀਲਾ ਤਲਾਅ ਮੁੜ ਕੇ ਆਪਣੀ ਪਹਿਲੀ ਹਾਲਤ ਵਿਚ ਨਹੀਂ ਆਏਗਾ।"

ਇਹ ਸ਼ਬਦ ਅਜੇ ਓਹਦੇ ਮੂੰਹ ਵਿਚ ਹੀ ਸਨ ਕਿ ਉਹਨੂੰ ਆਪਣੇ ਨੱਕ ਵਿਚ ਪੀੜ ਹੋਈ। ਉਸ ਹਾਏ ਕੀਤੀ ਤੇ ਪੀੜ ਦੀ ਤਾਬ ਨਾ ਸਹਾਰਦਿਆਂ ਉਸ ਗ਼ੋਸ ਅਹਿਮਦ ਦਾ ਆਸਰਾ ਲਿਆ। ਕੱਲ੍ਹ ਸ਼ਾਮ ਹਰਿਮੰਦਰ ਸਾਹਿਬ ਨੂੰ ਜਦੋਂ ਬਾਰੂਦ ਨਾਲ ਉਡਾਇਆ ਗਿਆ ਤਾਂ ਉਡਦੀਆਂ ਤੇ ਚੀਣਾ-ਚੀਣ ਹੋਈਆਂ ਇੱਟਾਂ ਦਾ ਕਿਣਕਾ ਅਹਿਮਦ ਸ਼ਾਹ ਦੁਰਾਨੀ ਦੇ ਨੱਕ ਉੱਤੇ ਲਗਾ ਸੀ...। ਅੰਮ੍ਰਿਤਸਰ ਤੋਂ ਦੁਰਾਨੀ ਲਾਹੌਰ ਆਇਆ ਤੇ ਲਾਹੌਰ ਤੋਂ ਗਰਮੀਆਂ ਕਟਣ ਲਈ ਕਲਾਨੌਰ। ਦੁਰਾਨੀ ਅੱਤਲਾਂ ਕਾਬਲ ਨਹੀਂ ਗਿਆ। "ਮੈਂ ਪੰਜਾਬ ਦੀਆਂ ਲੂਆਂ ਤੇ ਧੁੱਪਾਂ ਸਹਿਣ ਵਾਸਤੇ ਤਿਆਰ ਹਾਂ ਪਰ ਸਿੱਖਾਂ ਉੱਤੇ ਪਾਈ ਫ਼ਤਹ ਦੇ ਨਤੀਜਿਆਂ ਤੋਂ ਡਾਇਦਾ ਨਾ ਉਠਾਣਾ ਇਕ ਉਹ ਹਿਮਾਕਤ ਤੇ ਬੇਵਕੂਫ਼ੀ ਹੋਏਗੀ ਜਿਸ ਲਈ ਕਿ ਮੈਂ ਆਪਣੇ ਆਪ ਨੂੰ ਕਦੀ ਮੁਆਫ਼ ਨਾ ਕਰਾਂਗਾ।

ਕਲਾਨੌਰ ਕੋਈ ਕਸ਼ਮੀਰ ਜਾਂ ਕਾਬਲ ਨਹੀਂ ਸੀ ਪਰ ਲਾਹੌਰ ਨਾਲੋਂ ਆਬੋ-ਹਵਾ ਚੰਗੇਰੀ ਸੀ। ਬਾਦਸ਼ਾਹ ਕਲਾਨੌਰ ਗਿਆ ਤੇ ਉਹਦੇ ਲਸ਼ਕਰ ਦੇ ਕਈ ਦੁਰਾਨੀ ਗੁਰਦਾਸਪੁਰ ਤੇ ਡੇਰਾ ਬਾਬਾ ਨਾਨਕ ਆਦਿ ਦੇ ਨੇੜੇ ਆ ਉੱਤਰੇ। ਫ਼ਤਹ ਗੜ੍ਹ ਕਿਵੇਂ ਆਬਾਦ ਰਹਿ ਸਕਦਾ ਸੀ? ਉਥੇ ਕਿਵੇਂ ਸਿਖਾਂ ਦੇ ਟੱਬਰ ਆਪਣੀ ਇਜ਼ਤ ਤੇ ਆਪਣੇ ਆਦਰਸ਼ ਬਚਾ ਸਕਦੇ ਸਨ? ਤੇ ਇਉਂ ਕਈ ਦਹਾਕਿਆਂ ਪਿਛੋਂ ਇਕ ਵਾਰ ਫਿਰ ਮਾਹਿਲ ਘਰੋਂ ਬੇਘਰ ਹੋ ਗਏ। ਘਰ ਦਾ ਨਿਕ ਸੁਕ ਕੁਝ ਹਿੰਦੂਆਂ ਤੇ ਕੁਝ ਸਥਾਨਕ ਮੁਸਲਮਾਨਾਂ ਨੂੰ ਸੌਂਪ ਇਕ ਦਿਨ ਸਾਰਾ ਟੱਬਰ ਦੋ ਗੱਡਿਆਂ ਉੱਤੇ ਪਠਾਣਕੋਟ ਵਲ ਟੁਰ ਪਿਆ।

ਜਾਂਬਾਜ਼ ਅਜੇ ਤਕ ਘਰ ਨਹੀਂ ਸੀ ਮੁੜਿਆ। ਪਰ ਉਹਨੇ ਅਖਾ ਜ਼ਰੂਰ ਘਲ ਦਿਤਾ ਸੀ ਕਿ ਸਾਰਾ ਟੱਬਰ ਪਹਾੜਾਂ ਵਲ ਨਿਕਲ ਜਾਏ। ਫ਼ਤਹ ਗੜ੍ਹ ਦੇ ਕਈ ਹੋਰ ਸਿਖ ਟੱਬਰਾਂ ਨੇ ਵੀ ਇਸ ਤਰ੍ਹਾਂ ਹੀ ਕੀਤਾ। ਆਲੇ-ਦੁਆਲੇ ਦੇ ਵੀ ਕਈ ਸਿੱਖ ਨਾਲ ਆ ਮਿਲੇ ਤੇ ਕਾਫ਼ਲਾ ਟੁਰ ਪਿਆ। ਬਿਰਧ ਤੇ ਬਾਲਕ ਗੱਡਿਆਂ ਵਿਚ ਸਨ ਤੇ ਬਾਕੀ ਪੈਦਲ। ਅਧੇੜ ਉਮਰ ਵਾਲਿਆਂ ਵਿਚੋਂ ਸਿਰਫ਼ ਇਕ ਸੁਬੇਗ ਸਿੰਘ ਹੀ ਗੱਡੇ ਉੱਤੇ ਬੈਠਾ ਸੀ ਤੇ ਉਹਨੂੰ ਕਿੱਨਾ ਬੁਰਾ ਲਗਦਾ ਸੀ ਗੱਡੇ ਵਿਚ ਬਹਿਣਾ!

ਉਹ ਕਹਿੰਦਾ ਕੁਝ ਨਾ, ਪਰ ਹਰ ਪੜਾਅ ਉੱਤੇ ਉਹ ਗੱਡੇ ਤੋਂ ਥੱਲੇ ਉਤਰਦਾ, ਤੇ ਜਦੋਂ ਕਾਫ਼ਲਾ ਮੁੜ ਟੁਰਦਾ ਤਾਂ ਉਹ ਕੁਝ ਪੰਧ ਪੈਦਲ ਕਟਣ ਵਾਸਤੇ ਜ਼ਿੱਦ ਕਰਦਾ। ਆਪਣੀ ਖੁੰਡੀ ਦਾ ਸਹਾਰਾ ਲੈ ਕੇ ਉਹ ਆਪਣੇ ਵਲੋਂ ਬੜੇ ਤੇਜ਼ ਕਦਮ

Scanned by CamScanner

ਪੁਟਦਾ ਪਰ ਕੁਝ ਸੈ ਗਜ਼ ਟੁਰ ਕੇ ਹੀ ਉਹ ਹੰਭ ਜਾਂਦਾ। ਫਿਰ ਸ਼ੋਭੀ ਗੱਡਾ ਰੋਕਣ ਵਾਸਤੇ ਆਖਦੀ। "ਸੁਬੇਗ ਪੁੱਤਰ ਇਉਂ ਆਪਣੇ ਆਪ ਨੂੰ ਦੁਖ ਦਿਤਿਆਂ ਕੀ ਬਣਦਾ ਹੈ। ਇਹ ਰੱਬ ਦੀ ਕਰਨੀ ਹੈ। ਉਹਨੂੰ ਸ਼ਾਇਦ ਇਹੋ ਹੀ ਮਨਜ਼ੂਰ ਸੀ।" ਸ਼ੋਭੀ ਸੁਬੇਗ ਦੇ ਦਿਲ ਦੀ ਹਾਲਤ ਸਮਝਦੀ ਤੇ ਇਹ ਵੀ ਸਮਝਦੀ ਕਿ ਉਹ ਪੈਦਲ ਟੁਰਨ ਵਾਸਤੇ ਕਿਉਂ ਜ਼ਿੱਦ ਕਰਦਾ ਹੈ। ਪਰ ਸੁਬੇਗ ਸਦਾ ਵਾਂਗ ਇਹੋ ਹੀ ਆਖਦਾ : "ਗੱਡੇ ਉੱਤੇ ਬੈਠਿਆਂ ਬੈਠਿਆਂ ਮੈਂ ਜਿਵੇਂ ਜੁੜ ਹੀ ਜਾਂਦਾ ਹਾਂ। ਕੁਝ ਟੁਰਿਆਂ ਮੇਰੀਆਂ ਲੱਤਾਂ ਨਿਸਲ ਹੋ ਜਾਂਦੀਆਂ ਹਨ। ਸ਼ੋਭੀ ਆਪਣੀ ਸੋਟੀ ਆਪਣੇ ਕੋਲ ਰਖੀ ਸਦਾ ਵਾਂਗ, ਬੀਤ ਗਏ ਬਾਰੇ ਸੋਚ ਰਹੀ ਸੀ। ਬਾਬੇ ਬੰਦੇ ਦੇ ਵੇਲੇ ਤੇ ਉਸ ਤੋਂ ਕਈ ਚਿਰ ਪਿਛੋਂ ਤਕ ਮਾਹਿਲ ਵਿਚ ਇੰਜ ਹੀ ਹੋਇਆ ਕਰਦਾ ਸੀ! ਬਿਪਤਾ ਵੇਲੇ ਦਾੜ੍ਹੀ ਤੇ ਕੇਸਾਂ ਵਾਲੇ ਆਦਮੀ ਸਾਰੇ ਨੱਸ ਜਾਂਦੇ ਸਨ।

ਪਰ ਉਹਨਾਂ ਦਿਨਾਂ ਵਿਚ ਪੂਰੇ ਦੇ ਪੂਰੇ ਟੱਬਰ ਕਦੀ ਨਹੀਂ ਸਨ ਨੱਸਦੇ। ਲਗ ਭਗ ਹਰ ਟੱਬਰ ਦਾ ਮੋਢੀ ਹਿੰਦੂ ਸੀ ਤੇ ਸਾਰੇ ਭਰਾ ਕਿਤੇ ਵੀ ਸਿਖ ਨਹੀਂ ਸਨ ਸਜਦੇ। ਇਕ ਤਾਂ ਧਰਮ ਹੀ ਨਵਾਂ ਸੀ ਤੇ ਦੂਜਾ ਜ਼ੁਲਮ ਅਜਿਹਾ ਕਿ ਹਰ ਕੋਈ ਸਿਖ ਸਜਣ ਦੀ ਹਿੰਮਤ ਵੀ ਨਾ ਕਰਦਾ। ਦੂਜੇ ਪੱਖੋਂ ਇਹ ਆਰਥਕ ਮਜਬੂਰੀ ਵੀ ਗਿਣੀ ਜਾ ਸਕਦੀ ਹੈ। ਜੇ ਟੱਬਰਾਂ ਦੇ ਟੱਬਰਾਂ ਨੂੰ ਹੀ ਜੰਗਲਾਂ ਵਿਚ ਭਜ ਜਾਣਾ ਪਏ ਤਾਂ ਖੇਤੀ ਬਾੜੀ ਦਾ ਕੀ ਬਣੇ।

ਪਰ ਹੁਣ ਹਾਲਾਤ ਕੁਝ ਹੋਰ ਸਨ। ਹੁਣ ਸਿਖ ਧਰਮ ਦੀਆਂ ਜੜ੍ਹਾਂ ਪੰਜਾਬ ਵਿਚ ਪੀਡੀਆਂ ਹੋ ਚੁਕੀਆਂ ਸਨ। ਹੁਣ ਇਕ ਤਰ੍ਹਾਂ ਨਾਲ ਸਿਖਾਂ ਦਾ ਰਾਜ ਹੀ ਸਥਾਪਤ ਹੋ ਚੁਕਾ ਸੀ। ਹੁਣ ਕਈ ਟੱਬਰ ਪੂਰੇ ਦੇ ਪੂਰੇ ਸਿਖ ਸਨ ਤੇ ਇਹੋ ਹੀ ਕਾਰਨ ਸੀ ਕਿ ਹੁਣ ਜਦੋਂ ਜਰਨੈਲੀ ਸੜਕ ਦੇ ਇਲਾਕੇ ਨੂੰ ਜਾ ਜਿਵੇਂ ਅੰਤਕੀ ਗੁਰਦਾਸਪੁਰ ਪੱਤੀ ਦੇ ਪਿੰਡਾਂ ਨੂੰ ਖ਼ਾਲੀ ਕਰਨਾ ਹੁੰਦਾ ਤਾਂ ਪੂਰੇ ਦੇ ਪੂਰੇ ਟਬਰ ਘਰੋਂ ਨਿਕਲਦੇ। ਇਹੋ ਹੀ ਕਾਰਨ ਸੀ ਕਿ ਕੂੰਪ ਵਿਚ ਦੁਰਾਨੀ ਨੂੰ ਸਿਖ ਸਿਪਾਹੀਆਂ ਤੋਂ ਸਿਵਾਏ ਕਈ ਸਿਖ ਇਸਤਰੀਆਂ ਤੇ ਬੱਚੇ ਵੀ ਕੋਹਣ ਵਾਸਤੇ ਮਿਲੇ।

ਸ਼ੋਭੀ ਇਹਨਾਂ ਹੀ ਬਦਲੇ ਹਾਲਾਤਾਂ ਬਾਰੇ ਸੋਚਦੀ ਜਾ ਰਹੀ ਸੀ। ਉਹਨੂੰ ਯਾਦ ਸੀ ਕਿ ਸਿਰਫ਼ ਸ਼ਾਹਬਾਜ਼ ਹੀ ਸੀ ਜਿਹੜਾ ਕਿ ਹਰ ਆਏ ਦਿਨ ਕਾਨ੍ਹਾ ਛੰਬ ਵਿਚ ਜਾ ਛੁਪਦਾ ਸੀ। ਬਾਕੀ ਦਾ ਟੱਬਰ ਮਾਹਿਲ ਹੀ ਰਹਿੰਦਾ। ਬੇਸ਼ਕ ਉਹਨਾਂ ਉੱਤੇ ਵੀ ਜ਼ੁਲਮ ਹੁੰਦੇ ਪਰ ਉਹਨਾਂ ਨੂੰ ਘਰ ਤਾਂ ਛਡ ਕੇ ਨਹੀਂ ਸੀ ਜਾਣਾ ਪੈਂਦਾ। ਕਾਨ੍ਹਾ ਛੰਬ ਤੇ ਮਾਹਿਲ ਦੀ ਯਾਦ ਨਾਲ ਉਹਨੂੰ ਆਪਣੇ ਕਾਲੂ ਦੀ ਮੌਤ ਦੀ ਯਾਦ ਆਈ ਤੇ ਉਹ ਸਾਕਾ ਯਾਦ ਕਰ ਕੇ ਸਹਿਜੇ ਹੀ ਉਹਦੀਆਂ ਅੱਖਾਂ ਵਿਚੋਂ ਅਥਰੂ ਵਹਿ ਟੁਰੇ।

ਛੋਟਾ ਦਲੇਰ ਉਹਦੇ ਕੋਲ ਬੈਠਾ ਸੀ। ਦਾਦੀ ਮਾਂ ਨੂੰ ਰੋਂਦਿਆਂ ਵੇਖ ਕੇ ਉਸ ਆਖਿਆ, "ਮਾਤਾ, ਰੋਂਦੇ ਕਿਉਂ ਹੈਂ, ਵੇਖ ਮੇਰੀ ਕਿਰਪਾਨ। ਮੈਂ ਤੁਹਾਨੂੰ ਪਠਾਣਕੋਟ ਛਡ ਕੇ, ਇਸ ਤਲਵਾਰ ਨਾਲ ਸਭ ਦੁਰਾਨੀਆਂ ਨੂੰ ਖ਼ਤਮ ਕਰ ਦਿਆਂਗਾ।" ਸ਼ੋਭੀ ਨੇ ਦਲੇਰ ਨੂੰ ਛਾਤੀ ਨਾਲ ਲਾ ਲਿਆ ਤੇ ਆਪਣੇ ਅਥਰੂ ਪੀਂਦਿਆਂ ਹੋਇਆਂ ਉਸ ਕਿਹਾ : "ਵੇ ਏਚਿਆ ਤੇਰਾ ਦਾਦਾ ਵੀ ਇਸਤਰ੍ਹਾਂ ਹੀ ਕਿਹਾ ਕਰਦਾ ਸੀ।" "ਮੈਂ ਜੋ ਕੁਝ ਕਹਿੰਦਾ ਹਾਂ ਕਰ ਕੇ ਵਿਖਾਵਾਂਗਾ ਮਾਤਾ ਜੀ। ਤੁਸੀਂ ਤਕਣਾ ਮੇਰੇ ਹੱਥ।" "ਜਿਵੇਂ ਤੂੰ ਕਹੇਂਗਾ ਓਵੇਂ ਹੀ ਹੋਏਗਾ ਪੁਤਰ। ਪਰ ਤੂੰ ਵੇਖਦਾ ਹੈਂ ਨਾ, ਮੈਂ ਹੁਣ ਬੁਢੀ ਹੋ ਗਈ ਹਾਂ। ਮੈਂ ਬੜਾ ਕੁਝ ਸਹਿਆ ਤੇ ਵੇਖਿਆ ਹੈ।"

ਏਵੇਂ ਹੀ ਜਾਂਬਜ਼ ਤੇ ਸ਼ੋਭੀ ਦਲੇਰ ਨਾਲ ਆਪਣੇ ਦਿਲ ਦੀਆਂ ਗੱਲਾਂ ਕਰਿਆ ਕਰਦੇ ਸਨ। ਇਹੋ ਜਿਹੀਆਂ ਗੱਲਾਂ ਕਿ ਜਿਹੋ ਜਿਹੀਆਂ ਉਹ ਕਿਸੇ ਹੋਰ ਨਾਲ ਨਾ ਕਰ ਸਕਦੇ। ਦਲੇਰ ਇਹਨਾਂ ਦੋਹਾਂ ਬਿਰਧਾਂ ਦਾ ਬੜਾ ਨਜ਼ਦੀਕੀ ਸਾਥੀ ਸੀ। ਉਹ ਦੋਵੇਂ ਦਲੇਰ ਸਾਹਮਣੇ ਅਪਣਾ ਬੁਢਾਪਾ ਤੇ ਬੁਢਾਪੇ ਖੁਣੋਂ ਸਰੀਰ ਵਿਚ ਆਈ ਕਮਜ਼ੋਰੀ ਦਾ ਪ੍ਰਗਟਾ ਕਰ ਦੇਂਦੇ ਸਨ। ਦਲੇਰ ਕੋਲੋਂ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਸ਼ਰਮ ਨਹੀਂ ਸੀ ਆਉਂਦੀ। ਸਮਾਂ ਤੇ ਜਜ਼ਬਾਤ ਭਾਵੇਂ ਗੌਰਵ ਹੋਣ, ਪਰ ਦਲੇਰ ਨਾਲ ਉਹ ਮਜ਼ਾਕ ਮਜ਼ਾਕ ਵਿਚ ਵੀ ਪ੍ਰਗਟ ਕੀਤੇ ਜਾ ਸਕਦੇ ਸਨ।

ਮਾਤਾ ਸ਼ੁਭਵੰਤ ਦੀ ਇਹ ਗੱਲ ਸੁਣ ਕੇ ਦਲੇਰ ਨੇ ਪੁਛਿਆ। "ਪਰ ਮਾਤਾ, ਤੁਸੀਂ ਆਪ ਹੀ ਤਾਂ ਆਖਦੇ ਹੋ ਕਿ ਨਾਮ ਜਪਣ ਤੇ ਵੰਡ ਛਕਣ ਵਾਲੇ ਸਿਖ ਕਦੀ ਬੁੱਢੇ ਨਹੀਂ ਹੁੰਦੇ!" ਇਸ ਸਵਾਲ ਨੇ ਸ਼ੋਭੀ ਨੂੰ ਝੰਝੋੜਿਆ। ਉਹਨੂੰ ਦੋ-ਚਿਤਗੀ ਵਿਚੋਂ ਕਢਿਆ। ਉਹਦੀ ਉਦਾਸੀ ਨੂੰ ਦੂਰ ਕੀਤਾ। ਉਸ ਆਪਣੇ ਚਿਹਰੇ ਉੱਤੇ ਖੇੜਾ ਲਿਆਉਣ ਦੀ ਕੋਸ਼ਿਸ਼ ਕੀਤੀ ਤੇ

Scanned by CamScanner

ਆਖਿਆ : "ਬੇਸ਼ਕ ਪੁਤਰ ! ਨਾਮ ਜਪਣ ਤੇ ਵੰਡ ਛਕਣ ਵਾਲੇ ਆਦਮੀ ਕਦੀ ਬੁੱਢੇ ਨਹੀਂ ਹੁੰਦੇ । ਮੈਂ ਤਾਂ ਤੇਰੇ ਨਾਲ ਹੱਸ ਰਹੀ ਸਾਂ ।

ਇਸ ਕਾਫ਼ਲੇ ਦੇ ਨਾਲ ਜਾਣ ਵਾਲਿਆਂ ਵਿਚੋਂ ਇਕ ਆਪ ਹਰਨਾਮ ਸਿੰਘ ਵੀ ਸੀ । ਹਰਨਾਮ ਆਪਣਾ ਨੇਮੀ ਰੋਂਡ ਲਾਉਂਦਿਆਂ ਫਤਹ ਗੜ੍ਹ ਆਇਆ ਸੀ ਤੇ ਏਥੇ ਆ ਕੇ ਉਸ ਆਪਣੇ ਦੋਹਾਂ ਵੱਡੇ ਭਰਾਵਾਂ ਦੇ ਅੰਤ ਬਾਰੇ ਸੁਣਿਆ ਸੀ । ਉਂਜ ਵੀ ਇਹਨਾਂ ਦਿਨਾਂ ਅੰਦਰ ਦੁਰਾਨੀ ਦੇ ਲਸ਼ਕਰ ਦੇ ਆਉਣ ਦੀ ਖ਼ਬਰ ਸੁਣ ਕੇ ਉਹ ਕੁਝ ਦਿਨ ਘਰ ਹੀ ਟਿਕਿਆ ਰਿਹਾ ਤੇ ਅਜ ਉਹ ਇਸ ਕਾਫ਼ਲੇ ਦੇ ਨਾਲ ਸੀ । ਕੀ ਹਰਨਾਮ ਬਦਲ ਗਿਆ ਸੀ, ਕੌਣ ਨਹੀਂ ਕਹਿ ਸਕਦਾ, ਪਰ ਸ਼ੋਭੀ ਦਾ ਖਿਆਲ ਸੀ ਕਿ ਜੇ ਅਜ ਤਕ ਨਹੀਂ ਤਾਂ ਹਰਨਾਮ ਹੁਣ ਜ਼ਰੂਰ ਬਦਲ ਜਾਏਗਾ ।

"ਮੈਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਸ਼ਾਹਬਾਜ਼ ਦੀ ਔਲਾਦ ਕਦੀ ਇਹੋ ਜਿਹੀ ਵੀ ਹੋ ਸਕਦੀ ਹੈ । ਬਚਗਾਨਾ ਜ਼ੋਰ ਹੈ ਆਪੇ ਉਤਰ ਜਾਏਗਾ । ਇਹੋ ਜਿਹੇ ਸਿੱਖ ਘਰਾਣੇ ਵਿਚ ਜੰਮ ਕੇ ਇਹ ਕਿਵੇਂ ਸਾਰੀ ਉਮਰ ਸਿੱਖੀ ਤੋਂ ਪਤਿਤ ਰਹਿ ਸਕਦਾ ਹੈ ।"

ਪਰ ਜੇ ਹਰਨਾਮ ਸਿਖੀ ਧਰਮ ਵਲ ਮੁੜ ਰਿਹਾ ਸੀ ਤਾਂ ਮਿਹਰ ਸਿੰਘ ਸ਼ਾਇਦ ਦੂਰ ਜਾ ਰਿਹਾ ਸੀ । ਪਿਛਲੇ ਇਕ ਦੋ ਸਾਲਾਂ ਵਿਚ ਉਹਦੇ ਅੰਦਰ ਬੜੀ ਤਬਦੀਲੀ ਆ ਰਹੀ ਸੀ । ਲਗਦਾ ਸੀ ਕਿ ਹਰਨਾਮ ਦਾ ਉਦਾਹਰਣ ਅਪਣਾ ਰਿਹਾ ਹੈ । ਉਹ ਹੁਣ ਪਹਿਲੇ ਜਿਹੇ ਜ਼ੋਰ ਤੇ ਪਹਿਲੇ ਜਿਹੇ ਠੇਮ ਨਾਲ ਜੈਕਾਰੇ ਨਹੀਂ ਸੀ ਛਡਦਾ । ਬੇਸ਼ਕ ਹੁਣ ਉਹਦੀ ਅੱਲ "ਜੈਕਾਰਾ ਸਿੰਘ" ਉਹਦੇ ਉੱਤੇ ਬਿਲਕੁਲ ਨਹੀਂ ਸੀ ਢੁਕਦੀ ਤੇ ਲੋਕਾਂ ਨੇ ਉਹਨੂੰ ਮੁੜ ਕੇ ਮਿਹਰੂ ਜਾਂ ਮਿਹਰ ਸਿੰਘ ਬੁਲਾਉਣਾ ਸ਼ੁਰੂ ਕਰ ਦਿਤਾ ਸੀ । ਅਜ ਵੀ ਮਾਂ ਸ਼ੋਭੀ ਦੀ ਉਪ੍ਰੋਕਤ ਗਲ ਸੁਣ ਕੇ ਉਸ ਆਪਣੇ ਸ਼ਕ ਪ੍ਰਗਟ ਕੀਤੇ ਸਨ, "ਦਾਦੀ ਤੈਨੂੰ ਵਿਚਲਾਂਦੀ ਹੈ, ਦਲੇਰ ਭਲਾ ਇੰਜ ਵੀ ਕਦੀ ਹੋ ਸਕਦਾ ਹੈ ?" ਪਰ ਦਲੇਰ ਨੇ ਉਹਦੀ ਨਹੀਂ ਮੰਨੀ । "ਤੇਰਾ ਸਿਰ ਫਿਰਦਾ ਜਾਂਦਾ ਹੈ ਮਿਹਰੂ," ਉਸ ਆਖਿਆ ।

ਪਠਾਣਕੋਟ ਟੱਪ ਕੇ ਕੁਝ ਦਿਨਾਂ ਵਿਚ ਇਹ ਕਾਫ਼ਲਾ ਰੇਸ਼ਮਗੜ੍ਹ ਆ ਪੁਜਾ । ਅਜੇ ਪੱਟੀ ਨਾਰਕੀ ਹੀ ਇਸ ਕਾਫ਼ਲੇ ਦਾ ਠਿਬਾਠਾ ਸੀ । ਰੇਸ਼ਮਗੜ੍ਹ ਤੋਂ ਜਦੋਂ ਅਗਲੀ ਸਵੇਰ ਕਾਫ਼ਲਾ ਟੁਰਨ ਵਾਸਤੇ ਤਿਆਰ ਹੋਇਆ ਤਾਂ ਆਪ ਜਾਂਬਾਜ਼ ਵੀ ਆਪਣੇ ਘੋੜੇ ਉੱਤੇ ਪਹੁੰਚਿਆ । ਸਾਰੇ ਕਾਫ਼ਲੇ ਵਿਚੋਂ ਜੈਕਾਰੇ ਛਡੇ ਗਏ । ਮਿਹਰ ਸਿੰਘ ਵਿਚ ਵੀ ਜਿਵੇਂ ਪੁਰਾਣਾ ਜੋਸ਼ ਮੁੜ ਆਇਆ ਤੇ ਉਸ ਪਹਿਲੇ ਵਾਂਗ ਪੰਜ ਜੈਕਾਰੇ ਗਜਾਏ ।

ਸਦਾ ਵਾਂਗ ਅੱਜ ਵੀ ਸਾਰੇ ਆਦਮੀ, ਇਸਤਰੀਆਂ ਤੇ ਬੱਚੇ ਬਾਬਾ ਜ਼ਾਂਬਾਜ਼ ਦਵਾਲੇ ਜੁੜ ਗਏ, ਉਤਾਵਲੇ ਖ਼ਬਰਾਂ ਸੁਣਨ ਦੇ । ਜਾਂਬਾਜ਼ ਨੇ ਦਸਿਆ, "ਸਾਥੀਓ ! ਮੈਂ ਸਾਰਾ ਪੰਜਾਬ ਘੁੰਮ ਕੇ ਆਇਆ ਹਾਂ । ਉਦਾਸੀ ਤੇ ਨਿਰਾਸ਼ਾ ਦਾ ਕੋਈ ਅਸਥਾਨ ਨਹੀਂ ਕੁੱਪ ਦਾ ਘਲੂਘਾਰਾ ਇਕ ਬੀਤੀ ਘਟਨਾ ਹੈ । ਅਸੀਂ ਅਗੇ ਹੀ ਹਰ ਥਾਂ ਦੁਰਾਨੀ ਨੂੰ ਜਿਚ ਕਰ ਰਹੇ ਹਾਂ ਤੇ ਆਉਂਦੀ ਦੀਵਾਲੀ ਉੱਤੇ ਅਸੀਂ ਦੁਰਾਨੀ ਨਾਲ ਸਰੇ-ਮੈਦਾਨ ਪੰਡਾ ਖੜਕਾਵਾਂਗੇ । ਦੀਵਾਲੀ ਉੱਤੇ ਸਭ ਖ਼ਾਲਸਾ ਅੰਮ੍ਰਿਤਸਰ ਜੁੜੇਗਾ ।"

ਇਹ ਅਰੰਭਕ ਉਥਾਨਕ ਦੇ ਕੇ ਜ਼ਾਂਬਾਜ਼ ਨੇ ਤਫ਼ਸੀਲ ਨਾਲ ਆਪਣੀ ਕਹਾਣੀ ਸੁਣਾਈ । ਅੰਤ ਵਿਚ ਮਖ਼ੌਲ ਨਾਲ ਸ਼ੋਭੀ ਨੇ ਕਿਹਾ । "ਵੇ ਕੌਦੀ ਬਾਬੇ ਦੀ ਗੱਲ ਨਾ ਮੰਨਿਓਂ । ਐਵੇਂ ਆਪਣੇ ਕੋਲੋਂ ਜੋੜ ਜੋੜ ਕੇ ਝੂਠੀਆਂ ਸੱਚੀਆਂ ਸੁਣਾ ਜਾਂਦਾ ਜੇ ।

Scanned by CamScanner

੬੮

ਦੀਵਾਲੀ ਨੂੰ ਸਿਖ ਸੰਗਤ ਅੰਮ੍ਰਿਤਸਰ ਜੁੜੀ । ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ।

ਕੀ ਸੀ ਹੁਣ ਅੰਮ੍ਰਿਤਸਰ ਵਿਚ ? ਹਰਿਮੰਦਰ ਨਾ ਬੁੰਗੇ, ਨਾ ਸਰੋਵਰ, ਨਾ ਸ਼ਹਿਰ; ਪਰ ਤਾਂ ਵੀ ਖ਼ਾਲਸੇ ਵਾਸਤੇ ਅੰਮ੍ਰਿਤਸਰ, ਅੰਮ੍ਰਿਤਸਰ ਹੀ ਸੀ । ਸਿਖਾਂ ਨੂੰ ਅੰਮ੍ਰਿਤਸਰ ਦੀ ਧਰਤੀ ਪਿਆਰੀ ਸੀ । ਉਹਨਾਂ ਨੂੰ ਅੰਮ੍ਰਿਤਸਰ ਦੀ ਮਿੱਟੀ ਪਿਆਰੀ ਸੀ । ਉਹ ਇਸ ਸ਼ਹਿਰ ਦੀ ਮਿੱਟੀ ਨੂੰ ਪੂਜਦੇ ਸਨ, ਚੁੰਮਦੇ ਸਨ ।

ਜਿਸਤਰ੍ਹਾਂ ਜਾਂਬਾਜ਼ ਸਿੰਘ ਪਠਾਣਕੋਟ, ਸ਼ਿਵਾਲਕ ਪਹਾੜੀਆਂ ਤੇ ਪੱਟੀ ਨਾਰਕੀ ਤਕ ਸਿਖ ਪੰਥ ਦਾ ਸੰਦੇਸ਼ਾ ਲੈ ਕੇ ਗਿਆ ਸੀ, ਉਸੇ ਤਰ੍ਹਾਂ ਅਨੇਕ ਸਿੰਘ ਹੋਰ ਵੀ ਪੰਜਾਬ ਦੇ ਕੋਨੇ ਕੋਨੇ ਵਿਚ ਪੁਜੇ ਸਨ । ਪੰਥ ਦਾ ਸੰਦੇਸ਼ਾ ਸੀ ਕਿ ਦੀਵਾਲੀ ਉੱਤੇ ਤਲਵਾਰਾਂ ਤੇ ਘੋੜੇ ਲੈ ਕੇ ਅੰਮ੍ਰਿਤਸਰ ਜੁੜੋ ਤਾਂ ਜੋ ਦੁਰਾਨੀ ਕੋਲੋਂ ਕੂੱਪ ਦੇ ਘਲੂਘਾਰੇ ਦਾ ਬਦਲਾ ਲਿਆ ਜਾਏ ।

ਇਹ ਸੰਦੇਸ਼ਾ ਸੀ ਸਿਖ...ਪੰਥ ਦਾ ਤੇ ਜੇ ਇਹ ਸੰਦੇਸ਼ਾ ਸੀ ਸਿਖ ਪੰਥ ਦਾ ਤਾਂ ਇਸ ਸੰਦੇਸ਼ੇ ਤੋਂ ਕੌਣ ਅੱਖਾਂ ਫੇਰਦਾ । ਕੌਣ ਅਵੇਸਲਾ ਹੁੰਦਾ ਜਾਂ ਘੋਸ ਮਾਰਦਾ ? ਸਿਖਾਂ ਵਾਸਤੇ ਹਰ ਹੁਕਮਨਾਮੇ ਦੀ ਪਾਲਨਾ ਕਰਨੀ ਉਹਨਾਂ ਦਾ ਜਮਾਂਦਰੂ ਫ਼ਰਜ਼ ਸੀ । ਜਿਹੜੇ ਆਦਮੀ ਪੰਥ ਦੇ ਹੁਕਮਨਾਮੇ ਲੈ ਕੇ ਪਿੰਡਾਂ ਵਿਚ ਪੁਜਦੇ ਸਨ ਉਹਨਾਂ ਦੀ ਬਾਦਸ਼ਾਹਾਂ ਵਰਗੀ ਇਜ਼ਤ ਹੁੰਦੀ ਸੀ । ਉਹਨਾਂ ਨੂੰ ਆਪ ਗੁਰੂ ਗੋਬਿੰਦ ਸਿੰਘ ਕੀ — ਰੱਬ ਦੇ ਹਲਕਾਰੇ ਸਮਝਿਆ ਜਾਂਦਾ । ਉਹਨਾਂ ਵਾਸਤੇ ਪਿੰਡ ਵਿਚ ਮਿਲ ਸਕਦੀਆਂ ਸਭ ਸਹੂਲਤਾਂ ਹਾਜ਼ਰ ਸਨ । ਜਦੋਂ ਉਹ ਪਿੰਡੋਂ ਤੁਰਦੇ ਤਾਂ ਦੀਵਾਨ ਸਜਦੇ, ਅਰਦਾਸੇ ਸੋਧੇ ਜਾਂਦੇ ਤੇ ਪਿੰਡ ਦੀ ਵਸੋਂ ਦਾ ਘਨੇਰਾ ਭਾਗ ਉਹਨੂੰ ਅਗਲੇ ਪਿੰਡ ਤਕ ਪੁਚਾ ਕੇ ਆਉਂਦਾ ! ਇਹ ਕੀ ਸਪਿਰਟ ਸੀ ? ਕਿਹੋ ਜਿਹਾ ਠੁਲ੍ਹਾ ਪਰ ਸੂਖਸ਼ਮ ਪਿਆਰ ਸੀ !

ਹਾਂ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਨਾਂ ਥੱਲੇ ਭੇਜੇ ਹੁਕਮਨਾਮੇ ਪੰਜਾਬ ਦੇ ਪਿੰਡ ਪਿੰਡ ਵਿਚ ਪੁਜ ਗਏ ਤੇ ਦੀਵਾਲੀ ਉੱਤੇ ਖ਼ਾਲਸਾ ਅੰਮ੍ਰਿਤਸਰ ਜਾ ਜੁੜਿਆ । ਕੁਲ ਸੱਠ ਹਜ਼ਾਰ ਆਦਮੀ ਜੁੜ ਗਏ । ਸੱਠ ਹਜ਼ਾਰ ਆਦਮੀਆਂ ਦਾ ਵੱਡੇ ਘਲੂਘਾਰੇ ਤੋਂ ਸਿਰਫ਼ ਅਠ ਮਹੀਨੇ ਪਿਛੋਂ ਇਕੱਤਰ ਹੋਣਾ ਦਸਦਾ ਹੈ ਕਿ ਘਲੂਘਾਰੇ ਨੇ ਖ਼ਾਲਸੇ ਦੇ ਹੌਂਸਲੇ ਨੂੰ ਢਾਹ ਨਹੀਂ ਲਾਈ । ਇਹ ਸੱਠ ਹਜ਼ਾਰ ਆਦਮੀ ਘਲੂਘਾਰੇ ਤੋਂ ਸਿਰਫ਼ ਇਕ ਜਾਂ ਦੋ ਜਾਂ ਤਿੰਨ ਮਹੀਨ ਪਿਛੋਂ ਵੀ ਜੁੜ ਸਕਦੇ ਸਨ ਜੇ ਪੰਥ ਨੂੰ ਉਦੋਂ ਉਹਨਾਂ ਦੀ ਲੋੜ ਭਾਸਦੀ ।

ਇਹੋ ਹੀ ਕਾਰਨ ਹੈ ਕਿ ਕੂੱਪ ਵਿਚ ਖ਼ਾਲਸੇ ਦੀ ਹਾਰ ਨੂੰ ਘਲੂਘਾਰਾ ਆਖਣਾ ਬੇ-ਜਾ ਲਗਦਾ ਹੈ । ਘਲੂਘਾਰਾ ਸ਼ਬਦ ਇਕ ਅਨੰਤ, ਘੋਰ, ਦੀਰਘ ਤੇ ਬੇਮੇਚ ਬਿਪਤਾ ਦੇ ਅਰਥ ਰਖਦਾ ਜਾਪਦਾ ਹੈ । ਇਕ ਇਹੋ ਜਿਹੀ ਬਿਪਤਾ ਕਿ ਜਿਸ ਪਿਛੋਂ ਮਨੁਖ ਸਦਾ ਲਦੀ ਜਾਂ ਇਕ ਲੰਮੇ ਸਮੇਂ ਲਈ ਮੱਚ ਮਾਰ ਬੈਠੇ । ਇਕ ਇਹੋ ਜਿਹੀ ਪਰਲੋ ਕਿ ਜਿਨ੍ਹੇ ਹੇਠਲੀ ਉੱਤੇ ਕਰ ਦਿਤੀ ਹੋਵੇ, ਜਾਂ ਜਿਦ੍ਹੇ ਨਾਲ ਸਮੁਚਾ ਵਾਤਾਵਰਨ ਉਲਟਾ ਪੁਲਟਾ ਹੋ ਗਿਆ ਹੋਵੇ ।

ਦਰਅਸਲ ਕੂੱਪ ਦੀ ਹਾਰ ਦਾ ਇਹੋ ਜਿਹਾ ਕੋਈ ਘੋਰ ਪ੍ਰਤਿਕਰਮ ਨਹੀਂ ਸੀ ਹੋਇਆ । ਇਸ ਹਾਰ ਨਾਲ ਪੰਜਾਬ ਦੀ ਸਮਾਜਕ ਤੇ ਰਾਜਸਕ ਜ਼ਿੰਦਗੀ ਜਾਂ ਖੇਤਰ ਵਿਚ ਕੋਈ ਖ਼ਾਸ ਫਰਕ ਨਹੀਂ ਪਿਆ । ਮੂਲ ਉਹੋ ਹੀ ਰਿਹਾ । ਹਾਂ ਬਾਰ੍ਹਾਂ ਕੁ ਹਜ਼ਾਰ ਸਿੰਘ ਸ਼ਹੀਦ ਜ਼ਰੂਰ ਹੋ ਗਏ । ਪਰ ਕੀ ਇਹ ਪਹਿਲੀ ਵਾਰ ਸੀ ਕਿ ਕਿਸੇ ਲੜਾਈ ਵਿਚ ਬਾਰ੍ਹਾਂ ਹਜ਼ਾਰ ਸਿੰਘ ਸ਼ਹੀਦ ਹੋਏ ਸਨ ? ਜੇ ਮੁਗ਼ਲਾਂ ਜਾਂ ਪਠਾਣਾਂ ਨਾਲ ਹੋਈਆਂ ਲੜਾਈਆਂ ਵਿਚ ਖ਼ਾਲਸੇ ਦੀ ਕੁਲ ਸ਼ਹੀਦਾਂ-ਫੱਟੜਾਂ ਦੀ ਗਿਣਤੀ ਦਾ ਹਿਸਾਬ ਲਾਇਆ ਜਾਏ ਤਾਂ ਇਹ ਬਾਰ੍ਹਾਂ ਹਜ਼ਾਰ ਆਟੇ ਵਿਚ ਲੂਣ ਦੀ ਨਿਆਈਂ ਹੋਣਗੇ ।

ਇਸ ਹਾਰ ਨੇ ਕਦੀ ਹੋਰ ਹਾਰਾਂ ਵਾਂਗ ਖ਼ਾਲਸੇ ਨੂੰ ਪੂਰੀ ਤਰ੍ਹਾਂ ਝੰਝੋੜਿਆ ਵੀ ਨਾ, ਉਹਨਾਂ ਨੂੰ ਡਰਾਉਣਾ ਤਾਂ ਕਿਤੇ ਰਿਹਾ ।

Scanned by CamScanner

ਤੇ ਇਸ ਹਾਰ ਤੋਂ ਪੂਰੇ ਅੱਠ ਮਹੀਨੇ ਪਿਛੋਂ ਸੱਠ ਹਜ਼ਾਰ ਸਿਖ ਇਸ ਹਾਰ ਦਾ ਬਦਲਾ ਲੈਣ ਵਾਸਤੇ ਅੰਮ੍ਰਿਤਸਰ ਜੁੜ ਗਏ। ਅਕਤੂਬਰ ਦਾ ਮਹੀਨਾ ਸੀ। ਗਰਮੀਆਂ ਖ਼ਤਮ ਹੋ ਚੁਕੀਆਂ ਸਨ। ਮੁੜ ਅੰਦਰ ਰਜ਼ਾਈਆਂ ਲੈ ਕੇ ਸੌਣ ਦੇ ਦਿਨ ਆ ਚੁਕੇ ਸਨ। ਸ਼ਾਹ ਅਹਿਮਦ ਸ਼ਾਹ ਦੁਰਾਨੀ ਵੀ ਕਲਾਨੌਰ ਤੋਂ ਲਾਹੌਰ ਮੁੜ ਆਇਆ ਸੀ। ਸਰਦੀਆਂ ਵਿਚ ਉਹ ਅੰਮ੍ਰਿਤਸਰ ਦੇ ਠੇੜੇ ਰਹਿ ਕੇ ਇਹ ਸਹੀ ਕਰਨਾ ਚਾਹੁੰਦਾ ਸੀ ਕਿ ਕੁੱਪ ਵਿਚ ਉਹਦੀ ਜਿੱਤ ਨੇ ਸਿਖ ਤਾਕਤ ਨੂੰ ਖ਼ਤਮ ਕਰ ਦਿਤਾ ਹੈ। ਉਹ ਸਹੀ ਕਰਨਾ ਚਾਹੁੰਦਾ ਸੀ ਕਿ ਇਸ ਦੀਵਾਲੀ ਉੱਤੇ ਪਹਿਲੇ ਵਾਂਗ ਅੰਮ੍ਰਿਤਸਰ ਜੋੜ ਮੇਲ ਨਹੀਂ ਹੁੰਦਾ। ਕਿ ਹਰਿਮੰਦਰ ਮੁੜਕੇ ਨਹੀਂ ਉਸਰਦਾ, ਕਿ ਸਰੋਵਰ ਮੁੜ ਕੇ ਖੰਦਿਆ ਨਹੀਂ ਜਾਂਦਾ।

ਗ਼ੌਸ ਮੁਹੰਮਦ ਨੇ ਬਾਦਸ਼ਾਹ ਸਲਾਮਤ ਨੂੰ ਕਾਬਲ ਦੇ ਤਖ਼ਤ ਬਾਰੇ ਯਾਦ ਦਿਲਾਇਆ ਤੇ ਆਖਿਆ। "ਬਾਲਾ ਹਿਸਾਰ ਬਹੁਤ ਦੇਰ ਵਾਸਤੇ ਮਾਤਹਿਤਾਂ ਦੇ ਹੱਥਾਂ ਵਿਚ ਵੀ ਨਹੀਂ ਰਹਿਣਾ ਚਾਹੀਦਾ।" "ਤੂੰ ਸੱਚ ਆਖਦਾ ਹੈਂ" ਅਹਿਮਦ ਸ਼ਾਹ ਨੇ ਕਿਹਾ ਸੀ "ਬਾਲਾ ਹਿਸਾਰ ਵਿਚ ਬਾਦਸ਼ਾਹ ਨੂੰ ਸਦਾ ਆਪ ਹੀ ਰਹਿਣਾ ਚਾਹੀਦਾ ਹੈ। ਬਾਲਾ ਹਿਸਾਰ ਕਿਸੇ ਦਾ ਵਫ਼ਾਦਾਰ ਨਹੀਂ। ਪਰ ਮੈਂ ਆਪਣੀ ਖਾਧੀ ਸੌਂਹ ਨੂੰ ਸੱਚ ਕਰਨਾ ਚਾਹੁੰਦਾ ਹਾਂ ਤੇ ਪੰਜਾਬ ਦੇ ਸੂਬੇ ਨੂੰ ਅਫ਼ਗਾਨਿਸਤਾਨ ਦੇ ਤਖ਼ਤ ਵਾਸਤੇ ਸਦਾ ਲਈ ਇਕ ਤੋਹਫ਼ੇ ਦੀ ਨਿਆਈ ਰਖਣਾ ਚਾਹੁੰਦਾ ਹਾਂ।"

ਤੇ ਫਿਰ ਕੁਝ ਦੇਰ ਠਹਿਰ ਉਹ ਆਖਦਾ ਗਿਆ, "ਅਫ਼ਗਾਨਿਸਤਾਨ ਅੰਗੂਰਾਂ, ਸੇਬਾਂ, ਸਰਦਿਆਂ ਤੇ ਮੇਵਿਆਂ ਦਾ ਦੇਸ਼ ਹੈ, ਪਰ ਮੇਰੀ ਸਲਤਨੱਤ ਦਾ ਸਭ ਤੋਂ ਮਿੱਠਾ ਮੇਵਾ ਪੰਜਾਬ ਹੈ। ਪੰਜਾਬ ਉਹ ਅੰਗੂਰ ਹੈ ਕਿ ਜਿਹਦਾ ਰਸ ਮੈਂ ਮਾਣ ਮਾਣ ਨਹੀਂ ਰੱਜਦਾ। ਇਹ ਅਜਿਹਾ ਅੰਗੂਰ ਹੈ ਜਿਹਦੇ ਤਾਜ਼ਾ ਰਸ ਵਿਚ ਵੀ ਖ਼ਾਲਸ ਅੰਗੂਰੀ ਸ਼ਰਾਬ ਵਰਗਾ ਨਸ਼ਾ ਹੈ। ਜੇ ਸਚ ਪੁਛੋ ਤਾਂ ਮੈਂ ਸੋਚ ਰਿਹਾ ਹਾਂ ਕਿ ਕੀ ਮੈਂ ਮੁੜ ਅਫ਼ਗਾਨਿਸਤਾਨ ਵਲ ਪਰਤਾਂ ਵੀ ਕਿ ਨਾਂ। ਠੀਕ, ਮੈਨੂੰ ਓਥੋਂ ਦੀਆਂ ਬਰਫ਼ਾਂ ਤੇ ਹਵਾਵਾਂ ਤੇ ਪਹਾੜਾਂ ਨਾਲ ਮੋਹ ਹੈ ਪਰ ਕਿਥੇ ਪੰਜਾਬ ਜਿਹਾ ਸੁਖ, ਪੰਜਾਬ ਜਿਹਾ ਪੈਸਾ ਤੇ ਪੰਜਾਬ ਜਿਹੀ ਐਸ਼।"

ਦੁਰਾਨੀ ਬੁਢਾ ਹੋ ਰਿਹਾ ਸੀ ਤੇ ਸ਼ਾਇਦ ਉਹ ਚਾਹੁੰਦਾ ਸੀ ਕਿ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ ਉਹ ਆਰਾਮ ਤੇ ਚੈਨ ਨਾਲ ਕਿਸੇ ਇਹੋ ਜਿਹੀ ਥਾਂ ਉੱਤੇ ਕੱਟੇ ਜਿਥੇ ਉਹਨੂੰ ਬਹੁਤੇ ਫਿਕਰ ਤੇ ਦੁਖ ਨਾ ਹੋਣ। ਉਸ ਤੋਂ ਪਹਿਲੇ ਆਏ ਅਫ਼ਗਾਨ ਤੇ ਮੁਗ਼ਲ ਵੀ ਸ਼ਾਇਦ ਇਹਨਾਂ ਮਨੋਭਾਵਾਂ ਨਾਲ ਹੀ ਹਿੰਦੁਸਤਾਨ ਵਿਚ ਆਬਾਦ ਹੋ ਗਏ ਸਨ। ਇਹੋ ਜਿਹੀਆਂ ਗੱਲਾਂ ਸੋਚਦਾ ਦੁਰਾਨੀ ਫਿਰ ਬੋਲਿਆ। ਗ਼ੌਸ ਮੁਹੰਮਦ ਅਜੇ ਤਕ ਵੀ ਹੱਥ ਬੰਨ੍ਹੀ ਤੇ ਸਿਰ ਨਿਵਾਈ ਉਹਦੇ ਸਾਹਮਣੇ ਖਲੋਤਾ ਸੀ।

"ਪਰ ਗ਼ੌਸ ਮੁਹੰਮਦ! ਇਹਨਾਂ ਸਿਖਾਂ ਨੇ ਮੇਰੇ ਸਭ ਇਰਾਦੇ ਮਿੱਟੀ ਵਿਚ ਰੋਲ ਦਿਤੇ ਹਨ। ਇਹਨਾਂ ਦੀ ਜੁਰਅਤ ਤੇ ਬਹਾਦਰੀ ਨੇ ਮੈਨੂੰ ਕਿਸੇ ਥਾਂ ਜੋਗਾ ਨਹੀਂ ਛਡਿਆ। ਮੈਂ ਬਾਲਾ ਹਿਸਾਰ ਨੂੰ ਮੁੜ ਕੇ ਜਿਤਣ ਦੀ ਹਿੰਮਤ ਰਖਦਾ ਹਾਂ ਪਰ ਇਹਨਾਂ ਉੱਤੇ ਜਿੱਤ ਪਾ ਕੇ ਇਹਨਾਂ ਨੂੰ ਮੁੜ ਖੁਲ੍ਹ ਦੇਣ ਤੋਂ ਡਰਦਾ ਹਾਂ।"

ਪਰ ਸਿਖ ਦੁਰਾਨੀ ਕੋਲੋਂ ਖੁਲ੍ਹ ਲੈਣ ਦੇ ਮੁਹਤਾਜ ਨਹੀਂ ਸਨ। ਪਾਣੀਪਤ ਤੇ ਕੁੱਪ ਦਾ ਜੇਤੂ ਜਦੋਂ ਇਹੋ ਜਿਹੇ ਭਾਵਾਂ ਨਾਲ ਲਾਹੌਰ ਬੈਠਾ ਸੀ ਤਾਂ ਤੀਹ ਪੈਂਤੀ ਮੀਲ ਪਰੇ ਸੱਠ ਹਜ਼ਾਰ ਸਿਖ ਅੰਮ੍ਰਿਤਸਰ ਜੁੜ ਚੁਕਾ ਸੀ। ਦੁਰਾਨੀ ਨੂੰ ਤਾਹੀਉਂ ਪਤਾ ਲਗਾ ਜਦੋਂ ਇਕ ਸਵੇਰ ਗ਼ੌਸ ਮੁਹੰਮਦ ਨੇ ਆ ਕੇ ਦਸਿਆ, "ਹਜ਼ੂਰ ਬਣੀ ਬਣਾਈ ਵਿਗੜ ਗਈ। ਕੀਤੀ ਕੱਤਰੀ ਖੂਹ ਪਈ। ਸੱਠ ਹਜ਼ਾਰ ਸਿਖ ਅੰਮਿਤਸਰ ਜੁੜ ਗਏ ਹਨ। ਇਹਨਾਂ ਸੱਠਾਂ ਹਜ਼ਾਰਾਂ ਦਾ ਮੁਕਾਬਲਾ ਕਰਨ ਵਾਸਤੇ ਤਾਂ ਸਾਡੇ ਕੋਲ ਪੂਰੀ ਫ਼ੌਜ ਵੀ ਨਹੀਂ। ਕਈ ਅਫ਼ਗਾਨ ਸਿਪਾਹੀ ਅਜੇ ਤਕ ਵੀ ਚਾਰ ਚੁਫੇਰੇ ਮੁਲਕ ਵਿਚ ਖਿਲਰੇ ਪਏ ਹਨ। ਜੇ ਅਸੀਂ ਕੋਈ ਬਨ੍ਹਣੂੰ ਨਾ ਬੰਨ੍ਹਿਆ ਤਾਂ ਕੌ ਪਤਾ ਇਹ ਦਲ ਲਾਹੌਰ ਉੱਤੇ ਚੜ੍ਹਾਈ ਹੀ ਨਾ ਕਰ ਦੇਵੇ।"

ਅਹਿਮਦ ਸ਼ਾਹ ਦੁਰਾਨੀ ਨੇ ਇਹ ਖਬਰ ਸੁਣੀ ਤੇ ਉਹ ਚੁਪ ਕਰ ਗਿਆ। ਉਸ ਉਸੇ ਵਕਤ ਕੋਈ ਫ਼ੈਸਲਾ ਨਾ ਦਿਤਾ। ਉਸ ਗ਼ੌਸ ਮੁਹੰਮਦ ਨੂੰ ਝਾੜਿਆ ਵੀ ਨਾ। ਉਹ ਬਹੁਤਾ ਉਪਰਾਮ ਵੀ ਨਾ ਹੋਇਆ। ਇਸ ਖ਼ਬਰ ਨੇ ਉਹਨੂੰ ਅਜਿਹਾ ਧੱਕਾ ਪਹੁੰਚਾਇਆ ਕਿ ਇਕ ਸਮੇਂ ਲਈ ਸੁੰਨ ਹੋ ਗਿਆ। ਜਦੋਂ ਉਹ ਆਪਣੇ ਆਪ ਵਿਚ ਆਇਆ ਤਾਂ ਉਹਨੂੰ ਲਗਾ ਕਿ ਜਿਵੇਂ ਉਹ ਇਹੋ ਜਿਹੀ ਕੋਈ ਦੁਰਘਟਨਾ ਨੂੰ ਉਡੀਕ ਹੀ ਰਿਹਾ ਹੋਵੇ। ਉਹਨੂੰ ਲਗਾ ਕਿ ਬੇਸ਼ਕ ਸਿਖਾਂ ਨੇ ਜਲਦੀ ਹੀ ਇਓਂ ਇਕੱਠਿਆਂ ਹੋਣਾ ਸੀ ਤੇ ਉਹਨੂੰ ਭਾਂਜ ਦੇਣੀ ਸੀ। ਉਹ ਸਗੋਂ ਹੈਰਾਨ ਹੋਇਆ ਕਿ ਇਹ ਦੁਰਘਟਨਾ ਇਸ ਸਮੇਂ ਤੋਂ ਪਹਿਲੇ ਕਿਵੇ ਨਹੀਂ ਵਾਪਰੀ।

Scanned by CamScanner

ਗੌਸ ਮੁਹੰਮਦ ਨੂੰ ਸਿਖਾਂ ਨਾਲ ਸੁਲਹ ਕਰਨ ਵਾਸਤੇ ਕਿਹਾ। ਜਦੋਂ ਫ਼ੌਜ ਸਾਰੀ ਜੁੜ ਜਾਏਗੀ ਤਾਂ ਫਿਰ ਵੇਖੀ ਜਾਏਗੀ ਤੇ ਜੇ ਲੋੜ ਪਈ ਤਾਂ ਆਰਜ਼ੀ ਅਹਿਦਨਾਮਾ ਤੋੜ ਦਿਤਾ ਜਾਏਗਾ। ਗੌਸ ਮੁਹੰਮਦ ਨੇ ਆਹਲੂਵਾਲੀਏ ਸਰਦਾਰ ਕੋਲ ਏਲਚੀ ਭੇਜੇ। ਇਹ ਏਲਚੀ ਬਾਦਸ਼ਾਹ ਅਹਿਮਦ ਸ਼ਾਹ ਦੁਰਾਨੀ ਵਲੋਂ ਸੁਲਹ ਦਾ ਸੰਦੇਸ਼ਾ ਲਿਆਏ। ਤੋਹਫੇ ਵੀ ਲਿਆਏ। ਉਹਨਾਂ ਆਖਿਆ, "ਦੁਰਾਨੀ ਬਾਦਸ਼ਾਹ ਤੁਹਾਡੇ ਨਾਲ ਸੁਲ੍ਹਾ ਕਰਨਾ ਚਾਹੁੰਦਾ ਹੈ। ਤੁਸੀਂ ਆਰਾਮ ਨਾਲ ਉਹਦੀ ਰਿਆਇਆ ਬਣ ਕੇ ਰਹੋ ਤੇ ਤੁਹਾਨੂੰ ਕੋਈ ਅਜ਼ਾਬ ਨਹੀਂ ਪਹੁੰਚੇਗਾ। ਕਾਬਲ ਬੈਠਾ ਵੀ ਉਹ ਤੁਹਾਡਾ ਸ਼ੁਭਚਿੰਤਕ ਬਣਿਆ ਤੁਹਾਡੀ ਸੁਖ-ਸਾਂਦ ਦਾ ਖ਼ਿਆਲ ਰਖੇਗਾ।"

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਬਾਕੀ ਸਰਦਾਰ ਅਤੇ ਸਰਦਾਰ ਜਾਂਬਾਜ਼ ਸਿੰਘ ਇਸ ਪੇਸ਼ਕਸ਼ ਉੱਤੇ ਹੱਸੇ। ਸਾਰੀ ਸੰਗਤ ਇਸ ਪੇਸ਼ਕਸ਼ ਉੱਤੇ ਹੱਸੀ। "ਅਸੀਂ ਬਾਦਸ਼ਾਹ ਅਹਿਮਦ ਸ਼ਾਹ ਦੁਰਾਨੀ ਦੇ ਧੰਨਵਾਦੀ ਹਾਂ," ਆਹਲੂਵਾਲੀਏ ਸਰਦਾਰ ਨੇ ਕਿਹਾ, "ਪਰ ਅਸੀਂ ਨਹੀਂ" ਜੇ ਉਹ ਚਾਹੇ ਤਾਂ ਆਰਾਮ ਨਾਲ ਸਾਡੀ ਰਿਆਇਆ ਬਣ ਕੇ ਰਹਿ ਸਕਦਾ ਹੈ। ਪੰਜਾਬ ਵਿਚ ਰਾਜ ਸਿਰਫ਼ ਖ਼ਾਲਸੇ ਦਾ ਹੀ ਹੋਏਗਾ।"

ਫਿਰ ਦੁਰਾਨੀ ਏਲਚੀਆਂ ਨੂੰ ਮੁੜ ਕੇ ਖ਼ੁਦ ਚੁਕਾ ਸਰੋਵਰ ਵਿਖਾਇਆ ਤੇ ਹਰਿਮੰਦਰ ਸਾਹਿਬ ਦੀ ਪੂਰੀ ਹੋ ਰਹੀ ਤਿਆਰਤ ਦੱਸੀ। ਇਹਨਾਂ ਏਲਚੀਆਂ ਦੀ ਖ਼ਾਤਿਰ ਕੀਤੀ ਗਈ ਤੇ ਸਤਿਕਾਰ ਨਾਲ ਉਹਨਾਂ ਨੂੰ ਮੋੜਿਆ ਗਿਆ। ਏਲਚੀਆਂ ਹੱਥ ਆਏ ਸਿੱਖਾਂ ਦੇ ਜੁਆਬ ਨੇ ਵੀ ਦੁਰਾਨੀ ਨੂੰ ਗੁੱਸੇ ਨਹੀਂ ਕੀਤਾ। ਉਹ ਆਪੇ ਤੋਂ ਬਾਹਰ ਨਹੀਂ ਹੋਇਆ। ਉਸ ਏਲਚੀਆਂ, ਸਿੱਖਾਂ ਜਾਂ ਆਪਣੇ ਸਿਪਾਹੀਆਂ ਨੂੰ ਗਾਲ੍ਹਾਂ ਨਹੀਂ ਕਢੀਆਂ। ਉਸ ਸਿਰਫ ਏਨਾ ਹੀ ਆਖਿਆ, "ਹੁਣ ਲੜਾਈ ਤੋਂ ਬਗ਼ੈਰ ਕੋਈ ਚਾਰਾ ਨਹੀਂ। ਗੌਸ ਮੁਹੰਮਦ! ਅੰਮ੍ਰਿਤਸਰ ਉੱਤੇ ਹੱਲੇ ਦੀ ਤਿਆਰੀ ਹੋਵੇ।"

ਉਹਦੇ ਲਹਿਜੇ ਤੋਂ ਪ੍ਰਤੱਖ ਸੀ ਕਿ ਅੱਤਕੀਂ ਉਹਦਾ ਲੜਨ ਵਾਸਤੇ ਰੂਹ ਨਹੀਂ ਕਿ ਅੱਤਕੀਂ ਜਿਵੇਂ ਉਹਨੂੰ ਹਾਰ ਖਾਣੀ ਪਵੇਗੀ। ਦੁਰਾਨੀ ਦੇ ਹੁਕਮ ਦੀ ਪਾਲਣਾ ਹੋਈ। ਦੀਵਾਲੀ ਵਾਲੀ ਸ਼ਾਮ ਏਲਚੀ ਅੰਮ੍ਰਿਤਸਰੋਂ ਨਿਰਾਸ ਮੁੜੇ ਸਨ ਤੇ ਦੀਵਾਲੀ ਤੋਂ ਅਗਲੇ ਦਿਨ ੧੬ ਅਕਤੂਬਰ ੧੭੬੨ ਵਾਲੇ ਦਿਨ ਦੁਰਾਨੀ ਆਪਣੀ ਚਾਲ੍ਹੀ ਕੁ ਹਜ਼ਾਰ ਫ਼ੌਜ ਨਾਲ ਅੰਮ੍ਰਿਤਸਰ ਪਹੁੰਚ ਗਿਆ।

ਲੜਾਈ ਹੋਈ, ਘੋਰ ਲੜਾਈ। ਦੁਰਾਨੀ ਨੇ ਮੁੜ ਮੁੜ ਕੇ ਆਪਣੀ ਸੈਨਾਂ ਕੋਲੋਂ ਹੱਲੇ ਕਰਵਾਏ ਤੇ ਖ਼ਾਲਸੇ ਨੇ ਮੁੜ ਮੁੜ ਕੇ ਇਹ ਹੱਲੇ ਠੱਲ੍ਹੇ। ਦੁਰਾਨੀ ਸਿਪਾਹੀ ਤੇ ਸਿਖ ਲੜਾਕੇ ਬੰਦੂਕਾਂ ਨਾਲ ਹੀ ਨਹੀਂ ਤਲਵਾਰ ਕਟਾਰਾਂ ਨਾਲ ਲੜੇ। ਜਿਨ੍ਹਾਂ ਦੇ ਘੋੜੇ ਮਰ ਗਏ ਜਾਂ ਜਿਨ੍ਹਾਂ ਦੀਆਂ ਤਲਵਾਰਾਂ ਖੁੰਢੀਆਂ ਹੋ ਗਈਆਂ ਜਾਂ ਟੁਟ ਗਈਆਂ ਉਹ ਇਕ ਦੂਜੇ ਨਾਲ ਹੱਥੋ ਪਾਈ ਵੀ ਹੋਏ। ਸਿਖਾਂ ਤੇ ਦੁਰਾਨੀਆਂ ਵਿਚਕਾਰ ਇਹੋ ਜਿਹਾ ਦਿਲੀ ਤੇ ਜਿਗਰੀ ਯੁਧ ਅਗੇ ਕਦੀ ਵੀ ਨਹੀਂ ਸੀ ਹੋਇਆ।

ਹਾਂ, ਅੱਜ ਪੂਰਨ ਸੂਰਜ ਗ੍ਰਹਿਣ ਵਾਲੇ ਦਿਨ ਦੁਰਾਨੀ ਤੇ ਸਿਖ, ਦਿਲ ਖੋਲ੍ਹ ਕੇ ਇਕ ਦੂਜੇ ਨਾਲ ਲੜੇ। ਅੱਜ ਦੋਹਾਂ ਨੇ ਆਪਣਿਆਂ ਮਨਾਂ ਦੀ ਭੜਾਸ ਕਢੀ, ਅੱਜ ਦੋਹਾਂ ਨੇ ਆਪਣੇ ਬਦਲੇ ਚੁਕਾਏ।

ਅੰਮ੍ਰਿਤਸਰ ਨੇ ਵੀ ਸ਼ਾਇਦ ਇਹੋ ਜਿਹੀ ਲੜਾਈ ਪਹਿਲੇ ਕਦੀ ਨਹੀਂ ਸੀ ਵੇਖੀ। ਇਕ ਲੱਖ ਤੋਂ ਵਧੀਕ ਫ਼ੌਜ ਏਥੇ ਇਓਂ ਕਦੀ ਗੁੱਥਮ-ਗੁੱਥਾ ਨਹੀਂ ਸੀ ਹੋਈ। ਸਵੇਰ ਤੋਂ ਲੈ ਕੇ ਸ਼ਾਮ ਤਕ ਲੜਾਈ ਜਾਰੀ ਰਹੀ ਤੇ ਅੰਤ ਦੁਰਾਨੀ ਥਕ ਗਏ। ਦੁਰਾਨੀਆ ਦੇ ਜਰਨੈਲ ਤੇ ਉਹਨਾਂ ਦਾ ਪਾਤਸ਼ਾਹ ਥਕ ਗਿਆ। ਉਹਨਾਂ ਦੇ ਹੌਸਲੇ ਊਣੇ ਹੋ ਗਏ। ਖ਼ਾਸ ਕਰਕੇ ਓਦੋਂ ਕਿ ਜਦੋਂ ਉਹਨਾਂ ਨੇ ਸਿਖਾਂ ਨੂੰ ਅਜੇ ਤਕ ਵੀ ਤਾਜ਼ਾਦੰਮ ਵੇਖਿਆ।

ਰਾਤ ਪਈ, ਲੜਾਈ ਥੰਮੀ। ਗੌਸ ਮੁਹੰਮਦ ਨੇ ਬਾਦਸ਼ਾਹ ਅਗੇ ਬੇਨਤੀ ਕੀਤੀ, 'ਮੈਨੂੰ ਵਿਸ਼ਵਾਸ਼ ਹੈ ਕਿ ਕੱਲ੍ਹ ਸਵੇਰੇ ਖ਼ਾਲਸਾ ਦਲ ਸਾਡੇ ਉੱਤੇ ਹੱਲਾ ਬੋਲ ਦਏਗਾ। ਉਹ ਸਾਡੀ ਹਾਲਤ ਚੰਗੀ ਤਰ੍ਹਾਂ ਸਮਝਦੇ ਹਨ।" "ਮੇਰਾ ਵੀ ਖਿਆਲ ਹੈ ਗੌਸ ਮੁਹੰਮਦ। ਪਹਿਰ ਰਾਤ ਗਈ ਵਾਪਸ ਲਾਹੌਰ ਵਲ ਚਾਲੇ ਪਾਏ ਜਾਣ।"

ਇਓਂ ਪਹਿਰ ਰਾਤ ਗਈ ਅਹਿਮਦ ਸ਼ਾਹ ਦੁਰਾਨੀ ਸਿਖਾਂ ਕੋਲੋਂ ਹਾਰ ਖਾ ਕੇ ਲਾਹੌਰ ਪਰਤ ਗਿਆ।

Scanned by CamScanner

੬੬

ਦੁਰਾਨੀ ਨਿਰਾਸ ਤੇ ਉਦਾਸ ਹੋ ਕੇ ਕਾਬਲ ਮੁੜਿਆ। ਉਹਦੀ ਜ਼ਿੰਦਗੀ ਦੀ ਸਭ ਤੋਂ ਵਡੀ ਚਾਹ ਬਾਰ ਬਾਰ ਕੋਸ਼ਿਸ਼ ਕਰਨ ਉੱਤੇ ਵੀ ਅਪੂਰਨ ਰਹੀ। ਇਹ ਚਾਹ ਸੀ ਪੰਜਾਬ ਨੂੰ ਅਫ਼ਗਾਨ ਹਕੂਮਤ ਦਾ ਭਾਗ ਬਨਾਉਣਾ ਤੇ ਸਿਖਾਂ ਨੂੰ ਸਰ ਕਰਨਾ। ਜੇ ਪੰਜਾਬ ਨੇ ਕਾਬਲ ਦੀ ਸਲਤਨੱਤ ਦਾ ਭਾਗ ਬਣਨਾ ਸੀ ਤਾਂ ਸਿਖਾਂ ਨੂੰ ਸਰ ਕਰਨਾ ਜ਼ਰੂਰੀ ਸੀ। ਪਰ ਇਹ ਸਿਖ ਸਨ ਕਿ ਸਰ ਨਹੀਂ ਸਨ ਹੁੰਦੇ।

ਅੰਤਕੀਂ ਇਕ ਪੂਰਾ ਸਾਲ ਉਸ ਪੰਜਾਬ ਵਿਚ ਬਿਤਾਇਆ। ਰਾਜ ਭਾਗ ਨੂੰ ਪੀਡੀ ਤਰ੍ਹਾਂ ਸਥਾਪਿਤ ਕਰਨ ਦੇ ਸਭ ਸਾਧਨ ਵਰਤੇ। ਉਸ ਲਾਹੌਰ ਵਿਚ ਸ਼ਾਹੀ ਦਰਬਾਰ ਸਜਾਇਆ। ਉਸ ਬੜਿਆਂ ਨੂੰ ਖਿੱਲਤਾਂ ਬਖਸ਼ੀਆਂ, ਇਨਾਮ ਦਿਤੇ ਤੇ ਬੜਿਆਂ ਨੂੰ ਕੈਦ ਵੀ ਕੀਤਾ ਤੇ ਸਜ਼ਾਵਾਂ ਵੀ ਦਿਤੀਆਂ। ਉਹਨੇ ਲੜਾਈਆਂ ਲੜੀਆਂ। ਉਹਦੇ ਜਰਨੈਲ ਤੇ ਸਿਪਾਹੀਆਂ ਨੇ ਇਥੇ ਵਿਆਹ ਰਚਾਏ। ਸਭ ਕੁਝ ਹੋਇਆ ਪਰ ਅੰਤ ਖ਼ਾਲਸੇ ਨੇ ਉਹਨੂੰ ਹਾਰ ਦਿਤੀ।

ਉਦਾਸ ਤੇ ਨਿਰਾਸ਼ ਅਹਿਮਦ ਸ਼ਾਹ ਨੇ ਵਾਪਸ ਚਾਲੇ ਪਾਏ ਤੇ ਸਦਾ ਵਾਂਗ ਕਿਹਾ, "ਅਛਾ ਅਗਲੇ ਸਾਲ ਸਹੀ। ਸਿੱਝ ਲਵਾਂਗਾ ਇਹਨਾਂ ਨਾਲ।"

ਲਗਭਗ ਹਰ ਸਾਲ ਦੁਰਾਨੀ ਏਸੇ ਤਰ੍ਹਾਂ ਕਹਿ ਕੇ ਹੀ ਕਾਬਲ ਮੁੜ ਜਾਂਦਾ ਸੀ। ਦਿੱਲੀ ਦਾ ਰਾਜ ਉਹਦੇ ਕਦਮਾਂ ਵਿਚ ਰੁਲਦਾ ਰਿਹਾ ਸੀ, ਮਰਹਟੇ ਉਹਦੇ ਨਾਂ ਤੋਂ ਤਰਹਿੰਦੇ ਸਨ ਬਾਕੀ ਦੁਨੀਆਂ ਦੇ ਵੀ ਸਭ ਰਾਜੇ ਰਜਵਾੜੇ ਅਹਿਮਦ ਸ਼ਾਹ ਨੂੰ ਆਪਣਾ ਸ਼ਹਿਨਸ਼ਾਹ ਮੰਨਦੇ ਸਨ ਪਰ ਸਿਰਫ਼ ਸਿਖਾਂ ਦੀ ਹੀ ਇਕ ਇਹੋ ਜਿਹੀ ਨਿਕਰਮੀ ਕੌਮ ਸੀ ਜਿਹੜੀ ਕਿ ਇਸ ਸ਼ਹਿਨਸ਼ਾਹ ਦਾ ਆਰਾਮ ਤੇ ਚੈਨ ਭੰਗ ਕਰ ਰਹੀ ਸੀ। ਉਹਦੀ ਵਡਿੱਤਣ ਤੇ ਮਹਾਨਤਾ ਉੱਤੇ ਥੁਕ ਰਹੀ ਸੀ। ਉਹਨੂੰ ਸਾਰੀ ਦੁਨੀਆਂ ਸਾਹਮਣੇ ਜ਼ਿਚ ਕਰ ਰਹੀ ਸੀ। ਏਸੇ ਲਈ ਸ਼ਾਇਦ ਦੁਰਾਨੀ ਹੁਣ ਸਿਖਾਂ ਦੀ ਤਾਕਤ ਨੂੰ ਖ਼ਤਮ ਕੀਤੇ ਬਗ਼ੈਰ ਦਮ ਨਹੀਂ ਸੀ ਲੈ ਸਕਦਾ। ਇਹ ਸਵਾਲ ਹੁਣ ਉਹਦੀ ਇਜ਼ਤ ਦਾ ਸੁਆਲ ਬਣ ਗਿਆ ਸੀ। ਹੁਣ ਉਹਨੂੰ ਲੋਕ ਲਾਜ ਮਾਰਦੀ ਸੀ।

ਸਾਲ ਦੇ ਸ਼ੁਰੂ ਵਿਚ ਦੁਰਾਨੀ ਵਾਪਸ ਕਾਬਲ ਪੁਹੰਚਿਆ ਤੇ ਸਾਲ ਦੇ ਅਖੀਰ ਵਿਚ ਉਸ ਫਿਰ ਪੰਜਾਬ ਆਉਣਾ ਚਾਹਿਆ। ਪਰ ਅੰਤਕੀਂ ਉਹਦੇ ਸਲਾਹਕਾਰ ਗ਼ੌਸ ਮੁਹੰਮਦ ਨੇ ਉਹਨੂੰ ਬੜੀ ਜ਼ਿਦ ਕਰਕੇ ਹੋੜਿਆ। "ਜਹਾਂਪਨਾਹ, ਕਾਬਲ ਨੂੰ ਇਸਤਰ੍ਹਾਂ ਹਰ ਸਾਲ ਛਡ ਕੇ ਨਾ ਜਾਓ। ਪੰਜਾਬ ਜਾ ਕੇ ਪਤਾ ਨਹੀਂ ਕਦੋਂ ਮੁੜ ਹੁੰਦਾ ਹੈ। ਸਿਖਾਂ ਨੂੰ ਸਰ ਕਰਨ ਵਾਸਤੇ ਅਸੀਂ, ਕਿਸੇ ਹੋਰ ਜਰਨੈਲ ਨੂੰ ਭੇਜ ਸਕਦੇ ਹਾਂ।

ਬਾਦਸ਼ਾਹ ਅਹਿਮਦ ਸ਼ਾਹ ਗ਼ੌਸ ਮੁਹੰਮਦ ਦੇ ਮਨ ਦੀ ਗੱਲ ਸਮਝਦਾ ਸੀ। ਉਹ ਖ਼ੁਦ ਵੀ ਮਹਿਸੂਸ ਕਰਦਾ ਸੀ ਕਿ ਬਾਲਾ ਹਿਸਾਰ ਤੋਂ ਹੁਣ ਬਹੁਤੀ ਦੇਰ ਵਾਸਤੇ ਗ਼ੈਰ ਹਾਜ਼ਿਰ ਰਹਿਣਾ ਖ਼ਤਰਨਾਕ ਹੈ। ਪਰ ਇਹ ਇਜ਼ਤ, ਆਬਰੂ ਤੇ ਇਸਲਾਮੀ ਬਰਤਰੀ ਦਾ ਸਵਾਲ ਸੀ! ਉਹ ਕਿਵੇਂ ਰੁਕਦਾ ? ਬੜੇ ਦਿਨ ਇਉਂ ਦੋਚਿਤਗੀ ਵਿਚ ਗੁਜ਼ਰ ਗਏ ਪਰ ਅੰਤ ਜਿਤ ਗ਼ੌਸ ਮੁਹੰਮਦ ਦੀ ਹੀ ਹੋਈ। ਇਸ ਸਾਲ ਅਹਿਮਦ ਸ਼ਾਹ ਆਪ ਪੰਜਾਬ ਨਾ ਗਿਆ।

ਉਸ ਜਰਨੈਲ ਜਹਾਨ ਖ਼ਾਨ ਨੂੰ ਆਪਣੀ ਥਾਂ ਉੱਤੇ ਪੰਜਾਬ ਭੇਜਿਆ। ਪਰ ਜਿਥੇ ਨੂਰ ਦੀਨ ਬਾਮੇਚਈ ਵਰਗਾ ਸਿਆਣਾ ਤੇ ਹੰਢਿਆ ਹੋਇਆ ਜਰਨੈਲ ਜਿਚ ਹੋ ਗਿਆ, ਉਥੇ ਜਹਾਨ ਖ਼ਾਨ ਵਿਚਾਰਾ ਕੀ ਕਰਨ ਜੋਗਾ ਸੀ ? ਖ਼ਾਲਸੇ ਨੇ ਉਹਦੇ ਅਗੇ ਵਧਣ ਦੀ ਉਡੀਕ ਨਹੀਂ ਕੀਤੀ, ਆਪ ਉਹ ਨੂੰ ਅਗੋਂ ਮਿਲਣ ਲਈ ਗਏ।

ਚੜ੍ਹਤ ਸਿੰਘ ਸੁਕਰਚਕੀਏ ਤੇ ਭੰਗੀ ਸਰਦਾਰਾਂ ਨੇ ਸਿਆਲ ਕੋਟ ਦੇ ਲਾਗੇ ਜਹਾਨ ਖ਼ਾਨ ਨੂੰ ਘੇਰ ਲਿਆ। ਜਹਾਨ ਖ਼ਾਨ ਨੂੰ ਅਜਿਹੀ ਹਾਰ ਹੋਈ ਕਿ ਉਹ ਮੁਸ਼ਕਲ ਨਾਲ ਹੀ ਜਾਨ ਬਚਾ ਕੇ ਰਣਭੂਮੀ ਵਿਚੋਂ ਭਜ ਸਕਿਆ। ਭੰਗੀ ਸਰਦਾਰ

Scanned by CamScanner

ਤੇ ਚੜ੍ਹਤ ਸਿੰਘ ਜਦੋਂ ਇਹ ਜਿਤ ਪਾ ਕੇ ਮੁੜੇ ਤਾਂ ਜੱਸਾ ਸਿੰਘ ਆਹਲੂਵਾਲੀਆ ਨੂੰ ਉਹਨਾਂ ਨੇ ਅੰਮ੍ਰਿਤਸਰ 'ਜੀਓ ਆਇਆਂ' ਕਿਹਾ। ਸਦਾ ਵਾਂਗ ਐਤਕੀ ਵੀ ਬਾਬਾ ਜਾਂਬਾਜ਼, ਆਹਲੂਵਾਲੀਏ ਸਰਦਾਰ ਦੇ ਨਾਲ ਸੀ ਤੇ ਉਧਰੋਂ ਸਰਦਾਰ ਲਹਿਣਾ ਸਿੰਘ ਦੇ ਨਾਲ ਆਇਆ ਹਰਨਾਮ ਸਿੰਘ ਮਾਹਿਲ।

ਹਰਨਾਮ ਸਿੰਘ ਨੇ ਆਪਣੇ ਭਰਾ ਗੁਰਬਖਸ਼ ਸਿੰਘ ਦੀ ਥਾਂ ਮੱਲੀ ਸੀ। ਸ਼ੁਭਵੰਤ ਨੇ ਕਿਹਾ ਸੀ ਕਿ ਜਿਸ ਬੱਚੇ ਵਿਚ ਸ਼ਾਹਬਾਜ਼ ਦਾ ਖ਼ੂਨ ਹੋਵੇ ਉਹ ਕਿਵੇਂ ਸਿਖ ਪੰਥ ਵਾਸਤੇ ਲੜਨ ਤੇ ਜਾਨ ਵਾਰਨ ਤੋਂ ਕੰਨੀ ਕਤਰਾ ਸਕਦਾ ਹੈ। ਤੇ ਉਹਦੀ ਆਖੀ ਸੱਚ ਨਿਕਲੀ ਸੀ। ਹਰਨਾਮ ਸਿੰਘ ਕੁਝ ਵਰ੍ਹੇ ਭਗੋੜਾ ਰਹਿਣ ਪਿਛੋਂ ਸਿਖੀ ਮੰਡਲ ਵਿਚ ਸ਼ਾਮਿਲ ਹੋਇਆ। ਉਹ ਬਦਲ ਗਿਆ।

ਤੇ ਸ਼ਾਇਦ ਇਹ ਗੁਰਬਖਸ਼ ਸਿੰਘ ਤੇ ਬਹਾਦਰ ਸਿੰਘ ਦੀ ਸ਼ਹੀਦੀ ਹੀ ਸੀ ਜਿਸ ਉਹਦੀ ਕਾਇਆ ਨੂੰ ਬਦਲਿਆ। ਇਸ ਸ਼ਹੀਦੀ ਦੀ ਸੋ ਨੇ ਉਹਨੂੰ ਉਪਰਾਮ ਕੀਤਾ ਸੀ। ਉਹ ਕਈ ਦਿਨ ਚੁਪ ਰਿਹਾ ਸੀ। ਜਦੋਂ ਉਹ ਘਰ ਆਇਆ ਤਾਂ ਸਾਰਾ ਟੱਬਰ ਛਤਹ ਗੜ੍ਹ ਨੂੰ ਛਡ ਕੇ ਜਾ ਰਿਹਾ ਸੀ। ਉਹ ਵੀ ਨਾਲ ਹੋ ਟੁਰਿਆ। ਤੇ ਪੱਟੀ ਨਾਰੜੀ ਪਹੁੰਚਣ ਤਕ ਉਹ ਬਦਲ ਚੁਕਾ ਸੀ। ਕੁਝ ਮਹੀਨੇ ਪਿਛੋਂ ਹੀ ਉਸ ਗੁਰਬਖਸ਼ ਸਿੰਘ ਦੀ ਥਾ ਲੈਣ ਦਾ ਇਰਾਦਾ ਪੇਸ਼ ਕੀਤਾ। ਉਮਰ ਉਹਦੀ ਅਜੇ ਵੀ ਛੋਟੀ ਸੀ ਤੇ ਸ਼ੁਭਵੰਤ ਨੇ ਹੋੜਿਆ।

"ਵੇ ਚਲਿਆ ਜਾਈਂ ਹਰਨਾਮਿਆਂ! ਇਕ ਤਾਂ ਤੇਰਾ ਬਾਬਾ ਕਦੀ ਡਾਹੀ ਨਹੀਂ ਦੇਂਦਾ ਤੇ ਦੂਜਾ ਘਰ ਦੇ ਕੰਮ ਵਾਸਤੇ ਵੀ ਤਾਂ ਕਿਸੇ ਦੀ ਲੋੜ ਹੁੰਦੀ ਹੈ!"

ਪਰ ਸੁਬੇਗ ਸਿੰਘ ਨੇ ਰਾਏ ਦਿਤੀ, "ਨਹੀਂ ਅੰਮਾ, ਜਾਣ ਦੇ। ਘਰ ਰਹਿ ਕੇ ਕੀ ਕਰਨਾ ਹੈ ਇਹਨੇ। ਰੱਬ ਸਹਾਈ ਹੋਵੇ ਸਾਡੀ ਰੱਟੀ ਨਿਕਲਦੀ ਆਉ ਦੀ ਹੈ। ਪਿੰਡ ਵਾਸੀਆਂ ਦਾ ਅਹਿਸਾਨ ਹੈ। ਇਹਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਨ ਤੋਂ ਹੁੜਨਾ ਠੀਕ ਨਹੀਂ।"

ਸੁਬੇਗ ਸਿਘ ਦੀ ਰਾਏ ਪਰਵਾਨ ਹੋਈ ਤੇ ਹਰਨਾਮ ਸਿੰਘ ਸਰਦਾਰ ਲਹਿਣਾ ਸਿੰਘ ਦੇ ਦਲ ਵਿਚ ਜਾ ਵੜਿਆ। ਸ਼ਿਆਲਕੋਟ ਜਹਾਨ ਖ਼ਾਨ ਨਾਲ ਹੋਈ ਲੜਾਈ ਵਿਚ ਹਰਨਾਮ ਸਿੰਘ ਨੇ ਆਪਣੀ ਕਮਸਨ ਉਮਰ ਦੇ ਵਿਪ੍ਰੀਤ ਵੀ ਸੂਰਬੀਰਤਾ ਵਿਖਾਈ। ਸਰਦਾਰ ਲਹਿਣਾ ਨੇ ਕਿਹਾ :

"ਆਖ਼ਿਰ ਖ਼ੂਨ ਕਿਦ੍ਹਾ ਹੈ ? ਬਹਾਦਰ ਕਿਉਂ ਨਾ ਹੋਵੇ!"

ਅੱਜ ਫਿਰ ਲਹਿਣਾ ਸਿੰਘ ਨੇ ਜਾਂਬਾਜ਼ ਅਗੇ ਹਰਨਾਮ ਦੀ ਤਾਰੀਫ਼ ਕੀਤੀ ਤੇ ਆਖਿਆ:

"ਬਾਬਾ! ਜਦੋਂ ਪੰਜਾਬ ਵਿਚ ਸਿਖ ਰਾਜ ਸਥਾਪਿਤ ਹੋਇਆ ਤਾਂ ਉਹ ਤੁਹਾਡੇ ਟੱਬਰ ਦੀ ਘਾਲਨਾ ਸਦਕਾ ਹੀ ਹੋਏਗਾ। ਤੁਸੀਂ ਪੰਥ ਵਾਸਤੇ ਉਹ ਉਹ ਘਾਲਾਂ ਘਾਲੀਆਂ ਹਨ ਕਿ ਇਨ੍ਹਾਂ ਦੀ ਕਿਤੋਂ ਮਿਸਾਲ ਨਹੀਂ ਮਿਲਦੀ। ਹਰਨਾਮ ਸਿਘ ਦੀ ਬਹਾਦਰੀ ਬਾਰੇ ਤੈਨੂੰ ਮੈਂ ਕੀ ਦਸਾਂ ?"

"ਵਾਹਿਗੁਰੂ ਵਾਹਿਗੁਰੂ ਆਖੋ ਸਰਦਾਰ ਜੀ," ਜਾਂਬਾਜ਼ ਬੋਲਿਆ, ਜਿਵੇਂ ਕਿ ਸਰਦਾਰ ਲਹਿਣਾ ਸਿੰਘ ਨੇ ਕੋਈ ਅਣਿਆਈ ਕਹਿ ਦਿਤੀ ਹੋਵੇ "ਅਸੀਂ ਕਿਸ ਮੁਲ ਹਾਂ। ਗੁਰੂ ਕਲਗੀਆਂ ਵਾਲੇ ਦੇ ਚਰਨਾਂ ਵਿਚ ਸਾਡੀ ਕੀ ਔਕਾਤ ਹੈ।"

ਜੱਸਾ ਸਿੰਘ ਆਹਲੂਵਾਲੀਆ ਜਿਹੜਾ ਨਾਲ ਹੀ ਖਲੋਤਾ ਸੀ, ਹਸਿਆ:

"ਨਹੀਂ ਬਾਬਾ, ਗੁਰੂ ਕਲਗੀਆਂ ਵਾਲੇ ਦੇ ਚਰਨਾਂ ਵਿਚ ਤੇਰੀ ਬੜੀ ਔਕਾਤ ਹੈ। ਬਾਬਾ! ਜੇ ਮੇਰਾ ਵਾਹ ਚਲੇ ਤਾਂ ਮੈਂ ਤੈਨੂੰ ਕਾਬਲ ਦੇ ਤਖਤ ਉੱਤੇ ਜਾ ਬਿਠਾਵਾਂ।"

"ਲਓ ਸਰਦਾਰ ਜੀ ਤੁਸੀਂ ਤਾਂ ਸਦਾ ਵਾਂਗ ਬੁਢੇ ਬਾਬੇ ਦਾ ਮੌਜੂ ਹੀ ਉਡਾਉਗੇ।" ਬਾਬਾ ਜਾਂਬਾਜ਼ ਵੀ ਹਸਿਆ। ਤੇ ਉਹਦੇ ਨਾਲ ਹੱਸੇ ਸਿਖ ਪੰਥ ਦੇ ਸਾਰੇ ਸਰਦਾਰ।

ਪੰਜਾਬ ਵਿਚ ਖ਼ਾਲਸੇ ਦੀਆਂ ਜਿਤਾਂ ਨਾਲ ਇਹ ਹਾਸਾ ਮਖ਼ੌਲ ਵੀ ਆਪਣੇ ਆਪ ਵਿਚ ਆਇਆ ਸੀ। ਔਰ ਤੇ ਜ਼ੁਲਮਾਂ ਦੇ ਦਿਨਾਂ ਵਿਚ ਜਿਹੜੇ ਨਿਹੰਗ ਜਾਂ ਗੜਗਜ ਬੋਲੇ ਜੰਗਲਾਂ ਤੇ ਜੂਹਾਂ ਅੰਦਰ ਹੋਂਦ ਵਿਚ ਆਏ, ਉਹ ਅੱਜ ਪਿੰਡਾਂ ਦੇ ਮੈਦਾਨਾਂ ਵਿਚ ਵੀ ਹਾਸੇ ਮਜ਼ਾਕ ਨਾਲ ਵਰਤੇ ਜਾਣ ਲਗੇ। ਇਉਂ ਲਗਦਾ ਹੈ ਜਿਵੇਂ ਸਿਖ ਧਰਮ ਵਿਚ ਹਾਸ ਰਸ ਦੀ ਛੋਹ ਜਮਾਂਦਰੂ ਹੋਵੇ, ਕਿ ਜਿਵੇਂ ਅੰਮ੍ਰਿਤ ਵਿਚ ਬੀਰ ਰਸ ਦੇ ਨਾਲ ਨਾਲ ਹਾਸ ਹਸ ਦਾ ਵੀ ਮੇਲ ਹੋਵੇ।

Scanned by CamScanner

ਪੰਜਾਬ ਦੀ ਕੀ ਸਾਰੇ ਭਾਰਤ ਦੀ ਜਨਤਾ ਬੜੀ ਗੌਰਵ ਤੇ ਗੰਭੀਰ ਹੈ। ਹਰ ਸ਼ੈ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਹੋਲੇ ਭਾਵ ਮੁਆਮਲੇ ਨਹੀਂ ਲਜਿੰਦੇ ਜਾਂਦੇ। ਹੋਲੇ ਭਾਵ ਜ਼ਿੰਦਗੀ ਨੂੰ ਮਿੱਠਾ ਤੇ ਸੁਖਾਵਾਂ ਨਹੀਂ ਬਣਾਇਆ ਜਾਂਦਾ।

ਪਰ ਸਿੰਘ ਸਜਦਿਆਂ ਹੀ ਉਦੋਂ ਦੇ ਲੋਕਾਂ ਵਿਚ ਇਕ ਤਰ੍ਹਾਂ ਦੀ ਬੇਪ੍ਰਵਾਹੀ ਤੇ ਖੁਸ਼ ਮਿਜ਼ਾਜੀ ਆ ਜਾਂਦੀ ਸੀ। ਅੰਮ੍ਰਿਤ ਦਾ ਅਸਰ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਹੁੰਦਾ ਸੀ। ਸਿੰਘ ਜਿਥੇ ਜਾਨ ਵਾਰ ਸਕਦਾ ਸੀ ਉਥੇ ਹੱਸ ਵੀ ਸਕਦਾ ਸੀ। ਕੀ ਇਹੋ ਸ਼ੁਖ਼ਬਖ਼ ਤੇ ਅੱਤ੍ਰਵੇ ਹਾਸ ਰਸ ਦੀ ਟੀਸੀ ਨਹੀਂ ? ਏਸੇ ਰਸ ਵਿਚੋਂ ਹੀ ਸਿਖਾਂ ਅੰਦਰ ਖੁਲ੍ਹੀ ਡੁਲ੍ਹੀ ਤੇ ਚਾਵਾਂ ਭਰੀ ਜ਼ਿੰਦਗੀ ਜੀਣ ਦਾ ਚਾਅ ਜਾਗਿਆ ਸੀ ਤੇ ਇਹ ਚਾਅ ਸਦਾ ਲਈ ਕਾਇਮ ਰਿਹਾ।

ਅੰਮ੍ਰਿਤਸਰ ਵਿਚ ਹੋਏ ਇਸ ਮੇਲੇ ਤੋਂ ਥੋੜੇ ਦੇਰ ਪਿਛੋਂ ਹੀ ਜੱਸਾ ਸਿੰਘ ਆਹਲੂਵਾਲੀਏ ਨੇ ਮਲੇਰ ਕੋਟਲੇ ਉੱਤੇ ਹੱਲਾ ਬੋਲਿਆ। ਇਥੋਂ ਦੇ ਭੀਖਣ ਖ਼ਾਨ ਨੂੰ ਅਜੇ ਤਕ ਘਲੂਘਾਰੇ ਵਿਚ ਸਿਖਾਂ ਨਾਲ ਕੀਤੇ ਧ੍ਰੋਹ ਦਾ ਬਦਲਾ ਨਹੀਂ ਸੀ ਮਿਲਿਆ। ਮਲੇਰਕੋਟਲੇ ਨੂੰ ਜਿਤ ਕੇ ਆਹਲੂਵਾਲੀਆ ਸਰਦਾਰ ਸਰਹਿੰਦ ਉੱਤੇ ਚੜ੍ਹਿਆ। ਜ਼ੈਨ ਖ਼ਾਨ ਉਦੋਂ ਸਰਹਿੰਦ ਦਾ ਸੂਬੇਦਾਰ ਸੀ।

ਵਿਚਾਰੀ ਸਰਹਿੰਦ ! ਬੰਦਾ ਸਿੰਘ ਬਹਾਦਰ ਦੀ ਪਹਿਲੀ ਜਿਤ ਤੋਂ ਲੈ ਕੇ ਅਜ ਤਕ ਪਤਾ ਨਹੀਂ ਕਿੰਨੀ ਵਾਰ ਸਰਹਿੰਦ ਉਜਾੜੀ ਜਾ ਚੁਕੀ ਸੀ ? ਏਧਰ ਜੱਸਾ ਸਿੰਘ ਆਹਲੂਵਾਲੀਏ ਨੇ ਸਰਹਿੰਦ ਦੇ ਸੂਬੇ ਉੱਤੇ ਕਬਜ਼ਾ ਕੀਤਾ ਤੇ ਉਧਰ ਭੰਗੀ ਸਰਦਾਰ ਮੁਲਤਾਨ, ਝੰਗ ਤੇ ਚਨਿਓਟ ਤਕ ਜਾ ਪਹੁੰਚੇ ਤੇ ਉਧਰ ਚੜ੍ਹਤ ਸਿੰਘ ਸੁਕਰਚਕੀਏ ਨੇ ਜਿਹਲਮ ਦੇ ਪਾਰ ਦੇ ਕਿਨਾਰੇ ਉੱਤੇ ਜਾ ਝੰਡੇ ਗੱਡੇ। ਇਕ ਦਿਨ ਜਿਹਲਮ ਨੂੰ ਪਾਰ ਕਰਕੇ ਚੜ੍ਹਤ ਸਿੰਘ ਰੁਹਤਾਸ ਦੇ ਮਸ਼ਹੂਰ ਤੇ ਮਜ਼ਬੂਤ ਕਿਲ੍ਹੇ ਉੱਤੇ ਜਾ ਪਿਆ ਤੇ ਸਰਬੁਲੰਦ ਖ਼ਾਨ ਨੂੰ ਹਾਰ ਦਿਤੀ। ਪਿੰਡੀ ਤੇ ਪਿਸ਼ਾਵਰ ਤਕ ਚੜ੍ਹਤ ਸਿੰਘ ਦੇ ਕਦਮਾਂ ਦੀ ਧਰਕੱਲ ਪਈ।

ਦੁਰਾਨੀ ਨੇ ਇਹ ਸੱਭ ਸੁਣੀ ਤਾਂ ਉਹਦੀ ਪ੍ਰਜਵਲੰਤ ਗ਼ੈਰਤ ਨੇ ਭਭਕਾਰਾ ਮਾਰਿਆ, "ਕੀ ਮੇਰੀ ਮੌਤ ਤੋਂ ਪਹਿਲੇ ਸਿਖ ਮੈਨੂੰ ਆਪਣੇ ਮੁਲਕ ਵਿਚੋਂ ਵੀ ਕੱਢ ਦੇਣਗੇ," ਉਸ ਪੁਛਿਆ, "ਕੀ ਹੁਣ ਮੈਨੂੰ ਕਾਬਲ ਵਿਚ ਤੇ ਬਾਲਾ ਹਿਸਾਰ ਵਿਚ ਵੀ ਚੈਨ ਨਾਲ ਬੈਠਣਾ ਨਹੀਂ ਮਿਲੇਗਾ ?" ਉਹਦੇ ਅੰਤਹਕਰਨ ਵਿਚੋਂ ਆਵਾਜ਼ ਆਈ, "ਨਹੀਂ", ਜਾਂ ਇਉਂ ਹੀ ਉਹਨੂੰ ਲਗਿਆ। ਉਸ ਗ਼ੌਸ ਮੁਹੰਮਦ ਨੂੰ ਉਸ ਵੇਲੇ ਇਕ ਨਵੀਂ ਮੁਹਿੰਮ ਤਿਆਰ ਕਰਨ ਦਾ ਹੁਕਮ ਦਿਤਾ ਪਰ ਪਹਿਲੇ ਵਾਂਗ ਗ਼ੌਸ ਮੁਹੰਮਦ ਨੇ ਉਹਨੂੰ ਵਿਲਚਾ ਲਿਆ। "ਜਹਾਂਪਨਾਹ, ਜ਼ਰਾ ਬਾਹਰ ਛੱਜੇ ਉੱਤੇ ਆ ਕੇ ਤਾਂ ਵੇਖਣ ਅਜੇ ਤਕ ਤੇ ਪੂਰੀ ਦੁਪਹਿਰ ਵੀ ਨਹੀਂ ਹੋਈ।"

ਦੁਰਾਨੀ ਬਾਹਰ ਆਇਆ। ਬਾਲਾ ਹਿਸਾਰ ਵਿਚ ਉਸਰੇ ਆਪਣੇ ਮਹਿਲ ਦੇ ਛੱਜੇ ਤੋਂ ਉਸ ਜਲਾਲਾਬਾਦ ਜਾਂਦੀ ਸੜਕ ਵਲ ਵੇਖਣਾ ਚਾਹਿਆ ਪਰ ਉਹ ਕੁਝ ਵੇਖ ਨਾ ਸਕਿਆ। ਧੁਪ ਤੇ ਗਰਮੀ ਨਾਲ ਉਹਦੀਆਂ ਅੱਖਾਂ ਜੁੜ ਗਈਆਂ। "ਦੋ ਚਾਰ ਮਹੀਨੇ ਅਟਕ ਜਾਓ ਬਾਦਸ਼ਾਹ ਸਲਾਮਤ। ਤੁਸੀਂ ਜਹਾਨ ਖ਼ਾਨ, ਜ਼ੈਨ ਖ਼ਾਨ ਤੇ ਸਰਬੁਲੰਦ ਖ਼ਾਨ ਨਹੀਂ। ਤੁਸੀਂ ਜਦੋਂ ਇਕ ਵਾਰ ਪੰਜਾਬ ਦਾ ਮੂੰਹ ਕੀਤਾ ਤਾਂ ਕੋਈ ਸ਼ੈ ਤੁਹਾਡੇ ਸਾਹਮਣੇ ਅਟਕ ਨਹੀਂ ਸਕੇਗੀ। ਤੁਹਾਡੇ ਪੈਰਾਂ ਅਗੇ ਸਾਰਾ ਸੰਸਾਰ ਵਿੱਛਦਾ ਜਾਏਗਾ।"

ਦੁਰਾਨੀ ਅੰਦਰ ਆ ਗਿਆ। ਬਾਹਰਲੀ ਧੁਪ ਦੀ ਸ਼ਿੱਦਤ ਨਾਲ ਅਜੇ ਤਕ ਵੀ ਉਹਦੀਆਂ ਅੱਖਾਂ ਪੂਰੀ ਤਰ੍ਹਾਂ ਖੁਲ੍ਹਦੀਆਂ ਨਹੀਂ ਸਨ। ਉਸ ਗ਼ੌਸ ਮੁਹੰਮਦ ਨੂੰ ਤਾਂ ਕੁਝ ਨਾ ਕਿਹਾ, ਪਰ ਆਪਣੇ ਮਨ ਹੀ ਮਨ ਉਸ ਆਪਣੀ ਗਿਰ ਰਹੀ ਸਿਹਤ ਨੂੰ ਕੋਸਿਆ, "ਜੇ ਕਦੀ ਉਮਰ ਮੇਰੀ ਯਾਵਰੀ ਕਰਦੀ ਤਾਂ ਮੈਂ ਕੀ ਕੀ ਨਾ ਕਰ ਗੁਜ਼ਰਦਾ। ਅੱਜ ਇਹ ਹਾਲਤ ਹੈ ਕਿ ਕਾਬਲ ਦੀ ਧੁਪ ਵਿਚ ਵੀ ਮੈਥੋਂ ਖੜਾ ਨਹੀਂ ਹੋਇਆ ਜਾਂਦਾ ਤੇ ਕਦੀ ਉਹ ਦਿਨ ਵੀ ਸਨ...."

ਤੇ ਪੁਰਾਣੇ ਦਿਨ ਉਹਦਿਆਂ ਨੈਣਾਂ ਸਾਹਵੇਂ ਆ ਗਏ। ਇਕ ਇਕ ਕਰ ਕੇ ਉਸ ਆਪਣੀਆਂ ਸਾਰੀਆਂ ਜਿੱਤਾਂ ਉੱਤੇ ਨਜ਼ਰ ਫੇਰੀ...।

Scanned by CamScanner

੭੦

ਫ਼ਰਵਰੀ ੧੭੬੫ ਦਾ ਮਹੀਨਾ ਸੀ। ਲਗਭਗ ਅਧਾ ਸਾਲ ਬੀਤਣ ਵਾਲਾ ਸੀ ਅਹਿਮਦ ਸ਼ਾਹ ਦੁਰਾਨੀ ਨੂੰ ਪੰਜਾਬ ਆਇਆਂ, ਜਿਸ ਵਿਚੋਂ ਪਿਛਲੇ ਦੋ ਮਹੀਨੇ ਉਸ ਪੰਜੋਰ ਤੇ ਕੁੰਜਪੁਰੇ ਬਿਤਾਏ ਸਨ।

ਅੰਤਕੀਂ ਦੁਰਾਨੀ ਬਾਦਸ਼ਾਹ ਦੇ ਨਾਲ ਸਨ ਅਠਾਰਾਂ ਹਜ਼ਾਰ ਅਫ਼ਗਾਨ ਤੇ ਬਾਰਾਂ ਹਜ਼ਾਰ ਬਲੋਚ ! ਇਸ ਬਲੋਚੀ ਦਲ ਦਾ ਸਰਦਾਰ ਸੀ ਨਸੀਰ ਖ਼ਾਨ, ਦਲੇਰ ਬਹਾਦਰ ਤੇ ਪੁਰਜੋਸ਼। ਇਹਨਾਂ ਦੋ ਦਲਾਂ ਤੋਂ ਇਲਾਵਾ ਲਾਹੌਰ ਦਾ ਸੂਬੇਦਾਰ ਜਾਬਲੀ ਮਲ ਸੀ ਆਪਣੀ ਸਾਰੀ ਸੈਨਾਂ ਨਾਲ। ਅੰਨੇ ਮਹੀਨਿਆਂ ਤੋਂ ਇਹ ਮਹਾਨ ਸੈਨਾਂ ਖ਼ਾਲਸੇ ਨਾਲ ਲੜਾਈ ਵਾਸਤੇ ਤਤਪ ਰਹੀ ਸੀ ਪਰ ਇਹ ਲੜਾਈ ਹੋ ਨਹੀਂ ਸੀ ਸਕੀ। ਜਦੋਂ ਸੈਨਾ ਸਰਹਿੰਦ ਪਹੁੰਚੀ ਤਾਂ ਨਸੀਰ ਖ਼ਾਨ ਨੇ ਕਿਹਾ ਕਿ ਚਲੋ ਦਿਲੀ ਚਲੀਏ। ਨਜੀਬ-ਉਦ-ਦਉਲਾ, ਸ਼ੁਜਾ-ਉਦ-ਦਉਲਾ, ਮਰਹਟਿਆਂ ਤੇ ਜਾਟਾਂ ਨੂੰ ਨਾਲ ਮਿਲਾ ਕੇ ਸਿਖਾਂ ਦਾ ਖੁਰਾ ਖੋਜ ਮਿਟਾਈਏ। ਪਰ ਦੁਰਾਨੀ ਨੇ ਆਖਿਆ:

"ਸਿਖ ਨਜੀਬ ਤੇ ਸੁਜ਼ਾ-ਉਦ-ਦਉਲਿਆਂ ਕੋਲੋਂ ਕਾਬੂ ਵਿਚ ਆਉਣ ਵਾਲੇ ਨਹੀਂ। ਮੈਂ ਇਹਨਾਂ ਨੂੰ ਵਰ੍ਹਿਆਂ ਤੋਂ ਜਾਣਦਾ ਹਾਂ, ਨਸੀਰ ਖ਼ਾਨ ! ਇਸ ਦੁਨੀਆਂ ਵਿਚ ਇਹ ਸਿਰਫ਼ ਇਕ ਆਦਮੀ ਕੋਲੋਂ ਡਰਦੇ ਹੁਨ ਤੇ ਉਹ ਆਦਮੀ ਮੈਂ ਹਾਂ। ਦੁਨੀਆਂ ਵਿਚ ਸਿਰਫ਼ ਇਕ ਆਦਮੀ ਹੀ ਇਹਨਾਂ ਨੂੰ ਭਾਂਜ ਦੇ ਸਕਦਾ ਹੈ ਤੇ ਉਹ ਆਦਮੀ ਮੈਂ ਹਾਂ।"

ਅਹਿਮਦ ਸ਼ਾਹ ਦੁਰਾਨੀ ਦਾ ਇਹ ਦਾਅਵਾ ਖੁਸ਼ੀ ਦਾ ਅਸਥਾਨ ਸੀ ਕਿ ਗ਼ਮੀ ਦਾ; ਕੌਣ ਨਹੀਂ ਦਸ ਸਕਦਾ ! ਹਰ ਹਾਲਤ ਵਿਚ ਜਦੋਂ ਉਸ ਇਹ ਸ਼ਬਦ ਕਹੇ ਤਾਂ ਉਹਨੇ ਕਿਸੇ ਖ਼ਾਸ ਕਿਸਮ ਦਾ ਫ਼ਖ਼ਰ ਮਹਿਸੂਸ ਨਹੀਂ ਕੀਤਾ। ਜਾਪਦਾ ਸੀ ਕਿ ਉਹਨੂੰ ਆਪਣੀ ਸਥਿਤੀ ਉੱਤੇ ਕਿਸੇ ਤਰ੍ਹਾਂ ਦਾ ਰਸ਼ਕ ਨਹੀਂ ਆਇਆ।

ਸਰਹਿੰਦ ਦੀ ਜੋ ਹਾਲਤ ਉਸ ਵੇਖੀ ਉਸ ਨੇ ਉਹਨੂੰ ਬੜਾ ਨਿਰਾਸ਼ ਕੀਤਾ। ਉਸ ਸਰਹਿੰਦ ਦੀ ਸਰਦਾਰੀ ਸਾਢੇ ਤਿੰਨ ਲਖ ਰੁਪਏ ਸਾਲਾਨਾ ਦੇ ਬਦਲੇ ਸਰਦਾਰ ਆਲਾ ਸਿੰਘ ਨੂੰ ਸੌਂਪ ਦਿਤੀ।

ਨੂਰ ਦੀਨ ਬਾਮੇਜ਼ਈ ਨੇ ਵੀ ਤਾਂ ਕੁਝ ਸਾਲ ਪਹਿਲੇ ਇਹੋ ਸਲਾਹ ਦਿਤੀ ਸੀ। ਸਿਵਾਏ ਸਿਖ ਦੇ ਹੋਰ ਕੋਈ ਸੂਬੇਦਾਰ ਸਰਹਿੰਦ ਨੂੰ ਸੰਭਾਲ ਨਹੀਂ ਸੀ ਸਕਦਾ, ਉਸ ਕਿਹਾ ਸੀ। ਸਿਖਾਂ ਦਾ ਸਰਹਿੰਦ ਨਾਲ ਜਮਾਂਦਰੂ ਵੈਰ ਸੀ ਤੇ ਸਾਰੇ ਸਿਖਾਂ ਵਿਚੋਂ ਆਲਾ ਸਿੰਘ ਹੀ ਸ਼ਾਇਦ ਇਕ ਅਜਿਹਾ ਸਰਦਾਰ ਸੀ ਜਿਹੜਾ ਅਹਿਮਦ ਸ਼ਾਹ ਦੁਰਾਨੀ ਹੱਥੋਂ ਆਪਣੇ ਵਾਸਤੇ ਸਰਦਾਰੀ ਸਵੀਕਾਰ ਕਰ ਸਕਦਾ ਸੀ। ਹੋਰ ਸਿਖ ਸਰਦਾਰ ਅਹਿਮਦ ਸ਼ਾਹ ਨੂੰ ਇਸ ਯੋਗ ਨਹੀਂ ਸਨ ਸਮਝਦੇ ਕਿ ਉਹਦੇ ਕੋਲੋਂ ਕੋਈ ਖ਼ਿੱਲਤ ਜਾਂ ਖ਼ਿਤਾਬ ਸਵੀਕਾਰ ਕਰਨ। ਸੋ ਅੰਤ ਦੁਰਾਨੀ ਨੇ ਏਸੇ ਵਿਚ ਹੀ ਸਿਆਣਪ ਸਮਝੀ। ਆਲਾ ਸਿੰਘ ਸਰਹਿੰਦ ਦਾ ਸੂਬੇਦਾਰ ਬਣਿਆਂ ਤੇ ਦੁਰਾਨੀ ਸਰਹਿੰਦੋਂ ਮੁੜ ਆਇਆ। ਉਸ ਗ਼ੌਸ ਅਹਿਮਦ ਨੂੰ ਆਖਿਆ;

"ਜੇ ਕੋਈ ਸਿਖ ਸਰਦਾਰ ਸਾਢੇ ਤਿੰਨ ਲਖ ਰੁਪਏ ਖ਼ਿਰਾਜ ਦੇ ਵਿਚ੍ਹਾਨੇ ਲਾਹੌਰ ਦੀ ਸੂਬੇਦਾਰੀ ਵੀ ਲੈਣੀ ਚਾਹੇ ਤਾਂ ਮੈਂ ਤਿਆਰ ਹਾਂ।" "ਮੈਂ ਸੁਹੀਏ ਛਡਦਾ ਹਾਂ। ਪਤਾ ਕਰਨ ਵਿਚ ਕੀ ਹਰਜ ਹੈ ?"

ਪਰ ਅਹਿਮਦ ਸ਼ਾਹ ਦੁਰਾਨੀ ਨੇ ਉਹਨੂੰ ਆਪੇ ਹੀ ਰੋਕ ਦਿਤਾ, "ਨਹੀਂ ਇਹੋ ਜਿਹੀ ਪੇਸ਼ਕਸ਼ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। ਮੈਂ ਜਾਣਦਾ ਹਾਂ ਕਿ ਕੋਈ ਹੋਰ ਸਿਖ ਸਰਦਾਰ ਕਿਸੇ ਸ਼ਰਤ ਉੱਤੇ ਵੀ ਮੇਰੇ ਹੱਥੋਂ ਲਾਹੌਰ ਦੀ ਸੂਬੇਦਾਰੀ ਕਬੂਲ ਨਹੀਂ ਕਰੇਗਾ ਯਾਦ ਨਹੀਂ ਕਿ ਪਰਾਰ ਸਾਲ ਕਿਵੇਂ ਅਸੀਂ ਇਹਨਾਂ ਨਾਲ ਸੁਲ੍ਹਾ ਕਰਨੀ ਲੋੜੀ ਸੀ ਤੇ ਇਹਨਾਂ ਨੇ ਸਾਨੂੰ ਕਿਵੇਂ ਠੁਕਰਾ ਦਿਤਾ ਸੀ ?"

"ਯਾਦ ਹੈ ਜਹਾਂਪਨਾਹ, ਇਹਨਾਂ ਨਿਗੋੜਿਆਂ ਨੇ ਕਿਹਾ ਸੀ ਕਿ ਜੇ ਖ਼ੁਦ ਸ਼ਹਿਨਸ਼ਾਹ ਇਹਨਾਂ ਦੀ ਰਿਆਇਆ ਬਣ ਕੇ ਰਹਿਣ ਤਾਂ ਇਹ ਸ਼ਹਿਨਸ਼ਾਹ ਦਾ ਖਿਆਲ ਰਖਣਗੇ। ਪਰ ਬਾਦਸ਼ਾਹ ਸਲਾਮਤ ਇਹ ਇਹਨਾਂ ਦੀ ਜ਼ਿਆਦਤੀ ਹੈ।

Scanned by CamScanner

ਫੋਣਾ ਮੂੰਹ ਤੇ ਦਫ਼ੀ ਗਲ ਹੈ। ਪਰ...ਪਰ ਇਹ ਮੈਦਾਨ ਵਿਚ ਵੀ ਤਾਂ ਦੋ ਦੋ ਹੱਥ ਨਹੀਂ ਕਰਦੇ। ਇਹਨਾਂ ਮਰਦੂਦਾਂ ..." "ਜੋਸ ਅਹਿਮਦ ਪਿਛਲੀ ਵਾਰੀ ਅੰਮ੍ਰਿਤਸਰ ਵਿਚ ਇਹ ਮੈਦਾਨ ਵਿਚ ਨਿਤਰੇ ਸਨ, ਕੀ ਭੁਲ ਗਿਆ ਹੈਂ ? ਐਤਕੀ ਮੈਨੂੰ ਫਿਰ ਇੰਜ ਲਗਦਾ ਹੈ ਕਿ ਇਹ ਇਕ ਅਜਿਹੀ ਥਾਂ ਉੱਤੇ ਸਾਨੂੰ ਘੇਰ ਲੈਣਗੇ ਕਿ ਜਿਥੋਂ ਸਾਡੇ ਕੋਲੋਂ ਬਚਣਾ ਮੁਸ਼ਕਲ ਹੋ ਜਾਏਗਾ।"

"ਕਦੀ ਨਹੀਂ ਹਜ਼ੂਰੇ ਵਾਲੀ, ਅੰਮ੍ਰਿਤਸਰ ਵਾਲੀ ਲੜਾਈ ਦੀ ਗੱਲ ਹੋਰ ਸੀ। ਇਹ ਸਾਡੇ ਕੋਲੋਂ ਗਿਣਤੀ ਵਿਚ ਦੁਗਣੇ ਸਨ। ਸਾਡੀ ਸੈਨਾਂ ਥੱਕੀ ਹੋਈ ਸੀ। ਅਸੀਂ ਕੋਈ ਤਿਆਰੀ ਨਹੀਂ ਸੀ ਕੀਤੀ ਹੋਈ ਤੇ ਕਿੰਨਾ ਕੁਝ ਹੋਰ। ਐਤਕੀ ਜੇ ਕਦੀ ਇਹ ਮੈਦਾਨ ਵਿਚ ਨਿਤਰਨ ਤਾਂ ਇਨਸ਼ਾ-ਅੱਲਾ ਬੜਾ ਸਵਾਦ ਆਏਗਾ।"

"ਹਾਂ ਗ਼ੋਸ ਦੀਨ, ਮੈਂ ਵੀ ਇਹੋ ਚਾਹੁੰਦਾ ਹਾਂ। ਆਉ'ਦੀਆਂ ਗਰਮੀਆਂ ਪੰਜਾਬ ਵਿਚ ਕਟਣੀਆਂ ਮੁਹਾਲ ਹਨ ਤੇ ਪਿਛਲੇ ਚਾਰ ਪੰਜ ਮਹੀਨੇ ਅੰਜਾਈਂ ਹੀ ਗਏ ਹਨ। ਠੀਕ, ਅਸੀਂ ਕਾਫੀ ਧੰਨ ਦੌਲਤ ਨਾਲ ਲੈ ਚਲੇ ਹਾਂ ਪਰ ਇਸ ਧੰਨ ਦੌਲਤ ਤੇ ਅਨਾਜ ਦਾ ਕੀ ਫ਼ਾਇਦਾ ਜੇ ਇਹ ਨੇਮ-ਬਧ ਨਾ ਹੋ ਸਕੀਆਂ। ਮੇਰੀ ਤਾਂ ਇਹ ਚਾਹ ਹੈ ਕਿ ਪੰਜਾਬ ਹਰ ਹਮੇਸ਼ ਲਈ ਅਫ਼ਗਾਨਿਸਤਾਨ ਦਾ ਹਿੱਸਾ ਬਣੇ ਕਿ ਹਰ ਹਮੇਸ਼ ਵਾਸਤੇ ਪੰਜ ਬ ਦਾ ਅਨਾਜ ਤੇ ਮਾਲ ਅਫ਼ਗਾਨਿਸਤਾਨ ਦੀ ਰਿਆਇਆ ਵਾਸਤੇ ਹੋਵੇ। ਮੈਨੂੰ ਤਾਂ ਜਾਪਦਾ ਹੈ ਕਿ ਅੱਲਾ ਤਆਲਾ ਨੇ ਏਸੇ ਲਈ ਹੀ ਪੰਜਾਬ ਨੂੰ ਐਨਾ ਅਮੀਰ ਬਣਾਇਆ ਹੈ ਤਾਂ ਜੋ ਅਫ਼ਗਾਨਿਸਤਾਨ ਦੀ ਖੂਬਸੂਰਤੀ ਪੰਜਾਬ ਦੇ ਪੈਸੇ ਉੱਤੇ ਪਲ ਸਕੇ।"

'ਬੇਸ਼ਕ ਹਜ਼ੂਰ ! ਤੁਸੀਂ ਠੀਕ ਆਖਦੇ ਹੋ।" "ਪਰ..." ਇਹਨਾਂ ਮਨੋ ਭਾਵਾਂ ਨਾਲ ਅਹਿਮਦ ਸ਼ਾਹ ਦੁਰਾਨੀ ਫ਼ਰਵਰੀ ੧੭੬੫ ਵਿਚ ਸਰਹਿੰਦ ਤੋਂ ਮੁੜਿਆ। ਉਹਦੀ ਮਨਸ਼ਾ ਸੀ ਕਿ ਉਹ ਦੋ ਮਹੀਨੇ ਹੋਰ ਲਾਹੌਰ ਟਿਕੇ ਤੇ ਕਿਵੇਂ ਨਾ ਕਿਵੇਂ ਸਿਖਾਂ ਨੂੰ ਲੜਾਈ ਲਈ ਉਕਸਾਏ ਜਾਂ ਕਿਸੇ ਸ਼ਕਤੀਵਾਨ ਸਿਖ ਸਰਦਾਰ ਉੱਤੇ ਲਾਹੌਰ ਦੀ ਸੂਬੇਦਾਰੀ ਕਬੂਲ ਕਰਨ ਵਾਸਤੇ ਡੋਰੇ ਪਾਵੇ। ਉਹ ਹੁਣ ਪੰਜਾਬ ਵਿਚ ਅਮਨ ਅਮਾਨ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਉਹਦੀ ਮੌਤ ਪਿਛੋਂ ਕੋਈ ਹੋਰ ਆਦਮੀ ਉਹਦੇ ਵਾਂਗ ਸਿਖਾਂ ਨੂੰ ਡਰਾ ਨਹੀਂ ਸਕੇਗਾ।

ਅਹਿਮਦ ਸ਼ਾਹ ਦੁਰਾਨੀ ਆਪਣੀ ਮਹਾਨ ਸੈਨਾਂ ਨਾਲ ਰੋਪੜ ਪੁਜਿਆ। ਤੇ ਏਥੇ ਸਿਖਾਂ ਨੇ ਦੁਰਾਨੀਆਂ ਨੂੰ ਆ ਘੇਰਿਆ। ਸਿਖ ਦਲ ਰੋਪੜ ਦੇ ਆਲੇ ਦੁਆਲੇ ਖਿਲਰੇ ਜੂਹਾਂ ਤੇ ਜੰਗਲਾਂ ਵਿਚ ਇਕੱਤਰ ਹੋ ਗਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੈਨਾਂਪਤੀ ਸੀ ਤੇ ਉਹਦੀ ਕਮਾਨ ਥੱਲੇ ਸਨ ਸਰਦਾਰ ਚੜ੍ਹਤ ਸਿੰਘ ਸੁਕਰਚਕੀਆ, ਸਰਦਾਰ ਝੰਡਾ ਸਿੰਘ, ਲਹਿਣਾ ਸਿੰਘ ਤੇ ਹਰੀ ਸਿੰਘ ਭੰਗੀ ਸਰਦਾਰ, ਜੈ ਸਿੰਘ ਕਨੱਈਆ, ਸਰਦਾਰ ਗੁਲਾਬ ਸਿੰਘ, ਰਾਮਦਾਸ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ।

ਪਹਿਲੇ ਤਿੰਨ ਦਿਨ ਸਿਖੀ ਦਲ ਸਿਰਫ ਰਾਤੀਂ ਜੰਗਲਾਂ ਵਿਚੋਂ ਬਾਹਰ ਨਿਕਲਦਾ ਰਿਹਾ ਤੇ ਦੁਰਾਨੀ ਸੈਨਾਂ ਨੂੰ ਉਪਰਾਮ ਕਰਕੇ ਮੁੜ ਜੰਗਲਾਂ ਵਿਚ ਛੁਪ ਜਾਂਦਾ ਰਿਹਾ। ਜਦੋਂ ਇਹਨਾਂ ਰਾਤ-ਹੱਲਿਆਂ ਨਾਲ ਦੁਰਾਨੀ ਦਾ ਹੌਸਲਾ ਕਿਸੇ ਹਦ ਤਕ ਢਹਿ ਗਿਆ ਤਾਂ ਸਿਖ ਸੈਨਾਂ ਦਿਨੇ ਦੁਰਾਨੀਆਂ ਉੱਤੇ ਹੱਲੇ ਕਰਨ ਲਗੀ। ਵਾਰੀ ਵਾਰੀ ਸਰਦਾਰ ਆਪਣੇ ਦਲਾਂ ਨਾਲ ਦੁਰਾਨੀਆਂ ਉੱਤੇ ਹੱਲੇ ਕਰਦੇ। ਆਪਣੀਆਂ ਬੰਦੂਕਾਂ ਚਲਾਉਂਦੇ ਤੇ ਕੁਝ ਪੈਂਡਾ ਪਿਛੇ ਹੱਟ ਜਾਂਦੇ। ਦੁਰਾਨੀ ਆਪਣੀਆਂ ਥਾਵਾਂ ਛਡ ਕੇ ਅਗੇ ਵਧਦੇ। ਸਿਖ ਮੌਕਾ ਤਾੜ ਕੇ ਇਕ ਦੰਮ ਘੋੜੇ ਰੋਕਦੇ, ਮੂੰਹ ਮੋੜਦੇ ਤੇ ਇਕ ਵਾਰ ਫਿਰ ਆਪਣੀਆਂ ਬੰਦੂਕਾਂ ਚਲਾਉਂਦੇ ਤੇ ਫਿਰ ਅਗੇ ਵਾਂਗ ਹੀ ਮੂੰਹ ਮੋੜ ਪਤਰਾ ਵਾਚ ਜਾਂਦੇ।

ਜੇ ਅੰਤ ਵਿਚ ਚੰਗੇਰਾ ਮੌਕਾ ਮਿਲਦਾ ਤਾਂ ਸਿਖ ਦੁਰਾਨੀਆਂ ਨਾਲ ਜੰਮ ਕੇ ਲੜਦੇ ਤੇ ਉਹਨਾਂ ਨੂੰ ਹਰਾ ਦੇਂਦੇ ਤੇ ਜੇ ਜਿਤ ਦੀ ਸੰਭਾਵਨਾ ਬਹੁਤੀ ਨਾ ਹੁੰਦੀ ਤਾਂ ਉਹ ਜੰਗਲਾਂ ਜੂਹਾਂ ਵਿਚ ਛਿਪ ਜਾਂਦੇ। ਇਹੋ ਜਿਹੇ ਜੰਗੀ ਦਾਅ-ਪੇਚਾਂ ਨੇ ਦੁਰਾਨੀ ਬਾਦਸ਼ਾਹ ਤੇ ਦੁਰਾਨੀ ਸੈਨਾਂ ਨੂੰ ਬੜਾ ਜਿੱਚ ਕੀਤਾ।

ਇਕ ਇਕ ਦੁਰਾਨੀ ਸਿਪਾਹੀ ਦੇ ਮੂੰਹ ਵਿਚ ਇਹੋ ਸ਼ਬਦ, "ਜੇ ਕਦੀ ਇਕ ਵਾਰ ਇਹ ਸਾਡੇ ਨਾਲ ਜੰਮ ਕੇ ਲੜਨ !" ਪਰ ਇਹਨਾਂ ਮੁਠ-ਭੇੜਾਂ ਦੇ ਸ਼ੁਰੂ ਹੋਣ ਤੋਂ ਸਤਵੇਂ ਦਿਨ ਸਿਖਾਂ ਨੇ ਦੁਰਾਨੀਆਂ ਦੀ ਇਹ ਹਸਰਤ ਵੀ ਮੁਕਾ ਛਡੀ। ਅੱਜ ਸਾਰੀ ਸਿੱਖ ਸੈਨਾਂ ਦੁਰਾਨੀ ਸੈਨਾਂ ਨਾਲ ਜੰਮ ਕੇ ਲੜਨ ਵਾਸਤੇ ਮੈਦਾਨ ਵਿਚ ਨਿਤਰੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮੱਧ ਵਿਚ, ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਸੱਜੀ ਬਾਹੀ ਵਲ ਤੇ ਸਰਦਾਰ ਜੈ ਸਿੰਘ ਕਨੱਈਆ ਤੇ ਸਰਦਾਰ ਗੁੱਜਰ ਸਿੰਘ ਖੱਬੀ ਬਾਹੀ ਵਲ।

Scanned by CamScanner

ਉਧਰੋਂ ਨਿਤਰਿਆ ਅਹਿਮਦ ਸ਼ਾਹ ਦੁਰਾਨੀ ਆਪਣੀ ਸੈਨਾਂ ਦੇ ਮਧ ਵਿਚ, ਨਸੀਰ ਖ਼ਾਨ ਆਪਣੇ ਬਲੋਚੀਆਂ ਨਾਲ ਖੱਬੀ ਬਾਹੀ ਵਲ ਤੇ ਜਰਨੈਲ ਸ਼ਾਹ ਵਲੀ ਖ਼ਾਨ ਤੇ ਜਹਾਨ ਖ਼ਾਨ ਸੱਜੀ ਬਾਹੀ ਵਲ।

ਇਉਂ ਰੁੱਪੜ ਦੇ ਲਾਗੇ, ਮੱਠੀ ਮੱਠੀ ਸਰਦੀਆਂ ਦੀ ਇਕ ਸਵੇਰ ਦੁਰਾਨੀਆਂ ਤੇ ਸਿਖਾਂ ਵਿਚਕਾਰ ਆਖ਼ਰੀ ਲੜਾਈ ਹੋਈ। ਇਸ ਤੋਂ ਪਿਛੋਂ ਅਫ਼ਗਾਨ ਤੇ ਸਿਖ ਇਸ ਤਰ੍ਹਾ ਨਹੀਂ ਲੜੇ। ਬੇਸ਼ਕ ਮੁਠ-ਭੇੜਾਂ ਹੋਈਆ, ਲੜਾਈਆਂ ਹੋਈਆਂ, ਆਪ ਅਹਿਮਦ ਸ਼ਾਹ ਦੁਰਾਨੀ ਵੀ ਆਇਆ ਪਰ ਇਹੋ ਜਿਹਾ ਮਾਹਰਕਾ ਮੁੜ ਕੇ ਨਾ ਲੜਿਆ ਗਿਆ।

ਅੱਜ ਪਲੜੇ ਬਰਾਬਰ ਸਨ। ਅੱਜ ਸੈਨਾਵਾਂ ਲਗ ਭਗ ਬਰਾਬਰ ਸਨ। ਅੱਜ ਆਪ ਅਹਿਮਦ ਸ਼ਾਹ ਦੁਰਾਨੀ ਆਪਣੀ ਸੈਨਾਂ ਦਾ ਸੈਨਾਪਤੀ ਸੀ। ਅੱਜ ਗਰਮੀ ਨਹੀਂ ਸੀ ਤੇ ਏਸੇ ਲਈ ਹੀ ਦੁਰਾਨੀਆਂ ਕੋਲ ਆਪਣੀ ਹਾਰ ਵਾਸਤੇ ਇਹੋ ਜਿਹਾ ਕੋਈ ਬਹਾਨਾ ਵੀ ਨਹੀਂ ਸੀ। ਅੱਜ ਖ਼ਾਲਸਾ ਪੰਥ ਦੇ ਵੀ ਲਗਭਗ ਸਾਰੇ ਮੋਹਰੀ ਸਰਦਾਰ ਇਕੱਠੇ ਸਨ। ਲਗਭਗ ਸਾਰੀਆਂ ਮਿਸਲਾਂ ਦੇ ਪ੍ਰਤੀਨਿਧ ਸ਼ਾਮਿਲ ਸਨ। ਅੱਜ ਦੋਹਾਂ ਪਾਸਿਆਂ ਦੇ ਲੜਾਕੇ ਤਿਆਰ ਬਰ ਤਿਆਰ ਸਨ। ਅੱਜ ਕਿਸੇ ਧਿਰ ਦੇ ਦਿਲ ਵਿਚ ਕੋਈ ਹਸਰਤ ਨਹੀਂ ਸੀ।

ਤੇ ਅੱਜ...ਅੱਜ ਦੀ ਲੜਾਈ ਵਿਚ ਅਹਿਮਦ ਸ਼ਾਹ ਦੁਰਾਨੀ ਨੂੰ ਹਾਰ ਹੋਈ। ਜੇ ਅੰਮ੍ਰਿਤਸਰ ਵਿਚ ਉਹਦੀ ਗਿਣਤੀ ਥੋੜੀ ਸੀ ਤੇ ਜੇ ਓਦੋਂ ਉਹਦੀ ਸੈਨਾਂ ਥੱਕੀ ਹੋਈ ਸੀ ਤੇ ਜੇ ਓਦੋਂ ਲੜਾਈ ਜੰਮ ਕੇ ਨਹੀਂ ਹੋ ਸਕੀ ਤਾਂ ਅਜ ਇਹੋ ਜਿਹੀ ਕੋਈ ਗਲ ਨਹੀਂ ਸੀ। ਅਜ ਉਹਦੀ ਸੈਨਾਂ ਸਿਖ ਸੈਨਾਂ ਨਾਲੋਂ ਘਟ ਨਹੀਂ ਸੀ। ਅਜ ਉਹਦੀ ਸੈਨਾਂ ਥਕੀ ਹੋਈ ਨਹੀਂ ਸੀ ਤੇ ਥੱਕੀ ਹੋਈ ਸੀ ਤਾਂ ਇਹ ਵਿਰੋਧੀ ਦਿਰ ਦਾ ਕਸੂਰ ਨਹੀਂ ਸੀ ਅਤੇ ਨਾ ਹੀ ਅੱਜ ਖ਼ਾਲਸੇ ਨੇ ਸਿਰਫ਼ ਰਾਤ ਹੱਲਾ ਕਰਕੇ ਉਹਨਾਂ ਨੂੰ ਜਿੱਚ ਕੀਤਾ। ਅੱਜ ਇਹੋ ਜਿਹੀ ਲੜਾਈ ਹੋਈ ਕਿ ਜਿਹੋ ਜਿਹੀਆਂ ਲੜਾਈਆਂ ਅਹਿਮਦ ਸ਼ਾਹ ਤੇ ਉਹਦੇ ਦੁਰਾਨੀ ਸਿਪਾਹੀ ਵਰ੍ਹਿਆਂ ਤੋਂ ਮਧ ਏਸ਼ੀਆ ਵਿਚ ਲੜਦੇ ਆ ਰਹੇ ਸਨ। ਇਹੋ ਜਿਹੀ ਲੜਾਈ ਹੀ ਚਾਰ ਸਾਲ ਪਹਿਲੇ ਪਾਣੀਪਤ ਦੇ ਮੈਦਾਨ ਵਿਚ ਲੜੀ ਗਈ ਸੀ। ਇਹੋ ਜਿਹੀਆਂ ਲੜਾਈਆਂ ਵੇਲੇ ਹੀ ਦੁਰਾਨੀਆਂ ਦੇ ਹੌਂਲਿਆਂ ਨੂੰ ਸਭ ਦੁਨੀਆਂ ਦੀਆਂ ਸੈਨਾਵਾਂ ਕੋਲੋਂ ਸਾਂਭਣਾ ਕਠਿਨ ਹੋ ਜਾਂਦਾ ਸੀ।

ਹਾਂ, ਪਰ ਇਸ ਲੜਾਈ ਵਿਚ ਇਕ ਅੰਤਰ ਸੀ। ਇਕ ਅੰਤਰ ਜਿਹੜਾ ਕਿ ਯੁਧ ਕਲਾ ਦੇ ਨਜ਼ਰੀਏ ਤੋਂ ਬੜਾ ਗੌਰਵ ਹੈ ਤੇ ਇਸ ਅੰਤਰ ਦੀ ਸ਼ਾਇਦ ਉਸ ਵੇਲੇ ਆਪ ਦੁਰਾਨੀ ਨੂੰ ਵੀ ਪੂਰੀ ਸੋਝੀ ਨਾ ਹੋਈ।

ਉਹ ਅੰਤਰ ਸੀ ਚੜ੍ਹਾਉ ਤੇ ਬਚਾਓ ਨੀਤੀ ਦਾ। ਅੱਜ ਤਕ ਆਪ ਦੁਰਾਨੀ ਤੇ ਦੁਰਾਨੀ ਸਿਪਾਹੀ ਸਦਾ ਚੜ੍ਹਾਉ ਨੀਤੀ ਅਪਣਾਉਂਦੇ ਆਏ ਸਨ। ਅਚੇਤ ਹੀ ਸ਼ੁਰੂ ਤੋਂ ਉਹਨਾਂ ਦੀ ਧਿਰ ਭਾਰੀ ਰਹੀ ਸੀ। ਅਜੇ ਤਕ ਉਹਨਾਂ ਉੱਤੇ ਕਿਸੇ ਹੱਲਾ ਨਹੀਂ ਸੀ ਕੀਤਾ, ਸਗੋਂ ਉਹ ਆਪ ਹੋਰਨਾਂ ਉੱਤੇ ਹੱਲੇ ਕਰਦੇ ਆਏ ਸਨ। ਪਰਾਰ ਸਾਲ ਅੰਮ੍ਰਿਤਸਰ ਵਿਚ ਵੀ ਉਹਨਾਂ ਨੇ ਹੀ ਸਿਖਾਂ ਉੱਤੇ ਹੱਲਾ ਕੀਤਾ ਸੀ ਸਿਖਾਂ ਨੇ ਉਹਨਾਂ ਉੱਤੇ ਨਹੀਂ। ਉਹਨਾਂ ਦੇ ਬਾਦਸ਼ਾਹਾਂ ਦਾ; ਨਾਦਰ ਸ਼ਾਹ ਦੁਰਾਨੀ ਤੇ ਫਿਰ ਅਮਿਹਦ ਸ਼ਾਹ ਦੁਰਾਨੀ, ਨਾਂ ਹੀ ਅੰਡਾ ਉੱਚਾ ਸੀ। ਉਹਨਾਂ ਦੀ ਧਾਂਕ ਅਜਿਹੀ ਪੱਜਰੀ ਹੋਈ ਸੀ। ਉਹਨਾਂ ਦੀ ਦਹਿਸ਼ਤ ਹੀ ਅਜਿਹੀ ਸੀ ਤੇ ਬੇਸ਼ਕ ਉਹ ਐਨੇ ਬਹਾਦਰ ਤੇ ਮਹਾਨ ਸਨ ਕਿ ਉਸ ਵੇਲੇ ਦੀ ਦੁਨੀਆਂ ਦੀ ਕੋਈ ਤਾਕਤ ਵੀ ਉਹਨਾਂ ਉੱਤੇ ਹਮਲਾ ਕਰਨ ਦੀ ਜੁਰਅਤ ਨਹੀਂ ਸੀ ਰੱਖਦੀ !

ਹਰ ਕੋਈ ਆਪਣੇ ਆਪ ਨੂੰ ਬਚਾਂਦਾ ਸੀ। ਹਰ ਵਿਰੋਧੀ ਦੀ ਨੀਤੀ ਬਚਾਓ ਨੀਤੀ ਹੁੰਦੀ ਸੀ, ਚੜ੍ਹਾਉ ਨੀਤੀ ਨਹੀਂ। ਖ਼ੁਦ ਸਿਖ ਵੀ ਕਿਸੇ ਹੱਦ ਤਕ ਅਜ ਤੋੜੀ ਏਸੇ ਬਚਾਓ ਨੀਤੀ ਨੂੰ ਅਪਣਾਉਂਦੇ ਆਏ ਸਨ। ਬੇਸ਼ਕ ਉਹ ਹਮੇਸ਼ਾ ਦੁਰਾਨੀਆਂ ਉੱਤੇ ਰਾਤ ਹੱਲੇ ਕਰਦੇ ਆਏ ਤੇ ਉਸ ਹੱਦ ਤਕ ਉਹਨਾਂ ਦੀ ਨੀਤੀ ਚੜ੍ਹਾਉ ਸੀ, ਪਰ ਅੱਜ ਵਾਂਗ ਦੁਰਾਨੀ ਨਾਲ ਜੰਮ ਕੇ ਲੜਨ ਵਾਸਤੇ ਉਹਨਾਂ ਨੇ ਚੜ੍ਹਾਉ ਨੀਤੀ ਨੂੰ ਨਹੀਂ ਸੀ ਅਪਨਾਇਆ। ਪਰ ਹੁਣ ਵਕਤ ਬਦਲ ਚੁਕੇ ਸਨ। ਹੁਣ ਸਿਖ ਤਾਕਤਵਰ ਸਨ। ਹੁਣ ਉਹ ਇਸ ਯੋਗ ਸਨ ਕਿ ਦੁਰਾਨੀ ਜਿਹੇ ਬਾਦਸ਼ਾਹ ਨੂੰ ਸਰੇ ਮੈਦਾਨ ਚਣੌਤੀ ਦੇ ਸਕਣ ਤੇ ਉਹ ਡਰੇ ਨਹੀਂ, ਘਾਬਰੇ ਨਹੀਂ।

ਅੱਜ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਭੰਗੀ ਸਰਦਾਰ, ਸਰਦਾਰ ਜੈ ਸਿੰਘ ਤੇ ਉਹ ਲਾਸਾਨੀ ਨੌਜਵਾਨ ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਮੈਦਾਨ ਵਿਚ ਗੱਜੇ। ਇਉਂ ਕਿ ਜਿਵੇਂ ਅਜੇ ਤਕ ਕੋਈ ਵਿਰੋਧੀ ਨਾਦਰ ਸ਼ਾਹ ਜਾਂ ਅਹਿਮਦ ਸ਼ਾਹ ਦੁਰਾਨੀ ਅਗੇ ਨਹੀਂ ਸੀ ਨਿਤਰਿਆ।

Scanned by CamScanner

ਅੱਜ ਦੁਰਾਨੀਆਂ ਨੇ ਨਹੀਂ ਸਿਖਾਂ ਨੇ ਦੁਰਾਨੀਆਂ ਉੱਤੇ ਹੱਲਾ ਬੋਲਿਆ। ਅੱਜ ਦੁਰਾਨੀ ਚੜ੍ਹਾਊ ਨਹੀਂ ਸਨ, ਬਚਾਊ ਸਨ। ਤੇ ਸਿਰਫ ਇਸ ਅੰਤਰ ਦੇ ਕਾਰਨ ਹੀ ਅੱਜ ਦੁਰਾਨੀ ਰਣ-ਭੂਮੀ ਵਿਚੋਂ ਭਾਂਜ ਖਾ ਗਏ। ਉਹ ਇਸ ਅੰਤਰ ਨੂੰ ਸਮਝਣ ਤੋਂ ਅਸਮਰੱਥ ਸਨ। ਉਹ ਅਸਮਰੱਥ ਸਨ ਇਹ ਸਮਝਣ ਤੋਂ ਕਿ ਦੁਨੀਆਂ ਦੀ ਕੋਈ ਸੈਨਾ ਅਜਿਹੀ ਵੀ ਹੋ ਸਕਦੀ ਹੈ ਜਿਹੜੀ ਉਹਨਾਂ ਉੱਤੇ ਹੱਲਾ ਬੋਲੇ ?

ਖ਼ਾਲਸਈ ਸੈਨਾਂ ਨੇ ਦੁਰਾਨੀਆਂ ਉੱਤੇ ਹੱਲਾ ਬੋਲਿਆ ਤੇ ਦੁਰਾਨੀ ਹਾਰ ਗਏ। ਅੱਜ ਆਪ ਅਹਿਮਦ ਸ਼ਾਹ ਦੁਰਾਨੀ ਹਾਰ ਗਿਆ। ਇਹ ਜਿਤ ਖ਼ਾਲਸੇ ਦੀ ਫ਼ੈਸਲਾ-ਕੁਨ ਜਿਤ ਸੀ। ਬੰਦਾ ਸਿੰਘ ਬਹਾਦਰ ਦੀਆਂ ਜਿਤਾਂ ਪਿਛੋਂ ਇਹ ਜਿਤ ਉਸ ਵਲਗੀ ਦੀ ਪਹਿਲੀ ਜਿਤ ਸੀ। ਅਹਿਮਦ ਸ਼ਾਹ ਦੁਰਾਨੀ ਹਾਰ ਗਿਆ ਤੇ ਉਸ ਕਿਹਾ:

"ਗ਼ੋਸ ਅਹਿਮਦ ! ਅੱਜ ਦੁਰਾਨੀ ਸੈਨਾ ਹਾਰ ਗਈ ਹੈ। ਇਸ ਵਿਚ ਕੋਈ ਸ਼ੱਕ ਨਹੀਂ।"

ਅੱਜ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਆਪਣੇ ਨਿਕਟਵਰਤੀ ਬਾਬਾ ਜਾਂਬਾਜ਼ ਸਿੰਘ ਨੂੰ ਆਖਿਆ, 'ਬਾਬਾ ਜਾਂਬਾਜ਼ ! ਅੱਜ ਅਸਾਂ ਦੁਰਾਨੀ ਨੂੰ ਫ਼ੈਸਲਾ-ਕੁਨ ਹਾਰ ਦਿੱਤੀ ਹੈ ਇਸ ਵਿਚ ਸ਼ਕ ਨਹੀਂ। ਤੇ ਨਿਰਸਦੇਹ ਇਸ ਫ਼ੈਸਲਾ-ਕੁਨ ਲੜਾਈ ਦੇ ਅਸੀਂ ਫ਼ਾਇਦੇ ਉਠਾਵਾਂਗੇ।"

"ਬੇਸ਼ਕ ਸਰਦਾਰ ਜੀ..." ਤੇ ਫਿਰ ਇਕ ਪਲ ਅਟਕ ਕੇ ਉਸ ਆਖਿਆ "ਲਾਹੌਰ !", ਜਿਉਂ ਹੀ ਜਾਂਬਾਜ਼ ਦੇ ਮੂੰਹ ਵਿਚੋਂ ਲਾਹੌਰ ਸ਼ਬਦ ਨਿਕਲਿਆ, ਤਿਉਂ ਹੀ ਉਹਦਾ ਸਾਰਾ ਜਿਸਮ ਕੰਬ ਗਿਆ ਤੇ ਉਹਦੀਆਂ ਅੱਖਾਂ ਕਿਸੇ ਅਣਡਿੱਠ ਤੇ ਅਣਪਛਾਤੀ ਚਮਕ ਨਾਲ ਚਮਕ ਉਠੀਆਂ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਉੱਤਰ ਦਿੱਤਾ : "ਬੇਸ਼ਕ ਲਾਹੌਰ ਬਾਬਾ ਜਾਂਬਾਜ਼। ਪਰ ਲਾਹੌਰ ਤੋਂ ਪਹਿਲੇ ਸਦਾ ਵਾਂਗ ਸ਼ੁਕਰਾਨੇ ਵਜੋਂ ਸ੍ਰੀ ਅੰਮ੍ਰਿਤਸਰ ਸਾਹਿਬ।

੭੧

ਖ਼ਾਲਸਾ ਪੰਥ ਦੀ ਲਗੋਭਗੀ ਸਭ ਸਿਰ-ਕੱਢ ਸਰਦਾਰ ਤੇ ਕਈ ਹੋਰ ਪਤਵੰਤੇ ਸਿਖ ਅੱਜ ਅੰਮ੍ਰਿਤਸਰ ਜੁੜੇ ਸਨ।

ਪਿਛਲੇ ਚਾਲ੍ਹੀ ਪੰਜਤਾਲੀ ਸਾਲਾਂ ਤੋਂ ਸਦਾ ਇਸੇ ਤਰ੍ਹਾਂ ਹੁੰਦਾ ਆਇਆ ਸੀ। ਹਰ ਦੂਜੇ ਤੀਜੇ ਸਾਲ ਹਾਲਾਤ ਤੇ ਮੌਕਿਆਂ ਦੇ ਅਨੁਕੂਲ ਸਿਖ ਸਰਦਾਰ ਅੰਮ੍ਰਿਤਸਰ ਜੁੜਦੇ ਸਨ ਤੇ ਭਵਿਖ ਬਾਰੇ ਤੇ ਆਮ ਸਿਖ ਨੀਤੀ ਬਾਰੇ ਫ਼ੈਸਲੇ ਕਰਦੇ ਸਨ। ਜੇ ਹੋ ਸਕੇ ਤਾਂ ਦੀਵਾਲੀ ਜਾਂ ਵਿਸਾਖੀ ਉੱਤੇ ਬਹੁਤੇ ਗੁਰਮਤੇ ਪਰਵਾਨ ਕੀਤੇ ਜਾਂਦੇ।

ਜਦੋਂ ਖ਼ਾਲਸਾ ਅੰਮ੍ਰਿਤਸਰ ਜੁੜਦਾ ਤਾਂ ਏਥੇ ਇਕ ਦੁਨੀਆਂ ਵੱਸ ਜਾਂਦੀ। ਬੇਸ਼ਕ ਸਰੋਵਰ ਮਿੱਟੀ ਨਾਲ ਪੂਰਿਆ ਪਿਆ ਹੋਵੇ, ਬੇਸ਼ਕ ਹਰਿਮੰਦਰ ਤਬਾਹ ਪਿਆ ਹੋਵੇ, 'ਬੇਸ਼ਕ ਸ਼ਹਿਰ ਖ਼ਾਲੀ ਪਿਆ ਹੋਵੇ, ਤੇ ਬੇਸ਼ਕ ਆਲੇ ਦੁਆਲੇ ਮੁਗ਼ਲਾਂ ਜਾਂ ਪਠਾਣਾਂ ਦੀ ਦਹਿਸ਼ਤ ਫੈਲੀ ਹੋਵੇ। ਪਰ ਜਦੋਂ ਵਿਸਾਖੀ ਜਾਂ ਦੀਵਾਲੀ ਜਾਂ ਕਿਸੇ ਹੋਰ ਅਵਸਰ ਉੱਤੇ ਖ਼ਾਲਸਾ ਏਥੇ ਜੁੜਦਾ ਤਾਂ ਨਿਰਸੰਦੇਹ ਏਥੇ ਇਕ ਅਲੌਕਾਰ, ਰਸਭਿੰਨੀ, ਭਰਾਭਰੀ ਭਾਵ ਭਰੀ ਤੇ ਚਾਵਾਂ ਤੇ ਉਮਾਹਾਂ ਭਰੀ ਦੁਨੀਆਂ ਹੀ ਵੱਸ ਜਾਂਦੀ।"

Scanned by CamScanner

ਸਿਖਾਂ ਦੀ ਦੁਨੀਆਂ ਸਦਾ ਉਹਨਾਂ ਦੇ ਨਾਲ ਹੁੰਦੀ ਸੀ। ਉਹ ਆਪਣੀ ਜ਼ਿੰਦਗੀ ਨੂੰ ਸੁਖੀ ਬਣਾਉਣ ਵਾਸਤੇ ਕਿਸੇ ਦੇ ਮੁਹਤਾਜ ਨਹੀਂ ਸਨ।

ਪਿਛਲੇ ਪੰਜਤਾਲੀ ਵਰ੍ਹਿਆਂ ਵਿਚ ਬਹੁਤੇ ਵਾਰੀ ਜਦੋਂ ਏਥੇ ਸਿਖ ਮਿਲਦੇ ਤਾਂ ਆਮ ਕਰ ਕੇ ਹਾਲਾਤ ਨਿੰਮੋਝੂਣੇ ਹੁੰਦੇ ਸਨ। ਕਦੀ ਕਿਸੇ ਮੁਗਲ ਸੂਬੇ ਦਾ ਤ੍ਰਹਿ, ਕਦੀ ਦੁਰਾਨੀ ਦਾ ਡਰ। ਕਦੀ ਕਿਤੇ ਕਿਸੇ ਦੀ ਸ਼ਹੀਦੀ ਸੁਣੀ ਗਈ ਤੇ ਕਦੀ ਕਿਤੇ ਸਿੱਖਾਂ ਦੇ ਕਈ ਟੱਬਰਾਂ ਦੀ ਜਾਨ ਘਾਣ ਹੋ ਗਈ। ਕਦੀ ਮਨੀ ਸਿੰਘ ਦਾ ਬੰਦ ਬੰਦ ਕਟਿਆ ਸੁਣਿਆ ਗਿਆ, ਤੇ ਕਦੀ ਤਾਰੂ ਸਿੰਘ ਦੀ ਖੋਪਰੀ ਉਤਾਰੀ ਸੁਣੀ ਗਈ ਤੇ ਕਦੀ ਹਕੀਕਤ ਰਾਏ ਵਰਗੇ ਮਾਸੂਮ ਦੀ ਸ਼ਹੀਦੀ ਨੇ ਮੁਰਦਿਹਾਣ ਤਾਰੀ ਭਰ ਦਿੱਤੀ। ਬੇਸ਼ਕ ਕਈ ਖੁਸ਼ੀ ਦੇ ਉਤਸਵ ਵੀ ਹੋਇਆ ਕਰਦੇ ਸਨ ਪਰ ਖੁਸ਼ੀ ਚਾਹੇ ਗ਼ਮੀ; ਦੁਖ ਚਾਹੇ ਸੁਖ, ਖ਼ਾਲਸਾ ਸਦਾ ਚੜ੍ਹਦੀਆਂ ਕਲਾ ਵਿਚ ਹੁੰਦਾ। ਅੰਮ੍ਰਿਤਸਰ ਪਹੁੰਚ ਕੇ ਕੋਈ ਸਿਖ ਨਿਰਾਸ ਜਾਂ ਉਦਾਸ ਹੋ ਹੀ ਕਿਵੇਂ ਸਕਦਾ ਸੀ ? ਅੰਮ੍ਰਿਤਸਰ ਖ਼ਾਲਸੇ ਦੀ ਜਾਨ ਸੀ, ਖ਼ਾਲਸੇ ਦੀਆਂ ਚੜ੍ਹਦੀਆਂ ਕਲਾਂ ਦਾ ਸੋਮਾ।

ਪਰ ਰੋਪੜ ਦੀ ਜਿਤ ਪਿਛੋਂ ਅੱਜ ਜਦੋਂ ਖ਼ਾਲਸਾ ਏਥੇ ਇਕੱਠਾ ਹੋਇਆ ਤਾਂ ਰੰਗ ਹੋਰ ਸੀ। ਨਿਰਸੰਦੇਹ ਐਤਕੀ ਦਾ ਇਕੱਠ ਬੇਮਿਸਾਲ ਸੀ। ਅੱਜ ਖ਼ਾਲਸਾ ਏਥੇ ਦੁਰਾਨੀ ਉੱਤੇ ਖੁਲ੍ਹੇ ਮੈਦਾਨ ਵਿਜੈ ਪਾਣ ਪਿਛੋਂ ਇਕੱਠਾ ਹੋਇਆ ਸੀ। ਅੱਜ ਸਰਦਾਰਾਂ ਦੇ ਦਿਲ ਸੁੰਦਰ ਭਵਿਖ ਦੀਆਂ ਚਾਹਾਂ ਨਾਲ ਧੜਕ ਰਹੇ ਸਨ। ਅੱਜ ਸਿਖ ਸਰਦਾਰਾਂ ਦੇ ਨੈਨ ਸੁੰਦਰ ਭਵਿਖ ਦੇ ਸੁਪਨਿਆਂ ਨਾਲ ਮਸਰੂਰ ਸਨ। ਅੱਜ ਜਿਹਾ ਚਾਅ ਅੰਮ੍ਰਿਤਸਰ ਨੇ ਪਹਿਲੇ ਕਦੋਂ ਵੇਖਿਆ ਹੋਣਾ ਹੈ ?

ਜਾਂਬਾਜ਼ ਸਿੰਘ ਵੀ ਅੱਜ ਅੰਮ੍ਰਿਤਸਰ ਹਾਜ਼ਰ ਸੀ। ਜਾਂਬਾਜ਼ ਸਿਖ ਰਾਜ ਦੀ ਸਥਾਪਤੀ ਮਸੇਂ ਲੋਹ ਗੜ੍ਹ ਨਹੀਂ ਸੀ। ਪਰ ਅੱਜ ਉਹਨੂੰ ਇੰਜ ਲਗਦਾ ਜਿਵੇਂ ਕਿ ਅਜ ਦੇ ਅੰਮ੍ਰਿਤਸਰ ਤੇ ਉਦੋਂ ਦੇ ਲੋਹ ਗੜ੍ਹ ਦੇ ਵਾਤਾਵਰਨ ਵਿਚ ਸਮਾਨਤਾ ਹੋਵੇ।

ਸ਼ਾਹਬਾਜ਼ ਨੇ ਸਰਹਿੰਦ ਦੀ ਜਿੱਤ ਪਿਛੋਂ ਲੋਹ ਗੜ੍ਹ ਦੀ ਕਾਇਮੀ ਬਾਰੇ ਗੱਲਾਂ ਸੁਣਾਈਆਂ ਸਨ, ਕਿਵੇਂ ਆਪ ਬੰਦਾ ਸਿੰਘ ਬਹਾਦਰ ਤੇ ਬਾਕੀ ਸਾਰੇ ਸਾਥੀ ਕੰਮ ਵਿਚ ਜੁਟੇ ਹੋਏ ਸਨ।

ਤੇ ਏਸੇ ਤਰ੍ਹਾਂ ਅੱਜ ਅੰਮ੍ਰਿਤਸਰ ਵਿਚ ਵੀ ਬੜੇ ਫ਼ੈਸਲੇ ਹੋ ਰਹੇ ਸਨ, ਬੜੇ ਕੰਮ ਨਜਿੱਠੇ ਜਾ ਰਹੇ ਸਨ। ਅੱਜ ਅੰਮ੍ਰਿਤਸਰ ਵਿਚ ਦੂਜੀ ਵਾਰ ਸਿਖ ਰਾਜ ਦੀ ਸਥਾਪਤੀ ਦੀ ਨੀਂਹ ਰਖੀ ਜਾ ਰਹੀ ਸੀ। ਠੀਕ, ਅੱਜ ਬੰਦਾ ਸਿੰਘ ਬਹਾਦਰ ਵਰਗੇ ਕੇਂਦਰੀ ਲੀਡਰ ਤੇ ਏਸੇ ਤਰ੍ਹਾਂ ਕਿਸੇ ਹੋਰ ਕੇਂਦਰੀ ਸੰਸਥਾ ਦੀ ਅਣਹੋਂਦ ਸੀ, ਪਰ ਤਾਂ ਵੀ ਜੁੜੇ ਹੋਏ ਮਿਸਲਾਂ ਦੇ ਸਰਦਾਰਾਂ ਦੇ ਆਪਾ-ਵਾਰ ਸੁਭਾ ਦੀ ਹੋਂਦ ਕਰ ਕੇ ਇਕ ਚਾਵਾਂ ਭਰੇ ਗਣ-ਰਾਜ ਦੀ ਉਸਾਰੀ ਦਾ ਅਹਿਸਾਸ ਜ਼ਰੂਰ ਹੋ ਸਕਦਾ ਸੀ। ਇਸ ਜੋੜ ਮੇਲ ਜਾਂ ਗੁਰਮਤੇ ਦੀ ਨੁਹਾਰ ਜੱਸਾ ਸਿੰਘ ਆਹਲੂਵਾਲੀਏ ਨੇ ਰੋਪੜ ਹੀ ਮਨ ਵਿਚ ਚਿਤਵ ਲਈ ਸੀ। ਏਸੇ ਲਈ ਹੀ ਸ਼ਾਇਦ ਉਹਨੇ ਹੋਰ ਕੋਈ ਕੰਮ ਕਰਨ ਤੋਂ ਪਹਿਲੇ ਅੰਮ੍ਰਿਤਸਰ ਇਕੱਤਰ ਹੋਣਾ ਜ਼ਰੂਰੀ ਸਮਝਿਆ ਸੀ।

ਅੰਮ੍ਰਿਤ ਵੇਲੇ ਦਾ ਸਮਾਂ ਸੀ। ਹੁਣੇ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਕੇ ਹਟਿਆ ਸੀ। ਸਰਦਾਰ ਰਤਨ ਸਿੰਘ ਭੰਗੂ ਦੇ ਕੀਰਤਨ ਵਿਚ ਕਿੰਨਾ ਰਸ ਸੀ। ਸਾਰੀ ਸੰਗਤ ਪਿਛਲੇ ਤਿੰਨਾਂ ਘੰਟਿਆਂ ਤੋਂ ਮੁਧਧ, ਕੀਰਤਨ ਸੁਣਦੀ ਆਈ ਸੀ। ਤੇ ਅਜੇ ਵੀ ਉਹਨਾਂ ਦਾ ਜੀ ਕਰਦਾ ਸੀ ਕਿ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਹੁੰਦਾ ਰਹੇ। ਉਹਨਾਂ ਦੇ ਚਿਤ ਤੇ ਮਨ ਸ਼ਾਂਤ ਹੁੰਦੇ ਰਹਿਣ। ਉਹਨਾਂ ਦਾ ਜਨਮ ਸਫਲਾ ਹੁੰਦਾ ਰਹੇ। ਕੀਰਤਨ ਹੋ ਚੁਕਣ ਪਿਛੋਂ ਭਾਈ ਮਿਹਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲਿਆ ਤੇ ਕੁਝ ਚਿਰ ਕਥਾ ਕੀਤੀ।

ਕਥਾ ਦੀ ਸਮਾਪਤੀ ਹੋਣ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕਹਿਣ ਅਨੁਸਾਰ ਮਿਸਲਾ ਦੇ ਸਰਦਾਰ ਸਟੇਜ ਉੱਤੇ ਆ ਸਜੇ, ਤੇ ਫਿਰ ਆਹਲੂਵਾਲੀਏ ਸਰਦਾਰ ਨੇ ਸੰਗਤ ਨੂੰ ਅਹਿਮਦ ਸ਼ਾਹ ਦੁਰਾਨੀ ਉੱਤੇ ਰੋਪੜ ਵਿਚ ਪਾਈ ਜਿਤ ਬਾਰੇ ਦਸਿਆ। ਇਸ ਜਿਤ ਬਾਰੇ ਗੱਲਾਂ ਕਰਦਿਆਂ ਉਸ ਬੀਤੇ ਵਰ੍ਹਿਆਂ ਦੀਆਂ ਗਲਾਂ ਵੀ ਕੀਤੀਆਂ। ਉਸ ਦਸਿਆ ਕਿ ਕਿਵੇਂ ੧੭੩੮ ਵਿਚ ਨਾਦਰ ਸ਼ਾਹ ਦਾ ਪਹਿਲਾ ਹੱਲਾ ਹੋਇਆ ਤੇ ਕਿਵੇਂ ਲਗਭਗ ਦਸ ਕੁ ਸਾਲ ਪਿਛੋਂ ਨਾਦਰ ਸ਼ਾਹ ਦਾ ਜਾਨਸ਼ੀਨ ਅਹਿਮਦ ਸ਼ਾਹ ਪੰਜਾਬ ਉੱਤੇ ਚੜ੍ਹ ਕੇ ਆਇਆ। ਤੇ ਫਿਰ ਕਿਵੇਂ ਅਹਿਮਦ ਸ਼ਾਹ ਦੇ ਇਹ ਹੱਲੇ ਪੰਜਾਬ ਦੇ ਰੋਜ਼ਾਨਾ ਜੀਵਨ ਦਾ ਇਕ ਤਰ੍ਹਾਂ ਨਾਲ ਭਾਗ ਹੀ ਬਣ ਗਏ। ਉਸ ਦਸਿਆ ਕਿ ਕਿਵੇਂ ਸਿਖਾਂ ਨੇ ਦੁਰਾਨੀਆਂ ਦਾ ਸਾਹਮਣਾ ਕੀਤਾ ਤੇ ਜ਼ਿੰਦਗੀ ਤੇ ਮੌਤ ਦੀ ਮੁਹਿੰਮ ਜਾਰੀ ਰਖੀ। ਅੰਤ ਵਿਚ ਉਹ ਮੁਸਕਰਾਇਆ ਤੇ ਉਸ ਆਖਿਆ :—

"ਪਰ ਖ਼ਾਲਸਾ ਜੀ, ਜੋ ਹੋਇਆ ਸੋ ਹੋਇਆ। ਕੁਠਾਲੀ ਵਿਚ ਪੈ ਕੇ ਹੀ ਸੋਨਾ ਕੁੰਦਨ ਬਣਦਾ ਹੈ। ਸ਼ਾਇਦ ਜੋ

Scanned by CamScanner

ਕੁਰਬਾਨੀਆਂ ਅਸੀਂ ਅੱਜ ਤਕ ਕੀਤੀਆਂ ਹਨ ਉਹ ਸਾਡੇ ਆਚਰਨ ਤੇ ਸਾਡੇ ਸ਼ਾਨਦਾਰ ਭਵਿਖ ਵਾਸਤੇ ਜ਼ਰੂਰੀ ਸਨ।

"ਪਰ ਹੁਣ ਮੈਨੂੰ ਵਿਸ਼ਵਾਸ ਹੈ ਕਿ ਬਿਪਤਾ ਦੇ ਦਿਨ ਮੁਕ ਚੁਕੇ ਹਨ। ਹੁਣ ਅਸੀਂ ਐਨੇ ਤਾਕਤਵਰ ਹੋ ਗਏ ਹਾਂ ਕਿ ਚਾਹੇ ਦੁਰਾਨੀ ਹੰਵੇ ਚਾਹੇ ਦਿੱਲੀ ਦਾ ਬਾਦਸ਼ਾਹ ਅਸੀਂ ਦੋਹਾਂ ਦਾ ਮੁਕਾਬਲਾ ਕਰ ਸਕਦੇ ਹਾਂ। ਮੈਨੂੰ ਇਹ ਵੀ ਆਸ ਹੈ ਕਿ ਹੁਣ ਦੁਰਾਨੀ ਮੁੜ ਮੁੜ ਕੇ ਸਾਡੀ ਮਾਤ੍ਰ-ਭੂਮੀ ਉੱਤੇ ਧਾਵੇ ਨਹੀਂ ਬੋਲੇਗਾ। ਉਹ ਸਾਨੂੰ ਤੇ ਸਾਡੀ ਸ਼ਕਤੀ ਨੂੰ ਜਾਣ ਗਿਆ ਹੈ। ਅੱਜ ਤੋਂ ਪੰਜਾਬ ਸਾਡਾ ਆਪਣਾ ਹੈ। ਅੱਜ ਤੋਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਭੋਇੰ ਸਾਡੀ ਆਪਣੀ ਹੈ। ਅੱਜ ਮੁਗ਼ਲਾਂ ਤੇ ਦੁਰਾਨੀਆਂ ਨਾਲ ਅਸੀਂ ਸਾਵੇਂ ਹੋ ਗਏ ਹਾਂ।"

ਇਹਨਾਂ ਸ਼ਬਦਾਂ ਨਾਲ ਉਸ ਲਾਹੌਰ ਉੱਤੇ ਕਬਜ਼ਾ ਕਰਨ ਦਾ ਗੁਰਮਤਾ ਪੇਸ਼ ਕੀਤਾ। ਫਿਰ ਹੋਰ ਕਈ ਗੁਰਮਤੇ ਪੇਸ਼ ਹੋਏ ਤੇ ਪਰਵਾਨ ਹੋਏ। ਆਖ਼ਰੀ ਤੇ ਸ਼ਾਇਦ ਸਭ ਤੋਂ ਜ਼ਰੂਰੀ ਗੁਰਮਤਾ ਬਾਬਾ ਜਾਂਬਾਜ਼ ਸਿੰਘ ਨੇ ਪੇਸ਼ ਕੀਤਾ। ਜਦੋਂ ਜਾਂਬਾਜ਼ ਸਟੇਜ ਉੱਤੇ ਖੜੋਤਾ ਤਾਂ ਆਪ ਜੱਸਾ ਸਿੰਘ ਆਹਲੂਵਾਲੀਏ ਤੇ ਲਹਿਣਾ ਸਿੰਘ ਭੰਗੀ ਨੇ ਜੈਕਾਰੇ ਛਡੇ।

ਸ਼ਾਇਦ ਜਾਂਬਾਜ਼ ਆਪਣੀ ਜ਼ਿੰਦਗੀ ਵਿਚ ਕਦੀ ਵੀ ਐਨਾ ਸੰਤੁਸ਼ਟ ਨਹੀਂ ਸੀ ਹੋਇਆ ਜਿੰਨਾਂ ਕਿ ਅੱਜ। ਅੱਜ ਜਾਂਬਾਜ਼ ਨੂੰ ਇੰਜ ਲਗਾ ਕਿ ਜਿਵੇਂ ਇਹੋ ਸਮਾਂ ਤੇ ਇਹੋ ਮੌਕਾ ਹੀ ਉਹਦੀ ਜ਼ਿੰਦਗੀ ਤੇ ਉਹਦੀ ਭਾਲ ਦੀ ਮੰਜ਼ਲ ਹੋਵੇ। ਠੀਕ, ਉਸ ਇਹੋ ਜਿਹੀ ਮੰਜ਼ਲ ਜਾਂ ਆਦਰਸ਼ ਦਾ ਆਪਣੇ ਮਨ ਵਿਚ ਕੋਈ ਆਕਾਰ ਜਾਂ ਚਿੱਤਰ ਨਹੀਂ ਸੀ ਘੜਿਆ, ਪਰ ਤਾਂ ਵੀ ਉਹਨੂੰ ਇਉਂ ਲਗਦਾ ਕਿ ਇਹੋ ਉਹ ਸਤੰਗਣੀ ਘੜੀ ਹੈ ਤੇ ਇਹੋ ਉਹ ਆਦਰਸ਼ ਤੇ ਇਹੋ ਉਹ ਸੂਖਸ਼ਮ ਪ੍ਰਸੰਨਤਾ ਦੀ ਦਿੱਬ ਸਿਖਰ ਕਿ ਜਿਸ ਵਾਸਤੇ ਉਹ ਉਹਦੇ ਜਿਗਰ ਜਾਂ ਉਹਦੀ ਰੂਹ ਨੂੰ ਅਧੀ ਸਦੀ ਚੈਨ ਨਹੀਂ ਮਿਲਿਆ।

ਜਾਂਬਾਜ਼ ਸਟੇਜ ਉੱਤੇ ਖਲੋਤਾ। ਉਹਦੀ ਕੇਸਰੀ ਦਸਤਾਰ ਸਦਾ ਵਾਂਗ ਸੋਹਣੀ ਤਰ੍ਹਾਂ ਤੇ ਘੱਟ ਘੱਟ ਬੰਨ੍ਹੀ ਹੋਈ, ਉਹਦਾ ਚਿਹਰਾ ਸਦਾ ਵਾਂਗ ਦ੍ਰਿੜ ਤੇ ਵਿਸ਼ਵਾਸ ਪੂਰਵਕ। ਉਹਦਾ ਖੱਦਰ ਦਾ ਕੁੜਤਾ ਸਦਾ ਵਾਂਗ ਘਸਮੈਲਾ ਪਰ ਉਹਦੇ ਹੱਥ ਤੇ ਉਹਦੇ ਪੈਰ ਨਿਰਸੰਦੇਹ ਅਗੇ ਨਾਲੋਂ ਵਧ ਹੰਦੇ ਹੋਏ, ਥੱਕੇ ਹੋਏ।

ਹਰ ਆਦਮੀ ਦੀ ਉਮਰ ਵਿਚ ਇਕ ਅਜਿਹਾ ਸਮਾਂ ਆਉਂਦਾ ਹੈ ਜਦੋਂ ਕਿ ਉਹ ਪਹਿਲੇ ਵਰ੍ਹਿਆਂ ਨਾਲੋਂ ਵਧੇਰੇ ਤੇਜ਼ੀ ਨਾਲ ਬੁਢਾ ਜਾਂ ਢਲਨਾ ਸ਼ੁਰੂ ਹੋ ਜਾਂਦਾ ਹੈ। ਕਈਆਂ ਦੀ ਜ਼ਿੰਦਗੀ ਵਿਚ ਇਹ ਸਮਾਂ ਤੀਹਾਂ ਦੇ ਜਲਦੀ ਪਿਛੋਂ ਹੀ ਸ਼ੁਰੂ ਹੋ ਜਾਂਦਾ ਹੈ। ਕਈ ਪੰਜਾਹ ਪੰਜਾਹ ਸੱਠ ਸੱਠ ਸਾਲ ਦੀ ਆਯੂ ਤਕ ਬੁਢਾਪੇ ਨੂੰ ਨੇੜੇ ਨਹੀਂ ਲਗਣ ਦੇਂਦੇ। ਤੇ ਕਈ ਆਸਾਂ ਜੂੜੇ ਤੇ ਆਦਰਸ਼ਾਂ ਸ਼ਿੰਗਾਰੇ ਆਦਮੀ ਜਾਂਬਾਜ਼ ਵਾਂਗ ਸੱਤਰ ਸਾਲਾਂ ਤਕ ਵੀ ਜੁਆਨ ਰਹਿੰਦੇ ਹਨ। ਉਹਨਾਂ ਦੇ ਜਿਸਮ ਕਮਜ਼ੋਰ ਭਾਵੇਂ ਹੋ ਜਾਣ ਪਰ ਉਹ ਜਿਸਮ ਅੱਖੀ ਵੇਲੇ ਕੜੱਕ ਨਹੀਂ ਹੁੰਦੇ। ਉਹਨਾਂ ਦੇ ਮੂੰਹਾਂ ਤੇ ਹੱਥਾਂ ਉੱਤੇ ਝੁਰੜੀਆਂ ਭਾਵੇਂ ਪੈ ਜਾਣ, ਪਰ ਇਹ ਝੁਰੜੀਆਂ ਉਪਰੀਆਂ ਹੁੰਦੀਆਂ ਹਨ, ਇਹਨਾਂ ਝੁਰੜੀਆਂ ਦਾ ਅਸਰ ਨੱਸਾਂ ਤਕ ਨਹੀਂ ਪਹੁੰਚਦਾ

ਫਿਰ ਵੀ ਜਦੋਂ ਬੁਢਾਪਾ ਆਉਂਦਾ ਹੈ ਤਾਂ ਤੇਜ਼ੀ ਨਾਲ ਆਉਂਦਾ ਹੈ। ਜਾਂਬਾਜ਼ ਦੀ ਜ਼ਿੰਦਗੀ ਵਿਚ ਇਹ ਬੁਢਾਪਾ ਲਾਹੌਰ ਦੀ ਪਹਿਲੀ ਜਿੱਤ ਪਿਛੋਂ ਆਉਣਾ ਸ਼ੁਰੂ ਹੋਇਆ। ਕੀ ਇਸ ਲਈ ਕਿ ਉਹਦਾ ਦਿਲੀ ਆਦਰਸ਼ ਸਾਕਾਰ ਹੋ ਚੁਕਾ ਸੀ ? ਸ਼ਾਇਦ...ਤੇ ਜਦੋਂ ਇਹ ਸਮਾਂ ਜ਼ਿੰਦਗੀ ਵਿਚ ਆ ਜਾਏ ਤਾਂ ਇਕ ਦੰਮ ਲਗਦਾ ਹੈ ਕਿ ਸਾਲ ਦੇ ਦਹਾਕੇ ਆਦਮੀ ਉੱਤੇ ਉਲਟ ਪਏ ਹਨ। ਜਿਵੇਂ ਕੋਈ ਬੰਨ੍ਹਿਆਂ ਹੋਇਆ ਬੰਨ੍ਹ ਟੁਟ ਗਿਆ ਹੈ। ਜੋ ਪਿਛਲੇ ਪੰਝੀਆਂ ਸਾਲਾਂ ਵਿਚ ਨਹੀਂ ਹੋਇਆ ਹੁੰਦਾ ਉਹ ਦੋਹਾਂ ਜਾਂ ਤਿੰਨਾਂ ਸਾਲਾਂ ਵਿਚ ਵਾਪਰ ਜਾਂਦਾ ਹੈ। ਇਉਂ ਹੀ ਜਾਂਬਾਜ਼ ਨਾਲ ਹੋਇਆ। ਪਰ ਕਈਆਂ ਹੋਰਨਾਂ ਵਾਂਗ ਜਾਂਜਾਜ਼ ਉੱਤੇ ਇਸ ਬੁਢਾਪੇ ਨੇ ਬਹੁਤੀ ਤੇਜ਼ੀ ਨਾਲ ਅਸਰ ਨਹੀਂ ਕੀਤਾ। ਬੇਸ਼ਕ ਲਾਹੌਰ ਜਿਤਿਆ ਗਿਆ ਸੀ ਪਰ ਅਜੇ ਤਕ ਖ਼ਾਲਸਾ ਰਾਜ ਸਥਾਪਤ ਨਹੀਂ ਸੀ ਹੋਇਆ ਤੇ ਅਜੇ ਉਹਦੀ ਸ਼ੁਭਵੰਤ ਨੇ ਲਾਹੌਰ ਨਹੀਂ ਸੀ ਵੇਖਿਆ। ਸ਼ੁਭਵੰਤ ਦਾ ਆਦਰਸ਼ ਵੀ ਉਹਦਾ ਆਪਣਾ ਆਦਰਸ਼ ਹੀ ਸੀ। ਇਹ ਹੀ ਨਹੀਂ, ਲਾਹੌਰ ਜਿੱਤ ਕੇ ਫਿਰ ਹਾਰਿਆ ਜਾ ਚੁਕਾ ਸੀ। ਇਹੋ ਕਾਰਨ ਸੀ ਕਿ ਜਾਂਬਾਜ਼ ਨੇ ਕੋਈ ਆਰਾਮ ਨਾ ਕੀਤਾ। ਉਹਦੀ ਰੂਹ ਨੂੰ ਸ਼ਾਂਤੀ ਨਾ ਮਿਲੀ। ਉਹਦੇ ਸਰੀਰ ਨੂੰ ਚੈਨ ਨਾ ਆਇਆ।

ਤੇ ਅੱਜ ... ਅੱਜ ਸਿਖ ਰਾਜ ਸਥਾਪਿਤ ਹੋ ਰਿਹਾ ਸੀ। ਅਜ ਜਾਂਬਾਜ਼ ਨੂੰ ਸਿਖ ਰਾਜ ਦੇ ਮੋਢੀਆਂ ਵਿਚੋਂ ਇਕ ਹੋਣ ਦਾ ਮਾਨ ਸੀ। ਅੱਜ ਖ਼ਾਲਸਾ ਪੰਥ ਤੇ ਸਾਰੇ ਸਰਦਾਰ ਉਹਦੇ ਆਦਰ ਵਿਚ ਜੈਕਾਰੇ ਛਡ ਰਹੇ ਸਨ। ਜਦੋਂ ਜਾਂਬਾਜ਼ ਸਟੇਜ ਉੱਤੇ ਖਲੋਤਾ ਤਾਂ ਸਹਿਜ ਸੁਭਾਏ ਹੀ ਉਹਦੇ ਮੂੰਹ ਵਿਚੋਂ ਇਹ ਸ਼ਬਦ ਨਿਕਲ ਗਏ, 'ਧੰਨ ਸਿਖੀ ! ਖੰਨਿਉਂ ਤਿੱਖੀ। ਵਾਲਹੁ ਨਿੱਕੀ।"

Scanned by CamScanner

ਤੇ ਉਹਨੂੰ ਯਾਦ ਆਇਆ ਕਿ ਇਹੋ ਹੀ ਸ਼ਬਦ ਉਹਦੇ ਮੂੰਹ ਵਿਚੋਂ ਨਿਕਲੇ ਸਨ ਜਦੋਂ ਅਜ ਤੋਂ ਪੰਜਾਹ ਕੁ ਸਾਲ ਪਹਿਲੇ ਦਿੱਲੀ ਵਿਚ ਉਹਦੀ ਕਾਇਆ ਕਲਪ ਹੋਈ। ਅੱਜ ਤੋਂ ਪੰਜਾਹ ਸਾਲ ਪਹਿਲੇ ਉਹ ਬੰਦਾ ਸਿੰਘ ਬਹਾਦਰ, ਭਾਈ ਬਾਜ ਸਿੰਘ, ਆਪਣੇ ਵੀਰ ਸ਼ਾਹਬਾਜ਼ ਸਿੰਘ ਤੇ ਹੋਰਨਾਂ ਸਿਖ ਸਰਦਾਰਾਂ ਦੀ ਸ਼ਹੀਦੀ ਵਾਚ ਕੇ ਦਹਿੰਦੀਆਂ ਸ਼ਾਮਾਂ ਵਿਚ ਕੁਤਬ ਮੀਨਾਰ ਦੇ ਨੇੜੇ ਬੈਠਾ ਸੀ ਤੇ ਸਹਿਜ ਸੁਭਾਏ ਉਹਦੇ ਮੂੰਹੋਂ ਨਿਕਲ ਗਿਆ ਸੀ, "ਧੰਨ ਸਿਖੀ।" ਉਸੇ ਵਕਤ, ਉਸੇ ਪਲ ਉਹਨੇ ਸੱਚਾ ਤੇ ਸੁੱਚਾ ਅੰਮ੍ਰਿਤ ਛਕਿਆ। ਉਸੇ ਪਲ ਤੋਂ ਉਹ ਬਦਲ ਗਿਆ। ਕੋਈ ਦਿਰਾਦੇ ਕਰਨ ਦੀ ਲੋੜ ਨਹੀਂ ਸੀ ਪਈ। ਕੋਈ ਪ੍ਰਣ ਨਹੀਂ ਸਨ ਕਰਨੇ ਪਏ। ਉਹਦੀ ਸਾਰੀ ਕਾਇਆ, ਸੰਪੂਰਨ ਰੂਹ ਹੀ ਸਿਖ ਪੰਥ ਤੇ ਸਿਖ ਰਾਜ ਦੀ ਸਥਾਪਤੀ ਵਾਸਤੇ ਜੁੰਟਾ ਹੋ ਗਈ ਸੀ।

ਅੱਜ ਬਾਬਾ ਜਾਂਬਾਜ਼ ਨੂੰ ਰਾਜ ਭਾਗ ਦੇ ਚਿੰਨ੍ਹ ਖ਼ਾਲਸਈ ਸਿੱਕੇ ਬਾਰੇ ਗੁਰਮਤਾ ਪੇਸ਼ ਕਰਨ ਵਾਸਤੇ ਬਿਠੈ ਕੀਤੀ ਗਈ ਸੀ। ਮੁਗ਼ਲ ਸਲਤਨੱਤ ਖ਼ਤਮ ਹੋ ਚੁਕੀ ਸੀ ਦੁਰਾਨੀ ਹਾਰ ਗਿਆ ਸੀ। ਸਾਰੇ ਪਜਾਬ ਉੱਤੇ ਸਿਖਾਂ ਦਾ ਕਬਜ਼ਾ ਸੀ ਤੇ ਲਾਹੌਰ ਕੁਝ ਦਿਨਾਂ ਵਿਚ ਫ਼ਤਹ ਹੋਣ ਵਾਲਾ ਸੀ। ਹੁਣ ਖ਼ਾਲਸਈ ਸਿੱਕੇ ਦੀ ਲੋੜ ਸੀ। ਕੱਲ੍ਹ ਸਾਰਾ ਦਿਨ ਸਿਖ ਸਰਦਾਰਾਂ ਤੇ ਬਾਬਾ ਜਾਂਬਾਜ਼ ਨੇ ਇਸ ਸਿੱਕੇ ਉਤਲੀ ਲਿਖਤ ਬਾਰੇ ਵਿਚਾਰ ਕੀਤੀ ਸੀ। ਤੇ ਅੱਜ ਜਾਂਬਾਜ਼ ਨੇ ਉਸ ਫ਼ੈਸਲੇ ਦੀ ਪ੍ਰਵਾਨਗੀ ਲੈਣੀ ਸੀ ਸੰਗਤ ਕੋਲੋਂ। ਜਾਂਬਾਜ਼ ਕੋਈ ਵੱਡਾ ਲੈਕਚਰਾਰ ਜਾਂ ਵਖਿਆਨਕ ਨਹੀਂ ਸੀ ਪਰ ਜਾਂਬਾਜ਼ ਨੇ ਕੋਈ ਲੈਕਚਰ ਜਾਂ ਵਖਿਆਨ ਥੋੜ੍ਹਾ ਕਰਨਾ ਸੀ। ਉਸ ਤਾਂ ਸੰਗਤ ਅਗੇ ਆਪਣੇ ਮਨੋਭਾਵ ਰਖਣੇ ਸਨ। ਉਸ ਉਹਨਾਂ ਨੂੰ ਬਾਬੇ ਬੰਦੇ ਬਾਰੇ ਦਸਣਾ ਸੀ ਤੇ ਜਿਨ੍ਹਾਂ ਕਾਰਨਾਂ ਕਰਕੇ ਪਹਿਲੇ ਬੰਦੇ ਨੇ ਤੇ ਫਿਰ ਮਿਸਲਾਂ ਦੇ ਸਰਦਾਰਾਂ ਨੇ ਸਿੱਕੇ ਉਤਲੀ ਲਿਖਤ ਨੂੰ ਚੁਣਿਆ ਸੀ। ਉਸ ਕੁਝ ਕਾਰਨ ਦਸਨੇ ਸਨ, ਤੇ ਉਹ ਕਾਰਨ ਕੀ ਸਨ ?

ਜਿਹੋ ਜਿਹੀ ਲਿਖਤ ਉਹਨਾਂ ਨੇ ਸਿੱਕੇ ਉੱਤੇ ਲਿਖਣੀ ਸੀ, ਉਹਦੇ ਕਾਰਨ ਕੀ ਹੋ ਸਕਦੇ ਹਨ ? ਸਿਖੀ ਸਿਦਕ ਦੇ ਕੀ ਕਾਰਨ ਹਨ ? ਸਿਖੀ ਵਿਚ ਕਿਸੇ ਜ਼ਾਤ ਦਾ ਹੈ ਹੀ ਕੀ ? ਸਿਖੀ ਵਿਚ ਉਸ ਦਾ ਸਭ ਕੁਝ ਹੋਰਨਾਂ ਦਾ, ਹੱਥ ਦਾ, ਸਿਖੀ ਵਿਚ ਮੈਂ ਤੇ ਮੇਰੀ ਕਿਥੇ ?

ਜਾਂਬਾਜ਼ ਚੌਖਾ ਚਿਰ ਵਾਸਤੇ ਬਾਬੇ ਬੰਦੇ ਬਾਰੇ ਬੋਲਿਆ। ਉਹਨੂੰ ਲਗਾ ਕਿ ਆਪਣੀ ਚਾਲ੍ਹੀ ਪੰਜਾਹ ਸਾਲਾਂ ਦੀ ਘਾਲਨਾ ਕਰ ਕੇ ਨਹੀਂ, ਪੂਤ੍ਰ ਅੱਜ ਦੇ ਕੁਝ ਸ਼ਬਦਾਂ ਨਾਲ ਹੀ ਉਸ ਅਸਲੀ ਅਰਥਾਂ ਵਿਚ ਬਾਬੇ ਬੰਦੇ ਦਾ ਦੇਣਾ ਦਿਤਾ ਹੈ। ਉਹਨੂੰ ਯਾਦ ਆਇਆ ਕਿ ਕਿਵੇਂ ਬਾਬੇ ਬੰਦੇ ਦੇ ਮਿਸ਼ਨ ਨੂੰ ਉਸ ਪਹਿਲੇ ਨਾ ਗੋਲਿਆ, ਕਿ ਕਿਵੇਂ ਉਹ ਇਕਤਰ੍ਹਾਂ ਨਾਲ ਬਾਬੇ ਬੰਦੇ ਦੇ ਬਰਖ਼ਿਲਾਫ਼ ਹੀ ਰਿਹਾ। ਉਸ ਅਸਲੀ ਅਰਥਾਂ ਵਿਚ ਬੰਦਾ ਸਿੰਘ ਨੂੰ ਉਹਦੀ ਸ਼ਹੀਦੀ ਪਿਛੋਂ ਹੀ ਪਛਾਣਿਆ, ਸਿੰਵਾਣਿਆਂ। ਬਾਬੇ ਬੰਦੇ ਬਾਰੇ ਕੁਝ ਆਖਣ ਪਿਛੋਂ ਉਸ ਜੁੜੀ ਸੰਗਤ ਦੇ ਸਾਹਮਣੇ ਨਿਯਤ ਗੁਰਮਤਾ ਪੇਸ਼ ਕੀਤਾ। ਫ਼ੈਸਲਾ ਹੋਇਆ ਸੀ ਕਿ ਖ਼ਾਲਸਈ ਸਿੱਕੇ ਉੱਤੇ ਇਹ ਲਿਖਤ ਹੋਵੇ,

"ਦੇਗ਼ ਤੇਗ਼ ਫ਼ਤਹ, ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿਦ ਸਿੰਘ।"

ਇਹੋ ਲਿਖਤ ਹੀ ਬੰਦਾ ਸਿੰਘ ਬਹਾਦਰ ਨੇ ਆਪਣੇ ਸਮੇਂ ਖ਼ਾਲਸਈ ਸਿੱਕੇ ਉੱਤੇ ਉਕਰਾਈ ਸੀ ਤੇ ਇਹੋ ਲਿਖਤ ਸਿਖ ਸਪਿਰਟ ਤੇ ਸਿਖੀ ਰਾਜ ਭਾਗ ਦਾ ਅਸਲੀ ਪ੍ਰਤੀਬਿੰਬ ਸੀ।

Scanned by CamScanner

ਜਾਂਬਾਜ਼ ਘਰ ਮੁੜਿਆ। ਸਦਾ ਦਾਗ਼ ਉਹਦੇ ਦਵਾਲੇ ਪਿਆਰਾਂ ਤੇ ਚਾਵਾਂ ਦਾ ਝੁਰਮਟ। ਜੇ ਮਿਹਰ ਸਿੰਘ ਪੂਰੇ ਜੈਕਾਰੇ ਗਜਾਣ ਵਾਸਤੇ ਬਹੁਤ ਵੱਡਾ ਹੋ ਗਿਆ ਸੀ ਤਾਂ ਦਲੇਰ ਦਾ ਉਤਸ਼ਾਹ ਤਾਂ ਅਜੇ ਤਕ ਅਮਿਟਵਾਂ ਸੀ। ਔਤਕੀ ਉਸ ਨੇ ਜੈਕਾਰੇ ਗਜਾ ਗਜਾ ਕੇ ਛਤਹ ਗੜ੍ਹ ਨੂੰ ਆਪਣੀ ਆਵਾਜ਼ ਦੀ ਉਚਾਈ ਤੇ ਲੰਮੀ ਹੇਕ ਦੀ ਪਰਦਰਸ਼ਨੀ ਨਾਲ ਹੈਰਾਨ ਕਰ ਦਿਤਾ। ਜਾਂਬਾਜ਼ ਤੇ ਸ਼ੁਭਵੰਤ ਵੀ ਮਿਲੇ। ਉਹਨਾਂ ਦਾ ਇਹ ਮੇਲ ਬੜਾ ਦਰਦ ਰਿੰਵਾਣਾ ਸੀ।

ਜਦੋਂ ਤੋਂ ਕੁਝ ਵਰ੍ਹੇ ਪਹਿਲੇ ਸ਼ੁਭਵੰਤ ਦੀਆਂ ਅੱਖਾਂ ਖ਼ਰਾਬ ਹੋਈਆਂ ਸਨ ਓਦੋਂ ਤੋਂ ਹੀ ਉਹਦੀ ਨਿਗਾਹ ਕਮਜ਼ੋਰ ਹੁੰਦੀ ਆ ਰਹੀ ਸੀ। ਬੇਸ਼ਕ ਉਹ ਅਜੇ ਤਕ ਬੰਦੇ ਅਤੇ ਚੀਜ਼ਾਂ ਸਿੰਞਾਣ ਸਕਦੀ ਸੀ ਪਰ ਪਹਿਲੇ ਜਿਹੀ ਬੀਨਾਈ ਨਹੀਂ ਸੀ ਰਹੀ। ਉੱਜ ਵੀ ਉਹਦਾ ਜੁੱਸਾ ਹੁਣ ਵਧੇਰੇ ਕਮਜ਼ੋਰ ਸੀ। ਉਹਦੇ ਵਾਸਤੇ ਡੰਗੋਰੀ ਦੀ ਟੇਕ ਆਵਸ਼ੱਕ ਹੋ ਗਈ ਸੀ।

ਜਾਂਬਾਜ਼ ਔਤਕੀ ਜਦੋਂ ਘਰ ਮੁੜਿਆ ਤਾਂ ਪਹਿਲੀ ਵਾਰ ਉਹ ਸ਼ੁਭੀ ਨੂੰ ਘੁਟ ਕੇ ਮਿਲਿਆ ਤੇ ਉਸ ਆਖਿਆ : "ਸ਼ੁਭੀਏ ! ਠੰ ਸਾਡੀ ਬਿਪਤਾ ਕੱਟੀ ਗਈ ਹੈ। ਪੰਜਾਹ ਵਰ੍ਹਿਆਂ ਪਿਛੋਂ ਸਿਖ ਰਾਜ ਮੁੜ ਕੇ ਹੋਂਦ ਵਿਚ ਆਇਆ ਹੈ। ਹੁਣ ਦੁਨੀਆਂ ਦੀ ਕੋਈ ਤਾਕਤ ਸਾਨੂੰ ਪਿਛਾੜ ਨਹੀਂ ਸਕੇਗੀ।"

ਸ਼ੁਭੀ ਨੈ ਵੀ ਆਪਣੀਆਂ ਸਿਥਲ ਹੋ ਰਹੀਆਂ ਬਾਹਾਂ ਨਾਲ ਤੇ ਆਪਣੀ ਨਿਰਬਲ ਹੋ ਰਹੀ ਆਸੁਕਤਾ ਨਾਲ ਜੱਫਾ ਨੂੰ ਘੁਟਿਆ। ਉਫ਼ ! ਕੀ ਕੀ ਛੁਪਿਆ ਸੀ ਇਸ ਘੁਟ ਮਿਲਣੀ ਵਿਚ ? ਕਿੰਨੇ ਲੰਮਿਆਂ ਵਰ੍ਹਿਆਂ ਦੀ ਕਹਾਣੀ ਸੀ ਇਸ ਘੁਟਮਿਲਣੀ ਅੰਦਰ ? ਕਿੰਨਾ ਕੁਝ ਕਹਿ ਰਹੀ ਸੀ ਇਹ ਘੁਟਮਿਲਣੀ, ਤੇ ਕਿੰਨਾ ਨਿਘ ਸੀ ਇਹਦੇ ਵਿਚ, ਠਾਰ ਤੇ ਥਾਂਤੀ ਸੀ ਇਹਦੇ ਵਿਚ ?

ਇਕ ਲੰਮੇ ਚਿਰ ਵਾਸਤੇ ਸ਼ੁਭੀ ਮੂੰਹੋਂ ਕੁਝ ਕਹਿ ਨਾ ਸਕੀ। ਇਸਤਰੀ ਸੀ ਆਖ਼ਿਰ। ਜਿਥੇ ਇਸਤਰੀ ਦੇ ਨਿੱਜੀ ਜਜ਼ਬਾਤਾਂ ਤੇ ਉਹਦੇ ਰੂਹਾਨੀ ਪ੍ਰਤਿਕਰਮਾਂ ਦਾ ਸੰਬੰਧ ਹੋਵੇ ਤਾਂ ਜੁਆਨ ਤੇ ਬੁਢੀ ਤੀਵੀਂ ਵਿਚ ਕੀ ਫਰਕ ਹੋ ਸਕਦਾ ਹੈ ? ਹੈਰਾਨੀ ਦੀ ਗੱਲ ਹੈ ਕਿ ਕਿਵੇਂ ਸੱਠਾਂ ਸਤਰਾਂ ਵਰ੍ਹਿਆਂ ਦੀ ਬੁਢੀ ਇਸਤਰੀ ਪਿਆਰ ਤੇ ਜਜ਼ਬਾਤੀ ਮੁਆਮਲਿਆਂ ਵਿਚ ਬਿਲਕੁਲ ਉਸ ਤਰ੍ਹਾਂ ਹੀ ਮਹਿਸੂਸ ਕਰਦੀ ਹੈ ਜਿਵੇਂ ਕਿ ਵੀਹਾਂ ਤੀਹਾਂ ਵਰ੍ਹਿਆਂ ਦੀ ਇਕ ਨੱਢੀ ? ਮਰਦ ਦੇ ਜਜ਼ਬਾਤ ਸਾਹਮਣੇ ਵੀ ਉਮਰ ਨਹੀਂ ਖਲੋਂਦੀ, ਪਰ ਇਸਤਰੀ ਦੇ ਰਾਹ ਆਪਣੇ ਹਨ ਤੇ ਉਹਦੀ ਟੋਰ ਆਪਣੀ ਤੇ ਉਹਦੀ ਨੁਹਾਰ ਉੱਤੇ ਵਰ੍ਹਿਆਂ ਦੀ ਪਾਣ ਬਹੁਤ ਹੀ ਪਤਲੀ ਚੜ੍ਹਦੀ ਹੈ।

ਸ਼ੁਭੀ ਨੈ ਜਾਂਬਾਜ਼ ਨੂੰ ਘੁਟਿਆ ਤੇ ਇਸ ਘੁਟਮਿਲਣੀ ਵਿਚ ਸੀ ਸ਼ਾਹਬਾਜ਼ ਤੇ ਕਾਲੂ ਵਾਸਤੇ ਘੁਟਮਿਲਣੀ। ਇਹਦੇ ਵਿਚ ਸੀ ਬੰਦਾ ਸਿੰਘ ਬਹਾਦਰ ਵਾਸਤੇ ਘੁਟਮਿਲਣੀ। ਇਹਦੇ ਵਿਚ ਸੀ ਸਿਖੀ ਧਰਮ ਤੇ ਸਿਖੀ ਸਿਦਕ ਵਾਸਤੇ ਘੁਟਮਿਲਣੀ। ਤੇ ਇਸ ਘੁਟਮਿਲਣੀ ਵਿਚ ਸੀ ਜਾਂਬਾਜ਼ ਵਾਸਤੇ ਮੋਹ ਤੇ ਪਿਆਰ। ਇਹ ਘੁਟਮਿਲਣੀ ਜਾਂਬਾਜ਼ ਤੇ ਸ਼ੁਭੀ ਦੇ ਮੋਹ ਦੀ ਅੰਤਲੀ ਸਿਖਰ ਸੀ। ਅਜ ਉਹਨਾਂ ਦਾ ਸੰਜੋਗ ਕਾਮਲ ਹੋਇਆ ਸੀ। ਔਨੇ ਵਰ੍ਹਿਆਂ ਦਾ ਸਾਥ ਅੱਜ ਪਾਵਨ ਹੋਇਆ ਸੀ। ਅੱਜ ਉਹਨਾਂ ਦੀਆਂ ਲਗਨਾਂ ਪੂਰੀਆਂ ਹੋਈਆਂ ਸਨ ਤੇ ਲਗਨਾਂ-ਜੁੜੇ ਸਾਥੀਆਂ ਵਾਸਤੇ ਇਹੋ ਪੂਰਤੀ ਹੀ ਉਹਨਾਂ ਦੇ ਮਿਲਾਪ ਦਾ ਕਾਰਣ ਬਣਦੀ ਹੈ।

ਜਦੋਂ ਜਾਂਬਾਜ਼ ਨੇ ਸ਼ੁਭੀ ਨੂੰ ਆਪਣੇ ਸਰੀਰ ਨਾਲੋਂ ਵਖਰਿਆਂ ਕਰਕੇ ਉਹਦੇ ਵਲ ਵੇਖਿਆ ਤਾਂ ਸ਼ੁਭੀ ਦਿਆਂ ਨੈਣਾਂ ਵਿਚ ਅਥਰੂ ਸਨ। "ਅਜਿਹੇ ਮੌਕੇ ਉੱਤੇ ਅਥਰੂ ਸ਼ੁਭੀਏ ! ਅੱਜ ਤਾਂ ਤੈਨੂੰ ਹੱਸਣਾ ਚਾਹੀਦਾ ਹੈ। ਅਜ ਤਾਂ ਸਾਰੇ ਸੰਸਾਰ ਨੂੰ ਹੱਸਣਾ ਚਾਹੀਦਾ ਹੈ...।"

ਸ਼ੋਭੀ ਨੇ ਆਪਣੇ ਅਥਰੂ ਪੂੰਝੇ ਤੇ ਉਸ ਕਿਹਾ, "ਧੰਨ ਸਿਖੀ ਤੇ ਧੰਨ ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ। ਤੇ ਤੂੰ ਵੀ ਧੰਨ ਹੈਂ ਜਾਂਬਾਜ਼। ਤੇਰੀ ਸੇਵਾ ਤੇ ਘਾਲਣਾ ਧੰਨ ਹੈ।" ਤੇ ਇਹ ਸ਼ਬਦ ਕਹਿੰਦਿਆਂ ਇਕ ਵਾਰ ਫਿਰ ਸ਼ੋਭੀ ਦੇ ਨੈਣ ਭਰ ਆਏ। ਜਾਂਬਾਜ਼ ਨੇ ਫਿਰ ਸ਼ੋਭੀ ਨੂੰ ਘੁਟਿਆ, "ਵਾਹਿਗੁਰੂ ਵਾਹਿਗੁਰੂ। ਇਉਂ ਨਾ ਆਖ ਸ਼ੋਭੀਏ। ਧੰਨ ਬਸ ਇਕ ਉਹੋ ਹੀ ਕਰਤਾਰ ਹੈ। ਉਹਦੀ ਹੀ ਕ੍ਰਿਪਾਲਤਾ ਤੇ ਮਿਹਰ ਧੰਨ ਹੈ। ਮੈਂ ਵਿਚਾਰਾ ਕੌਣ ਹਾਂ।"

ਪਰ ਸ਼ੋਭੀ ਨੇ ਜ਼ੋਰ ਪਾ ਕੇ ਆਖਿਆ, "ਨਹੀਂ, ਜਾਂਬਾਜ਼, ਤੂੰ ਵੀ ਧੰਨ ਹੈਂ। ਜੋ ਕੁਝ ਤੂੰ ਕਮਾਇਆ ਹੈ ਉਹ ਕੋਈ ਹੋਰ ਨਹੀਂ ਕਮਾ ਸਕਦਾ।" ਅੱਜ ਸ਼ੋਭੀ ਅੰਨੀ ਨਵੇਕਲਿਆਂ ਹੋ ਕੇ ਸਭ ਬੀਤੇ ਵਰ੍ਹਿਆਂ ਵਲ ਵੇਖ ਰਹੀ ਸੀ। ਅਜ ਉਹਦੀ ਸੂਝ ਅੰਨ੍ਹੀਂ ਤੀਖਣ ਸੀ। ਸਿਖ ਰਾਜ ਦੀ ਸਥਾਪਤੀ ਵਿਚ ਉਹ ਜਾਂਬਾਜ਼ ਦਾ ਹਿੱਸਾ ਸਹਿਜੇ ਹੀ ਨਖੇੜ ਸਕਦੀ ਸੀ। ਸ਼ੋਭੀ ਦੀ ਗੱਲ ਸੁਣ ਕੇ ਜਾਂਬਾਜ਼ ਹਸਿਆ। ਜੱਸਾ ਸਿੰਘ ਆਹਲੂਵਾਲੀਏ ਦੇ ਸਾਥ ਵਿਚ ਪਾਏ ਹਾਸ ਰਸ ਸਦਕਾ ਉਸ ਆਖਿਆ, "ਜੇ ਮੈਂ ਧੰਨ ਹਾਂ ਤਾਂ ਤੂੰ ਵੀ ਧੰਨ ਹੈਂ, ਸ਼ੁਭਵੰਤੀਏ। ਜੋ ਕੁਝ ਤੂੰ ਸਿਖ ਪੰਥ ਵਾਸਤੇ ਸਿਹਾ ਹੈ ਤੇ ਕੀਤਾ ਹੈ ਉਹਦੇ ਸਾਹਮਣੇ ਮੇਰੀ ਘਾਲਣਾ ਕੀ ਮਹਿਨੇ ਰਖਦੀ ਹੈ।"

ਤੇ ਉਸ ਆਪਣੇ ਝੁਰੜਾਏ ਹੱਥਾਂ ਨਾਲ ਸ਼ੋਭੀ ਦੀਆਂ ਅੱਖਾਂ ਵਿਚੋਂ ਅਥਰੂ ਪੂੰਝੇ। ਸ਼ੋਭੀ ਨੇ ਜਾਂਬਾਜ਼ ਦਾ ਹੱਥ ਫੜਿਆ ਤੇ ਘੁਟਿਆ ਤੇ ... ਤੇ ਚੁੰਮਿਆ। ਕੀ ਚੀਜ਼ ਹੈ ਮਰਦ ਤੇ ਇਸਤਰੀ ਦਾ ਇਕ ਦੂਜੇ ਵਾਸਤੇ ਪਿਆਰ। ਕੀ ਨੁਹਾਰ ਹੈ ਇਹਦੀ ? ਕੀ ਹੈ ਇਹਦਾ ਭੇਦ ? ਕੀ ਇਸ ਪਿਆਰ ਦੀ ਇਕ ਵਨਗੀ ਹੈ ਕਿ ਕੀ ਇਹ ਅਨੇਕਾਂ ਵਨਗੀਆਂ ਵਿਚ ਸਾਕਾਰ ਹੁੰਦਾ ਹੈ ?

ਅੱਜ ਸ਼ੋਭੀ ਦੇ ਆਯੂ ਨਾਲ ਸੁਕ ਚੁਕੇ ਤੇ ਝੁਰੜਾਏ ਬੁੱਲ੍ਹਾਂ ਨੇ ਜਾਂਬਾਜ਼ ਦੇ ਖੁਰਦਰੇ ਤੇ ਝੁਰੜਾਏ ਹੱਥਾਂ ਨੂੰ ਚੁੰਮਿਆ। ਸ਼ੋਭੀ ਨੇ ਜਦੋਂ ਸ਼ਾਹਬਾਜ਼ ਦੇ ਹੱਥਾਂ ਨੂੰ ਪਹਿਲੀ ਵਾਰ ਚੁੰਮਿਆ ਹੋਣਾ ਹੈ ਕੀ ਉਸ ਪਿਆਰ ਦੇ ਚਿੰਨ੍ਹ ਦੀ ਵੀ ਇਹੋ ਵਨਗੀ ਤੇ ਇਹੋ ਨੁਹਾਰ ਨਹੀਂ ਹੋਣੀ। ਸ਼ੋਭੀ ਨੇ ਜਾਂਬਾਜ਼ ਦੇ ਹੱਥਾਂ ਨੂੰ ਚੁੰਮਿਆ ਤੇ ਆਖਿਆ :

"ਜਾਂਬਾਜ਼ ! ਮੇਰੀ ਨਿਗਾਹ ਕਮਜ਼ੋਰ ਹੁੰਦੀ ਜਾਂਦੀ ਸੀ ਤੇ ਮੈਂ ਸੋਚਦੀ ਸਾਂ ਕਿ ਕਿਤੇ ਖ਼ਾਲਸੇ ਦੀ ਸੰਪੂਰਨ ਜਿੱਤ ਜਾਣਨ ਤੇ ਵੇਖਣ ਤੋਂ ਪਹਿਲੋਂ ਹੀ ਮੈਂ ਅੰਨ੍ਹੀ ਨਾ ਹੋ ਜਾਵਾਂ, ਮਰ ਨਾ ਜਾਵਾਂ। ਮੈਂ ਡਰਦੀ ਸਾਂ ਕਿ ਕਿਤੇ ਲਾਹੌਰ ਵੇਖਣ ਦੀ ਮੇਰੀ ਸਿੱਕ ਮੜ੍ਹੀਆਂ ਵਿਚ ਹੀ ਮੇਰੇ ਨਾਲ ਨਾ ਪੁਜੇ। ਜਾਂਬਾਜ਼ ! ਅੱਜ ਮੈਂ ਜੋ ਕੁਝ ਮਹਿਸੂਸ ਕਰ ਰਹੀ ਹਾਂ ਤੇ ਜਿੰਨੀ ਖੁਸ਼ ਮੈਂ ਅੱਜ ਹਾਂ ਕੀ ਤੂੰ ਉਹਦੀ ਥਾਹ ਪਾ ਸਕਦਾ ਹੈਂ ?"

ਜਾਂਬਾਜ਼ ਨੇ ਆਪਣੇ ਦੋਹਾਂ ਹੱਥਾਂ ਨਾਲ ਸ਼ੋਭੀ ਨੂੰ ਦੋਹਾਂ ਮੋਢਿਆਂ ਤੋਂ ਫੜਿਆ। "ਜਾਣਦਾ ਹਾਂ ਸ਼ੁਭਵੰਤ," ਉਸ ਕਿਹਾ, 'ਜਿਨ੍ਹਾਂ ਆਸਾਂ ਤੇ ਉਮੀਦਾਂ ਨਾਲ ਤੂੰ ਅੱਜ ਤਕ ਜੀਉਂਦੀ ਆਈ ਹੈਂ ਉਹੋ ਆਸਾਂ ਤੇ ਉਮੀਦਾਂ ਮੇਰੇ ਜੀਵਨ ਦਾ ਵੀ ਸਹਾਰਾ ਰਹੀਆਂ ਹਨ। ਜੇ ਤੈਨੂੰ ਲਾਹੌਰ ਵਿਖਾਣ ਦਾ ਬਚਨ ਨਾ ਦਿੱਤਾ ਹੁੰਦਾ ਤਾਂ ਸ਼ਾਇਦ ਅਜ ਤਕ ਮੈਂ ਵੀ ਜ਼ਿੰਦਾ ਨਾ ਹੁੰਦਾ। ਧੰਨ ਹੈ ਬਾਜਾਂ ਵਾਲਾ ਤੇ ਧੰਨ ਉਹਦੇ ਸਿਖਾਂ ਦੀ ਬਹਾਦਰੀ ਕਿ ਅੱਜ ਮੈਂ ਆਪਣਾ ਬਚਨ ਪੂਰਾ ਕਰਨ ਜੋਗਾ ਹੋਇਆ ਹਾਂ।"

ਆਪਣੀ ਘਟ ਰਹੀ ਨੈਣ-ਜੋਤਨਾ ਨਾਲ ਸ਼ੋਭੀ ਜਾਂਬਾਜ਼ ਵਲ ਕਿੰਨਾ ਚਿਰ ਟਿਕਟਿਕੀ ਲਾ ਕੇ ਵੇਖਦੀ ਰਹੀ ਤੇ ਜਾਂਬਾਜ਼ ਦੇ ਚਿਹਰੇ ਤੋਂ ਪਰੇ ਉਹਦੀਆਂ ਨਜ਼ਰਾਂ ਨੇ ਹੋਰ ਕੀ ਕੀ ਨਾ ਵੇਖਿਆ ? ਇਤ ਲੰਮੇ ਚਿਰ ਪਿਛੋਂ ਜਾਂਬਾਜ਼ ਨੇ ਕਿਹਾ : 'ਸ਼ੁਭਵੰਤ ! ਅੱਜ ਇਕ ਗੱਲ ਕਹਾਂ। ਮੰਨੇਂਗੀ ?"

ਸ਼ੋਭੀ ਮੁਸਕਰਾਈ, ਜਾਂਬਾਜ਼ ਨੂੰ ਦਿੰਜ ਲਗਾ ਕਿ ਸੱਤਰੀ ਬਹੱਤਰੀ ਸ਼ੋਭੀ ਨਹੀਂ, ਕੋਈ ਜਵਾਨ ਜੋਹਾਨ ਯੁਵਤੀ ਮੁਸਕਰਾਈ ਹੋਵੇ। ਸ਼ੋਭੀ ਮੁਸਕਰਾਈ ਤੇ ਉਸ ਆਖਿਆ, "ਨਹੀਂ ਮੰਨਾਂਗੀ, ਤੂੰ ਮੇਰਾ ਕੀ ਲਗਦਾ ਹੈਂ ?" "ਨਹੀਂ ਮੰਨੇਂਗੀ ?" ਜਾਂਬਾਜ਼ ਵੀ ਹੱਸਿਆ। "ਅਛਾ ਤਾਂ ਤੇਰੀ ਮਰਜ਼ੀ, ਮੇਰਾ ਕੋਈ ਜ਼ੋਰ ਹੈ ? ਆਖ਼ਿਰ ਮੈਂ ਤੇਰਾ ਕੀ ਲਗਦਾ ਹਾਂ। ਤੂੰ ਸੱਚ ਹੀ ਤਾਂ ਕਹਿੰਦੀ ਹੈਂ।" "ਬਸ ਗੁੱਸੇ ਵੀ ਹੋ ਗਿਓਂ ਭੈੜਿਆ ?"

"ਤੂੰ ਜਿਵੇਂ ਗੱਲ ਗੁੱਸੇ ਵਾਲੀ ਨਹੀਂ ਕੀਤੀ ਹੁੰਦੀ !" "ਕਮਲੀਆਂ ਗੱਲਾਂ ਕਰਦਾ ਹੈਂ। ਅਸੀਂ ਕੋਈ ਕੱਲ੍ਹ ਦੇ ਬਾਲ ਹਾਂ। ਪੋਤਰਿਆਂ ਪੜਪੋਤਰਿਆਂ ਵਾਲੇ ਹਾਂ।"

"ਪਰ ਇਹਦਾ ਮਤਲਬ ਇਹ ਤਾਂ ਨਹੀਂ ਕਿ ਬੁਢਿਆਂ ਦਾ ਦਿਲ ਹੀ ਨਹੀਂ ਹੁੰਦਾ। ਸਰੀਰ ਭਾਵੇਂ ਬੁਢਾ ਤੇ ਸਿਥਲ ਹੋ ਜਾਂਦਾ ਹੈ ਸ਼ੁਭਵੰਤੀਏ, ਪਰ ਮਨੁਖ ਦਾ ਦਿਲ ਨਹੀਂ ਬਦਲਦਾ। ਜਦੋਂ ਤਕ ਆਦਮੀ ਜੀਉਂਦਾ ਹੈ ਉਹਦੇ ਖ਼ੂਨ

Scanned by CamScanner

ਦਾ ਰੋਲ ਨਹੀਂ ਬਦਲਦਾ।"

"ਮੈਨੂੰ ਇਹੋ ਜਿਹੇ ਫੁਟ ਫਿਆਨ ਦੀਆਂ ਗੱਲਾਂ ਸਮਝ ਨਹੀਂ ਆਉਂਦੀਆਂ ਜਾਂਬਾਜ਼। ਦਸ ਕੀ ਆਖਦਾ ਹੈਂ ਤੂੰ ?" "ਕੁਝ ਨਹੀਂ, ਹੁਣ ਮੈਂ ਨਹੀਂ ਦਸਣੀ।" "ਕਿਉਂ ਬਿੱਲੀ ਨਿੱਛ ਗਈ ਹੁਣ ?"

"ਨਹੀਂ, ਹੁਣ ਮੇਰਾ ਦਿਲ ਟੁਟ ਗਿਆ ਹੈ ਸ਼ੇਰੀਏ" ਤੇ ਜਾਂਬਾਜ਼ ਹੱਸਿਆ। "ਵਾਹ ਦਿਲ ਟੁਟ ਗਿਆ ਹੈ। ਜੇ ਤੂੰ ਹੁਣ ਮੈਨੂੰ ਗੱਲ ਨਾ ਦਸੀ ਤਾਂ ਫਿਰ ਮੇਰਾ ਦਿਲ ਟੁਟ ਜਾਏਗਾ," ਸ਼ੇਰੀ ਨੇ ਦਿਉਂ ਕਿ ਜਿਵੇਂ ਲਾਡ ਨਾਲ ਕਿਹਾ ਹੋਵੇ। ਲਾਡ...ਕਿ ਜੇ ਕੋਈ ਲਾਡ ਸੱਤਰਾਂ ਸਾਲਾਂ ਦੀ ਉਮਰ ਵਿਚ ਮੁਮਕਿਨ ਹੈ।

ਜਾਂਬਾਜ਼ ਨੇ ਗੰਭੀਰ ਹੋ ਕੇ ਦਸਿਆ, "ਸ਼ੁਭਵੰਤ। ਅੱਜ ਆਪਣੇ ਹੱਥੀਂ ਮਿਠੀ ਰੋਟੀ ਪਕਾ ਕੇ ਖੁਆ। ਯਾਦ ਹੈ ਕਿ ਤੇਰੇ ਹੱਥਾਂ ਦੀ ਪੱਕੀ ਮਿੱਠੀ ਰੋਟੀ ਸਰਮੋਰ ਦੀ ਸਾਰੀ ਪੱਤੀ ਵਿਚ ਮਸ਼ਹੂਰ ਹੁੰਦੀ ਸੀ ?"

ਇੰਜ ਕਿ ਜਿਵੇਂ ਸ਼ੇਰੀ ਨੂੰ ਕੋਈ ਧੱਕਾ ਲਗਾ ਹੋਵੇ। ਬੀਤੇ ਵਰ੍ਹਿਆਂ ਦੀ ਯਾਦ ਵਿਚ ਸ਼ਾਇਦ ਸਦਾ ਕੋਮਲ ਚਿਤ ਵੈਦਿਆਂ ਨੂੰ ਸੁੰਨ ਕਰ ਦੇਣ ਦੀ ਸ਼ਕਤੀ ਹੁੰਦੀ ਹੈ।

ਹੌਲੀ ਹੌਲੀ ਸਹਿਜਭਾਵ ਸ਼ੇਰੀ ਨੇ ਆਖਿਆ, "ਹਾਂ ਯਾਦ ਹੈ ਜਾਂਬਾਜ਼!" ਤੇ ਉਹਦੀਆਂ ਅੱਖਾਂ ਵਿਚ ਫਿਰ ਅਥਰੂ ਛਲਕ ਆਏ। "ਫਿਰ ਅਥਰੂ ?" ਜਾਂਬਾਜ਼ ਨੇ ਫਿਰ ਆਪਣੇ ਹੱਥ ਨਾਲ ਇਹ ਅਥਰੂ ਪੁੰਝਣ ਦੀ ਚੇਸ਼ਟਾ ਕੀਤੀ।

"ਰਹਿਣ ਦੇ ਜਾਂਬਾਜ਼! ਵਗ ਲੈਣ ਦੇ ਇਹ ਅਥਰੂ। ਇਹ ਖੁਸ਼ੀ ਦੇ ਅਥਰੂ ਹਨ।"

੭੩

ਅਹਿਮਦ ਸ਼ਾਹ ਅਬਦਾਲੀ ਕਾਬਲੀ ਮੱਲ ਦੇ ਹੱਥ ਲਾਹੌਰ ਸੌਂਪ ਕੇ ਕਾਬਲ ਵਲ ਟੁਰ ਪਿਆ।

ਉਹਦਾ ਸਰੀਰ ਕਮਜ਼ੋਰ, ਉਹਦਾ ਦਿਲ ਉਦਾਸ। ਅਹਿਮਦ ਸ਼ਾਹ ਨੂੰ ਕਾਬਲੀ ਮੱਲ ਉੱਤੇ ਕੋਈ ਇਤਬਾਰ ਨਹੀਂ ਸੀ। ਉਹ ਕਿਸੇ ਪੱਖੋਂ ਵੀ ਚੰਗਾ ਜਰਨੈਲ ਨਹੀਂ ਸੀ ਤੇ ਨਾ ਹੀ ਉਹ ਕੋਈ ਪ੍ਰਬੰਧਕ ਪ੍ਰਤਿਭਾ ਸੀ। ਪਰ ਹੁਣ ਅਹਿਮਦ ਸ਼ਾਹ ਦੀ ਇਹ ਹਾਲਤ ਸੀ ਕਿ ਉਹਦੇ ਕੋਲ ਚੰਗੇ ਜਰਨੈਲ ਤੇ ਚੰਗੇ ਪ੍ਰਬੰਧਕ ਰਹਿ ਹੀ ਨਹੀਂ ਸਨ ਗਏ।

"ਕਿਉਂ ?" ਉਹ ਆਪਣੇ ਆਪ ਕੋਲੋਂ ਪੁਛਦਾ ਪਰ ਉਹਨੂੰ ਕੋਈ ਜਚਦਾ ਉੱਤਰ ਨਾ ਲਭਦਾ। ਸ਼ਾਇਦ ਉਹਨਾ ਵੇਲਿਆਂ ਦੀ ਸਪਿਰਟ ਹੀ ਇਹੋ ਸੀ। ਮਧ ਏਸ਼ੀਆ ਵਿਚ ਮਧ ਕਾਲ ਤੋਂ ਲੈ ਕੇ ਅਠਾਰ੍ਹਵੀਂ ਉਨ੍ਹਵੀਂ ਸਦੀ ਤਕ ਜਿਹੜਾ ਵੀ ਮਹਾਨ ਜੋਤੂ ਉਠਿਆ ਹੈ ਉਹ ਆਪਣੇ ਪਿਛੇ ਕੋਈ ਚੰਗੇਰੇ ਪ੍ਰਬੰਧਕ ਤੇ ਜਰਨੈਲ ਨਹੀਂ ਛਡ ਗਿਆ। ਠੀਕ ਅਹਿਮਦ ਸ਼ਾਹ ਨੇ ਨਾਦਰ ਸ਼ਾਹ ਦਾ ਤਖ਼ਤ ਮੱਲਿਆ, ਪਰ ਅਹਿਮਦ ਸ਼ਾਹ ਦੀ ਪਰਵਰਸ਼ ਤੇ ਫਿਰ ਉਹਦੀ ਵਡਿਆਈ ਤੇ ਉਹਦੀ ਪ੍ਰਤਿਭਾ ਵਿਚ ਨਾਦਰ ਸ਼ਾਹ ਦਾ ਕੋਈ ਹੱਥ ਨਹੀਂ ਸੀ।

ਸ਼ਾਇਦ ਇਹਦਾ ਕਾਰਨ ਇਹ ਹੈ ਕਿ ਗ਼ਰੀਬੀ ਤੇ ਮੁਫ਼ਲਸੀ ਵਿਚੋਂ ਉਠੀ ਪ੍ਰਤਿਭਾ ਕਿਸੇ ਨੂੰ ਆਪਣਾ ਹਮ-ਪੱਲਾ ਬਣਾਉਣ ਜਾਂ ਉਹਨੂੰ ਕੋਈ ਹੋਰ ਉਚੇਰੀ ਪਦਵੀ ਦੇਣ ਦੀ ਉਦਾਰਤਾ ਨਹੀਂ ਕਰ ਸਕਦੀ। ਇਹੋ ਜਿਹੀ ਪ੍ਰਤਿਭਾ ਨੂੰ ਸਦਾ ਡਰ ਹੁੰਦਾ ਹੈ ਕਿ ਜੇ ਦੂਜਾ ਆਦਮੀ ਤਾਕਤਵਰ ਹੋ ਗਿਆ ਤਾਂ ਪਤਾ ਨਹੀਂ ਕਿਤੇ ਓਹਦੀ ਸਥਿਤੀ ਹੀ ਡਾਵਾਂਡੋਲ ਨਾ ਹੋ ਜਾਏ ਪਰ ਇਓਂ ਕਰਨ ਨਾਲ ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਸਿਆਣੇ ਆਦਮੀਆਂ ਦੀ ਥੋੜ ਮਹਿਸੂਸ ਹੋਣ ਲਗਦੀ

Scanned by CamScanner

ਹੈ। ਜਦੋਂ ਆਪ ਜੇਤੂ ਜਿੱਤਾ ਜਿੱਤਨ ਦੇ ਯਗ ਨਹੀਂ ਰਾਖਦੇ ਤਾਂ ਖੁਹ ਘਟ ਘਟ ਇਹ ਜ਼ਰੂਰ ਚਾਹੁੰਦਾ ਹੈ ਕਿ ਪਹਿਲੇ ਦੇ ਜਿੱਤੇ ਹੋਏ ਮੁਲਕ ਉਹਦੇ ਜੀਉ'ਦਿਆ ਜੀ ਉਹਦੇ ਹੱਥੋਂ ਨਾ ਨਿਕਲਣ, ਪਰ ਇਹਨਾਂ ਜਿਤੇ ਰਾਜਾਂ ਨੂੰ ਸਾਂਭਣ ਵਾਸਤੇ ਵੀ ਤਕੜੇ ਤੇ ਵਫ਼ਾਦਾਰ ਵਜ਼ੀਰਾਂ ਤੇ ਸੈਨਾਪਤੀ ਦੀ ਲੋੜ ਹੁੰਦੀ ਹੈ; ਤੇ ਇਸ ਲੋੜ ਵਲ ਜੇਤੂ ਨੇ ਕਦੀ ਧਿਆਨ ਨਹੀਂ ਦਿਤਾ ਹੁੰਦਾ।

ਅੱਜ ਬਾਦਸ਼ਾਹ ਅਹਿਮਦ ਸ਼ਾਹ ਦੁਰਾਨੀ ਨਾਲ ਵੀ ਇਹੋ ਕੁਝ ਹੋਇਆ। ਸਿਆਣੇ ਤੇ ਬਲਵਾਨ ਆਦਮੀਆਂ ਦੀ ਅਜਿਹੀ ਘਾਟ ਸੀ ਕਿ ਉਹ ਲਾਹੌਰ ਵਰਗਾ ਸੂਬਾ ਕਾਬਲੀ ਮੱਲ ਜਿਹੇ ਆਦਮੀ ਦੀ ਨਿਗਰਾਨੀ ਥੱਲੇ ਛਡਣ ਉੱਤੇ ਮਜਬੂਰ ਹੋ ਗਿਆ। ਲਾਹੌਰ ਤੋਂ ਅਗੇ ਅਹਿਮਦ ਸ਼ਾਹ ਨੇ ਆਪਣੀ ਚਾਲ ਮੱਠੀ ਪਾ ਲਈ। ਉਹ ਹੌਲੀ ਹੌਲੀ ਪਿਛੇ ਮੁੜਨ ਲਗਾ। ਦਿਨ ਵਿਚ ਮਸੇਂ ਪੰਜ ਦਸ ਮੀਲ ਸਫਰ ਕਰਦਾ ਤੇ ਵਡੀਆਂ ਵਡੀਆਂ ਥਾਵਾਂ ਤੇ ਜਿਵੇਂ ਕਿ ਗੁਜਰਾਂਵਾਲਾ ਜਾਂ ਗੁਜਰਾਤ ਉਹ ਹਫਤਾ ਹਫਤਾ ਭਰ ਟਿਕਿਆ ਰਹਿੰਦਾ।

ਨਾ ਹੀ ਗ਼ੌਸ ਅਹਿਮਦ ਨੂੰ ਤੇ ਨਾ ਹੀ ਉਹਦੀ ਦੁਰਾਨੀ ਸੈਨਾਂ ਨੂੰ ਇਸ ਰਮਜ਼ ਦੀ ਸਮਝ ਲਗੀ।

"ਇਹ ਕੀ ?" ਹਰ ਕੋਈ ਮਨ ਵਿਚ ਸੋਚਦਾ, "ਓਧਰੋਂ ਚੜ੍ਹਤ ਸਿੰਘ ਸਾਹ ਨਹੀਂ ਲੈਣ ਦੇਂਦਾ, ਓਧਰੋਂ ਗਰਮੀ ਦਾ ਮੌਸਮ ਆਉਣ ਵਾਲਾ ਹੈ ਤੇ ਓਧਰੋਂ ਸਾਡਾ ਬਾਦਸ਼ਾਹ ਜੂ ਚਾਲੇ ਮੁੜ ਰਿਹਾ ਹੈ ?"

ਬੜੇ ਦਿਨਾਂ ਤਕ ਕਿਸੇ ਦਾ ਹੀਆ ਨਾ ਪਿਆ ਕਿ ਬਾਦਸ਼ਾਹ ਸਲਾਮਤ ਕੋਲੋਂ ਇਸ ਜੂ-ਚਾਲ ਦਾ ਕਾਰਨ ਪੁੱਛੇ, ਪਰ ਇਕ ਦਿਨ ਗ਼ੌਸ ਅਹਿਮਦ ਕੋਲੋਂ ਰਹਿਣ ਨਾ ਹੋਇਆ। "ਜਹਾਂ ਪਨਾਹ", ਉਸ ਪੁਛਿਆ : "ਗੁਸਤਾਖ਼ੀ ਲਈ ਮੁਆਫ਼ੀ ਮੰਗਦਾ ਹਾਂ, ਪਰ ਇਓਂ ਹੌਲੀ ਹੌਲੀ ਪਿਛੇ ਮੁੜਨ ਦਾ ਕਾਰਨ ਸਮਝ ਨਹੀਂ ਆਇਆ !"

ਅਹਿਮਦ ਸ਼ਾਹ ਦੁਰਾਨੀ ਨੇ ਇਹ ਸਵਾਲ ਸੁਣਿਆ ਤੇ ਕੁਝ ਚਿਰ ਲਈ ਚੁਪ ਰਿਹਾ। ਫਿਰ ਉਸ ਇਕ ਹਉਕਾ ਭਰਿਆ ਤੇ ਆਖਿਆ : "ਗ਼ੌਸ ਅਹਿਮਦ ! ਜੇ ਸਚ ਪੁੱਛੇਂ ਤਾਂ ਮੈਂ ਪੰਜਾਬ ਨੂੰ ਛਡ ਕੇ ਵਾਪਸ ਜਾਣਾ ਹੀ ਨਹੀਂ ਚਾਹੁੰਦਾ। ਮੈਨੂੰ ਲਗਦਾ ਹੈ ਕਿ ਅੰਤਕੀਂ ਕਦਮ ਫੇਰਨ ਪਿਛੋਂ ਇਹ ਸੂਬਾ ਸਾਡੇ ਹੱਥੋਂ ਸਦਾ ਲਈ ਖੁੱਸ ਜਾਣਾ ਹੈ ਤੇ ਇਹ ਦੁਰਾਨੀ ਸਲਤਨੱਤ ਵਾਸਤੇ ਸਭ ਤੋਂ ਵਡੀ ਸਾੜ੍ਹਸਤੀ ਹੋਵੇਗੀ।"

"ਜਹਾਂਪਨਾਹ ! ਮੇਰੀ ਜਾਚੇ ਤਾਂ ਇਉਂ ਕਦੀ ਨਹੀਂ ਹੋਵੇਗਾ। ਜੇ ਆਗਿਆ ਹੋਵੇ ਤਾਂ ਮੈਂ ਲਾਹੌਰ ਰਹਿ ਪੈਂਦਾ ਹਾਂ।" ਵਡੇ ਆਦਮੀਆਂ ਦੇ ਨਿਕਟਵਰਤੀ ਸਦਾ ਆਪਣੇ ਆਪ ਨੂੰ ਇਉਂ ਪੇਸ਼ ਕਰਕੇ ਆਪਣੇ ਅੰਤਰ ਅਭਿਮਾਨ ਦੀ ਪੂਰਤੀ ਕਰਦੇ ਹਨ।

"ਮੈਂ ਸਿਖਾਂ ਦੀ ਵਧਦੀ ਤਾਕਤ ਬਾਰੇ ਚਿਤਾਤੁਰ ਹਾਂ। ਸਿਰਫ਼ ਪੰਜਾਬ ਕਰਕੇ ਹੀ ਨਹੀਂ, ਆਪਣੇ ਅਫ਼ਗਾਨਿਸਤਾਨ ਕਰ ਕੇ ਵੀ। ਮੈਨੂੰ ਜਾਪਦਾ ਹੈ ਕਿ ਜੇ ਇਹਨਾਂ ਦੀ ਤਾਕਤ ਇਸਤਰ੍ਹਾਂ ਹੀ ਵਧਦੀ ਰਹੀ ਤੇ ਜੇ ਇਹਨਾਂ ਨੂੰ ਕਿਸੇ ਰੋਕ ਨਾ ਪਾਈ ਤਾਂ ਹੋ ਸਕਦਾ ਹੈ ਇਹ ਸਾਰੇ ਅਫ਼ਗਾਨਿਸਤਾਨ ਤੇ ਫਿਰ ਉਸ ਤੋਂ ਅਗੇ ਈਰਾਨ ਤੇ ਤੋੜ ਬਹੇਰਾ-ਏ-ਰੂਮ ਤਕ ਛਾ ਜਾਣ। ਜੇ ਇਉਂ ਹੋ ਗਿਆ ਤਾਂ ਸਾਡਾ ਮਜ਼ਹਬ ਖ਼ਤਮ ਹੋ ਜਾਏਗਾ।"

"ਇਓਂ ਕਦੀ ਨਹੀਂ ਹੋ ਸਕਦਾ ਬਾਦਸ਼ਾਹ ਸਲਾਮਤ !"

"ਇਓਂ ਹੋ ਸਕਦਾ ਹੈ ਜਨਾਬ !" ਅਹਿਮਦ ਸ਼ਾਹ ਦਾ ਕਹਿਣ-ਢੰਗ ਵਿਅੰਗਾਤਮਕ ਸੀ, "ਇਹ ਆਦਮੀ ਉਸ ਮਿਟੀ ਦੇ ਬਣੇ ਹੋਏ ਹਨ ਜਿਸ ਦੇ ਮੈਂ ਤੇ ਤੂੰ ਤੇ ਹੋਰ ਦੁਰਾਨੀ ਲੜਾਕੇ ! ਤੈਨੂੰ ਸ਼ਾਇਦ ਯਾਦ ਨਹੀਂ ਬਾਦਸ਼ਾਹ ਨਾਦਰ ਸ਼ਾਹ ਦੀ ਵੀ ਇਹਨਾਂ ਬਾਰੇ ਇਹੋ ਰਾਏ ਸੀ। ਉਸ ਆਪ ਮੈਨੂੰ ਦਸਿਆ ਸੀ ਕਿ ਸਾਰਾ ਹਿੰਦੁਸਤਾਨ ਤੇ ਮਧ ਏਸ਼ੀਆ ਵਿਚ ਜੇ ਕੋਈ ਚੜ੍ਹਿਆ ਤਾਂ ਖ਼ਾਲਸਾ ਹੀ ਚੜ੍ਹੇਗਾ।"

"ਜਹਾਂ ਪਨਾਹ ਅਸੀਂ ਆਉਂਦੀਆਂ ਸਰਦੀਆਂ ਫਿਰ ਪੰਜਾਬ ਉਤਰਾਂਗੇ।"

"ਸ਼ਾਇਦ ! ਪਰ ਮੈਂ ਇਹਨਾਂ ਸਾਲਾਨਾ ਜਾਂ ਦੋ ਸਾਲਾਂ ਫੇਰੀਆਂ ਤੋਂ ਤੰਗ ਆ ਗਿਆ ਹਾਂ। ਇਹ ਫੇਰੀਆਂ ਹੁਣ ਮੈਨੂੰ ਸਰੀਰਕ ਤੇ ਦਿਮਾਗ਼ੀ ਤੌਰ ਉੱਤੇ ਥਕਾ ਦੇਂਦੀਆਂ ਹਨ। ਹਰ ਵਾਰ ਜਦੋਂ ਅਸੀਂ ਏਥੇ ਵਾਪਸ ਆਉਂਦੇ ਹਾਂ ਤਾਂ ਹਾਲਾਤ ਪਹਿਲੇ ਨਾਲੋਂ ਵੀ ਖ਼ਰਾਬ ਹੁੰਦੇ ਹਨ। ਲਾਹੌਰ ਦਾ ਹਰ ਸੂਬੇਦਾਰ ਪਹਿਲੇ ਨਾਲੋਂ ਨਿਘਰਿਆ ਹੋਇਆ ਤੇ ਕਮਜ਼ੋਰ ਹੁੰਦਾ ਹੈ। ਚੰਗੇ ਤੋਂ ਚੰਗਾ ਆਦਮੀ ਚੁਣ ਕੇ ਏਥੇ ਰਖਦਾ ਹਾਂ ਪਰ ਹਰ ਹਾਲੇ ਉਹ ਪਹਿਲੇ ਨਾਲੋਂ ਵੀ ਭੈੜਾ ਸਾਬਤ ਹੁੰਦਾ ਹੈ।"

"ਜਹਾਂ ਪਨਾਹ !"

Scanned by CamScanner

"ਮੈਂ ਅਹਿਸਤਾ ਜਾ ਰਿਹਾ ਹਾਂ ਕਿਉਂਕਿ ਮੈਂ ਸਾਰੇ ਦਿਲ ਨਾਲ ਪੰਜਾਬ ਦੀ ਹਵਾ ਭੁੱਖਣਾ ਚਾਹੁੰਦਾ ਹਾਂ। ਮੈਨੂੰ ਨਹੀਂ ਪਤਾ ਕਿ ਮੈਂ ਮੁੜ ਇਹਨਾਂ ਰਾਹਾਂ ਤੋਂ ਲੰਘਣਾ ਹੈ ਕਿ ਨਹੀਂ, ਕਿ ਪੰਜਾਬ ਦੀ ਸਰਜ਼ਮੀਨ ਨੇ ਪਹਿਲਾਂ ਵਾਂਗ ਕਦੀ ਮੁੜ ਮੇਰੇ ਪੈਰ ਚੁੰਮਣੇ ਹਨ ਕਿ ਨਹੀਂ।" ਇਸ ਕਰੁਣਾਮਈ ਲਹਿਜੇ ਵਿਚ ਅਹਿਮਦ ਸ਼ਾਹ ਦੁਰਾਨੀ ਨੇ ਆਖ਼ਰੀ ਸ਼ਬਦ ਕਹੇ ਕਿ ਬੰਦਾ ਅਹਿਮਦ ਡਰ ਗਿਆ।

ਜਦੋਂ ਦੁਰਾਨੀ ਸੈਨਾਂ ਜਿਹਲਮ ਦਰਿਆ ਤਕ ਪਹੁੰਚੀ ਤਾਂ ਖ਼ਬਰ ਆ ਗਈ ਕਿ ਲਾਹੌਰ ਹਾਰਿਆ ਗਿਆ ਹੈ ਤੇ ਇਹ ਕਿ ਭੰਗੀ ਸਰਦਾਰਾਂ ਨੇ ਲਾਹੌਰ ਨੂੰ ਤਿੰਨ ਹਿਸਿਆਂ ਵਿਚ ਵੰਡ ਕੇ ਖ਼ਾਲਸਈ ਰਾਜ ਸ਼ੁਰੂ ਕਰ ਦਿਤਾ ਹੈ। ਅਹਿਮਦ ਸ਼ਾਹ ਦੁਰਾਨੀ ਨੂੰ ਇਹ ਖ਼ਬਰ ਵੀ ਪੁਜੀ ਕਿ ਹੁਣ ਸਿਖਾਂ ਨੇ ਨਵਾਂ ਸਿੱਕਾ ਢਾਲ ਲਿਆ ਹੈ ਤੇ ਕੁਝ ਨਵੇਂ ਖ਼ਾਲਸਈ ਸਿੱਕੇ ਉਹਨੂੰ ਵਿਖਾਏ ਵੀ ਗਏ।

ਦੁਰਾਨੀ ਨੇ ਉਹ ਚੰਦ ਸਿੱਕੇ ਸਾਂਭ ਲਏ। ਉਸ ਕਾਸਦ ਕੋਲੋਂ ਲਾਹੌਰ ਦੀ ਹਾਰ ਬਾਰੇ ਤਫ਼ਸੀਲਾਂ ਪੁਛੀਆਂ। ਤਫ਼ਸੀਲਾਂ ਕੀ ਸਨ ? ਕਿਹੜੀ ਕੇਹੀ ਭਾਰੀ ਲੜਾਈ ਹੋਈ ਸੀ ? ਕਿਹੜਾ ਕਿਸੇ ਨੇ ਮੁਕਾਬਲਾ ਕੀਤੀ ਸੀ ? ਸ਼ਾਹੀ ਕਿਲ੍ਹੇ ਦਾ ਬਾਗ਼ਬਾਨ ਤੇ ਆਪ ਨੰਦ ਰਾਮ ਪੂਰਬੀਆ, ਜਿਹੜਾ ਕਿ ਇਕ ਮੁਦਤ ਤੋਂ ਕਿਲ੍ਹੇ ਦਾ ਬਾਣੇਦਾਰ ਸੀ, ਕਾਬਲੀ ਮੌਲ ਦੇ ਬਰਖ਼ਿਲਾਫ਼ ਹੋ ਗਏ ਤੇ ਕਈ ਹੋਰਨਾਂ ਨਾਲ ਮਿਲ ਕੇ ਉਹਨਾਂ ਨੇ ਖ਼ਾਲਸੇ ਦਾ ਕੰਮ ਬਿਲਕੁਲ ਆਸਾਨ ਕਰ ਦਿਤਾ। ਸਿਰਫ਼ ਪੰਜਾਹ ਆਦਮੀਆਂ ਨਾਲ ਸਿੰਘਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ।

ਜਿਸ ਦਿਨ ਇਹ ਨਿਰਾਸ਼ਾ ਜਨਕ ਖ਼ਬਰ ਪੁਜੀ ਉਸੇ ਰਾਤ ਹੀ ਚੜ੍ਹਤ ਸਿੰਘ ਨੇ ਇਕ ਵਾਰ ਫਿਰ ਦੁਰਾਨੀ ਸੈਨਾ ਉੱਤੇ ਹੱਲਾ ਕੀਤਾ। ਇਹ ਇਕ ਸਰਦਾਰ ਚੜ੍ਹਤ ਸਿੰਘ ਸੁਕਰਚਰੀਆਂ ਹੀ ਸੀ ਜਿਹੜਾ ਕਿ ਪਿਛਲੇ ਗੁਰਮਤੇ ਵੇਲੇ ਅੰਮ੍ਰਿਤਸਰ ਹਾਜ਼ਰ ਨਹੀਂ ਸੀ। ਉਸ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਕਿਹਾ ਸੀ :

"ਮੇਰੇ ਵਰਗੇ ਗੁਰੂ ਘਰ ਦੇ ਦਾਸ ਨੂੰ ਸੰਗਤ ਦੇ ਸਭ ਫ਼ੈਸਲੇ ਮਨਜ਼ੂਰ ਹਨ। ਪਰ ਮੇਰੀ ਇਛਾ ਹੈ ਕਿ ਅੱਜ ਦੁਰਾਨੀ ਦਾ ਜਿਹਲਮ ਤੇ ਸਿੰਧ ਤਕ ਪਿਛਾ ਕੀਤਾ ਜਾਏ। ਅੰਤਕੀਂ ਦੁਰਾਨੀ ਦੇ ਦਿਲ ਵਿਚੋਂ ਪੰਜਾਬ ਦੇ ਜੇਤੂ ਹੋਣ ਦੇ ਸਭ ਸ਼ੱਕ ਠਵਿਰਤ ਹੋ ਜਾਣ। ਅੰਤਕੀਂ ਮੈਂ ਉਹਨੂੰ ਆਪਣੇ ਘਰ ਦੀ, ਵਲਗਣ ਵਿਚੋਂ ਸਦਾ ਲਈ ਬਾਹਰ ਕਢ ਕੇ ਆਵਾਂ।"

ਜੱਸਾ ਸਿੰਘ ਨੇ ਪੁਛਿਆ ਸੀ, "ਕਿਸੇ ਮਦਦ ਦੀ ਲੋੜ ਹੈਵੇ ? ਕਿਸੇ ਹੋਰ ਸਰਦਾਰ ਨੂੰ ਨਾਲ ਭੇਜਾਂ ?"

"ਨਹੀਂ ਸਰਦਾਰ ਜੀ। ਗੁਰੂ ਬਾਬੇ ਦੀ ਮੇਰੇ ਉੱਤੇ ਮਿਹਰ ਹੈ। ਮੈਨੂੰ ਹਰ ਮੈਦਾਨ ਜਿੱਤ ਮਿਲੀ ਹੈ। ਵਹਿੰਦੀਆਂ ਕਲਾਂ ਵਾਲੇ ਦੁਰਾਨੀ ਵਾਸਤੇ ਮੈਂ ਤੇ ਮੇਰੇ ਸਿਪਾਹੀ ਕਾਫ਼ੀ ਹਨ।" ਤੇ ਇਓਂ ਦੁਰਾਨੀ ਨੂੰ ਘਰ ਦੀ ਵਲਗਣ ਵਿਚੋਂ ਬਾਹਰ ਕਢ ਕੇ ਆਉਣ ਵਾਸਤੇ ਅੱਜ ਚੜ੍ਹਤ ਸਿੰਘ ਜਿਹਲਮ ਦਰਿਆ ਤਕ ਆ ਪੁਜਾ ਸੀ।

ਆਪਣੀ ਨੀਤੀ ਅਨੁਸਾਰ ਉਹ ਗੁਜਰਾਂਵਾਲੇ ਤੋਂ ਲੈ ਕੇ ਹੁਣ ਤਕ ਦੁਰਾਨੀਆਂ ਉੱਤੇ ਰਾਤ ਨੂੰ ਹੱਲੇ ਕਰਦਾ ਆਇਆ ਸੀ। ਅਜ ਤਕ ਉਸ ਲਗਭਗ ਬਾਰ੍ਹਾਂ ਹੱਲੇ ਕੀਤੇ ਹੋਣਗੇ। ਪਰ ਅੱਜ ਰਾਤ ਦਾ ਹੱਲਾ ਪਹਿਲੇ ਸਾਰਿਆਂ ਹੱਲਿਆਂ ਨਾਲੋਂ ਸਖ਼ਤ ਸੀ। ਅੱਜ ਰਾਤ ਇਕ ਵਾਰੀ ਤਾਂ ਹਾਲਾਤ ਐਨੇ ਵਿਗੜ ਗਏ ਕਿ ਆਪ ਅਹਿਮਦ ਸ਼ਾਹ ਦਾ ਖ਼ੈਮਾ ਹਮਲਾ ਆਵਰਾਂ ਦੀ ਚੁੱਦ ਤੋਂ ਮਸੋਂ ਤੀਹ ਚਾਲੀ ਗਜ਼ ਦੂਰ ਰਹਿ ਗਿਆ। ਏਥੋਂ ਤਕ ਕਿ ਸੁੱਤੇ ਹੋਏ ਅਹਿਮਦ ਸ਼ਾਹ ਨੂੰ ਉਠਾਣਾ ਪਿਆ। ਗ਼ੌਸ ਅਹਿਮਦ ਡਰ ਗਿਆ ਕਿ ਕਿਤੇ ਉਹ ਆਪਣੇ ਬਾਦਸ਼ਾਹ ਨੂੰ ਹੀ ਨਾ ਗੁਆ ਬੈਠੇ। ਪਿਛੇ ਦਸ ਬਾਰ੍ਹਾਂ ਰਾਤ-ਹੱਲਿਆਂ ਦੇ ਦੌਰਾਨ ਵਿਚ ਇਹ ਦੂਜੀ ਵਾਰ ਸੀ ਕਿ ਗ਼ੌਸ ਅਹਿਮਦ ਦੁਰਾਨੀ ਬਾਦਸ਼ਾਹ ਦੀ ਨੀਂਦ ਹਰਾਮ ਕਰਨ ਉੱਤੇ ਮਜ਼ਬੂਰ ਹੋਇਆ ਸੀ

ਅਗਲੀ ਭਲਕ ਦੁਰਾਨੀ ਨੇ ਸਾਰੀ ਸੈਨਾਂ ਨੂੰ ਜਿਹਲਮ ਪਾਰ ਕਰਨ ਦਾ ਹੁਕਮ ਦਿਤਾ। ਉਹ ਅਧੀ ਸੈਨਾਂ ਉਰਾਰ ਪਾਰ ਰਖਣ ਦਾ ਖ਼ਤਰਾ ਸਹੇੜ ਨਹੀਂ ਸੀ ਸਕਦਾ। ਸੋ ਅਗਲਾ ਪੜਾਅ ਰੁਹਤਾਸ ਦੇ ਕਿਲ੍ਹੇ ਵਿਚ ਹੋਇਆ।

"ਮੇਰਾ ਖਿਆਲ ਹੈ ਚੜ੍ਹਤ ਸਿੰਘ ਜਿਹਲਮ ਪਾਰ ਨਹੀਂ ਕਰੇਗਾ। ਸਾਨੂੰ ਜਿਹਲਮ ਤਕ ਧਿਕਕੇ ਜ਼ਰੂਰ ਉਹਦੇ ਮਨ ਦੀ ਮੁਰਾਦ ਪੂਰੀ ਹੋ ਗਈ ਹੋਵੇਗੀ।" ਅਹਿਮਦ ਸ਼ਾਹ ਦੁਰਾਨੀ ਨੇ ਕਿਹਾ।

"ਮੇਰਾ ਵੀ ਇਹੋ ਖਿਆਲ ਹੈ।" ਗ਼ੌਸ ਅਹਿਮਦ ਨੇ ਹਾਂ ਵਿਚ ਹਾਂ ਮਿਲਾਈ, ਭਾਵੇਂ ਉਹਦਾ ਅਸਲੀ ਖਿਆਲ ਇਸ ਦੇ ਉਲਟ ਸੀ। ਪਹਿਲੇ ਵਾਂਗ ਹੀ ਦੁਰਾਨੀ ਦਾ ਜੀ ਕੀਤਾ ਕਿ ਉਹ ਕੁਝ ਦਿਨ ਰੁਹਤਾਸ ਟਿਕੇ। ਖ਼ਾਸ ਕਰ ਕੇ ਉਹਦੇ

Scanned by CamScanner

ਖਿਆਲ ਵਿਚ ਜਦੋਂ ਕਿ ਸਿਖ ਹੁਣ ਜਿਹਲਮ ਨੂੰ ਪਾਰ ਨਹੀਂ ਕਰਨਗੇ। ਪਰ ਦੁਰਾਨੀ ਦੀ ਬਦਕਿਸਮਤੀ ! ਇਕ ਦਿਨ ਦਾ ਨਾਗਾ ਪਾ ਕੇ ਚੜ੍ਹਤ ਸਿੰਘ ਨੇ ਜਿਹਲਮ ਨੂੰ ਪਾਰ ਕਰ ਲਿਆ। ਇਹ ਇਕ ਦਿਨ ਦਾ ਨਾਗਾ ਵੀ ਇਸ ਕਰ ਕੇ ਸੀ ਕਿ ਚੜ੍ਹਤ ਸਿੰਘ ਦੇ ਖਿਆਲ ਅਨੁਸਾਰ ਹੁਣ ਦੁਰਾਨੀ ਕਾਬਲ ਜਾਂ ਜਲਾਲਾਬਾਦ ਜਾਂ ਪਿਸ਼ਾਵਰ ਪੁਜਣ ਤੋਂ ਪਹਿਲੇ ਕਿਤੇ ਸਾਹ ਨਹੀਂ ਲਏਗਾ। ਉਸ ਆਪਣੇ ਇਕ ਨਿਕਟਵਰਤੀ ਨੂੰ ਕਿਹਾ ਸੀ।

"ਹੁਣ ਦੁਰਾਨੀ ਨਹੀਂ ਟਿਕਦਾ। ਹੁਣ ਉਹਨੂੰ ਸਹੀ ਹੋ ਗਿਆ ਕਿ ਉਹ ਹਾਰ ਗਿਆ ਹੈ।"

ਪਰ ਦੁਰਾਨੀ ਤੇ ਚੜ੍ਹਤ ਸਿੰਘ ਦੋਹਾਂ ਦੇ ਖਿਆਲ ਗ਼ਲਤ ਨਿਕਲੇ। ਦੁਰਾਨੀ ਰੁਹਤਾਸ ਰੁਕ ਗਿਆ ਚੜ੍ਹਤ ਸਿੰਘ ਏਸੇ ਲਈ ਜਿਹਲਮ ਉੱਤੇ ਨਾ ਰੁਕਿਆ। ਚੜ੍ਹਤ ਸਿੰਘ ਨੇ ਆਖਿਆ :

"ਮੈਂ ਦੁਰਾਨੀ ਦਾ ਓਦੋਂ ਤਕ ਪਿੱਛਾ ਕਰਨਾ ਹੈ ਜਦੋਂ ਤਕ ਇਹ ਆਪਣੀ ਹਾਰ ਮੰਨ ਕੇ ਪਤਰਾ ਨਹੀਂ ਵਾਚਦਾ। ਬੇਸ਼ਕ ਮੈਂ ਇਹਨੂੰ ਕਿਸੇ ਦਰਿੰਦੇ ਵਾਂਗ ਘਰੋਂ ਬਾਹਰ ਕਢ ਕੇ ਆਉਂਣਾ ਹੈ। ਸਾਡੇ ਧਰਮ ਵਿਚ ਕਿਸੇ ਵਾਸਤੇ ਵੈਰ ਨਹੀਂ ਲਿਖਿਆ ਪਰ ਇਸ ਨੇ ਸਾਡੇ ਧਰਮ ਨਾਲ, ਸਾਡੇ ਹਰਿਮੰਦਰ ਨਾਲ, ਸਾਡੇ ਸਰੋਵਰ ਨਾਲ ਤੇ ਸਾਡੀਆਂ ਮਾਵਾਂ ਭੈਣਾਂ ਨਾਲ ਅਜਿਹੀ ਕੀਤੀ ਹੈ ਕਿ ਘਟੋਘਟ ਮੈਂ ਇਹਨੂੰ ਇਸ ਸ਼ਬਦ ਨਾਲ ਸੰਬੋਧਨ ਕਰਨ ਵਿਚ ਵਧੀਕੀ ਨਹੀਂ ਸਮਝਦਾ,"

ਚੜ੍ਹਤ ਸਿੰਘ ਆਪਣੇ ਸਾਥੀਆਂ ਨਾਲ ਜਿਹਲਮ ਤੋਂ ਪਾਰ ਆ ਉਤਰਿਆ। ਜਿਸ ਵੇਲੇ ਦੁਰਾਨੀ ਦੇ ਕੈਂਪ ਵਿਚ ਇਹ ਖ਼ਬਰ ਪਹੁੰਚੀ ਤਾਂ ਉਸ ਵੇਲੇ ਅਹਿਮਦ ਸ਼ਾਹ ਰੁਹਤਾਸ ਦੇ ਕਿਲ੍ਹੇ ਦੀ ਫ਼ਸੀਲ ਉੱਤੇ ਟਹਿਲ ਰਿਹਾ ਸੀ।

ਸ਼ਾਮ ਦਾ ਵੇਲਾ ਸੀ ਤੇ ਉਹ ਇਕੱਲਾ ਸੀ। ਆਪ ਗ਼ੌਸ ਅਹਿਮਦ ਉਹਦੇ ਕੋਲ ਇਹ ਖ਼ਬਰ ਲਿਆਇਆ ਸੀ।

"ਅਛਾ ਗੌਸ ਅਹਿਮਦ," ਆਖ ਕੇ ਦੁਰਾਨੀ ਨੇ ਉਹਨੂੰ ਭੇਜ ਦਿਤਾ ਤੇ ਫਿਰ ਪਹਿਲੇ ਵਾਂਗ ਹੀ ਉਹ ਫ਼ਸੀਲ ਉੱਤੇ ਚਹਿਲ-ਕਦਮੀ ਕਰਨ ਲੱਗਾ। ਫਿਰ ਇਕਾ ਇਕ ਉਹ ਰੁਕ ਗਿਆ। ਉਸ ਪਹਿਲੇ ਪੱਛਮ ਵਲ ਤੇ ਫਿਰ ਉੱਤਰ ਵਲ ਵੇਖਿਆ। ਪੱਛਮ ਵਿਚ ਸੂਰਜ ਡੁਬ ਰਿਹਾ ਸੀ। ਫ਼ਸੀਲ ਦੇ ਉੱਤੇ ਖੜੋਤਿਆਂ ਉਹ ਡੁਬਦੇ ਸੂਰਜ ਦੀ ਅੱਧੀ ਟਿੱਕੀ ਅਜੇ ਵੀ ਵੇਖ ਸਕਦਾ ਸੀ। ਉਹਨੇ ਅਗੇ ਵੀ ਕਈ ਵਾਰ ਡੁਬਦੇ ਸੂਰਜ ਨੂੰ ਵਾਚਿਆ ਸੀ ਪਰ ਸੂਰਜ ਜਦੋਂ ਡੁਬਣ ਉੱਤੇ ਆਵੇ ਤਾ ਕੀ ਅੱਡੀ ਜਲਦੀ ਡੁਬ ਜਾਂਦਾ ਹੈ ? ਇਸ ਗੱਲ ਦਾ ਉਸਨੂੰ ਪਹਿਲੇ ਕਦੀ ਅਹਿਸਾਸ ਨਹੀਂ ਸੀ ਹੋਇਆ। ਬੇਸ਼ਕ ਉਹਦੇ ਵੇਖਦਿਆਂ ਵੇਖਦਿਆਂ ਸੂਰਜ ਦੀ ਰਹਿੰਦੀ ਅੱਧੀ ਟਿੱਕੀ ਵੀ ਅਲੋਪ ਹੋ ਗਈ ਤੇ ਸਿਵਾਏ ਇਕ ਲਾਲਿਆਈ ਭਾਹ ਦੇ, ਗਗਨ ਖਾਲੀ ਹੋ ਗਏ।

ਅਹਿਮਦ ਸ਼ਾਹ ਦੁਰਾਨੀ ਨੂੰ ਲਗਾ ਕਿ ਇਸੇ ਸੂਰਜ ਦੀ ਨਿਆਈਂ ਉਹ ਆਪ ਤੇ ਉਹਦੀ ਤਾਕਤ ਤੇ ਵਡਿਆਈ ਵੀ ਅੱਜ ਡੁਬ ਗਈ ਹੈ। ਨਿਰਸੰਦੇਹ ਦੁਰਾਨੀ ਇਕ ਸੂਰਜ ਦੀ ਨਿਆਈਂ ਸੀ। ਪਿਛਲੇ ਕਈ ਦਹਾਕਿਆਂ ਤੋਂ ਸੂਰਜ ਦੀ ਰੌਸ਼ਨੀ ਨੇ ਦੁਨੀਆਂ ਨੂੰ ਚੁੰਧਿਆ ਦਿਤਾ ਸੀ। ਪਰ ਅੱਜ...? ਪਰ ਅੱਜ ਇਹ ਸੂਰਜ ਅਲੋਪ ਹੋ ਰਿਹਾ ਸੀ ਤੇ ਹੁਣੇ ਰਾਤ ਦੀ ਸਿਆਹੀ ਤਾਰੀ ਹੋਣ ਵਾਲੀ ਸੀ। ਆ ਰਹੀ ਰਾਤ ਦਾ ਡਰ ਤਾਂ ਬੇਸ਼ਕ ਦੁਰਾਨੀ ਨੂੰ ਬੜੇ ਵਰ੍ਹਿਆਂ ਤੋਂ ਡਰਾਂਦਾ ਆਇਆ ਸੀ ਪਰ ਉਹਨੂੰ ਕਦੀ ਇਹ ਖਿਆਲ ਨਹੀਂ ਸੀ ਆਇਆ ਕਿ ਇਹ ਸਮਾਂ ਐਡੀ ਜਲਦੀ ਆ ਜਾਏਗਾ। ਅਜ ਜਦ ਉਸ ਸੂਰਜ ਦੀ ਟਿੱਕੀ ਨੂੰ ਪਲੋ ਪਲੀ, ਅਲੋਪ ਹੁੰਦੇ ਵੇਖਿਆ ਤਾਂ ਉਹਨੂੰ ਜਾਪਿਆ ਕਿ ਜਦੋਂ ਕੋਈ ਸ਼ੈ ਖ਼ਤਮ ਹੋਣ ਤੇ ਆਵੇ ਤਾਂ ਕੇਡੀ ਜਲਦੀ ਖ਼ਤਮ ਹੋ ਸਕਦੀ ਹੈ। ਅਰੂਜ ਵਕਤ ਲੈਂਦਾ ਹੈ ਪਰ ਜ਼ਵਾਲ ਦੀ ਤੇਜ਼ੀ ਨਹੀਂ। ਬਣਦਿਆਂ ਵਰ੍ਹੇ ਲਗਦੇ ਹਨ ਪਰ ਢਹਿੰਦਿਆਂ ਦਿਨ ਵੀ ਗਿਣੇ ਨਹੀਂ ਜਾਂਦੇ।

ਰੁਹਤਾਸ ਦੇ ਕਿਲ੍ਹੇ ਦੀ ਫ਼ਸੀਲ ਉੱਤੇ ਖਲੋਤਾ ਅਹਿਮਦ ਸ਼ਾਹ ਦੁਰਾਨੀ ਆਪਣੇ ਸਮੇਂ ਦੀ ਸਭ ਤੋਂ ਵਡੀ ਤੇ ਮਹਾਨ ਸੈਨਿਕ ਪ੍ਰਤਿਭਾ, ਅੱਜ ਅਰੂਜ ਤੇ ਜ਼ਵਾਲ ਦੇ ਇਹੋ ਜਿਹੇ ਫਲਸਫਕ ਪੱਖਾਂ ਬਾਰੇ ਸੋਚ ਰਿਹਾ ਸੀ।

ਸੂਰਜ ਡੁਬ ਗਿਆ। ਰੱਤੀ ਭਾਅ ਜ਼ਮੀਨ ਤੇ ਗਗਨਾਂ ਉੱਤੇ ਪ੍ਰਧਾਨ ਹੋਈ। ਪਰ ਉਹਦੇ ਵੇਖਦਿਆਂ ਵੇਖਦਿਆਂ ਇਸ ਰੱਤੀ ਭਾਅ ਦੀ ਥਾਂ ਸਿਆਹੀ ਫੈਲਣ ਲਗੀ। ਹਨੇਰਾ ਵਧਣ ਲਗਾ। ਰਾਤ ਪੈਣ ਲਗੀ। ਦੁਰਾਨੀ ਨੇ ਪੂਰਬ ਵਲ ਤਕਿਆ।

ਪੂਰਬ ਵਲ ਜਿਹਲਮ ਦਰਿਆ ਸੀ ਤੇ ਇਹੋ ਜਿਹਲਮ ਦਰਿਆ ਚੜ੍ਹਤ ਸਿੰਘ ਨੇ ਹੁਣ ਪਾਰ ਕਰ ਲਿਆ ਸੀ। ਅੱਜ ਰਾਤ ਉਹਨੇ ਰੁਹਤਾਸ ਉੱਤੇ ਵੀ ਹੱਲਾ ਬੋਲ ਦੇਣਾ ਸੀ। ਜੇ ਅੱਜ ਰਾਤ ਨਹੀਂ ਤਾਂ ਕਲ ਰਾਤ ਅਵੱਸ਼ ! ਦੁਰਾਨੀ ਨੇ

Scanned by CamScanner

ਸੋਚਿਆ। ਨੀਂਹ ਰੱਖ ਕੇ ਤੇ ਕਾਫ਼ੀ ਚਿਰ ਤਕ ਦੁਰਾਨੀ ਇਉਂ ਪੂਰਬ ਦਿਸ਼ਾ ਵਲ ਵੇਖਦਾ ਰਿਹਾ।

"ਕੱਲ੍ਹ ਸਵੇਰੇ ਏਸੇ ਦਿਸ਼ਾ ਵਲੋਂ ਸੂਰਜ ਫਿਰ ਉਦਯ ਹੋਵੇਗਾ!" ਉਸ ਸੋਚਿਆ, "ਪਰ ਅਕਾਸ਼ੀ ਸੂਰਜ ਦੇ ਨਾਲ ਨਾਲ ਕਲ ਸਵੇਰੇ ਏਸੇ ਦਿਸ਼ਾ ਵਿਚੋਂ ਇਕ ਹੋਰ ਸੂਰਜ ਵੀ ਪ੍ਰਕਾਸ਼ਮਾਨ ਹੋਏਗਾ ਤੇ ਉਹ ਸੂਰਜ ਹੋਵੇਗਾ ਖ਼ਾਲਸਾ ਰਾਜ ਦਾ। ਮੈਂ ਅਵੱਸ਼ ਹਾਰ ਗਿਆ ਹਾਂ। ਹੁਣ ਮੇਰਾ ਚੰਦ ਨਹੀਂ ਚਲਦਾ। ਮੈਂ ਰਾਤ ਹਾਂ, ਖ਼ਾਲਸਾ ਦਿਨ। ਮੈਂ ਢਲ ਚੁਕਾ ਸੂਰਜ ਹਾਂ। ਖ਼ਾਲਸਾ ਉਦਯ ਹੋ ਰਿਹਾ ਸੂਰਜ।"

੭੪

ਪੱਛਮ ਵਿਚ ਸੂਰਜ ਅਲੋਪ ਹੋ ਰਿਹਾ ਸੀ। ਅਲੋਪ ਤੇ ਉਦਯ ਹੁੰਦਾ ਸੂਰਜ ਕਿੰਨਾ ਭਾਵਪੂਰਤ ਹੁੰਦਾ ਹੈ? ਜਦੋਂ ਆਦਮੀ ਵਿਸ਼ਲੇਸ਼ਨੀ ਰੌਂ ਵਿਚ ਹੋਵੇ। ਜਦੋਂ ਉਹਦੇ ਸੀਨੇ ਉੱਤੇ ਕੋਈ ਭਾਰ ਪਿਆ ਹੋਵੇ ਜਾਂ ਕੋਈ ਭਾਰ ਲੱਥ ਗਿਆ ਹੋਵੇ, ਜਦੋਂ ਜਜ਼ਬਾਤਾਂ ਦਾ ਵੇਗ ਤੀਬਰ ਹੋਵੇ ਜਾਂ ਜਦੋਂ ਦਿਲ ਤੇ ਦਿਮਾਗ਼ ਦਾਰਸ਼ਨਿਕ ਰੰਗ ਵਿਚ ਹੋਣ ਤਾਂ ਢਲਦੇ ਤੇ ਉਭਰਦੇ ਸੂਰਜ ਦੇ ਭਾਵ ਆਮ ਨਾਲੋਂ ਵੀ ਡੂੰਘੇ ਜਾਂ ਅਰਥ ਪੂਰਬ ਜਾਪਦੇ ਹੁੰਨੇ।

ਹਰ ਰੋਜ਼ ਸੂਰਜ ਚੜ੍ਹਦਾ ਹੈ ਤੇ ਹਰ ਰੋਜ਼ ਡੁਬਦਾ ਹੈ। ਜਦੋਂ ਤੋਂ ਇਨਸਾਨ ਨੇ ਬੌਧਕ ਹੋਸ਼ ਸੰਭਾਲੀ ਹੈ ਓਦੋਂ ਤੋਂ ਹੀ ਉਹ ਦਿਨ ਰਾਤ ਦੀ ਇਹ ਲੀਲ੍ਹਾ ਵੇਖਦਾ ਤੇ ਘੋਖਦਾ ਆਇਆ ਹੈ। ਪਰ ਅੱਜ ਤਕ ਵੀ ਇਸ ਲੀਲ੍ਹਾ ਵਿਚੋਂ ਰਸ ਨਹੀਂ ਮੁਕਿਆ। ਅੱਜ ਤਕ ਵੀ ਸੋਚਵਾਨ ਰੌਂ ਅੰਦਰ ਵਿਗੁਤਾ ਮਨੁਖ ਇਸ ਕੁਦਰਤੀ ਲੀਲ੍ਹਾ ਵਿਚੋਂ ਨਿੱਜੀ ਮਤਲਬ ਕਢਦਾ ਹੈ ਤੇ ਕੁਦਰਤ ਦੇ ਜੱਦੀ ਤੇ ਅਟੱਲ ਕਾਨੂੰਨਾਂ ਨੂੰ ਆਪਣੀ ਜ਼ਿਦੰਗੀ ਉੱਤੇ ਘਟਾਂਦਾ ਹੈ।

ਰੁਹਤਾਸ ਦੇ ਕਿਲ੍ਹੇ ਦੀ ਫ਼ਸੀਲ ਉੱਤੇ ਚਹਿਲ ਕਦਮੀ ਕਰਦਾ ਅਹਿਮਦ ਸ਼ਾਹ ਦੁਰਾਨੀ ਚੜ੍ਹਦੇ ਤੇ ਡੁਬਦੇ ਸੂਰਜ ਦੀ ਇਸ ਲੀਲ੍ਹਾ ਨੂੰ ਆਪਣੇ ਅਰੂਜ ਤੇ ਜ਼ਵਾਲ ਉੱਤੇ ਘਟਾ ਰਿਹਾ ਸੀ ਤੇ ਏਧਰ ਫ਼ਤਹ ਗੜ੍ਹ ਤੋਂ ਬਾਹਰ ਆਪਣੀ ਛਾਉਣੀ ਵਿਚਲੇ ਖੂਹ ਦੁਆਲੇ ਬੈਠੇ ਜਾਂਬਾਜ਼ ਤੇ ਸ਼ੋਭੀ ਵੀ ਏਸੇ ਲੀਲ੍ਹਾ ਦੀ ਚੂਲ ਦੁਆਲੇ ਆਪਣੇ ਮਨੋਭਾਵ ਪ੍ਰਗਟਾ ਰਹੇ ਸਨ।

"ਜਾਂਬਾਜ਼!" ਸ਼ੋਭੀ ਕਹਿ ਰਹੀ ਸੀ, "ਹਰ ਰੋਜ਼ ਸੂਰਜ ਚੜ੍ਹਦਾ ਹੈ ਤੇ ਹਰ ਰੋਜ਼ ਡੁਬਦਾ ਹੈ, ਪਰ ਜੇ ਸੱਚ ਪੁਛੋ ਤਾਂ ਅੱਜ ਜਿਹਾ ਮਤਲਬ ਇਸ ਨਿਤ ਨਿਤ ਦੀ ਖੇਡ ਵਿਚ ਕਦੀ ਨਹੀਂ ਦਿਸਿਆ।"

ਜਜ਼ਬਾਤੀ ਤੇ ਵਿਸ਼ਲੇਸ਼ਨੀ ਰੌਂ ਆਮ ਤੋਂ ਆਮ ਤੇ ਸਾਦ ਮੁਰਾਦੇ ਤੋਂ ਸਾਦ ਮੁਰਾਦੇ ਆਦਮੀ ਨੂੰ ਵੀ ਕਿੰਨਾ ਬੁਧੀਮਾਨ ਬਣਾ ਦੇਂਦਾ ਹੈ! ਕਦੀ ਵਾਰੀ ਤਾਂ ਇਉਂ ਜਾਪਦਾ ਹੈ ਕਿ ਉਸ ਬੁਧੀ ਵਿਚ ਜਿਹੜੀ ਕਿ ਗਿਆਨ ਜਾਂ ਪੰਡਤੀ ਤੇ ਸਿਖਲਾਈ ਪਿਛੋਂ ਨਸੀਬ ਹੁੰਦੀ ਹੈ ਤੇ ਉਸ ਬੁਧੀ ਵਿਚ ਜਿਹੜੀ ਕਿ ਮਨੁਖ ਅੰਦਰ ਜਮਾਂਦਰੂ ਹੀ ਕਿਤੇ ਅਚੇਤ ਪਲੀ ਹੁੰਦੀ ਹੈ, ਵਿਚਕਾਰ ਕੋਈ ਫ਼ਰਕ ਨਹੀਂ। ਕਿਸ਼ੇ ਵੇਲੇ ਵੀ ਇਹ ਅਚੇਤ ਬੁਧੀ ਜਾਗ ਸਕਦੀ ਹੈ ਤੇ ਆਪਣੇ ਪ੍ਰਕਾਸ਼ ਵਿਚ ਸਿਖਲਾਈ ਪਿਛੋਂ ਪ੍ਰਾਪਤ ਹੋਈ ਬੁਧੀ ਨੂੰ ਨਿਵਾ ਸਕਦੀ ਹੈ।

Scanned by CamScanner

"ਸ਼ੁਭਵੰਤ !" ਜਾਂਬਾਜ਼ ਨੇ ਉੱਤਰ ਦਿਤਾ : "ਤੂੰ ਬਿਲਕੁਲ ਠੀਕ ਆਖਦੀ ਹੈਂ । ਅੱਜ ਦਾ ਇਹ ਡੁਬ ਰਿਹਾ ਸੂਰਜ ਦੁਰਾਨੀ ਦੀ ਡੁਬ ਰਹੀ ਆਭਾ ਦਾ ਪ੍ਰਤੀਕ ਹੈ । ਸਿਰਫ ਦੁਰਾਨੀ ਦੀ ਹੀ ਡੁਬ ਰਹੀ ਆਭਾ ਦਾ ਨਹੀਂ, ਇਹ ਡੁਬ ਰਿਹਾ ਸੂਰਜ ਕੀ ਦੁਰਾਨੀ ਤੇ ਕੀ ਮੁਗਲ, ਇਸ ਦੁਨੀਆਂ ਵਿਚੋਂ ਸਭ ਜ਼ੁਲਮ ਤੇ ਸਭ ਅਨਿਆਂ ਦੇ ਖ਼ਤਮ ਹੋ ਜਾਣ ਦਾ ਪ੍ਰਤੀਕ ਹੈ ।"

"ਤੇ ਏਸੇ ਤਰ੍ਹਾਂ ਹੀ ਜਿਹੜਾ ਸੂਰਜ ਇਸ ਰਾਤ ਦੀ ਸਿਆਹੀ ਪਿਛੋਂ ਉਦਯ ਹੋਵੇਗਾ ਉਹ ਸਚਾਈ ਤੇ ਇਨਸਾਫ਼ ਅਤੇ 'ਨਾ ਕੋ ਬੈਰੀ ਨਹੀਂ ਬਿਗਾਨਾ' ਦੇ ਅਸੂਲ ਦਾ ਪ੍ਰਤੀਕ ਹੋਏਗਾ ।"

"ਅੱਜ ਦੇ ਡੁਬਦੇ ਸੂਰਜ ਨਾਲ ਕਸ਼ਮਕਸ਼ ਮੁਕ ਰਹੀ ਹੈ । ਗੁਰੂ ਕ੍ਰਿਪਾ ਨਾਲ ਅਸੀਂ ਜ਼ਿੰਦਗੀ ਤੇ ਮੌਤ ਦੀ ਕਸ਼ਮਕਸ਼ ਵਿਚੋਂ ਜੇਤੂ ਨਿਕਲੇ ਹਾਂ ।" "ਪਰ ਜਾਂਬਾਜ਼ !" ਸ਼ੁਭੀ ਨੇ ਪਹਿਲੇ ਜਿਹੇ ਹੀ ਵਿਚਾਰਵਾਨ ਲਹਿੰ ਵਿਚ ਕਿਹਾ, "ਇਹ ਕਸ਼ਮਕਸ਼ ਕੇਡੀ ਲੰਮੀ ਸੀ, ਕੇਡੀ ਔਖੀ, ਕੇਡੀ ਹਿਰਦੇ ਵੇਧਕ ਤੇ ਕੇਡੀ ਮਹਾਨ ?" "ਬੇਸ਼ਕ ਸ਼ੁਭੀ!" ਤੇ ਜਾਂਬਾਜ਼ ਨੇ ਸ਼ੁਭੀ ਦੇ ਮੋਢੇ ਉੱਤੇ ਹੱਥ ਧਰਿਆ ਤੇ ਉਹਨੂੰ ਘੁਟਦਿਆਂ ਹੋਇਆਂ ਕਿਹਾ : "ਨਿਰਸੰਦੇਹ, ਸ਼ੁਭੀ ਇਹ ਕਸ਼ਮਕਸ਼ ਲੰਮੀ ਤੇ ਔਕੜਾਂ ਭਰੀ ਸੀ । ਸਾਨੂੰ ਇਸ ਕਸ਼ਮਕਸ਼ ਵਾਸਤੇ ਬੜਾ ਕੁਝ ਵਾਰਨਾ ਪਿਆ ਹੈ ਤੇ ਬੜਾ ਕੁਝ ਸਹਿਣਾ ਪਿਆ ਹੈ । ਪਰ ਤੂੰ ਆਪੇ ਹੀ ਦਸ ਸ਼ੁਭਵੰਤ ਕਿ ਕਿਸੇ ਮੰਤਵ ਜਾਂ ਆਸ਼ੇ ਜਾਂ ਆਦਰਸ਼ ਤੋਂ ਬਗੈਰ ਜੀਣਾ ਵੀ ਕੋਈ ਜੀਣਾ ਹੈ ? ਕੀ ਗੁਰੂ ਗਬਿੰਦ ਸਿੰਘ ਜੀ ਨੇ ਸਾਡੇ ਨਾਲੋਂ ਘਟ ਕਰਬਾਨੀਆਂ ਦਿਤੀਆਂ ਹਨ ? ਤੇ ਕੀ ਸਾਡੀਆਂ ਕੀਤੀਆਂ ਕੁਰਬਾਨੀਆਂ ਦਾ ਹੁਣ ਸਾਨੂੰ ਸਿਲ੍ਹਾ ਨਹੀਂ ਮਿਲੇਗਾ ?"

"ਤੂੰ ਜੋ ਕੁਝ ਆਖਦਾ ਹੈਂ ਠੀਕ ਹੈ, ਪਰ ਜਾਂਬਾਜ਼, ਕੇਡੀ ਲੰਮੀ ਜ਼ਿੰਦਗੀ ਕਿਸ ਤਰ੍ਹਾਂ ਬਤੀਤ ਹੋਈ ਹੈ, ਮੈਂ ਇਸ ਬਾਰੇ ਸੋਚ ਕੇ ਹੈਰਾਨ ਹਾਂ । ਮੈਂ ਹੈਰਾਨ ਹਾਂ ਜਾਂਬਾਜ਼ ਕਿ ਮੈਂ ਅਜੇ ਤਕ ਕਿਵੇਂ ਜੀਉਂਦੀ ਆਈ ਹਾਂ ਜਦੋਂ ਕਿ ਜਿਉਣ ਦਾ ਕੋਈ ਹੱਜ ਨਹੀਂ ਸੀ...।" ਸ਼ਾਇਦ ਜਿਤ ਤੇ ਸੰਪੂਰਨਤਾ ਦੇ ਸਮੇਂ ਇਹੋ ਜਿਹੀ ਮਾਸੂਮ ਤੇ ਮਲੂਕ ਨਿਰਾਸ਼ਾ ਤੇ ਇਸ ਤਰ੍ਹਾਂ ਭੂਤ ਨੂੰ ਢਹਿੰਦੇ ਰੋਂ ਦੇ ਸਾਹਮਣੇ ਵੇਖਣਾ ਅਸਲੋਂ ਸੁਭਾਵਕ ਹੈ ? ਜਾਂਬਾਜ਼ ਨੇ ਆਪਣਾ ਹੱਥ ਵਧਾਇਆ ਤੇ ਸ਼ੁਭੀ ਨੂੰ ਆਪਣੀ ਬਾਂਹ ਦੀ ਵਲਗਨ ਵਿਚ ਲੈ ਲਿਆ ।

"ਤੂੰ ਮੇਰੇ ਵਾਸਤੇ ਜੀਉਂਦੀ ਆਈਂ ਹੈਂ, ਮੇਰੀਏ ਸ਼ੁਭੀਏ । ਤੇਰੇ ਸਾਹਸ ਦੇ ਬਗੈਰ ਸ਼ਾਇਦ ਮੈਂ ਵੀ ਰਾਹ ਵਿਚ ਹੀ ਰਹਿ ਜਾਂਦਾ । ਜੇ ਤੂੰ ਨਾ ਹੁੰਦੀ ਮੇਰੀ ਸ਼ੁਭੀ, ਤਾਂ ਕੌਣ ਮੇਰੀ ਦਸਤਾਰ ਦਾ ਸੂਤ ਉਣਦਾ, ਕੌਣ ਬਲਗਾਮ ਦੇ ਦੌਰਿਆਂ ਵੇਲੇ ਮੇਰਾ ਖ਼ਿਆਲ ਰਖਦਾ, ਕੌਣ ਮੈਨੂੰ ਕਦੀ ਕਦੀ ਮਿਠੀ ਰੋਟੀ ਪਕਾ ਕੇ ਖੁਆਂਦਾ ? ਸ਼ੁਭਵੰਤ ਜੇ ਤੂੰ ਨਾ ਹੁੰਦੀ ਤਾਂ ਮੈਂ ਸੱਚ ਆਖਦਾ ਹਾਂ ਮੈਂ ਇਸ ਮੰਜ਼ਲ ਤਕ ਨਹੀਂ ਸੀ ਪੁਜਣਾ ।"

ਸ਼ੁਭੀ ਦੀਆਂ ਬੀਮਾਰ ਅੱਖਾਂ ਭਰ ਆਈਆਂ । ਉਹ ਜਾਣਦੀ ਸੀ ਕਿ ਵਰ੍ਹਿਆਂ ਤੋਂ ਉਹਦੇ ਤੇ ਜਾਂਬਾਜ਼ ਵਿਚਕਾਰ ਸ਼ਾਂਤ ਪੀਡੀ ਹੋ ਚੁਕੀ ਹੈ । ਉਹ ਜਾਣਦੀ ਸੀ ਕਿ ਉਹਨਾਂ ਦੋਹਾਂ ਦਾ ਇਕ ਦੂਜੇ ਬਗੈਰ ਜੀਉਣਾ ਮੁਸ਼ਕਲ ਹੈ ਪਰ ਐਡੇ ਵੇਗਮਈ ਸ਼ਬਦਾਂ ਵਿਚ ਅਗੇ ਕਦੋਂ ਜਾਂਬਾਜ਼ ਨੇ ਉਹਦੇ ਸਾਹਮਣੇ ਆਪਣੇ ਪਿਆਰ ਨੂੰ ਦਰਸਾਇਆ ਸੀ ? ਸ਼ੁਭਵੰਤ ਦੇ ਨੈਣ ਭਰ ਆਏ ਤੇ ਇਹਨਾਂ ਅਥਰੂਆਂ ਦੀ ਧੁੰਦ ਵਿਚੋਂ ਭੂਤ ਸਗੋਂ ਬੇਮੇਚੀ ਚਮਕ ਨਾਲ ਉਹਦੇ ਸਾਹਮਣੇ ਆਇਆ । ਜਾਂਬਾਜ਼ ਨੇ ਸ਼ੁਭਵੰਤ ਦੇ ਨੈਣਾਂ ਵਿਚ ਅਥਰੂ ਵੇਖੇ ਤੇ ਉਹਨੂੰ ਪਹਿਲੇ ਨਾਲੋਂ ਵਧ ਜ਼ੋਰ ਤੇ ਵਧ ਪਿਆਰ ਨ ਲ਼ ਘੁਟ ਕੇ ਕਹਿੰਦਾ ਗਿਆ :

"ਇਹ ਹੀ ਨ੍ਹਹੀਂ, ਮੇਰੀਏ ਸ਼ੁਭੀਏ ! ਤੂੰ ਜੀਉਂਦੀ ਰਹੀ ਹੈਂ ਤਾਂ ਜੋ ਤੂੰ ਆਪਣੇ ਸ਼ਾਹਬਾਜ਼ ਦੇ ਆਦਰਸ਼ ਨੂੰ ਪੂਰਨ ਹੁੰਦਿਆਂ ਵੇਖ ਸਕੇਂ । ਸ਼ਾਹਬਾਜ਼ ਦਾ ਪਿਆਰ ਤੇਰੇ ਤੇ ਮੇਰੇ ਆਦਰਸ਼ ਦਾ ਸਾਹਸ ਰਿਹਾ ਹੈ । ਤੂੰ ਜੀਉਂਦੀ ਰਹੀ ਹੈਂ ਮੇਰੀ ਸ਼ੁਭਵੰਤੀਏ ਕਿ ਤੂੰ ਆਪਣੇ ਕਾਲ੍ਹੂ ਦੀ ਸ਼ਹੀਦੀ ਦਾ ਬਦਲਾ ਲੈ ਸਕੇਂ ਕਿ ਤੂੰ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਸਫ਼ਲ ਬਣਾ ਸਕੇਂ...।" ਜਾਂਬਾਜ਼ ਇਉਂ ਗੱਲਾਂ ਕਰਦਾ ਗਿਆ । ਸ਼ੁਭੀ ਦਾ ਮਨ ਪਸੀਜਦਾ ਗਿਆ । ਪਹਿਲੇ ਨੈਣ ਸਿਰਫ ਸੱਜਲ ਹੋਏ ਸਨ ਹੁਣ ਉਹਨਾਂ ਬੀਮਾਰ ਨੈਣਾਂ ਵਿਚੋਂ ਅਥਰੂ ਵਹਿ ਟੁਰੇ ਤੇ ਸ਼ੁਭੀ ਨੇ ਆਪਣੀਆਂ ਅੱਖਾਂ, ਆਪਣਾ ਮੂੰਹ ਜਾਂਬਾਜ਼ ਦੇ ਮੋਢੇ ਨਾਲ ਲਾ ਲਿਆ ਤੇ ਉਹ ਸਿਸਕਣ ਲਗੀ ।

ਕਿਹਾ ਜਜ਼ਬਾ ਹੈ ਇਹ ਇਕ ਇਸਤਰੀ ਦਾ ਮਰਦ ਵਾਸਤੇ ਤੇ ਇਕ ਮਰਦ ਦਾ ਇਸਤਰੀ ਵਾਸਤੇ ? ਕੀ ਜਜ਼ਬਾ ਹੈ ਦੋਹਾਂ ਮਿੱਤ੍ਰਾਂ ਦਾ ਇਕ ਦੂਜੇ ਵਾਸਤੇ ? ਜਿਥੇ ਪਿਆਰ ਹੈ ਉਥੇ ਕਿੰਨੀ ਤਸੱਲੀ ਹੈ, ਕਿੰਨੀ ਸੰਤੁਸ਼ਟਤਾ ਹੈ ? ਜਿਥੇ ਪਿਆਰ ਨਹੀਂ ਉਥੇ ਕਿੰਨੀ ਭੁਖ ਹੈ, ਕਿੰਨੀ ਸੁੰਨਤਾ, ਕੇਡਾ ਖ਼ਲਾਅ ਕੇਡੀ ਪਿਆਰ ਊਣਤਾਈ ? ਕਿੰਨਾ ਬਦਕਿਸਮਤ ਹੈ ਉਹ ਮਨੁਖ ਜਿਨੂੰ ਜ਼ਿੰਦਗੀ ਵਿਚ ਪਿਆਰ ਨਹੀਂ ਮਿਲਦਾ ?

Scanned by CamScanner

"ਰੋ ਰਹੀ ਹੈਂ ਸ਼ੁਭਵੰਤ ?" ਜਾਂਬਾਜ਼ ਨੇ ਉਹਨੂੰ ਥਪਕਦਿਆਂ ਹੋਇਆ ਕਿਹਾ "ਕਿਉਂ ? ਇਹਦਾ ਕੀ ਕਾਰਨ ਹੈ। ਭੋਲੀਏ ਅੱਜ ਤਾਂ ਜਿਤ ਦੀ ਆਦਰਸ਼ ਉੱਤੇ ਪੁਜਣ ਦੀ ਤੇ ਗਗਨ ਨੂੰ ਛੋਹਣ ਦੀ ਖੁਸ਼ੀ ਹੋਣੀ ਚਾਹੀਦੀ ਹੈ।"

ਆਪਣੇ ਅਥਰੂਆਂ ਵਿਚੋਂ ਸ਼ੁਭਵੰਤ ਕੁਦੀ ਤੇ ਉਸ ਉਹੋ ਬਚਨ ਆਖੇ ਜਿਹੜੇ ਉਹਨੇ ਅੱਜ ਤੋਂ ਕੁਝ ਦਿਨ ਪਹਿਲੇ ਕਹੇ ਸਨ। ਪਤਾ ਨਹੀਂ ਕਿਨੀ ਵਾਰ ਸ਼ੋਭੀ ਨੇ ਇਹ ਸ਼ਬਦ ਆਖੇ ਸਨ। ਆਖਿਰ ਇਸਤਰੀ ਸੀ, ਖੁਸ਼ੀ ਤੇ ਗਮੀ, ਪਿਆਰ ਤੇ ਨਫਰਤ — ਇਸਤਰੀ ਵਾਸਤੇ ਇਹਨਾਂ ਨੂੰ ਪ੍ਰਗਟਾਣ ਦਾ ਅਥਰੂਆਂ ਤੋਂ ਚੰਗੇਰਾ ਤਰੀਕਾ ਹੋਰ ਕਿਹੜਾ ਹੈ ? ਤੀਵੀਂ ਦੇ ਸ਼ਬਦ ਉਹਦੇ ਅਥਰੂ ਹਨ। ਉਹਦੇ ਜਜਬਾਤਾਂ ਤੇ ਅਹਿਸਾਸਾਂ ਦਾ ਸਹੀ ਤਰਜਮਾਨ ਉਹਦੀ ਜ਼ਬਾਨ ਨਹੀਂ, ਉਹਦੇ ਅਥਰੂ ਹਨ...।

ਇਹੋ ਜਿਹੀਆਂ ਭਾਵੁਕ ਗੱਲਾਂ ਅਜੇ ਖ਼ਤਮ ਨਹੀਂ ਸਨ ਹੋਈਆਂ ਕਿ ਦਲੇਰ ਸਿੰਘ ਆਪਣੀ ਸੋਟੀ ਖੜਕਾਂਦਾ ਆ ਗਿਆ। ਉਹ ਵੀ ਅਜ ਸ਼ਾਮ ਜਾਂਬਾਜ਼ ਤੇ ਸ਼ੁਭਵੰਤ ਨਾਲ ਬਾਹਰ ਆਇਆ ਸੀ ਤੇ ਜਦੋਂ ਇਹ ਦੋਵੇਂ ਬੁਢੇ ਆਦਮੀ ਏਥੇ ਬੰਹ ਗਏ ਉਹ ਜਿਵੇਂ ਖੇਤਾਂ ਦਾ ਮੁਆਇਨਾ ਕਰਨ ਵਾਸਤੇ ਤੁਰ ਗਿਆ ਸੀ। ਕੋਈ ਅਧੇ ਘੰਟੇ ਪਿਛੋਂ ਉਹ ਪਰਤਿਆ ਹੋਣਾ ਹੈ। ਪਰ ਇਸ ਸਾਰੇ ਸਮੇਂ ਵਿਚ ਦਲੇਰ ਨੇ ਕੁਝ ਨਹੀਂ ਤਕਿਆ, ਕੁਝ ਨਹੀਂ ਗੋਲਿਆ। ਜੇ ਉਸ ਕੁਝ ਤਕਿਆ ਤਾਂ ਉਹ ਲਾਹੌਰ ਦੇ ਖਿਆਲੀ ਨਕਸ਼ੇ ਸਨ ਤੇ ਜੇ ਉਸ ਕੁਝ ਗੋਲਿਆ ਤਾਂ ਇਹੋ ਕਿ ਉਹ ਕਿਵੇਂ ਜਲਦੀ ਤੋਂ ਜਲਦੀ ਲਾਹੌਰ ਪਹੁੰਚ ਸਕਦਾ ਸੀ। ਜਦੋਂ ਉਹ ਆਪਣੇ ਦਾਦੇ ਤੇ ਦਾਦੀ ਕੋਲ ਮੁੜਿਆ ਤਾਂ ਉਸ ਆਉਂਦਿਆਂ ਨਾਲ ਆਪਣੀ ਸੋਟੀ ਜ਼ਮੀਨ ਉੱਤੇ ਜ਼ੋਰ ਨਾਲ ਮਾਰੀ ਤੇ ਆਖਿਆ : "ਬਾਬਾ ਅਸੀਂ ਐਸੇ ਵੇਲੇ ਹੀ ਲਾਹੌਰ ਕਿਉਂ ਨਹੀਂ ਜਾ ਸਕਦੇ ? ਮੈਨੂੰ ਪਤਾ ਹੈ ਮੈਨੂੰ ਕੋਈ ਲਾਹੌਰ ਲਿਜਾਣਾ ਹੀ ਨਹੀਂ ਚਾਹੁੰਦਾ।"

ਦਲੇਰ ਆਇਆ ਤੇ ਦੋ ਬਿਰਧ ਵਿਅਕਤੀਆਂ ਦਾ ਵਿਚਾਰਵਾਨ ਤੇ ਸੰਜੀਦਾ ਤੇ ਵਿਸ਼ਲੇਸ਼ਨਕ ਰੋਂ ਮੁਕ ਗਿਆ। ਇਉਂ ਹੀ ਸਦਾ ਬਚਪਨ ਬਿਰਧਪਨ ਨੂੰ ਆਪਣੀ ਝੋਲੀ ਵਿਚ ਲੈ ਲੈਂਦਾ ਹੈ। ਬਿਰਧ ਨਹੀਂ ਬਾਲਕ ਬਿਰਧ ਨੂੰ ਆਪਣੀ ਝੋਲੀ ਵਿਚ ਖਿਡਾਂਦਾ ਹੈ, ਬਿਰਧ ਦੀ ਨਹੀਂ ਬਾਲਕ ਦੀ ਦੁਨੀਆਂ ਵਧੇਰੇ ਵਿਸ਼ਾਲ ਤੇ ਚੌੜੀ ਹੁੰਦੀ ਹੈ। ਬਾਲਕ ਨਹੀਂ ਬਿਰਧ ਬਾਲਕ ਦੇ ਪਿਛੇ ਲਗਦਾ ਹੈ। ਬਾਲਕ ਨਹੀਂ ਬਿਰਧ ਬਾਲਕ ਦੀ ਦੋਸਤੀ ਦਾ ਦੰਮ ਭਰਦਾ ਹੈ।

ਦਲੇਰ ਇਹਨਾਂ ਦੋ ਵਿਅਕਤੀਆਂ ਕੋਲ ਆਇਆ ਤੇ ਇੰਜ ਜਾਪਿਆ ਜਿਵੇਂ ਕਿ ਸਿਵਾਏ ਖੇੜੇ ਤੇ ਛਣਕਦੇ ਹਾਸੇ ਦੇ ਇਸ ਦੁਨੀਆਂ ਵਿਚ ਕੁਝ ਹੋਰ ਹੋਵੇ ਹੀ ਨਾ, ਕਿ ਜਿਵੇਂ ਪਲੋਪਲੀ ਝੁਕੇ ਹੋਏ ਕਾਲੇ ਬਦਲ ਨਿਰਮਲ ਅਸਮਾਨ ਉੱਤੋਂ ਛੰਟ ਗਏ ਹੋਣ। ਦਲੇਰ ਇਹਨਾਂ ਬਿਰਧ ਵਿਅਕਤੀਆਂ ਕੋਲ ਆਇਆ ਤੇ ਸ਼ੋਭੀ ਨੂੰ ਆਪਣੇ ਅਥਰੂ ਪੂੰਝਣ ਦੀ ਲੋੜ ਹੀ ਨਾ ਪਈ। ਉਸ ਜਾਂਬਾਜ਼ ਦੇ ਮੋਢੇ ਉੱਤੋਂ ਆਪਣਾ ਮੂੰਹ ਚੁਕਿਆ ਤੇ ਉਹ ਅਥਰੂਆਂ ਵਿਚੋਂ ਹੀ ਹੱਸ ਪਈ। ਉਹਦੇ ਅਥਰੂ ਸੁਕ ਗਏ।

ਜਾਂਬਾਜ਼ ਵੀ ਹਾਸਆ। ਖਿੜ ਕੇ ਹਸਿਆ ਤੇ ਉਸ ਆਖਿਆ, "ਹਾਂ ਤੇ ! ਇਕ ਗੱਲ ਤਾਂ ਮੈਂ ਭੁਲ ਹੀ ਗਿਆ ਹਾਂ। ਤੂੰ ਜੀਊਂਦੀ ਰਹੀ ਹੈਂ ਤਾਂ ਜੋ ਲਾਹੌਰ ਵੇਖ ਸਕੇਂ।" ਤੇ ਸ਼ੋਭੀ ਨੇ ਜਾਂਬਾਜ਼ ਦੇ ਮੋਢੇ ਉੱਤੇ ਧੱਪਾ ਮਾਰਦਿਆਂ ਹੋਇਆਂ ਕਿਹਾ : "ਜਦੋਂ ਵਿਖਾਏਂਗਾ ਓਦੋਂ ਗੱਲ ਕਰੂੰ। ਅਜੇ ਤਕ ਤਾਂ ਲਾਰੇ ਹੀ ਲਾਉਂਦਾ ਆਇਆ ਹੈਂ।" ਹਾਂ, ਜਾਂਬਾਜ਼ ਪਿਛਲੇ ਤਿੰਨ ਚਾਰ ਦਿਨ ਤੋਂ ਸ਼ੋਭੀ ਨੂੰ ਤੇ ਦਲੇਰ ਨੂੰ ਲਾਹੌਰ ਲੈ ਜਾਣ ਦੇ ਲਾਰੇ ਲਾਉਂਦਾ ਆਇਆ ਸੀ। ਅੱਜ ਤੋਂ ਚਾਰ ਦਿਨ ਪਹਿਲੇ ਹਰਨਾਮ ਸਿੰਘ ਫ਼ਤਹ ਗੜ੍ਹ ਆਇਆ ਸੀ ਤੇ ਉਸ ਲਾਹੌਰ ਦੀ ਜਿੱਤ ਦੀ ਕਹਾਣੀ ਸੁਣਾਈ ਸੀ। ਉਹ ਆਪ ਸਰਦਾਰ ਲਹਿਣਾ ਸਿੰਘ ਕੋਲੋਂ ਮਾਤਾ ਸ਼ੁਭਵੰਤ ਕੌਰ ਤੇ ਬਾਬਾ ਜਾਂਬਾਜ਼ ਸਿੰਘ ਵਾਸਤੇ ਲਾਹੌਰ ਆਉਣ ਦਾ ਨਿਉਂਤਾ ਲਿਆਇਆ ਸੀ। ਸਰਦਾਰ ਲਹਿਣਾ ਸਿੰਘ ਭੰਗੀ ਨੇ ਕਿਹਾ ਸੀ :

"ਬਾਬਾ ਜ਼ਾਂਬਾਜ਼ ਸਿੰਘ ਤੇ ਮਾਤਾ ਸ਼ੁਭਵੰਤ ਕੌਰ ਨੂੰ ਕਹੀਂ ਕਿ ਲਾਹੌਰ ਤੁਹਾਨੂੰ ਉਡੀਕਦਾ ਹੈ। ਮੈਂ ਹੀ ਨਹੀਂ ਅਸੀਂ ਤਿੰਨੇ ਭੰਗੀ ਸਰਦਾਰ ਮਿਲ ਕੇ ਪੰਥ ਦੇ ਇਹਨਾ ਦੋ ਰਤਨਾਂ ਦਾ ਆਦਰ ਕਰਾਂਗੇ। ਅਸੀਂ ਉਹਨਾਂ ਨੂੰ ਉਹ ਮਾਣ ਦੇਵਾਂਗੇ ਕਿ ਲਾਹੌਰ ਦਾ ਨਗਰ ਵਰ੍ਹਿਆਂ ਤਕ ਇਸ ਅਵਸਰ ਨੂੰ ਨਹੀਂ ਭੁਲੇਗਾ। ਦਲੇਰ ਸਭ ਤੋਂ ਕਾਹਲਾ ਸੀ। ਹਰਨਾਮ ਦੀਆਂ ਗੱਲਾਂ ਸੁਣਦਿਆਂ ਸਾਰ ਹੀ ਉਸ ਕਿਹਾ : "ਚਲੋ ਬਾਬਾ ਸਵੇਰੇ ਹੀ ਲਾਹੌਰ ਚਲੀਏ...।" ਬਾਬੇ ਨੇ ਉਸ ਵੇਲੇ ਲਾਡ, ਲਾਡ ਵਿਚ ਹਾਂ ਕਰ ਦਿਤੀ ਪਰ ਅੰਡੀ ਜਲਦੀ ਜਾਣ ਥੋੜਾ ਹੁੰਦਾ ਸੀ ? ਤਿਆਰੀ ਤਿਆਰੀ ਵਿਚ ਦੋ ਚਾਰ ਦਿਨ ਤਾਂ ਲਗ ਜਾਣੇ ਸਨ। ਤਿਆਰੀ ਵੀ ਕਿਹੜੀ ਘਟ ਹੋਣੀ ਸੀ ? ਆਖਿਰ ਜਾਂਬਾਜ਼ ਤੇ ਉਹਦਾ ਟੱਬਰ ਲਾਹੌਰ ਜਾ ਰਹੇ ਸਨ ? ਸ਼ੋਭੀ ਤੇ ਸੁਬੇਗ ਦੇ ਮਿਹਰ ਤੇ ਦਲੇਰ ਦੀਆਂ ਚਾਹਾਂ ਦੀ ਮੰਜ਼ਲ ਸਰ ਹੋਣ ਵਾਲੀ ਸੀ ! ਫਿਰ ਬਾਬੇ ਜ਼ਾਂਬਾਜ਼ ਤੇ ਮਾਤਾ ਸ਼ੁਭਵੰਤ ਦਾ ਲਾਹੌਰ

Scanned by CamScanner

ਵਿਚ ਆਦਰ ਤੇ ਮਤਿਕਾਰ ਹੋਣਾ ਸੀ। ਤਿਆਰੀ ਦੀ ਕਿਵੇਂ ਲੋੜ ਨਾ ਹੁੰਦੀ ? ਤੇ ਅੰਤ ਉਹਨਾਂ ਨੇ ਫੈਸਲਾ ਕੀਤਾ ਸੀ ਕਿ ਉਹ ਸਾਰੇ ਕਲ ਸਵੇਰੇ ਲਾਹੌਰ ਲਈ ਟਰ ਪੈਣਗੇ।

ਅੱਜ ਸ਼ਾਮੀਂ ਏਸੇ ਲਈ ਜਾਂਬਾਜ਼ ਸ਼ੁਭਵੰਤ ਨੂੰ ਬਾਹਰ ਖੇਤਾਂ ਵਿਚ ਲੈ ਆਇਆ। ਇਹ ਛਤਹ ਗੜ੍ਹ ਵਿਚ ਉਹਨਾਂ ਦੀ ਆਖ਼ਰੀ ਸ਼ਾਮ ਤੇ ਆਖ਼ਰੀ ਰਾਤ ਸੀ ਤੇ ਜਾਂਬਾਜ ਨੇ ਸ਼ੋਭੀ ਨਾਲ ਗੱਲਾਂ ਕਰਨੀਆਂ ਸਨ। ਕਈ ਗੱਲਾਂ, ਪੁਰਾਣੀਆਂ ਗੱਲਾਂ ਤੇ ਨਵੀਆਂ ਗੱਲਾਂ। ਸ਼ੁਭਵੰਤ ਨੇ ਵੀ ਜਾਂਬਾਜ਼ ਨੂੰ ਬੜਾ ਕੁਝ ਆਖਣਾ ਸੀ, ਬੜਾ ਕੁਝ ਦਸਣਾ ਸੀ। ਚਾਹੇ ਬੋਲ ਕੇ ਚਾਹੇ ਸਿਰਫ ਮੂਕ ਅਥਰੂਆਂ ਨਾਲ। ਇਹ ਦਿਨ ਉਹਨਾਂ ਦੇ ਮਿਲਾਪ ਤੇ ਸਾਥ ਦੀ ਪੂਰਤੀ ਦੇ ਦਿਨ ਸਨ !

ਉਹ ਦੋਵੇਂ ਬਾਹਰ ਆਏ ਤੇ ਉਹਨਾਂ ਦੇ ਨਾਲ ਆਇਆ ਦਲੇਰ। ਜੇ ਉਹ ਨਾਲ ਨਾ ਵੀ ਆਉਣਾ ਚਾਹੁੰਦਾ ਤਾਂ ਵੀ ਜਾਂਬਾਜ਼ ਤੇ ਸ਼ੁਭਵੰਤ ਉਹਨੂੰ ਲੈ ਆਉਂਦੇ। ਬਾਲਕ ਬਿਰਧ ਦੀ ਸਭ ਤੋਂ ਵਡੀ ਭੰਗੇੜੀ ਹੈ। ਬਾਲਕਾਂ ਤੇ ਬਚਿਆਂ ਤੋਂ ਬਗੈਰ ਬਿਰਧਾਂ ਨੂੰ ਜ਼ਿੰਦਗੀ ਕਟਣੀ ਮੁਸ਼ਕਲ ਜਾਪਦੀ ਹੈ। ਬਿਰਧ ਨੂੰ ਹੋਰ ਕੋਈ ਐਨਾ ਨਹੀਂ ਸਮਝਦਾ ਜਿੰਨਾ ਕਿ ਬਾਲਕ। ਬੱਚੇ ਨਾਲ ਬਿਰਧ ਹਰ ਤਰ੍ਹਾਂ ਦੀਆਂ ਗੱਲਾਂ ਕਰ ਸਕਦਾ ਹੈ, ਮੁਹਮਲ ਵੀ, ਸਿਆਣੀਆਂ ਵੀ, ਫ਼ਲਸਫ਼ਿਕ ਵੀ ਤੇ ਕਾਵਿਮਈ ਵੀ : ਬਾਲਕ ਬਿਰਧ ਨੂੰ ਮੂਰਖ ਕਹਿਣ ਤੋਂ ਅਸਮੂਥ ਹੁੰਦਾ ਹੈ ਜਿਹੜੀ ਗਲ ਕਿ ਨੌਜਵਾਨ ਜੇ ਅਧੇੜ ਉਮਰ ਦੇ ਆਦਮੀ ਕਹਿਣ ਤੋਂ ਦਰੇਗ ਨਹੀਂ ਕਰਦੇ।

ਬੱਚੇ ਵਾਸਤੇ ਵੀ ਬਿਰਧ ਦੀ ਸੰਗਤ ਸੁਖਾਵੀਂ ਹੁੰਦੀ ਹੈ। ਹੋਰ ਕੋਈ ਬੱਚੇ ਨੂੰ ਕਦੀ ਉਸ ਤਰ੍ਹਾਂ ਲਾਡ ਨਹੀਂ ਲੜਾ ਸਕਦਾ ਜਿਵੇਂ ਕਿ ਬਿਰਧ। ਸਿਰਫ ਬਿਰਧ ਹੀ ਬੱਚੇ ਦੀ ਹਰ ਕਹਿਣੀ ਵਿਚ ਹਾਂ ਮਿਲਾ ਸਕਦਾ ਹੈ। ਸਿਰਫ਼ ਬਿਰਧ ਕੋਲ ਹੀ ਏਨੀ ਵਿਹਲ ਹੁੰਦੀ ਹੈ ਕਿ ਉਹ ਬੱਚੇ ਦੀਆਂ ਕਹਾਣੀਆਂ ਸੁਣ ਸਕੇ ਤੇ ਉਹਨੂੰ ਕਹਾਣੀਆਂ ਸੁਣਾ ਸਕੇ। ਬੱਚੇ ਦੀ ਕਹਾਣੀਆਂ ਤੇ ਅਦਿਖ ਵਾਸਤੇ ਲਾਲਸਾ ਤੇ ਉਤਸਕਤਾ ਸਿਰਫ਼ ਇਕ ਬਿਰਧ ਹੀ ਪੂਰ ਸਕਦਾ ਹੈ।

ਜਾਂਬਾਜ਼ ਤੇ ਸ਼ੋਭੀ ਵਾਸਤੇ ਦਲੇਰ ਏਸੇ ਲਈ ਇਕ ਨਾ ਵਖਰਿਆਂ ਹੋਣ ਵਾਲਾ ਸਾਥੀ ਸੀ। ਇਹ ਹੀ ਨਹੀਂ, ਉਹਨਾਂ ਵਿਚ ਤੇ ਦਲੇਰ ਵਿਚ ਇਕ ਹੋਰ ਵੀ ਸਾਂਝ ਸੀ ਜਿਹੜੀ ਸ਼ਾਇਦ ਆਮ ਬਿਰਧਾਂ ਤੇ ਬਾਲਕਾਂ ਵਿਚ ਨਹੀਂ ਹੁੰਦੀ।

ਸ਼ੁਭਵੰਤ ਤੇ ਜਾਂਬਾਜ਼ ਦੋਵੇਂ ਹੀ ਲਗਨਾਂ ਜੂੜੇ ਮਨੁੱਖ ਸਨ। ਬੜੇ ਵਰ੍ਹਿਆਂ ਤੋਂ ਦੋਹਾਂ ਨੇ ਇਕ ਆਦਰਸ਼ ਵਾਸਤੇ ਘਾਲਾਂ ਘਾਲੀਆਂ ਸਨ। ਬੇਸ਼ਕ ਅੱਜ ਉਹ ਜਿੱਤ ਗਏ ਸਨ ਤੇ ਉਹਨਾਂ ਦੇ ਆਦਰਸ਼ ਪੂਰੇ ਹੋਏ ਸਨ ਪਰ ਤਾਂ ਵੀ ਉਹਨਾਂ ਦੀ ਲਗਨ ਤੇ ਆਦਰਸ਼ ਵਾਸਤੇ ਖਿਚ ਮੁਕੀ ਨਹੀਂ ਸੀ। ਉਹਨਾਂ ਦਾ ਸਿਖੀ ਸਿਦਕ ਤੇ ਸਿਖੀ ਪਿਆਰ ਬੇਇਨਤਹਾ ਸੀ। ਇਸ ਪਿਆਰ ਤੇ ਸਿਦਕ ਦੀ ਕੋਈ ਸੀਮਾਂ ਨਹੀਂ ਸੀ। ਉਹ ਦੋਵੇਂ ਸਮਝਦੇ ਸਨ ਕਿ ਇਹ ਆਦਰਸ਼ ਦੀ ਪੂਰਤੀ ਤੇ ਇਹ ਜਿਤ ਤਾਂ ਸਿਰਫ ਆਦਿ ਹਨ ਸਿਖਰ ਨਹੀਂ।

ਉਹ ਸਮਝਦੇ ਸਨ ਕਿ ਹੁਣ ਤੋਂ ਖ਼ਾਲਸੇ ਨੂੰ ਸਗੋਂ ਅਗੇ ਨਾਲੋਂ ਵੀ ਵਧ ਚੇਤੰਨ ਰਹਿਣਾ ਚਾਹੀਦਾ ਹੈ। ਹੁਣ ਖ਼ਾਲਸਾ ਰਾਜ ਨੂੰ ਬਰਕਰਾਰ ਰਖਣ ਦਾ ਮਸਲਾ ਸਾਹਮਣੇ ਹੈ। ਹੁਣ ਤੋਂ ਖ਼ਾਲਸੇ ਨੂੰ ਉਚੇਚੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਮਹਾਨ ਤੇ ਉਚ ਅਸੂਲਾਂ ਤੋਂ ਡਿਗਦਾ ਨਹੀਂ, ਕਿ ਉਹ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ।

ਤੇ ਦਲੇਰ ਉਹਨਾਂ ਦੀਆਂ ਇਹੋ ਜਿਹੀਆਂ ਚਾਹਾਂ ਜ਼ਾਂ ਲਾਲਸਾਵਾਂ ਜਾਂ ਮਨੋਭਾਵਾਂ ਦਾ ਨਾਇਕ ਸੀ। ਉਹ ਦਲੇਰ ਵਿਚ ਇਕ ਚੰਗੇ ਤੇ ਸੰਪੂਰਨ ਸਿਖ ਦੇ ਸਭ ਗੁਣ ਪ੍ਰਕਾਸ਼ਮਾਨ ਹੁੰਦੇ ਵੇਖਦੇ ਸਨ। ਉਹ ਚਾਹੁੰਦੇ ਸਨ ਕਿ ਜਦੋਂ ਉਹ ਨਾ ਰਹਿਣ ਤਾਂ ਦਲੇਰ ਸਿੰਘ ਉਹਨਾਂ ਦੀ ਬੁਧੀ, ਉਹਨਾਂ ਦੇ ਅਹਿਸਾਸਾਂ, ਉਹਨਾਂ ਦੇ ਦਿਲਾਂ ਤੇ ਉਹਨਾਂ ਦੇ ਸਭ ਗੁਣਾਂ ਦਾ ਵਾਰਸ ਬਣੇ। ਏਸੇ ਲਈ ਸ਼ੁਭਵੰਤ ਸਦਾ ਕਿਹਾ ਕਰਦੀ ਸੀ ਕਿ ਮਹਾਨ ਨੇਤਾਵਾਂ ਤੇ ਮਹਾਨ ਗੁਰਮੁਖਾਂ ਦੀ ਝੋਲੀ ਵਿਚ ਬੈਠ ਕੇ ਨਿਰਸੰਦੇਹ ਦਲੇਰ ਆਪ ਵੀ ਇਕ ਮਹਾਨ ਨੇਤਾ ਤੇ ਮਹਾਨ ਸਿਖ ਬਣੇਗਾ। ਦਲੇਰ ਦੇ ਮਹਾਨ ਬਣਨ ਵਾਸਤੇ ਚਾਹ ਸ਼ੁਭਵੰਤ ਤੇ ਜਾਂਬਾਜ਼ ਦੀ ਉਹ ਚਾਹ ਸੀ ਜਿਸ ਨਾਲ ਉਹ ਆਪਣੇ ਆਪ ਨੂੰ ਦੁਨੀਆਂ ਵਿਚ ਸਦਾ ਲਈ ਕਾਇਮ ਰਖਣ ਦੇ ਲਾਲਸਈ ਸਨ। ਅੱਜ ਸ਼ਾਮ ਦਲੇਰ ਆਇਆ ਤੇ ਉਸ ਬਾਬੇ ਉੱਤੇ ਇਲਜ਼ਾਮ ਲਾਇਆ। "ਮੈਨੂੰ ਪਤਾ ਹੈ ਮੈਨੂੰ ਕੋਈ ਲਾਹੌਰ ਲੈ ਜਾਣਾ ਹੀ ਨਹੀਂ ਚਾਹੁੰਦਾ।" ਇਹ ਸ਼ਬਦ ਸੁਣ ਕੇ ਜਾਂਬਾਜ਼ ਤੇ ਸ਼ੁਭਵੰਤ ਹੱਸੇ। ਥੋੜੀ ਦੇਰ ਪਿਛੋਂ ਜਾਂਬਾਜ਼ ਨੇ ਆਖਿਆ: "ਜੇ ਮੈਂ ਤੈਨੂੰ ਲਾਹੌਰ ਨਹੀਂ ਲੈ ਜਾਣਾ ਤਾਂ ਹੋਰ ਕਿਨੂੰ ਲੈ ਜਾਣਾ ਹੈ ? ਆਪਣੇ ਆਪ ਨੂੰ ?" ਦਲੇਰ ਗੁੱਸੇ ਜਾਪਦਾ ਸੀ। ਉਹ ਕਹਿੰਦਾ ਗਿਆ : "ਇਹੋ ਹੀ ਗੱਲ ਹੈ, ਬਾਬਾ ! ਆਪ ਲਾਹੌਰ ਵੇਖ ਆਇਆਂ ਹੈ ਨਾ ਏਸੇ ਲਈ। ਮੇਰੀ ਤੈਨੂੰ ਪ੍ਰਵਾਹ

Scanned by CamScanner

ਨਹੀਂ ਜਾਪਦੀ।" ਜਾਂਬਾਜ਼ ਨੇ ਉਠ ਕੇ ਦਲੇਰ ਨੂੰ ਛਾਤੀ ਨਾਲ ਲਾ ਲਿਆ।

"ਕੱਲ੍ਹ ਸਵੇਰੇ ਜ਼ਰੂਰ ਚਲਾਂਗੇ ਦਲੇਰਾ, ਤੂੰ ਸਿਰਫ਼ ਲਾਹੌਰ ਵੇਖਣਾ ਹੀ ਨਹੀਂ ਤੂੰ ਸਗੋਂ ਓਥੇ ਹੀ ਵੜਾ ਪੈਣਾ ਹੈ ਤੇ ਸਿਖ ਪੰਥ ਦੀ ਆਭਾ ਨੂੰ ਕਾਇਮ ਰਖਣਾ ਹੈ। ਤੂੰ ਮੇਰੀ, ਆਪਣੇ ਦਾਦਾ ਸ਼ਾਹਬਾਜ਼, ਆਪਣੀ ਮਾਤਾ ਸ਼ੁਭਵੰਤ ਤੇ ਪੈਰ ਸਾਰੇ ਮਾਹਿਲ ਟੱਬਰ ਦੀ ਸ਼ਾਨ ਨੂੰ ਬਰਕਰਾਰ ਰਖਣਾ ਹੈ।" ਏਨੇ ਵਿਚ ਸੂਰਜ ਛਿਪ ਗਿਆ। ਜਾਂਬਾਜ਼ ਤੇ ਸ਼ੁਭਵੰਤ ਤੇ ਦਲੇਰ ਪਿੰਡ ਵਲ ਮੁੜ ਪਏ। "ਕਲ੍ਹ ਸੂਰਜ ਉਦਯ ਦੇ ਨਾਲ ਅਸੀਂ ਆਪਣੀ ਮੰਜ਼ਿਲ ਦੇ ਅੰਤ ਉੱਤੇ ਪਹੁੰਚਣ ਵਾਸਤੇ ਟੂਰ ਪਵਾਂਗੇ।" ਜਾਂਬਾਜ਼ ਨੇ ਕਿਹਾ। "ਬੇਸ਼ਕ ਜਾਂਬਾਜ਼। ਕੱਲ੍ਹ ਸਾਡੇ ਸਭਨਾਂ ਦੇ ਆਦਰਸ਼ ਪੂਰੇ ਹੋਣਗੇ।"

"ਮੈਂ ਸਦਾ ਮਾਹਿਲ ਖ਼ਾਨਦਾਨ ਦੀ ਸ਼ਾਨ ਬਰਕਰਾਰ ਰਖਾਂਗਾ।" ਅੱਠ ਸਾਲਾਂ ਦੇ ਦਲੇਰ ਨੇ ਇਸ ਤਰ੍ਹਾਂ ਪੱਕੇ ਮੂੰਹ ਤੇ ਪੱਕੇ ਇਰਾਦੇ ਨਾਲ ਕਿਹਾ, ਜਿਵੇਂ ਕਿ ਪੰਝੀ ਤੀਹ ਕੁ ਸਾਲ ਦਾ ਜੁਆਨ ਕੋਈ ਪ੍ਰਣ ਕਰਦਾ ਹੈ।

੭੫

ਪੂਰਬ ਵਲੋਂ ਸੂਰਜ ਉਦਯ ਹੋ ਰਿਹਾ ਸੀ। ਮਾਹਿਲ ਟੱਬਰ ਲਾਹੌਰ ਜਾਣ ਵਾਸਤੇ ਤਿਆਰ ਸੀ। ਸਭ ਛਤਹ ਕੁ ਨਿਵਾਸੀ ਤੇ ਆਲੇਦੁਆਲੇ ਦੇ ਕਈ ਆਦਮੀ ਇਸ ਟੱਬਰ ਨੂੰ ਸ਼ੁਭ-ਵਿਦਾਇਗੀ ਕਹਿਣ ਲਈ ਇਕੱਠੇ ਹੋ ਚੁਕੇ ਸਨ। ਗੱਡਾ ਜੁੱਪਿਆ ਖਲੋਤਾ ਸੀ। ਘੋੜਿਆਂ ਉੱਤੇ ਕਾਠੀਆਂ ਪਾਈਆਂ ਜਾ ਚੁਕੀਆਂ ਸਨ। ਸਭ ਖ਼ਲਕਤ ਜਾਣਦੀ ਸੀ ਕਿ ਸਰਦਾਰ ਲਹਿਣਾ ਸਿੰਘ ਨੇ ਹਰਨਾਮ ਸਿੰਘ ਹੱਥ ਕੀ ਸੁਨੇਹਾ ਘਲਿਆ ਹੈ। ਬਾਬਾ ਜਾਂਬਾਜ਼ ਸਿੰਘ ਤੇ ਮਾਤਾ ਸ਼ੁਭਵੰਤ ਕੌਰ ਦਾ ਸਭ ਭੰਗੀ ਸਰਦਾਰਾਂ ਨੇ ਬੜਾ ਆਦਰ ਤੇ ਮਾਣ ਕਰਨਾ ਸੀ। ਉਹ ਵੀ ਆਦਰ ਤੇ ਮਾਣ ਨਾਲ ਉਹਨਾਂ ਨੂੰ ਛਤਹ ਗੜ੍ਹ ਤੋਂ ਵਿਦਿਆ ਕਰਨਾ ਚਾਹੁੰਦੇ ਸਨ।

ਸੂਰਜ ਉਦਯ ਹੋਣ ਸਮੇਂ ਜਾਂਬਾਜ਼ ਨੇ ਆਪਣੇ ਘੋੜੇ ਉੱਤੇ ਪਲਾਕੀ ਮਾਰੀ। ਹਰਨਾਮ ਸਿੰਘ ਨੇ ਦਲੇਰ ਸਿੰਘ ਨੂੰ ਚੁਕ ਕੇ ਜਾਂਬਾਜ਼ ਦੇ ਅਗੇ ਬਿਠਾ ਦਿਤਾ। ਫਿਰ ਉਹ ਆਪ ਵੀ ਆਪਣੇ ਘੋੜੇ ਉੱਤੇ ਚੜ੍ਹ ਬੈਠਾ। ਮਿਹਰ ਸਿੰਘ ਕੋਲ ਆਪਣਾ ਘੋੜਾ ਸੀ। ਸ਼ੁਭਵੰਤ ਤੇ ਜੀਵਨ ਕੌਰ ਅਤੇ ਸੁਰਿੰਦਰ ਕੌਰ ਗੱਡੇ ਉੱਤੇ ਬੈਠ ਗਈਆਂ। ਛਤਹ ਗੜ੍ਹ ਦੇ ਤਿੰਨ ਚੋਣ ਆਦਮੀ ਵੀ ਨਾਲ ਸਨ। ਸੁਬੇਗ ਸਿੰਘ ਆਪਣੀ ਦੁਸਾਂਘੀ ਦੇ ਸਹਾਰੇ ਪੈਦਲ ਟੁਰਿਆ। ਲੋਕਾਂ ਦੀ ਜ਼ਿੱਦ ਦੇ ਉੱਤਰ ਵਿਚ ਉਸ ਕਿਹਾ ਕਿ ਉਹ ਪਿੰਡੋਂ ਬਾਹਰ ਨਿਕਲ ਕੇ ਗੱਡੇ ਉੱਤੇ ਬਹਿ ਜਾਏਗਾ।

ਜਾਂਬਾਜ਼ ਨੇ "ਵਾਹਿਗੁਰੂ ਜੀ ਦਾ ਖ਼ਾਲਸਾ ਤੇ ਵਾਹਿਗੁਰੂ ਜੀ ਦੀ ਫਤਹ" ਗਜਾਈ ਤੇ ਫਿਰ ਜੁੜੀ ਖਲਕਤ ਵਿਚੋਂ "ਬੋਲੇ ਸੋ ਨਿਹਾਲ ਤੇ ਸਤਿ ਸ੍ਰੀ ਅਕਾਲ" ਦੇ ਜੈਕਾਰੇ ਉੱਚੇ ਹੋਏ : ਤੇ ਇਉਂ ਸੂਰਜ ਉਦਯ ਨਾਲ ਇਹ ਕਾਫ਼ਲਾ ਲਾਹੌਰ ਵਲ ਟੁਰ ਪਿਆ। ਪਿੰਡੋਂ ਨਿਕਲਦਿਆਂ ਦਲੇਰ ਸਿੰਘ ਨੇ ਪੁਛਿਆ, "ਬਾਬਾ! ਜੇ ਅਸੀਂ ਜਿਤ ਗਏ ਹਾਂ ਤਾਂ ਕੀ ਹੁਣ ਹੋਰ ਲੜਾਈਆਂ ਨਹੀਂ ਹੋਣਗੀਆਂ? ਮੈਂ ਵਡਾ ਹੋ ਕੇ ਕੀ ਕਰਾਂਗਾ ਬਾਬਾ!"

ਬਾਬਾ ਜਾਂਬਾਜ਼ ਹੱਸਿਆ ਤੇ ਉਸ ਆਪਣੇ ਅਗੇ ਬੈਠੇ ਦਲੇਰ ਦੀ ਪਗੜੀ ਨੂੰ ਚੁੰਮ ਕੇ ਕਿਹਾ, "ਅੱਗੇ ਬੜੀਆਂ ਮੁਹਿੰਮਾਂ ਬਾਕੀ ਹਨ, ਦਲੇਰ! ਮੈਨੂੰ ਤਾਂ ਜਾਪਦਾ ਹੈ ਕਿ ਖ਼ਾਲਸੇ ਨੂੰ ਹਰ ਹਮੇਸ਼ ਲਈ ਔਕੜਾਂ ਦਾ ਸਾਹਮਣਾ ਕਰਨਾ ਪਏਗਾ। ਤੇਰੇ ਤੇ ਤੇਰੇ ਜਿਹੇ ਹੋਰਨਾਂ ਯੁਵਕਾਂ ਵਾਸਤੇ ਅਜੇ ਬੜਾ ਕੁਝ ਕਰਨ ਵਾਲਾ ਹੈ! ਕੀ ਤੂੰ ਤਿਆਰ ਹੈਂ ਦਲੇਰ?"

Scanned by CamScanner

ਜਾਂਬਾਜ਼ ਮੁਸਕਰਾਇਆ । "ਹਾਂ ਬਾਬਾ ! ਅੱਜ ਭੋਂ ਨਹੀਂ ਮੈਂ ਭਾਂ ਵਰ੍ਹਿਆਂ ਤੋਂ ਤਿਆਰ ਬਰ ਤਿਆਰ ਹਾਂ ਤੇ ਚੜ੍ਹਦੀਆਂ ਕਲਾਂ ਵਿਚ ਹਾਂ ।" "ਬੇਸ਼ਕ ਪੁੱਤਰ ! ਇਹ ਅਜੋਕੀ ਜਿਤ ਤੇ ਬਲ ਖ਼ਾਲਸੇ ਦਾ ਅੰਤਲਾ ਪੜਾਅ ਨਹੀਂ ਸਿਰਫ ਇਕ ਅਰੰਭਕ ਕਦਮ ਹੈ । ਅਜੇ ਬੜਾ ਕੁਝ ਆਉਣ ਵਾਲਾ ਹੈ ।" "ਬਾਬਾ ! ਤਾਂ ਮੈਂ ਖਾਲਸੇ ਦੀ ਸ਼ਕਤੀ ਦਾ ਅੰਤਲਾ ਪੜਾਅ ਜ਼ਰੂਰ ਤਕਾਂਗਾ ।" "ਕਿਉਂ ਨਹੀਂ ਮੇਰੇ ਪੁੱਤਰ ! ਤੂੰ ਖ਼ਾਲਸੇ ਦੇ ਚਮਤਕਾਰਾਂ ਦਾ ਉਹ ਪਸਾਰਾ ਤਕੇਂਗਾ ਜਿਸ ਦੀ ਆਭਾ ਦੁਨੀਆਂ ਨੂੰ ਚੁੰਧਿਆ ਦੇਵੇਗੀ ।"

Scanned by CamScanner

ਲੱਖ ਨਗਾਰੇ ਵੱਜਨ ਆਮੁੰ ਸਾਮੁਣੇ ॥
ਰਾਕਸ ਰਣੋਂ ਨਾ ਭੱਜਨ ਰੋਹੇ ਰੋਹਲੇ ॥
ਸੀਹਾਂ ਵਾਂਗੂ ਗੱਜਨ ਸੱਭੇ ਸੂਰਮੇ ॥
ਤਹਿ ਤਣਿ ਕੈਬਰ ਛੱਡਣ ਦੁਰਗਾ ਸਾਮਣੇ ॥

Scanned by CamScanner

੭੬

"ਕਿਲੇ ਦੀ ਉੱਤਰੀ ਬਾਹੀ ਵਿਚ ਪਾੜ ਪੈ ਗਿਆ ਹੈ, ਸਰਦਾਰ ਜੀ !" ਹਉਂਕਦੇ ਹੋਏ ਅਨੰਤ ਸਿੰਘ ਨੇ ਇਹ ਖ਼ਬਰ ਕੁੱਮੇਦਾਨ ਹਰਪਾਲ ਸਿੰਘ ਨੂੰ ਸੁਣਾਈ। ਜਮਰੌਦ ਕਿਲੇ ਦੀ ਪੱਛਮੀ ਬਾਹੀ ਦੇ ਚੌਥੇ ਮੋਰਚੇ ਉੱਤੇ ਕੰਮ ਕਰਦੇ ਤੋਪਚੀਆਂ ਦੇ ਦਿਲ ਇਹ ਖ਼ਬਰ ਸੁਣਦਿਆਂ ਹੀ ਦਹਿਲ ਗਏ। ਚਿਹਰਿਆਂ ਉੱਤੇ ਘਬਰਾਹਟ ਦੇ ਚਿੰਨ੍ਹ ਉਤਪੰਨ ਹੋ ਗਏ। ਇਕ ਸਿਪਾਹੀ ਦੇ ਹੱਥੋਂ ਪਲੀਤਾ ਡਿੱਗ ਪਿਆ। ਦੂਜਾ ਜਿਹੜਾ ਇਕ ਤੋਪ ਦੇ ਪਹੀਏ ਦੀ ਮੁਰੰਮਤ ਕਰ ਰਿਹਾ ਸੀ, ਹਥੌੜੀ ਆਪਣੇ ਹੱਥ ਉੱਤੇ ਮਾਰ ਬੈਠਾ। ਪਰ ਕੁੱਮੇਦਾਨ ਹਰਪਾਲ ਸਿੰਘ ਨੇ ਇਉਂ ਅਨੰਤ ਸਿੰਘ ਵਲ ਵੇਖਿਆ ਕਿ ਜਿਵੇਂ ਉਹਨੂੰ ਇਸ ਖਬਰ ਦੀ ਅਗਦੋਂ ਹੀ ਸੰਅ ਹੋਵੇ।

"ਮੋਰਚੇ ਨੰਬਰ ਬਾਰਾਂ ਦੇ ਕੋਲ ਨਾ ?" "ਜੀ ਸਰਦਾਰ ਜੀ। ਤੁਸੀਂ ਜਲਦੀ ਚਲੋ। ਸਰਦਾਰ ਮਹਾਂ ਸਿੰਘ ਤੁਹਾਨੂੰ...।" "ਪਠਾਣ ਅਜੇ ਕਿੰਨੀ ਕੁ ਦੂਰ ਹਨ ?" ਕੁੱਮੇਦਾਨ ਹਰਪਾਲ ਸਿੰਘ ਨੇ ਅਨੰਤ ਸਿੰਘ ਦੀ ਗੱਲ ਟੋਕਦਿਆਂ ਹੋਇਆਂ ਪੁਛਿਆ।

"ਉਹ ਤਾਂ ਅਜੇ ਅਗੇ ਨਹੀਂ ਵਧੇ ਸਰਦਾਰ ਜੀ, ਪਰ ਸਰਦਾਰ ਮਹਾਂ ਸਿੰਘ ਤੁਹਾਨੂੰ ਯਾਦ ਕਰਦੇ ਹਨ।" ਅਨੰਤ ਸਿੰਘ ਨੇ ਹੌਲੇ ਹੌਲੇ ਠਰੰਮੇ ਨਾਲ ਕਿਹਾ ਤੇ ਉਹਦਾ ਸਿਰ ਝੁੱਕ ਗਿਆ। ਉਹਨੂੰ ਜਿਵੇਂ ਆਪਣੀ ਕਾਹਲੀ ਤੇ ਘਬਰਾਹਟ ਉੱਤੇ ਸ਼ਰਮ ਆਈ ਹੋਵੇ। ਕੁੱਮੇਦਾਨ ਹਰਪਾਲ ਸਿੰਘ ਦੇ ਸ੍ਵੈ-ਵਿਸ਼ਵਾਸ਼ਕ ਲਹਿਜੇ ਨੇ ਜਾਪਦਾ ਸੀ ਉਹਦੇ ਸਿਦਕ ਤੇ ਦ੍ਰਿੜ੍ਹਤਾ ਨੂੰ ਪ੍ਰਵੱਲਤ ਕਰ ਦਿਤਾ ਹੈ। "ਮੋਰਚੇ ਨੰਬਰ ਛੇ, ਸੱਤ, ਅੱਠ, ਤੇ ਨੌਂ ਦੀਆਂ ਵਡੀਆਂ ਤੋਪਾਂ ਨੂੰ ਹੁਕਮ ਹੋਵੇ ਕਿ ਉਹ ਬਾਰ੍ਹਵੇਂ ਮੋਰਚੇ ਉੱਤੇ ਪਹੁੰਚ ਜਾਣ। ਮੈਂ ਹੁਣੇਂ ਆਉਂਦਾ ਹਾਂ," ਤੇ ਫਿਰ ਹਰਪਾਲ ਸਿੰਘ ਚੌਥੇ ਮੋਰਚੇ ਦੇ ਤੋਪਚੀਆਂ ਨੂੰ ਕਹਿੰਦਾ ਗਿਆ : "ਤੁਸੀਂ ਏਥੇ ਹੀ ਡਟੇ ਰਹਿਣਾ। ਇਹ ਦੋਵੇਂ ਤੋਪਾਂ ਜਲਦੀ ਤੋਂ ਜਲਦੀ ਮੁਰੰਮਤ ਕੀਤੀਆਂ ਜਾਣ। ਕਿਸੇ ਹੋਰ ਮੋਰਚੇ ਦਾ ਕੋਈ ਤੋਪਚੀ ਬਾਰ੍ਹਵੇਂ ਮੋਰਚੇ ਉੱਤੇ ਨਾ ਆਵੇ। ਸਮਝੇ..." ਤੇ ਸਰਦਾਰ ਹਰਪਾਲ ਸਿੰਘ ਆਪ ਬਾਰ੍ਹਵੇਂ ਮੋਰਚੇ ਵਲ ਤੁਰ ਪਿਆ।

ਚੌਥੇ ਮੋਰਚੇ ਦੇ ਤੋਪਚੀ ਹੈਰਾਨ, ਕਿਸੇ ਮੂੰਹੋਂ ਗੱਲ ਨਾ ਨਿਕਲੇ। ਇਕ ਦੂਜੇ ਵਲ ਤੱਕਦੇ ਉਹ ਸੋਚ ਰਹੇ ਸਨ ਕਿ ਕੁੱਮੇਦਾਨ ਹਰਪਾਲ ਸਿੰਘ ਨੇ ਇਹੋ ਜਿਹਾ ਜਿਗਰਾ ਤੇ ਹੌਸਲਾ ਕਿਥੋਂ, ਕਿਵੇਂ ਤੇ ਕਦੋਂ ਪਾਇਆ। ਉਨ੍ਹਾਂ ਨੂੰ ਆਪਣੀ ਘਬਰਾਹਟ ਉੱਤੇ ਐਨੀ ਸ਼ਰਮਿੰਦਗੀ ਆਈ ਕਿ ਉਹ ਆਪਣੇ ਆਪ ਨੂੰ ਸਿੱਖੀ ਤੇ ਖ਼ਾਲਸੇ ਦੀ ਬਲਵਾਨ ਸੈਨਾਂ ਦੇ ਨਾਕਾਬਿਲ ਸਮਝਣ ਲਗੇ। ਅੰਤ ਮੋਰਚੇ ਦੇ ਨਾਇਕ ਬੀਰ ਸਿੰਘ ਨੇ ਉਨ੍ਹਾਂ ਸਾਰਿਆਂ ਨੂੰ ਇਨ੍ਹਾਂ ਸ਼ਬਦਾਂ ਨਾਲ ਝੰਜੋੜਿਆ, "ਸਰਦਾਰ ਦੇ ਹੁਕਮਾਂ ਦੀ ਪਾਲਣਾ ਹੋਵੇ।"

ਸਰਦਾਰ ਹਰਪਾਲ ਸਿੰਘ ਖ਼ਾਲਸਈ ਸੈਨਾਂ ਵਿਚ ਲੋਹੇ ਦਾ ਆਦਮੀ ਮਸ਼ਹੂਰ ਸੀ। ਉਹ ਕਦੀ ਆਪਣੇ ਜਜ਼ਬਾਤਾਂ ਅੱਗੇ ਸਿਥਲ ਹੋਇਆ ਨਹੀਂ ਸੀ ਸੁਣਿਆ ਗਿਆ। ਉਹਦੇ ਮਿੱਤ੍ਰ ਥੜੇ ਥੋੜੇ ਸਨ। ਥੜੇ ਥੋੜਿਆਂ ਨਾਲ ਉਹ ਆਪਣੇ ਦਿਲ ਦੀ ਗੱਲ ਕਰਦਾ। ਉਹ ਥੜਾ ਥੋੜਾ ਹੱਸਦਾ। ਸੈਨਕਾਂ ਦੀਆਂ ਆਮ ਖੇਡਾਂ ਵਿਚ ਉਹ ਕਦੀ ਸ਼ਾਮਲ ਨਾ ਹੁੰਦਾ ਤੇ ਨਾ ਹੀ ਕਦੀ ਉਸ ਨੂੰ ਕਿਸੇ ਘਬਰਾਇਆ ਜਾ ਡਰਦਿਆਂ ਵੇਖਿਆ ਸੀ। ਤੋਪਾਂ ਦੀ ਦੇਖ ਭਾਲ ਤੇ ਉਨ੍ਹਾਂ ਦੀ ਜੰਗ ਵਿਚ ਵਰਤੋਂ ਉਸ ਤੋਂ ਵਧ ਖ਼ਾਲਸਈ ਸੈਨਾਂ ਵਿਚ ਹੋਰ ਕੋਈ ਨਹੀਂ ਸੀ ਜਾਣਦਾ। ਉਹਦੇ ਹੱਥ ਵਿਚ ਤੋਪਾਂ ਇੰਜ ਸਨ ਜਿਵੇਂ ਦੂਜਿਆਂ ਦੇ ਹੱਥਾਂ ਵਿਚ ਬੰਦੂਕਾਂ ਜਾਂ ਤਲਵਾਰਾਂ।

ਸਰਦਾਰ ਹਰਪਾਲ ਸਿੰਘ ਦਾ ਕੱਦ ਛੇ ਫ਼ੁਟ ਦੇ ਕਰੀਬ ਹੋਵੇਗਾ। ਉਹਦਾ ਜੁਸਾ ਆਮ ਸਿਖ ਸਿਪਾਹੀ ਤੇ ਸਰਦਾਰਾਂ ਨਾਲੋਂ ਵਧੇਰੇ ਗੁੰਦਿਆ ਹੋਇਆ ਸੀ। ਉਹਦੇ ਨਕਸ਼ ਮੋਟੇ, ਉਹਦੇ ਹੱਥ ਵੱਡੇ, ਉਹਦੀ ਛਾਤੀ ਚੌੜੀ। ਉਮਰ ਚਾਲ੍ਹੀਆ ਦੇ ਨੇੜੇ

Scanned by CamScanner

ਪਰ ਦਾੜ੍ਹਾ ਅਜੇ ਤਕ ਕਾਲਾ। ਉਹਦਾ ਰੰਗ ਪੱਕਾ ਤੇ ਸਿਆਹੀ ਮਾਇਲ। ਉਹਦੀ ਸੱਜੀ ਗੱਲ੍ਹ ਉੱਤੇ ਦਿਸਦਾ ਕਿਸੇ ਮਿਸ
ਪੁਰਾਣੇ ਵੱਟ ਦਾ ਨਿਸ਼ਾਨ ਉਹਦੇ ਆਚਰਨ ਦਾ ਸਹੀ ਲਖਾਇਕ ਸੀ। ਇਹ ਨਿਸ਼ਾਨ ਦੋ ਕੁ ਇੰਚ ਲੰਮਾ ਹੋਏਗਾ ਤੇ ਹੇਠਲਾ
ਸਿੰਘ ਨੂੰ ਵੇਖਦਿਆ ਸਭ ਤੋਂ ਪਹਿਲੇ ਨਜ਼ਰ ਏਸ ਨਿਸ਼ਾਨ ਉੱਤੇ ਜਾਂਦੀ। ਜਾਪਦਾ ਸੀ ਕਿ ਜਿਸ ਮਰਦ ਉੱਤੇ ਇਹੋ ਜਿਹੇ ਨ
ਨੇ ਕੋਈ ਅਸਰ ਨਹੀਂ ਕੀਤਾ, ਉਹਨੂੰ ਹੋਰ ਕੋਈ ਫੱਟ ਪੋਹ ਨਹੀਂ ਸਕਦਾ। ਉਹਦੀਆਂ ਅੱਖਾਂ ਵਡੀਆਂ ਸਨ; ਸੁਪਨੇ ਜੇ ਵਿਚ
ਜੂੜੀਆਂ, ਪਰ ਤਰਸ ਤੇ ਜਜ਼ਬਾਤਾਂ ਦੇ ਵਿਹੂਨੀਆਂ। ਜਦੋਂ ਉਹ ਤੁਰਦਾ ਤਾਂ ਲੰਮੇ ਲੰਮੇ ਡਗ ਭਰਦਾ। ਜਦੋਂ ਉਹ ਸੰਘ
ਸਹਿਜੇ ਵੀ ਟੁਰਦਾ ਹੁੰਦਾ ਤਾਂ ਵੀ ਉਹਦੇ ਨਾਲ ਸਾਥ ਰਖਣ ਵਾਸਤੇ ਹੋਰਨਾਂ ਨੂੰ ਕਾਫ਼ੀ ਉਚੇਚ ਕਰਨੀ ਪੈਂਦੀ।

ਆਪਣੇ ਆਸ ਰਾਂ ਵਿਚ ਲੰਮੇ ਲੰਮੇ ਡਗ ਭਰਦਾ ਹਰਪਾਲ ਸਿੰਘ ਬਾਰ੍ਹਵੇਂ ਮੋਰਚੇ ਵਲ ਤੁਰ ਪਿਆ। ਕਿਲੇ ਦੀ
ਬਾਹੀ ਵਿਚ ਪੜ ਕਾਫ਼ੀ ਵਡਾ ਸੀ। ਪਿਛਲੇ ਚੌਵੀ ਘੰਟਿਆਂ ਤੋਂ ਜਮਰੌਦ ਦੇ ਕਿਲੇ ਉੱਤੇ ਗੋਲਾਬਾਰੀ ਹੋ ਰਹੀ ਸੀ ਤੇ ਸਭ ਤੋ
ਵਧ ਏਸੇ ਬਾਹੀ ਉੱਤੇ। ਪਿਛਲੇ ਚੌਵੀ ਘੰਟਿਆਂ ਤੋਂ ਲਗਭਗ ਤੀਹ ਹਜ਼ਾਰ ਪਠਾਣੀ ਸੈਨਾਂ ਨੇ ਇਕ ਹਜ਼ਾਰ ਖ਼ਾਲਸਈ ਫ਼ੌਜ
ਨੂੰ ਜਮਰੌਦ ਦੇ ਕਿਲੇ ਵਿਚ ਘੇਰ ਰਖਿਆ ਸੀ। ਪਿਛਲੇ ਚੌਵੀ ਘੰਟਿਆਂ ਤੋਂ ਕਿਲੇ ਵਿਚ ਕਿਸੇ ਆਰਾਮ ਨਹੀਂ ਸੀ ਕੀਤਾ।
ਦਸ ਵਡੀਆਂ ਤੇ ਬਾਰਾਂ ਹਲਕੀਆਂ ਤੋਪਾਂ ਅਠੇ ਪਹਿਰ ਗੋਲੇ ਦ ਗਦੀਆਂ ਰਹੀਆਂ ਸਨ। ਕਿਲੇ ਅੰਦਰਲੇ ਸਾਰੇ ਦੇ ਸਾਰੇ
ਆਦਮੀ ਅੱਜ ਜਿਵੇਂ ਗੋਲੰਦਾਜ਼ ਬਣ ਗਏ ਹੋਣ। ਪੈਦਲ, ਸਵਾਰ, ਲਾਂਗਰੀ, ਮੁਤਸੱਦੀ, ਸਭ ਚਲਵੱਦੀਆਂ ਦੀ ਮਦਦ ਦੇ
ਰਹੇ ਸਨ। ਕੋਈ ਬਾਰੂਦ ਢੋ ਰਿਹਾ ਸੀ, ਕੋਈ ਪਲੀਤੇ ਜੋੜ ਰਿਹਾ ਸੀ। ਕੋਈ ਤੱਤੀਆਂ ਹੋ ਰਹੀਆਂ ਨਾਲੀਆਂ ਉੱਤੇ ਪਾਣੀ ਪ
ਰਿਹਾ ਸੀ। ਕੋਈ ਤੋਪਾ ਦੀ ਸਫਾਈ ਵਿਚ ਸਹਾਇਤਾ ਕਰ ਰਹਾ ਸੀ ਤੇ ਕੋਈ ਉਨ੍ਹਾਂ ਦੀ ਮੁਰੰਮਤ ਵਿਚ ਰੁੱਝਾ ਸੀ।

ਇਨ੍ਹਾਂ ਚੌਵੀ ਘੰਟਿਆਂ ਵਿਚ ਸਿਰਫ਼ ਤਿੰਨ ਵਾਰ ਪਠਾਣ ਕਿਲੇ ਦੀ ਫ਼ਸੀਲ ਦੇ ਐਨੇ ਨੇੜੇ ਆਏ ਸਨ ਕਿ ਖਿਆਲ
ਤੇ ਸਵਾਰ ਆਪਣੀਆਂ ਆਪਣੀਆਂ ਬੰਦੂਕਾਂ ਨਾਲ ਮੋਰਚੇ ਮੱਲ ਕੇ ਹਮਲਾਆਵਰਾਂ ਉੱਤੇ ਗੋਲੀਆਂ ਦਾਗਣ। ਇਕ ਵਾਰੀ
ਇਹ ਮੌਕਾ ਕਲ੍ਹ ਸ਼ਾਮੀਂ ਆਇਆ; ਕਿਲੇ ਦੀ ਉੱਤਰੀ ਬਾਹੀ ਵਲ ਜਿਥੇ ਹੁਣ ਫ਼ਸੀਲ ਵਿਚ ਪਾੜ ਪਿਆ ਸੀ। ਇਕ ਵਾਰੀ
ਇਹ ਅਵਸਰ ਅੱਜ ਸਵੇਰੇ ਤੇ ਇਕ ਵਾਰੀ ਅੱਜ ਦੁਪਹਿਰੇ। ਪਿਛਲੇ ਦੋਹਾਂ ਹਮਲਿਆਂ ਦੀ ਝਾਲ ਪੱਛਮੀ ਮੋਰਚੇ ਨੂੰ
ਝੱਲਣੀ ਪਈ।

ਤਿੰਨ ਹਮਲੇ ਹੋਏ ਤੇ ਤਿੰਨੇ ਵਾਰੀ ਪਠਾਣਾਂ ਨੂੰ ਪੱਛੜਨਾ ਪਿਆ। ਤੋਪਾਂ ਦਿਉਂ ਗੋਲੇ ਵਰਸਾਂਦੀਆਂ, ਬੰਦੂਕਾਂ ਦੇ
ਨਿਸ਼ਾਨੇ ਐਨੇ ਸਹੀ ਬੈਠਦੇ ਤੇ ਕਿਤੇ ਕਿਤੇ ਚਮਕਦੀਆਂ ਤਲਵਾਰਾਂ ਦਿਉਂ ਪਠਾਣਾਂ ਨੂੰ ਦਹਿਲਾਂਦੀਆਂ ਕਿ ਉਹ ਅੱਗੇ ਨਹੀਂ
ਆਉਣ ਦੀ ਹਿੰਮਤ ਨਾ ਕਰ ਸਕਦੇ। ਖ਼ਾਲਸੇ ਦੀਆਂ ਤੋਪਾਂ ਤੇ ਬੰਦੂਕਾਂ ਤੋਂ ਵਧ ਪਠਾਣਾਂ ਨੂੰ ਖ਼ਾਲਸੇ ਦੀ ਤਲਵਾਰ ਤੋਂ ਡਰ
ਆਉਂਦਾ ਸੀ। ਉਹ ਇਨ੍ਹਾਂ ਮਸਤ ਹਾਥੀਆਂ ਵਾਂਗ ਮਸਤੇ ਸਿਖਾਂ ਨਾਲ ਹਥੋਪਾਈ ਨਹੀਂ ਸਨ ਹੋਣਾ ਚਾਹੁੰਦੇ।

ਸਿਪਾਹ ਸਾਲਾਰ ਮੁਹੰਮਦ ਅਕਬਰ ਖ਼ਾਨ ਸਪੁਤਰ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਸਾਰੀ ਸੈਨਾਂ ਵਿਚ ਇਹ ਖ਼ਬਰ
ਹੁਲਾ ਛੱਡੀ ਸੀ ਕਿ ਆਪ ਹਰੀ ਸਿੰਘ ਨਲੂਆ ਜਮਰੌਦ ਦੇ ਕਿਲੇ ਵਿਚ ਨਹੀਂ, ਪਰ ਉਹਦੀ ਸੈਨਾਂ ਇਹ ਗੱਲ ਮੰਨਣ ਤੋ
ਇਨਕਾਰੀ ਸੀ। ਇਨ੍ਹਾਂ ਤੁਹਾਂ ਹੱਲਿਆਂ ਵਿਚ ਜਦੋਂ ਹਰ ਵਾਰ ਗ਼ਾਜ਼ੀਆਂ ਨੂੰ ਮੁੜਨਾ ਪਿਆ ਤਾਂ ਸਿਪਾਹੀ ਇਕ ਦੂਜੇ ਨੂੰ ਆਖਦੇ
ਸੁਣੇ ਗਏ। "ਨਲੂਆ ਸਰਦਾਰ ਅੰਦਰੇ ਹੀ ਹੈ। ਸਿਪਾਹ ਸਾਲਾਰ ਨੇ ਐਵੇਂ ਝੂਠੀ ਅਫ਼ਵਾਹ ਉਡਾ ਛਡੀ।"

"ਜੇ ਇਕ ਨਲੂਆ ਅੰਦਰ ਨਾ ਹੋਵੇ ਤਾਂ ਅਸੀਂ ਇਨ੍ਹਾਂ ਸਭਨਾਂ ਨੂੰ ਕੱਚਿਆ ਹੀ ਖਾ ਜਾਈਏ।" ਜਦੋਂ ਕਿਲੇ ਉੱਤੇ
ਤੀਜਾ ਪਠਾਣੀ ਹਮਲਾ ਵੀ ਅਸਫ਼ਲ ਰਿਹਾ ਤਾਂ ਮੁਹਮਦ ਅਕਬਰ ਖਾਨ ਨੇ ਤੈਸ਼ ਵਿਚ ਆ ਕੇ ਆਪਣੇ ਮਾਤਹਿਤਾਂ ਨੂੰ ਖ਼ੁਸ
ਭਲਾ ਕਿਹਾ ਤੇ ਫ਼ਰਮਾਇਆ "ਬਸ ਗੱਲ ਹੋਰ ਕੋਈ ਨਹੀਂ ਸਾਡੀ ਕੌਮ ਸਿਖਾਂ ਦੀ ਕੌਮ ਅਗੇ ਝੁੱਕ ਗਈ ਹੈ। ਸਾਡੇ ਸਿਪਾਹੀ
ਹੁਣ ਅਗੇ ਨਾ ਵਧਣ ਲਈ ਬਹਾਨੇ ਲੱਭਦੇ ਹਨ।"

ਕਿਲੇ ਨੂੰ ਜਿੱਤਣ ਵਾਸਤੇ ਹਮਲੇ ਅਸਫ਼ਲ ਰਹੇ ਪਰ ਕਿਲੇ ਦਾ ਘੇਰਾ ਢਿਲਾ ਨਾ ਹੋਇਆ ਤੇ ਨਾ ਹੀ ਮੱਠੀ ਪਈ
ਕਿਲੇ ਉੱਤੇ ਪਠਾਣਾਂ ਦੀ ਗੋਲਾਬਾਰੀ। ਉਨ੍ਹਾਂ ਦੀ ਸਭ ਤੋਂ ਵਡੀ ਤੋਪ, ਕੋਹੇ-ਸ਼ਿਕਨ, ਜਮਰੌਦ ਦੀ ਸੱਜੀ ਬਾਹੀ ਨੂੰ ਢਾਹ
ਦੀ ਕੋਸ਼ਿਸ਼ ਕਰ ਰਹੀ ਸੀ। ਇਕ ਸਉ ਦੋ ਮਣ ਭਾਰੀ ਇਹ ਤੋਪ ਉਸ ਵੇਲੇ ਅਕਬਰ ਖ਼ਾਨ ਕੋਲ ਸਭ ਤੋਂ ਵਡੀ ਤੋਪ ਸੀ। ਇਸ
ਕੋਹੇ-ਸ਼ਿਕਨ ਨੇ ਕਈ ਕੋਹ ਤੰਤੇ ਸਨ, ਪਰ ਅੱਜ ਜਮਰੌਦ ਦੇ ਕਿਲੇ ਦੀ ਕੱਚੀ ਫ਼ਸੀਲ ਅਗੇ ਇਹ ਆਪਣਾ ਦੰਮ ਤੋੜਦੀ ਜਾਪਦੀ।
ਕਿਲਾਦਾਰ ਸਰਦਾਰ ਮਹਾਂ ਸਿੰਘ ਨੇ ਕੁੱਮੇਦਾਨ ਹਰਪਾਲ ਸਿੰਘ ਨੂੰ ਆਖਿਆ ਸੀ : "ਸਰਦਾਰ ਜੀ! ਅੱਜ ਗੁਰੂ ਬਾਜਾਂ ਵਾਲੇ

ਦੀ ਮਿਹਰ ਨਾਲ ਤੁਸੀਂ ਰਬ ਸਬੱਬੀਂ ਸਾਡੇ ਕੋਲ ਹੋ । ਤੋਪਾਂ ਦੀ ਲੜਾਈ ਤੁਹਾਡੇ ਹੱਥ ਹੈ । ਜੇ ਕਦੀ ਹੱਥੋ ਹੱਥ ਲੜਾਈ ਦਾ ਅਵਸਰ ਬਣਿਆ ਤਾਂ ਗੁਰੂ ਚਾਹੇ ਅਸੀਂ ਕਿਲ੍ਹਾ ਸਰ ਨਹੀਂ ਹੋਣ ਦੇਣਾ ।"

ਅਠਾਰਾਂ ਸਾਲ ਤੋਂ ਸਰਦਾਰ ਮਹਾਂ ਸਿੰਘ ਹਰੀ ਸਿੰਘ ਨਲੂਏ ਦੀ ਤਹਿਤ ਵਿਚ ਲੜਦਾ ਆਇਆ ਸੀ । ਕਸ਼ਮੀਰ ਵਿਚ, ਹਜ਼ਾਰੇ ਵਿਚ, ਅਟਕ ਤੇ ਨੁਸ਼ਹਿਰੇ ਵਿਚ ਸਰਦਾਰ ਮਹਾਂ ਸਿੰਘ ਨੇ ਕਿਹੜੀ ਕਿਹੜੀ ਮੁਹਿੰਮ ਵਿਚ ਨਲੂਏ ਸਰਦਾਰ ਨਾਲ ਹਿਸਾ ਨਹੀਂ ਸੀ ਲਿਆ ਤੇ ਨਲੂਏ ਸਰਦਾਰ ਦੀ ਸ਼ਾਬਾਸ ਦਾ ਭਾਗੀ ਨਹੀਂ ਸੀ ਬਣਿਆ । ਤਿੰਨ ਸਾਲ ਪਹਿਲੇ ਜਦੋਂ ਪਿਸ਼ਾਵਰ ਫ਼ਤਹਿ ਹੋਇਆ ਤਾਂ ਵੀ ਮਹਾਂ ਸਿੰਘ ਨਲੂਏ ਦੇ ਨਾਲ ਸੀ । ਪਿਛਲੇ ਸਾਲ ਅਕਤੂਬਰ ਸੰਨ ੧੮੩੬ ਵਿਚ ਜਦ ਜਮਰੌਦ ਦੇ ਕਿਲੇ ਨੂੰ ਨਵੇਂ ਸਿਰਿਓਂ ਉਸਾਰਿਆ ਗਿਆ ਤਾਂ ਨਲੂਏ ਨੇਂ ਮਹਾਂ ਸਿੰਘ ਨੂੰ ਇਥੋਂ ਦਾ ਕਿਲੇਦਾਰ ਸਥਾਪਤ ਕੀਤਾ । ਇਹ ਮਹਾਂ ਸਿੰਘ ਦੀ ਅਮੁੱਲੀ ਬਹਾਦਰੀ ਦਾ ਸਿਲਾ ਸੀ ।

ਮਹਾਂ ਸਿੰਘ ਨੂੰ ਹੂ-ਬ-ਹੂ ਯਾਦ ਸੀ ਉਹ ਦਿਨ ਜਦੋਂ ਕਿ ਜਮਰੌਦ ਦੇ ਕਿਲੇ ਦੀ ਨੀਂਹ ਰਖੀ ਗਈ । ਕੱਤੋਂ ਦੀ ਸੰਗਰਾਂਦ ਨੂੰ ਇਥੇ ਇਕ ਮਹਾਨ ਦੀਵਾਨ ਸਜਿਆ ਸੀ । ਨਲੂਆ ਸਰਦਾਰ ਆਪਣੀ ਮਨਮੋਹਣੀ ਵਰਦੀ ਵਿਚ ਸੋਂਹਦਾ ਦੀਵਾਨ ਵਿਚ ਹਾਜ਼ਰ ਸੀ । ਏਸੇ ਦੀਵਾਨ ਵਿਚ ਅਰਦਾਸਾ ਸੋਧ ਕੇ ਕਿਲੇ ਦੀ ਨੀਂਹ ਰਖੀ ਗਈ ਸੀ । ਪਹਿਲੀ ਇੱਟ ਨਲੂਏ ਸਰਦਾਰ ਨੇ ਆਪ ਚਿਣੀ ਤੇ ਦੂਜੀ ਸਰਦਾਰ ਮਹਾਂ ਸਿੰਘ ਕੋਲੋਂ ਚਿਣਵਾਈ ਸੀ ਤੇ ਆਖਿਆ ਸੀ : "ਮਹਾਂ ਸਿੰਘ ! ਇਸ ਕਿਲੇ ਦੀ ਉਸਾਰੀ ਸਿਖੀ ਇਤਿਹਾਸ ਵਿਚ ਨਹੀਂ ਭਾਰਤੀ ਇਤਿਹਾਸ ਵਿਚ ਵੀ ਇਕ ਲਾਸਾਨੀ ਪੜਾਅ ਹੈ । ਅਠ ਸੌ ਸਾਲਾਂ ਤੋਂ ਪਿਛੋਂ ਅੱਜ ਪਹਿਲੀ ਵਾਰ ਭਾਰਤਵਰਸ਼ ਦੀ ਨਿੱਜੀ ਹਕੂਮਤ ਇਸ ਥਾਂ ਤਕ ਪੁੱਜੀ ਹੈ । ਇਹ ਤੁਹਾਡੇ ਤੇ ਮੇਰੇ ਜੀਊਂਦਿਆਂ ਜੀਅ ਬਦੇਸ਼ੀਆਂ ਦੇ ਹੱਥ ਨਾ ਜਾਵੇ ।"

ਮਹਾਂ ਸਿੰਘ ਅੰਨਾ ਖੁਸ਼ ਹੋਇਆ ਸੀ ਕਿ ਉਹਦੇ ਨੈਣਾਂ ਵਿਚੋਂ ਅਥਰੂ ਛਲਕ ਆਏ ਸਨ । ਤੇ ਫਿਰ ਤੋਪਾਂ ਨੇ ਸਲਾਮੀ ਉਤਾਰੀ ਸੀ । ਫ਼ੌਜੀ ਬੈਂਡ ਵੱਜੇ ਸਨ । ਮਹਾਨ ਲੰਗਰ ਵਰਤਿਆ ਸੀ। ਸਿਰਫ਼ ਇਕ ਮਹੀਨੇ ਤੇ ਪੰਝੀ ਦਿਨਾਂ ਵਿਚ ਇਹ ਕਿਲਾ ਤਿਆਰ ਹੋ ਗਿਆ ਸੀ । ਭਾਰਤੀ ਇਤਿਹਾਸ ਵਿਚ ਤੇਜ਼ ਮਜ਼ਬੂਤ ਕਿਲਾ ਉਸਾਰੀ ਦਾ ਵੀ ਇਹ ਆਪਣੀ ਆਪ ਮਿਸਾਲ ਸੀ । ਪਰ ਅੱਜ ਪੂਰੇ ਛੇ ਮਹੀਨਿਆਂ ਪਿਛੋਂ ਇਸ ਇਤਿਹਾਸਕ ਕਿਲੇ ਦੀ ਸੁਰਖਿਅਤਾ ਖ਼ਤਰੇ ਵਿਚ ਸੀ । ਇਸ ਅਤੇ ਹੋਰਨਾਂ ਕਿਲਿਆਂ ਦੀ ਉਸਾਰੀ ਦੀ ਖ਼ਬਰ ਪਹੁੰਚਦਿਆਂ ਸਾਰ ਹੀ ਅਮੀਰ ਦੋਸਤ ਮੁਹੰਮਦ ਨੂੰ ਆਪਣੇ ਹੱਥਾਂ ਵਿਚੋਂ ਆਪਣਾ ਤਖ਼ਤ ਤੇ ਸਲਤਨੱਤ ਗੁੰਮ ਹੁੰਦੀ ਦਿਸੀ ਸੀ । ਉਸ ਆਪਣੇ ਪੰਜੇ ਪੁੱਤਰ ਇਕ ਵਡੇ ਇਸਲਾਮੀ ਇਕੱਠ ਵਿਚ ਪੇਸ਼ ਕਰਦਿਆਂ ਕਿਹਾ ਸੀ :

"ਮੈਂ ਆਪਣੇ ਪੰਜੇ ਦੇ ਪੰਜੇ ਪੁਤਰ ਇਸਲਾਮ ਦੇ ਨਾਂ ਉੱਤੋਂ ਕੁਰਬਾਨ ਕਰਨ ਵਾਸਤੇ ਤਿਆਰ ਹਾਂ । ਕੀ ਹੁਣ ਵੀ ਕੋਈ ਮਾਂ ਆਪਣੇ ਕਿਸੇ ਪੁੱਤਰ ਨੂੰ ਇਸ ਯੁਧ ਵਿਚ ਹਿਸਾ ਲੇਣ ਤੋਂ ਰੋਕੇਗੀ ? ਕੀ ਹੁਣ ਕੋਈ ਘਰਾਣਾ ਇਸ ਯੁਧ ਵਿਚ ਆਪਣਾ ਪੂਰਾ ਤਾਣ ਲਾਣ ਤੋਂ ਉੱਕੇਗਾ ? ਕੀ ਹੁਣ ਵੀ ਅਸੀਂ ਕਾਫ਼ਰਾਂ ਕੋਲੋਂ ਪਹਿਲੇ ਵਾਂਗ ਹਾਰ ਖਾਵਾਂਗੇ ? ਕੀ ਹੁਣ ਵੀ ...?" ਤੇ ਮਜ਼ਬੂਤੀ ਪਿਆਰ ਵਿਚ ਉਹ ਵਿਲਕ ਵਿਲਕ ਕੇ ਰੋ ਪਿਆ ਸੀ । ਅੰਤ ਵਿਚ ਉਸ ਆਖਿਆ ਸੀ : "ਗ਼ਾਜ਼ੀਓ ! ਮੇਰਾ ਤਖ਼ਤ ਨਹੀਂ ਸਗੋਂ ਇਸਲਾਮ ਇਸ ਵਲ ਖ਼ਤਰੇ ਵਿਚ ਹੈ । ਜੇ ਇਕ ਵੇਰ ਸਿੰਘ ਖ਼ੈਬਰ ਵਿਚੋਂ ਲੰਘ ਆਏ ਤਾਂ ਕਾਬਲ ਕੀ ਬਲਖ਼ ਬੁਖ਼ਾਰਾ ਹੈਰਾਤ ਤੇ ਬਗ਼ਦਾਦ ਤਕ ਉਨ੍ਹਾਂ ਨੂੰ ਤਿਤੇ ਠਲ੍ਹ ਨਹੀਂ ਜੇ ਪੈਣੀ ।" ਤੇ ਇਉਂ ਪੰਦਰਾਂ ਅਪ੍ਰੈਲ ਸੰਨ ੧੮੩੭ ਨੂੰ ਇਕ ਫ਼ੌਜ ਮੁਹੰਮਦ ਅਕਬਰ ਖ਼ਾਨ ਤੇ ਮਿਰਜ਼ਾ ਮਿਮੀ ਦੀਨ ਦੀ ਸਰਦਾਰੀ ਹੇਠ ਕਾਬਲ ਤੋਂ ਟੁਰ ਪਈ । ਜਿਥੇ ਜਿਥੇ ਵੀ ਇਸ ਜਹਾਦ ਦੀ ਖ਼ਬਰ ਪਹੁੰਚੀ ਉਥੋਂ ਹੀ ਉਥੋਂ ਗ਼ਾਜ਼ੀ ਪੁੰਨ ਕਮਾਣ ਲਈ ਤੁਰ ਆਏ । ਜਾਜੀ, ਸ਼ਿਨਵਾਰੀ, ਅਫ਼ਰੀਦੀ, ਮੁਮਹੰਦ, ਬਜੌਰੀ, ਕੋਣ ਕੋਣ ਕਬੀਲਾ ਤੇ ਫ਼ਿਰਕਾ ਇਸ ਮੁਹਿੰਮ ਵਿਚ ਸ਼ਾਮਲ ਨਾ ਹੋਇਆ । ੨੬ ਅਪ੍ਰੈਲ ਨੂੰ ਜਦੋਂ ਲੰਡੀ ਖ਼ਾਨੇ ਵਿਚ ਕੁਲ ਲਸਕਰ ਦਾ ਜਾਇਜ਼ਾ ਲੀਤਾ ਗਿਆ ਤਾਂ ਲਗ ਭਗ ਚਾਲ੍ਹੀ ਹਜ਼ਾਰ ਫ਼ੌਜ ਸੀ ਤੇ ਪੰਜਾਹ ਛੋਟੀਆਂ ਵਡੀਆਂ ਤੋਪਾਂ ।

ਦੋ ਦਿਨ ਪਿਛੋਂ ਇਹ ਸਾਰੇ ਦਾ ਸਾਰਾ ਲਸ਼ਕਰ ਜਮਰੌਦ ਵਲ ਤੁਰ ਪਿਆ । ਪਲੋ-ਪਲੀ ਘੇਰਾ ਘੱਤ ਲਿਆ ਗਿਆ । ਇਨ੍ਹਾਂ ਚਾਲ੍ਹੀ ਹਜ਼ਾਰਾਂ ਵਿਚੋਂ ਮਸੇਂ ਦਸ ਕੁ ਹਜ਼ਾਰ ਜਵਾਨ ਕੁਝ ਤੋਪਾਂ ਨਾਲ ਮਿਚਨੀ ਤੇ ਸ਼ਬਕੱਦਰ ਵਲ ਟੋਰੇ ਗਏ ਸਨ ਤੇ ਬਾਕੀ ਦੇ ਸਾਰੇ ਹੁਣ ਜਮਰੌਦ ਦੇ ਦੁਆਲੇ ਸਨ । ਇਨ੍ਹਾਂ ਤੀਹ ਹਜ਼ਾਰ ਗ਼ਾਜ਼ੀਆਂ ਤੇ ਚਾਲ੍ਹੀਆਂ ਤੋਪਾਂ ਦੇ ਮੁਕਾਬਲੇ ਤੇ ਕਿਲੇਦਾਰ ਮਹਾਂ ਸਿੰਘ ਆਪਣੇ ਇਕ ਹਜ਼ਾਰ ਸਿਪਾਹੀਆਂ ਤੇ ਬਾਈ ਤੋਪਾਂ ਨਾਲ ਜੂਟਿਆ ਹੋਇਆ ਸੀ ।

Scanned by CamScanner

ਪਿਛਲੇ ਜੇਵੀ ਘੱਟਿਆਂ ਵਿਚ ਤਿੰਨ ਭਾਰੇ ਹਮਲੇ ਪਛਾੜ ਦਿਤੇ ਗਏ ਸਨ, ਪਰ ਹੁਣ ਤਾਂ ਕਿਲੇ ਦੀ ਫ਼ਸੀਲ ਟੁਟ ਚੁਕੀ ਸੀ। ਹੁਣ ਕਿਸ ਤਰ੍ਹਾਂ ਪਠਾਣਾਂ ਨੂੰ ਰੋਕਿਆ ਜਾਏਗਾ ? ਮਹਾਂ ਸਿੰਘ ਸੋਚ ਰਿਹਾ ਸੀ ਕਿ ਹਰਪਾਲ ਸਿੰਘ ਉਥੇ ਪਹੁੰਚ ਗਿਆ। "ਸਰਦਾਰ ਹਰਪਾਲ ਸਿੰਘ ! ਅੱਜ ਖ਼ਾਲਸੇ ਦੀ ਪੱਤ ਅਸਾਂ ਦੋਹਾਂ ਦੇ ਹੱਥ ਹੈ। ਮੈਂ ਸਰਦਾਰ ਹਰੀ ਸਿੰਘ ਅੱਗੇ ਝੂਠਾ ਨਹੀਂ ਪੈਣਾ। ਪਠਾਣ ਮੇਰੀ ਲੱਥ ਉੱਤੋਂ ਹੀ ਕਿਲੇ ਵਿਚ ਪੈਰ ਰਖਣਗੇ !"

"ਸਿਰਫ਼ ਖ਼ਾਲਸੇ ਦੀ ਹੀ ਨਹੀਂ ਸਰਦਾਰ ਮਹਾਂ ਸਿੰਘ ! ਅੱਜ ਸਾਰੇ ਭਾਰਤ ਦੀ ਪੱਤ ਸਾਡੇ ਹੱਥਾਂ ਵਿਚ ਹੈ। ਹਨੇਰਾ ਹੋਣ ਤੋਂ ਪਹਿਲੇ ਕੋਹੇ-ਸ਼ਿਕਨ ਇਕ ਵਾਰੀ ਫਿਰ ਨਾਕਾਰਾ ਹੋਵੇਗੀ।" ਤੇ ਹਰਪਾਲ ਸਿੰਘ ਸਰਦਾਰ ਮਹਾਂ ਸਿੰਘ ਨੂੰ ਨਾਲ ਲੈ ਕੇ ਪਾਸ ਵਲ ਵਧਿਆ।

ਹਰਪਾਲ ਸਿੰਘ ਕੁਦਰਤਨ ਹੀ ਕੱਲ੍ਹ ਜਮਰੌਦ ਆਇਆ ਸੀ। ਇਸ ਕਿਲੇ ਵਿਚ ਬੀੜੀਆਂ ਤੋਪਾਂ ਦਾ ਮੁਆਇਨਾ ਕਰਨ ਲਈ। ਵੇਖਣ ਲਈ ਕਿ ਤੋਪਾਂ ਠੀਕ ਜੜੀਆਂ ਗਈਆਂ ਹਨ, ਕਿ ਬਾਰੂਦ ਠੀਕ ਤਰ੍ਹਾਂ ਸੰਭਾਲਿਆ ਗਿਆ ਹੈ, ਕਿ ਤੋਪਖ਼ਾਨੇ ਨਾਲ ਸੰਬੰਧਤ ਸਾਰੇ ਮੁਆਮਲੇ ਰਵਾਂ ਹਨ।

ਹਰਪਾਲ ਸਿੰਘ ਸਰਦਾਰ ਹਰੀ ਸਿੰਘ ਨਲੂਏ ਦਾ ਤੋਪਚੀ ਸਲਾਹਕਾਰ ਸੀ। ਪਿਸ਼ਾਵਰ ਦੀ ਜਿਤ ਪਿਛੋਂ ਤੋਪਖ਼ਾਨੇ ਦੀ ਸਾਰੀ ਸੰਭਾਲ ਹਰਪਾਲ ਸਿੰਘ ਹੀ ਕਰਦਾ ਆਇਆ ਸੀ। ਮਹਾਂ ਸਿੰਘ ਵਾਂਗ ਹਰਪਾਲ ਸਿੰਘ ਵੀ ਪਿਛਲੇ ਅਠਾਰਾਂ ਸਾਲਾਂ ਤੋਂ ਹਰੀ ਸਿੰਘ ਨਲੂਏ ਦੇ ਮਾਤਹਿਤ ਲੜਦਾ ਰਿਹਾ ਸੀ। ਕਸ਼ਮੀਰ ਦੀ ਫ਼ਤਹਿ ਤੇ ਨੁਸ਼ਹਿਰੇ ਦੀ ਲੜਾਈ ਵੇਲੇ ਉਹ ਹੀ ਨਲੂਏ ਦੇ ਨਾਲ ਸੀ। ਹਾਂ, ਪਰ ਮਹਾਂ ਸਿੰਘ ਦੇ ਉਲਟ ਹਰਪਾਲ ਸਿੰਘ ਵਿਚੋਂ ਵਿਚੋਂ ਕੁਝ ਸਾਲ ਲਾਹੌਰ ਵੀ ਰਹਿ ਆਇਆ ਸੀ।

ਪਰਾਰ ਤੇ ਪਰ ਸਾਲ ਜਦੋਂ ਹਰੀ ਸਿੰਘ ਨਲੂਏ ਨੇ ਬਾੜੇ, ਜਮਰੌਦ, ਮਿਚਨੀ ਤੇ ਸ਼ਬਕਦਰ ਵਿਚ ਨਵੇਂ ਕਿਲੇ ਉਸਾਰੇ ਤਾਂ ਇਨ੍ਹਾਂ ਸਭ ਕਿਲਿਆਂ ਵਿਚ ਲੋੜੀਂਦੀਆਂ ਤੋਪਾਂ ਦੀ ਫੜ ਆਪ ਹਰਪਾਲ ਸਿੰਘ ਦੀ ਸਲਾਹ ਨਾਲ ਹੀ ਹੋਈ ਤੇ ਆਪ ਹਰਪਾਲ ਸਿੰਘ ਨੇ ਹੀ ਵਾਰੋ ਵਾਰ ਹਰ ਕਿਲੇ ਵਿਚ ਜਾ ਕੇ ਇਨ੍ਹਾਂ ਦੇ ਬੀੜਨ ਵਿਚ 'ਕਿਲੇਦਾਰਾਂ ਦੀ ਮਦਦ ਕੀਤੀ। ਕੱਲ੍ਹ ਸਰਦਾਰ ਹਰਪਾਲ ਸਿੰਘ ਇਕ ਵਾਰ ਫਿਰ ਦੌਰੇ ਉੱਤੇ ਸੀ ਤੇ ਬਾੜੇ ਤੋਂ ਹੋ ਕੇ ਏਥੇ ਆਇਆ ਸੀ। ਉਹ ਏਥੇ ਆਇਆ ਤੇ ਉਸ ਤੋਂ ਜਲਦੀ ਹੀ ਪਿਛੋਂ ਪਠਾਣੀ ਲਸ਼ਕਰ ਦੌਰੇ ਵਿਚੋਂ ਆ ਨਿਕਲਿਆ। ਇਉਂ ਜਿਵੇਂ ਪਹਾੜੀ ਦਰਿਆਵਾਂ ਵਿਚ ਇਕ ਹੜ੍ਹ ਆ ਜਾਂਦੇ ਹਨ।

ਪਠਾਣੀ ਲਸ਼ਕਰ ਨੇ ਜਮਰੌਦ ਨੂੰ ਘੇਰੇ ਵਿਚ ਲੈ ਲਿਆ ਤੇ ਲੜਾਈ ਸ਼ੁਰੂ ਹੋ ਗਈ...ਕੱਲ੍ਹ ਤਾਂ ਨਹੀਂ, ਪਰ ਅੱਜ ਸਵੇਰ ਤੋਂ ਪਠਾਣਾਂ ਦਾ ਇਹ ਇਰਾਦਾ ਜਾਪਦਾ ਸੀ ਕਿ ਕਿਲੇ ਦੀ ਕਿਸੇ ਨਾ ਕਿਸੇ ਬਾਹੀ ਵਿਚ ਪਾੜ ਪਾਇਆ ਜਾਵੇ ਤੇ ਫਿਰ ਇਸ ਪਾੜ ਵਿਚੋਂ ਆਪਣੀ ਸੈਨਾਂ ਕਿਲੇ ਨੂੰ ਸਰ ਕਰਨ ਵਾਸਤੇ ਤੋਰ ਦਿਤੀ ਜਾਏ। ਸਵੇਰੇ ਅਠ ਕੁ ਵਜੇ ਪਤਾ ਲਗਾ ਕਿ ਕਿਲੇ ਦੀ ਉੱਤਰੀ ਬਾਹੀ ਹਜ਼ਾਰਾਂ ਗੋਲਿਆਂ ਦੇ ਫਟਨ ਨਾਲ ਕਮਜ਼ੋਰ ਹੋ ਗਈ ਹੈ। ਉਸੇ ਵੇਲੇ ਮਹਾਂ ਸਿੰਘ ਨੇ ਰੇਤ ਤੇ ਗਾਰੇ ਨਾਲ ਇਸ ਬਾਹੀ ਨੂੰ ਅੰਦਰੋਂ ਮਜ਼ਬੂਤ ਕਰਨ ਦਾ ਹੁਕਮ ਦਿਤਾ। ਤੇ ਹਰਪਾਲ ਸਿੰਘ ਨੇ ਆਪਣੀਆਂ ਤੋਪਾਂ ਦੇ ਗੋਲੇ ਕਾੜ ਕਾੜ ਅਜਿਹੇ ਨਿਸ਼ਾਨੇ ਉੱਤੇ ਮਾਰੇ ਕਿ ਪਠਾਣਾਂ ਦੀਆਂ ਕਈ ਤੋਪਾਂ ਨਾਕਾਰਾ ਹੋ ਗਈਆਂ ਜਿਨ੍ਹਾਂ ਵਿਚ ਉਨ੍ਹਾਂ ਦੀ ਤੋਪ ਕੋਹੇ-ਸ਼ਿਕਨ ਵੀ ਸੀ।

ਹੁਣ ਕੁਝ ਚਿਰ ਸ਼ਾਂਤੀ ਵਰਤੀ। ਬਾਹੀ ਮਜ਼ਬੂਤ ਕਰ ਦਿਤੀ ਗਈ। ਪਰ ਕੁਝ ਸਮਾਂ ਹੋਰ ਬੀਤਨ ਉੱਤੇ ਲੜਾਈ ਫਿਰ ਜਾਰੀ ਹੋ ਗਈ। ਹੁਣ ਦੋ ਵਾਰ ਪੱਛਮੀ ਪਾਸੇ ਵਲੋਂ ਹੱਲਾ ਹੋਇਆ, ਪਰ ਖ਼ਾਲਸੇ ਨੇ ਪਛਾੜ ਦਿਤਾ। ਤੇ ਹੁਣ ਫਿਰ ਕੋਹੇ-ਸ਼ਿਕਨ ਦੇ ਵਡੇ ਵਡੇ ਗੋਲੇ ਉੱਤਰੀ ਬਾਹੀ ਉੱਤ ਵੱਜਣੇ ਸ਼ੁਰੂ ਹੋਏ। ਦੁਸ਼ਮਨ ਨੇ ਤੋਪ ਨੂੰ ਮੁਰੰਮਤ ਕਰ ਲਿਆ ਸੀ।

ਦਿਨ ਢਲਦੇ ਵੇਲੇ ਕੋਹੇ-ਸ਼ਿਕਨ ਅਤੇ ਅਨੇਕ ਹੋਰ ਤੋਪਾਂ ਨੇ ਇਕੱਠਿਆ ਉੱਤਰੀ ਬਾਹੀ ਉੱਤੇ ਲਗਾਤਾਰ ਗੋਲੇ ਸੁੱਟੇ ਤੇ ਕਿਲੇ ਦੀ ਫ਼ਸੀਲ ਟੁਟ ਗਈ। ਸਰਦਾਰ ਮਹਾਂ ਸਿੰਘ ਨੇ ਵੇਖਿਆ ਕਿ ਅੰਤ ਨੇੜੇ ਹੈ। ਹੁਣੇ ਹੀ ਪਠਾਣੀ ਸੈਨਾਂ ਕਿਲੇ ਉੱਤੇ ਹੱਲਾ ਬੋਲ ਦੇਵੇਗੀ ਤੇ ਖ਼ਾਲਸੇ ਦੀ ਪਤ ਰੁਲ ਜਾਏਗੀ। ਪਰ ਇਕ ਮਿੰਟ, ਦੋ ਮਿੰਟ, ਪੰਜ ਮਿੰਟ ਪਠਾਣੀ ਸੈਨਾਂ ਆਪਣੀਆਂ ਤੋਪਾਂ ਤੋਂ ਅਗੇ ਨਾ ਵਧੀ। ਇਹ ਕੀ ? ਸਰਦਾਰ ਮਹਾਂ ਸਿੰਘ ਤੇ ਕਿਸੇ ਹੋਰ ਨੂੰ ਕੋਈ ਸਮਝ ਨਾ ਆਈ। ਸਰਦਾਰ ਮਹਾਂ ਸਿੰਘ ਤਾਂ ਸਾਰੇ ਸਿਪਾਹੀਆਂ ਨੂੰ ਮਰ ਮਿਟਣ ਦਾ ਨਿਉਤਾ ਵੀ ਦੇ ਚੁਕਾ ਸੀ। ਸਭਨਾਂ ਨੇ ਤਲਵਾਰਾਂ ਸੂਤ ਲਈਆਂ ਸਨ, ਪਰ ਉਸ ਵੇਲੇ ਸਰਦਾਰ ਹਰਪਾਲ ਸਿੰਘ ਵੀ ਉਥੇ ਪਹੁੰਚ ਗਿਆ।

ਦੁਸ਼ਮਣ ਦੇ ਗੋਲੇ ਸ਼ਗਾਫ਼ ਵਿਚੋਂ ਸਿੱਧੇ ਕਿਲੇ ਅੰਦਰ ਪਹੁੰਚ ਰਹੇ ਸਨ ਤੇ ਜਦੋਂ ਤਕ ਗੋਲਾਬਾਰੀ ਬੰਦ ਨਾ ਹੋਵੇ

Scanned by CamScanner

ਪਾੜ ਨੂੰ ਮੇਲਣ ਦਾ ਕੰਮ ਸ਼ੁਰੂ ਕੀਤਾ ਨਹੀਂ ਸੀ ਜਾ ਸਕਦਾ। ਏਨੇ ਵਿਚ ਛੇਵੇਂ, ਸਤਵੇਂ, ਅਠਵੇਂ ਤੇ ਨਾਵੇਂ ਮੋਰਚੇ ਤੋਂ ਚਾਰ ਵੱਡੀਆਂ ਤੋਪਾਂ ਬਾਰ੍ਹਵੇਂ ਮੋਰਚੇ ਉੱਤੇ ਪਹੁੰਚ ਗਈਆਂ। ਛੇ ਵਡੀਆਂ ਤੋਪਾਂ ਪਹਿਲੇ ਹੀ ਏਥੇ ਸਨ। ਸਰਦਾਰ ਹਰਪਾਲ ਸਿੰਘ ਨੇ ਨਵੀਆਂ ਆਈਆਂ ਚਾਰ ਤੋਪਾ ਨੂੰ ਬੀੜਨ ਦਾ ਹੁਕਮ ਦਿਤਾ। ਪਲੋ ਪੱਲੀ ਤੋਪਾਂ ਬੀੜੀਆਂ ਗਈਆਂ ਤੇ ਪਲੀਤੇ ਭਰੇ ਗਏ। ਸਰਦਾਰ ਹਰਪਾਲ ਸਿੰਘ ਆਪ ਦੋ ਤੋਪਾਂ ਦੇ ਵਿਚਕਾਰ ਖੜਾ ਹੋ ਗਿਆ ਤੇ ਉਸ ਆਖਿਆ : "ਸੂਰਮਿਓ, ਅਗਲੇ ਦਸਾਂ ਪੰਦਰਾਂ ਮਿੰਟਾਂ ਵਿਚ ਕੰਹੇ-ਸ਼ਿਕਨ ਇਕ ਵਾਰ ਫਿਰ ਨਾਕਾਰਾ ਕਰਨੀ ਹੈ।"

ਆਪ ਹਰਪਾਲ ਸਿੰਘ ਨੇ ਤੋਪਾਂ ਦੀਆਂ ਨਾਲੀਆਂ ਨੂੰ ਸੇਧ ਵਿਚ ਕੀਤਾ ਤੇ ਆਪ ਹੀ "ਦਾਗੋ" ਦਾ ਹੁਕਮ ਦਿਤਾ। ਪਹਿਲੇ ਗੋਲੇ, ਦੂਜੇ ਗੋਲੇ, ਤੀਜੇ ਗੋਲੇ, ਨਿਸ਼ਾਨੇ ਉੱਤੇ ਨਹੀਂ ਬੈਠੇ। ਚੌਥੇ ਸਮੇਂ ਹਰਪਾਲ ਸਿੰਘ ਨੇ ਇਕ ਵਾਰ ਫਿਰ ਨਾਲੀਆਂ ਦੀ ਸੇਧ ਠੀਕ ਕੀਤੀ ਤੇ ਹੁਕਮ ਸਿੰਘ ਚੁਲਚੱਲੇ ਨੂੰ ਮੁਸਕਰਾ ਕੇ ਕਿਹਾ : "ਬੀਰ ਹੁਕਮ ਸਿੰਘ ! ਅੰਤਕੀਂ ਦਾ ਵਾਰ ਖ਼ਤਾ ਨਾਂ ਜਾਏ !" "ਸਤਿਨਾਮ ਸ੍ਰੀ ਵਾਹਿਗੁਰੂ," ਆਖਦਿਆਂ ਹੁਕਮ ਸਿੰਘ ਨੇ ਤੋਪ ਚਲਾਈ ਤੇ ਕੁਝ ਪਲਾਂ ਪਿਛੋਂ ਸਰਦਾਰ ਨੇ ਆਖਿਆ "ਬੀਰ ਹੁਕਮ ਸਿੰਘ ! ਨਲੂਏ ਸਰਦਾਰ ਨੂੰ ਆਖ ਕੇ ਤੈਨੂੰ ਆਪ ਸਰਕਾਰ ਕੋਲੋਂ ਖ਼ਿਲਅੱਤ ਦਵਾਵਾਂਗੇ।"

ਕੰਹ-ਸ਼ਿਕਨ ਨਾਕਾਰਾ ਹੋ ਗਈ। ਹੁਣ ਪਾੜ ਵਿਚੋਂ ਵਡੇ ਵਡੇ ਗੋਲੇ ਆਉਣੇ ਬੰਦ ਹੋ ਗਏ। ਹੁਣ ਕਿਲੇ ਦੀ ਹੋਰ ਕੋਈ ਬਾਹੀ ਵੀ ਪਾੜੀ ਨਹੀਂ ਜਾਵੇਗੀ। ਇਸ ਤੋਪ ਨੂੰ ਛਡ ਕੇ ਦੁਸ਼ਮਣ ਦੀਆਂ ਬਾਕੀ ਤੋਪਾਂ ਨਿਸਥਤਨ ਹੌਲੀਆਂ ਸਨ ਤੇ ਮਾਲਸਈ ਤੋਪਾਂ ਉਨ੍ਹਾਂ ਨੂੰ ਸਹਿਜੇ ਹੀ ਦਬਾ ਸਕਦੀਆਂ ਸਨ।

ਸੂਰਜ ਡੁਬ ਗਿਆ। ਦੁਸ਼ਮਣ ਆਪਣੀਆਂ ਤੋਪਾਂ ਦੇ ਪਿਛੇ ਖਲੋਤਾ ਨਾਹਰੇ ਲਾਉਂਦਾ ਰਿਹਾ। ਸਿੰਘ ਉਡੀਕਦੇ ਰਹੇ, ਪਰ ਪਠਾਣ ਅੱਗੇ ਨਾ ਵਧੇ। ਜਮਰੌਦ ਦਾ ਕਿਲਾ ਹੱਥ ਲਾਉਣ ਉੱਤੇ ਪਠਾਣਾਂ ਦਾ ਆਪਣਾ ਸੀ, ਪਰ ਕਿਹੜਾ ਹੱਥ ਪਾਵੇ। ਇਸ ਦੁਚਿਤਗੀ ਵਿਚ ਹੀ ਕਿਲਾ ਸਿੰਘਾਂ ਕੋਲ ਰਿਹਾ।

ਹਨੇਰਾ ਪੈਂਦਿਆਂ ਹੀ ਸਰਦਾਰ ਮਹਾਂ ਸਿੰਘ ਨੇ ਪਾੜ ਨੂੰ ਮੇਲਣ ਦਾ ਕੰਮ ਆਰੰਭ ਦਿਤਾ ਤੇ ਸਰਦਾਰ ਹਰਪਾਲ ਸਿੰਘ ਨੇ ਆਖਿਆ : "ਜਿਸ ਸੈਨਾ ਦੇ ਦਿਲ ਹਾਰੇ ਹੋਏ ਹੋਣ ਉਹ ਸੈਨਾ ਜਿਤ ਨਹੀਂ ਸਕਦੀ। ਸਰਦਾਰ ਮਹਾ ਸਿੰਘ ਜੀ ! ਜੇ ਅੱਜ ਪਠਾਣ ਅਗੇ ਨਹਾਂ ਵਧੇ ਤਾਂ ਹੁਣ ਕਦੀ ਅਗੇ ਨਹੀਂ ਵਧਣਗੇ...।"

੭੭

ਸਾਢੇ ਚਾਰ ਵਜੇ ਹਰਪਾਲ ਸਿੰਘ ਦੀ ਅੱਖ ਖੁਲ੍ਹੀ। ਅਜੇ ਮੂੰਹ ਹਨੇਰਾ ਸੀ, ਪਰ ਸੌ ਦੋ ਸੌ ਗਜ਼ ਤਕ ਚੀਜ਼ਾਂ ਤੇ ਆਦਮੀਆਂ ਦੇ ਆਕਾਰ ਵੇਖੇ ਜਾ ਸਕਦੇ ਸਨ। ਪੂਰਬ ਵਲ ਆਕਾਸ਼ ਉੱਤੇ ਲਾਲੀ ਦੀ ਭਾਹ ਪਸਰ ਰਹੀ ਸੀ।

ਹਰਪਾਲ ਸਿੰਘ ਉਠਿਆ ਤੇ ਸਭ ਤੋਂ ਪਹਿਲੇ ਉਹਦੀ ਨਿਗਾਹ ਬਾਰ੍ਹਵੇਂ ਮੋਰਚੇ ਵਲ ਗਈ। ਲਗਭਗ ਦੋ ਕੁ ਸੌ ਸਿਪਾਹੀ ਅਜੇ ਤਕ ਵੀ ਓਥੇ ਕੰਮ ਕਰ ਰਹੇ ਸਨ। ਪਾੜ ਪੂਰ ਦਿਤਾ ਗਿਆ ਸੀ। ਪਹਿਲੇ ਰੇਤ ਦੀਆਂ ਬੋਰੀਆਂ ਭਰ ਭਰ ਕੇ ਜੋੜੀਆਂ ਗਈਆਂ ਸਨ। ਜਦੋਂ ਬੋਰੀਆਂ ਮੁੱਕ ਗਈਆਂ ਤਾਂ ਸੁਦਾਰ ਮਹਾਂ ਸਿੰਘ ਦੀ ਚਹ ਅਨੁਸਾਰ ਚੱਦਰਾਂ ਤੇ ਰਜ਼ਾਈਆਂ ਹੋਰ ਮਿਲ ਸਕਦੇ ਕਪੜੇ ਵਿਚ ਰੇਤ ਭਰ ਭਰ ਕੇ ਰਖੀ ਗਈ। ਰਹਿੰਦੀ ਕਸਰ ਇੱਟਾਂ ਤੇ ਗਾਰੇ ਨਾਲ ਪੂਰੀ ਹੋਈ। ਹਰਪਾਲ ਸਿੰਘ ਅਜੇ ਤਕ ਵੀ ਘਾਣੀ ਵਿਚ ਹੋਰ ਗਾਰਾ ਬਣਾਇਆ ਜਾਂਦਾ ਵੇਖ ਸਕਦਾ ਸੀ।

ਇਕੋ ਟੰਗ ਉੱਤੇ ਸਰਦਾਰ ਮਹਾਂ ਸਿੰਘ ਸਾਰੀ ਰਾਤ ਪਾੜ ਦੇ ਲਾਗੇ ਖਲੋਤਾ ਰਿਹਾ। ਹਰ ਸਿਪਾਹੀ ਨੇ ਉਹਨੂੰ

Scanned by CamScanner

ਆਖਿਆ ਕਿ ਉਹ ਸੌਂ ਜਾਣ, ਪਰ ਮਹਾਂ ਸਿੰਘ ਦਾ ਇਹੋ ਉੱਤਰ ਹੁੰਦਾ : "ਮੈਨੂੰ ਰਤਾ ਨੀਂਦ ਨਹੀਂ ਆ ਰਹੀ ਬੀਰ ਸਿਪਾਹੀਓ, ਮੈਂ ਨਲੂਏ ਸਰਦਾਰ ਅੱਗੇ ਝੂਠਾ ਨਹੀਂ ਪੈਣਾ।" ਸਵੇਰ ਤਕ ਪਾੜ ਦਿੱਜ ਪੂਰਿਆ ਗਿਆ ਕਿ ਜੇ ਗਾਰਾ ਜਿੱਚ ਨਾ ਹੁੰਦਾ ਤਾਂ ਕੋਈ ਨਾ ਕਹਿ ਸਕਦਾ ਕਿ ਕਿਲੇ ਜਮਰੌਦ ਦੀ ਫ਼ਸੀਲ ਨੂੰ ਕਦੇ ਅਜਾ ਵੀ ਆਈ ਹੈ।

ਹਰੀ ਸਿੰਘ ਨੇ ਨਜ਼ਰ ਭਰ ਕੇ ਸਰਦਾਰ ਮਹਾਂ ਸਿੰਘ ਵਲ ਵੇਖਿਆ ਤੇ ਉਸ ਆਪਣੇ ਮਨ ਵਿਚ ਕਿਹਾ, "ਜਿਸ ਕੌਮ ਵਿਚ ਇਹੋ ਜਿਹੇ ਨਿਸ਼ਕਾਮ ਸੇਵਕ ਹੋਣ ਉਹ ਕੌਮ ਸਦਾ ਚੜ੍ਹਦੀਆਂ ਕਲਾਂ ਵਿਚ ਰਹੇਗੀ।" ਹਰਪਾਲ ਸਿੰਘ ਆਪ ਤੇ ਬਾਕੀ ਦੇ ਸਾਰੇ ਤੋਪਚੀ ਵੀ ਰਾਤੀਂ ਸੌਂ ਗਏ ਸਨ। ਸਰਦਾਰ ਮਹਾਂ ਸਿੰਘ ਨੇ ਆਖਿਆ ਸੀ : "ਸਰਦਾਰ ਹਰਪਾਲ ਸਿੰਘ! ਪਿਛਲੇ ਚੌਵੀ ਘੰਟਿਆਂ ਵਿਚ ਤੁਸੀਂ ਤੇ ਤੁਹਾਡੇ ਤੋਪਚੀਆਂ ਨੇ ਸਾੜੀ ਪੱਤ ਰੱਖੀ ਹੈ। ਪਤਾ ਨਹੀਂ ਕੱਲ੍ਹ ਦਾ ਦਿਨ ਕਿਹੋ ਜਿਹਾ ਚੜ੍ਹਨਾ ਹੈ। ਜੇ ਤੁਸੀਂ ਅੱਜ ਦੀ ਰਾਤ ਆਰਾਮ ਨਾ ਕੀਤਾ ਤਾਂ ਕਲ੍ਹ ਤੁਹਾਡੇ ਵਾਸਤੇ ਲੜਨਾ ਬੜਾ ਮੁਸ਼ਕਲ ਹੋਵੇਗਾ। ਅਸਾਂ ਸਵਾਰਾਂ ਤੇ ਪਿਆਦਿਆਂ ਦੀ ਤਾਂ ਵਾਰੀ ਅਜੇ ਆਈ ਹੀ ਨਹੀਂ।"

ਹਰਪਾਲ ਸਿੰਘ ਮੰਨ ਗਿਆ ਸੀ। ਹਾਂ, ਅਜੇ ਤਕ ਬਹੁਤੀ ਲੜਾਈ ਤੋਪਚੀਆਂ ਤੇ ਗੋਲੰਦਾਜ਼ਾਂ ਨੇ ਹੀ ਕੀਤੀ ਸੀ। ਬੇਸ਼ਕ ਬੰਦਾ ਬੰਦਾ ਉਨ੍ਹਾਂ ਦੀ ਸਹਾਇਤਾ ਕਰਦਾ ਰਿਹਾ ਸੀ, ਪਰ ਤੋਪਾਂ ਦੀ ਜੰਗ ਜਿੱਤਣੀ ਉਨ੍ਹਾਂ ਦੀ ਜ਼ਿਮੇਵਾਰੀ ਸੀ। ਤੇ ਇਹ ਜ਼ਿਮੇਵਾਰੀ ਦਾ ਅਹਿਸਾਸ ਹੀ ਹੈ ਜਿਹੜਾ ਇਨਸਾਨ ਨੂੰ ਵਧੇਰੇ ਥਕਾਂਦਾ ਹੈ; ਨਿਰੀ ਸਰੀਰਕ ਖੇਚਲ ਨਹੀਂ।

ਪਿਛਲੇਰੀ ਰਾਤ ਹਰਪਾਲ ਸਿੰਘ ਤੇ ਤੋਪਚੀ ਸੌਂ ਨਹੀਂ ਸਨ ਸਕੇ। ਪਠਾਣੀ ਤੋਪਾਂ ਪਿਛਲੇਰੀ ਸਾਰੀ ਰਾਤ ਚਾਲੂ ਰਹੀਆਂ ਸਨ। ਉਹ ਘੋੜੇ ਦੀ ਪਹਿਲੀ ਰਾਤ ਸੀ ਨਾ ? ਗਾਚੀਆਂ ਦੇ ਹੌਸਲੇ ਵਧ ਗਏ ਸਨ। ਪਹਿਲੀ ਵਾਰ ਉਨ੍ਹਾਂ ਨੇ ਕਿਲੇ ਖ਼ਾਲਸਈ ਸੈਨਾਂ ਨੂੰ ਘੋੜੇ ਵਿਚ ਲਿਆ ਸੀ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਹ ਕਿਲ੍ਹਾ ਮਾਰ ਲੈਣਗੇ। ਏਸੇ ਮੂੜ੍ਹ ਚਾਅ ਵਿਚ ਉਹ ਸਾਰੀ ਰਾਤ ਗੋਲੇ ਵਰਸਾਂਦੇ ਰਹੇ ਤੇ ਗੀਤ ਗਾਂਦੇ ਰਹੇ। ਠੀਕ, ਗੋਲੇ ਬਾਂ ਸਿਰ ਨਹੀਂ ਸਨ ਪੈਂਦੇ, ਪਰ ਉਨ੍ਹਾਂ ਕੋਲ ਬਾਰੂਦ ਕਿਹੜਾ ਘਟ ਸੀ। ਕਿਉਂ ਨਾ ਖ਼ਾਲਸੇ ਨੂੰ ਡਰਾਇਆ ਜਾਏ ? ਉਹ ਗੀਤ ਗਾਂਦੇ ਰਹੇ ਸਨ ਤੇ ਆਇਤਾਂ ਪੜ੍ਹਦੇ ਰਹੇ ਸਨ ਕਿਉਂ ਜੋ ਉਨ੍ਹਾਂ ਨੂੰ ਲਗਦਾ ਸੀ ਕਿ ਅਗਲੇ ਦਿਨ ਉਹ ਜਮਰੌਦ ਫਾਹ ਕੇ ਪਿਸ਼ਾਵਰ ਦੇ ਦੁਆਲੇ ਹੋਣਗੇ।

ਇਹੋ ਜਿਹੇ ਹਾਲਾਤਾਂ ਵਿਚ ਕਿਲ੍ਹੇ ਅੰਦਰ ਘਿਰੀ ਖ਼ਾਲਸਈ ਸੈਨਾਂ ਕਿਵੇ ਸੌਂ ਸਕਦੀ ਸੀ ਤੇ ਖ਼ਾਸ ਕਰਕੇ ਤੋਪਚੀ। ਹਰ ਗੋਲੇ ਦਾ ਜੁਆਬ ਗੋਲੇ ਨਾਲ ਦੇਣਾ ਜ਼ਰੂਰੀ ਸੀ। ਨਹੀਂ ਤਾਂ ਕਿਧਰੇ ਪਠਾਣ ਇਹ ਨਾ ਸਮਝਣ ਕਿ ਸਿਖ ਸੌਂ ਗਏ ਹਨ। ਪਰ ਅੱਜ ਦੀ ਰਾਤ ਇਹੋ ਜਿਹੀ ਕੋਈ ਔਕੜ ਨਹੀਂ ਸੀ। ਦਿਨੇ ਪਠਾਣਾਂ ਦੇ ਦੋ ਹੱਲੇ ਅਸਫ਼ਲ ਰਹੇ ਸਨ ਤੇ ਉਨ੍ਹਾਂ ਦੀਆਂ ਕਈ ਤੋਪਾਂ ਨਾਕਾਰਾ ਹੋ ਗਈਆਂ ਸਨ। ਕੋਹੇ-ਸ਼ਿਕਨ ਆਪ ਸ਼ਿਕਸਤਾ ਪਈ ਸੀ। ਉਹ ਕਿਲੇ ਦੀ ਫ਼ਸੀਲ ਵਿਚ ਪਏ ਪਾੜ ਦਾ ਵੀ ਫ਼ਾਇਦਾ ਨਹੀਂ ਸਨ ਉਠਾ ਸਕੇ। ਜੇ ਸਚ ਪੁਛਿਆ ਜਾਏ ਤਾਂ ਪਠਾਣ ਬਾਜ਼ੀ ਹਾਰ ਚੁਕੇ ਸਨ। ਉਨ੍ਹਾਂ ਦਾ ਚਾਅ ਮੁੱਕ ਚੁਕਾ ਸੀ। ਉਹ ਪਹਿਲੇ ਜਿਹਾ ਜੋਸ਼ ਖ਼ਰੋਸ਼ ਨਹੀਂ ਸੀ ਰਿਹਾ। ਅੱਜ ਦੀ ਰਾਤ ਨਾ ਆਇਤਾਂ ਪੜ੍ਹੀਆਂ ਗਈਆਂ ਤੇ ਨਾ ਹੀ ਗਾਣੇ ਗਾਏ ਗਏ। ਸਾਰੀ ਪਠਾਣੀ ਸੈਨਾਂ ਰਾਤ ਪੈਂਦਿਆਂ ਹੀ ਘੂੱਕ ਸੌਂ ਗਈ।

ਏਧਰ ਹਰਪਾਲ ਸਿੰਘ ਆਪਣੇ ਤੋਪਚੀਆਂ ਨੂੰ ਸੌਣ ਦਾ ਹੁਕਮ ਦੇ ਕੇ ਆਪ ਵੀ ਸੌਂ ਗਿਆ। ਇਉਂ ਝੁੱਟੀਆਂ ਮਾਰ ਕੇ ਸੌਣ ਦੀ ਆਦਤ ਤੇ ਘੋਰ ਖ਼ਤਰਿਆਂ ਦੇ ਸਨਮੁਖ ਬਿਲਕੁਲ ਸ਼ਾਂਤ ਚਿਤ ਰਹਿਣ ਦੀ ਜਾਚ ਹਰਪਾਲ ਸਿੰਘ ਨੇ ਆਪਣੇ ਨਾਇਕ ਹਰੀ ਸਿੰਘ ਨਲੂਏ ਕੋਲੋਂ ਸਿੱਖੀ ਸੀ। ਕਸ਼ਮੀਰ ਦੀ ਲੜਾਈ ਵਿਚ ਪੀਰ ਪੰਜਾਲ ਦੀਆਂ ਚੋਟੀਆਂ ਦੇ ਕੋਲ ਇਕ ਵਾਰ ਹਰੀ ਸਿੰਘ ਨਲੂਏ ਨੂੰ ਆਪਣੇ ਘੋੜੇ ਉੱਤੇ ਸੁੱਤਿਆਂ ਵੇਖਿਆ ਸੀ। ਉਦੋਂ ਹਰਪਾਲ ਸਿੰਘ ਇਕ ਬੜਾ ਜ਼ਰੂਰੀ ਹੁਕਮ ਲੈਣ ਵਾਸਤੇ ਸਰਦਾਰ ਕੋਲ ਆਇਆ ਸੀ। ਘੋੜੇ ਉੱਤੇ ਸੁੱਤਾ ਸਰਦਾਰ ਹਰਪਾਲ ਸਿੰਘ ਨੂੰ ਕੇਡਾ ਪਿਆਰਾ ਲਗਾ ਸੀ। ਉਹਨੂੰ ਅਜੇ ਤਕ ਯਾਦ ਸੀ। ਓਦੋਂ ਹਰਪਾਲ ਸਿੰਘ ਉਹਨੂੰ ਜਗਾਏ ਬਗੈਰ ਹੀ ਟੁਰ ਗਿਆ। ਇਹ ਨਹੀਂ ਕਿ ਸਰਦਾਰ ਨੂੰ ਜਗਾਉਣ ਲਈ ਉਹ ਹਿੰਮਤ ਨਾ ਕਰ ਸਕਿਆ ਜਾਂ ਜਗਾਣ ਉੱਤੇ ਸਰਦਾਰ ਨੇ ਗੁੱਸਾ ਕਰਨਾ ਸੀ, ਪਰ ਇਸ ਲਈ ਕਿ ਉਹ ਇਸ ਝਾਕੀ ਦਾ ਰਸ ਹਮੇਸ਼ ਲਈ ਮਾਣਨਾ ਚਾਹੁੰਦਾ ਸੀ। ਸਰਦਾਰ ਕੋਲੋਂ ਹੁਕਮ ਲੈਣ ਦੀ ਬਜਾਏ ਉਸ ਆਪੇ ਹੀ ਹੱਥਲੇ ਮਸਲੇ ਦਾ ਫੈਸਲਾ ਕਰ ਲਿਆ। ਤੇ ਜਿਹੜਾ ਪਿਛੋਂ ਇੱਨ ਬਿੰਨ ਸਰਦਾਰ ਦੀ ਰਾਏ ਦੇ ਅਨਕੂਲ ਨਿਕਲਿਆ।

ਇਸ ਝ ਕੀ ਦਾ ਜ਼ਿਕਰ ਉਸ ਸਰਦਾਰ ਹਰੀ ਸਿੰਘ ਅਗੇ ਉਸ ਰਾਤ ਕੀਤਾ : "ਸਰਦਾਰ ਜੀ! ਤੁਸੀਂ ਇਉਂ ਘੋੜੇ ਉੱਤੇ ਊਂਘਦੇ ਮੈਨੂੰ ਨੈਪੋਲੀਅਨ ਤੋਂ ਵੀ ਕਿਤੇ ਵਡੇ ਜਰਨੈਲ ਲਗੇ ਸੀ। ਕਾਸ਼! ਇਕ ਦਿਨ ਆਵੇ ਕਿ ਤੁਹਾਡੇ

Scanned by CamScanner

ਵਡਿਆਈ ਦਾ ਜੱਸ ਨੈਪੋਲੀਅਨ ਦੀ ਮਹਾਨਤਾ ਤੇ ਜੱਸ ਵਾਂਗ ਸਾਰੀ ਦੁਨੀਆਂ ਵਿਚ ਫੈਲੇ।"

ਹਰੀ ਸਿੰਘ ਨੇ ਉੱਤਰ ਵਿਚ ਕਿਹਾ ਸੀ : "ਸਰਦਾਰ ਹਰਪਾਲ ਸਿੰਘ ! ਮੈਂ ਨੈਪੋਲੀਅਨ ਦੀ ਆਭਾ ਨੂੰ ਛੋਹਣ ਦਾ ਦਾਅਵਾ ਨਹੀਂ ਕਰਦਾ। ਮੈਂ..." ਤੇ ਜਿਵੇਂ ਸਰਦਾਰ ਹਰੀ ਸਿੰਘ ਨੂੰ ਉਹਦੀ ਜਮਾਂਦਰੂ ਨਿੰਮ੍ਰਤਾ ਨੇ ਅਗੋਂ ਕੁਝ ਕਹਿਣ ਨਾ ਦਿਤਾ ਹੋਵੇ।

ਪਰ ਉਸ ਤੋਂ ਅਗਲੇ ਦਿਨ ਹਰੀ ਸਿੰਘ ਤੇ ਹਰਪਾਲ ਸਿੰਘ ਦੀ ਗੱਲ ਬਾਤ ਵਿਚ ਜਦੋਂ ਕਿਤੇ ਫਿਰ ਨੈਪੋਲੀਅਨ ਦਾ ਜ਼ਿਕਰ ਆਇਆ ਤਾਂ ਹਰੀ ਸਿੰਘ ਨੇ ਹਰਪਾਲ ਸਿੰਘ ਦੇ ਨੇੜੇ ਹੋ ਕੇ ਉਹਦੇ ਕੰਨ ਵਿਚ ਕਿਹਾ : "ਯਾਦ ਹੈ ਕਿ ਰੱਲੂ ਤੂੰ ਮੈਨੂੰ ਕੀ ਕਿਹਾ ਸੀ ? ਪਰ ਸ਼ਾਇਦ ਤੂੰ ਨਹੀਂ ਜਾਣਦਾ ਕਿ ਇਕ ਵਾਰ ਸਰਕਾਰ ਨੇ ਵੀ ਮੈਨੂੰ ਹੂ-ਬ-ਹੂ ਇਹੋ ਸ਼ਬਦ ਕਹੇ ਸਨ...ਤੇ ਨਾਲੇ ਕਿਹਾ ਸੀ ਉਹਨਾਂ ਹਰਪਾਲ..." ਪਰ ਕੱਲੂ ਵਾਂਗ ਹਰੀ ਸਿੰਘ ਅਜ ਫਿਰ ਅਗੋਂ ਕੁਝ ਨਾ ਕਹਿ ਸਕਿਆ।

ਹਰਪਾਲ ਖੁਸ਼ ਹੋਇਆ ਸੀ। ਜਦੋਂ ਵੀ ਸਰਦਾਰ ਹਰੀ ਸਿੰਘ ਉਹਨੂੰ ਸਿਰਫ ਹਰਪਾਲ ਕਹਿ ਕੇ ਬੁਲਾਉਂਦਾ। ਉਹ ਸਦਾ ਖੁਸ਼ ਹੋਇਆ ਕਰਦਾ ਸੀ। ਹਰਪਾਲ ਤੇ ਸਰਦਾਰ ਹਰੀ ਸਿੰਘ ਦੋਵੇਂ ਹੀ ਨੈਪੋਲੀਅਨ ਬਾਰੇ ਕਾਫ਼ੀ ਕੁਝ ਜਾਣਦੇ ਸਨ। ਇਨ੍ਹਾਂ ਦੋਹਾਂ ਤੋਂ ਇਲਾਵਾ ਹੋਰ ਕਈ ਸਿਖ ਸਰਦਾਰ ਵੀ ਨੈਪੋਲੀਅਨ ਤੇ ਯੂਰਪ ਦੇ ਹੋਰ ਪ੍ਰਸਿਧ ਸੈਨਾਪਤੀਆਂ ਬਾਰੇ ਕਾਫ਼ੀ ਕੁਝ ਜਾਣਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਯੂਰਪ ਦੇ ਸਮਕਾਲੀ ਤੇ ਬੀਤ ਚੁਕੇ ਜਰਨੈਲਾਂ ਬਾਰੇ ਵਾਕਫ਼ੀ ਸਭ ਤੋਂ ਵਧ ਹੈਰਾਨੀ ਜਨਕ ਸੀ।

ਅਪ੍ਰੈਲ ੧੮੩੧ ਵਿਚ ਸਰਦਾਰ ਹਰੀ ਸਿੰਘ ਸਣੇ ਫ਼ਕੀਰ ਅਜ਼ੀਜ਼ ਉਦੀਨ, ਦੀਵਾਨ ਮੋਤੀ ਰਾਮ, ਸਰਦਾਰ ਅਜੀਤ ਸਿੰਘ ਸੰਧਾਵਾਲੀਏ, ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਸਰਦਾਰ ਧੰਨਾ ਸਿੰਘ ਮਲਵਈ ਦੇ ਗਵਰਨਰ ਜਨਰਲ ਤੇ ਮਹਾਰਾਜਾ ਰਣਜੀਤ ਸਿੰਘ ਦੀ ਮੁਲਾਕਾਤ ਬਾਰੇ ਵਿਚਾਰ ਕਰਨ ਵਾਸਤੇ ਸ਼ਿਮਲੇ ਗਿਆ ਸੀ। ਉਥੇ ਹਰੀ ਸਿੰਘ ਨਲੂਏ ਨੇ ਅੰਗਰੇਜ਼ੀ ਸਿਪਾਹ ਸਾਲਾਰ ਨਾਲ ਟਰੈਫਾਲਗਰ ਤੇ ਵਾਟਰਲੂ ਦੀਆਂ ਦੋਹਾਂ ਲੜਾਈਆਂ ਬਾਰੇ ਨਕਸ਼ੇ ਸਾਹਮਣੇ ਖਲੋ ਕੇ ਵਿਚਾਰ ਕੀਤੀ ਸੀ। ਇਕ ਅੰਗਰੇਜ਼ ਦੋਭਾਸ਼ੀਏ ਨੇ ਕਿਸੇ ਕਿਤਾਬ ਵਿਚੋਂ ਡੀਊਕ ਆਫ਼ ਵੈਲਿੰਗਟਨ ਤੇ ਨੈਪੋਲੀਅਨ ਦੀਆਂ ਪ੍ਰਤਿਭਾਵਾਂ ਦਾ ਮੁਕਾਬਲਾ ਪੜ੍ਹ ਕੇ ਸੁਣਾਇਆ ਸੀ ਤੇ ਹਰੀ ਸਿੰਘ ਨੇ ਇਸ ਬਾਰੇ ਮਹਾਰਾਜਾ ਰਣਜੀਤ ਸਿੰਘ ਤੇ ਫਿਰ ਆਪਣੇ ਸਰਦਾਰਾਂ ਨੂੰ ਜਿਦੇ ਵਿਚ ਕਿ ਹਰਪਾਲ ਸਿੰਘ ਵੀ ਸ਼ਾਮਲ ਸੀ, ਦਸਿਆ, "ਬੇਸ਼ਕ ਡੀਊਕ ਨੂੰ ਹਰ ਸਤਰ ਵਿਚ ਵਡਿਆਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਨੈਪੋਲੀਅਨ ਦੀ ਪ੍ਰਤਿਭਾ ਫਿਰ ਵੀ ਮੈਨੂੰ ਡੀਊਕ ਦੀ ਪ੍ਰਤਿਭਾ ਨਾਲੋਂ ਕਿਤੇ ਵਧ ਪ੍ਰਭਾਵਿਤ ਕਰਦੀ ਗਈ।" ਵਾਪਸ ਲਾਹੌਰ ਆਉਂਦਿਆਂ ਵੀ ਉਹ ਕੈਪਟਨ ਵੁੱਡ ਤੇ ਮਿਸਟਰ ਮੈਕਰੈਗਰ ਨਾਲ ਯੂਰਪ ਦੀਆਂ ਪ੍ਰਸਿਧ ਹਸਤੀਆਂ ਬਾਰੇ ਗੱਲਾਂ ਬਾਤਾਂ ਕਰਦਾ ਆਇਆ ਸੀ।

ਘੋੜੇ ਉੱਤੇ ਸੌਣ ਬਾਰੇ ਹਰੀ ਸਿੰਘ ਨਲੂਏ ਨੇ ਹਰਪਾਲ ਨੂੰ ਕਿਤੇ ਫਿਰ ਕਿਹਾ ਸੀ : ਇਹ ਆਦਤ ਮੈਂ ਨੈਪੋਲੀਅਨ ਦੀ ਜੀਵਨੀ ਤੋਂ ਨਹੀਂ ਲਈ। ਛੋਟਿਆਂ ਹੁੰਦਿਆਂ ਤੋਂ ਹੀ ਮੈਂ ਝੁੱਟੀਆਂ ਲੈ ਕੇ ਸੌਂ ਸਕਦਾ ਹਾਂ। ਜਿਸ ਵੇਲੇ ਮਰਜ਼ੀ ਚਾਹਾਂ ਸੌਂਵਾਂ, ਜਦੋਂ ਮਰਜ਼ੀ ਚਾਹੇ ਉਠਾਂ।"

ਪਰ ਹਰਪਾਲ ਨੇ ਇਹ ਆਦਤ ਜਾਂ ਇਹ ਕਲਾ ਜ਼ਰੂਰ ਹਰੀ ਸਿੰਘ ਦੇ ਉਦਾਹਰਣ ਤੋਂ ਗ੍ਰਹਿਣ ਕੀਤੀ ਸੀ। ਜਦੋਂ ਉਹ ੧੮੧੯ ਵਿਚ ਸਰਦਾਰ ਹਰੀ ਸਿੰਘ ਦੇ ਮਾਤਹਿਤ ਕਸ਼ਮੀਰ ਦੀ ਫ਼ਤਹਿ ਲਈ ਗਿਆ ਸੀ ਤਾਂ ਉਹਦੀ ਉਮਰ ਮਸੇ ਇੱਕੀਆਂ ਵਰ੍ਹਿਆਂ ਦੀ ਹੋਵੇਗੀ। ਭਾਵੇਂ ਉਦੋਂ ਤਕ ਉਹ ਇਕ ਤੋਪਚੀ ਦੇ ਤੌਰ ਉੱਤੇ ਨਾਮਣਾ ਖਟ ਚੁਕਿਆ ਸੀ ਤੇ ਕੁੱਮੇਦਾਨ ਵੀ ਬਣ ਚੁਕਾ ਸੀ, ਪਰ ਫਿਰ ਵੀ ਅਜੇ ਉਹਦੀਆਂ ਆਦਤਾਂ ਤੇ ਸੁਭਾ ਕੱਚੇ ਸਨ। ਹਰੀ ਸਿੰਘ ਦੇ ਆਚਰਨ ਤੇ ਸੁਭਾ ਨੇ ਉਹਦੇ ਉੱਤੇ ਅਸਰ ਕੀਤਾ ਤੇ ਉਹਨੇ ਬੜਾ ਕੁਝ ਆਪਣੇ ਨਾਇਕ ਕੋਲੋਂ ਸਿਖਿਆ ਤੇ ਅਪਣਾਇਆ।

ਇਹੋ ਕਾਰਨ ਸੀ ਅੱਜ ਹਰਪਾਲ ਨੂੰ ਕੋਈ ਖ਼ਤਰਾ ਡਗਮਗਾ ਨਹੀਂ ਸੀ ਸਕਦਾ। ਪਲੋ ਪਲੀ ਉਹ ਫ਼ੌਜੀ ਹਾਲਤਾਂ ਦਾ ਜਾਇਜ਼ਾ ਲੈ ਲੈਂਦਾ ਤੇ ਉਹਦਾ ਸ੍ਵੈ-ਵਿਸ਼ਵਾਸ ਇਕ ਅਹਿਲ ਚਟਾਨ ਵਾਂਗ ਸਭ ਕਮਜ਼ੋਰਾਂ ਤੇ ਥੋੜ੍ਹ-ਦਿਲਿਆਂ ਨੂੰ ਆਸਰਾ ਦੇਂਦਾ। ਅੱਜ ਸਵੇਰੇ ਹਰਪਾਲ ਸੁੱਤਾ ਉਠਿਆ ਤੇ ਉਸ ਮਹਾਂ ਸਿੰਘ ਨੂੰ ਪੂਰੇ ਗਏ ਪਾੜ ਦੇ ਲਾਗੇ ਖਲੋਤੇ ਹੋਏ ਵੇਖਿਆ। ਹੁਣ ਜਲਦੀ ਹੀ ਪੂਰਬ ਵਲੋਂ ਲੋਅ ਤੇਜ਼ ਹੋ ਗਈ ਤੇ ਉਹਨੇ ਨੀਝ ਲਾ ਕੇ ਪਿਸ਼ਾਵਰ ਵਲ ਤੱਕਿਆ। ਉਹ ਹਰੀ ਸਿੰਘ ਨਲੂਏ ਨੂੰ ਉਡੀਕ ਰਿਹਾ ਸੀ। ਉਹਦੀ ਜਾਚੇ ਇਹੋ ਸਮਾਂ ਉਹਦੇ ਸਰਦਾਰ ਦੇ ਆਉਣ ਦਾ ਸਮਾਂ ਸੀ। ਹਰਪਾਲ ਸਿੰਘ ਆਪਣੇ

Scanned by CamScanner

ਸਰਦਾਰ ਨੂੰ ਜਾਣਦਾ ਸੀ।

ਰਾਤੀਂ ਇਕ ਬੀਬੀ ਹਰਸ਼ਰਨ ਕੌਰ ਸਰਦਾਰ ਮਹਾਂ ਸਿੰਘ ਦੀ ਲੈ ਕੇ ਚਿੱਠੀ ਪਿਸ਼ਾਵਰ ਗਈ ਸੀ। ਕਈ ਜੁਆਨਾਂ ਨੇ ਇਸ ਚਿੱਠੀ ਨੂੰ ਪਿਸ਼ਾਵਰ ਅਪੜਾਉਣ ਵਾਸਤੇ ਆਪਣੇ ਆਪ ਨੂੰ ਪੇਸ਼ ਕੀਤਾ, ਪਰ ਦਸ਼ਮਣ ਦੇ ਤੀਹ-ਹਜ਼ਾਰੇ ਕੜੇ ਘੇਰੇ ਵਿਚੋਂ ਬਚ ਕੇ ਨਿਕਲਣ ਵਾਸਤੇ ਅੱਨੀਂ ਜੁਆਮਰਦੀ ਦੀ ਨਹੀਂ ਜਿੰਨੀ ਫ਼ਰਤੀ ਤੇ ਛਲ ਦੀ ਲੋੜ ਸੀ। ਏਸੇ ਲਈ ਕਿਸੇ ਯੋਧੇ ਦੀ ਥਾਂ ਬੀਬੀ ਹਰਸ਼ਰਨ ਕੌਰ ਨੂੰ ਚੁਣਿਆ ਗਿਆ। ਉਹਨੇ ਇਕ ਅਫ਼ਗੀਦਨ ਦਾ ਭੇਸ ਕੀਤਾ, ਚਿੱਠੀ ਲਈ ਤੇ ਪਸ਼ਤੂ ਵਿਚ ਆਖਿਆ : "ਹੁਣ ਤਾਂ ਤੁਹਾਡੇ ਵਿਚ ਵੀ ਕਈ ਮੈਨੂੰ ਪਛਾਣ ਨਹੀਂ ਸਕਣਗੇ।"

ਹਰਪਾਲ ਨੂੰ ਯਕੀਨ ਸੀ ਕਿ ਇਹ ਚਿੱਠੀ ਹਰੀ ਸਿੰਘ ਨਲੂਏ ਕੋਲ਼ ਪਹੁੰਚ ਗਈ ਹੋਵੇਗੀ। ਤੇ ਜੇ ਨਾ ਵੀ ਪਹੁੰਚੀ ਹੁੰਦੀ ਤਾਂ ਵੀ ਹਰਪਾਲ ਜਾਣਦਾ ਸੀ ਕਿ ਸਰਦਾਰ ਹਰੀ ਸਿੰਘ ਜਮਰੌਦ ਨੂੰ ਬਚਾਉਣ ਲਈ ਆਉਂਦਾ ਹੀ ਹੋਵੇਗਾ। ਭਲਾ ਇਹ ਵੀ ਹੋ ਸਕਦਾ ਹੈ ਕਿ ਇਸ ਘੇਰੇ ਦੀ ਖ਼ਬਰ ਤੇ ਕਾੜ ਕਾੜ ਤੋਪਾਂ ਚੱਲਣ ਦੀ ਆਵਾਜ਼ ਪਿਸ਼ਾਵਰ ਨਾ ਪਹੁੰਚੀ ਹੋਵੇ ?

ਦੂਰ ਪੂਰਬ ਵਲੋਂ ਨਜ਼ਰਾਂ ਹਟਾ ਕੇ ਹਰਪਾਲ ਸਿੰਘ ਨੇ ਕਿਲੇ ਦੁਆਲੇ ਬੈਠੀ ਪਠਾਣੀ ਸੈਨਾਂ ਵਲ ਵੇਖਿਆ। ਉਨ੍ਹਾਂ ਨੂੰ ਕੋਈ ਅਜਿਹਾ ਹਿੱਸਾ ਜਾਂ ਖੂੰਜਾ ਨਜ਼ਰ ਨਾ ਆਇਆ ਜਿਥੇ ਕਿ ਪਠਾਣਾਂ ਦੇ ਇਕ ਦੂਜੇ ਨਾਲ ਮੱਢੇ ਨਾਲ ਮੱਢੇ ਨਾ ਖਹਿਸਰ ਰਹੇ ਹੋਣ। ਤੀਹ ਹਜ਼ਾਰ ਆਦਮੀ ਤੇ ਬਸ ਕੁਝ ਹਜ਼ਾਰ ਗਜ਼ਾਂ ਦੇ ਘੇਰੇ ਵਿਚ, ਕੋਈ ਥਾਂ ਕਿਵੇਂ ਖ਼ਾਲੀ ਬਚਦੀ ? ਲੋਅ ਵਧਦੀ ਗਈ ਤੇ ਹੁਣ ਉਹਨੂੰ ਦੁਸ਼ਮਨ ਦੀਆਂ ਤੋਪਾਂ ਦੇ ਆਕਾਰ ਦਿਸਣੇ ਸ਼ੁਰੂ ਹੋ ਗਏ। ਤੋਪਾਂ ਤੋਂ ਪਰੇ ਸਨ ਦੁਸ਼ਮਨ ਦੇ ਘੋੜੇ ਤੇ ਉਸ ਤੋਂ ਪਿਛੇ ਉਨ੍ਹਾਂ ਦੀ ਪਿਆਦਾ ਫ਼ੌਜ ਤੇ ਸਭ ਤੋਂ ਪਿਛੇ ਉਨ੍ਹਾਂ ਦੇ ਜਰਨੈਲਾਂ, ਅਮੀਰਾਂ, ਸਰਦਾਰਾਂ ਦੇ ਤੰਬੂ। ਹੁਣ ਉੱਤਰ ਵਲ ਇਕ ਵੱਡਾ ਸ਼ਾਮਿਆਨਾ ਵੀ ਦਿਸਣ ਲੱਗਾ। ਇਹ ਸ਼ਾਮਿਆਨਾ, ਉਹ ਜਾਣਦਾ ਸੀ, ਸਿਪਾਹ ਸਾਲਾਰ ਮੁਹੰਮਦ ਅਕਬਰ ਖ਼ਾਨ ਦਾ ਹੈ। ਅਜੇ ਤਕ ਪਠਾਣੀ ਫ਼ੌਜ ਬੇਦਾਰ ਨਹੀਂ ਸੀ ਹੋਈ। ਇੱਕੋ ਦੁੱਕੇ ਆਦਮੀ ਹੀ ਕਿਤੇ ਕਿਤੇ ਟੁਰਦੇ ਫਿਰਦੇ ਨਜ਼ਰ ਆਉਂਦੇ ਸਨ।

ਸਵੇਰੇ ਸਵੇਰੇ ਚੀਜ਼ਾਂ ਤੇ ਆਕਾਰ ਹਮੇਸ਼ਾ ਕਿਸੇ ਅਜੀਬ ਰੰਗ ਵਿਚ ਰੰਗੇ ਨਜ਼ਰ ਆਉਂਦੇ ਹਨ। ਸ਼ਾਇਦ ਇਹ ਨੀਂਦ ਦਾ ਪ੍ਰਭਾਵ ਹੁੰਦਾ ਹੈ, ਜਾਂ ਸ਼ਾਇਦ ਹਰ ਸਵੇਰ ਆਦਮੀ ਕਲ ਨਾਲੋਂ ਚੀਜ਼ਾਂ ਨੂੰ ਕਿਸੇ ਵਖਰੀ ਭਾਹ ਵਿਚ ਵੇਖਣ ਦਾ ਚਾਹਵਾਨ ਹੁੰਦਾ ਹੈ ? ਮੂੰਹ ਹਨੇਰੇ ਤੇ ਪਹੁ-ਫੁਟਾਲੇ ਵੇਲੇ ਆਲਾ ਦੁਆਲਾ ਸਦਾ ਇਕ ਤਲਿਸਮ ਜਿਹੇ ਵਿਚ ਬਝਿਆ ਜਾਪਦਾ ਹੈ। ਜਿਹੜਾ ਤਲਿਸਮ ਕਿ ਧੁੱਪ ਚੜ੍ਹਿਆਂ ਟੁੱਟ ਜਾਂਦਾ ਹੈ।

ਪਠਾਣੀ ਸੈਨਾਂ ਤੋਂ ਵਿਚਰ ਕੇ ਉਹਦੀ ਨਜ਼ਰ ਪੱਛਮ ਵਲ ਗਈ। ਉਸ ਆਪਣੀ ਦੂਰਬੀਨ ਨੂੰ ਅੱਖਾਂ ਨਾਲ ਲਾਇਆ ਤੇ ਦੂਰ ਦਿਸ-ਹੱਦੇ ਵਲ ਵੇਖਣ ਦੀ ਕੋਸ਼ਸ਼ ਕੀਤੀ, ਜਿਥੇ ਹਰਪਾਲ ਸਿੰਘ ਨੇ ਰਾਤ ਕੱਟੀ ਸੀ ਉਹ ਥਾਂ ਕਿਲੇ ਵਿਚ ਸਭ ਤੋਂ ਉੱਚੀ ਸੀ। ਇਹ ਉਹੋ ਥਾਂ ਸੀ ਜਿਥੇ ਕਿ ਜਮਰੌਦ ਦਾ ਕਿਲਾ ਉਸਾਰਨ ਤੋਂ ਪਹਿਲੇ ਇਕ ਗੜ੍ਹੀ ਹੁੰਦੀ ਸੀ। ਇਹ ਗੜ੍ਹੀ ਪਤਾ ਨਹੀਂ ਕੇਡੀ ਪੁਰਾਣੀ ਸੀ। ਕਿੰਨੀਆਂ ਸਦੀਆਂ ਪੁਰਾਣੀ।

ਇਹ ਗੜ੍ਹੀ, ਇਹ ਜਮਰੌਦ ਦਾ ਨਿਕਾ ਜਿਹਾ ਪਿੰਡ, ਇਹ ਸੀਮਤ ਜਿਹਾ ਆਲਾ-ਦੁਆਲਾ ਭਾਰਤ ਦੇ ਇਤਿਹਾਸ ਦਾ ਅਹਿਮ ਆਲਾ ਦੁਆਲਾ ਹੈ ! ਏਥੇ, ਦੱਰਾ ਖ਼ੈਬਰ ਦੇ ਮੂੰਹ ਉੱਤੇ ਹੀ, ਸਦੀਆਂ ਤੋਂ ਭਾਰਤ ਦੀ ਕਿਸਮਤ ਦਾ ਫ਼ੈਸਲਾ ਹੁੰਦਾ ਆਇਆ ਹੈ। ਇਹ ਗੜ੍ਹੀ ਤੇ ਗੜ੍ਹੀ ਦਾ ਆਲਾ ਦੁਆਲਾ ਭਾਰਤ ਦੀ ਫ਼ਤਹਿ ਦੀ ਕੁੰਜੀ ਬਣਿਆ ਰਿਹਾ ਹੈ। ਜਿਹਦੇ ਹੱਥ ਇਹ ਦੱਰੇ ਦਾ ਮੂੰਹ ਰਿਹਾ ਉਹਦੇ ਹੱਥ ਹੀ ਹਿੰਦੁਸਤਾਨ ਦੀ ਗਰਦਨ ਰਹੀ।

ਜਮਰੌਦ ਉਹ ਥਾਂ ਹੈ ਜਿਸ ਤੋਂ ਅਗੇ ਕਿ ਪਹਾੜਾਂ ਦਾ ਇਕ ਸੰਘਣਾ ਸਿਲਸਲਾ ਸ਼ੁਰੂ ਹੁੰਦਾ ਹੈ। ਪਹਾੜਾਂ ਦੇ ਇਸ ਸਿਲਸਿਲੇ ਵਿਚ ਪਾਣੀ ਨਹੀਂ, ਘਾਹ ਨਹੀਂ, ਰਾਹ ਨਹੀਂ, ਠਾਰ ਨਹੀਂ। ਚੌੜਾਈ ਵਿਚ ਤਾਂ ਭਾਵੇਂ ਇਹ ਸਿਲਸਿਲਾ ਸਿਰਫ਼ ਵੀਹ ਤੀਹ ਮੀਲ ਹਾਂ ਹੈ, ਪਰ ਲੰਮਾਈ ਵਿਚ ਇਹ ਇਕ ਪਾਸੇ ਕਸ਼ਮੀਰ ਤੋਂ ਹੁੰਦਾ ਕੋਹ ਹਮਾਲੀਆ ਨਾਲ ਜਾ ਮਿਲਦਾ ਹੈ ਤੇ ਦੂਜੇ ਪਾਸੇ ਹਿੰਦ ਦੀ ਪੂਰਬੀ ਪੱਛਮੀ ਸਰਹੱਦ ਨੂੰ ਛੋਂਹਦਾ ਹੈ।

ਇਸ ਸਿਲਸਿਲੇ ਨੇ ਇਤਿਹਾਸ ਦੇ ਆਦਿ ਤੋਂ ਭਾਰਤ ਵਾਸਤੇ ਇਕ ਠਾਰ ਦਾ ਕੰਮ ਦਿਤਾ ਹੈ। ਜੇ ਇਹ ਸਿਲਸਿਲਾ ਨਾ ਹੁੰਦਾ ਤਾਂ ਸ਼ਾਇਦ ਭਾਰਤ ਦਾ ਇਤਿਹਾਸ ਬਿਲਕੁਲ ਹੀ ਭਿੰਨ ਤੇ ਵਖਰਾ ਹੁੰਦਾ। ਉਂਜ ਭਾਵੇਂ ਬੇਸ਼ਕ ਇਹ ਸਿਲਸਿਲਾ ਕਠਿਨ ਤੇ ਮੁਸ਼ਕਲ ਹੈ, ਪਰ ਫਿਰ ਵੀ ਇਹਨੇ ਇਰਾਦੇ ਜੂੜੇ ਹਮਲਾਆਵਰਾਂ ਨੂੰ ਰੋਕਿਆ ਨਹੀਂ। ਸਦੀਆਂ ਤੋਂ ਇਸ

Scanned by CamScanner

ਸਿਲਸਿਲੇ ਵਿਚਲੇ ਦੱਰੇਆਂ ਰਾਹੀਂ ਹਮਲਾ-ਆਵਰ ਭਾਰਤ ਉੱਤੇ ਹਮਲੇ ਕਰਦੇ ਰਹੇ ਹਨ। ਇਸ ਸਿਲਸਿਲੇ ਦੀ ਕਠਿਨਤਾ ਨੇ ਹਮਲਾ ਆਵਰਾਂ ਨੂੰ ਡਰਾਇਆ ਤੇ ਰੋਕਿਆ ਤਾਂ ਨਹੀਂ, ਪਰ ਇਹਦੀ ਹੋਂਦ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਐਨਾ ਵਾਧਾ ਜ਼ਰੂਰ ਕੀਤਾ ਕਿ ਉਨ੍ਹਾਂ ਦੀ ਤੇਜ਼ੀ ਕੁੰਦ ਹੋ ਜਾਂਦੀ ਰਹੀ ਹੈ। ਤੇ ਅਗੋਂ ਲਈ ਉਨ੍ਹਾਂ ਦੇ ਦਿਲ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਐਨੇ ਉਤਸਾਹਿਤ ਨਹੀਂ ਰਹੇ।

ਜਮਰੌਦ ਤੋਂ ਲੈ ਕੇ ਵਿੰਧੀਆ ਪਰਬਤ ਤੱਕ ਮੈਦਾਨ ਸਾਫ਼ ਹੈ ਤੇ ਕਿਸੇ ਜੇਤੂ ਨੂੰ ਕਿਸੇ ਕਿਸਮ ਦੀ ਕੋਈ ਵੱਡੀ ਰੁਕਾਵਟ ਰੋਕ ਨਹੀਂ ਸਕਦੀ। ਜਮਰੌਦ ਤੋਂ ਯਾਰਾਂ ਕੁ ਮੀਲ ਦੀ ਵਿਥ ਤੇ ਭਾਰਤ ਦਾ ਪਹਿਲਾ ਵੱਡਾ ਸ਼ਹਿਰ ਹੈ ਪਿਸ਼ਾਵਰ, ਤੇ ਪਿਸ਼ਾਵਰ ਦਾ ਇਤਿਹਾਸ ਹੈ ਭਾਰਤ ਦੀ ਉੱਤਰੀ ਪੱਛਮੀ ਸਰਹੱਦ ਦਾ ਇਤਿਹਾਸ। ਜਮਰੌਦ ਤੇ ਪਿਸ਼ਾਵਰ ਦੇ ਆਲੇ-ਦੁਆਲੇ ਵਿਚ, ਲਿਖਤੀ ਇਤਿਹਾਸ ਦੀ ਗਵਾਹੀ ਨਾਲ ਪਹਿਲੇ ਪਹਿਲ ਪੌਰਸ ਦਾ ਰਾਜ ਸੀ। ਇਹ ਕੋਈ ਇਕੱਤੀ ਸੌ ਸਾਲ ਪਹਿਲੇ ਦੀ ਗੱਲ ਹੈ। ਪਿਸ਼ਾਵਰ ਦਾ ਨਾਂ ਓਦੋਂ ਪੌਰਸ ਪੁਰੀ ਸੀ।

"ਤਦੀ ਚੌਵੀ ਸੌ ਸਾਲ ਪਹਿਲੇ ਏਥੇ ਸਕੰਦਰ ਆਇਆ, ਸਕੰਦਰੇ-ਆਜ਼ਮ। ਪੌਰਸ ਦੇ ਬਾਜ-ਗੁਜ਼ਾਰ ਹਾਸ਼ਤੀਆਂ ਨੇ ਏਥੇ ਸਕੰਦਰ ਨਾਲ ਮੱਥਾ ਭੇੜਿਆ। ਸਕੰਦਰ ਦੇ ਹੱਲੇ ਤੋਂ ਥੋੜੀ ਦੇਰ ਪਿਛੋਂ ਹੀ ਚੰਦਰ ਗੁਪਤ ਮੋਰੀਆ ਇਸ ਆਲੇ-ਦੁਆਲੇ ਵਿਚ ਪਹੁੰਚਿਆ ਤੇ ਦੱਰਾ ਖ਼ੈਬਰ ਨੂੰ ਪਾਰ ਕਰ ਕੇ ਆਪਣੀ ਸਲਤਨੱਤ ਦੀਆਂ ਹੱਦਾਂ ਨੂੰ ਹੈਰਾਤ ਤੱਕ ਪਹੁੰਚਾ ਆਇਆ। ਅਸ਼ੋਕ ਦੇ ਚੌਵੀ ਜਗਤ ਪ੍ਰਸਿਧ ਸ਼ਿਲਾ-ਲੇਖ ਫ਼ਰਮਾਨਾਂ ਵਿਚੋਂ ਦੋ ਏਸੇ ਆਲੇ ਦੁਆਲੇ ਵਿਚ ਅਜ ਤਕ ਮਿਲਦੇ ਹਨ। ਇਕ ਮਰਦਾਨ ਦੇ ਲਾਗੇ ਸ਼ਾਹਬਾਜ਼ ਗੜ੍ਹੀ ਕੋਲ ਤੇ ਦੂਜਾ ਮਾਨਸੇਰੇ ਵਿਚ। ਇਨ੍ਹਾਂ ਦਿਨਾਂ ਵਿਚ ਪਿਸ਼ਾਵਰ ਦਾ ਨਾਂ ਪੌਰਸਪੁਰ ਦੀ ਥਾਂ ਸ਼ਾਇਦ ਪੁਰਸ਼ੂਪੁਰਾ ਸੀ।

ਅਸ਼ੋਕ ਦੇ ਨਾਲ ਇਸ ਹਿੱਸੇ ਵਿਚ ਆਇਆ ਬੁਧ ਮੱਤ। ਏਥੇ ਮੰਦਰ ਉਸਰੇ ਏਥੇ ਮੱਠ ਬਣੇ। ਏਥੇ ਬੁਧ ਭਗਵਾਨ ਦੀਆਂ ਮੂਰਤੀਆਂ ਤਰਾਸ਼ੀਆਂ ਗਈਆਂ। ਪੁਸ਼ਕਲਾਵਤੀ ਤੇ ਕਸ਼ਮੀਰ ਸਮਸ ਮੰਦਰ ਇਸ ਅਸਰ ਤੇ ਆਭਾ ਦੇ ਗੁਆਹ ਅਜ ਤਕ ਮੌਜੂਦ ਹਨ। ਤਖ਼ਤਬਾਈ, ਸਰੀਬਲੋਲ, ਮੈਨੀ, ਟੋਪੀ, ਚੰਦ, ਖਰਕੈ, ਜਮਾਲਗੜ੍ਹੀ, ਗਹੇਲਾ ਤੇ ਹੰਡ ਵਿਚ ਵੀ ਅਸ਼ੋਕ ਰਾਜ ਦੇ ਚਿੰਨ੍ਹ ਅਜ ਤਕ ਮਿਲਦੇ ਹਨ।

ਅਸ਼ੋਕ ਤੋਂ ਪਿਛੋ ਕਨਿਸ਼ਕ ਦਾ ਰਾਜ ਹੋਇਆ। ਬਦੇਸ਼ੀ ਹੁੰਦੇ ਹੋਏ ਵੀ ਕਨਿਸ਼ਕ ਕਿਸੇ ਨੂੰ ਪ੍ਰਦੇਸੀ ਨਾ ਜਾਪਿਆ। ਬੁਧ ਮੱਤ ਦਾ ਪੈਰੋਕਾਰ ਉਹ ਅਸ਼ੋਕ ਵਾਂਗ ਹੀ ਭਾਰਤੀ ਗਿਣਿਆ ਜਾਂਦਾ ਰਿਹਾ। ਹੀਊਨ ਸਾਂਗ, ਫ਼ਾਹਿਆਨ, ਸੰਗਯੂਨ ਤੇ ਹੋਰ ਸਾਰੇ ਮਸ਼ਹਰ ਚੀਨੀ ਯਾਤਰੂ ਏਥੋਂ ਲੰਘੇ ਤੇ ਉਨ੍ਹਾਂ ਪਿਸ਼ਾਵਰ ਦੇ ਗੁਣ ਗਾਏ। ਅਲਬਰੂਨੀ ਵੀ ਏਥੋਂ ਲੰਘਿਆ। ਉਸ ਪਿਸ਼ਾਵਰ ਦਾ ਨਾਂ ਪੁਰਸ਼ਾਵਰ ਲਿਖਿਆ ਹੈ। ਤੇ ਫਿਰ ਇਕ ਦਿਨ ਜਮਰੌਦ ਤੇ ਪਿਸ਼ਾਵਰ ਦਾ ਆਲਾਦੁਆਲਾ ਮੁਜਾਹਿਦਾਂ ਥੱਲੇ ਆਇਆ। ਸਤਾਈ ਨਵੰਬਰ ੯੯੮ ਨੂੰ ਜਲਾਲਾਬਾਦ ਦੇ ਕੋਲ ਲਘਮਾਨ ਦੇ ਮੈਦਾਨ ਵਿਚ ਮਹਾਰਾਜਾ ਜੈਪਾਲ ਤੇ ਸੁਬਕਤਗੀਨ ਦੀ ਤਲਵਾਰ ਠਹਿਕੀ ਤੇ ਜੈਪਾਲ ਹਾਰ ਗਿਆ। ਅਗਲੇ ਹੀ ਦਿਨ ਸੁਬਕਤਗੀਨ ਦੱਰਾ ਖ਼ੈਬਰ ਨੂੰ ਪਾਰ ਕਰ ਕੇ ਇਸ ਆਲੇਦੁਆਲੇ ਵਿਚ ਪਹੁੰਚਿਆ। ਹੁਣ ਉਹਨੂੰ ਰੋਕਣਾ ਕਿਹਾ ?

ਸੁਬਕਤਗੀਨ ਤੋਂ ਪਿਛੋਂ ਵਾਰੋ ਵਾਰ ਏਥੇ ਕਈ ਇਸਲਾਮੀ ਹਕੂਮਤਾਂ ਫਲੀਆਂ ਫੂਲੀਆਂ। ਜਦੋਂ ਦਿੱਲੀ ਦੀ ਹਕੂਮਤ ਤਾਕਤਵਰ ਹੁੰਦੀ ਇਹ ਆਲਾਦੁਆਲਾ ਦਿੱਲੀ ਦੀ ਮਾਤਹਿਤੀ ਮੰਨਦਾ ਤੇ ਜਦੋਂ ਕਾਬਲ ਦੀ ਹਕੂਮਤ ਵਧਦੀ ਚੜ੍ਹਦੀ ਤਾਂ ਇਹ ਆਲਾਦੁਆਲਾ ਕਾਬਲ ਦੀ ਸਲਤਨੱਤ ਦੀ ਬਾਂਹ ਹੁੰਦਾ। ਗ਼ੌਰੀ, ਖ਼ਿਲਜੀ, ਤੁਗ਼ਲਕ, ਲੋਧੀ, ਮੁਗ਼ਲ, ਸੂਰੀ, ਤੇ ਦੁਰਾਨੀ, ਏਥੇ ਸਭਨਾਂ ਨੇ ਹੀ ਆਪਣਾ ਸਿੱਕਾ ਚਲਾਇਆ। ਪਰ ਜਿਸ ਦਾ ਸਿੱਕਾ ਹੁਣ ਏਥੇ ਚਲਿਆ ਉਹ ਸਿੱਕਾ ਸੀ ਮਹਾਰਾਜਾ ਰਣਜੀਤ ਸਿਘ ਤੇ ਸਰਦਾਰ ਹਰੀ ਸਿੰਘ ਨਲੂਏ ਦਾ। ੧੮੧੬ ਵਿਚ ਪਹਿਲੀ ਵਾਰ ਰਣਜੀਤ ਸਿੰਘ ਨੇ ਪਿਸ਼ਾਵਰ ਵਿਚ ਖ਼ਾਲਸਈ ਝੰਡਾ ਝੁਲਾਇਆ। ਵੱਸੋਂ ਬਹੁਤੀ ਇਸਲਾਮੀ ਸੀ ਸੋ ਰਣਜੀਤ ਸਿੰਘ ਨੇ ਮੁਸਲਮਾਨ ਬਾਜ਼ਗੁਜ਼ਾਰ ਹੀ ਸਥਾਪਤ ਕੀਤਾ। ਤੇ ਅੰਤ ੧੮੩੪ ਵਿਚ ਸਰਦਾਰ ਹਰੀ ਸਿੰਘ ਪਹਿਲਾ ਸਿਖ ਗਵਰਨਰ ਨਿਯਤ ਹੋਇਆ।

ਦੱਰਾ ਖ਼ੈਬਰ ਤੇ ਪਿਸ਼ਾਵਰ ਦਾ ਇਤਿਹਾਸ ਹਰਪਾਲ ਸਿੰਘ ਖ਼ੂਬ ਜਾਣਦਾ ਸੀ। ਇਹ ਸੰਨ, ਇਹ ਮਿਤੀਆਂ, ਇਹ ਬਦਲਦੇ ਰਾਜਿਆਂ ਮਹਾਰਾਜਿਆਂ, ਪਾਤਸ਼ਾਹਾਂ, ਘਰਾਣਿਆਂ ਦਾ ਵੇਰਵਾ ਉਹਨੂੰ ਪੈਂਤੀ ਅੱਖਰੀ ਵਾਂਗ ਯਾਦ ਸੀ। ਸਰਦਾਰ ਹਰੀ ਸਿੰਘ ਤੇ ਉਹਦੇ ਵਿਚਕਾਰ ਇਨ੍ਹਾਂ ਇਤਿਹਾਸਕ ਹਾਲਾਤਾਂ ਬਾਰੇ ਅਨੇਕ ਵਾਰ ਵਿਚਾਰ ਹੋਇਆ ਕਰਦਾ ਸੀ। ਪਿਸ਼ਾਵਰ ਵਿਚ

Scanned by CamScanner

ਉਸ ਵੇਲੇ ਸਥਾਪਤ ਸਾਰੀ ਸੈਨਾਂ ਵਿਚੋਂ ਹਰਪਾਲ ਸਿੰਘ ਸਭ ਤੋਂ ਵਧ ਅੰਗ੍ਰੇਜ਼ੀ ਜਾਣਦਾ ਸੀ। ਇਕ ਮਹਾਨ ਤੋਪਚੀ ਹੋਣ ਤੋਂ ਉਪਰੰਤ ਉਹਦੇ ਅੰਗ੍ਰੇਜ਼ੀ ਜਾਣਨ ਤੇ ਇਤਿਹਾਸਕ ਮੁਆਮਲਿਆਂ ਦੀ ਸੁਚੱਜੀ ਸੂਝ ਰਖਣ ਵਾਸਤੇ ਵੀ ਰਾਜਾ ਧਿਆਨ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਉਹਦੀ ਇਜ਼ਤ ਕਰਦੇ ਸਨ। ਕਈ ਇਕ ਵਾਰ ਉਹਨੇ ਮਹਾਰਾਜੇ ਵਲੋਂ ਅੰਗ੍ਰੇਜ਼ਾਂ ਨਾਲ ਹੋ ਰਹੀ ਗਲ ਬਾਤ ਵਿਚ ਦੋ ਭਾਸ਼ੀਏ ਦੀ ਡਿਊਟੀ ਭੁਗਤਾਈ ਸੀ।

ਅੱਜ ਸਵੇਰੇ ਜਮਰੋਦ ਦੀ ਇਸ ਕਦੀਮੀ ਗੜ੍ਹੀ ਉੱਤੇ ਪਹੁ-ਫੁਟਾਲੇ ਵੇਲੇ ਬੈਠਿਆਂ ਹਰਪਾਲ ਸਿੰਘ ਦੇ ਮਨ ਵਿਚੋਂ ਉਪ੍ਰੋਕਤ ਇਤਿਹਾਸਕ ਮਿਤੀਆਂ ਤੇ ਘਟਨਾਵਾਂ ਸਹਿਜੇ ਹੀ ਵਿਚਰ ਗਈਆਂ। ਕਈਆਂ ਹੋਰ ਮਿਤੀਆਂ ਵਾਂਗ ਉਹਨੂੰ ਜ ਪਿਆ ਕਿ ਅੱਜ ਤੀਹ ਅਪ੍ਰੈਲ ਸੰਨ ੧੮੩੭ ਦੀ ਮਿਤੀ ਵੀ ਇਤਿਹਾਸਕ ਮਿਤੀ ਹੈ। ਉਹਨੂੰ ਵਿਸ਼ਵਾਸ ਸੀ ਕਿ ਅੱਜ ਰਾਤ ਤਕ ਇਹ ਤੀਹ ਹਜ਼ਾਰੀ ਪਠਾਣੀ ਸੈਨਾਂ ਜਿਵੇਂ ਪਹਾੜੀ ਵਹਿਣਾਂ ਵਾਂਗ ਉਤਪੰਨ ਹੋਈ ਉਸ ਤਰ੍ਹਾਂ ਮੁੱਕ ਮੁੱਕ ਵੀ ਜਾਏਗੀ। ਉਹਨੂੰ ਲਗਦਾ ਸੀ ਕਿ ਅੱਜ ਦੀ ਹਾਰ ਪਿਛੋਂ ਸ਼ਾਇਦ ਕਦੀ ਕੋਈ ਪਠਾਣੀ ਜਾਂ ਬਦੇਸ਼ੀ ਸੈਨਾਂ ਐਨੀ ਭਾਰੀ ਗਿਣਤੀ ਵਿਚ ਏਸ ਆਲੇ ਦੁਆਲੇ ਵਿਚ ਇਕੱਠੀ ਨਹੀਂ ਹੋਵੇਗੀ। ਉਹਨੂੰ ਯਾਦ ਸੀ ਤਹਿਕਾਲ ਬਾਲਾ ਦੀ ੧੧ ਮਈ ਸੰਨ ੧੮੩੫ ਵਾਲੇ ਦਿਨ ਹੋਈ ਲੜਾਈ, ਕਿ ਨਾ ਹੋਈ ਲੜਾਈ ? ਕੁਝ ਘੰਟਿਆਂ ਦੇ ਮਾਹਰਕੇ ਪਿਛੋਂ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਲੜਾਈ ਬੰਦ ਕਰ ਦਿਤੀ ਸੀ ਤੇ ਫਿਰ ਰਾਤ ਦੇ ਹਨੇਰੇ ਵਿਚ ਗੰਢ ਖੀਸਾ ਸੰਭਾਲ ਕੇ ਪਤਰਾ ਵਾਚ ਗਿਆ ਸੀ। ਉਹ ਜਾਣਦਾ ਸੀ ਕਿ ਜਿਥੇ ਦੋਸਤ ਮੁਹੰਮਦ ਵਰਗਾ ਬੇਦਾਰ ਮਗਜ਼ ਆਦਮੀ ਨਹੀਂ ਠਹਿਰ ਸਕਿਆ ਉਥੇ ਮੁਹੰਮਦ ਅਕਬਰ ਖ਼ਾਨ ਵਰਗਾ ਅਲ੍ਹੜ ਵਿਚਾਰਾ ਕੀ ਤੱਭੇਗਾ। ਹਾਂ ਹਰ ਪਹਿਲੂ ਤੋਂ ਇਹ ਤੀਹ ਅਪ੍ਰੈਲ ੧੮੩੭ ਦਾ ਦਿਨ ਇਤਿਹਾਸਕ ਹੋਵੇਗਾ, ਉਸ ਮਨ ਹੀ ਮਨ ਵਿਚ ਦੁਹਰਾਇਆ।

ਤੇ ਉਸੇ ਵੇਲੇ ਪਿਸ਼ਾਵਰ ਵੱਲੋਂ ਉਹਨੂੰ ਕਿਸੇ ਲਸ਼ਕਰ ਦੀ ਆਮਦ ਦਾ ਅਹਿਸਾਸ ਹੋਇਆ। "ਇਹ ਸਰਦਾਰ ਹਰੀ ਸਿੰਘ ਹੈ" ਉਸ ਆਖਿਆ, "ਸਾਡੇ ਲਈ ਵੀ ਸਾਵਧਾਨ ਹੋਣ ਤੇ ਇਸ ਦਿਨ ਨੂੰ ਹਰ ਪਹਿਲੂ ਤੋਂ ਇਤਿਹਾਸਕ ਬਣਾਉਣ ਦਾ ਸਮਾਂ ਹੈ।" ਤੇ ਉਸ ਆਪਣੇ ਸਭ ਤੋਪਚੀ ਹੋਲਦਾਰਾਂ ਨੂੰ ਬਾਰੂਦੀ ਮੋਰਚੇ ਉੱਤੇ ਇਕੱਠੇ ਹੋਣ ਦਾ ਸੁਨੇਹਾ ਪਹੁੰਚਾਣ ਵਾਸਤੇ ਆਪਣੇ ਅਰਦਲੀ ਨੂੰ ਹੁਕਮ ਦਿਤਾ।

੭੮

ਕੁੱਮੈਦਾਨ ਹਰਪਾਲ ਸਿੰਘ ਦੇ ਆਪਣੇ ਹੋਲਦਾਰਾਂ ਨੂੰ ਹੁਕਮ ਬੜੇ ਸਾਦਾ ਤੇ ਸਰਲ ਸਨ। ਦੁਸ਼ਮਨ ਦੀਆਂ ਤੋਪਾਂ ਜਿਥੇ ਹਨ ਉਥੇ ਦੀਆਂ ਉਥੇ ਹੀ ਜੰਮੀਆਂ ਰਹਿਣ ਭੇ ਉਹਨੂੰ ਸਾਡੀਆਂ ਤੋਪਾਂ ਕੋਲੋਂ ਬਚ ਬਚਾ ਕੇ ਆਪਣੀਆਂ ਤੋਪਾਂ ਨੂੰ ਹਰੀ ਸਿੰਘ ਨਲੂਏ ਦੀ ਆ ਰਹੀ ਫ਼ੌਜ ਉੱਤੇ ਦਾਗ਼ਨ ਦਾ ਮੌਕਾ ਨਾ ਮਿਲੇ।

ਹਰਪਾਲ ਸਿੰਘ ਅੱਜ ਦੀ ਇਤਿਹਾਸਕ ਲੜਾਈ ਬਾਰੇ ਪਰਸੋਂ ਸ਼ਾਮ ਤੋਂ ਸੋਚਦਾ ਆ ਰਿਹਾ ਸੀ ਤੇ ਉਹਨੇ ਆਪਣੇ ਇਕ ਮਾਤਹਿਤ ਤੋਪਚੀ ਨੂੰ ਉਪ੍ਰੋਕਤ ਹੁਕਮ ਕਲ੍ਹ ਰਾਤੀਂ ਹੀ ਦੇ ਛੱਡੇ ਸਨ। ਪਰ ਸਭ ਤੋਪਚੀਆਂ ਨੂੰ ਕੰਮ ਦੀ ਜ਼ਿੰਮੇਵਾਰੀ ਤੇ ਮੌਕੇ ਦੀ ਨਾਜ਼ੁਕਤਾ ਵਲੋਂ ਸੁਚੇਤ ਕਰਾਉਣ ਵਾਸਤੇ ਉਸ ਅੱਜ ਸਵੇਰੇ ਹੋਲਦਾਰਾਂ ਨੂੰ ਫਿਰ ਇਕੱਠਾ ਕੀਤਾ।

ਕੱਲ੍ਹ ਰਾਤ ਜਦੋਂ ਹਰਸ਼ਰਨ ਕੌਰ ਸਰਦਾਰ ਮਹਾਂ ਸਿੰਘ ਦੀ ਚਿੱਠੀ ਲੈ ਕੇ ਸਰਦਾਰ ਹਰੀ ਸਿੰਘ ਕੋਲ ਗਈ ਤਾਂ ਉਹਦੇ ਹੱਥ ਇਕ ਚਿੱਠੀ ਸਰਦਾਰ ਹਰਪਾਲ ਸਿੰਘ ਨੇ ਵੀ ਘੱਲੀ ਇਸ ਚਿੱਠੀ ਵਿਚ ਹਰਪਾਲ ਨੇ ਆਪਣੇ ਸਰਦਾਰ ਨੂੰ ਸਲਾਹ ਦਿਤੀ ਸੀ ਕਿ ਉਹ ਅਪਣੀਆਂ ਭਾਰੀ ਤੋਪਾਂ ਬੇਸ਼ਕ ਆਪਣੇ ਲਸ਼ਕਰ ਨਾਲ ਨਾ ਲਿਆਵੇ। ਉਹਦੀ ਵਿਚਾਰ ਅਨੁਸਾਰ ਉਹ

Scanned by CamScanner

ਦੁਸ਼ਮਨ ਦੀਆਂ ਤੋਪਾਂ ਨੂੰ ਰੁਝਾਈ ਰਖ ਸਕਣ ਦੇ ਯੋਗ ਹੈ। ਇੰਨੇ ਚਿਰ ਵਿਚ ਸ: ਹਰੀ ਸਿੰਘ ਨਲੂਆ ਦੁਸ਼ਮਨ ਉੱਤੇ ਆਪਣੇ ਰਸਾਲੇ ਨਾਲ ਹੱਲਾ ਕਰ ਕੇ ਉਨ੍ਹਾਂ ਦੀਆਂ ਸਫਾਂ ਤੋੜ ਸਕੇਗਾ। ਉਸ ਇਹ ਵੀ ਲਿਖ ਭੇਜਿਆ ਕਿ ਸਰਦਾਰ ਹਰੀ ਸਿੰਘ ਦਾ ਪਠਾਣੀ ਸੈਨਾ ਉੱਤੇ ਹੱਲਾ ਹਰ ਪਹਿਲੂ ਤੋਂ ਅਚੇਤ ਹੋਵੇ ਤਾਂ ਜੋ ਕੁਝ ਘੰਟਿਆਂ ਦੇ ਅੰਦਰ ਅੰਦਰ ਹੀ ਮੈਦਾਨ ਸਾਫ਼ ਹੋ ਜਾਏ। ਆਮਰਕਾਰ ਹਰਪਾਲ ਹਰੀ ਸਿੰਘ ਦਾ ਤੋਪਚੀ ਸਲਾਹਕਾਰ ਸੀ ਤੇ ਇਕ ਤੋਪਚੀ ਦੇ ਦਰਿਸ਼ਟੀਕੋਣ ਤੋਂ ਆਪਣੀ ਸਲਾਹ ਸਰਦਾਰ ਤਕ ਹਰ ਹੀਲੇ ਪਹੁੰਚਾਣੀ ਉਹਦੀ ਜ਼ਿੰਮੇਵਾਰੀ ਸੀ।

ਹਰੀ ਸਿੰਘ ਨਲੂਆ ਆਪਣੇ ਸਲਾਹਕਾਰ ਹਰਪਾਲ ਸਿੰਘ ਦੀ ਇਹ ਚਿੱਠੀ ਪੜ੍ਹ ਕੇ ਮੁਸਕਰਾਇਆ ਸੀ ਤੇ ਉਸ ਆਪਣੇ ਨਿਕਟ ਖਲੋਤੇ ਸਰਦਾਰ ਨਿਧਾਨ ਸਿੰਘ ਪੰਜ ਹੱਥੇ ਨੂੰ ਕਿਹਾ ਸੀ : "ਮੇਰੀ ਜਾਚੇ ਸਰਦਾਰ ਹਰਪਾਲ ਸਿੰਘ ਵਰਗਾ ਲਾਇਕ ਤੋਪਚੀ ਸਾਰੀ ਅੰਗ੍ਰੇਜ਼ੀ ਫ਼ੌਜ ਵਿਚ ਨਹੀਂ ਹੋਣਾ।" ਜੇ ਉਸ ਵੇਲੇ ਹਰਪਾਲ ਸਿੰਘ ਉਹਦੇ ਨੇੜੇ ਹੁੰਦਾ ਤਾਂ ਜ਼ਰੂਰ ਸਰਦਾਰ ਹਰੀ ਸਿੰਘ ਉਹਨੂੰ ਸਿਰਫ਼ 'ਹਰਪਾਲ' ਬੁਲਾ ਕੇ ਆਪਣੀ ਦਿਲੀ ਇਜ਼ਤ ਤੇ ਪਿਆਰ ਦਾ ਪ੍ਰਗਟਾਅ ਕਰਦਾ।

ਹਰੀ ਸਿੰਘ ਨੇ ਚਾਰ ਹਜ਼ਾਰ ਘੋੜ-ਚੜ੍ਹਾ ਤੇ ਛੇ ਹਜ਼ਾਰ ਪੈਦਲ ਫ਼ੌਜ ਨੂੰ ਤਿਆਰੀ ਦਾ ਹੁਕਮ ਦਿਤਾ। ਅਠਾਰਾਂ ਤੋਪਾਂ ਵੀ ਤਿਆਰ ਕੀਤੀਆਂ। ਇਨ੍ਹਾਂ ਵਿਚੋਂ ਛੇ ਹਜ਼ਾਰ ਪਿਆਦਾ ਫ਼ੌਜ ਹਰਸ਼ਰਨ ਕੌਰ ਦੇ ਪਹੁੰਚਣ ਤੋਂ ਘੰਟਾ ਕੁ ਪਿਛੋਂ ਹੀ ਕੂਚ ਕਰ ਗਈ। ਘੋੜ-ਚੜ੍ਹੇ ਅਜੇ ਕੁਝ ਚਿਰ ਹੋਰ ਅਟਕ ਸਕਦੇ ਸਨ ਤੇ ਤੋਪਾਂ ਨੂੰ ਜਿਵੇਂ ਉਹਦੇ ਸਲਾਹਕਾਰ ਤੋਪਚੀ ਨੇ ਸਲਾਹ ਦਿਤੀ ਸੀ, ਪਿਛੋਂ ਆਉਣ ਦਾ ਹੁਕਮ ਦਿਤਾ ਗਿਆ।

ਸਰਦਾਰ ਨਿਧਾਨ ਸਿੰਘ ਪੰਜ ਹੱਥੇ ਨੇ ਹਰੀ ਸਿੰਘ ਨੂੰ ਹੌੜਿਆ ਕਿ ਉਹ ਇਸ ਮੁਹਿੰਮ ਉੱਤੇ ਨਾ ਚੜ੍ਹੇ : "ਤੁਹਾਡੀ ਤਬੀਅੱਤ ਠੀਕ ਨਹੀਂ ਸਰਦਾਰ ਸਾਹਿਬ ! ਤੁਸੀਂ ਆਰਾਮ ਕਰੋ। ਮੈਂ ਤੇ ਸਰਦਾਰ ਅਮਰ ਸਿੰਘ ਤੁਹਾਨੂੰ ਯਕੀਨ ਦੁਆਂਦੇ ਹਾਂ ਕਿ ਅਸੀਂ ਇਹ ਬੋਝ ਭੁਗਤਾਉਣ ਦੇ ਯੋਗ ਹਾਂ !" ਸਰਦਾਰ ਅਮਰ ਸਿੰਘ ਖ਼ੁਰਦ ਨੇ ਵੀ ਜ਼ੋਰ ਲਾਇਆ : "ਸਰਦਾਰ ਜੀ ! ਤੁਹਾਡੀ ਇਕ ਜਾਨ ਦਾ ਸੁਖ ਇਹੋ ਜਿਹੀਆਂ ਅਨੇਕ ਜਿੱਤਾਂ ਦੇ ਬਰਾਬਰ ਹੈ। ਤੁਸੀਂ ਸਾਡੇ ਉੱਤੇ ਵਿਸ਼ਵਾਸ਼ ਕਰੋ। ਤੁਸੀਂ ਸਾਨੂੰ ਇਸ ਕੰਮ ਦੇ ਯੋਗ ਪਾਉਗੇ।"

ਪਰ ਹਰੀ ਸਿੰਘ ਨਹੀਂ ਸੀ ਮੰਨਿਆ : "ਮੇਰਾ ਸਰੀਰ ਬੀਮਾਰ ਹੈ ਪਰ ਮੇਰਾ ਦਿਲ ਤੇ ਮੇਰੇ ਇਰਾਦੇ ਬੀਮਾਰ ਨਹੀਂ," ਉਸ ਕਿਹਾ, "ਮੈਂ ਜ਼ਰੂਰ ਤੁਹਾਡੇ ਨਾਲ ਚੱਲਾਂਗਾ। ਅੱਜ ਦਾ ਦਿਨ ਖ਼ਾਲਸੇ ਤੇ ਭਾਰਤ ਦੀ ਤਾਰੀਖ਼ ਵਿਚ ਅਮਰ ਹੋਵੇਗਾ। ਪਠਾਣਾਂ ਨੂੰ ਇਹ ਭਾਂਜ ਅਜਿਹੀ ਪਵੇ ਕਿ ਫਿਰ ਜਦੋਂ ਅਸੀਂ ਕਾਬਲ ਦੇ ਬਾਲਾਹਿਸਾਰ ਦੇ ਬੂਹੇ ਵੀ ਖੜਕਾ ਰਹੇ ਹੋਈਏ ਤਾਂ ਵੀ ਉਨ੍ਹਾਂ ਨੂੰ ਸਾਡਾ ਸਾਹਮਣਾ ਕਰਨ ਦੀ ਹਿੰਮਤ ਨਾ ਪਵੇ। ਮੈਂ ਖ਼ੁਸ਼ ਹਾਂ ਇਸ ਪਠਾਣੀ ਫ਼ੌਜ ਦੀ ਗਿਣਤੀ ਚਾਲ੍ਹੀ ਹਜ਼ਾਰ ਹੈ ਤੇ ਇਹ ਅਫ਼ਗਾਨਿਸਤਾਨ ਦੇ ਸੂਬੇ ਸੂਬੇ ਤੇ ਜਿਲੇ ਜ਼ਿਲੇ ਵਿਚੋਂ ਇਕੱਠੀ ਕੀਤੀ ਗਈ ਹੈ। ਖ਼ਾਲਸੇ ਦੇ ਖੰਡੇ ਦਾ ਖੜਕਾ ਇਨ੍ਹਾਂ ਗ਼ਾਜ਼ੀਆਂ ਰਾਹੀਂ ਅਫ਼ਗਾਨਿਸਤਾਨ ਦੇ ਕੋਨੇ ਕੋਨੇ ਵਿਚ ਪਹੁੰਚ ਜਾਏਗਾ ਰੇ ਫਿਰ...ਤੇ ਫਿਰ..." ਹਰੀ ਸਿੰਘ ਚੁਪ ਹੋ ਗਿਆ।

ਇਉਂ ਹੀ ਅਨੇਕ ਵਾਰ ਹਰੀ ਸਿੰਘ ਆਪਣੇ ਵਾਕ ਅੱਧ ਵਿਚ ਹੀ ਤੋੜ ਦਿਆ ਕਰਦਾ ਸੀ। ਉਹਦੇ ਦਿਲੀ ਇਰਾਦੇ ਤੇ ਉਹਦੇ ਭਵਿਖਤ ਵਾਸਤੇ ਸੁਪਨੇ ਏਸੇ ਲਈ ਬੜੇ ਘਟ ਆਦਮੀਆਂ ਨੇ ਉਹਦੇ ਮੂੰਹੋਂ ਸੁਣੇ ਸਨ। ਪਰ ਹਰ ਹਾਲਤ ਵਿਚ ਉਹਦੇ ਸਰਦਾਰ ਤੇ ਮਾਤਹਿਤ ਉਹਦੀਆਂ ਇੱਛਾਵਾਂ ਤੇ ਖ਼ਾਲਸਾ ਰਾਜ ਬਾਰੇ ਉਹਦੇ ਇਰਾਦੇ ਖ਼ੂਬ ਸਮਝਦੇ ਸਨ।

ਸਵੇਰੇ ਦੋ ਵਜੇ ਸਰਦਾਰ ਹਰੀ ਸਿੰਘ ਘੋੜੇ ਉੱਤੇ ਸਜਿਆ ਆਪਣੀ ਫ਼ੌਜ ਕੋਲ ਆਇਆ। ਜਿਸ ਸੇਵਾਦਾਰ ਨੇ ਉਹਨੂੰ ਵਰਦੀ ਤੇ ਜ਼ੱਰਾਬਕਤਰ ਪਹਿਨਾਈ ਉਸ ਆਖਿਆ ਸੀ : "ਸਰਦਾਰ ਜੀ ਤੁਸੀਂ ਢਿੱਲੇ ਹੋ। ਪਿੰਡਾ ਤੁਹਾਡਾ ਗਰਮ ਹੈ। ਤੁਸੀਂ ਅੱਜ ਦੀ ਮੁਹਿੰਮ ਕਿਸੇ ਹੋਰ ਹੱਥ ਸੌਂਪ ਦਿਓ।" ਸਰਦਾਰ ਹੱਸਿਆ ਸੀ : "ਦੇਸਾ ਸਿੰਘ ! ਇਹ ਸਰੀਰ ਘੋੜੇ ਉੱਤੇ ਬੈਠਦਿਆਂ ਹੀ ਨੌ ਬਰ ਨੌ ਹੋ ਜਾਏਗਾ। ਪਠਾਣਾਂ ਉੱਤੇ ਪਹਿਲੇ ਵਾਰ ਨਾਲ ਹੀ ਮੇਰਾ ਤਾਪ ਉਤਰ ਜਾਏਗਾ। ਤੂੰ ਮੈਨੂੰ ਕਿਉਂ ਹੌੜਦਾ ਹੈਂ ? ਅੱਗੇ ਤਾਂ ਤੂੰ ਕਦੀ ਇਸ ਤਰ੍ਹਾਂ ਨਹੀਂ ਕਿਹਾ।" ਦੇਸਾ ਸਿੰਘ ਪਿਛਲੇ ਵੀਹਾਂ ਸਾਲਾਂ ਤੋਂ ਹਰੀ ਸਿੰਘ ਦਾ ਜ਼ਾਤੀ ਸੇਵਾਦਾਰ ਸੀ ਤੇ ਵੀਹਾਂ ਸਾਲਾਂ ਵਿਚ ਅਜ ਪਹਿਲੀ ਵਾਰ ਉਹਨੇ ਸਰਦਾਰ ਨੂੰ ਨਾਂਹ ਪਾਈ ਸੀ। ਉਹ ਵੀ ਦਿਲੋਂ ਰਿੰਜ ਸੀ ਤੇ ਸਰਦਾਰ ਨੂੰ ਵੀ ਹੈਰਾਨੀ ਹੋਈ।

Scanned by CamScanner

"ਸਰਦਾਰ ਜੀ ! ਤੁਸੀਂ ਠੀਕ ਨਹੀਂ । ਬਸ ਇਹੋ ਮੇਰੀ ਅਰਜ਼ ਹੈ ।" "ਤੇ ਮੁਲਭਾਨ ਦੀ ਮੁਹਿੰਮ ਵੇਲੇ ਭੀ ।" "ਇਸ ਤੋਂ ਵਧ ਭਾਪ ਨਹੀਂ ਸੀ ?" ਹੁਣ ਦੇਸਾ ਸਿੰਘ ਕੀ ਕਹਿੰਦਾ ? ਉਹਦਾ ਸਰਦਾਰ ਟੁਰ ਪਿਆ ਤੇ ਉਸ ਹੋਲੇ ਹੋਲੇ ਕਿਹਾ : "ਰੱਬ ਤੁਹਾਡੇ ਅੰਗ ਸੰਗ ਹੋਵੇ, ਸਰਦਾਰ ! ਪਤਾ ਨਹੀਂ ਮੈਨੂੰ ਕਿਉਂ ਡਰ ਲਗਦਾ ਹੈ ।" ਤੇ ਫਿਰ ਉਸ ਇਕਾ ਇਕ ਸ੍ਵੈ-ਵਿਸ਼ਵਾਬਕ ਹੋ ਕੇ ਆਖਿਆ : "ਸੁਆਹ ਪਵੇ ਮੇਰੇ ਡਰਾ ਉੱਤੇ ।" ਪਰ ਫਿਰ ਵੀ ਨਾ ਜਾਣੇ ਕਿਉਂ ਉਹਦੇ ਅੱਥਰੂ ਛਲਕ ਆਏ।

ਜਿਸ ਸਾਈਸ ਨੇ ਹਰੀ ਸਿੰਘ ਨੂੰ ਘੋੜੇ ਚੜ੍ਹਾਇਆ ਉਸ ਆਖਿਆ : 'ਸਰਦਾਰ ਜੀ । ਤੁਸੀਂ ਵੱਲ ਨਹੀਂ । ਤੁਸੀਂ..." ਸਰਦਾਰ ਇਕ ਵਾਰ ਫਿਰ ਖਿੜਖਿੜਾ ਕੇ ਹੱਸਿਆ : "ਇਹੋ ਨਾ ਪਿਆਰਾ ਸਿੰਘ ਕਿ ਮੈਂ ਅੱਜ ਇਸ ਮੁਹਿੰਮ ਉੱਤੇ ਨਾ ਜਾਵਾਂ । ਤੁਸਾਂ ਸਾਰਿਆਂ ਨੂੰ ਅੱਜ ਹੋ ਕੀ ਗਿਆ ਹੈ । ਤੁਸੀਂ ਵੇਖੋ ਮੈਂ ਪਠਾਣਾਂ ਨੂੰ ਭਜਾਕੇ ਹੁਣ ਵਿਹਲਾ ਹੋਇਆ ।" ਪਿਆਰਾ ਸਿੰਘ ਦੇ ਮੂੰਹੋਂ ਵੀ ਬੇਵਸਿਉਂ ਨਿਕਲ ਗਿਆ : "ਗੁਰੂ ਕਲਗੀਧਰ ਤੁਹਾਡੇ ਅੰਗ ਸੰਗ ਹੋਵੇ, ਮੇਰੇ ਸਰਦਾਰ ।" ਡਿਉਢੀਦਾਰ ਨੇ ਜਿਸ ਵੇਲੇ ਸ਼ੁਭ ਵਿਦਾਇਗੀ ਬੁਲਾਈ ਤੇ ਕੁਝ ਕਹਿਣ ਲਗਾ ਤਾਂ ਸਰਦਾਰ ਹਰੀ ਸਿੰਘ ਨੇ ਉਹਨੂੰ ਅੱਗੇ ਹੀ ਟੋਕ ਦਿਤਾ : "ਇਕ ਹੋਰ ਨੰਨਾ ਨਾ ਪਾਉਣਾ, ਸਰਦਾਰ ਅਜਾਇਬ ਸਿੰਘ ! ਤੁਸੀਂ ਦਿਨ ਢਲਦੇ ਤਕ ਆਪ ਵੀ ਜਰੂਰ ਟੁਰ ਆਉਣਾ । ਅੱਜ ਰਾਤੀਂ ਜਮਰੂਦ ਵਿਚ ਅਸੀਂ ਪਠਾਣਾਂ ਉੱਤੇ ਪਾਈ ਜਿਤ ਦਾ ਜਸ਼ਨ ਮਨਾਵਾਂਗੇ ।" ਤੇ ਸਰਦਾਰ ਨੇ ਘੋੜੇ ਨੂੰ ਅੱਡੀ ਲਾਈ ।

ਡਿਉਢੀ ਦੇ ਬਾਹਰ ਲਟਕਦੇ ਚਿਰਾਗ਼ ਦੀ ਰੋਸ਼ਨੀ ਵਿਚ ਸਰਦਾਰ ਹਰੀ ਸਿੰਘ ਨਲੂਆ ਆਪਣੇ ਘੋੜੇ "ਬਿਜਲੀ" ਉੱਤੇ ਸਵਾਰ ਕਿੰਨਾ ਮਨਮੋਹਣਾ ਲਗਦਾ ਸੀ ? ਨੀਲੀ ਤੇ ਪੀਲੀ ਤਿੱਲੇਦਾਰ ਦਸਤਾਰ ! ਲੰਮਾ ਸੁਫ਼ੈਦ ਹੈ ਰਿਹਾ ਦੜ੍ਹਾ। ਸੰਠੇ ਦੇ ਦਸਤੇ ਵਾਲੀ ਤਲਵਾਰ। ਸੱਜੇ ਦੇ ਦਸਤੇ ਵਾਲਾ ਨੇਜ਼ਾ। ਕੱਦ ਕਾਠ "ਬਿਜਲੀ" ਦਾ ਦਰਸ਼ਨੀ ਪਰ ਕੱਦ ਕਾਠ ਉਹਦੇ ਸਵਾਰ ਦਾ ਉਸ ਤੋਂ ਵੀ ਵਧ ਦਰਸ਼ਨੀ । ਤੇ ਫਿਰ ਇਸ ਸ਼ਵਾਰ ਦੇ ਮਿਠੇ ਮਿਠੇ ਬੋਲ । ਇਹਦੀ ਹਲੀਮੀ, ਇਹਦਾ ਸਿਖੀ ਨਾਲ ਪਿਆਰ, ਇਹਦਾ ਖ਼ਾਲਸੇ ਦੀ ਹੋਣੀ ਵਿਚ ਵਿਸ਼ਵਾਸ ਇਹਦਾ ਗੱਲ ਗੱਲ ਉੱਤੇ ਕਹਿਕਾ ਮਾਰ ਕੇ ਹੱਸਣਾ...ਅੱਜ ਤਿੰਨੇ ਕੌਲ ਜੁੜੇ ਡਿਉਢੀਦਾਰ, ਸਾਈਸ, ਜ਼ਾਤੀ ਸੇਵਕ ਤੇ ਆਲੇ ਦੁਆਲੇ ਦਾ ਸਾਰਾ ਅਮਲਾ ਫੈਲਾ ਇਉਂ ਸਰਦਾਰ ਵਲ ਵੇਖ ਰਹੇ ਸਨ ਕਿ ਜਿਵੇਂ ਉਹ ਫਰ੍ਹਿਆਂ ਤੋਂ ਇਹਦੇ ਨਾਲ ਨਾ ਰਹਿੰਦੇ ਆਏ ਹੋਣ ਤੇ ਜਿਵੇਂ ਉਹ ਉਹਨੂੰ ਆਖ਼ਰੀ ਵਾਰ ਵੇਖ ਰਹੇ ਹੋਣ।

ਸਰਦਾਰ ਘੋੜੇ ਨੂੰ ਅੱਡੀ ਲਾਉਣ ਹੀ ਲਗਾ ਸੀ ਕਿ ਦੇਸਾ ਸਿੰਘ ਨੇ ਫਿਰ ਆ ਕੇ ਰਕਾਬ ਵਿਚੋਂ ਉਹਦੇ ਪੈਰ ਫੜ ਲਏ । "ਕੀ ਗੱਲ ਹੈ ਦੇਸਾ ਸਿੰਘ !" ਹਰੀ ਸਿੰਘ ਜ਼ਰਾ ਹੈਰਾਨ ਹੋਇਆ । "ਕੁਝ ਨਹੀਂ, ਸਰਦਾਰ ਜੀ । ਬਸ ਅੰਵੇਂ ਹੀ..." ਦੇਸਾ ਸਿੰਘ ਦਾ ਗੱਚ ਭਰਿਆ ਹੋਇਆ ਸੀ । ਹਰੀ ਸਿੰਘ ਨੇ ਦੇਸਾ ਸਿੰਘ ਦੀ ਕੰਢ ਉੱਤੇ ਥਾਪੜੀ ਦਿਤੀ । "ਦੇਸਾ ਸਿੰਘ, ਤੂੰ ਬਾਜਾਂ ਵਾਲੇ ਸਦਾ ਸਾਡੇ ਅੰਗ ਸੰਗ ਹਨ । ਖ਼ਾਲਸੇ ਦੀ ਆਭਾ ਵਾਸਤੇ ਇਕ ਨਹੀਂ ਮੈਂ ਹਜ਼ਾਰ ਜਾਨਾਂ ਵੀ ਵਾਰ ਸਕਦਾ ਹਾਂ..." ਤੇ ਬਿਜਲੀ ਦੀ ਤੇਚੀ ਪਲੋ ਪਲੀ ਉਹਨੂੰ ਤਿਆਰ ਖੜੇ ਰਿਸਾਲੇ ਕੋਲ ਲੈ ਗਈ ।

"ਬੋਲੇ ਸੋ ਨਿਹਾਲ", "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਨਿਧਾਨ ਸਿੰਘ ਤੇ ਜੁੜੀ ਸੈਨਾਂ ਨੇ ਹਰੀ ਸਿੰਘ ਦਾ ਸੁਆਗਤ ਕੀਤਾ । "ਸਭ ਪ੍ਰਬੰਧ ਹੋ ਚੁਕਾ ਹੈ ?" "ਜੀ ਸਰਦਾਰ ਜੀ !" ਨਿਧਾਨ ਸਿੰਘ ਨੇ ਉੱਤਰ ਦਿਤਾ । "ਤਾਂ ਚਲੋ ਪਾਏ ਜਾਣ ।"

ਹਰੀ ਸਿੰਘ ਨੇ ਆਪਣਾ ਘੋੜਾ ਤੋਰਿਆ । ਉਹਦੇ ਸੱਜੇ ਨਿਧਾਨ ਸਿੰਘ ਪੰਜ ਹੱਥਾ ਉਹਦੇ ਖੱਬੇ ਅਮਰ ਸਿੰਘ ਖ਼ੁਰਦ। ਸਰਦਾਰ ਹਰੀ ਸਿੰਘ ਕਹਿਕਾ ਮਾਰ ਕੇ ਹੱਸਿਆ । "ਮੇਰੇ ਸੱਜੇ ਪੰਜ ਹੱਥਾ ਮੇਰੇ ਖੱਬੇ ਖ਼ੁਰਦ ਮੈਨੂੰ ਕਿਸ ਚੀਜ਼ ਦਾ ਡਰ ਹੈ ?" "ਡਰ ਕਾਹਦਾ ਸਰਦਾਰ ਜੀ । ਅਸਾਂ ਸਿਰਫ਼ ਤੁਹਾਡੀ ਤਬੀਅੱਤ ਨਾ ਠੀਕ ਹੋਣ ਕਰ ਕੇ ਕਿਹਾ ਸੀ ।" ਨਿਧਾਨ ਸਿੰਘ ਪੰਜ-ਹੱਥੇ ਦੇ ਹੱਥ ਤਾਂ ਦੋ ਹੀ ਸਨ, ਪਰ ਮਹਾਰਾਜਾ ਰਣਜੀਤ ਸਿੰਘ ਨੇ ਉਹਨੂੰ 'ਪੰਜ ਹੱਥੇ' ਦਾ ਲਕਬ ਦਿਤਾ ਸੀ। ੧੮੨੩ ਵਿਚ ਨੁਸ਼ਹਿਰੇ ਦੀ ਜੰਗ ਵੇਲੇ ਨਿਧਾਨ ਸਿੰਘ ਪੰਜ ਗਾਜ਼ੀਆਂ ਵਿਚ ਇਕੱਲਾ ਘਿਰ ਗਿਆ । ਇਹਨੇ ਪੰਜਾਂ ਨੂੰ ਮਾਰ ਮੁਕਾ ਕੇ ਉਨ੍ਹਾਂ ਦੀਆਂ ਤਲਵਾਰਾਂ ਖੋਹ ਲਈਆਂ । ਮਹਾਰਾਜਾ ਰਣਜੀਤ ਸਿੰਘ ਨੇ ਪਿਆਰ ਨਾਲ ਆਖਿਆ, "ਸਰਦਾਰ ਨਿਧਾਨ ਸਿੰਘ, ਮੇਰਾ ਪੰਜ ਹੱਥਾ ਸੂਰਮਾ ਹੈ ।" ਉਸ ਦਿਨ ਤੋਂ ਦੋ ਹੱਥਾ ਸੂਰਮਾ ਨਿਧਾਨ ਸਿੰਘ ਸਰਕਾਰੀ ਕਾਗ਼ਜ਼ਾਂ ਵਿਚ ਵੀ 'ਨਿਧਾਨ ਸਿੰਘ ਪੰਜ ਹੱਥਾ' ਬਣ ਗਿਆ ।

ਅਮਰ ਸਿੰਘ ਖ਼ੁਰਦ ਸਰਦਾਰ ਮੰਨਾ ਸਿੰਘ ਮਜੀਠੀਏ ਦਾ ਪੁੱਤਰ ਸੀ। ਇਹਦਾ ਕੱਦ ਮਧਰਾ ਸੀ ਤੇ ਰਣਜੋਧ

ਸਿੰਘ ਇਹਨੂੰ ਪਿਆਰ ਨਾਲ ਅਮਰ ਸਿੰਘ ਖ਼ੁਰਦ ਬੁਲਾਉਂਦੇ। 'ਖ਼ੁਰਦ' ਲਕਬ ਹੀ ਏਸੇ ਲਈ ਸਾਰੀ ਫ਼ੌਜ ਤੇ ਸਰਕਾਰੀ ਕਾਗ਼ਜ਼ਾਂ ਵਿਚ ਮਸ਼ਹੂਰ ਹੋਇਆ। ਇਹ ਮਹਾਰਾਜਾ ਰਣਜੀਤ ਸਿੰਘ ਦੀ ਮਹਾਨਤਾ, ਸਿਆਣਪ ਤੇ ਸਦਾਕਤ ਦਾ ਸਬੂਤ ਸੀ। ਆਪਣੀ ਫ਼ੌਜ ਦੇ ਹਰ ਬੀਰ ਤੇ ਬਲਵਾਨ ਸਿਪਾਹੀ ਨਾਲ ਉਹ ਏਸ ਤਰ੍ਹਾਂ ਇਕ ਸਾਂਝ ਪਾ ਲੈਂਦਾ ਸੀ ਕਿ ਜਿਹੜੀ ਟੁਟ ਨਹੀਂ ਸੀ ਸਕਦੀ। ਇਹ ਸਾਂਝ ਹਰ ਔਕੜ ਫਾਂਦ ਜਾਂਦੀ। ਇਹ ਸਾਂਝ ਨਿੱਜੀ ਵਫ਼ਾਦਾਰੀ ਦਾ ਸਭ ਤੋਂ ਵੱਡਾ ਤੇ ਮਜ਼ਬੂਤ ਥੰਮ ਹੁੰਦੀ।

ਨਿਧਾਨ ਸਿੰਘ ਪੰਜ ਹੱਥਾ ਤੇ ਅਮਰ ਸਿੰਘ ਖ਼ੁਰਦ ਦੇ ਦਰਮਿਆਨ ਬਿਜਲੀ ਉੱਤੇ ਚੜ੍ਹਿਆ ਤੋੜ ਬੁਰਜ ਹਰੀ ਸਿੰਘ ਤਕ, ਸੁਦਾਰ ਹਰੀ ਸਿੰਘ ਇਸ ਤਰ੍ਹਾਂ ਹੀ ਮਿਠੇ ਰਉਂ ਵਿਚ ਮਸ਼ਕਰੀਆਂ ਤੇ ਗੱਲਾਂ ਕੁਰਦਾ ਗਿਆ।

ਬੁਰਜ ਹਰੀ ਸਿੰਘ ਪਹੁੰਚ ਕੇ ਨਲੂਏ ਨੇ ਫ਼ੌਜ ਦੀ ਵੰਡ ਕੀਤੀ। ਇਕ ਹਜ਼ਾਰ ਘੋੜ-ਚੜ੍ਹਾ ਤੇ ਇਕ ਹਜ਼ਾਰ ਪਿਆਦਾ ਆਪਣੇ ਨਾਲ ਲਏ। ਇਕ ਇਕ ਹਜ਼ਾਰ ਘੋੜ-ਚੜ੍ਹਾ ਤੇ ਡੇਢ ਹਜ਼ਾਰ ਪਿਆਦਾ ਨਿਧਾਨ ਸਿੰਘ ਤੇ ਅਮਰ ਸਿੰਘ ਨੂੰ ਸੌਂਪੇ। ਰਹਿੰਦਾ ਇਕ ਹਜ਼ਾਰ ਘੋੜ-ਚੜ੍ਹਾ ਤੇ ਦੋ ਹਜ਼ਾਰ ਪਿਆਦਾ ਸਰਦਾਰ ਬੰਤਾ ਸਿੰਘ ਦੀ ਕਮਾਨ ਹੇਠ ਰਾਖਵੇਂ ਛੱਡੇ।

ਜਿੰਨੇ ਚਿਰ ਵਿਚ ਫ਼ੌਜਾਂ ਦੀ ਵੰਡ ਹੁੰਦੀ ਰਹੀ, ਉੱਨੇ ਚਿਰ ਵਿਚ ਸੁਦਾਰ ਹਰੀ ਸਿੰਘ ਬੁਰਜ ਹਰੀ ਸਿੰਘ ਦੇ ਕਿਲ੍ਹੇਦਾਰ ਨਾਲ ਗੱਲ ਬਾਤ ਕਰਦਾ ਰਿਹਾ। "ਸਭ ਪ੍ਰਬਧ ਹੋ ਗਿਆ ਹੈ ਸਰਦਾਰ ਜੀ" ਕੁਝ ਚਿਰ ਪਿਛੋਂ ਨਿਧਾਨ ਸਿੰਘ ਨੇ ਆ ਕੇ ਆਖਿਆ। "ਐਡੀ ਜਲਦੀ ?" ਸਰਦਾਰ ਹਰੀ ਸਿੰਘ ਹੈਰਾਨ ਹੋਇਆ।

ਅਜੇ ਤਕ ਰਾਤ ਨਹੀਂ ਸੀ ਮੁੱਕੀ। ਪੂਰਬ ਪੱਛਮ ਵਿਚ ਇਕੋ ਜਿੰਨਾ ਸੰਘਣਾ ਹਨੇਰਾ ਸੀ। ਹਰੀ ਸਿੰਘ ਦਾ ਖ਼ਿਆਲ ਸੀ ਕਿ ਏਥੇ ਘਟੋ ਘਟ ਉਨ੍ਹਾਂ ਨੂੰ ਘੰਟਾ ਡੂਢ ਲਗ ਜ ਏਗਾ ਪਰ ਅੱਧੇ ਘੰਟੇ ਦੇ ਅੰਦਰ ਅੰਦਰ ਹੀ ਨਿਧਾਨ ਸਿੰਘ ਨੇ ਆ ਕੇ ਦਸਿਆ ਕਿ ਸਭ ਪ੍ਰਬੰਧ ਹੋ ਗਿਆ ਹੈ।

"ਕਿਉਂ ਨਹੀਂ ? ਤੁਹਾਡੀ ਅਗਵਾਈ ਥੱਲੇ ਖ਼ਾਲਸਈ ਸੈਨਾ ਰਿਸ ਗਈ ਹੈ, ਸਰਦਾਰ ਜੀ !" ਇਸ ਬੁਰਜ ਤੋਂ ਜਮਰੌਦ ਦਾ ਕਿਲ੍ਹਾ ਕੋਈ ਪੰਜ ਮੀਲ ਹੋਵੇਗਾ। ਹਰੀ ਸਿੰਘ ਦਾ ਖ਼ਿਆਲ ਸੀ ਕਿ ਤਿੰਨ ਸਾਢੇ ਤਿੰਨ ਮੀਲ ਹੋਰ ਜਾਣ ਪਿਛੋਂ ਉਨ੍ਹਾਂ ਦੀ ਆਮਦ ਪਠਾਣੀ ਸੈਨਾ ਕੋਲੋਂ ਗੁੱਝੀ ਨਹੀਂ ਰਹਿਣ ਲਗੀ। ਸੋ ਉਸ ਹੁਕਮ ਦਿਤਾ ਕਿ ਅਗਲੇ ਸਾਢੇ ਤਿੰਨ ਮੀਲ ਸਾਰੀ ਸੈਨਾਂ ਯਕਮੁੱਠ ਹੌਲੇ ਹੌਲੇ ਜਾਏ ਤੇ ਉਸ ਪਿਛੋਂ ਆਪਣੇ ਆਪਣੇ ਭਾਗਾਂ ਵਿਚ ਤੇਜ਼ੀ ਨਾਲ ਅਗੇ ਵਧੇ। ਏਨੇ ਚਿਰ ਵਿਚ ਚਾਨਣਾ ਵੀ ਹੋ ਜਾਏਗਾ ਤੇ ਸਰਦਾਰ ਤੇ ਕੁਮੰਦਾਨ ਆਪੋ ਆਪਣੇ ਹੁਕਮ ਚੰਗੀ ਤਰ੍ਹਾਂ ਦੇ ਸਕਣਗੇ।

ਜਿਸ ਵੇਲੇ ਸਰਦਾਰ ਹਰੀ ਸਿੰਘ ਨੇ ਬੁਰਜ ਤੋਂ ਚਾਲੇ ਪਾਏ, ਉਸੇ ਵੇਲੇ ਹੀ ਸ਼ਾਇਦ ਸਰਦਾਰ ਹਰਪਾਲ ਸਿੰਘ ਦੀ ਅੱਖ ਖੁਲ੍ਹੀ ਸੀ। ਜਿੰਨੇ ਚਿਰ ਵਿਚ ਹਰੀ ਸਿੰਘ ਨੇ ਇਹ ਸਾਢੇ ਤਿੰਨ ਮੀਲ ਦਾ ਸਫ਼ਰ ਤੈ ਕੀਤਾ ਉੱਨੇ ਵਿਚ ਹਰਪਾਲ ਸਿੰਘ ਦੇ ਹੁਕਮਾਂ ਅਨੁਸਾਰ ਜਮਰੌਦ ਕਿਲ੍ਹੇ ਦੀਆਂ ਬਾਈ ਤੋਪਾਂ ਹਰੀ ਸਿੰਘ ਨੂੰ ਜੀ ਆਇਆਂ ਆਖਣ ਲਈ ਤੇ ਦੁਸ਼ਮਣ ਦੀ ਸੈਨਾਂ ਨੂੰ ਪੂਰੀ ਤਰ੍ਹਾਂ ਖ਼ਬਰਦਾਰ ਕਰਨ ਲਈ ਤਿਆਰ ਸਨ।

ਡੇਢ ਮੀਲ ਦੀ ਵਿੱਥ ਉੱਤੇ ਸਰਦਾਰ ਹਰੀ ਸਿੰਘ, ਨਿਧਾਨ ਸਿੰਘ, ਅਮਰ ਸਿੰਘ ਤੇ ਬੰਤਾ ਸਿੰਘ ਨੂੰ ਨਾਲ ਲੈ ਕੇ ਇਕ ਉੱਚੀ ਟੇਕਰੀ ਉੱਤੇ ਚੜ੍ਹ ਗਿਆ। ਏਥੋਂ ਜਮਰੌਦ ਦਾ ਕਿਲ੍ਹਾ ਸਾਫ਼ ਦਿਸ ਸਕਦਾ ਸੀ ਤੇ ਸਾਫ਼ ਦਿਸ ਸਕਦੀ ਸੀ ਪਠਾਣੀ ਸੈਨਾਂ ਵੀ। ਅਨਗਿਣਤ ਸੈਨਾਂ। ਹੁਣ ਤਕ ਦਿਸ ਸੈਨਾਂ ਦੇ ਕਾਫ਼ੀ ਸਿਪਾਹੀ ਏਧਰ ਉਧਰ ਫਿਰ ਰਹ ਸਨ। ਕਈ ਵਿਚੋਂ ਵਿਚੋਂ ਤਿਆਰ ਹੋਏ ਵੀ ਦਿਸਦੇ ਸਨ। ਕਈ ਘੋੜ ਅਸਵਾਰ ਜ਼ਰਾ ਬੱਝਤਰ ਪਹਿਨ ਰਹੇ ਸਨ। ਇਸ ਜਮਘਟੇ ਨੂੰ ਵੇਖਦਿਆ ਸਭ ਤੋਂ ਪਹਿਲੀ ਗੱਲ ਜਿਹੜੀ ਹਰੀ ਸਿੰਘ ਨੇ ਕਹੀ ਉਹ ਇਹ ਸੀ :

"ਸਦਕੇ ਤੇਰੇ ਸਰਦਾਰ ਮਹਾਂ ਸਿੰਘ ਟਿਕ ਹਜ਼ਾਰ ਨਾਲ ਤੂੰ ਕਿਵੇਂ ਇਨ੍ਹਾਂ ਅਨਗਿਣਤ ਜਣਿਆਂ ਨੂੰ ਆਪਣੇ ਨੇੜੇ ਨਹੀਂ ਆਉਣ ਦਿਤਾ" ਤੇ ਫਿਰ ਉਹ ਕਹਿੰਦਾ ਗਿਆ : "ਨਿਧਾਨ ਸਿੰਘ ! ਪਠਾਣੀ ਸੈਨਾਂ ਉਹ ਸੈਨਾਂ ਨਹੀਂ ਰਹੀ ਜਿਹੜੀ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੇ ਵੇਲੇ ਹੋਇਆ ਕਰਦੀ ਸੀ। ਤੀਹ ਹਜ਼ਾਰ ਸੈਨਾਂ ਨਾਲ ਅਹਿਮਦ ਸ਼ਾਹ ਦਿੱਲੀ ਤੋਂ ਉਰੇ ਕਿਤੇ ਨਾ ਰੁਕਦਾ।"

"ਪਰ ਸਰਦਾਰ ਜੀ, ਹੁਣ ਏਧਰ ਵੀ ਸਰਕਾਰ ਤੇ ਤੁਹਾਡੇ ਵਰਗੇ ਜਰਨੈਲ ਹਨ। ਜਿਹੜੇ ਓਦੋਂ ਨਹੀਂ ਸਨ।"

"ਠੀਕ ਹੈ ਪਰ...ਪਰ ਪਠਾਣਾਂ ਦੀ ਹੁਣ ਉਹ ਗੱਲ ਨਹੀਂ ਰਹੀ। ਕਦੀ ਕਦੀ ਸੋਚਦਾ ਹਾਂ ਕਿ ਕਾਬਲ ਦੀ ਫ਼ਤਹਿ ਨਾਲ ਵੀ ਹੁਣ ਉਹ ਸਵਾਦ ਨਹੀਂ ਆਉਣਾ ਜਿਹੋ ਜਿਹਾ ਸੁਆਦ ਕਿ ਮੈਂ ਮਾਣਨਾ ਚਾਹੁੰਦਾ ਹਾਂ। ਹੁਣ ਤਾਂ ਕਾਬਲ ਤੋਂ ਅਗੇ..." ਤੇ

Scanned by CamScanner

ਇਕਾ ਇਕ ਹਰੀ ਸਿੰਘ ਰੁਕ ਗਿਆ।

ਉਹਨੇ ਨਿਧਾਨ ਸਿੰਘ ਤੇ ਅਮਰ ਸਿੰਘ ਨੂੰ ਆਪੋ ਆਪਣੇ ਹੱਲਿਆਂ ਦੀਆਂ ਥ ਵਾਂ ਦੱਸੀਆਂ। ਆਪਣੀ ਥਾਂ ਵੀ ਦੱਸੀ ਤੇ ਬੰਤਾ ਸਿੰਘ ਨੂੰ ਅੱਧੇ ਮੀਲ ਦੀ ਦੂਰੀ ਤੇ ਇਕ ਪਿੱਪਲ੍ ਵਾਲ੍ਹੀ ਟੇਕਰੀ ਕੋਲ ਰਾਖਵੀਂ ਫ਼ੌਜ ਨਾਲ ਰਹਿਣ ਦਾ ਹੁਕਮ ਦਿਤਾ। ਆਖ਼ਰੀ ਗੱਲ ਅਜੇ ਸਰਦਾਰ ਹਰੀ ਸਿੰਘ ਦੇ ਮੂੰਹ ਵਿਚ ਹੀ ਸੀ ਕਿ ਤਾੜ ਤਾੜ ਕਿਲ੍ਹੇ ਵਿਚੋਂ ਤੋਪਾ ਦੇ ਬੁਲਣ ਦੀ ਆਵਾਜ਼ ਆਈ। ਭਾਈ ਗੱਲਿਆਂ ਦੇ ਧਮਾਕੇ ਬੰਤਾ ਸਿੰਘ ਨੇ ਆਪ ਗਿਣੇ। ਹਰੀ ਸਿੰਘ ਨਲੂਆ ਹੱਸਿਆ, ਛਣਕਵਾ ਹਾਸਾ—"ਲਉ ਮੇਰੇ ਦੂਲੇ ਤੋਪਚੀ ਹਰਪਾਲ ਸਿੰਘ ਨੇ ਆਪਣਾ ਬਚਨ ਪੂਰਾ ਕੀਤੋ ਜੇ। ਇਉਂ ਕਿ ਜਿਵੇਂ ਉਹ ਆਪ ਕੁਹਾੜੇ ਸਭਨਾਂ ਦੇ ਨਾਲ ਮੇਰਾ ਹੁਕਮ ਸੁਣ ਰਿਹਾ ਹੋਵੇ...।"

੭੬

ਹਰਪਾਲ ਸਿੰਘ ਆਪਣੇ ਹੌਲਦਾਰਾਂ ਨੂੰ ਹੁਕਮ ਦੇ ਕੇ ਮੁੜ ਗੜ੍ਹੀ ਉੱਤੇ ਆ ਬੈਠਾ। ਹੁਣ ਉਹ ਸਰਦਾਰ ਹਰੀ ਸਿੰਘ ਦੀ ਵਧ ਰਹੀ ਸੈਨਾਂ ਨੂੰ ਵੀ ਵੇਖ ਸਕਦਾ ਸੀ। ਉਹਨੂੰ ਇਉਂ ਵੀ ਲਗਾ ਕਿ ਉਸ ਸਰਦਾਰ ਹਰੀ ਸਿੰਘ ਨੂੰ ਆਪਣੇ ਸਰਦਾਰਾਂ ਤਾਈਂ ਇਕ ਟੇਕਰੀ ਤੋਂ ਹੁਕਮ ਦੇਂਦੇ ਹੋਏ ਵੇਖਿਆ ਹੈ। ਤੇ ਉਸੇ ਵੇਲੇ ਉਨ ਆਪਣੇ ਸੁਫ਼ੈਦ ਰੁਮਾਲ ਨਾਲ ਤੋਪਾਂ ਨੂੰ ਚਲਣ ਦਾ ਇਸ਼ਾਰਾ ਕੀਤਾ। ਗੱਲਦਾਚ ਉਹਦੇ ਇਸ ਇਸ਼ਾਰੇ ਦੀ ਉਡੀਕ ਵਿਚ ਚਿਰ ਤੋਂ ਉਹਦੇ ਵਲ ਵੇਖ ਰਹੇ ਸਨ।

ਤੋਪਾਂ ਦਾ ਚਲਣਾ ਸੀ ਕਿ ਦੁਸ਼ਮਨ ਦੀ ਸੈਨਾਂ ਵਿਚ ਜਿਵੇਂ ਖਲਬਲੀ ਮੱਚ ਗਈ। ਉਹ ਹੈਰਾਨ ਹੋਏ ਕਿ ਜਮਰੌਦ ਦੇ ਅੰਦਰਲੀ ਮੁੱਠੀ ਭਰ ਫ਼ੌਜ ਨੇ ਇਹੋ ਜਿਹੀ ਹਿੰਮਤ ਕਿਵੇਂ ਕੀਤੀ ਹੈ ? ਕੀ ਉਹ ਆਪਣੇ ਮੂੰਹੋਂ ਆਪਣੀ ਮੌਤ ਨਹੀਂ ਮੰਗ ਰਹੇ ? ਕੀ ਇਉਂ ਉਹ ਪਠਾਣਾਂ ਨੂੰ ਉਕਸਾ ਕੇ ਆਪਣੇ ਵਾਸਤੇ ਸਾਰੇ ਦਿਨ ਦੀ ਕੜੀ ਗੋਲਾਬਾਰੀ ਨਹੀਂ ਸਹੇੜ ਰਹੇ ? ਤੇ ਫਿਰ ਅੰਡੀ ਸਵੇਰੇ ? ਆਖ਼ਰ ਜਲਦੀ ਵੀ ਕਿਹਤੀ ਸੀ। ਲੜਾਈ ਜੇ ਤੋਪਾਂ ਦੀ ਹੀ ਹੋਣੀ ਹੈ ਤਾਂ ਫਿਰ ਕੁਝ ਚਿਰ ਠਹਿਰ ਕੇ ਕਿਉਂ ਨਾ ? ਪਠਾਣੀ ਸੈਨਾਂ ਦੇ ਅਜੇ ਬਹੁਤ ਸਾਰੇ ਜਰਨੈਲ ਸੌਂ ਰਹੇ ਸਨ। ਮੁਹੰਮਦ ਅਕਬਰ ਖ਼ਾਨ ਆਪ ਅਜੇ ਤਕ ਜਾਗੇ-ਮੀਟੀ ਵਿਚ ਸੀ।

ਖ਼ਾਲਸਈ ਤੋਪਾਂ ਦੀ ਚਲਣ ਨਾਲ ਦੁਸ਼ਮਨ ਦਾ ਤੋਪਖ਼ਾਨਾ ਅਭੜ-ਵਾਹੇ ਉਠਿਆ। ਜੇ ਜਲਦੀ ਹੀ ਖ਼ਾਲਸੇ ਦੀਆਂ ਤੋਪਾਂ ਨੂੰ ਜੁਆਬ ਨਾ ਦਿਤਾ ਗਿਆ ਤਾਂ ਹੋਰ ਤੋਪਾਂ ਦੇ ਨਕਾਰੇ ਹੋ ਜਾਣ ਦਾ ਡਰ ਸੀ। ਬਰੂਦ ਵਜ਼ੀਰਾ ਖੁਲ੍ਹਾ ਤੇ ਬਿਖਰਿਆ ਪਿਆ ਸੀ। ਕੋਹੇ-ਸ਼ਿਕਨ ਦੀ ਅਜੇ ਤਕ ਮੁਰੰਮਤ ਨਹੀਂ ਸੀ ਹੋਈ।

ਸਿਪਾਹ-ਸਾਲਾਰ ਦਾ ਪ੍ਰਮੁਖ ਤੋਪਚੀ ਮੁਹੰਮਦ ਹੁਸੈਨ ਆਕੜਾਂ ਲੈਂਦਾ ਹੋਇਆ ਜਾਗਿਆ "ਮਰਦੂਦ ਸਿਖ! ਇਨ੍ਹਾਂ ਨੂੰ ਅੰਡੀ ਸਵੇਰੇ ਕੀ ਹੋ ਗਿਆ ਹੈ ?" ਹਰ ਮੁਸਲਮਾਨ ਤੋਪਚੀ ਦਾ ਇਹੋ ਕਹਿਣਾ ਸੀ, "ਪਿੱਦੀ ਵੇਖ ਤੇ ਪਿੱਦੀ ਦਾ ਸ਼ੋਰਬਾ। ਪਤਾ ਨਹੀਂ ਦੁਪਹਿਰ ਤਕ ਤੱਗਨਾ ਨੇ ਕਿ ਨਹੀਂ ਤੇ ਹਿੰਮਤ ਵੇਖੋ ਸਵੇਰੇ ਸਵੇਰੇ ਲੜਾਈ ਸ਼ੁਰੂ ਕਰਨ ਦੀ।"

ਅਕਬਰ ਖ਼ਾਨ ਨੇ ਮੁਹੰਮਦ ਹੁਸੈਨ ਨੂੰ ਬੁਲਾਇਆ। ਉਹਨੂੰ ਜਲਦੀ ਤੋਂ ਜਲਦੀ ਜੁਆਬੀ ਗੋਲਾਬਾਰੀ ਕਰਨ ਦਾ ਹੁਕਮ ਦਿਤਾ। ਤੇ ਅਕਬਰ ਖ਼ਾਨ ਸੋਚਣ ਲਗਾ : "ਸਾਨੂੰ ਕਲ੍ਹ ਸ਼ਾਮੀਂ ਜਮਰੌਦ ਨੂੰ ਕਾਬੂ ਕਰ ਲੈਣਾ ਚਾਹੀਦਾ ਸੀ। ਅੱਜ ਦੇ ਦਿਨ ਤਾਂ ਬਿਸਮਿਲਾ ਹੀ ਭੈੜੀ ਹੋਈ ਹੈ..." ਤੇ ਫਿਰ ਕੁਝ ਚਿਰ ਸੋਚ ਕੇ ਉਹ ਕਹਿੰਦਾ ਗਿਆ : "ਨਾ ਜਾਣੇ ਕਿਉਂ ਮੈਨੂੰ ਲਗਦਾ ਹੈ ਕਿ ਅਸੀਂ ਅਫ਼ਗਾਨ ਪਹਿਲੇ ਅਫ਼ਗਾਨ ਨਹੀਂ ਰਹੇ। ਮੇਰੇ ਭਰਾਵਾਂ ਤੇ ਆਪ ਸੱਮੀ ਖ਼ਾਨ ਨੇ ਮੈਨੂੰ ਕਲ੍ਹ ਸ਼ਾਮੀਂ ਕਿਹੇ

Scanned by CamScanner

ਉੱਤੇ ਹੱਲਾ ਕਰਨ ਤੋਂ ਹੋੜਿਆ ਹੈ। ਅਖਦੇ ਸਨ ਅਗੇ ਦੋ ਹੱਲੇ ਅਸਫਲ ਰਹਿ ਚੁਕੇ ਹਨ। ਸੈਨਾਂ ਦੇ ਦਿਲ ਦਹਿਲੇ ਹੋਏ ਹਨ। ਜਾਨੀ ਨੁਕਸਾਨ ਬਹੁਤ ਹੋ ਚੁਕਿਆ ਏ, ਹੂੰ!" ਅਕਬਰ ਖ਼ਾਨ ਵਿਅੰਗ ਮਈ ਹਾਸਾ ਹੱਸਿਆ, "ਤੀਹ ਹਜ਼ਾਰ ਅਫ਼ਗਾਨੀ ਸੈਨਾਂ ਇਕ ਹਜ਼ਾਰ ਕਾਫ਼ਰਾਂ ਕੋਲੋਂ ਦਹਿਲੀ ਹੋਈ ਹੈ...।"

ਇਉਂ ਜਾਪਦਾ ਸੀ ਕਿ ਉਹਦਾ ਜੀ ਬੜਾ ਖ਼ਰਾਬ ਹੋਇਆ ਹੈ। ਉਹ ਇੰਜ ਆਪਣੀ ਮੰਜੀ ਤੋਂ ਉਠਿਆ ਜਿਵੇਂ ਉਹ ਇਸ ਲੜਾਈ ਦੇ ਚੰਗੇ ਨਤੀਜੇ ਤੋਂ ਨਿਰਾਸ ਹੋ ਚੁਕਿਆ ਹੋਵੇ। ਅਜੇ ਉਹ ਆਪਣੇ ਤੰਬੂ ਤੋਂ ਬਾਹਰ ਨਿਕਲਿਆ ਹੀ ਸੀ ਕਿ ਜਰਨੈਲ ਮੁਹੰਮਦ ਖ਼ਾਨ ਦਾ ਇਕ ਹਲਕਾਰਾ ਘੋੜੇ ਤੋਂ ਉਤਰਿਆ।

"ਪਿਸ਼ਾਵਰ ਵਲੋਂ ਆਈ ਸਿਖਾਂ ਦੀ ਇਕ ਅਣਗਿਣਤ ਤਾਜ਼ਾ ਦੰਮ ਫ਼ੌਜ ਨੇ ਸਾਡੇ ਉੱਤੇ ਹੱਲਾ ਬੋਲ ਦਿਤਾ ਹੈ। ਸਾਡਾ ਭਾਰੀ ਨੁਕਸਾਨ ਹੋ ਰਿਹਾ ਹੈ। ਜਰਨੈਲ ਸਾਹਿਬ ਨੇ ਹੋਰ ਸੈਨਾਂ ਵਾਸਤੇ ਬਿਨੈ ਕੀਤੀ ਹੈ।" "ਜਾਉ ਆਖੋ ਕਿ ਹੋਰ ਸੈਨਾਂ ਮਦਦ ਲਈ ਆ ਰਹੀ ਹੈ। ਓਨੇ ਚਿਰ ਤਕ ਜਰਨੈਲ ਮੁਹੰਮਦ ਖ਼ਾਨ ਤੇ ਤੁਸੀਂ ਸਾਰੇ ਹੱਥ ਤੇ ਹੱਥ ਧਰ ਕੇ ਬੈਠੋ।" ਅਕਬਰ ਖ਼ਾਨ ਦਾ ਲਹਿਜਾ ਵਿਅੰਗਾਤਮਕ ਸੀ।

ਪਰ ਇਸ ਵਿਅੰਗ ਮਈ ਰਉਂ ਨੇ ਅਕਬਰ ਖ਼ਾਨ ਨੂੰ ਇਸ ਖ਼ਬਰ ਨਾਲ ਚੜ੍ਹੀ ਖਾਰ ਨੂੰ ਮੱਠਿਆਂ ਨਹੀਂ ਕੀਤਾ। ਉਸ ਆਪਣੇ ਭਰਾ ਮੁਹੰਮਦ ਅਫ਼ਜ਼ਲ ਖ਼ਾਨ ਤੇ ਸੱਮੀ ਖ਼ਾਨ ਨੂੰ ਉਸੇ ਵੇਲੇ ਆਪਣੇ ਸਾਹਮਣੇ ਹਾਜ਼ਰ ਹੋਣ ਲਈ ਕਿਹਾ ਤੇ ਆਪ ਜਲਦੀ ਜਲਦੀ ਜ਼ਰਾ ਬਕਤਰ ਪਹਿਨਣੀ ਸ਼ੁਰੂ ਕੀਤੀ।

ਜਮਰੋਦ ਦੀ ਗੜ੍ਹੀ ਉੱਤੇ ਬੈਠਾ ਹਰਪਾਲ ਹਰੀ ਸਿੰਘ ਨਲੂਏ ਦੇ ਹੱਲੇ ਨਾਲ ਮੱਚੀ ਖਲਬਲੀ ਵੇਖ ਸਕਦਾ ਸੀ। ਉਹਨੂੰ ਪ੍ਰਤੱਖ ਜਾਪਦਾ ਸੀ ਕਿ ਇਹ ਜੰਗ ਮਸੇ ਦੁਪਹਿਰ ਤਕ ਤੱਗੇਗੀ। ਤੇ ਜੇ ਕਦੀ ਪਿਸ਼ਾਵਰ ਵਿਚ ਉਸ ਵੇਲੇ ਇਸ ਸੂਬੇ ਦੀ ਪੂਰੀ ਸੈਨਾਂ ਹੁੰਦੀ ? ਜੇ ਕਾਫ਼ੀ ਸਾਰੀ ਫ਼ੌਜ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਵਿਚ ਸ਼ਾਮਿਲ ਹੋਣ ਵਾਸਤੇ ਬਾਹਰ ਨਾ ਗਈ ਹੁੰਦੀ ? ਇਹ ਮਾਹਰਕਾ ਮਸੇ ਦੋ ਘੰਟੇ ਤੱਗਦਾ। "ਪਰ ਇਉਂ ਚੰਗਾ ਹੈ" ਉਸ ਮਨ ਹੀ ਮਨ ਸੋਚਿਆ, "ਇਸ ਦਿਨ ਨੂੰ ਇਤਿਹਾਸਕ ਬਣਾਉਣ ਵਾਲੀ ਇਹੋ ਤਾਂ ਇਕ ਚੀਜ਼ ਹੈ। ਜੇ ਸਾਡੀਆਂ ਤੇ ਅਫ਼ਗਾਨੀ ਫ਼ੌਜਾਂ ਵਿਚ ਤਵਾਜ਼ਨ ਹੁੰਦਾ ਤਾਂ ਇਹ ਲੜਾਈ ਅਭੁਲ ਤੇ ਐਡੀ ਇਤਿਹਾਸਕ ਨਹੀਂ ਸੀ ਹੋ ਸਕਦੀ। ਹੁਣ . ਹੁਣ ਅਫ਼ਗਾਨ, ਅੰਗ੍ਰੇਜ਼, ਰੂਸੀ ਤੇ ਫ਼ਰਾਂਸੀਸੀ ਜ਼ਾਣ ਜਾਣਗੇ ਕਿ ਇਕ ਤੇ ਤਿੰਨ ਦੇ ਮੁਕਾਬਲੇ ਵਿਚ ਵੀ ਸਿਖ ਅਫ਼ਗਾਨਾਂ ਨੂੰ ਉਨ੍ਹਾਂ ਦੇ ਆਪਣੇ ਚੌਗਿਰਦੇ ਵਿਚ ਹਰਾ ਸਕਦੇ ਹਨ।"

ਇਉਂ ਸੋਚਦਿਆਂ ਇਕ ਵਾਰ ਫਿਰ ਉਹਦੇ ਖ਼ਿਆਲ ਇਸ ਇਲਾਕੇ ਦੇ ਇਤਿਹਾਸ ਵਲ ਉੱਠ ਗਏ। ਸ਼ਾਹ ਪੋਰਸ ਤੇ ਸਕੰਦਰ ਦੇ ਜ਼ਮਾਨੇ ਤੋਂ ਲੈ ਕੇ ਅੱਜ ਤਕ ਦੇ ਵਾਕਿਆਤ ਇਕ ਇਕ ਕਰਕੇ ਉਹਦੇ ਮਨ ਵਿਚੋਂ ਵਿਚਰਦੇ ਗਏ। ਅਜ ਤੋਂ ਤਿੰਨ ਸਾਲ ਪਹਿਲੇ ਖ਼ਾਲਸਈ ਸੈਨਾਂ ਨੇ ਪਿਸ਼ਾਵਰ ਨੂੰ ਲਾਹੌਰ ਰਾਜ ਨਾਲ ਮਿਲਾਇਆ, ਅਠ ਸੌ ਸਾਲਾਂ ਪਿਛੋਂ ਪਹਿਲੀ ਵਾਰ।

ਪਿਸ਼ਾਵਰ ਦੀ ਜਿੱਤ ਪਿਛੋਂ ਜਲਦੀ ਹੀ ਹਰੀ ਸਿੰਘ ਨਲੂਆ ਸੂਬੇ ਦੇ ਦੌਰੇ ਉੱਤੇ ਚੜ੍ਹਿਆ। ਤਿੰਨ ਮਹੀਨੇ ਉਹ ਪਿੰਡ ਪਿੰਡ, ਗਿਰਾਂ ਗਿਰਾਂ ਫਿਟਿਆ। ਹਰਪਾਲ ਵੀ ਉਹਦੇ ਨਾਲ ਗਿਆ। ਪਿਸ਼ਾਵਰ ਸੂਬੇ ਦੇ ਇਲਾਕੇ ਨੂੰ ਪੰਜਾਂ ਪਰਗਨਿਆਂ ਵਿਚ ਵੰਡਿਆ ਗਿਆ। ਹਿੰਦੂਆਂ ਉੱਤੇ ਔਰੰਗਜ਼ੇਬ ਦੇ ਵੇਲੇ ਤੋਂ ਲਗਾ ਜਜ਼ੀਆ ਹਟਾ ਦਿਤਾ ਗਿਆ। ਲਗਾਨ ਦਾ ਪ੍ਰਬੰਧ ਬਾਕੀ ਸਾਰੇ ਪੰਜਾਬ ਦੇ ਪ੍ਰਬੰਧ ਨਾਲ ਸਾਵਾਂ ਕਰ ਦਿਤਾ ਗਿਆ। ਪੈਦਾਵਾਰ ਵਧਾਉਣ ਵਾਸਤੇ ਕਾਬਲ ਦਰਿਆ ਵਿਚੋਂ ਨਹਿਰਾਂ ਪੁਟਵਾਉਣ ਦਾ ਹੁਕਮ ਦਿਤਾ ਗਿਆ। ਜਿਥੇ ਜਿਥੇ ਨਹਿਰਾਂ ਦਾ ਪਾਣੀ ਨਹੀਂ ਸੀ ਪੁਜ ਸਕਦਾ ਉਥੇ ਸਰਕਾਰੀ ਖ਼ਰਚ ਉੱਤੇ ਖੂਹ ਖਟਵਾਏ। ਮਸੂਲ ਚੁੰਗੀ ਤੇ ਮੰਹਰਾਨਾਂ ਨੂੰ ਨਵੇਂ ਸਿਰੋਂ ਤਰਤੀਬ ਦਿਤੀ।

ਪਰ ਇਹ ਹੀ ਨਹੀਂ ਹਰੀ ਸਿੰਘ ਨਲੂਏ ਦੀ ਪਾਰ-ਦਰਸ਼ਤਾ ਤੇ ਪ੍ਰਤਿਭਾ ਉਹਦੇ ਫ਼ੌਜੀ ਪ੍ਰਬੰਧ ਵਿਚ ਦੇਰ ਚਿਲਕੀ। ਪਿਸ਼ਾਵਰ ਨੂੰ ਮਹਿਫ਼ੂਜ਼ ਕਰਨ ਵਾਸਤੇ ਉਸ ਇਸ ਸਾਰੇ ਇਲਾਕੇ ਦਾ ਫ਼ੌਜੀ ਦਰਿਸ਼ਟੀਕੋਣ ਤੋਂ ਜਾਇਜ਼ਾ ਲਿਆ। ਉਹ ਥਾਂ ਥਾਂ ਗਿਆ। ਉਸ ਨਕਸ਼ੇ ਵਾਹੇ। ਉਸ ਆਪਣੇ ਸਰਦਾਰਾਂ ਨਾਲ ਸਲਾਹ ਕੀਤੀ ਤੇ ਬਚਾਅ ਦਾ ਇਕ ਪੈਟਰਨ ਘੜਿਆ।

ਪਿਸ਼ਾਵਰ ਉੱਤੇ ਹੱਲੇ ਦਾ ਸਭ ਤੋਂ ਜ਼ਰੂਰੀ ਤੇ ਇਤਿਹਾਸਕ ਰਾਹ ਦੱਰਾ ਖ਼ੈਬਰ ਦਾ ਰਾਹ ਸੀ। ਤੇ ਕਿਸੇ

Scanned by CamScanner

ਹਮਲਾਆਵਰ ਨੂੰ ਪਿਸ਼ਾਵਰ ਉੱਤੇ ਹੱਲਾ ਕਰਨ ਤੋਂ ਰੋਕਣ ਲਈ ਦੱਰਾ ਖ਼ੈਬਰ ਦਾ ਮੂੰਹ ਮੁੰਦਨਾ ਜ਼ਰੂਰੀ ਸੀ । ਇਸ ਲਈ ਸੋਂਹਦੀ ਥਾਂ ਸੀ ਜਮਰੌਦ । ਸੋ ਏਥੇ ਇਕ ਵਡਾ ਕਿਲ੍ਹਾ ਉਸਾਰਨ ਦੀ ਵਿਚਾਰ ਕੀਤੀ ਗਈ ।

ਅਫ਼ਗਾਨਿਸਤਾਨ ਵਲੋਂ ਵਰਤਿਆ ਜਾ ਸਕਣ ਵਾਲਾ ਦੂਜਾ ਰਾਹ ਮੋਹਮੰਦਾਂ ਦੇ ਇਲਾਕੇ ਵਿਚੋਂ ਹੋ ਕੇ ਆਉਂਦਾ ਮਿਚਨੀ ਵਾਲਾ ਰਾਹ ਸੀ । ਮਿਚਨੀ ਲਾਗਿਉਂ ਕਾਬਲ ਦਰਿਆ ਤੋਂ ਉਪ੍ਰੰਤ ਦੋ ਹੋਰ ਦਰਿਆ ਵੀ ਫੁੱਟਦੇ ਹਨ । ਪਿਸ਼ਾਵਰ ਨੂੰ ਬਚਾਉਣ ਵਾਸਤੇ ਮਿਚਨੀ ਵਿਚ ਇਸ ਰਾਹ ਦੀ ਰੋਕ ਥਾਮ ਜ਼ਰੂਰੀ ਸੀ । ਸੋ ਏਥੇ ਵੀ ਇਕ ਕਿਲ੍ਹਾ ਬਣਾਉਣ ਦਾ ਵਿਚਾਰ ਹੋਇਆ ।

ਪਿਸ਼ਾਵਰ ਉੱਤੇ ਹੱਲਾ ਕਰਨ ਲਈ ਤੀਜਾ ਰਾਹ ਸ਼ੱਬਕਦਰ ਦਾ ਰਾਹ ਸੀ । ਸ਼ੱਬਕਦਰ ਦਰਿਆ ਸਵਾਤ ਦੇ ਕਿਨਾਰੇ ਹੈ ਤੇ ਏਥੋਂ ਅਗੇ ਇਲਾਕਾ ਪਧਰਾ ਹੋ ਜਾਂਦਾ ਹੈ । ਸੋ ਇਹ ਥਾਂ ਵੀ ਕਿਲ੍ਹਾ ਬਣਾਉਣ ਲਈ ਚੁਣੀ ਗਈ । ਬਾਕੀ ਰਹੀ ਗੱਲ ਪੂਰਬੀ ਪੱਛਮੀ ਰਾਹਾਂ ਦੀ । ਏਧਰੋਂ ਬਹੁਤਾ ਖ਼ਤਰਾ ਨਹੀਂ ਸੀ; ਪਰ ਫਿਰ ਵੀ ਪਿਸ਼ਾਵਰ ਦੇ ਕੋਲ ਬਾੜੇ ਵਿਚ ਇਕ ਕਿਲ੍ਹਾ ਉਸਾਰਿਆ ਗਿਆ ।

ਸੰਨ ੧੮੩੫ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਪਿਸ਼ਾਵਰ ਆਇਆ ਤਾਂ ਸਰਦਾਰ ਹਰੀ ਸਿੰਘ ਨਲੂਏ ਨੇ ਉਹਨੂੰ ਆਪਣੇ ਮੁਲਕੀ ਤੇ ਫ਼ੌਜੀ ਪ੍ਰਬੰਧ ਤੋਂ ਜਾਣੂੰ ਕਰਾਇਆ । ਹਰਪਾਲ ਸਿੰਘ ਆਪ ਇਸ ਅਹਿਮ ਬੈਠਕ ਵੇਲੇ ਹਾਜ਼ਰ ਸੀ । ਮਹਾਰਾਜਾ ਰਣਜੀਤ ਸਿੰਘ ਅੰਨਾ ਖ਼ੁਸ਼ ਹੋਇਆ ਕਿ ਉਸ ਹਰੀ ਸਿੰਘ ਨਲੂਏ ਨੂੰ ਦੂਜੀ ਵਾਰ ਆਪਣੇ ਨਾਂ ਦਾ ਸਿੱਕਾ ਚਲਾਉਣ ਦੀ ਆਗਿਆ ਦਿੱਤੀ । ਪਹਿਲੀ ਵਾਰ ਇਹ ਮਾਣ ਨਲੂਏ ਨੂੰ ਕਸ਼ਮੀਰ ਦੀ ਗਵਰਨਰੀ ਸਮੇਂ ਮਿਲਿਆ ਸੀ । ਅੱਜ ਵਾਂਗ ਉਦੋਂ ਵੀ ਹਰੀ ਸਿੰਘ ਨੇ ਬੜੀ ਨਾਂਹ ਨੁੱਕਰ ਕੀਤੀ ਸੀ, ਪਰ ਜਦੋਂ ਮਹਾਰਾਜਾ ਰਣਜੀਤ ਸਿੰਘ ਕੋਈ ਬਖ਼ਸ਼ਸ਼ ਦੇਵੇ ਤਾਂ ਸੋਖ ਕੀਤਿਆਂ ਉਹ ਮੋੜੀ ਨਹੀਂ ਸੀ ਜਾ ਸਕਦੀ । ਪਰ ਇਹ ਬਖ਼ਸ਼ਸ਼ ਬਖ਼ਸ਼ਸ਼ਾਂ ਵਿਚੋਂ ਬਖ਼ਸ਼ਸ਼ ਸੀ । ਉਦੋਂ ਤਕ ਕਿਸੇ ਬਹਿਜ਼ਾਦੇ ਜਾਂ ਸਰਦਾਰ ਨੂੰ ਇਹ ਬਖ਼ਸ਼ਸ਼ ਨਹੀਂ ਸੀ ਮਿਲੀ ।

ਏਸੇ ਬੈਠਕ ਵਿਚ ਹਰੀ ਸਿੰਘ ਨੇ ਆਖਿਆ : "ਜਮਰੌਦ, ਮਿਚਨੀ ਤੇ ਸ਼ੱਬਕਦਰ ਦੇ ਕਿਲ੍ਹੇ ਬਚਾਉ-ਨੀਤੀ ਦੀ ਪੂਰਤੀ ਲਈ ਉਸਾਰੇ ਜਾਣਗੇ । ਪਰ ਸਰਕਾਰ, ਅਸਲੀ ਤੇ ਇਨ੍ਹਾਂ ਸਭ ਤੋਂ ਜ਼ਰੂਰੀ ਕਿਲ੍ਹਾ ਦੱਰਾ ਖ਼ੈਬਰ ਦੇ ਦੂਜੇ ਮੂੰਹ ਉੱਤੇ ਉਸਾਰਨਾ ਚਾਹੀਦਾ ਹੈ । ਉਮੀਦ ਹੈ ਸਰਕਾਰ...।" ਹਰੀ ਸਿੰਘ ਚੁਪ ਕਰ ਗਿਆ ।

ਰਣਜੀਤ ਸਿੰਘ ਹੱਸਿਆ । "ਮੈਂ ਜਾਣਦਾ ਹਾਂ ਮੇਰੇ ਸਰਦਾਰ ਦੇ ਮਨ ਵਿਚ ਕੀ ਹੈ । ਮੈਂ ਇਹਦੇ ਬਾਰ ਅਜਲੀ ਹੀ ਤੁਹਾਡੇ ਨਾਲ ਵਿਸਥਾਰ ਪੂਰਵਕ ਗੱਲ ਬਾਤ ਕਰਾਂਗਾ । ਜੇ ਮੇਰੀ ਉਮਰ ਵਿਚ ਨਹੀਂ ਤਾਂ ਸ਼ਹਿਜ਼ਾਦਾ ਖੜਗ ਸਿੰਘ ਤੇ ਨੌਨਿਹਾਲ ਸਿੰਘ ਦੇ ਸਮੇਂ ਵਿਚ ਖ਼ਾਲਸਾ ਰਾਜ ਬਲਖ਼, ਬੁਖ਼ਾਰੇ ਤੇ ਹੈਰਾਤ ਤਕ ਪਹੁੰਚੇਗਾ । ਸਿਰਫ਼...ਸਿਰੰਫ਼...।" ਤੇ ਹਰੀ ਸਿੰਘ ਵਾਂਗ ਰਣਜੀਤ ਸਿੰਘ ਵੀ ਆਪਣੀ ਗੱਲ ਪੂਰੀ ਕੀਤੇ ਬਗ਼ੈਰ ਚੁਪ ਹੋ ਗਿਆ ।

ਹਰ ਹਾਲਤ ਵਿਚ ਹਰਪਾਲ ਸਿੰਘ ਜਾਣਦਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਦੇ ਦਿਲਾਂ ਵਿਚ ਕੀ ਹੈ ਤੇ ਹਰਪਾਲ ਸਿੰਘ ਉਸ ਦਿਨ ਦੀ ਉਡੀਕ ਵਿਚ ਸੀ ਜਦੋਂ ਕਿ ਇਤਿਹਾਸ ਦੁਹਰਾਇਆ ਜਾਏਗਾ । ਜਦੋਂ ਕਿ ਅੱਠ ਸੌ ਸਾਲ ਤੋਂ ਇਕੋ ਵਹਿਣ ਵਹਿੰਦੇ ਕਟਕ ਉਲਟੇ ਵਹਿਣੇ ਸ਼ੁਰੂ ਹੋਣਗੇ । ਜਦੋਂ ਖ਼ਾਲਸੇ ਦੇ ਘੋੜਿਆਂ ਦੀ ਠਾਪ ਕਾਬਲ ਦੇ ਬਾਲਾਹਿਸਾਰ ਨੂੰ ਕੰਬਾਏਗੀ । ਜਦੋਂ ਤੈਮੂਰ ਤੇ ਬਾਬਰ ਦੇ ਹਮ-ਪਲਾ ਅਖਵਾਣ ਲਈ ਖ਼ਾਲਸਾ ਰਾਜ ਦੀਆਂ ਹੱਦਾਂ ਫੇ ਫ਼ਰਗਾਨਾ, ਬਲਖ਼, ਬੁਖ਼ਾਰਾ ਤੇ ਸਮਰਕੰਦ ਨੂੰ ਛੋਹਣਗੀਆਂ ।

ਅਜੇ ਥੋੜੇ ਦਿਨ ਹੀ ਹੋਏ ਹਰਪਾਲ ਸਿੰਘ ਸਰਦਾਰ ਹਰੀ ਸਿੰਘ ਨਾਲ ਸ਼ਾਹਬਾਜ਼ ਗੜ੍ਹੀ ਤੇ ਮਾਨਸੇਰੇ ਗਿਆ ਸੀ । ਹਰੀ ਸਿੰਘ ਕਹਿੰਦਾ : "ਅਸ਼ੋਕ ਦੇ ਇਹ ਸ਼ਿਲਾ-ਲੇਖ ਵੇਖ ਕੇ ਮੈਨੂੰ ਇਕ ਬੜੀ ਵਚਿਤ੍ਰ ਕਿਸਮ ਦੀ ਪਰੇਰਨਾ ਮਿਲਦੀ ਹੈ । ਇਨ੍ਹਾਂ ਨੂੰ ਵੇਖਦਿਆਂ ਹੀ ਮੈਨੂੰ ਪਿਛਲੇ ਦੋ ਹਜ਼ਾਰ ਸਾਲਾਂ ਦੀਆਂ ਘਟਨਾਵਾਂ ਯਾਦ ਆ ਜਾਂਦੀਆਂ ਹਨ । ਭਾਰਤੀ ਆਤਮਾ ਦੀ ਵਡਿਆਈ ਤੇ ਅਧੋਗਤੀ । ਅਠ ਸੌ ਸਾਲ ਪਹਿਲੇ ਸੁਬਕਤਗੀਨ ਦਾ ਹੱਲਾ ਤੇ ਲਘਮਾਨ ਵਿਚ ਜੈਪਾਲ ਨਾਲ ਉਹਦੀ ਲੜਾਈ ਤੇ ਫਿਰ ਮੇਰਾ ਆਪਣਾ ਕਸ਼ਮੀਰ ਦੀਆਂ ਉਚਿਆਈਆਂ ਤੋਂ ਥੱਲੇ ਉਤਰਦਿਆਂ ਹਜ਼ਾਰੇ ਵਿਚੋਂ ਪਿਸ਼ਾਵਰ ਤੇ ਦੱਰਾ ਖ਼ੈਬਰ ਵਲ ਸਧਰਾਈਆਂ ਨਜ਼ਰਾਂ ਨਾਲ ਵੇਖਣਾ । ਇਤਿਹਾਸ ਕੇਡਾ ਦਰਦਨਾਕ ਹੋ ਸਕਦਾ ਹੈ, ਹਰਪਾਲ ! ਮੈਂ ਨਹੀਂ ਜਾਣਦਾ...।"

Scanned by CamScanner

ਏਸੇ ਤਰ੍ਹਾਂ ਹੀ ਇਕ ਦੰ ਵਾਰ ਪਹਿਲੇ ਵੀ ਪਿਸ਼ਾਵਰ ਦੇ ਇਤਿਹਾਸ ਬਾਰੇ ਗੱਲਾਂ ਕਰਦਿਆਂ ਹਰੀ ਸਿੰਘ ਨਲੂਆ ਭਾਵੁਕ ਹੋ ਜਾਂਦਾ ਰਿਹਾ ਸੀ। ਤੇ ਆਪ ਹਰਪਾਲ ? ਹਰਪਾਲ ਹਰੀ ਸਿੰਘ ਨਾਲੋਂ ਵੀ ਵਧ ਇਤਿਹਾਸ ਤੇ ਇਤਿਹਾਸਕ ਘਟਨਾਵਾਂ ਸਮਝਦਾ। ਅੰਗ੍ਰੇਜ਼ੀ ਵਿਦਿਆ ਨੇ ਉਹਦਾ ਨਜ਼ਰੀਆ ਬੜਾ ਚੌਰੜਾ ਕਰ ਦਿਤਾ ਸੀ।

ਪਿਛਲੇ ਸਾਲ ਜਮਰੌਦ, ਮਿਚਨੀ, ਸ਼ੱਬਕਦਰ ਦੇ ਕਿਲ੍ਹੇ ਉਸਾਰੇ ਗਏ। ਜਮਰੌਦ ਵਿਚ ਇਕ ਹਜ਼ਾਰ ਜਵਾਨ ਤੇ ਬਾਈ ਤੋਪਾਂ ਰਖੀਆਂ ਗਈਆਂ। ਮਿਚਨੀ ਵਿਚ ਚਾਰ ਸੌ ਜਵਾਨ ਤੇ ਤਿੰਨ ਤੋਪਾਂ। ਏਥੇ ਸਰਦਾਰ ਝੰਡਾ ਸਿੰਘ ਬੋਤਾਲੀਆ ਕਿਲ੍ਹੇਦਾਰ ਸੀ। ਸ਼ੱਬਕਦਰ ਵਿਚ ਉਸਾਰੇ ਕਿਲ੍ਹੇ ਦਾ ਨਾਂ ਸ਼ੰਕਰਗੜ੍ਹ ਰਖਿਆ। ਅਠ ਸੌ ਜਵਾਨ ਤੇ ਬਾਰਾਂ ਤੋਪਾਂ। ਸਰਦਾਰ ਲਹਿਣਾ ਸਿੰਘ ਸਿੰਧਾਵਾਲੀਆ ਏਥੋਂ ਦਾ ਕਿਲ੍ਹੇਦਾਰ ਬਣਿਆ। ਜਮਰੌਦ ਤੇ ਪਿਸ਼ਾਵਰ ਦੇ ਅਧ ਵਿਚ 'ਬੁਰਜ ਹਰੀ ਸਿੰਘ' ਉਸਾਰਿਆ।

ਅੱਜ ਇਨ੍ਹਾਂ ਕਿਲ੍ਹਿਆਂ ਬਾਰੇ ਸੋਚਦਿਆਂ ਹਰਪਾਲ ਦਾ ਖ਼ਿਆਲ ਬੋਤਾਲੀਏ ਤੇ ਸਿੰਧਾਵਾਲੀਏ ਸਰਦਾਰਾਂ ਵਲ ਗਿਆ। ਪਤਾ ਨਹੀਂ ਉਨ੍ਹਾਂ ਦੀ ਕੀ ਹਾਲਤ ਹੋਵੇਗੀ ਦੁਸ਼ਮਨ ਦੀ ਫ਼ੌਜ ਦਾ ਇਕ ਹਿੱਸਾ, ਉਹ ਜਾਣਦਾ ਸੀ, ਇਨ੍ਹਾਂ ਦੋ ਸਰਦਾਰਾਂ ਨੂੰ ਸਰ ਕਰਨ ਗਿਆ ਹੋਇਆ ਹੈ। ਪਰ, ਫਿਰ ਉਸ ਸੋਚਿਆ, ਹੁਣ ਕੁਝ ਘੰਟਿਆਂ ਦੇ ਅੰਦਰ ਅੰਦਰ ਹੀ ਲੜਾਈ ਦਾ ਫ਼ੈਸਲਾ ਹੋ ਜਾਏਗਾ। ਜਦੋਂ ਜਮਰੌਦ ਦੇ ਲਾਗਿਉਂ ਅਫ਼ਗਾਨੀ ਸੈਨਾਂ ਹਟ ਗਈ ਤਾਂ ਸ਼ੰਕਰਗੜ੍ਹ ਤੇ ਮਿਚਨੀ ਲਾਗੇ ਕੋਈ ਅਫ਼ਗਾਨ ਠਹਿਰਣ ਦੀ ਹਿੰਮਤ ਨਹੀਂ ਕਰੇਗਾ।

ਉਹਦੀ ਨਿਗਾਹ ਪੂਰਬ ਵਲ ਹੋ ਰਹੀ ਲੜਾਈ ਦੇ ਦ੍ਰਿਸ਼ ਉੱਤੇ ਪਈ। ਹੁਣ ਤਕ ਅਫ਼ਗਾਨ ਪੂਰੀ ਤਰ੍ਹਾਂ ਸਾਵਧਾਨ ਹੋ ਚੁਕੇ ਸਨ ਤੇ ਲੜਾਈ ਜ਼ੋਰਾਂ ਉੱਤੇ ਸੀ। ਤਿੰਨਾਂ ਹੀ ਥਾਵਾਂ ਉੱਤੇ ਘਮਸਾਨ ਮਚਿਆ ਹੋਇਆ ਸੀ। ਅਕਬਰ ਖ਼ਾਨ ਨੇ ਜਮਰੌਦ ਦੇ ਉੱਤਰ ਵਲ ਨਿਯਤ ਸੈਨਾਂ ਵਿਚੋਂ ਇਕ ਭਾਗ ਜਰਨੈਲ ਮੁਹੰਮਦ ਖ਼ਾਨ ਤੇ ਮੁਹੰਮਦ ਆਜ਼ਮ ਖ਼ਾਨ ਦੀ ਮਦਦ ਲਈ ਭੇਜ ਦਿਤਾ ਸੀ। ਹਰਪ ਲ ਸਿੰਘ ਇਨ੍ਹਾਂ ਸਵਾਰਾਂ ਨੂੰ ਘੋੜੇ ਦੌੜਾਦੇ ਜਾਂਦੇ ਵੇਖ ਸਕਦਾ ਸੀ। ਸਭ ਤੋਂ ਵਡੀ ਉਲਝਣ ਅਫ਼ਗਾਨਾਂ ਨੂੰ ਆਪਣੇ ਤੋਪਖ਼ਾਨੇ ਬਾਰੇ ਸੀ। ਹਰਪਾਲ ਦੀਆਂ ਤੋਪਾਂ ਨੇ ਦੁਸ਼ਮਨ ਦੀ ਇਕ ਇਕ ਤੋਪ ਨੂੰ ਆਹਰੇ ਲਾ ਰਖਿਆ ਸੀ। ਉਨ੍ਹਾਂ ਵਾਸਤੇ ਇਹੋ ਜਿਹੀ ਹਾਲਤ ਵਿਚ ਪੂਰਬ ਵਲ ਆਪਣੀ ਸੈਨਾਂ ਦੀ ਮਦਦ ਨੂੰ ਜਾਣਾ ਕਠਨ ਸੀ। ਹਰਪਾਲ ਖ਼ੁਸ਼ ਸੀ ਕਿ ਉਹਦੀ ਪਰਖ ਠੀਕ ਉਤਰੀ ਹੈ। ਉਹ ਖ਼ੁਸ਼ ਸੀ ਕਿ ਸਰਦਾਰ ਹਰੀ ਸਿੰਘ ਨਲੂਏ ਨੇ ਉਹਦੀ ਸਲਾਹ ਦੀ ਕਦਰ ਕੀਤੀ ਹੈ।

ਇਕਾ ਇਕ ਉਹਦਾ ਜੀ ਹਰੀ ਸਿੰਘ ਦੇ ਪਿਆਰ ਤੇ ਆਦਰ ਵਿਚ ਉਛਲਿਆ। ਕੇਡਾ ਚੰਗਾ ਸੀ ਹਰੀ ਸਿੰਘ। ਕੇਡੀ ਖੁਲ੍ਹ ਲੈ ਕੇ ਉਹਨੇ ਹਰੀ ਸਿੰਘ ਨੂੰ ਆਪਣੀ ਰਾਏ ਲਿਖ ਭੇਜੀ ਸੀ। ਹੋਰ ਕੋਈ ਜਰਨੈਲ ਇਹੋ ਜਿਹੀ ਵਧੀਕੀ ਨੂੰ ਆਪਣੀ ਬੇਇਜ਼ਤੀ ਸਮਝਦਾ। ਹਰਪਾਲ ਦੀਆਂ ਅੱਖਾਂ ਅਗੇ ਨੈਪੋਲੀਅਨ, ਬੰਦਾ ਸਿੰਘ ਬਹਾਦਰ, ਅਹਿਮਦ ਤੇ ਨਾਦਰ ਸ਼ਾਹ, ਤੈਮੂਰ, ਬਾਬਰ, ਚੰਗੇਜ਼ ਤੇ ਸਕੰਦਰ ਦੇ ਖ਼ਿਆਲੀ ਅਕਸ ਗ਼ਜ਼ਰ ਗਏ। ਉਹਨੂੰ ਲਗਾ ਕਿ ਹਰੀ ਸਿੰਘ ਨਲੂਆ ਇਨ੍ਹਾਂ ਸਾਰਿਆਂ ਨਾਲੋਂ ਕਾਬਲੀਅਤ ਤੇ ਬਹਾਦਰੀ ਵਿਚ ਕਿਸੇ ਤਰ੍ਹਾਂ ਵੀ ਘਟ ਨਹੀਂ। ਇਕਾ ਇਕ ਉਹਨੂੰ ਕੋਈ ਭੈੜਾ ਖ਼ਿਆਲ ਆਇਆ ਤੇ ਉਸ ਵਾਹਿਗੁਰੂ ਉਚਾਰ ਕੇ ਮਨ ਹੀ ਮਨ ਵਿਚ ਕਿਹਾ, "ਰੱਬ ਸੁਖ ਕਰੇ। ਮੈਨੂੰ ਇਹੋ ਜਿਹਾ ਖ਼ਿਆਲ ਕਿਉਂ ਆਇਆ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਨਲੂਦ ਸਰਦਾਰ ਦੇ ਸਿਰ ਉੱਤੇ ਹੱਥ ਹੋਵੇ।"

ਨਲੂਆ ਸਰਦਾਰ ਆਪਣੇ ਸਿਪਾਹੀਆਂ ਨਾਲ ਦੁਸ਼ਮਨ ਦੇ ਆਹੂ ਲਾਹ ਰਿਹਾ ਸੀ। ਉਹਦਾ ਤਿੰਨ ਹਜ਼ਾਰ ਘੋੜ-ਚੜ੍ਹਾ ਏਧਰ ਦੇ ਬਾਰਾਂ ਕੁ ਹਜ਼ਾਰ ਘੋੜ ਚੜ੍ਹਿਆਂ ਨੂੰ ਖੰਭੇਰ ਰਿਹਾ ਸੀ। ਹੁਣ ਤਕ ਪਿਆਦਾ ਫ਼ੌਜਾਂ ਵੀ ਆਪੋ ਵਿਚ ਹੱਥੋਪਾਈ ਹੋ ਪਈਆਂ ਸਨ ਤੇ ਉਸ ਇਕਾ ਇਕ ਸਿਖ ਸੈਨਾਂ ਨੂੰ ਦੁਸ਼ਮਨ ਦੀ ਸੈਨਾਂ ਵਿਚ ਗੁੰਮ ਹੁੰਦਿਆਂ ਤੱਕਿਆ। ਮੁਸਲਮਾਨੀ ਸੈਨਾਂ ਨੇ ਚਾਰ ਹਜ਼ਾਰ ਸਿਖ ਪਿਆਦਿਆਂ ਨੂੰ ਇਉਂ ਘੇਰ ਲਿਆ ਜਿਵੇਂ ਮਕੱਈ ਦੇ ਕੁਝ ਦਾਣੇ, ਦਾਣੇ ਭੁੰਨਣ ਵਾਲੀ ਕੜਾਹੀ ਵਿਚ ਗੁੰਮ ਜਾਂਦੇ ਹਨ। ਕਦੀ ਕਦੀ ਉਹਨੂੰ ਕਿਸੇ ਬੀਰ ਸਿਖ ਦੀ ਪਗ ਜਾਂ ਪੋਸ਼ਾਕ ਦਿਸਦੀ ਤੇ ਫਿਰ ਪਲੋ ਪਲੀ ਗੁਆਚ ਜਾਂਦੀ। ਮੁਕਾਬਲਾ ਬੜਾ ਅਸਾਵਾਂ ਸੀ, ਪਰ ਫਿਰ ਵੀ ਉਹ ਜਾਣਦਾ ਸੀ ਕਿ ਜਲਦੀ ਹੀ ਇਹ ਗੁੰਮੇ ਸੂਰਮੇ ਲੱਭ ਪੈਣਗੇ। ਕੜਾਹੀ ਵਿਚ ਪਏ ਮਕੱਈ ਦੇ ਦਾਣਿਆਂ ਵਾਂਗ ਇਹ ਜਲਦੀ ਹੀ ਖਿੜ ਕੇ ਕੜਾਹੀ ਨੂੰ ਭਰ ਦੇਣਗੇ। ਰੇਤ ਥੱਲੇ ਰਹਿ ਜਾਵੇਗੀ। ਉਹ ਜਾਣਦਾ ਸੀ ਕਿ ਹਰੀ ਸਿੰਘ ਬੀਮਾਰ ਹੈ, ਪਰ ਉਹਨੂੰ ਸ਼ਕ ਨਹੀਂ ਸੀ ਕਿ ਉਹਦਾ ਸੈਨਾਪਤੀ

Scanned by CamScanner

ਪਹਿਲਿਆਂ ਵਾਂਗ ਐਤਕੀਂ ਵੀ ਬਾਜ਼ੀ ਜਿੱਤ ਲਏਗਾ।

ਪਠਾਣੀ ਸੈਨਾ ਵਿਚ ਪਈ ਖਲਬਲੀ ਵਧਦੀ ਗਈ। ਹਰਪਾਲ ਨੇ ਵੇਖਿਆ ਕਿ ਦੁਸ਼ਮਨ ਦੇ ਸਾਰੇ ਅਮੀਰ ਤੇ ਸਰਦਾਰ ਉੱਤਰ ਵਲੋਂ ਪੂਰਬ ਵਲ ਨੱਸਦੇ ਜਾ ਰਹੇ ਹਨ। ਇਹ ਉਹਦੀ ਜਾਚੇ, ਪਹਿਲੀ ਗ਼ਲਤੀ ਨਾਲੋਂ ਵੀ ਵੱਡੀ ਗ਼ਲਤੀ ਸੀ। ਪਹਿਲੇ ਤਾਂ ਅਫ਼ਗ਼ਾਨਾਂ ਨੂੰ ਚਾਹੀਦਾ ਸੀ ਕਿ ਉਹ ਉੱਤਰੀ ਪਾਸੇ ਦੀ ਬਜਾਏ ਪੂਰਬੀ ਪਾਸਾ ਆਪਣੀਆਂ ਤੋਪਾਂ ਤੇ ਚੰਗੇਰੀ ਤੇ ਵਡੇਰੀ ਸੈਨਾ ਲਈ ਚੁਣਦੇ। ਉਨ੍ਹਾਂ ਨੂੰ ਖ਼ਿਆਲ ਹੋਣਾ ਚਾਹੀਦਾ ਸੀ ਕਿ ਅੱਜ ਜਾਂ ਕੱਲ ਪਿਸ਼ਾਵਰ ਤੋਂ ਕੋਈ ਨਾ ਕੋਈ ਸੈਨਾ ਜਮਰੌਦ ਦੇ ਕਿਲ੍ਹੇ ਦੀ ਮਦਦ ਲਈ ਜ਼ਰੂਰ ਪਹੁੰਚੇਗੀ ਤੇ ਉਸ ਫ਼ੌਜ ਦਾ ਸਾਹਮਣਾ ਕਰਨ ਲਈ ਜੋ ਤੋਪਾਂ ਉਧਰ ਹੁੰਦੀਆਂ ਤਾਂ ਉਨ੍ਹਾਂ ਦੇ ਮੂੰਹ ਇਕਾ ਇਕ ਭਵਾਏ ਜਾ ਸਕਦੇ ਸਨ। ਦੂਜਾ ਉਧਰ ਵਧੇਰੀ ਸੈਨਾ ਦਾ ਫ਼ਾਇਦਾ ਵੀ ਪ੍ਰਤੱਖ ਹੈ। ਪਰ ਪਠਾਣਾਂ ਨੇ ਆਪਣੀ ਬਹੁਤੀ ਫ਼ੌਜ ਜਮਰੌਦ ਦੇ ਉੱਤਰ ਪੱਛਮ ਵਲ ਹੀ ਰਖੀ, ਕੁਝ ਤੋਪਾਂ ਪੂਰਬ ਦੱਖਣ ਵਲ ਭੇਜੀਆਂ, ਪਰ ਉਨ੍ਹਾਂ ਨਾਲ ਕੀ ਬਣਦਾ ਸੀ ? ਸਗੋਂ ਇਹੋ ਜਿਹੀ ਲੜਾਈ ਵਿਚ ਸਾਰਾ ਤੋਪਖ਼ਾਨਾ ਇਕੱਠਾ ਹੋਣਾ ਚਾਹੀਦਾ ਹੈ।

ਹੁਣ ਅਕਬਰ ਖ਼ਾਨ ਆਪ ਤੇ ਸਾਰੇ ਹੋਰ ਅਮੀਰ ਸਰਦਾਰ ਪੂਰਬ ਵਲ ਨੱਸੇ ਜਾ ਰਹੇ ਸਨ। ਉਨ੍ਹਾਂ ਦੀ ਰਹਿੰਦੀ ਫ਼ੌਜ ਵੀ ਵਾਰ ਵਾਰ ਦਸਤਿਆਂ ਵਿਚ ਮੁਹੰਮਦ ਖ਼ਾਨ ਤੇ ਆਜ਼ਮ ਖ਼ਾਨ ਦੀ ਸਹਾਇਤਾ ਲਈ ਜਾ ਰਹੀ ਸੀ। ਇਸ ਹਾਲਤ ਵਿਚ ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਜਮਰੌਦ ਦੇ ਉੱਤਰ ਵਲ ਹੀ ਉਡੀਕਦੇ। ਜਿਸ ਵੇਲੇ ਹਰੀ ਸਿੰਘ ਨਲੂਆ ਮੁਹੰਮਦ ਖ਼ਾਨ ਤੇ ਆਜ਼ਮ ਖ਼ਾਨ ਨੂੰ ਹਰਾ ਕੇ ਅਗੇ ਵਧਦਾ ਤਾਂ ਇਹ ਤਾਜ਼ਾ ਦੰਮ ਸੈਨਾ ਉਹਨੂੰ ਕੰਧ ਵਾਂਗ ਠਲ੍ਹ ਲੈਂਦੀ। ਹਰੀ ਸਿੰਘ ਨੂੰ ਦੂਜੀ ਵਾਰ ਲੜਾਈ ਮੁਢੋਂ ਸੁਢੋਂ ਸ਼ੁਰੂ ਕਰਨੀ ਪੈਂਦੀ। ਉਨ੍ਹਾਂ ਦੀਆ ਤੋਪਾਂ ਵੀ ਇਨ੍ਹਾਂ ਹੀ ਥਾਵਾਂ ਤੋਂ ਅਪਣੀ ਸੈਨਾਂ ਦੀ ਸਹਾਇਤਾ ਕਰ ਸਕਦੀਆਂ ਸਨ।

ਹਰਪਾਲ ਸਿੰਘ ਮੁਸਕਰਾਇਆ। ਦੁਨੀਆਂ ਦੇ ਪ੍ਰਸਿੱਧ ਜਰਨੈਲ ਤੇ ਉਨ੍ਹਾਂ ਦੀਆਂ ਇਤਿਹਾਸਕ ਤੇ ਮਸ਼ਹੂਰ ਲੜਾਈਆਂ ਇਕ ਵਾਰ ਫਿਰ ਉਹਦੀਆਂ ਨਜ਼ਰਾਂ ਅਗੋਂ ਲੰਘ ਗਈਆਂ। ਜੇ ਇਹੋ ਜਿਹੀਆਂ ਗ਼ਲਤੀਆਂ ਨਾ ਹੋਣ ਤਾਂ ਚੰਗੇ ਤੇ ਮਾੜੇ ਜਰਨੈਲਾਂ ਵਿਚ ਪਛਾਣ ਕਿਵੇਂ ਹੋਵੇ। ਨੈਪੋਲੀਅਨ ਨੇ ਹੀ ਸ਼ਾਇਦ ਕਿਹਾ ਸੀ ਕਿ ਸਭ ਤੋਂ ਵਧੀਆ ਸੈਨਾਪਤੀ ਉਹ ਹੈ ਜਿਹੜਾ ਸਭ ਤੋਂ ਘੱਟ ਗ਼ਲਤੀਆਂ ਕਰਦਾ ਹੈ।

ਹਰਪਾਲ ਸਿੰਘ ਮੁਸਕਰਾਇਆ। ਉਹਨੂੰ ਲਗਾ ਕਿ ਇਸ ਲੜਾਈ ਦਾ ਅਗਲਾ ਹਿੱਸਾ ਵੀ ਉਸੇ ਤਰ੍ਹਾਂ ਲੜਿਆ ਜਾਵੇਗਾ ਜਿਵੇਂ ਉਹਨੇ ਪਹਿਲੇ ਹੀ ਅਨੁਮਾਨ ਲਾਇਆ ਹੈ। ਜਿਸ ਵੇਲੇ ਉਹ ਆਪਣੇ ਸਰਦਾਰ ਹਰੀ ਸਿੰਘ ਨੂੰ ਪੂਰਬੀ ਮੋਰਚੇ ਵਲ ਸਫ਼ਲ ਹੁੰਦਾ ਵੇਖੇਗਾ, ਉਸ ਵੇਲੇ ਉਹ ਦੁਸ਼ਮਨ ਦੇ ਤੋਪਖ਼ਾਨੇ ਉੱਤੇ ਗੋਲਾਬਾਰੀ ਬੰਦ ਕਰ ਦੇਵੇਗਾ। ਕੁਝ ਆਰਾਮ ਮਿਲਦਿਆਂ ਹੀ ਦੁਸ਼ਮਨ ਦਾ ਤੋਪੱਖ਼ਾਨਾ ਜਲਦੀ ਤੋਂ ਜਲਦੀ ਪੂਰਬੀ ਮੋਰਚੇ ਵਲ ਪਹੁੰਚਣ ਦੀ ਕੋਸ਼ਿਸ਼ ਕਰੇਗਾ, ਪਰ ਐਨੀ ਦੇਰ ਵਿਚ ਏਧਰ ਲੜਾਈ ਜਿੱਤੀ ਜਾ ਚੁਕੀ ਹੋਵੇਗੀ ਤੇ ਇਸ ਤੋਪਖ਼ਾਨੇ ਦੇ ਮੁੜ ਸੁਥਾਪਤ ਹੋ ਕੇ ਕਾਰੇ ਲਗਣ ਤੋਂ ਪਹਿਲੇ ਪਹਿਲੇ ਹਰੀ ਸਿੰਘ ਨਲੂਆ ਉਨ੍ਹਾਂ ਉੱਤੇ ਚੜ੍ਹ ਆਵੇਗਾ। ਇਸ ਤਰ੍ਹਾਂ ਦੁਸ਼ਮਨ ਦੇ ਤੋਪਖ਼ਾਨੇ ਦਾ ਇਸ ਲੜਾਈ ਵਿਚ ਹਿੱਸਾ ਅਸਲੋਂ ਨਿਰਮੂਲ ਹੋਏਗਾ।

ਹਾਂ, ਹਰੀ ਸਿੰਘ ਨਲੂਆ ਵਧਿਆ ਆ ਰਿਹਾ ਸੀ ਤੇ ਹੁਣ ਉਹਨੂੰ ਬਹੁਤੀਆਂ ਸਿਖ ਪੱਗਾਂ ਤੇ ਪੋਸ਼ਾਕਾਂ ਨਜ਼ਰ ਆ ਰਹੀਆਂ ਸਨ। ਸੱਜਿਓਂ ਖੱਬਿਓਂ ਇਕੋ ਦੁਕੋ ਪਠਾਣਾਂ ਨੇ ਕਿਰਣਾ ਵੀ ਸ਼ੁਰੂ ਕਰ ਦਿਤਾ। ਹਰਪਾਲ ਸਿੰਘ ਉਠਿਆ। ਉਹ ਜਲਦੀ ਤੋਂ ਜਲਦੀ ਹਰੀ ਸਿੰਘ ਨਲੂਏ ਕੋਲ ਪਹੁੰਚਣਾ ਚਾਹੁੰਦਾ ਸੀ।

Scanned by CamScanner

ਤੀਹ ਅਪ੍ਰੈਲ, ੧੮੩੭ ਦੁਪਹਿਰ ਤੋਂ ਪਹਿਲੇ ਪਹਿਲੇ ਕਈ ਦਹਾਕਿਆਂ ਵਿਚ ਜੁੜੀ ਅਫਗਾਨਾਂ ਦੀ ਸਭ ਤੋਂ ਵੱਡੀ ਸੈਨਾ ਖ਼ਾਲਸੇ ਕੋਲੋਂ ਜਮਰੌਦ ਦੇ ਯੁਧ ਵਿਚ ਹਾਰ ਗਈ। ਹਰ ਪਹਿਲੂ ਤੋਂ ਇਹ ਯੁਧ ਤੇ ਇਹ ਦਿਨ ਇਤਿਹਾਸਕ ਸੀ।

ਬੇਸ਼ਕ ਅਫਗਾਨ ਹੁਕਮਰਾਨ ਤੇ ਸਿਪਾਹੀ ਪਿਛਲੇ ਚਾਲ੍ਹੀ ਪੰਜਾਹ ਵਰ੍ਹਿਆਂ ਤੋਂ ਸਿਖਾਂ ਅਗੇ ਨਹੀਂ ਸਨ ਠਹਿਰ ਸਕੇ, ਪਰ ਪਿਛਲੀ ਸਦੀ ਦੀਆਂ ਜਿੱਤਾਂ ਅਜੇ ਤਕ ਉਨ੍ਹਾਂ ਨੂੰ ਉਕਸਾਂਦੀਆਂ ਆ ਰਹੀਆਂ ਸਨ। ਨਾਦਰ ਸ਼ਾਹ ਦੁਰਾਨੀ ਤੇ ਉਹਦੇ ਜਾਨਸ਼ੀਨ ਅਹਿਮਦ ਸ਼ਾਹ ਦੁਰਾਨੀ ਜਿਸ ਨਾਲ ਕਿ ਨਵੀਂ ਅਫ਼ਗਾਨ ਸਲਤਨੱਤ ਦਾ ਆਦਿ ਹੋਇਆ, ਦਾ ਦਿੱਲੀ ਉੱਤੇ ਕਬਜ਼ਾ, ੧੭੬੧ ਵਿਚ ਪਾਨੀਪਤ ਦੇ ਮੈਦਾਨ ਵਿਚ ਤੇ ਮਰਹੱਟਿਆਂ ਉੱਤੇ ਵਿਜੈ ਤੇ ੧੭੬੫ ਤਕ ਇੱਕੀਆਂ-ਦੁੱਕੀਆਂ ਸਿਖਾਂ ਵਿਰੁੱਧ ਹੋਈਆਂ ਕਾਮਯਾਬੀਆਂ ਅਜੇ ਤਕ ਉਨ੍ਹਾਂ ਦੇ ਦਿਲਾਂ ਤੇ ਦਿਮਾਗ਼ਾਂ ਵਿਚੋਂ ਨਹੀਂ ਸਨ ਨਿਕਲਦੀਆਂ। ਕੀ ਹੋਇਆ ਜੇ ਅਫ਼ਗਾਨਿਸਤਾਨ ਦੀ ਸਲਤਨੱਤ ਉੱਤੇ ਵਕਤੀ ਗ੍ਰਹਿਣ ਲਗ ਗਿਆ ਹੈ। ਉਹ ਆਖਦੇ ਸਨ, ਬਹਾਦਰੀ ਤੇ ਸਿਆਣਪ ਵਿਚ ਉਹ ਹਿੰਦੀਆਂ ਕੋਲੋਂ ਹਰ ਹਾਲਤ ਵਿਚ ਅਜੇ ਤਕ ਅਗੇ ਹਨ ਤੇ ਹਿੰਦੁਸਤਾਨ ਦੇ ਇਲਾਕੇ ਉੱਤੇ ਰਾਜ ਉਨ੍ਹਾਂ ਦਾ ਜਮਾਂਦਰੂ ਹੱਕ ਹੈ।

ਉਨ੍ਹਾਂ ਦੀ ਸ਼ਹਿ ਉੱਤੇ ਪਿਸ਼ਾਵਰ, ਕਸ਼ਮੀਰ ਤੇ ਮੁਲਤਾਨ ਦੇ ਤਿੰਨ ਇਸਲਾਮੀ ਸੂਬੇ ਅਜੇ ਤਕ ਵੀ ਕਾਇਮ ਸਨ। ਬੇਸ਼ਕ ਹੁਣ ਅਫ਼ਗਾਨ ਭਾਰਤ ਉੱਤੇ ਹੱਲੇ ਨਹੀਂ ਸਨ ਬੋਲਦੇ, ਪਰ ਇਨ੍ਹਾਂ ਤਿੰਨ ਸੂਬਿਆਂ ਦੀ ਕਾਇਮੀ ਕਰ ਕੇ ਉਹ ਆਪਣੇ ਆਪ ਨੂੰ ਹਿੰਦੁਸਤਾਨ ਦੇ ਤਖ਼ਤ ਦਾ ਹੱਕਦਾਰ ਜ਼ਰੂਰ ਸਮਝਦੇ ਸਨ।

ਹੌਲੀ ਹੌਲੀ ਰਣਜੀਤ ਸਿੰਘ ਨੇ ਇਨ੍ਹਾਂ ਤਿੰਨਾਂ ਸੂਬਿਆਂ ਕੋਲੋਂ ਖ਼ਿਰਾਜ ਵਸੂਲ ਕਰਨਾ ਸ਼ੁਰੂ ਕੀਤਾ। ਉਦੋਂ ਤੋਂ ਕਾਨੂੰਨਨ ਇਹ ਸੂਬੇ ਲਾਹੌਰ ਸਰਕਾਰ ਦੀ ਤਹਿਤ ਥੱਲੇ ਆ ਗਏ, ਪਰ ਏਥੋਂ ਦੇ ਸੂਬੇਦਾਰ ਹਰ ਆਏ ਦਿਨ ਆਕੀ ਹੋਏ ਰਹਿੰਦੇ। ਹਰ ਦੂਜੇ ਤੀਜੇ ਸਾਲ ਖ਼ਿਰਾਜ ਵਸੂਲ ਕਰਨ ਵਾਸਤੇ ਰਣਜੀਤ ਸਿੰਘ ਨੂੰ ਫ਼ੌਜਾਂ ਭੇਜਣੀਆਂ ਪੈਂਦੀਆਂ। ੧੮੦੮ ਤੋਂ ੧੮੧੮ ਵਿਚਕਾਰ ਸੱਤ ਵਾਰ ਮੁਲਤਾਨ ਉੱਤੇ ਚੜ੍ਹਾਈ ਕੀਤੀ ਗਈ ਤੇ ਅੰਤ ੧੮੧੮ ਵਿਚ ਰਣਜੀਤ ਸਿੰਘ ਨੇ ਮੁਲਤਾਨ ਨੂੰ ਪੱਕੀ ਤਰ੍ਹਾਂ ਸਿਖ ਰਾਜ ਨਾਲ ਮਿਲਾ ਲਿਆ। ਤੇ ਇਸ ਤੋਂ ਦੋ ਸਾਲ ਪਿਛੋਂ ਸਾਰੇ ਕਸ਼ਮੀਰ ਨੂੰ।

ਹੁਣ ਅਫ਼ਗਾਨਿਸਤਾਨ ਦੇ ਹੁਕਮਰਾਨਾਂ ਦਾ ਸਿੱਧਾ ਸੰਬੰਧ ਸਿਰਫ਼ ਪਿਸ਼ਾਵਰ ਨਾਲ ਸੀ। ਕਾਨੂੰਨਨ ਬੇਸ਼ਕ ਪਿਸ਼ਾਵਰ ਵੀ ਰਣਜੀਤ ਸਿੰਘ ਦਾ ਬਾਜਗੁਜ਼ਾਰ ਸੀ, ਪਰ ਹਕੀਕਤਨ ਅਫ਼ਗਾਨੀ ਹੁਕਮਰਾਨ ਪਿਸ਼ਾਵਰ ਨੂੰ ਆਪਣਾ ਸੂਬਾ ਮਿਥਦੇ। ਉਹ ਦੱਰਾ ਖ਼ੈਬਰ ਦੀ ਮਹੱਤਤਾ ਜਾਣਦੇ ਸਨ ਤੇ ਉਨ੍ਹਾਂ ਨੂੰ ਪਤਾ ਸੀ ਕਿ ਜਦੋਂ ਤਕ ਪਿਸ਼ਾਵਰ ਉਨ੍ਹਾਂ ਦੇ ਹੱਥ ਵਿਚ ਹੈ ਉਦੋਂ ਤਕ ਵੇਲੇ ਸਿਰ ਹਿੰਦੁਸਤਾਨ ਦੇ ਬਾਕੀ ਹੋਰ ਹਿੱਸਿਆ ਉੱਤੇ ਕਬਜ਼ਾ ਕਰਨਾ ਮੁਸ਼ਕਲ ਨਹੀਂ। ਏਥੋਂ ਤਕ ਕਿ ਦੋਸਤ ਮੁਹੰਮਦ ਖ਼ਾਨ ਰਣਜੀਤ ਸਿੰਘ ਨੂੰ ਖ਼ਿਰਾਜ ਦੇ ਕੇ ਵੀ ਪਿਸ਼ਾਵਰ ਉੱਤੇ ਆਪਣਾ ਅਧਿਕਾਰ ਕਾਇਮ ਰਖਣਾ ਚਾਹੁੰਦਾ ਸੀ।

ਇਹ ਖ਼ਿਰਾਜ ਦੇ ਕੇ ਵੀ ਆਪਣਾ ਅਧਿਕਾਰ ਕਾਇਮ ਰਖਣ ਵਾਲੀ ਬਿਰਤੀ ਦਾਅ ਭਰੀ ਤੇ ਕਿਸੇ ਹੱਦ ਤਕ ਹੋਛੀ ਬਿਰਤੀ ਦੀ ਸੂਚਕ ਗਿਣੀ ਜਾ ਸਕਦੀ ਹੈ। ਭਾਵ ਇਹਦਾ ਇਹੋ ਹੈ ਕਿ ਹੁਣ ਬੇਸ਼ਕ ਅਸੀਂ ਕੁਝ ਕਰਨ ਜੋਗੇ ਨਹੀਂ ਪਰ ਮੌਕਾ ਬਣਦਿਆਂ ਹੀ ਅਸੀਂ ਧੱਕੇ ਨਾਲ ਕਾਨੂੰਨਨ ਸਥਿਤੀ ਨੂੰ ਛਿੱਕੇ ਟੰਗ ਕੇ ਨਾ-ਸਿਰਫ਼ ਪਿਸ਼ਾਵਰ ਵਿਚ ਹੀ ਆਕੀ ਹੋ ਜਾਵਾਂਗੇ ਸਗੋਂ ਜੋ ਕੁਝ ਹੋਰ ਹੱਥ ਲਗੇਗਾ, ਉਹ ਵੀ ਮਾਰ ਲਵਾਂਗੇ। ਰਣਜੀਤ ਸਿੰਘ ਨੇ ਇਸ ਬਿਰਤੀ ਨੂੰ ਸਿੰਞਾਣਿਆ ਤੇ ਉਹਦੇ ਲਈ ਹੋਰ ਕੋਈ ਤਰੀਕਾ ਨਾ ਰਿਹਾ ਕਿ ਉਹ ਹੁਣ ਪਿਸ਼ਾਵਰ ਉੱਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਵੇ। ਉਧਰੋਂ ਹੁਣ ਅੰਗ੍ਰੇਜ਼ਾਂ ਦੀ ਰਾਜਨੀਤੀ ਵੀ ਭਾਰੂ ਹੋ ਰਹੀ ਸੀ ਤੇ ਰਣਜੀਤ ਸਿੰਘ ਵਾਸਤੇ ਪੱਛਮ ਤੇ ਉੱਤਰ ਤੋਂ ਸਿਵਾਏ ਕਿਸੇ ਹੋਰ ਸੀਮਾ ਵਲ ਵਧਣਾ ਕਠਨ ਹੋ

Scanned by CamScanner

ਗਿਆ ਸੀ । ਰਣਜੀਤ ਸਿੰਘ ਸ਼ਾਇਦ ਇਹ ਵੀ ਜਾਣਦਾ ਸੀ ਕਿ ਜਿੰਨੇ ਦਿਲਚਸਪੀ ਅੰਗ੍ਰੇਜ਼ ਅਫ਼ਗਾਨਿਸਤਾਨ ਵਿਚ ਲੈ ਰਹੇ ਹਨ, ਉਹ ਅੰਤ ਵਿਚ ਸਿਖ ਰਾਜ ਵਾਸਤੇ ਹਾਨੀਕਾਰਕ ਸਾਬਤ ਹੋ ਸਕਦੀ ਹੈ । ਪਿਛਲੇ ਚਾਲ੍ਹੀ ਸਾਲਾਂ ਤੋਂ ਅਫ਼ਗਾਨਿਸਤਾਨ ਦਾ ਕੋਈ ਤਾਕਤਵਰ ਵਾਲੀ ਵਾਰਿਸ ਨਹੀਂ ਸਾ । ਇਕ ਵਾਰਸ ਕਿਤੇ ਪਨਾਹ ਲਈ ਬੈਠਾ ਸੀ ਤੇ ਦੂਜਾ ਕਿਤੇ ਛੁਪਿਆ ਬੈਠਾ ਸੀ । ਖ਼ੁਦ ਸ਼ਾਹ ਸ਼ੁਜਾਹ ਉਹਦੇ ਕੋਲ ਮਦਦ ਦੀ ਦਰਖ਼ਾਸਤ ਲੈ ਕੇ ਪੁਜਿਆ ਸੀ । ਅੰਗ੍ਰੇਜ਼ਾਂ ਨੇ ਪਹਿਲੇ, ਨੈਪੋਲੀਅਨ ਵੇਲੇ, ਫ਼ਰਾਂਸੀਸੀ ਤਾਕਤ ਨੂੰ ਠਲ੍ਹ ਪਾਉਣ ਲਈ ਅਫ਼ਗਾਨਿਸਤਾਨ ਨੂੰ ਆਪਣੀ ਰਾਜਸੀ ਨੀਤੀ ਨਾਲ ਨੱਥੀ ਕਰਨਾ ਚਾਹਿਆ ਸੀ ਤੇ ਹੁਣ ਰੂਸੀਆਂ ਦੇ ਡਰ ਕਾਰਨ ਉਹ ਆਪਣੀ ਉਸੇ ਨੀਤੀ ਨੂੰ ਜਾਰੀ ਰਖਣਾ ਚਾਹੁੰਦੇ ਸਨ । ਉਹਦੇ ਵੇਖਦਿਆਂ ਵੇਖਦਿਆਂ ਅੰਗ੍ਰੇਜ਼ ਹਿੰਦੁਸਤਾਨ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਪਹੁੰਚ ਚੁਕੇ ਸਨ । ਰਣਜੀਤ ਸਿੰਘ ਦੀ ਸੂਝ ਤੇ ਸਿਆਣਪ ਦਾ ਇਹ ਇਕ ਸਬੂਤ ਸੀ ਕਿ ਉਸ ੧੮੩੪ ਵਿਚ ਪਿਸ਼ਾਵਰ ਦੀ ਅੰਤਲੀ ਤੇ ਸੰਪੂਰਨ ਜਿੱਤ ਦਾ ਹੁਕਮ ਦਿਤਾ ।

ਦੋਸਤ ਮੁਹੰਮਦ ਖ਼ਾਨ ਨੂੰ ਕੁਦਰਤਨ ਸਦਮਾ ਪਹੁੰਚਿਆ । ਹੁਣ ਅਫ਼ਗਾਨਿਸਤਾਨ ਖ਼ਤਰੇ ਵਿਚ ਸੀ । ਇਕ ਭਾਰੀ ਫ਼ੌਜ ਨਾਲ ਉਹ ਅਗੇ ਵਧਿਆ ! ਅਫ਼ਰੀਦੀਆਂ ਤੇ ਮੋਹਮੰਦਾਂ ਵਿਚ ਖ਼ਾਸ ਕਰ ਕ ਮਜ਼ੂਬੀ ਜੋਸ਼ ਫੈਲਾਇਆ ਗਿਆ । ਕਿਤੇ ਦਿੱਲੀ ਦਾ ਤਖ਼ਤ ਤੇ ਰਾਜ ਤੇ ਕਿਥੇ ਹੁਣ ਕਾਬਲ ਨੂੰ ਵੀ ਖ਼ਤਰਾ ? ਜੇ ਉਦੋਂ ਦੋਸਤ ਮੁਹੰਮਦ ਪਿਸ਼ਾਵਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਨਾ ਕਰਦਾ ਤਾਂ ਉਹ ਬੁਜ਼ਦਿਲ ਤੋਂ ਇਲਾਵਾ ਬੇਵਕੂਫ਼ ਵੀ ਗਿਣਿਆ ਜਾਂਦਾ ।

ਬਾਰਾਂ ਮਈ, ੧੮੩੫ ਨੂੰ ਤਹਿਕਾਲ ਬਾਲਾ ਦੇ ਮੈਦਾਨ ਵਿਚ ਜੰਗ ਹੋਈ, ਹਰੀ ਸਿੰਘ ਨਲੂਏ ਨੇ ਆਪਣੀ ਵਧੀਆ ਅਗਵਾਈ ਨਾਲ ਦੋਸਤ ਮੁਹੰਮਦ ਨੂੰ ਜਿੱਚ ਕਰ ਦਿਤਾ । ਇਹ ਲੜਾਈ ਫ਼ੌਜੀ ਦਰਿਸ਼ਟੀਕੋਣ ਤੋਂ ਨਲੂਏ ਦੀਆ ਸਭ ਤੋਂ ਵਧੀਆ ਲੜਾਈਆਂ ਵਿਚੋਂ ਇਕ ਸੀ । ਅੱਜ ਤਕ ਨਲੂਆ ਬਹੁਤੇ ਹਮਲੇ ਕਰਦਾ ਆਇਆ ਸੀ ਤੇ ਵਧਾਅ-ਨੀਤੀ ਦੇ ਅਨੁਸਾਰ ਸਦਾ ਪਹਿਲਾ ਵਾਰ ਆਪ ਕਰਿਆ ਕਰਦਾ ਸੀ । ਪਰ ਐਤਕੀ ਬਚਾਅ-ਨੀਤੀ ਦੇ ਅਨੁਸਾਰ ਉਸ ਮੁੱਦਲੇ-ਵਾਰ ਦੀ ਖੁਹ ਦੁਸ਼ਮਨ ਨੂੰ ਦਿਤੀ ਤੇ ਫਿਰ ਵੀ ਦੋਸਤ ਮਹੰਮਦ ਨਲੂਏ ਦੇ ਹੱਥਾਂ ਵਿਚ ਇੰਜ ਆਣ ਪਿਆ ਜਿਵੇਂ ਅਭੋਲ ਪੰਛੀ ਚਾਲਾਕ ਸ਼ਿਕਾਰੀ ਦੇ ਜਾਲ ਵਿਚ ਫ਼ੱਸ ਜਾਵੇ । ਘੋੜੇ ਦੀ ਨਾਅਲ ਵਾਂਗ ਉਸ ਆਪਣੇ ਮੋਰਚੇ ਤਿਆਰ ਕੀਤੇ ਤੇ ਦੋਸਤ ਮੁਹੰਮਦ ਵੈਰੀ ਜਿਹੇ ਖੁੱਲ੍ਹੇ ਮੂੰਹ ਵਿਚੋਂ ਆਪਣੀ ਸਾਰੀ ਫ਼ੌਜ ਲੈ ਕੇ ਇਸ ਨਾਅਲ ਅੰਦਰ ਆ ਵੜਿਆ । ਅਛੋਪਲੇ ਹੀ ਤਦੋਂ ਹਰੀ ਸਿੰਘ ਨੇ ਨਾਅਲ ਦਾ ਮੂੰਹ ਬੰਦ ਕਰ ਦਿਤਾ । ਹੁਣ ਦੋਸਤ ਮੁਹੰਮਦ ਹਰੀ ਸਿੰਘ ਦੇ ਘੇਰੇ ਵਿਚ ਸੀ । ਲੜਾਈ ਕੀ ਹੋਈ ? ਉਸੇ ਰਾਤ ਬੜੀ ਮੁਸ਼ਕਲ ਨਾਲ ਦੋਸਤ ਮੁਹੰਮਦ ਤੇ ਉਹਦੀ ਫ਼ੌਜ ਇਸ ਘੇਰੇ ਵਿਚੋਂ ਨਿਕਲ ਕੇ ਪਹਿਲੇ ਦੱਰਾ ਖ਼ੈਬਰ ਤੇ ਫਿਰ ਅਫ਼ਗਾਨਿਸਤਾਨ ਦੇ ਬਾਕੀ ਪਹਾੜਾਂ ਵਿਚ ਛੁਪ ਗਈ ।

ਥੋੜੀ ਦੇਰ ਹੋਰ ਠਹਿਰ ਕੇ ਹਰੀ ਸਿੰਘ ਨੇ ਜਮਰੌਦ, ਮਿਚਨੀ ਤੇ ਸ਼ੈਕਰਗੜ੍ਹ ਦੇ ਕਿਲ੍ਹੇ ਉਸਾਰੇ ਤੇ ਕਾਬਲ ਦਾ ਤਖ਼ਤ ਇਕ ਵਾਰ ਫਿਰ ਕੰਬਿਆ । ਦੋਸਤ ਮੁਹੰਮਦ ਨੇ ਚਾਲ੍ਹੀ ਹਜ਼ਾਰ ਗ਼ਾਜ਼ੀਆਂ ਦਾ ਲਸ਼ਕਰ ਫਿਰ ਤਿਆਰ ਕੀਤਾ ਤੇ ਆਪਣੇ ਪੁੱਤਰ ਅਕਬਰ ਖ਼ਾਨ ਨੂੰ ਇਹਦਾ ਸਿਪ ਹ-ਸਾਲਾਰ ਥਾਪਿਆ । ਆਪ ਉਹ ਐਤਕੀਂ ਕਾਬਲ ਹੀ ਰਿਹਾ । ਨਲੂਆ ਸਰਦਾਰ ਉਹਦੇ ਵਾਸਤੇ ਬਹੁਤਾ ਚਤਰ ਸੀ ।

ਜਮਰੌਦ ਉੱਤੇ ਚੜ੍ਹਾਈ ਕੀਤੀ ਗਈ । ਪਰ ਅੱਜ ਫਿਰ ਅਫ਼ਗਾਨਾਂ ਦੀ ਫ਼ੌਜ ਨੂੰ ਹਾਰ ਹੋਈ । ਇਹ ਹਿੰਦੁਸਤਾਨ ਦੀ ਧਰਤੀ ਉੱਤੇ ਉਨ੍ਹਾਂ ਦੀ ਆਖ਼ਰੀ ਲੜਾਈ ਸੀ । ਹੁਣ ਉਹ, ਸਿਖ ਤੇ ਅੰਗ੍ਰੇਜ਼ ਸਭ ਜਾਣਦੇ ਸਨ ਕਿ ਜੇ ਅਗੋਂ ਕੋਈ ਲੜਾਈ ਏਸ ਇਲਾਕੇ ਵਿਚ ਹੋਈ ਵੀ ਤਾਂ ਦੱਰਾ ਖ਼ੈਬਰ ਦੇ ਪਾਰਲੇ ਮੂੰਹ ਉੱਤੇ ਲੜੀ ਜਾਏਗੀ ।

ਨਿਧਾਨ ਸਿੰਘ ਪੰਜ-ਹੱਥਾ ਅਗੇ ਹੀ ਕਿਲ੍ਹੇ ਜਮਰੌਦ ਦੇ ਸੱਜ ਪਾਸਿਓਂ ਚੱਕਰ ਲਾ ਕੇ ਦੱਰਾ ਖ਼ੈਬਰ ਵਿਚ ਦਾਖ਼ਲ ਹੋ ਰਿਹਾ ਸੀ । ਅਮਰ ਸਿੰਘ ਖ਼ੁਰਦ ਦਾ ਜੱਥਾ ਅਜੇ ਅਫ਼ਗਾਨਾਂ ਦੀ ਸੱਜੀ ਬਾਹੀ ਢਾਹੁਣ ਵਿਚ ਸਫ਼ਲ ਨਹੀਂ ਸੀ ਹੋਇਆ, ਪਰ ਖੱਬੀ ਬਾਹੀ ਦੇ ਡਿਗਣ ਦਾ ਅਸਰ ਅਫ਼ਗਾਨਾਂ ਦੀ ਸੱਜੀ ਬਾਹੀ ਉੱਤੇ ਪੈਣ ਹੀ ਵਾਲਾ ਸੀ । ਹਰੀ ਸਿੰਘ ਨਲੂਆ ਮੱਧ ਵਿਚ ਵਧਦਾ ਆ ਰਿਹਾ ਸੀ ਤੇ ਉਹ ਜਮਰੌਦ ਦੇ ਕਿਲ੍ਹੇ ਤੋਂ ਮਸੇ ਪੰਜ ਸੌ ਗਜ਼ ਦੂਰ ਹੋਵੇਗਾ । ਅਫ਼ਗਾਨੀ ਸੈਨਾਂ ਬੁਰੀ ਤਰ੍ਹਾਂ ਵੱਢੀ ਗਈ ਸੀ । ਏਧਰੋਂ ਕਿਲ੍ਹੇ ਵਿਚਲੇ ਪਿਆਦਾ ਤੇ ਸੁਆਰ ਆਪਣੀਆ ਬੰਦੂਕਾਂ ਅਫ਼ਗਾਨਾਂ ਉੱਤੇ ਦਾਗ਼ ਰਹੇ ਸਨ ਤੇ ਉਧਰੋਂ ਨਲੂਆ ਉਨ੍ਹਾਂ ਉੱਤੇ ਇਉਂ ਵਧਦਾ ਆ ਰਿਹਾ ਸੀ ਜਿਵੇਂ ਕਿ ਉਹ ਉਨ੍ਹਾਂ ਸਭ ਨੂੰ ਕਿਲ੍ਹੇ ਜਮਰੌਦ ਦੀ ਫ਼ਸੀਲ ਥੱਲੇ ਹੀ ਪੁਰ ਦੇਵੇਗਾ ।

Scanned by CamScanner

ਹਰਪਾਲ ਸਿਘ ਨੇ ਸਰਦਾਰ ਮਹਾਂ ਸਿੰਘ ਨੂੰ ਜਗਾਇਆ। ਸਵੇਰੇ ਹਰਪਾਲ ਸਿੰਘ ਦੇ ਉੱਠਣ ਪਿਛੋਂ ਮਹਾਂ ਸਿੰਘ ਨੂੰ ਮਜਬੂਰਨ ਸੁਆ ਦਿਤਾ ਗਿਆ ਸੀ। ਸ਼ਾਇਦ ਉਹੋ ਹੀ ਇਕੋ ਇਕ ਆਦਮੀ ਸੀ ਜਿਹੜਾ ਪਿਛਲੇ ਦੋ ਦਿਨਾਂ ਵਿਚ ਇਕ ਪਲ ਵੀ ਨਹੀਂ ਸੁੱਤਾ ਹੋਣਾ। ਅਜ ਸਵੇਰ ਉਹਦੇ ਕੋਲੋਂ ਖਲੋਣ ਵੀ ਨਹੀਂ ਸੀ ਹੁੰਦਾ। ਹਰਪਾਲ ਸਿੰਘ ਨੇ ਉਹਨੂੰ ਹੁਣ ਆਰਾਮ ਕਰਨ ਵਾਸਤੇ ਮਜਬੂਰ ਕੀਤਾ। "ਲੜਾਈ ਹੁਣ ਜਿਤੀ ਹੀ ਪਈ ਹੈ ਸਰਦਾਰ ਜੀ। ਜਿਸ ਵੇਲੇ ਤੁਹਾਡੀ ਲੋੜ ਹੋਈ, ਮੈਂ ਤੁਹਾਨੂੰ ਉਠਾ ਲਵਾਂਗਾ।" ਮਹਾਂ ਸਿੰਘ ਸੌਂ ਗਿਆ ਤੇ ਹਰਪਾਲ ਸਿੰਘ ਨੇ ਉਹਦੀ ਥਾਂ ਲੈ ਲਈ। ਜਿਸ ਵੇਲੇ ਤੋਪਾਂ ਦੀ ਲੜਾਈ ਖ਼ਤਮ ਹੋ ਗਈ, ਉਸ ਬੰਦੂਕਚੀਆਂ ਨੂੰ ਜਥੇ-ਬੰਦ ਕਰ ਕੇ ਫ਼ਸੀਲ ਉੱਤੇ ਲਿਆਂਦਾ ਤੇ ਨਲੂਏ ਦੇ ਦਸਤੇ ਦੀ ਕਿਲ੍ਹੇ ਵਿਚੋਂ ਮਦਦ ਕਰਨ ਲਈ ਅਫ਼ਗਾਨੀ ਸੈਨਾਂ ਉੱਤੇ ਅੱਗ ਵਸਾਣੀ ਸ਼ੁਰੂ ਕੀਤੀ। ਹੁਣ ਸਮਾਂ ਸੀ ਕਿ ਅਫ਼ਗਾਨੀ ਸੈਨਾਂ ਭਾਂਜ ਖਾ ਉਠਦੀ ਤੇ ਹਰੀ ਸਿੰਘ ਨਲੂਆ ਕਿਲ੍ਹੇ ਵਿਚ ਆਉਂਦਾ, ਸੋ ਉਸ ਮਹਾਂ ਸਿੰਘ ਨੂੰ ਉਠਾਇਆ। ਮਹਾਂ ਸਿੰਘ ਦਾ ਹਰੀ ਸਿੰਘ ਨਲੂਏ ਦੇ ਸਵਾਗਤ ਲਈ ਕਿਲ੍ਹੇ ਦੇ ਦਰਵਾਜ਼ੇ ਅਗੇ ਹਾਜ਼ਰ ਹੋਣਾ ਜ਼ਰੂਰੀ ਸੀ।

ਵੇਖਦਿਆਂ ਵੇਖਦਿਆਂ ਦੁਸ਼ਮਨ ਦੀ ਸੱਜੀ ਬਾਹੀ ਵੀ ਢਹਿ ਪਈ ਤੇ ਅਮਰ ਸਿੰਘ ਮੁਰਦ ਉਨ੍ਹਾਂ ਦਾ ਪਿੱਛਾ ਕਰਨ ਲਗਾ। ਸੱਜੀ ਤੇ ਖੱਬੀ ਬਾਹੀ ਦੇ ਟੁੱਟਦਿਆਂ ਹੀ ਪਠਾਣਾਂ ਦਾ ਮੱਧ ਵੀ ਖੇਰੂੰ ਖੇਰੂੰ ਹੋਣ ਲਗਾ। ਹੁਣ ਸਰਦਾਰ ਹਰੀ ਸਿੰਘ ਨਲੂਆ ਜਮਰੌਦ ਦੇ ਕਿਲ੍ਹੇ ਵਲ ਵਧ ਰਿਹਾ ਸੀ। ਸਰਦਾਰ ਬੰਤਾ ਸਿੰਘ ਥੱਲੇ ਨਿਯਤ ਕੀਤੀ ਰਾਖਵੀਂ ਫ਼ੌਜ ਨੇ ਇਸ ਲੜਾਈ ਵਿਚ ਕੋਈ ਭਾਗ ਨਹੀਂ ਸੀ ਲਿਆ। ਲੋੜ ਹੀ ਨਹੀਂ ਸੀ ਪਈ।

ਸਰਦਾਰ ਮਹਾਂ ਸਿੰਘ ਨੇ ਆਪਣੇ ਹੱਥੀਂ ਕਿਲ੍ਹੇ ਦਾ ਦਰਵਾਜ਼ਾ ਖੋਲ੍ਹਿਆ ਤੇ 'ਬਿਜਲੀ' ਉੱਤੇ ਸਵਾਰ ਹਰੀ ਸਿੰਘ ਕਿਲ੍ਹੇ ਵਿਚ ਦਾਖ਼ਲ ਹੋਇਆ। "ਬੋਲੇ ਸੋ ਨਿਹਾਲ", "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਜਮਰੌਦ ਦਾ ਕਿਲ੍ਹਾ ਹੀ ਨਹੀਂ: ਸਾਰਾ ਦੱਰਾ ਖ਼ੈਬਰ ਗੂੰਜ ਉਠਿਆ। ਨਲੂਏ ਸਰਦਾਰ ਦੀ ਸੱਜੀ ਗਲ੍ਹ ਉੱਤੇ ਜ਼ਾਪਦਾ ਸੀ ਕਿਸੇ ਤਲਵਾਰ ਦੀ ਨੋਕ ਨਾਲ ਝਰੀਟ ਆਈ ਹੈ। ਸਰਦਾਰ ਦਾ ਚਿੱਟਾ ਹੋ ਰਿਹਾ ਦਾੜ੍ਹਾ ਵਿਚੋਂ ਵਿਚੋਂ ਲਹੂ ਨਾਲ ਲਿਬੜਿਆ ਹੋਇਆ ਸੀ। ਉਹਦੇ ਖੱਬੇ ਹੱਥ ਉੱਤੇ ਵੀ ਖ਼ੂਨ ਸਿੰਮ ਰਿਹਾ ਸੀ। ਕਿਲ੍ਹੇ ਅੰਦਰ ਵੜਦਿਆਂ ਹੀ ਨਲੂਆ ਆਪਣੇ ਘੋੜੇ ਉੱਤੋਂ ਉਤਰਿਆ ਤੇ ਉਸ ਮਹਾਂ ਸਿੰਘ ਨੂੰ ਘੁਟ ਕੇ ਕਿਹਾ : "ਸਰਦਾਰ ਮਹਾਂ ਸਿੰਘ ! ਤੁਸੀਂ ਧੰਨ ਹੋ। ਧੰਨ ਤੇ ਤੁਹਾਡਾ ਹੌਸਲਾ ਤੇ ਤੁਹਾਡੀ ਹਿੰਮਤ !"

ਮਹਾਂ ਸਿੰਘ ਦੇ ਨੈਣ ਭਰ ਆਏ ਤੇ ਕਿੰਨਾਂ ਚਿਰ ਉਹ ਕੁਝ ਕਹਿ ਨਾ ਸਕਿਆ। ਫਿਰ ਉਹ ਥਿਰਕਦੀ ਆਵਾਜ਼ ਵਿਚ ਬੋਲਿਆ : "ਮੈਂ ਨਹੀਂ ਤੁਸੀਂ ਧੰਨ ਹੋ ਸਰਦਾਰ ਜੀ, ਤੇ ਧੰਨ ਹੈ ਖ਼ਾਲਸਾ ਫ਼ੌਜ ਦਾ ਬੀਰ ਤੋਪਚੀ ਹਰਪਾਲ ਸਿੰਘ ਤੇ ਖ਼ਾਲਸਾ ਫ਼ੌਜ ਦਾ ਇਕ ਇਕ ਸਿਪਾਹੀ !" ਨਲੂਏ ਨੇ ਹਰਪਾਲ ਸਿੰਘ ਵਲ ਵੇਖਿਆ, ਤੇ ਉਹ ਮੁਸਕਰਾਇਆ। ਹਰਪਾਲ ਸਿੰਘ ਵੀ ਮੁਸਕਰਾਇਆ : "ਹਰਪਾਲ ! ਮੈਂ ਤੇਰੀ ਸਲਾਹ ਦਾ ਬੜਾ ਰਿਣੀ ਹਾਂ।" ਹਰਪਾਲ ਸਿੰਘ ਫਿਰ ਮੁਸਕਰਾਇਆ। ਸਰਦਾਰ ਨੇ ਉਹਨੂੰ ਅੱਜ ਫਿਰ 'ਹਰਪਾਲ' ਕਹਿ ਕੇ ਬੁਲਾਇਆ ਸੀ। ਇਹੋ ਉਹਦੇ ਵਾਸਤੇ ਸਭ ਤੋਂ ਵਡੀ ਖ਼ੁਸ਼ੀ ਸੀ। ਉਸ ਕੋਈ ਉੱਤਰ ਨਹੀਂ ਦਿਤਾ, ਪਰ ਮਹਾਂ ਸਿੰਘ ਨੇ ਸਭ ਤੋਂ ਪਹਿਲੇ ਜਮਰੌਦ ਦੀ ਜਿੱਤ ਵਿਚ ਹਰਪਾਲ ਸਿੰਘ ਦਾ ਹਿੱਸਾ ਦਸਿਆ ਤੇ ਅੰਤ ਵਿਚ ਕਿਹਾ : "ਸਰਦਾਰ ਜੀ ! ਮੈਨੂੰ ਜਾਪਦਾ ਹੈ ਕਿ ਖ਼ਾਲਸਾ ਫ਼ੌਜ ਦਾ ਇਹ ਅਦੁਤੀ ਤੋਪਚੀ ਕਿਸੇ ਦਿਨ ਤੁਹਾਡੇ ਜਿੱਡਾ ਹੀ ਮਹਾਨ ਬਣੇਗਾ।"

ਪਰ ਹਰਪਾਲ ਸਿੰਘ ਨੇ ਮਹਾਂ ਸਿੰਘ ਦੇ ਮੂੰਹੋਂ ਆਪਣੀ ਸ਼ਲਾਘਾ ਨਹੀਂ ਸੁਣੀ। ਕੋਈ ਵੀ ਸ਼ਲਾਘਾ ਦੇ ਯੋਗ ਮਨੁਖ ਆਪਣੇ ਸਾਹਮਣੇ ਆਪਣੀ ਸ਼ਲਾਘਾ ਨਹੀਂ ਸੁਣ ਸਕਦਾ। ਉਹ ਉਥੋਂ ਹੱਟ ਕੇ ਇਕ ਵਾਰ ਫਿਰ ਗੜ੍ਹੀ ਉੱਤੇ ਗਿਆ। ਇਹ ਵੇਖਣ ਵਾਸਤੇ ਕਿ ਦੁਸ਼ਮਨ ਦਾ ਕੋਈ ਜੱਥਾ ਕਿਲ੍ਹੇ ਦੇ ਨੇੜੇ ਛੁਪਿਆ ਜਾਂ ਛੁਪ ਤਾਂ ਨਹੀਂ ਰਿਹਾ। ਉਹਨੂੰ ਸਵੇਰ ਵਾਲਾ ਭੁੜਾ ਖ਼ਿਆਲ ਫਿਰ ਆਇਆ ਸੀ ਤੇ ਉਹ ਨਲੂਏ ਦੀ ਹਿਫ਼ਾਜ਼ਤ ਵਾਸਤੇ ਚਿੰਤਾਤੁਰ ਸੀ।

ਹੌਲੀ ਹੌਲੀ ਹਰੀ ਸਿੰਘ ਨਲੂਏ ਨੇ ਸਾਰੇ ਕਿਲ੍ਹੇ ਦਾ ਨਿਰੀਖਣ ਕੀਤਾ ਤੇ ਸਰਦਾਰ ਮਹਾਂ ਸਿੰਘ ਨੇ ਉਹਨੂੰ ਉੱਤਰੀ ਫ਼ਸੀਲ ਵਿਚ ਉਹ ਪਾੜ ਵਿਖਾਇਆ ਜਿਥੋਂ ਜੇ ਅਫ਼ਗਾਨ ਚਾਹੁੰਦੇ ਤਾਂ ਪਲੋ ਪਲੀ ਸਿਰਫ਼ ਭਾਰੀ ਗਿਣਤੀ ਦੇ ਬੱਲਬੂਤੇ ਉੱਤੇ ਹੀ ਕਿਲ੍ਹੇ ਉੱਤੇ ਕਬਜ਼ਾ ਕਰ ਲੈਂਦੇ। ਪੂਰਿਆ ਗਿਆ ਪਾੜ ਅਜੇ ਤਕ ਵੀ ਗਿੱਲਾ ਸੀ। ਹਰੀ ਸਿੰਘ ਨਲੂਆ ਇਕ ਸਮੇਂ ਤਕ ਪਾੜ ਵਲ ਵੇਖਦਾ ਰਿਹਾ ਤੇ ਫਿਰ ਉਸ ਕਿਹਾ : "ਇਸ ਪਏ ਪਾੜ ਤੂੰ ਢਾਇਦਾ ਨਾ ਉਠਾਉਣਾ ਪਠਾਣਾਂ ਦੀ ਦਾਊ ਬਿਰਤੀ ਦਾ ਲਖਾਇਕ ਹੈ ਤੇ ਇਹਦਾ ਪੂਰਿਆ ਜਾਣਾ ਇਸ ਗੱਲ ਦਾ ਲਖਾਇਕ ਕਿ ਦੱਰੇ ਖ਼ੈਬਰ ਦਾ ਮੂੰਹ ਅੱਜ ਤੋਂ

Scanned by CamScanner

ਬੇਰੂਨੀ ਹਮਲਾਆਵਰਾਂ ਵਾਸਤੇ ਸਦਾ ਲਈ ਮੁੰਦਿਆ ਗਿਆ ਹੈ। ਹੁਣ " ਤੇ ਆਪਣੀ ਆਦਤ ਅਨੁਸਾਰ ਉਸ ਗੌਰ ਨਹੀਂ ਕੀਤੀ।

ਅੱਧੇ ਘੰਟੇ ਪਿੱਛੋਂ ਹਰੀ ਸਿੰਘ ਨੇ ਆਖਿਆ : "ਚਲੋ ਅਸੀਂ ਵੀ ਜ਼ਰਾ ਮੰਬਰ ਵਿਚੋਂ ਹੋ ਆਈਏ ਤੇ ਸਰਦਾਰ ਨਿਧਾਨ ਸਿੰਘ ਤੇ ਸਰਦਾਰ ਅਮਰ ਸਿੰਘ ਨੂੰ ਮੋੜ ਲਿਆਈਏ।" ਹਰਪਾਲ ਸਿੰਘ ਸਵੇਰ ਦੇ ਆਪਣੇ ਮਨ ਵਿਚ ਦੇ ਵਾਰ ਅਤੇ ਭੈੜੇ ਖ਼ਿਆਲਾਂ ਬਾਰੇ ਕੁਝ ਕਹਿਣ ਹੀ ਲੱਗਾ ਸੀ ਕਿ ਉਹ ਰੁਕ ਗਿਆ। ਉਹਦੀ ਆਪਣੀ ਬਹਾਦਰੀ ਤੇ ਹਰੀ ਸਿੰਘ ਨਲੂਏ ਦੀ ਬਹਾਦਰੀ ਵਾਸਤੇ ਉਹਦੀ ਦਿਲੀ ਇੱਜ਼ਤ ਨੇ ਉਹਦੇ ਬੁਲ੍ਹ ਸੀਤੇ ਰੱਖੇ। ਹਰੀ ਸਿੰਘ ਦੇ ਨਾਲ ਜਾਣ ਵਾਸਤੇ ਉਸ ਵੀ ਆਪਣਾ ਘੋੜਾ ਮੰਗਵਾਇਆ।

ਪੰਦਰਾਂ ਕੁ ਆਦਮੀ ਕਿਲ੍ਹੇ ਵਿਚੋਂ ਨਿਕਲੇ। ਅਗੇ ਅਗੇ ਸਰਦਾਰ ਹਰੀ ਸਿੰਘ ਨਲੂਆਂ ਤੇ ਹਰਪਾਲ ਸਿੰਘ ਪਿਛੇ ਪਿਛੇ ਬਾਕੀ। ਮੈਦਾਨ ਸਾਫ਼ ਸੀ। ਜਿੱਥੇ ਪਿਛਲੇ ਦੋ ਦਿਨਾਂ ਤੋਂ ਤੀਹ ਹਜ਼ਾਰ ਆਦਮੀ ਜੁੜੇ ਬੈਠੇ ਸਨ; ਉਥੇ ਹੁਣ ਸਿਵਾਏ ਕੁਝ ਨਾਕਾਰੀਆਂ ਤੋਪਾਂ ਤੇ ਕੁਝ ਮੁਰਦਿਆਂ ਦੇ ਹੋਰ ਕੁਝ ਵੀ ਨਹੀਂ ਸੀ। ਅਫ਼ਗਾਨਾਂ ਦਾ ਬਹੁਤਾ ਮੂਨ ਮਰਾਠਾ ਕਿਲ੍ਹੇ ਦੇ ਪੂਰਬ ਵਲ ਹੋਇਆ ਸੀ ਤੇ ਜਮਰੌਦ ਦੇ ਉੱਤਰ ਵਲ ਥੋੜੇ ਜਿੰਨੇ ਆਦਮੀ ਹੀ ਸਹਿਕਦ ਦਿਸਦੇ ਸਨ। ਨਲੂਏ ਦੇ ਦੁਖੇ ਨਾਲ ਸਭ ਫੱਟੜਾਂ ਦੇ — ਭਾਵੇਂ ਉਹ ਮੁਸਲਮਾਨ ਸਨ ਭਾਵੇਂ ਸਿਖ — ਦੁਆ-ਦਾਰੂ ਦਾ ਪ੍ਰਬੰਧ ਕੀਤਾ ਗਿਆ।

ਸਭ ਤੋਂ ਪਹਿਲੇ ਹਰਪਾਲ ਸਿੰਘ ਨਲੂਏ ਨੂੰ ਉਨ੍ਹਾਂ ਤੋਪਾਂ ਕੋਲ ਲੈ ਗਿਆ, ਜਿਹੜੀਆਂ ਕਿ ਅਫ਼ਗਾਨ ਪਿਛੇ ਛੱਡ ਗਏ ਸਨ। ਕੁਲ ਚੌਦਾਂ ਤੋਪਾਂ ਸਨ, ਤੇ ਕਈ ਕਿਤੇ ਪਈ ਸੀ ਕੋਈ ਕਿਤੇ। ਜਮਰੌਦ ਦੇ ਪੂਰਬ ਵਿਚ ਲੜਦੀ ਫ਼ੌਜ ਦੀ ਸਹਾਇਤਾ ਲਈ ਭੇਜੀਆਂ ਗਈਆਂ ਤੋਪਾਂ ਵਿਚੋਂ, ਜਿਵੇਂ ਹਰਪਾਲ ਸਿੰਘ ਦਾ ਅਨੁਮਾਨ ਸੀ, ਇਕ ਤੋਪ ਵੀ ਵਰਤੀ ਨਹੀਂ ਸੀ ਗਈ। ਤੋਪਾਂ ਦੀ ਇਹ ਹਾਲਤ ਵੇਖ ਕੇ ਨਲੂਏ ਨੇ ਕਿਹਾ : 'ਸਰਦਾਰ ਹਰਪਾਲ ਸਿੰਘ! ਇਸ ਦ੍ਰਿਸ਼ ਤੋਂ ਇਹ ਪ੍ਰਤੱਖ ਹੈ ਕਿ ਜੰਗ ਵਿਚ ਤੋਪਾਂ ਕਿਵੇਂ ਵਰਤੀਆਂ ਜਾਣ।"

ਹਰਪਾਲ ਸਿੰਘ ਮੁਸਕਰਾਇਆ : "ਨਾ ਜਾਣੇ ਸ਼ਹਦਾਰ ਜੀ, ਅਫ਼ਗਾਨ ਤੋਪਚੀਆਂ ਨੂੰ ਕਹੀ ਮਾਰ ਵਰਤ ਗਏ ਹਨ। ਇਨ੍ਹਾਂ ਤੇ ਮੁਗ਼ਲਾਂ ਦੇ ਵਡੇ ਵਡੇਰਿਆ ਨੇ ਤੋਪਖ਼ਾਨੇ ਤੇ ਤੋਪਾਂ ਦੀ ਜੰਗੀ ਵਰਤੋਂ ਦਾ ਬੜਾ ਉੱਚਾ ਮਿਆਰ ਕਾਇਮ ਕੀਤਾ ਸੀ। ਮੈਂ ਤੁਹਾਨੂੰ ਅਜੇ ਉਸ ਚਿਨ ਹੀ ਬਾਬਰ ਤੇ ਅਕਬਰ ਦੇ ਤੋਪਖ਼ਾਨੇ ਬਾਰੇ ਦਸ ਰਿਹਾ ਸਾਂ...।"

"ਹਾਂ, ਸਰਦਾਰ ਹਰਪਾਲ ਸਿੰਘ ਤੋਪਖ਼ਨੇ ਦੀ ਜੰਗੀ ਵਰਤੋਂ ਦਾ ਜਿਹੜਾ ਮਿਆਰ ਖ਼ਾਲਸੇ ਨੇ ਕਾਇਮ ਕੀਤਾ ਹੈ, ਉਸ ਮਿਆਰ ਤੋੜੀਂ ਅਜੇ ਤਕ ਹੋਰ ਕੋਈ ਕੌਮ ਨਹੀਂ ਪਹੁੰਚੀ। ਮੇਰਾ ਖ਼ਿਆਲ ਹੈ ਸਣੇ ਅੰਗ੍ਰੇਜ਼ੀ ਤੇ ਫ਼ਰਾਂਸੀਸੀ ਕੌਮਾਂ ਦੇ। ਤੇ ਤੁਸੀਂ ਆਪ ਮੇਰੇ ਇਸ ਦਾਅਵੇ ਦੀ ਮਿਸਾਲ ਹੋ। ਤੁਹਾਡੇ ਤੋਂ ਵਧ ਐਸ ਵੇਲੇ ਤੋਪਾਂ ਬਾਰੇ ਹੋਰ ਕੌਣ ਜਾਣਦਾ ਹੈ।। ਫੂਲ ਸਿੰਘ ਬਹਾਦਰ ਦੇ ਸਮੇਂ ਤੋਂ ਤੁਹਾਡਾ ਘਰਾਣਾ ਖ਼ਾਲਸਈ ਤੋਪਖ਼ਾਨੇ ਦਾ ਮਿਆਰ ਬੰਨ੍ਹਦਾ ਆਇਆ ਹੈ। ਤੁਸੀਂ ਆਪ ਨੇ ਇਕ ਵਾਰ ਮੈਨੂੰ ਆਪਣੇ ਪੜਦਾਦੇ ਸ਼ਾਹਬਾਜ਼ ਸਿੰਘ ਦਾ ਤੋਪਾਂ ਨਾਲ ਪਿਆਰ ਤੇ ਬੰਦਾ ਸਿੰਘ ਬਹਾਦਰ ਜੀ ਦੇ ਨਿੱਤੇ ਤੋਪਖ਼ਾਨੇ ਦੀ ਉਸ ਹੱਥੋਂ ਹੋਈ ਜੰਗੀ ਵਰਤੋਂ ਬਾਰੇ ਦਸਿਆ ਸੀ ਨਾ ?" ਤੇ ਨਲੂਏ ਨੇ ਮੋਹ ਭਿੱਜੀਆਂ ਅੱਖਾਂ ਨਾਲ ਹਰਪਾਲ ਸਿੰਘ ਵਲ ਵੇਖਿਆ। ਹਰਪਾਲ ਸਿੰਘ ਵਲ ਤਕਿਆ ਕਿ ਹਰਪਾਲ ਸਿੰਘ ਦੇ ਪਿਤਾ ਦਲੇਰ ਸਿੰਘ, ਕਿ ਦਾਦੇ ਸੁਬੇਗ ਸਿੰਘ ਕਿ ਪੜਦਾਦੇ ਸ਼ਾਹਬਾਜ਼ ਸਿੰਘ ਵਲ ਤਕਿਆ ?

ਹਰਪਾਲ ਸਿੰਘ ਦਾ ਸਿਰ ਝੁਕ ਗਿਆ। ਹੁਣ ਹਰਪਾਲ ਸਿੰਘ, ਹਰੀ ਸਿੰਘ ਨੂੰ ਕੋਹੇ-ਸ਼ਿਕਨ ਕੋਲ ਲੈ ਗਿਆ। "ਇਸ ਤੋਪ ਦੀ ਮਦਦ ਤੋਂ ਬਗ਼ੈਰ ਅਫ਼ਗਾਨ ਸ਼ਾਇਦ ਕਿਲ੍ਹੇ ਵਿਚ ਪਾੜ ਨਾ ਪਾ ਸਕਦੇ।" ਉਸ ਆਖਿਆ। ਇਕ ਸੌ ਦੋ ਸਾਲ ਦੀ ਇਹ ਤੋਪ ਅੰਨੀ ਵੱਡੀ ਤੇ ਅੰਨੀ ਲੁਭਾਇਮਾਨ ਸੀ ਕਿ ਹਰਪਾਲ ਸਿੰਘ ਨਲੂਏ ਦੀ ਆਗਿਆ ਲੈ ਕੇ ਇਹਨੂੰ ਨੇੜਿਓਂ ਵੇਖਣ ਲਈ ਘੋੜੇ ਉੱਤੋਂ ਉਤਰਿਆ। ਉਹਦੇ ਉੱਤੇ ਉੱਕਰੀ ਫ਼ਾਰਸੀ ਲਿਖਾਈ ਉਹਨੇ ਨਲੂਏ ਨੂੰ ਪੜ੍ਹ ਕੇ ਸੁਣਾਈ :

"ਮੇਰੇ ਜਿਸਮ ਉੱਤੇ ਸੱਪਾਂ ਵਰਗੀਆਂ ਕੁੰਡੀਆਂ ਹਨ। ਹੇ ਵੈਰੀ! ਮੈਥੋਂ ਡਰ ਕਿ ਮੇਰੇ ਮੂੰਹ ਵਿਚ ਜ਼ਹਿਰ ਹੈ...ਹੇ ਨਾਮਵਰ ਨਵਾਬ ਦੀ ਵਫ਼ਾਦਾਰ ਤੋਪ, ਤੇਰੀ ਵਫ਼ਾਦਾਰੀ ਬੇ-ਮਿਸਾਲ ਹੈ। ਨਾਗ ਵਰਗੀ ਤੇਰੀ ਫੁੰਕਾਰ ਤੇ ਸ਼ੇਰ ਜਿਹੀ ਤੇਰੀ ਗਰਜ ਹੈ...। ਤੂੰ ਮਣੀ ਦੇ ਖ਼ਜ਼ਾਨੇ ਦੀ ਮਾਲਕ ਨਾਗਨੀ ਹੈਂ।"

Scanned by CamScanner

ਉਹ ਅਜੇ ਕੰਹੇ-ਸ਼ਿਕਨ ਬਾਰੇ ਗੱਲਾਂ ਕਰ ਹੀ ਰਹੇ ਸਨ ਕਿ ਇਕ ਘੋੜ-ਸਵਾਰ ਹਲਕਾਰਾ ਉਨ੍ਹਾਂ ਕੋਲ ਪਹੁੰਚਿਆ। ਉਹਦੇ ਕੋਲ ਸਰਦਾਰ ਲਹਿਣਾ ਸਿੰਘ ਸਿੰਧਾਵਾਲੀਏ ਦੀ ਚਿੱਠੀ ਸੀ। ਲਿਖਿਆ ਸੀ ਕਿ ਉਹਨੇ ਆਪਣੇ ਅੱਠ ਸੌ ਜੁਆਨਾਂ ਨਾਲ ਹਾਜੀ ਮਾਨ ਕੱਕੜ ਦੇ ਦਸ ਹਜ਼ਾਰ ਗ਼ਾਜ਼ੀਆਂ ਨੂੰ ਭਾਂਜ ਪਾ ਦਿਤੀ ਹੈ। ਇਹ ਖ਼ਬਰ ਪੜ੍ਹ ਕੇ ਨਲੂਆ ਹਸਿਆ। 'ਖ਼ਾਲਸਾ ਅਜਿੱਤ ਹੈ,' ਉਸ ਆਖਿਆ। ਕਾਫ਼ੀ ਚਿਰ ਕੰਹੇ-ਸ਼ਿਕਨ ਦਾ ਮੁਲਾਹਜ਼ਾ ਕਰਨ ਪਿਛੋਂ ਇਹ ਜੱਥਾ ਨਲੂਏ ਦੇ ਨਾਲ ਸਰਪੱਟ ਘੋੜੇ ਦੁੜਾ ਕੇ ਦੱਰਾ ਖ਼ੈਬਰ ਵਿਚ ਦਾਖ਼ਲ ਹੋ ਗਿਆ। ਜਾਪਦਾ ਸੀ ਕਿ ਸਰਦਾਰ ਨਿਧਾਨ ਸਿੰਘ, ਅਮਰ ਸਿੰਘ ਤੇ ਨੱਥਾ ਸਿੰਘ, ਜਿਸ ਹੱਥ ਕਿ ਨਲੂਏ ਨੇ ਆਪਣੇ ਜੱਥੇ ਦੀ ਕਮਾਨ ਸੌਂਪੀ ਸੀ, ਬੜੀ ਦੂਰ ਲੰਘ ਗਏ ਸਨ। ਹਰੀ ਸਿੰਘ ਨੇ ਉਸੇ ਵੇਲੇ ਇਕ ਹਲਕਾਰੇ ਹੱਥ ਨਿਧਾਨ ਸਿੰਘ ਨੂੰ ਅਖਵਾ ਘਲਿਆ ਕਿ ਹੁਣ ਮੁੜ ਆਉਣ। ਜੇ ਉਹ ਏਸੇ ਰਫ਼ਤਾਰ ਨਾਲ ਵਧਦੇ ਗਏ ਤਾਂ ਜਲਦੀ ਹੀ ਅਲੀ ਮਸਜਦ ਤੇ ਤੋਰਖੰਮ ਤੱਕ ਪਹੁੰਚ ਜਾਣਗੇ। ਆਪ ਇਹ ਨਿੱਕਾ ਜਿਹਾ ਜੱਥਾ ਸਹਿਜੇ ਸਹਿਜੇ ਅਗੇ ਵਧਦਾ ਗਿਆ। ਹਰਪਾਲ ਸਿੰਘ ਦਾ ਇਕ ਵਾਰ ਫਿਰ ਜੀ ਕੀਤਾ ਕਿ ਉਹ ਹਰੀ ਸਿੰਘ ਨਲੂਏ ਨੂੰ ਮੁੜਨ ਲਈ ਆਖੇ, ਪਰ ਗੱਲਾਂ ਕੁਝ ਇਹੋ ਜਿਹੀਆਂ ਰੋਚਕ ਤੇ ਇਤਿਹਾਸਕ ਹੋ ਰਹੀਆਂ ਸਨ ਕਿ ਉਹਦਾ ਹੀਆ ਨਾ ਪਿਆ।

ਹਰੀ ਸਿੰਘ ਕਹਿ ਰਿਹਾ ਸੀ : "ਹਰਪਾਲ ਸਿੰਘ ਜੀ ! ਤੁਹਾਨੂੰ ਖ਼ੈਬਰ ਵਿਚ ਇਹ ਚਹਿਲ ਕਦਮੀ ਕਿਹੋ ਜਿਹੀ ਲਗ ਰਹੀ ਹੈ ? ਜੇ ਮੈਥੋਂ ਪੁਛੋ ਤਾਂ ਅੱਜ ਮੇਰੀ ਜ਼ਿੰਦਗੀ ਦੀ ਅੱਧੀ ਸੱਧਰ ਪੂਰੀ ਹੋ ਗਈ ਹੈ। ਕਸ਼ਮੀਰ ਦੇ ਪਹਾੜਾਂ ਤੇ ਹਜ਼ਾਰੇ ਦੀਆਂ ਵਾਦੀਆਂ ਵਿਚਲੀਆਂ ਜਿੱਤਾਂ ਨਾਲ ਮੈਨੂੰ ਅੱਜ ਜਿਹਾ ਸਰੂਰ ਨਹੀਂ ਸੀ ਆਇਆ। ਉਹ ਮਹਾਨ ਜਿੱਤਾਂ ਸਨ, ਇਤਿਹਾਸਕ ਜਿੱਤਾਂ ਨਹੀਂ ਸਨ, ਪਰ ੧੮੩੫ ਵਿਚ ਦੋਸਤ ਮੁਹੰਮਦ ਦੇ ਵਿਰੁਧ ਤੇ ਅੱਜ ਅਕਬਰ ਖ਼ਾਨ ਦੇ ਵਿਰੁਧ ਪਾਈਆਂ ਜਿੱਤਾਂ ਇਕ ਇਤਿਹਾਸਕ ਮੋੜ ਹਨ, ਅੱਜ ਤੋਂ..."

ਹਰੀ ਸਿੰਘ ਗੱਲਾਂ ਕਰੀ ਜਾ ਰਿਹਾ ਸੀ ਤੇ ਜਿਵੇਂ ਹਰਪਾਲ ਸਿੰਘ ਦੇ ਅਰਮਾਨ ਲਿੜ੍ਹਾੜੇ ਜਾ ਰਹੇ ਸਨ। ਉਹਦੇ ਅਹਿਸਾਸ ਕੰਹੇ ਜਾ ਰਹੇ ਸਨ। ਅੱਜ ਦੇ ਦਿਨ ਦੀ ਇਤਿਹਾਸਕ ਮਹਾਨਤਾ ਉਹ ਹਰੀ ਸਿੰਘ ਨਲੂਏ ਨਾਲੋਂ ਵਧ ਸਮਝਦਾ ਸੀ, ਇਹਦੇ ਵਿਚ ਸ਼ਕ ਨਹੀਂ ਸੀ, ਪਰ...ਪਰ...ਆਪਣੇ ਸਰਦਾਰ ਦੀ ਇਹ ਭਾਵੁਕਤਾ ਉਹਨੂੰ ਤੜਪਾ ਰਹੀ ਸੀ। ਉਹਦਾ ਦਿਲ ਡਰ ਰਿਹਾ ਸੀ, ਨਾ ਜਾਣੇ ਕਿਉਂ ? ਨਾ ਜਾਣੇ ਕਿਉਂ ?

ਹਰੀ ਸਿੰਘ ਕਹਿੰਦਾ ਗਿਆ : "ਸਰਦਾਰ ਹਰਪਾਲ ਸਿੰਘ ! ਤੁਹਾਨੂੰ ਆਪਣੇ ਪਿਤਾ ਪਿਤਾਮਿਆਂ ਦਾ ਮਾਣ ਹੁਵੇਗਾ, ਹੋਣਾ ਹੀ ਚਾਹੀਦਾ ਹੈ। ਤੁਹਾਡੇ ਘਰਾਣੇ ਨੇ ਸਿਖ ਕੌਮ ਦੀ ਬੜੀ ਸੇਵਾ ਕੀਤੀ ਹੈ। ਖ਼ਾਲਸਾ ਰਾਜ ਤੁਹਾਡੇ ਟੱਬਰ ਦੀਆਂ ਸ਼ਹੀਦੀਆਂ ਉੱਤੇ ਉਸਰਿਆ ਹੈ। ਮੇਰੇ ਘਰਾਣੇ ਨੂੰ ਇਹੋ ਜਿਹੇ ਭੂਤ ਦਾ ਐਡਾ ਮਾਣ ਨਹੀਂ, ਪਰ ਕੀ ਤੁਸੀਂ ਸਮਝਦੇ ਹੋ.....।" ਉਫ਼ ! ਅੱਜ ਹਰੀ ਸਿੰਘ ਨਲੂਏ ਨੂੰ ਹੋ ਕੀ ਗਿਆ ਸੀ ? ਹਰਪਾਲ ਸਿੰਘ ਪਸੀਜਦਾ ਗਿਆ। "ਤੁਸੀਂ ਜਾਣਦੇ ਹੋ ਸਰਦਾਰ ਹਰਪਾਲ ਸਿੰਘ ਕਿ ਸਰਕਾਰ ਦੀ ਸਿਹਤ ਚਿਰਾਂ ਤੋਂ ਠੀਕ ਨਹੀਂ। ਮੈਨੂੰ ਉਨ੍ਹਾਂ ਦੀ ਸਿਹਤ ਵਲੋਂ ਬੜੀ ਚਿੰਤਾ ਹੈ। ਮੈਂ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਉਨ੍ਹਾਂ ਦੀ ਆਗਿਆ ਲੈ ਕੇ ਆਪਣੇ ਇਰਾਦੇ ਸੰਪੂਰਨ ਕਰਾਂ। ਮੈਂ ਕਹਿਣਾ ਤਾਂ ਨਹੀਂ ਚਾਹੁੰਦਾ, ਪਰ ਮੈਨੂੰ ਡਰ ਲਗਦਾ ਹੈ ਕਿ ਸਰਕਾਰ ਦੇ ਪਰਲੋਕ ਗਮਨ ਪਿਛੋਂ ਕੁਝ ਸਾਲ ਤੱਕ ਅਸੀਂ ਡਾਵਾਂ ਡੋਲ ਰਹਾਂਗੇ। ਰਾਜਾ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ...।" ਤੇ ਫਿਰ ਇਕਾ ਇਕ ਹਰੀ ਸਿੰਘ ਨੇ ਹਰਪਾਲ ਸਿੰਘ ਦਾ ਹੱਥ ਫੜ ਕੇ ਕਿਹਾ, "ਸਰਦਾਰ ਹਰਪਾਲ ਸਿੰਘ ! ਯਾਦ ਰਖਣਾ ਜੇ ਮੈਨੂੰ ਕਦੀ ਕੁਝ ਹੋ ਜਾਏ ਤਾਂ "

"ਸਰਦਾਰ ਜੀ !" ਅੰਤ ਹਰਪਾਲ ਸਿੰਘ ਕੋਲੋਂ ਸਬਰ ਨਾ ਹੋ ਸਕਿਆ, ਉਹ ਹਰੀ ਸਿੰਘ ਨੂੰ ਮੁੜਨ ਵਾਸਤੇ ਕਹਿਣ ਹੀ ਲਗਾ ਸੀ ਕਿ ਪਤਾ ਨਹੀਂ ਨਲੂਏ ਦੇ ਬਾਡੀਗਾਰਡ ਕੁੱਮੇਦਾਨ ਅਜਾਇਬ ਸਿੰਘ ਨੇ ਕੀ ਵੇਖਿਆ ? ਉਹ ਆਪਣੇ ਘੋੜੇ ਉੱਤੇ ਸੱਜੇ ਹੱਥ ਤੇਜ਼ੀ ਨਾਲ ਵਧਿਆ ਤੇ ਉਸ ਇਕ ਗੁਫ਼ਾ ਜਿਹੀ ਵਿਚ ਗੋਲੀ ਚਲਾਣ ਵਾਸਤੇ ਬੰਦੂਕ ਚੁਕੀ, ਪਰ ਉਹਦੀ ਬੰਦੂਕ ਚੁਕੀ ਦੀ ਚੁਕੀ ਰਹਿ ਗਈ। ਗੁਫ਼ਾ ਵਿਚੋਂ ਇਕ ਗੋਲੀ ਚਲੀ ਤੇ ਅਜਾਇਬ ਸਿੰਘ ਘੋੜੇ ਉੱਤੋਂ ਡਿਗ ਪਿਆ। ਪਲੋ ਪਲੀ ਸਾਰਾ ਜੱਥਾ ਗੁਫ਼ਾ ਵਲ ਵਧਿਆ। ਅੰਨੇ ਵਿਚ ਗੁਫ਼ਾ ਵਲੋਂ ਦੂਜੀ ਗੋਲੀ ਚੱਲੀ ਤੇ ਉਹ ਸਰਦਾਰ ਹਰੀ ਸਿੰਘ ਨਲੂਏ ਦੀ ਛਾਤੀ ਵਿਚ ਲਗੀ। ਤੀਜੀ ਇਕ ਸਰਦਾਰ ਪ੍ਰੀਤਮ ਸਿੰਘ ਨੂੰ ਲਗੀ। ਕੁਝ ਗੋਲੀਆਂ ਖ਼ਾਲੀ ਗਈਆਂ, ਤੇ ਫਿਰ ਇਕ ਹੋਰ ਹਰੀ ਸਿੰਘ ਨਲੂਏ ਦੀ ਵੱਖੀ ਨੂੰ ਚੀਰ ਗਈ। ਇਕ ਹਰਪਾਲ ਸਿੰਘ ਦੀ ਦਸਤਾਰ ਵਿਚੋਂ ਲੰਘ ਗਈ ਪਰ ਹੁਣ ਤੱਕ ਬਾਕੀ ਜੱਥਾ ਗੁਫ਼ਾ ਦੇ ਮੂੰਹ ਤੱਕ ਪਹੁੰਚ ਚੁਕਾ ਸੀ ਤੇ ਉਹਨੇ ਅੰਦਰਲੇ ਗ਼ਾਜ਼ੀਆਂ ਨੂੰ ਕਾਬੂ ਕਰ ਲਿਆ ਸੀ।

Scanned by CamScanner

ਹਰੀ ਸਿੰਘ ਨਲੂਏ ਨੇ ਮੁਸਕਰਾ ਕੇ ਆਖਿਆ : "ਜਾਪਦਾ ਹੈ, ਸਰਦਾਰ ਹਰਪਾਲ ਸਿੰਘ ! ਸਾਡੇ ਇਕੱਠੇ ਖੇਡ
ਨੂੰ ਮਨਜ਼ੂਰ ਨਹੀਂ। ਤੁਸੀਂ_"ਤੇ ਹਰੀ ਸਿੰਘ ਨਲੂਆ ਇਕ ਵਾਰ ਫਿਰ ਮੁਸਕਰਾਇਆ।



ਮੌਤ ਕਿਸ ਉੱਤੇ ਨਹੀਂ ਆਉਂਦੀ ? ਪਰ ਦੁਖ ਬਹੁਤਾ ਹੁੰਦਾ ਹੈ ਕੁਵੇਲੀਆਂ ਮੌਤਾਂ ਦਾ। ਉਨ੍ਹਾਂ ਮੌਤਾਂ ਨੂੰ, ਜਿਹੜੀਆਂ ਉਸ ਵੇਲੇ ਆਉਣ ਜਦੋਂ ਕਿ ਉਨ੍ਹਾਂ ਦਾ ਆਉਣਾ ਅਸਲੋਂ ਅਯੋਗ ਹੋਵੇ। ਕੁਵੇਲੀ ਮੌਤ ਜੇ ਅਚਨਚੇਤ ਨ ਆਵੇ ਤਾਂ ਵੀ ਸਹਾਰੀ ਜਾਂਦੀ ਹੈ, ਪਰ ਕੁਵੇਲੀ ਤੇ ਅਚਨਚੇਤ ਮੌਤ ਅਜਿਹੇ ਖੱਪੇ ਪਾ ਜਾਂਦੀ ਹੈ ਜਿਹੜੇ ਪੂਰੇ ਨਹੀਂ ਜਾਂਦੇ। ਪਰ ਫੇਰ ਕਿ ਬਹੁਤੀਆਂ ਕੁਵੇਲੀਆਂ ਮੌਤਾਂ ਨਾਲੋਂ ਨਾਲ ਅਚਨਚੇਤ ਮੌਤਾਂ ਵੀ ਹੁੰਦੀਆਂ ਹਨ।

ਮੌਤ ਹਰ ਇਕ ਉੱਤੇ ਆਉਂਦੀ ਹੈ, ਪਰ ਬਹੁਤੀਆਂ ਮੌਤਾਂ ਜ਼ਿੰਦਗੀ ਤੇ ਇਤਿਹਾਸ ਦੀ ਪਿਛੋਕੜ ਸਾਜ਼ੇ ਅਣੇਕ ਹੋਰ ਘਟਨਾਵਾਂ ਵਾਂਙ ਸਾਧਾਰਨ ਮੌਤਾਂ ਹੁੰਦੀਆਂ ਹਨ। ਪਰ ਇਥੇ ਕਿਤੇ, ਵਰ੍ਹਿਆਂ ਤੇ ਸਦੀਆਂ ਵਿਚ ਕੋਈ ਕੋਈ ਅਚਨਚੇਤ ਮੌਤ ਅਜਿਹੀ ਵੀ ਹੁੰਦੀ ਹੈ ਜਿਹੜੀ ਇਤਿਹਾਸ ਦੀ ਰੇ ਨੂੰ ਮੋੜ ਦੇਂਦੀ ਹੈ। ਜਿਸ ਮੌਤ ਨਾਲ ਜ਼ਿੰਦਗੀਆਂ, ਰੇਜ਼, ਰਾਜ਼ ਤੇ ਇਤਿਹਾਸ ਇਸ ਤਰਾਂ ਪਲਟ ਜਾਂਦੇ ਹਨ ਕਿ ਮੁੜ ਪਛਾਣ ਨਹੀਂ ਜਾਂਦੇ।

ਅਜ ਤੀਹ ਅਪੈਲ ੧੮੩੭ ਵਾਲੇ ਦਿਨ ਜਮਰੌਦ ਦੇ ਮੈਦਾਨ ਵਿਚ ਇਕ ਨਹੀਂ ਅਨੇਕ ਮੌਤਾਂ ਹੋਈਆਂ। ਕਈ ਸੂਰਮੇ ਵੈਰੀਆਂ ਦੀਆਂ ਤਲਵਾਰਾਂ ਦੇ ਇਕੋ ਇਕੋ ਵਾਰ ਨਾਲ ਘਾਣ ਹੋ ਗਏ। ਕਈਆਂ ਨੂੰ ਅਜਿਹੇ ਫੱਟ ਆਏ ਕਿ ਉਹ ਹੱਥ ਤੱਕ ਨਾ ਸਕੇ। ਕਈ ਪਾਣੀ ਨੂੰ ਸਹਿਕਦੇ ਮਰ ਗਏ। ਜਮਰੌਦ ਦਾ ਮੈਦਾਨ ਅਜ ਲਹੂ ਨਾਲ ਲਾਲ ਸੀ ਪਰ ਇਨ੍ਹਾਂ ਸਾਰੀਆਂ ਮੌਤਾਂ ਵਿਚੋਂ ਇਕ ਮੌਤ ਅਜਿਹੀ ਵੀ ਸੀ ਜਿਹੜੀ ਇਕ ਦੇਸ਼ ਤੇ ਇਕ ਕੌਮ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ, ਏਸ ਮਧ-ਏਸ਼ੀਆ ਦੇ ਪੂਰੇ ਭਾਗ ਵਿਚ, ਇਕ ਪਰੀਵਰਤਨ ਦੀ ਨੀਂਹ ਬਣੀ।

ਸਰਦਾਰ ਹਰੀ ਸਿੰਘ ਨਲੂਆ ਜਮਰੌਦ ਦੇ ਕਿਲ੍ਹੇ ਦੀ ਇਕ ਨੁਕਰ ਵਿਚ ਲਗੇ ਤੰਬੂ ਅੰਦਰ ਪਲੰਘ ਉਤੇ ਲੇਟਿਆ ਸੀ। ਸਿਰ ਉੱਤੇ ਉਹੋ ਨੀਲੀ ਤੇ ਪੀਲੀ ਤਿੱਲਦਾਰ ਦਸਤਾਰ। ਮਜਾਲ ਹੈ ਜੇ ਜ਼ਰਾ ਵੀ ਢਿੱਲੀ ਹੋਈ ਹੋਵੇ। ਉਹ ਹੱਸੂ ਹੱਸੂ ਕਰਦਾ ਖਿੜਿਆ ਹੋਇਆ ਚਿਹਰਾ। ਮਜਾਲ ਹੈ ਜੇ ਪੀਪਾ ਲਹੂ ਭੁਲਣ ਨਾਲ ਵੀ ਚਿਹਰੇ ਦਾ ਜਲਾਲ ਨਿਮ੍ਹਾਂ ਹੋਇਆ ਹੋਵੇ। ਉਹੋ ਮੁਸਕਰਾਂਦੀ ਆਵਾਜ਼ ਤੇ ਉਹੋ ਛਣਕਦਾ ਹਾਸਾ। ਮਜਾਲ ਹੈ ਜੇ ਅਨੰਤ ਪੀੜ ਨੇ ਆਵਾਜ਼ ਤੇ ਹਾਸੇ ਨੂੰ ਹਾਵੇਂ ਨਾਲ ਕੰਬਲਾ ਕੀਤਾ ਹੋਵੇ। ਸਰੀਰ ਤੇ ਸ਼ਖ਼ਸੀਅਤ ਦੀ ਉਹੋ ਮਿੱਠੀ ਮਿੱਠੀ ਨੁਹਾਰ। ਮਜਾਲ ਹੈ ਜੇ ਆ ਰਹੀ ਮੌਤ ਨੇ ਜ਼ਰਾ ਵੀ ਰਿੰਜ ਕੀਤਾ ਹੋਵੇ।

ਕੁਵੇਲੀਆਂ ਤੇ ਅਚਨਚੇਤ ਮੌਤਾਂ ਮਰਨ ਵਾਲੇ ਨੂੰ ਰਿੰਜ ਨਹੀਂ ਕਰਦੀਆਂ। ਉਨ੍ਹਾਂ ਨੂੰ ਇਹ ਮੌਤਾਂ ਭਾਵੇਂ ਚੰਗੀ ਖੇਡ ਜਾਪਦੀਆਂ ਹਨ। ਇਹੋ ਜਿਹੀਆਂ ਸ਼ਖ਼ਸੀਅਤਾਂ ਨੇ ਕਦੀ ਮੌਤ ਬਾਰੇ ਸੋਚਿਆ ਨਹੀਂ ਹੁੰਦਾ। ਉਨ੍ਹਾਂ ਕਦੀ ਮੌਤ ਦਾ ਹਊ ਬਿਰਤੀਆਂ ਨੂੰ ਆਪਣੇ ਖ਼ਿਆਲਾਂ ਜਾਂ ਸਰੀਰ ਤਾਈਂ ਛੋਹਣ ਨਹੀਂ ਦਿਤਾ ਹੁੰਦਾ। ਸੋ ਜਦੋਂ ਮੌਤ ਸਾਮ੍ਹਣੇ ਸਾਹਮਣੇ ਆਉਂਦੀ ਹੈ ਤਾਂ ਉਹ ਇਹਨੂੰ ਉਸੇ ਤਰ੍ਹਾਂ ਹੀ ਹੱਸਦਿਆਂ ਹੱਸਦਿਆਂ ਮਿਲਦੇ ਹਨ ਜਿਵੇਂ ਆਪਣੀ ਜ਼ਿੰਦਗੀ ਵਿਚ ਆਏ ਅਗੇ ਆਈਆਂ ਮੁਸ਼ਕਲਾਂ ਤੇ ਸਮਸਿਆਵਾਂ ਨੂੰ ਨਜਿੱਠਦੇ ਰਹੇ ਹੋਣ। ਇਹੋ ਜਿਹੀਆਂ ਸ਼ਖ਼ਸੀਅਤਾਂ ਨੂੰ ਮੌਤ ਵੀ ਇਕ ਤਰ੍ਹਾਂ ਦੀ

Scanned by CamScanner

ਜਿੰਦਗੀ ਜਾਪਦੀ ਹੈ।

ਸਰਦਾਰ ਹਰੀ ਸਿੰਘ ਨਲੂਆ ਪਲੰਘ ਉੱਤੇ ਲੇਟਿਆ ਸੀ ਤੇ ਉਹਦੇ ਦੁਆਲੇ ਸਨ ਸਰਦਾਰ ਮਹਾਂ ਸਿੰਘ, ਸਰਦਾਰ ਹਰਪਾਲ ਸਿੰਘ, ਸਰਦਾਰ ਨਿਧਾਨ ਸਿੰਘ, ਸਰਦਾਰ ਅਮਰ ਸਿੰਘ, ਸਰਦਾਰ ਬੰਤਾ ਸਿੰਘ ਤੇ ਸਰਦਾਰ ਨੱਥਾ ਸਿੰਘ। ਸਰਦਾਰ ਲਹਿਣਾ ਸਿੰਘ ਸਿੰਧਾਵ ਲੀਏ ਨੂੰ ਅਖਵਾ ਘਲਿਆ ਸੀ, ਪਰ ਉਹ ਅਜੇ ਨਹੀਂ ਸੀ ਪੁੱਜਾ। ਸਿੱਖ ਸੈਨਾਂ ਨੂੰ ਪਤਾ ਲਗ ਚੁਕਾ ਸੀ ਕਿ ਉਨ੍ਹਾਂ ਦਾ ਆਗੂ ਉਨ੍ਹਾਂ ਨੂੰ ਛਡ ਕੇ ਜਾ ਰਿਹਾ ਹੈ। ਉਹਦੇ ਫੱਟੜ ਹੋਣ ਦੀ ਖ਼ਬਰ ਨੂੰ ਛੁਪਾ ਕੇ ਰਖਣ ਦੀ ਕੋਸ਼ਿਸ਼ ਕੀਤੀ ਗਈ। ਸਰਦਾਰ ਮਹਾਂ ਸਿੰਘ, ਸਰਦਾਰ ਅਮਰ ਸਿੰਘ ਤੇ ਬਾਕੀ ਦੇ ਕਈ ਸਰਦਾਰ ਚਾਹੁੰਦੇ ਸਨ ਕਿ ਸੈਨਾਂ ਨੂੰ ਇਸ ਗੱਲ ਦੀ ਖ਼ਬਰ ਨਾ ਲਗੇ। ਨਲੂਏ ਦੀ ਮੌਤ ਦਾ ਅਸਰ ਸੈਨਾਂ ਉੱਤੇ ਭੈੜਾ ਪਵੇਗਾ। ਮਤੇ ਪਠਾਣ ਮੁੜ ਹੀ ਨਾ ਆਉਣ ? ਪਰ ਹਰਪਾਲ ਸਿੰਘ ਨੇ ਫ਼ੈਸਲਾਕੁਨ ਲਹਿਜੇ ਵਿਚ ਕਿਹਾ ਸੀ : "ਇਹ ਆਪਣੀ ਸੈਨਾਂ ਨਾਲ ਜ਼ਿਆਦਤੀ ਤੇ ਬੇਇਨਸਾਫ਼ੀ ਹੋਵੇਗੀ। ਇਸ ਤਰ੍ਹਾਂ ਨਹੀਂ ਹੋ ਸਕਦਾ। ਪਠਾਣ ਹੁਣ ਕੀ, ਅਗੋਂ ਤੋਂ ਕਦੀ ਵੀ ਵਾਪਸ ਨਹੀਂ ਆਉਣਗੇ। ਤੇ ਜੇ ਆਏ ਵੀ ਤਾਂ ਕੀ ਅਸੀਂ ਉਨ੍ਹਾਂ ਕੋਲੋਂ ਨਲੂਏ ਸਰਦਾਰ ਕਾਝੋਂ ਡਰ ਕੇ ਰਹਾਂਗੇ ?"

ਜਦੋਂ ਸੂਤਜ ਖ਼ੈਬਰ ਦੇ ਪਹਾੜਾਂ ਪਿਛੇ ਅਲੋਪ ਹੋ ਰਿਹਾ ਸੀ ਤਾਂ ਉਸ ਵੇਲੇ ਹਰਪਾਲ ਸਿੰਘ ਦੀ ਸਲਾਹ ਅਨੁਸਾਰ, ਖ਼ਾਲਸਈ ਸੈਨਾਂ ਪਾਲੋ ਪਾਲ ਆਪਣੇ ਆਗੂ ਦੇ ਪਲੰਘ ਕੋਲੋਂ ਲੰਘ ਰਹੀ ਸੀ। ਹਰਪਾਲ ਸਿੰਘ ਨੇ ਹੁਕਮ ਘੱਲਿਆ ਸੀ ਕਿ ਫੌਜੀ ਸਿਪਾਹੀ ਵੀ ਨਲੂਏ ਕੋਲੋਂ ਲੰਘਦਾ ਰੋਵੇ ਨਾ ਤੇ ਨਾ ਹੀ ਆਪਣੇ ਪਿਆਰ ਦਾ ਜਜ਼ਬਾਤੀ ਮੁਜ਼ਾਹਿਰਾ ਕਰੇ। ਸਿਪਾਹੀ ਕਤਾਰ ਵਿਚ ਵਧਦੇ ਰੋਂਦੇ ਹੋਏ ਆਉਂਦੇ ਤੇ ਜਦੋਂ ਹੀ ਪਲੰਘ ਦੇ ਕੋਲ ਹਰਪਾਲ ਸਿੰਘ ਨੂੰ ਖਲੋਤੇ ਹੋਏ ਵੇਖਦੇ ਤਾਂ ਆਪਣੇ ਹੰਝੂ ਪੂੰਝ ਲੈਂਦੇ। ਸਰਦਾਰ ਕੋਲੋਂ ਲੰਘਦੇ ਉਹ ਮੁਸਕਰਾਂਦੇ। ਮੁਸਕਰਾਉਣ ਦੀ ਕੋਸ਼ਿਸ਼ ਕਰਦੇ। ਸਰਦਾਰ ਵੀ ਮੁਸਕਰਾਂਦਾ ਤੇ ਫਿਰ ਹਰਪਾਲ ਸਿੰਘ ਉਨ੍ਹਾਂ ਨੂੰ ਜਲਦੀ ਜਲਦੀ ਅਗੇ ਵਧ ਜਾਣ ਦਾ ਇਸ਼ਾਰਾ ਕਰਦਾ। ਪਲੰਘ ਤੋਂ ਦੂਰ ਜ਼ਦਿਆਂ ਤੇ ਤੰਬੂ ਦੇ ਬਾਹਰ ਨਿਕਲਦਿਆਂ ਹੀ ਸਿਪਾਹੀਆਂ ਦੇ ਅਥਰੂ ਫਿਰ ਵਹਿ ਤੁਰਦੇ ਤੇ ਕਈਆਂ ਦੀਆਂ ਭੁੱਬਾਂ ਵੀ ਸੁਣਨ ਵਿਚ ਆਉਂਦੀਆਂ।

ਸਭ ਸਰਦਾਰ ਤੇ ਸਿਪਾਹੀ ਹਰਪਾਲ ਸਿੰਘ ਦੇ ਜ਼ਬਤ ਉੱਤੇ ਹੈਰਾਨ ਸਨ। ਜਦੋਂ ਤੋਂ ਨਲੂਆ ਜ਼ਖ਼ਮੀ ਹੋਇਆ ਸੀ, ਸਾਰੀ ਖ਼ਾਲਸਈ ਸੈਨਾਂ ਦਾ ਪ੍ਰਬੰਧ ਜਿਵੇਂ ਹਰਪਾਲ ਸਿੰਘ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੋਵੇ। ਸਾਰੀ ਸੈਨਾਂ ਵਿਚੋਂ ਅਜੇ ਤੱਕ ਸ਼ਾਇਦ ਉਹੋ ਹੀ ਇਕੋ ਇਕ ਅਜਿਹਾ ਆਦਮੀ ਸੀ, ਜਿਹੜਾ ਰੋਇਆ ਨਾ ਹੋਵੇ। ਹਰਪਾਲ ਸਿੰਘ ਸਰਦਾਰ ਦੀ ਪੁਅੰਦੀ ਖਲੋਤਾ ਸੀ। ਕਾਲਾ ਦਾੜ੍ਹਾ, ਹੋਰਨਾਂ ਬਹੁਤਿਆਂ ਦਾੜ੍ਹਿਆਂ ਵਾਂਗ ਲੰਮਾ ਨੋਕਦਾਰ ਨਹੀਂ, ਪਰ ਸੰਘਣਾ ਤੇ ਬਹੁਤੇ ਵਾਲ ਇਕੋ ਜਿਨੇ ਲੰਮੇ, ਬਦਨ ਕਮਾਇਆ ਹੋਇਆ ਰਿਸ਼ਟ ਪੁਸ਼ਟ। ਪੱਗ ਨਿਸਬਤਨ ਬਾਕੀ ਹੋਰ ਸਰਦਾਰਾਂ ਦੀਆਂ ਪੱਗਾਂ ਨਾਲੋਂ ਆਕਾਰ ਵਿਚ ਛੋਟੀ, ਹੱਥ ਤੇ ਬਾਹਵਾਂ ਮਜ਼ਬੂਤ। ਛਾਤੀ ਚੋੜੀ ਕਿ ਕਪੜਿਆਂ ਵਿਚੋਂ ਉਭਰੀ ਜਾਪੇ। ਲੱਕ ਦੁਆਲੇ ਪੇਟੀ ਤੇ ਪੇਟੀ ਨਾਲ ਲਮਕਦੀ ਕਿਰਪਾਣ। ਇਉਂ ਜਾਪਦਾ ਸੀ ਕਿ ਜਦੋਂ ਤੱਕ ਹਰਪਾਲ ਸਿੰਘ ਦੀ ਮਰਜ਼ੀ ਨਾ ਹੋਵੇ ਮੌਤ ਨਲੂਏ ਕੋਲ ਨਹੀਂ ਫਟਕੇਗੀ। ਪਹਿਲੀ ਤੱਕਣੀ ਲੱਕ ਆਖਦੇ ਸਨ ਕਿ ਇਹ ਸਰਦਾਰ ਪਥਰ ਦਾ ਬਣਿਆ ਹੋਇਆ ਹੈ, ਜਿਹੜਾ ਉਨਾਂ ਨੂੰ ਉਨ੍ਹਾਂ ਦੇ ਜਾਨ ਨਾਲੋਂ ਪਿਆਰੇ ਨਲੂਏ ਸਾਹਮਣੇ ਰੋਣ ਨਹੀਂ ਦੇਂਦਾ। ਉਹਨੂੰ ਡੋਹਣ ਨਹੀਂ ਦੇਂਦਾ। ਉਹਦੇ ਅਗੇ ਪਿਆਰ ਤੇ ਆਦਰ ਦਾ ਪ੍ਰਗਟਾ ਨਹੀਂ ਕਰਨ ਦੇਂਦਾ। ਪਰ ਜਦੋਂ ਰੋ ਰੋ ਕੇ ਸ਼ਾਂਤ ਹੋ ਜਾਣ ਪਿਛੋਂ ਉਹ ਸੋਚਦੇ ਕਿ ਧੰਨ ਸਰਦਾਰ ਹਰਪਾਲ ਸਿੰਘ ਦਾ ਜਿਗਰਾ ਹੈ, ਧੰਨ ਉਹਦੀ ਹਿੰਮਤ ਤਾਂ ਉਨ੍ਹਾਂ ਨੂੰ ਜਾਪਦਾ ਕਿ ਸਰਦਾਰ ਹਰਪਾਲ ਸਿੰਘ ਅਸਲੋਂ ਹਰੀ ਸਿੰਘ ਨਲੂਏ ਦੀ ਮੂਰਤ ਹੈ।

ਹੌਲੀ ਹੌਲੀ ਸਾਰੀ ਸੈਨਾ ਨਲੂਏ ਦੇ ਪਲੰਘ ਕੋਲੋਂ ਲੰਘ ਗਈ। ਸੂਰਜ ਛੁਪ ਗਿਆ, ਖ਼ੈਬਰ ਦੇ ਪਹਾੜਾਂ ਪਿਛੇ। ਹਰੀ ਸਿੰਘ ਨਲੂਏ ਨੇ ਆਪਣੇ ਸਰਦਾਰਾਂ ਨੂੰ ਆਪਣੇ ਆਲੇ ਦੁਆਲੇ ਬੈਠਣ ਦੀ ਆਗਿਆ ਕੀਤੀ, ਉਹ ਬੈਠ ਗਏ। ਇਨ੍ਹਾਂ ਸਭ ਸਰਦਾਰਾਂ ਵਿਚ ਸਰਦਾਰ ਮਹਾਂ ਸਿੰਘ ਹੀ ਇਕ ਅਜਿਹਾ ਸਰਦਾਰ ਸੀ ਜਿਹੜਾ ਨਲੂਏ ਨਾਲ ਵਰ੍ਹਿਆਂ ਤੋਂ ਰਹਿੰਦਾ ਆ ਰਿਹਾ ਸੀ। ਨਿਰਸੰਦੇਹ ਉਹਨੂੰ ਨਲੂਏ ਦੀ ਆ ਰਹੀ ਮੌਤ ਦਾ ਸਭ ਤੋਂ ਵਧ ਗ਼ਮ ਸੀ ਤੇ ਉਹਦੇ ਅਥਰੂ ਨਹੀਂ ਸਨ ਥੰਮ੍ਹਦੇ। ਆਪ ਨਲੂਆ ਤੇ ਬਾਕੀ ਸਰਦਾਰ ਉਹਨੂੰ ਦਿਲਾਸਾ ਦੇ ਰਹੇ ਸਨ, ਪਰ ਉਹਦੇ ਕੋਲੋਂ ਸਬਰ ਨਾ ਹੋਵੇ।

ਪੀਰ ਪੰਜਾਲ ਕੋਲ ਕਸ਼ਮੀਰ ਦੀ ਲੜਾਈ ਵਿਚ ਨੌਜਵਾਨ ਹਰਪਾਲ ਸਿੰਘ ਇਕ ਵਾਰੀ ਘੋਰ ਜ਼ਖ਼ਮੀ ਹੋਇਆ

Scanned by CamScanner

ਸੀ ਤੇ ਉਹਨੂੰ ਯਾਦ ਸੀ ਕਿ ਜਦੋਂ ਉਹ ਇਸੇ ਤਰ੍ਹਾਂ ਲੇਟਿਆ ਮੌਤ ਨੂੰ ਉਡੀਕ ਰਿਹਾ ਸੀ ਤਾਂ ਨਲੂਆ ਉਹਦੇ ਕੋਲ ਆਇਆ ਤੇ ਉਸ ਕਿਹਾ ਸੀ : "ਤੁਸੀਂ ਨਹੀਂ ਮਰ ਸਕਦੇ, ਮੇਰੇ ਬੀਰ ਸ਼ਿਪਾਹੀ। ਤੁਸੀਂ ਅਜੇ ਖ਼ਾਲਸਈ ਰਾਜ ਵਾਸਤੇ ਬੜਾ ਕੁਝ ਕਰਨਾ ਹੈ।" ਕਾਸ਼ ਹਰਪਾਲ ਸਿੰਘ ਨੇ ਸਚਿਆ, ਉਹ ਅੱਜ ਹਰੀ ਸਿੰਘ ਨਲੂਏ ਨੂੰ ਇਹੋ ਜਿਹੇ ਹੀ ਸ਼ਬਦ ਆਖ ਸਕਦਾ। ਕਾਬ...। ਪਰ ਉਹਨੂੰ ਜਾਪਿਆ ਕਿ ਜਿਥੇ ਹਰੀ ਸਿੰਘ ਨਲੂਆ ਸੁਦਾਰ ਵਿਚ ਮੌਤ ਨੂੰ ਠਲ੍ਹ ਪਾਣ ਦੀ ਹਿੰਮਤ ਸੀ, ਆਪ ਉਹਦੇ ਵਿਚ ਐਨੀ ਤਾਕਤ ਨਹੀਂ। ਉਹਨੂੰ ਕਸ਼ਮੀਰ ਦੀ ਫ਼ਤਹਿ ਤੇ ਨਲੂਏ ਦੀ ਕਸ਼ਮੀਰ ਦੀ ਗਵਰਨਰੀ ਦਾ ਸਮਾਂ ਯਾਦ ਆਇਆ। ਉਹ ਉਦੋਂ ਸਾਲ ਭਰ ਉਹਦੇ ਨਾਲ ਰਿਹਾ ਸੀ। ਸਭ ਤੋਂ ਵਡੀ ਕਰਾਮਾਤ ਜਿਹੜੀ ਨਲੂਏ ਨੇ ਕਸ਼ਮੀਰ ਵਿਚ ਵਿਖਾਈ ਉਹ ਮੁਸਲਮਾਨ ਜਨਤਾ ਦੇ ਦਿਲਾਂ ਦਾ ਜਿਤਣਾ ਸੀ। ਉਹਦੀ ਕਸ਼ਮੀਰ ਦੀ ਗਵਰਨਰੀ ਛਡਣ ਦਾ ਸਭ ਤੋਂ ਵਧ ਦੁਖ ਉਥੇ ਦੇ ਮੁਸਲਮਾਨਾਂ ਨੂੰ ਹੋਇਆ। ਤੇ ਫਿਰ ਇਹੋ ਹੀ ਕਰਾਮਾਤ ਨਲੂਏ ਨੇ ਹਜ਼ਾਰੇ ਦੀ ਗਵਰਨਰੀ ਵੇਲੇ ਤੇ ਫਿਰ ਪਿਸ਼ਾਵਰ ਦੀ ਗਵਰਨਰੀ ਵੇਲੇ ਵਿਖਾਈ। ਅਨੇਕ ਮੁਸਲਮਾਨ ਨਲੂਏ ਉੱਤੋਂ ਜਾਨ ਵਾਰਦੇ। ਨਵਾਬ ਮੁਹੰਮਦ ਅਰਬਾਬ ਖ਼ਾਨ ਤਹਿਕਾਬ ਦੀ ਅੱਜ ਦੀ ਲੜਾਈ ਵਿਚ ਹੋਈ ਮੌਤ ਇਸ ਗੱਲ ਦੀ ਗਵਾਹ ਸੀ। ਹਰਪਾਲ ਸਿੰਘ ਮੁਸਲਮਾਨਾਂ ਦੀ ਨਲੂਏ ਵਾਸਤੇ ਇਜ਼ਤ ਦੇ ਕਈ ਉਦਾਹਰਣ ਜਾਣਦਾ ਸੀ ਤੇ ਉਹ ਇਹ ਵੀ ਜਾਣਦਾ ਸੀ, ਕਿ ਪਠਾਣ ਵੀ ਦਿਲੋਂ ਨਲੂਏ ਦੀ ਇਜ਼ਤ ਕਰਦੇ ਹਨ। ਜੇ ਕਲ੍ਹ ਨਲੂਆ ਕਾਬਲ ਉੱਤੇ ਕਬਜ਼ਾ ਜਾ ਕਰੇ ਤਾਂ ਪਰਸੋਂ ਸਾਰਾ ਅਫ਼ਗਾਨਿਸਤਾਨ ਉਹਨੂੰ ਆਪਣਾ ਨਾਇਕ ਮੰਨ ਕੇ ਉਹਦਾ ਵਫ਼ਾਦਾਰ ਬਣ ਜਾਏਗਾ।

ਹਰਪਾਲ ਸਿੰਘ ਚਖ਼ਮੀ ਨਲੂਏ ਸੁਦਾਰ ਵਲ ਵੇਖੇ ਤੇ ਸੋਚੇ ਕਿ ਕੀ ਹੈ ਇਹ ਅਨੋਖੀ ਸ਼ਖ਼ਸੀਅਤ ਅਨੋਖੇ ਸਰਦਾਰ ਵਿਚ ! ਇਹ ਕਿਵੇਂ ਆਪਣੇ ਵੈਰੀਆਂ ਨੂੰ ਵੀ ਜਿਤ ਲੈਂਦਾ ਹੈ। ਕਿਵੇਂ ਉਨ੍ਹਾਂ ਨੂੰ ਮੋਹ ਲੈਂਦਾ ਹੈ। ਫਿਰ ਹਰਪਾਲ ਸਿੰਘ ਦਾ ਖ਼ਿਆਲ ਨੁਸ਼ਹਿਰੇ ਦੀ ਜੰਗ ਵਲ ਗਿਆ। ਉਦੋਂ ਵੀ ਉਹ ਨਲੂਏ ਦਾ ਤੋਪਚੀ ਸੀ। ਨੁਸ਼ਹਿਰੇ ਦੀ ਜਿਤ ਪਿਛੋਂ ਨਲੂਏ ਨੇ ਅਟਕ ਉੱਤੇ ਬੇੜੀਆਂ ਦਾ ਮਜ਼ਬੂਤ ਪੁਲ ਉਸਾਰਿਆ ਸੀ। ਆਪ ਉਸ ਇਸ ਪੁਲ ਵਾਸਤੇ ਥਾਂ ਚੁਣੀ ਤੇ ਆਪ ਹੀ ਉਸ ਇਕ ਖ਼ਾਸ ਕਿਸਮ ਦੇ ਪਾਟੇ ਗਡਣ ਦਾ ਹੁਕਮ ਦਿਤਾ ਤੇ ਫਿਰ ਆਪ ਹੀ ਉਸ ਪੁਲ ਦੇ ਮਜ਼ਬੂਤ ਹੋਣ ਦੀ ਜਿੰਮੇਵਾਰੀ ਲਈ।

ਨਲੂਆ ਇਕ ਉਸਰਈਆ ਸੀ। ਜਿੱਤਾਂ ਤੋਂ ਵਧ ਉਹਨੂੰ ਮੁਲਕੀ ਪ੍ਰਬੰਧ ਦੀ ਸੁਚੱਜਤਾ ਤੇ ਬੁਰਜਾਂ, ਕਿਲ੍ਹਿਆਂ, ਨਹਿਰਾਂ, ਪੁਲਾਂ ਆਦਿ ਦੀ ਉਸਰਾਈ ਖ਼ੁਸ਼ੀ ਦੇਂਦੀ। ਉਹਦੇ ਵਿਚ ਇਕ ਚੰਗਾ ਹੁਕਮਰਾਨ ਬਣਨ ਦੀ ਪ੍ਰਤਿਭਾ ਸੀ। ਹਰਪਾਲ ਸਿੰਘ ਉਹਦੇ ਜੀਵਨ ਵਿਚੋਂ ਇਕ ਇਕ ਕਰ ਕੇ ਇਸ ਰਾਏ ਦੀ ਪੁਸ਼ਟੀ ਕਰਦੇ ਕਈ ਉਦਾਹਰਣ ਚੁਣਦਾ ਗਿਆ। ਜਦੋਂ ਇਕ ਵਾਰ ਫਿਰ ਉਹਦਾ ਮਨ ਕਸ਼ਮੀਰ ਦੀ ਜਿਤ ਵਲ ਗਿਆ ਤਾਂ ਨਲੂਏ ਨੇ ਉਹਨੂੰ ਪੁਛਿਆ, "ਮੇਹਾ ਤੋਪਚੀ ਸਰਦਾਰ ਕੀ ਸੋਚ ਰਿਹਾ ਹੈ ?" ਹਰਪਾਲ ਸਿੰਘ ਨੇ ਕੁਝ ਉੱਤਰ ਨਹੀਂ ਦਿਤਾ, ਸਿਰਫ਼ ਨਲੂਏ ਵਲ ਤਕਿਆ। "ਜਾਪਦਾ ਹੈ ਤੁਹਾਡਾ ਖ਼ਿਆਲ ਕਸ਼ਮੀਰ ਦੀਆਂ ਜਿੱਤਾਂ ਵਲ ਹੈ।" ਹਰੀ ਸਿੰਘ ਮੁਸਕਰਾਇਆ। ਹਰਪਾਲ ਸਿੰਘ ਦੀਆਂ ਅੱਖਾਂ ਚਮਕ ਪਈਆਂ। ਹਰੀ ਸਿੰਘ ਨੇ ਕਿਵੇਂ ਉਹਦੇ ਦਿਲ ਦੀ ਬੁੱਝ ਲਈ ਸੀ। ਅੱਜ ਹੀ ਨਹੀਂ ਅਗੇ ਵੀ ਇਕ ਦੋ ਵਾਰ ਏਸੇ ਤਰ੍ਹਾਂ ਹੋਇਆ ਸੀ। ਹਰਪਾਲ ਸਿੰਘ ਦੀਆਂ ਅੱਖਾਂ ਚਮਕ ਪਈਆਂ ਤੇ ਉਹ ਮੁਸਕਰਾਇਆ "ਜੀ ਸਰਦਾਰ ਹਰੀ ਸਿੰਘ ! ਤੁਸੀਂ "

ਅਜ ਪਹਿਲੀ ਤੇ ਆਖ਼ਰੀ ਵਾਰ ਹਰਪਾਲ ਸਿੰਘ ਨੇ ਨਲੂਏ ਨੂੰ 'ਸਰਦਾਰ ਹਰੀ ਸਿੰਘ' ਆਖ ਕੇ ਬੁਲਾਇਆ। ਨਲੂਏ ਨੂੰ ਵੀ ਇਸ ਨਵੇਂ ਸੰਬੋਧਨ ਨੇ ਟੁੰਬਿਆ। ਉਹ ਜਾਣਦਾ ਸੀ ਕਿ ਜਿਵੇਂ ਹੋਰਨਾ ਸਰਦਾਰਾਂ ਦੇ ਉਹਦੇ ਲਈ ਪਿਆਰ ਦਾ ਪ੍ਰਗਟਾ ਉਨ੍ਹਾਂ ਦੇ ਅੱਥਰੂ ਸਨ, ਤਿਵੇਂ ਹੀ ਹਰਪਾਲ ਸਿੰਘ ਦੇ ਉਹਦੇ ਲਈ ਪਿਆਰ ਦਾ ਪ੍ਰਗਟਾ ਇਹ ਨਵੀਨ ਸੰਬੋਧਨ ਹੈ।

ਕਸ਼ਮੀਰ ਤੋਂ ਹਜ਼ਾਰਾ, ਹਜ਼ਾਰੇ ਤੋਂ ਪਿਸ਼ਾਵਰ ਤੇ ਸਹਿਜੇ ਹੀ ਹਰਪਾਲ ਸਿੰਘ ਦੇ ਖ਼ਿਆਲ, ਮੰਥਰ, ਕਾਬਲ ਹੈਰਾਤ, ਬਲਖ਼ ਵਲ ਵਧਦੇ ਗਏ। ਹੁਣ ਉਹਨੇ ਹਰੀ ਸਿੰਘ ਵਲ ਤਕਿਆ ਤੇ ਉਹਨੂੰ ਲਗਾ ਕਿ ਆਪ ਹਰੀ ਸਿੰਘ ਵੀ ਮਧ-ਏਸ਼ੀਆ ਦੇ ਇਨ੍ਹਾਂ ਹੀ ਅਸਥਾਨਾਂ ਬਾਰੇ ਸੋਚ ਰਿਹਾ ਹੈ। ਉਨ੍ਹਾਂ ਦੋਹਾਂ ਦੀਆਂ ਅੱਖਾਂ ਮਿਲੀਆਂ ਤੇ ਉਨ੍ਹਾਂ ਨੇ ਇਕ ਦੂਜੇ ਦੇ ਦਿਲਾਂ ਦੀ ਜਾਣੀ। ਉਹ ਦੋਵੇਂ ਹੀ ਸੋਚ ਰਹੇ ਸਨ ਕਿ ਕਾਬਲ ਤੇ ਬਲਖ਼ ਬਾਰੇ ਉਨ੍ਹਾਂ ਦੇ ਇਰਾਦਿਆਂ ਦਾ ਹੁਣ ਕੀ ਬਣੇਗਾ ? ਪਰ ਜਿਥੇ ਹਰਪਾਲ ਸਿੰਘ ਦੇ ਵਿਚਾਰ ਭਵਿਖ ਬਾਰੇ ਓਤ ਪੋਤ ਸਨ ਉਥੇ ਸਰਦਾਰ ਹਰੀ ਸਿੰਘ ਨਲੂਆ ਅਜੇ ਤਕ ਵੀ ਬਿਲਕੁਲ ਦ੍ਰਿੜ੍ਹ ਸੀ। ਉਸ ਆਖਿਆ : "ਹਰਪਾਲ ਸਿੰਘ ਮੈਂ ਸਿਖ ਰਾਜ ਨਹੀਂ। ਮੈਂ ਖ਼ਾਲਸਈ ਸੈਨਾ ਨਹੀਂ। ਮੇਰੇ ਨਾਲ ਖ਼ਾਲਸੇ ਦੀਆਂ ਜਿੱਤਾਂ ਖ਼ਤਮ ਨਹੀਂ ਹੋ ਰਹੀਆਂ। ਤੁਸੀਂ ਦਿਲ ਵਿਚ ਨਿਰਾਸ਼ ਨਹੀਂ ਹੋਣਾ। ਤੁਸੀਂ ਮੇਰੇ ਇਰਾਦੇ ਜਾਣਦੇ ਹੋ। ਸਰਕਾਰ ਨੂੰ ਮੇਰੇ

Scanned by CamScanner

ਵਲੋਂ ਸਭ ਕੁਝ ਦਸਣਾ ਤੇ ਇਹ ਵੀ ਆਖਣਾ..."

ਐਨੇ ਚਿਰ ਵਿਚ ਸਰਦਾਰ ਲਹਿਣਾ ਸਿੰਘ ਸਿੰਘਾਵਾਲੀਆ ਆ ਗਿਆ ਤੇ ਉਸ ਆਉਂਦਿਆਂ ਸਾਰ ਸਰਦਾਰ ਹਰੀ ਸਿੰਘ ਦੇ ਪੈਰ ਛੂਹੇ ਤੇ ਫਿਰ ਭੁੰਜੇ ਬੈਠ ਕੇ ਉਸ ਹਰੀ ਸਿੰਘ ਦਾ ਹੱਥ ਫੜ ਕੇ ਆਪਣੀਆਂ ਅੱਖਾਂ ਤੇ ਛਾਤੀ ਨਾਲ ਲਾਇਆ। ਨਲੂਏ ਦੇ ਫੱਟ ਬੰਨ੍ਹੇ ਗਏ ਸਨ, ਪਰ ਖ਼ੂਨ ਸਿੰਮਣਾ ਬੰਦ ਨਹੀਂ ਸੀ ਹੋਇਆ। ਹਕੀਮਾਂ ਤੇ ਫੱਟ-ਬੰਨ੍ਹਾਂ ਨੇ ਜੁਆਬ ਦੇ ਦਿਤਾ ਸੀ। ਲਹਿਣਾ ਸਿੰਘ ਦੇ ਆਉਣ ਤੋਂ ਥੋੜੀ ਦੇਰ ਪਿਛੋਂ ਹਰੀ ਸਿੰਘ ਨੇ ਸਿਵਾਏ ਲਹਿਣਾ ਸਿੰਘ ਤੇ ਹਰਪਾਲ ਸਿੰਘ ਦੇ ਬਾਕੀ ਸਰਦਾਰਾਂ ਨੂੰ ਬਾਹਰ ਜਾਣ ਦਾ ਹੁਕਮ ਦਿਤਾ। ਜਦੋਂ ਤੰਬੂ ਵਿਚ ਸਿਰਫ਼ ਉਹ ਤਿੰਨੇ ਰਹਿ ਗਏ ਤਾਂ ਨਲੂਏ ਨੇ ਕਿਹਾ : "ਸਰਦਾਰ ਹਰਪਾਲ ਸਿੰਘ ਤੇ ਸਰਦਾਰ ਲਹਿਣਾ ਸਿੰਘ ! ਮੈਂ ਹੁਣ ਚਲਿਆ ਹਾਂ। ਮੈਨੂੰ ਮਤਾ ਨਹੀਂ ਮੈਂ ਸਿਖ ਰਾਜ, ਖ਼ਾਲਸਈ ਸ਼ਾਨ ਤੇ ਭਾਰਤ ਦੀ ਇੱਜ਼ਤ ਵਾਸਤੇ ਕੁਝ ਕਰ ਸਕਿਆ ਹਾਂ ਕਿ ਨਹੀਂ, ਪਰ ਮੈਨੂੰ ਵਿਸ਼ਵਾਸ਼ ਹੈ ਕਿ ਮੈਂ ਦੇਸ਼ ਦੀ ਇਸ ਵਧ ਰਹੀ ਸ਼ਾਨ ਤੇ ਇੱਜ਼ਤ ਵਿਚ ਸਿਰਫ਼ ਇਕ ਕੜੀ, ਇਕ ਪੌੜੀ ਹਾਂ। ਜੇ ਕਿਸਮਤ ਯਾਵਰੀ ਕਰਦੀ, ਤਾਂ ਮੈਂ...।" ਥੋੜੀ ਦੇਰ ਰੁਕ ਕੇ ਉਹ ਕਹਿੰਦਾ ਗਿਆ, "ਮੈਂ ਲਾਹੌਰ ਬੜੀ ਥੋੜੀ ਦੇਰ ਰਿਹਾ ਹਾਂ, ਪਰ ਮੈਂ ਜਾਣਦਾ ਹਾਂ ਲਾਹੌਰ ਕੀ ਹੁੰਦਾ ਰਹਿੰਦਾ ਹੈ। ਜਦੋਂ ਤੋਂ ਸਰਕਾਰ ਦਾ ਸਰੀਰ ਢਿੱਲਾ ਹੋਇਆ ਹੈ ਉਦੋਂ ਤੋਂ ਦਰਬਾਰ ਦੀ ਹਾਲਤ ਠੀਕ ਨਹੀਂ। ਤੁਸਾਂ ਦੋਹਾਂ ਸਰਦਾਰਾਂ ਨੇ ਯੱਕ-ਮੁਠ ਰਹਿਣਾ। ਯਾਦ ਰਖਣਾ ਕਿ ਦੇਸ਼ ਤੇ ਕੌਮ ਸਭ ਸ਼ੈਆਂ ਤੋਂ ਪਹਿਲੇ ਆਉਂਦੇ ਹਨ। ਰਾਜਾ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ ਦੇ ਇਰਾਦੇ ਮੈਨੂੰ ਠੀਕ ਨਹੀਂ ਜਾਪਦੇ ਤੇ ਦੂਜਾ ਅੰਗ੍ਰੇਜ਼ਾਂ ਉੱਤੇ ਕਦੀ ਸੰਪੂਰਨ ਵਿਸ਼ਵਾਸ਼ ਨਹੀਂ ਕਰਨਾ। ਉਹ ਮਹਾਨ ਰਾਜਨੀਤਕ ਹਨ ਤੇ ਤੁਸੀਂ ਵੀ ਸਦਾ ਰਾਜਨੀਤੀ ਹੀ ਉਨ੍ਹਾਂ ਨਾਲ ਵਰਤਣੀ ਤੇ ਸਰਕਾਰ ਨੂੰ ਕਹਿਣਾ..."

ਨਲੂਆ ਫਿਰ ਚੁਪ ਕਰ ਗਿਆ। ਲਹਿਣਾ ਸਿੰਘ ਤੇ ਹਰਪਾਲ ਸਿੰਘ ਉਹਦੇ ਵਲ ਸਵਾਲੀਆ ਨਜ਼ਰਾਂ ਨਾਲ ਤੱਕ ਰਹੇ ਸਨ। ਕੁਝ ਚਿਰ ਪਿਛੋਂ ਲਹਿਣਾ ਸਿੰਘ ਨੇ ਪੁਛਿਆ, "ਹੁਕਮ ਕਰੋ, ਸਰਕਾਰ ਨੂੰ ਕੀ ਆਖਣਾ ਹੈ ?" "ਆਖਣਾ ਕਿ..." ਤੇ ਹਰੀ ਸਿੰਘ ਫਿਰ ਚੁਪ ਕਰ ਗਿਆ। ਹਰਪਾਲ ਸਿੰਘ ਜਾਣਦਾ ਸੀ ਕਿ ਜਦੋਂ ਸਰਦਾਰ ਹਰੀ ਸਿੰਘ ਇਉਂ ਗੱਲਾਂ ਵਿੱਚੇ ਛਡ ਦੇਵੇ ਤਾਂ ਉਹ ਕਦੀ ਕਿਸੇ ਦੇ ਕਹਿਣ ਉੱਤੇ ਉਨ੍ਹਾਂ ਨੂੰ ਪੂਰਿਆਂ ਨਹੀਂ ਕਰਦਾ। ਆਪੇ ਭਾਵੇਂ ਕਦੀ ਫਿਰ ਪ੍ਰਗਟ ਕਰ ਦੇਵੇ, ਪਰ ਉਸ ਵੇਲੇ ਕਿਸੇ ਦੇ ਕਹਿਣ ਉੱਤੇ ਨਹੀਂ। ਇਕ ਸਮੇਂ ਦੀ ਹੋਰ ਚੁਪ ਪਿਛੋਂ ਹਰੀ ਸਿੰਘ ਬੋਲਿਆ : "ਕੁਝ ਨਹੀਂ। ਜੋ ਕੁਝ ਮੈਂ ਅਜੇ ਤਕ ਕਿਹਾ ਹੈ ਉਹੋ ਹੀ ਕਾਫ਼ੀ ਹੈ। ਯਾਦ ਰਖਣਾ ਦੇਸ਼ ਕੌਮ ਨੂੰ ਜ਼ਾਤ ਤੋਂ ਸਦਾ ਪਹਿਲੇ ਰਖਣਾ...। ਹੁਣ ਬਾਕੀ ਸਰਦਾਰਾਂ ਨੂੰ ਬੁਲਾ ਲਉ..।"

ਬਾਕੀ ਸਰਦਾਰ ਆ ਗਏ। ਜਾਣ ਤੋਂ ਪਹਿਲਾਂ ਨਲੂਆ ਆਪਣੇ ਸਰਦਾਰਾਂ ਵਾਸਤੇ ਜਾਗੀਰਾਂ ਤੇ ਖ਼ਿਤਾਬ ਵੰਡ ਗਿਆ। ਮਹਾਂ ਸਿੰਘ ਨੂੰ ਉਸ ਇਹ ਜਾਗੀਰਾਂ ਤੇ ਖ਼ਿਤਾਬਾਂ ਵਾਸਤੇ ਮਹਾਰਾਜਾ ਰਣਜੀਤ ਸਿੰਘ ਕੋਲ ਉਹਦੇ ਵਲੋਂ ਗੱਲ ਕਰਨ ਲਈ ਨਿਯਤ ਕੀਤਾ। ਹਰਪਾਲ ਸਿੰਘ ਨੂੰ ਜਰਨੈਲੀ ਦਾ ਅਹੁਦਾ ਬਖ਼ਸ਼ਿਆ ਤੇ ਖ਼ਿਤਾਬ ਦਿਤਾ, "ਸਰਦਾਰ ਬਾਵੱਕਾਰ, ਇਜ਼ਤੇ-ਰਾਜ, ਸਰਦਾਰ ਹਰਪਾਲ ਸਿੰਘ ਬਹਾਦਰ।" ਇਉਂ ਹਰਪਾਲ ਮਹਾਰਾਜਾ ਰਣਜੀਤ ਸਿੰਘ ਵਲੋਂ ਮਿਲੇ ਪਹਿਲੇ ਖ਼ਿਤਾਬ ਰਲਾ ਕੇ ਬਣਿਆਂ, "ਸ਼ੇਰੇ ਸਲਤਨੱਤ, ਨੂਰੇ-ਨਜ਼ਰ, ਸਰਦਾਰ ਬਾਵੱਕਾਰ, ਇਜ਼ਤੇ-ਰਾਜ, ਸਰਦਾਰ ਹਰਪਾਲ ਸਿੰਘ ਬਹਾਦਰ। ਇਹ ਖ਼ਿਤਾਬ ਤੇ ਅਹੁਦਾ ਪਾ ਕੇ ਹਰਪਾਲ ਮੁੜ ਗੜ੍ਹੀ ਉੱਤੇ ਆ ਬੈਠਾ।" ਉਹ ਸੋਚ ਰਿਹਾ ਸੀ ਕਿ ਉਸ ਇਹ ਖ਼ਿਤਾਬ ਤੇ ਇਹ ਅਹੁਦਾ ਪਾ ਕੇ ਦਰਅਸਲ ਕੀ ਪਾਇਆ। ਕਾਸ਼ ! ਉਹ ਸੋਚਦਾ ਕਿ ਮੈਨੂੰ ਇਹ ਇੱਜ਼ਤ ਨਾ ਬਖਸ਼ੀ ਜਾਂਦੀ।

ਜੋ ਕੁਝ ਸਰਦਾਰ ਹਰੀ ਸਿੰਘ ਨੇ ਸਿਖ ਰਾਜ ਬਾਰੇ ਤੇ ਇਹਦੇ ਮਹਾਂ ਮੰਤਰੀ ਰਾਜਾ ਧਿਆਨ ਸਿੰਘ ਬਾਰੇ ਕਿਹਾ ਸੀ ਉਹਨੇ ਹਰਪਾਲ ਨੂੰ ਡਰਾਇਆ। ਉਹਨੂੰ ਸਮਝ ਨਾ ਆਈ ਕਿ ਸਰਦਾਰ ਹਰੀ ਸਿੰਘ ਦਾ ਕੀ ਮਤਲਬ ਸੀ। ਸਾਰੀ ਜ਼ਿੰਦਗੀ ਵਿਚ ਪਹਿਲੀ ਵਾਰ ਉਸ ਕਿਸੇ ਦੇ ਮੂੰਹੋਂ ਮਹਾਰਾਜਾ ਰਣਜੀਤ ਦੀ ਆ ਰਹੀ ਮੌਤ ਤੇ ਸਿਖ ਰਾਜ ਉੱਤੇ ਆਉਂਦੇ ਕਿਸੇ ਸੰਕਟ ਬਾਰੇ ਕੁਝ ਸੁਣਿਆ ਸੀ। ਅਜੇ ਤਕ ਸਾਰਾ ਲਾਹੌਰ, ਸਾਰਾ ਪੰਥ, ਸਾਰਾ ਪੰਜਾਬ ਰਣਜੀਤ ਸਿੰਘ ਦੀ ਛਾਂ ਹੇਠਾਂ ਘੁੱਗ ਵੱਸਦਾ ਸੀ। ਕਿਸੇ ਨੂੰ ਖ਼ਿਆਲ ਨਹੀਂ ਸੀ ਆਇਆ ਕਿ ਰਣਜੀਤ ਸਿੰਘ ਦੇ ਪਿਛੋਂ ਕੀ ਹੋਵੇਗਾ।

ਹਰਪਾਲ ਸਿੰਘ ਮਾਸ ਦਾ ਨਹੀਂ, ਲੋਹੇ ਦਾ ਆਦਮੀ ਸੀ। ਉਹਨੂੰ ਕੋਈ ਸ਼ੱਕੇ ਤੇ ਡਰ ਭਰਾ ਨਹੀਂ ਸਨ ਸਕਦੇ, ਪਰ ਅਜ ਨਲੂਏ ਦੇ ਇਨ੍ਹਾਂ ਬਚਨਾਂ ਨਾਲ ਉਹ ਪਹਿਲੀ ਵਾਰ ਤ੍ਰੁੱਭਕਿਆ ਤੇ ਉਸ ਸੋਚਿਆ ਕਿ ਬੇਸ਼ਕ ਅਜ ਦਾ ਦਿਨ ਦੁਗਣਾਂ

Scanned by CamScanner

ਕਿ ਜਿਗਨਾ ਇਤਿਹਾਸਕ ਹੈ। ਹਰ ਪਹਿਲੂ ਤੋਂ ਇਤਿਹਾਸਕ। ਸਵੇਰੇ ਇਹ ਦਿਨ ਇਤਿਹਾਸਕ ਸੀ ਕਿ ਤੀਹ ਚਾਲ੍ਹੀ ਹਜ਼ਾਰ ਪਠਾਣੀ ਸੈਨਾਂ ਦਸ ਹਜ਼ਾਰ ਖ਼ਾਲਸਈ ਸੈਨਾਂ ਕੋਲੋਂ ਦੱਰਾ ਖ਼ੈਬਰ ਦੇ ਚੌਗਿਰਦੇ ਵਿਚ ਭਾਂਜ ਖਾ, ਕੇ ਖਿੰਡਰ ਗਈ; ਕਿ ਪੂਰੇ ਖ਼ਾਲਸਈ ਸੈਨਾਂ ਵਾਸਤੇ ਖ਼ੈਬਰ ਦਾ ਦੱਰਾ ਤੇ ਕਾਬਲ ਦਾ ਰਾਹ ਸਾਫ਼ ਹੈ। ਅਜ ਸਵੇਰੇ ਭਾਰਤ ਦੀ ਲਾਜ ਸੁਰਜੀਤ ਹੋਈ ਸੀ। ਅਠ ਸੌ ਸਾਲ ਪਿਛੋਂ ਭਾਰਤ ਦੀ ਨਿੱਜੀ ਹਕੂਮਤ ਦੀ ਇਕ ਸੈਨਾਂ ਦੱਰਾ ਖ਼ੈਬਰ ਨੂੰ ਫਾਂਦ ਰਹੀ ਸੀ। ਜਿਥੇ ਉਹ ਅਜ ਦੁਪਹਿਰੇ ਪਹੁੰਚੇ ਸਨ ਓਥੋਂ ਲਘਮਾਨ ਸਿਰਫ ਸੱਠ ਸੱਤਰ ਮੀਲ ਦੂਰ ਹੈ : ਲਘਮਾਨ ਜਿਥੇ ਹਿੰਦੀਆਂ ਨੇ ਆਖਰੀ ਲੜਾਈ ਲੜੀ। ਅਜ ਸਵੇਰੇ ਇਤਿਹਾਸਕ ਦਰਿਸ਼ਟੀਕੋਣ ਤੋਂ ਇਕ ਮਹਾਨ ਭਵਿਖਤ ਭਾਰਤ ਸਾਹਮਣੇ ਖੁਲ੍ਹਿਆ ਸੀ।

ਪਰ ਪਰ . ਦਿਨ ਦੇ ਖ਼ਤਮ ਹੋਣ ਤੋਂ ਪਹਿਲੇ ਜਿਵੇਂ ਇਹ ਮਹਾਨ ਭਵਿਖਤ ਖੁਲ੍ਹ ਕੇ, ਇਕ ਵਿਖਾਲੀ ਤੇ ਇਕ ਝਾਕੀ ਦੇ ਕੇ ਗੁੰਮ ਵੀ ਹੋ ਚੁਕਾ ਸੀ। ਅੱਜ ਸਵੇਰੇ ਦੱਰਾ ਖ਼ੈਬਰ ਉਨ੍ਹਾਂ ਦੇ ਪੈਰਾਂ ਥੱਲੇ ਵਿਛ ਗਿਆ ਸੀ ਤੇ ਉਸ ਤੋਂ ਪਾਰ ਇਕ ਝਰੋਖੇ ਵਿਚੋਂ ਦੇਖੇ ਜਾ ਸਕਦੇ ਸਨ, ਲਘਮਾਨ ਕਾਬਲ, ਕੰਧਾਰ ਤੇ ਬਲਖ਼। ਪਰ ਅੱਜ ਸ਼ਾਮੀਂ ਜਿਵੇਂ ਇਸ ਝਰੋਖੇ ਅਗੇ ਇਕ ਪਰਦਾ ਆ ਪਿਆ ਤੇ ਨਜ਼ਰਾਂ, ਇਰਾਦੇ ਤੇ ਸੁਪਨੇ ਦੱਰਾ ਖ਼ੈਬਰ ਦੇ ਪਹਾੜਾਂ ਤਕ ਹੀ ਸੀਮਤ ਹੋ ਗਏ। ਇਕ ਇਤਿਹਾਸ ਬਣਿਆ, ਪਰ ਇਕ ਇਤਿਹਾਸ ਵਿਗੜ ਵੀ ਗਿਆ। ਭੂਤ ਉਜਵਲ ਹੋਇਆ, ਪਰ ਭਵਿਖ ਹਨੇਰਾ।

ਹਰਪਾਲ ਨੇ ਨਿਗਾਹ ਭਰ ਕੇ ਖ਼ੈਬਰ ਦੇ ਪਹਾੜਾਂ ਵਲ ਵੇਖਿਆ। ਥੋੜ੍ਹਾ ਚਿਰ ਪਹਿਲੇ ਪੱਛੋਂ ਵਿਚ ਸੂਰਜ ਅਲੋਪ ਹੋਇਆ ਸੀ ਤੇ ਹੁਣ ਚਾਰ ਚੁਫ਼ੇਰੇ ਚੰਨ ਦੀ ਨਿੰਮੀ ਨਿੰਮੀ ਲੋਅ ਪਸਰ ਰਹੀ ਸੀ। ਸਾਹਮਣੇ ਇਕ ਸਫ਼ੈਦ ਤੰਬੂ ਵਿਚ ਵੀ ਇਕ ਸੂਰਜ ਅਲੋਪ ਹੋਇਆ ਪਿਆ ਸੀ ! ਅੱਜ ਤੋਂ ਇਸ ਸੂਰਜ ਦੀ ਚੰਨ ਵਾਂਗ ਮਾਂਗਵੀਂ ਲੋਅ ਹੀ ਖ਼ੈਬਰ ਦੇ ਪਹਾੜਾਂ ਵਿਚ ਪਸਰ ਸਕਦੀ ਸੀ, ਪਰ ਇਹ ਮੱਘਦਾ ਸੂਰਜ ਫਿਰ ਕਦੇ ਨਹੀਂ ਚੜ੍ਹਨਾ।

ਸਦੀਆਂ ਬੀਤ ਜਾਣਗੀਆਂ, ਪਰ ਹਰੀ ਸਿੰਘ ਨਲੂਏ ਦਾ ਨਾਂ ਇਨ੍ਹਾਂ ਪਹਾੜਾਂ ਦੀਆਂ ਵਾਦੀਆਂ ਵਿਚ ਗੂੰਜਦਾ ਰਹੇਗਾ। ਇਨ੍ਹਾਂ ਪਹਾੜੀਆਂ ਦੀਆਂ ਚੋਟੀਆਂ ਸਦੀਆਂ ਤਕ ਇਸ ਜੇਤੂ ਦੀ ਜੁਆਂ-ਮਰਦੀ ਅਗੇ ਝੁਕਦੀਆਂ ਰਹਿਣਗੀਆਂ। ਪਸ਼ਤੋ ਜ਼ਬਾਨ ਵਿਚ ਹਰੀ ਸਿੰਘ ਨਲੂਏ ਦਾ ਨਾਂ ਮੁਹਾਵਰੇ ਬਣ ਕੇ ਅਮਰ ਹੋਏਗਾ। ਹਰਪਾਲ ਵਿਸ਼ਵਾਸ਼ ਨਾਲ ਨਹੀਂ ਸੀ ਕਹਿ ਸਕਦਾ ਕਿ ਇਸ ਆਲੇ ਦੁਆਲੇ ਤੇ ਇਨ੍ਹਾਂ ਪਹਾੜਾਂ ਦਾ ਭਵਿਖਤ ਕੀ ਹੋਵੇਗਾ, ਪਰ ਉਹ ਜਾਣਦਾ ਸੀ ਕਿ ਜਿਵੇਂ ਪੋਰਸ ਸਕੰਦਰ, ਚੰਗੇਜ਼, ਤੈਮੂਰ, ਬਾਬਰ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੀ ਯਾਦ ਇਨ੍ਹਾਂ ਪਹਾੜਾਂ, ਵਾਦੀਆਂ ਤੇ ਦਰਿਆਵਾਂ ਵਿਚ ਅੱਜ ਤਕ ਮਹਿਫ਼ੂਜ਼ ਹੈ ਉਵੇਂ ਹਰੀ ਸਿੰਘ ਨਲੂਏ ਦੀ ਯਾਦ ਵੀ ਇਨ੍ਹਾਂ ਸਿਲਾਂ ਉੱਤੇ ਸਦਾ ਲਈ ਉੱਕਰੀ ਗਈ ਹੈ। ਜਿਵੇਂ ਅਸ਼ੋਕ ਦੀ ਯਾਦ ਉਹਦੇ ਸ਼ਿਲਾ-ਲੇਖਾਂ ਦੀ ਸ਼ਕਲ ਵਿਚ ਪਿਛਲੇ ਦੋ ਹਜ਼ਾਰ ਸਾਲ ਤੋਂ ਏਸ ਇਲਾਕੇ ਵਿਚ ਮਹਿਫ਼ੂਜ਼ ਹੈ, ਉਵੇਂ ਹੀ ਅਜ ਤੋਂ ਦੋ ਹਜ਼ਾਰ ਸਾਲ ਬਾਅਦ ਤਕ ਹਰੀ ਸਿੰਘ ਨਲੂਏ ਦੀ ਬੀਰਤਾ ਵੀ ਇਕ ਕਹਾਣੀ ਬਣ ਕੇ ਏਥੋਂ ਦੀ ਹਵਾ ਵਿਚ ਗੂੰਜਦੀ ਰਹੇਗੀ।

ਇਉਂ ਸੋਚਦਿਆਂ ਸੋਚੁਦਿਆਂ ਨਾ ਜਾਣੇ ਇਸ ਲੋਹੇ ਦੇ ਆਦਮੀ ਦੀਆਂ ਅੱਖਾਂ ਕਿਵੇਂ ਅੱਥਰੂਆਂ ਨਾਲ ਸੱਜਲ ਹੋ ਗਈਆਂ ਤੇ ਏਥੋਂ ਤਕ ਕਿ ਇਕ ਅੱਥਰੂ ਉਹਦੀ ਸੱਜੀ ਗਲ੍ਹ ਉੱਤੇ ਮਿਲੇ ਫੱਟ ਤਕ ਵੀ ਪਹੁੰਚਣ ਲਗਾ। ਪਰ ਇਸ ਤੋਂ ਪਹਿਲੇ ਕਿ ਇਹ ਅੱਥਰੂ ਉਸ ਨਿਸ਼ਾਨੇ ਤਕ ਪਹੁੰਚਦਾ ਹਰਪਾਲ ਸਿੰਘ ਨੇ ਉਹਨੂੰ ਪੂੰਝ ਛਡਿਆ। ਅੱਜ ਹਰਪਾਲ ਦੀਆਂ ਅੱਖਾਂ ਵਿਚ ਬਾਈ ਵਰ੍ਹੇ ਪਿਛੋਂ ਅੱਥਰੂ ਉਮਡੇ ਸਨ। ਬਾਈ ਸਾਲ ਪਹਿਲੇ ਇਹ ਅੱਥਰੂ ਇਕ ਪਿਆਰ ਵਾਸਤੇ ਸਨ, ਪਰ ਅਜ ਦੇ ਇਹ ਅੱਥਰੂ ਇਕ ਪਿਆਰ ਵਾਸਤੇ ਨਹੀਂ ਅਨੇਕਾਂ ਪਿਆਰਾਂ, ਸੁਪਨਿਆਂ, ਉਮੀਦਾਂ ਤੇ ਨਿਰਾਸ਼ਾਵਾਂ ਵਾਸਤੇ ਸਨ।

ਅੱਜ ਦੇ ਸਮੁਚੇ ਦਿਨ ਵਾਂਗ ਹਰਪਾਲ ਸਿੰਘ ਦੇ ਇਹ ਅੱਥਰੂ ਵੀ ਇਤਿਹਾਸਕ ਸਨ।

Scanned by CamScanner

੮੨

ਬਾਈ ਵਰ੍ਹੇ ਪਹਿਲੇ ਹਰਪਾਲ ਸਿੰਘ ਦੀ ਉਮਰ ਸਤਾਰਾਂ ਵਰ੍ਹਿਆਂ ਦੀ ਸੀ। ਆਪਣੇ ਪਿਤਾ ਨਾਲ ਉਹ ਉਹਨੀਂ ਦਿਨੀਂ ਮੁਲਤਾਨ ਦੀ ਛਤਹਿ ਵਾਸਤੇ ਗਿਆ। ਮੁਹਿੰਮ ਉੱਤੇ ਜਾਂਦਿਆਂ ਆਉਂਦਿਆਂ ਕੋਈ ਸਤ ਮਹੀਨੇ ਲਗ ਗਏ। ਪਿਤਾ ਸਰਦਾਰ ਦਲੇਰ ਸਿੰਘ ਤੇ ਪੁਤਰ ਹਰਪਾਲ ਸਿੰਘ ਉਦੋਂ ਜਰਨੈਲ ਇਲਾਹੀ ਬਖਸ਼ ਦੇ ਥੱਲੇ ਖ਼ਾਲਸਈ ਤੋਪਖ਼ਾਨੇ ਵਿਚ ਸਨ। ਪਿਤਾ ਇਲਾਹੀ ਬਖਸ਼ ਦਾ ਮੀਤ ਸੀ ਤੇ ਹਰਪਾਲ ਸਿੰਘ ਸਿਰਫ਼ ਇਕ ਸਿਪਾਹੀ। ਇਲਾਹੀ ਬਖਸ਼ ਆਪਣ ਵੇਲੇ ਦਾ ਸਭ ਤੋਂ ਵਧੀਆ ਤੇ ਸਿਆਣਾ ਤੋਪਚੀ ਗਿਣਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਉਹਦੇ ਉੱਤੇ ਬੜਾ ਇਤਬਾਰ ਸੀ, ਇਥੋਂ ਤਕ ਕਿ ਉਸ ਨੇ ਇਲਾਹੀ ਬਖਸ਼ ਨੂੰ ਆਪਣੇ ਸਮੁੱਚੇ ਤੋਪਖ਼ਾਨੇ ਦਾ ਸੈਨਾਪਤੀ ਨਿਯਤ ਕੀਤਾ ਤੇ ਦਲੇਰ ਸਿੰਘ ਨੂੰ ਉਹਦਾ ਮੀਤ ਥਾਪਿਆ।

ਇਸ ਲੜਾਈ ਵਿਚ ਪਹਿਲੀ ਵਾਰ ਹਰਪਾਲ ਸਿੰਘ ਨੇ ਆਪਣੀ ਬਹਾਦਰੀ ਤੇ ਪ੍ਰਤਿਭਾ ਦਿਖਾਈ। ਬੇਸ਼ਕ ਇਸ ਤੋਂ ਪਹਿਲਾਂ ਵੀ ਉਹ ਕਸੂਰ ਤੇ ਪਹਾੜੀ ਰਾਜਿਆਂ ਦੇ ਬਰਖ਼ਿਲਾਫ਼ ਲੜੀਆਂ ਗਈਆਂ ਲੜਾਈਆਂ ਵਿਚ ਹਿੱਸਾ ਲੈ ਚੁਕਾ ਸੀ, ਪਰ ਕਿਸੇ ਨੇ ਇਹਦੇ ਵਿਚਲੀ ਪ੍ਰਤਿਭਾ ਨੂੰ ਨਹੀਂ ਸੀ ਸਿੰਞਾਣਿਆਂ। ਐਤਕੀ ਮੁਲਤਾਨ ਵਿਚ ਕਿਲ੍ਹੇ ਦੇ ਘੇਰੇ ਸਮੇਂ ਜਦੋਂ ਹਰਪਾਲ ਸਿੰਘ ਦੇ ਦਸਤੇ ਦਾ ਹੌਲਦਾਰ ਮਰ ਗਿਆ ਤਾਂ ਦਸਤੇ ਨੂੰ ਮਿਲਿਆ ਕੰਮ ਜਾਰੀ ਰਖਣ ਵਾਸਤੇ ਹਰਪਾਲ ਸਿੰਘ ਨੇ ਆਪਣੇ ਆਪ ਹੌਲਦਾਰ ਦੀ ਥਾਂ ਲੈ ਲਈ। ਉਹਨੂੰ ਕਿਸੇ ਨੇ ਇਹ ਅਹੁਦਾ ਸੰਭਾਲਣ ਲਈ ਹੁਕਮ ਨਹੀਂ ਸੀ ਦਿਤਾ। ਪਰ ਤਾਂ ਵੀ ਕਿਸੇ ਸਿਪਾਹੀ ਨੇ ਉਹਦੀ ਹੁਕਮ ਅਦੂਲੀ ਨਹੀਂ ਸੀ ਕੀਤੀ। ਬੇਸ਼ਕ ਬਹੁਤੇ ਸਿਪਾਹੀ ਉਸ ਵੇਲੇ ਉਹਦੇ ਨਾਲੋਂ ਉਮਰ ਵਿਚ ਵਡੇ ਸਨ ਤੇ ਕਈ ਵਰ੍ਹੇ ਤੋਪਖ਼ਾਨੇ ਵਿਚ ਕੰਮ ਕਰਦੇ ਰਹੇ ਸਨ। ਪਰ ਜਿਨ੍ਹਾਂ ਨੇ ਜ਼ਿੰਦਗੀ ਵਿਚ ਨਾਇਕ ਤੇ ਆਗੂ ਬਣਨਾ ਹੋਵੇ, ਉਨ੍ਹਾਂ ਦੇ ਚਿਹਨ ਚਕਰ ਤੇ ਤੌਰ ਤਰੀਕੇ ਜਮਾਂਦਰੂ ਹੀ ਹੋਰ ਹੁੰਦੇ ਹਨ। ਉਮਰਾਂ ਦਾ ਫ਼ਰਕ ਫ਼ਰਕ ਨਹੀਂ ਪਾਂਦਾ। ਪ੍ਰਤਿਭਾ ਆਪਣੇ ਆਪ ਔਖੇ ਸਮਿਆਂ ਵੇਲੇ ਸਤਹ ਉਤੇ ਆ ਕੇ ਇਕ ਰੋੜ੍ਹ ਦੀ ਸ਼ਕਲ ਧਾਰਨ ਕਰ ਲੈਂਦੀ ਹੈ ਤੇ ਫਿਰ ਘਟ ਹੌਂਸਲੇ ਵਾਲੇ ਤੇ ਆਮ ਆਦਮੀ ਇਸ ਸਾਹਮਣੇ ਠਹਿਰ ਨਹੀਂ ਸਕਦੇ। ਆਸਾਧਾਰਨਤਾ ਸਾਧਾਰਨਤਾ ਨੂੰ ਆਪਣੇ ਵਿਚ ਸਮੇਟ ਲੈਂਦੀ ਹੈ।

ਸਤਾਰਾਂ ਸਾਲਾਂ ਦਾ ਯੁਵਕ ਹਰਪਾਲ ਸਿੰਘ ਆਪਣੇ ਹੌਲਦਾਰ ਦੇ ਮਰਦੇ ਅਚੇਤ ਹੀ ਆਪ ਹੌਲਦਾਰ ਬਣ ਬੈਠਾ। ਲੜਾਈ ਅਜਿਹੀ ਘਮਸਾਨ ਦੀ ਹੋ ਰਹੀ ਸੀ ਕਿ ਨਾ ਹੀ ਉਹਨੂੰ ਇਉਂ ਬਿਨਾਂ ਕਿਸੇ ਦੀ ਆਖਿਆ ਹੌਲਦਾਰ ਬਣਨਾ ਮਹਿਸੂਸ ਹੋਇਆ ਤੇ ਨਾ ਹੀ ਹੋਰਨਾਂ ਸਿਪਾਹੀਆਂ ਨੂੰ ਖ਼ਿਆਲ ਆਇਆ ਕਿ ਉਹ ਇਸ ਯੁਵਕ ਨਾਲੋਂ ਉਮਰ ਵਿਚ ਵਡੇ ਤੇ ਤਜਰਬੇ ਵਿਚ ਅਮੀਰ ਹਨ।

ਇਸ ਦੌਰਾਨ ਵਿਚ ਇਲਾਹੀ ਬਖਸ਼ ਇਸ ਮੋਰਚੇ ਉੱਤੇ ਪੁਜਾ। ਉਸ ਹਰਪਾਲ ਸਿੰਘ ਨੂੰ ਦਸਤੇ ਦੀ ਕਮਾਨ ਵਿਚ ਵੇਖਿਆ। ਉਹ ਇਸ ਤਰ੍ਹਾਂ ਕੰਮ ਕਰਨ ਤੇ ਹੁਕਮ ਦੇਣ ਵਿਚ ਰੁੱਝਾ ਹੋਇਆ ਸੀ ਕਿ ਉਹਨੂੰ ਸੈਨਾਪਤੀ ਇਲਾਹੀ ਬਖਸ਼ ਦੇ ਆਉਣ ਦੀ ਵੀ ਖ਼ਬਰ ਨਾ ਹੋਈ।

ਇਲਾਹੀ ਬਖਸ਼ ਵਿਚ ਹਾਸ ਰਸ ਦੀ ਰੁਚੀ ਸੀ ਜੋ ਬਹੁਤੇ ਮਹਾਨ ਜਰਨੈਲਾਂ ਤੇ ਮਨੁਖਾਂ ਵਿਚ ਹੁੰਦੀ ਹੈ। ਘਮਸਾਨ ਦੀ ਲੜਾਈ ਹੋ ਰਹੀ ਸੀ, ਪਰ ਫਿਰ ਵੀ ਇਲਾਹੀ ਬਖਸ਼ ਨੂੰ ਇਹ ਯੁਵਕ ਇਸ ਤਰ੍ਹਾਂ ਹੁਕਮ ਦੇਂਦਾ ਅੱਡਾ ਪਿਆਰਾ ਲਗਾ ਕਿ ਉਹ ਘੋੜਾ ਦੁੜਾ ਕੇ ਆਪਣੇ ਮੀਤ ਦਲੇਰ ਸਿੰਘ ਨੂੰ ਬੁਲਾ ਲਿਆਇਆ। "ਸਰਦਾਰ ਦਲੇਰ ਸਿੰਘ! ਤੁਹਾਡਾ ਇਹ ਸਪੁੱਤਰ ਆਪਣੇ ਪੜਦਾਦਾ ਸ਼ਾਹਬਾਜ਼ ਸਿੰਘ ਵਾਂਗ ਵੇਖੋ ਕਿੰਝ ਤੋਪਾਂ ਨੂੰ ਖਿਡਾਉਣਿਆਂ ਵਾਂਗ ਖਿਡਾ ਰਿਹਾ ਹੈ।

Scanned by CamScanner

ਮੈਂ ਤੁਹਾਡੇ ਦਾਦੇ ਨੂੰ ਵੇਖਿਆ ਨਹੀਂ, ਪਰ ਉਹਦੇ ਬਾਰੇ ਸੁਣੀਆਂ ਕਹਾਣੀਆਂ ਤੇ ਗੱਲਾਂ ਤੋਂ ਜਾਪਦਾ ਹੈ ਕਿ ਆਪਣੀ ਮੁਕਤ ਅਵਸਥਾ ਵਿਚ ਉਹ ਵੀ ਬਿਲਕੁਲ ਹਰਪਾਲ ਸਿੰਘ ਵਰਗਾ ਹੋਵੇਗਾ।"

ਦਲੇਰ ਸਿੰਘ ਨੇ ਆਪਣੇ ਹਰਪਾਲ ਨੂੰ ਵੇਖਿਆ। ਘੋੜੇ ਦੀ ਲਗਾਮ ਜਿਵੇਂ ਉਹਦੇ ਹੱਥੋਂ ਛੁਟ ਗਈ। ਉਹਦਾ ਤਣਿਆ ਹੋਇਆ ਸਰੀਰ ਜਿਵੇਂ ਢਿੱਲਾ ਪੈ ਗਿਆ। ਉਹਦੀਆਂ ਅੱਖਾਂ ਅਗੇ ਵਰਤਮਾਨ ਤੇ ਹੱਥਲੇ ਕੰਮਾਂ ਉੱਤੇ ਜਿਵੇਂ ਇਕ ਪਰਦਾ ਆ ਪਿਆ। ਉਹਦੇ ਦਿਲ ਦਿਮਾਗ਼ ਸਾਹਮਣੇ ਜਿਵੇਂ ਚਪੜਚੇਤੀ ਦੀ ਰਣਭੂਮੀ ਹੋਵੇ। ਬੰਦਾ ਸਿੰਘ ਬਹਾਦਰ ਤੇ ਸ਼ਾਹਬਾਜ਼ ਸਿੰਘ ਹੋਵੇ। ਫਿਰ ਉਹਨੂੰ ਨਾਦਰ ਸ਼ਾਹ ਅਬਦਾਲੀ ਦਾ ਪਹਿਲਾ ਹੱਲਾ ਯਾਦ ਆਇਆ ਉਸ ਯੁਧ ਵਿਚ ਉਹਦੇ ਪਿਤਾ ਦੀ ਲੱਤ ਦਾ ਵਢਿਆ ਜਾਣਾ ਤੇ ਫਿਰ ਸ਼ਾਹਬਾਜ਼ ਸਿੰਘ ਦੇ ਭਰਾ ਜਾਂਬਾਜ਼ ਸਿੰਘ ਦੀ ਅੱਸੀਆਂ ਸਾਲਾਂ ਦੀ ਕਸਕੋ ਜ਼ਿੰਦਗੀ। ਨਿਰਸੰਦੇਹ ਜਾਂਬਾਜ਼ ਸਿੰਘ ਉਹਦਾ ਦੂਜਾ ਦਾਦਾ ਸੀ। ਉਹਨੂੰ ਆਪਣਾ ਜੀਵਨ ਵੀ ਯਾਦ ਆਇਆ ਤੇ ਅਜ ਉਹਦਾ ਯੁਵਕ ਪੁੱਤਰ ਹਰਪਾਲ ਸਿੰਘ ਆਪਣੇ ਖ਼ਾਨਦਾਨ ਦੀ ਇੱਜ਼ਤ ਨੂੰ ਬਰਕਰਾਰ ਰਖ ਰਿਹਾ ਸੀ ਕਿ ਅਗੇ ਤੋਂ ਵੀ ਵਧੇਰੀ ਇੱਜ਼ਤ ਦੀ ਸੰਭਾਵਨਾ ਪੈਦਾ ਕਰ ਰਿਹਾ ਸੀ।

ਦਲੇਰ ਸਿੰਘ ਦੀਆਂ ਅੱਖਾਂ ਭਰ ਆਈਆਂ, ਤੇ ਫਿਰ ਇਕਾ ਇਕ ਆਪਣੇ ਆਪ ਵਿਚ ਆ ਕੇ ਉਸ ਸੈਨਾਪਤੀ ਇਲਾਹੀ ਬਖ਼ਸ਼ ਵਲ ਤੱਕਿਆ। ਦੋਵੇਂ ਸੈਨਾਪਤੀ ਮੁਸਕ੍ਰਾਏ। "ਸੈਨਾਪਤੀ! ਇਸ ਯੁਵਕ ਦੇ ਪੜਦਾਦਾ ਇਕ ਨਹੀਂ ਦੋ ਸਨ, ਇਕ ਸ਼ਾਹਬਾਜ਼ ਸਿੰਘ ਤੇ ਦੂਜਾ ਜਾਂਬਾਜ਼ ਸਿੰਘ.....।" ਇਲਾਹੀ ਬਖ਼ਸ਼ ਮੁਸਕ੍ਰਾਂਦਾ ਰਿਹਾ ਤੇ ਅੰਤ ਦੋਵੇਂ ਸੈਨਾਪਤੀ ਘੋੜੇ ਦੁੜਾ ਕੇ ਆਪੋ ਆਪਣੇ ਕੰਮਾਂ ਵਿਚ ਰੁੱਝ ਗਏ।

ਏਸੇ ਯੁਧ ਵਿਚ ਹਰਪਾਲ ਸਿੰਘ ਦੀ ਸੱਜੀ ਗੱਲ੍ਹ ਉੱਤੇ ਦੁਸ਼ਮਨ ਦੇ ਇਕ ਗੋਲੇ ਦੇ ਫੱਟਣ ਨਾਲ ਡੂੰਘਾ ਘਾਉ ਆਇਆ। ਪਰ ਘਾਉ ਦੀ ਸੱਚੇ ਸਿਪਾਹੀ ਨੂੰ ਕੀ ਪ੍ਰਵਾਹ ਹੁੰਦੀ ਹੈ। ਹਰਪਾਲ ਸਿੰਘ ਦੇ ਕਪੜੇ ਲਹੂ ਨਾਲ ਲੱਥ ਪੱਥ ਹੋ ਗਏ, ਪਰ ਉਹਨੂੰ ਕੁਝ ਪੋਹ ਨਹੀਂ ਸੀ ਰਿਹਾ।

ਲੜਾਈ ਜਿਤੀ ਗਈ ਤੇ ਇਲਾਹੀ ਬਖ਼ਸ਼ ਨੇ ਹਲਪਾਲ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਅਗੇ ਪੇਸ਼ ਕੀਤਾ "ਸਰਕਾਰ ਇਹ ਯੁਵਕ ਬੇਸ਼ਕ ਤੁਹਾਡੇ ਸੇਵਕ ਸਰਦਾਰ ਦਲੇਰ ਸਿੰਘ ਦਾ ਪੁੱਤਰ ਹਰਪਾਲ ਸਿੰਘ ਹੈ। ਇਕ ਦਿਨ ਇਹ ਨੌਜਵਾਨ ਸਰਕਾਰ ਦੀ ਛਤਰ ਛਾਇਆ ਥੱਲੇ ਮੇਰੀ ਥਾਂ ਲਏਗਾ।" ਤੇ ਫਿਰ ਉਸ ਸੰਖੇਪ ਸ਼ਬਦਾਂ ਵਿਚ ਹਰਪਾਲ ਸਿੰਘ ਦੀ ਕਰਨੀ ਬਾਰੇ ਦਸ ਕੇ ਕਿਹਾ, "ਸਰਕਾਰ, ਇਸ ਨੌਜਵਾਨ ਦਾ ਜਿੰਨਾ ਮੁਲ ਪਾਉਣ ਉੱਨਾਂ ਹੀ ਥੋੜਾ ਹੈ"

ਪਰ ਕਿਸੇ ਦੇ ਕਹਿਣ ਤੋਂ ਬਗ਼ੈਰ ਹੀ ਮਹਾਰਾਜਾ ਰਣਜੀਤ ਸਿੰਘ ਬਹਾਦਰਾਂ ਤੇ ਸੂਰਮਿਆਂ ਦਾ ਮੁੱਲ ਪਾਉਣਾ ਜਾਣਦਾ ਸੀ। ਬੁਧੀਮਾਨਾਂ ਤੇ ਬਹਾਦਰਾਂ ਦੀ ਕਦਰ ਕਰਨੀ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਚਾਅ ਸੀ। ਰਣਜੀਤ ਸਿੰਘ ਬੇਸ਼ਕ ਇਕ ਸੂਰਮਾ ਸੀ, ਘੋੜ-ਅਸਵਾਰ ਸੀ, ਪਲੱਥਬਾਜ਼ ਸੀ, ਹੁਕਮਰਾਨ ਸੀ, ਨੀਤੀਵਾਨ ਸੀ, ਪਰ ਉਹ ਇਕ ਕਲਾਕਾਰ ਵੀ ਸੀ। ਪ੍ਰਤਿਭਾਵਾਂ ਦੀ ਕਦਰਦਾਨੀ ਉਹਦੇ ਕਲਾਕਾਰ ਸੁੱਭਾ ਦੀ ਸਭ ਤੋਂ ਵਡੀ ਨਿਸ਼ਾਨੀ ਸੀ। ਉਹ ਲੈ ਕੇ ਨਹੀਂ, ਦੇ ਕੇ ਖੁਸ਼ ਹੁੰਦਾ। ਉਹ ਲੋਕਾਂ ਨੂੰ ਮਾਲਮਾਲ ਕਰਦਿਆਂ ਆਪ ਮਾਲਾਮਾਲ ਹੁੰਦਾ। ਜਦੋਂ ਉਹ ਜਾਗੀਰਾਂ ਵੰਡਦਾ ਤਾਂ ਉਹਨੂੰ ਲਗਦਾ ਜਿਵੇਂ ਕਿ ਉਹ ਜਾਗੀਰਾਂ ਉਹਦੇ ਆਪਣੇ ਕਬਜ਼ੇ ਵਿਚ ਆ ਰਹੀਆਂ ਹੋਣ। ਜਦੋਂ ਆਪਣੇ ਸਰੀਰ ਉੱਤੋਂ ਲਾਹ ਕੇ ਉਹ ਸੱਨੇ ਤੇ ਹੀਰਿਆਂ ਦੀਆਂ ਮਾਲਾਂ ਤੇ ਕੰਠੇ ਲੋਕਾਂ ਨੂੰ ਅਰਪਨ ਕਰਦਾ ਤਾਂ ਉਹਨੂੰ ਜਾਪਦਾ ਕਿ ਇਹ ਮਾਲਾਂ ਤੇ ਕੰਠੇ ਉਹਦੇ ਆਪਣੇ ਦਿਲ ਤੇ ਆਪਣੇ ਸੀਸ ਉੱਤੇ ਨਿਰਆਕਾਰ ਹੋ ਕ ਜੜ ਗਏ ਹਨ। ਜਦੋਂ ਉਹ ਆਪਣੇ ਸੰਦੂਕਦਾਰ ਨੂੰ ਰੁਪਿਆ ਤੇ ਹੀਰਿਆਂ ਦੀਆਂ ਥੈਲੀਆਂ ਸੁਪਾਤਰ ਤੇ ਜੋਗ ਅਧਿਕਾਰੀਆਂ ਨੂੰ ਵੰਡਣ ਵਾਸਤੇ ਆਖਦਾ ਤਾਂ ਉਹਦੀ ਕਲਾਕਾਰ ਬਿਰਤੀ ਨੂੰ ਇੰਜ ਜਾਪਦਾ ਕਿ ਉਹਦੇ ਖ਼ਜ਼ਾਨੇ ਮੂੰਹੋਂ ਮੂੰਹ ਭਰੇ ਜਾ ਰਹੇ ਹੋਣ। ਜਦੋਂ ਧਰਮ ਤੇ ਗੁਰੂ ਦੇ ਨਾਂ ਉੱਤੇ ਉਹ ਸੋਨਾ ਤੇ ਚਾਂਦੀ ਵਾਰਦਾ ਤਾਂ ਉਹਨੂੰ ਜਾਪਦਾ ਕਿ ਉਹਦਾ ਆਪਣਾ ਅੰਦਰ ਬਾਹਰ ਭਰਪੂਰ ਹੋ ਗਿਆ ਹੈ।

ਰਣਜੀਤ ਸਿੰਘ ਨੇ ਹਰਪਾਲ ਵਲ ਵੇਖਿਆ। ਆਪਣੀ ਇਕ ਅੱਖ ਨਾਲ। ਇਕ ਅੱਖ ਜਿਹੜੀਆਂ ਦੋ ਹੀ ਨਹੀਂ ਕਈ ਅੱਖਾਂ ਜਿੰਨਾ ਇਕੱ ਤਕ ਵਿਚ ਵੇਖ ਜਾਂਦੀ ਸੀ। ਉਸ ਆਪਣੇ ਚਿਟੇ ਦਾੜ੍ਹੇ ਉੱਤੇ ਹੱਥ ਫੇਰਿਆ ਤੇ ਪੰਜਾਬ ਦੀ ਸਲਤਨੱਤ ਦਾ ਮਾਲਕ ਆਪਣੇ ਸਿੰਘਾਸਨ ਤੋਂ ਉਠਿਆ ਤੇ ਉਸ ਅੱਗੇ ਵਧ ਕੇ ਹਰਪਾਲ ਸਿੰਘ ਨੂੰ ਆਪਣੀ ਛਾਤੀ ਨਾਲ ਘੁਟਿਆ।

ਭਰੇ ਦਰਬਾਰ ਦੇ ਹਿਰਦੇ ਕੰਬ ਗਏ। ਕਦਰਦਾਨਾਂ ਵਿਚੋਂ ਕਦਰਦਾਨਾਂ ਨੇ ਅਜੇ ਤਕ ਬਹਾਦਰਾਂ ਦੀ ਇਹੋ ਜਿਹੀ

ਕਦਰ ਬੜੀ ਘਟ ਕੀਤੀ ਸੀ, ਤੇ ਪਹਿਲੀ ਵਾਰ ਸ਼ਾਇਦ ਕਿਸੇ ਨੇ ਆਪ ਰਣਜੀਤ ਸਿੰਘ ਦੀ ਘੁਟਣੀ ਦਾ ਉੱਤਰ ਘੁਟਣੀ ਵਿਚ ਦਿਤਾ ਸੀ। ਕਿਸ ਦੀ ਹਿੰਮਤ ਸੀ ਕਿ ਆਪ ਮਹਾਰਾਜਾ ਰਣਜੀਤ ਸਿੰਘ ਨੂੰ ਘੁਟਦਾ ? ਉਹਦੇ ਨੇੜੇ ਪਹੁੰਚਦਿਆਂ ਹੀ ਲੋਕ ਜਿਵੇਂ ਪਾਣੀ ਹੋ ਜਾਂਦੇ ਹੋਣ, ਸਿੱਥਲ ਹੋ ਜਾਂਦੇ ਹੋਣ। ਕਿਦ੍ਹੇ ਵਿਚ ਅੱਨੀ ਆਸਕਤਾ ਰਹਿੰਦੀ; ਅੱਨਾ ਬਲ, ਅੱਨਾ ਜ਼ੋਰ, ਅੱਨਾ ਹੌਂਸਲਾ। ਉਹ ਤਾਂ ਸਗੋਂ ਸੁੰਨ ਹੋ ਜਾਂਦੇ। ਉਹ ਤਾਂ ਕੁਝ ਮਹਿਸੂਸ ਨਾ ਕਰ ਸਕਦੇ। ਉਨ੍ਹਾਂ ਦੇ ਮੂੰਹੋਂ ਤਾਂ ਗੱਲ ਨ ਨਿਕਲਦੀ। ਮਹਾਰਾਜਾ ਰਣਜੀਤ ਸਿੰਘ ਆਪਣੀ ਇਹੋ ਜਿਹੀ ਸ਼ਕਤੀਸ਼ਾਲੀ ਸ਼ਖ਼ਸੀਅਤ ਤੇ ਲੋਕਾਂ ਉੱਤੇ ਪੈਂਦੇ ਆਪਣੇ ਅਜਿਹੇ ਪ੍ਰਭਾਵ ਤੋਂ ਜਾਣੂ ਸੀ, ਪਰ ਉਹ ਮੁਸਕਰਾ ਛਡਦਾ। ਅਜ ਜਦੋਂ ਹਰਪਾਲ ਨੇ ਉਹਨੂੰ ਉਸਦੀ ਜੱਫੀ ਦੇ ਉੱਤਰ ਵਿਚ ਘੁਟਿਆ ਤਾਂ ਰਣਜੀਤ ਸਿੰਘ ਨੂੰ ਇਕ ਇਹੋ ਜਿਹਾ ਹੁਲਾਰਾ ਆਇਆ ਜਿਹੜਾ ਅਜੇ ਤਕ ਉਸ ਆਪਣੇ ਸ਼ਹਿਜ਼ਾਦਿਆਂ ਤੇ ਸ਼ਾਇਦ ਹੀਰਾ ਸਿੰਘ ਦੀ ਜੱਫੀ ਤੋਂ ਬਗ਼ੈਰ ਹੋਰ ਕਿਤੋਂ ਨਹੀਂ ਸੀ ਪਾਇਆ। ਬੇਸ਼ਕ ਰਣਜੀਤ ਸਿੰਘ ਨੂੰ ਲਗਾ ਕਿ ਇਸ ਯੁਵਕ ਦੀ ਬਣਤਰ ਆਮ ਆਦਮੀਆਂ ਦੀ ਬਣਤਰ ਵਾਂਗ ਨਹੀਂ। ਜਿਹੜਾ ਯੁਵਕ ਉਹਦੀ ਨੇੜਤਾ ਤੇ ਉਹਦੀ ਜੱਫੀ ਨਾਲ ਨਹੀਂ ਪਸੀਜਿਆ ਪਾਣੀ ਪਾਣੀ ਨਹੀਂ ਹੋਇਆ, ਸਿਥਲ ਤੇ ਸੁੰਨ ਨਹੀਂ ਹੋਇਆ, ਉਹ ਜ਼ਰੂਰ ਅਸਾਧਾਰਨ ਆਦਮੀ ਹੈ। ਉਹ ਸ਼ਾਇਦ ਲੋਹੇ ਦਾ ਆਦਮੀ ਹੈ।

ਜੱਫੀ ਛਡ ਕੇ ਰਣਜੀਤ ਸਿੰਘ ਨੇ ਇਕ ਵਾਰ ਫਿਰ ਹਰਪਾਲ ਸਿੰਘ ਵਲ ਵੇਖਿਆ ਤੇ ਕਿਹਾ: "ਮੇਰਾ ਬੀਰ ਹਰਪਾਲ ! ਤੂੰ ਤਾਂ ਸਤਾਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਮੇਰੇ ਨਾਲੋਂ ਲੰਮਾ ਦਿਸਦਾ ਹੈਂ।" ਰਣਜੀਤ ਸਿੰਘ ਦਾ ਕੱਦ ਸਮੱਧਰ ਸੀ ਤੇ ਹਰਪਾਲ ਸਿੰਘ ਦਾ ਆਪਣੀ ਉਮਰ ਨਾਲੋਂ ਲੰਮਾ। ਜਾਪਦਾ ਸੀ ਰਣਜੀਤ ਸਿੰਘ ਅਜੇ ਤਕ ਉਹਦੀ ਗੱਲਵਕੜੀ ਦਾ ਸਵਾਦ ਮਾਣ ਰਿਹਾ ਹੈ।

ਰਣਜੀਤ ਸਿੰਘ ਫਿਰ ਹਸਿਆ "ਮੈਨੂੰ ਲੋਕ ਸ਼ੇਰੇ-ਪੰਜਾਬ ਆਖਦੇ ਹਨ, ਮੈਂ ਤੈਨੂੰ ਸ਼ੇਰੇ ਸਲਤਨੱਤ ਆਖਦਾ ਹਾਂ ਤੇ ਸ਼ੇਰੇ-ਪੰਜਾਬ ਦਾ ਨੂਰੇ-ਨਜ਼ਰ..." ਤੇ ਫਿਰ ਉਸ ਵਾਰੋ ਵਾਰੀ ਆਪਣੇ ਗਲ ਵਿਚੋਂ ਇਕ ਮੋਤੀਆਂ ਦੀ ਮਾਲਾ ਤੇ ਇਕ ਕੰਠਾ ਲਾਹ ਕੇ ਉਹਦੇ ਗਲੇ ਵਿਚ ਪਾਇਆ। ਤੇ ਫਿਰ ਉਹਨੇ ਆਪਣੀ ਇਕ ਮੁੰਦਰੀ ਉਹਦੀ ਉਂਗਲੀ ਵਿਚ ਪਾਈ। ਮੁੰਦਰੀ ਪਹਿਨਾਂਦਿਆਂ ਉਹ ਖਿੜਖਿੜਾ ਕੇ ਹੱਸਿਆ ਤੇ ਉਸ ਆਖਿਆ : "ਮੇਰੀ ਮੁੰਦਰੀ ਤੈਨੂੰ ਇੰਜ ਪੂਰੀ ਆਈ ਹੈ ਜਿਵੇਂ ਇਹ ਤੇਰੇ ਲਈ ਹੀ ਬਣੀ ਹੋਵੇ।"

ਰਣਜੀਤ ਸਿੰਘ ਦਾ ਜੁੱਸਾ ਮਾੜਾ ਨਹੀਂ ਸੀ, ਪਰ ਹਰਪਾਲ ਦਾ ਆਪਣੀ ਉਮਰ ਨਾਲੋਂ ਵਧ ਰਿਸ਼ਟ ਪੁਸ਼ਟ ਤੇ ਮਜ਼ਬੂਤ ਸੀ। ਅੰਤ ਵਿਚ ਰਣਜੀਤ ਸਿੰਘ ਨੇ ਪੰਜਾਹ ਹਜ਼ਾਰ ਰੁਪਏ ਦੀ ਜਾਗੀਰ ਹਰਪਾਲ ਸਿੰਘ ਦੇ ਨਾਂ ਲਾਈ ਤੇ ਸਰਦਾਰ ਦਲੇਰ ਸਿੰਘ ਨੂੰ ਮੁਖ਼ਾਤਿਬ ਕਰ ਕੇ ਕਿਹਾ : "ਸਰਦਾਰ ਦਲੇਰ ਸਿੰਘ ! ਇਹ ਸਿਰਫ ਤੁਹਾਡਾ ਹੀ ਪੁੱਤਰ ਨਹੀਂ ਸਾਡਾ ਵੀ ਪੁੱਤਰ ਹੈ। ਇਹ ਸਪੁੱਤਰ ਸਿਖ ਧਰਮ ਤੇ ਸਿਖ ਰਾਜ ਦਾ ਸਾਂਝਾ ਸਪੁੱਤਰ ਹੈ। ਅਸੀਂ ਹੀ ਨਹੀਂ ਸਾਰਾ ਖ਼ਾਲਸਾ ਰਾਜ ਤੁਹਾਡੇ ਘਰਾਣੇ ਦੀਆਂ ਕਰਨੀਆਂ ਦਾ ਰਿਣੀ ਹੈ।"

ਪੰਜਾਹ ਹਜ਼ਾਰ ਦੀ ਜਾਗੀਰ, ਤਿੰਨ ਬਹੁਮੁੱਲੇ ਤੋਹਫੇ, ਸ਼ੇਰੇ-ਸਲਤਨੱਤ ਤੇ ਨੂਰੇ-ਨਜ਼ਰ ਦਾ ਖ਼ਿਤਾਬ ਤੇ ਆਪਣੀ ਸੱਜੀ ਗਲ੍ਹ ਉੱਤੇ ਇਕ ਸਦੀਵੀ ਨਿਸ਼ਾਨ ਲੈ ਕੇ ਹਰਪਾਲ ਸਿੰਘ ਆਪਣੇ ਪਿੰਡ ਮਾਹਿਲ ਆਇਆ। ਮਾਹਿਲ ਦੀ ਸਾਰੀ ਪੱਤੀ ਨੂੰ ਜਿਵੇਂ ਚੰਨ ਚੜ੍ਹ ਗਿਆ। ਸਿਰਫ਼ ਮਾਂ, ਭਰਾ ਤੇ ਭੈਣਾਂ ਹੀ ਨਹੀਂ ਆਂਢ ਗੁਆਂਢ ਵਿਚ ਹਰਪਾਲ ਸਿੰਘ ਦੇ ਜੱਸ ਦਾ ਚਰਚਾ ਹੋਇਆ। ਮਾਂ ਗ਼ਰਦਈ ਕੌਰ, ਭਰਾ ਪਰਤਾਪ ਸਿੰਘ, ਗੁਰਦਿਆਲ ਸਿੰਘ, ਚੂਹੜ ਸਿੰਘ, ਭੈਣਾਂ ਗੁਰਮੀਤ ਕੌਰ, ਬਸੰਤ ਕੌਰ, ਭਤੀਜੇ ਭਤੀਜੀਆਂ ਤੇ ਮਾਮਿਆਂ, ਚਾਚਿਆਂ ਤੇ ਹਰ ਹੋਰ ਰਿਸ਼ਤੇਦਾਰਾਂ ਦੀਆਂ ਵਧਾਈਆਂ ਨਾਲ ਘਰ ਭਰ ਗਿਆ। ਦਲੇਰ ਸਿੰਘ ਤਾਂ ਲਾਹੌਰੋਂ ਹੀ ਨਕੋ ਨਕ ਭਰ ਕੇ ਆਇਆ ਸੀ।

੧੭੬੫ ਵਿਚ ਸਿਖ ਰਾਜ ਦੀ ਸਥਾਪਤੀ ਪਿਛੋਂ ਮਾਹਿਲਾਂ ਦਾ ਟੱਬਰ ਡੇਰਾ ਬਾਬਾ ਨਾਨਕ ਦੇ ਲਾਗਲੇ ਆਪਣੇ ਪਿੰਡ ਫ਼ਤਹਿ ਗੜ੍ਹ ਨੂੰ ਛਡ ਕੇ ਆਪਣੇ ਜੱਦੀ ਪਿੰਡ ਮਾਹਿਲ ਵਿਚ ਆ ਵੱਸਿਆ ਸੀ ਤੇ ਆਪਣੀਆਂ ਜਦੀ ਜਾਇਦਾਦਾਂ ਉੱਤੇ ਕਾਬਜ਼ ਹੋ ਗਿਆ ਸੀ। ਹੌਲੀ ਹੌਲੀ ਮਹਿਲਾਂ ਦੀ ਜਾਇਦਾਦ ਵਧਦੀ ਗਈ। ਜਦੋਂ ਰਣਜੀਤ ਸਿੰਘ ਨੇ ਲਾਹੌਰ ਤੇ ਅੰਮ੍ਰਿਤਸਰ ਫ਼ਤਿਹ ਕਰਕੇ ਨਵੀਨ ਸਿਖ ਰਾਜ ਦੀ ਨੀਂਹ ਰੱਖੀ ਤਾਂ ਉਹਨੇ ਦਲੇਰ ਸਿੰਘ ਨੂੰ ਸੱਤਰ ਹਜ਼ਾਰ ਦੀ ਜਾਗੀਰ ਮਾਹਿਲ ਦੇ ਆਲੇ ਦੁਆਲੇ ਦਿਤੀ।

Scanned by CamScanner

ਮਾਹਿਲਾਂ ਦੇ ਸਭ ਤੋਂ ਲਾਗਲੇ ਵਡੇ ਸਰਦਾਰ ਅਟਾਰੀ ਵਾਲੇ ਸਨ। ਤੇ ਅੱਜ ਜਦੋਂ ਮਾਹਿਲ ਟੱਬਰ ਨੂੰ ਸਾਰੇ ਵਧਾਈ ਦੇਣ ਆਏ ਤਾਂ ਆਪ ਸਰਦਾਰ ਨਿਹਾਲ ਸਿੰਘ ਤੇ ਸ਼ਾਮ ਸਿੰਘ ਅਟਾਰੀ ਵਾਲੇ ਵੀ ਆਏ। ਅਟਾਰੀ ਵਾਲਿਆਂ ਤੇ ਮਾਹਿਲ ਘਰਾਣਿਆਂ ਦੇ ਸੰਬੰਧ ਸਿਰਫ਼ ਸ਼ਰੀਕੀ ਹੀ ਨਹੀਂ, ਇਨ੍ਹਾਂ ਦੋਹਾਂ ਟੱਬਰਾਂ ਵਿਚਕਾਰ ਕਾਫ਼ੀ ਵਿਆਹ ਸ਼ਾਦੀਆਂ ਵੀ ਹੋ ਚੁਕੀਆਂ ਸਨ। ਲਾਹੌਰ ਤੇ ਅੰਮ੍ਰਿਤਸਰ ਦੇ ਵਿਚਕਾਰ ਅਟਾਰੀ ਵਾਲੇ ਤੇ ਮਾਹਿਲ ਆਪਣੇ ਆਪ ਵਿਚ ਖਾਲਸਾ ਰਾਜ ਦੇ ਥੰਮ੍ਹ ਸਨ।

ਘਰ ਵਿਚ ਹਰਪਾਲ ਦਾ ਸਭ ਤੋਂ ਵਧ ਪਿਆਰ ਆਪਣੀ ਮਾਂ, ਆਪਣੀ ਭੈਣ ਗੁਰਮੀਤ ਕੌਰ ਤੇ ਆਪਣੇ ਕਈ ਭਤੀਜੇ ਭਤੀਜੀਆਂ, ਚਾਚਿਆਂ, ਮਾਮਿਆਂ, ਭਣੇਵੇਂ ਭਣੇਵੀਆਂ ਵਿਚੋਂ ਭਤੀਜੇ ਗੁਰਪਾਲ ਸਿੰਘ ਨਾਲ ਸੀ।

ਗੁਰਦਈ ਕੌਰ ਜੁੱਸੇ ਵਿਚ ਮਾੜੀ ਤੇ ਕਮਜ਼ੋਰ ਸੀ। ਉਮਰ ਤਾ ਥੋੜੀ ਸੀ, ਪਰ ਉਹਦੇ ਮੂੰਹ ਉੱਤੇ ਪਤਲੀਆਂ ਪਤਲੀਆਂ ਝੁਰੜੀਆਂ ਉਮਰ ਤੋਂ ਪਹਿਲੇ ਹੀ ਪੈ ਗਈਆਂ ਸਨ। ਉਹਦੇ ਹੱਥ ਪਤਲੇ ਤੇ ਲੰਮੇ ਸਨ। ਉਹਦੇ ਜਿਸਮ ਦੀਆਂ ਹੱਡੀਆਂ ਹੀ ਪਤਲੀਆਂ ਸਨ। ਉਹਦੇ ਵਾਲ ਚਿਟੇ ਸਨ। ਉਹਦਾ ਮੱਥਾ ਚੌੜਾ। ਕਮਜ਼ੋਰ, ਮਾੜੀ ਤੇ ਪਤਲੀ, ਪਰ ਫਿਰ ਵੀ ਗੁਰਦਈ ਕੌਰ ਦੇ ਮੁਖੜੇ ਉੱਤੇ ਇਤ ਭਖਾ ਸੀ, ਇਕ ਚਮਕ, ਇਕ ਲਾਲੀ। ਝਰੜੀਆਂ ਪਏ ਮੂੰਹ ਉੱਤੇ ਇਕ ਭਾਲ ਸੀ ਜਿਹੜੀ ਝੱਲੀ ਤਾਂ ਜਾਂਦੀ, ਪਰ ਜਿਦ੍ਹਾ ਅਹਿਸਾਸ ਹਰ ਵੇਖਣ ਵਾਲੇ ਨੂੰ ਜ਼ਰੂਰ ਹੁੰਦਾ। ਜੁੱਸਾ ਕਮਜ਼ੋਰ ਪਰ ਦਿਲ ਉਹਦਾ ਮਜ਼ਬੂਤ ਜਾਪਦਾ ਤੇ ਇਰਾਦੇ ਤੇ ਸੰਸਕਾਰ ਉਹਦੇ ਕਰੜੇ।

ਗੁਰਮੀਤ ਕੌਰ ਸੁਹਣੀ ਤੇ ਸੁਨੱਖੀ ਸੀ। ਮੂੰਹ ਉਹਦਾ ਗੋਲ ਗੋਲ ਤੇ ਲਾਲ ਲਾਲ। ਰੰਗ ਉਹਦਾ ਚਿੱਟਾ। ਸਾਰੇ ਟੱਬਰ ਵਿਚੋਂ ਚਿੱਟਾ। ਨੱਕ ਉਹਦੇ ਵਿਚ ਇਕ ਨਗੀਨੇ ਜੜ੍ਹੀ ਤੀਲੀ। ਹੱਥ ਉਹਦੇ ਆਪਣੀ ਮਾਂ ਦੇ ਉਲਟ ਭਾਰੇ ਤੇ ਛੋਟੇ। ਉਹਦਾ ਸਰੀਰ ਵੀ ਭਾਰਾ। ਕੱਦ ਮੱਧਰਾ, ਉਹ ਸਦਾ ਹੱਸਦੀ ਰਹਿੰਦੀ, ਸਦਾ ਮਖ਼ੌਲ ਕਰਦੀ ਰਹਿੰਦੀ। ਉਹਦੀ ਸਭ ਤੋਂ ਵੱਡੀ ਕਮਜ਼ੋਰੀ ਉਹਦਾ ਭਰਾ ਹਰਪਾਲ ਸਿੰਘ ਸੀ ਜਿਦ੍ਹੇ ਨਾਲੋਂ ਕਿ ਉਹ ਉਮਰ ਵਿਚ ਚਾਰ ਸਾਲ ਵਡੀ ਸੀ। ਤਿੰਨ ਬੱਚਿਆਂ ਦੀ ਮਾਂ ਅਜੇ ਤਕ ਵੀ ਉਹਦੇ ਚਿਹਰੇ ਉੱਤੇ ਤਾਜ਼ਗੀ ਪਹਿਲਾਂ ਵਾਂਗ ਹੀ ਖਿੜੀ ਖਿੜੀ, ਉਹਦਾ ਮਖ਼ੌਲੀਆ ਸੁਭੌਂ ਪਹਿਲੇ ਵਾਂਗ ਹੀ ਤਿੱਖਾ ਤਿੱਖਾ, ਉਹਦਾ ਗੱਲਾਂ ਕਰਨ ਦਾ ਝੱਸ ਉਹਾ। ਉਹਦੀ ਜ਼ਬਾਨ ਬਚਪਨ ਵਾਂਗ ਹੀ ਤੇਜ਼ ਕਰਾਰੀ। ਜੇ ਕਿਸੇ ਮਾਂ ਵਾਸਤੇ ਆਪਣੇ ਬੱਚਿਆਂ ਤੇ ਆਪਣੇ ਆਦਮੀ ਤੋਂ ਵੱਧ ਕਿਸੇ ਨੂੰ ਪਿਆਰ ਕਰਨਾ ਮੁਮਕਿਨ ਹੈ ਤਾਂ ਉਹ ਗੁਰਮੀਤ ਦੀ ਸੂਰਤ ਵਿਚ ਮੁਮਕਿਨ ਸੀ। ਇਨ੍ਹਾਂ ਦੋਹਾਂ ਭੈਣ ਭਰਾਵਾਂ ਦਾ ਆਤਮ ਵਿਰੋਧੀ ਸੁਭਾ ਤੇ ਆਚਰਨ ਹੀ ਸ਼ਾਇਦ ਉਨ੍ਹਾਂ ਦੇ ਗੂਹੜੇ ਪਿਆਰ ਦਾ ਕਾਰਨ ਸੀ।

ਗੁਰਪਾਲ ਸਿੰਘ ਦੀ ਉਮਰ ਉਦੋਂ ਚੌਹ ਵਰ੍ਹਿਆਂ ਦੀ ਸੀ ਤੇ ਗੁਰਪਾਲ ਨਾਲ ਹੀ ਹਰਪਾਲ ਸਿੰਘ ਸਭ ਤੋਂ ਵਧ ਹੱਸਦਾ, ਖੇਡਦਾ। ਜਦੋਂ ਹਰਪਾਲ ਸਿੰਘ ਮਾਹਿਲ ਹੁੰਦਾ, ਉਦੋਂ ਆਪਣਾ ਵਧ ਤੋਂ ਸਮਾਂ ਉਹ ਗੁਰਪਾਲ ਸਿੰਘ ਨਾਲ ਬਿਤਾਂਦਾ। ਗੁਰਪਾਲ ਸਿੰਘ ਇਕ ਬੱਚਾ ਸੀ। ਉਨ੍ਹਾਂ ਦਿਨਾਂ ਦੇ ਹੋਰ ਬੱਚਿਆਂ ਵਾਂਗ ਹੀ। ਹਰ ਹੋਰ ਬੱਚੇ ਵਾਂਗ ਇਹਦੀ ਹੱਸਦਾ ਤੇ ਰੋਂਦਾ, ਰੁੱਸਦਾ ਤੇ ਮੰਨਦਾ, ਖੇਡਦਾ ਤੇ ਵਿੱਟਰਦਾ, ਖਾਂਦਾ, ਪੀਂਦਾ ਤੇ ਸੌਂਦਾ। ਹਰ ਹੋਰ ਬੱਚੇ ਵਾਂਗ ਉਹ ਵੀ ਤੀਰ ਕਮਾਨ ਤੇ ਤਲਵਾਰ ਨੇਜ਼ੇ ਖੇਡਦਾ। ਹਰ ਹੋਰ ਬੱਚੇ ਵਾਂਗ ਉਹ ਵੀ ਸਿੱਖੀ ਵਿਚ ਵਿਸ਼ਵਾਸ਼ ਰਖਦਾ। ਹਰ ਹੋਰ ਬੱਚੇ ਵਾਂਗ ਉਹ ਵੀ ਸਵੇਰੇ ਤੇ ਸ਼ਾਮੀ ਗੁਰਦੁਆਰੇ ਜਾਂਦਾ।

ਪਰ ਫਿਰ ਵੀ ਹਰਪਾਲ ਸਿੰਘ ਨੂੰ ਲਗਦਾ ਕਿ ਉਹਦੇ ਵਿਚ ਕੋਈ ਚੀਜ਼ ਹੋਰਨਾਂ ਬੱਚਿਆਂ ਨਾਲੋਂ ਭਿੰਨ ਹੈ। ਜੇ ਕੋਈ ਚੀਜ਼ ਉਹਦੇ ਵਿਚ ਭਿੰਨ ਤੇ ਵਖਰੀ ਸੀ ਤਾਂ ਉਹਦਾ ਪਤਾ ਸਿਰਫ਼ ਹਰਪਾਲ ਸਿੰਘ ਨੂੰ ਹੀ ਹੋਵੇਗਾ, ਹੋਰ ਸਾਰੇ ਗੁਰਪਾਲ ਸਿੰਘ ਨੂੰ ਹੋਰਨਾਂ ਬੱਚਿਆਂ ਵਾਂਗ ਹੀ ਇਕ ਬੱਚਾ ਸਮਝਦੇ ਸਨ।

ਇਨ੍ਹਾਂ ਤਿੰਨਾਂ ਤੋਂ ਉਪ੍ਰੰਤ ਹਰਪਾਲ ਸਿੰਘ ਦਾ ਇਕ ਹੋਰ ਪਿਆਰ ਪਾਤਰ ਵੀ ਸੀ। ਇਹ ਪਿਆਰ ਪਾਤਰ ਸੀ ਅਜੀਤ ਕੌਰ ਜਾਂ ਜੀਤੀ। ਸਰਦਾਰ ਰਾਮ ਸਿੰਘ ਕਲਸੀਏ ਦੀ ਸਭ ਤੋਂ ਵਡੀ ਧੀ। ਪੰਦਰਾ ਸੋਲ੍ਹਾਂ ਸਾਲ ਦੀ ਉਮਰ। ਸਰੀਰਕ ਬਣਤਰ ਵਲੋਂ ਗੁਰਮੀਤ ਦਾ ਇਕ ਹੂ-ਬ-ਹੂ ਚਿਤਰ, ਪਰ ਮਨੋਵਿਗਿਆਨਕ ਬਣਤਰ ਵਲੋਂ ਅਸਲੋਂ ਭਿੰਨ।

ਹਰਪਾਲ ਸਿੰਘ ਮਾਹਿਲ ਆਇਆ। ਆਪਣੀ ਮਾਂ, ਆਪਣੀ ਭੈਣ ਤੇ ਆਪਣੇ ਭਤੀਜੇ ਨੂੰ ਮਿਲਿਆ। ਇਨ੍ਹਾਂ ਨੂੰ ਤੇ ਹੋਰਨਾਂ ਸਾਰਿਆਂ ਨੂੰ ਉਸ ਮਹਾਰਾਜਾ ਰਣਜੀਤ ਸਿੰਘ ਕੋਲੋਂ ਮਿਲੇ ਤੋਹਫ਼ੇ ਵਿਖਾਏ; ਪਰ ਸਿਰਫ਼ ਦੋ, ਇਕ ਮਾਲਾ ਤੇ

Scanned by CamScanner

ਇਕ ਕੰਠਾ । ਤੀਜਾ ਤੋਹਫ਼ਾ ਉਸ ਸਭ ਕੋਲੋਂ ਲੁਕਾਈ ਰਖਿਆ। ਉਹ ਇਹ ਤੋਹਫ਼ਾ ਜੀਤੀ ਨੂੰ ਦੇਣਾ ਚਾਹੁੰਦਾ ਸੀ।

ਉਹਦੀ ਥਾਂ ਉੱਤੇ ਕੋਈ ਹੋਰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਲੋਂ ਬਖਸ਼ਿਆ ਗਿਆ ਤੋਹਫ਼ਾ ਕਦੀ ਕਿਸੇ ਨੂੰ ਨਾ ਦੇਂਦਾ। ਇਕ ਤਾਂ ਰਣਜੀਤ ਸਿੰਘ ਦੇ ਬਖਸ਼ੇ ਤੋਹਫ਼ਿਆਂ ਦੀ ਕੀਮਤ ਹੀ ਅਜਿਹੀ ਹੁੰਦੀ ਸੀ ਤੇ ਦੂਜਾ ਇਸ ਤਰ੍ਹਾਂ ਕਰਨ ਨਾਲ ਦੇਣ ਵਾਲੇ ਦਾ ਵੀ ਨਿਰਾਦਰ ਹੁੰਦਾ ਹੈ ਜਾਂ ਗਿਣਿਆ ਜਾਂਦਾ ਹੈ। ਹਰਪਾਲ ਸਿੰਘ ਦੇ ਮਨ ਵਿਚ ਵੀ ਇਹ ਖਿਆਲ ਆਇਆ ਉਹਨੂੰ ਪਤਾ ਲੱਗਾ ਕਿ ਇਹ ਗੱਲ ਯੋਗ ਨਹੀਂ। ਪਰ ਫਿਰ ਉਸ ਸੋਚਿਆ ਕਿ ਸ਼ੇਰੇ-ਪੰਜਾਬ ਵਲੋਂ ਮਿਲੀ ਇਹ ਸੁਗਾਤ ਜੀਤੀ ਦੇ ਹੱਥਾਂ ਵਿਚ ਉਹਦੇ ਤੋਂ ਵੀ ਵਧ ਪਿਆਰੀ ਤੇ ਸਤਿਕਾਰੀ ਜਾਏਗੀ। ਉਹ ਸੁਗਾਤ ਜੀਤੀ ਦੇ ਹੱਥਾਂ ਵਿਚ ਸਗੋਂ ਵਧੇਰੇ ਮਹਿਫ਼ੂਜ਼ ਹੋਵੇਗੀ ਤੇ ਚੰਗੇਰੇ ਤਰੀਕੇ ਨਾਲ ਸਾਂਭੀ ਜਾਏਗੀ। ਤੇ ਆਖ਼ਰ ਇਹ ਸੁਗਾਤ ਕਿਹੜੀ ਸਦਾ ਲਈ ਘਰ ਵਿਚੋਂ ਬਾਹਰ ਜਾ ਰਹੀ ਸੀ ? ਜਲਦੀ ਹੀ ਜੀਤੀ ਤੇ ਉਹਦਾ ਵਿਆਹ ਹੋ ਜਾਣਾ ਸੀ ਤੇ ਇਹ ਸੁਗਾਤ ਫਿਰ ਮਾਹਿਲ-ਘਰਾਣੇ ਵਿਚ ਆ ਜਾਵੇਗੀ।

ਜਦੋਂ ਤੋਂ ਮੁਲਤਾਨ ਦੇ ਘੇਰੇ ਵਿਚ ਇਲਾਹੀ ਬਖ਼ਸ਼ ਨੇ ਉਹਨੂੰ ਸ਼ਾਬਾਸ਼ ਦਿਤੀ ਤੇ ਉਹਦੇ ਕਾਂਵਖਤ ਬਾਰੇ ਪ੍ਰਸੰਸਾ ਪੂਰਵਕ ਆਸ਼ਾਵਾਂ ਦਾ ਪ੍ਰਗਟਾ ਕੀਤਾ ਉਦੋਂ ਤੋਂ ਹੀ ਹਰਪਾਲ ਸਿੰਘ ਜੀਤੀ ਨੂੰ ਮਿਲਣ ਵਾਸਤੇ ਕਾਹਲਾ ਸੀ। ਉਹ ਵੇਖਣਾ ਚਾਹੁੰਦਾ ਸੀ ਕਿ ਉਹਨੂੰ ਇਸ ਤਰ੍ਹਾਂ ਇਜ਼ਤ ਮਿਲਦੀ ਜਾਣ ਕੇ ਜੀਤੀ ਨੇ ਕੀ ਮਹਿਸੂਸ ਕੀਤਾ ਹੋਣਾ ਹੈ ਤੇ ਮਿਲਣ ਉੱਤੇ ਉਹ ਉਹਨੂੰ ਕੀ ਆਖੇਗੀ, ਕਿਵੇਂ ਉਹਨੂੰ ਪਿਆਰੇ ਤੇ ਸਤਿਕਾਰੇਗੀ। ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਹੱਥੀ ਇਕ ਨਹੀਂ ਅਨੇਕ ਬਖ਼ਸ਼ਸ਼ਾਂ ਪਾ ਕੇ ਤਾਂ ਉਹਦੀ ਜੀਤੀ ਨੂੰ ਮਿਲਣ ਦੀ ਚਾਹ ਹੋਰ ਵੀ ਤੀਬਰ ਹੋ ਗਈ। ਦਰਬਾਰ ਦੇ ਸਮਾਪਤ ਹੋਣ ਪਿਛੋਂ ਉਹ ਇਕ ਮਿੰਟ ਵੀ ਹੋਰ ਲਾਹੌਰ ਨਹੀਂ ਸੀ ਰਹਿਣਾ ਚਾਹੁੰਦਾ। ਪਰ ਐਡੀ ਜਲਦੀ ਛੁਟਕਾਰਾ ਕਿਵੇਂ ਹੋਵੇ। ਸਰਦਾਰ ਦਲੇਰ ਸਿੰਘ ਨੇ ਆਪਣੇ ਸਾਰੇ ਮਿਤ੍ਰ ਸਰਦਾਰਾਂ ਨੂੰ ਇਸ ਨਵੀਂ ਮਿਲੀ ਇਜ਼ਤ ਵਾਸਤੇ ਖਾਣੇ ਉਤੇ ਬੁਲਾਣਾ ਸੀ ਤੇ ਹਰਪਾਲ ਸਿੰਘ ਦਾ ਉਥੇ ਹੋਣਾ ਜ਼ਰੂਰੀ ਸੀ।

ਮਸਾਂ ਮਸਾਂ ਕਰਕੇ ਹਰਪਾਲ ਸਿੰਘ ਲਾਹੌਰ ਵਿਚੋਂ ਨਿਕਲਿਆ। ਮਾਹਿਲ ਆਇਆ। ਸਭ ਦੁਨੀਆਂ ਉਹਨੂੰ ਮਿਲਣ ਵਾਸਤੇ ਆਈ। ਅੱਠਾਂ ਅੱਠਾਂ ਦਸਾਂ ਦਸਾਂ ਮੀਲਾਂ ਤੋਂ, ਪਰ ਉਹਦੀ ਜੀਤੀ ਉਹਨੂੰ ਡੇਢ ਮੀਲ ਤੋਂ ਵੀ ਮਿਲਣ ਨਾ ਆਈ। ਉਹ ਹੈਰਾਨ। ਅਗੇ ਤਾਂ ਕਦੀ ਇਸ ਤਰ੍ਹਾਂ ਨਹੀਂ ਸੀ ਹੋਇਆ। ਫਿਰ ਵੀ ਉਸ ਮਹਾਰਾਜੇ ਕੋਲੋਂ ਮਿਲੀ ਮੁੰਦਰੀ ਕਿਸੇ ਨੂੰ ਨਹੀਂ ਵਿਖਾਈ। ਅੱਜ ਨਹੀਂ ਤੇ ਕੱਲ ਜੀਤੀ ਜ਼ਰੂਰ ਉਹਨੂੰ ਮਿਲਣ ਆਏਗੀ।

੮੩

ਹਰਪਾਲ ਨੂੰ ਵਿਸ਼ਵਾਸ਼ ਸੀ ਕਿ ਉਹਦੀ ਜੀਤੀ ਉਹਨੂੰ ਮਿਲਣ ਜ਼ਰੂਰ ਆਏਗੀ। ਸ਼ਾਇਦ ਉਹ ਓਦੋਂ ਆਉਣਾ ਚਾਹੁੰਦੀ ਹੋਵੇ ਜਦੋਂ ਕਿ ਇਹ ਭੀੜ ਭੜੱਕਾ ਮੁਕ ਚੁਕਾ ਹੋਵੇ। ਜਦੋਂ ਓਪਰੀ ਓਪਰੀ ਤੇ ਜੱਗ ਤੇ ਮੂੰਹ ਰਖਣੀ ਵਾਸਤੇ ਵਧਾਈਆਂ ਦੇਣ ਆਏ ਮਰਦ ਤੇ ਤ੍ਰੀਮਤਾਂ ਜਾ ਚੁਕੀਆਂ ਹੋਣ। ਆਖ਼ਰ ਜੀਤੀ ਨੇ ਕਿਸੇ ਰਸਮ ਜਾਂ ਰਹੁ ਰੀਤੀ ਜਾਂ ਲੋਕਾਚਾਰੀ ਨੂੰ ਪੂਰਿਆਂ ਕਰਨ ਵਾਸਤੇ ਥੋੜਾ ਉਹਨੂੰ ਮਿਲਣ ਆਉਣਾ ਸੀ। ਉਸ ਤਾਂ ਆਉਣਾ ਸੀ ਹਰਪਾਲ ਨਾਲ ਦਿਲ ਸਾਂਝ ਕਰਨ ਲਈ, ਜੂਹਾਂ ਜੋੜਨ ਲਈ।

ਉਸ ਰਾਤ ਹਰਪਾਲ ਨੂੰ ਗਈ ਰਾਤ ਤਕ ਨੀਂਦ ਨਾ ਆਈ। ਪੋਹ ਦਾ ਮਹੀਨਾ ਸੀ ਤੇ ਸਾਰਾ ਟੱਬਰ ਅੰਦਰ ਲੰਫ ਤਾਣ ਕੇ ਸੁੱਤਾ ਸੀ। ਪਹਿਲੇ ਤਾਂ ਕਿੰਨਾ ਚਿਰ ਸਾਰੇ, ਜਿਵੇਂ ਕੁਦਰਤੀ ਹੈ, ਏਧਰ ਓਧਰ ਦੀਆਂ ਗੱਲਾਂ

Scanned by CamScanner

ਕਰਦੇ ਰਹੇ, ਪਰ ਜਦੋਂ ਗੁਰਦਈ ਨੇ ਸਭ ਨੂੰ ਸੌਣ ਦੀ ਸਲਾਹ ਦਿਤੀ ਤਾਂ ਹਰਪਾਲ ਦਾ ਮਨ ਪਹਿਲੇ ਨਾਲੋਂ ਵੀ ਉਪਰਾਮ ਹੋ ਗਿਆ। ਹਰਪਾਲ ਦੇ ਇਕ ਪਾਸੇ ਗੁਰਦਈ ਦੀ ਮੰਜੀ ਸੀ ਤੇ ਦੂਜੇ ਪਾਸੇ ਗੁਰਮੀਤ ਦੀ। ਗੁਰਮੀਤ ਦਾ ਇਕ ਬੱਚਾ ਉਹਦੇ ਕੋਲ ਸੁੱਤਾ ਹੋਇਆ ਸੀ ਤੇ ਦੂਜਾ ਗੁਰਦਈ ਕੋਲ। ਸਭ ਤੋਂ ਵੱਡਾ, ਇੰਦਰ ਸਿੰਘ, ਆਪਣੇ ਮਾਮੇ ਕੋਲ ਸੌਣ ਦੀ ਜ਼ਿੱਦ ਕਰਦਾ ਰਿਹਾ ਸੀ ਤੇ ਅੰਤ ਹਰਪਾਲ ਨੂੰ ਉਸ ਦੀ ਜ਼ਿਦ ਪੂਰੀ ਕਰਨੀ ਪਈ ਸੀ। ਪਰ ਛੋਟੇ ਹੁੰਦਿਆਂ ਤੋਂ ਹੀ ਹਰਪਾਲ ਨਾ ਕਿਸੇ ਕੋਲ ਸੌਂ ਸਕਦਾ ਸੀ ਤੇ ਨਾ ਹੀ ਕਿਸੇ ਨੂੰ ਆਪਣੇ ਕੋਲ ਸੁਆ ਸਕਦਾ। ਸੋ ਹੁਣ ਇੰਦਰ ਨੂੰ ਸੁੱਤਿਆ ਚੁਕ ਕੇ ਮਾਸੀ ਬਸੰਤ ਕੋਲ ਪਾ ਦਿਤਾ ਗਿਆ।

ਹਰਪਾਲ ਨੇ ਪਾਸਾ ਮੋੜਿਆ ਗੁਰਮੀਤ ਅੱਖਾਂ ਖੋਲ੍ਹੀ ਕੁਝ ਸੋਚ ਰਹੀ ਜਾਪੀ। ਹਰਪਾਲ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ, ਜਿਵੇਂ ਸੌਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਪਰ ਦਰ ਅਸਲ ਉਹ ਸੋਚ ਰਿਹਾ ਸੀ ਕਿ ਜੀਤੀ ਬਾਰੇ ਉਹ ਗੁਰਮੀਤ ਨਾਲ ਗੱਲ ਕਰੇ ਕਿ ਨਾ। ਉਹਨੂੰ ਯਾਦ ਸੀ ਕਿ ਲਾਮ ਉੱਤੇ ਜਾਣ ਤੋਂ ਪਹਿਲਾਂ ਉਹਨੇ ਗੁਰਮੀਤ ਨੂੰ ਆਪਦੇ ਪਿਆਰ ਬਾਰੇ ਦਸਿਆ ਸੀ। ਪਰ ਬੜੇ ਥੋੜੇ ਸ਼ਬਦਾਂ ਵਿਚ, ਸਿਰਫ਼ ਸੰਕੇਤਾਂ ਤੌਰ ਤੇ। ਕੀ ਗੁਰਮੀਤ ਉਦੋਂ ਸਮਝ ਸਕੀ ਸੀ ਉਹਦੇ ਦਿਲ ਦੇ ਰਾਜ਼ ਨੂੰ ਤੇ ਉਹਦੇ ਪਿਆਰ ਦੀ ਤੀਬਰਤਾ ਨੂੰ, ਉਹ ਨਹੀਂ ਸੀ ਜਾਣਦਾ। ਉਹਨੂੰ ਆਪਣੇ ਆਪ ਉੱਤੇ ਅਫ਼ਸੋਸ ਆਇਆ। ਓਹਨੂੰ ਗੁਰਮੀਤ ਤਾਈਂ ਸਾਰੀ ਕਹਾਣੀ ਦਸ ਕੇ ਲਾਮ ਨੂੰ ਜਾਣਾ ਚਾਹੀਦਾ ਸੀ।

ਉਸ ਅੱਖਾਂ ਖੋਲ੍ਹੀਆਂ। ਗੁਰਮੀਤ ਉਹਦੇ ਵਲ ਵੇਖ ਰਹੀ ਸੀ। ਸਾਹਮਣੇ ਆਲੇ ਵਿਚ ਪਏ ਸਰੋਂ ਦੇ ਦੀਵੇ ਦੀ ਲੋਅ ਵਿਚ ਗੁਰਮੀਤ ਤੇ ਹਰਪਾਲ ਨੇ ਇਕ ਦੂਜੇ ਵਲ ਵੇਖਿਆ। ਗੁਰਮੀਤ ਨੇ ਹਰਪਾਲ ਦੇ ਮੋਢੇ ਉੱਤੇ ਹੱਥ ਰੱਖਿਆ ਤੇ ਹੌਲੀ ਆਵਾਜ਼ ਵਿਚ ਪੁਛਿਆ : "ਕੀ ਗੱਲ ਹੈ ਪਾਲ ?" "ਕੁਝ ਨਹੀਂ ਮੀਤੀ, ਜਦੋਂ ਬਹੁਤੀ ਥਕਾਵਟ ਹੋਵੇ ਮੈਨੂੰ ਨੀਂਦ ਨਹੀਂ ਆਉਂਦੀ।" ਤੇ ਇਉਂ ਦੋਵੇਂ ਭੈਣ ਭਰਾ ਗੱਲਾਂ ਕਰਨ ਲਗ ਪਏ। ਗੁਰਮੀਤ ਉਹਦੇ ਕੋਲੋਂ ਇਕ ਵਾਰ ਫਿਰ ਮੁਲਤਾਨ ਦੇ ਘੇਰੇ ਤੇ ਉਹਨੂੰ ਲਾਹੌਰ ਵਿਚ ਮਿਲੀ ਇਜ਼ਤ ਬਾਰੇ ਪੁਛਣ ਲਗੀ। ਮਹਾਰਾਜਾ ਰਣਜੀਤ ਸਿੰਘ ਬਾਰੇ ਸੁਆਲ, ਸਰਕਾਰ ਦੀਆਂ ਨਜ਼ਰਾਂ ਵਿਚ ਚੜ੍ਹ ਰਹੇ ਰਾਜਾ ਧਿਆਨ ਸਿੰਘ ਤੇ ਸੈਨਾਪਤੀ ਦਿਲਾਹੀ ਬਖ਼ਸ਼ ਬਾਰੇ ਸੁਆਲ। ਗੁਰਦਈ ਨੇ ਆਖਿਆ : "ਹੁਣ ਸੌ ਜਾਓ ਬੱਚਿਉ, ਥੱਕੇ ਹੋਏ ਹੋ, ਬਾਕੀ ਗੱਲਾਂ ਕੱਲ੍ਹ ਕਰ ਲੈਣੀਆਂ।"

ਪਰ ਹਰਪਾਲ ਤੇ ਗੁਰਮੀਤ ਗੱਲਾਂ ਕਰਦੇ ਰਹੇ। ਭੈਣ ਤੇ ਭਰਾ ਦੇ ਪਿਆਰ ਨੂੰ ਸਾਰਾ ਟੱਬਰ, ਸਾਰਾ ਮਹਿਤ ਜਾਣਦਾ ਸੀ। ਉਹ ਗੱਲਾਂ ਕਰਦੇ ਰਹੇ ਓਪਰੀਆਂ ਓਪਰੀਆਂ, ਦਿਲਾਂ ਦੀਆਂ ਨਹੀਂ। ਹਰਪਾਲ ਸੰਗ ਰਿਹਾ ਸੀ ਕਿ ਉਹ ਕੀ ਆਖੇ, ਕਿਵੇਂ ਪੁਛੇ। ਤੇ ਗੁਰਮੀਤ ਸੰਗ ਰਹੀ ਸੀ ਸਗੋਂ ਡਰ ਰਹੀ ਸੀ ਕਿ ਉਹ ਕੀ ਦਸੇ, ਕਿਵੇਂ ਦਸੇ। ਦੋਵੇਂ ਇਕ ਦੂਜੇ ਦੇ ਦਿਲਾਂ ਦੀਆਂ ਜਾਣਦੇ ਸਨ, ਪਰ ਕੁਝ ਕਹਿ ਨਹੀਂ ਸਨ ਸਕਦੇ। ਇਕਾ ਇਕ ਹਰਪਾਲ ਨੂੰ ਡਰ ਲਗਾ, ਇਕ ਇਕ ਕਰ ਕੇ ਘਰ ਦੇ ਸਾਰੇ ਜੀਅ ਸੌਂ ਗਏ ਸਨ ਤੇ ਕਮਰੇ ਅੰਦਰਲਾ ਵਾਤਾਵਰਣ ਚੁਪ ਤੇ ਸ਼ਾਂਤ ਹੋ ਗਿਆ। ਇਕ ਗੁਰਦਿਆਲ ਦੇ ਘੁਰਾੜੇ ਹੀ ਸਿਰਫ਼ ਚੁਪ ਤੇ ਸ਼ਾਂਤੀ ਨੂੰ ਭੰਗ ਕਰ ਰਹੇ ਸਨ। ਸਾਹਮਣੇ ਆਲੇ ਵਿਚ ਪਿਆ ਦੀਵਾ ਬੁਝੂੰ ਬੁਝੂੰ ਕਰਨ ਲੱਗਾ। ਹਰਪਾਲ ਨੂੰ ਜਾਪਿਆ ਕਿ ਸ਼ਾਇਦ ਜੀਤੀ ਹੁਣ ਉਹਨੂੰ ਕਦੀ ਮਿਲਣ ਨਹੀਂ ਲਗੀ। ਉਸ ਗੁਰਮੀਤ ਦਾ ਹੱਥ ਛੱਡਿਆ, ਘੁਟਿਆ। ਗੁਰਮੀਤ ਉੱਠੀ ਤੇ ਹਰਪਾਲ ਦੀਆਂ ਗੱਲ੍ਹਾਂ ਨੂੰ ਪਲੋਸਦੇ। ਹੋਏ ਉਸ ਪੁਛਿਆ : "ਕੀ ਗੱਲ ਹੈ ਵੀਰ ?" "ਮੀਤੀ, ਤੂੰ ਅੱਜ ਐਨੀ ਗੰਭੀਰ ਕਿਉਂ ਹੈਂ ?" "ਨਹੀਂ ਤੇ।" ਉਹ ਮੁਸਕਰਾਦੀ ਤੇ ਹਰਪਾਲ ਦੇ ਵਾਲਾਂ ਵਿਚ ਉਂਗਲਾਂ ਫੇਰਦੇ ਹੋਏ ਉਸ ਕਿਹਾ, "ਤੂੰ ਹੁਣ ਸੌਂ ਜਾ ਪਾਲ। ਤੂੰ ਥੱਕਿਆ ਹੋਇਆ ਹੈਂ।"

ਹਰਪਾਲ ਨੇ ਅੱਖਾਂ ਬੰਦ ਕੀਤੀਆਂ ਤੇ ਉਹ ਸੋਚਣ ਲਗਾ ਕਿ ਅੱਜ ਪਹਿਲੀ ਵਾਰੀ ਉਹਨੇ ਗੁਰਮੀਤ ਨੂੰ ਇਸ ਤਰ੍ਹਾਂ ਵੇਖਿਆ ਹੈ। ਉਹ ਤਾਂ ਸਦਾ ਹੱਸਦੀ ਖੇਡਦੀ ਰਹਿੰਦੀ ਸੀ। ਹਰ ਵਕਤ ਉਹਨੂੰ ਮਜ਼ਾਕ ਕਰੇ, ਚੁੰਢੀ ਵਢ, ਵਾਹ ਖਿਚ, ਕੁਤਕੁਤਾੜੀਆਂ ਕੱਢ, ਉਹਨੂੰ ਜਾਪਿਆ ਕੋਈ ਨਾ ਕੋਈ ਭੇਤ ਜ਼ਰੂਰ ਹੈ। ਉਹ ਤਾਂ ਅੱਜ ਬਿਲਕੁਲ ਜੀਤੀ ਵਾਂਗ ਹੀ ਚੁੱਪ ਤੇ ਗੰਭੀਰ ਸੀ ਉਹਨੂੰ ਲਗਾ ਕਿ ਜਿਥੇ ਅਗੇ ਜੀਤੀ ਤੇ ਮੀਤੀ ਸ਼ਕਲ ਸੂਰਤ ਵਿਚ ਇਕੋ ਜਿਹੀਆਂ ਲਗਦੀਆਂ ਸਨ, ਅੱਜ ਸੁੱਭਾਅ ਤੇ ਖਿਆਲਾਂ ਵਿਚ ਵੀ ਇਕੋ ਜਿਹੀਆਂ ਹੋ ਗਈਆਂ ਹੋਣ। ਤੇ ਇਕ ਇਕ ਕਰ ਕੇ ਉਹਨੂੰ ਯਾਦ ਆਈਆਂ ਜੀਤੀ ਨਾਲ ਸਾਰੀਆਂ ਮਿਲਣੀਆਂ। ਬੇਸ਼ਕ ਭਾਵਾਂ ਤੇ ਅਹਿਸਾਸਾਂ ਨਾਲ ਮਿਲਿਆਂ ਅਜੇ ਮਸਾਂ ਸਾਲ ਹੀ ਹੋਇਆ ਸੀ, ਪਰ ਹਰਪਾਲ ਨੂੰ ਲਗਦਾ ਕਿ ਉਨ੍ਹਾਂ ਵਿਚਕਾਰ ਮਹੀਨਿਆਂ ਦੀ ਨਹੀਂ ਸਾਲਾਂ ਦਾ ਸਾਂਝ ਹੈ।

Scanned by CamScanner

ਪਹਿਲੀ ਵਾਰ ਜਦੋਂ ਉਨ੍ਹਾਂ ਨੇ ਇਕ ਦੂਜੇ ਵਾਸਤੇ ਕੁਝ ਮਹਿਸੂਸ ਕੀਤਾ ਉਹ ਸ ਲ ਕੁ ਪਹਿਲੇ ਇਕ ਤਰਕਾਲਾਂ ਦੀ ਗੱਲ ਹੈ। ਹਰਪਾਲ ਘੋੜੇ ਉੱਤੇ ਮਾਹਿਲ ਤੋਂ ਕਲਸੀਏ ਜਾ ਰਿਹਾ ਸੀ। ਕਲਸੀਏ ਦੇ ਕੋਲ ਹਰਪਾਲ ਕੁੜੀਆਂ ਦੇ ਇਕ ਝੁਰਮਟ ਨੂੰ ਮਿਲਿਆ। ਅੱਠ ਦਸ ਕੁੜੀਆਂ, ਬਾਰ੍ਹਾਂ ਬਾਰ੍ਹਾਂ ਸਾਲਾਂ ਤੋਂ ਲੈ ਕੇ ਸੋਲ੍ਹਾਂ ਸਤਾਰਾਂ ਸਾਲਾਂ ਦੇ ਵਿਚਕਾਰ ਉਨ੍ਹਾਂ ਦੀ ਉਮਰ। ਕੁਝ ਕਵਾਰੀਆਂ ਕੁਝ ਵਿਆਹੀਆਂ ਹੋਈਆਂ। ਪਹੇ ਦੇ ਲਾਗਲੇ ਇਕ ਗੰਨਿਆਂ ਦੇ ਖੇਤ ਵਿਚੋਂ ਉਹ ਗੰਨੇ ਤੋੜ ਰਹੀਆਂ ਸਨ। ਕੋਈ ਤੋੜ ਤਰਾਰ ਹੁਣ ਤਕ ਆਪਣਾ ਗੰਨਾ ਚੂਪ ਰਹੀ ਸੀ, ਕੋਈ ਪਾਂਦ ਵੱਖ ਕਰ ਰਹੀ ਸੀ ਤੇ ਇਕ ਦੋ ਅਜੇ ਆਪਣੇ ਮਨ ਭਾਉਂਦੇ ਕਾਠੇ ਚੁਣਨ ਲਈ ਖੇਤ ਵਿਚ ਹੀ ਸਨ।

ਇਹ ਸਾਰੀਆਂ ਕੁੜੀਆਂ ਹਰਪਾਲ ਨੂੰ ਜਾਣਦੀਆਂ ਸਨ, ਮਾਹਿਲ ਸਰਦਾਰਾਂ ਦੇ ਸਭ ਤੋਂ ਛੋਟੇ ਪੁੱਤਰ ਹਰਪਾਲ ਨੂੰ ਇਲਾਕੇ ਵਿਚ ਕੌਣ ਨਹੀਂ ਸੀ ਜਾਣਦਾ। ਸਭ ਤੋਂ ਪਹਿਲੀ ਲੜਾਈ ਹਰਪਾਲ ਨੇ ਬਾਰਾਂ ਵਰ੍ਹਿਆਂ ਦੀ ਉਮਰ ਵਿਚ ਲੜੀ ਸੀ। ਆਪਣੇ ਪਿਤਾ ਨਾਲ ਆਪ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਥੱਲੇ ਉਹ ਜੰਮੂ ਵਲ ਕਿਸੇ ਮੁਹਿੰਮ ਉੱਤੇ ਗਿਆ ਸੀ। ਤੇ ਹੁਣ ਸੋਲ੍ਹਾਂ ਵਰ੍ਹਿਆਂ ਦੀ ਉਮਰ ਤਕ ਉਹ ਖ਼ੂਬ ਜੁਆਨ ਹੋ ਉਭਰਿਆ ਸੀ। ਪਰ ਸੋਲ੍ਹਾਂ ਵਰ੍ਹੇ ਦੀ ਵਿਆਹੀ ਕੁੜੀ ਨੂੰ ਸੋਲ੍ਹਾਂ ਵਰ੍ਹੇ ਦਾ ਕੁਆਰਾ ਆਦਮੀ ਇਕ ਮੁੰਡਾ, ਇਕ ਬੱਚਾ ਹੀ ਜਾਪੇਗਾ।

ਉਂਜ ਵੀ ਜਦੋਂ ਕੁਝ ਕੁੜੀਆਂ ਇਕੱਠੀਆਂ ਹੋਣ ਤਾਂ ਇਕੱਲੇ ਦੁਕੱਲੇ ਮੁੰਡੇ ਅੱਗੇ ਉਹ ਬੜੀਆਂ ਦਲੇਰ ਤੇ ਮੂੰਹ-ਫੱਟ ਹੋ ਸਕਦੀਆਂ ਹਨ। ਜੁਆਨੀ ਅਸਲੀ ਅਰਥਾਂ ਵਿਚ ਹੁਲਾਰੇ ਖਾਂਦੀ ਹੈ। ਜੋਬਨ ਬੇਕਾਬੂ ਹੋ ਜਾਂਦਾ ਹੈ। ਇਹੋ ਜਿਹੇ ਮੌਕੇ ਉੱਤੇ ਬੋਲ ਕੁਬੋਲ ਗੌਲਿਆ ਨਹੀਂ ਜਾਂਦਾ। ਮੰਦਾ ਕੁਮੰਦਾ ਸੋਚਿਆ ਨਹੀਂ ਜਾਂਦਾ। ਮਾਹਿਲਾਂ ਦੀ ਇਲਾਕੇ ਵਿਚ ਬੇਸ਼ਕ ਬੜੀ ਚੜ੍ਹ ਸੀ, ਪਰ ਕੁੜੀਆਂ ਦਾ ਜੋਬਨ ਵਿਚੋਂ ਉਠਦਾ ਉਤਸ਼ਾਹ ਵੀ ਹੋੜਿਆ ਨਭੀਂ ਜਾ ਸਕਦਾ। ਉਨ੍ਹਾਂ ਵਿਚੋਂ ਇਕ, ਜਿਹੜੀ ਕਿ ਸ਼ਾਇਦ ਮੋਹਰ ਸਿੰਘ ਪੰਜਗੜ੍ਹੀਏ ਦੀ ਧੀ ਸੀ, ਹਰਪਾਲ ਦੇ ਘੋੜੇ ਅਗੇ ਆ ਕੇ ਖਲੋ ਗਈ। "ਇਹ ਨੀਂਗਟ ਕਿਧਰ ਟੁਰਿਆ ਜਾਂਦਾ ਏ?"

"ਤੇ ਇਸ ਦੂਲੇ ਨੀਂਗਰ ਦੀ ਜੰਞ ਕਿਥੇ ਹੈ?" ਦੂਜੀ ਬੋਲੀ। "ਪਰ ਪਰਨਾਣ ਇਹ ਕਾਹਨੂੰ ਚਲਿਆ ਹੈ। ਸਾਡੇ ਪਿਡ ਤਾਂ ਕੋਈ ਕੁੜੀ ਖਾਰਿਆਂ ਉੱਤੇ ਨਹੀਂ ਬੈਠੀ।" ਤੀਜੀ ਬੋਲੀ। ਹਰਪਾਲ ਨੇ ਆਪਣਾ ਘੋੜਾ ਰੋਕਿਆ। ਉਹ ਮੁਸਕਰਾਇਆ, ਇਕ ਨਜ਼ਰ ਭਰ ਕੇ ਉਹਨੇ ਸਾਰੀਆਂ ਕੁੜੀਆਂ ਵਲ ਵੇਖਿਆ। ਆਮ ਮੁੰਡੇ, ਕੁੜੀਆਂ ਦੇ ਇਹੋ ਜਿਹੇ ਝੁਰਮਟ ਵਿਚ ਘਿਰ ਕੇ ਸ਼ਾਇਦ ਚਰਾ ਪਸ਼ੇਮਾਨ ਤੇ ਜਿੱਚ ਹੋ ਜਾਂਦੇ ਹੋਣ, ਪਰ ਹਰਪਾਲ ਨੇ ਕੋਈ ਪਸ਼ੇਮਾਨੀ ਮਹਿਸੂਸ ਨਹੀਂ ਕੀਤੀ। ਇਕ ਗੱਲੋਂ ਉਹਨੂੰ ਇਹ ਮਖ਼ੌਲ-ਬਾਜ਼ੀ ਸੁਖਾਵੀਂ ਲਗੀ। ਉਹ ਕੁਝ ਜੁਆਬ ਦੇਣ ਹੀ ਲੱਗਾ ਸੀ ਕਿ ਦੋ ਹੋਰ ਕੁੜੀਆਂ ਕਮਾਦ ਵਿਚੋਂ ਨਿਕਲੀਆਂ, ਇਨ੍ਹਾਂ ਦੋਹਾਂ ਕੁੜੀਆਂ ਵਿਚੋਂ ਇਕ ਕੁੜੀ ਸੀ ਅਜੀਤ।

ਅਜੀਤ ਦਾ ਕਾਸ਼ਨੀ ਦੁਪੱਟਾ ਉਹਦੇ ਗਲ ਵਿਚ ਸੀ ਤੇ ਕਮੀਜ਼ ਉਸ ਦੀ ਬੂਟੀਆਂ ਨਾਲ ਠੇਕੇ ਹੋਏ ਕਪੜੇ ਦੀ ਬਣੀ ਹੋਈ। ਇਹ ਖ਼ਾਸ ਬੂਟੀਆਂ ਨਾਲ ਠੇਕਿਆ ਹੋਇਆ ਕਪੜਾ ਓਦੋਂ ਅਟਾਰੀ ਦਾ ਇਕ ਹੋਣਹਾਰ ਠੱਪੇਵਾਲਾ ਤੇ ਬਜ਼ਾਜ਼ ਵੇਚ ਰਿਹਾ ਸੀ ਤੇ ਬੇਸ਼ਕ ਰੰਗ ਵੀ ਪੱਕੇ ਵਰਤ ਰਿਹਾ ਸੀ। ਹਰਪਾਲ ਦੀਆਂ ਦੋਹਾਂ ਭੈਣਾਂ ਨੇ ਵੀ ਇਸੇ ਕਪੜੇ ਦੇ ਝੱਗੇ ਸਵਾਏ ਸਨ।

ਜਦੋਂ ਹੀ ਅਜੀਤ ਕਮਾਦ ਵਿਚੋਂ ਨਿਕਲੀ ਹਰਪਾਲ ਦੀ ਨਜ਼ਰ ਉਹਦੇ ਉੱਤੇ ਪਈ ਤੇ ਓਥੇ ਹੀ ਟਿਕੀ ਰਹੀ। ਅਜੀਤ ਹੋਰਨਾਂ ਕੁੜੀਆਂ ਵਾਂਗ ਉਹਨੂੰ ਬੜੀ ਛੋਟੀ ਲਗਦੀ ਆਈ ਸੀ। ਸ਼ਾਇਦ ਹਰਪਾਲ ਆਪਣੇ ਵਰ੍ਹਿਆਂ ਨਾਲੋਂ ਜਲਦੀ ਵੱਡਾ ਹੋ ਗਿਆ ਸੀ ਤੇ ਏਸੇ ਲਈ ਵਿਆਹੁਣ ਜੋਗ ਕੁੜੀਆਂ ਵੀ ਉਹਨੂੰ ਬਾਲੜੀਆਂ ਲਗਦੀਆਂ, ਪਰ ਅੱਜ ਪਹਿਲੀ ਵਾਰ ਕੋਈ ਕੁੜੀ ਉਹਨੂੰ ਆਪਣੇ ਹਾਣ ਦੀ ਲਗੀ। ਖੇਤ ਦੀ ਵੱਟ ਉੱਤੇ ਖਲੋਤੀ ਉਹ ਆਪਣੀਆਂ ਸਾਥਣਾਂ ਨਾਲੋਂ ਕੱਦ ਵਿਚ ਉੱਚੀ ਤੇ ਬੂਟੀਆਂ ਵਾਲੀ ਕਮੀਜ਼ ਨਾਲ ਉਨ੍ਹਾਂ ਸਭਨਾਂ ਤੋਂ ਸੋਹਣੀ ਲਗਦੀ ਸੀ।

ਹਰਪਾਲ ਦੇ ਬੁਲ੍ਹਾਂ ਉੱਤੇ ਆਈ ਗੱਲ ਉਥੇ ਹੀ ਸੀਝੀ ਗਈ ਤੇ ਉਸ ਕੁੜੀਆਂ ਨੂੰ ਕੁਝ ਉੱਤਰ ਨਹੀਂ ਦਿਤਾ। ਅਜੀਤ ਵੀ ਕਿੰਨਾ ਚਿਰ ਇਕ ਟੱਕ ਉਹਦੇ ਵਲ ਤਕਦੀ ਰਹੀ। ਹਰਪਾਲ ਨੇ ਪਹਿਲੇ ਵੀ ਅਜੀਤ ਨੂੰ ਦੇਖਿਆ ਸੀ ਪਰ ਗੌਲਿਆ ਨਹੀਂ ਸੀ। ਜਦੋਂ ਉਨ੍ਹਾਂ ਦਾ ਚਾਅ ਲੱਥ ਗਿਆ, ਉਨ੍ਹਾਂ ਹਰਪਾਲ ਨੂੰ ਆਪਣਾ ਰਾਹ ਫੜਨ ਵਾਸਤੇ ਕਿਹਾ ਤੇ ਉਹਦੇ ਜੁਆਨ-ਜਹਾਨ, ਕੁਆਰੀਆਂ ਤੇ ਪਰਣੀਆਂ ਹੋਈਆਂ ਕੁੜੀਆਂ ਵਲ ਘੂਰ ਘੂਰਕੇ ਵੇਖਣ ਵਾਸਤੇ ਗਿਲਾ ਕੀਤਾ। ਹਰਪਾਲ ਟੁਰ

Scanned by CamScanner

ਗਿਆ, ਪਰ ਆਪਣਾ ਆਪ ਸਦਾ ਲਈ ਅਜੀਤ ਨੂੰ ਢੋ ਗਿਆ। ਆਪ ਹਰਪਾਲ ਨੂੰ ਆਪਣਾ ਹਾਣ ਮਿਲ ਗਿਆ। ਅਸ ਉਹਨੇ ਪਲਾਂ ਪਲਾਂ ਵਿਚ ਹੀ ਆਪਣਾ ਸਦੀਵੀ ਸਾਥ ਢੂੰਡ ਲਿਆ ਸੀ। ਅਜ; ਜੇ ਉਹਦੇ ਵਿਚ ਕੋਈ ਭਟਕਣਾ ਸੀ ਵੀ ਤਾ ਉਹ ਵੀ ਮੁਕ ਗਈ। ਅਜ ਧੁਰ ਦੇ ਲੇਖ ਸਿਝਾਤੇ ਗਏ।

ਅਜੀਤ ਤੇ ਹਰਪਾਲ ਕੁਝ ਵਾਰ ਮਿਲੇ। ਕਦੀ ਕਲਸੀਏ, ਕਦੀ ਮਾਹਿਲ ਤੇ ਕਦੀ ਮਾਹਿਲ ਤੇ ਕਲਸੀਏ' ਦੇ ਵਿਚਕਾਰਲੇ ਰਾਹ ਉੱਤੇ। ਮਾਹਿਲ ਤੋਂ ਕਲਸੀਆ ਮਸੇ ਡੇਢ ਮੀਲ ਸੀ, ਤੇ ਇਕ ਵਕਤ ਆਇਆ ਜਦੋਂ ਡੇਢ ਮੀਲ ਦਾ ਇਹ ਸਾਰਾ ਇਲਾਕਾ ਜੀਤੀ ਤੇ ਪਾਲ ਦੀਆਂ ਮਿਲਣੀਆਂ ਨਾਲ ਭਰਪੂਰ ਹੋ ਗਿਆ। ਹਰ ਮੋੜ, ਹਰ ਕਿੱਕਰ ਦਾ ਜੰਡ ਹਰ ਖੇਤ ਦਾ ਬੰਨਾ, ਹਰ ਖੂਹ ਕਿਵੇਂ ਨਾ ਕਿਵੇਂ ਹਰਪਾਲ ਨੂੰ ਜੀਤੀ ਦੀ ਤੇ ਅਜੀਤ ਨੂੰ ਪਾਲ ਦੀ ਯਾਦ ਦੁਆਂਦੇ। ਜਿਨ੍ਹਾਂ ਥਾਵਾਂ ਉੱਤੇ ਉਹ ਮਿਲੇ ਵੀ ਨਹੀਂ ਸਨ ਉਹ ਥਾਵਾਂ ਵੀ ਦੋਹਾਂ ਨੂੰ 'ਇਕ ਦੂਜੇ ਨਾਲ ਬੰਨ੍ਹਦੀਆਂ ਜੋੜਦੀਆਂ ਲਗਦੀਆਂ।

ਇਕ ਦਿਨ ਹਰਪਾਲ ਨੇ ਭਾਵੁਕ ਲਹਿਜੇ ਵਿਚ ਅਜੀਤ ਅਗੇ ਭਵਿਖਤ ਦੇ ਸੁਪਨੇ ਸਜਾਏ, ਇਕ ਸਵਰਗ ਉਸਾਰਿਆ, ਪਰ ਜੀਤੀ ਨੇ ਉਦਾਸੀਨ ਲਹਿਜੇ ਵਿਚ ਕਿਹਾ : "ਪਰ ਪਾਲ ਤੇਰਾ ਘਰਾਣਾ ਬੜਾ ਉੱਚਾ ਹੈ। ਮੇਰੇ ਮਾਪੇ ਗ਼ਰੀਬ ਹਨ, ਗੱਲ ਕਿੱਦਾਂ ਬਣਸੀ, ਕਿੱਦਾਂ ਨਿਭਸੀ ?" ਹਰਪਾਲ ਹੱਸ ਪਿਆ। ਉਹ ਜੀਤੀ ਦੇ ਇਸ ਖ਼ਿਆਲ, ਇਸ ਝੁੱਕੇ ਉੱਤੇ ਹੱਸਿਆ। ਇਹੋ ਜਿਹੀਆਂ ਝੱਲਵਲੱਲੀਆਂ ਗੱਲਾਂ ਉਹਨੂੰ ਚੰਗੀਆਂ ਨਹੀਂ ਸਨ ਲਗਦੀਆਂ। ਇਹ ਉਚ ਨੀਚ ਭਾਵਹੀਨ ਹੈ। ਏਥੋਂ ਤਕ ਕਿ ਹਰਪਾਲ ਨੂੰ ਜੀਤੀ ਦੀ ਇਹ ਗੱਲ ਸੁਣ ਕੇ ਗ਼ੁੱਸਾ ਵੀ ਆ ਗਿਆ!

ਐਨਾ ਗ਼ੁੱਸਾ ਕਿ ਅਜੀਤ ਡਰ ਗਈ। ਉਹ ਮਿਲਦੇ ਰਹੇ ਤੇ ਹਰ ਵਾਰ ਅਜੀਤ ਇਹੋ ਗੱਲ ਮੁੜ ਉਹਨੂੰ ਆਖਣਾ ਚਾਹੇ। ਇਹੋ ਉਲਝਣ ਸੁਲਝਾਣ ਵਾਸਤੇ ਮੁੜ ਉਹਦੇ ਸਾਹਮਣੇ ਰਖਣਾ ਚਾਹੇ। ਮੁੜ ਉਹਦੇ ਕੋਲੋਂ ਵਿਸ਼ਵਾਸ਼ ਮੰਗਣਾ ਚਾਹੇ, ਪਰ ਉਹਦਾ ਹੀਆ ਨਾ ਪਵੇ ਇਹ ਗੱਲ ਛੋਹਣ ਦਾ। ਉਹ ਡਰਦੀ ਸੀ ਕਿ ਕਿਤੇ ਹਰਪਾਲ ਉਹਦੇ ਨਾਲ ਨਾਰਾਜ਼ ਨਾ ਹੋ ਜਾਏ। ਉਹ ਹਰਪਾਲ ਨੂੰ ਬੜਾ ਪਿਆਰ ਕਰਨ ਲਗ ਪਈ ਸੀ। ਉਹਦੇ ਕੋਲ ਜਜ਼ਬਾਤਾਂ ਤੇ ਵਲਵਲਿਆਂ ਦੀ ਕਮੀ ਨਹੀਂ ਸੀ, ਪਰ ਸ਼ਬਦ, ਸ਼ਬਦ...ਨਹੀਂ ਇਹ ਉਹਦੇ ਵੱਸ ਦਾ ਰੋਗ ਨਹੀਂ ਸੀ। ਉਹ ਕੁਝ ਕਹਿ ਨਹੀਂ ਸੀ ਸਕਦੀ, ਬੋਲ ਨਹੀਂ ਸੀ ਸਕਦੀ।

ਹਰਪਾਲ ਦੇ ਇਸ ਪਿਆਰ ਦਾ ਤਾਂ ਕਿਸੇ ਨੂੰ ਪਤਾ ਨਾ ਲਗਾ, ਪਰ ਅਜੀਤ ਦੇ ਪਿਆਰ ਦਾ ਪਤਾ ਉਹਨੂੰ ਮਾਂ ਤੇ ਇਕ ਦੋ ਸਹੇਲੀਆਂ ਨੂੰ ਜ਼ਰੂਰ ਲਗ ਗਿਆ! ਇਸ ਉਮਰ ਵਿਚ ਕੁੜੀ ਆਪਣਾ ਪਿਆਰ ਕਿਵੇਂ ਛੁਪਾਵੇ ? ਮੋਹ ਕਰ ਕੇ ਜਦੋਂ ਪਿਆਰ ਭਵਿੱਖਤ ਦੀ ਸੰਭਾਵਨਾਵਾਂ ਨਾਲ ਭਰਪੂਰ ਹੋਵੇ। ਮਾਂ ਤੇ ਸਹੇਲੀਆਂ, ਦੋਹਾਂ ਨੇ ਆਖਿਆ ਕਿ ਇਹ ਗੱਲ ਤੋੜ ਨਹੀਂ ਚੜ੍ਹਨੀ। ਮਾਹਿਲਾਂ ਨਾਲ ਉਹ ਹੱਥ ਮਿਲਾਣ ਜੋਗੇ ਨਹੀਂ। ਪਰ ਅਜੀਤ ਦੇ ਪਿਆਰ ਨੂੰ ਰੋਕਣ ਕਿਵੇਂ ?" ਅਜੀਤ ਹਰ ਵਾਰ ਹਰਪਾਲ ਕੋਲੋਂ ਇਸ ਉੱਚੇ ਤੇ ਅਮੀਰ, ਨਿੱਕੇ ਤੇ ਗ਼ਰੀਬ ਘਰਾਣੇ ਦੇ ਮਤਿ ਭੇਦ ਬਾਰੇ ਕੁਝ ਪੱਕ ਕਰਾਉਣਾ ਚਾਹੁੰਦੀ, ਪਰ ਉਹ ਕੁਝ ਪੁਛ ਨਾ ਸਕਦੀ। ਇਕ ਸੰਗ, ਇਕ ਡਰ। ਤੇ ਦਿਨ ਲੰਘਦੇ ਗਏ।

ਮਾਹਿਲਾਂ ਦਾ ਟੱਬਰ ਲਾਹੌਰ ਤੇ ਮਾਹਿਲ ਵਿਚ ਵੰਡਿਆ ਹੋਇਆ ਸੀ। ਲਾਹੌਰ ਬਦਾਮੀ ਬਾਗ਼ ਉਨ੍ਹਾਂ ਦੀ ਇਕ ਹਵੇਲੀ ਸੀ ਤੇ ਦਲੇਰ ਸਿੰਘ ਬਹੁਤਾ ਕਰ ਕੇ ਉਥੇ ਹੀ ਰਿਹਾ ਕਰਦਾ। ਉਹ ਰਣਜੀਤ ਸਿੰਘ ਦਾ ਸੈਨਾਪਤੀ ਸੀ ਤੇ ਉਹਦਾ ਲਾਹੌਰ ਰਹਿਣਾ ਬਣਦਾ ਸੀ। ਮਹੀਨੇ ਵਿਚ ਇਕ ਦੋ ਵਾਰ ਹੀ ਉਹ ਮਾਹਿਲ ਆਉਂਦਾ ਤੇ ਜ਼ਮੀਨ ਆਦਿ ਦਾ ਪ੍ਰਬੰਧ ਕਰ ਕੇ ਟੁਰ ਜਾਂਦਾ। ਜਦ ਗੁਰਦਿਆਲ ਵਡਾ ਹੋਇਆ, ਉਦੋਂ ਤੋਂ ਦਲੇਰ ਸਿੰਘ ਨੂੰ ਜ਼ਮੀਨ ਦਾ ਵੀ ਕੋਈ ਫ਼ਿਕਰ ਨਾ ਰਿਹਾ। ਗੁਰਦਿਆਲ ਸਿੰਘ ਨੂੰ ਜ਼ਮੀਨ ਦਾ ਪ੍ਰਬੰਧ ਸੌਂਪ ਦਿਤਾ ਗਿਆ ਤੇ ਸਿਰਫ਼ ਉਹੋ ਹੀ ਇਕ ਅਜਿਹਾ ਮਾਹਿਲ ਭਰਾ ਸੀ ਜਿਹਨੂੰ ਜੰਗ ਵਿਚ ਜਾਣ ਦੀ ਮਨਾਹੀ ਸੀ। ਗੁਰਦਿਆਲ ਸਿੰਘ ਹਰਪਾਲ ਨਾਲੋਂ ਚੋਦਾਂ ਵਰ੍ਹੇ ਵਡਾ ਸੀ। ਗੁਰਦਈ ਤੇ ਬਾਕੀ ਬੱਚੇ ਕਦੀ ਲਾਹੌਰ, ਕਦੀ ਮਾਹਿਲ। ਤੋਟ ਕਿਸੇ ਸ਼ੈਦੀ ਨਹੀਂ ਸੀ। ਘੋੜੇ, ਗੱਡੇ, ਰੱਬ ਦਾ ਦਿਤਾ ਸਭ ਕੁਝ।

ਇਨ੍ਹਾਂ ਦਿਨਾਂ ਵਿਚ ਹੀ ਮੁਲਤਾਨ ਉੱਤੇ ਚੜ੍ਹਾਈ ਦੀਆਂ ਤਿਆਰੀਆਂ ਹੋਣ ਲਗੀਆਂ। ਹਰਪਾਲ ਲਾਹੌਰ ਸੀ। ਪਿਤਾ ਨੇ ਹਾਸੇ ਹਾਸੇ ਪੁਛਿਆ। "ਕਿਉਂ ਹਰਪਾਲ! ਚਲੇਂਗਾ ਮੁਲਤਾਨ ? ਇਹ ਲੜਾਈ ਵਾਹ ਵਾਹ ਹੋਵੇਗੀ।" "ਚਲਾਂਗਾ ਪਿਤਾ ਜੀ!" ਹਰਪਾਲ ਨੇ ਕਿਹਾ।

ਉਦੋਂ ਹੀ ਦਲੇਰ ਸਿੰਘ ਨੇ ਉਹਨੂੰ ਆਪਣੇ ਤੋਪਖ਼ਾਨੇ ਵਿਚ ਪੱਕਾ ਭਰਤੀ ਕਰ ਲਿਆ। ਦਲੇਰ ਸਿੰਘ ਤੇ

Scanned by CamScanner

ਹਰਪਾਲ ਸਿੰਘ ਵਿਚ ਇਕ ਸਾਂਝ ਸੀ। ਇਕ ਸਾਂਝ ਜਿਹੀ ਕਿ ਇਕ ਪਿਤਾ ਤੇ ਉਹਦੇ ਸਭ ਤੋਂ ਛੋਟੇ ਪੁੱਤਰ ਵਿਚ ਹੁੰਦੀ ਹੈ। ਹਰਪਾਲ ਦਲੇਰ ਸਿੰਘ ਦੀ ਆਖੀ ਕੋਈ ਗੱਲ ਨਹੀਂ ਸੀ ਮੋੜਦਾ ਤੇ ਦਲੇਰ ਸਿੰਘ ਉਹਨੂੰ ਕਦੀ ਕੋਈ ਇਹੋ ਜਿਹੀ ਗੱਲ ਨਾ ਆਖਦਾ ਜਿਹੜੀ ਹਰਪਾਲ ਨੂੰ ਨਾਗੁਆਰ ਹੋਵੇ।

ਮਹਾਰਾਜਾ ਰਣਜੀਤ ਸਿੰਘ ਆਪ ਮੁਲਤਾਨ ਦੀ ਆ ਰਹੀ ਮੁਹਿੰਮ ਵਿਚ ਦਿਲਚਸਪੀ ਲੈ ਰਿਹਾ ਸੀ। ਉਹ ਆਪਣੇ ਸੈਨਾਪਤੀਆਂ ਨਾਲ ਇਸ ਬਾਰੇ ਪ੍ਰਬੰਧਕ ਬੈਠਕਾਂ ਕਰਦਾ। ਜਮਾਂਦਾਰ ਖੁਸ਼ਹਾਲ ਸਿੰਘ ਦੀ ਭਦੌਂ ਲੱਤ ਨਾ ਲਗਦੀ। ਸਰਦਾਰ ਨਿਯਤ ਕੀਤੇ ਗਏ। ਬਟਾਲੀਅਨਾਂ ਤੇ ਰਜਮੈਂਟਾਂ ਨਿਯਤ ਹੋਈਆਂ। ਸਾਜ਼ ਸਾਮਾਨ ਇਕੱਠਾ ਕੀਤਾ ਗਿਆ। ਹਰਪਾਲ ਨੇ ਇਹੋ ਜਿਹਾ ਉਤਸ਼ਾਹ ਲਾਹੌਰ ਵਿਚ ਪਹਿਲੇ ਕਦੀ ਨਹੀਂ ਸੀ ਵੇਖਿਆ। ਇਸ ਆਮ ਫੈਲੇ ਉਤਸ਼ਾਹ ਨੇ ਹਰਪਾਲ ਦਾ ਉਤਸ਼ਾਹ ਜਗਾ ਦਿਆ। ਉਹ ਮੁਲਤਾਨ ਦੀ ਮੁਹਿੰਮ ਨੂੰ ਉਡੀਕਣ ਲਗਾ। ਸਵੇਰ ਤੋਂ ਸ਼ਾਮ ਉਹ ਆਪਣੇ ਪਿਤਾ ਨਾਲ ਮੁਹਿੰਮ ਵਾਸਤੇ ਹੁੰਦੀਆਂ ਤਿਆਰੀਆਂ ਵੇਖਣ ਵਿਚ ਰੁਝਾ ਰਹਿੰਦਾ।

ਇਨ੍ਹਾਂ ਦਿਨਾਂ ਵਿਚ ਹੀ ਪਹਿਲੀ ਵਾਰ ਹਰਪਾਲ ਨੂੰ ਲਗਿਆ ਕਿ ਉਹਦੇ ਵਿਚ ਕੋਈ ਅਜਿਹੀ ਚੀਜ਼ ਹੈ ਜਿਹੜੀ ਪ੍ਰਫੁਲਤ ਹੋਣ ਵਾਸਤੇ ਕਾਹਲੀ ਹੈ। ਪਹਿਲੀ ਵਾਰ ਉਹਨੂੰ ਲਗਾ ਕਿ ਉਹਦੀ ਕਿਸਮਤ ਤੇ ਭਵਿੱਖਤ ਆਮ ਮੁੰਡਿਆਂ ਤੇ ਆਮ ਸਿਪਾਹੀਆਂ ਦੇ ਭਵਿੱਖਤ ਵਰਗਾ ਨਹੀਂ। ਉਹਨੂੰ ਆਪਣੇ ਅੰਦਰ ਕਿਸੇ ਅਜਿਹੀ ਚੀਜ਼ ਦਾ ਅਹਿਸਾਸ ਹੋਇਆ ਜਿਹੜੀ ਹੋਰਨਾਂ ਨਾਲੋਂ ਭਿੰਨ ਭਿੰਨ ਤੇ ਉਭਰੀ ਹੋਈ ਹੈ। ਇਸ ਅਹਿਸਾਸ ਨੇ ਹਰਪਾਲ ਨੂੰ ਉਪਰਾਮ ਕੀਤਾ। ਜੀਤੀ ਦੇ ਪਿਆਰ ਤੋਂ ਵਧ, ਜੀਤੀ ਦੀ ਲਾਲਸਾ ਤੋਂ ਵਧ। ਉਹਦੇ ਨਾਲੋਂ ਵਿਛੜਦਿਆਂ ਉਪਜਦੀ ਬੇ-ਜ਼ਰਾਰੀ ਤੋਂ ਵੱਧ ਤੇ ਏਥੋਂ ਤਕ ਕਿ ਉਹਦੇ ਨਾਲ ਸਦੀਵੀ ਮੇਲ ਦੀ ਕਲਪਨਾ ਤੋਂ ਵਧ। ਏਸ ਅਹਿਸਾਸ ਨੇ ਉਹਨੂੰ ਉਪਰਾਮ ਕੀਤਾ। ਉਹਨੂੰ ਸਮਝ ਨਾ ਆਉਂਦੀ, ਪਰ ਉਹਨੂੰ ਲਗਦਾ ਕਿ ਇਸ ਮੁਹਿੰਮ ਉੱਤੇ ਕੋਈ ਅਜਿਹੀ ਘਟਨਾ ਵਾਪਰਨ ਵਾਲੀ ਹੈ ਜਿਹੜੀ ਕਿ ਉਹਦੀ ਜ਼ਿੰਦਗੀ ਦੀ ਰੌ ਨੂੰ ਤਬਦੀਲ ਕਰ ਦੇਵੇਗੀ। ਉਹਨੂੰ ਲਗਦਾ ਕਿ ਮੁਲਤਾਨ ਦੀ ਆ ਰਹੀ ਲੜਾਈ ਵਿਚ ਉਹਦੇ ਵਾਸਤੇ ਇਕ ਨਵੇਂ ਜੀਵਨ ਦਾ ਆਦਿ ਹੋਵੇਗਾ।

ਲੜਾਈ ਦੀਆਂ ਤਿਆਰੀਆਂ ਪੂਰੀਆਂ ਹੋਣ ਨੂੰ ਆਈਆਂ। ਹਰਪਾਲ ਮਾਹਿਲ ਆਇਆ, ਉਹ ਜੀਤੀ ਨੂੰ ਮਿਲਿਆ। ਜੀਤੀ ਨੇ ਆਖਿਆ ਕਿ ਉਹ ਇਸ ਲੜਾਈ ਉੱਤੇ ਨਾ ਜਾਵੇ। ਹਰਪਾਲ ਨੂੰ ਇਕ ਧੱਕਾ ਲਗਾ। ਉਹਨੂੰ ਆਪਣੇ ਅੰਦਰ ਬਾਹਰ ਧੁੰਦੂਕਾਰ ਪਸਰਦਾ ਜਾਪਿਆ। ਉਹਦੀ ਜ਼ਿੰਦਗੀ ਤੇ ਉਹਦੀ ਖੁਸ਼ੀ ਦਾ ਸੂਰਜ ਉਹਦੇ ਨਾਲ ਕੀ ਭਾਣਾ ਵਰਤ ਰਿਹਾ ਸੀ। ਹਰਪਾਲ ਤਲਮਲਾਇਆ : "ਤੂੰ ਕੀ ਆਖ ਰਹੀ ਹੈਂ ਜੀਤੀ ?"

"ਮੈਂ ਤੁਹਾਨੂੰ ਕਿਵੇਂ ਦਸਾਂ, ਹਰਪਾਲ, ਕਿ ਕੀ ਅੰਕੜ ਹੈ..."ਤੇ ਜੀਤੀ ਦੀਆਂ ਅੱਖਾਂ ਵਿਚੋਂ ਅਥਰੂ ਨਿਕਲ ਆਏ। "ਦਸ ਨਾ ਕੀ ਗੱਲ ਹੈ ? ਤੂੰ ਮੈਨੂੰ ਕਿਉਂ ਨਹੀਂ ਦਸਦੀ। ਮੈਂ ਕੋਈ ਓਪਰਾ ਹਾਂ।"

ਪਰ ਸਿਵਾਏ ਕੁਝ ਹੋਰ ਡਲ੍ਹਕਦਿਆਂ ਅਥਰੂਆਂ ਦੇ ਜੀਤੀ ਨੇ ਕੁਝ ਨਾ ਦਸਿਆ, ਕੁਝ ਨਾ ਆਖਿਆ। ਉਸ ਹਰਪਾਲ ਦਾ ਹੱਥ ਫੜ ਕੇ ਘੁਟਿਆ ਤੇ ਹਰਪਾਲ ਨੂੰ ਉਹਦਾ ਸਰੀਰ ਭੱਖਦਾ ਜਾਪਿਆ। ਅਜੀਤ ਉਹਨੂੰ ਦਸਣਾ ਚਾਹੁੰਦੀ ਸੀ ਕਿ ਉਹਦੀ ਮਾਂ ਤੇ ਉਹਦੀਆਂ ਸਹੇਲੀਆਂ ਉਹਨੂੰ ਹਰਪਾਲ ਦੇ ਯੋਗ ਨਹੀਂ ਸਮਝਦੀਆਂ, ਕਿ ਉਨ੍ਹਾਂ ਦੇਹਾ ਦੇ ਸਮਾਜਕ ਮਿਆਰਾਂ ਵਿਚ ਬੜਾ ਫ਼ਰਕ ਹੈ। ਉਹ ਦਸਣਾ ਚਾਹੁੰਦੀ ਸੀ ਕਿ ਉਹਦੇ ਮਾਪਿਆਂ ਨੇ ਉਹਦੇ ਵਾਸਤ ਇਕ ਘਰ, ਇਕ ਮੁੰਡਾ ਢੂੰਡ ਲਿਆ ਹੈ ਤੇ ਜਲਦੀ ਹੀ ਉਹ ਉਹਦੀ ਮੰਗਣੀ ਪੱਕੀ ਕਰ ਦੇਣਾ ਚਾਹੁੰਦੇ ਹਨ। ਉਹ ਆਖਣ ਦੀ ਚਾਹਵਾਨ ਸੀ ਕਿ ਇਹੋ ਜਿਹੀ ਹਾਲਤ ਵਿਚ ਹਰਪਾਲ ਉਹਦੇ ਕੋਲ ਹੋਵੇ। ਸ਼ਾਇਦ ਉਹ ਆਪਣੀ ਬਲੀ ਆਤਮਾ ਨਾਲ ਰੇਖ ਵਿਚ ਕੋਈ ਮੇਖ ਮਾਰ ਸਕੇ। ਅੰਨਾ ਕੁਝ ਕਹਿਣਾ ਚਾਹੁੰਦੀ ਸੀ ਜੀਤੀ, ਪਰ ਆਖ ਉਹ ਸਿਰਫ਼ ਇਹ ਹੀ ਸਕੀ : "ਤੁਸੀਂ ਨਾ ਜਾਉ ! ਤੁਹਾਡੇ ਪਿਛੋਂ ਸ਼ਾਇਦ ਮੇਰੀ ਕੀ ਹਾਲਤ ਹੋਵੇ।"

ਹਰਪਾਲ ਨੇ ਆਖਿਆ : "ਮੈਂ ਹੁਣੇ ਆਇਆ, ਜੀਤੀ। ਇਹ ਮੁਹਿੰਮ ਵੇਖੀਂ ਚਾਰ ਦਿਨ ਵੀ ਨਹੀਂ ਤੱਗਣੀ। ਸਾਡੀਆਂ ਫ਼ੌਜਾਂ ਬੜੀਆਂ ਭਾਰੀਆਂ ਹਨ। ਆਪ ਸਰਕਾਰ ਨੇ ਇਸ ਲੜਾਈ ਦਾ ਪ੍ਰਬੰਧ ਕੀਤਾ ਹੈ।" ਹਰਪਾਲ ਨੇ ਜੀਤੀ ਨੂੰ ਸਮਝਾਇਆ। ਹਰ ਸਿਪਾਹੀ ਧੁਰਾਂ ਤੋਂ ਆਪਣੀ ਪ੍ਰੀਤਮਾ ਨੂੰ ਇਹੋ ਜਿਹੇ ਸ਼ਬਦਾਂ ਨਾਲ ਹੀ ਸਮਝਾਂਦਾ ਆਇਆ ਹੈ। ਪਰ ਇਹ ਸ਼ਬਦ ਵਿਆਹੀ ਇਸਤ੍ਰੀ ਦਾ ਸਹਾਰਾ ਤਾਂ ਭਾਵੇਂ ਬਣ ਸਕਣ, ਪਰ ਜੀਤੀ ਜਿਹੀ ਬੇਲੋਸ ਕਬੂਤਰੀ ਤੇ ਮਾਸੂਮ ਤੇ ਦਬਕਵੀਂ

Scanned by CamScanner

ਜਿੰਦ ਨੂੰ ਇਹ ਕਿੰਨੇ ਕੁ ਸਹਾਰਾ ਦੇ ਸਕਦੇ ਸਨ, ਇਹਦਾ ਨਿਰਣਾ ਕਰਨਾ ਮੁਸ਼ਕਲ ਹੈ।

ਉਂਜ ਬੇਸ਼ਕ ਹਰਪਾਲ ਵੀ ਵਿਚੋਂ ਵਿਚੋਂ ਡਰ ਰਿਹਾ ਸੀ। ਜੀਤੀ ਦੇ ਬ ਗ਼ੀਰ ਦਿਲ ਉਹਦਾ ਵੀ ਨਹੀਂ ਮ
ਲਗਦਾ। ਉਹ ਵੀ ਉਹਨੂੰ ਛੜ ਕੇ ਨਹੀਂ ਸੀ ਜਾਣਾ ਚਾਹੁੰਦਾ, ਪਰ ਆਪਣੇ ਅੰਦਰਲੇ ਪ੍ਰਤਿਕਰਮਾਂ ਦੇ ਸਨਮੁਖ ਤੇ ਆਪਣੇ ਵਿਚ
ਵਿਚ ਉਠੇ ਨਵੇਂ ਵਲਵਲਿਆਂ ਤੇ ਜਜ਼ਬਾਤਾਂ ਦੇ ਸਨਮੁਖ, ਜਿਨ੍ਹਾਂ ਨੂੰ ਕਿ ਉਹ ਆਪ ਵੀ ਚੰਗੀ ਤਰ੍ਹਾਂ ਸਮਝ ਨਹੀਂ ਸੀ ਸਕਦਾ।
ਉਹਨੂੰ ਜੀਤੀ ਦੇ ਇਹ ਅੱਥਰੂ ਤੇ ਇਹ ਨਾਂਹ ਨਾਂਹ, ਅਜੀਬ ਲਗੀ। ਉਂਜ ਵੀ ਬੇਸ਼ਕ ਹੁਣ ਉਹ ਪਿਛੇ ਨਹੀਂ ਸੀ ਜਹਿ ਸਕਦਾ।
ਉਹ ਆਪਣੇ ਪਿਤਾ ਅਗੇ ਹਾਂ ਕਰ ਚੁਕਾ ਸੀ। ਉਹ ਖ਼ਾਲਸਈ ਸੈਨਾਂ ਵਿਚ ਨੇਮ-ਬੰਧ ਤਰੀਕੇ ਨਾਲ ਭਰਤੀ ਹੋ ਚੁਕਾ ਸੀ।
ਉਹਦਾ ਦਸਤਾ ਮੁਹਿੰਮ ਉੱਤੇ ਜਾਣ ਵਾਸਤੇ ਚੁਣਿਆ ਜਾ ਚੁਕਾ ਸੀ। ਉਹ ਆਪਣੇ ਨਵੇਂ ਸਾਥੀਆਂ ਤੇ ਸ਼ੁਭਚਿੰਤਕਾਂ ਨੂੰ ਮਿ
ਆਇਆ ਸੀ। ਤੇ ਹੁਣ ਚੀ ਉਹ ਨਾਂਹ ਕਰ ਦਵੇ ? ਕੋਈ ਸਿਖ ਵੀ ਇੰਜ ਨਾ ਕਰਦਾ, ਤੇ ਕੀ ਉਹ ਮਾਹਿਲ ਘਰਾਣੇ ਦਾ
ਸਿਖ ਹੋ ਕੇ ਇੰਜ ਕਰ ਸਕਦਾ ਸੀ ? ਜੀਤੀ ਦੀ ਇਕ ਹੋਰ ਨਾਂਹ ਅਗੇ ਉਸ ਆਖਿਆ ਵੀ : "ਜੀਤੀ ! ਮੈਂ ਮਾਹਿਲ
ਘਰਾਣੇ ਦਾ ਪੁੱਤਰ ਹਾਂ। ਮੈਂ ਰੁਕ ਨਹੀਂ ਸਕਦਾ।"

ਪਰ ਹਰਪਾਲ ਵਲੋਂ ਸਹਿਜ ਸੁਭਾ ਆਖੀ ਗਈ ਇਹ ਗੱਲ ਜੀਤੀ ਦੇ ਕੋਮਲ ਹਿਰਦੇ ਨੂੰ ਛੇਕ ਗਈ। ਇਹ
ਤਾਂ ਉਹਦੀਆਂ ਸਹੇਲੀਆਂ ਤੇ ਉਹਦੀ ਮਾਂ ਆਖ ਰਹੇ ਸਨ। ਹਰਪਾਲ ਮਾਹਿਲ ਘਰਾਣੇ ਦਾ ਸਪੁੱਤਰ ਗ਼ਰੀਬ ਕਾਮ ਕੁੜੀ
ਕਲਸੀਏ ਦੀ ਧੀ ਨੂੰ ਕਿਵੇਂ ਅਪਣਾ ਸਕਦਾ ਹੈ। ਉਹ ਉਹਦੇ ਵਾਸਤੇ ਕਿਵੇਂ ਕੁਝ ਕਰ ਸਕਦਾ ਹੈ।

ਉਹ ਕੁਝ ਕਹਿਣ ਲਗੀ, ਪਰ ਫਿਰ ਚੁਪ ਕਰ ਗਈ। ਸ਼ਬਦ ਬੁਲ੍ਹਾਂ ਤਕ ਆਉਂਦੇ, ਪਰ ਅੱਥਰੂਆਂ ਦਾ ਉਫਾ
ਉਨ੍ਹਾਂ ਨੂੰ ਰੋੜ੍ਹ ਕੇ ਲੈ ਜਾਂਦਾ। ਹਰਪਾਲ ਸਮਝਣ ਦੀ ਕੋਸ਼ਿਸ਼ ਕਰਦਾ, ਪਰ ਕੁਝ ਸਮਝ ਨਾ ਪਾਂਦਾ। ਉਹ ਜੀਤੀ ਨੂੰ ਮੁੜ ਮੁੜ
ਪੁਛਦਾ ਕਿ ਉਹਦੇ ਮਨ ਵਿਚ ਕੀ ਹੈ, ਪਰ ਜੀਤੀ ਉਹਦੇ ਵਲ ਭਰਾਈਆਂ ਅੱਖਾਂ ਨਾਲ ਵੇਖਦੀ ਤੇ ਚੁਪ ਰਹਿੰਦੀ ਤੇ ਕਦੇ
ਮੁਸਕਰਾ ਛਡਦੀ। ਹਰਪਾਲ ਸਮਝਦਾ ਕਿ ਜੀਤੀ ਨੂੰ ਉਹਦੀ ਜਾਨ ਦਾ ਫ਼ਿਕਰ ਹੈ। ਇਹ ਹਰ ਕੁੜੀ ਹਰ ਇਸਤ੍ਰੀ ਨੂੰ ਹੁੰਦਾ ਹੈ।
ਉਹ ਆਖਦਾ : "ਇਹ ਲੜਾਈ ਤੂੰ ਵੇਖੀਂ ਬਿਲਕੁਲ ਬੱਚਿਆਂ ਦੀ ਖੇਡ ਵਾਂਗ ਹੋਵੇਗੀ।"

ਉਹ ਉਹਨੂੰ ਲਾਹੌਰ ਵਿਚ ਹੋਈਆਂ ਤਿਆਰੀਆਂ ਬਾਰੇ ਦਸਦਾ, ਕਿਵੇਂ ਤੋਪਖ਼ਾਨਾ ਰੋਜ਼ ਰੋਜ਼ ਮਸ਼ਕਾਂ ਕਰਦਾ ਹੈ।
ਕਿਵੇਂ ਰਸਾਲਾ ਤੇ ਪਿਆਦਾ ਫ਼ੌਜ ਝੂਠੀਆਂ ਲੜਾਈਆਂ ਲੜਦੀ ਹੈ। ਕਿਵੇਂ ਰਸਦ ਪਾਣੀ ਇਕੱਠਾ ਕੀਤਾ ਜਿਆ ਰਿਹਾ ਹੈ।
ਲਾਹੌਰ ਵਿਚ ਸਭ ਨੂੰ ਚਾਅ ਚੜ੍ਹਿਆ ਹੋਇਆ ਹੈ। ਪਰ ਜੀਤੀ ਨੂੰ ਕੋਈ ਚੀਜ਼ ਨਾ ਟੁੰਭਦੀ। ਉਹਨੂੰ ਲਗਦਾ ਕਿ ਹਰਪਾਲ
ਆਪਣੇ ਘਰਾਣ ਨੂੰ ਵਡਿਆ ਰਿਹਾ ਹੈ। ਉਹਦੇ ਮਨ ਦਾ ਚੋਰ ਉੱਹਨੂੰ ਉਹਦਾ ਕੋਈ ਸ਼ਬਦ ਵੀ ਠੀਕ ਅਰਥਾਂ ਵਿਚ ਗ੍ਰਹਣ
ਨਾ ਦੇਂਦਾ। ਉਫ਼ ! ਉਹਦੀ ਮਾਸੂਮੀਅਤ ! ਉਹਦੇ ਦਿਲ ਤੇ ਰੂਹ ਦੀ ਸਰਲਤਾ।

ਕਲ੍ਹ ਸਵੇਰੇ ਹਰਪਾਲ ਨੇ ਜਾਣਾ ਸੀ ਤੇ ਹਰਪਾਲ ਨੂੰ ਅੱਜ ਤਕ ਇੰਨ ਬਿੰਨ ਯਾਦ ਸੀ ਉਨ੍ਹਾਂ ਦੀ ਆਖ਼ਰੀ
ਮਿਲਣੀ। ਉਹ ਉਸੇ ਹੀ ਗੰਨਿਆਂ ਦੇ ਖੇਤ ਕੋਲ ਮਿਲੇ ਸਨ ਜਿਥੇ ਕਿ ਦੋ ਤਿੰਨ ਮਹੀਨੇ ਪਹਿਲੇ। ਉਹੋ ਸਜੇ ਹੱਥ ਟਿੰਡਾਂ ਵਰ
ਖੂਹ ਸੀ ਤੇ ਬੰਨੇ ਦੇ ਕੋਲ ਜੰਡ ਦਾ ਬਿਰੂਛ। ਹਰਪਾਲ ਦੇ ਆਖਣ ਉੱਤੇ ਅਜ ਫਿਰ ਅਜੀਤ ਨੇ ਉਹੋ ਬੂਟੀਆਂ ਵਾਲੀ ਚਾਦਰ
ਪਾਈ ਸੀ। "ਮੈਂ ਜਲਦੀ ਹੀ ਆਵਾਂਗਾ, ਜੀਤੀ।"

ਜੀਤੀ ਦੇ ਅਥਰੂ ਫਿਰ ਟਪਕ ਆਏ। ਉਸ ਹਰਪਾਲ ਦੀ ਬਾਂਹ ਨੂੰ ਐਨੀ ਜ਼ੋਰ ਦੀ ਘੁੱਟਿਆ ਕਿ ਹਰਪਾਲ ਪੀੜ
ਹੋ ਗਿਆ। ਉਹਦੇ ਖ਼ਿਆਲ ਵਿਚ ਜੀਤੀ ਬੜੀ ਕਮਜ਼ੋਰ ਕੁੜੀ ਸੀ, ਕਿ ਇਸ ਭਾਰੇ, ਗੋਰੇ, ਗੋਲ, ਸੁੰਦਰ ਬਦਨ ਵਿਚ ਏ
ਤਾਕਤ ਨਹੀਂ ਸੀ। ਪਰ ਉਹ ਨਹੀਂ ਸੀ ਜਾਣਦਾ ਕਿ ਇਹ ਜ਼ੋਰ ਦੀ ਘੁੱਟੀ ਗਈ ਘੁੱਟਣੀ ਵਿਚ ਜੀਤੀ ਦੀ ਸਾਰੀ ਮੁਹੱ
ਲੁਕੀ ਹੈ, ਕਿ ਇਸ ਘੁਟਣੀ ਵਿਚ ਉਹਦੀ ਸਾਰੀ ਵੇਦਨਾ ਸਿਮਟੀ ਪਈ ਹੈ। ਉਹ ਨਹੀਂ ਸੀ ਜਾਣਦਾ ਕਿ ਇਹ ਲੁਕਵੀ
ਹੋਈ ਜਵਾਲਾ ਹੈ ਇਸ ਘੁਟਣੀ ਵਿਚ ਉਹ ਸਾਰੇ ਸ਼ਬਦ ਹਨ ਜਿਹੜੇ ਜੀਤੀ ਉਹਨੂੰ ਕਹਿਣਾ ਚਾਹੁੰਦੀ ਹੈ ਤੇ ਕਹਿ ਨਹੀਂ ਸਕ
ਇਹ ਘੁਟਣੀ ਉਨ੍ਹਾਂ ਦੇ ਪਿਆਰ ਦੀ ਸਾਰੀ ਕਹਾਣੀ ਹੈ।

ਉਹ ਵਿਛੜ ਗਏ। ਉਸੇ ਰਾਤ ਘਰ ਮੁੜੀ ਜੀਤੀ ਨੂੰ ਮਾਂ ਨੇ ਦਸਿਆ ਕਿ ਉਹਦੇ ਬਾਬਲ ਨੇ ਉਹਦੀ ਮੰਗ
ਪੱਕੀ ਕਰ ਦਿਤੀ ਹੈ ਤੇ ਅਜ ਭਲਕੇ ਸ਼ਗਨ ਪੈ ਜਾਏਗਾ। ਉਹਦੀ ਮਾਂ ਨੇ ਨਵੇਂ ਘਰ ਤੇ ਚੁਣੇ ਗਏ ਚੂਲ੍ਹੇ ਦੇ ਗੁਣ ਗਿਣ
ਤੇ ਉਸ ਮਾਹਿਲ ਘਰਾਣੇ ਨਾਲ ਨਾਤਾ ਜੋੜਨ ਦੇ ਔਖ ਦਸੇ, ਜੀਤੀ ਵਿਚ ਗੁਣ ਤੇ ਔਖ ਸੁਣਨ ਦੀ ਸੱਤਾ ਨਹੀਂ ਰਹੀ ਸੀ

Scanned by CamScanner

ਉਹਨੂੰ ਹੁਣੇ ਹੁਣੇ ਹਰਪਾਲ ਨਾਲ ਹੋਈ ਮਿਲਣੀ ਯਾਦ ਆ ਰਹੀ ਸੀ ਤੇ ਉਹ ਹਰਪਾਲ ਦੇ ਸਾਥ ਵਿਚ ਬੜੇ ਸੁਨਹਿਰੇ ਭਵਿਖ ਦੇ ਚਿਤਰਾਂ ਨੂੰ ਗੌਲ ਟਹੀ ਸੀ।

ਰਾਤ ਪੈ ਗਈ। ਟੱਬਰ ਸੌਂ ਗਿਆ। ਪਰ ਜੀਤੀ ਜਾਗਦੀ ਰਹੀ। ਉਹਦਾ ਇਕ ਵਾਰ ਜੀ ਕੀਤਾ ਕਿ ਉਹ ਠੰਗੇ ਪੈਰੀਂ ਜਿਵੇਂ ਹੈ ਉਵੇਂ ਹੀ ਉਠ ਦੌੜੇ ਤੇ ਹਰਪਾਲ ਦੀ ਅਥਾਹ ਸ਼ਕਤੀ ਵਿਚ ਜਾ ਪਨਾਹ ਲਏ। ਇਕ ਵਾਰੀ ਉਹ ਮੰਜੀ ਉੱਤੋਂ ਉਠੀ ਵੀ। ਪਰ ਨਾ ਜਾਣੇ ਕਿਉਂ ਉਹ ਫਿਰ ਲੰਟ ਗਈ ਤੇ ਲੰਟੀ ਰਹੀ। ਸੋਚਦੀ ਰਹੀ ਤੇ ਰੋਂਦੀ ਰਹੀ। ਜਿਚਰ ਤਕ ਕਿ ਸਵੇਰ ਨਾ ਹੋ ਗਈ।

ਉਸ ਵੇਲੇ ਉਹ ਤੁਰੀ ਹਰਪਾਲ ਨੂੰ ਮਿਲਣ ਲਈ। ਮਿਲਣ ਉੱਤੇ ਪਤਾ ਨਹੀਂ ਉਹ ਹਰਪਾਲ ਨੂੰ ਕੁਝ ਆਖ ਸਕਣ ਦੀ ਹਿੰਮਤ ਰਖਦੀ ਸੀ ਕਿ ਨਹੀਂ, ਇਹਦੀ ਸਾਰ ਉਸ ਵੇਲੇ ਜੀਤੀ ਨੂੰ ਨਹੀਂ ਸੀ। ਉਹ ਜਾ ਰਹੀ ਸੀ ਕਿਉਂਕਿ ਉਹਦਾ ਆਪਣੇ ਉੱਤੇ ਕੋਈ ਜ਼ੋਰ ਨਹੀਂ ਸੀ ਰਿਹਾ। ਉਹ ਆਪਣਾ ਆਲਾ ਦੁਆਲਾ ਭੁਲ-ਚੁਕੀ ਸੀ। ਤੇਜ਼ ਕਦਮ ਪੁਟਦੀ ਉਹ ਮਾਹਿਲ ਪੁਜੀ ਤੇ ਫਿਰ ਮਾਹਿਲਾਂ ਦੇ ਘਰ। ਬੇਸ਼ਕ ਅਜੇ ਅਵੇਰ ਨਹੀਂ ਸੀ ਹੋਈ, ਪਰ ਜਾਣ ਵਾਲਾ ਜਾ ਚੁਕਾ ਸੀ।

ਜਾਣ ਤੋਂ ਪਹਿਲੇ ਹਰਪਾਲ ਆਪਣੀ ਭੈਣ ਗੁਰਮੀਤ ਨੂੰ ਕਹਿ ਗਿਆ ਸੀ : "ਮੀਤੀ ! ਜੀਤੀ ਦਾ ਖ਼ਿਆਲ ਰਖੀਂ।" "ਕਿਹੜੀ ਜੀਤੀ ?" "ਸਰਦਾਰ ਰਾਮ ਸਿੰਘ ਕਲਸੀਏ ਦੀ ਧੀ।" "ਕਿਉਂ...?" ਗੁਰਮੀਤ ਹੈਰਾਨ ਹੋਈ। ਇਹ ਪਹਿਲੀ ਵਾਰ ਸੀ ਕਿ ਮਾਹਿਲਾਂ ਦੇ ਟੱਬਰ ਵਿਚ ਕਿਸੇ ਨੂੰ ਹਰਪਾਲ ਤੇ ਅਜੀਤ ਦੀ ਮਿੱਤ੍ਰਤਾ ਬਾਰੇ ਪਤਾ ਲਗਾ। ਭੈਣ ਦੇ 'ਕਿਉਂ' ਦੇ ਉੱਤਰ ਵਿਚ ਹਰਪਾਲ ਮੁਸਕਰਾਇਆ: ਇਕ ਉਦਾਸ, ਪਰ ਸੁਪਨਿਆਂ ਲੱਦੀ ਮੁਸਕਰਾਹਟ, ਤੇ ਉਹ ਚਲਾ ਗਿਆ।

੮੪

ਸੱਤ ਮਹੀਨੇ ਹਰਪਾਲ ਬਾਹਰ ਰਹਿ ਕੇ ਅਜ ਮਾਹਿਲ ਪਰਤਿਆ। ਇਹ ਸੱਤ ਮਹੀਨੇ ਅਜੀਤ ਪਲ ਪਲ ਉਹਦੇ ਨਾਲ ਰਹੀ ਸੀ। ਸੌਂਦਿਆਂ, ਉਠਦਿਆਂ, ਖਾਂਦਿਆਂ ਪੀਂਦਿਆਂ, ਟੁਰਦਿਆਂ ਫਿਰਦਿਆਂ ਉਹਦੇ ਮਨ ਦੀਆਂ ਲਾਲਸਾਵਾਂ ਜੀਤੀ ਦੀਆਂ ਯਾਦਾਂ ਨਾਲ ਕਲਸੀਏ ਤੇ ਮਾਹਿਲ ਦੇ ਵਿਚਕਾਰ ਰਾਹ ਫੋਲਦੀਆਂ ਰਹਿੰਦੀਆਂ। ਮੁਲਤਾਨ ਦੇ ਇਲਾਕੇ ਦੀਆਂ ਜੰਡਾਂ ਤੇ ਕਰੀਰ ਉਹਨੂੰ ਮਾਹਿਲ ਤੇ ਕਲਸੀਏ ਵਿਚਕਾਰ ਥਾਂ ਥਾਂ ਉਗੇ ਹੋਏ ਜੇਡ ਤੇ ਕਰੀਰ ਲਗਦੇ। ਜਦੋਂ ਵੀ ਉਹ ਅੱਖਾਂ ਚੁਕੀ ਆਪਣੇ ਸਾਹਮਣੇ ਜਾਂ ਦੂਰ ਪੁਲਾਂਝ ਵਲ ਵੇਖ ਰਿਹਾ ਹੁੰਦਾ ਤਾਂ ਦਰਅਸਲ ਉਹਦੀਆਂ ਨਜ਼ਰਾਂ ਉਨ੍ਹਾਂ ਸਭ ਥਾਵਾਂ ਉੱਤੇ ਟਿਕੀਆਂ ਹੁੰਦੀਆਂ ਜਿਥੇ ਜੀਤੀ ਤੇ ਉਹ ਪਿਛਲੇ ਕੁਝ ਮਹੀਨੇ ਮਿਲਦੇ ਰਹੇ ਸਨ। ਇਉਂ ਭੂਤ ਵਲ ਤੱਕਦਿਆਂ ਜਦੋਂ ਕਈ ਵਾਰ ਹਰਪਾਲ ਦੀਆਂ ਅੱਖਾਂ ਥੱਕ ਜਾਂਦੀਆਂ ਤਾਂ ਉਹ ਭੂਤ ਦੀ ਥਾਂ ਭਵਿਖਤ ਵਲ ਵੇਖਣ ਲਗ ਜਾਂਦਾ।

ਮਹੀਨਿਆਂ [illegible] ਵਿਚ ਜੀਤੀ ਦੇ ਨਾਲ, ਆਲਾ ਦੁਆਲਾ ਹੋਰ ਹੁੰਦਾ, ਹਵਾ ਹੋਰ ਹੁੰਦੀ, ਧੁੱਪਾਂ ਪਿਆਰੀਆਂ ਹੁੰਦੀਆਂ, ਛਾਵਾਂ ਠੰਢੀਆਂ। ਭਵਿਖਤ ਵਿਚ ਉਹ ਜੀਤੀ ਨੂੰ ਕਈ ਰੂਪਾਂ ਵਿਚ ਵੇਖਦਾ। ਹਰ ਅੱਖਾਂ ਦੀ ਝਮਕ ਪਿਛੋਂ ਉਹਦੀ ਜੀਤੀ ਉਹਨੂੰ ਨਵੇਂ ਰੰਗ ਵਿਚ ਨਜ਼ਰ ਆਉਂਦੀ, ਉਹਦੀ ਜੀਤੀ, ਉਹਨੂੰ ਜਾਪਦਾ, ਮਾਹਿਲਾਂ ਦੇ ਘਰ ਦਾ ਝੂਖਨ ਹੋਏਗੀ। ਕਦੀ

Scanned by CamScanner

ਕਦੀ ਜੀਤੀ ਦੀ ਉਨ੍ਹਾਂ ਤੇ ਕਲਸੀਆਂ ਦੇ ਘਰਾਣੇ ਬਾਰੇ ਅਜੇਤਾ ਦੀ ਕਹੀ ਗੱਲ ਯਾਦ ਆਉਂਦੀ ਤੇ ਉਹ ਹੈਰਾਨ ਹੁੰਦਾ ਕਿ ਜੀਤੀ ਨੇ ਇਹ ਗੱਲ ਕਿਵੇਂ ਸੋਚੀ, ਕੀ ਉਹਦੀ ਸ਼ਖਸੀਅਤ ਜਾਂ ਉਹਦੀ ਗੱਲ ਬਾਤ ਵਿਚ ਉਹਨੇ ਕਦੀ ਜੀਤੀ ਨੂੰ ਇਹੋ ਜਿਹੇ ਭਾਵ ਉਤਪੰਨ ਕਰਨ ਵਾਲੇ ਕੋਈ ਸ਼ਬਦ ਕਹੇ ਸਨ ? ਉਹ ਯਾਦ ਕਰਦਾ ਤੇ ਉਹਨੂੰ ਪੱਕ ਹੋ ਜਾਂਦਾ ਕਿ ਨਹੀਂ । ਇਹ ਗੱਲ ਜੀਤੀ ਦਾ ਖ਼ਬਤ ਸੀ । ਕਦੀ ਕਦੀ ਉਹਨੂੰ ਉਨ੍ਹਾਂ ਦਿਨਾਂ ਦੀ ਵੀ ਝਾਕੀ ਦਿਸ ਆਉਂਦੀ, ਜਦੋਂ ਉਨ੍ਹਾਂ ਦੇ ਘਰ ਮਾਹਿਲ ਆਕੇ ਦੇ ਮਾਣ ਤੇ ਛੱਖਰ ਨੂੰ ਜ਼ਿੰਦਾ ਰਖਣ ਵਾਲਾ ਇਕ ਅਦੂਤੀ ਤੇ ਬਲੀ ਬਾਲਕ ਉਨ੍ਹਾਂ ਦੇ ਵਿਹੜੇ ਖੇਡਦਾ ਹੋਏਗਾ ।

ਜਿਥੇ ਭੂਤ ਵਾਸਤਵਿਕ ਹੁੰਦਾ ਹੈ ਉਥੇ ਭਵਿਖਤ ਸੁਪਨਮਈ । ਭੂਤ ਦੀਆਂ ਯਾਦਾਂ ਵਾਸਤਵ ਵਿਚ ਵਾਪਰੀਆਂ ਘਟੇਨਾਵਾਂ ਨਾਲ ਸੰਬੰਧਤ ਹੁੰਦੀਆਂ ਹਨ, ਪਰ ਭਵਿਖਤ ਦੇ ਸੁਪਨੇ ਕਲਪਨਾ ਦਾ ਪਸਾਰਾ । ਭੂਤ ਵਾਸਤਵਿਕ ਘਟਨਾਵਾਂ ਨਾਲ ਸੋਮਤ ਹੁੰਦਾ ਹੈ, ਪਰ ਭਵਿਖਤ ਦੀ ਕਲਪਨਾ ਨੂੰ ਕੋਈ ਬੰਧਨ, ਕੋਈ ਰੋਕਾਂ ਨਹੀਂ ਹੁੰਦੀਆਂ । ਏਸੇ ਲਈ ਹਰਪਾਲ ਨੂੰ ਭੂਤ ਨਾਲੋਂ ਭਵਿਖਤ ਵਧੇਰੇ ਟੁੰਬਦਾ, ਭੂਤ ਨਾਲੋਂ ਵਧ ਉਹ ਭਵਿਖਤ ਵਿਚ ਜੀਉਂਦਾ । ਬੇਸ਼ਕ ਭੂਤ ਪਿਆਰਾ ਤੇ ਸਵਲਾ ਸੀ, ਪਰ ਭਵਿਖਤ ਉਹਨੂੰ ਸਗੋਂ ਹੋਰ ਸੁਖਦਾਈ ਤੇ ਸੁੰਦਰ ਜਾਪਦਾ ।

ਇਉਂ ਭੂਤ ਵਿਚੋਂ ਉਪਜਦੇ ਸਵਾਦ ਦੇ ਘੁਟ ਭਰਦਾ ਤੇ ਭਵਿਖਤ ਦੇ ਸਜੀਲੇ ਸੁਪਨੇ ਆਪਣੇ ਨੈਣਾਂ ਵਿਚ ਲਟਕਾਂਦੇ ਹਰਪਾਲ ਮਾਹਿਲ ਮੁੜਿਆ । ਜੋ ਕੁਝ ਉਹਨੂੰ ਮੁਲਤਾਨ ਦੀ ਲੜਾਈ ਵਿਚ ਮਿਲਿਆ, ਉਹਨੇ ਉਹਦੇ ਮਨ ਵਿਚ ਉਹਦੇ ਪ੍ਰਤਿਕਰਮਾਂ ਨੂੰ ਸਚ ਦਰਸਾਇਆ । ਮਹਾਰਾਜਾ ਰਣਜੀਤ ਸਿੰਘ ਵਲੋਂ ਬਖ਼ਸ਼ੀ ਗਈ ਇਜ਼ਤ ਨੇ ਹਰਪਾਲ ਦੀ ਕਾਇਆ ਵਿਚ ਇਕ ਰੱਤੀ ਭਾਹ ਖਿਲਾਰ ਦਿਤੀ । ਉਹ ਮਾਹਿਲ ਆਇਆ ਤੇ ਉਹਨੇ ਮਹਾਰਾਜਾ ਰਣਜੀਤ ਸਿੰਘ ਦੀ ਦਿਤੀ ਮੁੰਦਰੀ ਕਿਸੇ ਨੂੰ ਨਾ ਵਿਖਾਈ ਉਹ ਸਿਰਫ ਉਹਦੀ ਜੀਤੀ ਵਾਸਤੇ ਸੀ ।

ਪਰ ਜੀਤੀ ਉਹਨੂੰ ਮਿਲਣ ਨਾ ਆਈ । ਉਹਨੂੰ ਵਿਸ਼ਵਾਸ਼ ਸੀ ਕਿ ਜੇ ਅੱਜ ਨਹੀਂ ਤਾਂ ਕਲ੍ਹ ਜੀਤੀ ਜ਼ਰੂਰ ਆਏਗੀ। ਕਲ੍ਹ ਜਦੋਂ ਘਰ ਵਿਚ ਇਹ ਭੀੜ ਭੜੱਕਾ ਨਹੀਂ ਹੋਏਗਾ, ਉਹਦੀ ਜੀਤੀ ਉਹਨੂੰ ਮਿਲਣ ਲਈ ਆਏਗੀ ।

ਪਰ ਸਾਰਾ ਦਿਨ ਬੀਤ ਗਿਆ ਤੇ ਜੀਤੀ ਨਾ ਆਈ । ਦੁਪਹਿਰਾਂ ਢਲ ਗਈਆਂ ਤੇ ਤਰਕਾਲਾਂ ਪੈਣ ਲਗੀਆਂ। ਸਵਾਏ ਗੁਰਮੀਤ ਦੇ ਉਹ ਹੋਰ ਕਿਦ੍ਹੇ ਨਾਲ ਗੱਲ ਕਰਦਾ । ਉਹ ਉਹਨੂੰ ਵਖਰਿਆਂ ਲੈ ਗਿਆ ਤੇ ਉਸ ਪੁਛਿਆ : "ਜੀਤੀ ਨਹੀਂ ਆਈ ?" "ਕਿਹੜੀ ਜੀਤੀ ।" ਗੁਰਮੀਤ ਨੇ ਇਸ ਤਰ੍ਹਾਂ ਬੇ ਪ੍ਰਵਾਹੀ ਨਾਲ ਕਿਹਾ ਜਿਵੇਂ ਕਿ ਉਸ ਜੀਤੀ ਦਾ ਨਾਂ ਕਦੀ ਵਾਰੀ ਸੁਣਿਆ ਹੋਵੇ । ਸਾਰੀ ਗੱਲ ਬਾਰੇ ਵਿਚਾਰ ਕਰ ਕੇ ਗੁਰਮੀਤ ਨੂੰ ਇਹੋ ਤਰੀਕਾ ਸਭ ਤੋਂ ਚੰਗਾ ਲਭਾ ਸੀ । ਉਹ ਹਰਪਾਲ ਨੂੰ ਦਰਸਾਏਗੀ ਜਿਵੇਂ ਕਿ ਜਾਣ ਤੋਂ ਪਹਿਲੇ ਹਰਪਾਲ ਦੇ ਆਖੇ ਬਚਨਾਂ ਦੀ ਉਹਨੂੰ ਭਲੀ ਪ੍ਰਕਾਰ ਸਮਝ ਨਾ ਲਗੀ ਹੋਵੇ ਕਿਉਂਕਿ ਹਰਪਾਲ ਦੇ ਜਾਣ ਤੋਂ ਤੀਜੇ ਚੌਥੇ ਦਿਨ ਪਿਛੋਂ ਜਦੋਂ ਗੁਰਮੀਤ ਅਜੀਤ ਨੂੰ ਮਿਲਣ ਗਈ ਸੀ ਤਾਂ ਅਜੀਤ ਮੰਗੋ ਨਾ ਚੁਕੀ ਸੀ ।

ਅਜੀਤ ਨਹੀਂ ਸੀ ਜਾਣਦੀ ਕਿ ਹਰਪਾਲ ਨੇ ਜਾਣ ਤੋਂ ਪਹਿਲੇ ਉਹਦੇ ਬਾਰੇ ਕਿਸੇ ਨਾਲ ਗੱਲ ਕੀਤੀ ਹੋਈ ਹੈ । ਗੁਰਮੀਤ ਦੇ ਆਉਣ ਉੱਤੇ ਪਹਿਲੇ ਉਹ ਹੈਰਾਨ ਹੋਈ, ਫਿਰ ਉਦਾਸ ਤੇ ਫਿਰ ਉਹਦੇ ਅਥਰੂ ਟਪਕ ਪਏ, ਗੁਰਮੀਤ ਨੇ ਉਹਨੂੰ ਹਰਪਾਲ ਦੇ ਸੁੱਭ ਬਾਰੇ ਦਸਿਆ । ਉਹ ਕਿੰਨਾਂ ਥੋੜ੍ਹਾ ਬੋਲਦਾ, ਪਰ ਕਿੰਨਾਂ ਬਹੁਤਾ ਮਹਿਸੂਸ ਕਰਦਾ ਸੀ । ਉਸ ਦਸਿਆ ਕਿ ਹਰਪਾਲ ਕਦੀ ਫੋਕੇ ਮਾਨ-ਮਰਿਆਦਾ ਪਿਛੇ ਜੀਤੀ ਨੂੰ ਨਹੀਂ ਸੀ ਵਾਰ ਸਕਦਾ । ਹਰਪਾਲ ਅਸਲੀ ਅਰਥਾਂ ਵਿਚ ਸਿਖ ਸੀ ਤੇ ਸੱਚੇ ਸਿਖ ਵਾਸਤੇ ਘਰਾਣਿਆਂ ਦੀ ਵਡਿਆਈ ਛੁਟਿਆਈ ਉੱਤੇ ਨਿਰਭਰ ਕੋਈ ਵਿਚਾਰ ਮੁਮਕਿਨ ਨਹੀਂ ।

ਪਰ ਹੁਣ ਅਜੀਤ ਇਨ੍ਹਾਂ ਗੱਲਾਂ ਦਾ ਕੀ ਉੱਤਰ ਦੇਂਦੀ । ਕੀ ਦਸਦੀ ? ਕੀ ਪੁੱਛਦੀ । ਹੁਣ ਵਹਿਣ ਵਹਿ ਚੁਕੇ ਸਨ । ਗੁਰਮੀਤ ਬੜੇ ਦਿਨ ਸੋਚਦੀ ਰਹੀ ਕਿ ਕੀ ਉਹ ਪਿੱਛੇ ਪੈ ਕੇ ਇਹ ਮੰਗਣੀ ਰੱਦ ਕਰਵਾ ਦੇਵੇ ਤੇ ਜੀਤੀ ਨੂੰ ਆਪਣੇ ਹਰਪਾਲ ਵਾਸਤੇ ਬਚਾ ਕੇ ਰੱਖ ਲਏ, ਪਰ ਉਹ ਐਡਾ ਵਡਾ ਫੈਸਲਾ ਆਪਣੀ ਜ਼ਿੰਮੇਵਾਰੀ ਉੱਤੇ ਨਾ ਕਰ ਸਕੀ । ਉਸ ਇਹ ਠੀਕ ਸਮਝਿਆ ਕਿ ਕਿਵੇਂ ਨਾ ਕਿਵੇਂ ਜੀਤੀ ਦੇ ਵਿਆਹ ਦੀ ਮਿਤੀ ਲਮਕਾਈ ਜਾਵੇ ਤਾਂ ਜੋ ਹਰਪਾਲ [illegible] ਉਹਦੇ ਨਾਲ ਸਲਾਹ ਕਰ ਕੇ ਅਗਲਾ ਫ਼ੈਸਲਾ ਕਰੇ ।

ਅੱਜ ਗੁਰਮੀਤ ਜਾਣਦੀ ਸੀ ਕਿ ਹਰਪਾਲ ਦੇ ਮਨ ਵਿਚ ਕੀ ਹੈ, ਪਰ ਉਹ ਹਰਪਾਲ ਦੇ ਮੂੰਹੋਂ ਇਹ ਗੱਲ ਸੁਣ ਕਰਵਾਣੀ ਚਾਹੁੰਦੀ ਸੀ । ਉਸ ਸੋਚਿਆ ਕਿ ਇਉਂ ਇਸ ਸਾਰੀ ਕਹਾਣੀ ਬਾਰੇ ਕਿਸੇ ਤਰ੍ਹਾਂ ਆਪਣੀ ਘਟ-ਵਧ-ਸਾਵਧਤਾ

Scanned by CamScanner

ਸਾਬਤ ਕਰ ਕੇ ਉਹ ਉਹਦੇ ਨਾਲ ਅਗੇ ਗੱਲ ਤੋਰ ਸਕੇਗੀ।

ਹਰਪਾਲ ਨੂੰ ਗੁਰਮੀਤ ਦੇ ਉੱਤਰ ਨਾਲ ਇਕ ਧੱਕਾ ਲਗਾ। ਪਹਿਲੇ ਉਸ ਸਮਝਿਆ ਕਿ ਉਹ ਮਜ਼ਾਕ ਕਰ ਰਹੀ ਹੈ, ਪਰ ਫਿਰ ਉਸਦਾ ਗੰਭੀਰ ਚਿਹਰਾ ਵੇਖ ਕੇ ਉਹਦੇ ਮਨ ਵਿਚ ਸ਼ਕ ਦੀ ਗੁੰਜਾਇਸ਼ ਨਾ ਰਹੀ। ਉਸ ਗੁਰਮੀਤ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਪੁਛਿਆ : "ਜੀਤੀ..." ਤੇ ਉਸ ਵੇਲੇ ਗੁਰਮੀਤ ਨੇ ਹਰਪਾਲ ਨੂੰ ਉਹ ਖ਼ਬਰ ਸੁਣਾਈ ਜਿਸ ਨੇ ਹਰਪਾਲ ਦੀ ਸਾਰੀ ਜ਼ਿੰਦਗੀ ਦੇ ਵਹਾ ਨੂੰ ਬਦਲ ਦਿਤਾ। ਦਿਲ ਦਰਿਆਵਾਂ ਵਿਚੋਂ ਹੜ੍ਹ ਫੁੱਟੇ ਤੇ ਉਨ੍ਹਾਂ ਨੇ ਇਕਾ ਇਕ ਆਪਣੇ ਰਾਹ ਫੇਰ ਲਏ। ਗੁਰਮੀਤ ਦੇ ਕੁਝ ਸ਼ਬਦਾਂ ਨੇ ਹਰਪਾਲ ਦੀ ਸਮੁੱਚੀ ਬਣਤਰ ਵਿਚ ਹਲਚਲ ਮਚਾ ਦਿਤੀ। ਹਰਪਾਲ ਵਾਸਤੇ ਸਭ ਭੂਤ, ਸਭ ਭਵਿਖਤ ਬਦਲ ਗਿਆ। ਗੁਰਮੀਤ ਨੇ ਦਸਿਆ : "ਪਰ ਵੀਰਾ ਅਜੀਤ ਦੀ ਤਾਂ ਤੇਰੇ ਜਾਣ ਤੋਂ ਦੂਜੇ ਕਿ ਤੀਜੇ ਦਿਨ ਮੰਗਣੀ ਹੋ ਗਈ ਸੀ। ਤੂੰ ਗੱਲ ਪੂਰੀ ਖੋਲ੍ਹ ਕੇ ਨਹੀਂ ਸੈਂ ਗਿਆ। ਮੈਂ ਨਾ ਏਧਰ ਜੋਗੀ ਨਾ ਉਧਰ ਜੋਗੀ," ਤੇ ਇਸ ਤੋਂ ਪਹਿਲੇ ਕਿ ਹਰਪਾਲ ਅਸਲੋਂ ਨਿਰਾਸ਼ ਹੋ ਜਾਏ, ਉਹ ਕਹਿੰਦੀ ਗਈ, "ਹੁਣ ਤੂੰ ਆਇਆ ਹੈਂ ਜਿਵੇਂ ਤੂੰ ਕਹੇਂਗਾ ਮੈਂ ਉਵੇਂ ਕਰਵਾ ਦਿਆਂਗੀ। ਸਿਰਫ਼ ਤੇਰੀ ਉਡੀਕ ਵਿਚ ਮੈਂ ਕਿਵੇਂ ਨਾਂ ਕਿਵੇਂ ਵਿਆਹ ਲਮਕਾਂਦੀ ਆਈ ਹਾਂ।"

ਪਰ ਜ਼ਾਪਦਾ ਸੀ ਹਰਪਾਲ ਨੂੰ ਇਹੋ ਜਿਹੀ ਕਿਸੇ ਆਸ ਦੀ ਲੋੜ ਨਹੀਂ ਸੀ। ਗੁਰਮੀਤ ਦੇ ਪਹਿਲੇ ਵਾਕ ਨੇ ਉਹਨੂੰ ਦੁਨੀਆਂ ਦੇ ਜੀਵਨ ਵਲੋਂ ਸੁੰਨ ਕਰ ਦਿਤਾ ਸੀ। ਜੋ ਕੁਝ ਗੁਰਮੀਤ ਨੇ ਪਿਛੋਂ ਕਿਹਾ ਉਹਦਾ ਇਕ ਸ਼ਬਦ ਵੀ ਉਹਦੀ ਕੰਨੀਂ ਨਹੀਂ ਪਿਆ। ਹਰਪਾਲ ਉਥੋਂ ਉਠ ਕੇ ਜਾਣ ਲੱਗਾ, ਪਰ ਗੁਰਮੀਤ ਉਹਦੀ ਬਾਂਹ ਫੜ ਕੇ ਕਹਿੰਦੀ ਗਈ : "ਵੀਰਾ ਉਦਾਸ ਨਾ ਹੋ। ਤੂੰ ਮੈਨੂੰ ਪੂਰੀ ਗੱਲ ਨਾ ਦੱਸੀ, ਨਹੀਂ ਤਾਂ ਮੈਂ ਭਲਾ ਤੇਰੇ ਵਾਸਤੇ ਕੀ ਨਾ ਕਰਦੀ। ਪਰ ਪਾਲ ਤੂੰ ਵੀ ਤੇ ਜੀਤੀ ਨਾਲ ਚੰਗਾ ਵਰਤਾ ਨਾ ਕੀਤਾ। ਉਸ ਸੌ ਵਾਰ ਤੇਰੇ ਅਗੇ ਆਪਣੀ ਝਿਜਕ ਰਖੀ, ਪਰ ਤੂੰ ਉਹਦੀ ਕੁਝ ਵੀ ਨਾ ਸਮਝੀ। ਇਕ ਵਾਰ ਮੂੰਹ ਪਾੜ ਉਸ ਤੈਨੂੰ ਦਸਿਆ ਵੀ ਕਿ ਰਾਮ ਸਿੰਘ ਤੇ ਸਾਡੇ ਪਿਤਾ ਸਰਦਾਰ ਦਲੇਰ ਸਿੰਘ ਮਾਹਿਲ ਦਾ ਕੀ ਮੁਕਾਬਲਾ ਹੈ, ਪਰ ਤੂੰ ਉਹਦੇ ਸ਼ੱਕਾਂ ਨੂੰ ਨਵਿਰਤ ਕਰਨ ਦੀ ਕੋਸ਼ਿਸ਼ ਨਾ ਕੀਤੀ। ਜਾਂਦੀ ਵਾਰੀ ਸਗੋਂ ਤੂੰ ਉਹਨੂੰ ਕਹਿ ਗਿਓਂ ਕਿ ਮਾਹਿਲ ਘਰਾਣੇ ਦਾ ਸਪੁੱਤਰ ਹੁੰਦਿਆਂ ਤੂੰ ਉਹਦੀ ਕੋਈ ਗੱਲ ਨਹੀਂ ਸੈਂ ਸੁਣ ਸਕਦਾ ਜਾਂ ਮੰਨ ਸਕਦਾ..."

ਆਖ਼ਰੀ ਵਾਕ ਨੇ ਹਰਪਾਲ ਨੂੰ ਝੰਝਕੋਰ ਦਿਤਾ। ਉਸ ਇਕ ਟੱਕ ਗੁਰਮੀਤ ਵਲ ਤੱਕਿਆ। ਹਾਂ, ਉਹਨੂੰ ਯਾਦ ਆਇਆ ਕਿ ਜਾਣ ਤੋਂ ਪਹਿਲੇ ਉਸ ਇਹੋ ਜਿਹੇ ਸ਼ਬਦ ਅਜੀਤ ਨੂੰ ਕਹੇ ਸਨ। ਪਰ ਉਹ ਹੈਰਾਨ ਹੋਇਆ ਕਿ ਅਜੀਤ ਨੇ ਉਹਦੇ ਸ਼ਬਦਾਂ ਨੂੰ ਕਿਸ ਪਹਿਲੂ ਤੋਂ ਗੋਲਿਆ। ਉਹ ਹੈਰਾਨ ਹੋਇਆ ਕਿ ਜੀਤੀ ਐਨਾਂ ਦੁਖਦੀ ਧੁਖਦੀ ਰਹੀ ਸੀ ਤੇ ਉਹਨੂੰ ਪਤਾ ਨਾ ਲੱਗਾ। ਬੇਸ਼ਕ ਉਹ ਜੀਤੀ ਦੇ ਲਾਇਕ ਨਹੀਂ ਸੀ। ਗੁਰਮੀਤ ਕੁਝ ਚਿਰ ਠਹਿਰ ਕੇ ਆਖਦੀ ਗਈ, "ਵੀਰਾ ਤੈਨੂੰ ਜੀਤੀ ਦਾ ਸੁਭਾ ਤੇ ਉਹਦਾ ਆਚਰਨ ਸਮਝਣਾ ਚਾਹੀਦਾ ਸੀ ਤੈਨੂੰ ਸੋਚਣਾ ਚਾਹੀਦਾ ਸੀ ਕਿ ਉਹ ਆਪਣੇ ਆਪ ਨੂੰ ਤੇਰੇ ਅਗੇ ਨੀਵਾਂ ਸਮਝਦੀ ਹੈ। ਖ਼ਾਸ ਕਰ ਕੇ ਇਕ ਵਾਰ ਜਦੋਂ ਉਹਨੇ ਆਪੋ ਆਪਣੇ ਘਰਾਣਿਆਂ ਦੇ ਮਿਆਰ ਦਾ ਜ਼ਿਕਰ ਕੀਤਾ ਤਾਂ ਤੈਨੂੰ ਚਾਹੀਦਾ ਸੀ ਕਿ ਤੂੰ ਹਰ ਤਰਾਂ ਨਾਲ ਉਹਦੇ ਮਨ ਵਿਚ ਉਠਦੇ ਸ਼ੰਕੇ ਕਢਦੇਂ। ਤੂੰ ਨਹੀਂ ਜਾਣਦਾ ਵੀਰ ਕਿ ਜੀਤੀ ਕਿਹੋ ਜਿਹੀ ਕੁੜੀ ਹੈ। ਉਹ ਉਨ੍ਹਾਂ ਕੁੜੀਆਂ ਵਿਚੋਂ ਹੈ ਜਿਹੜੀਆਂ...।"

ਗੁਰਮੀਤ ਕਹਿੰਦੀ ਗਈ, ਪਰ ਹਰਪਾਲ ਨੂੰ ਕੁਝ ਸੁਣ ਨਹੀਂ ਸੀ ਰਿਹਾ। ਗੁਰਮੀਤ ਨੇ ਗੱਲਾਂ ਕਰਨੀਆਂ ਬੰਦ ਵੀ ਕਰ ਦਿਤੀਆਂ ਤਾਂ ਵੀ ਉਸ ਉਹਦੇ ਵਲ ਗਹੁ ਨਾ ਕੀਤਾ। ਉਹ ਅੱਖਾਂ ਟੱਡੀ ਪਤਾ ਨਹੀਂ ਕਿਥੇ ਵੇਖ ਰਿਹਾ ਸੀ। ਭੂਤ ਵਲ ਕਿ ਭਵਿੱਖਤ ਵਿਚ। ਅੰਤ ਗੁਰਮੀਤ ਨੇ ਉਹਨੂੰ ਝੰਜੋੜਿਆ : "ਹਰਪਾਲ !" ਹਰਪਾਲ ਨੇ ਇਕ ਹਉਕਾ ਭਰਿਆ ਤੇ ਆਖਿਆ : "ਹੁਣ ਗੱਲਾਂ ਦਾ ਕੋਈ ਫ਼ਾਇਦਾ ਨਹੀਂ, ਭੈਣ ! ਜੋ ਹੋਣਾ ਸੀ ਹੋ ਗਿਆ। ਸ਼ਾਇਦ ਇਹ ਸਾਰਾ ਮੇਰਾ ਹੀ ਦੋਸ਼ ਹੈ। ਮੈਂ ਜੀਤੀ ਦੇ ਯੋਗ ਨਹੀਂ।"

ਪਰ ਉਸ ਸ਼ਾਮ, ਜੀਤੀ ਆਈ ਜ਼ਰੂਰ। ਕਿਵੇਂ ਹੋ ਸਕਦਾ ਸੀ ਕਿ ਜੀਤੀ ਨਾ ਆਉਂਦੀ। ਹਰਪਾਲ ਸੱਤਾਂ ਮਹੀਨਿਆਂ ਪਿਛੋਂ ਇਹੋ ਜਿਹਾ ਨਾਮਣਾ ਖੱਟ ਕੇ ਮਾਹਿਲ ਮੁੜਿਆ ਹੋਵੇ ਤੇ ਜੀਤੀ ਉਹਨੂੰ ਮਿਲਣ ਨਾ ਆਵੇ। ਹਰਪਾਲ ਉਹਨੂੰ ਉਡੀਕ ਰਿਹਾ ਹੋਵੇ ਤੇ ਜੀਤੀ ਨਾ ਆਵੇ। ਜੀਤੀ ਆਈ ਤੇ ਉਹਦੇ ਨਾਲ ਸਨ ਉਹਦੀਆਂ ਦੋ ਸਹੇਲੀਆਂ। ਹਰਪਾਲ ਨੂੰ ਵੇਖਣ ਵਾਸਤੇ ਇਹ ਸਹੇਲੀਆਂ ਵੀ ਸ਼ਾਇਦ ਉੱਨੀਆਂ ਹੀ ਕਾਹਲੀਆਂ ਸਨ ਜਿੰਨੀ ਕਿ ਜੀਤੀ। ਇਹ ਸਹੇਲੀਆਂ ਉਹੋ ਸਨ ਜਿਨ੍ਹਾਂ ਨੇ ਕਿ ਜੀਤੀ ਨੂੰ ਹਰਪਾਲ ਦਾ ਖ਼ਿਆਲ ਛਡ ਦੇਣ ਵਾਸਤੇ ਮਜ਼ਬੂਰ ਕੀਤਾ ਸੀ ਤੇ ਜਿਨ੍ਹਾਂ ਨੇ ਕਿਹਾ ਸੀ ਹਰਪਾਲ ਉਹਦੇ ਵਾਸਤੇ

Scanned by CamScanner

ਆਪਾ ਨਹੀਂ ਵਾਰ ਸਕਦਾ।

ਜੀਤੀ ਤੇ ਉਹਦੀਆਂ ਸਹੇਲੀਆਂ ਆਈਆਂ। ਗੁਰਮੀਤ ਨੇ ਉਨ੍ਹਾਂ ਦੀ ਐਨੀ ਖ਼ਾਤਿਰ ਕੀਤੀ ਜਿੰਨ੍ਹੀ ਕਲ ਸਵੇਰ ਤੋਂ ਲੈ ਕੇ ਹੁਣ ਤਕ ਹਰਪਾਲ ਨੂੰ ਵੇਖਣ ਆਏ ਕਿਸੇ ਹੋਰ ਪ੍ਰਾਹੁਣੇ ਦੀ ਨਹੀਂ ਸੀ ਹੋਈ। ਜੀਤੀ ਤੇ ਹਰਪਾਲ ਤੋਂ ਜੇ ਵਧ ਨਹੀਂ ਤਾਂ ਗੁਰਮੀਤ ਦੀ ਉਦਾਸੀ ਕਿਸੇ ਤਰ੍ਹਾਂ ਉਨ੍ਹਾਂ ਨਾਲੋਂ ਘਟ ਵੀ ਨਹੀਂ ਸੀ। ਅੱਜ ਉਹਨੂੰ ਜਾਪ ਰਿਹਾ ਸੀ ਕਿ ਜੇ ਇਹ ਮੇਲ ਸਦੀਵੀ ਨਹੀਂ ਹੋਇਆ ਤਾਂ ਇਹ ਸਿਰਫ ਉਹਦੇ ਹੀ ਕਾਰਨ ਹੈ। ਉਹ ਆਪਣੇ ਆਪ ਨੂੰ ਕੋਸਦੀ ਕਿ ਹਰਪਾਲ ਦੇ ਜਾਣ ਪਿਛੋਂ ਉਸ ਕਿਉਂ ਤਿੰਨਾਂ ਦਿਨਾਂ ਦਾ ਨਾਗਾ ਪਾਇਆ। ਜੇ ਦੋ ਦਿਨ ਪਹਿਲੇ ਚਲੀ ਜਾਂਦੀ ਤਾਂ ਇਹ ਮੰਗਣੀ ਕਦੀ ਨਾ ਹੁੰਦੀ। ਹਾਇ ! ਮਾਹਿਲ ਆਈ ਤੇ ਉਨ੍ਹਾਂ ਦੇ ਬੂਹੇ ਅਗੋਂ ਮੁੜਦੀ ਜੀਤੀ ਨੂੰ ਉਹ ਉਸ ਦਿਨ ਵੇਖ ਲੈਂਦੀ ਜਿਸ ਦਿਨ ਹਰਪਾਲ ਘਰੋਂ ਟੁਰਿਆ ਸੀ। ਪਰ ਫਿਰ ਉਹ ਠੰਢਾ ਹਉਕਾ ਭਰ ਕੇ ਕਹਿੰਦੀ ਕਿ ਉਹਨੂੰ ਕਿਵੇਂ ਪਤਾ ਸੀ ਐਡੀ ਜਲਦੀ ਆ ਰਹੀ ਮੰਗਣੀ ਦਾ, ਦੇਰ ਤਾਂ ਉਹਨੇ ਬਹੁਤੀ ਨਹੀਂ ਸੀ ਲਾਈ। ਸਾਰੇ ਤਿੰਨ ਦਿਨ। ਤੇ ਜੇ ਉਹਨੂੰ ਪਤਾ ਹੁੰਦਾ ਕਿ ਜੀਤੀ ਦੀ ਮੰਗਣੀ ਦੀ ਗੱਲ ਹੋ ਰਹੀ ਹੈ ਤਾਂ ਉਹ ਇਕ ਪਲ ਨਾ ਰੁਕਦੀ...।

ਅੱਜ ਤਰਕਾਲਾਂ ਪਿਆਂ ਜੀਤੀ ਆਈ। ਉਹ ਬੈਠੀ, ਉਹਨੂੰ ਦੁੱਧ ਪਿਆ'ਇਆ ਗਿਆ ਜਿਹੜਾ ਉਸ ਪਤਾ ਨਹੀਂ ਕੇਡੇ ਔਖੇ ਨਾਲ ਸੰਘ ਵਿਚੋਂ ਲੰਘਾਇਆ ਹੋਣਾ ਹੈ। ਸ਼ਾਇਦ ਅੰਡੇ ਹੀ ਔਖ ਨਾਲ ਜਿੱਨੇ ਨਾਲ ਕਿ ਅੱਥਰੂ ਪੀਤੇ ਜਾਂਦੇ ਹਨ। ਉਹ ਬੈਠੀ ਰਹੀ। ਗੁਰਮੀਤ, ਬਸੰਤ ਤੇ ਗੁਰਦਈ, ਇਨ੍ਹਾਂ ਬਾਹਰੋਂ ਆਈਆਂ ਕੁੜੀਆਂ ਨਾਲ ਗੱਲਾਂ ਕਰਦੀਆਂ ਰਹੀਆਂ ਤੇ ਹਰਪਾਲ ਕੋਲ ਬੈਠਾ ਸੁਣਦਾ ਰਿਹਾ ਤੇ ਕਦੀ ਕਦੀ ... ਕਦੀ ਕਦੀ ਉਦਾਸੀਨ ਤੱਕਣੀਆਂ ਨਾਲ ਜੀਤੀ ਵਲੇ ਤੱਕਦਾ ਰਿਹਾ।

ਹੁਣ ਉਨ੍ਹਾਂ ਜਾਣਾ ਸੀ। ਜੀਤੀ ਦੀਆਂ ਸਹੇਲੀਆਂ ਨੇ ਆਖਿਆ ਕਿ ਅਵੇਰ ਹੋ ਗਈ ਹੈ। ਸਰਦੀ ਵੀ ਵਧ ਗਈ ਹੈ। ਸੋ ਉਹ ਉਠ ਬੈਠੀਆਂ। ਗੁਰਮੀਤ ਨੇ ਹਰਪਾਲ ਨੂੰ ਉਨ੍ਹਾਂ ਨਾਲ ਆਉਣ ਵਾਸਤੇ ਕਿਹਾ : "ਚਲ ਪਾਲ ਚਰਾ ਬਾਹਰ ਦੀ ਹਵਾ ਭਖ ਆਈਏ। ਸਵੇਰ ਦੇ ਘਰ ਬੈਠੇ ਹਾਂ।" ਗੁਰਦਈ ਨੇ ਵੀ ਕਿਹਾ : "ਜਾ ਵੇ ਪਾਲ ਹੋ ਆ ਚਰਾ ਬਾਹਰ।"

ਬਸੰਤ, ਇੰਦਰ, ਗੁਰਪਾਲ ਤੇ ਬਾਕੀ ਹੋਰ ਬੱਚੇ ਤਿਆ ਰ ਸਨ, ਪਰ ਹਰਪਾਲ ਨਹੀਂ ਮੰਨਿਆ। "ਮੇਰਾ ਕੂਹ ਨਹੀਂ ਮੰਨਦਾ। ਮੈਂ ਥਕਿਆ ਹੋਇਆ ਹਾਂ।"

ਬਾਹਰ ਬੂਹੇ ਕੋਲ ਪਹੁੰਚ ਕੇ ਜੀਤੀ ਨੇ ਗੁਰਮੀਤ ਵਲ ਤੱਕਿਆ। ਉਹਦੇ ਨੈਣ ਭਰੇ ਹੋਏ ਸਨ। ਉਨ੍ਹਾਂ ਸਾਰਿਆਂ ਓਥੇ ਖਲ੍ਹਾਰ ਕੇ ਗੁਰਮੀਤ ਫਿਰ ਅੰਦਰ ਗਈ। "ਜ਼ਿਦ ਨਾ ਕਰ ਮੇਰੇ ਸੋਹਣੇ ਵੀਰ। ਚਲ ਆ। ਦੋ ਬੋਲ ਤਾਂ ਸਾਂਝੇ ਕਰ ਲੈ।"

ਹਰਪਾਲ ਚੁਪ। "ਚਲ ਵੀਰਾ, ਇਸ ਤਰ੍ਹਾਂ ਤੋੜਨਾ ਠੀਕ ਨਹੀਂ। ਤੂੰ ਨਹੀਂ ਜਾਣਦਾ ਉਸ ਵਿਚਾਰੀ ਦੇ ਦਿਲ ਉੱਤੇ ਕੀ ਗੁਜ਼ਰਦੀ ਹੋਵੇਗੀ।" ਹਰਪਾਲ ਚੁਪ "ਚਲ ਹਰਪਾਲ। ਤੈਨੂੰ ਮੇਰੀ ਸਹੁੰ।" ਹਰਪਾਲ ਨੇ ਗੁਰਮੀਤ ਵਲ ਵੇਖਿਆ।

'ਹੁਣ ਕੀ ਜਾਣਾ ਹੈ, ਭੈਣ ! ਹੁਣ ਕਿਹਾ ਮਿਲਣਾ, ਕਿਹਾ ਬੋਲਣਾ। ਕਹਾਣੀ ਮੁਕ ਚੁਕੀ ਹੈ ਭੈਣ !" "ਵੀਰਾ", ਗੁਰਮੀਤ ਨੇ ਤਰਲਾ ਕੀਤਾ, "ਮੈਂ ਤੇਰੇ ਵਾਸਤੇ ਸਭ ਕੁਝ ਕਰਾਂਗੀ। ਮੈਂ ਇਹ ਮੰਗਣੀ...।" "ਮੀਤੀ ਪਹਿਲੇ ਨਹੀਂ, ਪਰ ਹੁਣ ਮਾਹਿਲਾਂ ਦੀ ਇਜ਼ਤ ਦਾ ਸੁਆਲ ਹੈ। ਕੀ ਤੂੰ ਸਮਝਦੀ ਹੈਂ ਕਿ ਮੈਂ ਕਿਸੇ ਦੀ ਮੰਗ ਉਧਾਲ ਸਕਦਾ ਹਾਂ। ਨਹੀਂ, ਮੀਤੀ ਹੁਣ ਨਹੀਂ। ਹੁਣ.....।"

"ਪਰ ਇਹ ਉਧਾਲਣ ਦੀ ਗੱਲ ਨਹੀਂ ਵੀਰਾ। ਤੂੰ ਸਮਝਦਾ ਕਿਉਂ ਨਹੀਂ। ਮੈਂ ਸਭ ਕੁਝ ਨਾਲ ਇਸ ਤਰ੍ਹਾਂ ਨਿਪਟਾਂਗੀ ਕਿ ਸਭਨਾਂ ਦੀ ਰਹਿ ਆਵੇਗੀ।" "ਨਹੀਂ ਮੀਤੀ...ਤੂੰ ਨਹੀਂ ਸਮਝਦੀ। ਹੁਣ ਕੋਈ ਕੁਝ ਨਹੀਂ ਕਰ ਸਕਦਾ। ਤੂੰ ਜਾਹ ਤੇ ਉਹਨੂੰ ਆਖੀਂ ਕਿ ਉਹਦੇ ਵਾਸਤੇ ਹਰਪਾਲ ਮਰ ਗਿਆ। ਉਹਨੂੰ ਦਸੀਂ ਕਿ ਮੈਂ ਉਹਦੀ ਸੁਖੀ ਜ਼ਿੰਦਗੀ ਦਾ ਚਾਹਵਾਨ ਹਾਂ। ਹਾਂ ਤੇ ਆਖੀਂ..." ਪਰ ਹਰਪਾਲ ਚੁਪ ਕਰ ਗਿਆ। "ਕੀ ? ਕੀ ?" ਕਈ ਵਾਰ ਗੁਰਮੀਤ ਨੇ ਕਿਹਾ।

"ਗੁਰਮੀਤ ! ਤੂੰ ਸ਼ਾਇਦ ਨਹੀਂ ਜਾਣਦੀ, ਸਰਕਾਰ ਨੇ ਮੈਨੂੰ ਇਕ ਕੈਂਠਾ, ਇਕ ਮਾਲਾ ਤੇ ਇਕ ਮੁੰਦਰੀ ਬਖ਼ਸ਼ਸ਼ ਕੀਤੀ ਹੈ। ਕੈਂਠਾ ਤੇ ਮਾਲਾ ਤੂੰ ਵੇਖ ਚੁਕੀ ਹੈਂ, ਪਰ ਮੁੰਦਰੀ ਅਜੇ ਕਿਸੇ ਨੇ ਨਹੀਂ ਵੇਖੀ। ਮੈਂ ਇਹ ਮੁੰਦਰੀ ਜੀਤੀ ਵਾਸਤੇ ਸਾਂਭ ਰਖੀ ਸੀ। ਤੂੰ ਇਹ ਮੁੰਦਰੀ ਲੈ ਜਾ ਤੇ ਜੀਤੀ ਨੂੰ ਦੇ ਦੇ। ਬਸ ਹੋਰ ਕੁਝ ਨਹੀਂ ਕਹਿਣਾ।"

ਗੁਰਮੀਤ ਦੀਆਂ ਅੱਖਾਂ ਵਿਚ ਗਲੇਡੂ ਭਰ ਆਏ। ਹਰਪਾਲ ਦਿਆਂ ਸ਼ਬਦਾਂ ਨਾਲ ਜਿਵੇਂ ਉਹਦੀ ਨੀਂਦਰ ਟੁਟ ਗਈ ਹੋਵੇ। ਉਸ ਪਹਿਲੀ ਵਾਰੀ ਮਹਿਸੂਸ ਕੀਤਾ ਕਿ ਬੇਸ਼ਕ ਇਹ ਮੰਗਣੀ ਤੋੜਨੀ ਐਡੀ ਆਸਾਨ ਨਹੀਂ ਜੇਡੀ ਉਹ

Scanned by CamScanner

ਸਮਝਦੀ ਰਹੀ ਹੈ । ਵਿਆਹੀ ਹੁੰਦੀ ਹੋਈ ਵੀ ਤਿੰਨ ਬਚਿਆਂ ਦੀ ਮਾਂ ਹੁੰਦੀ ਹੋਈ ਵੀ, ਉਹ ਵੀਰ ਪਿਆਰ ਵਿਚ ਜਿਵੇਂ ਅੰਨ੍ਹੀ ਹੋ ਗਈ ਹੋਵੇ । ਹਾਂ, ਇਹ ਰੀਤੀਆਂ ਤੇ ਮਰਿਆਦਾਂ ਇਉਂ ਨਾਂ ਲੋਂਦਿਆਂ ਹੀ ਟੁੱਟ ਨਹੀਂ ਸਕਦੀਆਂ । ਤੇ ਫਿਰ ਜਿਵੇਂ ਹਰਪਾਲ ਨੇ ਕਿਹਾ ਸੀ ਪਹਿਲੇ ਨਹੀਂ ਹੁਣ ਮਾਹਿਲਾਂ ਦੀ ਇਜ਼ਤ ਦਾ ਸੁਆਲ ਸੀ । ਬੇਸ਼ਕ ਹੁਣ ਪਹਿਲੀ ਮੰਗਣੀ ਤੋੜ ਕੇ ਦੂਜੀ ਮੰਗਣੀ ਕਰਨੀ ਬੜੀ ਬੇ-ਜਾ ਹੋਵੇਗੀ । ਉਹ ਹੋਰ ਵੀ ਦੁਖੀ ਹੋਈ ਜਦੋਂ ਉਸ ਸੋਚਿਆ ਕਿ ਜੀਤੀ ਇਸ ਸਾਰੇ ਸਾਕੇ ਬਾਰੇ ਕੀ ਕਹੇਗੀ । ਕਾਸ਼ ! ਉਹਦਾ ਦਿਲ ਵਿਲਕਿਆ, ਅਜੀਤ ਹੁਣ ਤੱਕ ਵਿਆਹੀ ਜਾ ਚੁਕੀ ਹੁੰਦੀ ਤੇ ਸਹੁਰੇ ਘਰ ਪਹੁੰਚ ਚੁਕੀ ਹੁੰਦੀ । ਉਹਨੂੰ ਆਪਣੀ ਇਕ ਗ਼ਲਤੀ ਪਿਛੋਂ ਦੂਜੀ ਤੇ ਉਸ ਤੋਂ ਵੀ ਵਡੀ ਗ਼ਲਤੀ ਦਾ ਅਹਿਸਾਸ ਹੋਇਆ । ਉਹ ਰੋ ਪਈ । ਹਰਪਾਲ ਨੇ ਚੁਪ ਕਰਾਇਆ ।

"ਰੋ ਨਾ ਮੀਤੀ । ਕਈਆਂ ਨਾਲ ਇਉਂ ਵੀ ਹੁੰਦਾ ਹੈ ਜ਼ਿੰਦਗੀ ਵਿਚ । ਕਈਆਂ ਦੀ ਜ਼ਿੰਦਗੀ ਇਸ ਤਰ੍ਹਾਂ ਵੀ ਗੁਜ਼ਰਦੀ ਹੈ । ਜੇ ਸੱਚ ਪੁਛੇਂ ਤਾਂ ਮੈਨੂੰ ਇਹੋ ਜਿਹੇ ਭੈੜੇ ਖ਼ਿਆਲ ਆਏ ਵੀ ਸਨ, ਪਰ ਮੈਂ..." ਗੁਰਮੀਤ ਹਰਪਾਲ ਵਲ ਵੇਖਦੀ ਰਹੀ "ਤੂੰ ਇਹ ਮੁੰਦਰੀ ਲੈ ਜਾ ।" ਤੇ ਉਹ ਆਪਣੀ ਅੰਦਰਲੀ ਜੇਬ ਟਟੋਲਣ ਲੱਗਾ । "ਨਹੀਂ ਵੀਰ ! ਤੂੰ ਆਪ ਹੀ ਇਹ ਮੁੰਦਰੀ ਜੀਤੀ ਨੂੰ ਦੇਵੇਂਗਾ । ਜੇ ਅੱਜ ਨਹੀਂ ਤਾਂ ਫਿਰ ਕਦੀ ਸਹੀ ।" ਤੇ ਉਹ ਟੁਰ ਗਈ ।

ਅਜੀਤ ਉੜ ਉੜ ਕੇ ਬੂਹੇ ਵਲ ਵੇਖ ਰਹੀ ਸੀ । ਅਜ ਦੀ ਝਾਕੀ ਵੇਖ ਕੇ ਅਜੀਤ ਦੀਆਂ ਦੋਵੇਂ ਸਹੇਲੀਆਂ ਵੀ ਉਦਾਸ ਸਨ । ਉਹ ਉਦਾਸ ਸਨ ਕਿ ਉਨ੍ਹਾਂ ਦੇ ਕਾਰਨ ਹੀ ਸ਼ਾਇਦ ਜੀਤੀ, ਹਰਪਾਲ ਤੇ ਗੁਰਮੀਤ ਨੂੰ ਇਹ ਨਰਕ ਭੋਗਣਾ ਪੈ ਰਿਹਾ ਹੈ । ਜਦੋਂ ਅੱਥਰੂਆਂ ਭਿੱਜੀਆਂ ਅੱਖਾਂ ਨਾਲ ਗੁਰਮੀਤ ਇਕੱਲੀ ਬਾਹਰ ਆਈ ਤਾਂ ਸਣੇ ਬਸੰਤ ਦੇ ਹੋਰਨਾਂ ਕੁੜੀਆਂ ਦਾ ਰੰਗ ਉਡ ਗਿਆ । ਪਲੋ ਪਲੀ ਉਨ੍ਹਾਂ ਦੇ ਅੱਥਰੂ ਵੀ ਛਲਕ ਆਏ । ਜੇ ਉਸ ਵੇਲੇ ਕਿਸੇ ਨੇ ਆਪਣਾ ਆਪ ਸੰਭਾਲਿਆ ਤਾਂ ਉਹ ਅਜੀਤ ਸੀ । ਉਹ ਨਾ ਸਿਰਫ ਰੋਈ ਨਹੀਂ, ਸਗੋਂ ਉਸ ਇਹ ਸ਼ਬਦ ਕਹਿਣ ਦੀ ਹਿੰਮਤ ਵੀ ਕੀਤੀ : "ਨਹੀਂ ਆਉਂਦੇ ਮੀਤੀ...?" "ਆਏਗਾ ਜੀਤੀ, ਜ਼ਰੂਰ ਆਏਗਾ । ਮੇਰਾ ਵੀਰ ਹਰਪਾਲ ਸਦਾ ਲਈ ਤੇਰਾ ਹੋ ਕੇ ਰਹੇਗਾ ।"

੮੫

ਪਿਛਲੇ ਸੱਤਾਂ ਮਹੀਨਿਆਂ ਵਿਚ ਆਪਣੇ ਭਵਿਖ ਬਾਰੇ ਹਰਪਾਲ ਦੀ ਕਲਪਨਾ ਬੜੀ ਸਰਗਰਮ ਰਹੀ ਸੀ । ਚੜ੍ਹਦੀ ਜਵਾਨੀ ਵਿਚ ਕਲਪਨਾ ਉਂਜ ਹੀ ਸਰਗਰਮ ਹੁੰਦੀ ਹੈ ਤੇ ਜੇ ਚੜ੍ਹਦੀ ਜਵਾਨੀ ਵਿਚ ਆਦਮੀ ਇਕ ਇਰਾਦਿਆਂ ਜੁੜਿਆ ਸਿਪਾਹੀ ਵੀ ਹੋਵੇ ਤੇ ਜੇ ਕਿਸੇ ਕੁੜੀ ਨਾਲ ਉਹਨੂੰ ਪਿਆਰ ਵੀ ਹੋਵੇ ਤਾਂ ਉਸ ਆਦਮੀ ਦੀ ਕਲਪਨਾ ਤਾਂ ਹੱਦੋਂ ਵਧ ਸਰਗਰਮ ਤੇ ਰੁੱਝੀ ਹੋਈ ਹੋਵੇਗੀ । ਇਨ੍ਹਾਂ ਸੱਤਾਂ ਮਹੀਨਿਆਂ ਵਿਚ ਹਰਪਾਲ ਨੇ ਪਿਛਲੇਰੇ ਮਹੀਨਿਆਂ ਦੀ ਸਾਂਝ ਦੇ ਬਲ ਬੋਤੇ ਉੱਤੇ ਆ ਰਹੇ ਸੱਤਾਂ ਸਾਲਾਂ ਵਾਸਤੇ ਹੀ ਨਹੀਂ ਸਾਰੀ ਉਮਰ ਵਾਸਤੇ ਬੜਾ ਕੁਝ ਉਸਾਰ ਲਿਆ ਸੀ । ਉਸ ਆਪਣੀ ਬੱਲੀ ਕਲਪਨਾ ਦੇ ਸਹਾਰੇ ਆਪਣੀ ਜ਼ਿੰਦਗੀ ਦਾ ਇਕ ਪੈਟਰਨ ਤਿਆਰ ਕਰ ਲਿਆ ਸੀ । ਉਸ ਅਨੇਕ ਰੰਗਾਂ ਨਾਲ ਤੇ ਅਛੋਤੇ ਅਹਿਸਾਸਾਂ ਤੇ ਬੁਰਸ਼ਾਂ ਨਾਲ ਆ ਰਹੇ ਜੀਵਨ ਦਾ ਇਕ ਅਜਿਹਾ ਚਿਤਰ ਘੜ ਲਿਆ ਸੀ ਕਿ ਜਿਦ੍ਹੇ ਵਿਚ ਆਈ ਰਤਾ ਭਰ ਤਬਦੀਲੀ ਵੀ ਉਹਦੀ ਪ੍ਰਸੰਨਤਾ, ਖੁਸ਼ੀ ਤੇ ਜ਼ਿੰਦਗੀ ਦਾ ਸਾਂਵਾਂ ਤੋਲ ਭੰਗ ਕਰ ਸਕਦੀ ਸੀ ।

ਤੇ ਅੱਜ ਇਸ ਚਿਤਰੇ ਗਏ ਚਿਤਰ ਵਿਚ ਸਿਰਫ ਇਕ ਬੇਮਲੂਮੀ ਤਬਦੀਲੀ ਹੀ ਨਹੀਂ ਆਈ, ਸਾਰੇ ਚਿਤਰ ਦੀ ਜਿਵੇਂ ਹੋਂਦ ਹੀ ਮਿਟ ਗਈ । ਇਕ ਪੈਟਰਨ, ਇਕ ਸੰਪੂਰਨ ਉਸਾਰੀ ਖੇਰੂੰ ਖੇਰੂੰ ਹੋ ਗਈ । ਉਫ਼ ਕੇਡੀ ਮਿਹਨਤ ਤੇ ਗਰਮ-

Scanned by CamScanner

ਜੋਸ਼ੀ ਨਾਲ ਉਸ ਇਹ ਚਿਤਰ ਤੇ ਇਹ ਪੈਟਰਨ ਘੜਿਆ ਸੀ ਤੇ ਆਪਣੀ ਆ ਰਹੀ ਜ਼ਿੰਦਗੀ ਦੀ ਕਲਪਨਾਤਮਕ ਉਲ
ਕੀਤੀ ਸੀ। ਮੁਲਤਾਨ ਦੀਆਂ ਧੂੜਾਂ ਉਹਨੂੰ ਨਾ ਪੋਹੀਆਂ, ਉਥੋਂ ਦੀ ਸੜਦੀ ਰੇਤ ਨੇ ਉਹਨੂੰ ਨਹੀਂ ਸਾੜਿਆ, ਲੂ
ਬਖਤੋ ਨੇ ਉਹਨੂੰ ਨਹੀਂ ਝੁਲਾਇਆ। ਰਾਹ ਦੇ ਜਫਰਾਂ ਨੇ ਉਹਨੂੰ ਕੋਈ ਕਸ਼ਟ ਨਹੀਂ ਪਹੁੰਚਾਇਆ। ਆਪਣੀ ਜੀਤੀ ਸ
ਯਾਦ ਤੇ ਭਵਿਖਤ ਵਿਚ ਮਿਲਣ ਵਾਲੀ ਪ੍ਰਸੰਨਤਾ ਦੀ ਟੇਕ ਨਾਲ ਜਿਵੇਂ ਉਹ ਅਸਮਾਨ ਵਿਚ ਉਡਦਾ ਰਿਹਾ ਹੋਵੇ। ਉਹ
ਕਾਇਆ ਐਨੀ ਹੌਲੀ ਸੀ। ਉਹਦੀ ਕਲਪਨਾ ਐਨੀ ਉਡਾਰੂ।

ਤੇ ਫਿਰ ਇਸ ਯੁਧ ਵਿਚ ਉਹਨੂੰ ਨਾਮਣਾ ਮਿਲਿਆ। ਉਹਦੀ ਇਚਤ ਹੋਈ, ਏਥੋਂ ਤੱਕ ਕਿ ਆਪ ਮਹਾਰਾਜਾ
ਰਣਜੀਤ ਸਿੰਘ ਨੇ ਉਹਦੀ ਉਹ ਇਚਤ ਕੀਤੀ ਜਿਹੜੀ ਅਜੇ ਤੱਕ ਸ਼ਾਇਦ ਉਸ ਕਿਸੇ ਹੋਰ ਨੌਜਵਾਨ ਦੀ ਨਹੀਂ ਸੀ ਕੀਤੀ।
ਸਤਾਰਾਂ ਵਰ੍ਹਿਆਂ ਦੀ ਉਮਰ ਵਿਚ ਸਿਖ ਸਲਤਨੱਤ ਦਾ ਸ਼ੇਰ-ਸਲਤਨੱਤ ਹੋਣਾ ਤੇ ਮਹਾਰਾਜਾ ਰਣਜੀਤ ਸਿੰਘ ਸ਼ੇਰੇ-ਪੰਜਾ
ਦੀ ਨਜ਼ਰ ਦਾ ਨੂਰੇ-ਨਜ਼ਰ, ਕੋਈ ਛੋਟੀ ਮੱਲ ਨਹੀਂ ਸੀ। ਬੇਸ਼ਕ ਉਹਨੇ ਸੁਣਿਆ ਕਿ ਮਹਾਰਾਜਾ ਰਣਜੀਤ ਸਿੰਘ ਵਡੇ
ਬਖਸ਼ੀਆਂ ਗਦੀਆਂ ਬਖਸ਼ਸ਼ਾਂ ਸਿਰਫ਼ ਹਰਪਾਲ ਵਾਸਤੇ ਨਹੀਂ ਉਹਦੇ ਸਮੁਚੇ ਘਰਾਣੇ ਦੀ ਵਡਿਆਈ ਤੇ ਸੇਵਾ ਨੂੰ ਮੁਖ ਰਖ
ਪੇਸ਼ ਕੀਤੀਆਂ ਗਈਆਂ ਹਨ, ਪਰ ਇਹੋ ਜਿਹੀ ਕਿਸੇ ਥੈ ਦਾ ਉਹਦੀ ਕਲਪਨਾ ਜਾਂ ਮਨ ਉੱਤੇ ਕੋਈ ਅਸਰ ਨਹੀਂ ਹੋਇਆ।

ਇਸ ਇਚਤ ਤੇ ਸ਼ੇਰੇ-ਪੰਜਾਬ ਦੀਆਂ ਬਖਸ਼ਸ਼ਾਂ ਨੇ ਜਿਵੇਂ ਉਹਦੇ ਘੜੇ ਚਿਤਰ ਉੱਤੇ ਇਕ ਖ਼ਾਸ ਕਿਸਮ ਦਾ ਨੂ
ਖਿਲਾਰ ਦਿਤਾ ਹੋਵੇ। ਉਸ ਨੂੰ ਜਾਪਦਾ ਸੀ ਕਿ ਹੁਣ ਉਹਦੀ ਜ਼ਿੰਦਗੀ ਨੂਰਾਨੀ ਚਾਨਣੇ ਥੱਲੇ ਇਕ ਨਾ ਮੁਕਣ ਵਾਲੀ ਪ੍ਰੀਤ
ਹੋਵੇਗੀ। ਉਹ ਜੀਤੀ ਨੂੰ ਮਿਲਣ ਤੇ ਆਪਣੇ ਇਸ ਚਿਤਰ ਦੀ ਝਾਕੀ ਦਿਖਾਣ ਵਾਸਤੇ ਬੜਾ ਕਾਹਲਾ ਹੋ ਗਿਆ।

ਅੱਜ ਹਰਪਾਲ ਨੇ ਇਕ ਇਕ ਕਰ ਕੇ ਉਹ ਸਭ ਰੰਗ ਤੇ ਉਹ ਸਭ ਵਸਤੂਆਂ ਖੇਰੂੰ ਖੇਰੂੰ ਕਰਨੀਆਂ ਸ਼ੁਰੂ ਕ
ਦਿਤੀਆਂ ਜਿਹੜੀਆਂ ਕਿ ਉਹਨੇ ਪਿਛਲੇ ਸੱਤਾਂ ਮਹੀਨਿਆਂ ਵਿਚ ਇਕ ਇਕ ਕਰ ਕੇ ਇਕੱਤਰ ਕੀਤੀਆਂ ਸਨ। ਜਿਹੜਾ
ਤਿਨਕਾ ਕਰ ਕੇ ਜਿਵੇਂ ਆਲ੍ਹਣਾ ਬਣਾਇਆ ਗਿਆ ਸੀ। ਭੋਰਾ ਭੋਰਾ ਕਰ ਕੇ ਜਿਵੇਂ ਭਵਿਖਤ ਦੇ ਚੌਖਟੇ ਵਿਚ ਜੋੜ ਲੈ
ਗਏ ਸਨ, ਉਵੇਂ ਹੀ ਭੋਰਾ ਭੋਰਾ ਕਰ ਕੇ ਅਜ ਉਨ੍ਹਾਂ ਨੂੰ ਮਿਟਾ ਦਿਤਾ ਗਿਆ। ਜੋ ਕੁਝ ਹਰਪਾਲ ਨੇ ਸੱਤਾਂ ਮਹੀਨਿਆਂ ਵਿ
ਆਪਣੇ ਆਪ ਤੇ ਆਪਣੀ ਜ਼ਿੰਦਗੀ ਦੁਆਲੇ ਉਸਾਰਿਆ ਸੀ, ਉਹ ਇੱਟ ਇੱਟ, ਚੀਣਾ ਚੀਣਾ ਕਰ ਕੇ ਭੁਰ ਗਿਆ। ਹਰਪਾਲ
ਦਾ ਆਲਾ ਦੁਆਲਾ ਨੰਗਾ, ਬੇਰੌਣਕ, ਅਲਾਣਾ ਤੇ ਬੁੱਤਾ ਬੁੱਤਾ ਸੀ। ਜਿਵੇਂ ਬਾਲਪਨ ਤੋਂ ਨਿਕਲਿਆ ਮਨੁੱਖ ਆਪ
ਨੰਗੇਜ ਕੱਜਦਾ ਹੈ ਉਵੇਂ ਹੀ ਅਜ ਹਰਪਾਲ ਨੇ ਆਪਣੇ ਆਲੇ ਦੁਆਲੇ ਵਿਚ ਉਪਜਿਆ ਨੰਗੇਜ ਕਜਿਆ। ਉਹ ਹੌਲੇ ਹੌ
ਆਪਣੇ ਆਪ ਵਿਚ ਸਿਮਟ ਗਿਆ ਉਹ ਹੋਰ ਵੀ ਘਟ ਬੋਲਣ ਲੱਗਾ। ਉਹ ਦੋਸਤਾਂ ਮਿੱਤਰਾਂ ਵਿਚ ਅਗੇ ਨਾਲੋਂ ਵੀ ਵ
ਬਹਿਣ ਲੱਗਾ। ਉਸ ਦੋਸਤ ਮਿੱਤਰ ਬਣਾਨੇ ਵੀ ਅਗੇ ਨਾਲੋਂ ਘਟ ਕਰ ਦਿਤੇ। ਉਸ ਆਪਣੇ ਆਪ ਨੂੰ ਬੈਰੂਨੀ ਦੁਨੀਆਂ ਤੋ
ਅਸਰਾਂ ਤੋਂ, ਅੱਖਾਂ ਤੋਂ ਕੱਜ ਲਿਆ।

ਅਜੀਤ ਦੇ ਕਸ਼ਟ ਦੀ ਵੰਨਗੀ ਹੋਰ ਸੀ, ਉਸ ਸ਼ੁਰੂ ਤੋਂ ਹੀ ਕੁਝ ਨਹੀਂ ਸੀ ਘੜਿਆ। ਉਸ ਆ ਰਹੇ ਵਰ੍ਹਿਆਂ
ਵਾਸਤੇ ਆਪਣੀ ਕਲਪਨਾ ਦੇ ਸਹਾਰੇ ਬਹੁਤ ਕੁਝ ਨਹੀਂ ਸੀ ਉਸਾਰਿਆ। ਉਹਦੇ ਵਾਸਤੇ ਭਵਿਖਤ ਸ਼ੁਰੂ ਤੋਂ ਹੀ ਅਨਿਸ਼ਚਿਤ
ਰਿਹਾ ਸੀ। ਉਹਨੂੰ ਕਦੀ ਇਤਬਾਰ ਨਹੀਂ ਸੀ ਆਇਆ ਕਿ ਹਰਪਾਲ ਜ਼ਿੰਦਗੀ ਵਿਚ ਕਦੀ ਉਹਦਾ ਹੋ ਵੀ ਸਕਦਾ ਹੈ।
ਬੇਸ਼ਕ ਉਹ ਜੁਆਨ ਸੀ ਤੇ ਉਹ ਪਿਆਰ ਕਰਦੀ ਸੀ, ਪਰ ਉਹਦੀ ਕਲਪਨਾ ਐਂਨੀ ਤਕੜੀ ਨਹੀਂ ਸੀ ਤੇ ਨਾ ਹੀ ਉਹਦੇ
ਨਜ਼ਰੀਏ ਐਡੇ ਵਿਸ਼ਾਲ। ਹਰਪਾਲ ਵਾਂਗ ਉਹ ਦੁਨੀਆਂ ਸੀ ਨਹੀਂ ਵੇਖ ਆਈ। ਹਰਪਾਲ ਵਾਂਗ ਉਹ ਸਿਪਾਹੀ ਨਹੀਂ ਸੀ।
ਹਰਪਾਲ ਵਾਂਗ ਉਸ ਆਪਣੇ ਆਪ ਅੰਦਰ ਕੋਈ ਸ਼ੈ ਹੋਰਨਾਂ ਨਾਲੋਂ ਭਿੰਨ ਤੇ ਵਖਰੀ ਜਾਂ ਉਭਰੀ ਉਭਰੀ ਨਹੀਂ ਸੀ ਵੇਖੀ।
ਉਹਨੇ ਨਾਮਣਾ ਨਹੀਂ ਸੀ ਖਟਿਆ, ਉਹਨੂੰ ਆਪ ਮਹਾਰਾਜਾ ਰਣਜੀਤ ਸਿੰਘ ਨੇ ਨਹੀਂ ਸੀ ਨਿਵਾਜਿਆ। ਸਗੋਂ ਉਹਨੂੰ
ਆਪਣੇ ਜੀਵਨ ਦੀ ਗ਼ਰੀਬੀ ਦਾ ਅਹਿਸਾਸ ਸੀ। ਉਹਦੇ ਵਿਚ ਇਤ ਤਰ੍ਹਾਂ ਦਾ ਘਟੀਆਪਨ ਸੀ। ਉਹ ਸੋਹਣੀ ਸੀ ਬਤੀ
ਸੋਹਣੀ, ਪਰ ਉਹਨੂੰ ਆਪਣੇ ਸੁਹੱਪਣ ਦਾ ਅਹਿਸਾਸ ਨਹੀਂ ਸੀ। ਉਹ ਨਹੀਂ ਸੀ ਜਾਣਦੀ ਕਿ ਹਰਪਾਲ ਉਹਨੂੰ ਐਨੀ ਡੂੰਘੀ
ਤੀਬਰਤਾ ਨਾਲ ਪਿਆਰ ਕਰਦਾ ਹੈ। ਉਹਦੀਆਂ ਸਹੇਲੀਆਂ ਨੇ ਉਹਨੂੰ ਕਿਹਾ ਸੀ ਕਿ ਹਰਪਾਲ ਉਹਦੇ ਨਾਲ ਲੁਕਣ-ਮੀਟੀ
ਖੇਡ ਰਿਹਾ ਹੈ ਤੇ ਉਹਨੂੰ ਆਪਣੇ ਤੇ ਹਰਪਾਲ ਉੱਤੇ ਸ਼ੱਕ ਹੋ ਗੁਜ਼ਰਿਆ। ਉਹਨੂੰ ਆਪਣਾ ਆਪ ਨੀਵਾਂ ਦਿਸਿਆ ਤੇ ਹਰਪਾਲ
ਉੱਚਾ। ਫਿਰ ਹਰਪਾਲ ਨੇ ਕਿਹਾ ਕਿ ਮਾਹਿਲਾਂ ਦਾ ਪੁੱਤਰ ਹੋ ਕੇ ਉਹ ਜੰਗ ਉੱਤੇ ਜਾਣ ਤੋਂ ਨਾਂਹ ਨਹੀਂ ਕਰ ਸਕਦਾ। ਉਹ

Scanned by CamScanner

ਹੰਰ ਵੀ ਦਬਕ ਗਈ। ਉਸ ਨਾ ਸਮਝਿਆ ਕਿ ਉਹਦੇ ਵਾਸਤੇ, ਉਹਦੇ ਪਿਆਰ ਤੇ ਉਹਨੂੰ ਪਾਣ ਤੇ ਆਪਣਾ ਬਣਾਨ ਵਾਸਤੇ ਜੇ ਲੋੜ ਪਵੇ ਤਾਂ ਹਰਪਾਲ ਇਕ ਮਾਹਿਲ ਘਰਾਣਾ ਨਹੀਂ ਇਹੋ ਜਿਹੇ ਹਜ਼ਾਰ ਘਰਾਣਿਆਂ ਦੀ ਇਜ਼ਤ ਵਾਰ ਸਕਦਾ ਹੈ। ਆਪ ਹਰਪਾਲ ਨੇ ਕਦੇ ਇਸ ਬਾਰੇ ਸੋਚਿਆ ਹੀ ਨਹੀਂ ਸੀ ਤੇ ਉਸ ਨੂੰ ਵਿਸ਼ਵਾਸ਼ ਸੀ ਕਿ ਉਹਦੇ ਮਾਤਾ ਪਿਤਾ ਇਹੋ ਜਿਹੀ ਫੋਕੀ ਮਾਨ ਮਰਿਆਦਾ ਪਿਛੇ ਨਹੀਂ ਹਟਕਣਗੇ। ਉਨ੍ਹਾਂ ਦੇ ਘਰਾਣੇ ਵਿਚ ਸਿਖੀ ਸਿਦਕ ਤੇ ਸਿਖੀ ਅਸੂਲਾਂ ਦਾ ਚਾਨਣਾ ਸੀ। ਜਦੋਂ ਕਦੀ ਉਹਦੇ ਵਿਆਹ ਦੀ ਗੱਲ ਆਉਂਦੀ ਤੇ ਹਰਪਾਲ ਨਾਂਹ ਕਰ ਦੇਂਦਾ ਤਾਂ ਉਹਦੇ ਮਾਪਿਆਂ ਨੇ ਉਹਨੂੰ ਕਦੀ ਮਜਬੂਰ ਨਹੀਂ ਸੀ ਕੀਤਾ। ਉਹ ਜਾਣਦਾ ਸੀ ਕਿ ਉਹਦੇ ਪੜਦਾਦਾ ਸ਼ਾਹਬਾਜ਼ ਨੇ ਆਪਣੀ ਮਨ ਮਰਜ਼ੀ ਦੀ ਕੁੜੀ ਨਾਲ ਵਿਆਹ ਕਰਾਇਆ ਸੀ ਤੇ ਹੁਣ ਵੀ ਉਹਨੂੰ ਕੋਈ ਰੋਕਣ ਨਹੀਂ ਲਗਾ ਪਰ ਹਰਪਾਲ ਦੀ ਇਸ ਸਥਿਤੀ ਦਾ ਤੇ ਮਾਹਿਲ ਘਰਾਣੇ ਦੀ ਵਡਿਆਈ ਦਾ ਅਜੀਤ ਨੂੰ ਨਹੀਂ ਸੀ ਪਤਾ। ਉਹ ਮਾਹਿਲ ਘਰਾਣੇ ਦੀ ਉਪਰੀ ਵਡਿਆਂਈ ਕੋਲੋਂ ਅਜਿਹਾ ਡਰੀ ਕਿ ਉਸ ਇਸ ਘਰਾਣੇ ਦੀ ਰੂਹਾਨੀ ਵਡਿਆਈ ਕਿ ਰੂਹਾਨੀ ਨਿੰਮ੍ਰਤਾਈ ਵਲ ਇਕ ਨਜ਼ਰ ਨਾ ਤੱਕਿਆ।

ਅਜੀਤ ਦੀ ਕਲਪਨਾ ਇਸੇ ਲਈ ਸਹਿਮੀ ਸਹਿਮੀ ਦਬਕੀ ਦਬਕੀ ਰਹੀ। ਉਹਨੂੰ ਆਪਣੀਆਂ ਹੱਥਲੀਆਂ ਮੁਸ਼ਕਲਾਂ ਤੇ ਅੱਖਾਂ ਸਾਹਮਣੇ ਰੜਕਦੇ ਸ਼ੰਕਿਆਂ ਤੋਂ ਹੀ ਵਿਹਲ ਨਾ ਮਿਲਦੀ। ਉਹ ਭਵਿਖਤ ਦੇ ਸੁਪਨੇ ਕੀ ਲੈਂਦੀ, ਕੀ ਉਸਾਰਦੀ, ਕੀ ਘੜਦੀ, ਕੀ ਚਿਤਰਦੀ ? ਓਧਰੋਂ ਹਰਪਾਲ ਗਿਆ ਤੇ ਓਧਰੋਂ ਉਹਦੀ ਮੰਗਣੀ ਕਰ ਦਿਤੀ ਗਈ। ਅਜੇ ਚੌਖਟਾ ਵੀ ਤਿਆਰ ਨਹੀਂ ਸੀ ਹੋਇਆ ਰੰਗਾਂ ਦੀ ਚੋਣ ਕਹੀ, ਰੰਗਾਂ ਦਾ ਭਰਨਾ ਕਿਹਾ, ਭਵਿਖਤ ਦੇ ਚਿਤਰ ਦੀ ਕਲਪਨਾ ਕਹੀ ? ਕੋਂਪਲ ਅਜੇ ਫੁੱਟੀ ਹੀ ਸੀ ਉਹ ਪੁਟ ਦਿਤੀ ਗਈ। ਫਿਰ ਉਹਦੇ ਵਧਣ, ਉਹਦੇ ਵਾਸਤੇ ਚਾਵਾਂ ਤੇ ਉਹਦੇ ਕੋਲੋਂ ਪੁਗਾਨ ਵਾਲੀਆਂ ਆਸਾਂ ਦਾ ਉਭਰਨਾ ਹੀ ਕੀ। ਨੀਹਾਂ ਧਰੀਆਂ ਹੀ ਕਦੋਂ ਗਈਆਂ ਸਨ ਕਿ ਉਨ੍ਹਾਂ ਉੱਤੇ ਕੁਝ ਉਸਰਿਆ ਜਾਂਦਾ ਤੇ ਫਿਰ ਉਸਾਰੀ ਬਰਬਾਦ ਤੇ ਤਬਾਹ ਹੁੰਦੀ ? ਆਲਾ ਦੁਆਲਾ ਸ਼ੁਰੂ ਤੋਂ ਹੀ ਨੀਰਸ, ਖ਼ਾਲੀ, ਬੇਜਾਨ ਤੇ ਸੁੰਞਾ ਸੀ। ਫਿਰ ਇਸ ਨੀਵਰਤਾ ਤੇ ਸੁੰਞੇਪਨ ਦਾ ਅਹਿਸਾਸ ਕਿਹਾ ? ਸ਼ਾਇਦ ਬਹੁਤੀਆਂ ਕੁੜੀਆਂ ਨਾਲ ਜੀਤੀ ਵਾਂਗ ਹੀ ਹੁੰਦਾ ਹੈ ਤੇ ਬਹੁਤੇ ਮੁੰਡਿਆਂ ਨਾਲ ਹਰਪਾਲ ਵਾਂਗ। ਪਿਆਰ ਦੇ ਮਾਮਲਿਆਂ ਵਿਚ ਕੁੜੀਆਂ ਦੀ ਝੋਲੀ ਭਰਦੀ ਹੀ ਨਹੀਂ ਤੇ ਮੁੰਡਿਆਂ ਦੇ ਦਾਮਨ ਭਰ ਕੇ ਡੁਲ੍ਹ ਜਾਂਦੇ ਹਨ। ਪਿਆਰ ਦੀ ਲੀਲ੍ਹਾ ਵਿਚ ਕੁੜੀਆਂ ਰੱਜ ਕੇ ਖੇਡ ਵੀ ਨਹੀਂ ਸਕਦੀਆਂ ਤੇ ਮੁੰਡੇ ਗਹਿਰ ਗੰਭੀਰ ਚਿਤਰ ਘੜ ਕੇ ਹੱਥ ਖ਼ਾਲੀ ਹੋ ਜਾਂਦੇ ਹਨ। ਅਜੀਤ ਲਈ ਹਰਪਾਲ ਨਾਲ ਪਿਆਰ ਦਾ ਸਾਰਾ ਸਮਾਂ ਇਕ ਪੀੜ ਸੀ, ਇਕ ਰੋਗ, ਇਕ ਖ਼ਲਾਅ, ਇਕ ਸੁੰਞਾਪਨ।

ਇਹ ਦੋ ਦਿਲ ਤਾਂ ਉਜੜੇ ਹੀ ਉਜੜੇ, ਪਰ ਇਨ੍ਹਾਂ ਦੇ ਨਾਲ ਇਤ ਹੋਰ ਜਿੰਦ ਜਿਹੜੀ ਕੁਮਲਾ ਗਈ ਤੇ ਜਿਦ੍ਹੀ ਜ਼ਿੰਦਗੀ ਵਿਚੋਂ ਉਛਲਦਾ ਚਾਅ ਮਾਂਦ ਪੈ ਗਿਆ ਉਹ ਗੁਰਮੀਤ ਸੀ। ਹਾਸਰੱਸ ਤੇ ਪ੍ਰਸੰਨਤਾ ਦਾ ਵਹਿੰਦਾ ਦਰਿਆ ਉਦਾਸੀ ਤੇ ਗ਼ਮ ਦੇ ਸਮੁੰਦਰ ਵਿਚ ਜਾ ਡੁੱਬਾ। ਦੁਨੀਆਂ ਦੇ ਰੰਗ ਮੰਚ ਉੱਤੇ ਪਾਇਲਾਂ ਪਾਂਦੀ, ਖਿੜ ਖਿੜਾਂਦੀ ਇਕ ਜ਼ਿੰਦਗੀ ਸਦਾ ਲਈ ਕਾਲੇ ਬੱਦਲਾਂ ਦੇ ਪਰਛਾਂਵਿਆਂ ਵਿਚ ਅਲੋਪ ਹੋ ਗਈ। ਉਸ ਦਿਨ ਤੋਂ ਪਿਛੋਂ ਗੁਰਮੀਤ ਵਿਚ ਪਹਿਲੇ ਜਿਹਾ ਉਭਾਰ ਨਾ ਰਿਹਾ, ਸ਼ਖ਼ਸੀਅਤ ਵਿਚ ਪਹਿਲੇ ਜਿਹਾ ਵਹਾਅ ਨਾ ਰਿਹਾ। ਠੀਕ ਫਿਰ ਵੀ ਉਹਦਾ ਚਹਿਕਦਾ ਹਾਸਾ ਕਦੀ ਕਦੀ ਆਲੇ ਦੁਆਲੇ ਵਿਚ ਗੂੰਜ ਜਾਂਦਾ, ਪਰ ਇਸ ਗੂੰਜ ਦੀ ਨਿਮੀ ਹੁੰਦਾ ਸਦਾ ਬੜੇ ਕਰੁਣਾਮਈ ਸੁਰ ਵਿਚ ਦੇਰ ਤਕ ਦੁਮੇਲ ਵਿਚ ਗੁਨਗੁਨਾਂਦੀ ਰਹਿੰਦੀ। ਇਕ ਛਣਕਦੇ ਹਾਸੇ ਦੀ ਗੂੰਜ ਵਿਚੋਂ ਕਈ ਕਰੁਣਾਮਈ ਚੁਪ ਗੂੰਜਾਂ ਜਨਮ ਲੈਂਦੀਆਂ, ਜਿਹੜੀਆਂ ਗੁਰਮੀਤ ਦੀ ਕਾਇਆ ਵਿਚ ਵਾਰੋ ਵਾਰ ਉਠਦੀਆਂ ਲਹਿਰਾਂ ਵਾਂਗ ਪੱਸਰ ਜਾਂਦੀਆਂ। ਲਹਿਰਾਂ, ਜਿਹੋ ਜਿਹੀਆਂ ਧੁੰਦੂਕਾਰ ਲਹਿਰਾਂ ਆਦਮੀ ਬੇਹੋਸ਼ ਹੋਣ ਵੇਲੇ ਜਾਂ ਮਰਨ ਵੇਲੇ ਆਪਣੇ ਆਪ ਉੱਤੇ ਵਹਿੰਦੀਆਂ ਮਹਿਸੂਸ ਕਰਦਾ ਹੈ। ਗੁਰਮੀਤ ਕਿਸੇ ਤਰ੍ਹਾਂ ਵੀ ਇਸ ਅਪੂਰਨ ਖੇਡ ਦੀ ਜ਼ਿਮੇਵਾਰ ਨਹੀਂ ਸੀ ਤੇ ਹਰਪਾਲ ਤੇ ਅਜੀਤ ਉਹਨੂੰ ਮੁੜ ਮੁੜ ਆਪਣੇ ਨਿਸ਼ਕਪਟ ਭਾਵਾਂ ਦਾ ਵਿਸ਼ਵਾਸ਼ ਦਿਵਾਂਦੇ, ਪਰ ਗੁਰਮੀਤ ਸਮਝਦੀ ਕਿ ਇਸ ਅਪੂਰਨ ਲੀਲ੍ਹਾ ਦਾ ਉਹੋ ਹੀ ਇਕੋ ਕਾਰਨ ਹੈ। ਜਦੋਂ ਕੋਈ ਕਿਸੇ ਉੱਤੇ ਵਿਸ਼ਵਾਸ ਨਾ ਕਰਨਾ ਚਾਹੇ ਤਾਂ ਕੋਈ ਕੀ ਕਰੇ। ਜਦੋਂ ਕੋਈ ਕਿਸ ਗੱਲ ਉੱਤੇ ਵਿਸ਼ਵਾਸ਼ ਕਰਨਾ ਚਾਹੇ ਤਾਂ ਕੋਈ ਕਿਵੇਂ ਉਸਦਾ ਵਿਸ਼ਵਾਸ਼ ਭੁਲਾਏ ?

ਹਰਪਾਲ ਹੁਣ ਅਜੀਤ ਨੂੰ ਮਿਲਣਾ ਨਹੀਂ ਸੀ ਚਾਹੁੰਦਾ। ਅਜੀਤ ਵੀ ਹੁਣ ਹਰਪਾਲ ਨੂੰ ਮਿਲਣਾ ਨਹੀਂ ਸੀ ਚਾਹੁੰਦੀ। ਜਦੋਂ ਹਰਪਾਲ ਨੇ ਉਨਾਂ ਨਾਲ ਉਸ ਸ਼ਾਮ ਬਾਹਰ ਆਉਣ ਤੋਂ ਨਾਂਹ ਕੀਤੀ ਤਾਂ ਅਜੀਤ ਦੀ ਰਹਿੰਦੀ ਆਸ ਵੀ

Scanned by CamScanner

ਮੁਕ ਗਈ। ਦੀਵਾ ਬੁਝ ਗਿਆ। ਜ਼ਿੰਦਗੀ ਹਨੇਰ ਹੋ ਗਈ। ਨਹੀਂ, ਹੁਣ ਉਹ ਹਰਪਾਲ ਨੂੰ ਮਿਲਣਾ ਨਹੀਂ ਸੀ ਚਾਹੁੰਦੀ। ਇਹ ਨਹੀਂ ਕਿ ਹੁਣ ਵੀ ਉਹ ਹਰਪਾਲ ਤੇ ਮਾਹਿਲ ਘਰਾਣੇ ਦੀ ਓਪਰੀ ਵਡਿਆਈ ਤੋਂ ਡਰਦੀ ਸੀ, ਪਰ ਇਸ ਲਈ ਕਿ ਹੁਣ ਉਹ ਵੀ ਆਪਣੇ ਭਵਿਖਤ ਬਾਰੇ ਹਰਪਾਲ ਨਾਲ ਸਹਿਮਤ ਹੋ ਗਈ। ਹੁਣ ਮਿਲਣ ਦਾ ਕੀ ਫ਼ਾਇਦਾ ? ਉਹ ਕਿਸੇ ਦੀ ਮੰਗ ਸੀ। ਹੁਣ ਹਰਪਾਲ ਨੂੰ ਪੁਰਾਣੀ ਪੱਧਰ ਉੱਤੇ ਮਿਲਣਾ ਹਰਪਾਲ ਨਾਲ, ਉਹਦੇ ਆਪਣੇ ਆਪ ਨਾਲ, ਉਹਦੀ ਮੰਗ ਨਾਲ ਤੇ ਧਰਮ ਤੇ ਮਰਿਆਦਾ ਨਾਲ ਅਨਿਆਂ ਸੀ।

ਹਾਂ ਪਰ, ਅਜੀਤ ਨੂੰ ਇਕ ਸੰਤੁਸ਼ਟਤਾ ਜ਼ਰੂਰ ਸੀ, ਇਕ ਤਸੱਲੀ। ਸ਼ਾਇਦ ਇਹੋ ਜਿਹੀ ਤਸੱਲੀ ਹੀ ਉਸ ਗ਼ਰੀਬ ਨੂੰ ਹੁੰਦੀ ਹੈ ਜਿਦ੍ਹਾ ਸਾਰਾ ਆਲ੍ਹਣਾ ਸੜ ਜਾਏ, ਪਰ ਉਸ ਆਲ੍ਹਣੇ ਵਿਚੋਂ ਇਕ ਤੀਲਾ ਬਚ ਰਹੇ। ਸ਼ਾਇਦ ਇਹੋ ਜਿਹੀ ਤਸੱਲੀ ਹੀ ਉਸ ਮਲਾਹ ਨੂੰ ਹੁੰਦੀ ਹੈ, ਜਿਦ੍ਹੀ ਬੇੜੀ ਡੁਬ ਜਾਏ, ਪਰ ਇਕ ਪਤਵਾਰ ਹੱਥੀਂ ਰਹਿ ਜਾਏ। ਸ਼ਾਇਦ ਇਹੋ ਜਿਹੀ ਤਸੱਲੀ ਜੱਟ ਨੂੰ ਹੁੰਦੀ ਹੈ ਜਿਦ੍ਹੀ ਸਾਰੀ ਖੇਤੀ ਹੜ੍ਹਾਂ ਨਾਲ ਬਰਬਾਦ ਹੋ ਜਾਏ, ਪਰ ਆਪਣੇ ਘਰ ਦੀ ਚਾਰਦੀਵਾਰੀ ਅੰਦਰ ਬੀਜੀ ਅਜ, ਕਲ ਤੇ ਪਰਸੋਂ ਵਾਸਤੇ ਕੁਝ ਸਬਜ਼ੀ ਬਚ ਰਹੇ। ਅਜੀਤ ਨੂੰ ਅਜ ਤਸੱਲੀ ਹੋ ਗਈ ਸੀ ਕਿ ਉਹਦਾ ਜਾਂ ਕਿਸੇ ਵੇਲੇ ਉਹਦਾ ਹਰਪਾਲ ਉਹਨੂੰ ਸਚ ਹੀ ਪਿਆਰ ਕਰਦਾ ਸੀ ਤੇ ਘਤਾਣਾ ਭਾਵੇਂ ਨਾ, ਇਚ੍ਛਤ ਤੇ ਆਬਰੋ ਭਾਵੇਂ ਨਾ, ਉਸ ਉਹਨੂੰ ਆਪਣਾ ਬਣਾ ਲੈਣਾ ਸੀ। ਗੁਰਮੀਤ ਰਾਹੀਂ ਅਜੀਤ ਨੇ ਮਾਹਿਲ ਘਰਾਣੇ ਦੀ ਰੂਹਾਨੀ ਨਿੰਮ੍ਰਤਾ ਨੂੰ ਜਾਣ ਲਿਆ ਸੀ। ਗੁਰਮੀਤ ਨੇ ਜਦੋਂ ਸਿਖੀ ਸਿਦਕ ਤੇ ਸਿਖੀ ਨਿੰਮ੍ਰਤਾ ਨਾਲ ਆਪਣੇ ਘਰਾਣੇ ਦਾ ਇਤਿਹਾਸ ਦਸਿਆ ਤਾਂ ਅਜੀਤ ਦਾ ਦਿਲ ਤੇ ਉਹਦੀ ਆਤਮਾ ਭਰਪੂਰ ਹੋ ਗਈ। ਗ਼ਮ ਤੇ ਕਰੁਣਾ ਬੇਓੜਕ ਸੀ, ਪਰ ਇਸ ਉਦਾਸੀ ਦੀ ਬੇਓੜਕਤਾ ਵਿਚ ਹੁਣ ਇਕ ਵਿਸ਼ਵਾਸ ਵੀ ਸੀ। ਹੁਣ ਉਹਨੂੰ ਜਾਪਦਾ ਸੀ ਕਿ ਜੋ ਕੁ ਹੋਇਆ ਉਹ ਬਿਧਣਾ ਸੀ, ਭਾਵੀ ਸੀ। ਤੇ ਜਦੋਂ ਭਾਵੀ ਤੇ ਬਿਧਣਾ ਕਰਠਕਾਰ ਮਿਥ ਲਈ ਜਾਏ ਤਾਂ ਗ਼ਮਾਂ ਦੇ ਵਹਿਣ ਮੱਠੇ ਪੈ ਜਾਂਦੇ ਹਨ। ਉਦਾਸੀ ਤੇ ਬਿਰਹੋਂ ਦੇ ਵਹਿਣਾਂ ਵਿਚ ਇਕ ਠਹਿਰਾ, ਇਕ ਠਰ੍ਹੰਮਾਂ ਆ ਜਾਂਦਾ ਹੈ। ਕਾਇਆ ਉਸਲਵੱਟੇ ਨਹੀਂ ਖਾਂਦੀ ਦਿਲਾਂ ਵਿਚ ਤੁਗ਼ਿਆਨੀਆਂ ਨਹੀਂ ਆਉਂਦੀਆਂ। ਬੇਕਰਾਰੀ ਦੀਆਂ ਚੀਸਾਂ ਨਹੀਂ ਉਠਦੀਆਂ। ਪੀੜ ਸਿੱਝ ਜਾਂਦੀ ਹੈ। ਪੀੜ ਇਕ ਸਾਰ ਹੋ ਜਾਂਦੀ ਹੈ। ਪੀੜ ਅੰਦਰ ਰਚ ਜਾਂਦੀ ਹੈ। ਆਤਮਾ ਨਾਲ ਓਤ ਪੋਤ ਹੋ ਜਾਂਦੀ ਹੈ। ਪੀੜ ਸਾਰੇ ਜੀਵਨ ਉੱਤੇ, ਇਕ ਸਾਵੀਂ ਹੋ ਕੇ ਪੱਸਰ ਜਾਂਦੀ ਹੈ।

ਪਰ ਹਰਪਾਲ ਤੇ ਅਜੀਤ ਦੇ ਸਦੀਵੀ ਵਿਛੋੜੇ ਤੋਂ ਪਹਿਲਾਂ ਗੁਰਮੀਤ ਨੇ ਇਕ ਵਾਰ ਉਨ੍ਹਾਂ ਨੂੰ ਜ਼ਰੂਰ ਮਿਲਾਇਆ। ਦੋਹਾਂ ਨੂੰ ਝੂਠ ਬੋਲ ਕੇ ਉਸ ਇਕ ਦੂਜੇ ਦੇ ਮਿਲਣ ਦੀ ਚਾਹ ਬਾਰੇ ਦਸਿਆ।

ਹਰਪਾਲ ਤੇ ਅਜੀਤ ਮਿਲੇ। ਇਕ ਲੰਮਾ ਘੰਟਾ ਉਹ ਇਕ ਦੂਜੇ ਕੋਲ ਬੈਠੇ ਰਹੇ। ਉਹ ਮਿਲੇ ਮਾਹਿਲ ਤੇ ਕਲਸੀਏ ਦੇ ਵਿਚਕਾਰ। ਗੰਠਿਆਂ ਦੇ ਉਸੇ ਖੇਤ ਦੇ ਲਾਗੇ, ਉਸੇ ਵਗਦੇ ਖੂਹ ਦੇ ਲਾਗੇ। ਇਸ ਮਿਲਣ ਅਸਥਾਨ ਤੋਂ ਗੰਠਿਆਂ ਦੇ ਖੇਤ ਦੀ ਵੱਟ ਉੱਤੇ ਉੱਗੀ ਜੰਡ ਸਾਫ਼ ਦਿਸ ਸਕਦੀ ਸੀ। ਮਾਘ ਦੀ ਪਿਆਰੀ ਪਿਆਰੀ ਮਿਠੀ ਲਗਦੀ ਧੁਪ, ਕਣਕਾਂ ਦੀ ਮੁਸ਼ਬੂ, ਹਰਿਆਵਲ ਦੀ ਗੰਧ। ਹਰਪਾਲ ਤੇ ਅਜੀਤ ਮਿਲੇ ਇਕ ਲੰਮੇ ਚਿਰ ਵਾਸਤੇ, ਪਰ ਉਨ੍ਹਾਂ ਨੇ ਕੋਈ ਗੱਲ ਨਹੀਂ ਕੀਤੀ। ਕੀ ਗੱਲਾਂ ਕਰਦੇ ? ਸ਼ਬਦ ਜਿਵੇਂ ਇਸ ਮਿਲਣੀ ਦੀ ਪਵਿਤ੍ਰਤਾ ਨੂੰ ਭੰਗ ਕਰ ਦੇਣਗੇ। ਜਦੋਂ ਜੇ ਕਦੀ ਕੋਈ ਬੰਦਾ ਆਪਣੇ ਚਿਤਵੇ ਰੱਬ ਨੂੰ ਮਿਲ ਪਵੇ ਤਾਂ ਉਹ ਉਹਨੂੰ ਕੀ ਕਹੇਗਾ ? ਕਿਸੇ ਭੁੰਚਾਲ ਨਾਲ ਆਪਣਾ ਘਰ ਤੇ ਆਪਣਾ ਸਾਰਾ ਟੱਬਰ ਗਵਾ ਕੇ ਆਦਮੀ ਖੰਡਰਾਂ ਕਬਰਾਂ ਵਲ ਦੇਖ ਕੇ ਕੀ ਕਹੇਗਾ। ਸਾਰੀ ਜ਼ਿੰਦਗੀ ਇਕ ਬੇਜਾਨ ਮੁਰਦੇ ਵਾਂਗ ਸਾਹਮਣੇ ਪਈ ਹੋਵੇ ਤਾਂ ਕੋਈ ਕੀ ਕਹੇ। ਜਦੋਂ ਦਿਲਾਂ ਵਿਚ ਭਾਵਾਂ, ਕਲਪਨਾਵਾਂ, ਅਹਿਸਾਸਾਂ, ਜਜ਼ਬਾਤਾਂ, ਨਿਰਾਸਤਾਵਾਂ ਦੇ ਹੜ੍ਹ ਉਠ ਰਹੇ ਹੋਣ ਤਾਂ ਕੋਈ ਕੀ ਕੂਏ, ਕੀ ਬੋਲੇ ?

ਹਰਪਾਲ ਤੇ ਅਜੀਤ ਇਕ ਦੂਜੇ ਵਲ ਵੇਖਦੇ ਰਹੇ। ਪਹਿਲੇ ਤਾਂ ਉਨ੍ਹਾਂ ਨੇ ਇਕ ਦੂਜੇ ਦੀਆਂ ਅੱਖਾਂ ਵਿਚੋਂ ਆਪਣੀ ਪਹਿਲੀ ਜਜ਼ਬਾਤੀ ਮਿਲਣੀ ਦੀ ਝਾਕੀ ਵੇਖੀ। ਹਰਪਾਲ ਨੇ ਅਜੀਤ ਦੇ ਗਲ ਵਿਚ ਪਲਮਦਾ ਦੁਪੱਟਾ ਵੇਖਿਆ ਤੇ ਬੂਟੀਆਂ ਵਾਲੀ ਕਮੀਜ਼। ਉਹ ਉਸੇ ਤਰ੍ਹਾਂ ਖੇਤ ਦੀ ਵੱਟ ਉੱਤੇ ਖੜੀ ਸੀ। ਅਜੀਤ ਨੇ ਹਰਪਾਲ ਨੂੰ ਗੁਲਾਬੀ ਰੰਗ ਦੀ ਪੱਗ ਬੰਨ੍ਹੇ ਆਪਣੇ ਘੋੜੇ ਉੱਤੇ ਸਜੇ ਵੇਖਿਆ। ਫਿਰ ਉਨ੍ਹਾਂ ਦੀਆਂ ਅੱਖਾਂ ਵਿਚੋਂ ਵਾਰੋ ਵਾਰੀ ਉਹ ਸਾਰੀਆਂ ਮੁਲਾਕਾਤਾਂ ਲੰਘ ਗਈਆਂ ਜਿਨ੍ਹਾਂ ਨੇ ਉਨ੍ਹਾਂ ਦੇ ਪਿਆਰ ਦੇ ਪੂਰਬਲੇ ਤਿੰਨ ਮਹੀਨੇ ਭਰਪੂਰ ਰਖੇ। ਇਕ ਖ਼ਾਸ ਮੁਲਾਕਾਤ ਦੀਆਂ ਯਾਦਾਂ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਇਕਾ ਇਕ ਚਮਕ ਲੈ ਆਂਦੀ। ਇਹ ਨੰਣਾਂ ਦੀ ਮੁਸਕਰਾਹਟ ਸੀ।

Scanned by CamScanner

ਫਿਰ ਹਰਪਾਲ ਦੇ ਲਾਮ ਨੂੰ ਜਾਣ ਦਾ ਵਕਤ ਆਇਆ। ਅਜੀਤ ਦੀਆਂ ਅੱਖਾਂ ਗੰਧਲੀਆਂ ਹੋ ਗਈਆਂ। ਹਰਪਾਲ ਨੇ ਆਪਣਾ ਆਪ ਦਰਸਾਇਆ ਤੇ ਦਸਿਆ ਕਿ ਉਹਦਾ ਮਾਹਿਲ ਟੱਬਰ ਵਲ ਇਸ਼ਾਰਾ ਕਰਨਾ ਉਹਦਾ ਕਸੂਰ ਨਹੀਂ ਸੀ। ਉਸ ਇਸ ਵਧੀਕੀ ਲਈ ਅਜੀਤ ਕੋਲੋਂ ਮੁਆਫ਼ੀ ਮੰਗੀ। ਅਜੀਤ ਦੀਆਂ ਅੱਖਾਂ ਵਿਚ ਆਏ ਅਥਰੂ ਇਸ ਗੱਲ ਦੇ ਗੁਆਹ ਸਨ ਕਿ ਅਜੀਤ ਨੇ ਉਹਨੂੰ ਮੁਆਫ਼ ਕਰ ਦਿਤਾ ਹੈ। ਪਰ ਇਕ ਵਾਰ ਦੇ ਅੱਖਾਂ ਵਿਚ ਫੁਟੇ ਅੱਥਰੂ ਬੜਾ ਚਿਰ ਠੱਲੇ ਨਹੀਂ ਗਏ। ਇਨ੍ਹਾਂ ਅੱਥਰੂਆਂ ਦੀ ਧੁੰਦ ਅਗੇ ਏਸੇ ਲਈ ਹਰਪਾਲ ਦੇ ਨੈਣਾਂ ਵਿਚ ਉਭਰੇ ਭਵਿਖਤ ਦੇ ਚਿਤਰ ਅਜੀਤ ਨੇ ਨਹੀਂ ਵੇਖੇ। ਪਰ ਜੇ ਨਹੀਂ ਵੇਖੇ ਤਾਂ ਕੀ ਹੋਇਆ ਉਸ ਹਰਪਾਲ ਦੇ ਉਭਰਦੇ ਜਜ਼ਬਾਤਾਂ ਨੂੰ ਆਪਣੇ ਸੀਨੇ ਵਿਚ ਮਹਿਸੂਸ ਜ਼ਰੂਰ ਕੀਤਾ।

ਫਿਰ ਇਕ ਇਕ ਕਰ ਕੇ ਤੀਲੇ ਬਿਖਰਨ ਲਗੇ, ਇੱਟਾਂ ਡਿਗਣ ਲਗੀਆਂ, ਰੰਗ ਮਿਟਣ ਲਗੇ, ਸੁਪਨੇ ਭੁਰਨ ਲਗੇ। ਓਦੋਂ ਸ਼ਾਇਦ ਪਹਿਲੀ ਵਾਰ ਹਰਪਾਲ ਦੇ ਨੈਣ ਗੰਧਲੇ ਹੋ ਗਏ। ਨੈਣਾਂ ਅਗੇ ਇਕ ਪਤਲੀ ਜਿਹੀ ਧੁੰਦ ਛਾ ਗਈ ਤੇ ਇਹ ਪਤਲੀ ਜਿਹੀ ਧੁੰਦ ਅਜੀਤ ਨੇ ਆਪਣੇ ਪੂਰ ਪੂਰ ਵਹਿੰਦੇ ਅੱਥਰੂਆਂ ਵਿਚੋਂ ਵੀ ਵੇਖ ਲਈ। ਤੇ ਫਿਰ...ਅਜੀਤ ਲਈ ਆਪਣੀ ਰੂਹਾਨੀ ਤਸੱਲੀ ਦਾ ਸਮਾਂ ਆਇਆ। ਹਰਪਾਲ ਦੇ ਪਿਆਰ ਦੇ ਵਿਸ਼ਵਾਸ ਤੇ ਮਾਹਿਲਾਂ ਦੀ ਰੂਹਾਨੀ ਨਿੰਮ੍ਰਤਾ ਦੇ ਅਹਿਸਾਸ ਨੇ ਉਹਦੀ ਪੀੜ ਇਕਸਾਰ ਤੇ ਇਕਸਾਵੀਂ ਕਰ ਦਿਤੀ। ਚੀਸਾਂ ਮੁਕ ਗਈਆਂ ਤੇ ਅਜੀਤ ਦੇ ਅੱਥਰੂ ਵਹਿਣੇ ਰੁਕ ਗਏ। ਉਨ੍ਹਾਂ ਨੈਣਾਂ ਵਿਚੋਂ ਸਾਫ਼ ਪਤਾ ਲਗਦਾ ਸੀ ਕਿ ਅਜੀਤ ਨੇ ਕੀ ਮਹਿਸੂਸ ਕੀਤਾ ਹੈ।

ਤੇ ਹਰਪਾਲ ਮੁਸਕਰਾਇਆ। ਮੁਸਕਰਾਹਟ ਜਿਹੜੀ ਕਿ ਬੁਲ੍ਹਾਂ ਉੱਤੇ ਨਹੀਂ ਖੇਲਦੀ, ਪਰ ਫਿਰ ਵੀ ਵੇਖੀ ਜਾ ਸਕਦੀ ਹੈ। ਅਜੀਤ ਵੀ ਮੁਸਕਰਾਈ। ਮੁਸਕਰਾਹਟ ਜਿਹੜੀ ਫੜੀ ਨਹੀਂ ਜਾ ਸਕਦੀ, ਪਰ ਬੜਾ ਕੁਝ ਸਮਝਾ ਜਾਂਦੀ ਹੈ। ਉਦੋਂ ਹਰਪਾਲ ਨੇ ਅਜੀਤ ਨੂੰ ਆਪਣੇ ਨੇੜੇ ਕੀਤਾ। ਅਜੀਤ ਨੇ ਆਪਣਾ ਸਿਰ ਹਰਪਾਲ ਦੀ ਝੋਲੀ ਵਿਚ ਰਖਿਆ ਤੇ ਇਕ ਸਮੇਂ ਤਕ ਆਪਣੇ ਭਾਰੇ ਭਾਰ ਸਖ਼ਤ ਹੱਥਾਂ ਨਾਲ ਹਰਪਾਲ ਉਹਦੀਆਂ ਕੋਮਲ ਕੋਮਲ ਗੱਲ੍ਹਾਂ ਨੂੰ ਪਲੋਸਦਾ ਰਿਹਾ। ਅਜੀਤ ਦੇ ਹਰਪਾਲ ਦੀ ਝੋਲੀ ਵਿਚ ਲੇਟਦਿਆਂ ਹੀ ਜਿਵੇਂ ਅਰਸ਼, ਫ਼ਰਸ਼ਾਂ ਦੀ ਗੰਦੀ ਆ ਪਏ ਹੋਣ। ਇਕਾ ਇਕ ਸਾਰਾ ਆਲਾ ਦੁਆਲਾ ਫਿਰ ਕੇ ਰੰਗੀਨ ਹੋ ਗਿਆ। ਸਭ ਸੁਪਨੇ ਜਾਗ ਪਏ। ਮਾਘ ਮਹੀਨੇ ਦੀ ਜੀਵਨ ਦਾਤਾ ਧੁਪ ਨੇ ਜਿਵੇਂ ਹਰਪਾਲ ਦੇ ਸਾਰੇ ਚਿਤਰ ਮੁੜ ਕੇ ਉਘਾੜ ਦਿਤੇ ਹੋਣ। ਹਰਪਾਲ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਖ਼ਸ਼ੀ ਹੋਈ ਮੁੰਦਰੀ ਕਢੀ। ਫਿਰ ਉਸ ਅਜੀਤ ਦਾ ਮਖਣੀ ਹੱਥ ਇਉਂ ਆਪਣੇ ਹੱਥਾਂ ਵਿਚ ਲਿਆ ਜਿਵੇਂ ਕਿ ਉਹਦੇ ਪੰਘਰ ਜਾਣ ਦੀ ਉਹਨੂੰ ਸੰਭਾਵਨਾ ਹੋਵੇ। ਉਸ ਪੋਲੇ ਪੋਲੇ ਉਹ ਮੁੰਦਰੀ ਅਜੀਤ ਦੀ ਉਂਗਲੀ ਵਿਚ ਪਾਈ ..ਤੇ ਉਂਗਲੀ ਵਿਚ ਮੁੰਦਰੀ ਪੈਂਦਿਆਂ ਹੀ ਹਰਪਾਲ ਨੂੰ ਲਗਾ ਕਿ ਜਿਵੇਂ ਮਾਘ ਦੀ ਮਿੱਠੀ ਮਿੱਠੀ ਧੁਪ ਪੋਹ ਦੀ ਰਾਤ ਦੇ ਕੱਕਰ ਵਿਚ ਬਦਲ ਗਈ ਹੋਵੇ। ਇਸ ਤੋਂ ਵਧ ਉਹਨੂੰ ਲਗਾ ਕਿ ਇਹੋ ਅੰਤ ਹੈ, ਅੰਤ...।

ਉਹਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ। ਆਪਣੀ ਹੋਸ਼ ਸੰਭਾਲਣ ਪਿਛੋਂ ਹਰਪਾਲ ਦੀਆਂ ਅੱਖਾਂ ਵਿਚ ਇਹ ਪਹਿਲੇ ਅੱਥਰੂ ਸਨ। ਅਜੀਤ ਪਲਮ ਕੇ ਉਠੀ। ਇਸਤਰੀ ਆਪਣੇ ਪਿਆਰੇ ਦੀਆਂ ਅੱਖਾਂ ਵਿਚ ਅੱਥਰੂ ਨਹੀਂ ਸਹਾਰ ਸਕਦੀ। ਇਹ ਉਹਨੂੰ ਆਪਣੇ ਪਿਆਰ ਦਾ ਨਿਰਾਦਰ ਜਾਪਦਾ ਹੈ। ਅਜੀਤ ਉਠੀ ਤੇ ਇਸ ਤੋਂ ਪਹਿਲੇ ਕਿ ਹਰਪਾਲ ਦੇ ਅੱਥਰੂ ਉਹਦੀ ਸੱਜੀ ਗਲ੍ਹ ਉੱਤੇ ਪਏ ਨਿਸ਼ਾਨ ਤਕ ਪਹੁੰਚਦੇ ਉਸ ਉਨ੍ਹਾਂ ਨੂੰ ਪੂੰਝ ਦਿਤਾ ਤੇ ਉਹ ਮੁਸਕਰਾਈ। ਇਕ ਤੱਕੀ ਜਾਣ ਵਾਲੀ ਮੁਸਕਰਾਹਟ, ਇਕ ਫੜੀ ਜਾਣ ਵਾਲੀ ਮੁਸਕਰਾਹਟ ਉਨ੍ਹਾਂ ਦੀ ਸਾਰੀ ਪ੍ਰੇਮ ਕਹਾਣੀ ਉੱਤੇ ਇਕ ਰੱਤੀ ਭਾਹ ਖਿਲਾਰਨ ਵਾਲੀ ਮੁਸਕਰਾਹਟ, ਉਨ੍ਹਾਂ ਦੀ ਆ ਰਹੀ ਸਾਰੀ ਜ਼ਿੰਦਗੀ ਨੂੰ ਸੁਖਾਵਾਂ ਬਣਾਨ ਵਾਲੀ ਮੁਸਕਰਾਹਟ, ਅਜ ਦੀ ਯਾਦ ਨੂੰ ਸਦਾ ਇੰਨ ਬਿੰਨ ਹੂ-ਬ-ਹੂ ਸੰਭਾਲ ਕੇ ਰਖਣ ਦਾ ਬਚਨ ਦੇਂਦੀ ਹੋਈ ਮੁਸਕਰਾਹਟ...।

Scanned by CamScanner

੮੬

ਅੱਜ ਬਾਈ ਵਰ੍ਹੇ ਪਿਛੋਂ ਇਕ ਵਾਰ ਫਿਰ ਹਰਪਾਲ ਦੀਆਂ ਅੱਖਾਂ ਵਿਚੋਂ ਅੱਥਰੂ ਉਮੜੇ । ਇਹ ਬਾਈ ਵਰ੍ਹੇ ਬੜੇ ਭਰਪੂਰ ਵਰ੍ਹੇ ਸਨ । ਮੁਲਤਾਨ ਦੀ ਉਸ ਜੰਗ ਪਿਛੋਂ ਜਿਸ ਵਿਚ ਕਿ ਹਰਪਾਲ ਨੇ ਨਾਮਣਾ ਖਟਿਆ, ਇਸ ਸੂਬੇ ਵਾਸਤੇ ਇਕ ਹੋਰ ਜੰਗ ਹੋਈ । ਇਹ ਜੰਗ ਮੁਲਤਾਨ ਦੀ ਆਖ਼ਰੀ ਜੰਗ ਸੀ । ਉਸ ਤੋਂ ਪਿਛੋਂ ਮੁਲਤਾਨ ਪੱਕੇ ਤੌਰ ਉੱਤੇ ਸਿਖ ਰਾਜ ਨਾਲ ਮਿਲਾ ਲਿਆ ਗਿਆ । ਇਹ ੧੮੧੮ ਦੀ ਗੱਲ ਹੈ । ਇਸ ਮੁਹਿੰਮ ਵਿਚ ਲਗ ਭਗ ਸਾਰੇ ਸਿਰਕਢ ਸਿਖ ਸਰਦਾਰ ਸ਼ਾਮਲ ਸਨ । ਸ਼ਹਿਜ਼ਾਦਾ ਖੜਗ ਸਿੰਘ, ਦੀਵਾਨ ਚੰਦ, ਫਤਹਿ ਸਿੰਘ ਆਹਲੂਵਾਲੀਆ, ਧੰਨਾ ਸਿੰਘ ਮਲਵਈ, ਸ਼ਾਮ ਸਿੰਘ ਅਟਾਰੀ ਵਾਲਾ, ਦਲੇਰ ਸਿੰਘ ਮਾਹਿਲ ਤੇ ਹਰੀ ਸਿੰਘ ਨਲੂਆ । ਏਸੇ ਜੰਗ ਵਿਚ ਪਹਿਲੀ ਵਾਰ ਹਰਪਾਲ ਸਿੰਘ ਤੇ ਹਰੀ ਸਿੰਘ ਨਲੂਆ ਮਿਲੇ ਸਨ ਤੇ ਦੋਹਾਂ ਦੇ ਦਿਲਾਂ ਵਿਚ ਇਕ ਦੂਜੇ ਵਾਸਤੇ ਸਦੀਵੀ ਆਦਰ ਤੇ ਮਿਤ੍ਰਤਾਨਾ ਭਾਵ ਉਪਜ ਆਏ ਸਨ ।

ਇਸ ਜੰਗ ਵਿਚ, ਹਰਪਾਲ ਨੂੰ ਯਾਦ ਸੀ, ਪਹਿਲੀ ਵਾਰ ਦਰਿਆ ਰਾਵੀ ਤੇ ਚਨਾਬ ਰਸਦ ਪਾਣੀ ਦੀ ਰਸਾਨੀ ਲਈ ਵਰਤੇ ਗਏ । ਇਹ ਨਵੀਨ ਖ਼ਿਆਲ ਮਹਾਰਾਜੇ ਰਣਜੀਤ ਸਿੰਘ ਦੇ ਦਿਮਾਗ਼ ਦੀ ਕ੍ਰਿਤ ਸੀ । ਅਠੇਕ ਯੂਰਪੀਨ ਸੈਲਾਨੀਆਂ ਕੋਲੋਂ ਉਸ ਯੂਰਪ ਵਿਚ ਦਰਿਆਵਾਂ ਰਾਹੀਂ ਰਸਦ ਰਸਾਨੀ ਬਾਰੇ ਸੁਣਿਆ ਸੀ । ਅੰਗਰੇਜ਼ ਵੀ ਇਸ ਵਿਉਂਤ ਨੂੰ ਅਪਣਾਉਂਦੇ ਆਏ ਸਨ, ਸੋ ਅੰਤੜੀਂ ਰਣਜੀਤ ਸਿੰਘ ਨੇ ਵੀ ਤਜਰਬਾ ਕਰਨਾ ਚਾਹਿਆ । ਇਸ ਵਿਉਂਤ ਨੂੰ ਠੋਸ ਚਾੜ੍ਹਨ ਵਾਸਤੇ ਉਚੇਚੀਆਂ ਕਿਸ਼ਤੀਆਂ ਤਿਆਰ ਕੀਤੀਆਂ ਗਈਆਂ ਤੇ ਲਾਹੌਰੋਂ ਮੁਹਿੰਮ ਦੇ ਟੁਰਨ ਤੋਂ ਪਹਿਲਾ ਰਣਜੀਤ ਸਿੰਘ ਆਪਣੇ ਸਾਰੇ ਸਰਦਾਰਾਂ ਨੂੰ ਨਾਲ ਲੈ ਕੇ ਇਨ੍ਹਾਂ ਕਿਸ਼ਤੀਆਂ ਨੂੰ ਵੇਖਣ ਗਿਆ । ਦਰਿਆ ਰਾਵੀ ਦੇ ਕਿਨਾਰੇ ਉਸ ਦਿਨ ਕੇਡੀ ਗਹਿਮਾਂ ਗਹਿਮ ਸੀ ? ਸਾਰਾ ਲਾਹੌਰ ਇਨ੍ਹਾਂ ਕਿਸ਼ਤੀਆਂ ਨੂੰ ਵੇਖਣ ਵਾਸਤੇ ਉੱਲਰ ਪਿਆ । ਹਰਪਾਲ ਆਪ ਵੀ ਉਸ ਦਿਨ ਰਾਵੀ ਦੇ ਕਿਨਾਰੇ ਸੀ ।

ਰਸਦ ਰਸਾਨੀ ਦੀ ਇਹ ਨਵੀਂ ਵਿਉਂਤ ਸਫਲ ਰਹੀ । ਸਮਾਂ ਵੀ ਘਟ ਲਗਦਾ ਤੇ ਮਿਹਨਤ ਵੀ ਬਚਦੀ । ਉਸ ਦਿਨ ਤੋਂ ਪਿਛੋਂ ਰਣਜੀਤ ਸਿੰਘ ਨੇ ਹੁਕਮ ਦਿਤਾ ਕਿ ਅਗੋਂ ਲਈ ਜਿਥੇ ਕਿਤੇ ਵੀ ਦਰਿਆਵਾਂ ਦੇ ਰਿਉਂ ਵਰਤਣ ਦੀ ਸੰਭਾਵਨਾ ਹੋਵੇ ਸਾਰੇ ਸੈਨਾਪਤੀ ਤੇ ਸਰਦਾਰ ਆਪ ਇਸ ਵਲ ਧਿਆਨ ਦੇਣ ।

ਹਰਪਾਲ ਨੂੰ ਇਹ ਲੜਾਈ ਇਕ ਤਾਂ ਇਸ ਲਈ ਯਾਦ ਸੀ ਕਿ ਓਦੋਂ ਉਹਦਾ ਹਰੀ ਸਿੰਘ ਨਲੂਏ ਨਾਲ ਮੇਲ ਹੋਇਆ, ਪਰ ਦੂਜੀ ਮਹੱਤਵ ਪੂਰਨ ਘਟਨਾ ਜਿਹੜੀ ਓਦਾਂ ਵਾਪਰੀ ਉਹ ਉਹਦੇ ਪਿਤਾ ਦਲੇਰ ਸਿੰਘ ਦਾ ਜ਼ਖਮੀ ਹੋਣਾ ਸੀ । ਜਦੋਂ ਮੁਲਤਾਨ ਦੇ ਕਿਲ੍ਹੇ ਦੀ ਫ਼ਤਹਿ ਲਈ ਪਾਇਆ ਘੇਰਾ ਲਮਕਦਾ ਗਿਆ ਤਾਂ ਫ਼ੈਸਲਾ ਹੋਇਆ ਕਿ ਕਿਲ੍ਹੇ ਦੀ ਫ਼ਸੀਲ ਹੇਠਾਂ ਬਾਰੂਦ ਭਰ ਕੇ ਇਹਦੇ ਵਿਚ ਪਾੜ ਪਾਇਆ ਜਾਵੇ । ਕਈ ਸੂਰਮੇ ਇਸ ਖ਼ਤਰਨਾਕ ਕੰਮ ਲਈ ਅਗੇ ਆਏ । ਉਨ੍ਹਾਂ ਵਿਚ ਹਰੀ ਸਿੰਘ ਨਲੂਆ, ਦਲੇਰ ਸਿੰਘ ਮਾਹਿਲ ਤੇ ਹਰਪਾਲ ਸਿੰਘ ਵੀ ਸ਼ਾਮਲ ਸਨ । ਕਿਲ੍ਹੇ ਦੀ ਫ਼ਸੀਲ ਫ਼ਟਣ ਤੋਂ ਜਲਦੀ ਪਿਛੋਂ ਮੁਸਲਮਾਨਾਂ ਨੇ ਕਿਲ੍ਹੇ ਵਿਚੋਂ ਉਸ ਥਾਂ ਗੋਲੀਆਂ ਦਾਗਨੀਆਂ ਸ਼ੁਰੂ ਕਰ ਦਿਤੀਆਂ । ਸਭ ਤੋਂ ਪਹਿਲੇ ਉਹ ਫੜੇ ਗਏ ਜਿਨ੍ਹਾਂ ਨੇ ਫ਼ਸੀਲ ਦੇ ਥੱਲੇ ਮਘੋਰਾ ਖੱਟ ਕੇ ਬਾਰੂਦ ਭਰਿਆ ਸੀ । ਹਰੀ ਸਿੰਘ ਨਲੂਆ ਵੀ ਜ਼ਖ਼ਮੀ ਹੋਇਆ, ਹਰਪਾਲ ਵੀ, ਪਰ ਦਲੇਰ ਸਿੰਘ ਨੂੰ ਲੱਗੀ ਗੋਲੀ ਢੇਰ ਕਾਰੀ ਸਾਬਤ ਹੋਈ । ਉਹਦੀ ਖੱਬੀ ਵੱਖੀ ਚੀਰੀ ਗਈ ਤੇ ਅੰਤੜੀਆਂ ਨੂੰ ਜ਼ਅਫ਼ ਪਹੁੰਚਿਆ !

ਦਲੇਰ ਸਿੰਘ ਬਚ ਤਾਂ ਗਿਆ, ਪਰ ਅਗੋਂ ਲਈ ਕਮਰਕੱਸੇ ਜੀਵਨ ਵਾਸਤੇ ਨਾਕਾਰਾ ਹੋ ਗਿਆ । ਹੁਣ ਉਹਨੂੰ ਆਪਣੇ ਖਾਣ ਪੀਣ ਦਾ ਖ਼ਾਸ ਖ਼ਿਆਲ ਰਖਣਾ ਪੈਂਦਾ । ਕੋਈ ਭਾਰੀ ਚੀਜ਼ ਉਹਨੂੰ ਨਾ ਪਚਦੀ । ਬਹੁਤਾ ਕਰ ਕੇ ਉਹ ਦੁਧ

Scanned by CamScanner

ਜਾਂ ਖਿਚੜੀ ਜਾਂ ਫਲਾਂ ਦੇ ਰਸ ਉੱਤੇ ਜੀਉਂਦਾ। ਮੁਲਤਾਨ ਦੀ ਜੰਗ ਪਿਛੋਂ ਹਰਪਾਲ ਹਰੀ ਸਿੰਘ ਨਲੂਏ ਨਾਲ ਕਸ਼ਮੀਰ ਦੀ ਜਿਤ ਲਈ ਗਿਆ। ਏਥੇ ਹੀ ਲੜਾਈ ਦੇ ਅੰਤ ਵੇਲੇ ਹਰੀ ਸਿੰਘ ਨੇ ਉਹਨੂੰ ਕੁੱਮੇਦਾਨ ਦਾ ਅਹੁਦਾ ਦਿਤਾ ਤੇ ਹਰਪਾਲ ਸਿੰਘ ਸਾਰੀ ਖ਼ਾਲਸਈ ਸੈਨਾ ਵਿਚ ਸਭ ਤੋਂ ਵਧੀਆ ਤੋਪਚੀ ਮੰਨਿਆ ਜਾਣ ਲੱਗਾ।

ਕਸ਼ਮੀਰੋਂ ਹਰਪਾਲ ਸਿੰਘ ਲਾਹੌਰ ਆਇਆ ਤੇ ਏਥੇ ਕੁਝ ਸਾਲ ਟਿਕਿਆ ਰਿਹਾ। ਇਨ੍ਹਾਂ ਦਿਨਾਂ ਵਿਚ ਹੀ ਉਸ ਅੰਗਰੇਜ਼ੀ ਸਿਖਣੀ ਸ਼ੁਰੂ ਕੀਤੀ ਤੇ ਰਣਜੀਤ ਸਿੰਘ ਉਹਦੇ ਇਸ ਉਦਮ ਉੱਤੇ ਬੜਾ ਪਰਸੰਨ ਹੋਇਆ। ਫਿਰ ਆਈਆਂ ਹਜ਼ਾਰੇ ਤੇ ਪਿਸ਼ਾਵਰ ਦੀਆਂ ਲੜਾਈਆਂ। ਲਗ ਭਗ ਦੋ ਸਾਲ ਇਕ ਸੱਯਦ ਅਹਿਮਦ ਸ਼ਾਹ ਬਰੇਵਲੀ ਨੂੰ ਦਬਾਉਣ ਉੱਤੇ ਲਗ ਗਏ। ਇਸ ਮੁਤਅੱਸਬੀ ਮੁੱਲਾਂ ਨੇ ਆਪਣੀਆਂ ਸਰਗਰਮੀਆਂ ਨਾਲ ਕੁਝ ਸਮੇਂ ਲਈ ਉੱਤਰ-ਪੱਛਮੀ ਪੰਜਾਬ ਵਿਚ ਅਜਿਹੀ ਹਨੇਰਗਰਦੀ ਮਚਾਈ ਕਿ ਇਹਨੂੰ ਦਬਾਉਣ ਲਈ ਇਕ ਚੰਗੀ ਖ਼ਾਸੀ ਮੁਹਿੰਮ ਤਿਆਰ ਕਰਨੀ ਪਈ। ਏਥੋਂ ਤਕ ਕਿ ਇਹ ਹਾਜੀ ਕੁਝ ਚਿਰ ਲਈ ਆਪਣਾ ਸਿੱਕਾ ਚਲਾਉਣ ਵਿਚ ਵੀ ਸਫਲ ਹੋਇਆ। ਸਿੱਕੇ ਉੱਤੇ ਇਸ ਲਿਖਵਾਇਆ :

"ਅਹਿਮਦ ਇਨਸਾਫ਼ ਪਸੰਦ, ਇਸਲਾਮ ਦਾ ਰਾਖਾ, ਜਿਸ ਦੀ
ਤਲਵਾਰ ਦੀ ਚਮਕ ਕਾਫ਼ਰਾਂ ਵਿਚ ਤਬਾਹੀ ਮਚਾ ਦੇਂਦੀ ਹੈ।"

ਇਸ ਤੋਂ ਪਿਛੋਂ ਕੁਝ ਸਮੇਂ ਲਈ ਹਰਪਾਲ ਤੋਪਾਂ ਦੇ ਸਾਰੇ ਕਾਰਖ਼ਾਨਿਆਂ ਦਾ ਨਿਗਰਾਨ ਨਿਯਤ ਹੋਇਆ। ਇਸ ਸਿਲਸਿਲੇ ਵਿਚ ਉਹਨੂੰ ਰਾਜਾ ਧਿਆਨ ਸਿੰਘ ਨਾਲ ਕਾਫ਼ੀ ਮਿਲਣਾ ਗਿਲਣਾ ਪੈਂਦਾ ਤੇ ਬੇਸ਼ਕ ਦੋਵੇਂ ਇਕ ਦੂਜੇ ਦੀ ਬੜੀ ਇੱਜ਼ਤ ਕਰਦੇ। ਫਿਰ ਨੁਸ਼ਹਿਰੇ ਦੀ ਲੜਾਈ ਤੇ ਫਿਰ ਪਿਸ਼ਾਵਰ ਦੀ ਆਖ਼ਰੀ ਲੜਾਈ ਅਤੇ ਅਜ ਜਮਰੌਦ ਦੀ ਲੜਾਈ... ਹਰਪਾਲ ਦਾ ਸਾਰਾ ਜੀਵਨ ਹੀ ਲੜਾਈਆਂ ਵਿਚ ਲੰਘ ਗਿਆ ਸੀ। ਏਵੇਂ ਹੀ ਉਹਦੇ ਪਿਤਾ ਦਲੇਰ ਸਿੰਘ ਨਾਲ ਹੋਇਆ। ਇਉਂ ਹੀ ਉਹਦੇ ਭਰਾਵਾਂ ਨਾਲ ਤੇ ਉਹਦੇ ਚਾਚਿਆਂ ਤਾਇਆਂ ਨਾਲ ਤੇ ਉਹਦੇ ਦਾਦੇ ਤੇ ਪੜਦਾਦੇ ਨਾਲ ਹੋਇਆ। ਪਰ ਜਿਥੇ ਮਾਹਿਲ ਟੱਬਰ ਦੇ ਬਾਕੀ ਸਿਪਾਹੀ ਤੇ ਜਰਨੈਲ ਲੜਾਈਆਂ ਲੜਦੇ ਘਰ ਵੀ ਉਸਾਰਦੇ ਤੇ ਟੱਬਰ ਵੀ ਪਾਲਦੇ ਓਥੇ ਹਰਪਾਲ ਨੇ ਵਿਆਹ ਹੀ ਨਹੀਂ ਕਰਾਇਆ ਤੇ ਟੱਬਰਦਾਰੀ ਤੋਂ ਬੇਲਾਗ ਰਿਹਾ।

ਭਾਈ ਵਰ੍ਹੇ ਪਹਿਲੇ ਪਏ ਤੇ ਟੁਟੇ ਪਿਆਰ ਤੋਂ ਪਿਛੋਂ ਹਰਪਾਲ ਦਾ ਮਨ ਜਿਵੇਂ ਟੱਬਰਦਾਰੀ ਤੋਂ ਉਚਾਟ ਹੋ ਗਿਆ ਹੋਵੇ, ਬੇਸ਼ਕ ਜ਼ਿੰਦਗੀ ਵਿਚ ਇਕ ਵਾਰ ਫਿਰ ਵੀ ਇਕ ਕੁੜੀ ਨਾਲ ਉਹਦਾ ਪਿਆਰ ਪਿਆ ਪਰ...ਪਰ ਐਸ ਵੇਲੇ ਹਰਪਾਲ ਉਸ ਘਟਨਾ ਨੂੰ ਯਾਦ ਕਰਨ ਦੇ ਰਉਂ ਵਿਚ ਨਹੀਂ ਸੀ।

ਜਮਰੌਦ ਦੀ ਗੜ੍ਹੀ ਉੱਤੇ ਬੈਠਾ ਹਰਪਾਲ ਅਗੇ ਹੀ ਬੜਾ ਭਾਵੁਕ ਤੇ ਜਜ਼ਬਾਤੀ ਹੋ ਗਿਆ ਸੀ। ਐਡਾ ਭਾਵੁਕ ਤੇ ਜਜ਼ਬਾਤੀ ਕਿ ਉਹਦੀਆਂ ਅੱਖਾਂ ਵਿਚ ਅਥਰੂ ਵਹਿ ਨਿਕਲੇ ਸਨ। ਇਹ ਅਥਰੂ ਕੀ ਸਿਰਫ ਹਰੀ ਸਿੰਘ ਨਲੂਏ ਦੀ ਮੌਤ ਤੋਂ ਲਗੇ ਧੱਕੇ ਕਰ ਕੇ ਸਨ ? ਪਰ ਨਹੀਂ, ਉਸ ਸੋਚਿਆ, ਜਨਮ ਤੇ ਮੌਤ ਉਹਦੇ ਹਰਖ਼ ਸੋਗ ਦਾ ਕਾਰਨ ਨਹੀਂ ਬਣ ਸਕਦੇ। ਹਰੀ ਸਿੰਘ ਦੀ ਮੌਤ ਖ਼ਾਲਸਾ ਰਾਜ ਵਾਸਤੇ ਇਕ ਅਸਹਿ ਸਦਮਾ ਸੀ ਤੇ ਜ਼ਾਤੀ ਤੌਰ ਉੱਤੇ ਆਪ ਹਰਪਾਲ ਵਾਸਤੇ ਵੀ, ਪਰ ਜਿਸ ਘਟਨਾ ਉੱਤੇ ਕੋਈ ਕਾਬੂ ਤੇ ਜਿਸ ਲਈ ਕੋਈ ਚਾਰਾ ਨਾ ਹੋਵੇ ਉਸ ਵਾਸਤੇ ਰੋਣਾ ਕਿਹਾ ?

ਤਾਂ ਸ਼ਾਇਦ ਇਹ ਅਥਰੂ ਉਨ੍ਹਾਂ ਸੁਪਨਿਆਂ ਵਾਸਤੇ ਸਨ, ਜਿਨ੍ਹਾਂ ਦੇ ਪੂਰਨ ਦੀ ਹੁਣ ਕੋਈ ਉਮੀਦ ਨਹੀਂ ਸੀ ਰਹੀ। ਇਹ ਅਥਰੂ ਉਨ੍ਹਾਂ ਜਿੱਤਾਂ ਦੀ ਸ਼ਮਸ਼ਾਨ ਭੂਮੀ ਉੱਤੇ ਵਹਾਏ ਗਏ ਜਿਹੜੀਆਂ ਕਿ ਅਜੇ ਸਿਰਫ ਕਿਆਸੀਆਂ ਤੇ ਚਿਤਵੀਆਂ ਹੀ ਗਈਆਂ ਸਨ। ਰਹਿ ਰਹਿ ਕੇ ਹਰਪਾਲ ਦੇ ਨੈਣਾਂ ਅਗੇ ਖ਼ੈਬਰ ਦੀਆਂ ਪਹਾੜੀਆਂ ਪਿਛੇ ਡੁਬਦੇ ਸੂਰਜ ਦੀ ਝਾਕੀ ਆਉਂਦੀ। ਉਫ਼ ! ਉਸ ਡੁਬਦੇ ਸੂਰਜ ਨਾਲ ਕਿੰਨਾਂ ਕੁਝ ਡੁਬ ਚੁਕਾ ਸੀ ? ਤੇ ਫਿਰ ਹਰੀ ਸਿੰਘ ਨਲੂਆ ਕਿੰਨਾਂ ਕੁਝ ਕਹਿ ਗਿਆ ਸੀ ਮਰਨ ਤੋਂ ਪਹਿਲਾਂ ? ਹਰਪਾਲ ਨੂੰ ਸਮਝ ਨਹੀਂ ਆਈ। ਨਲੂਏ ਨੇ ਰਾਜਾ ਧਿਆਨ ਸਿੰਘ ਉੱਤੇ ਦੋਸ਼ ਥੋਪੇ ਤੇ ਉਸ ਲਾਹੌਰ ਦਰਬਾਰ ਵਿਚ ਹੋ ਰਹੀ ਖਿਚੋਤਾਣ ਵਲ ਇਸ਼ਾਰਾ ਕੀਤਾ। ਇਹ ਹੀ ਨਹੀਂ ਉਸ ਮਹਾਰਾਜਾ ਰਣਜੀਤ ਸਿੰਘ ਦੀ ਆ ਰਹੀ ਮੌਤ ਦੀ ਵੀ ਸੰਭਾਵਨਾ ਪਰਗਟ ਕੀਤੀ।

ਹਰਪਾਲ ਪਿਛਲੇ ਬਾਈ ਵਰ੍ਹਿਆਂ ਤੋਂ ਖ਼ਾਲਸਾ ਰਾਜ ਤੇ ਰਣਜੀਤ ਸਿੰਘ ਦੇ ਦਰਬਾਰ ਨਾਲ ਸੰਬੰਧਤ ਰਿਹਾ ਸੀ, ਪਰ ਉਹਨੇ ਕਦੀ ਰਾਜਨੀਤੀ ਵਿਚ ਤੇ ਦਰਬਾਰ ਵਿਚ ਹੁੰਦੀ ਖਿਚੋਤਾਣ ਵਲ ਗਹੁ ਨਹੀਂ ਸੀ ਦਿਤਾ। ਇਹੋ ਰਵੱਈਆ ਉਹਦੇ ਪਿਤਾ ਦਲੇਰ ਸਿੰਘ ਦਾ ਸੀ ਤੇ ਸ਼ਾਇਦ ਇਹੋ ਰਵੱਈਆ ਹੀ ਸ਼ੁਰੂ ਤੋਂ ਹੀ ਮਾਹਿਲ ਟੱਬਰ ਦਾ ਰਿਹਾ ਸੀ। ਉਹ

Scanned by CamScanner

ਜਾਣਦਾ ਸੀ ਕਿ ਜੇ ਜਾਂਬਾਜ਼ ਸਿੰਘ ਚਾਹੁੰਦਾ ਤਾਂ ਆਪਣੀ ਟਿੱਚਰ ਤੇ ਰਸੂਖ ਨਾਲ ਇਕ ਬੜੀ ਤਾਕਤਵਰ ਮਿਸਲ ਦੀ ਨੀਂਹ ਧਰਦਾ, ਪਰ ਪੰਥਕ ਏਕਤਾ ਨੂੰ ਮੁੱਖ ਰੱਖਦਿਆਂ ਤੇ ਭਵਿਖਤ ਦੀ ਸਹੀ ਸੂਝ ਰਖਦਿਆਂ ਉਸ ਨਾ ਹੀ ਆਪ ਇਉਂ ਕੀਤਾ ਤੇ ਨਾ ਹੀ ਹਰਨਾਮ ਸਿੰਘ, ਮਿਹਰ ਸਿੰਘ ਜਾਂ ਦਲੇਰ ਸਿੰਘ ਨੂੰ ਇਹੋ ਜਿਹਾ ਕੋਈ ਕਦਮ ਚੁਕਣ ਦਿਤਾ।

ਜਦੋਂ ੧੭੮੦ ਵਿਚ ਉਹਦੀ ਮੌਤ ਹੋ ਗਈ ਤਾਂ ਉਹ ਦਲੇਰ ਸਿੰਘ ਦੀ ਬਾਂਹ ਮਹਾਂ ਸਿੰਘ ਸੁਕਰਚੱਕੀਏ ਦੇ ਹੱਥ ਫੜਾ ਗਿਆ ਸੀ ਤੇ ਉਸ ਕਿਹਾ ਸੀ : "ਪੰਥਕ ਏਕਤਾ ਤੇ ਖ਼ਾਲਸਾ ਰਾਜ ਦੀ ਸਥਾਪਤੀ ਵਾਸਤੇ ਜੋ ਕੁਝ ਸੁਕਰਚੱਕੀਆ ਮਿਸਲ ਕਰੇਗੀ, ਉਹ ਹੋਰ ਕੋਈ ਮਿਸਲ ਨਹੀਂ ਕਰ ਸਕਦੀ। ਮੈਂ ਸਾਰੇ ਪੰਜਾਬ ਨੂੰ ਇਕ ਰਾਜ ਵਿਚ ਪਰੁੱਤਾ ਹੋਇਆ ਵੇਖਣਾ ਚਾਹੁੰਦਾ ਹਾਂ।" ਮਾਹਿਲਾਂ ਦਾ ਟੱਬਰ ਸਿਪਾਹੀਆਂ ਤੇ ਸੂਰਮਿਆਂ ਦਾ ਟੱਬਰ ਸੀ, ਨੀਤੀਵਾਨਾਂ ਦਾ ਟੱਬਰ ਨਹੀਂ। ਏਸੇ ਲਈ ਦਲੇਰ ਸਿੰਘ ਨੇ ਇਕ ਤੋਂ ਬਹੁਤੀ ਵਾਰ ਮਹਾਰਾਜਾ ਰਣਜੀਤ ਸਿੰਘ ਵਲੋਂ ਦਰਬਾਰ ਵਿਚ ਜਾਂ ਮਾਹਿਲਾਂ ਵਿਚ ਕੋਈ ਅਹੁਦਾ ਕਬੂਲ ਕਰਨ ਦੀ ਪੇਸ਼ਕਸ਼ ਰੱਦ ਕਰ ਦਿਤੀ। ਏਸੇ ਤਰ੍ਹਾਂ ਹਰਪਾਲ ਸਿੰਘ ਨੇ ਕੀਤਾ।

ਪਰ ਅੱਜ ਨਲੂਆ ਸਰਦਾਰ ਜਿਵੇਂ ਆਪਣੇ ਚੰਦ ਸ਼ਬਦਾਂ ਨਾਲ ਹਰਪਾਲ ਸਿੰਘ ਨੂੰ ਲਾਹੌਰ ਦਰਬਾਰ ਵਿਚ ਹੋ ਰਹੀ ਕਸ਼ਮਕਸ਼ ਦੇ ਮਧ ਵਿਚ ਖਲ੍ਹਾਰ ਗਿਆ। ਇਹ ਹੀ ਨਹੀਂ ਉਹਨੂੰ ਤੇ ਸਰਦਾਰ ਲਹਿਣਾ ਸਿੰਘ ਨੂੰ ਇਕ ਦੂਜੇ ਦਾ ਸਹਾਰਾ ਬਣ ਕੇ ਰਹਿਣ ਦੀ ਸਲਾਹ ਦੇ ਗਿਆ। ਬੇਸ਼ਕ ਇਸ ਤੋਂ ਪਹਿਲੇ ਵੀ ਹਰਪਾਲ ਸੰਧਾਵਾਲੀਏ ਸਰਦਾਰਾਂ ਦੀ ਇੱਜ਼ਤ ਕਰਦਾ ਸੀ, ਪਰ ਉਹਨੂੰ ਉਨ੍ਹਾਂ ਦੀ ਰਾਜਨੀਤਕ ਬ੍ਰਿਤੀ ਨਹੀਂ ਸੀ ਭਾਂਦੀ। ਹਰਪਾਲ ਦੀ ਸਮਝ ਅਨੁਸਾਰ ਸਰਦਾਰਾਂ ਨੂੰ ਰਾਜ ਕਾਜ ਦੇ ਮੁਆਮਲਿਆਂ ਵਿਚ ਉਨ੍ਹਾਂ ਹੀ ਦਿਲਚਸਪੀ ਲੈਣੀ ਚਾਹੀਦੀ ਹੈ ਜਿੰਨੀ ਕਿ ਸੰਗਠਨ ਨੂੰ ਮਜ਼ਬੂਤ ਕਰਨ ਲਈ ਯੋਗ ਹੋਵੇ, ਵਧ ਨਹੀਂ। ਆਪਣੇ ਅਸਰ ਰਸੂਖ ਨਾਲ, ਉਹਦੀ ਜਾਚੇ, ਸਰਦਾਰਾਂ ਨੂੰ ਰਾਜ ਦੀ ਨੀਤੀ ਲਦਲਣ ਜਾਂ ਬਣਾਉਣ ਦਾ ਕੋਈ ਅਧਿਕਾਰ ਨਹੀਂ। ਇਨ੍ਹਾਂ ਵਿਚਾਰਾਂ ਤੋਂ ਇਲਾਵਾ ਜਿਵੇਂ ਕੁਦਰਤੀ ਹੈ ਜਮਰੋਦ ਦੀ ਗੜ੍ਹੀ ਉੱਤੇ ਬੈਠਿਆਂ ਉਹਨੂੰ ਆਪਣੀ ਚਾਤੀ ਜ਼ਿੰਦਗੀ ਦੀਆਂ ਯਾਦਾਂ ਵੀ ਆਈਆਂ ਤੇ ਆਪਣੀ ਚਾਤੀ ਜ਼ਿੰਦਗੀ ਦੀ ਸਭ ਤੋਂ ਪਹਿਲੀ ਤੇ ਸ਼ਾਇਦ ਬਾਕੀ ਜ਼ਿੰਦਗੀ ਦੀਆਂ ਮਹੱਤਵ ਯਾਦਾਂ ਵਿਚੋਂ ਮਰੱਤਵ ਯਾਦ ਅਜੀਤ ਦੀ ਯਾਦ ਸੀ।

ਆਪਣੇ ਪਹਿਲੇ ਤੇ ਦੂਜੇ ਪਿਆਰ ਪਿਛੋਂ ਹਰਪਾਲ ਨੂੰ ਸਭ ਤੋਂ ਵੱਡੀ ਪੰਨਾਹ ਤੋਪਾਂ ਦੇ ਕੰਮ ਕਾਰ ਵਿਚ ਮਿਲੀ ਸੀ। ਤੋਪਾਂ, ਮਜ਼ਬੂਤ, ਸ਼ਕਤੀਸ਼ਾਲੀ, ਨਿੱਗਰ, ਬਲਵਾਨ ਤੋਪਾਂ। ਤੋਪਾਂ ਹਰਪਾਲ ਦੀ ਅਜਿਹੀ ਪਨਾਹ ਬਣੀਆਂ ਕਿ ਹਰਪਾਲ ਨੂੰ ਦੁਨੀਆਂ ਵਿਚ ਕਿਸੇ ਹੋਰ ਚੀਜ਼ ਦੀ ਤਮੰਨਾ ਨਾ ਰਹੀ। ਆਪਣੇ ਮਨ ਹੀ ਮਨ ਵਿਚ ਉਹਨੇ ਤੋਪਾਂ ਨਾਲ ਲਾਵਾਂ ਪੜ੍ਹ ਲਈਆਂ ਸਨ। ਤੋਪਾਂ ਉਹਦੀਆਂ ਪ੍ਰੇਮਕਾਵਾਂ ਸਨ। ਜਦੋਂ ਵੀ ਯਾਦਾਂ ਜਾਂ ਸ਼ੰਕੇ ਉਹਨੂੰ ਡਰਾਉਂਦੇ ਤਾਂ ਉਹ ਤੋਪਾਂ ਨੂੰ ਆਪਣੇ ਨੇੜੇ ਮਹਿਸੂਸ ਕਰ ਕੇ ਸਭ ਡਰ ਭੁਲ ਜਾਂਦਾ। ਉਹ ਤੋਪਾਂ ਦੇ ਸੰਕਲਪ ਨੂੰ ਆਪਣੀ ਛਾਤੀ ਨਾਲ ਲਾ ਕੇ ਸੌਂਦਾ ਤੇ ਉਹਨੂੰ ਕੋਈ ਭੈੜੇ ਸੁਪਨੇ ਨਾ ਆਉਂਦੇ। ਉਹਨੂੰ ਤੋਪਾਂ ਬਾਰੇ ਸੋਚਦਿਆਂ ਹੋਰ ਸਭ ਕੁਝ ਵਿਸਰ ਜਾਂਦਾ। ਉਹਦੇ ਖ਼ਿਆਲ ਵਿਚ ਦਿਨ ਦੇ ਚੌਵੀ ਘੰਟੇ, ਸਾਲ ਦੇ ਬਾਰਾਂ ਮਹੀਨੇ ਤੋਪਾਂ ਦੀ ਬਣਤਰ ਤੇ ਉਨ੍ਹਾਂ ਦੀ ਜੰਗੀ ਵਰਤੋਂ ਬਾਰੇ ਸੋਚਣ ਵਾਸਤੇ ਘੱਟ ਸਨ। ਇਹੋ ਕਾਰਨ ਸੀ ਕਿ ਤੋਪਖ਼ਾਨੇ ਦੇ ਮੁਆਮਲਿਆਂ ਵਿਚ ਉਹ ਚੰਦ ਸਾਲਾਂ ਵਿਚ ਹੀ ਐਨਾ ਪ੍ਰਬੀਨ ਹੋ ਗਿਆ ਕਿ ਉਹਦਾ ਸਾਨੀ ਸਾਰੇ ਪੰਜਾਬ ਵਿਚ ਹੋਰ ਕੋਈ ਨਹੀਂ ਸੀ ਲਭਦਾ।

ਪਰ ਅੱਜ ਹਰੀ ਸਿੰਘ ਨਲੂਏ ਦੀਆਂ ਗੱਲਾਂ ਤੋਂ ਉਹਨੂੰ ਜਾਪਿਆ ਕਿ ਜਿਵੇਂ ਤੋਪਾਂ ਦਾ ਆਧਾਰ ਉਸ ਕੋਲੋਂ ਖੁਸ ਰਿਹਾ ਹੋਵੇ। ਹਰੀ ਸਿੰਘ ਆਪਣੇ ਬਚਨਾਂ ਨਾਲ ਕਰਮਾਂ ਤੇ ਪ੍ਰਤਿਕਰਮਾਂ ਦਾ ਇਕ ਅਜਿਹਾ ਚੱਕਰ ਤੋਰ ਗਿਆ ਜਿਹੜਾ ਹੁਣ ਹਰਪਾਲ ਸਿੰਘ ਨੂੰ ਦਬਾ ਰਿਹਾ ਸੀ ਤੇ ਹਰਪਾਲ ਸਿੰਘ ਦਬੇ ਜਾਣ ਦਾ ਆਦੀ ਨਹੀਂ ਸੀ। ਅਜੇ ਤਕ ਉਹਨੂੰ ਕੋਈ ਸਮਸਿਆ ਜਾਂ ਅੜਚਣ ਆਪਣੇ ਨਾਲੋਂ ਵੱਡੀ ਨਹੀਂ ਸੀ ਲੱਗੀ। ਵਡੇ ਤੋਂ ਵੱਡਾ ਮਸਲਾ ਉਹਦੀ ਪ੍ਰਤਿਭਾ ਸਾਹਮਣੇ ਇਕ ਖਿਡੌਣੇ ਦਾ ਰੂਪ ਧਾਰ ਲੈਂਦਾ। ਉਹ ਹਰ ਕਸ਼ਟ ਮੁਸਕਰਾ ਕੇ ਜਰ ਲੈਂਦਾ। ਉਹ ਹਰ ਅਨਹਣੀ ਨੂੰ ਹੌਣੀ ਸਮਝਦਾ। ਉਹਦੀ ਸ਼ਖ਼ਸੀਅਤ ਦੇ ਉਭਾਰ ਸਾਹਮਣੇ ਕੋਈ ਗੁੰਝਲ ਅਸੁਲਝੀ ਨਾ ਰਹਿੰਦੀ। ਸ਼ਾਇਦ ਅੱਜ ਦੇ ਇਹ ਅਥਰੂ ਇਨ੍ਹਾਂ ਕਰਮਾਂ ਤੇ ਪ੍ਰਤੀਕਰਮਾਂ ਦੇ ਚੱਕਰ ਦਾ ਹੀ ਪ੍ਰਤਿਕਰਮ ਸਨ,ਜਿਹੜੇ ਕਿ ਹਰਪਾਲ ਨੂੰ ਕੁਝ ਪਲਾਂ ਵਾਸਤੇ ਦਬਾ ਗਏ ਜਾਂ ਸ਼ਾਇਦ ਇਹ ਅਥਰੂ ਉਹਦੇ ਮਨੁੱਖੀ ਮਨ ਦੀ ਪੁਕਾਰ ਸਨ। ਲੰਹੇ ਦੇ ਨਿਕਟ ਰਹਿੰਦਾ, ਇਹ ਆਦਮੀ ਲੰਹੇ ਵਰਗਾ ਹੀ ਸ਼ਕਤੀਸ਼ਾਲੀ ਮਜ਼ਬੂਤ, ਨਿੱਗਰ ਤੇ ਬਲਵਾਨ ਹੋ ਗਿਆ ਸੀ। ਭਾਵੁਕ ਤੇ ਜਜ਼ਬਾਤੀ ਹੋਣਾ ਉਹਦੀ ਪਹੁੰਚ ਤੋਂ ਬਾਹਰ ਹੋ

Scanned by CamScanner

ਕਿਆ ਸੀ, ਪਰ ਅਜ ਜਿਵੇਂ ਖ਼ੂਨ ਤੇ ਮਾਸ ਨੇ ਆਪਣਾ ਪ੍ਰਭਾਵ ਦਸਿਆ।

ਜਾਂ ਸ਼ਾਇਦ ਇਹ ਅਥਰੂ ਇਨ੍ਹਾਂ ਸਾਰਿਆਂ ਕਾਰਨਾਂ ਤੇ ਪ੍ਰਤਿਕਰਮਾਂ ਦਾ ਸਮੂਚਾ ਪ੍ਰਤੀਬਿੰਬ ਸਨ। ਹਰ ਹਾਲਤ ਵਿਚ ਇਸ ਤੋਂ ਪਹਿਲੇ ਕਿ ਉਹਦੇ ਅਥਰੂ ਉਹਦੀ ਸਜੀ ਗਲ੍ਹ ਉੱਤੇ ਪਏ ਨਿਸ਼ਾਨ ਤੱਕ ਪਹੁੰਚਦੇ ਉਸ ਉਨ੍ਹਾਂ ਨੂੰ ਪੂੰਝ ਦਿਤਾ। ਅਜੇਤ ਹੀ। ਪਰ ਅਥਰੂ ਪੂੰਝ ਦੇਣ ਪਿਛੋਂ ਉਹਨੂੰ ਯਾਦ ਆਇਆ ਕਿ ਬਾਈ ਵਰ੍ਹੇ ਪਹਿਲੇ ਅਜੀਤ ਨੇ ਵੀ ਏਸੇ ਤਰ੍ਹਾਂ ਕੀਤਾ ਸੀ। ਇਸ ਨਿਸ਼ਾਨ ਤੱਕ ਪਹੁੰਚਣ ਤੋਂ ਪਹਿਲੇ ਹੀ ਅਜੀਤ ਨੇ ਉਹਦੇ ਅਥਰੂ ਪੂੰਝ ਦਿਤੇ ਸਨ। ਤੇ ਬਾਈ ਵਰ੍ਹਿਆਂ ਪਿਛੋਂ ਅੱਜ ਫਿਰ ਉਸ ਅਜੀਤ ਦੇ ਕੋਮਲ ਕੋਮਲ ਤੇ ਗੋਰੇ ਗੋਰੇ ਮੱਖਣੀ ਹੱਥਾਂ ਦੀ ਛੋਹ ਮਾਣੀ। ਉਹਦਾ ਜੀ ਕੀਤਾ ਕਿ ਹੁਣ ਮੁੜ ਜੀਤੀ ਨਾਲ ਜੁੜ ਜਾਏ ਜਿਵੇਂ ਕਿ ਉਹਦੀ ਮਾਂ ਤੇ ਭੈਣ ਪਰਾਰ ਸਾਲ ਤੋਂ ਜੀਤੀ ਦੇ ਪਤੀ ਦੇ ਮਰਨ ਪਿਛੋਂ ਜ਼ੋਰ ਲਾ ਰਹੀਆਂ ਸਨ। ਪਰ ਅਜਦੀ ਹੀ ਹਰਪਾਲ ਦੇ ਇਹ ਖ਼ਿਆਲ ਆਪਣੇ ਆਲੇ ਦੁਆਲੇ ਵਿਚ ਗ਼ਲਤਾਨ ਹੋ ਗਏ। ਹਰੀ ਸਿੰਘ ਨਲੂਏ ਦੀ ਮੌਤ, ਆਣ ਵੇਲੇ ਮੰਬਰ ਦੀਆਂ ਪਹਾੜੀਆਂ ਪਿਛੇ ਸੂਰਜ ਦਾ ਡੁਬਣਾ ਤੇ ਲਾਹੌਰ ਦਰਬਾਰ ਵਿਚ ਹੋ ਰਹੀ ਖਿਚੋਤਾਣ...।

੮

ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਲਾਹੌਰ ਸਮੁੱਚੇ ਖ਼ਾਲਸਾ ਰਾਜ ਦੀ ਰਾਜਧਾਨੀ ਬਣੀ। ਬੇਸ਼ਕ ਇਸ ਤੋਂ ਪਹਿਲੇ ਵੀ ਲਾਹੌਰ ਸਿਖ ਰਾਜ ਨਾਲ ਡੂੰਘੀ ਤਰ੍ਹਾਂ ਸੰਬੰਧਤ ਰਿਹਾ ਸੀ, ਪਰ ਉਦੋਂ ਇਹ ਰਿਸ਼ਤਾ ਕਿਸੇ ਹੱਦ ਤੱਕ ਰੋਚਕ ਸੀ ਤੇ ਫਿਰ ਮਿਸਲਦਾਰੀ ਪਰਬੰਧ ਹੇਠ ਇਹ ਸ਼ਹਿਰ ਰੂਹਾਨੀ ਪੱਧਰ ਤੋਂ ਬਾਕੀ ਪੰਜਾਬ ਨਾਲੋਂ ਵਖ ਹੋ ਗਿਆ।

ਅਠਾਰ੍ਹਵੀਂ ਸਦੀ ਦੇ ਅਖ਼ੀਰ ਤੱਕ ਅੰਮ੍ਰਿਤਸਰ ਹੀ ਸਿੱਖਾਂ ਦੀ ਰੂਹਾਨੀ ਤੇ ਰਾਜਸੀ ਰਾਜਧਾਨੀ ਰਹੀ। ਇਹ ਸਭ ਦਾ ਸਾਂਝਾ ਤੇ ਪਵਿੱਤਰ ਸ਼ਹਿਰ ਹਰ ਪਹਿਲੂ ਤੋਂ ਖ਼ਾਲਸੇ ਦੇ ਜੀਵਨ ਵਿਚ ਰਚ ਗਿਆ ਸੀ। ਪੰਜਾਬ ਵਿਚ ਮਿਸਲਦਾਰੀ ਖ਼ਾਲਸਾ ਰਾਜ ਕਾਇਮ ਹੋਣ ਦੇ ਪਿਛੋਂ ਵੀ ਸਾਰੀ ਜਨਤਾ ਰੂਹਾਨੀ ਤੇ ਰਾਜਸੀ ਪਰੇਰਨਾ ਲਈ ਅੰਮ੍ਰਿਤਸਰ ਵਲ ਹੀ ਤੱਕਦੀ। ਭਾਵੇਂ ਇਹ ਇਕ ਮਿਸਲ ਦੀ ਮਲਕੀਅਤ ਵਿਚ ਸ਼ਾਮਲ ਸੀ, ਪਰ ਅੰਮ੍ਰਿਤਸਰ ਸ਼ਹਿਰ ਦਾ ਸਰਬ ਸਾਂਝਾ ਪ੍ਰਭਾਵ ਸਿੱਖਾਂ ਦੇ ਦਿਲਾਂ ਵਿਚੋਂ ਨਹੀਂ ਸੀ ਗਿਆ। ਵਿਸਾਖੀ ਤੇ ਦੀਵਾਲੀ ਉੱਤੇ ਸਿਖ ਜਨਤਾ ਏਥੇ ਪਹਿਲਾਂ ਵਾਂਗ ਹੀ ਜੁੜਦੀ ਰਹੀ। ਅੰਮ੍ਰਿਤਸਰ ਦੇ ਦਰਸ਼ਨ ਪਹਿਲਾਂ ਵਾਂਗ ਹੀ ਹਰ ਇਕ ਸਿਖ ਦੀ ਸਭ ਤੋਂ ਵੱਡੀ ਖ਼ਾਹਿਸ਼ ਰਹੀ। ਅੰਮ੍ਰਿਤਸਰ ਦੇ ਦਰਸ਼ਨਾਂ ਦੀ ਸਿਕ ਹਰ ਸਿਖ ਟੱਬਰ ਦੀ ਬੱਚਤ ਨੂੰ ਲਾਹੇ ਲਾਉ'ਦੀ ਰਹੀ। ਏਥੇ ਪਹਿਲਾਂ ਵਾਂਗ ਹੀ ਚੜ੍ਹਾਵੇ ਚੜ੍ਹਦੇ ਰਹੇ, ਪਾਠ ਹੁੰਦੇ ਰਹੇ, ਕੜਾਹ ਪ੍ਰਸ਼ਾਦ ਦੀਆਂ ਦੇਗਾਂ ਤਿਆਰ ਹੁੰਦੀਆਂ ਰਹੀਆਂ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਸ ਰੇ ਪੰਜਾਬ ਦੀ ਹਵਾ ਵਿਚ ਗੂੰਜ ਜਾਂਦੇ ਰਹੇ।

ਇਸ ਰੂਹਾਨੀ ਮਹੱਤਤਾ ਦੇ ਨਾਲ ਅੰਮ੍ਰਿਤਸਰ ਦਾ ਰਾਜਸੀ ਦ੍ਰਿਸ਼ਟੀਕੋਣ ਤੋਂ ਵੀ ਮਹੱਤਵ ਰਿਹਾ। ਕਈ ਵਾਰ ਜਦੋਂ ਦੋ ਮਿਸਾਲਾਂ ਵਿਚ ਅਣਬਣ ਹੋ ਜਾਂਦੀ ਤਾਂ ਤੀਜੀ ਮਿਸਲ, ਵਿਚ ਪੈ ਕੇ ਇਨ੍ਹਾਂ ਦੋ ਮਿਸਲਾਂ ਦੇ ਸਰਦਾਰਾਂ ਨੂੰ ਅੰਮ੍ਰਿਤਸਰ ਸਿਆਂਦੀ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤੇ ਪਵਿੱਤਰ ਹਰਿਮੰਦਰ ਦੇ ਆਲੇ ਦੁਆਲੇ ਵਿਚ ਉਨ੍ਹਾਂ ਦੀ ਸੁਲ੍ਹਾ ਕਰ ਦਿਤੀ ਜਾਂਦੀ। ਜਦੋਂ ਵੀ ਕਿਸੇ ਨੇ ਗੌਰਵ ਰਾਜਸੀ ਬਚਨ ਦੇਣੇ ਜਾਂ ਲੈਣੇ ਹੁੰਦੇ ਤਾਂ ਉਹ ਸ੍ਰੀ ਹਰਿਮੰਦਰ ਸਾਹਿਬ ਆਉ'ਦੇ। ਭਾਵੇਂ ਹੁਣ ਜਥੇਬੰਦ ਗੁਰਮਤੇ ਪਾਸ ਨਹੀਂ ਸਨ ਹੁੰਦੇ, ਪਰ ਫਿਰ ਵੀ ਹਰ ਦੀਵਾਲੀ ਤੇ ਹਰ ਵਿਸਾਖੀ ਦੇ ਸ਼ੁਭਾਗਮ ਦੀ ਨੁਹਾਰ

Scanned by CamScanner

ਕਈ ਪਹਿਲੂਆਂ ਤੋਂ ਜਥੇਬੰਦ ਗੁਰਮਤਿਆਂ ਵਰਗੀ ਹੀ ਹੁੰਦੀ। ਇਕ ਤੋਂ ਵਧ ਮਿਸਲਾਂ ਉੱਤੇ ਲਾਗੂ ਹੁੰਦੇ ਰਾਜਨੀਤਕ ਮੁਆਮਲੇ ਵੀ ਏਥੇ ਨੁਜਿੱਠੇ ਜਾਂਦੇ।

ਪਰ ਉਨ੍ਹੀਵੀਂ ਸਦੀ ਦੇ ਸ਼ੁਰੂ ਤਕ ਅਜੇ ਖ਼ਾਲਸੇ ਦੀ ਰੂਹਾਨੀ ਤੇ ਰਾਜਸੀ ਜ਼ਿੰਦਗੀ ਓਤ ਪੋਤ ਸੀ। ਮਜ਼ਬੂ ਤੇ ਧਰਮ ਦਾ ਪਿਆਰ, ਇਹਦੇ ਅਸੂਲ ਤੇ ਇਹਦੀ ਪਰੰਰਨਾ ਰਾਜਸੀ ਤੇ ਰੂਹਾਨੀ ਦੋਹਾਂ ਮੁਆਮਲਿਆਂ ਵਿਚ ਲਾਗੂ ਸੀ। ਬੇਸ਼ਕ ਆਉਂਦੇ ਵਰ੍ਹਿਆਂ ਵਿਚ ਵਾਪਰਨ ਵਾਲੀਆਂ ਤਬਦੀਲੀਆਂ ਦੀਆਂ ਰੇਖਾਵਾਂ ਨਿਖਰ ਰਹੀਆਂ ਸਨ, ਪਰ ਅਜੇ ਤਕ ਇਹ ਰੇਖਾਵਾਂ ਉਘੜੀਆਂ ਨਹੀਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਤਾਕਤ ਸੰਭਾਲਣ ਨਾਲ ਰੂਹਾਨੀ ਤੇ ਰਾਜਸੀ ਜ਼ਿੰਦਗੀ ਵਿਚ ਨਖੇੜ ਆਉਣਾ ਸ਼ੁਰੂ ਹੋਇਆ। ਲਾਹੌਰ ਖ਼ਾਲਸਾ ਰਾਜ ਦੀਆਂ ਰਾਜਸੀ ਸਰਗਰਮੀਆਂ ਦਾ ਮਧ ਬਣਿਆ ਤੇ ਅੰਮ੍ਰਿਤਸਰ ਮਜ਼ਬੀ ਤੇ ਰੂਹਾਨੀ ਸਰਗਰਮੀਆਂ ਦਾ। ਭਾਰਤ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਕਿਸੇ ਮਹਾਰਾਜੇ ਨੇ ਚੇਤੰਨ ਹੋ ਕੇ ਮਜ਼ਬ ਤੇ ਰਾਜਨੀਤੀ ਨੂੰ ਵਖਰਿਆਂ ਕਰਨ ਦੀ ਕੋਸ਼ਿਸ਼ ਕੀਤੀ ਸੀ। ਸਿਖ ਇਤਿਹਾਸ ਵਿਚ ਆਇਆ ਇਹ ਅਗਾਂਹਵਧੂ ਨਖੇੜ ਭਾਰਤ ਦੇ ਇਤਿਹਾਸ ਵਿਚ ਇਕ ਬੜਾ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਮੋੜ ਹੈ।

ਸ਼ੁਰੂ ਉਨ੍ਹੀਵੀਂ ਸਦੀ ਦਾ ਸਮਾਂ ਸੀ ਜਦੋਂ ਅਜੇ ਫ਼ਰਾਂਸੀਸੀ ਇਨਕਲਾਬ ਦਾ ਅਸਰ ਸਾਰੀ ਦੁਨੀਆਂ ਵਿਚ ਪੂਰੀ ਤਰ੍ਹਾਂ ਮਹਿਸੂਸ ਨਹੀਂ ਸੀ ਕੀਤਾ ਗਿਆ। ਅਜੇ ਤਕ ਸਿਰਫ਼ ਯੂਰਪ ਹੀ ਇਸ ਇਨਕਲਾਬ ਦੀ ਧਰਕੱਲ ਨਾਲ ਕੰਬਿਆ ਸੀ ਤੇ ਨੈਪੋਲੀਅਨ ਦੇ ਰਾਜ ਕਾਜ ਸੰਭਾਲਣ ਪਿਛੋਂ ਉਥੇ ਵੀ ਇਸ ਇਨਕਲਾਬ ਦੀ ਨੁਹਾਰ ਨੂੰ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਤੋਂ ਵੇਖਿਆ ਜਾਣ ਲੱਗਾ। ਕਈ ਰਾਜਿਆਂ, ਫ਼ਿਲਾਸਫ਼ਰਾਂ, ਲੇਖਕਾਂ ਤੇ ਆਮ ਜਨਤਾਂ ਦੇ ਪ੍ਰਤੀਨਿਧਾਂ ਨੇ ਨੈਪੋਲੀਅਨ ਦੀ ਵਧਦੀ ਤਾਕਤ ਨੂੰ ਭਾਂਪ ਕੇ ਸਮੁੱਚੇ ਫ਼ਰਾਂਸੀਸੀ ਇਨਕਲਾਬ ਬਾਰੇ ਆਪਣੀਆਂ ਰਾਵਾਂ ਬਦਲ ਲਈਆਂ। ਬਹੁਤੇ ਬਾਦਸ਼ਾਹ ਉਂਜ ਹੀ ਇਸ ਇਨਕਲਾਬ ਨੂੰ ਇਕ ਖ਼ਤਰਨਾਕ ਕਦਮ ਸਮਝਦੇ ਸਨ।

ਪਰ ਹੌਲੀ ਹੌਲੀ ਇਸ ਇਨਕਲਾਬ ਦੇ ਅਸਰ ਦੁਨੀਆਂ ਵਿਚ ਪਰਸਨੇ ਸ਼ੁਰੂ ਹੋਏ। ਜਨਤਾ ਦੀ ਆਵਾਜ਼ ਰਾਜ ਭਾਗ ਤੇ ਰਾਜਸੀ ਪਰਬੰਧਾਂ ਵਿਚ ਸੁਣੀ ਜਾਣ ਲੱਗੀ। ਬੇਸ਼ਕ ਇੰਗਲਿਸਤਾਨ ਤੇ ਕੁਝ ਹੋਰ ਮੁਲਕਾਂ ਵਿਚ ਫ਼ਰਾਂਸੀਸੀ ਇਨਕਲਾਬ ਤੋਂ ਪਹਿਲੇ ਵੀ ਮਜ਼ਬ ਤੇ ਰਾਜ ਕਾਜ ਵਿਚ ਨਖੇੜ ਪ੍ਰਤੱਖ ਹੋਣਾ ਸ਼ੁਰੂ ਹੋ ਗਿਆ ਸੀ, ਪਰ ਅਜੇ ਤਕ ਨਖੇੜ ਪੂਰੀ ਤਰ੍ਹਾਂ ਵਰਤੋਂ ਵਿਚ ਨਹੀਂ ਸੀ ਆਇਆ। ਅਮਰੀਕਾ ਵਿਚ ਵੀ ੧੭੮੪ ਅੰਦਰ ਇਨਸਾਨ ਦੇ ਹੱਕਾਂ ਵਾਸਤੇ ਘੜਿਆ ਗਿਆ ਇਕ ਪਟਾ ਮਜ਼ਬ ਦੀ ਪਕੜ ਤੋਂ ਵਿਮੁਕਤ ਹੋ ਕੇ ਦੇਸ਼ ਵਿਚ ਵੱਸਣ ਵਾਲੇ ਹਰ ਆਦਮੀ ਨੂੰ ਸ਼ਹਿਰੀ ਹੱਕ ਦੇ ਚੁਕਾ ਸੀ। ਫ਼ਰਾਂਸੀਸੀ ਇਨਕਲਾਬ ਦੇ ਏਸ ਲੀਹ ਵਿਚ ਅਸਰ ਐਨੇ ਕਰਾਂਤੀਕਾਰੀ ਨਹੀਂ ਸਨ, ਪਰ ਸਮਾਂ ਪਾ ਕੇ ਸ਼ਹਿਰੀ ਹੋਣ ਦਾ ਉਚਾ ਆਦਰਸ਼ ਜਿਹੜਾ ਇਸ ਇਨਕਲਾਬ ਨੇ ਤੋਰਿਆ ਉਹ ਦੇਸ਼ ਪ੍ਰਦੇਸ ਦੀ ਜਨਤਾ ਵਿਚ ਰੱਚ ਗਿਆ।

ਅਜੇ ਤਕ ਹਿੰਦੁਸਤਾਨ ਵਿਚ ਉਸਰੀਆਂ ਸਭ ਬਾਦਸ਼ਾਹੀਆਂ ਵੀ ਧਰਮ ਤੇ ਰਾਜ ਦੀ ਸਾਂਝ ਉੱਤੇ ਨਿਰਭਰ ਰਹੀਆਂ ਸਨ ਤੇ ਮੁਲਕ ਦੇ ਇਕ ਸ਼ਹਿਰੀ ਦੇ ਅਧਿਕਾਰ ਦੂਜੇ ਸ਼ਹਿਰੀ ਨਾਲੋਂ ਕਈਆਂ ਪੱਧਰਾਂ ਤੋਂ ਭਿੰਨ ਸਨ। ਪੁਰਾਤਨ ਭਾਰਤੀ ਪਾਤਸ਼ਾਹੀਆਂ ਦੀ ਸਥਿਤੀ ਹੋਰ ਸੀ। ਉਦੋਂ ਅਜੇ ਭਿੰਨ ਭਿੰਨ ਜਾਤੀਆਂ ਨਾਲ ਰਾਜਸੀ ਮੁਆਮਲਿਆਂ ਵਿਚ ਆਈਆਂ ਮੁਸ਼ਕਲਾਂ ਦਾ ਆਦਿ ਨਹੀਂ ਸੀ ਹੋਇਆ। ਰਣਜੀਤ ਸਿੰਘ ਸ਼ਾਇਦ ਪਹਿਲਾ ਮਹਾਰਾਜਾ ਸੀ ਜਿਸ ਮਜ਼ਬ, ਜਾਤੀ ਜਾਂ ਵਰਨ ਦੀ ਬਿਨਾ ਉੱਤੇ ਦੇਸ਼ ਦੇ ਸ਼ਹਿਰੀ ਜਾਂ ਨਾ ਸ਼ਹਿਰੀ ਹੋਣ ਵਲ ਚੇਤੰਨ ਧਿਆਨ ਦਿਤਾ। ਜਦੋਂ ਉਸ ਤਾਕਤ ਸੰਭਾਲੀ ਤਾਂ ਉਸ ਵੇਖਿਆ ਕਿ ਪੰਜਾਬ ਵਿਚ ਹਿੰਦੂ, ਸਿਖ ਤੇ ਮੁਸਲਮਾਨੀ ਮੱਤਾਂ ਦੇ ਪੈਰੋਕਾਰ ਲਗ ਭਗ ਇਕੋ ਜਿੰਨੇ ਹੀ ਹਨ। ਰਣਜੀਤ ਸਿੰਘ ਨੇ ਆਪਣੀ ਯੁਵਕ ਉਮਰ ਤੋਂ ਲੈ ਕੇ ਲਾਹੌਰ ਉੱਤੇ ਕਬਜ਼ਾ ਕਰਨ ਤਕ ਕਈ ਮੁਸਲਮਾਨ ਮਿੱਤਰ ਬਣਾਏ ਸਨ ਤੇ ਉਹ ਉਨ੍ਹਾਂ ਦੀ ਇੱਜ਼ਤ ਕਰਦਾ ਸੀ।

ਬੇਸ਼ਕ ਰਣਜੀਤ ਸਿੰਘ ਜ਼ਿਆਦਾ ਪੜ੍ਹਿਆ ਨਹੀਂ ਸੀ ਹੋਇਆ, ਪਰ ਉਸ ਸਿੱਖੀ ਦੀ ਅਸਲੀ ਸਪਿਰਟ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਲਿਆ ਸੀ। ਗੁਰੂ ਸਾਹਿਬਾਨਾਂ ਦੀ ਜ਼ਿੰਦਗੀ ਤੇ ਉਨ੍ਹਾਂ ਦੀ ਰਚੀ ਬਾਣੀ ਇਸ ਗੱਲ ਦੀ ਗਵਾਹ ਸੀ ਕਿ ਮਜ਼ਬ, ਵਰਨ, ਤੇ ਜ਼ਾਤਪਾਤ ਦੀ ਨੀਂਹ ਉੱਤੇ ਉਸਾਰਿਆ ਤੇ ਚਲਾਇਆ ਗਿਆ ਸ਼ਾਸਨ ਅਸਲੀ ਅਰਥਾਂ ਵਿਚ ਖ਼ਾਲਸਈ ਸ਼ਾਸਨ ਨਹੀਂ ਸੀ ਅਖਵਾ ਸਕਦਾ। ਉਸ ਜਾਣਿਆਂ ਕਿ ਸਿਖ ਧਰਮ ਵਿਚ ਉਦੋਂ ਦੇ ਹਿੰਦੂ ਤੇ ਮੁਸਲਮਾਨ ਦੋਹਾਂ ਮਜ਼ਬਾਂ ਵਿਚੋਂ ਚੰਗੀਆਂ ਤੇ ਸੁੱਚੀਆਂ ਗੱਲਾਂ ਸਵੀਕਾਰ ਕੀਤੀਆਂ ਗਈਆਂ ਹਨ। ਸਿਖ ਧਰਮ ਇਨ੍ਹਾਂ ਦੋਹਾਂ ਧਰਮਾਂ ਦੇ ਵਿਚਕਾਰ ਇਕ ਪੁਲ

Scanned by CamScanner

ਦੀ ਨਿਆਈਂ ਸੀ। ਤੇ ਸਿਖ ਧਰਮ ਦੇ ਅਸਲੀ ਨੇਮਾਂ ਤੇ ਅਸੂਲਾਂ ਨੂੰ ਅਮਲੀ ਵਰਤੋਂ ਵਿਚ ਲਿਆਣ ਦਾ ਉਸ ਬੀੜਾ ਚੁਕਿਆ।

ਇਹ ਬੀੜਾ ਰਣਜੀਤ ਸਿੰਘ ਦੇ ਮਜ਼ਬੂਤ ਤੇ ਆਦਰਸ਼ਕ ਇਰਾਦਿਆਂ ਦਾ ਸੂਚਕ ਹੈ। ਉਹ ਜਾਣਦਾ ਸੀ ਕਿ ਆਪਣੇ ਜਨਮ ਤੋਂ ਹੀ ਸਿਖ ਕੌਮ ਮੁਸਲਮਾਨਾਂ ਨਾਲ ਲੜਦੀ ਆਈ ਹੈ। ਅਨੇਕ ਮੁਸਲਮਾਨ ਹੁਕਮਰਾਨਾਂ ਨੇ ਅਨੇਕ ਵਾਰ ਸਿਖ ਮਤ ਨੂੰ ਜੜ੍ਹੋਂ ਪੁੱਟ ਦੇਣ ਦੇ ਉਪਰਾਲੇ ਕੀਤੇ ਹਨ। ਇਨ੍ਹਾਂ ਦੇ ਹੱਥੋਂ ਹੋਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਜ ਤਕ ਵੀ ਉਨ੍ਹਾਂ ਦੇ ਲੂੰ ਕੰਡੇ ਖੜੇ ਕਰ ਦੇਂਦੀ ਹੈ। ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਸ਼ਹੀਦ ਹੋਏ, ਅਨੇਕ ਕਰਨੀ ਵਾਲੇ ਤੇ ਉਚ ਆਚਰਨ ਵਾਲੇ ਹੋਰ ਸਿਖ ਸ਼ਹੀਦ ਹੋਏ, ਹਰਿਮੰਦਰ ਸਾਹਿਬ ਅਤਿਅੰਤ ਵਾਰ ਪੂਰਿਆ ਗਿਆ, ਮਜ਼ਬ ਦੇ ਨਾਂ ਉੱਤੇ ਸਿਖਾਂ ਦੇ ਬੰਦ ਬੰਦ ਕੱਟੇ ਗਏ, ਉਨ੍ਹਾਂ ਨੂੰ ਚਰਖੜੀਆਂ ਉੱਤੇ ਚੜ੍ਹਾਇਆ ਗਿਆ, ਬਚਿੱਆਂ ਨੂੰ ਕੁਤਰਾ ਕੁਤਰਾ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਇਆ ਗਿਆ।

ਬਹੁਤੇ ਸਿਖ ਇਨ੍ਹਾਂ ਅੱਤਿਆਚਾਰਾਂ ਦਾ ਬਦਲਾ ਲੈਣ ਵਾਸਤੇ ਉਤਾਵਲੇ ਸਨ। ਕਈ ਸਿਖਾਂ ਨੇ, ਤੇ ਵੇਲੇ ਵੇਲੇ ਕੁਝ ਸਿਖ ਹੁਕਮਰਾਨਾਂ ਨੇ ਮੁਸਲਮਾਨਾਂ ਕੋਲੋਂ ਬਦਲੇ ਲਏ ਵੀ ਸਨ, ਪਰ ਅਜੇ ਤਕ ਜਨਤਾ ਦੀ ਹਵਾੜ ਨਹੀਂ ਸੀ ਨਿਕਲੀ। ਅੱਜ ਤਕ ਸਮੁੱਚੀ ਹਿੰਦੂ ਸਿਖ ਜਨਤਾ ਮੁਸਲਮਾਨਾਂ ਹਥੋਂ ਬੜੀ ਸਤੀ ਹੋਈ ਸੀ ਤੇ ਜੇ ਰਣਜੀਤ ਸਿੰਘ ਰਾਜ ਸੰਭਾਲਣ ਸਮੇਂ ਮੁਸਲਮਾਨਾਂ ਨਾਲ ਸਖ਼ਤੀ ਦਾ ਵਰਤਾਉ ਕਰਦਾ ਤਾਂ ਹਿੰਦੂ ਸਿਖ ਜਨਤਾ ਉਹਦੇ ਨਾਲ ਹੁੰਦੀ ਸਗੋਂ ਖੁਸ਼ ਹੁੰਦੀ ਤੇ ਆਪਣੇ ਦਿਲਾਂ ਵਿਚ ਉਹਨੂੰ ਉੱਚੀ ਪਦਵੀ ਦੇਂਦੀ। ਪਰ ਕੀ ਹਿੰਦੂ ਸਿਖ ਜਨਤਾ ਉਸ ਹਾਲਤ ਵਿਚ ਵੀ ਉਹਦੇ ਨਾਲ ਹੋਵੇਗੀ ਜਦੋਂ ਉਹ ਮੁਸਲਮਾਨਾਂ ਨਾਲ ਭਰਾਵਾਂ ਵਰਗਾ ਸਲੂਕ ਕਰਗਾ, ਇਸ ਗੱਲ ਦਾ ਉਹਨੂੰ ਪੂਰਾ ਪੂਰਾ ਨਿਸਚਾ ਨਹੀਂ ਸੀ। ਉਹ ਜਾਣਦਾ ਸੀ ਕਿ ਇਹੋ ਜਿਹਾ ਸਲੂਕ ਉਹਨੂੰ ਹਿੰਦੂ ਸਿੱਖਾਂ ਵਿਚ ਹਰ ਮਨ ਪਿਆਰਾ ਨਹੀਂ ਬਣਾ ਸਕੇਗਾ। ਉਹ ਸ਼ੁਰੂ ਵਿਚ ਡਰਿਆ।

ਪਰ ਰਣਜੀਤ ਸਿੰਘ ਉਨ੍ਹਾਂ ਹੁਕਮਰਾਨਾਂ ਵਿਚੋਂ ਨਹੀਂ ਸੀ, ਜਿਹੜਾ ਛੋਕੀ ਹਰ-ਦਿਲ-ਅਜ਼ੀਜ਼ੀ ਵਾਸਤੇ ਆਪਣੇ ਅਸੂਲਾਂ ਨੂੰ ਵਾਰ ਦੇਵੇ। ਰਣਜੀਤ ਸਿੰਘ ਲੋਹੇ ਦਾ ਆਦਮੀ ਨਹੀਂ ਸੀ. ਪਰ ਉਹਦੇ ਇਰਾਦੇ ਤੇ ਉਹਦੇ ਆਚਰਨ ਦੀ ਮਜ਼ਬੂਤੀ ਬਿਨਾਂ ਸ਼ਕ ਬੜੇ ਉਚ ਪਾਏ ਦੀ ਸੀ। ਉਸ ਫ਼ੈਸਲਾ ਕੀਤਾ ਕਿ ਉਹ ਮੁਸਲਮਾਨਾਂ ਨੂੰ ਹਿੰਦੂ ਸਿਖਾਂ ਵਰਗੇ ਹੀ ਹਕੂਕ ਦੇਵੇਗਾ ਤੇ ਸਿਧ ਕਰੇਗਾ ਕਿ ਜੋ ਕੁਝ ਸਿਖ ਗੁਰੂ ਸਾਹਿਬਾਨਾ ਨੇ ਪਰਚਾਰਿਆ ਹੈ ਉਹਨੂੰ ਵਜ਼ਤ ਸਿਰ ਅਮਲੀ ਜਾਮਾ ਪਹਿਨਾਉਣ ਵਾਲਾ ਹੁਕਮਰਾਨ ਵੀ ਕੋਈ ਹੈ। ਰਣਜੀਤ ਸਿੰਘ ਕਾਣਾ ਸੀ ਤੇ ਉਸ ਕਿਹਾ ਕਿ ਇਕੋ ਅੱਖ ਨਾਲ ਸਭ ਰਿਆਇਆ ਨੂੰ ਵੇਖਣ ਦਾ ਅਖਾਣ ਉਹਦੇ ਉੱਤੇ ਸਿਰਫ਼ ਚੁਨੌਤਮਕ ਤੌਰ ਉੱਤੇ ਹੀ ਨਹੀਂ, ਵਾਸਤਵ ਵਿਚ ਵੀ ਢੁਕਦਾ ਹੈ। ਉਸ ਮੁਸਲਮਾਨਾਂ ਉੱਤੇ ਜਜ਼ੀਆ ਜਾਂ ਕਿਸੇ ਤਰ੍ਹਾਂ ਦਾ ਕਰ ਨਹੀਂ ਲਾਇਆ। ਉਸ ਉਨ੍ਹਾਂ ਨੂੰ ਕਿਸੇ ਤਰ੍ਹਾਂ ਸਰਕਾਰੀ ਨੌਕਰੀਆਂ ਵਿਚੋਂ ਛੇਕਿਆ ਨਹੀਂ। ਰਣਜੀਤ ਸਿੰਘ ਦਾ ਆਪਣਾ ਚਾਤੀ ਹਕੀਮ ਮੁਸਲਮਾਨ ਸੀ, ਉਹਦਾ ਬਦੇਸ਼ ਮੰਤਰੀ ਮੁਸਲਮਾਨ ਸੀ. ਉਹਦੇ ਤੋਪਚੀ ਮੁਸਲਮਾਨ ਸਨ, ਮਿੱਤਰ ਮੁਸਲਮਾਨ ਸਨ। ਹਰ ਰਾਹ, ਹਰ ਲੀਹ, ਮੁਸਲਮਾਨ, ਹਿੰਦੂ ਤੇ ਸਿਖਾਂ ਵਾਸਤੇ ਇਕੋ ਜਿੰਨੀ ਬੰਦ ਜਾਂ ਖੁਲ੍ਹੀ ਸੀ। ਉਸ ਮੁਸਲਮਾਨਾਂ ਨੂੰ ਸਿੱਧ ਕੀਤਾ ਕਿ ਸਿਖ ਬਦਲੇ ਦੀ ਅੱਗ ਵਿਚ ਨਹੀਂ ਸੜਦਾ। ਸਿਖੀ ਸਪਿਰਟ ਵਿਚ ਸਿਰਫ਼ ਉਹੋ ਵੈਰੀ ਤੇ ਉਹੋ ਹੀ ਬਿਗਾਨਾ ਹੈ ਜਿਹੜਾ ਜ਼ਾਲਮ ਹੈ। ਜਿਹੜਾ ਜਨਤਾ ਦਾ ਵੈਰੀ ਹੈ, ਜਿਹੜਾ ਮੁਤਅੱਸਬੀ ਹੈ। ਜਿਹੜਾ ਚੰਗਾ ਇਨਸਾਨ ਨਹੀਂ। ਉਸ ਸਿਧ ਕੀਤਾ ਕਿ ਸਿਖਾਂ ਵਲੋਂ ਮੁਸਲਮਾਨਾਂ ਨਾਲ ਝੜੀਆਂ ਗਈਆਂ ਲੜਾਈਆਂ ਸੰਕਲਪ ਵਿਚ ਮਜ਼ਹਬੀ ਨਹੀਂ ਸਨ। ਸਿਖ ਆਪਣੇ ਧਰਮ ਅਨੁਸਾਰ ਰਹਿਣ ਦੀ ਖੁਲ੍ਹ ਚਾਹੁੰਦੇ ਸਨ, ਮੁਸਲਮਾਨ ਇਹ ਦੇਂਦੇ ਨਹੀਂ ਸਨ। ਤੇ ਏਸੇ ਲਈ ਹਥੋ ਪਾਈ ਹੋਈ।

ਦਿਲੋਂ, ਸਿਖ ਮੁਸਲਮਾਨਾਂ ਨੂੰ ਬਦੇਸ਼ੀ ਨਹੀਂ ਸਨ ਸਮਝਦੇ। ਜਦੋਂ ਮੁਸਲਮਾਨ ਉੜ ਉੜ ਕੇ ਕਾਬਲ, ਗਜ਼ਨੀ, ਬਗਦਾਦ, ਬਲਖ, ਬੁਖ਼ਾਰੇ ਵਲ ਨਹੀਂ ਸਨ ਵੇਖਦੇ ਉਹ ਉਸੇ ਤਰ੍ਹਾਂ ਚੰਗੇ ਹਿੰਦੁਸਤਾਨੀ ਸਨ, ਜਿਵੇਂ ਕਿ ਪੁਸ਼ਤ ਦਰ ਪੁਸ਼ਤ ਪਿਛਲੇ ਕਈ ਹਜ਼ਾਰ ਸਾਲਾਂ ਤੋਂ ਟੁਰਿਆ ਆਉਂਦਾ ਕੋਈ ਹਿੰਦੂ ਟੱਬਰ। ਹਾਂ, ਪਰ ਜਦੋਂ ਮੁਸਲਮਾਨ ਹਿੰਦੁਸਤਾਨ ਨੂੰ ਸਿਰਫ਼ ਇਕ ਲੁਟ ਮਾਰ ਦਾ ਮੈਦਾਨ ਸਮਝਦੇ ਤੇ ਏਥੇ ਸਿਰਫ਼ ਏਥੋਂ ਦੀ ਮਾਇਆ ਤੇ ਨਾਰਾਂ ਨੂੰ ਚੁਕ ਲੈ ਜਾਣ ਵਾਸਤੇ ਆਉਂਦੇ ਤਾਂ ਬੇਸ਼ਕ ਉਹ ਬਦੇਸ਼ੀ ਸਨ।

Scanned by CamScanner

ਰਣਜੀਤ ਸਿੰਘ ਤੋਂ ਪਹਿਲੇ ਸ਼ਹਿਨਸ਼ਾਹ ਅਕਬਰ ਨੇ ਵੀ ਕੁਝ ਇਹੋ ਜਿਹੇ ਪ੍ਰਤਿਕਰਮਾਂ ਤੋਂ ਪਰੇਰਤ ਹੋ ਕੇ ਸ਼ਲਾਘਾ ਯੋਗ ਕਦਮ ਚੁਕੇ ਸਨ। ਉਸ ਨੇ ਮਜ਼ਬ ਤੇ ਜ਼ਾਤ ਪਾਤ ਤੋਂ ਉਚਿਆ ਉਠਿਆ ਇਕ ਹਿੰਦੁਸਤਾਨੀ ਸ਼ਹਿਜੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਕਿਸੇ ਹੱਦ ਤਕ ਸਫਲ ਵੀ ਹੋਇਆ, ਪਰ ਉਹਦੇ ਸਲਾਹਕਾਰ ਤੇ ਉਹਦੇ ਜਾਨਸ਼ੀਨ ਉਹਦੇ ਜਿਹਾ ਵਿਸ਼ਾਲ ਨਜ਼ਰੀਆ ਨਹੀਂ ਸਨ ਰਖਦੇ। ਹੁਣ ਰਣਜੀਤ ਸਿੰਘ ਦੇ ਰਾਜ ਵਿਚ ਸ਼ਹਿਜੀਪਨ ਦਾ ਆਦਰਸ਼ ਪੂਰੇ ਜੋਬਨ ਉੱਤੇ ਪ੍ਰਚੱਲਤ ਹੋਇਆ। ਆਪਣੀ ਚਾਲ੍ਹੀ ਵਰ੍ਹਿਆਂ ਦੀ ਹਕੂਮਤ ਵਿਚ ਉਹਨੇ ਸਾਰੀ ਦੁਨੀਆਂ ਤੇ ਇਤਿਹਾਸ ਵਿਚ ਇਕ ਅਜਿਹੀ ਮਿਸਾਲ ਕਾਇਮ ਕੀਤੀ ਜਿਦ੍ਹਾ ਸਾਨੀ ਅਜੇ ਤਕ ਕਿਤੇ ਨਹੀਂ ਜੀ ਵੇਖਿਆ ਗਿਆ।

ਜਿਸ ਸਦੀ ਦੇ ਪਹਿਲੇ ਤੇ ਦੂਜੇ ਦਹਾਕੇ ਵਿਚ ਪੰਜਾਬ ਅੰਦਰ ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰੀਪਨ ਦੇ ਅਸੂਲ ਉੱਤੇ ਹਕੂਮਤ ਕਾਇਮ ਕੀਤੀ ਉਸ ਸਦੀ ਦੇ ਛੇਵੇਂ, ਸਤਵੇਂ ਤੇ ਅਠਵੇਂ ਦਹਾਕੇ ਤਕ ਅਜੇ ਯੂਰਪ ਵਿਚ ਬਹੁਤੀਆਂ ਹਕੂਮਤਾਂ ਪਿਛਾਂਹ ਖਿੱਚੂ ਸਨ, ਪੱਖਪਾਤੀ ਸਨ, ਫਿਰਕਾ ਪ੍ਰਸਤ ਸਨ, ਹੋਛੀਆਂ ਸਨ। ਬਿਸਮਾਰਕ ਤੋਂ ਪਹਿਲਾਂ ਜਰਮਨੀ ਵੀ ਰਾਜ ਰਜਵਾੜਿਆਂ ਵਿਚ ਵੰਡਿਆ ਹੋਇਆ ਸੀ। ਦੇਸ਼ ਮਜ਼ਬੂਰੀ ਜਨੂੰਨ ਤੋਂ ਉਚਾ ਨਹੀਂ ਸੀ ਉਠਿਆ। ਬਿਸਮਾਰਕ ਨੇ ਪਹਿਲੀ ਵਾਰ ਜਰਮਨ-ਜਨਤਾ ਨੂੰ ਸ਼ਹਿਰੀ ਹੋਣ ਦੀ ਜਾਚ ਸਿਖਾਈ। ਉਸ ਪਹਿਲੀ ਵਾਰ ਆਖਿਆ ਕਿ ਕਿਸੇ ਹੋਰ ਚੀਜ਼ ਦੀ ਕੀਮਤ ਨਹੀਂ। ਕੋਈ ਹੋਰ ਚੀਜ਼ ਗੋਲੀ ਨਹੀਂ ਜਾ ਸਕਦੀ ਜਦੋਂ ਤਕ ਕਿ ਜਰਮਨ ਜਰਮਨ ਹੈ। ਜੇ ਜਰਮਨ ਗ਼ਦਾਰ ਨਹੀਂ ਤਾਂ ਉਹਦੇ ਵਾਸਤੇ ਜਰਮਨੀ ਵਿਚ ਸਭ ਰਾਹ ਖੁਲ੍ਹੇ ਹਨ। ਜਰਮਨ ਅਗੇ ਤੋਂ ਸਿਰਫ਼ ਇਕ ਜਰਮਨ ਦੀ ਤਰ੍ਹਾਂ ਸਤਿਕਾਰਿਆ ਜਾਏਗਾ। ਰੂਸ ਵਿਚ ਹਕੂਮਤ ਵੀਹਵੀਂ ਸਦੀ ਦੇ ਸ਼ੁਰੂ ਤਕ ਪਿਛਾਂਹ ਖਿੱਚੂ, ਜਾਗੀਰਦਾਰੀ ਪੱਖ-ਪਾਤੀ ਰਹੀ। ਪਰ ਰੂਸੀ ਇਨਕਲਾਬ ਤੋਂ ਇਕ ਸੌ ਵਰ੍ਹਾ ਪਹਿਲਾਂ ਰਣਜੀਤ ਸਿੰਘ ਨੇ ਪੰਜਾਬ ਵਿਚ ਉਸ ਵੇਲੇ ਦੇ ਹਾਲਾਤਾਂ ਦੇ ਮੁਤਾਬਿਕ ਇਕ ਅਤਿ ਅਗਾਂਹ ਵਧੂ ਤੇ ਇਨਕਲਾਬੀ ਹਕੂਮਤ ਕਾਇਮ ਕੀਤੀ।

ਸਿਖ ਇਤਿਹਾਸਕਾਰਾਂ ਨੇ ਰਣਜੀਤ ਸਿੰਘ ਨਾਲ ਪੂਰੀ ਤਰ੍ਹਾਂ ਨਿਆਂ ਨਹੀਂ ਕੀਤਾ। ਉਨ੍ਹਾਂ ਨੇ ਉਹਨੂੰ ਲੋੜ ਨਾਲੋਂ ਬਹੁਤਾ ਧਰਮੀ, ਠੇਮੀ ਤੇ ਪੌਰਾਣੀ ਦਰਸਾਇਆ ਹੈ। ਕਈ ਇਤਿਹਾਸਕਾਰਾਂ ਨੇ ਉਹਨੂੰ ਉਹੋ ਜਿਹੇ ਨਾਂਵਾਂ ਨਾਲ ਸੰਬੋਧਨ ਕੀਤਾ ਹੈ ਜਿਹੇ ਜਿਹੇ ਸੰਬੋਧਨ ਕਿ ਗੁਰੂਆਂ, ਪੀਰਾਂ, ਪੈਗ਼ੰਬਰਾਂ ਲਈ ਵਰਤੇ ਜਾਂਦੇ ਹਨ। ਸਿਖ ਜਨਤਾ ਰਣਜੀਤ ਸਿੰਘ ਨੂੰ ਬਹੁਤਾ ਇਸ ਕਰ ਕੇ ਪਿਆਰਦੀ ਲਗਦੀ ਹੈ ਕਿ ਉਹ ਧਰਮੀ ਸੀ, ਸਿਖ ਸੀ ਜਾਂ ਉਸ ਗੁਰੂ ਨਾਂ ਉੱਤੇ ਕੜੇ ਖਾਧੇ ਸਨ। ਪਰ ਇਹ ਨਜ਼ਰੀਆ ਰਣਜੀਤ ਸਿੰਘ ਦੀ ਪ੍ਰਤਿਭਾ ਨਾਲ ਅਨਿਆਂ ਹੈ। ਰਣਜੀਤ ਸਿੰਘ ਦੀ ਨਿਰਪੱਖ ਪੜਚੋਲ ਦਸੇਗੀ ਕਿ ਬੇਸ਼ਕ ਉਹ ਧਰਮੀ ਤੇ ਠੇਮੀ ਸੀ, ਪਰ ਇਕ ਭਗਤ ਤੋਂ ਕਿਤੇ ਵਧ ਉਹ ਰਾਜਨੀਤਕ ਸੀ। ਉਹ ਇਕ ਸਫਲ ਹੁਕਮਰਾਨ ਸੀ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਉਹ ਗਿਆਨ ਤੇ ਆਮ ਵਾਕਫ਼ੀ ਵਿਚ ਸ਼ਾਇਦ ਨੰਬਰ ਇਕ ਦਾ ਹਿੰਦੁਸਤਾਨੀ ਸੀ।

ਲਾਹੌਰ ਵਿਚ ਤਾਜ ਪਹਿਨਣ ਤੋਂ ਜਲਦੀ ਪਿਛੋਂ ਹੀ ਜਿਹੜੀ ਸਭ ਤੋਂ ਸਿਆਣੀ ਗੱਲ ਉਸ ਕੀਤੀ ਉਹ ਲਾਹੌਰ ਨੂੰ ਆਪਣੀ ਹਕੂਮਤ ਦੀ ਰਾਜਸੀ ਰਾਜਧਾਨੀ ਬਣਾਉਣਾ ਸੀ ਤੇ ਅੰਮ੍ਰਿਤਸਰ ਨੂੰ ਸਿਖ ਧਰਮ ਦੀ ਰੂਹਾਨੀ ਰਾਜਧਾਨੀ। ਇਹ ਠਖੰਡ ਹੌਲੀ ਹੌਲੀ ਸ਼ਹਿਰੀਪਨ ਦੇ ਅਸੂਲਾਂ ਉੱਤੇ ਉਸ੍ਰੀ ਹਕੂਮਤ ਦਾ ਥੰਮ੍ਹ ਬਣਿਆ।

ਰਣਜੀਤ ਸਿੰਘ ਦੇ ਸਮੇਂ ਲਾਹੌਰ ਦੀ ਸ਼ਾਨ ਸਿਖਰਾਂ ਉੱਤੇ ਸੀ। ਪਿਛਲੇ ਕਈ ਦਹਾਕਿਆਂ ਤੋਂ, ਲਗ ਭਗ ਇਕ ਸਦੀ ਤੋਂ ਹੀ, ਲਾਹੌਰ ਆਪਣੀ ਚਾਰ ਦੀਵਾਰੀ ਵਿਚ ਸੀਮਤ ਰਿਹਾ ਸੀ। ਲਾਹੌਰ ਦੇ ਵਾਸੀ ਇਸ ਚਾਰ ਦੀਵਾਰੀ ਦੇ ਬਾਹਰ ਬਹੁਤੇ ਘਰ ਨਹੀਂ ਸਨ ਉਸਾਰਦੇ। ਲੋਕ ਆਪਣੇ ਆਪ ਨੂੰ ਅੰਨਾ ਮਹਿਫ਼ੂਜ਼ ਨਹੀਂ ਸਨ ਸਮਝਦੇ। ਕੁਝ ਉਪ-ਨਗਰ ਜ਼ਰੂਰ ਸਨ, ਪਰ ਉਹ ਥੋੜੇ ਥੋੜੇ ਸਮੇਂ ਪਿਛੋਂ ਬਰਬਾਦ ਤੇ ਮੁਤ ਆਬਾਦ ਹੁੰਦੇ ਰਹੇ। ਰਣਜੀਤ ਸਿੰਘ ਨੇ ਵੀ ਆਪਣੇ ਰਾਜ ਦੇ ਅਰੰਭ ਵਿਚ ਲਾਹੌਰ ਸ਼ਹਿਰ ਦੁਆਲੇ ਇਕ ਨਵੀਂ ਤੇ ਮਜ਼ਬੂਤ ਕੰਧ ਉਸਾਰੀ, ਪਰ ਜਲਦੀ ਇਹ ਕੰਧ ਅਰਥਹੀਣ ਹੋ ਗਈ। ਸਾਰਾ ਪੰਜਾਬ ਅੰਨੀ-ਜਲਦੀ ਉਹਦੇ ਹੱਥਾਂ ਵਿਚ ਆਇਆ ਤੇ ਅੰਡੀ ਜਲਦੀ ਚਾਰ ਚੁਫੇਰੇ ਅਮਨ ਸਥਾਪਤ ਹੋਇਆ ਕਿ ਲਾਹੌਰ ਨੂੰ ਆਪਣੇ ਆਲੇ ਦੁਆਲੇ ਉਸਾਰੀ ਇਹ ਕੰਧ ਭਾਰੂ ਲਗਣ ਲੱਗੀ। ਲਾਹੌਰ ਵਾਸੀਆਂ ਨੂੰ ਲਗਣ ਲੱਗਾ ਕਿ ਇਹ ਕੰਧ ਖ਼ਾਹਮਖ਼ਾਹ ਉਨ੍ਹਾਂ ਨੂੰ ਤਾਜ਼ਾ ਹਵਾ ਭਖਣ ਤੋਂ ਰੋਕਦੀ ਹੈ। ਉ ਜ ਵੀ ਦੂਰੋਂ ਪਾਰੋਂ ਆ ਕੇ ਲੋਕ ਲਾਹੌਰ ਵੱਸਣ ਲੱਗੇ। ਇਹ ਤਿਜਾਰਤ ਤੇ ਕਲਾ ਦਾ ਮਧ ਬਣਨ ਲੱਗਾ।

ਕੁਝ ਸਾਲਾਂ ਵਿਚ ਹੀ ਬਦਾਮੀ ਬਾਗ਼, ਸ਼ਾਹਦਰਾ, ਮੁਜੰਗ ਤੇ ਬੁੱਧੂ ਦੇ ਆਵੇ ਕੋਲ ਉਪ-ਨਗਰ ਉਸਰ ਆਏ ਤੇ

Scanned by CamScanner

ਮੀਲਾਂ ਤਕ ਗਹਿਮਾ ਗਹਿਮ ਹੋ ਗਈ। ਮਾਹਿਲਾਂ ਨੇ ਆਪਣੀ ਹਵੇਲੀ ਬਦਾਮੀ ਬਾਗ਼ ਵਿਚ ਉਸਾਰੀ ਤੇ ਇਹ ਰਵੇਲੀ ਕਦੀ ਹੰਰ ਚੜ੍ਹਦੇ ਪਿੜਦੇ ਸਰਦਾਰਾਂ ਦੀਆਂ ਹਵੇਲੀਆਂ ਵਾਂਗ ਸਾਰੇ ਸ਼ਹਿਰ ਵਿਚ ਮਸ਼ਹੂਰ ਸੀ। ਇਹ ਹਵੇਲੀ ਸਿਰਫ਼ ਮਾਹਿਲਾਂ ਵਾਸਤੇ ਹੀ ਮਖ਼ਸੂਸ ਨਹੀਂ ਸੀ ਸਗੋਂ ਮਾਹਿਲਾਂ ਦੀ ਜਾਗੀਰ ਵਿਚ ਵਸਦਾ ਕੋਈ ਵੀ ਹਿੰਦੂ ਸਿਖ ਜਾਂ ਮੁਸਲਮਾਨ ਜਦੋਂ ਵੀ ਲਾਹੌਰ ਆਉਂਦਾ ਏਥੇ ਹੀ ਟਿਕਦਾ। ਇਹ ਹਵੇਲੀ ਸਾਰੀ ਜਾਗੀਰ ਦੀ ਸਰਬ ਸਾਂਝੀ ਹਵੇਲੀ ਸੀ। ਏਥੇ ਬਾਰਾਂ ਮਹੀਨੇ ਆਉਣ ਜਾਣ ਲੱਗਾ ਰਹਿੰਦਾ। ਇਕ ਰਤਨ ਸਿੰਘ ਕੰਬੋਅ ਇਸ ਹਵੇਲੀ ਦਾ ਪ੍ਰਬੰਧਕ ਸੀ ਤੇ ਦਲੇਰ ਸਿੰਘ ਦੀ ਆਗਿਆ ਸੀ ਕਿ ਖ਼ਰਚ ਦੀ ਪਰਵਾਹ ਨਹੀਂ, ਪਰ ਜਿਹੜਾ ਏਥੇ ਆਵੇ ਉਹਨੂੰ ਇਹ ਹੀ ਆਪਣਾ ਘਰ ਲੱਗੇ।

ਵੀਹ ਕੁ ਵਰ੍ਹੇ ਪਹਿਲੇ ਜਦੋਂ ਤੋਂ ਦਲੇਰ ਸਿੰਘ ਜ਼ਖ਼ਮੀ ਹੋ ਕੇ ਫ਼ੌਜੀ ਕੰਮਾਂ ਲਈ ਨਾਕਾਰਾ ਹੋ ਗਿਆ ਉਦੋਂ ਤੋਂ ਉਹਨੇ ਹਵੇਲੀ ਦੇ ਪਰਬੰਧ ਵਿਚ ਚਾਤੀ ਦਿਲਚਸਪੀ ਲੈਣੀ ਵੀ ਸ਼ੁਰੂ ਕਰ ਦਿਤੀ। ਉਹਨੂੰ ਹੋਰ ਕੋਈ ਆਹਰ ਨਹੀਂ ਸੀ ਹੁੰਦਾ ਤੇ ਮਿੱਤਰ ਉਹਦੇ ਸਾਰੇ ਪੰਜਾਬ ਵਿਚ ਖਿਲਰੇ ਹੋਏ ਸਨ। ਉਹ ਉਰੇਚਾ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਲਾਹੌਰ ਸੱਦਦਾ ਤਾਂ ਕਿ ਉਹਦਾ ਜੀ ਲੱਗਿਆ ਰਹੇ ਤੇ ਮਾਹਿਲਾਂ ਦੀ ਹਵੇਲੀ ਵਿਚ ਰੌਣਕ ਬਣੀ ਰਹੇ। ਇਸ ਤੋਂ ਉਪਰੰਤ ਉਂਜ ਵੀ ਲਾਹੌਰ ਸ਼ਹਿਰ ਦੇ ਕਈ ਸਰਦਾਰ ਤੇ ਹੋਰ ਆਦਮੀ ਸ਼ਾਮੀਂ ਏਸ ਹਵੇਲੀ ਵਿਚ ਜੁੜ ਜਾਂਦੇ ਤੇ ਨਗਰ ਤੇ ਪੰਜਾਬ-ਗੱਪ ਚੱਲਦੀ। ਹਰ ਸ਼ਾਮ ਰਤਨ ਸਿੰਘ ਕੰਬੋਅ ਆਪਣੀ ਨਿਗਰਾਨੀ ਥੱਲੇ ਸ਼ਰਦਾਈ ਰਗ਼ੜਵਾਉਂਦਾ ਤੇ ਹਰ ਆਏ ਗਏ ਨੂੰ ਇਹਦਾ ਇਕ ਗਲਾਸ ਜਾਂ ਛੰਨਾ ਭੇਟ ਕੀਤਾ ਜਾਂਦਾ। ਜਦੋਂ ਕੋਈ ਬਹੁਤੀ ਨਾਂਹ ਕਰਦਾ ਤਾਂ ਦਲੇਰ ਸਿੰਘ ਮਾਹਿਲ ਆਪ ਆਪਣੀ ਚਿੱਟੀ ਦੁਧ ਦਾੜ੍ਹੀ ਉੱਤੇ ਹੱਥ ਫੇਰਦਾ ਹੋਇਆ ਆਖਦਾ :

"ਬਈ ਮਾਹਿਲਾਂ ਦੀ ਹਵੇਲੀ ਵਿਚ ਆ ਕੇ ਸ਼ਰਦਾਈ ਨਾ ਛਕਣੀ ਮਾਹਿਲਾਂ ਦਾ ਨਿਰਾਦਰ ਹੈ...।" ਜਿਵੇਂ ਮਾਹਿਲਾਂ ਦਾ ਘਰਾਣਾ ਸਾਰੇ ਪੰਜਾਬ ਵਿਚ ਬਹਾਦਰੀ, ਸੂਰਮਗਤੀ, ਸੁੱਚੀ ਰਹਿਣੀ ਬਹਿਣੀ ਤੇ ਤੋਪਾਂ ਦੇ ਮੁਆਮਲੇ ਵਿਚ ਜ਼ਮਾਂਦਰੂ ਪ੍ਰਤਿਭਾ ਰਖਣ ਵਾਲਾ ਮਸ਼ਹੂਰ ਸੀ ਓਵੇਂ ਲਾਹੌਰ ਸ਼ਹਿਰ ਵਿਚ ਮਾਹਿਲਾਂ ਦੀ ਹਵੇਲੀ ਅਤਿ ਸਵਾਦੀ ਸ਼ਰਦਾਈ ਵਾਸਤੇ ਮਸ਼ਹੂਰ ਸੀ। ਕਈ ਬਾਲ ਤੇ ਜੁਆਨ ਤਾਂ ਸਿਰਫ਼ ਸ਼ਰਦਾਈ ਚੱਖਣ ਵਾਸਤੇ ਹੀ ਏਥੇ ਫੇਰਾ ਮਾਰਦੇ। ਹੁਣ ਤਕ ਲਾਹੌਰ ਵਿਚ ਕੋਈ ਹੀ ਅਜਿਹਾ ਆਦਮੀ ਹੋਵੇਗਾ ਜਿਸ ਇਕ ਵਾਰ ਮਾਹਿਲਾਂ ਦੀ ਹਵੇਲੀ ਵਿਚ ਬਣਦੀ ਸ਼ਰਦਾਈ ਨਾ ਚੱਖੀ ਹੋਵੇ। ਆਪ ਮਹਾਰਾਜਾ ਰਣਜੀਤ ਸਿੰਘ ਕਈ ਇਕ ਵਾਰ ਏਥੇ ਆ ਕੇ ਸ਼ਰਦਾਈ ਪੀ ਚੁਕਾ ਸੀ।

ਪਰ ਅਜ ਕਲ ਇਸ ਹਵੇਲੀ ਦੇ ਵਿਸ਼ਾਲ ਵਿਹੜੇ ਵਿਚ ਜਿਵੇਂ ਉਦਾਸੀਨਤਾ ਛਾਈ ਹੋਵੇ। ਕਿਸ ਚੀਜ਼ ਦੀ ਘਾਟ ਜਾਪਦੀ ਸੀ ਤੇ ਇਹ ਘਾਟ ਸੀ ਦਲੇਰ ਸਿੰਘ ਮਾਹਿਲ ਦੀ ਤੰਦਰੁਸਤੀ ਦੀ। ਉਹ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਸੀ। ਭਾਵੇਂ ਦਲੇਰ ਸਿੰਘ ਬੀਮਾਰ ਸੀ ਪਰ ਤਾਂ ਵੀ ਹਰ ਆਉਂਦੇ ਜਾਂਦੇ ਨੂੰ ਸ਼ਰਦਾਈ ਦੇ ਛੰਨੇ ਵਾਸਤੇ ਮਜਬੂਰ ਕੀਤਾ ਜਾਂਦਾ। ਕੀ ਹੋਇਆ ਜੇ ਦਲੇਰ ਸਿੰਘ ਬੀਮਾਰ ਸੀ, ਮਾਹਿਲਾਂ ਦੀ ਹਵੇਲੀ ਤਾਂ ਨੌਂ ਬਰ ਨੌਂ ਸੀ ਤੇ ਜਿਹੜੀ ਰਹਿੰਦੀ ਖੂੰਹਦੀ ਕਸਰ ਸੀ ਉਹ ਸਰਦਾਰ ਹਰਪਾਲ ਸਿੰਘ ਮਾਹਿਲ ਦੇ ਆਉਣ ਨਾਲ ਪੂਰੀ ਹੋ ਗਈ। ਆਪਣੇ ਪਿਤਾ ਦੀ ਬੀਮਾਰੀ ਬਾਰੇ ਸੁਣ ਕੇ ਉਹ ਜਮਰੌਦ ਦੀ ਜਿੱਤ ਤੋਂ ਇਕ ਮਹੀਨਾ ਪਿਛੋਂ ਲਾਹੌਰ ਪਹੁੰਚ ਗਿਆ।

Scanned by CamScanner

ਸਰਦਾਰ ਦਲੇਰ ਸਿੰਘ ਮਾਹਿਲ ਬੀਮਾਰ ਹੋਇਆ ਤੇ ਹੌਲੀ ਹੌਲੀ ਕਰ ਕੇ ਟੱਬਰ ਦੇ ਸਾਰੇ ਜੀਅ ਲਾਹੌਰ ਜੁੜ ਗਏ। ਸਭ ਤੋਂ ਪਹਿਲੇ ਮਾਹਿਲ ਤੋਂ ਗੁਰਦਿਆਲ ਸਿੰਘ ਤੇ ਗੁਰਦਈ ਕੌਰ ਆਏ। ਗੁਰਮੀਤ ਕੌਰ ਆਪਣੇ ਬੱਚਿਆਂ ਨਾਲ ਪਹਿਲੇ ਹੀ ਲਾਹੌਰ ਸੀ। ਕੁਝ ਦਿਨਾਂ ਪਿਛੋਂ ਬਸੰਤ ਕੌਰ ਸਰਹਿੰਦ ਤੋਂ ਆਈ ਫਿਰ ਚੂਹੜ ਸਿੰਘ ਕਸ਼ਮੀਰ ਤੋਂ ਆਇਆ। ਫਿਰ ਪ੍ਰੀਤਮ ਕੌਰ ਕਾਨੂਰ ਤੋਂ ਆਈ ਤੇ ਅੰਤ ਵਿਚ ਆਇਆ ਹਰਪਾਲ ਸਿੰਘ।

ਕਸ਼ਮੀਰ ਦੇ ਯੁਧ ਵੇਲੇ ਪਰਤ ਪ ਸਿੰਘ ਦੀ ਹੋਈ ਮੌਤ ਤੋਂ ਪਿਛੋਂ ਗੁਰਦਿਆਲ ਸਿੰਘ ਹੁਣ ਘਰ ਵਿਚ ਸਭ ਤੋਂ ਵੱਡਾ ਪੁੱਤਰ ਸੀ। ਉਹ ਜਮਾਂਦਰੂ ਹੀ ਅੱਲ-ਛੱਕ ਸੀ। ਉਸ ਮਾਹਿਲ ਘਰਾਣੇ ਦੀ ਮਰਯਾਦਾ ਦੇ ਉਲਟ ਕਿਸੇ ਜੰਗ ਵਿਚ ਹਿੱਸਾ ਨਹੀਂ ਸੀ ਲਿਆ ਤੇ ਬਚਪਨ ਤੋਂ ਪਿਛੋਂ ਹੀ ਆਪਣਾ ਬਹੁਤਾ ਸਮਾਂ ਪੂਜਾ ਪਾਠ ਵਿਚ ਗੁਜ਼ਾਰਿਆ। ਇਸ ਸੁਭਾ ਦੇ ਕਾਰਨ ਹੀ ਉਸ ਨੂੰ ਮਾਹਿਲ ਜਾਗੀਰ ਦਾ ਮੁਖਤਾਰ ਥਾਪਿਆ ਗਿਆ, ਜਿਸ ਕੰਮ ਨੂੰ ਕਿ ਉਹਨੇ ਬੜੀ ਯੋਗਤਾ ਨਾਲ ਨਿਭਾਇਆ। ਉਹਦੇ ਅੱਲ-ਛੱਕ ਸੁਭਾ ਦੀ ਸਭੇ ਇੱਜ਼ਤ ਕਰਦੇ ਤੇ ਉਹਨੂੰ ਆਪਣੇ ਕੰਮ ਵਿਚ ਕੋਈ ਔਕੜ ਮਹਿਸੂਸ ਨਾ ਹੁੰਦੀ। ਉਹਦੇ ਨਾਲ ਕੋਈ ਬਹੁਤੀਆਂ ਗੱਲਾਂ ਨਾ ਕਰਦਾ, ਕੋਈ ਉਹਦੇ ਨਾਲ ਉੱਚਾ ਨੀਵਾਂ ਨਾ ਬੋਲਦਾ, ਕੋਈ ਉਹਦੇ ਨਾਲ ਮੰਦਾ ਨਾ ਵਰਤਦਾ ਤੇ ਗੁਰਦਿਆਲ ਸਿੰਘ ਨਾਲ ਮੰਦਾ ਵਰਤਣਾ ਵੀ ਕਿਸ ਸੀ ? ਆਪ ਗੁਰਦਿਆਲ ਸਿੰਘ ਐਨਾ ਭਲਾ ਤੇ ਉਦਾਰਚਿਤ ਸੀ ਕਿ ਹੋਰਨਾਂ ਦੀ ਉਮੀਦ ਨਾਲੋਂ ਵਧ ਉਹ ਉਨ੍ਹਾਂ ਦਾ ਖਿਆਲ ਰਖਦਾ।

ਗੁਰਮੀਤ ਕੌਰ ਆਪਣੇ ਬੱਚਿਆਂ ਨਾਲ ਪਹਿਲੇ ਹੀ ਲਾਹੌਰ ਸੀ। ਪਿਛਲੇ ਬਾਰਾਂ ਸਾਲਾਂ ਤੋਂ ਉਹ ਵਿਧਵਾ ਹੋ ਚੁਕੀ ਸੀ ਤੇ ਓਦੋਂ ਤੋਂ ਹੀ ਉਹ ਬਹੁਤਾ ਕਰ ਕੇ ਜਾਂ ਮਾਹਿਲ ਹੁੰਦੀ ਜਾਂ ਲਾਹੌਰ। ਇਸ ਲਈ ਨਹੀਂ ਕਿ ਉਸ ਦੇ ਸਹੁਰੇ ਛੋਟੇ ਮੋਟੇ ਆਦਮੀ ਸਨ ਜਾਂ ਕਿ ਉਹ ਉਨ੍ਹਾਂ ਕੋਲ ਓਥੇ ਨਾਖ਼ੁਸ਼ ਰਹਿੰਦੀ ਸੀ, ਪਰ ਉਹ ਮਾਹਿਲ ਜਾਂ ਲਾਹੌਰ ਰਹਿੰਦੀ ਕਿਉਂਕਿ ਉਹ ਆਪਣੇ ਆਪ ਨੂੰ ਹਰਪਾਲ ਨਾਲ ਬੰਨ੍ਹਿਆ ਹੋਇਆ ਮਹਿਸੂਸ ਕਰਦੀ। ਬਾਈ ਵਰ੍ਹੇ ਪਹਿਲੇ ਜਦੋਂ ਹਰਪਾਲ ਅਜੀਤ ਨਾਲੋਂ ਟੁਟਿਆ ਤਾਂ ਗੁਰਮੀਤ ਸਦਾ ਲਈ ਹਰਪਾਲ ਨਾਲ ਜੁੜ ਗਈ। ਓਹਦੇ ਕੋਮਲ ਹਿਰਦੇ ਤੋਂ ਇਹ ਅਨਿਆਈ ਸਹਾਰੀ ਨਾ ਗਈ ਤੇ ਉਸ ਆਪਣੇ ਆਪ ਨੂੰ ਇਸ ਘਟਨਾ ਦਾ ਜ਼ਿਮੇਂਵਾਰ ਸਮਝਿਆ।

ਸ਼ਾਇਦ ਬਹੁਤੇ ਹੱਸਣ ਖੇਡਣ ਵਾਲਿਆਂ ਨਾਲ ਏਸੇ ਤਰ੍ਹਾਂ ਹੀ ਹੁੰਦਾ ਹੈ। ਜਦੋਂ ਜ਼ਿੰਦਗੀ ਨੂੰ ਹੌਲੇ ਭਾਅ ਲੈਣ ਵਾਲਿਆਂ ਨੂੰ ਕੋਈ ਠੋਕਰ ਵੱਜਦੀ ਹੈ ਤਾਂ ਉਨ੍ਹਾਂ ਦਾ ਹੱਸਣਾ ਖੇਡਣਾ ਸਦਾ ਲਈ ਖ਼ਤਮ ਹੋ ਜਾਂਦਾ ਹੈ। ਖ਼ੁਸ਼ ਖ਼ੁਸ਼ ਵੱਸਣ ਥੀਣ ਵਾਲੇ ਆਦਮੀ ਸਹਿੰਦੜ ਨਹੀਂ ਹੁੰਦੇ। ਉਹ ਚੀੜ੍ਹੇ ਤੇ ਦੀਠ ਨਹੀਂ ਹੁੰਦੇ। ਬਾਈ ਕੁ ਵਰ੍ਹੇ ਪਹਿਲੇ ਬਾਈ ਕੁ ਵਰ੍ਹੇ ਦੀ ਉਮਰ ਵਿਚ ਗੁਰਮੀਤ ਨੂੰ ਇਕ ਠੇਸ ਲਗੀ ਤੇ ਉਹਦਾ ਜੀਵਨ ਸਦਾ ਲਈ ਮੁਸੋਸਿਆ ਗਿਆ। ਬੇਸ਼ਕ ਉਹਦਾ ਰੰਗ ਢੰਗ, ਉਹਦੀ ਸ਼ਕਲ ਸੂਰਤ, ਉਹਦਾ ਸਰੀਰ ਉਸੇ ਤਰ੍ਹਾਂ ਗੱਭਲਾ ਗੋਭਲਾ ਤੇ ਪਿਆਰਾ ਪਿਆਰਾ ਰਿਹਾ, ਪਰ ਉਹਦੀ ਆਤਮਾ ਬੁਝ ਗਈ। ਉਹ ਹੱਸਦੀ, ਪਰ ਉਹਦੇ ਹਾਸੇ ਵਿਚ ਪਹਿਲੇ ਜਿਹੀ ਖਿੜਖਿੜਾਹਟ ਨਾ ਹੁੰਦੀ। ਉਹਦੇ ਆਦਮੀ ਪ੍ਰੇਮ ਸਿੰਘ ਨੇ ਉਹਦੇ ਦਿਲ ਦੀ ਹਾਲਤ ਜਾਣੀ ਤੇ ਉਹਨੇ ਉਹਨੂੰ ਉਹਦੇ ਨਾਲੋਂ ਵੀ ਵਧ ਪ੍ਰੇਮ ਕੀਤਾ। ਉਹਦਾ ਅਤਿਅੰਤ ਖਿਆਲ ਰਖਿਆ। ਗੁਰਮੀਤ ਨੂੰ ਪ੍ਰੇਮ ਸਿੰਘ ਕੋਲੋਂ ਕੋਈ ਗਿਲਾ ਨਹੀਂ ਹੋਇਆ ਤੇ ਨਾ ਹੀ ਪਤੀ ਨੂੰ ਪਤਨੀ ਕੋਲੋਂ। ਇਸ ਘਟਨਾ ਤੋਂ ਪਿਛੋਂ ਗੁਰਮੀਤ ਆਪਣੇ ਪਤੀ ਨੂੰ ਸਗੋਂ ਪਹਿਲੇ ਨਾਲੋਂ ਵੀ ਵਧ ਪਿਆਰ ਕਰਦੀ। ਉਹ ਅਗੇ ਨਾਲੋਂ ਹਰ ਇਕ ਨੂੰ ਪਿਆਰ ਕਰਦੀ। ਜਦੋਂ ਹਿਰਦੇ ਅੰਦਰ ਕੋਈ ਆਤਮਿਕ ਪੀੜ ਹੋਵੇ ਤਾਂ ਆਦਮੀ ਹਰ ਇਕ ਦੀ ਆਤਮਕ ਭੁਖ ਨੂੰ ਪੂਰਿਆਂ ਕਰਨ ਦੀ ਅਚੇਤ ਕੋਸ਼ਿਸ਼ ਕਰਦਾ ਹੈ।

Scanned by CamScanner

ਬਾਰਾਂ ਸਾਲ ਪਹਿਲੇ ਚੀਚਕ ਦੀ ਬਿਮਾਰੀ ਫੈਲੀ ਤੇ ਪ੍ਰੇਮ ਸਿੰਘ ਮਰ ਗਿਆ। ਪਹਿਲੇ ਵੀ ਗੁਰਮੀਤ ਜਦੋਂ ਮੌਕਾ ਦਏ ਹਰਪਾਲ ਕੋਲ ਆ ਜਾਂਦੀ ਸੀ, ਪਰ ਹੁਣ ਤਾਂ ਸਹੁਰੇ ਘਰ ਉਹਨੂੰ ਕੋਈ ਬੰਧਨ ਨਾ ਰਹਿ ਗਿਆ। ਉਹ ਲਾਹੌਰ ਚਲੀ ਆਈ। ਹੁਣ ਉਹ ਓਦੋਂ ਹੀ ਗੁਜਰਾਤ ਜਾਂਦੀ ਜਦੋਂ ਕਿ ਹਰਪਾਲ ਕਿਤੇ ਮੁਹਿੰਮ ਉੱਤੇ ਗਿਆ ਹੁੰਦਾ। ਐਤਕੀਂ ਵੀ ਹਰਪਾਲ ਦੇ ਪਿਸ਼ਾਵਰ ਜਾਣ ਪਿਛੋਂ ਉਹ ਇਕ ਸਾਲ ਗੁਜਰਾਤ ਰਹਿ ਆਈ ਸੀ। ਬੱਚੇ ਉਹਦੇ ਕਦੀ ਗੁਜਰਾਤ ਤੇ ਕਦੀ ਲਾਹੌਰ ਜਾਂ ਮਾਹਿਲ। ਹਾਂ, ਉਹਦੀ ਸਭ ਤੋਂ ਛੋਟੀ ਤ੍ਰਿਪਤ ਸਦਾ ਉਹਦੇ ਕੋਲ ਰਹਿੰਦੀ। ਸਭ ਦੇ ਜ਼ੋਰ ਲਾਉਣ ਉੱਤੇ ਵੀ ਉਹ ਆਪਣੇ ਦੂਜੇ ਵਿਆਹ ਵਾਸਤੇ ਨਹੀਂ ਸੀ ਮੰਨੀ। ਹਰਪਾਲ ਨੂੰ ਉਸ ਕਿਹਾ ਸੀ : "ਵੀਰਾ ! ਜਦੋਂ ਤਕ ਤੂੰ ਵਿਆਹ ਨਹੀਂ ਕਰਾਏਂਗਾ ਮੈਂ ਵੀ ਨਹੀਂ ਕਰਾਵਾਂਗੀ। ਤੇ ਨਾ ਹੀ ਮੈਂ ਤੇਰਾ ਵਿਆਹ ਕੁਥਾਵੇਂ ਹੋਣ ਦਿਆਂਗੀ, ਵੇਖੀਂ ਮਤੇ ਮੇਰੀ ਕੁਰਬਾਨੀ ਨੂੰ ਮੁਖ ਰਖ ਕੇ ਤੂੰ ਮੇਰੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਂ।"

ਬਸੰਤ ਕੌਰ ਸਰਹਿੰਦ ਤੋਂ ਆਈ। ਉਹਦੇ ਸੱਤ ਬੱਚੇ ਸਨ। ਵੱਡਾ ਪੁੱਤਰ ਜਤਿੰਦਰ ਤੇ ਸਭ ਤੋਂ ਛੋਟੀ ਧੀ ਗੁਰਬਿੰਦਰ ਕੌਰ ਉਹਦੇ ਨਾਲ ਆਏ। ਬਸੰਤ ਕੌਰ ਦਾ ਆਦਮੀ ਸਰਦਾਰ ਗੁਰਬੰਤਾ ਸਿੰਘ ਕੰਗ ਸਰਹਿੰਦ ਦੇ ਲਾਗੇ ਆਪਣੀ ਜਾਗੀਰ ਉੱਤੇ ਰਹਿੰਦਾ ਸੀ। ਬਸੰਤ ਕੌਰ ਦੀ ਸਰਹਿੰਦ ਨਾਲ ਸਾਂਝ ਇਕ ਤਰ੍ਹਾਂ ਨਾਲ ਮਾਹਿਲ ਘਰਾਣੇ ਦੀ ਸਰਹਿੰਦ ਨਾਲ ਸਾਂਝ ਵੀ ਸੀ। ਗੁਰਬੰਤਾ ਸਿੰਘ ਤੇ ਸਾਰੇ ਕੰਗ ਫ਼ਖ਼ਰਮੰਦ ਸਨ ਕਿ ਬਸੰਤ ਕੌਰ ਦਾ ਪੜਦਾਦਾ ਸ਼ਾਹਬਾਜ਼ ਸਿੰਘ ਚਪੜਚੇੜੀ ਦੇ ਮੈਦਾਨ ਵਿਚ ਬੰਦੇ ਬਹਾਦਰ ਦਾ ਸਰਦਾਰ ਸੀ। ਬਸੰਤ ਕੌਰ ਮਾਹਿਲ ਟੱਬਰ ਵਿਚ ਸਭ ਤੋਂ ਸਾਧਾਰਨ ਪਰਾਣੀ ਸੀ। ਨਾ ਕੋਈ ਖ਼ਾਸ ਗੁਣ ਨਾ ਕੋਈ ਔਗੁਣ। ਨਾ ਉਹ ਬਹੁਤੀ ਭਾਵੁਕ ਤੇ ਨਾ ਹੀ ਬੁਧੀਮਾਨ। ਜ਼ਿੰਦਗੀ ਜਿਵੇਂ ਆਏ ਉਵੇਂ ਸਵੀਕਾਰ ਕਰਦੀ। ਜਗ ਰਖਣੀ ਜਾਣਦੀ, ਰੀਤਾਂ ਤੇ ਮਰਯਾਦਾ ਵਿਚ ਸਿਆਣੀ ਤੇ ਚਤਰ।

ਚੂਹੜ ਸਿੰਘ ਦੀ ਉਮਰ ਹੁਣ ਪੰਜਤਾਲੀ ਵਰ੍ਹਿਆਂ ਦੀ ਸੀ। ਸਿਰੀਨਗਰ ਵਿਚ ਉਹ ਮਹਾਰਾਜਾ ਰਣਜੀਤ ਸਿੰਘ ਵਲੋਂ ਗਵਰਨਰ ਦੇ ਥ੍ਹੱਲੇ ਮੁਲਕੀ ਪਰਬੰਧ ਵਾਸਤੇ ਖ਼ਾਸ ਤੌਰ ਉੱਤੇ ਨਿਯਤ ਕੀਤਾ ਗਿਆ ਸੀ। ਇਕ ਚੰਗੇ ਪ੍ਰਬੰਧਕ ਤੋਂ ਇਲਾਵਾ ਉਹ ਇਕ ਚੰਗਾ ਜਰਨੈਲ ਵੀ ਸੀ ਤੇ ਜਿਵੇਂ ਮਾਹਿਲਾਂ ਵਿਚ ਆਮ ਹੈ, ਇਕ ਚੰਗਾ ਤੋਪਚੀ ਵੀ। ੧੮੩੪ ਵਿਚ ਜਦੋਂ ਲੱਦਾਖ ਨੂੰ ਸੋਧਨ ਦੀ ਲੋੜ ਪਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਉਚੇਚਾ ਚੂਹੜ ਸਿੰਘ ਨੂੰ ਚੁਣਿਆ। ਚੂਹੜ ਸਿੰਘ ਸ਼ਕਲ ਸੂਰਤ ਵਿਚ ਹਰਪਾਲ ਨਾਲ ਮਿਲਦਾ ਜੁਲਦਾ ਸੀ। ਰੰਗ ਚਰਾ ਕਾਲਾ, ਕੱਦ ਲੰਮਾ, ਸ਼ਰੀਰ ਤਕੜਾ, ਛਾਤੀ ਚੌੜੀ, ਨਕਸ਼ ਮੋਟੇ। ਹਾਂ ਪਰ, ਪੰਜਤਾਲੀ ਸਾਲ ਦੀ ਉਮਰ ਵਿਚ ਉਹਦੀ ਦਾੜ੍ਹੀ ਲਗ ਭਗ ਸਾਰੀ ਚਿੱਟੀ ਹੋ ਚੁਕੀ ਸੀ, ਜਿਥੇ ਉਨਤਾਲ੍ਹੀ ਸਾਲਾਂ ਵਿਚ ਹਰਪਾਲ ਨੂੰ ਅਜੇ ਇਕ ਵੀ ਧੌਲਾ ਨਹੀਂ ਸੀ ਆਇਆ। ਲੋਕ ਕਹਿੰਦੇ ਸਨ ਕਿ ਹਰਪਾਲ ਨੂੰ ਦਸ ਸਾਲ ਹੋਰ ਕੋਈ ਧੌਲਾ ਨਹੀਂ ਆਉਣਾ।

ਪ੍ਰੀਤਮ ਕੌਰ, ਚੂਹੜ ਸਿੰਘ ਨਾਲੋਂ ਸਿਰਫ ਚਾਰ ਵਰ੍ਹੇ ਵਡੀ ਸੀ, ਪਰ ਇਉਂ ਜਾਪਦਾ ਸੀ ਕਿ ਉਹ ਆਪਣੀ ਜ਼ਿੰਦਗੀ ਦੇ ਅੰਤਲੇ ਦਮਾਂ ਉੱਤੇ ਹੈ। ਉਹਦਾ ਸਰੀਰ ਸ਼ੁਰੂ ਤੋਂ ਹੀ ਮਾੜਾ ਰਿਹਾ ਸੀ ਤੇ, ਜਦੋਂ ਵੀ ਕੋਈ ਬਿਮਾਰੀ ਫੈਲਦੀ ਉਹ ਸਭ ਤੋਂ ਪਹਿਲੇ ਬਿਮਾਰ ਪੈਂਦੀ। ਇਕ ਵਾਰ ਉਹਨੂੰ ਸੀਤਲਾ ਨਿਕਲੀ, ਦੋ ਵਾਰ ਉਹਨੂੰ ਹੈਜ਼ਾ ਹੋਇਆ, ਤਿੰਨ ਵਾਰ ਮੋਹਰਕਾ, ਤਾਪ, ਪਰ ਪ੍ਰੀਤਮ ਕੌਰ ਸੀ ਕਿ ਬਿਮਾਰ ਵੀ ਪੈਂਦੀ ਤੇ ਬੱਚ ਵੀ ਰਹਿੰਦੀ। ਫਿਰ ਵੀ ਹਰ ਬਿਮਾਰੀ ਆਪਣੇ ਨਿਸ਼ਾਨ ਜ਼ਰੂਰ ਛਡ ਜਾਂਦੀ। ਆਪਣੇ ਕਮਜ਼ੋਰ, ਝੁਰੜੀਆਂ ਤੇ ਮਾਤਾ ਦੇ ਦਾਗ਼ਾਂ ਨਾਲ ਪੂਰ ਪੂਰ ਕਰਦੇ ਸਰੀਰ ਨਾਲ ਪ੍ਰੀਤਮ ਕੌਰ ਹੁਣ ਚੰਗੀ ਤਰ੍ਹਾਂ ਟੁਰ ਵੀ ਨਹੀਂ ਸੀ ਸਕਦੀ।

ਹਰਪਾਲ ਟੱਬਰ ਵਿਚ ਸਭ ਤੋਂ ਛੋਟਾ ਸੀ ਤੇ ਏਸੇ ਲਈ ਸਭ ਦਾ ਲਾਡਲਾ। ਉਹਨੂੰ ਸਾਰੇ ਪਿਆਰ ਕਰਦੇ। ਜਿਉਂ ਜਿਉਂ ਹਰਪਾਲ ਆਪਣੇ ਆਪ ਵਿਚ ਸਿਮਟਦਾ, ਘਰ ਵਾਲੇ ਸਗੋਂ ਉਹਦੇ ਉੱਤੇ ਆਪਣਾ ਆਪ ਵਧੇਰੇ ਨਿਛਾਵਰ ਕਰਦੇ। ਛੋਟੇ ਹੁੰਦਿਆਂ ਤੋਂ ਹੀ ਹਰਪਾਲ ਘਰ ਦੇ ਸਭ ਜੀਆਂ ਵਲੋਂ ਮਿਲਦੇ ਇਸ ਪਿਆਰ ਤੋਂ ਜਾਣੂੰ ਸੀ ਤੇ ਉਹ ਸਭਨਾਂ ਦੀ ਕਦਰ ਕਰਦਾ ਸੀ, ਪਰ ਇਸ ਪਿਆਰ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਹੋਰਨਾਂ ਬਾਲਕਾਂ ਵਾਂਗ ਸਾਧਾਰਨ ਨਾ ਬਣਾ ਸਕਿਆ। ਉਹ ਹੋਰਨਾਂ ਵਾਂਗ ਦੁਨੀਆਂ ਵਿਚ ਰਚ ਮਿਚ ਨਾ ਸਕਿਆ। ਉਹ ਹੱਸਦਾ, ਖੇਡਦਾ, ਗੌਂਦਾ, ਲੜਦਾ, ਮਿਲਦਾ ਜੁਲਦਾ ਵੀ ਕਿਸੇ ਹੱਦ ਤਕ ਅਲੋਪ ਰਹਿੰਦਾ। ਸ਼ਾਇਦ ਸਭ ਜੀਆਂ ਵਲੋਂ ਮਿਲਦੇ ਪਿਆਰ ਨੇ ਹੀ ਉਹਦੇ ਇਸ ਵਿਕੋਲਿਤਰੇ ਸੁਭਾ ਨੂੰ ਪ੍ਰਫੁਲਤ ਕੀਤਾ ?

Scanned by CamScanner

ਵੀਹ ਵਰ੍ਹੇ ਪਹਿਲੇ ਸਾਰਾ ਟੱਬਰ ਬਸੰਤ ਕੌਰ ਦੇ ਵਿਆਹ ਉੱਤੇ ਜੁੜਿਆ ਸੀ। ਉਸ ਤੋਂ ਪਿਛੋਂ ਟੱਬਰ ਦੇ ਕੁਝ ਇਕ ਜੀਅ ਤਾਂ ਘਰਾਣੇ ਵਿਚ ਹੁੰਦਿਆਂ ਵਿਆਹਾਂ ਤੇ ਮਰਨਿਆਂ ਉੱਤੇ ਮਿਲਦੇ ਰਹੇ, ਪਰ ਸਾਰਾ ਟੱਬਰ ਕਦੀ ਇਕੱਠਾ ਨਾ ਹੋ ਸਕਿਆ। ਕਦੀ ਕੋਈ ਬਿਮਾਰ ਹੁੰਦਾ, ਕਦੀ ਕੋਈ ਕਿਸੇ ਲੜਾਈ ਉੱਤੇ ਗਿਆ ਹੁੰਦਾ। ਕਦੀ ਕਿਸੇ ਦੇ ਬੱਚਾ ਹੋਣ ਵਾਲਾ ਹੁੰਦਾ। ਕਦੀ ਮੀਹਾਂ ਕਰ ਕੇ ਰਾਹ ਬੰਦ ਹੁੰਦੇ। ਕਦੀ ਕਿਸੇ ਦੇ ਘਰ ਕੋਈ ਮੌਤ ਹੋਈ ਹੋਣ ਕਰ ਕੇ ਖ਼ੁਸ਼ੀ ਦੇ ਮੌਕਿਆਂ ਉੱਤੇ ਸ਼ਰੀਕ ਨਾ ਹੋ ਸਕਦਾ।

ਜਦੋਂ ਪੁੱਤਰ ਧੀਆਂ ਵਿਆਹੇ ਜਾਣ ਤਾਂ ਉਨ੍ਹਾਂ ਦੀਆਂ ਇਕ ਦੀ ਥਾਂ ਦੋ ਜ਼ਿੰਦਗੀਆਂ ਹੋ ਜਾਂਦੀਆਂ ਹਨ। ਉਨ੍ਹਾਂ ਦੀਆਂ ਦਿਲਚਸਪੀਆਂ ਤੇ ਉਨ੍ਹਾਂ ਦੇ ਜੀਵਨ ਵੱਡੇ ਜਾਂਦੇ ਹਨ। ਵਿਆਹ ਤੋਂ ਥੋੜਾ ਚਿਰ ਪਿਛੋਂ ਤਕ ਤਾਂ ਮਾਪਿਆਂ ਨਾਲ ਸੰਬੰਧ ਦੇਰ ਗੂਹੜਾ ਹੁੰਦਾ ਹੈ, ਪਰ ਹੌਲੀ ਹੌਲੀ ਵਰ੍ਹਿਆਂ ਦੇ ਬੀਤਣ ਨਾਲ ਸਹੁਰਾ ਘਰ ਜ਼ਿੰਦਗੀ ਵਿਚ ਦੇਰ ਰਚ ਜਾਂਦਾ ਹੈ। ਉਂਜ ਵੀ ਨਿਤ-ਪ੍ਰਤੀ ਦਾ ਮਿਲਣਾ ਘਟ ਜਾਂਦਾ ਹੈ। ਬੱਚੇ ਹੋ ਜਾਂਦੇ ਹਨ ਤੇ ਬੱਚਿਆਂ ਦੇ ਨਾਲ ਆਉਂਦੀਆਂ ਹਨ। ਬੱਚਿਆਂ ਤੋਂ ਉਪਜਦੀਆਂ ਖੁਬੀਆਂ ਤੇ ਗ਼ਮੀਆਂ। ਕਦੀ ਕੋਈ ਬਿਮਾਰ, ਕਦੀ ਕਿਸੇ ਦੇ ਦੰਦੀਆਂ ਕੱਢਣ ਦਾ ਸਮਾਂ। ਉਮਰ ਨਾਲ ਸਗੀਰ ਮਾੜਾ ਪੈਂਦਾ ਜਾਂਦਾ ਹੈ ਤੇ ਸਫਰ ਝਾਗਣੇ ਪਹਿਲੇ ਵਾਂਗ ਸੁਖਾਲੇ ਨਹੀਂ ਰਹਿੰਦੇ। ਇਕ ਵਾਰ ਦਾ ਖੇਰੂੰ ਖੇਰੂੰ ਹੋਇਆ ਟੱਬਰ ਸਹਿਜੇ ਕੀਤਿਆਂ ਮੁੜ ਕੇ ਛੇਤੀ ਨਹੀਂ ਜੁੜਦਾ।

ਖ਼ਾਸ ਕਰ ਕੇ ਟੱਬਰ ਜਦੋਂ ਵਡਾ ਹੋਵੇ, ਉਦੋਂ ਤਾਂ ਇਕ ਥਾਂ ਜੁੜਨਾ ਬੜਾ ਹੀ ਮੁਸ਼ਕਲ ਹੁੰਦਾ। ਵੀਹ ਵਰ੍ਹੇ ਪਹਿਲੇ ਜਦੋਂ ਮਾਹਿਲ ਟੱਬਰ ਜੁੜਿਆ ਤਾਂ ਦਲੇਰ ਸਿੰਘ ਦੇ ਦੋਵੇਂ ਵਡੇ ਭਰਾ ਵੀ ਜ਼ਿੰਦਾ ਸਨ, ਹਰਨਾਮ ਸਿੰਘ ਤੇ ਮਿਹਰ ਸਿੰਘ। ਉਦੋਂ ਉਹ ਵੀ ਆਏ ਸਨ। ਦਲੇਰ ਸਿੰਘ ਦੀ ਇਕ ਭੈਣ ਦਲੀਪ ਕੌਰ ਵੀ ਜੀਉਂਦੀ ਸੀ ਤੇ ਉਹਦਾ ਆਦਮੀ ਹਰਪਾਲ ਵੀ। ਨਾਵਾਂ ਦੇ ਸੰਬੰਧ ਕਰ ਕੇ ਦਲੀਪ ਆਪਣੇ ਭਤੀਜੇ ਹਰਪਾਲ ਨੂੰ ਦੇਰ ਪਿਆਰ ਕਰਦੀ ਸੀ। ਪਰ ਹੁਣ ਵੀਹਾਂ ਸਾਲਾਂ ਪਿਛੋਂ ਪਿਛਲੀ ਪੀਹੜੀ ਵਿਚੋਂ ਸਿਰਫ ਦਲੇਰ ਸਿੰਘ ਹੀ ਜੀਉਂਦਾ ਬਚਿਆ ਸੀ। ਬੇਸ਼ਕ ਹਰਨਾਮ ਸਿੰਘ, ਮਿਹਰ ਸਿੰਘ, ਦਲੀਪ ਕੌਰ ਤੇ ਸੁਰਿੰਦਰ ਕੌਰ ਦੀ ਸੰਤਾਨ ਲਾਹੌਰ ਤੇ ਮਾਹਿਲ ਵਿਆਹ ਸ਼ਾਦੀਆਂ ਵਿਚ ਸ਼ਰੀਕ ਹੁੰਦੀ ਰਹੀ, ਪਰ ਪਹਿਲੇ ਜਿਹੀ ਗੱਲ ਨਾ ਰਹੀ। ਨਾਂ ਹੀ ਰਹਿ ਸਕਦੀ ਸੀ। ਟੱਬਰ ਹੌਲੀ ਹੌਲੀ ਆਪੋ ਵਿਚ ਇਉਂ ਪਾੜੇ ਜਾਂਦੇ ਹਨ। ਰੁਚੀਆਂ ਤੇ ਸ਼ੌਕ ਤੇ ਰੁਝੇਵੇਂ ਇਕ ਦੂਜੇ ਨੂੰ ਇਕ ਦੂਜੇ ਕੋਲੋਂ ਦੂਰ ਦੂਰ ਲੈ ਜਾਂਦੇ ਹਨ।

ਪਰ ਅੱਜ ਟੱਬਰ ਦਾ ਸਿਤਤਾਜ ਬਿਮਾਰ ਸੀ। ਹਣ ਸਾਰਾ ਟੱਬਰ ਕਿਵੇਂ ਨਾ ਜੁੜਦਾ ? ਜ਼ਿੰਦਗੀ ਵਿਚ ਆਦਮੀ ਕਈ ਵਾਰ ਬਿਮਾਰ ਹੁੰਦਾ ਹੈ ਪਰ ਬਿਮਾਰ ਹੋਣ ਵਾਲੇ ਨੂੰ ਤੇ ਬਾਕੀ ਸਭ ਰਿਸ਼ਤੇਦਾਰਾਂ ਤੇ ਮਿੱਤ੍ਰਾਂ ਨੂੰ ਅਚੇਤ ਹੀ ਵਿਸ਼ਵਾਸ ਹੁੰਦਾ ਹੈ ਕਿ ਇਹ ਬਿਮਾਰੀ ਆਦਮੀ ਦੀ ਆਖ਼ਰੀ ਬਿਮਾਰੀ ਨਹੀਂ। ਸਭ ਨੂੰ ਅਚੇਤ ਹੀ ਵਿਸ਼ਵਾਸ ਹੁੰਦਾ ਹੈ ਕਿ ਜਲਦੀ ਹੀ ਉਨ੍ਹਾਂ ਦਾ ਮਿੱਤਰ ਜਾਂ ਰਿਸ਼ਤੇਦਾਰ ਰਾਜ਼ੀ ਹੋ ਜਾਏਗਾ। ਇਨਸਾਨ ਬਹੁਤੀਆਂ ਬਿਮਾਰੀਆਂ ਵਲ ਗਹੁ ਹੀ ਨਹੀਂ ਦੇਂਦਾ। ਜੇ ਮਨੁੱਖ ਘਰ ਜਾਂ ਘਰਾਣੇ ਵਿਚ ਆਈ ਹਰ ਬਿਮਾਰੀ ਵਲ ਗਹੁ ਕਰਨ ਲਗੇ ਤਾਂ ਉਹ ਆਪ ਹੀ ਮਾਨਸਕ ਰੋਗੀ ਹੋ ਜਾਏ।

ਪਰ ਕਈ ਬਿਮਾਰੀਆਂ ਆਉਂਦੀਆਂ ਹਨ ਜਦੋਂ ਅਚੇਤ ਹੀ ਲੋਕਾਂ ਨੂੰ ਲਗਣ ਲਗ ਜਾਂਦਾ ਹੈ ਕਿ ਇਹ ਉਨ੍ਹਾਂ ਦੇ ਮਿੱਤਰ ਜਾਂ ਰਿਸ਼ਤੇਦਾਰ ਦੀ ਆਖਰੀ ਬਿਮਾਰੀ ਹੈ। ਕੋਈ ਚੀਜ਼ ਉਨ੍ਹਾਂ ਨੂੰ ਆ ਰਹੀ ਘਟਨਾ ਬਾਰੇ ਦਸਦੀ ਹੈ। ਉਨ੍ਹਾਂ ਕੋਲੋਂ ਚੈਨ ਨਹੀਂ ਹੁੰਦਾ, ਸਬਰ ਨਹੀਂ ਹੁੰਦਾ। ਉਹ ਰਹਿ ਨਹੀਂ ਸਕਦੇ। ਉਹ ਆਪਣੇ ਪਿਆਰੇ ਦੇ ਨੇੜੇ ਹੋਣ ਲਈ ਬੇਕਰਾਰ ਹੋ ਜਾਂਦੇ ਹਨ। ਇਹੋ ਜਿਹੀਆਂ ਬਿਮਾਰੀਆਂ ਤੇ ਮੌਤਾਂ ਵੇਲੇ ਮਿੱਤਰ ਭਾਵੇਂ ਉੱਕ ਜਾਣ, ਪਰ ਰਿਸ਼ਤੇਦਾਰ ਘਟ ਵਧ ਹੀ ਉੱਕਦੇ ਹਨ। ਮਿੱਤਰ ਬੇਸ਼ਕ ਲੱਖ ਪਿਆਰ ਕਰਨ, ਪਰ ਉਨ੍ਹਾਂ ਦੇ ਪਿਆਰ ਵਿਚ ਮਿੱਤਰ ਦੇ ਭਵਿਖ ਬਾਰੇ ਜਾਣਨ ਦੀ ਕਰਾਮਾਤੀ ਸ਼ਕਤੀ ਨਹੀਂ ਹੁੰਦੀ। ਮਿੱਤਰ ਮਿੱਤਰਾਂ ਨੂੰ ਰਿਸ਼ਤੇਦਾਰ ਨਾਲੋਂ ਵਧ ਡੂੰਘਾ ਤੇ ਤੀਬਰ ਪਿਆਰ ਤੇ ਅਵੱਸ਼ ਕਰ ਸਕਦੇ ਹਨ, ਪਰ ਸਿਰਫ ਰਿਸ਼ਤੇਦਾਰ ਹੀ ਰਿਸ਼ਤੇਦਾਰਾਂ ਨੂੰ ਵੇਲੇ ਕੁਵੇਲੇ ਪੁਕਾਰ ਸਕਦੇ ਹਨ। ਸ਼ਾਇਦ ਇਹ ਭਿੰਨਤਾ ਉਸ ਸ਼ੈ ਦੀ ਹੈ ਜਿਹਨੂੰ ਅਸੀਂ ਆਂਦਰਾਂ ਕਹਿੰਦੇ ਹਾਂ। ਇਹ ਆਂਦਰਾਂ ਦਾ ਰਿਸ਼ਤਾ ਕਰਾਮਾਤੀ ਰਿਸ਼ਤਾ ਹੈ। ਆਂਦਰਾਂ ਬੜਾ ਕੁਝ ਅਣਦਸਿਆ ਜਾਣ ਜਾਂਦੀਆਂ ਹਨ, ਬੜਾ ਕੁਝ ਅਣਕਿਹਾ ਸੁਣ ਲੈਂਦੀਆਂ ਹਨ।

ਦਲੇਰ ਸਿੰਘ ਦੀ ਇਸ ਬਿਮਾਰੀ ਦੀ ਖ਼ਬਰ ਸੁਣਦਿਆਂ ਹੀ ਜਿਵੇਂ ਸਭ ਜੀਆਂ ਨੂੰ ਮਨ ਹੀ ਮਨ ਖੁੜਕ ਗਈ। ਉਨ੍ਹਾਂ ਨੂੰ ਲਗਾ ਕਿ ਔਤਕੀ ਕੁਝ ਨਾ ਕੁਝ ਹੋ ਕੇ ਰਹੇਗਾ। ਉਹ ਜਾਣ ਗਏ ਕਿ ਇਸ ਬਿਮਾਰੀ ਉੱਤੇ ਉਨ੍ਹਾਂ ਜ਼ਰੂਰ ਪਹੁੰਚਣਾ

Scanned by CamScanner

ਹੈ। ਮੀਂਹ ਆਵੇ ਹਨੇਰੀ, ਘਰ ਬਿਮਾਰੀ ਹੋਵੇ ਚਾਹੇ ਵਿਆਹ ਸ਼ਾਦੀ, ਆਪਣਾਂ ਸਰੀਰ ਭਾਵੇਂ ਢਿਲਾ ਹੋਵੇ ਭਾਵੇਂ ਤਕੜਾ, ਹਰ ਹਾਲਤ ਵਿਚ ਉਨ੍ਹਾਂ ਨੇ ਇਸ ਬਿਮਾਰੀ ਵੇਲੇ ਦਲੇਰ ਸਿੰਘ ਦੀ ਮੰਜੀ ਕੋਲ ਪਹੁੰਚਣਾ ਹੈ। ਇਸ ਬਿਮਾਰੀ ਦੀ ਖ਼ਬਰ ਸੁਣਦਿਆਂ ਹਰਨਾਮ ਸਿੰਘ ਤੇ ਮਿਹਰ ਸਿੰਘ ਦੀ ਸੰਤਾਨ ਵੀ ਪਹੁੰਚੀ। ਹਰਨਾਮ ਸਿੰਘ ਦਾ ਵਡਾ ਪੁੱਤਰ ਕੁਮੇਦਾਨ ਭੈਮਾ ਸਿੰਘ ਅੰਮ੍ਰਿਤਸਰੋਂ ਆਇਆ ਤੇ ਮਿਹਰ ਸਿੰਘ ਦਾ ਇਕ ਪੁੱਤਰ ਸੁਰਜੀਤ ਸਿੰਘ ਬਟਾਲੇ ਤੋਂ। ਮਿਹਰ ਸਿੰਘ ਦਾ ਇਕ ਹੋਰ ਪੁੱਤਰ ਸਰਦੂਲ ਸਿੰਘ ਉਂਜ ਹੀ ਲਾਹੌਰ ਰਹਿੰਦਾ ਸੀ, ਜਿਥੇ ਕਿ ਉਹ ਮਹਾ ਰਾਜਾ ਰਣਜੀਤ ਸਿੰਘ ਦੀ "ਜਮਾਂਦਾਰ ਵਾਲਾ ਡੇਰਾ" ਰਜਮੈਂਟ ਵਿਚ ਸਿਪਾਹੀ ਸੀ।

ਦਲੇਰ ਸਿੰਘ ਦੇ ਕੁਝ ਮਿੱਤ੍ਰ ਵੀ ਆਏ। ਬਾਜ ਸਿੰਘ ਰੰਧਾਵਾ, ਨੱਥਾ ਸਿੰਘ ਬਰਾੜ ਤੇ ਧੰਨਾ ਸਿੰਘ ਮਲਵਈ, ਇਕ ਦੋ ਹੋਰ ਵੀ ਆਏ ਪਰ, ਕੋਈ ਦੋ ਦਿਨ ਟਿਕਦਾ ਕੋਈ ਚਾਰ ਦਿਨ ਤੇ ਫਿਰ ਉਹ ਟੁਰ ਜਾਂਦੇ, ਫਿਰ ਆਉਣ ਲਈ। ਧੰਨਾ ਸਿੰਘ ਤੇ ਬਾਜ ਸਿੰਘ ਹਰ ਪੰਦਰ੍ਹਵੇਂ ਦਿਨ ਜਾਂ ਮਹੀਨੇ ਦੇ ਮਹੀਨੇ ਫੇਰੇ ਮਾਰਦੇ ਰਹੇ, ਪਰ ਦਲੇਰ ਸਿੰਘ ਦੇ ਕਈ ਮਿੱਤਰ ਅਜਿਹੇ ਵੀ ਸਨ ਜਿਹੜੇ ਉਹਨੂੰ ਮਿਲਣ ਨਹੀਂ ਆਏ ਤੇ ਉਨ੍ਹਾਂ ਦੇ ਨਾ ਆਉਣ ਦਾ ਉਹਨੂੰ ਦੁਖ ਹੋਇਆ। ਇਕ ਦਿਨ ਉਸ ਹਰਪਾਲ ਨੂੰ ਆਖਿਆ : "ਕਰਮ ਸਿੰਘ ਕੰਬੋਅ ਨੂੰ ਇਕ ਸੁਨੇਹਾ ਹੋਰ ਘਲ ਦੇ, ਹਰਪਾਲ। ਪਤਾ ਨਹੀਂ ਕਿਉਂ ਮੇਰਾ ਉਹਨੂੰ ਮਿਲਣ ਤੇ ਬੜਾ ਜੀ ਕਰਦਾ ਹੈ।"

"ਜਿਵੇਂ ਆਖੋ ਪਿਤਾ ਜੀ", ਹਰਪਾਲ ਨੇ ਕਿਹਾ ਤੇ ਉਸ ਪਿਤਾ ਦੀ ਆਗਿਆ ਦਾ ਪਾਲਣ ਕੀਤਾ। ਪਰ ਕਰਮ ਸਿੰਘ ਕੰਬੋਅ ਚੰਬੇ ਸਨੇਹੇ ਉੱਤੇ ਜਦੋਂ ਆਇਆ ਤਾਂ ਦਲੇਰ ਸਿੰਘ ਸੁਧਾਰ ਚੁਕਾ ਸੀ। ਦਲੇਰ ਸਿੰਘ ਵੀ ਜਾਣਦਾ ਸੀ ਕਿ ਇਹ ਬਿਮਾਰੀ ਉਹਦੀ ਆਖ਼ਰੀ ਬਿਮਾਰੀ ਹੈ ਤੇ ਉਹ ਮਰਨ ਲਈ ਤਿਆਰ ਸੀ। ਉਸ ਆਪਣੀ ਜ਼ਿੰਦਗੀ ਵਿਚ ਬੜਾ ਕੁਝ ਖਟਿਆ ਤੇ ਕਮਾਇਆ ਸੀ। ਉਹ ਸੰਤੁਸ਼ਟਤਾ ਤੇ ਖੁਸ਼ੀ ਨਾਲ ਮਰ ਸਕਦਾ ਸੀ। ਆਪਣੇ ਘਰਾਣੇ ਤੇ ਆਪਣੀ ਔਲਾਦ ਉੱਤੇ ਉਹ ਹਰ ਪਹਿਲੂ ਤੋਂ ਮਾਣ ਕਰਦਾ ਸੀ। ਮਾਹਿਲ ਖ਼ਾਲਸਾ ਸਲੱਤਨਤ ਦਾ ਥੰਮ੍ਹ ਸਨ।

ਦਲੇਰ ਸਿੰਘ ਆਪਣੀ ਇਸ ਅੰਤਲੀ ਬਿਮਾਰੀ ਦੇ ਦੌਰਾਨ ਵਿਚ ਜਿਹੜੀ ਢਾਈ ਤਿੰਨ ਮਹੀਨੇ ਲਮਕੀ, ਸਦਾ ਖੁਸ਼ ਨਜ਼ਰ ਆਉਂਦਾ। ਉਹ ਹਰ ਆਏ ਗਏ ਨਾਲ ਕੋਈ ਨਾ ਕੋਈ ਮਖੌਲ ਕਰਦਾ। ਆਪਣੇ ਪੁੱਤਰਾ ਧੀਆਂ, ਭਤੀਜੇ ਭਤੀਜੀਆਂ, ਤੇ ਪੋਤਰੇ ਪੋਤਰੀਆਂ ਨੂੰ ਆਪਣੇ ਜੀਵਨ ਵਿਚੋਂ ਕਹਾਣੀਆਂ ਸੁਣਾਂਦਾ। ਦਲੇਰ ਸਿੰਘ ਦੀ ਸਭ ਤੋਂ ਪਿਆਰੀ ਕਹਾਣੀ ਉਹਦੀ ਬਚਪਨ ਦੀ ਕਹਾਣੀ ਸੀ। "ਮੈਂ ਓਦੋਂ ਮਸਾਂ ਅੱਠਾਂ ਕਿ ਨੌਆਂ ਸਾਲਾਂ ਦਾ ਸਾਂ," ਉਹ ਆਖਦਾ, "ਮੇਰਾ ਬਾਬਾ ਜਾਂਬਾਜ਼ ਸਿੰਘ ਲਾਹੌਰ ਜਿੱਤ ਕੇ ਮੁੜਿਆ ਸੀ ਤੇ ਮੇਰੀ ਦਾਦੀ ਸ਼ੁਭਵੰਤ ਉਹਨੂੰ ਰੋਜ਼ ਲਾਹੌਰ ਵਿਖਾਣ ਵਾਸਤੇ ਤਰਲੇ ਕਰਦੀ ਸੀ। ਪਤ ਬਾਬਾ ਘੋਸ ਵੱਟੀ ਰਖਦਾ। ਅਸੀਂ ਸਾਰੇ ਵੀ ਲਾਹੌਰ ਜਾਣ ਵਾਸਤੇ ਕਾਹਲੇ ਸਾਂ, ਪਰ ਸਾਡਾ ਬਾਬਾ ਸਾਨੂੰ ਵਖਰਿਆਂ ਕਰ ਕੇ ਦਸਦਾ ਕਿ ਉਹ ਸਾਡੀ ਦਾਦੀ ਨੂੰ ਖਪਾ ਰਿਹਾ ਹੈ। ਅਸੀਂ ਕੁਝ ਨਾ ਕਹੀਏ..."

ਤੇ ਇਹ ਕਹਾਣੀ ਸੁਣਾਦਾ ਸੁਣਾਂਦਾ ਉਹ ਕਦੀ ਹੱਸਦਾ ਤੇ ਕਦੀ ਮੁਸਕਰਾਂਦਾ। ਉਹ ਆਪ ਇਸ ਕਹਾਣੀ ਵਿਚੋਂ ਸਰੋਤਿਆਂ ਤੋਂ ਵਧ ਸਵਾਦ ਲੈਂਦਾ ਜਾਪਦਾ। ਬੜੇ ਮਸਾਲੇ ਲਾਂਦਾ ਤੇ ਬੜਾ ਝੂਠ ਸੱਚ ਬੋਲਦਾ। ਇਕ ਨਿੱਕੀ ਜਿਹੀ ਗੱਲ ਅੱਧੇ ਮੁੰਨੇ ਘੰਟੇ ਦੀ ਕਹਾਣੀ ਬਣ ਜਾਂਦੀ। ਉਹ ਆਪਣੇ ਸਰੋਤਿਆਂ ਨੂੰ ਦਸਦਾ ਕਿ ਕਿਵੇਂ ਪੰਜਾਂ ਛੇਆਂ ਵਰ੍ਹਿਆਂ ਦੀ ਉਮਰ ਵਿਚ ਉਹ ਪਹਿਲੀ ਵਾਰ ਜਾਂਬਾਜ਼ ਨਾਲ ਗੁਜਰਾਂਵਾਲੇ ਦੀ ਜੰਗ ਉੱਤੇ ਗਿਆ ਸੀ। ਰਣਜੀਤ ਸਿੰਘ ਦੀ ਸੁਕਰਚਕੀਆ ਮਿਸਲ ਵਲੋਂ ਹੋਈ ਇਹ ਲੜਾਈ ਉਹਦੀ ਪਹਿਲੀ ਲੜਾਈ ਸੀ। ਉਹਨੂੰ ਆਪਣੀ ਭੈਣ ਦਾ ਵਿਆਹ ਜਿਥੇ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਇਲਾਵਾ ਸਰਦਾਰ ਲਹਿਣਾ ਸਿੰਘ ਭੰਗੀ, ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਆਏ, ਚੰਗੀ ਤਰ੍ਹਾਂ ਯਾਦ ਸੀ।

ਯਾਦ ਸੀ ਕਿ ਸਿਰਫ ਦਲੇਰ ਸਿੰਘ ਨੂੰ ਹੀ ਇਉਂ ਲਗਦਾ ਕਿ ਉਹਨੂੰ ਸਭ ਕੁਝ ਯਾਦ ਹੈ। ਆਪਣੇ ਬਾਬੇ ਤੇ ਦਾਦੀ ਤੇ ਆਪਣੀ ਮਾਂ, ਪਿਤਾ ਤੇ ਭਰਾਵਾਂ, ਭੈਣਾਂ ਕੋਲੋਂ ਆਪਣੇ ਬਚਪਨ ਦੀਆਂ ਉਸ ਅਨੇਕਾਂ ਕਹਾਣੀਆਂ ਸੁਣੀਆਂ ਕਿ ਉਹਨੂੰ ਆਪਣੀ ਤਿੰਨ ਚਾਰ ਵਰ੍ਹਿਆਂ ਦੀ ਉਮਰ ਦਾ ਵੀ ਸੰਭਾਲਾ ਚੰਗਾ ਸੰਭਾਲਾ ਜਾਪਦਾ। ਇਹ ਗੱਲਾਂ ਸੁਣ ਸੁਣ ਕੇ ਦਲੇਰ ਸਿੰਘ ਨੂੰ ਇਉਂ ਲਗਣ ਲਗਾ ਕਿ ਉਹਦੀ ਆਪਣੀ ਬਚਪਨ ਦੀ ਜ਼ਿੰਦਗੀ ਉਹਦੇ ਕਿਸੇ ਪੁੱਤਰ ਜਾਂ ਪੋਤਰੇ ਦੀ ਜ਼ਿੰਦਗੀ ਹੈ। ਅਜ ਕਲ ਵੀ ਬਚਪਨ ਦੀਆਂ ਕਹਾਣੀਆਂ ਸੁਣਾਂਦਾ ਉਹ ਕਈ ਵਾਰ ਆਖਿਆ ਕਰਦਾ : "ਮੈਂ ਓਦੋਂ ਸਗਵਾਂ ਗੁਰਪਾਲ ਵਰਗਾ

Scanned by CamScanner

ਸਾਂ..." ਏਸੇ ਤਰ੍ਹਾਂ ਹੀ ਕੁਝ ਵਰ੍ਹੇ ਪਹਿਲਾਂ ਉਹ ਆਖਿਆ ਕਰਦਾ ਸੀ : "ਓਦੋਂ ਮੈਂ ਸਗਵਾਂ ਹਰਪਾਲ ਵਰਗਾ ਸਾਂ।"

ਆਪਣੇ ਬਾਬੇ ਜਾਂਬਾਜ਼ ਤੇ ਦਾਦੀ ਸ਼ੁਭਵੰਤ ਦੇ ਹਾਸ ਰਸ ਬਾਰੇ ਗੱਲਾਂ ਦਸਣ ਦਾ ਉਹਨੂੰ ਬੜਾ ਸ਼ੌਕ ਸੀ। ਉਹ ਆਖਦਾ : "ਅੰਤ ਤਕ ਉਹ ਹੱਸਦੇ ਖੇਡਦੇ ਰਹੇ। ਸ਼ੁਭਵੰਤ ਨੇ ਮਰਨ ਵੇਲੇ ਵੀ ਮੇਰੇ ਬਾਬੇ ਨੂੰ ਮਖ਼ੌਲ ਕੀਤਾ ਤੇ ਆਖਿਆ, "ਮੈਨੂੰ ਲਗਦਾ ਹੈ ਮੇਨੀ ਮੋਤ ਪਿਛੋਂ ਤੂੰ ਫਿਰ ਲੜਾਈਆਂ ਉੱਤੇ ਉਠ ਭੱਜੇਂਗਾ।" ਮੇਰਾ ਦਾਦਾ ਵੀ ਮੁਸਕਰਾਇਆ ਤੇ ਉਸ ਆਖਿਆ, "ਮੈਂ ਨਹੀਂ ਤਾਂ ਮੇਰਾ ਦਲੇਰ ਤਾਂ ਜ਼ਰੂਰ ਮੁਹਿੰਮਾਂ ਉੱਤੇ ਜਾਇਆ ਹੀ ਕਰੇਗਾ।"

ਦਲੇਰ ਸਿੰਘ ਬਾਇਦ ਜਾਂਬਾਜ਼ ਤੇ ਸ਼ੁਭਵੰਤ ਦੀਆਂ ਕਹਾਣੀਆਂ ਇਸ ਲਈ ਸੁਣਾਂਦਾ ਸੀ ਕਿਉਂਕਿ ਉਹ ਆਪ ਉਨ੍ਹਾਂ ਦੀ ਉਮਰ ਤਕ ਪਹੁੰਚਿਆ ਸੀ। ਉਹਦੇ ਮਾਤਾ ਪਿਤਾ ਪੰਜਾਹ ਸੱਠ ਸਾਲਾਂ ਤੋਂ ਵਧ ਨਹੀਂ ਸਨ ਤੱਗੇ ਤੇ ਉਹ ਹੁਣ ਆਪਣੇ ਤਿਰਾਸੀਵੇਂ ਵਰ੍ਹੇ ਵਿਚੋਂ ਲੰਘ ਰਿਹਾ ਸੀ। ਇਸ ਉਮਰ ਵਿਚ ਆਦਮੀ ਨੂੰ ਹਰ ਕਲਪਨਾ ਵਾਸਤਵ ਲਗਦੀ ਹੈ। ਹਰ ਸੋਚ ਉਡਾਰੀ ਇਉਂ ਜਾਪਦਾ ਹੈ ਜਿਵੇਂ ਸੱਚ ਮੁਚ ਦੀ ਉਡਾਰੀ ਹੋਵੇ। ਇਸ ਉਮਰ ਤਕ ਬਚਪਨ ਦੀਆਂ ਯਾਦਾਂ ਥੋਂ ਇਲਾਵਾ ਅਨੇਕ ਹੋਰ ਸੰਕਲਪ, ਚਿਤਰ, ਭਾਵਨਾਵਾਂ, ਖ਼ਿਆਲ ਵਾਸਤਵ ਯਾਦਾਂ ਵਾਂਗ ਲਗਣ ਲਗ ਜਾਂਦੇ ਹਨ।

ਦਲੇਰ ਸਿੰਘ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਵੀ ਕਈ ਕਹਾਣੀਆਂ ਸੁਣਾਂਦਾ। ਗੁਰਦਈ ਕੌਰ ਦੇ ਪੇਕੇ ਟੱਬਰ ਨੂੰ ਉਹ ਸਦਾ ਮਖ਼ੌਲ ਕਰਦਾ ਸੀ, ਕਿਉਂ ਜੋ ਪਹਿਲੇ ਪਹਿਲ ਉਹ ਗੁਰਦਈ ਤੇ ਦਲੇਰ ਸਿੰਘ ਦੇ ਵਿਆਹ ਵਾਸਤੇ ਰਾਜ਼ੀ ਨਹੀਂ ਸਨ ਹੁੰਦੇ। ਦਲੇਰ ਸਿੰਘ ਓਦੋਂ ਤਿੰਨ ਚਾਰ ਮਹੀਨੇ ਦੀ ਲੰਮੀ ਬਿਮਾਰੀ ਪਿਛੋਂ ਉਠਿਆ ਸੀ ਤੇ ਬੜਾ ਕਮਜ਼ੋਰ ਸੀ। ਗੁਰਦਈ ਦੇ ਮਾਪਿਆਂ ਦੇ ਅਨੁਮਾਨ ਅਨੁਸਾਰ ਦਲੇਰ ਸਿੰਘ ਦੇ ਬਿਲਕੁਲ ਨੇੜ ਨੇੜ ਹੋਣ ਦੀ ਬਹੁਤੀ ਆਸ ਨਹੀਂ ਸੀ। ਜਦੋਂ ਵੀ ਦਲੇਰ ਸਿੰਘ ਕਿੱਸਾ ਸੁਣਾਂਦਾ ਤਾਂ ਗੁਰਦਈ ਉਹਨੂੰ ਆਖਦੀ, "ਕੋਈ ਹੋਰ ਗੱਲ ਮੇਰੇ ਬਾਰੇ ਨਹੀਂ ਨਾ ਸੁਝਦੀ। ਏਸੇ ਲਈ ਸਦਾ ਇਹੋ ਗੱਲ ਆਖਦੇ ਹੋ।"

ਇਨ੍ਹਾਂ ਕਹਾਣੀਆਂ, ਮਸਖ਼ਰੀਆਂ ਤੇ ਚੁਟਕਲਿਆਂ ਤੋਂ ਇਲਾਵਾ ਦਲੇਰ ਸਿੰਘ, ਹਰਪਾਲ ਨਾਲ ਸੰਜੀਦਾ ਗੱਲਾਂ ਵੀ ਕਰਦਾ। ਸੰਜੀਦਾ ਗੱਲਾਂ, ਬਾਬੇ ਬੰਦੇ ਦੀ ਲੜਾਈ ਵੇਲੇ ਦੀਆਂ, ਸਿਖ ਰਾਜ ਦੇ ਸਥਾਪਤ ਹੋਣ ਤੋਂ ਪਹਿਲੇ ਦੀਆਂ ਤੇ ਫਿਰ ਖ਼ਾਲਸਦਾਰੀ ਪ੍ਰਬੰਧ ਦੀਆਂ। ਅੰਤ ਉਹ ਮਹਾਰਾਜਾ ਰਣਜੀਤ ਸਿੰਘ ਦੇ ਗੁਣ ਗਾਉਂਦਾ ਤੇ ਦਸਦਾ ਕਿ ਕਿਵੇਂ ਰਣਜੀਤ ਸਿੰਘ ਨੇ ਇਕ ਫਿਰਕੇ ਤੇ ਇਕ ਜਾਤੀ ਨੂੰ ਇਕ ਕੌਮ ਵਿਚ ਢਾਲਿਆ ਹੈ। ਅੰਗਰੇਜ਼ਾਂ ਤੇ ਅਫ਼ਗਾਨਾਂ ਨਾਲ ਵਰਤੀ ਗਈ ਰਾਜਨੀਤੀ ਬਾਰੇ ਵੀ ਉਹ ਹਰਪਾਲ ਨੂੰ ਕਈ ਮੁਫ਼ੀਆ ਗੱਲਾਂ ਦਸਦਾ, ਪਰ ਇਕ ਅਜੀਬ ਝਾਕੁਕਤਾ ਨਾਲ ਉਹ ਸਿਖ ਕੌਮ ਤੇ ਖ਼ਾਲਸਾ ਰਾਜ ਦੇ ਭਵਿਖ ਬਾਰੇ ਚੁਪ ਰਹਿੰਦਾ। ਹਰਪਾਲ ਸਿੰਘ ਤਾੜਦਾ ਤੇ ਉਹਨੂੰ ਲਗਦਾ ਕਿ ਜਿਵੇਂ ਦਲੇਰ ਸਿੰਘ ਦੇ ਮਨ ਵਿਚ ਵੀ ਹਰੀ ਸਿੰਘ ਨਲੂਏ ਦੇ ਮਠ ਵਿਚੋਂ ਉਠਦੇ ਸ਼ੰਕਿਆਂ ਤੇ ਡਰਾਂ ਦੀ ਗੁੰਜਾਰ ਗੂੰਜ ਰਹੀ ਹੈ।

Scanned by CamScanner

੮੯

ਅੱਜ ਮਹਾਰਾਜਾ ਰਣਜੀਤ ਸਿੰਘ ਸਰਦਾਰ ਦਲੇਰ ਸਿੰਘ ਮਾਹਿਲ ਦਾ ਹਾਲ ਪੁਛਣ ਲਈ ਮਾਹਿਲਾਂ ਦੀ ਹਵੇਲੀ ਆਇਆ। ਕਈ ਵਾਰ ਸ਼ਾਮੀਂ ਰਣਜੀਤ ਸਿੰਘ ਹਾਥੀ ਉੱਤੇ ਚੜ੍ਹ ਕੇ ਲਾਹੌਰ ਸ਼ਹਿਰ ਵਿਚ ਤੇ ਲਾਹੌਰ ਦੇ ਉਪ-ਨਗਰਾਂ ਵਿਚ ਘੁੰਮਿਆ ਕਰਦਾ ਸੀ। ਸਵੇਰੇ ਵੀ ਜਦੋਂ ਉਹ ਫ਼ੌਜੀ ਕਵਾਇਦ ਵੇਖਣ ਵਾਸਤੇ ਜਾਂਦਾ ਤਾਂ ਮਹਿਲਾਂ ਵਲ ਮੁੜਦਿਆਂ ਕਦੀ ਕਿਤੇ ਕਦੀ ਕਿਤੇ ਖਲੋ ਜਾਂਦਾ। ਲੋਕਾਂ ਕੋਲੋਂ ਉਨ੍ਹਾਂ ਦੀ ਸੁਖ ਸਾਂਦ ਪੁਛਦਾ, ਕਿਸੇ ਯੁਵਕ ਦੇ ਸਿਰ ਉੱਤੇ ਪਿਆਰ ਦੇਂਦਾ; ਕਿਸੇ ਫਿੱਟ ਦਾੜ੍ਹੀਏ ਕੋਲੋਂ ਆਪ ਅਸੀਸ ਲੈਂਦਾ, ਕਿਸੇ ਬੱਚੇ ਨੂੰ ਕੋਈ ਸੁਗਾਤ ਦੇਂਦਾ, ਕਿਸੇ ਕੁੜੀ ਮੁੰਡੇ ਨੂੰ ਆਪਣੇ ਨਾਲ ਹਾਥੀ ਉੱਤੇ ਬਿਠਾ ਲੈਂਦਾ। ਰਣਜੀਤ ਸਿੰਘ ਉਸ ਵੇਲੇ ਦੇ ਰਾਜਿਆਂ ਤੇ ਪਾਤਸ਼ਾਹਾਂ ਵਿਚੋਂ ਇਕੋ ਇਕ ਅਜਿਹਾ ਮਹਾਰਾਜਾ ਸੀ ਕਿ ਜਿਸ ਨੂੰ ਮਿਲਣ ਵਾਸਤੇ ਕਿਸੇ ਨੂੰ ਕੋਈ ਮੁਸ਼ਕਲ ਵਿਚੋਂ ਨਹੀਂ ਸੀ ਲੰਘਣਾ ਪੈਂਦਾ। ਹਰ ਅਮੀਰ ਗ਼ਰੀਬ ਉਹਦੇ ਅਗੇ ਆਪਣੇ ਦੁਖ ਸੁਖ ਫਰੋਲ ਸਕਦਾ ਸੀ। ਜੇ ਕੋਈ ਦਰਬਾਰ ਵਿਚ ਹਾਜ਼ਰ ਨਾ ਹੋ ਸਕੇ ਤਾਂ ਉਹ ਰਣਜੀਤ ਸਿੰਘ ਨੂੰ ਦਿਉਂ ਸੈਰ ਕਰਦਿਆਂ ਵੇਖ ਕੇ ਉਹਦੇ ਹਾਥੀ ਦਾ ਰਾਹ ਰੋਕ ਸਕਦਾ ਸੀ।

ਨਿਤਾ ਪ੍ਰਤੀ ਰਣਜੀਤ ਸਿੰਘ ਲਾਹੌਰ ਦੇ ਉਪ-ਨਗਰਾਂ ਤੇ ਲਾਹੌਰ ਸ਼ਹਿਰ ਦੀਆਂ ਗਲੀਆਂ ਵਿਚੋਂ ਲੰਘਦਾ, ਪਰ ਜਨਤਾ ਦੀ ਉਹਨੂੰ ਵੇਖਣ ਦੀ ਚੇਸ਼ਟਾ ਨਾ ਮੁਕਦੀ। ਜਿਥੋਂ ਵੀ ਲੰਘਦਾ ਹਜ਼ਾਰਾਂ ਆਦਮੀ ਉਹਦੇ ਦੁਆਲੇ ਜੁੜ ਜਾਂਦੇ ਤੇ ਉਹਦੇ ਵਲ ਤਕਦੇ ਰਹਿੰਦੇ। ਰਣਜੀਤ ਸਿੰਘ ਦੀ ਛਬੀ ਕਿਹੀ ਨਿਰਾਲੀ ਹੈ, ਉਹ ਸੋਚਦੇ, ਉਹਦੇ ਵਲ ਤੱਕਣਾ ਜਿਵੇਂ ਆਪਣੇ ਦਿਲ ਦੀ ਤ੍ਰਿਖਾ ਮਿਟਾਣੀ ਹੋਵੇ। ਉਹਦੇ ਵਲ ਤੱਕਣਾ ਜਿਵੇਂ ਆਪਣੇ ਦੁਖਾਂ ਤੇ ਨਿਰਾਸ਼ਾਵਾਂ ਨੂੰ ਭੁਲਣਾ ਹੋਵੇ। ਉਹਨੂੰ ਤੱਕਣਾ ਜਿਵੇਂ ਨਵੇਂ ਜਨਮ ਨੂੰ ਪਾਣਾ ਹੋਵੇ।

ਮਹਾਰਾਜਾ ਰਣਜੀਤ ਸਿੰਘ ਸਦਾ ਸੁੰਦਰ ਬਸਤਰ ਪਹਿਨਦਾ। ਉਹਦਾ ਗਲਾ ਸਦਾ ਕੰਠਿਆਂ ਤੇ ਮਾਲਾਂ ਨਾਲ ਪੂਰ ਹੁੰਦਾ। ਪਤਾ ਨਹੀਂ ਕਿਸ ਵੇਲੇ ਕਿਸੇ ਨੂੰ ਕੁਝ ਬਖਸ਼ਣਾਂ ਪੈ ਜਾਏ। ਇਕ ਵਾਰ ਕਹਿੰਦੇ ਨੇ ਮਹਿਲਾਂ ਤਕ ਪਹੁੰਚਦਿਆਂ ਪਹੁੰਚਦਿਆਂ ਉਹਨੇ ਵੀਹ ਪੰਝੀ ਇਨਾਮ ਵੰਡੇ। ਕੰਠੇ, ਮਾਲਾਂ, ਮੁੰਦਰੀਆਂ ਤੇ ਅੰਤ ਉਹ ਆਪਣੇ ਭੂਖਨਾਂ ਤੋਂ ਖਾਲੀ ਹੋ ਗਿਆ। ਉਸ ਦਿਨ ਤੋਂ ਰਾਜਾ ਧਿਆਨ ਸਿੰਘ ਨੂੰ ਹੁਕਮ ਹੋਇਆ ਕਿ ਜਦੋਂ ਵੀ ਮਹਾਰਾਜਾ ਬਾਹਰ ਜਾਏ ਰਿਆਇਆ ਵਿਚ ਵੰਡਣ ਵਾਸਤੇ ਭੂਖਨਾਂ ਦਾ ਇਕ ਖਾਸ ਸੰਦੂਕ ਨਾਲ ਹੋਵੇ।

ਅੱਜ ਜਦੋਂ ਮਹਾਰਾਜਾ ਰਣਜੀਤ ਸਿੰਘ ਮਾਹਿਲਾਂ ਦੀ ਹਵੇਲੀ ਆਇਆ ਤਾਂ ਰੌਚ ਵਾਂਙ ਇਕ ਭਾਰੀ ਜੋਮਘਟਾ ਉਹਦੇ ਪਿਛੇ ਤੇ ਆਲੇ ਦੁਆਲੇ ਸੀ, ਪਰ ਮਾਹਿਲਾਂ ਦੇ ਦਰਵਾਜ਼ੇ ਕੋਲ ਪਹੁੰਚ ਕੇ ਬਹੁਤੇ ਆਦਮੀ ਖਿੰਡਰ ਗਏ। ਏਧਰ ਉਧਰ ਹੋ ਕੇ ਰਣਜੀਤ ਸਿੰਘ ਨੂੰ ਉਡੀਕਨ ਲਗੇ। ਦਲੇਰ ਸਿੰਘ ਦੀ ਬਿਮਾਰੀ ਬਾਰੇ ਸਾਰਾ ਲਾਹੌਰ ਜਾਣਦਾ ਸੀ ਤੇ ਉਹ ਸਾਰੇ ਅੰਦਰ ਜਾ ਕੇ ਦਲੇਰ ਸਿੰਘ ਨੂੰ ਉਪਰਾਮ ਨਹੀਂ ਸਨ ਕਰਨਾ ਚਾਹੁੰਦੇ। ਮਹਾਰਾਜਾ ਰਣਜੀਤ ਸਿੰਘ ਹਾਥੀ ਉੱਤੇ ਬੈਠਿਆਂ ਹੀ ਹਵੇਲੀ ਦੇ ਅੰਦਰ ਵੜਿਆ। ਮਾਹਿਲਾਂ ਦੀ ਹਵੇਲੀ ਦਾ ਦਰਵਾਜ਼ਾ ਐਡਾ ਵਡਾ ਸੀ ਕਿ ਇਕੋ ਵਕਤ ਦੋ ਹਾਥੀ ਵਿਚੋਂ ਲੰਘ ਸਕਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਨਾਲ ਹੁੱਦੇ ਵਿਚ ਰਾਜਾ ਹੀਰਾ ਸਿੰਘ ਬੈਠਾ ਸੀ। ਰਾਜਾ ਧਿਆਨ ਸਿੰਘ, ਜਰਨੈਲ ਵੈਨਤੂਰਾ ਤੇ ਜਰਨੈਲ ਅੱਲਾਰਡ ਤੇ ਕੁਝ ਇਕ ਹੋਰ ਸਰਦਾਰ ਪਿਛੇ ਘੋੜਿਆਂ ਉੱਤੇ ਸਨ।

ਗਰਮੀਆਂ ਦੀ ਰੁਤ ਸੀ ਤੇ ਢਲਦੀਆਂ ਸ਼ਾਮਾਂ ਦਾ ਵੇਲਾ। ਦਲੇਰ ਸਿੰਘ ਦਾ ਪਲੰਘ ਬਾਹਰ ਦਲਾਨ ਵਿਚ ਵਿਛਾਇਆ ਗਿਆ ਸੀ। ਤੇ ਉਹਦੇ ਆਲੇ ਦੁਆਲੇ ਬੈਠੇ ਸਨ; ਉਹਦੇ ਪੁੱਤਰ, ਪੋਤਰੇ ਤੇ ਲਾਹੌਰ ਸ਼ਹਿਰ ਦੇ ਹੋਰ ਕਈ ਵਜ਼ੀਕ। ਮਾਹਿਲਾਂ ਦੀ ਹਵੇਲੀ ਦੇ ਦਲਾਨ ਵਿਚ ਕੋਈ ਹਜ਼ਾਰ ਆਦਮੀ ਸਮਾ ਸਕਦਾ ਹੋਵੇਗਾ। ਦਲਾਨ ਦੇ ਆਲੇ ਦੁਆਲੇ

Scanned by CamScanner

ਤਿੰਨੇ ਪਾਸੇ ਕੰਠੇ ਉਸਰੇ ਹੋਏ ਸਨ। ਇਕ ਪਾਸੇ ਅਸਤਬਲ ਸੀ, ਦੂਜੇ ਪਾਸੇ ਮਾਹਿਲ ਟੱਬਰ ਦੇ ਰਹਿਣ ਲਈ ਥਾਂ ਤੇ ਤੀਜੇ ਪਾਸੇ ਆਏ ਗਏ ਵਾਸਤੇ ਮਹਿਮਾਨ ਖ਼ਾਨਾ, ਚੌਥੇ ਪਾਸੇ ਵੱਡਾ ਦਰਵਾਜ਼ਾ ਤੇ ਕੰਧ ਸੀ। ਏਥੋਂ ਪੰਜ ਕੁ ਹਜ਼ਾਰ ਗਜ਼ ਉੱਤੇ ਸ਼ਹਿਰ ਦਾ ਬੇਰਾਂ ਵਾਲਾ ਦਰਵਾਜ਼ਾ ਦਿਸ ਸਕਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੂੰ ਅੰਦਰ ਆਉਂਦਿਆਂ ਵੇਖ ਕੇ ਦਲੇਰ ਸਿੰਘ ਨੇ ਆਪਣੀ ਮੰਜੀ ਤੋਂ ਉਠਣ ਦੀ ਕੋਸ਼ਿਸ਼ ਕੀਤੀ, ਪਰ ਇਸ ਤੋਂ ਪਹਿਲੇ ਕਿ ਉਹ ਉਠਦਾ ਮਹਾਰਾਜਾ ਰਣਜੀਤ ਸਿੰਘ ਨੇ ਆਖਿਆ, "ਸਰਦਾਰ ਦਲੇਰ ਸਿੰਘ! ਤੁਸੀਂ ਉਠਣ ਦੀ ਖੇਚਲ ਨਾ ਕਰੋ, ਮੈਂ ਸਗੋਂ ਆਪ ਹਾਥੀ ਤੋਂ ਉਤਰ ਕੇ ਤੁਹਾਡੇ ਕੋਲ ਆਉਂਦਾ ਹਾਂ।" ਤੇ ਅਜਿਹੀ ਤੇਜ਼ੀ ਨਾਲ ਬਿਨਾਂ ਕਿਸੇ ਦੀ ਮਦਦ ਦੇ ਉਹ ਹਾਥੀ ਉੱਤੋਂ ਉਤਰਿਆ ਜਿਵੇਂ ਵੀਹਾਂ ਪੰਝੀਆਂ ਸਾਲਾਂ ਦਾ ਜੁਆਨ ਹੁੰਦੇ। ਵੇਖਣ ਵਾਲੇ ਦੰਗ ਰਹਿ ਗਏ।

ਰਣਜੀਤ ਸਿੰਘ, ਦਲੇਰ ਸਿੰਘ ਦੀ ਮੰਜੀ ਉੱਤੇ ਬੈਠ ਗਿਆ। ਮੰਜੀ ਦੇ ਚਾਰ ਚੁਫੇਰੇ ਚੌਕੀਆਂ ਇਕੱਠੀਆਂ ਕਰ ਲਿਤੀਆਂ ਗਈਆਂ ਤੇ ਹਰਪਾਲ ਸਿੰਘ, ਚੂਹੜ ਸਿੰਘ ਗਰਦਈ ਕੌਰ ਤੇ ਗੁਰਮੀਤ ਨੇ ਤਰਲੇ ਲਏ ਕਿ ਮਹਾਰਾਜਾ ਸਾਹਿਬ ਸੰਗ ਨਾਲ ਚੌਕੀ ਉੱਤੇ ਬੈਠਣ, ਪਰ ਰਣਜੀਤ ਸਿੰਘ ਹੱਸਿਆ, "ਜਿਨਾ ਸੁੱਖ ਤੇ ਅਨੰਦ ਮੈਨੂੰ ਆਪਣੇ ਸਰਦਾਰ ਦਲੇਰ ਸਿੰਘ ਮਾਹਿਲ ਕੋਲ ਬੈਠ ਕੇ ਮਿਲਦਾ ਹੈ, ਓਨਾਂ ਸੁਖ ਮੈਨੂੰ ਆਪਣੇ ਰਾਜ ਸਿੰਘਾਸਣ ਉੱਤੇ ਵੀ ਨਹੀਂ ਮਿਲਦਾ।"

ਮਾਹਿਲ ਟੱਬਰ ਦੇ ਕਈ ਜੀਆਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਰਣਜੀਤ ਸਿੰਘ ਨੇ ਦਲੇਰ ਸਿੰਘ ਦੀ ਤਬੀਅਤ ਬਾਰੇ ਪੁਛਿਆ। ਦਲੇਰ ਸਿੰਘ ਨੇ ਹੱਸ ਕੇ ਆਖਿਆ, "ਸਰਕਾਰ! ਮੇਰੀ ਉਮਰ ਤ੍ਰਿਆਸੀ ਸਾਲ ਦੀ ਹੋ ਗਈ ਹੈ। ਮੈਂ ਆਪਣੇ ਟੱਬਰ ਵਿਚ ਸਭ ਤੋਂ ਲੰਮੀ ਉਮਰ ਭੋਗੀ ਹੈ। ਹੁਣ ਗੁਰੂ ਕਲਗੀਆਂ ਵਾਲਾ ਮੈਨੂੰ ਆਪਣੇ ਚਰਨਾਂ ਵਿਚ ਵਾਸ ਦੇਵੇ, ਇਹੋ ਆਰਜ਼ੂ ਹੈ।"

ਰਣਜੀਤ ਸਿੰਘ ਖਿੜ ਖਿੜਾ ਕੇ ਹੱਸਿਆ, "ਬਸ, ਸਰਦਾਰ ਦਲੇਰ ਸਿੰਘ, ਥਕ ਗਏ ਹੋ! ਪਰ ਅਸੀਂ ਤੁਹਾਨੂੰ ਨਹੀਂ ਜਾਣ ਦੇਣਾ, ਤੁਹਾਡੇ ਬਗ਼ੈਰ ਸਾਡਾ ਜੀ ਉਦਾਸ ਹੋ ਜਾਏਗਾ।" "ਸਰਕਾਰ ਜੇ ਮੈਂ ਨਹੀਂ ਤਾਂ ਮੇਰਾ ਹਰਪਾਲ ਤੇ ਚੂਹੜ ਸਿੰਘ ਤੁਹਾਡੀ ਸੇਵਾ ਲਈ ਸਦਾ ਹਾਜ਼ਰ ਰਹਿਣਗੇ...।"

ਰਣਜੀਤ ਸਿੰਘ ਨੇ ਹਰਪਾਲ ਸਿੰਘ ਤੇ ਚੂਹੜ ਸਿੰਘ ਵਲ ਵੇਖਿਆ ਤੇ ਉਸ ਹਰਪਾਲ ਨੂੰ ਆਪਣੇ ਨੇੜੇ ਆਉਣ ਦਾ ਇਸ਼ਾਰਾ ਕੀਤਾ। ਤੇ ਫਿਰ ਰਣਜੀਤ ਸਿੰਘ ਨੇ ਚੱਲੀ ਚੱਲੀ ਉਨ੍ਹਾਂ ਦੋਹਾਂ ਨੂੰ ਆਪਣੇ ਨਾਲ ਪਲੰਘ ਉੱਤੇ ਬਿਠਾ ਲਿਆ। ਇਹ ਇੱਜ਼ਤ ਉਹ ਰਾਜਾ ਧਿਆਨ ਸਿੰਘ ਨੂੰ ਵੀ ਘਟ ਵਧ ਹੀ ਬਖ਼ਸ਼ਿਆ ਕਰਦਾ ਸੀ। ਕੁਝ ਚਿਰ ਪਿਛੋਂ ਰਣਜੀਤ ਸਿੰਘ ਬੋਲਿਆ, "ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੇ ਸਾਹਿਬਜ਼ਾਦੇ ਹਰਪਾਲ ਨੂੰ ਕੀ ਖ਼ਿਤਾਬ ਦਿਤਾ ਹੈ। ਮੇਰਾ ਤੋਪਚੀ ਸਰਦਾਰ। ਇਹ ਬੰਦਾ ਆਪਣੇ ਆਪ ਨੂੰ ਸ਼ੇਰੇ ਸਲਤੱਨਤ, ਨੂਰੇ-ਨਜ਼ਰ, ਸਰਦਾਰ ਬਾਵੱਕਾਰ, ਇਜ਼ਤੇ-ਰਾਜ ਅਖਵਾਉਣਾ ਚਾਹੇ, ਪਰ ਮੈਂ ਇਹਨੂੰ ਆਪਣਾ ਤੋਪਚੀ ਸਰਦਾਰ ਆਖ ਕੇ ਹੀ ਬੁਲਾਵਾਂਗਾ। ਤੁਸੀਂ ਜਾਣਦੇ ਹੋ ਕਿ ਮੇਰੇ ਤੋਪਚੀ ਸਰਦਾਰ ਦੇ ਪਾਏ ਦਾ ਹੋਰ ਕੋਈ ਤੋਪਚੀ ਏਸ ਵੇਲੇ ਅੰਗਰੇਜ਼ਾਂ ਕੋਲ ਵੀ ਨਹੀਂ", ਤੇ ਰਣਜੀਤ ਸਿੰਘ ਨੇ ਹਰਪਾਲ ਦੀ ਕੰਡ ਉੱਤੇ ਹੱਥ ਫੇਰਿਆ।

"ਇਹ ਤੁਹਾਡੀ ਗ਼ਰੀਬ ਨਿਵਾਜ਼ੀ ਹੈ, ਸਰਕਾਰ। ਅਸੀਂ ਤਾਂ ਗੁਰੂ ਘਰ ਦੇ ਤੇ ਖ਼ਾਲਸਾ ਪੰਥ ਦੇ ਕੂਕਰ ਹਾਂ। ਜਿਵੇਂ ਰੱਬ ਕਰਾਉਂਦਾ ਹੈ ਅਸੀਂ ਕਰਦੇ ਹਾਂ। ਜੋ ਉਹਨੂੰ ਭਾਉਂਦਾ ਹੈ ਓਹੋ ਹੁੰਦਾ ਹੈ", ਦਲੇਰ ਸਿੰਘ ਨੇ ਬਾ-ਅਦਬ ਅਖਿਆ। ਹਰਪਾਲ ਦੇ ਜਮਰੰਦ ਤੋਂ ਮੁੜਨ ਪਿਛੋਂ ਰਣਜੀਤ ਸਿੰਘ ਨੇ ਇਕ ਖ਼ਾਸ ਦਰਬਾਰ ਕੀਤਾ ਸੀ, ਜਿਸ ਵਿਚ ਕਿ ਹਰਪਾਲ ਤੇ ਹੋਰਨਾਂ ਸਰਦਾਰਾਂ ਨੂੰ ਸਰਦਾਰ ਹਰੀ ਸਿੰਘ ਨਲੂਏ ਵਲੋਂ ਬਖਸ਼ੇ ਗਏ ਖ਼ਿਤਾਬਾਂ ਤੇ ਜਾਗੀਰਾਂ ਦੀ ਤਸਦੀਕ ਕੀਤੀ ਸੀ। ਜਦੋਂ ਹਰਪਾਲ ਦੀ ਵਾਰੀ ਆਈ ਤਾਂ ਰਣਜੀਤ ਸਿੰਘ ਨੇ ਭਾਵੁਕ ਲਹਿਜੇ ਵਿਚ ਕਿਹਾ ਸੀ, "ਸਰਦਾਰ ਹਰਪਾਲ ਸਿੰਘ ਤੁਸੀਂ ਅੱਜ ਤੋਂ ਸ਼ੇਰੇ-ਸਲਤਨੱਤ, ਨੂਰੇ-ਨਜ਼ਰ, ਸਰਦਾਰ ਬਾਵੱਕਾਰ, ਇਜ਼ਤੇ-ਰਾਜ ਸਰਦਾਰ ਹਰਪਾਲ ਸਿੰਘ ਬਹਾਦਰ ਹੋ। ਇਹ ਰੁਤਬਾ ਤੇ ਇਹ ਖ਼ਿਤਾਬ ਤੁਹਾਨੂੰ ਮਹਾਰਾਜਾ ਰਣਜੀਤ ਸਿੰਘ ਖ਼ਾਲਸਾ ਰਾਜ ਵਲੋਂ ਭੇਟਾ ਕਰਦਾ ਹੈ, ਪਰ ਜਿਥੋਂ ਤਕ ਰਣਜੀਤ ਸਿੰਘ ਦੀ ਜ਼ਾਤ ਦਾ ਸੰਬੰਧ ਹੈ, ਉਹ ਤੁਹਾਨੂੰ "ਤੋਪਚੀ ਸਰਦਾਰ" ਦਾ ਖ਼ਿਤਾਬ ਦੇ ਦਾ ਹੈ।"

ਅੱਜ ਉਸੇ ਮੌਕੇ ਵਲ ਰਣਜੀਤ ਸਿੰਘ ਨੇ ਫਿਰ ਇਸ਼ਾਰਾ ਕੀਤਾ ਸੀ। ਅੰਨੇ ਵਿਚ ਸਰਦਾਈ ਦੇ ਗਿਲਾਸ ਤੇ ਛੰਨੇ ਆ ਗਏ। ਗੁਰਦਈ ਤੇ ਗੁਰਮੀਤ ਮਹਾਰਾਜੇ ਵਾਸਤੇ, ਹੀਰਾ ਸਿੰਘ ਵਾਸਤੇ ਤੇ ਰਾਜਾ ਧਿਆਨ ਸਿੰਘ ਵਾਸਤੇ ਸ਼ਰਦਾਈ

Scanned by CamScanner

ਲਿਆਈਆਂ। ਰਣਜੀਤ ਸਿੰਘ ਨੇ ਮੁਸਕਰਾਂਦਿਆਂ ਹੋਇਆਂ ਗੁਰਮੀਤ ਹੱਥੋਂ ਸ਼ਰਦਾਈ ਦਾ ਛੰਨਾ ਫੜਦਿਆਂ ਹੋਇ ਆਂ ਕਿਹਾ, "ਮਾਂ ਗੁਰਦਈ ਤੇਰੇ ਹੱਥ ਵਿਚ ਫੜੇ ਗਲਾਸ ਨਾਲ ਮੇਰੀ ਤੇਹ ਨਹੀਂ ਮਿਟਣ ਲਗੀ, ਮੈਂ ਇਕ ਮੁੱਦਤ ਤੋਂ ਇਸ ਸ਼ਰਦਾਈ ਵਾਸਤੇ ਤਾਂਘਦਾ ਰਿਹਾ ਹਾਂ।"

ਰਣਜੀਤ ਸਿੰਘ ਨੇ ਸ਼ਰਦਾਈ ਦਾ ਛੰਨਾ ਭੀਕ ਲਾ ਕੇ ਨਹੀਂ ਪੀਤਾ। ਸਗੋਂ ਹੋਲੀ ਹੋਲੀ ਘੁਟ ਭਰਦਾ ਰਿਹਾ। ਸ਼ਰਦਾਈ ਫੜਾ ਕੇ ਗੁਰਦਈ ਤੇ ਗੁਰਮੀਤ ਕੌਰ ਭੁੰਜੇ ਰਣਜੀਤ ਸਿੰਘ ਦੇ ਪੈਰਾਂ ਕੋਲ ਬੈਠ ਗਈਆਂ ਸਨ ਤੇ ਰਣਜੀਤ ਸਿੰਘ ਉਹਨਾਂ ਨਾਲ ਨਿਕੀਆਂ ਨਿਕੀਆਂ ਗੱਲਾਂ ਕਰਦਾ ਰਿਹਾ ਸੀ। ਸ਼ਰਦਾਈ ਮੁਕਾ ਕੇ ਗੁਰਮੀਤ ਨੂੰ ਛੰਨਾ ਫੜਾਂਦਿਆਂ ਉਸ ਕਿਹਾ: "ਤੁਸੀਂ ਇਸ ਸ਼ਰਦਾਈ ਵਿਚ ਕੀ ਪਾਂਦੇ ਹੋ ? ਸਾਰੇ ਸਿਖ ਰਾਜ ਵਿਚ ਸ਼ਾਇਦ ਹੀ ਇਹੋ ਜਿਹੀ ਸ਼ਰਦਾਈ ਹੋਰ ਕੋਈ ਬਣਾ ਸਕਦਾ ਹੋਵੇ" ਤੇ ਫਿਰ ਉਸ ਰਾਜਾ ਧਿਆਨ ਸਿੰਘ ਨੂੰ ਕਿਹਾ, "ਬਈ ਆਪਣੇ ਰਸੋਈਏ ਦਿਤ ਸਿੰਘ ਨੂੰ ਵੀ ਜਾਚ ਸਿਖਣ ਲਈ ਏਥੇ ਕੁਝ ਦਿਨ ਭੇਜੋ ਨਾ ?"

ਗੱਲਾਂ ਕਰਦਿਆਂ ਕਰਦਿਆਂ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੇ ਆਉਣ ਵਾਲੇ ਇਕ ਮਿਸ਼ਨ ਦਾ ਜ਼ਿਕਰ ਕੀਤਾ, "ਮੈਕਨਾਟਨ ਮਿਸ਼ਨ ਜਲਦੀ ਹੀ ਲਾਹੌਰ ਆਏਗਾ ਤੇ ਮੇਰੇ ਤੋਪਚੀ ਸਰਦਾਰ, ਮੈਂ ਚਾਹੁੰਦਾ ਹਾਂ ਕਿ ਤੂੰ ਉਨ੍ਹਾਂ ਨੂੰ ਖ਼ਾਲਸੇ ਦਾ ਤੋਪਾਂ ਵਿਚ ਉਚ-ਕਮਾਲ ਦਸੇਂ। ਚਾਂਦ ਮਾਰੀ ਵਿਚ ਇਕ ਗੋਲਾ ਵੀ ਨਾ ਉੱਕੇ।"

ਹਰਪਾਲ ਨੇ ਸਿਰ ਨਿਵਾ ਕੇ ਕਿਹਾ, "ਏਵੇਂ ਹੀ ਹੋਵੇਗਾ: ਸਰਕਾਰ ! ਤੁਸੀਂ ਮੇਰੇ ਉੱਤੇ ਵਿਸ਼ਵਾਸ ਰਖੋ।"

ਜ਼ਮਰੌਦ ਤੋਂ ਮੁੜਨ ਪਿਛੋਂ ਰਣਜੀਤ ਸਿੰਘ ਨੇ ਹਰਪਾਲ ਨੂੰ ਖ਼ਾਲਸੇ ਦੇ ਤੋਪਖ਼ਾਨੇ ਦਾ ਸਭ ਤੋਂ ਵੱਡਾ ਜਰਨੈਲ ਨਿਯਤ ਕੀਤਾ ਸੀ ਤੇ ਤੋਪਾਂ ਦੇ ਸਾਰੇ ਕਾਰਖ਼ਾਨਿਆਂ ਦਾ ਵੀ ਮੁਖ ਨਿਗਰਾਨ ਥਾਪਿਆ ਸੀ।

ਦਲੇਰ ਸਿੰਘ ਨੇ ਸਿੰਧ ਬਾਰੇ ਰਣਜੀਤ ਸਿੰਘ ਕੋਲੋਂ ਪੁਛਿਆ, "ਸਰਕਾਰ ! ਅੰਗਰੇਜ਼ਾਂ ਨਾਲ ਹੋ ਰਹੀ ਸਿੰਧ ਤੇ ਦਰਿਆ ਸਿੰਧ ਬਾਰੇ ਗੱਲ ਬਾਤ ਕਿਥੋਂ ਤਕ ਪਹੁੰਚੀ ਹੈ ?"

"ਸਰਦਾਰ ਦਲੇਰ ਸਿੰਘ ਮੈਂ ਇਸ ਬਾਰੇ ਇਕ ਵਾਰ ਫਿਰ ਸੋਚ ਰਿਹਾ ਹਾਂ। ਮੇਰਾ ਖ਼ਿਆਲ ਹੈ ਹੁਣ ਅਸੀਂ ਆਪਣਾ ਪੈਂਤੜਾ ਬਦਲੀਏ। ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ," ਤੇ ਫਿਰ ਉਹ ਮੁਸਕਰਾਇਆ ਤੇ ਕਹਿੰਦਾ ਗਿਆ, "ਸਮਾਂ ਬਣਨ ਉੱਤੇ ਮੈਂ ਆਪਣ ਤੋਪਚੀ ਸਰਦਾਰ ਨੂੰ ਰਾਜਨੀਤੀ ਦੇ ਰਾਹ ਵੀ ਪਾਵਾਂਗਾ ਤੇ ਸਿੰਧ ਦਾ ਮੁਅ ਮਲਾ ਨਜਿੱਠਣ ਵਾਸਤੇ ਇਹਨੂੰ ਕਹਾਂਗਾ।"

ਤੇ ਇਉਂ ਰਣਜੀਤ ਸਿੰਘ ਕਿੰਨਾ ਚਿਰ ਮੁਸਕਰਾਂਦਾ ਰਿਹਾ। ਰਣਜੀਤ ਸਿੰਘ ਦੀ ਪਤਲੀ ਜਿਹੀ ਹੁਬਠਾਕ ਮੁਸਕਰਾਹਟ ਦਰਸਾਂਦੀ ਸੀ ਕਿ ਜੋ ਕੁਝ ਉਹ ਬਾਹਰੋਂ ਦਿਸਦਾ ਹੈ ਉਹ ਸਿਰਫ ਉਹੋ ਕੁਝ ਨਹੀਂ। ਉਹਦੇ ਹੱਸਦੇ ਖੇਡਦੇ ਤੇ ਹੌਲੇ ਭਾਅ ਗੱਲਾਂ ਕਰਦੇ ਜਲੌ ਪਿਛੇ ਇਕ ਗੰਭੀਰ, ਪਾਰਖੂ, ਸੁਜਾਨ ਤੇ ਚਤਰ ਦਿਮਾਗ ਵੀ ਹੈ। ਇਹ ਮੁਸਕਰਾਹਟ ਦਰਸਾਂਦੀ ਸੀ ਕਿ ਰਣਜੀਤ ਸਿੰਘ ਲੋਕਾਂ ਨੂੰ ਮਿਲਦਾ ਗਿਲਦਾ ਤੇ ਉਨ੍ਹਾਂ ਨਾਲ ਹਸੀ ਮਜ਼ਾਕ ਕਰਦਾ ਆਪਣੇ ਦਿਲੀ ਇਰਾਦਿਆਂ, ਆਪਣੀਆਂ ਇੱਛਿਆਵਾਂ, ਆਪਣੀਆਂ ਜ਼ਿਮੇਂਵਾਰੀਆਂ, ਆਪਣੇ ਰਾਜ ਕਾਜ ਨੂੰ ਨਹੀਂ ਭੁਲਦਾ। ਇਹ ਮੁਸਕਰਾਹਟ ਦਰਸਾਂਦੀ ਸੀ ਕਿ ਸੂਝ ਤੇ ਸਿਆਣਪ ਵਿਚ ਹੋਰ ਕੋਈ ਉਹਦੇ ਨੇੜੇ ਨਹੀਂ ਪਹੁੰਚਦਾ। ਇਹ ਮੁਸਕਰਾਹਟ ਲਖਾਇਕ ਸੀ ਕਿ ਬੇਸ਼ਕ ਅੰਗਰੇਜ਼ ਬੜੇ ਚਾਲਾਕ ਨੀਤੀਵਾਨ ਹਨ, ਪਰ ਰਣਜੀਤ ਸਿੰਘ ਰਾਜਨੀਤੀ ਨੂੰ ਉਨ੍ਹਾਂ ਨਾਲੋਂ ਘਟ ਨਹੀਂ ਸਮਝਦਾ। ਰਣਜੀਤ ਸਿੰਘ ਕਿੰਨਾ ਚਿਰ ਮੁਸਕਰਾਂਦਾ ਰਿਹਾ। ਲਗਦਾ ਸੀ ਕਿ ਸਿੰਧ ਬਾਰੇ ਤੇ ਦਰਿਆ ਸਿੰਧ ਵਿਚ ਤਿਜਾਰਤ ਤੇ ਵਪਾਰ ਬਾਰੇ ਉਹਨੇ ਕੋਈ ਬੜੀ ਚਤੁਰ ਚੁਲ ਸੋਚ ਰਖੀ ਹੈ।

ਸਿੰਧ ਦਾ ਮੁਆਮਲਾ ਪਿਛਲੇ ਪੰਦਰ੍ਹਾਂ ਵਰ੍ਹਿਆਂ ਤੋਂ ਅੰਗਰੇਜਾਂ ਤੇ ਰਣਜੀਤ ਸਿੰਘ ਦੇ ਵਿਚਕਾਰ ਰਾਜਨੀਤਕ ਖਿਚੋਤਾਣ ਦਾ ਮਸਲਾ ਬਣਿਆ ਆਇਆ ਸੀ। ਅੰਗਰੇਜ਼ ਆਖਦੇ ਸਨ ਕਿ ਉਹ ਦਰਿਆ ਸਿੰਧ ਰਾਹੀਂ ਸਿਰਫ ਵਪਾਰ ਹੀ ਕਰਨਾ ਚਾਹੁੰਦੇ ਹਨ ਤੇ ਇਹ ਕਿ ਸਿੰਧ ਦੇ ਅਮੀਰਾਂ ਨੇ ਉਨ੍ਹਾਂ ਦੀ ਪਨਾਹ ਮੰਗੀ ਹੈ ਤੇ ਉਨ੍ਹਾਂ ਨੇ ਪਨਾਹ ਦੀ ਦਰਖਾਸਤ ਸਵੀਕਾਰ ਕੀਤੀ ਹੈ। ਰਣਜੀਤ ਸਿੰਘ ਤਾੜਦਾ ਸੀ ਕਿ ਤਿਜਾਰਤ ਦੀ ਪੇਸ਼ਕਸ਼ ਸਿਰਫ ਕਹਿਣ ਜੋਗੀ ਹੀ ਹੈ। ਅੰਗਰੇਜ਼ਾਂ ਦੀਆਂ ਅੱਖਾਂ ਕਿਤੇ ਹੋਰ ਹਨ। ਏਸੇ ਲਈ ਕੁਝ ਵਰ੍ਹੇ ਪਹਿਲੇ ਜਦੋਂ ਅੰਗਰੇਜਾਂ ਨੇ ਰਣਜੀਤ ਸਿੰਘ ਨੂੰ ਸਿੰਧ ਬਾਰੇ ਇਕ ਸੰਧੀਨਾਮਾ ਕਰਨ ਲਈ ਮਜਬੂਰ ਕੀਤਾ ਤਾਂ ਰਣਜੀਤ ਸਿੰਘ ਆਪਣੇ ਤੇ ਸਿੰਧ ਦੇ ਅਮੀਰਾਂ ਵਿਚਕਾਰ ਸੰਬੰਧਾਂ ਬਾਰੇ ਘੋਸ ਮਾਰ ਗਿਆ।

Scanned by CamScanner

ਬੇਸ਼ਕ ਅੰਗਰੇਜ਼ ਅੱਤਕੀ ਬਾਜ਼ੀ ਲੈ ਗਏ ਜਾਪਦੇ ਸਨ, ਪਰ ਰਣਜੀਤ ਸਿੰਘ ਨੂੰ ਵਿਸ਼ਵਾਸ ਸੀ ਕਿ ਕਲ੍ਹ ਉਹ ਅੰਗਰੇਜ਼ਾਂ ਕੋਲੋਂ ਬਾਜ਼ੀ ਲੈ ਜਾਏਗਾ।

ਰਣਜੀਤ ਸਿੰਘ ਦੀ ਅਜ ਦੀ ਲੰਮੀ ਮੁਸਕਰਾਹਟ ਵੀ ਉਹਦੇ ਇਸ ਵਿਸ਼ਵਾਸ ਦੀ ਪੁਸ਼ਟੀ ਕਰਦੀ ਸੀ। ਰਣਜੀਤ ਸਿੰਘ ਮੁਸਕਰਾਂਦਾ ਰਿਹਾ ਜਦੋਂ ਤਕ ਕਿ ਕਲਪਨਾ ਵਿਚ ਉਸ ਅੰਗਰੇਜ਼ਾਂ ਤੇ ਸਿੰਧ ਦੇ ਅਮੀਰਾਂ ਨੂੰ ਪਛਾੜ ਨਹੀਂ ਲਿਆ ਤੇ ਫਿਰ ਉਸ ਇਕਾ ਇਕ ਆਪਣੇ ਆਪ ਵਿਚ ਆ ਕੇ ਕਿਹਾ. "ਲਉ ਸਰਦਾਰ ਦਲੇਰ ਸਿੰਘ ! ਹੁਣ ਅਸੀਂ ਚਲਦੇ ਹਾਂ।"

ਕਿਦ੍ਹੀ ਹਿੰਮਤ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਹੋਰ ਬੈਠਨ ਵਾਸਤੇ ਕਹੇ ? ਪਰ ਗੁਰਮੀਤ ਤੇ ਗੁਰਪਾਲ ਕੌਰ ਹਿੰਮਤ ਦੀ ਕਦ ਘਾਟ ਸੀ। ਉਨ੍ਹਾਂ ਨੇ ਉਹਦੇ ਚਰਨ ਫੜੇ ਤੇ ਗੁਰਮੀਤ ਨੇ ਕਿਹਾ, "ਸਰਕਾਰ ! ਇਕ ਫੰਨਾ ਸ਼ਰਦਾਈ ਦਾ ਹੋਰ ਪੀਓ।"

ਰਣਜੀਤ ਸਿੰਘ ਨੇ ਗੁਰਮੀਤ ਦੇ ਸਿਰ ਉੱਤੇ ਪਿਆਰ ਦਿਤਾ, "ਬੀਬੀ ! ਮੈਂ ਮਾਹਿਲਾਂ ਦੇ ਟੱਬਰ ਦੇ ਕਿਸੇ ਜੀਅ ਵਲੋਂ ਕਹੀ ਕੋਈ ਗੱਲ ਵੀ ਕਦੀ ਨਹੀਂ ਮੋੜਾਂਗਾ," ਤੇ ਉਹ ਮੁਸਕਰਾਇਆ। ਪਹਿਲੇ ਜਿਹੀ ਚਤਰ ਤੇ ਹੁਸ਼ਨਾਕ ਮੁਸਕਰਾਹਟ ਨਹੀਂ, ਪਰ ਇਕ ਨਿਰਛਲ, ਅਭੋਲ, ਮਾਸੂਮ, ਸਦਾਕਤ ਭਰੀ ਮੁਸਕਰਾਹਟ। ਰਣਜੀਤ ਸਿੰਘ ਦੀ ਇਹ ਮੁਸਕਰਾਹਟ ਦਰਸਾਂਦੀ ਸੀ ਕਿ ਬੇਸ਼ਕ ਉਹ ਉਸ ਵੇਲੇ ਹਿੰਦੁਸਤਾਨ ਵਿਚ ਸਭ ਤੋਂ ਤਾਕਤਵਰ ਬਾਦਸ਼ਾਹ ਹੈ, ਪਰ ਉਹ ਇਕ ਇਨਸਾਨ ਵੀ ਹੈ। ਇਹ ਮੁਸਕਰਾਹਟ ਦਰਸਾਂਦੀ ਸੀ ਕਿ ਰਣਜੀਤ ਸਿੰਘ ਵਿਚ ਆਪਣੀ ਜਨਤਾ ਵਾਸਤੇ ਪਿਆਰ ਹੈ, ਆਦਰ ਹੈ, ਸਤਿਕਾਰ ਹੈ। ਇਹ ਮੁਸਕਰਾਹਟ ਉਹਦੀ ਨਿੰਮ੍ਰਤਾ ਦੀ ਲਿਖਾਇਕ ਸੀ। ਇਹ ਮੁਸਕਰਾਹਟ ਦਰਸਾਂਦੀ ਸੀ ਕਿ ਰਣਜੀਤ ਸਿੰਘ ਦੇ ਮਨ ਤੇ ਦਿਮਾਗ਼ ਉੱਤੇ ਸਿੱਖੀ ਦੇ ਅਸੂਲਾਂ ਦੀ ਪਕੜ ਕੇਡੀ ਮਜ਼ਬੂਤ ਹੈ।

ਇਕ ਫੰਨਾ ਸ਼ਰਦਾਈ ਦਾ ਹੋਰ ਲਿਆਂਦਾ ਗਿਆ। ਰਣਜੀਤ ਸਿੰਘ ਨੇ ਪੀਤਾ ਤੇ ਉਹ ਉਠ ਬੈਠਾ। "ਤੁਸੀਂ ਲੇਟੇ ਰਹੋ, ਸਰਦਾਰ ਦਲੇਰ ਸਿੰਘ", ਤੇ ਉਹਦੇ ਉੱਤੇ ਉੜ ਕੇ ਰਣਜੀਤ ਸਿੰਘ ਨੇ ਉਹਨੂੰ ਉਠਣ ਤੋਂ ਰੋਕਿਆ। ਆਪਣੇ ਗਲੋਂ ਇਕ ਕੰਠਾ ਲਾਹ ਕੇ ਉਸ ਗੁਰਮੀਤ ਦੇ ਗਲੇ ਵਿਚ ਪਾਇਆ ਤੇ ਇਕ ਗਰਪਾਲ ਦੇ ਗਲੇ ਵਿਚ। "ਮਾਹਿਲਾਂ ਦਾ ਘਰਾਣਾ ਸਦਾ ਖ਼ਾਲਸਾ ਪੰਥ ਦਾ ਮੁਖੀ ਰਹੇਗਾ।" ਉਸ ਆਖਿਆ। ਪਰ ਚਾਹੇ ਰਣਜੀਤ ਸਿੰਘ ਨੇ ਕਿੰਨਾਂ ਹੀ ਰੋਕਿਆ, ਦਲੇਰ ਸਿੰਘ ਉਹਨੂੰ ਵਿਦਾ ਕਰਨ ਲਈ ਮੰਜੀ ਉੱਤੋਂ ਜ਼ਰੂਰ ਉਠਿਆ। ਗ਼ਰਦਈ ਤੇ ਹਰਪਾਲ ਨੇ ਉਹਦੀ ਸਹਾਇਤਾ ਕੀਤੀ ਤੇ ਉਹ ਮਹਾਰਾਜੇ ਦੇ ਹਾਥੀ ਤਕ ਆਇਆ। "ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ। ਸਮਾਂ ਬਣਨ ਉੱਤੇ ਅਸੀਂ ਜਲਦੀ ਹੀ ਫਿਰ ਫੇਰਾ ਮਾਰਾਂਗੇ। ਗੁਰੂ ਬਾਬਾ ਤੁਹਾਡੇ ਅੰਗ ਸੰਗ ਹੋਵੇ।"

ਹਰਪਾਲ ਨੇ ਅੰਨੇ ਵਿਚ ਆਪਣਾ ਘੋੜਾ ਮੰਗਵਾ ਛੜਿਆ ਸੀ ਤੇ ਹੁਣ ਉਹ ਵੀ ਰਾਜਾ ਧਿਆਨ ਸਿੰਘ ਤੇ ਹੋਰਨਾਂ ਸਰਦਾਰਾਂ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਪਿਛੇ ਪਿਛੇ ਟੁਰ ਪਿਆ। ਰਾਜਾ ਧਿਆਨ ਸਿੰਘ ਨੇ ਕਿਹਾ, "ਸਰਕਾਰ ਤੁਹਾਡੇ ਘਰਾਣੇ ਦੀ ਬੜੀ ਇਜ਼ਤ ਕਰਦੇ ਹਨ।" ਹਰਪਾਲ ਸਿੰਘ ਨੇ ਨਜ਼ਰ ਭਰ ਕੇ ਰਾਜਾ ਧਿਆਨ ਸਿੰਘ ਵਲ ਤੱਕਿਆ। ਉਹਨੂੰ ਲਗਿਆ ਕਿ ਰਾਜੇ ਦੇ ਇਨ੍ਹਾਂ ਬਚਨਾਂ ਵਿਚ ਜਿਵੇਂ ਕੋਈ ਗੁੱਝੀ ਚੋਟ ਹੋਵੇ। ਪਰ ਉੱਤੋਂ ਉੱਤੋਂ ਉਸ ਮੁਸਕਰਾ ਕੇ ਕਿਹਾ, "ਇਹ ਉਨ੍ਹਾਂ ਦੀ ਮਿਹਰਬਾਨੀ ਹੈ, ਰਾਜਾ ਸਾਹਿਬ !"

Scanned by CamScanner

ਇਕ ਲੰਮੀ ਤੇ ਸਫਲ ਜ਼ਿੰਦਗੀ ਦਾ ਅੰਤ ਬੜਾ ਸੁਹਣਾ ਹੁੰਦਾ ਹੈ। ਹਰ ਇਕ ਜ਼ਿੰਦਗੀ ਨੂੰ ਏਸ ਪਦ ਤੁਕ ਪਹੁੰਚਣਾ ਨਹੀਂ ਮਿਲਦਾ। ਕਈ ਜੀਵਨ ਗਰੀਬੀ ਤੇ ਜਹਾਲਤ ਦੇ ਹੱਥੋਂ ਸ਼ੁਰੂ ਹੋਣ ਤੋਂ ਪਹਿਲੇ ਹੀ ਮੁਕ ਜਾਂਦੇ ਹਨ। ਕਈ ਜੀਵਨ ਬਚਪਨੇ ਤੋਂ ਅਗੇ ਨਹੀਂ ਤੁਰਦੇ। ਕਈ ਜੁਆਨ ਜਹਾਨ ਜ਼ਿੰਦਗੀਆਂ ਜੁਆਨੀ ਵਿਚ ਹੀ ਮੁਸੀਬਤਾਂ ਤੇ ਔਖਿਆਈਆਂ ਦੇ ਵਾ ਵਗੋਲਿਆਂ ਵਿਚ ਛਾਈਂ ਮਾਈਂ ਹੋ ਜਾਂਦੀਆਂ ਹਨ। ਕਈ ਕੱਚੇ ਫਲਾਂ ਵਾਂਗ ਹਨੇਰੀ ਦੇ ਬੁਲ੍ਹਿਆਂ ਅਗੇ ਭੁੰਜੇ ਡਿਗ ਪੈਂਦੀਆਂ ਹਨ। ਕਈ ਲੰਮੀਆਂ ਜੀਵਨੀਆਂ ਗਲ ਸੜ ਜਾਂਦੀਆਂ ਹਨ। ਪੱਕੇ ਹੋਏ ਰੁਸ ਭਰੇ ਫਲ ਵਾਂਗ ਅਨੰਤ ਦੀ ਝੋਲੀ ਵਿਚ ਜਾ ਡਿਗਣਾ ਬੜੀਆਂ ਥੋੜੀਆਂ ਜੀਵਨੀਆਂ ਨੂੰ ਨਸੀਬ ਹੁੰਦਾ ਹੈ।

ਦਲੇਰ ਸਿੰਘ ਮਾਹਲ ਦੀ ਜ਼ਿੰਦਗੀ ਉਨ੍ਹਾਂ ਖੁਸ਼-ਬਖਤ ਜ਼ਿੰਦਗੀਆਂ ਵਿਚੋਂ ਇਕ ਸੀ ਜਿਹੜੇ ਰਸੇ ਤੇ ਪੱਕੇ ਫਲ ਵਾਂਗ ਅਰੂਪ ਵਿਚ ਸਮਾਂ ਜਾਂਦੀਆਂ ਹਨ। ਜਿਉਂ ਜਿਉਂ ਉਹਦੇ ਅੰਤ ਦੇ ਦਿਨ ਨੇੜੇ ਆਉਂਦੇ ਗਏ ਸਨ, ਦਲੇਰ ਸਿੰਘ ਅੰਤਰ ਤੇ ਬਾਹਰਮੁਖੀ ਵਧੇਰੇ ਸੰਤੁਸ਼ਟ ਤੇ ਭਰਪੂਰ ਹੁੰਦਾ ਗਿਆ ਸੀ। ਉਹਦੇ ਮੂੰਹ ਉਤੇ ਇਕ ਅਜੀਬ ਤਰ੍ਹਾਂ ਦਾ ਨੂਰ ਪਸਰਦਾ ਗਿਆ ਸੀ। ਉਹਦੇ ਚਿੱਟੇ ਦਾੜ੍ਹੀ ਦੀ ਨੂਹਾਰ ਸ਼ਾਂਤੀ ਤੇ ਅਨੰਦ ਵੰਡਦੀ ਦਿਬ ਤੇ ਦੈਵੀ ਜੋਤ ਵਾਂਗ ਸੀ। ਹੁਣ ਉਹ ਸ਼ਾਮਾਂ ਵੇਲੇ ਕਦੀ ਵਾਰੀ ਆਪਣੀ ਦਸਤਾਰ ਲਾਹ ਛਡਦਾ। ਤਰਿਆਸੀ ਵਰ੍ਹਿਆਂ ਦੀ ਉਮਰ ਵਿਚ ਕਿਸੇ ਦੇ ਸਿਰ ਉੱਤੇ ਵਾਲ ਘਟ ਹੀ ਰਹਿਣਗੇ, ਪਰ ਦਲੇਰ ਸਿੰਘ ਦੇ ਸਿਰ ਉੱਤੇ ਅਜੇ ਵੀ ਕੁਝ ਨਿੱਕੇ ਨਿੱਕੇ ਵਾਲ ਸਨ ਜਿਹੜੇ ਰੁਖਦੀ ਹਵਾ ਵਿਚ ਜ਼ਰਾ ਜ਼ਰਾ ਲਹਿਰਦੇ। ਭਰਵੱਟਿਆਂ ਉੱਤੇ ਚਿੱਟੇ ਵਾਲ ਅਜੇ ਤਕ ਵੀ ਸੰਘਣੇ ਸਨ ਤੇ ਏਥੋਂ ਤਕ ਕਿ ਇਨ੍ਹਾਂ ਭਰਵੱਟਿਆਂ ਨੇ ਜਿਵੇਂ ਉਹਦੀਆਂ ਅੱਖਾਂ ਨੂੰ ਲੁਕੋ ਹੀ ਲਿਆ ਹੋਵੇ। ਦਾੜ੍ਹੀ ਨਾਲ ਆਦਮੀ ਐਨਾ ਬੁੱਢਾ ਨਹੀਂ ਲਗਦਾ ਜਿੰਨਾਂ ਦਾੜ੍ਹੀ ਤੋਂ ਬਗੈਰ। ਦਲੇਰ ਸਿੰਘ ਦੇ ਮੂੰਹ ਦੀਆਂ ਝੁਰੜੀਆਂ ਵੀ ਉਹਦੇ ਦਾੜ੍ਹੀ ਥੱਲੇ ਲੁਕੀਆਂ ਹੋਈਆਂ ਸਨ ਤੇ ਉਹਦੀ ਸ਼ਖਸੀਅਤ ਦਾ ਪ੍ਰਭਾਵ ਬਰਫ਼ ਲੱਦੇ ਪਹਾੜਾਂ ਵਾਂਗ ਦਿਬ ਸੀ।

ਹਰ ਸ਼ਾਮ ਉਹ ਆਪਣੇ ਪਲੰਘ ਉੱਤੇ ਢੋਹ ਲਾ ਕੇ ਬੈਠ ਜਾਂਦਾ। ਵਹੁਟੀ, ਧੀਆਂ, ਪੁੱਤਰ, ਪੋਤਰੇ, ਪੋਤਰੀਆਂ, ਦੋਹਤਰੇ, ਦੋਹਤਰੀਆਂ, ਭਤੀਜੇ, ਭਤੀਜੀਆਂ ਤੇ ਫਿਰ ਉਨ੍ਹਾਂ ਤੋਂ ਵੀ ਅਗੋਂ ਨਿਕਲਦੀ ਪੀਹੜੀ ਦੇ ਪ੍ਰਤੀਨਿਧ ਉਹਦੇ ਪਲੰਘ ਦੁਆਲੇ ਜੁੜ ਜਾਂਦੇ। ਇਸ ਤੋਂ ਉਪਰੰਤ ਲਾਹੌਰ ਸ਼ਹਿਰ ਤੇ ਆਲੇ ਦੁਆਲੇ ਦੇ ਮਿੱਤਰ। ਦੁਨੀ ਚੰਦ ਭੱਲਾ ਭਾਟੀ ਦਰਵਾਜ਼ੇ ਦਾ ਅੱਤਾਰ ਤਾਂ ਪਿਛਲੇ ਮਹੀਨੇ ਤੋਂ ਹਰ ਸ਼ਾਮ ਦਲੇਰ ਸਿੰਘ ਕੋਲ ਹੁੰਦਾ।

ਇਸ ਜੁੜੀ ਸੰਗਤ ਨੂੰ ਦਲੇਰ ਸਿੰਘ ਆਪਣੇ ਬਚਪਨ ਦੀਆਂ, ਆਪਣੀ ਜਵਾਨੀ ਤੇ ਆਪਣੇ ਬੁਢਾਪੇ ਦੀਆਂ ਗੱਲਾਂ ਸੁਣਾਂਦਾ। ਦਲੇਰ ਸਿੰਘ ਦੀ ਜ਼ਿੰਦਗੀ ਇਕ ਇਤਿਹਾਸ ਸੀ, ਪਿਛਲੀ ਇਕ ਸੱਦੀ ਦਾ ਇਤਿਹਾਸ। ਉਹ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੁਰਾਨੀਆ ਦੀਆਂ ਗੱਲਾਂ ਇਉਂ ਕਰਦਾ ਜਿਵੇਂ ਕਿ ਉਹ ਆਪ ਉਨ੍ਹਾਂ ਨਾਲ ਲੜਿਆ ਹੋਵੇ। ਉਹ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੂੰ ਜ਼ਾਤੀ ਤੌਰ ਉੱਤੇ ਜਾਣਦਾ ਸੀ। ਉਹਦੀਆਂ ਅੱਖਾਂ ਦੇ ਸਾਹਮਣੇ ਹੀ ਚਾਲ੍ਹੀ ਕੁ ਵਰ੍ਹੇ ਪਹਿਲੇ ਰਣਜੀਤ ਸਿੰਘ ਨੇ ਲਾਹੌਰ ਫ਼ਤਹਿ ਕੀਤਾ ਸੀ। ਉਹਦੀਆਂ ਅੱਖਾਂ ਸਾਹਮਣੇ ਹੀ ਕਿਉਂ, ਜੇ ਇਉਂ ਕਿਹਾ ਜਾਏ ਕਿ ਉਹਦੀ ਸਹਾਇਤਾ ਨਾਲ ਹੀ ਰਣਜੀਤ ਸਿੰਘ ਨੇ ਲਾਹੌਰ ਫ਼ਤਹਿ ਕੀਤਾ ਸੀ ਤਾਂ ਵੀ ਅਤਿ-ਕਥਨੀ ਨਹੀਂ ਹੋਵੇਗੀ। ਤੇ ਫਿਰ ਦਲੇਰ ਸਿੰਘ ਰਣਜੀਤ ਸਿੰਘ ਵਲੋਂ ਲੜੀ ਗਈ ਹਰ ਲੜਾਈ ਦੇ ਹਾਲਾਤ ਜਾਣਦਾ ਸੀ। ਥੋੜਾ ਚਿਰ ਸੋਚ ਕੇ ਉਹ ਠੀਕ ਸੰਨ ਤੇ ਮਿਤੀਆਂ ਵੀ ਦਸ ਸਕਦਾ ਸੀ।

ਦਲੇਰ ਸਿੰਘ ਸਿਰਫ਼ ਆਪਣੀ ਜ਼ਿੰਦਗੀ ਵਿਚ ਵਾਪਰਿਆ ਇਤਿਹਾਸ ਹੀ ਨਹੀਂ ਸੀ ਜਾਣਦਾ, ਉਹ ਬਾਬੇ ਬੰਦੇ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸਰਦਾਰ ਚੜ੍ਹਤ ਸਿੰਘ

ਸੁਕਰਚੱਕੀਏ ਬਾਰੇ ਵੀ ਪੂਰੇ ਅਧਿਕਾਰ, ਸ੍ਵੈ-ਵਿਸ਼ਵਾਸ ਤੇ ਪ੍ਰਮਾਣੀਕ ਲਹਿਜੇ ਵਿਚ ਗੱਲਾਂ ਕਰ ਸਕਦਾ ਸੀ। ਉਹਨੇ ਆਪਣੇ ਪਿਤਾ ਤੇ ਮਾਤਾ ਕੋਲੋਂ ਇਨ੍ਹਾਂ ਪ੍ਰਸਿਧ ਹਸਤੀਆਂ ਬਾਰੇ ਬੜਾ ਕੁਝ ਸੁਣਿਆ ਸੀ। ਉਹਦੇ ਪੜਦਾਦਾ ਨੇ ਆਪ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ। ਦਲੇਰ ਸਿੰਘ ਨੂੰ ਮੁਗਲਾਂ ਨਾਲ ਹੁੰਦੀਆਂ ਲੜਾਈਆਂ ਬਾਰੇ ਤੇ ਪੰਜਾਬ ਦੇ ਹਰ ਦਹਾਕੇ ਬਦਲਦੇ ਸਮਾਜਕ ਢਾਂਚੇ ਬਾਰੇ ਵੀ ਪੂਰੀ ਵਾਕਫ਼ੀਅਤ ਸੀ।

ਇਹੋ ਜਿਹੀ ਇਤਿਹਾਸਕ ਜੀਵਨੀ ਨਾਲ ਗੱਲਾਂ ਕਰਨ ਵਿਚ ਇਕ ਸੁਆਦ ਹੁੰਦਾ ਹੈ, ਜਿਦ੍ਹਾ ਬਿਆਨ ਨਹੀਂ ਕੀਤਾ ਜਾ ਸਕਦਾ। ਇਤਿਹਾਸ ਨੂੰ ਕਿਤਾਬਾਂ ਤੇ ਗਰੰਥਾਂ ਵਿਚੋਂ ਪੜ੍ਹਨਾ ਹੋਰ ਚੀਜ਼ ਹੈ, ਇਤਿਹਾਸ ਨੂੰ ਸੁਣਨਾ ਹੋਰ। ਖ਼ਾਸ ਕਰ ਕੇ ਇਤਿਹਾਸ ਨੂੰ ਉਸ ਆਦਮੀ ਦੇ ਮੂੰਹੋਂ ਸੁਣਨਾ ਜਿਨ੍ਹੇ ਕਿ ਇਤਿਹਾਸ ਬਣਾਇਆ ਹੋਵੇ, ਇਕ ਅਨੂਠੀ ਚੀਜ਼ ਹੈ।

ਮਰਨ ਤੋਂ ਕੁਝ ਦਿਨ ਪਹਿਲੇ ਦਲੇਰ ਸਿੰਘ ਨੇ ਸ਼ਰਦਾਈ ਦਾ ਇਕ ਗਲਾਸ ਹਰ ਸ਼ਾਮ ਨੂੰ ਪੀਣਾ ਸ਼ੁਰੂ ਕਰ ਦਿਤਾ ਸੀ। ਹਕੀਮਾਂ ਦੀ ਸਲਾਹ ਦੇ ਉਲਟ ਉਸ ਆਖਿਆ ਸੀ, "ਮੇਰਾ ਅੰਤ ਆ ਗਿਆ ਹੈ, ਹੁਣ ਮੈਨੂੰ ਹਕੀਮਾਂ ਤੇ ਡਾਕਟਰਾਂ ਦੀ ਸਲਾਹ ਦੀ ਲੋੜ ਨਹੀਂ। ਮੈਂ ਇਸ ਤਰ੍ਹਾਂ ਹੱਸਦਿਆਂ ਖੇਡਦਿਆਂ ਤੇ ਖਾਂਦਿਆਂ ਪੀਂਦਿਆਂ ਮਰਨਾਂ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਮੇਰੀ ਮੌਤ ਕਈ ਜਾਨਾਂ ਵਾਸਤੇ ਜੀਵਨ ਦਾਤਾ ਬਣੇ..."

ਆਖਰੀ ਦਿਨਾਂ ਵਿਚ ਉਹਨੇ ਮਹਾਰਾਜਾ ਰਣਜੀਤ ਸਿੰਘ ਵਲੋਂ ਹਰ ਹਫਤੇ ਆਉਂਦੇ ਡਾਕਟਰ ਮਾਰਟਨ ਹਾਂਨਿਗਬਰਗਰ ਨੂੰ ਵੀ ਆਉਣੋਂ ਰੋਕ ਦਿਤਾ। ਠੀਕ ਕੁਝ ਸਮਾਂ ਪਹਿਲੇ ਉਹ ਵਿਚੋਂ ਵਿਚੋਂ ਕਦੀ ਕਦੀ ਉਦਾਸ ਹੋ ਜਾਂਦਾ ਜਾਂ ਦਿਉਂ ਹੋ ਗਿਆ ਲਗਦਾ; ਪਰ ਅੰਤਲੇ ਦਿਨਾਂ ਵਿਚ ਉਹਦੇ ਦੁਆਲੇ ਖਿਲਰੇ ਖੇੜੇ ਤੋਂ ਸਿਵਾਏ ਕਿਸੇ ਨੇ ਕਦੇ ਹੋਰ ਕੁਝ ਨਹੀਂ ਸੀ ਦੇਖਿਆ। ਇਹਦਾ ਕਾਰਨ ਹਰਪਾਲ ਸੀ। ਹਰਪਾਲ ਅਗੇ ਇਕ ਦਿਨ ਦਲੇਰ ਸਿੰਘ ਨੇ ਆਪਣੀ ਉਦਾਸੀ ਦਾ ਬਿਆਨ ਇਉਂ ਕੀਤਾ ਸੀ, "ਹਰਪਾਲ! ਮੈਂ, ਤੇਰੇ ਦਾਦਾ, ਪੜਦਾਦਾ ਤੇ ਸਰਦਾਰ ਜਾਂਬਾਜ਼ ਸਿੰਘ ਨੇ ਖ਼ਾਲਸਾ ਰਾਜ ਨੂੰ ਆਪਣੇ ਖ਼ੂਨ ਨਾਲ ਸਿੰਜਿਆ ਹੈ। ਤੂੰ ਜਾਣਦਾ ਹੈਂ ਕਿ ਸਾਡੇ ਵਿਚੋਂ ਕਿਸੇ ਨੇ ਵੀ ਆਪਣੀ ਵਡਿਆਈ ਤੇ ਅਮੀਰੀ ਵਾਸਤੇ ਕੁਝ ਨਹੀਂ ਕੀਤਾ। ਗੁਰੂ ਨਾਨਕ ਦੇ ਘਰ ਨਾਲ ਪਿਆਰ ਹੀ ਸਾਡੇ ਘਰ ਦੀ ਪਰੇਰਨਾ ਰਹੀ ਹੈ। ਜਿਸ ਦਿਨ ਤੋਂ ਸ਼ਾਹਬਾਜ਼ ਸਿੰਘ ਨੇ ਅੰਮ੍ਰਿਤ ਛਕਿਆ, ਉਸ ਦਿਨ ਤੋਂ ਹੀ ਸਾਡਾ ਘਰਾਣਾ ਖ਼ਾਲਸਾ ਪੰਥ ਦੀ ਸੇਵਾ ਵਿਚ ਜੁਟ ਗਿਆ।

"ਅੱਜ ਖ਼ਾਲਸਾ ਰਾਜ ਸਿਖਰ ਉੱਤੇ ਹੈ, ਪਰ ਮੈਨੂੰ ਖ਼ਾਲਸਾ ਰਾਜ ਦੀ ਇਹ ਸਿਖਰ ਡਰਾਉਂਦੀ ਹੈ। ਸਿਖ ਕੀ ਤੇ ਡਰ ਕੀ! ਪਰ ਹਰਪਾਲ ਜਦੋਂ ਤੂੰ ਮੇਰੀ ਉਮਰ ਦਾ ਹੋਏਂਗਾ ਤਾਂ ਤੈਨੂੰ ਪਤਾ ਲਗੇਗਾ ਕਿ ਸਮਾਂ ਪਾ ਕੇ ਭਵਿਸ਼ ਬਾਣੀ ਤੇ ਭਵਿਸ਼ ਬਾਰੇ ਅਨੁਮਾਨ ਮਨੁੱਖ ਦੇ ਅੰਦਰੋਂ ਫੁਟਨ ਲਗਦੇ ਹਨ ਤੇ ਮਨੁੱਖ ਉਨ੍ਹਾਂ ਉੱਤੇ ਵਿਸ਼ਵਾਸ ਕੀਤੇ ਬਗੈਰ ਕਹੀਂ ਰਹਿ ਸਕਦਾ। ਧਰਮ ਦੀ ਸਿਖਲਾਈ ਦੇ ਬਾਵਜੂਦ ਵੀ ਮੈਨੂੰ ਭੁੱਖਲੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ ਮੈਨੂੰ ਜਾਪਦਾ ਹੈ ਕਿ ਸਿਖ ਰਾਜ ਦੀ ਅਜੋਕੀ ਸ਼ਾਨ ਨੂੰ ਖ਼ਤਰਾ ਹੈ। ਤੂੰ ਸ਼ਾਇਦ ਹੈਰਾਨ ਹੋਵੇਂ, ਪਰ ਮੈਂ ਸਰਕਾਰ ਨਾਲ ਇਸ ਵਾਰੇ ਗੱਲ ਕੀਤੀ ਹੈ। ਉਹ ਮੇਰੀ ਗੱਲ ਸੁਣ ਕੇ ਹੱਸ ਪਏ, ਪਰ ਉਹ ਵੀ ਇਸ ਬਾਰੇ ਸੋਚ ਜ਼ਰੂਰ ਰਹੇ ਹਨ।

"ਮੈਂ ਤੇਰੇ ਮਨ ਵਿਚ ਕੋਈ ਸ਼ੱਕ ਤੇ ਪੱਖਪਾਤੀ ਵਿਸ਼ਵਾਸ ਨਹੀਂ ਪਾਉਣਾ ਚਾਹੁੰਦਾ, ਪਰ ਮੈਂ ਤੈਨੂੰ ਇਹ ਆਖਣਾ ਚਾਹੁੰਦਾ ਹਾਂ ਕਿ ਵੇਖਣਾ ਮਾਨ ਤੇ ਵਡਿਆਈ ਪਿਛੇ ਮਾਹਿਲ ਘਰਾਣੇ ਦਾ ਕੋਈ ਜੀਅ ਰਾਜ ਤੇ ਧਰਮ ਨੂੰ ਲੀਕ ਨਾ ਲਾਏ। ਸ਼ਾਇਦ ਉਹ ਸਮਾਂ ਵੀ ਆਏ ਜਦੋਂ ਕਿ ਮਿੱਤਰ ਤੇ ਦੁਸ਼ਮਨ ਨੂੰ ਪਛਾਣਨਾ ਕਠਨ ਹੋ ਜਾਏ, ਪਰ ਉਦੋਂ ਪੁੱਤਰ, ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਹ ਕਰਨਾ ਜਿਹੜਾ ਪੰਥਕ ਅਸੂਲਾਂ ਤੇ ਖ਼ਾਲਸਾ ਰਾਜ ਦੀ ਭਲਾਈ ਬਾਰੇ ਹੋਵੇ।" ਤੇ ਫਿਰ ਕੁਝ ਚਿਰ ਅੜਕ ਕੇ ਦਲੇਰ ਸਿੰਘ ਕਹਿੰਦਾ ਗਿਆ : "ਤੂੰ ਮੇਰੀ ਉਦਾਸੀ ਬਾਰੇ ਦੋ ਤਿੰਨ ਵਾਰ ਪੁਛਿਆ ਹੈ ਇਹੋ ਸ਼ੱਕ ਤੇ ਡਰ ਹੀ ਮੇਰੀ ਉਦਾਸੀ ਦਾ ਕਾਰਨ ਹਨ, ਕਰਮ ਸਿੰਘ ਕੰਬੋਅ ਦੀ ਗ਼ੈਰ ਹਾਜ਼ਰੀ ਨਹੀਂ। ਉਹਦੇ ਬਾਰੇ ਮੈਨੂੰ ਪਤਾ ਹੈ ਕਿ ਕੋਈ ਜ਼ਰੂਰੀ ਕੰਮ ਹੀ ਉਹਨੂੰ ਰੋਕ ਰਿਹਾ ਹੈ।"

ਹਰਪਾਲ ਸਿੰਘ ਆਪਣੇ ਪਿਤਾ ਦੇ ਮਨ ਵਿਚ ਹੋ ਰਹੀ ਇਸ ਖਿਚੋਤਾਣ ਤੋਂ ਜਾਣੂ ਸੀ। ਉਹ ਸਿਰਫ਼ ਪੱਕ ਕਰਨਾ ਚਾਹੁੰਦਾ ਸੀ ਕਿ ਜੋ ਕੁਝ ਸਰਦਾਰ ਹਰੀ ਸਿੰਘ ਨਲੂਏ ਦੇ ਮਨ ਵਿਚ ਸੀ ਕਿ ਉਹ ਕੁਝ ਹੀ ਦਲੇਰ ਸਿੰਘ ਦੇ ਮਨ ਵਿਚ ਹੈ ਕਿ ਕੁਝ ਹੋਰ। ਅੱਜ ਉਹਨੂੰ ਪਤਾ ਲਗਾ ਕਿ ਉਹਦੇ ਪਿਤਾ ਤੇ ਉਹਦੇ ਸਵਰਗੀ ਆਗੂ ਦੇ ਭਵਿਖਤ ਬਾਰੇ ਅਨੁਮਾਨ ਇਕੋ ਲੀਹ ਉੱਤੇ ਸਨ। ਉਂਜ ਵੀ ਜਦੋਂ ਮਹਾਰਾਜਾ ਰਣਜੀਤ ਸਿੰਘ ਰਾਜਾ ਧਿਆਨ ਸਿੰਘ ਨੂੰ ਨਾਲ ਲਈ

Scanned by CamScanner

ਉਨ੍ਹਾਂ ਦੀ ਹਵੇਲੀ ਆਇਆ ਸੀ ਤਾਂ ਉਹਨੇ ਆਪਣੇ ਪਿਤਾ ਤੇ ਧਿਆਨ ਸਿੰਘ ਵਿਚ ਇਕ ਤਣਾਉ ਵੇਖਿਆ ਸੀ। ਏਸ ਤਣਾਉ ਦਾ ਅਹਿਸਾਸ ਉਹਨੂੰ ਧਿਆਨ ਸਿੰਘ ਦੀ ਉਹਦੇ ਆਪਣੇ ਨਾਲ ਹੋਈ ਗੱਲ ਬਾਤ ਤੋਂ ਵੀ ਹੋਇਆ ਸੀ। ਉਹਨੂੰ ਲਗਾ ਸੀ ਕਿ ਧਿਆਨ ਸਿੰਘ ਦੀ ਗੱਲ ਬਾਤ ਵਿਚ ਚੋਟ ਹੈ।

ਜਦੋਂ ਹਰਪਾਲ ਸਿੰਘ ਅਗੇ ਹਰੀ ਸਿੰਘ ਨਲੂਏ ਨੇ ਇਹ ਭਾਵ ਪ੍ਰਗਟ ਕੀਤੇ ਸਨ ਤਾਂ ਉਹ ਕੁਝ ਚਿਰ ਲਈ ਚਿਤਾਤੁਰ ਹੋ ਗਿਆ ਸੀ, ਮਾਨੋਂ ਘਬਰਾ ਗਿਆ ਸੀ। ਪਹਿਲੀ ਵਾਰੀ ਆਪਣੀ ਜ਼ਿੰਦਗੀ ਵਿਚ ਉਹ ਰਾਜਨੀਤਕ ਮਾਮਲਿਆਂ ਤੇ ਦਰਬਾਰੀ ਪੁਠੀਆਂ ਸਿੱਧੀਆਂ ਤੇ ਚਲਾਕੀਆਂ ਦੇ ਆਹਮੋਂ ਸਾਹਮਣੇ ਆਇਆ ਸੀ। ਪਰ ਫਿਰ ਹਰਪਾਲ ਜਲਦੀ ਹੀ ਸੰਭਲ ਗਿਆ। ਉਹਨੇ ਹਾਲਾਤਾਂ ਦਾ ਜਾਇਜ਼ਾ ਲਿਆ ਤੇ ਉਹ ਉਨ੍ਹਾਂ ਦਾ ਸਾਹਮਣਾ ਕਰਨ ਲਈ ਤਿਆਰ ਬਰ ਤਿਆਰ ਸੀ। ਸਿਪਾਹੀ ਆਪਣੇ ਸਾਹਮਣੇ ਅਮਰੀ ਹਰ ਔਕੜ ਵਾਸਤੇ ਸਦਾ ਸਿਪਾਹੀਆਨਾ ਭਾਵਾਂ ਨਾਲ ਹੀ ਤਿਆਰ ਬਰ ਤਿਆਰ ਹੁੰਦਾ ਹੈ। ਸਿਪਾਹੀ ਨੂੰ ਮੁਆਮਲਿਆਂ ਦੀਆਂ ਗੁੰਝਲਾਂ ਨਹੀਂ ਡਰਾਂਦੀਆਂ। ਉਹਦੀ ਤਰਬੀਅੱਤ ਹੀ ਕੁਝ ਇਸ ਤਰ੍ਹਾਂ ਹੋਈ ਹੁੰਦੀ ਹੈ। ਉਹ ਕਾਇਰ ਨਹੀਂ ਬਣ ਸਕਦਾ। ਸਿਪਾਹੀ ਅਗੇ ਭਾਵੇਂ ਸਮਾਜਕ, ਭਾਵੇਂ ਰਾਜਨੀਤਕ ਮਸਲੇ ਆ ਪੈਣ, ਉਹ ਉਨ੍ਹਾਂ ਨੂੰ ਸੁਲਝਾਉਣ ਵਾਸਤੇ ਪੂਰੀ ਸਦਾਕਤ ਤੇ ਪੂਰੀ ਤਾਕਤ ਨਾਲ ਜੁਟ ਜਾਏਗਾ। ਸਿਪਾਹੀ ਦੇ ਦਿਲ ਵਿਚ ਝੂਠ ਨਹੀਂ ਹੁੰਦਾ। ਸਿਪਾਹੀ ਅੰਤਰ ਆਤਮੇ ਹਮੇਸ਼ਾ ਸੱਚਾ ਹੁੰਦਾ ਹੈ। ਇਹ ਆਪਣੇ ਆਪ ਨਾਲ ਆਪਣੇ ਵਿਸ਼ਵਾਸਾਂ ਤੋਂ ਇਰਾਦਿਆਂ ਨਾਲ ਸਚਾਈ ਉਹਨੂੰ ਕਿਸੇ ਔਕੜ ਨੂੰ ਵੀ ਹੱਥ ਪਾਣ ਤੋਂ ਨਹੀਂ ਡਰਾਂਦੀ। ਜੇ ਆਪਣੇ ਦਿਲ ਵਿਚ ਚੋਰ ਨਾ ਹੋਵੇ ਤਾਂ ਚੋਰ ਨੂੰ ਚੋਰ ਆਖਣ ਵਿਚ ਤੇ ਸਾਧ ਨੂੰ ਸਾਧ ਆਖਣ ਵਿਚ ਕੋਈ ਸੰਗ ਨਹੀਂ ਆਉਂਦੀ।

ਏਸੇ ਲਈ ਅੱਜ ਹਰਪਾਲ ਨੇ ਅਡੋਲ ਆਪਣੇ ਪਿਤਾ ਨੂੰ ਕਿਹਾ : "ਪਿਤਾ ਜੀ ! ਸਰਦਾਰ ਹਰੀ ਸਿੰਘ ਨਲੂਏ ਨੇ ਵੀ ਆਪਣੇ ਸ਼ਕ ਏਸੇ ਤਰ੍ਹਾਂ ਹੀ ਪ੍ਰਗਟ ਕੀਤੇ ਸਨ। ਮੈਂ ਆਪ ਵੀ ਏਥੇ ਆ ਕੇ ਹਾਲਾਤ ਗੋਲ ਰਿਹਾ ਹਾਂ। ਤੁਸੀਂ ਫ਼ਿਕਰ ਨਾ ਕਰੋ। ਮਾਹਿਲ ਘਰਾਣੇ ਦਾ ਜੀਅ ਮਾਹਿਲ ਘਰਾਣੇ ਦੀ ਇੱਜ਼ਤ ਉੱਤੇ ਆਂਚ ਨਹੀਂ ਆਉਣ ਦੇਵੇਗਾ। ਮੈਂ ਜ਼ਾਮਨ ਹਾਂ।" ਤੇ ਫਿਰ ਉਸ ਆਪਣੇ ਪਿਤਾ ਦਾ ਹੱਥ ਘੁਟ ਕੇ ਕਿਹਾ : "ਹੁਣ ਪਿਤਾ ਜੀ ਮੈਂ ਤੁਹਾਡੇ ਮੁਖ ਉੱਤੇ ਉਦਾਸੀ ਦੀਆਂ ਰੇਖਾਵਾਂ ਨਹੀਂ ਵੇਖਣਾ ਚਾਹੁੰਦਾ। ਤੁਹਾਡੇ ਜਿਹੀ ਸਫ਼ਲ ਤੇ ਮਹਾਨ ਜ਼ਿੰਦਗੀ ਨੂੰ ਇਹ ਸ਼ੋਭਾ ਨਹੀਂ ਦੇਂਦਾ। ਤੁਸੀਂ ਜੋ ਕੁਝ ਜ਼ਿੰਦਗੀ ਵਿਚ ਕਮਾਇਆ ਹੈ, ਬੇਮਿਸਾਲ ਹੈ। ਇਹ ਆਖ਼ਰੀ ਕੁਝ ਦਿਨ ਅਜਿਹੇ ਹੋਣ ਕਿ ਤੁਹਾਡੀ ਹਸਮੁਖਤਾ, ਬਖਸ਼ੀਅਤ ਤੇ ਸੁੱਚਮਤਾ ਦਾ ਪਰਕਾਸ਼ ਮਾਹਿਲ ਘਰਾਣੇ ਦੇ ਇਤਿਹਾਸ ਉੱਤੇ ਸਦਾ ਸਦਾ ਲਈ ਰੱਤੀ ਰੁਸ਼ਨਾਈ ਖਿਲਾਰਦਾ ਰਹੇ।"

ਦਲੇਰ ਸਿੰਘ ਕੁਝ ਪਲ ਇਕ ਟਕ ਹਰਪਾਲ ਵਲ ਤੱਕਣ ਪਿਛੋਂ ਹੱਸਿਆ। "ਕਿਉਂ ਨਹੀਂ, ਹਰਪਾਲ ? ਮੈਨੂੰ ਕੋਈ ਤੌਖ਼ਲਾ ਤੇ ਕੋਈ ਸ਼ੰਕਾ ਨਹੀਂ। ਮੈਂ ਜਾਣਦਾ ਹਾਂ ਕਿ ਮਾਹਿਲ ਘਰਾਣਾ, ਖ਼ਾਲਸਾ ਰਾਜ ਤੇ ਸਿਖ ਧਰਮ ਕਿਨ੍ਹਾਂ ਹੱਥਾਂ ਵਿਚ ਹੈ।" ਇਸ ਗੱਲ ਬਾਤ ਤੋਂ ਪਿਛੋਂ ਦਲੇਰ ਸਿੰਘ ਦੇ ਨਿੰਮਲ ਮੁੱਖ ਉੱਤੇ ਸ਼ੰਕੇ ਤੇ ਉਦਾਸੀ ਦਾ ਤਿਰਵਰਾ ਨਹੀਂ ਆਇਆ।

ਇਨ੍ਹਾਂ ਹੀ ਦਿਨਾਂ ਵਿਚ ਇਕ ਵਚਿੱਤਰ ਪ੍ਰਾਹੁਣਾ ਆਇਆ। ਇੰਦਰ ਮਲ ਉਹਦਾ ਨਾਂ ਸੀ ਤੇ ਉਸ ਦੁਸਿਆ ਕਿ ਉਹਦੇ ਵਡੇ ਵਡੇਰਿਆਂ ਵਿਚੋਂ ਇਕ ਮੰਗਲ ਚੰਦ ਮਾਹਿਲਾਂ ਦੇ ਇਕ ਵਡੇ ਵਡੇਰੇ ਬੁੱਦਾ ਮਲ ਦਾ ਸੰਗੀ ਸੀ ਤੇ ਬੁੱਦਾ ਮਲ ਤੇ ਸ਼ਾਹਬਾਜ਼ ਦੇ ਪੁੱਤਰ ਕਾਲੂ ਦੀ ਮੁਸਲਮਾਨਾ ਹੱਥੋਂ ਹੋਈ ਕੁਰਬਾਨੀ ਬਾਰੇ ਉਹਨੂੰ ਆਪਣੇ ਘਰੋਂ ਇਕ ਵਾਰ ਮਿਲੀ ਹੈ ਜਿਹੜੀ ਕਿ ਬੜੀ ਦਰਦਨਾਕ ਹੈ। ਉਹ ਇਹ ਵਾਰ ਵੀ ਆਪਣੇ ਨਾਲ ਲਿਆਇਆ ਸੀ।

ਇੰਦਰ ਮਲ ਦੀ ਆਉ'ਦ ਨੇ ਜਿਵੇਂ ਦਲੇਰ ਸਿੰਘ ਦੀ ਜ਼ਿੰਦਗੀ ਦੋ ਚਾਰ ਦਿਨ ਲੰਮੇਰੀ ਕਰ ਦਿਤੀ ਹੋਵੇ। ਉਹਨੇ ਕਈ ਵਾਰ ਇਹ ਵਾਰ ਸੁਣੀ। ਇਹ ਇੰਦਰ ਮਲ ਦੇ ਰਿਸ਼ਤੇਦਾਰਾਂ ਵਿਚੋਂ ਹੀ ਕਿਸੇ ਦੀ ਲਿਖੀ ਹੋਈ ਸੀ ਤੇ ਅੱਖਰ ਹੁਣ ਚੰਗੀ ਤਰ੍ਹਾਂ ਪੜ੍ਹੇ ਨਹੀਂ ਸਨ ਜਾਂਦੇ। ਹਰਪਾਲ ਨੇ ਇਸ ਵਾਰ ਦਾ ਇਕ ਚੰਗੇ ਕਵੀ ਪੰਡਤ ਹਰੀ ਰਾਮ ਕੋਲੋਂ ਉਤਾਰਾ ਕਰਾਇਆ ਤੇ ਫਿਰ ਇਹ ਵਾਰ ਮਾਹਿਲ ਘਰਾਣੇ ਦੀ ਛਪਰਮੰਦ ਮਲਕੀਅਤ ਬਣੀ।

ਇਸ ਵਾਰ ਤੋਂ ਪ੍ਰਭਾਵਿਤ ਹੋ ਕੇ ਪੰਡਤ ਹਰੀ ਰਾਮ ਸ਼ੰਕਰ ਨੇ ਮਾਹਿਲ ਘਰਾਣੇ ਦੇ ਸਮੁੱਚੇ ਇਤਿਹਾਸ ਬਾਰੇ ਵੀ ਇਕ ਵਾਰ ਰਚੀ ਜਿਹੜੀ ਮਹਾਰਾਜਾ ਰਣਜੀਤ ਸਿੰਘ ਨੇ ਆਪ ਦਰਬਾਰ ਵਿਚ ਸੁਣੀ। ਕਵੀ ਨੂੰ ਵਡਮੁਲੀਆਂ ਸੁਗਾਤਾਂ ਦਿਤੀਆਂ ਤੇ ਉਹਨੂੰ ਹਰੀ ਸਿੰਘ ਨਲੂਏ ਦੀ ਵਾਰ ਲਿਖਣ ਵਾਸਤੇ ਨਿਯਤ ਕੀਤਾ। ਉਸ ਦਿਨ ਮਹਾਰਾਜਾ ਰਣਜੀਤ ਸਿੰਘ

Scanned by CamScanner

ਅੰਡਾ ਖੁਸ਼ ਹੋਇਆ ਸੀ ਕਿ ਉਸ ਆਪਣੇ ਸਵਰਗੀ ਰਾਜ ਕਵੀ ਹਾਸ਼ਮ ਦੀ ਕਵਿਤਾ ਦੇ ਕਈ ਬੰਦ ਵੀ ਪੰਡਤ ਹਰੀ ਰਾਮ ਦੇ ਮੂੰਹੋਂ ਸੁਣੇ।

ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਦਲੇਰ ਸਿੰਘ ਨੇ ਆਪਣੇ ਸਾਰੇ ਪਰਵਾਰ ਨੂੰ ਇਕੱਠਾ ਕੀਤਾ ਤੇ ਹੱਸਦਿਆਂ ਹੱਸਦਿਆਂ ਕਿਹਾ। "ਅੱਜ ਕੱਲ੍ਹ ਮੈਂ ਟੁਰ ਜਾਵਾਂਗਾ। ਮੈਨੂੰ ਯਕੀਨ ਹੈ ਕਿ ਮਾਹਿਲਾਂ ਦਾ ਪਰਵਾਰ ਕਦੀ ਵੀ ਗੁਰਸਿਖੀ ਦੇ ਅਸੂਲਾਂ ਤੋਂ ਨਹੀਂ ਡਿਗੇਗਾ, ਪਰ ਫਿਰ ਵੀ ਮੈਂ ਆਪਣੇ ਅੰਤਲੇ ਬਚਨਾਂ ਰਾਹੀਂ ਇਸੇ ਚੀਜ਼ ਉੱਤੇ ਜ਼ੋਰ ਦੇਣਾ ਚਾਹੁੰਦਾ ਹਾਂ, ਜਿਹੜੀ ਜ਼ਿੰਦਗੀ ਕਿਸੇ ਅਸੂਲ ਤੇ ਕਿਸੇ ਆਧਰ ਉੱਤੇ ਨਾ ਬਿਤਾਈ ਜਾਵੇ ਉਹ ਜ਼ਿੰਦਗੀ ਕੂੜੀ ਤੇ ਫੋਕੀ ਹੁੰਦੀ ਹੈ। ਜਿਸ ਜ਼ਿੰਦਗੀ ਵਿਚ ਆਦਰਸ਼ਾਂ ਦਾ ਚਾਨਣਾ ਨਹੀਂ ਉਹ ਜ਼ਿੰਦਗੀ ਬੇਸਹਾਰਾ ਤੇ ਕਾਲਖੀ ਜ਼ਿੰਦਗੀ ਹੈ। ਸਾਡੀਆਂ ਜ਼ਿੰਦਗੀਆਂ ਦੇ ਆਧਾਰ ਤੇ ਆਦਰਸ਼ ਬੜੇ ਉੱਚ ਪਾਏ ਦੇ ਹਨ, ਪਰ ਹਨ ਕਠਨ। ਸਿਖੀ ਖੰਨਿਉਂ ਤਿੱਖੀ ਹੈ ਤੇ ਵਾਲਹੋਂ ਨਿੱਕੀ। ਇਹਦੇ ਆਦਰਸ਼ਾਂ ਅਨੁਸਾਰ ਜੀਵਨ ਬਤੀਤ ਕਰਨਾ ਸੁਖਾਲਾ ਨਹੀਂ, ਪਰ ਇਨ੍ਹਾਂ ਆਦਰਸ਼ਾਂ ਤੋਂ ਖੁੰਝਣਾ ਵੀ ਬੇਸ਼ਰਮੀ ਦੀ ਮੌਤ ਹੈ। ਜੇ ਲੋੜ ਪਵੇ ਤਾਂ ਜ਼ਿੰਦਗੀ ਬੇਸ਼ਕ ਅਰਪਣ ਕਰ ਦਿਤੀ ਜਾਏ, ਪਰ ਅਸੂਲਾਂ ਤੇ ਆਦਰਸ਼ਾਂ ਦੀ ਸੁੱਚਮਤਾ ਨੂੰ ਦਾਗ਼ ਨਾ ਆਵੇ। ਏਸੇ ਮਾਰਗ ਉੱਤੇ ਤੁਹਾਡੇ ਘਰਾਣੇ ਦੇ ਵਡੇ ਵਡੇਰੇ ਟੁਰਦੇ ਆਏ ਹਨ ਤੇ ਏਤਿ ਮਾਰਗ ਜੀ ਤੁਸੀਂ ਜਾਣਾ ਹੈ। ਧੰਨ ਸਿਖੀ 'ਖੰਨਿਉਂ ਤਿੱਖੀ ਵਾਲਹੋਂ ਨਿਕੀ, ਏਤਿ ਮਾਰਗ ਜਾਣਾ'।"

ਦਿਉਂ ਇਕ ਜੀਵਨ ਮੁਕਿਆ, ਇਕ ਜੁਗ ਮੁਕਿਆ।

੯੧

ਮਹਾਰਾਜਾ ਰਣਜੀਤ ਸਿੰਘ ਦੀ ਪਾਰਦਰਸ਼ਤਾ ਤੇ ਦੂਰ-ਦ੍ਰਿਸ਼ਟੀ ਪਰਮਾਣੀਕ ਸੀ। ਇਸ 'ਅਨਪੜ੍ਹ' ਮਹਾਰਾਜੇ ਦਾ ਅਨੁਭਵ ਅੱਟੀ ਗਿਆਨਵਾਨ ਸੀ। ਉਹਦੀ ਆਮ ਵਾਕਫ਼ੀ ਹੈਰਾਨੀ ਜਨਕ। ੧੮੦੧ ਵਿਚ ਲਾਹੌਰ ਉੱਤੇ ਕਬਜ਼ਾ ਕਰਚਿਆਂ ਹੀ ਉਸ ਹਿੰਦੁਸਤਾਨ ਦੇ ਉਪ ਮਹਾਂ-ਦੀਪ ਦੀ ਧਰਤ ਉੱਤੇ ਖੇਡਿਆ ਜਾਂਦਾ ਰਾਜਨੀਤਕ ਨਾਟਕ ਗਹੁ ਨਾਲ ਵਾਚਿਆ ਤੇ ਉਹ ਕੁਝ ਨਤੀਜਿਆਂ ਉੱਤੇ ਪਹੁੰਚਿਆ। ਸਿਰਫ਼ ਵੀਹ ਸਾਲ ਦੀ ਉਮਰ ਵਿਚ ਪਹੁੰਚੇ ਨਤੀਜੇ ਐਡੇ ਸਹੀ ਤੇ ਸਿਕੇਬੰਦ ਸਾਬਤ ਹੋਏ ਕਿ ਰਣਜੀਤ ਸਿੰਘ ਨੂੰ ਉਹ ਪਿਛਲੇ ਤੀਹ ਸਾਲ ਬਦਲਣੇ ਨਹੀਂ ਪਏ। ਉਸ ਆਪਣੇ ਅਨੁਭਵੀ ਗਿਆਨ ਨਾਲ ਸਹੀ ਤੌਰ ਉੱਤੇ ਜਾਣ ਲਿਆ ਕਿ ਚਾਲ੍ਹੀ ਪੰਜਾਹ ਸਾਲ ਪਿਛੋਂ ਇਸ ਉਪ ਮਹਾਂ-ਦੀਪ ਦਾ ਕੀ-ਭਵਿਸ਼ ਹੋਵੇਗਾ। ਉਸ ਆਉਂਦੇ ਵਰ੍ਹਿਆਂ ਵਿਚ ਅਫ਼ਗਾਨਿਸਤਾਨ ਤੇ ਹਿੰਦੁਸਤਾਨ ਵਿਚਾਲੇ ਸੰਬੰਧਾਂ ਤੇ ਹਿੰਦੁਸਤਾਨ ਤੇ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿਚਾਲੇ ਸੰਬੰਧਾਂ ਬਾਰੇ ਵੀ ਅਨੁਮਾਨ ਲਾਏ ਤੇ ਸਮੇਂ ਨੇ ਉਹਦੇ ਚਿਤਵੇ ਅਨੁਮਾਨ ਸਹੀ ਸਾਬਤ ਕੀਤੇ।

ਇਨ੍ਹਾਂ ਸਭ ਭਵਿਸ਼ ਬਾਣੀਆਂ ਤੇ ਪਾਰਦਰਸ਼ਤਾ ਦੇ ਪਰਮਾਣਾਂ ਵਿਚੋਂ ਜਿਹੜੇ ਸਭ ਤੋਂ ਪਰਮਾਣੀਕ ਬਚਨ ਉਹਨੇ ਕਹੇ ਉਹ ਉਸ ਸਮੇਂ ਦੇ ਹਿੰਦੁਸਤਾਨ ਦਾ ਨਕਸ਼ਾ ਵੇਖਣ ਵੇਲੇ ਸਨ। ਉਹਦੇ ਹੁਕਮ ਨਾਲ ਉਹਦੇ ਸਾਹਮਣੇ ਸਮੁੱਚੇ ਹਿੰਦੁਸਤਾਨ ਦਾ ਨਵੀਨ ਨਕਸ਼ਾ ਪੇਸ਼ ਕੀਤਾ ਗਿਆ। ਉਸ ਨਕਸ਼ੇ ਉੱਤੇ ਕਾਫ਼ੀ ਸਾਰਾ ਲਾਲ ਰੰਗ ਖਿਲਰਿਆ ਹੋਇਆ ਵੇਖ ਕੇ ਉਸ ਪੁਛਿਆ:

"ਇਸ ਲਾਲ ਰੰਗ ਦਾ ਕੀ ਮਤਲਬ ਹੈ?" ਉਹਨੂੰ ਦਸਿਆ ਗਿਆ ਕਿ ਇਹ ਅੰਗਰੇਜ਼ੀ ਹਕੂਮਤ ਦੀਆਂ ਹੱਦਾਂ ਦਰਸਾਂਦਾ ਹੈ। ਇਹ ਗੱਲ ਸੁਣ ਕੇ ਉਹ ਬੜਾ ਗੰਭੀਰ ਹੋ ਗਿਆ। ਉਸ ਵੇਲੇ ਉਹਨੇ ਹਿੰਦੁਸਤਾਨ ਦੇ ਮਸਲਿਆਂ ਨੂੰ ਸਾਹਮਣੇ

ਰੱਖ ਕੇ ਪੰਜਾਹ ਸਾਲ ਪਿਛੋਂ ਵਾਪਰਨ ਵਾਲੇ ਤਾਕਤੀ ਪੈਟਰਨ ਬਾਰੇ ਪੇਸ਼ੀਨਗੋਈ ਕੀਤੀ। ਕਾਫ਼ੀ ਚਿਰ ਨਕਸ਼ੇ ਵਲ ਨੀਝ ਲਾ ਕੇ ਤੱਕਣ ਬਾਅਦ ਉਸ ਚਿੰਤਤ ਲਹਿਜੇ ਵਿਚ ਕਿਹਾ, "ਇਕ ਦਿਨ ਸਭ ਲਾਲ ਹੀ ਲਾਲ ਹੋ ਜਾਏਗਾ...।"

ਕਹਿਣ ਨੂੰ ਤਾਂ ਭਾਵੇਂ ਰਣਜੀਤ ਸਿੰਘ ਨੇ ਇਹ ਬਚਨ ਕਹਿ ਦਿਤੇ, ਪਰ ਉਹਦੀ ਸਾਰੀ ਜ਼ਿੰਦਗੀ ਇਸ ਭਵਿਖ ਬਾਣੀ ਨੂੰ ਝੁਠਲਾਣ ਵਿਚ ਲਗੀ ਰਹੀ। ਉਸ ਇਸ ਵਧਦੀ ਗੋਰਾ ਤਾਕਤ ਅਗੇ ਇਕ ਅਜਿਹਾ ਬੰਨ੍ਹ ਬੰਨ੍ਹਿਆ ਜਿਹੜਾ ਸ਼ਹਿਜੇ ਕੀਤਿਆਂ ਤੋੜਿਆ ਨਹੀਂ ਸੀ ਜਾ ਸਕਦਾ। ਜੇ ਰਣਜੀਤ ਸਿੰਘ ਦਸ ਪੰਦਰਾਂ ਵਰ੍ਹੇ ਪਹਿਲੇ ਪੈਦਾ ਹੋਇਆ ਹੁੰਦਾ ਤੇ ਜ ਉਸ ਦਸ ਪੰਦਰਾਂ ਵਰ੍ਹੇ ਪਹਿਲੇ ਲਾਹੌਰ ਦਾ ਰਾਜ ਸਿੰਘਾਸਨ ਮਲਿਆ ਹੁੰਦਾ ਤਾਂ ਹਿੰਦੁਸਤਾਨ ਦੇ ਇਸ ਉਪ-ਮਹਾ-ਦੀਪ ਦੀ ਤਵਾਰੀਖ਼ ਹੋਰ ਹੁੰਦੀ।

੧੮੦੧ ਤੋਂ ਲੈ ਕੇ ਆਪਣੀ ਮੌਤ ਤਕ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਇਕ ਹੱਥ ਤੇ ਅਫਗਾਨਾਂ ਨਾਲ ਦੂਜੇ ਹੱਥ ਇਕ ਸੀਤ ਯੁਧ ਲੜਦਾ ਰਿਹਾ। ਇਸੇ ਸੀਤ ਯੁਧ ਦੇ ਕਾਰਨ ਹਿੰਦੁਸਤਾਨ ਨੂੰ ਜੋ ਲਾਭ ਹੋਏ ਉਨ੍ਹਾਂ ਦਾ ਅਜੇ ਤਕ ਪੂਰੀ ਤਰ੍ਹਾਂ ਬਿਆਨ ਜਾਂ ਮੁਲਅੰਕਨ ਨਹੀਂ ਹੋਇਆ। ਚੌਦਾਂ ਦਸੰਬਰ, ੧੯੮੪ ਵਿਚ ਅੰਗਰੇਜ਼ੀ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਨੇ ਆਪਣੀਆਂ ਫਾਈਲਾਂ ਵਿਚ ਪੰਜਾਬ ਅੰਦਰ ਵਧਦੀ ਸਿਖ ਤਾਕਤ ਬਾਰੇ ਲਿਖਿਆ ਸੀ। ਉਸ ਲਿਖਿਆ ਕਿ ਜਲਦੀ ਹੀ ਇਨ੍ਹਾਂ ਅਠੇਰ ਮਿਸਲਾਂ ਵਿਚੋਂ ਇਕ ਮਿਸਲ ਤੇ ਇਕ ਸਰਦਾਰ ਪੰਜਾਬ ਉੱਤੇ ਹਾਵੀ ਹੋ ਜਾਏਗਾ ਤੇ ਫਿਰ ਮੁਗਲ ਸਲੱਤਨਤ ਦੀ ਖ਼ਾਕ ਉੱਤੇ ਬਾਦਿਦ ਇਕ ਉਹੋ ਜਿਹੀ ਹੋਰ ਸਲੱਤਨਤ: ਸਿਖ ਸਲੱਤਨਤ, ਪ੍ਰਫੁਲਤ ਹੋਵੇ। ਇਸ ਤੋਂ ਪਹਿਲੇ ਕਿ ਇਹੋ ਜਿਹੀ ਕੌਦੀ ਸਲਤਨਤ ਪ੍ਰਫੁਲਤ ਹੋਵੇ ਅੰਗਰੇਜ਼ੀ ਸਰਕਾਰ ਦੀ ਬਿਹਤਰੀ ਏਸੇ ਵਿਚ ਹੈ ਕਿ ਸਿਖੀ ਸੰਗਠਨ ਨੂੰ ਵਜੂਦ ਵਿਚ ਆਉਣ ਹੀ ਨਾ ਦਿਤਾ ਜਾਵੇ ਤੇ ਜੇ ਸਿਖੀ ਸੰਗਠਨ ਵਜੂਦ ਵਿਚ ਆ ਜਾਏ ਤਾਂ ਇਹਨੂੰ ਪੁਗਣ ਤੇ ਰਸਣ ਨਾ ਦਿਤਾ ਜਾਏ।

ਪਰ ਅਫ਼ਸੋਸ! ਕਿ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਦੀ ਲਿਖਤ ਇਕ ਪ੍ਰਪੱਕ ਨੀਤੀ ਬਣਨ ਤੋਂ ਪਹਿਲੇ ਤੇ ਅੰਗਰੇਜ਼ੀ ਸਾਮਰਾਜ ਦੇ ਰਹਿੰਦੇ ਹਿੰਦੁਸਤਾਨ ਵਿਚ ਤਾਕਤ ਫੜਨ ਤੋਂ ਪਹਿਲੇ ਸਿਖ ਸੰਗਠਨ ਕਾਇਮ ਹੋ ਗਿਆ ਤੇ ਇਸ ਤੋਂ ਵਧ ਅਫ਼ਸੋਸ ਕਿ ਰਣਜੀਤ ਸਿੰਘ ਦੀ ਅਗਵਾਈ ਥੱਲੇ ਇਹ ਸੰਗਠਨ ਘਟੋ ਘਟ ਪੰਜਾਬ ਵਿਚ ਮਜ਼ਬੂਤ ਵੀ ਹੋ ਗਿਆ। ਆਪਣੇ ਵਲੋਂ ਤਾਂ ਅੰਗਰੇਜ਼ਾਂ ਨੇ ਕਾਫ਼ੀ ਕਾਹਲੀ ਕੀਤੀ, ਪਰ ਸੰਨ ੧੮੦੯ ਤਕ ਰਣਜੀਤ ਸਿੰਘ ਕੋਈ ਇਹੋ ਜਿਹਾ ਰਾਜਾ ਨਹੀਂ ਸੀ ਰਹਿ ਗਿਆ ਜਿਸ ਨੂੰ ਕਿ ਅੰਗਰੇਜ਼ ਰਾਜਨੀਤਕ ਚਾਲਬਾਜ਼ੀਆਂ ਤੇ ਰੋਹਬ ਨਾਲ ਨਿਵਾ ਸਕਦੇ ਤੇ ਕਈ ਹੋਰ ਰਾਜਿਆਂ ਵਾਂਙ ਉਹਦੇ ਕੋਲੋਂ ਈਨ ਮੰਨਵਾ ਸਕਦੇ। ਤੇ ਨਾ ਹੀ ਸਿਖ ਕੌਮ ਹੀ ਅਜਿਹੀ ਕੌਮ ਸੀ ਜਿਹੜੀ ਸੌ ਵਰ੍ਹਿਆਂ ਪਿਛੋਂ ਪਹਿਲੀ ਵਾਰ ਮਿਲੀ ਕੌਮੀ ਆਜ਼ਾਦੀ ਨੂੰ ਸਹਿਜੇ ਕੀਤਿਆਂ ਵੇਚ ਦੇਂਦੀ।

ਪਰ ੧੮੦੯ ਵਿਚ ਅੰਗਰੇਜ਼ਾਂ ਨੇ ਆਪਣਾ ਰੰਗ ਦਾ ਪੱਤਾ ਖੇਡਿਆ ਤੇ ਸਤਲੁਜ ਪਾਰ ਦੀਆਂ ਸਭ ਰਿਆਸਤਾਂ ਨੂੰ ਆਪਣੀ ਸ਼ਰਨ ਹੇਠ ਲੈ ਲਿਆ। ਉਹ ਪੂਰਤ ਵਿਚ ਰਣਜੀਤ ਸਿੰਘ ਦੀ ਵਧਦੀ ਤਾਕਤ ਨੂੰ ਠਲ੍ਹ ਪਾਉਣ ਵਿਚ ਸਫ਼ਲ ਹੋ ਗਏ। ਜੋ ਕੁਝ ਰਣਜੀਤ ਸਿੰਘ ਨੇ ਪਿਛਲੇ ਅੱਠਾਂ ਨੌਆਂ ਸਾਲਾਂ ਵਿਚ ਨੇਪਰੇ ਚਾੜ੍ਹਿਆ ਸੀ, ਉਹ ਸ਼ਾਇਦ ਕੋਈ ਹੋਰ ਜਰਨੈਲ ਜਾਂ ਮਹਾਰਾਜਾ ਉਨ੍ਹਾਂ ਹਾਲਤਾਂ ਵਿਚ ਨੇਪਰੇ ਨਾ ਚਾੜ੍ਹ ਸਕਦਾ। ਤੇ ਅਜ ਵੀ ਰਹਿੰਦੇ ਪੰਜਾਬ ਵਿਚ ਬੜਾ ਕੁਝ ਨਜਿਠਣ ਵਾਲਾ ਸੀ। ਰਣਜੀਤ ਸਿੰਘ ਨੂੰ ਸਮਾਂ ਲੋੜੀਂਦਾ ਸੀ ਤੇ ੧੮੦੯ ਵਿਚ ਉਸ ਹਉਕਾ ਭਰ ਕੇ ਕਿਹਾ, "ਕਾਸ਼! ਸਿਖ ਰਾਜ ਦਸ ਪੰਦਰਾਂ ਸਾਲ ਪਹਿਲੇ ਹੋਂਦ ਵਿਚ ਆਇਆ ਹੁੰਦਾ।"

੧੮੦੪ ਤੇ ੧੮੦੫ ਵਿਚ ਰਣਜੀਤ ਸਿੰਘ ਰਰਦਵਾਰ ਗਿਆ ਸੀ। ਤੀਰਥ ਯਾਤਰਾ ਉੱਤੇ ਨਹੀਂ, ਰਾਜਨੀਤਕ ਯਾਤਰਾ ਉੱਤੇ। ਉਸ ਸਤਲੁਜ ਪਾਰ ਤੇ ਜਮਨਾ ਤੱਕ ਦੇ ਇਲਾਕੇ ਦਾ ਜਾਇਜ਼ਾ ਲੈਣਾ ਸੀ। ਉਸ ਅੰਗਰੇਜ਼ਾਂ ਦੀ ਵਧਦੀ ਤਾਕਤ ਬਾਰੇ ਫ਼ੈਸਲੇ ਕਰਨੇ ਸਨ। ਸ਼ਾਇਦ ਉਨ੍ਹਾਂ ਦਿਨਾਂ ਵਿਚ ਭੇਸ ਬਦਲ ਕੇ ਉਸ ਅੰਗਰੇਜ਼ਾਂ ਦੀ ਕਵਾਇਦ-ਦਾਨ ਫ਼ੌਜਾਂ ਦਾ ਮੁਲਾਹਜ਼ਾ ਵੀ ਕੀਤਾ ਹੋਵੇ। ੧੮੦੯ ਤੱਕ ਉਸ ਹੁਲਕਰ ਤੇ ਸਿੰਧੀਆ ਨੂੰ ਵੀ ਪਸਪਾ ਹੁੰਦੇ ਵੇਖਿਆ। ਹੁਲਕਰ ਤੇ ਸਿੰਧੀਆ ਦੇ ਨਾਂ ਉਸ ਆਪਣੇ ਬਚਪਨ ਵਿਚ ਹੀ ਸੁਣ ਰਖੇ ਸਨ। ਉਹਦੇ ਪਿਤਾ ਮਹਾਂ ਸਿੰਘ ਨੇ ਇਨ੍ਹਾਂ ਅਦੁਤੀ ਜਰਨੈਲਾਂ ਦੀ ਉਹਦੇ ਅਗੇ ਬੜੀ ਸ਼ਲਾਘਾ ਕੀਤੀ ਸੀ। ਅੱਜ ਹੁਲਕਰ ਤੇ ਸਿੰਧੀਆ ਹਾਰ ਚੁਕੇ ਸਨ।

ਰਣਜੀਤ ਸਿੰਘ ਨੇ ਸੋਚਿਆ ਕਿ ਅੰਗਰੇਜ਼ਾਂ ਨਾਲ ਹਾਲ ਦੀ ਹਾਲ ਸੁਲ੍ਹਾ ਕਰ ਲਈ ਜਾਏ। ਅਗੋਂ ਦੀ ਅਗੇ ਵੇਖੀ ਜਾਏਗੀ। ਇਕ ਸੰਧੀਨਾਮਾ ਹੋਇਆ। ਅੰਗਰੇਜ਼ਾਂ ਨੇ ਲੁਧਿਆਣੇ ਛਾਉਣੀ ਪਾ ਲਈ। ਪਹਿਲਾ ਕਮਾਂਡਰ ਸਰ ਡੇਵਡ

Scanned by CamScanner

ਅਕਟਰਲੋਨੀ ਨਿਯੁਤ ਹੋਇਆ। ਮਹਾਰਾਜੇ ਰਣਜੀਤ ਸਿੰਘ ਵਲੋਂ, ਬਖ਼ਸ਼ੀ ਨੰਦ ਸਿੰਘ ਵਟਾਲੇ ਵਾਲਾ ਪਹਿਲਾ ਸਫ਼ੀਰ ਨਿਯਤ ਹੋਇਆ ਤੇ ਖ਼ੁਸ਼ਵਕਤ ਰਾਏ ਅੰਗਰੇਜ਼ਾਂ ਵਲੋਂ ਲਾਹੌਰ ਵਿਚ ਖ਼ਬਰ ਨਵੀਸ। ਰਣਜੀਤ ਸਿੰਘ ਦੀ ਉਮਰ ਉਸ ਵੇਲੇ ਤੀਹ ਵਰ੍ਹੇ ਦੀ ਸੀ।

੧੮੦੯ ਤੋਂ ਪਹਿਲੇ ਹੀ ਰਣਜੀਤ ਸਿੰਘ ਨੇ ਆਪਣੀਆਂ ਫ਼ੌਜਾਂ ਨੂੰ ਨਵੀਨ ਤਰੀਕੇ ਨਾਲ ਸਿਖਲਾਈ ਦੇਣੀ ਸ਼ੁਰੂ ਕਰ ਦਿਤੀ ਸੀ। ਇਹ ਸਿਖਲਾਈ ਇਸ ਵਰ੍ਹੇ ਪਿਛੋਂ ਤੇਜ਼ੀ ਨਾਲ ਵਧਣ ਲਗੀ ਤੇ ਕੁਝ ਸਾਲਾਂ ਵਿਚ ਹੀ ਕਵਾਇਦ-ਦਾਨ ਫ਼ੌਜ ਦੁਰਸਤੀ ਹੋ ਗਈ। ਖ਼ਾਲਸਾ ਫ਼ੌਜ ਦੀ ਬਰਾਵੁਰਦਾ ਤੋਂ ਪਤਾ ਲਗਦਾ ਹੈ ਕਿ ੧੮੦੭ ਵਿਚ ਲਾਹੌਰ ਬਾਰਾਂ ਕਵਾਇਦ-ਦਾਨ ਪਲਟਨਾ ਸਨ। ੧੮੦੮ ਵਿਚ ਸਰ ਚਾਰਲਸ ਮੈਟਕਾਫ਼ ਨੇ ਪੰਜ ਹੋਰ ਪਲਟਨਾਂ ਵੇਖੀਆਂ ਤੇ ੧੮੧੧ ਤੱਕ ਕੁਲ ਕਵਾਇਦ-ਦਾਨ ਪਲਟਨਾਂ ਚਾਲ੍ਹੀ ਦ ਲਗ ਪਗ ਸਨ। ਇਸ ਤੋਂ ਇਲਾਵਾ ਤੋਪਖ਼ਾਨੇ ਵਲ ਖ਼ਾਸ ਧਿਆਨ ਦਿਤਾ ਜਾਣ ਲਗਾ ਤੇ ਤੋਪਾਂ ਤੇਜ਼ੀ ਨਾਲ ਕਾਰਖ਼ਾਨਿਆਂ ਵਿਚੋਂ ਨਿਕਲਣ ਲਗੀਆਂ। ਜਦੋਂ ਰਣਜੀਤ ਸਿੰਘ ਨੇ ਨਵੀਨ ਤਰੀਕੇ ਨਾਲ ਫ਼ੌਜਾਂ ਦੀ ਸਿਖਲਾਈ ਸ਼ੁਰੂ ਕੀਤੀ ਉਦੋਂ ਉਹਦੀ ਉਮਰ ਚੌਵੀ ਵਰ੍ਹੇ ਸੀ ਤੇ ਉਦੋਂ ਤੱਕ ਉਸ ਦੇ ਭੇਜੇ ਕੁਝ ਪੂਰਬੀਏ ਖ਼ੁਫ਼ੀਆ ਤੌਰ ਉੱਤੇ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਵਿਚੋਂ ਕਾਫ਼ੀ ਕੁਝ ਸਿਖ ਵੀ ਆਏ ਸਨ।

੧੮੦੯ ਤੋਂ ੧੮੩੯ ਤੱਕ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਕਾਰ ਇਕ ਸੀਤ ਯੁਧ ਚਾਲੂ ਰਿਹਾ। ਇਹ ਨਹੀਂ ਕਿ ਰਣਜੀਤ ਸਿੰਘ ਦੇ ਮਨ ਵਿਚ ਅੰਗਰੇਜ਼ਾਂ ਲਈ ਇਜ਼ਤ ਨਹੀਂ ਸੀ। ਉਸ ਆਪਣੇ ਵਲੋਂ ਅੰਗਰੇਜ਼ਾਂ ਨਾਲ ਲਾਈ ਦੋਸਤੀ ਪੂਰੀ ਤਰ੍ਹਾਂ ਨਿਭਾਈ, ਪਰ ਉਹ ਦਿਲੋਂ ਕਦੀ ਰਾਜ਼ੀ ਨਹੀਂ ਸੀ ਹੋਇਆ। ਉਹਦਾ ਮਨ ਕਦੀ ਨਹੀਂ ਮੰਨਿਆ। ਰਣਜੀਤ ਸਿੰਘ ਸਵਾਰਥੀ ਨਹੀਂ ਸੀ। ਉਹ ਸਿਖ ਸੀ, ਪਰ ਇਕ ਸਿਖ ਤੋਂ ਪਹਿਲੇ ਉਹ ਹਿੰਦੁਸਤਾਨੀ ਸੀ। ਇਕ ਹਿੰਦੁਸਤਾਨੀ ਹੁੰਦਿਆਂ ਉਹ ਅੰਗਰੇਜ਼ਾਂ ਦੀ ਵਧਦੀ ਤਾਕਤ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਦਾ। ਉਸ ਉਨ੍ਹਾਂ ਦੀ ਤਾਕਤ ਨੂੰ ਜਾਣ ਲਿਆ ਸੀ ਤੇ ਉਨ੍ਹਾਂ ਨਾਲ ਨਾਤਾ ਜੋੜ ਲਿਆ ਸੀ, ਪਰ ਉਸ ਆਪਣੇ ਦਿਲੋਂ ਬਦੇਸ਼ੀ ਰਾਜ ਨਾਲ ਰਾਜ਼ੀਨਾਮਾ ਨਹੀਂ ਸੀ ਕੀਤਾ।

ਜੇ ੧੮੦੯ ਵਿਚ ਅੰਗਰੇਜ਼ਾਂ ਨੇ ਰਣਜੀਤ ਸਿੰਘ ਦੀ ਵਧਦੀ ਤਾਕਤ ਨੂੰ ਠਲ੍ਹ ਪਾ ਦਿਤੀ ਹੀ ਤਾਂ ਰਣਜੀਤ ਸਿੰਘ ਨੇ ਵੀ ਅੰਗਰੇਜ਼ੀ ਰਾਜ ਦੀ ਵਧਦੀ ਤਾਕਤ ਅਗੇ ਬੰਨ੍ਹ ਮਾਰ ਦਿਤਾ ਸੀ। ਅਗੋਂ ਤੋਂ ਦੋਵੇਂ ਧਿਰਾਂ ਰਾਜਨੀਤਕ ਆਡਾਂ ਰਾਹੀਂ ਅਗੇ ਵਧਣ ਦੀ ਕੋਸ਼ਸ਼ ਕਰਨ ਲਗੀਆਂ। ਇਨ੍ਹਾਂ ਹੀ ਦਿਨਾਂ ਵਿਚ ਨੈਪੋਲੀਅਨ ਵਲੋਂ ਅੰਗਰੇਜ਼ਾਂ ਨੂੰ ਖ਼ਤਰਾ ਉਤਪੰਨ ਹੋ ਚੁਕਾ ਸੀ ਤੇ ਨੈਪੋਲੀਅਨ ਦੇ ਤਾਕਤ ਫੜਨ ਨਾਲ ਹਿੰਦੁਸਤਾਨ ਪਹਿਲੀ ਵਾਰ ਤੇ ਡੂੰਘੀ ਤਰ੍ਹਾਂ ਯੂਰਪੀਨ ਰਾਜਨੀਤਕ ਮਾਮਲਿਆਂ ਨਾਲ ਬੱਝ ਗਿਆ। ਉਦੋਂ ਅੰਗਰੇਜ਼ਾਂ ਨੇ ਹਿੰਦੁਸਤਾਨ ਨੂੰ ਸ਼ਤਰੰਜ ਦਾ ਇਕ ਵਿਸ਼ੇਸ਼ ਮੋਹਰਾ ਬਣਾਇਆ ਤੇ ਇਹ ਦੇਸ਼ ਜਗਤ ਰਾਜ ਦੀ ਬਾਜ਼ੀ ਜਿੱਤਣ ਵਿਚ ਇਕ ਮੋਹਰੇ ਵਾਂਗ ਹੀ ਖਿਡਾਇਆ ਜਾਣ ਲਗਾ।

ਰਣਜੀਤ ਸਿੰਘ ਹਿੰਦੁਸਤਾਨ ਦੀ ਇਸ ਅਸਥਿਤੀ ਨੂੰ ਸਮਝਦਾ ਸੀ ਤੇ ਉਸ ਆਪਣਾ ਹੱਠ ਨਾ ਛਡਿਆ। ਉਨ੍ਹੀਵੀਂ ਸਦੀ ਦੇ ਅੱਧ ਤੱਕ ਹਿੰਦੁਸਤਾਨ ਵਿਚ ਇਕ ਅਜਿਹਾ ਰਾਜ ਜ਼ਰੂਰ ਕਾਇਮ ਰਿਹਾ ਜਿਹੜਾ ਅੰਗਰੇਜ਼ਾਂ ਲਈ ਸ਼ਤਰੰਜ ਦਾ ਮੋਹਰਾ ਨਾ ਬਣਿਆ। ਇਸ ਰਾਜ ਦੇ ਰਾਜੇ ਨੇ ਸਭ ਤੋਂ ਪਹਿਲੇ ਦੇਸ਼ ਤੇ ਫਿਰ ਆਪਣੀ ਜਨਤਾ ਤੇ ਫਿਰ ਆਪਣੇ ਆਪ ਨਾਲ ਅੰਤ ਤੱਕ ਨਿਆਂ ਕੀਤਾ।

ਅਫ਼ਗਾਨਿਸਤਾਨ ਤੇ ਹਿੰਦੁਸਤਾਨ ਦੇ ਸੰਬੰਧ ਸਦੀਆਂ ਪੁਰਾਣੇ ਸਨ, ਪਰ ਪਿਛਲੇਰੀ ਸਦੀ ਵਿਚ ਇਹ ਸੰਬੰਧ ਸਿਰਫ਼ ਅਫ਼ਗਾਨਿਸਤਾਨ ਤੇ ਪੰਜਾਬ ਤੱਕ ਹੀ ਸੀਮਤ ਹੋ ਗਏ। ਰਹਿੰਦੇ ਹਿੰਦੁਸਤਾਨ ਉੱਤੇ ਅੰਗਰੇਜ਼ ਛਾ ਗਏ। ਪਹਿਲੇ ਅੰਗਰੇਜ਼ ਚਾਹੁੰਦੇ ਸਨ ਕਿ ਅਫ਼ਗਾਨ ਪੰਜਾਬ ਵਿਚ ਅਗੇ ਨਾ ਵਧਣ। ਉਨ੍ਹਾਂ ਦੇ ਖ਼ਿਆਲ ਅਨੁਸਾਰ ਤੇ ਵਾਰਨ ਹੇਸਟਿੰਗਜ਼ ਦੀ ਲਿਖਤ ਅਨੁਸਾਰ ਉਹ ਸਮਝਦੇ ਸਨ ਕਿ ਉਹ ਜਲਦੀ ਹੀ ਪੰਜਾਬ ਵਿਚ ਪਹੁੰਚ ਜਾਣਗੇ। ਫਿਰ ਜਦੋਂ ਰਣਜੀਤ ਸਿੰਘ ਜ਼ੋਰਾਵਰ ਹੋਇਆ ਤਾਂ ਉਹਨਾਂ ਦਾ ਜੀ ਕਰੇ ਕਿ ਅਫ਼ਗਾਨ ਹੋਰ ਅਗੇ ਵਧ ਆਉਣ, ਤਾਂ ਜੋ ਸਿਖਾਂ ਦੀ ਤਾਕਤ ਬਹੁਤੀ ਨਾ ਫੁਲੇ। ਅੰਗਰੇਜ਼ ਅਫ਼ਗਾਨਾਂ ਨੂੰ ਵੀ ਸ਼ੁਰੂ ਤੋਂ ਹੀ ਖ਼ਤਰਨਾਕ ਸਮਝਦੇ ਸਨ ਤੇ ਉਨ੍ਹਾਂ ਦੇ ਰਾਜ ਵਿਚ ਅੰਨੀ ਦਿਲਚਸਪੀ ਤੇ ਅੰਨਾ ਹੱਕ ਮੰਨਦੇ ਸਨ ਕਿ ਹਿੰਦੁਸਤਾਨ ਵਾਂਗ ਉਹ ਅਫ਼ਗਾਨਿਸਤਾਨ ਨੂੰ ਵੀ ਸ਼ਤਰੰਜ ਦੇ ਇਕ ਮੋਹਰੇ ਵਾਂਗ ਵਰਤ ਸਕਣ। ਸ਼ਾਇਦ ਉਹ ਚਾਹੁੰਦੇ ਸਨ ਕਿ ਅਫ਼ਗਾਨ ਜੇ ਜ਼ੋਰ ਮਾਰਨ ਤਾਂ ਸਿਖ ਡਰ ਦੇ ਮਾਰੇ ਉਨ੍ਹਾਂ ਦੀ ਮਦਦ ਮੰਗਣ। ਮਦਦ ਕਰਨ ਦੇ ਬਹਾਨੇ ਉਹ ਆਪਣੇ ਰਾਜ ਦੀਆਂ ਹੱਦਾਂ ਜਲਦੀ ਤੋਂ ਜਲਦੀ ਖ਼ੈਬਰ ਤੱਕ ਲੈ ਜਾਣ ਤੇ ਜੇ ਹੋ ਸਕੇ ਤਾਂ ਹੈਰਾਤ ਤਕ। ਜਦੋਂ

Scanned by CamScanner

ਸ਼ਾਹ ਜ਼ਮਾਨ ਨੂੰ ਪਿਛਲੇ ਪੈਰੀਂ ਪਰਤਣਾ ਪਿਆ ਤਾਂ ਅੰਗਰੇਜ਼ਾਂ ਨੂੰ ਇਕ ਧੱਕਾ ਲਗਾ । ਸਿਖ ਹੁਣ ਬਹੁਤ ਤਾਕਤਵਰ ਹੋ ਚੁਕੇ ਸਨ ।

ਫ਼ਰਵਰੀ ੧੮੧੦ ਵਿਚ ਸ਼ਾਹ ਸ਼ੁਜਾਹ ਦੇ ਗੱਦੀਓਂ ਲਹਿਣ ਉੱਤੇ ਅੰਗਰੇਜ਼ਾਂ ਨੂੰ ਇਕ ਮੌਕਾ ਹੱਥ ਆਇਆ । ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ ਨਾਲ ਮਿਤ੍ਰਤਾਨਾ ਸਲੂਕ ਕੀਤਾ, ਪਰ ਅੰਗਰੇਜ਼ਾਂ ਤੇ ਕਈ ਹੋਰ ਦਿਲਚਸਪੀ ਲੈਣ ਵਾਲਿਆਂ ਬੰਦਿਆਂ ਨੇ ਉਹਨੂੰ ਲੁਧਿਆਣੇ ਜਾਣ ਦੀ ਸਲਾਹ ਦਿਤੀ । ਏਥੇ ਆਉਂਦਿਆਂ ਹੀ ਸ਼ਾਹ ਸ਼ੁਜਾਹ ਅੰਗਰੇਜ਼ਾਂ ਦੀ ਗੋਦੀ ਵਿਚ ਇਕ ਬੱਚੇ ਵਾਂਗ ਆ ਪਿਆ, ਜਿਦ੍ਹੀ ਖ਼ਾਤਰ ਤੇ ਪਾਲ ਪੋਸ ਉਨ੍ਹਾਂ ਨੇ ਆਪਣਾ ਮਜ਼ਬੀ ਫ਼ਰਜ਼ ਸਮਝਿਆ । ਅੱਜ ਤੋਂ ਅੰਗਰੇਜ਼ ਅਫ਼ਗਾਨਿਸਤਾਨ ਦੀ ਦਾਖ਼ਲੀ ਰਾਜਨੀਤੀ ਨਾਲ ਪੂਰੀ ਤਰ੍ਹਾਂ ਸੰਬੰਧਤ ਹੋ ਗਏ ਤੇ ਦਾਖ਼ਲੀ ਰਾਜਨੀਤੀ ਤੋਂ ਅਗੇ ਵਧ ਕੇ ਖ਼ਾਰਜੀ ਰਾਜਨੀਤੀ ਉੱਤੇ ਅਸਰ ਪਾਣਾ ਕੁਦਰਤੀ ਕਦਮ ਹੈ ।

ਜਦੋਂ ਨੈਪੋਲੀਅਨ ਤੇ ਫ਼ਰਾਂਸ ਜਗਤ ਕਬਜ਼ੇ ਦੀ ਖੇਡ ਵਿਚੋਂ ਖ਼ਾਰਜ ਹੋ ਗਏ ਤਾਂ ਅੰਗਰੇਜ਼ ਤੇ ਇੰਗਲਿਸਤਾਨ ਅੱਜਹੀ ਅਸਥਿਤੀ ਵਿਚ ਸਨ ਜਿਸ ਅਸਥਿਤੀ ਵਿਚ ਕਿ ਕੋਈ ਹੋਰ ਤਾਕਤ ਉਨ੍ਹਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦੀ । ਸਿਖਾਂ ਤੇ ਅਫ਼ਗਾਨਾਂ ਨਾਲ ਦੋਸਤੀ ਬੇ-ਜਾ ਤੇ ਕੁਥਾਵੀਂ ਹੋ ਗਈ । ਸਤਲੁਜ ਤੋਂ ਅਗੇ ਰਣਜੀਤ ਸਿੰਘ ਦਾ ਅਸਰ ਰੋਕ ਕੇ ਹੁਣ ਉਨ੍ਹਾਂ ਨੇ ਉਹਨੂੰ ਸਿੰਧ ਵਿਚ ਠਲ੍ਹ ਪਾਉਣ ਦੀ ਨੀਤੀ ਘੜੀ । ਰਣਜੀਤ ਸਿੰਘ ਦੁਨੀਆਂ ਵਿਚ ਬਦਲਦੇ ਤਾਕਤੀ ਪੈਟਰਨ ਨੂੰ ਸਮਝਦਾ ਰਿਹਾ ਤੇ ਉਸ ਅੰਗਰੇਜ਼ਾਂ ਦੀ ਇਸ ਨੀਤੀ ਨੂੰ ਵਾਚਿਆ ਤੇ ਘੋਖਿਆ । ਰਣਜੀਤ ਸਿੰਘ ਨੇ ਵੀ ਦਾਅ ਖੇਡਣੇ ਸ਼ੁਰੂ ਕੀਤੇ । ਅਜੇ ਤਕ ਉਹ ਕਸ਼ਮੀਰ ਵਿਚੋਂ ਪੂਰੀ ਤਰ੍ਹਾਂ ਵਿਹਲਾ ਨਹੀਂ ਸੀ ਹੋਇਆ, ਪਰ ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਉੱਤ ਕਬਜ਼ਾ ਕਰਦਿਆਂ ਹੀ ਉਸ ਸਿੰਧ ਵਲ ਧਿਆਨ ਦੇਣਾ ਸ਼ੁਰੂ ਕੀਤਾ । ੧੮੩੧ ਵਿਚ ਰੋਪੜ ਅੰਦਰ ਹੋਈ ਗਵਰਨਰ ਜਨਰਲ ਤੇ ਰਣਜੀਤ ਸਿੰਘ ਦੀ ਮੁਲਾਕਾਤ ਵੇਲੇ ਕਈ ਮੁਆਮਲੇ ਗੰਭੀਰ ਗੱਲ ਬਾਤ ਦਾ ਵਿਸ਼ਾ ਬਣੇ ਜਿਨ੍ਹਾਂ ਵਿਚੋਂ ਇਕ ਮੁਆਮਲਾ ਸਿੰਧ ਦਾ ਮੁਆਮਲਾ ਸੀ । ੧੮੩੪ ਤੇ ੧੮੩੬ ਦੇ ਵਿਚਕਾਰ ਸਰਦਾਰ ਗੁੱਜਰ ਸਿੰਘ ਮਜੀਠੀਆ ਦੀ ਅਗਵਾਈ ਥੱਲੇ ਇਕ ਮਿਸ਼ਨ ਕਲਕੱਤੇ ਵੀ ਗਿਆ । ਬਾਹਰੋਂ ਬਾਹਰੋਂ ਤਾਂ ਰਣਜੀਤ ਸਿੰਘ ਦੇ ਭੇਜੇ ਤੋਹਫ਼ੇ ਅੰਗਰੇਜ਼ੀ ਬਾਦਸ਼ਾਹ ਦੀ ਤਰਫ਼ੋਂ ਗਵਰਨਰ ਜਨਰਲ ਨ ਸਵੀਕਾਰ ਕੀਤੇ ਤੇ ਅੰਗਰੇਜ਼ੀ ਬਾਦਸ਼ਾਹ ਦੇ ਮਹਾਰਾਜਾ ਰਣਜੀਤ ਸਿੰਘ ਵਾਸਤੇ ਤੋਹਫ਼ੇ ਸਰਦਾਰ ਗੁੱਜਰ ਸਿੰਘ ਮਜੀਠੀਆ ਨੇ, ਪਰ ਅੰਦਰੋ ਅੰਦਰੀ ਗੰਭੀਰ ਗੱਲਾਂ ਉੱਤੇ ਵੀ ਵਿਚਾਰ ਹੁੰਦੀ ਰਹੀ ਜਿਹੜੀ ਗੱਲ ਬਾਤ ਕਿ ਪਹਿਲੇ ਰਣਜੀਤ ਸਿੰਘ ਤੇ ਗਵਰਨਰ ਜਨਰਲ ਨੇ ਰੋਪੜ ਸ਼ੁਰੂ ਕੀਤੀ ਸੀ ।

ਇਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਨੂੰ ਰੂਸ ਕੋਲੋਂ ਖ਼ਤਰਾ ਮਹਿਸੂਸ ਹੋਣਾ ਸ਼ੁਰੂ ਹੋਇਆ ਤੇ ਸਿਖ ਤੇ ਅਫ਼ਗਾਨ ਇਕ ਵਾਰ ਫਿਰ ਜਗਤ ਰਾਜਨੀਤੀ ਦੀ ਲਪੇਟ ਵਿਚ ਆ ਗਏ । ਜੇ ਰੂਸ ਦਾ ਅਸਰ ਅਫ਼ਗ਼ਾਨਿਸਤਾਨ ਉੱਤੇ ਕਾਬਿਜ਼ ਹੋ ਗਿਆ ਤਾਂ ਅੰਗਰੇਜ਼ਾਂ ਨੂੰ ਮਧ ਪੂਰਬ ਵਿਚ ਤੇ ਹਿੰਦੁਸਤਾਨ ਵਿਚ ਇਕ ਘੋਰ ਖ਼ਤਰੇ ਦਾ ਸਾਹਮਣਾ ਕਰਨਾ ਪਏਗਾ । ਰਣਜੀਤ ਸਿੰਘ ਕੋਲੋਂ ਉਨ੍ਹਾਂ ਨੂੰ ਬੜੀ ਖਿੱਝ ਆਈ ਜਿਹੜਾ ਕਿ ਉਨ੍ਹਾਂ ਤੇ ਅਫ਼ਗਾਨਾਂ ਦੇ ਵਿਚਕਾਰ ਆਪਣੀ ਆਜ਼ਾਦੀ ਨੂੰ ਕਾਇਮ ਰਖ ਰਿਹਾ ਸੀ ਤੇ ਨਾ ਹੀ ਉਨ੍ਹਾਂ ਦਾ ਮਨ ਮਰਜ਼ੀ ਦਾ ਮੋਹਰਾ ਬਣਨ ਨੂੰ ਤਿਆਰ ਸੀ । ਜੇ ਰਣਜੀਤ ਸਿੰਘ ਵਿਚਕਾਰ ਨਾ ਹੁੰਦਾ ਤਾਂ ਹੁਣ ਤਕ ਅੰਗਰੇਜ਼ ਅਫ਼ਗਾਨਿਸਤਾਨ ਦੀ ਸੀਮਾਂ ਤਕ ਪਹੁੰਚ ਚੁਕੇ ਹੁੰਦੇ ਤੇ ਹਰ ਅਮਲੀ ਪਹਿਲੂ ਤੋਂ ਇਹ ਦੇਸ਼ ਉਨ੍ਹਾਂ ਦੇ ਹੱਥ ਵਿਚ ਹੁੰਦਾ । ਦੋਸਤ ਮੁਹੰਮਦ ਉੱਤੇ ਉਨ੍ਹਾਂ ਨੂੰ ਇਤਬਾਰ ਨਹੀਂ ਸੀ ਰਿਹਾ । ਰੂਸੀਆਂ ਤੋਂ ਉਪਰੰਤ ਈਰਾਨੀ ਵੀ ਹੈਰਾਤ ਉੱਤੇ ਚੜ੍ਹੇ ਆ ਰਹੇ ਸਨ ਤੇ ਅੰਗਰੇਜ਼ੀ ਸਾਮਰਾਜ ਇਕ ਕੁੜਕੀ ਵਿਚ ਫਸਿਆ ਹੋਇਆ ਸੀ । ਕੀ ਸਿਖਾਂ ਨਾਲ ਟੱਕਰ ਲੈ ਲਈ ਜਾਏ ? ਉਨ੍ਹਾਂ ਨੇ ਸੋਚਿਆ । ਬਰਿਟਸ਼ ਸਲੱਤਨਤ ਦੀ ਵੱਖੀ ਵਿਚ ਖਟਕਦਾ ਇਹ ਕੰਡਾ ਵੀ ਕਢ ਦਿੱਤਾ ਜਾਏ ? ਪਰ ਰਣਜੀਤ ਸਿੰਘ ਰਣਜੀਤ ਸਿੰਘ ਬੜਾ ਤਾਕਤਵਰ ਸੀ, ਬੜਾ ਸ਼ਕਤੀਸ਼ਾਲੀ । ਫਿਰ ਵੀ ਕੁਝ ਨਾ ਕੁਝ ਤਾਂ ਕਰਨਾ ਹੀ ਪਵੇਗਾ । ਅੰਦਾਜ਼ੇ ਤਾ ਲਾਣੇ ਚਾਹੀਦੇ ਹਨ । ਸੋਚ ਵਿਚਾਰ ਕਰਨੀ ਤਾਂ ਬਣਦੀ ਹੀ ਹੈ ।

ਸਰ ਹੈਨਰੀ ਫ਼ੇਨ ੧੮੩੭ ਵਿਚ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਉੱਤੇ ਲਾਹੌਰ ਆਇਆ । ਉਹਨੇ ਅੰਗਰੇਜ਼ੀ ਸਾਮਰਾਜ ਦੇ ਮਨ ਵਿਚ ਉਠਦੇ ਵਿਚਾਰਾਂ ਬਾਰੇ ਅੰਦਾਜ਼ੇ ਲਾਏ ਤੇ ਸੋਚ ਵਿਚਾਰ ਕੀਤੀ । ਉਸ ਸਭ ਕੰਨੀਆਂ ਨਾਪ ਤੋਲ ਕੇ ਅੰਦਾਜ਼ਾ ਲਾਇਆ ਕਿ ਰਣਜੀਤ ਸਿੰਘ ਦੇ ਪੰਜਾਬ ਨੂੰ ਫ਼ਤਹਿ ਕਰਨ ਵਾਸਤੇ ਸਤ੍ਹਾਠ ਹਜ਼ਾਰ ਫ਼ੌਜ ਦੀ ਤੇ ਦੋ ਸਾਲ ਦੇ ਸਮੇਂ ਦੀ ਲੋੜ ਪਵੇਗੀ । ਅੰਗਰੇਜ਼ੀ ਸਾਮਰਾਜ ਡਰਿਆ । ਕੀ ਇਹ ਲੜਾਈ ਨੈਪੋਲੀਅਨ ਨਾਲ ਲੜੀਆਂ ਲੜਾਈਆਂ ਵਾਂਗ ਹੀ

Scanned by CamScanner

ਮੁਸ਼ਕਲ ਹੋਏਗੀ ? ਉਨ੍ਹਾਂ ਸੋਚਿਆ। ਹੈਨਰੀ ਫ਼ੇਨ ਨਾਲ ਆਏ ਲੈਫਟੀਨੈਂਟ ਗਾਰਡਨ ਨੇ ਫ਼ੌਜੀ ਦਰਿਸ਼ਟੀਕੋਣ ਤੋਂ ਪੰਜਾਬ ਦੇ ਨਕਸ਼ੇ ਬਣਾ ਲਏ ਤਾਂ ਜੋ ਵੇਲੇ ਸਿਰ ਕੰਮ ਆ ਸਕਣ।

ਸਤਾਰਾਂ ਹਜ਼ਾਰ ਫ਼ੌਜ ਤੇ ਦੋ ਵਰ੍ਹੇ ਲੰਮੀ ਜੰਗ ? ਧੁਰ ਲੰਡਨ ਤਕ ਸਭਨਾਂ ਦੀ ਖ਼ਾਨਿਉਂ ਗਈ। ਇਹ ਮੁਹਿੰਮ ਸੰਭਵ ਨਹੀਂ ਹੋ ਸਕਦੀ। ਤਾਂ ਹਣ ਕੀ ਕੀਤਾ ਜਾਏ ? ਇਕ ਵਾਰ ਫਿਰ ਰਣਜੀਤ ਸਿੰਘ ਦੀ ਦੋਸਤੀ ਲਈ ਹੱਥ ਵਧਾਇਆ ਜਾਏ ? ਉਹਦੀ ਚਾਪਲੂਸੀ ਕੀਤੀ ਜਾਏ, ਉਹਨੂੰ ਵਡਿਆਇਆ ਤੇ ਸਤਿਕਾਰਿਆ ਜਾਏ ਤੇ ਉਹਦੇ ਰਾਹੀਂ ਈਰਾਨੀਆਂ ਤੇ ਰੂਸੀਆਂ ਵਲੋਂ ਨਿਸਚਿੰਤ ਹੋਇਆ ਜਾਏ।

ਲਾਰਡ ਆਕਲੈਂਡ ਨੇ ਇਸ ਨਿਸ਼ਾਨੇ ਨੂੰ ਸਾਹਮਣੇ ਰਖ ਕੇ ਆਪਣੇ ਰਾਜਨੀਤਕ ਸਲਾਹਕਾਰ ਡਬਲੀਊ. ਐਚ. ਮੈਕਨਾਟਨ ਦੀ ਅਗਵਾਈ ਥੱਲੇ ਇਕ ਮਿਸ਼ਨ ਲਾਹੌਰ ਭੇਜਿਆ। ਇਸ ਮਿਸ਼ਨ ਦੇ ਬਾਕੀ ਮੈਂਬਰ ਸਨ, ਕੈਪਟਨ ਵੈੱਡ, ਲੁਧਿਆਣੇ ਵਿਚ ਅੰਗਰੇਜ਼ੀ ਸਰਕਾਰ ਦਾ ਰਾਜਨੀਤਕ ਏਜੰਟ, ਕੈਪਟਨ ਡਬਲਯੂ. ਜੀ. ਓਸਬੋਰਨ, ਗਵਰਨਰ ਜਨਰਲ ਦਾ ਵੰਜ਼ਾ ਸਕੱਤਰ, ਕੈਪਟਨ ਜੀ. ਮੈਕਰੈਗਰ, ਗਵਰਨਰ ਜਨਰਲ ਦਾ ਏਡੀਕਾਂਗ ਤੇ ਡਾਕਟਰ ਡਰਮੰਡ, ਗਵਰਨਰ ਜਨਰਲ ਦਾ ਸਰਜਨ।

ਮਈ ੧੮੩੮ ਵਿਚ ਇਹ ਮਿਸ਼ਨ ਪੰਜਾਬ ਆਇਆ ਦੇ ਰਣਜੀਤ ਸਿੰਘ ਨੇ ਰਾਜਾ ਧਿਆਨ ਸਿੰਘ ਤੇ ਆਪਣੇ ਹੋਰਨਾਂ ਦਿਤਬਾਰੀ ਸਰਦਾਰਾਂ ਨੂੰ, ਜਿਦ੍ਹੇ ਵਿਚ ਹਰਪਾਲ ਸਿੰਘ ਵੀ ਸ਼ਾਮਲ ਸੀ, ਕਿਹਾ : "ਮੈਂ ਜਾਣਦਾ ਹਾਂ ਕਿ ਇਹ ਮਿਸ਼ਨ ਕਿਸ ਕੰਮ ਲਈ ਏਥੇ ਆਇਆ ਹੈ। ਤੁਸੀਂ ਵੇਖਣਾ ਕਿ ਇਹ ਮਿਸ਼ਨ ਗਵਰਨਰ ਜਨਰਲ ਤੇ ਮੇਰੀ ਇਕ ਹੋਰ ਮੁਲਾਕਾਤ ਵਾਸਤੇ ਵੀ ਸਲਾਹ ਪੇਸ਼ ਕਰੂਗਾ। ਖ਼ਾਲਸਾ ਰਾਜ ਦੀ ਸਲਾਮਤੀ ਸਾਡੀ ਸਿਆਣਪ ਤੇ ਸਾਡੀਆਂ ਫ਼ੌਜਾਂ ਦੀ ਬਹਾਦਰੀ ਦੇ ਹੱਥ ਵਿਚ ਹੈ...।"

ਫਿਰ ਉਸ ਹਰਪਾਲ ਸਿੰਘ ਨੂੰ ਸੰਬੋਧਨ ਕਰ ਕੇ ਕਿਹਾ, "ਤੇ ਫ਼ੌਜੀ ਤਾਕਤ ਵਿਚੋਂ ਸਭ ਤੋਂ ਵਧ ਇਹ ਸਲਾਮਤੀ ਹੈ ਤੋਪਖ਼ਾਨੇ ਦੀ ਤਾਕਤ ਵਿਚ। ਤੋਪਖ਼ਾਨਾ ਨਵੀਨ ਲੜਾਈਆਂ ਦੀ ਸਫ਼ਲਤਾ ਵਾਸਤੇ ਇਕ ਕੁੰਜੀ ਦੀ ਨਿਆਈਂ ਹੈ। ਅੰਗਰੇਜ਼ਾਂ ਨੂੰ ਆਪਣੇ ਤੋਪਖ਼ਾਨੇ ਉੱਤੇ ਬੜਾ ਨਾਜ਼ ਹੈ, ਪਰ ਤੁਸੀਂ ਇਸ ਮਿਸ਼ਨ ਨੂੰ ਵਿਖਾਣਾ ਹੈ ਕਿ ਖ਼ਾਲਸੇ ਦਾ ਤੋਪਖ਼ਾਨਾ ਅੰਗਰੇਜ਼ਾਂ ਦੇ ਤੋਪਖ਼ਾਨੇ ਨੂੰ ਵੀ ਮਾਤ ਪਾਦਾ ਹੈ।"

ਹਰਪਾਲ ਨੇ ਉੱਤਰ ਵਿਚ ਕਿਹਾ, "ਸਰਕਾਰ ! ਇਸ ਦਾਅਵੇ ਵਿਚ ਕਿਸੇ ਸ਼ਕ ਦੀ ਗੁੰਜਾਇਸ਼ ਨਹੀਂ ਤੇ ਜਿਵੇਂ ਤੁਸੀਂ ਚਾਹੁੰਦੇ ਹੋ ਓਵੇਂ ਹੀ ਹੋਵੇਗਾ।" ਰਣਜੀਤ ਸਿੰਘ ਨੇ ਹਰਪਾਲ ਨੂੰ ਤੋਪਾਂ ਦੇ ਕਾਰਖ਼ਾਨਿਆਂ ਦਾ ਵੀ ਇਨ੍ਹਾਂ ਸ਼ਬਦਾਂ ਨਾਲ ਮੁਖ ਪ੍ਰਬੰਧਕ ਥਾਪਿਆ। "ਮੈਂ ਹਥਆਰ ਤੇ ਤੋਪਾਂ ਵਿਚ ਅਜੇ ਹੋਰ ਵੀ ਉੱਨਤੀ ਤੇ ਤਰੱਕੀ ਚਾਹੁੰਦਾ ਹਾਂ। ਸਿਖ ਸਿਪਾਹੀ ਅਦੁਤੀ ਸਿਪਾਹੀ ਹੈ, ਪਰ ਜੇ ਸਾਜ਼-ਸਾਮਾਨ ਵੀ ਅਦੁਤੀ ਹੋਵੇ ਤਾ ਸਾਡੀ ਕੋਈ ਰੀਸ ਨਹੀਂ ਕਰ ਸਕੇਗਾ।"

Scanned by CamScanner

ਮੈਕਨਾਟਨ ਮਿਸ਼ਨ ਮਈ ਤੋਂ ਜੁਲਾਈ ੧੮੩੮ ਤਕ ਪੰਜਾਬ ਰਿਹਾ। ਰਣਜੀਤ ਸਿੰਘ ਨੇ ਆਪਣੀ ਰਵਾਇਤੀ ਉੱਚ ਪਾਏ ਦੀ ਮਹਿਮਾਨ-ਨਿਵਾਜ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਦੀ ਪੰਜਾਬ ਫੇਰੀ ਨੂੰ ਸੁਖੀ ਤੇ ਦਿਲਚਸਪ ਬਣਾਇਆ।

ਮਈ ਮਹੀਨੇ ਵਿਚ ਮਹਾਰਾਜਾ ਰਣਜੀਤ ਸਿੰਘ ਅਦੀਨਾ ਨਗਰ ਸੀ। ਏਸ ਥਾਂ ਉੱਤੇ ਅਕਸਰ ਰਣਜੀਤ ਸਿੰਘ ਗਰਮੀਆਂ ਦੇ ਦਿਨ ਕਟਣ ਆਇਆ ਕਰਦਾ। ਉਹ ਆਉਂਦਾ ਤੇ ਉਹਦੇ ਨਾਲ ਆਉਂਦੇ ਸ਼ਹਿਜ਼ਾਦੇ, ਚੌਦਾ ਚੌਦਾ ਸਰਦਾਰ, ਉਹਦੇ ਘੱਟ ਚੜ੍ਹੇ ਅੰਗ-ਰਖਸ਼ਕ, ਦਸ ਪੰਦਰਾਂ ਹਜ਼ਾਰ ਫ਼ੌਜ ਤੇ ਉਹਦੇ ਤੋਪਖ਼ਾਨੇ ਦਾ ਇਕ ਚੰਗਾ ਖ਼ਾਸਾ ਭਾਗ। ਅਦੀਨਾ ਨਗਰ ਗਹਿਮਾਂ ਗਹਿਮ ਹੋ ਜਾਂਦੀ। ਜੰਗਲ ਵਿਚ ਮੰਗਲ ਬਣ ਜਾਂਦਾ। ਚਾਰ ਚੁਫੇਰੇ ਤੰਬੂ ਹੀ ਤੰਬੂ ਨਜ਼ਰ ਆਉਂਦੇ।

ਅਦੀਨਾ ਨਗਰ ਹੀ ਮਹਾਰਾਜੇ ਨੇ ਗਵਰਨਰ ਜਨਰਲ ਲਾਰਡ ਆਕਲੈਂਡ ਵਲੋਂ ਆਇਆ ਖ਼ਤ ਸੁਣਿਆ ਤੇ ਉਹਦੇ ਵਲੋਂ ਭੇਜੀਆਂ ਸੁਗਾਤਾਂ ਸਵੀਕਾਰ ਕੀਤੀਆਂ, ਪਰ ਅਜੇ ਉਹਨੇ ਅਫ਼ਗਾਨਿਸਤਾਨ, ਰੂਸ ਤੇ ਸ਼ਾਹ ਸ਼ੁਜਾਹ ਬਾਰੇ ਕੋਈ ਗੱਲ ਨਾ ਕੀਤੀ। ਸ਼ੁਰੂ ਜੂਨ ਵਿਚ ਰਣਜੀਤ ਸਿੰਘ ਤੇ ਮੈਕਨਾਟਨ ਮਿਸ਼ਨ ਲਾਹੌਰ ਆ ਗਏ। ਏਥੇ ਵੀ ਰਣਜੀਤ ਸਿੰਘ ਨੇ ਮਿਸ਼ਨ ਦੇ ਮੈਂਬਰਾਂ ਨੂੰ ਆਹਰੇ ਲਾਈ ਰਖਿਆ।

ਇਸ ਦੌਰਾਨ ਵਿਚ ਅਨੇਕ ਵਾਰ ਅੰਗਰੇਜ਼ੀ ਮਿਸ਼ਨ ਨੇ ਰਣਜੀਤ ਸਿੰਘ ਦੀਆਂ ਫ਼ੌਜਾਂ ਦੇ ਕਰਤਬ ਵੇਖੇ। ਇਕ ਵਾਰ ਦੋ ਹਜ਼ਾਰ ਪਿਆਦਾ ਫ਼ੌਜ ਕਵਾਇਦ ਕਰ ਰਹੀ ਸੀ। ਉਨ੍ਹਾਂ ਦੇ ਕੋਟ ਸਫ਼ੈਦ ਸਨ ਤੇ ਪਤਲੂਨਾਂ ਨਸੰਵਾਰੀ। ਕਾਲੀਆਂ ਪੇਟੀਆਂ ਤੇ ਕਾਰਤੂਸਾਂ ਵਾਸਤੇ ਕਾਲੇ ਪੌਚ। ਸਿਰ ਉੱਤੇ ਪੀਲੀਆਂ ਪੱਗਾਂ। ਮਹਾਰਾਜਾ ਆਪ ਵੀ ਉਸੇ ਵਰਦੀ ਵਿਚ। ਸਾਰੀ ਕਵਾਇਦ ਫ਼ੌਜੀ ਬੈਂਡ ਨਾਲ ਹੋਈ। ਫ਼ੌਜ ਨੇ ਚਾਂਦ ਮਾਰੀ ਵੀ ਕੀਤੀ। ਇਸ ਤਰ੍ਹਾਂ ਗੋਲੀਆਂ ਚਲਾਈਆਂ ਕਿ ਜਿਵੇਂ ਈਸਟ ਇੰਡੀਆ ਕੰਪਨੀ ਦੇ ਗੋਰੇ ਸਿਪਾਹੀ ਵੀ ਨਹੀਂ ਸਨ ਚਲਾ ਸਕਦੇ ਤੇ ਨਿਸ਼ਾਨੇ ਫੁੰਡ ਸਕਦੇ।

ਇਕ ਦਿਨ ਬਾਰਾਂ ਹਜ਼ਾਰ ਕਵਾਇਦ ਦਾਨ ਪਿਆਦਾ ਫ਼ੌਜ ਦੀ ਕਵਾਇਦ ਵਿਖਾਈ ਗਈ। ਜਨਰਲ ਵੈਨਤੂਰਾ, ਜਿਨ੍ਹੇ ਪਿਆਦਾ ਫ਼ੌਜ ਵਾਸਤੇ ਬੜਾ ਸ਼ਲਾਘਾਯੋਗ ਕੰਮ ਕੀਤਾ ਸੀ, ਉਸ ਦਿਨ ਮਹਾਰਾਜੇ ਦੇ ਨਾਲ ਸੀ। ਬਾਰਾਂ ਹਜ਼ਾਰਾਂ ਫ਼ੌਜ ਦਾ ਇਕ ਬੈਂਡ, ਨਾਲ ਕਵਾਇਦ ਤੇ ਝੂਠੀ ਲੜਾਈ ਦੇ ਕਰਤਬ ਵੇਖ ਕੇ ਮਿਸ਼ਨ ਦੇ ਮੈਂਬਰ ਹੈਰਾਨ ਹੋਏ। ਪੂਰਬ ਦੇ ਨਗੂਣੇ ਦੇਸ਼ ਹਿੰਦੁਸਤਾਨ ਵਿਚ, ਤੇ ਹਿੰਦੁਸਤਾਨ ਦੇ ਇਕ ਸੂਬੇ ਪੰਜਾਬ ਵਿਚ ਜਿਥੇ ਪਿਛਲੇ ਸੌ ਦੋ ਸੌ ਸਾਲਾਂ ਤੋਂ ਲਗਾਤਾਰ ਲੜਾਈਆਂ ਹੁੰਦੀਆਂ ਆ ਰਹੀਆਂ ਸਨ, ਇਹ ਜ਼ਾਬਤਾ ਫ਼ੌਜ ਵੇਖ ਕੇ ਮਿਸ਼ਨ ਨੂੰ ਯੂਰਪ ਵਿਚ ਨੈਪੋਲੀਅਨ ਨਾਲ ਹੋਈਆਂ ਲੜਾਈਆਂ ਚੇਤੇ ਆਈਆਂ। ਉਨ੍ਹਾਂ ਨੇ ਆਪਣੀਆਂ ਅੱਖਾਂ ਉੱਤੇ ਇਤਬਾਰ ਨਾ ਕੀਤਾ। ਖ਼ਾਲਸਾ ਫ਼ੌਜ ਕਿਸ ਤਰ੍ਹਾਂ ਨੈਪੋਲੀਅਨ ਦੀਆਂ ਫ਼ੌਜਾਂ ਨਾਲੋਂ ਪਿਛੇ ਸੀ?

ਪਰ ਪਿਆਦਾ ਫ਼ੌਜ ਦੀ ਗੱਲ ਤਾਂ ਰਹੀ, ਜਿਹੜੀ ਹੈਰਾਨੀ ਮਿਸ਼ਨ ਨੂੰ ਖ਼ਾਲਸੇ ਦਾ ਤੋਪਖ਼ਾਨਾ ਵੇਖ ਕੇ ਹੋਈ ਉਹ ਬਿਆਨ ਕੀਤੀ ਨਹੀਂ ਜਾ ਸਕਦੀ। ਇਕ ਦਿਨ ਮਿਸ਼ਨ ਨੇ ਤਿਰਵੰਜਾ ਅਸਪੀ ਤੋਪਾਂ ਵੇਖੀਆਂ ਤਾਂ ਦੂਜੇ ਦਿਨ ਤਰਿਆਨਵੇਂ ਅਸਪੀ, ਸ਼ੁਰਤੀ ਤੇ ਫ਼ੀਲੀ ਤੋਪਾਂ। ਬਹੁਤੀਆਂ ਤੋਪਾਂ ਨੌਂ ਪੌਂਡੀ ਸਨ ਜਿਹੜੀਆਂ ਕਿ ਅੰਗਰੇਜ਼ੀ ਤੋਪਾਂ ਦੇ ਨਮੂਨ ਉੱਤ ਢਾਲੀਆਂ ਗਈਆਂ ਸਨ। ਇਹ ਅੰਗਰੇਜ਼ੀ ਤੋਪਾਂ ਦੇ ਨਮੂਨੇ ੧੮੩੧ ਵਿਚ ਲਾਰਡ ਵਿਲੀਅਮ ਬੈਨਟਿਕ ਨੇ ਰਣਜੀਤ ਸਿੰਘ ਨੂੰ ਦਿਤੇ ਸਨ। ਪਰ ਮਿਸ਼ਨ ਨੇ ਵੇਖਿਆ ਕਿ ਇਨ੍ਹਾਂ ਨੌਂ ਪੌਂਡੀ ਤੋਪਾਂ ਵਿਚ ਵਰਤੀ ਗਈ ਧਾਤ ਜਿਹੜੀ ਕਿ ਬਹੁਤਾ ਪਿੱਤਲ ਸੀ ਅੰਗਰੇਜ਼ੀ ਤੋਪਾਂ ਵਿਚ ਵਰਤੀ ਗਈ ਧਾਤ ਨਾਲੋਂ ਵਧੀਆ ਸੀ। ਨੌਂ ਪੌਂਡੀ ਤੋਪਾਂ ਤੋਂ ਇਲਾਵਾ ਕਈ ਬਾਰਾਂ ਪੌਂਡੀ ਤੋਪਾਂ ਵੀ

Scanned by CamScanner

ਸਨ, ਜਿਨ੍ਹਾਂ ਦੀ ਦਲਾਈ ਤੇ ਖਣਤਰ ਦੀ ਸਫ਼ਾਈ ਉਸ ਭਾਰ ਦੀ ਕਿਸੇ ਵੀ ਯੂਰਪੀਅਨ ਤੋਪ ਨੂੰ ਮਾਤ ਪਾ ਸਕਦੀ ਸੀ।

ਤੋਪਖ਼ਾਨੇ ਦੀ ਚਾਂਦਮਾਰੀ ਸਰਦਾਰ ਹਰਪਾਲ ਸਿੰਘ ਦੀ ਅਗਵਾਈ ਥੱਲੇ ਹੋਈ। ਛੇ ਸੌ, ਅੱਠ ਸੌ, ਇਕ ਹਜ਼ਾਰ ਤੇ ਬਾਰਾਂ ਸੌ ਗਜ਼ਾਂ ਦੇ ਫ਼ਾਸਲੇ ਉੱਤੇ ਪਰਦੇ ਲਾਏ ਗਏ। ਵਾਰੋ ਵਾਰ ਹਰਪਾਲ ਦੇ ਹੁਕਮ ਉੱਤੇ ਤੋਪਾਂ ਨੇ ਇਹ ਪਰਦੇ ਫੁੰਡੇ। ਸਥੱਲਾਂ ਜਿਉਂ ਜਿਉਂ ਫ਼ਾਸਲਾ ਵਧਦਾ ਜਾਂਦਾ ਤੋਪਾਂ ਦੀਆਂ ਮਾਰਾਂ ਵਧੇਰੇ ਦਰੁਸਤ ਹੁੰਦੀਆਂ ਜਾਂਦੀਆਂ ਤੇ ਨਿਸ਼ਾਨੇ ਚੰਗੇਰੇ ਹੁੰਦੇ ਜਾਂਦੇ। ਇਉਂ ਜਾਪਦਾ ਸੀ ਕਿ ਜਿਵੇਂ ਘਟ ਫ਼ਾਸਲੇ ਉੱਤੇ ਤੋਪਾਂ ਦੀ ਮਾਰ ਦੀ ਪਰਦਰਸ਼ਨੀ ਉਨ੍ਹਾਂ ਦਾ ਨਿਰਾਦਰ ਹੋਵੇ। ਬਾਰਾਂ ਸੌ ਗਜ਼ ਉੱਤੇ ਕੀਤੀ ਗਈ ਚਾਂਦਮਾਰੀ ਵਿਚੋਂ ਇਕ ਗੋਲਾ ਵੀ ਨਾ ਘੁਸਿਆ। ਰਣਜੀਤ ਸਿੰਘ ਨੇ ਹੱਸ ਕੇ ਮੈਕਨਾਟਨ ਨੂੰ ਕਿਹਾ, "ਮੇਰੇ ਸਿਖ ਤੋਪਚੀ ਸਚੀਂ ਮੁਚੀਂ ਦੀ ਲੜਾਈ ਵਿਚ ਇਸ ਤੋਂ ਵੀ ਵਧੇਰੇ ਚੰਗੇ ਨਿਸ਼ਾਨੇਬਾਜ਼ ਹੋ ਜਾਂਦੇ ਹਨ। ਬਾਰਾਂ ਸੌ ਗਜ਼ ਦੂਰ ਪਈ ਦੁਸ਼ਮਨ ਦੀ ਤੋਪ ਦੇ ਮੂੰਹ ਵਿਚੋਂ ਗੋਲਾ ਲੰਘਾ ਦੇਣ...।"

ਰਣਜੀਤ ਸਿੰਘ ਨੇ ਇਹ ਸ਼ਬਦ ਮਖ਼ੌਲ ਵਿਚ ਕਹੇ, ਪਰ ਮੈਕਨਾਟਨ ਤੇ ਉਸਬੋਰਨ ਨੂੰ ਇਹ ਬਚਨ ਮਖ਼ੌਲ ਨਾ ਲਗੇ। ਆਪਣੇ ਸਾਹਮਣੇ ਹੁੰਦੀ ਚਾਂਦਮਾਰੀ ਵੇਖ ਕੇ ਉਹ ਮਹਾਰਾਜੇ ਦੇ ਏਸ ਦਾਅਵੇ ਨੂੰ ਅਸਲੋਂ ਸੱਚ ਸਮਝ ਸਕਦੇ ਸਨ। ਹਰਪਾਲ ਸਿੰਘ ਨੇ ਤੋਪਖ਼ਾਨੇ ਦੇ ਇਕ ਥਾਂ ਤੋਂ ਦੂਜੀ ਥਾਂ ਜਾਣ ਆਉਣ ਦੀ ਵੀ ਪਰਦਰਸ਼ਨੀ ਦਿਤੀ। ਜਿਸ ਤੇਜ਼ੀ ਨਾਲ ਤੋਪਾਂ ਆਪਣਾ ਲੀਹਾਂ ਛਾਵਾਂ ਸਮੇਟਦੀਆਂ, ਘੋੜੇ ਬਲਦ ਜਾਂ ਹਾਥੀ ਜੁਪਦੇ, ਗੋਲੇ ਤੇ ਬਾਕੀ ਦਾ ਸਾਮਾਨ ਸਾਂਭਿਆ ਜਾਂਦਾ ਉਹ ਤੋਪਾਂ ਦੀ ਦਰੁਸਤ ਠਿਕਾਨੇ ਬਾਜ਼ੀ ਨਾਲੋਂ ਵੀ ਅਚੰਭਤ ਘਟਨਾ ਸੀ। ਇਹ ਹੀ ਨਹੀਂ, ਨਵੀਂ ਨੀਯਤ ਥਾਂ ਉੱਤੇ ਪਹੁੰਚ ਕੇ ਬੜੀ ਤੇਜ਼ੀ ਨਾਲ ਘੋੜੇ ਜਾਂ ਹੋਰ ਜਾਨਵਰ ਵੱਖ ਕੀਤੇ ਜਾਂਦੇ, ਤੋਪਾਂ ਨੂੰ ਰਾਸ ਕੀਤਾ ਜਾਂਦਾ, ਗੋਲੇ ਲਿਆਏ ਜਾਂਦੇ ਤੇ ਤੋਪਾਂ ਚਲਾਣ ਵਾਸਤੇ ਤਿਆਰ ਕੀਤੀਆਂ ਜਾਂਦੀਆਂ। ਪੰਜਾਂ ਦਸਾਂ ਮਿੰਟਾਂ ਵਿਚ ਹੀ ਸਾਰਾ ਤੋਪਖ਼ਾਨਾ ਤਿਆਰ ਹ ਸਕਦਾ ਸੀ।

ਤੋਪਖ਼ਾਨੇ ਦੇ ਸਿਪਾਹੀਆਂ ਦੀ ਵਰਦੀ ਪਿਆਦਾ ਫ਼ੌਜ ਨਾਲੋਂ ਅਡਰੀ ਸੀ। ਇਨ੍ਹਾਂ ਦੇ ਪੈਰੀਂ ਬੂਟ ਆਮ ਬੂਟਾਂ ਦੇ ਮੁਕਾਬਲੇ ਵਿਚ ਪਿੰਨੀਆਂ ਤੁਕ ਆਉਂਦੇ। ਇਨ੍ਹਾਂ ਦੀਆਂ ਕਾਲੀਆਂ ਪੇਟੀਆਂ ਮੋਢਿਆਂ ਤੋਂ ਹੋ ਕੇ ਆਰ ਪਾਰ ਛਾਤੀ ਉੱਤੇ ਸੋਂਹਦੀਆਂ ਤੇ ਇਨ੍ਹਾਂ ਦੀਆਂ ਪੱਗਾਂ ਰੇਸ਼ਮੀ ਤੇ ਲਾਲ ਜਾਂ ਕਿਰਮਚੀ ਰੰਗ ਦੀਆਂ ਹੁੰਦੀਆਂ। ਤੋਪਖ਼ਾਨੇ ਦੀ ਹਿਫ਼ਾਜ਼ਤ ਵਾਸਤੇ ਦੋਹਾਂ ਪਾਸੇ ਰਸਾਲਾ ਨਿਯਤ ਹੁੰਦਾ। ਇਕ ਦਿਨ ਇਸ ਰਸਾਲੇ ਦੀ ਕਮਾਨ ਆਪ ਰਾਜਾ ਧਿਆਨ ਸਿੰਘ ਨੇ ਕੀਤੀ।

ਇਸ ਫ਼ੌਜੀ ਪਰਦਰਸ਼ਨੀ ਨੂੰ ਵੇਖ ਕੇ ਜਿਵੇਂ ਮੈਕਨਾਟਨ ਮਿਸ਼ਨ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਮਿੱਤ੍ਰਤਾ ਦੀ ਚਾਹ ਹੋਰ ਵੀ ਤੀਬਰ ਹੋ ਗਈ। ਉਨ੍ਹਾਂ ਨੂੰ ਜਾਪਿਆ ਕਿ ਜਿਵੇਂ ਸਰ ਹੈਨਰੀ ਫ਼ੈਨ ਦੇ ਪੰਜਾਬ ਦੀ ਜਿਤ ਬਾਰੇ ਅਨੁਮਾਨ ਸੁਚੱਜੇ ਨਾ ਹੋਣ। ਮਿਸ਼ਨ ਦੀ ਲੰਮੀ ਤਕਰਾਰ ਤੇ ਉਡੀਕ ਪਿਛੋਂ ਮਹਾਰਾਜੇ ਰਣਜੀਤ ਸਿੰਘ ਨੇ ਉਨ੍ਹਾਂ ਨਾਲ ਰਾਜਨੀਤਕ ਗੱਲ ਬਾਤ ਕੀਤੀ ਤੇ ਉਨ੍ਹਾਂ ਨਾਲ ਸਹਿਮਤ ਹੋਇਆ ਕਿ ਸ਼ਾਹ ਸ਼ੁਜਾਹ ਨੂੰ ਕਾਬਲ ਤਖ਼ਤ ਉੱਤੇ ਬਿਠਾਣ ਵਾਸਤੇ ਕੋਈ ਅਮਲੀ ਕਦਮ ਉਠਾਇਆ ਜਾਵੇ।

ਜਿਵੇਂ ਰਣਜੀਤ ਸਿੰਘ ਨੇ ਸੋਚਿਆ ਸੀ ਮੈਕਨਾਟਨ ਮਿਸ਼ਨ ਮਹਾਰਾਜਾ ਰਣਜੀਤ ਸਿੰਘ ਤੇ ਗਵਰਨਰ ਜਨਰਲ ਆਕਲੈਂਡ ਦੀ ਮੁਲਾਕਾਤ ਵਾਸਤੇ ਵੀ ਪੇਸ਼ਕਸ਼ ਲਿਆਇਆ ਸੀ ਤੇ ਇਹ ਮੁਲਾਕਾਤ ਉਸੇ ਸਾਲ ਦੇ ਅੰਤ ਵੇਲੇ ਤੀਹ ਨਵੰਬਰ ਨੂੰ ਫ਼ੀਰੋਜ਼ਪੁਰ ਹੋਣੀ ਸਵੀਕਾਰ ਹੋਈ। ਆਕਲੈਂਡ ਆਪਣੇ ਨਾਲ ਪੰਦਰਾਂ ਹਜ਼ਾਰ ਫ਼ੌਜ ਲਿਆਇਆ, ਪਰ ਰਣਜੀਤ ਸਿੰਘ ਦੇ ਇਸ ਗਿਣਤੀ ਤੋਂ ਅੱਧੇ ਸਿਪਾਹੀਆਂ ਨੇ ਗਵਰਨਰ ਜਨਰਲ ਤੇ ਦਰਸ਼ਕਾਂ ਉੱਤੇ ਵਧੇਰੇ ਪ੍ਰਭਾਵ ਪਾਇਆ। ਕਿਥੇ ਰਣਜੀਤ ਸਿੰਘ ਦੀ ਆਪਣੀ ਚੜਤ ਫਬਤ ਤੇ ਕਿਥੇ ਆਕਲੈਂਡ ਦੀ ਕੱਟ ਪਤਲੂਨ। ਕਿਥੇ ਰਣਜੀਤ ਸਿੰਘ ਦੇ ਅੰਗ-ਰਖ਼ਸ਼ਕਾਂ ਦਾ ਲਿਬਾਸ ਤੇ ਉਨ੍ਹਾਂ ਦੀ ਚੁਸਤੀ ਚਲਾਕੀ ਤੇ ਕਿਥੇ ਗੋਰਾ ਪਲਟਨਾਂ ਤੇ ਹਿੰਦੁਸਤਾਨੀ ਪਲਟਨਾਂ ਦੀ ਆਮ ਵਰਦੀ ਤੇ ਨਿਸਥਤਨ ਢਿਲੀਆਂ ਤੇ ਸੁਸਤ ਹਰਕਤਾਂ। ਰਣਜੀਤ ਸਿੰਘ ਦੇ ਅੰਗ-ਰਖ਼ਸ਼ਕ ਘੱਤ ਚੜ੍ਹਿਆਂ ਦੀ ਵਰਦੀ ਰੇਸ਼ਮ ਤੇ ਸਾਟਨ ਦੀ ਹੁੰਦੀ ਸੀ। ਉਨ੍ਹਾਂ ਦੇ ਓਦਣੇ ਕੀਮਖ਼ਾਬ ਦੇ। ਉਨ੍ਹਾਂ ਦੀਆਂ ਤਲਵਾਰਾਂ ਦੀਆਂ ਮੁੱਠਾਂ ਸੋਨੇ ਦੀਆਂ। ਉਨ੍ਹਾਂ ਦੇ ਨੇਜ਼ੇ ਸੋਨੇ ਦੇ ਪਾਣੀ ਨਾਲ ਮੜ੍ਹੇ ਹੋਏ। ਉਨ੍ਹਾਂ ਦੀਆਂ ਪੱਗਾਂ ਲਹਿ ਲਹਿ ਕਰਦੇ ਰੇਸ਼ਮ ਦੀਆਂ। ਉਨ੍ਹਾਂ ਦੀਆਂ ਪਿੱਠਾਂ ਉੱਤੇ ਪਲਮਦੇ ਪੱਲੇ ਚਾਂਦੀ ਦੀਆਂ ਤਾਰਾਂ ਦੇ ਉਣੇ ਹੋਏ। ਉਨ੍ਹਾਂ ਦੇ ਘੋੜੇ ਇਕ ਤੋਂ ਇਕ ਵੱਧ। ਸਭਨਾਂ ਦੇ ਸੁੰਮ ਚਿੱਟੇ। ਸਭਨਾਂ ਦੇ ਮੱਥਿਆਂ ਉੱਤੇ ਚਿੱਟੇ ਨਿਸ਼ਾਨ। ਸਭਨਾਂ ਦੀਆਂ ਕਾਠੀਆਂ ਜੜਾਊ। ਜਦੋਂ ਆਕਲੈਂਡ ਇਨ੍ਹਾਂ ਅੰਗ-ਰਖ਼ਸ਼ਕ ਨੇਜ਼ਿਆਂ ਦੀ ਛਾਂ ਥਲਿਉਂ ਲੰਘਿਆ ਤਾਂ ਸ਼ਾਇਦ ਉਹਨੇ ਆਪਣੇ ਆਪ ਨੂੰ ਰਣਜੀਤ ਸਿੰਘ ਦੇ ਮੁਕਾਬਲੇ ਵਿਚ ਛੋਟਾ ਮਹਿਸੂਸ ਕੀਤਾ।

Scanned by CamScanner

ਆਕਲੈਂਡ ਨਾਲ ਆਏ ਸਾਰੇ ਵਿਅਕਤੀਆਂ ਦੀ ਰੋਟੀ ਤੇ ਉਨ੍ਹਾਂ ਦਾ ਨਿੱਜੀ ਖ਼ਰਚ ਮਹਾਰਾਜੇ ਦੀ ਜੇਬ ਵਿਚੋਂ ਆਉਂਦਾ। ਉਨ੍ਹਾਂ ਨੂੰ ਕੋਈ ਚੀਜ਼ ਆਪ ਬਜ਼ਾਰੋਂ ਖ਼ਰੀਦਣ ਦੀ ਮਨਾਹੀ ਸੀ। ਬਿਲਕੁਲ ਨਵੀਨ ਤਰੀਕੇ ਉੱਤੇ ਇਕ ਫ਼ਿਰੰਤ ਲਿਸਟ ਹਰ ਆਦਮੀ ਕੋਲ ਭੇਜੀ ਜਾਂਦੀ, ਜਿਸ ਉੱਤੇ ਆਪਣੀ ਆਪਣੀ ਲੋੜ ਦੀਆਂ ਚੀਜ਼ਾਂ ਲਿਖ ਦੇਂਦਾ। ਖ਼ਾਲਸਾ ਪ੍ਰਬੰਧਕ ਆਪ ਇਨ੍ਹਾਂ ਲਿਸਟਾਂ ਅਨੁਸਾਰ ਚੀਜ਼ਾਂ ਖ਼ਰੀਦ ਕੇ ਆਕਲੈਂਡ ਦੇ ਕੈਂਪ ਵਿਚ ਵੰਡਦੇ। ਖ਼ਾਲਸਾ ਸ਼ਾਨ-ਸ਼ੌਕਤ, ਪਰਾਹੁਣਾਚਾਰੀ, ਚੌਹਰਾ ਸੁੰਦਰਤਾ ਦਾ ਇਹ ਸਿਖਰ ਸੀ। ਇਸ ਸਿਖਰ ਨੂੰ ਤੇ ਰਣਜੀਤ ਸਿੰਘ ਦੀ ਵਡਿਆਈ ਨੂੰ ਵੇਖ ਕੇ ਹਰਪਾਲ ਸਿੰਘ ਵਾਰੀ ਵਾਰੀ ਆਪਣੇ ਮਨ ਵਿਚ ਕਹਿ ਚੁਕਾ ਸੀ, "ਰੱਬ ਸੁਖ ਕਰੇ...!" "ਰੱਬ ਸੁਖ ਕਰੇ!"

ਕੁਝ ਚਿਰ ਪਿਛੋਂ ਗਵਨਰ ਜਰਨਲ ਕਲਕੱਤੇ ਮੁੜ ਗਿਆ ਤੇ ਰਣਜੀਤ ਸਿੰਘ ਲਾਹੌਰ ਆ ਗਿਆ। ਹੁਣ ਤਕ ਰਣਜੀਤ ਸਿੰਘ ਦੀ ਬਿਮਾਰੀ ਵਲੋਂ ਸਾਰੇ ਸਰਦਾਰ ਚਿੰਤਾਤੁਰ ਹੋ ਚੁਕੇ ਸਨ। ਸਤੰਬਰ ਮਹੀਨੇ ਵਿਚ ਉਹਨੂੰ ਲਕਵੇ ਦਾ ਦੌਰਾ ਪੈ ਗਿਆ ਸੀ। ਲਾਹੌਰ ਮੁੜਨ ਪਿਛੋਂ ਰਣਜੀਤ ਸਿੰਘ ਦਾ ਮੇਲ ਹਰਪਾਲ ਨਾਲ ਅਗੇ ਨਾਲੋਂ ਵੀ ਵਧ ਗਿਆ। ਹਰਪਾਲ ਦਾ ਸਵੈ-ਵਿਸ਼ਵਾਸ ਤੇ ਉਹਦੀ ਸ਼ਖਸੀਅਤ ਰਣਜੀਤ ਸਿੰਘ ਨੂੰ ਟੁੰਬਦੀ। ਉਹ ਏਸ ਜਰਨੈਲ ਕੋਲੋਂ ਆਤਮ ਬਲ ਲੈਂਦਾ ਜਾਪਦਾ। ਉਹਦੇ ਨਾਲ ਗੱਲਾਂ ਕਰਦਿਆਂ ਉਹਨੂੰ ਲਗਦਾ ਕਿ ਉਹ ਆਪ ਹਰੀ ਸਿੰਘ ਨਲੂਏ ਨਾਲ ਗੱਲਾਂ ਕਰ ਰਿਹਾ ਹੈ। ਹਰਪਾਲ ਦਾ ਗੱਠਿਆ ਹੰਢਿਆ ਜੁੱਸਾ, ਮੋਟੇ ਮੋਟੇ ਨਕਸ਼ ਤੇ ਅਜੇ ਤਤ ਕਾਲੇ ਵਾਂਙ ਉਹਨੂੰ ਸਿੱਖ ਸਲਤਨੱਤ ਦੇ ਚਿਰੰਜੀਵ ਹੋਣ ਦਾ ਪ੍ਰਤੱਖ ਪ੍ਰਮਾਣ ਲਗਦੇ।

ਹਰਪਾਲ ਨੇ ਹੁਣ ਤਕ ਜੰਗ ਵੇਲੇ ਤੋਪਾਂ ਨੂੰ ਆਪੋ ਵਿਚ ਜ਼ੰਜੀਰਾਂ ਨਾਲ ਬੰਨ੍ਹਣ ਦਾ ਤਰੀਕਾ ਮਹਾਰਾਜੇ ਅਗੇ ਪੇਸ਼ ਕਰ ਕੇ ਇਹਦੀ ਪਰਵਾਨਗੀ ਲੈ ਲਈ ਸੀ। ਰਾਜਾ ਧਿਆਨ ਸਿੰਘ ਤੇ ਕੁਝ ਇਕ ਹੋਰ ਸਰਦਾਰਾਂ ਦੀ ਮੁਖਾਲਫਤ ਦੇ ਬਾਵਜੂਦ ਵੀ ਰਣਜੀਤ ਸਿੰਘ ਨੇ ਹਰਪਾਲ ਸਿੰਘ ਦੀ ਸਲਾਹ ਦੀ ਕਦਰ ਕੀਤੀ। ਇਸ ਤਰੀਕੇ ਨੂੰ 'ਜ਼ੰਜੀਰੀ ਤੋਪਖ਼ਾਨੇ' ਦਾ ਨਾਂ ਦਿਤਾ ਗਿਆ। ਅਸਲ ਵਿਚ ਇਹ ਤਰੀਕਾ ਕੋਈ ਨਵਾਂ ਨਹੀਂ ਸੀ। ਪਹਿਲੇ ਪਹਿਲ ਸ਼ਾਇਦ ਬਾਬਰ ਨੇ ਤੋਪਾਂ ਨੂੰ ਆਪੋ ਵਿਚ ਬੰਨ੍ਹਿਆ ਸੀ। ਮੁੱਦਾ ਇਹ ਸੀ ਕਿ ਲੜਾਈ ਵੇਲੇ ਜੇ ਦੁਸ਼ਮਨ, ਤੋਪਖ਼ਾਨੇ ਤਕ ਪਹੁੰਚਣ ਵਿਚ ਸਫਲ ਹੋ ਵੀ ਜਾਏ ਤਾਂ ਵੀ ਤੋਪਾਂ ਦੇ ਵਿਚਕਾਰੋਂ ਲੰਘ ਕੇ ਤੋਪਖ਼ਾਨੇ ਦੇ ਪਿਛੇ ਨਾ ਜਾ ਸਕੇ। ਜੇ ਤੋਪਾਂ ਆਪੋ ਵਿਚ ਬੰਨ੍ਹੀਆਂ ਹੋਈਆਂ ਹੋਣਗੀਆਂ ਤਾਂ ਦੁਸ਼ਮਨ ਦੇ ਘੋੜਿਆਂ ਨੂੰ ਅਵੱਸ਼ ਰੁਕਣਾ ਪਏਗਾ। ਬੇਸ਼ਕ ਇਸ ਤਰੀਕੇ ਦਾ ਨੁਕਸ ਇਹ ਸੀ ਕਿ ਲੋੜ ਵੇਲੇ ਤੋਪਾਂ ਜਲਦੀ ਨਾਲ ਅਗੇ ਜਾਂ ਪਿਛੇ ਨਹੀਂ ਸਨ ਵਧ ਸਕਦੀਆਂ, ਪਰ ਹਰਪਾਲ ਨੇ ਫ਼ੌਜੀ ਇਤਿਹਾਸ ਵਿਚੋਂ ਉਦਾਹਰਣ ਦੇ ਦੇ ਕੇ ਦਸਿਆ ਕਿਵੇਂ ਲੜਾਈਆਂ ਵੇਲੇ ਏਸ ਤਰੀਕੇ ਨੇ ਤੋਪਖ਼ਾਨੇ ਨੂੰ ਬਚਾਇਆ ਹੈ।

ਉਨ੍ਹਾਂ ਦਿਨਾਂ ਵਿਚ ਬਾਰਾਂ ਪੌਂਡੀ ਤੋਪਾਂ ਤੋਂ ਭਾਰੀਆਂ ਤੋਪਾਂ ਬਣ ਉਣ ਦਾ ਵੀ ਵਿਚਾਰ ਹੋ ਰਿਹਾ ਸੀ ਤੇ ਇਧ ਲੋਹ ਵਿਚ ਕਾਫੀ ਕੰਮ ਹੋ ਚੁਕਾ ਸੀ, ਪਰ ਹਰਪਾਲ ਸਿੰਘ ਨੇ ਇਹ ਉਸਟੰਡ ਬੰਦ ਕਰ ਦਿਤਾ। ਧਿਆਨ ਸਿੰਘ ਨੇ ਫਿਰ ਅੜਬੀ ਕਰੜਾ ਵਿਰੋਧ ਕੀਤਾ। ਮੁਆਮਲਾ ਰਣਜੀਤ ਸਿੰਘ ਕੋਲ ਪਹੁੰਚਿਆ। ਧਿਆਨ ਸਿੰਘ ਨੇ ਸਾਰੀਆਂ ਦਲੀਲਾਂ ਦੇ ਕੇ ਆਪਣੀ ਪੁੜਤਾ ਕੀਤੀ, ਪਰ ਰਣਜੀਤ ਸਿੰਘ ਨੇ ਅੰਤ ਫ਼ੈਸਲਾ ਹਰਪਾਲ ਸਿੰਘ ਦੇ ਹੱਕ ਵਿਚ ਦਿਤਾ।

ਹਰਪਾਲ ਨੇ, ਮੁਗ਼ਲਾਂ ਦੇ ਤੋਪਖ਼ਾਨੇ ਦੀ ਉਦਾਹਰਣ ਦੇ ਕੇ ਦਸਿਆ ਕਿ ਜਿਥੇ ਬਾਬਰ ਤੇ ਅਕਬਰ ਦੇ ਤੋਪਖ਼ਾਨੇ ਵਡੀ ਕਾਰਆਮਦ ਸ਼ੈ ਸਨ, ਉਥੇ ਔਰੰਗਜ਼ੇਬ ਦਾ ਤੋਪਖ਼ਾਨਾ ਅੱਡਾ ਭਾਰਾ ਹੋ ਚੁਕਾ ਸੀ ਕਿ ਉਹਦੀ ਵਰਤੋਂ ਅਤਿ ਕਠਨ ਹੋ ਗਈ। ਹਰਪਾਲ ਨੇ ਆਜ਼ਮ ਸ਼ਾਹ ਤੇ ਉਹਦੀਆਂ ਤੋਪਾਂ ਦਾ ਕਿੱਸਾ ਸੁਣਾਇਆ। ੧੭੦੭ ਈ: ਵਿਚ ਆਜ਼ਮ ਸ਼ਾਹ ਅਹਿਮਦ ਨਗਰ ਤੋਂ ਧੌਲ-ਪੁਰ ਦੀ ਵਿਜੈ ਲਈ ਟੁਰਿਆ। ਅਨੇਕ ਭਾਰੀਆਂ ਤੋਪਾਂ ਉਸ ਆਪਣੇ ਨਾਲ ਲਈਆਂ, ਪਰ ਤੋਪਾਂ ਦੇ ਖਿਚਣ ਵਾਸਤੇ ਅੰਨੇ ਹਾਥੀਆਂ ਤੇ ਪ੍ਰਬੰਧ ਵਾਸਤੇ ਅੰਨੇ ਆਦਮੀਆਂ ਤੇ ਹਾਥੀਆਂ ਵਾਸਤੇ ਰਸਦ ਪਾਣੀ ਦੀ ਐਨੀ ਲੋੜ ਸੀ ਕਿ ਆਜ਼ਮ ਸ਼ਾਹ ਇਕ ਇਕ ਕਰ ਕੇ ਆਪਣੀਆਂ ਤੋਪਾਂ ਪਿਛੇ ਛਡਦਾ ਗਿਆ। ਜਦ ਉਹ ਮੈਦਾਨੇ ਜੰਗ ਵਿਚ ਪਹੁੰਚਿਆ ਤਾਂ ਉਹਦੇ ਕੋਲ ਇਕ ਤੋਪ ਵੀ ਨਾ ਬਚੀ। "ਇਹ ਕਹਾਣੀ ਮਨ-ਘੜਤ ਲਗਦੀ ਹੈ," ਰਾਜਾ ਧਿਆਨ ਸਿੰਘ ਬੋਲਿਆ।

ਇਸ ਗੱਲ ਦੇ ਉੱਤਰ ਵਿਚ ਹਰਪਾਲ ਨੇ ਅੱਡੀ ਕੁਰੱਖ਼ਤ ਤੱਕਣੀ ਨਾਲ ਰਾਜਾ ਧਿਆਨ ਸਿੰਘ ਵਲ ਵੇਖਿਆ ਕਿ ਕਿ ਉਹ ਕੰਬ ਗਿਆ। ਰਣਜੀਤ ਸਿੰਘ ਨੂੰ ਹਰਪਾਲ ਦੇ ਦਿਲ ਦੇ ਅੰਦਰ ਉਠਦੇ ਰੋਸ ਦਾ ਅਹਿਸਾਸ ਹੋਇਆ ਤੇ ਉਸ ਧਿਆਨ ਸਿੰਘ ਨੂੰ ਕਿਹਾ : "ਤੁਹਾਨੂੰ ਇਓਂ ਕਹਿਣਾ ਸ਼ੋਭਾ ਨਹੀਂ ਦੇਂਦਾ।"

Scanned by CamScanner

ਹਰਪਾਲ ਨੇ ਉਸ ਤੋਂ ਪਿਛੋਂ ਗੱਲ ਬਾਤ ਦੇ ਦੌਰਾਨ ਵਿਚ ਧਿਆਨ ਸਿੰਘ ਨੂੰ ਸੰਬੋਧਨ ਨਹੀਂ ਕੀਤਾ। ਇਹ ਹਰਪਾਲ ਤੇ ਧਿਆਨ ਸਿੰਘ ਵਿਚਕਾਰ ਹੋਈ ਪਹਿਲੀ ਝੜਪ ਸੀ। ਬਿਨਾਂ ਇਕ ਸ਼ਬਦ ਆਪਣੇ ਮੂੰਹ ਵਿਚੋਂ ਕਢਿਆਂ ਹਰਪਾਲ ਨੇ ਧਿਆਨ ਸਿੰਘ ਨੂੰ ਕਹਿ ਸੁਣਾਇਆ ਕਿ ਉਹਦੀ ਕਹੀ ਗੱਲ ਬੜੀ ਹੌਛੀ ਤੇ ਵਾਹਯਾਤ ਹੈ। ਧਿਆਨ ਸਿੰਘ ਨੂੰ ਵੀ ਇਹਦਾ ਅਹਿਸਾਸ ਹੋਇਆ। ਜਦੋਂ ਉਹਨੇ ਵੇਖਿਆ ਕਿ ਸਿਧੇ ਤੁਰੀਕੇ ਨਾਲ ਉਹ ਹਰਪਾਲ ਦੇ ਮੁਕਾਬਲੇ ਜੋਗਾ ਨਹੀਂ ਤਾਂ ਉਹਦਾ ਮਨ ਅਤਿਅੰਤ ਖੱਟਾ ਹੋਇਆ।

ਫਿਰ ਹਰਪਾਲ ਨੇ ਲਾਹੌਰ ਵਿਚਲੇ ਮੁਗਲੀਹਾ ਤੋਪਖਾਨੇ ਦੀ ਮਿਸਾਲ ਦਿਤੀ। ੧੭੧੨ ਈ: ਵਿਚ ਬਹਾਦਰ ਸ਼ਾਹ ਪਿਛੋਂ ਤਖਤ ਵਾਸਤੇ ਹੋ ਰਹੀ ਲੜਾਈ ਲਈ ਜਦੋਂ ਦਾਅਵੇਦਾਰ ਨੇ ਲਾਹੌਰ ਵਿਚ ਸਥਾਪਤ ਕੁਝ ਤੋਪਾਂ ਲੜਾਈ ਵਿਚ ਵਰਤਣੀਆਂ ਚਾਹੀਆਂ ਤਾਂ ਚਾਰ ਵਡੀਆਂ ਤੋਪਾਂ ਨੇ ਚਾਰ ਦਿਨਾਂ ਵਿਚ ਸਿਰਫ਼ ਦਸ ਮੀਲ ਦਾ ਫ਼ਾਸਲਾ ਤੈ ਕੀਤਾ। ਇਨ੍ਹਾਂ ਚਾਰ ਤੋਪਾਂ ਨੂੰ ਖਿਚਣ ਵਾਸਤੇ ਛੇ ਹਾਥੀ ਤੇ ਦੋ ਸੌ ਪੰਜਾਹ ਬਲਦਾਂ ਦੀ ਲੋੜ ਪਈ। ਇਹ ਉਦਾਹਰਣ ਦੇ ਕੇ ਹਰਪਾਲ ਨੇ ਰਣਜੀਤ ਸਿੰਘ ਨੂੰ ਸੰਬੋਧਨ ਕੀਤਾ, "ਸਰਕਾਰ ਇਹ ਗੱਲ ਵੀ ਪਹਿਲੇ ਵਾਂਗ ਮਨ-ਘੜਤ ਲਗੇਗੀ, ਪਰ ਮੈਂ ਜੋ ਕੁਝ ਕਹਿ ਰਿਹਾ ਹਾਂ ਉਹ ਇਤਿਹਾਸਕ ਸਚਾਈ ਹੈ। ਮੈਂ ਅਜ ਸ਼ਾਮੀਂ ਹੀ ਇਨ੍ਹਾਂ ਦੋਹਾਂ ਉਦਾਹਰਣਾਂ ਦੀ ਉਸ ਵੇਲੇ ਦੀਆਂ ਲਿਖੀਆਂ ਪੁਸਤਕਾਂ ਵਿਚੋਂ ਗਵਾਹੀ ਪੇਸ਼ ਕਰਾਂਗਾ।"

ਫਿਰ ਹਰਪਾਲ ਸਿੰਘ ਨੇ ਮਰਹੱਟਿਆਂ ਤੇ ਅੰਗਰੇਜ਼ਾਂ ਦੀ ਲੜਾਈ ਦੀ ਮਿਸਾਲ ਦਿਤੀ। ਮਰਹੱਟਿਆਂ ਦੀਆਂ ਭਾਰੀਆਂ ਤੋਪਾਂ ਅੰਗਰੇਜ਼ਾਂ ਦੀਆਂ ਹੌਲੀਆਂ ਤੋਪਾਂ ਸਾਹਮਣੇ ਠਹਿਰ ਨਹੀਂ ਸਨ ਸਕੀਆਂ ਤੇ ਉਨ੍ਹਾਂ ਦਾ ਇਕ ਥਾਂ ਤੋਂ ਦੂਜੀ ਥਾਂ ਲੈ ਜਾਣਾ ਅਤਿ ਕਠਨ ਸੀ। ਹਰਪਾਲ ਨੇ ਕਿਹਾ : "ਇਹ ਸਾਡੀ ਸੈਨਾਂ ਦਾ ਤੇਜ਼ੀ ਨਾਲ ਅਗੇ ਪਿਛੇ ਵਧਣਾ ਹੀ ਇਕ ਅਜਿਹਾ ਗੁਣ ਹੈ ਜਿਹੜਾ ਅੰਗਰੇਜ਼ਾਂ ਦੀ ਸੈਨਾਂ ਵਿਚ ਨਹੀਂ। ਕੈਪਟਨ ਉਸਬੋਰਨ ਨੇ ਆਪ ਵੀ ਮੈਨੂੰ ਇਹੋ ਗੱਲ ਦਸੀ ਹੈ। ਸਾਨੂੰ ਕੋਈ ਅਜਿਹਾ ਕਦਮ ਨਹੀਂ ਚੁਕਣਾ ਚਾਹੀਦਾ, ਜਿਸ ਨਾਲ ਸਾਡਾ ਇਹ ਫ਼ੈਸਲਾਕੁਨ ਗੁਣ ਮਾਂਦ ਪੈ ਜਾਏ।"

ਏਸੇ ਚਰਚਾ ਵੇਲੇ ਸਰਦਾਰ ਲਹਿਣਾ ਸਿੰਘ ਮਜੀਠੀਆ ਵੀ ਉਥੇ ਹਾਜ਼ਰ ਸੀ ਤੇ ਉਸ ਉਸੇ ਵਕਤ ਆਪਣੀ ਦਿਆਨਤਦਾਰੀ ਦਾ ਪੂਰਾ ਸਬੂਤ ਦਿਤਾ। ਬੇਸ਼ਕ ਭਾਰੀਆਂ ਤੋਪਾਂ ਦੇ ਡੀਜ਼ਾਇਨ ਉਹ ਆਪ ਹੀ ਤਿਆਰ ਕਰ ਰਿਹਾ ਸੀ ਤੇ ਬੇਸ਼ਕ ਉਹਦੇ ਤੇ ਰਾਜਾ ਧਿਆਨ ਸਿੰਘ ਦੇ ਸੰਬੰਧ ਬੜੇ ਮਿੱਤਰਤਾਨਾ ਸਨ, ਪਰ ਤਾਂ ਵੀ ਉਸ ਕਿਹਾ, "ਸਰਕਾਰ ! ਮੈਂ ਹਰਪਾਲ ਦੀ ਰਾਏ ਨਾਲ ਸਹਿਮਤ ਹਾਂ। ਮੈਨੂੰ ਇਹੋ ਰਾਏ ਵਡਮੁਲੀ ਲਗੀ। ਬੇਸ਼ਕ ਇਉਂ ਕੰਮ ਵਿਚ ਛਡਣ ਨਾਲ ਮੇਰੀ ਬਹੁਤ ਸਾਰੀ ਮਿਹਨਤ ਅਜਾਈਂ ਜਾਏਗੀ, ਪਰ ਸਰਦਾਰ ਹਰਪਾਲ ਸਿੰਘ ਦੀਆਂ ਦਲੀਲਾਂ ਮੈਨੂੰ ਬਹੁ-ਮੁਲੀਆਂ ਜਾਪਦੀਆਂ ਹਨ।"

ਰਣਜੀਤ ਸਿੰਘ ਹੱਸਿਆ ਤੇ ਉਸ ਕਿਹਾ : "ਮੈਂ ਵੀ ਆਪਣੇ ਤੋਪਚੀ ਸਰਦਾਰ ਨਾਲ ਸਹਿਮਤ ਹਾਂ। ਜਿਹੜੇ ਕੰਮ ਨੂੰ ਵੀ ਅਸੀਂ ਹੱਥ ਪਾਈਏ, ਇਕ ਨਜ਼ਰ ਅੰਗਰੇਜ਼ਾਂ ਉੱਤੇ ਰਖ ਕੇ ਹੀ ਉਹਨੂੰ ਨਜਿਠੀਏ। ਮਰਹੱਟਿਆਂ ਤੇ ਅੰਗਰੇਜ਼ਾਂ ਦੇ ਤੋਪਖਾਨਿਆਂ ਬਾਰੇ ਪੇਸ਼ ਕੀਤੇ ਗਏ ਵਿਚਾਰ ਸਾਡੀਆਂ ਅੱਖਾਂ ਸਾਹਮਣੇ ਵਾਪਰੇ ਹਨ।"

ਧਿਆਨ ਸਿੰਘ ਨੇ ਹਰਪਾਲ ਸਿੰਘ ਨੂੰ ਅੱਜ ਦੀ ਘਟਨਾ ਵਾਸਤੇ ਕਦੀ ਮੁਆਫ ਨਹੀਂ ਕੀਤਾ। ਧਿਆਨ ਸਿੰਘ ਕਿਸੇ ਨੂੰ ਮੁਆਫ ਕਰਨ ਵਾਲਾ ਆਦਮੀ ਨਹੀਂ ਸੀ। ਇਹ ਸ਼ਾਇਦ ਪਹਿਲੀ ਵਾਰ ਸੀ ਕਿ ਗੌਰਵ ਮੁਆਮਲੇ ਵਿਚ ਰਣਜੀਤ ਸਿੰਘ ਨੇ ਕਿਸੇ ਹੋਰ ਦੀ ਸਲਾਹ ਨੂੰ ਉਹਦੀ ਸਲਾਹ ਉੱਤੇ ਤਰਜੀਹ ਦਿਤੀ। ਉਂਜ ਵੇਖਿਆ ਜਾਏ ਤਾਂ ਧਿਆਨ ਸਿੰਘ ਵੀ ਫ਼ੌਜੀ ਮੁਆਮਲਿਆਂ ਨੂੰ ਕੋਈ ਘਟ ਨਹੀਂ ਸੀ ਸਮਝਦਾ। ਉਹ ਆਪ ਅਛੋਤਾ ਪਲੱਥੇ ਬਾਜ਼ ਸੀ, ਤੀਰ ਅੰਦਾਜ਼ ਸੀ, ਘੋੜ ਅਸਵਾਰ ਸੀ ਤੇ ਤੋਪਖਾਨੇ ਬਾਰੇ ਵੀ ਕਾਫੀ ਕੁਝ ਜਾਣਦਾ ਸੀ। ਪਰ ਹਰਪਾਲ ਦੀ ਤੋਪਾਂ ਬਾਰੇ ਵਾਕਫ਼ੀਅਤ ਦਾ ਮੁਕਾਬਲਾ ਦੋ ਧਿਆਨ ਸਿੰਘ ਵੀ ਮਿਲ ਕੇ ਨਹੀਂ ਸਨ ਕਰ ~~ਸਕਦੇ~~ ਤੇ ਜੇ ਅਗੇ ਨਹੀਂ ਤਾਂ ਅਜ ਧਿਆਨ ਸਿੰਘ ਨੂੰ ਇਸ ਗੱਲ ਦਾ ਵਿਸ਼ਵਾਸ ਜ਼ਰੂਰ ਹੋ ਗਿਆ। ਜਿਹੜੀ ਦੂਜੀ ਗੱਲ ਦਾ ਉਹਨੂੰ ਅਜ ਵਿਸ਼ਵਾਸ ਹੋਇਆ ਉਹ ਇਹ ਸੀ ਕਿ ਉਹ ਹਰਪਾਲ ਦੇ ਮੁਕਾਬਲੇ ਵਿਚ ਰਣਜੀਤ ਸਿੰਘ ਕੋਲੋਂ ਆਪ ਕੋਈ ਆਖੀ ਨਹੀਂ ਮਨਵਾ ਸਕਦਾ। ਧਿਆਨ ਸਿੰਘ ਨੂੰ ਲਗਾ ਕਿ ਹਰਪਾਲ ਸਿੰਘ ਲੰਹੇ ਦਾ ਆਦਮੀ ਹੈ ਤੇ ਇਸ ਲੰਹੇ ਦੀ ਸੁਭਾਵਿਕ ਸਖ਼ਤੀ ਤੇ ਸੀਤ ਉਹਦੀ ਨਸ ਨਸ ਉੱਤੇ ਛਾ ਗਈ। ਉਸ ਮੁੜ ਕੇ ਕਦੀ ਮਹਾਰਾਜੇ ਅਗੇ ਹਰਪਾਲ ਸਿੰਘ ਨਾਲ ਬਹਿਸ ਨਹੀਂ ਕੀਤੀ ਸਗੋਂ ਹੁਣ ਮਹਾਰਾਜੇ ਅਗੇ ਉਹ ਸਦਾ ਉਹਦੀ ਤਾਰੀਫ਼ ਕਰਦਾ। ਪਰ ਉਹਦੇ ਦਿਲ ਵਿਚ ਆਪਣੇ ਹੋਏ ਅਪਮਾਨ ਦੀ ਸਮੇਂ ਸਿਰ ਬਦਲਾ ਲੈਣ ਦੀ ਇਕ ਚਾਹ ਘਰ ਕਰ ਗਈ।

Scanned by CamScanner

ਇਸ ਤੋਂ ਇਲਾਵਾ ਹਰਪਾਲ ਨੇ ਤੋਪਾਂ ਦੇ ਕਾਰਖ਼ਾਨਿਆਂ ਦੇ ਪ੍ਰਬੰਧ ਨੂੰ ਮੁੜ ਕੇ ਤਰਤੀਬ ਦਿਤੀ। ਉਸ ਵੇਲੇ ਪੰਜਾਬ ਵਿਚ ਤੋਪਾਂ ਦੇ ਪੰਜ ਕਾਰਖ਼ਾਨੇ ਸਨ। ਸਭ ਤੋਂ ਵੱਡਾ ਕਾਰਖ਼ਾਨਾ ਸ਼ਾਹਦਰੇ ਵਿਚ ਸੂਬਾ ਸਿੰਘ ਦਾ ਕਾਰਖ਼ਾਨਾ ਸੀ। ਦੂਜਾ ਕਿਲ੍ਹਾ ਮੁਬਾਰਕ ਵਿਚ, ਜਿਸ ਦੀ ਦੇਖ ਭਾਲ ਮੀਆਂ ਕਾਦਰ ਬਖ਼ਸ਼ ਬਾਗ਼ਬਾਨ ਕਰਦਾ। ਤੀਜਾ ਕਾਰਖ਼ਾਨਾ ਦੀਦਗਾਹ ਵਿਚ ਸੀ ਤੇ ਜਰਨਲ ਕੋਰਟ ਇਹਦਾ ਪ੍ਰਬੰਧਕ ਸੀ। ਚੌਥਾ ਕਾਰਖ਼ਾਨਾ ਸ਼ੇਖ਼ੂ ਪੁਰੇ ਸੀ ਤੇ ਪੰਜਵਾਂ ਨਕੋਦਰ। ਇਕੋ ਕਾਰਖ਼ਾਨੇ ਵਿਚ ਇਕ ਤੋਂ ਵਧ ਕਿਸਮ ਦੀਆਂ ਤੋਪਾਂ ਬਣਦੀਆਂ। ਹਰਪਾਲ ਦੀ ਨਜ਼ਰ ਵਿਚ ਇਉਂ ਸਮਾਂ ਤੇ ਰੁਪਿਆ ਫ਼ਜ਼ੂਲ ਜ਼ਾਇਆ ਹੁੰਦਾ। ਸੋ ਉਸ ਹਰ ਕਾਰਖ਼ਾਨੇ ਵਿਚ ਸਿਰਫ਼ ਇਕੋ ਭਾਂਤ ਦੀਆਂ ਤੋਪਾਂ ਤਿਆਰ ਕਰਨ ਦੇ ਹੁਕਮ ਦਿਤੇ।

ਹੁਣ ਉਹਨੇ ਤੋਪਾਂ ਦੀ ਬਾਰਬਰਦਾਰੀ ਵਲ ਧਿਆਨ ਦਿਤਾ। ਅਸਪੀ ਤੋਪਖ਼ਾਨ ਵਾਸਤੇ ਘੋੜਿਆਂ ਦੀ ਥਾਂ ਖੱਚਰਾਂ ਨੂੰ ਤਰਜੀਹ ਦਿਤੀ ਤੇ ਇਕ ਖ਼ਾਸ ਨਸਲ ਨੂੰ ਅਪਣਾ ਕੇ ਉਸ ਇਸ ਨਸਲ ਦੀਆਂ ਖੱਚਰਾਂ ਉਪਜਾਣ ਦੇ ਹੁਕਮ ਦਿਤੇ। ਗਾਵੀ ਤੋਪਖ਼ਾਨੇ ਵਾਸਤੇ ਵੀ ਬਲਦਾਂ ਦੀ ਖ਼ਾਸ ਨਸਲ ਚੁਣੀ ਤੇ ਹਥੀਂ ਆਇਆ ਹਰ ਬਲਦ ਲੈਣ ਤੋਂ ਵਿਵਰਜਤ ਕੀਤਾ। ਫ਼ੀਲੀ ਤੋਪਖ਼ਾਨੇ ਵਿਚ ਕਈ ਹਾਥੀ ਬਦਲੇ ਜਿਹੜੇ ਕਿ ਹੁਣ ਤਕ ਬੁਢੇ ਤੇ ਨਾਕਾਰਾ ਹੋ ਚੁਕੇ ਸਨ, ਪਰ ਜਿਨ੍ਹਾਂ ਨਾਲ ਕਿ ਤੋਪਚੀਆਂ ਤੇ ਸਰਦਾਰਾਂ ਨੂੰ ਪਿਆਰ ਹੋ ਗਿਆ ਸੀ। ਇਸ ਤਬਦੀਲੀ ਉੱਤੇ ਇਕ ਵਾਰ ਫਿਰ ਕੁਝ ਇਕ ਸਰਦਾਰ ਮਹਾਰਾਜਾ ਰਣਜੀਤ ਸਿੰਘ ਸਾਹਮਣੇ ਗਏ। ਇਹ ਹਾਥੀਆਂ ਨਾਲ ਤੇ ਉਨ੍ਹਾਂ ਨਾਲ ਅਨਿਆਂ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਹਾਥੀ ਸਿਖੇ ਤੇ ਗਿੱਝੇ ਹੋਏ ਹਨ। ਤੋਪਖ਼ਾਨੇ ਵਿਚ ਉਹ ਬਾਕੀ ਸਭ ਤਬਦੀਲੀਆਂ ਸਵੀਕਾਰ ਕਰਨ ਨੂੰ ਤਿਆਰ ਸਨ ਜੇ ਉਨ੍ਹਾਂ ਦੇ ਪੁਰਾਣ ਤੇ ਵਫ਼ਾਦਾਰ ਹਾਥੀ ਉਨ੍ਹਾਂ ਕੋਲੋਂ ਨਾ ਖੱਸੇ ਜਾਣ।

ਰਣਜੀਤ ਸਿੰਘ ਨੇ ਹਰਪਾਲ ਨੂੰ ਬੁਲਾਇਆ ਤੇ ਮੁਸਕਰਾ ਕੇ ਆਖਿਆ : "ਤੁਸੀਂ ਜਾਣਦੇ ਹੋ ਇਹ ਸਰਦਾਰ ਕੀ ਆਖਦੇ ਹਨ ?" "ਜੀ ਹਾਂ !" "ਫਿਰ ?" "ਜੋ ਹੁਕਮ ਸਰਕਾਰ !"

ਰਣਜੀਤ ਸਿੰਘ ਨੇ ਆਪਣੇ ਦੂਜੇ ਸਰਦਾਰਾਂ ਵਲ ਤੱਕਿਆ, ਉਨ੍ਹਾਂ ਵਿਚੋਂ ਇਕ ਬੋਲਿਆ। "ਸਰਕਾਰ ! ਸਰਦਾਰ ਹਰਪਾਲ ਸਿੰਘ ਵਿਚ ਨਾ ਦਿਲ ਹੈ ਨਾ ਆਤਮਾ। ਜੋ ਕੁਝ ਅਸੀਂ ਮਹਿਸੂਸ ਕਰਦੇ ਹਾਂ ਇਹ ਲੋਹੇ ਦਾ ਆਦਮੀ ਸਮਝ ਨਹੀਂ ਸਕਦਾ।" ਰਣਜੀਤ ਸਿੰਘ ਨੇ ਹਰਪਾਲ ਵਲ ਵੇਖਿਆ। "ਮੈਂ ਇਕ ਤੋਪਚੀ ਹਾਂ, ਮਹਾਰਾਜ ! ਤੇ ਜੋ ਕੁਝ ਮੈਂ ਕਿਹਾ ਹੈ ਉਹ ਇਕ ਤੋਪਚੀ ਦੇ ਦਰਿਸ਼ਟੀਕੋਣ ਤੋਂ ਸਹੀ ਰਾਏ ਹੈ। ਅੰਤਮ ਫ਼ੈਸਲਾ ਤੁਹਾਡੇ ਹੱਥਾਂ ਵਿਚ ਹੈ।" ਰਾਜਾ ਧਿਆਨ ਸਿੰਘ ਕੋਲੋਂ ਬੋਲਿਆ : "ਸਰਕਾਰ, ਸਰਦਾਰਾਂ ਨੂੰ ਆਪਣੇ ਆਪਣੇ ਹਾਥੀ ਘਰੋ ਘਰੀ ਰਖਣ ਦੀ ਆਗਿਆ ਹੋਵੇ ਤੇ...।" ਮਹਾਰਾਜਾ ਰਣਜੀਤ ਸਿੰਘ ਖਿੜ ਖਿੜਾ ਕੇ ਹੱਸਿਆ ਤੇ ਉਸ ਕਿਹਾ, "ਇਨ੍ਹਾਂ ਦਾ ਖ਼ਰਚ ਸ਼ਾਹੀ ਖ਼ਜ਼ਾਨੇ ਵਿਚੋਂ ਦਿਤਾ ਜਾਵੇ, ਬਿਲਕੁਲ ਠੀਕ ਹੈ।" ਧਿਆਨ ਸਿੰਘ ਨੇ ਹਰਪਾਲ ਵਲ ਵੇਖਿਆ। ਉਹਨੂੰ ਦਰਸਾਇਆ ਕਿ ਉਹਨੇ ਉਹਦੇ ਵਲ ਦੀ ਗੱਲ ਕੀਤੀ ਹੈ। ਰਣਜੀਤ ਸਿੰਘ ਤੇ ਹੋਰਨਾਂ ਸਰਦਾਰਾਂ ਨੂੰ ਵੀ ਉਸ ਇਹੋ ਦਰਸਾਇਆ। ਪਰ ਹਰਪਾਲ ਨੂੰ ਧਿਆਨ ਸਿੰਘ ਦੀਆਂ ਅੱਖਾਂ ਦੇ ਕੋਨਿਆਂ ਵਿਚੋਂ ਇਕ ਅਜਿਹੀ ਝਲਕ ਦਿਸੀ ਜਿਸ ਨੇ ਉਹਨੂੰ ਜਾਂਚਿਆ ਕਿ ਧਿਆਨ ਸਿੰਘ ਦਿਲੋਂ ਹੋਰ ਹੈ ਤੇ ਉੱਤੋਂ ਹੋਰ। ਹਰਪਾਲ ਨੇ ਸ਼ੁਤਰੀ ਤੋਪਖ਼ਾਨੇ ਦੇ ਸ਼ਾਜ ਸਾਮਾਨ ਵਿਚ ਤਬਦੀਲੀਆਂ ਬੀਤੀਆਂ ਤੇ ਮਜ਼ਬੂਤ ਚਮੜੇ ਦੇ ਸਾਜ ਬਣਵਾਏ।

ਇਨ੍ਹਾਂ ਦਿਨਾਂ ਵਿਚ ਹਰਪਾਲ ਨੂੰ ਸਰਦਾਰ ਲਹਿਣਾ ਸਿੰਘ ਮਜੀਠੀਆ ਦੇ ਕਾਫ਼ੀ ਨੇੜੇ ਆਉਣਾ ਪਿਆ। ਸਰਦਾਰ ਲਹਿਣਾ ਸਿੰਘ ਸਿਖ ਰਾਜ ਦਾ ਸਭ ਤੋਂ ਧਨੀ ਤੇ ਕਾਮਲ ਇੰਜੀਨੀਅਰ ਸੀ। ਕਈ ਹੋਰ ਤੋਪਾਂ ਤੋਂ ਇਲਾਵਾ ਉਸ ਸੂਰਜ ਮੁਖੀ, ਜੰਗੇ ਬਿਜਲੀ ਤੇ ਅਜ਼ਦਹਾ ਤਿੰਨ ਬੜੀਆਂ ਵਧੀਆ ਤੇ ਕਾਰਗਰ ਤੋਪਾਂ ਦੇ ਡੀਜ਼ਾਈਨ ਬੰਨਾਏ ਸਨ। ਅੰਗਰੇਜ਼ਾਂ ਦੇ ਪਾਟਵੇਂ ਗੋਲੇ ਵੇਖ ਕੇ ਉਸ ਆਪ ਵੀ ਇਹ ਗੋਲੇ ਬਣਾਏ ਤੇ ਮੈਕਨਾਟਨ ਮਿਸ਼ਨ ਦੇ ਮੈਂਬਰ ਇਹ ਕਰਾਮਾਤ ਵੇਖ ਕੇ ਹੈਰਾਨ ਰਹਿ ਗਏ। ਉਹਨੇ ਇਕ ਧੂੰਪ-ਘੜੀ ਵੀ ਤਿਆਰ ਕੀਤੀ ਜਿਹੜੀ ਉਸਦੇ ਇੰਜੀਨੀਰ ਦਿਮਾਗ਼ ਦਾ ਸਿਖਰ ਸੀ। ਰਣਜੀਤ ਸਿੰਘ ਨੇ ਉਹਨੂੰ "ਕੈਸੁਰਲ ਇਕਤਿਦਾਰ ਤੇ ਹਿੱਸਾਮ-ਉਲ-ਦਉਲਾ" ਦੇ ਖ਼ਿਤਾਬ ਦੇ ਕੇ ਉਹਦੀ-ਪ੍ਰਤਿਭਾ ਦੀ ਕਦਰ ਕੀਤੀ।

ਤੋਪਾਂ ਤੇ ਹੋਰ ਜੰਗੀ ਸਾਮਾਨ ਦੇ ਮੁਆਮਲੇ ਵਿਚ ਸਿਪਾਹੀ ਤੇ ਇੰਜੀਨੀਅਰ ਵਿਚ ਮੇਲ ਮਿਲਾਪ ਬੜਾ ਜ਼ਰੂਰੀ ਹੈ। ਇਕ ਉਨ੍ਹਾਂ ਦੀ ਰਣਭੂਮੀ ਵਿਚ ਵਰਤੋਂ ਨੂੰ ਹਰ ਪਹਿਲੂ ਤੋਂ ਸਮਝਦਾ ਹੈ ਤੇ ਦੂਜਾ ਫ਼ੈਕਟਰੀ ਵਿਚ ਉਨ੍ਹਾਂ ਦੀ ਬਣਤਰ ਬਾਰੇ। ਇੰਜੀਨੀਅਰੀ ਤੇ ਰਣਭੂਮੀ ਦੀਆਂ ਲੋੜਾਂ ਦੀਆਂ ਮੰਗਾਂ ਨੂੰ ਪੂਰਾ ਕਰਨਾ ਹਮੇਸ਼ਾ ਕਠਨ ਹੋਵੇਗਾ ਤੇ ਏਸੇ ਲਈ ਸਿਪਾਹੀ ਤੇ ਇੰਜੀਨੀਅਰ ਨੂੰ ਇਕੱਠਿਆਂ ਦਿਮਾਗ਼ ਲੜਾਣੇ ਚਾਹੀਦੇ ਹਨ। ਜੇ ਸਿਪਾਹੀ ਖ਼ਾਸ ਮਾਰ ਮੰਗੇ ਤਾਂ ਇੰਜੀਨੀਅਰ ਸ਼ਾਇਦ

Scanned by CamScanner

ਕਹੇ ਕਿ ਇਉਂ ਮੈਨੂੰ ਹਥਿਆਰ ਦਾ ਭਾਰ ਐਨਾ ਕਰਨਾ ਪੈਂਦਾ ਹੈ। ਪਰ ਜੇ ਹਥਿਆਰ ਦਾ ਭਾਰ ਵਧੇ ਤਾਂ ਸਿਪਾਹੀ ਸੋਚਦਾ ਹੈ ਕਿ ਕੀ ਰਣਭੂਮੀ ਵਿਚ ਉਹਦੀ ਅਸਲੀ ਵਰਤੋਂ ਵਿਚ ਤਾਂ ਅਟਕਾ ਨਹੀਂ ਪਵੇਗਾ ?

ਅਜ ਸਿਖ ਸਲਤਨੱਤ ਦੇ ਦੋ ਦਿਮਾਗ਼ ਜੁੜੇ। ਇਕ ਇੰਜੀਨੀਅਰ ਤੇ ਇਕ ਸਿਪਾਹੀ ਤੋਪਚੀ ਦਾ ਦਿਮਾਗ, ਤੇ ਇਹਦਾ ਨਤੀਜਾ ਸੀ ਹਥਿਆਰਾਂ ਤੇ ਤੋਪਾਂ ਵਿਚ ਹਰ ਪਹਿਲੂ ਤੋਂ ਉੱਨਤੀ ਤੇ ਬਿਹਤਰੀ ਤੇ ਇਨ੍ਹਾਂ ਦੇ ਦਿਮਾਗ਼ਾਂ ਵਿਚ ਇਕ ਗੂਹੜੀ ਮਿੱਤਰਤਾ। ਸਰਦਾਰ ਲਹਿਣਾ ਸਿੰਘ ਮਜੀਠੀਆ ਹਰਪਾਲ ਦਾ ਸ਼ਾਇਦ ਪਹਿਲਾ ਦਿਲੀ ਮਿੱਤਰ ਸੀ। ਲਹਿਣਾ ਸਿੰਘ ਨਾਲ ਮਿਲ ਕੇ ਉਸ ਤੋਪਾਂ ਤੋਂ ਇਲਾਵਾ ਬਾਕੀ ਹਥਿਆਰਾਂ ਦੀ ਬਣਤਰ ਤੇ ਉਪਜਾਈ ਵਲ ਵੀ ਧਿਆਨ ਦਿਤਾ। ਦੂਰ-ਮਾਰ ਬੰਦੂਕ ਵਿਚ ਤਰਮੀਮਾਂ ਕੀਤੀਆਂ ਗਈਆਂ। ਸੰਗੀਨਾਂ ਦੀ ਲੰਬਾਈ ਘਟਾਈ ਗਈ। ਤਲਵਾਰਾਂ ਦੇ ਦਸਤੇ ਮਜ਼ਬੂਤ ਕੀਤੇ ਗਏ। ਸਵਾਰ ਸਿਪਾਹੀਆਂ ਵਾਸਤੇ ਵਧੀਆ ਕਿਸਮ ਦੇ ਨੇਜ਼ਿਆਂ ਦਾ ਸੁਝਾਅ ਮਹਾਰਾਜਾ ਰਣਜੀਤ ਸਿੰਘ ਸਾਹਮਣੇ ਪੇਸ਼ ਕੀਤਾ ਗਿਆ।

ਹਰਪਾਲੇ ਦੇ ਕੰਮ ਨੂੰ ਵੇਖ ਕੇ ਰਣਜੀਤ ਸਿੰਘ ਖੁਸ਼ੀ ਨਾਲ ਫੁਲਿਆ ਨਾ ਸਮਾਏ। "ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਤੈਨੂੰ ਦਸ ਵਰ੍ਹੇ ਪਹਿਲੇ ਇਸ ਕੰਮ ਉੱਤੇ ਲਾਂਦਾ।" ਇਕ ਦਿਨ ਉਸ ਕਿਹਾ। "ਤੁਹਾਡੀ ਤੇਜ਼ ਰਫ਼ਤਾਰੀ ਤੇ ਕਾਰਖ਼ਾਨਿਆਂ ਦੀ ਤੇਜ਼ ਉਪਜ ਤੋਂ ਇਉਂ ਜਾਪਦਾ ਹੈ ਕਿ ਕੋਈ ਨਾ ਕੋਈ ਜੰਗ ਬੂਹੇ ਅਗੇ ਖੜੀ ਹੈ।" ਇਕ ਹੋਰ ਦਿਨ ਉਸ ਕਿਹਾ। "ਮੈਂ ਖ਼ੁਸ਼ ਹਾਂ ਕਿ ਇਹ ਕੰਮ ਜਲਦੀ ਜਲਦੀ ਨੇਪਰੇ ਚੜ੍ਹ ਰਿਹਾ ਹੈ। ਪਤਾ ਨਹੀਂ ਕਲ੍ਹ ਕੀ ਹੋ ਜਾਏ।" ਕਿਸੇ ਹੋਰ ਦਿਨ ਰਣਜੀਤ ਸਿੰਘ ਨੇ ਕਿਹਾ ! "ਜਦੋਂ ਖ਼ਾਲਸੇ ਦੀ ਮਹਿ ਨਤਾ ਦਾ ਇਤਿਹਾਸ ਲਿਖਿਆ ਜਾਏਗਾ ਤਾਂ ਉਹਦੇ ਵਿਚ ਮਾਹਿਲ ਘਰਾਣੇ ਤੇ ਖ਼ਾਸ ਕਰਕੇ ਸਰਦਾਰ ਹਰਪਾਲ ਸਿੰਘ 'ਮੇਰੇ ਤੋਪਚੀ' ਤੇ ਮੇਰੇ 'ਨੂਰੇ ਨਜ਼ਰ' ਦਾ ਅਵੱਸ਼ ਜ਼ਿਕਰ ਹੋਵੇਗਾ।" ਕਿਸੇ ਹੋਰ ਸਮੇਂ ਉਸ ਕਿਹਾ।

ਹਰਪਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਮੂੰਹੋਂ ਇਹੋ ਜਿਹੇ ਬਚਨ ਸੁਣਦਾ ਤੇ ਉਹ ਕੁਝ ਨਾ ਕਹਿੰਦਾ। ਆਪਣੀ ਸ਼ਲਾਘਾ ਸੁਣ ਕੇ ਉਹ ਰਣਜੀਤ ਸਿੰਘ ਅਗੇ ਸਿਰ ਝੁਕਾ ਦੇਂਦਾ ਤੇ ਚੁਪ ਰਹਿੰਦਾ। ਕਈ ਹੋਰ ਸਰਦਾਰਾਂ ਵਾਂਗ ਉਹ ਕਦੀ ਰਣਜੀਤ ਸਿੰਘ ਦੇ ਪੈਰੀਂ ਨਾ ਪੈਂਦਾ ਤੇ ਨਾ ਹੀ ਵੰਨ ਸੁਵੰਨੇ ਸ਼ਬਦ ਢੂੰਡ ਕੇ ਉਹਦੀ ਦਿਤੀ ਦਾਦ ਦਾ ਸ਼ੁਕਰੀਆ ਅਦਾ ਕਰਦਾ। ਏਥੋਂ ਤਕ ਕਿ ਇਕ ਦਿਨ ਰਣਜੀਤ ਸਿੰਘ ਨੇ ਸਿਹ ਵੀ ਆਖਿਆ, 'ਮੇਰਾ ਤੋਪਚੀ ਸਰਦਾਰ ਮੇਰੇ ਨਾਲ ਬੋਲਦਾ ਕਿਉਂ ਨਹੀਂ ? ਕੀ ਉਹਨੂੰ ਕਿਸੇ ਸ਼ੈ ਦੀ ਘਾਟ ਹੈ ?" ਏਸ ਦੇ ਉੱਤਰ ਵਿਚ ਵੀ ਸਿਰਫ਼ ਹਰਪਾਲ ਨੇ ਰਣਜੀਤ ਸਿੰਘ ਵਲ ਅੱਖਾਂ ਭਰ ਕੇ ਵੇਖਿਆ। ਇਹੋ ਜਿਹੀਆਂ ਅੱਖਾਂ ਤੇ ਇਹੋ ਜਿਹੀਆਂ ਤੱਕਣੀਆਂ ਨਾਲ ਕਿ ਮਹਾਰਾਜਾ ਰਣਜੀਤ ਸਿੰਘ ਨੇ ਵਧ ਕੇ ਉਹਨੂੰ ਗਲੇ ਨਾਲ ਲਾ ਲਿਆ...।

Scanned by CamScanner

ਸਰਦਾਰ ਦਲੇਰ ਸਿੰਘ ਦੀ ਮੌਤ ਪਿਛੋਂ ਕੁਝ ਚਿਰ ਵਾਸਤੇ ਤਾਂ ਇਉਂ ਲਗਾ ਜਿਵੇਂ ਮਾਹਿਲਾਂ ਦੀ ਹਵੇਲੀ ਦੀ ਰੂਹ ਗ਼ਾਇਬ ਹੋ ਗਈ ਹੋਵੇ। ਉਹਦੇ ਸਸਕਾਰ ਤੋਂ ਕੁਝ ਦਿਨਾਂ ਪਿਛੋਂ ਤਕ ਤਾਂ ਚਰੂਰ ਲੋਕੀਂ ਸ਼ਾਮਾਂ ਵੇਲੇ ਅਫ਼ਸੋਸ ਵਾਸਤੇ ਆਉਂਦੇ ਜਾਂਦੇ ਰਹੇ, ਪਰ ਹੌਲੀ ਹੌਲੀ ਇਹ ਆਵਾਜਾਈ ਘਟ ਗਈ ਤੇ ਮਾਹਿਲਾਂ ਦੀ ਜੱਦੀ ਹਵੇਲੀ ਸ਼ਾਮੀਂ ਖ਼ਾਲੀ ਰਹਿਣ ਲਗੀ। ਹੁਣ ਉਥੇ ਸ਼ਰਦਾਈ ਨਾ ਬਣਦੀ ਤੇ ਨਾ ਹੀ ਕਦੀ ਮਹਾਰਾਜਾ ਰਣਜੀਤ ਸਿੰਘ ਓਧਰ ਫੇਰਾ ਮਾਰਦਾ।

ਜਦੋਂ ਟੱਬਰ ਦਾ ਸਾਈਂ ਬੁੱਢੀ ਉਮਰ ਵਿਚ ਮਰ ਜਾਏ ਤਾਂ ਸ਼ਾਇਦ ਸਦਾ ਹੀ ਏਸ ਤਰ੍ਹਾਂ ਹੁੰਦਾ ਹੈ। ਆਪਣੇ ਪੁੱਤਰ, ਪੋਤਰਿਆਂ, ਪੜਪੋਤਰਿਆਂ ਤੇ ਵਡੇ ਸਾਰੇ ਕੁਟੰਬ ਕਬੀਲੇ ਨਾਲ ਇਕ ਬਜ਼ੁਰਗ ਆਦਮੀ ਆਪਣੇ ਆਪ ਵਿਚ ਹੀ ਇਕ ਸੰਸਥਾ ਹੁੰਦਾ ਹੈ। ਬਹੁਤਾ ਕਰਕੇ ਇਹ ਬੁੱਢਾ ਆਦਮੀ ਘਰ ਦੇ ਕੰਮ ਕਾਜ ਵਿਚ ਕੋਈ ਹਿੱਸਾ ਨਹੀਂ ਲੈਂਦਾ। ਕਈ ਵਾਰ ਇਹਦੇ ਪੁੱਤਰ ਪੋਤਰੇ ਇਹਦੀ ਸਲਾਹ ਨਹੀਂ ਮੰਨਦੇ। ਕਿਤੇ ਕਿਤੇ ਬੁੱਢੇ ਨੂੰ ਧਰਤੀ ਉੱਤੇ ਫ਼ਾਲਤੂ ਭਾਰ ਵੀ ਸਮਝਿਆ ਜਾਂਦਾ ਹੈ, ਪਰ ਤਾਂ ਵੀ ਹਰ ਟੱਬਰ ਵਿਚ ਬੁੱਢਾ ਦਾਦਾ ਪੜਦਾਦਾ ਇਕ ਆਸਰਾ ਹੁੰਦਾ ਹੈ, ਇਕ ਟੇਕ। ਇਸ ਆਸਰੇ ਤੇ ਟੇਕ ਸਹਾਰੇ ਨਵੀਆਂ ਪੀਹੜੀਆਂ ਦੇ ਪ੍ਰਤੀਨਿਧਾਂ ਨੂੰ ਬੜਾ ਕੁਝ ਸੋਚਣਾ ਨਹੀਂ ਪੈਂਦਾ, ਹਰ ਪੈਰ ਸੰਭਲ ਕੇ ਰਖਣਾ ਨਹੀਂ ਪੈਂਦਾ। ਅਨੰਵਿਗਿਆਨਕ ਤੌਰ ਉੱਤੇ ਇਹ ਆਸਰਾ ਉਨ੍ਹਾਂ ਦੇ ਹਰ ਸੋਚਦੇ ਜਾਂ ਅਣਸੋਚਦੇ ਕੰਮ ਵਿਚ ਸਹਾਈ ਹੁੰਦਾ ਹੈ। ਜੀਊਂਦਿਆਂ ਭਾਵੇਂ ਇਹੋ ਜਿਹੇ ਬਜ਼ੁਰਗ ਦੀ ਕੀਮਤ ਨਾ ਪਵੇ, ਪਰ ਮੋਇਆਂ ਚਰੂਰ ਪੈਂਦੀ ਹੈ। ਬੁੱਢੇ ਦਲੇਰ ਸਿੰਘ ਦੀ, ਇਸ ਦੇ ਉਲਟ ਜੀਊਂਦਿਆਂ ਵੀ ਬੜੀ ਕੀਮਤ ਸੀ ਤੇ ਮੋਇਆਂ ਉਸ ਤੋਂ ਵੀ ਵਧ।

ਦਲੇਰ ਸਿੰਘ ਗਿਆ ਤੇ ਮਾਹਿਲਾਂ ਦੀ ਹਵੇਲੀ ਸੁੰਜੀ ਹੋ ਗਈ। ਉਥੇ ਰਾਖ ਉਡਣ ਲਗੀ। ਐਨੀ ਵਡੀ ਹਵੇਲੀ ਭਾਂ ਭਾਂ ਕਰਦੀ ਲਗਦੀ ਜਿਵੇਂ ਕਿ ਇਹ ਮਹਾਨ ਹਵੇਲੀ ਸਿਰਫ਼ ਪਤਲੇ, ਕੰਮਜ਼ੋਰ ਤੇ ਬਿਮਾਰ ਦਲੇਰ ਸਿੰਘ ਨਾਲ ਭਰਪੂਰ ਰਹੀ ਹੋਵੇ। ਦਲੇਰ ਸਿੰਘ ਦੀ ਮੌਤ ਪਿਛੋਂ ਚੂਹੜ ਸਿੰਘ ਵਾਪਸ ਕਸ਼ਮੀਰ ਚਲਾ ਗਿਆ। ਜਾਗੀਰ ਦੇ ਕੰਮਾਂ ਨੇ ਗੁਰਦਿਆਲ ਸਿੰਘ ਨੂੰ ਮਾਹਿਲ ਖਿੱਚ ਲਿਆ। ਬਸੰਤ ਕੌਰ ਤੇ ਪ੍ਰੀਤਮ ਕੌਰ ਵੀ ਹਫ਼ਤਾ ਦੋ ਹਫ਼ਤੇ ਤੋਂ ਵਧ ਨਾ ਟਿਕ ਸਕੀਆਂ। ਜਿਵੇਂ ਤਿਲ ਤਿਲ ਕਰ ਕੇ ਘਰ ਭਰਿਆ ਸੀ ਉਵੇਂ ਹੀ ਤਿਲ ਤਿਲ ਕਰ ਕੇ ਇਹ ਖ਼ਾਲੀ ਹੋਣ ਲਗਾ। ਇਉਂ ਖ਼ਾਲੀ ਹੋਣ ਲਗਾ ਜਿਵੇਂ ਕਿ ਇਹ ਮੁੜ ਕੇ ਕਦੀ ਨਾ ਭਰਨਾ ਹੋਵੇ। ਸ਼ਾਇਦ ਇਕ ਧਰਮੀ ਤੇ ਉੱਚ ਸ਼ਖ਼ਸੀਅਤ ਦੇ ਮਾਲਕ ਬੁੱਢੇ ਦਾਦੇ ਪੜਦਾਦੇ ਦੇ ਮਰਨ ਨਾਲ ਹਰ ਟੱਬਰ ਵਿਚ ਹੀ ਇੰਜ ਹੁੰਦਾ ਹੈ ਕਿ ਅਨਾਰ ਦੇ ਦਾਣਿਆਂ ਵਾਂਗ ਗੱਟ ਗੱਟ ਜੁੜਿਆ ਟੱਬਰ ਖੇਰੂੰ ਖੇਰੂੰ ਹੋ ਜਾਂਦਾ ਹੈ ਇਹੋ ਜਿਹੀ ਮੌਤ ਤੋਂ ਪਿਛੋਂ ਤ੍ਰਿਹੜਾ ਹੋਰ ਵਿਆਹ ਦਾ ਉਤਸਵ ਜਾਂ ਗ਼ਮੀ ਦਾ ਮੌਕਾ ਸਾਰੇ ਟੱਬਰ ਦੇ ਹਰ ਮੈਂਬਰ ਨੂੰ ਦੂਰੋਂ ਪਾਰੋਂ ਖਿੱਚ ਕੇ ਇਕੱਠਿਆਂ ਕਰ ਸਕਦਾ ਹੈ ?

ਗੁਰਦਈ ਤੇ ਗੁਰਮੀਤ ਨੇ ਇਸ ਮੌਤ ਤੋਂ ਮਾਹਿਲਾਂ ਦੇ ਟੱਬਰ ਤੋਂ ਖ਼ਾਸ ਕਰ ਕੇ ਮਾਹਿਲਾਂ ਦੀ ਹਵੇਲੀ ਵਿਚ ਪਿਆ ਖੱਪਾ ਸਭ ਤੋਂ ਵਧ ਮਹਿਸੂਸ ਕੀਤਾ। ਉਨ੍ਹਾਂ ਨੇ ਹਉਕੇ ਭਰ ਕੇ ਸੁਰਗਵਾਸੀ ਪ੍ਰਤਾਪ ਸਿੰਘ ਨੂੰ ਯਾਦ ਕੀਤਾ। ਪ੍ਰਤਾਪ ਸਿੰਘ ਵਿਚ ਦਲੇਰ ਸਿੰਘ, ਸੁਬੇਗ ਸਿੰਘ ਤੇ ਜਾਂਬਾਜ਼ ਸਿੰਘ ਵਾਂਗ ਲੰਮੀ ਉਮਰ ਭੋਗ ਕੇ ਸੁਹਜ ਭਰਪੂਰ ਸ਼ਖ਼ਸੀਅਤ ਤੇ ਸਹਿਜ ਪਦ ਤਕ ਪਹੁੰਚਣ ਦੀ ਪ੍ਰਤਿਭਾ ਸੀ। ਪ੍ਰਤਾਪ ਸਿੰਘ ਸਭ ਤੋਂ ਵਧ ਆਪਣੇ ਪਿਤਾ ਪਿਤਾਮਿਆਂ ਉੱਤੇ ਗਿਆ ਸੀ। ਜੇ ਅਜ ਪ੍ਰਤਾਪ ਸਿੰਘ ਜ਼ਿੰਦਾ ਹੁੰਦਾ ਤਾਂ ਮਾਹਿਲਾਂ ਦੀ ਹਵੇਲੀ ਕਦੀ ਸੁੰਞੀ ਨਾ ਹੁੰਦੀ। ਉਹਨੇ ਦਲੇਰ ਸਿੰਘ ਦੀ ਮੌਤ ਦੇ ਕੁਝ ਦਿਨ ਪਿਛੋਂ ਹੀ ਪੁਰਾਣੇ ਜਾਂ ਇਕ ਨਵੇਂ ਜੁੱਟ ਨੂੰ ਹਰ ਸ਼ਾਮ ਪਹਿਲਾਂ ਵਾਂਗ ਹਵੇਲੀ ਵਿਚ ਆਉਣ ਉੱਤੇ ਮਜਬੂਰ ਕਰਨਾ ਸੀ ਤੇ ਉਸੇ ਤਰ੍ਹਾਂ ਹੀ ਸ਼ਰਦਾਈ ਵਰਤ ਈ ਜਾਂਦੀ ਰਹਿਣੀ ਸੀ। ਇਸ ਤੋਂ ਪਹਿਲੇ ਗੁਰਦਈ ਨੇ ਪ੍ਰਤਾਪ ਸਿੰਘ ਦੀ ਗ਼ੈਰ ਹਾਜ਼ਰੀ ਨੂੰ ਐਨੀ ਤੀਬਰਤਾ ਨਾਲ ਕਦੀ ਮਹਿਸੂਸ ਨਹੀਂ ਸੀ ਕੀਤਾ ਭਾਵੇਂ ਪਲੇਠੀ ਦੇ ਪੁੱਤਰ ਦਾ ਗ਼ਮ ਸਦਾ ਆਤਮਾ ਨੂੰ ਘੁਣ ਵਾਂਗ ਖਾਂਦਾ ਰਹਿੰਦਾ ਹੈ।

Scanned by CamScanner

ਪ੍ਰਤਾਪ ਨੂੰ ਛੜ ਕੇ ਗੁਰਦਿਆਲ ਸਿੰਘ, ਚੂਹੜ ਸਿੰਘ ਤੇ ਹਰਪਾਲ ਸਿੰਘ ਵਿਚੋਂ ਕਿਸੇ ਅੰਦਰ ਵੀ ਆਪਣੇ ਪਿਤਾ ਦੇ ਇਹੋ ਜਿਹੀ ਸੁਖਾਵੀਂ ਤੇ ਸਾਦੀ ਪਰੰਪਰਾ ਨੂੰ ਜੀਵਤ ਰਖਣ ਦੇ ਗੁਣ ਨਹੀਂ ਸਨ। ਸ਼ਾਇਦ ਚੂਹੜ ਸਿੰਘ ਕੁਝ ਵਰ੍ਹਿਆਂ ਪਿਛੋਂ ਬਦਲ ਜਾਂਦਾ, ਪਰ ਅਜੇ ਤਕ ਉਹ ਆਪਣੇ ਆਪ ਵਿਚ ਤੇ ਆਪਣੇ ਕੰਮ ਵਿਚ ਬੜਾ ਗਲਤਾਨ ਰਹਿੰਦਾ ਸੀ। ਗੁਰਦਿਆਲ ਦਾ ਸੁਭਾਅ ਮੂਲੋਂ ਹੀ ਵਖਰਾ ਸੀ ਤੇ ਹਰਪਾਲ...ਹਰਪਾਲ ਮਾਹਿਲਾਂ ਵਿਚ ਹੋਰ ਕਿਸੇ ਨਾਲ ਨਹੀਂ ਸੀ ਮਿਲਦਾ। ਬੇਸ਼ਕ ਹਰਪਾਲ ਹੁਣ ਤਕ ਮਾਹਿਲਾਂ ਵਿਚ ਤੇ ਪੰਜਾਬ ਵਿਚ ਇਕ ਸੰਸਥਾ ਬਣ ਚੁਕਾ ਸੀ, ਪਰ ਇਹ ਸੰਸਥਾ 'ਦਲੇਰ ਸਿੰਘ ਸੰਸਥਾ' ਨਾਲੋਂ ਬੜੀ ਵਖਰੀ ਸੀ। ਹਰਪਾਲ ਸਿੰਘ ਇਕ ਸੰਸਥਾ ਸੀ ਅਲਗਰਚਤਾ ਤੇ ਸੂਰਮਗਤੀ ਦੀ। ਉਹ ਸੰਸਥਾ ਸੀ ਇਕ ਮਹਾਨ ਤੋਪਚੀ ਪ੍ਰਤਿਭਾ ਦੀ। ਉਹ ਸੰਸਥਾ ਸੀ ਇਰਾਦਿਆਂ ਦੀ ਪਕਿਆਈ ਤੇ ਦਿਲ ਦੀ ਮਜ਼ਬੂਤੀ ਦੀ। ਉਹ ਸੰਸਥਾ ਸੀ ਬ੍ਰਹਮਚਾਰੀਆਂ ਵਿਚ ਉਪਜਦੀਆਂ ਖ਼ੂਬੀਆਂ ਤੇ ਅੰਗਣਾਂ ਦੀ। ਉਸ ਵੇਲੇ ਦੇ ਜਾਣੇ ਪਛਾਣੇ ਸਰਦਾਰਾਂ ਵਿਚੋਂ ਬਾਦਿਦ ਹਰਪਾਲ ਹੀ ਇਕ ਇਹੋ ਜਿਹਾ ਸਰਦਾਰ ਸੀ ਕਿ ਜਿਸ ਵਿਆਹ ਨਾ ਕਰਾਇਆ ਹੋਵੇ।

ਇਹ ਹੀ ਨਹੀਂ, ਹਰਪਾਲ ਦੇ ਵਿਆਹ ਨਾ ਕਰਾਉਣ ਦੇ ਕਾਰਨਾਂ ਦਾ ਵੀ ਕਿਸੇ ਬਾਹਰਲੇ ਤੇ ਕਦੀ ਘਰ ਜਿਆਂ ਨੂੰ ਵੀ ਪਤਾ ਨਹੀਂ ਸੀ। ਜਦੋਂ ਵੀ ਕੋਈ ਦਲੇਰ ਸਿੰਘ, ਗੁਰਦਈ ਜਾਂ ਗੁਰਮੀਤ ਕੋਲੋਂ ਇਸ ਬਾਰੇ ਪੁਛਦਾ ਤਾਂ ਉਹ ਆਖ ਛਡਦੇ, "ਹਰਪਾਲ ਕੋਲੋਂ ਹੀ ਪੁਛੋ, ਸਾਨੂੰ ਤਾਂ ਉਹ ਕੁਝ ਨਹੀਂ ਦਸਦਾ।" ਤੇ ਨਾ ਹੀ ਦਲੇਰ ਸਿੰਘ, ਗੁਰਦਈ ਜਾਂ ਗੁਰਮੀਤ ਤੋਂ ਵਿਹਾਵਾ ਹੋਰ ਭੈਣਾਂ ਭਰਾਵਾਂ ਨੂੰ ਸਾਰੀ ਕਹਾਣੀ ਦਾ ਪਤਾ ਸੀ। ਹਰਪਾਲ ਨੇ ਇਕ ਚੌਥਾਈ ਸਦੀ ਪਹਿਲੇ ਗੁਰਮੀਤ ਨੂੰ ਕਿਹਾ ਸੀ, "ਮੀਤੀ! ਜੋ ਹੋਣਾ ਸੀ ਹੋ ਗਿਆ। ਹੁਣ ਵੇਖੀਂ ਇਸ ਗੱਲ ਦਾ ਆਂਢ ਗੁਆਂਢ ਰੌਲਾ ਨਾ ਪਏ। ਜੀਤੀ ਜਿਥੇ ਵੀ ਹੈ ਸੁਖੀ ਰਹੇ, ਉਹ ਲੋਕਾਂ ਦੀ ਦੰਦ-ਕਥਾ ਨਾ ਬਣੇ!"

ਗੁਰਮੀਤ ਨੇ ਹਰਪਾਲ ਦੀ ਚਾਹ ਦੀ ਕਦਰ ਕੀਤੀ। ਗੁਰਮੀਤ ਹਰਪਾਲ ਦੀ ਹਰ ਚਾਹ ਤੇ ਆਖੀ ਦੀ ਕਦਰ ਕਰਦੀ। ਗੁਰਮੀਤ ਕਦੀ ਆਪਣੇ ਛੋਟੇ ਭਰਾ ਹਰਪਾਲ ਦੀ ਕਹੀ ਗੱਲ ਨੂੰ ਮੋੜ ਨਹੀਂ ਸੀ ਸਕੀ। ਉਹ ਅਪਣੇ ਵੀਰ ਪਿਆਰ ਅਗੇ ਸਦਾ ਖੁਰ ਜਾਂਦੀ ਰਹੀ ਸੀ। ਉਸ ਮਾਤਾ ਪਿਤਾ ਨਾਲ ਇਸ ਬਾਰੇ ਜ਼ਰੂਰ ਗੱਲ ਕੀਤੀ, ਪਰ ਗੁਰੂ ਗਰੰਥ ਸਾਹਿਬ ਦੀ ਸਹੁੰ ਚੁਕਾ ਕੇ ਕਿ ਉਹ ਕਿਸੇ ਹੋਰ ਨਾਲ ਜਾਂ ਆਪ ਹਰਪਾਲ ਨਾਲ ਕੋਈ ਹੋਰ ਸੁਆਲ ਜੁਆਬ ਨਹੀਂ ਕਰਨਗੇ। ਉਸ ਸਮੇਂ ਦੇ ਹਾਲਾਤ ਦੇ ਮੁਤਾਬਿਕ ਕੋਈ ਕੁਆਰਾ ਆਦਮੀ ਆਪਣੇ ਆਲੇ ਦੁਆਲੇ ਵਿਚ ਇਕ ਸੰਸਥਾ ਬਣ ਜਾਂਦਾ ਤੇ ਹਰਪਾਲ ਦਾ ਆਲ ਦੁਆਲਾ ਕਿਉਂਕਿ ਸਾਰਾ ਪੰਜਾਬ ਸੀ ਇਸ ਲਈ ਉਹ ਸਾਰੇ ਪੰਜ ਆਬ ਵਿਚ ਇਕ ਸੰਸਥਾ ਬਣ ਗਿਆ। ਸਭ ਸਿਪਾਹੀ ਸਰਦਾਰ, ਮਿੱਤਰ, ਰਿਸ਼ਤੇਦਾਰ ਤੇ ਆਪ ਮਹਾਰਾਜਾ ਰਣਜੀਤ ਸਿੰਘ ਹਰਪਾਲ ਦੀ ਇਸ ਅਸਧਾਰਨਤਾ ਬਾਰੇ ਆਪੋ ਵਿਚ ਗੱਲਾਂ ਕਰਦੇ, ਭਾਵੇਂ ਹਰਪਾਲ ਨੂੰ ਕੋਈ ਬਹੁਤੇ ਮਖ਼ੌਲ ਕਰਨ ਦੀ ਹਿੰਮਤ ਨਾ ਕਰਦਾ। ਹਰਪਾਲ ਦੇ ਚੁਪ-ਗੜੁਪ ਸੁਭਾ ਵਿਚ ਲੋਕਾਂ ਨੂੰ ਡਰਾਣ ਜਾ ਅੰਸ਼ ਸੀ।

ਪਰ ਜਿਥੇ ਬਾਕੀ ਸਰਦਾਰ ਤੇ ਸਿਪਾਹੀ ਹਰਪਾਲ ਨਾਲ ਈਰਖਾ ਕਰਦੇ ਜਾਂ ਦਿਲੋਂ ਦਿਲੀ ਉਹਨੂੰ ਇਜ਼ਤ ਕਰਦੇ, ਜਾਂ ਸਿਰਫ ਉਹਦੇ ਬਾਰੇ ਹੋਰ ਹੋਰ ਜਾਣਨਾ ਚਾਹੁੰਦੇ, ਉਥੇ ਮਹਾਰਾਜਾ ਰਣਜੀਤ ਸਿੰਘ ਉਹਨੂੰ ਪਿਆਰ ਕਰਦਾ, ਪ੍ਰਤਿਭਾਵਾਂ ਦੇ ਕਦਰਦਾਨ ਰਣਜੀਤ ਸਿੰਘ ਨੂੰ ਹਰਪਾਲ ਸਿੰਘ ਵਿਚ ਉਹ ਕੁਝ ਲਭਦਾ ਜਿਹੜਾ ਉਹਨੂੰ ਹੋਰ ਕਿਸੇ ਮਨੁੱਖ ਵਿਚ ਨਹੀਂ ਸੀ ਮਿਲਿਆ। ਉਹਨੂੰ ਹਰਪਾਲ ਦੀ ਮਜ਼ਬੂਰੀ ਤੇ ਉਹਦੇ ਚੁਪ ਸੁਭਾ ਵਿਚੋਂ ਇਕ ਅਦੁਤੀ ਪ੍ਰਭਾਵਿਤ ਕਰਨ ਵਾਲੀ ਸ਼ੈ ਮਿਲਦੀ। ਰਣਜੀਤ ਸਿੰਘ ਨੂੰ ਹਰਪਾਲ ਇਕ ਚੰਦ, ਇਕ ਸੂਰਜ ਵਾਂਗ ਜਾਪਦਾ, ਜਿਸ ਚੰਦ ਜਾਂ ਸੂਰਜ ਨੂੰ ਕੋਈ ਛੋਹ ਨਹੀਂ ਸਕਦਾ, ਜਿਦ੍ਹੇ ਨੇੜੇ ਕੋਈ ਪਹੁੰਚ ਨਹੀਂ ਸਕਦਾ, ਜਿਥੇ ਬਾਕੀ ਕਈਆਂ ਨੇ ਹਰਪਾਲ ਦੇ ਨੇੜੇ ਜਾਣ, ਉਹਨੂੰ ਛੋਹਣ ਤੇ ਸਮਝਣ ਦੀ ਕੋਸ਼ਸ਼ ਕੀਤੀ ਉਥੇ ਰਣਜੀਤ ਸਿੰਘ ਨੇ ਇਹੋ ਜਿਹਾ ਕੋਈ ਮੋਹਮਲ ਉਪਰਾਲਾ ਨਹੀਂ ਕੀਤਾ। ਰਣਜੀਤ ਸਿੰਘ ਆਪਣੀ ਅਨੰਤ ਸੂਝ ਸਦਕਾ ਜਾਣਦਾ ਸੀ ਕਿ ਹਰਪਾਲ ਦੀ ਇਹ ਦੂਰੀ ਤੇ ਅਪਹੁੰਚਤਾ ਹੀ ਹਰਪਾਲ ਦੀ ਪ੍ਰਤਿਭਾ ਦਾ ਇਕ ਖ਼ਾਸ ਪਹਿਲੂ ਹੈ। ਹਰਪਾਲ ਦੇ ਮਨ ਅੰਦਰ ਪਹੁੰਚ ਕੇ ਤੇ ਉਹਦੇ ਵਿਸ਼ਵਾਸਾਂ ਤੇ ਇਰਾਦਿਆਂ ਨੂੰ ਛੋਹ ਕੇ ਉਹ ਇਕ ਤਲਿੱਸਮ ਤੋੜਨਾ ਨਹੀਂ ਸੀ ਚਾਹੁੰਦਾ। ਰਣਜੀਤ ਸਿੰਘ ਆਪਣੇ ਵਿਚ ਇਕ ਕਲਾਕਾਰ ਸੀ ਤੇ ਉਹ ਹਰਪਾਲ ਨੂੰ ਵੇਖ ਕੇ ਸਦਾ ਮੁਸਕਰਾਂਦਾ, ਖ਼ੁਸ਼ ਹੁੰਦਾ, ਪਰ ਕਦੀ ਉਹਦੇ ਭਾਵਾ ਦੇ ਪਿਛੇ ਪਹੁੰਚਣ ਦੀ ਕੋਸ਼ਿਸ਼ ਨਾ ਕਰਦਾ।

ਜਮਰੌਦ ਤੋਂ ਆਉਣ ਪਿਛੋਂ ਰਣਜੀਤ ਸਿੰਘ ਤੇ ਹਰਪਾਲ ਸਿੰਘ ਦੇ ਸੰਬੰਧ ਵਧੇਰੇ ਨਜ਼ਦੀਕੀ ਤੇ ਗੂੜ੍ਹੇ ਹੋਣੇ ਸ਼ੁਰੂ

Scanned by CamScanner

ਹੋ ਗਏ ਸਨ। ਹਰਪਾਲ ਦੇ ਹੱਥੀਂ ਬੜੀ ਵੱਡੀ ਜ਼ਿਮੇਵਾਰੀ ਦੇ ਕੰਮ ਸੌਂਪੇ ਗਏ ਤੇ ਇਨ੍ਹਾਂ ਕੰਮਾਂ ਨੂੰ ਸਿਰੇ ਚਾੜ੍ਹਨ ਵਾਸਤੇ ਉਹਨੂੰ ਹਰ ਦੂਜੇ ਚੌਥੇ ਰਣਜੀਤ ਸਿੰਘ ਕੋਲ ਜਾਣਾ ਪੈਂਦਾ। ਰਣਜੀਤ ਸਿੰਘ ਨੇ ਰਾਜ ਕਾਜ, ਫ਼ੌਜੀ ਤੇ ਮੁਲਕੀ ਪ੍ਰਬੰਧ ਦੀ ਹਰ ਕੰਨੀ ਨੂੰ ਆਪਣੇ ਹੱਥ ਵਿਚ ਰਖਿਆ ਹੋਇਆ ਸੀ ਤੇ ਫ਼ੌਜ ਜਾਂ ਮੁਲਕੀ ਪ੍ਰਬੰਧ ਵਿਚ ਛੋਟੀ ਜਿਹੀ ਤਬਦੀਲੀ ਵੀ ਉਹਦੀ ਆਗਿਆ ਵਗ਼ੈਰ ਨਹੀਂ ਸੀ ਹੋ ਸਕਦੀ। ਸੋ ਹਰ ਆਏ ਦਿਨ ਹਰਪਾਲ ਨਵੇਂ ਸੁਝਾਅ ਤੇ ਨਵੇਂ ਵਿਚਾਰ ਲੈ ਕੇ ਮਹਾਰਾਜੇ ਕੋਲ ਪਹੁੰਚਦਾ ਤੇ ਰਾਜਾ ਧਿਆਨ ਸਿੰਘ, ਫ਼ਕੀਰ ਅਜ਼ੀਜ਼ ਦੀਨ, ਜਨਰਲ ਵੈਨਤੂਰਾ, ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਕੁਝ ਹੋਰ ਇਤਬਾਰੀ ਸਰਦਾਰਾਂ ਵਿਚਕਾਰ ਇਨ੍ਹਾਂ ਸੁਝਾਵਾਂ ਤੇ ਵਿਚਾਰਾਂ ਉੱਤੇ ਬਹਿਸ ਹੁੰਦੀ। ਅੰਤ ਰਣਜੀਤ ਸਿੰਘ ਹੱਸਦਿਆਂ ਹੱਸਦਿਆਂ ਸਦਾ ਹਰਪਾਲ ਨਾਲ ਸਹਿਮਤ ਹੁੰਦਾ ਤੇ ਨਾ ਹੀ ਰਾਜੇ ਧਿਆਨ ਸਿੰਘ ਤੋਂ ਇਲਾਵਾ ਕੋਈ ਹੋਰ ਹਰਪਾਲ ਦੀਆਂ ਸਲਾਹਾਂ ਦੇ ਵਿਰੁਧ ਕੁਝ ਕਹਿਣ ਵਾਸਤੇ ਕੋਈ ਦਲੀਲ ਰਖਦਾ ਜਾਂ ਉੱਜ ਹਿੰਮਤ ਕਰਦਾ। ਹੌਲੀ ਹੌਲੀ ਧਿਆਨ ਸਿੰਘ ਨੇ ਵੀ ਰਣਜੀਤ ਸਿੰਘ ਸਾਹਮਣੇ ਹਰਪਾਲ ਦੀ ਪੁੜਤਾ ਕਰਨੀ ਸ਼ੁਰੂ ਕਰ ਦਿਤੀ ਤੇ ਹਰਪਾਲ ਦਾ ਹਰ ਕੰਮ ਆਸਾਨ ਹੋ ਗਿਆ।

ਹਰਪਾਲ ਤੇ ਰਣਜੀਤ ਸਿੰਘ ਨਿਤ ਮਿਲਦੇ ਰਹੇ ਤੇ ਫਿਰ ਵੀ ਰਣਜੀਤ ਸਿੰਘ ਨੇ ਹਰਪਾਲ ਦੇ ਭਾਵਾਂ ਪਿਛੇ ਪਹੁੰਚਣ ਦੀ ਕੋਸ਼ਸ਼ ਨਹੀਂ ਕੀਤੀ। ਹਰ ਮੁਲਾਕਾਤ ਬਾਅਦ ਰਣਜੀਤ ਸਿੰਘ ਦੇ ਦਿਲ ਵਿਚ ਆਪਣੇ ਨੂਰੇ-ਨਜ਼ਰ ਤੋਪਚੀ ਸਰਦਾਰ ਵਾਸਤੇ ਖਿੱਚ ਤੇ ਉਚਤ ਵਧ ਜਾਂਦੀ ਤੇ ਉਹ ਇਹੋ ਸੋਚਦਾ ਕਿ ਕਿਉਂ ਉਹ ਅੱਜ ਵਾਂਗ ਚਰਾ ਪਹਿਲੇ ਹਲਪਾਲ ਦੇ ਨੇੜੇ ਨਾ ਹੋਇਆ। ਇਕ ਵਾਰ ਰਣਜੀਤ ਸਿੰਘ ਨੇ ਕਿਹਾ, "ਅਸਾਂ ਅੱਜ ਤੋਂ ਪੰਝੀ ਵਰ੍ਹੇ ਪਹਿਲੇ ਤੈਨੂੰ "ਨੂਰੇ-ਨਜ਼ਰ" ਦਾ ਖ਼ਿਤਾਬ ਦਿਤਾ ਸੀ ਤੇ ਅੱਜ ਜੇ ਮੈਂ ਤੈਨੂੰ ਕੋਈ ਖ਼ਿਤਾਬ ਦੇਣਾ ਹੋਵੇ ਤਾਂ ਇਸ ਤੋਂ ਚੰਗਾ ਖ਼ਿਤਾਬ ਮੈਨੂੰ ਹੋਰ ਕੋਈ ਨਾ ਲਭੇ।" ਹਰਪਾਲ ਆਪਣੀਆਂ ਨਵੀਆਂ ਮਿਲੀਆਂ ਜ਼ਿਮੇ ਵਾਰੀਆਂ ਵਿਚ ਐਨਾ ਰੁਝ ਗਿਆ ਕਿ ਉਹਨੂੰ ਘਰ ਦੀ ਤੇ ਆਪਣੇ ਨਿੱਜੀ ਆਰਾਮ ਦੀ ਸੁਧ ਨਾ ਰਹੀ। ਉਹ ਸਵੇਰ ਤੋਂ ਸ਼ਾਮ ਤਕ ਆਪਣੇ ਕੰਮ ਵਿਚ ਜੁੱਟਾ ਰਹਿੰਦਾ ਤੇ ਜਦੋਂ ਡੂੰਘੀ ਸ਼ਾਮ ਪਈ ਉਹ ਘਰ ਪਰਤਦਾ ਤਾਂ ਵੀ ਉਹਦਾ ਚਿਤ ਤੋਪਾਂ, ਬੰਦੂਕਾਂ, ਤਲਵਾਰਾਂ, ਕਟਾਰਾਂ ਤੇ ਕਾਰਖ਼ਾਨਿਆਂ ਵਿਚ ਹੀ ਹੁੰਦਾ।

ਓਧਰੋਂ ਦਲੇਰ ਸਿੰਘ ਦੀ ਮੌਤ ਪਿਛੋਂ ਗੁਰਦਈ, ਗੁਰਮੀਤ ਤੇ ਬਾਕੀ ਟੱਬਰ ਦੀ ਹਰਪਾਲ ਵਾਸਤੇ ਲਾਲਸਾ ਵਧ ਗਈ। ਉਹ ਸਾਰੇ ਉਹਦੇ ਨੇੜੇ ਆਉਣਾ ਚਾਹੁੰਦੇ। ਉਸ ਤੋਂ ਸਿਵਾਏ ਹੋਰ ਲਾਹੌਰ ਕਿਹੜਾ ਸੀ ਜਿਹੜਾ ਦਲੇਰ ਸਿੰਘ ਦੀ ਦਲਾਈ ਪਰੰਪਰਾ ਨੂੰ ਕਾਇਮ ਰਖਦਾ ? ਹਰਪਾਲ ਦਾ ਆਸਰਾ ਜ਼ਰੂਰ ਸੀ, ਪਰ ਉਹਦਾ ਨਿਘ ਕੋਈ ਨਾ। ਗੁਰਦਈ ਨੇ ਆਪਣੇ ਪਤੀ ਦੀ ਮੌਤ ਨੂੰ ਜਿਗਰੇ ਨਾਲ ਸਵੀਕਾਰ ਕੀਤਾ। ਐਨੇ ਵਰ੍ਹਿਆਂ ਦੇ ਮੇਲ ਮਿਲਾਪ ਪਿਛੋਂ ਇਕ ਸਹਿਜ ਅਵਸਥਾ ਦਾ ਉਤਪੰਨ ਹੋਣਾ ਸ਼ਾਇਦ ਕੁਦਰਤੀ ਹੁੰਦਾ ਹੈ ਤੇ ਫਿਰ ਗੁਰਦਈ ਕਦੀ ਵੀ ਕਮਜ਼ੋਰ ਚਿਤ ਨਹੀਂ ਸੀ। ਉਹਦੇ ਵਿਚ ਭਾਣਾ ਮੰਨਣ ਦੀ ਆਮ ਸ਼ਕਤੀ ਸੀ। ਉਹ ਬਹੁਤੀਆਂ ਔਰਤਾਂ ਵਾਂਗ ਰੋਣੇ ਨਹੀਂ ਰੋਂਦੀ ਤੇ ਹਾਏ ਹਾਏ ਨਹੀਂ ਸੀ ਕਰਦੀ। ਇਹ ਨਹੀਂ ਕਿ ਹਰਪਾਲ ਵਾਂਗ ਉਹ ਦਲੇਰ ਸਿੰਘ ਦੀ ਮੌਤ ਉੱਤੇ ਉੱਕਾ ਹੀ ਨਹੀਂ ਸੀ ਰੋਈ, ਪਰ ਉਹਨੇ ਜਲਦੀ ਹੀ ਆਪਣੇ ਚਿੱਤ ਨੂੰ ਠਲ੍ਹ ਲਿਆ ਸੀ ਤੇ ਇਸ ਘਾਟ ਨੂੰ ਰੱਬ ਦਾ ਭਾਣਾ ਮੰਨ ਲਿਆ।

ਹੁਣ ਵੀ ਉਹ ਬਹੁਤਾ ਦੁਖ ਮਹਿਸੂਸ ਨਾ ਕਰਦੀ ਜੇ ਹਰਪਾਲ ਆਪਣੇ ਪਿਤਾ ਦੀ ਗੱਦੀ ਮਲ ਲੈਂਦਾ। ਬੇਸ਼ਕ ਉਹ ਇਹ ਨਹੀਂ ਸੀ ਚਾਹੁੰਦੀ ਕਿ ਹਰਪਾਲ ਆਪਣਾ ਸੁਭਾਅ ਬਦਲ ਲਏ ਤੇ ਨਵਾਂ ਆਦਮੀ ਬਣ ਜਾਏ, ਪਰ ਉਹਦੀ ਸਿਰਫ਼ ਇਹੋ ਰੀਝ ਸੀ ਕਿ ਉਹ ਸ਼ਾਮਾਂ ਵੇਲੇ ਦਲੇਰ ਸਿੰਘ ਵਾਂਗ ਆਪਣੀ ਹਵੇਲੀ ਦੇ ਦਲਾਨ ਵਿਚ ਬੈਠੇ। ਪਾਣੀ ਛੜਕਾਇਆ ਜਾਏ, ਮੂੜ੍ਹੇ ਤੇ ਕੁਰਸੀਆਂ ਡਾਹੀਆਂ ਜਾਣ, ਪਲੰਘ ਵਿਛਾਏ ਜਾਣ, ਲਾਹੌਰ ਦੇ ਸ਼ਹਿਰੀ ਓਥੇ ਆਉਣ ਤੇ ਸ਼ਰਦਾਈ ਪੀਣ। ਬਸ, ਇਹੋ ਉਹਦੀ ਖ਼ਾਹਿਸ਼ ਸੀ ਤੇ ਇਹੋ ਕੁਝ ਹੀ ਗੁਰਮੀਤ ਚਾਹੁੰਦੀ ਸੀ। ਉਨ੍ਹਾਂ ਦੋਹਾਂ ਕੋਲੋਂ ਸ਼ਾਮ ਵੇਲੇ ਹਵੇਲੀ ਦਾ ਸੁੰਞਾ ਵਿਹੜਾ ਸਹਾਰਨ ਨਹੀਂ ਸੀ ਹੁੰਦਾ। ਬੇਸ਼ਕ ਉਹ ਵਿਚੋਂ ਵਿਚੋਂ ਮਾਹਿਲ ਵੀ ਚਲੀਆਂ ਜਾਂਦੀਆਂ, ਪਰ ਹੁਣ ਓਥੇ ਜਾ ਕੇ ਵੀ ਉਨ੍ਹਾਂ ਦਾ ਦਿਲ ਨਾ ਲਗਦਾ। ਓਥੇ ਹਰਪਾਲ ਵਰਗੇ ਆਦਮੀ ਦਾ ਉਨ੍ਹਾਂ ਨੂੰ ਆਸਰਾ ਨਹੀਂ ਸੀ।

ਇਕ ਦਿਨ ਗੁਰਦਈ ਨੇ ਕਿਹਾ, "ਪੁੱਤਰ ! ਲੋਕੀ ਕੀ ਕਹਿਣਗੇ ਕਿ ਤੇਰੇ ਪਿਤਾ ਪਿਛੋਂ ਮਾਹਿਲਾਂ ਦੀ ਹਵੇਲੀ ਸੁੰਞੀ ਹੋ ਗਈ ? ਸੁਖੀ ਸਾਂਦੀ ਮੈਂ ਪੁੱਤਰਾਂ ਪੋਤਰਿਆਂ ਵਾਲੀ ਹਾਂ, ਮੈਂ ਇਹ ਗੱਲ ਨਹੀਂ ਸਹਾਰ ਸਕਦੀ।" "ਪਰ ਮਾਂ !" ਹਰਪਾਲ ਨੇ ਕਿਹਾ, "ਕੰਮ ਵੀ ਤੇ ਕਿੰਨਾ ਹੈ। ਜੇ ਮੈਂ ਨਾ ਕਰਾਂ ਤਾਂ ਹੋਰ ਕੌਣ ਕਰੇ।" "ਜੰਮ ਜੰਮ ਕੰਮ ਕਰ ਪੁੱਤਰ। ਖ਼ਾਲਸਾ ਰਾਜ ਦੀ ਸ਼ਾਨ ਵਾਸਤੇ ਚਾਅ ਮੇਰਾ ਵੀ ਓਨਾਂ ਹੀ ਹੈ ਜਿੰਨਾਂ ਤੇਰਾ, ਪਰ ਮਾਹਿਲ ਘਰਾਣੇ ਦੀ ਸ਼ਾਨ ਵੀ ਤਾਂ ਤੇਰੇ

ਸਿਰ ਉੱਤੇ ਹੀ ਹੈ ਨਾ !' 'ਹਾਂ ਮਾਂ ! ਮਾਹਿਲ ਘਰਾਣੇ ਦੀ ਸ਼ਾਨ ਖ਼ਾਲਸਾ ਰਾਜ ਦੀ ਸ਼ਾਨ ਨਾਲ ਸੰਬੰਧਤ ਹੈ ... ਇਹ ਦੋਵੇਂ ਨਾ . ।" ਹਰਪਾਲ ਨੇ ਇਉਂ ਕਿਹਾ ਜਿਵੇਂ ਉਹ ਪਿਛਲੇ ਇਤਿਹਾਸ ਨੂੰ ਮੁਖ ਰਖ ਕੇ ਤੇ ਆ ਰਹੇ ਸਮੇਂ ਦੇ ਇਤਿਹਾਸ ਨੂੰ ਪਾਣਦਰਸ਼ੜਾ ਨਾਲ ਵੇਖਦਆਂ ਕਹਿ ਰਿਹਾ ਹੋਵੇ । "ਪੁੱਤਰ ! ਤੂੰ ਮੇਰੀ ਗੱਲ ਮੰਨ । ਜਿਵੇਂ ਮੈਂ ਆਖਦੀ ਹਾਂ ਤਿਵੇਂ ਕਰ । ਮੈਂ ਤੈਨੂੰ ਬਹੁਤਾ ਕੁਝ ਕਰਨ ਵਾਸਤੇ ਨਹੀਂ ਕਹਿੰਦੀ ।"

ਪਰ ਹਰਪਾਲ ਆਪਣੀ ਮਾਂ ਵਾਸਤੇ ਐਨਾ ਕੁਝ ਵੀ ਨਾ ਕਰ ਸਕਿਆ । ਉਹ ਕਿਸੇ ਸ਼ਾਮ ਵੀ ਘਰ ਨਾ ਬਹਿੰਦਾ, ਘਰ ਨਾ ਹੁੰਦਾ । ਗੁਰਮੀਤ ਨੇ ਇਕ ਹੋਰ ਪਾਸੇ ਤੋਂ ਹਰਪਾਲ ਨੂੰ ਖਰੋਚਣਾ ਸ਼ੁਰੂ ਕੀਤਾ । ਉਹ ਆਖੇ ਕਿ ਹਰਪਾਲ ਹੁਣ ਵਿਧਵਾ ਹੋ ਚੁਕੀ ਅਜੀਤ ਨਾਲ ਵਿਆਹ ਕਰ ਲਏ । ਕੁਝ ਮਹੀਨੇ ਪਹਿਲੇ ਉਹ ਅਜੀਤ ਨੂੰ ਮਿਲ ਕੇ ਆਈ ਸੀ ਤੇ ਉਹਨੂੰ ਰਾਜ਼ੀ ਕਰਨਾ ਉਸ ਕਿਹਾ ਉਹਦਾ ਜ਼ਿੰਮਾ ਹੈ । "ਵੀਰਾ !" ਇਕ ਦਿਨ ਉਸ ਹਰਪਾਲ ਨੂੰ ਗਲਵਕੜੀ ਪਾ ਕੇ ਕਿਹਾ, "ਮੈਂ ਤੈਨੂੰ ਸਮਝਦੀ ਹਾਂ । ਮੈਂ ਤੈਨੂੰ ਕਦੀ ਉਸ ਚੀਜ਼ ਵਾਸਤੇ ਮਜਬੂਰ ਨਹੀਂ ਕਰਾਂਗੀ ਜਿਹੜੀ ਤੇਰੇ ਮਾਨਸਕ ਤੇ ਆਤਮਕ ਭਾਵਾਂ ਤੇ ਵਿਸ਼ਵਾਸਾਂ ਦੇ ਅਨਕੂਲ ਨਾ ਹੋਵੇ । ਤੂੰ ਜਾਣਦਾ ਹੈਂ, ਮੈਂ ਤੇਰੇ ਵਾਸਤੇ ਕੀ ਕੀ ਕੁਝ ਕੀਤਾ ਹੈ ਤੇ ਕੀ ਕੀ ਕੁਝ ਕਰ ਸਕਦੀ ਹਾਂ — ਵੀਰਾ ਮੇਰੀ ਗੱਲ ਮੰਨ ਲੈ ।"

ਪਰ ਹਰਪਾਲ ਆਪਣੀ ਭੈਣ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਆਖਦਾ, "ਜੀਤੀ", ਤੇ ਫਿਰ ਉਹ ਹੱਸ ਛਡਦਾ ਜਾਂ ਮੁਸਕਰਾ ਛਡਦਾ ।ਹੱਸ ਛਡਦਾ ਜਾਂ ਮੁਸਕਰਾ ਛਡੇਦਾ, ਪਰ ਨਾ ਹੀ ਇਹ ਹਾਸਾ ਉਦਾਸ ਹੁੰਦਾ ਤੇ ਨਾ ਹੀ ਇਹ ਮੁਸਕਰਾਹਟ ਗ਼ਮਗੀਨ । ਹਰਪਾਲ ਦੇ ਹਾਸੇ ਤੇ ਮੁਸਕਰਾਹਟਾਂ, ਜਦੋਂ ਵੀ ਉਹ ਹੱਸਦਾ ਜਾਂ ਮੁਸਕਰਾਂਦਾ, ਸਦਾ ਪ੍ਰਸੰਨ ਤੇ ਉਭਾਰੂ ਹੁੰਦੀਆਂ । ਕਦੀ ਉਹ ਭੈਣ ਨੂੰ ਘੁੱਟ ਕੇ ਆਖਦਾ, "ਮੀਤੀ ! ਮੇਰੀ ਜ਼ਿੰਦਗੀ ਊਣੀ ਨਹੀਂ । ਤੂੰ ਕਿਉਂ ਨਹੀਂ ਮੰਨਦੀ ਕਿ ਮੈਂ ਭਰਪੂਰ ਹਾਂ । ਮੈਂ ਚੁੱਪ ਰਹਿੰਦਾ ਹਾਂ ਇਹ ਮੇਰਾ ਸੁਭਾਅ ਹੈ, ਪਰ ਮੈਂ ਉਦਾਸ ਨਹੀਂ, ਮੈਂ ..." ਗੁਰਮੀਤ ਆਖਦੀ, "ਵੀਰਾ ਮੈਂ ਕਦੋਂ ਇਹ ਆਖਦੀ ਹਾਂ ਕਿ ਤੂੰ ਭਰਪੂਰ ਨਹੀਂ ਜਾਂ ਤੂੰ ਉਦਾਸ ਹੈਂ, ਪਰ ਮੈਂ ਤਾਂ ਸਿਰਫ਼ ਆਪਣਾ ਫ਼ਰਜ਼ ਚੁਕਾਣਾ ਚਾਹੁੰਦੀ ਹਾਂ । ਮੈਂ ਤੈਨੂੰ ਤੇਰੇ ਵਾਸਤੇ ਨਹੀਂ ਕਹਿੰਦੀ ਆਪਣੇ ਵਾਸਤੇ ਆਖਦੀ ਹਾਂ ਜਾਂ ਸਾਇਦ ਥੋੜਾ ਬਹੁਤਾ ਜੀਤੀ ਵਾਸਤੇ । ਜੇ ਤੂੰ ਏਸ ਨੂੰ ਮੇਰੇ ਵਾਸਤੇ ਕੁਰਬਾਨੀ ਸਮਝੇਂ ਤਾਂ ਮੈਂ ਤੇਰੇ ਕੋਲੋਂ ਇਹ ਕੁਰਬਾਨੀ ਮੰਗਦੀ ਹਾਂ !"

ਹਰਪਾਲ ਆਖਦਾ, "ਮੈਂ ਤੇਰੇ ਵਾਸਤੇ ਸਭ ਕੁਝ ਕਰ ਸਕਦਾ ਹਾਂ ਮੀਤੀ, ਪਰ...ਪਰ ਤੂੰ ..." ਇਉਂ ਦਿਨ ਬੀਤਦੇ ਗਏ ਤੇ ਅੰਤ ਇਕ ਦਿਨ ਗੁਰਮੀਤ ਨੇ ਹੱਸ ਕੇ ਮਾਂ ਨੂੰ ਆਖਿਆ, "ਮੈਂ ਆਪ ਸਰਕਾਰ ਨੂੰ ਹਰਪਾਲ ਬਾਰੇ ਕਹਾਂਗੀ । ਮੈਨੂੰ ਹਰਪਾਲ ਤੇ ਸਰਕਾਰ ਦੇ ਸੰਬੰਧਾਂ ਦਾ ਪਤਾ ਹੈ ।" ਤੇ ਉਸ ਤੋਂ ਪਿਛੋਂ ਗੁਰਮੀਤ ਨੇ ਹਰਪਾਲ ਨੂੰ ਕਹਿਣਾ ਸ਼ੁਰੂ ਕੀਤਾ ਕਿ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣਾ ਚਾਹੁੰਦੀ ਹੈ । ਹਰਪਾਲ ਨੇ ਗੁਰਮੀਤ ਦੇ ਦਿਲ ਦੀ ਜਾਣਦਿਆਂ ਹੋਇਆਂ ਕਿਹਾ : "ਮੇਰੀ ਸਿਫ਼ਾਇਤ ਕਰਨੀ ਹੈ ?" ਤੇ ਗੁਰਮੀਤ ਨੇ ਹੱਸ ਕੇ ਕਿਹਾ, "ਆਹੋ..." ਹਰਪਾਲ ਖ਼ੁਸ਼ ਹੋਇਆ । ਖ਼ੁਸ਼ ਹੋਇਆ ਕਿ ਮਾਹਿਲ ਘਰਾਣਾ ਕੇਡਾ ਖ਼ੁਸ਼ਕਿਸਮਤ ਘਰਾਣਾ ਹੈ । ਇਸ ਘਰਾਣੇ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਜਿਹੀ ਮਿੱਤਰਤਾ ਦਾ ਮਾਣ ਮਿਲਿਆ ਹੈ ਕਿ ਇਸ ਟੱਬਰ ਦੀਆਂ ਇਸਤ੍ਰੀਆਂ ਵੀ ਮਹਾਰਾਜੇ ਕੋਲ ਆਪਣੇ ਨਿੱਜੀ ਮੁਆਮਲੇ ਲੈ ਕੇ ਜਾ ਸਕਦੀਆਂ ਹਨ । ਉਹਨੇ ਵੀ ਹੱਸ ਕੇ ਕਿਹਾ, 'ਅੱਛਾ ! ਵੇਖੀ ਜਾਏਗੀ ।" ਥੋੜੇ ਦਿਨਾਂ ਪਿਛੋਂ ਗੁਰਮੀਤ ਨੇ ਇਸ ਬਾਰੇ ਪੁਛਿਆ ਤਾਂ ਹਰਪਾਲ ਨੇ ਗੱਲ ਟਾਲ ਦਿਤੀ । ਫਿਰ ਇਕ ਦਿਨ ਉਸ ਕਿਹਾ, "ਮੈਂ ਸਰਕਾਰ ਦਾ ਤੋਪਚੀ ਹਾਂ, ਡਿਓਢੀਦਾਰ ਨਹੀਂ । ਤੂੰ ਜੇ ਮਹਾਰਾਜਾ ਸਾਹਿਬ ਨੂੰ ਮਿਲਣਾ ਹੋਵੇ ਤਾਂ ਰਾਜਾ ਧਿਆਨ ਸਿੰਘ ਨੂੰ ਆਖ ।" ਤੇ ਗੁਰਮੀਤ ਨੇ ਮੂੰਹ ਚੜ੍ਹਾ ਕੇ ਕਿਹਾ, "ਅੱਛਾ ਜੇ ਇੰਜ ਹੈ ਤਾਂ ਇੰਜ ਹੀ ਸਹੀ ।"

ਗੁਰਮੀਤ ਰਾਜਾ ਧਿਆਨ ਸਿੰਘ ਨੂੰ ਮਿਲੀ । ਧਿਆਨ ਸਿੰਘ ਨੇ ਕਾਰਨ ਪੁਛਿਆ । ਗੁਰਮੀਤ ਨੇ ਕਿਹਾ ਕਿ ਉਹ ਸਿਰਫ਼ ਮਹਾਰਾਜੇ ਨੂੰ ਹੀ ਦਸੇਗੀ । ਰਾਜਾ ਧਿਆਨ ਸਿੰਘ ਨੇ ਆਖਿਆ : "ਸਰਕਾਰ ਸਭਨਾਂ ਦੇ ਸਾਂਝੇ ਹਨ । ਤੂੰ ਜ਼ਰੂਰ ਉਨ੍ਹਾਂ ਨੂੰ ਮਿਲੀਂ । ਮੇਰੇ ਦਿਲ ਵਿਚ ਮਾਹਿਲ ਘਰਾਣੇ ਵਾਸਤੇ ਤੇ ਖ਼ਾਸ ਕਰ ਕੇ ਤੇਰੇ ਭਰਾ ਸਰਦਾਰ ਹਰਪਾਲ ਸਿੰਘ ਵਾਸਤੇ ਬੜੀ ਇੱਜ਼ਤ ਹੈ ਭਾਵੇਂ ਤੇਰਾ ਭਰਾ ਮੇਰੀ ਇਜ਼ਤ ਤੇ ਮੇਰਾ ਵਿਸ਼ਵਾਸ ਮੋੜਦਾ ਨਹੀਂ ਲਗਦਾ ।"

ਗੁਰਮੀਤ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੀ ਤੇ ਇਸ ਭੇਤ ਦਾ ਹਰਪਾਲ ਨੂੰ ਉਸੇ ਵੇਲੇ ਅਹਿਸਾਸ ਹੋਇਆ ਜਦੋਂ ਰਣਜੀਤ ਸਿੰਘ ਨੇ ਅਗਲੀ ਮਿਲਣੀ ਵੇਲੇ ਉਹਨੂੰ ਕਿਹਾ : "ਮੇਰੇ ਤੋਪਚੀ ਸਰਦਾਰ ! ਮੁੱਦਤ ਹੋ ਗਈ ਹੈ ਅਸਾਂ ਮਾਹਿਲਾਂ

Scanned by CamScanner

ਦੀ ਹਵੇਲੀ ਸ਼ਰਦਾਈ ਨਹੀਂ ਪੀਤੀ। ਤੁਸੀਂ ਵੀ ਤਾਂ ਕਦੀ ਨਹੀਂ ਬੁਲਾਇਆ। ਜੇ ਤੁਸੀਂ ਬੁਰਾ ਨਾ ਮਨਾਓ ਤਾਂ ਅਸੀਂ ਕਲ੍ਹ ਸ਼ਾਮੀਂ ਆਵਾਂਗੇ ਤੇ ਬਹੁਤ ਸਾਰੇ ਸਰਦਾਰ ਵੀ ਸਾਡੇ ਨਾਲ ਹੋਣਗੇ।"

ਹਰਪਾਲ ਨੇ ਪਹਿਲੀ ਵਾਰ ਮਹਾਰਾਜਾ ਰਣਜੀਤ ਸਿੰਘ ਸਾਹਮਣੇ ਮੂਸਕਰ ਹਟ ਦੀ ਖੁਲ੍ਹ ਲਈ...।

੯੪

ਮਹਾਰਾਜਾ ਰਣਜੀਤ ਸਿੰਘ ਹੁਣ ਹਰ ਹਫ਼ਤੇ ਮਾਹਿਲਾਂ ਦੀ ਹਵੇਲੀ ਸ਼ਰਦਾਈ ਪੀਣ ਆਉਂਦਾ ਤੇ ਮਾਹਿਲਾਂ ਦੀ ਹਵੇਲੀ ਦਾ ਵਿਹੜਾ ਫਿਰ ਭਰਿਆ ਭਰਿਆ ਰਹਿਣ ਲੱਗਾ। ਮਹਾਰਾਜਾ ਰਣਜੀਤ ਸਿੰਘ ਆਉਂਦਾ ਤੇ ਗੁਰਮੀਤ ਦੇ ਸਿਰ ਉੱਤੇ ਪਿਆਰ ਦੇਂਦਾ; ਉਹਨੂੰ ਬੇਟਾ ਕਹਿ ਕੇ ਬੁਲਾਉਂਦਾ। ਆਖਦਾ : "ਬੇਟਾ ਗੁਰਮੀਤ! ਹਰ ਹਫ਼ਤੇ ਇਸ ਪੁਰਲੁਤਫ਼ ਜੀ ਪਰਚਾਵੇ ਲਈ ਮੈਂ ਤੇਰਾ ਰਿਣੀ ਹਾਂ।" ਇਕ ਹੋਰ ਜੀਅ ਜਿਸ ਦੇ ਸਿਰ ਰਣਜੀਤ ਸਿੰਘ ਹਰ ਫੇਰੀ ਵੇਲੇ ਪਿਆਰ ਦੇਂਦਾ, ਉਹ ਗੁਰਪਾਲ ਸੀ। ਸ੍ਰਰਗਵਾਸੀ ਪ੍ਰਤਾਪ ਸਿੰਘ ਦਾ ਪੁੱਤਰ। ਗੁਰਪਾਲ ਸਿੰਘ ਵੀ ਹੁਣ ਤਕ ਬਾਕੀ ਮਾਹਿਲਾਂ ਵਾਂਗ ਇਕ ਚੰਗਾ ਤੋਪਚੀ ਪਰਿਪੱਕ ਹੋ ਚੁਕਾ ਸੀ। ਦੋ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਾਡੀਗਾਰਡ ਰਜਮੈਂਟ ਵਿਚ ਰਹਿ ਕੇ ਉਹ ਹੁਣ ਤੋਪਖ਼ਾਨੇ ਦੀ ਲਾਹੌਰੀ ਰਜਮੈਂਟ ਵਿਚ ਤੁਪਚੀ ਸੀ। ਇਸ ਨੌਜਵਾਨ ਦੀ ਬਣਤ ਫਬਤ ਹਰਪਾਲ ਵਰਗੀ ਸੀ। ਸੁਭਾਅ ਵੀ ਕਿਸੇ ਹੱਦ ਤਕ ਉਹਦੇ ਵਰਗਾ। ਤੋਪਾਂ ਨੂੰ ਆਪਣੀ ਜਾਨ ਸਮਝਣਾ, ਤੋਪਾਂ ਪਿਛੇ ਆਪਣੀ ਜਾਨ ਦੇਂਦੀ। ਰਣਜੀਤ ਸਿੰਘ ਉਹਨੂੰ ਆਖਿਆ ਕਰਦਾ : "ਇਹ ਯੁਵਕ ਕਿਸੇ ਦਿਨ ਮੇਰੇ ਤੋਪਚੀ ਸਰਦਾਰ ਦੀ ਥਾਂ ਮੱਲੇਗਾ।"

ਹਰਪਾਲ ਵੀ ਬਹੁਤੀਆਂ ਸ਼ਾਮਾਂ ਘਰ ਬਿਤਾਣ ਲੱਗਾ। ਸਰਦਾਰ ਦਲੇਰ ਸਿੰਘ ਦੇ ਸਾਥੀ ਤੇ ਮਿੱਤਰ ਵੀ ਫਿਰ ਆਉਣ ਜਾਣ ਲੱਗੇ। ਜੇ ਹਰਪਾਲ ਨਾਲ ਨਹੀਂ ਤਾਂ ਉਹ ਆਪੋ ਵਿਚ ਗੱਲਾਂ ਕਰਦੇ ਰਹਿੰਦੇ। ਦਲੇਰ ਸਿੰਘ ਦੀ ਮਿਤ੍ਰੂ ਪਿਛੋਂ ਉਹ ਉਚਾਟੇ ਰਹੇ ਸਨ। ਵਡੇਰੀ ਉਮਰ ਨੂੰ ਹਰ ਸ਼ਾਮ ਕਿਤੇ ਮਿਲ ਬੈਠਣ ਦਾ, ਏਧਰ ਓਧਰ ਦੀਆਂ ਗੱਲਾਂ ਕਰਨ ਦਾ, ਆਪਣੀ ਜਵਾਨੀ ਦੇ ਕਿੱਸੇ ਕਹਿਣ ਦਾ ਤੇ ਚਲੰਤ ਆਲੇ ਦੁਆਲੇ ਵਿਚ ਡਿਗ ਰਹੀਆਂ ਇਸ਼ਕ਼ਬਾਜ਼ੀ ਕੀਮਤਾਂ ਬਾਰੇ ਚਰਚਾ ਕਰਨ ਦਾ ਨਸ਼ਾ ਹੁੰਦਾ ਹੈ। ਇਹ ਹੀ ਨਹੀਂ ਜਿਨ੍ਹਾਂ ਥਾਂ ਉੱਤੇ ਇਹ ਗੱਲਾਂ ਕੱਥਾਂ ਵਰ੍ਹਿਆਂ ਵਰ੍ਹੇ ਹੁੰਦੀਆਂ ਰਹੀਆਂ ਹੋਣ ਉਸ ਥਾਂ ਨਾਲ ਵੀ ਉਨ੍ਹਾਂ ਨੂੰ ਉਨਸ ਹੋ ਜਾਂਦਾ ਹੈ। ਉਸ ਥਾਂ ਦਾ ਉਨ੍ਹਾਂ ਨੂੰ ਜਿਵੇਂ ਝੱਸ ਪੈ ਜਾਂਦਾ ਹੈ। ਦਲੇਰ ਸਿੰਘ ਦੇ ਅੰਤ ਪਿਛੋਂ ਇਹ ਵਡੇਰੀ ਉਮਰ ਦੇ ਲੋਕ ਆਲ੍ਹਣਿਉਂ ਘੁੱਸੇ ਪੰਛੀਆਂ ਵਾਂਗ ਸਨ।

ਰਣਜੀਤ ਸਿੰਘ ਨੇ ਇਨ੍ਹਾਂ ਨੂੰ ਫਿਰ ਆਪਣੇ ਆਲ੍ਹਣੇ ਨਾਲ ਜੋੜਿਆ। ਇਨ੍ਹਾਂ ਤੋਂ ਇਲਾਵਾ ਕਈ ਸ਼ਾਮਾਂ ਉਥੇ ਸਰਦਾਰ ਲਹਿਣਾ ਸਿੰਘ ਮਜੀਠੀਆ, ਜਨਰਲ ਅੱਲਾਰਡ ਤੇ ਵੈਨਤੂਰਾ, ਕਰਨਲ ਗਾਰਡਨਰ, ਫ਼ਕੀਰ ਮੁਹੰਮਦ ਉੱਲਾ ਵੀ ਆਉਣ ਲੱਗੇ। ਹਰਪਾਲ ਏਸ ਜੁੱਟ ਵਿਚ ਬੈਠ ਕੇ ਯੂਰਪੀਨ ਫੌਜਾਂ, ਯੂਰਪੀਨ ਫ਼ੌਜੀ ਸਾਮਾਨ, ਵਿਸ਼ਵ ਰਾਜਨੀਤੀ ਤੇ ਪੰਜਾਬ ਦੇ ਕਾਰਖ਼ਾਨਿਆਂ ਵਿਚ ਬਣਦੇ ਫ਼ੌਜੀ ਸਾਮਾਨ ਤੇ ਇਨ੍ਹਾਂ ਵਿਚ ਹੋ ਸਕਦੀਆ ਉੱਨਤੀਆਂ ਬਾਰੇ ਵਿਚਾਰ ਕਰਦਾ।

ਗੁਰਦਈ ਤੇ ਗੁਰਮੀਤ ਦੇ ਉੱਦਮ ਨਾਲ ਮਾਹਿਲਾਂ ਦੀ ਹਵੇਲੀ ਵਿਚ ਹੁਣ ਇਸਤ੍ਰੀਆਂ ਵੀ ਆਉਂਦੀਆਂ। ਇਸ ਪਰੰਪਰਕ ਗੀਤੀ ਨੂੰ ਸੁਰਜੀਤ ਰਖਣ ਦੀ ਚਾਹ ਐਨੀ ਪ੍ਰਬਲ ਸੀ ਕਿ ਗੁਰਦਈ ਤੇ ਗੁਰਮੀਤ ਨੇ ਇਸਤ੍ਰੀਆਂ ਦੀ ਬੈਠਕ ਨੂੰ ਸਥਿਰ ਬਣਾਉਣ ਦੀ ਵੀ ਪੂਰੀ ਕੋਸ਼ਿਸ਼ ਕੀਤੀ। ਗੁਰਦਈ ਆਖਦੀ ਸੀ : "ਘਟੋ ਘਟ ਮੇਰੇ ਜੀਂਦਿਆਂ ਜੀਅ ਇਹ ਦਲਾਨ,

Scanned by CamScanner

ਸੁੰਜਾ ਨਹੀਂ ਰਹੇਗਾ।" ਔਰਤ ਵਿਚ ਮਰਯਾਦਾ ਤੇ ਪਰੰਪਰਾ ਨੂੰ ਸੁਰਜੀਤ ਰਖਣ ਦੀ ਚਾਹ ਮਰਦ ਨਾਲੋਂ ਵਧ ਤੀਬਰ ਹੁੰਦੀ ਹੈ। ਕੁਝ ਮਹੀਨਿਆਂ ਪਿਛੋਂ ਰਣਜੀਤ ਸਿੰਘ ਦੇ ਹੁਕਮ ਨਾਲ ਚੂਹੜ ਸਿੰਘ ਵੀ ਸ੍ਰੀ ਨਗਰ ਤੋਂ ਲਾਹੌਰ ਆ ਗਿਆ ਤੇ ਉਹਦੇ ਆਉਣ ਨਾਲ ਹਰਪਾਲ ਦੇ ਸਿਰ ਉੱਤੇ ਪਈ ਧਿਙਾਣੇ ਦੀ ਜ਼ਿਮੇਵਾਰੀ ਘਟ ਗਈ।

ਮਾਹਿਲਾਂ ਦੀ ਹਵੇਲੀ ਵਿਚ ਹੁੰਦੀਆਂ ਇਹੋ ਜਿਹੀਆਂ ਬੈਠਕਾਂ ਕੋਈ ਵਿਕੋਲਿਤਰੀਆਂ ਜਾਂ ਅਸਾਧਾਰਨ ਨਹੀਂ ਸਨ। ਉਹਨੀਂ ਦਿਨੀਂ ਲਾਹੌਰ ਸ਼ਹਿਰ ਦਾ ਜੀਵਨ ਅੰਨਾਂ ਖੁਲ੍ਹਾ ਤੇ ਸੁਖਾਵਾਂ ਸੀ ਕਿ ਕੋਈ ਆਦਮੀ ਸ਼ਾਮਾਂ ਪਈ ਘਰ ਰਹਿ ਹੀ ਨਹੀਂ ਸੀ ਸਕਦਾ। ਚੌਂਕ ਚੌਂਕ, ਖੂਹ ਖੂਹ ਉੱਤੇ ਲੋਕ ਇਕੱਠੇ ਹੋ ਜਾਂਦੇ ਤੇ ਰਣਜੀਤ ਸਿੰਘ ਦੇ ਰਾਜ ਦੀਆਂ ਬਰਕਤਾਂ ਦੇ ਗੁਣ ਗਾਉਂਦੇ। ਬੇਰੇ-ਪੰਜਾਬ ਦੀਆਂ ਜਿੱਤਾਂ ਤੇ ਉਹਦੇ ਇਰਾਦਿਆਂ ਦੀ ਚਰਚਾ ਕਰਦੇ। ਅੰਗਰੇਜ਼ਾਂ ਤੇ ਹੋਰ ਯੂਰਪੀਨ ਕੌਮਾਂ ਨੂੰ ਘੋਖਦੇ ਵਿਚਾਰਦੇ। ਰਣਜੀਤ ਸਿੰਘ ਦੇ ਬਦੇਸ਼ੀ ਕਾਰੰਦਿਆਂ ਨਾਲ ਲਾਹੌਰ ਯੂਰਪੀਨ ਕੌਮਾਂ ਨੂੰ ਕਾਫ਼ੀ ਚੰਗੀ ਤਰ੍ਹਾਂ ਜਾਣਨ ਲੱਗ ਪਿਆ ਸੀ। ਉਂਜ ਵੀ ਕਦੀ ਕਿਤੋਂ ਤੇ ਕਦੀ ਕੋਈ ਬਦੇਸ਼ੀ ਲਾਹੌਰ ਆਇਆ ਰਹਿੰਦਾ। ਰਣਜੀਤ ਸਿੰਘ ਦੀ ਯੂਰਪ ਤੇ ਮਧ ਪੂਰਬ ਵਿਚ ਦਿਲਚਸਪੀ ਉਹਦੀ ਰਿਆਇਆ ਤਕ ਪੱਸਰ ਗਈ। ਚੌਂਕਾਂ ਤੇ ਖੂਹਾਂ ਉੱਤੇ ਜੁੜੇ ਲੋਕ ਰਣਜੀਤ ਸਿੰਘ ਦੇ ਫ਼ੌਜੀ ਤੇ ਮੁਲਕੀ ਪਰਬੰਧ ਨੂੰ ਵੀ ਘੋਖਦੇ ਤੇ ਇਹਦੀ ਸ਼ਲਾਘਾ ਕਰਦੇ। ਜਨਤਾ ਆਪਣੀ ਫ਼ੌਜ ਤੇ ਆਪਣੇ ਵਧੀਆ ਫ਼ੌਜੀ ਸਾਮਾਨ ਦੀ ਬੜੀ ਫ਼ਖ਼ਰਮੰਦ ਸੀ।

ਚੌਂਕਾਂ ਤੇ ਖੂਹਾਂ ਤੋਂ ਉਪਰੰਤ ਕਈ ਸਰਦਾਰਾਂ ਦੀਆਂ ਵਡੀਆਂ ਵਡੀਆਂ ਹਵੇਲੀਆਂ ਵਿਚ ਲੋਕ ਜੁੜਦੇ। ਮਾਹਿਲਾਂ ਦੀ ਹਵੇਲੀ ਇਕ ਸੀ। ਹੋਰ ਹਵੇਲੀਆਂ ਸਨ ਰਾਜਾ ਧਿਆਨ ਸਿੰਘ ਦੀ ਹਵੇਲੀ, ਜਨਰਲ ਐਵੀਤੇਬਲ ਦੀ ਹਵੇਲੀ, ਸ਼ਹਿਜ਼ਾਦਾ ਖੜਗ ਸਿੰਘ ਤੇ ਸ਼ਹਿਜ਼ਾਦਾ ਸ਼ੇਰ ਸਿੰਘ ਦੀਆਂ ਹਵੇਲੀਆਂ, ਫ਼ਕੀਰ ਅਜ਼ੀਜ਼ ਦੀਨ ਦੀ ਹਵੇਲੀ, ਸਿੰਧਾਵਾਲੀਏ ਸਰਦਾਰਾਂ ਦੀ ਹਵੇਲੀ ਤੇ ਏਸੇ ਤਰ੍ਹਾਂ ਇਕ ਦੋ ਹੋਰ। ਇਨ੍ਹਾਂ ਵਿਚੋਂ ਕੁਝ ਹਵੇਲੀਆਂ ਸ਼ਹਿਰ ਦੀ ਚਾਰ ਦੀਵਾਰੀ ਦੇ ਅੰਦਰ ਸਨ ਤੇ ਕੁਝ ਬਾਹਰ। ਸ਼ਹਿਰ ਤੋਂ ਬਾਹਰ ਵਾਲੀਆਂ ਹਵੇਲੀਆਂ ਢੇਰ ਹਰਮਨ ਪਿਆਰੀਆਂ ਸਨ ਕਿਉਂ ਜੁ ਸ਼ਾਮਾਂ ਵੇਲੇ ਲੋਕੀਂ ਲਾਹੌਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲਣਾ ਚਾਹੁੰਦੇ ਸਨ। ਉਸ ਵੇਲੇ ਦੇ ਲਾਹੌਰ ਦੀ ਘਨੇਰੀ ਵੱਸੋਂ ਬਾਹਰੋਂ ਪਿੰਡਾਂ ਤੇ ਗਰਾਵਾਂ ਵਿਚੋਂ ਆਈ ਸੀ। ਉਹ ਖੁਲ੍ਹਾਂ ਦੀ ਚਾਹਵਾਨ ਸੀ। ਭੀੜੀਆਂ ਗਲੀਆਂ ਵਾਲੇ ਤੇ ਭੀੜੇ ਭੀੜੇ ਮਕਾਨਾਂ ਵਾਲਾ ਲਾਹੌਰ ਸ਼ਹਿਰ ਉਨ੍ਹਾਂ ਦਾ ਸਾਹ ਘੁਟਦਾ ਸੀ। ਸਿਵਾਏ ਲਾਹੌਰ ਦੇ ਪੁਰਾਣੇ ਹਿੰਦੂ ਮੁਸਲਮਾਨ ਵਾਸੀਆਂ ਦੇ ਬਾਕੀ ਵੱਸੋਂ ਵੰਡ ਕੀਤਿਆਂ ਆਥਣਾ ਵੇਲੇ ਸ਼ਹਿਰ ਵਿਚ ਬੱਝੀ ਨਾਂ ਰਹਿੰਦੀ।

ਸ਼ਹਿਰ ਤੋਂ ਬਾਹਰ ਵੀ, ਪਰ ਸ਼ਹਿਰ ਦੇ ਸਭ ਤੋਂ ਨੇੜੇ ਦੀ ਹਵੇਲੀ ਮਾਹਿਲਾਂ ਦੀ ਹਵੇਲੀ ਸੀ। ਸ਼ੇਰਾਂ ਵਾਲੇ ਦਰਵਾਜ਼ੇ ਦੇ ਸਾਹਮਣੇ ਉਸਰੀ ਇਹ ਹਵੇਲੀ ਏਸੇ ਕਰ ਕੇ ਕਈ ਹੋਰ ਹਵੇਲੀਆਂ, ਜਿਵੇਂ ਕਿ ਜਨਰਲ ਐਵੀਤੇਬਲ ਦੀ ਬੁੱਧੂ ਦੇ ਆਵੇ ਤੋਲ ਹਵੇਲੀ ਨਾਲੋਂ ਵਧ ਹਰਮਨ ਪਿਆਰੀ ਸੀ। ਦੂਜਾ ਸ਼ੇਰਾਂਵਾਲੇ ਦਰਵਾਜ਼ੇ ਦੇ ਨੇੜੇ ਹੋਣ ਕਰ ਕੇ ਬਹੁਤ ਮੁਸਲਮਾਨ ਸ਼ਹਿਰੀ ਵੀ ਏਥੇ ਪਹੁੰਚ ਜਾਂਦੇ। ਤੇ ਅੰਤ ਏਥੇ ਤਿਆਰ ਹੁੰਦੀ ਸੀ ਵਧੀਆ ਸ਼ਰਦਾਈ, ਜਿਹੜੀ ਆਪ ਸ਼ੇਰੇ ਪੰਜਾਬ ਨੂੰ ਪਸੰਦ ਸੀ। ਬਾਕੀ ਵੱਸੋਂ ਕਿਵੇਂ ਨਾ ਆਉਂਦੀ ?

ਸ਼ਾਮ ਵੇਲੇ ਹੁੰਦੇ ਇਕ ਇਕੱਠ ਨਾ ਹੀ ਸਿਰਫ਼ ਲਾਹੌਰ ਸ਼ਹਿਰ ਤਕ ਸੀਮਤ ਸਨ। ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿਚ ਵੀ ਤੇ ਲਗ ਭਗ ਹਰ ਪਿੰਡ ਵਿਚ ਨਗਰ ਤੇ ਪਿੰਡ ਨਿਵਾਸੀ ਇਉਂ ਜੁੜ ਬੈਠਦੇ। ਰਣਜੀਤ ਸਿੰਘ ਦੇ ਰਾਜ ਵਿਚ ਚੋਰੀਆਂ ਮੂਲ ਚੁਰੀਆਂ ਸਨ, ਡਾਕੇ ਨਹੀਂ ਸਨ ਪੈਂਦੇ, ਲੁੱਟਾਂ ਮਾਰਾਂ ਨਹੀਂ ਸਨ ਮੱਚਦੀਆਂ, ਆਪੋ ਵਿਚਲੀਆਂ ਲੜਾਈਆਂ ਦਾ ਅੰਤ ਹੋ ਚੁਕਾ ਸੀ, ਫ਼ਸਲਾਂ ਲਹਿ ਲਹਿ ਕਰਦੀਆਂ ਸਨ, ਉਪਜ ਸੱਥਰਾਤੀ ਹੁੰਦੀ। ਪੰਜਾਬ ਦੀ ਵੱਸੋਂ ਕਿਉਂ ਜੁੜ ਨਾ ਬੈਠਦੀ ? ਕਿਉਂ ਹਰ ਸ਼ਾਮ ਸਬਰ ਤੇ ਸੰਤੋਖ ਨਾਲ ਰੱਤੀ ਉਹ ਗੁਰੂ ਜਾਂ ਅੱਲਾ ਤੇ ਰਾਜਾ ਰਣਜੀਤ ਸਿੰਘ ਦਾ ਸ਼ੁਕਰ ਨਾ ਗੁਜ਼ਾਰਦੀ। ਹਿੰਦੂ, ਸਿਖਾਂ ਤੇ ਮੁਸਲਮਾਨਾਂ ਦੇ ਪ੍ਰਸਪਰ ਪ੍ਰੇਮ ਤੇ ਚੰਗੇ ਆਰਥਕ ਹਾਲਾਤਾਂ ਨੇ ਉਨ੍ਹਾਂ ਦਿਨਾਂ ਵਿਚ ਪੰਜਾਬ ਦੀ ਜ਼ਿੰਦਗੀ ਨੂੰ ਸਵਾਦਲਾ ਬਣਾ ਦਿਤਾ ਸੀ।

ਇਕ ਦਿਨ ਮਹਿਤਾਬ ਸਿੰਘ ਭੰਗਪੁਰੀਏ ਦੀ ਧੀ ਜਸਜੀਤ ਮਾਹਿਲਾਂ ਦੀ ਹਵੇਲੀ ਆਈ। ਕੋਈ ਦਸ ਬਾਰਾਂ ਵਰ੍ਹੇ ਪਹਿਲੇ ਭੰਗਪੁਰੀਏ ਲਾਹੌਰ ਵਿਚ ਸਨ। ਉਦੋਂ ਮਹਿਤਾਬ ਸਿੰਘ ਤੋਪਖ਼ਾਨੇ ਦੀ ਕਸੂਰੀ ਰਜਮੈਂਟ ਵਿਚ ਨੌਕਰ ਸੀ। ਇਨ੍ਹਾਂ ਦੀ ਹਵੇਲੀ ਸ਼ਹਿਰ ਦੇ ਬਾਹਰ ਤੇ ਮਾਹਿਲਾਂ ਦੀ ਹਵੇਲੀ ਦੇ ਨੇੜੇ ਸੀ। ਚਾਰ ਕੁ ਵਰ੍ਹੇ ਪਹਿਲੇ ਮਹਿਤਾਬ ਸਿੰਘ ਪੈਨਸ਼ਨ ਪਾ ਕੇ

Scanned by CamScanner

ਆਪਣੇ ਪਿੰਡ ਭੁਗਪੁਰ ਜਾ ਵੱਸਿਆ ਤੇ ਕੁਝ ਵਰ੍ਹੇ ਹੋਰ ਠਹਿਰ ਕੇ ਉਸ ਆਪਣੀ ਹਵੇਲੀ ਵੇਚ ਦਿਤੀ। ਏਸ ਲਈ ਜਸਜੀਤ ਜਿਨ੍ਹੇ ਵਿਆਹ ਨੂੰ ਅਠ ਕੁ ਵਰ੍ਹੇ ਹੋ ਚੁਕੇ ਸਨ, ਮਾਹਿਲਾਂ ਦੇ ਟੱਬਰ ਨੂੰ ਘਟ ਵਧ ਮਿਲੀ। ਉਹ ਹੁਣ ਆਪਣੇ ਸਹੁਰਿਆਂ ਵਲੋਂ ਲਭਦੇ ਕਿਸੇ ਸੰਬੰਧੀ ਦੇ ਵਿਆਹ ਉੱਤੇ ਲਾਹੌਰ ਆਈ ਸੀ। ਉਹਦੇ ਪਤੀ ਦੀ ਲਾਲਾਮੂਸ ਦੇ ਕੋਲ ਮਹਿਮਾਂਸਰ ਵਿਚ ਜ਼ਮੀਨ ਸੀ ਤੇ ਅੰਤਕੀ ਉਹ ਚਾਰ ਵਰ੍ਹੇ ਪਿਛੋਂ ਲਾਹੌਰ ਆਈ ਸੀ। ਕਈ ਹੋਰ ਸਾਥਣਾਂ ਨਾਲ ਜਸਜੀਤ ਮਾਹਿਲਾਂ ਦੀ ਹਵੇਲੀ ਆਈ। ਬੈਠੀ, ਪਰ ਜਾਣ ਲਗਿਆ ਉਸ ਗੁਰਮੀਤ ਨੂੰ ਵਖਰਿਆਂ ਲੈ ਜਾ ਕੇ ਪੁਛਿਆ : "ਸੁਣਿਆ ਹੈ ਅੱਜ ਕੱਲ੍ਹ ਹਰਪਾਲ ਏਥੇ ਹੈ।

ਗੁਰਮੀਤ ਨੇ ਫਜੋਲਵੀਆਂ ਤੱਕਣੀਆਂ ਨਾਲ ਜਸਜੀਤ ਵਲ ਵੇਖਿਆ ਤੇ ਉਹ ਬੜਾ ਕੁਝ ਸਮਝ ਗਈ। ਅਜ ਤੋਂ ਦਸ ਸਾਲ ਪਹਿਲੇ ਵੀ ਉਹਨੂੰ ਜਸਜੀਤ ਤੇ ਹਰਪਾਲ ਦੇ ਸੰਬੰਧਾਂ ਦੀ ਭਿਣਕ ਸੀ, ਪਰ ਉਹ ਬਹੁਤਾ ਕੁਝ ਜਾਣ ਨਹੀਂ ਸੀ ਸਕੀ। ਗਲ ਆਈ ਗਈ ਹੋ ਗਈ। ਸ਼ਾਇਦ ਉਹ ਸਹੁਰੇ ਟੁਰ ਗਈ ਸੀ ਜਾਂ ਸ਼ਾਇਦ ਹਰਪਾਲ ਕਿਸੇ ਲਾਮ ਨੂੰ ਚਲਾ ਗਿਆ ਸੀ। ਉਨ੍ਹਾਂ ਦਿਨਾਂ ਵਿਚ ਹੀ ਸੁਣਿਆ ਕਿ ਜਸਜੀਤ ਦਾ ਵਿਆਹ ਹੋ ਗਿਆ ਹੈ। ਸ਼ਾਇਦ ਗੁਰਮੀਤ ਨੇ ਜਸਜੀਤ ਬਾਰੇ ਹਰਪਾਲ ਨਾਲ ਕੋਈ ਗੱਲ ਕੀਤੀ ਹੋਵੇ, ਪਰ ਹੁਣ ਗੁਰਮੀਤ ਨੂੰ ਇਸ ਵਿਸ਼ੇ ਉੱਤੇ ਕੁਝ ਪੱਕਾ ਜਾ ਪੁਖਤਾ ਯਾਦ ਨਹੀਂ ਸੀ।

ਪਰ ਅੱਜ ਜਿਸ ਲਹਿਜੇ ਵਿਚ ਜਸਜੀਤ ਨੇ ਹਰਪਾਲ ਬਾਰੇ ਪੁਛਿਆ ਉਸ ਲਹਿਜੇ ਤੋਂ ਗੁਰਮੀਤ ਨੂੰ ਜਾਪਿਆ ਕਿ ਕਦੀ ਉਹਦੇ ਵੀਰ ਤੇ ਜਸਜੀਤ ਵਿਚ ਜ਼ਰੂਰ ਕੋਈ ਸਨੇਹ ਸੀ ਤੇ ਇਕ ਦੰਮ ਉਹਦਾ ਕਲੇਜਾ ਜਿਵੇਂ ਚੀਰਿਆ ਗਿਆ। "ਹਾਏ ਮੇਰੇ ਵੀਰ", ਉਸ ਆਪਣੇ ਮਨ ਵਿਚ ਕਿਹਾ, "ਤੈਨੂੰ ਜ਼ਿੰਦਗੀ ਵਿਚ ਕਿਤੋਂ ਵੀ ਕੋਈ ਸੁਖ ਨਹੀਂ ਸੀ ਮਿਲਿਆ। ਜੇ ਮੈਂ ਜਾਣਦੀ ਹੁੰਦੀ ਕਿ ਤੂੰ ਜਸਜੀਤ ਨੂੰ ਚਾਹੁੰਦਾ ਹੈਂ ਤਾਂ ਇਹ ਕਿਹੜੀ ਵਡੀ ਗੱਲ ਸੀ। ਉਫ਼...।" ਤੇ ਉਹਦੀਆਂ ਅੱਖਾਂ ਡੂਬ ਡੂਬਾ ਆਈਆਂ। ਜਸਜੀਤ ਨੇ ਗੁਰਮੀਤ ਦੀ ਬਾਂਹ ਫੜ ਕੇ ਆਖਿਆ। "ਕੀ ਗੱਲ ਹੈ ਭੈਣ! ਮੈਂ ਸਹਿਜ ਸੁਭਾਏ ਪੁਛਿਆ ਸੀ। ਜੇ ਤੂੰ ਚਾਹੁੰਦੀ ਹੈਂ ਕਿ ਮੈਂ ਹਰਪਾਲ ਨੂੰ ਨਾ ਮਿਲਾਂ ਤਾਂ ਨਹੀਂ ਮਿਲਾਂਗੀ। ਕੋਈ ਗੱਲ ਵੀ ਤੇ ਨਹੀਂ..." ਬੜਾ ਚਿਰ ਇਕ ਤਾਰ ਜਸਜੀਤ ਵਲ ਤੱਕਣ ਪਿਛੋਂ ਗੁਰਮੀਤ ਨੇ ਜਸਜੀਤ ਨੂੰ ਆਪਣੀ ਛਾਤੀ ਨਾਲ ਘੁਟ ਲਿਆ। "ਜਸਜੀਤ! ਕਾਸ਼ ਜੇ ਮੈਂ ਪਹਿਲੇ ਜਾਣਦੀ ਹੁੰਦੀ!"

ਜਸਜੀਤ ਨੇ ਵੇਖਿਆ ਕਿ ਗੁਰਮੀਤ ਆਪਣੇ ਭਰਾ ਨੂੰ ਕਿੰਨਾ ਪਿਆਰ ਕਰਦੀ ਹੈ ਤੇ ਉਹ ਸਮਝ ਗਈ ਕਿ ਗੁਰਮੀਤ ਹੁਣ ਕੀ ਸੋਚ ਰਹੀ ਹੈ। ਆਦਮੀ ਦਾ ਭਾਵੇਂ ਆਦਮੀ ਨੂੰ ਸਮਝਣਾ ਕਠਨ ਹੋਵੇ, ਪਰ ਇਸਤਰੀ ਇਸਤਰੀ ਨੂੰ ਬੜੀ ਜਲਦੀ ਸਮਝ ਜਾਂਦੀ ਹੈ। ਗੁਰਮੀਤ ਤੇ ਜਸਜੀਤ ਨੇ ਪਲੋ ਪਲੀ ਇਕ ਦੂਜੇ ਨੂੰ ਸਮਝ ਲਿਆ, ਜਾਣ ਲਿਆ, ਪਛਾਣ ਲਿਆ ਤੇ ਉਨ੍ਹਾਂ ਦੇ ਦਿਲ, ਅਹਿਸਾਸ ਤੇ ਆਤਮਾਵਾਂ ਜਿਵੇਂ ਓਤਪੋਤ ਹੋ ਗਈਆਂ। ਜੇ ਭਿਜਣਾ ਚਾਹੁਣ ਤਾਂ ਦੋ ਇਸਤਰੀਆਂ ਪਲੋ ਪਲੀ ਭਿੱਜ ਜਾਂਦੀਆਂ ਹਨ ਤੇ ਜੇ ਉਨ੍ਹਾਂ ਦੇ ਮਨ ਨਾ ਮੰਨਣ ਤਾਂ ਸਾਰੀ ਜ਼ਿੰਦਗੀ ਇਕ ਦੂਜੇ ਦੇ ਨੇੜੇ ਰਹਿੰਦੀਆਂ ਹੋਈਆਂ ਵੀ ਉਹ ਇਕ ਦੂਜੇ ਤੋਂ ਸਦਾ ਦੂਰ ਰਹਿਣਗੀਆਂ। ਗੁਰਮੀਤ ਤੇ ਜਸਜੀਤ ਇਉਂ ਇਕ ਦੂਜੇ ਵਿਚ ਭਿਜ ਗਈਆਂ ਕਿ ਉਨ੍ਹਾਂ ਨੂੰ ਕੁਝ ਕਹਿਣ ਸੁਣਨ ਦੀ ਲੋੜ ਨਾ ਪਈ। ਵਿਛੜਨ ਲਗਿਆਂ ਗੁਰਮੀਤ ਨੇ ਕਿਹਾ : "ਵੀਰਾ ਦੇਰ ਨਾਲ ਆਉਂਦਾ ਹੈ। ਤੂੰ ਉਹਨੂੰ ਮਿਲੇ ਬਗ਼ੈਰ ਨਹੀਂ ਜਾਣਾ...।" ਤੇ ਜਸਜੀਤ ਨੇ ਅੱਥਰੂਆਂ ਡੁੱਬੀ ਆਵਾਜ਼ ਵਿਚ ਕਿਹਾ : "ਜਦੋਂ ਮੁੜ ਕੇ ਸੋਚਦੀ ਹਾਂ ਤਾਂ ਮਨ ਆਖਦਾ ਹੈ ਕਿ ਜੇ ਉਹਨੂੰ ਨਾ ਹੀ ਮਿਲਾਂ ਤਾਂ ਚੰਗਾ ਹੈ।" "ਇਉਂ ਨਹੀਂ ਕਰਨਾ ਜਸਜੀਤ..." "ਨਹੀਂ ਗੁਰਮੀਤ, ਮੈਨੂੰ ਹਰਪਾਲ ਨਾਲ ਨਹੀਂ ਮਿਲਣਾ ਚਾਹੀਦਾ। ਮੈਂ ਇਕ ਦਿਨ ਆਵਾਂਗੀ ਤੇ ਉਹਨੂੰ ਪਰੇ ਵਿਚ ਬੈਠਾ ਵੇਖ ਕੇ ਮੁੜ ਜਾਵਾਂਗੀ। ਹਾਂ, ਗੁਰਮੀਤ ਇਹੋ ਕੁਝ ਹੀ ਠੀਕ ਹੋਵੇਗਾ।"

ਰਾਤੀਂ ਗੁਰਮੀਤ ਨੇ ਹਰਪਾਲ ਨਾਲ ਗੱਲ ਕੀਤੀ : "ਪਾਲ! ਅਜ ਜਸਜੀਤ ਆਈ ਸੀ!" ਹਰਪਾਲ ਛਿਣ ਦੀ ਛਿਣ ਝੌਂਕਿਆ ਤੇ ਫਿਰ ਉਸ ਮੁਸਕਰਾ ਕੇ ਕਿਹਾ : "ਅੱਛਾ।" ਬੜਾ ਚਿਰ ਦੋਵੇਂ ਚੁੱਪ ਰਹੇ। "ਤੂੰ ਕੁਝ ਹੋਰ ਪੁਛਣਾ ਨਹੀਂ ਚਾਹੁੰਦਾ?" "ਨਹੀਂ।" ਇਕ ਲੰਮੀ ਚੁੱਪ। "ਤੂੰ ਉਹਨੂੰ ਮਿਲਣਾ ਨਹੀਂ ਚਾਹੁੰਦਾ ਪਾਲ?" ਹਰਪਾਲ ਨੇ ਨਜ਼ਰ ਭਰ ਕੇ ਵੇਖਿਆ "ਨਹੀਂ।" ਗੁਰਮੀਤ ਦਾ ਮੱਚ ਜਿਵੇਂ ਭੱਜ ਗਿਆ। ਉਸ ਹਰਪਾਲ ਦੇ ਮੋਢੇ ਉੱਤੇ ਮੁੱਕੀਆਂ ਮਾਰਦੇ ਹੋਏ ਕਿਹਾ। "ਓਏ ਨਿਠੁਰ ਵੀਰ! ਤੂੰ ਆਦਮੀ ਹੈਂ ਕਿ ਪੱਥਰ! ਤੇਰੇ ਸੀਨੇ ਵਿਚ ਦਿਲ ਹੈ ਕਿ ਲੋਹੇ ਦਾ ਟੁੱਕੜਾ। ਤੇਰੇ ਵਿਚ ਕੋਈ ਕੋਮਲ ਜਜ਼ਬੇ ਵੀ ਹਨ ਕਿ ਤੋਪਾਂ ਵਿਚ ਰਹਿੰਦਾ ਤੂੰ ਆਪ ਵੀ ਇਕ ਬੇਜਾਨ ਤੋਪ ਹੀ ਬਣ ਗਿਆ ਹੈਂ। ਕੀ ਤੈਨੂੰ ਦੁਨੀਆਂ ਵਿਚ ਕਿਸੇ ਨਾਲ ਪਿਆਰ ਨਹੀਂ। ਕੀ ਤੂੰ ਕਿਸੇ ਵਾਸਤੇ ਕੁਝ ਨਹੀਂ ਕਰ ਸਕਦਾ ਤੂੰ ਕੇਡਾ ਖੁਦਗਰਜ਼ ਹੈਂ। ਕੀ ਤੂੰ ਸਮਝਦਾਂ ਹੈਂ ਕਿ

Scanned by CamScanner

ਸਾਰੀ ਦੁਨੀਆਂ ਸ਼ਿਰਫ ਤੇਰੇ ਪੈਰਾਂ ਥੱਲੇ ਕੁਚਲੇ ਜਾਣ ਵਾਸਤੇ ਹੀ ਬਣੀ ਹੈ...। ਤੂੰ.. ਤੂੰ ਇਨਸਾਨ ਨਹੀਂ ਪੱਥਰ ਹੈਂ, ਲੋਹਾ ਹੈਂ। ਸੀਤ...ਯਖ...।

ਪਤਾ ਨਹੀਂ ਗੁਰਮੀਤ ਕਿੰਨਾਂ ਕੁਝ ਹੋਰ ਕਹਿਣਾ ਚਾਹੁੰਦੀ ਸੀ, ਪਰ ਉਹਦੇ ਜਜ਼ਬਾਤਾਂ ਦੀ ਤੀਬਰਤਾ, ਉਹਦੇ ਮਨ ਵਿਚ ਉਠਦੇ ਭਾਵਾਂ ਦੇ ਤੂਫ਼ਾਨਾਂ ਤੇ ਉਹਦੇ ਅੱਥਰੂਆਂ ਨੇ ਉਹਨੂੰ ਹੋਰ ਕੁਝ ਨਾ ਕਹਿਣ ਦਿਤਾ। ਪਹਿਲੀ ਵਾਰੀ ਜ਼ਿੰਦਗੀ ਵਿਚ ਗੁਰਮੀਤ ਨੇ ਹਰਪਾਲ ਨੂੰ ਇਹੋ ਜਿਹੇ ਸ਼ਬਦਾਂ ਨਾਲ ਸੰਬੋਧਨ ਕੀਤਾ ਸੀ। ਪਹਿਲੀ ਵਾਰ ਉਹਨੇ ਹਰਪਾਲ ਨੂੰ ਉਹ ਗੱਲਾਂ ਕਹੀਆਂ ਜਿਨ੍ਹਾਂ ਬਾਰੇ ਉਹ ਵਰ੍ਹਿਆਂ ਤੋਂ ਸੋਚਦੀ ਆਈ ਸੀ। ਅੱਜ ਪਹਿਲੀ ਵਾਰ ਉਹ ਇਉਂ ਬੇਵਸ ਤੇ ਬੇਤਾਬ ਹੋਈ। ਪਹਿਲੀ ਵਾਰ ਵਲਵਲਿਆਂ ਦੇ ਉਭਾਰ ਹੇਠਾਂ ਉਸ ਹਰਪਾਲ ਦੇ ਜਿਸਮ ਤੇ ਰੂਹ ਨੂੰ ਝੰਝੋੜਨ ਵਾਸਤੇ ਕੁਝ ਕਰੜੇ ਸ਼ਬਦ ਵਰਤੇ। ਹਰਪਾਲ ਨੇ ਗੁਰਮੀਤ ਨੂੰ ਆਪਣੀ ਗ਼ਲਵਕੜੀ ਵਿਚ ਲੈ ਲਿਆ। ਗੁਰਮੀਤ ਉਹਦੇ ਮੱਢੇ ਉੱਤੇ ਸਿਰ ਰਖ ਕੇ ਰੋਂਦੀ ਰਹੀ ਤੇ ਹਰਪਾਲ ਉਹਦੇ ਸਿਰ ਉੱਤੇ ਹੱਥ ਫੇਰਦਾ ਰਿਹਾ। ਜਦੋਂ ਗੁਰਮੀਤ ਦੇ ਅੱਥਰੂ ਮੁਕੇ ਤੇ ਉਹ ਝੁਸਕਣ ਲਗੀ ਤਾਂ ਹਰਪਾਲ ਨੇ ਭੈਣ ਦੇ ਮੱਢੇ ਨੂੰ ਪਲੋਸਦਿਆਂ ਹੋਇਆਂ ਕਿਹਾ : "ਤੂੰ ਕਿਉਂ ਨਹੀਂ ਸਮਝਦੀ ਮੀਤੀ ਕਿ ਮੈਂ ਵੀ ਤੇਰੇ ਵਰਗਾ ਇਨਸਾਨ ਹਾਂ। ਮੈਂ ਤੈਨੂੰ ਪਿਆਰ ਕਰਦਾ ਹਾਂ, ਮਾਂ ਨੂੰ ਪਿਆਰ ਕਰਦਾ ਹਾਂ, ਸਿਖੀ ਨੂੰ ਪਿਆਰ ਕਰਦਾ ਹਾਂ। ਮੈਂ ਖ਼ਾਲਸਾ ਰਾਜ ਤੇ ਬੇਰੇ-ਪੰਜਾਬ ਵਾਸਤੇ ਜਾਨ ਦੇ ਸਕਦਾ ਹਾਂ। ਤੇ ਬੇਸ਼ਕ ਮੈਂ ਅਜੀਤ ਤੇ ਜਸਜੀਤ ਨੂੰ ਪਿਆਰ ਕੀਤਾ ਹੈ, ਕਰਦਾ ਹਾਂ ਤੇ ਕਰਦਾ ਰਹਾਂਗਾ।

"ਪਰ " ਉਹ ਚੁੱਪ ਕਰ ਗਿਆ। ਪਰ ਫ਼ਿਰ ਕੁਝ ਚਿਰ ਪਿਛੋਂ ਉਹ ਕਹਿੰਦਾ ਗਿਆ। "ਪਰ ਗੁਰਮੀਤ ਤੂੰ ਆਪੇ ਹੀ ਦਸ ਜਿਸ ਸ਼ੈ ਵਾਸਤੇ ਕੋਈ ਚਾਰਾ ਨਹੀਂ, ਉਸ ਸ਼ੈ ਪਿਛੇ ਭਟਕਣ ਦਾ ਕੀ ਫ਼ਾਇਦਾ। ਮੈਂ ਲੋਹਾ ਜਾਂ ਪੱਥਰ ਨਹੀਂ, ਪਰ ਮੈਂ ਸਿਪਾਹੀ ਜ਼ਰੂਰ ਹਾਂ। ਮੈਂ ਆਸ਼ਾਵਾਦੀ ਹਾਂ। ਮੈਂ ਸਦਾ ਭਵਿਖਤ ਵਿਚ ਵੇਖਦਾ ਹਾਂ। ਬੀਤੀਆਂ ਉੱਤੇ ਰੋਣਾ ਮੇਰੇ ਸੁਭਾਅ ਵਿਚ ਨਹੀਂ। ਮੈਂ ਅਜੀਤ ਤੇ ਜਸਜੀਤ ਨੂੰ ਅਜੇ ਵੀ ਪਿਆਰ ਕਰਦਾ ਹਾਂ, ਪਰ ਮੀਤੀ ਰਾਖ ਨੂੰ ਕੀ ਫਰੋਲਣਾ...।" "ਰਾਖ ? ਤੂੰ ਇਸ ਪਿਆਰ ਨੂੰ ਰਾਖ ਆਖਦਾ ਹੈਂ। ਤੂੰ...ਤੂੰ ਇਸਤਰੀ ਦੇ ਹਿਰਦੇ ਨੂੰ ਨਹੀਂ ਸਮਝਦਾ। ਤੂੰ ਨਹੀਂ ਜਾਣਦਾ ਕਿ ਤੂੰ ਉਨ੍ਹਾਂ ਦੀਆਂ ਰੂਹਾਂ ਨਾਲ ਕੀ ਅਠਿਆ ਕੀਤਾ ਹੈ। ਤੈਨੂੰ ਆਪਣੇ ਇਰਾਦਿਆਂ ਦੀ ਪਕਿਆਈ ਤੇ ਮਨ ਦੀ ਕਰੜਾਈ ਉੱਤੇ ਨਾਜ਼ ਹੈ, ਪਰ ਤੂੰ...ਤੂੰ ਆਪੇ ਹੀ ਦਸ ਕਿ ਕੀ ਅਜੇ ਤਕ ਤੂੰ ਕਿਸੇ ਦੀ ਅਰਜ਼, ਕਿਸੇ ਦਾ ਵਾਸਤਾ ਮੰਨਿਆ ਹੈ ?"

ਗੁਰਮੀਤ ਇਕ ਵਾਰ ਫਿਰ ਫੁਟ ਕੇ ਚੁੱਪ ਕਰ ਗਈ। ਹਰਪਾਲ, ਗੁਰਮੀਤ ਨੂੰ ਉਸੇ ਤਰ੍ਹਾਂ ਪਿਆਰ ਕਰਦਾ ਗਿਆ ਤੇ ਉਸ ਕਿਹਾ : "ਮੀਤੀ ਤੂੰ ਮੈਨੂੰ ਸਮਝਾ, ਮੈਂ ਤੇਰੇ ਵਾਸਤੇ, ਅਜੀਤ ਤੇ ਜਸਜੀਤ ਵਾਸਤੇ ਸਭ ਕੁਝ ਕਰ ਸਕਦਾ ਹਾਂ, ਪਰ...।" "ਪਰ ਕੀ ?" ਹਰਪਾਲ ਨੇ ਗੱਲ ਵਲਾ ਕੇ ਕਿਹਾ : "ਮੈਂ ਆਸ਼ਾਵਾਦੀ ਹਾਂ ਮੀਤੀ, ਸ਼ਾਇਦ ਅਜੇ ਜ਼ਿੰਦਗੀ ਵਿਚ ਮੈਨੂੰ ਕੋਈ ਹੋਰ ਮਿਲੇ ਜਿਸ ਨੂੰ ਮੈਂ...।" "ਤੂੰ...ਤੂੰ ..ਤੇ ਤੂੰ ਮੈਨੂੰ ਜਸਜੀਤ ਬਾਰੇ ਦਸਿਆ ਕਿਉਂ ਨਾ ?" ਗੁਰਮੀਤ ਅਜੇ ਤਕ ਵੀ ਸੰਭਲ ਨਹੀਂ ਸੀ ਸਕੀ। ਹਰਪਾਲ ਮੁਸਕ੍ਰਰਾਇਆ। "ਮੀਤੀ ! ਸਚੀਂ ਮੈਂ ਤੈਨੂੰ ਦਸਦਾ ਦਸਦਾ ਹੀ ਰਹਿ ਗਿਆ, ਪਰ..." "ਪਰ... ਪਰ ਕੀ ! ਤੂੰ..." ਫੱਲ ਅਜੇ ਗੁਰਮੀਤ ਦੇ ਮੂੰਹ ਵਿਚ ਹੀ ਸੀ ਕਿ ਗੁਰਪਾਲ ਨੇ ਤੇਜ਼ੀ ਨਾਲ ਅੰਦਰ ਆ ਕੇ ਕਿਹਾ : "ਸਰਕਾਰ ਦੀ ਤਬੀਅਤ ਬੜੀ ਖ਼ਰਾਬ ਹੈ ਚਾਚਾ ! ਤੁਹਾਨੂੰ ਬੁਲਾਇਆ ਨੇ..."

Scanned by CamScanner

੯੫

ਮਹਾਰਾਜਾ ਰਣਜੀਤ ਸਿੰਘ ਦੇ ਅਖ਼ਰੀ ਦਿਨ ਆ ਢੁੱਕੇ। ਉਹਦੀ ਕਮਜ਼ੋਰੀ ਵਧਦੀ ਗਈ। ਵਿਚੋਂ ਵਿਚੋਂ ਕਈ ਦਿਨ ਉਹਦੀ ਬੋਲਣ ਸ਼ਕਤੀ ਜੁਆਬ ਦੇ ਜਾਂਦੀ। ਉਹ ਇਸ਼ਾਰਿਆਂ ਨਾਲ ਰਾਜ ਦੇ ਕਾਜ ਸੰਭਾਲਦਾ। ਸਭ ਦਵਾਈਆਂ ਅਖ਼ਰ ਰਥ ਜਾਣ ਲਗੀਆਂ। ਡਾਕਟਰ ਤੇ ਹਕੀਮ ਬੇ ਆਸ ਹੋਣ ਲਗੇ। ਇਕ ਸੂਰਜ ਢਲਣ ਲੱਗਾ। ਇਕ ਜੁਗ ਖ਼ਤਮ ਹੋਣ ਨੂੰ ਆਇਆ। ਇਤਿਹਾਸ ਦਾ ਇਕ ਕਾਂਡ ਮੁੱਕਣ ਲੱਗਾ। ਰਣਜੀਤ ਸਿੰਘ ਲਗ ਭਗ ਸਾਲ ਸਵਾ ਸਾਲ ਤੋਂ ਬਿਮਾਰ ਸੀ। ਪਰ ਉਹਦੀ ਸ਼ਖ਼ਸੀਅਤ ਦਾ ਤੇਜ਼ ਅਜਿਹਾ। ਉਹਦੀ ਰਾਜਸੀ ਤੇ ਫ਼ੌਜੀ ਕੰਮਾਂ ਉੱਤੇ ਪਕੜ ਅਜਿਹੀ, ਉਹਦਾ ਦਰਬਾਰ ਅਜਿਹਾ, ਤੇ ਮੁਸਾਹਿਬਾਂ ਤੇ ਜਨਤਾ ਦੀ ਉਹਦੀ ਜ਼ਾਤ ਵਾਸਤੇ ਵਫ਼ਾਦਾਰੀ ਅਜਿਹੀ ਕਿ ਕਿਸੇ ਨੇ ਉਹਦੀ ਬਿਮਾਰੀ ਨੂੰ ਨਾ ਗੌਲਿਆ। ਕੋਈ ਉਹਦੀ ਬਿਮਾਰੀ ਦੀ ਗੱਲ ਹੀ ਨਾ ਕਰਦਾ। ਦੇਰੇ ਪੈਂਦੇ, ਰਣਜੀਤ ਸਿੰਘ ਕੋਲੋਂ ਉਠਿਆ ਬੈਠਿਆ ਨਾ ਜਾਂਦਾ। ਪਰ ਦੋ ਚਾਰ ਦਿਨਾਂ ਪਿਛੋਂ ਜਾਂ ਹਫ਼ਤੇ ਪਿਛੋਂ ਉਹ ਠੀਕ ਹੋ ਜਾਂਦਾ ਤੇ ਫਿਰ ਉਸ ਤਰ੍ਹਾਂ ਹੀ ਦਰਬਾਰ ਸੱਜਦੇ। ਉਹ ਸਵੇਰੇ ਸਵੇਰੇ ਉਠ ਕੇ ਆਪਣੀ ਸੈਨਾਂ ਦੀ ਕਵਾਇਦ ਵੇਖਣ ਜਾਂਦਾ, ਸ਼ਾਮਾਂ ਵੇਲੇ ਉਹ ਆਪਣੇ ਹਾਥੀ ਉੱਤੇ ਸਵਾਰ ਲਾਹੌਰ ਸ਼ਹਿਰ ਵਿਚ ਘੁੰਮਦਾ ਤੇ ਕਿਸੇ ਨੂੰ ਖ਼ਿਆਲ ਤੱਕ ਨਾ ਆਉਂਦਾ ਕਿ ਉਨ੍ਹਾਂ ਦਾ ਮਹਾਰਾਜਾ ਆਪਣੀ ਜ਼ਿੰਦਗੀ ਦੇ ਅੰਤ ਵਲ ਤੇਜ਼ੀ ਨਾਲ ਵਧ ਰਿਹਾ ਹੈ। ਉਹਦਾ ਜੁੱਸਾ ਬੇਸ਼ਕ ਅਗੇ ਨਾਲੋਂ ਕਮਜ਼ੋਰ ਸੀ, ਪਤ ਕਿਹੜਾ ਉਸ ਵੇਲੇ ਉਹਦੇ ਜੁੱਸੇ ਵਲ ਧਿਆਨ ਦੇ ਸਕਣ ਦੇ ਸਮਰਥ ਸੀ। ਰਣਜੀਤ ਸਿੰਘ ਦੀ ਹਜ਼ੂਰੀ ਵਿਚ ਇਹ ਉਹਦੀ ਝਾਲ ਨਹੀਂ ਸਨ ਝੱਲ ਸਕਦੇ।

ਸ਼ਾਇਦ ਕਈ ਸਰਦਾਰ ਤੇ ਵਜ਼ੀਰ ਮਹਾਰਾਜੇ ਦੇ ਅੰਤ ਬਾਰੇ ਸੋਚਦੇ ਹੋਣ ? ਪਰ ਜੇ ਉਹ ਸੋਚਦੇ ਸਨ ਤਾਂ ਉਹ ਕਿਸੇ ਨਾਲ ਆਪਣੇ ਮਨੋਭਾਵ ਸਾਂਝੇ ਨਹੀਂ ਸਨ ਕਰਦੇ। ਹਰੀ ਸਿੰਘ ਨਲੂਏ ਵਲੋਂ ਪ੍ਰਗਟ ਕੀਤੇ ਗਏ ਵਿਚਾਰ ਇਕ ਅਸਾਧਾਰਣ ਘਟਨਾ ਸਨ। ਹਰੀ ਸਿੰਘ ਨਲੂਆ ਉਸ ਵੇਲੇ ਸਦਾ ਲਈ ਵਿਦਾ, ਹੋ ਰਿਹਾ ਸੀ ਤੇ ਉਹਦੇ ਵਾਸਤੇ ਉਸ ਸਮੇਂ ਆਪਣੇ ਵਿਚਾਰ ਕਿਸੇ ਸਾਹਮਣੇ ਰਖਣੇ ਜ਼ਰੂਰੀ ਸਨ। ਪਰ ਹੋਰ ਸਰਦਾਰ ਇਹੋ ਜਿਹੀ ਕੋਈ ਵਧੀਕੀ ਨਾ ਲੈਂਦੇ। ਆਪ ਹਰਪਾਲ ਨਿਤ ਇਸ ਆ ਰਹੀ ਦੁਰਘਟਨਾ ਬਾਰੇ ਵਿਚਾਰ ਕਰਦਾ, ਪਰ ਉਹ ਕਿਸੇ ਨਾਲ ਗੱਲ ਨਾ ਕਰਦਾ। ਦਲੇਰ ਸਿੰਘ ਨੇ ਵੀ ਸਿਰਫ਼ ਮਰਨ ਵੇਲੇ ਹੀ ਕੁਝ ਆਖਿਆ ਸੀ। ਮਰ ਰਿਹਾ ਆਦਮੀ ਆਪਣੀ ਜ਼ਿਮੇਵਾਰੀ ਮਹਿਸੂਸ ਕਰਦਾ ਜ਼ਰੂਰੀ ਮੁਆਮਲਿਆਂ ਬਾਰੇ ਆਪਣੇ ਨਿਕਟਵਰਤੀਆਂ ਨੂੰ ਸੱਚੀ ਤੇ ਬੇਗਰਜ਼ ਰਾਏ ਦੇਣ ਤੋਂ ਨਹੀਂ ਰਹਿ ਸਕਦਾ। ਜੇ ਸਰਦਾਰਾਂ ਦੀ ਇਹ ਹਾਲਤ ਸੀ ਤਾਂ ਆਮ ਜਨਤਾ ਕਿਵੇਂ ਰਣਜੀਤ ਸਿੰਘ ਦੀ ਮੌਤ ਨੂੰ ਆਪਣੀ ਗਪ ਸ਼ਪ ਜਾਂ ਸੰਜੀਦਾ ਵਿਚਾਰ ਦਾ ਵਿਸ਼ਾ ਬਣਾਂਦੀ। ਆਮ ਜਨਤਾ ਨੂੰ ਤਾਂ ਮਹਾਰਾਜੇ ਦੀ ਬਿਮਾਰੀ ਦਾ ਮਾਨੋਂ ਪਤਾ ਹੀ ਨਹੀਂ ਸੀ।

ਏਸੇ ਲਈ ਜਦੋਂ ਆਪਣੀ ਨਾਜ਼ਕ ਹਾਲਤ ਵੇਖ ਕੇ ਸ਼ੇਰੇ-ਪੰਜਾਬ ਰਣਜੀਤ ਸਿੰਘ ਨੇ ਆਪਣੇ ਸਹਿਜ਼ਾਦੇ ਖੜਗ ਸਿੰਘ ਨੂੰ ਰਾਜ ਤਿਲਕ ਦਿੱਤਾ ਤਾਂ ਸਾਰਾ ਲਾਹੌਰ ਤੇ ਸਾਰਾ ਪੰਜਾਬ ਅਸਲੋਂ ਹੈਰਾਨ ਰਹਿ ਗਿਆ। ਇਹ ਮਹਾਰਾਜਾ ਨੂੰ ਕੀ ਹੋ ਗਿਆ ? ਕੀ ਰਣਜੀਤ ਸਿੰਘ ਬਿਮਾਰ ਸੀ ? ਕੀ ਰਣਜੀਤ ਸਿੰਘ ਦਾ ਆਖ਼ਰੀ ਸਮਾਂ ਆ ਚੁਕਾ ਸੀ ? ਜੇ ਇਹ ਹੈ ਤਾਂ ਫਿਰ ਸਿੱਖ ਸਲਤਨੱਤ ਦਾ ਕੀ ਬਣੇਗਾ ? ਉਨ੍ਹਾਂ ਦਾ ਕੀ ਬਣੇਗਾ ? ਉਨ੍ਹਾਂ ਦੇ ਸਾਕ ਸੰਬੰਧੀਆਂ, ਉਨ੍ਹਾਂ ਦੀਆਂ ਜਾਗੀਰਾਂ, ਉਨ੍ਹਾਂ ਦੇ ਅਸਬਾਬ ਤੇ ਸਭ ਤੋਂ ਵਧ ਉਨ੍ਹਾਂ ਦੀ ਸੁਖੀ ਤੇ ਘੁਪ ਵਸਦੀ ਜ਼ਿੰਦਗੀ ਦਾ ਕੀ ਬਣੇਗਾ। ਅਜੇ ਉਹ ਸਮਾਂ ਦੂਰ ਨਹੀਂ ਸੀ ਜਦੋਂ ਪੰਜਾਬ ਉੱਤੇ ਹਰ ਆਏ ਦਿਨ ਨਵੀਂ ਭੀੜ ਬਣਦੀ ਸੀ ਕੋਈ ਨਵਾਂ ਹਮਲਾਆਵਰ ਉਨ੍ਹਾਂ ਦੀ ਪੂੰਜੀ ਤੇ ਉਨ੍ਹਾਂ ਦੀ ਇੱਜ਼ਤ ਮਿੱਟੀ ਵਿਚ ਰੋਲ ਜਾਂਦਾ ਸੀ। ਕੋਈ ਨਵਾਂ ਦਰਿੰਦਾ ਉਨ੍ਹਾਂ ਦੇ ਬੱਚਿਆਂ ਤੇ ਉਨ੍ਹਾਂ ਦੀਆਂ ਧੀਆਂ ਨੂੰ ਚੁੱਕ ਖੜਦਾ ਸੀ। ਫ਼ਸਲਾਂ ਤਬਾਹ ਹੋ ਜਾਂਦੀਆਂ ਸਨ, ਰਿਜ਼ਕ ਖ਼ਤਮ ਹੋ ਜਾਂਦਾ ਸੀ। ਪੰਜਾਬ ਦੀ ਜਨਤਾ ਹੁਣ ਫਿਰ ਕਿਸੇ ਉਹੋ ਜਿਹੇ ਜੁਗ ਵਿਚੋਂ

Scanned by CamScanner

ਲੰਘਣਾ ਨਹੀਂ ਸੀ ਚਾਹੁੰਦੀ, ਤੇ ਏਸੇ ਲਈ ਜਦੋਂ ਰਣਜੀਤ ਸਿੰਘ ਨੇ ਖੜਗ ਸਿੰਘ ਨੂੰ ਰਾਜ ਗੱਦੀ ਦੇ ਵੀ ਦਿੱਤੀ ਤਾਂ ਵੀ ਜਨਤਾ ਨੇ ਰਣਜੀਤ ਸਿੰਘ ਦੀ ਆ ਰਹੀ ਮੌਤ ਬਾਰੇ ਇਤਬਾਰ ਕਰਨ ਤੋਂ ਇਨਕਾਰ ਕਰ ਦਿਤਾ । ਪਰ ਰਣਜੀਤ ਸਿੰਘ ਦੀ ਮੌਤ ਨੇੜੇ ਆ ਰਹੀ ਸੀ । ਸਾਰੇ ਦੇਸ਼ ਜਾਂ ਸਾਰੀ ਦੁਨੀਆਂ ਦੀ ਆਵਾਜ਼, ਅਰਦਾਸੇ, ਪਾਠ ਤੇ ਤਾਂਘ ਕਿਸੇ ਦੀ ਮੌਤ ਨੂੰ ਰੋਕ ਨਹੀਂ ਸਕਦੀਆਂ ।

ਆਪਣੀ ਜ਼ਿੰਦਗੀ ਦੇ ਪਿਛਲੇ ਦਿਨਾਂ ਵਿਚ ਰਣਜੀਤ ਸਿੰਘ ਹਰ ਰੋਜ਼ ਘੰਟੇ ਦੋ ਘੰਟੇ ਵ ਸਤੇ ਹਰਪਾਲ ਸਿੰਘ ਨੂੰ ਆਪਣੇ ਕੋਲ ਬੁਲਾਉਂਦਾ । ਧਿਆਨ ਸਿੰਘ ਨੇ ਇਨ੍ਹਾਂ ਦਿਨਾਂ ਵਿਚ ਮਹਾਰਾਜੇ ਨੂੰ ਕਿਸੇ ਹੱਦ ਤਕ ਲੋਕਾਂ ਕੋਲੋਂ ਵਖ ਕਰ ਲਿਆ ਸੀ, ਪਰ ਉਹ ਹਰਪਾਲ ਨੂੰ ਰੋਕਣ ਦੀ ਹਿੰਮਤ ਨਹੀਂ ਸੀ ਰਖਦਾ । ਡਿਓਢੀਦਾਰ ਤੇ ਫਿਰ ਖੜਗ ਸਿੰਘ ਦਾ ਮੁਖ ਮੰਤਰੀ ਹੋਣ ਦੀ ਹੈਸੀਅਤ ਵਿਚ ਉਹ ਬੜਾ ਕੁਝ ਕਰ ਸਕਦਾ ਸੀ ਤੇ ਕਰ ਰਿਹਾ ਸੀ, ਪਰ ਅਜੇ ਝੱਕ ਮਹਾਰਾਜੇ ਦੇ ਅੱਖਾਂ ਨਾਲ ਕੀਤਿਆਂ ਇਸ਼ਾਰਿਆਂ ਤੋਂ ਵੀ ਮੂੰਹ ਨਹੀਂ ਸੀ ਮੋੜ ਸਕਦਾ । ਧਿਆਨ ਸਿੰਘ ਇਕ ਉਸ ਸ਼ਕਤੀਵਾਨ ਜਾਨਵਰ ਵਾਂਗ ਸੀ ਜਿਹੜਾ ਆਪਣੇ ਮਾਲਕ ਦੇ ਸਾਹਮਣੇ ਅੱਖਾਂ ਨਹੀਂ ਸੀ ਚੁੱਕ ਸਕਦਾ, ਪਰ ਜੇ ਮਾਲਕ ਨੇੜੇ ਨਾ ਹੋਵੇ ਤਾਂ ਹਰ ਸਾਹਮਣੇ ਆਈ ਚੀਜ਼ ਨੂੰ ਹੜੱਪ ਕਰ ਜਾਂਦਾ ਹੈ । ਹਰਪਾਲ ਧਿਆਨ ਸਿੰਘ ਨੂੰ ਇਕ ਇਹੋ ਜਾਨਵਰ ਵਾਂਗ ਹੀ ਜਾਣਨ ਤੇ ਪਛਾਣਨ ਲੱਗਾ । ਜਦੋਂ ਹਰਪਾਲ ਮਹਾਰਾਜੇ ਦੀ ਹਜ਼ੂਰੀ ਵਿਚ ਜਾਂਦਾ ਤਾਂ ਧਿਆਨ ਸਿੰਘ ਉਹਦੇ ਵਲ ਇਕ ਇਹੋ ਜਿਹੇ ਜਾਨਵਰ ਵਾਂਗ ਹੀ ਵੇਖਦਾ ।

ਰਣਜੀਤ ਸਿੰਘ ਨੂੰ ਹਰਪਾਲ ਦੇ ਆਤਮਕ ਬਲ ਵਿਚੋਂ ਜਿਵੇਂ ਇਕ ਆਦਰਸ਼ਕ ਸਿਖ ਦੇ ਆਤਮਕ ਬਲ ਦਾ ਝਲਕਾਰਾ ਮੋਂਦਾ ਹੋਵੇ । ਰਣਜੀਤ ਸਿੰਘ ਨੂੰ ਹਰਪਾਲ ਆਪਣੀ ਉਸਾਰੀ ਸਲਤਨੱਤ ਦਾ ਪ੍ਰਿਤੀਬਿੰਬ ਜਾਪਦਾ ਜਾਂ ਆਪਣੀ ਉਸਾਰੀ ਸਲਤਨੱਤ ਉਹਨੂੰ ਹਰਪਾਲ ਦੀ ਸ਼ਖ਼ਸੀਅਤ ਦਾ ਪ੍ਰਿਤੀਬਿੰਬ ਜਾਪਦੀ । ਉਹ ਹਰਪਾਲ ਵਲ ਵੇਖਦਾ ਰਹਿੰਦਾ, ਵੇਖਦਾ ਰਹਿੰਦਾ । ਖ਼ਾਸ ਕਰ ਕੇ ਉਦੋਂ ਜਦੋਂ ਉਹਦੀ ਬੋਲਣ-ਸਤਾ ਮੁਕ ਜਾਂਦੀ । ਇਕ ਦਿਨ ਰਣਜੀਤ ਸਿੰਘ ਨੇ ਕਿਹਾ : 'ਮੇਰੇ ਨੂਰੇ-ਠਬਰ ਤੋਪਚੀ ਸਰਦਾਰ ! ਜੇ ਮੇਰੇ ਪਿਛੋਂ ਕਦੀ ਖਾਲਸਾ ਰਾਜ ਤੇਰੇ ਵਾਂਗ ਅਡੋਲ ਤੇ ਅਹਿਲ ਹੋ ਸਕੇ !" ਇਕ ਵਾਰ ਉਸ ਕਿਹਾ: "ਮੇਰੇ ਤੋਪਚੀ ਸਰਦਾਰ ਤੂੰ ਮੇਰੀਆ ਭਾਵਨਾਵਾਂ ਦੇ ਪ੍ਰਗਟਾ ਤੇ ਮੇਰੀਆਂ ਗੱਲਾਂ ਦੇ ਉੱਤਰ ਵਿਚ ਕੁਝ ਨਹੀਂ ਕਹਿੰਦਾ, ਪਰ ਮੈਂ ਤੇਰੇ ਮੁਖ ਉੱਤੋਂ ਤੇਰੇ ਉੱਤਰ ਸਹਿਜੇ ਹੀ ਪੜ੍ਹ ਸਕਦਾ ਹਾਂ ।"

ਇਕ ਵਾਰੀ ਰਣਜੀਤ ਸਿੰਘ ਨੇ ਹਰਪਾਲ ਨਾਲ ਰਾਜ ਗੱਦੀ ਬਾਰੇ ਗੱਲ ਕੀਤੀ : "ਨਲੂਏ ਸਰਦਾਰ ਦੀ ਇੱਛਾ ਸੀ ਕਿ ਬਹਿਜ਼ਾਦਾ ਖੜਗ ਸਿੰਘ ਗੱਦੀ ਉੱਤੇ ਨਾ ਬੈਠੇ ! ਤੂੰ ਜਾਣਦਾ ਹੈਂ ?" "ਜੀ ਸਰਕਾਰ !" ਹਰਪਾਲ ਨੇ ਕਿਹਾ । 'ਮੈਂ ਉਹਦੀ ਰਾਏ ਦੀ ਕਦਰ ਕਰਦਾ ਹਾਂ, ਉਹ ਬੜਾ ਬੇਦਾਰ ਮਗਜ ਤੇ ਦੂਰ ਦਰਿਸ਼ਟ ਇਨਸਾਨ ਸੀ । ਸ਼ਾਇਦ ਉਹ ਗੁਰੂ ਗੱਦੀ ਵਾਂਗ ਇਸ ਰਾਜ ਗੱਦੀ ਨੂੰ ਵੀ ਖ਼ਾਲਸੇ ਦਾ ਸਾਂਝਾ ਵਿਰਸਾ ਬਣਾਉਣਾ ਚਾਹੁੰਦਾ ਹੋਵੇ । ਜੇ ਇਉਂ ਹੋ ਸਕਦਾ, ਹਰਪਾਲ ਤਾ ਮੇਰੇ ਤੋਂ ਵਧ ਖੁਸ਼ ਜੀਵ ਹੋਰ ਕੋਈ ਨਾ ਹੁੰਦਾ, ਪਰ ਅਜੋਕੇ ਰਾਜਨੀਤਕ ਹਾਲਾਤਾਂ ਵਿਚ ਇਹ ਕਰਾਮਾਤ ਵਾਪਰ ਨਹੀਂ ਸਕਦੀ । ਮੈਂ ਬਹੁਤਾ ਬੋਲ ਨਹੀਂ ਸਕਦਾ, ਪਰ ਕੀ ਤੂੰ ਮੇਰੀ ਗੱਲ ਸਮਝਦਾ ਹੈਂ ?" "ਸਮਝਦਾ ਹਾਂ ਸਰਕਾਰ ਤੇ ਮੈਂ ਤੁਹਾਡ ਨਾਲ ਸਹਿਮਤ ਹਾਂ ।"

ਹਰਪਾਲ ਉੱਤੋਂ ਉੱਤੋਂ ਨਹੀਂ ਸਚੀਂ ਮੁਚੀਂ ਹੀ ਰਣਜੀਤ ਸਿੰਘ ਨਾਲ ਸਹਿਮਤ ਸੀ । ਹਰੀ ਸਿੰਘ ਨਲੂਏ ਦੇ ਇਸ ਮਸਲੇ ਬਾਰੇ ਆਪਣੇ ਵਿਚਾਰ ਵੀ ਪੁਖਤਾ ਨਹੀਂ ਸਨ । ਉਹਦੇ ਮਨ ਵਿਚ ਅੰਤ ਤਕ ਤੌਖ ਭੌਰ ਹੁੰਦੀ ਰਹੀ ਸੀ । ਜਦੋਂ ਉਸ ਹਰਪਾਲ ਨਾਲ ਗੱਲ ਕੀਤੀ ਤਾਂ ਵੀ ਉਹ ਕਿਸੇ ਨਿਰਣੇ ਉੱਤੇ ਨਹੀਂ ਸੀ ਪੁਜਿਆ । ਸ਼ਾਇਦ ਉਹਦੇ ਵਿਚਾਰ ਖੜਗ ਸਿੰਘ ਦੀ ਫ਼ੌਜੀ ਯੰਗਤਾ ਉੱਤੇ ਹੀ ਨਿਰਭਰ ਹੋਣ, ਜਿਹੜੀ ਉਹਦੀ ਰਾਏ ਵਿਚ ਤੇ ਜਿਹੜੀ ਜਵਾਨੀ ਚੜ੍ਹਦੇ ਨੌਨਿਹਾਲ ਸਿੰਘ ਦੇ ਸਨਮੁਖ ਉਚ ਪਾਏ ਦੀ ਨਹੀਂ ਸੀ । ਹਰ ਹਾਲਤ ਵਿਚ ਹਰਪਾਲ ਦੀਆਂ ਨਜ਼ਰਾਂ ਵਿਚ ਖੜਗ ਸਿੰਘ ਹੀ ਰਾਜ ਗੱਦੀ ਦਾ ਯੰਗ ਵਾਰਸ ਸੀ । ਆਪਣੀ ਇਤਿਹਾਸਕ ਸੂਝ ਸਦਕਾ ਉਹ ਜਾਣਦਾ ਸੀ ਕਿ ਅਜੇ ਰਾਜ ਗੱਦੀ ਨੂੰ ਗਣ ਰਾਜ ਵਿਚ ਤਬਦੀਲ ਕਰਨ ਦਾ ਵਕਤ ਨਹੀਂ ਆਇਆ । ਅਜੇ ਪੰਜਾਬ ਦੀ ਵੱਸੋਂ ਦੀ ਰਾਜਨੀਤਕ ਸੂਝ ਪਰੰਪਰਾ ਦੀਆਂ ਲੀਹਾਂ ਉੱਤੇ ਹੀ ਵਿਚਰ ਰਹੀ ਸੀ । ਇਹ ਹੀ ਨਹੀਂ, ਅਜ ਕਲ੍ਹ ਜਿਹੜੀ ਯੂਰਪੀਨ ਕੌਮ ਹਿੰਦੁਸਤਾਨ ਦੇ ਘਨੇਰੇ ਭਾਗ ਉੱਤੇ ਰਾਜ ਕਰ ਰਹੀ ਸੀ, ਉਸ ਕੌਮ ਦੇ ਸਿਰ ਵੀ ਇਕ ਬਾਦਸ਼ਾਹ ਸੀ । ਜ ਅੰਗਰੇਜ਼ਾਂ ਦੀ ਥਾਂ ਫ਼ਰਾਂਸੀਸੀ ਹਿੰਦੁਸਤਨ ਵਿਚ ਜ਼ੋਰ ਪਕੜਦੇ ਤਾਂ ਸ਼ਾਇਦ ਹੋਰ ਗੱਲ ਹੁੰਦੀ, ਪਰ ਜੋ ਕੁਝ ਵੀ ਹੋਵੇ ਕਿਸੇ ਵਿਅੱਕਤੀ ਨੇ ਇਹੋ ਜਿਹੀ ਰਾਜ ਬਣਤਰ ਵਲ ਸੰਜੀਦਾ ਗਹੁ ਨਹੀਂ ਸੀ ਦਿਤਾ

Scanned by CamScanner

ਸਿਵਾਏ ਸ਼ਾਇਦ ਆਪ ਰਣਜੀਤ ਸਿੰਘ ਦੇ। ਰਣਜੀਤ ਸਿੰਘ ਕੀ ਕੁਝ ਤੇ ਕਿੰਨਾਂ ਕੁਝ ਸੋਚਦਾ ਤੇ ਵਿਚਾਰਦਾ ਸੀ, ਕੋਈ ਨਹੀਂ ਜਾਣ ਸਕਦਾ। ਰਣਜੀਤ ਸਿੰਘ ਇਕ ਸਮੁੰਦਰ ਸੀ। ਉਹਦੀ ਥਾਹ ਪਾਣੀ ਅਨਹੋਣੀ ਸੀ।

ਰਣਜੀਤ ਸਿੰਘ ਨੇ ਆਪਣੀ ਗੱਲ ਜਾਰੀ ਰਖਦਿਆਂ ਕਿਹਾ : "ਮੈਂ ਸ਼ਹਿਜ਼ਾਦਾ ਖੜਗ ਸਿੰਘ ਨੂੰ ਸਭ ਤੋਂ ਵਧ ਸ਼ਾਇਦ ਹਾਂ। ਉਹਦੀਆਂ ਖ਼ਾਮੀਆਂ ਦਾ ਵੀ ਮੈਨੂੰ ਅਹਿਸਾਸ ਹੈ, ਪਰ ਇਸ ਦੇ ਵਿਪ੍ਰੀਤ ਵੀ ਜੋ ਕੁਝ ਮੈਂ ਕਰ ਰਿਹਾ ਹਾਂ ਉਹ ਹੀ ਠੀਕ ਹੈ।" "ਬਿਨਾਂ ਸ਼ਕ।" ਹਰਪਾਲ ਨੇ ਕਿਹਾ। ਇਸ ਦਿਨ ਹਰਪਾਲ ਦਾ ਜੀ ਕੀਤਾ ਕਿ ਉਹ ਰਣਜੀਤ ਸਿੰਘ ਨੂੰ ਧਿਆਨ ਸਿੰਘ ਬਾਰੇ ਕੁਝ ਕਹੇ। ਉਹ ਸਰਦਾਰ ਹਰੀ ਸਿੰਘ ਨਲੂਏ, ਆਪਣੇ ਪਿਤਾ ਸਰਦਾਰ ਦਲੇਰ ਸਿੰਘ ਮਾਹਿਲ ਦੇ ਅਤੇ ਆਪਣੇ ਸ਼ਕ ਪ੍ਰਗਟ ਕਰੇ ਤੇ ਜੇ ਹੋ ਸਕੇ ਤਾਂ ਧਿਆਨ ਸਿੰਘ ਨੂੰ ਰਣਜੀਤ ਸਿੰਘ ਦੇ ਜੀਊਂਦੇ ਜੀਅ ਦਰਬਾਰ ਤੋਂ ਕਿਸੇ ਹੱਦ ਤੱਕ ਅਲੱਗ ਕਰਾ ਦੇਵੇ, ਪਰ ਉਹ ਚੁੱਪ ਰਿਹਾ।

ਉਹ ਚੁਪ ਰਿਹਾ ਕਿਉਂਕਿ ਇਕ ਤਾਂ ਇਨ੍ਹਾਂ ਬਚਨਾਂ ਨੇ ਰਣਜੀਤ ਸਿੰਘ ਦੇ ਦਿਲ ਨੂੰ ਠੇਕਰ ਪਹੁੰਚਾਣੀ ਸੀ। ਉਹ ਧਿਆਨ ਸਿੰਘ ਉੱਤੇ ਇਕ ਮੁੱਦਤ ਤੋਂ ਵਿਸ਼ਵਾਸ ਕਰਦਾ ਆਇਆ ਸੀ ਤੇ ਬਿਨਾਂ ਸ਼ਕ ਧਿਆਨ ਸਿੰਘ ਮਹਾਰਾਜੇ ਦਾ ਪ੍ਰਪੱਕ ਵਫ਼ਾਦਾਰ ਰਿਹਾ ਸੀ। ਇਹੋ ਜਿਹੇ ਕਿਸੇ ਸੁਝਾਅ ਨੇ ਰਣਜੀਤ ਸਿੰਘ ਦੀ ਬਿਮਾਰੀ ਤੇ ਮਾਨਸਕ ਹਾਲਤ ਨੂੰ ਵਧੇਰੇ ਖ਼ਤਰਨਾਕ ਬਣਾ ਦੇਣਾ ਸੀ। ਦੂਜਾ, ਉਸ ਸੋਚਿਆ ਕਿ ਆਖ਼ਰਕਾਰ ਧਿਆਨ ਸਿੰਘ ਖ਼ੁਦਾ ਤਾਂ ਨਹੀਂ, ਜੇ ਉਹਨੇ ਸਿਖੀ ਸਪਿਰਟ ਤੇ ਖ਼ਾਲਸਾ ਰਾਜ ਦੇ ਹਿੱਤਾਂ ਦੇ ਵਿਰੁਧ ਕੋਈ ਕਦਮ ਚੁਕੇ ਤਾਂ ਸਹਿਜੇ ਹੀ ਸਿਖ ਜਨਤਾ ਉਹਨੂੰ ਬਰਤਰਫ਼ ਕਰ ਦੇਵੇਗੀ। ਤੀਜਾ, ਇਹ ਵੀ ਸੱਚ ਸੀ ਕਿ ਉਸ ਵੇਲੇ ਧਿਆਨ ਸਿੰਘ ਤੋਂ ਬਗ਼ੈਰ ਕੋਈ ਹੋਰ ਆਦਮੀ ਉਹਦੀ ਅਸਥਿਤੀ ਸੰਭ ਲਣ ਲਈ ਉਹਨੂੰ ਨਾ ਦਿਸਿਆ। ਉਹ ਧਿਆਨ ਸਿੰਘ ਦੀ ਯੋਗਤਾ ਦੀ ਕਦਰ ਕਰਦਾ ਸੀ। ਚੌਥਾ, ਧਿਆਨ ਸਿੰਘ ਬਾਰੇ ਉਸ ਵੇਲੇ ਹੋਰ ਸਰਦਾਰਾਂ, ਦਰਬਾਰ ਜਾਂ ਜਨਤਾ ਦੇ ਦਿਲਾਂ ਵਿਚ ਕੋਈ ਸ਼ਕ ਨਹੀਂ ਸਨ। ਹਰੀ ਸਿੰਘ ਨਲੂਆ, ਉਹਦੇ ਪਿਤਾ, ਉਹਦੇ ਆਪਣੇ ਆਪ ਤੇ ਸ਼ਾਇਦ ਦੋ ਚਾਰ ਹੋਰ ਬੰਦਿਆਂ ਤੋਂ ਸਿਵਾਏ ਕੋਈ ਵੀ ਧਿਆਨ ਸਿੰਘ ਨੂੰ ਸਿਖ ਰਾਜ ਵਾਸਤੇ ਖ਼ਤਰਨਾਕ ਆਦਮੀ ਨਹੀਂ ਸੀ ਸਮਝਦਾ। ਰਾਜਾ ਧਿਆਨ ਸਿੰਘ ਹੱਦੋਂ ਵਧ ਹਰ ਮਨ ਪਿਆਰਾ ਸੀ।

ਇਨ੍ਹਾਂ ਦਲੀਲਾਂ ਨੂੰ ਮੁਖ ਰਖ ਕੇ ਹਰਪਾਲ ਚੁਪ ਰਿਹਾ ਤੇ ਉਸ ਭਵਿਖਤ ਵਲ ਤੱਕਦਿਆਂ ਹੋਇਆਂ ਸੋਚਿਆ ਕਿ ਜੋ ਹੋਵੇਗੀ ਵੇਖੀ ਜਾਏਗੀ। ਇਕ ਦਿਨ ਰਣਜੀਤ ਸਿੰਘ ਨੇ ਸ਼ਹਿਜ਼ਾਦਾ ਖੜਗ ਸਿੰਘ, ਰਾਜਾ ਧਿਆਨ ਸਿੰਘ, ਫ਼ਕੀਰ ਅਜ਼ੀਜ਼ੁਦੀਨ, ਸਰਦਾਰ ਅਜੀਤ ਸਿੰਘ ਸਿੰਧਾਂਵਾਲੀਏ, ਸਰਦਾਰ ਸ਼ਾਮ ਸਿੰਘ ਅਟਾਰੀ ਤੇ ਸਰਦਾਰ ਹਰਪਾਲ ਸਿੰਘ ਮਾਹਿਲ ਨੂੰ ਸੰਬੋਧਨ ਕਰ ਕੇ ਕਿਹਾ : "ਅਫਗਾਨਿਸਤਾਨ ਤੇ ਸਿੰਧ ਬਾਰੇ ਮੇਰੀ ਨੀਤੀ ਨੂੰ ਬਰਕਰਾਰ ਰਖਣਾ, ਕਿਤੇ ਥਿੜਕਣਾ ਨਾ। ਜੇ ਤੁਸੀਂ ਆਪਣੇ ਪੈਰ ਪੱਕੇ ਤੇ ਦਿਲ ਮਜ਼ਬੂਤ ਰਖੋਗੇ ਤਾਂ ਅੰਗਰੇਜ਼ ਤੇ ਅਫ਼ਗਾਨ ਦੋਵੇਂ ਤੁਹਾਡੀ ਮਿੱਤਰਤਾ ਦੀ ਮੰਗ ਕਰਦੇ ਰਹਿਣਗੇ। ਦੋਵੇਂ ਤੁਹਾਡੇ ਸਾਥ ਦੀ ਤਮੰਨਾ ਕਰਦੇ ਰਹਿਣਗੇ। ਅਸੀਂ ਆਪਣੇ ਪੰਜਾਬ ਨੂੰ ਬਦੇਸ਼ੀਆਂ ਲਈ ਇਕ ਸੈਰਗਾਹ ਨਹੀਂ ਬਣਾਉਣਾ। ਜਦੋਂ ਤਕ ਪੰਜਾਬ ਤੇ ਪੰਜਾਬ ਦੀ ਜਨਤਾ ਦੇ ਹਿੱਤ ਪੂਰੇ ਨਹੀਂ ਹੁੰਦੇ ਅਸੀਂ ਕਿਸੇ ਨੂੰ ਕੋਈ ਖੁਲ੍ਹ ਨਹੀਂ ਲੈਣ ਦੇਣੀ।

"ਯਾਦ ਰਖਣਾ ਕਿ ਇਹ ਰਾਜ ਮੇਰਾ ਜ਼ਾਤੀ ਰਾਜ ਨਹੀਂ। ਤੁਹਾਡੀਆਂ ਵਜ਼ੀਰੀਆਂ ਤੇ ਸਰਦਾਰੀਆਂ ਵੀ ਜ਼ਾਤੀ ਨਹੀਂ। ਇਹ ਰਾਜ ਭਾਗ ਸਾਨੂੰ ਗੁਰੂ ਮਹਾਰਾਜ ਕੋਲੋਂ ਜਨਤਾ ਦੀ ਸੇਵਾ ਵਾਸਤੇ ਮਿਲਿਆ ਹੈ। ਕਿਸੇ ਦੇਸ਼ ਦੀ ਵੱਸੋਂ ਹੀ ਉਸ ਦੇਸ਼ ਦੀ ਅਸਲੀ ਤੇ ਸਹੀ ਅਰਥਾਂ ਵਿਚ ਹੁਕਮਰਾਨ ਹੁੰਦੀ ਹੈ। ਅਸੀਂ ਸਭ ਇਸ ਵੱਸੋਂ ਦੇ ਕਾਰਿੰਦੇ ਹਾਂ। ਸਭ ਤੋਂ ਪਹਿਲੇ ਆਉਂਦੇ ਹਨ ਇਸ ਵੱਸੋਂ ਦੇ ਹਿੱਤ ਤੇ ਫਿਰ ਰਾਜ ਦੀ ਸੰਗਠਨਤਾ ਦੇ ਹਿੱਤ। ਜ਼ਾਤੀ ਹਿੱਤ ਕਿਤੇ ਗਿਣੇ ਨਹੀਂ ਜਾਂਦੇ। ਜੇ ਤੁਸੀਂ ਸਾਰੇ ਤਕੜੇ, ਇਕ ਮੁੱਠ ਤੇ ਜ਼ਾਤੀ ਲਾਭਾਂ ਹਾਣਾਂ ਤੋਂ ਬੇਗਰਜ਼ ਰਹੋਗੇ ਤਾਂ ਸ਼ਾਇਦ ਮੇਰੀ ਆਪਣੀ ਪੇਸ਼ੀਨਗੋਈ ਹੀ ਗ਼ਲਤ ਸਾਬਤ ਹੋਏ। ਹਿੰਦੁਸਤਾਨ ਦੇ ਨਕਸ਼ੇ ਵਿਚ ਇਕ ਭਾਗ ਅਜਿਹਾ ਬਚ ਰਹੇ ਜਿਦੇ ਉੱਤੇ ਕਿ ਲਾਲ ਰੰਗ ਨਾ ਫਿਰੇ।"

ਇਕ ਦਿਨ ਉਸ ਸਿਰਕਢ ਸਰਦਾਰਾਂ ਦੀ ਇਹੋ ਜਿਹੀ ਇਕ ਹੋਰ ਇਕੱਤ੍ਰਤਾ ਵਿਚ ਕਿਹਾ : "ਤੁਸੀਂ ਸਾਰੇ ਜਾਣਦੇ ਹੋ ਕਿ ਮੈਂ ਅਨਪੜ੍ਹ ਹਾਂ ਤੇ ਮੇਰੀ ਇਕ ਅੱਖ ਸ਼ੀਤਲਾ ਨੇ ਮਾਰ ਲਈ। ਅਨਪੜ੍ਹ ਹੁੰਦਿਆਂ ਹੋਇਆਂ ਮੈਂ ਸਿਰਫ਼ ਗੁਰੂ ਮਰਯਾਦਾ ਤੇ ਸਚਾਈ ਦੇ ਚੰਦ ਅਸੂਲਾਂ ਨੂੰ ਜਾਣ ਸਕਿਆ ਹਾਂ ਤੇ ਇਕ ਅੱਖ ਰਖਦਿਆਂ ਹੋਇਆਂ ਮੈਂ ਗੁਰਮਰਯਾਦਾ ਤੇ ਇਨ੍ਹਾਂ ਅਸੂਲਾਂ ਨੂੰ ਪੰਜਾਬ ਦੀ ਸਮੁਚੀ ਜਨਤਾ ਉੱਤੇ ਸਾਵੇਂ ਤੌਰ "ਤੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ।"

Scanned by CamScanner

"ਪੰਜਾਬ ਨਾ ਹੀ ਸਿਰਫ਼ ਸਿਖਾਂ ਦਾ ਹੈ, ਨਾ ਹੀ ਸਿਰਫ਼ ਹਿੰਦੂਆਂ ਦਾ ਤੇ ਨਾ ਹੀ ਸਿਰਫ਼ ਮੁਸਲਮਾਨਾਂ ਦਾ। ਪੰਜਾਬ ਤਿੰਨਾਂ ਜਾਤੀਆਂ ਦਾ ਸਾਂਝਾ ਪੰਜਾਬ ਹੈ ਤੇ ਪੰਜਾਬ ਦਾ ਰਾਜ ਤਿੰਨਾਂ ਜਾਤੀਆਂ ਦਾ ਸਾਂਝਾ ਰਾਜ ਹੈ। ਮਜ਼ਹਬ ਤੇ ਧਰਮ ਜਾਤੀ ਵਿਸ਼ਵਾਸਾਂ ਤੇ ਇਤਕਾਦਾਂ ਦਾ ਨਾਂ ਹੈ। ਵੇਖਣਾ ਜਾਤੀ ਵਿਸ਼ਵਾਸ ਤੇ ਇਤਕਾਦ ਦਾ ਜ਼ਹਿਰ ਰਾਜ ਭਾਗ ਦੇ ਮੁਆਮਲਿਆਂ ਵਿਚ ਨਾ ਭਰ ਦੇਣਾ। ਪੰਜਾਬ ਦਾ ਹਰ ਵਾਸੀ ਹਰ ਪਹਿਲੂ ਤੋਂ ਕਿਸੇ ਦੂਜੇ ਵਾਸੀ ਨਾਲੋਂ ਭਿੰਨ ਨਹੀਂ। ਰੂਸੀਂ ਸਾਰੇ ਫ਼ਰਾਂਸੀਸੀ ਇਨਕਲਾਬ ਦੇ ਵਿਸ਼ੇ ਵਿਚ ਮੇਰੇ ਨਾਲੋਂ ਜ਼ਿਆਦਾ ਜਾਣਦੇ ਹੋਵੋਗੇ। ਜੋ ਕੁਝ ਓਥੇ ਇਨਕਲਾਬ ਨਾਲ ਤੇ ਖ਼ੂਨ ਖ਼ਰਾਬੇ ਪਿਛੋਂ ਆਇਆ ਜਾਂ ਕਿ ਸ਼ਾਇਦ ਅਜੇ ਤਕ ਨਹੀਂ ਆਇਆ ਉਹ ਕੁਝ ਮੈਂ ਏਸੇ ਪਿਛਲੇ ਕੁਝ ਦਹਾਕਿਆਂ ਵਿਚ ਸ਼ਾਂਤੀ ਪੂਰਵਕ ਉਪਜਾਣ ਦੀ ਨਿਮਾਣੀ ਕੋਸ਼ਿਸ਼ ਕੀਤੀ ਹੈ। ਇਸ ਕੋਸ਼ਿਸ਼ ਨੂੰ ਜਾਰੀ ਰਖਣਾ।" ਇਉਂ ਰਣਜੀਤ ਸਿੰਘ ਆਪਣੇ ਨਿਕਟਵਰਤੀਆਂ ਨੂੰ ਸਮਝਾਂਦਾ ਰਹਿੰਦਾ। ਜਦੋਂ ਉਹ ਬੋਲ ਸਕਦਾ, ਉਹ ਬੋਲਦਾ ਤੇ ਜਦੋਂ ਉਹ ਬੋਲ ਨਾ ਸਕਦਾ ਤਾਂ ਅੱਖਾਂ ਨਾਲ ਗੱਲਾਂ ਕਰਦਾ ਰਹਿੰਦਾ। ਉਹਦੇ ਨਿਕਟਵਰਤੀ ਉਹਦੀਆਂ ਅੱਖਾਂ ਦੇ ਇਸ਼ਾਰਿਆਂ ਤੋਂ ਹੀ ਉਹਦੇ ਮਨ ਭਾਵ ਸਮਝ ਲੈਂਦੇ। ਸਾਰੀ ਸੂਝ ਤੇ ਸਮਝ ਰਖਦੇ ਹੋਏ ਵੀ ਬੋਲ ਨਾ ਸਕਣਾ ਕਿਹੀ ਦਸ਼ਾ ਹੈ ? ਮਨੁੱਖ ਇਹੋ ਜਿਹੀ ਹਾਲਤ ਵਿਚ ਕਿਸ ਤਰ੍ਹਾਂ ਮਹਿਸੂਸ ਕਰਦਾ ਹੋਵੇਗਾ, ਉਹਨੂੰ ਆਪਣੇ ਆਪ ਉੱਤੇ ਕੇਡਾ ਤਰਸ ਆਉਂਦਾ ਹੋਵੇਗਾ ?

ਹੌਲੀ ਹੌਲੀ ਮਹਾਰਾਜੇ ਦੀ ਖ਼ਤਰਨਾਕ ਬਿਮਾਰੀ ਦੀ ਖ਼ਬਰ ਲਾਹੌਰ ਸ਼ਹਿਰ ਵਿਚ ਪਸਰਨ ਲਗੀ। ਹੌਲੀ ਹੌਲੀ ਜਨਤਾ ਇਸ ਖ਼ਬਰ ਉੱਤੇ ਵਿਸ਼ਵਾਸ ਕਰਨ ਲਗੀ। ਜਿੰਨਾ ਚਿਰ ਕੋਈ ਇਸ ਸੋਅ ਤੋਂ ਇਨਕਾਰੀ ਹੋ ਸਕਦਾ ਸੀ ਹੋਇਆ, ਪਰ ਇਕ ਸਮਾਂ ਆਉਂਦਾ ਹੈ ਕਿ ਜਦੋਂ ਅੱਖਾਂ ਬੰਦ ਰਖ ਕੇ ਵੀ ਆਦਮੀ ਭਵਿਖਤ ਵਿਚ ਆ ਰਹੇ ਖ਼ਤਰੇ ਨੂੰ ਵੇਖਣ ਤੋਂ ਮੁਨਕਰ ਨਹੀਂ ਹੋ ਸਕਦਾ। ਇਕ ਸਮਾਂ ਆਉਂਦਾ ਹੈ ਜਦੋਂ ਆਦਮੀ ਆਪਣੇ ਆਪ ਨੂੰ ਹੋਰ ਧੋਖਾ ਨਹੀਂ ਦੇ ਸਕਦਾ। ਆਦਮੀ ਬੇਵੱਸ ਹੋ ਜਾਂਦਾ ਹੈ। ਉਹਦਾ ਆਪਣੇ ਆਪ ਉੱਤੇ ਜ਼ਬਤ ਮੁਕ ਜਾਂਦਾ ਹੈ। ਤੇ ਜਿੰਨਾ ਵਧ ਜ਼ੋਰ ਲਾ ਕੇ ਆਪਣੇ ਆਪ ਉੱਤੇ ਜ਼ਬਤ ਕੀਤਾ ਗਿਆ ਹੋਵੇ ਓਨਾਂ ਵਧ ਹੀ ਪਿਛੋਂ ਆਦਮੀ ਸਿਥਲ ਹੋ ਜਾਂਦਾ ਹੈ। ਇਹੋ ਜਿਹੀ ਘਟਨਾ ਆਦਮੀ ਉੱਤੇ ਪਏ ਮਿਰਗੀ ਦੇ ਦੌਰੇ ਵਾਂਗ ਹੈ ਜਾਂ ਜਿਵੇਂ ਕਿਸੇ ਨੂੰ ਦੰਦਨ ਪੈ ਜਾਣ। ਜਿਨ੍ਹਾਂ ਸਖ਼ਤ ਦੌਰਾ, ਓਨੀ ਹੀ ਵਧ ਕਮਜ਼ੋਰੀ। ਦੰਦਨ ਪੈਣ ਸਮੇਂ ਜਿੰਨਾਂ ਹੀ ਵਧ ਆਦਮੀ ਹੱਥ ਪੈਰ ਮਾਰੇਗਾ ਤੇ ਜ਼ੋਰ ਲਾਏਗਾ, ਉਨਾਂ ਹੀ ਵਧ ਉਹ ਦੰਦਨ ਖੁਲ੍ਹਣ ਪਿਛੋਂ ਬੇਤਾਕਤ ਹੋ ਜਾਏਗਾ। ਏਸੇ ਤਰ੍ਹਾਂ ਹੀ ਜੇਡੇ ਜ਼ੋਰ, ਜ਼ਬਤ ਤੇ ਸੂਝ-ਧੋਖੇ ਨਾਲ ਆਦਮੀ ਭਵਿਸ਼ ਦੇ ਖ਼ਤਰਿਆਂ ਤੋਂ ਮੂੰਹ ਮੋੜਨ ਦੀ ਕੋਸ਼ਿਸ਼ ਕਰੇਗਾ ਓਨਾਂ ਹੀ ਉਹ ਖ਼ਤਰੇ ਦੇ ਬਿਲਕੁਲ ਸਾਹਮਣੇ ਆ ਜਾਣ ਉੱਤੇ ਨਿਰਾਸ਼, ਉਦਾਸ ਤੇ ਬਲਹੀਨ ਹੋ ਜਾਏਗਾ।

ਲਾਹੌਰ ਦੀ ਵੱਸੋਂ ਤੇ ਪੰਜਾਬ ਦੀ ਜਨਤਾ ਨੇ ਮੰਨਣ ਤੋਂ ਇਨਕਾਰ ਕਰ ਲਿਆ ਸੀ ਕਿ ਉਨ੍ਹਾਂ ਦਾ ਮਹਾਰਾਜਾ ਰਣਜੀਤ ਸਿੰਘ ਕਦੀ ਕਦੀ ਬਿਮਾਰ ਹੋ ਜਾਂਦਾ ਹੈ, ਕਿ ਉਹ ਦਿਨ ਦਿਨ ਕਮਜ਼ੋਰ ਹੋ ਰਿਹਾ ਹੈ ਕਿ ਇਕ ਦਿਨ ਉਹ ਮਰ ਜਾਏਗਾ। ਲਾਹੌਰ ਦੀ ਵੱਸੋਂ ਤੇ ਪੰਜਾਬ ਦੀ ਜਨਤਾ ਆਪਣੇ ਮਹਾਰਾਜਾ ਰਣਜੀਤ ਸਿੰਘ ਦੀ ਸਰਪਰੱਸਤੀ ਤੋਂ ਬਗ਼ੈਰ ਜੀਣ ਜੋਗ ਤੋਂ ਮੁਨਕਰ ਸੀ। ਉਹ ਮੰਨਣਾ ਨਹੀਂ ਸੀ ਚਾਹੁੰਦੇ ਕਿ ਇਕ ਦਿਨ ਲਾਹੌਰ ਦੀ ਗੱਦੀ ਉੱਤੇ ਸ਼ੇਰੇ-ਪੰਜਾਬ ਨਹੀਂ ਬਿਰਾਜੇਗਾ।

ਏਸੇ ਲਈ ਜਦੋਂ ਵਾਸਤਵ ਵਿਚ ਸ਼ੇਰੇ-ਪੰਜਾਬ ਆਪਣੀ ਜਨਤਾ ਦਾ ਕੁਝ ਦਿਨਾਂ ਲਈ ਪ੍ਰਾਹੁਣਾ ਰਹਿ ਗਿਆ ਤਾਂ ਜਨਤਾ ਜਿਵੇਂ ਬੇਹਵਾਸ ਹੋ ਗਈ। ਲੋਕਾਂ ਦੇ ਮੂੰਹੋਂ ਗੱਲ ਨਾ ਨਿਕਲੇ। ਕੋਈ ਕਿਸੇ ਨੂੰ ਕੁਝ ਕਹਿ ਨਾ ਸਕੇ। ਉਨ੍ਹਾਂ ਦੇ ਚਿਹਰੇ ਮਸੱਸੇ ਗਏ। ਉਨ੍ਹਾਂ ਦੇ ਹੌਂਸਲੇ ਟੁੱਟ ਗਏ। ਸ਼ੇਰਾਂ ਦੀ ਜਾਤੀ ਪਲੋ ਪਲੀ ਸਿਥਲ ਹੋ ਗਈ। ਸ਼ੇਰਾਂ ਦੀ ਭੌਂ ਆਪਣੇ ਆਪ ਕੋਲੋਂ ਹੀ ਕੰਬਣ ਲਗੀ। ਸੂਰਮੇ ਆਪਣੇ ਪ੍ਰਛਾਵਿਆਂ ਕੋਲੋਂ ਝਹਿਣ ਲਗੇ। ਕੋਈ ਤੇਜ਼ ਟੁਰ ਨਾ ਸਕੇ। ਹੱਸਣਾ ਤਾਂ ਕਿਤੇ ਰਿਹਾ ਕੋਈ ਉੱਚੀ ਆਵਾਜ਼ ਵੀ ਨਾ ਕੱਢ ਸਕੇ। ਕਿਸੇ ਦਾ ਚੱਜ ਦੇ ਸੁਥਰੇ ਕਪੜੇ ਪਾਣ ਉੱਤੇ ਜੀ ਨਾ ਕਰੇ। ਵਿਆਹ ਸ਼ਾਦੀਆਂ ਰੁਕ ਗਈਆਂ। ਵਾਜੇ ਵਜਣੇ ਬੰਦ ਹੋ ਗਏ। ਮੇਲੇ ਟੁਟ ਗਏ। ਹਵਾ ਵਿਚ ਵੀ ਪਹਿਲੇ ਜਿਹਾ ਜੀਵੰਨ ਨਾ ਰਿਹਾ। ਪਾਣੀ ਬਕਬਕਾ ਹੋ ਗਿਆ। ਖਾਣੇ ਬੇਸਵਾਦੇ ਹੋ ਗਏ। ਪੰਛੀਆਂ ਦੀ ਚਹਿਚਹਾਟ ਵੀ ਜਿਵੇਂ ਟੁੱਕੀ ਗਈ। ਉਨ੍ਹਾਂ ਦਾ ਵੀ ਤੇਜ਼ ਤੇਜ਼ ਚਾਈਂ ਚਾਈਂ, ਪਰ ਮਾਰਨਾ ਖ਼ਤਮ ਹੋ ਗਿਆ।

ਇਉਂ ਜਾਪੇ ਜਿਵੇਂ ਸਾਰਾ ਪੰਜਾਬ ਬਿਮਾਰ ਹੋਵੇ। ਇਉਂ ਜਾਪੇ ਜਿਵੇਂ ਸ਼ੇਰੇ-ਪੰਜਾਬ ਦੀ ਮੌਤ ਨਾਲ ਸਾਰੇ ਪੰਜਾਬ ਉੱਤੇ ਮੌਤ ਆ ਜਾਵੇਗੀ। ਪੰਜਾਬ ਦੇ ਹਰ ਵਾਸੀ ਨੂੰ ਆਪਣੀ ਨਿੱਜੀ ਮੌਤ ਦੀ ਉਡੀਕ ਰਹਿਣ ਲਗੀ..:.ਤੇ ਇਹੋ ਜਿਹੇ ਹਾਲਾਤ

Scanned by CamScanner

ਵਿਚ ਸਤਾਈ ਜੂਨ, ੧੮੩੯ ਵਾਲੀ ਮਿਤੀ ਛੇ ਘੜੀ ਦਿਨ ਰਹਿੰਦੇ ਸ਼ੇਰੇ-ਪੰਜਾਬ ਦਾ ਅੰਤ ਹੋਇਆ। ਇਕ ਸੂਰਜ ਢਲ ਗਿਆ। ਇਕ ਜੁਗ ਮੁੱਕਿਆ। ਇਤਿਹਾਸ ਦਾ ਇਕ ਕਾਂਡ ਸਮਾਪਤ ਹੋਇਆ।

੯੬

ਰਣਜੀਤ ਸਿੰਘ ਕੀ ਮਰ ਗਿਆ, ਇਕ ਸੂਰਜ ਢਲ ਗਿਆ। ਇਕ ਜੁਗ ਮੁੱਕਿਆ। ਇਤਿਹਾਸ ਦਾ ਇਕ ਕਾਂਡ ਸਮਾਪਤ ਹੋਇਆ। ਰਣਜੀਤ ਸਿੰਘ ਕੀ ਸੀ ? ਉਹਨੇ ਆਪਣੀ ਜ਼ਿੰਦਗੀ ਵਿਚ ਕੀ ਕੁਝ ਉਪਜਾਇਆ, ਬਣਾਇਆ, ਘੜਿਆ, ਉਸਾਰਿਆ ? ਉਹ ਆਪਣੇ ਮਿਸ਼ਨ ਵਿਚ ਜਾਂ ਆਪਣੇ ਰਾਜ ਕਾਜ ਵਿਚ ਕੇਡਾ ਕੁ ਸਫਲ ਹੋਇਆ ? ਉਹਨੇ ਆਪਣੀ ਰਿਆਇਆ ਨੂੰ ਕੀ ਦਿਤਾ ? ਭਾਰਤ ਤੇ ਵਿਸ਼ਵ ਇਤਿਹਾਸ ਵਿਚ ਉਹਦੀ ਕੀ ਅਸਥਿਤੀ ਹੈ ?

ਇਨ੍ਹਾਂ ਸਭ ਸੁਆਲਾਂ ਦੇ ਉੱਤਰਾਂ ਵਿਚ ਬੜਾ ਕੁਝ ਕਿਹਾ ਗਿਆ ਹੈ ਤੇ ਬੜਾ ਕੁਝ ਹੋਰ ਕਿਹਾ ਜਾਏਗਾ। ਸਿਖ ਸ਼ਰਧਾਲੂ, ਨਿਰਪੱਖ ਪੜਚੋਲੀਏ ਤੇ ਇਤਿਹਾਸਕਾਰ ਆਪਣੀ ਆਪਣੀ ਰਾਏ ਦੇਂਦੇ ਆਏ ਹਨ ਤੇ ਦੇਂਦੇ ਰਹਿਣਗੇ। ਅਨੇਕ ਭੁੱਟਾਂ ਨੇ ਰਣਜੀਤ ਸਿੰਘ ਦੀਆਂ ਵਾਰਾਂ ਗਾਵੀਆਂ ਹਨ ਤੇ ਸ਼ਾਇਦ ਕਈ ਵਾਰਾਂ ਹੋਰ ਗਾਈਆਂ ਜਾਣ। ਕਈਆਂ ਕਵੀਸ਼ਰਾਂ ਤੇ ਢਾਡੀਆਂ ਨੇ ਕਈ ਕਵਿਤਾਵਾਂ ਜੋੜੀਆਂ ਹਨ ਤੇ ਕਈ ਹੋਰ ਕਵੀ, ਕਵੀਸ਼ਰ ਤੇ ਢਾਡੀ ਅਜੇ ਕਈ ਹੋਰ ਕਵਿਤਾਵਾਂ ਜੋੜਨਗੇ। ਹਰ ਮਹਾਨ ਸ਼ਖ਼ਸੀਅਤ ਬਾਰੇ — ਉਹ ਸ਼ਖ਼ਸੀਅਤ ਜਿਹੜੀ ਕਿ ਇਕ ਜੁਗ ਜਾਂ ਕਿ ਇਕ ਸਮੇਂ ਦੀ ਨਸ ਨਸ ਵਿਚ ਰਚ ਜਾਂਦੀ ਹੈ — ਅੰਨਾ ਕੁਝ ਕਿਹਾ, ਲਿਖਿਆ ਤੇ ਸੁਣਿਆ ਬੋਲਿਆ ਜਾਂਦਾ ਹੈ ਕਿ ਕਈ ਹਾਲਾਤਾਂ ਵਿਚ ਉਹ ਸ਼ਖ਼ਸੀਅਤ ਇਕ ਪ੍ਰਸ਼ਨ ਚਿੰਨ੍ਹ ਬਣ ਕੇ ਰਹਿ ਜਾਂਦੀ ਹੈ। ਜੂਲੀਅਸ ਸੀਜ਼ਰ, ਚੰਗੇਜ਼ ਖ਼ਾਨ, ਨੈਪੋਲੀਅਨ ਤੇ ਅਕਬਰ ਨਾਲ ਏਸੇ ਤਰ੍ਹਾਂ ਹੀ ਹੋਇਆ।

ਸ਼ਾਇਦ ਹਰ ਮਹਾਨ ਸ਼ਖ਼ਸੀਅਤ ਆਪਣੀ ਜ਼ਿੰਦਗੀ ਵਿਚ ਆਪਣੀ ਪ੍ਰਤਿਭਾ ਨੂੰ ਵਧਣ ਫੁੱਲਣ ਦਾ ਪੂਰਾ ਸਮਾਂ ਤੇ ਮੌਕਾ ਨਹੀਂ ਦੇ ਸਕਦੀ। ਹਰ ਮਹਾਨ ਪ੍ਰਤਿਭਾ ਵਿਚ ਮਰਨ ਸਮੇਂ ਤਕ ਬੜਾ ਕੁਝ ਅਣਕਿਹਾ ਹੁੰਦਾ ਹੈ। ਬੜੀ ਸਮਰਥਾ ਫ਼ਾਲਤੂ ਪਈ ਹੁੰਦੀ ਹੈ। ਬਲ਼ ਤੇ ਕਰਮਾਂ ਦੀਆਂ ਖਾਣਾਂ ਅਜੇ ਅਣਛੋਹੀਆਂ ਹੁੰਦੀਆਂ ਹਨ। ਸ਼ਾਇਦ ਇਹ ਖਿਲਰ ਖਿਲਾਰ ਤੇ ਇਹ ਬਲ਼ ਤੇ ਸ਼ਕਤੀ ਦਾ ਬੇਬਹਾ ਜ਼ਖ਼ੀਰਾ ਹੀ ਅਸਲੀ ਪ੍ਰਤਿਭਾ ਹੈ। ਜਿਹੜੀ ਪ੍ਰਤਿਭਾ ਕੰਨੀਆਂ ਫਾੜ ਫਾੜ ਕੇ ਡੁਲ੍ਹੇ ਨਾਂਹ ਉਹ ਪ੍ਰਤਿਭਾ ਹੀ ਕਿਹੀ ਹੋਈ ? ਰਣਜੀਤ ਸਿੰਘ ਭਾਰਤ ਦੀ ਇਤਿਹਾਸਕ ਰੰਗ-ਮੰਚ ਉੱਤੇ ਆਇਆ; ਉਸ ਆਪਣਾ ਪਾਰਟ ਅਦਾ ਕੀਤਾ ਤੇ ਉਹ ਟੁਰ ਗਿਆ, ਪਰ ਇਤਿਹਾਸ ਨਾਲ ਮੱਸ ਰਖਣ ਵਾਲੇ ਦਰਸ਼ਕ ਉੜ ਉੜ ਕੇ ਉਸ ਔਕਟ ਵਲ ਨੀਝ ਲਾ ਤੱਕਦੇ ਰਹੇ ਜਦੋਂ ਰਣਜੀਤ ਸਿੰਘ ਸਟੇਜ ਉੱਤੇ ਮੁਖ ਪਾਤਰ ਸੀ।

ਰਣਜੀਤ ਸਿੰਘ ਇਕ ਬੇਮਿਸਾਲ ਘੋੜ-ਚੜ੍ਹਾ ਤੇ ਅਨੋਖਾ ਪਲੱਥੇਬਾਜ਼ ਸੀ। ਬੇਸ਼ਕ। ਉਹਦੀ ਆਪਣੀ ਜ਼ਿੰਦਗੀ ਵਿਚ ਕੋਈ ਸਵਾਰ ਆਪਣਾ ਘੋੜਾ ਦੁੜਾ ਕੇ ਉਹਦੇ ਨਾਲੋਂ ਅਗੇ ਨਾ ਲੰਘ ਸਕਿਆ। ਉਹਦੀ ਆਪਣੀ ਜ਼ਿੰਦਗੀ ਵਿਚ ਉਹਦੇ ਸਾਹਮਣੇ ਕੋਈ ਤਲਵਾਰ ਨਾਲ ਅਜਿਹਾ ਦਾਅ ਨਾ ਖੇਡ ਸਕਿਆ, ਜਿਹੜਾ ਉਹਨੂੰ ਪਹਿਲੋਂ ਹੀ ਨਾ ਆਉਂਦਾ ਹੋਵੇ ਜਾਂ ਜਿਸ ਨੂੰ ਨਾਕਾਰਾ ਬਣਾਉਣ ਵਾਸਤੇ ਇਕ ਚੰਗੇਰਾ ਦਾਅ ਉਹਨੇ ਪਲੋ ਪਲੀ ਨਾ ਘੜਿਆ ਹੋਵੇ। ਉਹਦੀ ਦਲੇਰੀ ਤੇ ਹਿੰਮਤ ਦੀਆਂ ਵੀ ਕਈ ਕਹਾਣੀਆਂ ਪਰਸਿਧ ਹਨ। ਅੱਠ ਕਿ ਦਸ ਸਾਲ ਦੀ ਉਮਰ ਵਿਚ ਉਸ ਨੇ ਸ਼ੇਰ ਦਾ ਸ਼ਿਕਾਰ ਕੀਤਾ। ਅੱਡੀ ਕੁ ਉਮਰ ਵਿਚ ਹੀ ਸ਼ਾਇਦ ਉਸ ਨੇ ਹਸ਼ਮਤ ਖ਼ਾਨ ਚੱਠਾ ਤੇ ਉਹਦੇ ਦੋ ਤਿੰਨ ਸਾਥੀਆਂ ਨਾਲ ਇਕ ਇਕੱਲਿਆਂ ਮੁਕਾਬਲਾ

Scanned by CamScanner

ਕੀਤਾ। ਬਾਰਾਂ ਵਰ੍ਹੇ ਦੀ ਉਮਰ ਵਿਚ ਉਹ ਆਪਣੀ ਮਿਸਲ ਦਾ ਸਰਦਾਰ ਬਣਿਆ ਤੇ ਮਿਸਲਦਾਰੀ ਪਰਬੰਧ ਉਸ ਚਤੁਰਤਾ ਤੇ ਸਾਹਸ ਨਾਲ ਸੰਭਾਲੇ। ਉਹਦੇ ਅੰਦਰ ਹਿੰਮਤ ਤੇ ਹੌਂਸਲੇ ਦੀ ਕਦੀ ਤੋਟ ਨਹੀਂ ਆਈ। ਸੁੱਕਦੇ ਅਟਕ ਦਰਿਆ ਵਿਚ ਘੋੜਾ ਠੇਲ੍ਹ ਦਿਤਾ। ਆਪਣੇ ਤੋਂ ਦੁਗਣੀਆਂ ਤਿਗਣੀਆਂ ਫ਼ੌਜਾਂ ਨਾਲ ਬਿਨਾਂ ਕਿਸੇ ਸ਼ੱਕ ਜਾਂ ਸ਼ੰਕੇ ਦੇ ਖੰਡਾ ਖੜਕਾ ਦਿਤਾ। ਮੁਲਤਾਨ ਦੀ ਬੇਇੰਤਹਾ ਗਰਮੀ ਨੇ ਸਾਹ ਨਹੀਂ ਸੁਕਾਇਆ, ਕਸ਼ਮੀਰ ਦੀਆਂ ਬਰਫ਼ਾਂ ਵਿਚ ਪੈਰ ਯਖ ਨਹੀਂ ਹੋਏ।

ਸ੍ਵੈ-ਵਿਸ਼ਵਾਸ ਤੇ ਖ਼ੁਦ-ਦਾਰੀ ਵੀ ਕਮਾਲ ਦੀ ਸੀ। ਆਪਣੀ ਜ਼ਿੰਦਗੀ ਵਿਚ ਦੁਨੀਆਂ ਦੇ ਅਨੇਕ ਵਡੇ ਵਡੇ ਬਾਦਸ਼ਾਹਾਂ ਵਲੋਂ ਉਹਨੂੰ ਚਿੱਠੀਆਂ ਤੇ ਸੁਗਾਤਾਂ ਆਈਆਂ ਤੇ ਉਸ ਉਨ੍ਹਾਂ ਦੀਆਂ ਚਿੱਠੀਆਂ ਦੇ ਉੱਤਰ ਦਿਤੇ ਤੇ ਦੂਣ ਸੁਆਈਆਂ ਸੁਗਾਤਾਂ ਭੇਜੀਆਂ। ਰੂਸ ਦਾ ਬਾਦਸ਼ਾਹ, ਫ਼ਰਾਂਸ ਦਾ ਬਾਦਸ਼ਾਹ, ਇੰਗਲਿਸਤਾਨ ਦਾ ਬਾਦਸ਼ਾਹ, ਪੰਜਾਬ ਦੇ ਏਸ ਬਾਦਸ਼ਾਹ ਦੀ ਦੋਸਤੀ ਦੇ ਛਖ਼ਰਮੰਦ ਸਨ। ਗ਼ੁਰੂ ਘਰੋਂ ਪਾਈ ਅਪਾਰ ਨਿੰਮਰਤਾ ਵਿਚ ਰਣਜੀਤ ਸਿੰਘ ਨੇ ਆਪਣੇ ਨਾਲੋਂ ਕਦੀ ਗ਼ੁਣਾਂ ਤਾਕਤਵਰ ਤੇ ਵਡੇ ਬਾਦਸ਼ਾਹਾਂ ਨੂੰ ਆਪਣਾ ਹਮ ਪਲਾ ਸਮਝਿਆ। ਪੰਜਾਬ ਦੇ ਇਸ ਮਹਾਰਾਜੇ ਦੀਆਂ ਸੁਗਾਤਾਂ ਪੈਰਸ ਤੇ ਲੰਡਨ ਦੇ ਧਨੀ ਬਾਦਸ਼ਾਹਾਂ ਤੇ ਕਾਰੀਗਰਾਂ ਨੂੰ ਚਕ੍ਰਿਤ ਕਰ ਦੇਂਦੀਆਂ ਰਹੀਆਂ।

ਰਣਜੀਤ ਸਿੰਘ ਨੇ ਮੁਲਕੀ ਪਰਬੰਧ ਨੂੰ ਨਵੀਨ ਬਣਾਇਆ। ਮੁਗ਼ਲਈ ਢਾਂਚਾ ਰਖਿਆ, ਪਰ ਰੰਗ ਆਪਣੇ ਭਰੇ। ਸੂਬਾ ਲਾਹੌਰ, ਸੂਬਾ ਮੁਲਤਾਨ, ਸੂਬਾ ਕਸ਼ਮੀਰ ਤੇ ਸੂਬਾ ਪਿਸ਼ਾਵਰ, ਚਾਰ ਸੂਬੇ ਬਣਾਏ। ਵਡਾ ਵਡਾ ਸੋਚਿਆ, ਵਡਾ ਵਡਾ ਚਿਤਵਿਆ ਤੇ ਵਡੇ ਵਡੇ ਪੈਮਾਨੇ ਉੱਤੇ ਸਭ ਕੁਝ ਸਿਰੇ ਚਾੜ੍ਹਿਆ। ਸੂਬਿਆਂ ਨੂੰ ਪ੍ਰਗਣਿਆਂ ਵਿਚ ਵੰਡਿਆ। ਪ੍ਰਗਣਿਆਂ ਨੂੰ ਤਾਲੁਕਿਆਂ ਜਾਂ ਤਹਿਸੀਲਾਂ ਵਿਚ ਤੇ ਹਰ ਤਾਲੁਕੇ ਵਿਚ ਸੌ ਸੌ ਪਿੰਡਾਂ ਦਾ ਇਕ ਟਿਕਾਣਾ ਰਖਿਆ। ਮੁਲਕੀ ਪਰਬੰਧ ਦਾ ਇਕ ਖ਼ਾਸ ਪਹਿਲੂ ਜਨਤਾ ਦੀ ਸੋਖਿਆਈ ਸੀ। ਚੰਗਾ ਮੁਲਕੀ ਪ੍ਰਬੰਧ ਮਹਾਰਾਜੇ ਦੇ ਆਪਣੇ ਆਪ ਵਾਸਤੇ ਨਹੀਂ ਸੀ ਤਾਂ ਜੋ ਉਹ ਅਮੀਰ ਤੋਂ ਅਮੀਰ ਹੁੰਦਾ ਜਾਏ, ਪਰ ਚੰਗਾ ਮੁਲਕੀ ਪਰਬੰਧ ਇਸ ਲਈ ਸੀ ਕਿ ਸ਼ਹਿਰੀ ਸੁਖੀ ਵੱਸਣ, ਜਨਤਾ ਨੂੰ ਕੋਈ ਔਖਿਆਈ ਨਾ ਹੋਵੇ।

ਹਰ ਹਕੂਮਤ ਅਜੇ ਤਕ ਸਾਰੀ ਭੋਇੰ ਨੂੰ ਆਪਣੀ ਜ਼ਾਤੀ ਮਲਕੀਅਤ ਸਮਝਦੀ ਆਈ ਸੀ। ਬਾਦਸ਼ਾਹ ਹਰ ਉਪਜ ਦਾ ਇਕ ਖ਼ਾਸ ਹਿੱਸਾ ਆਪਣੇ ਆਪ ਜਾਂ ਆਪਣੀ ਹਕੂਮਤ ਵਾਸਤੇ ਲੈਂਦਾ। ਮਨੂੰ, ਸਾਰੀ ਉਪਜ ਵਿਚੋਂ ਛੇਵਾਂ ਹਿੱਸਾ ਬਾਦਸ਼ਾਹ ਦਾ ਲਿਖਦਾ ਹੈ। ਅਬੁਲ ਫ਼ਜ਼ਲ ਆਪਣੀ 'ਆਈਨੇ ਅਕਬਰੀ' ਵਿਚ ਉਪਜ ਦਾ ਤੀਜਾ ਹਿੱਸਾ ਸ਼ਾਹੀ ਖ਼ਜ਼ਾਨੇ ਨੂੰ ਭਰਦਾ ਦਸਦਾ ਹੈ। ਔਰੰਗਜ਼ੇਬ ਨੇ ਅਧੋ ਅਧ ਚੁਕਾਇਆ। ਰਣਜੀਤ ਸਿੰਘ ਨੇ ਵੀ ਪਹਿਲੇ ਪਹਿਲੇ ਮੁਗ਼ਲੀਹਾ ਬਟਾਈ ਦਾ ਸਿਲਸਿਲਾ ਚਾਲੂ ਰਖਿਆ ਤੇ ਜ਼ਮੀਨ ਅਨੁਸਾਰ ਤੀਜੇ ਹਿੱਸੇ ਤੋਂ ਲੈ ਕੇ ਅਠਵੇਂ ਹਿੱਸੇ ਤਕ ਉਪਜ ਲਈ, ਪਰ ਇਹ ਪਰਬੰਧ ਜਨਤਾ ਤੇ ਸ਼ਾਹੀ ਘਰਾਣੇ ਦੀ ਅੱਡੋ ਅੱਡਰੀ ਅਸਥਿਤੀ ਨੂੰ ਪਰੰਪਰਾ ਦੀਆਂ ਲੀਹਾਂ ਉੱਤੇ ਰੂਪਮਾਨ ਕਰਦਾ ਸੀ। ਹਕੂਮਤ ਤੇ ਜਨਤਾ ਦੀ ਸਮੂੱਚੀ ਭਲਾਈ ਵਾਸਤੇ ਤੇ ਦੇਸ ਨੂੰ ਇਕ ਨਵੇਂ ਸੱਚੇ ਵਿਚ ਢਾਲਣ ਵਾਸਤੇ ਰਣਜੀਤ ਸਿੰਘ ਨੇ ਬਟਾਈ ਦੀ ਥਾਂ ਕਨਕੂਤ ਦਾ ਪਰਬੰਧ ਜਾਰੀ ਕੀਤਾ ਜਿਹੜਾ ਪਰਬੰਧ ਕਿ ਫਿਰ ਸਦਾ ਚਾਲੂ ਰਿਹਾ। ਫ਼ਸਲਾਂ ਦੇ ਪੁਗਣ ਉੱਤੇ ਜ਼ਿਮੀਂਦਾਰ ਦੀ ਹਾਜ਼ਰੀ ਵਿਚ ਸਰਕਾਰੀ ਕਾਨੂੰਨਗੋ ਖੇਤ ਦੀ ਲੰਬਾਈ ਚੁੜਾਈ ਤੇ ਫ਼ਸਲਾਂ ਦੇ ਗੁਣ ਅਨੁਸਾਰ ਮਾਮਲਾ ਮਿੱਥਦੇ ਜਿਹੜਾ ਸਾਲ ਵਿਚ ਦੋ ਵਾਰ ਨਿਯਤ ਦਿਨਾਂ ਉੱਤੇ ਜਿਨਸ ਜਾਂ ਰੋਕ ਦਾਖ਼ਲ ਕਰਾਇਆ ਜਾਂਦਾ। ਮਾਮਲਾ ਤਾਰਨ ਵਿਚ ਹੁਣ ਜ਼ਿਮੀਂਦਾਰ ਦੀ ਆਪਣੀ ਗਾਂਹ ਵੀ ਕੰਮ ਕਰਦੀ। ਉਹਦੇ ਸਾਥੀ ਤੇ ਪਿੰਡ ਦੇ ਚੌਧਰੀ ਵੀ ਨਾਲ ਹੁੰਦੇ। ਇਉਂ ਜਨਤਾ ਹਕੂਮਤ ਨਾਲ ਸੰਬੰਧਤ ਹੋ ਗਈ। ਇਉਂ ਹੌਲੀ ਹੌਲੀ ਹਰ ਇਕ ਜ਼ਿਮੀਂਦਾਰ ਸਿੱਧਾ ਰਣਜੀਤ ਸਿੰਘ ਨਾਲ ਸੰਬੰਧਤ ਹੋ ਗਿਆ।

ਜਿਸ ਤਰ੍ਹਾਂ ਪੰਜਾਬ ਦਾ ਹਰ ਜ਼ਿਮੀਂਦਾਰ ਸਿੱਧਾ ਰਣਜੀਤ ਸਿੰਘ ਨਾਲ ਸੰਬੰਧਤ ਹੋ ਗਿਆ ਉਸੇ ਤਰ੍ਹਾਂ ਖ਼ਾਲਸਾਈ ਸੈਨਾ ਦਾ ਹਰ ਸਿਪਾਹੀ ਵੀ ਰਣਜੀਤ ਸਿੰਘ ਨਾਲ ਸੰਬੰਧਤ ਸੀ। ਕਿਹੜਾ ਦਿਨ ਅਜਿਹਾ ਖ਼ ਲੀ ਜਾਂਦਾ ਜਿਸ ਦਿਨ ਆਪ ਰਣਜੀਤ ਸਿੰਘ ਆਪਣੀਆਂ ਫ਼ੌਜਾਂ ਦੀ ਕਵਾਇਦ ਨਾ ਵੇਖਦਾ ? ਰਣਜੀਤ ਸਿੰਘ ਦੌਰੇ ਉੱਤੇ ਜਾਂਦਾ ਤਾਂ ਜਿਹੜੀ ਰਜਮੈਂਟ ਦਾ ਉਹਨੇ ਨਰੀਖ਼ਣ ਕਰਨਾ ਹੁੰਦਾ ਉਸੇ ਰਜਮੈਂਟ ਦੀ ਵਰਦੀ ਉਹ ਪਹਿਨਦਾ। ਇਕ ਅੱਖ ਵਾਲੇ ਰਣਜੀਤ ਸਿੰਘ ਦੀ ਯਾਦ ਸ਼ਕਤੀ ਅਜਿਹੀ ਸੀ ਕਿ ਜਿਸ ਨੂੰ ਉਹ ਇਕ ਵਾਰ ਵੇਖ ਲੈਂਦਾ ਉਹਨੂੰ ਵਰ੍ਹਿਆਂ ਪਿਛੋਂ ਵੀ ਪਛਾਣ ਲੈਂਦਾ। ਪੈਦਲ, ਰਸਾਲਾ, ਤੋਪਖ਼ਾਨਾ — ਸਾਰੀ ਫ਼ੌਜ ਯੂਰਪੀਨ ਢੰਗ ਉੱਤੇ ਢਾਲੀ ਗਈ। ਰਜਮੈਂਟਾਂ ਕੰਪਨੀਆਂ ਤੇ ਸੈਕਸ਼ਨ ਬਣਾਏ ਗਏ। ਕੁਮੇਦਾਨ ਕਰਨੈਲ ਸੀ ਤੇ ਬਖ਼ਸ਼ੀ ਅੱਜ-ਜੂਟੈਂਟ। ਹਵਾਲੇਦਾਰ ਸ਼ਬਦ ਤੋਂ ਹੀ ਸ਼ਬਦ ਹਵਾਲੈਦਾਰ ਨਿਕਲਿਆ। ਹਰ ਰਜਮੈਂਟ ਨਾਲ ਸੀ

Scanned by CamScanner

ਇਕ ਡਾਕਟਰ, ਮੁਨਸ਼ੀ ਤੇ ਮੁਤੱਸਦੀ। ਸਹਾਇਕ ਜਥੇ ਜਾਂ ਅਮਲੇ ਵਿਚ ਲਾਂਗਰੀ ਸਨ, ਮਹਿਰੇ ਜਾਂ ਮਾਸ਼ਕੀ ਸਨ, ਘੜਿਆਲੀ ਸਨ, ਝੰਡੇ ਬਰਦਾਰ ਸਨ, ਮਿਸਤਰੀ ਸਨ, ਮੋਚੀ ਸਨ, ਬੋਲਦਾਰ ਸਨ, ਖਲਾਸੀ ਸਨ, ਸਾਰਵਾਨ ਸਨ, ਹਲਕਾਰੇ ਸਨ, ਤੰਬੂ ਸੰਨ, ਊਠ ਸਨ, ਬਲਦ ਸਨ। ਹਾਂ, ਸਭ ਕੁਝ ਸੀ। ਹੁਣ ਤੋਂ ਰਜਮੈਂਟ ਪਹਿਲੇ ਜਿਹਾ ਲਸ਼ਕਰ ਨਹੀਂ ਸੀ ਜਿਹੜਾ ਰਹਿਣ ਵਾਸਤੇ ਜ਼ਿਮੀਂਦਾਰਾਂ ਤੇ ਸ਼ਹਿਰ ਵਾਸੀਆਂ ਦੇ ਘਰ ਖ਼ਾਲੀ ਕਰਾਂਦਾ, ਪੀਣ ਵਾਸਤੇ ਪਾਣੀ ਲੈਣ ਲਈ ਸਭ ਖੂਹ ਆਪਣੇ ਕਬਜ਼ੇ ਵਿਚ ਲੈਂਦਾ, ਖਾਣ ਲਈ ਸਭ ਗੁਦਾਮ ਤੋੜ ਲੈਂਦਾ ਤੇ ਖੜੀਆਂ ਫ਼ਸਲਾਂ ਵਢਵਾ ਲੈਂਦਾ, ਮ ਲ ਅਸਬਾਬ ਚੁੱਕਣ ਚੁਕਾਣ ਵਾਸਤੇ ਸਾਰੇ ਜਨਤਾ ਨੂੰ ਵਗਾਰੀ ਬਣਾ ਲੈਂਦਾ। ਅੰਗਰੇਜ਼ੀ ਫ਼ੌਜ ਤੋਂ ਵਧ ਖ਼ਾਲਸਾਈ ਫ਼ੌਜ ਚਬਤ ਤੇ ਉੱਚ ਆਚਰਨ ਦੀ ਮਿਸਾਲ ਪੇਸ਼ ਕਰਨ ਲਗੀ।

ਰਣਜੀਤ ਸਿੰਘ ਵਿਚ ਇਹ ਉਪਰੋਕਤ ਗੁਣ ਸਨ ਤੇ ਉਹਨੇ ਆਪਣੇ ਰਾਜ ਵਿਚ ਬੜਾ ਕੁਝ ਨੇਪਰੇ ਚਾੜ੍ਹਿਆ, ਪਰ ਉਹਦੇ ਇਹ ਗੁਣ ਤੇ ਉਹਦੀਆਂ ਇਹ ਦੇਣਾਂ ਉਹਦੀ ਪ੍ਰਤਿਭਾ ਤੇ ਉਹਦੀ ਸ਼ਖ਼ਸੀਅਤ ਜਾਂ ਉਹਦੀ ਕਰਨੀ ਦਾ ਪੂਰਾ ਅਧਿਆਇ ਨਹੀਂ। ਇਹ ਮੁਲਕੀ ਤੇ ਫ਼ੌਜੀ ਪਰਬੰਧ ਉਹਦੀ ਕਰਨੀ ਦੇ ਸਿਰਫ਼ ਝਲਕਾਰੇ ਮਾਤਰ ਸਨ। ਰਣਜੀਤ ਸਿੰਘ ਦੀਆਂ ਸਭ ਤੋਂ ਵਡੀਆਂ ਕਰਨੀਆਂ ਮਾਨਸਕ ਤੇ ਮਨੋਵਿਗਿਆਨਕ ਪਿੜ ਵਿਚ ਸਨ।

ਪੰਜਾਬ ਇਕ ਭੌਇੰ ਹੈ ਜਿਸ ਨੂੰ ਕਦੀ ਚੈਨ ਨਹੀਂ ਸੀ ਮਿਲਿਆ। ਏਸ ਧਰਤੀ ਉੱਤੇ ਰਾਜ ਚਿਰੰਜੀਵੀ ਨਹੀਂ ਹੁੰਦਿਆ। ਪਿਛਲੀਆਂ ਕਈ ਸਦੀਆਂ ਤੋਂ ਇਹ ਭੌਇੰ ਇਕ ਪਿਛੋਂ ਦੂਜੇ ਹਮਲਾਆਵਰ ਦੇ ਪੈਰਾਂ ਥਲੇ ਲਿੱਤਾੜੀ ਜਾਂਦੀ ਰਹੀ। ਏਥੇ ਹਰ ਆਏ ਦਹਾਕੇ ਜਾਂ ਵਰ੍ਹੇ ਮੂਨ ਖ਼ਰਾਬੇ ਹੁੰਦੇ ਰਹੇ। ਲੋਕੀ ਫ਼ਸਲਾਂ ਬੀਜਦੇ ਤੇ ਉਨ੍ਹਾਂ ਨੂੰ ਉਹ ਕਟਣੀਆਂ ਨਸੀਬ ਨਾ ਹੁੰਦੀਆਂ। ਲੋਕੀਂ ਖੂਹ ਖੱਟਦੇ, ਪਰ ਪਾਣੀ ਆ ਕੇ ਕੋਈ ਹੋਰ ਪੀ ਜਾਦਾ। ਲੋਕ ਧੀਆਂ ਪੁੱਤਰ ਜਣਦੇ, ਪਰ ਪੁੱਤਰ ਮਾਰੇ ਜਾਂਦੇ ਜਾਂ ਕੋਈ ਮਾਰ ਜਾਂਦਾ ਤੇ ਧੀਆਂ ਨੂੰ ਕੋਈ ਤੱਤਾ ਚੁਕ ਖੜਦਾ। ਲੋਕੀਂ ਰਾਤੀਂ ਸੌਂਦੇ, ਪਰ ਉਨ੍ਹਾਂ ਨੂੰ ਪਕ ਨਾ ਹੁੰਦਾ ਕਿ ਸਵੇਰੇ ਸੂਰਜ ਕਿਹੋ ਜਿਹਾ ਚੜ੍ਹਨਾ ਹੈ।

ਏਥੋਂ ਦੀ ਹਿੰਦੂ ਜਾਤੀ ਦਹਾਕਿਉਂ ਦਹਾਕੇ, ਸਾਲੋ ਸਾਲ, ਦਿਨੋਂ ਦਿਨ ਨਿਘਰਦੀ ਗਈ ਸੀ। ਜ਼ੁਲਮਾਂ ਦੀ ਵੀ ਕਿਹੜੀ ਇੰਤਹਾ ਸੀ ? ਕਈ ਹਿੰਦੂ ਮੁਸਲਮਾਨ ਬਣ ਗਏ। ਕਈ ਹਿੰਦੂ ਮਾਰੇ ਗਏ। ਕਈ ਨੱਸ ਗਏ। ਜਿਹੜੇ ਹਿੰਦੂ ਹਿੰਦੂ ਰਹੇ ਉਨ੍ਹਾਂ ਆਪਣੀ ਜ਼ਿੰਦਗੀ ਨੂੰ ਮੁਸਲਮਾਨ ਬਾਦਸ਼ਾਹਾਂ ਦੀ ਦੇਣ, ਭੀਖ ਸਮਝਿਆ। ਏਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਜਾਤੀ ਨੂੰ ਹਥਿਆਰ ਬੰਦ ਕੀਤਾ। ਉਨ੍ਹਾਂ ਨੇ ਹਿੰਦੂ ਜਾਤੀ ਵਿਚੋਂ ਖ਼ਾਲਸਾ ਸਾਜਿਆ। ਅਜਿਹਾ ਖ਼ਾਲਸਾ ਸਾਜਿਆ ਕਿ ਫਿਰ ਕਈ ਮੁਸਲੱਮਾਨ ਵੀ ਸਿਖ ਬਣੇ। ਏਸ ਖ਼ਾਲਸੇ ਨੇ ਜ਼ੁਲਮ ਤੇ ਤਸ਼ੱਦਦ ਦਾ ਸਾਹਮਣਾ ਕਰਨਾ ਸ਼ੁਰੂ ਕੀਤਾ। ਲਗ ਭਗ ਅੱਧੀ ਸਦੀ ਇਹ ਘੋਲ ਜਾਰੀ ਰਿਹਾ। ਅਠਾਰ੍ਹਵੀਂ ਸਦੀ ਦੇ ਇਸ ਪਹਿਲੇ ਅੱਧ ਵਿਚ ਸਿਖ ਦਬਾਏ ਜਾਂਦੇ ਰਹੇ, ਕੁਚਲੇ ਜਾਂਦੇ ਰਹੇ। ਉਹ ਖਾਣ ਤੋਂ ਆਤੁਰ ਰਹੇ। ਉਨ੍ਹਾਂ ਵਾਸਤੇ ਜੀਣਾ ਮੁਸ਼ਕਲ ਸੀ, ਉਹ ਸੌਖੀ ਤਰ੍ਹਾਂ ਸਾਹ ਵੀ ਨਹੀਂ ਸਨ ਲੈ ਸਕਦੇ। ਪਰ ਫਿਰ ਵੀ ਸਿਖ ਗੱਜਦੇ ਰਹੇ, ਭਟਕਦੇ ਰਹੇ। ਇਕ ਵਾਰੀ ਤਾਂ ਬੰਦਾ ਸਿੰਘ ਬਹਾਦਰ ਨੇ ਮੁਗ਼ਲੀਹਾ ਤੇ ਅਫ਼ਗਾਨ ਸਲਤਨੱਤ ਨੂੰ ਕੰਬਾ ਹੀ ਦਿਤਾ। ਨਵਾਬ, ਰਾਜੇ, ਪਾਤਸ਼ਾਹ, ਸ਼ਹਿਨਸ਼ਾਹ ਉਹਦੇ ਕੋਲੋਂ ਤੇ ਉਹਦੀ ਖ਼ਾਲਸਾਈ ਸੈਨਾ ਕੋਲੋਂ ਥਰ ਥਰ ਕੰਬੇ।

ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਸਿਖ ਜਾਤੀ ਦੀ ਘਾਲ ਸਿਰੇ ਚੜ੍ਹਨ ਲਗੀ। ਖ਼ੂਨ ਪਾ ਪਾ ਕੇ ਸਿੰਜੇ ਬੂਟੇ ਨੂੰ ਫਲ ਲਗਣ ਲਗੇ। ਪੰਜਾਬ ਵਿਚ ਜ਼ਿੰਦਗੀ ਮੌਲਣ ਲਗੀ। ਤੇ ਇਉਂ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਰਣਜੀਤ ਸਿੰਘ ਪੰਜਾਬ ਦੀ ਗੱਦੀ ਉੱਤੇ ਬੈਠਾ। ਰਣਜੀਤ ਸਿੰਘ ਨੇ ਪੰਜਾਬ ਦੀ ਗੱਦੀ ਸੰਭਾਲੀ ਕਿ ਉਹ ਪੰਜਾਬ ਦੀ ਹਵਾ ਵਿਚ ਰਚ ਗਿਆ ਕਿ ਉਹ ਸਮੁੱਚੇ ਪੰਜਾਬ ਦਾ ਜੀਵਨ ਹੀ ਬਣ ਗਿਆ। ਕਿਥੇ ਗਏ ਉਹ ਨਿਤ ਨਿਤ ਦੇ ਖ਼ੂਨ ਖ਼ਰਾਬੇ। ਉਹ ਮਜ਼ਲੂਮਾਂ ਦਾ ਰੋਹ ਜਾਣਾ। ਬੇਆਸਰਿਆ ਦਾ ਮਾਰਿਆ ਜਾਣਾ। ਕਿਥੇ ਉਹ ਮਾਸੂਮਾਂ ਦਾ ਦੋਸ਼ੀ ਠਹਿਰਾਏ ਜਾਣਾ, ਬੇਗੁਨਾਹਾਂ ਨੂੰ ਚਰਖੜੀਆਂ ਉੱਤੇ ਚੜ੍ਹਾਏ ਜਾਣਾ। ਕਿਥੇ ਗਏ ਉਹ ਦਿਨ ਜਦੋਂ ਹਿੰਦੂ ਧਰਮ ਵਿਵਰਜਿਤ ਸੀ। ਜਦੋਂ ਸਿਰਫ਼ ਧਰਮ ਦੀ ਬਿਨਾ ਉੱਤੇ ਕੋਈ ਕਾਫ਼ਰ ਸੱਦਿਆ ਜਾਂਦਾ ਤੇ ਉਹਦੇ ਉੱਤੇ ਹਰ ਤਰ੍ਹਾਂ ਦਾ ਜ਼ੱਬਰ ਜਾਇਜ਼ ਸਮਝਿਆ ਜਾਂਦਾ। ਕਿਥੇ ਗਏ ਉਹ ਜ਼ੁਲਮ, ਉਹ ਜ਼ੁਲਮ ਜਦੋਂ ਕਿ ਕੋਈ ਜ਼ੁਲਮ ਵੀ ਜ਼ੁਲਮ ਨਹੀਂ ਸੀ। ਚਰਖੜੀ 'ਤੇ ਚਾੜ੍ਹਨਾ, ਸੂਲੀ ਉੱਤੇ ਟੰਗਣਾ, ਸੰਗੇਸਾਰ ਜਾਂ ਦਰਖ਼ਤ ਨਾਲ ਲਟਕਾ ਕੇ ਇੱਟਾਂ ਨਾਲ ਮਾਰਨਾ, ਤਸੀਏ ਕੱਸੀ ਜਾਂ ਚੰਮ ਦੇ ਵੱਦਰ ਬਗਲਾਂ ਹੇਠ ਪਾ ਕੇ ਮਧਾਣੀ ਵਾਂਗ ਰਿੜਕ ਰਿੜਕ ਕੇ ਛਤੀ ਚੂਰ ਕਰਨਾ, ਲੱਕ ਤਕ ਧਰੇਤੀ ਵਿਚ ਗੱਡ ਕੇ ਇੱਟਾਂ ਨਾਲ ਮਾਰਨਾ, ਮੁੰਗਲੀਆਂ ਨਾਲ ਕੁਟ ਕੁਟ ਮਾਰਨਾ, ਜੰਬੂਰਾਂ ਨਾਲ ਮਾਸ

Scanned by CamScanner

ਚੁਣਨਾ, ਕੁੱਤਿਆਂ ਤੋਂ ਤੜਵਾਣਾ, ਤੱਤੇ ਤੇਲ ਵਿਚ ਸਾੜਨਾ...। ਕਿਥੇ ਗਏ ਉਹ ਦਿਨ! ਉਹ ਸਮੁਚਾ ਵਾਤਾਵਰਨ।

ਰਣਜੀਤ ਸਿੰਘ ਦੇ ਰਾਜ ਵਿਚ ਦੁਨੀਆਂ ਹੀ ਬਦਲ ਗਈ। ਹੁਣ ਤਾਂ ਕਿਸੇ ਨੂੰ ਮੌਤ ਦੀ ਸਜ਼ਾ ਵੀ ਨਾ ਮਿਲਦੀ। ਹੁਣ ਖ਼ੂਨ ਦਾ ਬਦਲਾ ਖ਼ੂਨ ਨਹੀਂ ਗਿਣਿਆਂ ਗਿਆ। ਹੁਣ ਤਾਂ ਹਿੰਦੂ, ਸਿਖ, ਮੁਸਲਮਾਨ ਨਾਲੋ ਨਾਲ ਜੁੜ ਬਹਿੰਦੇ, ਲੰਚੇ ਦੇਂਦੇ, ਇਕ ਦੂਜੇ ਦੇ ਦੁਖਾਂ ਸੁਖਾਂ ਵਿਚ ਸ਼ਰੀਕ ਹੁੰਦੇ। ਸਿਖਾਂ ਦੇ ਰਾਜ ਵਿਚ ਮੁਸਲਮਾਨ ਕਾਫ਼ਰ ਨਹੀਂ ਮਿਥੇ ਗਏ। ਏਸ ਰਾਜ ਵਿਚ ਕੋਈ ਕਿਸੇ ਦੀ ਫ਼ਸਲ ਨਾ ਕਟਦਾ, ਕੋਈ ਕਿਸੇ ਦੀ ਧੀ ਨਾ ਖੁੜਦਾ। ਏਸ ਰਾਜ ਵਿਚ ਇਕ ਦੀ ਧੀ ਦੂਜੇ ਦੀ ਧੀ, ਭੈਣ ਜਾਂ ਮਾਂ ਲਗੀ। ਏਸ ਰਾਜ ਵਿਚ ਬੇਰ ਤੇ ਬਕਰੀ ਇਕ ਥਾਂ ਪਾਣੀ ਪੀਣ ਲਗੇ। ਰਣਜੀਤ ਸਿੰਘ ਬਿਕਰਮਾਜੀਤ ਸੀ, ਲੋਕਾਂ ਨੇ ਪੁਕਾਰਿਆ। ਪੰਜਾਬ ਦੀ ਮਾਨਸਕ ਦਸ਼ਾ ਬਦਲ ਗਈ। ਪੰਜਾਬ ਦੇ ਵਾਸੀ ਸਮਝਣ ਲਗੇ ਕਿ ਹਾਂ, ਉਹ ਵੀ ਇਨਸਾਨ ਹਨ ਕਿ ਉਨ੍ਹਾਂ ਵਿਚ ਵੀ ਕੁਝ ਕਰ ਸਕਣ ਦੀ ਸ਼ਕਤਿਆ ਹੈ। ਕਿਥੇ ਉਹ ਅਬਦਾਲੀਆਂ, ਮੁਗ਼ਲਾਂ ਤੇ ਤੁਰਕਾਂ ਦੇ ਹੱਲੇ ਜਿਨ੍ਹਾਂ ਅਗੇ ਸਾਰਾ ਹਿੰਦੁਸਤਾਨ ਨਿਤਾਣਾ ਹੋ ਲੇਟ ਜਾਂਦਾ ਤੇ ਕਿਥੇ ਹਰੀ ਸਿੰਘ ਨਲੂਏ ਦਾ ਪਿਸ਼ਾਵਰ, ਜ਼ਮਰੌਦ ਤੇ ਖ਼ੈਬਰ ਦੇ ਪਹਾੜਾਂ ਦੀਆਂ ਚੋਟੀਆਂ ਤੋਂ ਜਲਾਲਾਬਾਦ ਤੇ ਕਾਬਲ ਵਲ ਵੇਖਣਾ, ਹੈਰਾਤ ਤੇ ਬਗਦਾਦ ਵਲ ਵੇਖਣਾ, ਬਲਖ, ਬੁਖ਼ਾਰੇ ਤੇ ਆਮੂ ਦਰਿਆ ਵਲ ਵੇਖਣਾ। ਕੀ ਇਹ ਕਰਾਮਾਤ ਸੀ ਕਿ ਨਹੀਂ ? ਪੰਜਾਬ ਦੀ ਵੱਸੋਂ ਦੇ ਚਿਹਰੇ ਚਮਕ ਉਠੇ, ਉਨ੍ਹਾਂ ਦੇ ਮੱਥੇ ਉਜੱਵਲ ਹੋ ਗਏ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੀਆਂ ਰਗਾਂ ਵਿਚ ਨਵਾਂ ਤੇ ਨਰੋਆ ਖ਼ੂਨ ਦੌੜਨ ਲਗਾ ਹੈ। ਉਨ੍ਹਾਂ ਨੂੰ ਜਾਪਿਆ ਕਿ ਉਨ੍ਹਾਂ ਨੂੰ ਨਵਾਂ ਜੀਵਨ ਮਿਲਿਆ ਹੈ ਤੇ ਇਸ ਜੀਵਨ ਦਾ ਜੀਵਨ ਦਾਤਾ ਹੈ ਰਣਜੀਤ ਸਿੰਘ।

ਇਹ ਮਾਨਸਕ ਤੇ ਮਨੋਵਿਗਿਆਨ ਦਸ਼ਾ ਦੀ ਤਬਦੀਲੀ ਰਣਜੀਤ ਸਿੰਘ ਦੀ ਸਭ ਤੋਂ ਵਡੀ ਕਰਨੀ ਸੀ ਤੇ ਇਸ ਤੋਂ ਵੀ ਵਡੀ ਕਰਨੀ ਇਸ ਮਾਨਸਕ ਤੇ ਮਨੋਵਿਗਿਆਨ ਦਸ਼ਾ ਨੂੰ ਤਬਦੀਲ ਕਰਨ ਪਿਛੋਂ ਇਸ ਦਸ਼ਾ ਨੂੰ ਇਕ ਨਵੇਂ ਸੱਚੇ ਵਿਚ ਢਾਲਣਾ ਤੇ ਸਵੈ-ਵਿਸ਼ਵਾਸ ਤੇ ਸਵੈ-ਬਲ ਦੇ ਅਹਿਸਾਸ ਨੂੰ ਸਿਖਰ ਤਕ ਪਹੁੰਚਾਣਾ। ਇਕ ਕਰਾਮਾਤ ਪਿਛੋਂ ਰਣਜੀਤ ਸਿੰਘ ਦੀ ਇਹ ਦੂਜੀ ਕਰਾਮਾਤ ਸੀ।

ਇਕ ਹੱਥ ਹਰੀ ਸਿੰਘ ਨਲੂਆ ਕਸ਼ਮੀਰ ਤੇ ਪਿਸ਼ਾਵਰ ਨੂੰ ਫ਼ਤਹਿ ਕਰ ਰਿਹਾ ਸੀ ਤੇ ਦੂਜੇ ਪਾਸੇ ਰਣਜੀਤ ਸਿੰਘ ਨੇ ਅੰਗਰੇਜ਼ੀ ਤਾਕਤ ਦੇ ਵਧਦੇ ਹੜ੍ਹ ਅਗੇ ਅਜਿਹਾ ਬੰਨ੍ਹ ਲਾਇਆ ਕਿ ਦੁਨੀਆਂ ਚਕ੍ਰਿਤ ਹੋ ਗਈ ਤੇ ਪੰਜਾਬ ਦੀ ਵੱਸੋਂ ਆਪਣੇ ਨਿੱਜੀ ਬਲ ਤੇ ਸ਼ਕਤੀ ਉੱਤੇ ਹੈਰਾਨ। ਜਦੋਂ ਪੰਜਾਬ ਵਿਚ ਖ਼ਾਲਸਾ ਸਾਜਿਆ ਗਿਆ ਤੇ ਜਦੋਂ ਪੰਜਾਬ ਵਿਚ ਖ਼ਾਲਸਾ ਜ਼ੁਲਮ ਨਾਲ ਟੱਕਰ ਲੈ ਕੇ ਜਵਾਨੀ ਚੜ੍ਹ ਰਿਹਾ ਸੀ ਤਾਂ ਓਧਰ, ਰਹਿੰਦੇ ਭਾਰਤ ਵਿਚ ਅੰਗਰੇਜ਼ਾਂ ਦੀ ਬਦੇਸ਼ੀ ਤਾਕਤ ਵੀ ਜੁਆਨੀ ਚੜ੍ਹ ਰਹੀ ਸੀ। ਜਿਉਂ ਜਿਉਂ ਏਧਰ ਸਿਖ ਉੱਨਤੀ ਕਰਦੇ ਗਏ ਤੇ ਸ਼ਕਤੀਸ਼ਾਲੀ ਹੁੰਦੇ ਗਏ। ਤਿਉਂ ਤਿਉਂ ਓਧਰੋਂ ਅੰਗਰੇਜ਼ ਵੀ ਚੋਰੀ ਜਾਂ ਸਾਧੀ, ਪਿਆਰ ਨਾਲ ਜਾਂ ਧੱਕੇ ਨਾਲ ਜਾਂ ਵਿਸ਼ਵਾਸ਼ਘਾਤ ਕਰ ਕੇ ਹਿੰਦੁਸਤਾਨ ਦੀਆਂ ਭਿੰਨ ਭਿੰਨ ਰਿਆਸਤਾਂ ਉੱਤੇ ਕਾਬਜ਼ ਹੁੰਦੇ ਗਏ। ਏਸ ਦੌਰਾਨ ਵਿਚ ਅੰਗਰੇਜ਼ ਸਿਖਾਂ ਦੀ ਵਧਦੀ ਤਾਕਤ ਨੂੰ ਵਾਚ ਰਹੇ ਸਨ। ਉਹ ਅਨੁਮਾਨ ਲਾ ਰਹੇ ਸਨ ਕਿ ਕਿਵੇਂ ਉਹ ਜਲਦੀ ਤੋਂ ਜਲਦੀ ਸਤਲੁਜ, ਰਾਵੀ, ਚਨਾਬ ਤੇ ਜਿਹਲਮ ਤਕ ਪਹੁੰਚ ਸਕਦੇ ਹਨ। ਉਹ ਕਿਵੇਂ ਸਿਖਾਂ ਨੂੰ ਕੁਚਲ ਸਕਦੇ ਹਨ। ਉਹ ਵਧਦੇ ਆਏ, ਪਰ...ਪਰ ਏਨੇ ਵਿਚ ਉਨ੍ਹਾਂ ਦੀ ਬਦਕਿਸਮਤੀ ਨੂੰ ਰਣਜੀਤ ਸਿੰਘ ਪੰਜਾਬ ਦਾ ਆਗੂ ਆ ਬਣਿਆ। ਰਣਜੀਤ ਸਿੰਘ ਨੇ ਵਾਗਾਂ ਸੰਭਾਲਦਿਆਂ ਹੀ ਜਦੋਂ ਇਕ ਸਮੁਚੀ ਨਜ਼ਰ ਹਿੰਦੁਸਤਾਨ ਦੇ ਰਾਜਨੀਤਕ ਪੈਟਰਨ ਉੱਤੇ ਮਾਰੀ ਤਾਂ ਉਸ ਦੱਖਣ ਪੂਰਬ ਵਲ ਆਪਣੇ ਘੋੜੇ ਦਾ ਮੂੰਹ ਫੇਰਿਆ। ਸਤਲੁਜ ਦਰਿਆ ਉੱਤੇ ਰਣਜੀਤ ਸਿੰਘ ਤੇ ਅੰਗਰੇਜ਼ਾਂ ਦਾ ਟਾਕਰਾ ਹੋਇਆ। ਅੰਗਰੇਜ਼ ਹੱਥ ਮਲਦੇ ਰਹਿ ਗਏ ਤੇ ਰਣਜੀਤ ਸਿੰਘ ਨੇ ਪੈਂਤੜਾ ਬਦਲ ਕੇ ਉੱਤਰ ਪੱਛਮ ਵਲ ਮੁਹਾਰਾਂ ਮੋੜ ਲਈਆਂ। ਅੰਗਰੇਜ਼ ਹੈਰਾਨ, ਅਫ਼ਗਾਨ ਹੈਰਾਨ, ਫ਼ਰਾਂਸੀਸੀ ਹੈਰਾਨ. ਤੇ ਆਪ ਪੰਜਾਬ ਦੀ ਵੱਸੋਂ ਹੈਰਾਨ।

ਆਪਣੀ ਇਸ ਪਾਰਦਰਸ਼ਤਾ, ਸਿਆਣਪ ਤੇ ਤਾਕਤ ਨਾਲ ਰਣਜੀਤ ਸਿੰਘ ਨੇ ਇਕ ਵਾਰ ਆਪਣੀ ਜਨਤਾ ਨੂੰ ਝੰਝੋੜ ਦਿਤਾ ! ਪੰਜਾਬ ਦੀ ਜਨਤਾ ਨੂੰ ਇਤਬਾਰ ਨਾ ਆਵੇ ਕਿ ਜੋ ਕੁਝ ਵਾਪਰਿਆ ਹੈ ਉਹ ਵੀ ਹੋ ਸਕਦਾ ਹੈ। ਇਕ ਪੰਜਾਬ ਹੀ ਹਿੰਦੁਸਤਾਨ ਵਿਚ ਅਜਿਹਾ ਦੇਸ਼ ਸੀ ਜਿਦੇ ਉੱਤੇ ਗੋਰੇਸ਼ਾਹੀ ਲਾਲ ਰੰਗ ਨਹੀਂ ਫੇਰਿਆ। ਜਦੋਂ ਪੰਜਾਬ ਦੀ ਜਨਤਾ ਆਪਣੇ ਆਪ ਵਿਚ ਆਈ ਤਾਂ ਸਵੈ-ਵਿਸ਼ਵਾਸ਼ ਤੇ ਆਤਮਕ ਬਲ ਦੇ ਸੋਮੇ ਫੁਟ ਪਏ। ਹਾਂ, ਹਾਂ, ਹੁਣ ਤੋਂ ਪੰਜਾਬ ਦੀ ਪ੍ਰਭਿਤਾ ਨੂੰ ਕੋਈ ਰੋਕ ਨਹੀਂ, ਕੋਈ ਠਲ ਨਹੀਂ। ਤੇ ਜਿਥੇ ਪੰਜਾਬੀ ਵੱਸੋਂ ਦੇ ਸਵੈ-ਵਿਸ਼ਵਾਸ਼ ਤੇ ਆਤਮਕ ਬਲ ਦੇ ਸੋਮੇ

Scanned by CamScanner

ਫਟੇ ਉਥੇ ਰਣਜੀਤ ਸਿੰਘ ਵਾਸਤੇ ਆਦਰ ਤੇ ਪਿਆਰ ਦੇ ਸਮੇਂ ਵੀ ਫੁੱਟੇ। ਬੇਸ਼ੱਕ ਇਹੋ ਹੀ ਇਕ ਅਛੋਤਾ ਨਾਇਕ ਸੀ ਜਿਸ ਉਨ੍ਹਾਂ ਨੂੰ ਇਸ ਉੱਚ ਪਦਵੀ ਦੇ ਯੋਗ ਬਣਾਇਆ। ਬੇਸ਼ੱਕ ਉਨ੍ਹਾਂ ਦੀ ਇਹ ਵਡਿਆਈ ਤੇ ਇਹ ਮਹਾਨਤਾ, ਉਨ੍ਹਾਂ ਦੇ ਆਗੂ ਰਣਜੀਤ ਸਿੰਘ ਦੇ ਸਦਕਾ ਹੀ ਸੀ। ਅਜ ਤੋਂ ਰਣਜੀਤ ਸਿੰਘ ਵਾਸਤੇ ਉਹ ਤਨ, ਮਨ, ਧਨ, ਸਭ ਕੁਝ ਵਾਰਨ ਨੂੰ ਤਿਆਰ ਸਨ। ਅਜ ਤੋਂ ਰਣਜੀਤ ਸਿੰਘ ਉਨ੍ਹਾਂ ਦੀ ਨੱਸ ਨੱਸ ਵਿਚ ਵੱਸ ਗਿਆ। ਅਜ ਤੋਂ ਰਣਜੀਤ ਸਿੰਘ ਉਨ੍ਹਾਂ ਦ ਸ਼ੁਪਨਿਆਂ ਵਿਚ ਰਚ ਗਿਆ। ਅਜ ਤੋਂ ਰਣਜੀਤ ਸਿੰਘ ਉਨ੍ਹਾਂ ਦੀਆਂ ਰੂਹਾਂ, ਉਨ੍ਹਾਂ ਦੇ ਕਿਆਸਾਂ, ਉਨ੍ਹਾਂ ਦੀਆਂ ਚਾਹਾਂ ਤੇ ਤਾਘਾਂ ਉੱਤੇ ਛਾ ਗਿਆ। ਅਜ ਤੋਂ ਰਣਜੀਤ ਸਿੰਘ ਪੰਜਾਬ ਸੀ ਤੇ ਪੰਜਾਬ ਆਪ ਰਣਜੀਤ ਸਿੰਘ।

ਏਥੇ ਹੀ ਬੱਸ ਨਹੀਂ। ਉਨ੍ਹਾਂ ਦੇ ਰਣਜੀਤ ਸਿੰਘ ਦੀ ਨਿੰਮ੍ਰਤਾ ਉਨ੍ਹਾਂ ਨੂੰ ਉਹਦਾ ਸਗੋਂ ਹੋਰ ਹੋਰ ਬਰਦਾ ਬਣਾਈ ਜਾਂਦੀ। ਰਣਜੀਤ ਸਿੰਘ ਲਾਹੌਰ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਘੁੰਮਦਾ। ਰਣਜੀਤ ਸਿੰਘ ਲੋਕਾਂ ਦੇ ਘਰੋਂ ਮੰਗ ਕੇ ਰੋਟੀਆਂ ਖਾਂਦਾ, ਮੰਗ ਕੇ ਸ਼ਰਦਾਈ ਪੀਂਦਾ। ਰਣਜੀਤ ਸਿੰਘ ਭਰੇ ਦਰਬਾਰ ਵਿਚ ਸੂਰਮਿਆਂ ਨੂੰ ਜਫ਼ੀਆਂ ਪਾ ਲੈਂਦਾ। ਰਣਜੀਤ ਸਿੰਘ ਨੂੰ ਜਿਹੜਾ ਕੋਈ ਰਾਹ ਵਿਚ ਮਿਲਦਾ ਉਹ ਉਹਨੂੰ ਮਾਲਾ, ਕੰਠਾ ਜਾਂ ਛਾਪ ਛੱਲਾ ਲਾਹ ਦੇਂਦਾ। ਰਣਜੀਤ ਸਿੰਘ ਅਮ੍ਰਿਤਸਰ ਜਾਂਦਾ ਤਾਂ ਕਿੰਨਾਂ ਕਿੰਨਾਂ ਚਿਰ ਗੁਰੂ ਗ੍ਰੰਥ ਸਾਹਿਬ ਅਗੇ ਆਪਣਾ ਮੱਥਾ ਰਗੜਦਾ ਰਹਿੰਦਾ। ਰਣਜੀਤ ਸਿੰਘ ਸਦਾ ਇਹੋ ਆਖਦਾ ਕਿ ਇਹ ਰਾਜ ਉਹਦਾ ਜ਼ਾਤੀ ਨਹੀਂ, ਇਹ ਰਾਜ ਗੁਰ ਮਹਾਰਾਜ ਨੇ ਜਨਤਾ ਦੀ ਸੇਵਾ ਵਾਸਤੇ ਉਹਨੂੰ ਬਖ਼ਸ਼ਿਆ ਹੈ। ਰਣਜੀਤ ਸਿੰਘ ਆਖਦਾ ਕਿ ਉਹ ਗੁਰੂ ਘਰ ਦਾ ਕੂਕਰ ਹੈ ਕਿ ਉਹ ਆਪਣੀ ਜਨਤਾ ਦਾ, ਆਪਣੇ ਪੰਜਾਬ ਦੀ ਵੱਸੋਂ ਦਾ ਨੌਕਰ ਹੈ, ਦਾਸ ਹੈ। ਰਣਜੀਤ ਸਿੰਘ ਆਖਦਾ ਕਿ ਉਹਦੀਆਂ ਜਿੱਤਾਂ ਉਹਦੀਆਂ ਨਹੀਂ ਪੰਜਾਬੀਆਂ ਦੀਆਂ ਜਿੱਤਾਂ ਹਨ। ਰਣਜੀਤ ਸਿੰਘ ਦੇ ਦਰ ਤੋਂ ਕੋਈ ਖ਼ਾਲੀ ਨਾ ਜਾਂਦਾ। ਰਣਜੀਤ ਸਿੰਘ ਦਾ ਦਰ ਗੁਰੂ ਨਾਨਕ ਦੇ ਘਰ ਦਾ ਦੁਰਵਾਜ਼ਾ ਸੀ। ਗੁਰੂ ਨਾਨਕ ਦੇ ਘਰੋਂ ਕੌਣ ਖ਼ਾਲੀ ਜਾਵੇ ? ਰਣਜੀਤ ਸਿੰਘ ਸਮੇਂ ਸਮੇਂ ਸਾਰੇ ਪੰਜਾਬ ਦਾ ਦੌਰਾ ਕਰਦਾ ਤੇ ਵੇਖਦਾ ਕਿ ਕਿਸੇ ਜੀਅ ਨੂੰ ਕੋਈ ਤਕਲੀਫ਼ ਤਾਂ ਨਹੀਂ। ਕਿਤੇ ਜ਼ੁਲਮ ਤਾਂ ਨਹੀਂ ਹੋ ਰਿਹਾ, ਕਿਤੇ ਕੋਈ ਅਫ਼ਸਰ ਵਧੀਕੀ ਤਾਂ ਨਹੀਂ ਕਰ ਰਿਹਾ, ਕਿਤੇ ਕੋਈ ਸਰਕਾਰੀ ਚਾਕਰ ਹਿੰਦੂ ਜਾਂ ਮੁਸਲਮਾਨ ਨੂੰ ਭਿੰਨ ਭਿੰਨ ਨਜ਼ਰਾਂ ਨਾਲ ਤਾਂ ਨਹੀਂ ਤੱਕ ਰਿਹਾ। ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬ ਅੰਦਰ ਹਿੰਦੂ, ਸਿੱਖ ਤੇ ਮੁਸਲਮਾਨ ਨਹੀਂ ਸਨ ਵਸਦੇ, ਪੰਜਾਬੀ ਵਸਦੇ ਸਨ।

ਇਹ ਸੀ ਰਣਜੀਤ ਸਿੰਘ ਦੀ ਅਸਲੀ ਕਰਨੀ ਤੇ ਵਡਿਆਈ। ਏਸੇ ਕਰਨੀ ਸਦਕਾ ਹੀ ਰਣਜੀਤ ਸਿੰਘ ਦੀ ਆ ਰਹੀ ਮੌਤ ਵਲ ਕੋਈ ਗ਼ੌਰ ਨਾ ਦੇਂਦਾ। ਕੋਈ ਵਿਸ਼ਵਾਸ ਨਾ ਕਰਨਾ ਚਾਹੁੰਦਾ ਕਿ ਉਨ੍ਹਾਂ ਦਾ ਆਧਾਰ ਰਣਜੀਤ ਸਿੰਘ ਕਦੀ ਉਨ੍ਹਾਂ ਦਾ ਆਧਾਰ ਨਹੀਂ ਵੀ ਰਹੇਗਾ। ਇਹੋ ਕਾਰਨ ਸੀ ਕਿ ਜਦੋਂ ਰਣਜੀਤ ਸਿੰਘ ਦੀ ਆ ਰਹੀ ਮੌਤ ਦੀ ਸੋਅ ਸੱਚੀ ਸਾਬਤ ਹੋਣ ਲਗੀ ਤਾਂ ਸਾਰਾ ਪੰਜਾਬ ਮਸੋਸਿਆ ਗਿਆ। ਲੋਕਾਂ ਦੀ ਜਿਵੇਂ ਆਸਕਤਾ ਮੁਕ ਗਈ ਤੇ ਜਨਤਾ ਸੋਂ ਨਾ ਸਕੇ, ਜਾਗ ਨਾ ਸਕੇ। ਇਹੋ ਕਾਰਨ ਸੀ ਕਿ ਜਦੋਂ ਰਣਜੀਤ ਸਿੰਘ ਮਰਿਆ ਤਾਂ ਪੰਜਾਬ ਦੀ ਵੱਸੋਂ ਨੂੰ ਲਗਾ ਕਿ ਉਨ੍ਹਾਂ ਦਾ ਅਜ ਆਧਾਰ ਮੁਕ ਗਿਆ ਹੈ। ਉਹਦਾ ਮਰਨਾ ਇਉਂ ਸੀ ਜਿਵੇਂ ਕਿ ਮੁਟਿਆਰ ਦਾ ਕੰਤ ਮਰ ਜਾਏ, ਨਾਬਾਲਗ ਦਾ ਪਿਤਾ ਮਰ ਜਾਏ। ਰਣਜੀਤ ਸਿੰਘ ਮਰਿਆ ਤੇ ਪੰਜਾਬੀਆਂ ਨੂੰ ਲਗਾ ਕਿ ਉਹ ਆਪ ਟੁੱਟੇ ਹੋਏ ਫੁੱਲ ਵਾਂਗ ਭੰਞੇ ਉੱਤੇ ਆ ਡਿਗੇ ਸਨ।

ਪੰਜਾਬ ਦਾ ਜੀਵਨ ਦਾਤਾ, ਪੰਜਾਬ ਦਾ ਬਿਕਰਮਾਜੀਤ, ਪੰਜਾਬ ਦਾ ਵੈਦ, ਪੰਜਾਬ ਦਾ ਨਾਇਕ ਅਜ ਮਰ ਚੁਕਾ ਸੀ ਤੇ ਪੰਜਾਬ ਦੀ ਵੱਸੋਂ ਕਿਵੇਂ ਪਾਣੀ ਤੋਂ ਵਖ ਹੋਈ ਮੱਛੀ ਵਾਂਗ ਨਾ ਤੜਫ਼ਦੀ ? ਰਣਜੀਤ ਸਿੰਘ ਮਰਿਆ ਤੇ ਸਾਰੇ ਪੰਜਾਬ ਉੱਤੇ ਜਿਵੇਂ ਕਾਲੀ ਰਾਤ ਦੀ ਸਿਆਹੀ ਛਾ ਗਈ। ਠੀਕ ਅਸਮਾਨਾਂ ਉੱਤੇ ਸੂਰਜ ਫਿਰ ਵੀ ਨਿਕਲਦਾ ਰਿਹਾ, ਪਰ ਪੰਜਾਬੀਆਂ ਦੇ ਦਿਲਾਂ ਵਿਚ ਫਿਰ ਚਾਣਨਾ ਨਹੀਂ ਹੋਇਆ। ਉਨ੍ਹਾਂ ਦੀਆਂ ਰੂਹਾਂ ਸੁੰਞ ਪੁਲਾੜਾਂ ਵਿਚ ਹੀ ਭਟਕਦੀਆਂ ਰਹੀਆਂ। ਰਣਜੀਤ ਸਿੰਘ ਦੀ ਖ਼ਬਰ ਸੁਣ ਕੇ ਲੋਕ ਜੇ ਖਲੋਤੇ ਸਨ ਤਾਂ ਖਲੋਤੇ ਹੀ ਰਹੇ, ਜੇ ਗਰਾਹੀ ਮੂੰਹ ਵਿਚ ਪਾਈ ਸੀ ਤਾਂ ਉਹ ਗਰਾਹੀ ਮੂੰਹ ਵਿਚ ਹੀ ਪਈ ਰਹੀ। ਜੇ ਪਾਣੀ ਨੂੰ ਹੱਥ ਲਾਇਆ ਸੀ ਤਾਂ ਛੰਨਾ ਮੂੰਹ ਨਾਲ ਨਹੀਂ ਲਗਿਆ। ਸਾਰੇ ਪੰਜਾਬ ਦੀ ਚੇਤਨ ਸ਼ਕਤੀ ਪਲ ਦੀ, ਪਲ ਲਈ ਮੁਕ ਗਈ, ਸਾਰੇ ਪੰਜਾਬ ਦੇ ਦਿਲ ਦੀ ਧੜਕਨ ਜਿਵੇਂ ਕੁਝ ਸਮੇਂ ਲਈ ਰੁਕ ਗਈ। ਰਣਜੀਤ ਸਿੰਘ ਮਰ ਗਿਆ। ਭੂਤ ਕਾਲ ਵਿਚ ਪੰਜਾਬ ਅੰਦਰ ਵਾਪਰਿਆ ਸਾਰਾ ਇਤਿਹਾਸ ਇਕ ਵਾਰ ਫਿਰ ਵਾਸਤਵਿਕ ਜਾਪਣ ਲਗਾ ਤੇ ਭਵਿਸ਼ ਕਾਲ ਅਨਿਸ਼ਚਿਤ ਹੋ ਗਿਆ।

Scanned by CamScanner

ਮਨੁੱਖ ਦੀ ਖ਼ਲਸਤ ਜਮਾਂਦਰੂ ਨੇਕ ਤੇ ਗੁਣਵਾਨ ਹੁੰਦੀ ਹੈ। ਜੰਮਦਿਆਂ ਹੀ ਮਨੁੱਖ ਨੂੰ ਆਪਣੇ ਮਾਪਿਆਂ, ਆਪਣੇ ਰਿਸ਼ਤੇਦਾਰਾਂ ਤੇ ਹਰ ਪ੍ਰਾਣੀ ਕੋਲੋਂ ਅਜਿਹਾ ਪਿਆਰ ਮਿਲਦਾ ਹੈ ਕਿ ਉਹਦੇ ਵਿਚ ਕੋਈ ਮੰਦੇ ਤੇ ਖੋਟੇ ਭਾਵ ਉਤਪੰਨ ਹੋ ਹੀ ਨਹੀਂ ਸਕਦੇ। ਬੱਚਾ ਰੋਂਦਾ ਜ਼ਰੂਰ ਹੈ। ਉਹ ਆਪਣੇ ਆਪ ਵਿਚ ਤੇ ਆਲੇ ਦੁਆਲੇ ਵਿਚ ਕਈ ਊਣਤਾਈਆਂ ਵੀ ਮਹਿਸੂਸ ਕਰਦਾ ਹੈ, ਪਰ ਉਹਦੇ ਨਿਕੇ ਜਿਹੇ ਕਸ਼ਟ ਪਿਛੇ ਮਾਂ, ਭੈਣ, ਭਰਾ, ਪਿਤਾ ਪਾਗ਼ਲ ਹੋ ਜਾਂਦੇ ਹਨ। ਜੋ ਕੁਝ ਮਾਪਿਆਂ ਕੋਲੋਂ ਸਰ ਪੁਜ ਸਕਦਾ ਹੈ ਉਹ ਬੱਚੇ ਵਾਸਤੇ ਬੇਦਰੇਗ਼ ਤੇ ਚਾਈ ਚਾਈਂ ਕੀਤਾ ਜਾਂਦਾ ਹੈ। ਕੋਈ ਮਨੁੱਖ ਬੱਚੇ ਨਾਲ ਅਨਿਆਂ ਨਹੀਂ ਕਰਦਾ।

ਜਵਾਨੀ ਚੜ੍ਹਨ ਉੱਤੇ ਵੀ ਯੁਵਕ ਦੀ ਜ਼ਿੰਦਗੀ ਬਹੁਤਾ ਚੰਗਿਆਈ ਵਲ ਰਜੂਹ ਕਰਦੀ ਹੈ, ਮੰਦਿਆਈ ਵਲ ਨਹੀਂ। ਮਾਪਿਆਂ ਦੇ ਅਸਰ ਤੋਂ ਇਲਾਵਾ ਧਰਮ ਦਾ ਅਸਰ ਵੀ ਚੱਖਾ ਹੁੰਦਾ ਹੈ। ਧਰਮ ਹਰ ਇਕ ਨੂੰ ਚੰਗਿਆਂ ਤੇ ਨੇਕ ਬਣਨਾ ਸਿਖਾਂਦਾ ਹੈ। ਪੁਸਤਕਾਂ ਵੀ ਹਰ ਯੁਵਕ ਨੂੰ ਨੇਕ ਤੇ ਚੰਗਿਆਂ ਬਣਨ ਵਾਸਤੇ ਉਤਸ਼ਾਹਤ ਕਰਦੀਆਂ ਹਨ। ਉਸਤਾਦ ਵੀ ਯੁਵਕਾਂ ਨੂੰ ਉੱਚ ਆਚਰਨ ਤੇ ਉੱਚ ਆਦਰਸ਼ਾਂ ਦੀ ਲਗਨ ਲਾਂਦੇ ਹਨ। ਵੱਡਾ ਆਦਮੀ ਪਿਆਰ ਕਰਦਾ ਹੈ। ਵਿਆਹ ਕਰਦਾ ਹੈ, ਇਸਤਰੀ ਦੀ ਕੋਮਲਤਾ ਨੂੰ ਮਹਿਸੂਸ ਕਰਦਾ ਹੈ। ਬੱਚੇ ਬੱਚੀਆਂ ਘਰ ਹੁੰਦੇ ਹਨ ਤੇ ਇਹ ਸਭ ਜੀਅ ਤੇ ਇਹ ਸਭ ਭਾਵ ਮਨੁੱਖ ਨੂੰ ਚੰਗਾ, ਦਿਆਲੂ, ਹਸਮੁਖਾ ਬਣਨ ਵਾਸਤੇ ਉਤਸ਼ਾਹਤ ਕਰਦੇ ਹਨ। ਜੋ ਕੁਝ ਅਸਾਂ ਆਪ ਬੱਚੇ ਹੁੰਦਿਆਂ ਆਪਣੇ ਮਾਪਿਆਂ ਤੇ ਦੁਨੀਆਂ ਕੋਲੋਂ ਗ੍ਰਹਿਣ ਕੀਤਾ ਹੁੰਦਾ ਹੈ ਉਹੋ ਕੁਝ ਆਪਣੀ ਔਲਾਦ ਨੂੰ ਦੇਣ ਉੱਤੇ ਜੀ ਕਰਦਾ ਹੈ।

ਇਨ੍ਹਾਂ ਅਸਰਾਂ ਤੇ ਪ੍ਰਤਿਕਰਮਾਂ ਦੇ ਬਾਵਜੂਦ ਵੀ ਕਈ ਆਦਮੀ ਮੰਦੇ ਤੇ ਖੋਟੇ ਹੁੰਦੇ ਹਨ। ਆਲੇ ਦੁਆਲੇ ਨੇ ਉਨ੍ਹਾਂ ਨਾਲ ਨਿਆਂ ਨਹੀਂ ਕੀਤਾ ਹੁੰਦਾ। ਕਿਸੇ ਪਿਆਰ ਵਿਚ ਹਾਰ ਹੋਈ ਹੁੰਦੀ ਹੈ। ਦਿਲ ਟੁੱਟ ਜਾਂਦਾ ਹੈ। ਸਮਾਜ ਦੀ ਸਖ਼ਤੀ ਦੇ ਬਰਖ਼ਿਲਾਫ਼ ਜੀ ਭਰ ਜਾਂਦਾ ਹੈ। ਕਈਆਂ ਨੂੰ ਮਾਇਕ ਤੇ ਆਰਥਕ ਔਕੜਾਂ ਨੇ ਸਾਹ ਨਹੀਂ ਲੈਣ ਦਿਤਾ ਹੁੰਦਾ। ਮੌਜੂਦਾ ਨਿਜ਼ਾਮ ਦੇ ਵਿਰੁਧ ਉਨ੍ਹਾਂ ਦੇ ਗਿਲੇ ਤੇ ਗੁਸੇ ਜਾਇਜ਼ ਹੁੰਦੇ ਹਨ। ਕਈਆਂ ਨੂੰ ਹਾਲਾਤ, ਚੋਰ, ਗੱਠ ਮਾਰ, ਡਾਕੂ, ਲੁਟੇਰੇ ਬਣਾ ਦੇਂਦੇ ਹਨ। ਕਈਆਂ ਨੂੰ ਹਾਲਾਤ, ਕਾਮੀ ਤੇ ਬੇਈਮਾਨ ਕਰ ਦੇਂਦੇ ਹਨ। ਪਰ ਫਿਰ ਵੀ ਹਰ ਆਦਮੀ ਵਿਚ ਸ਼ਾਇਦ ਚੰਗਿਆਈ ਤੇ ਨੇਕ ਨੀਤੀ ਦੀ ਅੰਸ਼ ਜ਼ਰੂਰ ਰਹਿੰਦੀ ਹੈ। ਸਮੇਂ ਸਿਰ ਉਹਨੂੰ ਸੋਧਿਆ ਜਾ ਸਕਦਾ ਹੈ। ਹਾਲਤ ਬਦਲਣ ਉੱਤੇ ਭੈੜਾ ਆਦਮੀ ਚੰਗਾ ਬਣ ਜਾਂਦਾ ਹੈ। ਮਨੁੱਖ ਦੇ ਵਿਚਾਰ ਤੇ ਸੰਕਲਪ ਭਾਵੇਂ ਖੋਟੇ ਹੋ ਜਾਣ, ਪਰ ਉਹਦੀ ਆਤਮਾ ਤੇ ਉਹਦੀ ਰੂਹ ਖਰੀ ਰਹਿੰਦੀ ਹੈ। ਜੇ ਗ਼ਰੀਬੀ, ਮਜਬੂਰੀ, ਹਾਲਾਤ ਜਾਂ ਸਮਾਜ ਕਿਸੇ ਆਦਮੀ ਨੂੰ ਬਦ ਕਰ ਦੇਣ ਤਾਂ ਉਹਨੂੰ ਮੁਆਫ਼ ਕੀਤਾ ਜਾ ਸਕਦਾ ਹੈ। ਉਹਦੀ ਬਦੀ ਵਿਚ ਉਹਦੇ ਨਾਲੋਂ ਵਧ ਆਲੇ ਦੁਆਲੇ ਦਾ ਕਸੂਰ ਸੀ। ਪਰ ਜੇ ਆਦਮੀ ਗ਼ਰੀਬ ਵੀ ਨਾ ਹੋਵੇ, ਉਹਨੂੰ ਕੋਈ ਮਜਬੂਰੀ ਵੀ ਨਾ ਹੋਵੇ ਹਾਲਾਤ ਵੀ ਸੁਖਾਵੇਂ ਹੋਣ, ਆਲੇ ਦੁਆਲੇ ਨੇ ਖ਼ੁਸ਼ੀਆਂ ਤੇ ਪ੍ਰਸੰਨਤਾ ਵੀ ਨਿਛਾਵਰ ਕੀਤੀ ਹੋਵੇ ਤੇ ਫਿਰ ਵੀ ਕੋਈ ਆਦਮੀ ਬਦ ਹੋ ਜਾਏ, ਖੋਟਾ ਹੋ ਜਾਏ ਤਾਂ ਉਹਦੇ ਬਾਰੇ ਕੋਈ ਕੀ ਕਰੇ ? ਇਹੋ ਜਿਹਾ ਇਕ ਆਦਮੀ ਰਾਜਾ ਧਿਆਨ ਸਿੰਘ ਸੀ ਤੇ ਦੂਜਾ ਰਾਜਾ ਗੁਲਾਬ ਸਿੰਘ।

ਪੰਝੀ ਤੀਹ ਵਰ੍ਹੇ ਪਹਿਲੇ ਗੁਲਾਬ ਸਿੰਘ, ਜਮਾਂਦਾਰ ਖ਼ੁਸ਼ਹਾਲ ਸਿੰਘ ਦੀ ਕਮਾਨ ਹੇਠਲੇ ਦਸਤੇ ਵਿਚ ਪੰਜ ਰੁਪਏ ਮਹੀਨੇ ਉੱਤੇ ਨੌਕਰ ਹੋਇਆ। ਭੁਖੇ ਮਰਦੇ ਗੁਲਾਬ ਸਿੰਘ ਵਾਸਤੇ ਉਨ੍ਹਾਂ ਦਿਨਾਂ ਵਿਚ ਪੰਜ ਰੁਪਏ ਮਹੀਨਾ ਵੀ ਬੜੀ ਵਡੀ ਚੀਜ਼ ਸੀ। ਰੋਟੀ ਰਜਵੀਂ ਮਿਲੀ ਤੇ ਉਸ ਆਪਣੇ ਭਰਾ ਧਿਆਨ ਸਿੰਘ ਨੂੰ ਵੀ ਰੋਟੀ ਟੁਕ ਵਾਸਤੇ ਬਲਾ ਘਲਿਆ। ਹੌਲੀ ਹੌਲੀ

Scanned by CamScanner

ਮਹਾਰਾਜਾ ਰਣਜੀਤ ਸਿੰਘ ਨਾਲ ਇਨ੍ਹਾਂ ਦਾ ਮੇਲ ਹੋਇਆ ਤੇ ਇਹ ਦੋਵੇਂ ਭਰਾ ਉਹਦੇ ਹਲਕਾਰੇ ਬਣੇ। ਜਵਾਨ ਦੋਵੇਂ ਦਰਸ਼ਨੀ ਸਨ, ਤਬੀਅਤਾਂ ਤੇਜ਼ ਸਨ ਤੇ ਬੁਧੀਆਂ ਤੀਖਣ। ਰਣਜੀਤ ਸਿੰਘ ਦੀ ਅੱਖ ਇਨ੍ਹਾਂ ਉੱਤੇ ਟਿਕ ਗਈ। ਬਸ ਫਿਰ ਕੀ ਸੀ ? ਰਣਜੀਤ ਸਿੰਘ ਦੀ ਅੱਖ ਜਿਸ ਉੱਤੇ ਜਾ ਟਿਕਦੀ ਉਹ ਆਦਮੀ ਕੱਖ ਤੋਂ ਲੱਖ ਦਾ ਬਣਦਾ। ਇਨ੍ਹਾਂ ਦੀ ਕਿਸਮਤ ਦੀ ਲੱਖਾਂ ਤੋਂ ਵਧ ਕੀਮਤ ਪਈ। ਬਜੌਰੀ ਦੇ ਬਾਗੀ ਨਵਾਬ ਨੂੰ ਗ੍ਰਿਫਤਾਰ ਕਰਨ ਦੇ ਦਿਵਸ ਵਿਚ ਰਣਜੀਤ ਸਿੰਘ ਨੇ ਜੰਮੂ ਦਾ ਰਾਜ ਗੁਲਾਬ ਸਿੰਘ ਨੂੰ ਬਖਸ਼ਿਆ। ਧਿਆਨ ਸਿੰਘ ਮਹਾਰਾਜੇ ਦੀ ਹਜ਼ੂਰੀ ਵਿਚ ਰਿਹਾ ਤੇ ੧੮੧੬ ਵਿਚ ਜਦੋਂ ਖੁਸ਼ਹਾਲ ਸਿੰਘ ਮੁਲਤਾਨ ਦਾ ਗਵਰਨਰ ਨਿਯਤ ਹੋਇਆ ਤਾਂ ਧਿਆਨ ਸਿੰਘ ਉਹਦੀ ਥਾ ਡਿਓਢੀਦਾਰ ਬਣਿਆ। ਉਸ ਤੋਂ ਜਲਦੀ ਪਿਛੋਂ ਹੀ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ "ਰਾਜੇ" ਦਾ ਖਿਤਾਬ ਦਿੱਤਾ ਗਿਆ ਤੇ ਉਹ ਸਦਾ ਰਣਜੀਤ ਸਿੰਘ ਦੇ ਨਾਲ ਰਹਿਣ ਲੱਗਾ। ਰਣਜੀਤ ਸਿੰਘ ਹੀਰਾ ਸਿੰਘ ਨੂੰ 'ਮੇਰੇ ਬੱਚੜੇ' ਆਖ ਕੇ ਬੁਲਾਉਂਦਾ। ਉਹਨੂੰ ਰਣਜੀਤ ਸਿੰਘ ਦੇ ਹਜ਼ੂਰ ਭਰੇ ਦਰਬਾਰ ਵਿਚ ਕੁਰਸੀ ਉੱਤੇ ਬਹਿਣ ਦੀ ਇੱਜ਼ਤ ਮਿਲੀ।

ਧਿਆਨ ਸਿੰਘ, ਗੁਲਾਬ ਸਿੰਘ ਤੇ ਹੀਰਾ ਸਿੰਘ ਤੇ ਗੁਲਾਬ ਸਿੰਘ ਦੇ ਇਕ ਹੋਰ ਭਰਾ ਸੁਚੇਤ ਨੂੰ ਇੱਜ਼ਤਾਂ ਹੀ ਇੱਜ਼ਤਾਂ ਮਿਲੀਆਂ, ਬਖਸ਼ਸ਼ਾਂ ਹੀ ਬਖਸ਼ਸ਼ਾਂ ਮਿਲੀਆਂ, ਸਤਿਕਾਰ ਹੀ ਸਤਿਕਾਰ ਮਿਲਿਆ, ਪਿਆਰ ਹੀ ਪਿਆਰ ਤੇ ਵਿਸ਼ਵਾਸ ਹੀ ਵਿਸ਼ਵਾਸ ਮਿਲਿਆ। ਰਣਜੀਤ ਸਿੰਘ ਇਨ੍ਹਾਂ ਉੱਤੇ ਰੱਬ ਵਾਂਗ ਤੁਠਿਆ। ਰਣਜੀਤ ਸਿੰਘ ਨੇ ਇਨ੍ਹਾਂ ਦੀ ਆਖੀ ਕਦੀ ਨਾ ਮੋੜੀ। ਭਲਾ ਗੁਲਾਬ ਸਿੰਘ ਤਾਂ ਲਗ ਭਗ ਪਿਛਲੇ ਵੀਹ ਸਾਲ ਬਹੁਤਾ ਜੰਮੂ ਰਿਹਾ ਸੀ, ਪਰ ਧਿਆਨ ਸਿੰਘ ਤਾਂ ਸਦਾ ਬੇਰੇ ਪੰਜਾਬ ਰਣਜੀਤ ਸਿੰਘ ਦੇ ਨਾਲ ਹੀ ਰਿਹਾ ਤੇ ਕੀ ਇਨ੍ਹਾਂ ਵੀਹਾਂ ਸਾਲਾਂ ਵਿਚ ਪਾਰਸ ਦੀ ਛੋਹ ਨਾਲ ਉਹਦੇ ਦਿਲੀ ਵਿਚਾਰਾਂ ਦਾ ਰੰਗ ਨਾ ਬਦਲਿਆ ? ਰਣਜੀਤ ਸਿੰਘ ਵਰਗਾ ਆਦਮੀ ਕੀ ਧਿਆਨ ਸਿੰਘ ਉੱਤੇ ਆਪਣੀ ਮਹਾਨ ਤੇ ਨੇੜ ਸ਼ਖਸੀਅਤ ਦਾ ਚੜਾ ਜਿੰਨਾ ਅਸਰ ਵੀ ਨਾ ਛਡ ਸਕਿਆ ? ਸ਼ਕ ਗੁਜ਼ਰਦਾ ਹੈ ਕੀ ਕੀ ਧਿਆਨ ਸਿੰਘ ਸਦਾ ਹੀ ਭੈੜਾ ਤੇ ਖੋਟਾ ਆਦਮੀ ਸੀ ? ਕੀ ਉਹ ਜਮਾਂਦਰੂ ਹੀ ਖੋਟਾ ਸੀ ? ਪਰ ਇਉਂ ਹੋ ਨਹੀਂ ਸਕਦਾ। ਇਉਂ ਹੁੰਦਾ ਨਹੀਂ। ਉਸ ਬੜੀ ਚੁਸਤੀ ਤੇ ਸਿਆਣਪ ਨਾਲ ਰਣਜੀਤ ਸਿੰਘ ਦੀ ਸੇਵਾ ਕੀਤੀ ਉਸ ਰਣਜੀਤ ਸਿੰਘ ਨੂੰ ਆਪਣੇ ਵਲ ਕਦੀ ਕੋਈ ਭੈੜੀ ਸਲਾਹ ਨਹੀਂ ਦਿਤੀ। ਉਸ ਮਹਾਰਾਜੇ ਦੀ ਜ਼ਾਤ ਦਾ ਹੱਦੋਂ ਵਧ ਖ਼ਿਆਲ ਰਖਿਆ। ਉਹਨੇ ਸਦਾ ਮਹਾਰਾਜੇ ਨੂੰ ਆਪਣਾ ਆਪ ਦਿੱਤਾ। ਤੇ ਫਿਰ...ਫਿਰ ਉਹ ਖੋਟਾ ਕਦੋਂ ਬਣਿਆ ? ਚੰਗਿਆਈ ਤੋਂ ਬੁਰਿਆਈ ਵਲ ਤਬਦੀਲੀ ਕਦੋਂ ਸ਼ੁਰੂ ਹੋਈ ? ਵਫ਼ਾਦਾਰੀ ਉਹ ਜਿਹੜੀ ਜੀਂਦਿਆਂ ਜਾਂ ਮਰਿਆਂ ਹਰ ਸਮੇਂ ਪ੍ਰਪੱਕ ਰਹੇ, ਪਰ ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਹੀ ਧਿਆਨ ਸਿੰਘ ਨੇ ਗੱਦਾਰੀ ਤੇ ਗੁੰਡਾ ਗਰਦੀ ਦਾ ਇਕ ਉਹ ਤੂਫ਼ਾਨ ਝੁਲਾਇਆ ਕਿ ਜਿਸ ਨੇ ਪੰਜਾਬ ਦੀ ਵੱਸੋਂ ਦੀ ਸਮੁੱਚੀ ਜ਼ਿੰਦਗੀ ਨੂੰ ਸੂਲੀ ਉੱਤੇ ਟੰਗ ਦਿੱਤਾ।

ਕੀ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਕਈ ਵਰ੍ਹੇ ਪਹਿਲੇ ਹੀ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਭਵਿਖਤ ਵਾਸਤੇ ਆਪਣੇ ਮਨਸੂਬੇ ਘੜ ਲਏ ਸਨ ? ਕੀ ਏਸੇ ਲਈ ਖੜਗ ਸਿੰਘ ਦੀ ਰਣਜੀਤ ਸਿੰਘ ਅਗੇ ਬਦਖੋਈ ਕੀਤੀ ਜਾਂਦੀ ਰਹੀ। ਕੀ ਏਸੇ ਲਈ ਦੋਵੇਂ ਭਰਾ ਖੜਗ ਸਿੰਘ, ਸ਼ੇਰ ਸਿੰਘ ਤੇ ਨੌਨਿਹਾਲ ਸਿੰਘ ਨਾਲ ਵਖੋ ਵਖਰੀਆਂ ਗੋਂਦਾਂ ਗੁੰਦਦੇ ਰਹੇ ? ਕੀ ਏਸੇ ਲਈ ਰਣਜੀਤ ਸਿੰਘ ਦੀ ਮੌਤ ਤੋਂ ਕੁਝ ਸਮਾਂ ਪਹਿਲੇ ਧਿਆਨ ਸਿੰਘ ਐਡਾ ਹੈਂਸਿਆਰਾ ਹੋ ਗਿਆ ਕਿ ਆਪਣੀ ਮਰਜ਼ੀ ਤੋਂ ਬਿਨਾਂ ਉਹ ਖੜਗ ਸਿੰਘ ਜਾ ਸ਼ੇਰ ਸਿੰਘ ਨੂੰ ਆਪਣੇ ਪਿਤਾ ਕੋਲ ਜਾਣ ਤਕ ਨਾ ਦੇਂਦਾ ? ਕੀ ਦੋਹਾਂ ਭਰਾਵਾਂ ਨੇ ਰਣਜੀਤ ਸਿੰਘ ਦੀ ਮੌਤ ਤੋਂ ਕਾਫ਼ੀ ਚਿਰ ਪਹਿਲੇ ਹੀ ਆਪੋ ਵਿਚ ਰਾਜ ਦੀ ਵੰਡੀ ਪਾ ਲਈ ਸੀ ? ਗੁਲਾਬ ਸਿੰਘ ਨੇ ਆਪਣੇ ਹਿੱਸੇ ਲਿਆ ਸੀ, ਜੰਮੂ, ਕਸ਼ਮੀਰ ਤੇ ਸ਼ਾਇਦ ਪਿਸ਼ਾਵਰ ਤੇ ਧਿਆਨ ਸਿੰਘ ਨੇ ਆਪਣੀ ਮਲਕੀਅਤ ਸਮਝਿਆ ਸੀ ਲਾਹੌਰ ਤੇ ਮੁਲਤਾਨ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਵਿਚ ਕੋਈ ਕੁਝ ਨਹੀਂ ਕਹਿ ਸਕਦਾ ਪਰ ਜਿਉਂ ਹੀ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ ਲਾਹੌਰ ਦਰਬਾਰ ਦੀ ਸਿਆਸਤ ਨਿਖਰਨ ਲਗੀ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਬਾਰੇ ਬੜੇ ਬਹੁਤੇ ਚਿਹਰੇ ਮੋਹਰੇ ਸਹੀ ਜ਼ਰੂਰ ਹੋਣ ਲਗੇ।

ਖੜਗ ਸਿੰਘ ਤਖ਼ਤ ਉੱਤੇ ਬੈਠਾ ਤਾਂ ਸ਼ੇਰ ਸਿੰਘ ਨੇ ਇਸਦੀ ਵਿਰੋਧਤਾ ਕੀਤੀ। ਕੀ ਇਹ ਵਿਰੋਧਤਾ ਭੋਗਰਾ ਭਰਾਵਾਂ ਦੀ ਸ਼ਹਿ ਉੱਤੇ ਹੋਈ ? ਕੋਈ ਨਹੀਂ ਦਸ ਸਕਦਾ, ਪਰ ਇਨ੍ਹਾਂ ਭਰਾਵਾਂ ਦੇ ਤੇ ਸ਼ੇਰ ਸਿੰਘ ਵਿਚਕਾਰ ਪਿਛਲੇਰੇ ਸੰਬੰਧ ਇਸ ਸ਼ਕ ਦੀ ਤਰਦੀਦ ਕਰਦੇ ਜਾਪਦੇ ਹਨ। ਸਰਦਾਰ ਧਿਆਨ ਸਿੰਘ ਤੇ ਸਰਦਾਰ ਗੁਲਾਬ ਸਿੰਘ ਆਪੇ ਹੀ ਪਾ ਕੇ

Scanned by CamScanner

ਆਪੇ ਹੀ ਸੁਲਝਾਣ ਵਿਚ ਬੜਾ ਉਸਤਾਦ ਜਾਪਦੇ ਹਨ। ਆਪੇ ਹੀ ਜੀਵਾਣਾ ਤੇ ਆਪੇ ਹੀ ਮਾਰਨਾ ਇਕ ਉੱਚ ਰਾਜਨੀਤੀ ਹੈ ਜਿਹੜੀ ਕਿ ਆਮ ਖੇਡਕਾਰ ਨਹੀਂ ਖੇਡ ਸਕਦੇ। ਸ਼ੇਰ ਸਿੰਘ ਨੇ ਬਗਾਵਤ ਕੀਤੀ ਤੇ ਜਲਦੀ ਹੀ ਬੰਦ ਵੀ ਕਰ ਦਿੱਤੀ। ਉਹਦੀ ਜਾਗੀਰ ਵਿਚ ਵਾਧਾ ਕਰ ਦਿੱਤਾ ਗਿਆ ਤੇ ਬਸ! ਸ਼ਾਇਦ ਡੋਗਰਾ ਭਰਾਵਾਂ ਨੇ ਸਮਝਾਇਆ ਕਿ ਅਜੇ ਵਕਤ ਨਹੀਂ ਆਇਆ। ਖੜਗ ਸਿੰਘ ਨੇ ਰਾਜ ਸੰਭਾਲਿਆ ਤੇ ਉਹ ਰਾਜ ਕਰਨ ਲਗਾ। ਖੜਗ ਸਿੰਘ ਬੇਸ਼ਕ ਮਹਾਨ ਘੋੜ-ਚੜ੍ਹਾ ਤੇ ਬਹਾਦਰ ਨਾ ਹੋਵੇ, ਪਰ ਇਹ ਕਹਿਣਾ ਕਿ ਉਹ ਰਾਜ ਗੱਦੀ ਦੇ ਯੋਗ ਨਹੀਂ ਸੀ ਅਤਿ-ਕਥਿਨੀ ਹੋਵੇਗੀ। ਉਹਦੇ ਵਿਚ ਰਣਜੀਤ ਸਿੰਘ ਵਰਗੀ ਯੋਗਤਾ ਨਹੀਂ ਸੀ, ਪਰ ਉਹ ਯੋਗ ਸੀ ਜ਼ਰੂਰ। ਰਣਜੀਤ ਸਿੰਘ ਵਰਗੀ ਯੋਗਤਾ ਤਾਂ ਸਦੀਆਂ ਵਿਚ ਹੀ ਕਿਤੇ ਕਿਤੇ ਉਤਪੰਨ ਹੁੰਦੀ ਹੈ।

ਖੜਗ ਸਿੰਘ ਦੀ ਸਿਆਣਪ ਦਾ ਅੰਦਾਜ਼ਾ ਏਸੇ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਸ ਰਾਜ ਗੱਦੀ ਸੰਭਾਲਦਿਆਂ ਹੀ ਡੋਗਰਾ ਭਰਾਵਾਂ ਦੀ ਤਾਕਤ ਨੂੰ ਸਿੰਵਾਣਿਆਂ ਤੇ ਉਹਨੂੰ ਘਟ ਕਰਨ ਦੇ ਤਰੀਕੇ ਸੋਚਣੇ ਸ਼ੁਰੂ ਕੀਤੇ। ਉਹਨੇ ਧਿਆਨ ਸਿੰਘ ਤੇ ਹੀਰਾ ਸਿੰਘ ਨੂੰ ਜ਼ਨਾਨਖ਼ਾਨੇ ਵਿਚ ਆਉਣ ਦੀ ਮਨਾਹੀ ਕੀਤੀ ਤੇ ਆਪਣਾ ਸਲਾਹਕਾਰ ਇਕ ਸਰਦਾਰ ਚੇਤ ਸਿੰਘ ਥਾਪਿਆ। ਉਸ ਬਾਕੀ ਪ੍ਰਬੰਧ ਵਿਚ ਵੀ ਆਪਣੀਆਂ ਨਿੱਜੀ ਰਾਵਾਂ ਲਾਗੂ ਕੀਤੀਆਂ। ਇਨ੍ਹਾਂ ਦਿਨਾਂ ਵਿਚ ਅੰਗਰੇਜ਼ੀ ਫ਼ੌਜਾਂ ਸ਼ਾਹ ਸ਼ੁਜਾਹ ਨੂੰ ਤਖ਼ਤ ਉੱਤੇ ਬਿਠਾ ਕੇ ਕਾਬਲ ਤੋਂ ਮੁੜ ਰਹੀਆਂ ਸਨ। ਖੜਗ ਸਿੰਘ ਨੇ ਇਸ ਬਾਰੇ ਦਿੜ੍ਹ ਤੇ ਸਿਆਣੇ ਫ਼ੈਸਲੇ ਦਿਤੇ। ਪਰ ਖੜਗ ਸਿੰਘ ਦੀ ਇਹ ਨੀਤੀ ਧਿਆਨ ਸਿੰਘ ਨੂੰ ਜਚੀ ਨਾ। ਆਖ਼ਰ-ਕਾਰ ਰਣਜੀਤ ਸਿੰਘ ਵੀ ਤਾਂ ਇਹੋ ਕੁਝ ਕਰਿਆ ਕਰਦਾ ਸੀ, ਓਦੋਂ ਧਿਆਨ ਸਿੰਘ ਨੂੰ ਕਿਉਂ ਉਲੰਘਣਾ ਕਰਨ ਦੀ ਨਾ ਸੁੱਝੀ। ਇਸ ਤੋਂ ਸ਼ਾਇਦ ਸਹੀ ਹੁੰਦਾ ਹੈ ਕਿ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ ਲਾਹੌਰ ਦੇ ਰਾਜ ਬਾਰੇ ਧਿਆਨ ਸਿੰਘ ਦੇ ਨਿੱਜੀ ਵਿਚਾਰ ਕੁਝ ਹੋਰ ਸਨ। ਧਿਆਨ ਸਿੰਘ ਨੂੰ ਖੜਗ ਸਿੰਘ ਕੋਲੋਂ ਚਿੜ ਹੋ ਗਈ ਤੇ ਉਸ ਜਲਦੀ ਤੋਂ ਜਲਦੀ ਇਨ੍ਹਾਂ ਹਾਲਾਤਾਂ ਨੂੰ ਬਦਲਣ ਵਾਸਤੇ ਹੱਥ ਪੈਰ ਮਾਰਨੇ ਸ਼ੁਰੂ ਕੀਤੇ।

ਉਸਨੇ ਹੁਲਾਂਣਾ ਸ਼ੁਰੂ ਕਰ ਦਿਤਾ ਕਿ ਚੇਤ ਸਿੰਘ ਅੰਗਰੇਜ਼ਾਂ ਦਾ ਮਿੱਤਰ ਹੈ ਤੇ ਉਹਦੀ ਸਲਾਹ ਮੰਨ ਕੇ ਖੜਗ ਸਿੰਘ ਨੇ ਪੰਜਾਬ ਗੋਰਿਆਂ ਦੇ ਹਵਾਲੇ ਕਰਨਾ ਮੰਨ ਲਿਆ ਹੈ। ਰੁਪਏ ਪਿਛੇ ਛੇ ਆਨੇ ਉੱਤੇ ਸੌਦਾ ਹੋਇਆ ਹੈ ਤੇ ਜੇ ਇਸ ਜੰਗ ਨੂੰ ਰੋਕਿਆ ਨਾ ਗਿਆ ਤਾਂ ਜਲਦੀ ਹੀ ਗੋਰਾ ਫ਼ੌਜ ਲਾਹੌਰ ਪਹੁੰਚ ਜਾਏਗੀ। ਸਿਖ ਸਰਦਾਰਾਂ ਤੇ ਸਿਖ ਫ਼ੌਜਾਂ ਦੇ ਜਰਨੈਲਾਂ ਨੇ ਪੁਛਿਆ ਕਿ ਜੇ ਇਉਂ ਹੈ ਤਾਂ ਫਿਰ ਕੀ ਕੀਤਾ ਜਾਏ? ਆਪੇ ਹੀ ਪਾ ਕੇ ਆਪੇ ਹੀ ਸੁਲਝਾਣ ਵਾਲੇ ਉਸਤਾਦ ਨੇ ਕਿਹਾ ਕਿ ਕਿਵੇਂ ਨਾ ਕਿਵੇਂ ਖੜਗ ਸਿੰਘ ਨੂੰ ਹਟਾ ਕੇ ਕੰਵਰ ਨੌਨਿਹਾਲ ਸਿੰਘ ਨੂੰ ਰਾਜ ਤੇ ਕਾਜ ਸੰਭਾਲਣ ਵਾਸਤੇ ਕਿਹਾ ਜਾਏ ਤੇ ਚੇਤ ਸਿੰਘ ਨੂੰ ਆਪਣੀ ਭੈੜੀ ਤੇ ਮੰਦੀ ਸਲਾਹ ਦਾ ਬਦਲਾ ਮੌਤ ਨਾਲ ਦਿਤਾ ਜਾਏ। ਆਖ਼ਰਕਾਰ ਇਹੋ ਜਿਹੇ ਵਿਸ਼ਵਾਸ ਘਾਤੀ ਤੇ ਸਿਖੀ ਸਪਿਰਟ ਤੋਂ ਪਤਿਤ ਹੋ ਚੁਕੇ ਆਦਮੀ ਲਈ ਕੋਈ ਸਜ਼ਾ ਵੀ ਬੜੀ ਨਹੀਂ ਮਿਥੀ ਜਾਣੀ ਚਾਹੀਦੀ।

ਰਾਜਾ ਗੁਲਾਬ ਸਿੰਘ ਪਿਸ਼ਾਵਰ ਟੁਰ ਪਿਆ। ਕੰਵਰ ਨੌਨਿਹਾਲ ਸਿੰਘ ਨੂੰ ਲਾਹੌਰ ਦਰਬਾਰ ਵਿਚ ਹੋ ਰਹੀ ਸਾਜ਼ਸ਼ ਬਾਰੇ ਦਸਣ ਵਾਸਤੇ ਤੇ ਰਣਜੀਤ ਸਿੰਘ ਦੀ ਲਾਈ ਫੁਲਵਾੜੀ ਨੂੰ ਬਰਕਰਾਰ ਰਖਣ ਦੇ ਉਪਾਅ ਦਸਣ ਵਾਸਤੇ। ਕੁਝ ਦਿਨਾਂ ਵਿਚ ਹੀ ਕੰਵਰ ਨੌ-ਨਿਹਾਲ ਸਿੰਘ ਸਣੇ ਰਾਜਾ ਗੁਲਾਬ ਸਿੰਘ ਦੇ ਲਾਹੌਰ ਪਰਤ ਆਏ। ਐਡੀ ਤੇਜ਼ੀ ਨਾਲ ਕਿ ਜਿਵੇਂ ਅੰਗਰੇਜ਼ੀ ਫ਼ੌਜਾਂ ਨੇ ਹੁਣ ਤਕ ਸਤਲੁਜ ਵੀ ਪਾਰ ਕਰ ਲਿਆ ਹੋਵੇ। ਲਾਹੌਰ ਪਹੁੰਚਣ ਉੱਤੇ ਕੰਵਰ ਨੂੰ ਉਹ ਖ਼ਤ ਵਿਖਾਏ ਗਏ ਜਿਹੜੇ ਸਰਦਾਰ ਚੇਤ ਸਿੰਘ ਤੇ ਮਹਾਰਾਜਾ ਖੜਗ ਸਿੰਘ ਨੇ ਅੰਗਰੇਜ਼ਾਂ ਨੂੰ ਲਿਖੇ ਸਨ। ਇਨ੍ਹਾਂ ਖ਼ਤਾਂ ਰਾਹੀਂ ਸਰਦਾਰ ਚੇਤ ਸਿੰਘ ਤੇ ਮਹਾਰਾਜਾ ਖੜਗ ਸਿੰਘ ਨੇ ਪੰਜਾਬ ਨੂੰ ਅੰਗਰੇਜ਼ਾਂ ਅਧੀਨ ਹੋ ਕੇ ਰਹਿਣ ਦਾ ਸੁਝਾਅ ਪੇਸ਼ ਕੀਤਾ ਸੀ ਤੇ ਸਫ਼ਾਰਸ਼ ਕੀਤੀ ਸੀ ਕਿ ਖ਼ਾਲਸਈ ਫ਼ੌਜ ਦੇ ਅਫ਼ਸਰ ਸਿਖ ਸਰਦਾਰਾਂ ਦੀ ਥਾਂ ਅੰਗਰੇਜ਼ ਨਿਯਤ ਹੋਣ।

ਕੰਵਰ ਨੌਨਿਹਾਲ ਸਿੰਘ, ਉਹਦੀ ਮਾਤਾ ਚੰਦ ਕੌਰ ਤੇ ਸਿੰਧਾਵ ਲੀਏ ਸਰਦਾਰਾਂ ਨੂੰ ਇਹ ਖ਼ਤ ਵੇਖ ਕੇ ਯਕੀਨ ਆ ਗਿਆ ਕਿ ਧਿਆਨ ਸਿੰਘ ਵਲੋਂ ਪੇਸ਼ ਕੀਤੇ ਗਏ ਇਲਜ਼ਾਮ ਸੱਚੇ ਹਨ। ਜਲਦੀ ਹੀ ਖ਼ਬਰ ਸਾਰੇ ਲਾਹੌਰ ਵਿਚ ਹੁੱਲ ਗਈ ਤੇ ਲਾਹੌਰ ਦੀ ਜਨਤਾ ਨੂੰ, ਜਿਹੜੀ ਕਿ ਅਜੇ ਮਹਾਰਾਜਾ ਰਣਜੀਤ ਸਿੰਘ ਦੇ ਵਿਛੋੜੇ ਤੋਂ ਉਪਜੇ ਗ਼ਮ ਤੋਂ ਨੰਢ ਨਹੀਂ ਸੀ ਹੋਈ, ਇਕ ਹੋਰ ਧੱਕਾ ਲਗਾ। ਗਲੀ ਗਲੀ, ਚੌਂਕ ਚੌਂਕ, ਪਰ੍ਹੇ ਪਰ੍ਹੇ, ਹਵੇਲੀ ਹਵੇਲੀ ਜਿਥੇ ਪਹਿਲੇ ਲੋਕ ਜੁੜ ਬਹਿ ਕੇ ਰਣਜੀਤ ਸਿੰਘ ਦੇ ਰਾਜ ਦੀਆਂ ਬਰਕਤਾਂ ਬਾਰੇ ਗੱਲਾਂ ਕਰਦੇ ਸਨ, ਹੁਣ ਉਸੇ ਰਾਜ ਦੀ ਸਲਾਮਤੀ ਬਾਰੇ ਫ਼ਿਕਰਮੰਦ ਹੋਏ।

Scanned by CamScanner

ਮਾਹਿਲਾਂ ਦੀ ਹਵੇਲੀ ਵੀ ਬਹੁਤੇ ਲੋਕ ਜੁੜਨ ਲਗੇ। ਜਿਹੜੀਆਂ ਬੈਠਕਾਂ ਰਣਜੀਤ ਸਿੰਘ ਦੀ ਮੌਤ ਪਿਛੋਂ ਮੁਕ ਗਈਆਂ ਸਨ ਉਹ ਹੁਣ ਫਿਰ ਚਾਲੂ ਹੋ ਗਈਆਂ। ਲੋਕਾਂ ਉੱਤੇ ਗੱਲਾਂ ਕਰਨ ਵਾਸਤੇ ਔਨਾਂ ਕੁਝ ਠੱਸਿਆ ਗਿਆ, ਉਹ ਕੀ ਕਰਦੇ। ਇਕ ਆਖਦਾ : "ਸਰਕਾਰ ਦੇ ਪਿਛੋਂ ਐਡੀ ਜਲਦੀ ਰਾਜ ਵਿਕ ਜਾਏਗਾ, ਕਿਹਨੂੰ ਖ਼ਬਰ ਸੀ ?", ਦੂਜਾ ਆਖਦਾ : "ਮੇਰਾ ਤਾਂ ਚਿਤ ਪਹਿਲੇ ਹੀ ਆਖਦਾ ਸੀ ਕਿ ਓਧਰੋਂ ਸਰਕਾਰ ਨੇ ਅੱਖਾਂ ਮੀਟੀਆਂ ਨਹੀਂ ਤੇ ਉਧਰੋਂ ਸਾਡੇ ਉੱਤੇ ਸਾੜ੍ਹਸਤੀ ਟੁੱਟੀ ਨਹੀਂ। ਸ਼ੇਰੇ ਪੰਜਾਬ ਦੀਆਂ ਕੀ ਗੱਲਾਂ।" ਵਿਚੋਂ ਵਿਚੋਂ ਕੋਈ ਕੋਈ ਦਬੀ ਜ਼ਬਾਨ ਵਿਚ ਆਪਣੇ ਸ਼ਕ ਪ੍ਰਗਟ ਕਰਦਾ ਆਖਦਾ, "ਮੈਨੂੰ ਤਾਂ ਮਹਾਰਾਜਾ ਖੜਗ ਸਿੰਘ ਬਾਰੇ ਉੱਡੀ ਅਫਵਾਹ ਉੱਤੇ ਯਕੀਨ ਨਹੀਂ ਆਉਂਦਾ। ਹੋਵੇ ਨਾ ਹੋਵੇ ਇਹਦੇ ਪਿਛੇ ਕੋਈ ਰਾਜ਼ ਹੈ।" ਪਰ ਬਾਕੀ ਦੇ ਆਦਮੀ ਉਹਨੂੰ ਜਲਦੀ ਹੀ ਦਬਾ ਲੈਂਦੇ। "ਇਹਦੇ ਪਿਛੇ ਕੀ ਰਾਜ਼ ਹੋਣਾ ਹੈ। ਅੰਗਰੇਜ਼ਾਂ ਵਲ ਲਿਖੀਆਂ ਚਿੱਠੀਆਂ ਫੜੀਆਂ ਗਈਆਂ ਹਨ। ਇਸ ਤੋਂ ਵਡਾ ਸਬੂਤ ਹੋਰ ਕਿਹੜਾ ਮਿਲ ਸਕਦਾ ਹੈ ?" ਕੋਈ ਆਖਦਾ : 'ਇਹ ਸਾਰੀ ਕਾਰਸਤਾਨੀ ਚੇਤ ਸਿੰਘ ਦੀ ਹੈ। ਉਹਨੇ ਹੀ ਮਹਾਰਾਜਾ ਸਾਹਿਬ ਨੂੰ ਵਰਗਲਾਇਆ ਹੈ।" ਕੋਈ ਕਹਿੰਦਾ :

"ਭਲਾ ਹੋਵੇ ਰਾਜੇ ਧਿਆਨ ਸਿੰਘ ਦਾ ਜਿਸ ਇਹ ਚਿੱਠੀਆਂ ਫੜ ਲਈਆਂ। ਨਹੀਂ ਤਾਂ ਹੁਣ ਤਕ ਗੋਰਾ ਪਲਟਨਾਂ ਨੇ ਲਾਹੌਰ ਪਹੁੰਚ ਜਾਣਾ ਸੀ। ਸ਼ੇਰੇ ਪੰਜਾਬ ਐਵੇਂ ਤਾਂ ਧਿਆਨ ਸਿੰਘ ਉੱਤੇ ਐਡਾ ਇਤਬਾਰ ਨਹੀਂ ਸਨ ਕਰਦੇ।"

ਹਰਪਾਲ ਸਿੰਘ ਇਹ ਗੱਲਾਂ ਸੁਣਦਾ। ਆਪਣੀ ਹਵੇਲੀ ਦੇ ਦਲਾਨ ਵਿਚ ਤੇ ਬਾਹਰ ਅੰਦਰ ਵੀ। ਉਹ ਇਹ ਗੱਲਾਂ ਸੁਣਦਾ ਤੇ ਉਹਦਾ ਦਿਲ ਪਸੀਜ ਜਾਂਦਾ। ਉਹਦੇ ਕਲੇਜੇ ਵਿਚੋਂ ਇਕ ਚੀਸ ਉਠਦੀ ਤੇ ਉਹਦੇ ਦਿਮਾਗ਼ ਨੂੰ ਕੋਹ ਜਾਂਦੀ। ਇਨ੍ਹਾਂ ਅਫਵਾਹਾਂ ਤੇ ਇਲਜ਼ਾਮਾਂ ਬਾਰੇ ਉਹ ਸਾਰੀ ਸਚਿਆਈ ਨਹੀਂ ਸੀ ਜਾਣਦਾ, ਪਰ ਉਹਨੂੰ ਸ਼ਕ ਜ਼ਰੂਰ ਪੈ ਰਹੇ ਸਨ। ਕੁਝ ਦਿਨ ਪਹਿਲੇ ਰਾਜਾ ਧਿਆਨ ਸਿੰਘ ਨੇ ਉਹਨੂੰ ਕਿਲ੍ਹੇ ਵਿਚ ਬੁਲਾਇਆ ਤੇ ਇਕ ਕਮਰੇ ਵਿਚ ਵਖਰਿਆਂ ਲੈ ਜਾ ਕੇ ਭੇਤ ਭਰੇ ਲਹਿਜੇ ਵਿਚ ਕਿਹਾ : "ਸਰਦਾਰ ਹਰਪਾਲ ਸਿੰਘ ਤੁਸੀਂ ਖ਼ਾਲਸਾ ਰਾਜ ਦੇ ਥੰਮ੍ਹਾਂ ਵਿਚੋਂ ਇਕ ਹੋ। ਸ਼ੇਰੇ ਪੰਜਾਬ ਤੁਹਾਡੇ ਉੱਤੇ ਸਦਾ ਨਿਹਾਲ ਰਹੇ ਹਨ। ਤੁਹਾਡਾ ਫ਼ਰਜ਼ ਹੈ ਕਿ ਤੁਸੀਂ ਇਸ ਰਾਜ ਦੀ ਸੰਗਠਨਤਾ ਤੇ ਬਿਹਤਰੀ ਵਾਸਤੇ ਉਦਮ ਕਰੋ। ਸ਼ੇਰੇ ਪੰਜਾਬ ਮਹਾਰਾਜਾ ਖੜਗ ਸਿੰਘ ਦੀ ਬਾਂਹ ਮੇਰੇ ਹੱਥ ਦੇ ਗਏ ਸਨ। ਮੈਂ ਉਨ੍ਹਾਂ ਦੀਆਂ ਬਖ਼ਸ਼ਸ਼ਾਂ ਦਾ ਨਿਵਾਜਿਆ ਹੋਇਆ ਹਾਂ। ਮੇਰੇ ਦਿਲ ਵਿਚ ਸਿਵਾਏ ਖ਼ਾਲਸਾ ਰਾਜ ਦੀ ਬਿਹਤਰੀ ਦੇ ਹੋਰ ਕੋਈ ਭਾਵ ਨਹੀਂ।"

"ਕੀ ਆਗਿਆ ਹੈ ਮੇਰੇ ਲਈ ?" 'ਆਗਿਆ ਨਹੀਂ ਸਰਦਾਰ ਸਾਹਿਬ,' ਰਾਜਾ ਧਿਆਨ ਸਿੰਘ ਨੇ ਮੁਸਕਰਾ ਕੇ ਕਿਹਾ, "ਮੈਂ ਤੁਹਾਨੂੰ ਆਗਿਆ ਦੇਣ ਵਾਲਾ ਕੌਣ ਹਾਂ। ਮੈਂ ਤੁਹਾਨੂੰ ਸਿਰਫ਼ ਵਾਪਰ ਰਹੇ ਹਾਲਾਤਾਂ ਤੋਂ ਜਾਣੂੰ ਕਰਾਉਣਾ ਚਾਹੁੰਦਾ ਹਾਂ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਚੇਤ ਸਿੰਘ ਤੇ ਖੜਗ ਸਿੰਘ ਪੰਜਾਬ ਨੂੰ ਅੰਗਰੇਜ਼ਾਂ ਹੱਥ ਵੇਚਣ ਲਗੇ ਹਨ। ਤੇ ਤੁਹਾਨੂੰ ਮੇਰੇ ਉੱਤੇ ਇਤਬਾਰ ਨਾ ਆਵੇ ਤਾਂ ਮੈਂ ਤੁਹਾਡੇ ਸਾਹਮਣੇ ਸਬੂਤ ਵੀ ਪੇਸ਼ ਕਰ ਸਕਦਾ ਹਾਂ। ਸਰਦਾਰ ਹਰਪਾਲ ਸਿੰਘ ! ਇਹ ਖ਼ਾਲਸੇ ਦੀ ਇਜ਼ਤ ਦਾ ਸਵਾਲ ਹੈ ! ਇਹ ਸਿਖ ਰਾਜ ਦੀ ਇਜ਼ਤ ਦਾ ਸਵਾਲ ਹੈ !"

"ਤੁਸੀਂ ਮੇਰੇ ਕੋਲੋਂ ਕੀ ਚਾਹੁੰਦੇ ਹੋ ਰਾਜਾ ਸਾਹਿਬ !" "ਮੈਂ ਤੁਹਾਡੇ ਕੋਲੋਂ ਕੁਝ ਨਹੀਂ ਚਾਹੁੰਦਾ ਸਰਦਾਰ ਹਰਪਾਲ ਸਿੰਘ। ਮੈਂ ਸਿਰਫ਼ ਤੁਹਾਨੂੰ ਇਨ੍ਹਾਂ ਹਾਲਾਤਾਂ ਤੋਂ ਜਾਣੂੰ ਕਰਾਉਣਾ ਚਾਹੁੰਦਾ ਸਾਂ। ਤੁਸੀਂ ਜੋ ਫ਼ੈਸਲਾ ਕਰੋ। ਮੈਨੂੰ ਪਰਵਾਨ ਹੋਏਗਾ। ਜ ਕਿਸੇ ਦੀ ਤੁਹਾਡੇ ਕੋਲੋਂ ਕੋਈ ਮੰਗ ਹੈ ਤਾਂ ਉਹ ਖ਼ਾਲਸਾ ਰਾਜ ਦੀ ਹੈ। ਤੁਸੀਂ ਖ਼ਾਲਸਾ ਰਾਜ ਤੇ ਸ਼ੇਰੇ ਪੰਜਾਬ ਦੇ ਰਿਣੀ ਹੋ। ਤੁਸੀਂ ਇਸ ਰਾਜ ਦੀ ਸਲਾਮਤੀ ਦੇ ਜ਼ਿੰਮੇਵਾਰ ਹੋ।" ਹਰਪਾਲ ਨੇ ਨਜ਼ਰ ਭਰ ਕੇ ਰਾਜਾ ਧਿਆਨ ਸਿੰਘ ਵੱਲ ਵੇਖਿਆ ਤੇ ਕਿਹਾ : "ਜਦੋਂ ਤੁਸੀਂ ਖ਼ਾਲਸਾ ਰਾਜ ਦੀ ਸਲਾਮਤੀ ਦਾ ਬੀੜਾ ਆਪਣੇ ਸਿਰ ਚੁਕਿਆ ਹੈ ਤਾਂ ਕਿਦ੍ਹੇ ਵਿਚ ਇਹਨੂੰ ਤਬਾਹ ਕਰਨ ਦੀ ਹਿੰਮਤ ਹੈ। ਤੁਹਾਡੀ ਯੋਗਤਾ ਦੇ ਆਪ ਸ਼ੇਰੇ ਪੰਜਾਬ ਕਾਇਲ ਸਨ।" ਰਾਜਾ ਧਿਆਨ ਸਿੰਘ ਨੂੰ ਲਗਾ ਕਿ ਹਰਪਾਲ ਨੇ ਉਹਨੂੰ ਗੁੱਝੀ ਟੱਕ ਕੀਤੀ ਹੈ, ਪਰ ਇਸ ਟੱਕ ਨੂੰ ਅਣਜਾਣੀ ਕਰ ਕੇ ਉਹ ਮੁਸਕਰਾਇਆ। "ਪਰ ਸਰਦਾਰ ਹਰਪਾਲ ਸਿੰਘ ! ਮੈਨੂੰ ਤੁਹਾਡੇ ਜਿਹੇ ਸਰਦਾਰਾਂ ਦੀ ਸਹਾਇਤਾ ਦੀ ਲੋੜ ਹੈ। ਖ਼ਾਲਸਾ ਰਾਜ ਉਨ੍ਹਾਂ ਹੀ ਤੁਹਾਡਾ ਹੈ ਜਿੰਨਾਂ ਮੇਰਾ।" ਹਰਪਾਲ ਨੇ ਕੁਝ ਸੋਚ ਕੇ ਕਿਹਾ। "ਅਛਾ ਰਾਜਾ ਸਾਹਿਬ ! ਮੈਂ ਕੁਝ ਦਿਨਾਂ ਤਕ ਤੁਹਾਡੇ ਕੋਲ ਹਾਜ਼ਰ ਹੋਵਾਂਗਾ।'

"ਪਰ ਜਲਦੀ ਕਰਨਾ ਸਰਦਾਰ ਹਰਪਾਲ ਸਿੰਘ। ਮੁਆਮਲਾ ਨਾਜ਼ਕ ਹੈ ਤੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਕਿਲ੍ਹੇ ਦੇ, ਦਰਬਾਰ ਦੇ ਤੇ ਮੇਰੀ ਆਪਣੀ ਹਵੇਲੀ ਦੇ ਦਰਵਾਜ਼ੇ ਤੁਹਾਡੇ ਲਈ ਸਦਾ ਖੁਲ੍ਹੇ ਹਨ। ਤੁਸੀਂ ਜਦੋਂ ਮਰਜ਼ੀ ਹੈ ਆਓ ਜਾਓ। ਤੁਹਾਨੂੰ ਕੋਈ ਮਨਾਹੀ ਨਹੀਂ। ਮੈਂ ਇਹਦੇ ਬਾਰੇ ਸਭ ਨੂੰ ਹੁਕਮ ਦੇ ਦੇਵਾਂਗਾ।"

Scanned by CamScanner

ਹਰਪਾਲ ਟੁਰ ਆਇਆਂ ਤੇ ਉਹਦੇ ਕੰਨਾਂ ਵਿਚ ਗੂੰਜਦੇ ਰਹੇ ਰਾਜਾ ਧਿਆਨ ਸਿੰਘ ਦੇ ਆਖ਼ਰੀ ਸ਼ਬਦ, "ਮੈਂ ਇਹਦੇ ਬਾਰੇ ਸਭ ਨੂੰ ਹੁਕਮ ਦੇ ਦੇਵਾਂਗਾ," ਇਹ 'ਸਭ' ਕੌਣ ਸਨ ? ਰਾਜਾ ਧਿਆਨ ਸਿੰਘ ਦੇ ਹੁਕਮਾਂ ਤੋਂ ਬਗੈਰ ਉਹ ਦਰਬਾਰ ਵਿਚ ਜਾਂ ਕਿਲ੍ਹੇ ਵਿਚ ਆ ਜਾ ਨਹੀਂ ਸਕਦਾ ? ਕੀ ਰਾਜਾ ਧਿਆਨ ਸਿੰਘ ਦੇ ਹੁਕਮਾਂ ਤੋਂ ਬਗੈਰ ਉਹ ਦਰਬਾਰ ਵਿਚ ਜਾਂ ਕਿਲ੍ਹੇ ਵਿਚ ਆ ਜਾ ਨਹੀਂ ਸਕਦਾ ? ਕੀ ਰਾਜਾ ਧਿਆਨ ਸਿੰਘ ਨੇ ਸਿਰਫ਼ ਉਹਦੇ ਵਾਸਤੇ ਹੀ ਇਹ ਖੁਲ੍ਹ ਰੱਖੀ ਹੈ ? ਕੀ ਇਹਦਾ ਭਾਵ ਹੈ ਕਿ ਹੋਰ ਸਰਦਾਰ ਤੇ ਬਾਕੀ ਜਨਤਾ ਹੁਣ ਕਿਲ੍ਹੇ ਜਾਂ ਦਰਬਾਰ ਵਿਚ ਨਹੀਂ ਜਾ ਸਕੇਗੀ ? ਇਹੋ ਜਿਹੇ ਕੁਝ ਸਵਾਲ ਤੇ ਸ਼ੰਕੇ ਹਰਪਾਲ ਸਿੰਘ ਦੇ ਮਨ ਵਿਚ ਉਤਪੰਨ ਹੋ ਰਹੇ ਸਨ ਤੇ ਉਹ ਸੋਚ ਰਿਹਾ ਸੀ ਕਿ ਕੀ ਉਹ ਰਾਜਾ ਧਿਆਨ ਸਿੰਘ ਦੀ ਸਹਾਇਤਾ ਕਰੇ ਜਾਂ ਨਾ । ਉਹ ਸੋਚ ਰਿਹਾ ਸੀ ਕਿ ਕੀ ਉਹਦੇ ਵਾਸਤੇ ਦਰਬਾਰ ਤੇ ਰਾਜਨੀਤੀ ਦੇ ਮੁਆਮਲਿਆਂ ਵਿਚ ਦਿਲਚਸਪੀ ਲੈਣੀ ਯੋਗ ਹੈ ਜਾਂ ਨਹੀਂ । ਉਹ ਸੋਚ ਰਿਹਾ ਸੀ ਕਿ ਸਿਪਾਹੀ ਨੂੰ ਸਿਆਸਤ ਵਿਚ ਦਖ਼ਲ ਦੇਣਾ ਚਾਹੀਦਾ ਹੈ ਜਾਂ ਨਹੀਂ ।

ਹਰਪਾਲ ਸਿੰਘ ਸਿਪਾਹੀ ਸੀ । ਉਹਦਾ ਪਿਤਾ ਸਿਪਾਹੀ ਸੀ । ਉਹਦਾ ਦਾਦਾ, ਬਾਬਾ ਤੇ ਪੜਦਾਦਾ ਸਿਪਾਹੀ ਸਨ । ਉਨ੍ਹਾਂ ਦੇ ਘਰਾਣੇ ਦੇ ਖ਼ੂਨ ਨਾਲ ਖ਼ਾਲਸਾ ਰਾਜ ਦੀ ਚਿਣਾਈ ਹੋਈ, ਖ਼ਾਲਸਾ ਰਾਜ ਉਸਰਿਆ, ਖ਼ਾਲਸਾ ਰਾਜ ਸਿਖ਼ਰ ਉੱਤੇ ਪਹੁੰਚਿਆ ਤੇ ਖ਼ਾਲਸਾ ਰਾਜ ਨੇ ਉਨ੍ਹਾਂ ਦੀ ਸੇਵਾ ਦਾ ਮੁੱਲ ਪਾਇਆ । ਮਾਹਿਲ ਘਰਾਣਾ ਖ਼ਾਲਸਾ ਰਾਜ, ਸਿਖ ਧਰਮ ਤੇ ਕੁਲ ਪੰਜਾਬੀ ਜਨਤਾ ਦੇ ਪਿਆਰ ਤੇ ਸਤਿਕਾਰ ਦਾ ਪਾਤਰ ਬਣਿਆ । ਪਰ ਇਸ ਸਾਰੀ ਇਕ ਕਿ ਡੂਢ ਸਦੀ ਵਿਚ ਮਾਹਿਲ ਘਰਾਣੇ ਦੇ ਆਦਮੀਆਂ ਨੇ ਰਾਜਨੀਤੀ ਵਿਚ ਹਿੱਸਾ ਨਹੀਂ ਲਿਆ । ਬੇਸ਼ਕ ਉਨ੍ਹਾਂ ਦੀਆਂ ਸਲਾਹਾਂ ਪੁਛੀਆਂ ਗਈਆਂ, ਪਰ ਆਪਣੇ ਆਪ ਉਹ ਸਿਆਸੀ ਮੁਆਮਲਿਆਂ ਵਿਚ ਦਖ਼ਲ ਅੰਦਾਜ਼ੀ ਕਰਨ ਲਈ ਅਗੇ ਨਹੀਂ ਵਧੇ । ਸਰਦਾਰ ਦਲੇਰ ਸਿੰਘ ਤੇ ਹਰਪਾਲ ਸਿੰਘ ਦੇ ਰਣਜੀਤ ਸਿੰਘ ਨਾਲ ਸੰਬੰਧ ਇਸ ਗੱਲ ਦੇ ਪ੍ਰਮਾਣੀਕ ਸਨ ।

ਅਜ ਧਿਆਨ ਸਿੰਘ ਹਰਪਾਲ ਨੂੰ ਰਾਜਨੀਤੀ ਵਿਚ ਹਿੱਸਾ ਲੈਣ ਲਈ ਆਖ ਰਿਹਾ ਸੀ । ਕੁਦਰਤਨ ਹਰਪਾਲ ਨੂੰ ਸੋਚਣਾ ਪਿਆ । ਪਹਿਲੀ ਵਾਰ ਉਹਦੀ ਜ਼ਿੰਦਗੀ ਵਿਚ ਤੇ ਉਹਦੇ ਘਰਾਣੇ ਦੇ ਇਤਿਹਾਸ ਵਿਚ ਇਹ ਨਖੇੜ ਆਇਆ ਸੀ । ਹਰਪਾਲ ਸਾਹਮਣੇ ਦੋ ਰਾਹ ਨਿਖੜੇ ਤੇ ਅਜੇ ਉਹਨੇ ਕੋਈ ਫ਼ੈਸਲਾ ਨਹੀਂ ਸੀ ਕੀਤਾ ਕਿ ਅਠ ਅਕਤੂਬਰ ੧੮੩੯ ਵਾਲੀ ਰਾਤ ਨੂੰ ਸਰਦਾਰ ਚੇਤ ਸਿੰਘ ਕਤਲ ਕਰ ਦਿਤਾ ਗਿਆ ਤੇ ਮਹਾਰਾਜਾ ਖੜਗ ਸਿੰਘ ਲੁਹਾਰੀ ਦਰਵਾਜ਼ੇ ਅੰਦਰ ਵਾਲੀ ਸ਼ਾਹੀ ਹਵੇਲੀ ਵਿਚ ਭੇਜ ਦਿਤਾ ਗਿਆ ਜਾਂ ਉਹ ਆਪ ਚਲਾ ਗਿਆ । ਪੰਜਾਬ ਦੇ ਦਰਬਾਰ ਵਿਚ ਇਕ ਨਵੇਂ ਨਾਟਕ ਦਾ ਆਦਿ ਹੋਇਆ । ਚੇਤ ਸਿੰਘ ਦਾ ਕਤਲ ਇਸ ਨਾਟਕ ਦੀ ਪਹਿਲੀ ਝਾਕੀ ਸੀ ।

੯੮

ਇਕ ਸਮਾਂ ਸੀ ਜਦੋਂ ਸੈਨਾ ਤੇ ਸਿਆਸਤ ਇਕੋ ਆਦਮੀ ਦੇ ਹੱਥਾਂ ਵਿਚ ਹੋਇਆ ਕਰਦੀ ਸੀ । ਸਿਪਾਹੀ ਰਾਜਨੀਤਕ ਆਗੂ ਵੀ ਹੋਇਆ ਕਰਦਾ ਸੀ ਤੇ ਰਾਜਨੀਤਕ ਆਗੂ ਸਿਪਾਹੀ ਵੀ । ਬਾਦਸ਼ਾਹ ਜਾਂ ਰਾਜੇ ਮਹਾਰਾਜੇ ਦੀ ਜ਼ਾਤ ਵਿਚ ਸਿਪਾਹਗੀਰੀ ਤੇ ਰਾਜਨੀਤੀ ਸ਼ਮਿਲਤ ਹੁੰਦੀਆਂ ਸਨ । ਆਪੇ ਹੀ ਬਾਦਸ਼ਾਹ ਜੰਗ ਦੇ ਫ਼ੈਸਲੇ ਕਰਦੇ ਸਨ ਤੇ ਫਿਰ ਆਪ ਹੀ ਰਣ ਵਿਚ ਸੈਨਾ ਦੀ ਕਮਾਨ ਕਰਦੇ ਸਨ । ਚੌਧਵੀਂ ਪੰਦਰ੍ਹਵੀਂ ਸਦੀ ਤਕ ਲਗ ਭਗ ਸਾਰੀ ਦੁਨੀਆਂ ਵਿਚ ਏਸੇ ਤਰ੍ਹਾਂ ਹੁੰਦਾ ਰਿਹਾ । ਫਿਰ ਇਸ ਪਰਬੰਧ ਵਿਚ ਤਬਦੀਲੀ ਆਉਣੀ ਸ਼ੁਰੂ ਹੋਈ । ਰਾਜ ਦੇ ਕੰਮ ਕਾਜ ਢੇਰ ਪੇਚੀਦਾ ਹੋ ਗਏ । ਇਨ੍ਹਾਂ ਨੂੰ ਚਲਾਉਣ ਵਾਸਤੇ ਤਜਰਬੇਕਾਰ ਮਨੁੱਖਾਂ ਦੀ ਲੋੜ ਭਾਸਣ ਲਗੀ, ਕਈ ਯੂਰਪੀਨ ਤਾਕਤਾਂ ਆਪਣੀਆਂ ਮੁਲਕੀ ਹੱਦਾਂ ਵਿਚੋਂ

Scanned by CamScanner

ਨਿਕਲ ਕੇ ਏਸ਼ੀਆ ਤੇ ਅਫ਼ਰੀਕਾ ਵਿਚ ਨੌਆਬਾਦੀਆਂ ਕਾਇਮ ਕਰਨ ਲਗੀਆਂ। ਬਾਦਸ਼ਾਹਾਂ ਵਾਸਤੇ ਆਪ ਦੇਸ਼ ਪਰਦੇਸ ਆਪਣੀਆਂ ਫ਼ੌਜਾਂ ਦੀ ਕਮਾਨ ਕਰਨੀ ਕਠਨ ਹੋ ਗਈ। ਲੋਕ ਰਾਏ ਦਾ ਝੁਕਾਰ ਵਧਣ ਲਗਾ। ਲੋਕ ਰਾਏ ਸਿਪਾਹੀਆਂ ਦੇ ਹੱਥ ਵਿਚ ਸਿਆਸਤ ਦੇਣ ਤੋਂ ਜ਼ਰਾ ਡਰੇ। ਲੜਾਈ ਦਾ ਫ਼ੈਸਲਾ ਸਿਪਾਹੀ ਦੇ ਹੱਥ ਵਿਚ ਰਖਣਾ ਖ਼ਤਰਨਾਕ ਜਾਪਿਆ।

ਪਰ ਇਸ ਤਬਦੀਲੀ ਦਾ ਇਕ ਹੋਰ ਵਡਾ ਕਾਰਨ ਯੁਧ-ਕਲਾ ਦਾ ਗੁੰਝਲਦਾਰ ਹੋ ਜਾਣਾ ਸੀ। ਯੁਧ ਹੁਣ ਪੰਹਲੋ ਵਾਂਗ ਤਲਵਾਰਾਂ ਤੇ ਨੇਜ਼ਿਆਂ ਦੀ ਖੇਡ ਨਾ ਰਹੀ। ਯੁਧ ਇਕ ਤਮਾਸ਼ੇ ਦੀ ਥਾਂ ਦੋ ਧਿਰਾਂ ਵਿਚ ਇਕ ਗੌਰਵ ਤੇ ਗੰਭੀਰ ਮੁਕਾਬਲਾ ਬਣ ਗਿਆ। ਰਾਈਫਲਾਂ ਨਿਕਲੀਆਂ, ਬੰਦੂਕਾਂ ਬਣੀਆਂ, ਤੋਪਾਂ ਈਜ਼ਾਦ ਹੋਈਆਂ ਤੇ ਹਰ ਪਹਿਲੂ ਤੋਂ ਇਹ ਕਲਾ ਵਿਸ਼ਾਲ ਹੋਣ ਲਗੀ। ਇਤ ਚੰਗੇ ਸਿਪਾਹੀ ਵਾਸਤੇ ਇਕੋ ਸਮੇਂ ਚੰਗਾ ਸਿਪਾਹੀ ਰਹਿਣਾ ਤੇ ਰਾਜਨੀਤਕ ਵਾਗ ਡੋਰ ਸੰਭਾਲਣੀ ਕਠਨ ਹੋ ਗਈ। ਸੋ ਸਿਪਾਹੀ ਸਿਆਸਤ ਨਾਲੋਂ ਵਖਰਾ ਹੋ ਗਿਆ। ਇਹ ਨਖੇੜ ਮਨੁੱਖੀ ਸੱਭਿਅਤਾ ਦੀ ਉੱਨਤੀ ਦਾ ਸੂਚਕ ਹੈ। ਇਸ ਨਖੇੜ ਦੇ ਅ ਉਣ ਨਾਲ ਜਨਤਾ ਤੇ ਲੋਕ ਰਾਏ ਦੀ ਆਵਾਜ਼ ਵਿਚ ਜ਼ੋਰ ਆ ਗਿਆ ਹੈ। ਹੁਣ ਹਰ ਆਗੂ ਆਪਣੀ ਮਨ ਮਾਨੀ ਨਹੀਂ ਕਰ ਸਕਦਾ।

ਹਰਪਾਲ ਸਿੰਘ ਨੂੰ ਇਸ ਨਖੇੜ ਦੀ ਸਿਵਾਣ ਸੀ। ਬੇਸ਼ਕ ਉਹਦੇ ਪਿਤਾ ਪਿਤਾਮਾ ਏਸ ਨਖੇੜ ਤੋਂ ਚੇਤੰਨ ਤੇਰ ਉੱਤੇ ਸੂਚਿਤ ਨਹੀਂ ਸਨ, ਪਰ ਅਚੇਤ ਉਹ ਇਸ ਨਖੇੜ ਦੀ ਪੂੜ੍ਹਤ ਕਰਦੇ ਆਏ ਸਨ। ਬੇਸ਼ਕ ਇਹੋ ਹੀ ਕਾਰਨ ਸੀ ਕਿ ਮਾਹਿਲਾਂ ਨੇ ਆਪਣੀ ਮਿਸਲ ਕਾਇਮ ਨਹੀਂ ਕੀਤੀ। ਜੇ ਬਾਬਾ ਜਾਂਬਾਜ ਸਿੰਘ ਚਾਹੁੰਦਾ ਤਾਂ ਅਵੱਸ਼ ਲਾਹੌਰ ਤੇ ਅੰਮ੍ਰਿਤਸਰ ਵਿਚਕਾਰ ਫਾਫੀ ਇਲਾਕਾ ਆਪਣੇ ਕਬਜ਼ੇ ਹੇਠ ਕਰ ਕੇ ਮਾਹਿਲ ਮਿਸਲ ਦੀ ਬੁਨਿਆਦ ਰਖਦਾ। ਜ਼ਿਲਾ ਗੁਰਦਾਸਪੁਰ ਵਿਚ ਵੀ ਉਹਦੀ ਸ਼ਾਖ਼ ਸਿਖ਼ਰ ਉੱਤੇ ਸੀ। ਪਰ ਜਾਂਬਾਜ ਸਿੰਘ ਨੇ ਇਉਂ ਨਹੀਂ ਸੀ ਕੀਤਾ। ਉਹ ਮਾਹਿਲ ਦੁਆਲ ਆਪਣੀ ਥੋੜੀ ਜਿਹੀ ਭੁੰਏਂ ਨਾਲ ਹੀ ਸੰਤੁਸ਼ਟ ਰਿਹਾ।

ਦਲੇਰ ਸਿੰਘ ਮਾਹਿਲ ਨੇ ਵੀ ਰਾਜਨੀਤਕ ਲੀਹ ਉੱਤੇ ਕੋਈ ਉਚੇਚਾ ਉਦਮ ਨਹੀਂ ਕੀਤਾ। ਜੋ ਕੁਝ ਮਹਾ ਰਾਜਾ ਰਣਜੀਤ ਸਿੰਘ ਨੇ ਦਿਤਾ ਉਹਨੇ ਸਵੀਕਾਰ ਕੀਤਾ। ਉਸ ਤਾਂ ਸਗੋਂ ਜਾਗੀਰ ਵੀ ਬੜੀ ਮੁਸ਼ਕਲ ਨਾਲ ਲੈਣੀ ਮੰਨੀ। ਮਾਹਿਲਾਂ ਦਾ ਘਰਾਣਾ ਸੇਵਾਦਾਰ ਸਿਪਾਹੀਆਂ ਦਾ ਘਰਾਣਾ ਸੀ। ਨਿੰਮਰਤਾ ਇਸ ਘਰਾਣੇ ਦਾ ਬੁਨਿਆਦੀ ਗੁਣ ਸੀ। ਧਰਮ ਤੇ ਪੰਥ ਦੀ ਨਿੰਮਰਤਾ ਪੂਰਵਕ ਸੇਵਾ ਇਨ੍ਹਾਂ ਵਾਸਤੇ ਸਭ ਤੋਂ ਉਚੀ ਪਦਵੀ ਸੀ। ਹਰਪਾਲ ਸਿੰਘ ਅਗੇ ਏਸੇ ਲਈ ਜਦੋਂ ਸਿਪਾਹੀਗੀਰੀ ਤੇ ਸਿਆਸਤ ਦਾ ਸਵਾਲ ਆਇਆ ਤਾਂ ਉਹਨੇ ਇਸ ਬਾਰੇ ਸੋਚਣਾ ਚਾਹਿਆ। ਉਹਨੇ ਆਪਣੇ ਘਰਾਣੇ ਦੇ ਇਤਿਹਾਸ ਵਲ ਨਿਗਾਹ ਮਾਰੀ। ਉਸ ਆਪਣੀ ਜ਼ਿੰਦਗੀ ਵਲ ਵੇਖਿਆ। ਉਸ ਸਮੁੱਚੇ ਇਤਿਹਾਸ ਨੂੰ ਵਾਚਿਆ। ਉਸ ਆਪ ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਨੂੰ ਜਾਂਚਿਆ। ਰਣਜੀਤ ਸਿੰਘ ਨੇ ਵੀ ਅਚੇਤ ਸਿਆਸਤ ਤੇ ਸਿਪਾਹੀਗੀਰੀ ਨੂੰ ਆਪੋ ਵਿਚੋਂ ਵਖਰਿਆਂ ਕਰਨ ਦੀ ਕੋਸ਼ਿਸ਼ ਕੀਤੀ ਸੀ। ਆਪਣੇ ਰਾਜ ਦੇ ਪਿਛਲੇ ਸਤਾਰਾਂ ਅਠਾਰਾਂ ਸਾਲਾਂ ਵਿਚ, ਸਗੋਂ ਇਸ ਤੋਂ ਵੀ ਵਧੀਕ, ਉਹ ਆਪ ਮੁਹਿੰਮਾਂ ਉੱਤੇ ਘਟ ਚੜ੍ਹਿਆ। ਬੇਸ਼ਕ ਲੜਾਈ ਤੇ ਸੁਲ੍ਹਾ ਦਾ ਫੈਸਲਾ ਕਰਦਾ, ਪਰ ਲੜਾਈ ਲੜਦੇ ਉਹਦੇ ਜਨਨੈਂਥ। ਹਰੀ ਸਿੰਘ ਨਲੂਆ ਸਿਪਾਹਸਾਲਾਰ ਸੀ। ਉਹਦੀ ਰਾਏ ਫ਼ੈਸਲਾਕੁਨ ਰਾਏ ਹੋਇਆ ਕਰਦੀ। ਰਣਜੀਤ ਸਿੰਘ ਦੀ ਜਮਾਂਦਰੂ ਸੂਝ, ਪ੍ਰਤਿਭਾ ਤੇ ਪਾਰਦਰਸ਼ਤਾ ਦਾ ਹਰਪਾਲ ਨੂੰ ਇਹ ਵੀ ਇਕ ਨਮੂਨਾ ਜਾਪਿਆ।

ਸੋ ਉਸ ਇਸ ਨਿਖੇੜ ਬਾਰੇ ਡੂੰਘੀ ਵਿਚਾਰ ਕੀਤੀ। ਸ਼ਾਇਦ ਇਹੋ ਜਿਹਾ ਸਮਾਂ ਕਦੀ ਨਾ ਕਦੀ ਹਰ ਮਹਾਨ ਸਿਪਾਹੀ ਦੀ ਜ਼ਿੰਦਗੀ ਵਿਚ ਆਉਂਦਾ ਹੈ ਤੇ ਆਉ ਦਾ ਰਹੇਗਾ। ਇਹ ਸਮਾਂ ਹੁੰਦਾ ਹੈ ਜਦੋਂ ਸਿਪਾਹੀ ਦੇ ਹੱਥਾਂ ਵਿਚ ਬੇਥਹਾ ਤਾਕਤ ਆ ਜਾਂਦੀ ਹੈ। ਜਦੋਂ ਸਿਪਾਹੀ ਦੇਸ਼ ਵਿਚ ਸਭ ਤੋਂ ਵਧ ਹਰ ਮਨ ਪਿਆਰਾ ਆਦਮੀ ਹੁੰਦਾ ਹੈ। ਜਦੋਂ ਸਿਪਾਹੀ ਜੋ ਚਾਹੇ ਕਰ ਸਕਦਾ ਹੈ। ਸਿਪਾਹੀ ਹਰ ਜੀਅ ਦਾ ਕਲਪਿਤ ਨਾਇਕ ਹੁੰਦਾ ਹੈ, ਸਿਪਾਹੀ ਅਗੇ ਸਿਵਾਏ ਆਪਣੀ ਜ਼ਮੀਰ ਦੇ ਹੋਰ ਕੰਧੀ ਰੋਕ ਨਹੀਂ ਹੁੰਦੀ। ਇਹੋ ਜਿਹੇ ਸਮਿਆਂ ਉੱਤੇ ਜੇ ਸਿਪਾਹੀ ਚਾਹੇ ਤਾਂ ਰਾਜਨੀਤਕ ਆਗੂ ਨੂੰ ਗੱਦੀਉਂ ਲਾਹ ਕੇ ਆਪ ਗੱਦੀ ਮੱਲ ਸਕਦਾ ਹੈ। ਉਹਦੇ ਇਕ ਇਸ਼ਾਰੇ ਨਾਲ ਇਨਕਲਾਬ ਆ ਸਕਦਾ ਹੈ।

ਇਹੋ ਜਿਹੇ ਸਮਿਆਂ ਉੱਤੇ ਅਨੇਕ ਸਿਪਾਹੀ ਭਰਮਾ ਜਾਂਦੇ ਹਨ ਤੇ ਉਹ ਇਤਿਹਾਸ ਦਾ ਵਹਾ ਬਦਲ ਦੇਂਦੇ ਹਨ, ਪਰ ਕਈ ਸਿਪਾਹੀ ਅਜਿਹੇ ਵੀ ਹੁੰਦੇ ਹਨ ਜਿਹੜੇ ਆਪਣਾ ਸਾਵਾਂ ਤੋਲ ਕਾਇਮ ਰਖਦੇ ਹੋਏ ਤੇ ਆਪਣੇ ਫ਼ਰਜ਼ ਪਹਿਚਾਣਦੇ ਹੋਏ ਰਾਜਨੀਤੀ ਵਿਚ ਦਖ਼ਲ ਨਹੀਂ ਦੇਂਦੇ। ਇਤਿਹਾਸ ਤੇ ਜਨਤਾ ਨੂੰ ਇਨ੍ਹਾਂ ਸਿਪਾਹੀਆਂ ਦਾ ਸਦਾ ਰਿਣੀ ਹੋਣਾ ਚਾਹੀਦਾ

Scanned by CamScanner

ਹੈ। ਬੇਸ਼ਕ ਉਸ ਵੇਲੇ ਉਨ੍ਹਾਂ ਦੀ ਕੀਤੀ ਦਾ ਮੁੱਲ ਨਾ ਪਵੇ, ਪਰ ਪਿਛੋਂ ਉਨ੍ਹਾਂ ਦੀ ਦੇਣ ਸਤਿਕਾਰੀ ਜਾਂਦੀ ਹੈ। ਬੇਸ਼ਕ, ਵੇਲੇ ਕਈ ਆਦਮੀ ਸਮਝਣ ਕਿ ਸਿਪਾਹੀ ਨੇ ਜਨਤਾ ਤੇ ਦੇਸ਼ ਨਾਲ ਨਿਆਂ ਨਹੀਂ ਕੀਤਾ ਤੇ ਇਹ ਕਿ ਉਹਨੂੰ ਸਿਆਸਤ ਵਾਗ ਸੰਭਾਲ ਲੈਣੀ ਚਾਹੀਦੀ ਸੀ, ਪਰ ਸਮਾਂ ਪਾ ਕੇ ਸਹੀ ਹੋ ਜਾਂਦਾ ਹੈ ਕਿ ਇਹੋ ਜਿਹੇ ਸਿਪਾਹੀ ਦੀ ਘਾਲ ਥਾਂ ਪਈ ਸਭਿਅਤਾ ਪਿਛੇ ਨਹੀਂ ਜਾ ਪਈ।

ਇਸ ਨਖੇੜ ਬਾਰੇ ਫ਼ੈਸਲਾ ਕਰਨ ਵਿਚ ਲਹਿਣਾ ਸਿੰਘ ਸਿੰਧਾਵਾਲੀਏ ਨੇ ਵੀ ਹਰਪਾਲ ਸਿੰਘ ਦੀ ਸਹਾ ਕੀਤੀ। ਚੇਤ ਸਿੰਘ ਦੇ ਕਤਲ ਤੋਂ ਇਕ ਦਿਨ ਪਹਿਲੋਂ ਉਹ ਹਰਪਾਲ ਸਿੰਘ ਕੋਲ ਆਇਆ ਤੇ ਉਹਨੇ ਆਖਿਆ : "ਰ ਧਿਆਨ ਸਿੰਘ ਤੁਹਾਡੇ ਨਾਲ ਮਹਾਰਾਜਾ ਖੜਗ ਸਿੰਘ ਤੇ ਚੇਤ ਸਿੰਘ ਬਾਰੇ ਗੱਲ ਕਰ ਚੁਕੇ ਹਨ। ਤੁਹਾਡਾ ਕੀ ਵਿਚਾਰ ਮੈਂ ਰਾਜਾ ਧਿਆਨ ਸਿੰਘ ਦਾ ਭੇਜਿਆ ਨਹੀਂ ਆਇਆ, ਪਰ ਉਨ੍ਹਾ ਦੇ ਇਹ ਦਸਣ ਉੱਤੇ ਕਿ ਤੁਸੀਂ ਵੀ ਇਸ ਰਾਜ ਜਾਣਦੇ ਹੋ ਮੈਂ ਆਪਣੇ ਆਪ ਤੁਹਾਡੇ ਕੋਲ ਆਇਆ ਹਾਂ।"

ਹਰਪਾਲ ਸਿੰਘ ਨੇ ਲਹਿਣਾ ਸਿੰਘ ਵਲ ਵੇਖਿਆ। ਉਹ ਜਾਣਨਾ ਚਾਹੁੰਦਾ ਸੀ ਕਿ ਕੀ ਲਹਿਣਾ ਸਿੰਘ ਸਚੀਂ ਸੱਚ ਬੋਲ ਰਿਹਾ ਹੈ? ਹਰਪਾਲ ਸਿੰਘ ਨੇ ਉਹਦੇ ਵਲ ਇਕ ਟੱਕ ਤੱਕਿਆ ਤਾਂ ਲਹਿਣਾ ਸਿੰਘ ਦੀ ਨਜ਼ਰ ਥਿੜਕ ਗਈ। ਝੱਕ ਗਿਆ। ਹੁਣ ਹਰਪਾਲ ਸਿੰਘ ਨੂੰ ਯਕੀਨ ਹੋ ਗਿਆ ਕਿ ਉਹ ਰਾਜੇ ਧਿਆਨ ਸਿੰਘ ਦਾ ਹੀ ਘਲਿਆ ਹੋਇਆ ਆਇਆ ਹਰਪਾਲ ਸਿੰਘ ਨੇ ਉੱਤਰ ਵਿਚ ਆਖਿਆ : "ਮੈਂ ਅਜੇ ਕੋਈ ਫ਼ੈਸਲਾ ਨਹੀਂ ਕੀਤਾ, ਸਰਦਾਰ ਸਾਹਿਬ!" ਲਹਿਣਾ ਸਿੰ ਉਪਰੋਂ ਉਪਰੋਂ ਵਿਸ਼ਵਾਸ ਪੂਰਵਕ ਕਿਹਾ : "ਜੇ ਤੁਸੀਂ ਆਪ ਇਸ ਕਾਰਜ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਤਾਂ ਕੋਈ ਨਹੀਂ। ਸਾਨੂੰ ਸਿਰਫ਼ ਇਹ ਯਕੀਨ ਹੋਵੇ ਕਿ ਤੁਸੀਂ ਏਸ ਕਾਰਜ ਦੇ ਵਿਰੁਧ ਨਹੀਂ।" "ਤੁਸੀਂ ਕਿਸ ਕਾਰਜ ਦਾ ਜ਼ਿ ਕਰ ਰਹੇ ਹੋ?"

"ਇਹੋ ਕਿ ਕਿਸੇ ਨਾ ਕਿਸੇ ਤਰੀਕੇ ਅੰਗਰੇਜ਼ਾਂ ਨੂੰ ਪੰਜਾਬ ਉੱਤੇ ਕਬਜ਼ਾ ਕਰਨ ਤੋਂ ਰੋਕਿਆ ਜਾਏ..." ਕਹਿੰਦਿਆਂ ਕਹਿੰਦਿਆਂ ਲਹਿਣਾ ਸਿੰਘ ਇਕ ਵਾਰ ਫਿਰ ਥਿੜਕਿਆ। ਹਰਪਾਲ ਨੂੰ ਫਿਰ ਯਕੀਨ ਹੋ ਗਿਆ ਕਿ ਉ ਉਹਦੇ ਭਰਾਵਾਂ ਤੇ ਡੋਗਰਾ ਭਰਾਵਾਂ ਨੇ ਆਪੋ ਵਿਚ ਕੋਈ ਸਾਜ਼ਸ਼ ਸੋਚ ਰਖੀ ਹੈ। ਉਹਨੇ ਜ਼ਰਾ ਕਠਨ ਸੁਰ ਵਿਚ ਕਿ "ਸਰਦਾਰ ਸਾਹਿਬ! ਤੁਹਾਨੂੰ ਯਾਦ ਹੋਵੇਗਾ ਕਿ ਢਾਈ ਵਰ੍ਹੇ ਪਹਿਲੇ ਸਰਦਾਰ ਹਰੀ ਸਿੰਘ ਨਲੂਆ ਨੇ ਸਾਨੂੰ ਯਕ ਮੁਠ ਵਾਸਤੇ ਕਿਹਾ ਸੀ ਤੇ ਦਸਿਆ ਸੀ ਕਿ ਦੇਸ਼ ਤੇ ਕੌਮ ਸਭ ਸ਼ੈਆਂ ਤੋਂ ਪਹਿਲੇ ਆਉਂਦੇ ਹਨ। ਅਜ ਤੁਸੀਂ..."

"ਮੈਨੂੰ ਉਹ ਸਮਾਂ ਚੰਗੀ ਤਰ੍ਹਾਂ ਯਾਦ ਹੈ ਸਰਦਾਰ ਹਰਪਾਲ ਸਿੰਘ। ਉਸ ਸਮੇਂ ਦੀ ਯਾਦ ਸਦਕਾ ਹੀ ਮੈਂ ਤੁਹਾਡੇ ਕੋਲ ਆਇਆ ਹਾਂ। ਮੇਰੇ ਤੇ ਮੇਰੇ ਭਰਾਵਾਂ ਵਿਚ ਸਿਵਾਏ ਦੇਸ਼ ਤੇ ਪੰਥ ਦੀ ਸ਼ਾਨ ਉੱਚੀ ਰਖਣ ਦੇ ਹੋਰ ਕੋਈ ਨਹੀਂ। ਅਸੀਂ ਖ਼ੁਦਗ਼ਰਜ਼ ਨਹੀਂ।" "ਮੈਂ ਤੁਹਾਨੂੰ ਖ਼ੁਦ ਗ਼ਰਜ਼ ਨਹੀਂ ਕਿਹਾ..." "ਮੈਂ ਜਾਣਦਾ ਹਾਂ, ਪਰ ਸ਼ਾਇਦ ਦਿਲ ਵਿਚ ਇਹ ਸ਼ੱਕ ਗੁਜ਼ਰਿਆ ਹੋਵੇ। ਜੋ ਕੁਝ ਅਸੀਂ ਕਰਨਾ ਚਾਹੁੰਦੇ ਹਾਂ ਉਹ ਸਿਰਫ਼ ਦੇਸ਼ ਤੇ ਪੰਥ ਦੀ ਭਲਾਈ ਹੈ। ਤੁਸੀਂ ਆਪ ਹੀ ਸਮਝਦੇ ਹੋ ਕਿ ਅੰਗਰੇਜ਼ਾਂ ਦੀ ਦਖ਼ਲ ਅੰਦਾਜ਼ੀ ਪੰਜਾਬ ਨੂੰ ਤੇ ਖ਼ਾਲਸਾ ਰਾਜ ਨੂੰ ਮਲੀਆਮੇਟ ਦੇਵੇਗੀ। ਤੁਸੀਂ ਮੇਰੇ ਤੋਂ ਵਧ ਜਾਣਦੇ ਹੋ ਕਿ ਵਰ੍ਹਿਆਂ ਤੋਂ ਅੰਗਰੇਜ਼ਾਂ ਦੀਆਂ ਅੱਖਾਂ ਸਾਡੇ ਦੇਸ਼ ਉੱਤੇ ਸਨ, ਹੁਣ ਸਰਕ ਅੱਖਾਂ ਮੀਟਦਿਆਂ ਹੀ ਪੰਜਾਬ ਵਿਕਣ ਲਗਾ ਹੈ। ਆਪ ਸਰਦਾਰ ਹਰੀ ਸਿੰਘ ਨੇ ਵੀ ਅੰਗਰਜ਼ਾਂ ਬਾਰੇ ਤੁਹਾਡੇ ਤੇ ਮੇਰੇ ਇਹੋ ਜਿਹੇ ਭਾਵ ਹੀ ਪ੍ਰਗਟ ਕੀਤੇ ਸਨ। ਤੁਹਾਨੂੰ ਯਾਦ ਹੋਵੇਗਾ।" "ਤੇ ਉਨ੍ਹਾਂ ਕੁਝ ਹੋਰ ਭਾਵ ਵੀ ਪ੍ਰਗਟ ਕੀਤੇ ਸਨ। ਯਾਦ ਹੋਵੇਗਾ।"

ਲਹਿਣਾ ਸਿੰਘ ਚੁਪ ਕਰ ਗਿਆ। ਕੁਝ ਪਲਾਂ ਲਈ ਉਹ ਹਰਪਾਲ ਵਲ ਵੇਖਦਾ ਰਿਹਾ। ਤੇ ਫਿਰ ਉਸ ਤੋਂ ਵੀ ਵਧ ਭੇਦ ਭਰੇ ਲਹਿਜੇ ਵਿਚ ਕਿਹਾ :

"ਮੈਨੂੰ ਯਾਦ ਹੈ ਹਰਪਾਲ ਜੀ," ਤੇ ਜਿਵੇਂ ਹਰਪਾਲ ਨੂੰ ਬੜਾ ਨਜ਼ਦੀਕੀ ਜਾਣਦਿਆਂ ਹੋਇਆਂ ਉਹਦੇ ਮੋਢੇ ਹੱਥ ਰੱਖ ਕੇ ਕਹਿੰਦਾ ਗਿਆ, "ਇਹ ਮੁਆਮਲਾ ਖ਼ਤਮ ਹੁੰਦਿਆ ਹੀ ਅਸੀਂ ਹਰੀ ਸਿੰਘ ਨਲੂਏ ਦੀ ਚਾਹ ਨੂੰ ਅਮਲੀ ਪਹਿਨਾਵਾਂਗੇ।" ਹਰਪਾਲ ਸਿੰਘ ਕੰਬ ਗਿਆ। ਤਾਂ ਇਹਦਾ ਮਤਲਬ ਹੈ ਕਿ ਸਿੰਧਾਵਾਲੀਏ ਸਰਦਾਰ ਜਾਣ ਬੁਝ ਸਾਜ਼ਸ਼ ਵਿਚ ਰਾਜਾ ਧਿਆਨ ਸਿੰਘ ਦੀ ਮਿਲਵਰਤਨ ਕਰ ਰਹੇ ਹਨ। ਇਸ ਸ਼ਾਜ਼ਸ਼ ਦੇ ਸਫ਼ਲ ਹੋਣ ਪਿਛੋਂ ਉਨ੍ਹਾਂ ਨੇ

Scanned by CamScanner

ਸਿੰਘ ਨੂੰ ਵੀ ਕਿਸੇ ਸਾਜ਼ਸ਼ ਦਾ ਸ਼ਿਕਾਰ ਬਣਾਉਣ ਬਾਰੇ ਪੱਕ ਕਰ ਲਿਆ ਹੈ। ਹਰਪਾਲ ਦਾ ਜੀ ਖੱਟਾ ਹੋ ਗਿਆ। ਕੀ ਇਹੋ ਰਾਜਨੀਤੀ ਤੇ ਸਿਆਸਤ ਹੈ? ਕੀ ਇਹੋ ਉਹ ਮੱਕੜ ਜਾਲ ਹੈ ਜਿਸ ਵਿਚ ਰਾਜਾ ਧਿਆਨ ਸਿੰਘ ਤੇ ਸਿੰਧਾਵਾਲੀਏ ਸਰਦਾਰ ਉਹਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ? ਕੀ ਇਹੋ ਦੇਸ਼ ਤੇ ਪੰਥ ਦੀ ਭਲਾਈ ਹੈ?

ਨਹੀਂ ਨਹੀਂ, ਹਰਪਾਲ ਸਿੰਘ ਵਰਗਾ ਆਦਮੀ ਇਹੋ ਜਿਹੇ ਮੱਕੜ ਜਾਲ ਵਿਚ ਨਹੀਂ ਫਸ ਸਕਦਾ। ਹਰਪਾਲ ਸਿੰਘ ਸਿਪਾਹੀ ਹੈ ਤੇ ਉਹਨੇ ਸਦਾ ਸਿੱਧੀ ਪੱਧਰੀ ਤੇ ਦਿਆਨਤਦਾਰ ਜ਼ਿੰਦਗੀ ਬਸਰ ਕੀਤੀ ਹੈ। ਉਹਦੇ ਘਰਾਣੇ ਵਿਚੋਂ ਕਿਸੇ ਨੇ ਕਦੀ ਕਿਸੇ ਸਾਜ਼ਸ਼ ਵਿਚ ਹਿੱਸਾ ਨਹੀਂ ਲਿਆ। ਉਹਦੇ ਘਰਾਣੇ ਵਿਚੋਂ ਕਦੀ ਕੋਈ ਆਦਮੀ ਰਾਤੀਂ ਕਿਸੇ ਨੂੰ ਚੋਰੀ ਮਿਲਣ ਨਹੀਂ ਗਿਆ ਤੇ ਚੋਰੀ ਚੋਰੀ ਗੱਲਾਂ ਨਹੀਂ ਕੀਤੀਆਂ। ਰਰਪਾਲ ਸਿੰਘ ਨੇ ਤੇ ਉਹਦੇ ਘਰਾਣੇ ਦੇ ਹੋਰਨਾਂ ਜੀਆਂ ਠੇ ਜੋ ਕੁਝ ਕੀਤਾ ਹੈ ਸਾਹਮੀਂ ਕੀਤਾ ਹੈ। ਸੂਰਜ ਦੀ ਲੋਅ ਥੱਲੇ ਕੀਤਾ ਹੈ।

ਅੱਜ ਲਹਿਣਾ ਸਿੰਘ ਸਿੰਧਾਵਾਲੀਆ ਉਹਨੂੰ ਕਿਸੇ ਸ਼ਾਜ਼ਸ਼ ਦਾ ਭਾਗ ਬਣਾਣ ਆਇਆ ਹੈ। ਰਰਪਾਲ ਨਹੀਂ ਜਾਣਦਾ ਕਿ ਇਹ ਸਾਜ਼ਸ਼ ਕੀ ਹੈ, ਕਿ ਉਨ੍ਹਾ ਦੇ ਮਨਾਂ ਵਿਚ ਕੀ ਹੈ, ਪਰ ਉਹ ਇਹ ਚਰੂਰ ਜਾਣ ਗਿਆ ਹੈ ਕਿ ਇਸ ਸਾਜ਼ਸ਼ ਪਿਛੋਂ ਇਕ ਹੋਰ ਸਾਜ਼ਸ਼ ਹੋਵੇਗੀ ਤੇ ਉਸ ਤੋਂ ਪਿਛੋਂ ਸ਼ਾਇਦ ਇਕ ਹੋਰ। ਹਰਪਾਲ ਸਿੰਘ ਇਨ੍ਹਾਂ ਸਾਜ਼ਸ਼ਾਂ ਵਿਚ ਕਦਾਚਿਤ ਬਾਮਲ ਨਹੀਂ ਹੋ ਸਕਦਾ। ਉਹ ਆਪਣੇ ਸਿਪਾਹੀਪਨ, ਆਪਣੀ ਸ਼ਖ਼ਸੀਅਤ, ਆਪਣੇ ਘਰਾਣੇ ਤੇ ਸਿਖੀ ਧਰਮ ਨੂੰ ਲਾਜ ਨਹੀਂ ਲਾ ਸਕਦਾ। ਹਰਪਾਲ ਨੂੰ ਐਨੀ ਗਿਲਾਨੀ ਆਈ ਕਿ ਉਹ ਇਸ ਗਿਲਾਨੀ ਨੂੰ ਪ੍ਰਗਟ ਕੀਤੇ ਬਗੈਰ ਰਹਿ ਨਾ ਸਕਿਆ। ਉਸ ਲਹਿਣਾ ਸਿੰਘ ਦੀ ਬਾਂਹ ਆਪਣੇ ਮੋਢੇ ਤੋਂ ਹਟਾਂਦਿਆਂ ਹੋਇਆਂ ਕਿਹਾ: "ਨਹੀਂ ਸਰਦਾਰ ਸਾਹਿਬ! ਮੈਂ ਇਹੋ ਜਿਹੇ ਮੁਆਮਲਿਆਂ ਵਿਚ ਨਹੀਂ ਪਵਾਂਗਾ।" ਹਰਪਾਲ ਨੇ ਆਪਣਾ ਫ਼ੈਸਲਾ ਕਰ ਲਿਆ।

੬੬

ਬੋਤ ਸਿੰਘ ਦੇ ਕਤਲ ਤੇ ਖੜਗ ਸਿੰਘ ਨੂੰ ਇਸ ਦਰੁਸ਼ ਨਾਲ ਨਜ਼ਰਬੰਦ ਕਰੋ ਦੇਣ ਦੀ ਕਹਾਣੀ ਕੋਰਨਲ ਗਾਰਡਨਰ ਨੇ ਹਰਪਾਲ ਨੂੰ ਸੁਣਾਈ। ਹਰਪਾਲ, ਗਾਰਡਨਰ ਨੂੰ ਬੜੇ ਚਿਰ ਤੋਂ ਜਾਣਦਾ ਸੀ। ਜਦੋਂ ਸੰਨ ੧੬੩੧ ਵਿਚ ਗਾਰਡਨਰ ਮਹਾਰਾਜ ਰਣਜੀਤ ਸਿੰਘ ਕੋਲ ਨੌਕਰ ਹੋਇਆ ਤਾਂ ਹਰਪਾਲ ਲਾਹੌਰ ਨਹੀਂ ਸੀ, ਪਰ ਲਾਹੌਰ ਮੁੜਨ ਪਿਛੋਂ ਜਲਦੀ ਹੀ ਦੋਹਾਂ ਦਾ ਮੇਲ ਹੋਇਆ ਤੇ ਇਹ ਮੇਲ ਦਿਨੋਂ ਦਿਨ ਡੂੰਘਾ ਹੁੰਦਾ ਗਿਆ। ਇਸ ਦਾ ਕਾਰਨ ਗਾਰਡਨਰ ਦਾ ਤੋਪਖਾਨੇ ਬਾਰੇ ਚੰਗੀ ਡੂੰਘੀ ਜਾਣਕਾਰੀ ਸੀ। ਯੂਰਪੀਨ ਕੌਮਾਂ ਦੀਆਂ ਤੋਪਾਂ ਬਾਰੇ ਗਾਰਡਨਰ ਖ਼ਾਸ ਤੌਰ ਉੱਤੇ ਕਾਫ਼ੀ ਕੁਝ ਜਾਣਦਾ ਸੀ, ਤੇ ਹਰਪਾਲ ਨੂੰ ਉਹਦੀ ਜਾਣਕਾਰੀ ਵਿਚ ਦਿਲਚਸਪੀ ਸੀ। ਹਰਪਾਲ ਨੇ ਵੇਖਿਆ ਸੀ ਕਿ ਗਾਰਡਨਰ ਬਾਕੀ ਬਦੀ ਬਦੇਸ਼ੀ ਕਾਰਿੰਦਿਆਂ ਦੇ ਉਲਟ ਢੰਗ ਸਵਾਰਥੀ ਹੈ ਤੇ ਵਧ ਚਲਾਕ। ਉਸ ਇਹ ਵੀ ਵੇਖਿਆ ਕਿ ਇਹ ਆਪਣੇ ਸਵਾਰਥ ਵਾਸਤੇ ਆਪਣੀ ਬੁਧੀ ਨੂੰ ਹਰ ਯੋਗ ਅਯੋਗ ਤਰੀਕੇ ਨਾਲ ਵਰਤਣ ਦੇ ਕਾਬਲ ਹੈ। ਗਾਰਡਨਰ ਦਾ ਇਖ਼ਲਾਕੀ ਪੱਧਰ ਨੀਵਾਂ ਸੀ ਤੇ ਇਸ ਦੇ ਬਾਵਜੂਦ ਵੀ ਹਰਪਾਲ ਗਾਰਡਨਰ ਨੂੰ ਪਸੰਦ ਕਰਦਾ। ਗਾਰਡਨਰ ਨੂੰ ਪਸੰਦ ਕਰਦਾ ਕਿ ਉਹਦੀ ਚਲਾਕੀ, ਸਿਆਣਪ ਤੇ ਸਵਾਰਥ ਦੀ ਇਨਤਹਾ ਉਹਨੂੰ ਟੁੰਬਦੀ। ਗਾਰਡਨਰ ਹਰ ਵੇਲੇ ਆਪਣੀ ਦਿਲੀ ਸੱਧਰ ਦੀ ਪੂਰਤੀ ਲਈ ਬਤਪਰ ਨਜ਼ਰ ਆਉਂਦਾ ਤੇ ਇਹ ਦਿਲੀ ਸੱਧਰ ਸੀ ਆਪਣੇ ਆਪ ਲਈ ਹਰ ਪਹਿਲੂ ਤੋਂ ਉੱਨਤੀ। ਸ਼ਾਇਦ ਰਾਜਾ ਧਿਆਨ

Scanned by CamScanner

ਸਿੰਘ ਨੇ ਵੀ ਗਾਰਡਨਰ ਦੇ ਏਸੇ ਗੁਣ ਦੀ ਕੀਮਤ ਪਾਈ ਤੇ ਉਹਨੂੰ ਸਿੱਧਾ ਆਪਣੇ ਨਿੱਜੀ ਤੋਪਖਾਨੇ ਵਿਚ ਭਰਤੀ ਕਰ ਲਿਆ। ਉਹਨੂੰ ਤਨਖਾਹ ਵੀ ਆਪਣੀ ਜਾਗੀਰ ਵਿਚੋਂ ਦੇਣ ਲਗਾ। ਸ਼ਾਇਦ ਧਿਆਨ ਸਿੰਘ ਨੂੰ ਇਕ ਅੰਗਰੇਜ਼ੀ ਜਾਣਨ ਵਾਲੇ ਆਦਮੀ ਦੀ ਲੋੜ ਸੀ ਜਿਹੜਾ ਉਹਦੇ ਰਾਜ਼ਾਂ ਨੂੰ ਜਾਣਨ ਦੇ ਯੋਗ ਹੋਵੇ ਤੇ ਜਿਹੜਾ ਉਹਦੀ ਮਨ ਮਰਜ਼ੀ ਕਰ ਸਕੇ।

ਹਰਪਾਲ ਸਿਪਾਹੀ ਸੀ ਤੇ ਆਪਣੇ ਰਉਂ ਵਿਚ ਇਕ ਕਲਾਕਾਰ। ਗਾਰਡਨਰ ਦਾ ਆਚਰਨ ਸਮਝਦਿਆਂ ਹੋਇਆਂ ਵੀ ਹਰਪਾਲ ਉਹਨੂੰ ਪਸੰਦ ਕਰਦਾ। ਗਾਰਡਨਰ ਦਾ ਅਤਿਅੰਤ ਸਵਾਰਥੀਪਨ ਹੀ ਮਾਨੋਂ ਹਰਪਾਲ ਨੂੰ ਟੁੰਬਦਾ। ਕੋਈ ਆਦਮੀ ਭਲਾ ਐਡਾ ਸਵਾਰਥੀ ਵੀ ਹੋ ਸਕਦਾ ਹੈ ? ਉਹ ਸੋਚਦਾ ! ਕੋਈ ਆਦਮੀ ਐਡਾ ਸਵਾਰਥੀ ਹੋ ਕੇ ਵੀ ਆਪਣੀ ਸ਼ਖਸੀਅਤ ਮਨ ਮੋਹਣੀ ਬਣਾ ਸਕਦਾ ਹੈ ਤੇ ਆਪਣੀ ਸਿਆਣਪ ਦਾ ਦਬ-ਦਬਾ ਲੋਕਾਂ ਉੱਤੇ ਪਾ ਸਕਦਾ ਹੈ ? ਜੋ ਕੁਝ ਹਰਪਾਲ ਨੂੰ ਗਾਰਡਨਰ ਵਿਚ ਦਿਸਿਆ, ਉਹੋ ਕੁਝ ਪਿਛੋਂ ਜਾ ਕੇ ਉਹਨੂੰ ਰਾਜਾ ਧਿਆਨ ਸਿੰਘ ਵਿਚ ਦਿਸਣ ਲਗਾ। ਰਾਜਾ ਧਿਆਨ ਸਿੰਘ ਹੁਣ ਪਹਿਲੇ ਜਿਹਾ ਰਾਜਾ ਧਿਆਨ ਸਿੰਘ ਨਹੀਂ ਸੀ ਰਿਹਾ। ਹੁਣ ਉਹਦੇ ਚਿਹਰੇ ਦਾ ਪ੍ਰਭਾਵ ਗੰਭੀਰ ਹੋ ਗਿਆ ਤੇ ਉਹਦਾ ਜੁੱਸਾ ਸਦਾ ਤਣਿਆ ਰਹਿਣ ਲਗਾ। ਉਹਦੇ ਸਰੀਰ ਦੀ ਬਣਤਰ ਤੇ ਉਹਦੇ ਨੈਣਾਂ ਵਿਚ ਇਕ ਝਾਕੀ ਸਾਫ਼ ਦਸਦੀ ਲਗਦੀ ਕਿ ਇਹ ਆਦਮੀ ਕੁਝ ਕਰਨ ਉੱਤੇ ਤੁਲਿਆ ਹੋਇਆ ਹੈ ਕਿ ਇਹ ਆਦਮੀ ਕੁਝ ਨਾ ਕੁਝ ਕਰ ਕੇ ਹੀ ਰਹੇਗਾ। ਹਰਪਾਲ ਇਨ੍ਹਾਂ ਦੋਹਾਂ ਆਦਮੀਆਂ ਦੇ ਜੁੱਟ ਵਲ ਵੇਖਦਾ ਤੇ ਉਹ ਹੈਰਾਨ ਹੁੰਦਾ ਕਿ ਕਿਵੇਂ ਰੰਗਾਂ, ਕੋਮਾਂ ਤੇ ਦੇਸ਼ਾਂ ਦੀ ਨੁਹਾਰ ਇਨ੍ਹਾਂ ਦੋਹਾਂ ਜੀਆਂ ਵਿਚ ਓਤਪੋਤ ਹੋ ਗਈ ਹੈ। ਕਿਵੇਂ ਦਵੈਂ ਬਿਲਕੁਲ ਇਕੋ ਹੀ ਸੱਚੇ ਵਿਚ ਢਾਲੇ ਗਏ ਹਨ।

ਹਰਪਾਲ ਗਾਰਡਨਰ ਨਾਲ ਆਪਣਾ ਸਾਥ ਵਧਾਣਾ ਨਹੀਂ ਸੀ ਚਾਹੁੰਦਾ ਤੇ ਇਸ ਦੇ ਬਾਵਜੂਦ ਵੀ ਉਹ ਉਹਨੂੰ ਮਿਲਣ ਤੋਂ ਰਹਿ ਨਾ ਸਕਦਾ। ਗਾਰਡਨਰ ਆਏ ਗਏ ਮਾਹਿਲਾਂ ਦੀ ਹਵੇਲੀ ਆਉਂਦਾ ਤੇ ਹਰਪਾਲ ਨੂੰ ਆਪਣੇ ਨਾਲ ਕੰਮ ਕਰਨ ਉੱਤੇ ਮਜਬੂਰ ਕਰਦਾ। ਹੁਣ ਗਾਰਡਨਰ ਨੇ ਹਰਪਾਲ ਨੂੰ ਚੇਤ ਸਿੰਘ ਤੇ ਖੜਗ ਸਿੰਘ ਬਰਖਿਲਾਫ਼ ਹੋਈ ਸਾਜ਼ਸ਼ ਬਾਰੇ ਦਸਿਆ : "ਜਿਹੜੀਆਂ ਚਿੱਠੀਆਂ ਰਾਜਾ ਧਿਆਨ ਸਿੰਘ ਨੇ ਮਹਾਰਾਜਾ ਖੜਗ ਸਿੰਘ ਵਲੋਂ ਅੰਗਰੇਜ਼ਾਂ ਨੂੰ ਲਿਖੀਆਂ ਦਸੀਆਂ ਹਨ ਉਹ ਦਰ ਅਸਲ ਮੈਂ ਲਿਖੀਆਂ ਹਨ। ਧਾਜਾ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ ਤੋਂ ਸਿਵਾਏ ਇਸ ਸਾਜ਼ਸ਼ ਵਿਚ ਸਰਦਾਰ ਸੁਚੇਤ ਸਿੰਘ, ਰਾਜਾ ਹਰੀ ਸਿੰਘ, ਕੇਸਨੀ ਸਿੰਘ, ਲਾਲ ਸਿੰਘ ਤੇ ਅਜੀਤ ਸਿੰਘ ਵੀ ਸ਼ਾਮਲ ਹਨ। ਮਹਾਰਾਣੀ ਚੰਦ ਕੌਰ ਤੇ ਕੰਵਰ ਨੌਨਿਹਾਲ ਸਿੰਘ ਵੀ ਵੱਖ ਨਹੀਂ ਰਹੇ। ਜੋ ਕੁਝ ਹੋਇਆ ਹੈ ਉਨ੍ਹਾਂ ਦੀ ਮਰਜ਼ੀ ਨਾਲ ਹੋਇਆ ਹੈ।"

ਚੇਤ ਸਿੰਘ ਦੇ ਕਤਲ ਬਾਰੇ ਉਸ ਦਸਿਆ : "ਡੋਗਰੇ ਭਰਾਵਾਂ ਤੇ ਸਿੰਧਾਵਾਲੀਏ ਸਰਦਾਰਾਂ ਤੋਂ ਇਲਾਵਾ ਆਪ ਕੰਵਰ ਨੌਨਿਹਾਲ ਸਿੰਘ ਵੀ ਰਾਤੀਂ ਸਾਡੇ ਨਾਲ ਸੀ। ਮਹਾਰਾਜਾ ਖੜਗ ਸਿੰਘ ਦੀ ਖ਼ਾਬਗਾਹ ਵਿਚ ਵੜਨ ਤੋਂ ਪਹਿਲਾਂ ਮਹਾਰਾਜਾ ਦੇ ਇਕ ਗੜਵਈ ਨੇ ਸਾਨੂੰ ਵੇਖਿਆ ਤੇ ਸ਼ਾਇਦ ਸਾਡੀ ਨੀਯਤ ਤਾੜ ਲਈ। ਉਹ ਭੱਜਿਆ, ਪਰ ਇਸ ਤੋਂ ਪਹਿਲੇ ਕਿ ਉਹ ਮਹਾਰਾਜਾ ਤੇ ਚੇਤ ਸਿੰਘ ਨੂੰ ਜਾ ਕੇ ਕੁਝ ਦੱਸੇ, ਰਾਜਾ ਧਿਆਨ ਸਿੰਘ ਨੇ ਉਹਨੂੰ ਬੰਦੂਕ ਨਾਲ ਮਾਰ ਦਿਤਾ। ਬੰਦੂਕ ਦੀ ਆਵਾਜ਼ ਸੁਣ ਕੇ ਚੇਤ ਸਿੰਘ ਭੱਰੇ ਵਿਚ ਜਾ ਲੁਕਿਆ। ਜਦੋਂ ਅਸੀਂ ਅੰਦਰ ਵੜੇ ਤਾਂ ਮਹਾਰਾਜਾ ਖੜਗ ਸਿੰਘ ਮੰਜੀ ਉੱਤੇ ਬੈਠਾ ਸਾਡੇ ਵਲ ਬੜੀਆਂ ਦਰਦ ਭਰੀਆਂ ਨਜ਼ਰਾਂ ਨਾਲ ਤੱਕ ਰਿਹਾ ਸੀ। ਰਾਜਾ ਧਿਆਨ ਸਿੰਘ, ਆਪਣੇ ਭਰਾਵਾਂ, ਆਪਣੀ ਮਹਾਰਾਣੀ ਦੇ ਭਰਾਵਾਂ ਤੇ ਆਪਣੇ ਕੰਵਰ ਨੂੰ ਇਉਂ ਖ਼ੂਨੀ ਬਣੇ ਵੇਖ ਕੇ ਜਿਵੇਂ ਮਹਾਰਾਜੇ ਦਾ ਮੱਚ ਮਰ ਗਿਆ ਹੋਵੇ...। "ਉਹ ਉਠਿਆ ਤੇ ਉਸ ਕਿਹਾ : "ਰਾਜਾ ਧਿਆਨ ਸਿੰਘ ਤੁਸੀਂ ਜਿਵੇਂ ਚਾਹੁੰਦੇ ਹੋ ਉਵੇਂ ਹੀ ਹੋਏਗਾ। ਮੈਂ ਜਾਣਦਾ ਹਾਂ ਤੁਸੀਂ ਸਾਰੇ ਏਥੇ ਕਿਸ ਮਤਲਬ ਵਾਸਤੇ ਆਏ ਹੋ। ਮੈਨੂੰ ਤੁਹਾਡੀਆਂ ਸਾਜ਼ਸ਼ਾਂ ਦੀ ਪੂਰੀ ਖ਼ਬਰ ਹੈ। ਮੇਰੀ ਬਿਨੈ ਹੈ ਕਿ ਸਰਦਾਰ ਚੇਤ ਸਿੰਘ ਨੂੰ ਕਤਲ ਨਾ ਕੀਤਾ ਜਾਏ। ਉਸ ਜੋ ਕੁਝ ਕੀਤਾ ਹੈ ਮੇਰੀ ਆਗਿਆ ਨਾਲ ਕੀਤਾ ਹੈ। ਜੇ ਤੁਸਾਂ ਬਦਲਾ ਲੈਣਾ ਹੈ ਤਾਂ ਮੇਰੇ ਕੋਲੋਂ ਲਵੋ।"

ਗਾਰਡਨਰ ਨੇ ਮਹਾਰਾਜਾ ਖੜਗ ਸਿੰਘ ਦੇ ਇਹੋ ਜਿਹੇ ਔਖੇ ਵੇਲੇ ਆਪਣੇ ਆਪ ਉੱਤੇ ਕਾਬੂ ਤੇ ਉਹਦੇ ਸਵੈ-ਵਿਸ਼ਵਾਸ ਉੱਤੇ ਹੈਰਾਨੀ ਪ੍ਰਗਟ ਕੀਤੀ। ਉਸ ਆਖਿਆ : "ਪ੍ਰਤੱਖ ਸੀ ਕਿ ਮਹਾਰਾਜਾ ਨੂੰ ਸਾਡੀ ਸਾਰੀ ਸਾਜ਼ਸ਼ ਦਾ ਪਤਾ ਹੈ। ਇਹ ਹੀ ਨਹੀਂ ਮੈਨੂੰ ਸਾਫ਼ ਦਿਸਿਆ ਕਿ ਮਹਾਰਾਜਾ ਸਾਹਿਬ ਨੇ ਅੱਜ ਤੋਂ ਕਈ ਦਿਨ ਪਹਿਲੋਂ ਹੀ ਆਪਣੇ ਭਵਿਖਤ ਬਾਰੇ ਫ਼ੈਸਲਾ ਕਰ ਲਿਆ ਸੀ। ਕੰਵਰ ਨੌਨਿਹਾਲ ਸਿੰਘ ਹੱਥ ਰਾਜ ਸੰਭਾਲ ਕੇ ਉਹ ਦਰਬਾਰ ਨਾਲੋਂ ਵੱਖਰਾ ਹੋ ਜਾਣਾ ਚਾਹੁੰਦਾ ਸੀ", ਤੇ ਫਿਰ ਉਸ ਜ਼ਰਾ ਛਲਸਫ਼ਾਨਾ ਰਉਂ ਵਿਚ ਕਿਹਾ : "ਕੋਈ ਪਿਤਾ ਵੀ ਆਪਣੇ...ਆਪਣੇ ਪੁੱਤਰ ਨੂੰ ਤੇ ਏਵੇਂ

Scanned by CamScanner

ਤਰ ਕਿ ਆਪਣੀ ਵਹੁਟੀ ਨੂੰ ਆਪਣੇ ਉਲਟ ਹੋ ਰਹੀ ਸਾਜ਼ਸ਼ ਵਿਚ ਸ਼ਾਮਲ ਵੇਖ ਕੇ ਏਸੇ ਤਰ੍ਹਾਂ ਹੀ ਕਰੇਗਾ...। ਮਹਾਰਾਜੇ ਦੇ ਬਚਨਾਂ ਦੇ ਉੱਤਰ ਵਿਚ ਰਾਜਾ ਧਿਆਨ ਸਿੰਘ ਨੇ ਸਰਦਾਰ ਚੇਤ ਸਿੰਘ ਦੇ ਬਰ-ਖ਼ਿਲਾਫ਼ ਲਾਏ ਦੂਸ਼ਨ ਦੋਹਰਾਏ। ਮਹਾਰਾਜਾ ਖੜਗ ਸਿੰਘ ਨੇ ਕਿਹਾ ਕਿ ਉਹ ਇਨ੍ਹਾਂ ਦੂਸ਼ਨਾਂ ਦੀ ਸਚਿਆਈ ਬਾਰੇ ਸਾਰਾ ਕੁਝ ਜਾਣਦਾ ਹੈ। ਫਿਰ ਮਹਾਰਾਜੇ ਨੇ ਵਾਰੋ ਵਾਰ ਅਸਾਂ ਸਾਰਿਆਂ ਵਲ ਵੇਖਿਆ। ਜਦੋਂ ਮੇਰੀਆਂ ਅੱਖਾਂ ਉਹਦੇ ਨਾਲ ਮਿਲੀਆਂ ਤਾਂ ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਆਪਣੇ ਆਪ ਉੱਤੇ ਸ਼ਰਮ ਆਈ, ਪਰ ਮੈਂ ਕੀ ਕਰ ਸਕਦਾ ਸਾਂ ?

"ਐਨੇ ਵਿਚ ਸਰਦਾਰ ਚੇਤ ਸਿੰਘ ਨੂੰ ਭੇਰੇ ਵਿਚੋਂ ਲੱਭ ਕੇ ਲੈ ਆਂਦਾ ਗਿਆ ਤੇ ਮਹਾਰਾਜਾ ਦੇ ਦੂਜੀ ਵਾਰ ਕਹਿਣ ਦੇ ਬਾਵਜੂਦ ਵੀ ਡੋਗਰਾ ਭਰਾਵਾਂ ਨੇ ਉਹਨੂੰ ਕਤਲ ਕਰ ਦਿਤਾ। ਇਹ ਸਾਰਾ ਸਾਕਾ ਸੱਤਾਂ ਕੁ ਮਿੰਟਾਂ ਵਿਚ ਵਰਤ ਗਿਆ ਤੇ ਏਸ ਸਮੇਂ ਵਿਚ ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਵਿਚਕਾਰ ਕੋਈ ਗੱਲ ਨਾ ਹੋਈ।" ਹਰਪਾਲ ਨੇ ਕਹਾਣੀ ਸੁਣੀ ਤੇ ਚੁੱਪ ਕਰ ਰਿਹਾ। ਸਾਰੇ ਲਾਹੌਰ ਵਿਚ ਹੀ ਹੁਣ ਏਸ ਬਾਰੇ ਗੱਲਾਂ ਹੋ ਰਹੀਆਂ ਸਨ। ਕਰਨਲ ਗਾਰਡਨਰ ਦੇ ਮੂੰਹੋਂ ਨਿਕਲਿਆ ਇਕ ਇਕ ਸ਼ਬਦ ਸੱਚ ਜਾਪਦਾ ਸੀ। ਇਹੋ ਕੁਝ ਹੀ ਬਾਕੀ ਲੋਕਾਂ ਦੀ ਜ਼ਬਾਨ ਉੱਤੇ ਸੀ। ਸਿਰਫ਼ ਫ਼ਰਕ ਇਹ ਕਿ ਜਨਤਾ ਨੂੰ ਚਿੱਠੀਆਂ ਦੇ ਜਾਅਲੀ ਹੋਣ ਦਾ ਪਤਾ ਨਹੀਂ ਸੀ। ਪ੍ਰਗਟ ਸੀ ਕਿ ਡੋਗਰਾ ਭਰਾਵਾਂ ਤੇ ਉਨ੍ਹਾਂ ਦੀ ਜੁੰਡੀ ਨੇ ਸਾਰੀ ਗੱਲ ਗੁਪਤ ਰੱਖਣ ਦੀ ਥਾਂ ਖੁਲ੍ਹੀ ਤਰ੍ਹਾਂ ਨਸ਼ਰ ਕੀਤੀ ਹੈ ਤੇ ਇਸ ਤਰ੍ਹਾਂ ਇਕ ਤਾਂ ਉਹ ਆਪਣੇ ਆਪ ਉੱਤੇ ਸਭ ਸ਼ੱਕ ਰਫ਼ੂ ਕਰਨ ਵਿਚ ਸਫ਼ਲ ਹੋਏ ਹਨ ਤੇ ਦੂਜਾ ਉਨ੍ਹਾਂ ਨੇ ਆਮ ਜਨਤਾ ਦਾ ਵਿਸ਼ਵਾਸ ਜਿੱਤ ਲਿਆ ਹੈ।

ਹਰਪਾਲ ਨੇ ਆਪਣੀ ਮਾਤਾ ਤੇ ਆਪਣੀ ਭੈਣ ਨੂੰ ਗਾਰਡਨਰ ਦੇ ਮੂੰਹੋਂ ਨਿਕਲੀ ਕਹਾਣੀ ਸੁਣਾਈ। ਗੁਰਦਈ ਨੇ ਸ਼ੱਕੀ ਲਹਿਜੇ ਵਿਚ ਕਿਹਾ : "ਹਰਪਾਲ, ਇਸ ਕਰਨੈਲ ਉੱਤੇ ਮੈਨੂੰ ਤਾਂ ਵਿਸ਼ਵਾਸ ਨਹੀਂ ਆਉਂਦਾ। ਇਹ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਕਰ ਕੇ ਦਸ ਸਕਣ ਵਾਲਾ ਆਦਮੀ ਹੈ। ਮੈਨੂੰ ਤਾਂ ਇਉਂ ਲਗਦਾ ਹੈ ਕਿ ਚੇਤ ਸਿੰਘ ਨੇ ਪੰਜਾਬ ਨੂੰ ਅੰਗਰੇਜ਼ਾਂ ਕੋਲ ਵਚਣ ਦੀ ਗੱਦਾਰ ਜ਼ਰੂਰ ਗੁੰਦੀ ਹੈ।" ਹਰਪਾਲ ਦੀ ਦਲੀਲ ਬਾਜ਼ੀ ਦੇ ਉੱਤਰ ਵਿਚ ਉਸ ਕਿਹਾ : "ਸਾਰੀ ਦੁਨੀਆਂ ਝੂਠ ਨਹੀਂ ਬੋਲ ਸਕਦੀ ਹਰਪਾਲ !" ਭੈਣ ਨੇ ਭਰਾ ਦਾ ਪੱਖ ਲਿਆ :

"ਪਰ ਮਾਂ ਇਸ ਸਾਰੀ ਘਟਨਾ ਪਿਛੇ ਕੋਈ ਨਾ ਕੋਈ ਗੁਪਤ ਹੱਥ ਜ਼ਰੂਰ ਕੰਮ ਕਰ ਰਿਹਾ ਹੈ। ਭਲਾ ਸਰਕਾਰ ਦੇ ਜੀਂਦੇ ਜੀਅ ਕਿਉਂ ਕੋਈ ਇਹੋ ਜਿਹੀ ਘਟਨਾ ਨਾ ਹੋਈ। ਜਾਪਦਾ ਹੈ ਕਿ ਕੋਈ ਜ਼ਹਿਰੀ ਨਾਗ ਸਾਡੇ ਰਾਜ ਨੂੰ ਡੱਸ ਰਿਹਾ ਹੈ ਤੇ ਚੇਤ ਸਿੰਘ ਦਾ ਕਤਲ ਇਸ ਨਾਗ ਦਾ ਪਹਿਲਾ ਡੰਗ ਹੈ। ਸਰਕਾਰ ਨੇ ਤਾਂ ਕਦੀ ਖ਼ੂਨੀਆਂ ਨੂੰ ਵੀ ਕਤਲ ਦੀ ਸਜ਼ਾ ਨਹੀਂ ਸੀ ਦਿਤੀ ਮਾਂ..."

ਹਰਪਾਲ ਨੇ ਆਪਣੀ ਭੈਣ ਵਲ ਵੇਖਿਆ। ਮੀਤੀ ਵਾਸਤੇ ਪਿਆਰ ਨਾਲ ਹਰਪਾਲ ਦੇ ਨੈਣ ਭਰੇ ਹੋਏ ਜਾਪੇ। ਉਹ ਹੈਰਾਨ ਸੀ ਕਿ ਕਿਵੇਂ ਜੋ ਕੁਝ ਉਹਦੀ ਭੈਣ ਨੇ ਕਿਹਾ ਹੈ ਉਹਦੇ ਦਿਲ ਵਿਚ ਵੀ ਹੂ-ਬ-ਹੂ ਉਹੋ ਭਾਵ ਹਨ। ਮਹਾਰਾਜਾ ਰਣਜੀਤ ਸਿੰਘ ਨੇ ਖ਼ੂਨੀਆਂ ਨੂੰ ਵੀ ਕਦੀ ਮੌਤ ਦੀ ਸਜ਼ਾ ਨਹੀਂ ਸੀ ਦਿਤੀ। ਵਧ ਤੋਂ ਵਧ ਉਹ ਉਨ੍ਹਾਂ ਦੇ ਹੱਥ ਜਾਂ ਪੈਰ ਕਟਵਾ ਦੇਂਦਾ ਸੀ। ਰਣਜੀਤ ਸਿੰਘ ਦਾ ਰਾਜ ਉਸ ਵੇਲੇ ਦੇ ਸਭ ਦੁਨੀਆਂ ਦੇ ਰਾਜਾਂ ਨਾਲੋਂ ਚੰਗੇਰ ਸਭਿਅਕ ਸੀ। ਉਸ ਵੇਲੇ ਯੂਰਪ ਵਿਚ ਵੀ ਲੱਕ ਮਜ਼ਬ ਦੇ ਨਾਂ ਉੱਤੇ ਲੜ ਲੜ ਮਰ ਰਹੇ ਸਨ ਤੇ ਮੌਤ ਦੀ ਸਜ਼ਾ ਹਰ ਸ਼ਾਸਨ ਦਾ ਅਤੁਟ ਅੰਗ ਸੀ। ਪਰ ਪੰਜਾਬ ਵਿਚ ਰਣਜੀਤ ਸਿੰਘ ਨੇ ਮਾਨੋਂ ਇਹ ਸਜ਼ਾ ਹੁਕਮਨ ਬੰਦ ਕਰ ਦਿਤੀ। ਜੇ ਉਹ ਆਪ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਸੀ ਦੇਂਦਾ ਤਾਂ ਉਹਦੇ ਗਵਰਨਰ ਤੇ ਮਾਤਹਿਤ ਕਿਵੇਂ ਇਹ ਹਿੰਮਤ ਕਰ ਸਕਦੇ ਸਨ।

ਜੇ ਭਲਾ ਚੇਤ ਸਿੰਘ ਨੇ ਪੰਜਾਬ ਨੂੰ ਅੰਗਰੇਜ਼ਾਂ ਹੱਥ ਵੇਚਣਾ ਚਾਹਿਆ ਵੀ ਤਾਂ ਵੀ ਇਸ ਦੀ ਸਜ਼ਾ ਮੌਤ ਨਹੀਂ ਹੋ ਸਕਦੀ। ਚੇਤ ਸਿੰਘ ਦਾ ਕਤਲ ਏਸੇ ਲਈ ਇਕ ਇਤਿਹਾਸਕ ਕਤਲ ਹੈ। ਜੇ ਕਿਹਾ ਜਾਏ ਕਿ ਪਿਛਲੇ ਚਾਲ੍ਹੀ ਸਾਲਾਂ ਵਿਚ ਇਹ ਕਤਲ ਸਿਖ ਰਾਜ ਵਿਚ ਹੋਇਆ ਪਹਿਲਾ ਕਤਲ ਸੀ ਤਾਂ ਵੀ ਅਤਿ ਕਥਨੀ ਨਹੀਂ ਹੋਵੇਗੀ। ਸਾਰੇ ਸੋਚਣ ਵਾਲੇ ਮਨੁੱਖ ਤੇ ਸਰਦਾਰ ਡਰ ਰਹੇ ਸਨ ਕਿ ਜੇ ਅੱਜ ਚੇਤ ਸਿੰਘ ਕਤਲ ਹੋ ਸਕਦਾ ਹੈ ਤਾਂ ਕਲ੍ਹ ਕੋਈ ਹੋਰ ਵੀ ਕਤਲ ਹੋ ਸਕਦਾ ਹੈ। ਇਸ ਗੀਤ ਦਾ ਅੰਤ ਕਿਵੇਂ ਹੋਵੇਗਾ ਤੇ ਕਿਹੜਾ ਇਹਨੂੰ ਬੰਨ੍ਹ ਪਾਏਗਾ।

ਗੁਰਦਈ ਨੇ ਕਿਹਾ : "ਜੇ ਤੁਸੀਂ ਭੈਣ ਭਰਾ ਮੈਨੂੰ ਇਹ ਮਨਾਣਾ ਚਾਹੁੰਦੇ ਹੋ ਕਿ ਇਹ ਕਤਲ ਰਾਜਾ ਧਿਆਨ ਸਿੰਘ ਨੇ ਕਰਵਾਇਆ ਹੈ ਤਾਂ ਮੈਂ ਇਹ ਗੱਲ ਮੰਨਣ ਵਾਸਤੇ ਤਿਆਰ ਨਹੀਂ। ਸਰਕਾਰ ਨੇ ਜੋ ਇਜ਼ਤ ਰਾਜਾ ਸਾਹਿਬ ਨੂੰ

Scanned by CamScanner

ਬਖ਼ਸ਼ੀ ਹੈ ਉਹ ਸਿਖ ਰਾਜ ਦਾ ਸੰਤਿਆਨਾਸ ਕੁਰਵਾਣ ਵਾਸਤੇ ਨਹੀਂ ਬਖ਼ਸ਼ੀ। ਗੁਰਪੁਰੀ ਸਧਾਰਨ ਤੋਂ ਪਹਿਲਾ ਉਹ ਮਹਾਰਾਜਾ ਖੜਗ ਸਿਘ ਦਾ ਭੱਬ ਰਾਜਾ ਧਿਆਨ ਸਿੰਘ ਦੇ ਹੱਥੀਂ ਹੀ ਦੇ ਗਏ ਸਨ, ਤੁਸੀਂ ਜਾਣਦੇ ਹੋ ?" ਹਾ ਹਰਪਾਲ, ਕੁਰਮੀਤ ਤੇ ਸਾਰਾ ਮੁਲਕ ਜਾਣਦਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਮੋਤ ਤੋਂ ਪਹਿਲੇ ਖੜਗ ਸਿੰਘ ਦਾ ਹੱਥ ਰਾਜਾ ਧਿਆਨ ਸਿੰਘ ਦੇ ਹੱਥ ਵਿਚ ਦੇ ਕੇ ਆਖਿਆ ਸੀ :

"ਖੜਗ ਸਿੰਘ ਮੇਰਾ ਚੂਪ ਹੈ, ਰਾਜਾ ਧਿਆਨ ਸਿੰਘ ! ਵੇਖਣਾ ਕਿਤੇ ਉੱਕ ਨਾ ਜਾਣਾ ! ਖ਼ਾਲਸਾ ਰਾਜ ਤੇ ਪੰਜਾਬ ਦੀ ਸ਼ਾਨ ਸਿਖਰਾਂ ਉੱਤੇ ਹੈ। ਵੇਖਣਾ ਕਿਤੇ ਇਸ ਸ਼ਾਨ ਨੂੰ ਆਂਚ ਨਾ ਆਵੇ।"

ਮਹਾਰਾਜਾ ਰਣਜੀਤ ਸਿੰਘ ਦੇ ਇਨ੍ਹਾਂ ਸਬਦਾਂ ਨੂੰ ਕਿਹੜਾ ਨਹੀਂ ਸੀ ਜਾਣਦਾ ਤੇ ਕਿਸ ਦੇ ਦਿਲ ਵਿਚ ਰਾਜਾ ਧਿਆਨ ਸਿੰਘ ਵਾਸਤੇ ਸ਼ੁਭਿਕਾਂਖਾ ਨਹੀਂ ਸੀ। ਇਹੋ ਹਰਪਾਲ ਸਿੰਘ ਦੀ ਵਡੀ ਉਲਝਣ ਸੀ। ਕੁਲ ਪੰਜਾਬ ਵਿਚ ਕੋਈ ਇਤਬਾਰ ਨਹੀਂ ਸੀ ਕਰਦਾ ਕਿ ਇਸ ਕਤਲ ਵਿਚ ਰਾਜਾ ਧਿਆਨ ਸਿੰਘ ਦਾ ਕੋਈ ਜ਼ਾਤੀ ਫ਼ਾਇਦਾ ਹੈ। ਪੰਜਾਬੀ ਜਨਤਾ ਦੀ ਆਵਾਜ਼ ਬਣਦਿਆਂ ਗੁਰਦਈ ਨੇ ਕਿਹਾ : "ਸਿਰਫ਼ ਰਾਜਾ ਧਿਆਨ ਸਿੰਘ ਹੀ ਨਹੀਂ ਆਪ ਕੰਵਰ ਨੌਨਿਹਾਲ ਸਿੰਘ ਨੇ ਇਹੋ ਸ਼ੈ ਯੋਗ ਸਮਝੀ ਹੈ। ਕੰਵਰ ਸਾਹਿਬ, ਰਾਜਾ ਧਿਆਨ ਜਾਂ ਕਿਸੇ ਹੋਰ ਦੇ ਝਾਂਸੇ ਵਿਚ ਆਉਣ ਵਾਲੇ ਨਹੀਂ।"

ਇਹ ਇਕ ਹੋਰ ਕਾਰਨ ਸੀ ਜਿਸ ਕਰ ਕੇ ਇਸ ਕਤਲ ਦੇ ਅਸਲੀ ਕਾਰਨ ਜਨਤਾ ਤੱਕ ਨਹੀਂ ਸਨ ਪਹੁੰਚ ਸਕਦੇ। ਕੰਵਰ ਨੌਨਿਹਾਲ ਸਿੰਘ ਨੂੰ ਪੰਜਾਬੀ ਵੱਸੋਂ ਪਿਆਰ ਕਰਦੀ ਸੀ। ਕੰਵਰ ਦਾ ਯੁਵਕ ਸਰੀਰ, ਮਨਮੋਹਣਾ ਚਿਹਰਾ, ਉਹਦੀ ਬਹਾਦਰੀ ਤੇ ਸੂਰਮਗਤੀ, ਉਹਦੀ ਰਾਜਸੀ ਸਿਆਣਪ ਨੇ ਸਾਰੇ ਪੰਜਾਬ ਨੂੰ ਆਪਣਾ ਬਣਾ ਲਿਆ ਸੀ। ਸਾਰਾ ਪੰਜਾਬ ਸਮਝਣ ਲਗ ਗਿਆ ਸੀ ਕਿ ਕੰਵਰ ਕਦੀ ਕੋਈ ਗ਼ਲਤੀ ਨਹੀਂ ਕਰ ਸਕਦਾ। ਹਰਪਾਲ ਨੇ ਪਿਤਾ ਤੇ ਪੁੱਤਰ ਵਿਚਕਾਰ ਪਏ ਭੁਲੇਖਿਆਂ ਬਾਰੇ ਬੜਾ ਕੁਝ ਸੁਣਿਆ ਸੀ, ਪਰ ਇਸ ਸਾਰੇ ਨਾਟਕ ਵਿਚ ਉਹ ਨੌਨਿਹਾਲ ਸਿੰਘ ਦੇ ਪਾਰਟ ਨੂੰ ਸਮਝ ਨਾ ਸਕਿਆ। ਕੰਵਰ ਨੇ ਮਹਾਰਾਜਾ ਕੋਲੋਂ ਪੰਝੀ ਲੱਖ ਦੀ ਜਾਗੀਰ ਮੰਗੀ ਸੀ ? ਜਾਗੀਰ ਮੰਗੀ, ਪਰ ਕਿਉਂ। ਉਹਨੂੰ ਕਿਹੀ ਬੇ-ਭਰੋਸਗੀ ਸੀ ? ਉਹਨੂੰ ਕਿਵੇਂ ਵਿਸ਼ਵਾਸ ਨਹੀਂ ਸੀ ਆਉਂਦਾ ਕਿ ਅੰਤ ਵਿਚ ਰਾਜ ਭਾਗ ਉਹਦਾ ਆਪਣਾ ਹੈ। ਉਹਦਾ ਆਪਣਾ ਹੀ ਹੋ ਕੇ ਰਹੇਗਾ। ਕੰਵਰ ਨੇ ਪਿਸ਼ਾਵਰ ਜੰਗ ਆ ਕੇ ਆਪਣੇ ਪਿਤਾ ਨਾਲ ਕਈ ਦਿਨ ਮੁਲਾਕਾਤ ਨਹੀਂ ਸੀ ਕੀਤੀ। ਕਿਉਂ ? ਕੰਵਰ ਨੇ ਪਿਤਾ ਦੀ ਆਗਿਆ ਬਿਨਾਂ ਦਰਬਾਰ ਦੇ ਮੁਆਮਲਿਆਂ ਵਿਚ ਦਖ਼ਲ ਅੰਦਾਜ਼ੀ ਦੇਣੀ ਸ਼ੁਰੂ ਕਰ ਦਿਤੀ। ਕਿਉਂ ? ਜਦੋਂ ਮਿਨਾਵਰ ਦੇ ਕਿਲ੍ਹੇ ਵਿਚੋਂ ਰਾਜਾ ਗੁਲਾਬ ਸਿੰਘ ਨੇ ਕੁਝ ਚੀਜ਼ਾਂ ਚੁਕਵਾ ਕੇ ਆਪਣੇ ਜੰਮੂ ਦੇ ਮਹਿਲ ਵਿਚ ਰਖਵਾਈਆਂ ਤੇ ਮਹਾਰਾਜਾ ਖੜਗ ਸਿੰਘ ਉਹਦੇ ਉੱਤੇ ਨਾਰਾਜ਼ ਹੋਇਆ ਤਾਂ ਕੰਵਰ ਨੇ ਰਾਜਾ ਗੁਲਾਬ ਸਿੰਘ ਦਾ ਪੱਖ ਲਿਆ। ਕਿਉਂ ? ਜਦੋਂ ਖੜਗ ਸਿੰਘ ਨੇ ਜਨਰਲ ਸੁਲਤਾਨ ਮਹਿਮੂਦ ਨੂੰ ਸ਼ਰਾਬ ਪੀਣ ਦੇ ਇਲਜ਼ਾਮ ਉੱਤੇ ਮੁਅੱਤਲ ਕਰ ਦਿਤਾ ਤਾਂ ਵੀ ਕੰਵਰ ਨੇ ਸੁਲਤਾਨ ਮਹਿਮੂਦ ਦਾ ਪੱਖ ਲਿਆ। ਕਿਉਂ...?

ਇਹ ਤੇ ਇਹੋ ਜਿਹੇ ਕਈ ਹੋਰ ਪ੍ਰਸ਼ਨ ਸਨ ਜਿਨ੍ਹਾਂ ਦਾ ਤਸਲੀ ਬਖ਼ਸ਼ ਉੱਤਰ ਨਹੀਂ ਸੀ ਮਿਲਦਾ। ਕੰਵਰ ਬੇਸ਼ਕ ਕਾਬਿਲ ਤੇ ਸਮਝਦਾਰ ਸੀ, ਪਰ ਇੰਜ ਜਿਹਾ ਵਤੀਰਾ ਪੁੱਤਰਾਂ ਨੂੰ ਸੋਂਹਦਾ ਨਹੀਂ। ਸਹਿਜੇ ਹੀ ਸੂਝਵਾਨ ਆਦਮੀਆਂ ਨੇ ਪੁਛਿਆ ਕਿ ਕੀ ਕੰਵਰ ਦੇ ਪਿਛੇ ਕੋਈ ਹੋਰ ਦਿਮਾਗ਼ ਤਾਂ ਕੰਮ ਨਹੀਂ ਕਰ ਰਿਹਾ ? ਇਕ ਦਿਨ ਹਰਪਾਲ ਦੀ ਮੁਲਾਕਾਤ ਫ਼ਕੀਰ ਅਜ਼ੀਜ਼-ਦੀਨ ਨਾਲ ਹੋਈ। ਹਰਪਾਲ ਨੇ ਪੁਛਿਆ "ਫ਼ਕੀਰ ਸਾਹਿਬ ! ਦਰਬਾਰ ਦੀ ਕੀ ਹਾਲਤ ਹੋ ਰਹੀ ਹੈ ?" ਫ਼ਕੀਰ ਅਜ਼ੀਜ਼-ਦੀਨ ਨੇ ਭੇਤ ਭਰੇ ਲਹਿਜ਼ੇ ਵਿਚ ਕਿਹਾ "ਸਰਦਾਰ ਹਰਪਾਲ ਸਿੰਘ ! ਦਰਬਾਰ ਦੀਆਂ ਵਾਗਾਂ ਮੇਰੇ ਹੱਥ ਨਹੀਂ ਤੁਹਾਡ ਹੱਥ ਹਨ। ਮੈਂ ਸਰਕਾਰ ਦਾ ਤੇ ਖ਼ਾਲਸਾ ਰਾਜ ਦਾ ਨਿਮਕ ਖਾਧਾ ਹੈ ਤੇ ਆਪਣੀ ਜ਼ਿੰਦਗੀ ਵਿਚ ਹਰਾਮ ਨਹੀਂ ਕਰਾਂਗਾ। ਹੋਰ ਕੀ ਕਹਾਂ। ਮੈਂ ਸਿਖ ਰਾਜ ਦਾ ਨੌਕਰ ਹਾਂ। ਮੈਨੂੰ ਕੋਈ ਜਿਵੇਂ ਚਾਹੇ ਵਰਤੇ। ਮੈਂ ਹਰ ਰਾਜੇ ਤੇ ਹਰ ਮਹਾਂ ਮੰਤਰੀ ਦਾ ਹੁਕਮ ਮੰਨਣ ਲਈ ਹਰ ਵਕਤ ਤਿਆਰ ਹਾਂ।" ਹਰਪਾਲ ਹੈਰਾਨ ਹੋਇਆ। ਫ਼ਕੀਰ ਅਜ਼ੀਜ਼ ਦੀਨ ਦੀ ਗੱਲ ਤੋਂ ਉਹਨੂੰ ਲਗਿਆ ਕਿ ਜਿਵੇਂ ਉਹ ਉਹਨੂੰ ਸਰਦਾਰਾ ਦੀ ਜੁੰਡੀ ਦਾ ਭਾਗ ਸਮਝਦਾ ਹੋਵੇ। ਉਸ ਵਲੋ ਉਹਨੂੰ ਲੱਗ ਰਹੀ ਜਾਪੀ ਕਿ ਕਰਨੂਲ ਗਾਰਡਨਰ ਦੇ ਖ਼ਿਆਲ ਅਨੁਸਾਰ ਸ਼ਾਇਦ ਹਰਪਾਲ ਵੀ ਰਾਜਾ ਧਿਆਨ ਸਿੰਘ ਦੇ ਨਾਲ ਹੈ। ਹਰਪਾਲ ਨੇ ਗੁਰਮੀਤ ਨੂੰ ਦੱਸਿਆ "ਜਾਣਦੀ ਹੈਂ ਮੀਤੋ ਕਿ ਫ਼ਕੀਰ ਸਾਹਿਬ ਮੈਨੂੰ ਇਸ ਸਾਜ਼ਸ਼ ਵਿਚ ਸ਼ਰੀਕ ਸਮਝਦੇ ਹਨ ਤੇ ਸ਼ਾਇਦ ਏਸੇ ਲਈ ਗਾਰਡਨਰ ਨੇ ਵੀ ਮੈਨੂੰ ਸਾਰਾ ਕਿੱਸਾ ਬਿਨਾਂ ਸ਼ੱਕੇ ਸੁਣਾਇਆ ਹੈ।"

Scanned by CamScanner

ਗੁਰਮੀਤ ਨੇ ਕੁਝ ਚਿਰ ਸੋਚ ਕੇ ਕਿਹਾ : "ਪਾਲ ਹੁਣ ਜਦੋਂ ਮੈਂ ਤੇਰੇ ਤੇ ਰਾਜਾ ਧਿਆਨ ਸਿੰਘ ਦੇ ਰੁਮੈਂਲਕਾਤ ਤੇ ਤੁਹਾਡੇ ਦੋਹਾਂ ਵਿਚਕਾਰ ਹੋਈ ਸਾਰੀ ਗੱਲ ਬਾਤ ਬਾਰੇ ਸੋਚਦੀ ਹਾਂ ਤਾਂ ਮੈਨੂੰ ਜਾਪਦਾ ਹੈ ਕਿ ਗਾਰਡਨਰ ਵੀ ਲੱਹਿਣਾ ਸਿੰਘ ਵਾਂਗ ਰਾਜੇ ਧਿਆਨ ਸਿੰਘ ਦਾ ਹੀ ਭੇਜਿਆ ਤੇਰੇ ਕੋਲ ਆਇਆ ਸੀ। ਮੈਨੂੰ ਜਾਪਦਾ ਹੈ ਕਿ ਇਸ ਤਰ੍ਹਾਂ ਵਾਪਰੇ ਰਹੀਆਂ ਘਟਨਾਵਾਂ ਤੋਂ ਤੈਨੂੰ ਸੂਚਿਤ ਰਖ ਕੇ ਉਹ ਤੈਨੂੰ ਪਿਛੋਂ ਕੋਈ ਹੀਲ ਹੁੱਜਤ ਕਰਨ ਦਾ ਮੌਕਾ ਨਹੀਂ ਦੇਣਾ ਚਾਹੁੰਦਾ।

ਹਰਪਾਲ ਇਹ ਗੱਲ ਸੁਣ ਕੇ ਠਠੰਬਰਿਆ। ਕੁਝ ਚਿਰ ਸੋਚਣ ਪਿਛੋਂ ਉਹਨੂੰ ਪਤਾ ਲਗਾ ਕਿ ਗੁਰਮੀਤ ਸੱਚ ਆਖ ਰਹੀ ਹੈ। ਬੇਸ਼ਕ ਗਾਰਡਨਰ ਨੇ ਇਹ ਗੱਲ ਉਹਨੂੰ ਰਾਜਾ ਧਿਆਨ ਸਿੰਘ ਦੇ ਇਸ਼ਾਰੇ ਉੱਤੇ ਹੀ ਦੱਸੀ ਹੈ ਤੇ ਉਹਨੂੰ ਸਾਰਾ ਮੁਆਮਲਾ ਹੁੱਣ ਵੀ ਪੋਚੀਦਾ ਹੁੰਦਾ ਦਿਸਿਆ। ਉਹ ਇਨ੍ਹਾਂ ਭੁਲ ਭੁਲੱਈਆਂ ਵਿਚ ਨਹੀਂ ਸੀ ਪੈਣਾ ਚਾਹੁੰਦਾ। ਉਹ ਇਹੋ ਜਿਹੀਆਂ ਸਾਜ਼ਸ਼ਾਂ ਤੇ ਸਕੀਮਾਂ ਦੇ ਯੋਗ ਨਹੀਂ ਸੀ। ਉਹਦੇ ਮੁਖ ਉੱਤੇ ਗਿਲਾਨੀ ਦੇ ਭਾਵ ਪ੍ਰਗਟ ਹੁੰਦੇ ਵੇਖ ਕੇ ਗੁਰਮੀਤ ਨੇ ਕਿਹਾ : "ਪਰ ਵੀਰਾ ਇਹ ਜਾਣਦਿਆਂ ਹੋਇਆਂ ਵੀ ਤੂੰ ਰਾਜਾ ਧਿਆਨ ਸਿੰਘ ਨੂੰ ਜਾ ਕਿਸੇ ਹੋਰ ਨੂੰ ਕੁਝ ਨਾ ਕਹੀਂ ਘਟੋ ਘਟ ਇਸ ਤਰ੍ਹਾਂ ਸਾਨੂੰ ਸਾਰੀਆਂ ਗੱਲਾਂ ਦੀ ਸੋਅ ਤਾਂ ਮਿਲਦੀ ਹੀ ਰਹੇਗੀ ਨਾ। ਸ਼ਾਇਦ ਸੁਮਾਂ ਬਣਨ ਉੱਤੇ ਅਸੀਂ ਖ਼ਾਲਸਾ ਰਾਜ ਵਾਸਤੇ ਕੁਝ ਕਰ ਸਕੀਏ...।"

"ਸ਼ਾਇਦ ਮੀਤੀ...। ਪਰ ਖ਼ਾਲਸਾ ਰਾਜ ਵਾਸਤੇ ਅਸੀਂ ਕੀ ਕਰ ਸਕੀਏ ...? ਇਕ ਵਾਸ਼ਰੇ ਕੁਝ ਖਰੰਨ ਦਾ ਭਾਵ ਹੈ, ਕਿਸੇ ਦੂਜੇ ਵਾਸਤੇ ਕੁਝ ਢਾਹੁਣਾ ਤੇ ਕਿਸੇ ਨੂੰ ਵੀ ਢਾਹੁਣ ਨਾਲ ਰਾਜ ਦਾ ਕੁਝ ਸੰਵਰ ਨਹੀਂ ਸਕੇਗਾ। ਹਾਲਾਤ ਸਗੋਂ ਹੁੱਰ ਵੀ ਵਿਗੜ ਜਾਣਗੇ। ਜਦੋਂ ਆਪ ਕੰਵਰ ਇਸ ਘਟਨਾ ਵਿਚ ਸ਼ਾਮਿਲ ਹੈ ਤਾਂ ਕੋਈ ਕੀ ਕਰ ਸਕਦਾ ਹੈ।"

"ਪਰ ਸੁਮਾਂ ਬਣ ਸਕਦਾ ਹੈ ਪਾਲ ?" ਹਰਪਾਲ ਮੁਸਕਰਾਇਆ, ਇਕ ਉਦਾਸ ਮੁਸਕਰਾਹਟ।

੧੦੦

ਧੀ, ਪੁੱਤਰ ਤੇ ਪਤਨੀ ਵਿਚੋਂ ਆਦਮੀ ਸਭ ਤੋਂ ਵਧ ਕਿਸ ਨੂੰ ਪਿਆਰ ਕਰਦਾ ਹੈ ? ਕੋਈ ਨਹੀਂ ਕਹਿ ਸਕਦਾ। ਪਿਤਾ ਤੇ ਧੀ ਦਾ, ਪਿਤਾ ਪੁੱਤਰ ਦਾ ਤੇ ਪਤੀ ਪਤਨੀ ਦੇ ਰਿਸ਼ਤੇ ਅਥਾਹ ਰਿਸ਼ਤੇ ਹਨ। ਇਨ੍ਹਾਂ ਰਿਸ਼ਤਿਆਂ ਦਾ ਵਿਸ਼ਲੇਸ਼ਣ ਕਰਨਾ ਅਨਹੋਣਾ ਹੈ। ਕੋਈ ਲਿਖਾਰੀ ਤੇ ਕਹਾਣੀਕਾਰ ਜਾਂ ਕੋਈ ਮਨੋਵਿਗਿਆਨਿਕ ਇਕ ਪੱਖ ਉਘਾੜਦਾ ਹੈ, ਕੋਈ ਦੂਜਾ ਤੇ ਕੋਈ ਇਕ ਹੋਰ, ਪਰ ਇਨ੍ਹਾਂ ਰਿਸ਼ਤਿਆਂ ਦੀ ਸਮੁੱਚੀ ਪਕੜ ਦੀ ਉਮੀਦ ਕਿਸੇ ਇਕ ਵਿਅੱਕਤੀ ਕੋਲੋਂ ਮੁਮਕਿਨ ਨਹੀਂ। ਆਦਮੀ ਦੀ ਉਮਰ ਜਿਉਂ ਜਿਉਂ ਵਛੇਰੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਉਹ ਆਪਣੇ ਧੀਆਂ ਪੁੱਤਰਾਂ ਤੇ ਆਪਣੀ ਪਤਨੀ ਦਾ ਵਧ ਤੋਂ ਵਧ ਆਸਰਾ ਢੂੰਡਦਾ ਹੈ। ਮਿੱਤਰਾਂ ਯਾਰਾਂ ਤੋਂ ਵਧ ਉਹ ਆਪਣੇ ਇਨ੍ਹਾਂ ਰਿਸ਼ਤੇਦਾਰਾਂ ਉੱਤੇ ਆਪਣਾ ਭਾਰ ਸੁਟਦਾ ਹੈ। ਉਹਨੇ ਵੇਖ ਲਿਆ ਹੁੰਦਾ ਹੈ ਕਿ ਇਹੋ ਜੀਅ ਹੀ ਹਰ ਔਖੇ ਵੇਲੇ ਉਹਨੂੰ ਪੁਕਾਰਨਗੇ ਤੇ ਉਹਦੇ ਭਿਆਲ ਹੋਣਗੇ। ਇਨ੍ਹਾਂ ਸਭ ਜੀਆਂ ਦੀ ਜ਼ਿੰਦਗੀ ਬਹੁਤਾ ਕਰਕੇ ਉਹਦੀ ਆਪਣੀ ਜ਼ਿੰਦਗੀ ਉੱਤੇ ਹੀ ਨਿਰਭਰ ਹੁੰਦੀ ਹੈ। ਪਿਤਾ ਨੂੰ ਕਦੀ ਚਿਤ ਚੇਤਾ ਵੀ ਨਹੀਂ ਆਉਂਦਾ ਕਿ ਉਹਦਾ ਪੁੱਤਰ ਜਾਂ ਧੀ ਜਾਂ ਉਹਦੀ ਪਤਨੀ ਉਹਨੂੰ ਧੋਖਾ ਦੇ ਸਕਦੇ ਹਨ ?

ਪਰ ਮਹਾਰਾਜਾ ਖੜਗ ਸਿੰਘ ਇਕ ਉਹ ਵਿਅੱਕਤੀ ਸੀ ਜਿਸ ਨੂੰ ਆਪਣੀ ਜ਼ਿੰਦਗੀ ਵਿਚ ਆਪਣੇ ਪੁੱਤਰ ਤੇ ਆਪਣੀ ਪਤਨੀ ਕੋਲੋਂ ਮਾਯੂਸ ਹੋਣਾ ਪਿਆ। ਪੁੱਤਰ ਤੇ ਪਤਨੀ ਨੂੰ ਬਦਲਾਣ ਤੇ ਵਰਗਲਾਣ ਵਾਲੇ ਬੜੇ ਡਾਢੇ ਸਨ, ਇਹਦੇ ਵਿਚ ਸ਼ੱਕ ਨਹੀਂ ਪਰ ਇਸ ਅਹਿਸਾਸ ਨਾਲ ਕੀ ਪਿਤਾ ਤੇ ਪਤੀ ਦੀ ਮਾਯੂਸੀ ਘਟ ਹੋ ਸਕਦੀ ਹੈ ? ਮਹਾਰਾਜਾ ਜੀਂਦਿਆਂ ਜੀਅ ਆਪਣੇ ਪੁੱਤਰ ਹੱਥੋਂ ਗੱਦੀ ਤੋਂ ਲਹਿ ਗਿਆ। ਉਹ ਮਹਾਰਾਜਾ ਹੁੰਦਾ ਹੋਇਆ ਵੀ ਮਹਾਰਾਜਾ ਨਾ ਰਿਹਾ। ਖੜਗ ਸਿੰਘ

Scanned by CamScanner

ਮੁਗ਼ਲੀਹਾ ਸਲਤਨੱਤ ਤੇ ਕਈ ਹੋਰ ਸਲਤਨੱਤਾਂ ਦਾ ਇਤਿਹਾਸ ਜਾਣਦਾ ਸੀ। ਸ਼ਾਹ ਜਹਾਨ ਨੂੰ ਅਨੇਕ ਸਾਲ ਕੈਦ ਰਖਣ ਵਾਲਾ ਤੇ ਉਹਨੂੰ ਮਿੱਟੀ ਦੇ ਠੂਠੇ ਵਿਚ ਰੋਟੀ ਪਾਣੀ ਦੇਣ ਵਾਲਾ ਉਹਦਾ ਆਪਣਾ ਪੁੱਤਰ ਔਰੰਗਜ਼ੇਬ ਹੀ ਸੀ, ਪਰ ਏਥੇ ਤਾਂ ਮਹਾਰਾਜਾ ਖੜਗ ਸਿੰਘ ਦੀ ਪਤਨੀ ਵੀ ਉਸ ਸਾਜ਼ਸ਼ ਵਿਚ ਸ਼ਾਮਲ ਸੀ ਜਿਸ ਸਾਜ਼ਸ਼ ਬੱਲੇ ਉਹ ਗੱਦੀਉਂ ਲੱਥਾ। ਉਹਦਾ ਮਿੱਤਰ ਕਤਲ ਹੋਇਆ ਤੇ ਕੰਵਰ ਗੱਦੀ ਦਾ ਮਾਲਕ ਬਣਿਆ।

ਖੜਗ ਸਿੰਘ ਮਾਹਿਲਾਂ ਦੇ ਘਰਾਣੇ ਨੂੰ ਤੇ ਹਰਪਾਲ ਸਿੰਘ ਨੂੰ ਜਾਣਦਾ ਸੀ। ਅਨੇਕ ਵਾਰ ਮਹਾਰਾਜੇ ਤੇ ਹਰਪਾਲ ਵਿਚਕਾਰ ਗੱਲਾਂ ਬਾਤਾਂ ਹੋਈਆਂ ਸਨ। ਖੜਗ ਸਿੰਘ ਜਾਣਦਾ ਸੀ ਕਿ ਹਰਪਾਲ ਦੇ ਦਿਲ ਵਿਚ ਉਹਦੀ ਜ਼ਾਤ ਵਾਸਤੇ ਕਦਰ ਹੈ ਤੇ ਉਹ ਇਹ ਵੀ ਜਾਣਦਾ ਸੀ ਕਿ ਹਰਪਾਲ ਕਿਸ ਮਿੱਟੀ ਕਿ ਧਾਤ ਦਾ ਬਣਿਆ ਹੋਇਆ ਹੈ। ਰਾਜ ਸੰਭਾਲਣ ਪਿਛੋਂ ਖੜਗ ਸਿੰਘ ਤੇ ਹਰਪਾਲ ਦੀ ਮੁਲਾਕਾਤ ਨਹੀਂ ਸੀ ਹੋਈ। ਹਰਪਾਲ ਬਿਨਾਂ ਲੋੜ ਜਾਂ ਬਿਨਾਂ ਬੁਲਾਏ ਦਰਬਾਰ ਨਹੀਂ ਸੀ ਜਾਇਆ ਕਰਦਾ ਤੇ ਏਸ ਸਮੇਂ ਵਿਚ ਨਾ ਹੀ ਹਰਪਾਲ ਨੂੰ ਮਹਾਰਾਜੇ ਨਾਲ ਕੋਈ ਗੱਲ ਕਰਨ ਦੀ ਲੋੜ ਪਈ ਤੇ ਨਾ ਹੀ ਖੜਗ ਸਿੰਘ ਨੇ ਹਰਪਾਲ ਨੂੰ ਬੁਲਾਇਆ। ਖੜਗ ਸਿੰਘ ਇਨ੍ਹਾਂ ਕੁਝ ਮਹੀਨਿਆਂ ਵਿਚ ਮਾਨਸਿਕ ਤੌਰ ਉੱਤੇ ਬੜਾ ਰੁੱਝਾ ਰਿਹਾ ਸੀ।

ਇਕ ਦਿਨ ਹਰਪਾਲ ਨੂੰ ਤੇ ਲਹਿਣਾ ਸਿੰਘ ਮਜੀਠੀਆ ਨੂੰ ਖੜਗ ਸਿੰਘ ਦਾ ਸੱਦਾ ਆਇਆ। ਉਹ ਉਨ੍ਹਾਂ ਨੂੰ ਆਪਣੀ ਲੁਹਾਰੀ ਦਰਵਾਜ਼ੇ ਵਾਲੀ ਹਵੇਲੀ ਵਿਚ ਮਿਲਣ ਦਾ ਚਾਹਵਾਨ ਸੀ। ਇਹ ਸੱਦਾ ਆਇਆ ਤੇ ਘਰ ਵਿਚ ਬੜਾ ਅਜੀਬ ਵਾਤਾਵਰਨ ਉਪਜਿਆ। ਚੂਹੜ ਸਿੰਘ ਨੇ ਆਖਿਆ : "ਹਰਪਾਲ ! ਸਾਨੂੰ ਇਨ੍ਹਾਂ ਰਾਜਿਆਂ ਮਹਾਰਾਜਿਆਂ ਦੀਆਂ ਸਮਸਿਆਵਾਂ ਵਿਚ ਨਹੀ ਪੈਣਾ ਚਾਹੀਦਾ।" ਗੁਰਦਈ ਨੇ ਕਿਹਾ : "ਜੇ ਤੂੰ ਜ਼ਰੂਰ ਹੀ ਜਾਣਾ ਹੈ ਤਾਂ ਪਹਿਲੇ ਰਾਜਾ ਧਿਆਨ ਸਿੰਘ ਨਾਲ ਤੇ ਸਿੰਧਾਵਾਲੀਏ ਸਰਦਾਰਾਂ ਨਾਲ ਸਲਾਹ ਕਰ ਲੈ। ਦਿਨ ਬੜੇ ਪੁੱਠੇ ਆ ਗਏ ਹਨ, ਹਰਪਾਲ ! ਕੋਈ ਨਹੀਂ ਜਾਣਦਾ ਕਿਸ ਵੇਲੇ ਕੀ ਹੋ ਜਾਏ।"

ਗੁਰਪਾਲ ਨੇ, ਜਿਹੜਾ ਸ਼ੁਰੂ ਤੋਂ ਹੀ ਹਰਪਾਲ ਦੇ ਨੇੜੇ ਰਿਹਾ ਸੀ ਤੇ ਪਿਛਲੇ ਕੁਝ ਮਹੀਨਿਆਂ ਵਿਚ ਸਭਨਾਂ ਹੋਰ ਨੇੜੇ ਆ ਗਿਆ ਸੀ, ਕਿਹਾ : "ਪਰ ਚਾਚਾ ਤੁਸੀਂ ਮਹਾਰਾਜਾ ਸਾਹਿਬ ਦਾ ਹੁਕਮ ਨਹੀਂ ਮੋੜ ਸਕਦੇ। ਜੇ ਮੈਂ ਤੁਹਾਡੀ ਥਾਂ ਉੱਤੇ ਹੋਵਾਂ ਤਾਂ ਇਕ ਪਲ ਨਾ ਰੁਕਾਂ।" ਹਰਪਾਲ ਨੇ ਗੁਰਪਾਲ ਵਲ ਤੱਕਿਆ...। ਇਹ ਗਰਪਾਲ ਦੀ ਜੁਆਨੀ ਤੇ ਉਹਦਾ ਉਤਸ਼ਾਹ ਬੋਲ ਰਿਹਾ ਸੀ। ਹਰਪਾਲ ਦਾ ਦਿਲ ਟੁੰਭਿਆ ਗਿਆ। ਏਸ ਉਮਰ ਵਿਚ ਸ਼ਾਇਦ ਉਹ ਵੀ ਉਸੇ ਤਰ੍ਹਾਂ ਹੀ ਹੁੰਦਾ ਹੋਵੇਗਾ। ਤੇ ਹਰਪਾਲ ਦਾ ਜੀ ਕੀਤਾ ਕਿ ਕਾਸ਼ ! ਉਹਦਾ ਗੁਰਪਾਲ ਉਹਦੇ ਵਰਗਾ ਬਣੇ। ਆਦਮੀ ਵਿਚ ਆਪਣੇ ਆਪ ਵਰਗੀ ਕੋਈ ਸ਼ੈ ਪੈਦਾ ਕਰਨ ਦੀ ਤੀਝ ਕੇਡੀ ਪ੍ਰਬਲ ਹੁੰਦੀ ਹੈ ? ਹਰਪਾਲ ਨੂੰ ਗੁਰਪਾਲ ਆਪਣੇ ਪੁੱਤਰ ਵਾਂਙ ਲਗਾ। ਪੁੱਤਰ ਵਾਂਗ। ਜੇ ਕਰ ਉਸ ਵਿਆਹ ਕਰਾਇਆ ਹੁੰਦਾ ਤੇ ਉਹਦੇ ਘਰ ਵੀ ਪੁੱਤਰ ਜੰਮਿਆ ਹੁੰਦਾ !

ਜਦੋਂ ਸਭ ਨੇ ਆਪਣੀ ਰਾਏ ਦੇ ਲਈ ਤਾਂ ਹਰਪਾਲ ਨੇ ਭੈਣ ਕੋਲੋਂ ਪੁਛਿਆ "ਤੇਰਾ ਕੀ ਖ਼ਿਆਲ ਹੈ, ਮੀਤੀ ?" ਮੀਤੀ ਚੁੱਪ ਰਹੀ। ਹਰਪਾਲ ਨੇ ਉਹਦੇ ਮਨੋਭਾਵ ਤਾੜਦੇ ਹੋਏ ਪੁਛਿਆ "ਕਿਉਂ ਮੀਤੀ ! ਤੇਰਾ ਕੀ ਖ਼ਿਆਲ ਹੈ ?" "ਵੀਰਾ !" ਮੀਤੀ ਨੇ ਹਰਪਾਲ ਦੀ ਬਾਂਹ ਫੜਦੇ ਹੋਏ ਕਿਹਾ, "ਮੈਂ ਕੀ ਕਹਾਂ, ਕਿਸੇ ਪਾਸੋਂ ਵੀ ਬਣ ਆਉਂਦੀ ਨਹੀਂ ਲਗਦੀ। ਵੈਰੀ ਤੇ ਮਿੱਤਰ ਦੀ ਪਛਾਣ ਭੁਲ ਗਈ ਹੈ। ਕੌਣ ਰਾਜ ਤੇ ਪੰਥ ਦਾ ਹਿਤੂ ਹੈ ਕੌਣ ਇਹਦਾ ਦੁਸ਼ਮਨ। ਦਿਨੋ ਦਿਨ ਸਮਝ ਹਾਰਦੀ ਜਾਂਦੀ ਹੈ।" ਹਰਪਾਲ ਵੇਖ ਰਿਹਾ ਸੀ ਕਿ ਗੁਰਮੀਤ ਉਹਨੂੰ ਰੋਕਣਾ ਵੀ ਨਹੀਂ ਸੀ ਚਾਹੁੰਦੀ ਤੇ ਉਹਨੂੰ ਜਾਣ ਦੇਣਾ ਵੀ ਨਹੀਂ ਸੀ ਚਾਹੁੰਦੀ। ਉਹ ਡਰ ਰਹੀ ਹੈ ਕਿ ਕਿਤੇ ਇਸ ਫੇਰੀ ਦੇ ਨਤੀਜੇ ਹਰਪਾਲ ਦੀ ਸਲਾਮਤੀ ਵਾਸਤੇ ਭੈੜੇ ਨਿਕਲਣ। ਗੁਰਮੀਤ ਨੂੰ ਇਸ ਦੁੱਚਿਤਗੀ ਵਿਚ ਫਾਥਾ ਵੇਖ ਕੇ ਹਰਪਾਲ ਮੁਸਕਰਾਇਆ : "ਮੀਤੀ ! ਮੈਂ ਅਵੱਸ਼ ਜਾਵਾਂਗਾ।"

ਗੁਰਮੀਤ ਨੇ ਹਰਪਾਲ ਵਲ ਤੱਕਿਆ। ਹਰਪਾਲ ਨੇ ਅਜਿਹੇ ਸੈ-ਵਿਸ਼ਵਾਸ ਨਾਲ ਇਹ ਸ਼ਬਦ ਕਹੇ ਸਨ ਕਿ ਗੁਰਮੀਤ ਵਿਚ ਵੀ ਵਿਸ਼ਵਾਸ ਉਮੜਿਆ ! ਹਰਪਾਲ ਦੇ ਜਿਗਰੇ, ਫ਼ੈਸਲਾਕੁਨ ਸ਼ਬਦਾਂ ਤੇ ਉਹਦੀ ਮੁਸਕਰਾਹਟ ਨੇ ਗੁਰਮੀਤ ਦਾ ਧੀਰਜ ਬੰਨ੍ਹਿਆ। ਭੈਣ ਤੇ ਭਰਾ ਦਾ ਰਿਸ਼ਤਾ ਬੜਾ ਪੀਡਾ ਸੀ। ਅਗੇ ਵੀ ਅਨੇਕ ਵਾਰ ਏਸੇ ਤਰ੍ਹਾਂ ਹਰਪਾਲ ਨੇ ਆਪਣੀ ਨਿਡੱਰ ਮੁਸਕਰਾਹਟ ਨਾਲ ਤੇ ਫ਼ੈਸਲਾਕੁਨ ਵਤੀਰੇ ਨਾਲ ਗੁਰਮੀਤ ਦਾ ਧੀਰਜ ਬੰਨ੍ਹਿਆ ਸੀ ਤੇ ਕਈ ਵਾਰ ਗੁਰਮੀਤ ਆਪਣੇ ਪਿਆਰ ਦੇ ਵੇਗ ਨਾਲ ਤੇ ਹਰਪਾਲ ਉੱਤੇ ਆਪਣੇ ਨਵੇਕਲੇ ਹੱਕ ਦੇ ਜ਼ੋਰ ਨਾਲ ਉਹਨੂੰ ਇਕ ਜਾਂ ਦੂਜਾ ਕਦਮ ਚੁਕਣ ਵਾਸਤੇ ਮਜਬੂਰ ਕਰਦੀ ਆਈ ਸੀ।

Scanned by CamScanner

ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਜਰਨੈਲ ਹਰਪਾਲ ਸਿੰਘ ਮਹਾਰਾਜਾ ਖੜਗ ਸਿੰਘ ਨੂੰ ਮਿਲਣ ਗਏ। ਖੜਗ ਸਿੰਘ ਤਖਤ ਪੋਸ਼ ਉੱਤੇ ਚੌਕੜੀ ਮਾਰ ਕੇ ਬੈਠਾ ਸੀ। ਪੋਸ਼ਾਕ ਉਹਦੀ ਸਦਾ ਵਾਂਗ ਸੁੱਫ਼ ਤੇ ਮੁੱਖ ਉੱਤੇ ਸਦਾ ਵਾਂਗ ਨਰੰਮਾ। ਉਹ ਤਖ਼ਤ ਪੋਸ਼ ਤੋਂ ਉਠ ਕੇ ਦੋਹਾਂ ਸਰਦਾਰਾਂ ਨੂੰ ਮਿਲਿਆ। ਸਰਦਾਰਾਂ ਨੇ ਉਹਨੂੰ ਬੈਠੇ ਰਹਿਣ ਵਾਸਤੇ ਚੌਰ ਲਾਇਆ ਤੇ ਅਗੇ ਵਧ ਕੇ ਰੋਕਿਆ ਵੀ, ਪਰ ਖੜਗ ਸਿੰਘ ਨੇ ਕਿਹਾ : "ਮੈਂ ਹੁਣ ਪੰਜਾਬ ਦੇਸ ਦਾ ਮਹਾਰਾਜਾ ਨਹੀਂ।" ਅਤੇ ਉਹ ਹੱਸਿਆ। ਪਰ ਹੱਸਿਆ ਇਕ ਅਜਿਹੀ ਹਾਸੀ ਕਿ ਹਰਪਾਲ ਦਾ ਜੀਅ ਕੰਬ ਗਿਆ।

ਖੜਗ ਸਿੰਘ ਨੇ ਉਨ੍ਹਾਂ ਨੂੰ ਆਪਣੇ ਨਾਲ ਤਖ਼ਤ ਪੋਸ਼ ਉੱਤੇ ਬਿਠਾ ਲਿਆ। ਉਹਦੇ ਕੁਝ ਨਿੱਜੀ ਸੇਵਕ ਵੀ ਆਲੇ ਦੁਆਲੇ ਬੈਠੇ ਸਨ। ਲਾਹੌਰ ਦੀ ਆਬੋ ਹਵਾ ਤੇ ਅਫਗਾਨਾਂ ਤੇ ਅੰਗਰੇਜ਼ਾਂ ਦੇ ਸੰਬੰਧ ਵਿਚ ਗੱਲਾਂ ਹੋਣ ਲਗੀਆਂ। ਅੰਗਰੇਜ਼ਾਂ ਦੀ ਫ਼ੌਜ ਕਾਬਲੋਂ ਆਉਂਦੀ ਪੰਜਾਬ ਵਿਚੋਂ ਲੰਘੀ ਸੀ। ਲਹਿਣਾ ਸਿੰਘ ਨੇ ਦਸਿਆ ਕਿ ਉਨ੍ਹਾਂ ਨੇ ਪੰਜਾਬ ਵਿਚ ਕਿਸੇ ਥਾਂ ਕੋਈ ਵਧੀਕੀ ਨਹੀਂ ਕੀਤੀ ਤੇ ਪੰਜਾਬੀਆਂ ਨੇ ਵੀ ਉਨ੍ਹਾਂ ਨੂੰ ਪੂਰੀ ਮਿਲਵਰਤਨ ਦਿਤੀ ਹੈ। ਕਾਫ਼ੀ ਚਿਰ ਏਸੇ ਤਰ੍ਹਾਂ ਗੱਲਾਂ ਹੁੰਦੀਆਂ ਰਹੀਆਂ ; ਬਹੁਤਾ ਕਰ ਕੇ ਖੜਗ ਸਿੰਘ ਤੇ ਲਹਿਣਾ ਸਿੰਘ ਵਿਚਕਾਰ। ਹਰਪਾਲ ਸਦਾ ਵਾਂਗ ਮੂੰਹੋਂ ਚੁੱਪ ਸੀ, ਭਾਵੇਂ ਖੜਗ ਸਿੰਘ ਦੇ ਦਿਲੀ ਭਾਵ ਉਹ ਇਕ ਇਕ ਕਰ ਕੇ ਤਾੜ ਰਿਹਾ ਸੀ।

"ਉਫ਼!" ਹਰਪਾਲ ਨੇ ਸੋਚਿਆ, "ਕੀ ਖੜਗ ਸਿੰਘ ਤੋਂ ਵਧ ਦੁਖੀ ਆਦਮੀ ਵੀ ਦੁਨੀਆਂ ਵਿਚ ਕੋਈ ਹੋਰ ਹੋਵੇਗਾ ? ਖੜਗ ਸਿੰਘ ਏਸ ਭਰ ਸੰਸਾਰ ਵਿਚ ਇਕ ਜੀਅ ਨੂੰ ਵੀ ਆਪਣਾ ਨਹੀਂ ਆਖ ਸਕਦਾ। ਮਹਾਰਾਜਾ ਰਣਜੀਤ ਸਿੰਘ ਦੀ ਅੱਜ ਇਕ ਜੀਅ ਦੀ ਹਮਦਰਦੀ ਤੋਂ ਆਤੁਰ ਹੈ। ਕੀ ਸੀ ਤੇ ਕੀ ਹੋ ਗਿਆ ?"

ਖੜਗ ਸਿੰਘ ਵੀ ਚੋਰ ਨਜ਼ਰਾਂ ਨਾਲ ਹਰਪਾਲ ਵਲ ਵੇਖਦਾ ਤੇ ਹਰਪਾਲ ਦੇ ਦਿਲ ਵਿਚ ਉਠਦੇ ਭਾਵ ਸਿੰਞਾਣਨ ਦੀ ਕੋਸ਼ਿਸ਼ ਕਰਦਾ। ਖੜਗ ਸਿੰਘ ਸਿੰਞਾਣਨਾ ਚਾਹੁੰਦਾ ਸੀ ਕਿ ਕੀ ਅਜੇ ਵੀ ਹਰਪਾਲ ਸਿੰਘ ਉਹਦੀ ਦਿਲੋਂ ਇੱਜ਼ਤ ਕਰਦਾ ਹੈ, ਕਿ ਸਾਰੇ ਪੰਜਾਬ ਵਿਚ ਇਕ ਆਦਮੀ ਤਾਂ ਅਜਿਹਾ ਹੈ ਜਿਹੜਾ ਉਹਨੂੰ ਨਿਰਦੋਸ਼ ਸਮਝਦਾ ਹੈ। ਇਕ ਆਦਮੀ, ਜਿਹੜਾ ਇਹ ਸਮਝੇ ਕਿ ਡੋਗਰੇ ਭਰਾਵਾਂ ਤੇ ਸਿਧਾਵਾਲੀਏ ਸਰਦਾਰਾਂ ਨੇ ਉਹਦੇ ਨਾਲ ਦਗ਼ਾ ਕੀਤਾ ਹੈ।

ਜਦੋਂ ਉਨ੍ਹਾਂ ਨੂੰ ਉਥੇ ਬੈਠਿਆਂ ਘੰਟਾ ਭਰ ਹੋ ਗਿਆ ਤਾਂ ਖੜਗ ਸਿੰਘ ਨੇ ਆਪਣੇ ਸੇਵਕਾਂ ਨੂੰ ਚਲੇ ਜਾਣ ਦਾ ਹੁਕਮ ਦਿਤਾ, ਤੇ ਫਿਰ ਉਸ ਧੀਰਜ ਨਾਲ ਤੇ ਸੰਕੋਚਵੇਂ ਸ਼ਬਦਾਂ ਵਿਚ ਕਿਹਾ : 'ਮੈਂ ਤੁਹਾਡੇ ਅਗੇ ਅਪਣੀ ਇਕ ਅਰਜ਼ ਰਖਣੀ ਚਾਹੁੰਦਾ ਹਾਂ।" ਲਹਿਣਾ ਸਿੰਘ ਬੋਲਿਆ, "ਮਹਾਰਾਜਾ ਸਾਹਿਬ, ਤੁਸੀਂ ਕੀ ਆਖ ਰਹੇ ਹੋ। ਇਉਂ ਕਹਿ ਕੇ ਤੁਸੀ ਸਾਨੂੰ ਬੜਾ ਦੁਖ ਪਹੁੰਚਾਂਦੇ ਹੋ। ਅਸੀਂ ਸਰਕਾਰ ਦਾ ਨਿਮਕ ਖਾਧਾ ਹੈ। ਤੁਸੀਂ ਸਾਡੇ ਮਹਾਰਾਜਾ ਹੋ। ਤੁਸੀਂ ਹੁਕਮ ਕਰੋ ਮਹਾਰਾਜਾ।" ਖੜਗ ਸਿੰਘ ਹੱਸਿਆ : "ਪਰ ਜਦੋਂ ਤੁਸੀਂ ਮੇਰੀ ਗੱਲ ਸੁਣੋਗੇ ਤਾਂ ਤੁਹਾਨੂੰ ਸਹੀ ਹੋਵੇਗਾ ਕਿ ਇਹ ਮੇਰੀ ਅਰਜ਼ ਹੈ, ਹੁਕਮ ਨਹੀਂ।" ਬੜਾ ਚਿਰ ਚੁੱਪ ਰਹਿਣ ਪਿਛੋਂ ਉਸ ਕਿਹਾ : "ਤੁਸੀਂ ਜਾਣਦੇ ਹੋ ਮੇਰੀ ਤਬੀਅਤ ਠੀਕ ਨਹੀਂ। ਮੈਨੂੰ ਲਗਦਾ ਹੈ ਕਿ ਮੈਂ ਬਹੁਤਾ ਚਿਰ ਨਹੀਂ ਜੀਉਣਾ। ਮੈਂ ਕੰਵਰ ਨੂੰ ਮਿਲਣਾ ਚਾਹੁੰਦਾ ਹਾਂ, ਇਕੱਲਿਆਂ, ਪਿਉ ਪੁੱਤਰ ਵਾਂਗ, ਘਟੋ ਘਟ ਇਕ ਵਾਰ। ਕੀ ਤੁਹਾਡੇ ਵਿਚੋਂ ਕੋਈ ਮੇਰੇ ਉੱਤੇ ਇਹ ਉਪਕਾਰ ਕਰ ਸਕਦਾ ਹੈ ?"

ਖੜਗ ਸਿੰਘ ਨੇ ਸਵਾਲੀਆ ਨਜ਼ਰਾਂ ਨਾਲ ਉਨ੍ਹਾਂ ਵਲ ਤੱਕਿਆ। ਉਹਦੀਆਂ ਤੱਕਣੀਆਂ ਤੋਂ ਲਗਦਾ ਸੀ ਕਿ ਉਹਨੂੰ ਇਸ ਆਸ ਦੇ ਪੂੰਗਣ ਦੀ ਬਹੁਤੀ ਆਸ ਨਹੀਂ। ਪਲੋ ਪਲੀ ਲਹਿਣਾ ਸਿੰਘ ਮਜੀਠੀਆ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਉਸ ਆਪਣੀ ਚਿੱਟੀ ਦਾੜ੍ਹੀ ਉੱਤੇ ਹੱਥ ਫੇਰਿਆ ਤੇ ਰੋਂਦਿਆਂ ਰੋਂਦਿਆਂ ਆਖਿਆ : "ਸਾਡ ਵਾਸਤੇ ਮਹਾਰਾਜਾ ਸਾਹਿਬ, ਕੰਵਰ ਜੀ ਨੂੰ ਇਕੱਲਿਆਂ ਮਿਲਣਾ ਅਨਹੋਣਾ ਹੋ ਗਿਆ ਹੈ। ਰਾਜਾ ਧਿਆਨ ਸਿੰਘ ਸਦਾ ਉਨ੍ਹਾਂ ਨਾਲ ਰਹਿੰਦਾ ਹੈ।" ਹਰਪਾਲ ਨੇ ਖੜਗ ਸਿੰਘ ਵਲ ਵੇਖਿਆ। ਲਹਿਣਾ ਸਿੰਘ ਦੀ ਇਹ ਗੱਲ ਸੁਣ ਕੇ ਉਹਦੇ ਮੂੰਹ ਉੱਤੇ ਕੋਈ ਖ਼ਾਸ ਭਾਵ ਉਤਪੰਨ ਨਹੀਂ ਹੋਏ। ਉਹ ਅਗੇ ਨਾਲੋਂ ਢੇਰ ਨਿਰਾਸ ਵੀ ਨਹੀਂ ਹੋਇਆ, ਉਹਦੇ ਨੇਤਰ ਵੀ ਨਮੀਂ ਭਰੇ। ਜਦੋਂ ਠਿਰਾਬਾ ਬੇ-ਉੜਕ ਹੋਵ ਤਾਂ ਅਥਰੂ ਨਹੀਂ ਵਹਿੰਦੇ ਇਕ ਸੁੰਞਾਪਨ, ਇਕ ਖ਼ਲਾਅ ਕਾਇਆ ਵਿਚ ਪੱਸਰ ਜਾਂਦਾ ਹੈ। ਆਦਮੀ ਬੋਦਲ ਜਾਂਦਾ ਹੈ, ਅੰਦਰ ਬਾਹਰ ਨੀਰਸ ਹੋ ਜਾਂਦਾ ਹੈ। ਜ਼ਿੰਦਗੀ ਦੀ ਹਰ ਸ਼ੈ ਅੰਞਾਈਂ ਜਾਂਦੀ ਲਗਦੀ ਹੈ ਦੁਨੀਆਂ ਦਾ ਕਣ ਕਣ ਨਾਸ਼ਮਾਨ ਜਾਪਦਾ ਹੈ। ਸਾਰਾ ਜਗਤ ਮਾਇਆ ਦਾ ਪਸਾਰਾ ਲਗਦਾ ਹੈ। ਹੰਝੂ ਵੀ ਅਕਾਰਥ ਤੇ ਬੇ-ਮਾਅਨੀ ਜਾਪਦੇ ਹਨ।

Scanned by CamScanner

ਹਰਪਾਲ ਸਿੰਘ ਨੇ ਵੇਖਿਆ ਕਿ ਮਹਾਰਾਜਾ ਸਚ ਮੁਚ ਹੀ ਅਗੇ ਨਾਲੋਂ ਬੜਾ ਕਮਜ਼ੋਰ ਹੋ ਗਿਆ ਹੈ, ਉਹਦਾ ਸਰੀਰ ਦਲ ਗਿਆ ਹੈ, ਤੇ ਉਹਦਾ ਚਿਹਰਾ ਉਤਰ ਗਿਆ ਹੈ। ਬਸਤੁਰ ਅਜੇ ਤਕ ਵੀ ਸੁੱਛ ਹਨ। ਦਸਤਾਰੇ ਉੱਤੇ ਕਲਗੀ ਅਜੇ ਤਕ ਵੀ ਸਜਦੀ ਹੈ। ਸਭ ਉਹਨੂੰ 'ਮਹਾਰਾਜਾ' ਕਹਿ ਕੇ ਅਜੇ ਤਕ ਵੀ ਬੁਲਾਂਦੇ ਹਨ, ਪਰ ਹੁਣ ਉਹ ਗੱਲ ਨਹੀਂ ਰਹੀ। ਖੜਗ ਸਿੰਘ ਦਾ ਦਿਲ ਟੁੱਟ ਚੁਕਾ ਹੈ, ਉਹ ਹੁਣ ਜੀਉਣਾ ਨਹੀਂ ਚਾਹੁੰਦਾ। ਹਰਪਾਲ ਸਿੰਘ ਨੂੰ ਸਾਫ ਦਿਸ ਰਿਹਾ ਸੀ ਕਿ ਖੜਗ ਸਿੰਘ ਜਲਦੀ ਹੀ ਮਰ ਜਾਏਗਾ।

ਅਜ ਖੜਗ ਸਿੰਘ ਇਨ੍ਹਾਂ ਦੋ ਸਰਦਾਰਾਂ ਅਗੇ ਕੰਵਰ ਨੂੰ — ਆਪਣੇ ਪੁੱਤਰ ਨੂੰ — ਮਿਲਣ ਦੀ ਕੋਈ ਸਥੀਲ ਬਣਾਉਣ ਵਾਸਤੇ ਮਿੰਨਤ ਕਰ ਰਿਹਾ ਹੈ। ਸ਼ਾਇਦ ਉਸ ਨੇ ਇਸ ਤੋਂ ਪਹਿਲੇ ਵੀ ਕਿਸੇ ਹੋਰ ਅਗੇ ਇਹੋ ਮਿੰਨਤ ਕੀਤੀ ਹੋਵੇ ਤੇ ਨਿਰਾਸ ਰਿਹਾ ਹੋਵੇ। ਸ਼ਾਇਦ ਉਸ ਨੇ ਇਹੋ ਮਿੰਨਤ ਆਪਣੀ ਪਤਨੀ ਚੰਦ ਕੌਰ ਅਗੇ ਵੀ ਕੀਤੀ ਹੋਵੇ ਤੇ ਉਹ ਉਸ ਪਿਛੋਂ ਵੀ ਨਿਰਾਸ ਰਿਹਾ ਹੋਵੇ। ਹਾਂ, ਕੰਵਰ ਨੌਨਿਹਾਲ ਸਿੰਘ ਤੇ ਮਹਾਰਾਜਾ ਖੜਗ ਸਿੰਘ ਮਿਲਦੇ ਜ਼ਰੂਰ ਸਨ, ਪਰ ਭਰੇ ਦਰਬਾਰ ਵਿਚ, ਇਕ ਪਿਤਾ ਤੇ ਪੁੱਤਰ ਵਾਂਗ ਨਹੀਂ। ਮਹੀਨੇ ਵਿਚ ਇਕ ਅੱਧ ਵਾਰ ਅਜੇ ਤਕ ਵੀ ਮਹਾਂ ਮੰਤਰੀ ਧਿਆਨ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਮਹਾਰਾਜਾ ਖੜਗ ਸਿੰਘ ਨੂੰ ਦਰਬਾਰ ਵਿਚ ਆਉਣ ਉੱਤੇ ਮਜਬੂਰ ਕਰਦੇ ਸਨ ਤਾਂ ਜੋ ਬਾਹਰੋਂ ਬਾਹਰੋਂ ਪੁੱਛਾ ਪਿਆ ਰਹੇ। ਇਕ ਦੋ ਵਾਰੀ ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਇਕੱਠੇ ਅੰਮ੍ਰਿਤਸਰ ਵੀ ਗਏ ਸਨ।

ਪਰ ਇਸ ਸਾਰੇ ਸਮੇਂ ਵਿਚ ਪਿਓ ਤੇ ਪੁੱਤਰ, ਪਿਓ ਤੇ ਪੁੱਤਰ ਵਾਂਗ ਨਹੀਂ ਮਿਲੇ। ਪਿਸ਼ਾਵਰੋਂ ਆਉਣ ਪਿਛੋਂ ਕੰਵਰ ਪਿਤਾ ਨੂੰ ਇਕ ਵਾਰ ਵੀ ਇਕੱਲਿਆਂ ਨਹੀਂ ਮਿਲਿਆ, ਉਹਦੇ ਕੋਲ ਨਹੀਂ ਬੈਠਿਆ। ਆਪਣੀ ਤੇ ਪਿਤਾ ਦੀ ਸਿਹਤ ਬਾਰੇ ਗੱਲਾਂ ਨਹੀਂ ਕੀਤੀਆਂ। ਪਿਛਲੇ ਛੇਆਂ ਮਹੀਨਿਆਂ ਵਿਚ ਖੜਗ ਸਿੰਘ ਨੇ ਇਕ ਵਾਰ ਵੀ ਆਪਣੇ ਕੰਵਰ ਨੂੰ ਛਾਤੀ ਨਾਲ ਨਹੀਂ ਲਾਇਆ, ਉਹਨੂੰ ਚੁੰਮਿਆਂ ਨਹੀਂ, ਉਹਦੀ ਕੰਡ ਉੱਤੇ ਪਿਆਰ ਨਹੀਂ ਦਿਤਾ, ਉਹਦੀ ਕਲਗੀ ਵਲ ਸਹਰਾਈਆਂ ਨਜ਼ਰਾਂ ਨਾਲ ਨਹੀਂ ਤੱਕਿਆ। ਪਿਓ ਪੁੱਤਰ ਨੇ ਇਕ ਵਾਰ ਵੀ ਇਕੱਠਿਆਂ ਬੈਠ ਕੇ ਰੋਟੀ ਨਹੀਂ ਖਾਧੀ, ਇਕੱਠੇ ਸ਼ਿਕਾਰ ਨਹੀਂ ਖੇਡਿਆ।

ਜਦੋਂ ਅਜੇ ਕੰਵਰ ਪਿਸ਼ਾਵਰ ਸੀ, ਤਾਂ ਮਹਾਰਾਜਾ ਨੇ ਇਕ ਵਾਰ ਰਾਵੀ ਦੇ ਕਿਨਾਰੇ ਦਰਬਾਰ ਕੀਤਾ। ਉਥੇ ਉਹਦੇ ਮਨ ਕੀ ਆਈ ਕਿ ਉਸ ਇਕ ਬੜੀ ਸੁੰਦਰ ਕਿਸ਼ਤੀ ਤਿਆਰ ਕਰਨ ਦਾ ਹੁਕਮ ਦਿਤਾ ਜਿਸ ਵਿਚ ਬੈਠ ਕੇ ਉਹ ਰਾਵੀ ਦਰਿਆ ਵਿਚ ਸੈਰ ਕਰ ਸਕੇ। ਉਸ ਇਹ ਵੀ ਆਖਿਆ : "ਇਹ ਕਿਸ਼ਤੀ ਕੰਵਰ ਸਾਹਿਬ ਦੇ ਪਿਸ਼ਾਵਰੋਂ ਆਉਣ ਤੋਂ ਪਹਿਲੇ ਪਹਿਲੇ ਤਿਆਰ ਹੋ ਜਾਏ।" ਤੇ ਉਸ ਆਪਣੇ ਮਨ ਹੀ ਮਨ ਸੋਚਿਆ ਸੀ : 'ਕੰਵਰ ਦੇ ਆਉਣ ਉੱਤੇ ਅਸੀਂ ਇਕੱਠੇ ਇਸ ਕਿਸ਼ਤੀ ਵਿਚ ਸੈਰ ਕਰਾਂਗੇ।' ਉਸ ਮਹਾਰਾਣੀ ਚੰਦ ਕੌਰ ਨੂੰ ਵੀ ਇਸ ਦਾ ਜ਼ਿਕਰ ਕੀਤਾ : "ਮੈਂ ਇਕ ਅਤਿ ਸੁੰਦਰ ਕਿਸ਼ਤੀ ਬਣਾਉਣ ਦਾ ਹੁਕਮ ਦਿਤਾ ਹੈ। ਇਹ ਸਾਡੇ ਕੰਵਰ ਦੇ ਆਉਣ ਤੋਂ ਪਹਿਲੇ ਪਹਿਲੇ ਤਿਆਰ ਹੋ ਜਾਵੇਗੀ। ਕੰਵਰ ਤੇ ਮੈਂ ਇਹਦੇ ਵਿਚ ਇਕ ਲੰਮੀ ਸੈਰ ਕਰਨ ਲਈ ਜਾਵਾਂਗੇ, ਹਫਤਾ ਭਰ ਬਾਹਰ ਰਵਾਂਗੇ!" ਕਿਸ਼ਤੀ ਤਿਆਰ ਹੋ ਗਈ। ਕੰਵਰ ਆ ਗਿਆ, ਪਰ ਉਹ ਸੈਰ ਦੀ ਰੀਝ ਖੜਗ ਸਿੰਘ ਦੇ ਦਿਲ ਵਿਚ ਹੀ ਰਹੀ।

ਖੜਗ ਸਿੰਘ ਨੇ ਆਪਣੇ ਤਿੰਨ ਚਾਰ ਮਹੀਨੇ ਦੇ ਰਾਜ ਵਿਚ ਆਪਣੀ ਯੋਗਤਾ ਦਾ ਸਬੂਤ ਦਿਤਾ ਸੀ। ਉਸ ਪਹਾੜੀ ਰਾਜਿਆਂ ਨੂੰ ਸੋਧਣ ਵਾਸਤੇ ਮੁਹਿੰਮ ਭੇਜੀ। ਮੰਡੀ ਤੇ ਲਾਹੌਰ ਵਿਚਕਾਰ ਹਰ ਤੀਜੇ ਮੀਲ ਉੱਤੇ ਹਰਕਾਰੇ ਤੇ ਘੋੜੇ ਰਖਣ ਦਾ ਹੁਕਮ ਦਿਤਾ। ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਅਫਸਰ ਢਿੱਲੇ ਹੋ ਗਏ ਸਨ। ਪਰੇਡ ਉੱਤੇ ਸਮੇਂ ਸਿਰ ਨਾ ਜਾਂਦੇ। ਖੜਗ ਸਿੰਘ ਨੇ ਹਰ ਕੁਮੇਦਾਨ ਨੂੰ ਹਰ ਸਵੇਰ ਪਰੇਡ ਉੱਤੇ ਹਾਜ਼ਰ ਹੋਣ ਦਾ ਹੁਕਮ ਦਿਤਾ ਤੇ ਆਪਣੀ ਨਿੱਜੀ ਨਿਗਰਾਨੀ ਵੀ ਕਰਨੀ ਕਰ ਦਿਤੀ। ਰਾਜਾ ਗੁਲਾਬ ਸਿੰਘ ਨੂੰ ਸਰਕਾਰੀ ਤੇ ਜ਼ਾਤੀ ਜਾਇਦਾਦ ਵਿਚ ਫਰਕ ਸਿੱਖਣ ਦੀ ਸਖਤ ਤਾੜਨਾ ਕੀਤੀ। ਫੌਜ ਵਿਚ ਸ਼ਰਾਬਨੋਸ਼ੀ ਦੀ ਮਨਾਹੀ ਹੋਈ। ਅੰਮ੍ਰਿਤਸਰ ਤੇ ਤਰਨ ਤਾਰਨ ਵਿਚਲੀ ਸੜਕ ਦੇ ਦੋਹੀਂ ਪਾਸੀਂ ਦਰਖਤ ਲਾਉਣ ਦਾ ਹੁਕਮ ਹੋਇਆ। ਜਿਹੜਾ ਗੋਰਖਾ ਵੀ ਖ਼ਾਲਸਾ ਫੌਜ ਵਿਚ ਭਰਤੀ ਹੋਣਾ ਚਾਹੇ ਉਹਨੂੰ ਭਰਤੀ ਕਰ ਲੈਣ ਦੀ ਆਗਿਆ ਦਿਤੀ ਤੇ ਹੋਰ ਬੜਾ ਕੁਝ।

ਹਰਪਾਲ ਸਿੰਘ ਮਹਾਰਾਜੇ ਦੇ ਇਨ੍ਹਾਂ ਕੰਮਾਂ ਬਾਰੇ ਸਭ ਕੁਝ ਜਾਣਦਾ ਸੀ। ਉਹ ਆਪ ਦਰਬਾਰ ਨਹੀਂ ਸੀ ਜਾਂਦਾ, ਪਰ ਦਰਬਾਰ ਲਾਹੌਰ ਤੇ ਪੰਜਾਬ ਵਿਚ ਵਾਪਰਦੀਆਂ ਸਾਰੀਆਂ ਗੱਲਾਂ ਦੀ ਸੂਹ ਉਹਨੂੰ ਪਹੁੰਚਦੀ ਰਹਿੰਦੀ। ਮਾਹਿਲਾਂ ਦੀ

Scanned by CamScanner

ਹਵੇਲੀ ਲੰਕ ਜੁੜਦੇ ਰਹਿੰਦੇ ਤੇ ਗੱਲਾਂ ਹੁੰਦੀਆਂ ਰਹਿੰਦੀਆਂ।

ਖੜਗ ਸਿੰਘ ਯੋਗ ਜ਼ਰੂਰ ਸੀ, ਪਰ ਉਹ ਬੱਦ ਨਹੀਂ ਸੀ। ਉਹਨੇ ਸਭ ਕੰਮ ਸਿਧੇ ਪੱਧਰੇ ਤਰੀਕੇ ਨਾਲ ਕੀਤੇ, ਮਹਾਰਾਜਿਆਂ ਵਾਂਗ। ਜੇ ਉਹਨੂੰ ਗੁਲਾਬ ਸਿੰਘ ਤੇ ਧਿਆਨ ਸਿੰਘ ਦੀ ਕੋਈ ਗੱਲ ਪਸੰਦ ਨਹੀਂ ਆਈ ਤਾਂ ਉਸ ਸਾਫ਼ ਸਾਫ਼ ਉਨ੍ਹਾਂ ਨੂੰ ਤਾੜ ਦਿਤਾ। ਉਹ ਜਾਣਦਾ ਸੀ ਕਿ ਡੋਗਰਾ ਭਰਾ ਉਹਦੇ ਪੂਰੇ ਵਫ਼ਾਦਾਰ ਨਹੀਂ, ਪਰ ਉਹ ਇਹ ਨਹੀਂ ਸੀ ਜਾਣਦਾ ਕਿ ਇਹ ਭਰਾ ਸਿਖ ਰਾਜ ਦੇ ਵੀ ਵਫ਼ਾਦਾਰ ਨਹੀਂ। ਉਹ ਨਹੀਂ ਸੀ ਜਾਣਦਾ ਕਿ ਜਿਨ੍ਹਾਂ ਭਰਾਵਾਂ ਨੇ ਵੀਹ ਪੰਝੀ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਕੀਤੀ ਤੇ ਜਿਨ੍ਹਾਂ ਨੂੰ ਸਿਖ ਰਾਜ ਤੇ ਸਿਖ ਪੰਥ ਵਲੋਂ ਉਚੇ ਤੋਂ ਉਚਾ ਮੁਰਾਤਬਾ ਮਿਲਿਆ, ਉਹ ਭਰਾ ਕਦੀ ਨਮਕ ਹਰਾਮ ਵੀ ਹੋ ਸਕਦੇ ਹਨ। ਸਿਰਫ਼ ਨਮਕ ਹਰਾਮ ਹੀ ਨਹੀਂ ਸਗੋਂ ਏਥੋਂ ਤਕ ਡਿਗ ਜਾਣਗੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਟੱਬਰ ਨੂੰ ਮਾਰ ਮੁਕਾਣ ਦੀਆਂ ਗੋਂਦਾਂ ਗੁੰਦਣ ਲਗਣਗੇ। ਮਹਾਰਾਜਾ ਦਿਲ ਦਾ ਸਾਫ਼ ਸੀ, ਕਾਲੇ ਦਿਲਾਂ ਦਾ ਅਕਸ ਉਹਦਾ ਦਿਲ ਪੜ੍ਹ ਨਹੀਂ ਸੀ ਸਕਦਾ।

ਵੇਖਦਿਆਂ ਵੇਖਦਿਆਂ ਡੋਗਰੇ ਭਰਾਵਾਂ ਨੇ ਦੁਨੀਆਂ ਹੀ ਬਦਲ ਦਿਤੀ. ਕੰਵਰ ਨੂੰ ਆਪਣੇ ਹੱਥ ਕੀਤਾ। ਸ਼ੇਰ ਸਿੰਘ ਨੂੰ ਵਖ ਤਖ਼ਤ ਦਾ ਲਾਰਾ ਲਾਇਆ, ਸਿੰਧਾਵਾਲੀਆਂ ਨਾਲ ਉਂਜ ਸੰਧੀ ਕੀਤੀ। ਮਹਾਰਾਣੀ ਚੰਦ ਕੌਰ ਨੂੰ ਉਂਜ ਵਰਗਲਾਇਆ'। ਕੀ ਕੀ ਨਾ ਕੀਤਾ, ਕੀ ਕੀ ਨਾ ਹੋਇਆ। ਏਸ ਤਰ੍ਹਾਂ ਬਾਜ਼ੀ ਖੇਡੀ ਗਈ ਕਿ ਖੇਡਣ ਵਾਲੇ ਵੀ ਚਕ੍ਰਿਤ ਤੇ ਵੇਖਣ ਵਾਲੇ ਵੀ। ਆਪਣੇ ਪਰਾਏ ਦੀ ਪਛਾਣ ਭੁਲ ਗਈ, ਸਾਰਾ ਲਾਹੌਰ ਸਾਰਾ ਪੰਜਾਬ ਥੰਦਲ ਗਿਆ।

ਪਿਤਾ ਤੇ ਪੁੱਤਰ ਮਿਲ ਨਾ ਬੈਠੇ। ਪਤੀ ਤੇ ਪਤਨੀ ਵਿਚਕਾਰ ਭੁਲੇਖੇ ਪੈ ਗਏ। ਖੜਗ ਸਿੰਘ ਨੇ ਰਾਜ ਛਡ ਦਿਤਾ। ਰਾਜ ? ਰਾਜ ਭਾਗ ਕਿਸ ਕੰਮ ਜੇ ਪੁੱਤਰ ਪੁੱਤਰ ਨਹੀਂ ਰਿਹਾ, ਪਤਨੀ ਪਤਨੀ ਨਹੀਂ ਰਹੀ। ਜੇ ਖੜਗ ਸਿੰਘ ਬੁਰਾ ਹੁੰਦਾ ਤਾਂ ਉਹ ਡੋਗਰੇ ਭਰਾਵਾਂ ਨੂੰ, ਕੰਵਰ ਨੂੰ, ਮਹਾਰਾਣੀ ਨੂੰ, ਸਿੰਧਾਵਾਲੀਆਂ ਨੂੰ, ਸਭ ਨੂੰ ਸੋਧ ਲੈਂਦਾ; ਪਰ ਖੜਗ ਸਿੰਘ ਨੇਕ ਸੀ, ਖ਼ੁੱਦਦਾਰ ਸੀ, ਪਵਿਤ੍ਰ ਸੀ। ਸੱਚਾ ਹੀ ਨਹੀਂ ਸੁੱਚਾ ਵੀ ਸੀ। ਜੇ ਕੰਵਰ ਤੇ ਮਹਾਰਾਣੀ ਧੋਖਾ ਨਾ ਦੇਂਦੇ ਤਾਂ ਉਹ ਡੋਗਰੇ ਭਰਾਵਾਂ ਤੇ ਸਿੰਧਾਵਾਲੀਏ ਸਰਦਾਰਾਂ ਨਾਲ ਸਿੱਝ ਲੈਂਦਾ। ਪਰ...ਪਰ ਹੁਣ ਕਿਸ ਲਈ ਜੀਊਣਾ, ਕਿਸ ਲਈ ਚੋਰ ਕਰਵਾਣੇ, ਦਰਬਾਰ ਸਜਾਣੇ ?

ਦਿਲ ਖੱਟਾ ਹੋ ਗਿਆ। ਰਾਜ ਛਡ ਦਿਤਾ। ਜ਼ਿੰਦਗੀ ਭਾਰੂ ਲਗਣ ਲਗੀ। ਮੌਤ ਦੀ ਉਡੀਕ ਰਹਿਣ ਲਗੀ, ਪਰ ਫਿਰ ਵੀ ਪੁੱਤਰ ਨੂੰ ਘਟੋ ਘਟ ਇਕ ਵਾਰ ਪਿਆਰ ਕਰ ਲੈਣ ਦੀ ਲਾਲਸਾ ਨਾ ਗਈ। ਕਿਸ ਪਿਤਾ ਦੀ ਇਹੋ ਜਿਹੀ ਲਾਲਸਾ ਮੁਕ ਸਕਦੀ ਹੈ ? ਖੜਗ ਸਿੰਘ ਨੇ ਕੰਵਰ ਨੂੰ ਮਿਲਣ ਦੀਆਂ ਅਨੇਕ ਕੋਸ਼ਿਸ਼ਾਂ ਕੀਤੀਆਂ ਹੋਣਗੀਆਂ, ਪਰ ਸਭ ਵਿਅਰਥ। ਪੁੱਤਰ ਦਾ ਦਿਲ ਨਹੀਂ ਸੀ ਮੰਨਦਾ। ਪੁੱਤਰ ਅੰਨਾ ਬਦਗੁਮਾਨ ਹੋ ਚੁਕਾ ਸੀ। ਪਤਨੀ ਐਡੀ ਦੂਰ ਜਾ ਚੁਕੀ ਸੀ। ਕੋਈ ਵਿਚੋਲਾ ਨਾ ਬਣ ਸਕਿਆ, ਅਜ ਖੜਗ ਸਿੰਘ ਨੇ ਹਿੰਮਤ ਕਰ ਕੇ ਇਨ੍ਹਾਂ ਦੋ ਸਰਦਾਰਾਂ ਨੂੰ ਬੁਲ੍ਹਾ ਭੇਜਿਆ। ਇਨ੍ਹਾਂ ਦੋਹਾਂ ਦੀ ਇੱਜ਼ਤ ਖ਼ਾਲਸਾ ਦਰਬਾਰ ਵਿਚ ਅਤਿਅੰਤ ਸੀ। ਇਨ੍ਹਾਂ ਦੋਹਾਂ ਨੂੰ ਕੋਈ ਛੋਹਣ ਦਾ ਜੇਰਾ ਨਹੀਂ ਸੀ ਕਰ ਸਕਦਾ। ਇਹ ਰਾਜਨੀਤਕ ਗੱਠ-ਜੋੜ ਤੋਂ ਤੇ ਆਮ ਪਾਰਟੀ ਬਾਜ਼ੀਆਂ ਤੋਂ ਉੱਪਰ ਸਨ। ਜੇ ਕੋਈ ਸਹਾਇਤਾ ਕਰ ਸਕਦਾ ਸੀ ਤਾਂ ਇਹ ਸਰਦਾਰ ਹੀ।

ਲਹਿਣਾ ਸਿੰਘ ਨੂੰ ਰੋਂਦਿਆਂ ਵੇਖ ਕੇ ਖੜਗ ਸਿੰਘ ਨੇ ਉਹਨੂੰ ਦਿਲਾਸਾ ਦਿਤਾ : "ਸਰਦਾਰ ਸਾਹਿਬ, ਜੇ ਤੁਸੀਂ ਮੇਰੇ ਵਾਸਤੇ ਇਹ ਕੰਮ ਨਹੀਂ ਕਰ ਸਕਦੇ ਤਾਂ ਕੋਈ ਗੱਲ ਨਹੀਂ। ਕੰਵਰ ਜਿਸ ਹਾਲਤ ਵਿਚ ਹਨ ਮੈਂ ਜਾਣਦਾ ਹਾਂ।" ਲਹਿਣਾ ਸਿੰਘ ਨੇ ਹਰਪਾਲ ਵਲ ਵੇਖਿਆ : "ਸ਼ਾਇਦ ਤੁਸੀਂ ਕੋਈ ਸਬੀਲ ਸੋਚ ਸਕੋ।" "ਮੈਂ ਕੰਵਰ ਨੌਨਿਹਾਲ ਸਿੰਘ ਨੂੰ ਮਿਲਾਂਗਾ।" ਲਹਿਣਾ ਸਿੰਘ ਤੋਂ ਵਧ ਖੜਗ ਸਿੰਘ ਇਸ ਦਲੇਰਾਨਾ ਲਹਿਜੇ ਵਿਚ ਕਹੇ ਗਏ ਸ਼ਬਦਾਂ ਤੋਂ ਪ੍ਰਭਾਵਿਤ ਹੋਇਆ। ਉਸ ਹਰਪਾਲ ਵਲ ਵੇਖਿਆ ਤੇ ਉਸ ਮਨ ਹੀ ਮਨ ਸੋਚਿਆ : "ਇਸ ਸਰਦਾਰ ਵਿਚ ਅਵੱਸ਼ ਕੁਝ ਨਾ ਕੁਝ ਹੋਰ ਕੁਝ ਦੁਨੀਆਂ ਨਾਲੋਂ ਭਿੰਨ ਹੈ। ਮੈਂ ਜਦੋਂ ਵੀ ਇਹਨੂੰ ਮਿਲਿਆ ਹਾਂ ਇਹ ਮੈਨੂੰ ਵਖਰਾ ਵਖਰਾ ਲਗਾ ਹੈ। ਜੋ ਕੁਝ ਇਸ ਸਰਦਾਰ ਨੇ ਖ਼ਾਲਸਾ ਰਾਜ ਵਾਸਤੇ ਕੀਤਾ ਹੈ ਤੇ...ਕਰੇਗਾ ਉਹ ਸ਼ਾਇਦ ਕੋਈ ਹੋਰ ਸਰਦਾਰ ਨਾ ਕਰ ਸਕੇ।"

ਹਰਪਾਲ ਸਿੰਘ ਦਾ ਇਸ ਆਸ ਦੁਆਣ ਬਦਲੇ ਸ਼ੁਕਰੀਆ' ਅਦਾ ਕਰਨਾ ਬੜਾ ਬੇਜਾ ਸੀ, ਪਰ ਫ਼ਿਰ ਵੀ ਖੜਗ ਸਿੰਘ ਨੇ ਕਿਹਾ : 'ਸਰਦਾਰ ਹਰਪਾਲ ਸਿੰਘ ! ਤਾਂ ਹੀ ਮਿਲਣਾ ਜੇ ਤੁਸੀਂ ਸਮਝੋ ਕਿ ਤੁਹਾਨੂੰ ਤੇ ਤੁਹਾਡੀ ਜਾਗੀਰ ਤੇ ਟੱਬਰ

Scanned by CamScanner

ਨੂੰ ਇਸ ਵਿਚ ਕੋਈ ਖ਼ਤਰਾ ਨਹੀਂ। ਤੁਸੀਂ ਅਜੇ ਖ਼ਾਲਸਾ ਰਾਜ ਵਾਸਤੇ ਬੜਾ ਕੁਝ ਕਰਨਾ ਹੈ ਤੇ ਮੈਂ ਹੁਣ ਨਦੀ ਕਿਨਾਰੇ ਕੁੱਖੜਾ ਹਾਂ। ਜੇ ਮੈਨੂੰ ਕੰਵਰ ਆ ਵੀ ਮਿਲਿਆ ਤਾਂ ਵੀ ਮੈਂ ਬਹੁਤਾ ਚਿਰ ਜੀਣ ਨਹੀਂ ਲਗਾ।" 'ਮਹਾਰਾਜ ਤੁਸੀਂ ਨਿਰਾਸ ਨਾ ਹੋਵੋ। ਆਪਣੇ ਲਈ ਮੈਨੂੰ ਖ਼ਤਰੇ ਦਾ ਕਦੀ ਕੋਈ ਅਹਿਸਾਸ ਨਹੀਂ ਹੋਇਆ। ਮੈਨੂੰ ਕਦੀ ਕਿਸੇ ਚੀਜ਼ ਨੇ ਨਹੀਂ ਡਰਾਇਆ।"

ਖੜਗ ਸਿੰਘ ਨੇ ਪੁਛਿਆ, "ਕੀ ਤੁਸੀਂ ਮੇਰੇ, ਕੰਵਰ ਸਾਹਿਬ ਤੇ ਡੋਗਰਾ ਭਰਾਵਾਂ ਦੇ ਆਪੋ ਵਿਚਲੇ ਸੰਬੰਧਾਂ ਬਾਰੇ ਤੇ ਸਰਦਾਰ ਚੇਤ ਸਿੰਘ ਦੇ ਕਤਲ ਬਾਰੇ ਕੁਝ ਸਚਾਈ ਵੀ ਜਾਣਦੇ ਹੋ ਕਿ ਸਿਰਫ ਸੁਣੀਆਂ ਸੁਣਾਈਆਂ ਗੱਲਾਂ ਦਾ ਹੀ ਪਤਾ ਜੇ ?" "ਸਭ ਕੁਝ ਨਹੀਂ ਮਹਾਰਾਜ, ਪਰ ਮੈਂ ਥੋੜਾ ਬਹੁਤ ਜ਼ਰੂਰ ਜਾਣਦਾ ਹਾਂ।" "ਪਰ ਜੇ ਕੁਝ ਜਾਣਦੇ ਹੋ ਤਾਂ ਕਿਸੇ ਹੋਰ ਨੂੰ ਨਾ ਦਸਣਾ। ਮੈਂ ਭੋਗ ਰਿਹਾ ਹਾਂ। ਇਕ ਮੇਰਾ ਮਿੱਤਰ ਚੇਤ ਸਿੰਘ ਭੁਗਤ ਚੁਕਾ ਹੈ। ਮੈਂ ਨਹੀਂ ਚਾਹੁੰਦਾ ਕਿ ਹੁਣ ਮੇਰੇ ਲਈ ਕੋਈ ਹੋਰ ਸਜਣ ਵੀ ਭੁਗਤੇ।"

"ਮੈਂ ਸਚਾਈ, ਅਸੂਲਾਂ, ਸਿਖੀ ਤੇ ਖ਼ਾਲਸਾ ਰਾਜ ਵਾਸਤੇ ਸਭ ਕੁਝ ਭੁਗਤ ਸਕਦਾ ਹਾਂ, ਮਹਾਰਾਜ !" ਹਰਪਾਲ ਨੇ ਦ੍ਰਿੜ ਲਹਿਜੇ ਵਿਚ ਕਿਹਾ।

੧੦੧

ਇਨ੍ਹਾਂ ਦਿਨਾਂ ਵਿਚ ਜਸਜੀਤ ਫਿਰ ਲਾਹੌਰ ਆਈ। ਔਤਕੀ ਆਪਣੇ ਪਤੀ ਰਾਜ ਸਿੰਘ ਤੇ ਚਾਰ ਸਾਲਾਂ ਦੇ ਪੁੱਤਰ ਮਹਿੰਦਰ ਸਿੰਘ ਨਾਲ। ਮਹਿੰਦਰ ਸਿੰਘ ਦਾ ਇਕ ਪੈਰ ਜਮਾਂਦਰੂ ਹੀ ਡਿੰਗਾ ਸੀ। ਏਸੇ ਲਈ ਉਹ ਮਸੇ ਤਿੰਨਾਂ ਸਾਲਾਂ ਦਾ ਹੋ ਕੇ ਪੈਰ ਪੁੱਟਣ ਲਗਾ। ਕੁਝ ਆਪਣੇ ਚੌਥੇ ਸਾਲ ਵਿਚ ਜਦੋਂ ਉਹ ਥੋੜਾ ਬਹੁਤਾ ਟੁਰਨ ਜੋਗਾ ਹੋਇਆ ਤਾਂ ਮਾਪਿਆਂ ਨੇ ਵੇਖਿਆ ਕਿ ਮਹਿੰਦਰ ਦਾ ਪੈਰ ਅਗੇ ਨਾਲੋਂ ਵਧ ਡਿੰਗਾ ਹੋਣਾ ਸ਼ੁਰੂ ਹੋ ਗਿਆ ਹੈ। ਪੈਰ ਦੀ ਤਲੀ ਵਿਚ ਡੂੰਘ ਵਧਦਾ ਜਾਂਦਾ ਤੇ ਗਿਟਿਆਂ ਤੋਂ ਉੱਪਰ ਇਕ ਅਜੀਬ ਤਰ੍ਹਾਂ ਦੀ ਸੋਜ ਪੈਂਦੀ ਜਾਂਦੀ। ਰਾਜ ਸਿਘ ਤੇ ਜਸਜੀਤ ਨੇ ਹੋਰਨਾਂ ਦੀ ਸਲਾਹ ਨਾਲ ਮਹਿੰਦਰ ਨੂੰ ਲਾਹੌਰ ਲਿਆਂਦਾ ਤਾਂ ਜੋ ਮਹਾਰਾਜਾ ਸਾਹਿਬ ਦੇ ਯੂਰਪੀਨ ਡਾਕਟਰ ਮਾਰਟਨ ਹਾਨਿਗਬਰਗਰ ਕੋਲੋਂ ਮੁਆਇਨਾ ਕਰਾਇਆ ਜਾਏ ਤੇ ਡਾਕਟਰ ਮਾਰਟਨ ਹਾਨਿਗਬਰਗਰ ਨੂੰ ਮਿਲਣ ਵਾਸਤੇ ਜਸਜੀਤ ਨੇ ਹਰਪਾਲ ਦੀ ਮਦਦ ਲੈਣੀ ਚਾਹੀ।

ਜ਼ਿੰਦਗੀ ਵਿਚ ਕਿਵੇਂ ਦੋ ਚੁਕਦੇ ਹਨ ਜਦੋਂ ਪੁਰਾਣੇ ਮਿੱਤ੍ਰ, ਨਿਕਟਵਰਤੀ ਤੇ ਪਿਆਰੇ ਮੁੜ ਕੇ ਮਿਲਦੇ ਹਨ। ਕਈ ਵਾਰ ਸੋਚੀਦਾ ਹੈ ਕਿ ਇਹ ਦੁਨੀਆਂ ਬੜੀ ਵਡੀ ਹੈ। ਇਸ ਵਿਚ ਇਨਸਾਨ ਗੁੰਮ ਜਾਂਦਾ ਹੈ। ਸਿਵਾਏ ਕੁਝ ਰਿਸ਼ਤੇਦਾਰਾਂ ਤੇ ਨਜ਼ਦੀਕੀ ਮਿੱਤਰਾਂ ਦੇ ਹੋਰ ਸਭ ਜਾਣੂ ਇਕ ਬੇਥਹਾ ਭੀੜ ਵਿਚ ਗੁਆਚ ਗਏ ਲਗਦੇ ਹਨ। ਇਕ ਦੋ ਪੀਹੜੀਆਂ ਪਿਛੋਂ ਸੱਕੇ ਭਰਾਵਾਂ ਦੀ ਔਲਾਦ ਇਕ ਦੂਜੇ ਨੂੰ ਪਛਾਣਦੀ ਨਹੀਂ, ਜਾਣਦੀ ਨਹੀਂ, ਪਰ ਇਸ ਦੇ ਵਿਪ੍ਰੀਤ ਕਈ ਮੌਕੇ ਆਉਂਦੇ ਹਨ। ਜਦੋਂ ਕਿਤੇ ਅਤਿਅੰਤ ਭੀੜ ਵਿਚ ਮੁਦਤਾਂ ਪਹਿਲੋਂ ਵੇਖਿਆ ਤੇ ਪਿਆਰਿਆ ਮੂੰਹ ਦਿਸਦਾ ਹੈ ਤੇ ਵਿਸਰੇ ਦਿਨ ਤੇ ਵਿਸਰੀਆਂ ਯਾਦਾਂ ਹੂ-ਬ-ਹੂ ਅੱਖਾਂ ਸਾਹਮਣੇ ਵਿਚਰ ਜਾਂਦੀਆਂ ਹਨ।

ਬਹੁਤੀ ਵਾਰ ਦੁਨੀਆਂ ਦੇ ਭੀੜ ਭੜਿੱਕੇ ਵਿਚ ਹੋਈਆਂ ਇਹ ਮਿਲਣੀਆਂ ਛਿਨ-ਭੰਗਰੀਆਂ ਹੁੰਦੀਆਂ ਹਨ। ਯਾਦਾਂ ਦੇ ਕੜ ਭੱਜਦੇ ਹਨ, ਬੀਤ ਚੁਕਾ ਆਲਾ ਦੁਆਲਾ ਸੁਰਜੀਤ ਹੁੰਦਾ ਹੈ ਤੇ ਪਲੋ ਪਲੀ ਫਿਰ ਇਹ ਮੂੰਹ ਖ਼ਲਕਤ ਵਿਚ ਗੁੰਮ

Scanned by CamScanner

ਜਾਂਦੇ ਹਨ। ਵਰਤਮਾਨ ਭੂਤ-ਕਾਲ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। ਵਰਤਮਾਨ ਅੰਡਾ ਸ਼ਕਤੀਸ਼ਾਲੀ ਹੁੰਦਾ ਹੈ। ਮਨੁੱਖ ਦੀਆਂ ਵਰਤਮਾਨ ਵਿਚ ਮਜਬੂਰੀਆਂ ਅਜਿਹੀਆਂ ਤੇ ਕਈਆਂ ਵਾਸਤੇ ਜ਼ਿੰਦਗੀ ਐਨੀ ਕਠਨ ਹੋ ਜਾਂਦੀ ਹੈ ਕਿ ਭੂਤ-ਕਾਲ ਦੀਆਂ ਮਿੱਠੀਆਂ ਯਾਦਾਂ ਤੇ ਉਨ੍ਹਾਂ ਦੀ ਸੰਘਣੀ ਛਾਂ ਬਹੁਤੇ ਚਿਰ ਵਾਸਤੇ ਮਾਣੀ ਨਹੀਂ ਜਾ ਸਕਦੀ। ਪਰ ਕਦੀ ਚਿਰ-ਵਿਛੁੰਨੀਆਂ ਮਿਲਣੀਆਂ ਅਜਿਹੀਆਂ ਵੀ ਹੁੰਦੀਆਂ ਹਨ ਕਿ ਇਕ ਸਮੇਂ ਤਕ ਆਪਣੀ ਯਾਦ ਦੀ ਮਿਠਾਸ ਜਾਂ ਪੀੜ ਜੀਵਨ ਵਿਚ ਪਸਾਰ ਜਾਂਦੀਆਂ ਹਨ। ਕਾਲੇ ਅਸਮਾਨ ਉੱਤੇ ਇਕ ਤਾਰਾ ਟੁੱਟਦਾ ਹੈ, ਪਰ ਉਹਦੀ ਲਿਸ਼ਕ ਮਨੁੱਖ ਨੂੰ ਇਉਂ ਚਕਰਾ ਜਾਂਦੀ ਹੈ ਜਾਂ ਸੁੰਨ ਕਰ ਜਾਂਦੀ ਹੈ ਕਿ ਉਹ ਚਿਰਾਂ ਚਿਰ ਉਸ ਘਟਨਾ ਨੂੰ ਆਪਣੇ ਦਿਲੋਂ ਤੇ ਦਿਮਾਗ਼ੋਂ ਕੱਢ ਨਹੀਂ ਸਕਦਾ।

ਇਹੋ ਜਿਹੀਆਂ ਮਿਲਣੀਆਂ ਉਨ੍ਹਾਂ ਦੇ ਮਿੱਤ੍ਰਾਂ ਜਾਂ ਪਿਆਰਿਆਂ ਦੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਜੀਵਨ ਵਿਚੋਂ ਸ਼ਾਇਦ ਬਹੁਤਾ ਰਸ ਨਾ ਮਿਲਿਆ ਹੋਵੇ। ਉਹ ਦੋ ਪਿਆਰੇ ਜਿਨ੍ਹਾਂ ਕੋਲੋਂ ਕਿ ਉਨ੍ਹਾਂ ਦੇ ਆਪੋ ਵਿਚਲੇ ਵਿਛੋੜੇ ਨੇ ਕਿਸੇ ਰਸ ਦੀ ਸੰਭਾਵਨਾ ਖੋਹ ਲਈ ਹੋਵੇ। ਇਹੋ ਜਿਹੀਆਂ ਮਿਲਣੀਆਂ ਵੇਲੇ ਅਚੇਤ ਹੀ ਮਨੁੱਖ ਦਾ ਰੋਮ ਰੋਮ ਪੁਕਾਰਦਾ ਲਗਦਾ ਹੈ, "ਕਾਸ਼...!" ਕਾਸ਼ ! ਤੇ ਸਾਰਾ ਭੂਤ, ਸਾਰਾ ਵਰਤਮਾਨ ਤੇ ਸਾਰਾ ਭਵਿਖਤ ਇਕੋ ਵਾਰ ਗ੍ਰਹਿਣਿਆ ਜਾਂਦਾ ਹੈ।

ਇਹੋ ਜਿਹੀ ਮਿਲਣੀ ਹਰਪਾਲ ਸਿੰਘ ਤੇ ਜਸਜੀਤ ਦੀ ਮਿਲਣੀ ਸੀ। ਕਿੰਨੇ ਵਰ੍ਹੇ ਬੀਤ ਗਏ ਸਨ। ਉਨ੍ਹਾਂ ਨੂੰ ਮਿਲਿਆਂ। ਤੇ ਕਿੰਨਾ ਕੁਝ ਵਾਪਰ ਚੁਕਾ ਸੀ ਇਨ੍ਹਾਂ ਵਰ੍ਹਿਆਂ ਵਿਚ ? ਇਕ ਯੁਗ ਬਦਲ ਚੁਕਾ ਜਾਪਦਾ। ਜਸਜੀਤ ਵਿਆਹੀ ਗਈ। ਉਹਦੇ ਘਰ ਦੋ ਬੱਚੇ ਹੋਏ। ਵਡੀ ਧੀ ਹੁਣ ਸੱਤ ਸਾਲ ਦੀ ਹੋਣ ਤੇ ਆਈ। ਹਰਪਾਲ ਸਿੰਘ ਇਨ੍ਹਾਂ ਦਸਾਂ ਵਰ੍ਹਿਆਂ ਵਿਚ ਕਿਥੇ ਦਾ ਕਿਥੇ ਜਾ ਪਹੁੰਚਿਆ ਸੀ। "ਸ਼ੇਰੇ-ਸਲਤਨੱਤ" ਤੇ "ਨੂਰੇ-ਨਜ਼ਰ" ਤੋਂ ਇਲਾਵਾ ਉਹ ਸੀ "ਸਰਦਾਰ-ਬਾਵਕਾਰ, ਵਿਸ਼ਤੇ-ਰਾਜ ਸਰਦਾਰ ਹਰਪਾਲ ਸਿੰਘ ਬਹਾਦਰ।"

ਪਰ ਦੋਹਾਂ ਦੀਆਂ ਜ਼ਿੰਦਗੀਆਂ ਵਿਚ ਇਕ ਸਮੇਂ ਆਈਆਂ ਇਹ ਤਬਦੀਲੀਆਂ ਕੀ ਉਨ੍ਹਾਂ ਦੇ ਦਿਲ ਵਿਚ ਜ਼ਾਗੇ ਪਿਆਰ ਨੂੰ ਭੁਲਾ ਸਕਦੀਆਂ ਸਨ ? ਸ਼ਾਇਦ ਨਹੀਂ। ਬਹੁਤੀ ਵਾਰੀ ਆਦਮੀ ਆਪਣੇ ਪਿਆਰ ਭੁਲ ਜਾਂਦਾ ਹੈ। ਨਵੇਂ ਪਿਆਰ ਪੈ ਜਾਂਦੇ ਹਨ ਜਾਂ ਕਿਸੇ ਹੋਰ ਪਹਿਲੂ ਤੋਂ ਜ਼ਿੰਦਗੀ ਭਰਪੂਰ ਹੋ ਜਾਂਦੀ ਹੈ, ਪਰ ਜਿਨ੍ਹਾਂ ਪਿਆਰਾਂ ਤੋਂ ਪਿਛੋਂ ਕੋਈ ਨਵੇਂ ਪਿਆਰ ਨਾ ਪੈਣ, ਉਹ ਪਿਆਰ ਘਟ ਭੁਲਦੇ ਹਨ। ਜਿਸ ਆਦਮੀ ਦੀ ਜ਼ਿੰਦਗੀ ਹਰ ਪਿਆਰ ਪਿਛੋਂ ਪਹਿਲੇ ਨਾਲੋਂ ਵੀ ਵਧ ਨੀਰਸ ਤੇ ਬੇਰੌਣਕ ਹੋ ਜਾਏ. ਉਹ ਆਪਣੇ ਪਿਆਰ ਨਹੀਂ ਭੁਲਦਾ। ਹਰਪਾਲ ਨਾਲ ਏਸੇ ਤਰ੍ਹਾਂ ਹੀ ਹੋਇਆ। ਤੇ ਜਸਜੀਤ ਨਾਲ ? ਬੇਸ਼ਕ ਜਸਜੀਤ ਦੀ ਜ਼ਿੰਦਗੀ ਹਰਪਾਲ ਸਿੰਘ ਦੇ ਵਿਛੋੜੇ ਪਿਛੋਂ ਨੀਰਸ ਤੇ ਬੇਰੌਣਕ ਨਹੀਂ ਰਹੀ, ਪਰ ਫਿਰ ਵੀ ਉਹਦੀ ਹਿੱਕੜੀ ਦੀ ਕਿਸੇ ਵਿਰਲ ਵਿਚ ਹਰਪਾਲ ਸਿੰਘ ਦੀ ਯਾਦ ਤਾਜ਼ਾ ਰਹੀ। ਸ਼ਾਇਦ ਇਸ ਲਈ ਕਿ ਉਹ ਇਸਤ੍ਰੀ ਸੀ। ਇਸਤ੍ਰੀ ਆਪਣੇ ਪਹਿਲੇ ਪਿਆਰ ਨੂੰ ਭੁਲ ਨਹੀਂ ਸਕਦੀ। ਇਸਤ੍ਰੀ ਦੀ ਜ਼ਿੰਦਗੀ ਬਹੁਤਾ ਕਰ ਕੇ ਅੰਤਰ ਮੁਖੀ ਹੁੰਦੀ ਹੈ ਤੇ ਆਪਣੀ ਉਮਰ ਵਿਚ ਉਹ ਬਹੁਤੇ ਪਿਆਰ ਪਾ ਨਹੀਂ ਸਕਦੀ। ਇਕ ਵਾਰ ਦੇ ਪਿਆਰ ਤੇ ਖ਼ਾਸ ਕਰ ਕੇ ਇਕ ਵਾਰ ਦੀ ਪਿਆਰ-ਹਾਰ ਪਿਛੋਂ ਇਸਤ੍ਰੀ ਆਪਣੇ ਆਪ ਵਿਚ ਸੁੰਗੜ ਜਾਂਦੀ ਹੈ ਤੇ ਉਹਦੀ ਕਲਪਨਾ ਤੇ ਸ਼ਖ਼ਸੀਅਤ ਦੇ ਪਰ ਫਿਰ ਬਹੁਤਾ ਫੜਫੜਾਂਦੇ ਨਹੀਂ। ਉਹ ਹਰ ਸਾਹਮਣੇ ਆਈ ਚੀਜ਼ ਤੇ ਔਕੜ ਨੂੰ ਸਵੀਕਾਰ ਕਰ ਲੈਂਦੀ ਹੈ। ਬਹੁਤੀਆਂ ਇਸਤ੍ਰੀਆ ਜ਼ਿੰਦਗੀ ਵਿਚ ਸਿਰਫ਼ ਇਕ ਵਾਰ ਹੀ ਖਿੜਦੀਆਂ ਹਨ। ਜਸਜੀਤ ਵੀ ਦਸ ਕੁ ਵਰ੍ਹੇ ਪਹਿਲੇ ਇਕ ਵਾਰ ਖਿੜੀ ਸੀ ਤੇ ਉਸ ਖੇੜੇ ਦੀ ਯਾਦ ਅਜੇ ਤਕ ਤਾਜ਼ਾ ਸੀ, ਪਰ ਜੋ ਕੁਝ ਤਾਜ਼ਾ ਸੀ ਉਹ ਸਿਰਫ਼ ਖੇੜੇ ਦੀ ਯਾਦ ਸੀ। ਬਹਾਰਾਂ ਤੇ ਪਤਝੜਾਂ ਹਰ ਵਰ੍ਹੇ ਮੁੜਦੀਆਂ ਰਹੀਆਂ ਸਨ, ਜਸਜੀਤ ਉੱਤੇ ਮੁੜ ਕੇ ਪਹਿਲੇ ਜਿਹਾ ਖੇੜਾ ਨਹੀਂ ਸੀ ਆਇਆ। ਸ਼ਾਇਦ ਏਸੇ ਲਈ ਹੀ ਅੱਠੇ ਵਰ੍ਹਿਆਂ ਪਿਛੋਂ ਹਰਪਾਲ ਸਿੰਘ ਨੂੰ ਮਿਲਣ ਦੀ ਸੰਭਾਵਨਾ ਪੁੱਗਦਿਆਂ ਵੇਖ ਕੇ ਉਹ ਫਿਰ ਸੁੰਗੜ ਗਈ ਸੀ ਤੇ ਉਸ ਗੁਰਮੀਤ ਨੂੰ ਕਿਹਾ ਸੀ :

"ਜਦੋਂ ਮੁੜ ਕੇ ਸੋਚਦੀ ਹਾਂ ਤਾਂ ਮਨ ਆਖਦਾ ਹੈ ਕਿ ਜੇ ਉਹਨੂੰ ਨਾ ਹੀ ਮਿਲਾਂ ਤਾਂ ਚੰਗਾ ਹੈ।" ਤੇ ਉਸ ਇਹ ਵੀ ਕਿਹਾ ਸੀ: "ਨਹੀਂ ਗੁਰਮੀਤ ! ਮੈਨੂੰ ਹਰਪਾਲ ਨਾਲ ਨਹੀਂ ਮਿਲਣਾ ਚਾਹੀਦਾ ਮੈਂ ਇਕ ਦਿਨ ਆਵਾਂਗੀ ਤੇ ਉਹਨੂੰ ਪਰ੍ਹੇ ਵਿਚ ਬੈਠਾ ਵੇਖ ਕੇ ਮੁੜ ਜਾਵਾਂਗੀ। ਹਾਂ, ਗੁਰਮੀਤ ਇਹੋ ਕੁਝ ਹੀ ਠੀਕ ਹੋਵੇਗਾ।"

ਆਪਣੇ ਜੀਵਨ ਵਿਚ ਇਕ ਵਾਰ ਆਏ ਖੇੜੇ ਦੀ ਯਾਦ ਆਈ ਸੀ, ਪਰ ਇਹ ਯਾਦ ਆਉਂਦਿਆਂ ਹੀ ਮਨ

Scanned by CamScanner

ਮੁਰਝਾ ਗਿਆ। ਸ਼ਾਇਦ ਜਸਜੀਤ ਨੂੰ ਪਤਾ ਲਗਾ ਹੋਵੇ ਕਿ ਉਹਨੂੰ ਹਰਪਾਲ ਨਾਲ ਮਿਲਣ ਦਾ ਕੋਈ ਹੱਕ ਨਹੀਂ ਜਾਂ ਸਿਰਫ਼ ਇਹ ਮਨੁੱਖ ਦੀ ਵਿਚਲੀ ਸੁਤਿਆਂ ਅਰਮਾਨਾਂ ਨੂੰ ਸੁੱਤਿਆਂ ਛੜਣ ਦੀ ਜ਼ਮਾਂਦਰੂ ਅੰਸ ਹੋਵੇ। ਤੇ ਜੇ ਜਸਤੀਤ ਭਲਾ ਹਰਪਾਲ ਨੂੰ ਮਿਲਦੀ ਵੀ ਤਾਂ ਉਹਨੂੰ ਕੀ ਆਖਦੀ ? ਹਰਪਾਲ ਤੇ ਜਸਜੀਤ ਦੀ ਸਾਲ ਡੂਢ ਸਾਲ ਲੰਮੀ ਸਾਂਝ ਚੁਪ ਸਾਂਝ ਸੀ। ਜਸਜੀਤ ਤੇ ਹਰਪਾਲ ਨੇ ਇਕ ਦੂਜੇ ਅਗੇ ਕਦੀ ਆਪਣੇ ਪ੍ਰੇਮ ਤੇ ਆਪਣੇ ਲਗਾਅ ਦਾ ਪ੍ਰਗਟਾ ਨਹੀਂ ਸੀ ਕੀਤਾ।

ਪਹਿਲੇ ਪਹਿਲੇ ਉਨ੍ਹਾਂ ਦਾ ਮੇਲ ਜਸਜੀਤ ਦੇ ਘਰ ਹੋਇਆ। ਹਰਪਾਲ ਜਰਨੈਲ ਇਮਾਮ ਦੀਨ ਨਾਲ ਇਕ ਵਾਰ ਪਤਾ ਨਹੀਂ ਕਿਸ ਕੰਮ ਵਾਸਤੇ ਮਹਿਤਾਬ ਸਿੰਘ ਭੋਗਪੁਰੀਏ ਦੇ ਘਰ ਗਿਆ ਸੀ। ਜਸਜੀਤ ਉਹਨੂੰ ਹਵੇਲੀ ਦੇ ਵਿਹੜੇ ਵਿਚ ਮਿਲੀ ਸੀ ਤੇ ਉਸ ਕਿਹਾ ਕਿ ਉਹਦੇ ਪਿਤਾ ਘਰ ਨਹੀਂ। ਫਿਰ ਉਸ ਇਮਾਮ ਦੀਨ ਤੇ ਹਰਪਾਲ ਨੂੰ ਬੈਠਣ ਵਾਸਤੇ ਕਿਹਾ ਤੇ ਹਰਪਾਲ ਨੇ ਉਹਦੇ ਵਲ ਗੌਹ ਨਾਲ ਤੱਕਿਆ। ਜਸਜੀਤ ਤੇ ਅਜੀਤ ਦਾ ਮੁਹਾਂਦਰਾ ਨਹੀਂ ਸੀ ਮਿਲਦਾ, ਪਰ ਨਾ ਜਾਣੇ ਕਿਵੇਂ ਹਰਪਾਲ ਨੂੰ ਲਗਾ ਕਿ ਜਸਜੀਤ ਅਜੀਤ ਵਰਗੀ ਇਕ ਕੁੜੀ ਹੈ। ਜਸਜੀਤ ਨੂੰ ਵੇਖਦਿਆਂ ਹੀ ਬੀਤੇ ਵਰ੍ਹੇ ਉਹਦੀ ਕਾਇਆਂ ਵਿਚ ਲਿਸ਼ਕੇ ਤੇ ਪਲ ਦੀ ਪਲ ਲਈ ਉਹ ਨਿਰਣਾ ਨਾ ਕਰ ਸਕਿਆ ਕਿ ਉਹਦੇ ਸਾਹਮਣੇ ਉਹਦੀ ਅਜੀਤ ਖੜੀ ਹੈ ਕਿ ਕੋਈ ਹੋਰ।

ਹਰਪਾਲ ਮੁੜ ਆਇਆ, ਪਰ ਮਹਿਤਾਬ ਸਿੰਘ ਭੋਗਪੁਰੀਏ ਦੀ ਧੀ ਦਾ ਆਕਾਰ ਤੇ ਉਹਦਾ ਮਾਸੂਮ ਚਿਹਰਾ ਮੁੜ ਮੁੜ ਉਹਦੇ ਨੈਣਾਂ ਅਗੇ ਆ ਵਿਚਰੇ। ਜਿੰਨਾ ਵਧ ਉਹ ਟਿਸ ਆਕਾਰ ਤੇ ਇਸ ਮਾਸੂਮ ਚਿਹਰੇ ਨੂੰ ਭੁਲਣ ਦੀ ਕੋਸ਼ਿਸ ਕਰਦਾ ਉੱਨਾ ਵਧ ਹੀ ਇਹ ਆਕਾਰ ਤੇ ਇਹ ਚਿਹਰਾ ਉਹਦੇ ਭਾਵਾਂ ਵਿਚ ਰਚਦਾ ਜਾਂਦਾ। ਜਸਜੀਤ ਹਰਪਾਲ ਦੇ ਸੁਪਨਿਆਂ ਵਿਚ ਆਈ। ਇਕ ਵਾਰ ਨਹੀਂ, ਦੋ ਚਾਰ ਵਾਰ। ਹਰ ਵਾਰ ਜਸਜੀਤ ਤੇ ਅਜੀਤ ਦੇ ਆਕਾਰ ਇਕ ਮਿਕ ਹੋ ਜਾਂਦੇ ਕੀ ਉਨ੍ਹਾਂ ਵਿਚਕਾਰ ਭਿੰਨਤਾ ਕਰਨੀ ਮੁਸ਼ਕਲ ਹੋ ਜਾਂਦੀ ਰਹੀ।

ਹਰਪਾਲ ਮੁੜ ਕੇ ਜਸਜੀਤ ਦੇ ਘਰ ਜਾਣਾ ਨਹੀਂ ਸੀ ਚਾਹੁੰਦਾ, ਪਰ ਕਿਸੇ ਸ਼ੈ ਨੇ ਉਹਨੂੰ ਉਹਦੀ ਦਲੀਜ਼ ਢੂੰਡਣ ਉੱਤੇ ਮਜਬੂਰ ਕਰ ਦਿਤਾ। ਉਹ ਬਾਰ ਬਾਰ ਜਸਜੀਤ ਦੇ ਦਰਵਾਜ਼ੇ ਉੱਤੇ ਗਿਆ ਤੇ ਜਸਜੀਤ ਨੂੰ ਮਿਲਿਆ। ਭੋਗਪੁਰੀਏ ਖ਼ੁਸ਼ ਸਨ ਕਿ ਮਾਹਿਲਾਂ ਦੇ ਟੱਬਰ ਦਾ ਨੌਨਿਹਾਲ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸ਼ੇਰੇ-ਸਲਤਨੱਤ ਤੇ ਨੂਰੇ-ਨਜ਼ਰ ਉਨ੍ਹਾਂ ਦੀ ਹਵੇਲੀ ਆਉਂਦਾ ਹੈ। ਜਦੋਂ ਵੀ ਉਹ ਆਉਂਦਾ ਜਸਜੀਤ ਵੀ ਆਪਣੇ ਮਾਪਿਆਂ ਤੇ ਹੋਰਨਾਂ ਭੈਣਾਂ ਭਰਾਵਾਂ ਨਾਲ ਉਹਦੇ ਕੋਲ ਆ ਬਹਿੰਦੀ ਤੇ ਆਮ ਰਉਂ ਵਿਚ ਗੱਲਾਂ ਹੁੰਦੀਆਂ ਰਹਿੰਦੀਆਂ।

ਹੌਲੀ ਹੌਲੀ ਜਸਜੀਤ ਨੂੰ ਪਤਾ ਲਗਣ ਲਗਾ ਕਿ ਹਰਪਾਲ ਸਿਰਫ਼ ਉਹਦੇ ਵਾਸਤੇ ਉਨ੍ਹਾਂ ਦੇ ਘਰ ਆਉਂਦਾ ਹੈ। ਕੁੜੀ ਵਿਚ ਇਕ ਚਾਅ ਉਮਡਿਆ, ਇਕ ਲਾਲਸਾ ਪਲੱਰੀ ! ਉਸ ਹਰਪਾਲ ਵਲ ਨੀਝ ਨਾਲ ਤੱਕਿਆ। ਤਣਿਆਂ ਹੋਇਆ ਜੁੱਸਾ, ਅਜਬ ਭਾਂਤ ਦੇ ਨੂਰ ਨਾਲ ਲਿਸ਼ਕਦੀਆਂ ਅੱਖਾਂ, ਮੋਟੇ ਮੋਟੇ ਹੱਥ ਤੇ ਬਾਕੀ ਨਕਸ਼ ਪਰ ਇਨ੍ਹਾਂ ਮੋਟੇ ਨਕਸ਼ਾਂ ਨੂੰ ਪਤਾ ਨਹੀਂ ਕਿਸ ਤਰ੍ਹਾਂ ਸੁੰਦਰ ਬਣਾਂਦਾ ਹੋਇਆ ਉਹਦੀ ਸੱਜੀ ਗਲ੍ਹ ਉੱਤੇ ਇਕ ਮਿਲੇ ਫੱਟ ਦਾ ਨਿਸ਼ਾਨ। ਇਹ ਮਿਲੇ ਫੱਟ ਦਾ ਨਿਸ਼ਾਨ...। ਇਹੋ ਨਿਸ਼ਾਨ ਹੀ ਜਸਜੀਤ ਨੂੰ ਸਭ ਤੋਂ ਵਧ ਟੁੰਭਦਾ। ਉਹ ਇਸ ਨਿਸ਼ਾਨ ਵਲ ਵੇਖਦੀ ਹੋਰ ਸਭ ਕੁਝ ਭੁਲ ਜਾਂਦੀ। ਉਹ ਜਾਣਦੀ ਸੀ ਕਿ ਇਹ ਫੱਟ ਹਰਪਾਲ ਨੂੰ ਮੁਲਤਾਨ ਦੀ ਲੜਾਈ ਵਿਚ ਪਿਆ ਸੀ ਤੇ ਏਸੇ ਲੜਾਈ ਤੋਂ ਪਿਛੋਂ ਸੇਰੇ ਪੰਜਾਬ ਮਹਾਰਾਜਾ ਰਣਜੀਤ ਨੇ ਉਹਨੂੰ ਵਡਮੁੱਲੇ ਤੋਹਫ਼ਿਆਂ ਤੇ ਇਕ ਵਡੀ ਜਾਗੀਰ ਤੋਂ ਉਪਰੰਤ ਸ਼ੇਰੇ-ਸਲਤਨੱਤ ਤੇ ਨੂਰੇ-ਨਜ਼ਰ ਦੇ ਖ਼ਿਤਾਬ ਦਿਤੇ ਸਨ। ਇਹ ਨਿਸ਼ਾਨ ਜਸਜੀਤ ਵਾਸਤੇ ਹਰਪਾਲ ਦੀ ਸਾਰੀ ਸਰੀਰਕ ਤੇ ਮਾਨਸਿਕ ਖਿੱਚ ਦਾ ਚਿੰਨ੍ਹ ਬਣ ਗਿਆ...ਤੇ ਇਉਂ ਇਕ ਦਿਨ ਜਸਜੀਤ ਦਾ ਜੀ ਕੀਤਾ ਕਿ ਉਹ ਇਸ ਨਿਸ਼ਾਨ ਇਸ ਚਿੰਨ੍ਹ ਨੂੰ ਛੋਹ ਸਕੇ, ਚੁੰਮ ਸਕੇ।

ਜਿਸ ਦਿਨ ਜਸਜੀਤ ਦੇ ਦਿਲ ਵਿਚ ਇਹੋ ਜਿਹੇ ਗੂੜ੍ਹੇ ਤੇ ਮਿੱਠੇ ਭਾਵ ਉਤਪੰਨ ਹੋਏ ਉਸੇ ਦਿਨ ਸ਼ਾਇਦ ਹਰਪਾਲ ਦੇ ਮਨ ਵਿਚ ਵੀ ਜਸਜੀਤ ਨੂੰ ਪਾਉਣ ਦੀ ਤੇ ਉਹਨੂੰ ਘੁਟ ਕੇ ਪਿਆਰਨ ਦੀ ਚਾਹ ਉਤਪੰਨ ਹੋਈ। ਦੋਵੇਂ ਜੀਅ ਇਕ ਮੁੱਦਤ ਤਕ ਆਪਣੀਆਂ ਆਪਣੀਆਂ ਚਾਹਾਂ ਤੇ ਲਾਲਸਾਵਾਂ ਨੂੰ ਪਾਲਦੇ ਆਏ। ਉਨ੍ਹਾਂ ਦਿਨਾਂ ਦੀ ਯਾਦ ਕੇਡੀ ਪਿਆਰੀ ਤੇ ਮਿਠੀ ਸੀ ? ਹਰਪਾਲ ਅਜ ਤਕ ਵੀ ਉਹ ਦਿਨ ਨਹੀਂ ਭੁਲਿਆ, ਨਹੀਂ ਸੀ ਭੁਲ ਸਕਦਾ। ਉਸ ਇਕ ਦੋ ਵਾਰ ਸਰਸਰੀ ਤੌਰ ਉੱਤੇ ਗੁਰਮੀਤ ਨਾਲ ਇਹਦੇ ਬਾਰੇ ਜ਼ਿਕਰ ਕੀਤਾ ਤੇ ਆਖਿਆ : "ਜਸਜੀਤ ਮੈਨੂੰ ਕਦੀ ਕਦੀ ਅਜੀਤ ਵਾਂਗ ਲਗਦੀ

Scanned by CamScanner

ਹੈ।" ਤੇ ਇਕ ਵਾਰ : "ਜਸਜੀਤ ਦੀ ਉਮਰ ਕੇਡੀ ਕੁ ਹੋਵੇਗੀ ?"

ਗੁਰਮੀਤ ਨੇ ਹਰਪਾਲ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ। ਹਰਪਾਲ ਨੇ ਸਾਰੀ ਗੱਲਾਂ ਵਿਚ ਹੀ ਇਹ ਗੱਲਾਂ ਕੀਤੀਆਂ ਸਨ। ਐਨੀ ਸਰਸਰੀ ਤੌਰ ਉੱਤੇ ਕਿ ਗੁਰਮੀਤ ਵਰਗੀ ਕੁੜੀ ਵੀ ਉਨ੍ਹਾਂ ਦੇ ਅਰਥ ਪਹਿਚਾਣ ਨਾ ਸਕੀ। ਏਸੇ ਲਈ ਸ਼ਾਇਦ ਉਹ ਇਨ੍ਹਾਂ ਗੱਲਾਂ ਨੂੰ ਹੁਣ ਤਕ ਬਿਲਕੁਲ ਭੁਲ ਚੁੱਕੀ ਸੀ। ਇਕ ਦਿਨ ਮਹਿਤਾਬ ਸਿੰਘ ਨੇ ਵੀ ਹਰਪਾਲ ਦੀ ਉਮਰ ਪੁਛੀ ਸੀ ਤੇ ਇਹੋ ਉਮਰ...ਉਮਰ ਦਾ ਹੀ ਇਕ ਸੁਆਲ ਅਜਿਹਾ ਸੀ ਜਿਹੜਾ ਹਰਪਾਲ ਨੂੰ ਅੰਦਰੋਂ ਅੰਦਰੀ ਖਾਈ ਜਾਂਦੇ। ਇਹੋ ਇਕ ਕਾਰਨ ਸੀ ਜਿਸ ਕਰਕੇ ਹਰਪਾਲ ਨੇ ਜਸਜੀਤ ਵਲ ਆਪਣੇ ਝੁਕਾਅ ਨੂੰ ਸਭ ਕੋਲੋਂ ਛੁਪਾਈ ਰਖਿਆ। ਆਪਣੀ ਭੈਣ ਗੁਰਮੀਤ ਕੋਲੋਂ ਵੀ।

ਜਸਜੀਤ ਸ਼ਾਇਦ ਚੌਦਾਂ ਪੰਦਰਾਂ ਵਰ੍ਹਿਆਂ ਦੀ ਸੀ ਤੇ ਉਹ ਸ਼ਾਇਦ ਅਠਾਈ ਵਰ੍ਹਿਆਂ ਦਾ। ਉਫ਼ ! ਸਮੇਂ ਨੇ ਉਹਦੇ ਨਾਲ ਕੇਡਾ ਅਨਿਆਂ ਕੀਤਾ ਸੀ। ਉਹ ਆਪ ਐਨਾਂ ਵਡਾ ਤੇ ਐਨਾਂ ਗੰਭੀਰ ਹੋ ਚੁੱਕਾ ਸੀ ਤੇ ਇਹ ਅਜੀਤ ਸੀ ਕਿ ਆਪਣੇ ਉਨ੍ਹਾਂ ਹੀ ਵਰ੍ਹਿਆਂ ਨਾਲ, ਆਪਣੀ ਉਸੇ ਹੀ ਸਰੀਰਕ ਤੇ ਭਾਵਾਂ ਦੀ ਤਾਜ਼ਗੀ ਨਾਲ, ਆਪਣੀ ਉਸੇ ਹੀ ਸੁਹਜ ਭਰੀ ਨੁਹਾਰ ਨਾਲ, ਆਪਣੀਆਂ ਉਨ੍ਹਾਂ ਹੀ ਡੂੰਘੀਆਂ ਤੱਕਣੀਆਂ ਤੇ ਉਭਰਦੇ ਜੋਬਨ ਨਾਲ ਜਸਜੀਤ ਦੇ ਰੂਪ ਵਿਚ ਉਹਨੂੰ ਫਿਰ ਆ ਮਿਲੀ। ਹਰਪਾਲ ਕੀ ਕਰਦਾ ? ਇਸ ਉਮਰ ਦੇ ਤਕਾਜ਼ੇ ਨਾਲ ਕਿਵੇਂ ਨਿਭਦਾ ? ਆਪੇ ਆਪਣੀਆਂ ਦਿਨ੍ਹਾਂ ਅੱਡਰੀਆਂ ਪਰ-ਸਥਿਤੀਆਂ ਨਾਲ ਕਿਵੇਂ ਨਿਆਂ ਕਰਦਾ ? ਕਿਹੜੇ ਮੂੰਹ ਇਸ ਨਵੀਂ ਅਜੀਤ ਨੂੰ ਅਪਨਾਉਂਦਾ ? ਤੇ...ਤੇ ਕਿਹੜੇ ਦਿਲ ਨਾਲ ਇਸ ਨਵੀਂ ਮਿਲੀ ਅਜੀਤ ਨੂੰ ਛਡਦਾ, ਉਹਦੇ ਉੱਤੋਂ ਆਪਣਾ ਹੱਕ ਚੁੱਕਦਾ। ਜਦੋਂ ਦੋ ਪ੍ਰਾਣੀ ਇਕ ਦੂਜੇ ਨੂੰ ਪਿਆਰ ਕਰਦੇ ਹੋਣ ਤਾਂ ਇਹ ਪਿਆਰ ਜੀਵਨ ਨੂੰ ਕੇਡਾ ਸਵਾਦ-ਮਈ ਬਣਾ ਦੇਂਦਾ ਹੈ। ਇਕ ਦੂਜੇ ਦੇ ਦਿਲ ਵਿਚ ਆਪਣੇ ਲਈ ਉਠਦੇ ਭਾਵ ਦਿਨਾਂ ਨੂੰ ਦਿਲਚਸਪ ਤੇ ਰਾਤਾਂ ਨੂੰ ਮੁਗਧ ਕਰ ਦੇਂਦੇ ਹਨ। ਦੋ ਰੂਹਾਂ ਦਾ ਪਰਸਪਰ ਪਿਆਰ ਹਰ ਕੰਮ ਨੂੰ ਪ੍ਰਸੰਨਤਾ ਦਾ ਸੋਮਾਂ ਬਣਾਂਦਾ ਹੈ। ਹਰ ਰਾਖ ਦੀ ਮੁੱਠ ਹੀਰਿਆਂ ਦੀ ਭਰੀ ਮੁੱਠ ਹੁੰਦੀ। ਪਰ ਜਦੋਂ ਇਸ ਪਿਆਰ ਦੀ ਪਿਛੱਕੜ ਵਿਚ ਸ਼ੰਕੇ ਉਪਜ ਪੈਣ ਤੇ ਇਸ ਪਿਆਰ ਨੂੰ ਪ੍ਰਛਾਂ ਦੇਣ ਤਾਂ ਦਿਨ ਕੇਡੇ ਬੇਰੌਣਕ ਤੇ ਰਾਤਾਂ ਕੇਡੀਆਂ ਨੀਰਸ ਹੋ ਜਾਂਦੀਆਂ ਹਨ। ਜਜ਼ਬਾਤ ਤੜਪ ਉਠਦੇ ਹੰਨ। ਅੰਤਹਕਰਨ ਝੁਲਸ ਜਾਂਦਾ ਹੈ।

ਇਹ ਸਥਿਤੀ ਹੋਰ ਵੀ ਰੋਚਕ ਤੇ ਪੁਰਦਰਦ ਹੁੰਦੀ ਹੈ ਜਦੋਂ ਇਕ ਪਾਸੇ ਸ਼ੰਕੇ ਹੋਣ ਤੇ ਦੂਜੇ ਪਾਸੇ ਮਾਸੂਮਤਾ। ਇਕ ਪਾਸੇ ਮਨੁੱਖ ਡਰ ਨਾਲ ਖੁਰ ਰਿਹਾ ਹੋਵੇ ਤੇ ਦੂਜੇ ਪਾਸੇ ਇਕ ਆਤਮਾ ਭਵਿੱਖਤ ਦੇ ਵਚਿਤ੍ਰ ਚਿਹਨ ਚੱਕਰ ਘੜ ਰਹੀ ਹੋਵੇ। ਇਕ ਪਾਸੇ ਇਕ ਰੂਹ ਦੇ ਪੈਰਾਂ ਹੇਠੋਂ ਭੁੰਇਂ ਨਿਕਲ ਰਹੀ ਹੋਵੇ ਤੇ ਦੂਜੇ ਪਾਸੇ ਇਕ ਰੂਹ ਧਰਤੀ ਉੱਤੇ ਸੁਰਗ ਉਸਾਰਨ ਲਈ ਨੀਹਾਂ ਧਰ ਰਹੀ ਹੋਵੇ। ਇਕ ਪਾਸੇ ਇਕ ਅਹਿਸਾਸ ਜੀਵਨ ਨੂੰ ਬੇਆਸ ਕਰ ਰਿਹਾ ਹੋਵੇ ਤੇ ਦੂਜੇ ਪਾਸੇ ਇਕ ਅਹਿਸਾਸ ਜੀਵਨ ਵਿਚ ਆਸ਼ਾਵਾਂ ਦਾ ਚਾਨਣਾ ਪਸਾਰ ਰਿਹਾ ਹੋਵੇ। ਇਕ ਪਾਸੇ ਨੈਣਾਂ ਦੀ ਜੋਤਨਾ ਮੁੱਕ ਰਹੀ ਹੋਵੇ ਤੇ ਦੂਜੇ ਪਾਸੇ ਹਰ ਸ਼ੈ ਉੱਤੇ ਨੂਰ ਹੀ ਨੂਰ ਪਸਰ ਰਿਹਾ ਹੋਵੇ। ਇਹ ਹਾਲਤ ਸੀ ਉਸ ਵੇਲੇ ਹਰਪਾਲ ਤੇ ਜਸਜੀਤ ਦੀ। ਇਉਂ ਇਹ ਦੋ ਆਤਮਾਵਾਂ ਇਕ ਦੂਜੇ ਦੇ ਨੇੜੇ ਵੀ ਸਨ ਤੇ ਦੂਰ ਵੀ। ਇਉਂ ਇਹ ਦੋ ਆਤਮਾਵਾਂ ਇਕ ਦੂਜੇ ਵਿਚ ਰਚ ਮਿਚ ਰਹੀਆਂ ਵੀ ਰਚਦੀਆਂ ਮਿਚਦੀਆਂ ਨਹੀਂ ਸਨ।

ਹਰਪਾਲ ਤੇ ਜਸਜੀਤ ਇਕ ਦੂਜੇ ਨੂੰ ਬਹੁਤਾ ਮਿਲੇ ਨਹੀਂ। ਨੈਣਾਂ ਹੀ ਨੈਣਾਂ ਦੇ ਇਸ ਪਿਆਰ ਨੇ ਸ਼ਬਦਾਂ ਦਾ ਆਸਰਾ ਨਹੀਂ ਲਿਆ। ਨਾ ਹੀ ਇਕ ਦੂਜੇ ਨੂੰ ਆਪਣੀਆਂ ਸ਼ੰਕਾਵਾਂ ਦਸ ਸਕਿਆ ਤੇ ਨਾ ਦੂਜਾ ਇਨ੍ਹਾਂ ਸ਼ੰਕਾਵਾਂ ਨੂੰ ਆਪਣੇ ਉਮਾਹ ਦੇ ਹੜ੍ਹਾਂ ਵਿਚ ਰੁੜ੍ਹਾ ਸਕਿਆ। ਨਾ ਹੀ ਇਕ ਦੂਜੇ ਨੂੰ ਮਾਯੂਸੀ ਤੇ ਨਿਰਾਸ਼ਾ ਦੀਆਂ ਚੜ੍ਹਦੀਆਂ ਕਾਂਗਾਂ ਵਿਚ ਆਪਣੇ ਆਪ ਤਾਂਈਂ ਡੁਬਦਾ ਵਿਖਾ ਸਕਿਆ ਤੇ ਨਾ ਹੀ ਦੂਜਾ ਆਪਣੇ ਉਭਾਰੂ ਤੇ ਅਮਰ ਜਜ਼ਬਿਆਂ ਨਾਲ ਇਨ੍ਹਾਂ ਚੜ੍ਹਦੀਆਂ ਕਾਂਗਾਂ ਨੂੰ ਝੁਟਲਾ ਸਕਿਆ। ਨੇੜੇ ਆ ਕੇ ਵੀ ਦੋ ਆਤਮਾਵਾਂ ਇਕ ਦੂਜੇ ਤੋਂ ਦੂਰ ਰਹੀਆਂ। ਇਕ ਜ਼ਿੰਦਗੀ ਬਣਦੀ ਬਣਦੀ ਵਿਗੜ ਗਈ। ਇਕ ਸੁਰਗ ਵਸਦਾ ਵਸਦਾ ਉਜੜ ਗਿਆ। ਸ਼ਾਇਦ ਜੀਵਨ ਤੇ ਦੁਨੀਆਂ ਵਿਚ ਕਈ ਵਾਰ ਏਸ ਤਰ੍ਹਾਂ ਹੁੰਦਾ ਹੈ। ਸਚਿਆਈਆਂ ਤੋਂ ਵਧ ਭੁਲੇਖੇ ਜੀਵਨ ਨੂੰ ਖੱਟਾ ਤੇ ਕੌੜਾ ਬਣਾਂਦੇ ਹਨ। ਸਚਿਆਈਆਂ ਤੋਂ ਵਧ ਭੁਲੇਖੇ ਮਨੁੱਖ ਦੇ ਜੀਵਨ ਨੂੰ ਢਾਲਦੇ ਹਨ। ਸਚਿਆਈਆਂ ਜਾਣੀਆਂ ਨਹੀਂ ਜਾਂਦੀਆਂ। ਭੁਲੇਖੇ ਨਵਿਰਤ ਨਹੀਂ ਹੁੰਦੇ। ਸ਼ਾਇਦ ਸਚਿਆਈਆਂ ਦੇ ਸਨਮੁਖ ਭੁਲੇਖੇ ਦੇਰ ਸ਼ਕਤੀਸ਼ਾਲੀ ਹਨ ? ਏਸੇ ਲਈ ਹੀ ਸ਼ਾਇਦ ਇਕ ਨਿਕੀ ਜਿਹੀ ਬਦਲੀ ਐਡੇ ਮਹਾਨ ਸੂਰਜ ਤੇ ਉਹਦੀ

Scanned by CamScanner

ਅੰਡੀ ਵਿਸ਼ਾਲ ਧੁਪਲੀ ਛੱਅ ਨੂੰ ਧੁੰਧਲਾ ਦੇਂਦੀ ਹੈ। ਏਸੇ ਲਈ ਹੀ ਸ਼ਾਇਦ ਇਕ ਪਤਲਾ ਜਿਹਾ ਭੁਲੇਖਾ ਪਿਆਰ ਦੀ ਬਲਵਾਨ ਸਚਾਈ ਨੂੰ ਆਪਣੇ ਪਸਾਰੇ ਵਿਚ ਲੁਕਾ ਲੈਂਦਾ ਹੈ।



ਪ੍ਰੇਮੀ ਤੇ ਪ੍ਰੇਮਕਾ ਦਾ ਪਿਆਰ ਹੁਦਾ ਹੈ ਜਿਦ੍ਹੇ ਵਿਚ ਪਾਤਰ ਕਈ ਵਾਰ ਰੁੱਸਦੇ ਤੇ ਮੰਨਦੇ ਹਨ। ਆਪਣੇ ਪਿਆਰੇ ਨਾਲ ਰੁਸਣਾ ਆਪਣੇ ਪਿਆਰ ਲਈ ਆਦਰ ਤੇ ਪ੍ਰੇਮ ਦੀ ਨਿਸ਼ਾਨੀ ਹੈ ਤੇ ਰੁੱਸੇ ਹੋਏ ਮਿੱਤਰ ਨੂੰ ਮਨਾਣ ਵਿਚ ਇਕ ਸੂਖਸ਼ਮ ਅਨੰਦ ਹੈ। ਮਰਦ ਇਸਤ੍ਰੀ ਦਾ ਪਿਆਰ ਜਿਸ ਵਿਚ ਰੁੱਸਣਾ ਮੰਨਣਾ ਨਾ ਹੋਵੇ ਕਿਸੇ ਹੱਦ ਤਕ ਫਿਕਾ ਤੇ ਬੇਸਵਾਦਾ ਹੁੰਦਾ ਹੈ। ਪਰ ਕਈ ਪਿਆਰ ਤੇ ਮਿੱਤ੍ਰਤਾਵਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਪਾਤਰ ਰੁੱਸ ਨਹੀਂ ਸਕਦੇ। ਇਨ੍ਹਾਂ ਪਿਆਰਾਂ ਦਾ ਸੰਬਧ ਬਹੁਤਾ ਕਰਕੇ ਖ਼ੂਨ ਵਿਚੋਂ ਜੁੜੇ ਰਿਸ਼ਤੇਦਾਰਾਂ ਨਾਲ ਹੁੰਦਾ ਹੈ। ਸ਼ਾਇਦ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਸਿਰਫ਼ ਭੈਣ ਤੇ ਭਰਾ ਦਾ ਹੀ ਇਹੋ ਜਿਹਾ ਰਿਸ਼ਤਾ ਹੈ, ਜਿਦ੍ਹੇ ਵਿਚ ਰੁਸੇਵੇਂ ਤੇ ਮਨੇਵੇਂ ਹੁੰਦੇ ਹਨ, ਪਰ ਜੇ ਇਉਂ ਹੈ ਤਾਂ ਗੁਰਮੀਤ ਤੇ ਹਰਪਾਲ ਸਿੰਘ ਦਾ ਰਿਸ਼ਤਾ ਇਸ ਸੰਬੰਧ ਤੋਂ ਉਪਰ ਸੀ।

ਗੁਰਮੀਤ ਤੇ ਹਰਪਾਲ ਆਪੋ ਵਿਚ ਕਦੀ ਨਹੀਂ ਸਨ ਰੁੱਸੇ। ਭੈਣ ਤੇ ਭਰਾ ਦਾ ਇਹ ਪਿਆਰ ਇਕ ਅਨੋਖਾ ਪਿਆਰ ਸੀ। ਭੈਣ ਦੇ ਦਿਲ ਵਿਚ ਭਰਾ ਵਾਸਤੇ ਇਕ ਅਜਿਹੀ ਭਾਵਨਾ ਸੀ ਜਿਹੜੀ ਕਿ ਉਹਨੂੰ ਹਰ ਪਲ ਉਹਦੇ ਵਾਸਤੇ ਕੁਝ ਨਾ ਕੁਝ ਕਰ ਸਕਣ ਲਈ ਉਕਸਾਂਦੀ ਰਹਿੰਦੀ। ਇਸ ਭੈਣ ਨੂੰ ਇਉਂ ਮਾਲੂਮ ਹੁੰਦਾ ਕਿ ਉਹਦਾ ਭਰਾ ਉਹਦੇ ਪਿਆਰ ਤੇ ਉਹਦੀ ਦੇਖ ਭਾਲ ਤੋਂ ਬਗ਼ੈਰ ਰਹਿ ਨਹੀਂ ਸਕਦਾ। ਬੇਸ਼ਕ ਲੋਕਾਂ ਭਾਣੇ ਹਰਪਾਲ ਲੋਹੇ ਦਾ ਆਦਮੀ ਸੀ, ਪਰ ਗੁਰਮੀਤ ਨੂੰ ਉਹ ਸਦਾ ਇਕ ਅਜਿਹੀ ਕੋਂਪਲ ਵਾਂਗ ਲਗਦਾ ਜਿਸ ਨੂੰ ਕਿ ਉਹਦੇ ਨਿਘੇ ਹੱਥਾਂ ਤੇ ਉਹਦੀ ਸੰਭਾਲ ਦੀ ਲੋੜ ਹੋਵੇ। ਜਿਸ ਦਿਨ ਉਹਨੇ ਜੋਸ਼ ਤੇ ਗੁੱਸੇ ਵਿਚ ਆ ਕੇ ਹਰਪਾਲ ਨੂੰ ਸਖ਼ਤ ਸ਼ਬਦ ਆਖੇ ਉਸ ਦਿਨ ਵੀ ਦਿਲੋਂ ਉਹ ਉਹਨੂੰ ਇਕ ਕੋਂਪਲ, ਇਕ ਬਾਲ ਵਾਂਗ ਹੀ ਸਮਝਦੀ ਰਹੀ। ਤੇ ਹਰਪਾਲ ਗੁਰਮੀਤ ਨੂੰ ਪਿਆਰ ਕਰਦਾ ਸੀ ਆਪਣੇ ਰਉਂ ਵਿਚ। ਉਹ ਬੋਲਦਾ ਵੀ ਨਹੀਂ ਸੀ ਤੇ ਵਿਖਾਵਾ ਵੀ ਨਹੀਂ ਸੀ ਕਰਦਾ, ਪਰ ਉਹ ਗੁਰਮੀਤ ਦੇ ਸੁਖ, ਉਹਦੀ ਜ਼ਾਤ ਵਾਸਤੇ ਸਭ ਕੁਝ ਕਰਦਾ ਜਾਂ ਕਰ ਸਕਦਾ ਸੀ। ਹਾਂ, ਹਰਪਾਲ ਗੁਰਮੀਤ ਵਾਸਤੇ ਤੇ ਆਪਣੀ ਮਾਂ ਗੁਰਦਈ ਵਾਸਤੇ ਤੇ ਕਈਆਂ ਹੋਰਨਾਂ ਵਾਸਤੇ ਬੜਾ ਕੁਝ ਕਰ ਸਕਣ ਦੀ ਸਮੂਥਾ ਰਖਦਾ ਸੀ। ਹਰਪਾਲ ਇਕ ਆਸਰਾ ਸੀ, ਇਕ ਪਹਾੜ। ਇਕ ਉਹ ਪਹਾੜ ਜਿਹੜਾ ਉਪਰੋਂ ਉਪਰੋਂ ਬੇਸ਼ਕ ਅਡੋਲ ਤੇ ਨਾਕਾਰਾ ਲਗੇ, ਪਰ ਜਿਸ ਅੰਦਰ ਲਾਵਾ ਬਣ ਕੇ ਫੁੱਟ ਸਕਣ ਦੀ ਸ਼ਕਤੀ ਹੋਵੇ। ਜਿਸ ਦਾ ਅੰਦਰ ਚਾਂਦੀ ਤੇ ਸੋਨੇ ਦੀਆਂ ਖਾਣਾਂ ਨਾਲ ਭਰਿਆ ਹੋਵੇ-।

ਆਪਣੇ ਵਲੋਂ ਹਰਪਾਲ ਨੇ ਕਦੀ ਇਹੋ ਜਿਹੀ ਗੱਲ ਨਹੀਂ ਸੀ ਕੀਤੀ ਜਿਸ ਨਾਲ ਗੁਰਮੀਤ ਦੇ ਦਿਲ ਨੂੰ ਦੁਖ ਪਹੁੰਚੇ ਜਾਂ ਜਿਹੜੀ ਉਹਦੀ ਮਰਜ਼ੀ ਤੇ ਰਉਂ ਦੇ ਅਨਕੂਲ ਨਾ ਹੋਵੇ। ਗੁਰਮੀਤ ਨੂੰ ਵੀ ਇਸ ਦਾ ਅਹਿਸਾਸ ਸੀ। ਪਰ ਜਦੋਂ ਜਸਜੀਤ ਪਿਛਲੀ ਵਾਰ ਲਾਹੌਰ ਆਈ ਤਾਂ ਬੇਸ਼ਕ ਗੁਰਮੀਤ ਨੂੰ ਡੂੰਘਾ ਧੱਕਾ ਲੱਗਾ। ਉਹ ਦੁਖੀ ਹੋਈ ਕਿ ਇਸ ਬਾਰੇ ਹਰਪਾਲ ਨੇ ਉਹਦੇ ਨਾਲ ਗੱਲ ਕਿਉਂ ਨਹੀਂ ਕੀਤੀ। ਉਹ ਅੰਨੀਂ ਦੁਖੀ ਹੋਈ ਕਿ ਉਸ ਹਰਪਾਲ ਨੂੰ ਬੜੇ ਕੌੜੇ ਬਚਨਾਂ ਨਾਲ ਸੰਬੋਧਨ ਕੀਤਾ ਤੇ ਉਹ ਬਿਲਕੁਲ ਰੁੱਸਣ ਹੀ ਲੱਗੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਬੀਮਾਰ ਹੋਣ ਦੀ ਖ਼ਬਰ ਉਨ੍ਹਾਂ ਕੋਲ

Scanned by CamScanner

ਪਹੁੰਚੀ। ਮਹਾਰਾਜਾ ਰਣਜੀਤ ਸਿੰਘ ਦੀ ਬੀਮਾਰੀ ਤੇ ਉਹਦੀ ਮੌਤ ਨੇ ਪੰਜਾਬੀਆਂ ਦੀਆਂ ਜੀਵਨੀਆਂ ਬਦਲ ਦਿਤੀਆਂ ਸਨ। ਜਿਥੇ ਹੁੰਦੇ ਹੁੰਦੇ ਵਿਆਹ ਰੁਕ ਗਏ, ਜੁੜਦੇ ਜੁੜਦੇ ਜੋੜ ਮੇਲ ਰੁਕ ਗਏ; ਜਿਥੇ ਹੱਸਣਾ ਖੇਡਣਾ ਮੁਕਿਆ; ਜਿਥੇ ਚੰਗਾ ਖਾਣਾ, ਪੀਣਾ ਪਹਿਨਣਾ ਮੁਕਿਆ; ਉਥੇ ਛੋਟੇ ਮੋਟੇ ਰੁਸੇਵੇਂ ਕਿਵੇਂ ਸੁਰਜੀਤ ਰਹਿੰਦੇ ? ਗੁਰਮੀਤ ਹਰਪਾਲ ਨਾਲ ਰੁੱਸ ਨਾ ਸਕੀ। ਹਰਪਾਲ ਗੁਰਮੀਤ ਨੂੰ ਮਨਾ ਨਾ ਸਕਿਆ। ਇਹ ਕਿੱਸਾ ਭੁਲ ਗਿਆ। ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਵੀ ਦੋਹਾਂ ਵਿਚੋਂ ਕਿਸੇ ਨੇ ਮੁੜ ਜਸਜੀਤ ਦਾ ਜ਼ਿਕਰ ਕਰਨ ਦਾ ਹੀਆ ਨਾ ਕੀਤਾ।

ਹੁਣ ਜਸਜੀਤ ਫਿਰ ਲਾਹੌਰ ਆਈ। ਉਹ ਮਾਹਿਲਾਂ ਦੀ ਹਵੇਲੀ ਆਈ। ਉਹਦਾ ਚਾਰ ਸਾਲਾ ਪੁੱਤਰ ਮਹਿੰਦਰ ਸਿੰਘ ਉਹਦੇ ਨਾਲ ਸੀ ਤੇ ਉਸ ਗੁਰਮੀਤ ਨੂੰ ਕਿਹਾ : "ਹਰਪਾਲ ਨੂੰ ਆਖ ਕੇ ਮਹਿੰਦਰ ਨੂੰ ਯੂਰਪੀਨ ਡਾਕਟਰ ਕੋਲੋਂ ਵਿਖਵਾ ਦੇਵੇ।" ਜਸਜੀਤ ਨੂੰ ਵੇਖ ਕੇ ਗੁਰਮੀਤ ਦੇ ਦਿਲ ਵਿਚ ਪਿਛਲੀ ਵਾਰੀ ਦੇ ਉਭਰੇ ਮਨੋਭਾਵ ਤਾਜ਼ਾ ਹੋ ਗਏ ਤੇ ਉਹਨੂੰ ਹਰਪਾਲ ਉੱਤੇ ਗ਼ੁੱਸਾ ਆਇਆ। ਉਹਦਾ ਇਕਾ ਇਕ ਜੀ ਕੀਤਾ ਕਿ ਉਹ ਮੁੜ ਕੇ ਹਰਪਾਲ ਨਾਲ ਕਦੀ ਨਾ ਬੋਲੇ ਤੇ ਉਹ ਲਾਹੌਰੋਂ ਚਲੀ ਜਾਏ। ਉਹਨੂੰ ਜਾਪਿਆ ਕਿ ਹਰਪਾਲ ਨੇ ਉਹਦੇ ਪਿਆਰ ਦੀ ਕਦਰ ਨਹੀਂ ਪਾਈ। ਉਸ ਆਖਿਆ : "ਹਰਪਾਲ ਨੂੰ ਕੋਈ ਕੀ ਕਹਿ ਸਕਦਾ ਹੈ, ਜੱਸੀ ! ਹਰਪਾਲ ਆਦਮੀ ਹੈ ਕਿ..." ਫਿਰ ਉਹਨੂੰ ਖ਼ਿਆਲ ਆਇਆ ਕਿ ਜਸਜੀਤ ਨਾਲ ਗ਼ੁੱਸੇ ਗਿਲਿਆਂ ਦਾ ਕੀ ਫ਼ਾਇਦਾ ? ਉਸ ਆਪਣਾ ਅੰਦਾਜ਼ ਬਦਲ ਕੇ ਕਿਹਾ : "ਪਰ ਤੇਰੇ ਵਾਸਤੇ ਤਾਂ ਉਹ ਜ਼ਰੂਰ ਸਭ ਕੁਝ ਕਰ ਸਕੇਗਾ। ਅੱਜ ਹੀ ਕਹਾਂਗੀ।"

ਜਸਜੀਤ ਕੋਲੋਂ 'ਗੁਰਮੀਤ ਦੀ ਗ਼ੱਲ ਬਾਤ ਦਾ ਪਹਿਲਾ ਅੰਦਾਜ਼ ਤੇ ਫਿਰ ਬਦਲਿਆ ਰਵੈਂ ਗੁੱਝਾ ਨਾ ਰਿਹਾ। ਉਹ ਗੁਰਮੀਤ ਵਲ ਵੇਖਦੀ ਰਹੀ ਜਿਵੇਂ ਕਿ ਕੁਝ ਹੋਰ ਸੁਣਨ ਦੀ ਚਾਹਵਾਨ ਹੋਵੇ। ਉਹ ਦਿਲ ਹੀ ਦਿਲ ਵਿਚ ਹੈਰਾਨ ਹੋਈ ਕਿ ਪਿਛਲੀ ਵਾਰੀ ਨਾਲੋਂ ਅੰਤਕੀ ਗੁਰਮੀਤ ਘਟ ਰੋਚਕ ਕਿਉਂ ਹੈ। ਗੁਰਮੀਤ ਨੇ ਜਸਜੀਤ ਦੇ ਭਾਵ ਤਾੜਦਿਆਂ ਹੋਇਆਂ ਕਿਹਾ : "ਤੂੰ ਆਪ ਕਿਉਂ ਨਹੀਂ ਆਉਂਦੀ ਜਸਜੀਤ ਉਹਨੂੰ ਮਿਲਣ ਵਾਸਤੇ ? ਪਿਛਲੀ ਵਾਰੀ ਵੀ ਤੂੰ ਉਹਨੂੰ ਮਿਲ ਕੇ ਨਹੀਂ ਗਈ।" ਪਰ ਜਸਜੀਤ ਨਹੀਂ ਕੂਦੀ। ਉਹਦੇ ਦਿਲ ਵਿਚ ਇਕ ਭੁਲੇਖੇ ਦੇ ਪੁਛਾਵੇਂ ਗੂਹੜੇ ਹੋਣ ਲਗੇ। "ਕਿਉਂ ਜਸਜੀਤ ! ਤੂੰ ਚੁੱਪ ਕਿਉਂ ਕਰ ਗਈ ਹੈਂ ? ਕੀ ਮੈਂ ਤੈਨੂੰ ਗ਼ੁੱਸੇ ਕੀਤਾ ਹੈ ?" ਜਸਜੀਤ ਨੇ ਮਹਿੰਦਰ ਨੂੰ ਉਂਗਲੀ ਲਾ ਕੇ ਕਿਹਾ : "ਨਹੀਂ ਗ਼ੁੱਸੇ ਨਹੀਂ ਭੈਣ। ਜਦੋਂ ਮੁੜ ਕੇ ਇਸ ਬਾਰੇ ਸੋਚਦੀ ਹਾਂ ਭਾਂ ਮਨ ਕਹਿੰਦਾ ਹੈ ਕਿ ਇਹ ਕੰਮ ਕਿਸੇ ਹੋਰ ਦੀ ਮਿੰਨਤ ਕਰ ਕੇ ਹੀ ਕਰਵਾ ਲਵਾਂ।" ਗੁਰਮੀਤ ਨੇ ਜਸਜੀਤ ਨੂੰ ਮਜਬੂਰ ਕੀਤਾ : "ਇਹ ਕੰਮ ਵੀ ਕਿਹੜਾ ਕੰਮਾਂ ਵਿਚੋਂ ਕੰਮ ਹੈ ਹਰਪਾਲ ਵਾਸਤੇ। ਮਹਿੰਦਰ ਠੀਕ ਹੋ ਜਾਵੇ। ਹਰਪਾਲ ਨੂੰ ਇਸ ਤੋਂ ਵਧ ਖ਼ੁਸ਼ੀ ਹੋਰ ਕੋਈ ਨਹੀਂ ਹੋਵੇਗੀ।"

ਜਸਜੀਤ ਚਲੀ ਗਈ, ਪਰ ਆਪਣੇ ਮਨ ਵਿਚ ਇਕ ਸ਼ੰਕਾ, ਇਕ ਭੁਲੇਖਾ ਜਿਹਾ ਲੈ ਕੇ। ਉਹਦਾ ਜੀ ਕੀਤਾ ਕਿ ਕਾਸ਼ ! ਉਸ ਆਪਣੇ ਪਤੀ ਨੂੰ ਹਰਪਾਲ ਦੀ ਮਾਰਫ਼ਤ ਇਹ ਕੰਮ ਕਰਵਾਉਣ ਦੀ ਗੱਲ ਨਾ ਆਖੀ ਹੁੰਦੀ। ਆਪੇ ਹੋਰ ਕੋਈ ਉਪਾਅ ਲਭ ਲਿਆ ਜਾਂਦਾ। ਹੁਣ ਨਾ ਉਹ ਹਰਪਾਲ ਦੀ ਮਦਦ ਲੈਣ ਜੋਗੀ, ਨਾ ਪਿਛੇ ਹਟਣ ਜੋਗੀ।

ਜਸਜੀਤ ਚਲੀ ਗਈ। ਹਰਪਾਲ ਘਰ ਆਇਆ। ਜਸਜੀਤ ਦੇ ਮਨ ਵਿਚ ਪਏ ਭੁਲੇਖੇ ਨੇ ਗੁਰਮੀਤ ਨੂੰ ਹਰਪਾਲ ਨਾਲ ਸਗੋਂ ਵਧ ਗ਼ੁੱਸੇ ਕਰ ਦਿਤਾ ਸੀ। ਉਸ ਕਿਹਾ : "ਹਰਪਾਲ ! ਅੱਜ ਜਸਜੀਤ ਆਈ ਸੀ। ਉਹਦਾ ਨਿਕਾ ਪੁੱਤਰ ਵੱਲ ਨਹੀਂ। ਆਖਦੀ ਸੀ ਕਿ ਤੂੰ ਡਾਕਟਰ ਹਾਨਿਗ਼ਬਰਗਰ ਕੋਲੋਂ ਉਹਦਾ ਮੁਆਇਨਾ ਕਰਵਾ ਦੇ।" ਹਰਪਾਲ ਗੁਰਮੀਤ ਦਾ ਗ਼ੁੱਸੇ ਭਰਿਆ ਵਤੀਰਾ ਵੇਖ ਕੇ ਮੁਸਕਰਾਇਆ : "ਹੋਰ ਵੀ ਕੁਝ ਆਖਦੀ ਸੀ ?" "ਨਹੀਂ।" "ਉਹਦਾ ਪੁੱਤਰ ਕੇਡੀ ਕੁ ਉਮਰ ਦਾ ਹੈ ?" "ਜੇ ਤੂੰ ਉਹਦੀ ਮਦਦ ਕਰਨਾ ਚਾਹੁੰਦਾ ਹੈਂ ਤਾਂ ਤੂੰ ਆਪੇ ਹੀ ਉਹਦੇ ਕੋਲੋਂ ਕਿਉਂ ਨਹੀਂ ਪੁੱਛ ਲੈਂਦਾ। ਮਾਂ ਨੂੰ ਉਹਦੇ ਘਰ ਦਾ ਪਤਾ ਹੈ।" "ਤੂੰ ਮੇਰੇ ਨਾਲ ਗ਼ੁੱਸੇ ਹੈਂ ਕੀ ?" "ਗ਼ੁੱਸੇ ਕਿਉਂ। ਗ਼ੁੱਸਾ ਉਨ੍ਹਾਂ ਨਾਲ ਜਿਨ੍ਹਾਂ ਨੂੰ ਪਿਆਰ ਜਾਂ ਗ਼ੁੱਸੇ ਦੀ ਕਦਰ ਹੋਵੇ। ਤੇਰੇ ਵਰਗੇ ਪੱਥਰ ਨਾਲ ਕੀ ਗ਼ੁੱਸਾ।" "ਬਸ ! ਉਸ ਦਿਨ ਵਾਂਗ ਅੱਜ ਫਿਰ ਆ ਗਈ ਤੈਸ਼ ਵਿਚ। ਗੁਰਮੀਤ ਮੈਨੂੰ ਸਮਝਣ ਦੀ ਕੋਸ਼ਿਸ਼ ਕਰ। ਮੈਂ..." ਬਹੁਤੀਆਂ ਗੱਲਾਂ ਨੂੰ ਅਧੂਰਿਆਂ ਛਡ ਦੇਣਾ ਸਰਦਾਰ ਹਰੀ ਸਿੰਘ ਨਲੂਏ ਵਾਂਗ ਹੁਣ ਹਰਪਾਲ ਦੀ ਆਦਤ ਵੀ ਬਣ ਚੁਕੀ ਸੀ।

"ਜਿੰਨਾਂ ਤੈਨੂੰ ਸਮਝਣ ਦੀ ਕੋਸ਼ਿਸ਼ ਮੈਂ ਕੀਤੀ ਹੈ, ਹਰਪਾਲ ਉੱਨੀ ਕੋਸਿਸ਼ ਹੋਰ ਕਿਸ ਕਰਨੀ ਹੈ। ਪਰ ਤੂੰ ਹੈਂ ਕਿ ਕਿਸੇ ਇਨਸਾਨ ਦਾ ਵੀ ਮੁੱਲ ਨਹੀਂ ਪਾਇਆ।" "ਗੁਰਮੀਤ !" "ਹਾਂ, ਪਾਲ ! ਮੈਂ ਸੱਚ ਕਹਿ ਰਹੀ ਹਾਂ। ਮੈਂ ਜੋ ਕੁਝ

Scanned by CamScanner

ਕਹਿ ਰਹੀ ਹਾਂ ਉਸ ਤੋਂ ਕਿਤੇ ਵਧ ਮਹਿਸੂਸ ਕਰਦੀ ਹਾਂ।"

ਗੁਰਮੀਤ ਹਰਪਾਲ ਨਾਲ ਰੁੱਸ ਗਈ। ਇਹ ਭੈਣ ਪਹਿਲੀ ਵਾਰੀ ਆਪਣੇ ਭਰਾ ਨਾਲ ਰੁੱਸੀ ਸੀ ਤੇ ਪਹਿਲੀ ਵਾਰ ਹਰਪਾਲ ਨੇ ਆਪਣੀ ਜ਼ਿੰਦਗੀ ਵਿਚ ਗੁਰਮੀਤ ਨੂੰ ਜਾਂ ਕਿਸੇ ਹੋਰ ਨੂੰ ਮਨਾਇਆ ਸੀ ਜਾਂ ਮਨਾਉਣ ਦੀ ਕੋਸ਼ਿਸ਼ ਕੀਤੀ ਸੀ। ਮਨੋਵਿਆਂ ਤੇ ਰੁਸੇਵਿਆਂ ਦਾ ਇਹ ਮਾਨਵੀ ਸੰਬੰਧ ਪਹਿਲੀ ਵਾਰ ਇਨ੍ਹਾਂ ਦੇ ਰਿਸ਼ਤੇ ਵਿਚ ਆਇਆ। ਗੁਰਮੀਤ ਦੇ ਗੁੱਸੇ ਦਾ ਸਾਰੰਸ਼ ਸੀ ਕਿ ਹਰਪਾਲ ਨੇ ਉਹਨੂੰ ਜਸਜੀਤ ਤੇ ਆਪਣੇ ਸੰਬੰਧਾਂ ਬਾਰੇ ਪਹਿਲੇ ਕਿਉਂ ਨਾ ਦਸਿਆ। ਹਰਪਾਲ ਆਖੇ : "ਮੀਤੀ ! ਤੂੰ ਭੁਲਦੀ ਹੈਂ। ਮੈਂ ਤੇਰੇ ਨਾਲ ਗੱਲ ਕੀਤੀ ਸੀ। ਮੈਂ ਤੈਨੂੰ ਕਿਹਾ ਸੀ ਕਿ ਕਈ ਵਾਰੀ ਜਸਜੀਤ ਮੈਨੂੰ ਅਜੋੜ ਵਾਂਗ ਲਗਦੀ ਹੈ। ਮੈਂ ਇਸ ਤੋਂ ਵਧ ਤੈਨੂੰ ਹੋਰ ਕੀ ਕਹਿੰਦਾ।" ਪਰ ਗੁਰਮੀਤ ਨੂੰ ਯਾਦ ਨਹੀਂ ਸੀ ਕਿ ਹਰਪਾਲ ਨੇ ਸਚੀਂ ਹੀ ਉਹਨੂੰ ਇਹ ਸ਼ਬਦ ਕਹੇ ਸਨ, ਉਹ ਭੁਲ ਗਈ ਸੀ। ਮਨੁੱਖ ਨੂੰ ਜ਼ਿੰਦਗੀ ਵਿਚ ਬੜਾ ਕੁਝ ਭੁਲ ਜਾਂਦਾ ਹੈ, ਜਾਂ ਭੁਲਣਾ ਪੈਂਦਾ ਹੈ। ਗੁਰਮੀਤ ਦਾ ਜੀਵਨ ਹਰਪਾਲ ਨਾਲੋਂ ਵਧ ਭਰਿਆ ਰਜਿਆ ਸੀ। ਉਹ ਘਰ ਬਾਹਰ ਵਾਲੀ ਤੇ ਪੁੱਤਰਾਂ ਧੀਆਂ ਵਾਲੀ ਸੀ। ਉਹ ਉਹਦੇ ਨਾਲੋਂ ਘਰੇਗੀ ਮੁਆਮਲਿਆਂ ਵਿਚ ਵਧੇਰੇ ਰੁੱਝੀ ਰਹੀ ਸੀ। ਉਹਦੇ ਵਾਸਤੇ ਇਹੋ ਜਿਹੀ ਸਰਸਰੀ ਤੌਰ ਉੱਤੇ ਕਹੀ ਹੋਈ ਗੱਲ ਭੁਲ ਜਾਣਾ ਕੋਈ ਅਨਹੋਣਾ ਨਹੀਂ ਸੀ। ਹਾਂ ਪਰ ਇਸ ਦੇ ਉਲਟ ਹਰਪਾਲ ਆਪਣੇ ਸ਼ਬਦ ਨਹੀਂ ਸੀ ਭੁਲਿਆ। ਉਹਨੂੰ ਆਪਣਾ ਕਿਹਾ ਹੋਇਆ ਵਾਕ ਇੰਨ ਬਿੰਨ ਯਾਦ ਸੀ। ਹਰਪਾਲ ਵਰਗਾ ਆਦਮੀ ਕੁਝ ਭੁਲ ਨਹੀਂ ਸੀ ਸਕਦਾ। ਜਿਸ ਆਦਮੀ ਨੇ ਕੂਣਾਂ ਹੀ ਅੰਨਾਂ ਥੋੜਾ ਹੋਵੇ ਉਹ ਆਪਣੇ ਕਹੇ ਸ਼ਬਦ ਕਿਵੇਂ ਭੁਲ ਸਕਦਾ ਹੈ ?

ਗੁਰਮੀਤ ਆਪਣੇ ਗੁੱਸੇ ਵਿਚ ਅਸਲੋਂ ਹੀ ਮੁੱਕਰ ਰਹੀ ਸੀ ਕਿ ਹਰਪਾਲ ਨੇ ਕਦੀ ਉਹਨੂੰ ਇਹ ਸ਼ਬਦ ਕਹੇ ਹਨ। "ਪਾਲ ! ਤੂੰ ਮੈਨੂੰ ਕੁਝ ਨਹੀਂ ਕਿਹਾ। ਜੇ ਤੂੰ ਮੈਨੂੰ ਜੀਤੀ ਦਾ ਜ਼ਿਕਰ ਕੀਤਾ ਹੁੰਦਾ ਤਾਂ ਮੈਂ ਭਲਾ ਉੱਕਣ ਵਾਲੀ ਸਾਂ।" ਹਰਪਾਲ ਮੁਸਕਰਾਇਆ : "ਏਸੇ ਦੀ ਤਾਂ ਮੈਨੂੰ ਹੈਰਾਨੀ ਸੀ ਕਿ ਤੂੰ ਉੱਕਣ ਵਾਲੀ ਨਹੀਂ ਸੈਂ, ਪਰ ਫਿਰ ਉੱਕ ਕਿਵੇਂ ਗਈ। ਮੈਂ ਕਿੰਨੇ ਦਿਨ ਸੋਚਦਾ ਰਿਹਾ ਸਾਂ ਕਿ ਮੁੜ ਕੇ ਤੇਰੇ ਨਾਲ ਇਹ ਗੱਲ ਕਰਾਂ ਕਿ ਨਾ।"

"ਪਰ ਫਿਰ ਤੂੰ ਸੋਚਿਆ ਕਿ ਗੱਲ ਨਾ ਕਰਨੀ ਹੀ ਚੰਗੀ ਹੋਵੇਗੀ। ਮੈਂ ਤੇਰੇ ਵਾਸਤੇ ਕੁਝ ਕਰ ਸਕਦੀ ਹੋਵਾਂ ਤਾਂ ਹੀ ਨਾ ? ਅਗੇ ਮੈਂ ਤੇਰੇ ਵਾਸਤੇ ਕੁਝ ਕੀਤਾ ਹੁੰਦਾ ਤਾਂ ਹੀ ਤੈਨੂੰ ਵਿਸ਼ਵਾਸ ਹੁੰਦਾ ਕਿ ਮੈਂ ਕਿਸੇ ਕੰਮ ਜੋਗੀ ਹਾਂ।" ਹਰਪਾਲ ਨੇ ਗੁਰਮੀਤ ਦਾ ਹੱਥ ਫੜ ਕੇ ਕਿਹਾ : "ਗੁੱਸੇ ਨਾ ਹੋ ਮੀਤੀ ! ਜਸਜੀਤ ਤੇ ਮੈਂ ਇਕ ਦੂਜੇ ਦੇ ਨਹੀਂ ਸਾਂ ਬਣ ਸਕਦੇ। ਤੂੰ ਨਹੀਂ ਜਾਣਦੀ ਕਿ ਉਨ੍ਹਾਂ ਦਿਨਾਂ ਵਿਚ ਮੈਂ ਮਾਨਸਿਕ ਤੌਰ ਉੱਤੇ ਕੇਡਾ ਔਖਾ ਸਾਂ। ਮੇਰੀ ਉਮਰ ਜਸਜੀਤ ਨਾਲੋਂ ਦੁਗਣੀ ਸੀ। ਮੈਂ ਕਿਹੜੇ ਮੂੰਹ ਨਾਲ ਇਸ ਰਿਸ਼ਤੇ ਦੇ ਪੁਗਣ ਬਾਰੇ ਤੇਰੇ ਨਾਲ ਜਾਂ ਕਿਸੇ ਹੋਰ ਨਾਲ ਗੱਲ ਕਰਦਾ। ਜੇ ਮੈਂ ਤੈਨੂੰ ਇਕ ਵਾਰ ਗੱਲ ਦਸੀ ਹੁੰਦੀ ਤਾਂ ਮੈਂ ਜਾਣਦਾ ਹਾਂ ਤੂੰ ਮੈਨੂੰ ਇਸ ਰਿਸ਼ਤੇ ਵਾਸਤੇ ਮਜਬੂਰ ਕਰਨਾ ਸੀ ਤੇ ਸਭ ਕੰਨੀਆਂ ਨਾਪ ਤੋਲ ਕੇ ਮੈਂ ਇਹ ਫ਼ੈਸਲਾ ਕੀਤਾ ਸੀ ਕਿ ਇਹ ਰਿਸ਼ਤਾ ਨਹੀਂ ਹੋਣਾ ਚਾਹੀਦਾ।"

"ਪਰ ਤੂੰ ਕਿਸੇ ਦੇ ਅਹਿਸਾਸਾਂ ਦਾ ਤਾਂ ਖ਼ਿਆਲ ਕੀਤਾ ਹੁੰਦਾ। ਅਗੇ ਤੂੰ ਇਕ ਜਿੰਦ ਨੂੰ ਆਪਣੀ ਗ਼ਲਤੀ ਨਾਲ ਤੜਪਾਇਆ, ਰੁਲਾਇਆ ਤੇ ਫਿਰ ਤੂੰ ਇਕ ਹੋਰ ਮਾਸੂਮ ਦਾ ਦਿਲ ਤੋੜਿਆ। ਤੂੰ ਮੇਰੇ ਨਾਲ ਗੱਲ ਤਾਂ ਕੀਤੀ ਹੁੰਦੀ, ਉਫ਼..." "ਮੈਂ ਹੋਰ ਕੁਝ ਨਹੀਂ ਕਹਿ ਸਕਦਾ, ਮੀਤੀ ਜੇ ਤੂੰ ਮੇਰੇ ਦਿਲ ਵਿਚ ਪਏ ਖੱਪਿਆ ਨੂੰ ਵੇਖ ਨਹੀਂ ਸਕਦੀ ਤਾਂ ਮੈਂ..." ਤੇ ਜਿਵੇਂ ਮਨੋਵਿਆਂ ਤੇ ਰੁਸੇਵਿਆਂ ਦੀ ਖੇਡ ਵਿਚ ਸਦਾ ਹੁੰਦਾ ਆਇਆ ਹੈ ਰੁੱਸਣ ਵਾਲਾ ਆਪਣੀ ਸੰਗ ਦਿਲੀ ਤੇ ਆਪਣੀ ਵਧੀਕੀ ਤੇ ਪਸ਼ੇਮਾਨ ਹੁੰਦਾ ਹੈ ਤੇ ਮਨਾਉਣ ਵਾਲਾ ਆਪਣੀ ਨਿਰਾਸ਼ਾ ਵਿਚ ਭਾਰਾਂ ਉੱਤੇ ਪੈਂਦਾ ਹੈ। ਅਜ ਓਵੇਂ ਹੀ ਗੁਰਮੀਤ ਇਕਾ ਇਕ ਆਪਣੇ ਭਰਾ ਨਾਲ ਮੰਨ ਪਈ। ਇਹ ਬਚਨ ਸੁਣ ਕੇ ਉਸ ਹਰਪਾਲ ਸਿੰਘ ਵਲ ਵੇਖਿਆ। "ਹਰਪਾਲ ! ਇਹ ਨਹੀਂ ਕਿ ਮੈਂ ਤੇਰੀ ਪੀੜ ਨਹੀਂ ਸਮਝਦੀ। ਇਹ ਨਹੀਂ ਕਿ ਮੈਂ ਤੇਰੇ ਦਿਲ ਵਿਚ ਪਏ ਖੱਪੇ ਨਹੀਂ ਜਾਣੇ, ਪਰ ਪਾਲ ਜੇ ਤੂੰ ਆਪਣੇ ਆਪ ਹੀ ਗੱਲਾਂ ਪਿਆ ਸੋਚੇਂ, ਹੋਣੀਆਂ ਨੂੰ ਅਣ-ਹੋਣੀਆਂ ਪਿਆ ਕਰੇਂ ਤਾਂ ਕੀ ਹੋ ਸਕਦਾ ਹੈ ?"

"ਪਰ ਜੋ ਹੋਣਾ ਸੀ ਹੋ ਗਿਆ ਮੀਤੀ, ਹੁਣ ਅੰਞਾਈਂ ਰੋਣ ਦਾ ਕੀ ਫ਼ਾਇਦਾ ?" "ਪਰ ਕਈ ਗੱਲਾਂ ਜਿਹੜੀਆਂ ਅਜੇ ਤਕ ਹੋ ਸਕਦੀਆਂ ਹਨ ਤੂੰ ਤੇ ਉਹ ਵੀ ਨਹੀਂ ਮੰਨਦਾ। ਕੀ ਤੂੰ ਜਸਜੀਤ ਨੂੰ ਮਿਲ ਵੀ ਨਹੀਂ ਸਕਦਾ ? ਤੂੰ ਅਜੀਤ ਨਾਲ ਕੀ ਹੁਣ ਵੀ ਵਿਆਹ ਨਹੀਂ ਕਰ ਸਕਦਾ ?"

ਹਰਪਾਲ ਨੇ ਮੁਸਕਰਾ ਕੇ ਕਿਹਾ : "ਅੱਛਾ ਮੀਤੀ ! ਜੇ ਤੂੰ ਖ਼ੁਸ਼ ਹੋਵੇਂ ਤਾਂ ਮੈਂ ਜੀਤੀ ਨੂੰ ਮਿਲਾਂਗਾ। ਮੇਰਾ

Scanned by CamScanner

ਮਤਲਬ ਹੈ ਜਸਜੀਤ ਨੂੰ ਮਿਲਾਂਗਾ।" ਗੁਰਮੀਤ ਨੇ ਪੁਰ-ਦਰਦ ਲਹਿਜੇ ਵਿਚ ਹਰਪਾਲ ਸਿੰਘ ਵਲ ਤੱਕਿਆ। ਉਸ ਵੇਖਿਆ ਕਿ ਹਰਪਾਲ ਸਿੰਘ ਆਪਣੇ ਮਨ ਹੀ ਮਨ ਜਸਜੀਤ ਨੂੰ ਅਜੀਤ ਵਾਂਗ ਸਦਾ, 'ਜੀਤੀ' ਹੀ ਬੁਲਾਂਦਾ ਰਿਹਾ ਸੀ। ਹਰਪਾਲ ਸਿੰਘ ਨੇ ਵੀ ਪੁਰ-ਦਰਦ ਲਹਿਜੇ ਵਿਚ ਆਖਿਆ : "ਮੇਰੀ ਜ਼ਿੰਦਗੀ ਵਿਚ ਦੋ ਫ਼ਾਇਆ ਜਾਂ ਦੋ ਸੁਪਨੇ ਆਏ ਤੇ ਦੋਵੇਂ ਹੀ 'ਜੀਤੀ' ਦੇ ਆਕਾਰ ਵਿਚ ਤੇ 'ਜੀਤੀ' ਦੇ ਨਾਂ ਨਾਲ।" "ਵੀਰ! ਤੂੰ ਅਜੀਤ ਨਾਲ ਵਿਆਹ ਕਰ ਲੈ ਮੈਨੂੰ ਵਿਸ਼ਵਾਸ ਹੈ ਤੁਸੀਂ ਦੋਵੇਂ ਖ਼ੁਸ਼ ਰਹੋਗੇ, ਮਾਂ ਵੀ ਤੈਨੂੰ ਸਦਾ ਜ਼ੋਰ ਲਾਂਦੀ ਹੈ। ਮੈਂ ਜਾਣਦੀ ਹਾਂ ਰਹਿੰਦੀ ਜ਼ਿੰਦਗੀ ਵਿਚ ਹੋਰ ਕੋਈ ਤੇਰੀ ਨਜ਼ਰ ਨਹੀਂ ਚੜ੍ਹਨ ਲੱਗੀ।"

"ਪਰ ਇਹ ਵਿਆਹ ਕਿਉਂ ? ਬਹੁਤੀ ਸ਼ੀਤ ਗਈ ਹੈ, ਥੋੜੀ ਰਹਿ ਗਈ ਹੈ। ਹੁਣ ਨਵੇਂ ਅਡੰਬਰ ਸਾਜਣ ਦਾ ਕੀ ਲਾਭ ? ਪਹਿਲੇ ਵਿਆਹ ਵਾਸਤੇ ਮੈਂ ਹੁਣ ਬਹੁਤ ਬੁੱਢਾ ਹੋ ਗਿਆ ਹਾਂ। ਤੂੰ ਜਾਣਦੀ ਹੈਂ ਕਿ ਮੇਰੇ ਸਿਰ ਦੇ ਵਾਲਾਂ ਵਿਚ ਚੰਗੇ ਖ਼ਾਸੇ ਧੌਲੇ ਆ ਗਏ ਹਨ, ਦਾੜ੍ਹੀ ਦੇ ਵਾਲ ਵੀ ਚਿੱਟੇ ਹੋ ਰਹੇ ਹਨ...।"

ਗੁਰਮੀਤ ਨੇ ਹਰਪਾਲ ਸਿੰਘ ਵਲ ਤੱਕਿਆ। ਹਰਪਾਲ ਸਿੰਘ ਸੱਚ ਕਹਿ ਰਿਹਾ ਸੀ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਕਈ ਆਦਮੀਆਂ ਦੀਆਂ ਸਿਹਤਾਂ ਖ਼ਰਾਬ ਹੋ ਗਈਆਂ ਸਨ ਤੇ ਕਈਆਂ ਨੂੰ ਮਹੀਨਿਆਂ ਵਿਚ ਧੌਲੇ ਉੱਤਰ ਆਏ ਸਨ। ਜਿਥੇ ਹਰਪਾਲ ਸਿੰਘ ਨੂੰ ਪਹਿਲੇ ਚਾਲ੍ਹੀ ਵਰ੍ਹਿਆਂ ਦੀ ਉਮਰ ਤਕ ਕੋਈ ਧੌਲਾ ਨਹੀਂ ਸੀ ਆਇਆ, ਜਦੋਂ ਕਿ ਉਹਦੇ ਵਡੇ ਭਰਾਵਾਂ ਦੇ ਪੰਤੀਆਂ ਸੈਂਤੀਆਂ ਸਾਲਾਂ ਦੀ ਉਮਰ ਤਕ ਵਾਲ ਚਿੱਟੇ ਹੁੰਦੇ ਰਹੇ ਸਨ, ਉਥੇ ਪਿਛਲੇ ਛੇਆਂ ਮਹੀਨਿਆਂ ਵਿਚ ਬੜਾ ਕੁਝ ਬਦਲ ਗਿਆ ਸੀ। ਗੁਰਮੀਤ ਨੇ ਹਰਪਾਲ ਨੂੰ ਇਹੋ ਜਿਹੇ ਦਾਉ ਰਉਂ ਵਿਚ ਕਦੀ ਨਹੀਂ ਸੀ ਵੇਖਿਆ। "ਵੀਰ, ਇਨ੍ਹਾਂ ਧੌਲਿਆਂ ਦਾ ਦਿਲ ਨਾਲ ਕੋਈ ਸੰਬੰਧ ਨਹੀਂ ਬਸ ਮੇਰੀ ਇਕ ਰੀਝ ਹੈ ਕਿ ਮਰਨ ਤੋਂ ਪਹਿਲਾਂ ਮੈਂ ਤੇਰੇ ਘਰ ਇਕ ਬਾਲ ਖੇਡਦਾ ਵੇਖਾਂ, ਮਾਂ ਜੀ ਵੀ ਸਦਾ ਇਸੇ ਤਰ੍ਹਾਂ ਹੀ ਆਖਦੇ ਹਨ।"

"ਤੇਰੇ ਬੱਚੇ, ਚੂਹੜ ਸਿੰਘ ਤੇ ਪ੍ਰਤਾਪ ਸਿੰਘ ਤੇ ਗੁਰਦਿਆਲ ਸਿੰਘ ਦੇ ਬੱਚੇ ਵੀ ਮੇਰੇ ਹੀ ਬੱਚੇ ਹਨ, ਨਹੀਂ ! ਮੀਤੀ ! ਅਜ ਕਲ ਹਾਲਾਤ ਬੜੇ ਭੈੜੇ ਹਨ, ਇਹੋ ਜਿਹੇ ਹਾਲਾਤਾਂ ਵਿਚ ਵਿਆਹ ਸਾਜਣੇ ਨਾ ਹੀ ਸ਼ੋਭਦੇ ਹਨ ਤੇ ਨਾ ਹੀ ਸਾਜਣੇ ਚਾਹੀਦੇ ਹਨ। ਸਾਡੇ ਦੇਸ ਤੇ ਸਾਡੇ ਪੰਥ ਉੱਤੇ ਭੀੜਾ ਬਣ ਰਹੀ ਹੈ। ਦੁਨੀਆਂ ਨਹੀਂ ਜਾਣਦੀ, ਪਰ ਅੰਦਰੇ ਅੰਦਰ ਸਾਡਾ ਸੰਗਠਨ ਖਾਧਾ ਜਾ ਰਿਹਾ ਹੈ। ਅਸੀਂ ਮਾਹਿਲ ਹਾਂ, ਅਸੀਂ ਸਦਾ ਇਸ ਸੰਗਠਨ ਦੇ ਥੰਮ੍ਹ ਰਹੇ ਹਾਂ ਤੇ ਸਾਡੇ ਵਾਸਤੇ ਪੰਥ ਸਭ ਨਿਜੀ ਸੁਖਾਂ ਤੋਂ ਪਹਿਲੇ ਆਉਂਦਾ ਹੈ।"

ਗੁਰਮੀਤ ਨੇ ਹਰਪਾਲ ਸਿੰਘ ਨੂੰ ਕਦੀ ਐਨੀਆਂ ਗੱਲਾਂ ਕਰਦਿਆਂ ਵੀ ਨਹੀਂ ਸੀ ਸੁਣਿਆ। ਉਹ ਹੈਰਾਨ ਹੋਈ। ਉਹਦਾ ਜੀ ਕੀਤਾ ਕਿ ਹਰਪਾਲ ਇਸੇ ਰਉਂ ਵਿਚ ਬੋਲਦਾ ਜਾਏ। 'ਪਾਲ ਤੂੰ ਕਿਨ੍ਹਾਂ ਖ਼ਤਰਿਆਂ ਦਾ ਜ਼ਿਕਰ ਕਰ ਰਿਹਾ ਹੈਂ। ਕੀ ਸੱਚ ਹੀ ਤੇਰਾ ਖ਼ਿਆਲ ਹੈ ਕਿ ਖ਼ਾਲਸਾ ਰਾਜ ਖੋਖਲਾ ਹੋ ਰਿਹਾ ਹੈ ?" "ਕੁਝ ਇਸ ਤਰ੍ਹਾਂ ਲਗਦਾ ਹੈ ਮੀਤੀ, ਪਰ ਮੈਂ ਅਜੇ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ ਮੈਨੂੰ ਆਪ ਵੀ ਕੋਈ ਸਮਝ ਨਹੀਂ ਆ ਰਹੀ। ਹਾਂ ਪਰ, ਜਸਜੀਤ ਹੁਣ ਫਿਰ ਕਦੋਂ ਆਏਗੀ ?" "ਉਹ ਨਹੀਂ ਆਏਗੀ, ਉਹਨੂੰ ਜਾ ਕੇ ਲਿਆਉਣਾ ਪਏਗਾ।" "ਕਿਉਂ...?" "ਲਗਦਾ ਸੀ ਕਿ ਉਹ ਖ਼ੁਸ਼ ਨਹੀਂ ਗਈ।" "ਅੱਛਾ ਤਾਂ ਤੂੰ ਜਾ ਕੇ ਲੈ ਆਈਂ ਨਾ।" "ਮੈਂ ਕਿਉਂ, ਤੂੰ ਆਪੇ ਹੀ ਜਾਈਂ। ਮੈਂ ਹੁਣ ਤੁਹਾਡੇ ਸੰਬੰਧਾਂ ਵਿਚ ਕੋਈ ਹਿੱਸਾ ਨਹੀਂ ਲੈ ਸਕਦੀ।"

"ਸਚ ?" "ਤੇ ਕੀ ਹੋਰ ਝੂਠ ਬੋਲ ਰਹੀ ਹਾਂ।" "ਅੱਛਾ ਮੀਤੀ, ਤੂੰ ਜ਼ਿੰਦਗੀ ਵਿਚ ਮੇਰੇ ਨਾਲ ਪਹਿਲੀ ਵਾਰ ਰੁੱਸੀ ਹੈਂ। ਤੈਨੂੰ ਪੂਰੀ ਤਰ੍ਹਾਂ ਮਨਾਉਣ ਵਾਸਤੇ ਜੇ ਤੂੰ ਕਹੇਂ ਤਾਂ ਮੈਂ ਆਪ ਉਹਦੇ ਘਰ ਜਾਵਾਂਗਾ।" ਗੁਰਮੀਤ ਖ਼ੁਸ਼ ਹੋਈ, ਉਹਦਾ ਭਰਾ ਹਰਪਾਲ ਸਿੰਘ ਉਹਦੀ ਕਦਰ ਕਰਦਾ ਸੀ। ਉਹ ਜਾਣਦਾ ਸੀ ਕਿ ਉਹ ਉਹਦੇ ਨਾਲ ਪਹਿਲੀ ਵਾਰੀ ਰੁੱਸੀ ਹੈ ਉਸ ਨੇ ਮਹਿਸੂਸ ਕੀਤਾ ਕਿ ਭਾਵੇਂ ਉਹਦਾ ਵੀਰ ਕੁਝ ਕਹੇ ਨਾ, ਉਹ ਪਿਆਰ ਤੇ ਪਿਆਰ ਦੇ ਭਾਵ ਸਮਝਦਾ ਜ਼ਰੂਰ ਹੈ। "ਤੇ ਜੇ ਮੈਂ ਤੇਰੇ ਨਾਲ ਅਜੀਤ ਬਾਰੇ ਵੀ ਰੁੱਸ ਪਵਾਂ।" "ਪਰ ਜੇ ਤੂੰ ਝੂਠੀ ਮੂਠੀ ਰੁੱਸੀ ਤਾਂ ਮੈਂ ਤੈਨੂੰ ਮਨਾਣ ਨਹੀਂ ਲੱਗਾ।" "ਮੈਂ ਸੱਚੀ ਮੁੱਚੀ ਰੁੱਸਾਂਗੀ।" "ਤਾਂ ਫਿਰ ਵੇਖੀ ਜਾਏਗੀ।"

Scanned by CamScanner

੧੦੩

ਜਸਜੀਤ ਤੇ ਹਰਪਾਲ ਮਿਲੇ । ਸ਼ਾਇਦ ਕੋਈ ਵਲਵਲਾ ਜਾਂ ਕੋਈ ਵੀ ਜਜ਼ਬਾ ਐਨਾ ਤਕੜਾ ਤੇ ਡੂੰਘਾ ਨਹੀਂ ਹੋ ਸਕਦਾ ਕਿ ਦਸਾਂ ਬਾਰ੍ਹਾਂ ਸਾਲਾਂ ਦੇ ਲੰਮੇ ਸਮੇਂ ਵਿਚ ਪੱਧਰਾ ਤੇ ਪਤਲਾ ਨਾ ਹੋ ਜਾਏ । ਸਮਾਂ ਬੜਾ ਡਾਢਾ ਹੈ । ਲੂਣ ਛਿੜਕ ਕੇ ਪੀੜਾਂ ਚੁਣ ਲੈਂਦਾ ਹੈ । ਪਰ ਫਿਰ ਵੀ ਸਮਾਂ ਤੇ ਵਰ੍ਹੇ ਸਾਵੇਂ ਪੱਧਰ ਤੇ ਫਿੱਕੇ ਪਏ ਵਲਵਲਿਆਂ ਤੇ ਜਜ਼ਬਾਤਾਂ ਨੂੰ ਕਦੀ ਕਦਾਈਂ ਲਾਵਾ ਬਣ ਕੇ ਫੁੱਟ ਪੈਣ ਤੋਂ ਰੋਕ ਨਹੀਂ ਸਕਦਾ ।

ਇਨ੍ਹਾਂ ਲੰਮੇ ਵਰ੍ਹਿਆ ਵਿਚ ਜਸਜੀਤ ਬੇਸ਼ਕ ਹਰਪਾਲ ਨਾਲ ਸੰਬੰਧਤ ਅਨੇਕ ਭਾਵ ਤੇ ਅਨੇਕ ਗੱਲਾਂ ਭੁਲ ਚੁੱਕੀ ਸੀ, ਪਰ ਅੱਜ ਉਹਨੂੰ ਮੁੜ ਵੇਖਣ ਉੱਤੇ ਉਹਦੇ ਦਿਲ ਵਿਚ ਇਕ ਜੁਆਲਾ ਬਲ ਉਠੀ ਤੇ ਉਹਨੂੰ ਬੜਾ ਕੁਝ ਵਿਸਰਿਆ ਤੇ ਭੁਲਿਆ ਯਾਦ ਆਇਆ । ਸਭ ਤੋਂ ਵਧ ਉਹਨੂੰ ਪਹਿਲਿਆਂ ਵਾਂਗ ਅੱਜ ਫਿਰ ਹਰਪਾਲ ਦੀ ਸੱਜੀ ਗਲ੍ਹ ਉੱਤੇ ਪਏ ਨਿਸ਼ਾਨ ਨੇ ਉਪਰਾਮ ਕੀਤਾ । ਹਰਪਾਲ ਦੀ ਸ਼ਕਲ ਸੂਰਤ ਬਦਲ ਗਈ ਸੀ, ਉਹ ਅਗੇ ਨਾਲੋਂ ਹੋਰ ਗੱਠਿਆ ਗਿਆ ਸੀ। ਉਹਦੀ ਪਗ ਵੀ ਅੱਗੇ ਨਾਲੋਂ ਵਡੇਰੀ ਸੀ, ਪਰ ਉਹਦੀ ਗਲ੍ਹ ਉੱਤੇ ਪਿਆ ਇਹ ਫੱਟ ਇੰਨ ਬਿੰਨ ਉਵੇਂ ਸੀ । ਇਕ ਵਾਰ ਹਰਪਾਲ ਦਾ ਸਮੁਚਾ ਪ੍ਰਭਾਵ ਆਪਣੇ ਮਨ ਵਿਚ ਬਿਠਾ ਕੇ ਜਸਜੀਤ ਨੇ ਆਪਣੀਆਂ ਨਜ਼ਰਾਂ ਇਸ ਨਿਸ਼ਾਨ ਉੱਤੇ ਗੱਡ ਦਿਤੀਆਂ ।

ਹਰਪਾਲ ਵੇਖ ਰਿਹਾ ਸੀ ਜਸਜੀਤ ਵਲ । ਜਸਜੀਤ ਵਲ ਕਿ ਅਜੀਤ ਵਲ । ਹਾਂ, ਜਸਜੀਤ ਤੇ ਅਜੀਤ ਦੀ ਸ਼ਕਲ ਨਹੀਂ ਸੀ ਮਿਲਦੀ, ਮੁਹਾਂਦਰਾ ਅਡੋ ਅਡਰਾ ਸੀ, ਪਰ ਫਿਰ ਵੀ ਦੋਹਾਂ ਵਿਚ ਇਕ ਸਾਰੂਪਤਾ ਸੀ, ਇਕ ਇਕਰੂਪਤਾ । ਜਸਜੀਤ ਦੇ ਮੁਖੜੇ ਦੀ ਨੁਹਾਰ ਉਹੋ ਸੀ । ਉਹਦੀ ਸ਼ਖ਼ਸੀਅਤ ਦਾ ਪ੍ਰਭਾਵ ਉਦੋਂ ਵਾਂਗ ਹੀ ਸੁਖਾਵਾਂ ਤੇ ਮਿੱਠਾ ਸੀ । ਹਰਪਾਲ ਕਿੰਨਾ ਚਿਰ ਜਸਜੀਤ ਵਲ ਵੇਖਦਾ ਰਿਹਾ ਤੇ ਫਿਰ ਉਸ ਸੋਚਿਆ ਕਿ ਹੋਰਨਾਂ ਮੌਕਿਆਂ ਵਾਂਗ ਉਹ ਜਸਜੀਤ ਦੇ ਸਾਹਮਣੇ ਤਾਂ ਚੁੱਪ ਨਹੀਂ ਰਹਿ ਸਕਦਾ । ਜਸਜੀਤ ਨੂੰ ਨਹੀਂ ਉਹਨੂੰ ਹੀ ਕੋਈ ਨਾ ਕੋਈ ਗੱਲ ਤੋਰਨੀ ਪਏਗੀ ।

ਗੁਰਮੀਤ ਨੇ ਇਹ ਲੰਮੀ ਚੁੱਪ ਵਾਚਦਿਆਂ ਹੋਇਆਂ ਕਿਹਾ : "ਤੁਹ ਭੀ ਥਾਂ ਉੱਤੇ ਮੈਂ ਤਾਂ ਗੱਲਾਂ ਨਹੀਂ ਕਰਨੀਆਂ। ਆ ਮਹਿੰਦਰ ! ਮੈਂ ਤੈਨੂੰ ਮਿਠਾਈ ਦੇਵਾਂਗੀ ।" ਮਹਿੰਦਰ ਆਪਣੀ ਮਾਂ ਦੇ ਨਾਲ ਆਇਆ ਸੀ ਤੇ ਗੁਰਮੀਤ ਨੇ ਉਹਨੂੰ ਇਕ ਦੋ ਮਿਲਣੀਆਂ ਵਿਚ ਹੀ ਆਪਣਿਆਂ ਹੱਥਾਂ ਉੱਤੇ ਪਾ ਲਿਆ ਸੀ । ਮਹਿੰਦਰ ਤੇ ਗੁਰਮੀਤ ਚਲੇ ਗਏ । ਫਿਰ ਇਕ ਲੰਮੀ ਚੁੱਪ। ਹਰਪਾਲ ਸੋਚ ਰਿਹਾ ਸੀ ਕਿ ਉਹ ਕੀ ਕਹੇ । ਕੀ ਕਹੇ ਆਖ਼ਰ ਕੋਈ ਇਹੋ ਜਿਹੇ ਮੇਲ ਵੇਲੇ ? ਮੇਲ ਕਿ ਵਿਛੋੜੇ ਵੇਲੇ । ਕੀ ਕਹੇ ਕਿ ਉਹ ਜਸਜੀਤ ਨੂੰ ਪਿਆਰ ਕਰਦਾ ਹੈ ਜਾਂ ਕਿ ਉਸ ਜਸਜੀਤ ਨੂੰ ਪਿਆਰ ਕੀਤਾ ਹੈ । ਇਹ ਦੱਵੇ ਗੱਲਾਂ ਕਹਿਣੀਆਂ ਕੋਝੀਆਂ ਮੋਹਮਲ ਹੋਣਗੀਆਂ । ਜਸਜੀਤ ਜਾਣਦੀ ਸੀ ਕਿ ਉਸ ਉਹਨੂੰ ਪਿਆਰ ਕੀਤਾ ਹੈ । ਪਿਆਰ ਕੀਤਾ ਹੈ ? ਕਿ ਨਹੀਂ ਕੀਤਾ ? ਜੇ ਉਸ ਪਿਆਰ ਕੀਤਾ ਹੁੰਦਾ ਤਾਂ ਉਹ ਉਹਨੂੰ ਛਡ ਕੇ ਲਾਮ ਨੂੰ ਕਿਉਂ ਚਲਾ ਗਿਆ । ਪਰ ਜੇ ਜਸਜੀਤ ਇਹ ਸਮਝਦੀ ਹੈ ਕਿ ਹਰਪਾਲ ਨੇ ਉਹਨੂੰ ਪਿਆਰ ਨਹੀਂ ਕੀਤਾ ਤਾਂ ਇਹ ਮੁਲਾਕਾਤ ਕਿਉਂ ? ਹਰਪਾਲ ਨੇ ਮਹਿਸੂਸ ਕੀਤਾ ਕਿ ਸ਼ਾਇਦ ਉਹ ਪਿਆਰ ਦੇ ਮਾਨਵੀ ਜਜ਼ਬੇ ਵਾਸਤੇ ਬਹੁਤ ਪੱਥਰ-ਚਿਤ ਆਦਮੀ ਹੈ ਜਾਂ ਕਿ ਸ਼ਾਇਦ ਉਹ ਇਸ ਜਜ਼ਬੇ ਵਾਸਤੇ ਬੜਾ ਬੁੱਢਾ ਹੋ ਗਿਆ ਹੈ । ਉਹਨੇ ਆਪਣੇ ਜਜ਼ਬਾਤ ਛੰਡੇ, ਆਪਣਾ ਸਿਰ ਛੰਡਿਆ ਤੇ ਕਿਹਾ :

"ਮੈਨੂੰ ਉਮੀਦ ਹੈ ਜੀਤੀ ਕਿ ਮਹਿੰਦਰ ਜ਼ਰੂਰ ਠੀਕ ਹੋ ਜਾਏਗਾ । ਡਾਕਟਰ ਹਾਨਿਗਬਰਗਰ ਨੇ ਉਹਦੀ ਮਰਜ਼ ਲਭ ਲਈ ਹੈ ।" "ਜੀਤੀ !" ਜਸਜੀਤ ਇਸ ਸੰਬੋਧਨ ਉੱਤੇ ਹੈਰਾਨ ਹੋਈ ! ਉਹਦੀ ਸਦਾ ਇਹ ਚਾਹ ਰਹੀ ਸੀ ਕਿ ਜੇ ਕਦੀ ਹਰਪਾਲ ਉਹਨੂੰ ਬੁਲਾਏ ਤਾਂ ਜਸਜੀਤ ਜਾਂ ਜੱਸੀ ਕਹਿ ਕੇ ਨਹੀਂ ਸਗੋਂ ਜੀਤੀ ਕਹਿ ਕੇ ਬੁਲਾਏ । ਪਹਿਲੇ ਉਹ ਹਰਪਾਲ ਤੇ ਅਜੀਤ ਦੇ ਪਿਆਰ ਤੇ ਵਿਛੋੜੇ ਬਾਰੇ ਨਹੀਂ ਸੀ ਜਾਣਦੀ, ਪਰ ਉਹਦੇ ਅੰਦਰੋਂ ਹੀ ਹਰਪਾਲ ਦੇ ਮੂੰਹੋਂ ਆਪਣਾ ਆਪ 'ਜੀਤੀ'

Scanned by CamScanner

ਦੇ ਨਾ ਵਿਚ ਸਿਮਟਾਣ ਦੀ ਇੱਛਾ ਉਤਪੰਨ ਹੋਈ ਸੀ, ਅੱਜ ਹਰਪਾਲ ਸਿੰਘ ਨੇ ਪਹਿਲੀ ਵਾਰ ਉਹਨੂੰ ਸੰਬੋਧ ਨ ਕੀਤਾ ਸੀ ਤੇ 'ਜੀਤੋ' ਦੇ ਨਾਂ ਨਾਲ ਹੀ।

ਜਸਜੀਤ ਨੇ ਹਰਪਾਲ ਵਲ ਵੇਖਿਆ। ਉਹ ਕੀ ਆਖਦੀ ? ਮਹਿੰਦਰ ਬਾਰੇ ਹਰਪਾਲ ਦੀਆਂ ਸੁਭ ਇੱਛਾਵਾਂ ਦਾ ਉਹਨੂੰ ਵਿਸ਼ਵਾਸ ਸੀ। ਉਹਦੇ ਰਾਜ਼ੀ ਹੋ ਜਾਣ ਦੀ ਆਸ ਆਪ ਡਾਕਟਰ ਹਾਨਿਗਬਰਗਰ ਨੇ ਵੀ ਉਹਨੂੰ ਦੁਆਈ ਸੀ, ਪਰ... ਇਹ ਮੁਲਾਕਾਤ ਕੀ ਇਹੋ ਜਿਹੀ ਗੱਲ ਬਾਤ ਵਾਸਤੇ ਸੀ। ਸ਼ਾਇਦ ਜਦੋਂ ਦੋ ਵਿਛੜੇ ਪ੍ਰੇਮੀ ਮਿਲਦੇ ਹਨ ਤਾਂ ਉਹ ਇਕ ਦੂਜੇ ਨੂੰ ਕੁਝ ਕਹਿ ਨਹੀਂ ਸਕਦੇ। ਕਹਿਣ ਵਾਸਤੇ ਅੰਨਾ ਕੁਝ ਹੁੰਦਾ ਹੈ ਕਿ ਕੁਝ ਵੀ ਕਹਿਣ ਨਹੀਂ ਹੁੰਦਾ। ਜਦੋਂ ਕੋਈ ਗੱਲ ਮੂੰਹੋਂ ਨਿਕਲਦੀ ਹੈ ਤਾਂ ਅੰਨੀ ਸਾਦ ਮੁਰਾਦੀ, ਅੰਨੀ ਸਰਲ, ਅੰਨੀ ਛਾਲਤੂ ਅਤੇ ਵੇਰਾਗ ਤੇ ਪ੍ਰੇਮ ਦੇ ਸੰਬੰਧਤ ਮੁਆਮਲਿਆਂ ਨਾਲੋਂ ਅੰਨੀ ਬੱਰਿਸ਼ਤਾ ਕਿ ਆਦਮੀ ਆਪਣੇ ਆਪ ਉੱਤੇ ਹੈਰਾਨ ਹੁੰਦਾ ਹੈ ਤੇ ਸਦਾ ਹੁੰਦਾ ਰਹਿੰਦਾ ਹੈ। ਪਰ ਜਸਜੀਤ ਨੇ ਸੋਚਿਆ ਕਿ ਇਕ ਗੱਲੋਂ ਜੇ ਹਰਪਾਲ ਨੇ ਹੋਰ ਕੋਈ ਕਿੱਸਾ ਨਹੀਂ ਤੋਰਿਆ ਤਾਂ ਚੰਗਾ ਹੀ ਕੀਤਾ ਹੈ। ਅੰਨੇ ਵਰ੍ਹਿਆਂ ਦੇ ਵਿਆਹੁਤਾ ਜੀਵਨ ਪਿਛੋਂ ਉਹ ਉਹਦੇ ਨਾਲ ਕੋਈ ਹੋਰ ਗੱਲ ਕਰ ਹੀ ਨਹੀਂ ਸੀ ਸਕਦੀ। ਉਹਦੀ ਜ਼ਿੰਦਗੀ ਇਕ ਖ਼ਾਸ ਸੱਚੇ ਵਿਚ ਦਲ ਚੁਕੀ ਸੀ। ਘਰੇਲੂ ਰੁਝੇਵਿਆਂ ਨੇ ਉਹਨੂੰ ਕੁਝ ਹੋਰ ਸੋਚਣ ਸਿੰਵਾਨਣ ਦਾ ਸਮਾਂ ਨਹੀਂ ਸੀ ਦਿਤਾ। ਉਸ ਉੱਤਰ ਵਿਚ ਆਖਿਆ : "ਗੁਰੂ ਕਰੇ ਉਹ ਰਾਜ਼ੀ ਹੋ ਜਾਏ।"

"ਜੀਤੋ ! ਪਿਛਲੇ ਦਸ ਬਾਰ੍ਹਾਂ ਵਰੇ ਤੁਸੀਂ ਤੇ ਤੁਹਾਡੀ ਯਾਦ ਮੇਰੇ ਸੀਨੇ ਵਿਚੋਂ ਨਹੀਂ ਗਈ। ਮੈਨੂੰ ਜ਼ਿੰਦਗੀ ਵਿਚ ਅੰਨਾ ਥੋੜਾ ਕੁਝ ਮਿਲਿਆ ਹੈ ਕਿ ਜੇ ਕੁਝ ਮਿਲਿਆ ਹੈ ਮੈਂ ਉਹਦੇ ਵਿਚੋਂ ਰਤਾ ਮਾਸਾ ਵੀ ਗ਼ੁਲ ਨਹੀਂ ਸਕਦਾ। ਮੈਂ ਤੁਹਾਡੀ ਸੁਖ ਸਾਂਦ ਬਾਰੇ ਸਦਾ ਪਤਾ ਲੈਂਦਾ ਰਿਹਾ ਹਾਂ।"

ਜਸਜੀਤ ਨੇ ਇਨ੍ਹਾਂ ਸ਼ਬਦਾਂ ਦੇ ਉੱਤਰ ਵਿਚ ਸਿਰਫ਼ ਹਰਪਾਲ ਵਲ ਵੇਖਿਆ। ਹਰਪਾਲ ਵਲ ਕਿ ਉਹਦੀ ਸੱਜੀ ਗਲ੍ਹ ਉੱਤੇ ਪਏ ਨਿਸ਼ਾਨ ਵਲ ਤੇ ਉਹਦੀਆਂ ਅੱਖਾਂ ਪੁਰ-ਨੰਮ ਹੋ ਗਈਆਂ। "ਜੀਤੋ ! ਤੁਹਾਨੂੰ ਯਾਦ ਹੈ ਜਦੋਂ ਮੈਂ ਤੁਹਾਨੂੰ ਆਖ਼ਰੀ ਵਾਰ ਮਿਲਿਆ ਸਾਂ ?" ਹਾਂ, ਜਸਜੀਤ ਨੂੰ ਉਹ ਮਿਲਣੀ ਯਾਦ ਸੀ। ਜੇ ਪਹਿਲੇ ਯਾਦ ਨਹੀਂ ਸੀ ਤਾਂ ਅਜ ਜ਼ਰੂਰ ਯਾਦ ਆ ਗਈ। ਜਦੋਂ ਹਰਪਾਲ ਤੇ ਜਸਜੀਤ ਦਾ ਰਿਸ਼ਤਾ ਡੂੰਘਾ ਹੋ ਚੁਕਾ ਸੀ ਤਾਂ ਸੱਯਦ ਅਹਿਮਦ ਸ਼ਾਹ ਬਰੇਲਵੀ ਦੇ ਬਰਖ਼ਿਲਾਫ਼ ਤਿਆਰ ਹੋ ਰਹੀ ਮੁਹਿੰਮ ਵਾਸਤੇ ਮਹਾਰਾਜਾ ਰਣਜੀਤ ਸਿੰਘ ਨੇ ਕੁੱਮੇਦਾਨ ਹਰਪਾਲ ਸਿੰਘ ਨੂੰ ਵੀ ਚੁਣਿਆ ਸੀ ਤੇ ਉਹਦੇ ਜਾਣ ਦੀਆਂ ਤਿਆਰੀਆਂ ਪੂਰੀਆਂ ਹੋ ਗਈਆਂ। ਭੰਗਪੁਰੀਏ ਵੀ ਹਰਪਾਲ ਦੀ ਆ ਰਹੀ ਵਿਦਿਆਇਗੀ ਬਾਰੇ ਜਾਣਦੇ ਸਨ। ਉਨ੍ਹਾਂ ਨੇ ਉਹਨੂੰ ਜਾਣ ਤੋਂ ਦੋ ਦਿਨ ਪਹਿਲਾਂ ਰੋਟੀ ਉੱਤੇ ਬੁਲਾਇਆ। ਸਰਦਾਰ ਦਲੇਰ ਸਿੰਘ, ਸਰਦਾਰ ਚੂਹੜ ਸਿੰਘ ਤੇ ਲਾਹੌਰ ਦੇ ਹੋਰ ਕਈ ਪਤਵੰਤੇ ਵੀ ਬੁਲਾਏ ਸਨ। ਪਰ ਇਸ ਵੇਲੇ ਦੀ ਹਰਪਾਲ ਤੇ ਜਸਜੀਤ ਦੀ ਮਿਲਣੀ ਆਖ਼ਰੀ ਮਿਲਣੀ ਨਹੀਂ ਸੀ। ਆਖ਼ਰੀ ਮਿਲਣੀ ਵਾਸਤੇ ਦੋ ਦਿਨ ਬਾਅਦ ਹਰਪਾਲ ਸਵੇਰੇ ਸਵੇਰੇ ਆਪਣੇ ਘੋੜੇ ਉੱਤੇ ਸਵਾਰ ਭੰਗਪੁਰੀਆਂ ਨੂੰ ਸਤਿ ਸ੍ਰੀ ਅਕਾਲ ਆਖਣ ਆਇਆ ਸੀ : "ਮੇਰੀ ਉਡੀਕ ਨਾ ਕਰਨੀ, ਤੁਸੀਂ ਮੇਰੀ ਕਿਸਮਤ ਵਿਚ ਨਹੀਂ।"

ਜਸਜੀਤ ਨੇ ਅੱਜ ਵਾਂਗ ਉਦੋਂ ਵੀ ਹਰਪਾਲ ਵਲ ਵੇਖਿਆ ਤੇ ਕੁਝ ਨਹੀਂ ਸੀ ਕਿਹਾ। ਕੀ ਆਖਦੀ ? ਆਖਣ ਜੋਗਾ ਹੈ ਹੀ ਕੀ ਸੀ। ਦੋਨਾਂ ਵਿਚੋਂ ਅਜੇ ਤਕ ਕਿਸੇ ਨੇ ਵੀ ਇਕ ਦੂਜੇ ਨੂੰ ਆਪਣੇ ਦਿਲ ਦੀਆਂ ਨਹੀਂ ਸਨ ਦੱਸੀਆਂ ਤੇ ਹਰਪਾਲ ਜਾਣਦਾ ਸੀ ਕਿ ਭੰਗਪੁਰੀਆਂ ਦੀ ਨਜ਼ਰ ਵਿਚ ਉਹਦੀ ਤੇ ਜਸਜੀਤ ਦੀ ਉਮਰ ਦਾ ਕੋਈ ਮੇਲ ਨਹੀਂ। ਆਖ਼ਰ ਉਹ ਜਸਜੀਤ ਨਾਲੋਂ ਉਮਰ ਵਿਚ ਦੂਣਾ ਸੀ ਤੇ ਉਹਦੀ ਜਾਚੇ ਇਨ੍ਹਾਂ ਹਾਲਤਾਂ ਵਿਚ ਜਸਜੀਤ ਨਾਲ ਵਿਆਹ ਦੀ ਆਸ ਕਰਨੀ ਇਖ਼ਲਾਕ ਤੇ ਸਦਾਚਾਰ ਦੀ ਹੇਠੀ ਸੀ। ਮਾਹਿਲਾਂ ਦੇ ਟੱਬਰ ਦਾ ਕੋਈ ਆਦਮੀ ਇੰਜ ਨਹੀਂ ਸੀ ਕਰ ਸਕਦਾ। ਕੋਈ ਸਿਖ ਇਖ਼ਲਾਕ ਤੇ ਸਦਾਚਾਰ ਤੋਂ ਹੇਠਾਂ ਨਹੀਂ ਸੀ ਡਿਗ ਸਕਦਾ।

ਪਰ ਜੇ ਇਉਂ ਸੀ ਤਾਂ ਹਰਪਾਲ ਨੇ ਜਸਜੀਤ ਵਲ ਵੇਖਿਆ ਹੀ ਕਿਉਂ ? ਉਸ ਉਹਦੇ ਵਿਚ ਦਿਲਚਸਪੀ ਹੀ ਕਿਉਂ ਲਈ ? ਉਹ ਬਰਾਬਰ ਉਨ੍ਹਾਂ ਦੇ ਦਵਾਰ ਉੱਤੇ ਕਿਉਂ ਗਿਆ ? ਇਹ ਸਵਾਲ ਆਪ ਵੀ ਹਰਪਾਲ ਨੇ ਕਈ ਵਾਰ ਆਪਣੇ ਆਪ ਕੋਲੋਂ ਪੁਛੇ, ਪਰ ਕੋਈ ਤਸੱਲੀ ਬਖ਼ਸ਼ ਜੁਆਬ ਮਿਲ ਨਹੀਂ ਸੀ ਸਕਿਆ। ਉਸ ਆਪਣੇ ਆਪ ਨੂੰ ਉਦੋਂ ਵੀ ਕੋਸਿਆ ਸੀ ਤੇ ਪਿਛੋਂ ਵੀ, ਪਰ ਕੋਸਣ ਨਾਲ ਪ੍ਰੇਮ ਉਭਾਰ ਘਟ ਨਹੀਂ ਸਕਦਾ। ਇਖ਼ਲਾਕ, ਸਦਾਚਾਰ, ਲੋਕਚਾਰੀ ਤੇ ਮਜ਼ਬ ਪਿਆਰ ਵਲਵਲਿਆਂ ਦੇ ਰਾਹ ਵਿਚ ਨਹੀਂ ਖਲੋ ਸਕਦੇ। ਹਾਂ, ਇਹ ਪਿਆਰ ਨੂੰ ਪੁਗਣ ਤੋਂ ਜ਼ਰੂਰ ਰੋਕ ਸਕਦੇ ਹਨ।

Scanned by CamScanner

ਹਰਪਾਲ ਦੇ ਸੀਨੇ ਵਿਚ ਦੂਜੀ ਵਾਰੀ ਕਿਸੇ ਵਾਸਤੇ ਆਪ-ਮੁਹਾਰੇ ਪਿਆਰ ਉਪਜਿਆ ਸੀ ਤੇ ਉਹ ਇਸ ਜਜ਼ਬੇ ਨੂੰ ਸੀਜ਼ ਨਾ ਸਕਿਆ। ਇਕ ਵਾਰ ਇਕ ਕਾਰਨ ਨੇ ਇਹ ਪਿਆਰ ਖੋਹ ਲਿਆ। ਦੂਜੀ ਵਾਰ ਕਿਸੇ ਦੂਜੇ ਕਾਰਨ ਨੇ ਪੁਗਣ ਨਾ ਦਿਤਾ।

ਹਰਪਾਲ ਮੁੜ ਕੇ ਜਸਜੀਤ ਨੂੰ ਮਿਲਣਾ ਨਹੀਂ ਸੀ ਚਾਹੁੰਦਾ, ਖ਼ਾਸ ਕਰ ਕੇ ਜਦੋਂ ਜਸਜੀਤ ਵਿਆਹੀ ਜਾ ਚੁਕੀ ਸੀ। ਪਰ ਹਰਪਾਲ ਗੁਰਮੀਤ ਅਗੇ ਬੇਜ਼ੋਰ ਸੀ। ਪਹਿਲੀ ਵਾਰ ਇਕ ਅਣਿਆਈ ਨੇ ਇਹ ਮੁਲਾਕਾਤ ਪੁਗਣ ਤੋਂ ਰੋਕ ਦਿਤੀ। ਪਰ ਐਤਕੀਂ ਉਹ ਕਿਸੇ ਤਰ੍ਹਾਂ ਵੀ ਇਸ ਮਿਲਣੀ ਤੋਂ ਬਚ ਨਾ ਸਕਿਆ। ਹਰਪਾਲ ਗੁਰਮੀਤ ਨੂੰ ਕਿਵੇਂ ਨਾਂਹ ਕਰਦਾ। ਜ਼ਿੰਦਗੀ ਵਿਚ ਪਹਿਲੀ ਵਾਰ ਗੁਰਮੀਤ ਕਿਸੇ ਗੱਲ ਤੋਂ ਉਹਦੇ ਨਾਲ ਰੁੱਸੀ। ਤੇ ਫਿਰ ਆਪ ਜਸਜੀਤ ਨੇ ਵੀ ਤਾਂ ਉਹਨੂੰ ਮਿਲਣ ਦੀ ਚਾਹ ਪ੍ਰਗਟ ਕੀਤੀ ਸੀ। ਜੇ ਉਹ ਹੁਣ ਮਿਲੇ ਸਨ ਤਾਂ ਕੁਝ ਨਾ ਕੁਝ ਕਹਿਣਾ ਸੁਣਨਾ ਵੀ ਬਣਦਾ ਸੀ। ਆਪਣੀ ਆਖ਼ਰੀ ਮਿਲਣੀ ਵਲ ਇਸ਼ਾਰਾ ਕਰਦਿਆਂ ਹਰਪਾਲ ਨੇ ਇਹ ਨਹੀਂ ਸੀ ਜਾਣਿਆ ਕਿ ਇਹ ਜ਼ਿਕਰ ਜਸਜੀਤ ਨੂੰ ਅਤਿਅੰਤ ਕਸ਼ਟ ਪਹੁੰਚਾਏਗਾ। ਪਰ ਇਹ ਸ਼ਬਦ ਕਹਿਣ ਪਿਛੋਂ ਜਲਦੀ ਹੀ ਉਹਨੂੰ ਇਸ ਗੁੰਝਲ ਦਾ ਅਹਿਸਾਸ ਹੋਇਆ ਤੇ ਉਸ ਗੱਲ ਵਲਾਣ ਵਾਸਤੇ ਆਖਿਆ : "ਲਾਲਾਮੂਸੇ ਪਿਤਾ ਜੀ ਦਾ ਇਕ ਮਿੱਤ੍ਰ ਸਯਦ ਨੂਰ ਦੀਨ ਹੈ। ਕੀ ਤੁਸੀਂ ਕਦੀ ਉਹਨੂੰ ਮਿਲੇ ਹੋ ?" ਜਸਜੀਤ ਨੇ ਹੰਝੂ ਪੂੰਝੇ : "ਮਿਲੀ ਤਾਂ ਨਹੀਂ, ਪਰ ਉਨ੍ਹਾਂ ਦਾ ਨਾਂ ਜ਼ਰੂਰ ਸੁਣਿਆ ਹੈ। ਉਹ ਹੁਣ ਬੜੇ ਬਿਰਧ ਹੋ ਗਏ ਹਨ।" "ਹਾਂ ਜੀਤੀ ! ਸਮੇਂ ਤੇ ਵਰ੍ਹਿਆਂ ਦਾ ਚੱਕਰ ਕਿਸੇ ਦੇ ਰੋਕਿਆਂ ਰੁਕ ਨਹੀਂ ਸਕਦਾ।" ਇਕ ਲੰਮੀ ਚੁੱਪ ਪਿਛੋਂ ਜਸਜੀਤ ਨੇ ਪੁਛਿਆ : "ਤੁਸੀਂ ਵਿਆਹ ਕਿਉਂ ਨਹੀਂ ਕਰਾਇਆ ?"

ਪਿਛਲੇ ਕਈ ਵਰ੍ਹਿਆਂ ਤੋਂ ਸਿਵਾਏ ਗੁਰਦਈ, ਗੁਰਦਿਆਲ ਤੇ ਗੁਰਮੀਤ ਦੇ ਕਿਸੇ ਹੋਰ ਨੇ ਹਰਪਾਲ ਕੋਲੋਂ ਇਹ ਸੁਆਲ ਨਹੀਂ ਸੀ ਪੁਛਿਆ। ਚੜ੍ਹਦੀ ਜੁਆਨੀ ਵਿਚ ਤਾਂ ਬੇਸ਼ਕ ਹਰ ਜਾਣੂ ਸਿਆਣੂ ਹਰਪਾਲ ਕੋਲੋਂ ਇਹੋ ਸੁਆਲ ਪੁਛਿਆ ਕਰਦਾ, ਪਰ ਹੌਲੀ ਹੌਲੀ ਜਦੋਂ ਸਭਨਾਂ ਨੂੰ ਪਤਾ ਲਗ ਗਿਆ ਕਿ ਹਰਪਾਲ ਢੀਠ ਜਾਂ ਪ੍ਰਪੱਕ ਆਦਮੀ ਹੈ ਤਾਂ ਲੋਕਾਂ ਨੇ ਇਸ ਬਾਰੇ ਪੁਛਣਾ ਛੱਡ ਦਿਤਾ। ਪਰ ਫਿਰ ਵੀ ਕਦੀ ਕਦਾਈਂ ਸਮੇਂ ਸਿਰ ਇਹ ਪ੍ਰਸ਼ਨ ਸਿਰ ਕਢ ਬਹਿੰਦਾ। ਹੋਰ ਤੇ ਹੋਰ ਮਹਾਰਾਜਾ ਰਣਜੀਤ ਸਿੰਘ ਸਾਹਮਣੇ ਵੀ ਕਈ ਸਰਦਾਰ ਇਸ ਅਜੀਬ ਮਨੁੱਖ ਦੀ ਇਸ ਅਜੀਬ ਕਰਨੀ ਦਾ ਜ਼ਿਕਰ ਕਰਦੇ ਤੇ ਆਪ ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਨਲੂਆ ਵੀ ਹਰਪਾਲ ਨੂੰ ਕਦੀ ਕਦੀ ਮਖ਼ੌਲ ਕਰਦੇ। ਪਰ ਜਦੋਂ ਤੋਂ ਰਣਜੀਤ ਸਿੰਘ ਦਾ ਦਿਹਾਂਤ ਹੋਇਆ, ਹਰਪਾਲ ਕੋਲੋਂ ਕਿਸੇ ਨੇ ਇਸ ਅਸਚਰਜਤਾ ਬਾਰੇ ਨਹੀਂ ਪੁਛਿਆ। ਰਣਜੀਤ ਸਿੰਘ ਦੀ ਮੌਤ ਪਿਛੋਂ ਹਾਸਾ ਮਖ਼ੌਲ ਅਜੇ ਤਕ ਪੰਜਾਬ ਵਿਚ ਮੁੜ ਕੇ ਨਹੀਂ ਸੀ ਪਲਰਿਆ ਤੇ ਸਭ ਹਾਕਮਾਂ ਨੂੰ ਤੇ ਪਰਜਾ ਨੂੰ ਆਪੋ ਆਪਣੀ ਪਈ ਹੋਈ ਸੀ। ਏਸੇ ਲਈ ਸ਼ਾਇਦ ਹਰਪਾਲ ਅੱਜ ਜਸਜੀਤ ਦੇ ਮੂੰਹੋਂ ਇਹ ਪ੍ਰਸ਼ਨ ਸੁਣ ਕੇ ਹੈਰਾਨ ਹੋਇਆ।

ਉਹਨੇ ਮੁਸਕਰਾ ਕੇ ਜਸਜੀਤ ਵਲ ਤੱਕਿਆ, ਪਰ ਉੱਤਰ ਕੁਝ ਨਾ ਦਿਤਾ। "ਦੱਸਦੇ ਕਿਉਂ ਨਹੀਂ...।" "ਪਤਾ ਨਹੀਂ।" "ਤੁਸੀਂ ਝੂਠ ਵੀ ਬੋਲਦੇ ਹੋ ?" "ਇਹ ਝੂਠ ਨਹੀਂ, ਜੀਤੀ। ਮੈਂ ਸੱਚੀਂ ਹੀ ਨਹੀਂ ਜਾਣਦਾ।" ਹਰਪਾਲ ਨੂੰ ਸਮਝ ਨਾ ਆਈ ਕਿ ਇਹ ਪ੍ਰਸ਼ਨ ਪੁਛਣ ਵਿਚ ਜਸਜੀਤ ਦਾ ਅਸਲੀ ਮਤਲਬ ਕੀ ਹੈ ? ਕੀ ਉਹ ਸੁਣਨਾ ਚਾਹੁੰਦੀ ਹੈ ਕਿ ਇਹ ਉਹਦਾ ਵਿਛੋੜਾ ਸੀ ਜਿਸ ਨਾਲ ਕਿ ਹਰਪਾਲ ਰਾਜ਼ੀਨਾਮਾ ਨਾ ਕਰ ਸਕਿਆ ਜਾਂ ਕਿ ਦਿਲੋਂ ਜਸਜੀਤ ਉਹਦੀ ਮਾਨਸ੍ਰਿਕ ਹਾਲਤ ਜਾਣਨਾ ਚਾਹੁੰਦੀ ਹੈ। ਉਹ ਅਜੇ ਇਹ ਗੱਲ ਸੋਚ ਹੀ ਰਿਹਾ ਸੀ ਕਿ ਜਸਜੀਤ ਨੇ ਕਿਹਾ : "ਤੁਸੀਂ ਅਜੀਤ ਨਾਲ ਵਿਆਹ ਕਰ ਲਓ।" "ਜੀਤੀ !"

ਹਰਪਾਲ ਨਹੀਂ ਸੀ ਜਾਣਦਾ ਕਿ ਉਸ ਅਜੀਤ ਨੂੰ ਬੁਲਾਇਆ ਹੈ ਕਿ ਜਸਜੀਤ ਨੂੰ। ਜਸਜੀਤ ਵੀ ਨਹੀਂ ਸੀ ਜਾਣਦੀ, ਪਰ ਉਹ ਕਹਿੰਦੀ ਗਈ : "ਹਾਂ ਪਾਲ...! ਤੁਸੀਂ ਅਜੀਤ ਨਾਲ ਵਿਆਹ ਕਰ ਲਓ। ਤੁਹਾਡੀ ਤੇ ਉਹਦੀ ਦੋਹਾਂ ਦੀ ਇਸ ਵਿਚ ਭਲਾਈ ਹੈ।" ਜਿਸ ਤਰ੍ਹਾਂ ਜਸਜੀਤ ਨੂੰ ਹਰਪਾਲ ਦੇ ਮੂੰਹੋਂ ਆਪਣਾ ਆਪ ਜੀਤੋ ਦੇ ਨਾਂ ਥੱਲੇ ਸੁਣਨ ਦੀ ਲਾਲਸਾ ਸੀ ਉਸੇ ਤਰ੍ਹਾਂ ਸ਼ਾਇਦ ਹਰਪਾਲ ਦੀ ਚਾਹ ਸੀ ਕਿ ਜਸਜੀਤ ਕਦੀ ਉਹਨੂੰ 'ਪਾਲ' ਆਖ ਕੇ ਬੁਲਾਏ। ਅਜ ਪਹਿਲੀ ਤੇ ਸ਼ਾਇਦ ਆਖ਼ਰੀ ਵਾਰ ਉਹਦੀ ਇਹ ਚਾਹ ਪੂਰੀ ਹੋਈ ਸੀ।

"ਬਚਨ ਦਿਓ ਕਿ ਤੁਸੀਂ ਇਹ ਵਿਆਹ ਕਰੋਗੇ ?" ਹਰਪਾਲ ਨੇ ਵੇਖਿਆ ਕਿ ਗੁਰਮੀਤ ਨੇ ਉਹਦੀ ਸਾਰੀ ਜੀਵਨ ਕਹਾਣੀ ਜਸਜੀਤ ਨੂੰ ਸੁਣਾ ਦਿਤੀ ਹੈ। ਬੇਸ਼ਕ ਗੁਰਮੀਤ ਨੇ ਹੀ ਜਸਜੀਤ ਨੂੰ ਇਹ ਸਲਾਹ ਦੇਣ ਵਾਸਤੇ ਆਖਿਆ ਹੋਏਗਾ ਤੇ ਹੋ ਸਕਦਾ ਹੈ ਉਹਦੀ ਜੀਵਨ ਕਹਾਣੀ ਸੁਣਨ ਪਿਛੋਂ ਜਸਜੀਤ ਨੇ ਆਪਣੇ ਵਲੋਂ ਵੀ ਇਹੋ ਰਾਹ ਉਹਦੇ ਵਾਸਤੇ ਚੁਣਿਆ

Scanned by CamScanner

ਹੁੰਦੇ। ਪਰ ਹਰ ਹਾਲਤ ਵਿਚ ਹਰਪਾਲ ਅਜੇ ਇਹੋ ਜਿਹਾ ਕੋਈ ਬਚਨ ਨਹੀਂ ਸੀ ਦੇਣਾ ਚਾਹੁੰਦਾ। "ਬਚਨ ਦਿਓ ਪਾਲੀ ਕਿ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ ?" "ਇਹਦੇ ਵਿਚ ਤੁਹਾਡੀ ਨਿਰਾਸ਼ਾ ਦਾ ਕੀ ਸੁਆਲ ਹੈ ਜੀਤੀ ?" "ਤੁਸੀਂ ਨਹੀਂ ਸਮਝ ਸਕਦੇ। ਤੁਸੀਂ ਮਰਦ ਹੋ ਤੇ ਮਰਦ ਵੀ..." "ਤੇ ਤੁਸੀਂ ਜੀਤੀ..."

ਇਸ ਸਮੇਂ ਗੁਰਮੀਤ ਮਹਿੰਦਰ ਨੂੰ ਨਾਲ ਲੈ ਕੇ ਅੰਦਰ ਆ ਗਈ। ਮਹਿੰਦਰ ਬੋਲਿਆ : 'ਮਾਸੀ ਨੇ ਮੈਨੂੰ ਬੜੀ ਮਿਠਾਈ ਖੁਆਈ ਹੈ।" ਜਸਜੀਤ ਨੇ ਪੁੱਤਰ ਨੂੰ ਆਪਣੇ ਕੁਛੜ ਲੈ ਲਿਆ : "ਤੇਰੀ ਮਾਸੀ ਬੜੀ ਚੰਗੀ ਹੈ, ਲਾਡੂ" ਫਿਰ ਉਸ ਮਹਿੰਦਰ ਨੂੰ ਹਰਪਾਲ ਦੀਆਂ ਬਾਹਾਂ ਵਿਚ ਦਿਤਾ ਤੇ ਆਖਿਆ : "ਇਨ੍ਹਾਂ ਨੂੰ ਆਖ ਕਿ ਇਹ ਅਜੀਤ ਨਾਲ ਵਿਆਹ ਕਰ ਲੈਣ।" ਮਹਿੰਦਰ ਲਾਡੂ ਨੇ ਪਹਿਲੇ ਗੰਭੀਰ ਭਾਵ ਨਾਲ ਹਰਪਾਲ ਵਲ ਵੇਖਿਆ ਤੇ ਜਦੋਂ ਉਸ ਹਰਪਾਲ ਦੇ ਨੈਣਾਂ ਵਿਚ ਆਪਣੇ ਵਾਸਤੇ ਪਿਆਰ ਤੇ ਉਤਸ਼ਾਹ ਤੱਕਿਆ ਤਾਂ ਉਹ ਮੁਸਕਰਾ ਪਿਆ। ਜਸਜੀਤ ਨੇ ਉਹਨੂੰ ਕੁਤ-ਕੁਤਾੜੀਆਂ ਕਰਦਿਆਂ ਕਿਹਾ : "ਆਖ ਲਾਡੂ ! ਮਾਸੀ ਤੈਨੂੰ ਹੋਰ ਮਿਠਾਈ ਦਏਗੀ।" "ਹਾਂ ਲਾਡੂ," ਗੁਰਮੀਤ ਨੇ ਉਹਦਾ ਮੋਢਾ ਪਲੋਸਿਆ, "ਮੈਂ ਤੈਨੂੰ ਤੇਰੇ ਭਾਰ ਜਿੰਨੀ ਮਿਠਾਈ ਦੇਵਾਂਗੀ।" ਮਹਿੰਦਰ ਹੱਸਿਆ, ਉਸ ਤਾੜੀ ਮਾਰੀ ਤੇ ਪੁਛਿਆ : "ਕੀ ਆਖਾਂ ?" "ਆਖ ਕਿ ਤੁਸੀਂ ਅਜੀਤ ਨਾਲ ਵਿਆਹ ਕਰ ਲਓ !"

ਹਰਪਾਲ ਸਿੰਘ ਮਹਿੰਦਰ ਵਲ ਵੇਖ ਰਿਹਾ ਸੀ ਤੇ ਆਪਣੇ ਇਕ ਹੱਥ ਨਾਲ ਉਹਦੇ ਸੱਜੇ ਪੈਰ ਨੂੰ ਝੱਸ ਰਿਹਾ ਸੀ। ਮਹਿੰਦਰ ਦਾ ਰੰਗ ਚਿੱਟਾ ਸੀ ਤੇ ਉਹਦੇ ਨਕਸ਼ ਆਪਣੀ ਮਾਂ ਵਰਗੇ. ਉਹਦੇ ਸਿਰ ਦੇ ਵਾਲ ਨਿਕੇ ਸਨ ਤੇ ਏਸੇ ਲਈ ਉਨ੍ਹਾਂ ਨੂੰ ਬੰਨ੍ਹਣ ਦੀ ਲੋੜ ਨਹੀਂ ਸੀ ਪੈਂਦੀ। ਹਰਪਾਲ ਮਹਿੰਦਰ ਵਲ ਵੇਖ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਇਹ ਮੁਲਾਕਾਤ ਕਿਸ ਤਰ੍ਹਾਂ ਸ਼ੁਰੂ ਹੋਈ ਤੇ ਕਿਸ ਤਰ੍ਹਾਂ ਖ਼ਤਮ ਹੋ ਰਹੀ ਹੈ। ਕਿਥੇ ਮੁਲਾਕਾਤ ਦੇ ਸ਼ੁਰੂ ਵਾਲਾ ਸੰਜਮ ਤੇ ਸੰਜੀਦਾ ਵਾਤਾਵਰਣ ਤੇ ਕਿਥੇ ਇਹ ਜਸਜੀਤ ਦਾ ਹੌਲੇ ਭਾਵ ਮੁਸਕਰਾਉਣਾ ਤੇ ਕਿਥੇ ਮਹਿੰਦਰ ਦੀ ਚਹਿਚਹਾਟ। "ਬੱਚੇ" ਹਰਪਾਲ ਸਿੰਘ ਨੇ ਸੋਚਿਆ, "ਕਿਵੇਂ ਜ਼ਿੰਦਗੀ ਨੂੰ ਭਰਪੂਰ ਕਰ ਦੇਂਦੇ ਹਨ। ਜਿਥੇ ਬੱਚੇ ਹਨ ਉਥੇ ਉਦਾਸੀ ਨਹੀਂ, ਓਥੇ ਨਿਰਾਸ਼ਾ ਨਹੀਂ।"

"ਕਾਸ਼ !" ਉਹਦੇ ਮਨ ਵਿਚ ਇਕ ਚੀਸ ਨਿਕਲੀ ਤੇ ਉਸ ਮਹਿੰਦਰ ਨੂੰ ਘੁਟ ਲਿਆ। "ਆਖ ਨਾ ਲਾਡੂ," ਗੁਰਮੀਤ ਨੇ ਜ਼ੋਰ ਲਾਇਆ। "ਤੁਸੀਂ ਅਜੀਤ ਨਾਲ ਵਿਆਹ ਕਰ ਲਓ !" ਮਹਿੰਦਰ ਨੇ ਮਾਂ ਤੇ ਮਾਸੀ ਦੇ ਸ਼ਬਦ ਦੁਹਰਾਏ। ਹਰਪਾਲ ਮੁਸਕਰਾਇਆ ਤੇ ਉਸ ਫਿਰ ਮਹਿੰਦਰ ਨੂੰ ਘੁਟਿਆ। "ਤੁਸੀਂ ਬਚਨ ਦਿਤਾ ਹੈ, ਹੁਣ ਮੁਕਰਨਾ ਨਾ ?" ਜਸਜੀਤ ਬੋਲੀ। "ਜਸਜੀਤ...ਮੈਂ ਕੋਈ..." "ਬਸ ਮੈਂ ਹੋਰ ਕੁਝ ਸੁਣਨਾ ਨਹੀਂ ਚਾਹੁੰਦੀ।" ਉਸ ਵੇਲੇ ਜਸਜੀਤ ਨੇ ਵੇਖਿਆ ਕਿ ਉਹਦਾ ਲਾਡੂ ਹਰਪਾਲ ਸਿੰਘ ਦੀ ਸੱਜੀ ਗਲ੍ਹ ਉਤਲੇ ਨਿਸ਼ਾਨ ਉੱਤੇ ਹੱਥ ਫੇਰ ਰਿਹਾ ਹੈ। ਉਹਦੇ ਮੁਖ ਉੱਤੇ ਪੀੜਾਂ ਦੀਆਂ ਰੇਖਾਵਾਂ ਉਤਪੰਨ ਹੋਈਆਂ ਤੇ ਉਸ ਮਹਿੰਦਰ ਨੂੰ ਹਰਪਾਲ ਦੀਆਂ ਬਾਹਾਂ ਵਿਚੋਂ ਲੈ ਲਿਆ।

ਹਰਪਾਲ ਦਾ ਆਪਣਾ ਹੱਥ ਵੀ ਅਨਜਾਣੇ ਆਪਣੀ ਗਲ੍ਹ ਦੇ ਨਿਸ਼ਾਨ ਉੱਤੇ ਫਿਰ ਗਿਆ। ਉਹਦਾ ਅੰਦਰ ਭਰ ਆਇਆ ਸੀ ਤੇ ਉਹਨੂੰ ਆਪਣੇ ਪੰਝੀ ਵਰ੍ਹੇ ਪਹਿਲੇ ਕੇਰੇ ਅੱਥਰੂ ਯਾਦ ਆਏ। ਪੰਝੀ ਵਰ੍ਹੇ ਪਹਿਲੇ ਕੇਰੇ ਅੱਥਰੂ...। ਮਾਹਿਲ ਤੇ ਕਲਸੀਏ ਦੇ ਵਿਚਕਾਰ, ਮਾਘ ਮਹੀਨੇ ਦੀ ਧੁਪ ਥੱਲੇ, ਜੰਡ ਦੇ ਲਾਗੇ ਜੀਤੀ ਦੇ ਸਾਥ ਵਿਚ ਵਹਾਏ ਉਹ ਅਥਰੂ। ਓਦੋਂ ਉਹਦੇ ਅਥਰੂ ਵਗੇ ਸਨ ਤੇ ਇਸ ਤੋਂ ਪਹਿਲੇ ਕਿ ਇਹ ਅਥਰੂ ਉਹਦੀ ਗਲ੍ਹ ਉੱਤੇ ਪਏ ਨਿਸ਼ਾਨ ਤਕ ਪਹੁੰਚਦੇ ਜੀਤੀ ਨੇ ਪੂੰਝ ਦਿਤੇ ਸਨ। ਤੇ ਫਿਰ ਉਹਦੇ ਮਨ ਅਗੇ ਆਈ ਕਿਲ੍ਹਾ ਜਮਰੌਦ ਦੀ ਟੇਕਰੀ ਜਿਹਦੇ ਉੱਤੇ ਬੈਠਿਆਂ ਤਿੰਨ ਸਾਲ ਪਹਿਲੇ ਉਹਦੇ ਨੈਣ ਇਕ ਵਾਰ ਫਿਰ ਅੱਥਰੂਆਂ ਨਾਲ ਭਰ ਗਏ ਸਨ। ਉਸ ਦਿਨ ਖ਼ਾਲਸਾ ਪੰਥ, ਖ਼ਾਲਸਾ ਰਾਜ ਤੇ ਆਪ ਹਰਪਾਲ ਸਿੰਘ ਨੇ ਕਿੰਨਾ ਕੁਝ ਗੁਆਇਆ ਸੀ। ਖ਼ੈਬਰ ਦੀਆਂ ਪਹਾੜੀਆਂ ਉਹਦੇ ਸਾਹਮਣੇ ਸਨ। ਉਹ ਉਸ ਦਿਨ ਉਨ੍ਹਾਂ ਵਿਚੋਂ ਲੰਘ ਕੇ ਆਇਆ ਸੀ ਤੇ ਇਨ੍ਹਾਂ ਪਹਾੜੀਆਂ ਤੋਂ ਪਰੇ ਸਨ ਜਲਾਲਾਬਾਦ, ਲਘਮਾਨ, ਕਾਬਲ, ਕੰਧਾਰ, ਬਲਖ ਤੇ ਬੁਖਾਰਾ...।

ਉਸ ਤੋਂ ਪਿਛੋਂ ਹਰਪਾਲ ਸਿੰਘ ਮੁੜ ਕਦੀ ਨਹੀਂ ਸੀ ਰੋਇਆ। ਉਹਦਾ ਪਿਤਾ ਮਰ ਗਿਆ ਸੀ, ਪਰ ਹਰਪਾਲ ਸਿੰਘ ਨੂੰ ਕਿਸੇ ਰੋਂਦਾ ਨਹੀਂ ਸੀ ਤੱਕਿਆ। ਮਹਾਰਾਜਾ ਰਣਜੀਤ ਸਿੰਘ ਮੋਇਆ ਤੇ ਸਾਰਾ ਪੰਜਾਬ ਰੋਇਆ। ਛੋਟੇ ਵਡੇ ਰੋਏ, ਇਸਤ੍ਰੀਆਂ ਮਰਦ ਰੋਏ, ਬੱਚੇ ਬੱਚੀਆਂ ਰੋਏ, ਢੋਰ ਡੰਗਰ ਰੋਏ, ਪਰ ਇਕ ਹਰਪਾਲ ਸਿੰਘ ਸੀ ਕਿ ਨਹੀਂ ਰੋਇਆ। ਇਨ੍ਹਾਂ ਦੋਹਾਂ ਸਮਿਆਂ ਉੱਤੇ ਅੱਜ ਵਾਂਗ ਹਰਪਾਲ ਸਿੰਘ ਦਾ ਦਿਲ ਜ਼ਰੂਰ ਭਰ ਆਇਆ ਸੀ ਤੇ ਬਸ। ਹਾਂ ਪਰ, ਜੇ ਕਦੀ ਅੱਜ ਤੋਂ

Scanned by CamScanner

ਪੰਛੀ ਵਰ੍ਹੇ ਪਹਿਲੇ ਵਾਂਗ ਅੱਜ ਹਰਪਾਲ ਦੇ ਅੱਥਰੂ ਛਲਕ ਆਉਂਦੇ ਤਾਂ ਇਸ ਤੋਂ ਪਹਿਲੇ ਕਿ ਉਹ ਅੱਥਰੂ ਉਹਦੀ ਗਲ੍ਹ ਉੱਤੇ ਪਏ ਨਿਸ਼ਾਨ ਤਕ ਪਹੁੰਚਦੇ ਜਸਜੀਤ ਨੇ ਉਨ੍ਹਾਂ ਨੂੰ ਪੂੰਝ ਜ਼ਰੂਰ ਦੇਣਾ ਸੀ...।

੧੦੪

ਜਸਜੀਤ ਆਈ ਤੇ ਜਸਜੀਤ ਚਲੀ ਗਈ। ਉਸੇ ਤਰ੍ਹਾਂ ਹੀ ਸ਼ਾਇਦ ਕਿ ਜਿਸ ਤਰ੍ਹਾਂ ਇਕ ਵਾਰ ਉਹ ਪਹਿਲੇ ਹਰਪਾਲ ਦੀ ਜ਼ਿੰਦਗੀ ਵਿਚ ਸੀ, ਤੇ ਚਲੀ ਗਈ ਸੀ। ਉਦੋਂ ਵਾਂਗ ਹਰਪਾਲ ਅੰਤਕੀਂ ਫਿਰ ਪਹਿਲੇ ਨਾਲੋਂ ਵੀ ਵਧ ਇਕੱਲਾ ਮਹਿਸੂਸ ਕਰਨ ਲਗਾ। ਕਦੀ ਕਦੀ ਹੁਣ ਗੁਰਦਈ ਤੇ ਗੁਰਮੀਤ ਹਰਪਾਲ ਦੇ ਮੂੰਹ ਉੱਤੇ ਉਦਾਸੀ ਦੇ ਚਿੰਨ੍ਹ ਵੇਖਦੀਆਂ। ਉਦਾਸੀ ਦੇ ਚਿੰਨ੍ਹ! ਹਰਪਾਲ ਨੂੰ ਕਦੀ ਕਿਸੇ ਉਦਾਸ ਨਹੀਂ ਸੀ ਵੇਖਿਆ। ਅੰਤਰ-ਆਤਮਾ ਉਹ ਭਾਵੇਂ ਕਿੰਨਾ ਵੀ ਖ਼ਾਲੀ ਹੋਵੇ, ਬਾਹਰਮੁਖੀ ਉਹ ਸਦਾ ਭਰਿਆ ਭਰਿਆ ਪ੍ਰਤੀਤ ਹੁੰਦਾ ਸੀ।

ਗੁਰਦਈ ਤੇ ਗੁਰਮੀਤ ਨੇ ਸੋਚਿਆ, "ਮੈਨੂੰ ਹਰਪਾਲ ਵਲੋਂ ਡਰ ਲਗਦਾ ਹੈ, ਮੀਤੀ!" ਮਾਂ ਨੇ ਆਖਿਆ। "ਤੇ ਮੈਨੂੰ ਵੀ ਮਾਂ।" "ਜੇ ਹਰਪਾਲ ਨਹੀਂ ਜਾਂਦਾ ਤਾਂ ਤੂੰ ਅਜੀਤ ਨੂੰ ਹੀ ਏਥੇ ਕਿਉਂ ਨਹੀਂ ਲੈ ਆਉਂਦੀ। ਮੈਂ ਤਾਂ ਕਹਿੰਦੀ ਹਾਂ ਕਿ ਹਰਪਾਲ ਨੂੰ ਹੁਣ ਇਕਲਿਆਂ ਨਹੀਂ ਰਹਿਣਾ ਚਾਹੀਦਾ।' "ਇਹ ਠੀਕ ਹੈ ਅੰਮੀ। ਪਰ ਜਦੋਂ ਤਕ ਹਰਪਾਲ ਨਾ ਮੰਨੇ ਅਜੀਤ ਦੇ ਏਥੇ ਆਉਣ ਦਾ ਕੋਈ ਫ਼ਾਇਦਾ ਨਹੀਂ। ਤੇ ਨਾਲੇ ਮੇਰੀ ਜਾਚੇ ਤਾਂ ਹਰਪਾਲ ਦੇ ਦਿਲ ਉੱਤੇ ਕੋਈ ਹੋਰ ਭਾਰ ਹੈ। ਉਹਨੂੰ ਕੋਈ ਹੋਰ ਚੀਜ਼ ਅੰਦਰੋਂ ਅੰਦਰੀ ਖਾ ਰਹੀ ਹੈ।" "ਕਦੀ ਕਦੀ ਸੋਚਦੀ ਹਾਂ ਕਿ ਉਹਨੂੰ ਆਖਾਂ ਹੁਣ ਲਾਹੌਰ ਛਡ ਚਲੀਏ। ਰੱਬ ਨੇ ਸਭ ਕੁਝ ਦਿਤਾ ਹੈ। ਆਪਣੇ ਪਿੰਡ ਜਾਈਏ ਤੇ ਰਾਜ ਦਰਬਾਰ ਤੋਂ ਦੂਰ ਘੁਘ ਵੱਸੀਏ।" "ਪਰ ਇਹ ਕਿਵੇਂ ਹੋ ਸਕਦਾ ਹੈ ਮਾਂ? ਮਾਹਿਲਾਂ ਦਾ ਘਰਾਣਾ ਰਾਜ ਦਰਬਾਰ ਤੋਂ ਵੱਖਰਾ ਨਹੀਂ ਹੋ ਸਕਦਾ। ਸਾਨੂੰ ਸ਼ੇਰੇ-ਪੰਜਾਬ ਨੇ ਐਨਾ ਨਿਵਾਜਿਆ ਤੇ ਸਤਿਕਾਰਿਆ ਹੈ। ਔਖੇ ਵੇਲੇ ਹੁਣ ਕੀ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁਲ ਕੇ ਆਪਣੇ ਪਿੰਡ ਜਾ ਵੱਸੀਏ? ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਵੀਰ ਕਦੀ ਇਹ ਗੱਲ ਮੰਨਣ ਨਹੀਂ ਲਗਾ।"

"ਤੇ ਫੇਰ ਏਥੇ ਰਹਿ ਕੇ ਵੀ ਤਾਂ ਉਹ ਖ਼ੁਸ਼ ਨਹੀਂ। ਮੈਂ ਤਾਂ ਦਿਲੋਂ ਮਹਿਸੂਸ ਕਰਦੀ ਹਾਂ ਕਿ ਹਰਪਾਲ ਨੂੰ ਰਾਜਾ ਧਿਆਨ ਸਿੰਘ ਦੇ ਨਾਲ ਰਹਿਣਾ ਚਾਹੀਦਾ ਹੈ। ਰਾਜਾ ਧਿਆਨ ਸਿੰਘ ਦੇ ਹੱਥ ਹੀ ਸਰਕਾਰ ਸਭ ਕੁਝ ਸੌਂਪ ਗਏ ਹਨ। ਉਹ ਪੰਥ ਤੇ ਰਾਜ ਨਾਲ ਧੋਖਾ ਨਹੀਂ ਕਰ ਸਕਦਾ ਤੇ ਨਾ ਹੀ ਸ਼ੇਰੇ-ਪੰਜਾਬ ਗ਼ਲਤੀ ਕਰ ਸਕਦੇ ਸਨ।" "ਮਾਂ! ਮੈਨੂੰ ਇਨ੍ਹਾਂ ਮੁਆਮਲਿਆਂ ਦੀ ਕੋਈ ਸਮਝ ਨਹੀਂ ਆਉਂਦੀ। ਚੇਤ ਸਿੰਘ ਦਾ ਕਤਲ, ਮਹਾਰਾਜਾ ਖੜਗ ਸਿੰਘ ਵਲੋਂ ਅੰਗਰੇਜ਼ਾਂ ਨੂੰ ਲਿਖੀਆਂ ਗਈਆਂ ਚਿੱਠੀਆਂ, ਕੰਵਰ ਸਾਹਿਬ ਦਾ ਆਪਣੇ ਪਿਤਾ ਤੋਂ ਦੂਰ ਰਹਿਣਾ, ਲਹਿਣਾ ਸਿੰਘ ਸੰਧਾਵਾਲੀਏ ਦਾ ਹਰਪਾਲ ਨੂੰ ਆਪਣੀਆਂ ਚਾਲ ਬਾਜ਼ੀਆਂ ਵਿਚ ਸ਼ਰੀਕ ਹੋਣ ਵਾਸਤੇ ਕਹਿਣਾ, ਗਾਰਡਨਰ ਦਾ ਵੀਰ ਨੂੰ ਮਿਲਣਾ; ਇਨ੍ਹਾਂ ਸਭ ਗੱਲਾਂ ਤੋਂ ਮੈਨੂੰ ਸ਼ਕ ਪੈਂਦੇ ਹਨ। ਇਹੋ ਕੁਝ ਹੀ ਹਰਪਾਲ ਦੇ ਮਨ ਵਿਚ ਹੈ। ਏਸੇ ਕਰ ਕੇ ਹੀ ਉਹ ਖ਼ੁਸ਼ ਨਹੀਂ।"

"ਮੀਤੀ! ਠੀਕ ਮੈਂ ਹੁਣ ਬੁਢੀ ਹੋ ਗਈ ਹਾਂ। ਭਾਵੇਂ ਸੱਤਰੀ ਬਹੱਤਰੀ ਹੋ ਗਈ ਹੋਵਾਂ ਪਰ ਮੈਂ ਸ਼ੇਰੇ-ਪੰਜਾਬ ਨੂੰ ਤੇਰੇ ਤੇ ਹਰਪਾਲ ਨਾਲੋਂ ਵਧ ਜਾਣਦੀ ਸਾਂ ਤੇ ਮੈਨੂੰ ਵਿਸ਼ਵਾਸ ਹੈ, ਕਿ ਜਦੋਂ ਉਨ੍ਹਾਂ ਨੇ ਰਾਜਾ ਧਿਆਨ ਸਿੰਘ ਨੂੰ ਰਾਜ ਦਾ ਕਾਰ ਮੁਖ਼ਤਾਰ ਨਿਯਤ ਕੀਤਾ ਤਾਂ ਇਸ ਵਿਚ ਜ਼ਰੂਰ ਕੋਈ ਪੰਥ ਤੇ ਰਾਜ ਦੀ ਭਲਾਈ ਹੀ ਸੋਚੀ ਹੋਵੇਗੀ। ਮੈਂ ਰਾਜਾ ਧਿਆਨ ਸਿੰਘ ਉੱਤੇ ਸ਼ਕ ਨਹੀਂ ਕਰ ਸਕਦੀ...।" "ਤੇ ਹਰਪਾਲ ਆਪਣੇ ਸ਼ੰਕੇ ਨਵਿਰਤ ਨਹੀਂ ਕਰ ਸਕਦਾ...।"

Scanned by CamScanner

ਜਿਉਂ ਜਿਉਂ ਦਿਨ ਗੁਜ਼ਰਦੇ ਜਾਂਦੇ ਸਨ, ਘਰ ਵਿਚ ਇਹ ਤਕਰਾਰ ਵਧਦੀ ਜਾਂਦੀ ਸੀ। ਗੁਰਦਈ, ਰਾਜਾ ਧਿਆਨ ਸਿੰਘ ਉੱਤੇ ਸ਼ਕ ਨਹੀਂ ਸੀ ਕਰਨਾ ਚਾਹੁੰਦੀ। ਗੁਰਦਈ ਦਾ ਦਿਲ ਆਖਦਾ ਸੀ ਕਿ ਰਾਜਾ ਧਿਆਨ ਸਿੰਘ ਸੱਚਾ ਹੈ ਤੇ ਰਾਜ ਦਾ ਮੋਰ ਮਾਹ! ਪੰਜਾਬ ਦੀ ਘਣੇਰੀ ਵੱਸੋਂ ਵਾਂਗ ਗੁਰਦਈ ਵੀ ਇਹ ਸਮਝਦੀ ਸੀ ਕਿ ਜੋ ਕੁਝ ਮਹਾਰਾਜਾ ਰਣਜੀਤ ਸਿੰਘ ਕਹਿ ਜਾਂ ਕਰ ਗਿਆ ਹੈ, ਉਹ ਪੱਥਰ ਉੱਤੇ ਲਕੀਰ ਹੈ। ਪੰਜਾਬ ਦੀ ਸਾਰੀ ਵੱਸੋਂ ਨੂੰ ਯਕੀਨ ਸੀ ਕਿ ਰਣਜੀਤ ਸਿੰਘ ਕਦੀ ਕੋਈ ਗ਼ਲਤੀ ਨਹੀਂ ਕਰ ਸਕਦਾ। ਇਸ ਵੱਸੋਂ ਵਾਸਤੇ ਰਣਜੀਤ ਸਿੰਘ ਇਨਸਾਨ ਤੋਂ ਕੋਈ ਉਚੇਰੀ ਹਸਤੀ ਸੀ। ਰਣਜੀਤ ਸਿੰਘ ਉਨ੍ਹਾਂ ਵਾਸਤੇ ਇਕ ਫ਼ਰਿਸ਼ਤਾ ਸੀ, ਇਕ ਦਿਉਤਾ। ਰਾਜਾ ਧਿਆਨ ਸਿੰਘ ਦਾ ਲੰਮਾ ਰੇਸ਼ਮੀ ਦਾੜ੍ਹਾ, ਉਹਦੀਆਂ ਨਿਕੀਆਂ ਨਿਕੀਆਂ, ਪਰ ਡੂੰਘੀ ਤੱਕਣੀ ਵਾਲੀਆਂ ਅੱਖਾਂ, ਉਹਦੀ ਮਿੱਠੀ ਮਿੱਠੀ ਗੱਲ ਬਾਤ, ਉਹਦਾ ਹਰ ਵਾਕ ਪਿਛੋਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਨਾਮ ਚਿਤਵਨਾ, ਉਹਦੀ ਹਰ ਗੱਲ ਵਿਚੋਂ ਡੁਲ੍ਹਦੀ ਮਹਾਰਾਜਾ ਰਣਜੀਤ ਸਿੰਘ ਵਾਸਤੇ ਇੱਜ਼ਤ ਤੇ ਸਤਿਕਾਰ, ਉਹਦਾ ਅੰਗਰੇਜ਼ਾਂ ਦੇ ਬਰਖ਼ਿਲਾਫ਼ ਜ਼ਬਰ ਤੇ ਖ਼ਾਲਸਾ ਰਾਜ ਦੀ ਭਲਾਈ ਤੇ ਸਲਾਮਤੀ ਵਾਸਤੇ ਫ਼ਿਕਰ, ਹਰ ਜੀਅ ਨੂੰ ਉਹਦੀ ਸਦਾਕਤ ਤੇ ਸ਼ਹਿਰਦਤਾ ਦਾ ਵਿਸ਼ਵਾਸ ਦਿਵਾਂਦਾ। ਰਾਜਾ ਧਿਆਨ ਸਿੰਘ ਪੰਜਾਬੀਆਂ ਦੀਆਂ ਨਜ਼ਰਾਂ ਵਿਚ ਹਰ ਸ਼ਕ ਤੋਂ ਬਰੀ ਸੀ, ਹਰ ਗ਼ਲਤੀ ਤੋਂ ਉੱਚਾ ਸੀ।

ਹੋਰਨਾਂ ਵਾਂਗ ਗੁਰਦਈ ਦਾ ਅੱਟਲ ਵਿਸ਼ਵਾਸ ਵੀ ਧਿਆਨ ਸਿੰਘ ਨਾਲ ਸੀ ਤੇ ਗੁਰਦਈ ਉਨ੍ਹਾਂ ਮਜ਼ਬੂਤ ਆਚਰਨ ਵਾਲੇ ਮਨੁੱਖਾਂ ਵਿਚੋਂ ਇਕ ਸੀ ਜਿਹੜੇ ਆਪਣੇ ਵਿਸ਼ਵਾਸ ਜਲਦੀ ਜਲਦੀ ਨਹੀਂ ਬਦਲਦੇ। ਗੁਰਦਈ ਸਚਾ ਆਪਣੇ ਵਿਸ਼ਵਾਸ ਉੱਤੇ ਸਿੱਖੀ ਰਹਿਤ ਵਾਂਗ ਪ੍ਰਪੱਕ ਰਹੀ ਸੀ। ਮਾਹਿਲਾਂ ਦੇ ਸਾਰੇ ਘਰਾਣੇ ਵਿਚ ਇਹੋ ਜਿਹੀ ਸਵੈ-ਵਿਸ਼ਵਾਸ ਵਾਲੀ ਇਸਤ੍ਰੀ ਹੋਰ ਕੋਈ ਨਹੀਂ ਸੀ। ਉਹਦਾ ਵਿਸ਼ਵਾਸ ਗੁਰਮੀਤ ਭੋ ਹਰਪਾਲ ਨੂੰ ਵੀ ਦੁਬਿਧਾ ਵਿਚ ਪਾ ਦੇਂਦਾ। ਹਰਪਾਲ ਨੇ ਸਦਾ ਆਪਣੀ ਮਾਂ ਦੀ ਇੱਜ਼ਤ ਕੀਤੀ ਸੀ ਤੇ ਉਹਨੂੰ ਪਿਆਰ ਕੀਤਾ। ਬੇਸ਼ਕ ਹਰਪਾਲ ਆਪ ਧਰਮ ਕਰਮ ਵਿਚ ਐਨੀ ਦਿਲਚਸਪੀ ਨਹੀਂ ਸੀ ਲੈਂਦਾ, ਪਰ ਆਪਣੀ ਮਾਂ ਵਾਸਤੇ ਉਹ ਰੋਜ਼ ਸਵੇਰੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਦਾ। ਆਪਣੀ ਮਾਂ ਵਾਸਤੇ ਉਹ ਪਾਠ ਵੀ ਕਰਦਾ। ਥੋੜਾ ਕੀਤਿਆਂ ਉਹ ਮਾਂ ਦੀ ਕੋਈ ਆਗਿਆ ਨਾਂ ਮੋੜਦਾ। ਜ਼ਿੰਦਗੀ ਵਿਚ ਬੜੇ ਥੋੜੇ ਮੌਕੇ ਅਜਿਹੇ ਆਏ ਸਨ, ਜਦੋਂ ਮਾ ਤੇ ਪੁੱਤਰ ਵਿਚ ਰਾਏ ਦਾ ਵਿਖ਼ਤਿਲਾਫ਼ ਹੋਇਆ ਹੋਵੇ, ਪਰ ਇਨ੍ਹਾਂ ਥੋੜੇ ਮੌਕਿਆਂ ਵਿਚੋਂ ਇਕ ਮੌਕਾ ਮਹਾਰਾਜਾ ਖੜਗ ਸਿੰਘ ਨੂੰ ਮਿਲਣ ਜਾਣ ਬਾਰੇ ਸੀ। ਗੁਰਦਈ ਦਾ ਖ਼ਿਆਲ ਸੀ ਕਿ ਹਰਪਾਲ ਰਾਜਾ ਧਿਆਨ ਸਿੰਘ ਨਾਲ ਗੱਲ ਕੀਤੇ ਬਗ਼ੈਰ ਮਹਾਰਾਜੇ ਨੂੰ ਮਿਲਣ ਨਾ ਜਾਵੇ, ਪਰ ਹਰਪਾਲ ਚਲਾ ਗਿਆ।

ਗੁਰਦਈ ਨੇ ਪਿਛੋਂ ਕਿਹਾ ਸੀ : "ਤੂੰ ਬੇਸ਼ਕ ਬੜਾ ਨਾਮਣਾ ਖੱਟਿਆ ਹੈ। ਅੰਗਰੇਜ਼ੀ ਤੇ ਫ਼ਾਰਸੀ ਪੜ੍ਹੀ ਹੈ। ਬੇਰੇ ਪੰਜਾਬ ਨੇ ਤੈਨੂੰ ਇਸ ਤਰ੍ਹਾਂ ਨਿਵਾਜਿਆ ਹੈ, ਜਿਵੇਂ ਹੋਰ ਕਿਸੇ ਜਰਨੈਲ ਜਾਂ ਸਰਦਾਰ ਨੂੰ ਨਹੀਂ। ਪਰ ਪਾਲੀ! ਮਾਂ ਦੇ ਆਖੇ ਲਗਦੇ ਕਿਸੇ ਪੁੱਤਰ ਨੇ ਅਜੇ ਤਕ ਖ਼ਤਾ ਨਹੀਂ ਖਾਧੀ। ਅਗੋਂ ਤੇਰੀ ਮਰਜ਼ੀ" ਹਰਪਾਲ ਨੇ ਬੜਾ ਚਿਰ ਮਾਂ ਦੇ ਲਾਏ ਇਸ ਦੋਸ਼ ਦਾ ਉੱਤਰ ਨਹੀਂ ਸੀ ਦਿਤਾ। ਕੀ ਦਲੀਲ ਦੇਂਦਾ। ਮਾਂ ਨੂੰ ਕਿਵੇਂ ਆਪਣਾ ਅੰਦਰ ਫੋਲ ਕੇ ਦਸਦਾ? ਕਿਸੇ ਹੋਰ ਦਿਨ ਗੁਰਦਈ ਨੇ ਕਿਹਾ : "ਪੁੱਤਰ! ਮੈਂ ਤੇਰੀ ਮਾਂ ਹਾਂ। ਮਾਵਾਂ ਦੀਆਂ ਆਂਦਰਾਂ ਵਰਗੀ ਤਾਕਤਵਰ ਸ਼ੈ ਹੋਰ ਕੋਈ ਨਹੀਂ ਹੁੰਦੀ। ਮਾਂ ਦੀਆਂ ਆਂਦਰਾਂ ਪੁੱਤਰ ਦੇ ਭਲੇ ਬੁਰੇ ਬਾਰੇ ਸਭ ਕੁਝ ਅਗਦੋਂ ਦਸ ਦੇਂਦੀਆਂ ਹਨ। ਤੇਰੇ ਨਾਲੋਂ ਵਧ ਮੈਂ ਜਾਣਦੀ ਹਾਂ ਕਿ ਤੇਰੇ ਵਾਸਤੇ ਕੀ ਭਲਾ ਹੈ ਤੇ ਕੀ ਬੁਰਾ, ਤੂੰ ਮੇਰੀ ਗੱਲ ਮੰਨ। ਜਿਵੇਂ ਕਹਿੰਦੀ ਹਾਂ ਉਵੇਂ ਕਰ। ਤੂੰ ਇਨ੍ਹਾਂ ਗੱਲਾਂ ਵਿਚ ਨਾ ਪਓ ਤੇ ਜੇ ਪੈਣਾ ਹੀ ਹੈ ਤਾਂ ਕੋਈ ਕਦਮ ਰਾਜਾ ਧਿਆਨ ਸਿੰਘ ਨੂੰ ਕਹੇ ਸੁਣੇ ਬਗ਼ੈਰ ਨਾ ਚੁਕ।"

ਗੁਰਦਈ ਦੀਆਂ ਇਹ ਗੱਲਾਂ ਸੁਣ ਕੇ ਹਰਪਾਲ ਦਾ ਸਿਰ ਝੁਕ ਗਿਆ ਸੀ। ਉਹ ਬੜਾ ਕੁਝ ਕਹਿਣਾ ਚਾਹੁੰਦਾ ਹੋਇਆ ਵੀ ਕੁਝ ਕਹਿ ਨਹੀਂ ਸੀ ਸਕਿਆ। ਬੇਸ਼ਕ ਹਰਪਾਲ ਇਨ੍ਹਾਂ ਗਲਾਂ ਵਿਚ ਪੈਣਾ ਨਹੀਂ ਚਾਹੁੰਦਾ। ਉਸ ਫ਼ੈਸਲਾ ਕਰ ਲਿਆ ਸੀ ਕਿ ਉਹ ਸਿਪਾਹੀ ਹੈ, ਤੇ ਸਿਪਾਹੀ ਹੀ ਰਹੇਗਾ। ਉਸ ਲਹਿਣਾ ਸਿੰਘ ਸੰਧਾਵਾਲੀਏ ਨੂੰ ਦੋ ਟੂਕ ਉੱਤਰ ਦੇ ਦਿਤਾ ਸੀ। ਉਸ ਕਰਨਲ ਗਾਰਡਨਰ ਅਗੇ ਵੀ ਰਾਜਨੀਤਕ ਮੁਆਮਲਿਆਂ ਵਲੋਂ ਆਪਣੀ ਬੇਰੁਖੀ ਦਾ ਪ੍ਰਗਟਾ ਕੀਤਾ ਸੀ। ਹਾਂ, ਉਹ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ ਲੈਣਾ ਚਾਹੁੰਦਾ, ਪਰ ਹਾਲਾਤ ਉਹਨੂੰ ਮਜਬੂਰ ਕਰ ਰਹੇ ਸਨ। ਗਾਰਡਨਰ ਉਹਨੂੰ ਕਈ ਇਕ ਅਜਿਹੇ ਰਾਜ਼ ਦਸ ਰਿਹਾ ਸੀ ਜਿਨ੍ਹਾਂ ਉੱਤੇ ਨਾ ਹੀ ਇਤਬਾਰ ਕੀਤਾ ਜਾ ਸਕਦਾ ਤੇ ਨਾ ਹੀ ਜਿਨ੍ਹਾਂ ਨੂੰ ਪਹਿਲੀ ਨਜ਼ਰੇ ਰੱਦ ਕੀਤਾ ਜਾ ਸਕਦਾ ਸੀ। ਇਹ ਹੀ ਨਹੀਂ, ਐਨੇਕ ਜਰਨੈਲ ਤੇ ਸਰਦਾਰ ਸਣੇ ਸਰਦਾਰ

Scanned by CamScanner

ਦਹਿਣਾ ਸਿੰਘ ਮਜੀਠੀਆ ਦੇ ਉਹਦੇ ਨਾਲ ਦਰਬਾਰ ਵਿਚ ਦਿਨੋਂ ਦਿਨ ਚਲਦੇ ਮੁਆਮਲਿਆਂ ਬਾਰੇ ਵਿਚਾਰ ਕਰਦੇ। ਉਹਨੂੰ ਦਸਦੇ ਕਿ ਦਰਬਾਰ ਵਿਚ ਕਿਵੇਂ ਪਿਤਾ ਪੁੱਤਰ ਦੀ ਤਕਰਾਰ ਹੁੰਦੀ ਹੈ, ਕਿਵੇਂ ਰਾਜਾ ਧਿਆਨ ਸਿੰਘ ਨੇ ਸੰਧਾਵਾਲੀਏ ਸਰਦਾਰਾਂ, ਜਮਾਂਦਾਰ ਖ਼ੁਸ਼ਹਾਲ ਸਿੰਘ, ਭਾਈ ਰਾਮ ਸਿੰਘ, ਮਿਸ਼ਰ ਬੇਲੀ ਰਾਮ ਤੇ ਭਾਈ ਗੋਬਿੰਦ ਰਾਮ ਨੂੰ ਆਪਣੇ ਹੱਥ ਵਿਚ ਕਰ ਲਿਆ ਹੈ। ਉਹ ਦਸਦੇ ਕਿ ਕਿਵੇਂ ਹੁਣ ਮਹਾਰਾਜਾ ਜਾਂ ਕੰਵਰ ਨੂੰ ਇਕਲਿਆਂ ਮਿਲਣਾ ਅਨਹੋਣਾ ਹੋ ਗਿਆ ਹੈ।

ਹਰਪਾਲ ਨੇ ਇਨ੍ਹਾਂ ਸਭ ਗੱਲਾਂ ਦੀ ਪ੍ਰਵਾਹ ਨਹੀਂ ਸੀ ਕਰਨੀ ਜੇ ਉਹਨੂੰ ਮਹਾਰਾਜਾ ਖੜਗ ਸਿੰਘ ਦਾ ਸੱਦਾ ਨਾ ਆਉਂਦਾ। ਬਸ ! ਕਿਵੇਂ ਨਾ ਕਿਵੇਂ ਉਹ ਇਹ ਸੱਦਾ ਮੋੜਨ ਬਾਰੇ ਕਿਆਸ ਵੀ ਨਾ ਕਰ ਸਕਦਾ। ਕੀ ਪੰਜਾਬ ਦਾ ਜਾਇਜ਼ ਮਹਾਰਾਜਾ ਉਹਨੂੰ ਬੁਲਾਵੇ ਤੇ ਉਹ ਜਾਣ ਤੋਂ ਇਨਕਾਰ ਕਰੇ ? ਹਰਪਾਲ ਇਹੋ ਜਿਹੇ ਇਨਕਾਰ ਬਾਰੇ ਆਪਣੇ ਆਪ ਨੂੰ ਮਨਾ ਨਾ ਸਕੇ। ਹਾਂ ਇਹ ਹੋ ਸਕਦਾ ਸੀ ਕਿ ਉਹ ਖੜਗ ਸਿੰਘ ਨੂੰ ਮਿਲਦਾ ਤੇ ਫਿਰ ਉਹਦੇ ਨਾਲ ਸਹਿਮਤ ਨਾ ਹੁੰਦਾ, ਪਰ ਉਹਨੂੰ ਮਿਲਣ ਹੀ ਨਾ ਜਾਣਾ ਜਾਂ ਧਿਆਨ ਸਿੰਘ ਦੀ ਆਗਿਆ ਲੈ ਕੇ ਮਿਲਣ ਜਾਣਾ ਉਹਨੂੰ ਆਪਣੀ ਸ਼ਾਨ ਦੇ ਸ਼ਾਇਆਂ ਨਾ ਲਗਾ। ਉਹ ਖੜਗ ਸਿੰਘ ਨੂੰ ਮਿਲਣ ਗਿਆ, ਤੇ ਉਥੇ ਉਸ ਖੜਗ ਸਿੰਘ ਨੂੰ ਕਿਸ ਹਾਲਤ ਵਿਚ ਵੇਖਿਆ ਤੇ ਪੰਜਾਬ ਦੇ ਮਹਾਰਾਜੇ ਨੇ ਉਹਦੇ ਕੋਲੋਂ ਕੀ ਕੁਝ ਮੰਗਿਆ ? ਹਰਪਾਲ ਦਾ ਜੀ ਉਪਰਾਮ ਹੋ ਗਿਆ। ਇਕ ਪਿਤਾ ਆਪਣੇ ਪੁੱਤਰ ਨਾਲ ਇਕੱਲ ਵਿਚ ਚਾਰ ਗੱਲਾਂ ਕਰਨ ਦਾ ਚਾਹਵਾਨ ਸੀ, ਤੇ ਬਸ ! ਇਹ ਮਹਾਰਾਜਾ ਪਿਤਾ ਰਾਜ ਨਹੀਂ ਸੀ ਮੰਗਦਾ, ਤਾਜ ਨਹੀਂ ਸੀ ਮੰਗਦਾ, ਕਿਸੇ ਬਰਖ਼ਿਲਾਫ਼ ਕੋਈ ਸਾਜ਼ਸ਼ ਕਰਨਾ ਨਹੀਂ ਸੀ ਚਾਹੁੰਦਾ, ਪੰਜਾਬ ਨੂੰ ਵੇਚਣਾ ਜਾਂ ਖ਼ਰੀਦਣਾ ਨਹੀਂ ਸੀ ਚਾਹੁੰਦਾ। ਉਹ ਤਾਂ ਸਿਰਫ਼ ਆਪਣੇ ਕੰਵਰ ਨੂੰ ਆਪਣੀ ਗਲਵਕੜੀ ਵਿਚ ਲੈਣਾ ਚਾਹੁੰਦਾ ਸੀ, ਇਕ ਵਾਰ। ਹਰਪਾਲ ਪਿਉ ਨਹੀਂ ਸੀ, ਪਰ ਪਿਉ ਦੀ ਆਪਣੇ ਪੁੱਤਰ ਨੂੰ ਮਰਨ ਤੋਂ ਪਹਿਲੇ ਇਕ ਵਾਰ ਘੁੱਟ ਮਿਲਨ ਦੀ ਚਾਹ ਦਾ ਪਾਰਾਵਾਰ ਹਰਪਾਲ ਚੰਗੂ ਪਾ ਸਕਦਾ ਸੀ।

ਹਰਪਾਲ ਨੇ ਮਾਂ ਤੇ ਭੈਣ ਨੂੰ ਮਹਾਰਾਜਾ ਖੜਗ ਸਿੰਘ ਦੀ ਚਾਹ ਦੱਸੀ। ਗੁਰਦਈ ਨੇ ਫਿਰ ਕਿਹਾ : "ਪੁੱਤਰ! ਰਾਜਾ ਧਿਆਨ ਸਿੰਘ ਨੂੰ ਕਹੋ ਕਿ ਉਹ ਕੰਵਰ ਨੂੰ ਸ਼ਾਹੀ ਹਵੇਲੀ ਵਿਚ ਭੇਜੇ। ਰਾਜ ਦਰਬਾਰ ਦੀਆਂ ਕਈ ਗੱਲਾਂ ਹਨ ਜਿਨ੍ਹਾਂ ਦਾ ਤੈਨੂੰ ਕੋਈ ਪਤਾ ਨਹੀਂ।" ਪਹਿਲੀ ਵਾਰ ਹਰਪਾਲ ਨੇ ਮਾਂ ਅੱਗੇ ਜ਼ਬਾਨ ਖੋਲ੍ਹੀ, "ਪਰ ਮਾਂ ਇਹ ਰਾਜਾ ਧਿਆਨ ਸਿੰਘ ਹੀ ਹੈ ਜਿਹੜਾ ਪਿਤਾ ਪੁੱਤਰ ਨੂੰ ਮਿਲਣ ਨਹੀਂ ਦੇਂਦਾ। ਮੈਂ ਉਹਨੂੰ ਕੀ ਆਖਾਂ ?" ਗੁਰਦਈ ਪ੍ਰਪੱਕ ਰਹੀ, "ਪੰਥ ਤੇ ਰਾਜ ਵਾਸਤੇ ਕੀ ਕੁਝ ਯੋਗ ਹੈ ਤੇ ਕੀ ਅਯੋਗ, ਰਾਜਾ ਧਿਆਨ ਸਿੰਘ ਤੋਂ ਵਧ ਹੋਰ ਕੋਈ ਨਹੀਂ ਜਾਣਦਾ।" "ਮਾਂ ਜੀ ! ਮੈਂ ਤੁਹਾਨੂੰ ਕਿਵੇਂ ਦਸਾਂ ਕਿ ਮੇਰੇ ਮਨ ਵਿਚ ਕੀ ਹੈ, ਤੇ ਦਰਬਾਰ ਵਿਚ ਕੀ ਹੋ ਰਿਹਾ ਹੈ !" 'ਜੋ ਕੁਝ ਦਰਬਾਰ ਵਿਚ ਹੋ ਰਿਹਾ ਹੈ, ਉਹ ਮੈਂ ਵੇਖ ਰਹੀ ਹਾਂ, ਜੋ ਕੁਝ ਤੇਰੇ ਮਨ ਵਿਚ ਹੈ ਉਹ ਮੈਨੂੰ ਦੱਸ !"

ਪਰ ਹਰਪਾਲ ਨੂੰ ਲਗਾ ਕਿ ਉਹ ਭਾਵੇਂ ਜੋ ਕੁਝ ਵੀ ਕਹੇ ਉਹਦੀ ਤਸੱਲੀ ਨਹੀਂ ਹੋਣੀ, ਉਹ ਜਿਸ ਤਰ੍ਹਾਂ ਵੀ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰੇ, ਗੁਰਦਈ ਨੂੰ ਨਿਸਚਾ ਨਹੀਂ ਆਉਂਣਾ। ਅਨੇਕ ਹੋਰ ਸਰਦਾਰਾਂ ਜਰਨੈਲਾਂ ਵਾਂਗ ਤੇ ਪੰਜਾਬ ਦੀ ਹੋਰ ਵੱਸੋਂ ਵਾਂਗ ਗੁਰਦਈ ਨੂੰ ਕੋਈ ਕਾਇਲ ਨਹੀਂ ਕਰਾ ਸਕੇਗਾ।

ਪਰ ਮਾਂ ਵਲੋਂ ਇਸ ਵਿਰੋਧਤਾ ਨੇ ਹਰਪਾਲ ਦੇ ਮਨ ਨੂੰ ਸਦਮਾ ਪਹੁੰਚਾਇਆ ਤੇ ਉਹ ਅਗੇ ਨਾਲੋਂ ਵੀ ਵਧ ਇਕੱਲਾ ਹੋ ਗਿਆ। ਉਸ ਗੁਰਮੀਤ ਨੂੰ ਕਿਹਾ : "ਮੈਂ ਮਾਂ ਨੂੰ ਕਿਵੇਂ ਨਿਸ਼ਚਾ ਦਿਵਾਵਾਂ। ਮੈਂ ਉਹਨੂੰ ਕਿਵੇਂ ਦਸਾਂ ਕਿ ਮੇਰਾ ਦਿਲ ਕਿਸ ਤਰ੍ਹਾਂ ਤਰੱਲੇ ਮੱਛੀ ਹੋ ਰਿਹਾ ਹੈ। ਮੈਂ ਕਿਵੇਂ ਭਟਕ ਰਿਹਾ ਹਾਂ। ਮੈਂ ਇਨ੍ਹਾਂ ਮੁਆਮਲਿਆਂ ਵਿਚ ਪੈਣਾ ਨਹੀਂ ਚਾਹੁੰਦਾ, ਪਰ ਹਾਲਾਤ ਮੈਨੂੰ ਮਜਬੂਰ ਕਰ ਰਹੇ ਹਨ, ਮੈਂ ਘੋਸ ਨਹੀਂ ਮਾਰ ਸਕਦਾ। ਮੈਂ ਹਾਲਾਤਾਂ ਅਗੇ ਸਿਥਲ ਹੋ ਕੇ ਨਹੀਂ ਰਹਿ ਸਕਦਾ। ਜੇ ਮੇਰੇ ਉੱਤੇ ਕੋਈ ਜ਼ਿਮੇਂਵਾਰੀ ਪੈਂਦੀ ਹੈ ਤਾਂ ਮੈਂ ਉਹਨੂੰ ਸਵੀਕਾਰ ਕੀਤੇ ਬਗ਼ੈਰ ਨਹੀਂ ਰਹਿ ਸਕਦਾ। ਗੁਰਮੀਤ, ਇਹ ਮੇਰਾ ਸਵਾਲ ਨਹੀਂ, ਇਹ ਮਾਹਿਲਾਂ ਦੇ ਘਰਾਣੇ ਦਾ, ਖ਼ਾਲਸਾ ਪੰਥ ਦਾ, ਖ਼ਾਲਸਾ ਰਾਜ ਦਾ ਤੇ ਸੱਚ ਤੇ ਝੂਠ ਦਾ ਸਵਾਲ ਹੈ।" "ਪਰ ਸੱਚ ਤੇ ਝੂਠ ਦਾ ਨਿਰਣਾ ਤੂੰ ਕਿਵੇਂ ਕਰ ਸਕਦਾ ਹੈਂ ? ਤੈਨੂੰ ਇਕ ਚੀਜ਼ ਸੱਚ ਲਗਦੀ ਹੈ ਮਾ ਨੂੰ ਦੂਸਰੀ। ਤੂੰ ਆਪਣੇ ਦਿਲ ਵਿਚ ਸੱਚਾ ਹੈਂ ਮਾਂ ਆਪਣੇ ਦਿਲ ਵਿਚ।" "ਤੇ ਫਿਰ ਇਨ੍ਹਾਂ ਹਾਲਾਤਾਂ ਵਿਚ ਮੈਂ ਮਾਂ ਨਾਲੋਂ ਵਖਰੀ ਲੀਹ ਉੱਤੇ ਕਿਵੇਂ ਨਾ ਟੁਰਾਂ ? ਜੇ ਮੈਨੂੰ ਇਕ ਰਾਹ ਸੱਚਾ ਲਗਦਾ ਹੈ ਤਾਂ ਮੈਂ ਉਸ ਉੱਤੇ ਟੁਰਾਂਗਾ ਤੇ ਮਾਂ..."

"ਹਰਪਾਲ..." "ਮੀਤੀ...!" "ਪਰ ਜੇ ਤੂੰ ਮਾਂ ਦੇ ਆਖੇ ਨਾ ਲਗਿਆ ਤਾਂ ਉਨ੍ਹਾਂ ਨੂੰ ਬੜਾ ਦੁਖ ਹੋਵੇਗਾ।"

Scanned by CamScanner

"ਮੈਂ ਜਾਣਦਾ ਹਾਂ ਮੀਤੀ। ਪਰ ਜੇ ਮੈਂ ਉਨ੍ਹਾਂ ਦੇ ਬਚਨ ਪਾਲਦਾ ਹਾਂ ਤਾਂ ਮੈਂ ਨਾ ਸਿਰਫ਼ ਆਪਣੇ ਆਪ ਨਾਲ ਬੇਇਨਸਾਫ਼ੀ ਕਰਦਾ ਹਾਂ, ਸਗੋਂ ਪੰਥ ਤੇ ਰਾਜ ਨਾਲ ਵੀ ਬੇਇਨਸਾਫ਼ੀ ਕਰਦਾ ਹਾਂ। ਮੈਨੂੰ ਆਪਣੀ ਤਾਂ ਪ੍ਰਵਾਹ ਨਹੀਂ, ਪਰ ਸਿਖ ਰਾਜ ਦਾ ਕੀ ਬਣੇਗਾ ?" "ਪਰ ਤੈਨੂੰ ਵੀ ਤਾਂ ਪੱਕਾ ਵਿਸ਼ਵਾਸ਼ ਨਹੀਂ ਕਿ ਰਾਜਾ ਧਿਆਨ ਸਿੰਘ ਰਾਜ ਦਾ ਹਿਤੂ ਹੈ ਕਿ ਨਹੀਂ। ਤੇਰੇ ਦਿਲ ਵਿਚ ਵੀ ਤਾਂ ਸਿਰਫ਼ ਸ਼ੱਕ ਹੀ ਹਨ।" "ਹਾਂ, ਤੇਰੀ ਗੱਲ ਠੀਕ ਹੈ। ਪਰ ਦਿਨੋਂ ਦਿਨ ਮੈਨੂੰ ਪੱਕ ਹੁੰਦਾ ਜਾ ਰਿਹਾ ਹੈ ਕਿ..."

ਪੁੱਤਰ, ਮਾਂ ਤੇ ਧੀ ਵਿਚ ਇਹੋ ਜਿਹੀ ਖਿਚੋਤਾਣ ਜਾਰੀ ਸੀ, ਕਿ ਜਸਜੀਤ ਲਾਹੌਰ ਆਈ ਤੇ ਹਰਪਾਲ ਨੂੰ ਮਿਲੀ। ਜਸਜੀਤ ਚਲੀ ਗਈ ਤੇ ਹਰਪਾਲ ਦੇ ਮੁਖੜੇ ਉੱਤੇ ਕਦੀ ਕਦੀ ਉਦਾਸੀ ਦੀਆਂ ਰੇਖਾਵਾਂ ਉਤਪੰਨ ਹੋਣ ਲਗੀਆਂ। ਮਾਂ ਤੇ ਭੈਣ ਨੂੰ ਫ਼ਿਕਰ ਲਗਾ। ਇਹੋ ਜਿਹੀ ਕੋਈ ਰੇਖਾ ਉਨ੍ਹਾਂ ਨੇ ਕਦੀ ਇਸ ਸੁੰਦਰ ਮੁੱਖੜੇ ਉੱਤੇ ਨਹੀਂ ਸੀ ਵੇਖੀ। ਇਸ ਮੁੱਖੜੇ ਨੂੰ ਮਾਂ ਤੇ ਭੈਣ ਬੜਾ ਪਿਆਰ ਕਰਦੀਆਂ ਸਨ। ਇਸ ਮੁੱਖੜੇ ਉੱਤੇ ਉਤਪੰਨ ਹੋਈ ਉਦਾਸੀ ਨੇ ਇਨ੍ਹਾਂ ਦੋ ਆਤਮਾਵਾਂ ਨੂੰ ਅੰਨਾ ਕਸ਼ਟ ਪਹੁੰਚਾਇਆ ਕਿ ਉਨ੍ਹਾਂ ਕੋਲੋਂ ਸਬਰ ਨਾ ਹੋਵੇ। ਉਹ ਇਸ ਉਦਾਸੀ ਦੇ ਕਾਰਨ ਤੇ ਇਸ ਨੂੰ ਦੂਰ ਕਰਨ ਦੀਆਂ ਵਿਉਂਤਾਂ ਸੋਚਣ ਲਗੀਆਂ। ਪਹਿਲਾਂ ਵਾਂਗ ਉਹ ਫਿਰ ਇਸ ਸਿੱਟੇ ਉੱਤੇ ਪਹੁੰਚੀਆਂ ਕਿ ਹਰਪਾਲ ਵਿਆਹ ਕਰ ਲਵੇ। ਉਹਦੀ ਜ਼ਿੰਦਗੀ ਕਿਵੇਂ ਨਾ ਕਿਵੇਂ ਭਰ ਜਾਵੇ, ਪਰ ਹਰਪਾਲ ਨੇ ਜਦੋਂ ਇਹ ਗੱਲ ਤੇ ਇਹ ਸੁਝਾਅ ਸੁਣਿਆ ਤਾਂ ਉਸ ਗੁਰਮੀਤ ਨੂੰ ਕਿਹਾ : "ਮੀਤੀ ਭੈਣ ! ਇਹ ਠੀਕ ਹੈ ਕਿ ਮੈਂ ਇਕੱਲਾ ਹਾਂ ਤੇ ਸ਼ਾਇਦ ਇਸ ਇਕੱਲਤਾ ਨੂੰ ਮਹਿਸੂਸ ਵੀ ਕਰਦਾ ਹਾਂ, ਪਰ ਮੇਰੀ ਉਦਾਸੀ ਦੇ ਕਾਰਨ ਹੋਰ ਹਨ। ਸ਼ੇਰੇ-ਪੰਜਾਬ ਦੀ ਮੌਤ ਤੋਂ ਪਿਛੋਂ ਸਭ ਕੁਝ ਬਦਲ ਰਿਹਾ ਹੈ। ਮੈਨੂੰ ਡਰ ਹੈ ਕਿ..."

੧੦੫

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਪੰਜਾਬ ਵਿਚ ਸਭ ਕੁਝ ਬਦਲ ਗਿਆ। ਪੰਜਾਬ ਦੀ ਜ਼ੀਵਨੀ ਦੇ ਆਰਥਕ, ਸੱਭਿਆਚਾਰਕ, ਸੰਸਕ੍ਰਿਤਕ ਤੇ ਰਾਜਨੀਤਕ ਪੱਖ; ਸਭਨਾਂ ਵਿਚ ਅਡੋਲ ਹੀ ਇਕ ਪਰੀਵਰਤਨ ਆਉਂਦਾ ਜਾਪਿਆ। ਇਕ ਤਲਿਸਮ ਟੁਟਦਾ ਲੱਗਾ, ਇਕ ਆਧਾਰ ਤਿਲਕਦਾ ਜਾਪਿਆ।

ਜ਼ਮੀਨ ਦੀ ਉਪਜ ਘਟ ਗਈ। ਬੇਸ਼ਕ ਭੰਏਂ ਉਹੋ ਸੀ, ਕਾਮੇ ਉਹੋ ਸਨ, ਪਾਣੀ ਤੇ ਹਵਾ ਉਹੋ ਸੀ, ਪਰ ਜਿਥੇ ਪਹਿਲੇ ਸੌ ਮਣ ਕਣਕ ਨਿਕਲਦੀ ਉਥੋਂ ਹੁਣ ਮਸੇ ਸੱਤਰ ਜਾਂ ਅੱਸੀ ਮਣ ਨਿਕਲੀ; ਜਿਥੇ ਪਹਿਲੇ ਇਕ ਘੁਮਾਂ ਵਿਚੋਂ ਉਪਜੇ ਨਰਮੇ ਨਾਲ ਕਿਸਾਨ ਦਾ ਅੰਦਰ ਬਾਹਰ ਭਰ ਜਾਂਦਾ ਸੀ ਉਥੇ ਹੁਣ ਉਹਨੂੰ ਘਰ ਦੇ ਖ਼ਰਚ ਵਿਚ ਤੋਟ ਮਹਿਸੂਸ ਹੋਣ ਲੱਗੀ। ਗੰਨਿਆਂ ਦੀਆਂ ਪੋਰੀਆਂ ਵਿਚੋਂ ਰਸ ਘਟ ਗਿਆ। ਬੇਸ਼ਕ ਨਹਿਰਾਂ ਦੇ ਪਾਣੀ ਤੇ ਸਰਕਾਰੀ ਕਰਮਚਾਰੀਆਂ ਵਲੋਂ ਜਨਤਾ ਨੂੰ ਤਕਲੀਫ਼ਾਂ ਪੇਸ਼ ਆਉਣ ਲੱਗੀਆਂ, ਪਰ ਫਿਰ ਵੀ ਇਸ ਆ ਰਹੇ ਆਰਥਕ ਸੰਕਟ ਦੇ ਪਿਛੇ ਲੱਕਾਂ ਨੂੰ ਕੋਈ ਹੋਰ ਹੀ ਅਦਿਸ ਕਾਰਨ ਦਿਸੇ। ਰਣਜੀਤ ਸਿੰਘ ਦੇ ਵੇਲੇ ਬਾਜਰਾ ਰੁਪਏ ਦਾ ਦੋ ਮਣ ਤੇ ਘਿਓ ਰੁਪਏ ਦਾ ਪੰਜ ਸੇਰ ਸੀ, ਪਰ ਹੁਣ ਭਾਅ ਚੜ੍ਹਨੇ ਸ਼ੁਰੂ ਹੋ ਗਏ। ਘਿਓ ਤਾਂ ਰੁਪਏ ਦਾ ਮਸੇ ਚਾਰ ਸੇਰ ਰਹਿ ਗਿਆ।

ਸੱਭਿਆਚਾਰਕ ਤੇ ਸੰਸਕ੍ਰਿਤਕ ਪਿੜ ਵਿਚ ਕਲਾਕਾਰਾਂ ਦੀ ਕਦਰ ਘਟਨ ਲੱਗੀ। ਅਮੀਰ ਤੇ ਵਜ਼ੀਰ ਜਿਹੜੇ ਪਹਿਲੇ ਆਪਣੀ ਮਾਇਆ ਵਿਚੋਂ ਇਕ ਖ਼ਾਸ ਹਿੱਸਾ ਸੱਭਿਆਚਾਰਕ ਅਰਥਾਂ ਵਾਸਤੇ ਖ਼ਰਚ ਕਰਦੇ ਸਨ ਹੁਣ ਸ਼ਾਇਦ ਸ਼ਰਾਬ

Scanned by CamScanner

ਉੱਤੇ ਖ਼ਰਚ ਕਰਨ ਲੱਗੇ । ਜਾਪਦਾ ਸੀ ਕਿ ਪਹਿਲੇ ਉਨ੍ਹਾਂ ਦਾ ਸੱਭਿਆਚਾਰਕ ਅਰਥਾਂ ਵਾਸਤੇ ਖ਼ਰਚ ਸਿਰਫ਼ ਮਹਾਰਾਜਾ ਰਣਜੀਤ ਸਿੰਘ ਦੇ ਵਿਖਾਵੇ ਵਾਸਤੇ ਸੀ ।

ਰਾਜਨੀਤਕ ਘੋਰੇ ਵਿਚ ਲੋਕ ਨਿੱਜੀ ਲਾਭਾਂ ਵਲ ਧਿਆਨ ਦੇਣ ਲੱਗੇ । ਛੋਟੇ ਮੋਟੇ ਕਰਮਚਾਰੀਆਂ ਦੀ ਗੱਲ ਨਹੀਂ ਵਡੇ ਵਡੇ ਆਦਮੀ ਤੇ ਸਿਰਕਢ ਆਗੂ ਆਪਣੀਆਂ ਜਾਗੀਰਾਂ ਤੇ ਆਪਣੇ ਭਵਿੱਖਤ ਬਾਰੇ ਸੋਚਣ ਲੱਗੇ । ਮਹਾਰਾਜਾ ਰਣਜੀਤ ਸਿੰਘ ਦੇ ਮਰਦਿਆਂ ਹੀ ਰਾਜਾ ਧਿਆਨ ਸਿੰਘ ਦੀ ਅਗਵਾਈ ਥੱਲੇ ਸਭ ਸਰਦਾਰਾਂ ਤੇ ਮਿਸਰਾਂ ਨੇ ਮਹਾਰਾਜਾ ਖੜਕ ਸਿੰਘ ਕੋਲੋਂ ਬੜੀ ਕਾਹਲ ਨਾਲ ਆਪਣੀਆਂ ਜਾਇਦਾਦਾਂ ਦੀ ਤਸਦੀਕ ਕਰਾਈ । ਫਿਰ ਕੰਵਰ ਨੌ-ਨਿਹਾਲ ਸਿੰਘ ਦੀ ਜਾਗੀਰ ਦਾ ਮਸਲਾ ਉਤਪੰਨ ਹੋਇਆ ਤੇ ਇਹਨੂੰ ਦਰਬਾਰ ਤੇ ਪਰਜਾ ਵਿਚ ਅਯੋਗ ਪਰਚਾਰ ਮਿਲਿਆ ਜਾਂ ਸ਼ਾਇਦ ਪਿਤਾ ਪੁੱਤਰ ਵਿਚਲੇ ਇਸ ਇਖ਼ਤਲਾਫ਼ ਦਾ ਕੁਝ ਬੰਦਿਆਂ ਨੇ ਅਯੋਗ ਪਰਚਾਰ ਕੀਤਾ । ਹਰ ਇਕ ਨੂੰ ਇਹੋ ਫ਼ਿਕਰ ਖਾ ਰਿਹਾ ਜਾਪਿਆ ਕਿ ਹੁਣ ਕੀ ਹੋਵੇਗਾ । ਉਹਦੀ ਜਾਗੀਰ ਉਹਦੇ ਹੱਥ ਰਹੇਗੀ ਕਿ ਨਹੀਂ । ਇਸ ਡਰ ਦੇ ਕਾਰਨ ਲੋਕ ਆਪੋ ਵਿਚ ਜੁੜ ਕੇ ਘੁਸਰ ਮੁਸਰ ਕਰਨ ਲੱਗੇ । ਇਸ ਘੁਸਰ ਮੁਸਰ ਦੇ ਕਾਰਨ ਲੋਕਾਂ ਦੇ ਦਿਲਾਂ ਵਿਚ ਇਕ ਦੂਜੇ ਵਾਸਤੇ ਸ਼ੱਕ ਉਪਜਣੇ ਸ਼ੁਰੂ ਹੋਏ ਤੇ ਇਨ੍ਹਾਂ ਸ਼ੱਕਾਂ ਦੇ ਕਾਰਨ ਭਿੰਨ ਭਿੰਨ ਪਾਰਟੀਆਂ ਤੇ ਜੁੱਟ ਵਜੂਦ ਵਿਚ ਆਏ ।

ਰਾਜਨੀਤਕ ਪੱਖ ਤੋਂ ਇਸ ਸਮੇਂ ਦੀ ਸਭ ਤੋਂ ਵਧ ਹਾਨੀਕਾਰਕ ਘਟਨਾ ਸਰਦਾਰ ਚੇਤ ਸਿੰਘ ਦਾ ਕਤਲ ਸੀ। ਇਸ ਕਤਲ ਨਾਲ ਉਹ ਆਚਰਨ ਤੇ ਰਾਜ ਕਾਜ ਦੇ ਮੁਆਮਲਿਆਂ ਵਿਚ ਉਚ ਆਦਰਸ਼ਾਂ ਦਾ ਜਿਹੜਾ ਮਿਆਰ ਮਹਾਰਾਜਾ ਰਣਜੀਤ ਸਿੰਘ ਨੇ ਕਾਇਮ ਕੀਤਾ ਸੀ ਉਹ ਮਿਆਰ ਮਿੱਟੀ ਵਿਚ ਰੁਲ ਗਿਆ । ਜਿਥੇ ਖ਼ੂਨੀਆਂ ਤੇ ਧਾੜਵੀਆਂ ਨੂੰ ਕਤਲ ਦੀ ਸਜ਼ਾ ਨਹੀਂ ਸੀ ਮਿਲਦੀ, ਉਥੇ ਸਲਤਨੱਤ ਦਾ ਇਤ ਸਰਕਰਦਾ ਸਰਦਾਰ ਤੇ ਮਹਾਰਾਜੇ ਦਾ ਪਰਮ ਸਲਾਹਕਾਰ ਇਕ ਨਹੀਂ ਅਠੇਕ ਸਰਦਾਰਾਂ ਤੇ ਵਜ਼ੀਰਾਂ ਦੇ ਸਾਹਮਣੇ ਕਤਲ ਕੀਤਾ ਗਿਆ । ਕੀ ਅਗੇ ਤੋਂ ਆਪਣੇ ਆਪਣੇ ਵਿਰੋਧੀਆਂ ਨਾਲ ਜਾਂ ਰਾਜਨੀਤਕ ਦੋਸ਼ੀਆਂ ਨਾਲ ਇਹੋ ਵਰਤਾਉ ਜਾਇਜ਼ ਸੀ ? ਕੀ ਹੁਣ ਤੋਂ ਰਾਏ ਵਿਚ ਇਖ਼ਤਿਲਾਫ਼ ਰਖਣ ਵਾਲਿਆਂ ਨਾਲ ਕਰਨ ਵਾਲੇ ਸਲੂਕ ਦਾ ਇਹ ਮਿਆਰ ਸੀ ? ਇਸ ਕਤਲ ਨੇ ਸੂਝਵਾਨ ਤੇ ਸੋਚਣ ਸਮਝਣ ਵਾਲਿਆਂ ਆਦਮੀਆਂ ਨੂੰ ਧੱਕਾ ਪਹੁੰਚਾਇਆ ਤੇ ਉਹ ਦੁਬਿਧਾ ਵਿਚ ਫਸ ਗਏ ।

ਇਸ ਕਤਲ ਨਾਲ ਸੰਬੰਧਤ, ਪਰ ਇਸ ਕਤਲ ਜੇਡੀ ਖ਼ਤਰਨਾਕ ਲੀਹ ਹੀ ਰਾਜਾ ਧਿਆਨ ਸਿੰਘ ਨੇ ਫ਼ੌਜ ਦੇ ਜਰਨੈਲਾਂ ਤੇ ਕੁਝ ਆਮ ਫ਼ੌਜੀ ਅਫ਼ਸਰਾਂ ਨਾਲ ਚੇਤ ਸਿੰਘ ਤੇ ਅੰਗਰੇਜ਼ਾਂ ਦੇ ਸੰਬੰਧਾਂ ਬਾਰੇ ਵਿਚਾਰ ਕਰ ਕੇ ਤੋਰੀ । ਰਾਜਾ ਧਿਆਨ ਸਿੰਘ ਨੇ ਫ਼ੌਜੀ ਅਫਸਰਾਂ ਨੂੰ ਦਸਿਆ ਕਿ ਚੇਤ ਸਿੰਘ, ਮਹਾਰਾਜਾ ਖੜਗ ਸਿੰਘ ਦੀ ਰਜ਼ਾਮੰਦੀ ਜਾਂ ਉਹਦੀ ਗਿਆਤ ਨਾਲ ਪੰਜਾਬ ਸੰਬੰਧੀ ਅੰਗਰੇਜ਼ਾਂ ਨਾਲ ਕੋਈ ਸੰਧੀ ਕਰ ਰਿਹਾ ਹੈ, ਜਿਸ ਅਨੁਸਾਰ ਅੰਤ ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਰਾਜ ਹੋ ਜਾਏਗਾ । ਇਸ ਖ਼ਬਰ ਦੇ ਸੱਚ ਝੂਠ ਦਾ ਇਸ ਗੱਲ ਨਾਲ ਕੋਈ ਰਿਸ਼ਤਾ ਨਹੀਂ ਕਿ ਰਾਜਾ ਧਿਆਨ ਸਿੰਘ ਨੇ ਫ਼ੌਜੀ ਸੰਗਠਨ ਨੂੰ ਰਾਜਨੀਤਕ ਮੁਆਮਲਿਆਂ ਵਿਚ ਇਕ ਅੰਗ ਜਾਂ ਕਠਪੁਤਲੀ ਬਣਾਉਣਾ ਚਾਹਿਆ । ਉਸ ਫ਼ੌਜੀ ਅਫ਼ਸਰਾਂ ਕੋਲੋਂ ਚੇਤ ਸਿੰਘ ਦੇ ਬਰਖ਼ਿਲਾਫ਼ ਕਦਮ ਚੁਕਣ ਦੀ ਆਗਿਆ ਮੰਗੀ ਤੇ ਫ਼ੌਜੀ ਅਫ਼ਸਰਾਂ ਨੇ ਆਪਣੇ ਆਪ ਨੂੰ ਨਵੀਂ ਮਿਲੀ ਵਡਿਆਈ ਦੀ ਖ਼ੁਸ਼ੀ ਵਿਚ ਇਹ ਆਗਿਆ ਦੇ ਦਿਤੀ । ਫ਼ੌਜ ਨੂੰ ਰਾਜਨੀਤਕ ਮੁਆਮਲਿਆਂ ਵਿਚ ਖਿਚਣਾ ਇਕ ਉਹ ਭੁਲ ਸੀ, ਜਿਸ ਵਾਸਤੇ ਕਿ ਰਾਜਾ ਧਿਆਨ ਸਿੰਘ ਨੂੰ ਕਦੀ ਮੁਆਫ਼ ਨਹੀਂ ਕੀਤਾ ਜਾ ਸਕਦਾ । ਉਹ ਇਕ ਗੁਨਾਹ ਸੀ ਜਿਦਾ ਪੂਰਾ ਅਹਿਸਾਸ ਸ਼ਾਇਦ ਆਪ ਧਿਆਨ ਸਿੰਘ ਨੂੰ ਵੀ ਉਸ ਵੇਲੇ ਨਾ ਹੋਇਆ ਹੋਵੇ ।

ਹੁਣ ਤੋਂ ਫ਼ੌਜੀ ਅਫ਼ਸਰਾਂ ਨੂੰ ਇਹ ਜਾਇਜ਼ ਲਗਣ ਲੱਗਾ ਕਿ ਹਰ ਗੌਰਵ ਤੇ ਮਹੱਤਵ ਪੂਰਨ ਰਾਜਨੀਤਕ ਮਸਲੇ ਨੂੰ ਨਜਿੱਠਣ ਲੱਗਿਆਂ ਉਨ੍ਹਾਂ ਦੀ ਰਾਏ ਲਈ ਜਾਏ ਤੇ ਇਸ ਤੋਂ ਵਧ ਕਿ ਉਨ੍ਹਾਂ ਦੀ ਦਿਤੀ ਰਾਏ ਦੀ ਕਦਰ ਕੀਤੀ ਜਾਏ ਜਾਂ ਏਥੋਂ ਤਕ ਕਿ ਉਹਦੇ ਉੱਤੇ ਬਿਨਾਂ ਹੀਲ ਹੁੱਜਤ ਅਮਲ ਕੀਤਾ ਜਾਏ । ਉਨ੍ਹਾਂ ਦਿਨਾਂ ਵਿਚ ਕਿਸੇ ਮੁਲਕ ਵਿਚ ਵੀ ਫ਼ੌਜ ਆਪਣੀ ਦੀਨ ਮਨਵਾਣ ਦੀ ਤਾਕਤ ਰਖਦੀ ਸੀ ਤੇ ਏਸੇ ਲਈ ਫ਼ੌਜ ਦਾ ਆਗੂ ਬਹੁਤਾ ਕਰ ਕੇ ਦੇਸ਼ ਤੇ ਕੌਮ ਦਾ ਉੱਜ ਵੀ ਆਗੂ ਹੋਇਆ ਕਰਦਾ ਸੀ, ਪਰ ਜਦੋਂ ਫ਼ੌਜ ਰਾਜਨੀਤੀ ਨਾਲੋਂ ਵਖ ਕਰ ਦਿਤੀ ਗਈ ਹੋਵੇ, ਉਸ ਹਾਲਤ ਵਿਚ ਫ਼ੌਜ ਦਾ ਸਿਆਸੀ ਮਸਲਿਆਂ ਵਿਚ ਆਪਣੀ ਰਾਏ ਦੇਣਾ ਜਾਂ ਆਪਣੀ ਰਾਏ ਨੂੰ ਮੰਨਵਾਉਣਾ ਦੇਸ਼ ਤੇ ਕੌਮ ਵਾਸਤੇ ਬੜਾ ਹਾਨੀਕਾਰਕ ਹੋ ਸਕਦਾ ਹੈ । ਅਫ਼ਸੋਸ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਸਿਰਫ਼ ਡੇਢ ਦੋ ਮਹੀਨੇ ਪਿਛੋਂ ਹੀ ਫ਼ੌਜ ਵਿਚ ਇਕ

Scanned by CamScanner

ਅਜਿਹਾ ਜ਼ਹਿਰ ਫੈਲਣ ਲੱਗਾ ਕਿ ਜਸ ਬਾਰ ਨਾਲ ਪਆਖ ਦਾ ਫ਼ੌਜ ਤੇ ਸਿਆਸਤ ਦੋਵੇਂ ਹੀ ਹਲਕਾਈਆਂ ਗਈਆਂ ।

ਇਸ ਦੇ ਨਾਲ ਨਾਲ ਰਾਜ ਪਰਬੰਧ ਵਿਚ ਤਰੇੜਾਂ ਆਉਣ ਲੱਗੀਆਂ । ਜਿਥੇ ਅਫ਼ਸਰ ਤੇ ਕਰਮਚਾਰੀ ਆਪਣਾ ਸਾਰਾ ਜ਼ੋਰ ਲਾ ਕੇ ਰਿਆਇਆ ਦੀ ਬਿਹਤਰੀ ਵਾਸਤੇ ਕੰਮ ਕਰਦੇ ਸਨ ਉਥੇ ਹੁਣ ਉਹ ਅੱਗੇ ਨਾਲੋਂ ਢਿੱਲੇ ਹੋ ਗਏ ਤੇ ਨਿਜੀ ਲਾਭਾਂ ਵਲ ਝਾਕਣ ਲੱਗੇ । ਉੱਚ ਪਾਲਿਸੀ ਦੀ ਅਣਹੋਂਦ ਨੇ ਵੀ ਉਨ੍ਹਾਂ ਦਾ ਕੰਮ ਢਿੱਲਾ ਕਰ ਦਿਤਾ । ਉਨ੍ਹਾਂ ਨੂੰ ਆਪਣੀਆਂ ਪੁੱਛਾਂ ਦੇ ਉੱਤਰ ਤਸੱਲੀ ਬਖ਼ਸ਼ ਨਾ ਮਿਲਣ । ਉਦਾਹਰਣ ਵਜੋਂ ਜਿਥੇ ਤਿੰਨ ਸਾਲ ਪਹਿਲਾਂ ਮੁਲਤਾਨ ਵਿਚ ਨਿਰਖ ਚੜ੍ਹਦੇ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਭਾਵਾਂ ਉੱਤੇ ਕੰਟਰੋਲ ਲਾ ਦਿਤਾ ਸੀ ਉਥੇ ਹੁਣ ਜਦੋਂ ਗੁਜਰਾਂਵਾਲੇ ਵਿਚ ਘਿਉ ਰੁਪਏ ਦਾ ਚਾਰ ਸੇਰ ਤੋਂ ਵੀ ਘਟ ਵਿਕਣ ਲੱਗਾ ਤਾਂ ਕਿਸੇ ਨੇ ਕੰਟਰੋਲ ਬਾਰੇ ਕੋਈ ਹੁਕਮ ਨਾ ਦਿਤਾ । ਆਗੂਆਂ ਤੇ ਵਜ਼ੀਰਾਂ ਤੇ ਖ਼ਾਸ ਕਰ ਕੇ ਵਜ਼ੀਰੇ-ਆਜ਼ਮ ਦਾ ਅੰਨਾਂ ਵਕਤ ਰਾਜਨੀਤਕ ਗੰਦ ਤਰੁਪਾਂ ਵਿਚ ਖ਼ਰਚ ਹੋ ਜਾਂਦਾ ਕਿ ਰਾਜ ਪਰਬੰਧ ਵਾਸਤੇ ਲੋੜੀਂਦਾ ਸਮਾਂ ਨਿਕਲਣਾ ਅਨਹੋਣਾ ਹੋ ਗਿਆ । ਬਹੁਤ ਸਾਰੇ ਮਹਿਕਮਿਆਂ ਨੂੰ ਪੈਸੇ ਹੀ ਮਿਲਣੇ ਬੰਦ ਹੋ ਗਏ ਜਾਂ ਅਗੇ ਨਾਲੋਂ ਅਧੇ ਪੈਸੇ ਮਿਲਣ ਲੱਗੇ । ਨਕੋ ਨਕ ਭਰਿਆ ਖ਼ਜ਼ਾਨਾ ਖ਼ਾਲੀ ਹੋਇਆ ਦਸਿਆ ਜਾਣ ਲੱਗਾ ।

ਜੇ ਇਸ ਔੜ ਤੇ ਸੰਕਟ ਤੋਂ ਬਚਿਆ ਤਾਂ ਉਹ ਪੰਜਾਬ ਸਲਤਨੱਤ ਦਾ ਜੰਗੀ ਸਾਮਾਨ ਪੈਦਾ ਕਰਨ ਵਾਲਾ ਮਹਿਕਮਾ ਸੀ ਤੇ ਇਸ ਮਹਿਕਮੇ ਦਾ ਮੁਖੀਆ ਸੀ ਹਰਪਾਲ ਸਿੰਘ ਮਾਹਿਲ । ਜਿਹੋ ਜਿਹਾ ਵੀ ਰਾਜ ਪ੍ਰਬੰਧ ਪੰਜਾਬ ਵਿਚ ਸੀ, ਉਹ ਰਾਜਾ ਧਿਆਨ ਸਿੰਘ ਦੇ ਹੱਥਾਂ ਵਿਚ ਸੀ । ਜਿਸ ਮਹਿਕਮੇ ਜਾਂ ਜਿਸ ਕੰਮ ਵਾਸਤੇ ਉਹ ਚਾਹੇ ਉਸ ਵਾਸਤੇ ਪੈਸਾ ਵੀ ਨਿਕਲ ਸਕਦਾ ਸੀ ਤੇ ਸਮਾਂ ਵੀ । ਨਿਰਸੰਦੇਹ ਧਿਆਨ ਸਿੰਘ ਦਾ ਬਹੁਤਾ ਸਮਾਂ ਤੇ ਪੈਸਾ ਉਨ੍ਹਾਂ ਕੰਮਾਂ ਵਿਚ ਸਰਫ਼ ਹੁੰਦਾ ਸੀ ਜਿਹੜੇ ਕੰਮ ਕਿਸੇ ਨਾ ਕਿਸੇ ਤਰੀਕੇ ਰਾਜਨੀਤਕ ਮੁਆਮਲਿਆਂ ਨਾਲ ਸੰਬੰਧਤ ਸਨ, ਪਰ ਉਹ ਜੰਗੀ ਸਾਮਾਨ ਦੇ ਮਹਿਕਮੇ ਨੂੰ ਵੀ, ਹਰਪਾਲ ਸਿੰਘ ਦੀ ਹੋਂਦ ਕਰ ਕੇ, ਕਈਆਂ ਪਹਿਲੂਆਂ ਤੋਂ ਰਾਜਨੀਤਕ ਹੀ ਸਮਝਦਾ ।

ਧਿਆਨ ਸਿੰਘ ਹਰਪਾਲ ਕੋਲੋਂ ਡਰਦਾ ਸੀ । ਮਹਾਰਾਜਾ ਰਣਜੀਤ ਸਿੰਘ ਦੇ ਜੀਂਦਿਆਂ ਵੀ ਇਹੋ ਹਾਲਤ ਸੀ ਤੇ ਉਹਦੇ ਮੋਇਆਂ ਵੀ ਇਹੋ ਹਾਲਤ ਰਹੀ । ਉਹ ਹਰਪਾਲ ਕੋਲੋਂ ਕਾਹਦੇ ਲਈ ਡਰਦਾ ਸੀ ? ਨਿਰਣੇਪੂਰਵਕ ਕਿਹਾ ਜਾ ਸਕਦਾ ਸੀ ਕਿ ਧਿਆਨ ਸਿੰਘ ਇਹ ਜਾਣਦਾ ਸੀ ਕਿ ਹਰਪਾਲ ਥੋੜਾ ਕੀਤਿਆਂ ਰਾਜਨੀਤੀ ਵਿਚ ਹਿੱਸਾ ਨਹੀਂ ਲੈਣ ਲੱਗਾ । ਲਹਿਣਾ ਸਿੰਘ ਸੰਧਾਵਾਲੀਏ ਤੇ ਕਰਨਲ ਗਾਰਡਨਰ ਰਾਹੀਂ ਵੀ ਉਹਨੂੰ ਪਤਾ ਲੱਗ ਗਿਆ ਹੋਵੇਗਾ ਕਿ ਹਰਪਾਲ ਨਾ ਉਹਦੀਆਂ ਸਿਆਸੀ ਚਾਲਾਂ ਵਿਚ ਆਉਣ ਵਾਲਾ ਹੈ ਤੇ ਨਾ ਹੀ ਉਹ ਉਨ੍ਹਾਂ ਵਿਚ ਕਿਸੇ ਤਰ੍ਹਾਂ ਦੀ ਦਿਲਚਸਪੀ ਲਏਗਾ । ਪਰ ਧਿਆਨ ਸਿੰਘ ਤਾਂ ਵੀ ਹਰਪਾਲ ਕੋਲੋਂ ਡਰਦਾ । ਉਹ ਡਰਦਾ ਕਿ ਜੇ ਹਰਪਾਲ ਨੇ ਆਪਣੇ ਇਰਾਦੇ ਬਦਲ ਲਏ ਤੇ ਰਾਜਨੀਤੀ ਵਿਚ ਸਰਗਰਮ ਹਿਸਾ ਲੈਣਾ ਸ਼ੁਰੂ ਕਰ ਦਿੱਤਾ ਤਾਂ ਕੀ ਬਣੇਗਾ ?

ਹਰਪਾਲ ਸਿੰਘ ਮਾਹਿਲਾਂ ਦੇ ਘਰਾਣੇ ਦਾ ਸਭ ਤੋਂ ਤਕੜਾ ਤੇ ਸਿਰਕਢ ਆਦਮੀ ਸੀ ਤੇ ਪੰਜਾਬ ਵਿਚ ਜਿੰਨੀ ਇੱਜ਼ਤ ਮਾਹਿਲਾਂ ਦੇ ਘਰਾਣੇ ਦੀ ਸੀ ਓਨੀ ਸ਼ਾਇਦ ਹੀ ਕਿਸੇ ਹੋਰ ਘਰ ਦੀ ਹੋਵੇ । ਇਹ ਇਕ ਟੱਬਰ ਸੀ ਜਿਹੜਾ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦਾ ਆਇਆ ਸੀ । ਇਸ ਘਰਾਣੇ ਦੇ ਸਰਦਾਰਾਂ ਨੇ ਸਿਖ ਪੰਥ ਦੇ ਹਰ ਆਗੂ ਨੂੰ ਜਾਣਿਆਂ ਤੇ ਉਹਦੇ ਨਾਲ ਕੰਮ ਕੀਤਾ ਸੀ । ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ, ਸਰਦਾਰ ਲਹਿਣਾ ਸਿੰਘ ਭੰਗੀ, ਸਰਦਾਰ ਚੜ੍ਹਤ ਸਿੰਘ, ਸਰਦਾਰ ਮਹਾਂ ਸਿਘ ਤੇ ਅੰਤ ਮਹਾਰਾਜਾ ਰਣਜੀਤ ਸਿੰਘ, ਸਾਰੇ ਦੇ ਸਾਰੇ ਹੀ ਇਸ ਟੱਬਰ ਦੇ ਦੇਣਦਾਰ ਸਨ । ਬਿਹੋ ਇਕ ਘਰਾਣਾ ਸੀ ਜਿਸ ਨੇ ਅੰਡਾ ਤਾਕਤਵਾਰ ਹੁੰਦਿਆਂ ਹੋਇਆਂ ਵੀ ਕਿਸੇ ਮਿਸਲ ਦੀ ਨੀਂਹ ਨਾ ਰਖੀ । ਸਿਰਫ਼ ਇਸ ਲਈ ਕਿ ਪੰਥ ਇਕ ਮੁੱਠ ਰਹੇ । ਇਹੋ ਇਕ ਘਰਾਣਾ ਸੀ ਜਿਨ੍ਹੇ ਜਾਗੀਰਾਂ, ਜਿੱਤਾਂ, ਪੈਸੇ ਤੇ ਚ ਤੀ ਇੱਜ਼ਤ ਤੋਂ ਪਹਿਲੇ ਪੰਥ ਦਾ ਭਲਾ ਸੋਚਿਆ । ਫਿਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਘਰਾਣ ਖ਼ਾਲਸਾ ਰਾਜ ਦਾ ਅਹਿੱਲ ਥੰਮ੍ਹ ਰਿਹਾ । ਹਾਂ, ਮਾਹਿਲ ਪੰਜਾਬ ਵਿਚ ਬੜੇ ਹਰਮਨ ਪਿਆਰੇ ਸਨ । ਉਨ੍ਹਾਂ ਨਾਲ ਵਿਗਾੜ ਕਿਸੇ ਨੂੰ ਢੁਕ ਨਹੀਂ ਸੀ ਆਉਂਦਾ ।

ਇਕ ਹਰਪਾਲ ਮਾਹਿਲ ਸੀ ਤੇ ਦੂਜਾ ਹਰਪਾਲ, ਹਰਪਾਲ ਸੀ । ਆਪਣੀ ਜ਼ਿੰਦਗੀ ਵਿਚ ਇਸ ਆਦਮੀ ਨੇ ਅੰਨਾ ਨਾਮਨਾ ਖੱਟਿਆ ਸੀ ਤੇ ਅੰਨੇ ਮਾਹਰਕੇ ਮਾਰੇ ਸਨ ਕਿ ਫ਼ੌਜ ਦਾ ਹਰ ਸਿਪਾਹੀ ਇਹਦੀ ਇੱਜ਼ਤ ਕਰਦਾ ਸੀ । ਇਹਦਾ ਮਜ਼ਬੂਤ ਤੇ ਅਹਿਲ ਆਚਰਨ ਕਿਸ ਕਿਸ ਨੂੰ ਨਾ ਟੁੰਭਦਾ । ਬੇਸ਼ੱਕ ਕਈ ਸਰਦਾਰ ਉਹਦੇ ਵਿਆਹ ਨਾ ਕਰਾਉਣ ਉੱਤੇ ਤੇ

Scanned by CamScanner

ਸਨਕੀ ਹੋਣ ਉੱਤੇ ਉਹਨੂੰ ਮਖ਼ੌਲ ਕਰਦੇ, ਪਰ ਦਿਲੋਂ ਉਹ ਇਸ 'ਲੱਹੇ ਦੇ ਆਦਮੀ' ਦੀ ਕਦਰ ਵੀ ਕਰਦੇ। ਉਹ ਜਾਣਦੇ ਸਨ ਕਿ ਹਰਪਾਲ ਦਾ ਸਾਨੀ ਹੋਰ ਕੋਈ ਨਹੀਂ।

ਮਹਾਰਾਜਾ ਰਣਜੀਤ ਸਿੰਘ ਨੇ ਵੀ ਹਰਪਾਲ ਨੂੰ ਜੀ ਖੋਲ੍ਹ ਕੇ ਸਤਿਕਾਰਿਆ। ਜਾਗੀਰਾਂ ਤੇ ਖ਼ਿਤਾਬਾਂ ਦੀ ਗੱਲ ਨਹੀਂ, ਰਣਜੀਤ ਸਿੰਘ ਨੇ ਉਹਨੂੰ ਆਪਣਾ ਪਿਆਰ ਦਿੱਤਾ। ਆਪਣੇ ਜੀਵਨ ਦੇ ਅੰਤਲੇ ਕੁਝ ਮਹੀਨਿਆਂ ਵਿਚ ਰਣਜੀਤ ਸਿੰਘ ਨੇ ਹਰਪਾਲ ਨੂੰ ਆਪਣਾ ਚਹੇਤਾ ਬਣਾ ਲਿਆ। ਹਰਪਾਲ ਉਹਨੂੰ ਸਿੱਖ ਰਾਜ ਦਾ ਚਿੰਨ੍ਹ ਦਿਸਦਾ। ਹਰਪਾਲ ਦੇ ਸਾਥ ਵਿਚੋਂ ਉਹ ਆਤਮਕ ਬਲ ਲਭਦਾ। ਆਪਣੀ ਮੌਤ ਵੇਲੇ ਉਸ ਹਰਪਾਲ ਨੂੰ ਉਚੇਚਾ ਆਪਣੇ ਕੋਲ ਬਿਠਾਇਆ। ਰਾਜਾ ਧਿਆਨ ਸਿੰਘ, ਹੋਰ ਸਰਦਾਰ ਤੇ ਸਭ ਜਨਤਾ ਰਣਜੀਤ ਸਿੰਘ ਦੇ ਹਰਪਾਲ ਵਾਸਤੇ ਇਸ ਪਿਆਰ ਤੇ ਆਦਰ ਨੂੰ ਜਾਣਦੀ ਸੀ, ਸੋ ਉਹਨੂੰ ਸਹਿਜੇ ਕੀਤਿਆਂ ਗੁੱਸੇ ਨਹੀਂ ਸੀ ਕੀਤਾ ਜਾ ਸਕਦਾ।

ਹਰਪਾਲ ਇਕੋ ਇਕ ਉਹ ਜਰਨੈਲ ਸੀ ਜਿਹੜਾ ਸਰਦਾਰ ਹਰੀ ਸਿੰਘ ਨਲੂਏ ਦਾ ਨਿਕਟ ਵਰਤੀ ਰਿਹਾ। ਹਰੀ ਸਿੰਘ ਨਲੂਏ ਨੂੰ ਸਿਪਾਹੀ ਪੂਜਦੇ ਸਨ। ਹਰੀ ਸਿੰਘ ਨਲੂਏ ਦੀ ਕਮਾਨ ਥੱਲੇ ਕਿਹੜਾ ਸਿਪਾਹੀ ਲੜਨਾ ਨਹੀਂ ਸੀ ਚਾਹੁੰਦਾ ? ਹਰੀ ਸਿੰਘ ਨਲੂਆ ਪੂਰੇ ਦੋ ਢਾਈ ਦਹਾਕੇ ਹਰ ਸਿੱਖ ਸਿਪਾਹੀ ਦਾ ਦਿਲੀ ਨਾਇਕ ਰਿਹਾ ਸੀ ਤੇ ਹਰੀ ਸਿੰਘ ਨਲੂਏ ਤੋਂ ਪਿਛੋਂ ਜੇ ਕੋਈ ਅਜਿਹਾ ਜਰਨੈਲ ਸੀ, ਜਿਹਦੀ ਸਖ਼ਸੀਅਤ ਤੇ ਬਹਾਦਰੀ ਵਿਚ ਉਹੋ ਜਿਹੀ ਖਿੱਚ ਸੀ ਤਾਂ ਉਹ ਹਰਪਾਲ ਸਿੰਘ ਮਾਹਿਲ ਸੀ।

ਹਰੀ ਸਿੰਘ ਨਲੂਏ ਵਾਂਗ ਹਰਪਾਲ ਵੀ ਹੋਰਨਾਂ ਅਨੇਕ ਸਰਦਾਰਾਂ ਨਾਲੋਂ ਵਧ ਨੇਕ ਨੀਯਤ, ਦਿਆਨਤਦਾਰ, ਸੱਚਾ, ਤੇ ਰਾਜ ਦਾ ਮੋਰਖ਼ਾਹ ਸੀ। ਇਹ ਦੋਵੇਂ ਸਰਦਾਰ ਹੋਰਨਾਂ ਬਹੁਤੇ ਸਰਦਾਰਾਂ ਨਾਲੋਂ ਵਧ ਬੁਧੀਮਾਨ ਸਨ। ਹਰਪਾਲ ਸਿੰਘ, ਹਰੀ ਸਿੰਘ ਨਲੂਏ ਨਾਲੋਂ ਵੀ ਵਧ। ਹਰਪਾਲ ਅੰਗਰੇਜ਼ੀ ਜਾਣਦਾ ਸੀ ਤੇ ਫ਼ਾਰਸੀ ਵੀ ਅਤੇ ਵਿਸ਼ਵ ਤੇ ਭਾਰਤੀ ਇਤਿਹਾਸ ਵਿਚ ਜਿੰਨਾ ਕਮਾਲ ਉਹਨੂੰ ਹਾਸਲ ਸੀ ਹੋਰ ਕਿਸੇ ਨੂੰ ਨਹੀਂ। ਇਹ ਗੁਣ ਫ਼ੌਜੀ ਸਿਪਾਹੀਆਂ ਤੇ ਜਨਤਾ ਕੋਲੋਂ ਕੁੱਝ ਨਹੀਂ ਸਨ।

ਬਦਨੀਯਤ ਤੇ ਬੇਈਮਾਨ ਆਦਮੀ ਸਦਾ ਨੇਕਨੀਯਤ ਤੇ ਦਿਆਨਤਦਾਰ ਕੋਲੋਂ ਡਰਦਾ ਹੈ ਤੇ ਏਸੇ ਲਈ ਹਰਪਾਲ ਕੋਲੋਂ ਉਹ ਸਭ ਆਦਮੀ ਡਰਦੇ ਸਨ ਜਿਨ੍ਹਾਂ ਦੇ ਦਿਲ ਸੁੱਚੇ ਨਹੀਂ ਸਨ ਜਾਂ ਜਿਨ੍ਹਾਂ ਦੀਆਂ ਨੀਯਤਾਂ ਖੋਟੀਆਂ ਸਨ। ਇਕ ਹੋਰ ਕਾਰਨ ਜਿਸ ਕਰ ਕੇ ਧਿਆਨ ਸਿੰਘ ਹਰਪਾਲ ਕੋਲੋਂ ਡਰਦਾ ਸੀ, ਉਹ ਹਰਪਾਲ ਤੇ ਲਹਿਣਾ ਸਿੰਘ ਮਜੀਠੀਆ ਦੀ ਮਿੱਤ੍ਰਤਾ ਸੀ। ਲਹਿਣਾ ਸਿੰਘ ਨੂੰ ਵੀ ਸ਼ੇਰੇ-ਪੰਜਾਬ ਰਣਜੀਤ ਸਿੰਘ ਨੇ ਬੜਾ ਸਤਿਕਾਰ ਦਿਤਾ ਸੀ। ਉਹ ਉੱਚ ਕਰਨੀ ਤੇ ਕਹਿਣੀ ਵਾਲਾ ਮਨੁੱਖ ਸੀ। ਉਹਦੇ ਦਿਮਾਗ਼ ਦੇ ਕਮਾਲਾਂ ਨੇ ਅੰਗਰੇਜ਼ਾਂ ਤਕ ਨੂੰ ਚਕ੍ਰਿਤ ਕਰ ਰਖਿਆ ਸੀ। ਉਹਦੀਆਂ ਕਾਢਾਂ ਬੇਮਿਸਾਲ ਸਨ। ਉਹਦੀ ਸਿਖੀ ਰਹਿਤ ਨਿਪੁੰਨ। ਜਦੋਂ ਹਰਪਾਲ ਸਿੰਘ ਤੇ ਲਹਿਣਾ ਸਿੰਘ ਇਕੱਠੇ ਇਕ ਪਾਸੇ ਹੋਣ ਤਾਂ ਉਨ੍ਹਾਂ ਦੇ ਬਰਖ਼ਿਲਾਫ਼ ਪਾਸਾ ਉਲਾਰ ਕਰਨਾ ਆਸਾਨ ਨਹੀਂ ਸੀ ਹੋ ਸਕਦਾ।

ਇਨ੍ਹਾਂ ਸਭ ਕਾਰਨਾਂ ਕਰ ਕੇ ਰਾਜਾ ਧਿਆਨ ਸਿੰਘ ਨੇ ਇਨ੍ਹਾਂ ਦੋ ਸਰਦਾਰਾਂ ਨੂੰ ਕਿਸੇ ਔਕੜ ਦਾ ਸਾਹਮਣਾ ਨਾ ਕਰਨ ਦਿਤਾ। ਜਦੋਂ ਤਕ ਇਹ ਰਾਜ਼ੀ ਸਨ ਜਾਂ ਚੁਪ ਉਦੋਂ ਤਕ ਕਈ ਕੁਝ ਅਣਸੋਂਹਦਾ ਕੀਤਾ ਕੱਤਰਿਆ ਛੁਪ ਸਕਦਾ ਸੀ ਜਾਂ ਉਹਦਾ ਰੁਖ਼ ਬਦਲਾਇਆ ਜਾ ਸਕਦਾ ਸੀ। ਜਦੋਂ ਬਾਕੀ ਮਹਿਕਮੇ ਪੈਸੇ ਦੀ ਥੋੜ ਤੋਂ ਤਲਮਲਾ ਰਹੇ ਸਨ ਤਾਂ ਲਹਿਣਾ ਸਿੰਘ ਤੇ ਹਰਪਾਲ ਨੂੰ ਸਰਕਾਰੀ ਮਾਇਆ ਦੀ ਥੋੜ ਨਾ ਆਈ। ਉਨ੍ਹਾਂ ਥੱਲੇ ਕੰਮ ਕਰਦੇ ਆਦਮੀਆਂ ਦੀ ਤਨਖ਼ਾਹ ਕਦੀ ਨਾ ਪੱਛੜੀ। ਉਨ੍ਹਾਂ ਦੀਆਂ ਮੰਗਾਂ ਉੱਤੇ ਤੁਰੰਤ ਵਿਚਾਰ ਹੁੰਦੀ ਰਹੀ। ਉਨਾਂ ਨੂੰ ਕਿਸੇ ਵੇਲੇ ਵੀ ਸ਼ਿਕਾਇਤ ਦਾ ਮੌਕਾ ਨਾ ਦਿਤਾ ਗਿਆ। ਸ਼ਾਇਦ ਇਹੋ ਇਕ ਕਾਰਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਹਰਪਾਲ ਸਿੰਘ ਇਕ ਵਾਰੀ ਵੀ ਦਰਬਾਰ ਵਿਚ ਨਹੀਂ ਗਿਆ। ਨਾ ਹੀ ਉਹਨੂੰ ਕਿਸੇ ਬੁਲਾਇਆ ਤੇ ਨਾ ਹੀ ਉਹਨੂੰ ਕਿਸੇ ਦੀ ਸਲਾਹ ਦੀ ਲੋੜ ਪਈ। ਸ਼ਾਇਦ ਧਿਆਨ ਸਿੰਘ ਕੋਈ ਮਸਲਾ ਮਹਾਰਾਜੇ ਕੋਲ ਪਹੁੰਚਣ ਹੀ ਨਹੀਂ ਸੀ ਦੇਂਦਾ। ਰਾਹ ਵਿਚੋਂ ਹੀ ਹਰਪਾਲ ਤੇ ਲਹਿਣਾ ਸਿੰਘ ਦੀ ਮਨਸ਼ਾ ਦੇ ਅਨੁਕੂਲ ਫ਼ੈਸਲਾ ਕਰ ਕੇ ਭੇਜ ਦੇਂਦਾ। ਲਹਿਣਾ ਸਿੰਘ ਜ਼ਰੂਰ ਕਦੀ ਕਦੀ ਦਰਬਾਰ ਵਿਚ ਜਾਂਦਾ, ਪਰ ਉਹਨੂੰ ਮਹਾਰਾਜਾ ਜਾਂ ਕੰਵਰ ਨੂੰ ਇਕੱਲਿਆਂ ਮਿਲਣ ਦਾ ਮੌਕਾ ਨਾ ਦਿਤਾ ਜਾਂਦਾ ਤੇ ਨਾ ਹੀ ਉਹ ਬਾਕੀ ਸਰਕਾਰੀ ਮੁਆਮਲਿਆਂ ਬਾਰੇ ਕੋਈ ਸੁਆਲ ਪੁਛਦਾ।

Scanned by CamScanner

ਇਨ੍ਹਾਂ ਦਿਨਾਂ ਵਿਚ ਹਰਪਾਲ, ਲਹਿਣਾ ਸਿੰਘ ਤੇ ਕਰਮ ਕਰਦ ਨੇ ਕੁਝ ਇਕ ਤੋਪਾਂ ਤਿਆਰ ਕੀਤੀਆਂ ਜਿਹੜੀਆਂ ਕਿ ਉਚੇਚੀਆਂ ਬੇੜੀਆਂ ਵਿਚ ਬੀੜੀਆਂ ਜਾਣ ਵਾਸਤੇ ਸਨ। ਇਕ ਬੇੜੀ ਦਾ ਮਾਡਲ ਵੀ ਤਿਆਰ ਕੀਤਾ, ਜਿਸ ਵਿਚ ਇਹ ਨਕਲੀ ਤੋਪਾਂ ਬੀੜੀਆਂ ਗਈਆਂ। ਤੋਪਾਂ ਦੇ ਸਾਮਾਨ ਤੇ ਗੋਲੀਆਂ ਵਾਸਤੇ ਉਚੇਚੇ ਆਲੇ ਬਣਾਏ ਗਏ। ਇਨ੍ਹਾਂ ਤੋਪਾਂ ਤੇ ਬੜੀਆਂ ਉੱਤੇ ਕੰਮ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਹੀ ਸ਼ੁਰੂ ਹੋ ਚੁਕਾ ਸੀ, ਪਰ ਉਦੋਂ ਦੀਆਂ ਕਾਢਾਂ ਉੱਤੇ ਹਰਪਾਲ ਖ਼ੁਸ਼ ਨਹੀਂ ਸੀ ਹੋਇਆ। ਇਕ ਫ਼ੌਜੀ ਤੇ ਇਕ ਤੋਪਚੀ ਦੇ ਦਰਿਸ਼ਟੀਕੋਣ ਤੋਂ ਉਸ ਕੁਝ ਤਰਮੀਮਾਂ ਪੇਸ਼ ਕੀਤੀਆਂ ਸਨ। ਆਖ਼ਰ ਹੁਣ ਜਾ ਕੇ ਕਿਤੇ ਸਭ ਪਹਿਲੂਆਂ ਤੋਂ ਨਿਪੁੰਨ ਤੋਪਾਂ ਤੇ ਬੇੜੀਆਂ ਤਿਆਰ ਹੋਈਆਂ।

ਇਹ ਕਾਢ ਤੇ ਇਹ ਮੁਆਮਲਾ ਐਨਾ ਗੋਰਵਮਈ ਸੀ ਕਿ ਧਿਆਨ ਸਿੰਘ ਨੂੰ ਕਵਰ ਨਾਲ ਗੱਲ ਕਰਨੀ ਹੀ ਪਈ। "ਸਰਦਾਰ ਲਹਿਣਾ ਸਿੰਘ ਮਜੀਠੀਆ, ਸਰਦਾਰ ਹਰਪਾਲ ਸਿੰਘ ਮਾਹਿਲ ਤੇ ਕਰਨੈਲ ਕੌਰਟ ਦੀ ਅਗਵਾਈ ਥੱਲੇ ਬੇੜੀਆਂ ਵਿਚ ਬੀੜੀਆਂ ਜਾਣ ਵਾਲੀਆਂ ਤੋਪਾਂ ਤਿਆਰ ਹੋਈਆਂ ਹਨ। ਜੇ ਆਗਿਆ ਹੋਵੇ ਤਾਂ ਇਨ੍ਹਾਂ ਦੀ ਚਲਾਈ ਬਾਰੇ ਹੁਕਮ ਦੇ ਦਿਤੇ ਜਾਣ।" "ਪਰ ਮੇਰੀ ਜਾਚੇ ਕੁਝ ਤੋਪਾਂ ਪਹਿਲੇ ਵੀ ਤਿਆਰ ਹੋਈਆਂ ਨ।" "ਉਹ ਸਰਦਾਰ ਹਰਪਾਲ ਸਿੰਘ ਦੀ ਰਾਏ ਵਿਚ ਠੀਕ ਨਹੀਂ ਸਨ, ਸੋ ਖੋਜ ਜਾਰੀ ਰਹੀ। ਹੁਣ ਹਰਪਾਲ ਸਿੰਘ ਮਾਹਿਲ ਤੇ ਮਜੀਠੀਆ ਸਰਦਾਰ ਸੰਤੁਸ਼ਟ ਹਨ। ਸਿਰਫ਼ ਤੁਹਾਡੀ ਆਗਿਆ ਦੀ ਲੋੜ ਹੈ।" "ਮੈਂ ਇਹ ਤੋਪਾਂ ਵੇਖਣਾ ਚਾਹੁੰਦਾ ਹਾਂ।" "ਜਿਵੇਂ ਆਗਿਆ, ਪਰ ਮੈਂ ਸਹੀ ਕਰ ਲਿਆ ਹੈ ਕਿ ਇਸ ਤੋਂ ਚੰਗੇਰੀ ਚੀਜ਼ ਹੁਣ ਨਹੀਂ ਬਣ ਸਕਦੀ। ਸਾਡੇ ਦੋਵੇਂ ਸਿਆਣੇ ਸਰਦਾਰਾਂ ਨੂੰ ਵੀ ਹੁਣ ਕੋਈ ਸ਼ੱਕ ਨਹੀਂ।" "ਫਿਰ ਵੀ ਜੇ ਮੈਂ ਵੇਖ ਹੀ ਲਵਾਂ ਤਾਂ ਚੰਗਾ ਹੈ..।"

ਰਾਜਾ ਧਿਆਨ ਸਿੰਘ ਨੂੰ ਡਰ ਸੀ ਕਿ ਜੇ ਇਹ ਤੋਪਾਂ ਕੰਵਰ ਸਾਹਮਣੇ ਲਿਆਂਦੀਆਂ ਗਈਆਂ ਤਾਂ ਲਹਿਣਾ ਸਿੰਘ ਤੇ ਹਰਪਾਲ ਸਿੰਘ ਨਾਲ ਜ਼ਰੂਰ ਆਉਣਗੇ ਤੇ ਉਹ ਇਹ ਨਹੀਂ ਸੀ ਚਾਹੁੰਦਾ। ਖ਼ਾਸ ਕਰ ਕੇ ਹਰਪਾਲ ਤੇ ਕੰਵਰ ਨੂੰ ਮਿਲਣ ਨਹੀਂ ਸੀ ਦੇਣਾ ਚਾਹੁੰਦਾ। ਜਦੋਂ ਦਾ ਕੰਵਰ ਪਿਸ਼ਾਵਰ ਤੋਂ ਆਇਆ ਸੀ, ਹਰਪਾਲ ਉਹਨੂੰ ਨਹੀਂ ਸੀ ਮਿਲਿਆ। ਉਸ ਤੋਂ ਪਹਿਲੇ ਵੀ ਇਹ ਦੋ ਜੀਅ ਇਕ ਦੂਜੇ ਨੂੰ ਬਹੁਤਾ ਨਹੀਂ ਸਨ ਜਾਣਦੇ। ਬੇਸ਼ੱਕ ਸਰਦਾਰ ਹਰੀ ਸਿੰਘ ਨਲੂਏ ਦੀ ਰਾਹੀਂ ਇਨ੍ਹਾਂ ਦੋਹਾਂ ਵਿਚ ਕਦੀ ਨੇੜਤਾ ਸੀ, ਪਰ ਇਸ ਨੇੜਤਾ ਨੇ ਕਿਸੇ ਤਰ੍ਹਾਂ ਵੀ ਮਿੱਤਰਤਾ ਦੇ ਵਸਤਰ ਨਹੀਂ ਸਨ ਪਹਿਨੇ। ਇਨ੍ਹਾਂ ਹਾਲਤਾਂ ਵਿਚ ਖ਼ਾਸ ਕਰ ਕੇ ਇਹ ਮੇਲ ਕੁਥਾਵਾਂ ਹੋਣਾ ਸੀ। ਕੰਵਰ ਸ਼ਾਇਦ ਹਰਪਾਲ ਕੋਲੋਂ ਬਹੁਤੇ ਸੁਆਲ ਪੁਛੇ ਜਾਂ ਹਰਪਾਲ ਸ਼ਾਇਦ ਕੰਵਰ ਦੇ ਨੇੜੇ ਆਉਣਾ ਚਾਹੇ ਤੇ ਇਹ ਦੋਵੇਂ ਗੱਲਾਂ ਭਾਜਾ ਧਿਆਨ ਸਿੰਘ ਦੀ ਅਸ਼ਥਿਤੀ ਵਾਸਤੇ ਹਾਨੀਕਾਰਕ ਸਨ।

ਉਹਨੇ ਉਸ ਵੇਲ ਤਾਂ ਕੰਵਰ ਨੂੰ ਹਾਂ ਕਰ ਦਿਤੀ, ਪਰ ਫਿਰ ਕਈ ਦਿਨਾਂ ਵਾਸਤੇ ਘੋਸ ਮਾਰ ਗਿਆ। ਇਕ ਦਿਨ ਕੰਵਰ ਨੇ ਪੁਛਿਆ : "ਸਰਦਾਰ ਹਰਪਾਲ ਸਿੰਘ ਮਾਹਿਲ ਤੇ ਲਹਿਣਾ ਸਿੰਘ ਮਜੀਠੀਆ ਕਿਸ਼ਤੀਆਂ ਤੇ ਤੋਪਾਂ ਕਦੋਂ ਵਿਖਾਣ ਵਾਸਤੇ ਲਿਆਣਗੇ ?"

"ਆਖ਼ਰੀ ਪੋਚਾ ਪਾਚੀ ਵਿਚ ਕੁਝ ਕਸਰ ਬਾਕੀ ਸੀ। ਅਜ ਭਲਕ ਸਭ ਕੁਝ ਮੁਕੰਮਲ ਹੋਣ ਉੱਤੇ ਮੈਂ ਤੁਹਾਡੇ ਅਗੇ ਬਿਨੈ ਕਰਾਂਗਾ।"

"ਅੱਛਾ ਤਾਂ ਆਉਂਦੇ ਐਤਵਾਰ ਅਸੀਂ ਮੁਲਾਹਜ਼ਾ ਕਰਾਂਗੇ। ਉਨ੍ਹਾਂ ਨੂੰ ਅਖਵਾ ਭੇਜੋ।" "ਸਤਿ ਬਚਨ ਕੰਵਰ ਸਾਹਿਬ !"

ਅਖਵਾ ਭੇਜਿਆ ਗਿਆ ਕਿ ਅਗਲੇ ਐਤਵਾਰ ਕੰਵਰ ਨੌ-ਨਿਹਾਲ ਸਿੰਘ ਨਵੀਂ ਤੋਪ ਤੇ ਬੇੜੀ ਦਾ ਮੁਲਾਹਜ਼ਾ ਕਰੇਗਾ। ਜਿਸ ਦਿਨ ਇਹ ਸੁਨੇਹਾ ਪਹੁੰਚਿਆ ਉਸ ਤੋਂ ਸਿਰਫ਼ ਦੋ ਦਿਨ ਪਹਿਲੇ ਹਰਪਾਲ ਮਹਾਰਾਜਾ ਖੜਗ ਸਿੰਘ ਨੂੰ ਮਿਲ ਕੇ ਆਇਆ ਸੀ। ਇਹ ਸੱਦਾ ਪਹੁੰਚਣ ਉੱਤੇ ਹਰਪਾਲ ਨੇ ਮੀਤੀ ਨੂੰ ਕਿਹਾ : "ਕਿਵੇਂ ਚੋ ਚੁਕਿਆ ਹੈ, ਮੈਂ ਸੋਚਦਾ ਹੀ ਪਿਆ ਸਾਂ ਕਿ ਕੰਵਰ ਜੀ ਨੂੰ ਮਿਲਣ ਲਈ ਕਿਹੜੀ ਸਬੀਲ ਸੋਚਾਂ ?"

Scanned by CamScanner

ਅਗਲੇ ਐਤਵਾਰ ਰਾਵੀ ਦੇ ਕੰਢੇ ਉੱਤੇ ਸ਼ਾਹੀ ਦਰਬਾਰ ਲਗਾ। ਰਾਜਾ ਧਿਆਨ ਸਿੰਘ, ਜਮਾਂਦਾਰ ਮੁਸ਼ਹਾਲ ਸਿੰਘ, ਫ਼ਕੀਰ ਅਜੀਜ਼ ਦੀਨ, ਸਰਦਾਰ ਅਜੀਤ ਸਿੰਘ ਸੰਧਾਵਾਲੀਆ, ਭਾਈ ਰਾਮ ਸਿੰਘ, ਭਾਈ ਗੋਬਿੰਦ ਰਾਮ, ਮਿਸਰ ਬੇਲੀ ਰਾਮ ਤੇ ਮਿਸਰ ਰਾਮ ਕਿਸ਼ਨ ਤੋਂ ਇਲਾਵਾ ਸਰਦਾਰ ਹਰਪਾਲ ਸਿੰਘ ਮਾਹਿਲ, ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਜਰਨੈਲ ਕੋਰਟ ਵੀ ਆਏ। ਤੇ ਇਨ੍ਹਾਂ ਤੋਂ ਉਪ੍ਰੰਤ ਹਾਜ਼ਰ ਸੀ, ਰਾਜਾ ਗੁਲਾਬ ਸਿੰਘ। ਰਾਜਾ ਗੁਲਾਬ ਸਿੰਘ ਬਹੁਤਾ ਕਰ ਕੇ ਜੰਮੂ ਹੀ ਰਿਹਾ ਕਰਦਾ, ਪਰ ਘਟੋ ਘਟ ਦੋ ਮਹੀਨਿਆਂ ਵਿਚ ਇਕ ਵਾਰ ਉਹ ਲਾਹੌਰ ਜ਼ਰੂਰ ਆਉਂਦਾ। ਲਾਹੌਰ ਆ ਕੇ ਉਹਦੇ ਲਾਹੌਰੋਂ ਜਾਣ ਪਿਛੋਂ ਰਾਜਨੀਤੀ ਵਿਚ ਜ਼ਰੂਰ ਕੋਈ ਨਾ ਕੋਈ ਨਵਾਂ ਕਦਮ ਚੁਕਿਆ ਜਾਂਦਾ। ਕੁਦੀ ਇਨ੍ਹਾਂ ਚੁਕੇ ਗਏ ਨਵੇਂ ਕਦਮਾਂ ਦਾ ਪਤਾ ਜਨਤਾ ਨੂੰ ਲਗਦਾ, ਕਦੀ ਨਾ, ਪਰ ਹੁਣ ਤਕ ਹਰਪਾਲ ਨੂੰ ਇਹ ਪੱਕ ਹੋ ਗਿਆ ਸੀ ਕਿ ਰਾਜਾ ਗੁਲਾਬ ਸਿੰਘ ਦੀ ਹਰ ਲਾਹੌਰ ਫੇਰੀ ਕਿਸੇ ਨਾ ਕਿਸੇ ਲੀਹੋਂ ਮਹੱਤਵ ਪੂਰਨ ਹੁੰਦੀ ਹੈ।

ਬੇਸ਼ਕ ਰਾਜਾ ਧਿਆਨ ਸਿੰਘ ਬੜਾ ਯੋਗ ਤੇ ਕਾਬਿਲ ਸੀ ਤੇ ਆਪਣੇ ਪੈਰਾਂ ਉੱਤੇ ਆਪ ਵੀ ਅਹਿਲ ਖਲੋ ਸਕਦਾ ਸੀ, ਪਰ ਫਿਰ ਵੀ ਜਦੋਂ ਉਹਦਾ ਭਰਾ ਗੁਲਾਬ ਸਿੰਘ ਲਾਹੌਰ ਹੋਵੇ ਤਾਂ ਧਿਆਨ ਸਿੰਘ ਦੇ ਮੁਖ ਉੱਤੇ ਇਕ ਅਨੋਖੀ ਤਾਜ਼ਗੀ ਹੁੰਦੀ ਤੇ ਉਹਦੇ ਸ਼ਬਦਾਂ ਵਿਚ ਨਿਤ ਨਾਲੋਂ ਵਧ ਜ਼ੋਰ ਤੇ ਦਬਦਬਾ। ਹਰਪਾਲ ਨੇ ਰਾਜਾ ਗੁਲਾਬ ਸਿੰਘ ਨੂੰ ਵੇਖਿਆ ਤੇ ਉਸ ਆਪਣੇ ਮਨ ਹੀ ਮਨ ਸੋਚਿਆ ਕਿ ਕੰਵਰ ਨਾਲ ਵਖਰਿਆਂ ਮਿਲਣ ਦੀ ਗੱਲ ਛੇੜਨੀ ਪਹਿਲੇ ਨਾਲੋਂ ਮੁਸ਼ਕਿਲ ਹੋ ਗਈ ਹੈ।

ਕੰਵਰ ਨੌਨਿਹਾਲ ਸਿੰਘ ਨੇ ਬੇੜੀ ਤੇ ਤੁਪਾਂ ਦਾ ਮੁਲਾਹਜ਼ਾ ਕੀਤਾ। ਨੌਨਿਹਾਲ ਸਿੰਘ ਦੀ ਸੂਝ ਤੇ ਸਿਆਣਪ ਦਾ ਹਰਪਾਲ ਉੱਤੇ ਅਸਰ ਹੋਇਆ। ਬੇਸ਼ਕ ਹਰਪਾਲ ਕੰਵਰ ਨੂੰ ਚਿਰਾਂ ਤੋਂ ਜਾਣਦਾ ਸੀ ਤੇ ਉਹਦੀ ਬਹਾਦਰੀ ਤੇ ਸਿਆਣਪ ਦਾ ਕਾਇਲ ਸੀ, ਪਰ ਹਰਪਾਲ ਨੂੰ ਕੰਵਰ ਦੀ ਆਪਣੇ ਪਿਤਾ ਨਾਲ ਵਧੀਕੀ ਪਸੰਦ ਨਹੀਂ ਸੀ ਆਈ। ਹਾਂ, ਅੱਜ ਕੰਵਰ ਨੂੰ ਇਕ ਮੁਦਤ ਪਿਛੋਂ ਮਿਲ ਕੇ ਤੇ ਉਹਦੇ ਨਾਲ ਗਲਾਂ ਕਰ ਕੇ ਉਹਦੇ ਦਿਲ ਵਿਚ ਕੰਵਰ ਵਾਸਤੇ ਆਦਰ ਦੀ ਭਾਵਨਾ ਜਾਗੀ। ਯੁਵਕ ਕੰਵਰ ਨੌਨਿਹਾਲ ਸਿੰਘ ਉਹਨੂੰ ਖ਼ਾਲਸਾ ਰਾਜ ਦਾ ਚਿੰਨ੍ਹ ਜਾਪਿਆ। ਸ਼ਾਇਦ ਉਸੇ ਤਰ੍ਹਾਂ ਹੀ ਜਿਵੇਂ ਕਿ ਰਣਜੀਤ ਸਿੰਘ ਨੂੰ ਹਰਪਾਲ ਸਿੰਘ ਖ਼ਾਲਸਾ ਰਾਜ ਦਾ ਚਿੰਨ੍ਹ ਜਾਪਦਾ ਸੀ। ਕੰਵਰ ਦੀ ਬੁਧੀ ਅਤਿ ਤੀਖਣ ਸੀ ਤੇ ਉਹਦੀ ਸਰੀਰਕ ਬਣਤਰ ਅਤੀ ਸੁੰਦਰ।

ਕੰਵਰ ਦਾ ਰੰਗ ਚਿੱਟਾ ਸੀ ਤੇ ਉਹਦਾ ਚਿਹਰਾ ਲੰਮੇ ਨਾਲੋਂ ਬਹੁਤਾ ਗੋਲ। ਪਰ ਉਹਦੀ ਉਚ'ਵੀਂ ਪੱਗ ਤੇ ਪੱਗ ਉੱਤੇ ਸਜਦੀ ਕਲਗੀ, ਮੂੰਹ ਦੀ ਇਸ ਗੋਲਾਈ ਨੂੰ ਦਿਲਖਿਚ ਬਣਾਂਦੀ। ਉਹਦੇ ਅੰਗਾਂ ਦੀਆਂ ਲੀਹਾਂ ਨੁਕੀਲੀਆਂ ਸਨ ਤੇ ਉਹਦੀਆਂ ਅੱਖਾਂ ਵਿਚ ਇਕ ਅਲੌਕਿਕ ਭਾਂਤ ਦਾ ਠਰ੍ਹੰਮਾ ਸੀ। ਉਹਦੇ ਚਿਹਰੇ ਦਾ ਪ੍ਰਭਾਵ ਸੁਖਾਵਾਂ ਤੇ ਦਿਆਲੂ ਸੀ, ਪਰ ਉਹਦੇ ਬੁਲ੍ਹਾਂ ਦੀ ਬਣਤਰ ਉਹਦੇ ਦ੍ਰਿੜ੍ਹ ਆਚਰਣ ਦੀ ਲਖਾਇਕ ਸੀ। ਦਾੜ੍ਹੀ ਅਜੇ ਬਹੁਤੀ ਨਹੀਂ ਸੀ ਆਈ, ਪਰ ਜੇਡੀ ਵੀ ਸੀ ਮੂੰਹ ਉੱਤੇ ਸੋਹਣੀ ਤਰ੍ਹਾਂ ਫਬਦੀ। ਹਰਪਾਲ ਨੇ ਕੰਵਰ ਵਲ ਵੇਖਿਆ ਤੇ ਉਹ ਹੈਰਾਨ ਹੋਇਆ ਕਿ ਕਿਸ ਤਰ੍ਹਾਂ ਇਹੋ ਜਿਹਾ ਦ੍ਰਿੜ੍ਹ ਤੇ ਤੀਖਣ ਬੁਧੀ ਵਾਲਾ ਆਦਮੀ ਰਾਜਾ ਧਿਆਨ ਸਿੰਘ ਦੇ ਹੱਥ ਵਿਚ ਖੇਡ ਸਕਦਾ ਹੈ।

ਹਰਪਾਲ ਨੇ ਇਕ ਵਾਰ ਰਾਜਾ ਧਿਆਨ ਸਿੰਘ ਵਲ ਵੀ ਵੇਖਿਆ। ਇਹ ਜਾਇਜ਼ਾ ਲੈਣ ਲਈ ਕਿ ਕਿਹੜੇ ਗੁਣ ਅਤੇ ਚਿਹਰੇ ਤੇ ਸਰੀਰ ਦੀਆਂ ਕਿਹੜੀਆਂ ਲੀਹਾਂ ਉਹਨੂੰ ਐਨਾਂ ਚਤੁਰ ਤੇ ਐਨਾ ਤਾਕਤਵਰ ਬਣਾਂਦੀਆਂ ਹਨ। ਰਾਜਾ ਧਿਆਨ ਸ਼ਿੰਘ ਦੀ ਛਬੀ ਦਰਸ਼ਨੀ ਸੀ, ਇਹਦੇ ਵਿਚ ਸ਼ੱਕ ਨਹੀਂ। ਉਹਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਦਿਲਾਂ ਥਾਣੀਂ ਹੀ ਨਹੀਂ ਪੱਥਰਾਂ ਥਾਣੀਂ ਵੀ ਵੇਖ ਸਕਦੀਆਂ ਸਨ।

Scanned by CamScanner

"ਕਾਸ਼ !" ਉਸ ਵੇਲੇ ਹਰਪਾਲ ਸਿੰਘ ਨੇ ਸੋਚਿਆ, "ਕਦੀ ਕੰਵਰ ਨੌਨਿਹਾਲ ਸਿੰਘ ਤੇ ਰਾਜਾ ਧਿਆਨ ਸਿੰਘ ਸਿਖ ਪੰਥ ਤੇ ਖ਼ਾਲਸਾ ਰਾਜ ਦੀ ਵਾਗ ਡੋਰ ਉਸੇ ਤਰ੍ਹਾਂ ਹੀ ਸੰਭਾਲਦੇ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਹੋਇਆ ਕਰਦਾ ਸੀ। ਤੇ ਮੈਂ...ਮੈਂ ਹਰੀ ਸਿੰਘ ਨਲੂਏ ਵਾਂਗ ਖ਼ਾਲਸਈ ਝੰਡਾ ਕਾਬਲ ਤੇ ਬਾਲਾ ਹਿਸਾਰ ਉੱਤੇ ਗੱਡਦਾ। ਦੂਜੇ ਹੱਥ ਅੰਗਰੇਜ਼ਾਂ ਨੂੰ ਸਤਲੁਜ ਤੋਂ ਪਾਰ ਇਕ ਗਜ਼ ਨਾ ਵਧਣ ਦੇਂਦਾ...।"

ਹਰਪਾਲ ਉਨ੍ਹਾਂ ਜਰਨੈਲਾਂ ਜਾਂ ਆਦਮੀਆਂ ਵਿਚੋਂ ਨਹੀਂ ਸੀ ਜਿਹੜੇ ਆਪਣੇ ਆਪ ਦਾ ਬਹੁਤਾ ਮੁੱਲ ਪਾਉਂਦੇ ਹਨ। ਉਹਨੂੰ ਮਾਣ ਮਿਲਿਆ ਸੀ, ਪਰ ਉਹ ਮਾਣ ਮੱਤਾ ਨਹੀਂ ਸੀ ਹੋਇਆ। ਉਹਨੂੰ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਦਾ ਫ਼ਖ਼ਰ ਕਿਹਾ ਸੀ, ਪਰ ਹਰਪਾਲ ਮਗ਼ਰੂਰ ਨਹੀਂ ਸੀ ਹੋਇਆ। ਹਰਪਾਲ ਇਕ ਤੋਪਚੀ ਤੇ ਇਕ ਸਿਪਾਹੀ ਦੇ ਤੌਰ ਉੱਤੇ ਆਪਣੀ ਯੋਗਤਾ ਜਾਣਦਾ ਸੀ, ਪਰ ਇਸ ਅਹਿਸਾਸ ਨੇ ਉਹਨੂੰ ਘੁਮੰਡੀ ਨਹੀਂ ਬਣਾਇਆ। ਨਿੰਮ੍ਰਤਾ ਉਹਦੇ ਆਚਰਨ ਦਾ ਇਕ ਖ਼ਾਸ ਗੁਣ ਰਹੀ। ਹਾਂ, ਮਾਹਿਲ ਘਰਾਣੇ ਵਿਚ ਅਜੇ ਤਕ ਕੋਈ ਵੀ ਅਭਿਮਾਨੀ ਨਹੀਂ ਸੀ ਹੋਇਆ। ਹਰਪਾਲ ਨੂੰ ਸਦਾ ਆਪਣੇ ਆਪ ਵਿਚ ਤੇ ਆਪਣੀ ਯੁਧ ਕਲਾ ਵਿਚ ਖ਼ਾਮੀਆਂ ਹੀ ਨਜ਼ਰ ਆਈਆਂ ਸਨ। ਉਹਨੇ ਕਦੀ "ਮੈਂ ਇਹ ਕਰ ਸਕਦਾ ਹਾਂ" "ਮੈਂ ਉਹ ਕਰ ਸਕਦਾ ਹਾਂ" ਦੀਆਂ ਡੀਂਗਾਂ ਨਹੀਂ ਸਨ ਮਾਰੀਆਂ। ਆਪਣੇ ਮਨ ਵਿਚ ਵੀ ਨਹੀਂ। ਆਪਣੇ ਖ਼ਿਆਲਾਂ ਵਿਚ ਵੀ ਨਹੀਂ। ਉਹਨੇ ਸਦਾ ਭਵਿਖਤ ਵਿਚ ਤੱਕਿਆ ਜਦੋਂ ਉਹਦਾ ਆਚਰਨ ਤੇ ਉਹਦੀ ਯੁਧ ਕਲਾ ਅੱਜ ਨਾਲੋਂ ਚੰਗੇਰੀ ਤੇ ਉਚੇਰੀ ਹੋਵੇਗੀ।

ਅੱਜ ਸ਼ਾਇਦ ਪਹਿਲੀ ਵਾਰ ਸੀ ਕਿ ਉਹਨੇ ਆਪਣੇ ਆਪ ਨੂੰ ਹਰੀ ਸਿੰਘ ਨਲੂਏ ਨਾਲ ਤੁਲਨਾ ਦਿਤੀ ਤੇ ਮਹਿਸੂਸ ਕੀਤਾ ਕਿ ਜੇ ਨੌਨਿਹਾਲ ਸਿੰਘ ਤੇ ਧਿਆਨ ਸਿੰਘ ਰਾਜ ਨੂੰ ਰਣਜੀਤ ਸਿੰਘ ਵਾਂਗ ਹੀ ਸੰਭਾਲਣ ਤਾਂ ਉਹ ਹਰੀ ਸਿੰਘ ਨਲੂਏ ਵਾਂਗ ਸੈਨਕ ਪਿੜ ਵਿਚ ਇਸ ਰਾਜ ਦੀਆਂ ਹੱਦਾਂ ਬੇਹੱਦ ਕਰ ਦੇਵੇਗਾ। ਅੱਜ ਉਹਨੂੰ ਕੰਵਰ, ਧਿਆਨ ਸਿੰਘ ਤੇ ਆਪਣਾ ਜੁੱਟ ਬੇਮਿਸਾਲ ਜੁੱਟ ਲਗਾ। ਪਰ ਇਉਂ ਸੋਚਣ ਪਿਛੋਂ ਜਲਦੀ ਹੀ ਉਹਦੇ ਮੂੰਹੋਂ ਇਕ ਹਉਕਾ ਨਿਕਲਿਆ ਤੇ ਉਸ ਕਿਹਾ : "ਇਹ ਕਿਆਸ ਸੱਚਾ ਹੋਣ ਵਾਸਤੇ ਬਹੁਤਾ ਸੁੰਦਰ ਹੈ, ਬਹੁਤਾ ਹੀ ਮਹਾਨ। ਕਾਸ਼ ! ਕਾਸ਼ ! ਜੇ ਰਾਜਾ ਧਿਆਨ ਸਿੰਘ ਆਪਣਾ ਆਪਾ ਖ਼ਾਲਸਾ ਰਾਜ ਦੀ ਨਿਸ਼ਕਾਮ ਸੇਵਾ ਵਿਚ ਅਰਪਨ ਕਰ ਦੇਵੇ..."

ਨੌਨਿਹਾਲ ਸਿੰਘ ਤੇ ਧਿਆਨ ਸਿੰਘ ਦੋਵੇਂ ਹੀ ਬੜੇ ਤਪਾਕ ਨਾਲ ਹਰਪਾਲ ਨੂੰ ਮਿਲੇ ਸਨ। ਨੌਨਿਹਾਲ ਸਿੰਘ ਨੇ ਕਿਹਾ : "ਮੇਰੇ ਸਵਰਗਵਾਸੀ ਦਾਦਾ ਜੀ ਦੇ ਤੋਪਚੀ ਸਰਦਾਰ ਨੂੰ ਮਿਲਣ ਦਾ ਮੈਨੂੰ ਕਦੀ ਸੁਭਾਗ ਪ੍ਰਾਪਤ ਨਹੀਂ ਹੋਇਆ।" "ਮੈਂ ਸਦਾ ਤੁਹਾਡੀ ਸੇਵਾ ਵਿਚ ਹਾਜ਼ਰ ਹਾਂ, ਕੰਵਰ ਸਾਹਿਬ !" "ਤੁਸੀਂ ਤੇ ਖ਼ਾਲਸਾ ਰਾਜ ਦੇ ਕੌਂਸਲ ਇਕਤਿਦਾਰ ਸਰਦਾਰ ਲਹਿਣਾ ਸਿੰਘ ਜੋ ਨਿਗਰ ਕੰਮ ਕਰ ਰਹੇ ਹੋ ਉਸ ਵਾਸਤੇ ਰਾਜ ਤੁਹਾਡਾ ਸਦਾ ਰਿਣੀ ਰਹੇਗਾ। ਰਾਜਾ ਧਿਆਨ ਸਿੰਘ ਮੈਨੂੰ ਤੁਹਾਡੇ ਲਾਸਾਨੀ ਕੰਮਾਂ ਬਾਰੇ ਹਰ ਰੋਜ਼ ਦਸਦੇ ਰਹਿੰਦੇ ਹਨ।"

ਹਰਪਾਲ ਨੇ ਰਾਜਾ ਧਿਆਨ ਸਿੰਘ ਵਲ ਵੇਖਿਆ। ਧਿਆਨ ਸਿੰਘ ਮੁਸਕਰਾਇਆ। ਐਨੀ ਮਿੱਠੀ ਤੇ ਸੱਚੀ ਮੁਸਕਾਣ ਕਿ ਪਲ ਦੀ ਪਲ ਲਈ ਹਰਪਾਲ ਮੋਹਿਆ ਗਿਆ। ਇਹ ਮੁਸਕਾਣ ਆਖਦੀ ਲਗਦੀ ਕਿ ਧਿਆਨ ਸਿੰਘ ਹਰਪਾਲ ਦੀ ਦਿਲੋਂ ਇੱਜ਼ਤ ਕਰਦਾ ਹੈ ਕਿ ਉਹ ਉਹਦੀ ਮਿੱਤਰਤਾ ਦਾ ਚਾਹਵਾਨ ਹੈ। ਪਲ ਦੀ ਪਲ ਲਈ ਹਰਪਾਲ ਨੂੰ ਲਗਾ ਕਿ ਧਿਆਨ ਸਿੰਘ ਖ਼ਾਲਸਾ ਰਾਜ ਦਾ ਦੁਸ਼ਮਨ ਨਹੀਂ, ਹਿਤੂ ਹੈ। ਉਸ ਸੋਚਿਆ ਕਿ ਜਿਸ ਆਦਮੀ ਨੇ ਪੰਝੀ ਵਰ੍ਹੇ ਮਹਾਰਾਜਾ ਰਣਜੀਤ ਸਿੰਘ ਦਾ ਲੂਣ ਖਾਧਾ ਹੋਵੇ ਉਹ ਰਣਜੀਤ ਸਿੰਘ ਦੇ ਘਰਾਣੇ ਦਾ ਧਰੋਹੀ ਨਹੀਂ ਹੋ ਸਕਦਾ। ਉਹਨੂੰ ਲਗਾ ਕਿ ਜੋ ਕੁਝ ਉਹਦੀ ਮਾਂ ਗੁਰਦਈ ਆਖਦੀ ਹੈ ਸ਼ਾਇਦ ਉਹ ਸੱਚ ਹੀ ਹੈ। ਸਿਰਫ਼ ਉਹਨੂੰ ਹੀ ਰਾਜਾ ਧਿਆਨ ਸਿੰਘ ਨੂੰ ਸਮਝਣ ਵਿਚ ਭੁਲੇਖਾ ਲਗਾ ਹੈ। ਪਰ ਜੇ ਧਿਆਨ ਸਿੰਘ ਸੱਚਾ ਸੀ ਤਾ ਕਿਉਂ ਲਹਿਣਾ ਸਿੰਘ ਸੰਧਾਵਾਲੀਆ ਉਹਦੇ ਕੋਲ ਆਇਆ ? ਖੜਗ ਸਿੰਘ ਬਰਤਰਫ਼ ਕਿਉਂ ਕੀਤਾ ਗਿਆ ਤੇ ਕਰਨਲ ਗਾਰਡਨਰ ਕਿਉਂ ਉਹਦੇ ਕੋਲ ਨਿਤ ਨਵੀਆਂ ਤੇ ਭੈੜੀਆਂ ਖ਼ਬਰਾਂ ਲੈ ਕੇ ਪਹੁੰਚਦਾ ਰਿਹਾ ? ਕੀ ਰਾਜਾ ਧਿਆਨ ਸਿੰਘ ਦੀ ਮੁਸਕਾਣ ਉਹਨੂੰ ਨਿਓਂਤਾ ਹੈ ਉਹਦੀਆਂ ਸਾਜ਼ਸ਼ਾਂ ਤੇ ਚਾਲਬਾਜ਼ੀਆਂ ਵਿਚ ਸ਼ਰੀਕ ਹੋਣ ਵਾਸਤੇ ?

ਉਹ ਅਜੇ ਇਹ ਸੋਚ ਹੀ ਰਿਹਾ ਸੀ ਕਿ ਨੌਨਿਹਾਲ ਸਿੰਘ ਨੇ ਪੁਛਿਆ : "ਕੀ ਸਾਰੀਆਂ ਦੀਆਂ ਸਾਰੀਆਂ ਤੋਪਾਂ ਹੀ ਛੇ ਪੌਂਡੀ ਹੋਣਗੀਆਂ ?" "ਜੀ ਕੰਵਰ ਸਾਹਿਬ !" ਹਰਪਾਲ ਨੇ ਉੱਤਰ ਦਿਤਾ। "ਹਾਂ, ਉਪਜ ਆਸਾਨ ਹੁੰਦੀ ਹੈ ਤੇ

Scanned by CamScanner

ਖਰਚ ਘਟ।" "ਜੀ ਕੰਵਰ ਜੀ!" "ਕਿੰਨੇ ਕੁ ਗੋਲੇ ਇਨ੍ਹਾਂ ਵਿਚੋਂ ਚਲਾ ਕੇ ਵੇਖੇ ਜੇ?" "ਚਾਲ੍ਹੀ ਚਾਲ੍ਹੀ, ਪੰਜਾਹ ਪੰਜਾਹ।" "ਧਾਤ ਤੇ ਨਾਲੀ ਨਿਰਵਿਘਨ ਰਹੀਆਂ ਹਨ?" "ਬਿਲਕੁਲ।" "ਬੇੜੀ ਵਿਚ ਬੀੜ ਕੇ ਦਰਿਆ ਵਿਚ ਵੀ ਗਏ ਹੋ?" "ਬੇੜੀ ਵੀ ਵਧੀਆ ਹੈ ਕਵਰ ਸਾਹਿਬ। ਮੈਂ ਤੇ ਸਰਦਾਰ ਲਹਿਣਾ ਸਿੰਘ ਆਪ ਦੋ ਦਿਨ ਰਾਵੀ ਵਿਚ ਇਸ ਬੇੜੀ ਅੰਦਰ ਰਹੇ ਹਾਂ।"

"ਅੱਛਾ ਤਾਂ ਇਹ ਤੋਪਾਂ ਬਣਾਉਣ ਦੀ ਆਗਿਆ ਹੈ। ਕਿੰਨੇ ਦਾਣੇ ਬਣਾਉਣ ਦਾ ਵਿਚਾਰ ਹੈ?" "ਜਿੰਨੇ ਤੁਹਾਡੀ ਆਗਿਆ। ਮੇਰੀ ਜਾਚੇ ਪੰਝੀ ਤੋਪਾਂ ਕਾਫੀ ਹੋਣਗੀਆਂ।" "ਬੇਸ਼ਕ।" ਤੇ ਫਿਰ ਕੁਝ ਚਿਰ ਰੁਕ ਕੇ ਕੰਵਰ ਨੇ ਪੁਛਿਆ; "ਸਰਦਾਰ ਹਰਪਾਲ ਸਿੰਘ! ਤੁਹਾਨੂੰ ਕੋਈ ਤਕਲੀਫ ਤਾਂ ਨਹੀਂ?" "ਨਹੀਂ ਕੰਵਰ ਸਾਹਿਬ!" "ਜਾਗੀਰ ਕਾਫੀ ਹੈ ਨਾ! ਕਿਸੇ ਕਿਸਮ ਦੀ ਤੋਟ ਤਾਂ ਨਹੀਂ?" ਹਰਪਾਲ ਮੁਸਕਰਾਇਆ। "ਇਹ ਸਾਡਾ ਆਪਣਾ ਰਾਜ ਹੈ, ਕੰਵਰ ਸਾਹਿਬ! ਤੋਟ ਕਿਹੀ। ਤਕਲੀਫ ਕਿਹੀ;" "ਕੁਝ ਹੋਰ ..?"

ਹਰਪਾਲ ਨੇ ਰਾਜਾ ਧਿਆਨ ਸਿੰਘ ਵਲ ਵੇਖਿਆ। ਉਹਦਾ ਜੀ ਕੀਤਾ ਕਿ ਉਹ ਐਸੇ ਵੇਲੇ ਉਹਦੇ ਨਾਲ ਇੱਕਲਿਆਂ ਮਿਲਣ ਵਾਸਤੇ ਕੋਈ ਸਮਾਂ ਨਿਯਤ ਕਰਵਾ ਲਏ ਤੇ ਜੇ ਧਿਆਨ ਸਿੰਘ ਨੇ ਥੋੜਾ ਚਿਰ ਪਹਿਲੇ ਉਹਦੇ ਵਲ ਉਸ ਦਿਲ ਖਿਚਵੀਂ ਮੁਸਕਾਣ ਨਾਲ ਨਾ ਤੱਕਿਆ ਹੁੰਦਾ ਤਾਂ ਉਹ ਜ਼ਰੂਰ ਐਸੇ ਵੇਲੇ ਕੰਵਰ ਕੋਲੋਂ ਸਮਾਂ ਲੈ ਲੈਂਦਾ, ਪਰ ਧਿਆਨ ਸਿੰਘ ਦੇ ਮਿੱਤਰਤਾਨਾ ਸਲੂਕ ਨੇ ਉਹਨੂੰ ਭਰਮਾ ਲਿਆ ਸੀ। ਉਹ ਰਾਜਾ ਧਿਆਨ ਸਿੰਘ ਨੂੰ ਆਪਣੇ ਵਲੋਂ ਇਕ ਹੋਰ ਮੌਕਾ ਦੇਣਾ ਚਾਹੁੰਦਾ ਸੀ। ਉਸ ਧਿਆਨ ਸਿੰਘ ਦੀ ਮਾਰਫਤ ਹੀ ਕੰਵਰ ਨੂੰ ਮਿਲਣਾ ਯੋਗ ਸਮਝਿਆ। ਆਖ਼ਰਕਾਰ ਉਹ ਹਕੂਮਤ ਦਾ ਵਜ਼ੀਰੇ-ਆਜ਼ਮ ਸੀ। ਹਰਪਾਲ ਕੋਈ ਅਯੋਗ ਗੱਲ ਨਹੀਂ ਸੀ ਕਰਨਾ ਚਾਹੁੰਦਾ। ਤੇ ਉਸ ਇਹ ਵੀ ਫੈਸਲਾ ਕੀਤਾ ਕਿ ਜੇ ਧਿਆਨ ਸਿੰਘ ਨੇ ਮੁਲਾਕਾਤ ਦਾ ਕਾਰਨ ਪੁਛਿਆ ਤਾਂ ਵੀ ਉਹ ਉਹਨੂੰ ਸੱਚੋ ਸੱਚ ਦਸ ਦਏਗਾ। ਆਪਣੇ ਵਲੋਂ ਉਹ ਧਿਆਨ ਸਿੰਘ ਨਾਲ ਝੂਠਾ ਨਹੀਂ ਹੋਵੇਗਾ। ਸ਼ਾਇਦ ਉਹਦੀ ਮਾਂ ਸੱਚ ਹੀ ਕਹਿੰਦੀ ਹੋਵੇਗੀ।

ਦਰਬਾਰ ਸਮਾਪਤ ਹੋਣ ਤੋਂ ਪਹਿਲਾਂ ਏਸੇ ਲਈ ਹਰਪਾਲ ਨੇ ਮੌਕਾ ਕੱਢ ਕੇ ਰਾਜਾ ਧਿਆਨ ਸਿੰਘ ਨਾਲ ਗੱਲ ਕੀਤੀ: "ਰਾਜਾ ਸਾਹਿਬ! ਮੈਂ ਕੰਵਰ ਸਾਹਿਬ ਨੂੰ ਜ਼ਰਾ ਨਵੇਕਲਿਆਂ ਮਿਲਣਾ ਚਾਹੁੰਦਾ ਹਾਂ।"

ਇਹ ਗੱਲ ਸੁਣਦਿਆਂ ਹੀ ਧਿਆਨ ਸਿੰਘ ਦਾ ਚਿਹਰਾ ਲਾਲ ਹੋ ਗਿਆ। ਉਹਦੀਆਂ ਅੱਖਾਂ ਵਿਚੋਂ ਗੁੱਸਾ ਫੁਟ ਪਿਆ। ਤੇ ਉਹਦਾ ਸਰੀਰ ਤੇ ਉਹਦਾ ਪ੍ਰਭਾਵ ਪਲੋ ਪਲੀ ਗ਼ਜ਼ਬਨਾਕ ਹੋ ਗਏ। "ਕਿਉਂ?" ਉਸ ਹੁੜਮਨ ਲਹਿਜੇ ਵਿਚ ਪੁਛਿਆ: ਹਰਪਾਲ ਨੇ ਧਿਆਨ ਸਿੰਘ ਵਲ ਵੇਖਿਆ। ਕੀ ਇਹ ਉਹੋ ਧਿਆਨ ਸਿੰਘ ਸੀ ਜਿਹੜਾ ਕੁਝ ਮਿੰਟ ਪਹਿਲੇ ਉਹਦੇ ਵਲ ਵੇਖਦਾ ਮਿੱਠੀ ਤੇ ਮਿੱਤਰਤਾਨਾ ਮੁਸਕਾਣ ਮੁਸਕਰਾਇਆ ਸੀ? ਕੀ ਇਹ ਉਹੋ ਧਿਆਨ ਸਿੰਘ ਸੀ ਜਿਸ ਨਾਲ ਭਾਈਵਾਲੀ ਪਾ ਕੇ ਉਹ ਰਣਜੀਤ ਸਿੰਘ ਦੇ ਸੰਗਠਤ ਕੀਤੇ ਰਾਜ ਨੂੰ ਬਰਕਰਾਰ ਰਖਣਾ ਚਾਹੁੰਦਾ ਸੀ? ਹਰਪਾਲ ਹੈਰਾਨ ਹੋ ਗਿਆ। ਉਹ ਜਾਣ ਨਾ ਸਕਿਆ ਕਿ ਕਿਹੜਾ ਧਿਆਨ ਸਿੰਘ ਵਾਸਤਵਿਕ ਹੈ। ਇਹ ਖ਼ੌਫ਼ਨਾਕ ਧਿਆਨ ਸਿੰਘ ਕਿ ਪਹਿਲਾ ਮਿੱਠਾ ਤੇ ਰਸੀਲਾ ਧਿਆਨ ਸਿੰਘ।

ਧਿਆਨ ਸਿੰਘ ਹਰਪਾਲ ਦੀ ਹੈਰਾਨੀ ਦੀ ਪਰਵਾਹ ਨਾ ਕਰਦਿਆਂ, ਕਹਿੰਦਾ ਗਿਆ, 'ਕੀ ਕੰਵਰ ਸਾਹਿਬ ਨੂੰ ਤੁਸੀਂ ਮਹਾਰਾਜਾ ਸਾਹਿਬ ਨਾਲ ਕੀਤੀ ਗੱਲ ਬਾਤ ਦਾ ਸਾਰੰਸ਼ ਦਸਣਾ ਚਾਹੁੰਦੇ ਹੋ?"

ਹਰਪਾਲ ਨੇ ਇਕ ਵਾਰ ਫਿਰ ਧਿਆਨ ਸਿੰਘ ਵਲ ਵਖਿਆ। ਉਹ ਗ਼ਜ਼ਬਨਾਕ ਭਾਵ ਉਹਦੇ ਮੂੰਹ ਉੱਤੇ ਅਜੇ ਤਕ ਪੱਸਰੇ ਸਨ। ਉਸੇ ਤਰ੍ਹਾਂ ਹੀ ਉਹਦਾ ਸਰੀਰ ਤਣਿਆ ਹੋਇਆ ਸੀ। ਹਰਪਾਲ ਜਾਣਦਾ ਸੀ ਕਿ ਮਹਾਰਾਜਾ ਖੜਗ ਸਿੰਘ ਨਾਲ ਉਹਦੀ ਮੁਲਾਕਾਤ ਦੀ ਖ਼ਬਰ ਨਿਰਸੰਦੇਹ ਧਿਆਨ ਸਿੰਘ ਨੂੰ ਮਿਲ ਜਾਵੇਗੀ, ਪਰ ਉਹ ਇਹ ਨਹੀਂ ਸੀ ਜਾਣਦਾ ਕਿ ਧਿਆਨ ਸਿੰਘ ਇਸ ਮੁਲਾਕਾਤ ਦੇ ਬੇਜਾ ਮਤਲਬ ਕਢੇਗਾ। ਪਰ ਉਹਨੇ ਤਾਂ ਆਪਣੇ ਦਿਲ ਵਿਚ ਪਹਿਲੇ ਹੀ ਫੈਸਲਾ ਕਰ ਲਿਆ ਸੀ ਕਿ ਉਹ ਧਿਆਨ ਸਿੰਘ ਨੂੰ ਕੰਵਰ ਨਾਲ ਆਪਣੀ ਹੋਣ ਵਾਲੀ ਮੁਲਾਕਾਤ ਦਾ ਮਜ਼ਮੂਨ ਦਸ ਦੇਵੇਗਾ ਜੋ ਉਸ ਬਿਨਾਂ ਝਿਝਕ ਕਿਹਾ: "ਹਾਂ, ਰਾਜਾ ਸਾਹਿਬ!"

"ਸਰਦਾਰ ਹਰਪਾਲ ਸਿੰਘ! ਮੈਂ ਹਮੇਸ਼ਾ ਤੁਹਾਡੀ ਦੋਸਤੀ ਦਾ ਦੰਮ ਭਰਿਆ ਹੈ। ਪਰ ਤੁਹਾਡੇ ਵਲੋਂ ਮੈਨੂੰ ਸਦਾ ਮਾਯੂਸੀ ਹੋਈ ਹੈ। ਸਿਵਾਏ ਤੁਹਾਡੇ ਹੋਰ ਕੋਈ ਪਤਵੰਤਾ ਸਰਦਾਰ ਭਰੇ ਬਾਜ਼ਾਰ ਇਸ ਤਰ੍ਹਾਂ ਮਹਾਰਾਜਾ ਸਾਹਿਬ ਦੀ ਹਵੇਲੀ

Scanned by CamScanner

ਨਹੀਂ ਗਿਆ। ਤੁਹਾਡੇ ਬਗ਼ੈਰ ਕਿਸੇ ਹੋਰ ਸਰਦਾਰ ਨੇ ਕੰਵਰ ਸਾਹਿਬ ਨੂੰ ਇਕੱਲਿਆਂ ਮਿਲਣ ਵਾਸਤੇ ਵੀ ਆਗਿਆ ਨਹੀਂ ਮੰਗੀ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਸਭ ਗੱਲਾਂ ਦਾ ਮਤਲਬ ਕੀ ਹੈ। ਕੀ ਤੁਹਾਨੂੰ ਮੇਰੇ ਉੱਤੇ ਵਿਸ਼ਵਾਸ ਨਹੀਂ ? ਕੀ ਤੁਸੀਂ ਸ਼ੇਰੇ-ਪੰਜਾਬ ਦੀਆਂ ਕੀਤੀਆਂ ਕਤਰੀਆਂ ਭੁਲ ਗਏ ਹੋ ? ਕੀ ਤੁਸੀਂ ਸਮਝਦੇ ਹੋ ਕਿ ਮੈਂ ਜਿਸ ਬੂਟੇ ਦੀ ਛਾਂ ਥੱਲੇ ਆਪਣੇ ਆਪ ਨੂੰ ਤੇ ਆਪਣੇ ਟੱਬਰ ਨੂੰ ਪਾਲਿਆ ਹੈ ਉਸੇ ਬੂਟੇ ਨੂੰ ਕੱਟ ਦੇਵਾਂਗਾ। ਕੀ ਤੁਸੀਂ...।'

''ਪਰ ਰਾਜਾ ਸਾਹਿਬ ! ਮੈਂ ਤੁਹਾਡੇ ਉੱਤੇ ਕੋਈ ਦੂਸ਼ਨ ਨਹੀਂ ਲਾਇਆ। ਮੈਂ ਸਿਰਫ਼ ਕੰਵਰ ਸਾਹਿਬ ਨੂੰ ਮਿਲਣ ਦੀ ਆਗਿਆ ਮੰਗੀ ਹੈ। ਕੀ ਮੈਨੂੰ ਐਨਾ ਵੀ ਹੱਕ ਨਹੀ ?''

''ਸਰਦਾਰ ਹਰਪਾਲ ਸਿੰਘ ! ਜੇ ਤੁਸੀਂ ਆਪਣੇ ਆਪ ਨੂੰ ਉਨ੍ਹਾਂ ਕੰਮਾਂ ਵਿਚ ਨਾ ਪਾਓ ਜਿਨ੍ਹਾਂ ਦਾ ਤੁਹਾਡੇ ਨਾਲ ਕੋਈ ਸ਼ਅੱਲਕ ਨਹੀਂ ਤਾਂ ਤੁਹਾਡੀ ਇਹ ਮੰਗ ਜਾਇਜ਼ ਹੈ। ਪਰ ਮੈਂ ਵੇਖਦਾ ਹਾਂ ਕਿ ਤੁਸੀਂ ਖ਼ਾਹਮਖ਼ਾਹ ਆਪਣੇ ਆਪ ਨੂੰ ਕਿਸੇ ਇਹੋ ਜਹੇ ਜਾਲ ਵਿਚ ਫਸਾ ਰਹੇ ਹੋ ਜਿਹੜਾ ਤੁਹਾਡੀ ਜਾਗੀਰ ਵਾਸਤੇ ਹਾਨੀਕਾਰਕ ਹੋ ਸਕਦਾ ਹੈ। ਤੁਸੀਂ...।'' 'ਆਪਣੀ ਜਾਗੀਰ ਤੇ ਆਪਣੇ ਆਪ ਦੀ ਮੈਨੂੰ ਪਰਵਾਹ ਨਹੀਂ। ਮੈਂ ਉਹੋ ਕਰ ਰਿਹਾ ਹਾਂ ਜੋ ਕਿ ਮੈਨੂੰ ਯੋਗ ਨਜ਼ਰ ਆਉਂਦਾ ਹੈ।'' 'ਪਰ ਤੁਸੀਂ ਰਾਜ ਕਾਜ ਦੇ ਪੂਰੇ ਹਾਲਾਤਾਂ ਨੂੰ ਨਹੀਂ ਸਮਝਦੇ। ਮੈਂ ਤੁਹਾਨੂੰ ਹਰ ਸਮੇਂ ਹਰ ਪਹਿਲੂ ਤੋਂ ਬਾਖ਼ਬਰ ਰਖਣ ਦੀ ਕੋਸ਼ਿਸ਼ ਕੀਤੀ ਹੈ। ਪਰ ਮੈਨੂੰ ਜਾਪਦਾ ਹੈ ਕਿ ਤੁਸੀਂ ਮੇਰੇ ਉੱਤੇ ਇਤਬਾਰ ਨਹੀਂ ਕਰਦੇ।'' ਹਰਪਾਲ ਨੂੰ ਲਗਾ ਕਿ ਜਿਵੇਂ ਧਿਆਨ ਸਿੰਘ ਨੇ ਕਰਨਲ ਗਾਰਡਨਰ ਵਲ ਇਸ਼ਾਰਾ ਕੀਤਾ ਹੋਵੇ। ਪਰ ਐਸ ਵੇਲੇ ਹਰਪਾਲ ਕਿਸੇ ਬਹਿਸ ਵਿਚ ਨਹੀਂ ਸੀ ਪੈਣਾ ਚਾਹੁੰਦਾ।

''ਮੈਨੂੰ ਤਹਾਡੇ ਉੱਤੇ ਕੋਈ ਬੇਇਤਬਾਰੀ ਨਹੀਂ, ਰਾਜਾ ਸਾਹਿਬ ! ਮੈਨੂੰ ਸਿਆਸਤ ਵਿਚ ਵੀ ਕੋਈ ਦਿਲਚਸਪੀ ਨਹੀਂ। ਘੜੀ ਦੀ ਘੜੀ ਲਈ ਮੈਂ ਕੰਵਰ ਸਾਹਿਬ ਨੂੰ ਮਿਲਣਾ ਚਾਹੁੰਦਾ ਹਾਂ। ਜੇ ਤੁਸੀਂ...।'' 'ਪਰ ਮੈਨੂੰ ਇਸ ਵਿਚ ਕੋਈ ਸਾਜ਼ਸ਼ ਨਜ਼ਰ ਆਉਂਦੀ ਹੈ। ਇਹ ਸਾਜ਼ਸ਼...।'' ''ਸਾਜ਼ਸ਼ ..?'' ਹਰਪਾਲ ਅਜੇ ਤਕ ਬਿਲਕੁਲ ਸ਼ਾਂਤੀ ਪੂਰਵਕ ਖੜਾ ਸੀ। ਉਹ ਕਦੀ ਵੀ ਤੈਸ਼ ਵਿਚ ਨਹੀਂ ਸੀ ਆਉਂਦਾ। ਉਹ ਉੱਚਾ ਵੀ ਬੜਾ ਘਟ ਬੋਲਦਾ। ਪਰ ਧਿਆਨ ਸਿੰਘ ਦੇ ਮੂੰਹੋਂ ਸਾਜ਼ਸ਼ ਦਾ ਸ਼ਬਦ ਸੁਣ ਕੇ ਹਰਪਾਲ ਰਹਿ ਨਾ ਸਕਿਆ ਤੇ ਉਸ ਗੁੱਸੇ ਵਿਚ ਕਿਹਾ : ''ਸਾਜ਼ਸ਼...! ਰਾਜਾ ਸਾਹਿਬ। ਐਤਕੀਂ ਮੈਂ ਤੁਹਾਨੂੰ ਮੁਆਫ਼ ਕਰਦਾ ਹਾਂ। ਅਗੇ ਤੋਂ ਇਹੋ ਜਿਹਾ ਸ਼ਬਦ ਮੇਰੇ ਬਾਰੇ ਕਦੇ ਨਾ ਵਰਤਣਾ ! ਮੈਂ...'' ਧਿਆਨ ਸਿੰਘ ਝੇਪ ਗਿਆ। ਪਰ ਸ਼ਾਇਦ ਉਸ ਸੋਚਿਆ ਕਿ ਜੇ ਹਰਪਾਲ ਨੂੰ ਕਦੀ ਦਬਾਇਆ ਜਾ ਸਕਦਾ ਹੈ ਤਾਂ ਸਿਰਫ ਏਸੇ ਮੌਕੇ ਤੇ ਹੀ, ਸੋ ਉਸ ਕਿਹਾ : ''ਤੈਸ਼ ਵਿਚ ਆਉਣ ਦੀ ਲੋੜ ਨਹੀਂ, ਸਰਦਾਰ ਸਾਹਿਬ ! ਮੈਂ ਸਬੂਤ...ਪੇਸ਼ ਕਰ ਸਕਦਾ ਹਾਂ ਕਿ ਤੁਸੀਂ ਤੇ...''

''ਸਬੂਤ ?'' ਹਰਪਾਲ ਨੇ ਕਹਿਣਾ ਚਾਹਿਆ ਕਿ ਇਹ ਸਬੂਤ ਵੀ ਸ਼ਾਇਦ ਮਹਾਰਾਜਾ ਖੜਗ ਸਿੰਘ ਤੇ ਚੇਤ ਸਿੰਘ ਦੇ ਬਰਖ਼ਿਲਾਫ਼ ਪੇਸ਼ ਕੀਤੇ ਗਏ ਸਬੂਤਾਂ ਵਰਗੇ ਹੀ ਹੋਣਗੇ, ਪਰ ਉਸ ਆਪਣੇ ਆਪ ਉੱਤੇ ਜ਼ਬਤ ਕਰਦਿਆਂ ਸਿਰਫ਼ ਐਨਾ ਹੀ ਕਿਹਾ : ''ਮੈਨੂੰ ਕੰਵਰ ਸਾਹਿਬ ਨਾਲ ਮਿਲਣ ਦੀ ਇਜਾਜ਼ਤ ਮਿਲ ਸਕਦੀ ਹੈ ਕਿ ਨਹੀਂ ?''

''ਨਹੀਂ, ਹਾਂ... ਜੇ ਤੁਸੀਂ ਮੈਨੂੰ ਸਿਰਫ਼ ਇਹ ਯਕੀਨ ਦਵਾ ਦਿਓ ਕਿ ਤੁਸੀਂ...।'' ਪਰ ਰਾਜਾ ਧਿਆਨ ਸਿੰਘ ਅਜੇ ਬੋਲ ਹੀ ਰਿਹਾ ਸੀ ਕਿ ਹਰਪਾਲ ਓਥੋਂ ਟੁਰ ਆਇਆ। ਦਰਬਾਰ ਸਮਾਪਤ ਹੋ ਗਿਆ। ਕੰਵਰ ਹਾਥੀ ਉੱਤੇ ਸਵਾਰ ਹੋਣ ਵਾਸਤੇ ਵਧਿਆ, ਪਰ ਹਰਪਾਲ ਨੇ ਰਾਹ ਵਿਚ ਖਲੋ ਕੇ ਪੁਛਿਆ : ''ਕੰਵਰ ਸਾਹਿਬ ! ਮੈਂ ਤੁਹਾਨੂੰ ਇਕ ਵਾਰ ਨਵੇਕਲਿਆਂ ਮਿਲਣ ਦਾ ਚਾਹਵਾਨ ਹਾਂ।'' ''ਹਾਂ ਹਾਂ ! ਕਿਉਂ ਨਹੀਂ। ਕਦੋਂ ?'' ''ਜਦੋਂ ਤੁਹਾਡੀ ਆਗਿਆ ਹੋਵੇ।'' ''ਅਜ ਸ਼ਾਮੀਂ ਛੇ ਵਜੇ ਕਿਲ੍ਹੇ ਵਿਚ ਆ ਜਾਣਾ।''

ਇਹ ਬਚਨ ਕਹਿ ਕੇ ਕੰਵਰ ਨੇ ਆਪਣੇ ਆਲੇ ਦੁਆਲੇ ਵੇਖਿਆ : ਸਾਰੇ ਵਜ਼ੀਰ ਤੇ ਸਰਦਾਰ ਹੈਰਾਨ ਸਨ। ਉਸ ਵਜ਼ੀਰੇ-ਆਜ਼ਮ ਵਲ ਵੇਖਿਆ। ਉਹਦੀਆਂ ਨਜ਼ਰਾਂ ਨਾ-ਰਜ਼ਾਮੰਦ ਸਨ। ਪਰ ਕੰਵਰ ਨੇ ਆਪਣੇ ਬਚਨ ਬਦਲੇ ਨਹੀਂ। ਅਡੋਲ ਉਹ ਹਾਥੀ ਉੱਤੇ ਚੜ੍ਹ ਬੈਠਾ।

Scanned by CamScanner

ਕੰਵਰ ਨੌਨਿਹਾਲ ਸਿੰਘ ਨੂੰ ਮਿਲਣ ਵਾਸਤੇ ਜਦੋਂ ਹਰਪਾਲ ਆਪਣੀ ਹਵੇਲੀ ਵਿਚੋਂ ਨਿਕਲਿਆ ਤਾਂ ਬਾਹਰ ਸੜਕ ਉੱਤੇ ਉਹਨੂੰ ਕਰਨਲ ਗਾਰਡਨਰ ਮਿਲ ਪਿਆ। ਗਾਰਡਨਰ ਨੇ ਫਤਹਿ ਗਜਾਈ ਤੇ ਪੁਛਿਆ : "ਕਿਧਰ ਜਾ ਰਹੇ ਹੋ ਜਰਨੈਲ ਸਾਹਿਬ ?" ਸਦਾ ਵਾਂਙ ਗਾਰਡਨਰ ਤੇ ਹਰਪਾਲ ਪਿਛਲੇ ਦਿਨਾਂ ਵਿਚ ਵੀ ਮਿਲਦੇ ਰਹੇ ਸਨ। ਬੇੜੀਆਂ ਵਿਚ ਬੀੜੀਆਂ ਜਾਣ ਵਾਲੀਆਂ ਤੋਪਾਂ ਦੀ ਬਣਤਰ ਵਿਚ ਕਰਨਲ ਗਾਰਡਨਰ ਨੇ ਵੀ ਆਪਣਾ ਹਿਸਾ ਪਾਇਆ ਸੀ ਤੇ ਏਸੇ ਲਈ ਗਾਰਡਨਰ ਤੇ ਹਰਪਾਲ ਦੀਆਂ ਮੁਲਾਕਾਤਾਂ ਕੁਝ ਚਿਰ ਤੋਂ ਪਹਿਲੇ ਨਾਲੋਂ ਵੀ ਆਮ ਰਹੀਆਂ ਸਨ।

ਹਰਪਾਲ ਅਜ ਗਾਰਡਨਰ ਨੂੰ ਆਪਣੀ ਹਵੇਲੀ ਦੇ ਬਾਹਰ ਵੇਖ ਕੇ ਹੈਰਾਨ ਹੋਇਆ। ਬੇਸ਼ਕ ਇਹ ਸੰਜੋਗ ਮੁਮਕਿਨ ਸੀ, ਪਰ ਵਾਤਾਵਰਨ ਤੇ ਹਾਲਾਤ ਉਹਨੂੰ ਕੁਝ ਅਜੀਬ ਲਗੇ। ਹਰਪਾਲ ਗਾਰਡਨਰ ਦੀ ਸਿਆਣਪ, ਚਾਲਾਕੀ ਤੇ ਦਿਮਾਗੀ ਫੁਰਤੀ ਦਾ ਕਾਇਲ ਸੀ ਤੇ ਉਸ ਉਹਦੇ ਨਾਲ ਕਦੀ ਚਾਲਾਕ ਬਣਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਪਰ ਅੱਜ ਆਪਣੇ ਸ਼ੱਕਾਂ ਨੂੰ ਸਹੀ ਕਰਨ ਵਾਸਤੇ ਉਸ ਉੱਤਰ ਵਿਚ ਪੁਛ ਹੀ ਲਿਆ : "ਸੱਚ ਦਸ ਨਾ ਕਰਨਲ ਗਾਰਡਨਰ ਕਿ ਕੀ ਤੁਸੀਂ ਨਹੀਂ ਜਾਣਦੇ ?" ਗਾਰਡਨਰ ਮੁਸਕਰਾਇਆ। ਉਸ ਆਪਣੀ ਦਾੜ੍ਹੀ ਉੱਤੇ ਹੱਥ ਫੇਰਿਆ ਤੇ ਕਿਹਾ : 'ਹਾਂ ਜਾਣਦਾ ਹਾਂ, ਤੁਸੀਂ ਕੰਵਰ ਸਾਹਿਬ ਨੂੰ ਮਿਲਣ ਜਾ ਰਹੇ ਹੋ।"

ਹਰਪਾਲ ਨੇ ਗਾਰਡਨਰ ਵਲ ਵੇਖਿਆ ਤੇ ਉਹ ਹੈਰਾਨ ਹੋਇਆ ਕਿ ਇਹ ਆਦਮੀ ਕੇਡਾ ਚਾਲਾਕ ਤੇ ਕੇਡਾ ਨਿਡਰ ਹੈ। ਚਾਲਾਕੀ ਇਹਦੀ ਨੱਸ ਨੱਸ ਵਿਚ ਇਉਂ ਭਰੀ ਹੋਈ ਹੈ ਕਿ ਇਹਦੇ ਆਚਰਨ ਨਾਲੋਂ ਰਤਾ ਵੱਖ ਕੀਤੀ ਨਹੀਂ ਜਾ ਸਕਦੀ। ਇਹ ਐਨਾ ਚਤਰ ਹੈ ਕਿ ਕਿਸੇ ਤਰ੍ਹਾਂ ਵੀ ਇਹਦਾ ਸਾਵਾਂ ਡੋਲ ਭੰਗ ਨਹੀਂ ਹੋ ਸਕਦਾ। ਜੇ ਕੋਈ ਹੋਰ ਆਦਮੀ ਹੁੰਦਾ ਤਾਂ ਹਰਪਾਲ ਦਾ ਸੁਆਲ ਸੁਣ ਕੇ ਝਿਝਕ ਜਾਂਦਾ ਤੇ ਘਟੋ ਘਟ ਪਲ ਦੀ ਪਲ ਲਈ ਉਹਦੇ ਮੂੰਹ ਉੱਤੇ "ਸੱਚ ਬੋਲਾਂ ਕਿ ਝੂਠ" ਦੇ ਭਾਵ ਉਤਪੰਨ ਹੁੰਦੇ। ਪਰ ਗਾਰਡਨਰ ਸੀ ਕਿ ਉਹਨੂੰ ਰਤਾ ਸੋਚਣਾ ਨਹੀਂ ਪਿਆ, ਰਤਾ ਝਿਝਕ ਜਾਂ ਸੰਗ ਨਹੀਂ ਆਈ।

ਹਰਪਾਲ ਨੇ ਪੁਛਿਆ, "ਫਿਰ ?" "ਐਵੇਂ ਹੀ ਪੁਛ ਬੈਠਾ। ਦਰਅਸਲ ਮੈਂ ਤੁਹਾਨੂੰ ਮਿਲਣ ਵਾਸਤੇ ਹੀ ਆਇਆ ਹਾਂ।"

"ਮੈਂ ਜਾਣਦਾ ਹਾਂ, ਕਹੋ।" ਦੋਵੇਂ ਜਣੇ ਆਪਣੇ ਆਪਣੇ ਘੋੜਿਆਂ ਉੱਤੇ ਚੜ੍ਹੇ ਜਾ ਰਹੇ ਸਨ। ਰਾਹ ਵਿਚ ਜਿਹੜਾ ਵੀ ਉਨ੍ਹਾਂ ਨੂੰ ਮਿਲਦਾ ਸਤਿ ਸ੍ਰੀ ਅਕਾਲ ਬੁਲਾਂਦਾ। "ਜਰਨੈਲ ਸਾਹਿਬ ! ਮੈਂ ਖ਼ਾਲਸਾ ਰਾਜ ਦਾ ਇਕ ਅਦਨਾ ਸੇਵਕ ਹਾਂ। ਮੈਂ ਪੰਜਾਬ ਨੂੰ ਆਪਣੀ ਮਾਤ੍ਰ-ਭੂਮੀ ਸਮਝਿਆ ਹੈ ਤੇ ਇਸ ਦੇਸ਼ ਤੇ ਇਸ ਰਾਜ ਵਾਸਤੇ ਮੈਥੋਂ ਜੋ ਕੁਝ ਬਣਿਆ ਸਰਿਆਂ ਹੈ ਕੀਤਾ ਹੈ ਤੇ ਅਗੇ ਤੋਂ ਕਰਾਂਗਾ। ਮੈਂ ਜਾਣਦਾ ਹਾਂ ਕਿ ਤੁਸੀਂ ਮੈਨੂੰ ਹੁਸ਼ਨਾਕ ਤੇ ਚਾਲਾਕ ਸਮਝਦੇ ਹੋ ਤੇ ਮੇਰੇ ਉੱਤੇ..."

ਹਰਪਾਲ ਨੇ ਉਹਨੂੰ ਟੋਕਿਆ, "ਤੁਸੀਂ ਕਹਿਣਾ ਕੀ ਚਾਹੁੰਦੇ ਹੋ, ਕਰਨਲ ਸਾਹਿਬ ?" "ਮੈਂ ਕੁਝ ਕਹਿਣਾ ਨਹੀਂ ਚਾਹੁੰਦਾ, ਪਰ ਤੁਸੀਂ ਜਾਣਦੇ ਹੋ ਮੈਂ ਕਿਸ ਮਤਲਬ ਵਾਸਤੇ ਤੁਹਾਡੇ ਕੋਲ ਆਇਆ ਹਾਂ।" "ਰੋਕਣ ਵਾਸਤੇ ਕਿ ਮੈਂ ਕੰਵਰ ਨੂੰ ਇਕਲਿਆਂ ਨਾ ਮਿਲਾਂ ?"

"ਜੀ ?" "ਕੀ ਤੁਹਾਨੂੰ ਰਾਜਾ ਧਿਆਨ ਸਿੰਘ ਨੇ ਮੇਰੇ ਕੋਲ ਭੇਜਿਆ ਹੈ ?" "ਨਹੀਂ। ਰਾਜਾ ਗੁਲਾਬ ਸਿੰਘ ਨੇ..." ਹਰਪਾਲ ਨੇ ਗਾਰਡਨਰ ਵਲ ਵੇਖਿਆ। ਉਹਨੂੰ ਲਗਾ ਕਿ ਇਸ ਗੱਲ ਬਾਤ ਦੇ ਦੌਰਾਨ ਵਿਚ ਗਾਰਡਨਰ ਨੇ ਪਹਿਲੀ ਵਾਰੀ ਝੂਠ ਮਾਰਿਆ ਹੈ। "ਸੱਚ !" "ਸੱਚ !"

Scanned by CamScanner

ਹਰਪਾਲ ਨੇ ਗੱਲ ਨੂੰ ਹੋਰ ਲਮਕਾਣਾ ਯੋਗ ਨਾ ਸਮਝਿਆ। ਉਹ ਸਚਾਈ ਜਾਣਦਾ ਸੀ ਤੇ ਉਹ ਗਾਰਡਨਰ ਨਾਲ ਮਹਾਰਾਜਾ ਸਾਹਿਬ, ਰਾਜਾ ਧਿਆਨ ਸਿੰਘ ਤੇ ਆਪਣੇ ਆਪ ਬਾਰੇ ਕੋਈ ਬਹਿਸ ਨਹੀਂ ਸੀ ਕਰਨਾ ਚਾਹੁੰਦਾ। ਗਾਰਡਨਰ ਰਾਜਾ ਧਿਆਨ ਸਿੰਘ ਦਾ ਰਾਜ਼ਦਾਨ ਹੋਵੇ ਪਿਆ, ਹਰਪਾਲ ਵਾਸਤੇ ਉਹ ਇਕ ਕਰਨਲ ਸੀ ਤੇ ਬਸ ! ਹਰਪਾਲ ਜਰਨੈਲ ਸੀ । ਫ਼ੌਜੀ ਰੁਤਬੇ ਵਿਚ ਫ਼ਰਕ ਹਰਪਾਲ ਵਾਸਤੇ ਗੌਰਵ ਫ਼ਰਕ ਸੀ। ਤੇ ਇਹ ਰੁਤਬੇ ਦੀ ਭਿੰਨਤਾ ਤੇ ਇਹਦਾ ਅਹਿਸਾਸ ਨਾ ਰਹੇ ਤਾਂ ਫ਼ੌਜੀ ਜ਼ਬਤ ਖੇਰੂੰ ਖੇਰੂੰ ਹੋ ਜਾਏ। ਦੂਜਾ ਹਰਪਾਲ ਗਾਰਡਨਰ ਨੂੰ ਬਦੇਸੀ ਸਮਝਦਾ ਸੀ । ਜੋ ਕੁਝ ਵੀ ਹੋਵੇ ਉਹਨੂੰ ਜਾਪਦਾ, ਕਿ ਇਨ੍ਹਾਂ ਬਦੇਸੀ ਅਫ਼ਸਰਾਂ ਉੱਤੇ ਬਹੁਤਾ ਇਤਬਾਰ ਨਹੀਂ ਕਰਨਾ ਚਾਹੀਦਾ। ਇਨ੍ਹਾਂ ਕੋਲੋਂ ਕੰਮ ਲੈਣਾ ਚਾਹੀਦਾ ਹੈ ਤੇ ਸੋਂਹਦਾ ਮੁਆਵਜ਼ਾ ਦੇਣ ਚਾਹੀਦਾ ਹੈ, ਪਰ ਇਨ੍ਹਾਂ ਨੂੰ ਫ਼ੌਜੀ ਜਾਂ ਮੁਲਕੀ ਪਰਬੰਧ ਦੇ ਸਿਆਹ ਸੁਫ਼ੈਦ ਦਾ ਮਾਲਕ ਬਣਾਣਾ ਭੁਲ ਹੈ। ਹਰੀ ਸਿੰਘ ਨਲੂਏ ਦੇ ਵੀ ਇਹੋ ਵਿਚਾਰ ਸਨ। ਉਹਨੇ ਇਸ ਬਾਰੇ ਰਣਜੀਤ ਸਿੰਘ ਨਾਲ ਵੀ ਗੱਲ ਕੀਤੀ ਸੀ ਤੇ ਉਹ ਸਹਿਮਤ ਸੀ। ਪਰ ਅੱਜ ਹਰਪਾਲ ਨੇ ਵੇਖਿਆ ਕਿ ਧਿਆਨ ਸਿੰਘ ਫ਼ੌਜੀ ਤੇ ਮੁਲਕੀ ਪਰਬੰਧ ਦੀ ਤਾਂ ਗੱਲ ਹੀ ਕੀ ਬਦੇਸੀ ਅਫ਼ਸਰਾਂ ਨੂੰ ਆਪਣੀਆਂ ਰਾਜਨੀਤਕ ਚਾਲਾਂ ਨਾਲ ਵੀ ਨੱਥੀ ਕਰ ਰਿਹਾ ਹੈ। ਹਰਪਾਲ ਦਾ ਮਨ ਰਾਜਾ ਧਿਆਨ ਸਿੰਘ ਵਲੋਂ ਹੋਰ ਵੀ ਖੱਟਾ ਹੋਇਆ। ਕਿਉਂ ਤੇ ਕਾਹਦੇ ਲਈ ਗਾਰਡਨਰ ਨੂੰ ਪਲ ਪਲ ਦੀ ਖ਼ਬਰ ਮਿਲਦੀ ਹੈ ? ਕਿਉਂ ਉਹ ਉੱਚ ਨੀਤੀ ਦੀਆਂ ਸਭ ਖ਼ੁਫ਼ੀਆ ਗੱਲਾਂ ਜਾਣਦਾ ਹੈ ? ਕਿਉਂ ਉਹਨੂੰ ਹਰਪਾਲ ਵਰਗੇ ਸਿਰ ਕੱਢ ਸਰਦਾਰ ਕੋਲ ਸਮੇਂ ਸਮੇਂ ਭੇਜਿਆ ਜਾਂਦਾ ਹੈ ? ਕਿਉਂ ਉਹਦੀ ਆਵਾਜਾਈ ਕਿਲ੍ਹੇ ਵਿਚ ਆਮ ਹੈ ? ਉਹਦਾ ਜੀ ਕੀਤਾ ਕਿ ਉਹ ਰਾਜਾ ਧਿਆਨ ਸਿੰਘ ਨਾਲ ਸਾਫ਼ ਗੱਲ ਕਰੇ ਤੇ ਉਹਨੂੰ ਦਸੇ ਕਿ ਇਹ ਵਤੀਰਾ ਅਯੋਗ ਹੈ। ਪਰ ਫਿਰ ਉਸ ਸੋਚਿਆ ਕਿ ਕਰਨਲ ਗਾਰਡਨਰ ਖ਼ਾਲਸਾ ਰਾਜ ਦਾ ਨੌਕਰ ਨਹੀਂ। ਉਹਦੀ ਤਨਖ਼ਾਹ ਰਾਜਾ ਧਿਆਨ ਸਿੰਘ ਦੀ ਨਿੱਜੀ ਜਾਗੀਰ ਵਿਚੋਂ ਆਉਂਦੀ ਹੈ । ਪਰ ਫਿਰ ਵੀ...ਫਿਰ ਵੀ ਇਹ ਸ਼ੈ ਅਯੋਗ ਹੈ. ਉਸ ਮਹਿਸੂਸ ਕੀਤਾ।

"ਅੱਛਾ ਕਰਨਲ ਗਾਰਡਨਰ ! ਰਾਜਾ ਗੁਲਾਬ ਸਿੰਘ ਨੂੰ ਕਹਿ ਦੇਣਾ ਕਿ ਤੁਸਾਂ ਉਹਦਾ ਸੁਨੇਹਾ ਮੈਨੂੰ ਪਹੁੰਚਾ ਦਿਤਾ ਹੈ।" "ਸਤਿ ਬਚਨ ਜਰਨੈਲ ਸਾਹਿਬ ! ਪਰ ਮੈਂ ਤੁਹਾਨੂੰ ਇਕ ਵਾਰ ਫਿਰ ਮਿਲਣ ਦਾ ਸੁਭਾਗ ਲਵਾਂਗਾ, ਜਦੋਂ ਤੁਸੀਂ ਸ਼ਾਇਦ ਚੰਗੇਰੇ ਰਉਂ ਵਿਚ ਹੋਵੋ।" ਤੇ ਉਸ ਆਪਣਾ ਘੋੜਾ ਮੋੜ ਲਿਆ।

ਹਰਪਾਲ ਕਿਲ੍ਹੇ ਵਿਚ ਪਹੁੰਚਿਆ। ਉਹ ਘੋੜੇ ਤੋਂ ਉਤਰਿਆ ਤੇ ਡਿਓਢੀ ਦੇ ਕੋਲ ਉਹਨੂੰ ਜ਼ਮਾਂਦਾਰ ਖ਼ੁਸ਼ਹਾਲ ਸਿੰਘ ਮਿਲਿਆ। ਦਰਬਾਰ ਦੇ ਕਮਰੇ ਤੋਂ ਬਾਹਰ ਰਾਜਾ ਗੁਲਾਬ ਸਿੰਘ ਖਲੋਤਾ ਸੀ। "ਕੰਵਰ ਸਾਹਿਬ ਤੁਹਾਡੀ ਉਡੀਕ ਕਰ ਰਹੇ ਹਨ।" ਰਾਜਾ ਗੁਲਾਬ ਸਿੰਘ ਨੇ ਕਿਹਾ। ਹਰਪਾਲ ਨੇ ਵੇਖਿਆ ਕਿ ਰਾਜਾ ਧਿਆਨ ਸਿੰਘ ਓਥੇ ਕਿਤੇ ਨਹੀਂ। ਪਰ ਫਿਰ ਉਸ ਸੋਚਿਆ ਕਿ ਆਖ਼ਰ ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਵਿਚ ਫ਼ਰਕ ਹੀ ਕੀ ਹੈ। ਉਹਨੂੰ ਲੱਗਾ ਕਿ ਧਿਆਨ ਸਿੰਘ ਜਾਣ ਕੇ ਨਹੀਂ ਆਇਆ ਤਾਂ ਜੋ ਉਹਦੀ ਤੇ ਗੁਲਾਬ ਸਿੰਘ ਦੀ ਝੜਪ ਹੋ ਸਕੇ। ਜਿਥੋਂ ਤਕ ਉਹ ਜਾਣਦਾ ਸੀ ਗੁਲਾਬ ਸਿੰਘ ਵੀ ਧਿਆਨ ਸਿੰਘ ਵਾਂਗ ਉਹਦੇ ਕੋਲੋਂ ਡਰਦਾ ਨਹੀਂ। ਗੁਲਾਬ ਸਿੰਘ ਧਿਆਨ ਸਿੰਘ ਵਾਂਗ ਮਿੱਠ ਬੋਲਾ ਨਹੀਂ। ਗੁਲਾਬ ਸਿੰਘ ਦਾ ਲਹਿਜਾ ਤੇ ਉਹਦੇ ਹੱਥਲੇ ਕੰਮਾਂ ਨੂੰ ਨੇਪਰੇ ਚਾੜ੍ਹਨ ਦੇ ਤਰੀਕੇ ਠੁੱਲ੍ਹੇ ਤੇ ਸਿਧੇ ਸਾਦੇ ਸਨ। ਕਿਹਾ ਜੁੱਟ ਸੀ ਇਨ੍ਹਾਂ ਦੋਹਾਂ ਭਰਾਵਾਂ ਦਾ ? ਇਕ ਮਿੱਠ ਬੋਲਾ, ਆਲਾ ਭੋਲਾ ਫਬੀਲਾ ਤੇ ਅੰਦਰੋਂ ਅੰਦਰੀ ਕਾਰੇ ਕਰਨ ਵਾਲਾ। ਇਕ ਸਖ਼ਤ ਮਿਜ਼ਾਜ, ਅੰਦਰੋਂ ਬਾਹਰੋਂ ਚਾਲਾਕ, ਪੱਧਰੇ ਤਰੀਕੇ ਅਪਣਾਉਣ ਵਾਲਾ। ਆਪੇ ਵਿਚ ਮਿਲ ਕੇ ਭਰਾ ਸਭ ਵਿਰੋਧੀ ਨਿਹੱਥੇ ਕਰ ਸਕਦੇ ਸਨ।

"ਕੀ ਤੁਸੀਂ ਕੰਵਰ ਸਾਹਿਬ ਨੂੰ ਇਕੱਲਿਆਂ ਮਿਲਣਾ ਚਾਹੁੰਦੇ ਹੋ ?" "ਜੇ ਆਗਿਆ ਹੋਵੇ।" "ਮਾਹਿਲ ਸਰਦਾਰ ਨੂੰ ਸਾਡੀ ਆਗਿਆ ਦੀ ਕੀ ਲੋੜ ਹੈ ? ਅਸੀਂ ਖ਼ਾਲਸਾ ਰਾਜ ਦੇ ਨੌਕਰ ਹਾਂ ਤੁਹਾਡੇ ਘਰਾਣੇ ਵਾਂਗ ਬਿਹਦੇ ਉਸਰੱਈਏ ਨਹੀਂ।" "ਐਸ ਵੇਲੇ ਇਨ੍ਹਾਂ ਗੱਲਾਂ ਦੀ ਕੀ ਲੋੜ ਹੈ ਰਾਜਾ ਸਾਹਿਬ ?"

"ਸਿਰਫ਼ ਇਹ ਕਹਿਣ ਦੀ ਖੁਲ੍ਹ ਲੈਂਦਾ ਹਾਂ ਕਿ ਮੇਰੇ ਤੇ ਰਾਜਾ ਧਿਆਨ ਸਿੰਘ ਦੇ ਬਰਖ਼ਿਲਾਫ਼ ਤੁਹਾਡੇ ਸ਼ੱਕ ਯੋਗ ਨਹੀਂ। ਜੇ ਤੁਸੀਂ ਚਾਹੋ ਤਾਂ ਅਸੀਂ ਦੋਵੇਂ ਭਰਾ ਅਜ ਹੀ ਰਾਜ ਕਾਜ ਤੋਂ ਅਲੱਗ ਹੋ ਜਾਂਦੇ ਹਾਂ। ਧਿਆਨ ਸਿੰਘ ਨੂੰ ਤਾਂ ਸ਼ੇਰੇ-ਪੰਜਾਬ ਦੇ ਪਿਛੋਂ ਲਾਹੌਰ ਵਢ ਵਢ ਖਾਂਦਾ ਹੈ। ਜੇ ਮੈਂ ਤੇ ਬਾਕੀ ਸਰਦਾਰ ਉਹਨੂੰ ਮਜਬੂਰ ਨਾ ਕਰਦੇ

Scanned by CamScanner

ਤਾਂ ਉਹ ਅਜ਼ ਤਕ ਹਰਦਵਾਰ ਹੁੰਦਾ।" "ਮੈਨੂੰ ਤੁਹਾਡੇ ਬਰਖ਼ਿਲਾਫ਼ ਕੋਈ ਸ਼ਕ ਨਹੀਂ ਰਾਜਾ ਸਾਹਿਬ !" "ਅਗੇ ਤੁਹਾਡੀ ਮਰਜ਼ੀ ਹੈ, ਪਰ ਵੇਖਣਾ ਤੁਸੀਂ ਕੋਈ ਅਜੇਹਾ ਕਦਮ ਨਾ ਚੁਕਣਾ ਜਿਸ ਨਾਲ ਖ਼ਾਲਸਾ ਰਾਜ ਨੂੰ ਨੁਕਸਾਨ ਪਹੁੰਚੇ। ਅਗੇ ਹੀ ਦੇਸ਼ ਵਿਚ ਹਾਲਾਤ ਡਾਵਾਂ ਡੋਲ ਹਨ। ਮਾਹਿਲ ਘਰਾਣੇ ਦੇ ਸਰਦਾਰ ਤਾਈਂ ਇਨ੍ਹਾਂ ਹਾਲਾਤਾਂ ਨੂੰ ਵਿਗਾੜਨਾ ਨਹੀਂ ਸੋਭੇਗਾ।"

ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਜਿਹੜਾ ਕੌਲ ਖਲੋਤਾ ਸਾਰੀ ਗੱਲ ਬਾਤ ਸੁਣ ਰਿਹਾ ਸੀ, ਆਖਿਆ, "ਮੈਂ ਵੀ ਇਹੋ ਸਮਝਦਾ ਹਾਂ ਸਰਦਾਰ ਹਰਪਾਲ ਸਿੰਘ। ਸਾਨੂੰ ਸਾਰਿਆਂ ਨੂੰ ਇਕ ਮੁੱਠ ਹੋ ਕੇ ਰਾਜ ਨੂੰ ਸੰਗਠਤ ਰਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸ਼ੇਰੇ ਪੰਜਾਬ..." ਹਰਪਾਲ ਨੇ ਕਰੜੀਆਂ ਤੱਕਣੀਆਂ ਨਾਲ ਜਮਾਂਦਾਰ ਖ਼ੁਸ਼ਹਾਲ ਸਿੰਘ ਵਲ ਤੱਕਿਆ। ਖ਼ੁਸ਼ਹਾਲ ਸਿੰਘ ਇਕ ਦੰਮ ਚੁੱਪ ਕਰ ਗਿਆ। ਹਰਪਾਲ ਹੈਰਾਨ ਸੀ ਕਿ ਇਹ ਸਰਦਾਰ ਕਹਿ ਕੀ ਰਹੇ ਹਨ। ਕੀ ਡੋਗਰੇ ਤੇ ਪੂਰਬੀਆਂ ਦੇ ਦਿਲਾਂ ਵਿਚ ਇਸ ਰਾਜ ਨੂੰ ਸੰਗਠਤ ਰਖਣ ਦੀ ਲਾਲਸਾ ਮਾਹਿਲਾਂ ਦੀ ਅਜਿਹੀ ਲਾਲਸਾ ਨਾਲੋਂ ਵਧੇਰੇ ਜ਼ੋਰਦਾਰ ਹੈ ? ਕੀ ਇਹ ਸਮਝਦੇ ਹਨ ਕਿ ਹਰਪਾਲ ਜੋ ਕੁਝ ਕਰ ਰਿਹਾ ਹੈ ਉਹ ਖ਼ਾਲਸਾ ਰਾਜ ਦੇ ਭਲੇ ਵਾਸਤੇ ਨਹੀਂ ? ਕੀ ਉਹ ਸਮਝਦੇ ਹਨ ਕਿ ਮਾਹਿਲ ਘਰਾਣਾ ਡੋਗਰਿਆਂ ਜਾਂ ਪੂਰਬੀਆਂ ਨਾਲੋਂ ਪੰਥ ਤੇ ਦੇਸ਼ ਦਾ ਘਟ ਖ਼ੈਰ-ਖ਼ਾਹ ਹੈ ?

ਉਸ ਜਾਂਚਿਆ ਕਿ ਇਸ ਸਾਰੀ ਗੱਲ ਬਾਤ ਦਾ ਮਨਸ਼ਾ ਕੀ ਹੈ। ਉਹਨੂੰ ਲੱਗਾ ਕਿ ਡੋਗਰਾ ਭਰਾ ਉਹਨੂੰ ਕਿਸੇ ਸਾਜ਼ਸ਼ ਦਾ ਮੋਹਰੀ ਸਾਬਤ ਕਰਨ ਦੀ ਕੋਸ਼ਿਸ਼ ਵਿਚ ਰੁੱਝੇ ਹਨ। "ਉਫ਼ !" ਉਹਦੇ ਦਿਲ ਵਿਚੋਂ ਇਕ ਹੂਕ ਉਠੀ, "ਕਿਉਂ ਸ਼ੇਰੇ-ਪੰਜਾਬ ਨੇ ਡੋਗਰਿਆਂ ਤੇ ਪੂਰਬੀਆਂ ਨੂੰ ਐਨੀ ਤਾਕਤ ਤੇ ਐਨੀ ਇੱਜ਼ਤ ਦਿਤੀ। ਇਨ੍ਹਾਂ ਦੇ ਆਚਰਣ ਤੇ ਸਿਖ ਆਚਰਣ ਵਿਚ ਬੜਾ ਫ਼ਰਕ ਹੈ। ਅਸੀਂ ਆਦਰਸ਼ਕ ਕੌਮ ਹਾਂ ਤੇ ਇਨ੍ਹਾਂ ਕੌਲ ਆਦਰਸ਼ ਕਿਥੋਂ। ਅਸੀਂ ਅਲਗਰਜ਼ ਤੇ ਆਪਾ ਵਾਰੂ ਹਾਂ, ਇਹ ਖ਼ੁਦਗਰਜ਼ ਤੇ ਆਪਾ ਸਵਾਰੂ। ਕੀ ਕਦੀ ਉਹ ਸਮਾਂ ਵੀ ਆਵੇਗਾ ਜਦੋਂ ਡੋਗਰੇ ਤੇ ਪੂਰਬੀਏ ਬਦੇਸੀ ਨੌਕਰ ਮਾਹਿਲ ਘਰਾਣੇ ਦੇ ਹਰਪਾਲ ਨੂੰ ਖ਼ਾਲਸਾ ਰਾਜ ਦੀ ਸਲਾਮਤੀ ਵਾਸਤੇ ਨਸੀਹਤ ਕਰ ਸਕਣਗੇ; ਮੈਂ ਨਹੀਂ ਸੀ ਜਾਣਦਾ, ਪਰ ਸ਼ਾਇਦ ਹਰੀ ਸਿੰਘ ਨਲੂਆ ਜਾਣਦਾ ਸੀ। ਅਜ ਮੈਨੂੰ...।"

ਉਹਦਾ ਇਕਾ ਇਕ ਜੀ ਕੀਤਾ ਕਿ ਉਹ ਪਿਛਲੇ ਪੈਰੀ ਪਰਤ ਜਾਏ। ਕੰਵਰ ਨੌਨਿਹਾਲ ਸਿੰਘ ਨੂੰ ਮਿਲਣ ਦੀ ਉਹਨੂੰ ਕੋਈ ਲੋੜ ਨਾ ਜਾਪੀ। ਉਹ ਡਰਿਆ ਕਿ ਜੇ ਇਨ੍ਹਾਂ ਭਰਾਵਾਂ ਨੇ ਕੰਵਰ ਨੂੰ ਵੀ ਉਹਦੇ ਵਲੋਂ ਬਦਗੁਮਾਨ ਕਰ ਦਿਤਾ ਹੋਵੇ ਤਾਂ ਕੀ ਬਣੇਗਾ। ਹਰਪਾਲ ਇਕ ਰਖਿਅਕ ਵਾਂਗ ਨਹੀਂ ਇਕ ਦੋਸ਼ੀ ਵਾਂਗ ਕੰਵਰ ਦੇ ਸਾਹਮਣੇ ਹੋਵੇਗਾ। ਉਹਨੂੰ ਯਾਦ ਆਇਆ ਕਿ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਉਹਨੂੰ ਕੰਵਰ ਨਾਲ ਇਕੱਲਿਆਂ ਮੁਲਾਕਾਤ ਮੰਗਣ ਦਾ ਜੇਰਾ ਕਰਨ ਦੇ ਬਰਖ਼ਿਲਾਫ਼ ਸਲਾਹ ਦਿਤੀ ਸੀ। ਆਪ ਮਹਾਰਾਜਾ ਖੜਗ ਸਿੰਘ ਨੇ ਵੀ ਡਰਦਿਆਂ ਡਰਦਿਆਂ ਆਪਣੀ ਮੰਗ ਮੰਗੀ ਤੇ ਕਿਹਾ ਕਿ ਜੇ ਉਹਦੀ ਜ਼ਾਤ ਤੇ ਜਾਗੀਰ ਨੂੰ ਕੋਈ ਖ਼ਤਰਾ ਨਾ ਹੋਵੇ ਤਾਂ ਹੀ ਉਹ ਅਗੇ ਵਧੇ। ਉਹਨੂੰ ਜਾਪਿਆ ਕਿ ਖੜਗ ਸਿੰਘ ਤੇ ਲਹਿਣਾ ਸਿੰਘ ਮਜੀਠੀਆ ਦਰਬਾਰ ਦੇ ਹਾਲਾਤਾਂ ਨੂੰ ਉਹਦੇ ਨਾਲੋਂ ਵਧ ਸਮਝਦੇ ਹਨ। ਪਰ...ਹੁਣ ਹਰਪਾਲ ਵਾਪਸ ਕਿਵੇਂ ਜਾਵੇ। ਉਹ ਜ਼ਿੰਦਗੀ ਵਿਚ ਹਾਰ ਖਾ ਕੇ ਮੜਨਾ ਨਹੀਂ ਸੀ ਸਿਖਿਆ। ਜੋ ਕੁਝ ਉਹਦੇ ਮਨ ਵਿਚ ਇਕੋ ਵਾਰ ਆਵੇ ਉਹ ਉਹਨੂੰ ਪੂਰਾ ਕਰਕੇ ਹੀ ਹਟਦਾ। ਤੇ ਫਿਰ ਇਹ ਸਵਾਲ ਸੀ ਸਿਖ ਪੰਥ ਤੇ ਸਿਖ ਰਾਜ ਦਾ। ਇਹ ਇਕ ਪਿਤਾ ਤੇ ਇਕ ਪੁੱਤਰ ਦੇ ਮੇਲ ਦਾ ਸਵਾਲ ਸੀ। ਇਹ ਸ਼ੇਰੇ-ਪੰਜਾਬ ਦੇ ਪੁੱਤਰ ਪੋਤਰੇ ਦੀ ਇੱਜ਼ਤ ਦਾ ਸਵਾਲ ਸੀ। ਹਰਪਾਲ ਨੇ ਫ਼ੈਸਲਾ ਕੀਤਾ ਕਿ ਉਹ ਕੰਵਰ ਨੂੰ ਮਿਲ ਕੇ ਹੀ ਜਾਵੇਗਾ।

ਕਰੜੀਆਂ ਤੱਕਣੀਆਂ ਨਾਲ ਉਸ ਗੁਲਾਬ ਸਿੰਘ ਤੇ ਖ਼ੁਸ਼ਹਾਲ ਸਿੰਘ ਵਲ ਤੱਕਿਆ ; "ਮੈਂ ਕੋਈ ਹੋਰ ਗੱਲ ਨਹੀਂ ਕਰਨਾ ਚਾਹੁੰਦਾ। ਕਰਨਲ ਗਾਡਰਨਰ ਮੈਨੂੰ ਤੁਹਾਡੇ ਵਲੋਂ ਸਭ ਕੁਝ ਦਸ ਚੁਕਾ ਹੈ।" ਤੇ ਉਹ ਅੰਦਰ ਵੜ ਗਿਆ। ਕੰਵਰ ਚੌਕੀ ਉੱਤੇ ਬੈਠਾ ਸੀ। ਮਿਸਰ ਬੇਲੀ ਰਾਮ ਤੇ ਲਹਿਣਾ ਸਿੰਘ ਸੰਧਾਵਾਲੀਏ ਹਜ਼ੂਰੀ ਵਿਚ ਖੜੇ ਹਨ। ਹਰਪਾਲ ਨੂੰ ਵੇਖ ਕੇ ਕੰਵਰ ਨੇ ਉਹਨੂੰ ਠੰਡੇ ਲਹਿਜੇ ਵਿਚ ਸਤਿ ਸ੍ਰੀ ਅਕਾਲ ਕਹੀ। ਹਰਪਾਲ ਹੈਰਾਨ ਕਿ ਕੰਵਰ ਦੇ ਸਵੇਰੇ ਦੇ ਤੇ ਹੁਣ ਦੇ ਲਹਿਜੇ ਵਿਚ ਕਿੰਨਾ ਫ਼ਰਕ ਹੈ। ਬੇਸ਼ਕ, ਉਸ ਸੋਚਿਆ, ਡੋਗਰੇ ਭਰਾਵਾਂ ਨੇ ਕੰਵਰ ਦੇ ਦਿਲ ਵਿਚ ਉਹਦੇ ਉਲਟ ਕੋਈ ਨਾ ਕੋਈ ਗ਼ਲਤ ਫ਼ਹਿਮੀ ਪਾ ਦਿਤੀ ਹੈ। "ਤੁਸੀਂ ਮੇਰੇ ਨਾਲ ਨਵੇਕਲਿਆਂ ਗੱਲ ਕਰਨੀ ਚਾਹੁੰਦੇ ਹੋ ਸਰਦਾਰ

Scanned by CamScanner

ਹਰਪਾਲ ਸਿੰਘ !" "ਜੀ ਕੰਵਰ ਸਾਹਿਬ !" "ਤੁਹਾਨੂੰ ਆਗਿਆ ਹ , ਕਵਰ ਨੇ ਮਿਸਰ ਬੇਲੀ ਰਾਮ ਤੇ ਲਹਿਣਾ ਸਿੰਘ ਸੰਧਾਵਾਲੀਏ ਵਲ ਵੇਖਿਆ । "ਆਖੋ ਕੀ ਆਖਣਾ ਚਾਹੁੰਦੇ ਹੋ ?"

ਹਰਪਾਲ ਨੇ ਕੰਵਰ ਵਲ ਵੇਖਿਆ । ਕੰਵਰ ਬੰਦ ਗੁਮਾਨ ਸੀ । ਆਪਣੇ ਨਾਲੋਂ ਵਧ, ਹਰਪਾਲ ਨੂੰ ਜਾਪਿਆ, ਕੰਵਰ ਉਹਨੂੰ ਕੁਝ ਸੁਣਾਨ ਲਈ ਉਤਾਵਲਾ ਹੈ । ਜਿਹੜਾ ਤੂਫਾਨ ਕੰਵਰ ਦੇ ਸੀਨੇ ਵਿਚ ਮਚਲ ਰਿਹਾ ਸੀ, ਹਰਪਾਲ ਦੀ ਜਾਚੇ, ਉਹਨੂੰ ਵੱਸ ਹੀ ਜਾਣਾ ਚਾਹੀਦਾ ਹੈ । ਹਰਪਾਲ ਕੋਲ ਕਹਿਣ ਜੋਗਾ ਕੀ ਸੀ ਆਖਰ ? ਪਰ ਇਸ ਦੇ ਉਲਟ ਕੰਵਰ ਕੋਲ ਕਹਿਣ ਵਾਸਤੇ ਚੋਖਾ ਸੀ ਤੇ ਕਰਾਰਾ ਵੀ । "ਜਾਪਦਾ ਹੈ ਤੁਸੀਂ ਮੈਨੂੰ ਕੁਝ ਆਖਣਾ ਚਾਹੁੰਦੇ ਹੋ ਕੰਵਰ ਸਾਹਿਬ !" "ਮੁਲਾਕਾਤ ਤੁਸੀਂ ਮੰਗੀ ਸੀ । ਹਾਂ, ਪਰ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਤੁਹਾਡਾ ਨਿਤ ਨਿਤ ਮਹਾਰਾਜਾ ਸਾਹਿਬ ਦੀ ਹਵੇਲੀ ਜਾਣਾ ਠੀਕ ਨਹੀਂ । ਤੁਸੀਂ ਜਾਣਦੇ ਹੋ ਕਿ ਖ਼ਾਲਸਾ ਰਾਜ ਉੱਤੇ ਭੀੜਾ ਬਣੀ ਹੈ । ਅੰਗਰੇਜ਼ ਬੂਹੇ ਉੱਤੇ ਖੜੇ ਤਮਾਸ਼ਾ ਵੇਖ ਰਹੇ ਹਨ ਜਾਂ ਸਾਨੂੰ ਖਿੜਾ ਰਹੇ ਹਨ । ਇਸ ਵਕਤ ਰਾਜ ਦੇ ਸਭ ਸਰਦਾਰਾਂ ਨੂੰ ਇਕ ਮੁੱਠ ਰਹਿਣਾ ਚਾਹੀਦਾ ਹੈ । ਤੁਸੀਂ ਤੇ ਤੁਹਾਡੇ ਘਰਾਣੇ ਨੇ ਖ਼ਾਲਸਾ ਰਾਜ ਵਾਸਤੇ ਬੜੀ ਕੁਰਬਾਨੀ ਕੀਤੀ ...।"

ਕੰਵਰ ਕਹਿੰਦਾ ਗਿਆ ਤੇ ਹਰਪਾਲ ਸੁਣਦਾ ਗਿਆ, ਪਰ ਕੁਝ ਸਮਾਂ ਬੀਤਣ ਪਿਛੋਂ ਕੰਵਰ ਤਾਂ ਕਹਿੰਦਾ ਗਿਆ, ਪਰ ਹਰਪਾਲ ਨੂੰ ਕੁਝ ਸੁਣੇ ਨਾ । ਉਹ ਕੰਵਰ ਵਲ ਵੇਖਦਾ ਜਾ ਰਿਹਾ ਸੀ ਤੇ ਉਹਦੇ ਕੰਨ ਜਿਵੇਂ ਭੌਰੇ ਹੋ ਗਏ ਹੋਣ । ਉਹਦੇ ਮਨ ਅਗੇ ਵਿਚਰ ਰਹੀਆ ਸਨ ਖ਼ੈਬਰ ਦੀਆਂ ਪਹਾੜੀਆਂ, ਜਮਰੋਦ ਦਾ ਕਿਲ੍ਹਾ, ਉਹਦੇ ਪਿਤਾ ਦਲੇਰ ਸਿੰਘ ਦੇ ਪਿੰਡੇ ਉੱਤੇ ਅਨਗਿਣਤ ਫੱਟਾਂ ਦੇ ਨਿਸ਼ਾਨ । ਉਹਦਾ ਮੁਲਤਾਨ ਦੀ ਲੜਾਈ ਵਿਚ ਭਾਗ । ਉਹਦੇ ਦਾਦੇ ਦਾ ਨਾਦਰਸ਼ਾਹ ਅਬਦਾਲੀ ਦੇ ਹੱਲੇ ਵੇਲੇ ਜ਼ਖਮੀ ਹੋਣਾ । ਉਹਦੇ ਪੜਦਾਦੇ ਦਾ ਬਾਬਾ ਬੰਦਾ ਸਿੰਘ ਬਹਾਦਰ ਨਾਲ ਲੋਹ ਗੜ੍ਹ ਤੇ ਗੁਰਦਾਸ ਨੰਗਲ ਵਿਚ ਲੜਨਾ । ਹਰਪਾਲ ਕੁਝ ਸੁਣ ਨਹੀਂ ਸੀ ਰਿਹਾ, ਪਰ ਉਹਨੂੰ ਪਤਾ ਸੀ ਕਿ ਕੋਈ ਉਹਨੂੰ ਸਿਖ ਰਾਜ ਵਿਚ ਫੁਟ ਪਾਣ ਤੋਂ ਵਰਜ ਰਿਹਾ ਹੈ ਕਿ ਕੋਈ ਉਹਨੂੰ ਸਿਖ ਰਾਜ ਦੀ ਸਲਾਮਤੀ ਬਾਰੇ ਨਸੀਹਤ ਕਰ ਰਿਹਾ ਹੈ । ਹਾਂ, ਖ਼ਾਲਸਾ ਰਾਜ ਦਾ ਮਹਾਰਾਜ ਉਹਨੂੰ ਕਿਸੇ ਸਾਜ਼ਸ਼ ਨੂੰ ਜਨਮ ਦੇਣ ਤੋਂ ਵਰਜ ਰਿਹਾ ਹੈ ।

ਹਰਪਾਲ ਦਾ ਦਿਲ ਭਰ ਗਿਆ । ਉਹਦਾ ਜੀ ਕੀਤਾ ਕਿ ਉਹ ਹੁਣ ਵੀ ਵਾਪਸ ਮੁੜ ਜਾਏ । ਇਕ ਪਲ ਵੀ ਉਹ ਉਥੇ ਹੋਰ ਨਾ ਖਲੋਵੇ, ਭਾਵੇਂ ਹਰਪਾਲ ਨੂੰ ਕੁਝ ਸੁਝ ਬੁਝ ਨਹੀਂ ਸੀ ਰਿਹਾ ਪਰ ਉਹਨੂੰ ਮੌਕੇ ਦਾ ਇਕ ਅਚੇਤ ਅਹਿਸਾਸ ਜ਼ਰੂਰ ਸੀ । ਖ਼ਾਲਸਾ ਰਾਜ ਦਾ ਇਕ ਜਰਨੈਲ, ਖ਼ਾਲਸਾ ਰਾਜ ਦੇ ਮਹਾਰਾਜੇ ਸਾਹਮਣੇ ਸੀ । ਫੌਜੀ ਸ਼ਬਤ ਨੇ ਕੋਈ ਅਯੋਗ ਕਦਮ ਨਾ ਪੁੱਟਣ ਦਿਤਾ । ਹਰਪਾਲ ਕੰਵਰ ਦੇ ਲਾਏ ਗਏ ਦੂਸ਼ਨਾਂ ਬਾਰੇ ਵੀ ਕੁਝ ਪੁਛਣਾ ਨਹੀਂ ਸੀ ਚਾਹੁੰਦਾ ਕਿਉਂਕਿ ਉਹ ਉਨ੍ਹਾਂ ਦੀ ਸਚਾਈ ਤੇ ਪਿਛੋਕੜ ਜਾਣਦਾ ਸੀ, ਪਰ ਫਿਰ ਵੀ ਉਹ ਰਹਿ ਨਾ ਸਕਿਆ : "ਕੰਵਰ ਸਾਹਿਬ ਤੁਹਾਨੂੰ ਭੁਲੇਖੇ ਪਾਏ ਗਏ ਹਨ । ਮੈਂ ਖ਼ਾਲਸਾ ਰਾਜ ਦਾ ਇਕ ਸਿਪਾਹੀ ਹਾਂ । ਮੈਨੂੰ ਰਾਜਨੀਤਕ ਮੁਆਮਲਿਆਂ ਨਾਲ ਕੋਈ ਗ਼ਰਜ਼ ਨਹੀਂ । ਮੈਂ ਸਿਰਫ਼ ਇਕ ਵਾਰ ਮਹਾਰਾਜਾ ਸਾਹਿਬ ਦੇ ਬੁਲਾਵੇ ਤੇ ਉਨ੍ਹਾਂ ਦੀ ਹਵੇਲੀ ਗਿਆ ਹਾਂ ਤੇ ਜੋ ਗੱਲ ਬਾਤ ਉਥੇ ਹੋਈ ਉਹੋ ਤੁਹਾਨੂੰ ਦਸਣ ਵਾਸਤੇ ਮੈਂ ਤੁਹਾਡੇ ਕੋਲ ਹਾਜ਼ਰ ਹੋਇਆ ਹਾਂ ।" "ਪਰ ਸਰਦਾਰ ਹਰਪਾਲ ਸਿੰਘ ! ਜਿਹੜਾ ਵੈਰ ਤੇ ਵਿਰੋਧ ਤੁਸੀਂ ਰਾਜਾ ਧਿਆਨ ਸਿੰਘ ਵਾਸਤੇ ਆਪਣੇ ਦਿਲ ਵਿਚ ਰਖ ਲਿਆ ਹੈ ਉਹ ਯੋਗ ਨਹੀਂ । ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਵੀ ਇਹੋ ਆਖਦੇ ਹਨ ਕਿ ਤੁਸੀਂ ਹਕੂਮਤ ਦੀ ਵਾਗ ਡੋਰ ਨਾਲ ਦਿਲੋਂ ਰਾਜ਼ੀ ਨਹੀਂ....."

ਕੰਵਰ ਨੇ ਫਿਰ ਇਕ ਲੰਮੀ ਤਕਰੀਰ ਅਰੰਭ ਕੀਤੀ ਤੇ ਹਰਪਾਲ ਪਹਿਲੇ ਵਾਂਗ ਹੀ ਸੁਣਦਾ ਰਿਹਾ ਜਾਂ ਨਾ ਸੁਣਦਾ ਰਿਹਾ । ਹਾਂ ਕੰਵਰ ਦੇ ਇਹ ਆਖ਼ਰੀ ਸ਼ਬਦ ਉਹਦੇ ਕੰਨਾਂ ਤੇ ਉਹਦੀ ਚੇਤੰਨ ਸ਼ਕਤੀ ਕੋਲੋਂ ਅਣਸੁਣੇ ਨਾ ਰਹੇ । "ਮੈਨੂੰ ਤੁਸੀਂ ਸਰਦਾਰ ਹਰੀ ਸਿੰਘ ਨਲੂਆ ਦਾ ਰੂਪ ਲਗਦੇ ਹੋ ਤੇ ਮੈਂ ਸੋਚ ਰਿਹਾ ਹਾਂ ਕਿ ਤੁਹਾਨੂੰ ਖ਼ਾਲਸਈ ਸੈਨਾਂ ਦਾ ਸਿਪਾਹਸਾਲਾਰ ਨਿਯਤ ਕੀਤਾ ਜਾਏ । ਪਰ..." ਹਰਪਾਲ ਨੇ ਕੰਵਰ ਵਲ ਤੱਕਿਆ । ਕੇਡੀ ਸੁੰਦਰ ਸੂਰਤ ਸੀ, ਕੇਡਾ ਅਭੋਲ ਤੇ ਪਿਆਰਾ ਪਿਆਰਾ ਮੁਖੜਾ । ਕਿਸੇ ਪ੍ਰਗਟ ਗੁੱਸੇ ਨਾਲ ਕੰਵ ਰ ਬੋਲ ਰਿਹਾ ਸੀ, ਪਰ ਕਿਸ ਤਰ੍ਹਾਂ ਉਹਦਾ ਮਨ ਸਾਫ ਸੀ । ਜਦੋਂ ਉਹ ਬੋਲਦਾ ਤਾਂ ਉਹ ਦੀ ਕਲਗੀ ਹਿਲਦੀ ਤੇ ਆਪਣੇ ਹੱਥਾਂ ਨਾਲ ਉਹ ਨਿਕੇ ਨਿਕੇ ਇਸ਼ਾਰੇ ਕਰਦਾ ਆਪਣੇ ਮੂੰਹੋਂ ਨਿਕਲਦੇ ਬੋਲਾਂ ਉੱਤੇ ਇਨ੍ਹਾਂ ਇਸ਼ਾਰਿਆਂ ਨਾਲ ਦਬਾਅ ਸੁਣਦਾ । ਹਰਪਾਲ ਉਹਦੇ ਵਲ ਵੇਖਦਾ ਰਿਹਾ ਤੇ ਸੋਚਦਾ ਰਿਹਾ "ਕਾਸ਼ ! ਕੰਵਰ ਅੰਨਾਂ ਤੇਜ਼ ਤਬੀਅਤ ਨਾ ਹੋਵੇ । ਕਾਸ਼ ! ਉਹ ਕਹੀ ਗਈ ਹਰ ਗੱਲ ਉੱਤੇ ਇਤਬਾਰ ਨਾ ਕਰ

Scanned by CamScanner

ਲਏ। ਕਾਸ਼ ! ਉਹ ਆਪਣੇ ਪਿਤਾ ਨੂੰ ਨੇੜੇਕਲਿਆਂ ਮਿਲ ਸਕੇ। ਕਾਸ਼ ! ਉਹ ਆਪਣੇ ਪਿਤਾ ਦਾ ਪਿਆਰ ਲੈ ਕੇ ਵਧ ਮਾਨਵੀ ਬਣ ਸਕੇ।"

ਇਕਾ ਇਕ ਉਹਨੂੰ ਆਪਣਾ ਅਜ ਦਾ ਮਿਸ਼ਨ ਭਾਵਪੂਰਤ ਲੱਗਾ। ਉਹਨੂੰ ਸੰਤੁਸ਼ਟਤਾ ਹੋਈ ਕਿ ਉਹ ਰਸਤੇ ਵਿਚੋਂ ਮੁੜ ਨਹੀਂ ਗਿਆ। ਉਸ ਵੇਖਿਆ ਕਿ ਪਿਤਾ ਪੁੱਤਰ ਵਿਚ ਸਨੇਵਾਂ ਤੇ ਸਮਝੌਤਾ ਬੜਾ ਜ਼ਰੂਰੀ ਹੈ। ਮਾਲਸਾ ਰਾਜ ਦੀ ਸਲਾਮਤੀ ਏਸੇ ਵਿਚ ਹੈ ਕਿ ਪਿਤਾ ਪੁੱਤਰ ਜੁੜ ਬੈਠਣ। ਏਸ ਮੇਲ ਦੇ ਪ੍ਰਕਾਸ਼ ਵਿਚ, ਉਹਨੂੰ ਜਾਪਿਆ, ਕਿ ਸਭ ਕੁਕਰਮ ਅਲੋਪ ਹੋਣਗੇ ਤੇ ਕਾਲੇ ਮਨ ਨਿਰਮਲ ਹੋਣਗੇ। ਪਿਤਾ ਤੇ ਪੁੱਤਰ ਵਿਚਕਾਰ ਭੁਲੇਖੇ ਹੀ ਉਹਨੂੰ ਦਰਬਾਰ ਵਿਚ ਹੋ ਰਹੀ ਰਾਜਨੀਤਕ ਖਿਚੋਤਾਣ ਤੇ ਕਸ਼ਮਕਸ਼ ਦਾ ਅਸਲੀ ਕਾਰਨ ਲੱਗੇ। ਜੇ ਪਿਤਾ ਪੁੱਤਰ ਮਿਲ ਬੈਠੇ ਤਾਂ ਵਜ਼ੀਰੇ-ਆਜ਼ਮ ਤੇ ਬਾਕੀ ਵਜ਼ੀਰਾਂ ਤੇ ਅਮੀਰਾਂ ਦੀ ਤਾਕਤ ਵੀ ਥਾਂ ਸਿਰ ਰਹੇਗੀ।

ਕੰਵਰ ਗੱਲਾਂ ਕਰਦਾ ਗਿਆ ਤੇ ਹਰਪਾਲ ਉਹਦੇ ਵਲ ਵੇਖਦਾ ਗਿਆ। ਕੰਵਰ ਦੀ ਉਮਰ ਹਰਪਾਲ ਨਾਲੋਂ ਅੱਧੀ ਸੀ, ਪਰ ਇਸ ਤਰ੍ਹਾਂ ਉਹਦੇ ਸਾਹਮਣੇ ਬੈਠਾ ਪ੍ਰਗਟ ਗੁੱਸੇ ਤੇ ਨਿਰਮਲ ਦਿਲ ਨਾਲ ਗੱਲਾਂ ਕਰਦਾ ਕੰਵਰ ਉਹਨੂੰ ਹੋਰ ਵੀ ਨਿਕਾ ਲੱਗਾ। ਇਕਾ ਇਕ ਹਰਪਾਲ ਦੇ ਖ਼ਿਆਲ ਪੰਝੀ ਵਰ੍ਹੇ ਪਹਿਲੇ ਉਹਦੇ ਤੇ ਅਜੀਤ ਦੇ ਪਿਆਰ ਵਲ ਚਲੇ ਗਏ। ਪਤਾ ਨਹੀਂ ਕਿਵੇਂ ਉਹਨੂੰ ਖ਼ਿਆਲ ਆਇਆ ਕਿ ਜੇ ਉਹਦਾ ਤੇ ਅਜੀਤ ਦਾ ਵਿਆਹ ਹੋ ਗਿਆ ਹੁੰਦਾ ਤੇ ਜੇ ਉਨ੍ਹਾਂ ਦੇ ਘਰ ਕੋਈ ਪੁੱਤਰ ਹੋਇਆ ਹੁੰਦਾ ਤਾਂ ਉਹਦੀ ਉਮਰ ਕੰਵਰ ਜੇਡੀ ਹੀ ਹੁੰਦੀ। ਉਹਨੂੰ ਇਹ ਵੀ ਲੱਗਾ ਕਿ ਉਹਦੇ ਪੁੱਤਰ ਦੀ ਨੁਹਾਰ ਵੀ ਕੰਵਰ ਵਰਗੀ ਹੀ ਹੋਣੀ ਸੀ। ਹਰਪਾਲ ਦਾ ਇਕੋ ਇਕ ਜੀ ਕੀਤਾ ਕਿ ਉਹ ਅਗੇ ਵਧ ਕੇ ਕੰਵਰ ਨੂੰ ਆਪਣੀ ਛਾਤੀ ਨਾਲ ਲਾ ਲਏ ..।

ਜਦੋਂ ਕੰਵਰ ਨੇ ਹਰਪਾਲ ਨੂੰ ਆਪਣੇ ਵਲ ਇਹੋ ਜਹੀਆਂ ਤੱਕਣੀਆਂ ਨਾਲ ਵੇਂਹਦਿਆਂ ਵੇਖਿਆ ਤਾਂ ਉਹਦੇ ਕੋਲੋਂ ਵੀ ਜਿਵੇਂ ਹਰਪਾਲ ਦੇ ਸੀਨੇ ਵਿਚ ਉਲਰੀਆਂ ਵਾਤਸਲੀ ਭਾਵਨਾਵਾਂ ਗੁੱਝੀਆਂ ਨਾ ਰਹੀਆਂ। ਕੰਵਰ ਦਾ ਗੁੱਸਾ ਪਲੋ ਪਲੀ ਉਤਰ ਗਿਆ। ਉਹਨੂੰ ਭੁਲ ਗਿਆ ਕਿ ਉਹ ਕਹਿੰਦਾ ਕੀ ਰਿਹਾ ਹੈ ਤੇ ਕੀ ਕਹਿ ਰਿਹਾ ਹੈ ! ਕਿੰਨਾਂ ਚਿਰ ਕੰਵਰ ਤੇ ਹਰਪਾਲ ਇਕ ਦੂਜੇ ਵਲ ਵੇਖਦੇ ਰਹੇ। ਸ਼ਾਇਦ ਕੰਵਰ ਨੂੰ ਇਸ ਸਮੇਂ ਵਿਚ ਆਪਣੇ ਪਿਤਾ ਦਾ ਖ਼ਿਆਲ ਆਇਆ ਹੋਵੇ ! ਸ਼ਾਇਦ ਉਹਦਾ ਜੀ ਵੀ ਪਿਤਾ ਨੂੰ ਗਲਵੱਕੜੀ ਪਾਣ ਉੱਤੇ ਕੀਤਾ ਹੋਵੇ।

ਇਕ ਮੁੱਦਤ ਪਿਛੋਂ ਦੋਹਾਂ ਨੂੰ ਆਪੋ ਆਪਣੀ ਸਥਿਤੀ ਦਾ ਅਹਿਸਾਸ ਹੋਇਆ ਤਾਂ ਕੰਵਰ ਨੇ ਪੁੱਛਿਆ : "ਤੇ ਤੁਸੀਂ ਕੀ ਕਹਿਣਾ ਚਾਹੁੰਦੇ ਸਓ।" "ਕੰਵਰ ਸਾਹਿਬ ! ਥੋੜਾ ਕਹੇ ਨੂੰ ਬਹੁਤਾ ਜਾਣਨਾ। ਮਹਾਰਾਜਾ ਸਾਹਿਬ ਕੰਵਰ ਨੂੰ ਮਿਲਣ ਦੇ ਚਾਹਵਾਨ ਨਹੀਂ, ਪਰ ਇਕ ਪਿਤਾ ਆਪਣੇ ਪੁੱਤਰ ਨੂੰ ਆਪਣੀ ਗਲਵੱਕੜੀ ਵਿਚ ਲੈਣਾ ਚਾਹੁੰਦਾ ਹੈ। ਇਕ ਹਿੱਕ ਆਪਣੀ ਸੰਤਾਨ ਦੀ ਹਿੱਕ ਨੂੰ ਪਲੋਸਣ ਲਈ ਬੇਕਰਾਰ ਹੈ। ਪੁੱਤਰ ਦੀ ਹੋਰ ਲੰਮੀ ਬੇਰੁਖੀ ਪਿਤਾ ਦੇ ਪ੍ਰਾਣ ਲੈ ਲਵੇਗੀ।" ਕੰਵਰ ਅਵਾਕ ਹਰਪਾਲ ਵਲ ਤੱਕਦਾ ਰਿਹਾ। ਫਿਰ ਉਹ ਚੌਂਕੀ ਉੱਤੋਂ ਉਠਿਆ ਤੇ ਉਸ ਹਰਪਾਲ ਦੇ ਨੇੜੇ ਆ ਕੇ ਕਿਹਾ "ਬਸ.. ?" "ਬਸ ! ਇਹੋ ਹੀ ਗੱਲ ਹੋਈ ਸੀ ਮੇਰੇ ਤੇ ਮਹਾਰਾਜਾ ਸਾਹਿਬ ਵਿਚਕਾਰ !" ਇਕ ਲੰਮੀ ਚੁੱਪ ਪਿਛੋਂ ਨੌਨਿਹਾਲ ਸਿੰਘ ਨੇ ਕਿਹਾ "ਪਰ....."

ਹਰਪਾਲ ਕੰਵਰ ਦੇ ਐਨਾਂ ਨੇੜੇ ਸੀ ਕਿ ਸਿਰਫ ਬਾਹਾਂ ਚੁਕਣ ਨਾਲ ਹੀ ਕੰਵਰ ਉਹਦੀ ਗਲਵੱਕੜੀ ਵਿਚ ਆ ਜਾਂਦਾ। ਹਰਪਾਲ ਦਾ ਜੀ ਕੀਤਾ ਕਿ ਉਹ ਇਹ ਮੌਕਾ ਨਾ ਖੁੰਝਾਵੇ। ਕੰਵਰ ਨੂੰ ਆਪਣੀਆਂ ਬਾਹਾਂ ਵਿਚ ਲੈ ਲਵੇ, ਜਿਵੇਂ ਇਕ ਪਿਤਾ ਆਪਣੇ ਪੁੱਤਰ ਨੂੰ ਲੈਂਦਾ ਹੈ। ਜਿਵੇਂ ਸਮੁੰਦਰ ਦਰਿਆਵਾਂ ਨੂੰ ਆਪਣੇ ਆਪ ਵਿਚ ਸਮਾ ਲੈਂਦਾ ਹੈ। ਜਿਵੇਂ ਟੇਕ ਤੇ ਆਸਰਾ ਸ਼ੱਕਾਂ ਨੂੰ ਸਦਾ ਲਈ ਸੁਆ ਦੇਂਦੇ ਹਨ, ਜਿਵੇਂ ਸਲਤਨੱਤ ਦਾ ਚਿੰਨ੍ਹ ਆਪਣੇ ਰਾਜੇ ਨੂੰ ਵੀ ਆਪਣੇ ਆਪ ਵਿਚ ਸਮੇਟਣ ਲਗਦਾ ਹੈ। ਹਰਪਾਲ ਕੰਵਰ ਨੂੰ ਗਲਵੱਕੜੀ ਵਿਚ ਲੈ ਲਵੇ ਤੇ ਫਿਰ...ਫਿਰ ਸ਼ਾਇਦ ਹਰੀ ਸਿੰਘ ਨਲੂਏ ਦੀ ਥਾਂ ਲੈ ਕੇ ਉਹ...। ਪਰ...ਪਰ ਕੰਵਰ ਨੇ ਕਿਹਾ ਸੀ ਤੇ ਪਰ..."ਪਰ" ਹੀ ਹਰਪਾਲ ਨੇ ਦੁਹਰਾਇਆ ਇਸ ਤੋਂ ਪਹਿਲੇ ਕਿ ਹਰਪਾਲ ਕੋਈ ਅਯੋਗ ਹਰਕਤ ਕਰੇ ਜਾਂ ਕੋਈ ਅਯੋਗ ਸ਼ਬਦ ਕਹਿ ਸਕੇ ਉਸ ਉੱਥੋਂ ਟੁਰ ਆਉਣਾ ਲੋੜਿਆ। "ਮੈਂ ਬਸ ਇਹੋ ਕਹਿਣਾ ਸੀ ਕੰਵਰ ਸਾਹਿਬ ! ਤੁਹਾਡੇ ਚਿਲ ਵਿਚ ਪਾਏ ਗਏ ਬਾਕੀ ਸਭ ਸ਼ੱਕ ਨਿਰਮੂਲ ਹਨ...।"

Scanned by CamScanner

ਜਿਸ ਸਮੇਂ ਹਰਪਾਲ ਤੇ ਕੰਵਰ ਕਿਲ੍ਹੇ ਵਿਚ ਗੱਲ ਬਾਤ ਕਰ ਰਹੇ ਸਨ ਉਸ ਵੇਲੇ ਰਾਜਾ ਧਿਆਨ ਸਿੰਘ ਮਾਹਿਲਾਂ ਦੀ ਹਵੇਲੀ ਵਿਚ ਗੁਰਦਈ ਤੇ ਗੁਰਮੀਤ ਨਾਲ ਗੱਲ ਬਾਤ ਕਰ ਰਿਹਾ ਸੀ। 'ਮਾਂ", ਧਿਆਨ ਸਿੰਘ ਗੁਰਦਈ ਨੂੰ ਸਦਾ ਮਾਂ ਆਖ ਕੇ ਬੁਲਾਂਦਾ ਸੀ ਤੇ ਗੁਰਮੀਤ ਨੂੰ ਬੇਟੀ, "ਮੈਂ ਤੁਹਾਡੇ ਨਾਲ ਅੱਜ ਇਕ ਬੜੀ ਜ਼ਰੂਰੀ ਗੱਲ ਕਰਨ ਆਇਆ ਹਾਂ।" "ਆਓ ਰਾਜਾ ਸਾਹਿਬ ! ਧੰਨ ਭਾਗ ਤੁਸੀਂ ਪਧਾਰੇ ਹੋ। ਸਰਕਾਰ ਦੀ ਮੌਤ ਪਿਛੋਂ ਤਾਂ ਤੁਸੀਂ ਕਦੀ ਏਧਰ ਫੇਰਾ ਹੀ ਨਹੀਂ ਮਾਰਿਆ।"

ਰਾਜਾ ਧਿਆਨ ਸਿੰਘ ਨੇ ਇਕ ਠੰਡਾ ਹਉਕਾ ਭਰਿਆ। ਉਹ ਗੁਰਦਈ ਦੇ ਕੋਲ ਬਹਿ ਗਿਆ। ਉਸ ਆਪਣੇ ਮੱਥੇ ਉੱਤੇ ਹੱਥ ਰਖਿਆ ਤੇ ਭਰਾਈ ਆਵਾਜ਼ ਵਿਚ ਕਿਹਾ : "ਮਾਂ ਜੀ, ਸਰਕਾਰ ਦੀ ਮੌਤ ਪਿਛੋਂ ਹੋਈਆਂ ਗੱਲਾਂ ਦਾ ਕੀ ਕਹਿਣਾ। ਸਭ ਕੁਝ ਬਦਲ ਗਿਆ। ਸ਼ੇਰੇ-ਪੰਜਾਬ ਨੇ ਹਰ ਇਕ ਨਾਲ ਨਿਆਂ ਕੀਤਾ ਸੀ, ਹਰ ਇਕ ਨੂੰ ਬਖਸ਼ਸ਼ਾਂ ਬਖਸ਼ੀਆਂ ਸਨ, ਪਰ ਉਨ੍ਹਾਂ ਦੇ ਅੱਖਾਂ ਮੀਟਦਿਆਂ ਹੀ ਲੋਕਾਂ ਦੀ ਆਤਮਾ ਮਲੀਨ ਹੋ ਗਈ ਹੈ। ਸਵਾਰਥ ਤੇ ਲਾਲਚ ਨੇ ਲੋਕਾਂ ਨੂੰ ਅੰਨ੍ਹਾਂ ਕਰ ਦਿਤਾ ਹੈ। ਤੁਸਾਂ ਸੁਣਿਆ ਹੀ ਹੋ ਹੋਵੇਗਾ ਕਿ ਕਿਵੇਂ ਕੁਝ ਸਰਦਾਰਾਂ ਨੇ ਸੰਪੂਰਨ ਖ਼ਾਲਸਾ ਰਾਜ ਨੂੰ ਹੀ ਅੰਗਰੇਜ਼ਾਂ ਕੋਲ ਵੇਚਣ ਦੀ ਗੱਲ ਸੋਚੀ ?" ਗੁਰਦਈ ਨੇ ਇਹ ਗੱਲ ਚੰਗੀ ਤਰ੍ਹਾਂ ਸੁਣੀ ਸੀ ਤੇ ਦਿਲੋਂ ਉਹ ਇਸ ਗੱਲ ਉੱਤੇ ਇਤਬਾਰ ਕਰਦੀ ਸੀ, ਪਰ ਆਪਣੀਆਂ ਤੇ ਹਰਪਾਲ ਵਿਚਕਾਰ ਹੋਈਆਂ ਬਹਿਸਾਂ ਨੂੰ ਸਾਹਮਣੇ ਰੱਖ ਕੇ ਉਸ ਸ਼ਕ ਦੀ ਗੁੰਜਾਇਸ਼ ਰਖਣੀ ਹੀ ਯੋਗ ਸਮਝੀ।

"ਸੁਣੀ ਤਾਂ ਹੈ ਰਾਜਾ ਸਾਹਿਬ ਪਰ ਵਿਚੋਂ ਕਈ ਆਦਮੀ ਇਹ ਵੀ ਕਹਿੰਦੇ ਹਨ ਕਿ ਇਹ ਗੱਲ ਸੱਚ ਨਹੀਂ।" "ਮਾਂ ਜੀ, ਇਹੋ ਲੋਕ ਖ਼ਾਲਸਾ ਰਾਜ ਦੇ ਦੁਸ਼ਮਨ ਹਨ।" ਧਿਆਨ ਸਿੰਘ ਗੁਰਦਈ ਦੇ ਜ਼ਰਾ ਨੇੜੇ ਢੁਕ ਗਿਆ। "ਆਂ ਬੇਟੀ ਗੁਰਮੀਤ, ਜ਼ਰਾ ਨੇੜੇ ਹੋ ਕੇ ਬਹਿ। ਹੋ ਸਕਦਾ ਹੈ ਕਿ ਦਿਲਚਸਪੀ ਲੈਣ ਵਾਲੇ ਆਦਮੀ ਝੂਠ ਮਾਰਨ, ਪਰ ਹੱਥ ਲਿਖਤਾਂ ਤੇ ਚਿੱਠੀਆਂ ਤਾਂ ਝੂਠ ਨਹੀਂ ਬੋਲਦੀਆਂ। ਇਹੋ ਤਾਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਬਾਂਜਾਂ ਵਾਲੇ ਦੀ ਕ੍ਰਿਪਾ ਹੈ ਕਿ ਇਸ ਸਾਜ਼ਸ਼ ਦਾ ਸਾਨੂੰ ਪਹਿਲੇ ਪਤਾ ਲੱਗ ਗਿਆ ਨਹੀਂ ਤਾਂ ਮਾਂ, ਹੁਣ ਤਕ ਪੰਜਾਬ ਵਿਕ ਚੁਕਾ ਹੁੰਦਾ, ਤੇ ਪੰਥ ਬਰਬਾਦ ਹੋ ਚੁਕਾ ਹੁੰਦਾ।" ਗੁਰਦਈ ਨੇ ਕੁਝ ਨਾ ਕਿਹਾ। ਗੁਰਮੀਤ ਨੇ ਸ਼ੱਕੀ ਤੇ ਸਵਾਲੀਆ ਨਜ਼ਰਾਂ ਨਾਲ ਧਿਆਨ ਸਿੰਘ ਵਲ ਵੇਖਿਆ। ਉਹਨੂੰ ਸੱਝੀ ਹੋ ਗਈ ਜਾਪਦੀ ਸੀ ਕਿ ਵਜ਼ੀਰੇ-ਆਜ਼ਮ ਅੱਜ ਕਿਸ ਕਰ ਕੇ ਹਰਪਾਲ ਦੀ ਗੈਰ ਹਾਜ਼ਰੀ ਵਿਚ ਉਨ੍ਹਾਂ ਦੇ ਘਰ ਆਇਆ ਹੈ। ਧਿਆਨ ਸਿੰਘ ਦੀ ਮਿਠੀ ਬੋਲੀ ਤੇ ਉਹਦਾ ਗੁਰਦਈ ਵਾਸਤੇ ਸਤਿਕਾਰ ਉਹਦੇ ਇਰਾਦਿਆਂ ਨੂੰ ਪ੍ਰਗਟ ਕਰ ਰਿਹਾ ਸੀ। ਗੁਰਮੀਤ ਨੂੰ ਅਜੇ ਤਕ ਰਾਜਾ ਧਿਆਨ ਸਿੰਘ ਉੱਤੇ ਪੂਰਨ ਬੇਇਤਬਾਰੀ ਤੇ ਸ਼ੱਕ ਨਹੀਂ ਸੀ ਹੋਇਆ, ਪਰ ਇਸ ਦੇ ਬਾਵਜੂਦ ਵੀ ਉਹ ਆਪਣੇ ਭਰਾ ਦਾ ਪਾਸਾ ਲੈਣ ਵਾਸਤੇ ਉਤਾਵਲੀ ਸੀ। ਉਹ ਹਰਪਾਲ ਉੱਤੇ ਕੋਈ ਦੂਸ਼ਨ ਨਹੀਂ ਆਉਣ ਦੇਵੇਗੀ। ਧਿਆਨ ਸਿੰਘ ਨੇ ਗੁਰਮੀਤ ਦਾ ਰਵੱਈਆ ਵਾਚਿਆ ਤੇ ਉਸ ਉਹਨੂੰ ਵਡਿਆਣ ਲਈ ਕਿਹਾ : "ਤੂੰ ਜਾਣਦੀ ਹੈਂ ਬੇਟੀ ਕਿ ਜਦੋਂ ਤੂੰ ਸ਼ੇਰੇ-ਪੰਜਾਬ ਨੂੰ ਮਿਲਣ ਵਾਸਤੇ ਇਕ ਵਾਰ ਮਹਿਲ ਆਈ ਸੈਂ। ਮੈਂ ਕਿਵੇਂ ਚਾਈਂ ਚਾਈਂ ਤੇਰੀ ਮੁਲਾਕਾਤ ਕਰਾਈ ਸੀ। ਜਦੋਂ ਤੂੰ ਚਲੀ ਗਈ ਸੈਂ ਤਾਂ ਸਰਕਾਰ ਕਿੰਨਾ ਚਿਰ ਤੇਰੇ ਬਾਰੇ ਗੱਲਾਂ ਕਰਦੇ ਰਹੇ ਸਨ। ਤੇ ਅੱਜ ਮਾਂ, ਕਈ ਸਰਦਾਰ ਆਖਦੇ ਹਨ ਕਿ ਮੈਂ ਉਨ੍ਹਾਂ ਦੇ ਤੇ ਕੰਵਰ ਜੀ, ਜਾਂ ਮਹਾਰਾਜਾ ਸਾਹਿਬ ਦੇ ਰਾਹ ਵਿਚ ਖਲੋਤਾ ਹਾਂ। ਮੇਰੇ ਉੱਤੇ ਇਹ ਦੂਸ਼ਨ ? ਮੈਂ, ਜਿਸ ਖ਼ਾਲਸਾ ਰਾਜ ਦੇ ਸਿਰ ਉੱਤੇ ਅੰਡਾ ਅਹੁਦਾ ਪਾਇਆ। ਮੈਂ, ਜਿਸ ਸਰਕਾਰ ਦੇ ਚਰਨ ਧੋ ਧੋ ਕੇ ਪੀਤੇ। ਮੈਂ, ਜਿਸ ਸਰਕਾਰ ਦੇ ਪਰਵਾਰ ਨੂੰ ਆਪਣੇ ਪਰਵਾਰ ਨਾਲੋਂ ਵਧ ਪਿਆਰ ਕੀਤਾ। ਮੈਂ, ਜਿਹੜਾ ਖ਼ਾਲਸਾ ਰਾਜ ਤੇ ਖ਼ਾਲਸਾ ਪੰਥ ਵਾਸਤੇ ਹੱਸ ਹਸ ਸੂਲੀ ਚੜ੍ਹ ਜਾਣ ਲਈ ਤਿਆਰ ਹਾਂ...।"

Scanned by CamScanner

ਗੁਰਦਈ ਬੋਲੀ, "ਨਹੀਂ ਨਹੀਂ ! ਰਾਜਾ ਸਾਹਿਬ ਤੁਹਾਡੇ ਉੱਤੇ ਕੋਈ ਦੂਸ਼ਨ ਨਹੀਂ ਲਾਉਂਦਾ । ਬਸ ਹਵਾ ਹੀ ਪੁੱਠੀ ਵਗ ਰਹੀ ਹੈ ।" "ਮਾਂ ਜੀ ! ਤੁਸੀਂ ਨਹੀਂ ਜਾਣਦੇ ਕਿ ਸਰਕਾਰ ਦੇ ਸਸਕਾਰ ਵੇਲੇ ਮੇਰੀ ਕੀ ਹਾਲਤ ਸੀ । ਮੈਂ ਉਨ੍ਹਾਂ ਨਾਲ ਸਤੀ ਹੋ ਜਾਣਾ ਚਾਹੁੰਦਾ ਸਾਂ । ਮੈਂ ਉਨ੍ਹਾਂ ਦਾ ਵਿਛੋੜਾ ਨਹੀਂ ਸਾਂ ਸਹਾਰ ਸਕਦਾ । ਮੈਨੂੰ ਤਾਂ ਸਿਖ ਸਰਦਾਰਾ ਨੇ ਵਰਜਿਆ। ਮਾ ! ਹੁਣ ਵੀ ਮੈਂ ਸੁੱਤਾ ਸੁੱਤਾ ਬਰੜਾ ਉਠਦਾ ਹਾ ਸਰਕਾਰ ਦੀ ਸੂਰਤ ਮੇਰੇ ਨੈਣਾਂ ਅੱਗੇ ਆ ਜਾਂਦੀ ਹੈ ਤੇ ਮੈਂ ਉਨ੍ਹਾਂ ਦੇ ਚਰਨ ਛੋਹਣ ਲਈ ਅੱਗੇ ਵਧਦਾ ਹਾਂ, ਪਰ ਮੇਰੇ ਨੈਣ ਖੁਲ੍ਹ ਜਾਂਦੇ ਹਨ । ਓਦੋਂ ਮੇਰੇ ਅਥਰੂ ਛਮ ਛਮ ਵਹਿਣੋਂ ਨਹੀਂ ਰੁਕਦੇ ।"

ਹੁਣ ਵੀ ਧਿਆਨ ਸਿੰਘ ਦੇ ਅੱਥਰੂ ਸੁੱਚੀਂ ਮੁਚੀਂ ਵਹਿ ਟੁਰੇ । ਰੁਮਾਲ ਨਾਲ ਆਪਣੀਆਂ ਅੱਖਾਂ ਪੂੰਝਦਾ ਉਹ ਕਹਿੰਦਾ ਗਿਆ : "ਮੈਂ ਇਹ ਰਾਜ ਭਾਗ ਨਹੀਂ ਚਾਹੁੰਦਾ । ਮੈਨੂੰ ਹੁਣ ਦੁਨੀਆਂ ਨਾਲ ਕੋਈ ਮੋਹ ਨਹੀਂ । ਸਰਕਾਰ ਦਾ ਵਿਛੋੜਾ ਮੇਰੇ ਵਾਸਤੇ ਅਸਹਿ ਹੈ । ਦੁਨੀਆਂ ਮੇਰੇ ਵਾਸਤੇ ਅੰਧੇਰ ਹੈ । ਮੈਂ ਤਾਂ ਹੁਣ ਵੀ ਹਰਦੁਆਰ ਚਲਾ ਜਾਣਾ ਚਾਹੁੰਦਾ ਹਾਂ, ਪਰ ਕੀ ਕਰਾਂ ? ਸ਼ੇਰੇ-ਪੰਜਾਬ ਮਹਾਰਾਜਾ ਖੜਗ ਸਿੰਘ ਦੀ ਬਾਂਹ ਮੇਰੇ ਹੱਥ ਫੜਾ ਗਏ ਸਨ । ਉਹ ਕੰਵਰ ਨੌਨਿਹਾਲ ਸਿੰਘ ਨੂੰ ਮੇਰੇ ਸਪੁਰਦ ਕਰ ਗਏ ਸਨ । ਮੈਂ ਕੀ ਕਰਾਂ । ਮੈਂ ਕਿਧਰ ਜਾਵਾਂ । ਮੈਂ ਦੋਵੇਂ ਪਾਸਿਉਂ ਹੀ ਫਾਥਾ ਪਿਆ ਹਾਂ...।"

"ਰਾਜਾ ਸਾਹਿਬ ! ਤੁਸੀਂ ਰੋਵੋ ਨਾ," ਆਪ ਗੁਰਦਈ ਦੇ ਵੀ ਅੱਥਰੂ ਵਹਿ ਰਹੇ ਸਨ "ਸਰਕਾਰ ਤੁਹਾਡੇ ਹੱਥ ਇਸ ਰਾਜ ਦੀ ਸਲਾਮਤੀ ਸੌਂਪ ਗਏ ਸਨ । ਤੁਹਾਡੇ ਬਗੈਰ ਕਿਹੜਾ ਇਹ ਬੀੜਾ ਚੁਕ ਸਕਦਾ ਹੈ । ਜੇ ਤੁਸੀਂ ਹਰਦੁਆਰ ਚਲੇ ਗਏ ਤਾਂ ਇਹ ਰਾਜ ਉੱਜੜ ਜਾਏਗਾ ।"

"ਸਿਰਫ ਇਹੋ ਇਕ ਕਾਰਨ ਹੈ ਮਾਂ ਕਿ ਮੈਂ ਕੁਝ ਕਰ ਨਹੀਂ ਸਕਦਾ । ਖ਼ਾਲਸਾ ਰਾਜ ਮੈਨੂੰ ਮੇਰੀ ਜਾਨ ਨਾਲੋਂ ਵੀ ਪਿਆਰਾ ਹੈ ।" ਧਿਆਨ ਸਿੰਘ ਨੇ ਆਪਣੇ ਅੱਥਰੂ ਪੂੰਝੇ, "ਪਰ ਮੈਂ ਕਰਾਂ ਵੀ ਕੀ, ਕੁਝ ਸਰਦਾਰ ਮੇਰੀ ਦਿਆਨਤਦਾਰੀ ਉੱਤੇ ਸ਼ਕ ਕਰਦੇ ਹਨ । ਉਹ ਸਮਝਦੇ ਹਨ ਕਿ ਮੈਂ ਖ਼ਾਲਸਾ ਰਾਜ ਦਾ ਹਿਤੂ ਨਹੀਂ ।"

"ਨਹੀਂ ਰਾਜਾ ਸਾਹਿਬ ! ਇਉਂ ਕੋਈ ਨਹੀਂ ਸਮਝਦਾ ਸਿਰਫ..." ਗੁਰਦਈ ਚੁਪ ਕਰ ਗਈ । ਹਰਪਾਲ ਦੇ ਸ਼ੰਕੇ ਉਹਦੇ ਮਨ ਵਿਚ ਖੜਕ ਰਹੇ ਸਨ । "ਹੋਰ ਤਾਂ ਕੀ ਤੁਸੀਂ ਆਪਣੇ ਸਪੁੱਤਰ ਸਰਦਾਰ ਹਰਪਾਲ ਸਿੰਘ ਦੀ ਹੀ ਗੱਲ ਕਰੋ । ਮੈਂ ਇਸ ਦੂਲੇ ਸਰਦਾਰ ਵਾਸਤੇ ਕੀ ਕੁਝ ਨਹੀਂ ਕੀਤਾ । ਸ਼ੇਰੇ-ਪੰਜਾਬ ਨੇ ਕਿਹੜੀ ਇੱਜ਼ਤ ਉਹਨੂੰ ਨਹੀਂ ਬਖਸ਼ੀ । ਆਪਣੇ ਕੰਮ ਕਾਰ ਵਾਸਤੇ ਜਿੰਨਾ ਪੈਸਾ ਵੀ ਉਸ ਮੰਗਿਆ ਹੈ ਮੈਂ ਦਿਤਾ ਹੈ ਤੇ ਜਿਹੜੀ ਸ਼ੈ ਵੀ ਉਸ ਮੰਗੀ ਹੈ ਉਹ ਪੈਦਾ ਕੀਤੀ ਗਈ ਹੈ । ਖ਼ਜ਼ਾਨੇ ਦੀ ਹਾਲਤ ਅੰਨੀ ਚੰਗੀ ਨਹੀਂ, ਸ਼ੇਰੇ-ਪੰਜਾਬ ਬਹੁਤ ਦਾਨ ਕਰ ਗਏ ਹਨ, ਪਰ ਸਰਦਾਰ ਹਰਪਾਲ ਸਿੰਘ ਨੂੰ ਕੋਈ ਤੋਟ ਨਹੀਂ ਆਈ । ਉਂਜ ਵੀ ਰਾਜ ਦਰਬਾਰ ਦੀਆਂ ਸਭ ਕਾਰਵਾਈਆਂ ਨਾਲ ਤੁਹਾਡੇ ਸਪੁੱਤਰ ਨੂੰ ਬਾਖ਼ੱਬਰ ਰਖਿਆ ਹੈ । ਤੁਸੀਂ ਨਹੀਂ ਜਾਣਦੇ ਤੇ ਤਹਾਡਾ ਸਪੁੱਤਰ ਵੀ ਨਹੀਂ ਜਾਣਦਾ ਕਿ ਅਜੇ ਕੁਝ ਦਿਨ ਪਹਿਲੇ ਹੀ ਮੈਂ ਕੰਵਰ ਜੀ ਨੂੰ ਸਲਾਹ ਦਿਤੀ ਸੀ ਕਿ ਉਹ ਹਰਪਾਲ ਸਿੰਘ ਸਮੁੱਚੀ ਨੂੰ ਖ਼ਾਲਸਈ ਸੈਨਾਂ ਦਾ ਸਿਪਾਹਸਾਲਾਰ ਨਿਯਤ ਕਰਨ । ਸੱਚ ਜਾਣੋਂ ਮੈਨੂੰ ਤਾਂ ਹਰਪਾਲ ਸਿੰਘ ਸਗਵਾਂ ਹਰੀ ਸਿੰਘ ਨਲੂਆ ਜਾਪਦਾ ਹੈ ।"

ਗੁਰਦਈ ਤੇ ਗੁਰਮੀਤ ਦੋਵੇਂ ਹੀ ਇਹ ਤੁਲਨਾ ਸੁਣ ਕੇ ਖ਼ੁਸ਼ ਹੋਈਆਂ । ਗੁਰਦਈ ਬੋਲੀ : "ਧੰਨ ਭਾਗ ਮੇਰੇ ਜੋ ਤੁਸੀਂ ਇੰਜ ਕਹਿੰਦੇ ਹੋ ।" "ਮੈਂ ਕੰਵਰ ਜੀ ਨੂੰ ਆਖ ਕੇ ਮਾਹਿਲਾਂ ਦੀ ਜਾਗੀਰ ਵਿਚ ਵੀ ਵਾਧਾ ਕਰਵਾਣਾ ਚਾਹੁੰਦਾ ਸਾਂ, ਪਰ ਤੁਸੀਂ ਹੀ ਦੁਸੋ ਮੈਂ ਹਰਪਾਲ ਨੂੰ ਕਿਵੇਂ ਮਨਾਵਾਂ । ਉਹਨੂੰ ਕਿਵੇਂ ਯਕੀਨ ਆਵੇ ਕਿ ਮੈਂ ਉਹਦੀ, ਤੁਹਾਡੀ ਤੇ ਮਾਹਿਲ ਘਰਾਣੇ ਦੇ ਭਲੇ ਦੀ ਸੋਚਦਾ ਹਾਂ । ਉਹਨੂੰ ਸ਼ੱਕ ਹੈ ਤੇ ਉਹ ਮੇਰੇ ਉਲਟ, ਮੇਰੇ ਕਿਉਂ ਇਸ ਰਾਜ ਦੇ ਉਲਟ, ਏਧਰ ਓਧਰ ਭੱਜ ਦੌੜ ਕਰ ਰਿਹਾ ਹੈ । ਤੁਸੀਂ ਦਸੋ ਇਹ ਗੱਲ ਕਿਵੇਂ ਸਹਾਰੀ ਜਾ ਸਕਦੀ ਹੈ ।"

"ਨਹੀਂ ਰਾਜਾ ਸਾਹਿਬ ਤੁਹਾਨੂੰ ਗਲਤੀ ਲਗਦੀ ਹੈ । ਹਰਪਾਲ ਏਸ ਤਰ੍ਹਾਂ ਨਹੀਂ ਕਰ ਸਕਦਾ ।"

ਗੁਰਮੀਤ ਬੋਲੀ : "ਰਾਜਾ ਸਾਹਿਬ ! ਹਰਪਾਲ ਸਵੇਰ ਦਾ ਗਿਆ ਸ਼ਾਮ ਨੂੰ ਘਰ ਮੁੜਦਾ ਹੈ ਤੇ ਫਿਰ ਤੁਸੀਂ ਤਾਂ ਉਹਦਾ ਸੁਭਾਅ ਜਾਣਦੇ ਹੀ ਹੋ । ਉਹ ਕਿਸੇ ਨਾਲ ਫ਼ਾਲਤੂ ਗੱਲ ਨਹੀਂ ਕਰਦਾ, ਕਿਸੇ ਨੂੰ ਕੰਮ ਦੇ ਬਗੈਰ ਮੱਥੇ ਨਹੀਂ ਲਾਂਦਾ ।" "ਪਰ ਬੇਟੀ ਤੂੰ ਕਿੰਜ ਜਾਣਦੀ ਹੈਂ ਕਿ ਉਹਨੂੰ ਕਾਰਖਾਨਿਆਂ ਵਿਚ ਕੌਣ ਕੌਣ ਮਿਲਣ ਨਹੀਂ ਆਂਦਾ । ਮੈਨੂੰ ਖ਼ਬਰ ਮਿਲੀ ਹੈ ਕਿ ਬਦੇਸ਼ੀ ਜਰਨੈਲ ਕੋਰਟ, ਐਲਾਰਡ ਤੇ ਵੈਨਤੂਰਾ ਲਗ ਪਗ ਰੋਜ਼ ਉਹਨੂੰ ਮਿਲਦੇ ਹਨ । ਸੈਨਾਂ ਵਿਚ ਵੀ ਇਸ ਬਾਰੇ ਕਾਨਾ ਫੂਸੀ ਹੋ ਰਹੀ ਹੈ । ਅਜ ਉਹਨੇ...।"

Scanned by CamScanner

"ਇਹ ਸੱਚ ਨਹੀਂ ਹੋ ਸਕਦਾ।" ਗੁਰਦਈ ਨੇ ਕਿਹਾ। "ਇਹ ਸੱਚ ਨਹੀ, ਰਾਜਾ ਸਾਹਿਬ," ਗੁਰਮੀਤ ਬੋਲੀ, "ਹਰਪਾਲ ਇਹੋ ਜਿਹਾ ਆਦਮੀ ਨਹੀਂ। ਤੁਸੀਂ ਉਹਦੇ ਉੱਤੇ ਇਹੋ ਜਿਹਾ ਕੋਈ ਦੂਸ਼ਨ ਲਾਣ ਦੀ ਕੋਸ਼ਿਸ਼ ਨਾ ਕਰੋ।" ਧਿਆਨ ਸਿੰਘ ਨੇ ਗੁਰਮੀਤ ਦੇ ਸਿਰ ਉੱਤੇ ਹੱਥ ਫੇਰਦਿਆਂ ਕਿਹਾ : "ਮੈਂ ਕੋਣ ਹਾਂ ਦੂਸ਼ਨ ਲਾਉਣ ਵਾਲਾ। ਮੈਂ ਜੋ ਕੁਝ ਸੁਣਿਆ ਹੈ, ਤੁਹਾਨੂੰ ਦੱਸ ਰਿਹਾ ਹਾਂ ਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਹੀ ਉਹਨੂੰ ਹੌੜੇ। ਮੈਂ ਤਾਂ ਥੱਕ ਲੱਥਾ ਹਾਂ। ਬਦੇਸ਼ੀ ਫਿਰ ਵੀ ਬਦੇਸ਼ੀ ਹੀ ਹੁੰਦੇ ਹਨ। ਇਨ੍ਹਾਂ ਨਾਲ ਬਹੁਤਾ ਜੋੜ ਮੇਲ ਵਫਾਦਾਰ ਸਰਦਾਰਾਂ ਤੇ ਫ਼ੌਜਾਂ ਨੂੰ ਸ਼ੱਕ ਵਿਚ ਪਾ ਸਕਦਾ ਹੈ। ਅਸੀਂ ਕਿਵੇਂ ਜਾਣਦੇ ਹਾਂ ਕਿ ਇਨਾਂ ਬਦੇਸ਼ੀਆਂ ਦੇ ਅੰਗਰੇਜ਼ਾ ਨਾਲ ਤਅੱਲਕਾਤ ਨਹੀਂ ਆਖਰ ਇਨ੍ਹਾਂ ਸਭ ਦੀਆਂ ਚਮੜੀਆਂ ਚਿੱਟੀਆਂ ਹਨ ਤੇ ਇਨ੍ਹਾਂ ਦੀ ਭਾਸ਼ਾ ਇਕੋ ਜਿਹੀ। ਭਲਾ ਸੁਣੋ ਅੱਜ ਹੀ ਸਵੇਰੇ ਹਰਪਾਲ ਸਿੰਘ ਨੇ ਸਭ ਸਰਦਾਰਾਂ ਦੇ ਸਾਹਮਣੇ ਕੰਵਰ ਜੀ ਨਾਲ ਨਵੇਕਲਿਆਂ ਗੱਲਬਾਤ ਦੀ ਆਗਿਆ ਮੰਗੀ। ਮੈਂ ਤਾਂ ਖੁਸ਼ ਹਾਂ ਕਿ ਕੰਵਰ ਜੀ ਤੇ ਮਾਹਿਲ ਸਰਦਾਰ ਮਿਲ ਬੈਠਣ। ਦੇਸ਼ ਤੇ ਰਾਜ ਦਾ ਭਲਾ ਹੀ ਹੋਏਗਾ ਪਰ ਮੈਂ ਤੁਹਾਨੂੰ ਕੀ ਦਸਾਂ ਕਿ ਬਾਕੀ ਸਰਦਾਰ ਕੀ ਆਖਦੇ ਹਨ। ਹੁਣ ਤਕ ਇਹ ਖ਼ਬਰ ਸਾਰੀ ਫ਼ੌਜ ਤੇ ਸਾਰੇ ਸ਼ਹਿਰ ਵਿਚ ਹੁਲ ਚੁਕੀ ਹੈ।"

ਗੁਰਮੀਤ ਨੇ ਵੇਖਿਆ ਕਿ ਉਹਦਾ ਖਿਆਲ ਸੱਚਾ ਹੀ ਨਿਕਲ ਰਿਹਾ ਹੈ। ਧਿਆਨ ਸਿੰਘ ਸਿਰਫ ਹਰਪਾਲ ਦੀ ਬਦਖੋਰੀ ਕਰਨ ਵਾਸਤੇ ਤੇ ਸ਼ਾਇਦ ਮਾਂ ਪੁੱਤਰ ਦੇ ਵਿਚਕਾਰ ਗ਼ਲਤ ਫਹਿਮੀ ਫੈਲਾਣ ਵਾਸਤੇ ਹੀ ਓਥੇ ਆਇਆ ਹੈ। ਉਸ ਧਰੂਵੇ ਲਹਿਜੇ ਵਿਚ ਕਿਹਾ : "ਪਰ ਰਾਜਾ ਸਾਹਿਬ ! ਤੁਸੀਂ ਜਾਣਦੇ ਹੋ ਕਿ ਉਹ ਕੰਵਰ ਜੀ ਨਾਲ ਕੀ ਗੱਲ ਕਰਨਾ ਚਾਹੁੰਦਾ ਹੈ। ਮਹਾਰਾਜਾ ਖੜਗ ਸਿੰਘ ਜੀ ਦਾ ਇਕ ਸੁਨੇਹਾ ਉਸ ਕੰਵਰ ਤਕ ਪਹੁੰਚਾਣਾ ਹੈ ਤੇ ਬਸ।" "ਪਰ ਪੁੱਤਰੀ, ਸਾਨੂੰ ਵੇਖਣਾ ਚਾਹੀਦਾ ਹੈ ਕਿ ਕਿਹੜੀ ਗੱਲ ਕਿਸ ਤਰ੍ਹਾਂ ਯੋਗ ਹੈ ਤੇ ਕਿਸ ਤਰ੍ਹਾਂ ਅਯੋਗ। ਕੀ ਮਹਾਰਾਜਾ ਸਾਹਿਬ ਤੇ ਕੰਵਰ ਭਲਾ ਇਕ ਦੂਜੇ ਨੂੰ ਮਿਲ ਨਹੀਂ ਸਕਦੇ ? ਕੀ ਮਹਾਰਾਜਾ ਸਾਹਿਬ ਕੰਵਰ ਜੀ ਨੂੰ ਬੁਲਾ ਨਹੀਂ ਸਕਦੇ ? ਅਜੇ ਪਿਛਲੇ ਮਹੀਨੇ ਤਾਂ ਪਿਤਾ ਪੁੱਤਰ ਇਕੱਠੇ ਅੰਮ੍ਰਿਤਸਰੋਂ ਹੋ ਕੇ ਆਏ ਹਨ। ਸੁਨੇਹੇ ਆਮ ਦਰਬਾਰ ਵਿਚ ਵੀ ਪਹੁੰਚਾਏ ਜਾ ਸਕਦੇ ਹਨ। ਇਸ ਤਰ੍ਹਾਂ ਖੁਫ਼ੀਆ ਤਰੀਕੇ ਨਾਲ ਗੱਲਾਂ ਕਰਨ ਨਾਲ ਮੇਰਾ ਤਾਂ ਕੁਝ ਨਹੀਂ ਵਿਗੜਦਾ, ਪਰ ਆਪ ਹਰਪਾਲ ਸਿੰਘ ਦੀ ਸ਼ੁਹਰਤ ਹੀ ਖ਼ਤਰੇ ਵਿਚ ਪੈਂਦੀ ਹੈ।

"ਮੇਰੇ ਵੀਰ ਦੀ ਸ਼ੁਹਰਤ ਨੂੰ ਝੂਠੀਆਂ ਊਜਾਂ ਲਾ ਕੇ ਖ਼ਤਰੇ ਵਿਚ ਪਾਣ ਵਾਲਾ ਕੋਈ ਨਹੀਂ। ਮਾਹਿਲ ਘਰਾਣੇ ਦਾ ਕੋਈ ਆਦਮੀ ਖ਼ਾਲਸਾ ਰਾਜ ਵਾਸਤੇ ਅਯੋਗ ਕਦਮ ਨਹੀਂ ਪੁਟ ਸਕਦਾ।" ਗੁਰਮੀਤ ਨੇ ਤਲਖ ਲਹਿਜੇ ਵਿਚ ਕਿਹਾ। "ਤੂੰ ਚੁੱਪ ਕਰ ਮੀਤੀ ! ਇਸ ਤਰ੍ਹਾਂ ਨਾ ਬੋਲ ਰਾਜਾ ਸਾਹਿਬ ਨਾਲ।" ਮਾਂ ਨੇ ਤਾੜਨਾ ਕੀਤੀ। ਧਿਆਨ ਸਿੰਘ ਨਿੰਮ੍ਹੀ ਆਵਾਜ਼ ਵਿਚ ਬੋਲਿਆ : "ਤੂੰ ਜੋ ਕੁਝ ਕਹੇਂ, ਬੇਟੀ ਉਹ ਸੱਚ ਹੈ। ਮੈਂ ਜਾਣਦਾ ਹਾਂ ਕਿ ਮਾਹਿਲ ਘਰਾਣੇ ਦਾ ਕੋਈ ਆਦਮੀ ਖ਼ਾਲਸਾ ਰਾਜ ਵਾਸਤੇ ਅਯੋਗ ਕਦਮ ਨਹੀਂ ਪੁਟ ਸਕਦਾ, ਪਰ ਲੋਕਾਂ ਦੀ ਜ਼ਬਾਨ ਵੀ ਫੜੀ ਨਹੀਂ ਜਾ ਸਕਦੀ। ਮੈਂ ਜੋ ਕੁਝ ਸੁਣਿਆ ਹੈ ਤੁਹਾਨੂੰ ਕਹਿ ਚਲਿਆ ਹਾਂ। ਮੇਰਾ ਇਸ ਮਾਮਲੇ ਨਾਲ ਕੋਈ ਸਰੋਕਾਰ ਨਹੀਂ। ਮੈਂ ਜਾਣਦਾ ਹਾਂ ਕਿ ਮਾਹਿਲਾਂ ਨੇ ਖ਼ਾਲਸਾ ਪੰਥ ਤੇ ਖ਼ਾਲਸਾ ਰਾਜ ਦੀ ਡੋਗਰਿਆਂ ਤੇ ਬਾਕੀ ਹੋਰ ਸਭ ਘਰਾਣਿਆਂ ਨਾਲੋਂ ਵਧ ਸੇਵਾ ਕੀਤੀ ਹੈ, ਪਰ ਇਸ ਸੇਵਾ ਦਾ ਮੁਆਵਜ਼ਾ ਵੀ ਤਾਂ ਉਨ੍ਹਾਂ ਨੂੰ ਮਿਲਿਆ ਹੈ। ਕੀ ਮਾਹਿਲਾਂ ਦੀ ਜਾਗੀਰ ਕਿਸੇ ਹੋਰ ਸਰਦਾਰ ਨਾਲੋਂ ਘਟ ਹੈ ? ਅਜੇ ਅੱਜ ਹੀ ਕੰਵਰ ਜੀ ਨੇ ਹਰਪਾਲ ਸਿੰਘ ਨੂੰ ਹੋਰ ਜਾਗੀਰ ਦੇਣੀ ਤਜਵੀਜ਼ ਕੀਤੀ ਸੀ।"

"ਰਾਜਾ ਸਾਹਿਬ ! ਸਾਨੂੰ ਜਾਗੀਰਾਂ ਦੀ ਲੋੜ ਨਹੀਂ। ਸਾਡੇ ਕੋਲ ਤਾਂ ਅਗਲੀ ਜਾਗੀਰ ਵੀ ਨਹੀਂ ਸੰਭਲਦੀ।" ਗੁਰਦਈ ਨੇ ਕਿਹਾ। "ਤੇ ਨਾ ਹੀ ਰਾਜਾ ਸਾਹਿਬ ਮਾਹਿਲਾਂ ਨੇ ਜਾਗੀਰਾਂ ਦੇ ਲਾਲਚ ਕਰ ਕੇ ਖ਼ਾਲਸਾ ਰਾਜ ਦੀ ਸੇਵਾ ਕੀਤੀ ਹੈ। ਜਦੋਂ ਸ਼ਾਹਬਾਜ਼ ਸਿੰਘ ਤੇ ਜਾਂਬਾਜ ਸਿੰਘ ਨਾਦਰ ਤੇ ਅਹਿਮਦ ਨਾਲ ਲੜੇ ਸਨ, ਓਦੋਂ ਜਾਗੀਰਾਂ ਦੀ ਆਸ ਕਿਤੇ ਨਹੀਂ ਸੀ।"

"ਬੇਸ਼ੱਕ ਮਾਂ ! ਮੈਂ ਵੀ ਇਹੋ ਕਹਿੰਦਾ ਹਾਂ। ਮਾਹਿਲ ਘਰਾਣੇ ਦੀ ਇੱਜ਼ਤ ਸਦਾ ਸਿਖ਼ਰ ਉੱਤੇ ਰਹੀ ਹੈ ਤੇ ਅੱਜ ਤਕ ਹੈ। ਇਹੋ ਕਾਰਨ ਹੈ ਕਿ ਮਾਹਿਲ ਘਰਾਣੇ ਵਿਚੋਂ ਕਿਸੇ ਨੂੰ ਕੋਈ ਅਜਿਹਾ ਕਦਮ ਨਹੀਂ ਪੁੱਟਣਾ ਚਾਹੀਦਾ, ਜਿਸ ਨਾਲ ਇਸ ਬਣੀ ਬਣਾਈ ਸਾਖ ਨੂੰ ਚੋਫ਼ ਪਹੁੰਚੇ।"

"ਤੁਸੀਂ ਹਰਪਾਲ ਵਲ ਇਸ਼ਾਰਾ ਕਰ ਰਹੇ ਹੋ ?" "ਹਾਂ ਪੁੱਤਰੀ।" ਗੁਰਦਈ ਨੇ ਟੋਕਿਆ : "ਮੈਂ ਤਾਂ ਕਈ ਵੇਰ

Scanned by CamScanner

ਹਰਪਾਲ ਨੂੰ ਕਿਹਾ ਹੈ ਕਿ ਉਹ ਰਾਜ ਦਰਬਾਰ ਦਿਆਂ ਖਲਜਗਣਾ ਵਿਚ ਨਾ ਪਵੇ। ਮੈਂ ਤਾਂ ਉਹਨੂੰ ਮਹਾਰਾਜਾ ਸਾਹਿਬ ਨੂੰ ਵੀ ਮਿਲਣ ਜਾਣ ਤੋਂ ਵਰਜਿਆ ਸੀ ਤੇ ਕਿਹਾ ਸੀ ਕਿ ਉਹ ਤੁਹਾਡੇ ਨਾਲ ਸਲਾਹ ਕਰੇ, ਪਰ ਤੁਸੀਂ ਹਰਪਾਲ ਦਾ ਸੁਭਾਅ ਜਾਣਦੇ ਹੋ ਰਾਜਾ ਸਾਹਿਬ। ਜਦੋਂ ਉਹਦੇ ਦਿਲ ਵਿਚ ਕੋਈ ਚੀਜ਼ ਆ ਜਾਏ, ਉਹਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ।"

"ਕਾਸ਼! ਮਾਂ ਜੀ ਉਹ ਮੇਰੇ ਨਾਲ ਸਲਾਹ ਕਰ ਕੇ ਮਹਾਰਾਜਾ ਸਾਹਿਬ ਨੂੰ ਮਿਲਣ ਜਾਂਦਾ, ਪਰ ਦਸੋ ਮੈਂ ਕੀ ਕਰਾਂ, ਮੈਨੂੰ ਤਾਂ ਉਹ ਆਪਣਾ ਦੁਸ਼ਮਨ ਸਮਝਦਾ ਹੈ। ਉਹ ਮੇਰੇ ਨਾਲ ਸਿੱਧੇ ਮੂੰਹ ਗੱਲ ਕਰਨੀ ਵੀ ਯੋਗ ਨਹੀਂ ਸਮਝਦਾ। ਮੈਂ ਕਿਸ ਨੂੰ ਆਖਾਂ ? ਅੱਜ ਹਾਰ ਕੇ ਤੁਹਾਡੇ ਕੋਲ ਆਇਆ ਹਾਂ। ਜੇ ਤੁਸੀਂ ਉਹਨੂੰ ਕੁਝ ਸਮਝਾ ਸਕੋ ਤਾਂ ਇਹ ਖ਼ਾਲਸਾ ਪੰਥ ਤੇ ਖ਼ਾਲਸਾ ਰਾਜ ਨਾਲ ਬੜੀ ਮਿਹਰਬਾਨੀ ਕਰੋਗੇ। ਜੋ ਕੁਝ ਉਹਦੇ ਮਨ ਵਿਚ ਹੈ ਉਹ ਜੰਮ ਜੰਮ ਕਰੇ, ਪਰ ਲੋਕਾ ਦੀ ਦੰਦ ਕਥਾ ਨਾ ਬਣੇ। ਸਭ ਕਦਮ ਸੋਚ ਸਮਝ ਕੇ ਪੁੱਟੇ। ਸ਼ੇਰੇ-ਪੰਜਾਬ ਤੋਂ ਪਿਛੋਂ ਪੰਜਾਬ ਪਹਿਲੇ ਜਿਹਾ ਪੰਜਾਬ ਨਹੀਂ ਰਿਹਾ। ਨਿੱਜੀ ਸਵਾਰਥ ਕਰ ਕੇ ਲੋਕ ਇਕ ਦੂਜੇ ਉਤੇ ਚਿੱਕੜ ਉਛਾਲਣੋਂ ਨਹੀਂ ਟਲਦੇ।" "ਮੈਂ ਉਹਨੂੰ ਸਮਝਾਵਾਂਗੀ ਰਾਜਾ ਸਾਹਿਬ! ਪਰ ਤੁਸੀਂ ਆਪਣਾ ਹੱਥ ਉਹਦੇ ਸਿਰ ਉੱਤੇ ਰਖਣਾ। ਉਹ ਦਿਲ ਦਾ ਸੱਚਾ ਹੈ ਤੇ ਬਚਨਾਂ ਦਾ ਖਰਾ। ਉਹਨੂੰ ਵਲ ਛਲ ਨਹੀਂ ਆਉਂਦੇ। ਉਹ ਫ਼ਰੇਬ ਨਹੀਂ ਜਾਣਦਾ।"

'ਬੇਸ਼ਕ ਮਾਂ! ਜਿਥੋਂ ਤਕ ਮੇਰੇ ਕੋਲੋਂ ਹੋ ਸਕਿਆ ਮੈਂ ਉਹਦੀ ਮਿੱਤਰਤਾ ਤੇ ਪਿਆਰ ਨੂੰ ਪਾਣ ਲਈ ਸਭ ਜਤਨ ਕਰਦਾ ਰਹਾਂਗਾ। ਹਰਪਾਲ ਵਰਗਾ ਖਰਾ, ਸੱਚਾ, ਸ਼ਿੱਧਾ ਤੇ ਦਿਆਨਤਦਾਰ ਆਦਮੀ ਰਾਜ ਦਰਬਾਰ ਦੀਆਂ ਅਜੋਕੀਆਂ ਕਾਰਵਾਈਆਂ ਨੂੰ ਸਮਝ ਨਹੀਂ ਸਕਦਾ।"

"ਤੇ ਨਾ ਹੀ ਉਹ ਰਾਜ ਦਰਬਾਰ ਦੀਆਂ ਕਾਰਵਾਈਆਂ ਵਿਚ ਪੈਣਾ ਚਾਹੁੰਦਾ ਹੈ," ਗੁਰਮੀਤ ਨੇ ਕਿਹਾ, "ਉਸ ਹਜ਼ਾਰ ਵਾਰ ਮੈਨੂੰ ਕਿਹਾ ਹੈ ਕਿ ਉਹ ਸਿਪਾਹੀ ਹੈ, ਨੀਤੀਵਾਨ ਨਹੀਂ। ਉਹਨੂੰ ਸਿਵਾਏ ਆਪਣੇ ਕੰਮ ਦੇ ਕਿਸੇ ਹੋਰ ਨਾਲ ਸਰੋਕਾਰ ਨਹੀਂ।"

"ਕਾਸ਼! ਇਉਂ ਹੋ ਸਕਦਾ ਮੇਰੀ ਬੇਟੀ, ਪਰ ਜੋ ਕੁਝ ਅਜ ਤੁਹਾਨੂੰ ਮੈਂ ਦਸਿਆ ਹੈ ਜੇ ਉਹ ਝੂਠ ਹੋਵੇ ਤੇ ਜਿਵੇਂ ਤੁਸੀਂ ਕਹਿੰਦੇ ਹੋ ਸ਼ਾਇਦ ਸਵਾਰਥੀ ਆਦਮੀਆਂ ਨੇ ਇਹ ਗੱਲ ਚਲਾਈ ਹੋਵੇ, ਪਰ ਇਹ ਸ਼ੰਕੇ ਜੇਡੀ ਜਲਦੀ ਨਵਿਰਤ ਹੋ ਜਾਣ ਓਨਾਂ ਹੀ ਚੰਗਾ ਹੈ। "ਮੈਂ ਅਜ ਹੀ ਉਹਦੇ ਨਾਲ ਗੱਲ ਕਰਾਂਗੀ।" ਗੁਰਮੀਤ ਨੇ ਕਿਹਾ : "ਪਰ ਰਾਜਾ ਸਾਹਿਬ! ਤੁਸੀਂ ਵੀ ਉਹਦੇ ਨਾਲ ਕੋਈ ਅਣਉਚਿਤ ਸਲੂਕ ਨਾ ਕਰਨਾ...।" "ਮੇਰੀ ਝੱਲੀ ਬੇਟੀ! ਮੈਂ ਇਸ ਕਰ ਕੇ ਤਾਂ ਖ਼ਾਲਸਾ ਰਾਜ ਦਾ ਪੰਝੀ ਤੀਹ ਵਰ੍ਹੇ ਲੂਣ ਨਹੀਂ ਖਾਧਾ!" ਤੇ ਰਾਜਾ ਧਿਆਨ ਸਿੰਘ ਨੇ ਗੁਰਮੀਤ ਨੂੰ ਆਪਣੀ ਜੱਫੀ ਵਿਚ ਲੈ ਲਿਆ।

੧੦੯

ਮਾਂ ਧੀ ਤੇ ਭੈਣ ਭਰਾ ਦੇ ਰਿਸ਼ਤਿਆਂ ਵਿਚ ਬੜੀ ਸਮਾਨਤਾ ਹੈ। ਇਹ ਦੋਵੇਂ ਰਿਸ਼ਤੇ ਅਤੀ ਸੂਖਸ਼ਮ ਹਨ ਤੇ ਇਨ੍ਹਾਂ ਜੀਆਂ ਵਿਚ ਇਕ ਦੂਜੇ ਦੀ ਪੀੜ ਦੀ ਪਛਾਣ ਤੇ ਉਹਦਾ ਅਹਿਸਾਸ ਬੜਾ ਡੂੰਘਾ ਹੁੰਦਾ ਹੈ। ਧੀਆਂ ਦੇ ਦੁਖ ਮਾਵਾਂ ਤੋਂ ਵਧ ਹੋਰ ਕੋਈ ਨਹੀਂ ਸਮਝਦਾ ਤੇ ਧੀਆਂ ਤੋਂ ਵਧ ਮਾਵਾਂ ਤੇ ਖਾਸ ਕਰ ਕੇ ਵਿਧਵਾ ਮਾਂ ਦੇ ਦੁਖ ਵੀ ਹੋਰ ਕੋਈ ਨਹੀਂ ਸਮਝ ਸਕਦਾ। ਏਸੇ ਤਰ੍ਹਾਂ ਭੈਣ ਤੇ ਭਰਾ ਦਾ ਪਿਆਰ ਹੁੰਦਾ ਹੈ। ਅੰਤਰ ਆਤਮੇ ਰਵ ਰਹੀ ਇਕ ਆਂਦਰ, ਇਕ ਸੂਝ ਦੋਹਾਂ ਨੂੰ ਬੜੇ ਵਚਿਤ੍ਰ ਢੰਗ ਵਿਚ ਬੰਨ੍ਹਦੀ ਹੈ। ਕਿਸੇ ਵੀ ਇਸਤ੍ਰੀ ਵਾਸਤੇ ਆਪਣੀ ਮਾਂ ਤੇ ਆਪਣੇ ਭਰਾ ਵਿਚ ਨਖੇੜ ਕਰਨਾ ਤੇ ਇਕ ਦੀ ਥਾਂ ਦੂਜੇ ਨੂੰ ਤਰਜੀਹ ਦੇਣੀ ਬੜੀ ਕਠਨ ਹੋਏਗੀ।

ਅੱਜ ਗੁਰਮੀਤ ਦੀ ਜ਼ਿੰਦਗੀ ਵਿਚ ਇਹ ਸਮਾਂ ਆਇਆ ਕਿ ਉਹਨੂੰ ਮਾਂ ਤੇ ਭਰਾ ਵਿਚੋਂ ਇਕ ਦਾ ਪੱਖ ਲੈਣਾ ਪਿਆ। ਗੁਰਦਈ ਮਹਿਸੂਸ ਕਰਦੀ ਸੀ ਕਿ ਜੋ ਕੁਝ ਰਾਜਾ ਧਿਆਨ ਸਿੰਘ ਕਹਿ ਗਿਆ ਹੈ ਉਹ ਸੱਚ ਹੈ। ਉਹਨੂੰ ਯਕੀਨ ਆ ਗਿਆ ਲਗਦਾ ਕਿ ਹਰਪਾਲ ਦੀ ਧਿਆਨ ਸਿੰਘ ਨਾਲ ਕੋਈ ਜ਼ਾਤੀ ਦੁਸ਼ਮਨੀ ਹੈ ਤੇ ਉਹ ਕਿਸੇ ਨਾ ਕਿਸੇ ਤਰੀਕੇ ਧਿਆਨ ਸਿੰਘ ਨੂੰ ਰਾਜ ਤੋਂ ਅਲਗ ਕਰਨਾ ਚਾਹੁੰਦਾ ਹੈ। ਗੁਰਦਈ ਆਖਦੀ ਕਿ ਹਰਪਾਲ ਨੂੰ ਰਾਜਨੀਤੀ ਵਿਚ ਦਖਲ ਨਹੀਂ ਦੇਣਾ ਚਾਹੀਦਾ। ਗੁਰਮੀਤ ਕਹਿੰਦੀ : "ਮਾਂ ! ਵੀਰ ਕਦੋਂ ਕੌਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ਕਰਨਾ ਚਾਹੁੰਦਾ ਹੈ। ਪਰ ਕੀ ਤੁਸੀਂ ਆਖਦੇ ਹੋ ਕਿ ਜੇ ਪੰਜਾਬ ਦਾ ਮਹਾਰਾਜਾ ਉਹਨੂੰ ਸੱਦਾ ਭੇਜੇ ਤਾਂ ਉਹ ਉਨ੍ਹਾਂ ਕੋਲ ਜਾਣ ਤੋਂ ਇਨਕਾਰ ਕਰ ਦੇਵੇ। ਤੁਸੀਂ ਮੇਰੀ ਮੰਨੋ ਮਾਂ ! ਹਰਪਾਲ ਕਿਸੇ ਵਿੰਗੇ ਟੇਢੇ ਮੁਆਮਲੇ ਵਿਚ ਨਹੀਂ ਪੈਣਾ ਚਾਹੁੰਦਾ ਤੇ ਨਾ ਹੀ ਉਹ ਬਦੇਸੀ ਜਰਨੈਲਾਂ ਨਾਲ ਕੋਈ ਗੰਢ ਤੁੱਪ ਕਰ ਰਿਹਾ ਹੈ।"

"ਤਾਂ ਕੀ ਰਾਜਾ ਧਿਆਨ ਸਿੰਘ ਝੂਠ ਬੋਲ ਰਹੇ ਹਨ ?"

ਬਸ ! ਏਥੇ ਆ ਕੇ ਗੁਰਮੀਤ ਦੀ ਜ਼ਬਾਨ ਬੰਦ ਹੋ ਜਾਂਦੀ। ਉਹ ਕੀ ਆਖੇ ? ਉਹਨੂੰ ਆਪ ਨੂੰ ਤਾਂ ਵਿਸ਼ਵਾਸ ਆ ਚੁਕਾ ਸੀ ਕਿ ਰਾਜਾ ਧਿਆਨ ਸਿੰਘ ਝੂਠ ਬੋਲ ਰਿਹਾ ਹੈ, ਪਰ ਜੇ ਉਹ ਗੁਰਦਈ ਨੂੰ ਦਿਉਂ ਕਹਿੰਦੀ ਤਾਂ ਉਹਨੂੰ ਅਸਹਿ ਦੁਖ ਹੋਣਾ ਸੀ ਤੇ ਘਰ ਦਾ ਅਮਨ ਚੈਨ ਬਿਲਕੁਲ ਭੰਗ ਹੋ ਜਾਣਾ ਸੀ। ਏਸੇ ਥਾਂ ਉੱਤੇ ਪਹੁੰਚ ਕੇ ਹਰਪਾਲ ਦੀ ਜ਼ਬਾਨ ਵੀ ਰੁਕ ਜਾਂਦੀ ਸੀ। ਉਹ ਮਾਂ ਨੂੰ ਮਨਾਣ ਦੀ ਕੋਸ਼ਿਸ਼ ਕਰਦਾ। ਉਹਨੂੰ ਆਪਣੇ ਮਨ ਵਿਚ ਉਠਦੇ ਸ਼ੱਕਾਂ ਬਾਰੇ ਦਸਦਾ। ਜਿਹੜੀਆਂ ਜਿਹੜੀਆਂ ਸਚਿਆਈਆਂ ਉਹਨੂੰ ਪਤਾ ਸਨ ਉਹ ਵੀ ਦਸਦਾ, ਪਰ ਜਦੋਂ ਗੁਰਦਈ ਕਹਿੰਦੀ ਕਿ ਕੀ ਰਾਜਾ ਧਿਆਨ ਸਿੰਘ ਝੂਠ ਬੋਲ ਰਿਹਾ ਹੈ ਤਾਂ ਹਰਪਾਲ ਚੁਪ ਹੋ ਜਾਂਦਾ।

ਗੁਰਦਈ ਜ਼ੋਰ ਲਾਂਦੀ, "ਹਰਪਾਲ ! ਵੇਖ ਕਿਤੇ ਮਾਹਿਲਾਂ ਦੀ ਇੱਜ਼ਤ ਨੂੰ ਲਾਜ ਨਾ ਲਗ ਜਾਏ। ਅਜੇ ਤਕ ਸਾਡੇ ਘਰਾਣੇ ਵਿਚੋਂ ਕਿਸੇ ਦੇ ਨਾਂ ਉੱਤੇ ਅਜਾਂ ਵੀ ਨਹੀਂ ਆਈ। ਸਾਨੂੰ ਪੰਥ ਨੇ ਨਿਵਾਜ਼ਿਆ ਹੈ ਤੇ ਸਾਨੂੰ ਖ਼ਾਲਸਾ ਰਾਜ ਨੇ ਵੀ ਨਿਵਾਜ਼ਿਆ ਹੈ। ਅਸੀਂ ਕਿਸੇ ਅਗੇ ਝੁਨੇ ਨਹੀਂ ਪੈਣਾ।" ਗੁਰਦਈ ਇਹੋ ਜਿਹੀਆਂ ਗੱਲਾਂ ਆਖਦੀ ਤੇ ਹਰਪਾਲ ਆਪਣੀ ਮਾਂ ਵਲ ਵੇਖਦਾ। ਮਾਂ ਵਲ, ਜਿਸ ਮਾਂ ਦੀ ਕਿ ਉਹਨੇ ਅਤਿਅੰਤ ਇੱਜ਼ਤ ਕੀਤੀ ਸੀ ? ਜਿਸ ਮਾਂ ਨੂੰ ਕਿ ਉਹਨੇ ਸਾਰੀ ਜ਼ਿੰਦਗੀ ਪਿਆਰਿਆ ਸੀ। ਆਖ਼ਰ ਹਰਪਾਲ ਦੀ ਜ਼ਿੰਦਗੀ ਵਿਚ ਹੋਰ ਹੈ ਹੀ ਕਿਹੜਾ ਸੀ ? ਇਕ ਮਾਂ, ਇਕ ਭੈਣ ਤੇ ਇਕ ਭਤੀਜਾ ਗੁਰਪਾਲ। ਇਨ੍ਹਾਂ ਤਿੰਨਾਂ ਤੋਂ ਸਿਵਾਏ ਉਹ ਕਿਸੇ ਨਾਲ ਰਲ ਨਹੀਂ ਸੀ ਬੈਠਿਆ। ਉਸ ਕਿਸੇ ਨਾਲ ਰੂਹਾਨੀ ਤੇ ਆਤਮਕ ਝਿਆਲੀ ਨਹੀਂ ਸੀ ਪਾਈ। ਅੱਜ ਹਰਪਾਲ ਨੂੰ ਲਗਦਾ ਕਿ ਇਨ੍ਹਾਂ ਤਿੰਨਾਂ ਵਿਚੋਂ ਉਹਦੀ ਮਾਂ ਉਹਦੇ ਕੋਲੋਂ ਦੂਰ ਜ਼ਾ ਰਹੀ ਹੈ। ਉਹਨੂੰ ਇਹ ਵੀ ਲਗਦਾ ਕਿ ਗੁਰਪਾਲ ਵੀ ਜਿਵੇਂ ਉਹਦੇ ਕੋਲੋਂ ਦੂਰ ਜਾ ਰਿਹਾ ਹੈ। ਇਸ ਲਈ ਨਹੀਂ ਕਿ ਉਹ ਹੁਣ ਆਪਣੇ ਵਿਆਹ ਦੀਆਂ ਤਿਆਰੀਆਂ ਵਿਚ ਰੁੱਝਾ ਹੋਇਆ ਸੀ, ਪਰ ਇਸ ਲਈ ਕਿ ਉਹਨੂੰ ਗੁਰਪਾਲ ਵਿਚ ਪਹਿਲੇ ਜਿਹੀ ਆਦਰਸ਼ਾਂ ਦੀ ਲਗਨ ਨਾ ਦਿਸਦੀ। ਉਹਨੂੰ ਜਾਪਦਾ ਕਿ ਗੁਰਪਾਲ ਦੀਆਂ ਲਗਨਾਂ ਫਿਕੀਆਂ ਪੈ ਰਹੀਆਂ ਹਨ। ਗੁਰਦਈ ਤੇ ਗੁਰਪਾਲ ਤੇ ਫਿਰ ਗੁਰਮੀਤ ।

ਹਰਪਾਲ ਉਦਾਸ ਹੋ ਜਾਂਦਾ। ਉਸ ਦੀ ਜ਼ਿੰਦਗੀ ਵਿਚ ਐਨਾਂ ਕੁਝ ਨਹੀਂ ਸੀ ਆਇਆ ਕਿ ਉਹ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨੂੰ ਵੀ ਗੁਆ ਸਕਦਾ। ਅਜੀਤ ਤੇ ਜਸਜੀਤ ਹੁਣ ਬਹੁਤ ਬਹੁਤ ਦੂਰ ਜਾ ਚੁਕੀਆਂ ਸਨ। ਹਰਪਾਲ ਨੂੰ ਹੁਣ ਲਗਣ ਲਗ ਗਿਆ ਸੀ ਕਿ ਉਹ ਅਜੀਤ ਨੂੰ ਮੁੜ ਕੇ ਕਦੀ ਨਹੀਂ ਮਿਲੇਗਾ। ਜਸਜੀਤ ਨੂੰ ਵੀ ਕਦੀ ਨਹੀਂ। ਤੇ ਇਸ ਤੋਂ ਵਧ ਉਹਨੂੰ ਇਹ ਵੀ ਲਗਦਾ ਸੀ ਕਿ ਕੋਈ ਹੋਰ ਕੁੜੀ ਹੁਣ ਉਹਦੀ ਜ਼ਿੰਦਗੀ ਵਿਚ ਨਹੀਂ ਆਏਗੀ। ਇਸ ਅਸਥਿਤੀ ਉੱਤੇ ਪਹੁੰਚ ਕੇ ਆਪਣੀ ਮਾਂ ਗੁਰਦਈ ਕੋਲੋਂ ਦੂਰ ਜਾਣਾ ਹਰਪਾਲ ਨੂੰ ਨਾਗਵਾਰ ਲਗਾ। ਸਿਰਫ਼ ਇਕੋ ਤਰੀਕਾ ਸੀ ਕਿ ਮਾਂ ਨੂੰ ਆਪਣੇ ਵਿਚਾਰਾਂ ਬਾਰੇ ਕਾਇਲ ਕੀਤਾ ਜਾਏ, ਪਰ ਗੁਰਦਈ ਕਾਇਲ ਨਾ ਹੋਵੇ। "ਨਹੀਂ ਹਰਪਾਲ", ਉਹ ਆਖੇ, "ਮੈਨੂੰ ਤੂੰ ਇਹ ਯਕੀਨ ਨਹੀਂ ਦਵਾ ਸਕਦਾ ਕਿ ਰਾਜਾ ਧਿਆਨ ਸਿੰਘ ਝੂਠ ਬੋਲਦਾ ਹੈ ਤੇ ਉਹ ਰਾਜ ਦਾ ਹਿਤੂ ਨਹੀਂ। ਮੈਨੂੰ ਹੀ ਨਹੀਂ ਤੂੰ ਕਿਸੇ ਹੋਰ ਨੂੰ ਵੀ ਯਕੀਨ ਦਵਾਉਣ ਵਿਚ ਸਫਲ ਨਹੀਂ ਹੋਏਂਗਾ।" ਗੁਰਦਈ ਆਖਦੀ ਸੀ ਕਿ ਹੁਣ ਹਰਪਾਲ ਮਹਾਰਾਜਾ ਖੜਗ ਸਿੰਘ ਨੂੰ ਦੂਜੀ ਵਾਰ ਮਿਲਣ ਨਾ ਜਾਏ।

"ਮਾਂ !" ਹਰਪਾਲ ਪੁਛਦਾ, "ਇਹ ਕਿਵੇਂ ਹੋ ਸਕਦਾ ਹੈ। ਮਹਾਰਾਜਾ ਸਾਹਿਬ ਮੇਰੇ ਬਾਰੇ ਕੀ ਸੋਚਣਗੇ। ਇਹ

Scanned by CamScanner

ਮਰਾ ਕਰਤੱਵ ਹੈ ਕਿ ਉਨ੍ਹਾਂ ਨੂੰ ਕੰਵਰ ਨੌਨਿਹਾਲ ਸਿੰਘ ਨਾਲ ਹੋਈ ਗੱਲ ਬਾਤ ਦਸਾਂ। ਮੈਂ ਆਪਣੇ ਫ਼ਰਜ਼ਾਂ ਵਿਚ ਕਿਵੇਂ ਕੋਤਾਹੀ ਕਰਾਂ ?"

ਹਾਂ, ਹਰਪਾਲ ਅਗੇ ਇਹ ਰਸਤੇ ਸਨ। ਜਾਂ ਤਾਂ ਮਾਂ ਨੂੰ ਕਾਇਲ ਕੀਤਾ ਜਾਏ ਤੇ ਜਾਂ ਆਪਣੇ ਫ਼ਰਜ਼ਾਂ ਨੂੰ ਭੁਲਾਇਆ ਜਾਏ। ਹਰਪਾਲ ਨੂੰ ਪੱਕ ਹੋ ਗਿਆ ਸੀ ਕਿ ਰਾਜਾ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ ਹੀ ਰਾਜ ਵਿਚ ਹੋ ਰਹੀ ਸਭ ਬੁਰਛਾਗਰਦੀ ਦਾ ਸੋਮਾ ਹਨ। ਉਹਨੂੰ ਨਿਸਚਾ ਹੋ ਗਿਆ ਸੀ ਕਿ ਚੇਤ ਸਿੰਘ ਤੇ ਮਹਾਰਾਜਾ ਖੜਗ ਸਿੰਘ ਉੱਤੇ ਲਾਏ ਗਏ ਦੂਸ਼ਨ ਝੂਠੇ ਹਨ। ਗਾਰਡਨਰ ਆਪ ਕਹਿ ਗਿਆ ਸੀ ਕਿ ਉਨ੍ਹਾਂ ਵਲੋਂ ਲਿਖੇ ਗਏ ਅਖੌਤੀ ਖਤ ਜਾਅਲੀ ਹਨ ਤੇ ਉਹਦੇ ਆਪਣੇ ਹੱਥਾਂ ਦੇ ਲਿਖੇ ਹੋਏ ਹਨ। ਉਦੋਂ ਨਹੀਂ, ਪਰ ਹੁਣ ਹਰਪਾਲ ਨੂੰ ਨਿਸਚਾ ਸੀ ਕਿ ਗਾਰਡਨਰ ਦੀ ਇਹ ਆਖੀ ਸੱਚ ਹੈ। ਇਹ ਯਕੀਨ ਆ ਜਾਣ ਪਿਛੋਂ ਹਰਪਾਲ ਮਹਿਸੂਸ ਕਰਦਾ ਕਿ ਖ਼ਾਲਸਾ ਰਾਜ ਦੀ ਸਲਾਮਤੀ ਵਾਸਤੇ ਉਹਨੂੰ ਕੁਝ ਨਾ ਕੁਝ ਔੜ ਤੋੜ ਜ਼ਰੂਰ ਕਰਨੀ ਚਾਹੀਦੀ ਹੈ। ਇਹ ਔੜ ਤੋੜ ਕਿਹੜੀ ਸੂਰਤ ਵਿਚ ਹੋਵੇ, ਉਹ ਅਜੇ ਨਹੀਂ ਸੀ ਜਾਣਦਾ। ਪਰ ਹਾਂ, ਉਹ ਕੁਝ ਨਾ ਕੁਝ ਕਰਨਾ ਜ਼ਰੂਰ ਚਾਹੁੰਦਾ ਸੀ ! ਉਹਨੂੰ ਜਾਪਦਾ ਸੀ ਕਿ ਇਹ ਸਚਿਆਈ ਜਾਣ ਕੇ ਵੀ ਜੇ ਉਹ ਨਿਖੱਲਾ ਰਿਹਾ ਤਾਂ ਇਹ ਖ਼ਾਲਸਾ ਰਾਜ ਤੇ ਖ਼ਾਲਸਾ ਪੰਥ ਨਾਲ ਅਨਿਆਂ ਹੋਵੇਗਾ। ਇਹ ਮਾਹਿਲ ਘਰਾਣੇ ਦੀ ਨਾ-ਵਫ਼ਾਦਾਰੀ ਦਾ ਸਬੂਤ ਹੋਏਗਾ।

ਗੁਰਦਈ ਨੇ ਹੁਣ ਤਕ ਚੂਹੜ ਸਿੰਘ ਤੇ ਗੁਰਦਿਆਲ ਸਿੰਘ ਨੂੰ ਵੀ ਮਾਹਿਲ ਤੋਂ ਬੁਲਵਾ ਲਿਆ ਸੀ ਤੇ ਇਹ ਦੋਵੇਂ ਭਰਾ ਵੀ ਜ਼ੋਰ ਲਾ ਰਹੇ ਸਨ ਕਿ ਹਰਪਾਲ ਆਪਣੇ ਆਪ ਨੂੰ ਕਿਸੇ ਅਯੋਗ ਅਸਥਿਤੀ ਵਿਚ ਨਾ ਪਾਵੇ। ਚੂਹੜ ਸਿੰਘ ਇਕ ਹੋਰ ਰੁੱਖ ਲੈਂਦਾ ਆਖਦਾ, "ਮੈਂ ਤਾਂ ਕਹਿੰਦਾ ਹਾਂ ਕਿ ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਸਿੰਘ ਨਾਲ ਮੱਥਾ ਲਾਉਣਾ ਬੇਵਕੂਫ਼ੀ ਹੈ। ਉਹ ਸੱਚੇ ਹਨ ਜਾਂ ਝੂਠੇ ਉਹ ਰਾਜ ਦੇ ਹਿਤੂ ਹਨ ਜਾਂ ਨਹੀਂ, ਇਹ ਮਸਲਾ ਹੀ ਨਹੀਂ। ਮਸਲਾ ਇਹ ਹੈ ਕਿ ਐਸ ਵੇਲੇ ਸਾਰੇ ਪੰਜਾਬ ਵਿਚ ਇਹੋ ਜਿਹਾ ਕੋਈ ਆਦਮੀ ਨਹੀਂ ਜਿਹੜਾ ਉਨ੍ਹਾਂ ਦੇ ਸਾਹਮਣੇ ਖਲੋ ਸਕੇ। ਉਨ੍ਹਾਂ ਦੀ ਤਾਕਤ ਸ਼ਿਖਰ ਉੱਤੇ ਹੈ। ਸਭ ਸਰਦਾਰ ਤੇ ਜਰਨੈਲ ਉਨ੍ਹਾਂ ਦੇ ਹੱਥਾਂ ਵਿਚ ਹਨ। ਉਹੋ ਹੀ ਸਾਰੀ ਸਿਆਹੀ ਤੇ ਸਫ਼ੈਦੀ ਦੇ ਮਾਲਕ ਹਨ ਉਨ੍ਹਾਂ ਦੇ ਸਨਮੁਖ ਕੋਈ ਵਿਰੋਧਤਾ ਖੜੀ ਕਰਨੀ ਅਨਹੋਣੀ ਹੈ।"

ਹਰਪਾਲ ਸਿੰਘ ਆਪਣੇ ਭਰਾ ਵਲ ਤੱਕਦਾ। ਉਹ ਜਾਣਦਾ ਸੀ ਕਿ ਚੂਹੜ ਸਿੰਘ ਸੱਚ ਕਹਿ ਰਿਹਾ ਹੈ। ਬੇਸ਼ਕ ਉਹਨੂੰ ਵੀ ਹਾਲਾਤ ਏਸੇ ਤਰ੍ਹਾਂ ਲਗਦੇ ਸਨ। ਉਸ ਨੂੰ ਵੀ ਜਾਪਦਾ ਸੀ ਕਿ ਇਨ੍ਹਾਂ ਡੋਗਰਾ ਭਰਾਵਾਂ ਦੇ ਉਲਟ ਕੋਈ ਵਿਰੋਧਤਾ ਖੜੀ ਕਰਨੀ ਆਸਾਨ ਨਹੀਂ ਤੇ ਏਥੋਂ ਤਕ ਕਿ ਇਹ ਭਰਾ ਆਪਣੇ ਵਿਰੋਧੀਆਂ ਨੂੰ ਕਤਲ ਕਰਵਾਣ ਤਕ ਤੋਂ ਵੀ ਨਹੀਂ ਟਲਣਗੇ। ਫਿਰ ਵੀ ਉਹ ਕਹਿੰਦਾ, "ਪਰ ਅਨਿਆਂ ਨੂੰ ਸਿਰਫ਼ ਏਸੇ ਕਰ ਕੇ ਸਵੀਕਾਰ ਕਰ ਲੈਣਾ ਕਿ ਉਹ ਡਾਢਾ ਹੈ ਤੇ ਸ਼ਕਤੀਸ਼ਾਲੀ ਹੈ, ਇਨਸਾਨੀਅਤ ਨਹੀਂ। ਸਿੱਖੀ ਸਿਦਕ ਰਖਣ ਵਾਲਾ ਮਨੁੱਖ ਅਨਿਆਂ ਤੇ ਬਦੀ ਦੇ ਸਾਹਮਣੇ ਨਿਖੱਲਾ ਨਹੀਂ ਰਹਿ ਸਕਦਾ। ਸੀਸ ਜਾਏ ਤਾਂ ਜਾਏ, ਸਿਦਕ ਨਾ ਜਾਏ, ਸਿਖੀ ਆਦਰਸ਼ ਮਲੀਨ ਨਾ ਹੋਣ।"

"ਬੇਸ਼ਕ ਹਰਪਾਲ ! ਮੇਰੇ ਵਿਚ ਵੀ ਸਿੱਖੀ ਦਾ ਪਿਆਰ ਹੈ। ਮੈਂ ਵੀ ਓਸੇ ਮਾਹੌਲ ਵਿਚ ਪਲਿਆ ਹਾਂ ਜਿਸ ਵਿਚ ਤੂੰ, ਪਰ ਮੇਰੀ ਜਾਚੇ ਇਨ੍ਹਾਂ ਹਾਲਤਾਂ ਵਿਚ ਉਡੀਕ ਸਭ ਤੋਂ ਸਿਆਣਾ ਰਾਹ ਹੈ। ਸਾਨੂੰ ਉਸ ਸਮੇਂ ਦੀ ਉਡੀਕ ਕਰਨੀ ਚਾਹੀਦੀ ਹੈ ਜਦੋਂ ਸਫ਼ਲਤਾ ਦੀ ਕੁਝ ਨਾ ਕੁਝ ਤਾਂ ਉਮੀਦ ਹੋਵੇ।"

"ਤੇ ਜੇ ਓਦੋਂ ਤਕ ਰਾਜ ਬਰਬਾਦ ਹੋ ਗਿਆ ?" ਹਰਪਾਲ ਪੁਛਦਾ। ਨਹੀਂ, ਹਰਪਾਲ ਓਦੋਂ ਤਕ ਇਹ ਉਡੀਕ ਨਹੀਂ ਸੀ ਸਕਦਾ। ਉਹ ਨਹੀਂ ਸੀ ਜਾਣਦਾ ਕਿ ਉਹ ਕੀ ਕਰਨਾ ਚਾਹੁੰਦਾ ਹੈ, ਪਰ ਕੋਈ ਨਾ ਕੋਈ ਕਦਮ ਚੁਕਣਾ ਉਹਨੂੰ ਅਤੀ ਜ਼ਰੂਰੀ ਲਗਦਾ।

ਜਿਉਂ ਜਿਉਂ ਘਰ ਵਿਚ ਇਹੋ ਜਿਹੀ ਚਰਚਾ ਵਧਦੀ ਗਈ, ਤਿਉਂ ਤਿਉਂ ਹਰਪਾਲ ਨੂੰ ਮਹਿਸੂਸ ਹੁੰਦਾ ਗਿਆ ਕਿ ਉਹ ਆਪਣੇ ਆਦਰਸ਼ਾਂ ਤੋਂ ਡਿਗ ਰਿਹਾ ਹੈ। ਤਿਉਂ ਤਿਉਂ ਉਹ ਮਹਿਸੂਸ ਕਰਦਾ ਕਿ ਉਹਨੂੰ ਹੋਰ ਸਮਾਂ ਨਿਖੱਲਾ ਨਹੀਂ ਰਹਿਣਾ ਚਾਹੀਦਾ। ਰਾਜ ਬਰਬਾਦ ਹੋ ਰਿਹਾ ਹੈ, ਪੰਥ ਉਜੜ ਰਿਹਾ ਹੈ। ਜਿਸ ਰਾਜ ਵਾਸਤੇ ਉਹਦੇ ਵੱਡੇ ਵਡੇਰਿਆਂ ਨੇ ਅਨੇਕਾਂ ਕੁਰਬਾਨੀਆਂ ਕੀਤੀਆਂ ਹਨ, ਉਸ ਰਾਜ ਦੀ ਹੁਣ ਦੁਰਗਤੀ ਸ਼ੁਰੂ ਹੋ ਗਈ ਹੈ ਤੇ ਇਸ ਬਰਬਾਦੀ ਤੇ ਦੁਰਗਤੀ ਦਾ ਕਾਰਨ ਹਨ ਡੋਗਰਾ ਭਰਾ। ਕਦੀ ਕਦੀ ਗੁਰਦਈ ਸੁਝਾਅ ਪੇਸ਼ ਕਰਦੀ ਕਿ ਉਹ ਸਾਰੇ ਮਾਹਿਲ ਚਲੇ ਜਾਣ। ਉਹ ਗੁਰਮੀਤ

Scanned by CamScanner

ਨੂੰ ਕਹਿੰਦੀ, "ਮੀਤੀ ! ਹਰਪਾਲ ਉੱਤੇ ਜ਼ੋਰ ਪਾ ਕਿ ਅਸੀਂ ਮਾਹਿਲ ਚਲ ਰਹੀਏ । ਅਸੀਂ ਇਨ੍ਹਾਂ ਸਾਜ਼ਸ਼ਾਂ ਨਾਲ ਸਿਝ ਨਹੀਂ ਸਕਦੇ । ਹਰਪਾਲ ਖਰਾ ਤੇ ਸੱਚਾ ਆਦਮੀ ਹੈ । ਅੱਜ ਕਲ ਲਾਹੌਰ ਸੱਚਿਆਂ ਤੇ ਖਰਿਆਂ ਵਾਸਤੇ ਨਹੀਂ ਰਿਹਾ ।'

ਗੁਰਮੀਤ ਨੂੰ ਵੀ ਇਹੋ ਰਾਹ ਸਭ ਤੋਂ ਸੁਖੈਣ ਦਿਸਦਾ । ਇਹੋ ਉਹ ਸਮਝੌਤਾ ਸੀ ਜਿਸ ਕਰ ਕੇ ਮਾਂ ਤੇ ਪੁੱਤਰ ਦੀ ਰਹਿ ਆਉਂਦੀ ਤੇ ਟੱਬਰ ਵੀ ਨਾ ਰੁਲਦਾ । "ਚਲ ਵੀਰਾ, ਮਾਹਿਲ ਚਲੀਏ...।' ਗੁਰਮੀਤ ਨੇ ਇਕ ਦਿਨ ਹਰਪਾਲ ਨੂੰ ਕਿਹਾ, "ਲਾਹੌਰ ਹੁਣ ਸਾਡੀ ਢੋਈ ਨਹੀਂ । ਸ਼ੇਰੇ-ਪੰਜਾਬ ਦੀ ਮੌਤ ਪਿਛੋਂ ਲਾਹੌਰ ਪਹਿਲੇ ਜਿਹਾ ਲਾਹੌਰ ਨਹੀਂ ਰਿਹਾ...।" ਗੁਰਮੀਤ ਨੇ ਇਹ ਸ਼ਬਦ ਕਹੇ ਤੇ ਹਰਪਾਲ ਦੀਆਂ ਅੱਖਾਂ ਸਾਹਮਣੇ ਸ਼ਾਹਬਾਜ਼, ਸ਼ੁਭਵੰਤ ਤੇ ਜਾਂਬਾਜ਼ ਆ ਗਏ । ਲਾਹੌਰ ਦੀ ਖਿਚ ਕੋਹੀ ਖਿਚ ਸੀ ? ਏਸ ਸ਼ਹਿਰ ਵਿਚ ਸਿੱਖਾਂ ਉੱਤੇ ਕੀ ਕੀ ਜ਼ੁਲਮ ਨਹੀਂ ਸਨ ਹੋਏ । ਏਸ ਸ਼ਹਿਰ ਵਾਸਤੇ ਸਿੱਖਾਂ ਨੇ ਕੀ ਕੀ ਕੁਰਬਾਨੀਆਂ ਨਹੀਂ ਦਿਤੀਆਂ । ਕਿਵੇਂ ਏਸ ਸ਼ਹਿਰ ਵਿਚੋਂ ਬ ਬੇ ਬੰਦੇ ਤੇ ਹੋਰਨਾਂ ਕੈਦੀਆਂ ਦਾ ਜਲੂਸ ਕੱਢਿਆ ਗਿਆ ਸੀ ? ਹਾਂ ਇਸ ਜਲੂਸ ਵਿਚ ਸ਼ਾਹਬ ਜ਼ ਵੀ ਸ਼ਾਮਲ ਸੀ । ਮੁਸਲਮਾਨ ਸ਼ਹਿਰੀ ਕੈਦੀਆਂ ਉੱਤੇ ਥੁਕਣਾ ਸਵਾਬ ਸਮਝਦੇ ਸਨ । ਫਿਰ ਇਸ ਸ਼ਹਿਰ ਵਾਸਤੇ ਜਾਂਬਾਜ਼ ਤੇ ਸ਼ੁਭਵੰਤ ਦੀ ਸਿਕ । ਜਦੋਂ ਤੋਂ ਜਾਂਬਾਜ਼ ਨੇ ਬਾਬੇ ਬੰਦੇ ਤੇ ਹੋਰਨਾਂ ਕੈਦੀਆਂ ਦਾ ਇਸ ਸ਼ਹਿਰ ਦੇ ਬਾਜ਼ਾਰਾਂ ਤੇ ਗਲੀਆਂ ਵਿਚ ਉਹ ਜਲੂਸ ਵੇਖਿਆ ਸੀ, ਓਦੋਂ ਤੋਂ ਹੀ ਉਹਦੀ ਲਾਲਸਾ ਰਹੀ ਸੀ ਕਿ ਲਾਹੌਰ ਦੀ ਜਿਤ ਵੇਲੇ ਉਹ ਜ਼ਰੂਰ ਓਥੇ ਹੋਵੇ । ਉਹਦੀ ਆਰਜ਼ੂ ਪੂਰੀ ਹੋਈ ਸੀ ਤੇ ਫਿਰ ਸ਼ੁਭਵੰਤ ਨਿਤ ਉਹਨੂੰ ਆਖਿਆ ਕਰਦੀ ਸੀ, "ਵੇ ਮੇਰੇ ਮਰਨ ਤੋਂ ਪਹਿਲੇ ਮੈਨੂੰ ਇਕ ਵਾਰ ਲਾਹੌਰ ਤਾਂ ਵਿਖਾ ਦੇ...।" ਅੰਤ ਲਾਹੌਰ ਵੇਖਣ ਦੀ ਆਰਜ਼ੂ ਵੀ ਪੂਰੀ ਹੋਈ ਸੀ । ਹਾਂ, ਇਹ ਕੁਝ ਤੇ ਕਿੰਨਾ ਕੁਝ ਹੋਰ ਉਹ ਆਪਣੇ ਪਿਤਾ ਦਲੇਰ ਸਿੰਘ ਕੋਲੋਂ ਸੁਣ ਚੁਕਾ ਸੀ ।

ਪਰ ਅੱਜ . ਅੱਜ ਉਹ ਸਮ ਆ ਗਿਆ ਸੀ ਕਿ ਮਾਹਿਲ ਘਰਾਣੇ ਦੀ ਲਾਹੌਰ ਵਿਚ ਢੋਈ ਨਹੀਂ ਰਹੀ । ਲਾਹੌਰ ਵਿਚ ਉਨ੍ਹਾਂ ਵਾਸਤੇ ਕੋਈ ਦਿਲਦਸਪੀ ਨਹੀਂ ਰਹੀ । ਅੱਜ ਲਾਹੌਰ ਦਾ ਵਾਤਾਵਰਣ ਵੱਢ ਵੱਢ ਖਾਂਦਾ । ਅੱਜ ਲਾਹੌਰ ਦੀ ਹਵਾ ਵਿਚ ਉੱਭੇ ਸਾਹ ਆਉਣ ਲਗੇ । ਅੱਜ ਮਾਹਿਲ ਲਾਹੌਰ ਵਿਚੋਂ ਆਪਣਾ ਦਾਣਾ ਪਾਣੀ ਖ਼ਤਮ ਕਰਨ ਉੱਤੇ ਮਜਬੂਰ ਹੋ ਰਹੇ ਸਨ ! ਹਰਪਾਲ ਨੇ ਆਪਣੇ ਆਪ ਕੋਲੋਂ ਪੁਛਿਆ, "ਬਸ ! ਕੀ ਇਹੋ ਹੀ ਅੰਤ ਹੈ ? ਬਸ ! ਕੀ ਅੱਜ ਤੋਂ ਖ਼ਾਲਸਾ ਰਾਜ, ਪੰਜਾਬ ਰਾਜ ਖ਼ਤਮ ਹੋ ਗਿਆ ? ਬਸ ! ਕੀ ਅੱਜ ਤੋਂ ਗੁਰੂ ਗੋਬਿੰਦ ਸਿੰਘ, ਬਾਬੇ ਬੰਦੇ ਤੇ ਸਾਡੇ ਘਰਾਣੇ ਦੀਆਂ ਘਾਲੀਆਂ ਘਾਲਾਂ ਦੀ ਕਹਾਣੀ ਮੁੱਕ ਗਈ । ਅੱਜ ਤੋਂ ਫਲ ਸੁੱਕੇ, ਪੱਤ ਮੁਰਝਾ ਗਏ, ਅੱਜ ਤੋਂ ਸਿੱਖ ਪੰਥ ਉੱਤੇ ਫਿਰ ਪੱਤ ਝੜ ਆ ਗਈ . !' ਹਰਪਾਲ ਦੀ ਆਤਮਾ ਪੀੜ ਨਾਲ ਵਿਲਕ ਉੱਠੀ, "ਮਾਹਿਲ ਘਰਾਣੇ ਦਾ ਲਾਹੌਰ ਛੱਡ ਜਾਣਾ ਲਖਾਇਕ ਹੋਵੇਗਾ, ਇਸ ਗੱਲ ਦਾ ਕਿ ਖ਼ਾਲਸਾ ਰਾਜ ਸੁਕ ਗਿਆ ਹੈ ਕਿ ਦਾਇਰਾ ਪੂਰਾ ਹੋਇਆ ਹੈ । ਅਸੀਂ ਜਿਥੋਂ ਟੁਰੇ ਸਾਂ ਮੁੜ ਕੇ ਓਥੇ ਹੀ ਪਹੁੰਚ ਗਏ ਹਾਂ ।"

ਹਰਪਾਲ ਨੇ ਗੁਰਮੀਤ ਵਲ ਵੇਖਿਆ ਤੇ ਫ਼ੈਸਲਾ-ਕੁਨ ਲਹਿਜੇ ਵਿਚ ਕਿਹਾ, "ਨਹੀਂ ! ਮੀਤੀ ਮੈਂ ਲਾਹੌਰ ਨਹੀਂ ਛੱਡਾਂਗਾ । ਮਾਹਿਲ ਘਰਾਣਾ ਲਾਹੌਰ ਨਹੀਂ ਛੱਡੇਗਾ । ਮੈਂ ਹਾਰ ਸਵੀਕਾਰ ਨਹੀਂ ਕਰਾਂਗਾ ।" ਗੁਰਮੀਤ ਚੁਪ ਹੋ ਗਈ । ਇਲੋਂ ਅਪ ਗੁਰਮੀਤ ਵੀ ਇਹੋ ਕੁਝ ਸੋਚਦੀ ਰਹੀ ਸੀ । ਉਹ ਵੀ ਲਾਹੌਰ ਛੱਡਣਾ ਨਹੀਂ ਸੀ ਚਾਹੁੰਦੀ । ਉਹਨੂੰ ਵੀ ਲਗਦਾ ਸੀ ਕਿ ਜਿਵੇਂ ਉਨ੍ਹਾਂ ਦਾ ਲਾਹੌਰ ਛੱਡਣਾ ਖ਼ਾਲਸਾ ਰਾਜ ਦੇ ਅੰਤ ਦਾ ਚਿੰਨ੍ਹ ਹੈ । ਪਰ ਜੇ ਲਾਹੌਰ ਛੱਡਣਾ ਨਹੀਂ ਤਾਂ ਘਰ ਵਿਚ ਵਧ ਰਹੀ ਖਿੱਚੋਤਾਣ ਦਾ ਕੀ ਬਣੇਗਾ ? ਹਰਪਾਲ ਆਪਣੇ ਬਾਕੀ ਸਭ ਇਰਾਦਿਆਂ ਵਿਚ ਪ੍ਰਪੱਕ ਸੀ, ਪਰ ਜਦੋਂ ਗੱਲ ਮਾਂ ਨਾਲ ਰਿੰਜ ਹੋਣ ਉੱਤੇ ਪਹੁੰਚਦੀ ਤਾਂ ਉਹਦਾ ਹੌਸਲਾ ਟੁੱਟ ਜਾਂਦਾ । ਆਪਣੀ ਮਾਂ ਉਹਨੂੰ ਸਿੱਖ ਧਰਮ ਦਾ ਸਰੂਪ ਦਿਸਦੀ ਸੀ । ਆਪਣੇ ਚੌਲੇ ਵਾਲਾਂ ਨ ਲ, ਆਪਣੇ ਝੁਰੜੀਆਂ ਭਰੇ ਚਿਹਰੇ ਨਾਲ ਪਰ ਤਾਂ ਵੀ ਆਪਣੇ ਮਜ਼ਬੂਤ ਆਚਰਨ ਨਾਲ ਉਹ ਉਹਨੂੰ ਆਪਣੇ ਮਜ਼ਬੂਤ ਆਚਰਨ ਦਾ ਅਸਲੀ ਜਨਮ-ਦਾਤਾ ਦਿਸਦੀ ਸੀ । ਹਰਪਾਲ ਨੇ ਆਪਣੀ ਮਾਂ ਕੋਲੋਂ ਬੜਾ ਕੁਝ ਲਿਆ ਸੀ । ਉਹ ਮਾਂ ਦਾ ਦਿਲ ਨਾ ਤੋੜ ਸਕਦਾ ।

ਹਰਪਾਲ ਉੱਠਦਾ, ਨ੍ਹਾਉਂਦਾ, ਪਾਠ ਕਰਦਾ, ਕੰਮ ਉੱਤੇ ਜਾਂਦਾ, ਵਾਪਸ ਆਉਂਦਾ, ਰੋਟੀ ਖਾਂਦਾ, ਮੰਜੇ ਉੱਤੇ ਸੌਣ ਲਈ ਲੇਟਦਾ, ਪਰ ਉਹਦਾ ਮਨ ਕਿਸੇ ਵੇਲੇ ਵੀ ਸ਼ਾਂਤ ਨਾ ਹੁੰਦਾ । ਪਾਠ ਕਰਦਿਆਂ ਵੀ ਉਹਦਾ ਮਨ ਕਾਬੂ ਵਿਚ ਨ ਰਹਿੰਦਾ । ਉਹਨੂੰ ਭੂਤਾਂ ਦੇ ਸੁਪਨੇ ਆਉਂਦੇ, ਉਹਨੂੰ ਭਵਿਖਤ ਡਰਾਉਣਾ ਲਗਦਾ । ਮੁੜ ਮੁੜ ਕੇ ਭੈਂਗਰੇ ਭਰਾਵਾਂ ਦੀਆਂ ਸਾਜ਼ਸ਼ਾਂ ਉਹਦੇ ਮਨ ਵਿਚ ਵਿਚਰ ਜਾਂਦੀਆਂ । ਮੁੜ ਮੁੜ ਉਹ ਸੋਚਦਾ ਕਿ ਕੀ ਇਸ ਬਰਬਾਦੀ ਨੂੰ ਕੋਈ ਵੀ ਨਹੀਂ ਰੋਕੇਗਾ

Scanned by CamScanner

ਕੀ ਕੋਈ ਵੀ ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਸਿੰਘ ਦੇ ਸਨਮੁਖ ਨਹੀਂ ਖਲੋਵੇਗਾ। ਉਹ ਸੋਚਦਾ ਕਿ ਆਖ਼ਰ ਡੁੱਗਰਾ ਭਰਾਵਾਂ ਦੇ ਦਿਲ ਵਿਚ ਹੈ ਕੀ ? ਉਹ ਕੀ ਕਰਨਾ ਚਾਹੁੰਦੇ ਹਨ ? ਉਨ੍ਹਾਂ ਦਾ ਅੰਤਲਾ ਨਿਸ਼ਾਨਾਂ ਕੀ ਹੈ ? ਉਨ੍ਹਾਂ ਕੋਲ ਤਾਕਤ ਹੈ, ਉਹ ਹੋਰ ਕੀ ਮੰਗਦੇ ਹਨ ? ਉਨ੍ਹਾਂ ਕੋਲ ਖ਼ਾਲਸਾ ਰਾਜ ਦਾ ਖ਼ਜ਼ਾਨਾ ਹੈ, ਉਹ ਹੋਰ ਕੀ ਚਾਹੁੰਦੇ ਹਨ ? ਉਸ ਸੁਣਿਆ ਕਿ ਡੁੱਗਰਾ ਭਰਾਵਾਂ ਵਲੋਂ ਖ਼ਜ਼ਾਨੇ ਨੂੰ ਖ਼ਾਲੀ ਦੱਸਣ ਦਾ ਮਤਲਬ ਇਹੋ ਹੈ ਕਿ ਹੌਲੀ ਹੌਲੀ ਸਭ ਅਮੁੱਲੇ ਜਵਾਹਰਾਤ ਤੇ ਗਹਿਣੇ ਜੰਮੂ ਲੈ ਜਾਏ ਜਾਣ ! ਉਸ ਸੁਣਿਆਂ ਕਿ ਹਰ ਲਾਹੌਰ ਫੇਰੀ ਵੇਲੇ ਰਾਜਾ ਗੁਲਾਬ ਸਿੰਘ ਬੜਾ ਕੁਝ ਕੀਮਤੀ ਤੇ ਅਣਮੁੱਲਾ ਸਾਮਾਨ ਆਪਣੇ ਨਾਲ ਜੰਮੂ ਲੈ ਜਾਂਦਾ ਹੈ। ਉਹ ਆਪਣੇ ਆਪ ਕੋਲੋਂ ਪੁੱਛਦਾ ਕਿ ਕੀ ਡੋਗਰਾ ਭਰਾ ਖ਼ਾਲਸਾ ਰਾਜ ਦੀ ਥਾਂ ਆਪਣਾ ਰਾਜ ਚਲਾਣਾ ਚਾਹੁੰਦੇ ਹਨ ? ਆਪਣਾ ਸਿੱਕਾ ਢਾਲਣਾ ਚਾਹੁੰਦੇ ਹਨ ? ਕਿ ਧਿਆਨ ਸਿੰਘ ਆਪਣੇ ਪੁੱਤਰ ਹੀਰਾ ਸਿੰਘ ਨੂੰ ਰਾਜ ਤਿਲਕ ਦੇਣਾ ਚਾਹੁੰਦਾ ਹੈ। ਭਲਾ ਜੇ ਉਨ੍ਹਾਂ ਦੇ ਇਹ ਇਰਾਦੇ ਨਹੀਂ ਤਾਂ ਫਿਰ ਇਹ ਰਾਜ ਹੈ ਕਿਦ੍ਹਾ, ਰਾਜ ਦਾ ਸੰਚਾਲਕ ਹੈ ਕੌਣ ? ਤੇ ਹਰਪਾਲ ਆਪਣੇ ਆਪ ਕੋਲੋਂ ਇਹ ਵੀ ਪੁੱਛਦਾ ਕਿ ਇਸ ਵਰਤ ਰਹੇ ਨਾਟਕ ਵਿਚ ਉਹਦਾ ਕੀ ਪਾਰਟ ਹੈ ? ਉਹਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ। ਹਰਪਾਲ ਦੀ ਜ਼ਿੰਦਗੀ ਦਿਨੋਂ ਦਿਨ ਤਲਖ਼ ਹੁੰਦੀ ਜਾਂਦੀ।

ਗੁਰਮੀਤ ਨੇ ਆਪਣੇ ਭਰਾ ਦੀ ਇਸ ਮਾਨਸਕ ਖਿੱਚੋਤਾਣ ਦਾ ਅੰਦਾਜ਼ਾ ਲਾਇਆ। "ਉਫ਼ ਮੇਰੇ ਵੀਰ !" ਉਸ ਆਪਣੇ ਆਪ ਨੂੰ ਕਿਹਾ, "ਤੇਰੇ ਲੇਖ ਲਿਖਣ ਵੇਲੇ ਵਿਧਾਤਾ ਨੇ ਕੀ ਸੋਚਿਆ। ਤੈਨੂੰ ਜ਼ਿੰਦਗੀ ਵਿਚ ਐਨਾ ਕੁਝ ਮਿਲਿਆ ਤੇ ਫਿਰ ਵੀ ਤੂੰ ਸਖਣੇ ਦਾ ਸਖਣਾ ਰਿਹੋਂ। ਤੇਰੀ ਝੋਲੀ ਅਨੇਕ ਵਾਰ ਨੱਕੋ-ਨੱਕ ਪੂਰੀ ਗਈ, ਪਰ ਤਾਂ ਵੀ ਤੇਰੀ ਆਤਮਾ ਖ਼ਾਲੀ ਦੀ ਖ਼ਾਲੀ ਰਹੀ। ਤੇਰੀ ਬਹਾਦਰੀ ਤੇ ਤੇਰੀ ਬੁਧੀਮਾਨਤਾ ਬੇ-ਮਿਸਾਲ ਹੈ, ਪਰ ਤੇਰੀ ਆਤਮਾ ਦਾ ਸੁੰਞਾਪਨ ਵੀ ਬੇਮਿਸਾਲ ਹੈ ਮੇਰੇ ਵੀਰ। ਤੂੰ ਖ਼ਾਲਸਾ ਸਲਤਨੱਤ ਦੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨੂਰੇ-ਨਜ਼ਰ, ਤੂੰ ਸਰਦਾਰ ਬਾਵੱਕਾਰ, ਤੂੰ ਵਿੱਚਤੇ-ਰਾਜ...ਪਰ ਤੂੰ ਕੀ ਹੈਂ ਆਖ਼ਰ ? ਤੂੰ ਉਹ ਹੈਂ ਕਿ ਜਿਸ ਨੂੰ ਜ਼ਿੰਦਗੀ ਵਿਚ ਸੁਖ ਦੀਆਂ ਚਾਰ ਘੜੀਆਂ ਵੀ ਨਾ ਮਿਲੀਆਂ...।"

ਗੁਰਮੀਤ ਨੇ ਹਰਪਾਲ ਬਾਰੇ ਹੰਝੂ ਵਹਾਏ ਤੇ ਉਹ ਕਹਿੰਦੀ ਗਈ, "ਵੀਰਾ, ਸਾਨੂੰ ਫ਼ੈਸਲਾ ਕਰਨਾ ਹੀ ਪਏਗਾ। ਮਾਂ ਨੂੰ ਸਾਫ਼ ਸਾਫ਼ ਕਹਿਣਾ ਹੀ ਪਏਗਾ। ਘਰ ਦੀ ਬਰਬਾਦੀ ਮਨਜ਼ੂਰ, ਪਰ ਕਿਸੇ ਕਸ਼-ਮਕੱਸ਼ ਬਗੈਰ ਰਾਜ ਬਰਬਾਦ ਨਹੀਂ ਹੋਵੇਗਾ। ਮੈਥੋਂ ਤੇਰੀ ਮਾਨਸਕ ਖਿੱਚੋਤਾਣ ਸਹਿ ਨਹੀਂ ਹੁੰਦੀ।" ਉਸ ਆਪਣੇ ਭਰਾ ਵਾਸਤੇ ਫ਼ੈਸਲਾ ਕੀਤਾ। ਉਹ ਜਾਣਦੀ ਸੀ ਕਿ ਉਹਦਾ ਭਰਾ ਕਿਹੀ ਔਖੀ ਘਾਟੀ ਵਿਚੋਂ ਲੰਘ ਰਿਹਾ ਹੈ। ਅੱਜ ਇਸਤ੍ਰੀ ਨੇ ਮਾਂ ਦਾ ਨਹੀਂ, ਭਰਾ ਦਾ ਪਾਸਾ ਲਿਆ। ਅੱਜ ਗੁਰਮੀਤ ਨੇ ਹਰਪਾਲ ਨੂੰ ਆਖਿਆ, "ਵੀਰਾ ! ਮੈਂ ਫ਼ੈਸਲਾ ਕਰ ਲਿਆ ਹੈ। ਅਸੀਂ ਲਾਹੌਰ ਹੀ ਰਹਾਂਗੇ ਤੇ ਸਾਡੇ ਕੋਲੋਂ ਜੋ ਕੁਝ ਹੋ ਸਕੇਗਾ, ਅਸੀਂ ਕਰਾਂਗੇ। ਮੈਂ ਜਾਣਦੀ ਹਾਂ ਕਿ ਧਿਆਨ ਸਿੰਘ ਝੂਠ ਮਾਰ ਰਿਹਾ ਹੈ ਤੇ ਉਹ ਖ਼ਾਲਸਾ ਰਾਜ ਦਾ ਦੁਸ਼ਮਨ ਹੈ। ਅੱਜ ਮੈਂ ਮਾਂ ਨੂੰ ਸਾਫ਼ ਸਾਫ਼ ਕਹਿ ਦੇਵਾਂਗੀ। ਜੇ ਮਾਂ ਤੇ ਦੂਜੇ ਭਰਾ ਚਾਹੁੰਣ ਤਾਂ ਉਹ ਮਾਹਿਲ ਚਲੇ ਜਾਣ...।"

ਕਿੰਨਾ ਚਿਰ ਹਰਪਾਲ ਆਪਣੀ ਭੈਣ ਵਲ ਵੇਖਦਾ ਰਿਹਾ। "ਮੀਤੀ ! ਮਾਂ..."

"ਮਾਂ ਨੂੰ ਦੁਖ ਹੋਵੇਗਾ ! ਬੇਸ਼ਕ ਮਾਂ ਸਾਡਾ ਇਹ ਵਤੀਰਾ ਸਹਿ ਨਾ ਸਕੇ। ਮੈਂ ਜਾਣਦੀ ਹਾਂ। ਮਾਂ ਦੀ ਉਮਰ ਬਿਰਧ ਹੈ ਤੇ ਕੁਝ ਵੀ ਹੋ ਸਕਦਾ ਹੈ, ਪਰ ਵੀਰ ਸਚਾਈ ਦਾ ਪੱਲਾ ਵੀ ਛੱਡਿਆ ਨਹੀਂ ਜਾ ਸਕਦਾ। ਜੇ ਖ਼ਾਲਸਾ ਪੰਥ ਤੇ ਖ਼ਾਲਸਾ ਰਾਜ ਦੀ ਸਲਾਮਤੀ ਸਾਡੇ ਇਸ ਫ਼ੈਸਲੇ ਉੱਤੇ ਹੀ ਨਿਰਭਰ ਹੈ ਤਾਂ ਅਸੀਂ ਇਸ ਤੋਂ ਪਿਛੇ ਨਹੀਂ ਮੁੜਾਂਗੇ। ਜੇ ਸਾਨੂੰ ਇਹ ਕੁਰਬਾਨੀ ਦੇਣੀ ਹੀ ਪੈਣੀ ਹੈ ਤਾਂ ਅਸੀਂ ਇਹ ਕੁਰਬਾਨੀ ਦੇਵਾਂਗੇ।

"ਖੰਨਿਓ ਤਿੱਖੀ ਵਾਲਹੋਂ ਨਿੱਕੀ, ਏਤਿ ਮਾਰਗ ਜਾਣਾ।"

ਹਰਪਾਲ ਨੇ ਮੀਤੀ ਦਾ ਹੱਥ ਘੁਟਿਆ, "ਹਾਂ ਮੀਤੀ ! ਏਤਿ ਮਾਰਗ ਜਾਣਾ।"

Scanned by CamScanner

ਗਰਮੀਆਂ ਦੇ ਦਿਨ ਸਨ, ਪਰ ਅੱਜ ਸਵੇਰੇ ਚਾਣਚਕ ਕੁਝ ਬੂੰਦਾ ਬਾਂਦੀ ਹੋ ਜਾਣ ਨਾਲ ਐਨੀ ਗਰਮੀ ਨਹੀਂ ਸੀ। ਸ਼ਾਮ ਦਾ ਸਮਾਂ ਸੀ ਤੇ ਹਰਪਾਲ ਸਿੰਘ ਮਾਹਿਲ ਆਪਣੀ ਹਵੇਲੀ ਦੇ ਦਲਾਨ ਵਿਚ ਬੈਠਾ ਸੀ। ਸਰਦਾਰ ਲਹਿਣਾ ਸਿੰਘ ਮਜੀਠੀਆ ਵੀ ਉਥੇ ਹੀ ਸੀ ਤੇ ਆਮ ਵਾਂਗ ਸ਼ਹਿਰ ਦੇ ਕਈ ਹੋਰ ਆਦਮੀ ਵੀ ਆਏ ਹੋਏ ਸਨ। ਏਧਰ ਓਧਰ ਦੀਆਂ ਗੱਲਾਂ ਹੋ ਰਹੀਆਂ ਸਨ। ਕੁਝ ਦਿਨਾਂ ਤੱਕ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਈ ਜਾ ਰਹੀ ਸੀ ਤੇ ਇਹੋ ਵਿਸ਼ਾ ਅੱਜ ਕਲ ਸਭ ਤੋਂ ਹਰਮਨ ਪਿਆਰਾ ਸੀ।

ਗੱਲਾਂ ਹੋ ਰਹੀਆਂ ਸਨ ਕਿ ਭਾਰੇ ਸਰੀਰ ਵਾਲਾ ਤੇ ਘਸਮੈਲੀ ਵਰਦੀ ਪਾਈ ਇਕ ਸੈਨਿਕ ਦਰਵਾਜ਼ੇ ਥਾਣੀ ਅੰਦਰ ਆਉਂਦਾ ਦਿਸਿਆ। ਉਹਦੀ ਪੱਗ ਉਹਦੇ ਆਕਾਰ ਵਾਂਗ ਹੀ ਵੱਡੀ ਤੇ ਭਾਰੀ ਸੀ ਤੇ ਉਹ ਹੌਲੇ ਹੌਲੇ ਕਦਮ ਪੁਟਦਾ ਅਗੇ ਵਧਦਾ ਆ ਰਿਹਾ ਸੀ। ਸਰਦਾਰ ਲਹਿਣਾ ਸਿਘ ਨੇ ਪੁਛਿਆ : ਇਹ ਕੌਣ ਹਨ ?"

ਹਰਪਾਲ ਸਿੰਘ ਨੇ ਆਪਣੇ ਭਰਾ ਚੂਹੜ ਸਿੰਘ ਵਲ ਵੇਖਿਆ, ਪਰ ਚੂਹੜ ਸਿੰਘ ਵੀ ਨਹੀਂ ਸੀ ਜਾਣਦਾ, "ਪਤਾ ਨਹੀਂ। ਮੈਂ ਤਾਂ ਅਗੇ ਇਹਨੂੰ ਕਦੀ ਨਹੀਂ ਮਿਲਿਆ।" ਏਨੇ ਚਿਰ ਵਿਚ ਮੁਲਾਕਾਤੀ ਨੇੜੇ ਆ ਗਿਆ ਤੇ ਹਰਪਾਲ ਨੇ ਉਹਨੂੰ ਪਛਾਣਦਿਆਂ ਹੋਇਆ ਕਿਹਾ : "ਇਹ ਤਾਂ ਹਵਾਲਦਾਰ ਬੀਰ ਸਿੰਘ ਹੈ। ਹੁਣ ਜਮਾਂਦਾਰ ਬਣ ਗਿਆ ਲਗਦਾ ਹੈ।"

ਹਾਂ, ਇਹ ਜਮਰੌਦ ਦੀ ਲੜਾਈ ਵੇਲੇ ਦਾ ਨਾਇਕ ਬੀਰ ਸਿੰਘ, ਹਰਪਾਲ ਦਾ ਬਣਾਇਆ ਹਵਾਲਦਾਰ ਅਜ ਜਮਾਂਦਾਰ ਬੀਰ ਸਿੰਘ ਬਣ ਕੇ ਮਾਹਿਲਾਂ ਦੀ ਹਵੇਲੀ ਆਇਆ ਸੀ। ਇਸ ਤੋਂ ਪਹਿਲੇ ਕਿ ਉਹ ਜੁੜੇ ਆਦਮੀਆਂ ਕੋਲ ਪਹੁੰਚੇ ਹਰਪਾਲ ਦੀਆਂ ਅੱਖਾਂ ਅਗੋਂ ਜਮਰੌਦ ਦੀ ਲੜਾਈ ਦਾ ਸਾਰਾ ਸਾਕਾ ਲੰਘ ਗਿਆ। ਬੀਰ ਸਿੰਘ ਨੇ ਓਦੋਂ ਜਾਨ ਹੂਲ ਕੇ ਲੜਾਈ ਕੀਤੀ ਸੀ। ਦੋ ਦਿਨ ਤੇ ਦੋ ਰਾਤਾਂ ਨਹੀਂ ਸੀ ਸੁੱਤਾ ਤੇ ਹਰਪਾਲ ਨੇ ਖੁਸ਼ ਹੋ ਕੇ ਉਹਨੂੰ ਹਵਾਲਦਾਰ ਬਣਾਇਆ ਸੀ। ਬੀਰ ਸਿੰਘ ਨੇੜੇ ਪਹੁੰਚਿਆ ਤੇ ਹਰਪਾਲ ਨੇ ਉਠ ਕੇ ਉਹਨੂੰ ਗਲੇ ਨਾਲ ਲਾ ਲਿਆ। ਫਿਰ ਉਸ ਸਾਰਿਆਂ ਨਾਲ ਉਹਦੀ ਮੁਲਾਕਾਤ ਕਰਾਈ। ਬੀਰ ਸਿੰਘ ਨੇ ਕਿਹਾ : "ਮੈਂ ਅੱਜ ਹੀ ਕਾਬਲੋਂ ਮੁੜਿਆ ਹਾਂ, ਜਰਨੈਲ ਸਾਹਿਬ ! ਤੇ ਸਭ ਤੋਂ ਪਹਿਲੇ ਤੁਹਾਨੂੰ ਫ਼ਤਿਹ ਗਜਾਣ ਆਇਆ ਹਾਂ।"

ਅੱਜ ਕਾਬਲ ਤੋਂ ਸਿੰਘਾਂ ਦਾ ਇਕ ਜੱਥਾ ਵਾਪਸ ਆਇਆ ਸੀ। ਇਹ ਜੱਥਾ ਉਸ ਫ਼ੌਜ ਦਾ ਇਕ ਭਾਗ ਸੀ ਜਿਹੜੀ ਸ਼ਾਹ ਸ਼ੁਜਾਹ ਦੇ ਪੁੱਤਰ ਤੈਮੂਰ ਨਾਲ ਪਿਛਲੇ ਸਾਲ ਸ਼ਾਹ ਸ਼ੁਜਾਹ ਨੂੰ ਕਾਬਲ ਦਾ ਤਖ਼ਤ ਦੁਆਉਣ ਦੇ ਸਿਲਸਿਲੇ ਵਿਚ ਪਿਸ਼ਾਵਰ ਦੇ ਰਸਤੇ ਅਗੇ ਵਧੀ ਸੀ। ਨਵੰਬਰ ਤੇ ਦਸੰਬਰ ੧੮੩੮ ਵਿਚ ਗਵਰਨਰ ਜਨਰਲ ਲਾਰਡ ਆਕਲੈਂਡ ਤੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੀਰੋਜ਼ਪੁਰ ਵਿਚ ਮੁਲਾਕਾਤ ਹੋਈ ਸੀ। ਗਵਰਨਰ ਜਨਰਲ ਪਿਛੋਂ ਲਾਹੌਰ ਵੀ ਆਇਆ ਸੀ ਤੇ ਸ਼ਾਲਾਮਾਰ ਬਾਗ਼ ਵਿਚ ਉਹਨੂੰ ਉਤਾਰਿਆ ਗਿਆ ਸੀ। ਇਸ ਮੁਲਾਕਾਤ ਵਿਚ ਕਈ ਗੌਰਵ ਰਾਜਨੀਤਕ ਮੁਆਮਲਿਆਂ ਉੱਤੇ ਬਹਿਸ ਹੋਈ ਤੇ ਖ਼ਾਲਸਾ ਰਾਜ ਤੇ ਅੰਗਰੇਜ਼ੀ ਰਾਜ ਦੇ ਆਪੋ ਵਿਚਲੇ ਸੰਬੰਧਾਂ ਬਾਰੇ ਕਈ ਫ਼ੈਸਲੇ ਹੋਏ। ਇਕ ਮਹੱਤਵ ਪੂਰਨ ਫ਼ੈਸਲਾ ਜਿਹੜਾ ਹੋਇਆ ਉਹ ਸ਼ਾਹ ਸ਼ੁਜਾਹ ਦੀ ਬਹਾਲੀ ਬਾਰੇ ਸੀ। ਦਰਅਸਲ ਏਸੇ ਬਹਾਲੀ ਲਈ ਰਣਜੀਤ ਸਿੰਘ ਦੀ ਰਜ਼ਾਮੰਦੀ ਲੈਣ ਵਾਸਤੇ ਆਕਲੈਂਡ ਨੇ ਇਹ ਮੁਲਾਕਾਤ ਜਲਦੀ ਤੋਂ ਜਲਦੀ ਤੈ ਕੀਤੀ ਸੀ। ਅੰਗਰੇਜ਼ ਹੁਣ ਦੋਸਤ ਮੁਹੰਮਦ ਤੋਂ ਖਾਰ ਖਾਣ ਲਗ ਗਏ ਸਨ ਤੇ ਉਹ ਚਾਹੁੰਦੇ ਸਨ ਕਿ ਕਾਬਲ ਦੇ ਤਖ਼ਤ ਉੱਤੇ ਉਨ੍ਹਾਂ ਦੀ ਕੋਈ ਕਠਪੁਤਲੀ ਹੋਵੇ ਤਾਂ ਜੋ ਇਕ ਪਾਸੇ ਰੂਸੀਆਂ ਦੀ ਤੇ ਦੂਜੇ ਪਾਸੇ ਸਿਖਾਂ ਦੀ ਤਾਕਤ ਨੂੰ ਆਪਣੀ ਮਰਜ਼ੀ ਅਨੁਸਾਰ ਠੱਲ੍ਹ ਪਾਈ ਜਾ ਸਕੇ।

Scanned by CamScanner

ਰਣਜੀਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਦੇ ਮਨੋਭਾਵ ਸਮਝੇ। ਉਹ ਸ਼ਾਹ ਸ਼ੁਜਾਹ ਦੀ ਬਹਾਲੀ ਵਾਸਤੇ ਰਾਜ਼ੀ ਹੋ ਗਿਆ। ਇਕ ਸ਼ਾਹ ਸ਼ੁਜਾਹ ਨੂੰ ਉਸ ਪਹਿਲੇ ਆਪ ਹੀ ਪਨਾਹ ਦਿਤੀ ਸੀ ਤੇ ਦੂਜਾ ਸ਼ਾਹ ਸ਼ੁਜਾਹ ਨੇ ਰਣਜੀਤ ਸਿੰਘ ਅਗੇ ਲਿਤ ਕਿਜ਼ਾ ਕੇ ਕਈ ਰਿਆਇਤਾਂ ਦੇਣੀਆਂ ਵੀ ਮਨਜ਼ੂਰ ਕੀਤੀਆਂ। ਫਿਰ ਦੋਸਤ ਮੁਹੰਮਦ ਨਾਲ ਰਣਜੀਤ ਸਿੰਘ ਦੀ ਬਣ ਨਹੀਂ ਸੀ ਆਈ। ਦੋਸਤ ਮੁਹੰਮਦ ਦੇ ਬਚਨਾਂ ਤੇ ਇਕਰਾਰਾਂ ਉੱਤੇ ਇਤਬਾਰ ਨਹੀਂ ਸੀ ਕੀਤਾ ਜਾ ਸਕਦਾ। ਰਣਜੀਤ ਸਿੰਘ ਨੂੰ ਰਾਜਨੀਤਕ ਦਰਿਸ਼ਟੀਕੋਣ ਤੋਂ ਸ਼ਾਹ ਸ਼ੁਜਾਹ ਦੀ ਬਹਾਲੀ ਵਿਚ ਖ਼ਾਲਸਾ ਰਾਜ ਲਈ ਲਾਭ ਹੀ ਲਾਭ ਦਿਸਿਆ ਸੀ। ਏਥੇ ਤਕ ਕਿ ਰਣਜੀਤ ਸਿੰਘ ਆਪ ਕਾਬਲ ਜਾਣ ਨੂੰ ਤਿਆਰ ਹੋਇਆ, ਪਰ ਉਨ੍ਹਾਂ ਦਿਨਾਂ ਵਿਚ ਉਹਦੀ ਸਿਹਤ ਖ਼ਰਾਬ ਸੀ। ਸੋ ਕੰਵਰ ਨੌਨਿਹਾਲ ਸਿੰਘ ਨੂੰ ਅੰਗਰੇਜ਼ਾਂ ਤੇ ਸ਼ਾਹ ਸ਼ੁਜਾਹ ਦੀ ਮਦਦ ਵਾਸਤੇ ਭੇਜਿਆ ਗਿਆ।

ਅੰਗਰੇਜ਼ਾਂ ਦੀ ਫ਼ੌਜ ਦਾ ਘਨੇਰਾ ਹਿੱਸਾ ਫ਼ਿਰੋਜ਼ਪੁਰ ਤੋਂ ਕੰਧਾਰ ਰਵਾਨਾ ਹੋਇਆ ਤੇ ਇਕ ਛੋਟਾ ਭਾਗ ਕਰਨਲ ਵੈਡ ਬੱਲੋ ਤੇ ਸ਼ਾਹ ਸ਼ੁਜਾਹ ਦੇ ਪੁੱਤਰ ਤੈਮੂਰ ਨਾਲ ਲਾਹੌਰ ਤੇ ਪਿਸ਼ਾਵਰ ਦੀ ਰਾਹੀਂ ਕਾਬਲ ਲਈ ਵਧਿਆ। ਦੱਰਾ ਖ਼ੈਬਰ ਤਕ ਇਸ ਭਾਗ ਦੀ ਸਲਾਮਤੀ ਸਿਖ ਰਾਜ ਦੀ ਜ਼ਿੰਮੇਵਾਰੀ ਸੀ। ਪਰ ਰਣਜੀਤ ਸਿੰਘ ਨੇ ਸਿਰਫ਼ ਇਸ ਭਾਗ ਦੀ ਸਲਾਮਤੀ ਹੀ ਆਪਣੇ ਜ਼ਿੰਮੇ ਨਾ ਲਈ ਸਗੋਂ ਇਨ੍ਹਾਂ ਦੇ ਨਾਲ ਐਨੀ ਫ਼ੌਜ ਤੋਰੀ ਕਿ ਦੱਰਾ ਖ਼ੈਬਰ ਤੇ ਜਲਾਲਾਬਾਦ ਤਕ ਜੇ ਇਨ੍ਹਾਂ ਨੂੰ ਕਿਤੇ ਅਟਕਾ ਪਵੇ ਤਾਂ ਇਹ ਫ਼ੌਜ ਇਨ੍ਹਾਂ ਦੀ ਸਹਾਇਤਾ ਕਰ ਸਕੇ। ਕੰਵਰ ਨੌਨਿਹਾਲ ਸਿੰਘ ਨੂੰ ਵੀ ਪਿਸ਼ਾਵਰ ਵਿਚ ਬਾਖ਼ਬਰ ਰਹਿਣ ਵਾਸਤੇ ਕਿਹਾ ਗਿਆ। ਖ਼ਾਲਸਾ ਫ਼ੌਜ ਦਾ ਇਕ ਜੱਥਾ ਕਰਨਲ ਵੈਡ ਤੇ ਸ਼ਹਿਜ਼ਾਦਾ ਤੈਮੂਰ ਨਾਲ ਕਾਬਲ ਗਿਆ। ਜਮਾਂਦਾਰ ਬੀਰ ਸਿੰਘ ਉਸ ਜੱਥੇ ਦਾ ਇਕ ਮੈਂਬਰ ਸੀ।

ਸ਼ਾਹ ਸ਼ੁਜਾਹ ਕਾਬਲ ਦੇ ਤਖ਼ਤ ਉੱਤੇ ਬਹਾਲ ਕੀਤਾ ਗਿਆ। ਆਪਣੇ ਵਾਅਦੇ ਅਨੁਸਾਰ ਉਸ ਅਨੇਕ ਘੋੜੇ, ਖੱਚਰਾਂ, ਤਲਵਾਰਾਂ, ਖੰਜਰ, ਕਈ ਥਾਨ ਕੀਮਖ਼ਾਬ ਦੇ, ਕਈ ਕਾਲੀਨ ਤੇ ਸੱਤ ਤੋਪਾਂ ਖ਼ਾਲਸਾ ਰਾਜ ਨੂੰ ਤਹਫ਼ਿਆਂ ਦੇ ਤੌਰ ਤੇ ਭੇਜੀਆਂ। ਇਹ ਸੱਤ ਤੋਪਾਂ ਉਹ ਸਨ ਜਿਹੜੀਆਂ ਸਮੇਂ ਸਮੇਂ ਦੋਸਤ ਮੁਹੰਮਦ ਖ਼ਾਨ ਨੇ ਸਿੱਖਾਂ ਦੇ ਵਿਰੁਧ ਵਰਤੀਆਂ ਸਨ। ਅਜ ਸੁਗਾਤਾਂ ਲਾਹੌਰ ਅਪੜੀਆਂ ਸਨ। ਪੰਜਾਬੀਆਂ ਤੇ ਅਫ਼ਗਾਨਾਂ ਦਾ ਵਾਹ ਸਦੀਆਂ ਤੋਂ ਪੈਂਦਾ ਆ ਰਿਹਾ ਸੀ। ਇਨ੍ਹਾਂ ਸਦੀਆਂ ਵਿਚ ਅਫ਼ਗਾਨ ਸਦਾ ਪੰਜਾਬ ਉੱਤੇ ਹਮਲੇ ਹੀ ਕਰਦੇ ਆਏ ਸਨ ਤੇ ਉਨ੍ਹਾਂ ਹੱਥੋਂ ਇਸ ਦੇਸ਼ ਦੀ ਵੱਸੋਂ ਨੇ ਬੜੇ ਜ਼ੁਲਮ ਤੇ ਕੁਕਰਮ ਸਹੇ ਸਨ। ਬੇਸ਼ਕ ਅਫ਼ਗਾਨ ਮਹਾਨ ਲੜਾਕੇ ਹਨ ਤੇ ਉਨ੍ਹਾਂ ਦਾ ਆਚਰਨ ਮਜ਼ਬੂਤ ਤੇ ਉੱਚਾ ਹੈ, ਪਰ ਇਕ ਮਜ਼ਹਬ ਦੀ ਭਿੰਨਤਾ ਕਰ ਕੇ ਪੰਜਾਬੀਆਂ ਨੂੰ ਅਫ਼ਗਾਨਾਂ ਹੱਥੋਂ ਸਤਨਾ ਹੀ ਪਿਆ। ਦੇਸ਼ ਦੇ ਹਰ ਮਨੁੱਖ ਵਿਚ ਏਸੇ ਲਈ ਅਫ਼ਗਾਨਾਂ ਵਿਰੁਧ ਡੂੰਘਾ ਰੋਸ ਸੀ। ਉਂਜ ਅਫ਼ਗਾਨਾਂ ਨਾਲ ਮੁਗ਼ਲਾਂ ਵਾਂਗ, ਸਿਖਾਂ ਨੂੰ ਕੋਈ ਮਜ਼ਹਬੀ ਜਾਂ ਜਮਾਂਦਰੂ ਦੁਸ਼ਮਣੀ ਨਹੀਂ ਸੀ। ਮਸਲਾ ਸਿਰਫ਼ ਜ਼ੁਲਮ ਤੇ ਰਾਜਸੀ ਤਾਕਤ ਦਾ ਸੀ। ਜੇ ਵੇਖਿਆ ਜਾਏ ਤਾਂ ਅਫ਼ਗਾਨਾਂ ਤੇ ਸਿਖਾਂ ਵਿਚਕਾਰ ਜਾਤੀ ਮਿਤ੍ਰਤਾਵਾਂ ਸ਼ੁਰੂ ਤੋਂ ਹੀ ਪੀਂਗਾਂ ਚਲੀਆਂ ਆ ਰਹੀਆਂ ਹਨ।

ਏਨੇ ਵਿਚ ਰਣਜੀਤ ਸਿੰਘ ਨੇ ਪੰਜਾਬ ਅੰਦਰ ਤਾਕਤ ਸੰਭਾਲੀ ਤੇ ਥੋੜੇ ਸਮੇਂ ਵਿਚ ਹੀ ਇਤ ਨਿਰੋਲ ਪੰਜਾਬੀ ਹਕੂਮਤ ਹੋਂਦ ਵਿਚ ਆਈ। ਉਸ ਵੇਲੇ ਦੀ ਹਕੂਮਤ ਜਾਂ ਹੁਕਮਰਾਨ ਕੋਲੋਂ ਇਹ ਮੰਗ ਕਰਨੀ ਕਿ ਉਹ ਆਪਣੀ ਸਲਤਨੱਤ ਦੀਆਂ ਹੱਦਾਂ ਨੂੰ ਮੋਕਲਾ ਕਰਨ ਦੀ ਕੋਸ਼ਿਸ਼ ਨਾ ਕਰੇ ਜ਼ਿਆਦਤੀ ਹੋਵੇਗੀ। ਰਣਜੀਤ ਸਿੰਘ ਨੇ ਵੀ ਪੰਜਾਬ ਰਾਜ ਨੂੰ ਮੋਕਲਾ ਕਰਨ ਦੀ ਕੋਸ਼ਿਸ਼ ਕੀਤੀ ਤੇ ਉਹ ਸਫ਼ਲ ਹੋਇਆ। ਇਹ ਰਣਜੀਤ ਸਿੰਘ ਤੇ ਪੰਜਾਬ ਦੀ ਬਦਕਿਸਮਤੀ ਸੀ ਕਿ ਉਸ ਵੇਲੇ ਤਕ ਅੰਗਰੇਜ਼ ਹਿੰਦੁਸਤਾਨ ਦੇ ਬਹੁਤ ਹਿੱਸੇ ਉੱਤੇ ਕਾਬਜ਼ ਹੋ ਚੁੱਕੇ ਸਨ ਤੇ ਹੁਣ ਤੋਂ ਰਣਜੀਤ ਸਿੰਘ ਦੀ ਨੀਤੀ ਤੇ ਅੰਗਰੇਜ਼ਾਂ ਦੀ ਨੀਤੀ ਇਕ ਦੂਜੇ ਉੱਤੇ ਨਿਰਭਰ ਹੋ ਗਈ ਸੀ। ਜੇ ਇਉਂ ਨਾ ਹੁੰਦਾ ਤਾਂ ਰਣਜੀਤ ਸਿੰਘ ਆਪਣੀ ਮੌਤ ਤੋਂ ਕਿੰਨਾਂ ਚਿਰ ਪਹਿਲੋਂ ਖ਼ਾਲਸਈ ਨਿਸ਼ਾਨ ਸਿੰਘ ਤੇ ਕਾਬਲ ਵਿਚ ਝੁਲਾ ਚੁੱਕਾ ਹੁੰਦਾ। ਉਹਦੇ ਰਾਹ ਵਿਚ ਕਈ ਰੁਝਾਵਟਾਂ ਆਈਆਂ, ਪਰ ਫਿਰ ਵੀ ਉਹਦੇ ਪ੍ਰਥਮ ਇਰਾਦਿਆਂ ਵਿਚ ਬਹੁਤਾ ਫ਼ਰਕ ਨਹੀਂ ਆਇਆ। ਉਹ ਤੇ ਪੰਜਾਬ ਲਲਚਾਈਆਂ ਨਜ਼ਰਾਂ ਨਾਲ ਕਾਬਲ ਤੇ ਕੰਧਾਰ ਵਲ ਤੱਕਦੇ ਰਹੇ।

ਹਰਪਾਲ ਉਨ੍ਹਾਂ ਪੰਜਾਬੀਆਂ ਵਿਚੋਂ ਇਕ ਸੀ ਜਿਸ ਨੇ ਕਾਬਲ ਦੀ ਫ਼ਤਹਿ ਬਾਰੇ ਸਿਰਫ਼ ਦਿਮਾਗ਼ੀ ਉਧੇੜ ਬੁਣ ਨਹੀਂ ਸੀ ਕੀਤੀ ਸਗੋਂ ਅਮਲੀ ਤੌਰ ਉੱਤੇ ਵੀ ਸੋਚਿਆ ਸੀ। ਜਦੋਂ ਉਹ ਤੇ ਹਰੀ ਸਿੰਘ ਨਲੂਆ ਪਿਸ਼ਾਵਰ ਸਨ ਤਾਂ ਉਨ੍ਹਾਂ ਦੋਹਾਂ ਨੇ ਰਲ ਕੇ ਕਈ ਘੰਟੇ ਜਮਰੌਦ ਤੋਂ ਕਾਬਲ ਜਾਂਦੇ ਰਾਹ ਦੀ ਨਕਸ਼ਿਆਂ ਤੋਂ ਪੜਤਾਲ ਕੀਤੀ। ਉਨ੍ਹਾਂ ਨੇ ਅੰਦਾਜ਼ੇ ਲਾਏ

Scanned by CamScanner

ਸਨ ਕਿ ਕਿੰਨੀ ਫ਼ੌਜ ਸੁੱਖ ਨਾਲ ਏਸ ਰਾਹ ਉੱਤੇ ਲੈ ਜਾਈ ਜਾ ਸਕਦੀ ਹੈ ਤੇ ਇਸ ਫ਼ੌਜ ਵਾਸਤੇ ਕਿੰਨੀ ਕੁ ਲਾਮ ਭੁੰਜੀ ਦੀ ਲੋੜ ਹੋਵੇਗੀ। ਉਨ੍ਹਾਂ ਨੇ ਜਾਣਕਾਰ ਮੁਸਲਮਾਨਾਂ ਤੇ ਕੁਝ ਅਫ਼ਗਾਨਾਂ ਕੋਲੋਂ ਕਾਬਲ ਦੇ ਬਾਲਾ ਹਿਸਾਰ ਦਾ ਵਿਸਥਾਰ ਲਿਆ ਸੀ।

ਪਰ ਜਮਰੌਦ ਦੀ ਲੜਾਈ ਹੋਈ ਤੇ ਹਰੀ ਸਿੰਘ ਨਲੂਆ ਖ਼ਤਮ ਹੋਇਆ। ਹਰਪਾਲ ਕੁਝ ਚਿਰ ਪਿਛੋਂ ਲਾਹੌਰ ਆਇਆ। ਹਰੀ ਸਿੰਘ ਦੀ ਮੌਤ ਨੇ ਹਰਪਾਲ ਦੀਆਂ ਆਸਾਂ ਤੇ ਸੁਪਨਿਆਂ ਨੂੰ ਬੇਸ਼ੁੱਕ ਧੱਕਾ ਪਹੁੰਚਾਇਆ, ਪਰ ਉਹ ਅਸਲੋਂ ਹੀ ਨਿਰਾਸ਼ ਨਹੀਂ ਸੀ ਹੋਇਆ। ਉਹਨੂੰ ਖ਼ਿਆਲ ਸੀ ਕਿ ਜੇ ਹੁਣ ਨਹੀਂ ਤਾਂ ਸ਼ਾਇਦ ਫਿਰ ਕਦੀ ਇਸ ਗੱਦੀ ਨੂੰ ਅਮਲ ਵਿਚ ਲਿਆਇਆ ਜਾ ਸਕੇ। ਪਰ ਲਾਹੌਰ ਆ ਕੇ ਉਸ ਵੇਖਿਆ ਕਿ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਰਣਜੀਤ ਸਿੰਘ ਦੀ ਸਿਹਤ ਖ਼ਰਾਬ ਹੁੰਦੀ ਜਾ ਰਹੀ ਹੈ ਤੇ ਦਰਬਾਰ ਵਿਚ ਤਰੇੜਾਂ ਪੈ ਰਹੀਆਂ ਹਨ। ਹਰਪਾਲ ਨੂੰ ਮਾਯੂਸੀ ਹੋਈ, ਪਰ ਹੱਥਲੇ ਕੰਮਾਂ ਨੇ ਉਹਦੀ ਮਾਯੂਸੀ ਨੂੰ ਲਮਕਣ ਨਾ ਦਿਤਾ। ਤੇ ਫਿਰ ਰਣਜੀਤ ਸਿੰਘ ਮਰ ਗਿਆ। ਖੜਗ ਸਿੰਘ ਤਖ਼ਤ ਉੱਤੇ ਬੈਠਾ ਤੇ ਹੁਣ ਤਤ ਉਹ ਵੀ ਗੱਦੀ ਉਤੋਂ ਉੱਤਰ ਚੁੱਕਾ ਸੀ। ਦਰਬਾਰ ਦੀ ਇਹ ਹਾਲਤ ਸੀ ਕਿ ਜੇ ਪਿਸ਼ਾਵਰ ਵੀ ਹੱਥਾਂ ਵਿਚ ਰਹਿ ਜਾਏ ਤਾਂ ਵੀ ਗ਼ਨੀਮਤ ਸਮਝਿਆ ਜਾਏ।

ਅੱਜ ਬੀਰ ਸਿੰਘ ਦੇ ਆਉਣ ਨਾਲ ਹਰਪਾਲ ਦੀਆਂ ਯਾਦਾਂ ਤੇ ਉਹਦੇ ਸੁਪਨੇ ਤਾਜ਼ਾ ਹੋ ਗਏ। ਲੋਕਾਂ ਨੇ ਬੀਰ ਸਿੰਘ ਉੱਤੇ ਸਵਾਲਾਂ ਦੀ ਬੁਛਾੜ ਕਰ ਦਿਤੀ। "ਕਾਬਲ ਕਿਹੋ ਜਿਹਾ ਸ਼ਹਿਰ ਹੈ ?" ਸਰਦਾਰ ਲਹਿਣਾ ਸਿੰਘ ਮਜੀਠੀਆ ਨੇ ਪੁਛਿਆ।

"ਕਾਬਲ ਸਾਡੇ ਪਿੰਡਾਂ ਵਰਗਾ ਇਕ ਪਿੰਡ ਹੈ, ਸਰਦਾਰ ਜੀ। ਲਾਹੌਰ ਨਾਲ ਉਹਦਾ ਕੋਈ ਮੇਲ ਨਹੀਂ। ਪਿਸ਼ਾਵਰ, ਤੇ ਅੰਮ੍ਰਿਤਸਰ ਤੇ ਜਲੰਧਰ ਨਾਲ ਵੀ ਉਹਦਾ ਕੋਈ ਮੇਲ ਨਹੀਂ। ਗਿਣੀ ਮਿਥੀ ਵੱਸੋਂ ਹੈ। ਬਾਜ਼ਾਰ ਮੰਦੇ ਹਨ। ਦੁਕਾਨਾਂ ਖ਼ਾਲੀ। ਲੋਕਾਂ ਕੋਲ ਜੇ ਦਿਨ ਲਈ ਖਾਣ ਨੂੰ ਹੈ ਤਾਂ ਰਾਤ ਲਈ ਨਹੀਂ ਤੇ ਰਾਤ ਲਈ ਹੈ ਤਾਂ ਦਿਨ ਲਈ ਨਹੀਂ।"

"ਪਰ ਇਹ ਗੱਲ ਸੱਚ ਨਹੀਂ ਜਾਪਦੀ। ਮੈਂ ਤਾਂ ਸੋਚਦਾ ਸਾਂ ਕਿ ਕਾਬਲ ਜੇ ਲਾਹੌਰ ਨਾਲੋਂ ਚੰਗਾ ਨਹੀਂ ਤਾਂ ਇਹਦੇ ਨਾਲੋਂ ਕਿਸੇ ਪਹਿਲੂ ਤੋਂ ਮਾੜਾ ਵੀ ਨਹੀਂ ਹੋਣ ਲੱਗਾ।"

"ਇਹੋ ਮੈਂ ਸੋਚਦਾ ਸਾਂ ਸਰਦਾਰ ਸਾਹਿਬ, ਪਰ ਕਾਬਲ ਗਏ ਤਾਂ ਉਥੋਂ ਦੀ ਗੱਲ ਹੀ ਹੋਰ। ਅਸਾਂ ਸੋਚਿਆ ਸੀ ਕਿ ਕਾਬਲ ਵਰਗੇ ਮਸ਼ਹੂਰ ਸ਼ਹਿਰ ਵਿਚ ਲੋਕੀ ਸੁਖੀ ਹੋਣਗੇ, ਪਰ ਉਥੇ ਤਾਂ ਲੋਕ ਸਾਡੇ ਪਿੰਡਾਂ ਨਾਲੋਂ ਵੀ ਬੁਰੀ ਹਾਲਤ ਵਿਚ ਹਨ।"

"ਤੇ ਬਾਲਾ ਹਿਸਾਰ ਕਿਹੋ ਜਿਹਾ ਹੈ ?" ਕਿਸੇ ਹੋਰ ਨੇ ਪੁਛਿਆ।

"ਬਾਲਾ ਹਿਸਾਰ ਬਿਨਾਂ ਸ਼ੱਕ ਇਕ ਬੜਾ ਚੰਗਾ ਕਿਲ੍ਹਾ ਹੈ। ਦੋਹਾਂ ਪਾਸਿਆਂ ਤੋਂ ਇਸ ਤਰ੍ਹਾਂ ਘਿਰਿਆ ਹੋਇਆ ਹੈ ਕਿ ਕੋਈ ਹਮਲਾਆਵਰ ਸਫ਼ਲ ਨਹੀਂ ਹੋ ਸਕਦਾ। ਉਂਜ ਵੀ ਕਿਲ੍ਹਾ ਹੈ, ਦੀਵਾਰਾਂ ਮਜ਼ਬੂਤ ਤੇ ਉਚੀਆਂ ਹਨ। ਜੇ ਇਉਂ ਕਹੋ ਕਿ ਬਾਲਾ ਹਿਸਾਰ ਹੀ ਅਫ਼ਗਾਨਿਸਤਾਨ ਹੈ ਤਾਂ ਇਹਦੇ ਵਿਚ ਅਤਿਕਥਨੀ ਨਹੀਂ ਹੋਵੇਗੀ।" ਥੋੜਾ ਚਿਰ ਠਹਿਰ ਕੇ ਬੀਰ ਸਿੰਘ ਕਹਿੰਦਾ ਗਿਆ :

"ਮੈਂ ਗ਼ਜ਼ਨੀ ਵੀ ਗਿਆ ਸਾਂ। ਕਾਬਲ ਤੋਂ ਗ਼ਜ਼ਨੀ ਪਚਾਨਵੇਂ ਮੀਲ ਹੈ। ਸੜਕ ਐਨੀਂ ਗੰਦੀ ਕਿ ਸੜਕ ਅਖਵਾਈ ਨਹੀਂ ਜਾ ਸਕਦੀ। ਗ਼ਜ਼ਨੀ ਕਾਬਲ ਨਾਲੋਂ ਤਿੰਨ ਚਾਰ ਸੌ ਗਜ਼ ਉੱਚਾ ਹੈ ਤੇ ਉਥੇ ਬਰਫ਼ ਬਹੁਤ ਪੈਂਦੀ ਹੈ. ਪਰ ਗ਼ਜ਼ਨੀ ਵਿਚ ਵੀ ਕੋਈ ਸ਼ੈ ਵੇਖਣ ਵਾਲੀ ਨਹੀਂ। ਗ਼ਜ਼ਨੀ ਦੇ ਪੁਰਾਤਨ ਸੁਲਤਾਨਾਂ ਦੇ ਵੇਲਿਆਂ ਦਾ ਸ਼ਹਿਰ ਹੁਣ ਤਬਾਹ ਹੋ ਚੁੱਕਾ ਹੈ। ਕਿਸੇ ਨੂੰ ਪੱਕਾ ਪਤਾ ਵੀ ਨਹੀਂ ਕਿ ਸੁਲਤਾਨ ਮਹਿਮੂਦ ਗ਼ਜ਼ਨੀ ਦੀ ਕਬਰ ਕਿਥੇ ਹੈ। ਇਕ ਥਾਂ ਹੈ ਤਾਂ ਸਹੀ, ਪਰ ਮੈਨੂੰ ਨਿਸਚਾ ਨਹੀਂ ਆਇਆ ਕਿ ਇਹ ਉਸੇ ਸੁਲਤਾਨ ਮਹਿਮੂਦ ਦੀ ਕਬਰ ਹੈ ਜਿਨੇ ਸਾਡੇ ਦੇਸ਼ ਉੱਤੇ ਦਰਜਨ ਭਰ ਹਮਲੇ ਕੀਤੇ। ਹੁਣ ਇਕ ਨਵਾਂ ਕਿਲ੍ਹਾ ਪੁਰਾਣੇ ਸ਼ਹਿਰ ਦੇ ਪੱਛਮ ਵਲ ਉਸਾਰਿਆ ਗਿਆ ਹੈ, ਪਰ ਲੋਕਾਂ ਦੇ ਰਹਿਣ ਵਾਸਤੇ ਨਾ ਹੀ ਚੰਗੇ ਘਰ ਹਨ ਤੇ ਨਾ ਹੀ ਉਨ੍ਹਾਂ ਦੇ ਖਾਣ ਪੀਣ ਵਾਸਤੇ ਬਹੁਤੀਆਂ ਦੁਕਾਨਾ। ਆਦਮੀ ਹੈਰਾਨ ਹੁੰਦਾ ਹੈ ਕਿ ਇਸ ਥਾਂ ਦੇ ਸ਼ਹਿਨਸ਼ਾਹ ਕਦੀ ਐਨੇ ਤਾਕਤਵਰ ਹੋ ਵੀ ਸਕਦੇ ਹਨ ਕਿ ਸਾਡੇ ਜਿਹੇ ਮਹਾਨ ਦੇਸ਼ ਉੱਤੇ ਹੱਲੇ ਪਿਛੋਂ ਹੱਲਾ ਬੋਲਣ।"

"ਜਾਪਦਾ ਹੈ ਉਨ੍ਹਾਂ ਦਿਨਾਂ ਵਿਚ ਤੇ ਧੁਰ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਣ ਤਕ ਭਾਰਤ ਵਰਸ਼ ਦੀ [redacted] ਤੀਜੀ ਸਦੀ ਈਸਵੀ। ਬਾਕੀ ਸਾਰੀ ਕਾਇਨਾਤ ਦੀਆਂ ਹੱਦਾਂ ਤਕ ਪਹੁੰਚ ਚੁੱਕੀ ਹੋਵੇਗੀ। ਹਿੰਮਤ ਤੇ ਹੌਂਸਲਾ

Scanned by CamScanner

ਬਿਲਕੁਲ ਮੁਕ ਚੁੱਕਾ ਹੋਵੇਗਾ । ਅਸੀਂ ਐਨੇ ਕਾਇਰ ਹੋਵਾਂਗੇ ਕਿ ਆਪਣੇ ਆਪ ਕੋਲੋਂ ਹੀ ਡਰ ਆਉਂਦਾ ਹੋਵੇਗਾ ।"
ਲਹਿਣਾ ਸਿੰਘ ਮਜੀਠੀਏ ਨੇ ਕਿਹਾ ।

"ਤੇ ਜੇ ਸਰਦਾਰ ਸਾਹਿਬ ਤੁਸੀਂ ਖ਼ੈਬਰ ਤੋਂ ਅਗੇ ਦਾ ਰਾਹ ਵੇਖੋ ਤਾਂ ਹੈਰਾਨ ਹੀ ਰਹਿ ਜਾਉ । ਨਾ ਕੁਝ ਉਗਦਾ ਹੈ ਤੇ ਨਾ ਕਿਤੇ ਪਾਣੀ ਹੈ । ਅਫ਼ਗਾਨਿਸਤਾਨ ਦੇ ਪਹਾੜ ਕਸ਼ਮੀਰ ਦੇ ਪਹਾੜਾਂ ਵਾਂਗ ਜਾਂ ਸ਼ਿਵਾਲਕ ਦੀਆਂ ਪਹਾੜੀਆਂ ਵਾਂਗ ਸਰਸਬਜ਼ ਨਹੀਂ । ਇਨ੍ਹਾਂ ਪਹਾੜਾਂ ਉੱਤੇ ਕੋਈ ਹਰਾ ਪੱਤਾ ਨਜ਼ਰ ਨਹੀਂ ਆਉਂਦਾ । ਘਾਹ ਤਕ ਵੀ ਨਹੀਂ ਉਗਦਾ । ਬਿਲਕੁਲ ਸੱਖਣੀਆਂ ਤੇ ਬੰਜਰ ਚਟਾਨਾਂ । ਵੇਖ ਵੇਖ ਡਰ ਆਉਂਦਾ ਹੈ ।"

"ਕੰਧਾਰ ਵੀ ਗਏ ਸੀ ਤੁਸੀਂ ?" ਕਿਸੇ ਨੇ ਪੁਛਿਆ ।

"ਨਹੀਂ, ਮੈਂ ਕੰਧਾਰ ਤਾਂ ਨਹੀਂ ਗਿਆ, ਪਰ ਜਿਹੜੇ ਅੰਗਰੇਜ਼ ਤੇ ਪਠਾਣ ਕੰਧਾਰ ਵਲੋਂ ਆਏ ਸਨ ਉਨ੍ਹਾਂ ਕੋਲੋਂ ਕੰਧਾਰ ਬਾਰੇ ਕਾਫ਼ੀ ਕੁਝ ਸੁਣਿਆ ਹੈ । ਕਹਿੰਦੇ ਹਨ ਕੰਧਾਰ ਗ਼ਜ਼ਨੀ ਵਰਗਾ ਹੀ ਸ਼ਹਿਰ ਜਾਂ ਪਿੰਡ ਹੈ । ਸ਼ਹਿਰ ਦੇ ਦੁਆਲੇ ਇਕ ਵਡੀ ਤੇ ਮਜ਼ਬੂਤ ਕੰਧ ਹੈ, ਪਰ ਗ਼ਜ਼ਨੀ ਤੇ ਕਾਬਲ ਵਾਂਗ ਕੋਈ ਵਖਰਾ ਕਿਲ੍ਹਾ ਨਹੀਂ ।"

"ਤੇ ਸ਼ਾਹ ਸ਼ੁਜਾਹ ਨੇ ਤੁਹਾਡੀ ਖ਼ਾਤਰ ਕੀਤੀ ਕਿ ਨਹੀਂ ?"

"ਇਸ ਵਿਚ ਸ਼ੱਕ ਨਹੀਂ ਕਿ ਅਫ਼ਗਾਨ ਪ੍ਰਾਹੁਣੇਚਾਰ ਉਚ ਪਾਏ ਦੇ ਹਨ । ਸ਼ਾਹ ਸ਼ੁਜਾਹ ਨੇ ਸਾਡੀ ਉਹ ਖ਼ਾਤਰ ਕੀਤੀ ਹੈ ਕਿ ਸਾਰੀ ਉਮਰ ਯਾਦ ਰਹੇਗੀ । ਉਂਜ ਵੀ ਕਾਬਲ ਤੇ ਗ਼ਜ਼ਨੀ ਦੇ ਬਾਜ਼ਾਰਾਂ ਵਿਚ ਹਰ ਅਫ਼ਗਾਨ ਸਾਨੂੰ ਬੜੇ ਤਪਾਕ ਨਾਲ ਮਿਲਿਆ । ਇੰਜ ਲਗਦਾ ਸੀ ਕਿ ਉਹ ਸਾਡੇ ਨਾਲ ਸਦੀਆਂ ਦੀ ਲੰਮੀ ਦੁਸ਼ਮਨੀ ਪਲੋ ਪਲੀ ਭੁਲ ਗਏ ਹਨ । ਸਾਨੂੰ ਜਦੋਂ ਵੀ ਲੋੜ ਪਈ ਉਨ੍ਹਾਂ ਨੇ ਪੂਰੇ ਦਿਲ ਨਾਲ ਸਾਡੀ ਮਦਦ ਕੀਤੀ । ਜਦੋਂ ਕੋਈ ਚੀਜ਼ ਵਸਤ ਮਗੋਦਣ ਲੱਗੇ ਤਾਂ, ਜਾਂ ਉਨ੍ਹਾਂ ਨੇ ਪੈਸੇ ਨਹੀਂ ਲਏ ਤੇ ਜੇ ਲਏ ਤਾਂ ਬੜੇ ਵਾਜਬੀ ।"

"ਅੰਗਰੇਜ਼ਾਂ ਦਾ ਕੀ ਹਾਲ ਸੀ ?"

"ਜਾਪਦਾ ਹੈ ਕਿ ਪ੍ਰਾਹੁਣੇਚਾਰੀ ਦੇ ਮੁਆਮਲੇ ਵਿਚ ਅਫਗਾਨ ਜਾਤ ਤੇ ਨਸਲ ਨਹੀਂ ਵੇਖਦੇ । ਅੰਗਰੇਜ਼ਾਂ ਦੀ ਵੀ ਉਨ੍ਹਾਂ ਨੇ ਉਨੀ ਹੀ ਆਉ ਭਗਤ ਕੀਤੀ ਜਿੰਨੀ ਸਾਡੀ । ਪਰ ਲੋਕ ਅੰਗਰੇਜ਼ਾਂ ਨੂੰ ਪਸੰਦ ਨਹੀਂ ਸਨ ਕਰਦੇ । ਉਹ ਸ਼ਾਹ ਸ਼ੁਜਾਹ ਨੂੰ ਵੀ ਪਸੰਦ ਨਹੀਂ ਕਰਦੇ ਕਿ ਜਿਸ ਬਦੇਸ਼ੀਆਂ ਨੂੰ ਉਨ੍ਹਾਂ ਦੇ ਦੇਸ਼ ਵਿਚ ਲਿਆਂਦਾ । ਉਹ ਰੂਸ ਕੋਲੋਂ ਡਰਦੇ ਚਕੂਰ ਹਨ, ਪਰ ਉਨ੍ਹਾਂ ਨੂੰ ਲਗਦਾ ਹੈ ਕਿ ਏਧਰੋਂ ਇਕ ਵਾਰ ਦੇ ਉਥੇ ਪਹੁੰਚੇ ਅੰਗਰੇਜ਼ ਸੌਖੀ ਤਰ੍ਹਾਂ ਨਿਕਲਣ ਨਹੀਂ ਲੱਗੇ । ਕਈ ਅਫ਼ਗਾਨ ਜਾਣਦੇ ਲਗਦੇ ਹਨ ਕਿ ਇਨ੍ਹਾਂ ਚਿੱਟੀ ਚਮੜੀ ਵਾਲਿਆਂ ਨੇ ਕਿਸ ਤਰ੍ਹਾਂ ਸਾਰੇ ਹਿੰਦੁਸਤਾਨ ਉੱਤੇ ਸਹਿਜੇ ਸਹਿਜੇ ਕਬਜ਼ਾ ਕਰ ਲਿਆ ਹੈ ।"

ਜਿਉਂ ਜਿਉਂ ਬੀਰ ਸਿੰਘ ਗੱਲਾਂ ਕਰੀ ਜਾਂਦਾ ਤਿਉਂ ਤਿਉਂ ਉਹਦਾ ਮੂੰਹ ਨਿਖਰਦਾ ਆਉਂਦਾ ਤੇ ਗੱਲਾਂ ਕਰਨ ਵਾਸਤੇ ਉਹਦਾ ਚਾਅ ਵਧਦਾ ਜਾਂਦਾ । ਉਹ ਨਿਕੇ ਜਿਹੇ ਸਵਾਲ ਦੇ ਉੱਤਰ ਵਿਚ ਪੰਜ ਪੰਜ ਸਤ ਸਤ ਮਿੰਟ ਬੋਲੀ ਜਾਂਦਾ । ਇਸ ਗੱਲ ਬਾਤ ਦੇ ਦੌਰਾਨ ਵਿਚ ਗੁਰਦਈ ਤੇ ਗੁਰਮੀਤ ਵੀ ਪਰੇ ਵਿਚ ਆ ਕੇ ਬੈਠ ਗਈਆਂ ਸਨ । ਪਰ ਜੇ ਬੀਰ ਸਿੰਘ ਉੱਤਰ ਦੇਣ ਵਿਚ ਕਾਹਲਾ ਸੀ ਤੇ ਉੱਤਰ ਮੰਗਣ ਵਾਲੇ ਵੀ ਘਟ ਉਤਾਵਲੇ ਨਹੀਂ ਸਨ । ਮਾਹਿਲਾਂ ਦੀ ਹਵੇਲੀ ਵਿਚ ਜੁੜੇ ਬੈਠੇ ਆਦਮੀਆਂ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਆਦਮੀ ਹੋਵੇਗਾ ਜਿੰਨੇ ਆਪਣੀ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਵੇਲੇ ਕਾਬਲ ਪਹੁੰਚਣ ਦੀ ਤਮੰਨਾ ਨਾ ਕੀਤੀ ਹੋਵੇ...।

ਸਭ ਜੁੜੇ ਬੈਠੇ ਆਦਮੀ ਗੱਲਾਂ ਕਰੀ ਜਾ ਰਹੇ ਸਨ ਤੇ ਹਰਪਾਲ ਚੁੱਪ ਸੁਣਦਾ ਜਾ ਰਿਹਾ ਸੀ । ਉਸ ਆਪ ਬੀਰ ਸਿੰਘ ਕੋਲੋਂ ਇਕ ਪ੍ਰਸ਼ਨ ਵੀ ਨਹੀਂ ਸੀ ਪੁਛਿਆ ਤੇ ਨਾ ਹੀ ਉਸ ਕਿਸੇ ਨੂੰ ਟੋਕਿਆ । ਬੀਰ ਸਿੰਘ ਦਾ ਚਿਹਰਾ ਚਮਕਦਾ ਜਾਂਦਾ ਤੇ ਹਰਪਾਲ ਦਾ ਚਿਹਰਾ ਉਦਾਸ ਹੋਈ ਜਾਂਦਾ । ਉਹਦੀਆਂ ਅੱਖਾਂ ਮਾਨੋਂ ਯਾਦਾਂ ਤੇ ਸੁਪਨਿਆਂ ਦੀ ਧੁੰਦ ਨਾਲ ਗੰਧਲੀਆਂ ਹੁੰਦੀਆਂ ਜਾਂਦੀਆਂ ।

ਕੋਲ ਬੈਠੀ ਗੁਰਮੀਤ ਆਪਣੇ ਵੀਰ ਦੇ ਮਨੋਭਾਵਾਂ ਨੂੰ ਤਾੜ ਰਹੀ ਸੀ । ਉਹ ਹਰਪਾਲ ਦੇ ਇਕ ਸਮੇਂ ਦੇ ਇਰਾਦਿਆਂ ਬਾਰੇ ਜਾਣਦੀ ਸੀ । ਸ਼ਾਮ ਪੈ ਗਈ ਸ਼ਰਦਾਈ ਪੀਤੀ ਗਈ । ਹੁਣ ਹਨੇਰਾ ਵਧਣ ਲਗਾ ਤੇ ਅੰਤ ਜਿਵੇਂ ਬੀਰ ਸਿੰਘ ਬੋਲਦਾ ਬੋਲਦਾ ਬਕ ਗਿਆ । ਉਹ ਉਠਿਆ । ਬਾਕੀ ਇਕੱਤਰ ਆਦਮੀ ਵੀ ਚਲੇ ਗਏ, ਪਰ ਹਰਪਾਲ ਉਥੇ ਹੀ ਬੈਠਾ

Scanned by CamScanner

ਰਿਹਾ। ਗੁਰਮੀਤ ਨੇ ਉਹਦੇ ਮੱਢੇ ਉੱਤੇ ਹੱਥ ਰਖਿਆ। ਉਹਨੂੰ ਹਿਲਾਇਆ ਤੇ ਕਿਹਾ : "ਮੈਂ ਜਾਣਦੀ ਹਾਂ ਤੇਰੇ ਦਿਲ ਵਿਚ ਕੀ ਹੈ ਪਾਲੀ, ਪਰ ਹੁਣ ਇਸ ਤਰ੍ਹਾਂ ਸੋਚਦਿਆਂ ਕੀ ਬਣਦਾ ਹੈ ?"

ਹਰਪਾਲ ਨੇ ਗੁਰਮੀਤ ਵਲ ਵੇਖਿਆ। ਗੁਰਮੀਤ ਕਹਿੰਦੀ ਗਈ : "ਮੈਨੂੰ ਤਾਂ ਲਗਦਾ ਹੈ ਹਰਪਾਲ ਜਿਵੇਂ ਜਮਰੋਦ ਦੀ ਜਿਤ ਮਾਲਸਾ ਰਾਜ ਦੀ ਆਖ਼ਰੀ ਜਿਤ ਸੀ। ਉਹ ਜਿਤ ਸਾਡੀ ਤਾਕਤ ਤੇ ਅੰਮ੍ਰਿਤ ਦੀ ਸ਼ਕਤੀ ਦੀ ਆਖ਼ਰੀ ਪਰਦਰਸ਼ਨੀ ਸੀ। ਉਸ ਤੋਂ ਪਿਛੋਂ ਅੱਜ ਤਕ ਕੋਈ ਇਲਾਕਾ ਰਾਜ ਨਾਲ ਨਹੀਂ ਮਿਲਿਆ; ਅਸੀਂ ਕੋਈ ਲੜਾਈ ਨਹੀਂ ਜਿਤੀ। ਜਮਰੋਦ ਦੀ ਜਿਤ ਪਿਛੋਂ ਤਾਰੇ ਇਕ ਇਕ ਕਰ ਕੇ ਟੁੱਟਦੇ ਜਾਂਦੇ ਹਨ, ਚੰਨ ਅਲੋਪ ਹੁੰਦੇ ਜਾਂਦੇ ਹਨ। ਇਸ ਰਾਜ ਦੇ ਗਗਨ ਉੱਤੇ ਮੈਨੂੰ ਇਕ ਤਾਰਾ ਦਿਸਦਾ ਹੈ ਤੇ ਉਹ ਤਾਰਾ ਤੂੰ ਹੈਂ ਮੇਰੇ ਵੀਰ। ਮੈਂ ਚਾਹੁੰਦੀ ਹਾਂ ਇਸ ਤਾਰੇ ਦੀ ਲੋਅ ਗੰਧਲੀ ਨਾ ਹੋਵੇ..."

ਉਦਾਸੀਨ ਲਹਿਜੇ ਵਿਚ ਹਰਪਾਲ ਨੇ ਕਿਹਾ : "ਜਦੋਂ ਤਕ ਇਹ ਤਾਰਾ ਗਗਨ ਉੱਤੇ ਹੈ ਮੀਤੀ ਇਹਦੀ ਲੋਅ ਗੰਧਲੀ ਨਹੀਂ ਹੋਏਗੀ, ਪਰ ਕਦੋਂ ਇਹ ਤਾਰਾ ਚਾਣਚੱਕ ਟੁੱਟ ਜਾਏ ਮੈਂ ਨਹੀਂ ਜਾਣਦਾ।" ਭੈਣ ਨੇ ਭਰਾ ਦੇ ਬੁੱਲ੍ਹਾਂ ਉੱਤੇ ਹੱਥ ਰਖਿਆ। "ਇਸ ਤਰ੍ਹਾਂ ਨਹੀਂ ਕਹਿਣਾ ਪਾਲ। ਜੇ ਇਹ ਤਾਰਾ ਵੀ ਟੁੱਟ ਗਿਆ ਤਾਂ ਸਾਡੇ ਪੰਥ ਤੇ ਸਾਡੇ ਦੇਸ ਉੱਤੇ ਕਾਲੀ ਰਾਤ ਦੀ ਸਿਆਹੀ ਛਾ ਜਾਵੇਗੀ। ਉਫ਼ ! ਤੈਨੂੰ ਇਉਂ ਨਹੀਂ ਕਹਿਣਾ ਚਾਹੀਦਾ ਹਰਪਾਲ।"

ਹਰਪਾਲ ਇਕ ਟੱਕ ਗੁਰਮੀਤ ਵਲ ਵੇਖਦਾ ਗਿਆ। "ਮੈਂ ਕਹਿਣਾ ਨਹੀਂ ਚਾਹੁੰਦਾ; ਪਰ ਕੋਈ ਚੀਜ਼ ਮੇਰੇ ਅੰਦਰੋਂ ਮੈਨੂੰ ਇਉਂ ਕਹਿਣ ਉੱਤੇ ਮਜਬੂਰ ਕਰ ਰਹੀ ਹੈ। ਮੈਂ ਇਸ ਰਾਜ ਨੂੰ ਅਡੋਲ ਰਖਣਾ ਚਾਹੁੰਦਾ ਹਾਂ ਪਰ..." "ਪਰ ਵਰ ਕੁਝ ਨਹੀਂ ਹਰਪਾਲ। ਤੈਨੂੰ ਇਹੋ ਜਿਹੇ ਖ਼ਿਆਲ ਵੀ ਮਨ ਵਿਚ ਨਹੀਂ ਲਿਆਉਣੇ ਚਾਹੀਦੇ। ਤੂੰ ਨਹੀਂ ਜਾਣਦਾ ਸਿਖ ਪੰਥ ਤੇ ਸਿਖ ਰਾਜ ਨੂੰ ਤੇਰੀ ਕੇਡੀ ਲੋੜ ਹੈ। ਤੂੰ ਆਪਣਾ ਮੁੱਲ ਨਹੀਂ ਜਾਣਦਾ ਹਰਪਾਲ..." "ਪਰ..." "ਨਹੀਂ ਕੋਈ ਪਰ ਵਰ ਨਹੀਂ। ਚਲ ਉਠ ਅੰਦਰ ਚਲੀਏ..."

"ਮੀਤੀ", ਹਰਪਾਲ ਨੇ ਉਠਦਿਆਂ ਹੋਇਆਂ ਕਿਹਾ, "ਕੀ ਸੀ ਤੇ ਕੀ ਹੋ ਗਿਆ...।"

੧੧੧

ਇਤਿਹਾਸ ਵਿਚ, ਸਾਰੇ ਦਾ ਸਾਰਾ ਦੇਸ਼ ਤੇ ਇਕ ਸਮੁੱਚੀ ਦੀ ਸਮੁੱਚੀ ਕੌਮ, ਕੁਝ ਖ਼ੁਦਗਰਜ਼ ਆਦਮੀਆਂ ਦੇ ਹੱਥਾਂ ਵਿਚ, ਕੱਠ-ਪੁਤਲੀ ਬਣਦੀ, ਬੜੀ ਥੋੜੀ ਵਾਰ ਦੇਖੀ ਗਈ ਹੈ। ਇੱਕੇ ਦੁੱਕੇ ਮਨੁੱਖ ਕੱਠ-ਪੁਤਲੀਆਂ ਬਣਾਏ ਜਾ ਸਕਦੇ ਹਨ, ਪਰ ਸਮੂਹਕ ਤੌਰ ਉੱਤੇ ਮਨੁੱਖਾਂ ਨੂੰ ਕੱਠ-ਪੁਤਲੀਆਂ ਬਣਾ ਕੇ ਵਰਤਣਾ ਆਸਾਨ ਨਹੀਂ ਹੁੰਦਾ। ਪਰ ਅੱਜ ਪੰਜਾਬ ਤੇ ਪੰਜਾਬ ਦੀ ਸਾਰੀ ਵੱਸੋਂ ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਸਿੰਘ ਦੇ ਹੱਥਾਂ ਵਿਚ ਕੱਠ-ਪੁਤਲੀ ਦੀ ਨਿਆਂਈਂ ਸੀ।

ਕਿਹੜਾ ਸਰਦਾਰ ਸੀ ਜਿਹੜਾ ਇਨ੍ਹਾਂ ਡੋਗਰੇ ਭਰਾਵਾਂ ਦੀ ਦੋਸਤੀ ਦਾ ਦੰਮ ਨਹੀਂ ਸੀ ਭਰਦਾ। ਸੰਧਾਵਾਲੀਆਂ ਜਿਹੇ ਤਕੜੇ ਸਰਦਾਰ ਵੀ ਇਨ੍ਹਾਂ ਦੋਹਾਂ ਦੇ ਇਸ਼ਾਰੇ ਉੱਤੇ ਨੱਚਦੇ। ਬੇਸ਼ੱਕ ਉਹ ਆਪਣੇ ਆਪ ਨੂੰ ਚਾਲਾਕ ਸਮਝਦੇ ਸਨ ਤੇ ਸ਼ਾਇਦ ਇਹ ਵੀ ਸਮਝਦੇ ਸਨ ਕਿ ਉਸ ਵੇਲੇ ਦੀ ਰਾਜਨੀਤਕ ਗੱਠ-ਜੋੜ ਵਿਚ ਉਹ ਸਭ ਨੂੰ ਆਪਣੇ ਜ਼ਾਤੀ ਲਾਭਾਂ ਹਾਣਾ ਵਾਸਤੇ ਵਰਤ ਰਹੇ ਸਨ ਪਰ ਨਹੀਂ ਉਹ ਡੋਗਰੇ ਭਰਾਵਾਂ ਦੇ ਹੱਥਾਂ ਵਿਚ ਉਨ੍ਹਾਂ ਦੇ ਲਾਭਾਂ ਹਾਣਾ ਵਾਸਤੇ ਵਰਤੇ ਜਾ ਰਹੇ ਸਨ।

ਰਣਜੀਤ ਸਿੰਘ ਦਾ ਸ਼ਾਹੀ ਘਰਾਣਾ ਆਪੋ ਵਿਚ ਪਾਟ ਚੁੱਕਾ ਸੀ। ਇਸ ਤਰ੍ਹਾਂ ਲਗਦਾ ਸੀ ਕਿ ਸ਼ੇਰ ਸਿੰਘ, ਖੜਗ ਸਿੰਘ ਤੇ ਨੌਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਹੀ ਨਹੀਂ। ਭਰਾ ਭਰਾ ਵਿਚ ਤੇ ਪਿਤਾ ਪੁੱਤਰ ਵਿਚ

Scanned by CamScanner



ਗ਼ਲਤ ਫ਼ਹਿਮੀਆਂ ਸਨ, ਲੜਾਈਆਂ ਸਨ। ਕੰਵਰ ਪਸ਼ੌਰਾ ਸਿੰਘ, ਮੁਲਤਾਨਾ ਸਿੰਘ, ਕਸ਼ਮੀਰਾ ਸਿੰਘ ਤੇ ਤਾਰਾ ਸਿੰਘ ਵਰਗੇ ਆਪਣੀ ਤੂਤੀ ਵਜਾ ਰਹੇ ਸਨ। ਸ਼ਾਹੀ ਖ਼ਾਨਦਾਨ ਇਕ ਨਾਚ-ਘਰ ਸੀ ਜਿਸ ਵਿਚ ਕਿਸੇ ਨੂੰ ਆਪਣੀ ਜ਼ਿੰਮੇਵਾਰੀ ਤੇ ਪਾਰਟ ਦੀ ਸੋਝੀ ਨਹੀਂ ਸੀ। ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਸਿੰਘ ਦੇ ਆਖੇ ਹਰ ਕੋਈ ਲਗਦਾ। ਜੇ ਸ਼ੇਰ ਸਿੰਘ ਨੂੰ ਕਿਹਾ ਗਿਆ ਹੈ ਕਿ ਉਹ ਖੜਗ ਸਿੰਘ ਦੇ ਵਿਰੁਧ ਆਵਾਜ਼ ਉਠਾਏ ਤਾਂ ਉਹ ਅੱਜ ਮੰਨ ਗਿਆ ਹੈ। ਜੇ ਉਹਨੂੰ ਕਲ੍ਹ ਕਿਹਾ ਗਿਆ ਹੈ ਕਿ ਉਹ ਇਹ ਆਵਾਜ਼ ਕਿਸੇ ਹੋਰ ਦਿਨ ਵਾਸਤੇ ਮੁਲਤਵੀ ਕਰ ਦੇਵੇ ਤਾਂ ਉਹ ਵੀ ਮੰਨ ਗਿਆ ਹੈ। ਜੇ ਨੌਨਿਹਾਲ ਸਿੰਘ ਨੂੰ ਪਿਤਾ ਦੇ ਬਰਖ਼ਿਲਾਫ਼ ਚੁੱਕਿਆ ਗਿਆ ਹੈ, ਤਾਂ ਉਹ ਚੁੱਕ ਵਿਚ ਆ ਗਿਆ ਹੈ। ਜ਼ਾਤੀ ਭੁੱਖ ਤੇ ਜ਼ਾਤੀ ਮਾਣ ਦੀ ਲਾਲਸਾ ਇਕ ਇਕ ਨੂੰ ਅੰਨ੍ਹਾਂ ਬੱਲਾ ਕਰ ਰਹੀ ਹੈ।

ਫ਼ੌਜ ਦੇ ਜਰਨੈਲ ਤੇ ਸਿਪਾਹੀ ਵੀ ਇਸ ਰੰਗ-ਭੂਮੀ ਉੱਤੇ ਕੱਠ-ਪੁਤਲੀਆਂ ਦੀ ਨਿਆਈਂ ਹਨ। ਰਾਜਾ ਧਿਆਨ ਸਿੰਘ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਤਾਕਤ ਦਾ ਅਹਿਸਾਸ ਦਵਾਇਆ ਹੈ। ਉਨ੍ਹਾਂ ਨੂੰ ਦਸਿਆ ਹੈ ਕਿ ਉਨ੍ਹਾਂ ਦੀ ਰਜ਼ਾਮੰਦੀ ਤੇ ਮਿਲਵਰਤਣ ਤੋਂ ਬਗ਼ੈਰ ਕੋਈ ਰਾਜਾ ਰਾਜ ਨਹੀਂ ਕਰ ਸਕਦਾ। ਉਹ ਉਨ੍ਹਾਂ ਨੂੰ ਦਸਦਾ ਹੈ ਕਿ ਉਨ੍ਹਾਂ ਦੇ ਹੱਥਾਂ ਵਿਚ ਐਨੀ ਤਾਕਤ ਉਨ੍ਹਾਂ ਉੱਤੇ ਭਾਰੀ ਜ਼ਿੰਮੇਵਾਰੀ ਸੁੱਟਦੀ ਹੈ। ਜੰਗ ਦੀ ਹਾਲਤ ਵਿਚ ਉਨ੍ਹਾਂ ਨੂੰ ਮਰਨਾ ਪਵੇਗਾ ਤੇ ਉਨ੍ਹਾਂ ਦੇ ਟੱਬਰਾਂ ਨੂੰ ਹੀ ਮੁਸੀਬਤਾਂ ਝੱਲਣੀਆਂ ਪੈਣਗੀਆਂ। ਸੋ ਉਹ ਰਾਜ ਦੇ ਕਾਜਾਂ ਵਿਚ ਦਿਲਚਸਪੀ ਲੈਣ ਦਾ ਫ਼ੈਸਲਾ ਕਰਨ ਕਿ ਕਿਹੜਾ ਰਾਜਾ ਉਨ੍ਹਾਂ ਵਾਸਤੇ ਲਾਭਵੰਦ ਹੈ ਤੇ ਕਿਹੜਾ ਨਹੀਂ। ਇਹ ਰਾਜਾ ਧਿਆਨ ਸਿੰਘ ਆਪ ਖ਼ੁਫ਼ੀਆ ਖ਼ੁਫ਼ੀਆ ਉਨ੍ਹਾਂ ਨੂੰ ਦਸ ਜਾਏਗਾ। ਜਦੋਂ ਇਕ ਸੰਗਠਤ ਜਮਾਤ ਨੂੰ ਕੱਠ-ਪੁਤਲੀ ਬਣਾਉਣ ਵਾਲਾ ਕੋਈ ਚਾਲਾਕ ਆਦਮੀ ਹੋਵੇ ਤਾਂ ਇਹ ਸੰਗਠਤ ਜਮਾਤ ਇਕ ਅਤਿ ਵਧੀਆ ਕੱਠ-ਪੁਤਲੀ ਬਣਦੀ ਹੈ।

ਪੰਜਾਬ ਦੀ ਸਮੁੱਚੀ ਜਨਤਾ ਵਿਚ ਵੀ ਕੱਠ-ਪੁਤਲੀਆਂ ਜਿੰਨੀ ਹੀ ਸਿਆਣਪ ਤੇ ਵਿਅਕਤੀਤੱਵ ਹੈ। ਉਹ ਭੋਲੇ ਭਰਾਵਾਂ ਦੀਆਂ ਮੋਹਣੀਆਂ ਸੂਰਤਾਂ ਉੱਤੇ ਭੁੱਲੀ ਬੈਠੇ ਹਨ। ਉਹ ਸਮਝ ਰਹੇ ਹਨ ਕਿ ਜਿਸ ਆਦਮੀ ਉੱਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਜ਼ਿੰਦਗੀ ਵਿਚ ਇਤਬਾਰ ਕੀਤਾ ਤੇ ਜਿਸ ਦੇ ਹੱਥ ਉਹਨੇ ਖੜਗ ਸਿੰਘ ਦੀ ਬਾਂਹ ਫੜਾਈ, ਉਹ ਆਦਮੀ ਕੋਈ ਗ਼ਲਤੀ ਨਹੀਂ ਕਰ ਸਕਦਾ। ਉਹ ਆਦਮੀ ਸਭ ਦੋਸ਼ਾਂ ਤੋਂ ਬਰੀ ਹੈ। ਉਹ ਗੁਰੂ ਸਮਾਨ ਉੱਚਾ ਹੈ। ਆਪਣੇ ਮਰ ਚੁਕੇ ਮਹਾਰਾਜੇ ਵਿਚ ਅੰਧ-ਵਿਸ਼ਵਾਸ ਪਰਜਾ ਨੂੰ ਇਕ ਸਿਫ਼ਰ ਬਣਾ ਰਿਹਾ ਹੈ। ਪਰਜਾ ਦੀ ਕੋਈ ਆਵਾਜ਼ ਨਹੀਂ ਰਹੀ। ਉਹ ਸਮੂਹਕ ਤੌਰ ਉੱਤੇ ਇਕ ਸਮੂਹਕ ਅੰਦੋਲਨ ਸ਼ੁਰੂ ਕਰਨ ਦੇ ਯੋਗ ਨਹੀਂ ਰਹੀ। ਇਹ ਪਰਜਾ ਦੀ ਚੇਤਨ-ਸ਼ਕਤੀ ਮੁੱਕ ਚੁੱਕੀ ਹੈ। ਇਹ ਸੋਚ ਨਹੀਂ ਸਕਦੀ। ਇਹ ਅੰਨ੍ਹੀਂ ਵੀ ਹੈ, ਬੋਲੀ ਵੀ ਤੇ ਗੂੰਗੀ ਵੀ।

ਇਹੋ ਜਿਹੀ ਰੰਗ-ਭੂਮੀ ਉੱਤੇ ਇਹੋ ਜਿਹਾ ਕੱਠ-ਪੁਤਲੀਆਂ ਦਾ ਤਮਾਸ਼ਾ ਨਚਾਉਣ ਵਾਲਾ ਹੈ ਸਰਦਾਰ ਧਿਆਨ ਸਿੰਘ, ਰਾਜਾਏ-ਰਾਜਗਾਂ, ਰਾਜਾਏ ਹਿੰਦ, ਪਤਰਾਜਾ ਬਹਾਦਰ। ਇਹ ਖ਼ਿਤਾਬ ਮਹਾਰਾਜਾ ਰਣਜੀਤ ਸਿੰਘ ਨੇ ਉਹਨੂੰ ਆਪਣੀ ਜ਼ਿੰਦਗੀ ਸਮੇਂ ਦਿਤੇ ਸਨ। ਖੜਗ ਸਿੰਘ ਦੀ ਤਖ਼ਤ-ਨਸ਼ੀਨੀ ਵੇਲੇ ਉਹਨੇ ਖੜਗ ਸਿੰਘ ਦੀ ਰਾਹੀਂ ਧਿਆਨ ਸਿੰਘ ਨੂੰ ਹੋਰ ਖ਼ਿਤਾਬ ਦਵਾਏ, ਜਿਵੇਂ ਕਿ ਪਹਿਲੇ ਖ਼ਿਤਾਬ ਕਾਫ਼ੀ ਨਾ ਹੋਣ। ਜਿਵੇਂ ਉਹਨੂੰ ਸ਼ੱਕ ਹੋਵੇ ਕਿ ਉਹਦੀ ਮੌਤ ਪਿਛੋਂ ਇਨ੍ਹਾਂ ਨੂੰ ਨਵੇਂ ਖ਼ਿਤਾਬਾਂ ਤੇ ਇਸ ਇੱਜ਼ਤ ਤੋਂ ਬਿਨਾਂ ਰਾਜ ਦੀ ਸਲਾਮਤੀ ਔਖੀ ਹੋਵੇਗੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਵੇਲੇ ਰਾਜਾ ਧਿਆਨ ਸਿੰਘ ਬਣਿਆ ਨਾਇਬ-ਉਲ-ਸਲਤਨੱਤ ਉਜ਼ਮਾ, ਖ਼ੈਰ ਖ਼ਾਹ ਸ਼ਮੀਮੀ ਦੌਲਤੇ-ਸਰਕਾਰ, ਵਜ਼ੀਰੇ-ਆਜ਼ਮ, ਦਸਤੂਰੇ-ਮੁਕਰਮ ਮੁਖ਼ਤਾਰ ਵ ਮਦਾਰ-ਉਲ-ਮਹਾਮ ਕੁਲ ਮੁਲਕੇ ਪੰਜਾਬ।

ਧਿਆਨ ਸਿੰਘ ਇਨ੍ਹਾਂ ਖ਼ਿਤਾਬਾਂ ਤੇ ਇਨ੍ਹਾਂ ਮਾਣ-ਪੱਤਰਾਂ ਨਾਲ ਪੰਜਾਬ ਦੀ ਕਿਸਮਤ ਦਾ ਮਾਲਕ ਹੈ। ਮਹਾਰਾਜੇ ਤੋਂ ਲੈ ਕੇ ਰਾਜ ਦਾ ਹਰ ਅਦਨਾ ਆਦਮੀ ਉਹਦੀ ਸਰਪ੍ਰਸਤੀ ਬੱਲੇ ਹੈ। ਇਹ ਗੱਲ ਕਿ ਮੌਤ ਵੇਲੇ ਰਣਜੀਤ ਸਿੰਘ ਨੇ ਖੜਗ ਸਿੰਘ ਦੀ ਬਾਂਹ ਧਿਆਨ ਸਿੰਘ ਹੱਥ ਫੜਾਈ, ਗਵਾਹ ਹੈ ਕਿ ਰਣਜੀਤ ਸਿੰਘ ਨੂੰ ਖੜਗ ਸਿੰਘ ਉੱਤੇ ਪੂਰਨ ਵਿਸ਼ਵਾਸ ਨਹੀਂ ਸੀ। ਉਹਦੀ ਜਾਚੇ ਪੰਜਾਬ ਵਿਚ ਉਸ ਵਲੇ ਸਿਰਫ਼ ਇਕ ਆਦਮੀ ਸੀ ਜਿਦ੍ਹੇ ਉੱਤੇ ਵਿਸ਼ਵਾਸ਼ ਕੀਤਾ ਜਾ ਸਕਦਾ ਹੈ ਤੇ ਉਹ ਆਦਮੀ ਹੈ ਧਿਆਨ ਸਿੰਘ।

ਲੰਮਾ ਦਾੜ੍ਹਾ, ਮਿੱਠੀ ਮਿੱਠੀ ਨੁਹਾਰ, ਮੁਲਾਇਮ ਤੇ ਮਲੂਕ ਲਹਿਜਾ, ਪਿਆਰੀਆਂ ਪਿਆਰੀਆਂ ਅਦਾਵਾਂ ਧਿਆਨ ਸਿੰਘ ਨੂੰ ਹਰਮਨ-ਪਿਆਰਾ ਬਣਾਂਦੀਆਂ ਹਨ। ਹਰ ਕੋਈ ਉਹਦੇ ਉੱਤੇ ਇਤਬਾਰ ਕਰ ਲੈਂਦਾ ਹੈ। ਹਰ ਇਕ ਨੂੰ ਉਹ ਜਿੱਤ

Scanned by CamScanner

ਲੈਂਦਾ ਹੈ। ਹਰ ਇਕ ਉੱਤੇ ਆਪਣੀ ਦਿਆਨਤਦਾਰੀ ਦਾ ਸਿੱਕਾ ਜਮਾ ਲੈਂਦਾ ਹੈ। ਹਰ ਇਕ ਨੂੰ ਉਹ ਅੰਨਾ ਵਿਸ਼ਵਾਸ਼ ਤੇ ਪਿਆਰ ਦੇਂਦਾ ਕਿ ਅਗਲਾ ਇਸ ਵਿਸ਼ਵਾਸ਼ ਤੇ ਪਿਆਰ ਹੇਠ ਦੱਬਿਆ ਸਾਹ ਵੀ ਨਹੀਂ ਲੈ ਸਕਦਾ। ਹਰ ਇਕ ਉਹਦਾ ਰਿਣੀ ਹੈ। ਹਰ ਇਕ ਉਹਨੂੰ ਆਪਣਾ ਮਿੱਤਰ ਸਮਝਦਾ ਹੈ। ਉਹਨੇ ਹਰ ਇਕ ਉੱਤੇ ਕਿਸੇ ਨਾ ਕਿਸੇ ਵੇਲੇ ਕਿਸੇ ਨਾ ਕਿਸੇ ਤਰ੍ਹਾਂ ਵਿਚ ਪਰ-ਉਪਕਾਰ ਕੀਤੇ ਹਨ।

ਧਿਆਨ ਸਿੰਘ ਦੀ ਸਫ਼ਲਤਾ ਉਹਨੂੰ ਸਗੋਂ ਹੋਰ ਬਦਨੀਅਤ ਤੇ ਖੋਟਾ ਬਣਾਈ ਜਾਂਦੀ ਹੈ। ਖੋਟੇ ਪਨ ਦੀ ਢਲਵਾਨ ਉੱਤੇ ਇਕ ਵਾਰ ਫਿਸਲਿਆ ਧਿਆਨ ਸਿੰਘ ਸੰਭਲ ਨਹੀਂ ਸਕਦਾ। ਢਲਵਾਨ ਤੀਖਣ ਹੈ ਤੇ ਤਿਲਕਣ ਅਤਿਅੰਤ। ਇਕ ਵਾਰੀ ਦੀ ਆਤਮਾ ਮਲੀਨ ਹੋਈ ਹੁਣ ਦਿਨੋਂ ਦਿਨ ਨਿੱਘਰਦੀ ਜਾਂਦੀ ਹੈ। ਇਕ ਕਾਰਜ ਵਿਚ ਸਫ਼ਲਤਾ, ਦੂਜੇ ਕਾਰਜ ਵਿਚ ਮਿਲਣ ਵਾਲੀ ਸਫ਼ਲਤਾ ਲਈ ਉਕਸਾਂਦੀ ਹੈ। ਰਾਜਾ ਗੁਲਾਬ ਸਿੰਘ ਜੰਮੂ ਤੋਂ ਆਉਂਦਾ ਹੈ। ਭਰਾ ਇਕ ਦੂਜੇ ਅਗੇ ਦਿਲ ਫੜਦੇ ਹਨ। ਉਨ੍ਹਾਂ ਨੂੰ ਰੱਬ ਕੋਲੋਂ ਡਰ ਨਹੀਂ ਲਗਦਾ। ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪਰ-ਉਪਕਾਰ ਭੁਲ ਗਏ ਹਨ। ਉਨ੍ਹਾਂ ਅੱਗੇ ਕੋਈ ਚੰਗਿਆਈ ਤੇ ਆਤਮਕ ਸਚਿਆਈ ਠਹਿਰ ਨਹੀਂ ਸਕਦੀ। ਉਨ੍ਹਾਂ ਦੇ ਨਜ਼ਰੀਏ ਅਸਲੋਂ ਹੀ ਮਲੀਨ ਹੋ ਚੁਕੇ ਹਨ। ਦੰਦੇਂ ਭਰਾ ਮਿਲਦੇ ਹਨ, ਸਲਾਹਾਂ ਕਰਦੇ ਹਨ ਤੇ ਵਿਛੜ ਜਾਂਦੇ ਹਨ। ਗੁਲਾਬ ਸਿੰਘ ਹੁਣ ਜੰਮੂ ਦਾ ਬਾਦਸ਼ਾਹ ਹੈ, ਲਾਹੌਰ ਰਾਜ ਦਾ ਕੋਈ ਸੂਬੇਦਾਰ ਨਹੀਂ ਤੇ ਸ਼ਾਇਦ ਉਹ ਧਿਆਨ ਸਿੰਘ ਨੂੰ ਆਖਦਾ ਹੈ ਕਿ ਰਣਜੀਤ ਸਿੰਘ ਦੇ ਸਭ ਜਾਇਜ਼ ਵਾਰਸਾਂ ਨੂੰ ਖ਼ਤਮ ਕਰ ਕੇ ਉਹ ਜਾਂ ਉਹਦਾ ਪੁੱਤਰ ਹੀਰਾ ਸਿੰਘ ਲਾਹੌਰ ਦਾ ਰਾਜ ਸੰਭਾਲੇ। ਦੋਹਾਂ ਭਰਾਵਾਂ ਨੇ ਇਕੱਠਿਆਂ ਬੈਠ ਕੇ ਹੀ ਸ਼ਾਇਦ ਚਤ ਸਿੰਘ ਦੇ ਕਤਲ ਦੀ ਸਕੀਮ ਬਣਾਈ ਹੈ।

ਕਤਲ...! ਜਦੋਂ ਆਦਮੀ ਇਕ ਕਤਲ ਬਾਰੇ ਗੌਂਦ ਗੁੰਦੇ ਤੇ ਬਿਲਕੁਲ ਠੰਢੇ ਤੇ ਸ਼ਾਂਤ ਦਿਲ ਨਾਲ ਇਸ ਗੌਂਦ ਨੂੰ ਨੇਪਰੇ ਚਾੜ੍ਹੇ ਤਾਂ ਉਸ ਤੋਂ ਪਿਛੋਂ ਕੋਈ ਮੰਦਾ ਕੰਮ ਵੀ ਉਹਦੀਆਂ ਨਜ਼ਰਾਂ ਵਿਚ ਮੰਦਾ ਨਹੀਂ ਰਹਿੰਦਾ। ਉਹ ਆਦਮੀ ਕੋਈ ਵੀ ਅਖਿਹਾ ਕੰਮ ਕਰ ਸਕਦਾ ਹੈ ਜਿਹੜਾ ਕੰਮ ਕਿ ਆਮ ਆਦਮੀ ਦੇ ਅੰਤਹ ਕਰਣ ਨੂੰ ਵਿਆਕਲ ਕਰ ਦੇਵੇਗਾ। ਦੁਨੀਆਂ ਵਿਚ ਸਭ ਤੋਂ ਵਧ ਸਤਿਕਾਰੀ ਜਾਣ ਵਾਲੀ ਚੀਜ਼ ਮਨੁੱਖ ਹੈ। ਮਨੁੱਖ ਦੀ ਜ਼ਿੰਦਗੀ। ਸਾਹ ਲੈਂਦਾ ਮਨੁੱਖ। ਹਰ ਮਨੁੱਖ ਵਿਚ ਇਕੋ ਜਿਹਾ ਹੀ ਦਿਲ ਧੜਕਦਾ ਹੈ ਤੇ ਹਰ ਮਨੁੱਖ ਦੀਆਂ ਮਾਨਸਕ ਤੇ ਘਰੋਗੀ ਸਮੱਸਿਆਵਾ ਇਕੋ ਜਿਹੀਆਂ ਹਨ। ਇਸ ਦੇ ਬਾਵਜੂਦ ਵੀ ਜੇ ਇਕ ਮਨੁੱਖ ਦੂਜੇ ਨੂੰ ਠੰਢੇ ਦਿਲ ਨਾਲ ਕਤਲ ਕਰ ਦੇਵੇ ਤਾਂ ਉਹ ਮਨੁੱਖ ਸ਼ਾਇਦ ਮਨੁੱਖ ਨਹੀਂ ਰਹਿੰਦਾ। ਤੱਤੇ ਤਾਅ ਕਿਸੇ ਨੂੰ ਮਾਰ ਮੁਕਾਉਣ ਦੀ ਗੱਲ ਹੋਰ ਹੈ। ਠੰਢੇ ਦਿਲ ਕਿਸੇ ਨੂੰ ਕਤਲ ਕਰਨਾ ਹੋਰ।

ਹਰਪਾਲ ਸਿੰਘ ਤੇ ਗਰਮੀਤ ਕੌਰ ਨਿਤਾਪ੍ਰਤੀ ਗੱਲਾਂ ਕਰਦੇ ਹਨ ਤੇ ਇਹੋ ਜਿਹੇ ਭਾਵ ਉਨ੍ਹਾਂ ਦੀਆਂ ਗੱਲਾਂ ਵਿਚੋਂ ਉਤਪੰਨ ਹੁੰਦੇ ਹਨ। ਹਰਪਾਲ ਸਿੰਘ ਇਕ ਦੇਸ਼ ਤੇ ਇਕ ਕੌਮ ਨੂੰ ਕੱਠ-ਪੁਤਲੀ ਬਣੀ ਹੋਈ ਦਰਸਾਂਦਾ ਹੈ ਤੇ ਗੁਰਮੀਤ ਪੁਛਦੀ ਹੈ: "ਤਾਂ ਕੀ ਵੀਰ! ਹੁਣ ਕੋਈ ਚਾਰਾ ਨਹੀਂ ? ਕੀ ਅਸੀਂ ਇਸ ਤਮਾਸ਼ੇ ਨੂੰ ਭੰਗ ਕਰਨ ਵਾਸਤੇ ਕੁਝ ਵੀ ਨਹੀਂ ਕਰ ਸਕਦੇ ?" ਹਰਪਾਲ ਇਹ ਪ੍ਰਸ਼ਨ ਸੁਣ ਕੇ ਚੁਪ ਹੋ ਜਾਂਦਾ ਹੈ। ਇਹੋ ਪ੍ਰਸ਼ਨ ਦੇ ਉੱਤਰ ਵਾਸਤੇ ਤਾਂ ਉਹ ਆਪ ਭਟਕ ਰਿਹਾ ਹੈ। ਏਸੇ ਪ੍ਰਸ਼ਨ ਦਾ ਉੱਤਰ ਲਭਣ ਵਾਸਤੇ ਤਾਂ ਉਹ ਆਪ ਪੰਜਾਬ ਦੀ ਸਥਿਤੀ ਦਾ ਮਨੋਵਿਗਿਆਨਕ ਵਿਸ਼ਲੇਸ਼ਨ ਕਰਦਾ ਰਿਹਾ ਹੈ। ਏਸੇ ਪ੍ਰਸ਼ਨ ਦਾ ਭਾਰ ਤਾਂ ਉਹਨੂੰ ਨਾ ਦਿਨੇ ਚੈਨ ਲੈਣ ਦੇਂਦਾ ਹੈ ਨਾ ਰਾਤੀਂ।

ਗੁਰਮੀਤ ਉਹਨੂੰ ਰੋਜ਼ ਆਖਦੀ ਹੈ : "ਪਾਲ ! ਤੂੰ ਸਰਦਾਰ ਲਹਿਣਾ ਸ਼ਿੰਘ ਮਜੀਠੀਏ ਨਾਲ ਗੱਲ ਕਰ। ਤੂੰ ਉਹਨੂੰ ਆਪਣੇ ਨਾਲ ਰਲਾ। ਉਹਦੀ ਸਰਕਾਰੇ ਦਰਬਾਰੇ ਬੜੀ ਇੱਜ਼ਤ ਹੈ। ਉਹਨੂੰ ਫ਼ੌਜਾਂ ਵੀ ਮੰਨਦੀਆਂ ਹਨ।"

"ਮੈਂ ਗੱਲ ਕਰ ਚੁੱਕਾ ਹਾਂ, ਪਰ ਅਲਾਹ ਲੋਕ ਮਜੀਠਾ ਸਰਦਾਰ ਕੋਈ ਉਪਦਰ ਤੇ ਹਿੰਸਕ ਕਦਮ ਨਹੀਂ ਚੁਕ ਸਕਦਾ। ਲਹਿਣਾ ਸਿੰਘ ਇਕ ਦਿਮਾਗ਼ੀ ਪ੍ਰਤਿਭਾ ਹੈ। ਮੈਂ ਉਹਦੇ ਕੋਲੋਂ ਕਿਸੇ ਇਹੋ ਜਿਹੀ ਸ਼ੈ ਦੀ ਆਸ ਨਹੀਂ ਰਖਦਾ। ਹਾਂ..." "ਹਾਂ...ਕੀ ?" ਹਾਂ, ਇਕ ਸਰਦਾਰ ਹੈ ਜਿਹੜਾ ਇਸ ਤਮਾਸ਼ੇ ਵਿਚ ਹਿਸਾ ਨਹੀਂ ਲੈ ਰਿਹਾ। ਜਿਹੜਾ ਧਿਆਨ ਸ਼ਿੰਘ ਤੇ ਗੁਲਾਬ ਸਿੰਘ ਦੇ ਹੱਥਾਂ ਵਿਚ ਕਠ-ਪੁਤਲੀ ਨਹੀਂ ਤੇ ਉਹ ਸਰਦਾਰ ਹੈ ਸ਼ਾਮ ਸਿੰਘ ਅਟਾਰੀਵਾਲਾ...।" ਗੁਰਮੀਤ ਦਾ ਮੂੰਹ ਇਕ ਦੰਮ ਖਿੜ ਜਾਂਦਾ ਹੈ। "ਤਾਂ ਚਲ ਅਟਾਰੀ ਚਲੀਏ ਹਰਪਾਲ। ਉਹਨੂੰ ਨਾਲ ਮਿਲਾਈਏ ਤੇ ਅਸੀਂ ਕੁਝ ਨਾ ਕੁਝ ਕਰੀਏ। ਰਾਜ ਇਸ ਤਰ੍ਹਾਂ ਤਬਾਹ ਨਹੀਂ ਹੋਣਾ ਚਾਹੀਦਾ।"

ਹਰਪਾਲ ਕਿੰਨਾਂ ਚਿਰ ਚੁਪ ਸੋਚਦਾ ਰਹਿੰਦਾ ਹੈ ਤੇ ਫਿਰ ਆਖਦਾ ਹੈ : "ਅਸੀਂ ਕੁਝ ਨਾ ਕੁਝ ਜ਼ਰੂਰ ਕਰਾਂਗੇ

Scanned by CamScanner

ਮੀਤੀ । ਪਰ ਸਾਡੀ ਕੁਰਬਾਨੀ ਵੀ ਆ ਰਹੀ ਅਯੋਗਤੀ ਤੋਂ ਸਾਨੂੰ ਬਚਾ ਨਹੀਂ ਸਕੇਗੀ ।'' ਗੁਰਮੀਤ ਸਵਾਲੀਆ ਨਜ਼ਰਾਂ ਨਾਲ
ਹਰਪਾਲ ਵਲ ਵੇਖਦੀ ਹੈ । ਹਰਪਾਲ ਕਹਿੰਦਾ ਜਾਂਦਾ ਹੈ : ''ਮੈਨੂੰ ਜਾਪਦਾ ਹੈ ਕਿ ਸਾਡੀ ਇਸ ਗਿਰਾਵਟ ਦੇ ਕਾਰਨ ਵਧੇਰੇ
ਡੂੰਘੇ ਹਨ । ਤੂੰ ਜਾਣਦੀ ਹੈਂ ਕਿ ਸਿਖ ਧਰਮ ਹਿੰਦੂ ਜ਼ਾਤੀ ਦਾ ਜੰਮ ਪਲ ਹੈ । ਪਿਛਲੇ ਅਠ ਸੌ ਸਾਲ ਤੋਂ ਹਿੰਦੂ ਜਾਤੀ
ਨਿਘਰਦੀ ਤੋਂ ਨਿਘਰਦੀ ਗਈ ਹੈ · ਬੁਜ਼ਦਿਲੀ ਤੇ ਕਾਇਰਤਾ ਸਾਡੀ ਨੱਸ ਨੱਸ ਵਿਚ ਰਚਦੀ ਗਈ ਹੈ । ਬੇਸ਼ਕ ਹਿੰਦੂ ਜਾਤੀ
ਨੇ ਆਪਣੀ ਸੰਸਕ੍ਰਿਤੀ ਨੂੰ ਕਾਇਮ ਰਖਿਆ ਹੈ । ਉਹ ਆਪਣੇ ਆਪ ਵਿਚ ਸੁੰਗੜਦੀ ਗਈ ਹੈ । ਉਹ ਪੂਜਾ ਪਾਠ ਕਰਦੀ ਰਹੀ
ਹੈ, ਪਰ ਦਰਅਸਲ ਹਿੰਦੂ ਜਾਤੀ ਨਰਕ ਵਿਚ ਜੀਊਂਦੀ ਰਹੀ ਹੈ । ਨਰਕ ਕਿ ਨਰਕ ਤੋਂ ਵੀ ਇਕ ਬਦ ਤਰ ਨਰਕ । ਇਸ
ਨਰਕ ਵਿਚ ਰਹਿਣ ਦਾ ਅਹਿਸਾਸ ਇਸ ਜਾਤੀ ਨੂੰ ਨਹੀਂ ਹੋਇਆ । ਪੂਜਾ ਤੇ ਪਾਠਾਂ ਤੇ ਆਪਣੇ ਆਪ ਵਿਚ ਸੁੰਗੜਦਿਆਂ
ਇਹ ਸਮਝਦੀ ਰਹੀ ਹੈ ਕਿ ਸੁਰਗ ਅੰਤ ਇਹਦਾ ਹੈ ਪਰ...।

''ਇਸ ਜਾਤੀ ਨੇ ਆਪਣੀ ਗਿਰਾਵਟ ਦੇ ਦਿਨਾਂ ਵਿਚ ਵੀ ਬੜੇ ਮਹਾਨ ਆਦਮੀ ਪੈਦਾ ਕੀਤੇ ਹਨ, ਪਰ ਇਨ੍ਹਾਂ
ਮਹਾਨ ਆਦਮੀਆਂ ਵਿਚੋਂ ਕੋਈ ਵੀ ਹਿੰਦੂ ਜਾਤੀ ਦੇ ਅਥਾਹ ਸਾਗਰ ਵਿਚ ਕੋਈ ਅਜਿਹੀ ਰੋ ਨਹੀਂ ਤੋਰ ਸਕਿਆ ਜਿਹੜੀ
ਇਸ ਸਾਗਰ ਵਿਚ ਤੂਫ਼ਾਨ ਲਿਆ ਦੇਵੇ, ਤੂਫ਼ਾਨ । ਹਾਂ, ਇਸ ਜਾਤੀ ਨੂੰ ਤੂਫ਼ਾਨਾਂ ਦੀ ਲੋੜ ਹੈ । ਅਜਿਹੇ ਤੂਫ਼ਾਨ ਆਉਣ ਕਿ
ਪੁਰਾਣੇ ਘਸ ਚੁਕੇ ਵਿਸ਼ਵਾਸ ਚੁਫ਼ਾਲ ਡਿਗ ਪੈਣ, ਮੰਦਰ ਡਿਗ ਪੈਣ, ਬੁੱਤ ਡਿਗ ਪੈਣ । ਇਕ ਇਹੋ ਜਿਹਾ ਤੂਫ਼ਾਨ ਆਵੇ ਕਿ
ਜਾਤੀ ਦੇ ਇਕ ਇਕ ਆਦਮੀ ਦੀ ਅੰਦਰੂਨੀ ਤੇ ਬੈਰੂਨੀ ਜ਼ਿੰਦਗੀ ਬਦਲ ਜਾਏ । ਇਸ ਤਰ੍ਹਾਂ ਬਦਲ ਜਾਏ ਕਿ ਪਛਾਣੀ ਨਾ
ਜਾਏ । ''ਸਿਖ ਧਰਮ ਕਿਉਂ ਹੋਂਦ ਵਿਚ ਆਇਆ ? ਇਹ ਲਹਿਰ ਕਿਉਂ ਸਫ਼ਲ ਹੋਈ ? ਕਿਉਂਕਿ ਹਿੰਦੂ ਜਾਤੀ ਬਲਵਾਨ
ਨਹੀਂ ਸੀ । ਗੁਰੂ ਨਾਨਕ ਨੇ ਇਕ ਲਹਿਰ ਚਲਾਈ, ਗੁਰੂ ਗੋਬਿੰਦ ਸਿੰਘ ਨੇ ਉਹਨੂੰ ਇਕ ਨਵਾਂ ਰੂਪ ਦਿਤਾ । ਗੁਰੂ ਗੋਬਿੰਦ ਸਿੰਘ
ਨੇ ਇਸ ਜਾਤੀ ਵਿਚ ਅੰਮ੍ਰਿਤ ਰਾਹੀਂ ਇਕ ਉਹ ਤੂਫ਼ਾਨ ਬਰਪਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੀ ਇਹਨੂੰ ਲੋੜ ਸੀ । ਹਿੰਦੂ
ਜਾਤੀ ਕਿਸੇ ਇਹੋ ਜਿਹੇ ਤੂਫ਼ਾਨ ਨੂੰ ਉਡੀਕ ਹੀ ਰਹੀ ਸੀ । ਇਸ ਤੂਫ਼ਾਨ ਦਾ ਅਸਰ ਬੇਇਨਤਹਾ ਹੋਇਆ । ਪੰਜਾਬ ਦਾ ਰੰਗ ਰੂਪ
ਬਦਲ ਗਿਆ । ਸੌ ਸਾਲ ਦੇ ਅਰਸੇ ਵਿਚ ਹੀ ਮੁਗ਼ਲੀਹਾ ਸਲਤਨੱਤ ਜਿਹੀ ਬਜ਼ਬੂਤ ਸਲਤਨੱਤ ਟੁੱਟ ਗਈ ; ਅਫ਼ਗਾਨਾਂ ਜਿਹੀ
ਜੰਗਜੂ ਤੇ ਫ਼ਤਹਿਯਾਬ ਕੌਮ ਖ਼ਾਲਸੇ ਨਾਲ ਟੱਕਰ ਖਾ ਕੇ ਖੇਰੂ ਖੇਰੂੰ ਹੋ ਗਈ । ਖ਼ਾਲਸੇ ਨੇ ਇਕ ਕਰਾਮਾਤ ਕਰ ਵਿਖਾਈ । ਸਾਡਾ
ਪਿਸ਼ਾਵਰ ਨੂੰ ਜਿਤਣਾ ਤੇ ਖ਼ੈਬਰ ਦੇ ਮੂੰਹ ਉੱਤੇ ਜਮਰੌਦ ਦੇ ਕਿਲੇ ਦੀ ਉਸਾਰੀ ਇਕ ਬੜੀ ਮਹੱਤਵ ਤੇ ਇਤਿਹਾਸਕ ਘਟਨਾ ਹੈ ।

''ਪਰ ਫਿਰ ਕੀ ਹੋਇਆ ? ਰਣਜੀਤ ਸਿੰਘ ਦੀ ਮੌਤ ਨੇ ਹਾਲਾਤ ਬਦਲ ਦਿਤੇ । ਕਿਉਂ ? ਠੀਕ, ਰਣਜੀਤ
ਸਿੰਘ ਨੇ ਕਿਸੇ ਵਾਰਸ ਨੂੰ ਰਾਜ ਵਾਸਤੇ ਤਿਆਰ ਨਹੀਂ ਕੀਤਾ । ਰਣਜੀਤ ਸਿੰਘ ਨੇ ਡੋਗਰੇ ਭਰਾਵਾਂ ਉੱਤੇ ਬਹੁਤਾ ਇਤਬਾਰ
ਵੀ ਕੀਤਾ ਜਿਹੜਾ ਅਯੋਗ ਹੈ । ਰਣਜੀਤ ਸਿੰਘ ਨੇ ਇਹ ਵੀ ਨਾ ਸੋਚਿਆ ਕਿ ਆਪਣੀ ਜ਼ਿੰਦਗੀ ਵਿਚ ਆਪਣੇ ਰਾਜ ਨੂੰ ਉਹ
ਕਿਸੇ ਤਰ੍ਹਾਂ ਅਣਜਿਤ ਜਾਂ ਅਣਸ਼ਖ਼ਸੀ ਕਰ ਜਾਏ ਤਾਂ ਜੋ ਉਹਦੀ ਮੌਤ ਪਿਛੋਂ ਰਾਜ ਪ੍ਰਬੰਧ ਟੁੱਟ ਨਾ ਜਾਏ । ਉਹਦੇ ਜੀਂਦਿਆਂ
ਜੀਅ ਸਾਰਾ ਪ੍ਰਬੰਧ ਉਹਦੀ ਜ਼ਾਤ ਦੇ ਦੁਆਲੇ ਘੁੰਮਦਾ ਰਿਹਾ । ਖ਼ੈਰ ! ਇਹ ਤਾਂ ਹੋਇਆ । ''ਪਰ ਰਣਜੀਤ ਸਿੰਘ ਦੀਆਂ
ਖ਼ਾਮੀਆਂ ਤੇ ਉਹਦੀਆਂ ਉਕਾਈਆਂ ਹੀ ਇਸ ਗਿਰਾਵਟ ਦਾ ਅਸਲੀ ਕਾਰਨ ਨਹੀਂ । ਅਸਲੀ ਕਾਰਨ ਹੈ ਕਿ ਗੁਰੂ ਗੋਬਿੰਦ
ਸਿੰਘ ਦਾ ਚਲਾਇਆ ਤੂਫ਼ਾਨ ਸਰਬ ਵਿਆਪੀ ਨਹੀਂ ਹੋਇਆ । ਇਸ ਤੂਫ਼ਾਨ ਦਾ ਅਸਰ ਮਹਿਦੂਦ ਰਿਹਾ ਹੈ । ਇਹ ਤੂਫ਼ਾਨ
ਪੰਜਾਬ ਤੋਂ ਬਾਹਰ ਨਹੀਂ ਝੁਲਿਆ । ਪੰਜਾਬ ਵਿਚ ਵੀ ਬੜੇ ਥੋੜੇ ਆਦਮੀ ਸਿੰਘ ਸੱਜੇ ਹਨ । ਜੇ ਇਹ ਤੂਫ਼ਾਨ ਪੰਜਾਬ ਤੋਂ
ਉਠਦਾ ਸਾਰੇ ਹਿੰਦੁਸਤਾਨ ਨੂੰ ਆਪਣੀ ਰੌ ਵਿਚ ਲਪੇਟ ਲੈਂਦਾ ਤਾਂ ਅੱਜ ਨਾ ਅੰਗਰੇਜ਼ ਹਿੰਦੁਸਤਾਨ ਵਿਚ ਹੁੰਦੇ ਨਾ ਅਸੀਂ ਮੁੜ
ਕੇ ਬੁਜ਼ਦਿਲ ਬਣਨੇ ਸ਼ੁਰੂ ਹੁੰਦੇ। ਇਸਲਾਮ ਇਸ ਤੂਫ਼ਾਨ ਦੇ ਰਾਹ ਵਿਚ ਖੜਾ ਹੋਇਆ ਹੈ, ਪਰ ਹਿੰਦੂ ਜਾਤੀ ਦੀ
ਪਿਤਾ ਪੁਰਖੀ ਵੀ ।

''ਹਰ ਬਲਹੀਣ ਆਦਮੀ ਚਾਲਾਕ ਤੇ ਮਕਰਾ ਹੁੰਦਾ ਹੈ ਜਾਂ ਚਾਲਾਕ ਤੇ ਮਕਰਾ ਬਣਨ ਦੀ ਕੋਸ਼ਿਸ਼ ਕਰਦਾ ਹੈ ।
ਕਿਸੇ ਹੋਰ ਝਰੀਕੇ ਨਾਲ ਉਹ ਆਪਣੇ ਖਾਣ ਪੀਣ ਵਾਸਤੇ ਉਪਜਾ ਨਹੀਂ ਸਕਦਾ ਤੇ ਨਾ ਹੀ ਆਪਣੇ ਆਪ ਨੂੰ ਜ਼ਿੰਦਾ ਰਖ
ਸਕਦਾ ਹੈ । ਪੰਜਾਬ ਦੀ ਰੰਗ-ਭੂਮੀ ਉੱਤੇ ਬੁਜ਼ਦਿਲੀ ਤੇ ਕਾਇਰਤਾ ਰਾਜਾ ਧਿਆਨ ਸਿੰਘ ਦੇ ਰੂਪ ਵਿਚ ਮੂਰਤੀਮਾਨ ਹੋਈ ਹੈ ।
ਰਾਜਾ ਧਿਆਨ ਸਿੰਘ ਤੇ ਗੁਲਾਬ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ, ਜਰਨੈਲ ਲਾਲ ਸਿੰਘ ਤੇ ਤੇਜ ਸਿੰਘ ਸਚੇ ਸਿਖ ਨਹੀਂ ।
ਅੱਜ ਸੰਧਾਵਾਲੀਏ ਸਰਦਾਰ ਵੀ ਸਿਖ ਨਹੀਂ ਰਹੇ । ਉਹ ਵੀ ਮਕਰ ਤੇ ਚੋਰੀ ਤੇ ਚਾਲਾਕੀ ਨੂੰ ਅਪਣਾਉਣ ਲਗ ਪਏ ਹਨ ।

Scanned by CamScanner

ਸੰਧਾਵਾਲੀਏ ਤੋਂ ਇਲਾਵਾ ਹੋਰ ਵੀ ਕਈ ਸਿਖ ਘਰਾਣੇ ਮੁੜ ਕੇ ਉਸੇ ਦੋਜ਼ਖ ਵਿਚ ਡਿਗ ਰਹੇ ਹਨ। ਭੂਫ਼ਾਨ ਦਾ ਅਸਰ ਮੁਕ ਰਿਹਾ ਹੈ। ਬੇਸ਼ਕ ਸਿਖ ਜਾਤੀ ਨਹੀਂ ਮੁਕੇਗੀ। ਨਵੀਂ ਸ਼ਕਲ ਸੂਰਤ ਨਹੀਂ ਮੁਕੇਗੀ, ਪਰ ਸਿਖਾਂ ਵਿਚ ਵੀ ਉਹ ਗੱਲ ਨਹੀਂ ਰਹੇਗੀ। ਅੰਗਰੇਜ਼ ਜਲਦੀ ਹੀ ਪੰਜਾਬ ਉੱਤੇ ਕਾਬਜ਼ ਹੋ ਜਾਣਗੇ ਤੇ ਘਟੋ ਘਟ ਸੌ ਸਵਾ ਸੌ ਸਾਲ ਤਕ ਸਾਨੂੰ ਕਿਸੇ ਦਾ ਪਾਣੀ ਢੋਣਾ ਪਏਗਾ, ਕਿਸੇ ਦਾ ਮਾਲ ਡੰਗਰ ਚਰਾਣਾ ਪਏਗਾ। ਅਗੇ ਮੁਗਲ ਤੇ ਅਫ਼ਗਾਨ ਸਨ, ਹੁਣ ਅੰਗਰੇਜ਼ ਹਨ। ਸ਼ਾਇਦ ਅਸੀਂ ਅਜੇ ਤਕ ਸਵੈਰਾਜ ਦੇ ਕਾਬਿਲ ਨਹੀਂ ਹੋਏ। ਸਮਾਂ ਪਾ ਕੇ ਇਕ ਲਹਿਰ ਹੋਰ ਚਲੇਗੀ ਜਿਹੜੀ ਹਿੰਦੂ ਜਾਤੀ ਨੂੰ ਮੁਤ ਕੇ ਉਭ ਰੇਗੀ। ਇਕ ਤੂਫ਼ਾਨ ਮੁਤ ਕੇ ਉਭਰੇਗਾ ਤੇ ਸਾਡੀ ਜਾਤੀ ਆਪਣੇ ਆਪ ਵਿਚ ਆਏਗੀ।

"ਪਰ ਇਹ ਨਿਰਾਸ਼ਾ ਜਨਕ ਤਸਵੀਰ ਲਗਨਾਂ ਵਾਲੇ ਮਨੁੱਖਾਂ ਨੂੰ ਆਪਣੇ ਇਰਾਦਿਆਂ ਤੋਂ ਰੋਕ ਨਹੀਂ ਸਕਦੀ। ਅਜੇ ਪੰਜਾਬ ਵਿਚ ਕੁਝ ਅਜਿਹੇ ਆਦਮੀ ਜ਼ਰੂਰ ਹਨ ਜਿਨ੍ਹਾਂ ਨੂੰ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਦੀ ਛੋਹ ਲਗੀ ਹੋਈ ਹੈ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਦਕ ਨੂੰ ਦਿਲੋਂ ਨਹੀਂ ਭੁਲਾਇਆ। ਇਨ੍ਹਾਂ ਸਿਦਕੀ ਸਿੰਘਾਂ ਨੂੰ ਆਪਣੇ ਆਦਰਸ਼ਾਂ ਵਾਸਤੇ ਜੰਗ ਜਾਰੀ ਰੱਖਣੀ ਪਏਗੀ। ਅੱਜ ਸਾਨੂੰ ਬਦੇਸ਼ੀਆਂ ਕੋਲੋਂ ਓਨਾ ਖ਼ਤਰਾ ਨਹੀਂ ਜਿੰਨਾ ਦੇਸ਼-ਵਾਸੀਆਂ ਕੋਲੋਂ। ਅੱਜ ਸਾਡੇ ਆਪਣੇ ਦੇਸ਼-ਵਾਸੀ ਹੀ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਨਾਕਾਮ ਕਰਨ ਦੀ ਕੋਸ਼ਿਸ਼ ਵਿਚ ਹਨ। ਅੱਜ ਆਪਣੀ ਵਾੜ ਹੀ ਖੇਤ ਨੂੰ ਖਾ ਰਹੀ ਹੈ। ਪਿਛਲੇ ਅੱਠ ਸੌ ਸਾਲ ਤੋਂ ਅਸੀਂ ਆਪ ਹੀ ਆਪਣੇ ਸਭ ਤੋਂ ਵੱਡੇ ਦੁਸ਼ਮਨ ਰਹੇ ਹਾਂ ਤੇ ਅੱਜ ਤਕ ਹਾਂ।

"ਮੈਂ ਇਕ ਉਹ ਲੜਾਈ ਲੜ ਰਿਹਾ ਹਾਂ ਜਿਦ੍ਹੇ ਵਿਚ ਹਾਰ ਅਵੱਸ਼ਕ ਹੈ, ਪਰ ਇਹਦਾ ਇਹ ਮਤਲਬ ਨਹੀਂ ਕਿ ਮੈਂ ਲੜਾਂ ਹੀ ਨਾਂ। ਮੈਂ ਲੜਾਂਗਾ ਤੇ ਕੁਰਬਾਨ ਹੋਵਾਂਗਾ...!"

ਗੁਰਮੀਤ ਆਪਣੇ ਭਰਾ ਦੇ ਮੂੰਹ ਵਲ ਵੇਖਦੀ ਜਾ ਰਹੀ ਸੀ। ਉਹ ਜਾਣਦੀ ਸੀ ਕਿ ਹਰਪਾਲ ਉਹਦੇ ਨਾਲ ਗੱਲਾਂ ਨਹੀਂ ਕਰ ਰਿਹਾ, ਆਪਣੇ ਆਪ ਨਾਲ ਬੋਲ ਰਿਹਾ ਹੈ। ਉਹਨੂੰ ਪਤਾ ਸੀ ਕਿ ਏਸੇ ਤਰ੍ਹਾਂ ਹੀ ਹਰਪਾਲ ਅਨੇਕ ਵਾਰ ਆਪਣੇ ਮਨ ਨਾਲ ਗੱਲਾਂ ਕਰਦਾ ਰਹਿੰਦਾ ਹੈ, ਪਰ ਕੋਈ ਉਹਨੂੰ ਸੁਣ ਨਹੀਂ ਸਕਦਾ। ਅੱਜ ਕੋਈ ਸਮਾਂ ਹੀ ਅਜਿਹਾ ਆ ਬਣਿਆ ਸੀ ਕਿ ਹਰਪਾਲ ਆਪਣੇ ਮਨ ਨਾਲ ਬੋਲ ਕੇ ਗੱਲਾਂ ਕਰਨ ਲਗਾ ਤੇ ਗੁਰਮੀਤ ਨੇ ਇਹ ਗੱਲ ਬਾਤ ਸੁਣ ਲਈ। ਗੁਰਮੀਤ ਨੂੰ ਆਪਣਾ ਭਰਾ ਇਕ ਸ਼ਹੀਦ ਵਾਂਗ ਲਗਿਆ। ਉਨ੍ਹਾਂ ਅਨੇਕ ਸ਼ਹੀਦਾਂ ਵਾਂਗ, ਜਿਹੜੇ ਹੱਸ ਹੱਸ ਜਾਨਾਂ ਵਾਰ ਗਏ ਸਨ, ਇਹ ਜਾਣਦਿਆਂ ਹੋਇਆਂ ਵੀ ਕਿ ਇਸ ਸ਼ਹੀਦੀ ਨਾਲ ਉਨ੍ਹਾਂ ਨੂੰ ਜ਼ਾਤੀ ਲਾਭ ਕੋਈ ਨਹੀਂ ਪੁਜਣਾ। ਸ਼ਹੀਦ ਮਨੁੱਖਾਂ ਵਿਚੋਂ ਸਭ ਤੋਂ ਉੱਤਮ ਮਨੁੱਖ ਹੈ। ਉਫ਼! ਕਿੰਨੇ ਸ਼ਹੀਦਾਂ ਨੇ ਸ਼ਹੀਦੀਆਂ ਪਾਈਆਂ ਸਨ ਤੇ ਇਸ ਤੂਫ਼ਾਨ ਨੂੰ ਬਰਪਾ ਕੀਤਾ ਸੀ। ਉਫ਼! ਕਿੰਨੇ ਟੱਬਰਾਂ ਨੇ ਕਿੰਨਾ ਕੁਝ ਕੁਰਬਾਨ ਕਰ ਕੇ ਦੇਸ਼ ਵਿਚ ਇਕ ਨਵੀਂ ਰੌ ਚਲਾਈ ਸੀ. ਪਰ ਅੱਜ ਸੌ ਸਾਲ ਦੇ ਅਰਸੇ ਵਿਚ ਉਨ੍ਹਾਂ ਸ਼ਹੀਦੀਆਂ ਦੀ ਘਾਲ ਕੁਥਾਵੇਂ ਜਾ ਰਹੀ ਸੀ। ਅੱਜ ਉਨ੍ਹਾਂ ਕੁਰਬਾਨੀਆਂ ਦਾ ਕੋਈ ਮੁੱਲ ਨਹੀਂ ਸੀ ਰਿਹਾ। ਅੱਜ ਪਹਿਲਿਆਂ ਵਾਂਗ ਹੀ ਆਦਰਸ਼ ਰੁਲ ਰਹੇ ਸਨ, ਮਨੁੱਖ ਭਟਕ ਰਹੇ ਸਨ। ਅੱਜ ਪਹਿਲਿਆਂ ਵਾਂਗ ਹੀ ਬੁਜ਼ਦਿਲੀ ਤੇ ਕਾਇਰਤਾ ਵਿਚੋਂ ਜਨਮਿਆ ਮਕਰ ਤੇ ਚਾਲਾਕੀ ਮਨੁੱਖ ਤੇ ਮਨੁੱਖ ਦੇ ਸੰਬੰਧਾਂ ਦਾ ਆਧਾਰ ਬਣ ਰਹੀ ਸੀ। ਗੁਰਮੀਤ ਨੇ ਹਰਪਾਲ ਵਲ ਵੇਖਿਆ ਤੇ ਉਹਨੂੰ ਲਗਾ ਕਿ ਇੰਜ ਇਕ ਤਾਰਾ ਹੈ ਜਿਦ੍ਹੇ ਉੱਤੇ ਪੰਜਾਬ ਦਾ ਭਵਿੱਖਤ ਪੁਗ ਸਕਦਾ ਹੈ। ਜੇ ਇਹ ਤਾਰਾ ਅਲੋਪ ਹੋ ਗਿਆ ਤਾਂ..। ਗੁਰਮੀਤ ਨੇ ਆਪਣੇ ਭਰਾ ਨੂੰ ਜੱਫੀ ਵਿਚ ਲੈ ਲਿਆ।

Scanned by CamScanner

"ਮੇਰੇ ਖ਼ਿਆਲ ਵਿਚ ਉਹ ਸਮਾਂ ਆ ਗਿਆ ਹੈ ਕਿ ਕੰਵਰ ਸਾਹਿਬ ਨੂੰ ਸਾਰੀ ਗੱਲ ਸਾਫ਼ ਸਾਫ਼ ਦੱਸ ਦਿਤੀ ਜਾਏ। ਜੇ ਧਿਆਨ ਸਿੰਘ ਖੁਲ੍ਹਮ-ਖੁਲ੍ਹਾ ਸਾਡੇ ਪਿਛੇ ਪੈ ਰਿਹਾ ਹੈ ਤਾਂ ਸਾਨੂੰ ਵੀ ਖੁਲ੍ਹਮ-ਖੁਲ੍ਹਾ ਉਹਦੀਆਂ ਬਦਕਾਰੀਆਂ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ ਪਵੇਗਾ।" ਇਹ ਗੁਰਮੀਤ ਬੋਲ ਰਹੀ ਸੀ। ਹਰਪਾਲ ਉੱਤੇ ਇਲਜ਼ਾਮ ਲਾਇਆ ਗਿਆ ਸੀ ਕਿ ਉਹਨੇ ਸਰਕਾਰੀ ਕੰਮ ਕਾਰ ਵਾਸਤੇ ਮਿਲੇ ਪੈਸੇ ਦਾ ਪੂਰੀ ਤਰ੍ਹਾਂ ਹਿਸਾਬ ਨਹੀਂ ਰਖਿਆ। ਇਹ ਵੀ ਆਖਿਆ ਗਿਆ ਸੀ ਬੰਤੀਆਂ ਵਿਚ ਬੀੜੀਆਂ ਜਾਣ ਵਾਲੀਆਂ ਤੁਪਾਂ ਦੀ ਉਤਪਤੀ ਵਿਚ ਢਿੱਲ ਮੱਠ ਕੀਤੀ ਗਈ ਹੈ। ਹਰਪਾਲ ਇਹ ਇਲਜ਼ਾਮ ਸੁਣ ਕੇ ਹੱਸਿਆ ਸੀ, ਪਰ ਲਹਿਣਾ ਸਿੰਘ ਮਜੀਠੀਆ ਰੋ ਪਿਆ ਸੀ ਤੇ ਉਸ ਕਿਹਾ ਸੀ : "ਸਰਦਾਰ ਹਰਪਾਲ ਸਿੰਘ ! ਤੁਸੀਂ ਸੱਪ ਨਾਲ ਵੈਰ ਪਾ ਲਿਆ ਹੈ। ਰਾਜਾ ਧਿਆਨ ਸਿੰਘ ਆਪਣੀ ਆਈ ਉੱਤੇ ਆਇਆ ਸਭ ਕੁਝ ਕਰ ਗੁਜ਼ਰਨ ਵਾਲਾ ਆਦਮੀ ਹੈ। ਤੁਸੀਂ ਜਾਣਦੇ ਹੋ ਕਿ ਉਹਨੇ ਅੱਗੇ ਹੀ ਫ਼ੌਜਾਂ ਨੂੰ ਤੁਹਾਡੇ ਵਿਰੁਧ ਉਕਸਾਣਾ ਸ਼ੁਰੂ ਕਰ ਦਿਤਾ ਹੈ ਤੇ ਤੁਸੀਂ ਵੇਖਣਾ, ਜਲਦੀ ਹੀ ਉਹ ਤੁਹਾਡੇ ਉੱਤੇ ਬਦੇਸ਼ੀ ਜਰਨੈਲਾਂ ਨਾਲ ਮਿਲ ਕੇ ਅੰਗਰੇਜ਼ਾਂ ਦੇ ਪੱਖ ਵਿਚ ਸਾਜ਼ ਬਾਜ਼ ਕਰਨ ਦਾ ਦੋਸ਼ ਵੀ ਲਾਏਗਾ। ਮੈਨੂੰ ਕਲ੍ਹ ਸ਼ਾਮ ਇਸ ਗੱਲ ਦੀ ਭਿਣਕ ਪਈ ਹੈ।"

"ਮੈਂ ਜਾਣਦਾ ਹਾਂ ਸਰਦਾਰ ਲਹਿਣਾ ਸਿੰਘ ! ਪਰ ਦੱਸੋ ਮੈਂ ਕੀ ਕਰਾਂ ? ਮੇਰੀ ਜ਼ਮੀਰ ਨਹੀਂ ਮੰਨਦੀ। ਮੈਨੂੰ ਵਿਸ਼ਵਾਸ ਹੋ ਗਿਆ ਹੈ ਕਿ ਧਿਆਨ ਸਿੰਘ ਬਦਨੀਅਤ ਹੈ।" "ਮੈਨੂੰ ਇਹ ਯਕੀਨ ਤਾਂ ਤੁਹਾਡੇ ਤੋਂ ਵੀ ਪਹਿਲੇ ਹੋ ਗਿਆ ਸੀ, ਪਰ ਮੈਨੂੰ ਜਾਪਦਾ ਹੈ ਕਿ ਇਸ ਮਾਹੌਲ ਵਿਚ ਚੁਕਿਆ ਤੁਹਾਡਾ ਹਰ ਕਦਮ ਇਸ ਗੁੰਝਲ ਨੂੰ ਹੋਰ ਗੁੰਝਲਦਾਰ ਬਣਾਏਗਾ। ਫ਼ੌਜਾਂ ਕੋਲ ਤੁਸੀਂ ਜਾਣਾ ਨਹੀਂ ਚਾਹੁੰਦੇ। ਸੰਧਾਵਾਲੀਆਂ ਨੂੰ ਤੁਸੀਂ ਮਨਾਣਾ ਨਹੀਂ ਚਾਹੁੰਦੇ, ਤਾਂ ਫਿਰ ਤੁਸੀਂ ਕਰ ਕੀ ਸਕਦੇ ਹੋ ?" ਹਰਪਾਲ ਕਰ ਕੀ ਸਕਦਾ ਹੈ ? ਇਹੋ ਤਾਂ ਉਹ ਸੋਚ ਰਿਹਾ ਸੀ। ਫ਼ੌਜ ਕੋਲ ਉਹ ਜਾਣਾ ਨਹੀਂ ਸੀ ਚਾਹੁੰਦਾ ਕਿਉਂ ਕਿ ਉਹ ਸਮਝਦਾ ਸੀ ਕਿ ਫ਼ੌਜਾਂ ਦੇ ਹੱਥੋਂ ਰਾਜਨੀਤਕ ਮੁਆਮਲਿਆਂ ਦੇ ਸੁਝਾ ਟੋਲਣੇ ਇਕ ਬੜੀ ਭਾਰੀ ਭੁਲ ਹੈ। ਬੇਸ਼ਕ ਧਿਆਨ ਸਿੰਘ ਨੇ ਇਹ ਲੀਹ ਤੋਰ ਦਿਤੀ ਸੀ, ਪਰ ਤਾਂ ਵੀ ਇਸ ਅਸਰ ਨੂੰ ਜਿੰਨਾ ਮਹਿਦੂਦ ਰਖਿਆ ਜਾ ਸਕੇ ਓਨਾ ਹੀ ਯੋਗ ਹੈ। ਉਹ ਜਾਣਦਾ ਸੀ ਇਕ ਵਾਰੀ ਦੀ ਭੂਤੀ ਹੋਈ ਫ਼ੌਜ ਮੁੜ ਕੇ ਕਿਸੇ ਕੋਲੋਂ ਸੰਭਲਣ ਨਹੀਂ ਲਗੀ। ਉਹ ਸੰਧਾਵਾਲੀਏ ਸਰਦਾਰਾਂ ਨਾਲ ਵੀ ਗੰਢ ਤੁਪ ਕਰਨੀ ਨਹੀਂ ਸੀ ਚਾਹੁੰਦਾ। ਇਹ ਸਰਦਾਰ ਇਨਸਾਨੀਅਤ ਤੋਂ ਡਿਗ ਚੁਕੇ ਸਨ। ਇਨ੍ਹਾਂ ਨੂੰ ਆਪਣੇ ਫ਼ਰਜ਼ ਦੀ ਪਛਾਣ ਨਹੀਂ ਸੀ ਰਹੀ। ਇਨ੍ਹਾਂ ਨੂੰ ਸਵਾਰਥ ਨੇ ਅੰਨ੍ਹਾਂ ਕਰ ਦਿਤਾ ਸੀ। ਸਾਜ਼ਸ਼ੀ ਰੁਝਾਣ ਤੇ ਮਕਰ ਇਨ੍ਹਾਂ ਵਿਚ ਧਿਆਨ ਸਿੰਘ ਜਿੰਨਾ ਹੀ ਰਚ ਚੁਕਾ ਸੀ। ਇਹਨੂੰ ਮੁੜ ਕੇ ਮਾਨਵਰ ਤੇ ਇੱਜ਼ਤਦਾਰ ਬਣਾਉਣਾ ਅਨਹੋਣਾ ਹੋ ਗਿਆ ਸੀ।

ਤੇ ਜੇ ਇਉਂ ਨਹੀਂ ਤਾਂ ਫਿਰ ਹਰਪਾਲ ਕਰ ਕੀ ਸਕਦਾ ਸੀ ? ਹਾਂ, ਉਹ ਵਿਧਾਨਕ ਤੇ ਆਈਨੀ ਤਰੀਕੇ ਨਾਲ ਹਕੂਮਤ ਵਿਚ ਤਬਦੀਲੀ ਲਿਆਉਣਾ ਚਾਹੁੰਦਾ ਸੀ। ਉਸ ਫ਼ਕੀਰ ਅਜ਼ੀਜ਼-ਉ-ਦੀਨ ਤੇ ਮਿਸਰ ਬੇਲੀ ਰਾਮ ਨਾਲ ਗੱਲ ਕੀਤੀ ਸੀ। ਉਸ ਭਾਈ ਰਾਮ ਸਿੰਘ ਨੂੰ ਫਰੋਲਿਆ ਸੀ ਤੇ ਇਸ ਤੋਂ ਵਧ ਉਹ ਅਟਾਰੀ ਗਿਆ ਸੀ। ਉਥੇ ਤਿੰਨ ਦਿਨ ਰਿਹਾ ਸੀ। ਸਰਦਾਰ ਸ਼ਾਮ ਸਿੰਘ ਨੇ ਉਹਨੂੰ ਹੱਲਾ ਸ਼ੇਰੀ ਦਵਾਈ ਸੀ, ਪਰ ਉਹਨੂੰ ਕੋਈ ਯਕੀਨ ਨਹੀਂ ਸੀ ਦਵਾਇਆ। ਉਸ ਮਹਾਰਾਜਾ ਖੜਗ ਸਿੰਘ ਨਾਲ ਗੱਲ ਬਾਤ ਕੀਤੀ ਸੀ। ਖੜਗ ਸਿਘ ਨੇ ਸ਼ੋਕ-ਮਈ ਲਹਿਜੇ ਵਿਚ ਕਿਹਾ ਸੀ। "ਹੁਣ ਸਿਖ ਰਾਜ ਵਾਸਤੇ ਕੋਈ ਚਾਰਾ ਨਹੀਂ ਰਿਹਾ ਮਾਹਿਲ ਸਾਇਬ ! ਜਿਸ ਆਦਮੀ ਨਾਲ ਤੁਸੀਂ ਭਿੜਨ ਦੀ ਸੋਚ ਰਹੇ ਹੋ ਉਹ ਆਦਮੀ ਆਦਮੀ ਨਹੀਂ, ਸ਼ੈਤਾਨ ਹੈ। ਤੇ ਮੈਂ ਜਾਣਦਾ ਹਾਂ ਤੁਸੀਂ ਸ਼ੈਤਾਨ ਬਣ ਨਹੀਂ ਸਕਦੇ। ਮੈਂ ਧਿਆਨ ਸਿੰਘ ਕੋਲੋਂ ਹਾਰ ਕਿਉਂ ਖਾਧੀ ?

Scanned by CamScanner

ਇਸ ਲਈ ਨਹੀਂ ਕਿ ਮੈਂ ਕਮਜ਼ੋਰ ਸਾਂ ਜਾਂ ਮੈਨੂੰ ਉਹਦੀਆਂ ਚਾਲਾਂ ਦੀ ਸਮਝ ਨਹੀਂ ਸੀ ਆ ਰਹੀ, ਪਰ ਮੈਂ ਧਿਆਨ ਸਿੰਘ ਕੋਲੋਂ ਹਾਰ ਮੰਨੀ ਕਿਉਂਕਿ ਮੈਂ ਸ਼ੈਤਾਨ ਨਹੀਂ ਸਾਂ ਬਣ ਸਕਦਾ। ਕਿਉਂਕਿ ਮੇਰੇ ਵਿਚ ਇਨਸਾਨੀਅਤ ਹੈ, ਮਾਨਵਤਾ ਹੈ।

ਖੜਗ ਸਿੰਘ ਅੱਗੇ ਹਰਪਾਲ ਨੇ ਆਪਣੇ ਸ਼ੱਕ ਪ੍ਰਗਟ ਕੀਤੇ : "ਪਰ ਮਹਾਰਾਜਾ ਸਾਹਿਬ ! ਬੁਰਾਈ ਨਾਲ ਸਿਰਫ਼ ਏਸੇ ਕਰ ਕੇ ਨਾ ਭਿੜਨਾ ਕਿ ਬੁਰਾਈ ਤਕੜੀ ਹੈ, ਯੋਗ ਨਹੀਂ। ਇਕ ਖ਼ੁਦਦਾਰ ਆਦਮੀ, ਇਕ ਅਲਗਰਜ਼ ਜਗਿਆਸੂ, ਇਕ ਆਦਰਸ਼ਕ ਮਨੁੱਖ ਬਿਨਾਂ ਭਿੜਿਆਂ ਹਾਰ ਕਿਵੇਂ ਸਵੀਕਾਰ ਕਰੇ ? "ਮਾਹਿਲ ਸਾਹਿਬ ! ਮੈਂ ਤੁਹਾਡੀ ਗੱਲ ਮੰਨਦਾ ਹਾਂ, ਪਰ ਜਿਥੇ ਕੋਈ ਚਾਰਾ ਨਾ ਹੋਵੇ ਓਥੇ ਭਿੜਨਾ ਵੀ ਕਿਥੋਂ ਦੀ ਸਿਆਣਪ ਹੈ ? ਤੁਸੀਂ ਤੇ ਤੁਹਾਡੇ ਘਰਾਣੇ ਨੇ ਦੇਸ਼ ਤੇ ਕੌਮ ਦੀ ਅਥਾਹ ਸੇਵਾ ਕੀਤੀ ਹੈ। ਤੁਸੀਂ ਮੇਰੇ ਤੇ ਮੇਰੇ ਕੰਵਰ ਵਾਸਤੇ ਵੀ ਬੜੀ ਕੁਰਬਾਨੀ ਕੀਤੀ ਹੈ। ਜੇ ਮੈਂ ਇਹ ਕਹਾਂ ਕਿ ਇਸ ਕਾਲੀ ਬੋਲੀ ਰਾਤ ਵਿਚ ਸਿਰਫ਼ ਤੁਸੀਂ ਹੀ ਇਕ ਅਜਿਹੇ ਤਾਰੇ ਹੋ ਜਿਸ ਦੀ ਲੋਅ ਤੋਂ ਕਿਸੇ ਨੂੰ ਕੁਝ ਆਸ ਹੋ ਸਕਦੀ ਹੈ ਤਾਂ ਝੂਠ ਨਹੀਂ ਹੋਵੇਗਾ, ਪਰ ਮੈਂ ਤੁਹਾਡੀਆਂ ਕੁਰਬਾਨੀਆਂ ਤੇ ਤੁਹਾਡੀਆਂ ਕਰਨੀਆਂ ਦਾ ਜੇ ਕੋਈ ਸਿਲਾ ਦੇ ਸਕਦਾ ਹਾਂ ਤਾਂ ਉਹ ਇਹੋ ਸਲਾਹ ਹੈ ਕਿ ਤੁਸੀਂ ਲਾਹੌਰ ਛੱਡ ਜਾਓ, ਆਪਣੇ ਪਿੰਡ ਜ਼ਾ ਵਸੋ ਤੇ ਧਿਆਨ ਸਿੰਘ ਨੂੰ ਭੁਲ ਜਾਓ।"

"ਮਹਾਰਾਜ...!" "ਹਾਂ ਮਾਹਿਲ ਸਰਦਾਰ ! ਲਾਹੌਰ ਛੱਡ ਜਾਓ, ਮਾਹਿਲ ਜਾ ਵਸੋ। ਭੁਲ ਜਾਓ ਕਿ ਕੋਈ ਸਾਡੀ ਰਾਜ ਬਣਤਰ ਤੋੜ ਫੋੜ ਰਿਹਾ ਹੈ। ਭੁਲ ਜਾਓ ਕਿ ਕਦੀ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉੱਤੇ ਰਾਜ ਕੀਤਾ ਹੈ ਤੇ ਤੁਹਾਡੀ ਤੇ ਸਾਡੀ ਇੱਜ਼ਤ ਹੋਈ ਹੈ। ਭੁਲ ਜਾਓ ਸਭ ਕੁਝ...। ਜੇ ਤੁਸੀਂ ਜੀਂਦੇ ਰਹੇ ਤਾਂ ਸ਼ਾਇਦ ਕਿਸੇ ਸਮੇਂ ਤੁਹਾਡੀ ਸੇਵਾ ਦੀ ਫਿਰ ਲੋੜ ਪਵੇ। ਇਉਂ ਤੁਸੀਂ ਆਪਣੀ ਜਾਨ ਗੁਆਉਗੇ, ਜਾਗੀਰ ਗੁਆਉਗੇ ਤੇ ਖ਼ਾਲਸਾ ਕੌਮ ਤੁਹਾਡੇ ਬਿਨਾਂ ਊਣੀ ਹੋ ਜਾਏਗੀ।"

ਇਹ ਓਦੋਂ ਦੀ ਗੱਲ ਹੈ ਜਦੋਂ ਹਰਪਾਲ ਆਪਣੀ ਮਾਂ ਦੀ ਇਹੋ ਜਿਹੀ ਇਕ ਸਲਾਹ ਦੇ ਵਿਰੁਧ ਇਹ ਫ਼ੈਸਲਾ ਕਰ ਚੁਕਾ ਸੀ ਕਿ ਉਹ ਲਾਹੌਰ ਨਹੀਂ ਛੱਡੇਗਾ। ਕਿ ਉਹ ਬਿਨਾਂ ਲੜਿਆਂ ਹਾਰ ਨਹੀਂ ਮੰਨੇਗਾ। ਹਰਪਾਲ ਫ਼ੈਸਲਾ ਕਰ ਚੁਕਾ ਸੀ ਤੇ ਹੁਣ ਭਾਵੇਂ ਗੁਰਦਈ ਹੋਵੇ, ਭਾਵੇਂ ਖੜਗ ਸਿੰਘ, ਭਾਵੇਂ ਕੋਈ ਹੋਰ, ਉਹ ਆਪਣਾ ਫ਼ੈਸਲਾ ਬਦਲ ਨਹੀਂ ਸੀ ਸਕਦਾ। ਉਸ ਕਿਹਾ : "ਮਹਾਰਾਜਾ ਸਾਹਿਬ ! ਤੁਸੀਂ ਮੇਰੀ ਸਲਾਮਤੀ ਵਾਸਤੇ ਜਿਹੜੀ ਤਜਵੀਜ਼ ਪ੍ਰਗਟ ਕੀਤੀ ਹੈ ਮੈਂ ਉਹਦੇ ਵਾਸਤੇ ਤੁਹਾਡਾ ਰਿਣੀ ਹਾਂ, ਪਰ ਮੈਂ ਫ਼ੈਸਲਾ ਕਰ ਲਿਆ ਹੈ ਕਿ ਮੈਂ ਲਾਹੌਰ ਨਹੀਂ ਛਡਾਂਗਾ।" "ਤਾਂ ਗੁਰੂ ਤੁਹਾਡੇ ਅੰਗ ਸੰਗ ਹੋਵੇ ਸਰਦਾਰ ਹਰਪਾਲ ਸਿੰਘ ! ਮੈਂ ਸਿਰਫ਼ ਇਹ ਚਾਹੁੰਦਾ ਹਾਂ ਕਿ ਤੁਹਾਡੀ ਸ਼ਹੀਦੀ ਦੀ ਖ਼ਬਰ ਸੁਣਨ ਤੋਂ ਪਹਿਲਾਂ ਮੈਂ ਇਸ ਸੰਸਾਰ ਵਿਚੋਂ ਕੂਚ ਕਰ ਜਾਵਾਂ। ਮੇਰੇ ਅੰਤਹ ਕਰਨ ਕੋਲੋਂ ਇਹੋ ਜਿਹੀਆਂ ਕੁਰਬਾਨੀਆਂ ਸਹਾਰਨ ਨਹੀਂ ਹੁੰਦੀਆਂ।" ਖੜਗ ਸਿੰਘ ਦੇ ਨੈਣ ਭਰ ਆਏ ਸਨ ਤੇ ਉਨ੍ਹਾਂ ਅੱਥਰੂਆਂ ਨੇ ਹਰਪਾਲ ਨੂੰ ਬੜਾ ਉਦਾਸ ਕਰ ਦਿੱਤਾ। ਉਸ ਆਪਣੇ ਮਨ ਹੀ ਮਨ ਕਿਹਾ ਸੀ : "ਕਾਸ਼ ! ਮੈਂ ਇਸ ਸਭ ਤੋਂ ਵਧ ਬਦਕਿਸਮਤ ਆਦਮੀ ਦੀ ਕੋਈ ਮਦਦ ਕਰ ਸਕਦਾ। ਕਾਸ਼ ! ਜੇ ਹੋਰ ਕੁਝ ਨਹੀਂ ਤਾਂ ਮੈਂ ਘਟੋ ਘਟ ਪਿਤਾ ਤੇ ਪੁੱਤਰ ਦੀ ਮੁਲਾਕਾਤ ਹੀ ਕਰਾ ਸਕਦਾ...।"

ਲਹਿਣਾ ਸਿੰਘ ਮਜੀਠੀਆ ਵੀ ਹਰਪਾਲ ਨੂੰ ਇਹੋ ਸਲਾਹ ਦੇਂਦਾ ਆਇਆ ਸੀ : "ਸਰਦਾਰ ਸਾਹਿਬ ! ਲਾਹੌਰ ਛੱਡ ਜਾਉ। ਮਾਹਿਲ ਚਲੇ ਜਾਉ। ਉਸ ਸਮੇਂ ਨੂੰ ਉਡੀਕੋ ਜਦੋਂ ਤੁਹਾਡੀ ਸੇਵਾ ਦੀ ਪੰਥ ਤੇ ਰਾਜ ਨੂੰ ਲੋੜ ਪਵੇ ! ਹੁਣ ਤੁਸੀਂ ਪਹਾੜ ਨਾਲ ਟੱਕਰ ਲੈ ਰਹੇ ਹੋ। ਹਾਨੀ ਹੀ ਹਾਨੀ ਹੋਏਗੀ। ਜਦੋਂ ਪੰਥ ਨੂੰ ਤੁਹਾਡੀ ਲੋੜ ਪਈ ਤੇ ਤੁਸੀਂ ਨਾ ਹੋਏ ਤਾਂ ਇਹ ਪੰਥ ਤੇ ਰਾਜ ਨਾਲ ਤੁਹਾਡੀ ਜ਼ਿਆਦਤੀ ਹੋਏਗੀ।" ਹਰਪਾਲ ਸਿੰਘ ਨੂੰ ਹਰ ਕਦੀ ਦੁਬਿਧਾ ਵਿਚ ਪਾ ਰਿਹਾ ਸੀ। ਹਰ ਇਕ ਉਹਦੀ ਮਾਂ ਦੇ ਬਚਨਾਂ ਦੀ ਪੁੜਤਾ ਕਰ ਰਿਹਾ ਸੀ। ਮਿਸਰ ਬੇਲੀ ਰਾਮ ਤੇ ਫ਼ਕੀਰ ਅਜ਼ੀਜ਼-ਉ-ਦੀਨ ਕੋਲੋਂ ਤਾਂ ਉਹਨੂੰ ਬਹੁਤੀ ਉਮੀਦ ਹੀ ਨਹੀਂ ਸੀ, ਪਰ ਭਾਈ ਰਾਮ ਸਿੰਘ ਨੇ ਵੀ ਕਿਹਾ ਸੀ : "ਮਾਹਿਲ ਸਾਹਿਬ ! ਰਾਜ ਦੀ ਸਲਾਮਤੀ ਏਸੇ ਵਿਚ ਹੈ ਕਿ ਅਸੀਂ ਸਾਰੇ ਏਸ ਵੇਲੇ ਰਾਜਾ ਧਿਆਨ ਸਿੰਘ ਦੇ ਰਾਹ ਵਿਚ ਨਾ ਖਲੋਈਏ। ਸ਼ਾਇਦ ਕੋਈ ਵਕਤ ਆਵੇ ਜਦੋਂ ਕੁਝ ਕੀਤਾ ਜਾ ਸਕੇ।"

ਹਰਪਾਲ ਨੂੰ ਇਹ ਪ੍ਰਤਿਕਰਮ ਤੇ ਇਹੋ ਜਿਹੀਆਂ ਨਿਰਾਸ਼ਾ ਜਨਕ ਸਲਾਹਾਂ ਬੜਾ ਦੁਖਿਤ ਕਰਦੀਆਂ। ਉਹ ਵੇਖਦਾ ਕਿ ਹਰ ਪਤਵੰਤਾ ਦਿਲੋਂ ਰਾਜਾ ਧਿਆਨ ਸਿੰਘ ਦੇ ਵਿਰੁਧ ਸੀ ਤੇ ਹਰ ਕੋਈ ਸਮਝਦਾ ਸੀ ਕਿ ਉਹਦੀ ਨੀਅਤ ਠੀਕ ਨਹੀਂ, ਪਰ ਫਿਰ ਵੀ ਕੋਈ ਉਹਦੇ ਬਰਖ਼ਿਲਾਫ਼ ਕੋਈ ਕਦਮ ਚੁਕਣ ਦੀ ਹਿੰਮਤ ਨਹੀਂ ਕਰਦਾ। ਕੋਈ ਜਣਾ ਰਾਜਾ ਧਿਆਨ

Scanned by CamScanner

ਸਿੰਘ ਦੇ ਬਰਖ਼ਿਲਾਫ਼ ਹਰਪਾਲ ਵਲੋਂ ਚੁਕੇ ਗਏ ਕਦਮ ਦੀ ਵੀ ਪੂੜ੍ਹਤਾ ਨਹੀਂ ਸੀ ਕਰਦਾ। ਉਨ੍ਹਾਂ ਪਤਵੰਤਿਆਂ ਦੇ ਦਿਲਾ ਉੱਤੇ ਧਿਆਨ ਸਿੰਘ ਦਾ ਇਕ ਸਹਿਮ ਛਾਇਆ ਹੋਇਆ ਸੀ। ਉਹ ਹਰਾਸੇ ਹੋਏ ਲਗਦੇ ਸਨ। ਲਗਦਾ ਸੀ ਕਿ ਉਨ੍ਹਾਂ ਨੂੰ ਰਾਤੀਂ ਨੀਂਦਰ ਵਿਚ ਵੀ ਰਾਜਾ ਧਿਆਨ ਸਿੰਘ ਦੇ ਸੁਪਨੇ ਆਉਂਦੇ ਹਨ। ਹਰਪਾਲ ਨਿਰਾਸ ਹੋ ਜਾਂਦਾ ਤੇ ਘਰ ਮੁੜਦਿਆਂ ਤੱਕ ਉਹ ਬੜਾ ਥਕਿਆ ਟੁਟਿਆ ਲਗਦਾ। ਗੁਰਮੀਤ ਕੌਲ ਆਉਂਦੀ ਤੇ ਪੁਛਦੀ। ਹਰਪਾਲ ਨਿਰਾਸ਼ਾ ਜਨਕ ਮਥਲਾ ਸੁਣਾਂਦਾ ਤੇ ਫਿਰ ਸੋਚ ਮਈ ਦੰਗ ਵਿਚ ਆਖਦਾ : "ਕਦੀ ਕਦੀ ਮੈਂ ਸੋਚਦਾ ਹਾਂ ਕਿ ਮਾਂ ਜੋ ਕੁਝ ਕਹਿੰਦੀ ਸੀ ਸੱਚ ਹੀ ਕਹਿੰਦੀ ਸੀ। ਮਾਂ ਦੀ ਆਖੀ ਮੰਨ..."

ਮਾਂ ਨਾਲ ਹੋਏ ਇਖ਼ਤਿਲਾਫ਼ ਨੇ ਹਰਪਾਲ ਨੂੰ ਅਤਿਅੰਤ ਦੁਖ ਪਹੁੰਚਾਇਆ ਸੀ। ਇਕ ਲੰਮੀ ਤਕਰਾਰ ਪਿਛੋਂ ਗੁਰਦਈ ਆਪ ਮਾਹਿਲ ਚਲੀ ਗਈ ਸੀ। ਚੂਹੜ ਸਿੰਘ ਤੇ ਗੁਰਦਿਆਲ ਵੀ ਚਲੇ ਗਏ ਸਨ। ਸਿਰਫ਼ ਇਕ ਗੁਰਮੀਤ ਹੀ ਨਹੀਂ ਸੀ ਗਈ। "ਮੈਂ ਵੀਰ ਨੂੰ ਛੱਡ ਕੇ ਕਿਤੇ ਨਹੀਂ ਜਾਵਾਂਗੀ।" ਗੁਰਦਈ ਨੇ ਕਦੀ ਅਨਪੜ੍ਹ ਇਸਤ੍ਰੀਆਂ ਦੀ ਸ਼ਥਦਾਵਲੀ ਨਹੀਂ ਸੀ ਵਰਤੀ, ਪਰ ਉਸ ਦਿਨ ਉਹਨੇ ਚਿੜ੍ਹ ਕੇ ਕਿਹਾ : "ਤੂੰ ਤੇ ਤੇਰਾ ਵੀਰ ਮਾਹਿਲ ਘਰਾਣੇ ਦੀ ਮਿੱਟੀ ਪਲੀਤ ਕਰ ਕੇ ਛਡੋਗੇ।" ਗੁਰਮੀਤ ਨੇ ਮਾਂ ਦੇ ਇਹ ਬਚਨ ਹਰਪਾਲ ਨੂੰ ਸੁਣਾਏ ਤੇ ਹਰਪਾਲ ਨਿੰਮੋਝੂਣਾ ਹੋ ਗਿਆ। ਕੁਝ ਦਿਨਾਂ ਪਿਛੋਂ ਗੁਰਦਈ ਆਪਣੇ ਆਪ ਹੀ ਲਾਹੌਰ ਮੁੜ ਆਈ ਤੇ ਉਸ ਆਪਣੇ ਮੁੜ ਕੇ ਆਉਣ ਦਾ ਕੋਈ ਕਾਰਨ ਨਾ ਦਸਿਆ। ਪਰ ਹਰਪਾਲ ਤੇ ਗੁਰਮੀਤ ਜਾਣਦੇ ਸਨ ਕਿ ਮਾਹਿਲ ਗੁਰਦਈ ਦਾ ਦਿਲ ਨਹੀਂ ਲੱਗ ਅਤੇ ਹਰਪਾਲ ਦਾ ਫ਼ਿਕਰ ਉਹਨੂੰ ਲਾਹੌਰ ਮੋੜ ਲਿਆਇਆ ਹੈ।

ਜਿਵੇਂ ਹਰਪਾਲ ਮਾਂ ਨੂੰ ਪਿਆਰ ਕਰਦਾ ਸੀ ਓਵੇਂ ਗੁਰਦਈ ਦੇ ਦਿਲ ਵਿਚ ਵੀ ਹਰਪਾਲ ਵਾਸਤੇ ਖ਼ਾਸ ਪਿਆਰ ਸੀ। ਇਕ ਤਾਂ ਹਰਪਾਲ ਉਹਦਾ ਸਾਰਿਆਂ ਨਾਲੋਂ ਛੋਟਾ ਪੁੱਤਰ ਸੀ ਤੇ ਮਾਵਾਂ ਘਰੋੜੀ ਦੇ ਪੁੱਤਰਾਂ ਵਾਸਤੇ ਸਦਾ ਕਮਜ਼ੋਰ ਹੁੰਦੀਆਂ ਹਨ ਤੇ ਦੂਜਾ ਹਰਪਾਲ ਨੇ ਵਿਆਹ ਨਹੀਂ ਸੀ ਕਰਾਇਆ। ਬਾਕੀ ਪੁੱਤਰ ਟੱਬਰਾਂ ਵਾਲੇ ਹੋ ਕੇ ਆਪੋ ਆਪਣੇ ਗ੍ਰਹਿਸਥ ਵਿਚ ਰੁੱਝ ਗਏ ਸਨ। ਗ੍ਰਹਿਸਥੀ ਪੁੱਤਰ ਮਾਵਾਂ ਕੋਲੋਂ ਅਵੱਸ਼ ਦੂਰ ਚਲੇ ਜਾਂਦੇ ਹਨ। ਵਹੁਟੀਆਂ ਕਿਸੇ ਹੱਦ ਤੱਕ ਮਾਵਾਂ ਦੀ ਥਾਂ ਮੱਲ ਲੈਂਦੀਆਂ ਹਨ। ਪਰ, ਹਰਪਾਲ ਕਵਾਰਾ ਰਿਹਾ ਸੀ। ਕੋਈ ਅਜਿਹੀ ਘਟਨਾ ਉਹਦੀ ਜ਼ਿੰਦਗੀ ਵਿਚ ਨਾ ਵਾਪਰੀ ਜਿਹੜੀ ਉਹਨੂੰ ਮਾਂ ਕੋਲੋਂ ਦੂਰ ਲੈ ਜਾਏ। ਸਗੋਂ ਹਰ ਘਟਨਾ ਉਹਨੂੰ ਮਾਂ ਦੇ ਹੋਰ ਨੇੜੇ ਲੈ ਆਂਦੀ ਰਹੀ। ਗੁਰਦਈ ਹਰਪਾਲ ਉੱਤੇ ਜਾਨ ਦੇਣ ਲਗੀ। ਉਨ੍ਹਾਂ ਦੋਹਾਂ ਦੇ ਆਚਰਨਾਂ ਵਿਚ ਬੜਾ ਕੁਝ ਸਾਂਵਾਂ ਸੀ।

ਗੁਰਦਈ ਮਾਹਿਲ ਗਈ ਤੇ ਮੁੜ ਆਈ। ਉਹਨੂੰ ਲਗਦਾ ਸੀ ਕਿ ਹਰਪਾਲ ਨੂੰ ਉਹਦੀ ਜ਼ਰੂਰਤ ਹੈ। ਉਹ ਹਰਪਾਲ ਦੇ ਭਵਿਖਤ ਵਲੋਂ ਡਰਦੀ ਸੀ। ਮਾਹਿਲ ਵਿਚ ਉਹਨੂੰ ਕੋਈ ਆਹਰ ਨਹੀਂ ਸੀ। ਗੁਰਦਿਆਲ ਸਿੰਘ ਜਾਗੀਰ ਸੰਭਾਲ ਰਿਹਾ ਸੀ ਤੇ ਚੂਹੜ ਸਿੰਘ ਆਪਣੀ ਗ੍ਰਹਿਸਥੀ ਵਿਚ ਮਗਨ ਸੀ ਤੇ ਉਹਦਾ ਦਿਲ ਆਪਣੇ ਹਰਪਾਲ ਵਾਸਤੇ ਤਰਲੇ-ਮੱਛੀ ਹੋ ਰਿਹਾ ਸੀ। ਉਹ ਮੁੜ ਆਈ। ਪਰ ਇਨ੍ਹਾਂ ਕੁਝ ਦਿਨਾਂ ਵਿਚ ਹੀ ਉਹਦਾ ਸਰੀਰ ਮਾਂਦਾ ਪੈ ਗਿਆ। ਬੇਸ਼ਕ ਮੂੰਹ ਉੱਤੇ ਵਰ੍ਹਿਆਂ ਤੋਂ ਝੁਰੜੀਆਂ ਪਈਆਂ ਹੋਈਆਂ ਸਨ, ਪਰ ਉਨ੍ਹਾਂ ਝੁਰੜੀਆਂ ਨੇ ਮੂੰਹ ਦਾ ਤੇਜ ਕਦੀ ਮਾਂਦਾ ਨਹੀਂ ਸੀ ਪਾਇਆ। ਵਰ੍ਹਿਆਂ ਨੇ ਉਹਦੀ ਸਿਹਤ ਤੇ ਉਹਦੇ ਸਰੀਰ ਅਤੇ ਉਹਦੇ ਆਚਰਨ ਉੱਤੇ ਕੋਈ ਅਸਰ ਨਹੀਂ ਸੀ ਪਾਇਆ। ਗੁਰਦਈ ਦੀ ਸਿਹਤ, ਸਰੀਰ ਤੇ ਆਚਰਨ ਸਦਾ ਅਭਿਜ ਰਹੇ ਸਨ। ਪਰ ਹੁਣ ਜਦੋਂ ਗੁਰਦਈ ਮਾਹਿਲ ਤੋਂ ਆਈ ਤਾਂ ਉਹ ਪਛਾਣੀ ਨਹੀਂ ਸੀ ਜਾਂਦੀ। ਕਿੰਨੀ ਅਜੀਬ ਗੱਲ ਸੀ ? ਜਿਹੜੀ ਸ਼ਕਲ ਸੂਰਤ ਤੇ ਪ੍ਰਭਾਵ ਪੰਝੱਤਰ ਸਾਲ ਇਕੋ ਜਿਹੇ ਰਹੇ, ਉਹ ਮਹੀਨੇ ਦੇ ਵਿਚ ਬਦਲ ਗਏ। ਹਰਪਾਲ ਤੇ ਗੁਰਮੀਤ ਨੇ ਮਾਂ ਨੂੰ ਇਸ ਹਾਲਤ ਵਿਚ ਵੇਖਿਆ ਤੇ ਉਨ੍ਹਾਂ ਨੂੰ ਮਾਯੂਸੀ ਹੋਈ, ਦੁਖ ਹੋਇਆ।

ਉਨ੍ਹਾਂ ਦੋਹਾਂ ਨੇ ਫ਼ੈਸਲਾ ਕੀਤਾ ਕਿ ਮਾਂ ਨੂੰ ਮਨਾਇਆ ਜਾਏ। ਉਹਨੂੰ ਯਕੀਨ ਦਵਾਇਆ ਜਾਏ ਕਿ ਧਿਆਨ ਸਿੰਘ ਬਦਨੀਅਤ ਹੈ, ਪਰ...ਪਰ ਗੁਰਦਈ ਇਸ ਮਜ਼ਮੂਨ ਉੱਤੇ ਗੱਲ ਬਾਤ ਕਰਨ ਲਈ ਤਿਆਰ ਨਹੀਂ ਹੋਈ। ਉਹ ਅਗੇ ਨਾਲੋਂ ਘਟ ਬੋਲਦੀ ਤੇ ਹਵੇਲੀ ਵਿਚ ਇਸ ਤਰ੍ਹਾਂ ਰਹਿਣ ਲਗੀ ਕਿ ਜਿਵੇਂ ਉਹ ਹਵੇਲੀ ਦੀ ਮਾਲਕ ਨਾ ਹੋਵੇ। ਗੁਰਦਈ ਦੇ ਇਸ ਵਰਤਾਉ ਨੇ ਭੈਣ ਭਰਾ ਨੂੰ ਹੋਰ ਵੀ ਦੁਖਿਤ ਕੀਤਾ। ਇਕ ਦਿਨ ਗੁਰਮੀਤ ਨੇ ਪੁਛਿਆ : "ਆਖ਼ਰ ਤੂੰ ਕੀ ਚਾਹੁੰਦੀ ਹੈਂ ਮਾਂ ? ਇਸ ਤਰ੍ਹਾਂ ਜ਼ਿੰਦਗੀ ਕਿਵੇਂ ਨਿਭੇਗੀ।"

ਮਾਂ ਪ੍ਰਪੱਕ ਸੀ। "ਮੈਂ ਚਾਹੁੰਦੀ ਹਾਂ ਕਿ ਹਰਪਾਲ ਲਾਹੌਰ ਛੱਡ ਜਾਏ।"

Scanned by CamScanner

ਗੁਰਦਈ ਪ੍ਰਪੱਕ ਸੀ। ਉਧਰ ਹਰਪਾਲ ਤੇ ਗੁਰਮੀਤ ਪ੍ਰਪੱਕ ਸਨ। ਮਾਂ ਤੇ ਧੀ ਵਿਚ ਪਹਿਲੇ ਜਿਹੀ ਨੇੜਤਾ ਵੀ ਨਹੀਂ ਸੀ ਰਹੀ। ਉਹ ਹੁਣ ਇਕ ਦੂਜੇ ਨਾਲ ਦਿਲ ਨਹੀਂ ਸਨ ਫੋਲਦੀਆਂ। ਗੁਰਮੀਤ ਜਾਣਦੀ ਸੀ ਕਿ ਮਾਂ ਦੇ ਦਿਲ ਵਿਚ ਰਹਿਣ ਵਾਲਾ ਕਾਫ਼ੀ ਕੁਝ ਹੈ, ਪਰ ਉਹਨੂੰ ਸਮਝ ਨਾ ਆਉਂਦੀ ਕਿ ਉਹ ਇਹ ਕਾਫ਼ੀ ਕੁਝ ਕਿਸ ਤਰ੍ਹਾਂ ਸੁਣੇ ? ਹੁਣ ਤਕ ਗੁਰਪਾਲ ਦਾ ਵਿਆਹ ਵੀ ਹੋ ਚੁਕਾ ਸੀ। ਹਰਪਾਲ ਦੀ ਮਿਸਾਲ ਸਾਹਮਣੇ ਰਖ ਕੇ ਉਸ ਤੀਹ ਕੁ ਵਰ੍ਹੇ ਤਕ ਵਿਆਹ ਨਹੀਂ ਸੀ ਕਰਾਇਆ। ਪਰ ਗੁਰਪਾਲ ਹਰਪਾਲ ਨਹੀਂ ਸੀ। ਗੁਰਪਾਲ ਨੇ ਵਿਆਹ ਕਰਾਇਆ ਤੇ ਹੁਣ ਤਕ ਉਹਦੇ ਘਰ ਤਿੰਨ ਪੁੱਤਰ ਸਨ। ਸਭ ਤੋਂ ਵਡੇ ਪੁੱਤਰ ਦਾ ਨਾਂ ਅਜੀਤ ਸਿੰਘ ਰਖਿਆ ਗਿਆ। ਹਰਪਾਲ ਨੇ ਇਹ ਨਾਂ ਰਖਿਆ ਤੇ ਗੁਰਪਾਲ, ਗੁਰਮੀਤ ਤੇ ਗੁਰਦਈ ਨੇ ਹਰਪਾਲ ਦੇ ਅਹਿਸਾਸਾਂ ਨੂੰ ਸਮਝਿਆ।

ਅਜੀਤ ਨਾਲ ਹਰਪਾਲ ਦਾ ਚੋਖਾ ਮੋਹ ਹੋ ਗਿਆ। ਇਹਦੇ ਕਾਰਨ ਵੀ ਪ੍ਰਤੱਖ ਸਨ। ਹਰਪਾਲ ਕਦੀ ਵਾਰ ਅਜੀਤ ਨੂੰ ਖਿਡਾਂਦਾ, ਉਹਨੂੰ ਖਿਡੌਣੇ ਤੇ ਚੀਜ਼ਾਂ ਲਿਆ ਕੇ ਦੇਂਦਾ। ਗੁਰਮੀਤ ਤ ਗੁਰਦਈ ਹਰਪਾਲ ਦੇ ਮਨ ਦੀ ਖੋਹ ਨੂੰ ਪਛਾਣਦੇ ਤੇ ਉਹਦੇ ਨਾਲ ਦਿਲੋਂ ਹਮਦਰਦੀ ਕਰਦੇ। ਫਿਰ ਜਿਉਂ ਜਿਉਂ ਪੰਜਾਬ ਰਾਜ ਉੱਤੇ ਭੀੜਾ ਬਣਦੀ ਗਈ ਤੇ ਹਰਪਾਲ ਮਾਨਸਕ ਤੌਰ ਉੱਤੇ ਉਪਰਾਮ ਰਹਿਣ ਲੱਗਾ ਤਾਂ ਉਹਦਾ ਪਿਆਰ ਅਜੀਤ ਨਾਲ ਹੋਰ ਵੀ ਵਧ ਗਿਆ। ਉਹ ਸਿਰਫ਼ ਉਹਦੇ ਸਾਥ ਵਿਚ ਆਪਣੀ ਰੂਹ ਤੇ ਆਪਣੇ ਦਿਮਾਗ਼ ਉੱਤੇ ਪਿਆ ਭਾਰ ਲਾਹੁਣ ਜੋਗਾ ਹੁੰਦਾ। ਇਨ੍ਹਾਂ ਦਿਨਾਂ ਵਿਚ ਗੁਰਪਾਲ ਆਪਣੇ ਟੱਬਰ ਨਾਲ ਮਾਹਿਲ ਗਿਆ। ਉਥੇ ਅਜੀਤ ਬਿਮਾਰ ਪੈ ਗਿਆ। ਲਾਹੌਰ ਸੁਨੇਹੇ ਘੱਲੇ ਗਏ। ਪਤਾ ਨਹੀਂ ਕਿਵੇਂ ਹਰਪਾਲ ਅਜੀਤ ਨੂੰ ਵੇਖਣ ਵਾਸਤੇ ਮਾਹਿਲ ਗਿਆ। ਗੁਰਦਈ ਦੇ ਆਖਣ ਤੋਂ ਬਗ਼ੈਰ। ਗੁਰਦਈ ਨੇ ਸਗੋਂ ਆਖਿਆ ਸੀ : "ਮੈਂ ਤਾਂ ਸਮਝਿਆ ਸੀ ਤੂੰ ਮਾਹਿਲ ਨਾ ਜਾਣ ਦੀ ਸਹੁੰ ਚੁਕ ਲਈ ਹੈ।"

"ਮਾਂ...।" ਹਰਪਾਲ ਦੇ ਮੂੰਹੋਂ ਨਿਕਲਿਆ। ਉਹਦਾ ਦਿਲ ਪਸੀਜ਼ ਗਿਆ, ਮਾਂ ਦੀ ਇਹ ਗੱਲ ਉਹਦੇ ਹਿਰਦੇ ਨੂੰ ਚੀਰ ਗਈ, ਪਰ ਉਹਨੇ ਮਾਂ ਨੂੰ ਮੁਆਫ਼ ਕਰ ਦਿਤਾ। ਉਸ ਮਾਂ ਨੂੰ ਮੁਆਫ਼ ਕਰ ਦਿਤਾ ਕਿਉਂਕਿ ਉਹ ਜਾਣਦਾ ਸੀ ਕਿ ਮਾਂ ਨੂੰ ਉਸ ਔਖੇ ਪੜਾਅ ਉੱਤੇ ਪਹੁੰਚਾਣ ਵਾਲਾ ਉਹ ਆਪ ਹੀ ਹੈ।

ਹਰਪਾਲ ਮਾਹਿਲ ਗਿਆ। ਆਪਣੇ ਰਿਸ਼ਤੇਦਾਰਾਂ ਨੂੰ ਮਿਲਿਆ। ਜਾਗੀਰ ਉੱਤੇ ਕੰਮ ਕਰਦੇ ਆਦਮੀਆਂ ਨੂੰ ਮਿਲਿਆ। ਜੀਤੀ ਦੀ ਮਾਂ ਤੇ ਉਹਦੇ ਭਰਾਵਾਂ ਨੂੰ ਮਿਲਿਆ। ਰਾਮ ਸਿੰਘ ਕਲਸੀਆ ਹੁਣ ਤਕ ਮਰ ਚੁਕਾ ਸੀ। ਸ਼ਾਮ ਸਿੰਘ ਅਟਾਰੀ ਤੇ ਉਸ ਖ਼ਾਨਦਾਨ ਦੇ ਹੋਰਨਾਂ ਪ੍ਰਤੀਨਿਧਾਂ ਨੂੰ ਮਿਲਿਆ। ਉਹ ਅੰਮ੍ਰਿਤਸਰ ਵੀ ਗਿਆ। ਮਾਂ ਦੇ ਆਖਣ ਉੱਤੇ। ਮਾਂ ਨੇ ਸ਼ਾਇਦ ਕੋਈ ਸੁੱਖਣਾ ਸੁੱਖੀ ਹੋਵੇ। ਜੇ ਉਹ ਲਾਹੌਰੋਂ ਨਿਕਲਿਆ ਹੀ ਸੀ ਤਾਂ ਇਕ ਵਾਰ ਸਭਨਾਂ ਰਿਸ਼ਤੇਦਾਰਾਂ ਨੂੰ ਮਿਲ ਕਿਉਂ ਨਾ ਆਏ ? ਉਹ ਸਰਹਿੰਦ ਗਿਆ। ਭੈਣ ਬਸੰਤ ਕੌਰ ਦਾ ਤਕਰਾਰ ਸੀ ਕਿ ਹਰਪਾਲ ਕਦੀ ਉਹਦੇ ਘਰ ਨਹੀਂ ਆਇਆ ਤੇ ਜਦੋਂ ਉਹਨੇ ਇਕ ਭੈਣ ਦੇ ਘਰ ਜਾਣਾ ਮਨਜ਼ੂਰ ਕੀਤਾ ਤਾਂ ਦੂਜੀ ਭੈਣ ਦੇ ਘਰ ਨਾ ਜਾਣਾ ਉਹਦੇ ਨਾਲ ਜ਼ਿਆਦਤੀ ਹੋਣੀ ਸੀ। ਸੋ ਉਹ ਪ੍ਰੀਤਮ ਕੌਰ ਨੂੰ ਮਿਲਣ ਕਸੂਰ ਵੀ ਗਿਆ। ਮਾਂ ਤੇ ਗੁਰਮੀਤ ਉਹਦੇ ਨਾਲ ਗਈਆਂ।

ਇਸ ਸਫ਼ਰ ਦੇ ਦਿਨਾਂ ਵਿਚ ਇਕ ਵਾਰ ਗੁਰਦਈ ਨੇ ਸੱਜਲ ਨੈਣਾਂ ਨਾਲ ਆਪਣਾ ਦਿਲ ਆਪਣੀਆਂ ਧੀਆਂ ਅਗੇ ਫੋਲਿਆ। ਉਸ ਕਿਹਾ : "ਨੀ ਹਰਪਾਲ ਨੂੰ ਘੁਟ ਘੁਟ ਮਿਲ ਲਉ। ਪਤਾ ਨਹੀਂ ਰੁਸੀਂ ਇਸ ਵੀਰ ਨੂੰ ਮੁੜ ਮਿਲਣਾਂ ਹੈ ਕਿ ਨਹੀਂ।" ਉਹ ਰੋ ਪਈ। ਧੀਆਂ ਵੀ ਰੋ ਪਈਆਂ। ਗੁਰਦਈ ਦਾ ਮਨ ਦਿਨੋ ਦਿਨ ਬੈਠਦਾ ਜਾਂਦਾ ਲਗਦਾ।

ਹਰਪਾਲ ਨੇ ਪੰਜਾਬ ਦਾ ਮਾਨੋ ਇਕ ਦੌਰਾ ਕੀਤਾ ਤੇ ਵੇਖਿਆ ਕਿ ਰਾਜਾ ਧਿਆਨ ਸਿੰਘ ਦੀ ਹਰ ਥਾਂ ਇੱਜ਼ਤ ਹੈ। ਕੋਈ ਆਦਮੀ ਵੀ ਮਹਾਰਾਜਾ ਰਣਜੀਤ ਸਿੰਘ ਦੇ ਚੁਣੇ ਹੋਏ ਇਸ ਰਾਜੇ ਵਿਰੁਧ ਕੋਈ ਗੱਲ ਸੁਣਨ ਜਾਂ ਮੰਨਣ ਨੂੰ ਤਿਆਰ ਨਹੀਂ। ਉਸ ਵੇਖਿਆ ਕਿ ਲੋਕ ਬੇਸ਼ਕ ਅਜ ਤਕ ਸੁਖੀ ਵੱਸ ਰਹੇ ਹਨ, ਪਰ ਉਨ੍ਹਾਂ ਵਿਚ ਪਹਿਲੇ ਜਿਹਾ ਮੱਚ ਨਹੀਂ ਰਿਹਾ। ਲੋਕਾਂ ਵਿਚੋਂ ਵਿਸ਼ਵਾਸ ਜਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨੇ ਉਨ੍ਹਾਂ ਨੂੰ ਆਸ-ਹੀਨ ਕਰ ਦਿਤਾ ਹੈ। ਹਿੰਦੂ ਸਿਖਾਂ ਤੇ ਮੁਸਲਮਾਨਾਂ ਵਿਚ ਮਿਲਵਰਤਨ ਹੈ, ਪਰ ਉਸ ਵੇਖਿਆ ਕਿ ਕੱਟੜ ਹਲਕਿਆਂ ਵਿਚ ਤਨਾਉ ਮੁੜ ਕੇ ਉਤਪੰਨ ਹੋ ਰਿਹਾ ਹੈ। ਉਸ ਤਕਿਆ ਕਿ ਸਿਖ ਕੌਮ ਪਹਿਲੇ ਜਿਹੀ ਆਦਰਸ਼ਕ ਕੌਮ ਨਹੀਂ ਰਹੀ। ਅੰਮ੍ਰਿਤ ਦੀ ਸ਼ਕਤੀ ਬਿਖਰ ਰਹੀ ਹੈ। ਜ਼ਤ ਪਾਤ ਮੁੜ ਕੇ ਪ੍ਰਧਾਨ ਹੋ ਰਹੀ ਹੈ। ਉੱਚੀਆਂ ਜਾਤੀਆਂ ਵਾਲੇ ਸਿਖ ਨੀਵੀਆਂ ਜਾਤੀਆਂ ਵਿਚੋਂ ਸਜੇ ਸਿਖਾਂ ਨੂੰ ਮਾੜੀ ਨਜ਼ਰ ਨਾਲ ਵੇਖ ਰਹੇ ਹਨ। ਗੁਰਦਵਾਰਿਆਂ ਦੇ ਅੰਦਰ ਪੱਖ-ਪਾਤ ਨਹੀਂ, ਪਰ ਖੇਤਾਂ ਵਿਚ, ਜੂਹਾਂ ਵਿਚ, ਖੂਹਾਂ

Scanned by CamScanner

ਉੱਤੇ, ਸਮਾਜਕ ਵਾਤਾਵਰਨ ਵਿਚ ਨੀਵੀਆਂ ਜ਼ਾਤਾਂ ਮੁੜ ਕੇ ਨੀਵੀਆਂ ਸਮਝੀਆਂ ਜਾਣ ਲੱਗੀਆਂ ਹਨ। ਪੰਜਾ ਪਿਆਰਿਆ ਦੀ ਪਦਾਰਥਕ ਮਿਸਾਲ ਕਾਇਮ ਹੈ ਕਿ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਿਆ ਜਾਂਦਾ ਹੈ, ਪਰ ਆਦਰਸ਼ਕ ਮਿਸਾਲ ਕਾਇਮ ਨਹੀਂ। ਉੱਚੀਆਂ ਨੀਵੀਆਂ ਜ਼ਾਤਾਂ ਆਤਮਕ ਤੌਰ ਉੱਤੇ ਅਭੇਦ ਨਹੀਂ ਰਹੀਆਂ। ਉਸ ਵੇਖਿਆ ਕਿ ਹਿੰਦੂ ਜਾਤੀ ਦੇ ਪੁਰਾਣੇ ਸੰਸਕਾਰਾਂ ਦੀ ਪਕੜ ਮੁੜ ਕੇ ਮਜ਼ਬੂਤ ਹੁੰਦੀ ਜਾਂਦੀ ਹੈ। ਜਾਗੀਰਾਂ ਦੇ ਮਾਲਕ ਆਪਣੀਆਂ ਜਾਗੀਰਾਂ ਉੱਤੇ ਕੰਮ ਕਰਦੇ ਆਦਮੀਆਂ ਨਾਲ ਠੀਕ ਵਰਤਾਉ ਨਹੀਂ ਕਰ ਰਹੇ। ਗੁਮਾਸ਼ਤੇ ਤੇ ਅਧਿਕਾਰੀ ਆਪਣੇ ਆਪ ਨੂੰ ਲੋਤ ਨਾਲੋਂ ਵਧ ਤਾਕਤਵਰ ਸਮਝਣ ਲੱਗ ਪਏ ਹਨ।

ਉਹ ਹੈਰਾਨ ਹੋਇਆ ਕਿ ਕਿਥੇ ਗਏ ਉਹ ਦਿਨ ਜਦੋਂ ਜਾਗੀਰਾਂ ਅਤੇ ਪੈਸੇ ਤੇ ਰੁਤਬੇ ਦੀ ਕਿਸੇ ਨੂੰ ਪਰਵਾਹ ਨਹੀਂ ਸੀ ਹੁੰਦੀ। ਸਭ ਜਾਇਦਾਦ ਤੇ ਮਾਇਆ ਗੁਰੂ ਤੇ ਰੱਬ ਦੀ ਸਮਝੀ ਜਾਂਦੀ ਸੀ। ਦਸਵੰਧ ਦਿਆਨਤਦਾਰੀ ਨਾਲ ਕਢਿਆ ਜਾਂਦਾ ਸੀ। ਗ਼ਰੀਬ ਤੇ ਅਮੀਰ ਵਿਚ ਭਿੰਨ ਭੇਦ ਨਹੀਂ ਸੀ ਹੁੰਦੇ ਸਮੁੱਚੀ ਕੌਮ ਇਕ ਆਦਰਸ਼ ਨਾਲ ਜੁੜੀ ਹੋਈ ਸੀ।

ਉਹਨੂੰ ਦੁਖ ਹੁੰਇਆ ਤੇ ਉਹ ਮਨ ਹੀ ਮਨ ਵਿਲਕਿਆ ਕਿ ਕਿਥੇ ਅਲੋਪ ਹੋ ਗਈਆਂ ਜਾਤੀ ਦੀਆਂ ਉਹ ਅਗਾਂਹ-ਵਧੂ ਬਿਰਤੀਆਂ ? ਕਿਥੇ ਗਏ ਉਹ ਮਰਿਆਦਾ ਨੂੰ ਭੰਡਣਾ ਤੇ ਨਵੇਂ ਰਾਹ ਪਾਉਣੇ ? ਕਿਥੇ ਹੈ ਉਹ ਧੀਆਂ ਨੂੰ ਦਾਜ ਨਾਲ ਵੇਚਣ ਦੀ ਮਨਾਹੀ ? ਕਿਥੇ ਉਹ ਇਸਤ੍ਰੀ ਦੀ ਆਜ਼ਾਦੀ ? ਅੱਜ ਇਸਤ੍ਰੀ ਮੁੜ ਕੇ ਮਰਦ ਦੀ ਗ਼ੁਲਾਮ ਬਣ ਰਹੀ ਸੀ। ਅੱਜ ਫਿਰ ਪੂਜਾ ਪਾਠ ਸਿਰਫ ਪੂਜਾ ਪਾਠ ਕਰਨ ਵਾਸਤੇ ਹੋ ਰਿਹਾ ਸੀ; ਆਪਣੇ ਆਚਰਨ ਨੂੰ ਮਜ਼ਬੂਤ ਤੇ ਆਪਣੀਆਂ ਬਿਰਤੀਆਂ ਨੂੰ ਸ਼ੁਧ ਕਰਨ ਵਾਸਤੇ ਨਹੀਂ। ਅੱਜ ਦੀਆਂ ਬਾਂਗਾਂ, ਆਜ਼ਾਨਾਂ ਤੇ ਜੈਕਾਰਿਆਂ ਦੀ ਨੁਹਾਰ ਪਿਛਾਂਹ-ਖਿੱਚੂ ਸੀ। ਅੱਜ ਮਜ਼ਹਬ ਫਿਰ ਸਮਾਜਕ ਭੇੜ ਬਣ ਰਿਹਾ ਸੀ। ਕੁਲ ਜਾਤੀ ਦਾ ਰੁਝਾਣ ਪਿਛਾਂਹ ਵਲ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਉਤਪੰਨ ਕੀਤੇ ਤੂਫਾਨ ਦੀ ਤੇਜ਼ੀ ਮੁਕ ਰਹੀ ਸੀ। ਅਜ ਪੁਰਾਣੇ ਸੰਸਕਾਰਾਂ ਤੇ ਪਿਛਾਂਹ-ਖਿੱਚੂ ਮਰਿਆਦਾ ਨੇ ਇਸ ਤੂਫਾਨ ਨੂੰ ਠੰਡਿਆਂ ਕਰ ਦਿਤਾ ਸੀ। ਸਤ੍ਹਾ ਮਿਲ ਰਹੀ ਸੀ। ਉਭਾਰ ਘਟ ਰਹੇ ਸਨ। ਹਿੰਦੂ ਜਾਤੀ ਮੁੜ ਕੇ ਇਕ ਅਹਿਲ ਤੇ ਗੰਭੀਰ, ਪਰ ਕਾਇਰ ਤੇ ਅਣਰਸਿਕ ਸਾਗਰ ਬਣ ਰਹੀ ਸੀ।

ਹਰਪਾਲ ਲਾਹੌਰ ਆਇਆ ਤੇ ਉਹਨੂੰ ਲੱਗਾ ਕਿ ਉਹਦਾ ਉਤਸ਼ਾਹ ਅਗੇ ਨਾਲੋਂ ਮਾਂਦਾ ਪੈ ਰਿਹਾ ਹੈ। ਉਹਨੂੰ ਚੁਫੇਰਿਉਂ ਕਿਤੋਂ ਵੀ ਕੋਈ ਚਾਨਣ ਨਜ਼ਰ ਨਹੀਂ ਸੀ ਆ ਰਿਹਾ। ਕਿਤੇ ਕਿਤੇ ਸ਼ਾਮ ਸਿੰਘ ਅਟਾਰੀ ਆਪਣੇ ਮਜ਼ਬੂਤ ਆਚਰਨ ਤੇ ਆਪਣੀ ਤੀਖਣ ਬੁਧੀ ਨਾਲ ਉਹਨੂੰ ਚਿਲਕਦਾ ਦਿਸਦਾ, ਪਰ ਚਾਰ ਚੁਫੇਰੇ ਪਸਰੇ ਹਨੇਰੇ ਇਸ ਲਿਸ਼ਕ ਨੂੰ ਜਲਦੀ ਹੀ ਆਪਣੇ ਵਿਚ ਸਮੇਟ ਲੈਂਦੇ। ਸਿਰਫ ਇਕ ਸ: ਸ਼ਾਮ ਸਿੰਘ ਅਟਾਰੀ ਹੀ ਉਹ ਆਦਮੀ ਸੀ ਜਿਸ ਉਹਨੂੰ ਆਖਿਆ ਸੀ : "ਸਰਦਾਰ ਹਰਪਾਲ ਸਿੰਘ ਜੀ ! ਤੁਸੀਂ ਧੰਨ ਹੋ ਤੇ ਧੰਨ ਹੈ ਤੁਹਾਡਾ ਜਿਗਰਾ। ਮੈਂ ਤੁਹਾਨੂੰ ਪਰਣਾਮ ਕਰਦਾ ਹਾਂ ਮੈਂ ਤਾਂ ਇਹ ਵਾਤਾਵਰਨ ਵੇਖ ਕੇ ਅਲਗ ਹੋ ਬੈਠਾ ਸਾਂ, ਪਰ ਤੁਹਾਡੀ ਹਿੰਮਤ ਤੇ ਤੁਹਾਡਾ ਉਤਸ਼ਾਹ ਵੇਖ ਕੇ ਮੈਂ ਵੀ ਟੁੰਬਿਆ ਗਿਆ ਹਾਂ। ਮੈਂ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਨੂੰ ਤਿਆਰ ਹਾਂ।"

ਇਹ ਸ਼ਬਦ ਅੰਨੇ ਉਤਸ਼ਾਹਕ ਨਹੀਂ ਸਨ, ਪਰ ਇਕ ਆਦਮੀ ਤਾਂ ਸੀ ਜਿਸ ਉਹਨੂੰ ਲਾਹੌਰ ਛਡ ਜਾਣ ਦੀ ਤੇ ਧਿਆਨ ਸਿੰਘ ਅਗੇ ਨਿਹੱਥੇ ਹੋ ਜਾਣ ਦੀ ਸਲਾਹ ਨਹੀਂ ਸੀ ਦਿਤੀ। ਸ਼ਾਮ ਸਿੰਘ ਅਟਾਰੀ ਨੇ ਕੁਝ ਕਰਨ ਨਾ ਕਰਨ ਦੀ ਸਾਰੀ ਜ਼ਿਮੇਵਾਰੀ ਹਰਪਾਲ ਉੱਤੇ ਸੁਟੀ ਸੀ, ਪਰ ਉਸ ਇਹ ਬਚਨ ਵੀ ਤਾਂ ਅਵੱਸ਼ ਦਿਤਾ ਸੀ ਨਾ ਕਿ ਉਹ ਉਹਦੀ ਸਹਾਇਤਾ ਲਈ ਤਿਆਰ ਹੈ।

ਹਰਪਾਲ ਲਾਹੌਰ ਆਇਆ ਤੇ ਅਗਲੇ ਕਦਮਾਂ ਬਾਰੇ ਸੋਚਣ ਲੱਗਾ। ਇਨ੍ਹਾਂ ਦਿਨਾਂ ਵਿਚ ਹੀ ਉਹਨੂੰ ਉਹਦੇ ਉੱਤੇ ਲਾਏ ਗਏ ਦੂਸ਼ਨ ਦਸੇ ਗਏ ! ਉਹਦੀ ਗ਼ੈਰ-ਹਾਜ਼ਰੀ ਵਿਚ ਧਿਆਨ ਸਿੰਘ ਨੇ ਆਪਣੇ ਦੂਸ਼ਣਾਂ ਨੂੰ ਸਾਬਤ ਕਰਨ ਵਾਸਤੇ ਸਬੂਤ ਘੜ ਲਏ ਹੋਣਗੇ। ਹਰਪਾਲ ਸਿੰਘ ਆਪਣੇ ਉੱਤੇ ਲਾਏ ਗਏ ਇਹ ਦੂਸ਼ਨ ਸੁਣ ਕੇ ਹਸਿਆ, ਪਰ ਸਰਦਾਰ ਲਹਿਣਾ ਸਿੰਘ ਮਜੀਠੀਆ ਰੋ ਪਿਆ। ਉਸੇ ਰਾਤ ਗਾਰਡਨਰ ਉਹਦੇ ਕੋਲ ਆਇਆ। ਉਹ ਧਿਆਨ ਸਿੰਘ ਵਲੋਂ ਸੁਝਾਅ ਲਿਆਇਆ ਕਿ ਜੇ ਅਜੇ ਵੀ ਹਰਪਾਲ ਆਪਣੇ ਵਿਚਾਰ ਬਦਲ ਲਏ ਤਾਂ ਉਹਨੂੰ ਸਮੁੱਚੀ ਫ਼ੌਜ ਦਾ ਸਿਪਾਹ-ਸਾਲਾਰ ਬਣਾਇਆ ਜਾ ਸਕਦਾ ਹੈ। ਹਰਪਾਲ ਗ਼ੁੱਸੇ ਹੋ ਗਿਆ।

"ਕਰਨਲ ਗਾਰਡਨਰ ! ਅਗੇ ਤੋਂ ਤੁਸੀਂ ਮੇਰੇ ਕੋਲ ਆਉਣ ਦੀ ਖੇਚਲ ਨਾ ਕਰਨੀ। ਮੈਂ ਤੁਹਾਡੇ ਨਾਲ ਹਦੋਂ

ਵਧ ਮਿਹਰਬਾਨੀ ਦਾ ਸਲੂਕ ਕਰਦਾ ਆਇਆ ਹਾ । ਤੁਸਾਂ ਇਸ ਦੇ ਯੋਗ ਨਹੀਂ । ਮੈਂ ਵੇਖਾਂਗਾ ਕਿ ਮੈਂ ਤੁਹਾਨੂੰ...।" ਇਕ ਦੋ ਦਿਨਾਂ ਪਿਛੋਂ ਹਰਪਾਲ ਨੂੰ ਕੰਵਰ ਨੌਨਿਹਾਲ ਸਿੰਘ ਦਾ ਸੱਦਾ ਪਹੁੰਚਿਆ । ਹਰਪਾਲ ਉੱਤੇ ਲਾਏ ਗਏ ਦੂਸ਼ਨ ਉੱਤੇ ਵਿਚਾਰ ਹੋਣੀ ਸੀ ।

ਹਰਪਾਲ ਤੇ ਗੁਰਮੀਤ ਨੇ ਸਲਾਹ ਕੀਤੀ ਕਿ ਕੰਵਰ ਨਾਲ ਵੀ ਪੂਰੀ ਗੱਲ ਖੋਲ੍ਹ ਦਿਤੀ ਜਾਏ ਕਿ ਨਾ ? ਗੁਰਮੀਤ ਨੇ ਕਿਹਾ : ਮੇਰੇ ਖ਼ਿਆਲ ਵਿਚ ਉਹ ਸਮਾਂ ਆ ਗਿਆ ਹੈ ਕਿ ਕੰਵਰ ਨੂੰ ਸਾਰੀ ਗੱਲ ਸਾਫ਼ ਸਾਫ਼ ਦਸ ਦਿਤੀ ਜਾਏ ।" ਕੁਝ ਚਿਰ ਸੋਚ ਕੇ ਹਰਪਾਲ ਨੇ ਕਿਹਾ : "ਹਾਂ ਗੁਰਮੀਤ ! ਮੇਰਾ ਵੀ ਇਹੋ ਖ਼ਿਆਲ ਹੈ ।"

੧੧੩

ਜਮਾਂਦਾਰ ਖ਼ੁਸ਼ਹਾਲ ਸਿੰਘ ਹਰਪਾਲ ਨੂੰ ਕੰਵਰ ਨੌਨਿਹਾਲ ਸਿੰਘ ਦੀ ਹਜ਼ੂਰੀ ਵਿਚ ਲੈ ਕੇ ਗਿਆ । ਸਿਰਫ਼ ਰਾਜਾ ਧਿਆਨ ਸਿੰਘ ਤੇ ਰਾਜਾ ਹੀਰਾ ਸਿੰਘ ਕੰਵਰ ਦੀ ਅਰਦਲ ਵਿਚ ਖਲੋਤੇ ਸਨ । ਬੇਸ਼ਕ ਹਰਪਾਲ ਸਿੰਘ ਦੇ ਵਿਰੁਧ ਹੀ ਕੰਵਰ ਦੇ ਕੰਨ ਭਰੇ ਜਾ ਰਹੇ ਹੋਣਗੇ । ਜਦੋਂ ਹਰਪਾਲ ਓਥੇ ਪਹੁੰਚਿਆ ਤਾਂ ਕੰਵਰ ਨੇ ਕਿਹਾ : "ਰਾਜਾ ਧਿਆਨ ਸਿੰਘ ਜੀ ! ਤੁਸੀਂ ਰਾਜਾ ਹੀਰਾ ਸਿੰਘ ਨੂੰ ਲੈ ਕੇ ਡਿਉਢੀ ਵਿਚ ਉਡੀਕੋ । ਮੈਂ ਸਰਦਾਰ ਹਰਪਾਲ ਸਿੰਘ ਮਾਹਿਲ ਨਾਲ ਇਸ ਸੰਜੀਦਾ ਮੁਆਮਲੇ ਬਾਰੇ ਇਕੱਲਿਆਂ ਗੱਲ ਕਰਾਂਗਾ ।"

ਧਿਆਨ ਸਿੰਘ ਸਹਿਜੇ ਸਹਿਜੇ ਆਪਣਾ ਸਾਵਾਂ ਤੋਲ ਗੁਆਣ ਵਾਲਾ ਆਦਮੀ ਨਹੀਂ ਸੀ । ਉਹਦੀ ਬੀਬੀ ਦਸਤਾਰ ਤੇ ਲੰਮੀ ਦਾੜ੍ਹੀ ਦੇ ਪਿਛੇ ਕਈ ਅੰਦਰੂਨੀ ਤੂਫ਼ਾਨ ਲੁਕ ਸਕਦੇ ਸਨ, ਪਰ ਕੰਵਰ ਦੇ ਇਨ੍ਹਾਂ ਸ਼ਬਦਾਂ ਨੇ ਉਹਨੂੰ ਪ੍ਰਗਟ ਤੌਰ ਉੱਤੇ ਹੈਰਾਨ ਕੀਤਾ ਤੇ ਉਹ ਪਲ ਦੇ ਪਲ ਲਈ ਬੌਂਦਲ ਗਿਆ । ਉਹ ਸਮਝੀ ਬੈਠਾ ਸੀ ਕਿ ਅੱਜ ਦਾ ਦਿਨ ਹਰਪਾਲ ਉੱਤੇ ਉਹਦੀ ਵਿਜੈ ਦਾ ਦਿਨ ਹੈ । ਅਜ ਤਕ ਹਰਪਾਲ ਨੇ ਗੱਲ ਬਾਤ ਦੇ ਦੌਰਾਨ ਵਿਚ ਹਮੇਸ਼ਾ ਉਹਨੂੰ ਪਛਾੜਿਆ ਸੀ । ਹਰ ਵਾਰ ਮਹਾਰਾਜ ਰਣਜੀਤ ਸਿੰਘ ਦੇ ਸਾਹਮਣੇ ਤੇ ਫਿਰ ਪਿਛਲੀ ਵਾਰ ਕੰਵਰ ਨੌਨਿਹਾਲ ਸਿੰਘ ਸਾਹਮਣੇ ਵੀ ਹਰਪਾਲ ਉਹਦੇ ਕੋਲੋਂ ਬਾਜ਼ੀ ਲੈ ਗਿਆ ਸੀ । ਅੱਜ, ਉਸ ਸੋਚਿਆ, ਉਹ ਹਰਪਾਲ ਨੂੰ ਦੋਸ਼ੀਆਂ ਦੇ ਕਟਹਿਰੇ ਵਿਚ ਖਲ੍ਹਵਾ ਕੇ ਉਹਦੇ ਵਿਰੁਧ ਇਲਜ਼ਾਮ ਸੁਣਾਏਗਾ ਤੇ ਭਾਵੇਂ ਹਰਪਾਲ ਨੂੰ ਕੋਈ ਸਜ਼ਾ ਮਿਲੇ ਭਾਵੇਂ ਨਾ, ਘੱਟੋ ਘੱਟ ਉਹਨੂੰ ਇਹ ਤਸੱਲੀ ਤਾਂ ਹੋਵੇਗੀ ਕਿ ਉਸ ਉਹਨੂੰ ਆਪਣੇ ਸਨਮੁਖ ਨੀਵਾਂ ਮਹਿਸੂਸ ਕਰਵਾਇਆ ਹੈ । ਏਸੇ ਲਈ ਕੰਵਰ ਦੇ ਬਚਨਾਂ ਨੇ ਉਹਦਾ ਸਾਵਾਂ ਤੋਲ ਭੰਗ ਕਰ ਦਿਤਾ । ਉਹ ਸਮਝ ਨਾ ਸਕਿਆ ਕਿ ਕੀ ਹੋਇਆ ਹੈ ਤੇ ਕਿਵੇਂ ਕੰਵਰ ਨੇ ਵਜ਼ੀਰੇ-ਆਜ਼ਮ ਤੇ ਨਾਇਬ-ਉਲ-ਸਲਤਨੱਤ ਨੂੰ ਇਕ ਆਮ ਸਰਦਾਰ ਦੇ ਸਾਹਮਣੇ ਆਪਣੀ ਹਜ਼ੂਰੀ ਵਿਚੋਂ ਜਾਣ ਦੀ ਆਗਿਆ ਦਿਤੀ ਹੈ । ਨਿਰਸੰਦੇਹ ਇਹ ਰਾਜਾ ਧਿਆਨ ਸਿੰਘ ਦਾ ਨਿਰਾਦਰ ਸੀ ।

ਉਹ ਹੈਰਾਨ ਹੋਇਆ ਕਿ ਕੰਵਰ ਦੀ ਐਨੀ ਹਿੰਮਤ ? ਉਹਨੇ ਹੀ ਕੰਵਰ ਨੂੰ ਰਾਜ ਦਵਾਇਆ ਤੇ ਹੁਣ ਕੰਵਰ ਉਹਦਾ ਹੀ ਨਿਰਾਦਰ ਕਰਨ ਲੱਗਾ ਹੈ । ਅਜੇ ਜੰਮੂ ਵਿਰੁਧ ਭੇਜੀਆਂ ਫ਼ੌਜਾਂ ਦੀ ਗੱਲ ਸਾਫ਼ ਨਹੀਂ ਹੋਈ ਤੇ ਹੁਣ ਕੰਵਰ ਉਹਦੀ ਰਾਜ-ਦਰਬਾਰ ਵਿਚ ਵੀ ਮਹੱਤਤਾ ਘਟਾਣ ਲਗ ਪਿਆ ਹੈ । ਧਿਆਨ ਸਿੰਘ ਨੂੰ ਲੱਗਾ ਕਿ ਹੋਵੇ ਨਾ ਹੋਵੇ ਇਹ

Scanned by CamScanner

ਹਰਪਾਲ ਦੀ ਹੀ ਕੋਈ ਚਾਲ ਹੈ। ਉਹਨੂੰ ਜਾਪਿਆ ਕਿ ਹਰਪਾਲ ਜ਼ਰੂਰ ਕਿਸੇ ਨਾ ਕਿਸੇ ਤਰੀਕੇ ਕੰਵਰ ਨੂੰ ਤੇ ਖੜਕ ਸਿੰਘ ਨੂੰ ਚੋਰੀ ਛੁੱਪੀ ਮਿਲਦਾ ਰਹਿੰਦਾ ਹੈ। "ਪਰ ਕਿਵੇਂ ?" ਉਸ ਆਪਣੇ ਆਪ ਕੋਲੋਂ ਪੁਛਿਆ, "ਕੋਈ ਵਕਤ ਅਜਿਹਾ ਨਹੀਂ ਹੁੰਦਾ ਜਦੋਂ ਮੇਰੇ ਆਦਮੀ ਮਾਹਿਲ ਸਰਦਾਰ ਦੇ ਪਿੱਛੇ ਨਾ ਲੱਗੇ ਹੋਣ। ਕੋਈ ਵੇਲਾ ਨਹੀਂ ਹੁੰਦਾ ਜਦੋਂ ਮੇਰੇ ਆਦਮੀ ਖੜਕ ਸਿੰਘ ਦੀ ਹਵੇਲੀ ਦੇ ਬਾਹਰ ਪਹਿਰੇ ਉੱਤੇ ਨਾ ਹੋਣ ਤੇ ਕਿਸੇ ਵਕਤ ਮੈਂ ਆਪ ਕੰਵਰ ਨੂੰ ਆਪਣੀਆਂ ਅਖਾਂ ਤੋਂ ਉਹਲੇ ਨਹੀਂ ਕਰਦਾ। ਫਿਰ ਕਿਵੇਂ ਇਹ ਲੋਕ ਮਿਲਦੇ ਹਨ ? ਕੁਝ ਸਮਝ ਨਹੀਂ ਆਉਂਦੀ। ਬੇਸ਼ਕ ਹਰਪਾਲ ਸਿੰਘ ਬੜਾ ਖਤਰਨਾਕ ਆਦਮੀ ਹੈ। ਇਹ ਇਕ ਸਰਦਾਰ ਹੈ ਜਿਹੜਾ ਰਣਜੀਤ ਸਿੰਘ ਦੇ ਘਰਾਣੇ ਦਾ ਅਸਲੀ ਖ਼ੈਰ-ਖ਼ਾਹ ਹੈ, ਜਿਹਨੂੰ ਜਾਗੀਰ ਤੇ ਸਿਪਾਹ-ਸਾਲਾਰ ਦਾ ਲਾਲਚ ਲਲਚਾ ਨਹੀਂ ਸਕਿਆ। ਬਾਕੀ ਖ਼ੈਰ-ਖ਼ਾਹ ਵੀ ਹਨ ਪਰ ਉਹ ਸੁੱਤੇ ਹੋਏ ਨਿਰਾਰਥਕ ਖ਼ੈਰ-ਖ਼ਾਹ ਹਨ। ਉਨ੍ਹਾਂ ਵਿਚੋਂ ਖ਼ਰੀਦੇ ਤੇ ਵੇਚੇ ਜਾ ਸਕਦੇ ਹਨ ਜਾਂ ਡਰਾਏ ਜਾ ਸਕਦੇ ਹਨ, ਪਰ ਹਰਪਾਲ ਨੂੰ ਡਰਾਉਣਾ ਵੀ ਅਨਹੋਣਾ ਹੈ। ਇਸ ਆਦਮੀ ਦਾ ਕਿਵੇਂ ਨਾ ਕਿਵੇਂ ਬਾਨ੍ਹ ਬੰਨ੍ਹਣਾ ਹੀ ਪਵੇਗਾ। ਕਿਵੇਂ...ਮੈਂ ਇਹਦੇ ਕਾਰਨ ਹੋਇਆ ਆਪਣਾ ਨਿਰਾਦਰ ਨਹੀਂ ਸਹਾਰ ਸਕਦਾ। ਇਹਦੇ ਸਾਹਮਣੇ ਕੰਵਰ ਦੀ ਇਹ ਹਿੰਮਤ ..।"

ਉਹ ਕੁਝ ਸਖ਼ਤ ਬਚਨ ਕਹਿਣ ਹੀ ਲੱਗਾ ਸੀ ਕਿ ਰਾਜਾ ਹੀਰਾ ਸਿੰਘ ਬੋਲ ਪਿਆ : "ਚਲੋ ਪਿਤਾ ਜੀ! ਅਸੀਂ ਕੰਵਰ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰੀਏ।"

ਧਿਆਨ ਸਿੰਘ ਨੇ ਆਪਣੇ ਪੁੱਤਰ ਵਲ ਦੇਖਿਆ। ਉਹ ਖ਼ੁਸ਼ ਹੋਇਆ ਕਿ ਉਹਨੇ ਇਹ ਸ਼ਬਦ ਕਹੇ ਹਨ। ਧਿਆਨ ਸਿੰਘ ਨੂੰ ਅਜੇ ਤਕ ਕਿਸੇ ਨੇ ਤੈਸ਼ ਵਿਚ ਆਉਂਦਾ ਨਹੀਂ ਸੀ ਦੇਖਿਆ ਤੇ ਨਾ ਹੀ ਉਹ ਅੱਜ ਤੈਸ਼ ਵਿਚ ਆਉਣਾ ਚਾਹੁੰਦਾ ਸੀ। ਹੀਰਾ ਸਿੰਘ ਨੇ ਉਹਨੂੰ ਠੱਲ੍ਹ ਪਾਈ ਤੇ ਉਹ ਉਹਦਾ ਸ਼ੁਕਰ-ਗੁਜ਼ਾਰ ਸੀ। ਉਹ ਇਸ ਲਈ ਵੀ ਖੁਸ਼ ਸੀ ਕਿ ਉਹਦਾ ਪੁੱਤਰ ਉਹਦੇ ਨਕਸ਼ੇ-ਕਦਮਾਂ ਉੱਤੇ ਚਲ ਰਿਹਾ ਹੈ। ਉਹਦੇ ਵਾਂਗ ਹੀ ਪ੍ਰਬੀਨ ਤੇ ਚਤੁਰ ਬਣ ਰਿਹਾ ਹੈ। ਆਸ਼ਕਰਕਾ ਇਸ ਦੂਲੇ ਪੁੱਤਰ ਨੂੰ ਸ਼ਾਇਦ ਕਿਸੇ ਦਿਨ ਪੰਜਾਬ ਦੀ ਗੱਦੀ ਸੰਭਾਲਣੀ ਪਵੇ।

ਰਾਜਾ ਧਿਆਨ ਸਿੰਘ ਤੇ ਰਾਜਾ ਹੀਰਾ ਸਿੰਘ ਬਾਹਰ ਚਲੇ ਗਏ। ਜਮਾਂਦਾਰ ਖੁਸ਼ਹਾਲ ਸਿੰਘ ਨੂੰ ਸੁਨਾਉਣ ਵਾਸਤੇ ਹੀਰਾ ਸਿੰਘ ਨੇ ਪਿਤਾ ਨੂੰ ਕਿਹਾ : "ਤੁਸਾਂ ਦੋਹਾਂ ਨੂੰ ਇਕੱਲਿਆਂ ਛੱਡ ਕੇ ਆਉਣ ਵਿਚ ਬੜੀ ਸਿਆਣਪ ਕੀਤੀ ਹੈ।"

ਅੰਦਰ ਹਰਪਾਲ ਨੇ ਕੰਵਰ ਅੱਗੇ ਸਿਰ ਨਿਵਾਇਆ ਤੇ ਪੁਛਿਆ : "ਕੀ ਹੁਕਮ ਹੈ ?" "ਸਰਦਾਰ ਹਰਪਾਲ ਸਿੰਘ ਮਾਹਿਲ", ਕੰਵਰ ਨੇ ਮੁਸਕਰਾਂਦੇ ਹੋਏ ਕਿਹਾ, "ਤੁਹਾਡੇ ਦਿਲ ਵਿਚ ਖ਼ਾਲਸਾ ਰਾਜ ਤੇ ਸਿੱਖ ਕੌਮ ਵਾਸਤੇ ਜਿਹੜਾ ਦਰਦ ਹੈ, ਮੈਂ ਉਸ ਦੀ ਥਾਹ ਪਾਈ ਹੈ। ਸਭ ਤੋਂ ਪਹਿਲੇ ਮੈਂ ਤੁਹਾਡੇ ਕੋਲੋਂ ਪਿਛਲੀ ਵਾਰ ਤੁਹਾਡੇ ਉੱਤੇ ਸ਼ੱਕ ਕਰਨ ਦੀ ਮੁਆਫ਼ੀ ਮੰਗਦਾ ਹਾਂ।"

ਹਰਪਾਲ ਨੇ ਕੰਵਰ ਵਲ ਤੱਕਿਆ। ਓਹੋ ਮਾਸੂਮ ਮੁਖੜਾ, ਓਹੋ ਬੇਲੋਸ ਗਲ ਬਾਤ, ਓਹੋ ਚਿਹਰੇ ਦੀ ਸੁੰਦਰ ਨੁਹਾਰ, ਓਹੋ ਦਸਤਾਰ ਉੱਤੇ ਕਲਗੀ, ਓਹੋ...ਓਹੋ ਚਿਹਨ ਚਕਰ ..। ਕੰਵਰ ਹਰਪਾਲ ਨੂੰ ਬੜਾ ਪਿਆਰਾ ਲੱਗਾ। ਪੁੱਤਰਾਂ ਵਾਂਗ ਪਿਆਰਾ। ਪੁੱਤਰ ਦੀ ਚਾਹ ਤੇ ਅਜੀਤ ਤੇ ਜਸਜੀਤ ਦੀ ਮਿੱਤਰਤਾ, ਜਿਹੜੀ ਉਹਨੂੰ ਪਿਛਲੇ ਕਈ ਮਹੀਨਿਆਂ ਵਿਚ ਭੁਲੀ ਰਹੀ ਸੀ, ਅੱਜ ਫਿਰ ਸੁਰਜੀਤ ਹੋਈ, ਪਰ ਇਸ ਦੇ ਨਾਲ ਨਾਲ ਹਰਪਾਲ ਹੈਰਾਨ ਵੀ ਹੋਇਆ। ਕੰਵਰ ਬਦਲ ਚੁਕਾ ਸੀ। ਕੰਵਰ ਪਿਛਲੀ ਮੁਲਾਕਾਤ ਵਾਲਾ ਕੰਵਰ ਨਹੀਂ ਸੀ। ਇਹ ਬੇਸ਼ਕ ਦੇਖਣ ਵਿਚ ਓਹੋ ਜਿਹਾ ਹੀ ਮਾਸੂਮ ਤੇ ਬੇਲੋਸ ਹੋਵੇ, ਪਰ ਅੱਜ ਇਸ ਕੰਵਰ ਦੀ ਸੂਝ ਕਿੰਨੀ ਸੀ। ਇਹਦੀ ਦਿਮਾਗ਼ੀ ਉਧੇੜ-ਬੁਣ ਭਿੰਨ ਸੀ। ਇਹਦੇ ਵਿਸ਼ਵਾਸ ਤੇ ਇਹਦੇ ਇਰਾਦੇ ਭਿੰਨ ਸਨ। ਇਹ ਕੰਵਰ ਉਸ ਦਿਨ ਦੇ ਕੰਵਰ ਵਾਂਗ ਹਵਾ ਵਿਚ ਨਹੀਂ ਸੀ ਜੀ ਰਿਹਾ। ਇਸ ਕੰਵਰ ਦੇ ਪੈਰ ਜ਼ਮੀਨ ਉੱਤੇ ਸਨ ਤੇ ਇਹਨੂੰ ਆਪਣੇ ਆਲੇ ਦੁਆਲੇ ਦੀ ਸੂਝ ਆ ਗਈ ਲਗਦੀ ਸੀ।

ਇਸ ਵਾਤਾਵਰਨ ਵਿਚ ਹਰਪਾਲ ਦਾ ਜੀ ਕੀਤਾ ਕਿ ਉਹ ਧਿਆਨ ਸਿੰਘ ਦੀਆਂ ਬਦਕਾਰੀਆਂ ਤੇ ਰਾਜਾ ਨੂੰ ਤਬਾਹ ਕਰਨ ਦੀਆਂ ਉਹਦੀਆਂ ਚਾਲਾਂ ਬਾਰੇ ਕੁਝ ਨਾ ਕਹੇ। ਕੰਵਰ ਆਪੇ ਹੀ ਸਭ ਕੁਝ ਸਮਝਦਾ ਲਗਦਾ ਸੀ। ਅੰਦਰੋਂ ਬਾਹਰੋਂ ਹਰਪਾਲ ਰਾਜਨੀਤਕ ਮੁਆਮਲਿਆਂ ਤੋਂ ਅਲੱਗ ਰਹਿਣਾ ਚਾਹੁੰਦਾ ਸੀ। ਉਹਦੀਆਂ ਬਿਰਤੀਆਂ ਇਹੋ ਜਿਹੀਆਂ ਸਨ। ਉਹਦੇ ਆਚਰਣ ਦੀ ਬਣਤਰ ਵਿਚ ਇਨ੍ਹਾਂ ਸ਼ੈਆਂ ਦੀ ਕੋਈ ਥਾਂ ਨਹੀਂ ਸੀ। ਜੇ

Scanned by CamScanner

ਲਈ ਕਿ ਮਾਹਿਲ-ਘਰਾਣੇ ਦਾ ਸਰਦਾਰ ਹੁੰਦਿਆਂ ਉਹਦੇ ਉੱਤੇ ਕਈ ਜ਼ਿੰਮੇਵਾਰੀਆਂ ਲਾਗੂ ਹੁੰਦੀਆਂ ਸਨ। ਅੱਜ ਉਹਨੂੰ ਲਗਾ ਕਿ ਉਹ ਜ਼ਿੰਮੇਵਾਰੀਆਂ ਉਹਦੇ ਸਿਰ ਉੱਤੇ ਨਹੀਂ ਰਹੀਆਂ।

ਪਰ ਘਰੋਂ ਉਹ ਫ਼ੈਸਲਾ ਕਰ ਕੇ ਆਇਆ ਸੀ ਕਿ ਜੋ ਕੁਝ ਉਹ ਜਾਣਦਾ ਹੈ, ਕੰਵਰ ਨੂੰ ਦਸ ਦਏਗਾ ਤੇ ਇਹ ਵੀ ਕਿ ਉਹ ਕੰਵਰ ਨੂੰ ਧਿਆਨ ਸਿੰਘ ਦੇ ਬਰਖ਼ਿਲਾਫ਼ ਕੋਈ ਅਮਲੀ ਕਦਮ ਚੁਕਣ ਵਾਸਤੇ ਜ਼ੋਰ ਲਾਏਗਾ। ਉਹ ਅਜੇ ਇਹੋ ਜਿਹੀਆਂ ਸੋਚਾਂ ਵਿਚ ਸੀ ਕਿ ਕੰਵਰ ਬੋਲਿਆ : "ਹਾਂ, ਮਾਹਿਲ ਸਾਹਿਬ ਮੈਨੂੰ ਉਕਸਾਇਆ ਗਿਆ ਸੀ। ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਨੇ ਮੈਨੂੰ ਤੁਹਾਡੇ ਵਿਰੁਧ ਭੜਕਾਇਆ ਸੀ। ਫਿਰ ਤੁਸੀਂ ਮੈਨੂੰ ਮਿਲੇ। ਤੁਹਾਡੀ ਸੰਖੇਪ ਗੱਲ ਬਾਤ ਤੋਂ ਮੈਂ ਅਤਿਅੰਤ ਪ੍ਰਭਾਵਿਤ ਹੋਇਆ। ਸਚਾਈ ਤੇ ਨੇਕ ਨੀਤੀ ਲੂੰ ਲੂੰ ਵਿਚੋਂ ਫੂਟ ਫੂਟ ਪੈਂਦੀ ਹੈ। ਸਰਦਾਰ ਸਾਹਿਬ ! ਤੁਸੀਂ ਮੈਨੂੰ ਸਰਦਾਰ ਹਰੀ ਸਿੰਘ ਨਲੂਏ ਦਾ ਰੂਪ ਦਿਸਦੇ ਹੋ ਤੇ ਸਰਦਾਰ ਹਰੀ ਸਿੰਘ ਨਲੂਏ ਨੂੰ ਮੈਂ ਆਪਣੇ ਗੁਰੂ ਤੇ ਆਪਣੇ ਧਰਮ-ਪਿਤਾ ਦੇ ਸਮਾਨ ਜਾਣਿਆ ਹੈ। ਤੁਸੀਂ ਜਿਸ ਘਰਾਣੇ ਦੇ ਸਪੁੱਤਰ ਹੋ ਮੈਂ ਉਸ ਘਰਾਣੇ ਦੇ ਇਤਿਹਾਸ ਨੂੰ ਇਨ੍ਹਾਂ ਦਿਨਾਂ ਵਿਚ ਮੁੱਢੋਂ ਜਾਣਨ ਦੀ ਪੂਰੀ ਕੋਸ਼ਿਸ਼ ਕੀਤੀ ਹੈ.. ।"

ਹਰਪਾਲ ਸਿੰਘ ਕੰਵਰ ਵਲ ਵੇਖ ਰਿਹਾ ਸੀ ਤੇ ਇਕ ਪਿਛੋਂ ਦੂਜਾ ਭਾਵ ਉਹਦੇ ਅੰਦਰ ਉਤਪੰਨ ਹੋ ਰਿਹਾ ਸੀ। ਉਹ ਇਨ੍ਹਾਂ ਭਾਵਾਂ ਤੋ ਪ੍ਰਤਿਕਰਮਾਂ ਨੂੰ ਨਖੇੜ ਨਹੀਂ ਸੀ ਸਕਦਾ, ਪਰ ਇਹ ਸਾਰੇ ਭਾਵ ਤੇ ਪ੍ਰਤਿਕਰਮ ਕੰਵਰ ਦੀ ਪ੍ਰਸੰਸਾ ਵਿਚ ਸਨ। ਉਹ ਕੰਵਰ ਦੇ ਨੇੜੇ, ਹੋਰ ਨੇੜੇ ਆ ਰਿਹਾ ਸੀ। ਕੰਵਰ ਕਹਿੰਦਾ ਗਿਆ : "ਜਿਹੜੇ ਦੂਸ਼ਨ ਰਾਜਾ ਧਿਆਨ ਸਿੰਘ ਨੇ ਤੁਹਾਡੇ ਉੱਤੇ ਹੁਣ ਲਾਏ ਹਨ, ਮੈਨੂੰ ਉਨ੍ਹਾਂ ਉੱਤੇ ਕੋਈ ਵਿਸ਼ਵਾਸ ਨਹੀਂ। ਮੈਂ ਤੁਹਾਨੂੰ ਆਪਣੇ ਨਾਲ ਗੱਲਾਂ ਕਰਨ ਵਾਸਤੇ ਬੁਲਾਇਆ ਹੈ। ਦੱਸੋ ! ਮਹਾਰਾਜਾ ਸਾਹਿਬ ਦਾ ਕੀ ਹਾਲ ਹੈ ?"

"ਮੈਂ ਅਜੇ ਹਫ਼ਤਾ ਕੁ ਪਹਿਲਾਂ ਹੀ ਉਨ੍ਹਾਂ ਨੂੰ ਮਿਲਿਆ ਹਾਂ ਕੰਵਰ ਸਾਹਿਬ। ਤੁਸੀਂ ਉਨ੍ਹਾਂ ਕੋਲ ਜ਼ਰੂਰ ਜਾਓ। ਤੁਸੀਂ ਸ਼ਾਇਦ ਜਾਣਦੇ ਹੀ ਹੋ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ। ਉਹ.. !"

"ਹਾਂ, ਮੈਂ ਜਾਣਦਾ ਹਾਂ ਮਾਹਿਲ ਸਾਹਿਬ। ਹੁਣ ਮੈਨੂੰ ਲਾਹੌਰ ਤੇ ਪੰਜਾਬ ਵਿਚ ਹੁੰਦੀਆਂ ਸਭ ਘਟਨਾਵਾਂ ਦੀ ਸੋਅ ਰਹਿੰਦੀ ਹੈ। ਮੈਂ ਪਿਤਾ ਜੀ ਨੂੰ ਮਿਲਣ ਜ਼ਰੂਰ ਜਾਵਾਂਗਾ। ਪਰ ਅਜੇ ਮੌਕਾ ਨਹੀਂ ਆਇਆ। ਮੈਂ ਡੋਗਰੇ ਭਰਾਵਾਂ ਦੀ ਜੋੜਲੀ ਨੂੰ ਅਜੇ ਕੁਝ ਸਮਾਂ ਹੋਰ ਭੁਲੇਖੇ ਵਿਚ ਰਖਣਾ ਚਾਹੁੰਦਾ ਹਾਂ।"

ਹਰਪਾਲ ਨੇ ਸੋਚਿਆ ਕਿ ਉਹ ਵੀ ਜੋ ਕੁਝ ਧਿਆਨ ਸਿੰਘ ਬਾਰੇ ਜਾਣਦਾ ਹੈ, ਹੁਣੇ ਹੀ ਦਸ ਦੇਵੇ ਤੇ ਆਪਣੀ ਮਾਨਸਕ ਜ਼ਿੰਮੇਵਾਰੀ ਤੋਂ ਇਕ ਵਾਰ ਸੁਬਕਦੋਸ਼ ਹੋ ਜਾਵੇ। ਉਸ ਸੋਚਿਆ ਕਿ ਸ਼ਾਇਦ ਕੰਵਰ ਡੋਗਰੇ ਭਰਾਵਾਂ ਬਾਰੇ ਸਾਰੀਆਂ ਸਚਿਆਈਆਂ ਨਾ ਜਾਣਦਾ ਹੋਵੇ। ਸੋ ਉਸ ਕਿਹਾ : "ਪਰ ਜਿਉਂ ਜਿਉਂ ਦਿਨ ਬੀਤਦੇ ਜਾਂਦੇ ਹਨ, ਉਨ੍ਹਾਂ ਦੀ ਤਾਕਤ ਵਧਦੀ ਜਾਂਦੀ ਹੈ ਤੇ ਰਾਜ ਦੀ ਹਾਲਤ ਤਰਸ ਯੋਗ ਹੁੰਦੀ ਜਾਂਦੀ ਹੈ।"

"ਫਿਰ ਵੀ ਸਾਨੂੰ ਹੌਲੇ ਹੌਲੇ ਅੱਗੇ ਵਧਣਾ ਚਾਹੀਦਾ ਹੈ। ਤੁਸੀਂ ਜਾਣਦੇ ਹੋ ਕਿ ਸਰਦਾਰ ਅਜੀਤ ਸਿੰਘ ਸਿੰਧਾਵਾਲੀਏ ਤੇ ਜਰਨੈਲ ਵੈਨਤੂਰਾ ਦੇ ਬੱਲੇ ਮੈਂ ਜੰਮੂ ਦੇ ਇਰਦ ਗਿਰਦ ਫ਼ੌਜਾਂ ਇਕੱਠੀਆਂ ਕਰ ਦਿਤੀਆਂ ਹਨ। ਇਹ ਰਾਜਾ ਧਿਆਨ ਸਿੰਘ ਦੀ ਸੁਧਾਈ ਲਈ ਹਨ ਜਿਹੜਾ ਆਪਣੇ ਆਪ ਨੂੰ ਖ਼ੁਦਮੁਖਤਾਰ ਸਮਝ ਰਿਹਾ ਹੈ। ਏਥੇ ਵੀ ਮੈਂ ਸਾਵਧਾਨਤਾ ਨਾਲ ਅੱਗੇ ਵਧ ਰਿਹਾ ਹਾਂ ਤੇ ਇਕ ਦਿਨ ਇਕੋ ਵਕਤ ਮੈਂ ਦੋਵੇਂ ਕੰਮ ਨਜਿਠ ਲਵਾਂਗਾ...ਤੁਸੀਂ ਸ਼ਾਇਦ ਇਹ ਵੀ ਜਾਣਦੇ ਹੋਵੋ ਕਿ ਮੇਰੇ ਵਿਰੁਧ ਧਿਆਨ ਸਿੰਘ ਨੇ ਅੰਗਰੇਜ਼ੀ ਸਫ਼ੀਰ ਮਿਸਟਰ ਕਲਾਰਕ ਕੋਲ ਵੀ ਝੂਠੀਆਂ ਤੋਹਮਤਾਂ ਲਾਈਆਂ ਹਨ। ਉਨ੍ਹਾਂ ਨੂੰ ਮੈਂ ਮੂਲੋਂ ਹੀ ਰਫ਼ਾ ਦਫ਼ਾ ਕਰਨ ਵਿਚ ਸਫ਼ਲ ਹੋ ਗਿਆ ਹਾਂ।"

"ਮੈਂ ਆਪਣੀ ਇਹ ਜ਼ਿੰਮੇਵਾਰੀ ਸਮਝਦਾ ਹਾਂ ਕਿ ਜੋ ਕੁਝ ਇਨ੍ਹਾਂ ਭਰਾਵਾਂ ਬਾਰੇ ਮੈਂ ਜਾਣਦਾ ਹਾਂ, ਤੁਹਾਨੂੰ ਦੱਸਾਂ। ਕੰਵਰ ਸਾਹਿਬ, ਮਹਾਰਾਜਾ ਖੜਗ ਸਿੰਘ ਤੇ ਸਰਦਾਰ ਚੇਤ ਸਿੰਘ ਦੇ ਵਿਰੁਧ ਲਾਏ ਗਏ ਦੂਸ਼ਨ ਝੂਠੇ ਸਨ। ਜਿਹੜੀਆਂ ਚਿੱਠੀਆਂ ਤੁਹਾਨੂੰ ਵਿਖਾਈਆਂ ਗਈਆਂ ਸਨ ਉਹ ਵੀ ਝੂਠੀਆਂ ਹਨ ਤੇ...।"

"ਇਹ ਤੁਸੀਂ ਕਿਸ ਬਿਨਾ ਉੱਤੇ ਕਹਿ ਰਹੇ ਹੋ ?" ਪ੍ਰਤੱਖ ਸੀ ਕਿ ਕੰਵਰ ਨੇ ਇਹ ਖ਼ਬਰ ਪਹਿਲੀ ਵਾਰ ਸੁਣੀ ਹੈ। ਉਹਨੂੰ ਅਜੇ ਤਕ ਵਿਸ਼ਵਾਸ ਜਾਪਦਾ ਸੀ ਕਿ ਇਹ ਚਿੱਠੀਆਂ ਸੱਚੀਆਂ ਹਨ ਤੇ ਚੇਤ ਸਿੰਘ ਦਾ ਕਤਲ ਜਾਇਜ਼ ਹੈ।

"ਕਿਉਂਕਿ ਕੰਵਰ ਸਾਹਿਬ, ਜਿਸ ਆਦਮੀ ਨੇ ਉਹ ਚਿੱਠੀਆਂ ਲਿਖੀਆਂ ਹਨ, ਉਸ ਆਪ ਮੈਨੂੰ ਇਹ ਗੱਲ

Scanned by CamScanner

ਦੱਸੀਂ ਹੈ।"

"ਉਹ ਕਿਹੜਾ ਆਦਮੀ ਹੈ ?" "ਕਰਨਲ ਗਾਰਡਨਰ।"

ਕੰਵਰ ਚੁਪ ਹੋ ਗਿਆ। ਉਹਦੇ ਚਿਹਰੇ ਉੱਤੇ ਫ਼ਿਕਰ ਤੇ ਤਸ਼ਵੀਸ਼ ਦੇ ਚਿੰਨ੍ਹ ਉਤਪੰਨ ਹੋਏ। ਉਹ ਜਿਵੇਂ ਦੁਚਿਤਗੀ ਵਿਚ ਪੈ ਗਿਆ। ਹਰਪਾਲ ਨੇ ਉਹਦੇ ਮਨੋ-ਭਾਵ ਪੜ੍ਹਦੇ ਹੋਏ ਕਿਹਾ : "ਹਾਂ, ਇਹ ਸੱਚਾਈ ਹੈ ਕੰਵਰ ਸਾਹਿਬ। ਤੁਹਾਡੇ ਤੇ ਮਹਾਰਾਜਾ ਸਾਹਿਬ ਵਿਚਕਾਰ ਗ਼ਲਤ-ਫ਼ਹਿਮੀ ਪਾਈ ਗਈ ਹੈ।" ਹੌਲੀ ਹੌਲੀ ਕੰਵਰ ਨੇ ਕਿਹਾ। "ਜੇ ਇਹ ਸੱਚ ਹੈ ਸਰਦਾਰ ਸਾਹਿਬ, ਤਾਂ ਮੈਂ ਇਕ ਬੜੀ ਵੱਡੀ ਭੁੱਲ ਕੀਤੀ ਹੈ। ਮੈਨੂੰ ਕਹਿਣ ਵਿਚ ਆਰ ਨਹੀਂ ਕਿ ਚੰਦ ਮਹੀਨੇ ਪਹਿਲੇ ਤਕ ਮੈਂ ਰਾਜਾ ਧਿਆਨ ਸਿੰਘ ਉੱਤੇ ਸੰਪੂਰਨ ਇਤਬਾਰ ਕੀਤਾ ਹੈ। ਜਿਸ ਆਦਮੀ ਉੱਤੇ ਸ਼ੇਰੇ-ਪੰਜਾਬ ਨੇ ਐਨਾ ਇਤਬਾਰ ਕੀਤਾ ਹੋਵੇ, ਮੈਂ ਉਹਦੇ ਉੱਤੇ ਬੇਇਤਬਾਰੀ ਕਿਵੇਂ ਕਰ ਸਕਦਾ ਸਾਂ। ਮੈਂ ਇਕੱਲੇ ਨੇ ਨਹੀਂ, ਸੰਧਾਵਾਲੀਏ ਸਰਦਾਰਾਂ ਨੇ ਵੀ ਉਹ ਚਿੱਠੀਆਂ ਦੇਖੀਆਂ ਸਨ। ਜੇ ਮੈਂ ਭੁਲਦਾ ਨਹੀਂ ਤਾਂ ਓਦੋਂ ਮੈਨੂੰ ਇਹ ਵੀ ਦੱਸਿਆ ਗਿਆ ਸੀ ਕਿ ਤੁਸੀਂ ਵੀ ਇਹ ਚਿੱਠੀਆਂ ਵੇਖ ਚੁਕੇ ਹੋ ਤ ਚੇਤ ਸਿੰਘ ਦੇ ਕਤਲ ਦੇ ਹਾਮੀ ਹੋ। ਓਦੋਂ ਮੈਨੂੰ ਚਿੱਤ ਚੇਤਾ ਵੀ ਨਹੀਂ ਸੀ ਆ ਸਕਦਾ ਕਿ ਰਾਜਾ ਧਿਆਨ ਸਿੰਘ ਵਰਗਾ ਆਦਮੀ ਰਾਜ ਦਾ ਖ਼ੈਰ-ਖ਼ਾਹ ਨਹੀਂ। ਪਰ ਜਿਉਂ ਜਿਉਂ ਦਿਨ ਬੀਤਦੇ ਗਏ ਹਨ, ਮੈਂ ਉਹਦੇ ਕਰਮਾਂ ਨੂੰ ਘੋਖਦਾ ਆਇਆ ਹਾਂ ਤੇ ਮੈਂ ਮਹਿਸੂਸ ਕੀਤਾ ਹੈ ਕਿ ਉਹ ਰਾਜਾ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ ਵਿਚ ਖ਼ੁਦਮੁਖ਼ਤਾਰ ਕਰ ਕੇ ਲਾਹੌਰ ਦਾ ਰਾਜ ਆਪਣੇ ਪੁੱਤਰ ਨੂੰ ਦੇਣਾ ਚਾਹੁੰਦਾ ਹੈ।"

ਕੁਝ ਚਿਰ ਚੁਪ ਰਹਿ ਕੇ ਉਹ ਕਹਿੰਦਾ ਗਿਆ : "ਹੁਣ ਜਦੋਂ ਤੁਸੀ ਮੈਨੂੰ ਇਨ੍ਹਾਂ ਚਿੱਠੀਆਂ ਦੇ ਜਾਅਲੀ ਹੋਣ ਬਾਰੇ ਦੱਸਿਆ ਹੈ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਗੱਲ ਸੱਚ ਹੀ ਹੋਵੇਗੀ।" ਫਿਰ ਇਕ ਇਕ ਕੰਵਰ ਭਾਵਕ ਹੋ ਗਿਆ ਤੇ ਉਸ ਕਿਹਾ : "ਮਾਹਿਲ ਸਾਹਿਬ ! ਇਹ ਬੜਾ ਕੁਕਰਮ ਹੋਇਆ ਹੈ। ਮੈਂ ਆਪਣੇ ਆਪ ਨੂੰ ਕਦੀ ਮੁਆਫ਼ ਨਹੀਂ ਕਰ ਸਕਾਂਗਾ।"

"ਜੋ ਕੁਝ ਹੋਣਾ ਸੀ ਸੋ ਹੋ ਗਿਆ ਕੰਵਰ ਸਾਹਿਬ ! ਹੁਣ ਸਾਨੂੰ ਵੇਖਣਾ ਚਾਹੀਦਾ ਹੈ ਕਿ ਅਜ਼ੋਂ ਤੋਂ ਕੋਈ ਇਹੋ ਜਿਹਾ ਕੁਕਰਮ ਨਹੀਂ ਹੁੰਦਾ।"

"ਹਾਂ, ਸਰਦਾਰ ਹਰਪਾਲ ਸਿੰਘ ! ਮੈਂ ਖ਼ੁਸ਼ ਹਾਂ ਕਿ ਤੁਸੀਂ ਮੇਰੇ ਨਾਲ ਹੋ। ਮੈਂ ਜਲਦੀ ਹੀ ਕੁਝ ਨਾ ਕੁਝ ਕਰਾਂਗਾ ਤੇ ਤੁਹਾਨੂੰ ਖ਼ਬਰ ਪਹੁੰਚਾਵਾਂਗਾ।"

ਹਰਪਾਲ ਨੂੰ ਲਗਾ ਕਿ ਬੇਸ਼ਕ ਕੰਵਰ ਧਿਆਨ ਸਿੰਘ ਬਾਰੇ ਸੱਚ ਜਾਣ ਗਿਆ ਹੈ ਤੇ ਉਹਨੂੰ ਰਾਜ ਤੋਂ ਅਲਗ ਕਰਨਾ ਚਾਹੁੰਦਾ ਹੈ, ਪਰ ਉਹ ਅਜੇ ਤਕ ਵੀ ਜਾਂ ਤਾਂ ਉਹਦੀ ਇੱਜ਼ਤ ਕਰਦਾ ਹੈ ਤੇ ਜਾਂ ਉਹਦੇ ਕੋਲ਼ ਡਰਦਾ ਹੈ। ਕੰਵਰ ਦੇ ਮੂੰਹ ਉੱਤੇ ਸੰਦੇਹ ਦੇ ਚਿੰਨ੍ਹ ਹਨ। ਉਹ ਦੁਚਿੱਤਗੀ ਵਿਚ ਹੈ ! ਉਹ ਧਿਆਨ ਸਿੰਘ ਦੇ ਵਿਰੁਧ ਕਾਰਵਾਈ ਕਰਨਾ ਵੀ ਚਾਹੁੰਦਾ ਹੈ ਤੇ ਨਹੀਂ ਵੀ। ਸ਼ਾਇਦ ਉਹਨੂੰ ਇਸ ਕਾਰਵਾਈ ਤੋਂ ਨਿਕਲਦੇ ਨਤੀਜਿਆਂ ਉੱਤੇ ਯਕੀਨ ਨਹੀਂ। ਹਰਪਾਲ ਨੇ ਆਪਣੀ ਜ਼ਿੰਮੇਵਾਰੀ ਮਹਿਸੂਸ ਕੀਤੀ ਕਿ ਉਹ ਕੰਵਰ ਦਾ ਯਕੀਨ ਬੰਨ੍ਹਾਵੇ।

"ਕੰਵਰ ਸਾਹਿਬ ! ਐਨੀ ਉਡੀਕ ਨਾ ਕਰਨੀ ਕਿ ਅਸੀਂ ਕੁਝ ਵੀ ਨਾ ਪਾਈਏ। ਮੇਰੀ ਬੇਨਤੀ ਹੈ ਕਿ ਤੁਸੀਂ ਸ਼ਾਮ ਸਿੰਘ ਅਟਾਰੀ ਵਾਲੇ ਨਾਲ ਵੀ ਸਲਾਹ ਕਰੋ ਤੇ ਜਲਦੀ ਤੋਂ ਜਲਦੀ ਰਾਜ ਨੂੰ ਬਚਾਉਣ ਲਈ ਉੱਦਮ ਕਰੋ।"

"ਹਾਂ, ਹਰਪਾਲ ਸਿੰਘ ਜੀ ! ਏਸੇ ਤਰ੍ਹਾਂ ਹੀ ਕਰਾਂਗੇ।" ਕੰਵਰ ਨੇ ਪ੍ਰਗਟ ਹੌਸਲੇ ਨਾਲ ਕਿਹਾ।

"ਮੈਨੂੰ ਆਗਿਆ ਹੈ ?"

ਕੰਵਰ ਫਿਰ ਦੁਚਿੱਤਗੀ ਵਿਚ। ਉਹ ਉਹਨੂੰ ਜਾਣ ਦੀ ਆਗਿਆ ਨਹੀਂ ਸੀ ਦੇਣਾ ਚਾਹੁੰਦਾ, ਪਰ ਫਿਰ ਰੋਕਦਾ ਵੀ ਕਿਵੇਂ ? ਉਹ ਦਿਲੋਂ ਚਾਹੁੰਦਾ ਸੀ ਕਿ ਹਰਪਾਲ ਵਰਗਾ ਮਜ਼ਬੂਤ ਆਦਮੀ ਉਹਦੇ ਕੋਲ ਰਹੇ। ਹਰਪਾਲ ਦੀ ਨੇੜਤਾ ਵਿਚੋਂ ਉਹਨੂੰ ਆਸਰਾ ਮਿਲਦਾ, ਹੌਸਲਾ ਤੇ ਹਿੰਮਤ ਮਿਲਦੀ ਸੀ। ਜਦੋਂ ਉਸ ਕੁਝ ਉੱਤਰ ਨਾ ਦਿਤਾ ਤਾਂ ਹਰਪਾਲ ਨੇ ਆਪਣੀ ਜੇਬ ਵਿਚੋਂ ਇਕ ਕਾਗ਼ਜ਼ ਉਹਦੇ ਅਗੇ ਪੇਸ਼ ਕਰਦਿਆਂ ਆਖਿਆ :

"ਇਹ ਮੇਰਾ ਅਸਤੀਫ਼ ਹੈ ਕੰਵਰ ਸਾਹਿਬ ! ਇਹ ਮੇਰੇ ਉੱਤੇ ਲਾਏ ਦੂਸ਼ਨਾਂ ਦਾ ਜੁਆਬ ਹੈ, ਪਰ ਇਹਦਾ ਇਹ ਮਤਲਬ ਨਹੀਂ ਕਿ ਮੈਂ ਰਾਜ ਤੇ ਪੰਥ ਦੇ ਨਾਲ ਨਹੀਂ। ਤੁਹਾਨੂੰ ਜਦੋਂ ਵੀ ਮੇਰੀ ਲੋੜ ਪਈ ਮੈਂ ਹਾਜ਼ਰ ਹੋਵਾਂਗਾ।"

Scanned by CamScanner

ਕੰਵਰ ਨੇ ਅਸਤੀਫ਼ਾ ਫੜ ਲਿਆ, ਪਰ...ਫਿਰ ਦੁਚਿੱਤਗੀ। ਉਹ ਫ਼ੈਸਲਾ ਨਾ ਕਰ ਸਕੇ ਕਿ ਉਹ ਇਹ ਅਸਤੀਫ਼ਾ ਸਵੀਕਾਰ ਕਰੇ ਜਾਂ ਰੱਦ। ਬਾਹਰ ਰਾਜਾ ਧਿਆਨ ਸਿੰਘ ਨਾਇਬ-ਉਲ-ਸਲਤਨੱਤ ਤੇ ਵਜ਼ੀਰੇ-ਆਜ਼ਮ ਖੜਾ ਸੀ ਜਿਸ ਨੇ ਕਿ ਹਰਪਾਲ ਵਿਰੁਧ ਦੂਸ਼ਨ ਲਾਏ ਸਨ। ਅੰਦਰ ਕੰਵਰ ਡੋਗਰੇ ਭਰਾਵਾਂ ਵਿਰੁਧ ਮਨਸੂਬੇ ਸੋਚ ਰਿਹਾ ਸੀ, ਪਰ ਹੁਣੇ ਹਰਪਾਲ ਸਿੰਘ ਨੇ ਚਲਿਆ ਜਾਣਾ ਸੀ ਤੇ ਧਿਆਨ ਸਿੰਘ ਨੇ ਅੰਦਰ ਆ ਜਾਣਾ ਸੀ। ਕੰਵਰ ਨੂੰ ਜੱਕੋ ਤੱਕੀ ਵਿਚ ਦੇਖ ਕੇ ਹਰਪਾਲ ਨੇ ਕਿਹਾ : "ਕੰਵਰ ਸਾਹਿਬ ! ਇਹ ਸਮਾਂ ਦੁਚਿੱਤਾ ਤੋਂ ਕੰਮ ਲੈਣ ਦਾ ਹੈ। ਤੁਸੀਂ ਮਹਾਰਾਜਾ ਸਾਹਿਬ ਨੂੰ ਮਿਲੋ। ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਬੁਲਾਓ। ਮੈਂ ਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਨਾਲ ਹਾਂ। ਖ਼ਾਲਸਾ ਰਾਜ ਅਜੇ ਵੀ ਬਚ ਸਕਦਾ ਹੈ। ਅਜੇ ਵੀ ਪੰਜਾਬ ਸੁਰੱਖਿਅਤ ਰਹਿ ਸਕਦਾ ਹੈ। ਅਜੇ ਵੀ ਦੁਨੀਆਂ ਦੀ ਕੋਈ ਤਾਕਤ ਸਾਨੂੰ ਸਾਡੇ ਪੈਰਾਂ ਤੋਂ ਉਖਾੜ ਨਹੀਂ ਸਕਦੀ। ਅਸੀਂ ਬੜੇ ਤਾਕਤਵਰ ਹਾਂ। ਮੈਂ ਸਰਦਾਰ ਹਰੀ ਸਿੰਘ ਨਲੂਏ...।"

ਕੰਵਰ ਨੇ ਹਰਪਾਲ ਵਲ ਟਿਕਟਿਕੀ ਲਾ ਕੇ ਵੇਖਿਆ। ਹਰਪਾਲ ਕਹਿੰਦਾ ਗਿਆ : "ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਖਿੰਡਾਰੂ ਤਾਕਤਾਂ ਜ਼ੋਰ ਫੜ ਰਹੀਆਂ ਹਨ। ਪ੍ਰਬੰਧਕ ਢਾਂਚਾ ਡਾਵਾਂ-ਡੋਲ ਹੋ ਰਿਹਾ ਹੈ। ਸਮਾਜਕ ਢਾਂਚੇ ਵਿਚ ਵੀ ਤਰੇੜਾਂ ਰੁਪਮਾਨ ਹੋ ਰਹੀਆਂ ਹਨ। ਇਹ ਦੁਚਿੱਤਗੀਆਂ ਵਿਚ ਪੈਣ ਦਾ ਸਮਾਂ ਨਹੀਂ।"

ਕੰਵਰ ਨੇ ਇਉਂ ਹਰਪਾਲ ਵਲ ਦੇਖਿਆ ਕਿ ਹਰਪਾਲ ਦਾ ਦਿਲ ਕੰਵਰ ਦੇ ਪਿਆਰ ਵਿਚ ਉੱਛਲ ਉਠਿਆ। ਉਸ ਮਹਿਸੂਸ ਕੀਤਾ ਕਿ ਕੰਵਰ ਸੱਚ ਮੁੱਚ ਹੀ ਉਹਦੇ ਵਿਚ ਹਰੀ ਸਿੰਘ ਨਲੂਏ ਦਾ ਰੂਪ ਦੇਖਦਾ ਹੈ। ਉਹਦੇ ਬਚਨਾਂ ਦਾ ਕੰਵਰ ਉੱਤੇ ਅਸਰ ਪ੍ਰਤੱਖ ਸੀ। ਪਲੋ ਪਲੀ ਕੰਵਰ ਦਾ ਸਰੀਰ ਤਣ ਗਿਆ, ਉਹਦਾ ਚਿਹਰਾ ਦ੍ਰਿੜ੍ਹ ਹੋ ਗਿਆ ਤੇ ਉਸ ਕਿਹਾ : "ਤੁਸੀਂ ਠੀਕ ਆਖ ਰਹੇ ਹੋ ਸਰਦਾਰ ਹਰਪਾਲ ਸਿੰਘ ਜੀ ! ਮੈਂ ਜਲਦੀ ਹੀ ਤੁਹਾਨੂੰ ਸੁਨੇਹਾ ਘੱਲਾਂਗਾ।"

੧੧੪

ਹਰਪਾਲ ਜਦੋਂ ਬਾਹਰ ਡਿਉਢੀ ਵਿਚ ਆਇਆ ਤਾਂ ਰਾਜਾ ਧਿਆਨ ਸਿੰਘ ਤੇ ਰਾਜਾ ਹੀਰਾ ਸਿੰਘ ਤੋਂ ਇਲਾਵਾ ਜਮਾਂਦਾਰ ਖ਼ੁਸ਼ਹਾਲ ਸਿੰਘ, ਫ਼ਕੀਰ ਅਜ਼ੀਜ਼-ਉ-ਦੀਨ, ਅਤਰ ਸਿੰਘ ਸਿੰਧਾਵਾਲੀਆ, ਭਾਈ ਰਾਮ ਸਿੰਘ, ਭਾਈ ਗੋਬਿੰਦ ਰਾਮ, ਦੀਵਾਨ ਦੀਨਾ ਨਾਥ ਤੇ ਮਿਸਰ ਰਾਮ ਕਿਸ਼ਨ ਉਥੇ ਖਲੋਤੇ ਸੁਨੇ। ਸਾਰੇ ਦੇ ਸਾਰੇ ਜਿਵੇਂ ਹਰਪਾਲ ਨੂੰ ਉਡੀਕ ਰਹੇ ਹੋਣ। ਧਿਆਨ ਸਿੰਘ ਨੂੰ ਵਿਸ਼ਵਾਸ ਸੀ ਕਿ ਹਰਪਾਲ ਨਾਲ ਗੱਲ ਬਾਤ ਦੇ ਦੌਰਾਨ ਵਿਚ ਕੰਵਰ ਅਵੱਸ਼ ਉਹਨੂੰ ਅੰਦਰ ਬੁਲਾਏਗਾ। ਆਖ਼ਰ ਨਾਇਬ-ਉਲ-ਸਲਤਨੱਤ ਤੇ ਵਜ਼ੀਰੇ-ਆਜ਼ਮ ਨੂੰ ਇਹੋ ਜਿਹੇ ਗੌਰਵ ਮੁਆਮਲੇ ਵਿਚ ਕਿਵੇਂ ਵਖ ਕੀਤਾ ਜਾ ਸਕਦਾ ਸੀ ?

ਪਰ ਸਮਾਂ ਬੀਤਦਾ ਗਿਆ ਤੇ ਕੰਵਰ ਨੇ ਉਹਨੂੰ ਅੰਦਰ ਨਹੀਂ ਬੁਲਾਇਆ। ਉਹ ਦਿਲ ਵਿਚ ਚਿੜ੍ਹਦਾ ਗਿਆ। ਉਹਦਾ ਸਾਵਾਂ ਤੌਲ ਗੁਆਚਦਾ ਗਿਆ। ਉਸ ਵਜ਼ੀਰਾਂ ਤੇ ਸਰਦਾਰਾਂ ਨਾਲ ਗੱਲਾਂ ਕਰਨੀਆਂ ਬੰਦ ਕਰ ਦਿਤੀਆਂ। ਉਹਦੇ ਪੁੱਤਰ ਨੌ, ਜਿਹੜਾ ਉਹਦੇ ਮਨ ਦੀ ਹਾਲਤ ਸਮਝਦਾ ਸੀ, ਉਹਦੇ ਕੋਲ ਜਾ ਕੇ ਉਹਨੂੰ ਧੀਰਜ ਦੇਣੀ ਚਾਹੀ। ਉਹਨੂੰ ਲਗਾ ਕਿ ਇਹ ਉਹਦੀ ਚੜ੍ਹਤਲ ਤੇ ਉਹਦੇ ਪ੍ਰਤਾਪ ਉੱਤੇ ਭਾਰੀ ਸੱਟ ਹੈ। ਉਹਨੂੰ ਜਾਪਦਾ ਸੀ ਕਿ ਉਥੇ ਜੁੜੇ ਸਰਦਾਰ ਇਹ ਜਾਣਦੇ

Scanned by CamScanner

ਹਨ ਕਿ ਆਪ ਕੰਵਰ ਨੌਨਿਹਾਲ ਸਿੰਘ ਨੇ ਹੀ ਉਹਨੂੰ ਡਿਉਢੀ ਵਿਚ ਉਡੀਕਣ ਦੀ ਆਗਿਆ ਦਿਤੀ ਹੈ। ਉਹ ਮਹਿਸੂਸ ਕਰ ਰਿਹਾ ਸੀ ਕਿ ਕੰਵਰ ਦਾ ਇਹ ਵਰਤਾਉ ਨਾ-ਮੁਮਕਿਨ ਹੈ। ਚੋਰਾ ਸਿੰਘ ਨੇ ਉਹਨੂੰ ਇਕ ਪਾਸੇ ਲੈ ਜਾ ਕੇ ਕਿਹਾ :

"ਪਿਤਾ ਜੀ ! ਧੀਰਜ ਤੋਂ ਕੰਮ ਲਓ। ਸਭ ਕੁਝ ਸਾਡੇ ਇਰਾਦਿਆਂ ਅਨੁਸਾਰ ਹੋਵੇਗਾ।"

ਗੁੱਸੇ ਵਿਚ ਧਿਆਨ ਸਿੰਘ ਨੇ ਆਖਿਆ :

"ਹੀਰਾ ਸਿੰਘ ! ਸਾਨੂੰ ਜਲਦੀ ਹੀ ਕੰਵਰ ਨੌਨਿਹਾਲ ਨਾਲ ਵੀ ਸਿਝਣਾ ਪਏਗਾ। ਮੈਨੂੰ ਵਿਸ਼ਵਾਸ ਹੋ ਗਿਆ ਹੈ ਕਿ ਕੰਵਰ ਹੁਣ ਸਾਡੇ ਵਿਰੁਧ ਹੈ। ਜੇ ਅਸੀਂ ਪਹਿਲ ਨਾ ਕੀਤੀ ਤਾਂ ਉਹ ਪਹਿਲ ਕਰੇਗਾ।"

ਇਹ ਕਹਿ ਕੇ ਧਿਆਨ ਸਿੰਘ ਨੇ ਆਲੇ ਦੁਆਲੇ ਵੇਖਿਆ। ਉਹ ਡਰਿਆ ਕਿ ਮਤਾਂ ਕਿਸੇ ਨੇ ਇਹ ਗੱਲ ਸੁਣ ਨਾ ਲਈ ਹੋਵੇ। ਐਨੇ ਵਿਚ ਹਰਪਾਲ ਬਾਹਰ ਆਇਆ। ਉਹ ਸ਼ੁੱਧ-ਵਿਸ਼ਵਾਸਕ ਪ੍ਰਭਾਵ, ਉਹ ਲੰਮੇ ਲੰਮੇ ਡਗ ਭਰਦੀ ਤੋਰ ਰਛਤਾਰ, ਉਹ ਰਿਸ਼ਟ ਪੁਸ਼ਟ ਸਰੀਰ, ਉਹ ਬਹਾਦਰਾਨਾ ਤੇ ਨਿਡਰ ਛਬੀ। ਜਿਹੜੀਆਂ ਸ਼ੈਆਂ ਨੇ ਹਰਪਾਲ ਨੂੰ ਪੰਜਾਬ ਵਿਚ ਇਕ ਨਿਰਾਲਾ ਆਦਮੀ ਬਣਾਇਆ ਸੀ ਅਜ ਵੀ ਉਹਦੇ ਦੁਆਲੇ ਸੰਨ। ਆਪਣੇ ਚਿਹਨ ਚੱਕਰਾਂ ਨਾਲ ਤੇ ਆਪਣੀ ਮਨੋਤ ਮਨਾਉਂਦੀ ਬਖ਼ਸ਼ੀਅਤ ਨਾਲ ਹਰਪਾਲ ਬਾਕੀ ਸਰਦਾਰਾਂ ਤੇ ਵਜ਼ੀਰਾਂ ਨਾਲੋਂ ਮੀਲਾਂ ਉੱਪਰ ਸੀ। ਅਚੇਤ ਲੋਕ ਉਹਦੇ ਸਾਹਮਣੇ ਉਹਦੀ ਇੱਜ਼ਤ ਕਰਦੇ। ਆਪ-ਮੁਹਾਰੇ ਲੋਕਾਂ ਦਾ ਉਹਦੇ ਸਾਹਮਣੇ ਝੁਕਣ ਨੂੰ ਜੀ ਕਰਦਾ !

ਹਰਪਾਲ ਬਾਹਰ ਨਿਕਲਿਆ ਤਾਂ ਸਭਨਾਂ ਸਰਦਾਰਾਂ ਨੇ ਉਹਨੂੰ ਫ਼ਤਹਿ ਗਜਾਈ। ਮੁਸਕਰਾ ਕੇ ਉਸ ਸਭਨਾਂ ਨੂੰ ਉੱਤਰ ਦਿਤਾ, ਪਰ ਕਿਸੇ ਨਾਲ ਗੱਲ ਨਹੀਂ ਕੀਤੀ। ਉਹ ਆਪਣੇ ਰਉਂ ਅਨੁਸਾਰ ਟੁਰਦਾ ਗਿਆ ਤੇ ਸਭ ਵਜ਼ੀਰਾਂ ਤੇ ਸਰਦਾਰਾਂ ਦੀਆਂ ਨਜ਼ਰਾਂ ਉਹਦੇ ਪਿਛੇ ਪਿਛੇ ਉਠਦੀਆਂ ਗਈਆਂ। ਧਿਆਨ ਸਿੰਘ ਅੰਦਰੋ ਅੰਦਰੀ ਸੜ ਗਿਆ। "ਨਹੀਂ", ਉਸ ਆਪਣੇ ਆਪ ਨੂੰ ਆਖਿਆ, "ਮੈਂ ਇਸ ਆਦਮੀ ਨੂੰ ਕਦੀ ਮੁਆਫ਼ ਨਹੀਂ ਕਰ ਸਕਦਾ। ਜਿਸ ਰਾਜ ਤੇ ਸੰਗਠਨ ਦਾ ਇਹ ਚਿੰਨ੍ਹ ਹੈ ਉਹ ਰਾਜ ਤੇ ਉਹ ਸੰਗਠਨ ਅਸਹਿ ਹੈ।"

ਹਰਪਾਲ ਘਰ ਆਇਆ। ਹਰਪਾਲ ਘਰ ਆਇਆ ਕਿ ਮਾਹਿਲਾਂ ਦੀ ਹਵੇਲੀ ਵਿਚ ਭਰ ਸਰਦੀਆਂ ਦੇ ਦਿਨਾਂ ਅੰਦਰ ਬਹਾਰ ਆ ਗਈ। ਮਾਹਿਲਾਂ ਦੀ ਹਵੇਲੀ ਮੁੜ ਕੇ ਜਾਨਦਾਰ ਹੋ ਗਈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੇ ਖ਼ਾਸ ਕਰ ਕੇ ਹਰਪਾਲ ਦੀ ਮਹਾਰਾਜਾ ਖੜਗ ਸਿੰਘ ਨਾਲ ਪਹਿਲੀ ਮੁਲਾਕਾਤ ਤੋਂ ਪਿਛੋਂ ਪਹਿਲੀ ਵਾਰ ਹਵੇਲੀ ਅਜ ਭਰੀ ਭਰੀ ਜਾਪੀ। ਲੱਕਤ ਦਾ ਵੱਡਾ ਦਰਵਾਜ਼ਾ ਸਵੱਛ ਲਗਾ। ਮਿੱਟੀ ਦੀਆਂ ਕੰਧਾਂ ਉੱਤੇ ਨਵਾਂ ਨਵਾਂ ਪੋਚਾ ਪਿਆ ਲਗਾ। ਅਸਤਬਲ ਵਿਚ ਘੋੜੇ ਅਜੀਬ ਸੁਰ ਵਿਚ ਹਿਣਕੇ। ਗਊਆਂ ਮੱਝਾਂ ਨੇ ਅਜੀਬ ਤੱਕਣੀਆਂ ਨਾਲ ਆਲੇ ਦੁਆਲੇ ਤੱਕਿਆ। ਜਾਪਦਾ ਸੀ ਕਿ ਜਿਵੇਂ ਇਸ ਹਵੇਲੀ ਦੀ ਆਤਮਾ ਤੇ ਹੁਲੀਆ ਪਲੋ ਪਲੀ ਬਦਲ ਗਿਆ ਹੈ ਤੇ ਏਸੇ ਤਰ੍ਹਾਂ ਸਾਰੇ ਲਾਹੌਰ ਤੇ ਸਾਰੇ ਪੰਜਾਬ ਦੀ ਆਤਮਾ ਤੇ ਹੁਲੀਆ ਵੀ ਪਲੋ ਪਲੀ ਬਦਲ ਰਿਹਾ ਹੈ।

ਲਗ ਭਗ ਇਕ ਸਾਲ ਦੇ ਲੰਮੇ ਸਮੇਂ ਪਿਛੋਂ ਅਜ ਹਰਪਾਲ ਪਹਿਲੀ ਵਾਰ ਮੁਸਕਰਾਇਆ ਸੀ, ਇਕ ਵਿਸ਼ਵਾਸ-ਪੂਰਵਕ, ਦ੍ਰਿੜ੍ਹ ਤੇ ਪ੍ਰਸੰਸਾ ਭਰੀ ਮੁਸਕਰਾਹਟ। ਅੱਜ ਉਹਦੀ ਆਤਮਾ ਉੱਤੇ ਕੋਈ ਤਣਾਉ ਨਹੀਂ ਸੀ। ਅੱਜ ਉਹਦੀ ਰੂਹ ਨਿਰਮਲ ਸੀ। ਗੁਰਮੀਤ ਨੇ ਭਰਾ ਨੂੰ ਵੇਖਦਿਆਂ ਹੀ ਕਿਹਾ :

"ਹਰਪਾਲ..." ਤੇ ਉਹ ਅੱਗੇ ਕੁਝ ਨਾ ਕਹਿ ਸਕੀ। ਪਰ ਉਹਦੇ ਮੂੰਹ ਉੱਤੇ ਉੱਕਰੇ ਗਏ ਹੈਰਾਨੀ ਦੇ ਚਿੰਨ੍ਹ ਨੂੰ ਹਰਪਾਲ ਨੇ ਪਛਾਣਦਿਆਂ ਹੋਇਆਂ ਕਿਹਾ :

"ਮੀਤੀ ! ਅੱਜ ਮੇਰੀ ਆਤਮਾ ਉੱਤੇ ਇਕ ਭਾਰ ਲਹਿ ਗਿਆ ਹੈ।"

"ਮੈਂ ਵੇਖ ਰਹੀ ਹਾਂ ਮੇਰੇ ਪਾਲੀ, ਅੱਜ ਤੂੰ ਪਹਿਲ ਜਿਹਾ ਹਰਪਾਲ ਹੈਂ। ਅੱਜ ਮੈਨੂੰ ਲਗਦਾ ਹੈ ਕਿ ਸ਼ੇਰੇ-ਪੰਜਾਬ ਮੁੜ ਕੇ ਜੀ ਪਿਆ ਹੈ ਕਿ ਸਾਡੇ ਪਿਆਰੇ ਦੇਸ਼ ਉੱਤੇ ਆਉਂਦਾ ਸੰਕਟ ਟਲ ਗਿਆ ਹੈ। ਤਕ ਨਾ ਸਾਰੀ ਹਵੇਲੀ ਕਿਵੇਂ ਜਗਮਗਾ ਉੱਠੀ ਹੈ।"

ਗੁਰਮੀਤ ਦੇ ਮੂੰਹ ਉੱਤੇ ਵੀ ਅੱਜ ਵਰ੍ਹਿਆਂ ਪਿਛੋਂ ਪਹਿਲੇ ਜਿਹੀ ਤਾਜ਼ਗੀ ਆਈ। ਵਰ੍ਹੇ ਨਹੀਂ, ਪਰ ਫ਼ਿਕਰ ਤੇ ਆਪਣੇ ਵੀਰ ਦੀ ਖ਼ੁਸ਼ੀ ਦੇ ਝੋਰੇ ਗੁਰਮੀਤ ਨੂੰ ਸਿਥਲ ਤੇ ਬੁੱਢਾ ਕਰ ਰਹੇ ਸਨ। ਅਜੇ ਤਕ ਵੀ ਸਰੀਰ ਉਹਦਾ ਗੋਭਲਾ ਗੋਭਲਾ ਸੀ ਤੇ ਰੰਗ ਚਿੱਟਾ, ਪਰ ਰੰਗ ਵਿਚ ਲਾਲੀ ਤੇ ਸਰੀਰ ਵਿਚ ਸਜੋਰਾਪਨ ਨਹੀਂ ਸੀ ਰਿਹਾ। ਉਮਰ ਵੀ ਪੰਜਤਾਲੀਆਂ

Scanned by CamScanner

ਦੀ ਹੱ ਚੁਕੀ ਸੀ, ਪਰ ਮਾਹਿਲ ਘਰਾਣੇ ਦੀਆਂ ਤੀਵੀਆਂ ਤੇ ਮਰਦ ਉਮਰ ਨਾਲ ਕਦੀ ਬੁੱਢੇ ਨਹੀਂ ਸਨ ਹੁੰਦੇ। ਇਸ ਘਰਾਣੇ ਦੇ ਜੀਆਂ ਵਿਚ ਸਠ ਸੱਤਰ ਸਾਲ ਦੀ ਆਯੂ ਲੰਮੇਰੀ ਆਯੂ ਨਹੀਂ ਸੀ। ਹਾਂ, ਦੇਸ਼ ਤੇ ਕੌਮ ਵਾਸਤੇ ਸ਼ਹੀਦ ਹੋਣਾ ਨਾ ਪਵੇ, ਇਸ ਘਰਾਣੇ ਦੇ ਜੀਅ ਕਦੀ ਬੀਮਾਰ ਪੈ ਕੇ ਮੰਜੀਆਂ ਨਹੀਂ ਸਨ ਮੱਲਦੇ। ਸਿਖ ਧਰਮ ਵਿਚ ਅਡੋਲ ਸਿਦਕ ਤੇ ਆਦਰਸ਼ਾਂ ਦੀ ਲਗਨ ਨੇ ਇਸ ਘਰ ਦੇ ਜੀਆਂ ਨੂੰ ਸਦਾ ਨੌ-ਬਰ-ਨੌ ਰਖਿਆ ਸੀ। ਗੁਰਮੀਤ, ਜਿਹੜੀ ਵਿਆਹੇ ਜਾਣ ਪਿਛੋਂ ਵੀ, ਮਾਹਿਲ ਘਰਾਣੇ ਨਾਲ ਵਧੇਰੇ ਸੰਬੰਧਤ ਰਹੀ, ਕੋਈ ਵਖ ਨਹੀਂ ਸੀ।

ਹਰਪਾਲ ਨੇ ਭੈਣ ਨੂੰ ਕੰਵਰ ਨਾਲ ਹੋਈ ਗੱਲ ਬਾਤ ਦਾ ਸਾਰ ਦਸਿਆ : "ਮੀਤੀ ! ਤੂੰ ਜਾਣਦੀ ਹੈਂ ਮੈਂ ਰਾਜਨੀਤੀ ਵਿਚ ਪੈਣਾ ਨਹੀਂ ਸੀ ਚਾਹੁੰਦਾ। ਜੇ ਮੈਨੂੰ ਹਾਲਾਤ ਤੇ ਮਾਹਿਲ ਘਰਾਣੇ ਦਾ ਇਤਿਹਾਸ ਮਜਬੂਰ ਨਾ ਕਰਨ ਤਾਂ ਮੈਂ ਲਾਹੌਰ ਜ਼ਰੂਰ ਛਡ ਜਾਵਾਂ, ਪਰ ਅਜ ਮੈਂ ਖ਼ੁਸ਼ ਹਾਂ ਕਿ ਕੰਵਰ ਜੀ ਆਪਣੇ ਆਪ ਹੀ ਕੋਈ ਸਥੀਲ ਸੋਚਣ ਲੱਗੇ ਹਨ। ਹੁਣ ਸ਼ਾਇਦ ਇਹ ਰਾਜ, ਜਿਸ ਵਾਸਤੇ ਸਾਡੇ ਟੱਬਰ ਨੇ ਐਨੀਆਂ ਕੁਰਬਾਨੀਆਂ ਕੀਤੀਆਂ ਹਨ, ਤਬਾਹ ਹੋਣ ਤੋਂ ਬਚ ਜਾਏ।"

ਕੁਝ ਚਿਰ ਠਹਿਰ ਕੇ ਉਹ ਕਹਿੰਦਾ ਗਿਆ : "ਸ਼ਾਇਦ ਹੁਣ ਉਹ ਸਮਾਂ ਆਵੇ ਕਿ ਮੈਂ ਆਪਣੇ ਇਰਾਦਿਆਂ ਵਿਚ ਸਫ਼ਲ ਹੋ ਸਕਾਂ। ਜਾਣਦੀ ਹੈਂ ਮੀਤੀ ਕਿ ਮੈਨੂੰ ਜਮਰੋਦ ਦੇ ਕਿਲ੍ਹੇ ਦੀ ਉਹ ਟੇਕਰੀ ਨਹੀਂ ਭੁਲਦੀ। ਮੈਂ...ਇਸ ਰਾਜ..." ਹਰਪਾਲ ਚੁਪ ਕਰ ਗਿਆ। ਜਿਵੇਂ ਉਹਦੀ ਆਦਤ ਸੀ। ਗੁਰਮੀਤ ਉਹਦੇ ਮਨੋ ਭਾਵ ਸਮਝ ਗਈ। ਜਿਵੇਂ ਉਹ ਸਦਾ ਸਮਝ ਜਾਇਆ ਕਰਦੀ ਸੀ। ਉਹ ਜਾਣਦੀ ਸੀ ਕਿ ਹਰਪਾਲ ਸ਼ੁਭ ਹੱਦਾਂ ਬੰਨੇ ਤੋੜ ਕੇ ਇਕ ਵਾਰ ਕਾਬਲ, ਬਲਖ਼ ਤੇ ਬੁਖ਼ਾਰੇ ਤਕ ਪਹੁੰਚਣਾ ਚਾਹੁੰਦਾ ਹੈ। ਉਹ ਜਾਣਦੀ ਸੀ ਕਿ ਉਹਦਾ ਭਰਾ ਪਿਛਲੇ ਅਠ ਸੌ ਸਾਲ ਦੀ ਖੁਣਾਮੀ ਦਾ ਬਦਲਾ ਚੁਕਾਣਾ ਚਾਹੁੰਦਾ ਹੈ। ਪਲੜਾ ਸਾਵਾਂ ਕਰਨਾ ਚ ਹੁੰਦਾ ਹੈ। ਉਹ ਜਾਣਦੀ ਸੀ ਕਿ ਜੇ ਇਕ ਵਾਰ ਰਾਜ ਸਥਾਈ ਹੋ ਜਾਏ ਤਾਂ ਹਰਪਾਲ ਦੀ ਅਗਵਾਈ ਬੱਲੇ ਪੰਜਾਬ ਵਿਚੋਂ ਉਠਦੇ ਹੜ੍ਹ ਕਾਬਲ ਤੇ ਬਲਖ਼ ਤੋਂ ਉਰੇ ਨਹੀਂ ਰੁਕਣ ਲੱਗੇ। ਉਹ ਜਾਣਦੀ ਸੀ ਹਰਪਾਲ ਦੀਆਂ ਇੱਛਾਵਾਂ, ਉਹਦੇ ਇਰਾਦੇ ਤੇ ਉਹਦੀ ਪ੍ਰਤਿਭਾ। ਹਰੀ ਸਿੰਘ ਨਲੂਏ ਤੋਂ ਪਿਛੋਂ ਜੇ ਕੋਈ ਇਹੋ ਜਿਹਾ ਉਦਮ ਕਰ ਸਕਦਾ ਸੀ ਤਾਂ ਉਹ ਹਰਪਾਲ ਸੀ। ਹਰਪਾਲ ਪ੍ਰਤਿਭਾ ਸੀ। ਜਿਹੋ ਜਿਹੀ ਪ੍ਰਤਿਭਾ ਕਿ ਸ਼ਾਇਦ ਪੰਜਾਬ ਨੂੰ ਸਦੀਆਂ ਤਕ ਮੁੜ ਨਸੀਬ ਨਾ ਹੋਵੇ।

ਗੁਰਮੀਤ ਨੇ ਭਰਾ ਵਲ ਵੇਖਿਆ ਤੇ ਇਕਾ ਇਕ ਉਹਦੇ ਦਿਲ ਵਿਚ ਖ਼ਿਆਲ ਆਇਆ ਕਿ ਇਹੋ ਤਾਂ ਸਮਾਂ ਹੈ ਹਰਪਾਲ ਕੋਲੋਂ ਕੁਝ ਮਨਵਾਣ ਦਾ। ਜੇ ਉਸ ਇਹ ਖੁੰਝਾ ਦਿਤਾ ਤਾਂ ਕੋਈ ਹੋਰ ਚੰਗਾ ਮੌਕਾ ਨਹੀਂ ਮਿਲਣ ਲੱਗਾ। ਉਸ ਹਰਪਾਲ ਦਾ ਹਥ ਫੜਦਿਆਂ ਤੇ ਘੁਟਦਿਆਂ ਰੋਂਦਿਆਂ ਕਿਹਾ : "ਹਰਪਾਲ ! ਅਜ ਮੈਂ ਤੇਰੇ ਕੋਲੋਂ ਕੁਝ ਮੰਗਾਂ। ਤੂੰ ਅਜ ਤਾਂ ਮੈਨੂੰ ਨਿਰਾਸ਼ ਨਹੀਂ ਕਰੇਂਗਾ, ਅਜ ਜਿਹਾ ਪਵਿੱਤਰ ਤੇ ਭਾਗਾਂ ਭਰਿਆ ਦਿਨ ਮੁੜ ਕਦੋਂ ਚੜ੍ਹਨਾ ਹੈ ?"

"ਗੁਰਮੀਤ ..." ਹਰਪਾਲ ਮੁਸਕਰਾਇਆ।

"ਜੇ ਤੂੰ ਕਹੇਂ ਤਾਂ ਹੀ ਮੰਗਾਂ। ਮੈਨੂੰ ਨਿਰਾਸ਼ ਨਾ ਕਰੀਂ ਹਰਪਾਲ। ਤੂੰ ਜਾਣਦਾ ਹੈਂ ਕਿ ਮੈਂ ਆਪਣੀ ਸਾਰੀ ਜ਼ਿੰਦਗੀ ਤੇਰੀ ਪ੍ਰਸੰਨਤਾ ਲਈ ਸਰਫ਼ ਕੀਤੀ ਹੈ। ਮੇਰੀ ਸਿਰਫ਼ ਇਕ ਹੀ ਇੱਛਾ ਰਹੀ ਹੈ ਕਿ ਕਿਵੇਂ ਨਾ ਕਿਵੇਂ ਤੂੰ ਉਦਾਸ ਨਾ ਹੋਵੇਂ। ਤੂੰ ਇਕੱਲਾ ਹੈਂ। ਤੂੰ ਅੰਤਰ-ਮੁਖੀ ਹੈਂ। ਤੇਰੇ ਕੋਈ ਮਿੱਤਰ ਨਹੀਂ, ਸਾਥੀ ਨਹੀਂ। ਤੂੰ ਕਿਸੇ ਨਾਲ ਮਿਲ ਨਹੀਂ ਬੈਠਦਾ। ਤੂੰ ਆਪਣੇ ਆਪ ਵਰਗਾ ਇਕੋ ਇਕ ਇਨਸਾਨ ਹੈਂ। ਤੇ ਫਿਰ ਤੂੰ ਇਕ ਪ੍ਰਤਿਭਾ ਹੈਂ। ਮੈਂ ਤੇਰੇ ਨਾਲ ਰਹੀ ਹਾਂ ਤਾਂ ਜੋ ਇਹ ਪ੍ਰਤਿਭਾ ਮੋਲਦੀ ਰਹੇ। ਸ਼ਾਇਦ ਮੇਰੇ ਬਿਨਾਂ ਵੀ ਤੂੰ ਐਨਾ ਮਹਾਨ ਆਦਮੀ ਬਣਦਾ, ਜਿਡਾ ਅੱਜ ਹੈਂ, ਪਰ ਇਹ ਮਹਿਸੂਸ ਕਰਕੇ ਕਿ ਤੇਰੇ ਜੀਵਨ ਦਾ ਅੰਗ ਰਹੀ ਹਾਂ ਤੇ ਤੇਰੀ ਮਹਾਨਤਾ ਵਿਚ ਮੈਂ ਵੀ ਥੋੜਾ ਬਹੁਤਾ ਹਿੱਸਾ ਪਾਇਆ ਹੈ ਮੇਰੀ ਹਉਮੈਂ ਤੇ ਮੇਰੀ ਲਾਲਸਾ ਸੰਤੁਸ਼ਟ ਹੁੰਦੀ ਹੈ। ਵੀਰ ! ਇਨ੍ਹਾਂ ਲੰਮੇ ਵਰ੍ਹਿਆਂ ਵਿਚ ਮੇਰੀ ਇਕ ਚਾਹ ਰਹੀ ਹੈ ਕਿ ਮੈਂ ਤੇਰੇ ਘਰ ਇਕ ਬਾਲ ਖੇਡਦਾ ਵੇਖਾਂ...।"

ਭੈਣ ਦੇ ਦਿਲ ਵਿਚ ਵੀਰ ਦੇ ਘਰ ਬਾਲ ਖੇਡਦਾ ਵੇਖਣ ਦੀ ਚਾਹ ਕਿੰਨੀ ਪ੍ਰਬਲ ਹੁੰਦੀ ਹੈ ? ਮਾਵਾਂ ਵੀ ਆਪਣੇ ਪੁੱਤਰੇ ਪੁੱਤਰੀਆਂ ਨੂੰ ਵੇਖਣ ਵਾਸਤੇ ਸਹਿਕਦੀਆਂ ਹਨ। ਇਸਤ੍ਰੀ ਦੇ ਮਨ ਵਿਚ ਉਤਪਤੀ ਦੀ ਅੰਸ ਜਮਾਂਦਰੂ ਹੁੰਦੀ ਹੈ, ਉਹ ਟੱਬਰ ਨੂੰ ਵਧਦਾ ਤੇ ਫੁਲਦਾ ਵੇਖਣਾ ਚਾਹੁੰਦੀਆਂ ਹਨ। ਬੱਚੇ ਬੱਚੀਆਂ, ਪੁੱਤਰੇ, ਪੜਪੋਤੇ, ਉਨ੍ਹਾਂ ਦੀ ਕਾਇਆ ਨੂੰ

ਸੰਪੂਰਨ ਕਰਦੇ ਲਗਦੇ ਹਨ।

ਗੁਰਦਈ ਤੇ ਗੁਰਮੀਤ ਦੀ ਕਾਇਆਂ ਅਜੇ ਤੱਕ ਸੱਖਣੀ ਸੀ। ਉਨ੍ਹਾਂ ਦੇ ਸਭ ਤੋਂ ਪਿਆਰੇ ਪਾਤਰ ਦੇ ਪਰ ਬਾਲ ਨਹੀਂ ਸੀ। ਉਹਦਾ ਵਿਹੜਾ ਭੁਰਿਆ ਨਹੀਂ ਸੀ।

ਗੁਰਮੀਤ ਕਹਿੰਦੀ ਗਈ : "ਦਸ ਹਰਪਾਲ ! ਤੂੰ ਮੇਰੀ ਗੱਲ ਮੰਨੇਗਾ ਨਾ ?"

"ਮੈਂ ਜਾਣਦਾ ਹਾਂ ਤੂੰ ਕੀ ਮੰਗਦੀ ਹੈਂ।"

"ਦਸ ਮੰਨੇਂਗਾ ਨਾ ਫਿਰ। ਅੱਜ ਦੇ ਦਿਨ ਦੀ ਪਵਿਤ੍ਰਤਾ ਦਾ ਅਹਿਸਾਸ ਕਰੀਂ।"

ਹਰਪਾਲ, ਕਿੰਨਾਂ ਚਿਰ ਗੁਰਮੀਤ ਵਲ ਟਿਕਟਿਕੀ ਲਾ ਕੇ ਵੇਖਦਾ ਰਿਹਾ ਤੇ ਅੰਤ ਉਸ ਕਿਹਾ :

"ਜੇ ਤੇਰੀ ਖ਼ੁਸ਼ੀ ਏਸੇ ਵਿਚ ਹੈ ਮੀਤੀ ਤਾਂ ਮੰਨਾਂਗਾ। ਤੂੰ ਮੇਰੇ ਵਾਸਤੇ ਮਹਾਨ ਕੁਰਬਾਨੀ ਕੀਤੀ ਹੈ।"

"ਹਰਪਾਲ..." ਤੇ ਗੁਰਮੀਤ ਨੇ ਹਰਪਾਲ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ। ਗੁਰਮੀਤ ਨੇ ਮਾ ਨਾਲ ਗੱਲ ਕੀਤੀ। "ਮਾਂ ਅੱਜ ਸਭ ਗ਼ੁੱਸੇ ਗਿਲੇ ਭੁਲ ਜਾਉ। ਅੱਜ ਤੁਹਾਡੇ ਲਾਲ ਦੀ ਨਵੀਂ ਜ਼ਿੰਦਗੀ ਸ਼ੁਰੂ ਹੁੰਦੀ ਹੈ। ਅੱਜ ਉਹ ਅਜੀਤ ਨਾਲ ਵਿਆਹ ਕਰਾਉਣਾ ਮੰਨ ਗਿਆ ਹੈ।"

ਗੁਰਦਈ ਦਾ ਮੂੰਹ ਖਿੜ ਗਿਆ। "ਤੇ ਮਾਂ ਅਸੀਂ ਜੋ ਕੁਝ ਧਿਆਨ ਸਿੰਘ ਬਾਰੇ ਕਹਿੰਦੇ ਸੀ ਉਹ ਸੱਚ ਹੈ। ਅੱਜ ਕੰਵਰ ਸਾਹਿਬ ਨੇ ਆਪ ਹਰਪਾਲ ਨਾਲ ਇਹੋ ਗੱਲ ਕੀਤੀ ਹੈ। ਉਨ੍ਹਾਂ ਨੇ ਮਹਿਸੂਸ ਕੀਤਾ ਹੈ ਕਿ ਧਿਆਨ ਸਿੰਘ ਰਾਜ ਦਾ ਹਿਤੂ ਨਹੀਂ। ਉਨ੍ਹਾਂ ਆਪ ਆਖਿਆ ਹੈ ਕਿ ਗੁਲਾਬ ਸਿੰਘ ਜੰਮੂ ਤੇ ਕਸ਼ਮੀਰ ਵਿਚ ਖ਼ੁਦ-ਮੁਖ਼ਤਾਰ ਹੋ ਕੇ ਰਾਜ ਕਰਨਾ ਚਾਹੁੰਦਾ ਹੈ ਤੇ ਲਾਹੌਰ ਦਾ ਰਾਜ, ਧਿਆਨ ਸਿੰਘ ਆਪਣੇ ਪੁੱਤਰ ਹੀਰਾ ਸਿੰਘ ਨੂੰ ਦਿਵਾਣਾ ਚਾਹੁੰਦਾ ਹੈ। ਉਨ੍ਹਾਂ ਨੂੰ ਵੀ ਯਕੀਨ ਹੋ ਗਿਆ ਹੈ ਕਿ ਮਹਾਰਾਜਾ ਖੜਗ ਸਿੰਘ ਤੇ ਸਰਦਾਰ ਚੇਤ ਸਿੰਘ ਵਲੋਂ ਅੰਗਰੇਜ਼ਾਂ ਨੂੰ ਲਿਖੀਆਂ ਗਈਆਂ ਅੱਖੀ ਚਿੱਠੀਆਂ ਝੂਠੀਆਂ ਹਨ। ਮਾਂ, ਬੇਸ਼ਕ ਦੁਨੀਆਂ ਨਾ ਮੰਨੇ, ਪਰ ਨਿਰਸੰਦੇਹ ਧਿਆਨ ਸਿੰਘ ਖ਼ਾਲਸਾ ਰਾਜ ਦੀਆਂ ਜੜ੍ਹਾਂ ਪੁਟ ਰਿਹਾ ਹੈ।"

ਗੁਰਦਈ ਨੇ ਸ਼ੱਕੀ ਨਜ਼ਰਾਂ ਨਾਲ ਧੀ ਵਲ ਵੇਖਿਆ। "ਹੋ ਸਕਦਾ ਹੈ ਮੀਤੀ ਤੂੰ ਸੱਚ ਕਹਿੰਦੀ ਹੋਵੇਂ, ਪਰ ਮੇਰਾ ਦਿਲ ਨਹੀਂ ਮੰਨਦਾ।" "ਮਾਂ ! ਦਿਲ ਪਹਿਲੇ ਮੇਰਾ ਤੇ ਹਰਪਾਲ ਦਾ ਵੀ ਨਹੀਂ ਸੀ ਮੰਨਦਾ, ਪਰ ਤੱਕੇਂ ਨਾ ਕਿਵੇਂ ਦਿਨੇ ਦਿਨ ਪ੍ਰਮਾਣ ਮਿਲ ਰਹੇ ਹਨ। ਸਰਦਾਰ ਲਹਿਣਾ ਸਿੰਘ ਮਜੀਠੀਆ ਦਾ ਵੀ ਇਹੋ ਖ਼ਿਆਲ ਹੈ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਵੀ ਏਸੇ ਤਰ੍ਹਾਂ ਸੋਚਦਾ ਹੈ। ਡੋਗਰੇ ਤੇ ਸੰਧਾਂਵਾਲੀਏ ਮਿਲ ਕੇ ਰਾਜ ਨੂੰ ਨਸ਼ਟ ਕਰ ਰਹੇ ਹਨ।"

"ਮੈਂ ਬਹੁਤ ਬੁੱਢੀ ਹੋ ਗਈ ਹਾਂ। ਮੈਨੂੰ ਇਹੋ ਜਿਹੀਆਂ ਗੱਲਾਂ ਦੀ ਸਮਝ ਨਹੀਂ ਆ ਸਕਦੀ, ਪਰ ਕੀ ਸੱਚ ਮੁਚ ਹੀ ਸ਼ੇਰੇ-ਪੰਜਾਬ ਅਜਿਹੀ ਗ਼ਲਤੀ ਕੱਰ ਸਕਦੇ ਹਨ।"

"ਗਲ਼ਤੀਆਂ ਇਨਸਾਨ ਕੋਲੋਂ ਹੋ ਹੀ ਜਾਂਦੀਆਂ ਹਨ ਮਾਂ। ਹੋ ਸਕਦਾ ਹੈ ਕਿ ਉਨ੍ਹਾਂ ਦੇ ਜੀਂਦਿਆਂ ਜੀ ਧਿਆਨ ਸਿੰਘ ਸੱਚਾ ਹੋਵੇ। ਹੋ ਸਕਦਾ ਹੈ ਕਿ ਉਹਦੇ ਅੰਦਰ ਸਵਾਰਥ ਤੇ ਲਾਲਚ ਸ਼ੇਰੇ-ਪੰਜਾਬ ਦੀ ਮੌਤ ਪਿਛੋਂ ਹੀ ਜਾਗਿਆ ਹੋਵੇ।"

'ਹਾਂ ! ਹੋ ਸਕਦਾ ਹੈ ਮੀਤੀ। ਆਦਮੀ ਦੇ ਬਦਲਣ ਦਾ ਪਤਾ ਨਹੀਂ ਲਗਦਾ। ਪਰ..." ਗੁਰਦਈ ਚੁੱਪ ਕਰ ਗਈ। ਉਹਦਾ ਵਿਸ਼ਵਾਸ ਬਦਲ ਰਿਹਾ ਸੀ। ਉਹਨੂੰ ਲੱਗਣ ਲੱਗ ਗਿਆ ਕਿ ਧਿਆਨ ਸਿੰਘ ਰਾਜ ਦਾ ਹਿਤੂ ਨਹੀਂ, ਪਰ ਤਾਂ ਵੀ ਉਹ ਧਿਆਨ ਸਿੰਘ ਦੇ ਵਿਰੁਧ ਕੁਝ ਆਖਣਾ ਨਹੀਂ ਸੀ ਚਾਹੁੰਦੀ। ਉਹਦੇ ਅੰਤਰ ਆਤਮੇ ਕੋਈ ਸ਼ੈ ਕਹਿੰਦੀ ਸੀ ਕਿ ਧਿਆਨ ਸਿੰਘ ਨਾਲ ਮੱਥਾ ਲਾਉਣ ਵਿਚ ਹਾਨੀ ਹੀ ਹਾਨੀ ਹੈ। "ਪਰ ਮੀਤੀ ! ਫਿਰ ਵੀ ਮੇਰਾ ਦਿਲ ਡਰਦਾ ਹੈ। ਉਹ ਭੈੜਾ ਹੈ ਜਾਂ ਚੰਗਾ, ਪਰ ਸਾਨੂੰ ਉਹਦੇ ਨਾਲ ਭਿੜਨਾ ਨਹੀਂ ਚਾਹੀਦਾ। ਹਰਪਾਲ ਸਿੰਘ ਨੂੰ ਇਨ੍ਹਾਂ ਮੁਆਮਲਿਆਂ ਵਿਚ ਨਹੀਂ ਪੈਣਾ ਚਾਹੀਦਾ।"

"ਹਰਪਾਲ ਇਹ ਖਲਜਗਣ ਉੱਕਾ ਹੀ ਨਹੀਂ ਚਾਹੁੰਦਾ, ਪਰ ਆਦਮੀ ਦੀ ਕੋਈ ਜ਼ਮੀਰ ਵੀ ਹੁੰਦੀ ਹੈ ਮਾਂ। ਸਾਡੇ ਘਰਾਣੇ ਨੇ ਇਹ ਰਾਜ ਉਸਾਰਿਆ ਹੈ। ਅਸੀਂ ਇਸ ਰਾਜ ਦੇ ਥੰਮ੍ਹ ਰਹੇ ਹਾਂ। ਹਰਪਾਲ ਆਪਣੀਆਂ ਅੱਖਾਂ ਸਾਹਵੇਂ ਇਹਨੂੰ ਬਰਬਾਦ ਹੁੰਦਾ ਕਿਵੇਂ ਵੇਖ ਸਕਦਾ ਹੈ। ਉਹਨੂੰ ਹਾਲਾਤ ਮਜਬੂਰ ਕਰਦੇ ਆਏ ਹਨ। ਪਰ ਚਲੋ ਹੁਣ ਸਾਰੀ ਗੱਲ ਨਿਪਟ ਗਈ। ਹੁਣ ਹਰਪਾਲ ਆਪਣੀ ਜ਼ਿਮੇਵਾਰੀ ਤੋਂ ਛੁਟ ਗਿਆ ਹੈ। ਕੰਵਰ ਸਾਹਿਬ ਨੇ ਕਿਹਾ ਹੈ ਕਿ ਉਹ ਆਪੇ ਹੀ

Scanned by CamScanner

ਧਿਆਨ ਸਿੰਘ ਤੇ ਗੁਲਾਬ ਸਿੰਘ ਨੂੰ ਸੋਧ ਲੈਣਗੇ।"

"ਅੱਛਾ ?" "ਹਾਂ ਮਾਂ, ਤੇ ਜੇ ਇਕ ਵਾਰੀ ਰਾਜ ਫਿਰ ਸਥਾਈ ਹੋ ਗਿਆ ਤਾਂ ਹਰਪਾਲ ਖ਼ਾਲਸਾ ਫੌਜ ਦੇ ਸਿਪਾਹ-ਸਲਾਰ ਦੀ ਹੈਸੀਅਤ ਵਿਚ ਰਾਜ ਦੇ ਬੰਨੇ ਕਿਥੋਂ ਦੇ ਕਿਥੇ ਲੈ ਜਾਏਗਾ। ਅਸੀਂ ਪਿਛਲੇ ਅੱਠ ਸੌ ਸਾਲਾਂ ਵਿਚ ਭਾਰਤ ਵਰਸ਼ ਨਾਲ ਹੋਈਆਂ ਵਧੀਕੀਆਂ ਤੇ ਜ਼ਿਆਦਤੀਆਂ ਦਾ ਬਦਲਾ ਲਵਾਂਗੇ। ਇਸ ਰਾਜ ਦੇ ਬੰਨੇ ਕਾਬਲ ਤੇ ਹੈਰਾਤ ਤੱਕ ਵੀ ਅਗੇਰੇ ਜਾਣਗੇ। ਹਰਪਾਲ ਦੁਨੀਆਂ ਵਿਚ ਇਸ ਤਰ੍ਹਾਂ ਚਮਕੇਗਾ ਕਿ ਖ਼ਲਕਤ ਦੀਆਂ ਨਜ਼ਰਾਂ ਚੁੰਧਿਆ ਜਾਣਗੀਆਂ।"

ਗੁਰਦਈ ਹਰਪਾਲ ਦੀ ਸ਼ਲਾਘਾ ਸੁਣ ਕੇ ਖ਼ੁਸ਼ ਹੋਈ। ਸ਼ਾਇਦ ਉਹਨੇ ਹਰਪਾਲ ਨੂੰ ਮੁਆਫ਼ ਕਰ ਦਿਤਾ। ਝੁਰੜੀਆਂ ਪੂਰਤ ਚਿਹਰਾ ਭੱਖ ਉਠਿਆ। ਆਖ਼ਰ ਮਾਂ ਦੀਆਂ ਆਂਦਰਾਂ ਨੇ ਗਲਤ-ਫ਼ਹਿਮੀ ਦੂਰ ਕਰ ਦਿਤੀ। ਉਹਨੂੰ ਗੁਰਮੀਤ ਦੀਆਂ ਗੱਲਾਂ ਨੇ ਇਸ ਤਰ੍ਹਾਂ ਟੁੰਬਿਆ ਕਿ ਉਸ ਕਿਹਾ, "ਰੱਬ ਸੁਖ ਕਰੇ। ਸਾਡੇ ਹਰਪਾਲ ਨੂੰ ਕਿਤੇ ਨਜ਼ਰ ਨਾ ਲਗ ਜਾਏ।

"ਮਾਂ ਮੈਂ ਅੱਜ ਹੀ ਅਜੀਤ ਨੂੰ ਸੁਨੇਹਾ ਭੇਜਾਂਗੀ। ਮੇਰਾ ਖ਼ਿਆਲ ਹੈ ਉਹਦੇ ਏਥੇ ਆਉਣ ਨਾਲੋਂ ਹਰਪਾਲ ਤੇ ਮੈਂ ਉਹਦੇ ਕੋਲ ਜਾਈਏ। ਕਿਉਂ ?"

"ਹਾਂ ਮੀਤੀ ! ਇਸ ਤਰ੍ਹਾਂ ਹੀ ਠੀਕ ਹੋਵੇਗਾ। ਮੈਂ ਵੀ ਚਲਾਂਗੀ।"

"ਕਿੰਨੇ...ਕਿੰਨੇ ਲੰਮੇ ਵਰ੍ਹਿਆਂ ਪਿਛੋਂ ਹਰਪਾਲ ਦਾ ਘਰ ਵੱਸਣ ਲੱਗਾ ਹੈ।"

ਗੁਰਮੀਤ ਨੇ ਆਪਣੀ ਤੇ ਮਾਂ ਦੀ ਰਾਏ ਹਰਪਾਲ ਨੂੰ ਦਸੀ। ਥੋੜੀ ਬਹੁਤੀ ਨਾਂਹ ਨੁੱਕਰ ਪਿਛੋਂ ਹਰਪਾਲ ਮੰਨ ਗਿਆ, ਪਰ ਉਸ ਕਿਹਾ ਕਿ ਉਹ ਕੁਝ ਦਿਨ ਠਹਿਰ ਕੇ ਚਲਣਗੇ। ਏਨੇ ਵਿਚ ਅਜੀਤ ਨੂੰ ਬੇਸ਼ਕ ਸੁਨੇਹਾ ਭੇਜ ਦਿਤਾ ਜਾਏ। ਹਰਪਾਲ ਉਡੀਕਣਾ ਚਾਹੁੰਦਾ ਸੀ ਕਿ ਮਤਾਂ ਕੰਵਰ ਨੌਨਿਹਾਲ ਸਿੰਘ ਉਹਦੇ ਨਾਲ ਕੋਈ ਸਲਾਹ ਕਰਨਾ ਚਾਹੇ ਜਾਂ ਸ਼ਾਇਦ ਉਹਨੂੰ ਉਹਦੀ ਮਦਦ ਦੀ ਲੋੜ ਪਵੇ। ਪਰ ਦਿਨ ਬੀਤਦੇ ਗਏ ਤੇ ਕੰਵਰ ਵਲੋਂ ਨਾ ਹੀ ਕੋਈ ਸੱਦਾ ਆਇਆ ਨਾ ਹੀ ਕੋਈ ਸੁਨੇਹਾ। ਨਿਤ ਹਰਪਾਲ ਉਡੀਕਦਾ ਤੇ ਨਿਤ ਹੀ ਉਹਨੂੰ ਮਾਯੂਸ ਹੋਣਾ ਪੈਂਦਾ। ਦਸ ਪੰਦਰਾਂ ਦਿਨ ਬੀਤਣ ਪਿਛੋਂ ਉਹਨੂੰ ਫ਼ਿਕਰ ਲੱਗਾ।

"ਪਤਾ ਨਹੀਂ ਕੀ ਗੱਲ ਹੋ ਗਈ ਹੈ" ਉਸ ਗੁਰਮੀਤ ਨੂੰ ਕਿਹਾ।

"ਕੋਈ ਗੱਲ ਨਹੀਂ ਹਰਪਾਲ। ਰੱਬ ਭਲੀ ਕਰੇਗਾ। ਇਹੋ ਜਿਹੀਆ ਚੀਜ਼ਾਂ ਵਿਚ ਸਮਾਂ ਲਗ ਹੀ ਜਾਂਦਾ ਹੈ। ਆਖ਼ਰ ਧਿਆਨ ਸਿੰਘ ਨੇ ਵੀ ਆਪਣੇ ਪੰਖ ਖਿਲਾਰੇ ਹੋਏ ਹਨ। ਉਹਦੇ ਨਾਲ ਸਿਝਣਾ ਆਸਾਨ ਨਹੀਂ। ਮੈਂ ਤਾਂ ਕਹਿੰਦੀ ਹਾਂ ਐਨੇ ਵਿਚ ਅਸੀਂ ਅਜੀਤ ਕੋਲ ਹੋ ਆਈਏ।"

"ਨਹੀਂ ਮੀਤੀ ! ਕੁਝ ਦਿਨ ਹੋਰ ਉਡੀਕਣਾ ਜ਼ਰੂਰੀ ਹੈ।"

"ਜਿਵੇਂ ਤੇਰੀ ਮਰਜ਼ੀ।"

ਆਖ਼ਰ ਕੁਝ ਦਿਨਾਂ ਦਾ ਕੀ ਸੀ ? ਐਨਾ ਥੋੜਾ ਸੀ ਕਿ ਹਰਪਾਲ ਉਹਦੀ ਗੱਲ ਮੰਨ ਗਿਆ ਹੈ। ਅਗਲੇ ਦਿਨ ਹਰਪਾਲ ਨੇ ਕਿਹਾ। "ਜੇ ਕਲ ਪਰਸੋਂ ਤੱਕ ਕੋਈ ਖ਼ਬਰ ਨਾ ਆਈ ਤਾਂ ਮੈਂ ਆਪ ਕੰਵਰ ਨੂੰ ਮਿਲਣ ਜਾਵੇਂਗਾ।"

"ਹਾਂ ਹਰਪਾਲ ! ਦਿਨ ਅਜਾਈਂ ਬੀਤਦੇ ਜਾਂਦੇ ਹਨ।"

Scanned by CamScanner

ਹਰਪਾਲ ਨੇ ਸੁਨੇਹਾ ਭੇਜ ਕੇ ਕੰਵਰ ਨੌਨਿਹਾਲ ਸਿੰਘ ਨਾਲ ਮੁਲਾਕਾਤ ਦੀ ਇਜਾਜ਼ਤ ਲੈ ਲਈ, ਪਰ ਇਸ ਤੋਂ ਪਹਿਲੇ ਕਿ ਉਹ ਸ਼ੁਕਰਵਾਰ ਕੰਵਰ ਨੂੰ ਮਿਲਦਾ, ਵੀਰਵਾਰ, ਪੰਜ ਨਵੰਬਰ, ੧੮੪੦ ਨੂੰ ਅੰਮ੍ਰਿਤ ਵੇਲੇ ਮਹਾਰਾਜਾ ਖੜਗ ਸਿੰਘ ਦੀ ਮੌਤ ਹੋ ਗਈ। ਹਰਪਾਲ ਨੂੰ ਖੜਗ ਸਿੰਘ ਦੀ ਮੌਤ ਨਾਲ ਧੱਕਾ ਲੱਗਾ । ਪਿਛਲਾ ਸਾਰਾ ਸਾਲ ਹਰਪਾਲ ਤੇ ਖੜਗ ਸਿੰਘ ਇਕ ਦੂਜੇ ਦੇ ਵਿਸ਼ਵਾਸ ਪਾਤ੍ਰ ਰਹੇ ਸਨ। ਖੜਗ ਸਿੰਘ ਹਰਪਾਲ ਦਾ ਰਿਣੀ ਸੀ ਕਿ ਉਸ ਧਿਆਨ ਸਿੰਘ ਦੀ ਵਿਰੋਧਤਾ ਦੇ ਬਾਵਜੂਦ ਵੀ ਕੰਵਰ ਕੋਲ ਉਹਦੇ ਸੁਨੇਹੇ ਪਹੁੰਚਾਏ ਹਨ। ਖੜਗ ਸਿੰਘ, ਹਰਪਾਲ ਦੀ ਇੱਜ਼ਤ ਕਰਦਾ ਸੀ ਕਿਉਂਕਿ ਉਹੋ ਜਿਹੇ ਚਾਪੂ ਵਾਤਾਵਰਣ ਵਿਚ ਇਕੋ ਇਕ ਹਰਪਾਲ ਸਿੰਘ ਹੀ ਆਪਣੇ ਆਦਰਸ਼ਾਂ ਤੋਂ ਨਹੀਂ ਸੀ ਡਿਗਿਆ। ਤੇ ਹਰਪਾਲ ਖੜਗ ਸਿੰਘ ਨਾਲ ਅਤਿਅੰਤ ਹਮਦਰਦੀ ਕਰਦਾ ਸੀ। ਉਹਦੀ ਜਾਚੇ ਖੜਗ ਸਿੰਘ ਤੋਂ ਵਧ ਦੁਖੀ ਆਦਮੀ ਦੁਨੀਆਂ ਵਿਚ ਹੋਰ ਕੋਈ ਨਹੀਂ ਸੀ। ਹੌਲੀ ਹੌਲੀ ਇਹ ਹਮਦਰਦੀ ਪਿਆਰ ਵਿਚ ਵੱਟ ਗਈ ਤੇ ਹਰਪਾਲ ਖੜਗ ਸਿੰਘ ਨੂੰ ਮਿੱਤਰਾਂ ਵਾਂਗ ਪ੍ਰੇਮ ਕਰਨ ਲਗਾ।

ਹਰਪਾਲ ਜਾਣਦਾ ਸੀ ਕਿ ਖੜਗ ਸਿੰਘ ਦੀ ਮੌਤ ਦੂਰ ਨਹੀਂ। ਖੜਗ ਸਿੰਘ ਜੀਊਣਾ ਚਾਹੁੰਦਾ ਵੀ ਨਹੀਂ ਸੀ। ਉਹ ਦੁਨੀਆਂ ਤੋਂ ਬੇਜ਼ਾਰ ਹੋ ਚੁਕਾ ਸੀ। ਹੁਣ ਉਹ ਆਪਣੇ ਇਲਾਜ ਦੀ ਵੀ ਰਤਾ ਪਰਵਾਹ ਨਹੀਂ ਸੀ ਕਰਦਾ। ਕੋਈ ਦਵਾਈ ਨਹੀਂ ਸੀ ਖਾਂਦਾ ਤੇ ਦਿਨੋਂ ਦਿਨ ਕਮਜ਼ੋਰ ਹੁੰਦਾ ਜਾਂਦਾ ਸੀ। ਹਰਪਾਲ ਦੇ ਜ਼ੋਰ ਲਾਉਣ ਉੱਤੇ ਉਹ ਆਖਦਾ :

"ਮਾਹਿਲ ਸਾਹਿਬ ! ਜੇ ਤੁਸੀਂ ਮਜਬੂਰ ਕਰਦੇ ਹੋ ਤਾਂ ਮੈਂ ਅੱਜ ਦਵਾਈ ਲੈ ਲਵਾਂਗਾ, ਪਰ ਜੇ ਸੱਚ ਪੁਛੋ ਤਾਂ ਮੇਰਾ ਜੀਊਣ ਨੂੰ ਰੂਹ ਨਹੀਂ ਕਰਦਾ। ਅੰਦਰੋਂ ਅੰਦਰੀ ਮੈਨੂੰ ਕੋਈ ਚੀਜ਼ ਖਾਈ ਜਾਂਦੀ ਹੈ।"

ਅਜੇ ਤਕ ਪਿਤਾ ਤੇ ਪੁੱਤਰ ਦਾ ਇਕੱਠ ਵਿਚ ਮੇਲ ਨਹੀਂ ਸੀ ਹੋਇਆ। ਹਰਪਾਲ ਨੂੰ ਜਿਸ ਗੱਲ ਦਾ ਰੰਜ ਨਹੀਂ ਸੀ। ਉਹਨੇ ਦਿਲ ਵਿਚ ਫ਼ੈਸਲਾ ਕੀਤਾ ਹੋਇਆ ਸੀ ਕਿ ਕੰਵਰ ਨਾਲ ਅਗਲੀ ਮੁਲਾਕਾਤ ਵੇਲੇ ਉਹ ਉਹਨੂੰ ਖੜਗ ਸਿੰਘ ਕੋਲ ਜਾਣ ਲਈ ਮਜਬੂਰ ਕਰ ਦੇਵੇਗਾ। ਪਰ ਅੱਜ ਖੜਗ ਸਿੰਘ ਦੀ ਅਚਣਚੇਤ ਮੌਤ ਹੋ ਗਈ। ਨੌਨਿਹਾਲ ਸਿੰਘ ਪਿਤਾ ਦੀ ਮੌਤ ਤੋਂ ਕੁਝ ਚਿਰ ਪਹਿਲੋਂ ਉਹਦੇ ਕੋਲ ਪੁੱਜਾ, ਪਰ ਪਿਤਾ ਪੁੱਤਰ ਨੂੰ ਛਾਤੀ ਨਾਲ ਨਾ ਲਾ ਸਕਿਆ। ਉਸ ਕੰਵਰ ਦਾ ਹੱਥ ਘੁਟ ਕੇ ਸਿਰਫ਼ ਏਨਾਂ ਹੀ ਕਿਹਾ : "ਗੁਰੂ ਬਾਜਾਂ ਵਾਲਾ ਤੇਰੇ ਅੰਗ ਸੰਗ ਹੋਵੇ ਮੇਰੇ ਕੰਵਰ। ਮੈਂ ਬੜਾ ਭੁਗ ਕੇ ਚਲਿਆ ਹਾਂ। ਰੱਬ ਤੈਨੂੰ ਸੁਖੀ ਰਖੇ।"

ਖੜਗ ਸਿੰਘ ਮਰ ਗਿਆ। ਸਮੇਂ ਤੋਂ ਪਹਿਲੇ ਮੌਤ ਵੇਲੇ ਉਹਦੀ ਉਮਰ ਮਸਾਂ ਅਠੱਤੀ ਉਨਤਾਲੀ ਸਾਲ ਸੀ। ਇਹੋ ਜਿਹੀ ਮੌਤ ਨੂੰ ਕੀ ਕੋਈ ਸਾਧਾਰਨ ਮੌਤ ਆਖ ਸਕਦਾ ਹੈ ? ਇਹ ਮੌਤ ਸੀ ਕਿ ਕਤਲ ? ਨਿਰਣਾ ਕਰਨਾ ਮੁਸ਼ਕਲ ਹੈ। ਸ਼ਾਇਦ ਕਈ ਕਤਲ ਏਸ ਤਰ੍ਹਾਂ ਵੀ ਕੀਤੇ ਜਾਂਦੇ ਹਨ ਤੇ ਇਹੋ ਜਿਹੇ ਕਤਲ ਕਰਨ ਵਾਲਿਆਂ ਨੂੰ ਕੋਈ ਦੋਸ਼ੀ ਨਹੀਂ ਠਹਿਰਾ ਸਕਦੇ ਭਾਵੇਂ ਇਹੋ ਜਿਹੇ ਕਤਲਾਂ ਦੇ ਕਾਤਿਲ ਆਮ ਕਾਤਿਲਾਂ ਤੇ ਖ਼ੂਨੀਆਂ ਨਾਲੋਂ ਅਨੇਕ ਗੁਣਾਂ ਵਧ ਕੁਕਰਮੀ ਤੇ ਨੀਚ ਹੁੰਦੇ ਹਨ। ਮਹਾਰਾਜਾ ਖੜਗ ਸਿੰਘ ਮਰ ਗਿਆ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਸਿਰਫ਼ ਵਰ੍ਹਾ ਡੂਢ ਪਿਛੋਂ ਹੀ। ਰਣਜੀਤ ਸਿੰਘ ਦੀ ਮੌਤ ਵੇਲੇ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਖੜਗ ਸਿੰਘ ਦੇ ਰਾਜ ਦੇ ਦਿਨ ਗਿਣੇ ਮਿਥੇ ਹੁੰਣਗੇ ਕਿ ਉਸ ਦੀ ਮੌਤ ਤੋਂ ਪਿਛੋਂ ਹਾਲਾਤ ਐਨੀ ਤੇਜ਼ੀ ਨਾਲ ਬਦਲਦੇ ਜਾਣਗੇ। ਆਪਣੇ ਚਾਲ੍ਹੀ ਸਾਲਾਂ ਦੇ ਰਾਜ ਵਿਚ ਰਣਜੀਤ ਸਿੰਘ ਨੇ ਦੇਸ਼ ਨੂੰ ਅਜਿਹਾ ਸਵੈ-ਵਿਸ਼ਵਾਸ ਤੇ ਆਤਮਕ ਬਲ ਦਿਤਾ ਸੀ ਕਿ ਭਵਿਖਤ ਵਿਚ ਕਿਸੇ ਵਡੀ ਅਦਲ ਬਦਲ ਬਾਰੇ

Scanned by CamScanner

ਕੋਈ ਪ੍ਰਾਣੀ ਸੋਚ ਹੀ ਨਹੀਂ ਸੀ ਸਕਦਾ। ਪਰ ਰਣਜੀਤ ਸਿੰਘ ਮਰਿਆ ਤੇ ਸਮੂਹਕ ਸਵੈ-ਵਿਸ਼ਵਾਸ ਪਾਸ਼ ਪਾਸ਼ ਹੋ ਗਿਆ, ਆਤਮਕ ਬਲ ਟੁਟ ਗਿਆ।

ਖੜਗ ਸਿੰਘ ਮਰ ਗਿਆ। ਇਕ ਅਤੀ ਬਦਨਸੀਬ ਆਦਮੀ ਮਰ ਗਿਆ, ਪਰ ਉਸ ਦੀ ਮੌਤ ਨੇ ਰਣਜੀਤ ਸਿੰਘ ਦੀ ਮੌਤ ਵਾਂਗ ਅਨੇਕ ਹਿਰਦਿਆਂ ਨੂੰ ਵਿੰਨ੍ਹਿਆ ਨਹੀਂ। ਬਦਨਸੀਬਾਂ ਦੀ ਮੌਤ ਉੱਤੇ ਬੜੇ ਘਟ ਹੰਝੂ ਵਹਾਏ ਜਾਂਦੇ ਹਨ। ਬਦਨਸੀਬਾਂ ਨਾਲ ਲੋਕ ਸਿਰਫ਼ ਹਮਦਰਦੀ ਕਰਦੇ ਹਨ, ਉਹ ਉਨ੍ਹਾਂ ਦੀ ਆਤਮਾ ਵਿਚ ਨਹੀਂ ਵੜਦੇ, ਉਨ੍ਹਾਂ ਦੀ ਬਦਨਸੀਬੀ ਦਾ ਪਾਰਾਵਾਰ ਨਹੀਂ ਪਾਂਦੇ। ਖੜਗ ਸਿੰਘ ਦੀ ਮੌਤ ਆਮ ਮੌਤਾਂ ਨਾਲੋਂ ਵੀ ਇਕ ਆਮ ਮੌਤ ਸੀ। ਜੇ ਕਿਸੇ ਨੂੰ ਇਸ ਮੌਤ ਨੇ ਸੰਗਮਈ ਬਣਾਇਆ ਤਾਂ ਉਹ ਸਿਰਫ਼ ਹਰਪਾਲ ਸੀ। ਪੁੱਤਰ ਤੇ ਰਾਣੀਆਂ ਤੇ ਭਰਾਵਾਂ ਤੇ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਵਧ ਹਰਪਾਲ ਨੇ ਇਸ ਮੌਤ ਨੂੰ ਮਹਿਸੂਸ ਕੀਤਾ। ਸ਼ਾਇਦ ਵਿਚਾਰੇ ਖੜਗ ਸਿੰਘ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਸੀ ਹੀ ਨਹੀਂ। ਵਹੁਟੀ ਉੱਜ ਦੂਰ, ਪੁੱਤਰ ਉੱਜ ਦੂਰ ਤੇ ਭਰਾ . ਭਰਾਵਾਂ ਦਾ ਕਹਿਣਾ ਹੀ ਕੀ ? ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ-ਭਰਾਵਾਂ ਵਿਚ ਭਰਾਵਾਂ ਜਿਹਾ ਦਰਦ ਕਿਥੇ ਸੀ, ਭਰਾਵਾਂ ਜਿਹੀ ਨੇੜਤਾ ਕਦੋਂ ਸੀ ?

ਵੀਰਵਾਰ ਪੰਜ ਨਵੰਬਰ, ੧੮੪੦ ਨੂੰ ਅੰਮ੍ਰਿਤ ਵੇਲੇ ਮਹਾਰਾਜਾ ਖੜਗ ਸਿੰਘ ਮਰ ਗਿਆ ਤੇ ਉਸੇ ਦਿਨ ਤੀਜੇ ਪਹਿਰ ਉਹਦਾ ਸਸਕਾਰ ਕੀਤਾ ਗਿਆ। ਜਿਥੇ ਖ਼ੁਸ਼ਨਸੀਬ ਮਹਾਰਾਜਾ ਰਣਜੀਤ ਸਿੰਘ ਦੀ ਡੇਢ ਵਰ੍ਹਾ ਪਹਿਲੇ ਚਿਤਾ ਬਣੀ ਸੀ ਉਹਦੇ ਬਰਾਬਰ ਹੀ ਬਦਨਸੀਬ ਮਹਾਰਾਜਾ ਖੜਗ ਸਿੰਘ ਦੀ ਚਿਤਾ ਬਣਾਈ ਗਈ। ਡੇਢ ਵਰ੍ਹਾ ਪਹਿਲੇ ਖੜਗ ਸਿੰਘ ਨੇ ਆਪਣੇ ਪਿਤਾ ਦੀ ਚਿਤਾ ਨੂੰ ਲੰਬੂ ਲਾਇਆ ਸੀ ਤੇ ਅੱਜ ਖੜਗ ਸਿੰਘ ਦਾ ਪੁੱਤਰ ਆਪਣੇ ਪਿਤਾ ਦੀ ਚਿਤਾ ਨੂੰ ਲੰਬੂ ਲਾਣ ਲਈ ਤਿਆਰ ਸੀ। ਸਸਕਾਰ ਵੇਲੇ ਸਭ ਹੋਰ ਸਰਦਾਰਾਂ ਤੇ ਅਨਗਿਣਤ ਹੋਰ ਖ਼ਲਕਤ ਨਾਲ ਹਰਪਾਲ ਸਿੰਘ ਮਾਹਿਲ ਵੀ ਉਥੇ ਹਾਜ਼ਰ ਸੀ। ਮਾਸੂਮ ਤੇ ਬੇਲੋਸ ਕੰਵਰ ਨੌਨਿਹਾਲ ਸਿੰਘ, ਖੜਗ ਸਿੰਘ ਦੀ ਚਿਤਾ ਨੂੰ ਲੰਬੂ ਲਾਣ ਲਗਾ ਤਾਂ ਉਹਦਾ ਚੱਥ ਕੰਬ ਗਿਆ। ਉਹਦੀਆਂ ਅੱਖਾਂ ਭਰ ਗਈਆਂ। ਉਸ ਆਪਣੇ ਚਾਰੇ ਪਾਸੇ ਵੇਖਿਆ। ਉਹ ਕਿਸੇ ਦਾ ਸਹਾਰਾ ਮੰਗਦਾ ਜਾਪਿਆ। ਧਿਆਨ ਸਿੰਘ ਨੇ ਝਟ ਪਟ ਅੱਗੇ ਵਧ ਕੇ ਕੰਵਰ ਨੂੰ ਸਹਾਰਾ ਦਿਤਾ। ਰਾਜਾ ਗੁਲਾਬ ਸਿੰਘ ਵੀ ਅੱਗੇ ਵਧਿਆ ਤੇ ਜਿਸ ਹੱਥ ਵਿਚ ਕੰਵਰ ਨੇ ਲੰਬੂ ਫੜਿਆ ਹੋਇਆ ਸੀ ਉਸ ਉਹ ਬਾਂਹ ਆਪਣੀ ਬਾਂਹ ਉੱਤੇ ਰਖ ਲਈ।

"ਹੌਂਸਲਾ ਕਰੋ ਕੰਵਰ ਜੀ ! ਹੋਣੀ ਨਾਲ ਕਿਸੇ ਦਾ ਕੋਈ ਚਾਰਾ ਨਹੀਂ।" ਧਿਆਨ ਸਿੰਘ ਨੇ ਕਿਹਾ।

"ਹੌਂਸਲਾ ਕਰੋ ਕੰਵਰ ਜੀ ! ਖ਼ਲਕਤ ਆਪਣੇ ਨਵੇਂ ਮਹਾਰਾਜੇ ਨੂੰ ਵਾਚ ਰਹੀ ਹੈ।" ਰਾਜਾ ਗੁਲਾਬ ਸਿੰਘ ਨੇ ਕਿਹਾ।

ਦੋਹਾਂ ਡੋਗਰੇ ਭਰਾਵਾਂ ਨੇ ਕੰਵਰ ਨੂੰ ਸਹਾਰਾ ਦਿਤਾ, ਪਰ ਇੰਜ ਜਾਪਦਾ ਸੀ ਕਿ ਕੰਵਰ ਨੂੰ ਸਹਾਰਾ ਮਿਲਿਆ ਨਹੀਂ। ਕੰਵਰ ਨੂੰ ਲਗਦਾ ਸੀ ਕਿ ਉਹਦੇ ਪਿਤਾ ਦੀ ਮੌਤ ਵਿਚ ਕੋਈ ਭੇਦ ਹੈ। ਪਿਤਾ ਦੀ ਮੌਤ ਪਿਛੋਂ ਅਜ ਪੁੱਤਰ ਦੀਆਂ ਆਂਦਰਾਂ ਸੁਰਜੀਤ ਹੋਈਆਂ ਸਨ। ਅਜ ਪੁੱਤਰ ਨੂੰ ਜਾਪਦਾ ਸੀ ਕਿ ਖੜਗ ਸਿੰਘ ਦੀ ਮੌਤ ਕੁਦਰਤੀ ਮੌਤ ਨਹੀਂ। ਇਹ ਕਤਲ ਹੈ ਤੇ ਕਾਤਲ ਹਨ ਡੋਗਰੇ ਭਰਾ। ਅਜ ਪਿਤਾ ਦੀ ਚਿਤਾ ਨੂੰ ਲੰਬੂ ਲਾਣ ਵੇਲੇ ਕੰਵਰ ਦੀ ਆਤਮਾ ਨੂੰ ਵੀ ਇਕ ਲੰਬੂ ਲਗਾ ਤੇ ਉਹਦਾ ਅੰਦਰ ਬਾਹਰ ਲੂਹਿਆ ਗਿਆ।

ਉਸ ਹੁਣੇ ਹੁਣੇ ਰਾਜਾ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ ਨੂੰ ਆਪੋ ਵਿਚ ਘੁਸਰ ਮੁਸਰ ਕਰਦੇ ਸੁਣਿਆ ਸੀ। ਵੇਖਣ ਵਾਲੇ ਹੈਰਾਨ ਸਨ ਕਿ ਅੱਜ ਨਾ ਹੀ ਗੁਲਾਬ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਹਨ ਤੇ ਨਾ ਹੀ ਰਾਜਾ ਧਿਆਨ ਸਿੰਘ ਨੂੰ ਕੋਈ ਰੰਜ ਹੋਇਆ ਲਗਦਾ ਹੈ। ਪਿਛਲੇ ਸਾਲ ਮਹਾਰਾਜਾ ਰਣਜੀਤ ਸਿੰਘ ਦੇ ਸੰਸਕਾਰ ਵੇਲੇ ਰਾਜਾ ਧਿਆਨ ਸਿੰਘ ਆਪਣੇ ਮਹਾਰਾਜੇ ਨਾਲ ਸਤੀ ਹੋ ਜਾਣਾ ਚਾਹੁੰਦਾ ਸੀ। ਮਸੇ ਮਸੇ ਬਾਕੀ ਸਰਦਾਰ ਉਹਨੂੰ ਚਿਤਾ ਵਿਚ ਛਾਲ ਮਾਰਨ ਤੋਂ ਰੋਕ ਰਹੇ ਸਨ। ਤੇ ਰਾਜਾ ਗੁਲਾਬ ਸਿੰਘ ਤੇ ਰਾਜਾ ਹੀਰਾ ਸਿੰਘ ਭੁੱਬਾਂ ਮਾਰ ਮਾਰ ਕੇ ਰੋ ਰਹੇ ਸਨ। ਪਰ ਅੱਜ ? ਅੱਜ ਉਨ੍ਹਾਂ ਵਾਸਤੇ ਜਿਵੇਂ ਇਹ ਸਸਕਾਰ ਇਕ ਖੇਡ ਹੋਵੇ। ਇਸ ਖੇਡ ਨੂੰ ਵਾਚਦੇ ਉਹ ਆਪੋ ਆਪਣੀਆਂ ਗੋਂਦਾਂ ਵਿਚ ਰੁਝੇ ਹੋਏ ਲਗਦੇ ਸਨ। ਧਿਆਨ ਸਿੰਘ ਕਦੀ ਗੁਲਾਬ ਸਿੰਘ ਦੇ ਕੰਨ ਵਿਚ ਕੁਝ ਆਖਦਾ ਤੇ ਕਦੀ ਆਪਣੇ ਨਿਕਟ ਖਲੋਤੇ ਕਰਨਲ ਗਾਰਡਨਰ ਨੂੰ ਕੁਝ ਕਹਿੰਦਾ। ਕੰਵਰ ਨੇ ਇਹ ਵਾਤਾਵਰਨ ਵੇਖਿਆ।

"ਇਹ ਜੁੰਡੀ ਕਿਸ ਆਹਰ ਵਿਚ ਹੈ ?" ਉਸ ਆਪਣੇ ਆਪ ਤੋਂ ਪੁਛਿਆ, "ਲਗਦਾ ਹੈ ਇਹ ਕੋਈ ਸਾਜ਼ਸ਼

Scanned by CamScanner

ਕੱਰ ਰਹੇ ਹਨ।"

ਏਨੇ ਵਿਚ ਧਿਆਨ ਸਿੰਘ ਨੇ ਕੰਵਰ ਦੇ ਹੱਥੀਂ ਬਲਦਾ ਲੰਬੂ ਫੜਾਇਆ। ਕੰਵਰ ਅਗੇ ਵਧਿਆ, ਪਰ ਉਹ ਥਿੜਕ ਗਿਆ। ਇਕ ਵਾਰ ਫਿਰ ਲਗਾ ਕਿ ਉਹਨੂੰ ਕਿਸੇ ਸਹਾਰੇ ਦੀ ਲੋੜ ਹੈ। ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਸਿੰਘ ਨੇ ਫਿਰ ਸਹਾਰਾ ਦਿਤਾ, ਪਰ ਕੰਵਰ ਦੀ ਸੰਤੁਸ਼ਟਤਾ ਨਹੀਂ ਹੋਈ।

ਇਹ ਵੇਖ ਕੇ ਹਰਪਾਲ ਸਿੰਘ ਮਾਹਿਲ ਅਗੇ ਵਧਿਆ। ਉਸ ਕੰਵਰ ਦੇ ਮੋਢੇ ਉੱਤੇ ਹੱਥ ਰਖਿਆ। ਜਿਉਂ ਹੀ ਹਰਪਾਲ ਦਾ ਹੱਥ ਉਹਦੇ ਸਰੀਰ ਨੂੰ ਛੋਹਿਆ, ਕੰਵਰ ਨੂੰ ਸ਼ਾਂਤੀ ਆ ਗਈ ਲਗੀ। ਉਹਦਾ ਦਿਲ ਠੰਹਿਰ ਗਿਆ। ਉਹਨੂੰ ਧੀਰਜ ਆਇਆ। ਇਉਂ ਜਾਪਦਾ ਸੀ ਕਿ ਇਕ ਪਹਾੜ ਨੇ ਮਾਰੂ ਹਵਾਵਾਂ ਤੋਂ ਕੰਵਰ ਨੂੰ ਬਚਾ ਲਿਆ ਹੋਵੇ। ਕੰਵਰ ਨੇ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਹਰਪਾਲ ਸਿੰਘ ਵਲ ਤੱਕਿਆ। ਹਰਪਾਲ ਦੀਆਂ ਤੱਕਣੀਆਂ ਕਹਿੰਦੀਆਂ ਲਗੀਆਂ :

"ਜੋ ਹੋਣਾ ਸੀ ਸੋ ਹੋ ਗਿਆ ਕੰਵਰ ਸਾਹਿਬ ! ਹੌਂਸਲਾ ਰਖੋ। ਮੈਂ ਤੁਹਾਡੇ ਪਿਤਾ ਦੀ ਥਾਂ ਲਵਾਂਗਾ। ਮੈਂ ਜਾਣਦਾ ਹਾਂ ਤੁਹਾਨੂੰ ਮੇਰੇ ਵਿਚੋਂ ਮਹਾਰਾਜਾ ਰਣਜੀਤ ਸਿੰਘ, ਪਿਤਾ ਖੜਗ ਸਿੰਘ ਤੇ ਸਰਦਾਰ ਹਰੀ ਸਿੰਘ ਨਲੂਏ ਦੇ ਝਾਉਲੇ ਦਿਸਦੇ ਹਨ।"

ਇਸ਼ਾਰਾ ਕਰ ਕੇ ਹਰਪਾਲ ਨੇ ਲਹਿਣਾ ਸਿੰਘ ਮਜੀਠੀਆ ਨੂੰ ਵੀ ਕੋਲ ਬੁਲਾ ਲਿਆ। ਉਸ ਵੀ ਕਿਹਾ :

"ਕੰਵਰ ਸਾਹਿਬ ! ਹੁਣ ਰਾਜ ਦੀ ਵਾਗ ਡੋਰ ਤੁਹਾਡੇ ਹੱਥ ਹੈ। ਸਬਰ ਤੇ ਦ੍ਰਿੜ੍ਹਤਾ ਨਾਲ ਅਗੇ ਵਧਣਾ ਪਏਗਾ।"

ਹਰਪਾਲ ਤੇ ਲਹਿਣਾ ਸਿੰਘ ਨੇ ਧਿਆਨ ਸਿੰਘ ਤੇ ਗੁਲਾਬ ਸਿੰਘ ਵਲ ਤੱਕਿਆ ਤੇ ਡੋਗਰੇ ਭਰਾਵਾਂ ਨੇ ਹਰਪਾਲ ਸਿੰਘ ਤੇ ਲਹਿਣਾ ਸਿੰਘ ਵਲ। ਹਰਪਾਲ ਨੂੰ ਲਗਾ ਕਿ ਡੋਗਰੇ ਭਰਾਵਾਂ ਦੀਆਂ ਨਜ਼ਰਾਂ ਵਿਚ ਚੋਰ ਹੈ। ਹਰਪਾਲ ਵਲ ਵੇਖਦੇ ਉਹ ਬਰਕ ਗਏ ਸਨ। ਹੁਣ ਹਰਪਾਲ ਤੇ ਲਹਿਣਾ ਸਿੰਘ ਨੇ ਇਕ ਦੂਜੇ ਵਲ ਵੇਖਿਆ ਤੇ ਉਧਰ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਇਕ ਦੂਜੇ ਵਲ। ਉਹ ਸਾਰੇ ਇਕ ਦੂਜੇ ਨੂੰ ਕੁਝ ਕਹਿੰਦੇ ਲਗੇ। ਇਨ੍ਹਾਂ ਤੱਕਣੀਆਂ ਵਿਚ ਇਕ ਦੂਜੇ ਦੇ ਭਾਵਾਂ ਵਾਸਤੇ ਸੂਝ ਸੀ।

ਧਿਆਨ ਸਿੰਘ ਤੇ ਗੁਲਾਬ ਸਿੰਘ ਵਰਗੇ ਗਿੱਝੇ ਹੋਏ ਕਾਤਲ ਤੇ ਖ਼ੂਨੀ ਆਪਣੀਆਂ ਬੀਬੀਆਂ ਦਾੜ੍ਹੀਆਂ ਤੇ ਬੀਬੇ ਦਸਤਾਰਿਆਂ ਥੱਲੇ ਬੜਾ ਕੁਝ ਲੁਕਾ ਲੈਂਦੇ ਹਨ, ਪਰ ਫਿਰ ਵੀ ਤੱਕਣ ਵਾਲਿਆਂ ਨੂੰ ਬਦੀ ਤੇ ਨੀਚਤਾ ਦੀ ਭਿਣਕ ਪੈ ਹੀ ਜਾਂਦੀ ਹੈ। ਖ਼ੂਨ ਤੇ ਖ਼ੂਨੀ ਸਾਜ਼ਸ਼ ਛੁਪਾਇਆਂ ਛੁਪ ਤਾਂ ਸਕਦੀ ਹੈ, ਪਰ ਜਦੋਂ ਕੋਈ ਦਿਆਨਤਦਾਰ ਤੇਜ਼ ਤੱਕਣੀ ਦੇਖੀਆ ਵਲ ਵੇਖੇ ਤਾਂ ਦਿਲ ਦਾ ਚੋਰ ਛੁਪਾਇਆਂ ਨਹੀਂ ਛੁਪਦਾ।

ਲਹਿਣਾ ਸਿੰਘ ਤੇ ਹਰਪਾਲ ਸਿੰਘ ਨੇ ਇਕ ਦੂਜੇ ਵਲ ਵੇਖਿਆ ਤੇ ਉਨ੍ਹਾਂ ਨੇ ਇਕ ਦੂਜੇ ਨੂੰ ਬੜਾ ਕੁਝ ਸਮਝਾ ਦਿਤਾ। ਹੁਣ ਹਰਪਾਲ ਨੇ ਜਦੋਂ ਚਾਰ ਚੁਫੇਰੇ ਨਜ਼ਰ ਦੌੜਾਈ ਤਾਂ ਉਸ ਵੇਖਿਆ ਕਿ ਕਰਨਲ ਗੋਰਡਨਰ ਓਥੇ ਨਹੀਂ। ਕੋਈ ਨਾ ਕੋਈ ਅਨਹੋਣੀ ਫਿਰ ਵਰਤਣ ਵਾਲੀ ਹੈ।' ਹਰਪਾਲ ਨੇ ਆਪਣੇ ਆਪ ਨੂੰ ਕਿਹਾ ਤੇ ਉਹਦਾ ਧਿਆਨ ਇਕਾ ਇਕ ਸਰਦਾਰ ਸ਼ਾਮ ਸਿੰਘ ਅਟਾਰੀ ਵਲ ਗਿਆ। ਉਸ ਮਹਿਸੂਸ ਕੀਤਾ ਕਿ ਇਹੋ ਜਿਹੇ ਨਾਜ਼ਕ ਸਮੇਂ ਉਹਨੂੰ ਏਥੇ ਹੋਣਾ ਚਾਹੀਦਾ ਹੈ। ਗੁਲਾਬ ਸਿੰਘ ਤੇ ਧਿਆਨ ਸਿੰਘ ਦੀਆਂ ਨਜ਼ਰਾਂ ਦਸਦੀਆਂ ਹਨ ਕਿ ਉਹ ਕਿਸੇ ਸ਼ੈ ਉੱਤੇ ਤੁਲੇ ਹੋਏ ਹਨ। ਬਾਕੀ ਸਭ ਸਰਦਾਰਾਂ ਦੇ ਚਿਹਰਿਆਂ ਉੱਤੇ ਵੀ ਤਸ਼ਵੀਸ਼ ਦੇ ਨਿਸ਼ਾਨ ਸਨ। ਵਾਤਾਵਰਨ ਸਮੁੱਚਾ ਹੀ ਨਾਜ਼ਕ ਸੀ।

ਕੰਵਰ ਨੇ ਖੜਗ ਸਿੰਘ ਦੀ ਚਿਤਾ ਨੂੰ ਲੰਬੂ ਲਾਇਆ। ਖੜਗ ਸਿੰਘ ਦੀ ਲੋਥ ਸੜਨ ਲਗੀ ਤੇ ਅੰਤ ਰਖ ਹੋਣ ਲਗੀ। ਟਿਕਟਿਕੀ ਲਾ ਕੇ ਹਰਪਾਲ ਇਸ ਸੜਦੀ ਚਿਤਾ ਵਲ ਵੇਖਦਾ ਰਿਹਾ। ਮਨੁੱਖ ਦਾ ਅੰਤ ਉਹਦੇ ਜਨਮ ਦੇ ਸਨਮੁਖ ਕੇਡਾ ਭਿਆਨਕ ਤੇ ਦਰਦਨਕ ਹੁੰਦਾ ਹੈ। ਬਲਦੀ ਚਿਤਾ ਨੂੰ ਵੇਖਦਿਆਂ ਮਨੁੱਖ ਦੇ ਅੰਦਰ ਕਿਹੋ ਜਿਹੇ ਭਾਵ ਉਤਪੰਨ ਹੁੰਦੇ ਹਨ ? ਕਈਆਂ ਨੂੰ ਆਪਣੇ ਮਰ ਚੁੱਕੇ ਸੱਜਣ ਮਿੱਤਰ ਯਾਦ ਆਉਂਦੇ ਹਨ ਤੇ ਕਈਆਂ ਨੂੰ ਸ਼ਾਇਦ ਆਪਣੀ ਆ ਰਹੀ ਮੌਤ ਡਰਾਂਦੀ ਹੋਵੇ। ਇਹੋ ਜਿਹੇ ਵੇਲਿਆਂ ਸਮੇਂ ਮਨੁੱਖ ਦੀ ਨਾਸ਼ਮਾਨਤਾ ਹਿਰਦੇ ਨੂੰ ਅਜਬ ਢੰਗ ਨਾਲ ਟੁੰਬ ਜਾਂਦੀ ਹੈ। ਪਰ ਹਰਪਾਲ ਦੇ ਦਿਲ ਵਿਚ ਇਸ ਬਲਦੀ ਚਿਤਾ ਨੂੰ ਵੇਖ ਕੇ ਸਿਰਫ਼ ਇਹੋ ਭਾਵ ਉਤਪੰਨ ਹੋ ਰਹੇ ਸਨ, "ਇਹੋ ਜਿਹੇ ਬਦਨਸੀਬ ਆਦਮੀ ਵਾਸਤੇ ਜ਼ਿੰਦਗੀ ਨਾਲੋਂ ਮੌਤ ਹੀ ਚੰਗੀ ਹੈ...।"

ਚਿਤਾ ਬਲਦੀ ਗਈ, ਖੜਗ ਸਿੰਘ ਸੜਦਾ ਗਿਆ ਤੇ ਸਾਰੇ ਸਰਦਾਰ ਆਲੇ ਦੁਆਲੇ ਖਲੋਤੇ ਵੇਖਦੇ ਗਏ।

Scanned by CamScanner

ਇਕਾ ਇਕ ਹਰਪਾਲ ਦੇ ਦਿਲ ਵਿਚ ਪਤਾ ਨਹੀਂ ਕੀ ਉਬਾਲ ਉਠਿਆ ਕਿ ਉਹਨੂੰ ਦਿਕ ਕਾਂਬਾ ਆ ਗਿਆ ਉਸ ਆਪਣੇ ਸਰੀਰ ਤੇ ਮਿਆਲਾਂ ਨੂੰ ਛੰਡਿਆ । ਉਹਨੂੰ ਲੱਗਾ ਕਿ ਇਹ ਕੋਈ ਫ਼ਲਸਫ਼ਕ ਮਸਲੇ ਸੋਚਣ ਦਾ ਸਮਾਂ ਨਹੀਂ । ਮੌਤ ਹਰ ਦਰਸ਼ਕ ਨੂੰ ਸਿਥਲ ਤੇ ਕਿਸੇ ਹੱਦ ਤਕ ਨਿਰਥਲ ਕਰ ਦੇਂਦੀ ਹੈ, ਪਰ ਉਹਨੂੰ ਜਾਪਿਆ ਕਿ ਇਹ ਮੌਕਾ ਨਿਰਥਲ ਤੇ ਥਲਹੀਨ ਹੋਣ ਦਾ ਨਹੀਂ । ਇਹ ਦਿਮਾਗੀ ਉਧੇੜ-ਬੁਨ ਦਾ ਨਹੀਂ, ਕਰਮ ਦਾ ਸਮਾਂ ਹੈ । ਉਹਦਾ ਜੀ ਕਰਨ ਲਗਾ ਚਿਤਾ ਜਲਦੀ ਤੋਂ ਜਲਦੀ ਬਲ ਕੇ ਸੁਆਹ ਹੋ ਜਾਏ । ਉਹਨੇ ਅੱਜ ਰਾਤ ਤੋਂ ਪਹਿਲੇ ਪਹਿਲੇ ਬੜੇ ਜ਼ਰੂਰੀ ਕੰਮ ਕਰਨੇ ਹਨ । ਉਹ ਕਾਹਲਾ ਪੈ ਗਿਆ ।

ਅਜੇ ਬਾਕੀ ਸਾਰੇ ਸਰਦਾਰ ਓਥੇ ਹੀ ਸਨ ਕਿ ਹਰਪਾਲ ਉਥੋਂ ਟੁਰ ਆਇਆ । ਆਉਣ ਤੋਂ ਪਹਿਲੇ ਉਸ ਲਹਿਣਾ ਸਿੰਘ ਮਜੀਠੀਏ ਨੂੰ ਕਿਹਾ : "ਸਰਦਾਰ ਜੀ ! ਕਿਸੇ ਸ਼ਰਤ ਵੀ ਕੰਵਰ ਦਾ ਸਾਥ ਨਾ ਛਡਣਾ ।... ਮੈਂ ਸਰਦਾਰ ਸ਼ਾਮ ਸਿੰਘ ਨੂੰ ਜਲਦੀ ਤੋਂ ਜਲਦੀ ਏਥੇ ਆਉਣ ਲਈ ਅਖਵਾ ਘਲਣਾ ਚਾਹੁੰਦਾ ਹਾਂ ।"

੧੧੬

ਹਰਪਾਲ ਸਿੰਘ ਘਰ ਆਇਆ ਤੇ ਆਉਂਦਿਆਂ ਹੀ ਉਸ ਗੁਰਪਾਲ ਨੂੰ ਅਟਾਰੀ ਭੇਜਿਆ । ਉਸੇ ਕਿਹਾ :

"ਸਰਦਾਰ ਸ਼ਾਮ ਸਿੰਘ ਨੂੰ ਕਹਿਣਾ ਕਿ ਜਲਦੀ ਤੋਂ ਜਲਦੀ ਲਾਹੌਰ ਪਹੁੰਚਣ । ਸੁਨੇਹਾ ਸੁਣਨ ਤੇ ਘੋੜੀ ਚੜ੍ਹਨ ਮੈਂ ਉਨ੍ਹਾਂ ਨੂੰ ਉਡੀਕ ਰਿਹਾ ਹਾਂ ।"

ਗੁਰਦਈ ਤੇ ਗੁਰਮੀਤ ਹੈਰਾਨ ਸਨ । "ਕੀ ਗੱਲ ਹੈ ਹਰਪਾਲ ?" ਉਨ੍ਹਾਂ ਨੂੰ ਪੁੱਛਿਆ ।

"ਅਜੇ ਤਕ ਤਾਂ ਕੁਝ ਗੱਲ ਨਹੀਂ, ਪਰ ਜਾਪਦਾ ਹੈ ਕਿ ਡੋਗਰੇ ਭਰਾ ਕੋਈ ਕੁਕਰਮ ਕਰਨ ਵਾਲੇ ਹਨ । ਮਹਾਰਾਜਾ ਖੜਗ ਸਿੰਘ ਦੇ ਸਸਕਾਰ ਵੇਲੇ ਸਰਦਾਰ ਲਹਿਣਾ ਸਿੰਘ ਤੇ ਮੈਨੂੰ ਸ਼ੱਕ ਪਿਆ ਹੈ ।"

ਘਰ ਦੇ ਵਾਤਾਵਰਨ ਵਿਚ ਇਕ ਦਮ ਤਣਾਉ ਭਰ ਗਿਆ । ਅਜ ਸਰਦੀ ਕਾਫ਼ੀ ਸੀ ਤੇ ਹੁਣੇ ਤਕ ਸੂਰਜ ਡੁਬਣ ਵਾਲਾ ਸੀ । ਗੁਰਦਈ, ਗੁਰਮੀਤ ਦੇ ਦੱਬਰ ਨੇ ਬਾਕੀ ਜੀਅ ਅੰਦਰ ਅੰਗੀਠੀਆਂ ਬਾਲ ਕੇ ਬੈਠੇ ਸਨ । ਹਰਪਾਲ ਦੇ ਇਨ੍ਹਾਂ ਬਚਨਾਂ ਪਿੱਛੋਂ ਕਿੰਨਾਂ ਚਿਰ ਚੁੱਪ ਵਰਤੀ ਰਹੀ । ਪੋਲੇ ਪੋਲੇ ਕਦਮਾਂ ਨਾਲ ਹਰਪਾਲ ਕਮਰੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਂਦਾ ਤੇ ਫਿਰ ਵਾਪਸ ਆ ਜਾਂਦਾ ।

ਮਾਂ ਨੇ ਕਿਹਾ : "ਹਰਪਾਲ ਮੂੰਹ ਚੋਲ ਲੈ । ਤੂੰ ਸਵੇਰ ਦਾ ਕੁਝ ਖਾਧਾ ਪੀਤਾ ਨਹੀਂ ।"

"ਮੈਨੂੰ ਭੁਖ ਨਹੀਂ ਮਾਂ ।" ਹਰਪਾਲ ਨੇ ਉੱਤਰ ਦਿਤਾ ।

"ਬਹਿ ਤਾਂ ਜਾ ਹਰਪਾਲ । ਤੂੰ ਆਖ਼ਰ ਸੋਚ ਕੀ ਰਿਹਾ ਹੈਂ ?" ਗੁਰਮੀਤ ਨੇ ਆਖਿਆ ।

ਹਰਪਾਲ ਚੌਕੀ ਉੱਤੇ ਬੈਠ ਗਿਆ । ਉਹ ਸ਼ਾਂਤ ਚਿਤ, ਪਰ ਦ੍ਰਿੜ੍ਹ ਨਜ਼ਰ ਆਉਂਦਾ ਸੀ । ਗੁਰਮੀਤ ਜਾਣਦੀ ਸੀ ਕਿ ਹਰ ਲੜਾਈ ਤੋਂ ਪਹਿਲੇ ਹਰਪਾਲ ਦੇ ਚਿਹਨ ਚੱਕਰ ਏਸੇ ਤਰ੍ਹਾਂ ਦੇ ਹੀ ਹੁੰਦੇ ਹਨ । ਉਹਨੂੰ ਇਉਂ ਵਸਿਆ ਵੀ ਗਿਆ

ਸੀ ਤੇ ਆਪਣੇ ਭਰਾ ਵਾਸਤੇ ਦਿਲੋਂ ਫੁੱਟਦੇ ਡੂੰਘੇ ਪਿਆਰ ਵਿਚੋਂ ਉਹ ਅਨੁਮਾਨ ਵੀ ਲਾ ਸਕਦੀ ਸੀ, ਪਰ ਅਜ ਕਿਹੜੀ ਲੋੜ ਹੋਣ ਵਾਲੀ ਸੀ ? ਉਹ ਆਪਣੇ ਆਪ ਕੋਲੋਂ ਪੁੱਛਦੀ।

ਹਰਪਾਲ ਚੌਂਕੀ ਉੱਤੇ ਬੈਠਾ ਸੀ। ਦੀਵੇ ਦੀ ਰੋਸ਼ਨੀ ਵਿਚ ਉਹਦੀ ਗੱਲ੍ਹ ਉੱਤੇ ਪਿਆ ਨਿਸ਼ਾਨ ਦਿਸ ਸਕਦਾ ਸੀ। ਡਬਖੜੱਬੀ ਦਾੜ੍ਹੀ ਦੀ ਕੁਹਾਰ ਪਹਿਲੇ ਵਰਗੀ ਸੀ। ਉਹ ਅਜੇ ਤਕ ਵੀ ਲੰਮੀ ਤੇ ਪੂਛਲਦਾਰ ਨਹੀਂ ਸੀ ਹੋਈ। ਉਹਦੀ ਪੱਗ ਸਦਾ ਵਾਂਗ ਘੱਟ ਕੇ ਬੰਨ੍ਹੀ ਗਈ ਸੀ। ਉਹਦਾ ਪ੍ਰਭਾਵ ਸਦਾ ਵਾਂਗ ਹੀ ਨਿੱਗਰ ਤੇ ਜ਼ੋਰਦਾਰ ਸੀ। ਬਹੁਤੀ ਦੇਰ ਨਹੀਂ ਸੀ ਹੋਈ ਕਿ ਸਰਦਾਰ ਲਹਿਣਾ ਸਿੰਘ ਮਜੀਠੀਆ ਤੇਜ਼ੀ ਨਾਲ ਅੰਦਰ ਆਇਆ। ਅੰਦਰ ਆਉਂਦਿਆਂ ਹੀ ਉਹ ਗੁਰਦਈ ਦੇ ਕੋਲ ਮੰਜੇ ਉੱਤੇ ਬੈਠ ਗਿਆ ਤੇ ਆਪਣਾ ਸਿਰ ਦੋਹਾਂ ਹੱਥਾਂ ਵਿਚ ਫੜ ਕੇ ਉਸ ਕਿਹਾ : "ਸਰਦਾਰ ਜੀ, ਭਾਣਾ ਵਰਤ ਗਿਆ ਜੇ।"

ਗੁਰਦਈ ਤੇ ਗੁਰਮੀਤ ਨੇ ਤਾਉਲੇ ਤਾਉਲੇ ਪੁੱਛਿਆ : 'ਕੀ ਹੋਇਆ ਹੈ ?"

"ਅਜ ਰਾਤ ਸਮਝੋ ਕੰਵਰ ਨੌਨਿਹਾਲ ਸਿੰਘ ਵੀ ਗਏ, ਸਸਕਾਰ ਤੋਂ ਵਾਪਸ ਆਉਂਦਿਆਂ ਡਿਉਢੀ ਦੇ ਦਰਵਾਜ਼ੇ ਦਾ ਛੱਜਾ ਡਿਗ ਪਿਆ ਹੈ ਤੇ ਕੰਵਰ ਸਾਹਿਬ ਬੱਲੇ ਆ ਗਏ ਹਨ। ਉਨ੍ਹਾਂ ਦੇ ਨਾਲ ਰਾਜਾ ਗੁਲਾਬ ਸਿੰਘ ਦਾ ਪੁੱਤਰ ਊਧਮ ਸਿੰਘ ਸੀ। ਉਹ ਤਾਂ ਥਾਂ ਮਰ ਗਿਆ ਤੇ ਕੰਵਰ ਜੀ ਨੂੰ ਕੰਨ ਦੇ ਕੋਲ ਜਖ਼ਮ ਆਇਆ ਹੈ। ਪਰ ... ਪਰ ਮਾਹਿਲ ਸਾਹਿਬ ! ਮੈਨੂੰ ਕੰਵਰ ਜੀ ਦੀ ਜਾਨ ਦਾ ਫ਼ਿਕਰ ਹੈ। ਦਰਵਾਜ਼ੇ ਦੇ ਕੋਲ ਇਕ ਪਾਲਕੀ ਪਤਾ ਨਹੀਂ ਕਿਵੇਂ ਪਹਿਲੇ ਪਈ ਸੀ। ਉਸ ਵਿਚ ਪਾ ਕੇ ਕੰਵਰ ਜੀ ਨੂੰ ਅੰਦਰ ਲੈ ਜਾਇਆ ਗਿਆ ਹੈ। ਮੈਂ ਵੀ ਨਾਲ ਗਿਆ, ਪਰ ਅੰਦਰਲੇ ਮਹਿਲ ਅਗੇ ਪਹੁੰਚ ਕੇ ਮੈਨੂੰ ਰੋਕ ਦਿਤਾ ਗਿਆ। ਰਾਜਾ ਗੁਲਾਬ ਸਿੰਘ ਤੇ ਰਾਜਾ ਧਿਆਨ ਸਿੰਘ ਨੇ ਅੰਦਰੋਂ ਕੁੰਡਾ ਮਾਰ ਲਿਆ। ਉਥੇ ਕੋਈ ਨਹੀਂ ਸੀ ਜਿਸ ਨੂੰ ਮੈਂ ਕੁਝ ਕਹਿ ਸਕਦਾ। ਸਿਰਫ਼ ਜਮਾਂਦਾਰ ਖੁਸ਼ਹਾਲ ਸਿੰਘ ਸੀ ਤੇ ਮੈਂ ਉਸ ਆਦਮੀ ਉੱਤੇ ਕਦੇ ਇਤਬਾਰ ਨਹੀਂ ਕੀਤਾ।

"ਏਨੇ ਵਿਚ ਮਹਾਰਾਣੀ ਚੰਦ ਕੌਰ ਤੇ ਬੀਬੀ ਨਾਨਕੀ ਵੀ ਆ ਗਈਆਂ, ਪਰ ਉਨ੍ਹਾਂ ਦੀਆਂ ਆਵਾਜ਼ਾਂ ਤੇ ਉਨ੍ਹਾਂ ਦੇ ਵੈਣਾਂ ਦੇ ਬਾਵਜੂਦ ਵੀ ਡੋਗਰੇ ਭਰਾਵਾਂ ਨੇ ਸਿਰਫ਼ ਪੰਜਾਂ ਸੱਤਾਂ ਮਿੰਟਾਂ ਪਿਛੋਂ ਦਰਵਾਜ਼ਾ ਖੋਹਲਿਆ। ਜਦੋਂ ਅਸੀਂ ਅੰਦਰ ਗਏ ਤਾਂ ਵੇਖਿਆ ਕਿ ਕੰਵਰ ਜੀ ਦੇ ਪਲੰਘ ਉੱਤੇ ਖ਼ੂਨ ਹੀ ਖ਼ੂਨ ਹੈ ਤੇ ਸਿਰ ਵਿਚੋਂ ਪਰਲ-ਪਰਲ ਲਹੂ ਵਗ ਰਿਹਾ ਹੈ। ਸਰਦਾਰ ਸਾਹਿਬ ਡੋਗਰੇ ਭਰਾਵਾਂ ਨੇ ਅਵੱਸ਼ ਕੰਵਰ ਜੀ ਦੇ ਸਿਰ ਨੂੰ ਬੁਰੀ ਤਰ੍ਹਾ ਫੇਹਿਆ ਹੈ। ਮੈਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਉਹ ਅਜ ਦੀ ਰਾਤ ਤੱਗ ਸਕਣਗੇ ਕਿ ਨਹੀਂ।"

ਕਿੰਨੇ ਚਿਰ ਦੀ ਚੁੱਪ ਪਿੱਛੋਂ ਲਹਿਣਾ ਸਿੰਘ ਨੇ ਪੁੱਛਿਆ :

"ਹੁਣ ਕੀ ਕਰੀਏ ਮਾਹਿਲ ਸਾਹਿਬ !" ਤੇ ਉਹਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਟੁਰੇ "ਮੈਂ ਕੰਵਰ ਜੀ ਨੂੰ ਛਡ ਕੇ ਨਹੀਂ ਸਾਂ ਆਉਣਾ ਚਾਹੁੰਦਾ, ਪਰ ਮੇਰੇ ਉਥੇ ਹੋਣ ਦਾ ਵੀ ਕੀ ਫ਼ਾਇਦਾ ? ਮੈਂ ਸੋਚਿਆ ਕਿ ਸ਼ਾਇਦ ਤੁਸੀਂ ਕੋਈ ਸਬੀਲ ਕਢੋ।"

ਹਰਪਾਲ ਚੌਕੀ ਉਤੋਂ ਉਠਿਆ :

"ਸਰਦਾਰ ਸਾਹਿਬ ! ਇਹ ਅੱਥਰੂ ਵਹਾਣ ਦਾ ਵੇਲਾ ਨਹੀਂ। ਮੈਨੂੰ ਪਹਿਲੇ ਹੀ ਪਤਾ ਸੀ ਕਿ ਡੋਗਰੇ ਭਰਾ ਕਿਸੇ ਨਾ ਕਿਸੇ ਗੱਲ ਉੱਤੇ ਤੁਲੇ ਹੋਏ ਹਨ। ਤੁਸੀਂ ਛੱਜੇ ਉੱਤੇ ਕਿਸੇ ਆਦਮੀ ਨੂੰ ਵੇਖਿਆ ਸੀ ?"

"ਚੰਗੀ ਤਰ੍ਹਾਂ ਨਹੀਂ, ਪਰ ਮੇਰੇ ਖ਼ਿਆਲ ਵਿਚ ਕਰਨਲ ਬਿਜੈ ਸਿੰਘ ਉਥੇ ਸੀ। ਮੈਂ ਕੰਵਰ ਜੀ ਤੋਂ ਮਸੇਂ ਪੰਜ ਸਤ ਗਜ਼ ਹੀ ਪਿਛੇ ਸਾਂ। ਸ਼ਮਸ਼ਾਨ ਭੂਮੀ ਤੋਂ ਲੈ ਕੇ ਕਿਲ੍ਹੇ ਤਕ ਸਾਰੇ ਰਾਹ ਗੁਲਾਬ ਸਿੰਘ ਤੇ ਧਿਆਨ ਸਿੰਘ ਘੁਸਰ ਮੁਸਰ ਕਰਦੇ ਆਏ ਸਨ। ਹਾਂ, ਤੇ ਮੈਂ ਭਾਈ ਗੁਰਮੁਖ ਸਿੰਘ ਦੇ ਮੂੰਹੋਂ ਇਹ ਵੀ ਸੁਣਿਆ ਹੈ ਕਿ ਮਹਾਰਾਜਾ ਖੜਗ ਸਿੰਘ ਨੂੰ ਜ਼ਹਿਰ ਦਿਤੀ ਗਈ ਹੈ।"

"ਜ਼ਹਿਰ !" ਗੁਰਦਈ ਤੇ ਗੁਰਮੀਤ ਵਿਲਕ ਉਠੀਆਂ।

ਹਰਪਾਲ ਨੇ ਜ਼ਿਵੇਂ ਨੀਝ ਲਾ ਕੇ ਖੜਗ ਸਿੰਘ ਵਲ ਤੱਕਿਆ ਹੋਵੇ। ਕਿਵੇਂ ਖੜਗ ਸਿੰਘ ਦਿਨੋਂ ਦਿਨ ਕਮਜ਼ੋਰ ਹੁੰਦਾ ਗਿਆ ਸੀ। ਕਿਵੇਂ ਦਵਾਈਆਂ ਨੇ ਉਹਦੇ ਉੱਤੇ ਕੋਈ ਅਸਰ ਨਹੀਂ ਸੀ ਕੀਤਾ ਤੇ ਅੰਤ ਉਹਨੇ ਦਵਾਈ ਖਾਣੀ ਪੀਣੀ

Scanned by CamScanner

ਹੀ ਬੰਦ ਕਰ ਦਿਤੀ ਸੀ। ਹਰਪਾਲ ਨੂੰ ਲੱਗਾ ਕਿ ਸੱਚ ਹੀ ਖੜਗ ਸਿੰਘ ਨੂੰ ਹੌਲੀ ਹੌਲੀ ਮਾਰ ਮੁਕਾਣ ਵਾਲਾ ਕੋਈ ਜ਼ਹਿਰ ਦਿਤਾ ਗਿਆ ਹੈ। ਆਖ਼ਰੀ ਤੇ ਮਾਰੂ ਖ਼ੁਰਾਕ ਦੇਣ ਤੋਂ ਪਹਿਲਾਂ ਧਿਆਨ ਸਿੰਘ ਨੇ ਰਾਜਾ ਗੁਲਾਬ ਸਿੰਘ ਨੂੰ ਬੁਲਾ ਭੇਜਿਆ ਹੋਣਾ ਹੈ। ਕਲ੍ਹ ਗੁਲਾਬ ਸਿੰਘ ਆਇਆ ਤੇ ਅਜ ਸਵੇਰੇ ਖੜਗ ਸਿੰਘ ਮਰ ਗਿਆ। ਜਦੋਂ ਵੀ ਗੁਲਾਬ ਸਿੰਘ ਲਾਹੌਰ ਆਉ'ਦਾ ਸੀ, ਕੁਝ ਨਾ ਕੁਝ ਹੋ ਕੇ ਰਹਿੰਦਾ ਸੀ। ਹਰਪਾਲ ਨੂੰ ਲੱਗਾ ਕਿ ਕੰਵਰ ਦੀ ਮੌਤ ਦੀ ਤਜਵੀਜ਼ ਵੀ ਕਲ ਤੇ ਅਜ ਹੀ ਘੜੀ ਗਈ ਹੋਵੇ। ਸ਼ਾਇਦ ਏਸੇ ਲਈ ਇਹਦੇ ਵਿਚ ਖ਼ਾਮੀਆਂ ਤੇ ਉਕਾਈਆਂ ਰਹਿ ਗਈਆਂ ਹਨ ਰੇ ਉਨ੍ਹਾਂ ਦੇ ਰਾਜ਼ ਫ਼ਾਸ਼ ਹੋ ਗਏ ਹਨ। ਏਸੇ ਜਲਦ-ਬਾਜੀ ਕਰ ਕੇ ਹੀ ਸ਼ਾਇਦ ਗੁਲਾਬ ਸਿੰਘ ਨੂੰ ਆਪਣੇ ਪੁੱਤਰ ਉਧਮ ਸਿੰਘ ਦੀ ਕੁਰਬਾਨੀ ਦੇਣੀ ਪਈ ਹੈ। ਉਧਮ ਸਿੰਘ ਨੂੰ ਨਾਲ ਮਰਵਾਇਆ ਗਿਆ ਹੈ ਤਾਂ ਜੋ ਦੁਨੀਆਂ ਨੂੰ ਵਿਸ਼ਵਾਸ ਆ ਜਾਏ ਕਿ ਛੱਜੇ ਦਾ ਡਿਗਣਾ ਕੁਦਰਤੀ ਸੀ।

"ਉਫ਼!" ਹਰਪਾਲ ਨੇ ਸੋਚਿਆ, 'ਕੀ ਆਦਮੀ ਐਡਾ ਨੀਚ ਵੀ ਹੋ ਸਕਦਾ ਹੈ? ਕੀ ਆਦਮੀ ਦੀ ਜ਼ਮੀਰ ਉੱਕਾ ਮਰ ਵੀ ਸਕਦੀ ਹੈ? ਕੀ ਉਹਦੀ ਰੂਹ ਤੇ ਉਹਦੀ ਆਤਮਾ ਅਸਲੋਂ ਹੀ ਡਿਗ ਵੀ ਸਕਦੀ ਹੈ?"

ਹਰਪਾਲ ਦਾ ਦਿਲ ਧਿਆਨ ਸਿੰਘ ਤੇ ਗੁਲਾਬ ਸਿੰਘ ਦੇ ਵਿਰੁਧ ਭਰ ਗਿਆ। "ਜੇ ਇਸ ਬੁਰਛਾ ਗਰਦੀ ਦਾ ਹੁਣ ਅੰਤ ਨਾ ਕੀਤਾ ਗਿਆ," ਉਸ ਸੋਚਿਆ, "ਤਾਂ ਸਭ ਕੁਝ ਤਬਾਹ ਹੋ ਜਾਏਗਾ। ਇਹ ਸਿਰਫ਼ ਰਾਜ ਤੇ ਪੰਥ ਦੇ ਤਬਾਹ ਹੋਣ ਦੀ ਗੱਲ ਨਹੀਂ, ਇਹ ਸਵਾਲ ਮਨੁੱਖੀ ਕੀਮਤਾਂ ਦਾ ਸਵਾਲ ਹੈ। ਇਹ ਦਿਆਨਤਦਾਰ ਆਦਮੀਆਂ ਦੀ ਜ਼ਮੀਰ ਨੂੰ ਚਣੌਤੀ ਹੈ। ਇਹ ਭਾਰਤ ਵਰਸ਼ ਦੀ ਜ਼ਮੀਰ ਨੂੰ ਚਣੌਤੀ ਹੈ।

"ਜੇ ਮੈਂ ਇਹ ਸਚਾਈਆਂ ਨਾ ਜਾਣਦਾ ਹੁੰਦਾ ਤਾਂ ਹੋਰ ਗੱਲ ਸੀ, ਪਰ ਹੁਣ ਗੱਲ ਹੋਰ ਹੈ। ਕੀ ਮੈਂ ਇਹ ਕੁਝ ਵੇਖਦਿਆਂ ਤੇ ਜਾਣਦਿਆਂ ਹੋਇਆਂ ਵੀ ਚੁੱਪ ਰਹਿ ਸਕਦਾ ਹਾਂ? ਨਹੀਂ...ਨਹੀਂ...ਸਮਾਂ ਆ ਗਿਆ ਹੈ ਕਿ ਡੋਗਰੇ ਭਰਾਵਾਂ ਦੀ ਤਾਕਤ ਨੂੰ ਖ਼ਤਮ ਕੀਤਾ ਜਾਏ।"

ਹਰਪਾਲ ਨੇ ਲਹਿਣਾ ਸਿੰਘ ਕੋਲੋਂ ਪੁਛਿਆ : "ਕਿਲ੍ਹੇ ਵਿਚ ਅਜ ਕਿਸ ਪਲਟਨ ਦਾ ਪਹਿਰਾ ਹੈ।"

"ਸਰਦਾਰ ਜੀ ਸਾਰੇ ਦੇ ਸਾਰੇ ਸਿਪਾਹੀ ਜਾਂ ਤਾਂ ਡੋਗਰਾ ਹਨ ਜਾਂ ਪੂਰਬੀਏ।"

"ਸਰਦਾਰ ਲਹਿਣਾ ਸਿੰਘ! ਅਜ ਤੁਹਾਨੂੰ ਮੇਰਾ ਸਾਥ ਦੇਣਾ ਪਏਗਾ। ਮੈਂ ਨਹੀਂ ਸੀ ਚਾਹੁੰਦਾ ਕਿ ਸੈਨਾਂ ਦੀ ਸਹਾਇਤਾ ਲੈ ਕੇ ਰਾਜ ਤਬਦੀਲ ਕੀਤਾ ਜਾਏ, ਪਰ ਮੈਂ ਵੇਖਦਾ ਹਾਂ ਕਿ ਹੁਣ ਇਸ ਦੇ ਸਿਵਾਏ ਕੋਈ ਚਾਰਾ ਨਹੀਂ ਰਹਿ ਗਿਆ। ਕਿਸੇ ਹੋਰ ਤਰੀਕੇ ਨਾਲ ਡੋਗਰੇ ਭਰਾ ਰਾਜ ਕਾਜ ਤੋਂ ਵਖ ਨਹੀਂ ਕੀਤੇ ਜਾ ਸਕਦੇ। ਤੇ ਜੇ ਸਾਡੇ ਸਾਹਮਣੇ ਅਜ ਸਿਰਫ਼ ਇਹੋ ਰਾਹ ਹੈ ਤਾਂ ਅਸੀਂ ਇਹੋ ਰਾਹ ਚੁਣਾਂਗੇ।"

"ਹਰਪਾਲ!" ਗੁਰਦਈ ਨੇ ਪੁਕਾਰਿਆ।

"ਹਰਪਾਲ" ਗੁਰਮੀਤ ਬੋਲੀ।

ਪਰ ਹਰਪਾਲ ਕਹਿੰਦਾ ਗਿਆ : "ਸਰਦਾਰ ਸਾਹਿਬ! ਤੁਸੀਂ ਭਾਈ ਗੁਰਮੁਖ ਸਿੰਘ ਤੇ ਭਾਈ ਰਾਮ ਸਿੰਘ ਨਾਲ ਗੱਲ ਕਰੋ। ਜਰਨੈਲ ਜੀਤ ਸਿੰਘ ਨੂੰ ਵੀ ਫ਼ਰੋਲੋ। ਇਹ ਤਿੰਨੇ ਸਜਣ ਤੁਹਾਡੇ ਘਰ ਦੇ ਨੇੜੇ ਹੀ ਰਹਿੰਦੇ ਹਨ। ਇਨ੍ਹਾਂ ਨੂੰ ਮਨਾ ਕੇ ਜਾਂ ਇਨ੍ਹਾਂ ਨੂੰ ਨਾਲ ਲੈ ਕੇ ਤੁਸੀਂ ਏਥੇ ਪਹੁੰਚ ਜਾਣਾ। ਮੈਂ ਆਪਣੀ ਪੁਰਾਣੀ ਕਸੂਰੀ ਪਲਟਨ ਕੋਲ ਜਾਂਦਾ ਹਾਂ। ਉਹ ਮੇਰੇ ਸਿਪਾਹੀ ਰਹੇ ਹਨ ਤੇ ਉਨ੍ਹਾਂ ਵਿਚੋਂ ਇਕ ਇਕ ਮੇਰੇ ਕਹਿਣ ਉੱਤੇ ਜਾਨ ਵਾਰ ਸਕਦਾ ਹੈ।"

"ਤੁ ਫਿਰ..." ਲਹਿਣਾ ਸਿੰਘ ਦੀ ਆਵਾਜ਼ ਭੱਰਾਈ ਹੋਈ ਸੀ।

"ਐਨੇ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਏਥੇ ਪੁਜ ਜਾਣਗੇ। ਤੇ ਫਿਰ ਅਸੀਂ ਤਿੰਨੇ ਮਿਲ ਕੇ ਬਾਕੀ ਪਲਟਨਾਂ ਕੋਲ ਜਾਵਾਂਗੇ। ਅਸਾਂ ਤਿੰਨਾਂ ਅਗੇ ਸਾਰੇ ਸਿਰ ਝੁਕ ਜਾਣਗੇ ਸਰਦਾਰ ਸਾਹਿਬ।"

"ਇਕ ਵਾਰੀ ਫਿਰ ਸੋਚ ਲਈਏ ਮਾਹਿਲ ਸਾਹਿਬ!" ਲਹਿਣਾ ਸਿੰਘ ਨੇ ਆਖਿਆ।

"ਇਕ ਵਾਰੀ ਫਿਰ ਸੋਚ ਲੈ ਪੁੱਤਰ?" ਗੁਰਦਈ ਨੇ ਆਖਿਆ।

"ਹੁਣ ਹੋਰ ਸੋਚਣ ਦਾ ਵੇਲਾ ਨਹੀਂ। ਇਕ ਇਕ ਪਲ ਕੀਮਤੀ ਹੈ। ਅਜ ਦੀ ਰਾਤ ਹੀ ਸਭ ਕੁਝ ਨਜਿੱਠਿਆ ਜਾਣਾ ਚਾਹੀਦਾ ਹੈ।"

Scanned by CamScanner

ਗੁਰਮੀਤ ਨੇ ਆਪਣੇ ਭਰਾ ਵਲ ਵੇਖਿਆ। ਉਹ ਕੇਡਾ ਅਡੋਲ ਸੀ। ਉਹ ਕੀ ਕਰਨ ਲੱਗਾ ਸੀ, ਪਰ ਤਾ ਵੀ ਉਹਦੇ ਮੁਖੜੇ ਉੱਤੇ ਫ਼ਿਕਰ ਜਾਂ ਤਸ਼ਵੀਸ਼ ਦੇ ਰਤਾ ਚਿੰਨ੍ਹ ਨਹੀਂ ਸਨ। ਉਹ ਕਿਹੋ ਜਿਹੀ ਔਖੀ ਮੁਹਿੰਮ ਉੱਤੇ ਚੜ੍ਹ ਰਿਹਾ ਸੀ, ਪਰ ਕੇਡੇ ਸਵੈ-ਵਿਸ਼ਵਾਸ ਤੇ ਕੇਡੇ ਹੌਂਸਲੇ ਨਾਲ। ਉਹਨੂੰ ਕੋਈ ਸ਼ੰਕਾ ਜਾਂ ਕੋਈ ਡਰ ਪੋਹ ਨਹੀਂ ਸੀ ਰਿਹਾ। ਸਰਦਾਰ ਲਹਿਣਾ ਸਿੰਘ ਮਜੀਠੀਆ ਹਰਪਾਲ ਵਲ ਅਨਿਸਚਿਤ ਨਜ਼ਰਾਂ ਨਾਲ ਵੇਖ ਰਿਹਾ ਸੀ, ਪਰ ਹਰਪਾਲ ਨੇ ਉਹਨੂੰ ਨਿਸਚਾ ਤੇ ਵਿਸ਼ਵਾਸ਼ ਦਵਾਂਦੇ ਹੋਏ ਕਿਹਾ : "ਸਰਦਾਰ ਸਾਹਿਬ ! ਦੁਚਿਤੀਆਂ ਵਿਚ ਪੈਣ ਦਾ ਸਮਾਂ ਨਹੀਂ।"

ਤੇ ਫਿਰ ਉਸ ਮਾਂ ਤੇ ਭੈਣ ਨੂੰ ਸੰਬੋਧਨ ਕਰਕੇ ਕਿਹਾ : "ਜੇ ਸਰਦਾਰ ਸ਼ਾਮ ਸਿੰਘ ਅਟਾਰੀ ਮੇਰੇ ਪਿਛੋਂ ਆ ਜਾਣ ਤਾਂ ਉਨ੍ਹਾਂ ਨੂੰ ਸਾਰੇ ਹਾਲਾਤ ਸਮਝਾ ਦੇਣੇ। ਮੇਰੇ ਕੋਲ ਉਨ੍ਹਾਂ ਨਾਲ ਲੰਮੀ ਗੱਲ ਬਾਤ ਕਰਨ ਲਈ ਸਮਾਂ ਨਹੀਂ ਹੋਣਾ।"

੧੧੭

ਜਿਸ ਦਿਨ ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਕਤਲ ਹੋਏ, ਉਸ ਦਿਨ ਖ਼ਾਲਸਾ ਸਲਤਨੱਤ ਦਾ ਇਕ ਹੋਰ ਥੰਮ੍ਹ ਵੀ ਢੇਰੀ ਹੋਇਆ, ਇਕ ਹੋਰ ਮਹਾਨ ਸਰਦਾਰ ਤੇ ਜਰਨੈਲ ਵੀ ਕਤਲ ਹੋਇਆ, ਤੇ ਉਹ ਸਰਦਾਰ ਤੇ ਜਰਨੈਲ ਸੀ ਸਰਦਾਰ ਹਰਪਾਲ ਸਿੰਘ ਮਾਹਿਲ। ਕਸੂਰੀ ਪਲਟਨ ਵਲ ਜਾਂਦਿਆਂ, ਆਪਣੀ ਹਵੇਲੀ ਤੋਂ ਥੋੜੀ ਵਿਥ ਉੱਤੇ ਹੀ ਦੋ ਬੰਦੂਕਾਂ ਵਿਚੋਂ ਚਲੀਆਂ ਚਾਰ ਗੋਲੀਆਂ ਨੇ ਮਾਹਿਲ ਸਰਦਾਰ ਨੂੰ ਛਾਣਨੀ ਕਰ ਦਿਤਾ। ਬੰਦੂਕਚੀਆਂ, ਬੰਦੂਕਾਂ ਤੇ ਗੋਲੀਆਂ ਨੇ ਹਰਪਾਲ ਦੀ ਮੌਤ ਵਿਚ ਕਿਸੇ ਸ਼ੱਕ ਸ਼ੁਭੇ ਦੀ ਗੁੰਜਾਇਸ਼ ਨਹੀਂ ਸੀ ਛਡੀ। ਹਰਪਾਲ ਦੀ ਲਾਸ਼ ਮਾਹਿਲਾਂ ਦੀ ਹਵੇਲੀ ਦੇ ਉਸ ਕਮਰੇ ਵਿਚ ਪਈ ਸੀ ਜਿਥੇ ਕੁਝ ਚਿਰ ਪਹਿਲੇ ਉਸ ਨੇ ਪੰਜਾਬ ਰਾਜ ਨੂੰ ਸੁਰਖਿਅਤ ਰਖਣ ਬਾਰੇ ਆਪਣੀ ਦ੍ਰਿੜ੍ਹਤਾ ਦਰਸਾਈ ਸੀ। ਉਹੋ ਦੀਵਾ ਬਲ ਰਿਹਾ ਸੀ। ਉਸੇ ਤਰ੍ਹਾਂ ਹੀ ਮੰਜੀਆਂ ਵਿਛੀਆਂ ਸਨ ਤੇ ਚੌਂਕੀਆਂ ਪਈਆਂ ਸਨ।

ਮਾਹਿਲਾਂ ਦੀ ਇਸ ਹਵੇਲੀ ਵਿਚ ਕਈ ਮੌਤਾਂ ਹੋਈਆਂ ਸਨ, ਪਰ ਕੋਈ ਮੌਤ ਇਸ ਮੌਤ ਨਾਲ ਮੇਲ ਨਹੀਂ ਸੀ ਖਾਂਦੀ। ਇਸ ਮੌਤ ਨਾਲ ਜਿਵੇਂ ਅੱਜ ਮਾਹਿਲਾਂ ਦੀ ਹਵੇਲੀ ਦੀ ਮੌਤ ਹੋ ਗਈ ਤੇ ਮਾਹਿਲਾਂ ਦੀ ਹਵੇਲੀ ਦੀ ਲਾਹੌਰ ਵਿਚੋਂ ਮੌਤ, ਚਿੰਨ੍ਹ ਸੀ ਲਾਹੌਰ ਰਾਜ ਦੀ ਮੌਤ ਦਾ। ਮਾਹਿਲਾਂ ਦੀ ਹਵੇਲੀ ਪਿਛਲੇ ਸਵਾ ਸੌ ਸਾਲ ਦੀਆਂ ਘਾਲਾਂ, ਕੁਰਬਾਨੀਆਂ, ਬਹਾਦਰੀਆਂ ਤੇ ਚੜ੍ਹਦੀਆਂ ਕਲਾਂ ਦਾ ਚਿੰਨ੍ਹ ਸੀ। ਇਸ ਹਵੇਲੀ ਵਿਚ ਵਹਿੰਦੀ ਸ਼ਰਦਾਈ ਤੇ ਏਥੇ ਵਰਤੇ ਵਿਚ ਲਿਆਂਦੀ ਗਈ ਪ੍ਰਾਹੁਣੇਚਾਰੀ ਦਾ ਉੱਚ ਮਿਆਰ ਪੰਜਾਬ ਦੇ ਆਰਥਕ ਤੋਰ ਉੱਤੇ ਰੱਜੇ ਪੁੱਜੇ ਹੋਣ ਦਾ ਚਿੰਨ੍ਹ ਸੀ। ਇਸ ਹਵੇਲੀ ਦਾ ਖੁਲ੍ਹਾ ਸੁਭਾਅ, ਇਸਤ੍ਰੀਆਂ ਦੀ ਚੜ੍ਹਤ ਤੇ ਦਲੇਰ ਸਿੰਘ ਵਰਗੇ ਮਨੁੱਖਾਂ ਦਾ ਆਦਰਸ਼ਕ ਆਚਰਨ ਪੰਜਾਬ ਦੀ ਸ਼ਮਾਜਕ ਉਚਿਆਈ ਦਾ ਚਿੰਨ੍ਹ ਸੀ ਤੇ ਇਸ ਹਵੇਲੀ ਦੀ ਰਾਜਸੀ ਮਹਤਤਾ ਚਿੰਨ੍ਹ ਸੀ ਲਾਹੌਰ ਰਾਜ ਦੀ ਸੰਗਠਨਤਾ ਦਾ। ਅੱਜ ਇਹ ਸਭ ਚਿੰਨ੍ਹ ਇਕ ਵਾਰਗੀ ਅਲੋਪ ਹੋ ਗਏ।

ਹਰਪਾਲ ਦੀ ਲਾਸ਼ ਮੰਜੀ ਉੱਤੇ ਪਈ ਸੀ ਤੇ ਉਹਦਾ ਸਰੀਰ ਢਕਿਆ ਹੋਇਆ ਸੀ। ਸਿਰਫ਼ ਮੂੰਹ ਨੰਗਾ ਸੀ। ਸਿਰਫ ਮੂੰਹ ਉੱਤੇ ਹੀ ਕੋਈ ਗੋਲੀ ਨਹੀਂ ਸੀ ਲਗੀ। ਸਿਰ ਉੱਤੇ ਦਸਤਾਰ ਏਸੇ ਲਈ ਸਦਾ ਵਾਂਗ ਕਾਇਮ ਸੀ। ਮਾਂ, ਭੈਣ, ਭਣੇਵੇਂ, ਭਣੇਵੀਂ, ਹਵੇਲੀ ਵਿਚ ਰਹਿਣ ਵਾਲੇ ਹੋਰ ਆਦਮੀ, ਸਰਦਾਰ ਲਹਿਣਾ ਸਿੰਘ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਆਲੇ ਦੁਆਲੇ ਖੜੇ ਸਨ। ਇਨ੍ਹਾਂ ਵਿਚੋਂ ਕੋਈ ਆਦਮੀ ਵੀ ਰੋ ਨਹੀਂ ਸੀ ਰਿਹਾ। ਹਰਪਾਲ ਵਰਗੇ ਇਨਸਾਨ

Scanned by CamScanner

ਦੀ ਲਾਸ਼ ਕੋਲ ਕੌਣ ਆਦਮੀ ਰੋਣ ਦੀ ਹਿੰਮਤ ਕਰ ਸਕਦਾ ਹੈ। ਮਾਂ ਵੀ ਆਪਣੇ ਪੁੱਤਰ ਦੀ ਮੌਤ ਉੱਤੇ ਨਹੀਂ ਰੋਂਦੀ। ਉਹਦੀਆਂ ਨਜ਼ਰਾਂ ਵਿਚ ਇਹ ਮੌਤ ਨਹੀਂ, ਸ਼ਹੀਦੀ ਸੀ ਤੇ ਸ਼ਹੀਦਾਂ ਦੀ ਸ਼ਹੀਦੀ ਉੱਤੇ ਅੱਥਰੂ ਨਹੀਂ ਵਹਾਈਦੇ। ਅੱਜ ਗੁਰਦਈ ਦ੍ਰਿੜ੍ਹ ਸੀ। ਉਹ ਜਾਣਦੀ ਸੀ ਕਿ ਮਾਹਿਲ ਘਰਾਣੇ ਦੇ ਇਤਿਹਾਸ ਵਿਚ ਇਹ ਪਹਿਲੀ ਸ਼ਹੀਦੀ ਨਹੀਂ ਤੇ ਨਾ ਹੀ ਅੰਤਲੀ।

ਗੁਰਮੀਤ ਨੇ ਅਜੀਤ ਨੂੰ ਅਖਵਾ ਘਲਿਆ ਕਿ ਉਹ ਸੂਰਜ ਨਿਕਲਣ ਤੋਂ ਪਹਿਲੇ ਲਾਹੌਰ ਪਹੁੰਚ ਜਾਏ। ਜੇ ਉਹ ਪੱਛੜ ਵੀ ਗਈ ਤਾਂ ਵੀ ਉਹ ਹਰਪਾਲ ਦਾ ਸਸਕਾਰ ਉਹਦੇ ਆਉਣ ਤਕ ਰੋਕ ਰਖੇਗੀ। ਗੁਰਪਾਲ, ਸਰਦਾਰ ਸ਼ਾਮ ਸਿੰਘ ਨੂੰ ਲਿਆ ਕੇ ਮੁੜ ਅਟਾਰੀ ਤੇ ਅਟਾਰੀ ਤੋਂ ਮਾਹਿਲ ਚਲਾ ਗਿਆ। ਚੂਹੜ ਸਿੰਘ ਤੇ ਗੁਰਦਿਆਲ ਸਿੰਘ ਨੂੰ ਬੁਲਾਉਣ ਵਾਸਤੇ। ਇਹ ਦੋਵੇਂ ਭਰਾ ਹੁਣੇ ਹੁਣੇ ਬਾਹਰ ਘੋੜਿਆਂ ਉੱਤੋਂ ਉਤਰੇ ਸਨ ਤੇ ਥੋੜੀ ਦੇਰ ਤਕ ਸਾਰਾ ਮਾਹਿਲ ਤੇ ਸਾਰੀ ਅਟਾਰੀ ਇਸ ਹਵੇਲੀ ਵਿਚ ਜੁੜ ਜਾਣੀ ਸੀ।

ਗੁਰਦਈ ਹਰਪਾਲ ਦੀ ਲੋਥ ਵਲ ਵੇਖਦੀ ਸੋਚ ਰਹੀ ਲਗਦੀ ਸੀ :

"ਤੂੰ ਗਿਆ ਮੇਰੇ ਪੁੱਤਰ ! ਸਭ ਨੇ ਵਾਰੋ ਵਾਰ ਟੁਰ ਜਾਣਾ ਹੈ ਪਰ ਤੇਰੇ ਬਿਨਾਂ ਇਸ ਰਾਜ ਦਾ ਕੀ ਬਣੇਗਾ। ਉਸ ਰਾਜ ਦਾ ਕੀ ਬਣੇਗਾ ਜਿਸ ਰਾਜ ਨੂੰ ਮਾਹਿਲਾਂ ਨੇ ਆਪਣੇ ਲਹੂ ਨਾਲ ਸਿੰਜਿਆ ਹੈ।"

ਲਹਿਣਾ ਸਿੰਘ ਮਜੀਠੀਆ ਦੇ ਮਨੋਭਾਵ ਜਾਪਦੇ ਸਨ :

"ਧੰਨ ਹੈ ਮਾਹਿਲਾਂ ਦਾ ਘਰਾਣਾ ਤੇ ਧੰਨ ਹੈ ਸਿਖੀ ! ਖਨਿਓਂ ਤਿੱਖੀ, ਵਾਲਹੁ ਨਿਕੀ, ਏਤਿ ਮਾਰਗ ਜਾਣਾ।"

ਸ਼ਾਮ ਸਿੰਘ ਅਟਾਰੀ ਵਾਲਾ ਸੋਚ ਰਿਹਾ ਸੀ :

"ਪਤਾ ਨਹੀਂ ਮੈਂ ਆਪਣੀ ਜ਼ਿੰਦਗੀ ਵਿਚ ਇਸ ਮਹਾਨ ਰਾਜ ਨੂੰ ਕਿਸ ਅਧੋਗਤੀ ਦੇ ਪਾਤਾਲ ਡੋਂਹਦੇ ਵੇਖਣਾ ਹੈ। ਕਾਸ਼ ! ਅੱਜ ਮਾਹਿਲ ਸਰਦਾਰ ਦੀ ਥਾਂ ਮੈਂ ਸ਼ਹੀਦ ਹੋ ਸਕਦਾ !"

ਐਨੇ ਵਿਚ ਦੀਵੇ ਦੀ ਲੋਅ ਨਿੰਮ੍ਹੀ ਹੋ ਗਈ। ਗੁਰਮੀਤ ਨੇ ਵੇਖਿਆ। ਉਹ ਉਠੀ। ਉਸ ਦੀਵੇ ਵਿਚ ਹੋਰ ਤੇਲ ਪਾਇਆ, ਵੱਟੀ ਉੱਚੀ ਕੀਤੀ ਤੇ ਕਿਹਾ :

"ਸਚਾਈ, ਉਚ ਆਚਰਨ, ਦੇਸ਼ ਪਿਆਰ ਧਰਮ ਤੇ ਕੌਮ ਉੱਤੋਂ ਤੇਰੀ ਸ਼ਹੀਦੀ ਭਾਰਤਵਰਸ਼ ਤੇ ਸਿਖ ਮੱਤ ਦੀਆਂ ਮਹਾਨ ਸ਼ਹੀਦੀਆਂ ਵਿਚ ਇਕ ਮਹੱਤਵ ਪੜਾਅ ਹੈ। ਤੇਰੀ ਸ਼ਹੀਦੀ ਮਾਹਿਲ ਘਰਾਣੇ ਦੇ ਜੀਆਂ, ਪੰਜਾਬ ਤੇ ਭਾਰਤ ਦੇਸ਼ ਦੇ ਸਪੁੱਤਰਾਂ ਤੇ ਤੈਨੂੰ ਜਾਣਨ ਵਾਲੇ ਹਰ ਇਨਸਾਨ ਵਾਸਤੇ ਇਕ ਪਰੇਰਨਾ ਹੋਵੇਗੀ। ਤੂੰ ਨਹੀਂ ਹੋਵੇਂਗਾ ਹਰਪਾਲ, ਪਰ ਇਸ ਮਾਰਗ ਨੂੰ ਸਭ ਅੱਤਿਆਚਾਰਾਂ ਤੇ ਵਿਰੋਧਾਂ ਦੇ ਬਾਵਜੂਦ ਵੀ ਅਪਨਾਉਣ ਵਾਲੇ ਅਨੇਕ ਪ੍ਰਾਣੀ ਅਜੇ ਹੋਰ ਹੋਣਗੇ। ਤੇਰੀ ਘਾਲ ਤੇ ਮਹਾਨਤਾ ਅਜਾਈਂ ਨਹੀਂ ਜਾਏਗੀ। ਕੋਈ ਪ੍ਰਤਿਭਾ ਅੰਜਾਈਂ ਨਹੀਂ ਜਾਂਦੀ।"

Scanned by CamScanner

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿਖ ਹੌ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ ॥

Scanned by CamScanner

ਓਧਰੋਂ ਅੱਸੂ ਚੜ੍ਹਿਆ ਤੇ ਓਧਰੋਂ ਠੰਢ ਸ਼ੁਰੂ ਹੋ ਗਈ। ਲੋਕੀਂ ਆਖਦੇ ਕਿ ਅਗੇ ਤਾਂ ਕਦੀ ਇਸ ਤਰ੍ਹਾਂ ਨਹੀਂ ਹੋਇਆ। ਇਸ ਵਰ੍ਹੇ ਗਰਮੀ ਵੀ ਬੇਅੰਤ ਪਈ ਸੀ। ਫਿਰ ਮੀਂਹ ਲਮਕ ਗਏ ਸਨ। ਕਣਕ ਦੀ ਬਿਜਾਈ ਪੱਛੜ ਗਈ ਤੇ ਹੁਣ ਡਰ ਸੀ ਕਿ ਕਿਤੇ ਫੇਰ ਸਰਦੀ ਨਾਲ ਕਮਾਦ ਨਾ ਸੁਕ ਜਾਏ। ਅਸਲ ਵਿਚ, ਲੋਕ ਮਹਿਸੂਸ ਕਰਦੇ ਕਿ ਜਦੋਂ ਤੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਹੋਈ ਹੈ, ਪੰਜਾਬ ਵਿਚ ਆਏ ਦਿਨ ਕੁਝ ਨਾ ਕੁਝ ਹੁੰਦਾ ਹੀ ਰਹਿੰਦਾ ਹੈ। ਸਾਰਾ ਵਾਤਾਵਰਨ ਤਲਖ਼ ਹੁੰਦਾ ਗਿਆ ਹੈ ਤੇ ਜ਼ਿੰਦਗੀ ਵੀ ਬੇਸਵਾਦੀ।

ਹੁਣ ਦੇ ਤੇ ਛੇ ਸੱਤ ਵਰ੍ਹੇ ਪਹਿਲੇ ਦੇ ਪੰਜਾਬ ਵਿਚ ਅਮਿਣਵਾਂ ਫ਼ਰਕ ਹੈ। ਬੇਸ਼ਕ ਵਿਸਾਖੀ ਤੇ ਦੀਵਾਲੀ ਦੇ ਤਿਓਹਾਰ ਪਹਿਲੇ ਵਾਂਗ ਹੀ ਆਉਂਦੇ ਹਨ ਤੇ ਅੰਮ੍ਰਿਤਸਰ ਜੋੜ ਮੇਲੇ ਹੁੰਦੇ ਹਨ, ਪਰ ਹੁਣ ਨਾ ਪਹਿਲੇ ਜਿਹੀਆਂ ਭੀੜਾਂ ਤੇ ਨਾ ਪਹਿਲੇ ਜਿਹੀ ਦੀਪ-ਮਾਲਾ। ਦੀਵਾਨ ਸਜਦੇ ਹਨ ਤੇ ਜੈਕਾਰੇ ਛੱਡੇ ਜਾਂਦੇ ਹਨ। ਪਰ ਨਾ ਪਹਿਲੇ ਜਿਹੀ ਨੁਹਾਰ ਦੀਵਾਨਾਂ ਦੀ ਤੇ ਨਾ ਪਹਿਲੇ ਜਿਹੀ ਜੈਕਾਰਿਆਂ ਦੀ ਗੂੰਜਾਰ। ਸ਼ਹਿਰ ਸ਼ਹਿਰ, ਪਿੰਡ ਪਿੰਡ ਅਜੇ ਵੀ ਮੇਲੇ ਭਰਦੇ, ਛਿੰਜਾਂ ਪੈਂਦੀਆਂ, ਨਾਟਕ ਹੁੰਦੇ, ਪਰ ਫਿਰ ਵੀ ਲਗਦਾ ਕਿ ਕਿਸੇ ਸ਼ੈ ਦੀ ਘਾਟ ਹੈ, ਕੋਈ ਸ਼ੈ ਅਪੂਰਨ ਹੈ।

ਲੋਕਾਂ ਦੇ ਚਿਹਰਿਆਂ ਉੱਤੇ ਪਹਿਲੇ ਜਿਹਾ ਖੇੜਾ ਨਾ ਹੁੰਦਾ, ਬੱਚਿਆਂ ਦੀਆਂ ਖੇਡਾਂ ਤੇ ਹਾਸੇ ਵੀ ਮਸੋਸੇ ਜਾਪਦੇ। ਜਿਥੇ ਵੀ ਲੋਕੀਂ ਜੁੜ ਬਹਿੰਦੇ ਕਿਸੇ ਅਣਸਿੰਵਾਤੀ ਘਾਟ ਬਾਰੇ ਗੱਲਾਂ ਹੁੰਦੀਆਂ। ਕਾਰਨ ਲਭਣ ਦੀ ਕੋਸ਼ਿਸ਼ ਕੀਤੀ ਜਾਂਦੀ। ਹਰ ਕੋਈ ਆਪੋ ਆਪਣੀ ਰਾਏ ਦੇਂਦਾ, ਪਰ ਅੰਤ ਸਾਰੇ ਇਕੋ ਸਿੱਟੇ ਉੱਤੇ ਪਹੁੰਚਦੇ। ਕਹਿੰਦੇ ਕਿ ਇਕ ਸਰਕਾਰ ਬਾਝੋਂ ਪਿਆਰੇ ਪੰਜਾਬ ਦੀ ਇਹ ਬਾਬ ਹੋ ਰਹੀ ਹੈ।

ਪਹਿਲੇ ਸਿਰਫ਼ ਘਰੇਗੀ ਮੁਆਮਲੇ ਸਨ। ਲਾਹੌਰ ਦਰਬਾਰ ਵਿਚ ਕਤਲ ਹੁੰਦੇ ਤੇ ਹਕੂਮਤਾਂ ਬਦਲਦੀਆਂ। ਰਾਜਸੀ ਪ੍ਰਬੰਧ ਦਿਨੋ ਦਿਨ ਖ਼ਰਾਬ ਹੁੰਦਾ ਜਾਂਦਾ। ਸਰਕਾਰੀ ਅਫ਼ਸਰ ਆਪਣੀ ਦਿਆਨਤਦਾਰੀ ਤੋਂ ਥਿੜਕਣ ਲਗ ਗਏ। ਚੀਜ਼ਾਂ ਦੇ ਭਾਅ ਮਹਿੰਗੇ ਹੋ ਗਏ। ਹਿੰਦੂ, ਸਿੱਖ ਤੇ ਮੁਸਲਮਾਨ ਜਾਤੀਆਂ ਵਿਚ ਪਾੜ ਪੈਣਾ ਸ਼ੁਰੂ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਉਸਾਰੇ ਮਾਲੀ, ਆਰਥਕ ਤੇ ਰਾਜਸੀ ਨਿਜ਼ਾਮ ਵਿਚ ਤ੍ਰੇੜਾਂ ਆਉਣ ਲੱਗੀਆਂ। ਜਨਤਾ ਪਸ਼ੇਮਾਨ ਹੋਈ। ਸੂਝਵਾਨਾਂ ਨੂੰ ਦੁਖ ਹੋਇਆ।

ਪਰ ਇਹ ਘਰੇਗੀ ਤਬਦੀਲੀਆਂ ਹੁਣ ਸਾਹਮਣੇ ਆ ਰਹੇ ਖ਼ਤਰੇ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਸਨ। ਸਾਰੇ ਪੰਜਾਬ ਵਿਚ ਹੁਲ ਗਿਆ ਸੀ ਕਿ ਅੰਗਰੇਜ਼ ਜਲਦੀ ਹੀ ਸਤਲੁਜ ਪਾਰ ਕਰ ਕੇ ਲਾਹੌਰ ਉੱਤੇ ਚੜ੍ਹਾਈ ਕਰਨ ਵਾਲੇ ਹਨ। ਹੁਣ ਤਕ ਕੌਣ ਨਹੀਂ ਸੀ ਜਾਣਦਾ ਕਿ ਫ਼ੀਰੋਜ਼ਪੁਰ ਲੁਧਿਆਣੇ ਤੇ ਅੰਬਾਲੇ ਵਿਚ ਅੰਗਰੇਜ਼ੀ ਫ਼ੌਜਾਂ ਪਹਿਲੇ ਨਾਲੋਂ ਦੁਗਣੀਆਂ ਹੋ ਗਈਆਂ ਹਨ। ਅਨੇਕ ਸਿੱਖ, ਹਿੰਦੂ ਤੇ ਮੁਸਲਮਾਨ, ਫ਼ੀਰੋਜ਼ਪੁਰ ਦੇ ਲਾਗੇ, ਬੰਬਈ ਤੋਂ ਆਈਆਂ ਨਵੀਆਂ ਬੇੜੀਆਂ ਆਪਣੀ ਅੱਖੀਂ ਵੇਖ ਆਏ ਸਨ। ਕੁਲ ਸੱਤਰ ਬੇੜੀਆਂ ਸਨ। ਐਨੀਆਂ ਵੱਡੀਆਂ ਬੇੜੀਆਂ ਅਗੇ ਕਿਸੇ ਪੰਜਾਬੀ ਨੇ ਨਹੀਂ ਵੇਖੀਆਂ ਸਨ। ਕਈ ਤਾਂ ਕਹਿੰਦੇ ਸਨ ਕਿ ਅੰਗਰੇਜ਼ਾਂ ਨੇ ਸੱਚ ਮੁੱਚ ਹੀ ਸਤਲੁਜ ਉੱਤੇ ਇਹਨਾਂ ਬੇੜੀਆਂ ਦਾ ਪੁਲ ਉਸਾਰਨਾ ਸ਼ੁਰੂ ਕਰ ਦਿੱਤਾ ਹੈ।

ਮਾਹਿਲ ਪਿੰਡ ਦਾ ਗਿਆਨ ਸਿੰਘ ਇਸ ਦਾਅਵੇ ਦਾ ਗਵਾਹ ਸੀ। ਉਹ ਹੁਣੇ ਹੁਣੇ ਫ਼ੀਰੋਜ਼ਪੁਰ ਦੇ ਲਾਗੇ ਇਕ ਪਿੰਡ ਸਿਧਾਲੀ ਵਿਚ ਆਪਣੇ ਇਕ ਸੰਬੰਧੀ ਦੇ ਵਰ੍ਹੇਣੇ ਉੱਤੇ ਗਿਆ ਸੀ ਤੇ ਉਸ ਅੰਗਰੇਜ਼ਾਂ ਨੂੰ ਸਤਲੁਜ ਉੱਤੇ ਇਹਨਾਂ ਬੇੜੀਆਂ ਨੂੰ ਜੋੜਦਿਆਂ ਵੇਖਿਆ ਸੀ। ਪੁੱਛਣ ਉੱਤੇ ਇਕ ਪੂਰਬੀਏ ਸਿਪਾਹੀ ਨੇ ਉਹਨੂੰ ਦਸਿਆ ਸੀ ਕਿ ਅਗਲੇ ਪੰਦਰਾਂ

Scanned by CamScanner

ਵੀਹਾਂ ਦਿਨਾਂ ਵਿਚ ਇਹ ਪੁਲ ਤਿਆਰ ਹੋ ਜਾਏਗਾ ਤੇ ਫਿਰ...? ਤੇ ਫਿਰ...? ਗਿਆਨ ਸਿੰਘ ਨੇ ਉਹਦੇ ਕੋਲੋਂ ਪੁੱਛਿਆ ਸੀ ਤੇ ਇਹੋ ਪ੍ਰਸ਼ਨ ਅੱਜ ਸਾਰੇ ਪੰਜਾਬ ਵਿਚ ਪੁੱਛਿਆ ਜਾ ਰਿਹਾ ਸੀ। ਫਿਰ ਹੁਣ ਕੀ ਹੋਵੇਗਾ ? ਅੰਗਰੇਜ਼ ਕਦੋਂ ਹਮਲਾ ਕਰਨਗੇ ? ਜੇ ਅੰਗਰੇਜ਼ਾਂ ਨੇ ਸਾਡੇ ਉੱਤੇ ਹਮਲਾ ਕਰਨਾ ਹੀ ਹੈ ਤਾਂ ਕਿਉਂ ਨਾ ਅਸੀਂ ਪਹਿਲ ਕਰੀਏ ? ਅਸੀਂ ਮਰ ਮਿਟਾਂਗੇ, ਪਰ ਆਪਣੀ ਭੂਮੀ, ਆਪਣਾ ਪੰਜਾਬ ਮਲੇਛ ਅੰਗਰੇਜ਼ਾਂ ਦੇ ਪੈਰਾਂ ਨਾਲ ਅਪਵਿੱਤਰ ਨਹੀਂ ਹੋਣ ਦਿਆਂਗੇ।

ਜਿਸ ਦਿਨ ਗਿਆਨ ਸਿੰਘ, ਮਾਹਿਲ ਮੁੜਿਆ ਸੀ ਉਹ ਆਪਣੇ ਘਰ ਜਾਣ ਤੋਂ ਪਹਿਲਾਂ ਮਾਹਿਲਾਂ ਦੀ ਹਵੇਲੀ ਗਿਆ ਸੀ। ਬੂਹੇ ਵੜਦਿਆਂ ਹੀ ਉਹਦਾ ਅਜੀਤ ਸਿੰਘ ਨਾਲ ਟਾਕਰਾ ਹੋਇਆ ਤੇ ਉਸ ਕਿਹਾ :

"ਓ ਅਜੀਤ ਸਿੰਘ, ਅੰਗਰੇਜ਼ਾਂ ਨਾਲ ਜੰਗ ਲਈ ਤਿਆਰ ਹੋ ਜਾ ?"

"ਕਿਉਂ ਚਾਚਾ ?" ਅਜੀਤ ਸਿੰਘ ਨੇ ਪੁੱਛਿਆ ਤੇ ਏਨੇ ਵਿਚ ਗੁਰਮੀਤ ਕੌਰ ਤੇ ਚੂਹੜ ਸਿੰਘ ਵੀ ਲਾਗੇ ਆ ਗਏ ਸਨ।

ਸਤਲੁਜ ਉੱਤੇ ਬਣ ਰਹੇ ਬੇੜੀਆਂ ਦੇ ਪੁਲ ਦੀ ਖ਼ਬਰ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ। ਗੁਰਮੀਤ ਨੇ ਚੂਹੜ ਸਿੰਘ ਵਲ ਵੇਖਿਆ ਤੇ ਚੂਹੜ ਸਿੰਘ ਨੇ ਗੁਰਮੀਤ ਵਲ। ਇਕ ਲੰਮੀ ਚੁੱਪ ਪਿਛੋਂ ਚੂਹੜ ਸਿੰਘ ਨੇ ਆਪਣੇ ਖਿੱਚੇ ਦਾੜ੍ਹੀ ਉੱਤੇ ਆਪਣੇ ਦੋਵੇਂ ਹੱਥ ਫੇਰੇ ਤੇ ਫਿਰ ਪ੍ਰਾਰਥਨਾ ਭਾਵ ਵਿਚ ਆਪਣੇ ਹੱਥ ਉੱਚੇ ਕਰ ਕੇ ਕਿਹਾ :

"ਰੱਬ ਸੁਖ ਕਰੇ, ਅੰਗਰੇਜ਼ਾਂ ਦੇ ਲੱਛਣ ਠੀਕ ਨਹੀਂ ਜਾਪਦੇ।"

ਉਸੇ ਵੇਲੇ ਘੋੜਾ ਬੀੜ ਕੇ ਉਹ ਅਟਾਰੀ ਗਿਆ ਤੇ ਰਾਤ ਸਰਦਾਰ ਸ਼ਾਮ ਸਿੰਘ ਅਟਾਰੀ ਕੋਲ ਹੀ ਰਿਹਾ। ਦੇਸ਼ ਉੱਤੇ ਮੁਤ ਭੀੜ ਬਣ ਰਹੀ ਸੀ ਤੇ ਉਹ ਫ਼ੈਸਲਾ ਕਰਨਾ ਚਾਹੁੰਦਾ ਸੀ ਕਿ ਮਾਹਿਲ ਘਰਾਣੇ ਦਾ ਵਤੀਰਾ ਕੀ ਹੋਵੇ ? ਪਰ ਅੱਜ ਛੇ ਸੱਤ ਦਿਨ ਬੀਤਣ ਉੱਤੇ ਵੀ ਉਹ ਕੋਈ ਫ਼ੈਸਲਾ ਨਹੀਂ ਸੀ ਕਰ ਸਕਿਆ।

ਅੱਜ ਉਹ ਆਪ, ਉਹਦਾ ਵੱਡਾ ਭਰਾ ਗੁਰਦਿਆਲ ਸਿੰਘ, ਉਹਦਾ ਭਤੀਜਾ ਗੁਰਪਾਲ ਸਿੰਘ ਤੇ ਗੁਰਪਾਲ ਸਿੰਘ ਦਾ ਵੱਡਾ ਪੁੱਤਰ ਅਜੀਤ ਸਿੰਘ, ਮਾਹਿਲ ਦੇ ਲਾਗੇ ਆਪਣੇ ਇਕ ਖੂਹ ਕੋਲ ਬੈਠੇ ਸਨ। ਗਿਆਨ ਸਿੰਘ ਵੀ ਉਥੇ ਸੀ ਤੇ ਪਿੰਡ ਤੇ ਮਾਹਿਲ ਟੱਬਰ ਦੇ ਹੋਰ ਵੀ ਕਈ ਆਦਮੀ। ਦਿਨ ਦਾ ਕੰਮ ਮੁਕ ਚੁਕਾ ਸੀ। ਬਾਹਲੀ ਸਰਦੀ ਕਰ ਕੇ ਦਿਨ ਛਿਪਣ ਤੋਂ ਪਹਿਲਾਂ ਹੀ ਲੋਕ ਘਰ ਮੁੜ ਆਉਂਦੇ ਸਨ। ਹਰ ਥਾਂ ਗੱਲ ਬਾਤ ਦਾ ਵਿਸ਼ਾ ਇਕੋ ਹੀ ਹੁੰਦਾ ਸੀ। ਸੋ ਕਿਸੇ ਨੇ ਗੱਲ ਤੋਰੀ :

'ਸਰਦਾਰ ਜੀ ਫਿਰ ਗੋਰਿਆਂ ਨਾਲ ਕੱਦ ਖੜਕੇਗੀ ?"

ਚੂਹੜ ਸਿੰਘ ਨੇ ਹਉਕਾ ਭਰਿਆ ਤੇ ਆਖਿਆ :

"ਬਸ ਖੜਕੀ ਕਿ ਖੜਕੀ ਚੰਨਣ ਸਿਹਾਂ। ਸਾਡੇ ਦੇਸ਼ ਉੱਤੇ ਬੁਰੇ ਦਿਨ ਆ ਰਹੇ ਹਨ।"

ਚੂਹੜ ਸਿੰਘ ਦੀ ਉਮਰ ਪੰਜਾਹ ਤੋਂ ਟੱਪ ਚੁੱਕੀ ਸੀ ਤੇ ਉਹਦੇ ਸਿਰ ਦੇ ਸਾਰੇ ਵਾਲ ਤੇ ਪੂਰਾ ਦਾੜ੍ਹਾ ਚਿੱਟਾ ਹੋ ਚੁੱਕਾ ਸੀ। ਹਾਂ, ਜੁੱਸਾ ਉਹਦਾ ਅਜੇ ਵੀ ਗੱਠਿਆ ਹੋਇਆ ਸੀ। ਸਵੇਰੇ ਸ਼ਾਮ ਘੋੜੇ ਦੀ ਸਵਾਰੀ ਕਰ ਕੇ ਉਹ ਆਪਣਾ ਸਰੀਰ ਨਰੋਆ ਰਖਦਾ। ਪੱਗ ਉਹ ਹੁਣ ਸਦਾ ਨੀਲੀ ਬੰਨ੍ਹਦਾ। ਚੂਹੜ ਸਿੰਘ ਦਾ ਚਿਹਰਾ ਮੋਹਰਾ ਤੇ ਉਹਦਾ ਗੱਲ ਬਾਤ ਕਰਨ ਦਾ ਢੰਗ ਆਪਣੇ ਪਿਤਾ ਦਲੇਰ ਸਿੰਘ ਵਰਗਾ ਸੀ, ਤੇ ਜੇ ਸੱਚ ਪੁੱਛਿਆ ਜਾਏ ਤਾਂ ਮਾਹਿਲ ਘਰਾਣੇ ਦਾ ਹੁਣ ਉਹੋ ਮੁੱਖੀ ਸੀ।

ਗੁਰਦਿਆਲ ਸਿੰਘ, ਚੂਹੜ ਸਿੰਘ ਨਾਲੋਂ ਅਠ ਦਸ ਸਾਲ ਵੱਡਾ ਸੀ ਤੇ ਸਿਹਤ ਉਹਦੀ ਵੀ ਰਿਸ਼ਟ ਪੁਸ਼ਟ। ਉਹ ਸ਼ੁਰੂ ਤੋਂ ਹੀ ਚਿੱਟੀ ਪੱਗ ਬੰਨ੍ਹਦਾ ਸੀ ਤੇ ਘਰੇਗੀ ਮਾਮਲਿਆਂ ਨਾਲੋਂ ਧਰਮ ਕਾਰਜਾਂ ਵਿਚ ਵਧ ਦਿਲਚਸਪੀ ਲੈਂਦਾ। ਜਦੋਂ ਤਕ ਚੂਹੜ ਸਿੰਘ ਤੇ ਹਰਪਾਲ ਸਿੰਘ ਫ਼ੌਜੀ ਨੌਕਰੀ ਉੱਤੇ ਰਹੇ ਉਹ ਜ਼ਮੀਨਾਂ ਦਾ ਕੰਮ ਸਾਂਭਦਾ ਆਇਆ, ਪਰ ਹਰਪਾਲ ਦੇ ਕਤਲ ਤੇ ਚੂਹੜ ਸਿੰਘ ਦੇ ਮਾਹਿਲ ਮੁੜ ਆਉਣ ਪਿਛੋਂ ਉਸ ਹੌਲੀ ਹੌਲੀ ਜ਼ਮੀਨਾਂ ਦਾ ਕੰਮ ਚੂਹੜ ਸਿੰਘ ਤੇ ਗੁਰਪਾਲ ਨੂੰ ਸੌਂਪ ਦਿਤਾ। ਅਜੇ ਤਕ ਵੀ ਉਹ ਜਗੀਰਾਂ ਵਿਚ ਫਿਰਦਾ ਤੁਰਦਾ, ਪਰ ਸਿਰਫ਼ ਇਸ ਲਈ ਕਿ ਕਿਸੇ ਘਰ ਕੋਈ ਤਕਲੀਫ਼ ਨਾ ਹੋਵੇ। ਐਨੇ ਵਰ੍ਹੇ ਜਗੀਰ ਉੱਤੇ ਕੰਮ ਕਰਦਿਆਂ ਉਹਦਾ ਸਭ ਕਿਸੇ ਨਾਲ ਅਤਿਅੰਤ ਮੋਹ ਹੋ ਗਿਆ ਸੀ। ਬੇਸ਼ਕ ਗੁਰਦਿਆਲ ਸਿੰਘ ਰਾਜਸੀ ਮੁਆਮਲਿਆਂ ਵਿਚ ਦਿਲਚਸਪੀ ਨਹੀਂ ਸੀ ਲੈਂਦਾ, ਪਰ ਉਹਨੂੰ ਚਲੰਤ ਗੱਲਾਂ ਦੀ ਸੋਝੀ ਜ਼ਰੂਰ

Scanned by CamScanner

ਸੀ। ਅੱਜ ਵੀ ਚੂਹੜ ਸਿੰਘ ਦੀ ਗੱਲ ਸੁਣ ਕੇ ਉਸ ਕਿਹਾ :

"ਮੈਂ ਤਾਂ ਸਮਝਦਾ ਹਾਂ ਚੂਹੜ ਸਿੰਘਾ ਕਿ ਜੇ ਅਸਾਡੀ ਘਰ ਦੀ ਫੁੱਟ ਦੂਰ ਹੋ ਜਾਏ ਤਾਂ ਅਜੇ ਵੀ ਅੰਗਰੇਜ਼ ਅਗੇ ਵਧਣ ਦਾ ਜੇਰਾ ਨਾ ਕਰਨ।"

ਚੂਹੜ ਸਿੰਘ ਤਾਂ ਇਹ ਗੱਲ ਸੁਣ ਕੇ ਚੁੱਪ ਰਿਹਾ, ਪਰ ਗੁਰਦਿਆਲ ਸਿੰਘ ਦਾ ਪੈਂਤੀ ਸਾਲਾ ਵੱਡਾ ਪੁੱਤਰ ਪ੍ਰੀਤਮ ਸਿੰਘ ਬੋਲਿਆ :

"ਤੇਰੀ ਕਿਹੀ ਬਿਲਕੁਲ ਠੀਕ ਹੈ, ਬਾਪੂ। ਮੈਂ ਵੀ ਸਦਾ ਇਹੋ ਹੀ ਆਖਦਾ ਹਾਂ। ਸਾਡੇ ਦਰਬਾਰ ਦੀ ਵੀ ਹਾਲਤ ਤਾਂ ਕੋਈ ਵੇਖੇ ਨਾ ? ਜਿਹੜਾ ਕੰਮ ਕਰਨ ਵਾਲਾ ਤੇ ਸਮਝਦਾਰ ਆਦਮੀ ਹੈ ਉਹ ਹਕੂਮਤ ਤੋਂ ਵੱਖਰਾ ਹੋ ਬੈਠਾ ਹੈ। ਵਾਂਗ ਡੁੱਰ ਉਹਨਾਂ ਦੇ ਹੱਥਾਂ ਵਿਚ ਹੈ ਜਿਹੜੇ ਘੋੜੇ ਉੱਤੇ ਚੜ੍ਹਨਾ ਨਹੀਂ ਜਾਣਦੇ। ਦਸਤਖ਼ਤ ਆਪਣੇ ਉਹ ਕਰ ਨਹੀਂ ਸਕਦੇ। ਬਦੀ, ਜੇ ਇਹੋ ਜਿਹੇ ਹਾਲਾਤਾਂ ਵਿਚ ਅੰਗਰੇਜ਼ ਸਾਡੇ ਉੱਤੇ ਚੜ੍ਹੀ ਆਉਂਦੇ ਹਨ ਤਾਂ ਉਹਨਾਂ ਨੂੰ ਵੀ ਦੋਸ਼ ਕੀ ਦੇਈਏ। ਮਜ਼ਾ ਤਾਂ ਸੀ ਜੇ..."

ਪ੍ਰੀਤਮ ਸਿੰਘ ਗੱਲਾਂ ਕਰੀ ਗਿਆ ਤੇ ਚੌਦਾਂ ਪੰਦਰਾਂ ਸਾਲ ਦੇ ਅਜੀਤ ਸਿੰਘ ਦਾ ਮੂੰਹ ਗੁੱਸੇ ਨਾਲ ਲਾਲ ਹੁੰਦਾ ਗਿਆ ਅਜੀਤ ਸਿੰਘ, ਅਨੇਕ ਹੋਰ ਜਵਾਨੀ ਚੜ੍ਹਦ ਮੁੰਡਿਆਂ ਵਾਂਗ ਸੱਚਾ ਪੰਜਾਬੀ, ਵੱਡਾ ਦੇਸ਼ ਭਗਤ, ਆਪਣੀ ਸੂਰਮਤਾਈ ਦਾ ਕਾਇਲ, ਮਗ਼ਰੂਰ ਆਪਣੇ ਆਪ ਤੇ ਆਪਣੀ ਜਾਤੀ ਨੂੰ ਉੱਚਾ ਸਮਝਣ ਵਾਲਾ ਤੇ ਅੰਗਰੇਜ਼ਾਂ ਦਾ ਘੋਰ ਦੁਸ਼ਮਣ ਸੀ। ਇਹੋ ਜਿਹੇ ਤੋਜ਼ ਤਰਾਰ ਮੁੰਡਿਆਂ ਦੀ ਪਿਛਾਂ-ਖਿਚੂ ਤੇ ਹਰ ਵਕਤ ਆਪਣੇ ਹੀ ਔਗੁਣ ਫੋਲਣ ਵਾਲੇ ਮਰਦਾਂ ਨਾਲ ਕਦੀ ਨਹੀਂ ਬਣਦੀ ਤੇ ਅਜੀਤ ਸਿੰਘ ਆਪਣੇ ਸਨਕੀ ਚਾਚੇ ਪ੍ਰੀਤਮ ਸਿੰਘ ਨੂੰ ਸਦਾ ਨਫ਼ਰਤ ਕਰਦਾ ਆਇਆ ਸੀ। ਇਕ ਤਾਂ ਪ੍ਰੀਤਮ ਸਿੰਘ ਦੇ ਖ਼ਿਆਲ ਈ ਕੁਝ ਅਜਿਹੇ ਸਨ ਤੇ ਦੂਜਾ ਹਰ ਗੱਲ ਨੂੰ ਉਹਦਾ ਵਖਿਆਣ ਬਣਾ ਕੇ ਦੱਸਣ ਦਾ ਢੰਗ; ਅੱਜ ਅਜੀਤ ਦਾ ਜੀ ਕਰਦਾ ਸੀ ਕਿ ਉਹ ਉਠ ਕੇ ਉਹਦੇ ਗਲ ਪੈ ਜਾਏ।

ਭਲੇ ਨੂੰ ਲਾਗਲੇ ਪਿੰਡ ਭਧੌੜ ਦੇ ਚੌਧਰੀ ਗ਼ੌਸ ਅਹਿਮਦ ਨੇ ਪ੍ਰੀਤਮ ਸਿੰਘ ਨੂੰ ਟੋਕਿਆ :

"ਪਰ ਸਰਦਾਰ ਜੀ, ਅੰਗਰੇਜ਼ਾਂ ਨੇ ਵੀ ਸਾਡੇ ਨਾਲ ਕਿਹੜੀ ਚੰਗੀ ਕੀਤੀ ਹੈ। ਸਰਕਾਰ ਦੇ ਅੱਖਾਂ ਮੀਟਣ ਦੀ ਦੇਰ ਕਿ ਇਹ ਸਭ ਦੋਸਤੀਆਂ ਭੁੱਲ ਬੈਠੇ ਹਨ। ਨਹੀਂ ਬਈ ਨਹੀਂ, ਮੈਨੂੰ ਤਾਂ ਜਾਪਦਾ ਹੈ ਇਹਨਾਂ ਨਾਲ ਦੋ ਦੋ ਹੱਥ ਕਰੇ ਬਗ਼ੈਰ ਨਹੀਂ ਸਰਨਾ।"

ਚੌਧਰੀ ਦੇ ਸ਼ਬਦ ਸੁਣਦਿਆਂ ਅਜੀਤ ਸਿੰਘ ਦਾ ਗੁੱਸਾ ਸ਼ਾਂਤ ਹੋਣ ਲਗਾ ਤੇ ਉਹਦੇ ਮੂੰਹ ਦਾ ਰੰਗ ਪਰਤਣ ਲੱਗਾ। ਪਰ ਇਕ ਦਮ ਉਹਦਾ ਚਿਹਰਾ ਫਿਰ ਲਾਲ ਹੋ ਗਿਆ ਜਦੋਂ ਉਸ ਰਾਮ ਨਾਥ ਨੂੰ ਇਹ ਕਹਿੰਦਿਆਂ ਸੁਣਿਆ :

"ਮੈਂ ਤਾਂ ਕਹਿੰਦਾ ਹਾਂ ਪਹਿਲੇ ਅੰਗਰੇਜ਼ਾਂ ਨਾਲ ਗੱਲ ਬਾਤ ਕਰ ਕੇ ਸਹੀ ਕਰ ਲੈਣਾ ਚਾਹੀਦਾ ਹੈ ਕਿ ਉਹਨਾਂ ਦੇ ਮਨ ਵਿਚ ਕੀ ਹੈ। ਕਿਤੇ ਅੰਤ ਮੂੰਹ ਦੀ ਨਾ ਖਾਣੀ ਪਏ...।"

ਅਜੀਤ ਕੁਝ ਬੋਲਣ ਹੀ ਲੱਗਾ ਸੀ ਕਿ ਗਿਆਨ ਸਿੰਘ ਨੇ ਕਿਹਾ : "ਕਹਿਣ ਸੁਣਨ ਦੇ ਸਮੇਂ ਲੱਦ ਗਏ, ਰਾਮ ਨਾਥਾ। ਹੁਣ ਤਾਂ ਜੇ ਅਸੀਂ ਪਹਿਲ ਨਾ ਕੀਤੀ ਤਾਂ ਗੋਰੇ ਸਮਝੋ, ਉੱਤੇ, ਟੁੱਟੇ ਕਿ ਟੁੱਟੇ।"

ਚੌਧਰੀ ਗ਼ੌਸ ਅਹਿਮਦ ਨੇ ਗਿਆਨ ਸਿੰਘ ਨੂੰ ਸੰਬੋਧਨ ਕਰਦਿਆਂ ਹੋਇਆਂ ਪੁਛਿਆ : "ਤੈਨੂੰ ਪੱਕ ਹੈ ਕਿ ਤੂੰ ਬੇੜੀਆਂ ਦਾ ਪੁਲ ਸਾਮਰਤੱਖ ਅੱਖੀਂ ਵੇਖਿਆ ਹੈ। ਮੇਰੇ ਪਿੰਡ ਦਾ ਮਹੰਮਦੀ ਤੇ ਹੋਰੀ ਲਾਲ ਤਾਂ ਕਹਿੰਦੇ ਹਨ ਕਿ ਉਹਨਾਂ ਕੁਝ ਨਹੀਂ ਵੇਖਿਆ। ਉਹ ਤੇਰੇ ਤੋਂ ਪਿਛੋਂ ਫ਼ੀਰੋਜ਼ਪੁਰੋਂ ਆਏ ਹਨ ?"

"ਲੈ ਚੌਧਰੀ ! ਇਹ ਵੀ ਕੋਈ ਕਹਿਣ ਵਾਲੀ ਗੱਲ ਹੈ। ਮੇਰੇ ਹੋਸ਼ ਹਵਾਸ ਹਾਲੇ ਗੁੰਮ ਨਹੀਂ ਹੋਏ। ਮੈਂ ਆਪ ਸਤਲੁਜ ਕੰਢੇ ਉੱਤੇ ਪਹੁੰਚਿਆ, ਮੈਂ ਆਪ ਵੱਡੀਆਂ ਛੋਟੀਆਂ ਬੇੜੀਆਂ ਤੱਕੀਆਂ, ਮੈਂ ਪੂਰਬੀਏ ਸਿਪਾਹੀ ਨਾਲ ਸਵਾਲ ਜੁਆਬ ਕੀਤੇ। ਹੋਰੀ ਲਾਲ ਜਾਂ ਤਾਂ ਉਸ ਪਤਨੋਂ ਨਹੀਂ ਲੰਘਿਆ ਜਾਂ ਉਸ ਅੱਖਾਂ ਮੀਚੀਆਂ ਹੋਈਆਂ ਸਨ।"

ਚੂਹੜ ਸਿੰਘ ਨੇ ਸੰਜੀਦਾ ਭਾਵ ਨਾਲ ਕਿਹਾ : "ਪਰ ਭਰਾਵੋ, ਜੇ ਗੋਰਿਆਂ ਨੇ ਅਜੇ ਤਕ ਪੁਲ ਨਹੀਂ ਬੰਨ੍ਹਿਆਂ ਤਾਂ ਹੋਰ ਦਸਾਂ ਦਿਨਾਂ ਤਕ ਬੰਨ੍ਹ ਲੈਣਗੇ। ਸਰਦਾਰ ਸ਼ਾਮ ਸਿੰਘ ਦਾ ਵੀ ਖਿਆਲ ਇਹੋ ਹੈ। ਹੁਣ ਸੋਚਣਾ ਅਸਾਂ ਇਹ ਹੈ ਕਿ ਸਾਨੂੰ ਕੀ ਜੁਗਤ ਕਰਨੀ ਚਾਹੀਦੀ ਹੈ। ਕੀ..." ਪਰ ਚੂਹੜ ਸਿੰਘ ਨੇ ਆਪਣੀ ਗੱਲ ਪੂਰੀ ਨਾ ਕੀਤੀ ਤੇ ਅਜੀਤ ਸਿੰਘ

Scanned by CamScanner

ਕੋਲੋਂ ਬੋਲਿਆ : "ਮੈਂ ਤਾਂ ਲੜਾਈ ਉੱਤੇ ਜ਼ਰੂਰ ਜਾਵਾਂਗਾ, ਬਾਬਾ !"

ਜੁੜੀ ਇਕੱਠ ਦੀਆਂ ਨਜ਼ਰਾਂ ਇਕ ਦੰਮ ਅਜੀਤ ਉੱਤੇ ਜਾ ਟਿਕੀਆਂ । ਕਈ ਆਦਮੀ ਮੁਸਕਰਾ ਵੀ ਪਏ । ਅਜੀਤ ਚਰਾ ਝੱਕ ਗਿਆ । ਸ਼ਾਇਦ ਸ਼ਰਮਾਇਆ ਵੀ । ਪਰ ਦਿਲੋਂ ਉਹਦਾ ਜੰਗ ਉੱਤੇ ਜਾਣ ਬਾਰੇ ਇਰਾਦਾ ਹੋਰ ਵੀ ਪੱਕਾ ਹੋ ਗਿਆ ।

"ਚਲੋ ਹੁਣ ਘਰੋ ਘਰੀ ਚਲੀਏ । ਵੇਖੀਏ ਕੀ ਹੁੰਦਾ ਹੈ," ਚੂਹੜ ਸਿੰਘ ਨੇ ਕਿਹਾ ਤੇ ਇਕੱਠ ਖਿੰਡ ਗਈ ।

੧੧੯

ਹਰਪਾਲ ਸਿੰਘ ਮਾਹਿਲ ਦੀ ਮੌਤ ਨੇ ਸਾਰੇ ਪੰਜਾਬ ਨੂੰ ਝੂਣ ਦਿੱਤਾ ਸੀ । ਜਨਤਾ ਕੰਬ ਗਈ ਸੀ, ਫੌਜ ਹਲੂਣੀ ਗਈ ਸੀ । ਸਰਦਾਰ ਹਰੀ ਸਿੰਘ ਨਲੂਏ ਦੀ ਮ੍ਰਿਤੂ ਤੋਂ ਪਿਛੋਂ ਹਰਪਾਲ ਸਿੰਘ ਖ਼ਾਲਸਈ ਸੈਨਾ ਦੀ ਵਡਿਆਈ ਦਾ ਚਿੰਨ੍ਹ ਸੀ । ਜਿਸ ਇਸਥਿਤੀ ਵਿਚ ਵੀ ਹਰਪਾਲ ਨੇ ਕੰਮ ਕੀਤਾ ਫ਼ੌਜ ਤੇ ਜਨਤਾ ਨੇ ਉਹਨੂੰ ਹਰੀ ਸਿੰਘ ਨਲੂਏ ਦਾ ਹਕੀਕੀ ਵਾਰਿਸ ਜਾਤਾ । ਆਪ ਮਹਾਰਾਜਾ ਰਣਜੀਤ ਸਿੰਘ ਨੇ ਜਿਹੜਾ ਮਾਨ ਹਰਪਾਲ ਨੂੰ ਦਿੱਤਾ ਉਸ ਨਾਲ ਵੀ ਹਰਪਾਲ ਦੀ ਪਦਵੀ ਵਿਚ ਵਾਧਾ ਹੋਇਆ । ਪੰਜਾਬ ਵਿਚ ਹਰਪਾਲ ਸਿੰਘ ਮਾਹਿਲ ਦਿਆਨਤਦਾਰੀ, ਦਿ੍ੜ੍ਹਤਾ, ਦੇਸ਼ ਭਗਤੀ ਤੇ ਉਚ-ਆਚਰਨ ਦੀ ਮਿਸਾਲ ਸੀ ।

ਹਰਪਾਲ ਦੇ ਕਤਲ ਦੀ ਸੋਅ ਦਿਨ ਚੜ੍ਹਦੇ ਤਕ ਦੇਸ਼ ਦੇ ਕੋਨੇ ਕੋਨੇ ਤਕ ਪਸਰ ਗਈ ਸੀ । ਅਟਾਰੀ ਤੇ ਮਾਹਿਲ ਦੇ ਸਮੂਹ ਆਦਮੀ ਸੂਰਜ ਚੜ੍ਹਦਿਆਂ ਤਕ ਲਾਹੌਰ ਪਹੁੰਚ ਗਏ ਸਨ । ਕੋਈ ਘੋੜਿਆਂ ਉੱਤੇ, ਕੋਈ ਗੱਡਿਆਂ ਉੱਤੇ ਤੇ ਕੋਈ ਪੈਦਲ । ਫ਼ੈਸਲਾ ਹੋਇਆ ਸੀ ਕਿ ਹਰਪਾਲ ਦੀ ਲਾਸ਼ ਦਾ ਸਸਕਾਰ ਮਾਹਿਲ ਵਿਚ ਕੀਤਾ ਜਾਏ । ਲਾਹੌਰ ਵਿਚ ਅੱਜ ਮਾਹਿਲਾਂ ਦਾ ਦਮ ਘੁੱਟਦਾ ਸੀ । ਜਿਸ ਲਾਹੌਰ ਨੂੰ ਮਾਹਿਲਾਂ ਦੇ ਵੱਡੇ ਵਡੇਰਿਆਂ ਨੇ ਜਿਤ ਕੇ ਖ਼ਾਲਸਾ ਰਾਜ ਦੀ ਨੀਂਹ ਰੱਖੀ ਸੀ ਉਸੇ ਲਾਹੌਰ ਵਿਚ ਅੱਜ ਮਾਹਿਲਾਂ ਦੇ ਟੱਬਰ ਨੂੰ ਕੋਈ ਢੋਈ ਨਹੀਂ ਸੀ ਮਿਲ ਰਹੀ ।

ਹਰਪਾਲ ਮਰਿਆ ਤੇ ਲਾਹੌਰ ਵਿਚਲੀ ਮਾਹਿਲਾਂ ਦੀ ਹਵੇਲੀ ਖ਼ਾਲੀ ਹੋ ਗਈ । ਹਰਪਾਲ ਦੀ ਮੌਤ ਮਾਹਿਲਾਂ ਦੀ ਹਵੇਲੀ ਦੀ ਮੌਤ ਸੀ । ਅਰਥੀ ਦੇ ਟੁਰਨ ਵੇਲੇ ਗੁਰਮੀਤ ਨੇ ਹਵੇਲੀ ਦੇ ਬਾਹਰਲੇ ਵੱਡੇ ਦਰਵਾਜ਼ੇ ਨੂੰ ਜੰਦਰਾ ਲਾਇਆ । ਉਸ ਦਿਨ ਮਾਹਿਲਾਂ ਦੀ ਹਵੇਲੀ ਨੂੰ ਜੰਦਰਾ ਲੱਗਾ ਕਿ ਲਾਹੌਰ ਦੀ ਕਿਸਮਤ ਨੂੰ; ਕਿ ਪੰਜਾਬ ਦੀ ਕਿਸਮਤ ਨੂੰ ।

ਇਸ ਕਤਲ ਤੋਂ ਥੋੜ੍ਹੀ ਦੇਰ ਪਿਛੋਂ ਹੀ ਗੁਰਪਾਲ ਤੇ ਮਾਹਿਲ ਘਰਾਣੇ ਦੇ ਕਈ ਹੋਰ ਗੱਭਰੂਆਂ ਨੇ ਫ਼ੌਜ ਵਿਚੋਂ ਅਸਤੀਫ਼ੇ ਦੇ ਦਿਤੇ । ਹਰਪਾਲ ਦੇ ਕਤਲ ਪਿਛੋਂ ਉਹਦੇ ਨਜ਼ਦੀਕੀ ਰਿਸ਼ਤੇਦਾਰਾਂ ਵਾਸਤੇ ਸਰਕਾਰੀ ਨੌਕਰੀ ਕਠਿਨ ਹੋ ਗਈ ਸੀ । ਕਈ ਮਾਹਿਲ ਟਿਕੇ ਵੀ ਰਹੇ ਪਰ ਕੋਈ ਮਾਹਿਲ ਤੇ ਕੋਈ ਸਿਪਾਹੀ ਅਜਿਹਾ ਨਹੀਂ ਸੀ ਜਿਸ ਦਾ ਮਨ ਖੱਟਾ ਨਾ ਹੋਇਆ ਹੋਵੇ ।

ਹਰਪਾਲ ਦੀ ਮੌਤ ਤੋਂ ਦੋ ਦਿਨ ਪਿਛੋਂ ਕੰਵਰ ਨੌਨਿਹਾਲ ਸਿੰਘ ਦੀ ਮੌਤ ਦੀ ਵੀ ਘੋਸ਼ਣਾ ਕਰ ਦਿਤੀ ਗਈ । ਜਾਣਨ ਵਾਲੇ ਤਾਂ ਪਹਿਲਾਂ ਹੀ ਜਾਣਦੇ ਸਨ, ਪਰ ਨਾ ਜਾਣਨ ਵਾਲਿਆਂ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲ ਗਈ, ਸਿਰ

Scanned by CamScanner

ਉੱਤੋਂ ਅਸਮਾਨ ਅਲੋਪ ਹੋ ਗਿਆ । ਜਨਤਾ ਨੂੰ ਹਰਪਾਲ ਦੀ ਮੌਤ ਭੁਲ ਗਈ। ਹੁਣ ਕਤਲਾਂ ਤੇ ਮੌਤਾਂ ਨੂੰ ਭੁੱਲਣਾ ਹੀ ਯੋਗ ਸੀ ਕਿਉਂ ਜੋ ਹੁਣ ਪੰਜਾਬ ਨੂੰ ਪਤਾ ਲੱਗ ਗਿਆ ਕਿ ਇਹ ਮੌਤਾਂ ਸਰਕਰਦਾ ਮਨੁੱਖਾਂ ਦੀਆਂ ਆਖਰੀ ਮੌਤਾਂ ਨਹੀਂ।

ਕੰਵਰ ਨੌਨਿਹਾਲ ਸਿੰਘ ਦੇ ਚਲਾਣੇ ਪਿਛੋਂ ਲਾਹੌਰ ਦਰਬਾਰ ਦੇ ਰੰਗ ਮੰਚ ਉੱਤੇ ਕੀ ਨਾਟਕ ਖੇਡਿਆ ਗਿਆ, ਜਿਸ ਬਾਬਤ ਪੰਜਾਬ ਦੀ ਵਸੋਂ ਸਣੇ ਸਭ ਕੁਝ ਸੁਣਦੀ ਰਹੀ । ਜੋ ਕੁਝ ਸੁਣਨ ਵਿਚ ਆਉਂਦਾ ਉਹਦੇ ਵਿਚੋਂ ਕਿੰਨਾ ਕੁਝ ਸੱਚ ਹੁੰਦਾ ਤੇ ਕਿੰਨਾ ਕੁਝ ਝੂਠ ਨਿਰਣਾ ਕਰਨਾ ਔਖਾ ਸੀ । ਜਨਤਾ ਕੋਲ ਨਿਤਾਰਨ ਦੇ ਨਾ ਹੀ ਵਸੀਲੇ ਸਨ ਤੇ ਨਾ ਹੀ ਫੋਲਾ ਫਾਲੀ ਕਰਨ ਦੇ ਪੱਕੇ ਇਰਾਦੇ । ਪੰਜਾਬ ਦੀ ਜਨਤਾ ਹੁਣ ਸਹਿੰਦੜ ਹੋ ਰਹੀ ਸੀ । ਹਰ ਤਬਦੀਲੀ, ਹਰ ਮੌਤ, ਹਰ ਘਟਨਾ ਉਹਨਾਂ ਨੂੰ ਪਹਿਲੇ ਨਾਲੋਂ ਵੀ ਨਿੰਮੋਝੂਣਾ ਕਰ ਦੇਂਦੀ ਤੇ ਉਹਨਾਂ ਦਾ ਯਕੀਨ ਪੱਕ ਜਾਂਦਾ ਕਿ ਪੰਜਾਬ ਅੱਜ ਉਜੜਿਆ ਕਿ ਕਲ੍ਹ । ਸਰਕਾਰ ਦੇ ਬਾਝੋਂ ਹੁਣ ਕੌਣ ਹੋਣੀ ਨੂੰ ਰੋਕ ਸਕਦਾ ਸੀ ?

ਹਾਂ ਪਰ, ਅਟਾਰੀ ਵਾਲੇ ਸਰਦਾਰ, ਮਾਹਿਲਾਂ ਦੇ ਸਰਦਾਰ ਤੇ ਹੋਰ ਕਈ ਸਰਦਾਰ ਸਚਾਈ ਜਾਣਦੇ ਸਨ । ਉਹ ਜਾਣਦੇ ਸਨ ਕਿ ਕੰਵਰ ਨੌਨਿਹਾਲ ਸਿੰਘ ਦੀ ਮੌਤ ਨੂੰ ਕਿਉਂ ਕੁਝ ਦਿਨ ਗੁਪਤ ਰਖਿਆ ਗਿਆ ਹੈ। ਰਾਜਾ ਧਿਆਨ ਸਿੰਘ ਵਲੋਂ ਸ਼ੇਰ ਸਿੰਘ ਨੂੰ ਭੇਜੀ ਗਈ ਚਿੱਠੀ ਤੇ ਤੱਖਤ ਦੇ ਦਿਤੇ ਗਏ ਲਾਰਿਆਂ ਬਾਰੇ ਵੀ ਉਹਨਾਂ ਨੂੰ ਪਤਾ ਸੀ । ਕੀ ਭਲਾ ਬਾਮ ਸਿੰਘ ਆਪਣੀ ਪੁੱਤਰੀ ਨਾਨਕੀ ਦੇ ਗਰਭਵਤੀ ਹੋਣ ਬਾਰੇ ਸਚਾਈ ਨਹੀਂ ਸੀ ਜਾਣਦਾ ?

ਜੇ ਮਹਾਰਾਣੀ ਚੰਦ ਕੌਰ ਤੇ ਰਾਜਾ ਸ਼ੇਰ ਸਿੰਘ ਦੇ ਪੁਨਰ-ਵਿਆਹ ਦੀ ਤਜਵੀਜ਼ ਪੇਸ਼ ਹੋਈ ਤੇ ਦੋਵੇਂ ਜੀਅ ਰਜ਼ਾਮੰਦ ਹੋ ਗਏ ਤਾਂ ਧਿਆਨ ਸਿੰਘ ਨੇ ਵਿਚ ਪੈ ਕੇ ਗੱਲ ਵਿਗਾੜ ਦਿਤੀ । ਅੰਤ ਰਾਜਾ ਧਿਆਨ ਸਿੰਘ ਤੇ ਉਹਦਾ ਭਰਾ ਸੁਚੇਤ ਸਿੰਘ ਰਾਜਾ ਸ਼ੇਰ ਸਿੰਘ ਵਲ ਹੋ ਗਏ ਤੇ ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਦਾ ਪੁੱਤਰ ਰਾਜਾ ਹੀਰਾ ਸਿੰਘ ਮਹਾਰਾਣੀ ਚੰਦ ਕੌਰ ਵਲੇ । ਆਪਣੇ ਪਿੱਠੂਆਂ ਦੀ ਸ਼ਹਿ ਉੱਤੇ ਰਾਜਾ ਸ਼ੇਰ ਸਿੰਘ ਨੇ ਲਾਹੌਰ ਤੇ ਹੱਲਾ ਬੋਲ ਦਿਤਾ । ਅਗੋਂ ਰਾਜਾ ਗੁਲਾਬ ਸਿੰਘ ਨੇ ਕਿਲ੍ਹੇ ਦੇ ਬਚਾਅ ਦਾ ਪ੍ਰਬੰਧ ਕੀਤਾ ਤੇ ਪੰਜ ਦਿਨ ਲੜਾਈ ਹੁੰਦੀ ਰਹੀ । ਜਿਸ ਰਾਜ ਨੂੰ ਕਿ ਮਹਾਰਾਜਾ ਰਣਜੀਤ ਸਿੰਘ ਗੁਰੂ ਦਾ ਬਖ਼ਸ਼ਿਆ ਰਾਜ ਸਮਝਦਾ ਸੀ, ਉਸੇ ਰਾਜ ਵਾਸਤੇ ਅੱਜ ਉਸ ਮਹਾਰਾਜੇ ਦੀ ਅੰਸ਼ ਲੜ ਰਹੀ ਸੀ । ਪਰ ਲੜਨ ਵਾਲੇ ਹੋਰ ਸਨ ਤੇ ਲੜਾਉਣ ਵਾਲੇ ਹੋਰ । ਪੁਤਲੀਆਂ ਹੋਰ ਸਨ ਤੇ ਪੁਤਲੀਬਾਜ਼ ਹੋਰ । ਸੁਲਾਹ ਕਰਾਉਣ ਵਾਲਿਆਂ ਨੇ ਵਿਚ ਪੈ ਕੇ ਸੁਲਾਹ ਕਰਾਈ ਜਿਸ ਅਨੁਸਾਰ ਮਹਾਰਾਣੀ ਚੰਦ ਕੌਰ ਨੂੰ ਦੋ ਲੱਖ ਸਾਲ ਦੀ ਜਾਗੀਰ ਜੰਮੂ ਦੇ ਨੇੜੇ ਦਿਤੀ ਗਈ ਤੇ ਜਿਸ ਦਾ ਮੁਖਤਿਆਰ ਗੁਲਾਬ ਸਿੰਘ ਥਾਪਿਆ ਗਿਆ । ਇਹ ਵੀ ਤੈਅ ਹੋਇਆ ਕਿ ਸ਼ੇਰ ਸਿੰਘ ਮਹਾਰਾਜਾ ਬਣੇ ਤੇ ਧਿਆਨ ਸਿੰਘ ਵਜ਼ੀਰੇ-ਆਜ਼ਮ ।

ਦੋ ਮਹੀਨੇ ਦੀ ਖਿੱਚਾ ਖਿੱਚੀ ਪਿਛੋਂ ਗੱਲ ਉੱਥੇ ਦੀ ਉੱਥੇ ਹੀ ਰਹੀ । ਡੋਗਰੇ ਭਰਾਵਾਂ ਦੀ ਚੜ੍ਹ ਮਚੀ ਰਹੀ, ਉਹਨਾਂ ਦੇ ਪੈਰ ਪੀਡੇ ਹੀ ਰਹੇ । ਸਗੋਂ ਹਰ ਹਲਚਲ ਪਿਛੋਂ ਉਹਨਾਂ ਦੇ ਪੈਰ ਹੋਰ ਪੀਡੇ ਹੋ ਜਾਂਦੇ ਰਹੇ । ਮਹਾਰਾਣੀ ਚੰਦ ਕੌਰ ਦੇ ਮੁਖਤਿਆਰ ਹੋਣ ਦੀ ਹੈਸੀਅਤ ਵਿਚ ਰਾਜਾ ਗੁਲਾਬ ਸਿੰਘ ਨੂੰ ਹੱਕ ਸੀ ਕਿ ਉਹ ਉਹਦਾ ਜ਼ਾਤੀ ਸਾਮਾਨ, ਜੰਮੂ ਦੇ ਕੋਲ ਚੰਦ ਕੌਰ ਦੀ ਜਾਗੀਰ ਉੱਤੇ ਲੈ ਜਾਏ । ਉਹ ਚੰਦ ਕੌਰ ਦਾ ਜ਼ਾਤੀ ਸਾਮਾਨ ਵੀ ਤੇ ਹਕੂਮਤ ਦਾ ਖ਼ਜ਼ਾਨਾ ਤੇ ਹੀਰੇ ਜਵਾਹਰਾਤ ਦਾ ਇਕ ਭਾਗ ਵੀ ਆਪਣੇ ਨਾਲ ਲੈ ਗਿਆ । ਸ਼ੇਰ ਸਿੰਘ ਮਹਾਰਾਜਾ ਬਣਿਆ, ਪਰ ਖ਼ਜ਼ਾਨਾ ਖ਼ਾਲੀ ਸੀ ।

ਗੱਦੀ ਉੱਤੇ ਬਹਿੰਦਿਆਂ ਹੀ ਸ਼ੇਰ ਸਿੰਘ ਨੂੰ ਅਨੇਕ ਔਕੜਾਂ ਦਾ ਸਾਹਮਣਾ ਕਰਨਾ ਪਿਆ । ਜਿਸ ਫ਼ੌਜ ਨੇ ਉਹਨੂੰ ਗੱਦੀ ਦਵਾਈ ਸੀ ਉਹ ਫ਼ੌਜ ਹੁਣ ਉਹਦੇ ਕੋਲੋਂ ਆਪਣੀਆਂ ਮਨ-ਮੰਨੀਆਂ ਕਰਵਾਉਣਾ ਚਾਹੁੰਦੀ । ਸ਼ੇਰ ਸਿੰਘ ਨੇ ਹਿੰਮਤ ਤੋਂ ਕੰਮ ਲਿਆ । ਉਸ ਪੰਚਾਂ ਨੂੰ ਸਮਝਾਇਆ । ਅੰਗਰੇਜ਼ੀ ਰਾਜ ਦੇ ਏਜੰਟ ਕਲਾਰਕ ਨੇ ਸ਼ੇਰ ਸਿੰਘ ਦੀ ਮਦਦ ਲਈ ਬਾਰ੍ਹਾਂ ਹਜ਼ਾਰ ਗੋਰਾ ਫੌਜ ਭੇਜਣ ਦਾ ਨਿਉਂਤਾ ਦਿਤਾ, ਜਿਸ ਦੇ ਬਦਲੇ ਉਸ ਸਤਲੁਜ ਪਾਰ ਦੇ ਖ਼ਾਲਸਈ ਇਲਾਕੇ ਤੇ ਚਾਲ੍ਹੀ ਲੱਖ ਰੁਪਿਆ ਮੰਗਿਆ, ਪਰ ਸ਼ੇਰ ਸਿੰਘ ਨੇ ਇਹ ਪੇਸ਼ਕਸ਼ ਨਾ-ਮਨਜ਼ੂਰ ਕੀਤੀ ਤੇ ਅੰਤ ਫ਼ੌਜ ਨੂੰ ਵੱਸ ਅੰਦਰ ਕਰਨ ਵਿਚ ਸਫ਼ਲ ਹੋਇਆ ।

ਸ਼ੇਰ ਸਿੰਘ ਮਹਾਰਾਜਾ ਬਣਿਆ ਤੇ ਸੰਧਾਵਾਲੀਏ ਸਰਦਾਰਾਂ ਨੂੰ ਆਪੋ ਆਪਣੀ ਪੈ ਗਈ । ਅਜੀਤ ਸਿੰਘ ਤੇ ਅਤਰ ਸਿੰਘ ਨੱਸ ਕੇ ਥਾਨੇਸਰ ਚਲੇ ਗਏ, ਪਰ ਲਹਿਣਾ ਸਿੰਘ ਤੇ ਉਹਦਾ ਭਤੀਜਾ ਕਿਹਰ ਸਿੰਘ ਕੈਦ ਕਰ ਲਏ ਗਏ । ਥਾਨੇਸਰ ਤੋਂ ਅਜੀਤ ਸਿੰਘ ਕਲਕੱਤੇ ਵੀ ਗਿਆ । ਉਸ ਪੰਜਾਬ ਵਿਚ ਨਵੀਂ ਹਕੂਮਤ ਸਾਜਣ ਲਈ ਗੋਰੇ ਲਾਟ ਸਾਹਿਬ ਦੀ ਮਦਦ ਮੰਗੀ ।

ਇਉਂ ਡੋਗਰਾ ਤੇ ਸੰਧਾਵਾਲੀਆ ਜੁੰਡੀਆਂ ਵਿਚਕਾਰ ਤਾਕਤ ਸੰਭਾਲਣ ਦਾ ਪਹਿਲਾ ਦੌਰ ਖ਼ਤਮ ਹੋਇਆ ।

Scanned by CamScanner

ਇਸ ਦੌਰ ਵਿਚ ਡੋਗਰਿਆਂ ਨੂੰ ਪੂਰਨ ਜਿੱਤ ਹੋਈ ਤੇ ਸੰਧਾਵਾਲੀਆਂ ਨੂੰ ਪੂਰੀ ਹਾਰ। ਸੰਧਾਵਾਲੀਏ ਭੂਤਰ ਗਏ। ਮਹਾਰਾਜਾ ਰਣਜੀਤ ਸਿੰਘ ਦੀ ਸਲਤਨੱਤ ਉੱਤੇ ਸੰਧਾਵਾਲੀਏ ਆਪਣਾ ਵਧੇਰੇ ਹੱਕ ਸਮਝਦੇ ਸਨ, ਪਰ ਇਸ ਹੱਕ ਨੂੰ ਜਮਾਉਣ ਵਾਸਤੇ ਉਹਨਾਂ ਨੇ ਵੀ ਉੱਨੀ ਹੀ ਜਲਦਬਾਜ਼ੀ ਤੇ ਸੁਆਰਥ ਤੋਂ ਕੰਮ ਲਿਆ ਜਿੰਨਾਂ ਕਿ ਡੋਗਰਿਆਂ ਨੇ। ਪਰ ਡੋਗਰੇ ਚੋਰ ਸੂਝਵਾਨ ਤੇ ਚਾਲਾਕ ਸਨ। ਉਹ ਖਿੜਕਾਰ ਸਨ ਜਿਥੇ ਕਿ ਸੰਧਾਵਾਲੀਏ ਸਿਖਾਂਦੜ।

ਰਾਜਾ ਧਿਆਨ ਸਿੰਘ ਫਿਰ ਵਜ਼ੀਰ-ਆਜ਼ਮ ਸੀ ਤੇ ਉਸ ਆਪਣੀ ਇਸਥਿਤੀ ਮਜ਼ਬੂਤ ਕਰਦਿਆਂ ਹੀ ਆਪਣੇ ਵਿਰੋਧੀਆਂ ਨੂੰ ਸੋਧਣਾ ਸ਼ੁਰੂ ਕੀਤਾ। ਸਭ ਤੋਂ ਪਹਿਲੇ ਉਸ ਸਰਦਾਰ ਜਵਾਲਾ ਸਿੰਘ ਦੇ ਵਿਰੁਧ ਸ਼ੇਰ ਸਿੰਘ ਨੂੰ ਉਕਸਾਣਾ ਸ਼ੁਰੂ ਕੀਤਾ ਅਤੇ ਸ਼ੇਰ ਸਿੰਘ ਦੀ ਆਗਿਆ ਲੈ ਕੇ ਉਹਨੂੰ ਕੈਦ ਕਰ ਕੇ ਕਿਸੇ ਨਾ ਕਿਸੇ ਪੱਜ ਪਾਰ ਬੁਲਾਇਆ। ਜਵਾਲਾ ਸਿੰਘ ਨੇ ਸ਼ੇਰ ਸਿੰਘ ਨੂੰ ਰਾਜ ਦਵਾਉਣ ਵਿਚ ਉਹਦੀ ਮਦਦ ਕੀਤੀ ਸੀ ਤੇ ਧਿਆਨ ਸਿੰਘ ਡਰਦਾ ਸੀ ਕਿਤੇ ਮਹਾਰਾਜਾ ਖੜਗ ਸਿੰਘ ਦੇ ਸਲਾਹਕਾਰ ਚੇਤ ਸਿੰਘ ਵਾਂਗ ਜਵਾਲਾ ਸਿੰਘ ਵੀ ਸ਼ੇਰ ਸਿੰਘ ਦੇ ਬਹੁਤਾ ਨਿਕਟ ਨਾ ਆ ਜਾਏ।

ਬੇਸ਼ੱਕ ਡੋਗਰੇ ਭਰਾਵਾਂ ਨੇ ਮਹਾਰਾਣੀ ਚੰਦ ਕੌਰ ਨੂੰ ਇਕ ਸ਼ਤਰੰਜ ਦੇ ਮੋਹਰੇ ਵਾਂਗ ਵਰਤਿਆ ਸੀ ਤੇ ਸ਼ਤਰੰਜ ਦੇ ਇਕ ਬੇਜਾਨ ਮੋਹਰੇ ਵਾਂਗ ਉਹ ਹੁਣ ਅਲੱਗ ਹੋ ਬੈਠੀ ਸੀ, ਪਰ ਫਿਰ ਵੀ ਉਹਦੀ ਸਲਾਮਤੀ ਧਿਆਨ ਸਿੰਘ ਦੇ ਦਿਲ ਵਿਚ ਰੜਕਦੀ ਸੀ। ਉਹ ਡੋਗਰੇ ਭਰਾਵਾਂ ਬਾਰੇ ਲੋੜ ਤੋਂ ਬਹੁਤਾ ਕੁਝ ਜਾਣਦੀ ਸੀ। ਕਹਿੰਦੇ ਹਨ ਕਿ ਧਿਆਨ ਸਿੰਘ ਨੇ ਉਹਨੂੰ ਆਸੈ, ਭਾਗੋ, ਪੰਰੋ ਤੇ ਬਾਦਾਮੋ ਨਾਮੀ ਗੋਲੀਆਂ ਹੱਥੋਂ ਮਰਵਾ ਦਿਤਾ। ਧਿਆਨ ਸਿੰਘ ਵਰਗਾ ਆਦਮੀ ਸਭ ਕੁਝ ਕਰ ਗੁਜ਼ਰਨ ਦੇ ਯੋਗ ਸੀ।

ਬਾਕੀ ਕੰਮਾਂ ਤੋਂ ਵਿਹਲਿਆਂ ਹੋ ਕੇ ਧਿਆਨ ਸਿੰਘ ਨੂੰ ਮਾਹਿਲਾਂ ਦਾ ਚੇਤਾ ਆਇਆ ਤੇ ਉਸ ਹਰਪਾਲ ਦੇ ਨੱਕੋ ਲੱਗੀ ਲੰਮੀ ਸਾਰੀ ਜਾਗੀਰ ਜ਼ਬੱਤ ਕਰ ਲਈ। ਦੂਸ਼ਨ ਉਹੋ ਪਹਿਲੇ ਵਾਲੇ ਕਿ ਹਰਪਾਲ ਨੇ ਹਥਿਆਰੀ ਕਾਰਖ਼ਾਨਿਆਂ ਦੇ ਮੁਖ ਪ੍ਰਬੰਧਕ ਦੀ ਹੈਸੀਅਤ ਵਿਚ ਸਰਕਾਰੀ ਹਿਸਾਬ ਅੰਦਰ ਗੜਬੜ ਕੀਤੀ ਹੈ।

ਜਦੋਂ ਇਹ ਹੁਕਮ ਮਾਹਿਲ ਪੁਜੇ ਤਾਂ ਗੁਰਦਈ ਅਜੇ ਤਕ ਜ਼ਿੰਦਾ ਸੀ। ਜਿਹੜੀ ਮਾਂ ਆਪਣੇ ਪੁੱਤਰ ਦੀ ਮੌਤ ਵੇਲੇ ਨਹੀਂ ਸੀ ਰੋਈ ਉਹ ਅੱਜ ਫਿਸ ਪਈ ਤੇ ਉਸ ਕਿਹਾ :

"ਕਾਸ਼ ! ਇਹ ਜਾਗੀਰ ਸਰਕਾਰ ਮੇਰੇ ਹਰਪਾਲ ਨੂੰ ਨਾ ਬਖ਼ਸ਼ਦੇ। ਸਾਨੂੰ ਸਾਡੀ ਪਹਿਲੀ ਜਾਗੀਰ ਹੀ ਕਾਫੀ ਸੀ। ਜਿਹੜੀ ਊਂਜ ਲਾ ਕੇ ਇਹ ਜਾਗੀਰ ਵਾਪਸ ਲਈ ਗਈ ਹੈ ਉਹਨੇ ਮੇਰਾ ਅੰਦਰ ਲੂਹ ਦਿਤਾ ਹੈ। ਹੁਣ ਮੈਂ ਬਹੁਤਾ ਚਿਰ ਜੀਂਦੀ ਨਹੀਂ ਰਹਿ ਸਕਦੀ। ਮੈਂ ਧਿਆਨ ਸਿੰਘ ਨੂੰ ਕੀ ਸਮਝਿਆ ਸੀ ਤੇ ਉਹ ਕੀ ਨਿਕਲਿਆ। ਮੈਂ ਉਹਨੂੰ ਦੇਵਤਾ ਸਮਝਿਆ ਸੀ, ਉਹ ਦੈਂਤਾਂ ਦਾ ਵੀ ਦੈਂਤ ਨਿਕਲਿਆ।

ਗੁਰਮੀਤ ਨੇ ਉਹਨੂੰ ਧੀਰਜ ਦਿਤਾ, "ਮਾਂ, ਮੈਂ ਤਾਂ ਸਦਾ ਕਹਿੰਦੀ ਆਈ ਹਾਂ ਕਿ ਚੰਨ ਉੱਤੇ ਥੁੱਕਿਆਂ ਆਪਣੇ ਹੀ ਮੂੰਹ ਪੈਂਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਕੋਈ ਸਿਆਣਾ ਆਦਮੀ ਇਹ ਗੱਲ ਮੰਨਣ ਨਹੀਂ ਲਗਾ। ਸਾਨੂੰ ਆਪਣੀ ਨਹੀਂ, ਸਿਖ ਰਾਜ ਦੀ ਲਾਜ ਤੇ ਇੱਜ਼ਤ ਬਾਰੇ ਸੋਚਣਾ ਚਾਹੀਦਾ ਹੈ।"

"ਹੁਣ ਸਿੱਖ ਰਾਜ ਦੀ ਲਾਜ ਤੇ ਇੱਜ਼ਤ ਰਾਖ ਹੋ ਗਈ ਹੈ, ਧੀਏ ! ਹੁਣ ਮੇਰੇ ਜੀਊਣ ਦਾ ਕੋਈ ਹੱਜ ਨਹੀਂ।" ਗੁਰਦਈ ਚੁਪ ਹੋ ਗਈ, ਪਰ ਜਾਪਦਾ ਸੀ ਕਿ ਉਹ ਅਜੇ ਬੜਾ ਕੁਝ ਕਹਿਣਾ ਚਾਹੁੰਦੀ ਹੈ। ਉਹਦੇ ਮਨੋਭਾਵਾਂ ਦੀ ਤਾਰ ਨਹੀਂ ਸੀ ਟੁੱਟੀ। ਉਹ ਬੀਤ ਚੁਕੇ ਸਮਿਆਂ ਬਾਰੇ ਸੋਚਦੀ ਜਾਪਦੀ ਸੀ ! ਅੰਤ ਉਸ ਕਿਹਾ : "ਅੱਜ ਮੈਨੂੰ ਤੇਰੇ ਦਾਦੇ ਸ਼ਾਹਬਾਜ਼ ਤੇ ਉਹਦੇ ਭਰਾ ਜਾਂਬਾਜ਼ ਸਿੰਘ ਦੀ ਯਾਦ ਆਉਂਦੀ ਹੈ। ਜਿਨ੍ਹਾਂ ਬੰਦਿਆਂ ਨੇ ਸ਼ਾਹਬਾਜ਼ ਦੀ ਸ਼ਹੀਦੀ ਅੱਖੀਂ ਡਿੱਠੀ ਸੀ ਉਹਨਾਂ ਕੋਲੋਂ ਮੈਂ ਉਸ ਅਲਬੇਲੇ ਮਰਦ ਦੀ ਸੂਰਮਗਤੀ, ਸਿੱਖੀ ਸਿਦਕ ਤੇ ਜੇਰੇ ਦੀਆਂ ਵਾਰਤਾਵਾਂ ਸੁਣੀਆਂ ਹਨ। ਬਾਬਾ ਬੰਦਾ, ਸ਼ਾਹਬਾਜ਼ ਨੂੰ ਆਪਣੀ ਸੱਜੀ ਬਾਂਹ ਸਮਝਦਾ ਸੀ। ਜਿਥੇ ਜਾਂਦਾ ਉਹਨੂੰ ਆਪਣੇ ਨਾਲ ਰਖਦਾ। ਜਦੋਂ ਬੰਦੀ ਹੋਏ ਬੰਦੇ ਬਹਾਦਰ ਦਾ ਲਾਹੌਰ ਵਿਚ ਜਲੂਸ ਨਿਕਲਿਆ ਤਾਂ ਵੀ ਸ਼ਾਹਬਾਜ਼ ਉਹਦੇ ਨਾਲ ਸੀ। ਜਾਂਬਾਜ਼ ਨੇ ਇਹ ਜਲੂਸ ਆਪਣੀ ਅੱਖੀਂ ਤੱਕਿਆ ਸੀ।

"ਸ਼ਾਹਬਾਜ਼ ਮਰਿਆ ਤੇ ਜਾਂਬਾਜ਼ ਨੇ ਉਹਦੀ ਥਾਂ ਮੱਲੀ। ਕੋਈ ਲੜਾਈ ਅਜਿਹੀ ਨਹੀਂ ਹੋਈ ਹੋਣੀ, ਜਿਸ ਵਿਚ ਉਹ ਸ਼ਾਮਿਲ ਨਾ ਹੋਇਆ ਹੋਵੇ। ਜਦੋਂ ਪਹਿਲੀ ਵਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਸਰਦਾਰੀ ਥੱਲੇ ਲਾਹੌਰ

Scanned by CamScanner

ਮਾਲਸੇ ਦੇ ਕਬਜ਼ੇ ਵਿਚ ਆਇਆ ਤਾਂ ਕਹਿੰਦੇ ਹਨ, ਜੱਸਾ ਸਿੰਘ ਨੇ ਤੇਰੇ ਬਾਬੇ ਨੂੰ ਮਾਣ ਨਾਲ ਸ਼ਹਿਰ ਵਿਚ ਸਭ ਤੋਂ ਪਹਿਲੇ ਦਾਖ਼ਲ ਹੋਣ ਲਈ ਬਿਨੈ ਕੀਤੀ। ਭੰਗੀ ਸਰਦਾਰਾਂ ਨੇ ਵੀ ਉਹਨੂੰ ਸਿਰੋਪਾ ਅਰਪਿਆ। ਮੈਂ ਤੇਰੇ ਬਾਬੇ ਜਾਂਬਾਜ਼ ਨੂੰ ਵੇਖਿਆ ਹੋਇਆ ਹੈ। ਮੈਨੂੰ ਪੂਰਨ ਸੰਭਾਲ ਨਹੀਂ, ਪਰ ਫਿਰ ਵੀ ਉਹਦਾ ਚਿੱਟਾ ਦਾੜ੍ਹਾ, ਉਹਦੀ ਸੰਜਮੀ ਪੱਗ, ਉਹਦੇ ਚਿਹਰੇ ਦਾ ਜਲੌ ਮੈਨੂੰ ਭੁਲਿਆ ਨਹੀਂ। ਸਗਵਾਂ ਤੇਰੇ ਰੂਪ ਵਾਂਗ ਲਗਦਾ ਸੀ, ਪਰ ਅੱਜ...।"

ਜਦੋਂ ਗੁਰਦਈ ਤੇ ਗੁਰਮੀਤ ਇਉਂ ਗਲਾਂ ਕਰ ਰਹੀਆਂ ਸਨ, ਤਾਂ ਬਾਲਕ ਅਜੀਤ ਵੀ ਉਹਨਾਂ ਕੋਲ ਆ ਬੈਠਾ ਸੀ ਤੇ ਇਕ ਟੱਕ ਉਹ ਪੜਦ'ਦੀ ਦੇ ਬਦਨ ਸੁਣ ਰਿਹਾ ਸੀ। ਅਜੀਤ ਦੀ ਕਲਪਨਾ ਤੇਜ਼ ਤੇ ਤਕੜੀ ਸੀ, ਸੋ ਜਿਉਂ ਜਿਉਂ ਦਾਦੀ ਇਤਿਹਾਸ ਦੇ ਵਰਕੇ ਪਲਟਦੀ ਅਜੀਤ ਸਿੰਘ ਨੂੰ ਲਗਦਾ ਕਿ ਉਹ ਸਭ ਕੁਝ ਆਪਣੀਆਂ ਦੋਹਾਂ ਅੱਖਾਂ ਨਾਲ ਵਾਚ ਰਿਹਾ ਹੈ। ਸ਼ਾਰਬਾਜ਼, ਜਾਂਬਾਜ਼, ਸੁਬੇਗ ਤੇ ਦਲੇਰ ਸਿੰਘ ਉਹਦੀ ਸੁਰਤ ਵਿਚ ਆਪਣੇ ਆਪ ਉਘੜਦੇ ਆਉਂਦੇ।

ਗੱਲਾਂ ਕਰਦਿਆਂ ਕਰਦਿਆਂ ਗੁਰਦਈ ਭਾਵੁਕ ਹੋ ਗਈ ਤੇ ਉਸ ਅਜੀਤ ਦੀ ਕੰਡ ਉੱਤੇ ਹੱਥ ਫੇਰਦਿਆਂ ਕਿਹਾ : "ਤੇਰੇ ਵਡੇ ਵਡੱਰਿਆਂ ਨੇ ਸਿੱਖ ਰਾਜ ਦੀ ਆਪਣੀਆਂ ਹੱਡੀਆਂ ਨਾਲ ਚਿਣਾਈ ਕੀਤੀ ਹੈ, ਵੇਖੀਂ ਇਹ ਰਾਜ ਭੰਗ ਦੇ ਭਾੜੇ ਨਾ ਵਿਕ ਜਾਏ। ਜਿੰਨਾ ਪਿਆਰ ਹਰਪਾਲ ਨੇ ਤੈਨੂੰ ਕੀਤਾ ਹੈ, ਉੱਨਾ ਪਿਆਰ ਉਸ ਹੋਰ ਕਿਸੇ ਨੂੰ ਨਹੀਂ ਕੀਤਾ। ਤੂੰ ਹਰਪਾਲ ਦਾ ਰੂਪ ਬਣਨਾ ਹੈ ਤੇ ਖ਼ਾਲਸਾ ਰਾਜ ਦੀ ਰਖ਼ਸ਼ਾ ਕਰਨੀ ਹੈ। ਛੋਟੇ ਹੁੰਦਿਆਂ ਹਰਪਾਲ ਵੀ ਬਿਲਕੁਲ ਤੇਰੇ ਵਰਗਾ ਸੀ।"

ਹਰਪਾਲ ਨਾਲ ਅਜੀਤ ਦੀ ਤੁਲਨਾ ਅਜੀਤ ਅੱਗੇ ਹੋਰਨਾਂ ਨੇ ਵੀ ਕੀਤੀ ਸੀ। ਉਹਦੇ ਨੈਣ ਨਕਸ਼ ਹਰਪਾਲ ਵਰਗੇ ਸਨ ਤੇ ਅਜੀਤ ਨੂੰ ਇਸ ਦਾ ਬੜਾ ਮਾਣ ਸੀ। ਉਸ ਨੂੰ ਇਸ ਗੱਲ ਦਾ ਵੀ ਮਾਣ ਸੀ ਕਿ ਉਹਦਾ ਨਾਂ ਆਪ ਹਰਪਾਲ ਨੇ ਰਖਿਆ ਹੈ ਤੇ ਇਹ ਕਿ ਹਰਪਾਲ ਉਹਨੂੰ ਬੜਾ ਪਿਆਰ ਕਰਦਾ ਰਿਹਾ ਹੈ। ਅਜੀਤ ਸਿੰਘ ਸਾਰੇ ਮਾਹਿਲ ਘਰਾਣੇ ਦਾ ਲਾਡਲਾ ਸੀ। ਇਕ ਤਾਂ ਇਸ ਕਰ ਕੇ ਕਿ ਉਹਦੀ ਬੁੱਧੀ ਤੀਖਣ ਸੀ ਤੇ ਆਪਣੀ ਉਮਰ ਵਿਚ ਹੋਰਨਾਂ ਮੁੰਡਿਆਂ ਨਾਲੋਂ ਦੇਰ ਚਤੁਰ ਸੀ ਤੇ ਦੂਜਾ ਇਸ ਲਈ ਕਿ ਸਭਨਾਂ ਨੂੰ ਉਹਦੇ ਵਿਚੋਂ ਹਰਪਾਲ ਦਾ ਮੂੰਹ ਦਿਸਦਾ। ਹਰਪਾਲ ਵਾਸਤੇ ਕਿਸੇ ਸ਼ਰੀਕ ਵਿਚ ਵੀ ਸ਼ਰੀਕੀ ਈਰਖਾ ਨਹੀਂ ਸੀ ਤੇ ਅਜੇ ਵੀ ਅਜੀਤ ਨੂੰ ਸ਼ਰੀਕ ਸ਼ਰੀਕੀ ਭਾਵਨਾਵਾਂ ਤੋਂ ਉਚੇ ਹੋ ਕੇ ਪਿਆਰ ਕਰਦੇ। ਗੁਰਦਈ ਤੇ ਗੁਰਮੀਤ ਦੋਵੇਂ ਹੀ ਅਜੀਤ ਵਲ ਖ਼ਾਸ ਨਿਗਾਹ ਰਖਦੀਆਂ।

ਹਰਪਾਲ ਦੇ ਨਾਂ ਲਗੀ ਜਾਗੀਰ ਦੀ ਜ਼ਬਤੀ ਵੇਲੇ ਘਰ ਵਿਚ ਕਿੰਨੇ ਦਿਨ ਚਰਚਾ ਹੁੰਦੀ ਰਹੀ ਤੇ ਅਜੀਤ ਦੇ ਮਨ ਉੱਤੇ ਇਸ ਘਟਨਾ ਦਾ ਬੜਾ ਭਾਰ ਪਿਆ। ਪ੍ਰਤਾਪ ਸਿੰਘ ਤੋਂ ਵਧ ਉਹ ਹਰਪਾਲ ਸਿੰਘ ਨੂੰ ਵੀ ਆਪਣਾ ਦਾਦਾ ਸਮਝਦਾ ਸੀ ਤੇ ਉਹਦਾ ਜੀਅ ਕਰਦਾ ਸੀ ਕਿ ਉਹ ਮਾਹਿਲ ਘਰਾਣੇ ਨਾਲ ਹੋਏ ਇਸ ਨਿਰਾਦਰ ਦਾ ਇਕਦਮ ਬਦਲਾ ਲਏ। ਉਹ ਕਈ ਵਾਰ ਰਾਤੀਂ ਸੁੱਤਾ ਸੁੱਤਾ ਉਠ ਬੈਠਦਾ। ਉਹਨੂੰ ਹਰਪਾਲ ਦੇ ਸੁਪਨੇ ਆਉਂਦੇ। ਪਰ ਉਹਨੂੰ ਪਤਾ ਨਾ ਲਗਦਾ ਕਿ ਉਹ ਕਿਹਦੇ ਵਿਰੁਧ ਆਪਣਾ ਗ਼ੁੱਸਾ ਕਢੇ। ਉਸ ਬਾਲ ਉਮਰ ਵਿਚ ਉਹਨੂੰ ਰਾਜਾ ਧਿਆਨ ਸਿੰਘ ਤੇ ਡੋਗਰਾ ਜੁੰਡੀ ਬਾਰੇ ਕੀਤੀਆਂ ਗੱਲਾਂ ਦੀ ਬਹੁਤੀ ਸਮਝ ਨਾ ਆਉਂਦੀ।

ਇਸ ਘਟਨਾ ਨੇ ਚੂਹੜ ਸਿੰਘ ਨੂੰ ਵੀ ਬੜਾ ਦੁਖਿਤ ਕੀਤਾ।

"ਜਾਗੀਰ ਮਾਹਿਲਾਂ ਦੀ ਜੁੱਤੀ ਤੋਂ ਵਾਰੀ ਸਰਦਾਰ ਜੀ," ਉਸ ਸ਼ਾਮ ਸਿੰਘ ਅਟਾਰੀ ਨੂੰ ਕਿਹਾ, "ਪਰ ਸੁਰਗਵ ਸੀ ਵੀਰ ਹਰਪਾਲ ਦੀ ਜ਼ਾਤ ਉੱਤੇ ਦੋਸ਼ ਲਾਉਣ ਲਗਿਆਂ ਤਾਂ ਧਿਆਨ ਸਿੰਘ ਨੇ ਕੁਝ ਸੋਚ ਲਿਆ ਹੁੰਦਾ।"

ਸ਼ਾਮ ਸਿੰਘ ਨੇ ਦਿਲਾਸਾ ਦਿਤਾ। "ਜੇ ਸੱਚ ਪੁਛੋ ਸਰਦਾਰ ਚੂਹੜ ਸਿੰਘ ਤਾਂ ਮੇਰਾ ਮਨ ਵੀ ਆਪਣੀ ਜਾਗੀਰਾਂ ਤੋਂ ਖੱਟਾ ਹੋ ਗਿਆ ਹੈ", ਉਸ ਕਿਹਾ। "ਮੈਂ ਤਾਂ ਚਾਹੁੰਦਾ ਹਾਂ ਕਿ ਸਭ ਕੁਝ ਤਿਆਗ ਕੇ ਕਿਤੇ ਚਲਾ ਜਾਵਾਂ। ਬਸ ਸਰਕਾਰ ਦਾ ਪਿਆਰ ਮੈਨੂੰ ਰੋਕ ਰਿਹਾ ਹੈ। ਸ਼ਾਇਦ ਕਦੇ ਸਰਕਾਰ ਰਣਜੀਤ ਸਿੰਘ ਦੇ ਲਾਏ ਇਸ ਬਾਗ਼ ਨੂੰ ਮੇਰੇ ਲਹੂ ਦੀ ਲੋੜ ਪਏ।

"ਧੰਨ ਸੀ ਸਰਦਾਰ ਹਰਪਾਲ ਸਿੰਘ ਮਾਹਿਲ। ਤੁਸੀਂ ਮੰਨੋਗੇ ਨਹੀਂ, ਪਰ ਮੇਰਾ ਕਈ ਵਾਰ ਜੀਅ ਕੀਤਾ ਹੈ ਕਿ ਕਾਸ਼ ! ਉਹਦੀ ਥਾਂ ਉੱਤੇ ਗੋਲੀਆਂ ਮੇਰੇ ਸੀਨਿਉਂ ਲੰਘੀਆਂ ਹੁੰਦੀਆਂ; ਜੇ ਗੁਰੂ ਮਹਾਰਾਜ ਉਹਨੂੰ ਜ਼ਿੰਦਗੀ ਬਖ਼ਸ਼ਦੇ ਤਾਂ ਉਹਨੇ ਇਹ ਬਾਗ਼ ਵੀਰਾਨ ਨਹੀਂ ਸੀ ਹੋਣ ਦੇਣਾ।"

ਹਰਪਾਲ ਦੀ ਜਾਗੀਰ ਜ਼ਬਤੀ ਦੀ ਖ਼ਬਰ ਸੁਣ ਕੇ ਲਹਿਣਾ ਸਿੰਘ ਮਜੀਠੀਆ ਵੀ ਮਾਹਿਲ ਆਇਆ ਤੇ ਦਸ

Scanned by CamScanner

ਦਿਨ ਉੱਥੇ ਰਿਹਾ। ਗੁਰਦਈ, ਗੁਰਮੀਤ, ਚੂਹੜ ਸਿੰਘ ਤੇ ਗੁਰਦਿਆਲ ਨਾਲ ਉਸ ਦਿਲ ਦੀਆਂ ਫੋਲੀਆਂ। "ਮੈਂ ਉਸ ਅਦੁੱਤੀ ਮਹਾਂ ਪੁਰਖ ਨੂੰ ਬੜਾ ਨੇੜਿਉਂ ਜਾਣਿਆ ਹੈ, ਮੈਨੂੰ ਪਤਾ ਹੈ ਕਿ ਉਹੋ ਜਿਹੀ ਪ੍ਰਤਿਭਾ ਸਦੀਆਂ ਵਿਚ ਇੱਕ ਵਾਰੀ ਜੰਮਦੀ ਹੈ।'

ਜਦੋਂ ਚੂਹੜ ਸਿੰਘ ਨੇ ਦੱਸ ਦੀ ਪੜਤਾਲ ਕਰਾਉਣ ਬਾਰੇ ਪੁਛਿਆ ਤਾਂ ਲਹਿਣਾ ਸਿੰਘ ਨੇ ਕਿਹਾ : "ਗਲ ਠੱਪੀ ਹੀ ਰਹਿਣ ਦਿਉ, ਸਰਦਾਰ ਸਾਹਿਬ ! ਸਚਾਈ ਹਰ ਕੋਈ ਜਾਣਦਾ ਹੈ। ਰਾਜਾ ਧਿਆਨ ਸਿੰਘ ਵਰਗੇ ਆਦਮੀ ਨਾਲ ਮੱਥਾ ਲਾਉਣ ਵਿਚ ਹਾਨੀ ਹੀ ਹਾਨੀ ਹੈ। ਮਾਹਿਲ ਘਰਾਣੇ ਨੇ ਅਗੇ ਹੀ ਬੜਾ ਕੁਝ ਸਿਹਾ ਹੈ।"

"ਪਰ ਸਰਦਾਰ ਜੀ..." ਗੁਰਦਈ ਨੇ ਹੱਠ ਕੀਤਾ।

"ਬਸ ਜੋ ਕੁਝ ਹੋਇਆ ਉਹਨੂੰ ਏਥੇ ਹੀ ਠੱਪ ਦਿਉ, ਮਾਂ ਜੀ, ਮੈਂ ਏਸੇ ਕਰ ਕੇ ਆਪ ਮਾਹਿਲ ਆਇਆ ਹਾਂ। ਤੁਹਾਡੇ ਤੇ ਚੂਹੜ ਸਿੰਘ ਦੇ ਇਰਾਦਿਆਂ ਬਾਰੇ ਕਿਸੇ ਨੇ ਮੈਨੂੰ ਲਾਹੌਰ ਦਸਿਆ ਸੀ ਤੇ ਮੈਂ ਏਥੇ ਪੁਜਣ ਵਿਚ ਢਿੱਲ ਮੱਠ ਨਹੀਂ ਕੀਤੀ।"

ਸ਼ਾਮ ਸਿੰਘ ਵਾਂਗ ਮਜੀਠੀਏ ਸਰਦਾਰ ਨੇ ਵੀ ਆਪਣੀਆਂ ਦਿਲੀ ਚਾਹਵਾਂ ਪ੍ਰਗਟ ਕੀਤੀਆਂ। "ਮੇਰਾ ਤਾਂ ਜੀ ਕਰਦਾ ਹੈ ਮੈਂ ਪੰਜਾਬ ਛਡ ਜਾਵਾਂ, ਮੇਰੇ ਜਿਹੇ ਬੰਦਿਆਂ ਦੀ ਹੁਣ ਬਣ ਨਹੀਂ ਆਉਂਦੀ।"

"ਪਰ ਜੇ ਅਸੀਂ ਸਾਰੇ ਇਉਂ ਕਰਨ ਲਗ ਪਈਏ ਤਾਂ ਇਸ ਰਾਜ ਦਾ ਕੀ ਬਣੇਗਾ ?" ਗੁਰਮੀਤ ਨੇ ਪੁੱਛਿਆ।

"ਜਿਹੜਾ ਚੱਕਰ ਅੱਜ ਕਲ੍ਹ ਲਾਹੌਰ ਵਿਚ ਚਲ ਰਿਹਾ ਹੈ ; ਪੁੱਤਰੀ, ਉਹਨੂੰ ਸਾਡੇ ਜਿਹੇ ਬੰਦੇ ਰੋਕ ਨਹੀਂ ਸਕਦੇ। ਮੈਂ ਇਹੋ ਜਿਹੀ ਬੁਰਛਾ ਗਰਦੀ ਤੇ ਸਾਜ਼ਸ਼ਾਂ ਦੀ ਤਾਬ ਨਹੀਂ ਸਹਾਰ ਸਕਦਾ।"

ਗੁਰਦਈ ਨੇ ਵੀ ਇਸ ਬਾਰੇ ਸੋਚਿਆ। ਅਗੇ ਉਹ ਆਖਦੀ ਹੁੰਦੀ ਸੀ ਕਿ ਬੇਸ਼ਕ ਲਾਹੌਰ ਛਡ ਚਲੀਏ ਤੇ ਮਾਹਿਲ ਚਲ ਵੱਸੀਏ, ਪਰ ਕੀ ਅੱਜ ਵੀ ਉਹ ਚੂਹੜ ਸਿੰਘ, ਗੁਰਪਾਲ ਤੇ ਅਜੀਤ ਹੁਰਾਂ ਨੂੰ ਮਾਹਿਲ ਛਡ ਕੇ ਹਰਦਵਾਰ ਜਾਂ ਬਨਾਰਸ ਜਾ ਵੱਸਣ ਦੀ ਸਲਾਹ ਦੇਂਦੀ ? ਨਹੀਂ, ਗੁਰਦਈ ਮਾਹਿਲ ਛਡ ਕੇ ਹੋਰ ਕਿਤੇ ਨਹੀਂ ਜਾ ਸਕਦੀ ਤੇ ਨਾ ਹੀ ਆਪਣੀ ਔਲਾਦ ਨੂੰ ਮਾਹਿਲ ਛਡਣ ਦੀ ਸਲਾਹ ਦੇ ਸਕਦੀ ਸੀ। ਮਾਹਿਲ . ਮਾਹਿਲ ਉਹਨਾਂ ਦੇ ਵਡੇਰਿਆਂ ਦਾ ਵਿਰਸਾ ਸੀ। ਮਾਹਿਲ, ਮਾਹਿਲ ਘਰਾਣੇ ਦੀ ਜਾਨ ਸੀ। ਨਹੀਂ, ਉਹ ਆਪਣੀ ਕਿਸੇ ਔਲਾਦ ਨੂੰ ਮਾਹਿਲ ਛਡਣ ਨਹੀਂ ਦੇਵੇਗੀ।

"ਸਰਦਾਰ ਲਹਿਣਾ ਸਿੰਘ ਜੀ !" ਉਸ ਕਿਹਾ, ਇਕ ਸਿਖ ਨੂੰ ਇਉਂ ਉਦਾਸ ਤੇ ਨਿਰਾਸ ਹੋਣਾ ਨਹੀਂ ਸੋਭਦਾ। ਜੋ ਵੀ ਹੋਵੇ ਇਹ ਰਾਜ ਸਾਡਾ ਆਪਣਾ ਹੈ। ਅਸੀਂ ਆਪ ਇਹਨੂੰ ਉਸਾਰਿਆ ਹੈ। ਅਸੀਂ ਪੰਜਾਬ ਨਹੀਂ ਛਡ ਸਕਦੇ। ਪੰਜਾਬ ਤੋਂ ਟੁਟਣਾ ਸਾਡੀ ਮੌਤ ਹੋਵੇਗੀ। ਸ਼ਾਇਦ ਕਦੀ ਪੰਥ ਤੇ ਰਾਜ ਨੂੰ ਸਾਡੀ ਲੋੜ ਪਵੇ ਤੇ ਕੀ ਉਸ ਵੇਲੇ ਅਸੀਂ ਸ਼ਹੀਦੀ ਪਾਉਣ ਤੋਂ ਉੱਕ ਜਾਈਏ।"

ਤੇ ਇਉਂ ਹੀ ਅੰਤ ਸਾਰੇ ਮਾਹਿਲ ਘਰਾਣੇ ਨੇ ਹਰਪਾਲ ਦੀ ਜਾਗੀਰ-ਜ਼ਬਤੀ ਦੀ ਘਟਨਾ ਨੂੰ ਸਵੀਕਾਰ ਕੀਤਾ। ਬੇਸ਼ਕ ਮਾਹਿਲ ਘਰਾਣਾ ਇਸ ਜਾਗੀਰ ਦੇ ਖੁੱਸਣ ਨਾਲ ਪਹਿਲੇ ਜਿੰਨਾ ਅਮੀਰ ਨਹੀਂ ਸੀ ਰਿਹਾ, ਪਰ ਸਭੇ ਇਸ ਉੱਤੇ ਜ਼ੋਰ ਦੇਂਦੇ ਕਿ ਮਾਹਿਲ ਘਰਾਣੇ ਦੀ ਵਡਿਆਈ ਉਹਨਾਂ ਦੀਆਂ ਜਾਗੀਰਾਂ ਉੱਤੇ ਨਿਰਭਰ ਨਹੀਂ। ਸਾਰੇ ਮਹਿਸੂਸ ਕਰਦੇ ਕਿ ਭਾਵੇਂ ਕੋਈ ਮੰਨੇ ਭਾਵੇਂ ਨਾ, ਭਾਵੇਂ ਕੋਈ ਜਾਣੇ ਭਾਵੇਂ ਨਾ, ਭਾਵੇਂ ਕੋਈ ਮੰਗੇ ਭਾਵੇਂ ਨਾ, ਮਾਹਿਲਾਂ ਨੂੰ ਹਰ ਸਮੇਂ ਤੇ ਹਰ ਕੀਮਤ ਉੱਤੇ ਪੰਥ ਤੇ ਰਾਜ ਦੀ ਸੇਵਾ ਵਾਸਤੇ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ।

ਤੇ ਅੱਜ ਜਦੋਂ ਖ਼ਾਲਸੇ ਤੇ ਗੋਰਿਆਂ ਵਿਚਕਾਰ ਲੜਾਈ ਨੇੜੇ ਆ ਪੁਜੀ ਤਾਂ ਮਾਹਿਲਾਂ ਨੇ ਆਪਣੇ ਆਪ ਕੋਲੋਂ ਪੁਛਿਆ :

"ਕੀ ਉਹ ਸਮਾਂ ਆ ਗਿਆ ਹੈ ਕਿ ਅਸੀਂ ਸਭ ਹੋਈਆਂ ਭੁਲ ਕੇ ਜੂਝ ਮਰੀਏ..."

Scanned by CamScanner

੧੨੦

ਜਿਉਂ ਜਿਉਂ ਮਨੁੱਖ ਆਪਣੇ ਅੰਤ ਦੇ ਨੇੜੇ ਪੁਜਦਾ ਹੈ, ਉਹਨੂੰ ਮੌਤ ਕੋਲੋਂ ਡਰ ਘਟ ਲਗਦਾ ਹੈ। ਇਕ ਸਮਾਂ ਅਜਿਹਾ ਵੀ ਆਉਂਦਾ ਹੈ, ਜਦੋਂ ਮੌਤ ਦੀ ਉਡੀਕ ਰਹਿਣ ਲਗਦੀ ਹੈ। ਉਸ ਵੇਲੇ ਮੌਤ ਭਿਆਨਕ ਨਹੀਂ ਲਗਦੀ। ਵਡੇਰੀ ਉਮਰ ਦੇ ਥੋੜੇ ਹੀ ਆਦਮੀ ਇਹੋ ਜਿਹੇ ਹੋਣਗੇ, ਜਿਹੜੇ ਮੌਤ ਕੋਲੋਂ ਜੁਆਨਾਂ ਵਾਂਗ ਝਿੜਕਦੇ ਹੋਣ। ਕਈ ਬਿਰਧ ਆਦਮੀ ਆਪਣੀ ਆ ਰਹੀ ਮੌਤ ਦੇ ਸਮੇਂ ਦਾ ਸਹੀ ਅੰਦਾਜ਼ਾ ਵੀ ਲਾ ਸਕਦੇ ਹਨ।

ਗੁਰਦਈ ਨੇ ਵੀ ਆਖ ਦਿਤਾ ਸੀ ਕਿ ਉਹ ਹੁਣ ਬਸ ਤਿੰਨ ਦਿਨ ਆਪਣੇ ਪਰਵਾਰ ਨਾਲ ਹੋਰ ਹੈ। ਇਕ ਸ਼ਾਮ ਉਹਨੇ ਆਪਣੇ ਸਭ ਨਿਕਟ-ਵਰਤੀਆਂ ਨੂੰ ਇਕੱਠਾ ਕੀਤਾ, ਤੇ ਜਿਵੇਂ ਸਰਦਾਰ ਦਲੇਰ ਸਿੰਘ ਮਾਹਿਲ ਨੇ ਆਪਣੇ ਅੰਤ ਸਮੇਂ ਆਪਣੇ ਨਿਕਟ-ਵਰਤੀਆਂ ਨੂੰ ਅੱਟਲ ਤੇ ਦ੍ਰਿੜ੍ਹ ਰਹਿਣ ਦੀ ਸਲਾਹ ਦਿਤੀ ਸੀ, ਓਵੇਂ ਹੀ ਗੁਰਦਈ ਨੇ ਕਿਹਾ :

"ਮੈਂ ਜਾ ਰਹੀ ਹਾਂ, ਖਰ ਇਹ ਨਾ ਭੁੱਲਣਾ ਕਿ ਤੁਸੀਂ ਕਿਸ ਘਰਾਣੇ ਦੇ ਲਾਲ ਹੋ। ਸਾਡੇ ਘਰਾਣੇ ਦਾ ਹਰ ਜੀਅ ਆਪਣੇ ਆਦਰਸ਼ਾਂ ਲਈ ਜੀਵਿਆ ਹੈ ਤੇ ਲੋੜ ਵੇਲੇ ਉਸ ਆਪਣੇ ਆਦਰਸ਼ਾਂ ਵਾਸਤੇ ਆਪਣੀ ਜਾਨ ਵਾਰੀ ਹੈ। ਸਾਡਾ ਘਰਾਣਾ ਸਿੱਖੀ ਧਰਮ ਦੇ ਉਚੇ ਅਸੂਲਾਂ ਉੱਤੇ ਸਦਾ ਪਰਪੱਕ ਰਿਹਾ ਹੈ। ਅਸੀਂ ਸਦਾ ਦੇਸ਼-ਭਗਤ ਰਹੇ ਹਾਂ।

"ਅੱਜ ਸਾਡੇ ਪੰਜਾਂ ਪਾਣੀਆਂ ਦੀ ਧਰਤੀ ਫਿਰ ਖ਼ਤਰੇ ਵਿਚ ਹੈ। ਅੰਗਰੇਜ਼ਾਂ ਨਾਲ ਲੜਾਈ ਅਵੱਸ਼ਕ ਹੁੰਦੀ ਜਾ ਰਹੀ ਹੈ। ਮੈਂ ਨਹੀਂ ਜਾਣਦੀ ਕਿ ਇਸ ਲੜਾਈ ਦਾ ਰੂਪ ਕੀ ਹੋਵੇਗਾ, ਪਰ ਸਮਾਂ ਆਉਣ ਉੱਤੇ ਮੈਨੂੰ ਉਮੀਦ ਹੈ, ਤੁਹਾਡੇ ਵਿਚੋਂ ਕੋਈ ਵੀ ਪਿੱਛੇ ਨਹੀਂ ਰਹੇਗਾ। ਭਾਵੇਂ ਸਾਡੇ ਸਰਕਾਰ ਬਾਝੋਂ ਦਰਬਾਰ ਦੀ ਹਾਲਤ ਬੜੀ ਭੈੜੀ ਹੈ, ਪਰ ਸਾਡੇ ਸਰਬੰਸ ਨੂੰ ਰਾਜਨੀਤੀ ਤੋਂ ਅਲਗ ਰਹਿਣਾ ਹੀ ਸੋਭਦਾ ਹੈ। ਅਸੀਂ ਪੰਥ ਤੇ ਦੇਸ਼ ਦੇ ਸੇਵਾਦਾਰ ਹਾਂ। ਸਾਨੂੰ ਬਸ ਇਹੋ ਇੱਜ਼ਤ ਹੀ ਮਿਲੇ, ਇਹੋ ਹੀ ਸਾਡੀ ਖ਼ੁਸ਼-ਬਖ਼ਤੀ ਹੈ।

"ਤੁਸੀਂ ਉਸੇ ਮਾਰਗ ਉੱਤੇ ਟੁਰਨਾ ਜਿਸ ਉੱਤੇ ਤੁਹਾਡੇ ਵੱਡੇ ਵਡੇਰੇ ਟੁਰੇ ਹਨ। ਥਿੜਕਣਾ ਨਹੀਂ। ਬੇਸ਼ਕ ਇਹ ਮਾਰਗ ਖਨਿਓਂ ਤਿੱਖਾ ਤੇ ਵਾਲਹੁ ਨਿੱਕਾ ਹੈ, ਪਰ ਤੁਸਾਂ ਡੋਲਣਾ ਨਹੀਂ।"

ਗੁਰਦਈ ਨੇ ਆਪਣੇ ਪਰਵਾਰ ਨੂੰ ਤਾਂ ਇਹ ਸ਼ਬਦ ਕਹੇ, ਪਰ ਗੁਰਮੀਤ ਨੂੰ ਉਸ ਆਪਣੇ ਦਿਲ ਦੀ ਗੱਲ ਦੱਸੀ :

"ਪੁੱਤਰੀ ਗੁਰਮੀਤ ! ਮੇਰੇ ਪਿਛੋਂ ਤੂੰ ਮੇਰੀ ਥਾਂ ਲਈਂ। ਮਰਿਆਦਾ ਤੇ ਆਦਰਸ਼ਕ ਅਸੂਲਾਂ ਨੂੰ ਕਾਇਮ ਰਖਣਾ ਬਹੁਤਾ ਇਸਤਰੀਆਂ ਉੱਤੇ ਨਿਰਭਰ ਹੁੰਦਾ ਹੈ, ਮਰਦਾਂ ਉੱਤੇ ਨਹੀਂ। ਸ਼ਾਹਬਾਜ਼ ਤੇ ਜਾਂਬਾਜ਼ ਦੇ ਨਾਲ ਨਾਲ ਸਾਡੇ ਘਰਾਣੇ ਦੀ ਵਡਿਆਈ ਦਾ ਇਕ ਹੋਰ ਥੰਮ੍ਹ ਸ਼ੁਭਵੰਤ ਕੌਰ ਵੀ ਸੀ। ਆਪਣੇ ਜੀਂਦਿਆਂ ਜੀ ਉਸ ਆਪਣੇ ਪਰਵਾਰ ਵਿਚੋਂ ਕਿਸੇ ਨੂੰ ਥਿੜਕਣ ਨਹੀਂ ਸੀ ਦਿਤਾ।

"ਅਫ਼ਸੋਸ ਕਿ ਮੈਂ ਸ਼ੁਭਵੰਤ ਵਾਂਗ ਸਫ਼ਲ ਨਹੀਂ ਹੋ ਸਕੀ। ਇਕ ਤਾਂ ਖ਼ਾਨਦਾਨ ਵੀ ਹੁਣ ਬਹੁਤ ਵੱਡਾ ਹੋ ਗਿਆ ਹੈ ਤੇ ਦੂਜਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਪੰਜਾਬੀ ਤੇ ਸਿੱਖੀ ਉੱਤੇ ਮੰਦੇ ਦਿਨ ਆ ਚੁਕੇ ਹਨ। ਤੂੰ ਪ੍ਰਹਿਲਾਦ ਸਿੰਘ ਦੇ ਪਤਿਤ ਹੋਣ ਬਾਬਤ ਸੁਣਿਆ ਹੋਏਗਾ। ਤੇਰੇ ਚਾਚੇ ਹਰਨਾਮ ਸਿੰਘ ਤੇ ਉਹਦੇ ਪੁੱਤਰ ਭੈਮਾ ਸਿੰਘ ਨੇ ਅਸਲੋਂ ਹੀ ਗੱਲ ਗਵਾ ਛੱਡੀ ਹੈ, ਪਰ ਫਿਰ ਵੀ ਨਿਰਾਸ਼ ਨਹੀਂ ਹੋਣਾ। ਸ਼ਾਇਦ ਸਭ ਕੌਮਾਂ ਤੇ ਘਰਾਣਿਆਂ ਨਾਲ ਇਸ ਤਰ੍ਹਾਂ ਹੀ ਹੁੰਦਾ ਹੈ।

"ਇਹੋ ਜਿਹੇ ਹਾਲਾਤਾਂ ਵਿਚ ਖ਼ਾਸ ਕਰ ਕੇ ਤੈਨੂੰ ਮਰਿਆਦਾ ਨੂੰ ਪਰਪੱਕ ਰਖਣ ਵਾਸਤੇ ਚੇਤੰਨ ਰਹਿਣਾ ਪਵੇਗਾ। ਪਿਛੇ ਰਹਿ ਕੇ ਤੇ ਕਿਸੇ ਦੀ ਈਰਖਾ ਨਾ ਉਕਸਾ ਕੇ ਤੈਨੂੰ ਪੱਕ ਕਰਨਾ ਹੋਵੇਗਾ ਕਿ ਅਸੀਂ ਸਿੱਖੀ ਦੇ ਅਸੂਲਾਂ ਤੋਂ ਨਹੀਂ ਡਿਗਦੇ।"

Scanned by CamScanner

ਇਕ ਹੋਰ ਸਮੇਂ ਉਸ ਗੁਰਮੀਤ ਨੂੰ ਕਿਹਾ :

"ਜਦੋਂ, ਕੁਝ ਵਰ੍ਹੇ ਪਹਿਲੋਂ, ਤੇਰੇ ਪਿਤਾ ਦੀ ਮ੍ਰਿਤੂ ਹੋਈ ਸੀ ਤਾਂ ਵਾਤਾਵਰਨ ਐਡਾ ਢਾਊ ਨਹੀਂ ਸੀ। ਭੈਣ ਪਿਉ ਕਿਸ ਤਰ੍ਹਾਂ ਹੱਸਦਾ ਖੇਡਦਾ ਤੇ ਖਾਂਦਾ ਪੀਂਦਾ ਗਿਆ ਸੀ। ਬੇਸ਼ੱਕ ਉਹਨੂੰ ਸਾਡੇ ਰਾਜ ਦੇ ਭਵਿਖ ਬਾਬਤ ਸ਼ੰਕੇ ਝੂਰੇ ਸਨ, ਪਰ ਅਜੇ ਬਹੁਤਾ ਵਿਗਾੜ ਨਹੀਂ ਸੀ ਹੋਇਆ। ਅੱਜ ਰਾਜਨੀਤਕ ਗਿਰਾਵਟ ਤੋਂ ਇਲਾਵਾ ਸਮਾਜਕ ਹਾਲਾਤ ਵੀ ਮੰਦੇ ਹਨ। ਚਾਤ ਪਾਤ ਤੇ ਉੱਚ ਨੀਚ ਮੁੜ ਕੇ ਸਾਡੀ ਜ਼ਿੰਦਗੀ ਵਿਚ ਪ੍ਰਧਾਨ ਹੋਣ ਲਗ ਪਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਅਸੂਲ ਅੱਜ ਸਾਨੂੰ ਭੁਲਦੇ ਜਾ ਰਹੇ ਹਨ। ਸਾਡੇ ਸਮਾਜ ਨੂੰ ਘੁਣ ਲਗ ਗਿਆ ਹੈ।

"ਜੇ ਕੋਈ ਇਸ ਖੋਰ ਨੂੰ ਰੋਕ ਸਕਦਾ ਹੈ ਤਾਂ ਉਹ ਸਿਰਫ਼ ਇਸਤਰੀ ਹੀ ਹੈ। ਜੇ ਇਸਤਰੀ ਦ੍ਰਿੜ੍ਹ ਤੇ ਮਜ਼ਬੂਤ ਰਹੇਗੀ ਤਾਂ ਇਹ ਵਧ ਰਹੀਆਂ ਬੁਰਿਆਈਆਂ ਏਥੇ ਹੀ ਰੁਕ ਜਾਣਗੀਆਂ। ਸਾਨੂੰ ਅੰਮ੍ਰਿਤ ਪਰਚਾਰ ਦੀ ਫਿਰ ਕੇ ਲੋੜ ਹੈ। ਮੈਂ ਸੋਚਦੀ ਹਾਂ...।"

ਇਸ ਤਰ੍ਹਾਂ ਪਿਛਲੇ ਦੋ ਤਿੰਨਾਂ ਦਿਨਾਂ ਵਿਚ ਗੁਰਦਈ ਨੇ ਕਈ ਵਾਰ ਗੁਰਮੀਤ ਨਾਲ ਗੱਲਾਂ ਕੀਤੀਆਂ ਤੇ ਗੁਰਮੀਤ ਨੇ ਆਪਣੇ ਉੱਤੇ ਪੈ ਰਹੀ ਜ਼ਿੰਮੇਵਾਰੀ ਨੂੰ ਮਹਿਸੂਸ ਕੀਤਾ। ਗੁਰਮੀਤ ਸ਼ੁਰੂ ਤੋਂ ਹੀ ਮਾਹਿਲ ਟੱਬਰ ਦੀ ਇਕ ਮਹਤਵ ਪੂਰਨ ਮੈਂਬਰ ਸੀ, ਪਰ ਗੁਰਦਈ ਦੀਆਂ ਕਹੀਆਂ ਗੱਲਾਂ ਪਿਛੋਂ ਉਸ ਇਕ ਵਾਰ ਮਾਹਿਲ ਘਰਾਣੇ ਦੇ ਇਤਿਹਾਸ ਉੱਤੇ ਫਿਰ ਨਿਗਾਹ ਫੇਰੀ ਤੇ ਉਸ ਵੇਖਿਆ ਕਿ ਜੋ ਕੁਝ ਗੁਰਦਈ ਨੇ ਕਿਹਾ ਉਹ ਬਿਲਕੁਲ ਸੱਚ ਹੀ ਹੈ। ਇਸਤਰੀ ਇਸ ਸਮਾਜਕ ਮਾਹੌਲ ਵਿਚ ਇਕ ਬੜੀ ਜ਼ਰੂਰੀ ਕੜੀ ਹੈ।

ਗੁਰਦਈ ਦੀ ਮੌਤ ਨੂੰ ਅਜੇ ਮਹੀਨਾ ਹੀ ਟੱਪਿਆ ਸੀ ਕਿ ਇਕ ਦਿਨ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਮਾਹਿਲ ਆਇਆ। ਚੂਹੜ ਸਿੰਘ ਤੇ ਗੁਰਮੀਤ ਨੂੰ ਸੰਬੋਧਨ ਕਰ ਕੇ ਉਸ ਕਿਹਾ :

"ਸ਼ਾਇਦ ਪੁਤਰੀ ਗੁਰਮੀਤ ਨੂੰ ਯਾਦ ਹੋਵੇਗਾ ਕਿ ਇਕ ਦਿਨ ਅਗੇ ਵੀ ਮੈਂ ਲਾਹੌਰ ਵਿਚ ਮਾਹਿਲਾਂ ਦੀ ਹਵੇਲੀ ਆਇਆ ਸਾਂ। ਤੇਰਾ ਭਰਾ ਸਰਦਾਰ ਹਰਪਾਲ ਸਿੰਘ ਉਦੋਂ ਜ਼ਿੰਦਾ ਸੀ। ਸ਼ਾਇਦ ਸਰਦਾਰ ਚੂਹੜ ਸਿੰਘ ਵੀ ਜਾਣਦੇ ਹੋਣਗੇ ਕਿ ਮੈਂ ਉਦੋਂ ਆਪਣੇ ਮਿੱਤਰ ਹਰਪਾਲ ਸਾਹਮਣੇ ਕੁਝ ਸੁਝਾਅ ਰੱਖੇ ਸਨ। ਕਾਸ਼! ਉਦੋਂ ਉਹ ਮੇਰੀ ਆਖੀ ਮੰਨ ਜਾਂਦਾ ਤਾਂ ਸਿੱਖ ਰਾਜ ਦੀ ਉਹ ਹਾਲਤ ਨਾ ਹੁੰਦੀ ਜੋ ਅੱਜ ਹੈ। ਹੁਣ ਐਨੇ ਵਰ੍ਹਿਆਂ ਪਿਛੋਂ ਮੈਂ ਫਿਰ ਤੁਹਾਡੇ ਕੋਲ ਆਇਆ ਹਾਂ ਕਿ ਇਹ ਰਾਜ ਜਿੰਨਾ ਤੁਹਾਨੂੰ ਪਿਆਰਾ ਹੈ ਹੋਰ ਕਿਸ ਸਰਦਾਰ ਨੂੰ ਨਹੀਂ ਹੋ ਸਕਦਾ ਤੇ ਹੁਣ ਵੀ ਜੋ ਕੁਝ ਤੁਸੀਂ ਇਸ ਰਾਜ ਵਾਸਤੇ ਕਰ ਸਕਦੇ ਹੋ ਹੋਰ ਕੋਈ ਨਹੀਂ ਕਰ ਸਕਦਾ। ਮਾਹਿਲਾਂ ਤੇ ਸੰਧਾਵਾਲੀਆਂ ਨੂੰ ਮੋਢਾ ਜੋੜਨਾ ਚਾਹੀਦਾ ਹੈ। ਬੇੜਾ ਬੰਨੇ ਜ਼ਰੂਰ ਲਗੇਗਾ।"

"ਤੁਸੀਂ ਸਾਥੋਂ ਕੀ ਮੰਗਦੇ ਹੋ, ਸਰਦਾਰ ਸਾਹਿਬ!" ਚੂਹੜ ਸਿੰਘ ਨੇ ਪੁਛਿਆ।

"ਐਸ ਵੇਲੇ ਸਿਖ ਰਾਜ ਦਾ ਸਭ ਤੋਂ ਵੱਡਾ ਦੁਸ਼ਮਣ ਕੌਣ ਹੈ, ਤੁਸੀਂ ਜਾਣਦੇ ਹੀ ਹੋਵੋਗੇ। ਮੈਂ ਖ਼ੁਸ਼ ਹਾਂ ਕਿ ਮਹਾਰਾਜਾ ਸ਼ੇਰ ਸਿੰਘ ਸਾਡੇ ਉੱਤੇ ਤੁੱਠੇ ਹਨ ਤੇ ਉਹਨਾਂ ਦੇ ਭੁਲੇਖੇ ਦੂਰ ਹੋ ਗਏ ਹਨ। ਜਿਵੇਂ ਤੁਸਾਂ ਸੁਣਿਆ ਹੋਣਾ ਹੈ ਸਰਦਾਰ ਅਜੀਤ ਸਿੰਘ ਵੀ ਵਾਪਸ ਪੁਜ ਚੁਕੇ ਹਨ। ਹੁਣ...", ਤੇ ਉਸ ਆਪਣੀ ਆਵਾਜ਼ ਨਿੰਮ੍ਹੀ ਕਰ ਕੇ ਕਿਹਾ : "ਹੁਣ, ਸਭ ਨੂੰ ਮਿਲ ਕੇ ਡੋਗਰਾ ਜੁੰਡੀ ਦੀ ਤਾਕਤ ਨੂੰ ਖ਼ਤਮ ਕਰਨਾ ਚਾਹੀਦਾ ਹੈ...।"

"ਜੇ ਮੈਂ ਭੁਲਦੀ ਨਹੀਂ ਸਰਦਾਰ ਸਾਹਿਬ," ਗੁਰਮੀਤ ਬੋਲੀ, "ਤਾਂ ਪਿਛਲੀ ਵਾਰੀ ਤੁਸੀਂ ਸਗੋਂ ਡੋਗਰਾ ਭਰਾਵਾਂ ਦਾ ਪੱਖ ਲੈ ਕੇ ਹਰਪਾਲ ਨਾਲ ਗੱਲ ਕਰਨ ਆਏ ਸੀ।"

ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਹੱਸਿਆ। "ਹਾਂ, ਪਰ ਸ਼ਾਇਦ ਤੂੰ ਭੁਲ ਗਈ ਹੈਂ ਪੁੱਤਰੀ ਕਿ ਮੈਂ ਹੋਰ ਕੀ ਕਿਹਾ ਸੀ? ਬੋਲਿਆ, ਅਸਲੀ ਭਾਵ ਮੇਰੇ ਉਦੋਂ ਵੀ ਇਹੋ ਸਨ। ਏਸੇ ਲਈ ਤਾਂ ਮੈਂ ਕਿਹਾ ਹੈ ਕਿ ਜੇ ਉਦੋਂ ਹਰਪਾਲ ਸਾਡੇ ਨਾਲ ਰਲ ਜਾਂਦਾ ਤਾਂ ਇਹ ਨੌਬਤ ਨਾ ਆਉਂਦੀ। ਨਹੀਂ, ਨਹੀਂ, ਸਾਨੂੰ ਪੱਕ ਕਰਨਾ ਚਾਹੀਦਾ ਹੈ ਕਿ ਖ਼ਾਲਸਾ ਰਾਜ ਦਾ ਜਾਨੀ ਦੁਸ਼ਮਣ ਕੌਣ ਹੈ ਤੇ ਫਿਰ ਸੋਚਣਾ ਇਹ ਹੈ ਕਿ ਇਸ ਦੁਸ਼ਮਣ ਨੂੰ ਕਿਸ ਤਰ੍ਹਾਂ ਖ਼ਤਮ ਕੀਤਾ ਜਾ ਸਕਦਾ ਹੈ। ਜਾਂ ਤਾਂ ਤੁਸੀਂ ਮੇਰੇ ਦਾਅਵੇ ਤੇ ਇਨਕਾਰੀ ਹੋਵੋ ਤੇ ਜਾਂ ਸਾਡੇ ਨਾਲ ਰਲੋ।"

ਸਰਦਾਰ ਲਹਿਣਾ ਸਿੰਘ ਨੂੰ ਇਕ ਦੋ ਦਿਨ ਮਾਹਿਲ ਰਹਿਣ ਦਾ ਨਿਓਤਾ ਦਿਤਾ ਗਿਆ, ਪਰ ਉਹ ਬੜੀ ਮੁਸ਼ਕਲ

Scanned by CamScanner

ਨਾਲ ਬਸ ਇਕ ਰਾਤ ਰਹਿਣਾ ਮੰਨਿਆ। ਉਸ ਰਾਤ ਚੂਹੜ ਸਿੰਘ, ਗੁਰਪਾਲ ਤੇ ਗੁਰਮੀਤ, ਸੰਧਾਵਾਲੀਏ ਸਰਦਾਰ ਦੀ ਸਲਾਹ ਉੱਤੇ ਵਿਚਾਰ ਕਰਦੇ ਰਹੇ। ਗੁਰਮੀਤ ਆਖੇ : "ਮੈਂ ਹੈਰਾਨ ਹਾਂ ਕਿ ਕਿਵੇਂ ਸਰਦਾਰ ਲਹਿਣਾ ਸਿੰਘ ਬਿਲਕੁਲ ਰਾਜਾ ਧਿਆਨ ਸਿੰਘ ਵਾਂਗ ਹੀ ਗੱਲਾਂ ਕਰਦਾ ਹੈ। ਸੰਧਾਵਾਲੀਆਂ ਦਾ ਪਿੱਛਾ ਵੇਖੋ ਤੇ ਡੋਗਰਿਆਂ ਦਾ। ਮੈਨੂੰ ਤਾਂ ਲਗਦਾ ਹੈ ਕਿ ਹਿਰਸ ਤੇ ਤਾਕਤ ਦੀ ਭੁੱਖ ਵਿਚ ਇਹ ਦੋਵੇਂ ਜੁੰਡੀਆਂ ਇਕ ਦੂਜੇ ਨੂੰ ਮਾਤ ਪਾਂਦੀਆਂ ਹਨ।"

ਗੁਰਪਾਲ ਦੀ ਰਾਏ ਐਤਕੀ ਸੰਧਾਵਾਲੀਆਂ ਨਾਲ ਮਿਲਣ ਦੀ ਸੀ। "ਅਸੀਂ ਇਹਨਾਂ ਮੁਆਮਲਿਆਂ ਤੋਂ ਵਖਰਿਆਂ ਰਹਿ ਕੇ ਕੀ ਸੁਖ ਪਾਇਆ ਹੈ। ਮੈਂ ਤਾਂ ਕਹਿੰਦਾ ਹਾਂ ਕਿ ਐਤਕੀ ਅਸੀਂ ਵੀ ਕੁੱਦ ਪਈਏ। ਹੋਣੀ ਦੇ ਕਰਤੱਵ ਵੇਖੀਏ। ਸ਼ਾਇਦ ਐਤਕੀ ਫਾਲ ਸਿੱਧੀ ਹੀ ਪੈ ਜਾਏ। ਸੰਧਾਵਾਲੀਏ ਕਿੰਨੇ ਹੀ ਭੈੜੇ ਹੋਣ ਡੋਗਰਿਆਂ ਨਾਲੋਂ ਭੈੜੇ ਨਹੀਂ ਹੋ ਸਕਦੇ। ਆਖਿਰ ਉਹ ਪੰਜਾਬ ਦੇ ਜੰਮ ਪਲ ਹਨ। ਡੋਗਰਿਆਂ ਵਾਂਗ ਉਪਰੇ ਨਹੀਂ ਤੇ ਜੇ ਅਸੀਂ ਸੰਧਾਵਾਲੀਆਂ ਦੀ ਮਦਦ ਕੀਤੀ ਤਾਂ ਉਹ ਸਾਡਾ ਕੁਝ ਵਿਗਾੜ ਨਹੀਂ ਸਕਣਗੇ।"

"ਇਹ ਸਾਡੇ ਵਿਗੜਣ ਜਾਂ ਬਣਨ ਦੀ ਗੱਲ ਨਹੀਂ ਗੁਰਪਾਲ," ਚੂਹੜ ਸਿੰਘ ਨੇ ਕਿਹਾ, "ਗੱਲ ਹੈ ਖ਼ਾਲਸਾ ਰਾਜ ਦੀ। ਅਸੀਂ ਇਸ ਬਲਦੀ ਵਿਚ ਪੈ ਕੇ ਕੀ ਸਰਕਾਰ ਰਣਜੀਤ ਸਿੰਘ ਦੀ ਸਾਜੀ ਸਲਤਨੱਤ ਦੀ ਕੁਝ ਸੇਵਾ ਕਰ ਸਕਦੇ ਹਾਂ ਕਿ ਨਹੀਂ।"

"ਬਿਲਕੁਲ ਚਾਚਾ, ਪਰ ਦੂਰ ਰਹਿ ਕੇ ਵੀ ਅਸੀਂ ਕੀ ਕਰ ਰਹੇ ਹਾਂ। ਸ਼ਾਇਦ ਸਾਡੀ ਸਲਾਹ ਤੇ ਸਾਡਾ ਠਰੰਮਾ ਤੇ ਸਾਡਾ ਵਕਾਰ ਬਾਏਂ ਪਏ। ਸ਼ਾਇਦ ਹਾਲਾਤਾਂ ਨੂੰ ਨੇੜਿਓਂ ਵੇਖਦਿਆਂ ਹੋਇਆਂ ਅਸੀਂ ਅਜਿਹੇ ਕਦਮ ਚੁੱਕ ਸਕੀਏ ਜਿਹੜੇ ਇਸ ਰਾਜ ਨੂੰ ਅਜੇ ਵੀ ਸਥਾਈ ਕਰ ਸਕਣ।"

"ਮੈਂ ਸਮਝਦੀ ਹਾਂ," ਗੁਰਮੀਤ ਬੋਲੀ, "ਕਿ ਡੋਗਰਿਆਂ ਜਾਂ ਸੰਧਾਵਾਲੀਆਂ ਦੇ ਪਿਛੇ ਲਗ ਕੇ ਅਸੀਂ ਕੋਈ ਕਦਮ ਵੀ ਆਪਣੀ ਮਰਜ਼ੀ ਅਨੁਸਾਰ ਚੁੱਕ ਨਹੀਂ ਸਕਾਂਗੇ। ਜਿੰਨੀ ਕੁ ਇੱਜ਼ਤ ਇਸ ਘਰਾਣੇ ਦੀ ਬਚ ਰਹੀ ਹੈ ਉਹ ਵੀ ਮਿਟ ਜਾਏਗੀ। ਨਹੀਂ, ਮੈਨੂੰ ਸੰਧਾਵਾਲੀਏ ਸਰਦਾਰਾਂ ਦੇ ਤੌਰ ਚੰਗੇ ਨਹੀਂ ਲਗਦੇ। ਇਹ ਬੜੇ ਭੈੜੇ ਕੰਮਾਂ ਉੱਤੇ ਜੁੱਲੇ ਹੋਏ ਹਨ। ਇਹ ਕਿਸੇ ਤਰ੍ਹਾਂ ਵੀ ਡੋਗਰਿਆਂ ਨਾਲੋਂ ਚੰਗੇ ਨਹੀਂ।"

'ਹੁਣ ਹਾਲਾਤ ਬਹੁਤ ਵਿਗੜ ਗੰਏ ਹਨ," ਚੂਹੜ ਸਿੰਘ ਚਿੰਤਾਤੁਰ ਸੀ, "ਜਿਸ ਵਕਤ ਹਰਪਾਲ ਕੁਝ ਕਰਨ ਲਗਾ ਸੀ ਉਹੋ ਹੀ ਵਕਤ ਸੀ ਰਾਜ ਨੂੰ ਸੰਭਾਲਣ ਦਾ। ਜੇ ਹੁਣ ਅਸੀਂ ਡੋਗਰਿਆਂ ਤੇ ਸੰਧਾਵਾਲੀਆਂ ਵਿਚਕਾਰ ਪਏ ਤਾਂ ਅਸੀਂ ਕੁਝ ਕਰ ਨਹੀਂ ਸਕਾਂਗੇ। ਫ਼ੌਜ ਭੂਤਰੀ ਪੈਠੀ ਹੈ। ਅੰਗਰੇਜ਼ ਆਪਣਾ ਜ਼ੋਰ ਵਿਖਾ ਰਹੇ ਹਨ, ਪਰ ਫਿਰ ਵੀ ਮੇਰੀ ਸਲਾਹ ਹੈ ਕਿ ਮੈਂ ਸਰਦਾਰ ਸ਼ਾਮ ਸਿੰਘ ਨਾਲ ਸਲਾਹ ਕਰ ਲਵਾਂ।'

"ਹਾਂ ਇਹ ਤੇਰੀ ਗੱਲ ਠੀਕ ਹੈ ਵੀਰਾ, ਪਰ ਲਹਿਣਾ ਸਿੰਘ ਨੂੰ ਤੋਰੀਏ। ਜੇ ਅਸੀਂ ਕੁਝ ਕੀਤਾ ਤਾਂ ਨੇਕਨੀਅਤ ਤੇ ਦਿਆਨਤਦਾਰ ਆਦਮੀਆਂ ਨਾਲ ਮਿਲ ਕੇ ਕਰਾਂਗੇ ਧੋਖੇਬਾਜ਼ਾਂ ਤੇ ਹਿਰਸੀ ਬੰਦਿਆਂ ਨਾਲ ਨਹੀਂ।'

ਲਹਿਣਾ ਸਿੰਘ ਲਾਹੌਰ ਮੁੜ ਗਿਆ। ਹੁਣ ਲਾਹੌਰ ਅੰਦਰ ਡੋਗਰਿਆਂ ਤੇ ਸੰਧਾਵਾਲੀਆਂ ਵਿਚਕਾਰ ਜ਼ੋਰ ਅਜ਼ਮਾਈ ਦਾ ਦੂਜਾ ਦੌਰ ਸ਼ੁਰੂ ਹੋਇਆ। ਹੁਣ ਤਕ ਸ਼ੇਰ ਸਿੰਘ ਵੀ ਧਿਆਨ ਸਿੰਘ ਦੀਆਂ ਵਧੀਕੀਆਂ ਹੱਥੋਂ ਤੰਗ ਆ ਚੁਕਾ ਸੀ। ਉਹ ਉਹਦੀ ਤੇ ਗੁਲਾਬ ਸਿੰਘ ਦੀ ਤਾਕਤ ਘਟ ਕਰਨਾ ਚਾਹੁੰਦਾ ਸੀ। ਇਹੋ ਹੀ ਇਕ ਵਡਾ ਕਾਰਨ ਸੀ ਕਿ ਗਿਆਨੀ ਗੁਰਮੁਖ ਸਿੰਘ ਦੀ ਸਲਾਹ ਨਾਲ ਉਸ ਸੰਧਾਵਾਲੀਆਂ ਨੂੰ ਬਹਾਲ ਕੀਤਾ।

ਧਿਆਨ ਸਿੰਘ ਨੂੰ ਜਾਪਿਆ ਕਿ ਜੇ ਉਸ ਤਾਕਤ ਸੰਭਾਲੀ ਰਖਣੀ ਹੈ ਤੇ ਹੀਰਾ ਸਿੰਘ ਨੂੰ ਲਾਹੌਰ ਦਾ ਤਖ਼ਤ ਦਿਵਾਣ ਦਾ ਸੁਪਨਾ ਸਚ ਕਰਨਾ ਹੈ ਤਾਂ ਸ਼ੇਰ ਸਿੰਘ ਨੂੰ ਕਿਵੇਂ ਨਾ ਕਿਵੇਂ ਅਲਗ ਕਰਨਾ ਹੀ ਪਵੇਗਾ। ਕਿਉਂ ਨਾ ਸੰਧਾਵਾਲੀਏ ਸਰਦਾਰਾਂ ਨੂੰ ਵਰਤਿਆ ਜਾਏ। ਇਕ ਤਾਂ ਉਹਨਾਂ ਹੱਥੋਂ ਸ਼ੇਰ ਸਿੰਘ ਨੂੰ ਮਰਵਾਇਆ ਜਾਏ ਤੇ ਫਿਰ ਇਸੇ ਦੋਸ਼ ਬਦਲੇ ਫ਼ੌਜ ਨੂੰ ਭੜਕਾ ਕੇ ਉਹਨਾਂ ਨੂੰ ਵੀ ਖਤਮ ਕੀਤਾ ਜਾਏ। ਉਸ ਸੰਧਾਵਾਲੀਆਂ ਨੂੰ ਵਰਗਲਾਇਆ। ਕਿਹਾ, ਕਿ ਮਹਾਰਾਜ ਸ਼ੇਰ ਸਿੰਘ ਨੇ ਉਹਨਾਂ ਦੀਆਂ ਜਗੀਰਾਂ ਇਕ ਖ਼ਾਸ ਨੁਕਤੇ ਨੂੰ ਸਾਹਮਣੇ ਰਖ ਕੇ ਬਹਾਲ ਕੀਤੀਆਂ ਹਨ। ਉਹਨਾਂ ਨੂੰ ਪੂਰਨ ਵਿਸ਼ਾਹ ਦਿਵਾ ਕੇ ਉਹ ਵਿਸ਼ਾਹਘਾਤ ਕਰਨਾ ਚਾਹੁੰਦਾ ਹੈ।

ਸੰਧਾਵਾਲੀਏ ਪਹਿਲੇ ਹੀ ਕੰਦੀ ਇਹੋ ਜਿਹੀ ਗੋਂਦ ਗੁੰਦ ਰਹੇ ਸਨ। ਉਹ ਸ਼ੇਰ ਸਿੰਘ ਨੂੰ ਕਦੀ ਮੁਆਫ਼ ਨਹੀਂ

Scanned by CamScanner

ਸਨ ਕਰ ਸਕਦੇ। ਸੋ ਆਪਣੇ ਹੱਥ ਵਿਚ ਤਾਕਤ ਇਕੱਠੀ ਕਰਨ ਦਾ ਉਹਨਾਂ ਵੀ ਇਹੋ ਹੀ ਇਕ ਤਰੀਕਾ ਸੋਚਿਆ। ਪਹਿਲੇ ਪ੍ਰੇਮ ਸਿੰਘ ਤੇ ਫਿਰ ਧਿਆਨ ਸਿੰਘ ਨੂੰ ਕਤਲ ਕਰ ਕੇ ਬਾਲਕ ਦਲੀਪ ਸਿੰਘ ਨੂੰ ਰਾਜ ਗੱਦੀ ਦਿਤੀ ਜਾਏ ਤੇ ਲਹਿਣਾ ਸਿੰਘ ਸੰਧਾਵਾਲੀਆ ਵਜ਼ੀਰ ਬਣੇ।

ਕੈਡੀ ਸੁਖਿਆਰੀ ਜਿਹੀ ਵਿਉਂਤ ਲਗਦੀ ਹੈ ਇਹ ? ਜਿਵੇਂ ਚਾਰ ਪੰਜ ਕਤਲ ਕੋਈ ਸ਼ੈ ਹੀ ਨਾ ਹੋਵੇ, ਜਿਵੇਂ ਬੇਈਮਾਨੀ ਤੇ ਵਿਸ਼ਵਾਸ ਘਾਤ ਕੋਈ ਚੀਜ਼ ਹੀ ਨਹੀਂ, ਜਿਵੇਂ ਸਦਾਚਾਰਕ ਤੇ ਇਖ਼ਲਾਕੀ ਕੀਮਤਾਂ ਦਾ ਕੋਈ ਮੁੱਲ ਹੀ ਨਾ ਹੋਵੇ, ਜਿਵੇਂ ਆਦਰਸ਼ ਸਭ ਰੁਲ ਚੁਕੇ ਹੋਣ ਤੇ ਜ਼ਮੀਰ ਅੰਨ੍ਹੀ ਤੇ ਬੋਲੀ ਹੋ ਗਈ ਹੋਵੇ। ਡਿਗਦਾ ਡਿਗਦਾ ਆਦਮੀ ਕਈ ਵਾਰ ਐਨਾਂ ਡਿਗ ਜਾਂਦਾ ਹੈ ਕਿ ਉਹਨੂੰ ਨੀਚਤਾ ਤੇ ਹਿਰਸ ਤੋਂ ਸਿਵਾਏ ਹੋਰ ਕੁਝ ਸੁੱਝਦਾ ਹੀ ਨਹੀਂ। ਉਹਨੂੰ ਗੋਂਦਾਂ ਗੁੰਦਣ ਤੇ ਸਾਜ਼ਸ਼ਾਂ ਕਰਨ ਦਾ ਝੱਸ ਪੈ ਜਾਂਦਾ ਹੈ। ਚੰਗੇ ਫੁਰਨੇ ਫੁਰਦੇ ਹੀ ਨਹੀਂ। ਮੱਤ ਮਲੀਨ ਹੋ ਚੁਕੀ ਹੁੰਦੀ ਹੈ, ਅੰਤਹਕਰਨ ਮੁਰਦਾ।

ਇਕ ਦੂਜੇ ਦੀ ਨਫ਼ਰਤ ਵਿਚ ਸੰਧਾਵਾਲੀਏ ਤੇ ਡੋਗਰੇ ਅੰਨੇ ਭਰਿਸ਼ਟ ਗਏ ਸਨ ਕਿ ਉਹ ਆਪਣੇ ਚਾਤੀ ਲਾਭ ਹਾਣਾਂ ਤੋਂ ਵੀ ਅੱਖਾਂ ਮੋੜ ਗਏ। ਉਹ ਭੁਲ ਗਏ ਕਿ ਜੋ ਕੁਝ ਉਹ ਕਰ ਰਹੇ ਹਨ ਇਸ ਵਿਚ ਉਹਨਾਂ ਦੀ ਆਪਣੀ ਜਾਨ ਨੂੰ ਵੀ ਖ਼ਤਰਾ ਹੈ। ਏਸੇ ਤਰ੍ਹਾਂ ਹੀ ਸ਼ਾਇਦ ਹਰ ਹਿਰਸੀ ਆਦਮੀ ਨਾਲ ਹੁੰਦਾ ਹੈ। ਪਰਾਇਆਂ ਦਾ ਖ਼ੂਨ ਸਿਰ ਚੜ੍ਹ ਜਾਂਦਾ ਹੈ। ਨਿੱਜੀ ਚਾਲਾਕੀ ਦਾ ਅਹਿਸਾਸ ਮਨੁੱਖ ਨੂੰ ਕਮਲਾ ਬਣਾ ਦੇਂਦਾ ਹੈ। ਮੰਦੇ ਕੰਮ ਕਰਨ ਲਗਿਆਂ ਉਹ ਸਭ ਕੁਝ ਸੋਚਦਾ ਹੈ, ਦਰ ਦੂਰ ਦੀਆਂ ਸੁਝੱਦੀਆਂ ਹਨ ਉਹਨੂੰ, ਪਰ ਸਾਫ਼ ਤੇ ਸਾਹਮਣੇ ਪਈ ਸ਼ੈ ਵਿੱਸਰ ਜਾਂਦੀ ਹੈ।

੧੫ ਸਤੰਬਰ, ੧੮੪੩ ਵਾਲੇ ਦਿਨ ਮਹਾਰਾਜਾ ਸ਼ੇਰ ਸਿੰਘ ਨੇ ਬਾਗਬਾਨਪੁਰੇ ਦੇ ਕੋਲ ਦਰਬਾਰ ਲਾਇਆ। ਮਿਥਿਆ ਜਾ ਚੁਕਾ ਸੀ ਕਿ ਅੱਜ ਸੰਧਾਵਾਲੀਏ ਸਰਦਾਰ ਆਪਣੀ ਫ਼ੌਜ ਦੀ ਗਿਣਤੀ ਦੇਣ ਲਈ ਹਾਜ਼ਰ ਹੋਣਗੇ। ਉਹ ਹਾਜ਼ਰ ਹੋਏ। ਹਜ਼ਾਰ ਫ਼ੌਜ ਨਾਲ ਲਿਆਏ। ਅਜੀਤ ਸਿੰਘ ਨੇ ਮਹਾਰਾਜਾ ਸਾਹਿਬ ਅਗੇ ਇਕ ਨਵੀਂ ਬੰਦੂਕ ਭੇਟਾ ਕਰਨ ਦੀ ਆਗਿਆ ਮੰਗੀ। ਆਗਿਆ ਮਿਲੀ। ਸ਼ੇਰ ਸਿੰਘ ਹੱਥ ਵਧਾ ਕੇ ਬੰਦੂਕ ਫੜਨ ਲਗਾ ਤੇ ਅਜੀਤ ਸਿੰਘ ਨੇ ਘੋੜਾ ਦਬਾ ਦਿਤਾ। ਸ਼ੇਰ ਸਿੰਘ ਡਿਗ ਪਿਆ। ਡਿਗਦਿਆਂ ਹੀ ਮਰ ਗਿਆ। ਪਰ ਸੰਧਾਵਾਲੀਆਂ ਨੇ ਬੱਸ ਨਹੀਂ ਕੀਤੀ। ਤਲਵਾਰ ਨਾਲ ਉਹਦਾ ਸਿਰ ਵੱਢ ਲਿਆ ਤੇ ਫਿਰ ਉਸ ਨੂੰ ਨੇਜ਼ੇ ਤੇ ਟੰਗ ਕੇ ਉਹ ਆਪਣੀ ਫ਼ੌਜ ਨਾਲ ਕਿਲ੍ਹੇ ਵਲ ਟੁਰ ਪਏ।

ਬਾਰਾਂਦਰੀ ਵਿਚ ਸ਼ਹਿਜ਼ਾਦਾ ਪ੍ਰਤਾਪ ਸਿੰਘ ਨਜ਼ਰੀਂ ਪਿਆ। ਕੋਈ ਨਹੀਂ ਕਹਿ ਸਕਦਾ ਕਿ ਸੰਧਾਵਾਲੀਏ ਸਰਦਾਰਾਂ ਨੇ ਉਹਨੂੰ ਵੀ ਮਾਰ ਮੁਕਾਣ ਦੀ ਪਹਿਲੇ ਹੀ ਵਿਉਂਤ ਘੜੀ ਹੋਈ ਸੀ ਜਾਂ ਨਹੀਂ, ਪਰ ਹਰ ਹਾਲਤ ਵਿਚ ਉਹਨੂੰ ਵੇਖਦਿਆਂ ਹੀ ਇਹ ਸਰਦਾਰ ਸਣੇ ਆਪਣੀ ਫ਼ੌਜ ਦੇ ਸ਼ਹਿਜ਼ਾਦੇ ਉੱਤੇ ਜਾ ਪਏ। "ਦਾਦਾ ਜੀ ਕੀ ਕਰ ਰਹੇ ਹੋ..." ਅਜੇ ਉਹਦੇ ਮੂੰਹ ਵਿਚ ਹੀ ਸੀ ਕਿ ਸਰਦਾਰ ਲਹਿਣਾ ਸਿੰਘ ਨੇ ਪ੍ਰਤਾਪ ਸਿੰਘ ਦਾ ਸਿਰ ਵੱਢ ਦਿਤਾ। ਸ਼ਹਿਜ਼ਾਦਾ ਪ੍ਰਤਾਪ ਸਿੰਘ, ਸਰਦਾਰ ਲਹਿਣਾ ਸਿੰਘ ਨੂੰ ਸਦਾ "ਦਾਦਾ ਜੀ" ਕਹਿ ਕੇ ਸਦਿਆ ਕਰਦਾ ਸੀ ਤੇ ਮਹਾਰਾਜਾ ਸ਼ੇਰ ਸਿੰਘ ਉਹਨੂੰ "ਚਾਚਾ ਜੀ।" ਸ਼ਹਿਜ਼ਾਦਾ ਪ੍ਰਤਾਪ ਸਿੰਘ ਆਪਣੇ ਕਤਲ ਵਾਲੇ ਦਿਨ, ਅੱਠਾਂ ਵਰ੍ਹਿਆਂ ਤੋਂ ਵੀ ਛੋਟਾ ਸੀ।

ਓਥੋਂ ਸੰਧਾਵਾਲੀਏ ਸਰਦਾਰ ਕਿਲ੍ਹੇ ਵਿਚ ਪਹੁੰਚੇ, ਰਾਜਾ ਧਿਆਨ ਸਿੰਘ ਉਡੀਕ ਰਿਹਾ ਸੀ। ਲਹਿਣਾ ਸਿੰਘ ਤੇ ਧਿਆਨ ਸਿੰਘ ਗਲਵੱਕੜੀ ਪਾ ਕੇ ਮਿਲੇ। ਇਕ ਦੂਜੇ ਨੂੰ ਘੁੱਟਿਆ। ਇਕ ਦੂਜੇ ਦੀ ਬਾਂਹ ਵਿਚ ਬਾਂਹ ਪਾ ਕੇ ਉਹ ਅਗੇ ਵਧੇ ਤੇ ਪਿਛੋਂ ਸੰਧਾਵਾਲੀਆਂ ਦੀ ਸੈਨਾਂ ਨੇ ਕਿਲ੍ਹੇ ਦਾ ਦਰਵਾਜ਼ਾ ਬੰਦ ਕਰ ਦਿਤਾ। ਧਿਆਨ ਸਿੰਘ ਨੇ ਪਿਛਾਂਹ ਮੁੜ ਕੇ ਵੇਖਿਆ, ਡੋਗਰੇ ਸਿਪਾਹੀ ਕਿਤੇ ਨਜ਼ਰੀਂ ਨਾ ਆਏ। ਲਹਿਣਾ ਸਿੰਘ ਨੇ ਆਪਣੇ ਆਪ ਨੂੰ ਧਿਆਨ ਸਿੰਘ ਨਾਲੋਂ ਵਖ ਕੀਤਾ ਤੇ ਗੱਜ ਕੇ ਫ਼ਤਹ ਗਜਾਈ। ਧਿਆਨ ਸਿੰਘ ਕੁਝ ਵੀ ਕਰ ਨਾ ਸਕਿਆ। ਅਜੀਤ ਸਿੰਘ ਨੇ ਆਪਣੀ ਦੁਨਾਲੀ ਬੰਦੂਕ ਉਹਦੇ ਉੱਤੇ ਖ਼ਾਲੀ ਕਰ ਦਿਤੀ।

ਧਿਆਨ ਸਿੰਘ ਮਰ ਗਿਆ। ਰਾਜਾਏ-ਰਾਜਗਾਨ, ਰਾਜਾਏ-ਹਿੰਦ, ਪਤਰਾਜਾ ਬਹਾਦਰ, ਵਜ਼ੀਰੇ-ਆਜ਼ਮ ਧਿਆਨ ਸਿੰਘ ਅੱਜ ਕਿਲ੍ਹੇ ਦੇ ਬੂਹੇ ਦੇ ਨੇੜੇ ਹੀ ਕਤਲ ਹੋ ਗਿਆ।

ਪੰਜ ਵਰ੍ਹੇ ਦੇ ਦਲੀਪ ਸਿੰਘ ਨੂੰ ਗੱਦੀ ਉੱਤੇ ਬਿਠਾਇਆ ਗਿਆ ਤੇ ਲਹਿਣਾ ਸਿੰਘ ਸੰਧਾਵਾਲੀਆ ਦੇ ਵਜ਼ੀਰ ਹੋਣ ਦਾ ਐਲਾਨ ਹੋਇਆ।

Scanned by CamScanner

ਪਰ ਲਹਿਣਾ ਸਿੰਘ ਸੰਧਾਵਾਲੀਆ ਭੁਲ ਗਿਆ ਕਿ ਰਾਜਾ ਸੁਚੇਤ ਸਿੰਘ ਤੇ ਰਾਜਾ ਹੀਰਾ ਸਿੰਘ ਕਿਲ੍ਹੇ ਤੋਂ ਬਾਹਰ ਹਨ, ਕਿ ਉਹਨਾਂ ਦੇ ਕਤਲ ਦਾ ਅਜੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ।

ਅਜੇ ਦਿਨ ਢਲਿਆ ਹੀ ਸੀ ਕਿ ਰਾਜਾ ਹੀਰਾ ਸਿੰਘ ਲਗ ਭਗ ਸਾਰੀ ਖਾਲਸਈ ਸੈਨਾ ਨੂੰ ਆਪਣੇ ਹੱਥ ਕਰਨ ਵਿਚ ਸਫਲ ਹੋ ਗਿਆ। ਉਸ ਫ਼ੌਜੀ ਸਰਦਾਰਾਂ ਨੂੰ ਉਕਸਾਇਆ ਤੇ ਉਹਨਾਂ ਨੂੰ ਲਾਰੇ ਦਿਤੇ। ਦਸਿਆ ਕਿ ਅਜੀਤ ਸਿੰਘ ਸੰਧਾਵ ਲੀਏ ਦੇ ਕਲਕੱਤੇ ਜਾਣ ਦਾ ਇਹੋ ਤਾਂ ਕਾਰਨ ਸੀ। ਜੋ ਕੁਝ ਇਹਨਾਂ ਨੇ ਕੀਤਾ ਹੈ ਅੰਗਰੇਜ਼ਾਂ ਦੀ ਸ਼ਹਿ ਉੱਤੇ ਕੀਤਾ ਹੈ। ਭਲਕੇ ਕਿ ਪਰਸੋਂ ਗੋਰੇ ਵੇਖੋ ਲਾਹੌਰ ਪੁੱਜੇ ਕਿ ਪੁੱਜੇ। ਉਸ ਲਾਰੇ ਦਿਤੇ ਕਿ ਵਜ਼ੀਰ ਬਣਦਿਆਂ ਹੀ ਉਹ ਉਹਨਾਂ ਦੀਆਂ ਤਨਖ਼ਾਹਾਂ ਦੁਗਣੀਆਂ ਕਰ ਦਏਗਾ ਤੇ ਮੂੰਹ ਮੰਗੇ ਇਨਾਮ ਦਏਗਾ। ਮਹਾਰਾਜਾ ਰਣਜੀਤ ਸਿੰਘ ਦੀ "ਬਚੜੀ" ਜੁਆਨ ਹੋ ਚੁਕੀ ਸੀ।

ਚਾਲ੍ਹੀ ਕੁ ਹਜ਼ਾਰ ਫ਼ੌਜ ਤੇ ਸੌ ਤੋਪਾਂ ਨੇ ਕਿਲ੍ਹੇ ਨੂੰ ਘੇਰ ਲਿਆ। ਅੱਧੀ ਕੁ ਰਾਤ ਵੇਲੇ ਲਹਿਣਾ ਸਿੰਘ ਨੂੰ ਇਕ ਮੋਰਚੇ ਕੋਲ ਖਲੋਤਿਆਂ ਗੋਲੀ ਲਗੀ ਤੇ ਉਹਦੇ ਵੀ ਸੁਆਸ ਨਿਕਲ ਗਏ।

ਦਿਨ ਚੜ੍ਹਦੇ ਤਕ ਕਿਲ੍ਹਾ ਸਰ ਕਰ ਲਿਆ ਗਿਆ ਤੇ ਅਜੀਤ ਸਿੰਘ ਸੰਧਾਵਾਲੀਆ ਵੀ ਲੜਦਾ ਲੜਦਾ ਮਾਰਿਆ ਗਿਆ ਤੇ ਉਸੇ ਸਮੇਂ ਹੀਰਾ ਸਿੰਘ ਨੇ ਆਪਣੇ ਵਜ਼ੀਰੇ-ਆਜ਼ਮ ਬਣਨ ਦਾ ਐਲਾਨ ਕੀਤਾ।

੧੨੧

ਰਾਜਾਏ-ਰਾਜਗਾਨ, ਰਾਜਾਏ-ਹਿੰਦ ਪਤਰਾਜਾ ਬਹਾਦਰ, ਨਾਇਬ-ਉਲ-ਸਲਤਨੱਤ ਰਾਜਾ ਧਿਆਨ ਸਿੰਘ ਦੀ ਲਹੂ ਲਿਬੜੀ ਲੋਥ ਨੂੰ ਕਿਸੇ ਤਰ੍ਹਾਂ ਦੀ ਵਿਸ਼ੇਸ਼ਤਾ ਨਹੀਂ ਮਿਲੀ। ੧੫ ਸਤੰਬਰ, ੧੮੪੩ ਦੀ ਰਾਤ ਇਸ ਲੋਥ ਦਾ ਵੀ ਅਨੇਕ ਹੋਰ ਲੋਥਾਂ ਵਾਂਗ ਇਕੋ ਪੂਰ ਦਾਹ ਸਸਕਾਰ ਕਰ ਦਿਤਾ ਗਿਆ।

ਬੇਸ਼ਕ ਮੌਤ ਸਭ ਉਚ ਨੀਚ ਮੇਲ ਦੇਂਦੀ ਹੈ। ਬੇਸ਼ਕ ਮੌਤ ਨਾਲ ਜ਼ਾਤ ਪਾਤ ਦੇ ਸਭ ਵਿਤਕਰੇ ਤੇ ਵੰਡੀਆਂ ਮਿਟ ਜਾਂਦੀਆਂ ਹਨ। ਤੇ ਇਹ ਵੀ ਠੀਕ ਹੈ ਕਿ ਜਿਸ ਆਦਮੀ ਨੇ ਜੀਵਨ ਸੋਹਣਾ, ਸੁਚੱਜਾ ਤੇ ਨੇਕ ਨਾ ਜੀਵਿਆ ਹੋਵੇ ਉਸ ਦੀ ਮੌਤ ਵੇਲੇ ਉਹਨੂੰ ਕੋਈ ਖ਼ਾਸ ਉਚੇਚ ਦੇਣਾ ਨਹੀਂ ਚਾਹੁੰਦਾ, ਪਰ ਜੇ ਰਾਜਾ ਧਿਆਨ ਸਿੰਘ ਦੀ ਮੌਤ ਕੋਈ ਵਿਸ਼ੇਸ਼ ਘਟਨਾ ਨਾ ਗਿਣੀ ਗਈ ਤਾਂ ਉਸ ਦੇ ਕਾਰਨ ਇਹ ਨਹੀਂ ਸਨ।

ਧਿਆਨ ਸਿੰਘ ਦੀ ਮੌਤ ਉੱਤੇ ਬਹੁਤੀਆਂ ਅੱਖਾਂ ਗਿੱਲੀਆਂ ਨਹੀਂ ਹੋਈਆਂ ਤੇ ਕਿਸੇ ਨੇ ਵੈਣ ਨਹੀਂ ਪਾਏ ਕਿਉਂਕਿ ਉਹਨਾਂ ਦਿਨਾਂ ਵਿਚ ਪੰਜਾਬ ਦੀ ਫ਼ਿਜ਼ਾ ਹੀ ਕੁਝ ਅਜਿਹੀ ਸੀ। ਸਵਾਰਥ ਤੇ ਖੁਦਗਰਜ਼ੀ ਦਾ ਇਸ ਤਰ੍ਹਾਂ ਬੋਲਬਾਲਾ ਸੀ ਜਿਵੇਂ ਇਹੋ ਦੋ ਔਗੁਣ ਹੀ ਮਜ਼ਬੂਤੀ ਤੇ ਸਦਾਚਾਰਕ ਪੱਖੋਂ ਦੋ ਸਭ ਤੋਂ ਵਡੇ ਗੁਣ ਹੋਣ। ਸਵਾਰਥ ਪੁੰਨ ਸੀ, ਨਿਸ਼ਕਾਮਤਾ ਪਾਪ। ਪੰਦਰਾਂ ਸਤੰਬਰ ਦੀ ਸਵੇਰ ਤੋਂ ਲੈ ਕੇ ਸੋਲਾਂ ਸਤੰਬਰ ਦੀ ਸਵੇਰ ਤਕ ਲਾਹੌਰ ਸਲਤਨੱਤ ਦੇ ਇਕ ਨਹੀਂ ਅਨੇਕ ਪਤਵੰਤੇ ਮਾਰੇ ਗਏ ਸਨ। ਮਹਾਰਾਜਾ ਸ਼ੇਰ ਸਿੰਘ, ਸ਼ਹਿਜ਼ਾਦਾ ਪ੍ਰਤਾਪ ਸਿੰਘ, ਸਰਦਾਰ ਅਜੀਤ ਸਿੰਘ ਸੰਧਾਵਾਲੀਆ, ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਤੇ ਅਨੇਕ ਹੋਰ ਜਰਨੈਲ, ਅਫ਼ਸਰ ਸਿਪਾਹੀ, ਅਮਲਾ ਫੈਲਾ। ਇਹ ਹੀ ਨਹੀਂ, ਲੜਾਈ ਅਜੇ ਜਾਰੀ ਸੀ। ਸਵਾਰਥ ਅਜੇ ਸਰਵ-ਉੱਚ ਸੀ। ਅਜੇ ਤਕ ਖ਼ੁਦਗਰਜ਼ ਲੋਕਾਂ ਦੀ ਗ਼ਰਜ਼ ਮੁੱਕੀ ਨਹੀਂ ਸੀ। ਕੌਣ ਕਿਹਦੀ ਮੌਤ ਉੱਤੇ ਰੋਂਦਾ ?

Scanned by CamScanner

ਰਾਜਾ ਧਿਆਨ ਸਿੰਘ ਮਰ ਗਿਆ। ਭਤ, ਓਹ ਸਰਦਾਰ ਦਾ ਮਤ ਵੀ ਇਕ ਪ੍ਰਤਿਭਾ ਦੀ ਮੌਤ ਵਾਂਗ ਇਕ ਘਟਨਾ ਹੁੰਦੀ ਹੈ। ਜਿਵੇਂ ਮਹਾਰਾਜਾ ਰਣਜੀਤ ਸਿਘ, ਸਰਦਾਰ ਹਰੀ ਸਿੰਘ ਨਲੂਆ ਤੇ ਸਰਦਾਰ ਹੱਰਪਾਲ ਸਿੰਘ ਮਾਹਿਲ ਦੀਆਂ ਮੌਤਾਂ ਆਪਣੇ ਆਪ ਵਿਚ ਮਹੱਤਵ-ਪੂਰਨ ਘਟਨਾਵਾਂ ਸਨ ਉਸੇ ਤਰ੍ਹਾਂ ਰਾਜਾ ਧਿਆਨ ਸਿੰਘ ਦੀ ਮੌਤ ਵੀ ਇਕ ਮਹੱਤਵ-ਪੂਰਨ ਘਟਨਾ ਸੀ। ਆਮ ਹਾਲਤਾਂ ਵਿਚ ਇਸ ਮੌਤ ਨੂੰ ਵੀ ਉਨੀਂ ਹੀ ਮਹੱਤਤਾ ਮਿਲਦੀ ਜਿੰਨੀ ਕਿ ਸ਼ਾਇਦ ਹਰੀ ਸਿੰਘ ਨਲੂਏ ਦੀ ਮੌਤ ਨੂੰ ਮਿਲੀ ਸੀ ਪਰ ਹੁਣ ਸਮੇਂ ਹੋਰ ਸਨ, ਹਵਾ ਹੋਰ ਸੀ।

ਲਗ ਭਗ ਵੀਹ ਸਾਲ ਰਾਜਾ ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਨੂੰ ਛਡ ਕੇ ਪੰਜਾਬ ਰਾਜ ਦਾ ਸਭ ਤੋਂ ਵਿਸ਼ੇਸ਼ ਆਦਮੀ ਸੀ। ਇਸ ਵਿਚ ਸ਼ੱਕ ਨਹੀਂ ਕਿ ਉਹ ਸਮਝਦਾਰ, ਕਾਬਿਲ, ਦੂਰ-ਅੰਦੇਸ਼ ਤੇ ਇਕ ਉੱਚ ਪ ਏ ਦਾ ਪ੍ਰਬੰਧਕ ਸੀ। ਉਸ ਦੀ ਨਿਗਾਹ ਕੱਲੋਂ ਕੋਈ ਕਮਜ਼ੋਰੀ ਤੇ ਕੋਈ ਗੁਣ ਲੁਕਵਾਂ ਨਹੀਂ ਸੀ ਰਹਿੰਦਾ। ਇਹਦੇ ਵਿਚ ਵੀ ਸ਼ੱਕ ਨਹੀਂ ਕਿ ਉਸ ਪੰਜਾਬ ਰਾਜ ਨੂੰ ਜੱਥੇਬੰਦ ਕਰਨ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਤਿਅੰਤ ਸਹਾਇਤਾ ਕੀਤੀ, ਪਰ ਜਿਥੇ ਉਹਨੇ ਸਿੱਖ ਰਾਜ ਦੀ ਵਡੀ ਸੇਵਾ ਕੀਤੀ ਉੱਥੇ ਇਸ ਰਾਜ ਦੇ ਜ਼ਵਾਲ ਦਾ ਵੀ ਉਹੋ ਇਕ ਵਡਾ ਕਾਰਨ ਬਣਿਆ।

ਕੋਈ ਦਸ ਨਹੀਂ ਸਕਦਾ ਕਿ ਰਾਜਾ ਧਿਆਨ ਸਿੰਘ ਕਦੋਂ ਸਵਾਰਥੀ ਬਣਿਆ, ਪਰ ਜਾਪਦਾ ਹੈ ਕਿ ਉਸ ਆਪਣੇ ਪੁੱਤਰ ਹੀਰਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਕੋਲੋਂ ਹੋਰਨਾਂ ਸਾਹਿਬਜ਼ਾਦਿਆਂ ਨਾਲੋਂ ਜ਼ਿਆਦਾ ਪਿਆਰ ਦਿਵਾਣਾ ਚਾਹਿਆ ਉਹਦੇ ਮਨ ਵਿਚ ਜ਼ਰੂਰ ਕੋਈ ਲੁਕਵੇਂ ਤੇ ਦੂਰਰੇ ਮੰਤਵ ਹੋਣਗੇ। ਇਹ ਗਲ ਕਿ ਉਹ ਮਹਾਰਾਜਾ ਰਣਜੀਤ ਸਿੰਘ ਕੋਲੋਂ ਆਪਣੇ ਪੁੱਤਰ ਲਈ ਚੋਖਾ ਪਿਆਰ ਦਿਵਾਣ ਵਿਚ ਸਫ਼ਲ ਹੋਇਆ, ਉਹਦੀ ਚਤੁਰਾਈ ਦਰਸਾਂਦਾ ਹੈ ਤੇ ਰਣਜੀਤ ਸਿੰਘ ਦਾ ਭੋਲਾਪਨ। ਜਾਪਦਾ ਹੈ ਕਿ ਹੀਰਾ ਸਿੰਘ ਦੇ ਸ਼ਹਿਜ਼ਾਦਾ ਖੜਗ ਸਿੰਘ ਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੂੰ ਪਿਛਾੜ ਕੇ ਮਹਾਰਾਜਾ ਰਣਜੀਤ ਸਿੰਘ ਦਾ ਮੁਖ ਨੂਰੇ ਨਜ਼ਰ ਬਣਨ ਤੋਂ ਹੀ ਲਾਹੌਰ ਰਾਜ ਦੀ, ਘਰੋਗੀ ਮੁਆਮਲਿਆਂ ਵਿਚ, ਸਿਖਰ ਚਲਣੀ ਸ਼ੁਰੂ ਹੁੰਦੀ ਹੈ। ਉਦੋਂ ਤੋਂ ਲੈ ਕੇ ਆਪਣੇ ਅੰਤ ਤਕ ਧਿਆਨ ਸਿੰਘ ਅਵਸਿਉਂ ਹੀ ਸਿੱਖ ਰਾਜ ਦੀ ਗਿਰਾਵਟ ਦਾ ਕਾਰਨ ਬਣਦਾ ਆਇਆ।

ਅਵਸਿਉਂ ਇਸ ਲਈ, ਕਿਉਂਕਿ ਇਕ ਪਖੋਂ ਉਹ ਇਸ ਰਾਜ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ। ਉਸ ਘਰੇਲੂ ਪ੍ਰਬੰਧ ਨੂੰ ਕਿਸੇ ਵੇਲੇ ਵੀ ਖੱਖਲਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਉਸ ਬਦੇਸ਼ੀ ਨੀਤੀ ਨੂੰ ਮੰਦੇ ਹਾਲਾਂ ਵਿਚ ਜਾਣ ਦਿਤਾ। ਪਰ ਅਵਸਿਉਂ ਉਹਦਾ ਹਰ ਕਦਮ ਰਾਜ ਵਾਸਤੇ ਪੁੱਠਾ ਪੈਂਦਾ ਰਿਹਾ। ਇਹ ਧਿਆਨ ਸਿੰਘ ਹੀ ਸੀ ਜਿਨ੍ਹੇ ਰਾਜਸੀ ਮੁਆਮਲਿਆਂ ਵਿਚ ਫ਼ੌਜ ਦੀ ਸਲਾਹ ਲੈਣ ਦੀ ਲੀਹ ਤੋਰੀ ਤੇ ਪੰਜਾਬ ਦੀ ਭੂਮੀ ਉੱਤੇ ਪਹਿਲਾ ਰਾਜਸੀ ਕਤਲ ਕੀਤਾ। ਉਸ ਸਰਦਾਰ ਚੇਤ ਸਿੰਘ ਨੂੰ ਮ ਰਿਆ।

ਜੇ ਧਿਆਨ ਸਿੰਘ ਦੀਆਂ ਕਰਨੀਆਂ ਦੇ ਕਾਰਨ ਲਭਣ ਦੀ ਕੋਸ਼ਿਸ਼ ਕਰੀਏ ਤਾਂ ਮੁੜ ਮੁੜ ਆਦਮੀ ਇਸੇ ਸਿਟੇ ਉੱਤੇ ਪਹੁੰਚਦਾ ਹੈ ਕਿ ਉਹਦੇ ਮਨ ਵਿਚ ਹੀਰਾ ਸਿੰਘ ਨੂੰ ਲਾਹੌਰ ਦਾ ਤਖ਼ਤ ਦਿਵਾਣ ਦੀ ਇੱਛਾ ਪ੍ਰਬਲ ਸੀ. ਉਹ ਕਿਸੇ ਨਾ ਕਿਸੇ ਤਰੀਕੇ ਨਾਲ ਇਸ ਇੱਛਾ ਨੂੰ ਪੁਗਾਣਾ ਚਾਹੁੰਦਾ ਸੀ। ਉਹਦੇ ਬਹੁਤੇ ਕਰਮ ਇਸੇ ਇੱਛਾ ਦੀ ਅੰਤਲੀ ਪੂਰਤੀ ਵਾਸਤੇ ਕੀਤੇ ਗਏ ਲਗਦੇ ਹਨ।

ਮਹਾਨਤਾ ਅਪੱਖ ਵਸਤੂ ਹੈ। ਆਦਮੀ ਜਾਂ ਮਹਾਨ ਹੈ ਜਾਂ ਨਹੀਂ। ਇਕ ਭੈੜਾ ਹਿਰਸੀ ਆਦਮੀ ਵੀ ਮਹਾਨ ਹੋ ਸਕਦਾ ਹੈ। ਇਤਿਹਾਸ ਵਿਚ ਕਈ ਕੁਕਰਮ ਪ੍ਰਤਿਭਾਵਾਂ ਵੇਖਣ ਵਿਚ ਆਈਆਂ ਹਨ। ਆਦਮੀ ਦੇ ਗਣੀ ਜਾਂ ਔਗੁਣੀ ਹੋਣ ਦਾ ਉਹਦੀ ਪ੍ਰਤਿਭਾ ਨਾਲ ਕੋਈ ਸੰਬੰਧ ਨਹੀਂ। ਹਾਂ, ਇਹਨਾਂ ਦਾ ਉਹਦੇ ਕਰਮਾਂ ਤੋਂ ਉਪਜਦੇ ਨਤੀਜਿਆਂ ਨਾਲ ਸੰਬੰਧ ਜ਼ਰੂਰ ਹੈ। ਰਾਜਾ ਧਿਆਨ ਸਿੰਘ ਮਹਾਨ ਸੀ। ਜਦੋਂ ਤਕ ਉਹਦੀ ਪ੍ਰਤਿਭਾ ਸੁਆਰਥਹੀਨ ਰਹੀ, ਉਹਨੇ ਕੌਮ ਤੇ ਦੇਸ਼ ਦੀ ਮਹਾਨ ਸੇਵਾ ਕੀਤੀ, ਪਰ ਜਦੋਂ ਉਹਦੀ ਪ੍ਰਤਿਭਾ ਹਿਰਸੀ ਗਈ ਉਹਨੇ ਦੇਸ਼ ਤੇ ਕੌਮ ਨਾਲ ਧਰੋਹ ਕੀਤਾ। ਇਹੋ ਹੀ ਮਹਾਨ ਆਦਮੀ ਦਾ ਖ਼ਤਰਾ ਹੁੰਦਾ ਹੈ। ਨਾ ਜਾਣੇ ਉਹ ਕਦੋਂ ਕੀ ਕਰ ਗੁਜ਼ਰੇ।

ਜਦੋਂ ਤਕ ਰਾਜਾ ਧਿਆਨ ਸਿੰਘ ਪੰਜਾਬ ਦੀ ਰਾਜਨੀਤੀ ਦਾ ਕੁੰਜੀ ਬਰਦਾਰ ਸੀ ਉਦੋਂ ਤਕ ਪੰਜਾਬ ਵਿਚ ਘਟੋ ਘਟ ਇਕ ਤਰ੍ਹਾਂ ਦੀ ਸਥਿਰਤਾ ਸੀ। ਸਭ ਕੁਝ ਬਦਲ ਜਾਂਦਾ ਸੀ, ਹੇਠਲੀ ਉੱਤੇ ਹੋ ਜਾਂਦੀ ਸੀ, ਪਰ ਧਿਆਨ ਸਿੰਘ ਆਗੂ ਦਾ ਆਗੂ ਤੇ ਤਾਕਤਵਰ ਦਾ ਤਾਕਤਵਰ ਰਹਿੰਦਾ। ਲੋਕ ਮਰਦੇ ਤੇ ਕਤਲ ਹੁੰਦੇ, ਮਹਾਰਾਜੇ ਬਦਲਦੇ, ਲੋਕਾਂ ਦੇ ਹੱਥਾਂ ਵਿਚ ਆਈ ਓਪਰੀ ਤਾਕਤ ਬਦਲਦੀ, ਹੋਰ ਵੀ ਬੜਾ ਕੁਝ ਏਧਰ ਓਧਰ ਹੁੰਦਾ, ਪਰ ਧਿਆਨ ਸਿੰਘ ਸਥਿਰ ਸੀ ਤੇ ਉਹਦੀ

Scanned by CamScanner

ਸਥਿਰਤਾ ਸੀ ਪੰਜਾਬ ਰਾਜ ਦੀ ਸਥਿਰਤਾ ।

ਪਰ ਅੱਜ ਰਾਜਾ ਧਿਆਨ ਸਿੰਘ ਦੀ ਲੋਥ ਅਨੇਕ ਹੋਰ ਲੋਥਾਂ ਨਾਲ ਸੜ ਦਿਤੀ ਗਈ। ਅੱਜ ਧਿਆਨ ਸਿੰਘ ਖ਼ਤਮ ਹੋਇਆ ਤੇ ਉਹਦੇ ਨਾਲ ਖ਼ਤਮ ਹੋਈ ਪੰਜਾਬ ਦੀ ਸਥਿਰਤਾ । ਹੁਣ ਤੋਂ ਇਸ ਜਹਾਜ਼ ਦਾ ਪਰਮ ਮਲਾਹ ਕੋਈ ਨਾ ਰਿਹਾ । ਜਿਨ੍ਹੇ ਇਸ ਜਹਾਜ਼ ਦੀ ਵੀਹ ਸਾਲ ਪਰਮ ਮਲਾਹਗੀਰੀ ਕੀਤੀ ਉਹ ਮਲਾਹ ਅੱਜ ਡੁੱਬ ਚੁੱਕਾ ਸੀ । ਇਸ ਮਲਾਹ ਨੂੰ ਜਹਾਜ਼ ਦੀ ਸੋਝੀ ਸੀ । ਉਹ ਟਿਹਦੀ ਬਣਤਰ ਤੇ ਇਹਦੀਆਂ ਮਜ਼ਬੂਤੀਆਂ ਤੇ ਕਮਜ਼ੋਰੀਆਂ ਨੂੰ ਸਮਝਦਾ ਸੀ । ਇਹ ਜਹਾਜ਼ ਹੈ ਕਿਸੇ ਦਾ ਸੀ, ਪਰ ਮੁਖ ਮਲਾਹ ਉਹੋ ਰਿਹਾ । ਪਿਛਲੇ ਕੁਝ ਸਾਲਾਂ ਤੋਂ ਉਸ ਇਸ ਜਹਾਜ਼ ਦੇ ਰਾਹ ਬਦਲ ਦਿਤੇ ਸਨ, ਤੋਰ ਬਦਲ ਦਿਤੀ ਸੀ । ਉਹ ਇਹਨੂੰ ਆਪਣੇ ਸਵਾਰਥ ਵਾਸਤੇ ਕਿਤੇ ਦਾ ਕਿਤੇ ਲੈ ਜਾਣਾ ਚਾਹੁੰਦਾ ਸੀ । ਆਪਣੇ ਕਾਰਜ ਨੂੰ ਸਿੱਧ ਕਰਨ ਵਾਸਤੇ ਉਸ ਬੜਾ ਕੁਝ ਅਣਸੋਂਹਦਾ ਕੀਤਾ, ਪਰ ਫਿਰ ਵੀ ਜਹਾਜ਼ ਤਰਦਾ ਤਾਂ ਰਿਹਾ, ਇਹਦੀ ਤੋਰ ਕਿਸੇ ਤੂਫ਼ਾਨ ਜਾਂ ਮੁਸ਼ਕਲ ਨੇ ਰੋਕੀ ਤਾਂ ਨਾ, ਪਰ ਅੱਜ ਇਸ ਪਰਮ ਮਲਾਹ ਦੀ ਮੌਤ ਨਾਲ ਵਾਤਾਵਰਨ ਬਦਲ ਗਿਆ । ਹੁਣ ਚੰਗਾ ਜਾਂ ਭੈੜਾ — ਇਸ ਜਹਾਜ਼ ਦਾ ਕੋਈ ਮੁੱਖ ਜਹਾਜ਼ਰਾਨ ਨਹੀਂ ਸੀ । ਇਕ ਦੂਜੇ ਦੇ ਵਿਰੁਧ ਸਾਜ਼ਸ਼ਾਂ ਅਗੇ ਨਾਲੋਂ ਵੀ ਵਧ ਗਈਆਂ । ਰਾਜਨੀਤਕ ਕਤਲ ਵੀ ਵਧ ਗਏ ਤੇ ਕਿਸੇ ਕਾਬਿਲ ਆਦਮੀ ਦੀ ਅਣਹੋਂਦ ਨੇ ਹਾਲਾਤ ਅਸਲੋਂ ਹੀ ਵਿਗਾੜ ਦਿਤੇ ।

ਰਾਜ਼ਾ ਹੀਰਾ ਸਿੰਘ ਨੇ ਵਜ਼ੀਰ ਬਣਦਿਆਂ ਹੀ ਗਿਆਨੀ ਗੁਰਮੁਖ ਸਿੰਘ ਤੇ ਮਿਸਰ ਬੇਲੀ ਰਾਮ ਨੂੰ ਕਤਲ ਕਰਵਾ ਦਿਤਾ । ਇਹ ਦੋਵੇਂ ਸੰਧਾਵਾਲੀਆਂ ਦੇ ਖ਼ੈਰਖਾਹ ਰਹੇ ਸਨ । ਸਭ ਸੰਧਾਵਾਲੀਏ ਸਰਦਾਰਾਂ ਦੀਆਂ ਜਾਗੀਰਾਂ ਜ਼ੱਬਤ ਹੋ ਗਈਆਂ ਤੇ ਉਹਨਾਂ ਦਾ ਪਿੰਡ, ਰਾਜਾ ਸਾਂਹਸੀ, ਢਾਹ ਦਿਤਾ ਗਿਆ । ਰਾਜਾ ਹੀਰਾ ਸਿੰਘ ਨੇ ਫ਼ੌਜ ਨੂੰ ਦਿਤੇ ਇਕਰਾਰ ਪੂਰੇ ਕੀਤੇ ਤੇ ਹਰ ਪੈਦਲ ਦੀ ਤਨਖ਼ਾਹ ਬਾਰਾਂ ਰੁਪਏ ਮਹੀਨਾ ਤੇ ਹਰ ਅਸਵਾਰ ਦੀ ਤੀਹ ਰੁਪਏ ਮਹੀਨਾ ਕਰ ਦਿਤੀ । ਇਹ ਖ਼ਾਲੀ ਹੋ ਰਹੇ ਸਰਕਾਰੀ ਖ਼ਜ਼ਾਨੇ ਉੱਤੇ ਇਕ ਹੋਰ ਸੱਟ ਸੀ ।

ਇਸ ਦੇ ਪਿਛੋਂ ਹੀਰਾ ਸਿੰਘ ਨੇ ਮਹਾਰਾਣੀ ਜਿੰਦ ਕੌਰ ਦੇ ਭਰਾ ਜਵਾਹਰ ਸਿੰਘ ਨੂੰ ਕੈਦ ਕੀਤਾ । ਫ਼ੌਜਾਂ ਵਿਚ ਧੁੰਮਾਇਆ ਕਿ ਉਹ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦੇਣਾ ਚਾਹੁੰਦਾ ਹੈ । ਜਵਾਹਰ ਸਿੰਘ ਤੇ ਰਾਜਾ ਸੁਚੇਤ ਸਿੰਘ, ਜਿਹੜਾ ਕਿ ਰਾਜਾ ਧਿਆਨ ਸਿੰਘ ਦਾ ਭਰਾ ਸੀ, ਮਿੱਤਰ ਸਨ । ਇਸ ਲਈ ਚਾਚੇ ਭਤੀਜੇ ਵਿਚ ਵੀ ਨਾਚਾਕੀ ਹੋ ਗਈ । ਓਧਰ ਕੰਵਰ ਕਸ਼ਮੀਰਾ ਸਿੰਘ ਤੋਂ ਕੰਵਰ ਪਿਸ਼ੋਰਾ ਸਿੰਘ ਨੇ ਸਿਆਲਕੋਟ ਵਿਚ ਬਗ਼ਾਵਤ ਸ਼ੁਰੂ ਕਰ ਦਿਤੀ । ਗੁਲਾਬ ਸਿੰਘ ਨੇ ਉਹਨਾਂ ਨੂੰ ਘੇਰ ਲਿਆ । ਜਦੋਂ ਖ਼ਬਰ ਲਾਹੌਰ ਪੁੱਜੀ ਤਾ ਫ਼ੌਜ ਨੇ ਸਮਝਿਆ ਕਿ ਰਾਜਾ ਹੀਰਾ ਸਿੰਘ ਤੇ ਗੁਲਾਬ ਸਿੰਘ ਮਿਲ ਕੇ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਿਸ਼ੋਰਾ ਸਿੰਘ ਨੂੰ ਮਰਵਾਣਾ ਚਾਹੁੰਦੇ ਹਨ । ਉਹਨਾਂ ਹੀਰਾ ਸਿੰਘ ਨੂੰ ਘੇਰ ਲਿਆ ਤੇ ਬਾਕੀ ਸ਼ਰਤਾਂ ਮਨਵਾਂਦਿਆਂ ਜਵਾਹਰ ਸਿੰਘ ਨੂੰ ਵੀ ਛੁੜਵਾ ਲਿਆ ।

ਸੁਚੇਤ ਸਿੰਘ, ਜਿਹੜਾ ਹੀਰਾ ਸਿੰਘ ਨਾਲ ਹੋਏ ਝਗੜੇ ਪਿਛੋਂ ਜੰਮੂ ਚਲਾ ਗਿਆ ਸੀ, ਫ਼ੌਜੀ ਪੰਚਾਂ ਨਾਲ ਗੰਢ ਤੁਪ ਕਰਨ ਲਗਾ । ਛੱਬੀ ਮਾਰਚ, ੧੮੪੪ ਵਾਲੇ ਦਿਨ ਉਹ ਇਕ ਨਿੱਕੀ ਜਿਹੀ ਫ਼ੌਜ ਲੈ ਕੇ ਲਾਹੌਰ ਦੇ ਲਾਗੇ ਪਹੁੰਚ ਗਿਆ । ਪਰ ਏਨੇ ਵਿਚ ਹੀਰਾ ਸਿੰਘ ਨੇ ਫਿਰ ਫ਼ੌਜੀ ਪੰਚਾਂ ਨੂੰ ਆਪਣੇ ਹੱਥ ਵਿਚ ਲੈ ਲਿਆ ਤੇ ਸਤਾਈ ਤਾਰੀਖ ਸਵੇਰੇ ਉਸ ਸੁਚੇਤ ਸਿੰਘ ਨੂੰ ਸ਼ਾਹਦਰੇ ਲਾਗੇ ਘੇਰ ਕੇ ਕਤਲ ਕਰ ਦਿਤਾ ।

ਸੱਤ ਮਈ, ੧੮੪੪ ਵਾਲੇ ਦਿਨ ਕੰਵਰ ਕਸ਼ਮੀਰਾ ਸਿੰਘ, ਸਰਦਾਰ ਅਤਰ ਸਿੰਘ ਸੰਧਾਵਾਲੀਆ ਤੇ ਭਾਈ ਬੀਰ ਸਿੰਘ ਕਤਲ ਕਰ ਦਿਤੇ ਗਏ । ਸਰਦਾਰ ਅਤਰ ਸਿੰਘ ਹੁਣੇ ਹੁਣੇ ਕਲਕੱਤੇ ਤੋਂ ਵਾਪਸ ਆਇਆ ਸੀ ਤੇ ਰਾਹ ਵਿਚ ਭਾਈ ਬੀਰ ਸਿੰਘ ਦੇ ਡੇਰੇ ਠਹਿਰਿਆ ਸੀ । ਭਾਈ ਬੀਰ ਸਿੰਘ ਦੀ ਪੰਥ ਤੇ ਰਾਜ ਵਿਚ ਬੜੀ ਇੱਜ਼ਤ ਸੀ । ਉਹ ਉੱਚ ਕਹਿਣੀ ਤੇ ਉੱਚ ਕਰਨੀ ਵਾਲਾ ਮਨੁੱਖ ਸੀ.। ਏਥੇ ਹੀ ਇਹਨੀਂ ਦਿਨੀਂ ਕੰਵਰ ਕਸ਼ਮੀਰਾ ਸਿੰਘ ਪੁੱਜਾ । ਹੀਰਾ ਸਿੰਘ ਨੇ ਸਮਝਿਆ ਕਿ ਇਹ ਉਹਦੇ ਬਰਖ਼ਿਲਾਫ਼ ਹੀ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ । ਉਸ ਮੀਆਂ ਲਾਭ ਸਿੰਘ, ਮਹਿਤਾਬ ਸਿੰਘ ਮਜੀਠੀਏ, ਸ਼ੇਖ਼ ਆਮੁਦੀਨ ਤੇ ਦੀਵਾਨ ਜਵਾਹਰ ਮੱਲ ਥੱਲੇ ਫ਼ੌਜ ਘਲ ਕੇ ਇਹਨਾਂ ਨੂੰ ਮਰਵਾ ਦਿਤਾ ।

ਪੰਡਤ ਜਲ੍ਹਾ, ਰਾਜਾ ਹੀਰਾ ਸਿੰਘ ਦਾ ਮੁਖ ਸਲਾਹਕਾਰ ਸੀ । ਫ਼ੌਜ ਪੰਡਤ ਜਲ੍ਹੇ ਨੂੰ ਨਫ਼ਰਤ ਕਰਦੀ ਸੀ, ਪਰ ਰਾਜਾ ਹੀਰਾ ਸਿੰਘ ਉਹਦੀ ਸ਼ਹਿ ਉੱਤੇ ਸੀ । ਇਕ ਦਿਨ ਅਫ਼ਵਾਹ ਫੈਲੀ ਕਿ ਪੰਡਤ ਜਲ੍ਹੇ ਨੇ ਮਹਾਰਾਣੀ ਜਿੰਦ ਕੌਰ ਨੂੰ

Scanned by CamScanner

ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਸੇ ਵੇਲੇ ਫ਼ੌਜੀ ਪੰਚਾਂ ਨੇ ਰਾਜਾ ਹੀਰਾ ਸਿੰਘ ਨੂੰ ਅੰਤਮ-ਚਿਤਾਵਨੀ ਦਿਤੀ। ਪੰਡਤ ਜਲ੍ਹੂ ਨੂੰ ਫ਼ੌਜਾਂ ਦੇ ਹਵਾਲੇ ਕਰ ਦਿਤਾ ਜਾਏ ਨਹੀਂ ਤਾਂ ਹੀਰਾ ਸਿੰਘ ਵਜ਼ੀਰੀ ਖ਼ਤਮ ਸਮਝੇ।

ਤਿੰਨ ਕੁ ਹਜ਼ਾਰ ਫ਼ੌਜ ਨਾਲ ਰਾਜਾ ਹੀਰਾ ਸਿੰਘ ਤੇ ਪੰਡਤ ਜੋਲ੍ਹਾ ਜੰਮੂ ਵਲ ਨੱਠ ਉਠੇ। ਜੰਮੂ ! ਜੰਮੂ ਡੋਗਰੇ ਸਰਦਾਰਾਂ ਦਾ ਮੱਕਾ ਸੀ, ਜੰਮੂ ਉਹਨਾਂ ਦੀ ਠਾਹਰ ਸੀ। ਪਰ ਅੱਤਕੀਂ ਆਪਣੇ ਮੋਂਕੇ ਤੇ ਆਪਣੀ ਠਾਹਰ ਤਕ ਪਹੁੰਚਣ ਤੋਂ ਪਹਿਲੇ ਹੀ ਸਰਦਾਰ ਜਵਾਹਰ ਸਿਘ ਤੇ ਸਰਦਾਰ ਅਤਰ ਸਿੰਘ ਕਾਲਿਆਂ ਵਾਲੇ ਨੇ ਉਹਨਾਂ ਨੂੰ ਘੇਰ ਲਿਆ ਤੇ ਪੰਦਰਾ ਦਸੰਬਰ, ੧੮੪੪ ਵਾਲੇ ਦਿਨ ਹੀਰਾ ਸਿੰਘ, ਪੰਡਤ ਜਲ੍ਹੂ, ਮੀਆਂ ਸੋਹਣ ਸਿੰਘ ਜੋ ਰਾਜਾ ਗੁਲਾਬ ਸਿੰਘ ਦਾ ਪੁੱਤਰ ਸੀ, ਤੇ ਇਕ ਹੋਰ ਪਤਵੰਤਾ ਡੋਗਰਾ ਸਰਦਾਰ ਲਾਭ ਸਿੰਘ, ਮਾਰੇ ਗਏ।

ਹੁਣ ਜਵਾਹਰ ਸਿੰਘ ਵੱਡਾ ਵਜ਼ੀਰ ਬਣਿਆ। ਕੁਝ ਦਿਨਾਂ ਵਾਸਤੇ ਆਖ਼ਰ ਉਹਦੀ ਸੱਧਰ ਵੀ ਪੂਰੀ ਹੋਈ। ਜਵਾਹਰ ਸਿੰਘ ਨੇ ਵਜ਼ੀਰੀ ਸੰਭਾਲਦਿਆਂ ਹੀ ਸਭ ਡੋਗਰੇ ਬਾਗ਼ੀਆਂ ਦੀ ਠਾਹਰ, ਜੰਮੂ ਉੱਤੇ ਚੜ੍ਹਾਈ ਦਾ ਹੁਕਮ ਦਿਤਾ। ਦੂਖਨ ਇਹ ਸੀ ਕਿ ਰਾਜਾ ਗੁਲਾਬ ਸਿੰਘ ਨੇ ਲਾਹੌਰ ਦਰਬਾਰ ਵਿਚ ਮਾਮਲਾ ਨਹੀਂ ਭੇਜਿਆ। ਇਹ ਦੂਖਨ ਬਿਲਕੁਲ ਬਜਾ ਸੀ। ਰਾਜਾ ਗੁਲਾਬ ਸਿੰਘ ਬੜੇ ਚਿਰ ਤੋਂ ਆਪਣੇ ਆਪ ਨੂੰ ਖ਼ੁਦਮੁਖ਼ਤਿਆਰ ਸਮਝਦਾ ਸੀ, ਉਹ ਮਾਲਾ ਕਿਉਂ ਭੇਜਦਾ ? ਤੇ ਕਿਹਨੂੰ ਭੇਜਦਾ ? ਲਾਹੌਰ ਉਹਦੇ ਭਰਾ ਦਾ ਹਿੱਸਾ ਸੀ ਤੇ ਭਰਾਵਾਂ ਵਿਚ ਇਹ ਫ਼ੈਸਲਾ ਹੋ ਚੁੱਕਾ ਸੀ ਕਿ ਕਸ਼ਮੀਰ ਤੇ ਪਿਸ਼ਾਵਰ ਗੁਲਾਬ ਸਿੰਘ ਦੇ ਤੇ ਲਾਹੌਰ ਤੇ ਮੁਲਤਾਨ ਧਿਆਨ ਸਿੰਘ ਜਾਂ ਹੀਰਾ ਸਿੰਘ ਦੇ।

ਜਵਾਹਰ ਸਿੰਘ ਨੇ ਫ਼ੌਜ ਭੇਜੀ। ਫੁਰਤੀਲਾ, ਬਹਾਦਰ ਤੇ ਚਲਾਕ ਗੁਲਾਬ ਸਿੰਘ ਵੀ ਅੰਤ ਫੜਿਆ ਗਿਆ। ਜਦੋਂ ਉਹਨੂੰ ਬੰਦੀ ਬਣਾ ਕੇ ਲਾਹੌਰ ਲਿਆ ਰਹੇ ਸਨ ਤਾਂ ਰਾਹ ਵਿਚ ਫੁਰਤੀਲੇ ਤੇ ਚਲਾਕ ਗੁਲਾਬ ਸਿੰਘ ਨੇ ਅੱਧੀ ਫ਼ੌਜ ਨੂੰ ਆਪਣੇ ਵਸ ਵਿਚ ਕਰ ਲਿਆ ਤੇ ਜਵਾਹਰ ਸਿੰਘ ਵਾਸਤੇ ਉਹਦੇ ਨਾਲ ਸੁਲ੍ਹਾ ਕਰਨ ਤੋਂ ਸਿਵਾਏ ਹੋਰ ਕਈ ਚਾਰਾ ਨਾ ਰਿਹਾ। ਗੁਲਾਬ ਸਿੰਘ ਬਚ ਗਿਆ।

ਰਾਜਾ ਗੁਲਾਬ ਸਿੰਘ ਬਚ ਗਿਆ ਤੇ ਉਸ ਸਾਜ਼ਸ਼ਾਂ ਤੇ ਚਾਲਾਕੀਆਂ ਦਾ ਖ਼ਾਨਦਾਨੀ ਪੇਸ਼ਾ ਜਾਰੀ ਰੱਖਿਆ। ਕੀ ਰਾਜਾ ਗੁਲਾਬ ਸਿੰਘ ਡੋਗਰਾ ਜਵਾਹਰ ਸਿੰਘ ਵਰਗੇ ਆਦਮੀ ਕੋਲੋਂ ਹਾਰ ਮੰਨ ਜਾਏ ? ਜਵਾਹਰ ਸਿੰਘ, ਰਾਜੇ ਗੁਲਾਬ ਸਿੰਘ ਦਾ ਪਾਣੀਹਾਰ ਵੀ ਨਹੀਂ ਸੀ।

ਗੁਲਾਬ ਸਿੰਘ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਚਕਿਆ। ਤੱਖ਼ਤ ਲੈਣ ਵਾਸਤੇ ਉਕਸਾਇਆ। ਪਿਸ਼ੋਰਾ ਸਿੰਘ ਨੇ ਬਗ਼ਾਵਤ ਕਰ ਦਿਤੀ। ਜਵਾਹਰ ਸਿੰਘ ਨੇ ਉਹਨੂੰ ਦਬਾਉਣ ਤੇ ਸੁਖੈਣ ਸ਼ਰਤਾਂ ਉੱਤੇ ਈਨ ਮਨਾਉਣ ਵਾਸਤੇ ਫ਼ੌਜ ਨੂੰ ਭੇਜਿਆ। ਪਿਸ਼ੋਰਾ ਸਿੰਘ ਮਾਰਿਆ ਗਿਆ।

ਸੱਚ ਕਿ ਝੂਠ ਅਫ਼ਵਾਹ ਫੈਲ ਗਈ ਕਿ ਜਵਾਹਰ ਸਿੰਘ ਨੇ ਧੋਖੇ ਨਾਲ ਪਿਸ਼ੋਰਾ ਸਿੰਘ ਨੂੰ ਕਤਲ ਕਰਵਾਇਆ ਹੈ। ਬਸ ਫਿਰ ਗੁਲਾਬ ਸਿੰਘ ਦੇ ਡੋਗਰੇ ਸਾਥੀਆਂ ਨੇ ਫ਼ੌਜ ਨੂੰ ਇਸ ਅਫਵਾਹ ਦੀ ਬਿਨਾ ਉੱਤੇ ਭੜਕ ਦਿਆ। ਤੇ ਇਹਨਾਂ ਦੀ ਰਾਹੀਂ ਸਰਦਾਰਾਂ ਵਿਚ ਕਾਫ਼ੀ ਰੁਪਿਆ ਵੀ ਵੰਡਿਆ। ਮਹਾਰਾਣੀ ਜਿੰਦਾਂ ਚਾਹੁੰਦੀ ਸੀ ਕਿ ਜਵਾਹਰ ਸਿੰਘ ਬਚ ਜਾਏ। ਇਕ ਤਾਂ ਭਰਾ ਸੀ ਤੇ ਇਕ ਜਵਾਹਰ ਸਿੰਘ ਵਿਚ ਰਾਜਾ ਗੁਲਾਬ ਸਿੰਘ ਨਾਲ ਟੱਕਰ ਲੈਣ ਦੀ ਸਤਾ ਸੀ। ਉਹ ਆਪ ਦਲੀਪ ਸਿੰਘ ਨੂੰ ਨਾਲ ਲੈ ਕੇ ਫ਼ੌਜਾਂ ਨੂੰ ਸਮਝਾਣ ਆਈ, ਪਰ ਫ਼ੌਜਾਂ ਨੇ ਤਾਂ ਵੀ ਜਵਾਹਰ ਸਿੰਘ ਨੂੰ ਕਤਲ ਕਰ ਦਿਤਾ, ਇਹ ਘਟਨਾ ਇੱਕੀ ਸਤੰਬਰ, ੧੮੪੫ ਦੀ ਹੈ।

ਹੁਣ ਰਾਜਾ ਲਾਲ ਸਿੰਘ ਮਿਸਰ ਵਜ਼ੀਰ ਤੇ ਰਾਜਾ ਤੇਜ ਸਿੰਘ, ਜਮਾਂਦਾਰ ਖ਼ੁਸ਼ਹਾਲ ਸਿੰਘ ਦਾ ਪੁੱਤਰ ਸੈਨਾਪਤੀ ਬਣਿਆ।

ਇਹ ਹੈ ਪੰਦਰਾਂ ਸਤੰਬਰ, ੧੮੪੩ ਵਾਲੇ ਦਿਨ ਹੋਈ ਰਾਜਾ ਧਿਆਨ ਸਿੰਘ ਦੀ ਮੌਤ ਤੋਂ ਦੋ ਵਰ੍ਹੇ ਪਿਛੋਂ ਦੀ ਕਹਾਣੀ। ਇਹਨਾਂ ਦੋ ਵਰ੍ਹਿਆਂ ਵਿਚ ਕਿੰਨਾ ਕੂੜ ਬੋਲਿਆ ਗਿਆ ਤੇ ਕੁਸੱਤ ਵਰਤਿਆ ਗਿਆ, ਕਿੰਨੀਆਂ ਸਾਜ਼ਸ਼ਾਂ ਹੋਈਆਂ ਤੇ ਕਿੰਨਾ ਮਾਸੂਮ ਲਹੂ ਵੀਟਿਆ ਗਿਆ ਤੇ ਮਨੁੱਖੀ ਕੀਮਤਾਂ ਕਿਸ ਪਾਤਾਲ ਤਕ ਪਹੁੰਚੀਆਂ, ਇਹਨਾਂ ਦੀ ਮਿਸਾਲ ਕਿ ਹੋਰ ਇਤਿਹਾਸ ਵਿਚ ਨਹੀਂ ਮਿਲਦੀ।

ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੂਰਮਤਾਈ ਤੇ ਆਪਣੀ ਦਾਨਾਈ ਦੀ ਵਿਸ਼ਵ ਮਿਸਾਲ

Scanned by CamScanner

ਕੀਤੀ ਸੀ ਏਸੇ ਤਰ੍ਹਾਂ ਹੀ ਉਹਦੀ ਮੌਤ ਪਿਛੋਂ ਰਾਜਨੀਤਕ ਬੁਜ਼ਦਿਲੀ ਤੇ ਮੂੜ੍ਹਤਾ ਦੀ ਮਿਸਾਲ ਪਸ਼ ਕੀਤੀ ਗਈ।

ਜਦੋਂ ਤਕ ਰਾਜਾ ਧਿਆਨ ਸਿੰਘ ਜ਼ਿੰਦਾ ਸੀ ਉਹ ਕਿਵੇਂ ਨਾ ਕਿਵੇਂ ਸੈਨਾਂ ਨੂੰ ਆਪਣੇ ਵਸ ਵਿਚ ਰਖਦਾ ਆਇਆ ਸੀ। ਉਸ ਬੇਸ਼ਕ ਬੜੀ ਗਲਤ ਲੀਹ ਤੁਰੀ ਸੀ; ਪਰ ਉਹਦੇ ਜੀਂਦਿਆਂ ਜੀਅ ਸੈਨਾਂ ਉਹਦੇ ਹੱਥੋਂ ਬੇਕਾਬੂ ਨਾ ਸੀ ਹੋਈ। ਉਹ ਇਕ ਮਹਾਨ ਚਾਲਬਾਜ਼ ਪ੍ਰਤਿਭਾ ਸੀ। ਪਰ ਉਹਦੇ ਮਰਨ ਪਿਛੋਂ ਸੈਨਾਂ ਕਿਸੇ ਕੋਲੋਂ ਸੰਭਲੀ ਨਾ ਰਹੀ, ਆਪਣੇ ਸਰਦਾਰਾਂ ਕੋਲੋਂ ਵੀ ਨਹੀਂ।

ਅਫ਼ਸਰਾਂ ਦੀ ਕਦਰ ਘਟ ਗਈ, ਸਰਦਾਰ ਆਪਣੇ ਸਿਪਾਹੀਆਂ ਸਾਹਮਣੇ ਜਿੱਚ ਹੋਣ ਲਗੇ। ਹੁਕਮਾਂ ਦੀ ਪਾਲਣਾ ਮਰਜ਼ੀ ਅਨੁਸਾਰ ਹੋਣ ਲਗੀ। ਅਫਵਾਹਾਂ ਉੱਤੇ ਪੱਕੇ ਵਿਸ਼ਵਾਸ ਹੋਣ ਲਗੇ। ਸਿਪਾਹੀ ਬਸ ਇਹਨਾਂ ਅਫ਼ਵਾਹਾਂ ਨੂੰ ਹੀ ਉਡੀਕਦੇ। ਉਡੀਕਦੇ ਕਿ ਕਦੋਂ ਇਕ ਵਜ਼ੀਰ ਖ਼ਤਮ ਹੋਵੇ ਤੇ ਦੂਜਾ ਆਵੇ। ਸੋਚਦੇ ਕਿ ਹੁਣ ਕਿਹਨੂੰ ਡੇਗੀਏ ਤੇ ਕਿਹਨੂੰ ਚੁਕੀਏ, ਤਾ ਜੋ ਪੈਸਾ ਵਧ ਮਿਲੇ। ਇਨਾਮ ਵੀ ਮਿਲਣ ਤੇ ਉਹਨਾਂ ਦਾ ਆਪਣਾ ਭੁੱਸ ਵੀ ਪੂਰਾ ਹੋਵੇ। ਹਰ ਆਏ ਦਿਨ ਪੱਖ ਵੀ ਬਦਲਦੇ। ਜਿਹਨੂੰ ਸਿਪਾਹੀ ਪਸੰਦ ਨਾ ਕਰਦੇ ਉਹਦੀ ਮਿੱਟੀ ਪਲੀਤ ਕਰ ਦੇਂਦੇ। ਦਿਨੋ ਦਿਨ ਅੰਗਰੇਜ਼ਾਂ ਦੇ ਵਿਰੁਧ ਰੋਸ ਵਧਦਾ ਜਾਂਦਾ। ਇਕ ਤਾਂ ਆਪ ਵਜ਼ੀਰ ਤੇ ਸਰਦਾਰ ਸੈਨਾ ਨੂੰ ਆਪਣੇ ਵਸ ਵਿਚ ਕਰਨ ਵਾਸਤੇ ਆਪਣੇ ਵਿਰੋਧੀਆਂ ਨੂੰ ਗੋਰਿਆਂ ਨਾਲ ਮਿਲਿਆ ਦਸਦੇ ਤੇ ਦੂਜਾ ਗੋਰਿਆਂ ਵਲੋਂ ਵੀ ਵਧੀਕੀਆਂ ਵਧ ਰਹੀਆਂ ਸਨ। ਇਹਨਾਂ ਸਾਰੇ ਵਰ੍ਹਿਆਂ ਵਿਚ ਬਸ ਇਹ ਗੁੱਸਾ ਤੇ ਇਹ ਰੋਸ ਹੀ ਤਗਣ ਵਾਲੀ ਸ਼ੈ ਸੀ, ਊਂਜ ਬਾਕੀ ਵਫ਼ਾਦਾਰੀਆਂ ਤੇ ਕਸਮਾਂ ਹਰ ਰੋਜ਼ ਤੁੜੀਆਂ ਤੇ ਘੜੀਆਂ ਜਾਂਦੀਆਂ। ਤੇ ਦੂਜੀ ਸਥਾਈ ਸ਼ੈ ਸੀ ਰਾਜਾ ਗੁਲਾਬ ਸਿੰਘ। ਦਿਨੋ ਦਿਨ ਰਾਜਾ ਗੁਲਾਬ ਸਿੰਘ ਜੰਮੂ ਵਿਚ ਖ਼ੁਦ-ਮੁਖ਼ਤਿਆਰ ਹੁੰਦਾ ਗਿਆ ਤੇ ਉਹ ਲਾਹੌਰ ਤੱਖ਼ਤ ਦਾ ਕਲਿਆਨਕਾਰ ਕੇ ਬੰਦੀ-ਛੋੜ ਸਮਝਿਆ ਜਾਣ ਲਗਾ।

ਨਿੱਤ ਨਿੱਤ ਦੀਆਂ ਖ਼ਬਰਾਂ ਸਾਰੇ ਪੰਜਾਬ ਵਿਚ ਹੁਲਦੀਆਂ ਰਹੀਆਂ ਤੇ ਮਾਹਿਲ ਤੇ ਅਟਾਰੀ ਇਹਨਾਂ ਖ਼ਬਰਾਂ ਦੀਆਂ ਗੂੰਜਾਂ ਨਾਲ ਗੂੰਜਦੇ ਰਹੇ। ਹਰ ਦੂਜੇ ਚੌਥੇ ਦਿਨ ਕੋਈ ਨਾ ਕੋਈ ਪੰਥ ਦਾ ਪਿਆਰਾ ਸਿੱਖ, ਜਾਂ ਮਹਾਰਾਜਾ ਰਣਜੀਤ ਸਿੰਘ ਦਾ ਪਿਆਰਾ ਹਿੰਦੂ, ਜਾਂ ਸਾਂਝੇ ਪੰਜਾਬ ਦੇ ਗੁਣ ਗਾਉਣ ਵਾਲਾ ਮੁਸਲਮਾਨ ਮਾਹਿਲ ਜਾਂ ਅਟਾਰੀ ਆਉਂਦਾ ਤੇ ਲਾਹੌਰ ਵਿਚ ਹੋ ਰਹੇ ਕੁਕਰਮਾਂ ਦਾ ਕਾਲਾ ਚਿੱਠਾ ਸੁਣ ਉਂਦਾ ਤੇ ਨਿੱਤ ਨਿੱਤ ਮਾਹਿਲ ਤੇ ਅਟਾਰੀ ਵਾਸੀ ਇਹ ਖ਼ਬਰਾਂ ਸੁਣ ਕੇ ਅੱਥਰੂ ਪੀਂਦੇ ਤੇ ਮਨ ਅੰਦਰ ਉਠਦੀਆਂ ਚੀਸਾਂ ਨੂੰ ਜਰਦੇ।

"ਉਫ਼ ਇਹ ਚੀਸਾਂ ਤੇ ਇਹ ਅੱਥਰੂ ਤੂਫ਼ਾਨ ਬਣ ਕੇ ਇਕ ਦਿਨ ਵਸ ਕਿਉਂ ਨਹੀਂ ਪੈਂਦੇ," ਗੁਰਮੀਤ ਨੇ ਆਖਿਆ।

"ਕੀ ਅਸੀਂ ਕੁਝ ਕਰ ਨਹੀਂ ਸਕਦੇ ਚਾਚਾ," ਗੁਰਪਾਲ ਆਪਣੇ ਚਾਚੇ ਚੂਹੜ ਸਿੰਘ ਕੋਲੋਂ ਪੁੱਛਦਾ।

"ਸਰਦਾਰ ਸ਼ਾਮ ਸਿੰਘ ਕੋਈ ਰਾਹ ਲਭੋ। ਅਸੀਂ ਕੁਝ ਕਰੀਏ। ਇਹ ਕੀ ਹੋ ਰਿਹਾ ਹੈ?" ਚੂਹੜ ਸਿੰਘ ਪੁੱਛਦਾ।

ਪਰ ਸ਼ਾਮ ਸਿੰਘ ਅਟਾਰੀਵਾਲਾ ਨਿਮੋਝੂਣਾ ਹੋ ਕੇ ਆਖਦਾ "ਕੀ ਕਰੀਏ ਮਾਹਿਲ ਸਰਦਾਰ! ਦੱਸ ਕੀ ਕਰੀਏ...!"

ਜਦੋਂ ਵੀ ਕੋਈ ਨਵੀਂ ਸੋਅ ਆਉਂਦੀ ਸ਼ਾਮ ਸਿੰਘ ਤੇ ਚੂਹੜ ਸਿੰਘ ਜੁੜ ਬੈਠਦੇ। ਉਹਨਾਂ ਦੀ ਵੇਖਾ ਵੇਖੀ ਇਹਨਾਂ ਦੋ ਪੱਤੀਆਂ ਦੇ ਸਭ ਮਰਦ, ਤੀਵੀਆਂ, ਬੱਚੇ ਜੁੜ ਬੈਠਣ ਲਗ਼ੇ। ਲੋਕ ਮਹਿਸੂਸ ਕਰਨ ਲਗੇ ਕਿ ਇਹ ਦੋ ਟੱਬਰ ਅਸਲ ਵਿਚ ਇਕੋ ਹੀ ਹਨ। ਘਰੋਗੀ ਤੇ ਬਾਕੀ ਸੁਭ ਮੁਆਮਲਿਆਂ ਵਿਚ ਇਹਨਾਂ ਦੋਹਾਂ ਟੱਬਰਾਂ ਦੀ ਸਦਾ ਇਕ ਰਾਏ ਹੁੰਦੀ ਸੀ। ਇਹਨਾਂ ਪੱਤੀਆਂ ਦੇ ਲੋਕ ਸਦਾ ਇਕੋ ਜਿਹਾ ਸੋਚਦੇ ਸਨ।

ਹਰਪਾਲ ਸਿੰਘ ਦੀ ਜਾਗੀਰ ਜ਼ਬਤ ਹੋ ਜਾਣ ਪਿਛੋਂ ਅਟਾਰੀ ਵਾਲੇ ਸਰਦਾਰ ਮਾਹਿਲਾਂ ਦੇ ਮੁਕਾਬਲੇ ਵਿਚ ਬੜੇ ਅਮੀਰ ਸਨ, ਪਰ ਫਿਰ ਵੀ ਸ਼ਾਮ ਸਿੰਘ ਤੇ ਉਹਦੇ ਨਿਕਟਵਰਤੀ ਸਦਾ ਆਖਿਆ ਕਰਦੇ :

"ਮਾਹਿਲਾਂ ਦੀ ਪੱਤੀ ਇਸ ਇਲਾਕੇ ਵਿਚ ਸਭ ਤੋਂ ਪੁਰਾਣੀ ਪੱਤੀ ਹੈ। ਮਾਹਿਲ ਘਰਾਣੇ ਨੇ ਸਾਡੇ ਨਾਲੋਂ ਵਧ ਮਹਾਨ ਆਦਮੀ ਪੈਦਾ ਕੀਤੇ ਹਨ ਤੇ ਅਸੀਂ ਇਹਨਾਂ ਦੀ ਵਡਿਆਈ ਦੇ ਤੁਲ ਨਹੀਂ।"

Scanned by CamScanner

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਚੂਹੜ ਸਿੰਘ ਮਾਹਿਲ, ਹਾਜੀ ਮੁਹੰਮਦ ਅਸਮਤ ਤੇ ਲਾਲਾ ਜਗਦੀਸ਼ ਲਾਲ ਸੂਰਜਬੰਸੀ, ਇਹ ਚਾਰ ਆਦਮੀ ਹਰ ਪੰਦਰ੍ਹਵੇਂ ਵੀਹਵੇਂ ਦਿਨ ਕਦੀ ਮਾਹਿਲ, ਕਦੀ ਅਟਾਰੀ ਜਾਂ ਕਦੀ ਕੱਸ਼ੂਆਣੇ ਮਿਲਿਆ ਕਰਦੇ। ਕੱਸ਼ੂਆਣਾ, ਅਟਾਰੀ ਤੇ ਮਾਹਿਲ ਵਿਚਕਾਰ ਸਭ ਤੋਂ ਵਡਾ ਪਿੰਡ ਸੀ ਤੇ ਹਾਜੀ ਮੁਹੰਮਦ ਅਸਮਤ ਇਸ ਪਿੰਡ ਦਾ ਚੌਧਰੀ ਸੀ। ਜਗਦੀਸ਼ ਲਾਲ ਸੂਰਜਬੰਸੀ ਦਾ ਪਿੰਡ ਝੰਕ ਸੂਰਜੀ ਮਾਹਿਲ ਤੋਂ ਦੋ ਮੀਲ ਲਹਿੰਦੇ ਵਲ ਸੀ। ਇਹਨਾਂ ਮਰਦਾਂ ਦੀਆਂ ਬੈਠਕਾਂ ਵਿਚ ਹੋਰ ਵੀ ਕਈ ਆਦਮੀ ਸ਼ਾਮਲ ਹੁੰਦੇ ਜਿਨ੍ਹਾਂ ਵਿਚੋਂ ਯੁਵਕ ਅਜੀਤ ਸਿੰਘ ਦਾ ਨਾਂ ਵਿਸ਼ੇਸ਼ ਹੈ। ਜਦੋਂ ਕਦੀ ਵੀ ਚੂਹੜ ਸਿੰਘ ਘਰੋਂ ਨਿਕਲਦਾ ਅਜੀਤ ਵੀ ਆਪਣੀ ਨਿੱਕੀ ਘੋੜੀ, "ਗੌਰੀ" ਉੱਤੇ ਪਲਾਕੀ ਮਾਰਦਾ ਤੇ ਉਹਦੇ ਨਾਲ ਟੁਰ ਪੈਂਦਾ।

ਚੂਹੜ ਸਿੰਘ ਵੀ ਅਜੀਤ ਨੂੰ ਆਪਣੇ ਨੇੜੇ ਵੇਖ ਕੇ ਮਨ ਹੀ ਮਨ ਸੰਤੁਸ਼ਟ ਹੁੰਦਾ। ਅਜੀਤ ਉਹਦੀ ਇਕ ਆਤਮਕ ਭੁੱਖ ਪੂਰਨ ਕਰਦਾ। ਚੂਹੜ ਸਿੰਘ ਦੇ ਆਪਣੇ ਪੁੱਤਰਾਂ ਵਿਚੋਂ ਨਾ ਹੀ ਕੋਈ ਅਨੋਖਾ ਬੀਰ ਰਸੀ ਜਵਾਨ ਨਿਕਲਿਆ ਤੇ ਨਾ ਹੀ ਕੋਈ ਸਿੱਖੀ ਸਿਦਕ ਵਾਸਤੇ ਗ਼ੈਰ ਮਾਮੂਲੀ ਉਤਸ਼ਾਹ ਰਖਣ ਵਾਲੀ ਧਰਮੀ ਸ਼ਖਸੀਅਤ। ਹੁਣ ਤਕ ਉਹਦੇ ਤਿੰਨੇ ਦੇ ਤਿੰਨੇ ਪੁੱਤਰ ਵਿਆਹੇ ਗਏ ਸਨ, ਪੰਦਰਾਂ ਸਾਲ ਦਾ ਕਰਤਾਰ ਸਿੰਘ ਵੀ ਵਡੇ ਪੁੱਤਰ ਬਿਜੈ ਸਿੰਘ ਤੇ ਬਾਜ ਸਿੰਘ ਵਾਂਗ ਆਪਣੇ ਟੱਬਰਾਂ ਵਿਚ ਮਸਤ ਸੀ ਤੇ ਇਸ ਤੋਂ ਇਲਾਵਾ ਉਹ ਪਾਸਾ ਖੇਡਣ ਦਾ ਸ਼ੌਕੀਨ ਵੀ ਸੀ।

ਪਹਿਲੇ ਤਾਂ ਬਹੁਤ ਕਰ ਕੇ ਚੂਹੜ ਸਿੰਘ ਮੁਹਿੰਮਾਂ ਉੱਤੇ ਰਹਿੰਦਾ ਸੀ ਤੇ ਜਦੋਂ ਉਹ ਘਰ ਰਹਿਣ ਲਗਾ ਤਾਂ ਉਦੋਂ ਤਕ ਉਹਦੇ ਪੁੱਤਰਾਂ ਦੀਆਂ ਆਦਤਾਂ ਪੱਕ ਚੁਕੀਆਂ ਸਨ ਤੇ ਉਹਨਾਂ ਨੂੰ ਬਦਲਣਾ ਕਠਨ ਸੀ। ਜਦੋਂ ਟੱਬਰ ਸਾਂਝੇ ਹੋਣ ਤਾਂ ਪਿਓ ਆਪਣੇ ਪੁੱਤਰਾਂ ਦੇ ਨਕਾਰੇ ਹੋਣ ਉੱਤੇ ਬਹੁਤੇ ਤਰਲੇ ਮੱਛੀ ਨਹੀਂ ਹੁੰਦੇ। ਪਿਓ ਜਾਂ ਦਾਦਿਆਂ ਨੂੰ ਆਪਣੀ ਆਤਮਕ ਖੋਹ ਮਿਟਾਣ ਵਾਸਤੇ ਟੱਬਰ ਵਿਚੋਂ ਕੋਈ ਨਾ ਕੋਈ ਧੀ ਪੁੱਤਰ ਮਿਲ ਹੀ ਜਾਂਦਾ ਹੈ। ਮਾਹਿਲ ਪਿੰਡ ਵਿਚ ਰਹਿੰਦੇ ਇਹੋ ਜਿਹੇ ਪਿਓ ਦਾਦਿਆਂ ਦਾ ਅਜੀਤ ਵਡਾ ਚਹੇਤਾ ਸੀ।

ਅਜੀਤ ਇਸ ਯੁਵਕ ਆਯੂ ਵਿਚ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਤੇ ਥੋੜੀ ਥੋੜੀ ਸੰਸਕ੍ਰਿਤ ਵੀ ਸਿੱਖ ਚੁਕਾ ਸੀ। ਚੂਹੜ ਸਿੰਘ ਤੇ ਗੁਰਮੀਤ ਨੇ ਗੁਟਪਾਲ ਨਾਲੋਂ ਵੀ ਵਧ ਉਹਦੀ ਵਿਦਿਆ ਤੇ ਸਿਖਲਾਈ ਦਾ ਧਿਆਨ ਰਖਿਆ ਸੀ। ਅੰਮ੍ਰਿਤਸਰੋਂ ਇਕ ਉਚੇਚਾ ਉਸਤਾਦ ਸੰਸਕ੍ਰਿਤ ਵਾਸਤੇ ਮੰਗਵਾਇਆ ਗਿਆ ਤੇ ਲਾਹੌਰੋਂ ਅੰਗਰੇਜ਼ੀ ਲਈ ਉਸਤਾਦ ਪੰਡਤ ਸ਼ੰਕਰ ਪਿਛਲੇ ਦੋ ਸਾਲਾਂ ਤੋਂ ਮਾਹਿਲ ਸੀ ਤ ਉਹਦੇ ਕਹਿਣ ਅਨੁਸਾਰ ਅਜੀਤ ਕਈ ਅੰਗਰੇਜ਼ ਬੱਚਿਆਂ ਨਾਲੋਂ ਵੀ ਵਧ ਹੁਸ਼ਿਆਰ ਸੀ।

"ਮੈਂ ਝੂਠ ਨਹੀਂ ਕਹਿੰਦਾ।" ਉਹ ਆਖਦਾ : "ਲੁਧਿਆਣੇ ਮੈਂ ਕਈ ਅੰਗਰੇਜ਼ ਬੱਚੇ ਵੇਖੇ ਹਨ ਤੇ ਉਹਨਾਂ ਨਾਲ ਗੱਲਾਂ ਕੀਤੀਆਂ ਹਨ ਉਹ ਬੱਚੇ ਵੀ ਵਿਆਕਰਨ ਦੀਆਂ ਅਨੇਕ ਗ਼ਲਤੀਆਂ ਕਰਦੇ ਹਨ, ਪਰ ਅਜੀਤ ਤਾਂ ਇਸ ਤਰ੍ਹਾਂ ਇਹ ਜ਼ਬਾਨ ਸਿੱਖ ਰਿਹਾ ਹੈ ਜਿਵੇਂ ਇਸ ਵਲਾਇਤ ਹੀ ਜਾਣਾ ਹੋਵੇ।"

'ਪੰਡਤ ਜੀ, ਸਾਨੂੰ ਸਾਡਾ ਦੇਸ਼ ਹੀ ਚੰਗਾ ਹੈ", ਗੁਰਮੀਤ ਨੇ ਕਿਹਾ, "ਅਸੀਂ ਤਾਂ ਕਹਿੰਦੇ ਹਾਂ ਅੰਗਰੇਜ਼ ਆਪਣੇ ਵਤਨ ਮੁੜ ਜਾਣ ਤੇ ਉੱਥੇ ਘੁੱਘ ਵਸਣ। ਰੱਬ ਉਹਨਾਂ ਨੂੰ ਦੁਨੀਆਂ ਦੇ ਸਭ ਸੁਖ ਦੇਵੇ।"

Scanned by CamScanner

"ਬੀਬੀ ! ਇਹ ਤਾਂ ਤੇਰੇ ਵਚਨ ਠੀਕ ਹਨ, ਪਰ ਤੂੰ ਜਾਣਦੀ ਹੈਂ ਕਿ ਗੋਰੇ ਹੁਣ ਸਾਰੇ ਭਾਰਤ ਉੱਤੇ ਕਾਬਜ਼ ਹੋ ਗਏ ਹਨ ਤੇ ਹੁਣ ਉਹਨਾਂ ਨੂੰ ਕਢਣਾ ਔਖਾ ਹੈ ।"

"ਠੀਕ ਹੈ ਪੰਡਤ ਜੀ..."

ਗੁਰਮੀਤ ਆਖਦੀ ਤੇ ਚੁਪ ਕਰ ਰਹਿੰਦੀ । ਪਿੰਡ ਵਾਸੀਆਂ ਨੂੰ ਪੰਡਤ ਸ਼ੰਕਰ ਨਾਲ ਬਹੁਤੀਆਂ ਰਾਜਨੀਤਕ ਗੱਲਾਂ ਕਰਨ ਦੀ ਮਨਾਹੀ ਸੀ । ਪੰਡਤ ਸ਼ੰਕਰ ਦਸ ਸਾਲ ਲੁਧਿਆਣੇ ਰਿਹਾ ਸੀ ਤੇ ਗੋਰਿਆਂ ਦੀ ਲਿਆਕਤ ਤੋਂ ਅਤਿਅੰਤ ਪ੍ਰਭਾਵਿਤ ਹੋਇਆ ਸੀ । ਉਹ ਉਹਨਾਂ ਬੰਦਿਆਂ ਵਿਚੋਂ ਇਕ ਸੀ ਜਿਹੜੇ ਪਰਮਾਤਮਾ ਵਲੋਂ ਅੰਗਰੇਜ਼ਾਂ ਨੂੰ ਹਿੰਦੁਸਤਾਨ ਉੱਤੇ ਰਾਜ ਕਰਨ ਵਾਸਤੇ ਪੈਦਾ ਕੀਤੇ ਗਏ ਸਮਝਦੇ ਸਨ ਤੇ ਇਹੋ ਜਿਹੇ ਆਦਮੀਆਂ ਦੀ ਉਹਨਾਂ ਦਿਨਾਂ ਵਿਚ ਕੋਈ ਘਾਟ ਨਹੀਂ ਸੀ । ਬਾਕੀ ਦੇ ਦੇਸ਼ ਵਿਚ ਤਾਂ ਇਹੋ ਜਿਹੇ ਜ਼ਮੀਰ-ਵੇਚੂ ਤੇ ਟੌਡੀਆਂ ਦੀ ਭਰਮਾਰ ਹੋ ਚੁਕੀ ਸੀ, ਇਹ ਆਦਮੀ ਲਿਲੂਕੜੀਆਂ ਲੈਂਦੇ, ਨੌਕਰੀਆਂ ਮੰਗਦੇ ਤੇ ਜੇ ਅੰਗਰੇਜ ਇਹਨਾਂ ਨੂੰ ਅੰਗਰੇਜ਼ੀ ਵਿਚ ਗਾਲ੍ਹ ਵੀ ਕੱਢ ਦੇਂਦਾ ਤਾਂ ਇਹ 'ਜੀ ਹਜ਼ੂਰ ਜੀ ਹਜ਼ੂਰ' ਕਰ ਕੇ ਉਹਦੇ ਪੈਰ ਚੁੰਮਣ ਨੂੰ ਵਧਦੇ ।

ਇਹੋ ਜਿਹਾ ਆਦਮੀ ਮਾਹਿਲਾਂ ਨੇ ਅਜੀਤ ਦੀ ਪੜ੍ਹਾਈ ਵਾਸਤੇ ਕਿਉਂ ਰਖਿਆ ? ਇਸ ਲਈ ਕਿ ਹੋਰ ਕੋਈ ਅੰਗਰੇਜ਼ੀ ਪੜ੍ਹਿਆ ਲਿਖਿਆ ਆਦਮੀ ਮਾਹਿਲ ਆਉਣ ਵਾਸਤੇ ਤਿਆਰ ਨਹੀਂ ਸੀ । ਇਕ ਤਾਂ ਉਂਜ ਹੀ ਅੰਗਰੇਜ਼ੀ ਜਾਣਦੇ ਆਦਮੀ ਗੋਣਵੇਂ ਸਨ ਤੇ ਦੂਜਾ ਉਹਨਾਂ ਵਿਚੋਂ ਕੋਈ ਮਾਹਿਲ ਆਉਣ ਦੀ ਹਿੰਮਤ ਨਹੀਂ ਸੀ ਕਰਦਾ । ਲਾਹੌਰ ਦਰਬਾਰ ਦੀ ਮਾਹਿਲਾਂ ਉੱਤੇ ਕਰੋਪੀ ਤੋਂ ਸਭ ਡਰਦੇ ਸਨ । ਪੰਡਤ ਸ਼ੰਕਰ ਆਇਆ ਕਿਉਂਕਿ ਉਹਦੇ ਉੱਤੇ ਅੰਗਰੇਜ਼ਾਂ ਨੂੰ ਬਿਨਾਂ ਕਿਸੇ ਕਸੂਰ ਤੋਂ ਸ਼ੱਕ ਹੋ ਗਿਆ ਸੀ । ਕਿਸੇ ਨੇ ਚੁਗਲੀ ਖਾਧੀ ਕਿ ਉਹ ਲੁਧਿਆਣੇ ਛਾਉਣੀ ਦੀਆਂ ਖ਼ਬਰਾਂ ਲਾਹੌਰ ਭੇਜ ਰਿਹਾ ਹੈ । ਬਸ ਅੰਗਰੇਜ਼ਾਂ ਨੇ ਝਟ ਕਢ ਦਿਤਾ । ਲਾਹੌਰ ਦਰਬਾਰ ਨੇ ਨੌਕਰੀ ਨਾ ਦਿਤੀ ਕਿਉਂ ਜੋ ਉਹ ਸਮਝਦੇ ਸਨ ਕਿ ਉਹ ਅੰਗਰੇਜ਼ਾਂ ਦਾ ਸੂਹਾ ਹੈ ਸੋ ਪੰਡਤ ਸ਼ੰਕਰ ਆਪਣੀ ਵਫ਼ਾਦਾਰੀ ਤੇ ਜੀ-ਹਜ਼ੂਰੀ ਦੇ ਬਾਵਜੂਦ ਵੀ ਨਾ ਏਧਰ ਦਾ ਰਿਹਾ ਨਾ ਉਧਰ ਦਾ । ਜਦੋਂ ਮਾਹਿਲਾਂ ਨੇ ਨੌਕਰੀ ਪੇਸ਼ ਕੀਤੀ ਤਾਂ ਉਹ ਦੌੜਦਾ ਆਇਆ, ਪਰ ਮਾਹਿਲਾਂ ਵਰਗੇ ਟੱਬਰ ਵਿਚ ਰਹਿ ਕੇ ਵੀ ਉਹਦੇ ਮਨੋਂ ਗੋਰਿਆਂ ਦਾ ਡਰ ਨਾ ਗਿਆ ।

ਇਥੋਂ ਤਕ ਕਿ ਉਹ, ਜਦੋਂ ਵੀ ਅਵਸਰ ਬਣਦਾ, ਕਿਸੇ ਨਾ ਕਿਸੇ ਤਰ੍ਹਾਂ ਅੰਗਰੇਜ਼ਾਂ ਤਕ ਸੁਨੇਹੇ ਪਹੁੰਚਾਂਦਾ ਕਿ ਉਹ ਉਹਨਾਂ ਦਾ ਪੱਕਾ ਵਫ਼ਾਦਾਰ ਹੈ ਤੇ ਬਸ ਉਹਨਾਂ ਦੇ ਹੁਕਮ ਦੀ ਹੀ ਉਡੀਕ ਹੈ ਉਹਨੂੰ । ਉਹ ਢਿੱਡ ਭਰਨੇ ਰਿੜ੍ਹ ਕੇ ਆਵੇਗਾ । ਕਹਿੰਦੇ ਸਨ ਕਿ ਉਹਨੇ ਇਕ ਲੰਮੀ ਚਿੱਠੀ ਧੁਰ ਗਵਰਨਰ ਜਨਰਲ ਨੂੰ ਵੀ ਲਿਖੀ ਸੀ ਤੇ ਇਕ ਲੰਡਨ ਵਿਚ ਈਸਟ ਇੰਡੀਆ ਕੰਪਨੀ ਦੇ ਵਡੇ ਦਫਤਰ ਨੂੰ ਵੀ । ਪਰ ਅਜੇ ਤਕ ਇਹਨੂੰ ਕਿਤੋਂ ਵੀ ਉੱਤਰ ਨਹੀਂ ਸੀ ਆਇਆ ਤੇ ਨਾ ਹੀ ਉਹਨੂੰ ਨੌਕਰੀ ਉੱਤੇ ਬਹਾਲ ਕੀਤਾ ਗਿਆ ਸੀ ।

ਮਾਹਿਲਾਂ ਨੇ ਉਹਨੂੰ ਤਿੰਨ ਸਾਲ ਵਾਸਤੇ ਨੌਕਰ ਰਖਿਆ ਸੀ ਤੇ ਹੁਣ ਦੋ ਸਾਲ ਬੀਤ ਗਏ ਸਨ । ਪੰਡਤ ਸ਼ੰਕਰ ਚਿੰਤਾਤੁਰ ਸੀ ਕਿ ਇਕ ਸਾਲ ਪਿਛੋਂ ਕੀ ਹੋਵੇਗਾ । ਮਾਹਿਲ ਤੇ ਪਿੰਡ ਦੇ ਬਾਕੀ ਲੋਕ ਪੰਡਤ ਉੱਤੇ ਹੱਸਦੇ, ਪਰ ਉਹਨੂੰ ਕਿਸੇ ਦਾ ਹਾਸਾ ਨਾ ਪੋਂਹਦਾ । ਉਹ ਆਪਣੀ ਧੁੰਨ ਵਿਚ ਮਸਤ ਰਹਿੰਦਾ ।

ਜਿਹੜਾ ਸਭ ਤੋਂ ਵਧ ਪੰਡਤ ਸ਼ੰਕਰ ਨਾਲ ਬੇਸਬਰ ਹੁੰਦਾ ਉਹ ਆਪ ਅਜੀਤ ਹੀ ਸੀ । ਅੰਗਰੇਜ਼ਾਂ ਦਾ ਖ਼ੈਰਖਾਹ ਪੰਡਤ ਉਹਨੂੰ ਵੱਢਿਆਂ ਨਾ ਭਾਂਦਾ । ਉਹ ਨਿੱਤ ਆਖਦਾ ਕਿ ਹੁਣ ਉਸ ਕਾਫ਼ੀ ਅੰਗਰੇਜ਼ੀ ਸਿੱਖ ਲਈ ਹੈ, ਸੋ ਪੰਡਤ ਜੀ ਨੂੰ ਵਾਪਿਸ ਭੇਜ ਦਿਤਾ ਜਾਵੇ । ਪੰਡਤ ਤੋਂ ਖਿੱਝਦਿਆਂ ਹੀ ਸ਼ਾਇਦ ਉਸ ਪੂਰੇ ਦਿਲ ਤੇ ਅਤਿਅੰਤ ਮਿਹਨਤ ਨਾਲ ਅੰਗਰੇਜ਼ੀ ਸਿਖੀ ਸੀ । ਕਦੋਂ ਉਹ ਪੜ੍ਹਾਈ ਮੁਕੇ ਤੇ ਕਦੋਂ ਉਹਦੀ ਬੰਦ ਖ਼ਲਾਸ ਹੋਵੇ । ਪਰ ਗੁਰਮੀਤ ਨਾ ਮੰਨਦੀ । ਉਹਨੂੰ ਹਰਪਾਲ ਦੀ ਯਾਦ ਆਉਂਦੀ, ਜਿਸ ਅਨੁਸਾਰ ਉਹ ਅਜੀਤ ਨੂੰ ਅੰਗਰੇਜ਼ੀ ਤੇ ਸੰਸਕ੍ਰਿਤ ਦਾ ਵਿਦਵਾਨ ਵੇਖਣਾ ਚਾਹੁੰਦੀ । ਉਹ ਕਹਿੰਦੀ: "ਬੇਟਾ ! ਇਕ ਵਰ੍ਹਾ ਹੋਰ । ਜਿੰਨੀ ਅੰਗਰੇਜ਼ੀ ਤੂੰ ਸਿਖੀ ਹੈ, ਇਹ ਤਾਂ ਕੁਝ ਦਿਨਾਂ ਵਿਚ ਹੀ ਭੁਲ ਜਾਵੇਗੀ ।"

ਚੂਹੜ ਸਿੰਘ, ਅਜੀਤ ਸਿੰਘ ਨਾਲ ਯੁੱਧ ਕਲਾ ਬਾਰੇ ਵੀ ਗੱਲਾਂ ਕਰਦਾ ਤੇ ਯੁਵਕ ਅਜੀਤ ਦੀ ਦਿਮਾਗ਼ੀ ਪਕੜ ਉੱਤੇ ਹੈਰਾਨ ਹੁੰਦਾ । ਉਹ ਮਹਿਸੂਸ ਕਰਦਾ ਕਿ ਜਿਹੜੀਆਂ ਰਮਜ਼ਾਂ ਤੇ ਚਾਲਾਂ ਉਸ ਵਰ੍ਹਿਆਂ ਦੀ ਮਿਹਨਤ ਤੇ ਤਜਰਬੇ ਪਿਛੋਂ ਸਿਖੀਆਂ ਸਨ, ਉਹ ਰਮਜ਼ਾਂ ਅਜੀਤ ਤੇ ਧੁਦੋਂ ਹੀ ਜਾਣਦਾ ਹੈ । ਆਪਣੇ ਪੜਦਾਦੇ ਜਾਂਬਾਜ਼ ਸਿੰਘ ਦੀਆਂ ਚੂਹੜ ਸਿੰਘ ਨੇ

Scanned by CamScanner

ਆਪਣੇ ਪਿਤਾ ਦਲੇਰ ਸਿੰਘ ਕੋਲੋਂ ਉਹਦੇ ਬਚਪਨ ਬਾਰੇ ਸੁਣਿਆ ਹੋਇਆ ਸੀ। ਛੋਟੀ ਉਮਰ ਵਿਚ ਹੀ, ਕਹਿੰਦੇ ਹਨ, ਦਲੇਰ ਸਿੰਘ ਬੜਾ ਚੜ੍ਹਤ ਤੇ ਫੁਰਤੀਲਾ ਹੁੰਦਾ ਸੀ। ਅੱਠ ਕਿ ਨੌਂ ਸਾਲ ਦੀ ਉਮਰ ਵਿਚ ਹੀ ਉਹ ਆਪਣੇ ਬਾਬੇ ਜਾਂ ਬਾਪੂ ਨਾਲ ਲੜਾਈ ਉੱਤੇ ਗਿਆ। ਐਡੀ ਉਮਰ ਵਿਚ ਕਿ ਸ਼ਾਇਦ ਇਸ ਤੋਂ ਵੀ ਪਹਿਲੇ! ਦਲੇਰ ਸਿੰਘ ਨੂੰ ਉਸ ਸਮੇਂ ਦੇ ਸਭ ਪ੍ਰਸਿੱਧ ਆਦਮੀਆਂ ਦੇ ਪਿਆਰ ਦਾ ਸੁਭਾਗ ਪ੍ਰਾਪਤ ਹੋਇਆ, ਜਿਵੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਤੇ ਸਰਦਾਰ ਲਹਿਣਾ ਸਿੰਘ ਭੰਗੀ। ਅੱਜ ਅਜੀਤ ਸਿੰਘ ਨੂੰ ਵੀ ਪੰਥ ਦੇ ਕਈ ਸਿਰਕੱਢ ਜਿਵੇਂ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਚਤਰ ਸਿੰਘ ਅਟਾਰੀਵਾਲਾ ਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਪਿਆਰ ਕਰਦੇ ਸਨ। ਚੂਹੜ ਸਿੰਘ ਨੂੰ ਲਗਦਾ ਕਿ ਇਕ ਦਿਨ ਅਜੀਤ ਸਿੰਘ ਵੀ ਉਹਦੇ ਪਿਤਾ ਵਾਂਗ ਮਹਾਨ ਸ਼ਖ਼ਸੀਅਤ ਬਣੇਗਾ, ਪਰ...ਪਰ ਕਦੀ ਕਦੀ ਉਹ ਉਦਾਸ ਹੋ ਜਾਂਦਾ, "ਪਤਾ ਨਹੀਂ ਇਹੋ ਜਿਹੇ ਸਮਿਆਂ ਵਿਚ ਕੋਈ ਆਦਮੀ ਮਹਾਨ ਬਣ ਵੀ ਸਕਦਾ ਹੈ ਕਿ ਨਹੀਂ? ਇਸ ਗੋਰੇਸ਼ਾਹੀ ਵਿਚ ਕੌਣ ਕਿਥੇ ਤਕ ਪੁਜੇਗਾ!"

ਜਦੋਂ ਚੂਹੜ ਸਿੰਘ, ਸ਼ਾਮ ਸਿੰਘ, ਮੁਹੰਮਦ ਅਸਮਤ ਤੇ ਜਗਦੀਸ਼ ਲਾਲ ਇਕੱਠੇ ਹੁੰਦੇ ਤਾਂ ਗੱਲਾਂ ਗੱਲਾਂ ਵਿਚ ਉਹ ਅਜੀਤ ਬਾਰੇ ਵੀ ਗੱਲਾਂ ਕਰਦੇ। ਅੰਗਰੇਜ਼ੀ ਤੇ ਸੰਸਕ੍ਰਿਤ ਵਿਚ ਉਹਦੀ ਮਹਾਰਤ ਨੂੰ ਸਲਾਹੁੰਦੇ। ਇਸ ਉਮਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਸਾਨ ਨਹੀਂ ਹੁੰਦਾ, ਪਰ ਅਜੀਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰ ਲੈਂਦਾ ਸੀ। ਉਹ ਤਕੜਾ ਵੀ ਅੰਤ ਦਾ ਸੀ। ਵਡੀ ਕ੍ਰਿਪਾਨ ਤੋਂ ਬਗੈਰ ਉਹ ਕਦੀ ਬਾਹਰ ਨਾ ਨਿਕਲਦਾ ਤੇ ਇਹੋ ਜਿਹੇ ਗੁਣਾਂ ਦੇ ਬਾਵਜੂਦ ਵੀ ਉਹ ਆਪਣੇ ਹਮ-ਉਮਰਾਂ ਵਿਚ ਸਤਿਕਾਰਿਆ ਜਾਂਦਾ। ਆਮ ਕਰ ਕੇ ਬਹੁਤ ਹੀ ਸਿਆਣੇ ਬੱਚਿਆਂ ਨਾਲ ਦੂਜੇ ਬੱਚੇ ਈਰਖਾ ਕਰਦੇ ਹਨ, ਪਰ ਅਜੀਤ ਦੀ ਆਂਧੀ ਹੋਰ ਕੋਈ ਮੰਨ ਲੈਂਦਾ। ਮਾਹਿਲ ਤੇ ਅਟਾਰੀ ਦੀਆਂ ਪੱਤੀਆਂ ਵਿਚ ਅੰਗਰੇਜ਼ਾਂ ਦੇ ਵਿਰੁਧ ਪਸਰਿਆ ਬਹੁਤ ਸਾਰਾ ਜਜ਼ਬਾ ਅਜੀਤ ਸਿੰਘ ਦੀ ਹੀ ਉਪਜ ਸੀ। ਜਿਉਂ ਜਿਉਂ ਉਹ ਅੰਗਰੇਜ਼ੀ ਵਧ ਸਿਖਦਾ ਜਾਂਦਾ, ਉਹ ਅੰਗਰੇਜ਼ਾਂ ਦੇ ਵਧ ਬਰਖ਼ਿਲਾਫ਼ ਹੁੰਦਾ ਜਾਂਦਾ।

ਅਜੀਤ ਨੂੰ ਜਾਣਨ ਵਾਲੇ ਸਾਰੇ ਵਡੇਰੀ ਉਮਰ ਦੇ ਆਦਮੀ ਮਹਿਸੂਸ ਕਰਦੇ ਕਿ ਗੋਰਿਆਂ ਨਾਲ ਹੋਈ ਜੰਗ ਦੀ ਸੂਰਤ ਵਿਚ ਅਜੀਤ ਨੂੰ ਰੋਕਿਆ ਨਹੀਂ ਜਾ ਸਕੇਗਾ।

ਅਜੀਤ ਆਪਣੇ ਬਜ਼ੁਰਗਾਂ ਦੀਆਂ ਗੱਲਾਂ ਬੜਾ ਧਿਆਨ ਦੇ ਕੇ ਸੁਣਦਾ। ਹੁਣ ਤਕ ਉਹਨੂੰ ਮਾਹਿਲ ਘਰਾਣੇ ਦੇ ਇਤਿਹਾਸ ਤੇ ਲਾਹੌਰ ਵਿਚ ਪਿਛਲੇ ਛੇਆਂ ਸੱਤਾਂ ਸਾਲਾਂ ਤੋਂ ਹੋ ਰਹੀਆਂ ਘਟਨਾਵਾਂ ਦੀ ਪੂਰੀ ਸੋਝੀ ਸੀ। ਘਰੇਲੂ ਹਾਲਾਤਾਂ ਤੋਂ ਉਪਰੰਤ ਇਹ ਲੋਕ ਗੱਲਾਂ ਕਰਦੇ ਸਨ, ਅੰਗਰੇਜ਼ਾਂ ਦੀਆਂ ਤੇ ਉਹਨਾਂ ਦੀਆਂ ਵਧ ਰਹੀਆਂ ਸਰਗਰਮੀਆਂ ਦੀਆਂ ਤੇ ਅਜੀਤ ਨੂੰ ਲਗਦਾ ਕਿ ਉਹ ਅੰਗਰੇਜ਼ਾਂ ਦੀਆਂ ਰਾਜਨੀਤਕ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ।

ਉਹਨੇ ਆਪਣੇ ਬਾਬਾ ਚੂਹੜ ਸਿੰਘ ਤੇ ਸ਼ਾਮ ਸਿੰਘ ਨੂੰ ਫ਼ੀਰੋਜ਼ਪੁਰ ਬਾਰੇ ਗੱਲਾਂ ਕਰਦੇ ਸੁਣਿਆ ਸੀ। ਫ਼ੀਰੋਜ਼ਪੁਰ ਸ਼ੁਰੂ ਤੋਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਲਤਨੱਤ ਦਾ ਭਾਗ ਰਿਹਾ ਸੀ। ੧੮੦੯ ਦੀ ਸੰਧੀ ਅਨੁਸਾਰ ਵੀ ਸਿਖਾਂ ਦਾ ਸਭ ਉਹ ਇਲਾਕਾ, ਜਿਹੜਾ ਕਿ ਉਸ ਵੇਲੇ ਸਤਲੁਜੋਂ ਪਾਰ ਉਹਨਾਂ ਦੇ ਮਾਤਹਿਤ ਸੀ, ਅਸਥਾਈ ਤੌਰ ਤੇ ਉਹਨਾਂ ਦਾ ਹੀ ਮਿਥਿਆ ਗਿਆ। ਪਰ ਸਰਦਾਰਨੀ ਲਛਮਣ ਕੌਰ ਦੇ ਬੇ-ਔਲਾਦ ਮਰਨ ਉੱਤੇ ਅੰਗਰੇਜ਼ਾਂ ਨੇ ਫ਼ੀਰੋਜ਼ਪੁਰ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਉਸ ਵੇਲੇ ਜ਼ਿੰਦਾ ਸੀ, ਪਰ ਪਿਸ਼ਾਵਰ ਤੇ ਖ਼ੈਬਰ ਦੀਆਂ ਮੁਹਿੰਮਾਂ ਵਿਚ ਰੁਝਿਆ ਹੋਣ ਕਰ ਕੇ ਉਸ ਇਸ ਪਾਸੇ ਵਲ ਬਹੁਤ ਧਿਆਨ ਨਹੀਂ ਦਿਤਾ। ਜਦੋਂ ਉਸ ਏਧਰ ਧਿਆਨ ਦਿਤਾ ਤਾਂ ਉਹਦੀ ਬੀਮਾਰੀ ਵਧ ਚੁਕੀ ਸੀ। ਫ਼ੀਰੋਜ਼ਪੁਰ ਅੰਗਰੇਜ਼ਾਂ ਦਾ ਹੀ ਰਿਹਾ। ਫ਼ੀਰੋਜ਼ਪੁਰ ਅੰਗਰੇਜ਼ਾਂ ਦਾ ਰਿਹਾ, ਇਸ ਲਈ ਨਹੀਂ ਕਿ ਇਹਦੇ ਉੱਤੇ ਉਹਨਾਂ ਦਾ ਕੋਈ ਜਾਇਜ਼ ਹੱਕ ਸੀ, ਪਰ ਇਸ ਲਈ ਕਿ ਇਹ ਸ਼ਹਿਰ ਲਾਹੌਰ ਤੋਂ ਸਿਰਫ਼ ਚਾਲ੍ਹੀ ਮੀਲ ਦੂਰ ਸੀ, ਇਹਦੇ ਤੇ ਲਾਹੌਰ ਵਿਚਕਾਰ ਸਿਰਫ਼ ਇਕ ਹੀ ਦਰਿਆ ਸੀ ਤੇ ਉਹ ਦਰਿਆ ਵੀ ਸਾਲ ਵਿਚੋਂ ਛੇ ਮਹੀਨੇ ਬਿਨਾਂ ਕਿਸੇ ਮੁਸ਼ਕਲ ਦੇ ਪਾਰ ਕੀਤਾ ਜਾ ਸਕਦਾ ਸੀ, ਕਿ ਏਥੇ ਇਕ ਚੰਗੀ ਛਾਉਨੀ ਸੀ, ਜਿਹਦੇ ਵਿਚ ਬਹੁਤ ਸਾਰੀ ਅੰਗਰੇਜ਼ੀ ਸੈਨਾ ਇਕੱਠੀ ਕੀਤੀ ਜਾ ਸਕਦੀ ਸੀ। ਅੰਗਰੇਜ਼ ਫ਼ੀਰੋਜ਼ਪੁਰ ਆ ਕੇ ਡੱਟ ਗਏ, ਤਾਂ ਜੋ ਮੌਕਾ ਬਣਦਿਆਂ ਹੀ ਉਹ ਲਾਹੌਰ ਉੱਤੇ ਝਪਟ ਪੈਣ।

ਫਿਰ ਇਕ ਘਟਨਾ ਵਾਪਰੀ, ਸੁਚੇਤ ਸਿੰਘ ਦੇ ਖ਼ਜ਼ਾਨੇ ਦੀ। ਰਾਜਾ ਧਿਆਨ ਸਿੰਘ ਦੇ ਭਰਾ ਰਾਜਾ ਸੁਚੇਤ ਸਿੰਘ

Scanned by CamScanner

ਨੇ ਕੋਈ ਪੰਦਰਾਂ ਕੁ ਲੱਖ ਦਾ ਸੋਨਾ ਚੋਰੀ ਛਪੀ ਫ਼ੀਰੋਜ਼ਪੁਰ ਵਿਚ ਇਕੱਠਾ ਕੀਤਾ ਹੋਇਆ ਸੀ। ਉਹਦੀ ਮੌਤ ਪਿਛੋਂ ਲਾਹੌਰ ਸਰਕਾਰ ਨੇ ਇਸ ਸੋਨੇ ਉੱਤੇ ਆਪਣਾ ਹੱਕ ਦਸਿਆ, ਪਰ ਅੰਗਰੇਜ਼ਾਂ ਨੇ ਇਹ ਰਿਜ਼ਕ ਵਾਪਸ ਕਰਨ ਤੋਂ ਇਨਕਾਰ ਕਰ ਦਿਤਾ। ਇਸ ਗੱਲ ਉੱਤੇ ਪੰਜਾਬੀਆਂ ਨੂੰ ਬੜਾ ਰੋਸ ਹੋਇਆ। ਹਰ ਅਨਪੜ੍ਹ ਤੇ ਮੂੜ੍ਹ ਆਦਮੀ ਵਾਸਤੇ ਵੀ ਇਹ ਸਮਝਣਾ ਔਖਾ ਨਹੀਂ ਸੀ ਕਿ ਇਹ ਸਰਾਸਰ ਅੰਗਰੇਜ਼ਾਂ ਦੀ ਵਧੀਕੀ ਹੈ। ਲਾਹੌਰ ਦਰਬਾਰ ਤੇ ਅੰਗਰੇਜ਼ੀ ਰਾਜ ਦੋ ਭਿੰਨ ਭਿੰਨ ਸਲਤਨੱਤਾਂ ਸਨ। ਦੋਹਾਂ ਵਿਚਕਾਰ ਉਨ੍ਹੀਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਸੰਧੀਆਂ ਹੁੰਦੀਆਂ ਆਈਆਂ ਸਨ। ਮਹਾਰਾਜਾ ਰਣਜੀਤ ਸਿੰਘ ਤੇ ਗਵਰਨਰ ਜਨਰਲ ਹਮੇਸ਼ਾਂ ਇਕ ਦੂਜੇ ਨੂੰ ਦੋ ਆਜ਼ਾਦ ਹੁਕਮਰਾਨਾਂ ਦੇ ਤੌਰ ਉੱਤੇ ਮਿਲਦੇ ਆਏ ਸਨ। ੧੮੪੨ ਵਿਚ ਗਵਰਨਰ ਜਨਰਲ ਲਾਰਡ ਐਲਨਬਰੋ ਤੇ ਸ਼ਹਿਜ਼ਾਦਾ ਪ੍ਰਤਾਪ ਸਿੰਘ ਦੀ ਮੁਲਾਕਾਤ ਵੀ ਇਹਨਾਂ ਆਜ਼ਾਦ ਰਿਸ਼ਤਿਆਂ ਨੂੰ ਹੀ ਮੁਖ ਰਖ ਕੇ ਹੋਈ ਸੀ ਤੇ ਅੱਜ ਇਕ ਹਕੂਮਤ ਦੇ ਬਾਗ਼ੀ ਦੇ ਸਰਮਾਏ ਉੱਤੇ ਦੂਜੀ ਹਕੂਮਤ ਕਬਜ਼ਾ ਜਮਾ ਰਹੀ ਸੀ। ਇਹ ਲੜਾਈ ਵਾਸਤੇ ਮੰਗ ਨਹੀਂ, ਤਾਂ ਹੋਰ ਕੀ ਹੈ ? ਜਨਤਾ ਨੇ ਪੁਛਿਆ !

ਸਿੰਧ ਦਾ ਮੁਆਮਲਾ ਇਕ ਹੋਰ ਮੁਆਮਲਾ ਸੀ, ਜਿਹੜਾ ਹਰ ਪੰਜਾਬੀ ਦੇ ਦਿਲ ਵਿਚ ਖਟਕਦਾ। ਪਿਛਲੇ ਲਗ ਭਗ ਵੀਹਾਂ ਸਾਲਾਂ ਤੋਂ ਇਹ ਮੁਆਮਲਾ ਲਾਹੌਰ ਦਰਬਾਰ ਤੇ ਅੰਗਰੇਜ਼ਾਂ ਵਿਚਕਾਰ ਖਿਚੋਤਾਣ ਦਾ ਕਾਰਨ ਸੀ। ਠੀਕ, ਰਣਜੀਤ ਸਿੰਘ ਦੇ ਦਿਲ ਵਿਚ ਸਾਗਰ ਤਕ ਪਹੁੰਚਣ ਦੀ ਚਾਹ ਸੀ, ਜਿਸ ਰਾਹੀਂ ਕਿ ਉਹ ਬਾਹਰਲੀ ਦੁਨੀਆਂ ਨਾਲ ਮੇਲ ਮਿਲਾਪ ਰਖ ਸਕੇ, ਪਰ ਕੀ ਇਹ ਚਾਹ ਰਖਣ ਦਾ ਉਹਨੂੰ ਹੱਕ ਨਹੀਂ ਸੀ ? ਜਦੋਂ ਇਹ ਬਦੇਸ਼ੀ ਕੌਮ ਮਾਰੋ ਮਾਰ ਕਰਦੀ ਹਿੰਦੁਸਤਾਨ ਦੇ ਹਰ ਕੋਨੇ ਉੱਤੇ ਕਬਜ਼ਾ ਕਰਦੀ ਜਾ ਰਹੀ ਸੀ, ਤਾਂ ਕੀ ਹਿੰਦੁਸਤਾਨ ਦੇ ਹੀ ਇਕ ਮਹਾਰਾਜੇ ਨੂੰ ਆਪਣੀ ਸਲਤਨੱਤ ਵਧਾਣ ਦਾ ਕੋਈ ਹੱਕ ਨਹੀਂ ਸੀ ? ਪਰ ਅੰਗਰੇਜ਼ ਕਹਿੰਦੇ ਸਨ ਕਿ ਉਹ ਸਿੰਧ ਵਿਚ ਤਿਜਾਰਤ ਕਰਨਾ ਚਾਹੁੰਦੇ ਹਨ, ਜਿਵੇਂ ਕਿ, ਜੇ ਸਿੰਧ ਰਣਜੀਤ ਸਿੰਘ ਦੇ ਕਬਜ਼ੇ ਵਿਚ ਹੋਵੇ, ਤਾਂ ਸਿੰਧ ਨਾਲ ਤਿਜਾਰਤ ਨਹੀਂ ਹੋ ਸਕਦੀ। ਪਰ ਹਰ ਹਾਲਤ ਵਿਚ ਸਿੰਧ ਨਾਲ ਕਿਸੇ ਕਿਸਮ ਦੀ ਤਿਜਾਰਤ ਨਹੀਂ ਸੀ ਹੋ ਸਕਦੀ। ਕੀ ਤਿਜਾਰਤ ਰੇਤ ਨਾਲ ਹੋਣੀ ਸੀ ? ਉਹਨਾਂ ਦਿਨਾਂ ਵਿਚ ਸਿੰਧ ਅੰਦਰ ਕਈ ਹੋਰ ਮਧ ਏਸ਼ੀਆ ਦੇ ਮੁਲਕਾਂ ਵਾਂਗ ਰੇਤ ਤੇ ਬਾਂਝ ਧਰਤੀ ਦੇ ਬਗ਼ੈਰ ਹੋਰ ਕੁਝ ਨਹੀਂ ਸੀ ਹੁੰਦਾ। ਪ੍ਰਤੱਖ ਸੀ ਕਿ ਤਜਾਰਤ ਇਕ ਬਹਾਨਾ ਹੈ। ਅਸਲ ਵਿਚ ਅੰਗਰੇਜ਼, ਮਹਾਰਾਜਾ ਰਣਜੀਤ ਸਿੰਘ ਨੂੰ ਸਿੰਧ ਤੇ ਸਿੰਧ ਵਿਚੋਂ ਸਾਗਰ-ਲੀਹ ਤਕ ਪਹੁੰਚਣ ਨਹੀਂ ਸਨ ਦੇਣਾ ਚਾਹੁੰਦੇ।

ਅਕਤੂਬਰ, ੧੮੩੧ ਵਿਚ ਜਦੋਂ ਰੋਪੜ ਅੰਦਰ ਗਵਰਨਰ ਜਨਰਲ ਤੇ ਮਹਾਰਾਜਾ ਰਣਜੀਤ ਸਿੰਘ ਦੀ ਮੁਲਾਕਾਤ ਹੋ ਰਹੀ ਸੀ ਤੇ ਸਿੰਧ ਬਾਰੇ ਵੀ ਗੱਲ ਬਾਤ ਹੋਈ ਸੀ, ਤਾਂ ਉਧਰ ਕਰਨਲ ਪੌਟਿੰਗਰ ਸਿੰਧ ਦੇ ਬੇਕੱਸ ਅਮੀਰਾਂ ਨੂੰ ਦਬਾ ਰਿਹਾ ਸੀ।

ਰਣਜੀਤ ਸਿੰਘ ਸਿੰਧ ਨੂੰ ਉੱਥੇ ਦੇ ਅਮੀਰਾਂ ਦੇ ਹੱਥ ਵਿਚ ਵੀ ਵੇਖ ਕੇ ਖ਼ੁਸ਼ ਹੁੰਦਾ। ਉਹ ਤਾਂ ਵੀ ਮਹਿਸੂਸ ਨਾ ਕਰਦਾ, ਜੇ ਅੰਗਰੇਜ਼ ਸਿੰਧ ਨੂੰ ਜਿਵੇਂ ਉਹ ਕਹਿੰਦੇ ਸਨ, ਵਪਾਰ ਵਾਸਤੇ ਵਰਤਦੇ, ਪਰ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਦੀ ਨੀਤੀ ਉੱਤੇ ਸ਼ਕ ਸੀ। ਉਹ ਵੇਖ ਰਿਹਾ ਸੀ ਕਿ ਅੰਗਰੇਜ਼ ਪੰਜਾਬ ਨੂੰ ਇਕ ਤਰ੍ਹਾਂ ਨਾਲ ਘੇਰ ਰਹੇ ਹਨ। ਇਕ ਪਾਸੇ ਅਫ਼ਗਾਨਿਸਤਾਨ ਵਿਚ ਉਹ ਆਪਣੀ ਕੋਈ ਕਠਪੁਤਲੀ ਤਖ਼ਤ ਉੱਤੇ ਬਿਰਾਜਮਾਨ ਵੇਖਣਾ ਚਾਹੁੰਦੇ ਸਨ ਤੇ ਦੂਜੇ ਪਾਸੇ ਸਿੰਧ ਵਲੋਂ ਵੀ ਉਹ ਪੰਜਾਬ ਨੂੰ ਘੇਰਨਾ ਚਾਹੁੰਦੇ ਸਨ।

ਲਾਹੌਰ ਵਿਚ ਰਣਜੀਤ ਸਿੰਘ ਦੀ ਮੌਤ ਪਿਛੋਂ ਅਨੇਕ ਰਾਜ ਤਬਦੀਲ ਹੋਏ। ਰਾਜੇ ਬਣੇ ਤੇ ਕਤਲ ਹੋਏ। ਵਜ਼ੀਰ ਬਣੇ ਤੇ ਡਿੱਗੇ, ਪਰ ਤਾਂ ਵੀ ਹਰ ਰਾਜੇ ਤੇ ਹਰ ਵਜ਼ੀਰ ਨੇ ਅੰਗਰੇਜ਼ਾਂ ਨਾਲ ਪਏ ਸੰਬੰਧਾਂ ਵਲ ਚੌਖਾ ਧਿਆਨ ਦਿਤਾ ਤੇ ਉਹਨਾਂ ਰਣਜੀਤ ਸਿੰਘ ਦੀ ਚਲਾਈ ਦੋਸਤੀ ਦੀ ਲੀਹ ਨੂੰ ਕਾਇਮ ਰਖਿਆ। ਸਿਵਾਏ ਗੁਲਾਬ ਸਿੰਘ ਦੇ ਕਿਸੇ ਨੇ, ਦੂਜੇ ਹੱਥ, ਅੰਗਰੇਜ਼ਾਂ ਨਾਲ ਗੰਢ ਤੁਪ ਵੀ ਨਹੀਂ ਕੀਤੀ ਤੇ ਗੁਲਾਬ ਸਿੰਘ ਦੀ ਗੰਢ ਤੁਪ ਲਾਹੌਰ ਰਾਜ ਵਲੋਂ ਹੋਈ ਗੰਢ ਤੁਪ ਸ਼ਮਝੀ ਨਹੀਂ ਜਾ ਸਕਦੀ। ਲਾਹੌਰ ਦੇ ਅਧਿਕਾਰੀਆਂ ਨੇ ਸਦਾ ਅੰਗਰੇਜ਼ਾਂ ਨਾਲ ਇਕ ਆਜ਼ਾਦ ਹਕੂਮਤ ਦੀ ਸ਼ਕਲ ਵਿਚ ਗੱਲ ਬਾਤ ਕੀਤੀ ਤੇ ਉਹ ਕਿਸੇ ਤਰ੍ਹਾਂ ਵੀ ਵੱਖ ਵੱਖ ਸੰਧੀਨਾਮਿਆਂ ਦੀਆਂ ਵੱਖ ਸ਼ਰਤਾਂ ਉੱਤੇ ਝੁਠੇ ਨਹੀਂ ਪਏ।

ਮਹਾਰਾਜਾ ਖੜਗ ਸਿੰਘ ਨੇ ਅੰਗਰੇਜ਼ੀ ਫ਼ੌਜ ਨੂੰ ਪੰਜਾਬ ਵਿਚੋਂ ਲੰਘਣ ਦੀ ਇਜਾਜ਼ਤ ਦਿਤੀ। ਜਦੋਂ ਉਹਦੇ ਵਜ਼ੀਰਾਂ ਨੇ ਮਾਹ ਮਮਾਹ ਦੇ ਪਏ ਖ਼ਰਚ ਬਾਰੇ ਸ਼ਕਾਇਤ ਕੀਤੀ ਤਾਂ ਉਸ ਕਿਹਾ ਕਿ ਅੰਗਰੇਜ਼ਾਂ ਨਾਲ ਦੋਸਤੀ ਇਸ ਖ਼ਰਚ ਦੀ

Scanned by CamScanner

ਮੰਗ ਕਰਦੀ ਹੈ। ਫ਼ਕੀਰ ਸ਼ਾਹ ਦੀਨ ਲਾਹੌਰ ਰਾਜ ਦਾ ਫ਼ੀਰੋਜ਼ਪੁਰ ਵਿਚ ਸਫ਼ੀਰ ਨਿਯਤ ਸੀ। ੧੮੪੦ ਵਿਚ ਉਸ ਰਿਪੋਰ
ਭੇਜੀ ਕਿ ਅੰਗਰੇਜ਼ ਫ਼ੀਰੋਜ਼ਪੁਰ ਨੂੰ ਮਜ਼ਬੂਤ ਕਰ ਰਹੇ ਹਨ ਤੇ ਉਹਨੂੰ ਇਹ ਵੀ ਪਤਾ ਲੱਗਾ ਹੈ ਕਿ ਉਹ ਪੰਜਾਬ ਉੱਤੇ ਕਬਜ਼ਾ
ਕਰਨ ਲਈ ਉਤਾਵਲੇ ਹਨ। ਕਈਆਂ ਨੇ ਉਸ ਵੇਲੇ ਸਲਾਹ ਦਿਤੀ ਕਿ ਕਸੂਰ ਦਾ ਕਿਲ੍ਹਾ ਮਜ਼ਬੂਤ ਕੀਤਾ ਜਾਏ, ਪਰ
ਮਹਾਰਾਜਾ ਖੜਗ ਸਿੰਘ ਨੇ ਕਿਹਾ ਕਿ ਉਹਨੂੰ ਅੰਗਰੇਜ਼ਾਂ ਦੇ ਦਿਤੇ ਬਚਨਾਂ ਉੱਤੇ ਇਤਬਾਰ ਹੈ ਤੇ ਇਹ ਕਿ ਥੋੜਾ ਕੀਤਿਆ
ਉਹ ਕੋਈ ਗ਼ਲਤ ਕਦਮ ਨਹੀਂ ਚੁਕਣਗੇ।

ਤੇਈ ਦਸੰਬਰ, ੧੮੪੧ ਨੂੰ ਕਾਬਲ ਵਿਚ ਅੰਗਰੇਜ਼ਾਂ ਦੇ ਸਫ਼ੀਰ ਨੂੰ ਕਤਲ ਕਰ ਦਿਤਾ ਗਿਆ ਤੇ ਬਾਕੀ ਦੀ
ਮੁੜਦੀ ਫ਼ੌਜ ਵੀ ਬੇਦਰਦੀ ਨਾਲ ਕੱਟ ਕੱਟ ਕੇ ਮਾਰੀ ਗਈ। ਜਨਰਲ ਪੋਲਕ ਬਲੇ ਅੰਗਰੇਜ਼ਾਂ ਨੇ ਦੂਜੀ ਵਾਰ ਅਫ਼ਗਾਨਿਸਤਾਨ
ਉੱਤੇ ਚੜ੍ਹਾਈ ਕੀਤੀ। ਮਹਾਰਾਜਾ ਸ਼ੇਰ ਸਿੰਘ ਦੇ ਹੁਕਮ ਨਾਲ ਪੰਦਰਾਂ ਹਜ਼ਾਰ ਅਦਮੀਆਂ ਨੇ ਗੋਰਿਆਂ ਦੀ ਮਦਦ ਕੀਤੀ।

ਕਿਹਾ ਜਾ ਸਕਦਾ ਹੈ ਕਿ ਜੇ ਖ਼ਾਲਸਈ ਸੈਨਾ ਗੋਰਿਆਂ ਦੀ ਸਹਾਇਤਾ ਨਾ ਕਰਦੀ ਤਾਂ ਅੰਗਰੇਜ਼ੀ ਫ਼ੌਜਾਂ ਖ਼ੈਬਰ
ਵਿਚੋਂ ਅੱਗੇ ਨਾ ਨਿਕਲ ਸਕਦੀਆਂ। ਜ਼ਮਰੋਦ ਦੇ ਕੋਲ ਜਰਨੈਲ ਪੋਲਕ ਨੇ ਸੈਨਾ ਨੂੰ ਦੋ ਹਿੱਸਿਆਂ ਵਿਚ ਵੰਡਿਆ।
ਅੰਗਰੇਜ਼ੀ ਸੈਨਾਂ ਨੂੰ ਸੱਤ ਮੀਲ ਲੰਮਾ ਰਸਤਾ ਤੇ ਖ਼ਾਲਸਈ ਸੈਨਾਂ ਨੂੰ ਚੌਦਾਂ ਮੀਲ ਲੰਮਾ ਰਸਤਾ ਤੈਅ ਕਰਨ ਵਾਸਤੇ ਦਿਤਾ।
ਮਿਲਣਾ ਦੋਹਾਂ ਰਸਤਿਆਂ ਨੇ ਅਲੀ ਮਸਜਦ ਸੀ। ਅੰਗਰੇਜ਼ਾਂ ਨਾਲੋਂ ਵਧ ਔਖੇ ਰਾਹ ਵਿਚੋਂ ਲੰਘਦਿਆਂ ਤੇ ਵਡੇਰੀ ਵਿਰੋਧਤਾ
ਨੂੰ ਸਰ ਕਰਨ ਦੇ ਬਾਵਜੂਦ ਵੀ ਸਿੱਖ ਤੇ ਅੰਗਰੇਜ਼ ਲਗਭਗ ਇਕੋ ਸਮੇਂ ਅਲੀ ਮਸਜਦ ਪਹੁੰਚੇ। ਫਿਰ ਵੀ ਜਰਨੈਲ ਪੋਲਕ
ਨੇ ਦੂਸ਼ਨ ਲਾਇਆ ਕਿ ਰਾਜਨੀਤਕ ਕਾਰਨਾਂ ਕਰ ਕੇ ਸਿੱਖ ਜਾਣ ਕੇ ਪਿਛੇ ਰਹੇ ਹਨ ਤੇ ਨਾ ਹੀ ਆਪਣੇ ਮਰਾਸਲਿਆਂ ਵਿਚ
ਉਸ ਸਿੱਖਾਂ ਦੀ ਸਹਾਇਤਾ ਦਾ ਜ਼ਿਕਰ ਕੀਤਾ।

ਖ਼ੈਰ! ਪਰ ਜਦੋਂ ਲਾਹੌਰ ਸਰਕਾਰ ਦੇ ਪੰਦਰਾਂ ਹਜ਼ਾਰ ਸਿਪਾਹੀ ਖ਼ੈਬਰ ਦੀਆਂ ਪਹਾੜੀਆਂ ਵਿਚ ਅੰਗਰੇਜ਼ਾਂ ਨਾਲ
ਦੋਸਤੀ ਨੂੰ ਬਰਕਰਾਰ ਰਖਣ ਵਾਸਤੇ ਦਮ ਤੋੜ ਕੇ ਲੜ ਰਹੇ ਸਨ ਤਾਂ ਉਸ ਵੇਲੇ, ਸੁਣਨ ਵਿਚ ਆਇਆ, ਕਿ ਬਰਤਾਨਵੀ
ਸਰਕਾਰ ਫ਼ੀਰੋਜ਼ਪੁਰ ਵਿਚ ਇਕ ਵਡੀ ਰਾਖਵੀਂ ਫ਼ੌਜ ਇਕੱਤਰ ਕਰ ਰਹੀ ਸੀ ਜਿਸ ਰਾਹੀਂ ਕਿ ਸਿੱਖਾਂ ਨੂੰ ਦਬਾ ਕੇ ਰਖਿਆ
ਜਾ ਸਕੇ ਤੇ ਲੱਤ ਵੇਲੇ ਪੰਜਾਬ ਉੱਤੇ ਕਬਜ਼ਾ ਕੀਤਾ ਜਾ ਸਕੇ। ਜਦੋਂ ਸ਼ੇਰ ਸਿੰਘ ਨੂੰ ਇਸ ਬਾਰੇ ਦਸਿਆ ਗਿਆ ਤਾਂ ਉਹ
ਹਸ ਪਿਆ, ਪਰ ਇਹੋ ਜਿਹੀਆਂ ਸੋਆਂ ਸਿਰਫ਼ ਲਾਹੌਰ ਦਰਬਾਰ ਤਕ ਹੀ ਸੀਮਤ ਨਹੀਂ ਸਨ ਰਹਿੰਦੀਆਂ, ਪੰਜਾਬ ਦੇ ਘਰ
ਘਰ ਵਿਚ ਅੱਪੜ ਜਾਂਦੀਆਂ ਸਨ। ਲਾਹੌਰ ਵਿਚ ਮਹਾਰਾਜੇ ਤੇ ਵਜ਼ੀਰ ਆਪਣੇ ਨਿਕਟ ਵਰਤੀਆਂ ਦਾ ਦਿਲ ਰਖਣ ਵਾਸਤੇ
ਇਹੋ ਜਿਹੀਆਂ ਖ਼ਬਰਾਂ ਨੂੰ ਬਹੁਤਾ ਨਹੀਂ ਸਨ ਗਉਲਦੇ, ਪਰ ਜਨਤਾ ਚਿੰਤਾਤੁਰ ਹੋਈ ਪੁਛਦੀ ਕਿ ਅੰਗਰੇਜ਼ ਦੀ ਅਸਲ
ਨੀਤੀ ਕੀ ਹੈ?

ਫ਼ੀਰੋਜ਼ਪੁਰੋਂ ਫ਼ਕੀਰ ਸ਼ਾਹ ਦੀਨ ਨੇ ੧੮੪੧ ਵਿਚ ਇਕ ਹੋਰ ਮਰਾਸਲਾ ਭੇਜਿਆ ਜਿਸ ਰਾਹੀਂ ਉਸ ਲਾਹੌਰ ਨੂੰ
ਚਿਤਾਵਨੀ ਦਿਵਾਈ ਕਿ ਅੰਗਰੇਜ਼ ਹਮਲੇ ਦੀਆਂ ਤਿਆਰੀਆਂ ਕਰ ਰਹੇ ਹਨ। ਉਸ ਕਈ ਖ਼ਬਰਾਂ ਤੇ ਚਿੱਠੀਆਂ ਦੇ ਆਧਾਰ
ਉੱਤੇ ਲਿਖਿਆ ਕਿ ਉਸੇ ਸਾਲ ਦੇ ਅਕਤੂਬਰ ਮਹੀਨੇ ਵਿਚ ਅੰਗਰੇਜ਼ ਲਾਹੌਰ ਅੰਦਰ ਅਮਨ ਅਮਾਨ ਕਰਾਣ ਦੇ ਬਹਾਨੇ
ਪੰਜਾਬ ਵਿਚ ਦਾਖ਼ਲ ਹੋ ਜਾਣਗੇ। ਉਸ ਇਹ ਵੀ ਦਸਿਆ ਕਿ ਕਈ ਅੰਗਰੇਜ਼ ਅਫ਼ਸਰ ਪੰਜਾਬ ਵਿਚ ਹੋਣ ਵਾਲੀ ਲੜਾਈ
ਵਾਸਤੇ, ਆਪਣੇ ਨਾਂ ਉਚੇਚੇ ਲਿਖਾ ਰਹੇ ਹਨ।

ਹੋਰਨਾਂ ਕਈ ਖ਼ਬਰਾਂ ਤੋਂ ਵੀ ਸ਼ਾਹ ਦੀਨ ਦੀਆਂ ਦਿਤੀਆਂ ਚਿਤਾਵਨੀਆਂ ਸੱਚ ਜਾਪੀਆਂ, ਪਰ ਫਿਰ ਕਾਬਲ
ਵਿਚ ਅੰਗਰੇਜ਼ਾਂ ਉੱਪਰ ਬਿਜਲੀ ਆ ਕੜਕੀ ਤੇ ਪੰਜਾਬ ਨੂੰ ਜਿਤਦੇ ਉਹਨਾਂ ਨੂੰ ਕਾਬਲ ਵਿਚ ਇਕ ਬੜੀ ਵਡੀ ਹਾਰ ਦਾ
ਸਾਹਮਣਾ ਕਰਨਾ ਪਿਆ। ਸ਼ਾਹ ਦੀਨ ਦਿਆਂ ਮਰਾਸਲਿਆਂ ਦੇ ਵਿਪ੍ਰੀਤ ਵੀ ਮਹਾਰਾਜਾ ਸ਼ੇਰ ਸਿੰਘ ਨੇ ਉਦੋਂ ਅੰਗਰੇਜ਼ਾਂ
ਦੀ ਮਦਦ ਕੀਤੀ।

ਮਹਾਰਾਜਾ ਸ਼ੇਰ ਸਿੰਘ ਨੇ ਮਦਦ ਕੀਤੀ, ਪਰ ਜਰਨੈਲ ਪੋਲਕ ਤੇ ਹੈਨਰੀ ਲਾਰੰਸ ਵਰਗੇ ਆਦਮੀਆਂ ਨੇ ਰਾਜਾ
ਗੁਲਾਬ ਸਿੰਘ ਵਰਗੇ ਆਦਮੀਆਂ ਰਾਹੀਂ ਪੰਜਾਬ ਰਾਜ ਨੂੰ ਖੋਖਲਾ ਕਰਨ ਦੀ ਵਿਉਂਤ ਸੋਚੀ। ਰਾਜਾ ਗੁਲਾਬ ਸਿੰਘ,
ਮਹਾਰਾਜਾ ਸ਼ੇਰ ਸਿੰਘ ਵਲੋਂ ਜਰਨੈਲ ਪੋਲਕ ਦੀ ਮਦਦ ਵਾਸਤੇ ਗਿਆ ਸੀ। ਹੈਨਰੀ ਲਾਰੰਸ ਨੇ ਜਲਾਲਾਬਾਦ ਤੇ ਪਿਸ਼ਾਵਰ
ਰਾਜਾ ਗੁਲਾਬ ਸਿੰਘ ਦੇ ਕਬਜ਼ੇ ਥੱਲੇ ਦੇਣ ਬਾਬਤ ਵੀ ਸੋਚਿਆ, ਭਾਵੇਂ ਇਹੋ ਸੋਚ ਪਿਛੋਂ ਜਾ ਕੇ ਜੰਮੂ ਤੇ ਕਸ਼ਮੀਰ ਦੇ ਇਲਾਕੇ

Scanned by CamScanner

ਉੱਤੇ ਪੁੱਜੀ। ਹਰ ਹਾਲਤ ਵਿਚ ਹੁਣ ਤਕ ਅੰਗਰੇਜ਼ਾਂ ਨੇ ਰਾਜਾ ਗੁਲਾਬ ਸਿੰਘ ਨੂੰ ਹਰ ਮੱਖੋਂ ਇਸ ਲਾਲਚ ਨਾਲ ਮਰੀਦ ਲਿਆ ਸੀ।

ਪਰ ਇਹ ਤਾਂ ਸਨ ਪੁਰਾਣੀਆਂ ਗੱਲਾਂ। ਚੂਹੜ ਸਿੰਘ, ਸ਼ਾਮ ਸਿੰਘ ਮੁਹੰਮਦ ਅਸਮਤ ਆਦਿ ਇਹੋ ਜਿਹੀਆਂ ਗੱਲਾਂ ਬੜੇ ਚਿਰਾਂ ਤੋਂ ਕਰਦੇ ਆ ਰਹੇ ਸਨ, ਪਰ ਹੁਣ ਤਾਂ ਸਭ ਕੁਝ ਅਸਲੋਂ ਹੀ ਵਿਗੜਦਾ ਜਾਪਦਾ ਸੀ। ਅੰਗਰੇਜ਼ ਆਪਣੀਆਂ ਆਈਆਂ ਤੋਂ ਬਾਜ਼ ਨਹੀਂ ਸਨ ਆਏ। ਹੁਣ ਉਹਨਾਂ ਦਾ ਰਸੂਖ਼ ਅਫ਼ਗਾਨਿਸਤਾਨ ਵਿਚ ਮੁੜ ਕੇ ਸਥਾਪਤ ਹੋ ਚੁਕਾ ਸੀ ਤੇ ਉਹ ਫਿਰ ਪੰਜਾਬ ਦੀ ਫ਼ਤਿਹ ਬਾਬਤ ਪੂਰੇ ਗ਼ੌਰ ਨਾਲ ਸੋਚ ਸਕਦੇ ਸਨ। ਸ਼ਾਇਦ ਉਹਨਾਂ ਸਭ ਕੁਝ ਸੋਚ ਤੇ ਮਿਥ ਲਿਆ ਸੀ। ਇਸੇ ਲਈ ਹੀ ਸ਼ਾਇਦ ਉਹਨਾਂ ਦੀਆਂ ਫੌਜਾਂ ਫੀਰੋਜ਼ਪੁਰ ਤੇ ਲੁਧਿਆਣੇ ਵਿਚ ਇਕੱਤਰ ਹੁੰਦੀਆਂ ਸੁਣੀਆਂ ਗਈਆਂ ਸਨ ਤੇ ਇਹ ਵੀ ਸੁਣਿਆ ਗਿਆ ਸੀ ਕਿ ਉਹ ਥਾਂ ਥਾਂ ਉੱਤੇ ਰਸਦ ਦੇ ਜ਼ਖੀਰੇ ਖੋਲ੍ਹ ਰਹੇ ਹਨ।

ਹੁਣ ਪੰਜਾਬ ਦੀ ਸਭ ਜਨਤਾ ਨੂੰ ਲਗਦਾ ਸੀ ਕਿ ਅੰਗਰੇਜ਼ਾਂ ਨਾਲ ਲੜਾਈ ਹੋਈ ਕਿ ਹੋਈ ਤੇ ਪੰਜਾਂ ਦਰਿਆਵਾਂ ਦੇ ਅਨੇਕ ਅਣਖੀ ਮਰ ਮਿਟਣ ਨੂੰ ਤਿਆਰ ਸਨ।

੧੨੩

ਅਫ਼ਗਾਨਿਸਤਾਨ ਵਿਚ ਹੋਈ ਦੁਰਗਤੀ ਪਿਛੋਂ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਨੇ ਗਵਰਨਰ ਜਨਰਲ ਲਾਰਡ ਆਕਲੈਂਡ ਨੂੰ ਵਾਪਸ ਬੁਲਾ ਲਿਆ। ਉਹਦੀ ਥਾਂ ਤੇ ਲਾਰਡ ਐਲਨਬਰੋ ਨੂੰ ਹਿੰਦੁਸਤਾਨ ਭੇਜਿਆ ਗਿਆ। ਐਲਨਬਰੋ, ਆਕਲੈਂਡ ਨਾਲੋਂ ਵੀ ਢੇਰ ਚਲਤਾ ਪੁਰਜ਼ਾ ਨਿਕਲਿਆ ਤੇ ਉਸ ਨੇ ਆਉਂਦਿਆਂ ਹੀ ਹਿੰਦੁਸਤਾਨ ਤੇ ਅਫ਼ਗਾਨਿਸਤਾਨ ਵਿਚ ਅੰਗਰੇਜ਼ੀ ਰਾਜ ਦੇ ਖੰਭ ਫੈਲਾਣ ਵਾਸਤੇ ਸਿਰ ਤੋੜ ਕੋਸ਼ਿਸ਼ ਅਰੰਭ ਦਿਤੀ।

ਲੰਡਨੋਂ ਟੁਰਨ ਵੇਲੇ ਉਹਨੂੰ ਕਿਹਾ ਗਿਆ ਸੀ ਕਿ ਉਹ ਅਫ਼ਗਾਨਿਸਤਾਨ ਵਿਚੋਂ ਅੰਗਰੇਜ਼ੀ ਫੌਜਾਂ ਵਾਪਸ ਬੁਲਾ ਲਵੇ, ਸੋ ਉਸ ਉਹਨਾਂ ਨੂੰ ਵਾਪਸ ਮੁੜਨ ਦਾ ਹੁਕਮ ਦਿਤਾ। ਕੰਧਾਰ ਵਾਲੀ ਸੈਨਾਂ ਗ਼ਜ਼ਨੀ, ਕਾਬਲ ਤੇ ਜਲਾਲਾਬਾਦ ਦੀ ਰਾਹੀਂ ਵਾਪਸ ਬੁਲਾਈ ਗਈ, ਭਾਵੇਂ ਕੰਧਾਰ ਤੋਂ ਚਮਨ ਤੇ ਕੋਇਟੇ ਰਾਹੀਂ ਇਹ ਫ਼ੌਜ ਅਠਵਾਂ ਹਿੱਸਾ ਘਟ ਸਫ਼ਰ ਤੈਅ ਕਰ ਕੇ, ਕੁਝ ਹੀ ਦਿਨਾਂ ਵਿਚ ਹਿੰਦੁਸਤਾਨ ਪਹੁੰਚ ਸਕਦੀ ਸੀ। ਕਈ ਸਿਆਣੇ ਤੇ ਲਾਇਕ ਆਦਮੀ ਇਸ ਤਰ੍ਹਾਂ ਵੀ ਹੁਕਮਾਂ ਦੀ ਪਾਲਣਾ ਕਰਦੇ ਹਨ।

ਮੋਰਚਾ-ਖੋਦ ਰਜਮੈਂਟ ਦੇ ਇਕ ਅਫ਼ਸਰ ਲੈਫ਼ਟੀਨੈਂਟ ਡੀਉਰੈਂਡ ਨੂੰ ਉਸ ਪੰਜਾਬ ਉੱਤੇ ਚੜ੍ਹਾਈ ਕਰਨ ਦੀ ਜੁਗਤੀ ਸੋਚਣ ਤੇ ਘੜਨ ਵਾਸਤੇ ਨਿਯਤ ਕੀਤਾ। ਡੀਉਰੈਂਡ ਦੀ ਜੁਗਤ ਨੂੰ ਸਾਹਮਣੇ ਰਖ ਕੇ ਉਸ ਡੀਲਡ ਮਾਰਸ਼ਲ ਡੀਉਕ ਆਫ਼ ਵੈਲਿੰਗਟਨ ਨੂੰ ਆਪਣੀ ਪਲੈਨ ਲਿਖੀ ਤੇ ਉਸ ਦੀ ਸਲਾਹ ਮੰਗੀ।

ਡੀਉਕ ਆਫ਼ ਵੈਲਿੰਗਟਨ ਆਪਣੇ ਸਮੇਂ ਦੀ ਇਕ ਮਹਾਨ ਜੰਗੀ ਪ੍ਰਤਿਭਾ ਸੀ। ਨੈਪੋਲੀਅਨ ਨੂੰ ਉਪਦੀਪੀ ਲੜਾਈਆਂ ਵਿਚ ਹਰਾਣ ਵੇਲੇ ਡੀਉਕ ਆਫ਼ ਵੈਲਿੰਗਟਨ ਨੇ ਅਛੋਤੀ ਸੈਨਿਕ ਸੂਝ ਦਰਸਾਈ ਸੀ। ਹੁਣ ਤਕ ਡੀਉਕ ਬੁੱਢਾ ਹੋ ਚੁਕਾ ਸੀ, ਪਰ ਫਿਰ ਵੀ ਜੰਗੀ ਮੁਆਮਲਿਆਂ ਵਿਚ ਉਹਦੀ ਦਿਲਚਸਪੀ ਮਾਂਦ ਨਹੀਂ ਸੀ ਪਈ। ਇਸ ਦੇ ਉਲਟ ਉਹ ਸਗੋਂ ਦਿਨੋਂ ਦਿਨ ਯੁਧ-ਕਲਾ ਵਿਚ ਢੇਰ ਸੁਆਦ ਲੈਂਦਾ ਗਿਆ। ਹਰ ਬੁੱਢੇ ਹੋ ਰਹੇ ਸਿਪਾਹੀ ਨਾਲ ਸ਼ਾਇਦ-ਇਸ ਤਰ੍ਹਾਂ ਹੀ

Scanned by CamScanner

ਚੁੱਕਦਾ ਹੈ। ਜਵਾਨੀ ਸਮੇਂ ਕੀਤੀ ਕਮਾਈ ਹਰ ਵਕਤ ਯਾਦ ਆਉਂਦੀ ਰਹਿੰਦੀ ਹੈ ਤੇ ਸੈਨਿਕ ਗੱਲਾਂ ਦਾ ਜਾਣੇਂ ਚਸਕਾ ਹੀ ਪੈ ਜਾਂਦਾ ਹੈ।

ਉਹਨਾਂ ਦਿਨਾਂ ਵਿਚ, ਜਿਥੇ ਕਿਤੇ ਵੀ ਅੰਗਰੇਜ਼ੀ ਫੌਜ ਪਹੁੰਚਦੀ ਉਥੇ ਉਥੇ ਹੀ ਬੁੱਢਾ ਡੀਊਕ ਆਪਣੀ ਸੂਝ ਤੇ ਤਜਰਬੇ ਦੇ ਬਲ ਬੱਤੇ ਆਪਣੀਆਂ ਨਿੱਜੀ ਤਜਵੀਜ਼ਾਂ ਤੇ ਸੁਝਾਅ ਭੇਜਦਾ। ਅਪਰੈਲ ੧੮੪੨ ਵਿਚ ਐਲਨਬਰੋ ਨੂੰ ਉਸ ਲਿਖਿਆ ਕਿ ਸਤਲੁਜ ਪਾਰ ਕਰਨ ਵਾਸਤੇ ਉਹ ਫ਼ੀਰੋਜ਼ਪੁਰ ਬੇੜੀਆਂ ਇਕੱਠੀਆਂ ਕਰੇ। ਨਾਜ਼ਕ ਤੇ ਲੋੜ ਸਮੇਂ ਕਿਸੇ ਹੋਰ ਥਾਓਂ ਬੇੜੀਆਂ ਮਿਲ ਨਹੀਂ ਸਕਣਗੀਆਂ। ਉਸ ਇਹ ਵੀ ਲਿਖਿਆ ਕਿ ਪਿਸ਼ਾਵਰ, ਖ਼ੈਬਰ ਤੇ ਜਲਾਲਾਬਾਦ ਅੰਗਰੇਜ਼ਾਂ ਦੇ ਹੱਥਾਂ ਵਿਚ ਹੋਣੇ ਚਾਹੀਦੇ ਹਨ। ਇਹਨਾਂ ਉੱਤੇ ਕਬਜ਼ੇ ਤੋਂ ਬਗ਼ੈਰ ਕਾਬਲ ਵਿਚ ਅਸਰ ਤੇ ਰਸੂਖ਼ ਕਾਇਮ ਰਖਣਾ ਮੁਸ਼ਕਲ ਹੋਵੇਗਾ। ਏਸੇ ਸਲਾਹ ਤੋਂ ਪ੍ਰਭਾਵਿਤ ਹੋ ਕੇ ਹੀ ਸ਼ਾਇਦ ਹਿੰਦ ਸਰਕਾਰ ਨੇ ਪਿਸ਼ਾਵਰ ਤੇ ਖ਼ੈਬਰ ਅਫ਼ਗਾਨਿਸਤਾਨ ਨਾਲ ਨਾ ਮਿਲਾਇਆ ਭਾਵੇਂ ਪਹਿਲੋਂ ਉਹਨਾਂ ਦੀ ਮਨਸ਼ਾ ਇਸ ਦੇ ਉਲਟ ਸੀ। ਉਹਨਾਂ ਸੋਚਿਆ ਕਿ ਅੰਤ ਨੂੰ ਪੰਜਾਬ ਦੀ ਹਕੂਮਤ ਤਾਂ ਉਹਨਾਂ ਦੇ ਅਧੀਨ ਹੋਣੀ ਹੀ ਹੈ, ਕਿਉਂ ਨਾ ਪਿਸ਼ਾਵਰ ਦੀ ਅਸਥਿਤੀ ਏਵੇਂ ਹੀ ਰਹਿਣ ਦਿਤੀ ਜਾਏ। ਪਿਸ਼ਾਵਰ ਉੱਤੇ ਉਹਨਾ ਦਾ ਹੱਕ ਕਾਨੂੰਨੀ ਗਿਣਿਆ ਜਾਏਗਾ ਤੇ ਖ਼ੈਬਰ ਉਹ ਉਂਜ ਮਾਰ ਲੈਣਗੇ। ਜਲਾਲਾਬਾਦ ਜੇ ਨਹੀਂ ਤਾਂ ਨਾ ਸਹੀ।

ਡੀਊਕ ਨੇ ਇਹ ਸਲਾਹ ਵੀ ਦਿਤੀ ਕਿ ਪੰਜਾਬ ਉੱਤੇ ਚੜ੍ਹਾਈ ਕਰਨ ਤੋਂ ਪਹਿਲਾਂ ਸਿੰਧ ਉੱਤੇ ਕਬਜ਼ਾ ਕਰ ਲੈਣਾ ਯੋਗ ਹੋਵੇਗਾ। ਸੋ ਐਲਨਬਰੋ ਦੇ ਹੁਕਮ ਥੱਲੇ ਸਰ ਚਾਰਲਸ ਨੇਪੀਅਰ ਨੇ ਫ਼ਰਵਰੀ ੧੮੪੩ ਵਿਚ ਸਿੰਧ ਨੂੰ ਅੰਗਰੇਜ਼ੀ ਇਲਾਕੇ ਨਾਲ ਮਿਲਾ ਲਿਆ। ਇਕ ਤਾਂ ਅਫ਼ਗਾਨਿਸਤਾਨ ਵਿਚ ਹੋਈ ਬੇਇੱਜ਼ਤੀ ਤੇ ਅੰਗਰੇਜ਼ੀ ਸੈਨਾ ਦੀ ਬਹਾਦਰੀ ਉੱਤੇ ਪਿਆ ਦਾਗ਼ ਧੁਲ ਗਿਆ ਤੇ ਇਕ ਹੁਣ ਪੂਰਬ ਵਲੋਂ ਵੀ ਪੰਜਾਬ ਰਾਜ ਪੂਰੀ ਤਰ੍ਹਾਂ ਘੇਰ ਲਿਆ ਗਿਆ। ਸਿੰਧ ਦੇ ਅਮੀਰ ਕੁਰਲਾਏ, ਪਰ ਕੌਣ ਸੁਣਦਾ ਉਹਨਾਂ ਦੀ ਕੁਰਲਾਹਟ ? ਅੰਗਰੇਜ਼ ਸਿੰਧੀ ਜ਼ਬਾਨ ਨਹੀਂ ਸਨ ਸਮਝਦੇ ! ਸਿੰਧ ਦੇ ਅਮੀਰਾਂ ਨੇ ਗਲੇਡੂ ਭਰ ਕੇ ਸ਼ੋਰ ਪ੍ਰਗਟ ਕੀਤਾ ਕਿ ਕਾਸ਼ ਕਦੀ ਉਹ ਰਣਜੀਤ ਸਿੰਘ ਵਲ ਹੋ ਕੇ ਅੰਗਰੇਜ਼ਾਂ ਅੱਗੇ ਡਟ ਜਾਂਦੇ।

ਸਿੰਧ ਤੋਂ ਪਿਛੋਂ ਮਾਰਚ ੧੮੪੩ ਵਿਚ ਕੈਥਲ ਦੀ ਸਿੱਖ ਰਿਆਸਤ ਵੀ ਐਲਨਬਰੋ ਨੇ ਅੰਗਰੇਜ਼ੀ ਰਾਜ ਨਾਲ ਮਿਲਾ ਲਈ। ਕੈਥਲ ਦਾ ਰਾਜਾ ਭਾਈ ਉਦੈ ਸਿੰਘ ਬੇਔਲਾਦ ਮਰ ਗਿਆ ਸੀ। ਹਿੰਦੂ ਕਾਨੂੰਨ ਦੇ ਮੁਤਾਬਕ ਮੁਤਬੰਨੇ ਰਾਜ ਦੇ ਮਾਲਕ ਬਣ ਸਕਦੇ ਹਨ ਤੇ ਸਿੱਖੀ ਅਸੂਲਾਂ ਦੇ ਮੁਤਾਬਕ ਬੇਵਾ ਔਰਤਾਂ ਵੀ ਰਾਜ ਸੰਭਾਲ ਸਕਦੀਆਂ ਹਨ। ਮਹਾਰਾਣੀ ਚੰਦ ਕੌਰ ਨੇ ਮਹਾਰਾਜਾ ਖੜਗ ਸਿੰਘ ਦੀ ਮੌਤ ਪਿਛੋਂ ਕੁਝ ਸਮੇਂ ਲਈ ਹਕੂਮਤ ਆਪਣੇ ਹੱਥ ਲੈ ਲਈ ਸੀ। ਰਾਣੀ ਲਛਮਣ ਕੌਰ ਫ਼ੀਰੋਜ਼ਪੁਰ ਉੱਤੇ ੧੮੩੫ ਤਕ ਰਾਜ ਕਰਦੀ ਆਈ ਹੁਣ ਮਹਾਰਾਣੀ ਜਿੰਦਾ ਫਿਰ ਨਾਬਾਲਗ ਦਲੀਪ ਸਿੰਘ ਦੇ ਨਾਂ ਉੱਤੇ ਰਾਜ ਕਰ ਰਹੀ ਸੀ। ਪਰ ਅੰਗਰੇਜ਼ਾਂ ਨੂੰ ਕਾਨੂੰਨਾਂ ਤੇ ਅਸੂਲਾਂ ਨਾਲ ਕੀ ?

ਫ਼ਰਵਰੀ ੧੮੪੩ ਵਿਚ ਡੀਊਕ ਨੇ ਐਲਨਬਰੋ ਨੂੰ ਜਰਨੈਲ ਵੈਨਤੂਰਾ ਬਾਬਤ ਲਿਖਿਆ। ਇਹ ਇਟਲੀ ਦਾ ਵਸਨੀਕ, ਉਸ ਲਿਖਿਆ, ਨੈਪੱਲੀਅਨ ਬੋਨਾਪਾਰਟ ਥੱਲੇ ਅੰਗਰੇਜ਼ਾਂ ਨਾਲ ਲੜਦਾ ਰਿਹਾ ਹੈ, ਯੂਰਪ ਵਿਚ ਛੁੱਟੀ ਕਟਣ ਦੇ ਬਹਾਨੇ ਆ ਕੇ ਇਹ ਬਾਦਸ਼ਾਹ ਲੂਈ ਫ਼ਿਲਪ ਨੂੰ ਮਿਲਿਆ ਹੈ। ਹੋਵੇ ਨਾ ਹੋਵੇ ਇਸ ਵਿਚ ਕੋਈ ਰਾਜ਼ ਹੈ। ਇਸ ਲਈ ਸਿੱਖਾਂ ਨੂੰ ਸਿੰਧ ਦਰਿਆ ਰਾਹੀਂ ਸਮੁੰਦਰ ਦੇ ਤੱਟ ਤਕ ਕਦਾਚਿਤ ਪਹੁੰਚਣ ਨਾ ਦਿਤਾ ਜਾਏ, ਮਤਾਂ ਉਹ ਫ਼ਰਾਂਸੀਸੀਆਂ ਨਾਲ ਨਾਤੇ ਜੋੜ ਲੈਣ। ਪਰ ਸਿੱਖਾਂ ਨੇ ਤਾਂ ਫ਼ਰਾਂਸੀਸੀਆਂ ਨਾਲ ਨਾਤੇ ਕੀ ਜੋੜਨੇ ਸਨ ਅੰਗਰੇਜ਼ਾਂ ਨੇ ਜਰਨੈਲ ਵੈਨਤੂਰਾ ਨਾਲ ਨਾਤੇ ਜ਼ਰੂਰ ਜੋੜ ਲਏ। ਅੰਗਰੇਜ਼ੀ ਸਫ਼ੀਰ ਕਲਾਰਕ ਤੇ ਜਰਨੈਲ ਵੈਨਤੂਰਾ ਚਿੱਠੀ ਚਪੱਠੀ ਕਰਨ ਲਗ ਪਏ।

ਹੁਣ ਮਹਾਰਾਜਾ ਸ਼ੇਰ ਸਿੰਘ ਕਤਲ ਹੋਇਆ, ਅਗਰੇਜ਼ਾਂ ਨੂੰ ਇਹਦੀ ਪਹਿਲੇ ਹੀ ਸੋਅ ਸੀ ! ਐਵੇਂ ਤਾਂ ਅਗਸਤ ਤੇ ਸਤੰਬਰ ੧੮੪੩ ਵਿਚ ਐਲਨਬਰੋ ਨੇ ਇਸ ਆ ਰਹੇ ਕਤਲ ਬਾਰੇ ਡੀਊਕ ਆਫ਼ ਵੈਲਿੰਗਟਨ ਨੂੰ ਨਹੀਂ ਸੀ ਲਿਖਿਆ ?

ਮਹਾਰਾਜਾ ਸ਼ੇਰ ਸਿੰਘ ਤੇ ਸ਼ਹਿਜ਼ਾਦਾ ਪ੍ਰਤਾਪ ਸਿੰਘ ਦੇ ਕਤਲ ਪਿਛੋਂ ਰਾਜਾ ਹੀਰਾ ਸਿੰਘ ਤਾਕਤ ਵਿਚ ਆਇਆ। ਜਰਨੈਲ ਵੈਨਤੂਰਾ ਦੀ ਸਲਾਹ ਨਾਲ ਐਲਨਬਰੋ ਨੇ ਮਹਿਸੂਸ ਕੀਤਾ ਕਿ ਪੰਜਾਬ ਰਾਜ ਹੁਣ ਸੱਚੀਂ ਮੁਚੀਂ ਹੀ ਦੋ ਹਿੱਸਿਆਂ ਵਿਚ ਵੰਡਿਆ ਜਾ ਰਿਹਾ ਹੈ। ਇਕ ਮੈਦਾਨੀ ਹਿੱਸਾ ਤੇ ਇਕ ਪਹਾੜੀ। ਮੈਦਾਨੀ ਹਿੱਸੇ ਵਿਚ ਉਹਨਾਂ ਸੋਚਿਆ, ਸੁਲਤਾਨ ਨੂੰ ਵਖਰਾ ਵਰਗਲਾਇਆ ਜਾ ਸਕਦਾ ਹੈ ਤੇ ਜੰਮੂ ਕਸ਼ਮੀਰ ਤੇ ਪਹਾੜੀ ਹਿੱਸੇ ਵਿਚ ਗੁਲਾਬ ਸਿੰਘ ਨੂੰ ਵਖ ਖ਼ੁਦ-ਮੁਖ਼ਤਿਆਰ ਕੀਤਾ ਜਾ ਸਕਦਾ ਹੈ। ਅੰਗਰੇਜ਼ ਇਸ ਗੱਲੋਂ ਅਨਜਾਣ ਨਹੀਂ ਸਨ ਕਿ ਰਾਜਾ ਗੁਲਾਬ ਸਿੰਘ ਦੀ ਮਿੱਤਰਤਾ ਉਹਨਾਂ ਨੂੰ

Scanned by CamScanner

ਕਦੀ ਮਹਿੱਗੀ ਨਹੀਂ ਪਏਗੀ ਤੇ ਇਸ ਗੱਲੋਂ ਵੀ ਕਿ ਜੇ ਆ ਰਹੀ ਲੜਾਈ ਵਿਚ ਰਾਜਾ ਗੁਲਾਬ ਸਿੰਘ ਉਹਨਾਂ ਵਲ ਰਿਹ
ਤਾਂ ਉਹਨਾਂ ਦਾ ਕੰਮ ਬੜਾ ਸੌਖਾ ਹੋ ਜਾਵੇਗਾ।

ਹੈਨਰੀ ਲਾਰੰਸ ਨੇ ਕੁਝ ਵਰ੍ਹੇ ਪਹਿਲੇ ਪਿਸ਼ਾਵਰ ਤੇ ਜਲਾਲਾਬਾਦ ਨੂੰ ਰਾਜਾ ਗੁਲਾਬ ਸਿੰਘ ਹੱਥ ਸੌਂਪਣ ਬਾਰੇ
ਸੋਚਿਆ ਸੀ, ਪਰ ਹੁਣ ਡੀਊਕ ਦੀ ਸਲਾਹ ਅਨੁਸਾਰ ਪਿਸ਼ਾਵਰ ਤੇ ਜਲਾਲਾਬਾਦ ਅੰਗਰੇਜ਼ੀ ਸਲਤਨੱਤ ਵਾਸਤੇ ਜ਼ਰੂਰੀ ਸਮਝੇ
ਗਏ, ਸੋ ਇਹਨਾਂ ਦੀ ਥਾਂ ਜੰਮੂ ਤੇ ਕਸ਼ਮੀਰ ਗੁਲਾਬ ਸਿੰਘ ਨੂੰ ਦਿਤੇ ਜਾ ਸਕਦੇ ਸਨ। ਐਲਨਬਰੋ ਨੇ ਆਪਣੇ ਮਨ ਵਿਚ ਇਹ
ਪੱਕੀ ਕਰ ਕੇ ਡੀਊਕ ਤੇ ਮਲਕਾ ਵਿਕਟੋਰੀਆ ਨੂੰ ਲਿਖਿਆ ਤਾਂ ਜੋ ਉਹ ਅੰਗਰੇਜ਼ੀ ਜਨਤਾ ਨੂੰ ਪੰਜਾਬ ਰਾਜ ਨਾਲ ਲੜਾਈ
ਤੇ ਇਹਦੇ ਬਟਵਾਰੇ ਦੀ ਸੋਅ ਸੁਣਨ ਬਾਰੇ ਅਗਦੋਂ ਹੀ ਤਿਆਰ ਕਰ ਸਕਣ।

ਬਾਕੀ ਸਭ ਪਾਸਿਓਂ ਵਿਹਲਿਆਂ ਹੋ ਕੇ ਐਲਨਬਰੋ ਨੇ ਜੰਗ ਦੀ ਤਿਆਰੀ ਅਰੰਭ ਦਿਤੀ ਤੇ ਉਹਦਾ ਖ਼ਿਆਲ ਸੀ
ਕਿ ਉਹ ਨਵੰਬਰ ੧੮੪੫ ਤੋਂ ਪਹਿਲੇ ਪੰਜਾਬ ਉੱਤੇ ਚੜ੍ਹਾਈ ਕਰਨ ਵਾਸਤੇ ਤਿਆਰ ਨਹੀਂ ਹੋਵੇਗਾ। ਪੰਦਰਾਂ ਫ਼ਰਵਰੀ
੧੮੪੪ ਵਾਲੇ ਦਿਨ ਉਸ ਫ਼ੀਲਡ ਮਾਰਸ਼ਲ ਡੀਊਕ ਆਫ਼ ਵੈਲਿੰਗਟਨ ਨੂੰ ਲਿਖਿਆ ਕਿ ਪੰਜਾਂ ਸਾਲਾਂ ਦੀ ਮਤਵਾਤਰ ਜੰਗ
ਪਿਛੋਂ ਸੈਨਾਂ ਨੂੰ ਨਾਲੇ ਕੁਝ ਦੱਮ ਲੈਣ ਦੀ ਲੋੜ ਸੀ। "ਮੈਂ ਆਪਣੇ ਵਲੋਂ ਪੂਰੀਆਂ ਤਿਆਰੀਆਂ ਕਰ ਰਿਹਾ ਹਾਂ ਤੇ ਮੈਂ ਆਸ
ਕਰਦਾ ਹਾਂ ਕਿ ਸਾਨੂੰ ਅਗਲੇ ਸਾਲ ਦੇ ਦਸੰਬਰ ਤੋਂ ਪਹਿਲੇ ਸਤਲੁਜ ਪਾਰ ਕਰਨਾ ਨਾ ਪਵੇ।" ਉਸ ਲਿਖਿਆ, "ਇਹ
ਲੜਾਈ ਲੰਮੀ ਹੋਵੇਗੀ ਤੇ ਜਾਪਦਾ ਹੈ ਕਿ ਮੈਨੂੰ ਆਪ ਸਾਲ ਭਰ ਲਾਹੌਰ ਰਹਿਣਾ ਪਵੇਗਾ।"

ਵੀਹ ਅਪ੍ਰੈਲ ੧੮੪੪ ਨੂੰ ਉਸ ਡੀਊਕ ਨੂੰ ਲਿਖਿਆ, "ਨਵੰਬਰ ੧੮੪੫ ਵਿਚ ਮੈਂ ਸਭ ਅਣਹੋਣੀਆਂ ਲਈ
ਤਿਆਰ ਹੋਵਾਂਗਾ, ਉਦੋਂ ਤਕ ਅਸੀਂ ਆਪਣੇ ਆਪ ਨੂੰ ਹਰ ਪਹਿਲੂ ਤੋਂ ਮਜ਼ਬੂਤ ਬਣਾਉਣ ਦੀ ਕੋਸ਼ਿਸ਼ ਕਰਦੇ ਰਹਾਂਗੇ।...
ਐਸ ਵੇਲੇ ਉੱਚੀਆਂ ਸੈਨਿਕ ਅਸਾਮੀਆਂ ਵਾਸਤੇ ਸਾਡੇ ਕੋਲ ਅਫ਼ਸਰ ਨਹੀਂ। ਸਾਰੀ ਸੈਨਾਂ ਨੂੰ ਸਿਖਲਾਈ ਦੀ ਵੀ ਬੜੀ ਲੋੜ
ਏ। ਅਠਾਰ੍ਹਾਂ ਮਹੀਨੇ ਦੀ ਮੋਹਲਤ ਜਿਹੜੀ ਮੈਂ ਮੰਗਦਾ ਹਾਂ ਮਸੇ ਹੀ ਕਾਫੀ ਹੈ।"

ਆਪਣੇ ਆਪ ਨੂੰ ਹਰ ਪਹਿਲੂ ਤੋਂ ਮਜ਼ਬੂਤ ਕਰਨ ਵਿਚ ਗੁਲਾਬ ਸਿੰਘ ਤੇ ਜਰਨੈਲ ਵੈਨਤੂਰਾ ਵਰਗੇ ਆਦਮੀਆਂ
ਨਾਲ ਸਾਜ਼ ਬਾਜ਼ ਕਰਨ ਵਲ ਇਸ਼ਾਰਾ ਹੈ।

ਮਈ ੧੮੪੪ ਵਿਚ ਐਲਨਬਰੋ ਨੇ ਫੀਲਡ ਮਾਰਸ਼ਲ ਨੂੰ ਲਿਖਿਆ, "ਸੁਚੇਤ ਸਿੰਘ ਦੀ ਮੌਤ ਨਾਲ ਪਹਾੜੀ ਤੇ
ਮੈਦਾਨੀ ਇਲਾਕੇ ਇਕ ਦੂਜੇ ਤੋਂ ਪੂਰੀ ਤਰ੍ਹਾਂ ਵੱਖ ਹੋ ਗਏ ਹਨ। ਹਰ ਸ਼ੈ, ਜਿਵੇਂ ਅਸਾਂ ਪਲੈਨ ਕੀਤੀ ਹੈ ਤੇ ਜਿਵੇਂ ਅਸੀਂ
ਚਾਹੁੰਦੇ ਹਾਂ, ਉਸੇ ਤਰ੍ਹਾਂ ਹੀ ਨੇਪਰੇ ਚੜ੍ਹ ਰਹੀ ਹੈ। ..ਸਰ ਚਾਰਲਸ ਨੇਪੀਅਰ ਸਿੰਧ ਵਿਚ ਦੋ ਬਟੈਲੀਅਨਾਂ ਖੜੀਆਂ ਕਰਨ ਦੀ
ਕੋਸ਼ਿਸ਼ ਕਰ ਰਿਹਾ ਹੈ ਤੇ ਮੇਰਾ ਖ਼ਿਆਲ ਹੈ ਕਿ ਉਹ ਸਫਲ ਹੋਏਗਾ। ਨਵੰਬਰ ੧੮੪੫ ਵਿਚ ਸੈਨਾਂ ਕਿਸੇ ਵੀ ਮੁਹਿੰਮ ਨੂੰ ਹੱਥ
ਲੈ ਸਕੇਗੀ, ਪਰ ਉਦੋਂ ਤਕ ਮੈਂ ਕੋਈ ਕਦਮ ਪੁਟਣ ਉੱਤੇ ਰਾਜ਼ੀ ਨਹੀਂ।"

ਨਵੰਬਰ ਦਸੰਬਰ ੧੮੪੫ ਦੀ ਛੋਹੀ ਗਈ ਮੁਹਾਰਨੀ ਅੰਤ ਨਵੰਬਰ ਦਸੰਬਰ ੧੮੪੫ ਵਿਚ ਹੀ ਜਾ ਕੇ ਪੁੱਗੀ,
ਪਰ ਇਸ ਤੋਂ ਪਹਿਲੇ ਕਿ ਲਾਰਡ ਐਲਨਬਰੋ ਯੂਨੀਅਨ ਜੈਕ ਨੂੰ ਲਾਹੌਰ ਦੇ ਕਿਲ੍ਹੇ ਉੱਤੇ ਲਹਿਰਾਵੇ, ਕੰਪਨੀ ਦੇ ਡਾਇਰੈਕਟਰਾਂ
ਨੇ ਉਹਨੂੰ ਵਾਪਸ ਬੁਲਾ ਲਿਆ। ਉਹ ਉਹਦੀ ਚੜ੍ਹਾਊ ਤੇ ਝਗੜੇਲੂ ਨੀਤੀ ਉੱਤੇ ਨਾਰਾਜ਼ ਸਨ। ਉਨ੍ਹਾਂ ਦੀ ਮੁਫ਼ੀਆ ਖ਼ਬਰ
ਅਨੁਸਾਰ, ਲਾਰਡ ਐਲਨਬਰੋ ਹਿੰਦੁਸਤਾਨ ਤੋਂ ਮਿਸਰ ਦੀ ਫ਼ਤਹ ਵਾਸਤੇ ਵੀ ਚੜ੍ਹਾਈ ਕਰਨ ਦਾ ਚਾਹਵਾਨ ਸੀ, ਪੰਜਾਬ
ਤਾਂ ਕਿਤੇ ਰਿਹਾ।

ਐਲਨਬਰੋ ਗਿਆ ਤੇ ਸਰ ਹੈਨਰੀ ਹਾਰਡਿੰਗ, ਜੁਲਾਈ ੧੮੪੪ ਵਿਚ ਉਹਦੀ ਥਾਂ ਆਇਆ। ਈਸਟ ਇੰਡੀਆ
ਕੰਪਨੀ ਦੇ ਡਾਇਰੈਕਟਰਾਂ ਦੀ ਮੂੜ੍ਹਤਾ ਇਸੇ ਚੋਣ ਤੋਂ ਵੇਖੀ ਜਾ ਸਕਦੀ ਹੈ। ਪ੍ਰਤੱਖ ਹੈ, ਕਿ ਅੰਗਰੇਜ਼ੀ ਸਰਕਾਰ ਤੇ ਅੰਗਰੇਜ਼ੀ
ਸਾਮਰਾਜ ਹੁਣ ਤਕ ਸਾਰੇ ਹਿੰਦੁਸਤਾਨ ਉੱਤੇ ਆਪਣੀ ਸਲਤਨੱਤ ਉਸਾਰਨ ਵਾਸਤੇ ਤਿਆਰ ਹੋ ਚੁਕਾ ਸੀ। ਜੇ ਕੰਪਨੀ
ਐਲਨਬਰੋ ਨੂੰ ਪਸੰਦ ਨਹੀਂ ਸੀ ਕਰਦੀ ਤਾਂ ਨਾ ਸਹੀ, ਪਰ ਉਹਦੀ ਥਾਂ ਉਨ੍ਹਾਂ ਇਕ ਉਸ ਤੋਂ ਵੀ ਵੱਡੀਆਂ ਸਾਮਰਾਜੀ ਰੁਚੀਆਂ
ਵਾਲਾ ਬੰਦਾ ਉਨ੍ਹਾਂ ਦੇ ਪੇਸ਼ ਕੀਤਾ। ਸਰ ਹੈਨਰੀ ਹਾਰਡਿੰਗ, ਐਲਨਬਰੋ ਦਾ ਰਿਸ਼ਤੇਦਾਰ ਹੋਣ ਤੋਂ ਇਲਾਵਾ ਇਕ ਅਤਿ ਚੰਗਾ
ਸਿਪਾਹੀ ਵੀ ਸੀ ਤੇ ਉਪਦੀਪੀ ਲੜਾਈਆਂ ਵਿਚ ਉਸ ਫੀਲਡ ਮਾਰਸ਼ਲ ਡੀਊਕ ਆਫ ਵੈਲਿੰਗਟਨ ਦੀ ਵਾਹ ਵਾਹ ਖੱਟੀ ਸੀ।
ਲੜਾਈਆਂ ਵਿਚ ਵਿਖਾਈ ਜਵਾਂ-ਮਰਦੀ ਦੀ ਸਨੱਦ ਉਹਦੀ ਟੁੱਟੀ ਬਾਂਹ ਸੀ।

Scanned by CamScanner

ਹਾਰਡਿੰਗ ਹਿੰਦੁਸਤਾਨ ਆਇਆ ਤ ਉਸ ਵੇਖਿਆ ਕਿ ਐਲਨਬਰੋ ਦੀ ਚਿਤਵੀ ਪੰਜਾਬ ਉੱਤੇ ਚੜ੍ਹਾਈ ਕਰਨ ਦੀ ਮਿਤੀ ਬਿਲਕੁਲ ਠੀਕ ਹੈ। ਨਵੰਬਰ ਤੇ ਦਸੰਬਰ ੧੮੪੫ ਤੋਂ ਪਹਿਲਾਂ ਇਹ ਲੜਾਈ ਲੜੀ ਨਹੀਂ ਸੀ ਜਾ ਸਕਦੀ। ਉਹਦੇ ਆਉਣ ਤੋਂ ਪਹਿਲਾਂ ਬੇਸ਼ਕ ਐਲਨਬਰੋ ਨੇ ਦਿੱਲੀ ਤੇ ਕਰਨਾਲ ਵਿਚਕਾਰ ਸਿਪਾਹੀ ਹੀ ਸਿਪਾਹੀ ਇਕੱਠੇ ਕਰ ਦਿਤੇ ਸਨ ਤੇ ਉਹਦੇ ਸੈਨਾਪਤੀ ਨੇ ਸਤਲੁਜੋਂ ਉਰਾਰ ਸਭ ਰਿਆਸਤਾਂ ਉੱਤੇ ਨਿਗਾਹ ਫੇਰ ਕੇ ਫੌਜੀ ਦਰਿਸ਼ਟੀਕੋਨ ਤੋਂ ਜ਼ਰੂਰੀ ਅਸਥਾਨ ਵੀ ਚੁਣ ਲਏ ਸਨ ਤੇ ਬੇਸ਼ਕ ਲੁਧਿਆਣਾ ਤੇ ਫੀਰੋਜ਼ਪੁਰ ਮਜ਼ਬੂਤ ਹੋ ਚੁਕੇ ਸਨ, ਪਰ ਹਾਰਡਿੰਗ ਨੇ ਜਾਚਿਆ ਕਿ ਇਹ ਸਭ ਕੁਝ ਖ਼ਾਲਸਈ ਸੈਨਾ ਨਾਲ ਲੜਾਈ ਛੇੜਨ ਵਾਸਤੇ ਚੋਖਾ ਨਹੀਂ। ਇਕ ਸਿਪਾਹੀ ਹੋਣ ਦੇ ਤੌਰ ਉੱਤੇ ਉਸ ਆਉਂਦਿਆਂ ਨਾਲ ਹੀ ਸੈਨਾਂ ਦੀ ਨਕਲ ਹਰਕਤ ਸ਼ੁਰੂ ਕਰ ਦਿਤੀ। "ਜੁਲਾਈ ੧੮੪੪ ਵਿਚ ਉਹ ਕਲਕੱਤੇ ਪਹੁੰਚਿਆ, ਤੇ ਤੇਈ ਅਗਸਤ ਨੂੰ ਉਸ ਬੰਗਾਲ ਵਿਚ ਸੈਨਕ ਤਕਸੀਮ ਬਾਰੇ ਸੈਨਾਪਤੀ ਨੂੰ ਹੁਕਮ ਦਿਤੇ। ਅਠ ਸਤੰਬਰ ਨੂੰ ਉਸ ਪੰਜ ਦੇਸੀ ਬਟਾਲੀਅਨਾਂ ਨੂੰ ਮੇਰਠ ਦੇ ਇਲਾਕੇ ਵਿਚ ਇਕੱਠਿਆਂ ਹੋਣ ਦਾ ਹੁਕਮ ਦਿਤਾ। ਯਾਰਾਂ ਸਤੰਬਰ ਨੂੰ ਫੀਰੋਜ਼ਪੁਰ ਵਿਚ ਦੋ ਬੈਰਕਾਂ ਉਸਾਰਨ ਦਾ ਹੁਕਮ ਦਿਤਾ ਜਿਸ ਵਿਚ ਕਿ ਇਕ ਗੋਰਾ ਬਟਾਲੀਅਨ ਤੇ ਦੋ ਤੋਪਖ਼ਾਨੇ ਦੀਆਂ ਬੈਟਰੀਆਂ ਰਹਿ ਸਕਣ। ਉਸੇ ਮਹੀਨੇ ਸਬਾਥੂ ਤੇ ਕਸੌਲੀ ਦੀਆਂ ਗੋਰਾ ਪਲਟਨਾਂ ਵੀ ਫੀਰੋਜ਼ਪੁਰ ਭੇਜ ਦਿਤੀਆਂ ਗਈਆਂ। ਜਨਵਰੀ ੧੮੪੫ ਵਿਚ ਚੌਧਵੀਂ ਲਾਈਟ ਡਰੈਗੂਨ ਰਜਮੈਂਟ ਸਰਹੱਦ ਉੱਤੇ ਭੇਜੀ ਗਈ ਤੇ ਸਰਹਿੰਦ ਡਵੀਯਨ ਦੀਆਂ ਬੈਟਰੀਆਂ ਦੇ ਘੋੜਿਆਂ ਦੀ ਗਿਣਤੀ ਨੱਵੇ ਦੀ ਥਾਂ ਇਕ ਸੌ ਤੀਹ ਕਰ ਦਿਤੀ। ਇਨ੍ਹਾਂ ਕਾਰਵਾਈਆਂ ਦਾ ਨਤੀਜਾ ਇਹ ਹੋਇਆ ਕਿ ਜਿਥੇ ਜਨਵਰੀ ੧੮੪੪ ਵਿਚ ਅੰਬਾਲੇ ਤੇ ਅੰਬਾਲੇ ਤੋਂ ਉੱਪਰ, ਤੇਰਾ ਹਜ਼ਾਰ ਛੇ ਸੌ ਆਦਮੀ ਤੇ ਅਠਤਾਲੀ ਤੋਪਾਂ ਸਨ, ਉਥੇ ਦਸੰਬਰ ੧੮੪੫ ਤਕ ਬੱਤੀ ਹਜ਼ਾਰ ਪੰਜ ਸੌ ਸਿਪਾਹੀ ਤੇ ਅਠਾਨ ਤੋਪਾਂ ਹੋ ਗਈਆਂ, ਤੇ ਜਿਥੇ ਦਿੱਲੀ, ਮੇਰਠ ਤੇ ਪਹਾੜੀ ਅਸਥਾਨਾ ਦੀ ਕੁਲ ਗਿਣਤੀ ਜਨਵੀ ੧੮੪੪ ਵਿਚ ਚੌਵੀ ਹਜ਼ਾਰ ਸਿਪਾਹੀਆਂ ਤੇ ਛਿਆਠ ਤੋਪਾਂ ਤਕ ਸੀਮਤ ਸੀ, ਉੱਥੇ ਦਸੰਬਰ ੧੮੪੫ ਵਿਚ ਕੁਲ ਸਿਪਾਹੀ ਪੰਜਤਾਲੀ ਹਜ਼ਾਰ ਸਨ ਤੇ ਤੋਪਾਂ ਅਠਾਨਵੇਂ। ਫੀਰੋਜ਼ਪੁਰ, ਜਿਥੇ ਪਹਿਲੇ ਸਾਢੇ ਕੁ ਚਾਰ ਹਜ਼ਾਰ ਨਫ਼ਰੀ ਸੀ, ਹੁਣ ਸਾਢੇ ਦੱਸ ਹਜ਼ਾਰ ਨਫ਼ਰੀ ਹੋਈ ਤੇ ਲੁਧਿਆਣੇ ਵਿਚ ਤਿੰਨ ਕੁ ਹਜ਼ਾਰ ਦੀ ਥਾਂ ਸੱਤ ਹਜ਼ਾਰ।

ਫ਼ੀਲਡ ਮਾਰਸ਼ਲ ਡੀਊਕ ਆਫ਼ ਵੈਲਿੰਗਟਨ ਦੀ ਆਗਿਆ ਨਾਲ ਐਲਨਬਰੋ ਨੇ ਸਤਲੁਜ ਉੱਤੇ ਪੁਲ ਖੜਾ ਕਰਨ ਵਾਸਤੇ ਬੇੜੀਆਂ ਬਣਾਣ ਦਾ ਵੀ ਹੁਕਮ ਦੇ ਰਖਿਆ ਸੀ। ਸੱਤਰ ਬੇੜੀਆਂ ਸਤਲੁਜ ਵਾਸਤੇ ਤੇ ਛਵੰਜਾ ਬੇੜੀਆਂ ਸਿੰਧ ਵਾਸਤੇ ਤਿਆਰ ਹੋਈਆਂ। ਪੰਜਾਬ ਵਾਸਤੇ ਨਿਯਤ ਬੇੜੀਆਂ ਫੀਰੋਜ਼ਪੁਰ ਲਿਆਈਆਂ ਗਈਆਂ।

ਇਹਨਾਂ ਹੀ ਦਿਨਾਂ ਵਿਚ ਜਗਰਾਓਂ ਤੋਂ ਦਸ ਮੀਲ ਦਖਣ ਪੂਰਬ ਵਲ ਬੱਸੀਆਂ ਵਿਚ ਲਾਮਡੋਰੀ ਤੇ ਰਸਦ ਪਾਣੀ ਦਾ ਇਕ ਵਡਾ ਡਿਪੋ ਕਾਇਮ ਕੀਤਾ ਗਿਆ। ਕਾਹਦੇ ਲਈ ? ਨਾ ਹੀ ਏਥੇ ਪੋਲੀਟੀਕਲ ਏਜੰਟ ਰਹਿੰਦਾ ਸੀ ਤੇ ਨਾ ਹੀ ਏਥੇ ਕੋਈ ਛਾਉਣੀ ਸੀ। ਹਾਂ, ਪਰ ਸਤਲੁਜ ਉੱਤੇ ਲੜਾਈ ਹੋਣ ਦੀ ਸੂਰਤ ਵਿਚ ਇਸ ਡਿਪੋ ਦੀ ਸਥਾਪਣਾ ਫੌਜੀ ਦਰਿਸ਼ਟੀਕੋਨ ਤੋਂ ਬੜੀ ਯੋਗ ਸੀ।

ਅਕਤੂਬਰ ੧੮੪੪ ਵਿਚ ਕਰਨਲ ਰਿਚਮਾਂਡ ਦੀ ਥਾਂ ਮੇਜਰ ਬਰਾਡਫੂਟ ਲੁਧਿਆਣੇ ਆਇਆ ਤੇ ਇਹਦੇ ਆਉਣ ਨਾਲ ਲਾਹੌਰ ਸਰਕਾਰ ਤੇ ਅੰਗਰੇਜ਼ੀ ਸਰਕਾਰ ਦੇ ਸੰਬੰਧ ਬਿਲਕੁਲ ਵਿਗੜਨ ਲਗੇ। ਅਜੇ ਤਕ ਤਾਂ ਸਿਰਫ ਤਿਆਰੀਆਂ ਹੀ ਹੁੰਦੀਆਂ ਰਹੀਆਂ ਸਨ ਤੇ ਸਿੱਖਾਂ ਨੂੰ ਉਕਸਾਇਆ ਨਹੀਂ ਸੀ ਗਿਆ, ਪਰ ਮੇਜਰ ਬਰਾਡਫੂਟ ਦੇ ਆਉਣ ਨਾਲ ਇਸ ਪਾਲੀਸੀ ਦੀ ਦੂਸੀ ਕਿਸ਼ਤ ਉੱਤੇ ਅਮਲ ਹੋਣਾ ਸ਼ੁਰੂ ਹੋਇਆ।

ਬਰਾਡਫੂਟ ਤੇ ਰਾਜਾ ਗੁਲਾਬ ਸਿੰਘ ਮੁੰਬਰ ਵਿਚ ਕਿਤੇ ਮਿਲੇ ਸਨ। ਬਰਾਡਫੂਟ ਦੇ ਲੁਧਿਆਣੇ ਆਉਂਦਿਆਂ ਹੀ ਗੁਲਾਬ ਸਿੰਘ ਨੇ ਉਹਨੂੰ ਮੁਬਾਰਕਬਾਦ ਦੀ ਚਿੱਠੀ ਭੇਜੀ ਤੇ ਅੰਗਰੇਜ਼ਾਂ ਦੀ ਦੋਸਤੀ ਦੀ ਮੰਗ ਕੀਤੀ। ਉਦੋਂ ਦੇ ਸ਼ੁਰੂ ਹੋਏ ਰਾਜਾ ਗੁਲਾਬ ਸਿੰਘ ਤੇ ਮੇਜਰ ਬਰਾਡਫੂਟ ਦੇ ਨਾਤੇ ਗੋਰਾ ਸਿੱਖ ਜੰਗਾਂ ਤਕ ਨਹੀਂ ਟੁਟੇ।

ਬਰਾਡਫੂਟ ਨੇ ਸਤਲੁਜ ਪਾਰ ਦੇ ਸਿੱਖ ਇਲਾਕਿਆਂ ਵਿਚ ਦਖ਼ਲ ਦੇਣਾ ਸ਼ੁਰੂ ਕਰ ਦਿਤਾ। ਇਹ ਦਖ਼ਲ ੧੮੦੯ ਦੀ ਸੰਧੀ ਦੇ ਅਸਲੋਂ ਵਿਰੁਧ ਸੀ। ਏਥੋਂ ਤਕ ਕਿ ਹੁਣ ਮੇਜਰ ਬਰ ਡਫੂਟ ਲਾਹੌਰ ਰਾਜ ਦੇ ਇਹਨਾਂ ਇਲਾਕਿਆਂ ਨੂੰ ਸਰਕਾਰ ਅੰਗਰੇਜ਼ੀ ਦੇ ਇਲਾਕੇ ਸਮਝਣ ਲਗਾ। ਸਰ ਜਾਰਜ ਕਲਾਰਕ ਨੂੰ ਜਦੋਂ ਇਸ ਗੱਲ ਦਾ ਪਤਾ ਲਗਾ ਤਾਂ ਉਸ ਗਵਰਨਰ ਜਨਰਲ ਨੂੰ ਮਰਾਸਲਾ ਭੇਜਿਆ, ਜਿਸ ਵਿਚ ੧੮੦੯ ਦੀ ਸੰਧੀ ਦਾ ਜ਼ਿਕਰ ਕਰਦਿਆਂ ਉਸ ਕਿਹਾ, ਕਿ ਮੇਜਰ ਬਰਾਡਫੂਟ ਦੀ

Scanned by CamScanner

ਕਾਰਵਾਈ ਅੱਤੀ ਹਾਨੀਕਾਰਕ ਹੈ, ਪਰ ਗਵਰਨਰ ਜਨਰਲ ਤੇ ਸਾਰੇ ਅੰਗਰੇਜ਼ ਅਫਸਰ ਹੁਣ ਸਿੱਖਾਂ ਨਾਲ ਜੰਗ ਚਾਹੁੰਦੇ ਸਨ, ਸੁਲਾਹ ਨਹੀਂ। ਸਰ ਕਲਾਰਕ, ਕਰਨਲ ਰਿਚਮਾਂਡ ਤੋਂ ਪਹਿਲੇ ਬਰਾਡਫੁਟ ਵਾਲੀ ਆਸਾਮੀ ਉੱਤੇ ਨਿਯਤ ਸੀ। ਕਰਨਲ ਰਿਚਮਾਂਡ ਨੇ ਵੀ ਮੇਜਰ ਬਰਾਡਫੁਟ ਦੇ ਰਵੱਈਏ ਦੀ ਨਿੰਦਿਆ ਕੀਤੀ, ਪਰ ਸ਼ਾਇਦ ਇਹ ਦੋਵੇਂ ਜਣੇ ਅੰਗਰੇਜ਼ੀ ਸਰਕਾਰ ਦੀ ਅੰਦਰੂਨੀ ਨੀਤੀ ਨਹੀਂ ਸਨ ਸਮਝਦੇ ?

ਮਾਰਚ ੧੮੪੫ ਵਿਚ ਲਾਹੌਰ ਸਰਕਾਰ ਦਾ ਇਕ ਮੁਨਸਫ ਸਤਲੁਜ ਤੋਂ ਪਾਰ ਸਿੱਖੀ ਇਲਾਕੇ ਵਿਚ ਸਰਕਾਰੀ ਕੰਮ ਕਾਰ ਲਈ ਆਇਆ। ਏਰਾਡਫਟ ਉਦੋਂ ਚੀਤੇ ਸੀ। ਉਸ ਜਦੋਂ ਇਹ ਖ਼ਬਰ ਸੁਣੀ ਤਾਂ ਇਸ ਗੱਲ ਨੂੰ ਤੁਲ ਦੇਣਾ ਚਾਹਿਆ। ਪਰ ਤੁਲ ਕਿਵੇਂ ਦਿਤਾ ਜਾਏ ? ਮੁਨਸਫ ਆਇਆ ਆਪਣੇ ਇਲਾਕੇ ਵਿਚ ਹੀ ਸੀ। ਸੋ ਬਰਾਡਫੁਟ ਨੇ ਬਹਾਨਾ ਘੜਿਆ ਕਿ ਮੁਨਸੱਫ ਨੇ ਇਕ ਨਾਲ ਦੇ ਪਿੰਡ ਚੀਜ਼ਾਂ ਖ਼ਰੀਦ ਕੇ ਪੈਸੇ ਨਹੀਂ ਦਿਤੇ। ਸੋ ਇਕ ਸੌ ਸੱਠ ਆਦਮੀ ਲੈ ਕੇ ਬਰਾਡਫੁਟ, ਮੁਨਸਫ ਤੇ ਉਹਦੇ ਸਾਥੀਆਂ ਉੱਤੇ ਜਾ ਪਿਆ। ਉਹਨਾਂ ਨੂੰ ਬੇਪੱਤ ਕੀਤਾ, ਉਹਨਾਂ ਦੇ ਘੋੜੇ ਤੇ ਊਂਠ ਖੋਹ ਲਏ ਤੇ ਇਕ ਆਦਮੀ ਨੂੰ ਮਾਰ ਦਿਤਾ।

ਕੀ ਲਾਹੌਰ ਸਰਕਾਰ ਇਹੋ ਜਿਹੇ ਵਤੀਰੇ ਉੱਤੇ ਲੋਹਾ ਲਾਖੀ ਨਾ ਹੁੰਦੀ ?

ਏਸੇ ਮਾਰਚ ਮਹੀਨੇ ਦੀ ਪੰਝੀ ਤਾਰੀਖ਼ ਬਰਾਡਫੁਟ ਨੇ ਨਾਭਾ ਦੇ ਇਕ ਗੰਡਾ ਸਿੰਘ ਨਾਮੀ ਆਦਮੀ ਨੂੰ ਲਾਹੌਰ ਜਾਣ ਵਾਸਤੇ ਕਿਹਾ ਤਾਂ ਜੋ ਉਹ ਲਾਹੌਰੋਂ ਸਭ ਖੁਫੀਆ ਖ਼ਬਰਾਂ ਬਰਾਡਫੁਟ ਨੂੰ ਭੇਜਦਾ ਰਹੇ ਤੇ ਲਾਹੌਰ ਦਰਬਾਰ ਵਿਚ ਫੁਟ ਪੁਆਉਣ ਦੀ ਕੋਸ਼ਿਸ਼ ਵੀ ਕਰੇ। ਗੰਡਾ ਸਿੰਘ ਨਾ ਮੰਨਿਆ ਤੇ ਇਹ ਰਾਜ਼ ਖੁਲ੍ਹ ਗਿਆ। ਲੁਧਿਆਣੇ ਵਿਚ ਮੁਕੀਮ ਲਾਹੌਰ ਦੇ ਸਫੀਰ ਨੇ ਇਹ ਖ਼ਬਰ ਲਿਖ ਭੇਜੀ। ਸਹਿਜੇ ਹੀ ਲਾਹੌਰ ਸਰਕਾਰ ਨੇ ਸੋਚਿਆ ਕਿ ਬਰਾਡਫੁਟ ਨੇ ਇਸ ਤੋਂ ਪਹਿਲੇ ਜਾਂ ਪਿਛੋਂ ਜ਼ਰੂਰ ਆਪਣੇ ਸੂਹੇ ਲਾਹੌਰ ਭੇਜੇ ਹੋਣਗੇ।

ਹੁਣ ਜਾਰਜ ਬਰਾਡਫੁੱਟ, ਮੁਲਤਾਨ ਦੇ ਗਵਰਨਰ ਦੀਵਾਨ ਮੂਲ ਰਾਜ ਨੂੰ ਵਰਗਲਾਣ ਲਗਾ। ਉਸ ਉਹਨੂੰ ਲਾਹੌਰ ਦਰਬਾਰ ਦੇ ਵਿਰੁਧ ਉਕਸਾਇਆ ਤੇ ਕਿਹਾ ਕਿ ਜੇ ਕੋਈ ਬਿਪਤਾ ਆ ਗਈ ਤਾਂ ਉਹ ਉਹਦੀ ਮਦਦ ਕਰੇਗਾ। ਲਾਹੌਰ ਦੇ ਕਰਮਚਾਰੀਆਂ ਨੂੰ ਇਸ ਦੀ ਸੋਅ ਮਿਲ ਗਈ।

ਓਧਰ ਸਿੰਧ ਦੇ ਗਵਰਨਰ, ਚਾਰਲਸ ਨੈਪੀਅਰ ਨੇ ਆਪਣੇ ਤੇਜ਼ ਦੰਦ ਵਿਖਾਣੇ ਸ਼ੁਰੂ ਕੀਤੇ। ਇਕ ਵਾਰ ਲਾਹੌਰ ਸਰਕਾਰ ਦੇ ਕੁਝ ਸਿਪਾਹੀ ਇਕ ਧਾੜਵੀ ਨੂੰ ਫੜਨ ਗਏ ਸ਼ਾਇਦ ਸਿੰਧ ਦੇ ਇਲਾਕੇ ਵਿਚ ਜਾ ਪੁਜੇ। ਸਿੰਧ ਤੇ ਪੰਜਾਬ ਵਿਚਕਾਰ ਸਰਹੱਦ ਕੋਈ ਪੱਤੀ ਤਾਂ ਬਣੀ ਨਹੀਂ ਸੀ ਹੋਈ ਤੇ ਹਰ ਹਾਲਤ ਵਿਚ ਧਾੜਵੀਆਂ ਤੇ ਡਾਕੂਆਂ ਦੀ ਭਾਲ ਵਿਚ ਦੋਹਾਂ ਪਾਸਿਆਂ ਦੀ ਪੋਲੀਸ ਬਿਨਾਂ ਰੋਕ ਟੋਕ ਇਕ ਦੂਜੇ ਦੇ ਇਲਾਕੇ ਵਿਚ ਟੁਰ ਜਾਇਆ ਕਰਦੀ ਸੀ। ਐਤਕੀ ਵੀ ਇਸੇ ਤਰ੍ਹਾਂ ਹੋਇਆ, ਪਰ ਫ਼ਰਕ ਚੁਣ ਇਹ ਸੀ ਕਿ ਨਵੰਬਰ ੧੮੪੫ ਦਾ ਮਹੀਨਾ ਨੇੜੇ ਆ ਰਿਹਾ ਸੀ ਤੇ ਸਰਕਾਰ ਅੰਗਰੇਜ਼ੀ ਦੀ ਇਹ ਵੀ ਨੀਤੀ ਸੀ ਕਿ ਹਰ ਹੀਲੇ ਲਾਹੌਰ ਸਰਕਾਰ ਨੂੰ ਜੰਗ ਵਾਸਤੇ ਉਕਸਾਇਆ ਜਾਏ। ਸੋ ਸਰ ਚਾਰਲਸ ਨੈਪੀਅਰ ਦੇ ਹੁਕਮ ਨਾਲ ਸਿੱਖ ਸਿਪਾਹੀਆਂ ਵਿਰੁਧ ਫ਼ੌਜੀ ਪਲਟਨ ਤੋਰ ਦਿਤੀ ਗਈ।

ਓਧਰ ਆਏ ਦਿਨ ਲਾਹੌਰ ਵਿਚ ਵਜ਼ੀਰ ਬਦਲ ਰਹੇ ਸਨ। ਕਿਸੇ ਨੂੰ ਸਮਝ ਨਾ ਲਗੇ ਕਿ ਕੀ ਕਰੇ ? ਅੰਗਰੇਜ਼ਾਂ ਨਾਲ ਲੜਾਈ ਵਾਸਤੇ ਤਿਆਰ ਹੋਇਆ ਜਾਏ ਕਿ ਨਾ ? ਬੇਸ਼ਕ ਸਭ ਕਰਮਚਾਰੀਆਂ ਨੂੰ ਵਿਸ਼ਵਾਸ ਹੋ ਚੁਕਾ ਸੀ ਕਿ ਅੰਗਰੇਜ਼ ਹੁਣ ਪੰਜਾਬ ਉੱਤੇ ਚੜ੍ਹਾਈ ਕਰਨ ਲਈ ਸਿਰਫ਼ ਬਹਾਨੇ ਹੀ ਲੋੜ ਰਹੇ ਹਨ, ਪਰ ਉਹ ਇਹ ਨਹੀਂ ਸਨ ਸਮਝ ਸਕਦੇ ਕਿ ਅੰਗਰੇਜ਼ਾਂ ਨਾਲ ਹੋਣ ਵਾਲੀ ਲੜਾਈ ਵਿਚ ਮੋਹਰੀ ਕੌਣ ਬਣੇਗਾ। ਕੌਣ ਉਹਨਾਂ ਦਾ ਨੇਤਾ ਹੋਏਗਾ ਤੇ ਕਿਹੜੇ ਕਿਹੜੇ ਉਹਨਾਂ ਦੇ ਜਰਨੈਲ ? ਖ਼ਾਲਸਈ ਸੈਨਾ ਤਿਆਰ ਸੀ, ਪਰ ਸੈਨਾਪਤੀ ਕਿਥੇ ਸੀ ? ਪੰਜਾਬ ਦੀ ਸਮੁਚੀ ਜਨਤਾ ਤਿਆਰ ਸੀ, ਪਰ ਉਸ ਨੂੰ ਜਥੇ ਬੰਦ ਕਰਨ ਵਾਲਾ ਆਦਮੀ ਕਿਥੇ ਸੀ ?

ਇਹ ਫ਼ਿਕਰ ਹੀ ਦੇਸ਼ ਭਗਤਾਂ ਨੂੰ ਖਾ ਰਿਹਾ ਸੀ। ਇਹੋ ਫ਼ਿਕਰ ਤੇ ਇਹੋ ਸ਼ੱਕ ਹੀ ਮਾਹਿਲ ਤੇ ਅਟਾਰੀ ਵਾਲੇ ਦੇ ਸਰਦਾਰਾਂ, ਕਸੂਆਨੇ ਦੇ ਚੌਧਰੀਆਂ, ਝੰਕ ਸੁਰਜੀ ਦੇ ਸੂਰਜ ਬੰਸੀਆ ਨੂੰ ਖਾ ਰਹੇ ਸਨ। ਉਹ ਆਪਣੇ ਕੋਲੋਂ ਤੇ ਇਕ ਦੂਜੇ ਕੋਲੋਂ ਪੁੱਛਦੇ ਸਨ ਕਿ ਕੀ ਇਹੋ ਜਿਹੇ ਹਾਲਾਤਾਂ ਵਿਚ ਅੰਗਰੇਜ਼ਾਂ ਨਾਲ ਲੜਨਾ ਦਾਨਸ਼ਮੰਦੀ ਹੋਵੇਗੀ ? ਉਹ ਡਰਦੇ ਸਨ ਕਿ ਪਹਿਲੀ ਸੱਟੇ ਹੀ ਕਿਧਰੇ ਸ਼ਾਨਦਾਰ ਖ਼ਾਲਸਈ ਸੈਨਾ ਤਬਾਹ ਨਾ ਹੋ ਜਾਏ।

Scanned by CamScanner



ਅੰਗਰੇਜ਼ਾਂ ਦੀਆਂ ਕਾਰਵਾਈਆਂ ਬਾਰੇ ਸੁਣ ਸੁਣ ਕੇ ਪੰਜਾਬ ਦੀ ਸਾਰੀ ਵਸੋਂ ਦੰਦ ਪੀਹ ਰਹੀ ਸੀ, ਪਰ ਉਹਨਾ ਨੂੰ ਕੋਈ ਆਗੂ ਨਹੀਂ ਸੀ ਲਭਦਾ । ਜਨਤਾ ਵਿਚ ਜੋਸ਼ ਸੀ, ਪਰ ਇਸ ਜੋਸ਼ ਦੀ ਬਾਹ ਪਾਉਣ ਵਾਲਾ ਕੋਈ ਨੇਤਾ ਨਹੀਂ ਸੀ । ਪੰਜਾਬ ਦਾ ਜੀਅ ਜੀਅ ਉਹਨਾਂ ਦਿਨਾਂ ਵਿਚ ਭੱਠੀ ਪਏ ਦਾਣੇ ਵਾਂਗ ਭੁੱਜ ਰਿਹਾ ਸੀ, ਪਰ ਕੋਈ ਉਹਨੂੰ ਦੇ ਉਡਾਰੂ ਨੂੰ ਲਾਹੇ ਲਾਉਣ ਵਾਲਾ ਨਹੀਂ ਸੀ ।

ਖੁੰਦਾ ਖੁੰਦਾ ਘੁਸਰ ਮੁਸਰ ਕਰਦਾ ਇਕ ਦੂਜੇ ਨੂੰ ਕਹਿੰਦਾ, "ਕਾਸ਼ ! ਅਜ ਸਰਕਾਰ ਜ਼ਿੰਦਾ ਹੁੰਦੇ । ਅਸੀਂ ਵਿਲੋਂਦਾ ਉਰੇ ਕਿਤੇ ਨਹੀਂ ਸੀ ਟਿਕਣਾ ।"

"ਕਾਸ਼ ! ਅਜ ਸਰਕਾਰ ਜ਼ਿੰਦਾ ਹੁੰਦੇ । ਅਸੀਂ ਗੋਰਿਆਂ ਨੂੰ ਜਹਾਜ਼ੀਂ ਚਾੜ੍ਹ ਕੇ ਹੀ ਪਰਤਦੇ ।"

"ਕਾਸ਼ ! ਅਜ ਸਰਕਾਰ ਜ਼ਿੰਦਾ ਹੁੰਦੇ । ਗੋਰੇ ਸਾਡੇ ਵਲ ਉੱਚੀ ਨਿਗਾਹ ਕਰ ਕੇ ਨਾ ਵੇਖਦੇ ।"

"ਇਕ ਸਰਕਾਰ ਬਾਝੋਂ ਕੀ ਨਾ ਕੀ ਹੋ ਗਿਆ ਹੈ । ਇਕ ਸਰਕਾਰ ਬਾਝੋਂ ਲੱਖਾਂ ਦੇ ਅਜ ਅਸੀਂ ਕੱਖ ਬਣ - ਰੁਲ ਰਹੇ ਹਾਂ ।"

੧੨੪

ਅੰਗਰੇਜ਼ਾਂ ਤੇ ਖ਼ਾਲਸੇ ਵਿਚਕਾਰ ਜਦੋਂ ਹਾਲਾਤ ਇਸ ਤਰ੍ਹਾਂ ਡਾਵਾਂਡੋਲ ਸਨ, ਤਾਂ ਪੰਜਾਬ ਸਰਕਾਰ ਦੀ ਵਾਗ ਡੋਰ ਸਰਦਾਰ ਤੇਜ ਸਿੰਘ ਤੇ ਸਰਦਾਰ ਲਾਲ ਸਿੰਘ ਦੇ ਹੱਥਾਂ ਵਿਚ ਆਈ ।

ਸਰਦਾਰ ਲਾਲ ਸਿੰਘ ਰੋਹਤਾਸ ਦਾ ਰਹਿਣ ਵਾਲਾ ਬ੍ਰਾਹਮਣ ਸੀ । ਤਬੀਅਤ ਸ਼ੁਰੂ ਤੋਂ ਹੀ ਸਾਜ਼ਸ਼ੀ, ਸ਼ੁਸ਼ਲੀਅਤ ਕਮਜ਼ੋਰ ਤੇ ਆਚਰਣ ਢਿੱਲਾ । ਇਹਨਾਂ ਗੁਣਾਂ ਕਾਰਨ ਰਾਜਾ ਧਿਆਨ ਸਿੰਘ ਨੇ ਉਹਨੂੰ ਚੁਣਿਆ ਤੇ ਮਿਸਰ ਬੇਲੀ ਰਾਮ ਰੰਸ਼ਾਖਾਨੀਆਂ ਦੇ ਵਿਰੁਧ ਖੜਾ ਕੀਤਾ । ਧਿਆਨ ਸਿੰਘ ਦੀ ਮੌਤ ਪਿਛੋਂ ਲਾਲ ਸਿੰਘ ਕਦੀ ਡੋਗਰਿਆਂ ਵਲ ਤੇ ਕਦੀ ਉਹਨਾਂ ਦੇ ਬਰਖ਼ਿਲਾਫ਼ ਤੇ ਇਸ ਤਰ੍ਹਾਂ ਇਹਨਾਂ ਦੋ ਧਿਰਾਂ ਦੀ ਖਿਚੋਤਾਣ ਵਿਚ ਉਹ ਪੰਜਾਬ ਦੇ ਰਾਜਨੀਤਕ ਪਿੜ ਵਿਚ ਇਕ ਰਕੜਾ ਆਦਮੀ ਬਣ ਗਿਆ ਤੇ ਮੁਖ ਮੰਤਰੀ ਦੇ ਅਹੁਦੇ ਉੱਤੇ ਨਿਯਤ ਹੋਇਆ ।

ਸਰਦਾਰ ਲਾਲ ਸਿੰਘ ਨੇ ਸਰਦਾਰ ਤੇਜ ਸਿੰਘ ਨੂੰ ਸੈਨਾ ਦਾ ਸਰਦਾਰ ਚੁਣਿਆ । ਤੇਜ ਸਿੰਘ ਤੇ ਲਾਲ ਸਿੰਘ ਦੀ ਜੋੜੀ ਸੁਹਣੀ ਰਲਦੀ ਸੀ । ਜੇ ਇਕ ਸਾਜ਼ਸ਼ੀ ਤਬੀਅਤ ਦਾ ਆਦਮੀ ਸੀ, ਤਾਂ ਦੂਜਾ ਹਰ ਪਹਿਲੂ ਤੋਂ ਔਨਾ ਸਵੈ-ਹਿਤੂ ਕਿ ਆਪਣੇ ਲਾਭ ਵਾਸਤੇ ਉਹ ਹਰ ਆਦਰਸ਼ ਤੇ ਹਰ ਅਸੂਲ ਨੂੰ ਕੁਰਬਾਨ ਕਰ ਸਕਦਾ ਸੀ । ਤੇਜ ਸਿੰਘ ਨੂੰ ਪੈਸੇ ਦੀ ਭੁੱਖ ਸੀ । ਜ਼ਿਲਾ ਮੇਰਠ ਤੇ ਪਰਗਣੇ ਸਰਧਾਣੇ ਵਿਚ ਉਹਦਾ ਪਿੰਡ ਸੀ ਤੇ ਉੱਥੇ ਹੀ ਅਜੇ ਤਕ ਉਹਦੇ ਬਹੁਤੇ ਰਿਸ਼ਤੇਦਾਰ ਰਹਿੰਦੇ ਸਨ । ਤੇਜ ਸਿੰਘ ਪੰਜਾਬ ਦੀ ਭੋਇੰ ਉੱਤੇ ਨਹੀਂ ਸੀ ਜੰਮਿਆ । ਪੰਜਾਬ ਨਾਲ ਉਹਨੂੰ ਕੋਈ ਪਿਆਰ ਨਹੀਂ ਸੀ । ਉਹਦੇ ਵਿਚ ਪੰਜਾਬੀਅਤ ਨਹੀਂ ਸੀ ਉਘੜੀ । ਉਹਦੇ ਉੱਤੇ ਰਣਜੀਤ ਸਿੰਘ ਦੀ ਅਜ਼ਮਤ ਤੇ ਉਹਦੀ ਨੀਤੀ ਦਾ ਕੋਈ ਅਸਰ ਨਹੀਂ ਸੀ ਹੋਇਆ । ਉਹ ਉਹਨਾਂ ਫ਼ਰਾਂਸੀਸੀ, ਅਮਰੀਕਨ ਤੇ ਇਟੈਲੀਅਨ ਬਦੇਸ਼ੀ ਜਰਨੈਲਾਂ ਤੋਂ ਕਰਨੈਲਾਂ ਵਾਂਙ ਹੀ ਇਕ ਸਿਪਾਹੀ ਸੀ, ਜਿਹੜੇ ਟਕਿਆਂ ਖ਼ਾਤਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋਏ ਸਨ ।

ਸਰਦਾਰ ਤੇਜ ਸਿੰਘ ਸੈਨਾਪਤੀ ਬਣਿਆ ਤੇ ਉਸ ਵੇਖਿਆ ਕਿ ਖ਼ਾਲਸਈ ਸੈਨਾ ਅੰਗਰੇਜ਼ਾਂ ਵਿਰੁਧ ਉਬਲ ਰਹੀ ਹੈ। ਉਸ ਇਹ ਵੀ ਵੇਖਿਆ ਕਿ ਅੰਗਰੇਜ਼ਾਂ ਦੀ ਨੀਤੀ ਹੁਣ ਪੰਜਾਬ ਉੱਤੇ ਹਮਲਾ ਕਰਨ ਦੀ ਹੈ। ਉਸ ਸਰਦਾਰ ਲਾਲ ਸਿੰਘ ਨਾਲ ਸਲਾਹ ਕੀਤੀ —

"ਫ਼ੌਜ ਭੂਤੀ ਹੋਈ ਹੈ ਲਾਲ ਸਿੰਘ। ਇਹ ਬਹੁਤਾ ਚਿਰ ਸਾਡੇ ਕਾਬੂ ਵਿਚ ਰਹਿਣ ਵਾਲੀ ਨਹੀਂ।"

"ਮੈਂ ਵੀ ਇਹੋ ਸੋਚ ਰਿਹਾ ਹਾਂ। ਤੇਜ ਸਿੰਘ", ਸਾਜ਼ਸ਼ੀ ਲਾਲ ਸਿੰਘ ਨੇ ਕਿਹਾ, "ਸਾਨੂੰ ਕੋਈ ਨਾ ਕੋਈ ਉਪਾ ਲੱਭਣਾ ਪਏਗਾ।"

"ਕੁਝ ਕਰੀਏ! ਜੇ ਅਸੀਂ ਫੌਜ ਨੂੰ ਕਿਸੇ ਆਹਰੇ ਨਾ ਲਾਇਆ, ਤਾਂ ਇਹ ਸਾਨੂੰ ਬੈਠੇ ਕਰੇਗੀ।"

"ਇਹਨੂੰ ਅੰਗਰੇਜ਼ਾਂ ਨਾਲ ਭਿੜਨ ਦਿਓ।"

"ਅੰਗਰੇਜ਼ਾਂ ਨਾਲ ਭਿੜਨ ਤਾਂ ਦਿਓ, ਪਰ ਜੇ ਇਹਨਾਂ ਗੋਰਿਆਂ ਨੂੰ ਭਜਾ ਕਢਿਆ ? ਜੇ ਖ਼ਾਲਸਈ ਸੈਨਾ ਦਿੱਲੀ ਤਕ ਜਾ ਪਹੁੰਚੀ! ਮੈਂ ਅੰਗਰੇਜ਼ ਫੌਜ ਦੀ ਔਕਾਤ ਜਾਣਦਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਗੋਰੇ ਸਿੱਖਾਂ ਅੱਗੇ ਅੜ ਨਹੀਂ ਸਕਦੇ। ਇਹਨਾਂ ਵਿਚ ਰੂਹਾਨੀ ਜੋਸ਼ ਹੈ ਕਿ ਕੋਈ ਜ਼ਮੀਨੀ ਤਾਕਤ ਥੋੜਾ ਕੀਤਿਆਂ ਇਹਨਾਂ ਨੂੰ ਪਛਾੜ ਨਹੀਂ ਸਕਦੀ।"

"ਫਿਰ...।"

"ਫਿਰ ਇਹੋ ਤਾਂ ਮੈਂ ਪੁੱਛਦਾ ਹਾਂ।"

"ਇਹਨਾਂ ਨੂੰ ਇਸ ਤਰ੍ਹਾਂ ਅੰਗਰੇਜ਼ਾਂ ਨਾਲ ਲੜਾਈਏ ਕਿ ਇਹਨਾਂ ਦਾ ਜਿੱਤਣਾ ਅਣਹੋਣਾ ਹੋਵੇ।"

"ਜੇ ਤੂੰ ਬਿੜਕੇਂ ਨਾ ਤਾਂ ਮੈਂ ਕੋਈ ਸਬੋਲ ਸੋਚਾਂ ?" ਤੇਜ ਸਿੰਘ ਨੇ ਆਪਣੀ ਸਿਪਾਹੀ ਗੀਰੀ ਦੀ ਫੜ ਮਾਰਦਿਆਂ ਕਿਹਾ।

"ਮੈਂ ਜੇ ਬਿੜਕਣਾ ਹੁੰਦਾ, ਤਾਂ ਤੈਨੂੰ ਏਥੇ ਬੁਲਾ ਕੇ ਸੈਨਾਪਤੀ ਨਾ ਬਣਾਉਂਦਾ। ਤੇ ਮੈਂ ਤਾਂ ਇਹ ਸੋਚਦਾ ਹਾਂ ਤੇਜ ਸਿੰਘ ਕਿ ਆਪਣੇ ਲਾਭ ਵਾਸਤੇ ਅੰਗਰੇਜ਼ਾਂ ਨਾਲ ਸਾਜ਼ਬਾਜ਼ ਕਰਨ ਦਾ ਠੇਕਾ ਸਿਰਫ਼ ਗੁਲਾਬ ਸਿੰਘ ਨੇ ਹੀ ਥੋੜਾ ਲਿਆ ਹੈ। ਅਜ ਕਲ੍ਹ ਹਰ ਕੋਈ ਆਪਣੇ ਵਾਸਤੇ ਹੈ। ਜੇ ਅਸੀਂ ਆਪਣਾ ਅੱਗਾ ਪਿੱਛਾ ਨਾ ਸੋਚਿਆ ਤਾਂ ਗੁਲਾਬ ਸਿੰਘ ਤੇ ਅੰਗਰੇਜ਼ ਸਾਨੂੰ ਸਭਨਾਂ ਨੂੰ ਨਿਗਲ ਜਾਣਗੇ।"

"ਮੈਂ ਵੀ ਇਹੋ ਸਮਝਦਾ ਰਾਂ, ਲਾਲ ਸਿੰਘ। ਬਸ ਜੇ ਤੂੰ ਪੱਕਾ ਰਹੇਂ ਤਾਂ ਮੈਂ ਬਰਾਡਫੁਟ ਨਾਲ ਗੱਲਬਾਤ ਕਰਾਂ!"

"ਤੂੰ ਮੇਰੇ ਤੇ ਵਿਸ਼ਵਾਸ ਕਰ। ਮੈਂ ਆਪ ਤੇਰੇ ਨਾਲ ਰਣਭੂਮੀ ਵਿਚ ਜਾਵਾਂਗਾ। ਜਿਵੇਂ ਯੋਗ ਸਮਝਾਂਗੇ ਕਰਾਂਗੇ। ਜਿਵੇਂ ਅੰਗਰੇਜ਼ ਚਾਹੁਣਗੇ ਉਸੇ ਤਰ੍ਹਾਂ ਹੀ ਕਰਨ ਦਾ ਕੋਈ ਨਾ ਕੋਈ ਰਾਹ ਲੱਭਾਂਗੇ। ਸਾਡੇ ਵੇਂਹਦਿਆਂ ਇਸ ਮੂੰਹ-ਜ਼ੋਰ ਸੈਨਾ ਦਾ ਮੂੰਹ ਜ਼ਰੂਰ ਭੰਨਾਂਗੇ। ਫਿਰ ਇਹ ਆਪਣੀ ਮਰਜ਼ੀ ਨਾਲ ਨਾ ਹੀ ਵਜ਼ੀਰ ਬਣਾਉਣ ਜੋਗੀ ਰਹੇਗੀ, ਨਾ ਹੀ ਸੈਨਾਪਤੀ ਚੁਣਨ ਜੋਗੀ।"

"ਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਗੁਲਾਬ ਸਿੰਘ ਜਿੰਨਾ ਸਿਲਾ ਸਾਨੂੰ ਵੀ ਮਿਲੇ।"

"ਜੇ ਉਸ ਤੋਂ ਵਧ ਨਹੀਂ। ਆਖ਼ਰ ਜੰਗ ਵਿਚ ਜਾ ਕੇ ਤਾਂ ਅਸਾਂ ਹੀ ਪੂਰੀਆਂ ਪਾਣੀਆਂ ਨੇ ਉਹਨੇ ਤਾਂ ਲਾਹੌਰ ਤੋਂ ਅਗੇ ਨਹੀਂ ਆਉਣਾ। ਇਕ ਇਕੱਲੇ ਗੁਲਾਬ ਸਿੰਘ ਵਾਸਤੇ ਜੰਮੂ ਤੇ ਕਸ਼ਮੀਰ ਦਾ ਸਾਰਾ ਇਲਾਕਾ ਬਹੁਤ ਜ਼ਿਆਦਾ ਹੈ। ਮੈਨੂੰ ਉਮੀਦ ਹੈ ਅਸੀਂ ਅੰਗਰੇਜ਼ ਨੂੰ ਕੁਝ ਹਿੱਸਾ ਸਾਨੂੰ ਦੇਣ ਤੇ ਮਨਾ ਲਵਾਂਗੇ। ਤੇ ਜੰਮੂ ਕਸ਼ਮੀਰ ਤੋਂ ਇਲਾਵਾ ਵੀ ਤਾਂ ਕਈ ਹੋਰ ਪਹਾੜੀ ਇਲਾਕੇ ਹਨ।"

"ਇਹ! ਇਹ ਤੇਰੀ ਗੱਲ ਠੀਕ ਹੈ ਲਾਲ ਸਿੰਘ। ਅੰਗਰੇਜ਼ ਮੈਨੂੰ ਲਾਹੌਰ, ਮੁਲਤਾਨ ਜਾਂ ਪਿਸ਼ਾਵਰ ਨਹੀਂ ਦੇਣ ਲੱਗੇ। ਮੈਨੂੰ ਉਹਨਾਂ ਦੀ ਨੀਤੀ ਦੀ ਸੋਝੀ ਹੈ। ਇਹ ਸਾਰੇ ਇਲਾਕੇ ਉਹ ਸਿਧੇ ਆਪਣੇ ਰਾਜ ਥੱਲੇ ਰਖਣਾ ਚ ਹੁੰਦੇ ਸਨ। ਇਹਨਾਂ ਤੋਂ ਬਗ਼ੈਰ ਉਹ ਅਫਗਾਨਿਸਤਾਨ ਕੋਲੋਂ ਆਪਣੀ ਮਨ ਆਈ ਨਹੀਂ ਮੰਨਵਾ ਸਕਦੇ ਤੇ ਨਾ ਹੀ ਰੂਸ ਦੇ ਅਸਰ ਨੂੰ ਦੂਰ ਰਖ ਸਕਦੇ ਹਨ। ਬਾਕੀ ਬਚੇ ਪਹਾੜੀ ਇਲਾਕੇ। ਇਹ ਨਾ ਔਨੇ ਉਪਜਾਊ ਹਨ ਤੇ ਨਾ ਹੀ ਰਾਜ ਕਰਨ ਵਾਸਤੇ ਸੋਖੇ। ਸੋ ਸਾਡੇ ਵਿਚ ਵੰਡਣ ਵਾਸਤੇ ਇਹ ਇਲਾਕੇ ਬਚਦੇ ਹਨ। ਸਾਨੂੰ ਸਿਰਫ਼ ਖ਼ਿਆਲ ਰਖਣਾ ਚਾਹੀਦਾ ਹੈ ਕਿ ਗੁਲਾਬ ਸਿੰਘ ਹੀ ਸਾਰਾ ਕੁਝ ਨਹੀਂ ਲੈ ਜਾਂਦਾ।'

Scanned by CamScanner



ਪਰ ਅਸੀਂ ਗੁਲਾਬ ਸਿੰਘ ਨੂੰ ਗੁੱਸੇ ਵੀ ਨਹੀਂ ਕਰਨਾ। ਇਸ ਤਾਣੇ ਪੇਟੇ ਵਿਚ ਉਹ ਸਾਡੇ ਵਾਸਤੇ ਵੀ ਤੇ ਅੰਗਰੇਜ਼ਾਂ ਵਾਸਤੇ ਵੀ ਮਹੱਤਵ ਆਦਮੀ ਹੈ। ਉਹਨੂੰ ਨਾਰਾਜ਼ ਕੀਤਿਆਂ ਨਹੀਂ ਬਣਨੀ। ਸਗੋਂ ਸਾਨੂੰ ਗੁਲਾਬ ਸਿੰਘ ਨੂੰ ਆਪਣੇ ਲਾਭ ਤੇ ਆਪਣੇ ਇਰਾਦਿਆਂ ਦੀ ਪੂਰਤੀ ਵਾਸਤੇ ਵਰਤਣਾ ਚਾਹੀਦਾ ਹੈ।''

''ਸਭ ਕੁਝ ਸਿੱਧ ਹੋ ਜਾਏਗਾ, ਲਾਲ ਸਿੰਘ। ਜੇ ਅਸੀਂ ਇਕੱਠੇ ਰਹੀਏ, ਤਾਂ ਸਾਨੂੰ ਆਪਣੀ ਆਈ ਨੂੰ ਰੋਕਣ ਵਾਲਾ ਕੋਈ ਨਹੀਂ। ਅੰਗਰੇਜ਼ਾਂ ਨੂੰ ਸਾਬਤ ਕਰ ਦੇਵਾਂਗੇ ਕਿ ਅਸੀਂ ਗੁਲਾਬ ਸਿੰਘ ਨਾਲੋਂ ਉਹਨਾਂ ਦੀ ਮਦਦ ਵਧ ਕੀਤੀ ਹੈ ਤੇ ਇਹ ਵੀ ਕਿ ਅਸੀਂ ਉਹਨਾਂ ਦੇ ਵਫ਼ਾਦਾਰ ਹਾਂ।''

''ਪਰ ਜੋ ਕੁਝ ਕਰਨਾ ਹੋਵੇ, ਜਲਦੀ ਕਰਨਾ ਚਾਹੀਦਾ ਹੈ। ਕਿਤੇ ਸਾਡੀਆਂ ਸੋਚੀਆਂ ਵਿਚੇ ਈਆਂ ਵਿਚੇ ਨਾ ਰਹਿ ਜਾਣ। ਕਿਤੇ ਸੈਨਾਂ ਜਾਂ ਅਟਾਰੀ ਵਾਲੇ ਤੇ ਮਾਹਿਲ ਸਰਦਾਰ ਸਾਨੂੰ ਪਿਛੋਂ ਨਾ ਆ ਪੈਣ। ਮਹਾਰਾਣੀ ਜਿੰਦ ਕੌਰ ਵੀ ਬੜਾ ਕੁਝ ਸਮਝਦੀ ਲੱਗਦੀ ਹੈ। ਉਹਨੂੰ ਜੰਗ ਵਾਸਤੇ ਮਨਾਉਣਾ ਸੌਖਾ ਨਹੀਂ ਹੋਵੇਗਾ।''

''ਜਿੰਦ ਕੌਰ ਨੂੰ ਜੰਗ ਵਾਸਤੇ ਤਿਆਰ ਹੋਣਾ ਹੀ ਪਵੇਗਾ। ਗੋਰਿਆਂ ਵਿਰੁਧ ਇਕ ਵਾਰ ਝੜਕੀ ਹੋਈ ਸੈਨਾ ਨੂੰ ਨਾ ਹੀ ਜਿੰਦਾਂ ਰੋਕ ਸਕਦੀ ਹੈ ਤੇ ਨਾ ਹੀ ਮਾਹਿਲ ਜਾਂ ਅਟਾਰੀ ਵਾਲੇ ਸਰਦਾਰ। ਲਹਿਣਾ ਸਿੰਘ ਮਜੀਠੀਆ ਹੈ ਹੀ ਨਹੀਂ। ਸੋ ਰਾਹ ਸਾਡਾ ਸੌਖਾ ਹੈ, ਪਰ ਜਿਵੇਂ ਤੂੰ ਕਹਿੰਦਾ ਹੈਂ ਸਾਨੂੰ ਉਡੀਕਣਾ ਨਹੀਂ ਚਾਹੀਦਾ।''

ਸਲਾਹ ਪੱਕੀ ਹੋ ਗਈ। ਦੋ ਦਿਮਾਗ਼ ਰਲ ਗਏ। ਦੋ ਦਿਲ ਇਕੋ ਆਸ ਦੀ ਪੂਰਤੀ ਵਾਸਤੇ ਧੜਕਣ ਲੱਗੇ। ਇਕ ਵਡੀ ਜਾਗੀਰ ਦੀ ਲਾਲਸਾ ਨੇ ਦੋਹਾਂ ਨੂੰ ਅੰਨ੍ਹਾਂ ਬੋਲਾ ਕਰ ਦਿਤਾ। ਸਵੈ-ਲਾਭ ਦਾ ਜਜ਼ਬਾ ਐਨਾ ਪ੍ਰਬਲ ਹੋ ਗਿਆ ਕਿ ਵਫ਼ਾਦਾਰੀ ਤਾਂ ਕਿਤੇ ਰਹੀ ਇਕ ਰਾਜ ਉਜਾੜਿਆ ਜਾਣ ਲੱਗਾ, ਇਕ ਮਹਾਨ ਸੈਨਾ ਨੂੰ ਤਬਾਹ ਕਰਾਉਣ ਦੀਆਂ ਜੁਗਤਾਂ ਸੋਚੀਆਂ ਜਾਣ ਲਗੀਆਂ।

ਇਕ ਮਨੁੱਖ ਜਦੋਂ ਆਪਣੇ ਹਿਤ ਵਾਸਤੇ ਕਿਸੇ ਦੂਜੇ ਮਨੁੱਖ ਨੂੰ ਹਾਨੀ ਪਹੁੰਚਾਣ ਲੱਗਦਾ ਹੈ ਤਾਂ ਉਹ ਇਕ ਵੇਰ ਵਾਰ ਸੋਚਦਾ ਤੇ ਝਿੜਕਦਾ ਜ਼ਰੂਰ ਹੈ। ਮਨੁੱਖ ਦੇ ਅੰਤਰ ਆਤਮੇ ਵੱਸਦਾ ਚੰਗਿਆਈ ਦਾ ਜਜ਼ਬਾ ਉਹਨੂੰ ਇਕ ਵੇ ਵਾਰ ਲਾਅਨਤ ਤਾਂ ਜ਼ਰੂਰ ਪਾਉਂਦਾ ਹੈ, ਪਰ ਤੇਜ ਸਿੰਘ ਤੇ ਲਾਲ ਸਿੰਘ ਇਕ ਰਾਜ ਤੇ ਇਕ ਸੈਨਾ ਦੀ ਤਬਾਹੀ ਬਿਲਕੁਲ ਠੰਡੇ ਦਿਲ ਨਾਲ ਸੋਚ ਸਕੇ। ਉਹ ਐਨੇ ਅਵਿਅਕਤ, ਅਣਸ਼ਖਸੀ ਤੇ ਹੈਂਸਿਆਰੇ ਹੋ ਗਏ ਕਿ ਉਹਨਾਂ ਵਿਚਲੀ ਚੰਗਿਆਈ ਉਹਨਾਂ ਸਾਹਮਣੇ ਇਕ ਵਾਰ ਵੀ ਉਭਰ ਨਾ ਸਕੀ। ਸ਼ਾਇਦ ਮਨੁੱਖ ਕਦੀ ਕਦੀ ਐਨਾ ਵੀ ਭਰਿਸ਼ਟਿਆ ਜਾਂਦਾ ਹੈ!

ਸਲਾਹ ਪੱਕੀ ਹੋ ਗਈ ਤੇ ਤੇਜ ਸਿੰਘ ਨੇ ਮੇਜਰ ਬਰਾਡਫੁਟ ਤੇ ਉਹਦੇ ਸਹਾਇਕ ਕੈਪਟਨ ਪੀਟਰ ਨਿਕਲਸਨ ਨਾਲ ਗੱਲ ਬਾਤ ਸ਼ੁਰੂ ਕਰ ਦਿਤੀ। ਹੁਣ ਤਕ ਅੰਗਰੇਜ਼ਾਂ ਵਲੋਂ ਦੀ ਪੂਰੀ ਤਿਆਰੀ ਹੋ ਚੁਕੀ ਸੀ। ਨਵੰਬਰ ਦਾ ਮਹੀਨਾ ਨੇੜੇ ਆ ਰਿਹਾ ਸੀ। ਸਗੋਂ ਪੂਰੀ ਕੋਸ਼ਿਸ਼ ਕਰ ਕੇ ਹਾਰਡਿੰਗ ਨਵੰਬਰ ਤੋਂ ਪਹਿਲੇ ਹੀ ਤਿਆਰ ਬਰ ਤਿਆਰ ਸੀ। ਆਪ ਉਹ ਅਜੇ ਸਰਹੱਦ ਦੇ ਲਾਗੇ ਨਹੀਂ ਸੀ ਆਇਆ ਤਾਂ ਜੋ ਆਪਣੇ ਡਾ ਇਰੈਕਟਰਾਂ ਤੇ ਉਹਨਾਂ ਦੀ ਰਾਹੀਂ ਅੰਗਰੇਜ਼ੀ ਜਨਤਾ ਨੂੰ ਇਹ ਦਰਸਾ ਸਕੇ ਕਿ ਲੜਾਈ ਦੀ ਪਹਿਲ ਸਿੱਖਾਂ ਨੇ ਕੀਤੀ ਹੈ। ਇਹੋ ਅੰਗਰੇਜ਼ੀ ਸਾਮਰਾਜ ਦੀ ਸ਼ੁਰੂ ਤੋਂ ਨੀਤੀ ਰਹੀ ਹੈ। ਪਹਿਲ ਅਗਲੇ ਨੂੰ ਕਰਨ ਉੱਤੇ ਮਜਬੂਰ ਕਰਨਾ। ਉੱਤੋਂ ਉੱਤੋਂ ਆਪਣੀ ਅਸਥਿਤੀ ਸਾਫ਼ ਰਖਣੀ। ਦੋਸ਼ ਅਗਲੇ ਦੇ ਸਿਰ ਥਪਣਾ।

ਬਰਾਡਫੁਟ ਨੇ ਹੁਕਮ ਦਿਤਾ ਕਿ ਖ਼ਾਲਸਈ ਸੈਨਾ ਨੂੰ ਜਲਦੀ ਤੋਂ ਜਲਦੀ ਸਤਲੁਜੋਂ ਪਾਰ ਰਣਭੂਮੀ ਵਿਚ ਲੈ ਆਂਦਾ ਜਾਏ। ਇਸ ਤੋਂ ਪਿਛੋਂ ਤੇਜ ਸਿੰਘ ਤੇ ਲਾਲ ਸਿੰਘ ਬਰਾਡਫੁਟ ਦੇ ਅਗਲੇ ਹੁਕਮਾਂ ਦੀ ਉਡੀਕ ਕਰਨ।

ਹੁਣ ਵਜ਼ੀਰੇ-ਆਜ਼ਮ ਤੇ ਸਹਾਂ ਸੈਨਾਪਤੀ ਨੇ ਸੈਨਾ ਨੂੰ ਅੰਗਰੇਜ਼ਾਂ ਦੇ ਵਿਰੁਧ ਭੜਕਾਣਾ ਸ਼ੁਰੂ ਕੀਤਾ।

''ਜੇ ਅਸੀਂ ਜੰਗ ਦੀ ਤਿਆਰੀ ਨਾ ਕੀਤੀ ਤਾਂ ਗੋਰੇ ਸਮਝਣਗੇ ਕਿ ਅਸੀਂ ਉਹਨਾਂ ਕੋਲੋਂ ਡਰ ਗਏ ਹਾਂ। ਉਹ ਹੋਰ ਵੀ ਧਮਕੀਆਂ ਕਰਨਗੇ। ਇਕ ਨਾ ਇਕ ਦਿਨ ਸਾਨੂੰ ਗੋਰਿਆਂ ਨਾਲ ਲੜਨਾ ਹੀ ਪੈਣਾ ਹੈ ਸੋ ਕਿਉਂ ਨਾ ਜਲਦੀ ਤੋਂ ਜਲਦੀ ਇਹ ਕੰਮ ਨਜਿੱਠੀਏ। ਅਜੇ ਗੋਰਿਆਂ ਦੇ ਪੈਰ ਪੀਡੇ ਨਹੀਂ ਹੋਏ। ਅਜੇ ਦਿੱਲੀ ਵਿਚ ਵੀ ਮੁਗਲ ਸਲਤਨੱਤ ਦੀ ਟੀਪ ਟਾਪ ਬਣੀ ਹੋਈ ਹੈ। ਅਫ਼ਗਾਨਿਸਤਾਨ ਵਿਚ ਤੇ ਭਾਰਤ ਵਿਚ ਅਠੋਰ ਹੋਰ ਥਾਵਾਂ ਤੇ ਖ਼ੂਬ ਕਰਦਿਆਂ ਗੋਰਾ ਸੈਨਾ ਤਾਜ਼ਾ ਦਮ ਵੀ ਨਹੀਂ। ਐਸ ਵੇਲੇ ਉਹ ਸਾਡੀ ਤਾਬ ਨਹੀਂ ਲਿਆ ਸਕਦੇ। ਸਾਡੀ ਅਣਗਿਣਤ ਸੈਨਾ ਵਲ ਵੇਖ

Scanned by CamScanner

ਤੇ ਮੁੱਠੀ ਭਰ ਗੋਰਿਆਂ ਵਲ। ਸਾਨੂੰ ਵਿਸ਼ਵਾਸ ਹੈ ਕਿ ਮਾਰੋ ਮਾਰ ਕਰਦੀ ਖ਼ਾਲਸਈ ਸੈਨਾ ਦਿੱਲੀ ਤਕ ਜਾ ਪੁਜੇਗੀ।"

"ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਵਿਸ਼ਵਾਸ ਸੀ ਕਿ ਇਕ ਦਿਨ ਖ਼ਾਲਸੇ ਦੀ ਤੇ ਗੋਰਿਆਂ ਦੀ ਖੜਕੇਗੀ। ਅੱਵੇ ਤਾਂ ਨਹੀਂ ਉਹ ਦਿਨੇ ਰਾਤ ਖ਼ਾਲਸਈ ਸੈਨਾਂ ਨੂੰ ਮਜ਼ਬੂਤ ਕਰਨ ਦੀਆਂ ਸਬੀਲਾਂ ਸੋਚਦੇ ਰਹਿੰਦੇ ਸਨ। ਉਹਨਾਂ ਨੇ ਕਦੀ ਗੋਰਿਆਂ ਦੀ ਨੀਅਤ ਸਾਫ਼ ਨਹੀਂ ਮੰਨੀ।"

"ਸਾਡੇ ਦੇਸ਼ ਵਿਚ ਜਿਹੜਾ ਖ਼ੂਨ ਖ਼ਰਾਬਾ ਹੋਇਆ ਹੈ ਉਹਦੇ ਵਿਚ ਨਿਰਸੰਦੇਹ ਅੰਗਰੇਜ਼ਾਂ ਦਾ ਹੱਥ ਹੈ। ਅਸੀਂ ਤਾਂ ਸਗੋਂ ਏਥੋਂ ਤਕ ਕਹਿੰਦੇ ਹਾਂ ਕਿ ਬਹੁਤਾ ਕੁਝ ਉਹਨਾਂ ਦੀ ਸ਼ਹਿ ਉੱਤੇ ਹੀ ਹੋਇਆ ਹੈ। ਜਦੋਂ ਤਕ ਅੰਗਰੇਜ਼ ਸਾਡੇ ਘਰੇਗੀ ਮੁਆਮਲਿਆਂ ਵਿਚ ਦਖ਼ਲ ਦੇਣਾ ਨਹੀਂ ਛਡਦੇ ਸਾਡੀ ਹਾਲਤ ਸੁਧਰਨ ਨਹੀਂ ਲਗੀ ਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਗੋਰਿਆਂ ਨੂੰ ਜਮਨਾ ਤੋਂ ਪਾਰ ਹੀ ਰਖੀਏ। ਵੇਖੋ ਕਿਦਾਂ ਅੰਗਰੇਜ਼ਾਂ ਨੇ ਮਾਝੇ ਤੇ ਮਾਲਵੇ ਦੇ ਸਿੱਖਾਂ ਨੂੰ ਫੜ ਰਖਿਆ ਹੈ।"

"ਅੰਗਰੇਜ਼ਾਂ ਨੇ ਜੋ ਹਾਲਤ ਬਾਕੀ ਰਾਜਿਆਂ ਮਹਾਰਾਜਿਆਂ ਤੇ ਉਹਨਾਂ ਦੀ ਔਲਾਦ ਦੀ ਕੀਤੀ ਹੈ ਉਹੋ ਉਹ ਸਾਡੀ ਕਰਨਗੇ। ਸਾਨੂੰ ਸਿੱਖੀ ਤੋਂ ਪਤਿਤ ਕਰ ਦੇਣਗੇ। ਸਾਡੇ ਮਹਾਰਾਜਾ ਦਲੀਪ ਸਿੰਘ ਨੂੰ ਹੋ ਸਕਦਾ ਹੈ, ਉਹ ਵਲਾਇਤ ਲੈ ਜਾਣ। ਸਾਡੀ ਮਹਾਰਾਣੀ ਜਿੰਦ ਕੌਰ ਨੂੰ ਸ਼ਾਇਦ ਦੇਸ-ਨਿਕਾਲਾ ਦੇ ਦੇਣ। ਅਸੀਂ ਅਣਖੀ ਯੋਧੇ ਹਾਂ। ਅਸੀਂ ਮਰ ਮਿਟਾਂਗੇ, ਪਰ ਸ਼ੇਰੇ-ਪੰਜਾਬ ਦੀ ਸੰਤਾਨ ਨੂੰ ਬੇਪੱਤ ਨਹੀਂ ਹੋਣ ਦੇਵਾਂਗੇ। ਖ਼ਾਲਸਾ ਜੀ! ਤੇ ਪੰਜਾਬ ਦੇਸ਼ ਦੇ ਪਿਆਰਿਓ! ਗੋਰਿਆਂ ਨਾਲ ਯੁੱਧ ਲਈ, ਗੋਰਿਆਂ ਨੂੰ ਜਿੱਤਣ ਲਈ ਤਿਆਰ ਹੋ ਜਾਓ।"

ਖ਼ਾਲਸਈ ਸੈਨਾ ਤੇ ਪੰਜਾਬੀ ਜਨਤਾ ਪਹਿਲੇ ਹੀ ਤਿਆਰ ਸੀ। ਉਹ ਤਾਂ ਉਡੀਕ ਰਹੇ ਸਨ ਕਿ ਕੋਈ ਨੇਤਾ ਜਾਂ ਕੋਈ ਸੈਨਾਪਤੀ ਉਹਨਾਂ ਨੂੰ ਰਣਭੂਮੀ ਵਿਚ ਵਧਣ ਲਈ ਆਖੇ। ਉਹ ਤਾਂ ਅੰਗਰੇਜ਼ਾਂ ਦੀਆਂ ਵਧੀਕੀਆਂ ਤੋਂ ਅਗੇ ਹੀ ਅਵਾਜ਼ਾਰ ਸਨ। ਉਹਨਾਂ ਨੂੰ ਵਿਸ਼ਵਾਸ ਹੋ ਚੁਕਾ ਸੀ ਕਿ ਅੰਗਰੇਜ਼ ਉਹਨਾਂ ਦੇ ਘਰੇਗੀ ਮੁਆਮਲਿਆਂ ਵਿਚ ਬਹੁਤ ਦਖ਼ਲ-ਅੰਦਾਜ਼ੀ ਕਰਦੇ ਰਹੇ ਹਨ।

ਪੰਜਾਬੀ ਜਨਤਾ ਯੁਧ ਲਈ ਤਿਆਰ ਸੀ ਕਿਉਂਕਿ ਉਹ ਇਕ ਵਾਰ ਫਿਰ ਕਿਸੇ ਦੀ ਗ਼ੁਲਾਮ ਨਹੀਂ ਸੀ ਬਣਨਾ ਚਾਹੁੰਦੀ। ਅਜੇ ਕਲ੍ਹ ਦੀ ਹੀ ਗੱਲ ਸੀ ਕਿ ਮੁਗ਼ਲ ਤੇ ਪਠਾਨ ਉਹਨਾਂ ਦੀਆਂ ਚਮੜੀਆਂ ਉਧੇੜ ਰਹੇ ਸਨ, ਉਹਨਾਂ ਦੇ ਬੱਚੇ ਕੁੱਤਰਾ ਕੁੱਤਰਾ ਕਰ ਕੇ ਉਹਨਾਂ ਦੀਆਂ ਝੋਲੀਆਂ ਵਿਚ ਪੁਵਾ ਰਹੇ ਸਨ। ਉਹਨਾਂ ਦੇ ਮੂੰਹੋਂ ਗਰਾਹੀਆਂ ਖੋਹ ਰਹੇ ਸਨ। ਉਹਨਾਂ ਨੂੰ ਕਿਸੇ ਪਾਸੋਂ ਵੀ ਸਲਾਮਤੀ ਨਹੀਂ ਸੀ।

ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬੀ ਜਨਤਾ ਨੇ ਆਪਣੀ ਰੂਹ ਲੱਭੀ ਸੀ। ਉਹਨਾਂ ਵਿਚ ਸਵੈ-ਵਿਸ਼ਵਾਸ ਆਇਆ ਸੀ। ਉਹਨਾਂ ਨੂੰ ਖਾਣ ਲਈ ਰਜਵਾਂ ਮਿਲਿਆ ਤੇ ਪਹਿਨਣ ਹੰਢਾਣ ਨੂੰ ਕਪੜਾ। ਸਿਰਫ ਇਹਨਾਂ ਹੀ ਵਰ੍ਹਿਆਂ ਵਿਚ ਉਹਨਾਂ ਦੀਆਂ ਨੂੰਹਾਂ ਧੀਆਂ ਦੀ ਬੇਪਤੀ ਨਹੀਂ ਹੋਈ, ਉਹਨਾਂ ਨੂੰ ਜ਼ਲੀਲ ਨਹੀਂ ਕੀਤਾ ਗਿਆ। ਉਹ ਹੁਣ ਆਪਣੀ ਆਜ਼ਾਦੀ ਗੁਆਣਾ ਨਹੀਂ ਸਨ ਚਾਹੁੰਦੇ। ਉਹ ਸਮਝਦੇ ਸਨ ਕਿ ਈਸਾਈ ਸਭ ਹੋਰ ਧਰਮਾਂ ਦੇ ਪੈਰੋਕਾਰਾਂ ਨਾਲੋਂ ਵੀ ਵਧ ਕੱਟੜ ਹਨ ਤੇ ਉਹ ਵਰ੍ਹਿਆਂ ਵਿਚ ਹੀ ਹਿੰਦੂ ਮਤ, ਸਿੱਖ ਮਤ ਤੇ ਇਸਲਾਮ ਦਾ ਖ਼ਾਤਮਾ ਕਰ ਦੇਣਗੇ।

ਸੈਨਾ ਅੰਗਰੇਜ਼ਾਂ ਨੂੰ ਆਪਣੀ ਮਹਾਨਤਾ ਵਿਖਾਣਾ ਚਾਹੁੰਦੀ ਸੀ। ਉਹਨਾਂ ਦੇ ਦਿਲਾਂ ਵਿਚ ਗੋਰਿਆਂ ਵਿਰੁਧ ਬੇਅੰਤ ਜਜ਼ਬਾ ਸੀ। ਹਰ ਵਜ਼ੀਰੇ-ਆਜ਼ਮ ਕਿਸੇ ਨਾ ਕਿਸੇ ਪੱਖੋਂ ਸੈਨਾ ਨੂੰ ਅੰਗਰੇਜ਼ਾਂ ਦੇ ਵਿਰੁਧ ਭੜਕਾਂਦਾ ਆਇਆ ਸੀ। ਉਂਜ ਵੀ ਫੌਜ ਹੁਣ ਲੜਨਾ ਚਾਹੁੰਦੀ ਸੀ, ਜਿੱਤਾਂ ਜਿੱਤਣੀਆਂ ਚਾਹੁੰਦੀ ਸੀ। ਸਿਪਾਹੀ ਦਿੱਲੀ ਦੇ ਸੁਪਨੇ ਲੈ ਰਹੇ ਸਨ। ਉਹਨਾਂ ਦੀ ਭੁੱਖ ਲੱਤ ਨਹੀਂ ਸੀ ਲਗਦੀ। ਜਦੋਂ ਰਣਜੀਤ ਸਿੰਘ ਜ਼ਿੰਦਾ ਸੀ ਤਾਂ ਉਹਨਾਂ ਨੂੰ ਆਪਣਾ ਆਲਸ ਲਾਹੁਣ ਵਾਸਤੇ ਕਿਤੇ ਨਾ ਕਿਤੇ ਚੌਰ ਅਜ਼ਮਾਈ ਕਰਨ ਦੇ ਅਵਸਰ ਮਿਲਦੇ ਹੀ ਰਹਿੰਦੇ ਸਨ, ਪਰ ਦਿਨੋ ਦਿਨ ਇਹ ਅਵਸਰ ਅਲੋਪ ਹੁੰਦੇ ਗਏ।

ਰਣਜੀਤ ਸਿੰਘ ਦੇ ਸਮੇਂ ਸੈਨਾ ਇਕ ਜ਼ਬੱਤ ਵਿਚ ਬੰਨ੍ਹੀ ਹੋਈ ਸੀ, ਪਰ ਪਿਛਲੇ ਦੋ ਢਾਈ ਵਰ੍ਹਿਆਂ ਵਿਚ ਉਸ ਪਹਿਲੇ ਜ਼ਬੱਤ ਦਾ ਉਛਾੜ ਵੀ ਲਹਿ ਚੁਕਾ ਸੀ। ਸੈਨਾ ਵਜ਼ੀਰ ਬਦਲਦੀ ਆਈ ਸੀ। ਆਪਣੇ ਚੁਣੇ ਪੰਚਾਂ ਦੇ ਰਾਹੀਂ ਹਰ ਗੱਲ ਮੰਨਾਂਦੀ ਆਈ ਸੀ। ਸੈਨਾ ਹੀ ਪੰਜਾਬ ਦੀ ਅਸਲ ਕਾਰਨੀਕਾਰ ਸੀ। ਉਹ ਆਪਣੀ ਮਹੱਤਤਾ ਹੋਰ ਵੀ ਵਧਾਣਾ ਚਾਹੁੰਦੀ ਸੀ।

Scanned by CamScanner

ਭਾਵੇਂ ਸੈਨਾ ਬੜਾ ਕੁਝ ਅਯੋਗ ਕਰਦੀ ਆਈ ਸੀ, ਪਰ ਇਹਦੇ ਵਿਚ ਸ਼ਕ ਨਹੀਂ ਕਿ ਹਰ ਸਿਪਾਹੀ ਦੇ ਦਿਲ ਵਿਚ ਰਣਜੀਤ ਸਿੰਘ ਦੇ ਟੱਬਰ ਤੇ ਉਹਦੀ ਸੰਤਾਨ ਵਾਸਤੇ ਸਿਵਾਏ ਇੱਜ਼ਤ ਤੇ ਆਦਰ ਦੇ ਹੋਰ ਕੁਝ ਨਹੀਂ ਸੀ। ਬੇਸ਼ਕ ਰਣਜੀਤ ਸਿੰਘ ਹੁਣ ਉਹਨਾਂ ਵਿਚਕਾਰ ਨਹੀਂ ਸੀ ਫਿਰ ਵੀ ਰਣਜੀਤ ਸਿੰਘ ਦੀ ਰੂਹ ਤੇ ਉਹਦੀ ਸ਼ਖ਼ਸੀਅਤ ਉਹਨਾਂ ਦੇ ਲ਼ੂੰ ਲ਼ੂੰ ਅੰਦਰ ਰਵ ਰਹੀ ਸੀ। ਉਹ ਰਣਜੀਤ ਸਿੰਘ ਦੀ ਸੰਤਾਨ ਦੀ ਬੇਹੁਰਮਤੀ ਨਹੀਂ ਸਨ ਸਹਾਰ ਸਕਦੇ ਤੇ ਜਦੋਂ ਉਹਨਾਂ ਨੂੰ ਦਸਿਆ ਗਿਆ ਕਿ ਗੋਰੇ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਉਂ ਲਾਹ ਕੇ ਉਹਦੀ ਬੇਪਤੀ ਕਰਨਗੇ ਤੇ ਸ਼ਾਇਦ ਉਹਨੂੰ ਵਲਾਇਤ ਹੀ ਲੈ ਜਾਣ ਤਾਂ ਉਹਨਾਂ ਕੋਲੋਂ ਰੋਟੀ ਖਾਣੀ ਮੁਸ਼ਕਲ ਹੋ ਗਈ। ਉਹ ਅੰਗਰੇਜ਼ਾਂ ਨੂੰ ਉਹਨਾਂ ਦੀਆਂ ਵਧੀਕੀਆਂ ਦਾ ਮਜ਼ਾ ਚਖਾਣ ਲਈ ਤਿਆਰ ਸਨ।

ਲਾਲ ਸਿੰਘ ਤੇ ਤੇਜ ਸਿੰਘ ਦਾ ਜਾਦੂ ਚਲ ਗਿਆ ਤੇ ਛੱਬੀ ਸਤੰਬਰ ੧੮੪੫ ਨੂੰ ਐਲਾਨ ਕੀਤਾ ਗਿਆ ਕਿ ਜੇ ਅੰਗਰੇਜ਼ੀ ਸੈਨਾ ਨੇ ਅੰਬਾਲੇ ਜਾਂ ਮੇਰਠ ਜਾਂ ਹੋਰਨਾਂ ਥਾਵਾਂ ਤੋਂ ਲੁਧਿਆਣਾ ਤੇ ਫੀਰੋਜ਼ਪੁਰ ਵਲ ਕੂਚ ਕੀਤਾ ਤਾਂ ਖ਼ਾਲਸਈ ਸੈਨਾ ਵੀ ਕੂਚ ਕਰ ਦਏਗੀ।

ਵਦੀਰੇ-ਆਜ਼ਮ ਤੇ ਸੈਨਾਪਤੀ ਦਾ ਜਾਦੂ ਚਲ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਾਜੀ ਮਹਾਨ ਸੈਨਾ ਉਹਨਾਂ ਦੇ ਹੱਥਾਂ ਵਿਚ ਕਠ-ਪੁਤਲੀ ਬਣ ਗਈ।

ਸਾਰੇ ਵਿਸ਼ਵ ਇਤਿਹਾਸ ਵਿਚ ਕਿਤੇ ਇਸ ਤਰ੍ਹਾਂ ਨਹੀਂ ਹੋਇਆ। ਇਤਿਹਾਸ ਵਿਚ ਕਿਤੇ ਇਕ ਅਣਖੀ ਸੈਨਾ ਬੇ-ਅਣਖੇ ਸੈਨਾਪਤੀਆਂ ਥੱਲੇ ਨਹੀਂ ਲੜੀ। ਬਹਾਦਰ ਸੈਨਾ ਨੂੰ ਬੁਜ਼ਦਿਲ ਸੈਨਾਪਤੀ ਮਿਲੇ ਹਨ ਤੇ ਬਹਾਦਰ ਸੈਨਾਪਤੀਆਂ ਨੂੰ ਬੁਜ਼ਦਿਲ ਸੈਨਾ ਕਮਾਨ ਕਰਨੀ ਪਈ ਹੈ, ਪਰ ਬੇਅਣਖਿਆਂ ਨੇ ਕਦੀ ਅਣਖ ਵਾਲਿਆਂ ਦੀ ਕਮਾਨ ਨਹੀਂ ਕੀਤੀ।

ਯੁਧ ਦੇ ਇਤਿਹਾਸ ਵਿਚ ਇਉਂ ਵੀ ਹੋਇਆ ਹੈ ਕਿ ਚੰਗੇ ਸਿਪਾਹੀ ਨਾਲਾਇਕ ਅਫ਼ਸਰਾਂ ਤੇ ਜਰਨੈਲਾਂ ਦੀਆਂ ਗ਼ਲਤੀਆਂ ਕਾਰਨ ਪਸਪਾ ਹੋਏ ਹਨ, ਪਰ ਇਸ ਤਰ੍ਹਾਂ ਨਹੀਂ ਕਿ ਦੁਸ਼ਮਣ ਨਾਲ ਮਿਲੇ ਹੋਏ ਸੈਨਾਪਤੀਆਂ ਨੇ ਆਪਣੀ ਸੈਨਾ ਨੂੰ ਵਰਗਲਾ ਕੇ ਉਹਨਾਂ ਦੀ ਤਬਾਹੀ ਚਿਤਵੀ ਹੋਵੇ।

ਪਿਛਲੇ ਕੁਝ ਸਾਲਾ ਤੋਂ ਖ਼ਾਲਸਈ ਸੈਨਾ ਆਪਣੀ ਮੰਨਵਾਂਦੀ ਆਈ ਸੀ। ਸਿਪਾਹੀਆਂ ਦੀ ਕਹੀ ਕਿਸੇ ਨਹੀਂ ਸੀ ਮੋੜੀ, ਪਰ ਅਜ ਉਹੋ ਸੈਨਾ ਤੇਜ ਸਿੰਘ ਤੇ ਲਾਲ ਸਿੰਘ ਦੇ ਹੱਥਾਂ ਉੱਤੇ ਚੜ੍ਹ ਗਈ। ਅੱਜ ਇਸ ਸੈਨਾ ਨੇ ਆਪਣੀ ਸ਼ਖ਼ਸੀਅਤ ਗੰਵਾ ਲਈ। ਅੱਜ ਸੈਨਾ ਦੇ ਪੰਚ ਬੋਂਦਲ ਗਏ। ਅੱਜ ਉਹ ਗ਼ਦਾਰਾਂ ਦੀਆਂ ਪਾਈਆਂ ਭੂਲ ਭੁਲੱਈਆਂ ਵਿਚ ਗੁਆਚ ਗਏ।

ਲੜਨਾ ਤਾਂ ਸ਼ਾਇਦ ਇਕ ਦਿਨ ਸੈਨਾ ਨੇ ਸੀ ਹੀ ਅੰਗਰੇਜ਼ਾਂ ਨਾਲ, ਪਰ ਕਾਹਲ ਵਿਚ ਉਹ ਇਹ ਨਾ ਸੋਚ ਸਕੀ ਕਿ ਉਹ ਕਿਨ੍ਹਾਂ ਦੀ ਅਗਵਾਈ ਥੱਲੇ ਲੜ ਰਹੀ ਹੈ।

ਜੰਗ ਦੇ ਬਿਗ਼ਲ ਵਜ ਗਏ। ਸਿਪਾਹੀ ਜੰਗ ਦੇ ਗੀਤ ਗਾਣ ਲਗੇ। ਕੈਂਪਾਂ ਵਿਚ ਤੇ ਬੈਰਕਾਂ ਵਿਚ ਜੰਗ ਨਾਲ ਸਬੰਧਤ ਕਾਰ ਵਿਹਾਰ ਸ਼ੁਰੂ ਹੋ ਗਏ। ਜਿਥੇ ਚਾਰ ਸਿਪਾਹੀ ਜੁੜ ਬੈਠਦੇ ਉੱਥੇ ਹੀ ਗੋਰਿਆਂ ਦਾ ਲਹੂ ਨਿੰਬੂਆਂ ਵਾਂਗ ਨਿਚੋੜ ਕੇ ਰਖ ਦੇਣ ਦੀਆਂ ਗੱਲਾਂ ਹੁੰਦੀਆਂ।

ਪੰਜਾਬੀ ਜਨਤਾ ਵੀ ਲੜਾਈ ਲਈ ਤਿਆਰ ਸੀ। ਪਿੰਡ ਪਿੰਡ ਅੰਨ ਇਕੱਠਾ ਹੋਣ ਲਗਾ, ਰਸਦ ਜੁੜਨ ਲਗੀ। ਲੋਕ ਗੋਰਿਆਂ ਵਿਰੁਧ ਕਚੀਚੀਆਂ ਵੱਟਦੇ ਤੇ ਪ੍ਰਣ ਕਰਦੇ ਕਿ ਉਹ ਆਪਣੇ ਦੇਸ਼ ਨੂੰ ਗ਼ੁਲਾਮ ਨਹੀਂ ਬਣਨ ਦੇਣਗੇ।

ਜਦੋਂ ਹਾਲਾਤ ਇਸ ਅਸਥਿਤੀ ਤਕ ਪਹੁੰਚ ਗਏ ਤਾਂ ਮਹਾਰਾਣੀ ਜ਼ਿੰਦ ਕੌਰ ਨੇ ਸਰਦਾਰ ਸ਼ਾਮ ਸਿੰਘ ਤੇ ਸਰਦਾਰ ਚੂਹੜ ਸਿੰਘ ਨੂੰ ਸੁਨੇਹਾ ਭੇਜਿਆ :

"ਜਾਂ ਤਾਂ ਆਪ ਆਓ ਤੇ ਸੈਨਾ ਦੀ ਕਮਾਣ ਕਰੋ ਜਾਂ ਸੈਨਾ ਨੂੰ ਇਸ ਜੰਗ ਤੋਂ ਰੋਕੋ। ਮੈਂ ਜਾਣਦੀ ਹਾਂ ਕਿ ਗੁਲਾਬ ਸਿੰਘ ਤੇ ਲਾਲ ਸਿੰਘ ਤੇ ਤੇਜ ਸਿੰਘ ਅੰਗਰੇਜ਼ਾਂ ਨਾਲ ਰਲੇ ਹੋਏ ਹਨ। ਮੈਨੂੰ ਲਗਦਾ ਹੈ ਕਿ ਉਹ ਕਿਵੇਂ ਨਾ ਕਿਵੇਂ ਸੈਨਾ ਨੂੰ ਤਬਾਹ ਕਰਵਾ ਕੇ ਪੰਜਾਬ ਨੂੰ ਅੰਗਰੇਜ਼ਾਂ ਦੇ ਹਵਾਲੇ ਕਰਨਾ ਚਾਹੰਦੇ ਹਨ। ਮੈਂ ਸੁਣਿਆ ਹੈ ਕਿ ਅੰਗਰੇਜ਼ਾਂ ਨੇ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ ਦਾ ਇਲਾਕਾ ਦੇਣਾ ਮੰਨ ਲਿਆ ਹੈ। ਤੇਜ ਸਿੰਘ ਤੇ ਲਾਲ ਸਿੰਘ ਨੂੰ ਵੀ ਜਾਗੀਰਾਂ ਮਿਲਣਗੀਆਂ।

"ਦਸੋ ਮੈਂ ਕੀ ਕਰਾਂ ! ਤੁਹਾਡੀ ਸਹਾਇਤਾ ਬਿਨਾਂ ਮੈਂ ਕਿਤੇ ਜੋਗੀ ਨਹੀਂ। ਤੁਸੀਂ ਬਹੁੜੋ ! ਤੁਸੀਂ ਬਹੁੜੋ ਮੇਰੀ

Scanned by CamScanner

ਸਹਾਇਤਾ ਵਾਸਤੇ ਨਹੀਂ; ਸ਼ੇਰੇ-ਪੰਜਾਬ ਦੀ ਸਾਜੀ ਸੈਨਾ ਤੇ ਉਹਨਾਂ ਦੇ ਰਚੇ ਸਾਂਝੇ ਪੰਜਾਬ ਦੀ ਸਹਾਇਤਾ ਲਈ।

"ਮੈਂ ਆਪ ਰਣਭੂਮੀ ਵਿਚ ਫ਼ੌਜਾਂ ਦੀ ਕਮਾਨ ਕਰਦੀ, ਪਰ ਮੈਂ ਤਾਂ ਇਥੇ ਇਕ ਤਰਾਂ ਦੀ ਕੈਦਣ ਹਾਂ, ਮੈਂ ਇਹ ਬੰਧਨ ਤੋੜ ਤਾਂ ਦਿਆਂ, ਇਹ ਕੈਦ ਫਾਂਦ ਤਾਂ ਜਾਵਾਂ, ਪਰ ਫਿਰ ਮੈਨੂੰ ਮਹਾਰਾਜਾ ਦਲੀਪ ਸਿੰਘ ਦਾ ਫਿਕਰ ਹੈ। ਦਲੀਪ ਸਿੰਘ ਦੀ ਸੁਰੱਖਿਅਤਾ ਸਿਰਫ ਮੇਰੇ ਹੱਥਾਂ ਵਿਚ ਹੈ। ਜੇ ਮੈਂ ਉਹਦੇ ਨੇੜੇ ਨਾ ਹੋਈ ਤਾਂ ਪਤਾ ਨਹੀਂ ਇਹ ਧਰੋਹੀ ਕੀ ਕਰ ਦੇਣ।

"ਸਰਦਾਰ ਲਹਿਣਾ ਸਿੰਘ ਮਜੀਠੀਆ ਚਲੇ ਗਏ। ਹੁਣ ਸਿਰਫ ਤੁਸੀਂ ਦੋ ਸਰਦਾਰ ਹੀ ਇਸ ਰਾਜ ਦੇ ਥੰਮ ਹੋ। ਤੁਹਾਡੇ ਬਿਨਾਂ ਕੋਈ ਬੀੜਾ ਚੁਕਣ ਵਾਲਾ ਨਹੀਂ, ਕੋਈ ਬੇੜਾ ਬੰਨੇ ਲਾਣ ਵਾਲਾ ਨਹੀਂ।"

੧੨੫

ਵੀਹ ਨਵੰਬਰ ੧੮੪੫ ਵਾਲੇ ਦਿਨ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਅੰਬਾਲੇ ਛਾਉਣੀ ਦੀ ਸੈਨਾ ਨੂੰ ਤਿਆਰੀ ਦਾ ਹੁਕਮ ਦਿਤਾ। ਉਸੇ ਦਿਨ ਲਾਹੌਰ ਦਰਬਾਰ ਦੇ ਵਕੀਲ ਨੇ ਇਹ ਖ਼ਬਰ ਲਾਹੌਰ ਪਹੁੰਚਾ ਦਿਤੀ। ਓਧਰ ਸਿੱਖਾਂ ਨੈ ਵੀ ਤਿਆਰੀ ਆਰੰਭ ਦਿਤੀ। ਕੁਝ ਦਿਨ ਪਿਛੋਂ ਹਾਰਡਿੰਗ ਆਪ ਸਰਹੱਦ ਵਲ ਤੁਰ ਪਿਆ।

ਇਹਨਾਂ ਹੀ ਦਿਨਾਂ ਵਿਚ ਸਰਕਾਰ ਅੰਗਰੇਜ਼ੀ ਨੈ ਜ਼ਿਲਾ ਲੁਧਿਆਣੇ ਵਿਚ ਲਾਹੌਰ ਸਰਕਾਰ ਦੇ ਦੋ ਪਿੰਡ ਜ਼ਬੱਤ ਕਰ ਲਏ। ਬਹਾਨਾ ਲਾਇਆ ਕਿ ਇਹਨਾਂ ਪਿੰਡਾਂ ਵਿਚ ਕੁਝ ਦੋਸ਼ੀ ਛੁਪੇ ਰਹੇ ਹਨ ਜਿਨ੍ਹਾਂ ਨੂੰ ਕਿ ਅੰਗਰੇਜ਼ੀ ਸਰਕਾਰ ਦੇ ਹਵਾਲੇ ਨਹੀਂ ਕੀਤਾ ਗਿਆ। ਭਾਵ ਸੀ ਕਿ ਕਿਵੇਂ ਨਾ ਕਿਵੇਂ ਲਾਹੌਰ ਸਰਕਾਰ ਨੂੰ ਜੰਗ ਵਾਸਤੇ ਉਕਸਾਇਆ ਜਾਏ।

ਅੰਗਰੇਜ਼ ਜਾਣਦੇ ਸਨ ਕਿ ਸਤੰਬਰ ੧੮੪੫ ਵਿਚ ਲਾਹੌਰ ਸਰਕਾਰ ਨੇ ਗੋਰਾ ਫ਼ੌਜਾਂ ਨੂੰ ਫ਼ੀਰੋਜ਼ਪੁਰ ਤੇ ਲੁਧਿਆਣੇ ਵਲ ਕੂਚ ਕਰਨ ਦੇ ਵਿਰੁਧ ਚਿਤਾਵਨੀ ਦਿਤੀ ਹੈ। ਜੇ ਉਹ ਜੰਗ ਨਾ ਚਾਹੁੰਦੇ ਹੁੰਦੇ ਤਾਂ ਜ਼ਰੂਰ ਇਸ ਚਿਤਾਵਨੀ ਨੂੰ ਕਬੂਲਦੇ ਤੇ ਲਾਹੌਰ ਸਰਕਾਰ ਨਾਲ ਗੱਲ ਬਾਤ ਕਰਦੇ, ਪਰ ਅੰਗਰੇਜ਼ ਤਾਂ ਆਪ ਲੜਾਈ ਵਾਸਤੇ ਤਿਆਰ ਸਨ। ੧੮੪੧ ਤੋਂ ਹੀ ਉਹ ਪੰਜਾਬ ਉੱਤੇ ਕਾਬੂ ਪਾਉਣ ਦੇ ਮਨਸੂਬੇ ਘੜਦੇ ਆ ਰਹੇ ਸਨ। ਜੇ ਅਜੇ ਤਕ ਉਹ ਆਪਣੇ ਮਨਸੂਬਿਆਂ ਵਿਚ ਸਫਲ ਨਹੀਂ ਸਨ ਹੋਏ ਤਾਂ ਇਹਦੇ ਕਾਰਨ ਹੋਰ ਸਨ। ਇਕ ਤਾਂ ਅੰਗਰੇਜ਼ਾਂ ਨੂੰ ਅਫ਼ਗਾਨਿਸਤਾਨ ਵਿਚ ਅਣਚਿਤਵੀ ਜੰਗ ਲੜਨੀ ਪੈ ਗਈ ਤੇ ਦੂਜਾ ਉਹ ਖ਼ਾਲਸੇ ਨਾਲ ਯੁਧ ਵਾਸਤੇ ਆਪਣੇ ਵਲੋਂ ਨਵੰਬਰ ਦਸੰਬਰ ੧੮੪੫ ਤਕ ਤਿਆਰ ਨਹੀਂ ਸਨ ਹੋ ਸਕਦੇ।

ਇਹ ਕਹਿਣਾ ਕਿ ਫ਼ੀਰੋਜ਼ਪੁਰ ਦੇ ਲਾਗੇ ਇਕੱਠੀਆਂ ਕੀਤੀਆਂ ਗਈਆਂ ਬੇੜੀਆਂ ਤੇ ਉਸਾਰਿਆ ਜਾ ਰਿਹਾ ਪੁਲ ਸਿਰਫ਼ ਵਪਾਰ ਤੇ ਜਾਂ ਅੰਗਰੇਜ਼ਾਂ ਦੇ ਆਪਣੇ ਬਚਾਅ ਵਾਸਤੇ ਸੀ, ਪੰਜਾਬੀ ਜਨਤਾ ਤੇ ਲਾਹੌਰ ਸਰਕਾਰ ਦੀ ਸਮਝ ਤੇ ਸੂਝ ਦੀ ਹੱਠੀ ਸੀ। ਪੰਜਾਬ ਦਾ ਬੱਚਾ ਬੱਚਾ ਇਸ ਪੁਲ ਜੋੜਨ ਦੇ ਅਰਥ ਸਮਝਦਾ ਸੀ ਤੇ ਏਸੇ ਪੁਲ ਜੋੜਨ ਦੀ ਵਾਰਤਾ ਨੇ ਹੀ ਪੰਜਾਬ ਨੂੰ ਸਭ ਤੋਂ ਵਧ ਝੰਝੂਣਿਆਂ।

ਹੁਣ ਵੀਹ ਨਵੰਬਰ ਨੂੰ ਫ਼ੌਜੀ ਤਿਆਰੀ ਦਾ ਹੁਕਮ ਦੇ ਦਿਤਾ ਗਿਆ ਤੇ...ਤੇ ਛੇ ਦਸੰਬਰ ਵਾਲੇ ਦਿਨ ਅੰਬਾਲੇ ਵਿਚ ਮੁਕੀਮ ਫ਼ੌਜ ਦਾ ਇਕ ਦਸਤਾ ਫ਼ੀਰੋਜ਼ਪੁਰ ਵਲ ਟੁਰ ਪਿਆ। ਪਲੋ ਪਲੀ ਇਹ ਖ਼ਬਰ ਲਾਹੌਰ ਪੁਜ ਗਈ। ਖ਼ਾਲਸਈ

Scanned by CamScanner



ਸੈਨਾ ਦੀ ਤਿਆਰ ਸੀ ਤੇ ਸੈਨਾ ਤੋਂ' ਵੀ ਕਾਹਲੇ ਸਨ ਸਰਦਾਰ ਲਾਲ ਸਿੰਘ ਤੇ ਸਰਦਾਰ ਤੇਜ ਸਿੰਘ। ਉਹਨਾਂ ਨੂੰ ਡਰ ਸੀ ਕਿ ਜੇ ਕਿਤੇ ਉਹ ਉੱਡ ਗਏ ਤਾਂ ਅੰਗਰੇਜ਼ਾਂ ਦੀ ਨਿਗਾਹ ਸਵੱਲੀ ਨਹੀਂ ਰਹੇਗੀ।

ਖ਼ਾਲਸਾ ਫ਼ੌਜ ਨੇ ਲਾਹੌਰੋਂ ਕੂਚ ਕਰ ਦਿਤਾ।

ਲਗਭਗ ਪੰਜ ਡਵੀਯਨ ਸਨ ਇਸ ਫ਼ੌਜ ਵਿਚ, ਇਕ ਡਵੀਯਨ ਜਿੰਨੀ ਸੈਨਾ ਲਾਹੌਰ ਰਹੀ। ਇਕ ਡਵੀਯਨ ਪਿਛਾਦਰ ਦੀ ਸਰਹੱਦ ਮਜ਼ਬੂਤ ਰਖਣ ਵਾਸਤੇ ਨਿਯਤ ਸੀ।

ਲਾਹੌਰੋਂ ਫ਼ੌਜਾਂ ਦਾ ਟੁਰਨਾ ਸੀ ਕਿ ਸਾਰੇ ਪੰਜਾਬ ਵਿਚ ਇਹ ਸੋਅ ਧੂੰਮ ਗਈ। ਪੰਜਾਬ ਦੀ ਜਨਤਾ ਨੂੰ ਲੱਗਾ ਕਿ ਜੇ ਹੁਣ ਉਹਨਾਂ ਨੇ ਸੈਨਾ ਦਾ ਸਾਥ ਨਾ ਦਿਤਾ, ਤਾਂ ਉਹ ਵਤਨ ਦੇ ਧਰੋਹੀ ਗਿਣੇ ਜਾਣਗੇ। ਸ਼ਹਿਰ ਸ਼ਹਿਰ, ਪਿੰਡ ਪਿੰਡ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਨੌਜਵਾਨ ਅੰਗਰੇਜ਼ਾਂ ਨਾਲ ਜੰਗ ਕਰਨ ਲਈ ਤਿਆਰ ਹੋ ਪਏ। ਜਿਨ੍ਹਾਂ ਕੋਲ ਘੋੜੇ ਸਨ, ਉਹਨਾਂ ਨੇ ਘੋੜਿਆਂ ਉੱਤੇ ਖੁਰਜੀਆਂ ਪਾਈਆਂ, ਦੋ ਚਾਰ ਦਿਨ ਦੇ ਖਾਣ ਜੋਗਾ ਬਾਜਰਾ, ਜੁਆਰ ਜਾਂ ਕਣਕ ਲਈ, ਕੁਝ ਪੈਸੇ ਖੀਸੇ ਪਾਏ, ਤਲਵਾਰ ਫੜੀ ਤੇ ਉਹ ਫ਼ੀਰੋਜ਼ਪੁਰ ਵਲ ਟੁਰ ਪਏ। ਕਈਆਂ ਮਾਵਾਂ ਨੇ ਆਪਣੇ ਪੁਤਰਾਂ ਨੂੰ ਵਰਜਿਆ, ਪਰ ਉਹ ਵਰਜੇ ਨਹੀਂ ਗਏ। ਕਿੰਨੇ ਹੀ ਪਿਓਆਂ ਨੇ ਤੇਜ ਸਿੰਘ ਤੇ ਲਾਲ ਸਿੰਘ ਦੀ ਗਦਾਰੀ ਬਾਰੇ ਸੁਣ ਕੇ ਕੰਨ ਵਲ੍ਹੇਟਣ ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਦੇ ਹੀਲੇ ਵੀ ਅਸਫਲ ਰਹੇ। ਨੌਜਵਾਨਾਂ ਨੇ ਆਖਿਆ :

"ਇਹ ਲਾਲ ਸਿੰਘ ਤੇ ਤੇਜ ਸਿੰਘ ਦਾ ਸੁਆਲ ਨਹੀਂ। ਇਹ ਸੁਆਲ ਹੈ ਪੰਜਾਬ ਦੀ ਆਜ਼ਾਦੀ ਦਾ, ਇਹ ਸੁਆਲ ਹੈ ਸ਼ੇਰੇ-ਪੰਜਾਬ ਦੇ ਸਾਜੇ ਬਾਗ ਦਾ। ਅਸੀਂ ਮੁਤ ਕੇ ਗ਼ੁਲਾਮ ਨਹੀਂ ਹੋਣਾ ਚਾਹੁੰਦੇ। ਅਸਾਂ ਇਹ ਬਾਗ ਉਜੜਨ ਨਹੀਂ ਦੇਣਾ।"

ਮਾਹਿਲ ਤੇ ਅਟਾਰੀ ਦੇ ਵਾਸੀ ਵੀ ਇਸ ਉਤਸ਼ਾਹ ਦੀ ਲਪੇਟ ਵਿਚ ਆਏ, ਪਰ ਮਾਹਿਲਾਂ ਤੇ ਅਟਾਰੀ ਵਾਲਿਆਂ ਨੇ ਫੈਸਲਾ ਕੀਤਾ ਕਿ ਇਸ ਸਮੇਂ ਉਹਨਾਂ ਦਾ ਜੰਗ ਵਿਚ ਸ਼ਰੀਕ ਹੋਣਾ ਯੋਗ ਨਹੀਂ ਹੋਵੇਗਾ। ਸਰਦਾਰ ਸ਼ਾਮ ਸਿੰਘ ਨੇ ਆਖਿਆ :

"ਮੈਂ ਮਹਾਰਾਣੀ ਜਿੰਦ ਕੌਰ ਦਾ ਹੁਕਮ ਮੋੜਨ ਵਾਲਾ ਕੌਣ, ਪਰ ਅਸੀਂ ਕਿਸ ਤਰ੍ਹਾਂ ਸੈਨਾ ਦੀ ਅਗਵਾਈ ਕਰੀਏ ? ਲਾਲ ਸਿੰਘ ਤੇ ਤੇਜ ਸਿੰਘ ਨੇ ਸਾਨੂੰ ਨੇੜੇ ਨਹੀਂ ਆਉਣ ਦੇਣਾ ਤੇ ਫੌਜ, ਭਲੇ ਬੁਰੇ ਤੇ ਦੇਸ਼ ਭਗਤ ਤੇ ਗ਼ੱਦਾਰਾਂ ਦੀ ਪਛਾਣ ਭੁਲ ਚੁਕੀ ਹੈ। ਸਾਡਾ ਸੈਨਾ ਦੇ ਨਾਲ ਰਲਣਾ ਇਕ ਆਮ ਆਦਮੀ ਦੇ ਰਲਣ ਵਾਂਗ ਨਹੀਂ। ਹੋ ਸਕਦਾ ਹੈ ਕਿ ਤੇਜ ਸਿੰਘ ਤੇ ਲਾਲ ਸਿੰਘ ਦੇ ਭੜਕਾਏ ਕੁਝ ਜਰਨੈਲ ਤੇ ਸਿਪਾਹੀ ਸਾਡੇ ਉੱਤੇ ਗ਼ੱਦਾਰ ਹੋਣ ਦੀ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਬੇਹਮਤ ਲਾ ਕੇ ਸਾਡੇ ਤੇ ਸਾਡੇ ਆਦਮੀਆਂ ਨਾਲ ਹੀ ਲੜਨ ਦੀ ਕੋਸ਼ਿਸ਼ ਕਰਨ। ਦੂਜੀ ਗੱਲ ਇਹ ਹੈ ਕਿ ਫੌਜ ਕਿਸੇ ਹੱਦ ਤਕ ਤਾਂ ਜਥੇਬੰਦ ਹੈ। ਇਹਦੇ ਸਿਪਾਹੀ ਤੇ ਜਰਨੈਲ ਪੇਸ਼ਾਵਰ ਫੌਜੀ ਹਨ ਤੇ ਸਰਕਾਰੀ ਤਨਖ਼ਾਹਾਂ ਪਾਂਦੇ ਹਨ। ਅਸੀਂ ਬਿਨਾਂ ਕਿਸੇ ਰਸਮੀ ਕਾਰਵਾਈ ਦੇ ਕਿਵੇਂ ਫੌਜ ਵਿਚ ਸ਼ਾਮਲ ਹੋਈਏ।"

ਚੂਹੜ ਸਿੰਘ ਮਾਹਿਲ ਨਿਮੋਝੂਣਾ ਸੀ, ਪਰ ਉਹ ਵੀ ਅਟਾਰੀ ਵਾਲੇ ਸਰਦਾਰ ਨਾਲ ਸਹਿਮਤ ਹੋਇਆ।

"ਸੈਨਾ ਤੇ ਸੈਨਾ ਦੇ ਜਰਨੈਲ ਤੇ ਨੇਤਾ ਸਾਨੂੰ ਕੁਲ ਚੁਕੇ ਹਨ। ਜੇ ਵੇਖਿਆ ਜਾਏ ਤਾਂ ਉਹ ਸਾਡੀ ਸ਼ਮੂਲੀਅਤ ਚਾਹੁੰਦੇ ਵੀ ਨਹੀਂ ਉਹਨਾਂ ਨੂੰ ਆਪਣੇ ਹੱਥ ਆਈ ਤਾਕਤ ਦਾ ਨਸ਼ਾ ਚੜ੍ਹਿਆ ਹੋਇਆ ਹੈ। ਭੋਲੇ, ਪਰ ਬਹਾਦਰ ਸਿਪਾਹੀ ਉਹਨਾਂ ਦੇ ਹੱਥਾਂ ਵਿਚ ਖੇਡ ਰਹੇ ਹਨ ਤੇ ਸਾਡੇ ਉਹਨਾਂ ਨਾਲ ਸੰਬੰਧ ਟੁਟੇ ਹੋਏ ਹਨ। ਸਿਪਾਹੀ ਉਹਨਾਂ ਦੇ ਝਾਂਸੇ ਵਿਚ ਆ ਸਕਦੇ ਹਨ, ਪਰ ਸਾਡੀਆਂ ਗੱਲਾਂ ਵਿਚ ਨਹੀਂ ਤੇ ਨਾ ਹੀ ਅਸੀਂ ਉਹਨਾਂ ਨੂੰ ਕਿਸੇ ਗ਼ਲਤ ਲੀਹ ਉੱਤੇ ਟੁਰਨ ਵਾਸਤੇ ਆਖ ਸਕਦੇ ਹਾਂ। ਸਾਡੀ ਜ਼ਮੀਰ ਸਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦੇਂਦੀ। ਅਸੀਂ ਕੀ ਕਰੀਏ ; ਇਹ ਤਾਂ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਗੱਲ ਹੋਈ ਹੈ।"

"ਇਹ ਤੇਰਾ ਕਹਿਣਾ ਬਿਲਕੁਲ ਠੀਕ ਹੈ ਸਰਦਾਰ," ਕਸੂਆਨੇ ਦੇ ਚੌਧਰੀ ਨੇ ਕਿਹਾ, "ਪਰ ਹੁਣ ਸਮੇਂ ਹੀ ਅਜਿਹੇ ਹਨ। ਕਈ ਕਰੇ ਤਾਂ ਕੀ ਕਰੇ ? ਜੇ ਸੱਚ ਪੁਛੋ ਤਾਂ ਮੇਰੇ ਕੋਲੋਂ ਹੁਣ ਰਹਿ ਨਹੀਂ ਹੁੰਦਾ। ਮੈਂ ਸ਼ੇਰੇ-ਪੰਜਾਬ ਦੇ ਦਰਬਨ ਕੀਤੇ ਹਨ। ਮੈਨੂੰ ਉਹਦੀ ਤੇਜਸਵੀ ਸੂਰਤ ਨਹੀਂ ਭੁਲਦੀ। ਮੈਨੂੰ ਨਹੀਂ ਭੁਲਦਾ ਕਿ ਸਰਕਾਰ ਨੇ ਇਸ ਦੇਸ ਵਾਸਤੇ ਕੀ ਕੁਝ ਕੀਤਾ ਹੈ। ਉਸ ਕਿੰਜ ਮੁਸਲਮਾਨਾਂ ਨੂੰ ਆਪਣਾ ਬਣਾਇਆ ਹੈ। ਸਰਦਾਰ ਜੀ ! ਜੋ ਕੁਝ ਸਰਕਾਰ ਤੇ ਹੋਰਨਾਂ ਸਿੱਖਾਂ ਨੇ

Scanned by CamScanner

ਆਪਣੇ ਰਾਜ ਵਿਚ ਸਾਡੇ ਨਾਲ ਕੀਤਾ ਹੈ, ਮੈਂ ਸਮਝਦਾ ਹਾਂ, ਕਿ ਉਹਦਾ ਬਦਲਾ ਚੁਕਾਣ ਦਾ ਸਮਾਂ ਆ ਗਿਆ ਹੈ। ਬੇਸ਼ਕ ਅਨੇਕ ਮੁਸਲਮਾਨ ਸਰਕਾਰ ਦੀ ਸੈਨਾ ਵਿਚ ਦੁਸ਼ਮਣ ਦੇ ਸਨਮੁਖ ਲੜਦੇ ਆਏ ਹਨ, ਪਰ ਅੰਗਰੇਜ਼ ਦੁਸ਼ਮਣਾਂ ਨਾਲ ਲੜਨ ਦੀ ਗੱਲ ਹੋਰ ਹੈ। ਕਿਹਾ ਜਾ ਸਕਦਾ ਹੈ ਕਿ ਉਦੋਂ ਖ਼ਾਲਸੇ ਦਾ ਰਾਜ ਸੀ ਤੇ ਮੁਸਲਮਾਨ ਬੱਧੇ ਹੋਏ ਲੜਦੇ ਸਨ, ਪਰ ਹੁਣ ਤਾਂ ਇਹੋ ਜਿਹਾ ਕੋਈ ਬੰਧਨ ਨਹੀਂ। ਹੁਣ ਸਾਡਾ ਖ਼ਾਲਸੇ ਨਾਲ ਮਿਲ ਕੇ ਲੜਨਾ ਦਰਸਾਏਗਾ ਕਿ ਅਸੀਂ ਸ਼ੇਰੇ-ਪੰਜਾਬ ਦੇ ਕਰਜ਼ੇ ਦੇਣਦਾਰ ਹਾਂ। ਹੁਣ ਹੀ ਸਾਨੂੰ ਆਪਣੀ ਵਫ਼ਾਦਾਰੀ ਦਾ ਸਬੂਤ ਦੇਣਾ ਚਾਹੀਦਾ ਹੈ। ਜੇ ਹੁਣ ਅਸੀਂ ਉੱਕ ਗਏ ਤਾਂ ਅਸੀਂ ਸਰਕਾਰ ਦੀਆਂ ਨਜ਼ਰਾਂ ਵਿਚ ਝੂਠੇ ਤੇ ਇਸਲਾਮ ਦੀਆਂ ਨਜ਼ਰਾਂ ਵਿਚ ਵੀ ਦੋਸ਼ੀ।"

"ਅਸ਼ਕੇ ਤੇਰੇ ਚੌਧਰੀ," ਸ਼ਾਮ ਸਿੰਘ ਬੋਲਿਆ, "ਤੇਰੀ ਮਿਸਾਲ ਨਹੀਂ। ਪਰ ਤੂੰ ਜਾਣਦਾ ਹੈਂ ਕਿ ਤੇਰੀ ਗੱਲ ਹੋਰ ਹੈ।"

"ਆਹੋ ਸਰਦਾਰ, ਮੈਂ ਸਮਝਦਾ ਹਾਂ ਤੇ ਨਾਲੇ ਤੂੰ ਜਾਣਦਾ ਹੈਂ ਕਿ ਪੁਤਰਾਂ ਪੋਤਰਿਆਂ ਵਾਲਾ ਹਾਂ। ਸ਼ੇਰੇ-ਪੰਜਾਬ ਨੇ ਮੇਰੇ ਤੇ ਮੇਰੇ ਕੁਟੰਬ ਉੱਤੇ ਅਨੇਕ ਮਿਹਰਬਾਨੀਆਂ ਕੀਤੀਆਂ ਹਨ, ਮੈਂ ਉਹਦੀ ਸਾਜੀ ਸਲਤਨੱਤ ਵਾਸਤੇ ਆਪਣੀ ਜਾਨ ਵਾਰ ਕੇ ਆਪਣੀ ਔਲਾਦ ਨੂੰ ਰਾਹ ਦਸ ਰਿਹਾ ਹੋਵਾਂਗਾ ਕਿ ਮਜ਼ਹਬ ਤੋਂ ਉਪਜੀਆਂ ਵਿਤਕਰੇ ਵੰਡੀਆਂ ਝੂਠੀਆਂ ਹਨ। ਖ਼ੁਦਾ ਇਕ ਹੈ ਤੇ ਇਹ ਸਾਰੇ ਵਖੋ ਵਖਰੇ ਧਰਮ ਇਕੋ ਨਿਸ਼ਾਨੇ ਉੱਤੇ ਪਹੁੰਚਣ ਲਈ ਵਖੋ ਵਖਰੇ ਰਾਹ ਹਨ। ਕੱਸਮ ਅੱਲਾ ਪਾਕ ਦੀ, ਜੇ ਕਦੀ ਮੈਂ ਕਾਹਨ ਸਿੰਘ ਤੇ ਅਸਦਉੱਲੇ ਵਿਚ ਫ਼ਰਕ ਜਾਣਦਾ ਹੋਵੇ।"

"ਤੇ ਮੈਂ ਵੀ ਆਪਣੇ ਪਿੰਡ ਦੇ ਬੰਦਿਆਂ ਨੂੰ ਨਹੀਂ ਜੇ ਟੋਕਣਾ", ਜਗਦੀਸ਼ ਲਾਲ ਸੂਰਜਬੰਸੀ ਨੇ ਕਿਹਾ : "ਮੈਂ ਆਪ ਤਾਂ ਹੁਣ ਲੜਨ ਜੋਗਾ ਨਹੀਂ, ਪਰ ਮੈਂ ਕਿਸੇ ਨੂੰ ਕਿਹੜੇ ਮੂੰਹ ਨਾਲ ਰੋਕਾਂਗਾ। ਬੇਸ਼ਕ ਇਹ ਜੰਗ ਚੰਗੇਰੇ ਮਾਹੌਲ ਵਿਚ ਲੜੀ ਨਹੀਂ ਜਾ ਰਹੀ, ਪਰ ਇਹਦੇ ਵਿਚ ਸ਼ਕ ਨਹੀਂ ਹੈ ਕਿ ਇਹ ਜੰਗ ਦੇਸ਼ ਦੀ ਆਜ਼ਾਦੀ ਲਈ ਹੈ। ਜੇ ਅਸੀਂ ਇਸ ਜੰਗ ਵਿਚ ਹਾਰ ਗਏ, ਤਾਂ ਅਸੀਂ ਸਦੀਆਂ ਲਈ ਅੰਗਰੇਜ਼ਾਂ ਦੇ ਗ਼ੁਲਾਮ ਬਣ ਜਾਵਾਂਗੇ।"

"ਜੇ ਸਦੀਆਂ ਲਈ ਨਹੀਂ, ਤਾਂ ਘਟੋ ਘਟ ਕਈ ਦਹਾਕਿਆਂ ਲਈ ਤਾਂ ਗ਼ੁਲਾਮ ਜ਼ਰੂਰ ਹੀ ਬਣ ਜਾਵਾਂਗੇ", ਚੂਹੜ ਸਿੰਘ ਨੇ ਕਿਹਾ, "ਮੇਰੀ ਤਾਂ ਸਮਝ ਹਾਰਦੀ ਹੈ, ਕੀ ਕਰੀਏ ? ਕੀ ਨਾ ਕਰੀਏ।"

"ਖ਼ੁਦਾ ਉੱਤੇ ਭਰੋਸਾ ਰਖੀਏ", ਚੌਧਰੀ ਮੁਹੰਮਦ ਅਸਮਤ ਨੇ ਕਿਹਾ, "ਤੇ ਜੇ ਅੱਲਾ ਨੇ ਚਾਹਿਆ ਤਾਂ ਗ਼ੱਦਾਰਾਂ ਦੇ ਬਾਵਜੂਦ ਵੀ ਜਿੱਤ ਸਾਡੀ ਹੋਵੇਗੀ।"

"ਜਿੱਤ ਸਾਡੀ ਹੋਵੇ, ਇਹੋ ਸਾਡੀ ਪ੍ਰਾਰਥਨਾ ਹੈ", ਸ਼ਾਮ ਸਿੰਘ ਬੋਲਿਆ।

ਇਸ ਇਕੱਤਰਤਾ ਵਿਚ ਹੋਈਆਂ ਗੱਲਾਂ ਦੀ ਵਾਰਤਾ ਅਟਾਰੀ ਵਾਲੇ ਤੇ ਮਾਹਿਲ ਪੱਤੀਆਂ ਦੇ ਲੋਕਾਂ ਤਕ ਪੁਜੀ। ਉਹਨਾਂ ਨੂੰ ਪਤਾ ਲੱਗਾ ਕਿ ਸ਼ਾਮ ਸਿੰਘ ਅਟਾਰੀ ਵਾਲਾ ਤੇ ਚੂਹੜ ਸਿੰਘ ਮਾਹਿਲ ਇਸ ਜੰਗ ਉੱਤੇ ਨਹੀਂ ਜਾ ਰਹੇ, ਪਰ ਜੇ ਕੋਈ ਜਾਣਾ ਚਾਹਵੇ ਤਾਂ ਉਹਨੂੰ ਉਹ ਰੋਕਣਗੇ ਵੀ ਨਹੀਂ।"

"ਇਹ ਰੋਕ ਟੋਕ ਦੀ ਬਾਤ ਤੁਸਾਂ ਕੀ ਛੇੜੀ ਹੈ, ਵੀਰਾ", ਗੁਰਮੀਤ ਨੇ ਵੀਰ ਨੂੰ ਤਾੜਨਾ ਕੀਤੀ, "ਜੇ ਤੁਸੀਂ ਦੋਹਾਂ ਨੇ ਨਹੀਂ ਜਾਣਾ ਤਾਂ ਤੁਹਾਨੂੰ ਘਟੋ ਘਟ ਇਸ ਜੰਗ ਵਾਸਤੇ ਪੂਰੀ ਕੋਸ਼ਿਸ਼ ਤਾਂ ਕਰਨੀ ਹੀ ਚਾਹੀਦੀ ਹੈ। ਤੁਹਾਨੂੰ ਹੋਰਨਾਂ ਆਦਮੀਆਂ ਨੂੰ ਤਿਆਰ ਕਰਨਾ ਚਾਹੀਦਾ ਹੈ। ਤੁਹਾਨੂੰ ਰਸਦ ਪਾਣੀ ਇਕੱਠਾ ਕਰਨਾ ਚਾਹੀਦਾ ਏ। ਇਹ ਨਹੀਂ ਹੋ ਸਕਦਾ ਕਿ ਤੁਸੀਂ ਇਸ ਜੰਗ ਨਾਲੋਂ ਬਿਲਕੁਲ ਹੀ ਕਿਨਾਰਾ ਕਰ ਲਵੋ।"

"ਗੁਰਮੀਤ, ਦਿਲ ਤਾਂ ਮੇਰਾ ਏਥੇ ਇਕ ਪਲ ਟਿਕਣ ਨੂੰ ਨਹੀਂ ਕਰਦਾ, ਪਰ ਤੂੰ ਜਾਣਦੀ ਹੈਂ ਕਿ ਮੁਆਮਲਾ ਬੜਾ ਨਾਜ਼ਕ ਹੈ। ਸਰਦਾਰ ਸ਼ਾਮ ਸਿੰਘ ਦੇ ਵੀ ਇਹੋ ਵਿਚਾਰ ਹਨ।"

"ਮੈਂ ਮੁਆਮਲੇ ਦੀ ਨਜ਼ਾਕਤ ਨੂੰ ਸਮਝਦੀ ਹਾਂ ਵੀਰ, ਪਰ ਇਹ ਸਾਡੀ ਇੱਜ਼ਤ ਦਾ ਨਹੀਂ ਦੇਸ਼ ਦੀ ਇੱਜ਼ਤ ਦਾ ਮਸਲਾ ਹੈ। ਲਾਹੌਰ ਦਰਬਾਰ ਨੇ ਸਾਡੇ ਨਾਲ ਚੰਗੀ ਨਹੀਂ ਕੀਤੀ। ਸਾਡੀ ਸਾਖ਼ ਗੁਆਈ ਹੈ, ਪਰ ਵੀਰਾ ਫਿਰ ਵੀ ਅਸੀਂ ਮਾਹਿਲ ਹਾਂ, ਇਸ ਰਾਜ ਨੂੰ ਅਸਾਂ ਆਪਣੇ ਹੱਥੀਂ ਉਸਾਰਿਆ ਹੈ। ਅਸੀਂ ਇਸ ਨੂੰ ਤਬਾਹ ਹੁੰਦਿਆਂ ਨਹੀਂ ਵੇਖ ਸਕਦੇ। ਸਭ ਕੁਝ ਗ਼ਲਤ ਹੋਵੇ, ਪਰ ਇਸ ਜੰਗ ਤੋਂ ਅਲੱਗ ਰਹਿ ਕੇ ਜਿਹੜੀ ਗ਼ਲਤੀ ਅਸੀਂ ਕਰ ਰਹੇ ਹੋਵਾਂਗੇ ਉਹਦੇ ਵਾਸਤੇ ਇਤਿਹਾਸ ਸਾਨੂੰ ਕਦੀ ਮੁਆਫ਼ ਨਹੀਂ ਕਰੇਗਾ।"

Scanned by CamScanner

ਚੂਹੜ ਸਿੰਘ ਨੇ ਆਪਣੀ ਛੋਟੀ ਭੈਣ ਗੁਰਮੀਤ ਵਲ ਵੇਖਿਆ। ਅੱਜ ਉਹਦੇ ਦਿਲ ਵਿਚ ਗੁਰਮੀਤ ਵਾਸਤੇ ਬੜਾ ਪਿਆਰ ਜਾਗਿਆ। ਬੇਸ਼ਕ ਸ਼ੁਰੂ ਤੋਂ ਹੀ ਘਰ ਵਿਚ ਗੁਰਮੀਤ ਦੀ ਮੰਨੀਦੀ ਆਈ ਸੀ ਤੇ ਗੁਰਮੀਤ ਦੀ ਹਰ ਕੋਈ ਇੱਜ਼ਤ ਕਰਦਾ ਆਇਆ ਸੀ, ਪਰ ਗੁਰਮੀਤ ਤੇ ਚੂਹੜ ਸਿੰਘ ਦੇ ਸੰਬੰਧ ਕਦੀ ਵੀ ਨੇੜੇ ਤੇ ਨਿਘੇ ਨਹੀਂ ਸਨ ਹੋਏ। ਹਰਪਾਲ ਤੇ ਗੁਰਮੀਤ ਦਾ ਪਿਆਰ ਐਨਾ ਵਧ ਸੀ ਕਿ ਇਸ ਪਿਆਰ ਵਿਚ ਸ਼ਾਇਦ ਹੋਰ ਕੋਈ ਭੈਣ ਭਰਾ ਉਸੇ ਤੀਬਰਤਾ ਨਾਲ ਸਮਾਅ ਨਾ ਸਕਦਾ ਹੋਵੇ।

ਗੁਰਦਈ ਦੀ ਮੌਤ ਪਿਛੋਂ ਗੁਰਮੀਤ ਹੀ ਮਾਹਿਲ ਟੱਬਰ ਦੀ ਅਸਲੀ ਅਰਥਾਂ ਵਿਚ ਮਾਂ ਬਣੀ, ਪਰ ਫਿਰ ਵੀ ਚੂਹੜ ਸਿੰਘ ਤੇ ਉਸ ਦੇ ਸੰਬੰਧ ਪੀਡੇ ਨਾ ਹੋਏ। ਅਜ ਜਦੋਂ ਗੁਰਮੀਤ ਨੇ ਉਹਨੂੰ ਉਪਰੋਕਤ ਸ਼ਬਦ ਕਹੇ, ਤਾਂ ਉਹਨੂੰ ਲੱਗਾ ਕਿ ਉਹ ਉਹਨਾਂ ਚਾਲ੍ਹੀ ਸਿੱਖਾਂ ਵਿਚੋਂ ਇਕ ਹੈ ਜਿਹੜੇ ਕਿ ਭੀੜ ਬਣੀ ਵੇਲੇ ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ ਤੇ ਗੁਰਮੀਤ ਉਹਨਾਂ ਮਹਾਨ ਇਸਤਰੀਆਂ ਵਿਚੋਂ ਇਕ ਜਿਨ੍ਹਾਂ ਨੇ ਕਿ ਇਹਨਾਂ ਚਾਲ੍ਹੀ ਸਿੱਖਾਂ ਨੂੰ ਚੁਣੌਤੀਆਂ ਦੇ ਕੇ ਸਿੱਖੀ ਸਿਦਕ ਵਿਚ ਪਰਪੱਕ ਰਹਿਣ ਵਾਸਤੇ ਉਭਾਰਿਆ।

ਕਿੰਨਾ ਚਿਰ ਚੂਹੜ ਸਿੰਘ ਆਪਣੀ ਭੈਣ ਵਲ ਵੇਖਦਾ ਰਿਹਾ ਤੇ ਇਸ ਸਮੇਂ ਵਿਚ ਉਹਦੀਆਂ ਅੱਖਾਂ ਅਗੇ ਮਾਹਿਲ ਘਰਾਣੇ ਦਾ ਸਾਰਾ ਇਤਿਹਾਸ ਵਿਚਰ ਗਿਆ। ਉਹਨੂੰ ਲਗਾ ਕਿ ਉਹ ਨਹੀਂ ਉਹਦੀ ਭੈਣ ਹੀ ਅਜ ਕਲ੍ਹ ਮਾਹਿਲ ਸਪਿਰਟ ਦੀ ਅਸਲੀ ਪ੍ਰਤੀਨਿਧ ਹੈ। ਉਹਨੂੰ ਆਪਣੀ ਭੁੱਲ ਤੇ ਉਕਾਈ ਦਾ ਅਹਿਸਾਸ ਹੋਇਆ। ਉਸ ਗੁਰਮੀਤ ਦੇ ਮੱਢੇ ਉੱਤੇ ਆਪਣੀ ਬਾਂਹ ਰਖੀ ..।

ਪਹਿਲੀ ਵਾਰ ਅਜ ਇਹਨਾਂ ਦੋ ਭੈਣ ਭਰਾਵਾਂ ਦੇ ਅੰਗ ਛੋਹੇ ਸਨ। ਸ਼ਾਇਦ ਬਹੁਤੇ ਭੈਣ ਭਰਾ ਇਕ ਦੂਜੇ ਨੂੰ ਕਦੀ ਨਹੀਂ ਛੋਂਹਦੇ, ਪਰ ਜਦੋਂ ਇਸ ਰਿਸ਼ਤੇ ਵਿਚੋਂ ਇਕੋ ਆਦਰਸ਼ ਦੀ ਪੂਰਤੀ ਵਾਸਤੇ ਆਪਣੀਆਂ ਜਾਨਾਂ ਤਕ ਵਾਰ ਦੇਣ ਦੇ ਇਰਾਦੇ ਜਾਗਦੇ ਹਨ ਤਾਂ ਇਕ ਦੂਜੇ ਦੀ ਛੋਹ ਵਿਚੋਂ ਇਹ ਰਿਸ਼ਤਾ ਆਪਣੇ ਇਰਾਦਿਆਂ ਦੀ ਪੂਰਤੀ ਵਾਸਤੇ ਸੱਤਾ ਲੈਂਦਾ ਹੈ। ਮਾਂ ਤੇ ਪੁੱਤਰ ਤੇ ਪਿਤਾ ਤੇ ਪੁੱਤਰ ਜਾਂ ਪਿਤਾ ਤੇ ਧੀ ਦੇ ਰਿਸ਼ਤਿਆਂ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ।

ਗੁਰਮੀਤ ਨੇ ਚੂਹੜ ਸਿੰਘ ਦੇ ਹੱਥ ਉੱਤੇ ਆਪਣਾ ਹੱਥ ਰਖ ਕੇ ਕਿਹਾ, "ਜੇ ਮੈਂ ਕੋਈ ਸਖ਼ਤ ਸ਼ਬਦ ਕਹੇ ਹੋਣ ਤਾਂ ਮੈਨੂੰ ਮੁਆਫ਼ ਕਰੀਂ ਵੀਰਾ, ਪਰ ਸਾਡੇ ਸਿਦਕ ਉੱਤੇ ਕੋਈ ਬਿੱਜ ਨਾ ਆਵੇ ਇਹੋ ਮੇਰੀ ਚਾਹ ਹੈ। ਸ਼ਾਹਬਾਜ਼ ਦੀ ਸ਼ਹੀਦੀ ਤੋਂ ਲੈ ਕੇ ਹਰਪਾਲ ਦੀ ਸ਼ਹੀਦੀ ਤਕ ਮਾਹਿਲ ਘਰਾਣਾ ਸ਼ਹੀਦੀਆਂ ਤੋਂ ਕਦੀ ਨਹੀਂ ਡਰਿਆ। ਸਾਨੂੰ ਅਜ ਵੀ ਡਰਨਾ ਨਹੀਂ ਚਾਹੀਦਾ। ਇਸ ਜੰਗ ਦੇ ਨਿਰਣੇ ਉੱਤੇ ਸਾਡੇ ਦੇਸ਼ ਦੀ ਆਜ਼ਾਦੀ ਨਿਰਭਰ ਹੈ।"

ਚੂਹੜ ਸਿੰਘ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਵਿਚੋਂ ਅਥਰੂ ਸਿੰਮ ਆਏ। ਅਥਰੂਆਂ ਦਾ ਇਕ ਟੋਪਾ ਉਹਦੀ ਚਿੱਟੀ ਦਾਹੜੀ ਉੱਤੇ ਵੀ ਆ ਡਿਗਿਆ। ਉਹਦਾ ਜੀ ਐਨਾ ਭਰ ਗਿਆ ਕਿ ਸ਼ਬਦ ਉਹਦੇ ਸੰਘ ਵਿਚ ਅਟਕੇ ਹੋਏ ਜਾਪੇ।

"ਜਾ ਵੀਰਾ, ਇਹਨੀਂ ਪੈਰੀਂ ਮੁੜ ਜਾ। ਸਰਦਾਰ ਸ਼ਾਮ ਸਿੰਘ ਨੂੰ ਮੇਰੀ ਵਲੋਂ ਆਖੀਂ ਕਿ ਇਹ ਨਾ-ਮਿਲਵਰਤਨ ਸਾਡੇ ਘਰਾਣਿਆਂ ਨੂੰ ਨਹੀਂ ਸੋਭਦਾ। ਤੁਸੀਂ ਦੋਹਾਂ ਨੇ ਜੰਗ ਉੱਤੇ ਨਹੀਂ ਜਾਣਾ, ਇਹ ਮੈਂ ਮੰਨਦੀ ਹਾਂ ਤੇ ਇਹਦੀ ਪੂੜ੍ਹਤਾ ਕਰਦੀ ਹਾਂ, ਪਰ ਤੁਸੀਂ ਦੋਹਾਂ ਨੇ ਅੱਜੋ, ਇਸੇ ਪਲ ਤੋਂ ਇਸ ਜੰਗ ਦੇ ਸਫਲ ਅੰਤ ਵਾਸਤੇ ਕੋਸ਼ਿਸ਼ ਸ਼ੁਰੂ ਕਰਨੀ ਹੈ। ਜੇ ਸ਼ਾਮ ਸਿੰਘ ਨਾ ਮੰਨਿਆਂ ਤਾਂ ਉਹਨੂੰ ਨਾਲ ਹੀ ਲੈ'ਦਾ ਆਈ, ਮੈਂ ਆਪ ਉਹਦੇ ਨਾਲ ਗੱਲ ਕਰਾਂਗੀ।"

ਚੂਹੜ ਸਿੰਘ ਬਿਨਾਂ ਕੁਝ ਆਖਿਆਂ ਬਾਹਰ ਨਿਕਲ ਗਿਆ।

ਗੁਰਮੀਤ ਜਿਥੇ ਖੜੀ ਸੀ ਉੱਥੇ ਹੀ ਬੈਠ ਗਈ। ਸਰਦੀ ਬਹੁਤ ਸੀ ਤੇ ਉਹਨੇ ਕੋਈ ਗਰਮ ਕਪੜਾ ਨਹੀਂ ਸੀ ਪਾਇਆ ਹੋਇਆ। ਤਿੰਨ ਦਿਨ ਪਹਿਲੇ ਉਹਨੂੰ ਉਂਜ ਵੀ ਠੰਡ ਲਗ ਗਈ ਸੀ ਤੇ ਉਹ ਖੰਘ ਰਹੀ ਸੀ।

ਗੁਰਮੀਤ ਹੁਣ ਪੰਜਾਹ ਇਕਵੰਜਾ ਵਰ੍ਹਿਆਂ ਦੀ ਸੀ ਤੇ ਚਿਹਰੇ ਮੋਹਰੇ ਤੋਂ ਆਪਣੀ ਉਮਰ ਦੀ ਹੀ ਲਗਦੀ। ਹਰਪਾਲ ਦੀ ਮੌਤ ਨੇ ਉਹਦੇ ਚਿਹਰੇ ਦਾ ਪਹਿਲਾ ਨੂਰ ਚੋਅ ਲਿਆ ਸੀ। ਉਹ ਉਦਾਸ ਰਹਿਣ ਲਗ ਪਈ ਸੀ। ਇਥੋਂ ਤਕ ਕਿ ਉਹਨਾਂ ਦਿਨਾਂ ਵਿਚ ਧੀ ਦੀ ਥਾਂ ਮਾਂ ਧੀ ਨੂੰ ਵਿਚਲਾਂਦੀ ਰਹੀ।

"ਮੀਤੀਏ!" ਗੁਰਦਈ ਆਖਿਆ ਕਰਦੀ, "ਇਹੋ ਜਿਹੇ ਸੱਲ ਕਿਹਨੂੰ ਨਹੀਂ ਲਗਦੇ, ਪਰ ਹੁਣ ਰੋਇਆਂ ਵੀ ਕੀ ਬਣਦਾ ਹੈ, ਰੱਬ ਭਲੀ ਕਰੇਗਾ।"

Scanned by CamScanner

ਮਾਂ ਧੀ ਨੂੰ ਵਿਚਲਾਂਦੀ ਤੇ ਉਹਨੂੰ ਉਭਾਰਦੀ ਆਖਦੀ, ਕਿ ,ਹਰਪਾਲ ਦਾ ਕਤਲ ਕਾਲੂ ਤੇ ਸ਼ਾਹਬਾਜ਼ ਦੇ ਕਤਲ ਨਾਲੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ।

ਗੁਰਮੀਤ ਵੀ ਇਹੋ ਕੁਝ ਸੋਚਦੀ, ਪਰ ਤਾਂ ਵੀ ਇਉਂ ਲਗਦਾ ਕਿ ਉਹਦਾ ਮਾਨਸਕ ਜ਼ਬਤ ਥੱਲੇ ਨਹੀਂ ਰਿਹਾ। ਉਹ ਦਿਨੋਂ ਦਿਨ ਕਮਜ਼ੋਰ ਹੁੰਦੀ ਗਈ ਭਾਵੇਂ ਉਹਦੀ ਮਾਨਸਕ ਪਕੜ ਤੇ ਉਹਦਾ ਜਿਗਰਾ ਪਹਿਲੇ ਵਾਂਗ ਹੀ ਰਿਸ਼ਟ ਪੁਸ਼ਟ ਰਿਹਾ। ਬਚਪਨ ਦੀ ਗੱਲ ਮਟੱਲ ਗੁਰਮੀਤ ਹੁਣ ਗੁਰਦਈ ਵਾਂਗ ਪਤਲੀ ਲਗਣ ਲਗੀ। ਏਸੇ ਤਰ੍ਹਾਂ ਹੀ ਸ਼ਾਇਦ ਕਈ ਬੱਚੇ, ਜਿਨ੍ਹਾਂ ਦਾ ਬਚਪਨ ਵਿਚ ਆਪਣੇ ਮਾਪਿਆਂ ਨਾਲ ਮੁਹਾਂਦਰਾ ਨਹੀਂ ਮਿਲਦਾ, ਵਡੇਰੀ ਉਮਰ ਵਿਚ ਸਗਵਾਂ ਉਹਨਾਂ ਦਾ ਹੀ ਰੂਪ ਧਾਰਨ ਕਰ ਲੈਂਦੇ ਹਨ।

ਗੁਰਮੀਤ ਬੈਠ ਗਈ ਤੇ ਉਹਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਟੁਰੇ। ਅਜੀਤ ਅੰਦਰ ਆਇਆ, ਦੌੜਦਾ ਤੇ ਹਫ਼ਦਾ, ਪਰ ਗੁਰਮੀਤ ਨੂੰ, ਜਿਹਨੂੰ ਉਹ ਬੇਬੇ ਬੁਲਾਂਦਾ ਸੀ, ਵੇਖਦਿਆਂ ਹੀ ਉਹ ਇਕਾ ਦਿਕ ਰੁਕ ਗਿਆ। ਉਹ ਰੁਕ ਗਿਆ ਤੇ ਸਭ ਤੋਂ ਪਹਿਲੇ ਉਸ ਪਿਛਲੇ ਕਮਰੇ ਵਿਚੋਂ ਗਰਮ ਲੋਈ ਲਿਆ ਕੇ ਉਹਦੇ ਮੋਢਿਆਂ ਤੇ ਪਾਈ ਤੇ ਫਿਰ ਉਹਦੇ ਲਾਗੇ ਬਹਿ ਕੇ ਉਹਦੇ ਵਲ ਵੇਖਣ ਲਗਾ। ਗੁਰਮੀਤ ਨੇ ਆਪਣੇ ਅਥਰੂ ਪੂੰਝੇ, ਉਹਨੂੰ ਪਿਆਰ ਕੀਤਾ, ਤੇ ਆਖਿਆ, "ਮੈਂ ਜਾਣਦੀ ਹਾਂ ਅਜੀਤ ਤੂੰ ਕਿਸ ਵਾਸਤੇ ਮੇਰੇ ਕੋਲ ਆਇਆ ਹੈਂ ?"

ਅਜੀਤ, ਜਿਹੜਾ ਕੁਝ ਪਲਾਂ ਵਾਸਤੇ ਰੁਕ ਗਿਆ ਸੀ, ਹੁਣ ਫਿਰ ਆਪਣੇ ਕੁਦਰਤੀ ਜੋਸ਼ ਵਿਚ ਆ ਕੇ ਬੋਲਿਆ : "ਤੂੰ ਦਸ ਬੇਬੇ ਕਿ ਜੋ ਕੁਝ ਲੋਕੀ ਕਹਿ ਰਹੇ ਹਨ ਉਹ ਠੀਕ ਹੈ। ਕੀ ਮਾਹਿਲ ਤੇ ਅਟਾਰੀ ਵਾਲੇ ਇਸ ਜੰਗ ਵਿਚ ਕੋਈ ਭਾਗ ਨਹੀਂ ਲੈ ਰਹੇ ? ਕੀ ਅਸੀਂ ਸਿੱਖੀ ਤੋਂ ਡਿਗ ਗਏ ਹਾਂ.. ?"

"ਇਹੋ ਜਿਹੇ ਸ਼ਬਦ ਮੂੰਹੋਂ ਨਹੀਂ ਕੱਢੀਦੇ ਅਜੀਤ ! ਤੈਨੂੰ ਕਿਸ ਆਖਿਆ ਹੈ ?"

"ਸਾਰੀ ਦੁਨੀਆਂ ਕਹਿ ਰਹੀ ਹੈ ਬੇਬੇ, ਚੌਧਰੀ ਮੁਹੰਮਦ ਅਸਮਤ ਨੇ ਜੰਗ ਜਾਣ ਦਾ ਫ਼ੈਸਲਾ ਕੀਤਾ ਹੈ, ਪਰ ਨਾ ਹੀ ਬਾਬਾ ਜਾ ਰਿਹਾ ਹੈ ਤੇ ਨਾ ਹੀ ਸਰਦਾਰ ਸ਼ਾਮ ਸਿੰਘ।"

"ਇਹ ਗੱਲ ਠੀਕ ਹੈ, ਅਜੀਤ, ਪਰ ਮਾਹਿਲ ਤੇ ਅਟਾਰੀ ਵਾਲੇ ਇਸ ਜੰਗ ਦੇ ਨਾਲ ਹਨ। ਇਹ ਦੋ ਸਰਦਾਰ ਨਹੀਂ ਜਾ ਸਕਦੇ। ਤੈਨੂੰ ਇਹਨਾਂ ਡੂੰਘਿਆਂ ਮਾਮਲਿਆਂ ਦੀ ਸਮਝ ਨਹੀਂ ਆਵੇਗੀ, ਪਰ...।"

"ਪਰ ਕੀ ਬੇਬੇ ? ਕੀ ਮਾਹਿਲਾਂ ਨੂੰ ਸੋਭਦਾ ਹੈ ਇੰਜ ? ਤੂੰ ਆਪੇ ਤਾਂ ਹਮੇਸ਼ਾ ਆਖਦੀ ਰਹੀ ਹੈਂ ਕਿ ਜਦੋਂ ਧਰਮ ਤੇ ਦੇਸ਼ ਉੱਤੇ ਭੀੜ ਬਣਦੀ ਹੈ ਤਾਂ ਕੋਈ ਮਾਹਿਲ ਕਦੀ ਪਿਛੇ ਨਹੀਂ ਰਹਿੰਦਾ। ਅਜ...

"ਅਜੀਤ ਇਸ ਤਰ੍ਹਾਂ ਦੇ ਬੋਲ ਨਹੀਂ ਬੋਲੀਦੇ। ਪਰ ਤੂੰ ਆਪਣੀ ਦਸ ? ਤੈਨੂੰ ਕਿਸ ਰੋਕਿਆ ਹੈ ?"

"ਮੈਨੂੰ ? ਮੈਨੂੰ ਬਾਪੂ ਨੇ ਰੋਕਿਆ ਹੀ ਹੈ। ਕਹਿੰਦਾ ਸੀ, ਕਿ ਅਜੇ ਤਕ ਮਾਹਿਲਾਂ ਨੇ ਕੋਈ ਫ਼ੈਸਲਾ ਨਹੀਂ ਕੀਤਾ। ਮੈਨੂੰ ਮਾਂ ਨੇ ਰੋਕਿਆ ਹੈ। ਚਾਚੇ ਕਰਤਾਰ ਨੇ ਰੋਕਿਆ ਹੈ, ਉਹ ਕਹਿੰਦਾ ਹੈ ਕਿ ਇਹ ਜੰਗ ਖ਼ਾਲਸਾ ਫ਼ੌਜ ਨੂੰ ਤਬਾਹ ਕਰਾਣ ਵਾਸਤੇ ਲੜੀ ਜਾ ਰਹੀ ਹੈ। ਮੈਨੂੰ ਪੰਡਤ ਸ਼ੰਕਰ ਨੇ ਰੋਕਿਆ ਹੈ, ਉਹ ਕਹਿੰਦਾ ਹੈ ਕਿ ਅੰਗਰੇਜ਼ ਸਾਡੇ ਨਾਲੋਂ ਬੜੇ ਤਕੜੇ ਹਨ। ਅਸੀਂ ਉਹਨਾਂ ਦੀਆਂ ਚਾਲਾਂ ਨਹੀਂ ਸਮਝਦੇ।"

"ਤੂੰ ਕਿਸੇ ਦੀ ਨਾ ਸੁਣ, ਅਜੀਤ ! ਸਦਾ ਵਾਂਗ ਤੂੰ ਮੇਰਾ ਆਖਾ ਮੰਨ। ਤੂੰ, ਮੇਰੇ ਲਾਲ, ਜੰਗ ਵਾਸਤੇ ਤਿਆਰ ਹੋ ਜਾ। ਆਪਣੀ "ਗੌਰੀ" ਨੂੰ ਤਿਆਰ ਕਰ। ਮੈਂ ਆਪ ਅਰਦਾਸਾ ਸੋਧ ਕੇ ਤੈਨੂੰ ਜੰਗ ਵਿਚ ਭੇਜਾਂਗੀ।"

"ਸੱਚ ਬੇਬੇ !"

"ਸੱਚ, ਅਜੀਤ।"

ਅਜੀਤ ਨੇ ਗੁਰਮੀਤ ਨੂੰ ਜੱਫੀ ਪਾ ਲਈ ਤੇ ਉਹ ਰੋ ਪਿਆ। 'ਬੇਬੇ, ਤੂੰ ਕੇਡੀ ਚੰਗੀ ਹੈਂ। ਬੇਬੇ, ਮੈਂ ਜੰਗ ਉੱਤੇ ਜ਼ਰੂਰ ਜਾਵਾਂਗਾ। ਬੇਬੇ, ਮੈਂ ਗੋਰਿਆਂ ਦੇ ਆਹੂ ਲਾਹਾਂਗਾ ਕਿ ਦੁਨੀਆਂ ਦੰਗ ਰਹਿ ਜਾਏਗੀ। ਬੇਬੇ, ਤੂੰ ਮੇਰਾ ਫ਼ਿਕਰ ਨਾ ਕਰੀਂ। ਮੈਨੂੰ ਬਾਲਕ ਨਾ ਸਮਝੀਂ। ਮੈਂ ਜੁਆਨ ਹੋ ਗਿਆ ਹਾਂ, ਮੈਂ ਤਕੜੇ ਤੋਂ ਤਕੜੇ ਗੋਰੇ ਨਾਲ ਲੜ ਸਕਦਾ ਹਾਂ। ਮੇਰੇ ਵਿਚ ਅੰਮ੍ਰਿਤ ਦੀ ਸ਼ਕਤੀ ਹੈ, ਇਹ ਬਦੇਸ਼ੀ ਗੋਰੇ ਖ਼ਾਲਸੇ ਸਾਹਮਣੇ ਅਟਕ ਨਹੀਂ ਸਕਦੇ। ਬੇਬੇ, ਤੂੰ ਮੇਰਾ ਫ਼ਿਕਰ ਨਾ ਕਰੀਂ। ਮੈਂ ਜੁਆਨ ਹਾਂ। ਬਾਪੂ ਤੇ ਮਾਂ ਕਹਿੰਦੇ ਹਨ ਮੈਂ ਬਾਲਕ ਹਾਂ, ਚਾਚਾ ਕਰਤਾਰ ਮੈਨੂੰ ਕਿਸੇ ਲੇਖੇ ਦਾ ਨਹੀਂ ਗਿਣਦਾ,

Scanned by CamScanner

ਪਰ ਬੇਬੇ ਤੂੰ ਤਾਂ ਮੈਨੂੰ ਬਾਲਕ ਨਹੀਂ ਨਾ ਸਮਝਦੀ..."

ਅਜੀਤ ਬੋਲੀ ਗਿਆ ਤੇ ਗੁਰਮੀਤ ਦੇ ਅੱਥਰੂ ਵਹਿੰਦੇ ਗਏ। ਉਹ ਅਜੀਤ ਨੂੰ ਘੁੱਟਦੀ ਗਈ। ਅਜੀਤ ਨੂੰ ਘੁੱਟਦੀ ਗਈ ਕਿ ਵਾਰੋ ਵਾਰ ਬੁੱਢਾ ਮੱਲ ਨੂੰ, ਕਾਲੂ ਨੂੰ, ਅਨੰਦ ਨੂੰ, ਗੁਰਦਾਸ ਨੂੰ, ਸ਼ਾਹਬਾਜ਼ ਨੂੰ, ਬਹਾਦਰ ਸਿੰਘ ਤੇ ਗੁਰਬਖਸ਼ ਸਿੰਘ ਨੂੰ, ਆਪਣੇ ਪਿਤਾ ਦਲੇਰ ਸਿੰਘ ਤੇ ਆਪਣੇ ਭਰਾ ਹਰਪਾਲ ਨੂੰ ਘੁੱਟਦੀ ਗਈ।

ਪੰਜਾਬ ਦੇ ਪਿੰਡ ਪਿੰਡ ਵਿਚੋਂ ਹੁਣ ਜੰਗ ਵਾਸਤੇ ਜੁਆਨ ਨਿੱਤਰੇ ਤੇ ਰਸਦ ਪਾਣੀ ਇਕੱਠਾ ਹੋਇਆ। ਸਰਦਾਰ ਸ਼ਾਮ ਸਿੰਘ ਤੇ ਸਰਦਾਰ ਚੂਹੜ ਸਿੰਘ ਨੇ ਦਿਨ ਰਾਤ ਇਕ ਕਰ ਦਿਤਾ।

ਅੰਗਰੇਜ਼ੀ ਤੇ ਪੰਜਾਬੀ ਫ਼ੌਜਾਂ ਇਕ ਦੂਜੇ ਨੂੰ ਮਿਲਣ ਵਾਸਤੇ ਅਗੇ ਵਧ ਰਹੀਆਂ ਸਨ।

ਯਾਰਾਂ ਦਸੰਬਰ, ੧੮੪੫ ਵਾਲੇ ਦਿਨ ਪੰਜਾਬੀ ਫ਼ੌਜ ਨੇ ਹਰੀਕੇ ਦੇ ਪੱਤਨ ਕੋਲ ਸਤਲੁਜ ਪਾਰ ਕੀਤਾ। ਇਸ ਫ਼ੌਜ ਨਾਲ ਪਾਰ ਹੋਣ ਵਾਲਿਆਂ ਵਿਚੋਂ ਪੰਦਰਾਂ ਸਾਲ ਦਾ ਇਕ ਯੁਵਕ ਅਜੀਤ ਸਿੰਘ ਮਾਹਿਲ ਵਾਂ ਸੀ।

੧੨੬

ਦਸੰਬਰ ੧੮੪੫ ਵਿਚ ਸਤਲੁਜ ਸੁੱਕਾ ਹੋਇਆ ਸੀ, ਪਰ ਇਸ ਦਰਿਆ ਦੇ ਕੰਢੇ ਇਕਠੀ ਹੋਈ ਪੰਜਾਬੀ ਸੈਨਾ ਦਾ ਜੋਸ਼ ਤੇ ਉਤਸ਼ਾਹ ਉਸੇ ਤਰ੍ਹਾਂ ਠਾਠਾਂ ਮਾਰ ਰਿਹਾ ਸੀ ਜਿਵੇਂ ਕਿ ਜੁਲਾਈ ਵਿਚ ਸਤਲੁਜ ਆਪਣੇ ਬੰਨਿਆਂ ਤੋਂ ਉਛਲਦਾ ਹੈ। ਦਸੰਬਰ ੧੮੪੫ ਵਿਚ ਸਤਲੁਜ ਦੇ ਕੰਢੇ ਤੇ ਸਾਰੇ ਪੰਜਾਬ ਦੀ ਬਨਸਪਤੀ ਬੇਜਾਨ ਸੀ। ਬ੍ਰਿਛ ਰੁੰਡ ਮੁੰਡ ਸਨ। ਧਰਤੀ ਕੱਕਰਾਈ ਹੋਈ ਸੀ। ਪਰ ਪੰਜਾਬ ਦੀ ਸੈਨਾ ਇਉਂ ਉਮਾਹ ਵਿਚ ਆਈ ਹੋਈ ਸੀ ਜਿਵੇਂ ਸਾਵਣ ਮਾਹ ਵਿਚ ਬਨਸਪਤੀ ਜੋਬਨ ਵਿਚ ਆਉਂਦੀ ਹੈ, ਤੇ ਸਤਲੁਜ ਪਾਰ ਇਕੱਠੇ ਹੋਏ ਸਿਪਾਹੀ ਵੀ ਇਹੋ ਜਿਹੀਆਂ ਗੱਲਾਂ ਕਰਦੇ। ਇਕ ਆਖਦਾ, "ਸੁੱਕੇ ਹੋਏ ਸਤਲੁਜ ਨੇ ਸਾਡੀ ਸੈਨਾ ਦਾ ਕੰਮ ਆਸਾਨ ਕਰ ਦਿਤਾ ਹੈ।"

ਦੂਜਾ ਆਖਦਾ, "ਵਿਜੈ ਦੇ ਉਤਸ਼ਾਹ ਨਾਲ ਠਾਠਾਂ ਮਾਰਦੀ ਸੈਨਾ ਠਾਠਾਂ ਮਾਰਦੇ ਸਤਲੁਜ ਨੂੰ ਪਾਰ ਕਰ ਕੇ ਸਗੋਂ ਹੋਰ ਵੀ ਖ਼ੁਸ਼ ਹੁੰਦੀ ਮਿੱਤਰਾ। ਭਲਾ ਕੀ ਅਸਾਂ ਕਦੀ ਹੜ੍ਹ ਆਏ ਦਰਿਆ ਪਾਰ ਨਹੀਂ ਕੀਤੇ ?"

ਇਕ ਚਿੱਟੀ ਦਾੜ੍ਹੀ ਵਾਲਾ ਬੁੱਢਾ ਸਿਪਾਹੀ ਬੋਲਿਆ : "ਜਦੋਂ ਸਰਕਾਰ ਨੇ ਠਾਠਾਂ ਮਾਰਦੇ ਅਟਕ ਨੂੰ ਪਾਰ ਕੀਤਾ, ਮੈਂ ਉਦੋਂ ਉਹਨਾਂ ਦੇ ਨਾਲ ਸਾਂ। ਮੈਨੂੰ ਯਾਦ ਹੈ ਸਰਦਾਰਾਂ ਨੇ ਸ਼ੇਰੇ-ਪੰਜਾਬ ਨੂੰ ਵਰਜਿਆ। ਆਖਿਓ ਨੇ ਕਿ ਇਕ ਦਿਨ ਅਟਕ ਜਾਓ। ਅਟਕ ਦਾ ਪਾਣੀ ਲਹਿ ਜਾਵੇਗਾ। ਪਰ ਸਰਕਾਰ ਮੁਸਕਰਾਏ ਤੇ ਉਹਨਾਂ ਕਿਹਾ ਕਿ ਅਟਕ ਦਰਿਆ ਉਹਨਾਂ ਵਾਸਤੇ ਅਟਕ ਹੈ ਜਿਨ੍ਹਾਂ ਦੇ ਦਿਲਾਂ ਵਿਚ ਅਟਕ ਹੈ। ਤੇ ਇਉਂ ਆਖਦਿਆਂ ਉਹਨਾਂ ਘੋੜਾ ਦਰਿਆ ਵਿਚ ਠੇਲ੍ਹ ਦਿਤਾ।"

ਇਕ ਹੋਰ ਸਿਪਾਹੀ ਬੋਲਿਆ : "ਤੇ ਇਵੇਂ ਹੀ ਸਰਦਾਰ ਹਰੀ ਸਿੰਘ ਨਲੂਆ ਕਰਿਆ ਕਰਦਾ ਸੀ। ਕਸ਼ਮੀਰ ਦੇ ਸਾਰੇ ਯੁਧਾਂ ਵਿਚ ਮੈਂ ਉਹਨਾਂ ਨਾਲ ਰਿਹਾ ਹਾਂ, ਤੇ ਤੁਸੀਂ ਜਾਣਦੇ ਹੋ ਕਸ਼ਮੀਰ ਵਿਚ ਵਹਿੰਦੇ ਦਰਿਆ ? ਪਾਟ ਉਹਨਾਂ ਦਾ ਬੇਸ਼ਕ ਛੋਟਾ ਹੋਵੇ, ਪਰ ਜਦੋਂ ਪਾਣੀ ਆਏ ਤਾਂ ਐਨੀ ਜ਼ੋਰ ਦਾ ਆਉਂਦਾ ਹੈ ਕਿ ਅੰਤ ਨਹੀਂ। ਪਰ ਨਲੂਆ ਸਰਦਾਰ ਕਿਤੇ ਨਹੀਂ ਸੀ ਅਟਕਦਾ। ਬਸ 'ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ' ਆਖ ਕੇ ਠਿਲ੍ਹ ਪੈਂਦਾ ਸੀ।"

Scanned by CamScanner

"ਦੂਰ ਦੀਆਂ ਕਿਉਂ ਅਜੇ ਕਲ੍ਹ ਦੀ ਹੀ ਗੱਲ ਹੈ ਕਿ ਸ਼ਹਿਜ਼ਾਦਾ ਪ੍ਰਤਾਪ ਸਿੰਘ ਤੇ ਲਾਟ ਸਾਹਿਬ ਦੀ ਮੁਲਾਕਾਤ ਵੇਲੇ ਅਸਾਂ ਇਹੋ ਸਤਲੁਜ ਦਰਿਆ ਹੜਾਂ ਦੇ ਦਿਨਾਂ ਵਿਚ ਪਾਰ ਕੀਤਾ ਸੀ। ਅੰਗਰੇਜ਼ਾਂ ਦੇ ਘੋੜ ਚੜ੍ਹੇ ਹੈਰਾਨ ਪਰੇਸ਼ਾਨ ਸਾਡੇ ਵਲ ਤੱਕਦੇ ਤੇ ਸਾਡੀ ਹਿੰਮਤ ਉੱਤੇ ਇਤਬਾਰ ਕਰਨ ਦੀ ਵੀ ਹਿੰਮਤ ਨਾ ਰਖਦੇ।" ਇਕ ਹੋਰ ਆਦਮੀ ਆਖਦਾ।

ਉਂਜ ਇਹਦੇ ਵਿਚ ਸ਼ਕ ਨਹੀਂ ਸੀ ਕਿ ਸਰਦੀਆਂ ਕਰ ਕੇ ਸੈਨਾ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਏਸੇ ਲਈ ਸ਼ਾਇਦ ਉਹ ਗਰਮੀਆਂ ਦੇ ਮਹੀਨਿਆ ਵਿਚ ਵਧੇਰੇ ਮੁਸ਼ ਰਹਿੰਦੇ ਸਨ ਭਾਵੇਂ ਨਦੀਆਂ ਨਾਲੇ ਚੜ੍ਹੇ ਹੁੰਦੇ ਹੋਣ। ਪੰਜਾਬੀ ਸੈਨਾ ਸਤਲੁਜ ਪਾਰ ਆ ਉਤਰੀ ਸੀ, ਪਰ ਸਾਰੀ ਸੈਨਾ ਵਾਸਤੇ ਤੰਬੂ ਨਹੀਂ ਸਨ। ਸਰਦੀਆਂ ਵਿਚ ਭੁੱਖ ਵੀ ਜ਼ਿਆਦਾ ਲਗਦੀ ਹੈ ਤੇ ਆਦਮੀ ਪਚਾਂਦਾ ਵੀ ਢੇਰ ਹੈ। ਇਸੇ ਕਰ ਕੇ ਰਾਸ਼ਨ ਵੀ ਫ਼ਾਲਤੂ ਚਾਹੀਦਾ ਹੈ। ਫਿਰ ਬਾਜ਼ਾਬਤਾ ਫ਼ੌਜ ਤੋਂ ਇਲਾਵਾ ਕਈ ਹਜ਼ਾਰ ਵਲੰਟੀਅਰ ਵੀ ਆ ਸ਼ਾਮਲ ਹੋਏ। ਮਾਹਿਲ ਤੇ ਅਟਾਰੀ ਦੀਆਂ ਪੱਤੀਆਂ ਵਿਚੋਂ ਹੀ ਕੋਟੀ ਦਾਈ ਸੌ ਵਲੰਟੀਅਰ ਆਏ ਸਨ। ਬੇਸ਼ਕ ਆਪਣੇ ਨਾਲ ਬਹੁਤੇ ਵਲੰਟੀਅਰ ਹਫ਼ਤੇ ਡੇਢ ਹਫ਼ਤੇ ਵਾਸਤੇ ਦਾਣੇ, ਬਾਜਰਾ, ਗੁੜ ਆਦਿ ਲਿਆਏ, ਪਰ ਕੁਝ ਦਿਨਾਂ ਪਿਛੋਂ ਉਹਨਾਂ ਦਾ ਭਾਰ ਫੌਜੀ ਪ੍ਰਬੰਧਕਾਂ ਉੱਤੇ ਪੈਣਾ ਹੀ ਸੀ। ਇਹਨਾਂ ਆਦਮੀਆਂ ਕੋਲ ਤੰਬੂ ਵੀ ਨਹੀਂ ਸਨ, ਸਿਵਾਏ ਸੌ ਡੇਢ ਸੌ ਉਹਨਾਂ ਆਦਮੀਆਂ ਦੇ ਜਿਹੜੇ ਕਿ ਖ਼ਾਸ ਮਾਹਿਲ ਤੇ ਅਟਾਰੀ ਤੋਂ ਆਏ ਸਨ ਤੇ ਜਿਨ੍ਹਾਂ ਵਾਸਤੇ ਸ਼ਾਮ ਸਿੰਘ ਤੇ ਚੂਹੜ ਸਿੰਘ ਤੰਬੂਆਂ ਦੀ ਔੜ ਤੋੜ ਕਰ ਸਕੇ। ਹੁਣ ਤਕ ਸਭ ਵਲੰਟੀਅਰ ਰਜਮੈਂਟਾਂ ਤੇ ਬਟਾਲੀਅਨਾਂ ਵਿਚ ਵੰਡੇ ਗਏ ਸਨ। ਅਜੀਤ ਤੇ ਚੌਧਰੀ ਮੁਹੰਮਦ ਅਸਮਤ ਦਾ ਇਕ ਪੁੱਤਰ ਸ਼ੇਰ ਖ਼ਾਨ, ਜਰਨੈਲ ਧਰਮ ਸਿੰਘ ਦੇ ਤੋਪਖ਼ਾਨੇ ਵਿਚ ਸ਼ਾਮਲ ਹੋਏ ਤੇ ਆਪ ਚੌਧਰੀ ਮੁਹੰਮਦ ਅਸਮਤ ਜਰਨੈਲ ਅਜੁਧਿਆ ਪ੍ਰਸ਼ਾਦ ਦੇ ਪਿਆਦਾ ਦਲ ਵਿਚ, ਪਰ ਫਿਰ ਵੀ ਚੌਧਰੀ ਇਹਨਾਂ ਦੋਹਾਂ ਨੂੰ ਆਪਣੇ ਨੇੜੇ ਹੀ ਰਖਦਾ। ਸ਼ੇਰ ਖ਼ਾਨ ਕਰ ਕੇ ਨਹੀਂ, ਅਜੀਤ ਸਿੰਘ ਕਰ ਕੇ।

ਕੱਸੂਆਨੇ ਤੋਂ ਤੁਰਨ ਵੇਲੇ ਚੌਧਰੀ ਅਸਮਤ ਮਾਹਿਲ ਆਇਆ ਸੀ ਤੇ ਗੁਰਮੀਤ ਨੇ ਉਸ ਨੂੰ ਕਿਹਾ ਸੀ : "ਚੌਧਰੀ ਜੀ ਸਾਡੇ ਅਜੀਤ ਦਾ ਧਿਆਨ ਰਖਣਾ। ਇਹਦੀ ਉਮਰ ਅੱਲੀ ਹੈ ਤੇ ਜੋਸ਼ ਇਹਦਾ ਮਿਉਂਦਾ ਨਹੀਂ।"

ਅਜੀਤ ਦੀ ਮਾਂ ਹਰਦਿਤ ਕੌਰ ਵੀ ਰੋਈ ਸੀ ਤੇ ਚੌਧਰੀ ਨੇ ਕਿਹਾ :

"ਤੁਸੀਂ ਫਿਕਰ ਨਾ ਕਰੋ। ਮੈਨੂੰ ਅਜੀਤ ਸਿੰਘ, ਸ਼ੇਰ ਖ਼ਾਂਨ ਨਾਲੋਂ ਵੀ ਪਿਆਰਾ ਹੈ। ਤੇ ਜੇ ਮੈਂ ਨਾਲ ਨਾ ਵੀ ਹੋਵਾਂ ਤਾਂ ਵੀ ਮੇਰੀ ਜਾਚੇ ਤੁਹਾਨੂੰ ਤੌਖ਼ਲਾ ਨਹੀਂ ਕਰਨਾ ਚਾਹੀਦਾ। ਅਜੀਤ ਕਈ ਜੁਆਨਾਂ ਤੇ ਗਿੱਝੇ ਹੋਏ ਸਿਪਾਹੀਆਂ ਨਾਲੋਂ ਵੀ ਸਿਆਣਾ ਹੈ। ਬਾਕੀ ਸਭ ਕੁਝ ਅੱਲਾ ਦੇ ਹੱਥ ਹੈ।"

ਅਜੀਤ ਸਿੰਘ ਦੀ ਜਿਵੇਂ ਗੁਰਮੀਤ ਨੇ ਕਿਹਾ ਸੀ, ਉਮਦ ਅੱਲੀ ਸੀ ਤੇ ਉਹਦਾ ਜੋਸ਼ ਅਮਿਣਵਾਂ। ਇਸ ਉਮਰ ਤੇ ਇਸ ਤੋਂ ਜ਼ਰਾ ਵੱਡੀ ਉਮਰ ਦੇ ਅਨੇਕ ਯੁਵਕਾਂ ਵਾਂਗ ਅਜੀਤ ਆਪਣੇ ਦੰਦ ਪੀਂਹਦਾ ਤੇ ਆਖਦਾ :

"ਅੰਗਰੇਜ਼ਾਂ ਦੀ ਐਨੀ ਹਿੰਮਤ ? ਇਉਂ ਭੁਲ ਗਏ ਉਹ ਸ਼ੇਰੇ-ਪੰਜਾਬ ਦੀਆਂ ਕੀਤੀਆਂ ? ਇਉਂ ਚੜ੍ਹ ਆਏ ਉਹ ਸਰਕਾਰ ਦੇ ਸਾਜੇ ਪੰਜਾਬ ਉੱਤੇ ? ਇਉਂ ਉਹ ਕਰਨ ਲਗੇ ਸਾਡੀ ਬੇਪਤੀ ? ਅਸੀਂ ਦਿੱਲੀ ਤੋਂ ਉਰੇ ਕਿਤੇ ਨਹੀਂ ਰੁਕਣਾ।"

ਸ਼ੇਰ ਖ਼ਾਨ ਵੀ, ਜਿਹੜਾ ਅਜੀਤ ਤੋਂ ਡੇਢ ਵਰਾ ਵੱਡਾ ਸੀ, ਇਸੇ ਤਰ੍ਹਾਂ ਜੋਸ਼ ਖਾ ਕੇ ਕਹਿੰਦਾ : "ਗੋਰਿਆਂ ਨੇ ਸਾਡਾ ਵਿਸ਼ਵਾਸਘਾਤ ਕੀਤਾ ਹੈ। ਗੋਰਿਆਂ ਨੇ ਸਰਕਾਰ ਨਾਲ ਕੀਤੀ ਕਿਸੇ ਸੰਧੀ ਦੀ ਕੱਦਰ ਨਹੀਂ ਕੀਤੀ। ਉਹ ਸ਼ੈਤਾਨ ਦੇ ਪੁਤਲੇ ਹਨ। ਇਕ ਇਕ ਗੋਰਾ ਆਪਣੀਆਂ ਕੀਤੀਆਂ ਲਈ ਦੋਜ਼ਖ਼ਾਂ ਦੀ ਅੱਗ ਵਿਚ ਸੜੇਗਾ।"

ਦਿਨੇ ਤਾਂ ਸਿਪਾਹੀ ਫਤਹਿ ਗੜ੍ਹ, ਸਭਰਾਵਾਂ ਦੇ ਸਾਹਮਣੇ, ਕਿਲ੍ਹਾ ਬਣਾਉਣ ਵਿਚ ਰੁੱਝੇ ਰਹਿੰਦੇ, ਪਰ ਸ਼ਾਮ ਪਈ ਉਹ ਥਾਂ ਥਾਂ ਅੱਗਾਂ ਬਾਲ ਕੇ ਆ ਰਹੀ ਲੜਾਈ ਬਾਰੇ ਗੱਲਾਂ ਕਰਨ ਲਗਦੇ। ਸ਼ਾਮ ਵੇਲੇ ਭਿੰਨ ਭਿੰਨ ਬਟਾਲੀਅਨਾਂ, ਰਜਮੈਂਟਾਂ ਤੇ ਪਲਟਣਾਂ ਦੇ ਸਿਪਾਹੀ ਆਪੋ ਵਿਚ ਜੁੜ ਬਹਿੰਦੇ। ਅਨੇਕ ਸਿਪਾਹੀ ਇਕ ਪਲਟਣ ਤੋਂ ਦੂਜੀ ਪਲਟਣ ਵਿਚ ਤਬਦੀਲ ਹੁੰਦੇ ਆਏ ਸਨ ਤੇ ਇਉਂ ਉਹ ਆਪਣੀਆਂ ਪਹਿਲੀਆਂ ਪਲਟਣਾਂ ਦੇ ਬਹੁਤੇ ਸਿਪਾਹੀਆਂ ਨੂੰ ਜਾਣਦੇ ਸਨ। ਪਿੰਡਾਂ ਪਿੰਡਾਂ ਤੋਂ ਆਏ ਵਲੰਟੀਅਰ ਵੀ, ਜਿਹੜੇ ਕਿ ਹੁਣ ਵੱਖੋ ਵੱਖ ਪਲਟਣਾਂ ਵਿਚ ਸਨ, ਸ਼ਾਮਾਂ ਵੇਲੇ ਆਪੋ ਆਪਣੇ ਸਾਥੀਆਂ ਕੋਲ ਆ ਬਹਿੰਦੇ। ਗਈ ਰਾਤ ਤਕ ਅੱਗ ਬਲਦੀ ਰਹਿੰਦੀ ਤੇ ਗੱਲਾਂ ਹੁੰਦੀਆਂ ਰਹਿੰਦੀਆਂ। ਜਿਨ੍ਹਾਂ ਸਿਪਾਹੀਆਂ ਵਾਸਤੇ ਤੰਬੂ ਨਹੀਂ ਸਨ ਉਹ ਅੱਗ ਦੇ ਦਵਾਲੇ ਹੀ ਧੂੰਸਾ ਤਾਣ ਕੇ ਸੌਂ ਜਾਂਦੇ। ਅੱਗ ਨੂੰ ਮਘਦੀ ਰਖਣ ਵਾਸਤੇ ਉਹ ਆਪਣੀਆਂ ਵਾਰੀਆਂ ਵੰਡ ਲੈਂਦੇ।

Scanned by CamScanner

ਰੋਜ਼ ਰਾਤੀਂ ਚੌਧਰੀ ਮੁਹੰਮਦ ਅਸਮਤ, ਸ਼ੇਰ ਖ਼ਾਨ ਤੇ ਅਜੀਤ ਵੀ ਤੋਪਚੀ ਪਲਟਣ ਵਿਚ ਆ ਬਹਿੰਦੇ। ਹੌਰ ਵੀ ਅਨੇਕ ਆਦਮੀ ਜੁੜੇ ਹੁੰਦੇ। ਜਦੋਂ ਕਦੀ ਉਹਨੂੰ ਹੋਰ ਕੰਮ ਨਾ ਹੁੰਦਾ, ਜਰਨੈਲ ਧਰਮ ਸਿੰਘ ਵੀ ਆ ਜਾਂਦਾ। ਇਕ ਸ਼ਾਮ ਚੌਧਰੀ ਮੁਹੰਮਦ ਅਸਮਤ ਨੇ ਧਰਮ ਸਿੰਘ ਕੋਲੋਂ ਪੁਛਿਆ :

"ਸਰਦਾਰ ਜੀ ! ਢਿੱਲ ਕਾਹਦੀ ਹੈ ? ਤਿੰਨ ਦਿਨ ਹੋ ਗਏ ਹਨ ਸਾਨੂੰ ਸਤਲੁਜ ਪਾਰ ਕੀਤਿਆਂ ਤੇ ਫ਼ੀਰੋਜ਼ਪੁਰ ਸਾਡਾ ਰਾਹ ਤੱਕ ਰਿਹਾ ਹੈ। ਹੁਣ ਤਾਂ ਉਧਰੋਂ, ਸੁਣਿਆਂ ਹੈ, ਟੈਂਡੀ ਲਾਟ ਨੇ ਵੀ ਖੁਲ੍ਹਮ ਖੁਲ੍ਹਾ ਜੰਗ ਦਾ ਐਲਾਨ ਕਰ ਦਿਤ ਹੈ।"

"ਇਹ ਤੇਰੀ ਗੱਲ ਠੀਕ ਹੈ ਚੌਧਰੀ, ਪਰ ਮੈਨੂੰ ਤਾਂ ਆਪ ਸਮਝ ਨਹੀਂ ਆਉਂਦੀ। ਮੈਂ ਅੱਜ ਇਸੇ ਸੁਆਲ ਦਾ ਜੁਆਬ ਲੈਣ ਦਾ ਪੱਕ ਕਰ ਲਿਆ ਹੈ। ਆਪ ਸੈਨਾਪਤੀ ਤੇਜ ਸਿੰਘ ਕੋਲੋਂ ਪੁਛਾਂਗਾ।"

ਜਦੋਂ ਧਰਮ ਸਿੰਘ ਚਲਾ ਗਿਆ ਤਾਂ ਸ਼ੇਰ ਖ਼ਾਨ ਨੇ ਕਿਹਾ : "ਮੈਨੂੰ ਤਾਂ ਅੱਬਾ ਇਹ ਗੱਲ ਜੱਚਦੀ ਨਹੀਂ। ਭਲਾ ਅੱਗੇ ਵੀ ਕਦੀ ਇਸ ਤਰ੍ਹਾਂ ਹੋਇਆ ਹੈ। ਜੰਗ ਲੜਨ ਆਏ ਹਾਂ, ਘਾਹ ਖੋਤਣ ਨਹੀਂ ਆਏ। ਖ਼ਾਹ ਮਖ਼ਾਹ ਬੈਠੇ ਬੈਠੇ ਸੁਕਦੇ ਜਾਂਦੇ ਹਾਂ।"

"ਹੋਵੇ ਨਾ ਹੋਵੇ ਜਿਹੜੀਆਂ ਗੱਲਾਂ ਬਾਬਾ ਤੇ ਅਟਾਰੀ ਵਾਲਾ ਸਰਦਾਰ ਆਖਦੇ ਹਨ, ਸੱਚ ਹੀ ਨਾ ਹੋਣ।" ਅਜੀਤ ਬੋਲਿਆ, ਪਰ ਚੂਹੜ ਸਿੰਘ ਤੇ ਸ਼ਾਮ ਸਿੰਘ ਦੇ ਸ਼ੱਕ ਉਸ ਦੁਹਰਾਏ ਨਹੀਂ। ਉਸ ਦੁਹਰਾਇਆ ਨਹੀਂ ਕਿ ਸੱਚੀਂ ਮੁਚੀਂ ਕਿਤੇ ਲਾਲ ਸਿੰਘ ਤੇ ਤੇਜ ਸਿੰਘ ਗੋਰਿਆਂ ਨਾਲ ਮਿਲੇ ਹੀ ਨਾ ਹੋਣ। ਇਹੋ ਜਿਹੇ ਕੋਈ ਸ਼ਬਦ ਆਖਦੇ ਬੜੇ ਹਾਸੇ ਹੀਣੇ ਲਗਦੇ ਸਨ। ਜਦੋਂ ਕੁਝ ਸੈਨਾ ਗੋਰਿਆਂ ਨੂੰ ਜਿੱਤਣ ਦੀ ਪੱਕੀ ਆਸ ਲਾਈ ਬੈਠੀ ਸੀ, ਤਾਂ ਆਪਣੇ ਲੀਡਰਾਂ ਬਾਰੇ ਸ਼ੱਕ ਪ੍ਰਗਟ ਕਰਨੇ ਦਾਊ ਬਿਰਤੀ ਦੀ ਨਿਸ਼ਾਨੀ ਸੀ।

ਚੌਧਰੀ ਮੁਹੰਮਦ ਅਸਮਤ ਨੇ ਅਜੀਤ ਦੀ ਗੱਲ ਤਾੜਦਿਆਂ ਹੋਇਆਂ ਕਿਹਾ :

"ਏਈ, ਮੈਨੂੰ ਤਾਂ ਇਹੋ ਜਿਹੀ ਕੋਈ ਚੀਜ਼ ਨਹੀਂ ਦਿਸਦੀ। ਸਰਦਾਰ ਸ਼ਾਮ ਸਿੰਘ ਤੇ ਚੂਹੜ ਸਿੰਘ ਵੱਡੇ ਆਦਮੀ ਹਨ। ਉਹਨਾਂ ਦੀਆਂ ਉਹੋ ਹੀ ਜਾਣਨ। ਅਸੀਂ ਸਾਰੇ ਤਾਂ ਇਥੇ ਲੜਨ ਆਏ ਹਾਂ। ਅੱਜ ਨਾ ਸਹੀ ਕਲ੍ਹ ਸਹੀ।"

"ਪਰ ਕਲ੍ਹ ਦੀ ਥਾਂ ਅੱਜ ਕਿਉਂ ਨਹੀਂ ਚੌਧਰੀ," ਕਿਸ਼ਨ ਚੰਦ ਨੇ ਕਿਹਾ, "ਢਿਲ ਕਰਨੀ ਅਸਾਂ ਸਿਖੀ ਨਹੀਂ।"

"ਫ਼ਰਕ ਵੀ ਕੀ ਪੈਂਦਾ ਹੈ," ਹੌਲਦਾਰ ਨੂਰ ਅਹਿਮਦ ਬੋਲਿਆ। ਅਜੀਤ ਸਿੰਘ ਏਸੇ ਹੌਲਦਾਰ ਦੀ ਕਮਾਨ ਹੇਠ ਕੰਮ ਕਰਦਿਆਂ ਚਹੁੰਆਂ ਤੋਪਾਂ ਦੇ ਦਸਤੇ ਵਿਚ ਸ਼ਾਮਲ ਹੋਇਆ ਸੀ। "ਜਿੱਤ ਸਾਡੀ ਅੱਜ ਵੀ ਹੋਣੀ ਹੈ ਤੇ ਕਲ੍ਹ ਵੀ। ਚਲੋ ਗੋਰਿਆਂ ਨੂੰ ਨਜਾਤ ਦੇ ਕੁਝ ਦਿਨ ਹੋਰ ਮਾਣ ਲੈਣ ਦਿਉ।"

ਚੌਧਰੀ ਮੁਹੰਮਦ ਅਸਮਤ ਨੂੰ ਸਤਲੁਜ ਪਾਰ ਕਰਨ ਵਾਲੇ ਦਿਨ ਹੀ ਠੰਡ ਲੱਗ ਗਈ ਸੀ। ਇਕ ਸਰਦੀ ਸੀ ਤੇ ਇਕ ਕੰਬਲ ਵੀ ਉਹਦੇ ਕੋਲ ਇਕੋ ਸੀ। ਫੌਜੀ ਹਕੀਮ ਪੰਡਤ ਰਾਮ ਸਰਨ ਕੋ ਉਹਨੂੰ ਦਵਾਈ ਦਿਤੀ, ਪਰ ਅਜੇ ਤਕ ਮੋੜਾ ਨਹੀਂ ਸੀ ਪਿਆ। ਉਹਦੇ ਪੁਤਰ ਸ਼ੇਰ ਖ਼ਾਨ ਨੇ ਉਹਨੂੰ ਘਰ ਮੁੜ ਜਾਣ ਵਾਸਤੇ ਕਿਹਾ।

"ਅੱਬਾ ਤੁਸੀਂ ਮੁੜ ਜਾਉ। ਤੁਹਾਡੀ ਤਬੀਅਤ ਤਾਂ ਪਿੰਡ ਵੀ ਠੀਕ ਨਹੀਂ ਰਹਿੰਦੀ। ਲੜਾਈਆਂ ਲੜਨ ਲਈ ਤੁਹਾਡੀ ਹੁਣ ਉਮਰ ਨਹੀਂ।"

"ਨਹੀਂ ਪੁੱਤਰਾ ਇਕ ਵਾਰੀ ਮੈਦਾਨ ਵਿਚ ਆ ਕੇ ਸੂਰੇ ਵਾਪਸ ਨਹੀਂ ਮੁੜਦੇ। ਕੋਈ ਇਹ ਨਾ ਕਹੇ ਕਿ ਚੌਧਰੀ ਮੁਹੰਮਦ ਅਸਮਤ ਗੋਰਿਆਂ ਤੋਂ ਡਰਦਾ ਭੱਜ ਆਇਐ।"

"ਕਿਹਦੀ ਹਿੰਮਤ ਹੈ ਬਾਬਾ ਇਹ ਕਹਿਣ ਦੀ," ਅਜੀਤ ਨੇ ਜ਼ੋਰ ਲਾਇਆ, "ਤੁਸੀਂ ਆਪਣੀ ਉਮਰ ਵੇਖੋ ਤੇ ਇਹ ਪਾਲਾ। ਇਹ ਜੰਗ ਤਾਂ ਜਿੱਤੀ ਹੀ ਪਈ ਹੈ।"

"ਜੇ ਸੱਚ ਪੁਛੋ ਪੁੱਤਰਾ ਤਾਂ ਮੇਰੀ ਤਲਵਾਰ ਘਟੋ ਘਟ ਇਕ ਗੋਰੇ ਦੇ ਖ਼ੂਨ ਨਾਲ ਰੱਤੀ ਹੋਣ ਨੂੰ ਸਹਿਕ ਰਹੀ ਹੈ। ਮੈਂ ਜਦੋਂ ਇਕ ਗੋਰਾ ਮਾਰ ਲਿਆ ਤਾਂ ਮੈਂ ਸਮਝਾਂਗਾ ਮੇਰੀ ਜ਼ਿੰਦਗੀ ਦਾ ਨਿਸ਼ਾਨਾ ਪੂਰਾ ਹੋਇਆ। ਮੈਂ ਸ਼ੇਰੇ-ਪੰਜਾਬ ਅੱਗੇ ਸੱਚਾ ਪਿਆ। ਮੈਂ ਆਪਣੀ ਔਲਾਦ ਵਾਸਤੇ ਇਕ ਰਾਹ ਪਾ ਗਿਆ। ਮੈਂ ਅੱਗੇ ਕਦੀ ਲੜਿਆ ਨਹੀਂ, ਪਰ ਜਦੋਂ ਦੇਸ਼ ਉੱਤੇ ਭੀੜ ਬਣੇ, ਤਾਂ ਲੜਨਾ ਹਰ ਬੱਚੇ ਬੁੱਢੇ ਦਾ ਫ਼ਰਜ਼ ਹੋ ਜਾਂਦਾ ਹੈ !"

Scanned by CamScanner

ਜਦੋਂ ਅਜੁਧਿਆ ਪ੍ਰਸ਼ਾਦ ਨੂੰ ਚੌਧਰੀ ਦੇ ਢਿੱਲੇ ਹੋਣ ਦਾ ਪਤਾ ਲਗਾ, ਤਾਂ ਉਹਨੇ ਵੀ ਆਖਿਆ, 'ਚੌਧਰੀ ਜੀ, ਤੁਹਾਡਾ ਆਉਣਾ ਸਿਰ ਮੱਥੇ। ਇਹ ਸੈਨਾ ਤੁਹਾਡੀ ਹੈ, ਇਹ ਦੇਸ਼ ਤੁਹਾਡਾ ਹੈ। ਪਰ ਇਸ ਉਮਰੇ ਲੜਨਾ ਸੌਖਾ ਨਹੀਂ। ਪ੍ਰਮਾਤਮਾ ਦੇ ਸ਼ੁਕਰ ਨਾਲ ਅਸੀਂ ਗੋਰਿਆਂ ਲਈ ਕਾਫ਼ੀ ਹਾਂ। ਤੁਸੀਂ ਮੁੜ ਜਾਓ।"

ਪਰ ਚੌਧਰੀ ਮੁਹੰਮਦ ਅਸਮਤ ਨਹੀਂ ਮੁੜਿਆ।

"ਇਸ ਉਮਰ ਨਾਲ ਮੈਂ ਮੁੜ ਕੇ ਕੀ ਖੱਟਾਂਗਾ ਜਰਨੈਲ ਸਾਹਿਬ! ਇਕ ਗੋਰਾ ਮਾਰ ਲਵਾਂ। ਸ਼ੇਰੇ-ਪੰਜਾਬ ਤੇ ਆਪਣੇ ਅੱਲਾ ਨਾਲ ਸੱਚਾ ਹੋ ਲਵਾਂ, ਤੇ ਫਿਰ ਵੇਖੀ ਜਾਏਗੀ।"

ਅੱਜ ਰਾਤ ਜਦੋਂ ਉਹ ਸ਼ੇਰ ਖ਼ਾਨ ਤੇ ਅਜੀਤ ਸਿੰਘ ਦੇ ਕੈਂਪ ਆਇਆ, ਤਾਂ ਉਹਨੂੰ ਮਾਤਾ ਮਾਤਾ ਤਾਪ ਵੀ ਸੀ। ਜਦੋਂ ਹੋਰਨਾਂ ਨੇ ਉਹਦੀ ਸਿਹਤ ਬਾਰੇ ਪੁਛਿਆ ਤਾਂ ਉਸ ਆਪਣੇ ਆਪ ਨੂੰ ਰਾਜ਼ੀ ਬ੍ਰਾਜ਼ੀ ਦਸਿਆ, ਪਰ ਉੱਥੇ ਅੱਗ ਦੇ ਕੋਲ ਬੈਠਿਆਂ ਉਹਦਾ ਤਾਪ ਤੇਜ਼ ਹੋ ਗਿਆ ਤੇ ਬਲਦੀ ਅੱਗ ਦੀ ਬੇ-ਮਲੂਮੀ ਰੋਸ਼ਨੀ ਵਿਚ ਵੀ ਉਹਦਾ ਝੁਰੜੀਆਂ ਭਰਿਆ ਤੇ ਮੋਟੇ ਮੋਟੇ ਵਾਲਾਂ ਨਾਲ ਭਰਪੂਰ ਚਿਹਰਾ ਲਾਲ ਹੋਇਆ ਦਿਸਣ ਲਗਾ। ਚੌਧਰੀ ਮੁਹੰਮਦ ਅਸਮਤ ਨੇ ਪਿਛਲੇ ਤਿੰਨ ਚਾਰ ਦਿਨ ਤੋਂ ਦਾੜ੍ਹੀ ਨਹੀਂ ਸੀ ਮੁੰਨੀ, ਉਹ ਰੁਝਿਆ ਰਿਹਾ ਸੀ। ਉਹਦੀ ਆਵਾਜ਼ ਵੀ ਭਾਰੀ ਹੋ ਗਈ ਸੀ। ਸ਼ੇਰ ਖ਼ਾਨ ਨੇ ਉਹਨੂੰ ਹੱਥ ਲਾ ਕੇ ਵੇਖਿਆ।

"ਅੱਬਾ! ਤੁਹਾਡਾ ਪਿੰਡਾ ਭੁੱਖ ਰਿਹਾ ਹੈ। ਚਲੋ ਮੈਂ ਤੁਹਾਨੂੰ ਡੇਰੇ ਛੱਡ ਆਵਾਂ।"

"ਕੋਈ ਨਹੀਂ ਸ਼ੇਰੂਆ! ਇਹ ਤਾਂ ਅੱਗ ਕੋਲ ਬੈਠਣ ਕਰ ਕੇ ਹੈ।"

ਵਾਰੋ ਵਾਰ ਸਭ ਨੇ ਚੌਧਰੀ ਦੀ ਨਬਜ਼ ਟੋਹੀ ਤੇ ਸਭ ਸਹਿਮਤ ਸਨ ਕਿ ਚੌਧਰੀ ਨੂੰ ਕਾਫ਼ੀ ਤਾਪ ਹੈ। ਅਜੀਤ ਤੇ ਸ਼ੇਰ ਖ਼ਾਨ ਉਹਨੂੰ ਉਹਦੇ ਡੇਰੇ ਲੈ ਗਏ।

ਵਾਪਸ ਮੁੜਦਿਆਂ ਅਜੀਤ ਨੇ ਕਿਹਾ, 'ਸ਼ੇਰੂ! ਤੇਰਾ ਅੱਬਾ ਬੰਦਾ ਨਹੀਂ ਫ਼ਰਿਸ਼ਤਾ ਹੈ। ਭਲਾ ਇਹ ਉਮਰ ਤੇ ਇਹ ਹੱਠ ਕੀ ਆਖੇ।"

"ਅੱਬਾ ਵਿਚ ਇਹ ਗੱਲ ਸ਼ੁਰੂ ਤੋਂ ਹੀ ਰਹੀ ਹੈ। ਜਦੋਂ ਉਹ ਕਿਸੇ ਸ਼ੈ ਵਾਸਤੇ ਹੱਠ ਕਰ ਬੈਠੇ ਉਹਨੂੰ ਕੋਈ ਮੋੜ ਨਹੀਂ ਸਕਦਾ। ਅੱਬਾ ਨੂੰ ਸਦਾ ਇਉਂ ਲੱਗਦਾ ਰਿਹਾ ਹੈ ਕਿ ਉਸ ਸ਼ੇਰੇ-ਪੰਜਾਬ ਦਾ ਕੁਝ ਦੇਣਾ ਹੈ। ਉਹ ਬਹੁਤੀ ਵਾਰੀ ਸਰਕਾਰ ਨੂੰ ਨਹੀਂ ਮਿਲਿਆ, ਪਰ ਉਹ ਕਹਿੰਦਾ ਹੈ ਕਿ ਇਕੋ ਵਾਰ ਦੀ ਮਿਲਣੀ ਨਾਲ ਹੀ ਉਹ ਸਰਕਾਰ ਹੱਥੀਂ ਵਿਕ ਗਿਆ। ਤੇ ਫਿਰ ਸਾਡੀ ਭੋਇੰ, ਮੇਰੇ ਚਾਚਿਆਂ ਦੀ ਜਾਨ ਬਖ਼ਸ਼ੀ, ਸਾਡੇ ਖ਼ਾਨਦਾਨ ਦੀ ਇੱਜ਼ਤ ਸਭ ਸ਼ੇਰੇ-ਪੰਜਾਬ ਕਰ ਕੇ ਹੀ ਤਾਂ ਸੀ। ਤੇ ਅੱਜ ਅੱਬਾ ਨੂੰ ਲਗਦਾ ਹੈ ਕਿ ਸ਼ੇਰੇ-ਪੰਜਾਬ ਦੀਆਂ ਮਿਹਰਬਾਨੀਆਂ ਦਾ ਵੱਟਾ ਲਾਹੁਣ ਦਾ ਸਮਾਂ ਆ ਗਿਆ ਹੈ। ਤੂੰ ਵੇਖੀਂ ਉਹ ਮਰਦਾ ਮਰਦਾ ਵੀ ਲੜੇਗਾ ਤੇ ਘਟੋਂ ਘਟ ਇਕ ਗੋਰੇ ਦਾ ਖ਼ੂਨ ਜ਼ਰੂਰ ਕਰੇਗਾ।"

ਕੁਝ ਚਿਰ ਅਜੀਤ ਸਿੰਘ ਚੁਪ ਟੁਰਦਾ ਆਇਆ ਤੇ ਫਿਰ ਉਸ ਕਿਹਾ : "ਬੜੀ ਅਜੀਬ ਗੱਲ ਹੈ, ਸ਼ੇਰੂ! ਜਿਵੇਂ ਤੇਰੇ ਅੱਬਾ ਨੂੰ ਲਗਦਾ ਹੈ ਕਿ ਉਸ ਸ਼ੇਰੇ-ਪੰਜਾਬ ਦਾ ਕੁਝ ਦੇਣਾ ਹੈ। ਉਸੇ ਤਰ੍ਹਾਂ ਅਨੇਕ ਹੋਰ ਆਦਮੀਆਂ ਨੂੰ ਵੀ ਇਹੋ ਕੁਝ ਹੀ ਲਗਦਾ ਹੈ। ਮੈਂ ਕਈਆਂ ਦੇ ਮੂੰਹੋਂ ਇਹੋ ਗੱਲ ਸੁਣੀ ਹੈ। ਸਾਰੇ ਵਲੰਟੀਅਰ ਆਖਦੇ ਹਨ ਕਿ ਉਹ ਤਾਂ ਸ਼ੇਰੇ ਪੰਜਾਬ ਦਾ ਚੜ੍ਹਾਇਆ ਕਰਜ਼ਾ ਚੁਕਾਣ ਆਏ ਹਨ।"

"ਤੇ ਇਹ ਗੱਲ ਠੀਕ ਹੀ ਹੋਵੇਗੀ, ਅਜੀਤ। ਸਰਕਾਰ ਪਤਾ ਨਹੀਂ ਕਿਹੋ ਜਿਹੀ ਹਸਤੀ ਹੋਣਗੇ। ਅੱਜ ਤਕ ਘਰ ਘਰ ਉਹਨਾਂ ਦੀਆਂ ਬਾਤਾਂ ਪੈਂਦੀਆਂ ਹਨ। ਜਿਨ੍ਹਾਂ ਜਿਨ੍ਹਾਂ ਨੇ ਇਕ ਵਾਰ ਉਹਨਾਂ ਨੂੰ ਵੇਖਿਆ ਹੈ ਸਾਰੀ ਉਮਰ ਉਹ ਮੁੜ ਕੇ ਉਹਨਾਂ ਨੂੰ ਨਹੀਂ ਭੁੱਲੇ।"

"ਸ਼ੇਰੇ-ਪੰਜਾਬ ਕਿਹੋ ਜਿਹੀ ਹਸਤੀ ਹੋਣਗੇ, ਤੂੰ ਸੱਚ ਕਹਿੰਦਾ ਹੈਂ। ਮੇਰਾ ਬਾਬਾ ਹਰਪਾਲ ਉਹਨਾਂ ਦਾ ਨਿਕਟਵਰਤੀ ਸੀ। ਚੂਹੜ ਸਿੰਘ ਵੀ ਉਹਨਾਂ ਨੂੰ ਅਨੇਕ ਵਾਰ ਮਿਲਿਆ ਹੈ। ਮੇਰੇ ਬਾਪੂ ਦੀਆਂ ਵੀ ਕੁਝ ਮੁਲਾਕਾਤਾਂ ਹੋਈਆਂ ਸਨ। ਪਰ ਮੈਂ ਸਿਰਫ਼ ਇਕੋ ਵਾਰੀ ਉਹਨਾਂ ਦੀ ਹਜ਼ੂਰੀ ਵਿਚ ਗਿਆ ਸਾਂ। ਮੇਰਾ ਬਾਬਾ ਹਰਪਾਲ ਮੈਨੂੰ ਆਪਣੇ ਨਾਲ ਲੈ ਗਿਆ ਸੀ। ਮੈਂ ਉਦੋਂ ਛੇਆਂ ਵਰ੍ਹਿਆਂ ਦਾ ਸਾਂ। ਉਮਰ ਭਾਵੇਂ ਛੋਟੀ ਸੀ, ਪਰ ਮੈਨੂੰ ਸਰਕਾਰ ਦੇ ਜਾਹੋ-ਜਲਾਲ ਦਾ ਪੂਰਾ ਸੰਭਾਲਾ ਹੈ। ਉਹ ਹੀਰਿਆਂ ਜੜੀ ਚੌਂਕੀ ਉੱਤੇ ਬੈਠੇ ਸਨ। ਮੇਰੇ ਬਾਬੇ ਨੇ ਉਹਨਾਂ ਨੂੰ ਮੇਰਾ ਨਾਂ ਦਸਿਆ। ਉਹ ਮੁਸਕਰਾਏ

Scanned by CamScanner

ਤੇ ਮੈਨੂੰ ਆਪਣੇ ਕੋਲ ਬੁਲਾਇਆ। ਮੈਂ ਕੋਲ ਗਿਆ ਤ ਉਹਨਾ ਮਰਾ ਕਡ ਉੱਤੇ ਥਾਪੀ ਦਿਤੀ। ਮੈਨੂੰ ਯਾਦ ਨਹੀਂ ਉਹਨਾ ਮੈਨੂੰ ਕੀ ਕਿਹਾ, ਪਰ ਸ਼ੇਰੂ ਜਿਸ ਥਾਂ ਉੱਤੇ ਉਹਨਾਂ ਨੇ ਮੈਨੂੰ ਥਾਪੜਿਆ, ਉਹ ਥਾਂ ਅਜ ਵੀ ਮਚਲਦੀ ਹੈ...।"

"ਮੈਂ ਤੇਰੇ ਤੋਂ ਡੇਢ ਵਰ੍ਹਾ ਵੱਡਾ ਹਾਂ, ਜੀਤੇ ਪਰ ਮੈਨੂੰ ਸਰਕਾਰ ਦੇ ਦਰਸ਼ਨਾਂ ਦੀ ਯਾਵਰੀ ਨਹੀਂ ਹੋਈ। ਠਹਿਰ ਚਰਾ ! ਦੱਸੇਂ ਨਾ ਕਿਥੇ ਕਰ ਕੇ ਤੈਨੂੰ ਥਾਪੜੀ ਦਿਤੀ ਸੀ ਸਰਕਾਰ ਨੇ ?"

ਦੋਵੇਂ ਮਿੱਤਰ ਰੁਕ ਗਏ। ਅਜੀਤ ਨੇ ਆਪਣੀ ਕੰਡ ਉੱਤੇ ਹੱਥ ਰਖ ਤੇ ਉਹ ਥਾਂ ਦਸੀ, "ਇਥੇ ਸੀ ਸ਼ੇਰੂ। ਮੈਂ ਕਦੀ ਭੁੱਲ ਨਹੀਂ ਸਕਦਾ। ਇਸ ਥਾਂ ਦੇ ਮਾਸ ਦੀ ਅੱਜ ਕਲ੍ਹ ਬਣਤਰ ਹੋਰ ਹੈ। ਇਹ ਮਾਸ ਹੋਰਵੇਂ ਹੋਰਵੇਂ ਮਹਿਸੂਸ ਕਰਦਾ ਹੈ।"

"ਲਿਆ ਮੈਨੂੰ ਵੀ ਇਹ ਥਾਂ ਪਲੋਸ ਲੈਣ ਦੇ। ਮੈਂ ਤਾਂ ਸਿਰਫ ਇਸੇ ਤਰ੍ਹਾਂ ਹੀ ਸਰਕਾਰ ਦਾ ਸਪਰਸ਼ ਮਾਣ ਸਕਦਾ ਹਾਂ।"

ਉਹ ਦੋਵੇਂ ਫਿਰ ਟੁਰ ਪਏ।

"ਜਦੋਂ ਮੈਂ ਛੋਟਾ ਸਾਂ ਮੈਨੂੰ ਕਦੀ ਖ਼ਿਆਲ ਨਹੀਂ ਸੀ ਆਇਆ ਕਿ ਸ਼ੇਰੇ-ਪੰਜਾਬ ਸਾਨੂੰ ਐਡੀ ਜਲਦੀ ਛੱਡ ਜਾਣਗੇ, ਨਹੀਂ ਤਾਂ ਮੈਂ ਚਰੂਰ ਆਪਣੇ ਬਾਬੇ ਨਾਲ ਬਹੁਤੀ ਵਾਰ ਉਹਨਾਂ ਨੂੰ ਮਿਲਣ ਦੀ ਕੋਸ਼ਿਸ਼ ਕਰਦਾ। ਤੈਨੂੰ ਪਤਾ ਹੈ ਲਾਹੌਰ ਵਾਲੀ ਸਾਡੀ ਹਵੇਲੀ ਵਿਚ ਵੀ ਉਹ ਕਈ ਵਾਰ ਆਇਆ ਕਰਦੇ ਸਨ।"

"ਸੱਚ ?"

"ਆਹੋ ਸ਼ੇਰੂ ! ਮੈਂ ਘਰ ਦਿਆਂ ਦੇ ਮੂੰਹੋਂ ਸੁਣਿਆ ਹੈ ਕਿ ਉਹ ਤੇ ਮੇਰਾ ਪੜਦਾਦਾ ਸਰਦਾਰ ਦਲੇਰ ਸਿੰਘ ਵੜੇ ਮਿੱਤਰ ਸਨ। ਸਰਕਾਰ ਸਾਡੀ ਹਵੇਲੀ ਵਿਚ ਸ਼ਰਦਾਈ ਪੀਣ ਆਇਆ ਕਰਦੇ। ਮੇਰੇ ਪੜਦਾਦੇ ਦੀ ਮੌਤ ਪਿਛੋਂ ਬਾਬਾ ਹਰਪਾਲ ਹਵੇਲੀ ਦਾ ਖ਼ਿਆਲ ਨਾ ਰਖੇ। ਹਰ ਵਕਤ ਕੰਮ ਹੀ ਕਰਦਾ ਰਹੇ। ਫਿਰ ਬੇਬੇ ਗੁਰਮੀਤ ਉਹਨਾਂ ਨੂੰ ਮਹਿਲਾਂ ਵਿਚ ਮਿਲਣ ਗਈ। ਉਸ ਬਾਬੇ ਦੀ ਸ਼ਕਾਇਤ ਕੀਤੀ, ਤੇ ਉਸ ਤੋਂ ਪਿਛੋਂ ਸ਼ੇਰੇ-ਪੰਜਾਬ ਫਿਰ ਸਾਡੀ ਹਵੇਲੀ ਆਉਣ ਲਗੇ। ਪਰ ਨੇਤ ਅਜਿਹੀ ਕਿ ਜਦੋਂ ਵੀ ਉਹ ਸਾਡੀ ਹਵੇਲੀ ਆਏ ਮੈਂ ਲਾਹੌਰ ਨਹੀਂ ਸਾਂ ਹੁੰਦਾ।"

"ਤੇਰਾ ਘਰਾਣਾ ਬੜਾ ਖ਼ੁਸ਼ਕਿਸਮਤ ਘਰਾਣਾ ਹੈ ਜੀਤਿਆ। ਤੁਸੀ ਲੋਕਾਂ ਨੇ ਬੜੀਆਂ ਮੱਲਾਂ ਮਾਰੀਆਂ ਹਨ। ਤੁਹਾਡੇ ਉੱਤੇ ਸ਼ੇਰੇ ਪੰਜਾਬ ਖ਼ੁਸ਼ ਹੋਏ ਸਨ, ਭੁੱਠੇ ਸਨ। ਤੁਸਾਂ ਕੋਈ ਤੋਟ ਨਹੀਂ ਵੇਖੀ।"

"ਨਹੀਂ ! ਇਉਂ ਨਹੀਂ। ਤੂੰ ਜਾਣਦਾ ਹੈਂ ਕਿ ਮੇਰੇ ਬਾਬਾ ਹਰਪਾਲ ਸਿੰਘ ਨੂੰ ਕਤਲ ਕੀਤਾ ਗਿਆ ਸੀ। ਮੈਂ ਸੁਣਿਆ ਹੈ ਉਹਨੂੰ ਰਾਜਾ ਧਿਆਨ ਸਿੰਘ ਨੇ ਮਰਵਾਇਆ।"

"ਕਿਉਂ ?"

"ਕਿਉਂਕਿ ਉਹ ਰਾਜਾ ਧਿਆਨ ਸਿੰਘ ਦੇ ਹੱਥਾਂ ਉੱਤੇ ਨਹੀਂ ਸੀ ਚੜ੍ਹਦਾ। ਮੇਰਾ ਬਾਬਾ ਸਦਾ ਉਹੋ ਕੁਝ ਕਰਦਾ, ਜਿਹਨੂੰ ਉਹ ਆਪ ਠੀਕ ਸਮਝਦਾ। ਤੈਨੂੰ ਪਤਾ ਹੈ ਰਾਜਾ ਧਿਆਨ ਸਿੰਘ ਨੇ ਸਾਡੇ ਰਾਜ ਨਾਲ ਬੜਾ ਧਰੋਹ ਕਮਾਇਆ। ਉਸ ਕਈਆਂ ਨੂੰ ਮਰਵਾਇਆ, ਤਾਂ ਜੋ ਅੰਤ ਉਹਦਾ ਪੁੱਤਰ ਹੀਰਾ ਸਿੰਘ ਲਾਹੌਰ ਦੀ ਗੱਦੀ ਉੱਤੇ ਬੈਠ ਸਕੇ। ਕਹਿੰਦੇ ਹਨ ਕਿ ਜਦੋਂ ਉਸ ਕੰਵਰ ਨੌਨਿਹਾਲ ਸਿੰਘ ਦਾ ਖ਼ੂਨ ਕਰਵਾਇਆ, ਤਾਂ ਮੇਰੇ ਬਾਬੇ ਤੋਂ ਰਹਿ ਨਾ ਹੋਇਆ। ਉਹ ਇਨਕਲਾਬ ਲਿਆਉਣ ਹੀ ਵਾਲਾ ਸੀ ਕਿ ਧਿਆਨ ਸਿੰਘ ਦਾ ਵਾਰ ਸਫਲ ਹੋਇਆ। ਆਪ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਇਸ ਗੱਲ ਦੀ ਗਵਾਹੀ ਦੇਂਦਾ ਹੈ।

"ਤੇ ਫਿਰ ਧਿਆਨ ਸਿੰਘ ਨੇ ਬਾਬੇ ਦੇ ਨਾਂ ਲਗੀ ਸਾਰੀ ਜਾਗੀਰ ਜ਼ਬੱਤ ਕਰ ਲਟੀ। ਹੁਣ ਸਾਡੇ ਘਰ ਦੀ ਹਾਲਤ ਏਨੀ ਚੰਗੀ ਨਹੀਂ। ਟੱਬਰ ਵੱਡਾ ਹੈ ਤੇ ਜ਼ਮੀਨ ਥੋੜੀ, ਸ਼ਰੀਕਪੁਣਾ ਵੀ ਸ਼ੁਰੂ ਹੈ। ਤੇ ਫਿਰ ਤੂੰ ਜਾਣਦਾ ਹੈਂ ਸ਼ੇਰੇ-ਪੰਜਾਬ ਦੀ ਮੌਤ ਪਿਛੋਂ ਫਸਲਾਂ ਵੀ ਚੰਗੀਆਂ ਨਹੀਂ ਹੁੰਦੀਆਂ ਰਹੀਆਂ।"

"ਕੋਈ ਗੱਲ ਨਹੀਂ ਜੀਤਿਆ, ਰੱਬ ਭਲੀ ਕਰੇਗਾ। ਤੁਹਾਡੇ ਘਰਾਣੇ ਦਾ ਨਾਂ ਉੱਚਾ ਹੈ। ਤੁਸੀਂ ਬੜੀ ਸੇਵਾ ਕੀਤੀ ਹੈ। ਦਰਬਾਰ ਤੁਹਾਡੇ ਉੱਤੇ ਫਿਰ ਤੁੱਠੇਗਾ..."

"ਨਹੀਂ ਸ਼ੇਰੂ ਹੁਣ ਇਹੋ ਜਿਹੀ ਕੋਈ ਗੱਲ ਨਹੀਂ ਹੋਣ ਲਗੀ। ਮੈਨੂੰ ਜਾਪਦਾ ਹੈ ਕਿ ਹੁਣ ਅਸੀਂ ਪਹਿਲੇ ਵਾਂਗ

Scanned by CamScanner

ਕਦੀ ਅਸੀਂ
ਨੂੰ ਅਜਿਹੀ ਭਾਜ ਪਾਈਏ ਕਿ ਮੁੜ ਕੇ ਉਹ ਪੰਜਾਬ ਵਲ ਮੂੰਹ ਨਾ ਕਰਨ ..."

ਏਸੇ ਤਰ੍ਹਾਂ ਇਹ ਦੋਵੇਂ ਯੁਵਕ ਗੱਲਾਂ ਕਰਦੇ ਆਪਣੇ ਕੈਂਪ ਵਲ ਟੁਰਦੇ ਗਏ।

ਬਾਲ ਤੇ ਯੁਵਕ ਉਮਰ ਦੇ ਮਨੁੱਖਾਂ ਦਾ ਵੱਡਿਆਂ ਵਾਂਗ ਗੱਲਾਂ ਕਰਨਾ ਬੜਾ ਅਜੀਬ ਲਗਦਾ ਹੈ। ਜਦੋਂ ਇਹਨਾਂ ਦੇ ਆਮ ਕਰਮਾਂ ਵਲ ਵੇਖੀਏ, ਤਾਂ ਕਦੀ ਨਹੀਂ ਜਾਪਦਾ ਕਿ ਇਹ ਯੁਵਕ ਸੰਜੀਦਾ ਗੱਲਾਂ ਕਰਨ ਦੇ ਯੋਗ ਹਨ, ਪਰ ਜਦੋਂ ਕਦੀ ਨਵੇਕਲੇ ਹੋ ਕੇ ਇਹਨਾਂ ਦੀਆਂ ਗੱਲਾਂ ਸੁਣੀਏ, ਤਾਂ ਲਗੇਗਾ ਕਿ ਇਹ ਵਡਿਆਂ ਨਾਲੋਂ ਕਿਸੇ ਤਰ੍ਹਾਂ ਘਟ ਬਾ-ਖ਼ਬਰ ਨਹੀਂ। ਸਗੋਂ ਆਪਣੇ ਟੱਬਰ ਦਾ ਇਤਿਹਾਸ, ਆਪਣੇ ਵਡੇ ਵਡੇਰਿਆਂ ਦੀਆਂ ਕਰਨੀਆਂ, ਆਪਣੇ ਬਾਪੂਆਂ ਤੇ ਚਾਚਿਆਂ ਬਾਬਿਆਂ ਦੀਆਂ ਸਣਕਾਂ ਤੇ ਆਪਣੇ ਆਲੇ ਦੁਆਲੇ ਵਾਪਰਦੀਆਂ ਚੋਣਵੀਆਂ ਚੋਣਵੀਆਂ ਘਟਨਾਵਾਂ ਦਾ ਇਹਨਾਂ ਨੂੰ ਚੰਗਾ ਪਤਾ ਹੁੰਦਾ ਹੈ। ਵਡਾ ਹੋ ਕੇ ਆਦਮੀ ਬੜਾ ਕੁਝ ਭੁਲ ਜਾਂਦਾ ਹੈ। ਹਰ ਤਰ੍ਹਾਂ ਦੇ ਰੁਝੇਵੇਂ ਮਨੁੱਖ ਦਾ ਵਕਤ ਮੱਲ ਲੈਂਦੇ ਹਨ, ਪਰ ਯੁਵਕ ਉਮਰ ਵਿਚ ਵਿਹਲ ਵਧ ਹੁੰਦੀ ਹੈ।। ਮਨ ਹੋਰ ਹੋਰ ਜਾਣਨਾ ਲੋਚਦਾ ਹੈ। ਆਪਣੇ ਵਡੇ ਵਡੇਰਿਆਂ ਬਾਬਤ ਸੁਣਨ ਵਾਸਤੇ ਜੀ ਵਿਚ ਇਕ ਕੁਦਰਤੀ ਲਾਲਸਾ ਹੁੰਦੀ ਹੈ। ਇਸ ਉਮਰ ਵਿਚ ਲਾਲਸਾਵਾਂ ਤੇ ਚਾਹਾਂ ਪ੍ਰਬਲ ਵੀ ਹੁੰਦੀਆਂ ਹਨ। ਵੱਡਾ ਹੋ ਕੇ ਯੁਵਕ ਉਹੋ ਕੁਝ ਕਰ ਕੇ ਵਿਖਾਣਾ ਲੋਚਦਾ ਹੈ ਤੇ ਏਸੇ ਲਈ ਆਪਣੇ ਵਡਿਆਂ ਦੇ ਕੀਤੇ ਕਾਰਨਾਮਿਆਂ ਤੋਂ ਉਹ ਮਾਨਸਕ ਬਲ ਢੂੰਡਦਾ ਹੈ।

ਤੇ ਫਿਰ ਜੰਗ ਵਰਗੀ ਘਟਨਾ ਤੋਂ ਪਹਿਲੇ ਉਂਜ ਹੀ ਯੁਵਕ ਵੀ ਤੇ ਵਡੇ ਵੀ ਕਿਸੇ ਹੱਦ ਤਕ ਅੰਤਰ ਮੁਖੀ ਹੋ ਜਾਂਦੇ ਹਨ। ਮਨੁੱਖ ਆਪਣੇ ਟੱਬਰ ਬਾਰੇ ਸੋਚਦਾ ਹੈ। ਬੇਸ਼ਕ ਆ ਰਹੀ ਲੜਾਈ ਤੇ ਲੜਾਈ ਵਿਚ ਜਾਣ ਦੇ ਖ਼ਤਰੇ ਦਾ ਚੇਤੰਨ ਡਰ ਨਾ ਹੋਵੇ, ਪਰ ਅਚੇਤ ਮਨ ਵਿਚੋਂ ਕਦੀ ਕਦੀ ਸੰਜੀਦਗੀ ਜ਼ਰੂਰ ਫੁਟਦੀ ਹੈ। ਇਹ ਸੰਜੀਦਗੀ ਵਧੇਰੇ ਫੁਟਦੀ ਹੈ, ਜਦੋਂ ਆਦਮੀ ਇਕੱਲਾ ਹੋਵੇ ਜਾਂ ਜਦੋਂ ਉਹ ਗੂਹੜੇ ਮਿੱਤਰਾਂ ਦੇ ਸਾਥ ਵਿਚ ਹੋਵੇ। ਜਦੋਂ ਚੌਗਿਰਦੇ ਬਹੁਤ ਸਾਹੇ ਸਾਥੀ ਹੋਣ ਤਾਂ ਇਸ ਦੇ ਉਲਟ ਵਾਤਾਵਰਨ ਬੜਾ ਭਰਵਾਂ ਭਰਵਾਂ ਹੁੰਦਾ ਹੈ। ਆਦਮੀ ਹੱਸਦਾ ਹੈ ਤੇ ਖਿੱਲੀਆਂ ਉਡਾਂਦਾ ਹੈ, ਇਹਨਾਂ ਵੇਲਿਆਂ ਵਿਚ ਸੰਜੀਦਗੀ ਨਹੀਂ, ਸ਼ੁਗਲ ਤੇ ਖਿੱਲੀ ਗੱਲ ਬਾਤ ਦਾ ਆਧਾਰ ਬਣਦੀ ਹੈ।

ਸ਼ੇਰ ਖ਼ਾਨ ਤੇ ਅਜੀਤ ਸਿੰਘ ਅਜ ਇਕੱਲੇ ਸਨ। ਉਹਨਾਂ ਦੀ ਉਮਰ ਦੇ ਸਨਮੁਖ ਵਾਤਾਵਰਨ ਵੀ ਕੁਝ ਤਣਾਓ ਭਰਪੂਰ ਸੀ। ਤੰਬੂਆਂ ਦੀਆਂ ਪਾਲਾਂ, ਅੱਗ ਦਵਾਲੇ ਬੈਠੇ ਸਿਪਾਹੀਆਂ ਦੇ ਸੇਣ ਦੀਆਂ ਤਿਆਰੀਆਂ, ਕਿਤੇ ਕਿਤੇ ਘੋੜਿਆਂ ਦਾ ਹਿਣਕਣਾ, ਸਤਲੁਜ ਦਾ ਕੰਢਾ ਤੇ ਠੰਡ, ਅਚੇਤ ਹੀ ਦੋਵੇਂ ਯੁਵਕ ਸੰਜੀਦਾ ਹੋ ਗਏ। ਅਚੇਤ ਹੀ ਉਹ ਵਡੇ ਆਦਮੀਆਂ ਵਾਂਗ ਗਲਾਂ ਕਰਨ ਲਗੇ। ਅਚੇਤ ਹੀ ਅਜੀਤ ਸ਼ੇਰ ਖ਼ਾਨ ਨੂੰ ਆਪਣੇ ਘਰ ਦੇ ਹਾਲਾਤ ਦਸਣ ਲਗਾ।

ਜਦੋਂ ਉਹ ਆਪਣੇ ਕੈਂਪ ਪਹੁੰਚੇ ਤਾਂ ਕਾਫ਼ੀ ਸਾਰੇ ਸਿਪਾਹੀ ਸੌਂ ਚੁਕੇ ਸਨ ਤੇ ਕੁਝ ਸੌਣ ਦੀ ਤਿਆਰੀ ਕਰ ਰਹੇ ਸਨ।

"ਕੀ ਹੋ ਗਿਆ ਓ ਮੁੰਡਿਓ ਤੁਹਾਨੂੰ ?" ਉਹਨਾਂ ਨੂੰ ਪਛਾਣ ਕੇ ਹੌਲਦਾਰ ਨੂਰ ਅਹਿਮਦ ਬੋਲਿਆ, "ਕਿਥੇ ਟੁਰ ਗਏ ਸੋ ? ਚਲੋ ਹੁਣ ਦੇਰ ਨਾ ਕਰੋ, ਸੌਂ ਜ ਓ ਜਾ ਕੇ।"

ਸ਼ੇਰ ਖ਼ਾਨ ਤੇ ਅਜੀਤ ਆਪਣੇ ਤੰਬੂ ਵਿਚ ਵੜ ਗਏ। ਇਹਨਾਂ ਦੀ ਉਮਰ ਨਿੱਕੀ ਹੋਣ ਕਰ ਕੇ ਇਹਨਾਂ ਨੂੰ ਤੰਬੂ ਵਿਚ ਰਹਿਣ ਦੀ ਆਗਿਆ ਹੋਈ ਸੀ। ਇਸ ਤੰਬੂ ਵਿਚ ਅੱਠ ਹੋਰ ਆਦਮੀ ਸਨ ਤੇ ਆਪ ਹੌਲਦਾਰ ਨੂਰ ਅਹਿਮਦ ਵੀ।

"ਸੌਂ ਜਾਣਾ ਹੁਣ। ਕਹਾਣੀਆਂ ਨਾ ਕਰਨੀਆਂ। ਮੈਂ ਹੁਣੇ ਆਉਂਦਾ ਹਾਂ। ਸਵੇਰੇ ਜਲਦੀ ਉਠਣਾ ਹੈ।" ਕਹਿ ਕੇ ਨੂਰ ਅਹਿਮਦ ਟੁਰ ਗਿਆ।

ਤੰਬੂ ਵਿਚ ਵੜਨ ਤੋਂ ਪਹਿਲਾਂ ਅਜੀਤ ਨੇ ਕਿਹਾ, "ਆਪ ਹੌਲਦਾਰ ਤਾਂ ਜਾਣੇ ਸੌਂਦਾ ਹੀ ਨਹੀਂ।"

'ਕਿਵੇਂ ?'

"ਕਲ੍ਹ ਜਦੋਂ ਇਹ ਮੁੜਿਆ ਤਾਂ ਮੇਰੀ ਜਾਗ ਖੁਲ੍ਹੀ ਹੋਈ ਸੀ। ਝੂਠ ਨਹੀਂ, ਉਸ ਵੇਲੇ ਦਿਨ ਚੜ੍ਹਿਆ ਹੋਇਆ ਸੀ।"

Scanned by CamScanner

"ਤੇ ਪਰਸੋਂ ਰਾਤੀਂ ਮੈਂ ਇਹਨੂੰ ਏਸ ਤਰ੍ਹਾਂ ਸਵੇਰ ਵੇਲੇ ਮੁੜਦੇ ਵੇਖਿਆ।"

ਅਜੀਤ ਤੇ ਸ਼ੇਰੂ ਅੰਦਰ ਵੜੇ ਤਾਂ ਇਕ ਆਦਮੀ ਨੇ ਖੰਘੂਰਾ ਮਾਰ ਕੇ ਕਿਹਾ, "ਕਿਉਂ ਉਏ ਫ਼ੀਰੋਜ਼ਪੁਰੋਂ ਮੁੜੇ ਹੋ ਜਵਾਨੋ ?"

ਤੇ ਇਕ ਅਮੀਰ ਸਿੰਘ ਨੇ, ਜਿਹੜਾ ਦੀਵੇ ਦੀ ਲੋਅ ਵਿਚ ਹੀਰ ਰਾਂਝੇ ਦਾ ਕਿੱਸਾ ਪੜ੍ਹ ਰਿਹਾ ਸੀ, ਬੈਂਤ ਵਿਚੇ ਛਡ ਕੇ ਆਖਿਆ, "ਨਹੀਂ ਲੁਧਿਆਣਿਓਂ ਹੋ ਕੇ ਆਏ ਨੇ। ਟੁੰਡੀ ਲਾਟ ਨਾਲ ਮੁਲਾਕਾਤ ਕਰ ਕੇ।"

ਤੇ ਮਹਿੰਦਰ ਸਿੰਘ ਬੋਲਿਆ :

"ਉਏ ਸੌਣ ਦਿਓ, ਭੈੜਿਓ ! ਕਿਹੀ ਟਿਕ ਟਿਕ ਲਾ ਰਖੀ ਜੇ। ਇਕ ਏਧਰੋਂ ਹਰਨਾਮੇ ਦੇ ਘੁਰਾੜੇ ਤੇ ਇਕ ਓਧਰੋਂ ਤੁਹਾਡੀਆਂ ਟੁਕ ਟੁਕ..."

੧੨੭

ਅਗਲੇ ਦਿਨ ਪੰਜਾਬੀ ਸੈਨਾ ਨੂੰ ਪਤਾ ਲਗਾ ਕਿ ਉਹਨੇ ਓਦੋਂ ਤਕ ਫ਼ੀਰੋਜ਼ਪੁਰ ਸ਼ਹਿਰ ਉੱਤੇ ਹਮਲਾ ਨਹੀਂ ਕਰਨਾ ਜਦੋਂ ਤਕ ਕਿ ਆਪ ਟੁੰਡੀ ਲਾਟ ਤੇ ਅੰਗਰੇਜ਼ੀ ਸੈਨਾਪਤੀ ਮੈਦਾਨ ਵਿਚ ਨਹੀਂ ਪੁੱਜਦੇ। ਸਿਪਾਹੀਆਂ ਨੂੰ ਦੱਸਿਆ ਗਿਆ ਕਿ ਫ਼ੀਰੋਜ਼ਪੁਰ ਵਿਚ ਉਸ ਵੇਲੇ ਸਿਰਫ਼ ਅਠ ਹਜ਼ਾਰ ਅੰਗਰੇਜ਼ੀ ਸੈਨਾ ਹੈ ਤੇ ਏਨੀ ਥੋੜੀ ਗਿਣਤੀ ਉੱਤੇ ਐਨੀ ਵਡੀ ਸੈਨਾ ਦਾ ਹਮਲਾ ਕਰਨਾ ਉਹਨਾਂ ਦੀ ਸ਼ਾਨ ਦੇ ਵਿਰੁਧ ਹੈ। ਉਹਨਾਂ ਨੂੰ ਆਪ ਲਾਰਡ ਹਾਰਡਿੰਗ ਦੀ ਉਡੀਕ ਕਰਨੀ ਚਾਹੀਦੀ ਹੈ। ਇਹੋ ਰਾਹ ਹੀ ਖ਼ਾਲਸੇ ਦੀਆਂ ਮਹਾਨ ਰੀਤੀਆਂ ਦੇ ਅਨੁਕੂਲ ਹੈ। ਇਹੋ ਰਾਹ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਾਜੀ ਸੈਨਾ ਨੂੰ ਸੋਭਦਾ ਹੈ। ਜਦੋਂ ਇਕ ਵਾਰ ਆਪ ਲਾਟ ਮਾਰਿਆ ਗਿਆ ਜਾਂ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ ਤਾਂ ਫਿਰ ਫ਼ੀਰੋਜ਼ਪੁਰ ਦੀ ਕੀ ਵੁੱਕਤ ਰਹੇਗੀ।

ਇਹ ਖ਼ਬਰ ਹੁਲਾਣ ਤੋਂ ਪਹਿਲਾਂ ਸਰਦਾਰ ਲਾਲ ਸਿੰਘ ਤੇ ਸਰਦਾਰ ਤੇਜ ਸਿੰਘ ਨੇ ਕੈਪਟਨ ਪੀਟਰ ਨਿਕਲਸਨ ਨਾਲ ਸਲਾਹ ਕੀਤੀ ਸੀ। ਇਹ ਸਹਾਇਕ ਰਾਜਨੀਤਕ ਅਫ਼ਸਰ ਫ਼ੀਰੋਜ਼ਪੁਰ ਵਿਚ ਮੁਕੀਮ ਸੀ। ਬਰਾਡਫੂਟ ਲੁਧਿਆਣੇ ਸੀ। ਜਦੋਂ ਕੈਪਟਨ ਪੀਟਰ ਨਿਕਲਸਨ ਨੇ ਸਿੱਖ ਸੈਨਾ ਦੀ ਚੜ੍ਹਾਈ ਬਾਰੇ ਸੁਣਿਆ ਸੀ ਤਾਂ ਉਹਦੀ ਖਾਨਿਓਂ ਗਈ ਸੀ। ਉਹ ਹੋਰ ਵੀ ਪਸ਼ੇਮਾਨ ਹੋਇਆ ਜਦੋਂ ਉਹਨੂੰ ਪਤਾ ਲਗਾ ਕਿ ਇਹ ਸੈਨਾ ਫ਼ੀਰੋਜ਼ਪੁਰ ਉੱਤੇ ਹਮਲਾ ਕਰਨ ਦੇ ਮਨਸੂਬੇ ਘੜ ਰਹੀ ਹੈ।

ਠੀਕ ਕੈਪਟਨ ਪੀਟਰ ਨਿਕਲਸਨ ਤੇ ਮੇਜਰ ਬਰਾਡਫੂਟ ਨੇ ਤੇਜ ਸਿੰਘ ਤੇ ਲਾਲ ਸਿੰਘ ਨੂੰ ਜਲਦੀ ਸਤਲੁਜ ਪਾਰ ਕਰਨ ਦੀ ਸਲਾਹ ਦਿਤੀ ਸੀ, ਪਰ ਉਹਨਾਂ ਨੂੰ ਪਤਾ ਨਹੀਂ ਸੀ ਕਿ ਪੰਜਾਬੀ ਸੈਨਾ ਐਡੀ ਜਲਦੀ ਕਰੇਗੀ। ਮੂਲ ਨਾਲੋਂ ਵਿਆਜ ਸਦਾ ਕਾਹਲਾ ਹੁੰਦਾ ਹੈ। ਤੇਜ ਸਿੰਘ ਤੇ ਲਾਲ ਸਿੰਘ ਨੂੰ ਡਰ ਸੀ ਕਿ ਕਿਤੇ ਉਹ ਕਿਸੇ ਪੱਖੋਂ ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚੋਂ ਡਿਗ ਨਾ ਜਾਣ।

ਅੰਗਰੇਜ਼ ਬੇਸ਼ਕ ਤਿਆਰ ਸਨ ਤੇ ਉਹਨਾਂ ਨੇ ਆਪਣੀਆਂ ਫ਼ੌਜਾਂ ਤੋਰ ਵੀ ਦਿਤੀਆਂ ਸਨ, ਪਰ ਆਪ ਗਵਰਨਰ ਜਨਰਲ ਤੇ ਸੈਨਾਪਤੀ ਅਜੇ ਰਣਭੂਮੀ ਵਿਚ ਨਹੀਂ ਸਨ ਪਹੁੰਚੇ ਤੇ ਫ਼ੀਰੋਜ਼ਪੁਰ ਨਿਹੱਥਾ ਸੀ। ਕੈਪਟਨ ਨਿਕਲਸਨ ਨੇ ਲਾਲ ਸਿੰਘ ਤੇ ਤੇਜ ਸਿੰਘ ਨੂੰ ਪੱਕੀ ਕਰ ਭੇਜੀ ਕਿ ਉਹ ਕਦਾਚਿਤ ਫ਼ੀਰੋਜ਼ਪੁਰ ਉੱਤੇ ਹਮਲਾ ਨਾ ਕਰਨ, ਜਿੰਨੀ ਦੇਰ ਉਹ ਆਪਣੀ ਸੈਨਾ ਨੂੰ ਵਸ ਵਿਚ ਰਖ ਸਕਦੇ ਹਨ, ਰਖਣ; ਤੇ ਫਿਰ ਗਵਰਨਰ ਜਨਰਲ ਦੇ ਮੁਕਾਬਲੇ ਉੱਤੇ ਲੈ ਜਾਣ।

Scanned by CamScanner

ਤੇਜ ਸਿੰਘ ਤੇ ਲਾਲ ਸਿੰਘ ਮੰਨ ਗਏ। ਅੱਠ ਹਜ਼ਾਰ ਅੰਗਰੇਜੀ ਸੈਨਾ ਨੂੰ ਘੇਰ ਕੇ ਮਾਰਨ ਤੇ ਫ਼ੀਰੋਜ਼ਪੁਰ ਉੱਤੇ ਕਬਜ਼ਾ ਕਰਨ ਦੀ ਥਾਂ ਉਹ ਆਲੇ ਟੋਲੇ ਕਰਨ ਲਗੇ। ਫ਼ੀਰੋਜ਼ਪੁਰ ਵਿਚ ਉਸ ਵੇਲੇ ਕਾਫ਼ੀ ਗੋਲਾ ਬਾਰੂਦ ਸੀ। ਖ਼ਜ਼ਾਨਾ ਵੀ ਸੀ। ਰਾਜਾ ਸੁਚੇਤ ਸਿੰਘ ਦਾ ਸੋਨਾ ਵੀ। ਜੇ ਇਹ ਸਭ ਚੀਜ਼ਾਂ ਪੰਜਾਬੀ ਸੈਨਾ ਦੇ ਹੱਥ ਆ ਜਾਂਦੀਆਂ ਤਾਂ ਇਹ ਆਪਣੇ ਆਪ ਵਿਚ ਹੀ ਇਕ ਵਡੀ ਜਿੱਤ ਗਿਣੀ ਜਾਂਦੀ। ਫ਼ੀਰੋਜ਼ਪੁਰ ਮਾਰ ਕੇ ਪੰਜਾਬੀ ਸੈਨਾ ਲੁਧਿਆਣੇ ਉੱਤੇ ਚੜ੍ਹ ਆਉਂਦੀ ਤੇ ਗਵਰਨਰ ਜਨਰਲ ਦੇ ਵੇਖਦਿਆਂ ਵੇਖਦਿਆਂ ਇਸ ਸੈਨਾ ਨੇ ਅੰਬਾਲਾ ਮਾਰ ਲੈਣਾ ਸੀ ਤੇ ਫਿਰ ਜਮਨਾ ਤਕ ਮੈਦਾਨ ਸਾਫ਼ ਸੀ।

ਕਿੰਨੀ ਆਸਾਨ ਤੇ ਸਾਦਾ ਜਿਹੀ ਲਗਦੀ ਹੈ ਕਹਿਣੀ ਇਹ ਗੱਲ ? ਫ਼ੀਰੋਜ਼ਪੁਰ ਮਾਰ ਕੇ ਲੁਧਿਆਣਾ ਸਰ ਕਰਨਾ ਤੇ ਲੁਧਿਆਣਾ ਸਰ ਕਰ ਕੇ ਅੰਬਾਲਾ ਜਿੱਤਣਾ ਤੇ ਅੰਬਾਲਾ ਜਿੱਤ ਕੇ ਦਿੱਲੀ ਤਕ ਜਾ ਪਹੁੰਚਣਾ। ਕੋਈ ਇਹੋ ਜਿਹੀ ਸਾਦਾ ਕਥਣੀ ਉੱਤੇ ਇਤਬਾਰ ਨਾ ਕਰੇ...ਪਰ ਇਕ ਮਹਾਨ ਸੈਨਾ ਦੀਆਂ ਪਰਮਾਣੀਕ ਟੋਰਾਂ ਤੇ ਜਿੱਤਾਂ ਸਦਾ ਇਸੇ ਵੰਨਗੀ ਦੀਆਂ ਹੋਇਆ ਕਰਦੀਆਂ ਹਨ। ਸਕੰਦਰ ਦਾ ਆਪਣੀਆਂ ਫ਼ੌਜਾਂ ਨਾਲ ਦੁਨੀਆਂ ਉੱਤੇ ਵਿਚਰਨਾ, ਚੰਗੇਜ਼ ਖ਼ਾਨ ਦਾ ਆਪਣੇ ਜੰਗਜੂ ਲਸ਼ਕਰਾਂ ਨਾਲ ਦਿਨਾਂ ਵਿਚ ਹੀ ਇਕ ਕੋਨੇ ਵਿਚੋਂ ਦੇਸ਼ ਦੇ ਦੂਜੇ ਕੋਨੇ ਤਕ ਜਾ ਪਹੁੰਚਣਾ, ਤੈਮੂਰ ਤੇ ਬਾਬਰ ਦੀਆਂ ਜਿੱਤਾਂ, ਨੈਪੋਲੀਅਨ ਦੀ ਸੈਨਾ ਦੀ ਪੇਸ਼ ਕਦਮੀ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੇ ਹੱਲੇ, ਖ਼ੈਬਰ ਦੀ ਲੜਾਈ ਵੇਲੇ ਰਣਜੀਤ ਸਿੰਘ ਦੀ ਲਾਹੌਰੋਂ ਭੇਜੀ ਸੈਨਾ ਦੀ ਤੇਜ਼ੀ, ਇਹ ਸਭ ਪਰਮਾਣੀਕ ਮਿਸਾਲਾਂ ਆਪਣੇ ਆਪ ਵਿਚ, ਵਡੀਆਂ ਸਾਦਾ ਤੇ ਸੁਖਿਆਣੀਆਂ ਘਟਨਾਵਾਂ ਸਨ। ਜੇ ਇਹਨਾਂ ਜਿੱਤਾਂ ਤੋਂ ਪਹਿਲੇ ਕੋਈ ਇਹਨਾਂ ਦੇ ਅਨੁਮਾਨ ਲਾ ਕੇ ਲੋਕਾਂ ਕੋਲੋਂ ਪੁੱਛਦਾ ਤਾਂ ਕੋਈ ਇਹਨਾਂ ਨੂੰ ਸੰਭਵ ਨਾ ਸਮਝਦਾ। ਪਰ ਇਹਨਾਂ ਨੇਤਾਵਾਂ ਨੇ ਇਹ ਕਮਾਲ ਕਰ ਵਿਖਾਏ। ਇਓਂ ਕਿ ਜਿਵੇਂ ਇਹ ਕਮਾਲ ਨਾ ਹੋਣ।

ਅੱਜ ਵੀ ਪਰਮਾਣੀਕ ਜਿੱਤਾਂ ਸੰਭਵ ਸਨ। ਅਸੰਭਵ ਬੇਸ਼ਕ ਲਗਦੀਆਂ ਹੋਣ, ਪਰ ਸਨ ਸੰਭਵ। ਅਜ ਵੀ ਇਤਿਹਾਸ ਦੁਹਰਾਇਆ ਜਾ ਸਕਦਾ ਸੀ। ਅਜ ਵੀ ਫ਼ੀਰੋਜ਼ਪੁਰ ਤੋਂ ਦਿੱਲੀ ਤਕ ਕੁਝ ਦਿਨਾਂ ਵਿਚ ਹੀ ਪਹੁੰਚਿਆ ਜਾ ਸਕਦਾ ਸੀ ਤੇ ਇਕ ਮਹਾਨ ਸਾਮਰਾਜ ਇਕ ਨਿੱਕੇ ਜਿਹੇ ਗਣਰਾਜ ਕੋਲੋਂ ਹਾਰ ਖਾ ਸਕਦਾ ਸੀ, ਪਰ ਜੇ ਇਸ ਨਿੱਕੇ ਜਿਹੇ ਗਣਰਾਜ ਦੀ ਸੈਨਾ ਦਾ ਕੋਈ ਨੇਤਾ ਹੁੰਦਾ !

ਆਮ ਯੁੱਧ ਕਲਾ ਦੇ ਇਤਿਹਾਸ ਵਿਚ ਨੇਤਾਵਾਂ ਦੇ ਨਾਂ ਅਮਰ ਹਨ, ਪਰ ਅੰਗਰੇਜ਼ ਤੇ ਖ਼ਾਲਸੇ ਦੇ ਯੁੱਧਾਂ ਵਿਚਕਾਰ ਖ਼ਾਲਸਈ ਸੈਨਾ ਦਾ ਨਾਂ ਅਮਰ ਹੈ, ਨੇਤਾਵਾਂ ਦਾ ਨਹੀਂ।

ਸੈਨਾ ਨੂੰ ਜਦੋਂ ਪਤਾ ਲਗਾ ਕਿ ਉਹ ਫ਼ੀਰੋਜ਼ਪੁਰ ਉੱਤੇ ਹਮਲਾ ਨਹੀਂ ਕਰ ਰਹੀ ਤਾਂ ਸਿਪਾਹੀਆਂ ਨੇ ਗੱਲ ਗਉਲੀ ਨਹੀਂ। ਉਹਨਾਂ ਨੂੰ ਕੁਝ ਸਮਝ ਨਹੀਂ ਲਗੀ। ਹਾਂ, ਸਿੱਧਾ ਗਵਰਨਰ ਜਨਰਲ ਨਾਲ ਦੋ ਦੋ ਹੱਥ ਕਰਨ ਦੀ ਸੰਭਾਵਨਾ ਉਹਨਾਂ ਦੇ ਮਨ ਜੱਚੀ। ਉਹਨਾਂ ਦੀ ਆਤਮਕ ਭੁੱਖ ਮਿਟੀ। ਉਹਨਾਂ ਨੂੰ ਆਪਣੇ ਆਪ ਉੱਤੇ ਵਿਸ਼ਵਾਸ ਸੀ। ਉਹ ਜਾਣਦੇ ਸਨ ਕਿ ਉਹ ਕਿਸੇ ਮਾਹਰਕੇ ਵਿਚ ਵੀ ਅੰਗਰੇਜਾਂ ਨੂੰ ਪਿਛਾੜ ਸਕਦੇ ਹਨ।

ਉਸ ਰਾਤ ਤੰਬੂਆਂ ਵਿਚ ਤੇ ਅੱਗਾਂ ਦੇ ਦਵਾਲੇ ਜੁੜੇ ਜੁਆਨ ਇਸੇ ਬਾਰੇ ਹੀ ਗੱਲਾਂ ਕਰ ਰਹੇ ਸਨ। ਜਲਦੀ ਲੜਾਈ ਨਾ ਲੈਣ ਦਾ ਉਹਨਾਂ ਨੂੰ ਗ਼ਮ ਚਰੂਰ ਸੀ, ਪਰ ਗਵਰਨਰ ਜਨਰਲ ਨੂੰ ਮਾਰਨ ਜਾਂ ਉਹਨੂੰ ਕੈਦੀ ਬਣਾਉਣ ਦੀ ਖ਼ੁਸ਼ੀ ਵੀ ਚਰੂਰ ਸੀ। ਨੂਰ ਅਹਿਮਦ ਉਹਨਾਂ ਸਿਪਾਹੀਆਂ ਵਿਚੋਂ ਇਕ ਸੀ ਜਿਹਨੂੰ ਕਿ ਫ਼ੀਰੋਜ਼ਪੁਰ ਉੱਤੇ ਹੱਲਾ ਨਾ ਬੋਲਣ ਕਰ ਕੇ ਰਤਾ ਵੀ ਉਦਾਸੀ ਨਹੀਂ ਹੋਈ ਸੀ। ਆਪਣੇ ਦਸਤੇ ਦੇ ਆਦਮੀਆਂ ਨੂੰ ਉਹ ਕਹਿੰਦਾ, "ਉਏ ਕੀ ਹੋਇਆ ਭੈੜਿਓ, ਨਾ ਹੀ ਅੰਗਰੇਜ਼ ਕਿਤੇ ਨੱਸੇ ਜਾਂਦੇ ਹਨ ਤੇ ਨਾ ਹੀ ਸਾਡੀ ਜਿੱਤ। ਭਲਾ ਅਸੀਂ ਅਗੇ ਕਦੀ ਕਿਸੇ ਉੱਤੇ ਅਛੋਪਲੇ ਪਏ ਹਾਂ। ਸ਼ੇਰੇ-ਪੰਜਾਬ ਦੀ ਸੈਨਾ ਸਦਾ ਗੱਜ ਵਜ ਕੇ ਦੁਸ਼ਮਣ ਨੂੰ ਲੈਂਦੀ ਹੈ।"

ਪਰ ਉਹਦੇ ਸ਼ਬਦ, ਵਿਚੋਂ ਵਿਚ ਕਈ ਸਿਪਾਹੀਆਂ ਦੇ, ਸ਼ੰਕੇ ਨਵਿਰਤ ਨਹੀਂ ਸਨ ਕਰ ਸਕੇ। ਘਟੋ ਘੱਟ ਅਜੀਤ ਦੇ ਸ਼ੰਕੇ ਦੂਰ ਨਹੀਂ ਹੋਏ ਤੇ ਨਾ ਹੀ ਸ਼ਾਇਦ ਸ਼ੇਰ ਖ਼ਾਨ ਦੇ। ਉਹ ਨਵੇਕਲਿਆਂ ਹੋ ਕੇ ਇਕ ਦੂਜੇ ਨਾਲ ਦਿਲਾਂ ਦੀਆਂ ਸਾਂਝੀਆਂ ਕਰਦੇ।

ਅਜੀਤ ਕਹਿੰਦਾ, "ਇਹ ਕੰਮ ਚੰਗਾ ਨਹੀਂ ਹੋਇਆ, ਫ਼ੀਰੋਜ਼ਪੁਰ ਨੂੰ ਕਾਬੂ ਕਰ ਲੈਣਾ ਚਾਹੀਦਾ ਸੀ।"

Scanned by CamScanner

ਸ਼ੇਰ ਖ਼ਾਨ ਆਖਦਾ : "ਬਈ ਮੈਨੂੰ ਤਾਂ ਇਹਨਾਂ ਗੱਲਾਂ ਦੀ ਕੋਈ ਸਮਝ ਨਹੀਂ ਲਗਦੀ। ਤੂੰ ਮਾਹਿਲਾਂ ਦਾ ਪੁੱਤਰ ਹੈਂ । ਤੂੰ ਕੋਈ ਗੁੱਝੀਆਂ ਰਮਜ਼ਾਂ ਜਾਣਦਾ ਹੋਵੇਂ ਤਾਂ ਜਾਣੇ। ਅਸੀਂ ਗੰਵਾਰ ਤਾਂ ਲੜਨ ਆਏ ਹਾਂ ਤੇ ਜਿਵੇਂ ਨੂਰ ਅਹਿਮਦ ਕਹਿੰਦਾ ਹੈ ਅੱਜ ਨਾ ਲੜੇ ਕਲ੍ਹ ਲੜ ਲਿਆ।"

ਅਜੀਤ ਦਾ ਜੀ ਕਰਦਾ ਕਿ ਉਹ ਤੇਜ ਸਿੰਘ ਤੇ ਲਾਲ ਸਿੰਘ ਬਾਰੇ ਸੁਣੀਆਂ ਗੱਲਾਂ ਸ਼ੇਰ ਖ਼ਾਨ ਨੂੰ ਦਸ ਦੇਵੇ । ਇਹ ਵੀ ਦਸ ਦੇਵੇ ਕਿ ਮਹਾਰਾਣੀ ਜਿੰਦ ਕੌਰ ਨੇ ਉਹਦੇ ਬਾਬੇ ਤੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਕੀ ਸੁਨੇਹਾ ਘੱਲਿਆ ਸੀ, ਪਰ ਉਹ ਇਉਂ ਨਾ ਕਰ ਸਕਦਾ, ਕੋਈ ਜਜ਼ਬਾ ਉਹਦੀ ਜ਼ਬਾਨ ਰੋਕ ਲੈਂਦਾ। ਉਹਨੂੰ ਲਗਦਾ ਕਿ ਇਸ ਤਰ੍ਹਾਂ ਕਹਿਣ ਨਾਲ ਉਹਦੇ ਸ਼ੇਰ ਖ਼ਾਨ ਦੇ ਦਿਲ ਵਿਚ ਸ਼ੰਕੇ ਉਪਜਾ ਰਿਹਾ ਹੋਵੇਗਾ ਥੇ ਇਹ ਆ ਰਹੀ ਜੰਗ ਵਾਸਤੇ ਠੀਕ ਨਹੀਂ। ਪਰ ਉਹਦੇ ਆਪਣੇ ਦਿਲ ਅੰਦਰੋਂ ਦੁਬਿਧਾ ਨਾ ਮਿਟਦੀ।

"ਪਰ ਮੈਂ ਤਾਂ ਕਹਿੰਦਾ ਹਾਂ ਕਿ ਜੇ ਅਜ ਲੜਨ ਤੇ ਜਿੱਤਣ ਜੋਗਾ ਕੁਝ ਸਾਹਵੇਂ ਹੈ ਤੇ ਕਿਉਂ ਨਾ ਅਜ ਹੀ ਲੜਿਆ ਤੇ ਜਿੱਤਿਆ ਜਾਵੇ । ਜੇ ਇਕ ਤਕੜਾ ਤੇ ਇਕ ਮਾੜਾ ਮੁੰਡਾ ਸਾਹਮਣੇ ਹੋਵੇ ਤਾਂ ਮੈਂ ਤੇ ਪਹਿਲੇ ਮਾੜੂਏ ਨੂੰ ਲਾਂਭੇ ਕਰ ਕੇ ਤਕੜੇ ਤੇ ਪਵਾਂ।"

"ਨਹੀਂ ਸਗੋਂ, ਪਹਿਲੇ ਤਕੜੇ ਦੇ ਕੜਾਕੇ ਕਢੀਏ। ਮਾੜੂਏ ਦੀ ਹਿੰਮਤ ਹੀ ਨਾ ਪਏ ਹੱਥ ਚੁੱਕਣ ਦੀ।"

"ਪਰ ਜੇ ਤਕੜੇ ਨੂੰ ਮਰੋੜਦਿਆਂ ਮਾੜੂਆ ਪਿਛੋਂ ਟੰਗ ਖਿਚ ਦਏ।"

"ਐਨੀ ਹਿੰਮਤ ਕਿਥੇ ਉਹਦੀ।"

"ਪਰ ਸ਼ੇਰੂਆ, ਮੈਨੂੰ ਕੋਈ ਗੱਲ ਬਣਦੀ ਨਹੀਂ ਦਿਸਦੀ।"

"ਜਦੋਂ ਤੂੰ ਇਸ ਤਰ੍ਹਾਂ ਕਹਿੰਦਾ ਹੈਂ ਜੀਤਿਆ ਤਾਂ ਮੈਨੂੰ ਤੇਰੇ ਨਾਲ ਸ਼ਰਿਮਤ ਹੋਣਾ ਹੀ ਪੈਂਦਾ ਹੈ । ਅੱਬਾ ਵੀ ਇਹ ਕਲ੍ਹ ਕਲ੍ਹ ਦੇ ਲਾਰੇ ਪਸੰਦ ਨਹੀਂ ਕਰਦਾ। ਪਰ ਕੀਤਾ ਕੀ ਜਾਏ...।"

ਪਰ ਕੀਤਾ ਕੀ ਜਾਏ ? ਇਹੋ ਸਾਰੇ ਇਕ ਦੂਜੇ ਕੋਲੋਂ ਪੁੱਛਦੇ ਸਨ ਤੇ ਕਿਸੇ ਨੂੰ ਇਹਦਾ ਜੁਆਬ ਨਹੀਂ ਸੀ ਅਹੁੜਦਾ।

ਸ਼ੇਰ ਖ਼ਾਨ ਤੇ ਅਜੀਤ ਸਿੰਘ ਚੌਧਰੀ ਮੁਹੰਮਦ ਅਸਮਤ ਨੂੰ ਮਿਲਣ ਗਏ। ਜਰਨਲ ਅਜੁਧਿਆ ਪ੍ਰਸ਼ਾਦ ਵੀ ਉੱਥੇ ਸੀ ਤੇ ਉਹ ਦਸ ਰਿਹਾ ਸੀ :

"ਮੈਂ ਹੁਣੇ ਹੁਣੇ ਸੈਨਾਪਤੀ ਤੇ ਵਜ਼ੀਰੇ-ਆਜ਼ਮ ਦੀ ਇਕੱਤਰਤਾ ਤੋਂ ਮੁੜਿਆ ਹਾਂ। ਅਸੀਂ ਕਲ੍ਹ ਏਥੋਂ ਕੂਚ ਕਰਨ ਦਾ ਫ਼ੈਸਲਾ ਕਰ ਲਿਆ ਹੈ । ਸੈਨਾ ਦਾ ਇਕ ਵਡਾ ਭਾਗ ਫੇਰੂ ਸ਼ਹਿਰ ਦੇ ਕੋਲ ਮੋਰਚੇ ਗੱਡੇਗਾ ਤੇ ਇਕ ਛੋਟਾ ਭਾਗ ਫ਼ੀਰੋਜ਼ਪੁਰ ਦੇ ਦੱਖਣ ਪੂਰਬ ਵਲ ਖਿਲਰ ਜਾਏਗਾ ਤਾਂ ਜੋ ਗਵਰਨਰ ਜਰਨੈਲ ਦੀ ਫ਼ੌਜ ਤੇ ਫ਼ੀਰੋਜ਼ਪੁਰ ਵਿਚ ਮੁਕੀਮ ਲਿਟਨਰ ਦੀ ਫ਼ੌਜ ਆਪੋ ਵਿਚ ਮੇਲ ਨਾ ਕਰ ਸਕੇ।"

"ਤੇ ਜੇ ਸਾਨੂੰ ਇਹਨਾਂ ਦੋਹਾਂ ਫ਼ੌਜਾਂ ਦੇ ਮਿਲਣ ਦਾ ਡਰ ਹੈ ਤਾਂ ਕਿਉਂ ਨਹੀਂ ਅਸੀਂ ਲਾਟ ਦੇ ਆਉਣ ਤੋਂ ਪਹਿਲੇ ਪਹਿਲੇ ਫ਼ੀਰੋਜ਼ਪੁਰ ਨੂੰ ਸਰ ਕਰ ਲੈਂਦੇ ?" ਇਕ ਸਰਦਾਰ ਦਿੱਤ ਸਿੰਘ ਨੇ ਪੁੱਛਿਆ।

"ਉਹਦਾ ਕੋਈ ਫ਼ਰਕ ਨਹੀਂ ਪੈਣ ਲਗਾ। ਸੈਨਾਪਤੀ ਨੂੰ ਵਿਸ਼ਵਾਸ ਹੈ ਕਿ ਅਸੀਂ ਰਣ ਤੱਤੇ ਵਿਚ ਲਾਟ ਨੂੰ ਫੜ ਸਕਦੇ ਹਾਂ, ਲਿਟਨਰ ਵਿਚਾਰੇ ਦੀ ਤਾਬ ਹੀ ਕੀ ਹੈ ?"

ਅਜੀਤ ਤੇ ਸ਼ੇਰ ਖ਼ਾਨ ਚੁੱਪ ਕਰ ਕੇ ਇਹ ਗੱਲਾਂ ਸੁਣਦੇ ਰਹੇ। ਝੱਟ ਪਿਛੋਂ ਅਜੁਧਿਆ ਪ੍ਰਸ਼ਾਦ ਉਠ ਕੇ ਚਲਾ ਗਿਆ । ਕੁਝ ਹੋਰ ਆਦਮੀ ਵੀ ਟੁਰ ਗਏ । ਇਸ ਤੋਂ ਪਹਿਲੇ ਕਿ ਦੋਵੇਂ ਯੁਵਕ ਫ਼ੀਰੋਜ਼ਪੁਰ ਜਾਂ ਕਿਸੇ ਹੋਰ ਮਸਲੇ ਨੂੰ ਛੋਹਣ ਚੌਧਰੀ ਨੇ ਉਹਨਾਂ ਨੂੰ ਆਪਣੇ ਕੈਂਪ ਵਿਚ ਜਾਣ ਵਾਸਤੇ ਕਿਹਾ।

"ਜਾਓ ਬਈ ਤੁਸੀਂ। ਅਜ ਮੇਰੀ ਤਬੀਅਤ ਕੁਝ ਠੀਕ ਹੈ। ਤੁਹਾਨੂੰ ਅਵੇਰ ਹੋ ਰਹੀ ਹੈ ਤੇ ਜਿਵੇਂ ਤੁਸੀਂ ਸੁਣਿਆ ਹੈ ਕਲ੍ਹ ਸਵੇਰੇ ਕੂਚ ਹੋਵੇਗਾ।"

"ਬਾਪੂ ਪਿੰਡਾ ਤਾਂ ਤੁਹਾਡਾ ਭਖਦਾ ਪਿਆ ਹੈ ਤੇ ਤੁਸੀਂ ਕਹਿੰਦੇ ਹੋ ਕਿ ਤਬੀਅਤ ਠੀਕ ਹੈ।" ਸ਼ੇਰ ਖ਼ਾਨ ਨੇ ਆਪਣੇ ਪਿਤਾ ਦੇ ਜੁੱਸੇ ਨੂੰ ਹੱਥ ਲਾ ਕੇ ਕਿਹਾ।

Scanned by CamScanner

"ਕਲ੍ਹ ਨਾਲੋਂ ਤਾਪ ਘਟ ਹੈ ਹਕੀਮ ਰਾਮ ਸਰਨ ਹੁਣੇ ਹੁਣੇ ਆਇਆ ਸੀ ਤੇ ਉਹ ਆਖ ਗਿਆ ਹੈ ਕਿ ਮੌੜਾ ਸ਼ੁਰੂ ਹੈ। ਭਲਕ ਤਕ ਮੈਂ ਨੰਬਰ ਨੌ ਹੋ ਜਾਵਾਂਗਾ ਤੇ ਹੁਣ ਤੁਸੀਂ ਜਾਓ।"

ਅਜੀਤ ਤੇ ਸ਼ੇਰ ਖ਼ਾਨ ਆ ਗਏ।

ਆਪਣੇ ਤੰਬੂ ਵਿਚ ਪਹੁੰਚੇ ਤਾਂ ਨੂਰ ਅਹਿਮਦ ਬਾਕੀ ਸਿਪਾਹੀਆਂ ਤੇ ਇਕ ਦੋ ਹੋਰ ਅਹੁਦੇਦਾਰਾਂ ਨਾਲ ਬੈਠਾ ਗੱਪਾਂ ਮਾਰ ਰਿਹਾ ਸੀ। ਫੇਰੂ ਸ਼ਹਿਰ ਮੋਰਚੇ ਗੱਡਣ ਦੀ ਖ਼ਬਰ ਏਥੇ ਪਹਿਲੇ ਹੀ ਪਹੁੰਚ ਚੁਕੀ ਸੀ ਤੇ ਇਕ ਹੌਲਦਾਰ ਅਨੰਤ ਰਾਮ ਕਹਿ ਰਿਹਾ ਸੀ :

"ਚਲੋ ਏਥੇ ਬੈਠਣ ਨਾਲੋਂ ਤਾਂ ਚੰਗਾ ਹੈ ਕਿ ਤੁਰਦੇ ਫਿਰਦੇ ਤਾਂ ਰਹੀਏ।"

"ਮੇਰੇ ਤਾਂ ਹੱਡ ਜੁੜ ਗਏ ਹਨ ਇਹਨਾਂ ਚਹੁੰਆਂ ਦਿਨਾਂ ਵਿਚ : ਘਰੋਂ ਲੜਨ ਆਏ ਤੇ ਬਹਿ ਗਏ ਏਥੇ ਕਿਲ੍ਹੇ ਬਣਾਉਣ ਵਾਸਤੇ।"

"ਆਹੋ ਬਦੀ ਹਰਨਾਮਿਆਂ ਤੇਰੇ ਤਾਂ ਸੌਂ ਸੌਂ ਕੇ ਹੱਡ ਜੁੜਨੇ ਹੀ ਸਨ। ਜਿਉਂ ਦਿਨ ਛਿਪੇ ਦਾ ਘੁਰਾੜੇ ਮਾਰਨ ਲਗਦਾ ਹੈਂ ਦਿਨ ਚੜ੍ਹੇ ਤਕ ਤੂੰ ਪਾਸਾ ਨਹੀਂ ਪਰਤਦਾ।" ਮਹਿੰਦਰ ਸਿੰਘ ਨੇ ਕਿਹਾ।

"ਸੁਖ ਦੀ ਨੀਂਦਰ ਸੌਂਦਾ ਹਾਂ, ਤੁਹਾਨੂੰ ਕੋਈ ਤਲਵਾਰ ਤਾਂ ਨਹੀਂ ਮਾਰਦਾ। ਭਲਕੇ ਜਦੋਂ ਗੋਰਿਆਂ ਨਾਲ ਜੰਗ ਹੋਈ ਤਾਂ ਵੇਖ ਲੈਣਾ ਕਿਹੜਾ ਢੇਰ ਸਿਰ ਵਢਦਾ ਹੈ। ਹੀਰ ਰਾਂਝੇ ਦੇ ਕਿੱਸੇ ਪੜ੍ਹ ਕੇ ਨਹੀਂ ਸਿਰ ਵਢ ਹੁੰਦੇ ਗੋਰਿਆਂ ਦੇ।"

"ਉਏ", ਗਾਲ੍ਹ ਕਢ ਕੇ ਅਮੀਰ ਸਿੰਘ ਬੋਲਿਆ, "ਤੈਨੂੰ ਮੇਰੀ ਹੀਰ ਦਾ ਬੜਾ ਦੁਖ ਹੈ। ਦੁਖ ਹੋਵੇ ਉਹਨਾਂ ਨੂੰ ਜਿਨਾਂ ਦੀ ਨੀਂਦ ਕੱਚੀ ਹੈ। ਤੂੰ ਤਾਂ ਜਾਗਦਿਆਂ ਵੀ ਘੁਰਾੜੇ ਮਾਰਦਾ ਰਹਿੰਦਾ ਹੈਂ।"

ਨੂਰ ਅਹਿਮਦ ਨੇ ਧਮਕੀ ਦਿਤੀ, "ਚੁੱਪ ਕਰੋ ਉਏ, ਕੀ ਟਰ ਟਰ ਲਾ ਛਡੀ ਜੇ, ਸੁਣਾ ਤੂੰ ਅਮੀਰ ਸਿੰਘਾ ਜ਼ਰਾ ਵਾਰਿਸ ਦੇ ਦੋ ਬੋਲ। ਮੈਂ ਇਕ ਕੰਮ ਜਾਣਾ ਹੈ ਫਿਰ।"

"ਸੁਣਾਈਂ ਓਥੋਂ, ਜਦੋਂ ਹੀਰ ਨੂੰ ਡੋਲੀ ਪਾ ਕੇ ਕਹਾਰ ਚੂਕ ਖੜਦੇ ਹਨ। ਅਸ਼ਕੇ ਵਾਰਿਸਸ਼ਾਹ ਦੇ। ਗੀਸ ਨਹੀਂ ਇਹਦੀ ਜ਼ਬਾਨ ਵਿਚ।" ਹੌਲਦਾਰ ਅਨੰਤ ਰਾਮ ਨੇ ਕਿਹਾ।

ਅਮੀਰ ਸਿੰਘ ਨੇ ਲੰਮੀ ਹੇਕ ਵਿਚ ਹੀਰ ਵਾਰਿਸ ਦੇ ਕੁਝ ਬੰਦ ਪੜ੍ਹੇ। ਰਾਤ ਦੇ ਸੱਨਾਟੇ ਤੇ ਤੰਬੂ ਵਿਚ ਜਗਦੇ ਦੀਵੇ ਦੀ ਨਿੰਮ੍ਹੀ ਨਿੰਮ੍ਹੀ ਲੋਅ ਅੰਦਰ ਵਾਰਿਸ ਦੀ ਹੀਰ ਨੇ ਰੰਗ ਬੰਨ੍ਹ ਦਿਤਾ। ਹੌਲਦਾਰ ਅਨੰਤ ਰਾਮ ਨੇ ਕਿਹਾ, "ਮੇਰਾ ਜੀ ਕਰਦਾ ਹੈ ਨੂਰ ਅਹਿਮਦਾ ਕਿ ਅਮੀਰ ਸਿੰਘ ਨੂੰ ਆਪਣੇ ਦਸਤੇ ਵਿਚ ਲੈ ਜਾਵਾਂ। ਵਾਹ ਵਾਹ ਦਿਲ ਲਾਈ ਰਖਦਾ ਹੈ ਸਾਰਿਆਂ ਦਾ।"

"ਲੈ ਜਾਓ ਹੌਲਦਾਰ ਸਾਹਿਬ।" ਹਰਨਾਮ ਸਿੰਘ ਨੇ ਸਲਾਹ ਦਿਤੀ, "ਸਾਡੇ ਦਸਤੇ ਵਿਚ ਗੰਦ ਪਾ ਛਡਿਆ ਹੈ ਇਹਨੇ। ਨਾ ਆਪ ਸੌਂਦਾ ਹੈ ਨਾ ਕਿਸੇ ਨੂੰ ਸੌਣ ਦੇਂਦਾ ਹੈ।"

ਅਮੀਰ ਸਿੰਘ ਨੂੰ ਜਿਵੇਂ ਗ਼ੁੱਸਾ ਆ ਗਿਆ। ਬਣਦੀ ਤਾਂ ਇਹਨਾਂ ਦੋਹਾਂ ਦੀ ਪਹਿਲੇ ਵੀ ਕਦੀ ਨਹੀਂ ਸੀ, ਪਰ ਅੱਜ ਹਰਨਾਮ ਸਿੰਘ ਦੇ ਸ਼ਬਦ ਉਹਦੇ ਕੋਲੋਂ ਸਹਾਰ ਨਾ ਹੋਏ।

"ਜ਼ਬਾੜੇ ਭੰਨ ਦਊਂ ਓ ਤੇਰੇ।"

"ਹੌਲਦਾਰ ਸਾਹਿਬ ! ਮੋੜ ਲਓ ਇਸ ਗੰਵਾਰ ਨੂੰ।"

"ਬਸ ਬਸ !" ਨੂਰ ਅਹਿਮਦ ਨੇ ਤਾੜਨਾ ਕੀਤੀ, "ਸ਼ਰਮ ਕਰੋ। ਕਲ੍ਹ ਗੋਰਿਆਂ ਨਾਲ ਲੜਨਾ ਜੇ ਸਾਰਿਆਂ ਨੇ।"

"ਹੌਲਦਾਰ ਸਾਹਿਬ ! ਇਹ ਭੰਗ ਪੀਣਾ ਲੜ ਚੁਕਾ ਗੋਰਿਆਂ ਨਾਲ। ਅੱਜ ਤਕ ਭਲਾ ਕਿਥੇ ਲੜਿਆ ਹੈ ਇਹ ; ਇਸ ਤੋਂ ਪੁਛੋ ਖਾਂ। ਕਸ਼ਮੀਰ, ਕਿ ਮੁਲਤਾਨ, ਕਿ ਖ਼ੈਬਰ, ਕਿ ਹਜ਼ਾਰੇ ? ਮੇਰੇ ਸਰੀਰ ਉੱਤੇ ਵੀਹ ਘਾਓ ਆਏ ਹਨ। ਵੀਹ।"

"ਬਸ ਕਰ ਤੂੰ ਵੀ ਨਾਢੂ ਖ਼ਾਨਾਂ", ਹੌਲਦਾਰ ਨੇ ਕਿਹਾ, "ਨਹੀਂ ਤਾਂ ਤੇਰੀ ਵੀ ਕਰਾ ਦਾਂਗਾ ਪੇਸ਼ੀ ਕੁੱਮੇਦਾਨ ਕੋਲ। ਚਲੋ ਸੌਂ ਜਾਉ ਹੁਣ। ਮੈਂ ਜ਼ਰਾ ਅਨੰਤ ਰਾਮ ਨਾਲ ਚਲਿਆ ਹਾਂ, ਕਲ੍ਹ ਵਾਸਤੇ ਹੁਕਮ ਲੈ ਆਵਾਂ।"

Scanned by CamScanner

ਦੋਵੇਂ ਹੌਲਦਾਰ ਚਲੇ ਗਏ ਤੇ ਪਿਛੋਂ ਹਰਨਾਮ ਸਿੰਘ ਤੇ ਅਮੀਰ ਸਿੰਘ ਫਿਰ ਝੱਤੇ ਹੋ ਪਏ । ਬਾਕੀ ਦੇ ਸਿਪਾਹੀਆਂ ਨੇ ਵਿਚ ਪੈ ਕੇ ਉਹਨਾਂ ਨੂੰ ਮਸੇ ਮਸੇ ਸ਼ਾਂਤ ਕਰਾਇਆ ਤੇ ਗੱਲ ਬਾਤ ਫਿਰ ਜੰਗ ਦੇ ਵਿਸ਼ੇ ਵਲ ਪਰਤ ਆਈ ।

"ਪਤਾ ਨਹੀਂ ਕੀ ਕੰਮ ਵਿਚ ਘੜੰਮ ਪੈ ਗਿਆ ਹੈ । ਮੇਰਾ ਤਾਂ ਵੱਢਿਆਂ ਰੂਹ ਨਹੀਂ ਕਰਦਾ ਇਸ ਤਰ੍ਹਾਂ ਨਿਕੰਮਿਆਂ ਬੈਠਣ ਨੂੰ ।" ਮਹਿੰਦਰ ਸਿੰਘ ਨੇ ਆਪਣੀ ਪੱਗ ਲਾਹ ਕੇ ਸੋਣ ਦੀ ਤਿਆਰੀ ਕਰਦਿਆਂ ਹੋਇਆਂ ਕਿਹਾ ।

"ਕੋਈ ਨਹੀਂ ਵੀਰਾ, ਸਿੱਧੀ ਟੁੰਡੀ ਲਾਟ ਨਾਲ ਜੰਗ ਕਰਾਂਗੇ ਇਕੋ । ਸਭ ਗੁੱਸੇ ਗਿਲੇ ਦੂਰ ਹੋ ਜਾਣਗੇ ਸਾਡੇ ।" ਇਕ ਇੰਦਰ ਸਿੰਘ ਬੋਲਿਆ ।

"ਟੁੰਡੀ ਲਾਟ ਦੀਆਂ ਬੜੀਆਂ ਗੱਲਾਂ ਸੁਣਦੇ ਹਾਂ, ਚਲੋ ਵੇਖਾਂਗੇ ਕਿਹੋ ਜਿਹਾ ਲਾਟ ਹੈ ਇਹ ।"

"ਕਹਿੰਦੇ ਹਨ ਕਿ ਅਮੀਰ ਸਿੰਘ ਵਾਂਗ ਇਹਦੇ ਜਿਸਮ ਉੱਤੇ ਵੀ ਵੀਹ ਫੱਟ ਆਏ ਹਨ । ਇਕ ਲੜਾਈ ਵਿਚ ਬਾਂਹ ਗੁਆ ਬੈਠਾ ਸੀ ।"

"ਯਾਰਾਂ, ਜੇ ਅੱਜ ਸਰਕਾਰ ਜ਼ਿੰਦਾ ਹੁੰਦੇ ਤਾਂ ਫਿਰ ਵੇਖਦੇ ਤਮਾਸ਼ੇ ਟੁੰਡੀ ਲਾਟ ਦੇ । ਸਰਕਾਰ ਭੰਬੀਰੀ ਵਾਂਗ ਭੁਆ ਦੇਂਦੇ ਇਹੋ ਜਿਹੇ ਹਜ਼ਾਰ ਟੁੰਡੀ ਲਾਟਾਂ ਨੂੰ । ਪਰ ਇਕ ਸਰਕਾਰ ਬਾਝੋਂ ਗੱਲ ਨਹੀਂ ਬਣਦੀ ।"

"ਤੋਖ਼ਲਾ ਨਹੀਂ ਕੋਈ", ਮਹਿੰਦਰ ਸਿੰਘ ਨੇ ਵਿਸ਼ਵਾਸ ਪੂਰਬਕ ਕਿਹਾ, "ਜੇ ਸਰਕਾਰ ਆਪ ਸਾਡੇ ਨਾਲ ਨਹੀਂ ਤਾਂ ਨਾ ਸਹੀ । ਉਹਨਾਂ ਦੀ ਰੂਹ ਤਾਂ ਅਜੇ ਤਕ ਵੀ ਸਾਡੇ ਵਿਚ ਵਸਦੀ ਹੈ ਜਿੱਤ ਸਾਡੀ ਹੋਣੀ ਹੈ, ਇਹਦੇ ਵਿਚ ਸ਼ਕ ਨਹੀਂ, ਅਸੀਂ ਸੱਚੇ ਹਾਂ; ਗੋਰੇ ਝੂਠੇ ਹਨ । ਉਹਨਾਂ ਸਾਨੂੰ ਧੋਖਾ ਦਿਤਾ ਹੈ । ਪੰਜਾਬ ਦੀ ਆਜ਼ਾਦ ਹਕੂਮਤ ਉਹ ਸਹਾਰ ਨਹੀਂ ਸਕਦੇ । ਸਾਰਾ ਹਿੰਦੁਸਤਾਨ ਪੇਟੇ ਪਾ ਕੇ ਵੀ ਉਹਨਾਂ ਦਾ ਢਿਡ ਨਹੀਂ ਰੱਜਿਆ ।"

"ਤੇ ਸੁਣਿਆ ਜੇ ਟੁੰਡੀ ਲਾਟ ਨੇ ਕੀ ਐਲਾਨ ਛਾਪਿਆ ਹੈ ? ਕਹਿੰਦਾ ਹੈ ਜੰਗ ਸਿੰਘਾਂ ਨੇ ਛੇੜੀ ਹੈ ਤੇ ਇਸ ਖ਼ਤਾ ਦੇ ਬਦਲੇ ਉਹ ਲਾਹੌਰ ਦਰਬਾਰ ਦੇ ਸਾਰੇ ਇਲਾਕੇ, ਜਿਹੜੇ ਕਿ ਸਤਲੁਜੋਂ ਪਾਰ ਹਨ, ਜ਼ਬਤ ਕਰਦਾ ਹੈ ।"

"ਹੈਂ" ਸਾਰਿਆਂ ਨੇ ਇਕੋ ਵਾਰ ਪੁੱਛਿਆ ।

"ਕਮਾਲ ਦੀ ਗੱਲ ਹੈ ਇਹ ਟੁੰਡੀ ਲਾਟ ਕੌਣ ਹੁੰਦਾ ਹੈ ਸਾਡੇ ਇਲਾਕੇ ਜ਼ਬਤ ਕਰਨ ਵਾਲਾ ? ਕਿਸ ਭਾਹ ਰਸਮ ਨਾਲ ਉਹ ਵਧੀਕੀ ਕਰਦਾ ਹੈ । ਇਹ ਵੀ ਆਖਦਾ ਹੈ ਕਿ ਅਸੀਂ ਅੰਗਰੇਜ਼ੀ ਇਲਾਕੇ ਵਿਚ ਘੁਸ ਆਏ ਹਾਂ ।"

"ਜਿਸ ਥਾਂ ਉੱਤੇ ਅਸੀਂ ਬੈਠੇ ਹਾਂ ਉਹ ਸਾਡਾ ਇਲਾਕਾ ਹੈ ਸਰਕਾਰ ਅੰਗਰੇਜ਼ੀ ਦਾ ਨਹੀਂ", ਇਕ ਰਾਮ ਸਿੰਘ ਨੇ ਕਿਹਾ, "ਤੇ ਜੇ ਲਾਟ ਦਾ ਵਤੀਰਾ ਇਉਂ ਹੈ ਤਾਂ ਮੈਂ ਚਾਹੁੰਦਾ ਹਾਂ ਕਿ ਅਸੀਂ ਜਲਦੀ ਤੋਂ ਜਲਦੀ ਉਹਨਾਂ ਦੇ ਇਲਾਕੇ ਉੱਤੇ ਹੱਲਾ ਕਰ ਦੇਈਏ ।"

"ਹਨੇਰ ਸਾਈਂ ਦਾ", ਮਹਿੰਦਰ ਸਿੰਘ ਕਹਿੰਦਾ ਗਿਆ, "ਅਸੀਂ ਆਪਣੇ ਮੁਲਕ ਵਿਚ ਬਿਗਾਨੇ । ਮੈਂ ਤਾਂ ਕਹਿੰਦਾ ਹਾਂ ਕਿ ਸਾਨੂੰ ਕਦੀ ਵੀ ਗੋਰਿਆਂ ਦੀ ਮਦਦ ਨਹੀਂ ਸੀ ਕਰਨੀ ਚਾਹੀਦੀ ਤੇ ਨਾ ਹੀ ਇਹਨਾਂ ਉੱਤੇ ਇਤਬਾਰ ਕਰਨਾ ਚਾਹੀਦਾ ਸੀ । ਅਸੀਂ ਇਹਨਾਂ ਵਾਸਤੇ ਮੈਬਰ ਤੋਂ ਜਲਾਲਾਬਾਦ ਤੇ ਕਾਬਲ ਵਿਚ ਲੜੇ ਤੇ ਇਹਨਾਂ ਨੇ ਇਉਂ ਬਦਲਾ ਚੁਕਾਇਆ ਸਾਡੀ ਕੀਤੀ ਦਾ ।"

"ਸਾਡੇ ਨਾਲ ਹੀ ਨਹੀਂ ਇਹਨਾਂ ਨੇ ਬਾਕੀ ਹਿੰਦੁਸਤਾਨ ਨਾਲ ਤੇ ਅਫ਼ਗ਼ਾਨਿਸਤਾਨ ਨਾਲ ਕੀ ਕੀਤੀ ਹੈ । ਇਹਨਾਂ ਨੇ ਸਿੰਧ ਦੇ ਅਮੀਰਾਂ ਨਾਲ ਕੀ ਕੀਤੀ ਹੈ । ਇਹਨਾਂ ਦਾ ਰਾਜ ਝੂਠ ਤੇ ਫ਼ਰੇਬ ਦਾ ਰਾਜ ਹੈ । ਇਹਨਾਂ ਦਾ ਮਜ਼ਬ ਦਗ਼ੇ ਤੇ ਧੋਖੇ ਉੱਤੇ ਉਸਰਿਆ ਹੈ । ਇਹਨਾਂ ਦਾ ਕੋਈ ਰੱਬ ਨਹੀਂ, ਪੀਰ ਨਹੀਂ । ਬਸ ਇਕ ਹਵਸ ਹੈ ਇਹਨਾਂ ਨੂੰ ਜਿੱਤਣ ਦੀ, ਪੈਸਾ ਕਮਾਣ ਦੀ, ਹਕੂਮਤ ਕਰਨ ਦੀ । ਕਾਸ਼ ! ਅਜ ਸ਼ੇਰੇ-ਪੰਜਾਬ ਜ਼ਿੰਦਾ ਹੁੰਦੇ !" ਅਮੀਰ ਸਿੰਘ ਨੇ ਆਪਣੀ ਹੀਰ ਇਕ ਪਾਸੇ ਛਡ ਕੇ ਕਿਹਾ ।

"ਜੇ ਗੋਰੇ ਸਾਡੇ ਦੇਸ ਪੰਜਾਬ ਵਿਚ ਆ ਕੇ ਵੜੇ ਤਾਂ ਇਹਨਾਂ ਨੇ ਉਹ ਜਬਰ ਕਰਨੇ ਹਨ ਕਿ ਮੀਰ ਮੰਨੂੰ ਦੇ ਜਬਰਾਂ ਦਾ ਮੂੰਹ ਕਾਲਾ ਹੋਇਆ ਦਿਸੇਗਾ । ਇਹਨਾਂ ਸਾਡੇ ਦਲੀਪ ਨੂੰ ਗੱਦੀਓਂ ਲਾਹ ਦੇਣਾ ਹੈ । ਇਹਨਾਂ ਨੇ ਰਾਜ ਮਾਤਾ ਜਿੰਦਾ ਦੀ ਬੇਹੁਰਮਤੀ ਕਰਨੀ ਹੈ," ਹਰਨਾਮ ਸਿੰਘ ਬੋਲਿਆ ।

ਲਗਦਾ ਸੀ ਹਰਨਾਮ ਸਿੰਘ ਤੇ ਅਮੀਰ ਸਿੰਘ ਆਪਣੀ ਨਿੱਜੀ ਦੁਸ਼ਮਣੀ ਭੁਲ ਚੁਕੇ ਸਨ ।

Scanned by CamScanner

"ਸ਼ੁਰੂ ਤੋਂ ਹੀ ਅੰਗਰੇਜ਼ਾਂ ਨੇ ਸਾਡੇ ਨਾਲ ਇਹੋ ਜਿਹੀ ਕੀਤੀ ਹੈ।" ਮਹਿੰਦਰ ਸਿੰਘ ਅੰਗਰੇਜ਼ਾਂ ਤੇ ਸਿੱਖਾਂ ਦੇ ਸੰਬੰਧਾਂ ਬਾਰੇ ਕਾਫੀ ਕੁਝ ਜਾਣਦਾ ਲਗਦਾ ਸੀ। "ਮੈਂ ਤਾਂ ਏਥੇ ਤਕ ਕਹਿੰਦਾ ਹਾਂ ਕਿ ਸ਼ੁਰੂ-ਪੰਜਾਬ ਦੀ ਮੌਤ ਪਿਛੋਂ ਪੰਜਾਬ ਵਿਚ ਹੋਈ ਬੁਰਛਾ ਗਰਦੀ ਵੀ ਇਹਨਾਂ ਦੀ ਹੀ ਕ੍ਰਿਤ ਹੈ। ਇਹੋ ਜਿਹੀ ਚਾਲਾਕ ਕੌਮ ਹਿੰਦੀਆਂ ਨੇ ਅਗੇ ਕਦੀ ਨਹੀਂ ਡਿਠੀ। ਕੁਝ ਵੀ ਕਹੋ ਤੁਰਕ ਤੇ ਅਫਗਾਨ ਸਨ ਤਾਂ ਜਵਾਂ ਮਰਦ, ਇਹ ਮਿੱਠਾ ਜ਼ਹਿਰ ਹਨ। ਇਹ..." ਤੇ ਬੇਇਨਤਹਾ ਗੁਸੇ ਵਿਚ ਉਹਦੇ ਕੋਲੋਂ ਅਗੇ ਕੁਝ ਕਹਿਣ ਨਾ ਹੋਇਆ।

"ਗਿਣ ਗਿਣ ਕੇ ਬਦਲੇ ਲਵਾਂਗੇ। ਇਕ ਵਾਰੀ ਆ ਜਾਣ ਮੈਦਾਨ ਵਿਚ।" "ਪੈਰਾਂ ਥੱਲੇ ਰੋਲਾਂਗਾ ਇਹਨਾਂ ਦੇ ਸਿਰਾਂ ਨੂੰ।"

ਗੱਲਾਂ ਹੁੰਦੀਆਂ ਰਹੀਆਂ। ਅਜੀਤ ਤੇ ਸ਼ੇਰ ਖ਼ਾਨ ਸੁਣਦੇ ਰਹੇ। ਇਹ ਦੋਵੇਂ ਯੁਵਕ ਉਧੋੜ ਉਮਰ ਦੇ ਸਿਪਾਹੀਆਂ ਸਾਹਵੇਂ ਨਹੀਂ ਸਨ ਬੋਲਦੇ। ਇਹਨਾਂ ਪਹਿਲੇ ਕਦੇ ਲੜਾਈ ਨਹੀਂ ਸੀ ਡਿੱਠੀ ਤੇ ਜਿੱਥੇ ਹੋਏ ਸਿਪਾਹੀ ਇਹਨਾਂ ਉੱਤੇ ਕਦੀ ਕਦੀ ਹੱਸ ਵੀ ਛਡਦੇ। ਇਹ ਦਬਕੇ ਰਹਿੰਦੇ ਤੇ ਸੋਚਦੇ ਕਿ ਸਮਾਂ ਆਉਣ ਉੱਤੇ ਇਹ ਆਪਣੀਆਂ ਕਰਾਮਾਤਾਂ ਵਿਖਾਣਗੇ। ਫਿਰ ਇਹਨਾਂ ਜਿੱਥੇ ਹੋਏ ਸਿਪਾਹੀਆਂ ਨੂੰ ਪਤਾ ਲਗੇਗਾ ਕਿ ਇਹ ਕਿੱਡੇ ਪਾਣੀ ਵਿਚ ਸਨ। ਇਹ ਦੋਵੇਂ ਯੁਵਕ ਖ਼ੁਸ਼ ਸਨ ਕਿ ਲੜਾਈ ਜਲਦੀ ਆ ਰਹੀ ਹੈ।

ਹੌਲੀ ਹੌਲੀ ਰਾਤ ਵਧਦੀ ਗਈ ਤੇ ਗੱਲਾਂ ਬੰਦ ਹੁੰਦੀਆਂ ਗਈਆਂ। ਵਿਚੋਂ ਵਿਚੋਂ ਆਦਮੀ ਕਿਰਦੇ ਗਏ। ਸਭ ਤੋਂ ਪਹਿਲੇ ਹਰਨਾਮ ਸਿੰਘ ਨੂੰ ਨੀਂਦ ਆਈ ਤੇ ਉਹ ਘੁਰਾੜੇ ਮਾਰਨ ਲਗਾ। ਫਿਰ ਸ਼ੇਰ ਖ਼ਾਨ ਸੁੱਤਾ। ਉਹ ਅਜ ਬੜਾ ਥਕ ਗਿਆ ਸੀ। ਫਿਰ ਰਾਮ ਸਿੰਘ ਤੇ ਫਿਰ ਮਹਿੰਦਰ ਸਿੰਘ। ਹੁਣ ਸਿਰਫ ਜਾਗ ਰਹੇ ਸਨ ਅਜੀਤ ਸਿੰਘ ਤੇ ਅਮੀਰ ਸਿੰਘ।

ਅਜੀਤ ਸਿੰਘ ਦੀਆਂ ਅੱਖਾਂ ਅਗੋਂ ਮਾਹਿਲ ਘਰਾਣੇ ਦੇ ਬੀਰ ਲੰਘਦੇ ਜਾ ਰਹੇ ਸਨ। ਸ਼ਾਹਬਾਜ਼, ਜਾਂਬਾਜ਼, ਦਲੇਰ ਸਿੰਘ, ਹਰਪਾਲ ਸਿੰਘ ਤੇ ਕਈ ਹੋਰ। ਉਹ ਸੋਚ ਰਿਹਾ ਸੀ ਕਿ ਅਜ ਮਾਹਿਲਾਂ ਨੂੰ ਕੀ ਹੋ ਗਿਆ। ਮਾਹਿਲਾਂ ਨੂੰ ਕਿ ਲਾਹੌਰ ਦਰਬਾਰ ਨੂੰ ਕਿ ਸਿੱਖ ਪੰਥ ਨੂੰ। ਅਜ ਇਸ ਸਤਲੁਜ ਪਾਰ ਉਤਰੀ ਸੈਨਾ ਵਿਚ ਮਸੇ ਚਾਰ ਪੰਜ ਮਾਹਿਲਾਂ ਦੇ ਮੁੰਡੇ ਹੋਣਗੇ ਤੇ ਨਾ ਕੋਈ ਕੁਮੈਦਾਨ ਤੇ ਨਾ ਕੋਈ ਜਰਨੈਲ। ਉਹ ਸੋਚ ਰਿਹਾ ਸੀ ਕਿ ਜੇ ਮਾਹਿਲਾਂ ਦਾ ਵੀ ਕੋਈ ਜਰਨੈਲ ਜਾਂ ਸੈਨਾਪਤੀ ਉੱਥੇ ਹੁੰਦਾ ਤਾਂ ਉਹ ਜ਼ਰੂਰ ਉਹਦੇ ਨਾਲ ਰਹਿੰਦਾ ਤੇ ਫਿਰ ਉਹਨੂੰ ਵੀ ਵਾਪਰਦੇ ਹਾਲਾਤਾਂ ਦਾ ਚੰਗੀ ਤਰ੍ਹਾਂ ਪਤਾ ਲਗ ਸਕਦਾ।

ਪਰ ਫਿਰ ਉਸ ਆਪਣੇ ਆਸੇ ਪਾਸੇ ਸੁੱਤੇ ਸਿਪਾਹੀਆਂ ਵਲ ਤੱਕਿਆ ਤੇ ਹੀਰ ਪੜ੍ਹਦੇ ਅਮੀਰ ਸਿੰਘ ਵਲ ਤੇ ਉਹਨੂੰ ਉਹ ਸਾਰੇ ਸਿਪਾਹੀ ਬੜੇ ਚੰਗੇ ਲਗੇ। ਬੇਸ਼ਕ ਉਹ ਉਹਨੂੰ ਗਉਲਦੇ ਨਹੀਂ ਹਨ, ਪਰ ਫਿਰ ਵੀ ਉਹਨਾਂ ਦੇ ਦਿਲ ਸਾਫ਼ ਸਨ। ਉਹ ਉਹਨਾਂ ਕੋਲੋਂ ਡਰਦਾ ਸੀ ਪਰ ਹੁਣ ਉਹਨੂੰ ਲਗਾ ਕਿ ਡਰਨ ਦੀ ਗੱਲ ਅਸਲੀ ਕੋਈ ਨਹੀਂ। ਅਜੇ ਜੰਗ ਨਹੀਂ ਛਿੜੀ। ਉਹਨੂੰ ਲਗਾ ਕਿ ਜੰਗ ਹੁੰਦਿਆਂ ਹੀ ਇਹ ਸਾਰੇ ਆਕੜਖਾਂਦ ਸਿਪਾਹੀ ਉਹਦਾ ਖ਼ਿਆਲ ਰਖਣਗੇ ਤੇ ਉਹਦੇ ਵਾਸਤੇ ਜਾਨ ਦੇਣ ਨੂੰ ਵੀ ਤਿਆਰ ਹੋਣਗੇ। ਉਹ ਖ਼ੁਸ਼ ਸੀ ਕਿ ਇਹਨਾਂ ਸਭ ਸਿਪਾਹੀਆਂ ਦੇ ਦਿਲਾਂ ਵਿਚ, ਬਿਨਾਂ ਧਰਮ ਤੇ ਜ਼ਾਤ ਪਾਤ ਦੇ ਸਵਾਲਾਂ ਦੇ, ਅੰਗਰੇਜ਼ਾਂ ਨੂੰ ਹਾਰ ਦੇਣ ਦੀ ਤੇ ਪੰਜਾਬ ਨੂੰ ਆਜ਼ਾਦ ਰਖਣ ਦੀ ਤਮੰਨਾ ਹੈ।

ਫਿਰ ਅਜੀਤ ਦਾ ਯੁਵਕ ਤੇ ਅਣਗਿਝਿਆ ਦਿਲ ਡਰਿਆ। ਪਤਾ ਨਹੀਂ ਜੰਗਾਂ ਦਾ ਨਤੀਜਾ ਕੀ ਹੋਵੇਗਾ? ਆਖ਼ਰ ਕੁਝ ਵੀ ਤਾਂ ਹੋ ਸਕਦਾ ਹੈ? ਅੰਗਰੇਜ਼ ਚਾਲਾਕ ਹਨ ਤੇ ਦਗ਼ੇਬਾਜ਼ ਤੇ ਇਸ ਦੇ ਉਲਟ ਉਹਨੇ ਆਪਣੇ ਬਾਬੇ ਦੇ ਮੂੰਹੋਂ ਸੁਣਿਆ ਹੈ ਲਾਲ ਸਿੰਘ ਤੇ ਤੇਜ ਸਿੰਘ ਦੀ ਗਦਾਰੀ ਬਾਰੇ? ਉਹਨੂੰ ਸਮਝ ਨਾ ਆਈ ਕਿ ਗੱਲ ਕਿਵੇਂ ਬਣੇਗੀ।

ਪਰ, ਹਰ ਹਾਲਤ ਵਿਚ, ਉਸ ਸੋਚਿਆ, ਕਿ ਭਾਵੇਂ ਜਿੱਤ ਕਿਹਦੀ ਹੋਵੇ ਉਹ ਆਪਣੀ ਜਾਨ ਦੀ ਪਰਵਾਹ ਨਹੀਂ ਕਰੇਗਾ। ਇਸ ਤਰ੍ਹਾਂ ਲੜੇਗਾ ਕਿ ਮਾਹਿਲਾਂ ਦੀ ਰੀਤੀ ਨੂੰ ਲਾਜ ਨਾ ਆਏ। ਕੀ ਹੋਇਆ ਜੇ ਅਜ ਮਾਹਿਲਾਂ ਦਾ ਕੋਈ ਸੈਨਾਪਤੀ ਏਥੇ ਨਹੀਂ। ਆਖ਼ਿਰ ਸੈਨਾਪਤੀ ਤੇ ਸਿਪਾਹੀ ਵਿਚ ਕੀ ਫ਼ਰਕ ਹੈ? ਦੋਹਾਂ ਨੇ ਆਪੋ ਆਪਣਾ ਫ਼ਰਜ਼ ਭੁਗਤਾਣਾ ਹੈ। ਗੋਰਿਆਂ ਉੱਤੇ ਇਕ ਵਾਰੀ ਜਿੱਤ ਹੋ ਲਏ। ਕੀ ਪਤਾ ਉਹ ਆਪ ਹੀ ਸਮਾਂ ਪਾ ਕੇ ਸੈਨਾਪਤੀ ਬਣੇ ਤੇ ਮਾਹਿਲਾਂ ਦਾ ਨਾਂ ਰੌਸ਼ਨ ਰਖੇ। ਨਹੀਂ, ਨਹੀਂ, ਮਾਹਿਲ ਕਿਸੇ ਤਰ੍ਹਾਂ ਵੀ ਸੇਵਾ ਕਰਨ ਤੋਂ ਤੇ ਸ਼ਹੀਦੀਆਂ ਪਾਣ ਤੋਂ ਡਰ ਨਹੀਂ ਸਕਦੇ...ਤੇ ਇਉਂ ਤੋੜ ਭੋੜ ਕਰਦਿਆਂ ਉਹਦੀ ਅੱਖ ਲਗ ਗਈ।

ਅਮੀਰ ਸਿੰਘ ਅਜੇ ਤਕ ਵੀ ਇਕ ਨੁੱਕਰੇ ਬੈਠਾ ਹੀਰ ਪੜ੍ਹ ਰਿਹਾ ਸੀ ਤੇ ਨੂਰ ਅਹਿਮਦ ਅਜੇ ਤਕ ਨਹੀਂ ਸੀ ਮੁੜਿਆ।

Scanned by CamScanner

ਅੱਜ ਮੁਦਕੀ ਦੀ ਲੜਾਈ ਦਾ ਦਿਨ ਸੀ।

ਮੁਦਕੀ ਇਕ ਪਿੰਡ ਸੀ। ਉਦੋਂ ਇਥੇ ਕੋਈ ਦੋ ਢਾਈ ਸੌ ਜੀਅ ਵਸਦੇ ਹੋਣਗੇ। ਜ਼ਮੀਨ ਰੇਤਲੀ ਸੀ ਤੇ ਪਾਣੀ ਦੀ ਘਾਟ। ਮਸੋਂ ਖਾਣ ਜੋਗੇ ਦਾਣੇ ਹੁੰਦੇ। ਆਲੇ ਦੁਆਲੇ ਦਾ ਇਲਾਕਾ ਥੋੜਾ ਉੱਚਾ ਹੋਣ ਕਰ ਕੇ ਇਸ ਪਿੰਡ ਦੇ ਉੱਤਰ ਵਲ ਇਕ ਠਿੱਕੀ ਜਿਹੀ ਢਾਬ ਬਣ ਗਈ। ਇਸ ਢਾਬ ਵਿਚ ਮੀਂਹਾਂ ਦੇ ਦਿਨੀਂ ਪਾਣੀ ਜੁੜ ਜਾਂਦਾ ਤੇ ਫਿਰ ਸਾਰਾ ਸਾਲ ਮੁਦਕੀ ਦੀ ਵਸੋਂ ਇਸ ਪਾਣੀ ਉੱਤੇ ਗੁਜ਼ਾਰਾ ਕਰਦੀ। ਢਾਬ ਦੇ ਆਲੇ ਦੁਆਲੇ ਬ੍ਰਿਛ ਸਨ ਤੇ ਇਸੇ ਲਈ ਇਸ ਇਲਾਕੇ ਵਿਚੋਂ ਆਉਂਦੇ ਰਾਹੀ ਇਥੇ ਜ਼ਰੂਰ ਅਟਕਦੇ।

ਅੱਜ ਅਠਾਰਾਂ ਦਸੰਬਰ, ੧੮੪੫ ਵਾਲੇ ਦਿਨ ਅੰਬਾਲਿਉਂ ਤੇ ਲੁਧਿਆਣਿਉਂ ਆਉਂਦੀ ਅੰਗਰੇਜ਼ੀ ਸੈਨਾ ਵੀ ਇਥੇ ਅਟਕੀ। ਇਸ ਸੈਨਾ ਦਾ ਸੈਨਾਪਤੀ ਸੀ ਸਰ ਹੀਊ ਗਫ਼ ਤੇ ਇਸ ਸੈਨਾ ਵਿਚ ਕਈ ਨਾਮਵਰ ਸਰਦਾਰ ਸਨ ਜਿਵੇਂ ਕਿ ਸਰ ਹੈਰੀ ਸਮਿੱਥ, ਬਰਗੇਡੀਅਰ ਵਾਈਟ, ਬਰਗੇਡੀਅਰ ਮੈਕਟੀਅਰ, ਬਰਗੇਡੀਅਰ ਵੀਲਰ, ਬਰਗੇਡੀਅਰ ਬੋਲਟਨ, ਬਰਗੇਡੀਅਰ ਵਾਲਿਸ। ਸੈਨਾਪਤੀ ਹੀਊ ਗਫ਼ ਨੂੰ ਹਿੰਦੁਸਤਾਨ ਆਇਆਂ ਅਨੇਕ ਸਾਲ ਹੋ ਚੁਕੇ ਸਨ। ਉਹ ਇਸ ਦੇਸ਼ ਦਾ ਚੱਪਾ ਚੱਪਾ ਜਾਣਦਾ ਸੀ। ਉਹ ਤੇ ਉਹਦੇ ਸਾਥੀ ਅਫ਼ਸਰਾਂ ਨੇ ਇਸ ਦੇਸ਼ ਵਿਚ ਇਸ ਦੇਸ਼ ਦੇ ਵਾਸੀਆਂ ਨਾਲ ਅਣਗਿਣਤ ਲੜਾਈਆਂ ਲੜੀਆਂ ਸਨ ਤੇ ਉਹ ਸਦਾ ਫ਼ਤਿਹਯਾਬ ਹੋਏ ਸਨ। ਹਾਂ, ਬੇਸ਼ਕ ਉਹਨਾਂ ਸਦਾ ਫਤਿਹ ਪਾਈ ਸੀ। ਉਹਨਾਂ ਨੂੰ ਕਿਤੇ ਹਾਰ ਨਹੀਂ ਸੀ ਹੋਈ। ਨਹੀਂ, ਉਹਨਾਂ ਨੂੰ ਕਿਤੇ ਕੋਈ ਇਹੋ ਜਿਹੀ ਲੜਾਈ ਵੀ ਨਹੀਂ ਸੀ ਮਿਲੀ ਜਿਸ ਵਿਚ ਕਿ ਜਿੱਤ ਤੇ ਹਾਰ ਕਿਸੇ ਪੱਲੜੇ ਵਿਚ ਤੁਲੀ ਹੋਵੇ। ਅੰਗਰੇਜ਼ੀ ਸੈਨਾ ਸਦਾ ਭਾਰੀ ਹੁੰਦੀ। ਦੇਸੀ ਰਾਜੇ ਮਹਾਰਾਜੇ ਸਦਾ ਉਲਾਰ।

ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚ ਆਇਆਂ, ਲਗ ਭਗ ਡੇਢ ਸੌ ਵਰ੍ਹਾ ਹੋਣ ਲਗਾ ਸੀ। ਡੇਢ ਸੌ ਵਰ੍ਹਾ ਬੜਾ ਲੰਮਾ ਅਰਸਾ ਹੈ। ਇਸ ਅਰਸੇ ਵਿਚ ਦੇਸ਼ ਦੀਆਂ ਛੇ ਪੀੜੀਆਂ ਨੂੰ ਜਾਣਿਆ ਜਾ ਸਕਦਾ ਹੈ। ਖ਼ਾਸ ਕਰ ਕੇ ਜਾਣਨ ਵਾਲਾ ਜਦੋਂ ਚਤੁਰ ਤੇ ਬੁਧੀਮਾਨ ਹੋਵੇ ਤਾਂ ਉਹ ਇਸ ਲੰਮੇ ਸਮੇਂ ਪਿਛੋਂ ਘਟ ਵਧ ਹੀ ਕੋਈ ਗ਼ਲਤੀ ਕਰੇਗਾ। ਡੇਢ ਸੌ ਸਾਲ ਪਹਿਲੇ ਅੰਗਰੇਜ਼ ਭਾਰਤ ਵਿਚ ਵਿਓਪਾਰ ਵਾਸਤੇ ਆਏ। ਉਦੋਂ ਉਹਨਾਂ ਦੇ ਦੇਸ਼ ਇੰਗਲਿਸਤਾਨ ਵਿਚ ਉਦਯੋਗਿਕ ਇਨਕਲਾਬ ਆਇਆ ਸੀ। ਉਦੋਂ ਉਹਨਾਂ ਦੀ ਸਨਅਤ ਨੇ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕੀਤੀ। ਐਨਾ ਸਨਅਤੀ ਸਾਮਾਨ ਹੋ ਗਿਆ ਕਿ ਕਿਤੇ ਖ਼ਪਤ ਨਾ ਹੋਏ। ਇਸ ਸਾਮਾਨ ਨੂੰ ਵੇਚਣ ਵਾਸਤੇ ਅੰਗਰੇਜ਼ ਮਲਾਹ ਤੇ ਅੰਗਰੇਜ਼ ਵਿਓਪਾਰੀ ਦੇਸ਼ ਦੇਸ਼ ਘੁੰਮਣ ਲਗੇ।

ਇਕ ਤਾਂ ਉਦਯੋਗਿਕ ਇਨਕਲਾਬ ਸੀ ਤੇ ਇਕ ਉਂਜ ਵੀ ਉਹਨੀਂ ਦਿਨੀਂ ਉਸ ਦੇਸ਼ ਵਿਚ ਪੁਨਰ ਜਾਗਰਤੀ ਦੀ ਲਹਿਰ ਸ਼ੁਰੂ ਸੀ। ਸਭਿਆਚਾਰਕ ਤੇ ਕਲਾਤਮਿਕ ਪਿੜ ਵਿਚ ਇੰਗਲਿਸਤਾਨ ਦਾ ਸਾਨੀ ਹੋਰ ਕੋਈ ਨਹੀਂ ਸੀ। ਇਹਦਾ

Scanned by CamScanner

ਸਮੁੰਦਰੀ ਬੇੜਾ ਵਧ ਰਿਹਾ ਸੀ ਤੇ ਇਸ ਦੇ ਮਲਾਹ ਬੇਹਦ ਹੁਸ਼ਨਾਕ ਸਨ। ਆਪਣੇ ਦੇਸ਼ ਵਿਚ ਪ੍ਰਫੁਲਤ ਹ ਕੇ ਅੰਗਰੇਜ਼ ਬਦੇਸ਼ ਨਿਕਲੇ ਤੇ ਹਿੰਦੁਸਤਾਨ ਆਏ।

ਅੰਗਰੇਜ਼ ਵੀ ਆਏ ਤੇ ਹੋਰ ਯੂਰਪੀਨ ਕੌਮਾਂ ਵੀ ਆਈਆਂ। ਫ਼ਰਾਂਸੀਸੀ ਆਏ ਤੇ ਪੁਰਤਗਾਲੀ ਵੀ। ਇਹਨਾਂ ਕੌਮਾਂ ਨੇ ਭਾਰਤ ਵਿਚ ਵਿਓਪਾਰ ਸ਼ੁਰੂ ਕੀਤਾ। ਇਹਨਾਂ ਕੌਮਾਂ ਵਿਚ ਉਸ ਵੇਲੇ ਸਿਰਫ਼ ਵਿਓਪਾਰਕ ਚੇਤਨਾ ਸੀ ਤੇ ਸਿਰਫ਼ ਵਿਓਪਾਰਕ ਟਾਕਰਾ। ਕੁਝ ਸਾਲ ਵਿਓਪਾਰ ਕਰਨ ਪਿਛੋਂ ਇਹਨਾਂ ਕੌਮਾਂ ਨੇ ਆਪਣੇ ਕੰਮ ਦਾ ਜਾਇਜ਼ਾ ਲਿਆ। ਇਹਨਾਂ ਨੇ ਭਾਰਤ ਦੇ ਰਾਜਨੀਤਕ ਪਿੜ ਉੱਤੇ ਨਜ਼ਰ ਮਾਰੀ। ਇਹਨਾਂ ਨੇ ਇਸ ਦੇਸ਼ ਦੀਆਂ ਲਹਿ ਲਹਿ ਕਰਦੀਆਂ ਫ਼ਸਲਾਂ ਵੇਖੀਆਂ, ਇਸ ਦੇਸ਼ ਦੇ ਪੁਰਜ਼ੋਰ ਦਰਿਆ ਵੇਖੇ, ਇਸ ਦੇਸ਼ ਦੇ ਘਣੇ ਜੰਗਲ ਵੇਖੇ, ਇਸ ਦੇਸ਼ ਦੇ ਅਸਮਾਨਾਂ ਨਾਲ ਗੱਲਾਂ ਕਰਦੇ ਪਰਬਤ ਵੇਖੇ ਤੇ ਇਸ ਦੇਸ਼ ਦੀ ਆਪੂ ਵਿਚ ਪਾਟੀ ਹੋਈ ਜਨਤਾ ਵੇਖੀ।

ਇਹਨਾਂ ਵੇਖਿਆ ਕਿ ਇਹਨਾਂ ਲਹਿ ਲਹਿ ਕਰਦੀਆਂ ਫ਼ਸਲਾਂ ਵਿਚੋਂ ਨਿਕਲਦੇ ਸੋਨੇ ਵਰਗੇ ਦਾਣਿਆਂ ਨਾਲ ਤਾਂ ਇਹਨਾਂ ਦੇ ਆਪਣੇ ਵਤਨ ਦੌਲਤ ਨਾਲ ਮੂੰਹਾਂ ਮੂੰਹੀਂ ਭਰ ਸਕਦੇ ਹਨ। ਇਹੋ ਜਿਹੀਆਂ ਫਸਲਾਂ ਯੂਰਪ ਵਿਚ ਕਿਥੇ ਹੁੰਦੀਆਂ ਹਨ। ਯੂਰਪ ਤੇ ਖ਼ਾਸ ਕਰ ਇੰਗਲਿਸਤਾਨ ਵਿਚ ਤਾਂ ਹੁਣ ਫਸਲਾਂ ਉਗਾਣ ਜੋਗੀ ਜਗ੍ਹਾ ਵੀ ਨਹੀਂ ਰਹੀ। ਥਾਣੀਂ ਥਾਈਂ ਫ਼ੈਕਟਰੀਆਂ ਤੇ ਉਦਯੋਗਿਕ ਅਡੰਬਰ ਰਚੇ ਗਏ ਹਨ। ਕਿਉਂ ਨਾ ਸਨਅਤੀ ਮਾਲ ਦੇ ਕੇ ਇਹਨਾਂ ਤੋਂ ਹੋਰ ਕੱਚੀਆਂ ਉਪਜਾਂ ਲੈ ਲਈਆਂ ਜਾਣ ? ਇਹਨਾਂ ਵੇਖਿਆ ਕਿ ਇਸ ਦੇਸ਼ ਦੇ ਮੂੰਹ ਜ਼ੋਰ ਦਰਿਆਵਾਂ ਵਿਚ ਬੇਅੰਤ ਸ਼ਕਤੀ ਲੁਕੀ ਹੈ। ਇਸ ਸ਼ਕਤੀ ਨਾਲ ਪੈਦਾਵਾਰ ਵਧੇਗੀ ਤੇ ਹਰ ਤਰ੍ਹਾਂ ਦੀ ਉਪਜ ਹੋ ਸਕੇਗੀ। ਉਹਨਾਂ ਵੇਖਿਆ ਕਿ ਇਸ ਦੇ ਘਣੇ ਜੰਗਲਾਂ ਵਿਚ ਉਹਨਾਂ ਦੀ ਆਪਣੀ ਸਨਅਤ ਨੂੰ ਵਧਾਣ ਵਾਸਤੇ ਸਭ ਕੁਝ ਹੈ। ਇਹ ਜੰਗਲ ਤੇ ਬਨ ਬਿਲਕੁਲ ਕੰਜ ਕੁਆਰੇ ਹਨ। ਇਹਨਾਂ ਨੂੰ ਅਜੇ ਤਕ ਮਰਦ ਦੀ ਛੋਹ ਨਹੀਂ ਲਗੀ। ਇਹਨਾਂ ਨੂੰ ਆਪਣੇ ਵਸ ਕਰਨਾ ਕਿਸੇ ਅਤੀ ਸੁੰਦਰ, ਅਤੀ ਅਮੀਰ ਇਕਲੌਤੀ ਸ਼ਹਿਜ਼ਾਦੀ ਨੂੰ ਆਪਣੇ ਵਸ ਵਿਚ ਕਰਨ ਦੇ ਬਰਾਬਰ ਹੋਏਗਾ। ਉਹਨਾਂ ਨੇ ਵੇਖਿਆ ਕਿ ਇਸ ਦੇਸ਼ ਦੇ ਆਸਮਾਨ ਨਾਲ ਗੱਲਾਂ ਕਰਦੇ ਪਰਬਤ ਹੀਰਿਆਂ ਦੀਆਂ ਕਾਨਾਂ ਹਨ। ਇਹਨਾਂ ਪਰਬਤਾਂ ਦੀ ਅਮੀਰੀ ਦੇ ਅਨੁਮਾਨ ਲਾ ਕੇ ਉਹ ਦੰਗ ਰਹਿ ਗਏ।

ਇਹ ਕੌਮਾਂ ਲਲਚਾ ਗਈਆਂ। ਇਹਨਾਂ ਦੇ ਮੂੰਹ ਪਾਣੀ ਭਰ ਆਇਆ। ਇਹਨਾਂ ਦੀਆਂ ਅੱਖਾਂ ਹੋਰ ਵੀ ਭੁਖੀਆਂ ਹੋ ਗਈਆਂ। ਇਹਨਾਂ ਨੇ ਇਸ ਦੇਸ਼ ਨੂੰ ਆਪਣੇ ਪੰਜੇ ਵਿਚ ਫੜਨਾ ਚਾਹਿਆ ਤੇ ਇਹਨਾਂ ਨੇ ਵੇਖਿਆ ਕਿ ਇਹ ਅਸਲੋਂ ਮੁਮਕਿਨ ਸੀ।

ਦੇਸ਼ ਵਿਚ ਕੋਈ ਕੇਂਦਰੀ ਹਕੂਮਤ ਉਸ ਵੇਲੇ ਪੂਰੇ ਜ਼ੋਰ ਨਾਲ ਕੰਮ ਨਹੀਂ ਸੀ ਕਰ ਰਹੀ। ਮੁਗ਼ਲ ਸਲਤਨੱਤ ਦੇ ਪੈਰ ਉਖੜ ਰਹੇ ਸਨ। ਘਰ ਦੀ ਲੜਾਈ ਉਹਨੂੰ ਖੋਖਲਾ ਕਰ ਰਹੀ ਸੀ। ਈਰਾਨ ਤੇ ਅਫ਼ਗ਼ਾਨਿਸਤਾਨ ਵਿਚ ਨਵੀਆਂ ਤਾਕਤਾਂ ਵਜੂਦ ਵਿਚ ਆ ਰਹੀਆਂ ਸਨ। ਲੋਕ ਮਜ਼ਹਬ ਦੇ ਨਾਂ ਉੱਤੇ ਪਾਟੇ ਹੋਏ ਸਨ। ਸਭਿਆਚਾਰਕ ਪਿੜ ਵਿਚ ਗਿਰਾਵਟ ਆ ਰਹੀ ਹੈ। ਹਿੰਦੂ ਜਾਤੀ ਕਮਜ਼ੋਰ ਸੀ। ਜਿਸਮਾਨੀ ਤੌਰ ਉੱਤੇ ਵੀ ਮਾਨਸਿਕ ਤੌਰ 'ਤੇ ਵੀ। ਮੁਸਲਮਾਨ ਜਾਤੀ ਰਾਜਿਆਂ ਦੀ ਹੈਜੀਅਤ ਵਿਚ ਆਪਣੇ ਆਪ ਨੂੰ ਵੱਡਾ ਸਮਝਦੀ ਹੋਈ ਉੱਜ ਸਤਾ ਹੀਨ ਹੋ ਗਈ ਸੀ। ਇਸ ਦੇਸ਼ ਦੇ ਵਾਸੀਆਂ ਵਿਚ ਮਿਲਾਪ ਨਹੀਂ, ਇਹਨਾਂ ਵਿਚ ਜਾਨ ਨਹੀਂ, ਇਹਨਾਂ ਵਿਚ ਇਰਾਦੇ ਨਹੀਂ ਇਹਨਾਂ ਵਿਚ ਅੱਗੇ ਵਧਣ ਦਾ ਚਾਅ ਨਹੀਂ। ਯੂਰਪੀਨ ਕੌਮਾਂ ਦਾ ਲਾਲਚ ਭੜਕ ਉਠਿਆ। ਇਹ ਇਸ ਮੁਲਕ ਦੀ ਪ੍ਰਾਪਤੀ ਪਿਛੋਂ ਮਾਣਨ ਵਾਲੇ ਸੁਆਦ ਦੇ ਘੁਟ ਭਰਨ ਲਗੇ। ਇਹਨਾਂ ਦੀਆਂ ਅੱਖਾਂ ਬਦਲ ਗਈਆਂ; ਸਿਵਾਏ ਖ਼ੁਦਗਰਜ਼ੀ ਦੇ ਤੇ ਤਾਕਤ ਦੇ ਨਸ਼ੇ ਦੇ ਹੁਣ ਇਹਨਾਂ ਅੱਖਾਂ ਵਿਚ ਹੋਰ ਕੁਝ ਨਹੀਂ ਸੀ ਰਿਹਾ।

ਹੁਣ ਰਾਜਨੀਤੀ ਇਹਨਾਂ ਕੌਮਾਂ ਦੀ ਮੁਖ ਨੀਤੀ ਬਣੀ ਤੇ ਵਿਓਪਾਰ ਪਿੱਛੇ ਪੈਣ ਲਗਾ। ਜਦੋਂ ਇਸ ਦੇਸ਼ ਉੱਤੇ ਹਕੂਮਤ ਆਪਣੀ ਹੋ ਗਈ ਤਾਂ ਫ਼ਿਰ ਵਿਓਪਾਰ ਦਾ ਕੀ ਹੈ ?

ਇਹਨਾਂ ਕੌਮਾਂ ਨੇ ਆਪਣੇ ਉੱਚ ਅਸੂਲ ਸੁੱਟ ਪਾਏ। ਇਹਨਾਂ ਨੂੰ ਆਪਣਾ ਸਭਿਆਚਾਰ ਭੁਲ ਗਿਆ। ਸੂਰਮਗਤੀ ਦੇ ਜਿਹੜੇ ਥੋੜੇ ਬਹੁਤ ਗੁਣ ਇਹਨਾਂ ਵਿਚ ਪਹਿਲੇ ਸਨ ਉਹ ਗੁਣ ਵੀ ਅਲੋਪ ਹੋ ਗਏ। ਇਹਨਾਂ ਵੇਖਿਆ ਕਿ ਇਸ ਦੇਸ਼ ਨੂੰ ਖੋਖਲਾ ਕਰਨ ਦਾ ਸਭ ਤੋਂ ਚੰਗਾ ਤਰੀਕਾ ਘਰਦਿਆਂ ਵਿਚ ਫੁੱਟ ਪੁਆਣਾ ਹੈ। ਸੋ ਇਹ ਗੁਰ ਇਹਨਾਂ ਨੇ ਹਰ

Scanned by CamScanner

ਸਮੇਂ ਵਰਤਣਾ ਸ਼ੁਰੂ ਕੀਤਾ। ਪੈਸਾ ਸੀ ਸੋ ਲੋਕੀਂ ਵਰਗਲਾਏ ਜਾਣ ਲਗੇ। ਜਦੋਂ ਕਿਤੇ ਲੜਾਈ ਹੋਵੇ, ਲੜਾਈ ਦੀਆਂ ਚਾਲਾਂ ਇਹਨਾਂ ਨੂੰ ਪਹਿਲੇ ਹੀ ਪਤਾ ਹੋਣ। ਬਿਲਕੁਲ ਨਾਜ਼ਕ ਸਮੇਂ ਕੋਈ ਜਰਨੈਲ ਆਪਣੇ ਆਦਮੀ ਲੈ ਕੇ ਖਿਸਕ ਜਾਏ। ਘਰ ਦਾ ਭੇਤੀ ਲੰਕਾ ਢਾਏ ! ਇਹਨਾਂ ਕੌਮਾਂ ਦੀਆਂ ਜਿੱਤਾਂ ਹੋਣ ਲਗੀਆਂ। ਇਹਨਾਂ ਦੇ ਹੌਸਲੇ ਵਧਣ ਲਗੇ। ਇਹ ਕੌਮਾਂ ਸਾਮਰ ਜੀ ਬਣ ਗਈਆਂ।

ਸਾਮਰਾਜੀ ਕੌਮਾਂ ਦੀ ਆਪੋ ਵਿਚ ਮੁਠ ਭੇੜ ਕੁਦਰਤੀ ਹੈ। ਜਦੋਂ ਰਾਜਨੀਤਕ ਲਾਭ ਖ਼ਤਰੇ ਵਿਚ ਹੋਣ ਤਾਂ ਕੋਈ ਸਾਮਰਾਜੀ ਕੌਮ ਆਪਣਾ ਪੂਰਾ ਵੱਸ ਲਾਏ ਬਗ਼ੈਰ ਰਹਿ ਨਹੀਂ ਸਕਦੀ। ਹਵਸ ਹਰ ਸਾਮਰਾਜੀ ਕੌਮ ਨੂੰ ਅੰਨ੍ਹਾ ਕਰ ਦੇਂਦੀ ਹੈ। ਭਾਰਤ ਵਿਚ ਵੀ ਯੂਰਪੀਨ ਸਾਮਰਾਜੀ ਕੌਮਾਂ ਦੀ ਆਪੋ ਵਿਚ ਟੱਕਰ ਹੋਈ ਤੇ ਅੰਗਰੇਜ਼ ਜਿੱਤ ਗਏ। ਹੌਲੀ ਹੌਲੀ ਇਹਨਾਂ ਨੇ ਫਰਾਂਸੀਸੀਆਂ ਤੇ ਪੁਰਤਗਾਲੀਆਂ ਨੂੰ ਬਿਲਕੁਲ ਲਾਂਭੇ ਕਰ ਦਿਤਾ। ਹਿੰਦੁਸਤਾਨ ਅੰਗਰੇਜ਼ਾਂ ਦੀ ਮਲਕੀਅਤ ਬਣਿਆ।

ਇਹ ਅੱਗੇ ਵਧਣ ਲੱਗੇ। ਕਲਕੱਤੇ ਤੇ ਬੰਗਾਲ ਪਾਸਿਉਂ, ਮਦਰਾਸ ਤੇ ਦੱਖਣ ਪਾਸਿਉਂ ਇਹ ਵਧਦੇ ਆਏ। ਕਿਤੇ ਕਿਤੇ ਹੈਦਰਅਲੀ ਜਾਂ ਟੀਪੂ ਨੇ ਇਹਨਾਂ ਦਾ ਕਦਮ ਹਿਲਾਇਆ ਜਾਂ ਕਿਤੇ ਕਿਸੇ ਮਰਹੱਟੇ ਸਰਦਾਰ ਨੇ ਇਹਨਾਂ ਦਾ ਟੋਪ ਲਾਹ ਦਿਤਾ, ਪਰ ਰੋਕ ਇਸ ਵਹਿਣ ਨੂੰ ਕੋਈ ਨਾ ਸਕਿਆ। ਟੋਪ ਚੁਕ ਕੇ ਮੁੜ ਇਹਨਾਂ ਆਪਣੇ ਸਿਰ ਧਰ ਲਿਆ ਤੇ ਗਿਟਮਿਟ ਕਰਦੇ ਇਹ ਅੱਗੇ ਵਧਦੇ ਆਏ।

ਭਾਰਤ ਵਾਸੀਆਂ ਨੂੰ ਇਹਨਾਂ ਦੀ ਗਿਟਮਿਟ ਸਮਝ ਨਹੀਂ ਪਈ, ਪਰ ਉਹਨਾਂ ਨੇ ਇਹਨਾਂ ਦਾ ਗੋਰਾ ਰੰਗ ਜ਼ਰੂਰ ਵੇਖਿਆ ਤੇ ਇਹਨਾਂ ਦੀਆਂ ਰੰਗ ਬਰੰਗੀਆਂ ਚੁਸਤ ਵਰਦੀਆਂ ਤੇ ਇਹਨਾਂ ਦਾ ਵੱਡਾ ਸਾਰਾ ਟੋਪ। ਉਹ ਇਹਨਾਂ ਦੇ ਇਹਨਾਂ ਬੈਰੂਨੀ ਲੱਛਣਾਂ ਤੋਂ ਜ਼ਰੂਰ ਪ੍ਰਭਾਵਿਤ ਹੋਏ। ਚਿੱਟੀ ਚਮੜੀ ਬੜੀ ਸ਼ੈ ਹੈ, ਇਹਨਾਂ ਸਮਝਿਆ। ਅਫ਼ਵਾਹ ਫੈਲਾਈ ਗਈ ਕਿ ਅੰਗਰੇਜ਼ ਰੱਬ ਵਲੋਂ ਇਸ ਦੇਸ਼ ਉੱਤੇ ਰਾਜ ਕਰਨ ਵਾਸਤੇ ਭੇਜੇ ਗਏ ਹਨ ਤੇ ਇਹ ਅਫ਼ਵਾਹ ਭਾਰਤੀ ਜਨਤਾ ਨੇ ਸਵੀਕਾਰ ਕੀਤੀ।

ਭਾਰਤੀ ਜਨਤਾ ਉਸ ਵੇਲੇ ਬੜਾ ਝੂਠ ਸਵੀਕਾਰ ਕਰ ਸਕਦੀ ਸੀ। ਇਹ ਜਨਤਾ ਰੱਬ ਕੋਲੋਂ ਡਰਦੀ ਸੀ, ਪੰਡਤਾਂ, ਮੁੱਲਾਂ ਮੁਲਾਣਿਆਂ ਕੋਲੋਂ ਡਰਦੀ ਸੀ, ਸਮਾਜ ਕੋਲੋਂ ਡਰਦੀ ਸੀ, ਰਸਮਾਂ ਰੀਤੀਆਂ ਕੋਲੋਂ ਡਰਦੀ ਸੀ, ਆਪਣੇ ਨਿਕਟਵਰਤੀਆਂ ਕੋਲੋਂ ਡਰਦੀ ਸੀ, ਆਪਣੇ ਆਪ ਕੋਲੋਂ ਡਰਦੀ ਸੀ। ਇਸ ਜਨਤਾ ਨੂੰ ਅਫ਼ਵਾਹਾਂ ਮਨਾਣੀਆਂ ਆਸਾਨ ਸਨ। ਇਸ ਜਨਤਾ ਕੋਲੋਂ ਸਭ ਕੁਝ ਨਿਗਲਵਾਇਆ ਜਾ ਸਕਦਾ ਸੀ, ਜ਼ਹਿਰ ਵੀ। ਸਿਰਫ ਜ਼ਹਿਰ ਦੀਆਂ ਗੋਲੀਆਂ ਖੰਡ ਵਿਚ ਲਿਪਟੀਆਂ ਹੋਈਆਂ ਹੋਣ, ਬਸ ਇਹ ਇਹਨਾਂ ਦੇ ਬੁੱਸ ਚੁਕੇ ਇਤਕਾਦਾਂ ਦੇ ਅਨਕੂਲ ਹੋਣ, ਇਹਨਾਂ ਨੂੰ ਰਹੂ ਰੀਤੀਆਂ ਦਾ ਖੰਡਨ ਨਾ ਕਰਨਾ ਪਏ, ਇਹਨਾਂ ਦੀ ਪਿਤਾ ਪੁਰਖੀ ਨਾ ਟੁਟੇ।

ਅੰਗਰੇਜ਼ ਸਭ ਕੁਝ ਕਰ ਸਕਦੇ ਸਨ। ਆਪਣੇ ਨਿਸ਼ਾਨੇ ਨੂੰ ਪਾਣ ਵਾਸਤੇ ਇਹ ਆਪਣਾ ਸਦਾਚਾਰ ਤੇ ਆਪਣੇ ਇਖ਼ਲਾਕ ਲਾਂਭੇ ਕਰ ਸਕਦੇ ਸਨ। ਰਾਜਨੀਤਕ ਸਫਲਤਾ ਵਾਸਤੇ ਇਹ ਆਪਣੀ ਈਸਾਈਅਤ ਦੇ ਸਿਧਾਂਤ, ਭਾਰਤ ਦੀ ਮਲੇਛੀ ਧਰਤੀ ਦੀ ਮਿੱਟੀ ਵਿਚ, ਆਪਣੇ ਬੂਟਾਂ ਥੱਲੇ ਰੋਲ ਸਕਦੇ ਸਨ। ਤਲਵਾਰ ਤੇ ਕਪਟ ਇਹਨਾਂ ਦੇ ਹਥਿਆਰ ਸਨ। ਤਲਵਾਰ ਨਾਲ ਤਾਂ ਕਈ ਹਿੰਦੁਸਤਾਨੀ ਇਹਨਾਂ ਨਾਲ ਲੜੇ, ਪਰ ਕਪਟ ਵਿਚ ਇਹਨਾਂ ਅੱਗੇ ਹਿੰਦੁਸਤਾਨੀਆਂ ਦੀ ਪੂਰੀ ਨਾ ਪਈ। ਝੂਠ ਬੋਲਣਾ ਇਹਨਾਂ ਵਾਸਤੇ ਪਾਪ ਨਹੀਂ ਸੀ, ਵਚਨ ਦੇ ਕੇ ਮੁੜਨਾ ਇਹਨਾਂ ਵਾਸਤੇ ਭੈੜਾ ਇਖ਼ਲਾਕ ਨਹੀਂ ਸੀ। ਫਰੇਬ ਨਾਲ ਹਕੂਮਤਾਂ ਬਦਲਣੀਆਂ ਇਕ ਸਨਮਾਨਿਆਂ ਜਾਣ ਵਾਲਾ ਮਤ ਸੀ ਤੇ ਪੈਸੇ ਤੇ ਜ਼ਬਾਨ ਤੇ ਅਸੂਲਾਂ ਦੀ ਹੇਰਾ ਫੇਰੀ ਇਹਨਾਂ ਦਾ ਅਸੂਲ ਸੀ।

ਅੰਗਰੇਜ਼ ਵਧਦੇ ਆਏ, ਵਧਦੇ ਆਏ ਤੇ ਹੁਣ ਇਹ ਦਿੱਲੀ ਤਕ ਪਹੁੰਚ ਗਏ।

ਮੁਗ਼ਲ ਬਾਦਸ਼ਾਹ ਇਹਨਾਂ ਦਾ ਝਾੜੂ ਬਰਦਾਰ ਬਣਿਆ, ਉਹਦੀ ਤਾਕਤ ਖ਼ਤਮ ਹੋਈ, ਉਹਦਾ ਸਿੱਕਾ ਨਾ ਚਲਣ ਸਮਾਨ ਹੋਇਆ, ਉਸ ਤਾਜ ਪਹਿਨੀ ਤਾਂ ਰਖਿਆ, ਪਰ ਇਸ ਤਾਜ ਨੇ ਉਹਦੇ ਹੱਥਾਂ ਵਿਚ ਤਾਕਤ ਕੋਈ ਨਾ ਛੱਡੀ।

ਏਥੇ ਆ ਕੇ ਅੰਗਰੇਜ਼ਾਂ ਨੇ ਸਾਹ ਲਿਆ। ਦਿੱਲੀ ਵਰਗੇ ਸ਼ਹਿਰ ਵਿਚ ਉਹਨਾਂ ਦਾ ਸਾਹ ਲੈਣਾ ਬਣਦਾ ਸੀ। ਇਹ ਸ਼ਹਿਰ ਹਿੰਦੁਸਤਾਨ ਦੀ ਰਾਜਧਾਨੀ ਸੀ। ਰਾਜ ਭਾਵੇਂ ਕੇਂਦਰੀ ਹੋਵੇ ਭਾਵੇਂ ਨਾ, ਦਿੱਲੀ ਕੇਂਦਰੀ ਰਾਜ ਦਾ ਚਿੰਨ੍ਹ ਸੀ। ਦਿੱਲੀ ਉੱਤੇ ਕਬਜ਼ਾ ਚਿੰਨ੍ਹ ਸੀ ਸਾਰੇ ਹਿੰਦੁਸਤਾਨ ਉੱਤੇ ਕਬਜ਼ੇ ਦਾ। ਇਹਨਾਂ ਨੂੰ ਲੱਗਿਆ ਕਿ ਇਹਨਾਂ ਦਾ ਹਿੰਦੁਸਤਾਨ

Scanned by CamScanner

ਉੱਤੇ ਕਬਜ਼ਾ ਹੋ ਗਿਆ ਹੈ।

ਫਿਰ ਯੂਰਪ ਵਿਚ ਫ਼ਰਾਂਸ ਤੇ ਦੂਜੇ ਪਾਸੇ ਰੂਸ ਦੀ ਤਾਕਤ ਵਧਣ ਲੱਗੀ ਤੇ ਇਹਨਾਂ ਨੇ ਆਪਣੇ ਉੱਤਰ ਵਲ ਤੱਕਿਆ। ਇਥੇ ਸਿੱਖ ਰਾਜ ਕਾਇਮ ਸੀ। ਇਥੇ ਸਿੱਖ ਸਰਦਾਰ ਕਿਸੇ ਲਾਟ ਦੀ ਕਾਣ ਨਹੀਂ ਸਨ ਮੰਨਦੇ। ਇਥੇ ਮਿਸਲਦਾਰੀ ਪ੍ਰਬੰਧ ਲਾਗੂ ਸੀ ਕਿ ਜਿਸ ਦੀ ਮਿਸਾਲ ਉਸ ਵੇਲੇ ਦੀ ਦੁਨੀਆਂ ਵਿਚ ਕਿਤੇ ਹੋਰ ਨਹੀਂ ਸੀ ਮਿਲਦੀ। ਨਾਮ ਜਪਣਾ ਤੇ ਵੰਡ ਛਕਣਾ ਇਸ ਪ੍ਰਬੰਧ ਦੀਆਂ ਨੀਹਾਂ ਸਨ।

ਅੰਗਰੇਜ਼ ਇਸ ਖਿੰਡੀ ਪੁੰਡੀ, ਪਰ ਫਿਰ ਵੀ ਇਕ ਤਰ੍ਹਾਂ ਦੀ ਯਕਮੁੱਠ ਤਾਕਤ ਨੂੰ ਵੇਖ ਕੇ ਡਰੇ। ਉਹਨਾਂ ਨੂੰ ਲਗਿਆ ਇਸ ਪ੍ਰਬੰਧ, ਇਹਨਾਂ ਸਰਦਾਰਾਂ ਤੇ ਇਸ ਧਰਮ ਨੂੰ ਦਬਾਉਣਾ ਆਸਾਨ ਨਹੀਂ ਹੋਵੇਗਾ। ਉਹਨਾਂ ਨੂੰ ਇਹ ਵੀ ਪੱਕ ਸੀ ਕਿ ਇਸ ਇਲਾਕੇ ਵਿਚੋਂ ਆਪਣੇ ਪਿੱਠੂ ਤੇ ਚੰਖੇ ਜ਼ਮੀਰ ਵੇਚੂ ਆਦਮੀ ਮਿਲਣੇ ਕਠਨ ਹਨ। ਸੋ ਉਹ ਸੋਚਣ ਲਗੇ।

ਏਧਰ ਮਿਸਲਦਾਰੀ ਪ੍ਰਬੰਧ ਵਿਚੋਂ ਇਕ ਕੇਂਦਰੀ ਹਕੂਮਤ ਉਭਰਨ ਲੱਗੀ। ਇਹ ਬਿਲਕੁਲ ਕੁਦਰਤੀ ਸੀ। ਹੌਲੀ ਹੌਲੀ ਮਹਾਰਾਜਾ ਰਣਜੀਤ ਸਿੰਘ ਇਸ ਨਵੀਂ ਲਹਿਰ ਦਾ ਆਗੂ ਬਣਿਆ। ਉਨ੍ਹੀਵੀਂ ਸਦੀ ਦੇ ਆਦਿ ਵਿਚ ਉਹ ਲਾਹੌਰ ਦੀ ਗੱਦੀ ਉੱਤੇ ਬੈਠ ਚੁੱਕਾ ਸੀ। ਸਤਲੁਜ ਦੇ ਉਤਰ ਵਿਚ ਬਹੁਤਾ ਇਲਾਕਾ ਸਰ ਕਰ ਕੇ ਹੁਣ ਉਸ ਆਪਣੀਆਂ ਅੱਖਾਂ ਸਤਲੁਜ ਦੇ ਦੱਖਣ ਵਲ ਮੋੜੀਆਂ। ਅੱਖ ਰਣਜੀਤ ਸਿੰਘ ਦੀ ਇਕ ਸੀ, ਪਰ ਇਸ ਇਕ ਅੱਖ ਨਾਲ ਵੇਖਦਾ ਤੇ ਸਿਆਣਦਾ ਉਹ ਸਾਰੀ ਦੁਨੀਆਂ ਸੀ। ਉਸ ਆਪਣੀ ਇਕ ਅੱਖ ਨਾਲ ਅੰਗਰੇਜ਼ਾਂ ਦੀ ਨੀਤੀ ਭਾਪ ਲਈ ਸੀ। ਉਹ ਦੇਰ ਨਹੀਂ ਸੀ ਕਰਨਾ ਚਾਹੁੰਦਾ। ਅਗੇ ਹੀ ਬੜੀ ਦੇਰ ਹੋ ਚੁੱਕੀ ਸੀ। ਬੜੇ ਕੀਮਤੀ ਤੇ ਅਮੁਲੇ ਕੁਝ ਸਾਲ ਗਵਾਏ ਜਾ ਚੁਕੇ ਸਨ।

ਰਣਜੀਤ ਸਿੰਘ ਸਤਲੁਜ ਪਾਰ ਆਇਆ ਤੇ ਹੁਣ ਅਗਰੇਜ਼ਾਂ ਨੂੰ ਆਪਣਾ ਦਾਅ ਖੇਡਣ ਦਾ ਮੌਕਾ ਮਿਲਿਆ। ਉਹ ਉਡੀਕਦੇ ਰਹੇ ਸਨ, ਭਾਂਪਦੇ ਰਹੇ ਸਨ, ਸੋਚਦੇ ਰਹੇ ਸਨ। ਉਹ ਸਤਲੁਜ ਉਰਾਰ ਦੀਆਂ ਸਿੱਖ ਰਿਆਸਤਾਂ ਨਾਲ ਗੰਢ ਤੁਪ ਕਰਦੇ ਰਹੇ ਸਨ। ਉਹ ਨਿਚੱਲੇ ਨਹੀਂ ਸਨ ਬੈਠੇ ਰਹੇ। ਉਹਨਾਂ ਦੀ ਨੀਤੀ ਅਨੁਸਾਰ ਤੇ ਭੂਗੋਲਕ ਰਾਜਨੀਤੀ ਦੇ ਸਨਮੁਖ ਉਹਨਾਂ ਦਾ ਪੰਜਾਬ ਤੇ ਅਫ਼ਗਾਨਿਸਤਾਨ ਉੱਤੇ ਕਬਜ਼ਾ ਬੜਾ ਜ਼ਰੂਰੀ ਸੀ। ਦਿੱਲੀ ਉੱਤੇ ਕਬਜ਼ਾ ਇਸ ਗੱਲ ਦਾ ਨਿਉਤਾ ਸੀ। ਦਿੱਲੀ ਦਾ ਮਾਲਕ ਹੀ ਸਾਰੇ ਹਿੰਦੁਸਤਾਨ ਦਾ ਮਾਲਕ ਹੋ ਸਕਦਾ ਹੈ।

ਰਣਜੀਤ ਸਿੰਘ ਤੇ ਅੰਗਰੇਜ਼ ਸਤਲੁਜ ਤੇ ਜਮਨਾ ਵਿਚਕਾਰ ਮਿਲੇ ਤੇ ਅੰਗਰੇਜ਼ਾਂ ਨੇ ਰਣਜੀਤ ਸਿਘ ਨੂੰ ਪਛਾੜ ਦਿਤਾ। ਅੰਗਰੇਜ਼ਾਂ ਨੇ ਰਣਜੀਤ ਸਿੰਘ ਨੂੰ ਪਛਾੜਿਆ, ਤਲਵਾਰ ਨਾਲ ਨਹੀਂ, ਕਪਟ ਨਾਲ। ਰਣਜੀਤ ਸਿੰਘ ਸਿੱਖ ਸੀ, ਪੰਜਾਬੀ ਸੀ, ਹਿੰਦੀ ਸੀ, ਉਹ ਅੰਗਰੇਜ਼ਾਂ ਜੇਡਾ ਕਪਟੀ ਨਹੀਂ ਸੀ ਬਣ ਸਕਦਾ। ਉਹ ਉਸ ਧਰਮ ਦਾ ਪੈਰੋਕਾਰ ਸੀ ਜਿਹੜਾ ਧਰਮ ਸਤਿ ਦੀ ਵਿਜੈ ਵਾਸਤੇ ਹੋਂਦ ਵਿਚ ਆਇਆ। ਅੰਗਰੇਜ਼ਾਂ ਨੇ ਸਤਲੁਜ ਉਰਾਰ ਦੇ ਰਾਜੇ ਰਜਵਾੜਿਆਂ ਨੂੰ ਆਪਣੇ ਨਾਲ ਮਿਲਾ ਲਿਆ ਤੇ ਉਹਨਾਂ ਰਣਜੀਤ ਸਿੰਘ ਨੂੰ ਕੁਝ ਇਲਾਕੇ ਛੱਡ ਕੇ ਸਤਲੁਜ ਦੇ ਪਾਰ ਸੀਮਤ ਹੋ ਕੇ ਰਹਿਣ ਦੀ ਹੀ ਸਲਾਹ ਦਿਤੀ। ਹੁਣ ਤਕ ਅੰਗਰੇਜ਼ ਭਾਰਤ ਵਿਚ ਸੌ ਸਾਲ ਰਹਿ ਚੁਕੇ ਸਨ। ਸਾਰਾ ਹਿੰਦੁਸਤਾਨ ਉਹਨਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਉਹ ਇਸ ਦੇਸ਼ ਵਿਚ ਚੰਗੀ ਤਰ੍ਹਾਂ ਗਿੱਝ ਤੇ ਸਿੱਝ ਗਏ ਸਨ। ਉਹਨਾਂ ਦੀ ਉਮਰ ਵੱਡੀ ਸੀ। ਰਣਜੀਤ ਸਿੰਘ ਅਜੇ ਯੁਵਕ ਸੀ। ਮਸੇ ਪੰਝੀਆਂ ਕੁ ਸਾਲਾਂ ਦਾ। ਉਸ ਰਾਜਨੀਤਕ ਖਿੜ ਵਿਚ ਆਪਣੀ ਹਾਰ ਮੰਨ ਲਈ। ਉਹ ਕੁਝ ਇਲਾਕੇ ਤੇ ਟਾਪੂ ਸਤਲੁਜ ਪਾਰ ਛੱਡ ਕੇ ਏਧਰ ਆ ਗਿਆ। ਉਹਨੂੰ ਅਫ਼ਸੋਸ ਸੀ ਕਿ ਬਾਕੀ ਸਿੱਖਾਂ ਨੇ ਉਹਦਾ ਸਾਥ ਨਹੀਂ ਦਿਤਾ! ਉਹਨੂੰ ਅਫ਼ਸੋਸ ਸੀ ਕਿ ਇਹਨਾਂ ਸਿੱਖ ਰਾਜੇ ਰਜਵਾੜਿਆਂ ਨੇ ਖੰਡ ਗਲੇਫੀ ਜ਼ਹਿਰ ਖਾ ਲਈ ਹੈ। ਪਰ ਉਹ ਕੁਝ ਕਰ ਨਹੀਂ ਸੀ ਸਕਦਾ। ਕਪਟ...ਕਪਟ...।

ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਕਾਰ ਠੰਡਾ ਯੁੱਧ ਸ਼ੁਰੂ ਹੋ ਗਿਆ ਤੇ ਇਹ ਯੁੱਧ ਰਣਜੀਤ ਸਿੰਘ ਦੀ ਮ੍ਰਿਤੂ ਤਕ ਜਾਰੀ ਰਿਹਾ। ਦੋਵੇਂ ਧਿਰਾਂ ਵਿਚੋਂ ਵਿਚੋਂ ਆਪਣੇ ਆਪ ਨੂੰ ਮਜ਼ਬੂਤ ਕਰਦੀਆਂ ਆਈਆਂ ਤੇ ਉੱਤੋਂ ਉੱਤੋਂ ਮਲ ਮਿਲਾਪ ਤੇ ਮੁਲਕਾਤਾਂ ਨਾਲ ਜਗ ਆਈ ਰਖਦੀਆਂ ਆਈਆਂ। ਬੇਸ਼ਕ ਠੰਡਾ ਯੁੱਧ ਸੀ ਤੇ ਬੇਸ਼ਕ ਰਣਜੀਤ ਸਿੰਘ ਅੰਗਰੇਜ਼ਾਂ ਦੀ ਨੀਤੀ ਸਮਝਦਾ ਸੀ, ਪਰ ਫਿਰ ਵੀ ਉਸ ਆਪੋ ਵਿਚ ਹੋਏ ਸੰਧੀਨਾਮਿਆਂ ਦੀ ਕਦੀ ਉਲੰਘਣਾ ਨਹੀਂ ਕੀਤੀ, ਉਹ ਆਪਣੇ ਅਸੂਲਾਂ ਉੱਤੋਂ ਕਦੀ ਨਹੀਂ ਡਿਗਿਆ। ਪਰ ਉਹ ਜਾਣਦਾ ਸੀ ਕਿ ਅੰਗਰੇਜ਼ ਕਿਵੇਂ ਉਹਦੀ ਸਲਤਨੱਤ ਦੇ ਨਕਸ਼ੇ ਤਿਆਰ ਕਰ ਰਹੇ ਹਨ ਤੇ ਅਫ਼ਗਾਨਿਸਤਾਨ ਵਿਚ ਉਹਨਾਂ ਦੇ ਅਸਲੀ ਇਰਾਦੇ ਕੀ ਹਨ। ਉਹ ਜਾਣਦਾ ਸੀ ਕਿ ਅੰਗਰੇਜ਼ ਕਿਵੇਂ ਆਪਣੇ

Scanned by CamScanner

ਕਬਜ਼ੇ ਆਏ ਬਾਕੀ ਹਿੰਦੁਸਤਾਨ ਨੂੰ ਗ਼ੁਲਾਮ ਬਣਾ ਰਹੇ ਹਨ ਤੇ ਦੇਸ਼ ਵਾਸੀਆਂ ਦੀ ਜ਼ਹਿਨੀਅਤ ਨੂੰ ਗਿਰਾ ਰਹੇ ਹਨ। ਉਹ ਜਾਣਦਾ ਸੀ ਕਿ ਕਿਵੇਂ ਰਾਜਨੀਤਕ ਜਿੱਤਾਂ ਦੇ ਜਲਦੀ ਹੀ ਪਿਛੋਂ ਈਸਾਈ ਅੰਗਰੇਜ਼ਾਂ ਨੇ ਈਸਾਈ ਮਤ ਨੂੰ ਫੈਲਾਣਾ ਸ਼ੁਰੂ ਕਰ ਦਿਤਾ ਸੀ ਤੇ ਕਿਵੇਂ ਪੈਸੇ ਤੇ ਸਰਕਾਰੀ ਅਸਾਮੀਆਂ ਦਾ ਲਾਲਚ ਦੇ ਕੇ ਇਹ ਭਾਰਤ ਵਾਸੀਆਂ ਨੂੰ ਈਸਾਈ ਬਣਾ ਰਹੇ ਸਨ ਤੇ ਵੱਢੀ-ਖ਼ੋਰ, ਬੇਈਮਾਨ ਤੇ ਘਾਊ-ਘੱਪ ਵੀ। ਰਣਜੀਤ ਸਿੰਘ ਇਕ ਅੱਖ ਨਾਲ ਇਹ ਸਭ ਕੁਝ ਵੇਖਦਾ ਹੋ ਜਾਣਦਾ ਸੀ।

ਸੰਨ ੧੮੩੪ ਵਿਚ ਇਕ ਈਸਾਈ ਪਾਦਰੀ, ਡਾਕਟਰ ਜੋਜ਼ਫ਼ ਵੁਲਫ਼ ਲਾਹੌਰ ਆਇਆ। ਉਹ ਰਣਜੀਤ ਸਿੰਘ ਨੂੰ ਮਿਲਿਆ। ਉਸ ਰਣਜੀਤ ਸਿੰਘ ਨੂੰ ਈਸਾਈ ਮਤ ਦੇ ਗੁਣ ਦੱਸੇ, ਇਹਦੀਆਂ ਵਡਿਆਈਆਂ ਗਿਣਾਈਆਂ। ਰਣਜੀਤ ਸਿੰਘ ਹੱਸਿਆ। ਉਸ ਆਖਿਆ, "ਤੁਸੀਂ ਕਹਿੰਦੇ ਹੋ ਕਿ ਤੁਸੀਂ ਧਰਮ ਪਰਚਾਰ ਵਾਸਤੇ ਦੇਸ਼ ਬਦੇਸ਼ ਘੁੰਮ ਰਹੇ ਹੋ। ਜੇ ਇਉਂ ਹੈ ਤਾਂ ਤੁਸੀਂ ਹਿੰਦੁਸਤਾਨ ਵਿਚ ਆਏ ਅੰਗਰੇਜ਼ਾਂ ਵਿਚਕਾਰ ਧਰਮ ਪਰਚਾਰ ਕਿਉਂ ਨਹੀਂ ਕਰਦੇ। ਉਹਨਾਂ ਦਾ ਕੋਈ ਧਰਮ ਨਹੀਂ।"

ਪਾਦਰੀ ਜੋਜ਼ਫ਼ ਨੇ ਰਣਜੀਤ ਸਿੰਘ ਵਲ ਵੇਖਿਆ। ਉਹ ਦਿਲੋਂ ਦਬਕ ਗਿਆ, ਪਰ ਦਿਮਾਗ਼ੋਂ ਨਹੀਂ ਦਬਕਿਆ। ਰਣਜੀਤ ਸਿੰਘ ਇਕ ਅੱਖ ਨਾਲ ਵੇਖਦਾ ਸੀ, ਪਰ ਹਿੰਦੁਸਤਾਨ ਵਿਚ ਆਏ ਅੰਗਰੇਜ਼ ਪਾਦਰੀ ਇੰਜ ਅੱਖ ਵੀ ਨਹੀਂ ਸਨ ਵਰਤਦੇ। ਸਚਾਈ ਤੇ ਅਸੂਲਾਂ ਦੀ ਉਹ ਤਾਬ ਨਹੀਂ ਸਨ ਝਲ ਸਕਦੇ। ਉਹ ਅੰਨ੍ਹੇ ਸਨ।

ਗੱਲ ਵਲਾਣ ਵਾਸਤੇ ਡਾਕਟਰ ਜੋਜ਼ਫ਼ ਵੁਲਫ਼ ਨੇ ਰਣਜੀਤ ਸਿੰਘ ਕੋਲੋਂ ਪੁੱਛਿਆ ਕਿ ਮਨੁੱਖ ਰੱਬ ਦੇ ਨੇੜੇ ਕਿਵੇਂ ਆਵੇ ? ਪਾਦਰੀ ਜੋਜ਼ਫ਼ ਸਿੱਖ ਮੱਤ ਨੂੰ ਨਿਵਾਣਾ ਚਾਹੁੰਦਾ ਸੀ।

ਰਣਜੀਤ ਸਿੰਘ ਫਿਰ ਹੱਸਿਆ ਤੇ ਉਸ ਕਿਹਾ, "ਮਨੁੱਖ ਰੱਬ ਦੇ ਨੇੜੇ ਅੰਗਰੇਜ਼ਾਂ ਨਾਲ ਮਿੱਤ੍ਰਤਾ ਪਾ ਕੇ ਪਹੁੰਚ ਸਕਦਾ ਹੈ।" ਤੇ ਫਿਰ ਉਸ ਪਾਦਰੀ ਵਲ ਨੀਝ ਲਾ ਕੇ ਵੇਖਦਿਆਂ ਕਿਹਾ, "ਜਿਵੇਂ ਮੈਂ ਰੋਪੜ ਵਿਚ ਗਵਰਨਰ ਜਨਰਲ ਨਾਲ ਮੁਲਾਕਾਤ ਕਰ ਕੇ ਕੀਤਾ ਹੈ।"

ਪਾਦਰੀ ਘਬਰਾ ਗਿਆ। ਉਹਦੇ ਕੋਲੋਂ ਕੋਈ ਉੱਤਰ ਬਣ ਨਾ ਆਇਆ। ਉਸ ਆਪਣੀ ਛਾਤੀ ਅਗੇ ਆਪਣੀ ਬਾਂਹ ਨੂੰ ਆਰ ਪਾਰ ਕੀਤਾ, ਆਪਣੀ ਸਲੀਬ ਚੁੰਮੀ ਆਪਣੀਆਂ ਅੱਖਾਂ ਨੂੰ ਅੰਨ੍ਹਾ ਕੀਤਾ ਤੇ ਟੁਰ ਆਇਆ।

ਅਫ਼ਸੋਸ ਕਿ ਰਣਜੀਤ ਸਿੰਘ ਕੁਵੇਲੇ ਹੀ ਮਰ ਗਿਆ। ਸਿੱਖ ਸਲਤਨੱਤ ਪੰਜਾਬੀ ਸਲਤਨੱਤ ਬੇਸ਼ਕ ਬਣ ਚੁੱਕੀ ਸੀ, ਪੰਜਾਬੀ ਸੈਨਾ ਬੇਸ਼ਕ ਅੰਗਰੇਜ਼ ਨਾਲ ਟੱਕਰ ਲੈਣ ਲਈ ਤਿਆਰ ਸੀ, ਪੰਜਾਬ ਰਾਜਸੀ ਪ੍ਰਬੰਧ ਭਾਵੇਂ ਸਫਲਤਾ ਨਾਲ ਪੱਕਾ ਕੀਤਾ ਜਾ ਚੁੱਕਾ ਸੀ, ਆਰਥਕ ਹਾਲਾਤ ਪੰਜਾਬ ਵਿਚ ਬੇਸ਼ਕ ਕਦੀ ਇਸ ਤੋਂ ਪਹਿਲੇ ਐਡੇ ਚੰਗੇ ਨਹੀਂ ਸਨ ਹੋਏ। ਸਿਰਫ਼ ਹਿੰਦੁਸਤਾਨ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਰਣਜੀਤ ਸਿੰਘ ਤੇ ਪੰਜਾਬ ਦਰਬਾਰ ਦੀ ਵਡਿਆਈ ਪੱਸਰ ਚੁੱਕੀ ਸੀ, ਬੇਸ਼ਕ ਇੰਗਲਿਸਤਾਨ ਦੀ ਮਲਕਾ, ਫ਼ਰਾਂਸ ਦਾ ਫ਼ਿਲਪ ਤੇ ਰੂਸ ਦਾ ਜ਼ਾਰ ਰਣਜੀਤ ਸਿੰਘ ਦੀ ਦੋਸਤੀ ਦਾ ਦੰਮ ਭਰਦੇ ਸਨ ਪਰ ਰਣਜੀਤ ਸਿੰਘ ਕੁਵੇਲੇ ਮਰ ਗਿਆ ਕਿਉਂ ਕਿ ਉਹਦੇ ਪਿਛੇ ਉਹਦੀ ਥਾਂ ਲੈਣ ਵਾਸਤੇ ਉਹਦਾਂ ਪੁਤ, ਉਹਦੇ ਜਿਗਰੇ, ਉਹਦੀ ਬੁਧੀਮਾਨਤਾ ਤੇ ਉਹਦੀ ਬਹਾਦਰੀ ਨਾਲ ਮੋਲ ਖਾਂਦਾ ਕੋਈ ਆਦਮੀ ਨਹੀਂ ਸੀ ਨਿੱਤਰਿਆ।

ਰਣਜੀਤ ਸਿੰਘ ਕੁਵੇਲੇ ਮਰ ਗਿਆ ਤੇ ਕਪਟੀ ਅੰਗਰੇਜ਼ਾਂ ਨੇ ਸਤਲੁਜ ਤੋਂ ਪਾਰ ਝਾਕਣਾ ਸ਼ੁਰੂ ਕੀਤਾ। ਅਫ਼ਸਰ ਬਦਲੇ ਤੇ ਗਵਰਨਰ ਜਨਰਨ ਬਦਲੇ, ਪਰ ਅੰਗਰੇਜ਼ਾਂ ਦੀ ਨੀਤੀ ਨਾ ਬਦਲੀ। ਜਮਨਾ ਤੇ ਸਤਲੁਜ ਵਿਚਕਾਰ ਤਿਆਰੀਆਂ ਸ਼ੁਰੂ ਹੋ ਗਈਆਂ। ਪਰ ਕਦੀ ਇਕ, ਕਦੀ ਦੂਜੀ ਸਾੜ੍ਹ ਸਤੀ ਤੇ ਅਣਚਿਤਵੀ ਘਟਨਾ ਉਹਨਾਂ ਦੇ ਮਨਸੂਬੇ ਖੰਡਨ ਕਰਦੀ ਰਹੀ। ਅੰਤ ਸਭ ਪਾਸਿਓਂ ਵਿਹਲੇ ਹੋ ਕੇ ਅੰਗਰੇਜ਼ਾਂ ਨੇ ਨਵੰਬਰ, ਦਸੰਬਰ ੧੮੪੫ ਵਿਚ ਪੰਜਾਬ ਨੂੰ ਫ਼ਤਿਹ ਕਰਨ ਦੀ ਮਿਤੀ ਪੱਕੀ ਕਰ ਲਈ ਤੇ ਅੱਜ ਅਠਾਰਾਂ ਦਸੰਬਰ ਨੂੰ ਅੰਬਾਲੇ ਤੋਂ ਲੁਧਿਆਣੇ ਤੋਂ ਅੰਗਰੇਜ਼ੀ ਸੈਨਾ ਮੁਦਕੀ ਪਹੁੰਚ ਗਈ।

ਅੰਗਰੇਜ਼ੀ ਸੈਨਾ ਮੁਦਕੀ ਪਹੁੰਚੀ ਤੇ ਸਰ ਹੀਊ ਗਫ਼ ਖ਼ੁਸ਼ ਸੀ। ਉਸ ਆਪਣੇ ਇਕ ਜਰਨੈਲ ਗਿਲਬਰਟ ਨੂੰ ਕਿਹਾ, "ਇਹ ਇਸ ਦੇਸ਼ ਵਿਚ ਸਾਡੀ ਆਖ਼ਰੀ ਲਾਂਘ ਹੈ। ਇਸ ਲਾਂਘ ਤੋਂ ਪਿਛੋਂ ਹਿੰਦੁਸਤਾਨ ਦੀ ਫ਼ਤਿਹ ਸੰਪੂਰਣ ਹੋ ਜਾਵੇਗੀ।"

"ਬੇਸ਼ਕ ਸਰ ਗਫ਼ ਤੁਸੀਂ ਠੀਕ ਫ਼ਰਮਾਉਂਦੇ ਹੋ। ਹੁਣ ਦੁਨੀਆਂ ਦੀ ਕੋਈ ਤਾਕਤ ਸਾਡੇ ਜਿੰਨੀ ਤਾਕਤਵਰ

Scanned by CamScanner

ਨਹੀਂ। ਹੁਣ ਸਾਨੂੰ ਦੁਨੀਆਂ ਵਿਚ ਕੋਈ ਪਛਾੜ ਨਹੀਂ ਸਕੇਗਾ।"

ਬਰਗੇਡੀਅਰ ਬੋਲਟਨ ਨੇ ਜੋਸ਼ ਵਿਚ ਆ ਕੇ ਕਿਹਾ :

"ਅਜ ਜਾਂ ਕਲ੍ਹ ਪੰਜਾਬ ਦੀ ਕਿਸਮਤ ਦਾ ਫ਼ੈਸਲਾ ਹੋ ਜਾਏਗਾ ਤੇ ਫਿਰ ਅਸੀਂ ਅਫ਼ਗਾਨਿਸਤਾਨ ਜਾ ਪੁੱਜਾਂਗੇ। ਤੇ ਫਿਰ ਅਫ਼ਗਾਨਿਸਤਾਨ ਤੋਂ ਅਗੇ ਈਰਾਨ ਤੇ ਮਧ ਏਸ਼ੀਆ ਵਿਚ। ਰੋਮ ਸਾਗਰ ਅਗੇ ਹੀ ਸਾਡੇ ਕਬਜ਼ੇ ਵਿਚ ਹੈ। ਇਉਂ ਚੱਕਰ ਪੂਰਾ ਹੋਵੇਗਾ। ਸਰ ਗ਼ਫ਼ ਮੈਨੂੰ ਆਪਣੇ ਨਾਲ ਰਖਣਾ। ਮੈਂ ਅਫ਼ਗਾਨਿਸਤਾਨ ਵਿਚ ਜ਼ਰੂਰ ਲੜਨਾ ਚਾਹੁੰਦਾ ਹਾਂ।"

ਸਰ ਗ਼ਫ਼ ਮੁਸਕਰਾਇਆ, "ਤੁਸੀਂ ਲੋਕ ਬੜੇ ਕਾਹਲੇ ਹੋ। ਪਹਿਲੇ ਸਿੱਖਾਂ ਨੂੰ ਤਾਂ ਸਰ ਕਰੀਏ। ਮੇਰੀ ਜਾਚੇ ਇਹਨਾਂ ਨੂੰ ਸਰ ਕਰਨਾ ਅੰਡਾ ਸੌਖਾ ਨਹੀਂ ਹੋਵੇਗਾ। ਅਸੀਂ ਅਜੇ ਤਕ ਬੜੇ ਖ਼ੁਸ਼ ਕਿਸਮਤ ਰਹੇ ਹਾਂ।"

"ਤੇ ਅਸੀਂ ਸਦਾ ਖ਼ੁਸ਼ਕਿਸਮਤ ਰਹਾਂਗੇ। ਹਰ ਰਾਜ ਤੇ ਹਰ ਯੁੱਧ ਵਿਚ ਸਾਡੇ ਮਿੱਤਰ ਜੀਊਂਦੇ ਰਹਿਣ। ਅਜੇ ਤਕ ਸਾਨੂੰ ਸਾਡੇ ਕਿਸੇ ਮਿੱਤਰ ਨੇ ਧੋਖਾ ਨਹੀਂ ਦਿਤਾ। ਮੈਨੂੰ ਵਿਸ਼ਵਾਸ ਹੈ ਕਿ ਤੇਜ ਸਿੰਘ ਤੇ ਲਾਲ ਸਿੰਘ ਵੀ ਆਪਣੇ ਬਚਨ ਪੂਰੇ ਕਰਨਗੇ।" ਬਰਗੇਡੀਅਰ ਵੀਲਰ ਨੇ ਕਿਹਾ।

"ਚੁੱਪ..." ਸਰ ਹੀਊ ਗ਼ਫ਼ ਨੇ ਆਪਣਿਆਂ ਬੁੱਲ੍ਹਾਂ ਉੱਤੇ ਉਂਗਲ ਰਖੀ ਤੇ ਕੋਲ ਕੰਮ ਕਰਦੇ ਇਕ ਅਰਦਲੀ ਵਲ ਇਸ਼ਾਰਾ ਕੀਤਾ ਤੇ ਜਦੋਂ ਅਰਦਲੀ ਉੱਥੋਂ ਚਲਾ ਗਿਆ ਤਾਂ ਉਸ ਕਿਹਾ :

"ਬਰਗੇਡੀਅਰ ਵੀਲਰ! ਮੈਂ ਤੁਹਾਡੇ ਨਾਲ ਬੜਾ ਨਾਰਾਜ਼ ਹਾਂ। ਤੁਸੀਂ ਜਾਣਦੇ ਹੋ ਕਿ ਸਾਨੂੰ ਇਹੋ ਜਿਹੀਆਂ ਗੱਲਾਂ ਬਿਲਕੁਲ ਖ਼ੁਫ਼ੀਆ ਰਖਣੀਆਂ ਚਾਹੀਦੀਆਂ ਹਨ। ਕਾਲੇ ਸਿਪਾਹੀ ਤਾਂ ਹੋਏ ਹੀ ਹੋਏ ਆਪਣੇ ਗੋਰੇ ਸਿਪਾਹੀਆਂ ਤੇ ਅਫ਼ਸਰਾਂ ਨੂੰ ਵੀ ਇਹੋ ਜਿਹੀਆਂ ਗੱਲਾਂ ਦੀ ਸੋਅ ਨਹੀਂ ਲਗਣੀ ਚਾਹੀਦੀ। ਜੇ ਇਹੋ ਜਿਹੀ ਗੱਲ ਕਿਤੇ ਨਿਕਲ ਗਈ ਤਾਂ ਜਾਣਦੇ ਹੋ ਕੈਡੀ ਨਮੋਸ਼ੀ ਹੋਵੇਗੀ? ਇਹ ਸਾਡੀ ਮਹਾਨ ਸਲਤਨੱਤ ਤੇ ਸਾਡੇ ਮਹਾਨ ਤੇ ਸਚੇ ਈਸਾਈ ਧਰਮ ਦਾ ਸੁਆਲ ਹੈ। ਇਸ ਤੋਂ ਇਲਾਵਾ ਇਹ ਚੀਜ਼ਾਂ ਸਿਪਾਹੀਆਂ ਉੱਤੇ ਵੀ ਮਾੜਾ ਅਸਰ ਪਾਂਦੀਆਂ ਹਨ। ਉਹ ਜਾਨ ਹੂਲ ਕੇ ਨਹੀਂ ਲੜਦੇ। ਤੇ ਓਧਰ ਜੇ ਖ਼ਾਲਸਈ ਸੈਨਾ ਨੂੰ ਇਸ ਦੀ ਭਿਣਕ ਪੈ ਗਈ ਤਾਂ ਉਹ ਭਾਵੇਂ ਇਹਨਾਂ ਦੋ ਸਰਦਾਰਾਂ ਨੂੰ ਮਾਰ ਹੀ ਮੁਕਾਏ ਤੇ ਸਾਡਾ ਬਣਿਆ ਬਣਾਇਆ ਖੇਲ ਵਿਗੜ ਜਾਏ।"

"ਮੈਂ ਖਿਮਾਂ ਦਾ ਜਾਚਕ ਹਾਂ ਸਰ ਹੀਊ ਗ਼ਫ਼", ਬਰਗੇਡੀਅਰ ਵੀਲਰ ਨੇ ਉਠ ਕੇ ਸਲੂਟ ਮਾਰੀ, "ਮੈਨੂੰ ਅਰਦਲੀ ਦਾ ਖ਼ਿਆਲ ਨਾ ਰਿਹਾ।"

"ਸਰ ਹੀਊ ਗ਼ਫ਼ ਤੁਹਾਡੇ ਖ਼ਿਆਲ ਵਿਚ ਪਹਿਲੀ ਲੜਾਈ ਕਦੋਂ ਹੋਏਗੀ?" ਬਰਗੇਡੀਅਰ ਮੈਕਾਸਿਕਲ ਨੇ ਪੁੱਛਿਆ।

"ਜੇ ਸਾਡੀ ਪਲੈਨ ਸਫ਼ਲ ਰਹੀ ਤਾਂ ਦੁਸ਼ਮਣ ਦਾ ਸੈਨਾਪਤੀ ਅਜ ਹੀ ਇਕ ਕਮਜ਼ੋਰ ਫ਼ੌਜ ਸਾਡੇ ਸਾਹਮਣੇ ਲਿਆਏਗਾ। ਅਸੀਂ ਥਕੇ ਹੋਏ ਜ਼ਰੂਰ ਹਾਂ, ਪਰ ਸਾਡੇ ਹਤੈਸ਼ੀਆਂ ਕੋਲੋਂ — ਸਾਨੂੰ ਆਪੋ ਵਿਚ ਵੀ ਉਹਨਾਂ ਦੇ ਨਾਂ ਲੈਣੇ ਨਹੀਂ ਚਾਹੀਦੇ — ਆਪਣੀ ਸੈਨਾ ਉੱਤੇ ਹੋਰ ਜ਼ਬਤ ਰਖਿਆ ਨਹੀਂ ਜਾ ਸਕਦਾ। ਸਿੱਖ ਸਾਡੇ ਨਾਲ ਲੜਨ ਵਾਸਤੇ ਤਰਲੋ ਮੱਛੀ ਹੋ ਰਹੇ ਹਨ ਤੇ ਮੇਰਾ ਖ਼ਿਆਲ ਹੈ ਕਿ ਦਸ ਬਾਰਾਂ ਹਜ਼ਾਰ ਫ਼ੌਜ ਅਜ ਸ਼ਾਮੀ ਹੀ ਸ਼ਾਇਦ ਸਾਡੇ ਉੱਤੇ ਹੱਲਾ ਕਰੇ। ਲੰਚ ਤੋਂ ਵਿਹਲਿਆਂ ਹੋ ਕੇ ਮੈਂ ਜੰਗ ਦੀ ਪਲੈਨ ਬਣਾਂਦਾ ਹਾਂ ਹੁਕਮ ਸਾਦਰ ਕਰਦਾ ਹਾਂ। ਅਜੇ ਤਕ ਲੰਚ ਤਿਆਰ ਕਿਉਂ ਨਹੀਂ ਹੋਇਆ?"

ਬਰਗੇਡੀਅਰ ਵੀਲਰ, ਜਿਹਨੂੰ ਹੁਣੇ ਹੁਣੇ ਝਾੜ ਪਈ ਸੀ, ਆਪਣੀ ਫ਼ਰਮਾਂ-ਬਰਦਾਰੀ ਵਿਖਾਣ ਵਾਸਤੇ ਲੰਚ ਦਾ ਪਤਾ ਕਰਨ ਲਈ ਉਠ ਗਿਆ ਤੇ ਬਰਗੇਡੀਅਰ ਮੈਕਾਸਿਕਲ ਕਹਿੰਦਾ ਗਿਆ, "ਤੁਸੀਂ ਸਰ ਗ਼ਫ਼, ਜ਼ਰਾ ਫ਼ਿਕਰ ਨਾ ਕਰੋ। ਇਸ ਦੇਸ਼ ਵਿਚ ਕੋਈ ਇਹੋ ਜਿਹੀ ਸੈਨਾ ਨਹੀਂ ਜਿਹੜੀ ਅੰਗਰੇਜ਼ੀ ਸੈਨਾ ਅਗੇ ਅੜ ਸਕੇ ਤੇ ਖ਼ਾਸ ਕਰ ਕੇ ਜਦੋਂ ਸੈਨਾਪਤੀ ਤੁਸੀਂ ਹੋਵੇ। ਅਸੀਂ ਪਲੋ ਪਲੀ ਖ਼ਾਲਸੇ ਦਾ ਕੰਮ ਤਮਾਮ ਕਰ ਦੇਵਾਂਗੇ। ਕਿਉਂ ਬਰਗੇਡੀਅਰ ਬੋਲਟਨ?"

"ਬੇਸ਼ਕ ਬਰਗੇਡੀਅਰ ਮੈਕਾਸਿਕਲ ਤੇ ਸਰ ਹੀਊ! ਅਸੀਂ ਸਿੱਖਾਂ ਦੇ ਪੈਰ ਨਹੀਂ ਲਗਣ ਦੇਣੇ। ਬੇਸ਼ਕ ਸਾਡੇ ਸਿਪਾਹੀ ਥੱਕੇ ਹੋਏ ਹਨ, ਪਰ ਸਿੱਖਾਂ ਉੱਤੇ ਫ਼ਤਹਿ ਪਾਣ ਵਾਸਤੇ ਅਸੀਂ ਕਾਲੇ ਤੇ ਗੋਰੇ ਸਿਪਾਹੀਆਂ ਨੂੰ ਖ਼ੂਬ ਭੜਕਾ ਕੇ ਤਿਆਰ ਕੀਤਾ ਹੋਇਆ ਹੈ। ਘੰਟੇ ਦੋ ਘੰਟੇ ਵਿਚ ਹੀ ਅਸੀਂ ਸਿੱਖਾਂ ਦੇ ਪੈਰ ਉਖਾੜ ਦਿਆਂਗੇ।"

Scanned by CamScanner

"ਰੱਬ ਕਰੇ ਇੰਜ ਹੀ ਹੋਵੇ", ਸਰ ਗ਼ਫ਼ ਜ਼ਰਾ ਚਿੰਤਾਤੁਰ ਸੀ, "ਅਜੇ ਤਕ ਐਨੀ ਵਡੀ ਫ਼ੌਜ ਸਾਨੂੰ ਕਿਸੇ ਕਾਲੀ ਫ਼ੌਜ ਦੇ ਸਨਮੁੱਖ ਇਕੱਠੀ ਨਹੀਂ ਕਰਨੀ ਪਈ। ਤਿਆਰੀਆਂ ਵੀ ਅਸੀਂ ਅਨੇਕ ਵਰ੍ਹਿਆਂ ਤੋਂ ਕਰ ਰਹੇ ਹਾਂ। ਸਮੇਂ ਵੀ ਸਾਨੂੰ ਏਸੇ ਦੀ ਹੀ ਉਡੀਕ ਸੀ। ਯਸੂਹ ਮਸੀਹ ਸਾਡਾ ਸਹਾਈ ਹੋਵੇ! ਆਪਣੇ ਹਤੈਸ਼ੀਆਂ ਤੋਂ ਇਲਾਵਾ ਅਸੀਂ ਹਿੰਦੂ, ਸਿੱਖ ਤੇ ਮੁਸ਼ਲਮ ਨਾਂ ਵਿਚ ਧਰਮ ਦੀ ਬਿਨਾ ਉੱਤੇ ਫੂਟ ਪੁਆਣ ਦੀ ਕੋਸ਼ਿਸ਼ ਕਰ ਰਹੇ ਹਾਂ। ਵੇਖੋ ..।"

"ਬਿਲਕੁਲ ਠੀਕ ਸਰ ਗ਼ਫ਼", ਬਰਗੇਡੀਅਰ ਬੋਲਟਨ ਨੇ ਉੱਤਰ ਦਿਤਾ, "ਇਹ ਤਰੀਕਾ ਸਦਾ ਸਾਡੇ ਕੰਮ ਆਇਆ ਹੈ ਏਥੇ ਭਾਵੇਂ ਇਹਦੀ ਵਰਤੋਂ ਕੁਝ ਮੁਸ਼ਕਲ ਲਗਦੀ ਹੈ, ਪਰ ਜੇ ਅਜ ਨਹੀਂ ਤਾਂ ਪਿਛੇ ਜਾ ਕੇ ਅਸੀਂ ਜ਼ਰੂਰ ਸਫਲ ਹੋਵਾਂਗੇ। ਨਾਲੇ ਹਿੰਦੁਸਤਾਨੀ ਆਪੋ ਆਪਣੇ ਧਰਮ ਵਾਸਤੇ ਐਡੇ ਅੰਧ ਵਿਸ਼ਵਾਸੀ ਹਨ ਕਿ ਇਹਨਾਂ ਨੂੰ ਪਲੋ ਪਲੀ ਮਜ਼ਹਬ ਉੱਤੋਂ ਪਾਗ਼ਲ ਬਣਾਇਆ ਜਾ ਸਕਦਾ ਹੈ।"

ਸਰ ਰਾਬਰਟ ਸੇਲ, ਜੋਜੜਾ ਅਜੇ ਤਕ ਚੁੱਪ ਰਿਹਾ ਸੀ ਬੋਲਿਆ, "ਸਾਨੂੰ ਯਸੂਹ ਤੋਂ ਸਦਾ ਡਰਨਾ ਚਾਹੀਦਾ ਹੈ। ਕੋਈ ਇਹੋ ਜਿਹੀ ਗੱਲ ਨਹੀਂ ਕਰਨੀ ਚਾਹੀਦੀ ਜਿਹੜੀ ਈਸਾਈਅਤ ਦੇ ਉੱਚੇ ਅਸੂਲਾਂ ਦੇ ਵਿਰੁਧ ਹੋਵੇ।"

ਲਗਦਾ ਸੀ ਕਿ ਸਰ ਰਾਬਰਟ ਸੇਲ ਦੇ ਮਨ ਉੱਤੇ ਕਿਸੇ ਗੱਲ ਦਾ ਭਾਰ ਹੈ। ਉਹਨੂੰ ਇਹ ਹਾਲਾਤ ਸੁਖਾ ਨਹੀਂ ਸਠ ਰਹੇ। ਜਾਪਦਾ ਸੀ ਕਿ ਉਹ ਨਾਖ਼ੁਸ਼ ਹੈ। ਕਿਉਂਕਿ ਅੰਗਰੇਜ ਹਿੰਦੁਸਤਾਨ ਵਿਚ ਈਸਾਈਅਤ ਦੇ ਉੱਚ ਅਸੂਲਾਂ ਉੱਤੋਂ ਡਿਗ ਰਹੇ ਹਨ। ਉਹਦੀ ਗੱਲ ਬਾਤ ਤੇ ਰਉਂ ਤੋਂ ਲਗਦਾ ਸੀ ਕਿ ਉਹ ਅੰਗਰੇਜ਼ ਹਕੂਮਤ ਵਲੋਂ ਵਰਤੇ ਗਏ ਛਲ ਤੇ ਕਪਟ ਬਾਬਤ ਖ਼ੁਸ਼ ਨਹੀਂ। ਉਹ ਕੁਝ ਮੁਰਝਾਇਆ ਹੋਇਆ ਸੀ। ਉਹਨੂੰ ਆਪਣੀ ਕੌਮ ਵਲੋਂ ਕੀਤੇ ਜਾ ਰਹੇ ਪਾਪਾਂ ਦਾ ਅਹਿਸਾਸ ਸੀ। ਸਰ ਰਾਬਰਟ ਸੇਲ ਦੇ ਉੱਤਰ ਵਿਚ ਸਰ ਹੀਊ ਗ਼ਫ਼ ਨੇ ਅਸਲੋਂ ਠੰਡੇ ਦਿਲ ਨਾਲ ਕਿਹਾ :

"ਹਾਂ ਸਰ ਰਾਬਰਟ, ਤੁਸੀਂ ਠੀਕ ਕਹਿੰਦੇ ਹੋ। ਅਸੀਂ ਹਿੰਦੁਸਤਾਨ ਨੂੰ ਆਪਣੇ ਨਹੀਂ ਈਸਾਈਅਤ ਵਾਸਤੇ ਤੇ ਸਚਾਈ ਦੀ ਵਿਜੇ ਵਾਸਤੇ ਜਿੱਤ ਰਹੇ ਹਾਂ। ਇਹ ਰੱਬ ਦਾ ਹੁਕਮ ਜਾਪਦਾ ਹੈ। ਕਾਲੇ ਤੇ ਜਾਂਗਲੀ ਹਿੰਦੁਸਤਾਨੀਆਂ ਨੂੰ ਸਭਿਆ ਬਣਾਉਣ ਦਾ ਉੱਤਮ ਮਿਸ਼ਨ ਸਾਡੇ ਸਾਹਮਣੇ ਹੈ। ਸਾਨੂੰ ਕੋਈ ਗੱਲ ਅਣਸੋਂਹਦੀ ਨਹੀਂ ਕਰਨੀ ਚਾਹੀਦੀ।"

ਸਰ ਰਾਬਰਟ ਸੇਲ ਨੇ ਸਰ ਹੀਊ ਗ਼ਫ਼ ਵਲ ਹੈਰਾਨ ਹੋ ਕੇ ਤੱਕਿਆ। ਉਹਦੇ ਚਿਹਰੇ ਤੋਂ ਲਗਦਾ ਸੀ ਕਿ ਉਹ ਸਰ ਗ਼ਫ਼ ਨੂੰ ਕੋਈ ਠੰਡੀ ਤੱਤੀ ਸੁਣਾਵੇਗਾ, ਪਰ ਇਸ ਤੋਂ ਪਹਿਲੇ ਕਿ ਉਹ ਕੁਝ ਕਹਿੰਦਾ ਬਰਗੇਡੀਅਰ ਵੀਲਰ ਆ ਗਿਆ।

"ਲੰਚ ਤਿਆਰ ਹੈ ਸਰ ਹੀਊ ਗ਼ਫ਼। ਤੇ ਹਾਂ ਹੁਣੇ ਹੁਣੇ ਖ਼ਬਰ ਆਈ ਹੈ ਕਿ ਸਿੱਖਾਂ ਦੀ ਇਕ ਬਹੁਤ ਵਡੀ ਸੈਨਾ ਸਾਡੇ ਵਲ ਵਧ ਰਹੀ ਹੈ।"

"ਇਕ ਬਹੁਤ ਵੱਡੀ ਸੈਨਾ ?" ਹੀਊ ਗ਼ਫ਼ ਘਬਰਾਇਆ।

"ਜੀ ! ਇਹੋ ਹਰਕਾਰਿਆਂ ਦੀ ਖ਼ਬਰ ਹੈ।"

"ਕੇਡੀ ਵਡੀ ?"

"ਤਿੰਨ ਚਾਰ ਡਵੀਯਨਾਂ ਦੇ ਲਗ ਭਗ।"

"ਇਹ ਨਹੀਂ ਹੋ ਸਕਦਾ। ਸਾਡੇ ਕੋਲ ਤਾਂ ਇਸ ਤੋਂ ਅੱਧੀ ਫ਼ੌਜ ਵੀ ਨਹੀਂ।"

"ਹਰਕਾਰਾ ਆਖਦਾ ਹੈ ਕਿ ਪੰਜਾਬੀ ਸੈਨਾ ਦਾ ਤੋਪਖਾਨਾ ਵੀ ਬੜਾ ਵਡਾ ਹੈ।"

"ਪੰਜਾਬੀ ਸੈਨਾ ਨਹੀਂ ਸਿੱਖ ਸੈਨਾ ਕਹੋ", ਹੀਊ ਗ਼ਫ਼ ਨੇ ਤਾੜਨਾ ਕੀਤੀ, "ਮੈਂ ਪੰਜਾਬੀ ਸੈਨਾ ਦਾ ਸ਼ਬਦ ਮੁੜ ਕੇ ਕਿਸੇ ਅਫ਼ਸਰ ਕੋਲੋਂ ਸੁਣਨਾ ਨਹੀਂ ਚਾਹੁੰਦਾ। ਅਜ ਤੈਨੂੰ ਬਰਗੇਡੀਅਰ ਹੋ ਕੀ ਗਿਆ ਹੈ। ਜੇ ਅਸੀਂ ਆਪ ਦੁਸ਼ਮਣ ਨੂੰ ਪੰਜਾਬੀ ਤੇ ਪੰਜਾਬੀ ਸੈਨਾ ਦੇ ਨਾਵਾਂ ਨਾਲ ਸੰਬੋਧਤ ਕਰਾਂਗੇ ਤਾਂ ਉਹਨਾਂ ਵਿਚ ਮਜ਼ਹਬ ਦੀ ਬਿਨਾ ਉੱਤੇ ਪਾੜ ਕਿਵੇਂ ਪਾਵਾਂਗੇ ? ਪੰਜਾਬੀ ਸ਼ਬਦ ਸਮੁੱਚੇ ਤੇ ਸਾਂਝੇ ਪੰਜਾਬ ਦਾ ਚਿੰਨ੍ਹ ਹੈ ਜਿਸ ਵਿਚ ਕਿ ਹਿੰਦੂ, ਸਿੱਖ ਤੇ ਮੁਸਲਮਾਨ ਤਿੰਨੇ ਜਾਤੀਆਂ ਕਿਸੇ ਹੱਦ ਤਕ ਇਕੱਠੀਆਂ ਹਨ, ਪਰ ਅਸੀਂ ਇਹਨਾਂ ਨੂੰ ਨਖੇੜਨਾ ਹੈ ਤੇ ਇਹ ਜੰਗ ਸਿੱਖਾਂ ਦੀ ਛੇੜੀ ਜੰਗ ਆਖਣੀ ਹੈ। ਮੁਸਲਮਾਨਾਂ ਤੇ ਹਿੰਦੂਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨੀ ਹੈ ਕਿ ਸਿੱਖਾਂ ਦੇ ਨੱਪੇ ਨਾ ਰਹਿਣ ਵਾਲੇ ਇਰਾਦਿਆਂ ਕਰ ਕੇ ਹੀ ਉਹਨਾਂ ਨੂੰ ਕਸ਼ਟ ਪਹੁੰਚ ਰਿਹਾ ਹੈ", ਤੇ ਫਿਰ ਉਸ ਉੱਥੇ ਜੁੜੇ ਆਪਣੇ ਵਡੇ ਵਡੇ ਅਫ਼ਸਰਾਂ ਉੱਤੇ ਅੱਖ ਫੇਰ ਕੇ ਕਿਹਾ,

Scanned by CamScanner

"ਮੁੜ ਕੇ ਇਹ ਸ਼ਬਦ ਵਰਤਿਆ ਨਾ ਜਾਏ। ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਮੈਨੂੰ ਇਸ ਪਦੋਂ ਖ਼ਾਸ ਹਦਾਇਤ ਕੀਤੀ ਹੈ।"

ਵਿਚਾਰੇ ਬਰਗੇਡੀਅਰ ਵੀਲਰ ਨੂੰ ਫਿਰ ਮੁਆਫ਼ੀ ਮੰਗਣੀ ਪਈ, ਪਰ ਬਰਗੇਡੀਅਰ ਵੀਲਰ ਤੇ ਬਾਕੀ ਵਡੇ ਅਫ਼ਸਰਾਂ ਨੂੰ ਲਗਿਆ ਕਿ ਸਰ ਗਫ਼ ਦੀ ਇਹ ਝਾੜ ਵੀਲਰ ਦੀ ਭੁੱਲ ਕਰ ਕੇ ਨਹੀਂ ਸਗੋਂ ਦੁਸ਼ਮਣ ਬਾਰੇ ਸੁਣੀ ਗਈ ਖ਼ਬਰ ਕਰ ਕੇ ਹੈ ਤੇ ਇਹਦੇ ਵਿਚ ਸ਼ਕ ਨਹੀਂ ਕਿ ਇਹ ਖ਼ਬਰ ਸੁਣ ਕੇ ਉਹ ਆਪ ਵੀ ਸਾਰੇ ਡਰ ਗਏ ਸਨ।

੧੨੯

ਅੰਗਰੇਜ਼ੀ ਸੈਨਾ ਦੇ ਵਡੇ ਵਤੇ ਅਫ਼ਸਰਾਂ ਦੇ ਤੰਬੂ ਤੇ ਉਹਨਾਂ ਦਾ ਲੰਗਰ ਮੁਦਕੀ ਦੇ ਉੱਤਰ ਵਲ ਉਪਸਥਿਤ ਦਾਬੇ ਦੇ ਲਾਗੇ ਸੀ। ਕਰਨਲ ਤੇ ਉਸ ਤੋਂ ਥੱਲੇ ਦੇ ਅਫ਼ਸਰ ਆਪਣੀਆਂ ਆਪਣੀਆਂ ਰਜਮੈਂਟਾਂ ਤੇ ਪਲਟਣਾਂ ਨਾਲ ਸਨ। ਸਾਢੇ ਕੁ ਬਾਰਾਂ ਵਜੇ ਸਰ ਹੀਊ ਗਫ਼ ਤੇ ਉਹਦੇ ਸਾਥੀਆਂ ਨੇ ਦੁਪਹਿਰ ਦਾ ਖਾਣਾ ਖ਼ਤਮ ਕੀਤਾ ਤੇ ਉਸ ਤੋਂ ਜਲਦੀ ਹੀ ਪਿਛੋਂ ਸੈਨਾਪਤੀ ਜੰਗ ਦੀ ਪਲੈਨ ਬਣਾਉਣ ਵਾਸਤੇ ਉੱਥੋਂ ਤੁਰ ਪਿਆ।

ਦੋ ਵਜੇ ਉਸ ਬਾਕੀ ਅਫ਼ਸਰਾਂ ਨੂੰ ਮੁਦਕੀ ਤੋਂ ਦੋ ਕੁ ਮੀਲ ਉੱਤਰ ਵਲ ਲੁਹਾਮ ਦੇ ਕੋਲ ਮਿਲਣ ਵਾਸਤੇ ਕਿਹਾ।

ਹੀਊ ਗਫ਼ ਚਲਾ ਗਿਆ ਤੇ ਸਾਰੇ ਅਫ਼ਸਰ ਬਰਗੇਡੀਅਰ ਵੀਲਰ ਨੂੰ ਮਖ਼ੌਲ ਕਰਨ ਲਗੇ।

"ਤੈਨੂੰ ਹੋ ਕੀ ਗਿਆ ਸੀ ਵੀਲਰ", ਇਕ ਨੇ ਕਿਹਾ, "ਤੂੰ ਤਾਂ ਸਦਾ ਡਰ ਡਰ ਕੇ ਰਹਿੰਦਾ ਹੈਂ ?"

"ਇਹ ਡਰ ਡਰ ਕੇ ਹੀ ਰਹਿਣ ਕਰ ਕੇ ਤਾਂ ਹੈ !" ਦੂਜੇ ਨੇ ਕਿਹਾ, "ਜੇ ਚੜਾ ਤਿੱਖਾ ਹੋਵੇ ਤਾਂ ਸੈਨਾਪਤੀ ਦਾ ਵਤੀਰਾ ਵੇਖ ਕੇ ਮੂੰਹ ਖੋਲ੍ਹੇ।"

ਬਰਗੇਡੀਅਰ ਵੀਲਰ ਜਿਹੜਾ ਸੈਨਾਪਤੀ ਗਫ਼ ਸਾਹਮਣੇ ਦਬਕਿਆ ਰਿਹਾ ਸੀ, ਹੁਣ ਭੜਕ ਕੇ ਬੋਲਿਆ, ਮੈਨੂੰ ਸੈਨਾਪਤੀ ਦੀ ਝਾੜ ਦੀ ਸਮਝ ਨਹੀਂ ਪਈ। ਉਸ ਆਪ ਕਲ੍ਹ ਲੁਧਿਆਣੇ ਤੇਜ ਸਿੰਘ ਤੇ ਲਾਲ ਸਿੰਘ ਦੇ ਨਾਂ ਲੈ ਕੇ ਮੇਰੇ ਨਾਲ ਗੱਲਾਂ ਕੀਤੀਆਂ ਤੇ ਮੈਂ ਆਪ ਗਵਰਨਰ ਜਨਰਲ ਨੂੰ ਪੰਜਾਬੀ ਸੈਨਾ ਦਾ ਸ਼ਬਦ ਵਰਤਦਿਆਂ ਸੁਣਿਆ ਹੈ। ਮੈਨੂੰ ਤਾਂ ਲਗਦਾ ਹੈ ਕਿ ਸੈਨਾਪਤੀ ਹੀਊ ਗਫ਼ ਅੱਜ ਦੀ ਲੜਾਈ ਤੋਂ ਡਰ ਰਿਹਾ ਹੈ।"

"ਹੈ ਵੀ ਸੱਚ," ਬਰਗੇਡੀਅਰ ਮੈਕਟੀਅਰ ਨੇ ਕਿਹਾ, "ਜੇ ਦੁਸ਼ਮਣ ਦੀ ਸੈਨਾ ਸਾਡੇ ਨਾਲੋਂ ਦੁਗਣੀ ਹੈ ਤਾਂ ਗੱਲ ਬਣਨ ਨਹੀਂ ਲਗੀ। ਸਾਡੀ ਸੈਨਾ ਥੱਕੀ ਹੋਈ ਵੀ ਹੈ। ਬੇ-ਹਯਾ ਕਾਲੇ ਸਿਪਾਹੀ ਤਾਂ ਚਾਰ ਮੀਲ ਟੁਰਦਿਆਂ ਹੀ ਥਕ ਜਾਂਦੇ ਹਨ। ਤੇ ਇਹਨਾਂ ਪੂਰਬੀਆਂ ਨੂੰ ਸਰਦੀ ਵੀ ਢੇਰ ਲਗਦੀ ਹੈ।"

"ਸਰਦੀ ਹੈ ਵੀ ਕਿਹੜੀ ਘਟ," ਨਿਖਰੀ ਹੋਈ ਧੁੱਪ ਵਿਚ ਵੀ ਬਰਗੇਡੀਅਰ ਵਾਈਟ ਆਪਣੇ ਹੱਥ ਮੱਲਦਾ ਹੋਇਆ ਬੋਲਿਆ, "ਬੇਸ਼ਕ ਸਾਡੇ ਦੇਸ ਵਿਚ ਬਰਫ਼ ਪੈਂਦੀ ਹੈ, ਪਰ ਇਹ ਕਮੀਨਾ ਮੁਲਕ ਵੀ ਸਰਦੀਆਂ ਵਿਚ ਕਾਫ਼ੀ ਠੰਡਾ ਹੋ ਸਕਦਾ ਹੈ।"

Scanned by CamScanner

ਬਰਗਡੀਅਰ ਬੋਲਟਨ ਇਹਨਾਂ ਅਫ਼ਸਰਾਂ ਵਿਚੋਂ ਸਭ ਤੋਂ ਫੁਰਤੀਲਾ ਤੇ ਕੱਟੜ ਲਗਦਾ ਸੀ । ਉਸ ਸਭ ਲੜਾਈ ਨੂੰ ਜੀ ਆਇਆਂ ਕਿਹਾ ਸੀ ਤੇ ਅੱਜ ਵੀ ਉਹਦਾ ਉਤਸ਼ਾਹ ਨਹੀਂ ਸੀ ਮਿਉਂਦਾ, ਉਹ ਉਤਾਵਲਾ ਸੀ ਤੇ ਉਹਦੀ ਉਤਾਵਲ ਗੁੱਝੀ ਨਹੀਂ ਸੀ ਰਹਿ ਸਕਦੀ ।

"ਇਹੋ ਜਿਹੀਆਂ ਢਾਊ ਗੱਲਾਂ ਸਾਨੂੰ ਨਹੀਂ ਕਰਨੀਆਂ ਚਾਹੀਦੀਆਂ । ਠੰਡ ਜਾਂ ਦੁਸ਼ਮਣ ਦੀ ਵਧ ਗਿਣਤੀ ਸਾਨੂੰ ਡੁਲਾ ਨਹੀਂ ਸਕਦੀ । ਅੰਗਰੇਜ਼ੀ ਸੈਨਾ ਇਕ ਇਕ ਤੇ ਤਿੰਨ ਤਿੰਨ ਦਾ ਮੁਕਾਬਲਾ ਕਰਨ ਦੇ ਯੋਗ ਹੈ । ਕੀ ਬਾਕੀ ਹਿੰਦੁਸਤਾਨ ਵਿਚ ਅਸੀਂ ਇਉਂ ਜਿੱਤਾਂ ਨਹੀਂ ਪਾਈਆਂ ?"

ਬਰਗੇਡੀਅਰ ਵਾਲਸ ਹੱਸਿਆ, "ਚਰਾ ਚੁੱਪ ਕਰ ਓ ਬਹਾਦਰਾ, ਘੜੀ ਆਰਾਮ ਕਰੋ ਲਈਏ । ਲੜਾਈ ਤਾਂ ਘੰਟੇ ਦੋ ਤਕ ਹੋਈ ਕਿ ਹੋਈ ।"

ਏਨੇ ਵਿਚ ਸਰ ਰਾਬਰਟ ਸੇਲ ਨੇ ਬਰਗੇਡੀਅਰ ਬੋਲਟਨ ਨੂੰ ਆਵਾਜ਼ ਮਾਰੀ । ਸਰ ਰਾਬਰਟ ਬਾਕੀ ਅਫ਼ਸਰਾਂ ਤੋਂ ਜ਼ਰਾ ਦੁਰਾਡੇ ਇਕੱਲਾ ਬੈਠਾ ਸੀ । ਰਾਬਰਟ ਤੇ ਬੋਲਟਨ ਇੰਗਲਸਤਾਨ ਵਿਚ ਵੀ ਕਈ ਵਾਰ ਮਿਲੇ ਸਨ ਤੇ ਫਰਾਂਸ ਵਿਚ ਵੀ । ਭਾਰਤ ਵਿਚ ਵੀ ਉਹ ਇਕ ਦੂਜੇ ਨੂੰ ਚਿਰਾਂ ਤੋਂ ਜਾਣਦੇ ਸਨ, ਤੇ ਸਭ ਤੋਂ ਵਡੀ ਚੀਜ਼; ਉਹ ਇਕ ਕਾਊਂਟੀ ਦੇ ਰਹਿਣ ਵਾਲੇ ਸਨ । ਵਖਰੀਆਂ ਵਖਰੀਆਂ ਤਬੀਅਤਾਂ ਦੇ ਕਾਰਨ ਬੇਸ਼ਕ ਉਹ ਕਦੀ ਵੀ ਇਕ ਦੂਜੇ ਦੇ ਬਹੁਤ ਨੇੜੇ ਨਹੀਂ ਸਨ ਆਏ, ਪਰ ਆਪਣੇ ਇਲਾਕੇ ਦੀ ਖਿੱਚ ਬੜੀ ਸ਼ੈ ਹੁੰਦੀ ਹੈ । ਸਰ ਰਾਬਰਟ ਅੱਜ ਉਦਾਸ ਸੀ ਤੇ ਉਸ ਆਪਣੇ ਦਿਲ ਦੀ ਭੜਾਸ ਆਪਣੇ ਵਿਚਾਰਾਂ ਦੇ ਵਿਰੋਧੀ ਬੋਲਟਨ ਅਗੇ ਹੀ ਕਢਣੀ ਚਾਹੀ । ਬੋਲਟਨ ਜਦੋਂ ਉਹਦੇ ਕੋਲ ਪਹੁੰਚਿਆ ਤਾਂ ਕਿੰਨਾ ਚਿਰ ਰਾਬਰਟ ਬੋਲਿਆ ਨਹੀਂ । ਬੋਲਟਨ ਦੇ ਦੋ ਤਿੰਨ ਵਾਰ ਪੁੱਛਣ ਤੇ ਉਸ ਕਿਹਾ :

"ਬਹਿ ਜਾ ਬੋਲਟਨ ।"

ਬੋਲਟਨ ਬਹਿ ਗਿਆ ।

"ਬੋਲਟਨ ! ਤੈਨੂੰ ਇਹ ਲੜਾਈ ਕਿਥੋਂ ਤਕ ਜਾਇਜ਼ ਲਗਦੀ ਹੈ ?"

"ਇਹ ਲੜਾਈ ਬਿਲਕੁਲ ਜਾਇਜ਼ ਹੈ ਰਾਬਰਟ । ਸਿੱਖਾਂ ਨੇ ਸਾਡੇ ਨਾਲ ਅਨੇਕ ਵਧੀਕੀਆਂ ਕੀਤੀਆਂ ਹਨ । ਬਚਨ ਤੋੜੇ ਹਨ ਤੇ ਹੁਰ ਹਾਲਤ ਵਿਚ ਸਾਨੂੰ ਪੰਜਾਬ ਉੱਤੇ ਉਂਜ ਵੀ ਕਬਜ਼ਾ ਕਰਨਾ ਚਾਹੀਦਾ ਹੈ ।"

"ਪਰ ਦਿਲੋਂ ਤੂੰ ਜਾਣਦਾ ਹੈਂ ਕਿ ਸਿੱਖਾਂ ਨੇ ਕੋਈ ਬਚਨ ਨਹੀਂ ਤੋੜਿਆ, ਉਹਨਾਂ ਕੋਈ ਸੰਧੀ ਭੰਗ ਨਹੀਂ ਕੀਤੀ, ਉਹਨਾਂ ਅਫ਼ਗਾਨਿਸਤਾਨ ਵਿਚ ਸਦਾ ਸਾਡੀ ਮਦਦ ਕੀਤੀ ਹੈ ਤੇ ਜੰਗ ਦੀਆਂ ਸਾਰੀਆਂ ਭੜਕਾਹਟਾਂ ਸਾਡੇ ਵਲੋਂ ਹੋਈਆਂ ਹਨ । ਮੈਂ ਹੈਰਾਨ ਹਾਂ ਬੋਲਟਨ ਕਿ ਅਸੀਂ ਆਪਣੀਆਂ ਕਰਨੀਆਂ ਦਾ ਦੋਸ਼ ਦੂਜੇ ਉੱਤੇ ਕਿਉਂ ਧਰਦੇ ਹਾਂ, ਅਸੀਂ ਆਪਣੇ ਨਾਲ ਸੱਚੇ ਕਿਉਂ ਨਹੀਂ ?"

"ਤੈਨੂੰ ਅੱਜ ਕੀ ਹੋ ਗਿਆ ਹੈ ਰਾਬਰਟ । ਮੈਂ ਜਾਣਦਾ ਹਾਂ ਕਿ ਤੂੰ ਧਰਮੀ ਪੁਰਸ਼ ਹੈਂ ਤੇ ਤੇਰੇ ਮੇਰੇ ਵਿਚਾਰ ਕਦੀ ਨਹੀਂ ਮਿਲੇ, ਪਰ ਮੇਰੇ ਮਿੱਤਰ ਇਹ ਦੇਸ਼, ਕੌਮ, ਤੇ ਈਸਾਈਅਤ ਦਾ ਸੁਆਲ ਹੈ । ਅਸੀਂ ..!"

"ਇਹੋ ਤਾਂ ਮੈਂ ਪੁੱਛਦਾ ਹਾਂ ਬੋਲਟਨ ! ਅਸੀਂ ਆਪਣੇ ਦੇਸ਼, ਆਪਣੀ ਕੌਮ, ਆਪਣੇ ਧਰਮ ਤੇ ਆਪਣੇ ਆਪ ਨਾਲ ਕਿਵੇਂ ਝੂਠ ਹੋ ਸਕਦੇ ਹਾਂ ? ਜਿਸ ਦੇਸ਼ ਦੇ ਅਸੀਂ ਐਨੇ ਫ਼ਖਰਮੰਦ ਹਾਂ ਅਸਾਂ ਉਸ ਦੇਸ ਦੀ ਦਿਆਨਤਦਾਰੀ ਤੇ ਸਚਾਈ ਨੂੰ ਲਾਜ ਲਾਈ ਹੈ । ਅਸਾਂ ਆਪਣੀ ਕੌਮ ਦੀਆਂ ਮਹਾਨ ਰੀਤੀਆਂ ਨੂੰ ਰੋਲ ਦਿਤਾ ਹੈ । ਤੇ ਅੱਜ ਤੋਂ ਸਾਡਾ ਸਭ ਤੋਂ ਪਵਿੱਤਰ ਮਜ਼ੂਬ ਸਭ ਤੋਂ ਸਸਤਾ ਹੋ ਗਿਆ ਹੈ । ਸਾਡੇ ਮਜ਼ੂਬ ਵਿਚ ਛਲ ਤੇ ਕਪਟ ਵਰਜਿਤ ਹੈ ਪਰ ਏਥੇ, ਇਸ ਵਿਚ, ਅਸੀਂ ਛਲ ਤੇ ਕਪਟ ਤੋਂ ਬਗ਼ੈਰ ਇਕ ਕਦਮ ਨਹੀਂ ਪੁੱਟਦੇ । ਅਸੀਂ ਕਿਉਂ ਐਨੇ ਗਿਰ ਗਏ ਹਾਂ ? ਅਸੀਂ ਕਿਉਂ ਸਚਾਈ ਨੂੰ ਨਹੀਂ ਅਪਣਾਉਂਦੇ ? ਕੀ ਤੂੰ ਇਨਕਾਰ ਕਰ ਸਕਦਾ ਹੈਂ ਕਿ ਅਸੀਂ ਆਪ ਇਸ ਲੜਾਈ ਦੀ ਤਿਆਰੀ ਕਰਦੇ ਆਏ ਹਾਂ ਤੇ ਇਹ ਕਿ ਅਸੀਂ ਆਪ ਇਹ ਮਹੀਨਾ ਤੇ ਇਹ ਸਾਲ ਲੜਾਈ ਲਈ ਨਿਯਤ ਕੀਤਾ ਸੀ । ਕੀ ਬਰਾਡਫੁਟ ਨੇ ਜਾਣ ਬੁਝ ਕੇ ਸਿੱਖਾਂ ਨੂੰ ਨਹੀਂ ਉਕਸਾਇਆ ? ਕੀ ਸਤਲੁਜ ਦੇ ਉਰਾਰ ਦੇ ਸਿੱਖ ਇਲਾਕਿਆਂ ਉੱਤੇ ਸਾਡਾ ਕਿਸੇ ਕਿਸਮ ਦਾ ਹੱਕ ਹੈ ? ਜੇ ਨਹੀਂ ਤਾਂ ਅਸੀਂ ਕਿਉਂ ਲਾਹੌਰ ਦਰਬਾਰ ਨਾਲ ਵਧੀਕੀਆਂ ਕਰਦੇ ਆਏ ਹਾਂ ? ਅਸਾਂ ਕਿਉਂ ਸੁਚੇਤ ਸਿੰਘ ਦਾ ਮਜ਼ਾਨਾ ਨਹੀਂ ਮੋੜਿਆ ? ਇਹ ਤੇ ਅਨੇਕ ਹੋਰ ਗੱਲਾਂ, ਬੋਲਟਨ, ਮੈਨੂੰ ਉਦਾਸ ਕਰ ਰਹੀਆਂ ਹਨ । ਇਹ ਯੋਗ ਨਹੀਂ । ਛਲ ਕਪਟ

Scanned by CamScanner

ਨਾਲ ਰੇਜ ਸਿੰਘ, ਲਾਲ ਸਿੰਘ, ਗੁਲੇ ਦੇ ਸਾਰੇ ਕਾਮ ਤ ਸਾਡੇ ਮਜ਼ਬ ਦਾ ਯਗ ਨਹੀਂ। ਅੱਜ ਮੈਨੂੰ ਆਪ ਯਸੂਹ ਮਸੀਹ ਸਾਨੂੰ ਫਿਟਕਾਰਾਂ ਪਾਂਦਾ ਲਗਦਾ ਹੈ।"

"ਨਿਰਾਸ ਹੋਣ ਦੀ ਲੋੜ ਨਹੀਂ ਸਰ ਰਾਬਰਟ," ਬੋਲਟਨ ਆਪਣੀ ਥਾਂ ਤੋਂ ਉਠ ਕੇ ਸਾਂਥੀ ਅੰਫਸਰ ਦੇ ਲਾਗੇ ਆਇਆ, "ਤੁੰ ਜਾਣਦਾ ਹੈਂ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਅੰਗਰੇਜ਼ੀ ਹਕੂਮਤ ਤੇ ਆਪਣੀ ਜਨੰਤਾ ਨੂੰ ਆਪਣੀ ਸਚਾਈ ਦਾ ਵਿਸ਼ਵਾਸ ਵੀ ਦਿਵਾਣਾ ਹੈ . ।"

"ਇਹੋ ਤਾਂ ਛਲ ਤੇ ਕਪਟ ਹੈ ਤੇ ਈਸਾਈਅਤ ਦੇ ਵਿਰੁਧ। ਜੇ ਸਾਡਾ ਦਿਲ ਹੋਰ ਹੈ ਤੇ ਮੁਖ ਹੋਰ ਤਾਂ ਅਸੀਂ ਸੱਚੇ ਈਸਾਈ ਨਹੀਂ। ਅਸੀਂ ਕਿਉਂ ਆਪਣੀ ਹਕੂਮਤ ਤੇ ਕੌਮ ਵਾਸੀਆਂ ਨੂੰ ਸੱਚ ਸੱਚ ਨਹੀਂ ਦਸ ਦੇਂਦੇ। ਅਸੀਂ ਕਿਉਂ ਆਪਣੇ ਆਪ ਨੂੰ ਧੋਖਾ ਦੇਂਦੇ ਹਾਂ। ਸਾਡਾ ਕਲਿਆਨ ਕਿਵੇਂ ਹੋਵੇਗਾ ?"

"ਸਾਡਾ ਕਲਿਆਨ ਹੋਵੇਗਾ ਕਿਉਂਕਿ ਅਸੀਂ ਭਾਰਤ ਦੇ ਕਰੋੜਾਂ ਵਾਸੀਆਂ ਨੂੰ ਈਸਾਈਅਤ ਦਾ ਸੁਨੇਹਾ ਪਹੁੰਚਾਵਾਂਗੇ, ਅਸੀਂ ਇਸ ਕੌਮ ਨੂੰ ਸਭਿਆ ਬਣਾਵਾਂਗੇ, ਕੀ ਇਹ ਘਟ ਹੈ।"

"ਬੋਲਟਨ ! ਤੂੰ ਤੇ ਮੈਂ ਇਕੋ ਕਾਊਂਟੀ ਵਿਚ ਪਲ ਕੇ ਵਡੇ ਹੋਏ ਹਾਂ, ਇਕੋ ਦੇਸ਼ ਵਿਚ ਸਾਹ ਲਿਆ ਹੈ, ਇਕੋ ਜਿਹੀ ਵਿਦਿਆ ਪਾਈ ਹੈ, ਇਕੋ ਜਿਹਾ ਚੌਗਿਰਦਾ ਤੱਕਿਆ ਹੈ, ਪਰ ਫਿਰ ਵੀ ਅਸੀਂ ਕਿੰਨਾ ਵਖਰਾ ਸੋਚਦੇ ਹਾਂ ਇਕ ਦੂਜੇ ਕੋਲੋਂ ? ਮੇਰੇ ਮਿੱਤਰ, ਇਹ ਦੇਸ ਅੰਨਾ ਗੰਵਾਰ ਨਹੀਂ ਜਿੰਨਾ ਅਸੀਂ ਸਮਝਦੇ ਹਾਂ। ਤੂੰ ਕਨਿੰਘਮ ਨੂੰ ਜਾਣਦਾ ਹੋਵੇਂਗਾ, ਉਹ ਪਿਛਲੇ ਅਠ ਸਾਲ ਸਿੱਖਾਂ ਦੇ ਮਜ਼ਬ ਤੇ ਇਹਨਾਂ ਦੀ ਸਭਿਅਤਾ ਦਾ ਅਧਿਐਨ ਕਰਦਾ ਆਇਆ ਹੈ ਤੇ "ਸਿੱਖ ਇਤਿਹਾਸ" ਨਾਮੀਂ ਇਕ ਕਿਤਾਬ ਵੀ ਲਿਖਣਾ ਚਾਹੁੰਦਾ ਹੈ। ਮੈਂ ਉਹਨੂੰ ਦੋ ਚਾਰ ਵਾਰ ਮਿਲਿਆ ਹਾਂ ਤੇ ਉਸ ਮੈਨੂੰ ਦਸਿਆ ਹੈ ਕਿ ਸਿੱਖਾਂ ਦਾ ਧਰਮ ਬੜਾ ਉੱਚਾ ਤੇ ਸੁੱਚਾ ਧਰਮ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਨੂੰ ਏਥੇ ਈਸਾਈ ਮਤ ਦਾ ਪਰਚਾਰ ਨਹੀਂ ਕਰਨਾ ਚਾਹੀਦਾ, ਪਰ ਮੈਂ ਸਿਰਫ ਇਹ ਕਹਿੰਦਾ ਹਾਂ ਕਿ ਸਾਨੂੰ ਛਲ ਤੇ ਕਪਟ ਨਹੀਂ ਵਰਤਣਾ ਚਾਹੀਦਾ ! ਮੈਂ ਆਪ ਹਿੰਦੁਸਤਾਨ ਦਾ ਇਤਿਹਾਸ ਤੇ ਇਹਦੀ ਸਭਿਅਤਾ ਦੀ ਕਹਾਣੀ ਨਹੀਂ ਪੜੀ, ਪਰ ਕਨਿੰਘਮ ਕਹਿੰਦਾ ਹੈ ਕਿ ਜਦੋਂ ਯੂਰਪ ਵਿਚ ਅਸੀਂ ਲੋਕ ਬੇ-ਮਜ਼ਬ ਸਾਂ ਤੇ ਜਦੋਂ ਯਸੂਹ ਮਸੀਹ ਅਜੇ ਦੁਨੀਆਂ ਵਿਚ ਨਹੀਂ ਸਨ ਪਧਾਰੇ, ਇਸ ਦੇਸ਼ ਵਿਚ ਉਦੋਂ ਵੀ ਸਾਹਿੱਤ ਤੇ ਕਲਾ ਪ੍ਰਫੁਲਤ ਸੀ। ਬੁਧ ਧਰਮ ਵਰਗਾ ਇਕ ਮਹਾਨ ਧਰਮ ਇਸ ਦੇਸ਼ ਦੀ ਧਰਤੀ ਉੱਤੋਂ ਉਤਪੰਨ ਹੋਇਆ। ਤੂੰ ਜਾਣਦਾ ਹੈਂ ਕਿ ਬੁਧ ਤੇ ਈਸਾਈ ਧਰਮ ਵਿਚ ਕੇਡੀ ਸਮਤੁਲਤਾ ਹੈ ? ਤੇ ਇਹ ਵੀ ਸੱਚ ਹੈ ਕਿ ਇਸ ਦੇਸ਼ ਵਿਚ ਅਨੇਕ ਮਹਾਨ ਪ੍ਰਤਿਭਾਵਾਂ ਪੈਦਾ ਹੋਈਆਂ ਹਨ। ਕਨਿੰਘਮ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਵਰਗੀ ਸੂਝਵਾਨ, ਮੌਲਕ, ਬੁੱਧੀਮਾਨ ਤੇ ਬਹਾਦਰ ਪ੍ਰਤਿਭਾ ਦੁਨੀਆਂ ਵਿਚ ਕਿਤੇ ਘਟ ਵਧ ਹੀ ਵੇਖਣ ਵਿਚ ਆਈ ਹੈ। ਇਹ ਹੀ ਨਹੀਂ ਬੋਲਟਨ ! ਜਿਸ ਫੂੰ ਫਾਂ ਨਾਲ ਅਸੀਂ ਭਾਰਤ ਵਾਸੀਆਂ ਨੂੰ ਗੰਵਾਰ ਸਮਝ ਕੇ ਇਹਨਾਂ ਨੂੰ ਸਭਿਆ ਬਣਾਉਣਾ ਚਾਹੁੰਦੇ ਹਾਂ ਇਹ ਵੀ ਸਾਡੇ ਧਰਮ ਦੀ ਸਪਿਰਟ ਦੇ ਵਿਰੁਧ ਹੈ।"

ਬੋਲਟਨ ਉਰਾਵਲਾ ਹੋ ਰਿਹਾ ਸੀ।

"ਪਰ ਰਾਬਰਟ, ਅੱਜ ਇਹਨਾਂ ਸਾਰੀਆਂ ਗੱਲਾਂ ਦਾ ਕੀ ਮਤਲਬ ਹੈ ?"

ਰਾਬਰਟ ਚੁੱਪ ਕੱਚ ਗਿਆ। ਸ਼ਾਇਦ ਉਹਨੂੰ ਆਪ ਵੀ ਸਮਝ ਨਾ ਆਈ ਕਿ ਉਹਨੂੰ ਕੀ ਹੋ ਗਿਆ ਹੈ। ਬੇਸ਼ਕ ਉਹ ਇਕ ਸਮੇਂ ਤੋਂ ਇਹਨਾਂ ਲੋਹਾਂ ਉੱਤੇ ਸੋਚਦਾ ਆਇਆ ਸੀ, ਪਰ ਸ਼ਾਇਦ ਉਹਨੂੰ ਅੱਜ ਜੇਡੀ ਗਿਲਾਨੀ ਕਦੇ ਨਹੀਂ ਸੀ ਹੋਈ। ਉਹਨੂੰ ਆਪਣੇ ਆਪ ਤੇ ਆਪਣੇ ਕੌਮੀ ਸਾਥੀਆਂ ਨਾਲ ਅੱਜ ਵਾਂਗ ਕਦੇ ਘਿਰਨਾ ਨਹੀਂ ਸੀ ਹੋਈ। ਤੇ ਫਿਰ ਉਹ ਆਪ ਵੀ ਹੈਰਾਨ ਸੀ ਕਿ ਕਿਵੇਂ ਉਸ ਬੋਲਟਨ ਵਰਗੇ ਆਦਮੀ ਅਗੇ ਇਹੋ ਜਿਹੀਆਂ ਗੱਲਾਂ ਕੀਤੀਆਂ। ਬੋਲਟਨ ਝੋਟਾ ਸੀ, ਝੋਟੇ ਵਾਂਗ ਹੀ ਉਹਦੀ ਅਕਲ ਕੁੰਦ ਸੀ। ਝੋਟੇ ਵਾਂਗ ਹੀ ਉਹ ਖਾਂਦਾ ਸੀ। ਸਰ ਰਾਬਰਟ ਸੇਲ ਆਪਣੇ ਆਪ ਉੱਤੇ ਹੈਰਾਨ ਹੁੰਦਿਆਂ ਤੇ ਉਹ ਚੁੱਪ ਕਰ ਗਿਆ।

"ਅੱਜ ਦੇ ਦਿਨ ਰਾਬਰਟ, ਸਾਨੂੰ ਤਾਂ ਉਤਸ਼ਾਹੀ ਹੋਣਾ ਚਾਹੀਦਾ ਹੈ। ਅੱਜ ਮੈਨੂੰ ਜਾਪਦਾ ਹੈ, ਅੰਗਰੇਜ਼ ਕੌਮ ਸਾਰੇ ਹਿੰਦੁਸਤਾਨ ਦੀ ਮਾਲਕ ਬਣੇਗੀ। ਅੱਜ ਦਾ ਦਿਨ ਸਾਡੀ ਕੌਮ ਤੇ ਸਾਡੇ ਧਰਮ ਦੇ ਇਤਿਹਾਸ ਦਾ ਪਵਿੱਤਰ ਦਿਨ ਹੈ। ਅੱਜ ਸਾਨੂੰ ਢਾਊ ਵਿਚਾਰਾਂ ਨੂੰ ਨੇੜੇ ਫਟਕਣ ਨਹੀਂ ਦੇਣਾ ਚਾਹੀਦਾ।"

Scanned by CamScanner

ਰਾਬਰਟ ਸੇਲ ਨੇ ਬੋਲਟਨ ਵਲ ਵੇਖਿਆ ਤੇ ਬੋਲਟਨ ਮੌਕਾ ਤਾੜ ਕੇ ਕਹਿੰਦਾ ਗਿਆ, "ਅੱਜ ਮੇਰੀਆ ਅੱਖਾ ਅਫ਼ਗਾਨਿਸਤਾਨ ਉੱਤੇ ਗੱਡੀਆਂ ਹੋਈਆਂ ਹਨ। ਜੇ ਅੱਜ ਦੀ ਜੰਗ ਜਿੱਤੀ ਗਈ ਤੇ ਅਸੀਂ ਖਾਲਸੇ ਨੂੰ ਦਬਾਉਣ ਵਿਚ ਸਫਲ ਹੋਏ ਤਾਂ ਅਸੀਂ ਕੁਝ ਹੀ ਸਾਲਾਂ ਵਿਚ ਸਾਰਾ ਮਧ ਪੂਰਬ ਆਪਣੇ ਕਬਜ਼ੇ ਵਿਚ ਕਰ ਲਵਾਂਗੇ। ਅੰਗਰੇਜ਼ੀ ਹਕੂਮਤ ਉੱਤੇ ਸੂਰਜ ਕਦੀ ਨਹੀਂ ਛੁਪਦਾ ਤੇ ਕਦੀ ਨਹੀਂ ਛੁਪੇਗਾ। ਜੂਸ ਨੂੰ ਉਠਣ ਦਾ ਕਦੀ ਮੌਕਾ ਨਹੀਂ ਮਿਲੇਗਾ। ਅੱਜ ਦਾ ਦਿਨ ਇਤਿਹਾਸਕ ਦਿਨ ਹੈ, ਸਰ ਰਾਬਰਟ !"

ਸਰ ਰਾਬਰਟ ਨੇ ਆਪਣੀ ਘੜੀ ਵਲ ਵੇਖਿਆ। ਡੇਢ ਵਜ ਚੁਕਾ ਸੀ। ਉਸ ਕਿਹਾ, "ਰੱਬ ਕਰੇ ਜੋ ਕੁਝ ਤੂੰ ਕਹਿੰਦਾ ਹੈਂ ਉਹ ਸੱਚ ਹੋਵੇ। ਪਰ ਬੋਲਟਨ ਅਸੀਂ ਭਾਰਤੀ ਕੌਮ ਵਰਗੀ ਕੌਮ ਨੂੰ ਸਦਾ ਲਈ ਗ਼ੁਲਾਮ ਬਣਾ ਕੇ ਨਹੀਂ ਰਖ ਸਕਦੇ। ਖ਼ਾਸ ਕਰ ਕੇ ਜਦੋਂ ਅਸੀਂ ਇਸ ਕੌਮ ਨੂੰ ਛਲ ਤੇ ਕਪਟ ਨਾਲ ਮਾਰਿਆ ਹੋਵੇ। ਇਕ ਨਾ ਇਕ ਦਿਨ ਸਾਨੂੰ ਏਥੋਂ ਆਪਣਾ ਲੀਹਾ ਲਾਂਝਾ ਗੋਲ ਕਰਨਾ ਹੀ ਪਵੇਗਾ ਤੇ ਉਦੋਂ ਸਾਨੂੰ ਸਾਡੀਆਂ ਕੀਤੀਆਂ ਦੀ ਸੋਝੀ ਆਵੇਗੀ। ਅਸੀਂ ਆਪਣੀਆਂ ਨਜ਼ਰਾਂ ਵਿਚ ਇੰਜ ਡਿਗਾਂਗੇ ਕਿ ਮੁੜ ਕੇ ਸੁਰਖ਼ਰੂ ਨਹੀਂ ਹੋਣ ਲਗੇ। ਗਵਰਨਰ ਜਨਰਲ ਨਾਲ ਅਗਲੀ ਮੁਲਾਕਾਤ ਵੇਲੇ ਮੈਂ ਉਹਦੇ ਨਾਲ ਜ਼ਰੂਰ ਕੁਝ ਦਿਲ ਦੀਆਂ ਗੱਲਾਂ ਕਰਨੀਆਂ ਹਨ ਤੇ ਫਿਰ ਵਾਪਸ ਇੰਗਲਸਤਾਨ ਮੁੜ ਜਾਣਾ ਹੈ। ਇਹ ਮੇਰੀ ਹਿੰਦੁਸਤਾਨ ਵਿਚ ਆਖ਼ਰੀ ਲੜਾਈ ਹੈ...।"

ਬੋਲਟਨ ਨੇ ਗ਼ੁੱਸੇ ਭਰਪੂਰ ਅੱਖਾਂ ਨਾਲ ਰਾਬਰਟ ਸੇਲ ਵਲ ਤੱਕਿਆ ਤੇ ਮਨ ਹੀ ਮਨ ਵਿਚ ਕਿਹਾ :

"ਤੈਨੂੰ ਰੱਬ ਅੱਜ ਹੀ ਲੈ ਲਵੇ...।"

ਰਾਬਰਟ ਨੇ ਮਹਿਸੂਸ ਕੀਤਾ ਕਿ ਜੋ ਕੁਝ ਬੋਲਟਨ ਨੇ ਆਪਣੇ ਮਨ ਹੀ ਮਨ ਕਿਹਾ ਹੈ, ਉਸ ਸੁਣ ਲਿਆ ਹੈ ਤੇ ਉਸ ਆਪਣੀ ਸਲੀਬ ਨੂੰ ਚੁੰਮਿਆ। "ਮੈਂ ਲੁਹਾਮ ਚਲਦਾ ਹਾਂ ਬੋਲਟਨ, ਹੌਲੀ ਹੌਲੀ। ਤੁਸੀਂ ਲੋਕ ਜਵਾਨ ਹੋ। ਘੋੜੇ ਦੁੜਾ ਕੇ ਵਕਤ ਸਿਰ ਪਹੁੰਚ ਜਾਓਗੇ।" ਸਰ ਰਾਬਰਟ ਸੇਲ ਟੁਰ ਪਿਆ, ਪਰ ਜੀ ਉਹਦਾ ਅੱਜ ਬੜਾ ਉਦਾਸ ਸੀ। ਬੋਲਟਨ ਨੇ ਬਾਕੀ ਅਫ਼ਸਰਾਂ ਨੂੰ ਸਰ ਰਾਬਰਟ ਨਾਲ ਹੋਈ ਗੱਲ ਬਾਤ ਦਾ ਸਾਰੰਸ਼ ਦਸਿਆ। ਬਾਕੀ ਅਫ਼ਸਰ ਹੱਸੇ। "ਦਿਮਾਗ਼ ਖ਼ਰਾਬ ਹੋ ਰਿਹਾ ਹੈ ਪਾਗ਼ਲ ਦਾ।" "ਬਹੁਤ ਧਰਮੀ ਤੇ ਮਜ਼ਬੂਬੀ ਸਿਪਾਹੀ ਵੀ ਸੈਨਾ ਨੂੰ ਖ਼ਰਾਬ ਕਰਦਾ ਹੈ।" "ਮੈਨੂੰ ਇਹ ਪਾਰਸਾਅ ਕਦੀ ਵੀ ਚੰਗਾ ਨਹੀਂ ਲਗਾ।"

ਦੋ ਵਜੇ ਸਾਰੇ ਅਫ਼ਸਰ ਲੁਹਾਮ ਇਕੱਤਰ ਹੋਏ ਤੇ ਸਰ ਹੀਊ ਗਫ਼ ਨੇ ਆਪਣੀ ਪਲੈਨ ਸਮਝਾਈ। ਪਹਿਲੀ ਪਾਲ ਵਿਚ ਉਸ ਸੱਜੇ ਹੱਥ ਬਰਗੇਡੀਅਰ ਵਾਈਟ ਦਾ ਰਸਾਲਾ ਰਖਿਆ ਤੇ ਖੱਬੇ ਹੱਥ ਬਰਗੇਡੀਅਰ ਮੈਕਟੀਅਰ ਦਾ। ਰਸਾਲੇ ਦੇ ਪਿਛੇ ਪਿਆਦਾ ਫ਼ੌਜ ਸੀ। ਸੱਜੇ ਹੱਥ ਬਰਗੇਡੀਅਰ ਬੋਲਟਨ ਤੇ ਵੀਲਰ ਤੇ ਖੱਬੇ ਹੱਥ ਬਰਗੇਡੀਅਰ ਵਾਲਸ। ਵਿਚਕਾਰ ਤੋਪਾਂ ਸਨ ਤੇ ਜਰਨੈਲ ਗਿਲਬਰਟ ਆਪਣੇ ਡਵੀਯਨ ਨਾਲ।

ਸਰ ਹੀਊ ਗਫ਼ ਨੇ ਸਮਝਾਇਆ ਕਿ ਸਭ ਤੋਂ ਪਹਿਲੇ ਹੱਲਾ ਰਸਾਲਾ ਬੋਲੇਗਾ ਤੇ ਰਸਾਲੇ ਦੀ ਲੜਾਈ ਜਿੱਤ ਕੇ ਪਿਆਦਾ ਸੈਨਾ ਅਗੇ ਵਧੇਗੀ। ਤੋਪਖ਼ਾਨਾ ਦੋਹਾਂ ਹੱਲਿਆਂ ਦੀ ਸਹਾਇਤਾ ਕਰੇਗਾ। ਉਸ ਇਹ ਵੀ ਦਸਿਆ ਕਿ ਤਾਜ਼ਾ ਖ਼ਬਰਾਂ ਅਨੁਸਾਰ ਦੁਸ਼ਮਣ ਦੀ ਸੈਨਾ ਐਨੀ ਨਹੀਂ ਜਿੰਨੀ ਕਿ ਪਹਿਲੀਆਂ ਖ਼ਬਰਾਂ ਅਨੁਸਾਰ ਦੱਸੀ ਗਈ ਸੀ। ਬੇਸ਼ਕ ਦੁਸ਼ਮਣ ਅੰਗਰੇਜ਼ਾਂ ਨਾਲੋਂ ਹੈ ਜ਼ਿਆਦਾ , ਪਰ ਕਿਥੇ ਅੰਗਰੇਜ਼ੀ ਸੈਨਾ ਦਾ ਹੌਸਲਾ ਤੇ ਤਰਬੀਅਤ ਤੇ ਕਿਥੇ ਖ਼ਾਲਸਈ ਸੈਨਾ ?" ਉਸ ਆਖਿਆ, "ਅੱਜ ਤੁਸੀਂ, ਬਹਾਦਰੋ, ਇਕ ਬੜੀ ਅਹਿਮ ਲੜਾਈ ਲੜ ਰਹੇ ਹੋ। ਅੱਜ ਦੀ ਲੜਾਈ ਹਰ ਪਹਿਲੂ ਤੋਂ ਇਤਿਹਾਸਕ ਲੜਾਈ ਹੈ। ਇਸ ਲੜਾਈ ਉੱਤੇ ਹੀ ਪੰਜਾਬ ਦੀ ਫ਼ਤਿਹ ਨਿਰਭਰ ਹੈ। ਮੈਂ ਜਾਣਦਾ ਹਾਂ ਤੁਹਾਡੇ ਸਿਪਾਹੀ ਥੱਕੇ ਹੋਏ ਹਨ ਤੇ ਦੁਸ਼ਮਣ ਦਾ ਤੋਪਖ਼ਾਨਾ ਭਾਰੀ ਹੈ, ਪਰ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਆਪਣੀ ਕੌਮ ਤੇ ਆਪਣੇ ਮਜ਼ਬ ਅੱਗੇ ਸੱਚੇ ਪਵੋਗੇ। ਅੱਜ ਸਾਰਾ ਇੰਗਲਸਤਾਨ ਤੇ ਸਾਰੀ ਈਸਾਈ ਦੁਨੀਆਂ ਤੁਹਾਡੇ ਵਲ ਵੇਖ ਰਹੀ ਹੈ।" ਸਰ ਹੀਊ ਗਫ਼ ਨੇ ਆਪਣੇ ਹੁਕਮ ਖ਼ਤਮ ਕੀਤੇ ਤੇ ਸਰ ਰਾਬਰਟ ਸੇਲ ਨੇ ਉਸ ਵਲ ਵੇਖਿਆ। "ਕੋਈ ਸ਼ਕ ਹੈ ਸਰ ਰਾਬਰਟ !"

"ਨਹੀਂ ਸਰ ਗਫ਼। ਅੱਜ ਦੀ ਲੜਾਈ ਬੇਸ਼ਕ ਇਤਿਹਾਸਕ ਲੜਾਈ ਹੈ। ਸਾਰੀ ਕੌਮ ਤੇ ਸਾਰੀ ਈਸਾਈ ਦੁਨੀਆਂ ਅੱਜ ਸਾਡੇ ਵਲ ਵੇਖ ਰਹੀ ਹੈ। ਅਸੀਂ ਝੂਠੇ ਨਹੀਂ ਪੈਣਾ ਜਿੱਤ ਸਾਡੀ ਹੋਵੇਗੀ।" ਸਾਰੇ ਅਫ਼ਸਰਾਂ ਨੇ ਹੈਰਾਨ ਪਰੇਸ਼ਾਨ ਸਰ ਰਾਬਰਟ ਵਲ ਵੇਖਿਆ ਤੇ ਸਭ ਤੋਂ ਵਧ ਹੈਰਾਨੀ ਨਾਲ ਬਰਗੇਡੀਅਰ ਬੋਲਟਨ ਨੇ...।

Scanned by CamScanner

ਸਤਾਰਾਂ ਦਸੰਬਰ ੧੯੪੫ ਦੀ ਸਵੇਰ ਸਾਰ ਸਰਦਾਰ ਲਾਲ ਸਿੰਘ, ਪੰਜਾਬ ਹਕੂਮਤ ਦਾ ਮੁਖ ਮੰਤਰੀ, ਤੇ ਸਰਦਾਰ ਤੇਜ ਸਿੰਘ, ਪੰਜਾਬੀ ਸੈਨਾ ਦਾ ਸੈਨਾਪਤੀ, ਫੇਰੂ ਸ਼ਹਿਰ ਵਿਚ ਮਿਲੇ। ਪਿਛਲੇ ਹਫ਼ਤੇ ਵਿਚ ਇਹ ਇਕ ਦੂਜੇ ਨੂੰ ਚੋਰੀ ਛੱਪੀ ਸਿਰਫ਼ ਥੋੜੇ ਥੋੜੇ ਸਮੇਂ ਲਈ ਮਿਲਦੇ ਰਹੇ ਸਨ। ਇਹ ਦੋਵੇਂ ਸਿਆਣੇ ਆਦਮੀ ਆਪਣੇ ਜਰਨੈਲਾਂ ਤੇ ਸਰਦਾਰਾਂ ਸਾਹਮਣੇ ਕਦੀ ਇਕੱਠੇ ਨਹੀਂ ਸਨ ਆਉਂਦੇ। ਇਹਦੇ ਵਿਚ ਇਕ ਭੇਦ ਸੀ। ਜਦੋਂ ਕੋਈ ਜਰਨੈਲ ਜਾਂ ਸਰਦਾਰ ਕੋਈ ਔਖਾ ਸਵਾਲ ਪੁੱਛਦਾ ਤਾਂ ਇਹ ਫ਼ੈਸਲੇ ਦੀ ਜ਼ਿਮੇਂਵਾਰੀ ਇਕ ਦੂਜੇ ਉੱਤੇ ਸੁੱਟ ਦੇਂਦੇ। ਜੇ ਸਰਦਾਰ ਲਾਲ ਸਿੰਘ ਨੂੰ ਕੋਈ ਪੁੱਛਦਾ :

"ਸਰਦਾਰ ਜੀ ! ਫ਼ੀਰੋਜ਼ਪੁਰ ਨੂੰ ਅਵੱਸ਼ ਮਾਰਨਾ ਚਾਹੀਦਾ ਹੈ। ਉਡੀਕਣਾ ਯੋਗ ਨਹੀਂ।"

ਤਾਂ ਸਰਦਾਰ ਲਾਲ ਸਿੰਘ ਆਖਦਾ, "ਮੈਂ ਤੁਹਾਡੇ ਨਾਲ ਸਹਿਮਤ ਹਾਂ। ਮੈਂ ਅੱਜ ਹੀ ਸੈਨਾਪਤੀ ਤੇਜ ਸਿੰਘ ਨਾਲ ਸਲਾਹ ਕਰਾਂਗਾ।"

ਇਸੇ ਤਰ੍ਹਾਂ ਸੈਨਾਪਤੀ ਤੇਜ ਸਿੰਘ ਮੁਖ ਮੰਤਰੀ ਲਾਲ ਸਿੰਘ ਨਾਲ ਸਲਾਹ ਕਰਨ ਦਾ ਲਾਰਾ ਲਾਂਦਾ।

ਲਾਰਿਆਂ ਦੇ ਵਿਚ ਹੀ ਇਹਨਾਂ ਨੇ ਛੇ ਦਿਨ ਲੰਘਾ ਦਿਤੇ। ਛੇ ਦਿਨ ? ਯੁਧਾਂ ਦੇ ਦੌਰਾਨ ਇਕ ਇਕ ਪਲ ਕੀਮਤੀ ਹੁੰਦਾ ਹੈ। ਯੁਧਾਂ ਦੇ ਦੌਰਾਨ ਇਕ ਇਕ ਮੌਕੇ ਨੂੰ ਅਪਨਾਣ ਜਾਂ ਗੁਆਣ ਉੱਤੇ ਫ਼ਤਿਹ ਤੇ ਸ਼ਿਕੱਸਤ ਦੇ ਫ਼ੈਸਲੇ ਹੋ ਜਾਂਦੇ ਹਨ ਤੇ ਏਥੇ ਮੁਖ ਮੰਤਰੀ ਤੇ ਸੈਨਾਪਤੀ ਨੇ ਛੇ ਦਿਨ ਲਾਰਿਆਂ ਵਿਚ ਗੁਆ ਦਿਤੇ।

ਸਤਾਰਾਂ ਦਸੰਬਰ ਸਵੇਰੇ ਜਰਨੈਲ ਇਹਨਾਂ ਦੋ ਸਰਦਾਰਾਂ ਕੋਲ ਪੁੱਜੇ ਤੇ ਉਹਨਾਂ ਨੇ ਮਾਨੋਂ ਇਕ ਤਰ੍ਹਾਂ ਨਾਲ ਇਹਨਾਂ ਦੋਹਾਂ ਨੂੰ ਫ਼ੌਜ ਵਲੋਂ ਧਮਕੀ ਦਿਤੀ। ਉਹਨਾਂ ਆਖਿਆ ਕਿ ਸੈਨਾ ਲੜਾਈ ਲਈ ਬੇਤਾਬ ਹੈ, "ਪਹਿਲੇ ਤੁਸੀਂ ਫ਼ੀਰੋਜ਼ਪੁਰ ਉੱਤੇ ਹੱਲਾ ਨਹੀਂ ਬੋਲਿਆ ਤਾਂ ਜੋ ਪੰਜਾਬੀ ਸੈਨਾ ਸਿੱਧੀ ਗਵਰਨਰ ਜਨਰਲ ਨਾਲ ਲੜ ਸਕੇ ਤੇ ਹੁਣ ਸੈਨਾ ਨੇ ਸੁਣਿਆ ਹੈ ਕਿ ਗਵਰਨਰ ਜਨਰਲ ਵੀ ਲੁਧਿਆਣੇ ਤੋਂ ਟੁਰ ਪਿਆ ਹੈ। ਹੁਣ, ਸੈਨਾ ਪੁਛਦੀ ਹੈ, ਸਾਨੂੰ ਕਿਸ ਸਮੇਂ ਦੀ ਉਡੀਕ ਹੈ। ਤੁਸੀਂ ਕੋਈ ਸਬੀਲ ਸੋਚੋ।"

ਅੱਜ ਤੇਜ ਸਿੰਘ ਤੇ ਲਾਲ ਸਿੰਘ ਨੂੰ ਲਗਾ ਕਿ ਉਹਨਾਂ ਨੂੰ ਇਕ ਦੂਜੇ ਨੂੰ ਮਿਲਣਾ ਹੀ ਪਵੇਗਾ ਤੇ ਇਹ ਕਿ ਅੱਜ ਲਾਰੇ ਲਾਉਣ ਦੀ ਰੀਤੀ ਮੁੱਲ ਨਹੀਂ ਤਾਰੇਗੀ। ਤੇਜ ਸਿੰਘ ਉਦੋਂ ਸਭਰਾਵਾਂ ਸੀ ਤੇ ਲਾਲ ਸਿੰਘ ਫੇਰੂ ਸ਼ਹਿਰ। ਤੇਜ ਸਿੰਘ ਜਦੋਂ ਪੁਜਿਆ ਤਾਂ ਲਾਲ ਸਿੰਘ ਉਹਨੂੰ ਧਾ ਕੇ ਮਿਲਿਆ :

Scanned by CamScanner

"ਤੈਨੂੰ ਸ਼ਾਇਦ ਮੇਰਾ ਸੁਨੇਹਾ ਨਹੀਂ ਪੁਜਿਆ। ਮੈਂ ਆਖ ਘਲਿਆ ਸੀ ਕਿ ਮੈਂ ਅੱਜ ਸਭਰਾਵਾਂ ਆ ਰਿਹਾ ਹਾਂ।"

"ਨਹੀਂ ਲਾਲ ਸਿੰਘ, ਤੇਰਾ ਸੁਨੇਹਾ ਤਾਂ ਨਹੀਂ ਮਿਲਿਆ, ਪਰ ਮੈਂ ਕਿਸੇ ਹਾਲਤ ਵਿਚ ਵੀ ਅਟਕ ਨਹੀਂ ਸੀ ਸਕਦਾ ਤੂੰ ਜਾਣਦਾ ਹੈਂ ਕਿ ਫ਼ੌਜ ਭੂਤ ਰਹੀ ਹੈ ਤੇ ਮਾਨੂੰ ਜਲਦੀ ਹੀ ਕੁਝ ਨਾ ਕੁਝ ਕਰਨਾ ਪਵੇਗਾ।"

"ਏਥੇ ਵੀ ਇਹੋ ਹਾਲਤ ਹੈ। ਸੈਨਾ ਲੁਧਿਆਣੇ ਉੱਤੇ ਚੜ੍ਹਨ ਲਈ ਉਤਾਵਲੀ ਹੋ ਰਹੀ ਹੈ। ਸਮਝ ਨਹੀਂ ਆਉਂਦੀ ਕੀ ਕਰੀਏ।"

"ਮੇਰੀ ਸਲਾਹ ਇਉਂ ਹੈ। ਅਸੀਂ ਇਸ ਵੱਡੀ ਸੈਨਾ ਵਿਚੋਂ ਅੱਠਾਂ ਦਸਾਂ ਹਜ਼ਾਰਾਂ ਦੇ ਇਕ ਦਸਤੇ ਨੂੰ ਤਿਆਰੀ ਦਾ ਹੁਕਮ ਦਈਏ ਤੇ ਉਹਨੂੰ ਅੰਗਰੇਜ਼ੀ ਸੈਨਾ ਨਾਲ ਭਿੜਨ ਵਾਸਤੇ ਅਗਾਂਹ ਤੋਰੀਏ। ਮੇਰੀ ਖ਼ਬਰ ਅਨੁਸਾਰ ਸੈਨਾਪਤੀ ਗਫ਼ ਬੱਲੇ ਆ ਰਹੀ ਅੰਗਰੇਜ਼ੀ ਸੈਨਾ ਮਸੇ ਬਾਰਾਂ ਹਜ਼ਾਰ ਹੈ। ਅਸੀਂ ਇਸ ਤੋਂ ਵਧ ਸੈਨਾ ਨਹੀਂ ਭੇਜ ਸਕਦੇ। ਜੇ ਪਹਿਲੀ ਲੜਾਈ ਵਿਚ ਖ਼ਾਲਸੇ ਦੀ ਜਿੱਤ ਹੋ ਗਈ ਤਾਂ ਸਾਡੀ ਹਰ ਕੋਸ਼ਿਸ਼ ਦੇ ਬਾਵਜੂਦ ਵੀ ਇਹ ਦਿੱਲੀ ਤੋਂ ਉਰੇ ਨਹੀਂ ਰੁਕਣ ਲਗੇ। ਇਸ ਦਸਤੇ ਦੀ ਚੁਣਾਈ ਇਸ ਤਰ੍ਹਾਂ ਹੋਵੇ ਕਿ ਬਹੁਤੀ ਪਿਆਦਾ ਸੈਨਾ ਨਾ ਭੇਜੀ ਜਾਵੇ। ਅੰਗਰੇਜ਼ਾਂ ਕੋਲ ਪਿਆਦਾ ਫ਼ੌਜ ਜ਼ਿਆਦਾ ਹੈ ਤੇ ਰਸਾਲਾ ਘਟ। ਸੋ ਮੇਲ, ਅਸਾਵਾਂ ਹੋਵੇਗਾ। ਦੂਜਾ ਰਸਾਲੇ ਵਿਚ ਡੋਗਰੇ ਸਵਾਰ ਵਧ ਹੋਣ ਜੋ ਜਾਨ ਤੋੜ ਕੇ ਨਾ ਲੜਨ। ਤੇ ਤੀਜਾ, ਤੋਪਖ਼ਾਨਾ ਵੀ ਬਹੁਤਾ ਨਾ ਭੇਜਿਆ ਜਾਏ।"

ਲਾਲ ਸਿੰਘ ਨੇ ਕੁਝ ਦੇਰ ਸੋਚ ਕੇ ਕਿਹਾ : "ਇਹ ਤੇਰੀ ਸਲਾਹ ਬਿਲਕੁਲ ਠੀਕ ਹੈ। ਮੈਂ ਤਾਂ ਡਰ ਹੀ ਗਿਆ ਸਾਂ। ਮੈਨੂੰ ਜਾਪਦਾ ਹੈ ਕਿ ਇਸ ਤਜਵੀਜ਼ ਨਾਲ ਅਸੀਂ ਇਕ ਦਿਨ ਸਹਿਜੇ ਹੀ ਹੋਰ ਟਾਲਮਟੋਲ ਕਰ ਸਕਦੇ ਹਾਂ, ਪਰ ਤੇਰੀ ਤੀਜੀ ਸਲਾਹ ਉੱਤੇ ਅਮਲ ਨਹੀਂ ਹੋ ਸਕੇਗਾ। ਜੇ ਅਸੀਂ ਤੋਪਖ਼ਾਨਾ ਘਟ ਭੇਜਿਆ ਤਾਂ ਸਰਦਾਰ ਕਿਤੇ ਸ਼ਕ ਹੀ ਨਾ ਕਰਨ ਤੇ ਨਾਲੇ ਇਹ ਤੋਪਖ਼ਾਨੇ ਦੇ ਹੀ ਸਰਦਾਰ ਹਨ ਜਿਹੜੇ ਬਹੁਤੇ ਅੱਖੇ ਹੋ ਰਹੇ ਹਨ। ਇਹਨਾਂ ਨੂੰ ਕਾਬੂ ਰਖਣਾ ਕਠਨ ਹੈ।"

"ਕੋਈ ਹਰਜ ਨਹੀਂ। ਅਸੀਂ ਤੋਪਖ਼ਾਨਾ ਭੇਜ ਦੇਵਾਂਗੇ, ਪਰ ਫਿਰ ਵੀ ਜਿੱਤ ਤੇ ਹਾਰ ਦੀ ਕੁੰਜੀ ਸਾਡੇ ਹੱਥ ਹੀ ਰਹੇਗੀ। ਜਦੋਂ ਡੋਗਰੇ ਸਵਾਰ ਵਕਤ ਸਿਰ ਕੰਡ ਵਿਖਾ ਦੇਣਗੇ ਤਾਂ ਫ਼ਿਰ ਬਾਕੀ ਸੈਨਾ ਕੀਹਦੇ ਸਿਰ ਤੇ ਅਟਕੇਗੀ? ਇਕ ਪੱਖੋਂ ਬਹੁਤੀਆਂ ਤੋਪਾਂ ਭੇਜਣੀਆਂ ਚੰਗਾ ਹੈ। ਜਿੰਨੀ ਜਲਦੀ ਇਹ ਤੋਪਖ਼ਾਨਾ ਮੁਕੇ ਉਨੇ ਸੌਖੇ ਹੀ ਅੰਤ ਵਿਚ ਅਸੀਂ ਰਹਾਂਗੇ। ਹਾਂ, ਤੇ ਮੇਰਾ ਖ਼ਿਆਲ ਹੈ ਕਿ ਤੂੰ ਆਪ ਇਸ ਦਸਤੇ ਦੀ ਕਮਾਨ ਕਰ।"

"ਠੀਕ, ਮੈਂ ਵੀ ਇਹੋ ਸੋਚ ਰਿਹਾ ਹਾਂ। ਇਕ ਤਾਂ ਮੈਂ ਇਹਨਾਂ ਸਰਦਾਰਾਂ ਕੋਲੋਂ ਦੂਰ ਹੋਵਾਂਗਾ ਜਿਹੜੇ ਮੇਰੇ ਕੰਨ ਖਾਂਦੇ ਰਹੇ ਸਨ ਤੇ ਇਕ ਤੂੰ ਸਭਰਾਵਾਂ ਵਿਚ ਇਕੱਠੇ ਜਰਨੈਲਾਂ ਕੋਲੋਂ। ਬਾਕੀ ਡੋਗਰੇ ਸਿਪਾਹੀ ਮੇਰੇ ਰਾਖਵੇਂ ਹੋਣ। ਉਹਨਾਂ ਕੋਲੋਂ ਮਨ ਮਰਜ਼ੀ ਮੰਨਵਾਣ ਵਿਚ ਮੈਨੂੰ ਤਕਲੀਫ਼ ਨਹੀਂ ਹੋਵੇਗੀ," ਲਾਲ ਸਿੰਘ ਬੋਲਿਆ।

"ਪਹਿਲੀ ਲੜਾਈ ਵਿਚ ਜਦੋਂ ਸਿੱਖਾਂ ਨੂੰ ਹਾਰ ਹੋ ਗਈ ਤਾਂ ਸਾਡੇ ਮੁਆਮਲੇ ਸੌਖੇ ਹੋ ਜਾਣਗੇ। ਅਸੀਂ ਮੁਸਲਮਾਨਾਂ ਤੇ ਡੋਗਰਿਆਂ ਨੂੰ ਵਰਗਲਾ ਸਕਾਂਗੇ। ਇਸ ਹਾਰ ਪਿਛੋਂ ਅਸੀਂ ਇਕ ਦਿਨ ਹੋਰ ਉਡੀਕ ਕਰਾਂਗੇ ਤਾਂ ਜੋ ਅੰਗਰੇਜ਼ੀ ਫ਼ੌਜਾਂ ਫਿਰ ਤਾਜ਼ਾ ਦਮ ਹੋ ਸਕਣ ਤੇ ਅਗਲੀ ਲੜਾਈ ਵਿਚ, ਸਾਨੂੰ ਉਮੀਦ ਕਰਨੀ ਚਾਹੀਦੀ ਹੈ, ਕਿ ਖ਼ਾਲਸਈ ਸੈਨਾ ਖ਼ਤਮ ਹੋ ਜਾਵੇਗੀ।"

"ਹਰ ਹਾਲਤ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਤੇ ਮਾਹਿਲ ਸਰਦਾਰਾਂ ਦੇ ਮੈਦਾਨ ਵਿਚ ਆਉਣ ਤੋਂ ਪਹਿਲੇ ਪਹਿਲੇ ਸੈਨਾ ਨੂੰ ਖੋਰੂ ਖੋਰੂ ਕਰ ਦੇਣਾ ਚਾਹੀਦਾ ਹੈ। ਮੈਨੂੰ ਇਹਨਾਂ ਦੋ ਘਰਾਣਿਆਂ ਕੋਲੋਂ ਬੜਾ ਡਰ ਲਗਦਾ ਹੈ। ਜੇ ਇਹ ਸਰਦਾਰ ਰਣ ਤੱਤੇ ਵਿਚ ਆ ਕੁੱਦੇ ਤਾਂ ਫ਼ੌਜ ਨੇ ਸਾਡੀ ਇਕ ਨਹੀਂ ਮੰਨਣੀ। ਅਗੇ ਹੀ ਸ਼ਾਇਦ ਤੂੰ ਜਾਣਦਾ ਹੈਂ ਕਿ ਅਟਾਰੀ ਤੇ ਮਾਹਿਲ ਦੀਆਂ ਪੱਤੀਆਂ ਵਿਚੋਂ ਅਨੇਕ ਵਲੰਟੀਅਰ ਆ ਚੁਕੇ ਹਨ।"

"ਮੈਨੂੰ ਵਿਸ਼ਵਾਸ ਹੈ ਕਿ ਇਹਨਾਂ ਤਿੰਨਾਂ ਚਹੁੰਆਂ ਦਿਨਾਂ ਵਿਚ ਹੀ ਅਸੀਂ ਇਸ ਸੈਨਾ ਦੀ ਸਪਿਰਟ ਭੰਜਨ ਵਿਚ ਸਫਲ ਹੋ ਜਾਵਾਂਗੇ। ਇਕ ਵਾਰੀ ਦਾ ਟੁੱਟਾ ਹੋਇਆ ਹੌਸਲਾ ਮੁੜ ਕੇ ਜੁੜਨ ਨਹੀਂ ਲਗਾ।"

"ਅੱਛਾ ਤਾਂ ਮੈਂ ਹੁਣੇ ਸਰਦਾਰਾਂ ਨੂੰ ਹੁਕਮ ਸੁਣਾਉਣ ਵਾਸਤੇ ਇਕੱਠਾ ਕਰਦਾ ਹਾਂ।"

"ਹੁਣੇ ਨਹੀਂ ਬਾਰਾਂ ਇਕ ਵਜੇ। ਜਿੰਨੀ ਦੇਰ ਕੀਤੀ ਜਾ ਸਕੇ ਉੱਨਾ ਹੀ ਚੰਗਾ ਹੈ। ਅੰਗਰੇਜ਼ੀ ਸੈਨਾ ਕਲ੍ਹ ਦੁਪਹਿਰ ਤਕ ਨੇੜੇ ਤੇੜੇ ਪਹੁੰਚੇਗੀ।"

Scanned by CamScanner

ਇਕ ਵਜੇ ਮੁੱਖ ਮੰਤਰੀ ਲਾਲ ਸਿੰਘ ਥੱਲੇ ਸਭ ਜਰਨੈਲਾਂ ਤੇ ਚੋਦਾ ਚੀਦਾ ਸਰਦਾਰਾਂ ਦੀ ਇਕੱਤਰਤਾ ਹੋਈ ਤੇ ਅੰਗਰੇਜ਼ੀ ਸੈਨਾ ਦੇ ਬਰਖ਼ਿਲਾਫ਼ ਇਕ ਦਸਤਾ ਚੁਣਿਆ ਗਿਆ। ਇਸ ਦਸਤੇ ਵਿਚ ਬਾਈ ਤੋਪਾਂ ਰਖੀਆਂ ਗਈਆਂ ਤੇ ਦੋ ਹਜ਼ਾਰ ਪਿਆਦਾ ਤੇ ਅੱਠ ਕੁ ਹਜ਼ਾਰ ਰਸਾਲਾ।

ਤੋਪਖ਼ਾਨੇ ਵਾਸਤੇ ਜਰਨੈਲ ਧਰਮ ਸਿੰਘ ਦੀਆਂ ਪਲਟਣਾਂ ਨਿਯਤ ਹੋਈਆਂ ਤੇ ਜਰਨੈਲ ਧਰਮ ਸਿੰਘ ਦੇ ਤੋਪਖ਼ਾਨੇ ਵਿਚ ਹੀ ਵੰਡਿਆ ਗਿਆ ਸੀ, ਅਜੀਤ ਸਿੰਘ।

ਜਿਨ੍ਹਾਂ ਜਿਨ੍ਹਾਂ ਪਲਟਣਾਂ ਦੇ ਨਾਂ ਕਲ੍ਹ ਸਵੇਰੇ ਕੂਚ ਵਾਸਤੇ ਚੁਣੇ ਗਏ ਉਹਨਾਂ ਦਾ ਅਜ ਰਾਤੀਂ ਉਤਸ਼ਾਹ ਵੇਖਣ ਵਾਲਾ ਸੀ। ਉਹਨਾਂ ਦੇ ਤੰਬੂਆਂ ਤੇ ਉਹਨਾਂ ਦੇ ਪਰ੍ਹਿਆਂ ਵਿਚ ਬੋਲੀਆਂ ਪੈ ਰਹੀਆਂ ਸਨ, ਨਾਚ ਹੋ ਰਹੇ ਸਨ। ਇਹਨਾਂ ਪਲਟਣਾਂ ਦੇ ਸਿਪਾਹੀ ਖ਼ੁਸ਼ ਸਨ ਕਿ ਅੰਗਰੇਜ਼ਾਂ ਦੇ ਆਹੂ ਲਾਹੁਣ ਵਾਸਤੇ ਸਭ ਤੋਂ ਪਹਿਲੇ ਉਹਨਾਂ ਦੀ ਵਾਰੀ ਆਵੇਗੀ।

ਸਾਰੇ ਖ਼ੁਸ਼ ਸਨ, ਪਰ ਜਿਹਨੂੰ ਸਭ ਤੋਂ ਵਧ ਖ਼ੁਸ਼ ਹੋਣਾ ਚਾਹੀਦਾ ਸੀ ਉਹ ਅਜ ਉਦਾਸ ਸੀ। ਅਜੀਤ ਸਿੰਘ ਉਦਾਸ ਸੀ, ਪਰ ਉਹਨੂੰ ਪਤਾ ਨਹੀਂ ਸੀ ਕਿਉਂ। ਉਹ ਜਾਣਦਾ ਸੀ ਕਿ ਉਹਨੂੰ ਖ਼ੁਸ਼ ਹੋਣਾ ਚਾਹੀਦਾ ਹੈ, ਪਰ ਉਹ ਖ਼ੁਸ਼ ਹੋ ਨਾ ਸਕਦਾ। ਉਹ ਜਾਣਦਾ ਸੀ ਕਿ ਉਹ ਏਸੇ ਦਿਨ ਦੀ ਉਡੀਕ ਵਿਚ ਬੇਕਰਾਰ ਰਿਹਾ ਹੈ, ਪਰ ਫਿਰ ਵੀ ਅਜ ਜਦੋਂ ਉਹ ਦਿਨ ਆਇਆ ਤਾਂ ਉਹ ਖਿੜਿਆ ਨਹੀਂ।

ਅਜੀਤ ਸਿੰਘ ਸਿਵਾਏ ਸ਼ੇਰ ਖ਼ਾਨ ਤੇ ਚੌਧਰੀ ਮੁਹੰਮਦ ਅਸਮਤ ਦ ।ਕਸ ਹੋਰ ਨਾਲ ਬਹੁਤੀ ਬੋਲ ਚਾਲ ਨਹੀਂ ਸੀ ਕਰਦਾ। ਉਹ ਨਹੀਂ ਸੀ ਕਰਦਾ ਜਾਂ ਸ਼ਾਇਦ ਦੂਜੇ ਸਿਪਾਹੀ ਉਹਨੂੰ ਬੋਲਣ ਦਾ ਮੌਕਾ ਹੀ ਨਹੀਂ ਸਨ ਦੇਂਦੇ ? ਹਾਂ ਹੌਲਦਾਰ ਨੂਰ ਅਹਿਮਦ ਦੀ ਗੱਲ ਹੋਰ ਸੀ। ਉਹ ਉਹਦਾ ਹੌਲਦਾਰ ਸੀ, ਉਹਦਾ ਅਫ਼ਸਰ, ਸੋ ਉਹਦੇ ਨਾਲ ਉਹ ਕਦੀ ਕਦੀ ਜ਼ਰੂਰ ਕੋਈ ਗੱਲ ਕਰਦਾ।

ਅੱਜ ਨੂਰ ਅਹਿਮਦ ਨੇ ਅਜੀਤ ਨੂੰ ਚੰਗੇ ਰਉਂ ਵਿਚ ਨਾ ਵੇਖ ਕੇ ਪੁਛਿਆ, "ਕਿਉ ਅਜੀਤ ਕੀ ਹੈ। ਸਾਡਾ ਸਾਰਾ ਤੋਪਖ਼ਾਨਾ ਖ਼ੁਸ਼ ਹੈ, ਪਰ ਤੂੰ ਕਿਉਂ ਮੁਰਝਾਇਆ ਹੋਇਆ ਹੈਂ ?"

ਅਜੀਤ ਕੁਝ ਨਹੀਂ ਬੋਲਿਆ। ਦੂਜੀ ਕਿ ਤੀਜੀ ਪੁੱਛ ਪਿਛੋਂ ਅਜੀਤ ਨੇ ਬੁਲ੍ਹ ਖੋਲ੍ਹੇ :

"ਇਕ ਗੱਲ ਪੁੱਛਾਂ ਉਸਤਾਦ ?"

"ਹੂੰ ਹੂੰ !"

"ਉਸਤਾਦ ! ਜ਼ਰਾ ਨਿਗਾਹ ਭਰ ਕੇ ਤੱਕੋ ਨਾ ਸਾਡੇ ਕੈਂਪ ਵਲੇ। ਅਸੀਂ ਹਜ਼ਾਰਾਂ ਆਦਮੀ ਹਾਂ, ਪਰ ਲਾਟ ਨਾਲ ਲੜਾਈ ਲਈ ਅਸੀਂ ਸਿਰਫ਼ ਚਾਰ ਬੰਦੇ ਕਿਉਂ ਚਲੇ ਹਾਂ।"

ਜੇ ਕੋਈ ਹੋਰ ਸਿਪਾਹੀ ਇਹੋ ਜਿਹੀ ਗੱਲ ਕਰਦਾ ਤਾਂ ਹੌਲਦਾਰ ਨੂਰ ਅਹਿਮਦ ਆਪਣੇ ਰਉਂ ਵਿਚ ਉਹਨੂੰ ਝਾੜ ਕੇ ਬਿਠਾ ਦੇਂਦਾ, ਪਰ ਉਹ ਅਜੀਤ ਨਾਲ ਖ਼ਹੁਰਾ ਨਹੀਂ ਸੀ ਹੋ ਸਕਦਾ। ਨੂਰ ਅਹਿਮਦ ਨੇ ਮਹਾਨ ਤੋਪਚੀ ਹਰਪਾਲ ਬੱਲੇ ਫ਼ੈਮ ਨਹੀਂ ਸੀ ਕੀਤਾ, ਪਰ ਉਸ ਉਹਦਾ ਨਾਂ ਜ਼ਰੂਰ ਸੁਣਿਆ ਹੋਇਆ ਸੀ। ਉਹ ਚੂਹੜ ਸਿੰਘ ਮਾਹਿਲ ਨੂੰ ਮਿਲ ਚੁਕਾ ਸੀ ਤੇ ਉਹ ਮਾਹਿਲ ਘਰਾਣੇ ਦੀ ਵਡਿਆਈ ਬਾਰੇ ਵੀ ਜਾਣਦਾ ਸੀ। ਇਸ ਤੋਂ ਇਲਾਵਾ ਚੌਧਰੀ ਮੁਹੰਮਦ ਅਸਮਤ ਨੇ ਨੂਰ ਅਹਿਮਦ ਨੂੰ ਅਜੀਤ ਤੇ ਸ਼ੇਰ ਖ਼ਾਨ ਦਾ ਨਿਗਾਹਬਾਨ ਥਾਪਿਆ ਸੀ ਤੇ ਉਂਜ ਵੀ ਅਜੀਤ ਉਹਨੂੰ ਚੰਗਾ ਲਗਦਾ, ਬੜਾ ਚੰਗਾ। ਅਜੀਤ ਦਾ ਗੋਰਾ ਰੰਗ, ਉਹਦੀ ਨਿੱਕੀ ਜਿਹੀ ਗੁਲਾਬੀ ਪੱਗ ਜਿਹੜੀ ਬੜੀ ਪੇਚ ਪੇਚ ਕੇ ਬੰਨ੍ਹੀ ਜਾਂਦੀ ਤੇ ਏਸੇ ਲਈ ਛੋਟੀ ਲਗਦੀ, ਉਹਦੀ ਫੁੱਟ ਰਹੀ ਮੁੱਸ, ਉਹਦਾ ਆਲਾ ਭੋਲਾ ਪ੍ਰਭਾਵ, ਉਹਦੇ ਦਿਲ ਵਿਚ ਉਭਰਦਾ ਉਤਸ਼ਾਹ ਤੇ ਉਹਦੀਆਂ ਦੂਰ ਵੇਖਦੀਆਂ ਅੱਖਾਂ ਨੂਰ ਅਹਿਮਦ ਨੂੰ ਬੜੀਆਂ ਚੰਗੀਆਂ ਲਗਦੀਆਂ ਸਨ। ਉਹ ਜਦੋਂ ਵੀ ਅਜੀਤ ਵਲ ਵੇਖਦਾ ਉਹਨੂੰ ਇਕੋ ਹੀ ਖ਼ਿਆਲ ਆਉਂਦਾ. ਕਿ ਆ ਰਹੀ ਲੜਾਈ ਵਿਚ ਅਜੀਤ ਮਾਰਿਆ ਨਾ ਜਾਏ। ਉਹਨੂੰ ਲਗਦਾ ਕਿ ਜੇ ਅਜੀਤ ਜ਼ਿੰਦਾ ਰਿਹਾ ਤਾਂ ਉਹ ਇਕ ਦਿਨ ਹਰਪਾਲ ਜਿਡਾ ਹੀ ਮਹਾਨ ਤੋਪਚੀ ਬਣੇਗਾ। ਉਹ ਪਿਛਲੇ ਛੇ ਦਿਨਾਂ ਵਿਚ ਕਿਸ ਤਰ੍ਹਾਂ ਤੋਪਾਂ ਵਿਚ ਰਚ ਮਿਚ ਗਿਆ ਸੀ ? ਜਦੋਂ ਨੂਰ ਅਹਿਮਦ ਨੇ ਚੌਧਰੀ ਮੁਹੰਮਦ ਅਸਮਤ ਨਾਲ ਅਜੀਤ ਦੀ ਲਿਆਕਤ ਬਾਰੇ ਗੱਲ ਕੀਤੀ ਤਾਂ ਚੌਧਰੀ ਨੇ ਕਿਹਾ :

"ਹੌਲਦਾਰ ! ਅਜੀਤ ਵਿਚ ਸ਼ਾਹਬਾਜ਼ ਸਿੰਘ ਤੇ ਜਾਂਬਾਜ਼ ਸਿੰਘ ਵਰਗੇ ਆਦਮੀਆਂ ਦਾ ਲਹੂ ਹੈ। ਤੋਪਾਂ ਇਸ

Scanned by CamScanner

ਘਰਾਣੇ ਦੇ ਸਪੂਤਰਾਂ ਵਾਸਤੇ ਨਵੀਆਂ ਨਹੀਂ ਇਹ ਜੰਮਦੇ ਹੀ ਤੋਪਚੀ ਹਨ। ਤੂੰ ਵੇਖੀਂ! ਅਜੀਤ ਇਸ ਜੰਗ ਵਿਚ ਕਿਹੀ ਬਹਾਦਰੀ ਤੇ ਅਕਲ ਵਿਖਾਏਗਾ। ਮੈਂਨੂੰ ਸ਼ੇਰੂ ਦੀ ਗੱਲ ਹੋਰ ਹੈ। ਕਿਸ ਵਿਚਾਰੇ ਨੇ ਇਹਦੇ ਘਰਾਣੇ ਵਿਚੋਂ ਤੋਪਾਂ ਡਿਠੀਆਂ ਹਨ?"

ਨੂਰ ਅਹਿਮਦ ਨੂੰ ਮਾਣ ਸੀ ਕਿ ਅਜੀਤ ਉਹਦੀ ਬੈਟਰੀ ਵਿਚ ਵੰਡਿਆ ਗਿਆ ਹੈ, ਪਰ ਉਸ ਅਜੇ ਤਕ ਅਜੀਤ ਨੂੰ ਉਹਦੇ ਵਾਸਤੇ ਆਪਣੀ ਕਮਜ਼ੋਰੀ ਕਦੀ ਨਹੀਂ ਸੀ ਦਰਸਾਈ। ਅਜ ਵੀ ਉਹਦੀ ਪੁੱਛ ਦੇ ਜੁਆਬ ਵਿਚ ਉਸ ਆਖਿਆ :

"ਕਿਉਂ ਡਰਦਾ ਹੈਂ, ਅਜੀਤ!"

ਅਜੀਤ ਇਸ ਤਰ੍ਹਾਂ ਬੋਲਿਆ ਜਿਵੇਂ ਉਹ ਪੰਦਰਾਂ ਸਾਲਾਂ ਦੀ ਉਮਰ ਦਾ ਯੁਵਕ ਨਾ ਹੋਵੇ ਸਗੋਂ ਜਿਹਨੂੰ ਪੰਦਰਾਂ ਸਾਲ ਲੜਦਿਆਂ ਹੋ ਗਏ ਹੋਣ :

"ਨਹੀਂ ਹੌਲਦਾਰ ਸਾਹਿਬ, ਮੈਂ ਡਰਦਾ ਨਹੀਂ। ਮਾਹਿਲਾਂ ਦੇ ਪੁੱਤਰ ਕਦੀ ਨਹੀਂ ਡਰਦੇ। ਪਰ ਮੈਂ ਸਿਰਫ਼ ਸੋਚ ਰਿਹਾ ਹਾਂ...।"

ਨੂਰ ਅਹਿਮਦ ਨੇ ਅਜੀਤ ਦੀ ਸੋਚ ਦੀ ਕਦਰ ਕੀਤੀ। ਉਹਨੇ ਆਪ ਇਸ ਬਾਰੇ ਨਹੀਂ ਸੀ ਸੋਚਿਆ। ਬਹੁਤੇ ਸਿਪਾਹੀ ਬਹੁਤਾ ਸੋਚਿਆ ਨਹੀਂ ਕਰਦੇ। ਹੁਕਮ ਸੁਣਨੇ ਤੇ ਉਹਨਾਂ ਹੁਕਮਾਂ ਉੱਤੇ ਬਿਨਾਂ ਸਵਾਲ ਪੁੱਛਿਆਂ ਅਮਲ ਕਰਨਾ ਹੀ ਉਹਨਾਂ ਦੀ ਜ਼ਿੰਦਗੀ ਹੁੰਦੀ ਹੈ। ਸਿਪਾਹੀ ਤੇ ਛੋਟੇ ਅਹੁਦਿਆਂ ਉੱਤੇ ਉਪਸਥਿਤ ਅਹੁਦੇਦਾਰ ਏਸੇ ਲਈ ਕਿਸੇ ਹਦ ਤਕ ਮੌਲਕ ਸੋਚਾਂ ਵਿਚਾਰਾਂ ਤੋਂ ਵਾਂਝੇ ਹੋ ਜਾਂਦੇ ਹਨ। ਉਹ ਆਪਣੇ ਅਫ਼ਸਰਾਂ ਦੇ ਹੁਕਮਾਂ ਪਿਛੇ ਛੁਪੇ ਮਤਲਬ ਨਹੀਂ ਢੂੰਡਦੇ। ਉਹ ਕਿਸੇ ਹੁਕਮ ਦੀ ਟੀਕਾ ਟਿਪਣੀ ਨਹੀਂ ਕਰਦੇ ' ਕਿਸੇ ਹਦ ਤਕ ਇਹ ਵਤੀਰਾ ਯੋਗ ਹੈ ਤੇ ਕਿਸੇ ਹਦ ਤਕ ਅਯੋਗ ਵੀ।

ਪਰ ਕਈ ਸਿਪਾਹੀ ਤੇ ਅਹੁਦੇਦਾਰ ਅਜਿਹੇ ਵੀ ਹੁੰਦੇ ਹਨ ਜਿਹੜੇ ਕਿ ਮਿਲੇ ਹੁਕਮ ਬਾਰੇ ਸੋਚਦੇ ਹਨ ਤੇ ਉਹਨਾਂ ਪਿਛੇ ਛੁਪੇ ਮਤਲਬ ਢੂੰਡਦੇ ਹਨ। ਬੇਸ਼ਕ ਹੁਕਮ ਉਹ ਤਾਂ ਵੀ ਮੰਨਦੇ ਹਨ, ਪਰ ਦਿਲ ਵਿਚ ਉਹਨਾਂ ਦੇ ਸਵਾਲ ਜ਼ਰੂਰ ਉਠਦੇ ਹਨ ਤੇ ਕਦੀ ਕਦੀ ਸ਼ੰਕੇ ਵੀ। ਇਹਨਾਂ ਸਿਪਾਹੀਆਂ ਵਿਚੋਂ ਹੀ ਅੰਤ ਵਿਚ ਕਈ ਸਿਪਾਹੀ ਕਰਨੈਲ ਤੇ ਜਰਨੈਲ ਬਣਦੇ ਹੰਨ।

ਅਜ ਜਦੋਂ ਅਜੀਤ ਨੇ ਹੌਲਦਾਰ ਕੋਲੋਂ ਇਹ ਸਵਾਲ ਪੁੱਛਿਆ ਤਾਂ ਨੂਰ ਅਹਿਮਦ ਹੈਰਾਨ ਹੋਇਆ ਤੇ ਉਹਨੂੰ ਆਪ ਵੀ ਖ਼ਿਆਲ ਆਇਆ ਕਿ ਸੱਚ ਮੁੱਚ ਇਕ ਛੋਟਾ ਦਸਤਾ ਲਾਟ ਦੇ ਮੁਕਾਬਲੇ ਵਿਚ ਭੇਜਣਾ ਸਿਆਣਪ ਨਹੀਂ। ਪਰ ਇਕਾ ਇਕ ਉਸ ਇਸ ਖ਼ਿਆਲ ਨੂੰ ਦਿਲੋਂ ਕੱਢ ਦਿਤਾ ਤੇ ਆਪਣੀ ਤਬੀਅਤ ਅਨੁਸਾਰ ਸੋਚਾਂ ਤੇ ਸ਼ੱਕਾਂ ਤੋਂ ਕਿਨਾਰਾ ਕਰਦਿਆਂ ਕਿਹਾ :

"ਸਾਨੂੰ ਕੀ ਇਹਦੇ ਨਾਲ ਅਜੀਤ! ਜੰਗ ਦੀਆਂ ਚਾਲਾਂ ਨੂੰ ਸੋਚਣ ਵਿਚਾਰਨ ਵਾਸਤੇ ਹੋਰ ਬੜੇ ਹਨ। ਤੂੰ ਚਲ ਜਾ ਕੇ ਆਰਾਮ ਕਰ...।"

ਪਰ ਅਜੀਤ ਨੂੰ ਆਰਾਮ ਤੇ ਚੈਨ ਨਾ ਮਿਲੇ। ਉਸ ਸ਼ੇਰ ਖ਼ਾਨ ਨਾਲ ਗੱਲ ਕੀਤੀ। ਸ਼ੇਰੂ, ਨੂਰ ਅਹਿਮਦ ਤੋਂ ਵੀ ਇਹਨਾਂ ਸ਼ੈਆਂ ਨੂੰ ਘੱਟ ਸਮਝਦਾ ਸੀ। ਉਸ ਕਿਹਾ, "ਅਜੀਤ ਭੋਲਿਆ! ਸਾਨੂੰ ਕੀ ਇਹਨਾਂ ਦਲੀਲ ਬਾਜ਼ੀਆਂ ਨਾਲ। ਅਸੀਂ ਲੜਨ ਆਏ ਹਾਂ ਤੇ ਸਮਾਂ ਮਿਲਣ ਤੇ ਲੜਾਂਗੇ।"

ਉਸ ਰਾਤ ਜਦੋਂ ਨੂਰ ਅਹਿਮਦ, ਹਰ ਰਾਤ ਵਾਂਗ, ਸਭ ਸਿਪਾਹੀਆਂ ਨੂੰ ਸੌਣ ਵਾਸਤੇ ਹੁਕਮ ਦੇ ਕੇ ਟੁਰ ਗਿਆ ਤਾਂ ਪਿਛੋਂ ਹਰਨਾਮ ਸਿੰਘ ਤੇ ਅਮੀਰ ਸਿੰਘ ਦੀ ਬੜੀ ਲੜਾਈ ਹੋਈ। ਅਜੀਤ ਨੂੰ ਇਸ ਲੜਾਈ ਨੇ ਵੀ ਦੁੱਖ ਪਹੁੰਚਾਇਆ। ਉਹਨੂੰ ਦੁੱਖ ਹੋਇਆ ਕਿ ਆ ਰਹੇ ਪਵਿੱਤਰ ਸਮੇਂ ਦੀ ਪਰਵਾਹ ਨਾ ਕਰਦਿਆਂ ਇਹ ਦੋ ਸਿਪਾਹੀ ਕਿਵੇਂ ਇਕ ਦੂਜੇ ਨਾਲ ਮੁੱਕਾ ਮੁੱਕੀ ਹੋ ਰਹੇ ਹਨ।

ਸਵੇਰੇ ਸੱਤ ਅੱਠ ਵਜੇ ਸਭ ਨਿਯਤ ਕੀਤੀਆਂ ਪਲਟਣਾਂ ਤਿਆਰ ਸਨ, ਪਰ ਅਜੇ ਤਕ ਕੂਚ ਦਾ ਹੁਕਮ ਨਹੀਂ ਸੀ ਆਇਆ। ਸਿਪਾਹੀ ਉਤਾਵਲੇ ਹੋ ਗਏ। ਨੌਂ ਕੁ ਵਜੇ ਖ਼ਬਰ ਆਈ ਕਿ ਅਜੇ ਤਕ ਅੰਗਰੇਜ਼ੀ ਫ਼ੌਜ ਦੇ ਆਉਣ ਦੀ ਉਘ ਸੁਘ ਨਹੀਂ ਲਗੀ। ਦੁਪਹਿਰ ਦੀ ਰੋਟੀ ਏਥੇ ਹੀ ਖਾਧੀ ਜਾਏਗੀ।

"ਅਗੇ ਤਾਂ ਕਦੀ ਇਉਂ ਨਹੀਂ ਸੀ ਹੋਇਆ", ਸਿਪਾਹੀ ਆਪੋ ਵਿਚ ਗੱਲਾਂ ਕਰਨ ਲਗੇ, "ਅੰਗਰੇਜ਼ੀ ਸੈਨਾ ਹੈ

Scanned by CamScanner

ਕਿ ਇਕ ਚੂਹੀ । ਸਾਡੇ ਸੂਹੀਏ ਅੰਨ੍ਹੇ ਹਨ ਕੀ ? ਪੰਦਰਾਂ ਹਜ਼ਾਰ ਆਦਮੀਆਂ ਤੇ ਘੱਤਿਆਂ ਨਾਲ ਉਨ੍ਹਦੀ ਗਰਦ ਨਹੀਂ ਦਿਸਦੀ ਕੀ ?'' ''ਯਾਰਾ ਚੁੱਪ ਕਰ ! ਅਜ ਕਲ੍ਹ ਤਾਂ ਸਭ ਕੁਝ ਨਿਰਾਲਾ ਹੈ । ਇਕ ਸਰਕਾਰ ਬਾਝੋਂ ਸਭ ਕੁਝ ਹੋਰਵੇਂ ਹੋਰਵੇਂ ਲਗਦਾ ਹੈ ।''

''ਫਿਰ ਵੀ ਕੀ ਹੋਇਆ ! ਅਜ ਅੰਤ ਨੂੰ ਸਾਡੀ ਚਾਹ ਬਣ ਆਵੇਗੀ । ਅਜ ਅਸੀਂ ਗੋਰਿਆਂ ਦੇ ਸਨਮੁਖ ਚੜ੍ਹਾਂਗੇ । ਅਜ ਸਾਡੀਆਂ ਸੱਧਰਾਂ ਲਹਿਣਗੀਆਂ । ਅਜ ਰੋਣਗੀਆਂ ਲੰਡਨ ਦੀਆਂ ਮੇਮਾਂ ਵੈਣ ਲੰਮੇ ਲੰਮੇ ਪਾ ਕੇ...।''

''ਸੱਚ, ਵਰ੍ਹੇ ਹੋ ਗਏ ਹਨ ਸਹਿਕਦਿਆਂ ਗੋਰਿਆਂ ਦੇ ਖ਼ੂਨ ਨੂੰ । ਇਹਨਾਂ ਸਾਡੀ ਰਾਜ ਮਾਤਾ ਤੇ ਸਾਡੇ ਦਲੀਪ ਨੂੰ ਬੇ-ਪਤ ਕਰਨ ਦਾ ਬੀੜਾ ਚੁਕਿਆ ਹੈ ਤੇ ਅਸੀਂ ਇਹਨਾਂ ਨੂੰ ਸਮੁੰਦਰ ਵਿਚ ਰੁੜ੍ਹ ਕੇ ਹੀ ਸਾਹ ਲਵਾਂਗੇ । ਅਸੀਂ ਸ਼ੇਰੇ-ਪੰਜਾਬ ਦੀ ਸਮਾਧ ਉੱਤੇ ਸੌਂਹ ਖਾਧੀ ਹੈ । ਅਸੀਂ ਇਹਨਾਂ ਦੇ ਡੱਕਰੇ ਕਰ ਦੇਵਾਂਗੇ ।''

ਫ਼ੌਜ ਨੇ ਰੋਟੀ ਵੀ ਖਾ ਲਈ । ਸਭਰਾਵਾਂ ਵਿਚ ਰਹਿੰਦੀ ਖੂੰਹਦੀ ਸੈਨਾ ਵੀ ਫੇਰੂ ਸ਼ਹਿਰ ਪਹੁੰਚ ਗਈ, ਪਰ ਅਜੇ ਤੁਰਕ ਕੂਚ ਦਾ ਹੁਕਮ ਨਹੀਂ ਮਿਲਿਆ । ਸਭਰਾਵਾਂ ਤੋਂ ਆਈ ਫ਼ੌਜ ਨਾਲ ਚੌਧਰੀ ਮੁਹੰਮਦ ਅਸਮਤ ਵੀ ਆਇਆ । ਆਉਂਦਿਆਂ ਨਾਲ ਉਸ ਆਪਣੇ ਪੁੱਤਰ ਤੇ ਅਜੀਤ ਦਾ ਪਤਾ ਕੀਤਾ ।

''ਅਸੀਂ ਤਿਆਰ ਬੈਠੇ ਹਾਂ ਅੱਬਾ'', ਸ਼ੇਰ ਖ਼ਾਨ ਨੇ ਕਿਹਾ, ''ਬਸ ਹੁਕਮ ਦੀ ਦੇਰ ਹੈ ।''

''ਅੱਲਾ ਤੁਹਾਡੇ ਨਾਲ ਹੋਵੇ, ਮੇਰੇ ਬੱਚਿਓ ! ਮੈਂ ਵੀ ਹੁਣ ਰਾਜ਼ੀ ਹਾਂ । ਅੰਤਕੀ ਨਹੀਂ, ਪਰ ਅਗਲੀ ਲੜਾਈ ਵੇਲੇ ਮੈਂ ਤੁਹਾਡੇ ਨਾਲ ਹੋਵਾਂਗਾ ।''

ਅਜੀਤ ਨੇ ਕਿਹਾ, ''ਪਰ ਬਾਬਾ ਅਸੀਂ ਤੇਰੇ ਵਾਸਤੇ ਕੋਈ ਗੋਰਾ ਜੀਉਂਦਾ ਨਹੀਂ ਛਡਣਾ ।''

ਚੌਧਰੀ ਹੱਸਿਆ, ''ਬਸ ਇਕ ਗੋਰਾ ਛਡ ਦੇਣਾ । ਮੇਰੀ ਆਖੀ ਪੁਗ ਆਏ !''

ਇਕ ਕੁ ਵਜੇ ਕੂਚ ਦਾ ਹੁਕਮ ਆਇਆ । ਕੁਝ ਮਿੰਟਾਂ ਵਿਚ ਸੈਨਾ ਨੇ ਚਾਲੇ ਪਾ ਦਿਤੇ । ਜਦੋਂ ਦਸ ਮੀਲ ਸਫ਼ਰ ਤੈਅ ਕਰ ਕੇ ਤਿੰਨ ਕੁ ਵਜੇ ਪੰਜਾਬੀ ਸੈਨਾ ਲੁਹਾਮ ਕੋਲ ਪਹੁੰਚੀ ਤਾਂ ਉਸ ਡਿਠਾ ਕਿ ਅੰਗਰੇਜ਼ ਲੜਾਈ ਲਈ ਤਿਆਰ ਸਨ ।

੧੩੧

ਮੁਦਕੀ ਤੋਂ ਦੋ ਕੁ ਮੀਲ ਉੱਤਰ ਵਲ ਲੁਹਾਮ ਦੇ ਲਾਗੇ ਅੰਗਰੇਜ਼ੀ ਸੈਨਾ ਲੜਨ ਲਈ ਤਿਆਰ ਖੜੀ ਸੀ । ਪੰਜਾਬੀ ਜਰਨੈਲਾਂ ਤੇ ਸਿਪਾਹੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਵਿਚਰਦਾ ਇਹ ਨਜ਼ਾਰਾ ਵੇਖ ਕੇ ਹੈਰਾਨ ਹੋਣਾ ਚਾਹੀਦਾ ਸੀ । ਉਹਨਾਂ ਨੂੰ ਸੋਚਣਾ ਚਾਹੀਦਾ ਸੀ ਕਿ ਜਿਸ ਫ਼ੌਜ ਦੀ ਚਾਰ ਪੰਜ ਘੰਟੇ ਪਹਿਲੇ ਉਘ ਸੁਘ ਨਹੀਂ ਸੀ ਮਿਲ ਰਹੀ ਉਹ ਕਿਵੇਂ ਹੁਣ ਜਾਦੂ ਦੇ ਤਮਾਸ਼ੇ ਵਾਂਗ ਸਾਹਮਣੇ ਤਿਆਰ ਖੜੀ ਹੈ ? ਉਹਨਾਂ ਨੂੰ ਸੋਚਣਾ ਚਾਹੀਦਾ ਸੀ ਕਿ ਕੀ ਸਵੇਰ ਤੋਂ ਲੈ ਕੇ ਹੁਣ ਤਕ ਉਹਨਾਂ ਦੀ ਢਿੱਲ ਮੱਠ ਸਿਰਫ਼ ਅੰਗਰੇਜ਼ੀ ਸੈਨਾ ਨੂੰ ਮੋਹਲਤ ਦੇਣ ਵਾਸਤੇ ਹੀ ਨਹੀਂ ਸੀ ? ਉਹਨਾਂ ਨੂੰ ਆਪਣੇ ਅਫ਼ਸਰਾਂ ਦੇ ਮਨਸੂਬਿਆਂ ਬਾਰੇ ਆਪਣੇ ਆਪ ਕੋਲੋਂ ਕੁਝ ਪੁੱਛਣਾ ਚਾਹੀਦਾ ਸੀ ?

Scanned by CamScanner

ਪਰ ਨਹੀਂ, ਪੰਜਾਬੀ ਸੈਨਾ ਦੇ ਜਰਨੈਲਾਂ ਤੇ ਸਿਪਾਹੀਆਂ ਨੇ ਆਪਣੇ ਆਪ ਕੋਲੋਂ ਕੋਈ ਸੁਆਲ ਨਹੀਂ ਪੁੱਛੇ। ਉਹਨਾਂ ਨੇ ਕੁਝ ਨਹੀਂ ਸੋਚਿਆ। ਉਹ ਇਉਂ ਜਾਦੂ ਦੇ ਤਮਾਸ਼ੇ ਨੂੰ ਆਪਣੇ ਸਾਹਮਣੇ ਵਾਪਰਦਾ ਵੇਖ ਕੇ ਹੈਰਾਨ ਵੀ ਨਹੀਂ ਹੋਏ। ਉਹ ਤਾਂ ਸਗੋਂ ਅੰਗਰੇਜ਼ ਸੈਨਾ ਨੂੰ ਤਿਆਰ ਬਰ ਤਿਆਰ ਵੇਖ ਕੇ ਖਿੜ ਗਏ। ਉਹ ਖ਼ੁਸ਼ ਹੋਏ ਕਿ ਅਜ ਅੰਗਰੇਜ਼ਾਂ ਨਾਲ ਵਾਹ ਵਾਹ ਦੇ ਦੋ ਹੱਥ ਹੋਣਗੇ। ਜੇ ਅੰਗਰੇਜ਼ੀ ਸੈਨਾ ਉਸ ਵੇਲੇ ਮਾਰਚ ਕਰਦੀ ਵਧ ਰਹੀ ਹੁੰਦੀ ਜਾਂ ਰੋਟੀ ਖਾ ਰਹੀ ਹੁੰਦੀ ਜਾਂ ਆਰਾਮ ਕਰ ਰਹੀ ਹੁੰਦੀ ਤਾਂ ਖ਼ਾਲਸੇ ਨੇ ਖ਼ੁਸ਼ ਨਹੀਂ ਸੀ ਹੋਣਾ।

ਇਕ ਤਾਂ ਚਾਅ ਸੀ ਖ਼ਾਲਸੇ ਨੂੰ ਅੰਗਰੇਜ਼ਾਂ ਨਾਲ ਲੜਨ ਦਾ ਤੇ ਇਕ ਉਹਨਾਂ ਦਾ ਖ਼ਾਸਾ ਹੈ ਸਦਾ ਲਲਕਾਰ ਕੇ ਲੜਨਾ। ਖਿੰਡੇ ਪੁੰਡੇ ਜਾਂ ਸੁਸਤਾਅ ਰਹੇ ਦੁਸ਼ਮਨ ਉੱਤੇ ਜਵਾਂ ਮਰਦ ਵਾਰ ਕਰਨਾ ਆਪਣੀ ਬਹਾਦਰੀ ਦੀ ਹੱਤਕ ਸਮਝਦੇ ਹਨ। ਇਹੋ ਜਿਹੇ ਉੱਚ ਅਸੂਲਾਂ ਦੀ ਚੇਤਨਾ ਨੇ ਕਿਸੇ ਸਿਪਾਹੀ ਨੂੰ ਆਪਣੇ ਨਾਲ ਹੋ ਰਹੀ ਧੋਖੇਬਾਜ਼ੀ ਬਾਬਤ ਸੋਚਣ ਹੀ ਨਹੀਂ ਦਿਤਾ।

ਸਿੱਖ ਤੇ ਅੰਗਰੇਜ਼ ਆਹਮੋ ਸਾਹਮਣੇ ਆਏ। ਪੰਜਾਬੀ ਤੇ ਬਰਤਾਨਵੀ ਸਲਤਨੱਤਾਂ ਆਹਮੋ ਸਾਹਮਣੇ ਆਈਆਂ। ਗਣਰਾਜ ਤੇ ਸਾਮਰਾਜ ਦਾ ਟਾਕਰਾ ਹੋਇਆ। ਸਚਾਈ ਤੇ ਕਪਟ ਮੈਦਾਨ ਵਿਚ ਉਤਰੇ।

ਇਕ ਪਾਸੇ ਸੀ ਪੰਜਾਬ ਦੀ ਰਿਆਸਤ ਜਾਂ ਨਿੱਕੀ ਜਿਹੀ ਸਲਤਨੱਤ ਤੇ ਦੂਜੇ ਪਾਸੇ ਸੀ ਪੰਜਾਬ ਨੂੰ ਛੱਡ ਕੇ ਰਹਿੰਦਾ ਸਾਰਾ ਹਿੰਦੁਸਤਾਨ ਤੇ ਸਾਰੀ ਅੰਗਰੇਜ਼ੀ ਹਕੂਮਤ। ਇਕ ਪਾਸੇ ਸਨ ਬੁਜ਼ਦਿਲ ਤੇ ਵਿਕ ਚੁਕੇ ਸੈਨਾਪਤੀ ਤੇ ਮਹਾਂ ਮੰਤਰੀ ਤੇ ਦੂਜੇ ਪਾਸੇ ਆਪਣੀ ਕੌਮ ਤੇ ਦੇਸ਼ ਤੇ ਈਸਾਈਅਤ ਦੇ ਫ਼ਖਰਮੰਦ ਜਰਨੈਲ ਤੇ ਨੈਪੋਲੀਅਨ ਬੋਨਾਪਾਰਟ ਦੇ ਸਨਮੁਖ ਜਿੱਤਾਂ ਪਾਉਣ ਵਾਲੇ ਮਹਾਨ ਸਿਪਾਹੀ।

ਦੋਵੇਂ ਫ਼ੌਜਾਂ ਆਹਮੋ ਸਾਹਮਣੇ ਡਟੀਆਂ ਤੇ ਪੰਜਾਬੀ ਰਸਾਲੇ ਨੇ ਅੰਗਰੇਜ਼ੀ ਰਸਾਲੇ ਉੱਤੇ ਹਮਲਾ ਕੀਤਾ। "ਬੋਲੇ ਸੋ ਨਿਹਾਲ" ਤੇ "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਮੁਦਕੀ, ਫੇਰੂ ਸ਼ਹਿਰ, ਫ਼ਿਰੋਜ਼ਪੁਰ, ਤੇ ਫ਼ਰੀਦਕੋਟ ਕੰਬ ਗਏ। ਯੂਨੀਅਨ ਜੈਕ ਨੂੰ ਝੁਲਾਂਦਾ ਅੰਗਰੇਜ਼ੀ ਰਸਾਲਾ ਵੀ ਅਗੇ ਵਧਿਆ। ਕਈਆਂ ਸਿੱਖਾਂ ਕੋਲ ਨੇਜ਼ੇ ਤੇ ਕਈਆਂ ਕੋਲ ਤਲਵਾਰਾਂ। ਕਈਆਂ ਅੰਗਰੇਜ਼ਾਂ ਤੇ ਪੂਰਬੀਆਂ ਕੋਲ ਵੀ ਨੇਜ਼ੇ ਤੇ ਕਈਆਂ ਹੱਥ ਤਲਵਾਰਾਂ। ਘੋੜਿਆਂ ਦੇ ਸਿਰ ਇਕ ਦੂਜੇ ਨਾਲ ਟਕਰਾ ਗਏ ਤੇ ਤਲਵਾਰਾਂ ਠਹਿਕ ਪਈਆਂ। ਨੇਜ਼ਿਆਂ ਦੇ ਲੰਮੇ ਲੰਮੇ ਤੇ ਤਲਵਾਰਾਂ ਦੇ ਮਧਰੇ ਮਧਰੇ ਵਾਰ ਹੋਏ ਤੇ ਜ਼ਮੀਨ ਉੱਤੇ ਲਹੂ ਫਿਰਨ ਲੱਗਾ।

ਪੰਜਾਬੀਆਂ ਦੀਆਂ ਭੁਜਾ ਨੇ ਜਦੋਂ ਕੱਟਾ ਵੱਢੀ ਸ਼ੁਰੂ ਕੀਤੀ ਤਾਂ ਗੋਰਿਆਂ ਨੂੰ ਜੋਸ਼ ਚੜ੍ਹਿਆ। ਐਨੀ ਹਿੰਮਤ ਸਿੱਖੜਿਆਂ ਦੀ ? ਉਹਨਾਂ ਨੇ ਆਪਣੇ ਆਪ ਤੋਂ ਪੁੱਛਿਆ। ਐਨੀ ਹਿੰਮਤ ਉਹਨਾਂ ਦੀ ਤੇ ਐਨਾ ਰੁਝੇਵਾਂ ਅੰਗਰੇਜ਼ਾਂ ਦਾ ਕਿ ਉਹ ਇਕ ਦੂਜੇ ਨਾਲ ਗੱਲ ਵੀ ਨਹੀਂ ਕਰ ਸਕਦੇ ? ਅਜੇ ਤਕ ਤਾਂ ਉਹਨਾਂ ਸਿਰਫ਼ ਹੱਸਦਿਆਂ ਤੇ ਟਿਚਕਰੀਆਂ ਕਰਦਿਆਂ ਹੀ ਵਖ ਵਖ ਰਜਵਾੜਿਆਂ ਦੀਆਂ ਕਾਲੀਆਂ ਸੈਨਾ ਨੂੰ ਮਾਰ ਲਿਆ ਸੀ। ਸੱਜੇ ਹੱਥੋਂ ਬਰਗੇਡੀਅਰ ਵਾਈਟ ਤੇ ਖੱਬੇ ਹੱਥੋਂ ਬਰਗੇਡੀਅਰ ਮੈਕਟੀਅਰ ਨੇ ਹਰਖ ਖਾ ਕੇ ਗੋਰੇ ਸਿਪਾਹੀਆਂ ਨੂੰ ਆਪਣੀਆਂ ਮਹਾਨ ਰਵਾਇਤਾਂ ਦੀ ਚਿਤਾਵਨੀ ਦਿਤੀ ਤੇ ਸਿਰ ਤੋੜ ਕੇ ਜਾਨਾਂ ਵਾਰਨ ਲਈ ਆਖਿਆ।

ਕਈ ਗੋਰਿਆਂ ਨੇ ਸਮਝਿਆ ਕਿ ਪੂਰਬੀਏ ਦਿਲੋਂ ਲੜ ਨਹੀਂ ਰਹੇ। ਸ਼ਾਇਦ ਉਹ ਅੰਦਰੋ ਅੰਦਰੀਂ ਸਿੱਖਾਂ ਨਾਲ ਮਿਲੇ ਹੋਏ ਹਨ। ਪੂਰਬੀਆਂ ਨੂੰ ਲਗਿਆ ਕਿ ਗੋਰੇ ਆਪਣੇ ਆਪ ਨੂੰ ਬਚਾਣਾ ਚਾਹੁੰਦੇ ਹਨ ਤੇ ਉਹਨਾਂ ਨੂੰ ਮਰਵਾਣਾ। ਅੰਗਰੇਜ਼ੀ ਰਸਾਲਾ ਹੌਲੇ ਹੌਲੇ ਪਿਛੇ ਹਟਣ ਲਗਾ।

ਇਹੋ ਸਮਾਂ ਸੀ ਲਾਲ ਸਿੰਘ ਦੇ ਇਸ਼ਾਰੇ ਦਾ ਤੇ ਡੋਗਰੇ ਸਿਪਾਹੀਆਂ ਤੇ ਵਿਚੋਂ ਵਿਚੋਂ ਕੁਝ ਮੁਸਲਮਾਨ ਸਿਪਾਹੀਆਂ ਦੀ ਵਫ਼ਾਦਾਰੀ ਵਿਖਾਣ ਦਾ। ਜੇ ਜ਼ਰਾ ਦੇਰ ਵੀ ਹੋ ਗਈ ਤਾਂ ਅੰਗਰੇਜ਼ ਹਟਦੇ ਹਟਦੇ ਬਿਲਕੁਲ ਹੀ ਹਟ ਜਾਣਗੇ। ਲਾਲ ਸਿੰਘ ਦੇ ਇਸ਼ਾਰੇ ਨਾਲ ਡੋਗਰਾ ਸਿਪਾਹੀ ਪਿਛੇ ਹਟਣ ਲਗੇ। ਕਿਸੇ ਨੇ ਐਵੇਂ ਹੀ ਚੀਕ ਮਾਰ ਕੇ ਘੋੜੇ ਨੂੰ ਪਿਛਾਂਹ ਮੋੜਿਆ, ਕਿਸੇ ਨੇ ਘੋੜੇ ਤੋਂ ਉਤਰ ਕੇ ਪਿਛੇ ਟੁਰਨਾ ਸ਼ੁਰੂ ਕੀਤਾ ਤੇ ਆਪਣੇ ਘੋੜੇ ਨੂੰ ਸ਼ਹੀਦ ਹੋਇਆ ਦਸਿਆ। ਕਿਸੇ ਦਾ ਨੇਜ਼ਾ ਗੁੰਮ ਗਿਆ ਤੇ ਕਿਸੇ ਦੀ ਤਲਵਾਰ ਕੰਮ ਨਹੀਂ ਸੀ ਕਰਦੀ।

ਰਸਾਲੇ ਦੀ ਲੜਾਈ ਦੇ ਦੌਰਾਨ ਵਿਚ ਖ਼ਾਲਸਈ ਤੋਪਾਂ ਦੁਸ਼ਮਣ ਦੀਆਂ ਤੋਪਾਂ ਉੱਤੇ ਗੋਲੇ ਵਰ੍ਹਾ ਰਹੀਆਂ

Scanned by CamScanner

ਸਨ । ਜਰਨੈਲ ਧਰਮ ਸਿੰਘ ਆਪਣੇ ਤੋਪਖਾਨੇ ਦੇ ਪਿਛੇ ਖਲੋਤਾ ਉਹਨਾਂ ਦੀ ਕਮਾਈ ਵੇਖ ਰਿਹਾ ਸੀ । ਬਾਂਦੀ ਤੋਪਾਂ ਮਿੰਟ ਮਿੰਟ ਪਿਛੋਂ ਬਾਈ ਗੋਲੇ ਦਾਗ਼ਦੀਆਂ । ਅੰਗਰੇਜ਼ਾਂ ਦਾ ਤੋਪਖਾਨਾ ਥੋੜਾ ਸੀ ਤੇ ਤੋਪਾਂ ਵੀ ਛੋਟੀਆਂ । ਉਹਨਾਂ ਦੇ ਗੋਲੇ ਖ਼ਾਲਸਈ ਤੋਪਾਂ ਕੋਲ ਪਹੁੰਚਦੇ ਨਾ ਲਗਦੇ । ਜਰਨੈਲ ਧਰਮ ਸਿੰਘ ਦੇ ਬਿਲਕੁਲ ਸਾਹਮਣੇ ਵਾਲੀ ਬੈਟਰੀ ਨੂਰ ਅਹਿਮਦ ਦੀ ਬੈਟਰੀ ਸੀ । ਤਿੰਨ ਤੋਪਾਂ ਇਸ ਬੈਟਰੀ ਵਿਚ ਸਨ ਤੇ ਕਿਦਾਂ ਪੈਂਦੇ ਸਨ ਸਹੀ ਇਸ ਬੈਟਰੀ ਦੇ ਗੋਲੇ ?

ਵਾਰੋ ਵਾਰ ਨੂਰ ਅਹਿਮਦ ਆਪ ਹਰ ਤੋਪ ਦਾ ਨਿਸ਼ਾਨਾ ਸੂਤ ਕਰ ਕੇ ਚਲਵੱਦੀਆਂ ਨੂੰ ਹੁਕਮ ਦੇਂਦਾ । ਏਨੇ ਵਿਚ ਬਾਕੀ ਦੀਆਂ ਦੋ ਤੋਪਾਂ ਤਿਆਰ ਹੋ ਜਾਂਦੀਆਂ । ਅਜੀਤ ਗੋਲੇ ਢੋਣ ਦੇ ਕੰਮ ਉੱਤੇ ਲਾਇਆ ਗਿਆ ਸੀ । ਨੂਰ ਅਹਿਮਦ ਨੇ ਕਿਹਾ ਸੀ, "ਤੂੰ ਕਾਕਾ ! ਮੁੱਢ ਤੋਂ ਕੰਮ ਸ਼ੁਰੂ ਕਰ । ਤੋਪਖ਼ਾਨੇ ਵਿਚ ਸਭ ਤੋਂ ਪਹਿਲੇ ਗੋਲੇ ਹੀ ਢੋਣੇ ਪੈਂਦੇ ਹਨ । ਜਦੋਂ ਤੂੰ ਇਹ ਸਬਕ ਸਿਖ ਲਿਆ ਤਾਂ ਫਿਰ ਮੈਂ ਤੈਥੋਂ ਤੋਪ ਚਲਵਾਵਾਂਗਾ ।"

ਅਜੀਤ ਨੇ ਤਰਲਾ ਕੀਤਾ ਸੀ, "ਉਸਤਾਦ ! ਮੈਨੂੰ ਇਕ ਦੋ ਵਾਰ ਤੋਪ ਚਲਾਉਣ ਦਾ ਮੌਕਾ ਜ਼ਰੂਰ ਦੇਣਾ । ਮੇਰੀ ਰੀਝ ਹੈ ।"

ਉਸਤਾਦ ਨੇ ਬਚਨ ਦਿਤਾ ਸੀ । ਆਪਣੀ ਰੀਝ ਨੂੰ ਪੂਰਾ ਕਰਨ ਦੀ ਉਡੀਕ ਵਿਚ ਅਜੀਤ ਸਭ ਕੁਝ ਭੁੱਲ ਭੁਲਾ ਕੇ ਗੋਲੇ ਢੋ ਰਿਹਾ ਸੀ । ਇਕ ਖਲੋਤੇ ਗੱਡੇ ਵਿਚੋਂ ਉਹ ਗੋਲੇ ਕਢਦਾ ਤੇ ਦਰਮਿਆਨੀ ਤੋਪ ਦੇ ਕੋਲ ਲਿਆ ਰਖਦਾ । ਜਰਨੈਲ ਧਰਮ ਸਿੰਘ ਨੇ ਵੇਖਿਆ ਕਿ ਨੂਰ ਅਹਿਮਦ ਦੀ ਬੈਟਰੀ ਦੀ ਇਸ ਦਰਮਿਆਨੀ ਤੋਪ ਕੋਲ ਸਭ ਤੋਂ ਵਧ ਗੋਲੇ ਪਏ ਹਨ ।

ਇਕ ਇਕ ਕਰ ਕੇ ਅੰਗਰੇਜ਼ੀ ਤੋਪਾਂ ਸ਼ਾਂਤ ਹੋਣ ਲਗੀਆਂ । ਹੁਣ ਧਰਮ ਸਿੰਘ ਦੇ ਹੁਕਮ ਨਾਲ ਇਕ ਬੈਟਰੀ ਦੁਸ਼ਮਣ ਦੀ ਪਿਆਦਾ ਫ਼ੌਜ ਵਿਚ ਗੋਲੇ ਸੁੱਟਣ ਲਗੀ, ਓਧਰੋਂ ਸੈਨਾ ਨੂੰ ਦਿਸ ਰਿਹਾ ਸੀ ਕਿ ਅੰਗਰੇਜ਼ੀ ਰਸਾਲਾ ਵੀ ਪੈਰ ਪੈਰ ਪਿਛੇ ਹਟ ਰਿਹਾ ਹੈ ।

ਉਸ ਵੇਲੇ ਨੂਰ ਅਹਿਮਦ ਨੇ ਅਜੀਤ ਨੂੰ ਗੋਲੇ ਢੋਣ ਤੋਂ ਰੋਕਿਆ ਤੇ ਕਿਹਾ, "ਚਲ ਪੁੱਤਰਾ, ਤੈਥੋਂ ਤੋਪ ਚਲਵਾਵਾਂ ਹੁਣ । ਛਡ ਉਏ ਹਰਨਾਮਿਆ ਤੋਪ ਤੇ ਦੋ ਗੋਲੇ ਜ਼ਰਾ ।"

ਅਜੀਤ ਕੁਝ ਪਲਾਂ ਲਈ ਘਬਰਾ ਗਿਆ । ਕੇਡੀ ਇੱਜ਼ਤ ਮਿਲਣ ਲਗੀ ਹੈ ਉਹਨੂੰ ? ਨਾਂ ਰੋਸ਼ਨ ਕਰਨ ਲਗਾ ਹੈ ਉਹ ਮਾਹਿਲਾਂ ਦਾ ? ਪਰ ਉਹ ਘਬਰਾਇਆ ਕਿ ਪਹਿਲਾ ਗੋਲਾ ਉਹਦਾ ਕਿਤੇ ਖ਼ਤਾਅ ਨਾ ਜਾਏ । ਨੂਰ ਅਹਿਮਦ ਬੁੱਲਿਆ : "ਬਸ ਰਤਾ ਸ਼ੰਕਾ ਨਾ ਕਰ ਤੂੰ । ਜਿਵੇਂ ਮੈਂ ਸਿਖਾਇਆ ਹੈ ਉਵੇਂ ਹੀ ਪਾ ਤੋਪ ਨੂੰ ਹੱਥ । ਉਏ ਭੈੜਿਆ ਤੋਪਖ਼ਾਨਾ ਤਾਂ ਤੁਸਾਂ ਮਾਹਿਲਾਂ ਦੀ ਜੱਦੀ ਜਾਇਦਾਦ ਹੈ ।"

ਹੀਰ ਵਾਰਨ ਵਾਲਾ ਅਮੀਰ ਸਿੰਘ ਨਾਲ ਦੀ ਤੋਪ ਤੇ ਚਲਵੱਦੀਆ ਸੀ । ਉਸ ਅਜੀਤ ਨੂੰ ਵੰਗਾਰਿਆ : "ਲੈ ਮਾਹਿਲ ਪੁੱਤਰਾ ! ਦਿਉ ਛਡੀਂ ਪਹਿਲਾ ਗੋਲਾ ਕਿ ਅੱਸ਼ ਅੱਸ਼ ਕਰ ਉਠੇ ਸਾਰਾ ਤੋਪਖ਼ਾਨਾ ।"

ਅਲ੍ਹੂਆਂ ਅਜੀਤ ਅਗੇ ਵਧਿਆ । ਉਸ ਆਪਣੀ ਨੀਲੀ ਪੱਗ ਨੂੰ ਸੰਵਾਰਿਆ ਤੇ ਤੋਪ ਨੂੰ ਹੱਥ ਪਾਇਆ । ਆਪ ਜਰਨੈਲ ਧਰਮ ਸਿੰਘ ਪਿਛੋਂ ਬੋਲਿਆ : "ਸ਼ਾਬਾ ! ਮਾਹਿਲ ਘਰਾਣੇ ਦੇ ਦੂਲਿਆ ।"

ਜਦੋਂ ਅਜੀਤ ਤੋਪ ਚਲਾ ਰਿਹਾ ਸੀ ਤਾਂ ਉਹਦਾ ਮਿੱਤਰ ਸ਼ੇਰ ਖ਼ਾਨ ਉਹਦੇ ਵਲ ਬੜੀਆਂ ਪ੍ਰਸੰਸਾ ਪੂਰਬਕ ਨਜ਼ਰਾਂ ਨਾਲ ਤੱਕ ਰਿਹਾ ਸੀ ।

ਅਜੀਤ ਨੇ ਪਹਿਲਾ ਗੋਲਾ ਦਾਗਿਆ । ਸਾਰੀ ਬੈਟਰੀ ਤੇ ਸਾਰਾ ਤੋਪਖ਼ਾਨਾ ਇਸ ਗੋਲੇ ਦਾ ਨਿਸ਼ਾਨਾ ਵੇਖਣ ਵਾਸਤੇ ਉਤਾਵਲਾ ਸੀ । ਅਜੀਤ ਦਾ ਦਾਗਿਆ ਗੋਲਾ ਐਨ ਗੋਰਿਆਂ ਦੀ ਇਕ ਤੋਪ ਉੱਤੇ ਪਿਆ ।

"ਵਾਹ ਵਾਹ ਅਜੀਤ ਸਿੰਘ" ਜਰਨੈਲ ਧਰਮ ਸਿੰਘ ਬੋਲਿਆ ।

"ਅਸ਼ਕੇ ਤੇਰੇ ਬੱਲਿਆ !" ਨੂਰ ਅਹਿਮਦ ਨੇ ਆਖਿਆ ।

"ਮਾਹਿਲ ਘਰਾਣੇ ਦਾ ਨਾਂ ਰਖਿਆ ਈ ਮੁੰਡਿਆ !" ਅਮੀਰ ਸਿੰਘ ਨੇ ਕਿਹਾ ।

ਸ਼ੇਰ ਖ਼ਾਨ ਨੇ ਘੁਟ ਕੇ ਅਜੀਤ ਨੂੰ ਜੱਫੀ ਪਾਈ, ਪਰ ਕਿਹਾ ਕੁਝ ਨਾ ।

ਤੇ ਅਜੀਤ ਤੋਪ ਚਲਾਣ ਲਗਾ ।

Scanned by CamScanner

ਐਨੇ ਵਿਚ ਤੋਪਖ਼ਾਨੇ ਨੇ ਕੀ ਵੇਖਿਆ ਕਿ ਉਹਨਾਂ ਦਾ ਰਸਾਲਾ ਪਿਛੇ ਹਟ ਰਿਹਾ ਹੈ। ਇਕੇ ਦੁਕੇ ਸਵਾਰ ਨੂੰ ਉਸ ਰਣਭੂਮੀ ਤੋਂ ਨੱਠੇ ਜਾਂਦੇ ਵੇਖਿਆ। ਇਹ ਕੀ ? ਉਹ ਹੈਰਾਨ ਹੋਏ, ਇਹ ਕੀ ਬਣਿਆ ? ਹੁਣੇ ਹੁਣੇ ਤਾਂ ਅੰਗਰੇਜ਼ ਪਿਛੇ ਹਟ ਰਹੇ ਸਨ। ਪਲੋ ਪਲੀ ਭਗੋੜਿਆਂ ਦੀ ਗਿਣਤੀ ਵਧਦੀ ਗਈ। ਸਾਰਿਆਂ ਦੀਆਂ ਨਜ਼ਰਾਂ ਇਹਨਾਂ ਭਗੋੜਿਆਂ ਵਲ ਪਰਤੀਆਂ ਤੇ ਧਰਮ ਸਿੰਘ ਕੂਦਿਆ : 'ਔਹ ਵੇਖਾਂ, ਇਹ ਤਾਂ ਆਪ ਜਰਨੈਲ ਕਨੂੰਈਆ ਲਾਲ ਪਿਛਾਂਹ ਨਸਿਆ ਜਾਂਦਾ ਹੈ।''

ਆਪਣੇ ਮੀਤ ਭਗਵਾਨ ਸਿੰਘ ਨੂੰ ਤੋਪਖ਼ਾਨੇ ਦੀ ਸੰਭਾਲ ਵਾਸਤੇ ਕਹਿ ਕੇ ਧਰਮ ਸਿੰਘ ਉੱਥੇ ਟੁਰ ਪਿਆ, ''ਮੈਂ ਸਰਦਾਰ ਲਾਲ ਸਿੰਘ ਨੂੰ ਢੂੰਡਦਾ ਹਾਂ।''

ਅਜੇ ਉਹਨੂੰ ਗਿਆਂ ਦੋ ਚਾਰ ਮਿੰਟ ਹੀ ਹੋਏ ਸਨ ਕਿ ਦੁਸ਼ਮਣ ਦੀ ਪਿਆਦਾ ਫ਼ੌਜ ਅਗੇ ਵਧਦੀ ਨਜ਼ਰ ਆਈ। ਪ੍ਰਤੱਖ ਸੀ ਕਿ ਉਸ ਪੰਜਾਬੀ ਰਸਾਲੇ ਦੀ ਕਮਜ਼ੋਰੀ ਤੋਂ ਫ਼ਾਇਦਾ ਉਠਾਇਆ ਹੈ। ਏਧਰ ਬਸ ਦੋ ਹਜ਼ਾਰ ਪਿਆਦਾ ਫ਼ੌਜ ਸੀ ਤੇ ਸਾਹਮਣਿਉਂ ਚੜ੍ਹਿਆ ਆਉਂਦਾ ਸੀ ਇਕ ਕਟਕ ਦਾ ਕਟਕ। ਇਹ ਕੀ ਬਣਿਆ ?

ਭਗਵਾਨ ਸਿੰਘ ਪੁਕਾਰਿਆ : ''ਦਾਗੋ ਗੋਲੇ ਦੁਸ਼ਮਣ ਦੀ ਪਿਆਦਾ ਫ਼ੌਜ ਉੱਤੇ। ਸਾਰਿਆਂ ਨੂੰ ਥਾਂ ਲਉ...।''

ਤੋਪਖ਼ਾਨੇ ਨੇ ਦੁਸ਼ਮਣ ਦੀ ਪਿਆਦਾ ਫ਼ੌਜ ਉੱਤੇ ਗੋਲੇ ਸੁਟਣੇ ਸ਼ੁਰੂ ਕੀਤੇ। ਦੁਸ਼ਮਣ ਦੀਆਂ ਬਚੀਆਂ ਖੁਚੀਆਂ ਤੋਪਾਂ ਨੂੰ ਸਾਹ ਆਇਆ ਤੇ ਕੁਝ ਪਲਾਂ ਪਿਛੋਂ ਉਹਨਾਂ ਦੇ ਗੋਲੇ ਖ਼ਾਲਸਈ ਤੋਪਖ਼ਾਨੇ ਉੱਤੇ ਵਰ੍ਹਨ ਲਗੇ। ਇਕ ਗੋਲੇ ਨਾਲ ਸਰਦਾਰ ਭਗਵਾਨ ਸਿੰਘ ਮੋਇਆ ਤੇ ਉਹਦੇ ਕੋਲ ਖਲੋਤਾ ਇਕ ਰਾਮ ਪ੍ਰਸ਼ਾਦ ਵੀ। ਇਕ ਗੋਲਾ ਨੂਰ ਅਹਿਮਦ ਦੀ ਬੈਟਰੀ ਵਿਚਕਾਰ ਪਿਆ ਤੇ ਰਾਮ ਸਿੰਘ ਮਾਰਿਆ ਗਿਆ, ਮਹਿੰਦਰ ਸਿੰਘ ਦੀ ਲੱਤ ਉੱਤੇ ਜ਼ਖ਼ਮ ਆਇਆ ਤੇ ਆਪ ਨੂਰ ਅਹਿਮਦ ਦੀ ਬਾਂਹ ਨੂੰ ਜ਼ਰਬ ਆਈ। ਅਜੀਤ ਨੇ ਆਪਣੀ ਬੈਟਰੀ ਦੇ ਸਿਪਾਹੀਆਂ ਵਲ ਵੇਖਿਆ ਤੇ ਸ਼ੇਰ ਖ਼ਾਨ ਵਲ। ਫਿਰ ਇਕਾ ਇਕ ਉਹ ਤੋਪ ਚਲਾਣ ਵਿਚ ਰੁੱਝ ਗਿਆ। ਹਰਨਾਮ ਸਿੰਘ ਅਜੇ ਤਕ ਵੀ ਗੋਲੇ ਢੋ ਰਿਹਾ ਸੀ, ਪਰ ਅਜੀਤ ਨੂੰ ਲਗਾ ਕਿ ਉਹਦੀ ਤੋਪ ਕੋਲ ਪਏ ਗੋਲਿਆਂ ਦੀ ਗਿਣਤੀ ਘਟਦੀ ਜਾਂਦੀ ਹੈ। ਉਹ ਹੀ ਤੋਪ ਤੇਜ਼ ਚਲਾ ਰਿਹਾ ਹੈ ਕਿ ਹਰਨਾਮ ਸਿੰਘ ਘੁਰਾੜੇ ਮਾਰ, ਸੁਸਤੀ ਕਰ ਰਿਹਾ ਹੈ।

ਭਗਵਾਨ ਸਿੰਘ ਦੀ ਥਾਂ ਉਹਦੇ ਮੀਤ, ਰੱਖਾ ਸਿੰਘ ਨੇ ਲਈ ਤੇ ਉਸ ਸੱਜੇ ਪਾਸੇ ਵਾਲੀ ਬੈਟਰੀ ਨੂੰ ਮੁੜ ਦੁਸ਼ਮਣ ਦੇ ਤੋਪਖਾਨੇ ਉੱਤੇ ਗੋਲੇ ਸੁੱਟਣ ਦਾ ਹੁਕਮ ਦਿਤਾ।

ਦੁਸ਼ਮਣ ਦੀ ਪੈਦਲ ਸੈਨਾ ਵਧਦੀ ਆ ਰਹੀ ਸੀ। ਤੋਪਾਂ ਦੇ ਗੋਲੇ ਉਹਨਾਂ ਨੂੰ ਰੋਕ ਨਹੀਂ ਸਨ ਰਹੇ। ਅਜੀਤ ਸਿੰਘ ਨੇ ਇਕ ਗੋਲਾ ਚਲਾ ਕੇ ਜਦੋਂ ਦੂਜਾ ਚੁੱਕਣ ਲਈ ਹੱਥ ਵਧਾਇਆ ਤਾਂ ਉਸ ਵੇਖਿਆ ਕਿ ਉੱਥੇ ਕੋਈ ਗੋਲਾ ਨਹੀਂ ਸੀ ਪਿਆ, ਸਗੋਂ ਹਰਨਾਮ ਸਿੰਘ ਚੁੱਪ ਚਾਪ ਖੜਾ ਅਜੀਤ ਵਲ ਤੱਕ ਰਿਹਾ ਸੀ :

''ਕਿਉਂ ਮੌਤ ਪੈ ਗਈ ਹਰਨਾਮ ਸਿੰਘਾ।'' ਪਹਿਲੀ ਵਾਰ ਅਜੀਤ ਨੇ ਆਪਣੀ ਬੈਟਰੀ ਦੇ ਕਿਸੇ ਸਿਪਾਹੀ ਨਾਲ ਖੁਲ੍ਹ ਲਈ, ''ਬਿੱਤਰ ਬਿੱਤਰ ਕੀ ਵੇਂਹਦਾ ਹੈਂ ?''

ਪਰ ਹਰਨਾਮ ਸਿੰਘ ਕਦੀ ਅਜੀਤ ਵਲੇ ਤੇ ਕਦੀ ਵਧਦੇ ਆਉਂਦੇ ਗੋਰਿਆਂ ਵਲੇ ਬਿੱਤਰ ਬਿੱਤਰ ਤੱਕਦਾ ਗਿਆ। ਹੁਣ ਅਜੀਤ ਨੇ ਵੇਖਿਆ ਕਿ ਆਸੇ ਪਾਸੇ ਦੀਆਂ ਤੋਪਾਂ ਵੀ ਵਾਰੋ ਵਾਰੀ ਬੰਦ ਹੋ ਰਹੀਆਂ ਸਨ। ਗੋਲੇ ਮੁਕ ਗਏ ਸਨ।

ਏਨੇ ਵਿਚ ਜਰਨੈਲ ਧਰਮ ਸਿੰਘ ਦੀ ਆਵਾਜ਼ ਉਹਦੇ ਕੰਨੀਂ ਪਈ।

''ਤਲਵਾਰਾਂ ਧੂ ਲਓ ਸੂਰਿਓ ! ਸਾਡੀ ਪਿਆਦਾ ਫ਼ੌਜ ਵੀ ਅਗੇ ਵਧ ਰਹੀ ਹੈ।''

ਭਗਵਾਨ ਸਿੰਘ ਨੂੰ ਉੱਥੇ ਨਾ ਵੇਖ ਕੇ ਉਸ ਰੱਖਾ ਸਿਘ ਕੋਲੋਂ ਪੁੱਛਿਆ, ''ਭਗਵਾਨ ਸਿੰਘ ਕਿਥੇ ਹੈ ?''

ਰੱਖਾ ਸਿੰਘ ਨੇ ਮੂੰਹੋਂ ਕੁਝ ਨਾ ਬੋਲਦਿਆਂ ਭਗਵਾਨ ਸਿੰਘ ਦੀ ਲੋਥ ਵਲ ਇਸ਼ਾਰਾ ਕੀਤਾ।

''ਸਰਦਾਰ ਲਾਲ ਸਿੰਘ ਕਿਤੇ ਨਹੀਂ ਲਭਦਾ। ਬਖਸ਼ੀ ਕਨੂੰਈਆ ਲਾਲ, ਜਰਨੈਲ ਬੁਧ ਸਿੰਘ, ਰਾਮ ਸਿੰਘ ਤੇ ਅਮਰ ਨਾਥ ਸਾਰੇ ਹੀ ਨੱਸ ਗਏ ਲਗਦੇ ਹਨ।'' ਜਰਨੈਲ ਧਰਮ ਸਿੰਘ ਮਾਨੋਂ ਆਪਣੇ ਆਪ ਨਾਲ ਗੱਲਾਂ ਕਰੀ ਗਿਆ।

ਦੋ ਹਜ਼ਾਰ ਪਿਆਦਾ ਫ਼ੌਜ ਤੋਪਾਂ ਨਾਲ ਖ਼ਹਿਸਰਦੀ ਅਗੇ ਵਧੀ। ਜਰਨੈਲ ਧਰਮ ਸਿੰਘ ਨੇ ਇਸ ਸੈਨਾਂ ਦੀ ਕਮਾਣ ਆਪਣੇ ਹੱਥ ਲਈ ਤੇ ਗਰਜ ਕੇ ਵੰਗਾਰਿਆ :

Scanned by CamScanner

"ਸੂਰਿਓ ! ਕੋਈ ਗੋਰਾ ਜ਼ਿੰਦਾ ਨਾ ਬਚੇ, ਪੰਜਾਬ ਰਾਜ ਤੇ ਸੋਰੇ-ਪੰਜਾਬ ਅਮਰ ਹੰਨ।"

ਉਸ ਆਪਣੀ ਤਲਵਾਰ ਵੀ ਧੂ ਲਈ ਤੇ ਸੈਨਾ ਦੇ ਅਗੇ ਹੋ ਪਿਆ।

ਕੁਝ ਹੀ ਮਿੰਟਾਂ ਵਿਚ ਤਲਵਾਰਾਂ ਦੀ ਲੜਾਈ ਸ਼ੁਰੂ ਹੋ ਗਈ। ਹੁਣ ਅੰਗਰੇਜ਼ਾਂ ਦੇ ਹੌਸਲੇ ਵਧੇ ਹੋਏ ਸਨ ਸੈਨਾਪਤੀ ਹੀਉ ਗਫ਼ ਦਾ ਸੁਨੇਹਾ ਪਹੁੰਚ ਚੁਕਿਆ ਸੀ ਕਿ ਸਾਰੇ ਹਾਲਾਤ ਪਲੈਨ ਦੇ ਮੁਤਾਬਿਕ ਚਲ ਰਹੇ ਹਨ। ਡਰ ਦਾ ਕੋਈ ਮੌਕਾ ਨਹੀਂ। ਹੁਣ ਅੱਠ ਹਜ਼ਾਰ ਤੇ ਦੋ ਹਜ਼ਾਰ ਦਾ ਮੁਕਾਬਲਾ ਹੈ।

ਹਾਂ, ਹੁਣ ਅੱਠ ਹਜ਼ਾਰ ਤੇ ਦੋ ਹਜ਼ਾਰ ਦਾ ਮੁਕਾਬਲਾ ਸੀ। ਜਰਨੈਲ ਧਰਮ ਸਿੰਘ ਸਭ ਤੋਂ ਅਗੇ ਵਧਿਆ ਆ ਰਿਹਾ ਸੀ ਤੇ ਉਧਰੋਂ ਆ ਰਹੇ ਸਨ ਬਰਗੇਡੀਅਰ ਬੋਲਟਨ ਤੇ ਬਰਗੇਡੀਅਰ ਵਾਲਸ। ਧਰਮ ਸਿੰਘ ਨੇ ਨਹੀਂ ਸਿੰਵਾਣਿਆ ਕਿ ਬਰਗੇਡੀਅਰ ਕੌਣ ਹੈ ਤੇ ਸਿਪਾਹੀ ਕੌਣ, ਉਹਨੇ ਉਹਦੇ ਨਾਲ ਹੀ ਖੰਡਾ ਖੜਕਾਉਣਾ ਸੀ ਜਿਹੜਾ ਸਭ ਤੋਂ ਪਹਿਲੇ ਉਹਦੇ ਸਾਹਮਣੇ ਆਉਂਦਾ। ਨੇਤ ਨਾਲ ਸਭ ਤੋਂ ਪਹਿਲੇ ਉਹਦੇ ਸਾਹਮਣੇ ਆਇਆ ਬਰਗੇਡੀਅਰ ਬੋਲਟਨ। "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ" ਗਜਾਉਂਦਿਆਂ ਉਸ ਬਰਗੇਡੀਅਰ ਉੱਤੇ ਤਲਵਾਰ ਦਾ ਵਾਰ ਕੀਤਾ। ਬੋਲਟਨ ਨੇ ਵਾਰ ਬਚਾਇਆ ਤੇ ਬੜੇ ਰੋਹ ਵਿਚ ਉਸ ਆਪਣੀ ਤਲਵਾਰ ਸੂਤੀ। ਉਹ, ਹਿੰਦੁਸਤਾਨ ਵਿਚ ਅਨੇਕਾਂ ਕਾਲਿਆਂ ਨਾਲ ਲੜੀਆਂ ਗਈਆਂ ਲੜਾਈਆਂ ਦਾ ਲੜਾਕਾ ਸੀ। ਇਹ ਹਿੰਦੁਸਤਾਨ ਵਿਚ ਉਹਦੀ ਆਖ਼ਰੀ ਲੜਾਈ ਸੀ। ਇਸ ਤੋਂ ਪਿਛੋਂ ਉਸ ਅਫ਼ਗਾਨਿਸਤਾਨ ਤੇ ਮਧ ਪੂਰਬ ਦੇ ਹੋਰਨਾਂ ਮੁਲਕਾਂ ਵਿਚ ਯੂਨੀਅਨ ਜੈਕ ਲਹਿਰਾਉਣਾ ਸੀ। ਉਹਨੂੰ ਆਪਣੀ ਈਸਾਈਅਤ ਦਾ ਮਾਣ ਸੀ। ਬੋਲਟਨ ਨੇ ਸਿੱਖ ਸਿਪਾਹੀਆਂ ਨੂੰ ਸਦਾ ਨੀਵਾਂ ਗਿਣਿਆ ਸੀ ਤੇ ਅਜ ਉਹ ਇਹਨਾਂ ਦਾੜ੍ਹੀ ਵਾਲੇ ਕਾਲੇ ਹਬਸ਼ੀਆਂ ਦੇ ਆਹੂ ਲਾਹੁਣਾ ਚਾਹੁੰਦਾ ਸੀ। ਜਰਨੈਲ ਧਰਮ ਸਿੰਘ ਦਾ ਵਾਰ ਬਚਾ ਕੇ ਉਸ ਆਪਣੀ ਤਲਵਾਰ ਸੂਤੀ, ਪਰ ਇਸ ਤੋਂ ਪਹਿਲੇ ਕਿ ਉਹਦੀ ਤਲਵਾਰ ਧਰਮ ਸਿੰਘ ਦੇ ਗਲ ਉੱਤੇ ਪਏ, ਧਰਮ ਸਿੰਘ ਦੇ ਦੂਜੇ ਵਾਰ ਨੇ ਉਹਦੀਆਂ ਅੰਤੜੀਆਂ ਬਾਹਰ ਕਢ ਸੁੱਟੀਆਂ.. ਬੋਲਟਨ ਦੇ ਮੂੰਹੋਂ ਇਕ ਸ਼ਬਦ ਨਾ ਨਿਕਲ ਸਕਿਆ। ਕੋਈ ਪ੍ਰਾਰਥਨਾ ਬਣ ਨਾ ਆਈ।

"ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹ" ਗਜਾਉਂਦਾ ਧਰਮ ਸਿੰਘ ਅਗੇ ਵਧਦਾ ਗਿਆ। ਧਰਮ ਸਿੰਘ ਨਹੀਂ ਸੀ ਜਾਣਦਾ ਕਿ ਉਹਨੇ ਕਿਡੇ ਵਡੇ ਅਫ਼ਸਰ ਨੂੰ ਮਾਰ ਮੁਕਾਇਆ ਹੈ, ਉਹ ਨਹੀਂ ਸੀ ਜਾਣਦਾ ਕਿ ਉਸ ਭਵਿੱਖਤ ਦੇ ਇਕ ਮਹਾਨ ਜੋਤੂ ਨੂੰ ਇਕ ਸ਼ਬਦ ਵੀ ਬੋਲਣ ਨਹੀਂ ਦਿਤਾ।

ਨੂਰ ਅਹਿਮਦ ਦੀ ਸੱਜੀ ਬਾਂਹ ਵਿਚੋਂ ਖ਼ੂਨ ਵਹਿ ਰਿਹਾ ਸੀ ਤੇ ਉਹ ਤਲਵਾਰ ਚਲਾਉਣ ਦੇ ਅਸਮਰਥ ਸੀ, ਪਰ ਤਾਂ ਵੀ ਉਸ ਰਾਮ ਸਿੰਘ ਦੀ ਲੰਬ ਉੱਤੇ ਖੜੇ ਹੋ ਕੇ ਆਪਣੀ ਬੈਟਰੀ ਦੇ ਸਿਪਾਹੀਆਂ ਨੂੰ ਤਲਵਾਰਾਂ ਸੂਤਣ ਵਾਸਤੇ ਹੁਕਮ ਦਿਤਾ ਸੀ। ਸ਼ੇਰ ਖ਼ਾਨ ਤੇ ਅਜੀਤ ਸਿੰਘ ਨੇ ਵੀ ਆਪਣੀਆਂ ਤਲਵਾਰਾਂ ਕਢ ਲਈਆਂ। ਸ਼ੇਰ ਖ਼ਾਨ ਨੇ ਅੱਲਾ ਦਾ ਨਾਂ ਲਿਆ ਤੇ ਅਜੀਤ ਨੇ ਕਲਗੀਧਰ-ਗੁਰੂ ਗੋਬਿੰਦ ਸਿੰਘ ਦਾ ਤੇ ਉਹ ਅਗੇ ਵਧ ਆਏ। ਪਰ ਹੁਣ ਤਕ ਉਹ ਇਕ ਦੂਜੇ ਤੋਂ ਨਿਖੜ ਚੁਕੇ ਸਨ।

ਅਜੀਤ ਦਾ ਪਹਿਲਾ ਟਾਕਰਾ ਇਕ ਪੂਰਬੀਏ ਸਿਪਾਹੀ ਨਾਲ ਹੋਇਆ। ਇਹਦੀ ਟੋਪੀ ਗੋਰਿਆਂ ਵਰਗੀ ਸੀ ਤੇ ਵਰਦੀ ਵੀ ਗੋਰਿਆਂ ਵਾਂਗ ਲਾਲ। ਇਹ ਹੱਟਾ ਕੱਟਾ ਜਵਾਨ ਸੀ, ਪਰ ਉਹਨੂੰ ਵੇਖਦਿਆਂ ਹੀ ਅਜੀਤ ਨੂੰ ਲਗਾ ਕਿ ਉਹ ਇਹਨੂੰ ਮਾਰ ਲਏਗਾ, ਪੂਰਬੀਏ ਵਿਚ ਦਮ ਨਹੀਂ। ਉਹ ਬੁਜ਼ਦਿਲ ਹੈ। ਅਜੀਤ ਦੀ ਤਲਵਾਰ ਨੇ ਸਹਿਜੇ ਹੀ ਪੂਰਬੀਏ ਦਾ ਗਲਾ ਵਢ ਦਿਤਾ।

ਹੁਣ ਇਕ ਗੋਰਾ ਉਹਦੇ ਸਾਹਮਣੇ ਆਇਆ। ਇਸ ਗੋਰੇ ਦੀਆਂ ਅੱਖਾਂ ਵਿਚ ਨਫ਼ਰਤ ਸੀ। ਸ਼ਾਇਦ ਉਸ, ਨਿੱਕੇ ਜਿਹੇ ਅਜੀਤ ਨੂੰ ਦੈਂਤ ਜੇਡੇ ਪੂਰਬੀਏ ਨੂੰ ਕਤਲ ਕਰਦਿਆ ਵੇਖਿਆ ਸੀ ਤੇ ਉਹਦੇ ਦਿਲ ਵਿਚ ਇਸ ਕੀਤੀ ਗਈ ਗੁਸਤਾਖੀ ਵਾਸਤੇ ਘਿਰਣਾ ਜਾਗੀ ਸੀ। ਉਸ ਗੋਰੇ ਨੇ ਅੰਗਰੇਜ਼ੀ ਵਿਚ ਕਈ ਕੁਝ ਆਖਿਆ। ਅਜੀਤ ਕਾਫ਼ੀ ਅੰਗਰੇਜ਼ੀ ਸਮਝਦਾ ਸੀ। ਉਹਨੇ ਕੁਝ ਸ਼ਬਦ ਸਿੰਵਾਣੇ, ਗੋਰਾ ਕਹਿ ਰਿਹਾ ਸੀ, "ਕੁੱਤੇ ਸਿੱਖ ! ਕਾਲੇ ਪੰਜਾਬੀ...।"

ਗੋਰੇ ਨੇ ਵਧ ਕੇ ਅਜੀਤ ਉੱਤੇ ਵਾਰ ਕੀਤਾ। ਅਜੀਤ ਕੋਲ ਢਾਲ ਨਹੀਂ ਸੀ। ਉਸ ਸੁਭਾਵਕ ਆਪਣਾ ਸਿਰ ਨੀਵਾਂ ਕਰ ਲਿਆ। ਵਾਰ ਖ਼ਾਲੀ ਗਿਆ। ਗੋਰੇ ਦੀਆਂ ਅੱਖਾਂ ਵਿਚ ਨਫ਼ਰਤ ਤੇ ਗੁੱਸਾ ਚਮਕਿਆ। ਉਸ ਫਿਰ ਅੰਗਰੇਜ਼ੀ ਵਿਚ ਗਾਲ੍ਹਾਂ ਕਢੀਆਂ। ਅਜੀਤ ਨੇ ਆਪਣੀ ਤਲਵਾਰ ਚੁਕੀ ਤੇ ਵਾਰ ਕੀਤਾ, ਪਰ ਗੋਰੇ ਨੇ ਸਹਿਜੇ ਹੀ ਇਹ ਵਾਰ ਰੋਕ

Scanned by CamScanner

ਲਿਆ। ਜਦੋਂ ਗੋਰੇ ਨੇ ਦੂਜੀ ਵਾਰ ਤਲਵਾਰ ਉਲਾਰੀ ਤਾਂ ਕੋਲੋਂ ਕਿਸੇ ਨੇ ਇਸ ਗੋਰੇ ਦੀ ਬਾਂਹ ਵਢ ਦਿਤੀ। ਅਜੀਤ ਨੇ ਉਧਰ ਵੇਖਿਆ। ਇਹ ਆਦਮੀ ਹਰਨਾਮ ਸਿੰਘ ਸੀ। ਫਿਰ ਹਰਨਾਮ ਸਿੰਘ ਨੇ ਅਜੇ ਤਕ ਖਲੇ ਖਲੋਤੇ ਗੋਰੇ ਦੇ ਢਿਡ ਵਿਚ ਤਲਵਾਰ ਖੋਭ ਦਿਤੀ ਤੇ ਫਿਰ ਇਕ ਹੋਰ ਗੋਰੇ ਦੇ ਮਗਰ ਪੈ ਗਿਆ, ਪਰ ਇਹ ਕਹਿੰਦਾ ਹੋਇਆ :

"ਮੇਰੇ ਨਾਲ ਰਹੀਂ ਅਜੀਤਿਆ, ਅਣਆਈ ਮੌਤੇ ਨਾ ਮਰੀਂ ਕਿਧਰੇ...।"

ਅਜੀਤ ਨੇ ਵੇਖਿਆ ਕਿ ਉਹ ਚਾਰੋ ਪਾਸਿਉਂ ਘਿਰ ਗਿਆ ਹੈ। ਘਮਸਾਨ ਦਾ ਯੁੱਧ ਹੋ ਰਿਹਾ ਹੈ। ਉਹਦਾ ਕੱਦ ਛੋਟਾ ਹੈ। ਉਹ ਉੱਛਲ ਉੱਛਲ ਕੇ ਵਾਰ ਕਰ ਰਿਹਾ ਹੈ, ਪਰ ਗੱਲ ਬਣਦੀ ਨਹੀਂ। ਉਹ ਇਸ ਜੰਮਘਟੇ ਵਿਚੋਂ ਨਿਕਲ ਆਇਆ। ਉਸ ਹਰਨਾਮ ਸਿੰਘ ਦਾ ਦਸਿਆ ਰਾਹ ਯੋਗ ਸਮਝਿਆ। ਉਹ ਉਹਦੇ ਮਗਰ ਹੋ ਪਿਆ। ਜਿਦ੍ਹੇ ਨਾਲ ਹਰਨਾਮ ਸਿੰਘ ਤਲਵਾਰ ਟਕਰਾ ਰਿਹਾ ਹੁੰਦਾ। ਦਾਅ ਵੇਖ ਕੇ ਅਜੀਤ ਉਹਦੇ ਪਿਛੋਂ ਹੋ ਕੇ ਉਹਦੇ ਸਰੀਰ ਵਿਚ ਆਪਣੀ ਤਲਵਾਰ ਖੋਭ ਦੇਂਦਾ। ਅਜੀਤ ਹੈਰਾਨ ਸੀ ਹਰਨਾਮ ਸਿੰਘ ਦੀ ਸੂਰਮਗਤੀ ਉੱਤੇ ? ਕਮਾਲ ਦਾ ਸਿਪਾਹੀ ਸੀ ਇਹ। ਉਸ ਕਦੀ ਨਹੀਂ ਸੀ ਸੋਚਿਆ ਕਿ ਇਹੋ ਜਿਹਾ ਪੇਂਡੂ ਵੀ ਐਡੀ ਬਹਾਦਰੀ ਨਾਲ ਲੜ ਸਕਦਾ ਹੈ। ਅਮੀਰ ਸਿੰਘ ਵੀ ਇਹੋ ਕਹਿੰਦਾ ਸੀ ਕੇ ਬਾਕੀ ਸਿਪਾਹੀ ਵੀ। ਪਰ ਅੱਜ ਹਰਨਾਮ ਸਿੰਘ, ਆਪਣੇ ਇਕਰਾਰ ਮੁਜਬ, ਇਹਨਾਂ ਸਭ ਨੂੰ ਝੂਠਾ ਪਾ ਰਿਹਾ ਸੀ।

ਹੁਣ ਅਜੀਤ ਨੇ ਵੇਖਿਆ ਕਿ ਹਰਨਾਮ ਸਿੰਘ ਥੱਕ ਗਿਆ ਲਗਦਾ ਹੈ। ਉਹਦੀ ਤਲਵਾਰ ਦੀ ਤੇਜ਼ੀ ਘਟ ਗਈ ਹੈ ਤੇ ਉਹ ਘੜੀ ਘੜੀ ਆਪਣਾ ਸਿਰ ਤੇ ਬਾਹਾਂ ਛੰਡ ਰਿਹਾ ਹੈ। ਉਸ ਆਖਿਆ :

"ਹਰਨਾਮਿਆਂ ਮੁੜ ਜਾ, ਚਲ ਤੋਪਾਂ ਕੋਲ। ਮੈਂ ਤੇਰੀ ਥਾਂ ਲੈਂਦਾ ਹਾਂ।"

"ਇਕ ਵਾਰੀ ਮੈਦਾਨ ਵਿਚ ਆ ਕੇ ਨਹੀਂ ਮੁੜੀਦਾ.. ਮੇਰੀ ਅੱਖ ਵਿਚ ਕੁਝ ਪੈ ਗਿਆ ਹੈ। ਮੈਂ "

ਜਦੋਂ ਹੀ ਹਰਨਾਮ ਸਿੰਘ ਆਪਣੀ ਅੱਖ ਵਿਚੋਂ ਕੁਝ ਕਢਣ ਵਾਸਤੇ ਰੁਕਿਆ ਕਿ ਇਕ ਗੋਰੇ ਦੀ ਤਲਵਾਰ ਉਹਦੇ ਉੱਤੇ ਝਪਟ ਪਈ, ਹਰਨਾਮ ਸਿੰਘ ਦੋ ਟੁਕੜਿਆਂ ਵਿਚ ਕਟਿਆ ਗਿਆ।

ਅਜੀਤ ਸ਼ੇਰ ਵਾਂਗ ਇਸ ਗੋਰੇ ਉੱਤੇ ਪਿਆ। "ਬਲਾ ! ਬਲਾ !!" ਦੇ ਸ਼ਬਦ ਉਸ ਗੋਰੇ ਦੇ ਮੂੰਹ ਵਿਚੋਂ ਨਿਕਲੇ। ਗੋਰਾ ਉਹਦੇ ਅਗੋਂ ਹੱਟ ਗਿਆ ਤੇ ਏਧਰ ਉਧਰ ਹੋਣ ਲਗਾ, ਪਰ ਅਜੀਤ ਨੇ ਉਹਨੂੰ ਲਲਕਾਰਿਆ। ਅੰਗਰੇਜ਼ੀ ਵਿਚ। ਅੱਜ ਕੁਦਰਤੀ ਹੀ ਅਜੀਤ ਦੀ ਅੰਗਰੇਜ਼ੀ ਜ਼ਬਾਨ ਉੱਤੇ ਪਕੜ ਪੀਡੀ ਲਗਦੀ ਸੀ। ਉਸ ਆਖਿਆ, "ਠਹਿਰ ! ਦੌੜ ਨਾ। ਝੱਲ ਵਾਰ..."

ਪਰ ਗੋਰਾ ਨਸ ਗਿਆ। ਜਦੋਂ ਅਜੀਤ ਨੇ ਮੂੰਹ ਆਪਣੇ ਸਜੇ ਭੰਵਾਇਆ ਤਾਂ ਉਸ ਵੇਖਿਆ ਕਿ ਇਕ ਬੁੱਢੀ ਉਮਰ ਦਾ ਅੰਗਰੇਜ਼ ਉਹਦੇ ਵਲ ਵੇਖ ਰਿਹਾ ਹੈ। ਇਸ ਬੁੱਢੇ ਉੱਤੇ ਨਜ਼ਰ ਪੈਂਦਿਆਂ ਹੀ ਅਜੀਤ ਝੁਕ ਗਿਆ। ਇਸ ਬੁੱਢੇ ਅੰਗਰੇਜ਼ ਦੀਆਂ ਨਜ਼ਰਾਂ ਵਿਚ ਉਹਨੂੰ ਕੋਈ ਘਿਰਨਾ ਨਹੀਂ ਲਭੀ। ਸਗੋਂ ਉਹਨੂੰ ਲਗਾ ਕਿ ਇਹ ਬੁੱਢਾ ਉਹਦੇ ਵਲ ਪ੍ਰਸੰਸਕ ਭਾਵਾਂ ਨਾਲ ਤੱਕ ਰਿਹਾ ਹੈ। ਉਸ ਇਹ ਵੀ ਵੇਖਿਆ ਕਿ ਇਹ ਗੋਰਾ ਆਮ ਸਿਪਾਹੀ ਨਹੀਂ। ਚਿਹਰੇ ਮੋਹਰੇ ਤੋਂ ਉਹ ਜਰਨੈਲ ਜਾਂ ਕੋਈ ਉੱਚੇ ਅਹੁਦੇ ਵਾਲਾ ਅਫਸਰ ਲਗਦਾ ਹੈ। ਉਹਦੇ ਹੱਥ ਵਿਚ ਤਲਵਾਰ ਸੀ, ਪਰ ਉਹਦੇ ਗਲੇ ਵਿਚ ਸਲੀਬ। ਉਹ ਹੈ ਸੀ ਦੁਸ਼ਮਣ, ਪਰ ਲਗਦਾ ਸੀ ਮਿੱਤਰ। ਉਹ ਅੰਗਰੇਜ਼ ਸੀ ਕਿ ਕੋਈ ਹਿੰਦੁਸਤਾਨੀ ਕਿ ਕੋਈ ਪੰਜਾਬੀ। ਅਜੀਤ ਨੂੰ ਗੋਰਿਆਂ ਬਰਖਿਲਾਫ ਆਪਣੇ ਸੀਨੇ ਅੰਦਰ ਭੜਕਦੀ ਨਫਰਤ, ਇਕਦੰਮ ਸ਼ਾਂਤ ਹੁੰਦੀ ਲਗੀ। ਇਹ ਕੀ ਕਰਾਮਾਤ ਹੈ, ਉਹ ਆਪਣੇ ਆਪ ਕੋਲੋਂ ਪੁੱਛ ਹੀ ਰਿਹਾ ਸੀ ਕਿ ਕਿਸੇ ਗੋਰੇ ਦੀ ਆਵਾਜ਼ ਉਹਦੇ ਕੰਨੀ ਪਈ :

"ਚਲੋ ਜੂਝੋ ਸਰ ਰਾਬਰਟ ! ਸੋਚ ਕੀ ਰਹੇ ਹੋ !"

ਇਹ ਆਵਾਜ਼ ਸੁਣਦਿਆਂ ਹੀ ਇਹ ਬੁੱਢਾ ਅੰਗਰੇਜ਼ ਚੌਂਕਿਆ। ਅਜੀਤ ਨੇ ਜਾਣਿਆਂ ਕਿ ਇਹ ਆਦਮੀ ਸਰ ਰਾਬਰਟ ਹੈ।

ਸਰ ਰਾਬਰਟ ਸੇਲ ਵੀ ਅੱਜ ਜਾਨ ਹੂਲ ਕੇ ਲੜ ਰਿਹਾ ਸੀ। ਉਹਨੇ ਆਪਣੇ ਮਨ ਹੀ ਮਨ ਫ਼ੈਸਲਾ ਕਰ ਲਿਆ ਸੀ ਕਿ ਇਹ ਲੜਾਈ ਉਹਦੀ ਆਖ਼ਰੀ ਲੜਾਈ ਹੈ ਤੇ ਅੱਜ ਉਸ ਸੁੱਚੀ ਈਸਾਈਅਤ ਦੇ ਨਾਂ ਉੱਚੇ ਜਾਨ ਕੁਰਬਾਨ ਕਰ ਦੇਣੀ ਹੈ। ਉਹ ਅੰਗਰੇਜ਼ੀ ਹਕੂਮਤ ਤੇ ਅੰਗਰੇਜ਼ੀ ਕਰਮਚਾਰੀਆਂ ਦਾ ਕਪਟ ਤੇ ਛਲ ਹੋਰ ਨਹੀਂ ਸੀ ਸਹਾਰ ਸਕਦਾ। ਉਹ ਲੜਦਾ ਰਿਹਾ ਸੀ, ਪਰ ਅਜੇ ਤਕ ਉਹਨੂੰ ਮੌਤ ਨਹੀਂ ਸੀ ਆਈ। ਏਨੇ ਵਿਚ ਉਹਦੀ ਨਜ਼ਰ ਅਜੀਤ ਤੇ ਉਹਦੇ ਸਨਮੁਖ

Scanned by CamScanner

ਆਏ ਇਕ ਅੰਗਰੇਜ਼ ਉੱਤੇ ਪਈ। ਯੁਵਕ ਅਜੀਤ ਦੇ ਸਾਹਮਣੇ ਇਹ ਤਜ਼ਰਬੇਕਾਰ ਅੰਗਰੇਜ਼ ਸਿਪਾਹੀ ਨਸ ਰਿਹਾ ਸੀ ਤੇ ਸਰ ਰਾਬਰਟ ਸੇਲ ਨੇ ਸੋਚਿਆ, "ਇਹੋ ਜਿਹੀ ਬਹਾਦਰ ਕੌਮ ਨਾਲ, ਜਿਸ ਵਿਚ ਇਹੋ ਜਿਹੇ ਬਹਾਦਰ ਯੁਵਕ ਹਨ, ਧਰੋਹ ਕਰ ਕੇ ਲੜਨਾ ਈਸਾਈਅਤ ਦਾ ਮੂੰਹ ਕਾਲਾ ਕਰਨਾ ਹੈ। ਮੈਂ ਹੈਰਾਨ ਹਾਂ ਬਰਗੇਡੀਅਰ ਬੈਲਟਨ ਤੇ ਉਹਦੇ ਵਾਂਗ ਸੋਚਦੇ ਬਾਕੀ ਅਫ਼ਸਰਾਂ ਉੱਤੇ, ਸਾਰੀ ਅੰਗਰੇਜ਼ੀ ਹਕੂਮਤ ਉੱਤੇ...ਬੇਸ਼ਕ, ਅਸੀਂ ਇਸ ਕੌਮ ਨੂੰ ਸਦਾ ਲਈ ਗ਼ੁਲਾਮ ਨਹੀਂ ਬਣਾ ਸਕਦੇ। ਇਸ ਬਾਲ ਵਰਗੇ ਪਤਾ ਨਹੀਂ ਹੋਰ ਕਿੰਨੇ ਬਾਲ ਹਨ, ਜਿਹੜੇ ਇਹਦੇ ਵਾਂਗ ਹੀ ਸਿਰ ਧੜ ਦੀ ਬਾਜ਼ੀ ਲਾਈ ਬੈਠੇ ਹਨ...ਇਸ ਬਾਲ ਦਾ ਪ੍ਰਭਾਵ ਕੇਡਾ ਸੁਖਾਵਾਂ ਹੈ। ਇਹ ਕੇਡਾ ਚੇਤੰਨ ਤੇ ਸਿਆਣਾ ਲਗਦਾ ਹੈ। ਕਨਿੰਘਮ ਸਚ ਹੀ ਕਹਿੰਦਾ ਹੈ। ਇਹ ਕੌਮ, ਇਹ ਦੇਸ..." ਤੇ ਏਸੇ ਵੇਲੇ ਬਰਗੇਡੀਅਰ ਵਾਲਸ ਨੇ ਉਹਨੂੰ ਵੰਗਾਰਿਆ।

ਸਰ ਰਾਬਰਟ ਸੇਲ ਨੇ ਆਪਣੇ ਆਪ ਨੂੰ ਝੰਝੋੜਿਆ। ਆਪਣੀ ਤਲਵਾਰ ਸੂਤੀ, ਪਰ ਅਜੀਤ ਦੇ ਵੇਖਦਿਆਂ ਵੇਖਦਿਆਂ ਹੀ ਸਰ ਰਾਬਰਟ ਦੀ ਛਾਤੀ ਵਿਚ ਕੁਝ ਖੁਭਾ। ਸਰ ਰਾਬਰਟ ਡਿੱਗ ਪਿਆ ਤੇ ਅਜੀਤ ਨੇ ਉਹਦੇ ਮੂੰਹ ਵਿਚੋਂ ਨਿਕਲਦੇ ਇਹ ਸ਼ਬਦ ਸੁਣੇ, "ਯਸੂਹ ਮਸੀਹ ਦੀ ਰਹਿਮਤ ਸਾਰੀ ਦੁਨੀਆਂ ਉੱਤੇ ਇਕੋ ਜਿੰਨੀ ਵਸੇ।"

ਹੁਣ ਹਨੇਰਾ ਪੈ ਗਿਆ ਤੇ ਸਿੱਖ ਸੈਨਾ ਹੌਲੀ ਹੌਲੀ ਪਿਛੇ ਹਟਣ ਲਗੀ। ਅਜੀਤ ਵੀ ਬਿਨਾਂ ਜਾਣੇ ਸਮਝੇ ਸੈਨਾ ਦੇ ਵਹਾ ਵਿਚ ਵਹਿ ਰਿਹਾ ਸੀ। ਸਰ ਰਾਬਰਟ ਦੀ ਮੌਤ ਨੇ ਉਹਦੇ ਮਨ ਉੱਤੇ ਅਜੀਬ ਤਰ੍ਹਾਂ ਦਾ ਅਸਰ ਕੀਤਾ ਸੀ ਤੇ ਉਹ ਤਲਵਾਰ ਚਲਾਣਾ ਨਹੀਂ ਸੀ ਚਾਹੁੰਦਾ; ਸ਼ਾਇਦ ਉਹ ਅਸਲੋਂ ਥੱਕ ਗਿਆ ਸੀ। ਉਹਦੀ ਸੱਜੀ ਬਾਂਹ ਵਿਚ ਅਸਹਿ ਪੀੜ ਹੋ ਰਹੀ ਸੀ।

ਇਕਾ ਇਕ ਉਸ ਵੇਖਿਆ ਕਿ ਉਹ ਤੋਪਾਂ ਦੇ ਵਿਚਕਾਰ ਆ ਪਹੁੰਚਾ ਹੈ। ਤੇ ਹੁਣ ਉਹ ਆਪਣੀ ਤੋਪ ਕੋਲ ਖੜਾ ਹੈ। ਨੂਰ ਅਹਿਮਦ ਵੀ ਉੱਥੇ ਹੈ, ਤੇ ਜ਼ਖ਼ਮੀ ਹੋਇਆ ਮਹਿੰਦਰ ਸਿੰਘ ਵੀ। ਉਸ ਇਹਨਾਂ ਨੂੰ ਮੁਸ਼ਕਲ ਨਾਲ ਪਛਾਣਿਆ ਤੇ ਫਿਰ ਉਸ ਨੂਰ ਅਹਿਮਦ ਨੂੰ ਇਹ ਕਹਿੰਦਾ ਵੀ ਸੁਣਿਆ :

'ਜਿਹੜੇ ਸਿਪਾਹੀ ਲੜ ਨਹੀਂ ਸਕਦੇ ਉਹ ਤੋਪਾਂ ਰੇੜ੍ਹ ਕੇ ਵਾਪਸ ਲੈ ਜਾਣ...।"

ਪਤਾ ਨਹੀਂ ਕਿਉਂ ਅਜੀਤ ਨੇ ਆਪਣੀ ਤੋਪ ਦੀ ਨਾਲੀ ਨੂੰ ਆਪਣੀ ਛਾਤੀ ਨਾਲ ਲਾਇਆ ਤੇ ਫਿਰ ਸ਼ਾਹ ਹਨੇਰੇ ਵਿਚ ਉਹ, ਹੌਲਦਾਰ ਨੂਰ ਅਹਿਮਦ ਤੇ ਮਹਿੰਦਰ ਸਿੰਘ ਨਾਲ ਮਿਲ ਕੇ ਤੋਪ ਧੂਣ ਲਗਾ। ਲੜਾਈ ਅਜੇ ਵੀ ਹੋ ਰਹੀ ਸੀ।

੧੩੨

ਪੈਰ ਪੈਰ ਉੱਤੇ ਲੜਦੀ ਸਿੰਘ ਸੈਨਾ ਪਿਛੇ ਹਟਦੀ ਆਈ। ਹੁਣ ਹਨੇਰਾ ਤੇ ਸਿਰੰਦੀ ਐਨੀ ਵੱਧ ਗਈ ਕਿ ਲੜਾਈ ਜਾਰੀ ਰਖਣੀ ਨਾ-ਮੁਮਕਿਨ ਹੋ ਗਈ ਤੇ ਹੁਣ ਲੜਾਈ ਬੰਦ ਹੋ ਗਈ।

ਲੜਾਈ ਬੰਦ ਹੋ ਗਈ, ਪਰ ਪੰਜਾਬੀ ਸੈਨਾ ਨੂੰ ਖਾਧੀ ਹਾਰ ਦਾ ਅਹਿਸਾਸ ਨਹੀਂ ਹੋਇਆ। ਜਿਹੜੇ ਡੋਗਰੇ ਤੇ ਮੁਸਲਮਾਨ ਨੱਸ ਗਏ ਉਹ ਤਾਂ ਨੱਸ ਗਏ, ਪਰ ਰਹਿੰਦੀ ਸੈਨਾ ਬਿਨਾਂ ਕਿਸੇ ਚੇਤੰਨ ਅਹਿਸਾਸ ਦੇ ਲੜਦੀ ਗਈ। ਇਸ ਸੈਨਾ ਦੇ ਸਿਪਾਹੀਆਂ ਨੇ ਲੜਨਾ ਸਿਖਿਆ ਸੀ ਤੇ ਇਹ ਲੜਨ ਵੇਲੇ ਲੜਦੇ ਸਨ, ਬਿਨਾਂ ਸ਼ੰਕਿਆਂ ਤੇ ਸ਼ੰਕਾਂ ਨਾਲ ਆਸੇ ਪਾਸੇ ਵੇਖਦਿਆਂ ਲੜਦੇ ਲੜਦੇ ਹੀ ਇਹ ਪਿਛੇ ਹਟੇ, ਸੋ ਜਦੋਂ ਲੜਾਈ ਬੰਦ ਹੋਈ ਤਾਂ ਇਹਨਾਂ ਨੂੰ ਇਉਂ ਨਾ ਲੱਗਾ ਕਿ ਅੰਗਰੇਜ਼ ਜੇਤੂ ਹਨ।

Scanned by CamScanner

ਲੜਾਈ ਬੰਦ ਹੋ ਗਈ ਤੇ ਸਿਪਾਹੀਆਂ ਨੇ ਆਪਣੇ ਲੀਡਰ ਲਭਣੇ ਸ਼ੁਰੂ ਕੀਤੇ । ਯੁਧ ਦੇ ਇਤਿਹਾਸ ਵਿਚ ਲੀਡਰ ਆਪਣੀ ਸੈਨਾ ਨੂੰ ਲਭਦੇ ਤਾਂ ਸੁਣੇ ਗਏ ਹਨ, ਪਰ ਕਿਤੇ ਸੈਨਾ ਨੂੰ ਆਪਣੇ ਲੀਡਰ ਲਭਣ ਦੀ ਕੋਸ਼ਿਸ਼ ਕਰਨ ਦੀ ਮਿਸਾਲ ਨਹੀਂ ਮਿਲਦੀ । ਜਦੋਂ ਸੈਨਾ ਤੇ ਲੀਡਰ ਦਾ ਜੰਗ ਦੇ ਮੈਦਾਨ ਵਿਚ, ਮੇਲ ਮਿਲਾਪ ਟੁੱਟ ਜਾਏ ਤਾਂ ਬਹੁਤੇ ਵਸੀਹੇ ਰਖਦਾ ਲੀਡਰ ਹੀ ਸੈਨਾ ਨੂੰ ਜਾ ਢੂੰਡਦਾ ਹੈ ਤੇ ਨਵੀਂ ਪਲੈਨ ਮੁਤਾਬਿਕ ਫਿਰ ਜੰਗ ਜਾਰੀ ਰਖਦਾ ਹੈ, ਪਰ ਏਥੇ ਤਾਂ ਲੀਡਰ ਗਵਾਚ ਚੁਕੇ ਸਨ । ਲਭ ਨਹੀਂ ਸਨ ਰਹੇ ।

ਸਿਪਾਹੀ ਆਪੋ ਵਿਚ ਗੱਲਾਂ ਕਰਦੇ :

"ਦਿਨ ਚੜ੍ਹ ਲੈਣ ਦੇ, ਫਿਰ ਵੇਖੀਂ ਹੱਥ ਮੇਰੇ ।"

"ਗੋਰਿਆਂ ਨੂੰ ਰਾਤ ਬਚਾਅ ਗਈ ਲੱਕੋ । ਜੇ ਇਕ ਘੜੀ ਦਿਨ ਹੋਰ ਹੁੰਦਾ ਤਾਂ ਇਕ ਗੋਰਾ ਨਹੀਂ, ਸੀ ਬਚਣਾ ਅਜ ।"

"ਕਾਸ਼ ! ਅਸੀਂ ਦੋ ਘੰਟੇ ਪਹਿਲੇ ਲੜਾਈ ਸ਼ੁਰੂ ਕੀਤੀ ਹੁੰਦੀ । ਹਨੇਰੇ ਦੀ ਕੁੱਛੜ ਵਿਚ ਗੋਰੇ ਸਾਥੋਂ ਬਚ ਨਾ ਨਿਕਲਦੇ !"

"ਮੈਂ ਤਾਂ ਕਹਿੰਦਾ ਹਾਂ ਹੁਣੇ ਹੀ ਪੈ ਜਾਈਏ ਇਕ ਵਾਰ ਫੇਰ, ਵੇਖੀ ਜਾਏਗੀ ਜੋ ਹੋਵੇਗੀ । ਮੁਦਕੀ ਤੋਂ ਕਈ ਸਿੰਘ ਗੋਰਿਆਂ ਦੇ ਕੈਂਪ ਬਾਰੇ ਸਭ ਖ਼ਬਰਾਂ ਜਾਣਦੇ ਹਨ ।"

ਇਹ ਆਖ਼ਰੀ ਸਲਾਹ ਕਈ ਸਿਪਾਹੀਆਂ ਨੂੰ ਬੜੀ ਪਸੰਦ ਆਈ । ਕਿਉਂ ਨਾ ਹੁਣੇ ਹੀ ਲੈ ਲਿਆ ਜਾਏ ਅੰਗਰੇਜ਼ ਨੂੰ ? ਆਖ਼ਰ ਸਿੰਘ ਏਕੇ ਤਾਂ ਹੋਏ ਨਹੀਂ ਸਨ ਤੇ ਗੁੱਸਾ ਉਹਨਾਂ ਨੂੰ ਬੇਅੰਤ ਸੀ । ਫਿਰ ਉਹ ਅੰਗਰੇਜ਼ਾਂ ਦੇ ਕੈਂਪ ਬਾਰੇ ਵੀ ਪੂਰੀ ਤਰ੍ਹਾਂ ਜਾਣਦੇ ਸਨ । ਕਈ ਦੇਸ਼ ਭਗਤ ਸੂਰੇ ਅੰਗਰੇਜ਼ਾਂ ਦੇ ਮੁਦਕੀ ਪਹੁੰਚਣ ਉੱਤੇ ਉੱਥੋਂ ਨਸ ਆਏ ਸਨ । ਉਹਨਾਂ ਨੂੰ ਗੋਰੇ ਚੰਗੇ ਨਹੀਂ ਸਨ ਲਗਦੇ । ਉਹ ਗੋਰਿਆਂ ਦੀ ਜਿੱਤ ਨਹੀਂ ਸਨ ਚਾਹੁੰਦੇ । ਉਹਨਾਂ ਦੇ ਦਿਲਾਂ ਵਿਚ ਪੰਜਾਬ ਵਾਸਤੇ, ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਾਸਤੇ, ਰਾਜ ਮਾਤਾ ਜਿੰਦਾਂ ਤੇ ਸ਼ਹਿਜ਼ਾਦਾ ਦਲੀਪ ਸਿੰਘ ਵਾਸਤੇ ਤੇ ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਬੜੇ ਡੂੰਘੇ ਜਜ਼ਬੇ ਮਚਲਦੇ ਸਨ । ਬੇਸ਼ਕ ਸਤਲੁਜ ਪਾਰ ਦੀ ਬਹੁਤੀ ਜਨਤਾ ਉਹਨਾਂ ਰਾਜਿਆਂ ਤੇ ਨਵਾਬਾਂ ਥੱਲੇ ਵਸਦੀ ਆਈ ਸੀ ਜਿਨ੍ਹਾਂ ਰਾਜਿਆਂ ਤੇ ਨਵਾਬਾਂ ਦੇ ਅੰਗਰੇਜ਼ਾਂ ਨਾਲ ਪੀਡੇ ਸੰਬੰਧ ਸਨ, ਪਰ ਫਿਰ ਵੀ ਰੂਹ ਉਹਦੀ ਰਣਜੀਤ ਸਿੰਘ ਨਾਲ ਹੀ ਰਹੀ ਸੀ । ਰਣਜੀਤ ਸਿੰਘ ਉਹਨਾਂ ਦਾ ਰਾਜਾ ਨਹੀਂ ਸੀ, ਪਰ ਉਹਨਾਂ ਦਾ ਨਾਇਕ ਜ਼ਰੂਰ ਸੀ । ਰਣਜੀਤ ਸਿੰਘ ਉਹਨਾਂ ਦੀ ਕਲਪਨਾ ਨੂੰ ਟੁੰਬਦਾ, ਰਣਜੀਤ ਸਿੰਘ ਦੀ ਸੂਰਮਗਤੀ ਉਹਦੀ ਉਦਾਰ ਚਿਤਤਾ, ਉਹਦੀ ਵਡਿਆਈ ਦੀਆਂ ਕਹਾਣੀਆਂ ਸਿਰਫ ਸਤਲੁਜ ਪਾਰ ਦੀ ਪੰਜਾਬੀ ਜਨਤਾ ਨੂੰ ਹੀ ਨਹੀਂ, ਸਤਲੁਜ ਉਰਾਰ ਦੀ ਪੰਜਾਬੀ ਜਨਤਾ ਨੂੰ ਹੀ ਨਹੀਂ ਸਗੋਂ ਸਾਰੇ ਸਿੰਧ, ਸਾਰੀ ਦਿੱਲੀ, ਸਾਰੇ ਰਾਜਪੂਤਾਨੇ, ਤੇ ਏਥੋਂ ਤਕ ਕਿ ਮਰਹੱਟਾ ਤੇ ਦਰਾਵੜ ਦੇਸ਼ ਤਕ ਵੀ ਆਪਣੇ ਉਪਾਸ਼ਕ ਪੈਦਾ ਕਰ ਚੁਕੀਆਂ ਸਨ ।

ਸਤਲੁਜ ਉਰਾਰ ਦੇ ਰਾਜੇ, ਰਜਵਾੜੇ, ਨਵਾਬ ਤੇ ਚੌਧਰੀ ਬੇਸ਼ਕ ਅੰਗਰੇਜ਼ਾਂ ਕੋਲੋਂ ਡਰਦੇ ਉਹਨਾਂ ਦਾ ਸਾਥ ਦੇ ਰਹੇ ਸਨ, ਪਰ ਇਸ ਇਲਾਕੇ ਦੀ ਜਨਤਾ ਅੰਗਰੇਜ਼ਾਂ ਨਾਲ ਨਹੀਂ ਸੀ । ਇਸ ਜਨਤਾ ਦੀ ਰੂਹ ਖ਼ਾਲਸਈ ਸੈਨਾ ਦੀ ਰੂਹ ਵਿਚ ਰਚ ਮਿਚ ਰਹੀ ਸੀ, ਏਸੇ ਲਈ ਸ਼ਾਇਦ ਅੰਗਰੇਜ਼ਾਂ ਨੂੰ ਆਮ ਜਨਤਾ ਦਾ ਸਹਿਯੋਗ ਉੱਨਾ ਪ੍ਰਾਪਤ ਨਹੀਂ ਸੀ ਹੋਇਆ ਜਿਨ੍ਹਾਂ ਕਿ ਰਾਜਿਆਂ ਤੇ ਨਵਾਬਾਂ ਦਾ ।

ਮੁਦਕੀ ਵਿਚ ਉਹਨਾਂ ਨੂੰ ਖਿੜੇ ਮੱਥੇ ਕੋਈ ਨਹੀਂ ਮਿਲਿਆ । ਠੀਕ ਉਹਨਾਂ ਦੇ ਬਰਖ਼ਿਲਾਫ਼ ਤਲਵਾਰ ਨਹੀਂ ਚੁਕੀ ਗਈ, ਪਰ ਮੁਦਕੀ ਪਿੰਡ ਦੇ ਵਾਸੀਆਂ ਨੇ ਗੋਰਿਆਂ ਲਈ ਆਪਣੇ ਘਰਾਂ ਦੇ ਦਰਵਾਜ਼ੇ ਵੀ ਨਹੀਂ ਖੋਲ੍ਹੇ ।

ਸਰ ਹੀਊ ਗਫ਼ ਨੇ ਮੁਦਕੀ ਦੀ ਵਸੋਂ ਦੀ, ਜੇ ਦੁਸ਼ਮਣੀ ਨਹੀਂ ਤਾਂ ਬੇਰੁਖੀ ਜ਼ਰੂਰ ਵਾਚੀ ਤੇ ਉਸ ਆਪਣੇ ਨਿਕਟਵਰਤੀ ਮੇਜਰ ਬਰਾਡਫ਼ੁਟ ਨੂੰ ਕਿਹਾ, "ਮੈਨੂੰ ਇਹ ਪਿੰਡ ਵਾਸੀ ਮਿੱਤਰ ਨਜ਼ਰ ਨਹੀਂ ਆਉਂਦੇ, ਮਤੇ ਇਹ ਸਾਡੇ ਕੈਂਪ ਦੀਆਂ ਖ਼ਬਰਾਂ ਸਿੱਖਾਂ ਤਾਈਂ ਪਹੁੰਚਾ ਦੇਣ ।"

"ਜੇ ਪਹੁੰਚਾ ਵੀ ਦੇਣਗੇ ਤਾਂ ਕੀ ਹੋਏਗਾ, ਜਿਨ੍ਹਾਂ ਤਾਈਂ ਅੰਤ ਇਹ ਖ਼ਬਰਾਂ ਪਹੁੰਚਣੀਆਂ ਹਨ ਉਹ ਸਾਡੇ ਹੱਥਾਂ ਵਿਚ ਹਨ ।"

Scanned by CamScanner

"ਇਹ ਠੀਕ ਹੈ, ਪਰ..."

"ਸਰ ਹੀਊ ਗ਼ਫ਼, ਆਪ ਐਵੇਂ ਹੀ ਚਿੰਤਾਤੁਰ ਹੋ ਰਹੇ ਹੋ, ਹੋ ਸਕਦਾ ਹੈ ਇਸ ਇਲਾਕੇ ਦੀ ਆਮ ਜਨਤਾ ਸਾਡੇ ਨਾਲ ਨਾ ਹੋਵੇ, ਪਰ ਇਸ ਇਲਾਕੇ ਦੇ ਸਾਰੇ ਸਿਰਕਢ ਆਦਮੀ ਸਾਡੇ ਨਾਲ ਹਨ ਤੇ ਸਾਨੂੰ ਇਹਨਾਂ ਆਦਮੀਆਂ ਨਾਲ ਹੀ ਸਰੋਕਾਰ ਹੈ। ਸਾਨੂੰ ਬਿਨਾਂ ਕਿਸੇ ਸ਼ਕ ਸ਼ੁਬੇ ਦੇ ਅਗੇ ਵਧਣਾ ਚਾਹੀਦਾ ਹੈ। ਜੇ ਹਜ਼ੂਰ ਹੁਕਮ ਦੇਣ ਤਾਂ ਮੁਦਕੀ ਵਿਚ ਕਤਲੇਆਮ ਦਾ ਹੁਕਮ ਦਿਤਾ ਜਾ ਸਕਦਾ ਹੈ। ਇਕ ਆਦਮੀ ਵੀ ਭਜ ਕੇ ਨਹੀਂ ਨਿਕਲੇਗਾ।"

"ਮੈਂ ਕੁਝ ਇਸ ਤਰ੍ਹਾਂ ਹੀ ਸੋਚ ਰਿਹਾ ਹਾਂ ਬਰਾੜਫ਼ੁਟ। ਭਾਵੇਂ ਕੰਦੀ ਸਾਡੇ ਨਾਲ ਹੋਵੇ ਭਾਵੇਂ ਨਾ, ਜੰਗ ਦੇ ਮੁਆਮਲਿਆਂ ਵਿਚ ਸੰਜੋਗਾਂ ਉੱਤੇ ਕੋਈ ਗੱਲ ਨਹੀਂ ਛੜਨੀ ਚਾਹੀਦੀ। ਇਹ ਮੇਰੇ ਨਾਇਕ, ਫ਼ੀਲਡ ਮਾਰਸ਼ਲ ਡੀਊਕ ਆਫ਼ ਵੈਲਿੰਗਟਨ ਦੀ, ਉਪਦੀਪੀ ਲੜਾਈਆਂ ਵਿਚ, ਸਾਨੂੰ ਹਦਾਇਤ ਹੋਇਆ ਕਰਦੀ ਸੀ।"

ਮੁਦਕੀ ਵਿਚ ਕਤਲੇਆਮ ਦਾ ਹੁਕਮ ਸਾਦਰ ਕੀਤਾ ਗਿਆ, ਪਰ ਇਕ ਚੌਧਰੀ ਰਜਬ ਅਲੀ ਨੇ ਅੰਗਰੇਜ਼ਾਂ ਅਗੇ ਬੰਦਨਾ ਕੀਤੀ, "ਅਸੀਂ ਸਾਰੇ ਤੁਸਾਂ ਦੇ ਬਰਦੇ ਹਾਂ, ਸਾਡੀ ਆਪਣੀ ਕੋਈ ਹੈਸੀਅਤ ਨਹੀਂ। ਜਿਵੇਂ ਤੁਸੀਂ ਫ਼ੁਰਮਾਓਗੇ ਓਵੇਂ ਹੀ ਅਸੀਂ ਕਰਾਂਗੇ। ਅਸੀਂ ਜਾਣਦੇ ਹਾਂ ਤੁਹਾਡਾ ਸਿਤਾਰਾ ਅਰੂਜ ਉੱਤੇ ਹੈ ਤੇ ਤੁਸੀਂ ਜਲਦੀ ਹੀ ਪੰਜਾਬ ਦੇ ਮਾਲਕ ਬਣੋਗੇ। ਸਾਡੀਆਂ ਸ਼ੁਭ ਇੱਛਾਵਾਂ ਤੁਹਾਡੇ ਨਾਲ ਹਨ। ਤੁਸੀਂ ਇਸ ਪਿੰਡ ਦੀ ਜਾਨ ਬਖ਼ਸ਼ੀ ਕਰੋ। ਅਸੀਂ ਤੁਹਾਡੇ ਸਦਾ ਦੇਣਦਾਰ ਹੋਵਾਂਗੇ...।"

ਮੌਲਵੀ ਰਜਬ ਅਲੀ ਨੇ ਆਪਣੀ ਚਿੱਟੀ ਦਾੜ੍ਹੀ ਨਾਲ ਸਰ ਹੀਊ ਗ਼ਫ਼ ਦੇ ਬੂਟ ਪੂੰਝਣ ਦੀ ਪੇਸ਼ਕਸ਼ ਕੀਤੀ ਤੇ ਸਰ ਹੀਊ ਗ਼ਫ਼ ਨੇ ਮੁਦਕੀ ਦੀ ਖ਼ਲਾਸੀ ਕੀਤੀ।

ਪਰ ਕਈ ਮਨਚਲੇ ਦੇਸ਼ ਭਗਤ ਅੱਖ ਬਚਾ ਕੇ ਫਿਰ ਵੀ ਨਸ ਗਏ। ਨਸ ਕੇ ਉਹ ਪੰਜਾਬੀ ਸੈਨਾ ਨਾਲ ਜਾ ਮਿਲੇ। ਖ਼ਾਲਸੇ ਵਲੋਂ ਹੋ ਕੇ ਉਹ ਅੰਗਰੇਜ਼ਾਂ ਨਾਲ ਲੜੇ। ਉਹਨਾਂ ਨੇ ਆਪਣੇ ਜਾਣੂੰਆਂ ਪਛਾਣੂੰਆਂ ਨੂੰ ਅੰਗਰੇਜ਼ਾਂ ਉੱਤੇ ਉਸੇ ਰਾਤ ਹੱਲਾ ਕਰਨ ਦੀ ਸਲਾਹ ਦਿਤੀ, ਪਰ ਜਦੋਂ ਇਹ ਸਲਾਹ ਉਚ ਕੋਟੀ ਦੇ ਨੇਤਾਵਾਂ ਤਕ ਪਹੁੰਚੀ ਤਾਂ ਉਹਨਾਂ ਨੇ ਇਹਨਾਂ ਭਗੋੜਿਆਂ ਦਾ ਦਿਮਾਗ਼ ਖ਼ਰਾਬ ਹੋਇਆ ਦਸਿਆ।

"ਇਹ ਮਹਾਨ ਖ਼ਾਲਸਈ ਸੈਨਾ ਨੂੰ ਮਰਵਾਣਾ ਚਾਹੁੰਦੇ ਹਨ। ਇਹ ਸਾਡੇ ਮਿੱਤਰ ਨਹੀਂ, ਅੰਗਰੇਜ਼ਾਂ ਦੇ ਸੂਹੇ ਹਨ। ਭਲਾ ਇਕ ਹਾਰ ਪਿਛੋਂ ਕੀ ਅਸੀਂ ਇਕ ਹੋਰ ਹਾਰ ਖਾਣ ਦੇ ਯੋਗ ਹਾਂ ?"

ਮੁਦਕੀ ਦੇ ਇਹਨਾਂ ਵਤਨ-ਦੋਸਤਾਂ ਵਿਚੋਂ ਇਕ ਹਾਜੀ ਵਲੀ ਮੁਹੰਮਦ, ਚੌਧਰੀ ਮੁਹੰਮਦ ਅਸਮਤ ਦਾ ਰਿਸ਼ਤੇਦਾਰ ਸੀ। ਜਿਵੇਂ ਚੌਧਰੀ ਮੁਹੰਮਦ ਅਸਮਤ, ਮਹਾਰਾਜਾ ਰਣਜੀਤ ਸਿੰਘ ਦਾ ਦੇਣੇਦਾਰ ਸੀ, ਉਸੇ ਤਰ੍ਹਾਂ ਹਾਜੀ ਵਲੀ ਮੁਹੰਮਦ ਵੀ ਸ਼ੇਰੇ-ਪੰਜਾਬ ਦਾ ਬਰਦਾ ਸੀ। ਹਾਜੀ ਵਲੀ ਮੁਹੰਮਦ ਦਾ ਪਿਉ ਤੇ ਰਣਜੀਤ ਸਿੰਘ ਦਾ ਪਿਉ ਇਕ ਦੂਜੇ ਦੇ ਮਿੱਤਰ ਸਨ ਤੇ ਰਣਜੀਤ ਸਿੰਘ ਦੀਆਂ ਪਹਿਲੀਆਂ ਲੜਾਈਆਂ ਵਿਚ ਮੁਹੰਮਦ ਹਾਸ਼ਮ ਤੇ ਉਹਦਾ ਪੁੱਤਰ ਵਲੀ ਮੁਹੰਮਦ ਰਣਜੀਤ ਸਿੰਘ ਵਲੋਂ ਹੋ ਕੇ ਲੜਦੇ ਰਹੇ, ਪਰ ਰਣਜੀਤ ਸਿੰਘ ਦੇ ਇਕ ਕੱਟੜ ਵੈਰੀ ਦੇ ਵਰਗਲਾਣ ਉੱਤੇ ੧੮੦੪ ਈ: ਵਿਚ ਸੰਸਾਰ ਚੰਦ ਨਾਲ ਲੜਾਈ ਸਮੇਂ ਉਹ ਰਣਜੀਤ ਸਿੰਘ ਦੇ ਵਿਰੁਧ ਹੋ ਗਏ। ਸੰਸਾਰ ਚੰਦ ਹਾਰ ਗਿਆ ਤੇ ਮੁਹੰਮਦ ਹਾਸ਼ਮ ਲੜਾਈ ਵਿਚ ਅੰਨ੍ਹਾ ਹੋ ਗਿਆ। ਵੀਹ ਸਾਲ ਉਹ ਪਹਾੜਾਂ ਵਿਚ ਛਿਪੇ ਰਹੇ ਅਤੇ ੧੮੨੪ ਈ: ਵਿਚ ਰਣਜੀਤ ਸਿੰਘ ਦੇ ਗੁਣਾਂ ਦੀ ਸ਼ੋਭਾ ਸੁਣ ਕੇ ਮੁਹੰਮਦ ਹਾਸ਼ਮ ਨੇ ਆਪਣੇ ਪੁੱਤਰ ਵਲੀ ਮੁਹੰਮਦ ਨੂੰ ਰਣਜੀਤ ਸਿੰਘ ਦੇ ਦਰਬਾਰ ਵਿਚ ਭੇਜਿਆ ਤੇ ਮੁਆਫ਼ੀ ਦੀ ਮੰਗ ਕੀਤੀ। ਰਣਜੀਤ ਸਿੰਘ ਨੂੰ ਆਪਣੇ ਪਿਤਾ ਦਾ ਇਕ ਵੇਲੇ ਦਾ ਮਿੱਤਰ ਮੁਹੰਮਦ ਹਾਸ਼ਮ ਅਜੇ ਤਕ ਯਾਦ ਸੀ, ਉਸ ਵਲੀ ਮੁਹੰਮਦ ਨੂੰ ਗਲੇ ਲਾਇਆ ਤੇ ਕਿਹਾ, "ਗ਼ਲਤੀਆਂ ਹਰ ਇਕ ਕੋਲੋਂ ਹੋ ਜਾਂਦੀਆਂ ਹਨ ਮਿੱਤਰ। ਮੈਂ ਭੁੱਲਾਂ ਬਖ਼ਸ਼ਣ ਵਾਲਾ ਕੌਣ ? ਮੈਂ ਤਾਂ ਆਪਣੇ ਬਾਜਾਂ ਵਾਲੇ ਗੁਰੂ ਗੋਬਿੰਦ ਸਿੰਘ ਦਾ ਚਾਕਰ ਹਾਂ ਤੇ ਮੇਰੇ ਗੁਰੂ ਦਾ ਫ਼ੁਰਮਾਨ ਹੈ ਕਿ ਸਾਡਾ ਕੋਈ ਵੈਰੀ ਨਹੀਂ ਤੇ ਨਾ ਹੀ ਸਾਨੂੰ ਕੋਈ ਬਿਗਾਨਾ ਹੈ। ਤੂੰ ਆਪਣੇ ਪਿਤਾ ਨੂੰ ਦਰਬਾਰ ਵਿਚ ਲਿਆ। ਮੈਂ ਉਹਨੂੰ ਛਾਤੀ ਨਾਲ ਲਾਵਾਂਗਾ...।"

ਮੁਹੰਮਦ ਹਾਸ਼ਮ ਦਰਬਾਰ ਵਿਚ ਆਇਆ ਤੇ ਰਣਜੀਤ ਸਿੰਘ ਨੇ ਉਹਨੂੰ ਆਪਣੀ ਬੇਮਿਸਾਲ ਰਹਿਮਤ ਨਾਲ ਮਾਲਾ ਮਾਲ ਕਰ ਦਿਤਾ, ਪਰ ਰਣਜੀਤ ਸਿੰਘ ਦੀਆਂ ਬਖ਼ਸ਼ਸ਼ਾਂ ਨੂੰ ਮੁਹੰਮਦ ਹਾਸ਼ਮ ਨੇ ਮੋੜਦਿਆਂ ਹੋਇਆਂ ਕਿਹਾ:

Scanned by CamScanner

"ਸਰਕਾਰ ! ਅਜੇ ਤਕ ਸ਼ਾਇਦ ਤੁਹਾਡੀਆਂ ਬਖ਼ਸ਼ਸ਼ਾਂ ਕਿਸੇ ਨਾ ਮੋੜੀਆਂ ਹੋਣ । ਮੈਨੂੰ ਵੀ ਦਲੇਰੀ ਬਣ ਨਹੀਂ ਆਉਂਦੀ, ਪਰ ਹੇ ਮੇਰੇ ਮਾਲਕ ਮੈਂ ਇਹ ਬਖ਼ਸ਼ਸ਼ਾਂ ਕਿਹੜੇ ਮੂੰਹ ਸਵੀਕਾਰ ਕਰਾਂ ? ਮੈਂ ਇਹਨਾਂ ਦੇ ਯੋਗ ਨਹੀਂ । ਨਹੀਂ ਸਰਕਾਰ, ਮੈਂ ਕੁਝ ਸਵੀਕਾਰ ਨਹੀਂ ਕਰ ਸਕਦਾ । ਜੇ ਤੁਸੀਂ ਤੁੱਠੇ ਹੋ ਸ਼ੇਰੇ-ਪੰਜਾਬ ਤਾਂ ਮੈਨੂੰ ਇਕ ਬਖ਼ਸ਼ਸ਼ ਅਰਪਣ ਕਰੋ । ਮੇਰੇ ਅੰਨ੍ਹੇ ਨੈਣਾਂ ਦੇ ਅੱਥਰੂ ਇਕ ਵਾਰ ਤੁਹਾਡੇ ਚਰਨਾਂ ਉੱਤੇ ਡੁੱਲ੍ਹ ਸਕਣ, ਇਹੋ ਮੇਰੀ ਅਰਜ਼ ਹੈ...।"

ਮੁਹੰਮਦ ਹਾਸ਼ਮ ਤੇ ਉਹਦਾ ਕੁੰਬਾ ਬਖ਼ਸ਼ਿਆ ਗਿਆ ਤੇ ਕਿਸ ਨਾ ਕਿਸੇ ਰਾਹ ਟੱਬਰ ਦੇ ਸਾਰੇ ਜੀਅ ਮਾਲਾ ਮਾਲ ਹੋਏ । ਰਣਜੀਤ ਸਿੰਘ ਦੀ ਮੌਤ ਪਿਛੋਂ ਵਲੀ ਮੁਹੰਮਦ ਮੁਦਕੀ ਆ ਗਿਆ । ਲਾਹੌਰ ਹੁਣ ਉਹਦਾ ਰਹਿਣਾ ਕਠਿਨ ਸੀ ਤੇ ਮੁਦਕੀ ਵਿਚ ਰਿਸ਼ਤੇਦਾਰ ਹੋਣ ਕਰ ਕੇ ਏਥੇਂ ਦੀ ਖਿੱਚ ਤਕੜੀ । ਮੁਦਕੀ ਇਕ ਸਾਲ ਰਹਿ ਕੇ ਉਹ ਮੱਕੇ ਹੱਜ ਵਾਸਤੇ ਗਿਆ । ਤਿੰਨ ਸਾਲਾਂ ਪਿੱਛੋਂ ਮੁੜਿਆ ਤੇ ਇਸ ਸਮੇਂ ਉਸ ਲਾਹੌਰ ਸਰਕਾਰ ਵਿਚ ਹੌਲੀ ਹੌਲੀ ਵਧ ਰਹੀ ਦੁਰਗਤੀ ਦੀਆਂ ਖ਼ਬਰਾਂ ਸੁਣੀਆਂ । ਅਜ ਅੰਗਰੇਜ਼ ਰਣਜੀਤ ਸਿੰਘ ਦੀ ਸਲਤਨੱਤ ਉੱਤੇ ਹਮਲਾ ਕਰਨ ਵਾਸਤੇ ਮੁਦਕੀ ਇਕੱਤਰ ਹੋਏ ਤੇ ਹਾਜੀ ਵਲੀ ਮੁਹੰਮਦ ਕੋਲੋਂ ਰਹਿਣ ਨਹੀਂ ਹੋਇਆ । ਉਹ ਨੱਠ ਆਇਆ ਤੇ ਸਿੱਖਾਂ ਵਲੋਂ ਹੋ ਕੇ ਲੜਿਆ । ਉਸਨੇ ਹੀ ਸਭ ਤੋਂ ਪਹਿਲੇ ਉਸੇ ਰਾਤ ਅੰਗਰੇਜ਼ ਉੱਤੇ ਹੱਲੇ ਦੀ ਸਲਾਹ ਦਿਤੀ, ਪਰ ਉਹਦੀ ਸਲਾਹ ਰੱਦ ਕਰ ਦਿਤੀ ਗਈ ਤੇ ਉਹਨੂੰ ਅੰਗਰੇਜ਼ਾਂ ਦਾ ਸੂਹਾ ਦੱਸਿਆ ਗਿਆ ।

ਚੌਧਰੀ ਮੁਹੰਮਦ ਅਸਮਤ ਨਾਲ ਗੱਲਾਂ ਕਰਦਿਆਂ ਉਹ ਰੋ ਪਿਆ ।

"ਚੌਧਰੀ ! ਲਾਹੌਰ ਦਰਬਾਰ ਦੀ ਇਹ ਹਾਲਤ ? ਸ਼ੇਰੇ-ਪੰਜਾਬ ਦੀ ਸੈਨਾ ਦੇ ਕਰਤੇ ਧਰਤੇ ਕੌਣ ? ਮੈਨੂੰ ਤਾਂ ਕੁਝ ਸਮਝ ਨਹੀਂ ਆਉਂਦੀ । ਜੇ ਧਰਤੀ ਵਿਹਲ ਦੇਵੇ ਤਾਂ ਮੈਂ ਗ਼ਰਕ ਹੋ ਜਾਵਾਂ । ਚੌਧਰੀ, ਬੁਜ਼ਦਿਲ ਪੰਡਤਾਂ ਹੱਥ ਸੈਨਾ ਦੀ ਵਾਗ ਡੋਰ ਹੈ । ਇਹ ਵੀ ਕਿਸੇ ਨਾਲ ਸੱਚੇ ਹੋਏ...। ਚੌਧਰੀ ।"

'ਸੱਬਰ...", ਚੌਧਰੀ ਮੁਹੰਮਦ ਅਸਮਤ ਨੇ ਸਲਾਹ ਦਿਤੀ, "ਸੱਬਰ ਕਰ ਹਾਜੀ ਵਲੀ ਮੁਹੰਮਦ । ਤੂੰ ਤਾਂ ਅਜੇ ਕੁਝ ਵੇਖਿਆ ਹੀ ਨਹੀਂ । ਤੂੰ ਕੀ ਜਾਣਦਾ ਹੈਂ ਤੇ ਸਤਲੁਜ ਉਰਾਰ ਦੇ ਬਾਕੀ ਪੰਜਾਬੀ ਕੀ ਜਾਣਦੇ ਹਨ ? ਪਤਾ ਹੈ ਈ ਕਿ ਅਜ ਮਾਹਿਲ ਤੇ ਅਟਾਰੀ ਸਰਦਾਰਾਂ ਵਿਚੋਂ ਇਕ ਵੀ ਇਸ ਸੈਨਾ ਵਿਚ ਸ਼ਾਮਿਲ ਨਹੀਂ ? ਰੋਂਗਟੇ ਖੜੇ ਹੋ ਜਾਂਦੇ ਹਨ ਹਾਜੀ, ਲਾਹੌਰ ਦੀ ਹਾਲਤ ਤੱਕ ਕੇ । ਇਕ ਸਰਕਾਰ ਬਾਝੋਂ ਪੱਤਾ ਪੱਤਾ ਖਿੰਡ ਗਿਆ ਹੈ ।"

"ਹੈਂ ?" ਹਾਜੀ ਵਲੀ ਮੁਹੰਮਦ ਹੈਰਾਨ ਹੋਇਆ, "ਕੀ ਮਾਹਿਲ ਤੇ ਅਟਾਰੀ ਵਾਲੇ ਸਰਦਾਰ ਨਾਲ ਨਹੀਂ ਆਏ ? ਹਾਂ, ਤੇ ਮੈਂ ਸੁਣਿਆ ਹੈ ਕਿ ਲਹਿਣਾ ਸਿੰਘ ਮਜੀਠੀਆ ਉਜ ਹੀ ਪੰਜਾਬ ਛਡ ਗਿਆ ਹੈ । ਤੂੰ ਸੱਚ ਕਹਿੰਦਾ ਹੈਂ ਚੌਧਰੀ, ਇਕ ਸਰਕਾਰ ਬਾਝੋਂ ਮੋਤੀ ਖੇਰੂੰ ਖੇਰੂੰ ਹੋ ਗਏ । ਮੈਂ ਤਾਂ ਮਹਾਰਾਜਾ ਸਾਹਿਬ ਦਾ ਧਿਆਨ ਧਰ ਕੇ ਆਇਆ ਹਾਂ, ਚੌਧਰੀ...। ਅਸੀਂ ਸਰਕਾਰ ਦੇ ਦੇਣੇਦਾਰ ਹਾਂ । ਮੱਕੇ ਤੇ ਮਦੀਨੇ ਵਿਚ ਵੀ ਓੱਥੋਂ ਦੇ ਮੌਲਾਨਿਆਂ ਨੇ ਕਿਹਾ ਸੀ ਕਿ ਜੇ ਅਸਾਂ ਕਿਸੇ ਦਾ ਕੁਝ ਦੇਣਾ ਹੋਵੇ ਤਾਂ ਅਵਸਰ ਬਣਦਿਆਂ ਹੀ ਇਹ ਦੇਣਾ ਲਾਹ ਦਿਓ । ਮਤਾਂ ਮੁੜ ਕੇ ਨੇਤ ਬਣੇ ਕਿ ਨਾ ਤੇ ਮੈਂ ਸਰਕਾਰ ਦਾ ਕਰਜ਼ਾ ਉਤਾਰੇ ਬਗ਼ੈਰ ਮਰਨਾ ਨਹੀਂ ਚਾਹੁੰਦਾ...।"

"ਸਰਕਾਰ ਦੇ ਹੀ ਮੂੰਹ ਨੂੰ ਮੈਂ ਵੀ ਏਥੇ ਹਾਂ । ਮੈਨੂੰ ਲਗਦਾ ਹੈ ਕਿ ਮੈਂ ਇਸ ਲੜਾਈ ਵਿਚੋਂ ਜੀਉਂਦਿਆਂ ਵਾਪਸ ਨਹੀਂ ਪਰਤਣਾ ਪਰ..."

ਇਹ ਸ਼ਬਦ ਸੁਣਦਿਆਂ ਕੋਲ ਬੈਠੇ ਸ਼ੇਰ ਖ਼ਾਨ ਨੇ ਆਪਣੇ ਅੱਬਾ ਨੂੰ ਕਿਹਾ :

"ਇਓਂ ਕਿਉਂ ਆਖਦੇ ਹੋ ਅੱਬਾ । ਅੱਲਾ ਮਿਹਰ ਕਰੇਗਾ...।"

ਅਜੀਤ ਸਿੰਘ ਚੀਂਕਿਆ । ਸਿਵਾਏ ਇਹਨਾਂ ਚਹੁੰਆਂ ਦੇ ਉਸ ਵੇਲੇ ਹੋਰ ਕੋਈ ਲਾਗੇ ਨਹੀਂ ਸੀ, ਪਰ ਚੌਧਰੀ ਕਹਿੰਦਾ ਗਿਆ :

"ਪਰ ਕੀ ਕਰਾਂ ਮੈਥੋਂ ਰਹਿਣ ਨਹੀਂ ਹੁੰਦਾ । ਮਨ ਉੱਤੇ ਕੋਈ ਭਾਰ ਹੈ । ਪਲ ਪਲ ਪਿਛੋਂ ਸਰਕਾਰ ਦੀ ਯਾਦ ਆਉਂਦੀ ਹੈ । ਚਾਰ ਪੰਜ ਦਿਨ ਤਾਪ ਨਾਲ ਨਿਢਾਲ ਪਿਆ ਰਿਹਾ ਹਾਂ, ਪਰ ਫਿਰ ਵੀ ਜੰਗ ਦਾ ਲਮਕਣਾ ਵਢ ਵਢ ਖਾਂਦਾ ਰਿਹਾ ਹੈ । ਕਿਹੜਾ ਵੇਲਾ ਹੋਵੇ ਮੈਂ ਆਪਣਾ ਕਰਜ਼ ਲਾਹਵਾਂ...ਬਸ ਇਹੋ ਸੋਚਦਾ ਰਿਹਾ ਹਾਂ...।"

ਹਾਜੀ ਵਲੀ ਮੁਹੰਮਦ ਨੇ ਹਉਕਾ ਭਰਿਆ : "ਸ਼ੇਰੇ-ਪੰਜਾਬ ਦੀਆਂ ਕੀ ਬਾਤਾਂ ਚੌਧਰੀ । ਪਰ ਹੁਣ ਉਹ ਵੇਲੇ

Scanned by CamScanner

ਲਦ ਗਏ । ਹੁਣ ਪੰਜਾਬ ਨੇ ਸਰਕਾਰ ਵਰਗਾ ਬਿਕਰਮਾਜੀਤ ਨਹੀਂ ਵੇਖਣਾ । ਹੁਣ ਗੋਰਿਆਂ ਨੇ ਸਾਡਾ ਮਜ਼ਹਬ ਤੇ ਸਾਡਾ ਸਮਾਜ ਪਲੀਤ ਕਰ ਦੇਣਾ ਹੈ ਜਿੰਨੀ ਜਲਦੀ ਅੱਖਾ ਮੀਟ ਲਈਏ ਉੱਨਾ ਹੀ ਚੰਗਾ ਹੈ ।"

ਚੌਧਰੀ ਨੇ ਇਹੋ ਜਿਹੀ ਢਾਉ ਤੇ ਨਿਰਾਸ਼ਾ ਜਨਕ ਚਰਚਾ ਵਲੋਂ ਗੱਲ ਵਲਾਂਦਿਆਂ ਹੋਇਆਂ, ਅਜੀਤ ਸਿੰਘ ਵਲ ਇਸ਼ਾਰਾ ਕੀਤਾ ।

ਤੂੰ ਦਲੇਰ ਸਿੰਘ ਮਾਹਿਲ ਨੂੰ ਮਿਲਿਆ ਹੋਵੇਂਗਾ । ਇਹ ਉਹਦਾ ਪੜਪੋਤਾ ਹੈ । ਤੱਕੋਂ ਨਾ, ਕਿਵੇਂ ਸ਼ਕਲ ਮਿਲਦੀ ਹੈ ਇਹਦੀ ਆਪਣੇ ਪੜਦਾਦੇ ਨਾਲ । ਆਪਣੀ ਯੁਵਕ ਉਮਰ ਵਿਚ ਦਲੇਰ ਸਿੰਘ ਸਗਵਾਂ ਇਸ ਤਰ੍ਹਾਂ ਹੀ ਹੁੰਦਾ ਹੋਵੇਗਾ ।"

ਹਾਜੀ ਵਲੀ ਮੁਹੰਮਦ ਤੇ ਚੌਧਰੀ ਮੁਹੰਮਦ ਅਸਮਤ ਕਿੰਨਾਂ ਚਿਰ ਅਜੀਤ ਤੇ ਮਾਹਿਲ ਘਰਾਣੇ ਦੇ ਸਰਦਾਰਾਂ ਬਾਰੇ ਗੱਲਾਂ ਕਰਦੇ ਰਹੇ, ਪਰ ਜਾਣੋ ਅਜੀਤ ਨੇ ਕੁਝ ਸੁਣਿਆ ਹੀ ਨਹੀਂ ।

ਅਜੀਤ ਨੂੰ ਪਤਾ ਨਹੀਂ ਹੋ ਕੀ ਗਿਆ ਸੀ । ਉਹ ਚੁੱਪ ਸੀ ਤੇ ਇਉਂ ਬਿੱਤਰ ਬਿੱਤਰ ਆਪਣੇ ਚਾਰ ਚੁਫੇਰੇ ਤੱਕ ਰਿਹਾ ਸੀ ਜਿਵੇਂ ਉਹ ਕੁਝ ਸਮਝ ਨਾ ਰਿਹਾ ਹੋਵੇ । ਹੁਣ ਜਦੋਂ ਮੁਹੰਮਦ ਅਸਮਤ ਨੇ ਉਹਨੂੰ ਤੇ ਆਪਣੇ ਪੁੱਤਰ ਸ਼ੇਰ ਖ਼ਾਨ ਨੂੰ ਆਪਣੇ ਤੰਬੂ ਵਿਚ ਜਾਣ ਵਾਸਤੇ ਕਿਹਾ ਤਾਂ ਵੀ ਅਜੀਤ ਚੁੱਪ ਚਾਪ ਉੱਠ ਬੈਠਾ ਤੇ ਬਿਨਾਂ ਇਕ ਸ਼ਬਦ ਬੋਲੇ ਦੋ ਉਹ ਆਪਣੇ ਤੰਬੂ ਵਲ ਤੁਰ ਪਿਆ ।

ਸ਼ੇਰ ਖ਼ਾਨ ਮੁੜ ਮੁੜ ਪੁੱਛਦਾ, "ਕੀ ਗੱਲ ਹੈ ਅਜੀਤ ?"

ਉਹ ਉਹਨੂੰ ਝੰਝੋੜਦਾ, "ਤੈਨੂੰ ਹੋ ਕੀ ਗਿਆ ਹੈ ਅਜੀਤਿਆ ? ਤੂੰ ਕੂੰਦਾ ਕਿਉਂ ਨਹੀਂ ?"

ਪਰ ਅਜੀਤ ਨਾ ਕੂੰਦਾ ।

ਤੰਬੂ ਵਿਚ ਪਹੁੰਚੇ ਤਾਂ ਅਜੀਤ ਚੁਪ ਚਾਪ ਜ਼ਮੀਨ ਉੱਤੇ ਜਾ ਪਿਆ । ਹੋਲਦਾਰ ਨੂਰ ਅਹਿਮਦ ਨੇ ਪੁਛਿਆ : "ਕਿਉਂ ਮਾਹਿਲ ਸਰਦਾਰਾ ! ਥੱਕ ਗਿਆ ਹੈਂ ?"

ਅਮੀਰ ਸਿੰਘ ਨੇ ਆਪਣਾ ਹੀਰ ਵਾਰਿਸ ਦਾ ਕਿੱਸਾ ਵਿਚੇ ਛਡ ਕੇ ਕਿਹਾ :

"ਕਿਉਂ ਬਈ ਅਜੀਤ ਮਿੱਤਰਾ, ਕਿੰਨੇ ਗੋਰੇ ਮਾਰੇ ਅੱਜ ਤੂੰ ?"

ਗੋਰਿਆਂ ਦੇ ਮਾਰਨ ਬਾਰੇ ਸ਼ਬਦ ਸੁਣਦਿਆਂ ਹੀ ਅਜੀਤ ਚੌਂਕਿਆ । ਜਿਵੇਂ ਆਪਣੇ ਆਪ ਵਿਚ ਆਇਆ । ਉਹਨੂੰ ਅਹਿਸਾਸ ਹੋਇਆ ਕਿ ਇਹ ਅਮੀਰ ਸਿੰਘ ਬੋਲ ਰਿਹਾ ਹੈ । ਉਹਨੂੰ ਇਕਾ ਇਕ ਪ੍ਰਸੰਨਤਾ ਦਾ ਹੁਲਾਰਾ ਆਇਆ । ਉਸ ਆਪਣੇ ਆਪ ਨੂੰ ਵਡਾ ਵਡਾ ਹੋਇਆ ਮਹਿਸੂਸ ਕੀਤਾ । ਅਜ ਦੀ ਲੜਾਈ ਕਰ ਕੇ ਉਹ ਇਹਨਾਂ ਗਿੱਝੇ ਹੋਏ ਤੇ ਤਜਰਬੇਕਾਰ ਸਿਪਾਹੀਆਂ ਦੇ ਕਿੰਨਾ ਨੇੜੇ ਆ ਗਿਆ ਸੀ ? ਪਹਿਲੇ ਇਹਨਾਂ ਵਿਚੋਂ ਇਕ ਵੀ ਉਹਨੂੰ ਨਹੀਂ ਸੀ ਗਉਲਦਾ ਪਰ ਅੱਜ...ਅੱਜ ਗੱਲ ਹੋਰ ਸੀ ।

ਬੈਟਰੀ ਦੇ ਰਹਿੰਦੇ ਸਿਪਾਹੀ ਸ਼ਾਮ ਦੀ ਲੜਾਈ ਬਾਰੇ ਗੱਲਾਂ ਕਰ ਰਹੇ ਸਨ । ਅਜੀਤ ਗਹੁ ਨਾਲ ਸੁਣਨ ਲਗਾ ।

ਅੱਜ ਓਨੀਆਂ ਮੇਮਾਂ ਰੰਡੀਆਂ ਨਾ ਹੋਈਆਂ ਜਿੰਨੀਆਂ ਕਿ ਅਸੀਂ ਕਰਨ ਦਾ ਇਰਾਦਾ ਕੀਤਾ ਸੀ," ਅਮੀਰ ਸਿੰਘ ਕਹਿ ਰਿਹਾ ਸੀ ।

"ਯਾਰਾ ਪਤਾ ਨਹੀਂ ਸੈਨਾਪਤੀ ਕਿਥੇ ਗੁੰਮ ਹੋ ਗਿਆ । ਪਰ ਅਸ਼ਕੇ ਜਰਨੈਲ ਧਰਮ ਸਿੰਘ ਦੇ ! ਇਉਂ ਵਢਿਆ ਉਸ ਗੋਰਿਆਂ ਨੂੰ ਜਿਵੇਂ ਘਾਹ ਕੱਪ ਰਿਹਾ ਹੋਵੇ ।"

ਮਹਿੰਦਰ ਸਿੰਘ ਨੇ ਆਪਣੀ ਲੱਤ ਉੱਤੇ ਹੱਥ ਫੇਰਦਿਆਂ ਕਿਹਾ : "ਮੈਂ ਤਾਂ ਐਵੇਂ ਹੀ ਮੋਇਆ ਯਾਰੋ । ਇਕ ਗੋਰੇ ਦਾ ਵੀ ਗਲਾ ਨਹੀਂ ਵਢਿਆ । ਖਲੇ ਖਲਤੇ ਦੀ ਟੰਗ ਕੱਟੀ ਗਈ । ਮੇਰੀਆਂ ਤਾਂ ਦਿਲੇ ਚੀਆਂ ਦਿਲੇ ਰਹਿ ਗਈਆਂ ।" ਉਹ ਉਦਾਸ ਸੀ ।

"ਰੱਬ ਲਵੇ ਇਹਨਾਂ ਗੋਰਿਆਂ ਨੂੰ । ਇਹਨਾਂ ਡਾਢੀ ਅਤਿ ਚਾਈ ਹੈ ਸਾਡੇ ਦੇਸ਼ ਵਿਚ । ਵਾਰੋ ਵਾਰ ਸਭ ਰਾਜਿਆਂ ਤੇ ਬਾਦਸ਼ਾਹਾਂ ਨੂੰ ਮਾਰਿਆ ਹੈ ਇਹਨਾਂ ।"

"ਪਰ ਹੁਣ ਇਹਨਾਂ ਦੀ ਮੌਤ ਆਈ ਹੈ ਮਿੱਤਰਾ । ਕਹਿੰਦੇ ਹਨ ਕਿ ਜਦੋਂ ਸੱਪ ਦੀ ਮੌਤ ਆਉਂਦੀ ਹੈ ਤਾਂ ਉਹ

Scanned by CamScanner

ਖੁੱਡ ਵਿਚੋਂ ਬਾਹਰ ਨਿਕਲ ਆਉਂਦਾ ਹੈ। ਹੁਣ ਕਿਥੇ ਜਾਣਗੇ ਇਹ ਬਚ ਕੇ...ਮੈਂ ਤਾਂ ਕਹਿੰਦਾ ਹਾਂ ਕਿ ਅੱਜ ਰਾਤ ਹੀ ਜਾ ਪਈਏ ਇਹਨਾਂ ਸਾਲਿਆਂ ਤੇ।"

"ਜਾ ਤਾਂ ਪਈਏ, ਪਰ ਕੋਈ ਲੈ ਜਾਣ ਵਾਲਾ ਵੀ ਹੋਵੇ ਨਾ ਸਾਨੂੰ। ਸਮਝ ਨਹੀਂ ਆਉਂਦੀ ਕਿ ਲੜਾਈ ਅੱਜ ਕਲ੍ਹ ਕਿੱਦਾਂ ਦੀ ਹੋਣ ਲਗੀ ਹੈ..." ਨਲਵੇ ਤੇ ਰਣਜੀਤ ਸਿੰਘ ਦੇ ਸੰਗ ਲੜਨ ਵਾਲਾ ਅਮੀਰ ਸਿੰਘ ਬੋਲਿਆ।

ਅਜੀਤ ਨੇ ਵੇਖਿਆ ਕਿ ਅੱਜ ਰਾਤ ਸਾਰੇ ਕੈਂਪ ਵਿਚ ਇਹੋ ਜਿਹੀਆਂ ਗੱਲਾਂ ਹੀ ਹੋ ਰਹੀਆਂ ਸਨ। ਸਾਰੇ ਆਖ ਰਹੇ ਸਨ ਕਿ ਅੱਜ ਰਾਤ ਹੀ ਮੁੜ ਗੋਰਿਆਂ ਨੂੰ ਜਾ ਲਈਏ, ਕਿ ਉਹਨਾਂ ਨੂੰ ਆਰਾਮ ਨਾ ਕਰਨ ਦੇਈਏ, ਕਿ ਜਿੱਤ ਅੰਤ ਸਾਡੀ ਹੋਏਗੀ। ਅਜੀਤ ਨੂੰ ਵੀ ਇਹੋ ਕੁਝ ਲਗਦਾ ਸੀ, ਪਰ ਉਹਨੂੰ ਇਹ ਵੀ ਲਗਦਾ ਕਿ ਅੱਜ ਰਾਤ ਜਾਂ ਕਲ੍ਹ ਦੁਸ਼ਮਣ ਉੱਤੇ ਹੱਲਾ ਨਹੀਂ ਹੋਣਾ। ਉਹਨੂੰ ਲਗਦਾ ਕਿ ਅੱਜ ਦੀ ਲੜਾਈ ਸੀ ਤੇ ਇਹ ਕਿ ਪੰਜਾਬੀ ਸੈਨਾ ਨੂੰ ਧੋਖਾ ਦਿਤਾ ਗਿਆ ਹੈ। ਕਿਉਂ ? ਉਹ ਨਹੀਂ ਸੀ ਕੂੜੀ ਲੜਾਈ ਜਾਣਦਾ, ਪਰ ਮੁੜ ਮੁੜ ਉਹਨੂੰ ਆਪਣੇ ਬਾਬੇ ਚੂਹੜ ਸਿੰਘ ਦੇ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਬਚਨ ਯਾਦ ਆਉਂਦੇ।

ਕਾਫੀ ਰਾਤ ਪਈ ਨੂਰ ਅਹਿਮਦ ਉਠਿਆ।

"ਅਜੇ ਤਕ ਬਾਂਹ ਸੂਤ ਨਹੀਂ ਹੋਈ। ਪਤਾ ਨਹੀ ਕਿਹੜੀ ਨਾੜ ਵਢੀ ਗਈ ਹੈ। ਚਲੋ ਹੁਣ ਤੁਸੀਂ ਸਾਰੇ ਸੌਂ ਜਾਓ ਸੁਖ ਦੀ ਨੀਂਦਰ। ਕਲ੍ਹ ਜਾਂ ਪਰਸੋਂ ਫਿਰ ਭਿੜਾਂਗੇ ਗੋਰਿਆਂ ਨਾਲ। ਮੈਂ ਹੁਣੇ ਆਉਂਦਾ ਹਾਂ।"

ਨੂਰ ਅਹਿਮਦ ਚਲਾ ਗਿਆ ਤੇ ਉਹਦੀ ਬੈਟਰੀ ਦੇ ਸਿਪਾਹੀ ਹੌਲੀ ਹੌਲੀ ਸੌਂਣ ਲਗੇ। ਅੱਜ ਸਭ ਤੋਂ ਪਹਿਲੇ ਸ਼ੇਰ ਖ਼ਾਨ ਨੂੰ ਨੀਂਦਰ ਆਈ ਤੇ ਫਿਰ ਮਹਿੰਦਰ ਸਿੰਘ ਨੂੰ। ਡੋਜੀ ਹਕੀਮ ਨੇ ਉਹਦੀ ਟੰਗ ਬਿਲਕੁਲ ਵੱਢ ਦਿਤੀ ਸੀ। ਉਹਦੇ ਖ਼ਿਆਲ ਅਨੁਸਾਰ ਕਿਸੇ ਹੋਰ ਤਰ੍ਹਾਂ ਜ਼ਖ਼ਮ ਨੂੰ ਬੰਨ੍ਹਣਾ ਨਾ ਮੁਮਕਿਨ ਸੀ ਮਹਿੰਦਰ ਸਿੰਘ ਦਾ ਬੜਾ ਖ਼ੂਨ ਵਗਿਆ ਸੀ, ਪਰ ਫਿਰ ਵੀ ਉਹ ਕਮਜ਼ੋਰੀ ਮਹਿਸੂਸ ਨਹੀਂ ਸੀ ਕਰਦਾ। ਉਸ ਲਾਹੌਰ ਵਾਪਸ ਮੁੜਨ ਤੋਂ ਨਾਂਹ ਕਰ ਦਿਤੀ ਸੀ ਤੇ ਕਿਹਾ, "ਮੇਰਾ ਕੋਈ ਫ਼ਿਕਰ ਨਾ ਕਰੋ। ਮੈਂ ਦੁਸਾਂਝੀ ਲੈ ਕੇ ਫਿਰਦਾ ਤੁਰਦਾ ਰਹਾਂਗਾ। ਜੇ ਲੜ ਨਾ ਸਕਿਆ ਤਾਂ ਮੇਜ ਮੇਲਾ ਤੇ ਵੇਖਾਂਗਾ ਹੀ।"

ਹੁਣ ਇਕ ਅਜੀਤ ਜਾਗ ਰਿਹਾ ਸੀ ਤੇ ਇਕ ਅਮੀਰ ਸਿੰਘ। ਅੱਜ ਤੰਬੂ ਵਿਚ ਅਨੋਖੀ ਸ਼ਾਂਤੀ ਸੀ। ਥਕਾਵਟ ਸ਼ਾਮ ਨੂੰ ਹੋਈ ਲੜਾਈ ਕਰ ਕੇ ਨਹੀਂ ਪਰ ਅਜੀਤ ਜਾਣਦਾ ਸੀ, ਕਿ ਹਰਨਾਮ ਸਿੰਘ ਦੀ ਅਣਹੋਂਦ ਕਰ ਕੇ। ਅੱਜ ਇਸ ਤੰਬੂ ਵਿਚ ਕੋਈ ਘੁਰਾੜੇ ਨਹੀਂ ਸੀ ਮਾਰ ਰਿਹਾ। ਅੱਜ ਇਸ ਤੰਬੂ ਵਿਚ ਅਮੀਰ ਸਿੰਘ ਤੇ ਹਰਨਾਮ ਸਿੰਘ ਖਹਿਬੜ ਨਹੀਂ ਸਨ ਰਹੇ।

ਜੰਗ ਬਾਰੇ ਗੱਲਾਂ ਮੁੱਕੀਆਂ ਤਾਂ ਅਜੀਤ ਪਹਿਲੇ ਵਾਂਗ ਫਿਰ ਨੁੰਨ ਹੋ ਗਿਆ। ਹੁਣ ਜੋ ਉਹਦੇ ਮਨ ਵਿਚ ਕੋਈ ਖ਼ਿਆਲ ਸੀ ਤਾਂ ਉਹ ਖ਼ਿਆਲ ਸੀ ਹਰਨਾਮ ਸਿੰਘ ਤੇ ਸਰ ਰਾਬਰਟ ਦਾ। ਇਹਨਾਂ ਦੋਹਾਂ ਆਦਮੀਆਂ ਦਾ ਖ਼ਿਆਲ, ਉਹਨੂੰ ਨਿਮੋਝੂਣਾ ਕਰ ਰਿਹਾ ਸੀ, ਉਹ ਨਹੀਂ ਸੀ ਜਾਣਦਾ ਕਿਉਂ। ਉਹ ਮੁੜ ਮੁੜ ਆਪਣੇ ਆਪ ਕੋਲੋਂ ਪੁੱਛ ਰਿਹਾ ਸੀ ਕਿ ਸਰ ਰਾਬਰਟ ਕਿਹੋ ਜਿਹਾ ਗੋਰਾ ਸੀ ? ਉਹ ਆਦਮੀ ਸੀ ਕਿ ਫ਼ਰਿਸ਼ਤਾ ਕਿ ਯਸੂਹ ਮਸੀਹ ਦਾ ਰੂਪ ? ਉਹ ਆਪਣੇ ਆਪ ਕੋਲੋਂ ਪੁੱਛ ਰਿਹਾ ਸੀ ਕਿ ਇਕ ਮਨੁੱਖ ਉਸ ਕੌਮ ਨੂੰ ਜਿਸ ਵਿਚ ਸਰ ਰਾਬਰਟ ਵਰਗੇ ਫ਼ਰਿਸ਼ਤੇ ਹੋਣ, ਕਿਵੇਂ ਨਫ਼ਰਤ ਕਰ ਸਕਦਾ ਹੈ। ਉਹ ਭੁਲਣਾ ਚਾਹੁੰਦਾ ਸੀ, ਪਰ ਉਹ ਇਸ ਅੰਗਰੇਜ਼ ਦੀ ਨੁਹਾਰ ਤੇ ਉਹਦਾ ਪ੍ਰਭਾਵ ਭੁੱਲ ਨਾ ਸਕਦਾ।

ਜਦੋਂ ਸਰ ਰਾਬਰਟ ਸੋਲ ਅੱਖਾਂ ਅਗੋਂ ਅਲੋਪ ਹੁੰਦਾ ਤਾਂ ਹਰਨਾਮ ਸਿੰਘ ਉੱਥੇ ਆ ਖਲੋਂਦਾ। ਅਜੀਤ ਨੂੰ ਲਗਦਾ ਕਿ ਹਰਨਾਮ ਸਿੰਘ ਦੀ ਮੌਤ ਉਹਦੀ ਅਣਗਹਿਲੀ ਕਰ ਕੇ ਹੋਈ ਹੈ। ਜਦੋਂ ਹਰਨਾਮ ਸਿੰਘ ਅੱਖ ਵਿਚੋਂ ਕੱਖ ਕੱਢਣ ਲਗਾ ਸੀ ਤਾਂ ਅਜੀਤ ਵਾਸਤੇ ਜ਼ਰੂਰੀ ਸੀ ਕਿ ਉਹ ਉਹਦੀ ਸਲਾਮਤੀ ਦਾ ਖ਼ਿਆਲ ਰਖਦਾ, ਪਰ ਇਸ ਦੀ ਬਜਾਏ ਉਹ ਆਪ ਹਰਨਾਮ ਸਿੰਘ ਵਲੇ ਤੱਕਦਾ ਰਿਹਾ।

ਇਹ ਕਿਥੋਂ ਦੀ ਸਿਪਾਹਗੀਰੀ ਹੈ ? ਬੇਸ਼ਕ ਉਹ ਅਜੇ ਬੱਚਾ ਹੈ ਤੇ ਠੀਕ ਲੜਨਾ ਨਹੀਂ ਸਿਖਿਆ। ਇਹ ਮਾਹਿਲ ਘਰਾਣੇ ਨਾਲ ਅਨਿਆਂ ਹੈ। ਉਹਨੂੰ...।

ਇਸ ਤਰ੍ਹਾਂ ਸੋਚਦਿਆਂ ਉਹਨੂੰ ਨੀਂਦ ਨਾ ਆਵੇ। ਇਕ ਵਾਰ ਉਸ ਆਪਣਾ ਸਿਰ ਉੱਚਾ ਕੀਤਾ ਤਾਂ ਵੇਖਿਆ

Scanned by CamScanner

ਕਿ ਅਮੀਰ ਸਿੰਘ ਵੀ ਇਕ ਟੱਕ ਆਪਣੇ ਸਾਹਮਣੇ ਤੱਕ ਰਿਹਾ ਹੈ। ਕੁਝ ਸੋਚ ਜਿਹਾ ਹੈ। ਅਜੀਤ ਦੇ ਹਿਲਣ ਉੱਤੇ ਉਹ ਆਪਣੀ ਥਾਂ ਤੋਂ ਉੱਠ ਕੇ ਅਜੀਤ ਕੋਲ ਆਇਆ ਤੇ ਉਸ ਪੁਛਿਆ : "ਨੀਂਦ ਨਹੀਂ ਆਉਂਦੀ...ਅਜੀਤ ?"

"ਨਹੀਂ।"

"ਮੈਨੂੰ ਵੀ ਨੀਂਦ ਨਹੀਂ ਆਉਂਦੀ। ਅੱਜ ਤੰਬੂ ਖਾਲੀ ਖਾਲੀ ਲਗਦਾ ਹੈ।"

"ਕਿਉਂ ?"

"ਅੱਜ ਹਰਨਾਮੇ ਦੇ ਘੁਰਾੜਿਆਂ ਦੀ ਅਣਹੋਂਦ ਮੈਨੂੰ ਸੋਣ ਨਹੀਂ ਦਿੰਦੀ ਅਜੀਤ ਅੱਜ..."

"ਮੈਨੂੰ ਵੀ ਹਰਨਾਮ ਸਿੰਘ ਯਾਦ ਆ ਰਿਹਾ ਹੈ। ਉਹ ਮੇਰੀਆਂ ਅੱਖਾਂ ਸਾਹਮਣੇ ਸ਼ਹੀਦ ਹੋਇਆ...।" ਤੇ ਅਜੀਤ ਨੇ ਹਰਨਾਮ ਸਿੰਘ ਤੇ ਸਰ ਰਾਬਰਟ ਸੇਲ ਦੀਆਂ ਸ਼ਹੀਦੀਆਂ ਦੀ ਵਾਰਤਾ ਸੁਣਾਈ।

੧੩੩

"ਸਰ ਹਾਰਡਿੰਗ ! ਸੈਨਾ ਲੜਾਈ ਲਈ ਤਿਆਰ ਹੈ। ਹੱਲਾ ਬੋਲਿਆ ਜਾਏ ਕੀ ?"

ਸਰ ਹੀਊ ਗਫ਼ ਨੇ ਗਵਰਨਰ ਜਨਰਲ ਤੋਂ ਪੁਛਿਆ।

ਇੱਕੀ ਦਸੰਬਰ, ਸਵੇਰੇ ਯਾਰਾਂ ਕੁ ਵਜੇ ਦਾ ਸਮਾਂ ਸੀ। ਅੰਗਰੇਜ਼ੀ ਸੈਨਾ ਮੁਦਕੀ ਤੋਂ ਟੁਰ ਕੇ ਇਕ ਘੰਟਾ ਪਹਿਲੇ, ਫੇਰੂ ਸ਼ਹਿਰ ਦੇ ਕੋਲ ਮੋਰਚੇ ਬੰਦ ਸਿੱਖ ਸੈਨਾ ਦੇ ਸਾਹਮਣੇ ਪਹੁੰਚੀ ਸੀ। ਇਸ ਇਕ ਘੰਟੇ ਵਿਚ ਸੈਨਾ ਨੇ ਰੋਟੀ ਖਾਧੀ ਤੇ ਹੁਣ ਉਹ ਸਿੱਧੀਆਂ ਕਤਾਰਾਂ ਵਿਚ ਖਲੋਤੀ ਹੱਲੇ ਲਈ ਤਿਆਰ ਸੀ। ਤੋਪਾਂ ਬੀੜੀਆਂ ਜਾ ਚੁਕੀਆਂ ਸਨ। ਅਫ਼ਸਰਾਂ ਨੂੰ ਹੁਕਮ ਦਿਤੇ ਜਾ ਚੁਕੇ ਸਨ। ਪਰ ਸਰ ਹਾਰਡਿੰਗ ਆਪ ਅਜੇ ਲੜਾਈ ਲਈ ਤਿਆਰ ਨਹੀਂ ਸੀ।

"ਸਰ ਹੀਊ ਗਫ਼ ! ਤੁਸੀਂ ਫੌਜ ਦੇ ਸੈਨਾਪਤੀ ਹੋ ਤੇ ਮੈਂ ਇਸ ਲੜਾਈ ਵਾਸਤੇ ਤੁਹਾਡਾ ਮਾਤਹਿਤ। ਇਸ ਵਿਚ ਵੀ ਸ਼ਕ ਨਹੀਂ ਕਿ ਇਸ ਲੜਾਈ ਦੀ ਸਾਰੀ ਜ਼ਿਮੇਵਾਰੀ ਤੁਹਾਡੇ ਸਿਰ ਉੱਤੇ ਹੈ, ਪਰ ਜੇ ਤੁਸੀਂ ਮੇਰੀ ਸਲਾਹ ਮੰਗਦੇ ਹੋ ਤਾਂ ਮੈਂ ਇਹ ਹੀ ਕਹਾਂਗਾ ਕਿ ਜਦੋਂ ਤਕ ਸਰ ਲਿਟਲਰ ਦੀ ਫੌਜ ਸਾਡੇ ਨਾਲ ਮਿਲ ਨਹੀਂ ਜਾਂਦੀ, ਉਦੋਂ ਤਕ ਇਹ ਹਮਲਾ ਰੋਕਿਆ ਜਾਏ।"

ਸਰ ਹੀਊ ਗਫ਼ ਜਿਵੇਂ ਨਿਰਾਸ ਹੋ ਗਿਆ, "ਮੈਂ ਹੁਕਮ ਸੁਣਾ ਚੁਕਾ ਹਾਂ ਹਜ਼ੂਰ ਗਵਰਨਰ ਜਨਰਲ। ਸਭ ਬੰਦੋਬਸਤ ਹੋ ਚੁਕਾ ਹੈ। ਮੈਂ ਯਕੀਨ ਦਿਵਾਂਦਾ ਹਾਂ ਕਿ ਜਿੱਤ ਸਾਡੀ ਹੋਏਗੀ।"

"ਸਰ ਗਫ਼, ਜੇ ਤੁਹਾਡੇ ਹੀ ਮੂੰਹੋਂ ਸੁਣੇ ਗਏ ਮੁਦਕੀ ਦੀ ਲੜਾਈ ਦੇ ਹਾਲ ਸੱਚੇ ਹਨ ਤਾਂ ਤੁਹਾਨੂੰ ਮੇਰੀ ਸਲਾਹ ਮੰਨਣੀ ਚਾਹੀਦੀ ਹੈ। ਅੱਜ ਸਾਰੀ ਸਿੱਖ ਸੈਨਾ ਇਕੱਠੀ ਹੈ। ਉਹਨਾਂ ਦੇ ਉਤਸ਼ਾਹ ਦਾ ਥਾਹ ਨਹੀਂ। ਕਲ੍ਹ ਦੀ ਸਾਡੇ ਮਿੱਤਰਾਂ ਵਲੋਂ ਵੀ ਕੋਈ ਖ਼ਬਰ ਨਹੀਂ ਆਈ। ਬੇਸ਼ਕ ਉਹਨਾਂ ਦੇ ਕਰਤੱਵਾਂ ਉੱਤੇ ਭਰੋਸਾ ਕਰਨਾ ਚਾਹੀਦਾ ਹੈ, ਪਰ ਫਿਰ ਵੀ ਤੁਸੀਂ ਜਾਣਦੇ ਹੋ ਜੰਗ ਵਿਚ ਸੰਜੋਗਾਂ ਉੱਤੇ ਕੁਝ ਨਹੀਂ ਛਡਣਾ ਚਾਹੀਦਾ।"

"ਜੇ ਸਰ ਲਿਟਲਰ ਦੀ ਫ਼ੌਜ ਉੱਤੇ ਸਿੱਖ ਸੈਨਾ ਜਾ ਪਈ ਤੇ ਰਾਹ ਵਿਚ ਹੀ ਸਰ ਲਿਟਲਰ ਦਾ ਘਾਣ ਹੋ ਗਿਆ ?"

Scanned by CamScanner

"ਜੇ ਇਉਂ ਹੋਇਆ ਤਾਂ ਫਿਰ ਵੇਖੀ ਜਾਏਗੀ, ਯਾਦ ਨਹੀਂ ਕਿ ਫ਼ੀਲਡ ਮਾਰਸ਼ਲ ਡਿਊਕ ਆਫ਼ ਵੈਲਿੰਗਟਨ ਸਦਾ ਇਸ "ਜੇ" ਸ਼ਬਦ ਤੋਂ ਕਿੰਨਾ ਚਿੜਿਆ ਕਰਦੇ ਸਨ।"

ਹਾਂ, ਹੀਊ ਗਫ਼ ਨੂੰ ਇਹ ਗੱਲ ਚੰਗੀ ਤਰ੍ਹਾਂ ਯਾਦ ਸੀ ਉਹ ਆਪ ਵੀ ਸਦਾ ਆਪਣੇ ਮਾਤਹਿਤ ਨੂੰ "ਗੋ" ਤੇ "ਜੇ" ਦੀ ਮੁਹਾਰਨੀ ਛੱਹਣ ਭੋਂ ਰੋਕਿਆ ਕਰਦਾ ਸੀ। ਸਰ ਹਾਰਡਿੰਗ ਕਹਿੰਦਾ ਗਿਆ : "ਬੇਸ਼ਕ ਸਬਾਥੂ ਤੇ ਕਸੌਲੀ ਦੀ ਸੈਨਾ ਸਾਡੇ ਨਾਲ ਹੈ, ਪਰ ਫਿਰ ਵੀ ਗਿਣਤੀ ਵਿਚ ਅਸੀਂ ਸਿਖਾਂ ਨਾਲੋਂ ਥੋੜੇ ਹਾਂ। ਸਰ ਲਿਟਲਰ ਦੀ ਫ਼ੌਜ ਦੇ ਮਿਲਣ ਪਿਛੋਂ ਵੀ ਅਸੀਂ ਥੋੜ੍ਹੀ ਗਿਣਤੀ ਵਿਚ ਹੋਵਾਂਗੇ, ਪਰ ਫਿਰ ਮੁਕਾਬਲਾ ਐਨਾ ਅਸਾਵਾਂ ਨਹੀਂ ਹੋਏਗਾ। ਖ਼ਾਲਸੇ ਕੋਲ ਤੋਪਖ਼ਾਨਾ ਢੇਰ ਹੈ, ਪਰ ਸਾਡੀ ਤੋਪਚੀ ਦੁਸ਼ਮਣ ਦੇ ਤੋਪਚੀਆਂ ਨਾਲੋਂ, ਮੈਨੂੰ ਵਿਸ਼ਵਾਸ ਹੈ, ਚੰਗੇਰੇ ਹਨ। ਦਰ-ਅਸਲ ਸਾਰੀ ਗੱਲ ਖ਼ਾਲਸੇ ਦੀ ਜੰਗੀ ਸੂਝ ਤੇ ਬਹਾਦਰੀ ਉੱਤੇ ਨਿਰਭਰ ਹੈ ਹਿੰਦੁਸਤਾਨ ਵਿਚ ਹੋਰ ਕਿਤੇ ਅਸੀਂ ਆਪਣੇ ਤੋਂ ਚੌਗਣੀ ਫ਼ੌਜ ਨਾਲ ਭਿੜਨ ਤੋਂ ਨਹੀਂ ਝਿੜਕਦੇ, ਪਰ ਏਥੇ ਅਸਥਿਤੀ ਹੋਰ ਹੈ। ਤੁਸੀਂ ਆਪ ਹੀ ਦਸੋ ਕਿ ਮੁਦਕੀ ਦੀ ਵਾਰਤਾ ਕਿਥੋਂ ਤਕ ਸੱਚ ਹੈ।"

"ਜੋ ਕੁਝ ਮੈਂ ਤੁਹਾਨੂੰ ਦਸਿਆ ਸੀ ਉਹ ਬਿਲਕੁਲ ਸੱਚ ਹੈ।"

"ਤੇ ਜੋ ਮੁਦਕੀ ਵਿਚ ਜਿੱਤ ਹਾਰ ਛਾਬੇ ਵਿਚ ਤੁਲ ਰਹੀ ਸੀ ਤਾਂ ਫਿਰ ਤੁਸੀਂ ਅਜ ਕਿਵੇਂ ਆਪਣੇ ਤੋਂ ਵਧ ਸੈਨਾ ਨਾਲ ਜਿਤਣ ਦੀ ਮੰਗ ਕਰ ਰਹੇ ਹੋ ? ਅਜੇ ਤਾਂ ਤੇਜ ਸਿੰਘ ਦੀ ਸੈਨਾ ਫ਼ੀਰੋਜ਼ਪੁਰ ਤੇ ਫੇਰੂ ਸ਼ਹਿਰ ਵਿਚਕਾਰ ਚਰਾ ਦੂਰ ਹੈ। ਤੁਸੀਂ ਸੋਚੋ ਕਿ ਜੇ ਕਦੀ ਇਹ ਦੁਸ਼ਮਣ ਵੀ ਫੇਰੂ ਸ਼ਹਿਰ ਆ ਪਹੁੰਚਿਆ ਤਾਂ ਕੀ ਹਾਲਤ ਹੋਵੇਗੀ ?"

ਸਰ ਹੀਊ ਗਫ਼ ਨੂੰ ਮਹਿਸੂਸ ਹੋਇਆ ਕਿ ਜੋ ਕੁਝ ਗਵਰਨਰ ਜਨਰਲ ਕਹਿ ਰਿਹਾ ਹੈ ਉਹ ਸੱਚ ਹੈ। ਉਹਨੂੰ ਇਹ ਵੀ ਅਹਿਸਾਸ ਹੋਇਆ ਕਿ ਜੰਗੀ ਸੂਝ ਦੇ ਪੱਖੋਂ ਵੀ ਗਵਰਨਰ ਜਨਰਲ ਉਹਦੇ ਕੋਲੋਂ ਸਿਆਣਾ ਹੈ। ਉਹਦਾ ਅਹੁਦਾ ਵੀ ਵਡਾ ਹੈ। ਹੀਊ ਗਫ਼ ਨੇ ਆਪਣੇ ਆਪ ਨੂੰ ਗਵਰਨਰ ਜਨਰਲ ਦੇ ਹੱਥਾਂ ਵਿਚ ਛਡ ਦਿਤਾ। ਪਰ ਇਸ ਤੋਂ ਪਹਿਲੇ ਕਿ ਉਹ ਕੁਝ ਕਹਿੰਦਾ ਮੇਜਰ ਬਰਾਡਫ਼ੁਟ ਬੋਲਿਆ : "ਇਉਂ ਨਹੀਂ ਹੋਵੇਗਾ ਹਜ਼ੂਰ। ਮੈਨੂੰ ਅੰਗਰੇਜ਼ੀ ਰਾਜ ਦੇ ਇਹਨਾਂ ਦੇ ਮਿੱਤਰਾਂ ਉੱਤੇ ਪੂਰਨ ਵਿਸ਼ਵਾਸ ਹੈ।"

"ਹੋਏਗਾ ਬਰਾਡਫ਼ੁਟ, ਪਰ ਮੈਂ ਅੰਗਰੇਜ਼ੀ ਰਾਜ ਤੇ ਈਸਾਈਅਤ ਨਾਲ, ਇਸ ਆਖ਼ਰੀ ਪਿੜ ਵਿਚ, ਜੂਆ ਨਹੀਂ ਖੇਡ ਸਕਦਾ।"

ਮੇਜਰ ਬਰਾਡਫ਼ੁਟ ਦਬਕ ਗਿਆ। ਸਰ ਹੀਊ ਗਫ਼ ਵੀ ਦਬਕਿਆ ਸੀ, ਪਰ ਉਸ ਆਪਣੀ ਘਬਰਾਹਟ ਨੂੰ ਲੁਕਾਣ ਵਾਸਤੇ ਕਿਹਾ, "ਪਰ ਪਤਾ ਨਹੀਂ ਸਰ ਲਿਟਲਰ ਨੂੰ ਹੋ ਕੀ ਗਿਆ ਹੈ ? ਹਰਕਾਰਾ ਕਹਿੰਦਾ ਹੈ ਕਿ ਉਸ ਪਰਸੋਂ ਰਾਤੀਂ ਉਹਨੂੰ ਸੁਨੇਹਾ ਪੁਚਾ ਦਿਤਾ ਸੀ। ਕਲ੍ਹ ਦੂਜਾ ਸੁਨੇਹਾ ਵੀ ਪੁਜ ਚੁਕਾ ਹੋਵੇਗਾ, ਸਰ ਲਿਟਲਰ ਨੂੰ ਖ਼ਿਆਲ ਕਰਨਾ ਚਾਹੀਦਾ ਹੈ ਕਿ ਇਹ ਬੜਾ ਜ਼ਰੂਰੀ ਮਸਲਾ ਹੈ।"

"ਕੋਈ ਗੱਲ ਨਹੀਂ ਸਰ ਹੀਊ ਗਫ਼। ਇਹੋ ਜਿਹੇ ਹਾਲਾਤਾਂ ਵਿਚ ਸਦਾ ਦੇਰ ਹੋ ਜਾਇਆ ਕਰਦੀ ਹੈ...।"

ਸਰ ਹਾਰਡਿੰਗ ਬਿਨਾਂ ਝਿਜਕ, ਬਿਨਾਂ ਤਸ਼ਵੀਸ਼, ਬਿਨਾਂ ਤੇਜ਼ੀ ਤੇ ਬਿਨਾਂ ਕਿਸੇ ਔਖ ਦੇ ਕਹਿੰਦਾ ਗਿਆ। ਇਹੋ ਟੂੰਡੀ ਲਾਟ ਦਾ ਖ਼ਾਸਾ ਸੀ। ਕੱਦ ਲੰਮਾ, ਚਿਹਰਾ ਸੰਜੀਦਾ, ਫਬਤ ਭਰੀ ਭਰੀ ਤੇ ਲਗਦਾ ਕਿ ਇਸ ਆਦਮੀ ਨੂੰ ਕੋਈ ਸ਼ੈ ਤੇ ਕੋਈ ਖ਼ਤਰਾ ਵੀ ਡੁਲਾ ਨਹੀਂ ਸਕਦਾ। ਉਹਦੇ ਮੂੰਹੋਂ ਹਰ ਸ਼ਬਦ ਵਖਰਾ ਵਖਰਾ ਤੇ ਸਾਫ਼ ਸਾਫ਼ ਨਿਕਲਦਾ। ਜਦੋਂ ਉਹ ਕੋਈ ਗੱਲ ਕਰਦਾ ਤਾਂ ਕਿਸੇ ਸ਼ੱਕ ਦੀ ਗੁੰਜਾਇਸ਼ ਰਹਿ ਨਹੀਂ ਸੀ ਜਾਂਦੀ। ਸੁਣਨ ਵਾਲਾ ਆਪਣੇ ਆਪ ਉਹਦੀ ਸ਼ਖ਼ਸੀਅਤ ਦੇ ਦਬਾਅ ਥੱਲੇ ਆ ਜਾਂਦਾ। ਜਦੋਂ ਸਰ ਹਾਰਡਿੰਗ ਕੋਈ ਗੱਲ ਕਹਿੰਦਾ ਤਾਂ ਲਗਦਾ ਕਿ ਇਹ ਗੱਲ ਵਰ੍ਹਿਆਂ ਦੇ ਤਜਰਬੇ ਦੀ ਬਿਨਾ ਉੱਤੇ ਕਹੀ ਗਈ ਹੈ ਤੇ ਇਸ ਦੀ ਉਲੰਘਣਾ ਅਣਹੋਣੀ ਹੈ। ਲਗ ਭਗ ਸਾਰੇ ਅੰਗਰੇਜ਼ ਹੀ ਰੰਗ ਦੇ ਗੋਰੇ ਹੁੰਦੇ ਹਨ, ਪਰ ਉੱਚ ਘਰਾਣੇ ਵਿਚ ਜੰਮੇ ਇਸ ਲਾਟ ਦਾ ਰੰਗ ਹੋਰਨਾਂ ਅੰਗਰੇਜ਼ਾਂ ਕੋਲੋਂ ਵੀ ਵਧੇਰੇ ਚਿੱਟਾ ਸੀ। ਵਧੇਰੇ ਚਿੱਟਾ ਸੀ ਕਿ ਕਿਸੇ ਵਖਰੀ ਭਾਂਤ ਦਾ ? ਇਸ ਰੰਗ ਤੋਂ ਉਹਦੀ ਉੱਚ ਕੋਟੀ ਦੀ ਹੋਈ ਤਰਬੀਅਤ ਜਿਵੇਂ ਫ਼ੁਟ ਫ਼ਟ ਪੈਂਦੀ। ਤੇ ਹੈ ਵੀ ਸੀ ਸਰ ਹਾਰਡਿੰਗ ਹਿੰਦੁਸਤਾਨ ਦਾ ਗਵਰਨਰ ਜਨਰਲ...। ਇਕ ਸ਼ਖ਼ਸੀਅਤ, ਇਕ ਅਹੁਦਾ, ਟੂੰਡੀ ਲਾਟ ਅਗੇ ਕੌਣ ਦਲੀਲਬਾਜ਼ੀ ਕਰਦਾ ?

ਨਹੀਂ, ਟੂੰਡੀ ਲਾਟ ਸਰ ਲਿਟਲਰ ਨਾਲ ਨਾਰਾਜ਼ ਨਹੀਂ। ਉਹ ਕਿਸੇ ਮਾਤਹਿਤ ਨਾਲ ਵੀ ਨਾਰਾਜ਼ ਨਹੀਂ

Scanned by CamScanner

ਸੀ ਹੁੰਦਾ । ਉਹ ਇਸ ਤਰ੍ਹਾਂ ਲੋਕਾਂ ਨਾਲ ਵਰਤਦਾ ਕਿ ਨਿਕੰਮੇ ਆਦਮੀ ਆਪਣੇ ਆਪ ਹੀ ਉਘੜ ਆਉਂਦੇ ਤੇ ਅਗੋਂ ਤੋਂ ਚੌਕੰਨੇ ਰਹਿਣ ਦੀ ਪ੍ਰਤਿਗਿਆ ਕਰਦੇ ।

ਬਾਰਾਂ ਵਜ ਗਏ, ਪਰ ਅਜੇ ਤਕ ਲਿਟਲਰ ਦੀ ਕੋਈ ਸੋਅ ਨਾ ਮਿਲੀ । ਗਵਰਨਰ ਜਨਰਲ ਨੇ ਕਿਹਾ, "ਕਿਉਂ ਸਰ ਹੀਊ ਗਫ, ਕੀ ਸੈਨਾ ਨੂੰ ਕਿਸੇ ਆਹਰੇ ਲਾਉਣਾ ਚੰਗਾ ਨਹੀਂ ਹੋਵੇਗਾ ? ਇਉਂ ਵਿਹਲੇ ਬੈਠਿਆਂ ਬੈਠਿਆਂ ਉਹਨਾਂ ਦੇ ਹੌਸਲਿਆਂ ਉੱਤੇ ਫ਼ਰਕ ਪਏਗਾ ?"

ਸਰ ਹੀਊ ਗਫ਼ ਨੇ ਮਹਿਸੂਸ ਕੀਤਾ ਕਿ ਜੋ ਕੁਝ ਗਵਰਨਰ ਜਨਰਲ ਕਹਿ ਰਿਹਾ ਹੈ ਉਹ ਸੱਚ ਹੈ । ਉਹਨੇ ਸੈਨਾ ਨੂੰ ਸਿੱਖਾਂ ਦੇ ਖੱਬ ਵਲ ਮਾਰਚ ਕਰਨ ਦਾ ਹੁਕਮ ਦਿਤਾ । ਸੂਰਜ ਅਜੇ ਸਿਖਰ ਤੋਂ ਪੱਛਮ ਵਲ ਢਲਿਆ ਹੀ ਸੀ ਕਿ ਅੰਗਰੇਜ਼ੀ ਸੈਨਾ ਸ਼ਕੂਰ ਪਿੰਡ ਕੋਲ ਪਹੁੰਚ ਗਈ । ਏਥੇ ਪਹੁੰਚਦਿਆਂ ਸੈਨਾ ਨੂੰ ਦਿਤ ਘੰਟਾ ਹੋਰ ਲਗ ਗਿਆ ।

ਏਨੇ ਵਿਚ ਫ਼ੀਰੋਜ਼ਪੁਰ ਵਲੋਂ ਧੂੜ ਉਠਦੀ ਨਜ਼ਰ ਆਈ । ਹੁਣ ਆ ਰਹੀ ਸੈਨਾ ਦੇ ਸਿਪਾਹੀਆਂ ਦੇ ਆਕਾਰ ਦਿਸਣ ਲਗੇ । ਇਹ ਸਰ ਲਿਟਲਰ ਦਾ ਡਵੀਯਨ ਸੀ. ਹੁਣੇ ਆਪ ਸਰ ਲਿਟਲਰ ਘੋੜਾ ਦੁੜਾਂਦਾ ਗਵਰਨਰ ਜਨਰਲ ਦੇ ਸਦਰ ਵਿਚ ਪੁਜਾ । ਉਸ ਸਲੂਟ ਮਾਰੀ, "ਦੇਰ ਲਈ ਮੁਆਫ਼ੀ ਮੰਗਦਾ ਹਾਂ ਜਨਾਬ ! ਪਰ ਫ਼ੀਰੋਜ਼ਪੁਰ ਤੇ ਰਾਹ ਵਿਚਲੇ ਹਾਲਾਤ ਹੀ ਕੁਝ ਅਜਿਹੇ ਸਨ ।"

"ਤੁਸੀਂ ਸਰਦਾਰ ਤੇਜ ਸਿੰਘ ਬੱਲੇ ਸੈਨਾ ਬਾਰੇ ਕੀ ਜਾਣਦੇ ਹੋ ?"

"ਸਰਦਾਰ ਤੇਜ ਸਿੰਘ ਕੋਈ ਸਤ ਅੱਠ ਹਜ਼ਾਰ ਸੈਨਾ ਨਾਲ ਫ਼ੀਰੋਜ਼ਪੁਰ ਤੇ ਫੇਰੂ ਸ਼ਹਿਰ ਦੇ ਵਿਚਕਾਰ ਕੈਂਪ ਲਾ ਕੇ ਬੈਠਾ ਹੈ ।"

"ਉਹਦੇ ਇਰਾਦੇ ਕੀ ਹਨ ?"

"ਮੈਂ ਕੁਝ ਕਹਿ ਨਹੀਂ ਸਕਦਾ ਸਰ ਹਾਰਡਿੰਗ, ਪਰ ਮੇਰਾ ਖ਼ਿਆਲ ਹੈ ਕਿ ਉਹ ਆਪਣੇ ਬਚਨਾਂ ਉੱਤੇ ਪੂਰਾ ਰਹੇਗਾ ।"

"ਕੋਈ ਸੁਨੇਹਾ ਜਾਂ ਚਿੱਠੀ ਆਈ ਹੈ ?"

"ਪਰਸੋਂ ਤੇ ਕਲ੍ਹ ਵਿਚ ਤਾਂ ਕੋਈ ਸੁਨੇਹਾ ਜਾਂ ਚਿੱਠੀ ਨਹੀਂ ਆਈ, ਪਰ ਪਹਿਲੇ ਉਹਨਾਂ ਤੇ", ਉਸ ਮੇਜਰ ਬਰਾਡਫ਼ੁਟ ਵਲ ਇਸ਼ਾਰਾ ਕੀਤਾ, "ਮੇਜਰ ਬਰਾਡਫ਼ੁਟ ਤੇ ਕੈਪਟਨ ਨਿਕਲਸਨ ਵਿਚਕਾਰ ਵਿਸਥਾਰ ਪੂਰਵਕ ਫ਼ੈਸਲੇ ਹੋ ਚੁਕੇ ਹਨ । ਮੈਨੂੰ ਉਮੀਦ ਹੈ ਕਿ ਤੇਜ ਸਿੰਘ ਦੀ ਸੈਨਾ ਅਜ ਦੀ ਲੜਾਈ ਵਿਚ ਸ਼ਾਮਲ ਨਹੀਂ ਹੋਵੇਗੀ ।"

"ਸਾਨੂੰ ਸਭ ਨੂੰ ਹੀ ਇਹੋ ਉਮੀਦ ਕਰਨੀ ਚਾਹੀਦੀ ਹੈ ।" ਫਿਰ ਉਸ ਹੀਊ ਗਫ਼ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, "ਲੜਾਈ ਦੀ ਤਿਆਰੀ ਕੀਤੀ ਜਾਏ । ਜਲਦੀ ਤੋਂ ਜਲਦੀ ਹੱਲਾ ਬੋਲਿਆ ਜਾਵੇਗਾ ।"

ਸਰ ਹੀਊ ਗਫ਼ ਗਵਰਨਰ ਜਨਰਲ ਵਲ ਤੱਕ ਰਿਹਾ ਸੀ ਕਿ ਜਿਵੇਂ ਕੁਝ ਪੁੱਛਣਾ ਚਾਹੁੰਦਾ ਹੋਵੇ ।

"ਕੀ ਗੱਲ ਹੈ ! ਸਰ ਗਫ਼ ?"

"ਦੇਰ ਕਾਫ਼ੀ ਹੋ ਚੁਕੀ ਹੈ ਹਜ਼ੂਰ ਗਵਰਨਰ ਜਨਰਲ । ਘੰਟੇ ਡੇਢ ਤਕ ਸੂਰਜ ਛਿਪ ਜਾਵੇਗਾ ਤੇ ਫਿਰ ਠੰਡ ਵਧ ਜਾਵੇਗੀ । ਸਾਡੇ ਦੇਸੀ ਸਿਪਾਹੀ ਠੰਡ ਨੂੰ ਬੜਾ ਮੰਨ ਰਹੇ ਹਨ ।"

"ਪਰ ਹੁਣ ਅਸੀਂ ਵਾਪਸ ਵੀ ਨਹੀਂ ਜਾ ਸਕਦੇ ਸਰ ਗਫ਼ । ਹੁਣ ਬਾਜ਼ੀ ਲਗ ਚੁਕੀ ਹੈ । ਹੁਣ ਮੈਂ ਵਾਪਸ ਨਹੀਂ ਮੁੜਾਂਗਾ । ਜੇ ਸਿੱਖ ਸਾਡੀ ਮੁੜਦੀ ਸੈਨਾ ਉੱਤੇ ਆ ਪਏ ਜਾਂ ਉਹਨਾਂ ਰਾਤ ਛਾਪਾ ਮਾਰਿਆ ਤਾਂ ਫਿਰ ?"

ਲੜਾਈ ਦਾ ਬਿਗਲ ਵਜ ਗਿਆ । ਡਵੀਯਨ ਬਰਗੇਡਾਂ ਆਪੋ ਆਪਣੀਆਂ ਥਾਵਾਂ ਉੱਤੇ ਜੁੜਨ ਲਗੀਆਂ । ਕਰਨੈਲਾਂ ਤੇ ਮੇਜਰਾਂ ਨੇ ਆਪੋ ਆਪਣੀਆਂ ਪਲਟਨਾਂ ਨੂੰ ਝੰਜੋੜਿਆ ਤੇ ਦਸਿਆ ਕਿ ਕਿਸ ਤਰ੍ਹਾਂ ਇਹ ਲੜਾਈ ਉਹਨਾਂ ਦੀ, ਹਿੰਦੁਸਤਾਨ ਵਿਚ ਸਭ ਤੋਂ ਜ਼ਰੂਰੀ ਲੜਾਈ ਹੈ । ਪੂਰਬੀਏ ਤੇ ਬਾਕੀ ਦੇਸੀ ਸੂਬੇਦਾਰਾਂ ਤੇ ਜਮਾਂਦਾਰਾਂ ਨੇ ਆਪਣੀਆਂ ਮੁੱਛਾਂ ਨੂੰ ਤਾਅ ਦਿਤਾ । ਅੰਗਰੇਜ਼ ਸਿਪਾਹੀ ਐਨੀ ਸੰਜੀਦਗੀ ਤੇ ਐਨੇ ਉਚੇਚ ਉੱਤੇ ਹੱਸੇ । ਆਖ਼ਰ ਇਹ ਜਿੱਤ ਵੀ ਕਿਹੜੀ ਵਡੀ ਸ਼ੈ ਹੈ ? ਉਹਨਾਂ ਨੂੰ ਵਿਸ਼ਵਾਸ ਸੀ ਕਿ ਦਿਨ ਛਿਪਣ ਤੋਂ ਪਹਿਲੇ ਖ਼ਾਲਸਈ ਸੈਨਾ ਨੂੰ ਆਪਣੇ ਪਰਾਏ ਦੀ ਪਛਾਣ ਨਹੀਂ ਰਹਿਣੀ ਤੇ ਰਾਤ ਪੈਂਦਿਆਂ ਤਕ ਉਹ ਦੁਸ਼ਮਣ ਨੂੰ ਸਤਲੁਜ ਤਕ ਭਜਾ ਕਢਣਗੇ ।

Scanned by CamScanner

ਸਰ ਲਿਟਲਰ, ਕਿਉਂਕਿ ਖੱਬੇ ਹੱਥੋਂ ਆਇਆ ਸੀ, ਉਸ ਦੇ ਡਵੀਯਨ ਨੂੰ ਖੱਬੇ ਹੱਥ ਹੀ ਰਹਿਣ ਦਿਤਾ ਗਿਆ। ਜਰਨੈਲ ਵਾਲਸ ਦਾ ਡਵੀਯਨ ਵਿਚਕਾਰ ਸੀ ਤੇ ਜਰਨੈਲ ਗਿਲਬਰਟ ਦਾ ਸੱਜੇ ਹੱਥ। ਸਰ ਹੈਰੀ ਸਮਿੱਥ ਆਪਣੇ ਡਵੀਯਨ ਨਾਲ ਰੀਜ਼ਰਵ ਵਿਚ ਰਖਿਆ ਗਿਆ। ਇਹ ਵੀ ਫ਼ੈਸਲਾ ਹੋਇਆ ਕਿ ਸੈਨਾਪਤੀ ਹੀਊ ਗਫ਼ ਆਪ ਸੱਜੇ ਡਵੀਯਨ ਦੇ ਨਾਲ ਜਾਵੇ ਤੇ ਗਵਰਨਰ ਜਨਰਲ ਲਾਰਡ ਹਾਰਡਿੰਗ ਖੱਬੇ ਤੇ ਵਿਚਕਾਰਲੇ ਡਵੀਯਨਾਂ ਦਾ ਖ਼ਿਆਲ ਰਖੇ।

ਆਪਣੇ ਆਪਣੇ ਡਵੀਯਨਾਂ ਤੇ ਬਰਿਗੇਡਾਂ ਨੂੰ ਸੰਵਾਰ ਕੇ ਡਵੀਯਨਾਂ ਤੇ ਬਰਿਗੇਡਾਂ ਦੇ ਕਮਾਣ ਅਫ਼ਸਰ ਸਦਰ ਪਹੁੰਚੇ ਜਿਥੇ ਸਰ ਹੀਊ ਗਫ਼ ਨੇ ਨਵੇਂ ਸਿਰੋਂ ਸਾਰੀ ਲੜਾਈ ਬਾਰੇ ਹੁਕਮ ਸੁਣਾਏ। ਅੰਤ ਵਿਚ ਉਸ ਆਖਿਆ : "ਤੁਹਾਡੇ ਅਗੇ ਝੂਠ ਬੋਲਣ ਦਾ ਜਾਂ ਤੁਹਾਡੇ ਕੋਲੋਂ ਕੁਝ ਲੁਕਾਣ ਦਾ ਸਮਾਂ ਨਹੀਂ। ਮੈਨੂੰ ਖ਼ਾਲਸੇ ਦੇ ਤੋਪਖ਼ਾਨੇ ਤੋਂ ਡਰ ਲਗਦਾ ਹੈ। ਇਹ ਸਾਡੇ ਤੋਪਖ਼ਾਨੇ ਤੋਂ ਭਾਰਾ ਹੈ ਤੇ ਗਿਣਤੀ ਵਿਚ ਵੀ ਵਧ। ਬੇਸ਼ਕ ਸਾਡੀ ਤਰਬੀਅਤ ਚੰਗੇਰੀ ਹੈ, ਪਰ ਖ਼ਾਲਸੇ ਨੂੰ ਵੀ ਆਪਣੇ ਤੋਪਚੀਆਂ ਉੱਤੇ ਮਾਣ ਹੈ। ਮੈਨੂੰ ਜਾਪਦਾ ਹੈ ਕਿ ਜਲਦੀ ਹੀ ਸਾਨੂੰ ਤੋਪਾਂ ਦੀ ਲੜਾਈ ਛਡ ਕੇ ਦੁਸ਼ਮਨ ਨਾਲ ਗੁਥਮ ਗੁਥਾ ਹੋਣਾ ਪਵੇਗਾ। ਅਜੇ ਤਕ ਤੁਹਾਡੇ ਵਿਚੋਂ ਕਿਸੇ ਨੇ ਵੀ ਤੋਪਾਂ ਦੀ ਲੜਾਈ ਵਿਚੇ ਛਡ ਕੇ ਜਾਂ ਇਹਦੇ ਵਿਚ ਹਾਰ ਖਾ ਕੇ ਤਲਵਾਰ ਦੀ ਲੜਾਈ ਵਾਸਤੇ ਕਦਮ ਨਹੀਂ ਪੁਟੇ ਹੋਣੇ, ਪਰ ਅਜ ਸਾਨੂੰ ਆਪਣੀਆਂ ਪਹਿਲੀਆਂ ਚਾਲਾਂ ਬਦਲਣੀਆਂ ਪੈਣਗੀਆਂ। ਹਾਲਾਤ ਹੀ ਅਜਿਹੇ ਹਨ।

"ਅੱਜ ਇਸ ਲੜਾਈ ਦਾ ਨਤੀਜਾ ਤੁਹਾਡੀਆਂ ਭੁਜਾਂ ਤੇ ਤੁਹਾਡੇ ਹੌਸਲੇ ਉੱਤੇ ਨਿਰਭਰ ਹੈ। ਤੁਹਾਡੀ ਸਰਦਾਰੀ ਤੇ ਤੁਹਾਡੀ ਪਰਪੱਕਤਾ ਹੀ ਅੰਗਰੇਜ਼ੀ ਤੇ ਦੇਸੀ ਸਿਪਾਹੀਆਂ ਨੂੰ ਉਭਾਰ ਸਕਦੀ ਹੈ। ਮੈਨੂੰ ਉਮੀਦ ਹੈ ਕਿ ਤੁਹਾਡੇ ਵਿਚੋਂ ਕੋਈ ਵੀ ਆਪਣੀ ਜ਼ਿਮੇਵਾਰੀ ਤੋਂ ਮੂੰਹ ਨਹੀਂ ਮੋੜੇਗਾ।"

ਸਰ ਹੀਊ ਗਫ਼ ਤੋਂ ਪਿਛੋਂ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਨੇ ਅਫ਼ਸਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ : "ਬਹਾਦਰੋ ! ਅਜ ਦੀ ਲੜਾਈ ਨੈਪੋਲੀਅਨ ਬੋਨਾਪਾਰਟ ਦੇ ਵਿਰੁਧ ਲੜੀਆਂ ਗਈਆਂ ਲੜਾਈਆਂ ਤੋਂ ਘਟ ਮਹੱਤਤਾ ਨਹੀਂ ਰਖਦੀ ਉਦੋਂ ਵੀ ਸਾਡੀ ਪਿਆਰੀ ਸਲਤਨੱਤ ਦਾ ਭਵਿਖਤ ਡੋਲ ਰਿਹਾ ਸੀ ਤੇ ਅਜ ਵੀ ਹਾਲਤ ਉਹੋ ਜਿਹੀ ਹੈ। ਬੇਸ਼ਕ ਅਜ ਸਾਡੇ ਸਾਹਮਣੇ ਨੈਪੋਲੀਅਨ ਬੋਨਾਪਾਰਟ ਵਰਗਾ ਕੋਈ ਨੇਤਾ ਨਹੀਂ, ਪਰ ਉਹਦੀ ਥਾਂ ਅਜ ਸਾਡੇ ਸਾਹਮਣੇ ਕਈ ਨਿੱਕੇ ਵਡੇ ਬੋਨਾਪਾਰਟ ਹਨ। ਖ਼ਾਲਸਈ ਸੈਨਾ ਦਾ ਇਕ ਇਕ ਸਿਪਾਹੀ, ਹੌਸਲੇ, ਹਿੰਮਤ, ਬਹਾਦਰੀ ਤੇ ਨਿਡਰਤਾ ਵਿਚ ਬੋਨਾਪਾਰਟ ਦੇ ਸਿਪਾਹੀਆਂ ਕੋਲੋਂ ਅੱਗੇ ਹੈ। ਇਹ ਸਾਡੀ ਖ਼ੁਸ਼ਕਿਸਮਤੀ ਹੈ ਕਿ ਬੋਨਾਪਾਰਟ ਵਰਗਾ ਇਹਨਾਂ ਦਾ ਕੋਈ ਨੇਤਾ ਨਹੀਂ, ਪਰ ਇਹ ਅਹਿਸਾਸ ਸਾਨੂੰ ਕਿਸੇ ਤਰ੍ਹਾਂ, ਅਵੇਸਲਾ ਨਾ ਕਰ ਦਏ, ਮੈਂ ਇਹੋ ਤੁਹਾਨੂੰ ਕਹਿਣਾ ਚਾਹੁੰਦਾ ਹਾਂ।

"ਅਜ ਸ਼ਾਮ ਹਿੰਦੁਸਤਾਨ ਵਿਚ ਬਰਿਟਸ਼ ਰਾਜ ਦਾ ਫ਼ੈਸਲਾ ਹੋਵੇਗਾ। ਅਜ ਸ਼ਾਮ ਫ਼ੈਸਲਾ ਹੋਵੇਗਾ ਕਿ ਕੀ ਕਲ੍ਹ ਦਾ ਸੂਰਜ ਅੰਗਰੇਜ਼ੀ ਸਲਤਨੱਤ ਉੱਤੇ ਉਦੈ ਹੋਵੇਗਾ ਕਿ ਨਹੀਂ। ਅਜ ਸਾਡੇ ਸਿਰਾਂ ਉੱਤੇ ਇਹੋ ਜਿਹੀ ਜ਼ਿਮੇਵਾਰੀ ਪਈ ਹੈ ਕਿ ਇਹੋ ਜਿਹੀ ਜ਼ਿਮੇਵਾਰੀ ਸਾਨੂੰ ਇਸ ਦੇਸ਼ ਵਿਚ ਪਹਿਲੇ ਕਿਤੇ ਝੱਲਣੀ ਨਹੀਂ ਪਈ। ਤੁਸੀਂ ਜਾਣਦੇ ਹੋ ਕਿ ਮੈਂ ਆਮ ਕਰ ਕੇ ਕਦੀ ਲੜਾਈਆਂ ਵਿਚ ਸ਼ਾਮਲ ਨਹੀਂ ਹੁੰਦਾ ਰਿਹਾ, ਪਰ ਅਜ ਮੇਰਾ ਏਥੇ ਹੋਣਾ ਤੇ ਸਿਰ ਧੜ ਦੀ ਬਾਜ਼ੀ ਲਾਉਣਾ ਦਰਸਾਏਗਾ ਕਿ ਮੈਂ ਅਸਥਿਤੀ ਨੂੰ ਕਿੰਨਾ ਨਾਜ਼ਕ ਸਮਝਦਾ ਹਾਂ। ਜਾਓ ਸੂਰਿਓ, ਮਹਾਰਾਣੀ ਵਿਕਟੋਰੀਆ ਤੇ ਯਸੂਹ ਮਸੀਹ ਤੁਹਾਡੇ ਅੰਗ ਸੰਗ ਹੋਣ...। ਦਿਨ ਛਿਪਦੇ ਤੋਂ ਪਹਿਲੇ ਲੜਾਈ ਖ਼ਤਮ ਕਰਨੀ ਹੈ ਨਹੀਂ ਤਾਂ..."

ਅਫ਼ਸਰ ਉੱਥੋਂ ਟੁਰ ਪਏ। ਜਿਨ੍ਹਾਂ ਨੂੰ ਅਜੇ ਤਕ ਵੀ ਗੁੱਸਾ ਚੜ੍ਹ ਰਿਹਾ ਸੀ ਕਿ ਸੈਨਾਪਤੀ ਤੇ ਗਵਰਨਰ ਜਨਰਲ ਖ਼ਾਹ ਮਖ਼ਾਹ ਉਚੇਚ ਕਰ ਰਹੇ ਹਨ, ਉਹਨਾਂ ਦਾ ਗੁੱਸਾ ਢੱਲ ਗਿਆ। ਗਵਰਨਰ ਜਨਰਲ ਦੇ ਸ਼ਬਦਾਂ ਨੇ ਸਾਰਿਆਂ ਨੂੰ ਮਹਿਸੂਸ ਕਰਾ ਦਿਤਾ ਕਿ ਮੁਆਮਲਾ ਸੱਚ ਮੁਚ ਹੀ ਸੰਜੀਦਾ ਹੈ।

ਹਾਂ, ਜੇ ਹੁਣ ਤਕ ਵੀ ਕਿਸੇ ਨੂੰ ਇਹ ਸੰਜੀਦਗੀ ਹਾਸੋ ਹੀਣੀ ਨਜ਼ਰ ਆਉਂਦੀ ਸੀ ਤਾਂ ਉਹ ਮੇਜਰ ਬਰਾਡਫ਼ੂਟ ਸੀ। ਆਪਣੇ ਘੋੜੇ ਉੱਤੇ ਚੜ੍ਹਿਆ ਉਹ ਸੋਚ ਰਿਹਾ ਸੀ ਕਿ ਇਹ ਡੀਲਡ ਮਾਰਸ਼ਲ ਡਊਕ ਆਫ਼ ਵੈਲਿੰਗਟਨ ਦੇ ਸਿਖੇ ਹੋਏ ਜਰਨੈਲਾਂ ਨੂੰ ਹੋ ਕੀ ਗਿਆ ਹੈ। ਉਹਨੂੰ ਲਗਦਾ ਕਿ ਉਹ ਉਸ ਦੇ ਕੀਤੇ ਕੰਮਾਂ ਦੀ ਹੇਠੀ ਕਰ ਰਹੇ ਹਨ। ਉਹਦੀ ਜਾਚੇ ਉਹ ਪੰਜਾਬ ਨੂੰ ਹੁਣ ਤਕ ਖ਼ਰੀਦ ਚੁਕਾ ਸੀ। ਉਹ ਬੇਸ਼ਕ ਆਪਣੇ ਗਵਰਨਰ ਜਨਰਲ ਦੇ ਬੜਾ ਨੇੜੇ ਸੀ, ਪਰ ਅਜ ਗਵਰਨਰ ਜਨਰਲ ਉਸ ਨੂੰ ਰਤਾ ਚੰਗਾ ਨਾ ਲਗਾ। ਉਹ ਦਿਲ ਹੀ ਦਿਲ ਵਿਚ ਕਹਿ ਰਿਹਾ ਸੀ, "ਗਵਰਨਰ ਜਨਰਲ ਦਾ

Scanned by CamScanner

ਦਿਮਾਗ਼ ਖ਼ਰਾਬ ਹੋ ਗਿਆ ਹੈ । ਜਿਉਂ ਜਿਉਂ ਮਨੁੱਖ ਦੀ ਉਮਰ ਵਧਦੀ ਜਾਂਦੀ ਹੈ ਉਹ ਕਾਇਰ ਤੇ ਕੁਸ਼ਦਿਲ ਹੁੰਦਾ ਜਾਂਦਾ ਹੈ...।"

ਉਹ ਇਉਂ ਸੋਚ ਰਿਹਾ ਸੀ ਕਿ ਉਹਦੇ ਸਾਹਮਣਿਉਂ ਅੰਗਰੇਜ਼ੀ ਸੈਨਾ ਵਲੋਂ ਪਹਿਲਾ ਗੋਲਾ ਦਾਗਿਆ ਗਿਆ । ਉਹਨੇ, ਗਵਰਨਰ ਜਨਰਲ ਤੇ ਬਾਕੀ ਅਫ਼ਸਰਾਂ ਨੇ ਆਪਣੀਆਂ ਘੜੀਆਂ ਵਲ ਵੇਖਿਆ । ਚਾਰ ਵਜੇ ਸਨ । ਸਰ ਹਾਰਡਿੰਜ ਦੇ ਮੂੰਹੋਂ ਇਹ ਸ਼ਬਦ ਨਿਕਲੇ : "ਹੇ ਯਸੂਹ ਮਸੀਹ ! ਇਹ ਲੜਾਈ ਦਿਨ ਛਿਪਣ ਤੋਂ ਪਹਿਲੇ ਪਹਿਲੇ ਮੁਕਾ ਦੇਣੀ ..."

ਇਕ ਤੋਪ ਦਾ ਗੋਲਾ ਸੁੱਟਣਾ ਸੀ ਕਿ ਸਾਰੇ ਅੰਗਰੇਜ਼ੀ ਤੋਪਖ਼ਾਨੇ ਨੇ ਗੋਲੇ ਦਾਗ਼ਣੇ ਸ਼ੁਰੂ ਕੀਤੇ । ਅੰਗਰੇਜ਼ੀ ਕਮਾਨ ਦਾ ਮੁੱਦਾ ਸੀ, ਖ਼ਾਲਸੇ ਦੀਆਂ ਤੋਪਾਂ ਨੂੰ ਪਛਾੜਨਾ । ਜੇ ਉਹਨਾਂ ਤੋਪਖ਼ਾਨੇ ਦੀ ਜੰਗ ਜਿੱਤ ਲਈ, ਤਾਂ ਉਹਨਾਂ ਨੂੰ ਉਮੀਦ ਸੀ, ਰਹਿੰਦੀ ਲੜਾਈ ਆਸਾਨ ਹੋ ਜਾਵੇਗੀ । ਇਸ ਦੇ ਉਲਟ ਪੰਜਾਬੀ ਤੋਪਚੀਆਂ ਨੂੰ ਵੀ ਪਤਾ ਸੀ ਕਿ ਅਜ ਦੇ ਦਿਨ ਤੋਪਖ਼ਾਨੇ ਦੀ ਲੜਾਈ ਬੜੀ ਗੌਰਵ ਵਾਲੀ ਹੈ । ਜਰਨੈਲ ਉਮਰ ਦੀਨ ਅੱਜ ਤੋਪਖ਼ਾਨੇ ਦਾ ਕਮਾਨ ਅਫ਼ਸਰ ਸੀ । ਉਹ ਵੇਖ ਰਿਹਾ ਸੀ ਕਿ ਅੰਗਰੇਜ਼ੀ ਸੈਨਾ ਜਿੱਤ ਵਾਸਤੇ ਤੁਲੀ ਹੋਈ ਹੈ ਤੇ ਇਸ ਦੇ ਉਲਟ ਪੰਜਾਬੀ ਸੈਨਾ ਦੀ ਕਮਾਨ ਕਮਜ਼ੋਰ ਹੈ ।

ਜਰਨੈਲ ਉਮਰ ਦੀਨ ਨੇ ਮਹਾਰਾਜਾ ਰਣਜੀਤ ਸਿੰਘ ਥੱਲੇ ਨੌਕਰੀ ਕੀਤੀ ਸੀ ਤੇ ਅਨੇਕਾਂ ਹੋਰ ਮੁਸਲਮਾਨ ਸਿਪਾਹੀਆਂ ਵਾਂਗ ਉਸ ਵੀ ਸ਼ੇਰੇ-ਪੰਜਾਬ ਦਾ ਕੁਝ ਦੇਣਾ ਸੀ । ਉਸ ਫ਼ੈਸਲਾ ਕਰ ਲਿਆ ਸੀ ਕਿ ਤੋਪਖ਼ਾਨੇ ਦੀ ਲੜਾਈ ਵਿਚ ਗੋਰਿਆਂ ਨੂੰ ਜਿੱਤਣ ਨਹੀਂ ਦੇਣਾ । ਰਸਾਲੇ ਤੇ ਪਿਆਦਾ ਫ਼ੌਜਾਂ ਦੀ ਲੜਾਈ ਵਿਚ ਉਹਦੀ ਜ਼ਿਮੇਦਾਰੀ ਨਹੀਂ । ਅਜ ਦੁਪਹਿਰਾਂ ਵੇਲੇ ਉਹਨਾਂ ਆਪਣੇ ਮਾਤਹਿਤ ਅਫ਼ਸਰਾਂ ਤੇ ਹੌਲਦਾਰਾਂ ਨੂੰ ਇਕੱਠਾ ਕੀਤਾ ਸੀ ਤੇ ਕਿਹਾ ਸੀ : "ਇਸ ਸੈਨਾ ਨੂੰ ਆਪਣੇ ਤੋਪਖ਼ਾਨੇ ਉੱਤੇ ਮਾਣ ਹੈ । ਬੰਦਾ ਬਹਾਦਰ ਤੋਂ ਲੈ ਕੇ ਸਰਦਾਰ ਹਰਪਾਲ ਸਿੰਘ ਮਾਹਿਲ ਤਕ ਇਸ ਸੈਨਾ ਦੇ ਤੋਪਖ਼ਾਨੇ ਨੇ ਕਿਤੇ ਹਾਰ ਨਹੀਂ ਖਾਧੀ । ਅਜ ਦੀ ਲੜਾਈ ਇਤਿਹਾਸਕ ਲੜਾਈ ਹੈ । ਅਜ ਖ਼ਾਲਸੇ ਦੀ ਜਿੱਤ ਸਾਡੇ ਤੋਪਖ਼ਾਨੇ ਉੱਤੇ ਨਿਰਭਰ ਹੈ । ਜੇ ਦੁਸ਼ਮਣ ਦੀਆਂ ਤੋਪਾਂ ਭਾਰੂ ਹੋ ਗਈਆਂ, ਤਾਂ ਸਮਝ ਮੈਦਾਨ ਹਾਰਿਆ ਗਿਆ ਤੇ ਜੇ ਅਸੀਂ ਡਟੇ ਰਹੇ ਤਾਂ ਸਮਝੋ ਅੰਗਰੇਜ਼ ਮਾਰੇ ਗਏ । ਸਾਡੀਆਂ ਤੋਪਾਂ ਗੋਰਿਆਂ ਦੀਆਂ ਤੋਪਾਂ ਨਾਲੋਂ ਚੰਗੀਆਂ ਹਨ ਤੇ ਵਜ਼ਨੀ ਵੀ । ਚਲਵੱਦੀਆਂ ਦੇ ਬਚਾਅ ਵਾਸਤੇ ਤੋਪ ਉੱਤੇ ਫ਼ੌਲਾਦ ਦੀ ਚਾਦਰ ਹੈ । ਅੰਗਰੇਜ਼ੀ ਤੋਪਾਂ ਇਸ ਬਚਾਅ ਤੋਂ ਵਿਹੂਣੀਆਂ ਹਨ । ਇਹ ਕਾਢ ਸਰਦਾਰ ਹਰਪਾਲ ਸਿੰਘ ਤੇ ਸਰਦਾਰ ਲਹਿਣਾ ਸਿੰਘ ਮਜੀਠੀਏ ਦੀ ਲਿਆਕਤ ਦਾ ਚਮਤਕਾਰ ਹੈ । ਮੈਨੂੰ ਇਹ ਵੀ ਜਾਪਦਾ ਹੈ ਕਿ ਗੋਰਿਆਂ ਕੋਲ ਸਾਡੇ ਜਿੰਨੀਆਂ ਤੋਪਾਂ ਵੀ ਨਹੀਂ । ਸੋ ਸਾਡੀ ਜਿੱਤ ਆਵਸ਼ਕ ਹੋਣੀ ਚਾਹੀਦੀ ਹੈ । ਪਰ ਤੋਪਖ਼ਾਨੇ ਦੀ ਲੜਾਈ ਵਿਚ ਤੋਪਾਂ ਨਹੀਂ ਤੋਪਚੀ ਮਹੱਤਵ ਹੁੰਦੇ ਹਨ, ਸੋ ਅਜ ਦੀ ਜਿੱਤ ਤੁਸਾਂ ਸਾਰਿਆਂ ਉੱਤੇ ਨਿਰਭਰ ਹੈ । ਵੇਖਣਾ ਸ਼ੇਰੇ-ਪੰਜਾਬ ਦੇ ਨਾਂ ਨੂੰ ਲਾਜ ਨਾ ਲਗੇ ।"

ਕੁਝ ਇਸ ਤਰ੍ਹਾਂ ਦੇ ਸ਼ਬਦਾਂ ਵਿਚ ਹੀ ਅਫ਼ਸਰਾਂ ਤੇ ਹੌਲਦਾਰਾਂ ਨੇ ਆਪਣੇ ਮਾਤਹਿਤਾਂ ਨੂੰ ਉਭਾਰਿਆ । ਜਦੋਂ ਬੰਦਾ ਬਹਾਦਰ ਦੇ ਤੋਪਖ਼ਾਨੇ ਦਾ ਜ਼ਿਕਰ ਆਇਆ ਤਾਂ ਅਜੀਤ ਦੀਆਂ ਅੱਖਾਂ ਸਾਹਮਣਿਉਂ ਆਪਣਾ ਇਕ ਵਡੇਰਾ, ਸ਼ਾਹਬਾਜ਼

ਸਿੰਘ ਲੰਘਿਆ । ਉਸ ਘਰ ਬਾਹਰ ਹੁੰਦੀਆਂ ਗੱਲਾਂ ਵਿਚ ਸ਼ਾਹਬਾਜ਼ ਦੇ ਤੋਪਾਂ ਵਾਸਤੇ ਪਿਆਰ ਬਾਰੇ ਸੁਣਿਆ ਸੀ । ਤੇ ਉਹਦਾ ਬਾਬਾ ਹਰਪਾਲ ਸਿੰਘ ਆਪ ਵੀ ਮਹਾਨ ਤੋਪਚੀ ਸੀ । ਅਜੀਤ ਨੂੰ ਲਗਾ ਕਿ ਜਿਵੇਂ ਉਹ ਮਾਹਿਲ ਘੁੱਰਾਣੇ ਵਿਚੋਂ ਅਜ ਸ਼ਾਹਬਾਜ਼ ਸਿੰਘ ਤੇ ਹਰਪਾਲ ਸਿੰਘ ਦੀ ਥਾਂ ਲੈ ਰਿਹਾ ਹੋਵੇ । ਪਰ ਫਿਰ ਇਕਾ ਇਕ ਉਹ ਉਦਾਸ ਹੋ ਗਿਆ । ਉਹ ਤਾਂ ਉਮਰ ਵਿਚ ਬੜਾ ਛੋਟਾ ਹੈ ਤੇ ਇਸ ਜਥੇ ਵਿਚ ਉਸ ਦੀ ਕੋਈ ਖ਼ਾਸ ਪੁਛ ਨਹੀਂ । ਕੁਝ ਦਿਨ ਪਹਿਲੇ ਉਸ ਆਪਣੀ ਅਣਗਹਿਲੀ ਨਾਲ ਹਰਨਾਮ ਸਿੰਘ ਨੂੰ ਮਰਵਾ ਦਿਤਾ ।

ਥੋੜੀ ਦੇਰ ਪਿਛੋਂ ਉਹਨੂੰ ਫੁਰਨਾ ਫੁਰਿਆ ਕਿ ਉਦਾਸ ਹੋਣਾ ਯੋਗ ਨਹੀਂ । ਆਖ਼ਰ ਹੁਣ ਲੜਾਈਆਂ ਦੀ ਵੰਨਗੀ ਵੀ ਤੇ ਬਦਲ ਗਈ ਹੈ ਤੇ ਦੂਜਾ ਸਿੱਖ ਸੈਨਾ ਹੁਣ ਆਕਾਰ ਵਿਚ ਕੇਡੀ ਵਡੀ ਹੈ ? ਆਦਮੀ ਇਕਦਮ ਜਰਨੈਲ ਨਹੀਂ ਬਣ ਸਕਦਾ । ਉਸ ਨੂੰ ਜਾਪਿਆ ਕਿ ਜੇ ਉਹ ਹਿੰਮਤ ਤੇ ਸੂਰਬੀਰਤਾ ਵਿਚ ਪਰਪੱਕ ਰਿਹਾ, ਤਾਂ ਜ਼ਰੂਰ ਇਕ ਦਿਨ ਸ਼ਾਹਬਾਜ਼ ਤੇ ਹਰਪਾਲ ਵਾਂਗ ਹੀ ਇਤਿਹਾਸਕ ਸ਼ਖ਼ਸੀਅਤ ਬਣੇਗਾ ।

ਇਸ ਤਰ੍ਹਾਂ ਦੀ ਉਧੇੜ ਬੁਣ ਵਿਚੋਂ ਉਹਨੂੰ ਹੌਲਦਾਰ ਨੂਰ ਅਹਿਮਦ ਨੇ ਪੁੱਛਿਆ : "ਕੀ ਸੋਚ ਰਿਹਾ ਹੈਂ ਮਾਹਿਲ ਮੁੰਡਿਆ । ਵੇਖ ਗੋਰਿਆਂ ਨੇ ਹੱਲਾ ਕੀਤਾ ਕਿ ਕੀਤਾ !"

ਨੂਰ ਅਹਿਮਦ ਦੀ ਪੱਟੀ ਬੰਨ੍ਹੀ ਬਾਂਹ ਗਲ ਵਿਚ ਪਏ ਇਕ ਕਪੜੇ ਵਿਚੋਂ ਲਮਕ ਰਹੀ ਸੀ । ਹਰਨਾਮ ਸਿੰਘ ਦੀ ਥਾਂ ਅਜੀਤ ਸਿੰਘ ਚਲਵੱਈਆ ਬਣਿਆ ਸੀ ਤੇ ਤਿੰਨ ਨਵੇਂ ਵਲੰਟੀਅਰ ; ਪਿਆਰਾ ਸਿੰਘ, ਦਲੀਪ ਸਿੰਘ ਤੇ ਚਰਨ ਸਿੰਘ ਨੂਰ ਅਹਿਮਦ ਦੀ ਬੈਟਰੀ ਵਿਚ ਵੰਡੇ ਗਏ ਸਨ । ਮਹਿੰਦਰ ਸਿੰਘ ਵੀ ਆਪਣੀ ਦੁਸਾਂਝੀ ਦਾ ਆਸਰਾ ਲਈ ਰਣਭੂਮੀ ਵਿਚ ਪੁਜ ਚੁੱਕਾ ਸੀ । ਸਾਰਿਆਂ ਦੇ ਵਰਜਣ ਉੱਤੇ ਉਸ ਕਿਹਾ ਸੀ : "ਸਾਥੀਓ, ਲੜਾਈ ਵਿਚ ਪੀੜ ਭੁਲ ਜਾਏਗੀ । ਜੇ ਤੰਬੂ ਵਿਚ ਇਕੱਲਾ ਪਿਆ ਰਿਹਾ ਤਾਂ ਇਹ ਚੋਸਾਂ ਮੈਨੂੰ ਮਾਰ ਹੀ ਦੇਣਗੀਆਂ ।"

ਖ਼ਾਲਸਈ ਤੋਪਖ਼ਾਨਾ ਦੁਪਹਿਰਾਂ ਕੁ ਵੇਲੇ ਤਕ ਲੜਾਈ ਲਈ ਤਿਆਰ ਹੋ ਗਿਆ ਸੀ । ਆਪ ਜਰਨੈਲ ਉਮਰ ਦੀਨ ਇਕ ਇਕ ਤੋਪ ਕੋਲ ਗਿਆ ਤੇ ਆਖ ਗਿਆ ਕਿ ਤੋਪਖ਼ਾਨੇ ਦੀ ਸਮੁਚੀ ਜਿੱਤ ਉੱਥੇ ਇਕੱਤਰ ਇਕ ਇਕ ਸਿਪਾਹੀ ਉੱਤੇ ਨਿਰਭਰ ਹੈ ।

ਤੋਪਖ਼ਾਨਾ ਤੇ ਸੈਨਾ ਤਿਆਰ ਸੀ, ਪਰ ਅੰਗਰੇਜ਼ ਹੱਲਾ ਨਹੀਂ ਸਨ ਬੋਲ ਰਹੇ । ਕਿਉਂ ? ਸਿਪਾਹੀਆਂ ਨੂੰ ਸਮਝ ਨਾ ਆਉਂਦੀ । ਜੇ ਇਉਂ ਹੀ ਦਿਨ ਬਿਤਾਣਾ ਸੀ ਤਾਂ ਉਹ ਰਣਭੂਮੀ ਵਿਚ ਆਏ ਹੀ ਕਿਉਂ ? ਉਹ ਇਕ ਦੂਜੇ ਕੋਲੋਂ ਪੁੱਛਦੇ ਤੇ ਕਹਿੰਦੇ ਕਿ ਅੰਗਰੇਜ਼ ਢਿੱਲ ਕਰ ਰਹੇ ਹਨ, ਤਾਂ ਉਹ ਹੀ ਕਿਉਂ ਨਾ ਜਾ ਚੜ੍ਹਨ ਉਹਨਾਂ ਉੱਤੇ ? ਸਿਪਾਹੀਆਂ ਨੇ ਅਹੁਦੇਦਾਰਾਂ ਕੋਲੋਂ ਪੁੱਛਿਆ, ਅਹੁਦੇਦਾਰਾਂ ਨੇ ਅਫ਼ਸਰਾਂ ਕੋਲੋਂ, ਅਫ਼ਸਰ ਨੇ ਜਰਨੈਲਾਂ ਕੋਲੋਂ ਤੇ ਅੰਤ ਗੱਲ ਲਾਲ ਸਿੰਘ ਤਕ ਪੁਜ ਕੇ ਮੁਕ ਗਈ । ਜੋ ਕੁਝ ਲਾਲ ਸਿੰਘ ਕਹਿੰਦਾ ਜਰਨੈਲ ਉਹ ਸੁਣ ਕੇ ਚੁੱਪ ਕਰ ਜਾਂਦੇ ਤੇ ਆਪਣੇ ਮਾਤਹਿਤਾਂ ਨੂੰ ਉਸ ਦੇ ਬਾਰੇ ਕੁਝ ਨਾ ਦਸਦੇ । ਦਸਦੇ ਵੀ ਕੀ ? ਸੋ ਸਿਪਾਹੀ, ਅਹੁਦੇਦਾਰ ਤੇ ਅਫ਼ਸਰ ਵੀ ਦੇਰੀ ਦੇ ਕਾਰਨਾਂ ਨੂੰ ਜਾਣ ਨਾ ਸਕਣੇ ।

ਪਰ ਦੇਰ ਹੁੰਦੀ ਗਈ, ਅਵੇਰ ਹੁੰਦੀ ਗਈ । ਸੂਰਜ ਸਿਖਰ ਉੱਤੇ ਪਹੁੰਚ ਕੇ ਢਲਣ ਲਗਾ । ਹੁਣ ਲਗ ਭਗ ਦੋ ਵਜ ਗਏ ਤੇ ਹੁਣ ਢਾਈ ਤੇ ਹੁਣ ਤਿੰਨ, ਪਰ ਨਾ ਹੀ ਗੋਰਿਆਂ ਨੇ ਹੱਲਾ ਬੋਲਿਆ ਤੇ ਨਾ ਹੀ ਸਿੱਖ ਸਿਪਾਹੀਆਂ ਨੂੰ ਆਪਣੇ ਮੋਰਚੇ ਛੱਡਣ ਦਾ ਹੁਕਮ ਮਿਲਿਆ । ਉਹ ਆਖਦੇ, "ਯਾਰਾ, ਅਜ ਫਿਰ ਰਾਤ ਦੇ ਹਨੇਰੇ ਵਿਚ ਗੋਰਿਆਂ ਬਚ ਨਿਕਲਣਾ ਜੇ ।"

"ਅਜ ਫਿਰ ਰਹਿ ਜਾਣੀਆਂ ਨੇ ਸਾਡੀਆਂ ਦਿਲ ਦੀਆਂ ਦਿਲ ਵਿਚ । ਪਤਾ ਨਹੀਂ ਸਾਡੇ ਅਫ਼ਸਰਾਂ ਨੂੰ ਮਾਰ ਕੀ ਵੱਗ ਗਈ ਹੈ ?"

ਐਨੇ ਵਿਚ ਸੈਨਾ ਨੇ ਵੇਖਿਆ ਕਿ ਫ਼ੀਰੋਜ਼ਪੁਰ ਵਲੋਂ ਆਏ ਕਈ ਹਜ਼ਾਰ ਸਿਪਾਹੀ ਅੰਗਰੇਜ਼ੀ ਫ਼ੌਜ ਨਾਲ ਮਿਲ ਗਏ ਹਨ । ਉਹਨਾਂ ਨੂੰ ਯਾਦ ਆਇਆ ਕਿ ਇਹ ਉਹੋ ਸਿਪਾਹੀ ਹਨ, ਜਿਹੜੇ ਉਹਨਾਂ ਦੇ ਰਹਿਮ ਉੱਤੇ ਸਨ ਤੇ ਜਿਹੜੇ ਉਹਨਾਂ ਦੀ ਅਣਗਹਿਲੀ ਕਰ ਕੇ ਹੀ ਬਚ ਗਏ ਸਨ । ਉਹਨਾਂ ਨੂੰ ਫਿਰ ਸ਼ਕ ਗੁਜ਼ਰੇ ।

"ਪਹਿਲੇ ਅਸਾਂ ਇਹਨਾਂ ਮਰਦੂਦਾਂ ਨੂੰ ਮਾਰਿਆ ਨਾ ਤੇ ਹੁਣ ਇਹ ਸਾਡੇ ਸਨਮੁਖ ਆ ਜੁੜੇ ਹਨ ।"

"ਪਤਾ ਨਹੀਂ ਫ਼ੀਰੋਜ਼ਪੁਰ ਨੂੰ ਆਪਣੀ ਬੁੱਕਲ ਵਿਚ ਸੰਭਾਲੀ ਬੈਠੀ ਸਾਡੀ ਸੈਨਾ ਨੂੰ ਹੋ ਕੀ ਗਿਆ ਹੈ ? ਇਹ

Scanned by CamScanner

ਹਜ਼ਾਰਾਂ ਆਦਮੀ ਬਚ ਕੇ ਕਿਵੇਂ ਨਿਕਲ ਆਏ ?"

ਇਹੋ ਜਿਹੀਆਂ ਗੱਲਾਂ ਸਾਰੀ ਸੈਨਾ ਵਿਚ ਹੁੰਦੀਆਂ, ਪਰ ਹੌਲਦਾਰ ਨੂਰ ਅਹਿਮਦ ਵਰਗੇ ਆਦਮੀ ਵੀ ਸਾਰੀ ਸੈਨਾ ਵਿਚ ਖਿਲਰੇ ਹੋਏ ਸਨ। ਇਹ ਆਦਮੀ ਹੋਰਨਾਂ ਸਿਪਾਹੀਆਂ ਦੀਆਂ ਗੱਲਾਂ ਨੂੰ ਸੁਣ ਕੇ ਆਖਦੇ, "ਉਏ ਕੀ ਹਰ ਵਕਤ ਤਿੜਕਦੇ ਰਹਿੰਦੇ ਹੋ, ਸੱਬਰ ਕਰੋ, ਸਗੋਂ ਚੰਗਾ ਹੈ। ਇਕੋ ਵਾਰ ਸਭ ਦੀ ਅਲੱਖ ਮੁਕਾ ਦਿਆਂਗੇ।"

ਇਕੋ ਵਾਰ ਸਭ ਦੀ ਅਲੱਖ ਮੁਕਾਵਾਂਗੇ। ਇਹ ਗੱਲ ਸਿਪਾਹੀਆਂ ਨੂੰ ਬੜੀ ਜਚਦੀ। ਇਹੋ ਜਿਹੀ ਗੱਲ ਸਦਾ ਪੰਜਾਬੀ ਮਨ ਨੂੰ ਜਚਦੀ ਰਹੀ ਹੈ। ਜਿਸ ਸਬੀਲ ਵਿਚ ਧੜੱਲਾ ਤੇ ਹੈਂਕੜ ਹੋਵੇ, ਉਹ ਸਬੀਲ ਸੁਖਾਵੀਂ ਸਬੀਲ ਹੈ। ਆਪਣਾ ਬਲ ਤੇ ਆਪਣੀ ਵਡਿਆਈ ਦੱਸਣ ਵਾਸਤੇ ਉਹ ਕਈ ਪੇਚੀਦਾ ਤੇ ਸਿਆਣੇ ਨੁਕਤੇ ਭੁੱਲ ਜਾਂਦੇ ਹਨ। ਪ੍ਰਬਲ ਸਵੈ ਵਿਸ਼ਵਾਸ ਉਹਨਾਂ ਨੂੰ ਬਹੁਤਾ ਹੀ ਆਲਾ ਭੋਲਾ ਬਣਾ ਦੇਂਦਾ ਹੈ।

ਫ਼ੀਰੋਜ਼ਪੁਰ ਉੱਤੇ ਹੱਲਾ ਨਾ ਬੋਲਿਆ ਗਿਆ ਕਿਉਂਕਿ ਉਦੋਂ ਸਿੱਧਾ ਟੁੰਡੀ ਲਾਟ ਨਾਲ ਲੜਨ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ ਤੇ ਪੰਜਾਬੀ ਸੈਨਾ ਨੂੰ ਇਹ ਤਜਵੀਜ਼ ਭਾ ਗਈ। ਮੁਦਕੀ ਉੱਤੇ ਥੋੜੀ ਫ਼ੌਜ ਨਾਲ ਹਮਲਾ ਕੀਤਾ ਗਿਆ ਕਿਉਂਕਿ ਖ਼ਾਲਸਾ ਸਵਾ ਲੱਖ ਦੇ ਮੁਕਾਬਲੇ ਵਿਚ ਇਕ ਇਕੱਲਾ ਹੀ ਕਾਫ਼ੀ ਹੁੰਦਾ ਹੈ। ਮੁਦਕੀ ਵਿਚ ਅੰਗਰੇਜ਼ਾਂ ਦੀ ਫ਼ੌਜ ਨੂੰ ਤਿਆਰ ਹੋਣ ਦਾ ਸਮਾਂ ਦਿਤਾ ਗਿਆ ਕਿਉਂਕਿ ਪੰਜਾਬੀ ਸੁੱਤੇ ਹੋਏ ਤੇ ਥੱਕੇ ਹੋਏ ਦੁਸ਼ਮਣ ਉੱਤੇ ਵਾਰ ਨਹੀਂ ਕਰਦਾ। ਇਹ ਦੋ ਦਿਨ ਆਲਿਆਂ ਟੋਲਿਆਂ ਵਿਚ ਬਿਤਾ ਦਿਤੇ ਗਏ ਤੇ ਅੰਗਰੇਜ਼ੀ ਸੈਨਾ ਨੂੰ ਤਾਜ਼ਾ ਦਮ ਕੁਮਕ ਪਹੁੰਚਣ ਦਿਤੀ ਗਈ ਤੇ ਅਜ ਜਦੋਂ ਫ਼ੀਰੋਜ਼ਪੁਰ ਵਿਚੋਂ ਇਕ ਪੂਰੇ ਦਾ ਪੂਰਾ ਡਵੀਯਨ ਦੁਸ਼ਮਣ ਨਾਲ ਆ ਮਿਲਿਆ, ਤਾਂ ਵੀ ਸੈਨਾ ਖ਼ੁਸ਼ ਹੋਈ। ਚਲੋ ਇਕੋ ਵਾਰੀ ਸਭ ਦੀ ਅਲਖ ਮੁਕਾ ਦਿਆਂਗੇ, ਉਹਨਾਂ ਨੇ ਫ਼ੈਸਲਾ ਕੀਤਾ। ਖ਼ਾਲਸਾ ਮਨ ਨੂੰ ਕਦੀ ਕੋਈ ਉਦਾਸੀ ਤੇ ਕਦੀ ਕੋਈ ਨਿਰਾਸ਼ਾ ਨਹੀਂ ਹੋਈ। ਜਿਹੜੀ ਵੀ ਉਕਾਈ ਹੋਈ, ਜਿੰਨੀ ਵੀ ਗਦਾਰੀ ਹੋਈ, ਜੇਡੀ ਵੀ ਭੁੱਲ ਹੋਈ, ਕਿੱਡਾ ਹੀ ਹਾਣ ਹੰਦਿਆ, ਇਸ ਬੀਰ ਸੈਨਾ ਦੇ ਬੀਰ ਸਿਪਾਹੀਆਂ ਨੇ ਕੁਝ ਨਾ ਗਉਲਿਆ। ਭਵਿੱਖਤ ਵਲ ਸਦਾ ਉਤਸ਼ਾਹ ਤੇ ਉਮੀਦ ਨਾਲ ਵੇਖਿਆ। ਚਲੋ ਜੇ ਅਜ ਨਹੀਂ ਤਾਂ ਕਲ੍ਹ, ਜੇ ਕਲ੍ਹ ਨਹੀਂ ਤਾਂ ਪਰਸੋਂ, ਇਉਂ ਸੋਚਦਿਆਂ ਇਸ ਪੰਜਾਬੀ ਕਲਪਨਾ ਨੇ ਆਪਣੀ ਪੀਹੜੀ ਹੇਠਾਂ ਡੰਗੌਰੀ ਨਹੀਂ ਫੇਰੀ।

ਇਹੋ ਜਿਹੇ ਜਵਾਮਰਦਾਂ ਦੀ ਕਮਾਨ ਕਿਹਨੂੰ ਨਸੀਬ ਹੋਈ ਹੈ ? ਸਕੰਦਰ ਤੇ ਹੈਨੀਬਲ ਦੇ ਲੜਾਕੇ ਬੜੇ ਬੀਰ ਸਨ, ਠੀਕ ; ਚੰਗੇਜ਼ ਖ਼ਾਨ ਤੇ ਹਲਾਕੂ ਦੇ ਕਟਕ ਕਿਤੇ ਨਹੀਂ ਸਨ ਰੁੜ੍ਹਦੇ, ਠੀਕ ; ਬਾਬਰ ਤੇ ਤੈਮੂਰ ਨੂੰ ਅਜਿੱਤ ਯੋਧੇ ਮਿਲੇ ਠੀਕ, ਨਾਦਰ ਤੇ ਅਹਿਮਦ ਦੇ ਸਿਪਾਹੀਆਂ ਦੇ ਹੌਸਲੇ ਮਹਾਨ ਸਨ, ਠੀਕ ; ਨੈਪੋਲੀਅਨ ਬੋਨਾਪਾਰਟ ਦੇ ਸਾਥੀ ਮਹਾਂ ਅਣਖੀਲੇ ਸਨ, ਠੀਕ; ਪਰ ਜਿਸ ਇਰਾਦੇ ਤੇ ਹੌਸਲੇ ਤੇ ਜਿਗਰੇ ਵਾਲਾ ਸਿਪਾਹੀ ਪੰਜਾਬ ਦੀ ਧਰਤੀ ਉੱਤੇ ਅੰਗਰੇਜ਼ੀ ਸਾਮਰਾਜ ਨਾਲ ਲੜਿਆ ਉਹੋ ਜਿਹਾ ਸਿਪਾਹੀ ਦੁਨੀਆਂ ਦੀ ਕਿਸੇ ਧਰਤੀ ਉੱਤੇ ਪਹਿਲੇ ਨਹੀਂ ਲੜਿਆ। ਇਹ ਸਿਪਾਹੀ ਆਪਣੀ ਮਿਸਾਲ ਆਪ ਸੀ।

ਅੱਜ ਚਾਰ ਵਜੇ ਜਦੋਂ ਦੁਸ਼ਮਣ ਨੇ ਪਹਿਲਾ ਗੋਲਾ ਸੁਟਿਆ ਤਾਂ ਇਹ ਸਿਪਾਹੀ ਰਬ ਦਾ ਨਾਂ ਲੈ ਕੇ ਜੁੱਟ ਪਿਆ। ਇਸ ਨੇ ਕੁਝ ਨਾ ਗਉਲਿਆ; ਇਸ ਨੇ ਕੁਝ ਨਾ ਸੋਚਿਆ। ਹੈਨੀਬਲ, ਚੰਗੇਜ਼, ਨਾਦਰ ਤੇ ਨੈਪੋਲੀਅਨ ਦੇ ਸਿਪਾਹੀਆਂ ਨੂੰ ਪਤਾ ਹੁੰਦਾ ਸੀ ਕਿ ਉਹਨਾਂ ਦਾ ਨੇਤਾ ਕੌਣ ਹੈ, ਉਹ ਕਿਹੋ ਜਿਹੀ ਸ਼ਖ਼ਸੀਅਤ ਤੇ ਲੀਡਰੀ ਥੱਲੇ ਲੜ ਰਹੇ ਹਨ, ਪਰ ਪੰਜਾਬੀ ਸੈਨਾ ਜੁੱਟ ਗਈ ਬਿਨਾਂ ਸੈਨਾਪਤੀ ਦੇ, ਬਿਨਾਂ ਕਿਸੇ ਲੀਡਰ ਦੇ।

ਕੁਝ ਪਲਾਂ ਵਿਚ ਹੀ ਇਕ ਗੋਲੇ ਦੇ ਉੱਤਰ ਵਿਚ ਸੱਠ ਗੋਲੇ ਗੋਰਿਆਂ ਦੀਆਂ ਤੋਪਾਂ ਉੱਤੇ ਜਾ ਫੇਟੇ। ਗੋਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਚਲਵੱਈਏ ਭੌਰ ਭੌਰ ਤੱਕਣ ਲਗੇ। ਹੱਥਾਂ ਵਿਚੋਂ ਪਲੀਤੇ ਡਿਗ ਪਏ। ਬੀੜੀਆਂ ਹੋਈਆਂ ਤੋਪਾਂ ਖਿੰਡਰ ਗਈਆਂ। ਅਸਲੀ ਤੋਪਖ਼ਾਨਾ ਤਾਂ ਖ਼ਾਲਸੇ ਦੀ ਪਹਿਲੀ ਬੁਛਾੜ ਨਾਲ ਹੀ ਜਿਵੇਂ ਨਕਾਰਾ ਹੋ ਗਿਆ।

ਅੰਗਰੇਜ਼ੀ ਤੋਪਖ਼ਾਨੇ ਦੇ ਕਮਾਨ ਅਫ਼ਸਰ, ਜਰਨੈਲ ਜੈਨੀ, ਨੇ ਆਪਣੇ ਅਫ਼ਸਰਾਂ ਤੇ ਸਿਪਾਹੀਆਂ ਨੂੰ ਵੰਗਾਰਿਆ, "ਦਾਗ਼ੀ ਜਾਓ ਗੋਲੇ। ਥਾਂ ਲਵੋ ਸਿੱਖੜਿਆਂ ਨੂੰ," ਉਹ ਪੁਕਾਰਿਆ : ਉਹਦਾ ਤੋਪਖ਼ਾਨਾ ਸੰਭਲਿਆ ਤੇ ਵਾਰ ਵਾਰ ਤੋਪਾਂ ਚਲਣ ਲਗੀਆਂ, ਖ਼ਾਲਸਈ ਤੋਪਖ਼ਾਨੇ ਦੀ ਝਾਲ ਝੱਲੀ ਨਾ ਜਾਏ। ਖ਼ਾਲਸੇ ਦੇ ਗੋਲੇ ਐਨ ਤੋਪਾਂ ਉੱਤੇ ਜਾਂ ਤੋਪਾਂ ਦੇ ਕੋਲ ਆ ਕੇ ਛੁੱਟਦੇ, ਕਦੀ ਕੋਈ ਤੋਪ ਨਕਾਰੀ ਹੋ ਜਾਂਦੀ ਤੇ ਕਦੀ ਕੋਈ ਤੋਪਚੀ ਮਰ ਜਾਂਦਾ, ਪਰ ਗੋਰਿਆਂ ਦੇ ਗੋਲੇ ਤੋਪਖ਼ਾਨੇ ਤਕ ਨਾ ਪੁੱਜਦੇ। ਰਾਹ ਵਿਚ ਹੀ ਜਾ ਡਿਗਦੇ। ਜਿਹੜਾ ਗੋਲਾ ਪੁਜਦਾ ਵੀ ਉਹ ਵੀ ਕੋਈ ਨੁਕਸਾਨ ਕਰਦਾ ਨਾ ਦਿਸਦਾ।

Scanned by CamScanner

ਗਵਰਨਰ ਜਨਰਲ ਨੇ ਵੇਖਿਆ, ਸੈਨਾਪਤੀ ਨੇ ਵੇਖਿਆ ਤੇ ਗੋਰਾ ਤੋਪਖਾਨੇ ਦੇ ਪਿੱਛੇ ਲੇਟੇ ਹਰ ਸਿਪਾਹੀ ਨੇ ਇਹ ਕਰਤੱਵ ਵੇਖਿਆ। ਟੁੰਡੀ ਲਾਟ ਤੇ ਹੀਊ ਗਫ਼ ਨੂੰ ਇਹ ਫ਼ੈਸਲਾ ਕਰਦਿਆਂ ਦੇਰ ਨਾ ਲਗੀ ਕਿ ਤੋਪਾਂ ਦੀ ਲੜਾਈ ਸ਼ੁਰੂ ਹੋਣ ਤੋਂ ਪਹਿਲੇ ਹੀ ਹਾਰੀ ਗਈ ਹੈ। ਉਹਨਾਂ ਨੂੰ ਸ਼ੱਕ ਨਹੀਂ ਸੀ ਕਿ ਜੇ ਰਤਾ ਦੇਰ ਵੀ ਹੋਰ ਕੀਤੀ ਗਈ ਤਾਂ ਉਹਨਾਂ ਦੇ ਤੋਪਖਾਨੇ ਦਾ ਇਕ ਚੰਗਾ ਭਾਗ ਨਕਾਰਾ ਹੋ ਜਾਏਗਾ ਤੇ ਪਿਆਦਾ ਫੌਜ ਤੇ ਰਸਾਲੇ ਦੇ ਹੌਸਲੇ ਉੱਤੇ ਵੀ ਫਰਕ ਆਏਗਾ।

ਪੰਦਰਾਂ ਵੀਹਾਂ ਮਿੰਟਾਂ ਪਿਛੋਂ ਹੀ ਹੁਕਮ ਹੋਇਆ ਕਿ ਰਸਾਲਾ ਤੇ ਪਿਆਦਾ ਫ਼ੌਜ ਹਮਲਾ ਸ਼ੁਰੂ ਕਰੇ।

ਹੁਣ ਸਾਢੇ ਚਾਰ ਵਜੇ ਦਾ ਵਕਤ ਸੀ। ਸਾਢੇ ਪੰਜ ਵਜੇ ਕਿ ਇਸ ਤੋਂ ਵੀ ਪਹਿਲੇ ਸੂਰਜ ਨੇ ਛੁਪ ਜਾਣਾ ਸੀ। ਅੰਗਰੇਜ਼ੀ ਗਵਰਨਰ ਜਨਰਲ ਹੋਰ ਉਡੀਕ ਨਹੀਂ ਸੀ ਕਰ ਸਕਦਾ। "ਬਾਜ਼ੀ ਲਗ ਚੁਕੀ ਹੈ," ਉਹ ਘੜੀ ਘੜੀ ਦੁਹਰਾਂਦਾ।

ਸਭ ਤੋਂ ਪਹਿਲੇ ਸਰ ਲਿਟਲਰ ਦਾ ਡਵੀਯਨ ਅਗੇ ਵਧਿਆ, ਫਿਰ ਵਿਚਕਾਰਲਾ ਡਵੀਯਨ ਤੇ ਫਿਰ ਸਰ ਹੀਊ ਗਫ਼ ਦੀ ਨਿਗਰਾਨੀ ਥੱਲੇ ਸੱਜੇ ਹੱਥ ਨਿਯਤ ਡਵੀਯਨ।

ਲਿਟਲਰ ਥੱਲੇ ਦੋ ਬਰਿਗੇਡ ਸਨ। ਫ਼ੀਰੋਜ਼ਪੁਰ ਵਿਚ ਵਿਹਲੀਆਂ ਖਾ ਖਾ ਕੇ ਫਿੱਟੀਆਂ ਹੋਈਆਂ। ਲਿਟਲਰ ਵੀ ਦਰਸਾਣਾ ਚਾਹੁੰਦਾ ਸੀ ਕਿ ਉਹ ਕੁਝ ਹੈ, ਐਵੇਂ ਨਹੀਂ ਸੀ ਉਸ ਫ਼ੀਰੋਜ਼ਪੁਰੋਂ ਨਿਕਲਣ ਵਿਚ ਦੇਰ ਲਾਈ। ਉਸ ਵੇਲੇ ਹਾਲਾਤ ਉੱਤੇ ਉਹਦਾ ਜ਼ੋਰ ਨਹੀਂ ਸੀ ਚਲਿਆ, ਪਰ ਹੁਣ ਉਹ ਆਪਣੀ ਬਹਾਦਰੀ ਵਿਖਾ ਸਕਦਾ ਹੈ। "ਮੈਂ ਹੀ ਸਭ ਤੋਂ ਪਹਿਲੇ ਸਿੱਖਾਂ ਦੇ ਮੋਰਚਿਆਂ ਉੱਤੇ ਕਬਜ਼ਾ ਕਰਾਂਗਾ," ਉਸ ਆਪਣੇ ਆਪ ਨੂੰ ਕਿਹਾ ਤੇ ਸੱਚੀ ਮੁੱਚੀ ਹੀ ਉਹਦੀਆ ਦੋਵੇਂ ਬਰਗੇਡਾਂ ਵੇਖਦਿਆਂ ਵੇਖਦਿਆਂ ਸਿੱਖਾਂ ਦੇ ਮੋਰਚਿਆਂ ਕੋਲ ਪਹੁੰਚ ਗਈਆਂ।

ਪੰਜਾਬੀ ਸੈਨਾ ਦੇ ਮੋਰਚੇ ਖੁਰੀ ਦੇ ਰੂਪ ਵਿਚ ਬੰਨ੍ਹੇ ਗਏ ਸਨ। ਖੁਰੀ ਦੀ ਅੰਤਲੀ ਗੁਲਾਈ ਵਿਚ ਫੇਰੂ ਸ਼ਹਿਰ ਦਾ ਪਿੰਡ ਸੀ ਤੇ ਉਹਨਾਂ ਦਾ ਤੋਪਖਾਨਾ ਖੁਰੀ ਦੇ ਲਗ ਭਗ ਮਧ ਵਿਚ ਸੀ। ਸਰ ਲਿਟਲਰ ਅਗੇ ਵਧਿਆ ਤੇ ਹੁਣ ਉਹਦੀਆਂ ਦੋਵੇਂ ਬਰਗੇਡਾਂ ਖ਼ਾਲਸੇ ਦੇ ਸੱਜੇ ਮੋਰਚੇ ਤਕ ਪਹੁੰਚ ਚੁਕੀਆਂ ਸਨ। ਇਹਨਾਂ ਅਫ਼ਸਰਾਂ ਤੇ ਸਿਪਾਹੀਆਂ ਨੇ ਧੜਾ ਧੜ ਡਿਗਦੇ ਦੁਸ਼ਮਣ ਦੇ ਗੋਲਿਆਂ ਦੀ ਪ੍ਰਵਾਹ ਨਹੀਂ ਸੀ ਕੀਤੀ। ਇਹਨਾਂ ਦੇ ਸਾਥੀ ਪੈਰ ਪੈਰ ਉੱਤੇ ਚੀਕਦੇ ਤੇ ਢਾਹਾਂ ਮਾਰਦੇ ਡਿਗਦੇ ਆਏ ਸਨ, ਪਰ ਇਹਨਾਂ ਨੇ ਗਉਲਿਆ ਨਹੀਂ। ਇਹ ਵਧਦੇ ਆਏ ਤੇ ਹੁਣ ਇਹ ਸਿੱਖ ਮੋਰਚਿਆਂ ਦੇ ਬਿਲਕੁਲ ਨੇੜੇ ਪਹੁੰਚ ਗਏ।

ਏਸ ਵੇਲੇ ਜਰਨੈਲ ਉਮਰ ਦੀਨ ਨੇ ਤੋਪਖਾਨੇ ਨੂੰ ਇਸ ਡਵੀਯਨ ਉੱਤੇ ਗੋਲਾ ਬਾਰੀ ਬੰਦ ਕਰਨ ਦਾ ਹੁਕਮ ਦਿਤਾ ਤੇ ਇਸ ਮੋਰਚੇ ਦਾ ਕਮਾਨ ਅਫ਼ਸਰ ਜਰਨੈਲ ਗਿਆਨ ਸਿੰਘ ਆਪਣੇ ਪਿਆਦਾ ਸਿਪਾਹੀਆਂ ਨਾਲ ਸਰ ਲਿਟਲਰ ਦੇ ਡਵੀਯਨ ਉੱਤੇ ਜਾ ਪਿਆ।

ਸਭ ਤੋਂ ਪਹਿਲੇ ਇਕ ਗੋਰਾ ਪਲਟਨ ਹੀ ਜ਼ੱਦ ਵਿਚ ਆਈ। ਇਕ ਕਤਾਰ ਵਿਚ ਵਿਸ਼ਵਾਸ ਪੂਰਵਕ ਵਧਦੀ ਆਉਂਦੀ ਇਹ ਪਲਟਨ ਸਮਝਦੀ ਸੀ ਕਿ ਇਹਨੇ ਬਸ ਸਿੰਘਾਂ ਨੂੰ ਮਾਰ ਹੀ ਲਿਆ ਹੈ। ਇਸ ਪਲਟਨ ਦੇ ਸਿਪਾਹੀ ਇਕ ਦੂਜੇ ਵਲ ਵੇਖ ਕੇ ਮੁਸਕਰਾ ਰਹੇ ਸਨ। ਜਿਵੇਂ ਆਖ ਰਹੇ ਹੋਣ, "ਕੇਡੀ ਸੁਖੈਣ ਰਹੀ ਲੜਾਈ ਇਹ। ਵੇਖ ਮੈਂ ਕਿਸ ਤਰ੍ਹਾਂ ਸੱਜਾ ਖੱਬਾ, ਸੱਜਾ ਖੱਬਾ ਪੈਰ ਉਠਾਂਦਾ ਛਾਤੀ ਕੱਢ ਕੇ ਟੁਰ ਰਿਹਾ ਹਾਂ ?"

ਜਰਨੈਲ ਗਿਆਨ ਸਿੰਘ ਨੇ ਸਭ ਤੋਂ ਪਹਿਲੇ ਏਸ ਪਲਟਨ ਉੱਤੇ ਹਮਲਾ ਕਰਨ ਦਾ ਹੁਕਮ ਦਿਤਾ :

"ਗੋਰਿਆਂ ਨੂੰ ਲਵੋ। ਪੂਰਬੀਏ ਆਪੇ ਭੱਜ ਜਾਣਗੇ।'

ਤੇ ਸਿੰਘਾਂ ਨੇ ਗੋਰਿਆਂ ਨੂੰ ਜਾ ਲਿਆ।

ਜਿਉਂ ਹੀ ਇਸ ਪਲਟਨ ਉੱਤੇ ਹੱਲਾ ਹੋਇਆ, ਇਹ ਰੁਕ ਗਈ। ਆਪਣੀਆਂ ਤਲਵਾਰਾਂ ਨਾਲ ਇਹ ਦੁਸ਼ਮਣਾਂ ਸੰਗ ਰੁੱਝੀ। ਦੁਸ਼ਮਣ ਦੀਆਂ ਤਲਵਾਰਾਂ ਤੇਜ਼ ਸਨ ਸ਼ਾਇਦ। ਜਿਥੇ ਵੀ ਪੈਂਦੀਆਂ ਵਢ ਕੇ ਸੁੱਟ ਦੇਂਦੀਆਂ। ਇਹਨਾਂ ਦੀਆਂ ਤਲਵਾਰਾਂ ਖੁੰਦੀਆਂ ਸਨ ਸ਼ਾਇਦ। ਜਿੰਨੀ ਵੀ ਜ਼ੋਰ ਨਾਲ ਮਾਰਦੇ, ਕੁਝ ਅਸਰ ਹੁੰਦਾ ਨਾ ਲਗਦਾ।

ਗੋਰੇ ਜ਼ਮੀਨ ਉੱਤੇ ਤੜਪਣ ਲਗੇ। ਫ਼ੀਰੋਜ਼ਪੁਰ ਬੈਠੇ ਇਹ ਸਮਝਦੇ ਰਹੇ ਸਨ ਕਿ ਸਿੱਖ ਇਹਨਾਂ ਕੋਲੋਂ ਡਰ ਗਏ ਹਨ। ਏਸੇ ਲਈ ਇਹਨਾਂ ਉੱਤੇ ਹਮਲਾ ਨਹੀਂ ਹੋਇਆ। ਹੁਣ ਇਹਨਾਂ ਹੋਰ ਕਾਰੇ ਤੱਕੇ। ਇਹ ਪੰਜਾਬੀਆਂ ਦੀ ਝਾਲ ਨਾ ਝੱਲ ਸਕੇ। ਗੋਰਾ ਪਲਟਨ ਮੁੜ ਪਈ ਤੇ ਨੱਸਣ ਲਗੀ।

Scanned by CamScanner

ਸਰ ਲਿਟਲਰ ਘੋੜਾ ਦੁੜਾ ਕੇ ਉੱਥ ਪਹੁੰਚਿਆ, ਪਰ ਉਹਨੂੰ ਨਾ ਹੀ ਬਰਿਗੇਡ ਕਮਾਂਡਰ ਮਿਲਿਆ ਤੇ ਨਾ ਹੀ ਰਜਮੈਂਟ ਦਾ ਕਰਨੈਲ । ਅੰਗਰੇਜ਼ੀ ਵਿਚ ਗਾਲ੍ਹਾਂ ਕਢਦਿਆਂ ਉਸ ਆਪਣੇ ਹਮਵਤਨਾਂ ਨੂੰ ਰੁਕਣ ਤੇ ਮੁੜਨ ਵਾਸਤੇ ਕਿਹਾ, ਪਰ ਇਹਨਾਂ ਹਮਵਤਨਾਂ ਨੇ ਉਹਨੂੰ ਪਛਾਣ ਕੇ ਵੀ ਨਾ ਪਛਾਣਿਆਂ । ਉਹ ਦੌੜਦੇ ਗਏ ।

ਏਨੇ ਵਿਚ ਸਰ ਲਿਟਲਰ ਨੂੰ ਇਸ ਪਲਟਨ ਦਾ ਕਰਨੈਲ ਵਾਟਕਿਨ ਦਿਸਿਆ :

"ਵਾਟਕਿਨ ! ਜੇ ਪੰਜਾਂ ਮਿੰਟਾਂ ਵਿਚ ਤੇਰੀ ਪਲਟਨ ਨਾ ਰੁਕੀ ਤਾਂ ਮੈਂ ਤੇਰਾ ਕੋਰਟ ਮਾਰਸ਼ਲ ਕਰ ਦਿਆਂਗਾ ।"

ਪਰ ਏਨੇ ਵਿਚ ਸਰ ਲਿਟਲਰ ਨੇ ਵੇਖਿਆ ਕਿ ਖੱਬੇ ਹੱਥ ਦੀ ਇਕ ਹੋਰ ਪਲਟਨ ਵੀ ਭੱਜ ਰਹੀ ਹੈ । ਉਸ ਤੇਜ਼ੀ ਨਾਲ ਘੋੜਾ ਉਧਰ ਮੋੜਿਆ । ਇਹ ਪਲਟਨ ਦੇਸੀ ਸੀ ਤੇ ਡਵੀਯਨ ਕਮਾਂਡਰ ਨੂੰ ਲਗਾ ਕਿ ਉਹ ਦੇਸੀ ਪਲਟਨ ਨੂੰ ਥੰਮਣ ਵਿਚ ਸਫਲ ਹੋਵੇਗਾ । ਪਰ ਜਦੋਂ ਤਕ ਉਹ ਉੱਥੇ ਪਹੁੰਚਿਆ, ਇਹ ਪਲਟਨ ਦੌੜਨ ਵਿਚ ਗੋਰਾ ਪਲਟਨ ਨੂੰ ਵੀ ਮਾਤ ਪਾ ਗਈ ।

ਸਰ ਲਿਟਲਰ ਨੇ ਆਪਣੇ ਚਾਰ ਚੁਫੇਰੇ ਤੱਕਿਆ, ਤੇ ਉਸ ਮਹਿਸੂਸ ਕੀਤਾ ਕਿ ਉਹ ਹਾਰ ਗਿਆ ਹੈ । ਉਸ ਆਪਣੀ ਛਾਤੀ ਉੱਤੇ ਸਲੀਬ ਦਾ ਨਿਸ਼ਾਨ ਬਣਾ ਕੇ ਆਖਿਆ :

"ਹੇ ਯਸੂਹ ਮਸੀਹ ਮੇਰੇ ਔਗੁਣ ਬਖ਼ਸ਼ੀਂ ।"

ਸਰ ਲਿਟਲਰ ਨੂੰ ਡਰ ਸੀ ਕਿ ਹੋਰਨਾਂ ਦਾ ਕੋਰਟ ਮਾਰਸ਼ਲ ਕਰਦਿਆਂ ਕਰਦਿਆਂ ਕਿਤੇ ਉਹ ਆਪਣਾ ਹੀ ਕੋਰਟ ਮਾਰਸ਼ਲ ਨਾ ਕਰਾ ਬੈਠੇ ।

ਗਵਰਨਰ ਜਨਰਲ ਸਰ ਹਾਰਡਿੰਗ ਆਪਣੇ ਸਦਰ ਵਿਚੋਂ ਇਹ ਦਿਲ ਢਾਊ ਨਜ਼ਾਰਾ ਵੇਖ ਸਕਦਾ ਸੀ । ਉਹ ਸੋਚ ਰਿਹਾ ਸੀ : "ਇਹਦੇ ਨਾਲੋਂ ਤਾਂ ਜੇ ਅਸੀਂ ਇਹਨਾਂ ਬੁਜ਼ਦਿਲਾਂ ਦੀ ਉਡੀਕ ਨਾ ਹੀ ਕਰਦੇ ਤਾਂ ਚੰਗਾ ਸੀ । ਹੁਣ ਸਿੱਖਾਂ ਦੇ ਹੌਸਲੇ ਵਧ ਗਏ ਹਨ ।"

ਉਸ ਜਰਨੈਲ ਹੈਰੀ ਸਮਿੱਥ ਨੂੰ ਵੀ ਸਰ ਲਿਟਲਰ ਦੀ ਸਹਾਇਤਾ ਵਜੋਂ ਹੱਲਾ ਬੋਲਣ ਦਾ ਹੁਕਮ ਦਿਤਾ ਤੇ ਸਰ ਹੀਊ ਗਫ਼ ਨੂੰ ਆਪਣੇ ਏਡੀ ਕਾਂ ਹੱਥ ਸੁਨੇਹਾ ਭੇਜਿਆ :

"ਸਰ ਲਿਟਲਰ ਦੀ ਸੈਨਾ ਪਸਪਾ ਹੋ ਗਈ ਹੈ । ਵਾਲਸ ਵੀ ਪੂਰੀ ਤਰ੍ਹਾਂ ਸਫਲਤਾ ਪ੍ਰਾਪਤ ਨਹੀਂ ਕਰ ਰਿਹਾ । ਜਿੱਤ ਤੇ ਹਾਰ ਗਿਲਬਰਟ ਦੇ ਡਵੀਯਨ ਦੇ ਸਿਰ ਹੈ ।"

ਤੇ ਇਹ ਸੁਨੇਹਾ ਭੇਜ ਕੇ ਆਪ ਟੁੰਡੀ ਲਾਟ ਜਰਨੈਲ ਵਾਲਸ ਦੇ ਨੇੜੇ ਪਹੁੰਚਿਆ : "ਮਰ ਮਿਟਣਾ ਹੈ, ਪਰ ਮੱਧ ਵਿਚੋਂ ਪਿਛੇ ਨਹੀਂ ਹਟਣਾ ! ਜੇ ਸਾਡਾ ਮੱਧ ਯਰਕੇ ਗਿਆ ਤਾਂ ਭਾਰਤ ਵਿਚੋਂ ਅੰਗਰੇਜ਼ੀ ਸਲਤਨੱਤ ਮੁਕ ਗਈ ।"

ਗਵਰਨਰ ਜਨਰਲ ਦਾ ਸੁਨੇਹਾ ਮਿਲਦਿਆਂ ਹੀ ਹਿਊ ਗਫ਼ ਘੋੜਾ ਦੁੜਾ ਕੇ ਤੇ ਜਰਨੈਲ ਗਿਲਬਰਟ ਨੂੰ ਨਾਲ ਲੈ ਕੇ, ਬਰਗੇਡੀਅਰ ਟੇਲਰ ਤ ਫਿਰ ਬਰਗੇਡੀਅਰ ਮੈਕਲਾਰਨ ਕੋਲ ਗਿਆ : "ਹੁਣ ਜਿੱਤ ਦਾ ਸਿਹਰਾ ਤੁਸਾਂ ਦੋਹਾਂ ਅਫ਼ਸਰਾਂ ਉੱਤੇ ਨਿਰਭਰ ਹੈ । ਸਰ ਲਿਟਲਰ ਦਾ ਡਵੀਯਨ ਖੇਰੂੰ ਖੇਰੂੰ ਹੋ ਗਿਆ ਹੈ ।"

ਬਰਗੇਡੀਅਰ ਟੇਲਰ ਤੇ ਮੈਕਲਾਰਨ ਗੂਹੜੇ ਮਿੱਤਰ ਸਨ ਤੇ ਲਿਟਲਰ ਨਾਲ ਖ਼ਾਰ ਖਾਣ ਵਾਲੇ । ਦੋਹਾਂ ਅਫ਼ਸਰਾਂ ਨੇ ਇਕ ਦੂਜੇ ਵਲ ਤੱਕਿਆ ਤੇ ਜਿਵੇਂ ਉਹਨਾਂ ਨੇ ਇਕ ਦੂਜੇ ਨੂੰ ਕਿਹਾ : "ਇਹ ਕੇਡੀ ਚੰਗੀ ਸੋਅ ਹੈ । ਪਰ ਹੁਣ ਸਾਨੂੰ ਬਣਦਾ ਹੈ ਕਿ ਜਿੱਤ ਪ੍ਰਾਪਤ ਕਰ ਕੇ ਹੀ ਹਟੀਏ । ਸਰ ਲਿਟਲਰ ਦੀ ਕਿਸਮਤ ਸਦਾ ਲਈ ਠੱਪੀ ਜਾਏ ।"

ਸਰ ਹੀਊ ਗਫ਼ ਆਪ ਵੀ ਘੋੜੇ ਉੱਤੋਂ ਉਤਰਿਆ ਰੇ ਤਲਵਾਰ ਸੂਤ ਕੇ ਹਮਲਾਆਵਰ ਸੈਨਾ ਦੇ ਨਾਲ ਹੋ ਪਿਆ ।

ਹੁਣ ਅੰਗਰੇਜ਼ੀ ਸੈਨਾ ਖ਼ਾਲਸੇ ਦੀਆਂ ਖੱਬੇ ਹੱਥ ਬੀੜੀਆਂ ਤੋਪਾਂ ਕੋਲ ਪਹੁੰਚ ਗਈ, ਕੋਈ ਦਸਾਂ ਪੰਦਰਾਂ ਤੋਪਾਂ ਦੇ ਤੋਪਚੀਆਂ ਨੇ ਤੋਪਾਂ ਛਡੀਆਂ ਤੇ ਤਲਵਾਰਾਂ ਧੂ ਕੇ ਗੋਰਿਆਂ ਦੇ ਸਨਮੁਖ ਆ ਡਟੇ । ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਅਜੇ ਤਕ ਉਹਨਾਂ ਦੀ ਆਪਣੀ ਪਿਆਦਾ ਸੈਨਾ ਮੋਰਚਿਆਂ ਵਿਚੋਂ ਨਿਕਲ ਕੇ ਦੁਸ਼ਮਣ ਨਾਲ ਕਿਉਂ ਨਹੀਂ ਸੀ ਜੁੱਟੀ । ਉਹ ਸਮਝ ਨਹੀਂ ਸਨ ਰਹੇ, ਪਰ ਉਹ ਬਹੁਤਾ ਸੋਚ ਵੀ ਨਹੀਂ ਸਨ ਰਹੇ । ਉਹ ਆਪ ਲੜਾਈ ਵਿਚ ਜੁੱਟ ਚੁਕੇ ਸਨ ਤੇ ਉਹਨਾਂ ਵਾਸਤੇ ਬਸ ਏਨਾ ਹੀ ਕਾਫ਼ੀ ਸੀ ।

Scanned by CamScanner

ਜਦੋਂ ਗੋਰਿਆਂ ਨੇ ਉਹਨਾਂ ਨੂੰ ਮਾਰ ਲਿਆ, ਤਾਂ ਜਾ ਕੇ ਕਿਧਰੇ ਬਾਕੀ ਦੀ ਸੈਨਾ ਮੋਰਚਿਆਂ ਵਿਚੋਂ ਬਾਹਰ ਨਿਕਲੀ । ਜਦੋਂ ਉਹ ਸਾਹਮਣੇ ਆਏ ਤਾਂ ਗੋਰਿਆਂ ਨੂੰ ਹੋਸ਼ ਆਈ ਕਿ ਮੁਕਾਬਲਾ ਕਿਹਦੇ ਨਾਲ ਹੈ । ਸਰ ਹੀਊ ਗਫ਼ ਤੇ ਜੱਰਨੈਲ ਗਿਲਬਰਟ ਨੂੰ ਹੱਥਾਂ ਪੈਰਾਂ ਦੀ ਪੈ ਗਈ । ਉਹ ਮੁੜਨ ਦਾ ਹੁਕਮ ਦੇਣ ਹੀ ਵਾਲੇ ਸਨ ਕਿ ਉਹਨਾਂ ਨੂੰ ਬਰਗੇਡੀਅਰ ਟੇਲਰ ਦੀ ਬਰਿਗੇਡ ਸਾਹਮਣਿਉਂ ਦੁਸ਼ਮਣ ਦੀ ਸੈਨਾ ਖਿੰਡਦੀ ਜਾਪੀ । ਸੂਰਜ ਛੁਪਣ ਵਾਲਾ ਸੀ ਤੇ ਉਹਨਾਂ ਨੇ ਜਾਤਾ ਕਿ ਸ਼ਾਮ ਦੇ ਘੁਸ ਮੁਸੇ ਵਿਚ ਉਹ ਸ਼ਾਇਦ ਸਿੱਖਾਂ ਨੂੰ ਮਾਰ ਲੈਣਗੇ । ਸੋ ਹੌਸਲੇ ਨਾਲ ਉਹ ਲੜਦੇ ਗਏ ।

ਟੇਲਰ ਦੇ ਸਾਹਮਣੇ ਖਿੰਡਦਾ ਦੁਸ਼ਮਣ ਸੱਚੀਂ-ਮੁਚੀਂ ਹੀ ਖਿੰਡ ਰਿਹਾ ਸੀ । ਟੇਲਰ ਨੇ ਮੋਰਚਾ ਮਾਰ ਲਿਆ ਤੇ ਉਹਦੀ ਬਰਿਗੇਡ ਨੂੰ ਅਗੇ ਵਧਦਾ ਵੇਖ ਕੇ ਮੈਕਲਾਰਨ ਦੀ ਬਰਿਗੇਡ ਵੀ ਕਦਮ ਕਦਮ ਅਗੇ ਵਧਣ ਲਗੀ ।

ਏਸ ਵੇਲੇ ਇਕ ਅਤਿ ਜ਼ੋਰ ਦਾ ਧਮਾਕਾ ਸੁਣਿਆ ਗਿਆ ਤੇ ਅੰਗਰੇਜ਼ੀ ਸੈਨਾ ਨੂੰ ਲਗਾ ਕਿ ਜਿਵੇਂ ਰਣਭੂਮੀ ਵਿਚ ਇਕੱਤਰ ਸਾਰੇ ਦਾ ਸਾਰਾ ਬਾਰੂਦ ਇਕੋ ਵਾਰ ਫੱਟ ਗਿਆ ਹੋਵੇ । ਇਹ ਸੱਚ ਸੀ ਕਿ ਬਾਰੂਦ ਦਾ ਇਕ ਜ਼ਖੀਰਾ ਫੱਟ ਗਿਆ ਸੀ ਤੇ ਇਸ ਜ਼ਖੀਰੇ ਦੇ ਫੱਟਣ ਨਾਲ ਸੈਂਕੜਿਆਂ ਆਦਮੀਆਂ ਦੇ ਸਰੀਰ ਟੁਕੜੇ ਟੁਕੜੇ ਹੋ ਕੇ ਹਵਾ ਵਿਚ ਉੱਡ ਗਏ ਸਨ ।

ਅੰਗਰੇਜ਼ੀ ਸੈਨਾ ਪਲ ਦੀ ਪਲ ਲਈ ਰੁਕ ਗਈ, ਪਰ ਸਿਰਫ਼ ਪਲ ਦੀ ਪਲ ਲਈ । ਵਧਦੇ ਹਨੇਰੇ ਵਿਚ ਸਿਪਾਹੀ ਆਪਣੇ ਸਾਹਮਣੇ ਸਿਰਫ਼ ਫੇਰੂ ਸ਼ਹਿਰ ਵਿਚ ਉਸਰੇ ਘਰਾਂ ਦੇ ਆਕਾਰ ਹੀ ਵੇਖ ਸਕਦੇ ਸਨ ਤੇ ਉਹ ਜਾਣਦੇ ਸਨ ਕਿ ਇਹੋ ਸ਼ਹਿਰ ਹੀ ਉਹਨਾਂ ਦਾ ਨਿਸ਼ਾਨਾ ਹੈ । ਇਹੋ ਕੁਝ ਹੀ ਉਹਨਾਂ ਦੇ ਅਫ਼ਸਰਾਂ ਨੇ ਉਹਨਾਂ ਨੂੰ ਦਸਿਆ ਹੋਇਆ ਹੈ । ਬਿਨਾਂ ਬਹੁਤਾ ਸੋਚੇ ਸਮਝੇ ਉਹ ਇਸ ਸ਼ਹਿਰ ਵਲ ਵਧ ਰਹੇ ਸਨ । ਉਹਨਾਂ ਨੂੰ ਲਗਦਾ ਸੀ ਕਿ ਇਸ ਸ਼ਹਿਰ ਤੇ ਇਸ ਸ਼ਹਿਰ ਦੇ ਮਕਾਨਾਂ ਵਿਚ ਪਹੁੰਚ ਕੇ ਉਹਨਾਂ ਨੂੰ ਸੁਖ ਦਾ ਸਾਹ ਆਵੇਗਾ । ਸਿਰਫ਼ ਇਸ ਸ਼ਹਿਰ ਵਿਚ ਪਹੁੰਚ ਕੇ ਹੀ ਉਹ ਲੜਾਈ ਬੰਦ ਕਰ ਸਕਣਗੇ । ਉਹਨਾਂ ਨੂੰ ਲਗਦਾ ਸੀ ਕਿ ਜੇ ਕਿਤੇ ਉਹ ਰਾਹ ਵਿਚ ਰੁਕ ਗਏ, ਤਾਂ ਦਾੜ੍ਹੀਆਂ ਤੇ ਪਗੜੀਆਂ ਵਾਲੇ ਕਸਾਈਆਂ ਨੇ ਉਹਨਾਂ ਦੇ ਟੁਕੜੇ ਟੁਕੜੇ ਕਰ ਦੇਣੇ ਹਨ । ਉਹਨਾਂ ਨੂੰ ਫੇਰੂ ਸ਼ਹਿਰ ਤੋਂ ਪਹਿਲੇ ਕਿਤੇ ਢੋਈ ਨਹੀਂ ਮਿਲਣੀ । ਅੰਨ੍ਹੇ ਤੇ ਬੁੱਲੇ ਹੋ ਕੇ ਉਹ ਇਸ ਸ਼ਹਿਰ ਵਲ ਵਧ ਰਹੇ ਸਨ ।

ਤੇ ਅੰਤ ਉਹ ਆਪਣੇ ਨਿਸ਼ਾਨੇ ਵਿਚ ਸਫਲ ਹੋਏ । ਜਦੋਂ ਇਸ ਸ਼ਹਿਰ ਦੇ ਮਕਾਨਾਂ ਤੇ ਘਰਾਂ ਦੇ ਆਕਾਰ ਦਿਸਣੇ ਬੰਦ ਹੋਏ, ਉਹ ਇਸ ਸ਼ਹਿਰ ਵਿਚ ਪਹੁੰਚ ਗਏ ।

੧੩੫

ਜਰਨੈਲ ਵਾਲਸ ਦਾ ਡਵੀਯਨ ਖ਼ਾਲਸੇ ਦੇ ਤੋਪਖ਼ਾਨੇ ਦੀ ਝਾਲ ਨਾ ਝੱਲਦਾ ਰੁਕਿਆ ਖੜਾ ਸੀ । ਹਿਟਲਰ ਦੀ ਹਾਰ ਨੇ ਉਂਜ ਬਹੁਤੇ ਸਿਪਾਹੀਆਂ ਨੂੰ ਬੇਹੌਸਲਾ ਕਰ ਦਿਤਾ ਸੀ । ਵਾਲਸ ਤੇ ਗਵਰਨਰ ਜਨਰਲ ਨੂੰ ਸਮਝ ਨਾ ਆਏ ਕਿ ਉਹ ਕੀ ਕਰਨ ? ਉਧਰੋਂ ਪਲ ਪਲ ਹਨੇਰਾ ਵਧਣ ਲਗਾ ।

ਗਵਰਨਰ ਜਨਰਲ ਨੇ ਵੇਖਿਆ ਕਿ ਵਾਲਸ ਦੇ ਸਾਹਮਣੇ ਬੀੜੀਆਂ ਤੋਪਾਂ ਵਿਚੋਂ ਇਕ ਬੈਟਰੀ ਦੇ ਗੋਲੇ ਬੜੀ ਤੇਜ਼ੀ ਨਾਲ ਉਹਨਾਂ ਉੱਤੇ ਡਿਗ ਰਹੇ ਹਨ ਤੇ ਇਸ ਬੈਟਰੀ ਵਿਚੋਂ ਇਕ ਤੋਪ ਖ਼ਾਸ ਕਰ ਕੇ ਖ਼ਤਰਨਾਕ ਹੈ । ਗਵਰਨਰ ਜਨਰਲ ਨੇ ਹੋਰ ਕੋਈ ਚਾਰਾ ਨਾ ਵੇਖ ਕੇ ਆਪਣੇ ਏਡੀ ਕਾਂ ਨੂੰ ਕਿਹਾ : "ਅੱਜ ਮੈਂ ਆਪ ਕੁਝ ਸਾਥੀਆਂ ਨਾਲ ਇਸ ਤੋਪ ਉੱਤੇ ਪਵਾਂਗਾ । ਕੌਣ ਚਲੇਗਾ ਮੇਰੇ ਨਾਲ ?"

Scanned by CamScanner

ਦੋ ਤਿੰਨ ਅਫ਼ਸਰਾਂ ਤੇ ਸਦਰ ਵਿਚ ਕੰਮ ਕਰਦੇ ਕੁਝ ਸਿਪਾਹੀਆਂ ਨੇ ਆਪਣੇ ਆਪ ਨੂੰ ਪੇਸ਼ ਕੀਤਾ।

"ਮੈਂ ਵੀ ਚਲਾਂਗਾ ਹਜ਼ੂਰ !" ਮੇਜਰ ਬਰਾਡਫੁਟ ਨੇ ਕਿਹਾ।

ਬਰਾਡਫੁਟ ਨਿਮੋਝੂਣਾ ਸੀ। ਬੇਸ਼ਕ ਗਵਰਨਰ ਜਨਰਲ ਨੇ ਉਹਨੂੰ ਕੈਦੀ ਲਾਅਨਤ ਨਹੀਂ ਸੀ ਪਾਈ, ਪਰ ਉਹਨੂੰ ਆਪਣੇ ਦਿਲ ਦਾ ਚੋਰ ਖਾ ਰਿਹਾ ਸੀ। ਉਹ ਹੈਰਾਨ ਸੀ ਕਿ ਲਾਲ ਸਿੰਘ ਨੇ ਆਪਣਾ ਬਚਨ ਕਿਉਂ ਤੋੜਿਆ ? ਉਹ ਹੈਰਾਨ ਸੀ ਕਿ ਲਾਲ ਸਿੰਘ ਤੇ ਤੇਜ ਸਿੰਘ ਦੇ ਮਨਸ਼ੇ ਕਿਵੇਂ ਬਦਲੇ ? ਕੀ ਸੱਚ ਮੁਚ ਹੀ ਧੋਖਾ ਦੇ ਕੇ ਉਹ ਅੰਗਰੇਜ਼ੀ ਸੈਨਾ ਨੂੰ ਮਾਰਨਾ ਚਾਹੁੰਦੇ ਸਨ ਜਾਂ ਹਾਲਾਤ ਉਹਨਾਂ ਦੇ ਕਾਬੂ ਤੋਂ ਬਾਹਰ ਹਨ ? ਜਿਉਂ ਜਿਉਂ ਜਿੱਤ ਦੂਰ ਹੁੰਦੀ ਗਈ, ਬਰਾਡਫੁਟ ਦਾ ਜੀ ਖੱਟਾ ਹੁੰਦਾ ਗਿਆ। ਕੀ ਉਹ ਅੰਧਾ ਧੁੰਦ ਲੜਾਈ ਵਿਚ ਜਾ ਸ਼ਾਮਲ ਹੋਏ ਤੇ ਦੁਸ਼ਮਣ ਦੇ ਆਹੂ ਵੱਢਦਾ ਸਿੱਧਾ ਲਾਲ ਸਿੰਘ ਤਕ ਜਾ ਪੁਜੇ, ਉਹਨੂੰ ਵੰਗਾਰੇ ਤੇ ਫਿਰ ਇਕੋ ਵਾਰ ਨਾਲ ਉਹਨੂੰ ਉਹਦੀ ਧੋਖੇਬਾਜ਼ੀ ਦਾ ਮਜ਼ਾ ਚਖਾ ਦਏ। ਹਾਰਡਿੰਗ ਦੇ ਨਿਉਤੇ ਉੱਤੇ ਉਹਦੇ ਕੋਲੋਂ ਰੁਕਣ ਨਹੀਂ ਹੋਇਆ। ਉੱਤਰ ਵਿਚ ਗਵਰਨਰ ਜਨਰਲ ਮੁਸਕਰਾਇਆ :

"ਤੂੰ ਵੀ ਚਲ, ਬਰਾਡਫੁਟ ! ਸਭ ਸਕੀਮਾਂ ਗ਼ਲਤ ਹੋਈਆਂ ਲੱਗਦੀਆਂ ਹਨ।"

ਜਿਸ ਗਵਰਨਰ ਜਨਰਲ ਨੂੰ ਥੋੜਾ ਚਿਰ ਪਹਿਲੇ ਉਹ ਨਫ਼ਰਤ ਕਰ ਰਿਹਾ ਸੀ, ਉਸੇ ਗਵਰਨਰ ਜਨਰਲ ਦੇ ਆਦਰ ਨਾਲ ਹੁਣ ਬਰਾਡਫੁਟ ਦਾ ਦਿਲ ਭਰ ਗਿਆ। ਇਹ ਮਨੁੱਖ ਕੇਡਾ ਉਦਾਰ ਚਿਤ ਸੀ। ਉਸ ਬਰਾਡਫੁਟ ਉੱਤੇ ਰਤਾ ਗ਼ੁੱਸਾ ਨਹੀਂ ਕੀਤਾ। ਉਸ ਤੇਜ ਸਿੰਘ ਤੇ ਲਾਲ ਸਿੰਘ ਦੀ ਗ਼ਦਾਰੀ ਬਾਰੇ ਵੀ ਕੁਝ ਨਹੀਂ ਕਿਹਾ। ਹਾਰਡਿਗ ਮਹਾਨ ਸਿਪਾਹੀ ਸੀ। ਉਹ ਲੜਨ ਆਇਆ ਸੀ ਤੇ ਲੜ ਰਿਹਾ ਸੀ।

ਪੰਦਰਾਂ ਕੁ ਆਦਮੀਆਂ ਦਾ ਜੱਥਾ ਲੈ ਕੇ ਆਪ ਹਾਰਡਿੰਗ ਅੱਗੇ ਵਧਿਆ। ਵਾਲਸ ਨੂੰ ਉਸ ਕਿਹਾ : "ਜਦੋਂ ਮੈਂ 'ਹੱਲਾ' ਬੋਲਾਂ ਉਸ ਵੇਲੇ ਤੁਹਾਡਾ ਸਾਰਾ ਡਵੀਯਨ ਵੀ ਮਰ ਮਿਟਣ ਲਈ ਅੱਗੇ ਵਧੇ। ਅਜ ਮੌਤ ਤੋਂ ਕਿਸੇ ਨਹੀਂ ਡਰਨਾ। ਅਜ ਫੇਰੂ ਸ਼ਹਿਰ ਉੱਤੇ ਕਬਜ਼ਾ ਜ਼ਰੂਰ ਕਰਨਾ ਹੈ।"

ਟੁੰਡੀ ਲਾਟ ਆਪ ਵਧਦੀ ਅੰਗਰੇਜ਼ੀ ਸੈਨਾ ਦੇ ਮੋਹਰੇ ਸੀ।

ਏਸ ਵੇਲੇ ਤਕ ਖੱਬੇ ਹੱਥ ਬੀੜੀਆਂ ਪੰਦਰਾਂ ਖ਼ਾਲਸਈ ਤੋਪਾਂ ਦੇ ਤੋਪਚੀ ਮਰ ਚੁੱਕੇ ਸਨ ਜਾਂ ਪਿਆਦਾ ਸੈਨਾ ਵਿਚ ਰਲ ਮਿਲ ਚੁੱਕੇ ਸਨ ਰਹਿੰਦੀਆਂ ਪੰਜਤਾਲੀ ਤੋਪਾਂ ਵਿਚੋਂ ਦਸ ਬਾਰਾਂ ਉਂਜ ਨਾਕਾਰਾ ਹੋ ਚੁੱਕੀਆਂ ਸਨ, ਪਰ ਇਸ ਹਾਨੀ ਨੇ ਜਰਨੈਲ ਉਮਰ ਦੀਨ ਨੂੰ ਕੋਈ ਕਸ਼ਟ ਨਹੀਂ ਸੀ ਪਹੁੰਚਾਇਆ। ਉਸ ਪਹਿਲੇ ਵਾਂਗ ਹੀ ਵਿਸ਼ਵਾਸ ਪੂਰਵਕ, ਆਪਣੀ ਕਮਾਨ ਸੰਭਾਲੀ ਰਖੀ ਤੇ ਆਪਣੇ ਸਦਰ ਵਿਚੋਂ ਬਣਦੇ ਫਬਦੇ ਹੁਕਮ ਸਾਦਰ ਕਰਦਾ ਰਿਹਾ। ਹਾਂ, ਹੁਣ ਉਹ ਘੋੜੇ ਉੱਤੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਨਹੀਂ ਸੀ ਘੁੰਮ ਰਿਹਾ। ਇਕ ਤਾਂ ਹੁਣ ਤੋਪਾਂ ਹੀ ਥੋੜੀਆਂ ਰਹਿ ਗਈਆਂ ਸਨ ਤੇ ਇਕ ਉਹਦਾ ਘੋੜਾ ਮਰ ਚੁੱਕਾ ਸੀ।

ਜਦੋਂ ਖੱਬੇ ਹੱਥ ਦੀਆਂ ਤੋਪਾਂ ਉੱਤੇ ਗਿਲਬਰਟ ਦਾ ਡਵੀਯਨ ਪਿਆ ਤਾਂ ਉਮਰ ਦੀਨ ਦੇ ਮੀਤ ਜਰਨੈਲ ਨੇ ਕਿਹਾ ਸੀ, "ਜਰਨੈਲ ਸਾਹਿਬ ! ਅਸੀਂ ਵੀ ਤਲਵਾਰਾਂ ਸੂਤ ਲਈਏ, ਹੁਣ ਦਿਨ ਹਾਰਿਆ ਗਿਆ ਲਗਦਾ ਹੈ।"

ਪਰ ਉਮਰ ਦੀਨ ਠਰ੍ਹੰਮੇ ਨਾਲ ਬੋਲਿਆ, "ਅੱਜ ਦਿਨ ਹਾਰਿਆ ਨਹੀਂ ਗਿਆ ਜਰਨੈਲ ਸਾਹਿਬ ਤੇ ਅਜੇ ਮੇਰੀਆਂ ਤੋਪਾਂ ਵਿਚ ਦਮ ਹੈ। ਇਹ ਤੋਪਖ਼ਾਨਾ ਸੈਂਥੇ ਕੀਤਿਆਂ ਆਪਣੀ ਆਈ ਤੋਂ ਨਹੀਂ ਹਟਦਾ। ਸਾਡੇ ਤਲਵਾਰਾਂ ਸੂਤਣ ਦਾ ਸਮਾਂ ਆਵੇਗਾ।"

ਤੇ ਉਸ ਵੇਲੇ ਤੋਂ ਲੈ ਕੇ ਹੁਣ ਤਕ ਤੋਪਖ਼ਾਨੇ ਨੇ ਵਾਲਸ ਦੇ ਡਵੀਯਨ ਨੂੰ ਅਗੇ ਨਹੀਂ ਸੀ ਵਧਣ ਦਿਤਾ। ਹੁਣ ਟੁੰਡੀ ਲਾਟ ਆਪ ਡਵੀਯਨ ਦੇ ਨਾਲ ਅਗੇ ਵਧ ਰਿਹਾ ਸੀ। ਇਸ ਹਨੇਰੇ ਵਿਚ ਉਹਨੂੰ ਕੋਈ ਪਛਾਣ ਨਹੀਂ ਸੀ ਸਕਦਾ, ਪਰ ਪੰਜਾਬੀ ਸੈਨਾ ਦੇ ਸਰਦਾਰਾਂ ਤੇ ਸਿਪਾਹੀਆਂ ਨੂੰ ਇਉਂ ਜ਼ਰੂਰ ਲੱਗਾ ਕਿ ਐਤਕੀਂ ਕੋਈ ਦ੍ਰਿੜ੍ਹ ਲੀਡਰ ਅਗੇ ਵਧ ਰਿਹਾ ਹੈ। "ਹਿੱਪ ਹਿੱਪ ਹੁੱਰੇ" ਦੇ ਉਚੇ ਨਾਅਰਿਆਂ ਤੋਂ ਕੁਝ ਇਸ ਤਰਾਂ ਹੀ ਜਾਪਦਾ ਸੀ।

ਵਾਲਸ ਨੇ ਵੀ ਆਪਣੇ ਮਾਤਹਿਤਾਂ ਰਾਹੀਂ ਖ਼ਬਰ ਹੁਲਾਣ ਦੀ ਛੇਤੀ ਕੀਤੀ ਸੀ ਕਿ ਐਤਕੀਂ ਦੇ ਹੱਲੇ ਵਿਚ ਆਪ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਉਹਨਾਂ ਦੀ ਅਗਵਾਈ ਕਰ ਰਿਹਾ ਹੈ, ਸੋ ਸਿਰ ਧੜ ਦੀ ਬਾਜ਼ੀ ਲਾ ਦੇਣੀ ਹੈ।

ਹੱਲਾ ਹੋਇਆ। ਗਵਰਨਰ ਜਨਰਲ ਆਪਣੇ ਜੱਥੇ ਨਾਲ ਨੱਕ ਦੀ ਸੇਧੇ ਨੂਰ ਅਹਿਮਦ ਦੀ ਬੈਟਰੀ ਦੀ ਵਿਚਲੀ

Scanned by CamScanner

ਤੋਪ ਵਲ ਵਧਿਆ ਆ ਰਿਹਾ ਸੀ। ਅਜੀਤ ਚਲਵੱਈਏ ਨੇ ਅਤਿਅੰਤ ਤੇਜ਼ੀ ਨਾਲ ਗੋਲੇ ਦਾਗਣੇ ਸ਼ੁਰੂ ਕੀਤੇ, ਪਰ ਹਨੇਰੇ ਵਿਚ ਹੁਣ ਨਿਸ਼ਾਨਾ ਠੀਕ ਨਹੀਂ ਸੀ ਪੈ ਰਿਹਾ। ਫਿਰ ਵੀ ਜਿਥੇ ਵੀ ਗੋਲਾ ਡਿਗਦਾ, ਉੱਥੇ ਦੋ ਚਾਰ ਆਦਮੀ ਜ਼ਖਮੀ ਅਵੱਸ਼ ਹੁੰਦੇ। ਸਿੱਖ ਤੋਪਾਂ ਦੇ ਇਰਦ ਗਿਰਦ ਉਸ ਵੇਲੇ ਅਨਗਿਣਤ ਦੁਸ਼ਮਣ ਸਨ।

ਜਦੋਂ ਹਮਲਾ ਆਵਰ ਬਹੁਤ ਹੀ ਨੇੜੇ ਆ ਗਏ, ਤਾਂ ਜਰਨੈਲ ਉਮਰ ਦੀਨ ਨੇ ਆਪਣੀ ਤਲਵਾਰ ਖਿੱਚੀ ਤੇ ਇਕ ਸਿਪਾਹੀ ਹੱਥ ਲਾਲ ਸਿੰਘ ਨੂੰ ਸੁਨੇਹਾ ਭੇਜਿਆ, "ਦੁਸ਼ਮਣ ਤੋਪਾਂ ਤਕ ਆ ਪੁੱਜਾ ਹੈ। ਪਿਆਦਾ ਸੈਨਾ ਇਕ ਪਲ ਵੀ ਵੀ ਹੋਰ ਦੇਰ ਨਾ ਕਰੇ।"

ਤੇ ਆਪਣੇ ਮੀਤ ਨੂੰ ਉਸ ਹੁਕਮ ਦਿਤਾ, "ਲਓ ਉਹ ਸਮਾਂ ਆ ਗਿਆ ਹੈ, ਜਿਸ ਦੀ ਤੁਹਾਨੂੰ ਉਡੀਕ ਸੀ। ਹੁਕਮ ਦਿਓ ਕਿ ਬਸ ਪੰਜ ਪੰਜ ਗੋਲੇ ਹੋਰ ਤੇ ਫਿਰ ਤੋਪਚੀ ਤਲਵਾਰਾਂ ਧੂ ਲੈਣ!"

ਅਜੀਤ ਨੇ ਵੀ ਤਲਵਾਰ ਧੂ ਲਈ ਤੇ ਉਸ ਆਪਣੇ ਹੌਲਦਾਰ ਨੂੰ ਆਖਿਆ, "ਉਸਤਾਦ! ਤੂੰ ਟੁਰ ਜਾ ਪਿਛੇ। ਅਸੀਂ ਤੈਨੂੰ ਕੈਂਪ ਵਿਚ ਮਿਲਾਂਗੇ।"

ਪਰ ਉਸਤਾਦ ਨੂਰ ਅਹਿਮਦ ਪਿਛੇ ਨਹੀਂ ਮੁੜਿਆ। ਸੱਜੀ ਬਾਂਹ ਉਹਦੀ ਰੁਮਾਲ ਵਿਚ ਲਟਕੀ ਹੋਈ ਸੀ, ਪਰ ਖੱਬੇ ਹੱਥ ਵਿਚ ਉਸ ਤਲਵਾਰ ਫੜ ਲਈ ਤੇ ਕਿਹਾ, "ਮਾਹਿਲ ਸਰਦਾਰਾ! ਮੈਂ ਸਿੱਖਾਂ ਦੇ ਗ਼ੱਦਾਰਾਂ ਹੱਥੋਂ ਸਤਿਆ ਬੈਠਾ ਹਾਂ। ਲੜ ਭਾਵੇਂ ਚੰਗੀ ਤਰ੍ਹਾਂ ਨਹੀਂ ਸਕਦਾ, ਪਰ ਉਂਜ ਜੀਣਾ ਵੀ ਤਾਂ ਇਕ ਭਾਰ ਹੀ ਹੈ।"

ਮਹਿੰਦਰ ਸਿੰਘ ਜਿਵੇਂ ਜੋਸ਼ ਵਿਚ ਪਾਗਲ ਹੋ ਗਿਆ ਹੋਵੇ। ਉਹ ਉੱਚੀ ਉੱਚੀ ਹੱਸਦਾ ਕਹਿ ਰਿਹਾ ਸੀ, "ਮੈਂ ਆਪਣੀ ਦੁਸ਼ਾਂਗੀ ਨਾਲ ਹੀ ਗੋਰਿਆਂ ਦੇ ਢਿੱਡ ਪਾੜ ਦਿਆਂਗਾ।"

ਲਾਲ ਸਿੰਘ ਕੋਲ ਭੇਜਿਆ ਆਦਮੀ ਵੀ ਮੁੜ ਆਇਆ ਤੇ ਉਸ ਕਿਹਾ, "ਵਜ਼ੀਰੇ-ਆਜ਼ਮ ਆਪਣੇ ਸਦਰ ਵਿਚ ਨਹੀਂ, ਪਰ ਪਿਆਦਾ ਸੈਨਾ ਆ ਰਹੀ ਹੈ। ਚੌਧਰੀ ਮੁਹੰਮਦ ਅਸਮਤ ਨੇ ਬਿਨਾਂ ਹੁਕਮੋਂ ਸਭ ਨੂੰ ਮੋਰਚਿਆਂ ਵਿਚੋਂ ਕੱਢ ਲਿਆ ਹੈ।"

ਅਜੀਤ ਤੇ ਸ਼ੇਰ ਖ਼ਾਨ ਨੇ ਵੀ ਇਹ ਗੱਲ ਸੁਣੀ। ਚੌਧਰੀ ਮੁਹੰਮਦ ਅਸਮਤ ਸਿਪਾਹੀ ਨਹੀਂ ਜਰਨੈਲ ਬਣ ਕੇ ਉਹਨਾਂ ਦੀ ਸਹਾਇਤਾ ਲਈ ਆ ਰਿਹਾ ਸੀ।

ਗਵਰਨਰ ਜਨਰਲ ਲਾਰਡ ਹਾਰਡਿੰਗ ਹੁਣ ਅਜੀਤ ਦੀ ਤੋਪ ਉੱਤੇ ਆ ਟੁੱਟਿਆ ਤੇ ਸਭ ਤੋਂ ਪਹਿਲਾ ਆਦਮੀ ਜਿਹੜਾ ਉਹਦੀ ਤਲਵਾਰ ਨਾਲ ਕਤਲ ਹੋਇਆ, ਉਹ ਮਹਿੰਦਰ ਸਿੰਘ ਸੀ। ਆਪਣੀ ਦੁਸਾਂਘੀ ਘੁਮਾਂਦਾ ਤੇ "ਚੋਰ ਉਚੱਕੇ" ਕੂਕਦਾ ਉਹ ਅੱਗੇ ਵਧਦਾ ਗਿਆ ਸੀ ਤੇ ਇਕ ਗੋਰੇ ਨੂੰ ਥੱਲੇ ਡੇਗ ਕੇ ਉਹ ਆਪ ਹਾਰਡਿੰਗ ਦੀ ਤਲਵਾਰ ਨਾਲ ਖ਼ਤਮ ਹੋ ਗਿਆ।

ਅਜੀਤ ਤੇ ਉਹਦੇ ਨਾਲ ਦੇ ਸਿਪਾਹੀ ਤੇ ਅਹੁਦੇਦਾਰ ਇਹ ਨਹੀਂ ਸਨ ਜਾਣਦੇ ਕਿ ਉਹਨਾਂ ਸਾਹਮਣੇ ਆਏ ਜਥੇ ਦਾ ਮੋਢੀ ਆਪ ਹਿੰਦੁਸਤਾਨ ਦਾ ਲਾਟ ਸਾਹਬ ਹੈ, ਪਰ ਉਹ ਇਹ ਜ਼ਰੂਰ ਜਾਣਦੇ ਸਨ ਕਿ ਆਦਮੀ ਇਹ ਆਮ ਆਦਮੀਆਂ ਵਰਗਾ ਨਹੀਂ।

ਅਜੀਤ ਸਿੰਘ ਮਾਹਿਲ ਦੀ ਜਿਸ ਦੁਸ਼ਮਣ ਨਾਲ ਤਲਵਾਰ ਭਿੜੀ ਉਹ ਆਦਮੀ ਮੇਜਰ ਬਰਾਡਫੁਟ ਸੀ। ਹਨੇਰੇ ਵਿਚ ਦੋਹਾਂ ਨੇ ਇਕ ਦੂਜੇ ਨੂੰ ਵੇਖਿਆ ਨਹੀਂ, ਪਰ ਉਹਨਾਂ ਨੂੰ ਇਕ ਦੂਜੇ ਦੇ ਆਕਾਰ ਦਾ ਅਹਿਸਾਸ ਹੋਇਆ। ਅਜੀਤ ਨੂੰ ਇਹ ਗੋਰਾ ਪੈਂਦੀ ਸੱਟੇ ਹੀ ਆਪਣੇ ਵਾਰ ਨਾਲ ਮੁਕਾਣ ਲਗਾ ਸੀ ਕਿ ਉਹ ਸੰਭਲਿਆ। ਉਸ ਆਪਣੇ ਆਪ ਨੂੰ ਬਚਾਇਆ ਤੇ ਕਿਰਪਾਨ ਨੂੰ ਸੂਤ ਕੇ ਆਪਣੇ ਦੁਸ਼ਮਣ ਉੱਤੇ ਹੱਲਾ ਕੀਤਾ, ਪਰ ਦੁਸ਼ਮਣ ਵੀ ਉਹਦਾ ਇਹ ਵਾਰ ਬਚਾ ਗਿਆ। ਅਜੀਤ ਨੂੰ ਇਸ ਗੋਰੇ ਕੋਲੋਂ ਬੜੀ ਨਫਰਤ ਹੋਈ। ਨਾ ਜਾਣੇ ਕਿਉਂ। ਇਹ ਮਟਾ ਜਿਹਾ ਸੁਸਤ ਅੰਗਰੇਜ਼ ਉਹਨੂੰ ਬੜਾ ਭੱਦਾ ਤੇ ਸ਼ੋਹਦਾ ਲਗਾ। ਇਹੋ ਜਿਹੇ ਅੰਗਰੇਜ਼ਾਂ ਵਿਰੁਧ ਹੀ ਸ਼ਾਇਦ ਸ਼ੁਰੂ ਤੋਂ ਉਹਦੇ ਦਿਲ ਵਿਚ ਨਫਰਤ ਰਹੀ ਸੀ। ਇਹੋ ਜਿਹੇ ਗੋਰਿਆਂ ਨੂੰ ਕੋਈ ਕੋਮਲ ਜਜ਼ਬਾਤ ਪੋਂਹਦੇ ਨਹੀਂ ਸਨ ਲਗਦੇ।

ਬਰਾਡਫੁਟ ਉਂਜ ਹੀ ਗੁੱਸੇ ਨਾਲ ਕੰਬ ਰਿਹਾ ਸੀ। ਇਸ ਨਿਕੇ ਜਿਹੇ ਸਿੱਖੀ ਆਕਾਰ ਨੂੰ ਆਪਣੇ ਵਾਰ ਤੋਂ ਬੱਚਦਿਆਂ ਵੇਖ ਕੇ ਉਹਨੂੰ ਹੋਰ ਵੀ ਰੋਹ ਚੜ੍ਹਿਆ। ਜਦੋਂ ਅਜੀਤ ਨੇ ਪਰਤਵਾਂ ਵਾਰ ਕੀਤਾ ਤਾਂ ਉਹਦਾ ਟੋਪ ਵੀ ਭੋਏਂ ਡਿਗ ਪਿਆ।

Scanned by CamScanner

ਬਰਾਡਫੁੱਟ ਹੈਰਾਨ ਸੀ ਇਸ ਮੁੰਡੇ ਦੀ ਹਿੰਮਤ ਤੇ ਜੁਰਅੱਤ ਉੱਤੇ। ਉਹ ਹੈਰਾਨ ਸੀ ਕਿ ਇਹ ਦੁਧ ਪੀਂਦਾ ਬਾਲ ਉਸ ਦੇ ਕੋਲੋਂ ਡਰਦਾ ਨਹੀਂ। ਉਹ, ਜਿਹੜਾ ਕਿ ਆਪਣੇ ਰਉਂ ਵਿਚ ਸਰਕਾਰ ਅੰਗਰੇਜ਼ੀ ਦਾ ਹਿੰਦੁਸਤਾਨ ਵਿਚ ਅੰਡਾ ਮਸ਼ਹੂਰ ਤੇ ਮਹੱਤਵਸ਼ਾਲੀ ਆਦਮੀ ਹੈ। ਉਹਨੂੰ ਗੁੱਸਾ ਸੀ ਕਿ ਜੇ ਇਹ ਨਿੱਕਾ ਜਿਹਾ ਮੁੰਡਾ ਉਹਦੇ ਕੋਲੋਂ ਨਹੀਂ ਮਰ ਰਿਹਾ ਤਾਂ ਬਾਕੀ ਈਸਾਈਆਂ ਨੂੰ ਕੇਡੀ ਮੁਸ਼ਕਲ ਪੇਸ਼ ਆ ਰਹੀ ਹੋਵੇਗੀ।

ਬਰਾਡਫੁੱਟ ਆਪਣੇ ਆਪ ਨੂੰ ਇਸ ਲੜਾਈ ਦਾ ਨਾਇਕ ਸਮਝਦਾ ਸੀ। ਉਹ ਸਮਝਦਾ ਸੀ ਕਿ ਅੰਗਰੇਜ਼ਾਂ ਤੇ ਸਿੱਖਾਂ ਦੇ ਯੁਧ ਪਿਛੇ ਕਲਾ ਮਰੋੜਨ ਵਾਲਾ ਉਹ ਆਪ ਹੀ ਹੈ। ਜੇ ਉਹ ਲੁਧਿਆਣੇ ਰਾਜਸੀ ਅਫ਼ਸਰ ਨਿਯਤ ਹੋ ਕੇ ਨਾ ਆਉਂਦਾ ਤਾਂ ਅਜੇ ਤਕ ਲੜਾਈ ਨਹੀਂ ਸੀ ਹੋਣੀ। ਉਹ ਨਹੀਂ ਸੀ ਜਾਣਦਾ ਕਿ ਉਹ ਇਸ ਯੁਧ ਨੂੰ ਨੇੜੇ ਲਿਆਉਣ ਵਿਚ ਸਿਰਫ਼ ਇਕ ਛੋਟੀ ਜਿਹੀ ਕੜੀ ਹੈ ਤੇ ਇਹ ਕਿ ਪੰਜਾਬ ਨੂੰ ਅੰਗਰੇਜ਼ੀ ਹਕੂਮਤ ਨਾਲ ਮਿਲਾਣ ਦੇ ਫ਼ੈਸਲੇ ਉਹਦੇ ਲੁਧਿਆਣੇ ਆਉਣ ਤੋਂ ਕਈ ਸਾਲ ਪਹਿਲੇ ਤੇ ਬੜੀ ਉੱਚੀ ਪੱਧਰ ਉੱਤੇ ਤੈਅ ਹੋ ਚੁਕੇ ਸਨ। ਉਹ ਆਪਣੇ ਆਪ ਨੂੰ ਇਸ ਲੜਾਈ ਦਾ ਕਾਰਨ ਸਮਝਦਾ ਰਿਹਾ ਤੇ ਏਸੇ ਲਈ ਅੰਗਰੇਜ਼ੀ ਸੈਨਾ ਅੱਗੇ ਆਈਆਂ ਮੁਸ਼ਕਲਾਂ ਉਹਨੂੰ ਉਪਰਾਮ ਕਰਦੀਆਂ ਗਈਆਂ, ਤੇ ਹੁਣ ਇਹ ਸਿੱਖ ਮੁੰਡਾ ਉਹਦੇ ਨਾਲ ਜ਼ੋਰ ਅਜ਼ਮਾਈ ਕਰ ਰਿਹਾ ਸੀ।

ਉਸ ਰੌਂ ਵਿਚ ਆ ਕੇ ਤਲਵਾਰ ਦਾ ਇਕ ਕਹਿਰਵਾਂ ਵਾਰ ਕੀਤਾ, ਪਰ ਅਜੀਤ ਨੂੰ ਇਹ ਵਾਰ ਬਚਾਣ ਵਾਸਤੇ ਸਿਰਫ਼ ਆਪਣਾ ਸਿਰ ਕੁਝ ਉਂਗਲਾਂ ਨੀਵਾਂ ਕਰਨਾ ਪਿਆ। ਹਾਂ, ਗੁੱਸੇ ਵਿਚ ਅੰਨ੍ਹੇ ਹੋਏ ਬਰਾਡਫੁੱਟ ਦੀ ਅਣਗਹਿਲੀ ਨੇ ਅਜੀਤ ਨੂੰ ਏਨਾ ਮੌਕਾ ਦੇ ਦਿਤਾ ਕਿ ਉਹ ਆਪਣੀ ਤਲਵਾਰ ਨਾਲ ਬਰਾਡਫੁੱਟ ਦੀ ਇਕ ਲੱਤ ਵੱਢ ਸਤੇ।

ਬਰਾਡਫੁੱਟ ਦੀ ਲੱਤ ਵੱਢੀ ਗਈ ਤੇ ਉਹ ਧਰਤੀ ਉੱਤੇ ਡਿਗ ਪਿਆ। ਅਜੀਤ ਨੇ ਝਟ ਉਹਦੀ ਛਾਤੀ ਵਿਚ ਆਪਣੀ ਕਿਰਪਾਨ ਖੋਭ ਦਿਤੀ। ਆਖ਼ਰੀ ਸ਼ਬਦ ਨਾਲ ਬਰਾਡਫੁੱਟ ਨੇ ਸਿੱਖਾਂ ਤੇ ਅੰਗਰੇਜ਼ੀ ਰਾਜ ਦੇ ਗਦਾਰਾਂ ਨੂੰ ਗਾਲ੍ਹਾਂ ਕੱਢੀਆਂ ਤੇ ਉਹ ਮਰ ਗਿਆ। ਅਜੀਤ ਸਿੰਘ ਨਹੀਂ ਸੀ ਜਾਣਦਾ ਕਿ ਉਸ ਕੇਡੇ ਮਹੱਤਵਸ਼ਾਲੀ ਆਦਮੀ ਦੀ ਜਾਨ ਲਈ ਹੈ।

ਹੁਣ ਅਜੀਤ ਕਿਸੇ ਹੋਰ ਅੰਗਰੇਜ਼ ਨਾਲ ਤਲਵਾਰ ਭਿੜਾਨ ਲਗਾ। ਲੜਦਿਆਂ ਲੜਦਿਆਂ ਉਹਦਾ ਪੈਰ ਇਕ ਸਰੀਰ ਉੱਤੇ ਜਾ ਪਿਆ। ਇਹ ਸਰੀਰ ਕਰਾਹਿਆ ਤੇ ਅਜੀਤ ਨੂੰ ਲਗਾ : ਕਿ ਇਹ ਆਵਾਜ਼ ਕਿਸੇ ਜਾਣੂੰ ਦੀ ਸੀ। ਉਹ ਬੱਲੇ ਬੁਕ ਕੇ ਉਹਨੂੰ ਸਿਞਾਣਨ ਦੀ ਕੋਸ਼ਿਸ਼ ਕਰਨ ਹੀ ਲਗਾ ਸੀ ਕਿ ਉਹਦੇ ਪੈਰਾਂ ਥੱਲਿਉਂ ਆਵਾਜ਼ ਆਈ :

ਭਟਿਆ ਰਹੋ, ਜੀਤਿਆ। ਏਧਰ ਓਧਰ ਨਾ ਤੱਕੀਂ, ਅੱਲਾ ਤੇਰੇ ਨਾਲ ਹੋਵੇ...।"

ਇਹ ਆਵਾਜ਼ ਹੌਲਦਾਰ ਨੂਰ ਅਹਿਮਦ ਦੀ ਸੀ। ਜਦੋਂ ਅਜੀਤ ਨੇ ਆਪਣਾ ਪੈਰ ਉਸ ਸਰੀਰ ਤੋਂ ਚੁੱਕਿਆ ਤਾਂ ਉਸ ਨੂੰ ਲਗਾ ਕਿ ਉਸ ਦਾ ਪੈਰ ਨੂਰ ਅਹਿਮਦ ਦੇ ਅੰਤੜੀਆਂ ਰਹਿਤ ਢਿਡ ਉੱਤੇ ਪਿਆ ਰਿਹਾ ਸੀ।

ਆਪਣੇ ਪਰਾਏ ਦੀ ਪਛਾਣ ਭੁੱਲ ਗਈ। ਗਜ਼ ਦੋ ਗਜ਼ ਪਰੇ ਖਲੋਤੇ ਮਰਦਾਂ ਦੇ ਟੋਪ ਤੇ ਪੱਗਾਂ ਵੀ ਇਕ ਸਮਾਨ ਲਗਦੀਆਂ।

ਤੇ ਉਸ ਵੇਲੇ ਅਜੀਤ ਨੂੰ ਲਗਾ ਕਿ ਲੁਹਾਮੀਂ ਹੋਈ ਲੜਾਈ ਵਾਂਗ ਉਹ ਤੇ ਉਹਦੇ ਸਾਥੀ ਕਦਮ ਕਦਮ ਉੱਤੇ ਪਿਛੇ ਹਟ ਰਹੇ ਹਨ। ਜਦੋਂ ਉਹਨੇ ਆਪਣੇ ਸਾਹਮਣੇ ਆਏ ਪਹਿਲੇ ਦੁਸ਼ਮਣ — ਮੇਜਰ ਬਰਾਡਫੁੱਟ — ਨੂੰ ਮਾਰਿਆ ਸੀ ਤਾਂ ਉਹਦੀ ਲੋਥ ਤੋਪ ਦੇ ਕੋਲ ਹੀ ਡਿੱਗੀ ਸੀ, ਪਰ ਹੁਣ ਆਸੇ ਪਾਸੇ ਤੋਪਾਂ ਕੋਈ ਨਹੀਂ ਸਨ। ਉਸ ਇਹ ਵੀ ਵੇਖਿਆ ਕਿ ਹੁਣ ਉਹਦੇ ਪੈਰਾਂ ਥੱਲੇ ਪਹਿਲੇ ਨਾਲੋਂ ਢੇਰ ਸਰੀਰ ਕਿਚਰ ਕਿਚਰ ਕਰ ਰਹੇ ਸਨ। ਉਹ ਹੁਣ ਵੀ ਪਹਿਲੇ ਵਾਂਗ ਬੇਸੁਧ ਲੜਦਾ ਜਾ ਰਿਹਾ ਸੀ ਤੇ ਉਹਨੂੰ ਪਤਾ ਨਹੀਂ ਉਹਨੇ ਕਿੰਨੇ ਗੋਰੇ ਤੇ ਪੂਰਬੀਏ ਹੁਣ ਤਕ ਮਾਰ ਮੁਕਾਏ ਸਨ। ਉਹਨੂੰ ਲਗਦਾ ਕਿ ਉਹਦੀ ਖੱਬੀ ਬਾਂਹ ਉੱਤੇ ਕੋਈ ਜ਼ਖ਼ਮ ਆਇਆ ਹੈ ਕਿਉਂਕਿ ਕਿਸੇ ਕਿਸੇ ਵੇਲੇ ਉਹਦੇ ਮੋਢੇ ਕੋਲੋਂ ਇਕ ਲੂਸਦੀ ਚੀਸ ਉਠਦੀ ਹੈ, ਪਰ ਉਸ ਇਸ ਪੀੜ ਵਲ ਗਹੁ ਨਹੀਂ ਕੀਤਾ। ਉਹ ਲੜਦਾ ਗਿਆ ਤੇ ਸ਼ਾਇਦ ਪਿਛੇ ਹੱਟਦਾ ਗਿਆ। ਕਈ ਸਿੱਖ ਜੈਕਾਰੇ ਛੱਡ ਰਹੇ ਸਨ ਤੇ ਕਈ ਦੁਸ਼ਮਨ ਹਿੱਪ ਹਿੱਪ ਹੁੱਰਾ ਗਜਾ ਰਹੇ ਸਨ, ਪਰ ਅਜੀਤ ਨੂੰ ਆਪਣੇ ਆਦਮੀਆਂ ਦੀ ਆਵਾਜ਼ ਵੀ ਓਪਰੀ ਲਗਦੀ। ਉਹਨੂੰ ਲਗਦਾ ਕਿ ਉਹਦੀ ਬੈਟਰੀ ਤੇ ਉਹਦੇ ਤੋਪਖ਼ਾਨੇ ਦੇ ਆਦਮੀਆਂ ਵਿਚੋਂ ਇਕ ਵੀ ਉਹਦੇ ਨਾਲ ਨਹੀਂ। ਹੁਣ ਜਦੋਂ ਅਜੀਤ ਨੇ ਆਪਣੇ ਪਿਛੇ ਵੇਖਿਆ ਤਾਂ ਉਹਨੂੰ ਅਹਿਸਾਸ ਹੋਇਆ ਕਿ ਉਹ ਫੇਰੂ ਸ਼ਹਿਰ ਵਿਚ ਪਹੁੰਚ ਗਿਆ ਹੈ। ਉਸ ਵੇਲੇ ਉਹਨੂੰ ਇਹ ਵੀ ਮਹਿਸੂਸ ਹੋਇਆ ਕਿ ਅੰਗਰੇਜ਼ ਫੇਰੂ ਸ਼ਹਿਰ ਉੱਤੇ ਕਬਜ਼ਾ ਕਰਨ ਵਾਲੇ ਹਨ।

Scanned by CamScanner

ਉਹਨੂੰ ਕੁਝ ਕਰਨਾ ਚਾਹੀਦਾ ਹੈ, ਉਸ ਸੋਚਿਆ। ਪਿੰਡ ਅੰਦਰ ਜਾਣ ਦਾ ਕੋਈ ਫ਼ਾਇਦਾ ਨਹੀਂ। ਸਦਰ ਵਿਚ ਕੋਈ ਆਦਮੀ ਨਹੀਂ ਹੋਣਾ। ਲਾਲ ਸਿੰਘ ਦਾ ਪਹਿਲੇ ਹੀ ਕੋਈ ਪਤਾ ਨਹੀਂ ਸੀ ਤੇ ਬੇਸ਼ਕ ਉਸ ਦੇ ਸਾਥੀ ਵੀ ਉਹਦੇ ਨਾਲ ਹੀ ਖਿੰਡ ਗਏ ਹੋਣਗੇ। ਉਹਨੂੰ ਯਾਦ ਸੀ ਕਿ ਸੱਜੇ ਪਾਸੇ ਦੇ ਮੋਰਚੇ ਉੱਤੇ ਖ਼ਾਲਸੇ ਨੂੰ ਫ਼ਤਿਹ ਹੋਈ ਸੀ ਸੋ ਉਹ ਅਚੇਤ ਹੀ ਪੈਰੋ ਪੈਰ ਆਪਣੇ ਸੱਜੇ ਹੱਥ ਵਧਣ ਲੱਗਾ। ਉਹਦਾ ਅਨੁਮਾਨ ਠੀਕ ਸੀ। ਜਿਉਂ ਜਿਉਂ ਉਹ ਆਪਣੇ ਸੱਜੇ ਹੱਥ ਆਉਂਦਾ ਗਿਆ ਟੋਪੀਆਂ ਵਾਲੇ ਆਕਾਰ ਘਟਦੇ ਗਏ ਤੇ ਲੜਾਈ ਮੱਠੀ ਹੁੰਦੀ ਗਈ।

ਹੁਣੇ ਉਹਨੂੰ ਕਿਸੇ ਨੇ ਆਵਾਜ਼ ਦਿਤੀ। ਇਹ ਆਵਾਜ਼ ਜਰਨੈਲ ਉਮਰ ਦੀਨ ਦੀ ਸੀ : "ਸ਼ਾਬਾ ਪੁੱਤਰਾ। ਅਸ਼ਕੇ ਮਾਹਿਲ ਘਰਾਣੇ ਦੇ, ਆ ਮੇਰੇ ਕੋਲ !" ਜਰਨੈਲ ਉਮਰ ਦੀਨ ਨੇ ਅਜੀਤ ਨੂੰ ਆਪਣੇ ਗਲ ਲਾਇਆ ਤੇ ਅਚੇਤ ਹੀ ਅਜੀਤ ਨੇ ਪੁੱਛਿਆ : "ਲੜਾਈ ਹਾਰੀ ਗਈ ਕੀ ?"

"ਨਹੀਂ ਪੁੱਤਰਾ ਜਿਥੇ ਤੇਰੇ ਵਰਗੇ ਸ਼ੇਰ ਹੋਣ ਉੱਥੇ ਕੋਈ ਹਾਰ ਸਕਦਾ ਹੈ ਭਲਾ।"

'ਪਰ ਸ਼ਹਿਰ ਉੱਤੇ ਤਾਂ ਅੰਗਰੇਜ਼ ਕਬਦਾ ਕਰ ਚੁਕੇ ਜਾਪਦੇ ਹਨ।"

"ਇਹਦਾ ਕੀ ਹੈ। ਅਹਿ ਹੁਣੇ ਅਸੀਂ ਇਕੱਠੇ ਹੋ ਕੇ ਜਦੋਂ ਜ਼ੋਰ ਲਾਇਆ ਤਾਂ ਹਾਲ ਪਾਹਰਿਆ ਪਾਂਦੇ ਗੋਰੇ ਪਲੋ ਪਲੀ ਭਜ ਜਾਣਗੇ। ਸਾਡਾ ਸੈਨਾਪਤੀ ਹੀ ਸਾਨੂੰ ਨਹੀਂ ਮਿਲ ਰਿਹਾ।"

ਏਨੇ ਵਿਚ ਇਕ ਹੋਰ ਆਕਾਰ ਨੇੜੇ ਆਇਆ। ਇਹ ਪਿਆਰਾ ਸਿੰਘ ਸੀ, ਅਜੀਤ ਦੀ ਹੀ ਬੈਟਰੀ ਦਾ ਇਕ ਸਿਪਾਹੀ। "ਕਿਉਂ ਓਏ ਜੀਂਦਾ ਹੈਂ ਅਜੇ ਤਕ ਅਜੀਤਿਆ।" ਉਸ ਪੁੱਛਿਆ।

"ਆਹੋ ਮਿੱਤਰਾ — ਤੇ ਦਸ ਸ਼ੇਰ ਖ਼ਾਨ ਕਿਥੇ ਹੈ ?"

"ਸ਼ੇਰ ਖ਼ਾਨ ਦੀ ਲੋਥ ਉੱਤੋਂ ਤਾਂ ਪੂਰੇ ਦਾ ਪੂਰਾ ਬਰਿਗੇਡ ਲੰਘ ਗਿਆ ਹੋਵੇਗਾ। ਤੂੰ ਆਪਣੀ ਦੱਸ ! ਤੈਨੂੰ ਤਾਂ ਕੋਈ ਜ਼ਖ਼ਮ ਨਹੀਂ ਆਇਆ ?"

ਅਜੀਤ ਸਿੰਘ ਕੂਇਆ ਨਹੀਂ। ਸ਼ੇਰ ਖ਼ਾਨ ਦੀ ਲੋਥ ਉੱਤੋਂ ਪੂਰੇ ਦਾ ਪੂਰਾ ਬਰਿਗੇਡ ਲੰਘ ਗਿਆ ਹੋਵੇਗਾ। ਇਹਦਾ ਭਾਵ ਸੀ ਕਿ ਪਿਆਰਾ ਸਿੰਘ ਨੇ ਉਹਨੂੰ ਲੜਾਈ ਸ਼ੁਰੂ ਹੋਣ ਤੋਂ ਜਲਦੀ ਹੀ ਪਿਛੋਂ ਮਰਦਿਆਂ ਵੇਖਿਆ ਹੋਵੇਗਾ। ਅਜੀਤ ਨੂੰ ਲਗਾ ਕਿ ਉਹਦੀ ਖੱਬੀ ਬਾਂਹ ਨਹੀਂ ਸੱਜੀ ਬਾਂਹ ਸਚੀ ਮੁਚੀ ਹੀ ਵੱਢੀ ਗਈ ਹੈ। ਅਜੀਤ ਦੇ ਮਨ ਵਿਚ ਕਿੰਨੀਆਂ ਗੱਲਾਂ ਸਨ ਸ਼ੇਰ ਖ਼ਾਨ ਨਾਲ ਕਰਨ ਜੋਗੀਆਂ ? ਪਿਛਲੇ ਪੰਜਾਂ ਸੱਤਾਂ ਮਿੰਟਾਂ ਤੋਂ ਉਹ ਜਿਵੇਂ ਸ਼ੇਰ ਖ਼ਾਨ ਨੂੰ ਮਿਲਣ ਲਈ ਬਿਹਬਲ ਹੋ ਰਿਹਾ ਹੋਵੇ। ਸ਼ੇਰ ਖ਼ਾਨ ਤੋਂ ਉਹਦਾ ਖ਼ਿਆਲ ਚੌਧਰੀ ਮੁਹੰਮਦ ਅਸਮਤ ਵਲ ਗਿਆ : "ਤੇ ਚੌਧਰੀ ?" ਉਸ ਪੁੱਛਿਆ।

"ਕਿਹੜਾ ਚੌਧਰੀ ?"

"ਚੌਧਰੀ ਅਸਮਤ। ਕੱਸੂਆਣੇ ਦਾ ਚੌਧਰੀ।"

"ਮੈਂ ਨਹੀਂ ਜਾਣਦਾ ਕੱਸੂਆਣਾ ਤੇ ਨਾ ਹੀ ਕੱਸੂਆਣੇ ਦਾ ਚੌਧਰੀ।"

"ਉਹ ਖ਼ੂਬ ਲੜਿਆ ਅਜੀਤਿਆ", ਇਹ ਜਰਨੈਲ ਉਮਰ ਦੀਨ ਦੀ ਆਵਾਜ਼ ਸੀ, "ਜੇ ਉਹ ਹਿੰਮਤ ਕਰ ਕੇ ਪਿਆਦਾ ਫ਼ੌਜ ਨੂੰ ਸਾਡੀ ਮਦਦ ਵਾਸਤੇ ਨਾ ਲਿਆਉਂਦਾ ਤਾਂ ਤੂੰ ਤੇ ਮੈਂ ਐਸ ਵੇਲੇ ਜੀਉਂਦੇ ਨਾ ਹੁੰਦੇ ?"

"ਚੌਧਰੀ ਸ਼ਹੀਦ ਤਾਂ ਨਹੀਂ ਹੋਇਆ ਨਾ...।"

"ਇਹਦਾ ਮੈਨੂੰ ਪਤਾ ਨਹੀਂ, ਪਰ ਮੈਂ ਉਹਨੂੰ ਤਿੰਨ ਗੋਰੇ ਮਾਰਦਿਆਂ ਆਪ ਪਛਾਣਿਆ ਹੈ।"

ਅਜੀਤ ਨੇ ਸ਼ੁਕਰ ਕੀਤਾ ਕਿ ਘਟੋ ਘਟ ਚੌਧਰੀ ਮੁਹੰਮਦ ਅਸਮਤ ਦੀ ਲਾਲਸਾ ਤਾਂ ਬਰ ਆਈ ਹੈ।

ਏਨੇ ਵਿਚ ਦੂਰੋਂ ਕਿਸੇ ਦੀ ਆਵਾਜ਼ ਆਈ, "ਚਲੋ ਬਈ ਚਲੋ, ਪੈ ਜਾਓ ਗੋਰਿਆਂ ਉੱਤੇ ਫੇਰੂ ਸ਼ਹਿਰ ਵਿਚ। ਸਾਰੇ ਸਿਪਾਹੀ ਅੰਤਲੇ ਸੱਜੇ ਮੋਰਚੇ ਕੋਲ ਜੁੜ ਜਾਣ।" ਚਾਅ ਤੇ ਉਮਾਹ ਨਾਲ ਸਿਪਾਹੀ ਆਪਣੇ ਸੱਜੇ ਮੋਰਚੇ ਵਲ ਵਾਹੋ ਦਾਹੀ ਤੁਰ ਪਏ।

"ਤੁਪਖ਼ਾਨੇ ਦੇ ਆਦਮੀ ਮੇਰੇ ਕੋਲ ਆਓ", ਉੱਚੀ ਆਵਾਜ਼ ਵਿਚ ਉਮਰ ਦੀਨ ਬੋਲਿਆ, "ਅਸਾਂ ਆਪਣੀਆਂ ਤੋਪਾਂ ਨਹੀਂ ਖੁਹਾਣੀਆਂ। ਪਿਆਦਾ ਤੇ ਰਸਾਲਾ ਕਢੋ ਗੋਰਿਆਂ ਨੂੰ ਸ਼ਹਿਰ ਵਿਚੋਂ। ਅਸੀਂ ਇਕਠੇ ਹੋ ਕੇ ਗੱਲਦੇ ਹਾਂ ਆਪਣੀਆਂ ਤੋਪਾਂ।" ਖਿੰਡੇ ਹੋਏ ਪੰਜਾਬੀ ਸਿਪਾਹੀ ਮੁੜ ਆਪੋ ਆਪਣੀਆਂ ਪਲਟਨਾਂ ਵਿਚ ਜੁੜਨ ਲਗੇ।

Scanned by CamScanner

੧੩੬

ਗਵਰਨਰ ਜਨਰਲ, ਸੈਨਾਪਤੀ ਹੀਊ ਗਫ਼ ਤੇ ਜਰਨੈਲ ਗਿਲਬਰਟ ਆਪਣੇ ਅਮਲੇ ਨਾਲ ਖ਼ਾਲਸੇ ਦੇ ਮੋਰਚਿਆਂ ਤੋਂ ਕੋਈ ਪੰਜ ਸੌ ਗਜ਼ ਦੂਰ ਭੁੰਇ ਉੱਤੇ ਬੈਠੇ ਸਨ। ਆਸੇ ਪਾਸਿਉਂ ਵਨ ਤੇ ਜੰਡ ਦੀਆਂ ਟਾਹਣੀਆਂ ਤੋੜ ਕੇ ਤੇ ਕੁਝ ਸੁੱਕਾ ਘਾਹ ਫੂਸ ਇਕੱਠਾ ਕਰ ਕੇ ਅੱਗ ਬਾਲੀ ਗਈ ਸੀ। ਟਾਹਣੀਆਂ ਨਾਲ ਪੱਤੇ ਭਾਵੇਂ ਨਹੀਂ ਸਨ, ਪਰ ਫਿਰ ਵੀ ਟਾਹਣੀਆਂ ਕਿਸੇ ਹੱਦ ਤਕ ਗਿੱਲੀਆਂ ਸਨ। ਅਮਲੇ ਦੇ ਅੰਗਰੇਜ਼ ਸਿਪਾਹੀ ਫੂਕਾਂ ਮਾਰ ਮਾਰ ਕੇ ਅੱਗ ਸੁਲਗਾ ਰਹੇ ਸਨ, ਪਰ ਉਹਨਾਂ ਨੂੰ ਬਹੁਤੀ ਸਫ਼ਲਤਾ ਹੁੰਦੀ ਨਹੀਂ ਸੀ ਜਾਪਦੀ। ਦੇਸੀ ਸਿਪਾਹੀਂ ਕੋਈ ਨੇੜੇ ਨਹੀਂ ਸੀ ਰਖਿਆ ਗਿਆ ਕਿਉਂਕਿ ਅਜ ਦੀ ਰਾਤ ਦੀ ਗੱਲ ਬਾਤ ਉਹਨਾਂ ਕੋਲੋਂ ਲੁਛੀਆ ਰੱਖੀ ਜਾਣੀ ਲੋੜੀਂਦੀ ਸੀ।

ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਉਦਾਸ ਸੀ।

"ਕਿਤੇ ਵਾਲਸ ਤੇ ਸਮਿੱਥ ਸਿੱਖਾਂ ਦੇ ਹੱਥ ਨਾ ਆ ਜਾਣ। ਇਉਂ ਸਾਡੀ ਬੇਅੰਤ ਖ਼ੁਨਾਮੀ ਹੋਵੇਗੀ।"

ਸਰ ਹੀਊ ਗਫ਼ ਕਹਿ ਰਿਹਾ ਸੀ, "ਹੋ ਸਕਦਾ ਹੈ ਸਰ ਹਾਰਡਿੰਗ ਕਿ ਵਾਲਸ ਤੇ ਸਮਿੱਥ ਨੂੰ ਸਾਡੇ ਸੁਨੇਹੇ ਮਿਲੇ ਹੀ ਨਾ ਹੋਣ। ਤੁਹਾਡੇ ਹੁਕਮ ਮੁਤਾਬਿਕ ਮੈਂ ਹਰ ਪੰਦਰਾਂ ਪੰਦਰਾਂ ਮਿੰਟਾਂ ਪਿਛੋਂ ਆਦਮੀ ਘਲ ਰਿਹਾ ਹਾਂ। ਕੋਈ ਨਾ ਕੋਈ ਤਾਂ ਜ਼ੀਊਂਦਾ ਜਾਗਦਾ ਉਹਨਾਂ ਤਕ ਪਹੁੰਚੇਗਾ ਹੀ।"

ਜਰਨੈਲ ਗਿਲਬਰਟ ਬੋਲਿਆ, "ਮੇਰੀ ਸਿਰਫ਼ ਇਹੋ ਹੀ ਪ੍ਰਾਰਥਨਾ ਹੈ ਕਿ ਉਹ ਕਾਹਲੀ ਵਿਚ ਕੋਈ ਹੋਰ ਰਾਹ ਨਾ ਚੁਣ ਲੈਣ। ਖ਼ਾਲਸੇ ਦੇ ਖੱਬੇ ਮੋਰਚਿਆਂ ਤੋਂ ਸਵਾਏ, ਮੈਨੂੰ ਜਾਪਦਾ ਹੈ, ਬਾਕੀ ਨੌਂ ਥਰ ਨੌਂ ਹਨ। ਮੈਂ ਆਪ ਵੀ ਆਪਣੇ ਸਜਿਉਂ ਬੜਾ ਲੰਮਾ ਚੱਕਰ ਕੱਟ ਕੇ ਆਇਆ ਹਾਂ।"

"ਤੁਹਾਡੀ ਗੱਲ ਹੋਰ ਸੀ। ਤੁਸੀਂ ਇਹ ਇਲਾਕਾ ਘਟੋ ਘੱਟ ਦਿਨ ਵੇਲੇ ਵੇਖ ਲਿਆ ਸੀ, ਇਸ ਕਾਲੀ ਬੋਲੀ ਰਾਤ ਵਿਚ ਰਾਹ ਲਭਣਾ ਸੌਖਾ ਨਹੀਂ ਹੋਵੇਗਾ।" ਗਵਰਨਰ ਜਨਰਲ ਚਿੰਤਿਤ ਸੀ।

"ਨਹੀਂ ਸਰ ਹਾਰਡਿੰਗ," ਗਿਲਬਰਟ ਨੇ ਯਕੀਨ ਦਿਵਾਇਆ, "ਜਿਹੜੇ ਆਦਮੀ ਸਰ ਗਫ਼ ਤੇ ਮੈਂ ਭੇਜ ਰਹੇ ਹਾਂ ਉਹ ਸਿਆਣੇ ਹਨ। ਵਾਲਸ ਤੇ ਸਮਿੱਥ ਨੂੰ ਕੋਈ ਤਕਲੀਫ਼ ਨਹੀਂ ਹੋਵੇਗੀ। ਸਿਰਫ਼ ਇਹ ਉਹਨਾਂ ਤਕ ਪਹੁੰਚ ਜਾਣ ਸਹੀ।"

ਐਨੇ ਵਿਚ ਇਕ ਭੁੱਲਾ ਭਟਕਿਆ ਕਰਨੈਲ ਉੱਥੇ ਪੁੱਜਾ। ਉਸ ਆ ਕੇ ਸਲੂਟ ਮਾਰੀ ਤੇ ਕਿਹਾ, "ਮੈਂ ਕਰਨੈਲ ਗੰਮਬੋਲਡ ਹਾਂ ਫ਼ੀਊਜ਼ੀਲੀਅਰ ਰਜਮੈਂਟ ਦਾ ਕਮਾਣ ਅਫ਼ਸਰ, ਮੈਂ ਆਪਣੇ ਕੁਝ ਜਵਾਨਾਂ ਨਾਲ ਹੁਣੇ ਹੀ ਸ਼ਹਿਰੋਂ ਪੁੱਜਾ ਹਾਂ।"

"ਜਰਨੈਲ ਵਾਲਸ ਤੇ ਜਰਨੈਲ ਹੈਰੀ ਸਮਿੱਥ ਮਿਲੇ ਹਨ ਕੀ ?" ਗਵਰਨਰ ਜਨਰਲ ਨੇ ਪੁੱਛਿਆ।

Scanned by CamScanner

"ਨਹੀਂ ਜਨਾਬ ! ਮੈਨੂੰ ਤੁਹਾਡੇ ਸਦਰ ਤੋਂ ਇਹਨਾਂ ਦੋ ਜਰਨੈਲਾਂ ਵਲ ਭੇਜੇ ਦੋ ਬੰਦੇ ਮਿਲੇ ਸਨ ਤੇ ਤੁਹਾਡੇ ਹੁਕਮ ਅਨੁਸਾਰ ਮੈਂ ਜਿੰਨੇ ਆਦਮੀ ਇਕੱਠੇ ਕਰ ਸਕਿਆ, ਉਹਨਾਂ ਨੂੰ ਨਾਲ ਲੈ ਕੇ ਏਥੇ ਆ ਪੁੱਜਾ ਹਾਂ।"

"ਸ਼ਾਬਾਸ਼। ਆਪਣੇ ਬਰਿਗੇਡ ਨਾਲੋਂ ਤੁਹਾਡਾ ਮਿਲਾਪ ਕਿਸ ਵੇਲੇ ਟੁੱਟਾ ?"

"ਰਾਤ ਪੈਂਦਿਆਂ ਹੀ ਇਹ ਮਿਲਾਪ ਟੁੱਟ ਗਿਆ ਸੀ। ਜੇ ਸੱਚ ਪੁੱਛਦੇ ਹੋ ਤਾਂ ਇਹਨਾਂ ਦੋ ਡਵੀਯਨਾਂ ਵਿਚ ਕਿਸੇ ਤਰ੍ਹਾਂ ਦਾ ਬਾਜ਼ਾਬਤਾ ਮਿਲਾਪ ਰਿਹਾ ਹੀ ਨਹੀਂ। ਸਿਪਾਹੀਆਂ ਨੂੰ ਆਪਣੀਆਂ ਪਲਟਨਾਂ ਤੇ ਕੰਪਨੀਆਂ ਨਹੀਂ ਸਨ ਮਿਲ ਰਹੀਆਂ ਤੇ ਅਫ਼ਸਰਾਂ ਨੂੰ ਆਪਣੇ ਜਵਾਨ। ਮੇਰੇ ਨਾਲ ਭਿੰਨ ਭਿੰਨ ਰਜਮੈਂਟਾਂ ਦੇ ਛੇ ਸੱਤ ਅਫ਼ਸਰ ਆਏ ਹਨ।"

"ਤੂੰ ਕਿਵੇਂ ਤੇ ਕਿਹੜੇ ਪਾਸਿਉਂ ਆਇਆ ਹੈਂ ?"

"ਜਿਸ ਵੇਲੇ ਹਨੇਰਾ ਵਧਿਆ ਤਾਂ ਅਸੀਂ ਅਜੇ ਸ਼ਹਿਰ ਵਿਚ ਨਹੀਂ ਸਾਂ ਪੁੱਜੇ। ਜਿਵੇਂ ਤੁਸੀਂ ਜਾਣਦੇ ਹੀ ਹੋਵੋਗੇ, ਮੈਂ ਅਨੇਕ ਹਰਕਾਰਿਆਂ ਰਾਹੀਂ ਆਪਣੀਆਂ ਕੰਪਨੀਆਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਮਿਲਾਪ ਰਖਦਾ ਆਇਆ, ਪਰ ਬਰਿਗੇਡ ਦੇ ਸਦਰ ਨਾਲ ਸਭ ਸਾਂਝ ਖ਼ਤਮ ਹੋ ਗਈ। ਆਪਣੇ ਆਪ ਹੀ ਅਗੇ ਵਧਦਾ ਮੈਂ ਆਪਣੇ ਸਿਪਾਹੀਆਂ ਨਾਲ ਜਦੋਂ ਫੇਰੂ ਸ਼ਹਿਰ ਪਹੁੰਚਿਆ ਤਾਂ ਮੈਂ ਵੇਖਿਆ ਕਿ ਮੈਂ ਸ਼ਹਿਰ ਦੇ ਬਿਲਕੁਲ ਸੱਜੇ ਕਿਨਾਰੇ ਉੱਤੇ ਹਾਂ। ਏਥੇ ਪਹੁੰਚਣ ਤੋਂ ਕੁਝ ਮਿੰਟ ਪਿਛੋਂ ਹੀ ਪਤਾ ਨਹੀਂ ਕਿਥੋਂ ਕਈ ਸਿੱਖ ਸਿਪਾਹੀ ਤਲਵਾਰਾਂ ਨਾਲ ਸਾਡੇ ਉੱਤੇ ਆ ਪਏ ਤੇ ਉਹਨਾਂ ਸਾਨੂੰ ਸ਼ਹਿਰ ਛੱਡਣ ਉੱਤੇ ਮਜਬੂਰ ਕਰ ਦਿਤਾ। ਅਸੀਂ ਇਕ ਟਿੱਬੇ ਕੋਲ ਪੁੱਜੇ। ਇਥੇ ਘੰਟਾ ਡੇਢ ਰੁਝੇ ਰਹੇ ਤੇ ਫਿਰ ਤੁਹਾਡੇ ਸਦਰ ਦਾ ਇਕ ਹਰਕਾਰਾ ਮਿਲਿਆ ਤੇ ਫਿਰ ਦੂਜਾ ਹਰਕਾਰਾ। ਪਹਿਲਾ ਹਰਕਾਰਾ ਜਾਨਸਨ ਤਾਂ ਆਪ ਹੀ ਰਾਹ ਭੁੱਲ ਗਿਆ ਸੀ, ਪਰ ਦੂਜਾ ਸਾਰਜੈਂਟ ਗਰੇਡੀ ਕਾਫ਼ੀ ਚਤੁਰ ਸੀ। ਉਹਨੂੰ ਵਿਸ਼ਵਾਸ ਹੋਇਆ ਲਗਦਾ ਸੀ ਕਿ ਉਹ ਅਵੱਸ਼ ਜਰਨੈਲ ਵਾਲਸ ਤੇ ਜਰਨੈਲ ਸਮਿੱਥ ਨੂੰ ਢੂੰਡ ਲਏਗਾ।"

"ਅੱਛਾ ਜੋ ਕੁਝ ਹੋਇਆ ਸੋ ਠੀਕ ਹੈ। ਤੂੰ ਜਾ ਕੇ ਆਪਣੇ ਆਦਮੀਆਂ ਦਾ ਖ਼ਿਆਲ ਕਰ। ਜੇ ਲੋੜ ਪਈ ਤਾਂ ਤੈਨੂੰ ਹਰਕਾਰਾ ਭੇਜ ਦਿਤਾ ਜਾਵੇਗਾ।"

ਕਰਨੈਲ ਰੰਮਬੋਲਡ ਨੇ ਸਲੂਟ ਮਾਰੀ, ਉਹ ਮੁੜਿਆ, ਪਰ ਫਿਰ ਰੁਕ ਗਿਆ।

"ਕਿਉਂ ?" ਸੈਨਾਪਤੀ ਹੀਊ ਗਫ਼ ਨੇ ਪੁੱਛਿਆ।

"ਗੁਸਤਾਖ਼ੀ ਲਈ ਮੁਆਫ਼ੀ ਮੰਗਦਾ ਹਾਂ ਜਨਾਬ, ਪਰ ਮੇਰੇ ਸਿਪਾਹੀ ਅਸਲੋਂ ਭੁੱਖੇ ਹਨ। ਤਰੇਹ ਵੀ ਲਗੀ ਹੈ। ਜੇ ਤੁਸੀਂ...।"

"ਕਰਨੈਲ ਰੰਮਬੋਲਡ ! ਮੁਦਕੀ ਤੋਂ ਲਾਮ ਡੋਰੀ ਦਾ ਕੋਈ ਹਿੱਸਾ ਵੀ ਰਣਭੂਮੀ ਵਿਚ ਨਹੀਂ ਪੁੱਜਾ, ਨਾ ਪਾਣੀ ਹੈ ਨਾ ਕੁਝ ਖਾਣ ਜੋਗਾ। ਤੇ ਜਿਵੇਂ ਤੂੰ ਵੇਖ ਰਿਹਾ ਹੈਂ, ਸਰਦੀ ਵੀ ਬਹੁਤ ਹੈ, ਸੋ ਅੰਗਰੇਜ਼ੀ ਅਫ਼ਸਰਾਂ ਦੇ ਇਮਤਿਹਾਨ ਦਾ ਦਿਨ ਹੈ, ਆਪਣੇ ਸੁਖ ਤੇ ਆਰਾਮ ਦੀ ਪ੍ਰਵਾਹ ਨਾ ਕਰਦਿਆਂ ਸਾਨੂੰ ਆਪਣੇ ਸਿਪਾਹੀਆਂ ਦਾ ਹੌਸਲਾ ਬਰਕਰਾਰ ਰਖਣਾ ਪਵੇਗਾ।"

ਕਰਨੈਲ ਰੰਮਬੋਲਡ ਬਿਨਾਂ ਕੁਝ ਕਹੇ, ਇਕ ਹੋਰ ਸਲੂਟ ਮਾਰ ਕੇ ਟੁਰ ਗਿਆ।

ਐਨੇ ਵਿਚ ਭੁੱਲਾ ਭਟਕਿਆ ਇਕ ਹੋਰ ਅਫ਼ਸਰ ਪੁੱਜਾ। ਇਹ ਸਰ ਹੈਰੀ ਸਮਿੱਥ ਦੇ ਡਵੀਯਨ ਦਾ ਸਟਾਫ਼ ਅਫ਼ਸਰ ਸੀ।

ਇਸ ਅਫ਼ਸਰ ਨਾਲ ਵੀ ਪੰਜਾਹ ਸਠ ਦੇਸੀ ਤੇ ਅੰਗਰੇਜ਼ੀ ਸਿਪਾਹੀ ਆਏ ਸਨ। ਇਹਦੇ ਕੋਲੋਂ ਵੀ ਗਵਰਨਰ ਜਨਰਲ ਨੇ ਵਾਲਸ ਤੇ ਸਮਿੱਥ ਬਾਰੇ ਪੁਛਿਆ। ਇਹ ਵੀ ਉਹਨਾਂ ਬਾਰੇ ਕੁਝ ਨਹੀਂ ਸੀ ਜਾਣਦਾ : ਇਹਨੇ ਵੀ ਆਪਣੇ ਨਾਲ ਆਏ ਆਦਮੀਆਂ ਦੀ ਭੁੱਖ ਤੇ ਤ੍ਰੇਹ ਬਾਰੇ ਪੁਛਿਆ ਤੇ ਇਹਨੂੰ ਵੀ ਕਰਨੈਲ ਰੰਮਬੋਲਡ ਨੂੰ ਮਿਲਿਆ ਜਵਾਬ ਮਿਲਿਆ, ਪਰ ਇਹ ਅਫ਼ਸਰ ਕਰਨੈਲ ਰੰਮਬੋਲਡ ਵਾਂਗ ਚੁਪ ਕਰ ਕੇ ਟੁਰ ਨਹੀਂ ਗਿਆ। ਉਸ ਪੁਛਿਆ, "ਅਨੇਕ ਆਦਮੀ ਬੁਰੀ ਤਰ੍ਹਾਂ ਜ਼ਖ਼ਮੀ ਵੀ ਹੋਏ ਹਨ। ਕੀ ਕਿਸੇ ਡਾਕਟਰ ਦਾ ਪਤਾ ਲਗ ਸਕਦਾ ਹੈ ?"

'ਐਸ ਵੇਲੇ ਕਿਸੇ ਡਾਕਟਰ ਦਾ ਕੋਈ ਪਤਾ ਨਹੀਂ। ਇਹ ਬਦਕਿਸਮਤੀ ਹੈ, ਪਰ ਕੀ ਕੀਤਾ ਜਾ ਸਕਦਾ ਹੈ ? ਕਿਸੇ ਨਾ ਕਿਸੇ ਤਰ੍ਹਾਂ ਇਹ ਰਾਤ ਤਾਂ ਕਟਣੀ ਹੀ ਪਏਗੀ।

Scanned by CamScanner

"ਪਰ ਸਰ ! ਮੈਂ ਆਪਣ ਨਾਲ ਆਦਮੀਆਂ ਨੂੰ ਕੀ ਉੱਤਰ ਦਿਆਂ । ਮੈਂ ਉਹਨਾਂ ਨੂੰ ਡਾਕਟਰ ਤੇ ਪਾਣੀ ਤੇ ਰੋਟੀ ਦੀ ਆਸ ਲਾ ਕੇ ਆਇਆ, ਹਾਂ । ਉਹ...।"

"ਤੈਨੂੰ ਸਹੀ ਹਾਲਤਾਂ ਤੋਂ ਜਾਣੂੰ ਕਰਾ ਦਿਤਾ ਗਿਆ ਹੈ । ਤੂੰ ਅਫ਼ਸਰ ਹੈਂ । ਤੈਨੂੰ ਆਪਣੇ ਸਿਪਾਹੀਆਂ ਦੇ ਸਾਹਮਣੇ ਜਾਣ ਤੋਂ ਘਬਰਾਣਾ ਨਹੀਂ ਚਾਹੀਦਾ । ਜਿਵੇਂ ਕਿਵੇਂ ਹੋ ਸਕਦਾ ਹੈ ਉਹਨਾਂ ਸਮਝਾ ਤੇ ਉਹਨਾਂ ਨੂੰ ਹੌਸਲਾ ਦੇ । ਵੇਖਣਾ ਕਿਤੇ ਉਹ ਕਾਬੂ ਤੋਂ ਬਾਹਰ ਨਾ ਹੋ ਜਾਣ ।"

"ਜੇ ਰੋਟੀ ਪਾਣੀ ਨਹੀਂ ਤੇ ਜੇ ਡਾਕਟਰ ਵੀ ਨਹੀਂ ਤਾਂ ਕੁਝ ਪੱਟੀਆਂ ਤੇ ਜ਼ਰੂਰੀ ਦਵਾਈਆਂ ਹੀ ਮੈਨੂੰ ਮਿਲ ਜਾਣ । ਮੈਂ ਆਪ ਉਹਨਾਂ ਦਾ ਦਵਾ ਦਾਰੂ ਕਰਾਂ ।"

"ਐਸ ਵੇਲੇ ਏਥੇ ਕੁਝ ਵੀ ਨਹੀਂ ।"

"ਫਿਰ ਸੈਨਾਪਤੀ ਮੈਂ..."

ਸੈਨਾਪਤੀ ਗਫ਼ ਨੂੰ ਗੁੱਸਾ ਆ ਗਿਆ । "ਬਕਵਾਸ ਬੰਦ ਕਰ । ਚੁਪ ਕਰ ਕੇ ਆਪਣੇ ਸਿਪਾਹੀਆਂ ਕੋਲ ਟੁਰ ਜਾ ਨਹੀਂ ਤਾਂ ਤੇਰਾ ਕੋਰਟ ਮਾਰਸ਼ਲ ਕਰਨਾ ਪਵੇਗਾ ।"

ਕੋਰਟ ਮਾਰਸ਼ਲ ਦੀ ਧਮਕੀ ਸੁਣ ਕੇ ਵੀ ਇਹ ਅਫ਼ਸਰ ਉੱਥੇ ਖਲੋਤਾ ਰਿਹਾ । ਉਹ ਸੋਚ ਰਿਹਾ ਲਗਦਾ ਸੀ ਕਿ ਕੀ ਕੁਝ ਤੱਤੇ ਤੱਤੇ ਸ਼ਬਦ ਹੋਰ ਕਹਿ ਕੇ ਉਹ ਆਪਣਾ ਕੋਰਟ ਮਾਰਸ਼ਲ ਕਰਵਾ ਹੀ ਨਾ ਲਏ ? ਅਜ ਸ਼ਾਮ ਦੀ ਲੜਾਈ ਨੇ ਉਹਦਾ ਜੀ ਬੜਾ ਖੱਟਾ ਕੀਤਾ ਸੀ ਤੇ ਉਹ ਉਹਨਾਂ ਅਫ਼ਸਰਾਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਸਿੱਖਾਂ ਨਾਲ ਹਮਦਰਦੀ ਸੀ ਤੇ ਜਿਹੜੇ ਕਿ ਸਿੱਖ ਰਾਜ ਨਾਲ ਜੰਗ ਨਹੀਂ ਸਨ ਚਾਹੁੰਦੇ । ਉਹਦਾ ਜੀ ਕਰ ਰਿਹਾ ਸੀ ਕਿ ਉਹ ਆਪਣਾ ਕੋਰਟ ਮਾਰਸ਼ਲ ਕਰਵਾ ਲਏ ਤੇ ਆਪਣੀ ਮੌਤ ਰਾਹੀਂ ਬਰਤਾਨੀਆ ਦੀ ਜਨਤਾ ਨੂੰ ਦਸ ਜਾਏ ਕਿ ਕਿਵੇਂ ਹਿੰਦੁਸਤਾਨ ਵਿਚ ਭੇਜੇ ਉਹਨਾਂ ਦੇ ਅਫ਼ਸਰ ਦੇਸੀ ਰਾਜਿਆਂ ਮਹਾਰਾਜਿਆਂ ਤੇ ਭਾਰਤ ਦੀ ਜਨਤਾ ਨਾਲ ਅਨਿਆਂ ਕਰ ਰਹੇ ਹਨ । ਉਸ ਅਜ ਸ਼ਾਮ ਦੀ ਲੜਾਈ ਵਿਚ ਅਨੇਕ ਪੰਜਾਬੀ ਯੁਵਕ ਆਪਣੀਆਂ ਜਾਨਾਂ ਵਾਰਦੇ ਤੱਕੇ ਤੇ ਉਹ ਮਹਿਸੂਸ ਕਰਦਾ ਰਿਹਾ ਕਿ ਦਿਹੋ ਜਿਹੀ ਬਹਾਦਰ ਕੌਮ ਨੂੰ ਗ਼ੁਲਾਮ ਬਣਾਉਣਾ ਈਸਾਈਅਤ ਦੇ ਅਸੂਲਾਂ ਦੇ ਵਿਰੁਧ ਹੈ । ਰੋਟੀ, ਪਾਣੀ ਤੇ ਦਵਾਈਆਂ ਦੀ ਗੱਲ ਤੋਂ ਅੱਗੇ ਵਧ ਕੇ ਉਹ ਅਜੇ ਕੁਝ ਹੋਰ ਕਹਿਣ ਦੀਆਂ ਦਲੀਲਾਂ ਕਰ ਹੀ ਰਿਹਾ ਸੀ ਕਿ ਗਵਰਨਰ ਜਨਰਲ ਆਪ ਬੋਲਿਆ, "ਮੇਜਰ ਯੰਗ ! ਮੈਂ ਤੁਹਾਨੂੰ ਤੇ ਤੁਹਾਡੇ ਟੱਬਰ ਦੇ ਕੁਝ ਸਿਰਕਢ ਮਨੁੱਖਾਂ ਨੂੰ ਜਾਣਦਾ ਹਾਂ । ਤੁਹਾਨੂੰ ਇਹ ਦਲੀਲਬਾਜ਼ੀ ਸ਼ੋਭਾ ਨਹੀਂ ਦੇਂਦੀ । ਇਹ ਸਿਪਾਹੀ ਦੀ ਤਰਬੀਅਤ ਦੇ ਵਿਰੁਧ ਹੈ । ਤੁਸੀਂ ਇਕਦਮ ਮੁੜ ਜਾਓ...।"

ਹਾਰਡਿੰਗ ਦੇ ਇਹ ਸ਼ਬਦ ਸੁਣਦਿਆਂ ਹੀ ਮੇਜਰ ਯੰਗ ਮੁੜ ਗਿਆ । ਇਕ ਤਾਂ ਗਵਰਨਰ ਜਨਰਲ ਦੀ ਸ਼ਖ਼ਸੀਅਤ ਸੀ ਤੇ ਇਕ ਉਹਦਾ ਕਹਿਣ ਦਾ ਢੰਗ ਤੇ ਇਕ ਸ਼ਾਇਦ ਉਹਦਾ ਯੰਗ ਦੇ ਟੱਬਰ ਨੂੰ ਜਾਣਨਾ ਜਾਂ ਸ਼ਾਇਦ ਯੰਗ ਨੇ ਮਨ ਹੀ ਮਨ ਵਿਚ ਕੋਰਟ ਮਾਰਸ਼ਲ ਕਰਵਾ ਕੇ ਮਰਨ ਦੀ ਥਾਂ, ਸਰ ਰਾਬਰਟ ਸੇਲ ਵਾਂਗ, ਅਗਲੀ ਲੜਾਈ ਵਿਚ ਉੱਜ ਹੀ ਸ਼ਹੀਦ ਹੋਣ ਬਾਰੇ ਸੋਚਿਆ ਹੋਵੇ ?

ਮੇਜਰ ਯੰਗ ਚਲਾ ਗਿਆ ਤੇ ਗਵਰਨਰ ਜਨਰਲ ਨੇ ਆਪਣੇ ਅਮਲੇ ਦੇ ਅਫ਼ਸਰਾਂ ਨੂੰ ਕਿਹਾ, "ਹਾਲਤ ਬਹੁਤ ਖ਼ਰਾਬ ਹੈ । ਸਰ ਹੀਊ ਗਫ਼ ਤੇ ਮੈਂ ਸਾਰੇ ਕੈਂਪ ਦਾ ਦੌਰਾ ਕਰਨ ਜਾਂਦੇ ਹਾਂ, ਪਰ ਇਸ ਤੋਂ ਪਹਿਲਾਂ ਮੈਂ ਚਾਹੁੰਦਾ ਹਾਂ ਕਿ ਮਿਸਟਰ ਕਰੀ ਨੂੰ ਸਭ ਸ਼ਾਹੀ ਕਾਗ਼ਜ਼ ਤੇ ਮੁਰਾਸਲੇ ਆਦਿ ਸਾੜਨ ਦਾ ਹੁਕਮ ਸਾਦਰ ਕਰ ਦਿਤਾ ਜਾਏ । ਚਾਰਲਸ ਕਲਮ ਫੜ । ਮੈਂ ਲਿਖਾਉਂਦਾ ਹਾਂ...।"

ਚਾਰਲਸ ਨੇ ਕਾਗ਼ਜ਼ ਤੇ ਕਲਮ ਲਈ ਤੇ ਲਿਖਣ ਲਗਾ, "ਜਿੱਥਾਂ ਉੱਤੇ ਸਾਡਾ ਅੱਜ ਦਾ ਕੀਤਾ ਹੱਲਾ ਅਸਫਲ ਰਿਹਾ ਹੈ । ਜੇ ਕਲ੍ਹ...।"

ਜਰਨੈਲ ਗਿਲਬਰਟ ਨੇ ਟੋਕਿਆ, "ਮੈਂ ਤੁਹਾਡੀ ਗੱਲ ਟੋਕਣ ਲਈ ਮੁਆਫ਼ੀ ਮੰਗਦਾ ਹਾਂ, ਸਰ ਹਾਰਡਿੰਗ, ਤੇ ਮੈਨੂੰ ਉਮੀਦ ਹੈ ਕਿ ਤੁਸੀਂ ਖਿਮਾ ਕਰੋਗੇ । ਮੈਂ ਤੁਹਾਡੇ ਅੱਗੇ ਸਨਿਮਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਬਚੀ ਖੁਚੀ ਸੈਨਾ ਲੈ ਕੇ ਜਾਂ ਤਾਂ ਮੁਦਕੀ ਵਲ ਮੁੜ ਜਾਈਏ ਤੇ ਜਾਂ ਫ਼ੀਰੋਜ਼ਪੁਰ ਟੁਰ ਚਲੀਏ । ਕੁਝ ਦਿਨ ਠਹਿਰ ਕੇ ਤੇ ਪੂਰੀ ਤਿਆਰੀ ਕਰ ਕੇ ਫਿਰ ਹੱਲਾ ਬੋਲਾਂਗੇ ?"

Scanned by CamScanner

ਲਾਰਡ ਹਾਰਡਿੰਗ ਇਹ ਸ਼ਬਦ ਸੁਣ ਕੇ ਚੁਪ ਹੋ ਗਿਆ। ਸ਼ਾਇਦ ਉਹ ਆਪਣੇ ਅਮਲੇ ਦੇ ਅਫ਼ਸਰਾਂ ਦੇ ਇਹੋ ਜਿਹੇ ਦਿਲੀ ਭਾਵ ਪਹਿਲੇ ਹੀ ਜਾਣਦਾ ਸੀ। ਕੁਝ ਚਿਰ ਚੁਪ ਰਹਿਣ ਪਿਛੋਂ ਉਸ ਪੁਛਿਆ, "ਤੇ ਵਾਲਸ ਤੇ ਸਮਿੱਥ ਨੂੰ ਏਥੇ ਹੀ ਛੱਡ ਜਾਈਏ...?"

"ਉਹਨਾਂ ਨੂੰ ਹੁਕਮ ਭੇਜ ਦਿਤੇ ਜਾਣ, ਸਰ ਹਾਰਡਿੰਗ, ਕਿ ਉਹ ਸਿੱਧੇ ਮੁਦਕੀ ਜਾਂ ਫ਼ੀਰੋਜ਼ਪੁਰ ਪਹੁੰਚਣ, ਜਾਂ ਜਿਵੇਂ ਤੁਹਾਡੀ ਮਰਜ਼ੀ ਹੋਵੇ।"

ਇਤ ਹੋਰ ਜਰਨੈਲ ਜੈਰਲਡ ਬੋਲਿਆ, "ਇਹ ਸ਼ਬਦ ਕਹਿਣੇ ਤਾਂ ਨਹੀਂ ਚਾਹੀਦੇ ਪਰ ਕਦੀ ਕਦੀ ਸਮਾਂ ਆ ਬਣਦਾ ਹੈ, ਜਦੋਂ ਪਿਛੇ ਮੁੜਨਾ ਜ਼ਰੂਰੀ ਹੋ ਜਾਂਦਾ ਹੈ। ਮੈਨੂੰ ਜਾਪਦਾ ਹੈ ਕਿ ਸਾਡੇ ਸਿਪਾਹੀਆਂ ਨੂੰ ਖ਼ੁਰਾਕ ਤੇ ਦਵਾਈਆਂ ਦੀ ਅਤਿਅੰਤ ਲੋੜ ਹੈ। ਉਹਨਾਂ ਕੋਲੋਂ ਇਸ ਸਰਦੀ ਵਿਚ ਐਨੀ ਵਡੀ ਕੁਰਬਾਨੀ ਦੀ ਮੰਗ ਮੰਗਣਾ ਯੋਗ ਨਹੀਂ। ਕੁਝ ਦਿਨ ਹੋਰ ਤੇ ਅਸੀਂ ਫਿਰ ਹੱਲਾ ਬੋਲਾਂਗੇ ਤੇ ਆਪਣੀ ਤੋਜ਼ੀ ਸਾਹਮਣੇ ਕਿਸੇ ਨੂੰ ਖਲੋਣ ਨਹੀਂ ਦਿਆਂਗੇ।"

ਗਵਰਨਰ ਜਨਰਲ ਫਿਰ ਚੁਪ ਕਰ ਗਿਆ। ਉਹ ਜਾਣਦਾ ਸੀ ਕਿ ਅੱਗੇ ਵਧਣ ਜਾਂ ਪਿਛੇ ਹਟਣ ਦੀ ਆਖ਼ਰੀ ਜ਼ਿਮੇਵਾਰੀ ਉਹਦੇ ਸਿਰ ਹੈ। ਉਹ ਐਸ ਵੇਲੇ, ਹਿੰਦੁਸਤਾਨ ਵਿਚ, ਅੰਗਰੇਜ਼ੀ ਹਕੂਮਤ ਦਾ ਮੋਢੀ ਹੈ। ਜੋ ਕੁਝ ਉਹ ਕਹੇਗਾ, ਹੋਏਗਾ ਪਰ...ਪਰ ਉਸ ਸੋਚਿਆ, "ਮੈਂ ਜੋ ਕੁਝ ਕਰਾਂਗਾ, ਮੇਰੀ ਕੌਮ ਦੇ ਇਤਿਹਾਸਕਾਰ ਉਹਦੇ ਬਾਰੇ ਕੀ ਫਤਵਾ ਦੇਣਗੇ ? ਕੀ ਉਹ ਮੈਨੂੰ ਇਕ ਸੂਰਮਾ ਗਿਣਨਗੇ ਕਿ ਇਕ ਕਾਇਰ ? ਅੰਗਰੇਜ਼ੀ ਜਨਤਾ ਕਿਸ ਤਰੀਕੇ ਨਾਲ ਮੇਰੇ ਫ਼ੈਸਲੇ ਉੱਤੇ ਟੀਕਾ ਟਿਪਣੀ ਕਰੇਗੀ। ਫ਼ੀਲਡ ਮਾਰਸ਼ਲ, ਡੀਊਕ ਆਫ਼ ਵੈਲਿੰਗਟਨ ਮੇਰਾ ਦੋਸਤ ਹੈ। ਉਹਦੀ ਬਖ਼ਸ਼ੀ ਨੈਪੋਲੀਅਨ ਬੋਨਾਪਾਰਟ ਦੀ ਤਲਵਾਰ ਮੇਰੇ ਲੱਕ ਨਾਲ ਲਮਕ ਰਹੀ ਹੈ। ਉਹ ਮੇਰੇ ਅੱਜ ਦੇ ਫ਼ੈਸਲੇ ਨੂੰ ਕਿਸ ਤਰ੍ਹਾਂ ਸਵੀਕਾਰ ਕਰੇਗਾ ?"

ਉਹ ਸੋਚਦਾ ਗਿਆ, "ਜੇ ਮੈਂ ਅੱਜ ਪਿਛੇ ਮੁੜਦਾ ਹਾਂ, ਤਾਂ ਮੇਰੀ ਖੱਟੀ ਬਹਾਦਰੀ ਦੀ ਸ਼ੋਭਾ ਖ਼ਤਰੇ ਵਿਚ ਪੈਂਦੀ ਹੈ। ਇਸ ਦਾ ਅਸਰ ਸਾਰੇ ਹਿੰਦੁਸਤਾਨ, ਸਾਰੇ ਇੰਗਲਸਤਾਨ ਤੇ ਸਾਰੇ ਯੂਰਪ ਉੱਤੇ ਵੀ ਪਏਗਾ। ਲੋਕ ਕਹਿਣਗੇ ਕਿ ਮੇਰੇ ਜਿਹੇ ਲੜਾਕੇ ਜਰਨੈਲ ਦੀ ਕਮਾਨ ਬੱਲੇ ਹੁੰਦੇ ਹੋਏ ਵੀ ਅੰਗਰੇਜ਼ ਭੱਜ ਗਏ। ਇਹ ਚਰਚਾ ਮੇਰੀ ਕੌਮ ਦੇ ਭਵਿਸ਼ ਵਾਸਤੇ ਘਾਤਕ ਹੋ ਸਕਦੀ ਹੈ। ਘਟੋ ਘਟ ਇਸ ਤਰ੍ਹਾਂ ਪੱਤਰਾ ਵਾਚਣ ਪਿਛੋਂ ਅਸੀਂ ਹਿੰਦੁਸਤਾਨ ਵਿਚ ਰਹਿ ਨਹੀਂ ਸਕਾਂਗੇ ਤੇ ਮੈਂ ਇਹ ਕਿਸ ਤਰ੍ਹਾਂ ਸਹਾਰ ਸਕਦਾ ਹਾਂ। ਮੈਂ...।

"ਪਰ ਜੇ ਅੱਜ ਏਥੇ ਟਿਕੇ ਰਹਿੰਦੇ ਹਾਂ, ਤਾਂ ਵੀ ਹਾਲਤ ਕੋਈ ਸੁਧਰਦੀ ਨਹੀਂ ਜਾਪਦੀ। ਵਾਲਸ ਤੇ ਸਮਿੱਥ ਫੇਰੂ ਸ਼ਹਿਰ ਵਿਚ ਜਾ ਫਸੇ ਹਨ...। ਸ਼ਾਇਦ ਮੈਂ ਸਾਮ ਵੇਲੇ ਆਪੂੰ ਹੱਲਾ ਬੋਲ ਕੇ ਗ਼ਲਤੀ ਹੀ ਕੀਤੀ ਹੈ। ਮੈਨੂੰ ਖ਼ਿਆਲ ਕਰਨਾ ਚਾਹੀਦਾ ਸੀ ਕਿ ਸਿੱਖ ਬਾਕੀ ਹਿੰਦੁਸਤਾਨੀਆਂ ਵਰਗੇ ਨਹੀਂ। ਇਹ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਹਨ। ਇਹਨਾਂ ਦੇ ਇਰਾਦੇ ਤੇ ਇਹਨਾਂ ਦੀ ਬਹਾਦਰੀ ਦੀ ਮਿਸਾਲ ਹਿੰਦੁਸਤਾਨ ਵਿਚ ਕਿਤੇ ਨਹੀਂ ਮਿਲਦੀ। ਇਹ ਤਾਂ ਫ਼ਰਾਂਸੀਸੀਆਂ ਨੂੰ ਵੀ ਮਾਤ ਪਾਂਦੇ ਹਨ। ਹਰ ਹਾਲਤ ਵਿਚ ਜਦੋਂ ਵਾਲਸ ਅਸਫਲ ਹੁੰਦਾ ਦਿਸਦਾ ਸੀ, ਮੈਨੂੰ ਹੈਰੀ ਸਮਿੱਥ ਨੂੰ ਉਹਦੇ ਪਿਛੇ ਨਹੀਂ ਸੀ ਭੇਜਣਾ ਚਾਹੀਦਾ। ਹੁਣ ਉਹ ਦੋਵੇਂ ਫੇਰੂ ਸ਼ਹਿਰ ਵਿਚ ਫਸ ਗਏ ਹਨ। ਪਤਾ ਨਹੀਂ ਸਿੱਖ ਉਹਨਾਂ ਨਾਲ ਕੀ ਕਰ ਰਹੇ ਹੋਣਗੇ। ਕਿਤੇ ਉਹਨਾਂ ਨੂੰ ਮਾਰ ਹੀ ਨਾ ਮੁਕਾਉਣ। ਮੈਂ ਉਹਨਾਂ ਦੀ ਕੋਈ ਮਦਦ ਵੀ ਤਾਂ ਨਹੀਂ ਕਰ ਸਕਦਾ। ਉਂਜ ਵੀ ਸਿਪਾਹੀ ਸੱਰਦੀ ਨਾਲ ਸੁਕੜ ਰਹੇ ਹਨ। ਅਨੇਕ ਆਦਮੀ ਜ਼ਖ਼ਮੀ ਹੋ ਚੁਕੇ ਹਨ। ਡਾਕਟਰ ਤੇ ਸਰਜਨ ਲੋੜ ਨਹੀਂ ਰਹੇ। ਖਾਣ ਨੂੰ ਰੋਟੀ ਨਹੀਂ, ਪੀਣ ਨੂੰ ਪਾਣੀ ਨਹੀਂ।

'ਮੈਂ ਕੀ ਕਰਾਂ। ਅੱਜ ਆਫ਼ਤ ਵਿਚ ਫੱਸ ਗਿਆ ਹਾਂ। ਜ਼ਿੰਦਗੀ ਵਿਚ ਇਹੋ ਜਿਹੀ ਕਠਨਤਾ ਦਾ ਸਾਹਮਣਾ ਨਹੀਂ ਕਰਨਾ ਪਿਆ ਤੇ ਨਾ ਹੀ ਸ਼ਾਇਦ ਅੰਗਰੇਜ਼ੀ ਸੈਨਾ ਨੂੰ ਦੁਨੀਆਂ ਵਿਚ ਕਿਤੇ ਇਹੋ ਜਿਹੀ ਕਠਨਤਾ ਦਾ ਸਾਹਮਣਾ ਕਰਨਾ ਪਿਆ ਹੈ। ਭਰਿੰਡਾਂ ਦੀ ਖੱਖਰ ਨੂੰ ਹੱਥ ਪਾ ਬੈਠੇ ਹਾਂ। ਕੀ ਕਹੀਏ ? ਅੱਜ ਬੇਸ਼ਕ ਇਸ ਮੁਲਕ ਵਿਚ ਅੰਗਰੇਜ਼ੀ ਸਲਤਨੱਤ ਦਾ ਭਵਿਸ਼ ਡੋਲ ਰਿਹਾ ਹੈ। ਪਰ ਮੈਂ...।"

ਲਾਰਡ ਹਾਰਡਿੰਗ ਦੀਆਂ ਸੋਚਾਂ ਵਿਚ ਫ਼ੈਸਲਾਕੁਨ ਲੀਹ ਉਘੜਦੀ ਗਈ, "ਪਰ ਮੈਂ ਆਪਣੇ ਖੱਟੇ ਜੱਸ ਜਾਂ ਅੰਗਰੇਜ਼ੀ ਸਲਤਨੱਤ ਨੂੰ ਕਿਸੇ ਤਰ੍ਹਾਂ ਦੀ ਹਾਨੀ ਪਹੁੰਚਦੀ ਨਹੀਂ ਵੇਖ ਸਕਦਾ। ਇਸ ਤੋਂ ਪਹਿਲੇ ਕਿ ਮੈਨੂੰ ਆਪਣੀ ਜਾਂ ਅੰਗਰੇਜ਼ੀ ਕੌਮ ਦੀ ਬਦਨਾਮੀ ਵੇਖਣੀ ਨਸੀਬ ਹੋਵੇ, ਮੈਂ ਆਪਣੀ ਜਾਨ ਦੇ ਦੇਵਾਂਗਾ। ਜਾਂ ਤਾਂ ਮੈਂ ਏਥੋਂ ਜੇਤੂ ਹੋ ਕੇ ਮੁੜਾਂਗਾ

Scanned by CamScanner

ਤੇ ਜਾਂ ਮੈਂ ਆਪਣੀ ਜਾਨ ਵਾਰ ਦਿਆਂਗਾ । ਓ, ਅਤ ਸਾਹਮਣੇ ਬਸ ਇਕੋ ਹੀ ਰਾਹ ਹੈ...।"

ਗਵਰਨਰ ਜਨਰਲ ਨੇ ਫ਼ੈਸਲਾ ਕਰ ਲਿਆ ਤੇ ਫਿਰ ਉਸ ਹੀਊ ਗਫ਼ ਤੋਂ ਪੁਛਿਆ, "ਕਿਉਂ ਸਰ ਹੀਊ ਗਫ਼ ! ਤੁਹਾਡਾ ਕੀ ਖ਼ਿਆਲ ਹੈ ?"

"ਜਿਵੇਂ ਤੁਸੀਂ ਫ਼ੈਸਲਾ ਕਰੋ, ਓਵੇਂ ਹੀ ਯੋਗ ਹੋਵੇਗਾ ।"

"ਮੈਂ ਮੈਦਾਨ ਛੱਡ ਕੇ ਜਾਣਾ ਨਹੀਂ ਚਾਹੁੰਦਾ ।"

ਲਾਰਡ ਹਾਰਡਿੰਗ ਨੇ ਕਿਹਾ, ਪਰ ਹੀਊ ਗਫ਼ ਤੇ ਬਾਕੀ ਅਫ਼ਸਰਾਂ ਕੋਲੋਂ ਉਸ ਆਪਣੀਆਂ ਅਨੇਕਾਂ ਸੋਚਾਂ ਤੇ ਦਿਲੀ ਦਲੀਲਾਂ ਛੁਪਾਈ ਰਖੀਆਂ ।

"ਮੈਂ ਵੀ ਇਹੋ ਸਮਝਦਾ ਹਾਂ ।" ਹੀਊ ਗਫ਼ ਨੇ ਆਖਿਆ ।

"ਬਿਲਕੁਲ ਠੀਕ । ਤਾਂ ਫ਼ੈਸਲਾ ਹੋ ਗਿਆ ਕਿ ਅਸੀਂ ਏਥੇ ਟਿਕੇ ਰਹਾਂਗੇ । ਸਵੇਰੇ ਖ਼ਾਲਸੇ ਉੱਤੇ ਟਿਕ ਹੋਰ ਹੱਲਾ ਬੋਲਿਆ ਜਾਏਗਾ ਤੇ ਕਿਸੇ ਹਾਲਤ ਵਿਚ ਅਸੀਂ ਵਾਲਸ ਤੇ ਸਮਿੱਥ ਨੂੰ ਇਸ ਤਰ੍ਹਾਂ ਸਿੱਖਾਂ ਦੇ ਘੇਰੇ ਵਿਚ ਕੈਦ ਛੱਡ ਕੇ ਜਾ ਨਹੀਂ ਸਕਦੇ ।"

ਹਾਰਡਿੰਗ ਨੇ ਜਰਨੈਲ ਗਿਲਬਰਟ ਤੇ ਜਰਨੈਲ ਜੈਰਲਡ ਵਲੇ ਵੇਖਿਆ ਤੇ ਫਿਰ ਉਸ ਆਪਣੇ ਪੁੱਤਰ ਚਾਰਲਸ ਨੂੰ ਕਿਹਾ, "ਕੀ ਲਿਖਿਆ ਸੀ ਤੂੰ ?"

"ਸਿੱਖਾਂ ਉੱਤੇ ਸਾਡਾ ਅੱਜ ਦਾ ਕੀਤਾ ਹੱਲਾ ਅਸਫਲ ਰਿਹਾ ਹੈ ਜੇ ਕਲ੍ਹ...।"

"ਹਾਂ । 'ਜੇ ਕਲ੍ਹ' ਦੇ ਸ਼ਬਦ ਕੱਟ ਦੇ । ਹੱਲਾ ਅਸਫਲ ਰਿਹਾ ਹੈ, ਤੋਂ ਅੱਗੋਂ ਲਿਖੋ, 'ਹਾਲਤ ਬੜੀ ਖ਼ਤਰਨਾਕ ਹੈ । ਮੈਂ ਹੁਕਮ ਦੇਂਦਾ ਹਾਂ ਕਿ ਸਾਰੇ ਸਰਕਾਰੀ ਕਾਗ਼ਜ਼ ਸਾੜ ਦਿਤੇ ਜਾਣ । ਉਧਰੋਂ ਮਿਸਟਰ ਕਰਟ ਕੰਪਨੀ ਦੇ ਸਾਰੇ ਜ਼ਰੂਰੀ ਕਾਗਜ਼ ਵੀ ਸਾੜ ਦੇਵੇ' ।"

ਇਹ ਸ਼ਬਦ ਲਿਖਵਾ ਕੇ ਗਵਰਨਰ ਜਨਰਲ ਨੇ ਮੁੜ ਕੇ ਸੁਣੇ, ਦਸਖ਼ਤ ਕੀਤੇ ਤੇ ਹੀਊ ਗਫ਼ ਨੂੰ ਕਿਹਾ, "ਇਕ ਅੰਗਰੇਜ਼ ਅਫ਼ਸਰ ਇਹ ਹੁਕਮ ਆਪ ਲੈ ਕੇ ਜਾਵੇ ।"

ਫਿਰ ਉਹ ਭੁੰਇਂ ਉੱਤੋਂ ਉਠਿਆ । ਉਹਨੂੰ ਉਠਦਿਆਂ ਵੇਖ ਕੇ ਬਾਕੀ ਦੇ ਸਾਰੇ ਅਫ਼ਸਰ ਵੀ ਉਠ ਬੈਠੇ । ਉਸ ਆਪਣੇ ਲੱਕ ਦੁਆਲਿਉਂ ਤਲਵਾਰ ਉਤਾਰੀ, ਫਿਰ ਸਟਾਰ ਆਫ਼ ਬਾਥ ਦਾ ਤਮਗਾ ਉਤਾਰਿਆ ਤੇ ਉਸ ਆਪਣੇ ਪੁੱਤਰ ਨੂੰ ਕਿਹਾ, "ਪੁਤਰ ਚਾਰਲਸ ! ਤੂੰ ਜਾਣਦਾ ਹੈਂ ਕਿ ਇਹ ਤਲਵਾਰ ਨੈਪੋਲੀਅਨ ਬੋਨਾਪਾਰਟ ਦੀ ਤਲਵਾਰ ਮੈਨੂੰ ਫੀਲਡ ਮਾਰਸ਼ਲ ਡਿਊਕ ਆਫ਼ ਵੈਲਿੰਗਟਨ ਨੇ ਆਪਣੇ ਹੱਥੀਂ ਭੇਟਾ ਕੀਤੀ ਸੀ ; ਫੀਲਡ ਮਾਰਸ਼ਲ ਵਲੋਂ ਭੇਟਾ ਕੀਤਾ ਗਿਆ ਤੋਹਫ਼ਾ ਸਾਰੀ ਅੰਗਰੇਜ਼ੀ ਕੌਮ ਵਲੋਂ ਭੇਟਾ ਕੀਤਾ ਗਿਆ ਤੋਹਫ਼ਾ ਹੈ ਤੇ ਏਸੇ ਲਈ ਇਹ ਤਲਵਾਰ ਸਾਡੇ ਘਰਾਣੇ ਦੀ ਸਭ ਤੋਂ ਪਿਆਰੀ ਤੇ ਕੀਮਤੀ ਜਾਇਦਾਦ ਹੈ ।

"ਇਹ ਸਟਾਰ ਆਫ਼ ਬਾਥ ਦਾ ਤਮਗਾ ਵੀ ਮਹਾਰਾਣੀ ਤੇ ਸਾਡੀ ਕੌਮ ਦੀ ਸੁਗਾਤ ਹੈ । ਇਸ ਤਲਵਾਰ ਵਾਂਗ ਇਹ ਤਮਗਾ ਵੀ ਸਾਡੇ ਘਰਾਣੇ ਦੀ ਅਮੁਲੀ ਜਾਇਦਾਦ ਹੈ ।"

ਫਿਰ ਇਹ ਦੋਵੇਂ ਚੀਜ਼ਾਂ ਪੁਤਰ ਦੇ ਹੱਥ ਵਿਚ ਫੜਾਂਦਿਆਂ ਉਸ ਕਿਹਾ, "ਕਲ੍ਹ ਸਵੇਰ ਦੇ ਹੱਲੇ ਵਿਚੋਂ ਜਾਂ ਤਾਂ ਮੈਂ ਫ਼ਤਿਹਯਾਬ ਹੋ ਕੇ ਮੁੜਾਂਗਾ ਜਾਂ ਮੇਰੀ ਲੋਥ ਹੀ ਰਣਭੂਮੀ ਵਿਚ ਮਿਲੇਗੀ । ਇਹਨਾਂ ਦੋ ਵਸਤਾਂ ਨੂੰ ਜਾਨ ਤੋਂ ਵੀ ਵਧ ਪਿਆਰਾ ਰਖਣਾ ਤੇ ਜੇ ਤੇਰਾ ਪਿਤਾ ਕਲ੍ਹ ਸ਼ਹੀਦ ਹੋ ਗਿਆ, ਤਾਂ ਇਹ ਸੰਭਾਲ ਨਾਲ ਵਾਪਸ ਇੰਗਲਸਤਾਨ ਲੈ ਜਾਈਂ..., ਤੈਨੂੰ ਵੀ ਹੁਕਮ ਹੁੰਦਾ ਹੈ ਕਿ ਤੂੰ ਜਲਦੀ ਫ਼ੀਰੋਜ਼ਪੁਰ ਚਲਾ ਜਾ । ਤੂੰ ਸਿਪਾਹੀ ਨਹੀਂ ਤੇ ਤੇਰੇ ਨਾਲ ਸਿਵਲ ਅਫ਼ਸਰਾਂ ਦੀ ਬਾਕੀ ਆਦਮੀ ਵੀ ਕੈਂਪ ਛਡ ਕੇ ਜਾਣਗੇ ।"

ਕਿਸੇ ਨੂੰ ਕੁਝ ਕਹਿਣ ਦੀ ਗੁੰਜਾਇਸ਼ ਨਾ ਦਿਤੀ ਗਈ । ਆਪਣੀ ਗੱਲ ਤੇ ਇਹ ਰਸਮ ਪੂਰੀ ਕਰਦਿਆਂ ਹੀ ਲਾਰਡ ਹਾਰਡਿੰਗ ਨੇ ਕਿਹਾ, "ਹੁਣ ਸਰ ਹੀਊ ਗਫ਼ ! ਤੁਸੀਂ ਤੇ ਮੈਂ ਸਾਰੇ ਕੈਂਪ ਦਾ ਚੱਕਰ ਲਾਵਾਂਗੇ ਤੇ ਆਪਣੇ ਸਿਪਾਹੀਆਂ ਦਾ ਹੌਸਲਾ ਵਧਾਵਾਂਗੇ ।"

ਫਿਰ ਉਸ ਆਪਣੇ ਇਸ ਅਮਲੇ ਨੂੰ ਸੰਬੋਧਨ ਕਰ ਕੇ ਕਿਹਾ, "ਤੁਹਾਡੇ ਵਿਚੋਂ, ਜਿਹੜਾ ਜੋਂ ਸਕਦਾ ਹੈ, ਜੋਂ

Scanned by CamScanner

ਜਾਵੇ, ਮੇਰੀ ਉਡੀਕ ਕਰਨ ਦੀ ਲੋੜ ਨਹੀਂ।"

ਗਵਰਨਰ ਜਨਰਲ ਤੇ ਸੈਨਾਪਤੀ ਆਪਣੇ ਕੈਂਪ ਵਿਚ ਫਿਰਨ ਲਗੇ। ਜਿਥੇ ਵੀ ਜਾਣ, ਉਥੇ ਹੀ ਸਿੱਖਾਂ ਦੀ ਸੂਰਮਗਤੀ ਦੀਆਂ ਬਾਤਾਂ ਪੈ ਰਹੀਆਂ ਹੁੰਣ। ਸਿਪਾਹੀ ਕਹਿ ਰਹੇ ਸਨ, "ਇਹੋ ਜਿਹੀ ਦੁਰਗਤੀ ਸਾਡੀ ਅੱਗੇ ਕਦੀ ਨਹੀਂ ਹੋਈ।"

"ਅੱਜ ਸਿੱਖਾਂ ਨੇ ਕਮਾਲ ਕਰ ਦਿਤਾ। ਅਸੀਂ ਤਾਂ ਸਮਝਦੇ ਸਾਂ ਕਿ ਇਹ ਵੀ ਹਿੰਦੁਸਤਾਨ ਦੀਆਂ ਬਾਕੀ ਕੌਮਾਂ ਵਾਂਗ ਫਾਡੀ ਹੋਣਗੇ।"

ਵਿਚੋਂ ਵਿਚੋਂ ਕੋਈ ਦੇਸੀ ਸਿਪਾਹੀ ਜਾਂ ਅਹੁਦੇਦਾਰ, ਜਿਹਦੀ ਜ਼ਮੀਰ ਕਿ ਬਿਲਕੁਲ ਹੀ ਗੁਲਾਮਾਨਾਂ ਨਹੀਂ ਸੀ ਹੋ ਗਈ, ਆਖਦਾ, "ਅੱਜ ਮਿਲਿਆ ਹੈ ਗੋਰਿਆਂ ਨੂੰ ਆਪਣੇ ਪੱਲੇ ਦਾ ਦੁਸ਼ਮਣ ਤੇ ਅੱਜ ਹੀ ਨਿਕਲ ਗਏ ਹਨ ਕੜਾਕੇ ਇਹਨਾਂ ਦੇ। ਇਹ ਸਮਝਦੇ ਰਹੇ ਹਨ ਕਿ ਸਾਰੇ ਹਿੰਦੁਸਤਾਨ ਵਿਚ ਇਹਨਾਂ ਦੇ ਪਾਏ ਦੀ ਇਕ ਵੀ ਬਹਾਦਰ ਕੌਮ ਨਹੀਂ...।"

ਜਿਹੜੇ ਵੀ ਥੋੜੇ ਬਹੁਤੇ ਦਰੱਖ਼ਤ ਇਸ ਰੇਤਲੇ ਇਲਾਕੇ ਵਿਚ ਸਨ, ਉਹ ਟਾਹਣੀਆਂ ਤੋਂ ਖ਼ਾਲੀ ਹੋ ਗਏ। ਘਾਹ ਫੂਸ ਦਾ ਤੀਲਾ ਤੀਲਾ ਚੁਣ ਲਿਆ ਗਿਆ। ਪਰ ਜਿਹੜੀ ਅੱਗ ਜਿਸ ਔੜ ਤੋੜ ਨਾਲ ਬਾਲੀ ਜਾ ਸਕੀ, ਉਹ ਪਾਲੇ ਤੋਂ ਬਚਣ ਵਾਸਤੇ ਕਾਫੀ ਨਹੀਂ ਸੀ। ਅੰਗਰੇਜ਼ ਤੇ ਦੇਸੀ ਸਿਪਾਹੀ ਠਰਦੇ ਤੇ ਕੰਬਦੇ ਹੱਥ ਅੱਗ ਦੇ ਨੇੜੇ ਨੇੜੇ ਕਰੀ ਜਾਂਦੇ। ਅੱਜ ਅੰਗਰੇਜ਼ੀ ਫ਼ੌਜ ਦੇ ਦੇਸੀ ਸਿਪਾਹੀਆਂ ਨੇ ਇਕ ਹੋਰ ਕਰਾਮਾਤ ਵੀ ਵੇਖੀ। ਇਹ ਕਰਾਮਾਤ ਸੀ ਕਿਤੇ ਕਿਤੇ ਅੰਗਰੇਜ਼ੀ ਸਿਪਾਹੀਆਂ ਦਾ ਕਾਲਿਆਂ ਬੰਦਿਆਂ ਨਾਲ ਮਿਲ ਕੇ ਬੈਠਣਾ ਤੇ ਹੱਥ ਸੇਕਣੇ। ਅੱਜ ਉਹ ਭੁਲ ਗਏ ਜਾਪਦੇ ਸਨ ਕਿ ਕਾਲੇ ਆਦਮੀਆਂ ਦੇ ਨੇੜੇ ਬੈਠਿਆਂ ਉਹਨਾਂ ਦੇ ਆਪਣੇ ਰੰਗਾਂ ਦੇ ਕਾਲੇ ਹੋ ਜਾਣ ਦਾ ਖ਼ਤਰਾ ਹੈ। ਅੱਜ ਉਹ ਕਾਲੇ ਆਦਮੀਆਂ ਕੋਲ ਬੈਠ ਗਏ ਕਿਉਂਕਿ ਅੱਜ, ਇਹੋ ਜਿਹੀ ਸਰਦੀ ਵਿਚ ਤੇ ਇਹੋ ਜਿਹੀ ਬਕਾਵਟ ਪਿਛੋਂ, ਇਕ ਕਦਮ ਹੋਰ ਟੁਰਨਾ ਵੀ ਮੁਮਕਿਨ ਨਹੀਂ ਸੀ। ਜਿਥੇ ਕੋਈ ਬਹਿ ਗਿਆ ਉੱਥੇ ਹੀ ਬੈਠਾ ਰਿਹਾ। ਹਾਂ, ਅੱਜ ਰਾਤ ਤਾਂ ਉਹਨਾਂ ਕੋਲੋਂ ਉਠਿਆ ਵੀ ਨਹੀਂ ਜਾਂਦਾ। ਜਦੋਂ ਗਵਰਨਰ ਜਨਰਲ ਤੇ ਸੈਨਾਪਤੀ ਉਹਨਾਂ ਕੋਲ ਪਹੁੰਚਦੇ ਤੇ ਇਹਨਾਂ ਅਫ਼ਸਰਾਂ ਦਾ ਕੋਈ ਮਾਤਹਿਤ ਉਹਨਾਂ ਨੂੰ ਦਸਦਾ ਕਿ ਕੇਡ਼ੀਆਂ ਵਡੀਆਂ ਸ਼ਖ਼ਸੀਅਤਾਂ ਉਹਨਾਂ ਕੋਲ ਆਈਆਂ ਹਨ, ਤਾਂ ਵੀ ਉਹ ਬਿਤਰ ਬਿਤਰ ਇਹਨਾਂ ਦੋਵਾਂ ਮਹਾਨ ਸ਼ਖ਼ਸੀਅਤਾਂ ਵਲ ਤੱਕਦੇ ਰਹਿੰਦੇ; ਨਾ ਹੀ ਉਠਦੇ ਤੇ ਨਾ ਹੀ ਸਲੂਟ ਕਰਦੇ।

ਲਾਰਡ ਹਾਰਡਿੰਗ ਤੇ ਹੀਊ ਗਫ਼ ਜਿਥੇ ਵੀ ਜਾਂਦੇ ਆਪਣੇ ਸਿਪਾਹੀਆਂ ਦਾ ਹੌਸਲਾ ਵਧਾਂਦੇ, "ਇਸ ਅੱਜ ਦੇ ਕਸ਼ਟ ਬਦਲੇ ਤੁਹਾਨੂੰ ਬੜੇ ਸੁਖ ਮਿਲਣਗੇ, ਅਸੀਂ ਬਚਨ ਦੇਂਦੇ ਹਾਂ।" ਉਹ ਆਖਦੇ। ਇਹ ਵੀ ਆਖਦੇ, "ਸਿੱਖ ਬਸ ਹਾਰੇ ਹੀ ਪਏ ਹਨ। ਸੂਰਜ ਚੜ੍ਹਦਿਆਂ ਹੀ ਉਹਨਾਂ ਨੂੰ ਭਜਾ ਕਢਾਂਗੇ ਤੇ ਫਿਰ ਜਿੱਤ ਦੇ ਵਾਜੇ ਵਜਾਉਂਦੇ ਅਸੀਂ ਫ਼ੀਰੋਜ਼ਪੁਰ ਪੁਜਾਂਗੇ। ਉੱਥੇ ਪੱਕਵਾਨ ਪਕਵਾਵਾਂਗੇ। ਇਨਾਮ ਵੰਡਾਂਗੇ। ਤੁਹਾਨੂੰ ਪੂਰਾ ਪੂਰਾ ਆਰਾਮ ਮਿਲੇਗਾ।"

ਦੇਸੀ ਤੇ ਅੰਗਰੇਜ਼ੀ ਸ਼ਿਪਾਹੀ ਇਹ ਸ਼ਬਦ ਸੁਣਦੇ, ਪਰ ਉਹਨਾਂ ਦਾ ਯਕੀਨ ਬਝਦਾ ਨਾ ਲਗਦਾ। ਸਰਦੀ ਨਾਲ ਉਹਨਾਂ ਦੇ ਸਰੀਰ ਹੀ ਨਹੀਂ, ਮਾਨੋਂ ਦਿਮਾਗ਼ ਦੀ ਯਖ਼ ਹੋ ਚੁਕੇ ਸਨ। ਉਹ ਕੋਈ ਗੱਲ, ਕੋਈ ਸ਼ਬਦ ਸਮਝਦੇ ਨਾ ਜਾਪਦੇ।

ਏਨੇ ਵਿਚ ਹਾਰਡਿੰਗ ਤੇ ਹੀਊ ਗਫ਼ ਨੇ ਕੀ ਸੁਣਿਆਂ ਕਿ ਇਕ ਤੋਪ ਦਾ ਧਮਾਕਾ ਹੋਇਆ ਹੈ ਤੇ ਹੁਣੇ ਹੀ ਇਕ ਗੋਲਾ ਉਹਨਾਂ ਦੇ ਨੇੜੇ ਆ ਡਿਗਾ ਹੈ। ਕੁਝ ਸਮਾਂ ਹੋਰ ਤੇ ਜਿਥੇ ਜਿਥੇ ਫ਼ੀ ਅੱਗ ਬਲ ਰਹੀ ਸੀ, ਉੱਥੇ ਉੱਥੇ ਹੀ ਦੁਸ਼ਮਣ ਦੇ ਗੋਲੇ ਡਿਗਣ ਲਗੇ। ਹਾਰਡਿੰਗ ਸਿੰਘਾਣਾ ਗਿਆ, "ਮੈਨੂੰ ਵਿਸ਼ਵਾਸ ਹੈ ਕਿ ਇਹ ਦੁਸ਼ਮਣ ਦੀ ਵਿਚਕਾਰਲੀ ਬੈਟਰੀ ਦੀ ਵਿਕਾਰਲੀ ਤੋਪ ਹੈ। ਖ਼ਾਲਸੇ ਦੀਆਂ ਤੋਪਾਂ ਦੇ ਚਲਵੱਈਏ ਲੋਹੇ ਦੇ ਮਨੁੱਖ ਜਾਪਦੇ ਹਨ। ਇਹ ਰੱਤਾ ਥੱਕੇ ਤੇ ਡਰੇ ਨਹੀਂ ਜਾਪਦੇ।"

ਹਾਰਡਿੰਗ ਦੇ ਹੁਕਮ ਪੁਜਣ ਤੋਂ ਪਹਿਲੇ ਹੀ ਅਫ਼ਸਰਾਂ ਤੇ ਸਿਪਾਹੀਆਂ ਨੇ ਅੱਗਾਂ ਬੁਝਾਣ ਦੀ ਕੀਤੀ। ਅੱਗਾਂ ਬੁਝ ਗਈਆਂ ਤੇ ਸਰਦੀ ਪਹਿਲੇ ਨਾਲੋਂ ਵੀ ਵਧ ਲਗਣ ਲਗੀ। ਇਕ ਦੂਜੇ ਨੂੰ ਪਛਾਣਨਾ ਹੋਰ ਵੀ ਕਠਨ ਹੋ ਗਿਆ। ਮੁਸ਼ਕਲ ਹੋਰ ਵੀ ਵਧ ਗਈ।

ਦੇਸੀ ਸਿਪਾਹੀ ਹਿੰਦੁਸਤਾਨੀ ਵਿਚ ਗੋਰਿਆਂ ਉੱਤੇ ਹੱਸਦੇ, "ਯਾਰੋ ਇਹ ਸਾਲੇ ਤਾਂ ਠੰਢੇ ਮੁਲਕ ਦੇ ਲੋਕ ਹਨ। ਇਹ ਅੱਜ ਕਿਉਂ ਠਰੂ ਠਰੂ ਕਰ ਰਹੇ ਹਨ।"

"ਪਹਿਲੇ ਤਾਂ ਕਹਿੰਦੇ ਸਨ ਕਿ ਇਹਨਾਂ ਦੇ ਮੁਲਕ ਵਿਚ ਬਰਫ ਪੈਂਦੀ ਹੈ। ਗਰਮੀ ਦਾ ਨਾਮ ਨਿਸ਼ਾਨ ਨਹੀਂ

Scanned by CamScanner

ਹੁੰਦਾ। ਬਰਫ਼ਾ ਵਿਚ ਲੜਨਾ ਇਹਨਾਂ ਵਾਸਤੇ ਮਾਮੂਲੀ ਗੱਲ ਹੈ। ਪਰ ਅੱਜ ਸਾਡੇ ਨਾਲੋਂ ਵੀ ਵਧ ਥੱਕ ਰਹੇ ਹਨ ਇਹ।"

"ਅਸ਼ਕੇ ਖ਼ਾਲਸਾ ਫ਼ੌਜ ਦੇ, ਉਹ ਪਰਸ਼ਾਦੇ ਛਕਾਏ ਨੇ ਕਿ ਸਾਰੀ ਉਮਰ ਨਹੀਂ ਭੁਲਣਗੇ ਗੋਰੇ।"

ਸਰ ਹਾਰਡਿੰਗ ਤੇ ਸਰ ਗਫ਼ ਥੋੜ੍ਹੀ ਥੋੜ੍ਹੀ ਹਿੰਦੁਸਤਾਨੀ ਸਮਝਦੇ ਸਨ। ਜਦੋਂ ਉਹ ਇਹੋ ਜਿਹੀਆਂ ਗਲਾਂ ਸੁਣਦੇ, ਤਾਂ ਉਹਨਾਂ ਦਾ ਮਨ ਖੱਟਾ ਹੁੰਦਾ, "ਇਹ ਕਾਲੇ ਆਦਮੀ ਸਾਡੇ ਦਿਲੋਂ ਮੇਰ ਮਾਹ ਨਹੀਂ। ਇਹਨਾਂ ਵਿਚ ਵਫ਼ਾਦਾਰੀ ਦੀ ਥੋ ਨਹੀਂ। ਜਿਹੜੇ ਆਪਣੇ ਰਾਜਿਆਂ ਤੇ ਨਵਾਬਾਂ ਨਾਲ ਸੱਚੇ ਨਹੀਂ ਹੋਏ, ਉਹ ਸਾਡੇ ਨਾਲ ਕਿਵੇਂ ਸੱਚੇ ਹੋਣਗੇ?" ਗਫ਼ ਆਖਦਾ।

"ਬਿਲਕੁਲ ਠੀਕ ਹੈ, ਮੈਨੂੰ ਵਿਸ਼ਵਾਸ ਹੈ ਕਿ ਜੇ ਅੱਜ ਇਹਨਾਂ ਨੂੰ ਮੌਕਾ ਮਿਲੇ ਅਤੇ ਇਹਨਾਂ ਨੂੰ ਸਾਡੀ ਹਾਰ ਦਾ ਯਕੀਨ ਆ ਜਾਏ, ਤਾਂ ਇਹ ਸਾਰੇ ਖ਼ਾਲਸੇ ਨਾਲ ਜਾ ਮਿਲਣ। ਇਹਨਾਂ ਦਾ ਕੋਈ ਆਚਰਨ ਨਹੀਂ। ਮੈਂ ਹੈਰਾਨ ਹਾਂ, ਇਹ ਕੌਮ ਕਿਉਂ ਪਹਿਲਾਂ ਗ਼ੁਲਾਮ ਨਹੀਂ ਬਣਾਈ ਗਈ।"

"ਇਹਨਾਂ ਨੂੰ ਸਿਰਫ਼ ਡੰਡੇ ਦੇ ਜ਼ੋਰ ਨਾਲ ਕਾਬੂ ਰਖਿਆ ਜਾ ਸਕਦਾ ਹੈ। ਡੰਡਾ ਇਕ ਪਾਸੇ ਕੀਤਾ ਨਹੀਂ ਤੇ ਇਹ ਖਿਸਕੇ ਨਹੀਂ।"

"ਏਸੇ ਲਈ ਮੈਂ ਇਹਨਾਂ ਨਾਲ ਸਖ਼ਤੀ ਵਰਤਦਾ ਹਾਂ। ਇਹ ਏਸੇ ਦੇ ਯੋਗ ਹਨ। ਪਰ ਕਦੀ ਕਦੀ ਮੈਂ ਸੋਚਦਾ ਹਾਂ ਕਿ ਕਿੰਨੀ ਕੁ ਦੇਰ ਤਕ ਅਸੀਂ ਇਹ ਸਖ਼ਤੀ ਵਰਤਦੇ ਰਹਾਂਗੇ। ਆਖ਼ਰ ਇਕ ਦਿਨ ਸਭਿਆਵਾਨ ਕੌਮਾਂ ਨੂੰ ਸਾਡੇ ਤਰੀਕਿਆਂ ਦਾ ਪਤਾ ਲਗੇਗਾ ਤੇ ਉਹ ਸਾਡੀ ਮੁਖ਼ਾਲਫ਼ਤ ਕਰਨਗੇ।"

"ਤੇ ਕੌਣ ਕਹਿ ਸਕਦਾ ਹੈ ਕਿ ਇਸ ਕੌਮ ਵਿਚੋਂ ਹੀ ਕਈ ਆਦਮੀ ਸਾਡੇ ਵਿਰੁਧ ਉਠ ਖੜੇ ਨਹੀਂ ਹੋਣਗੇ। ਇਸ ਮੁਲਕ ਦਾ ਆਕਾਰ ਤੇ ਇਹਦੀ ਆਬਾਦੀ ਤੱਕੋ। ਜੇ ਇਹ ਇਕਮੁੱਠ ਹੋ ਜਾਣ ਤਾਂ ਅਸੀਂ ਕੀ ਕਰ ਸਕਦੇ ਹਾਂ?"

"ਬੇਸ਼ਕ! ਅਸੀਂ ਹਿੰਦੁਸਤਾਨ ਉੱਤੇ ਉਦੋਂ ਤਕ ਹੀ ਰਾਜ ਕਰ ਸਕਦੇ ਹਾਂ ਜਦੋਂ ਤਕ ਏਥੋਂ ਦੇ ਲੋਕ ਮਜ਼ਹਬ ਤੇ ਜ਼ਾਤ ਪਾਤ ਦੀ ਬਿਨਾ ਉੱਤੇ ਆਪੋ ਵਿਚ ਪਾਟੇ ਹੋਏ ਹਨ ਤੇ ਇਹੋ ਸਾਡੀ ਏਸ ਦੇਸ਼ ਵਿਚ ਨੀਤੀ ਹੋਣੀ ਚਾਹੀਦੀ ਹੈ। ਪ੍ਰੰਤੂ ਦੇ ਵਖ ਵਖਰੇ ਧਰਮਾਂ ਨੂੰ ਇਕਮੁੱਠ ਨਾ ਹੋਣ ਦੇਈਏ।" "ਹਾਂ ਤੇ ਇਕ ਗੱਲ ਹੋਰ..."

ਪਰ ਇਹ ਗੱਲ ਪੂਰੀ ਨਾ ਹੋ ਸਕੀ। ਦੁਸ਼ਮਣ ਦੀ ਤੋਪ ਦਾ ਇਕ ਗੋਲਾ ਸਰ ਹਾਰਡਿੰਗ ਤੇ ਸਰ ਗਫ਼ ਦੇ ਬਿਲਕੁਲ ਨੇੜੇ ਡਿਗਾ ਤੇ ਜਿਵੇਂ ਸਿਪਾਹੀਆਂ ਨੂੰ ਹੁਕਮ ਹੈ, ਉਹ ਦੁੱਵੇਂ ਇਕਦਮ ਜ਼ਮੀਨ ਉੱਤੇ ਲੇਟ ਗਏ...!

੧੩੭

"ਇਕ ਇਕ ਕਰ ਕੇ ਸਾਰੀਆਂ ਅੱਗਾਂ ਬੁਝਾਈਆਂ ਗਈਆਂ। ਪਰ ਜਰਨੈਲ ਉਮਰ ਦੀਨ ਦੀ ਨਜ਼ਰ ਸ਼ਾਇਦ ਉਕਾਬ ਦੀ ਨਜ਼ਰ ਸੀ। ਉਹ ਕਹੇ ਕਿ ਉਹ ਅਜੇ ਤਕ ਵੀ ਕਿਤੇ ਮਘਦੀਆਂ ਚਿੰਗਾਰੀਆਂ ਵੇਖ ਸਕਦਾ ਹੈ। ਬਸ ਉੱਥੇ ਹੀ ਉਹ ਮੋਰੀ ਤੋਪ ਬੀੜ ਦੇਵੇ ਤੇ ਮੈਨੂੰ ਕਹੇ, 'ਚਲ ਮਾਹਿਲ ਪੁੱਤਰਾ! ਦਾਗ਼ ਦੇ ਗੋਲਾ।' ਜਿਵੇਂ ਜਰਨੈਲ ਆਖੇ, ਮੈਂ ਓਵੇਂ ਹੀ ਕਰਾਂ। ਗੋਲਾ ਦਾਗ਼ ਦੇਵਾਂ ਤੇ ਫਿਰ ਉਹ ਆਖੇ: 'ਵੇਖ ਅਜੀਤਿਆ ਕਈ ਮੇਮਾਂ ਹੋਈਆਂ ਨੀ ਰੰਡੀਆਂ'।"

ਅਜੀਤ ਆਪਣੀ ਬੇਬੇ ਗੁਰਮੀਤ ਨੂੰ ਜੰਗ ਦੀ ਵਾਰਤਾ ਸੁਣਾ ਰਿਹਾ ਸੀ, "ਗੋਰਿਆਂ ਨੇ ਸਾਡੀ ਮਨਸ਼ਾ ਤਾੜ ਲਈ ਤੇ ਹੌਲੀ ਹੌਲੀ ਅੰਤ ਉਹਨਾਂ ਨੇ ਕੋਲੇ ਤੇ ਚਿੰਗਾਰੀਆਂ ਵੀ ਬੁਝਾ ਦਿਤੀਆਂ। ਉਸ ਵੇਲੇ ਉਮਰ ਦੀਨ ਨੇ ਸਾਨੂੰ ਮੋਂ ਜਾਣ

Scanned by CamScanner

ਵਾਸਤੇ ਕਿਹਾ, ਪਰ ਸਾਨੂੰ ਨੀਂਦਰ ਕਿਥੇ ? ਅਸੀਂ ਤਾਂ ਉਡੀਕ ਰਹੇ ਸਾਂ ਕਿ ਕਿਹੜੇ ਵੇਲੇ ਦਿਨ ਚੜ੍ਹੇ ਤੇ ਅਸੀਂ ਗੋਰਿਆਂ ਨੂੰ ਭਜਾਈਏ । ਉਸ ਰਾਤ ਮੈਨੂੰ ਰਤਾ ਸਰਦੀ ਨਾ ਲਗੀ । ਮੈਂ ਇਕ ਕਮੀਜ਼ ਤੇ ਇਕ ਪਜਾਮੇ ਵਿਚ ਇਉਂ ਆਪਣੀ ਤੋਪ ਨਾਲ ਲਗ ਕੇ ਖਲੋਤਾ ਸਾਂ, ਜਿਵੇਂ ਕਿ ਉਹ ਜੇਠ ਹਾੜ ਦੀ ਰਾਤ ਹੋਵੇ ।

"ਜਰਨੈਲ ਉਮਰ ਦੀਨ ਵਾਪਸ ਚਲਾ ਗਿਆ । ਆਖ ਗਿਆ ਕਿ ਉਹ ਸਦਰ ਚਲਿਆ ਹੈ । ਉੱਥੇ ਵੇਖੇਗਾ ਕਿ ਸਿੰਘਾਂ ਦੇ ਫੇਰੂ ਸ਼ਹਿਰ ਉੱਤੇ ਕੀਤੇ ਹੱਲੇ ਦਾ ਕੀ ਬਣਿਆ ਹੈ ਤੇ ਨਾਲੇ ਕਲੂ ਦੀ ਲੜਾਈ ਵਾਸਤੇ ਖ਼ਬਰ ਸੁਰਤ ਲਏਗਾ । ਉਹ ਚਲਾ ਗਿਆ ਤੇ ਅਸੀਂ ਸਿਪਾਹੀ ਆਪੋ ਵਿਚ ਗੱਲਾਂ ਕਰਨ ਲਗੇ । ਤੈਨੂੰ ਮੈਂ ਦਸਿਆ ਹੈ ਨਾ ਕਿ ਸਾਡੀ ਬੈਟਰੀ ਦੇ ਕਈ ਸਿਪਾਹੀ ਮਰ ਚੁਕੇ ਸਨ । ਜਿਵੇਂ ਹਰਨਾਮ ਸਿੰਘ, ਮਹਿੰਦਰ ਸਿੰਘ ਤੇ ਰਾਮ ਸਿੰਘ, ਤੇ ਨਵੇਂ ਮਿਲੇ ਸਿਪਾਹੀ ਮੈਨੂੰ ਅਜੇ ਤਕ ਬਾਲ ਸਮਝਦੇ । ਕੀ ਮੈਂ ਸੱਚ ਮੁਚ ਹੀ ਅਜੇ ਤਕ ਇਕ ਬਾਲ ਹਾਂ, ਬੇਬੇ । ਕੱਦ ਤਾਂ ਖ਼ੂਬ ਕੱਢਿਆ ਹੈ ।"

"ਨਹੀਂ ਨਹੀਂ, ਅਜੀਤ ! ਤੂੰ ਤਾਂ ਮੇਰਾ ਸ਼ੀਂਹ ਜਵਾਨ ਪੁੱਤਰ ਹੈਂ । ਬਾਲ ਭਲਾ ਤੇਰੇ ਵਰਗੀਆਂ ਮੱਲਾਂ ਮਾਰ ਸਕਦੇ ਹਨ ?"

"ਸਾਡੀ ਬੈਟਰੀ ਵਿਚ ਨਵੇਂ ਰਲੇ ਸਿਪਾਹੀਆਂ ਵਿਚੋਂ ਇਕ ਪਿਆਰਾ ਸਿੰਘ ਹੀ ਸਭ ਤੋਂ ਚੰਗਾ ਸੀ । ਗੱਲਾਂ ਤਾਂ ਉਹ ਵੀ ਬੜੀਆਂ ਖਰ੍ਹਵੀਆਂ ਕਰਦਾ, ਪਰ ਫਿਰ ਵੀ ਉਹ ਮੈਨੂੰ ਚੰਗਾ ਲਗਦਾ । ਮੈਂ ਉਹਦੇ ਨਾਲ ਇਕ ਵਾਰ ਫਿਰ ਸ਼ੇਰ ਖ਼ਾਨ ਦੀ ਗੱਲ ਛੋਹੀ । ਬੇਬੇ ! ਮੈਨੂੰ ਸ਼ੇਰ ਖ਼ਾਨ ਭੁਲਦਾ ਹੀ ਨਹੀਂ ਸੀ । ਜਦੋਂ ਤਕ ਮੈਂ ਤੋਪਾਂ ਚਲਾਂਦਾ ਰਹਿੰਦਾ, ਉਦੋਂ ਤਕ ਤਾਂ ਠੀਕ, ਪਰ ਜਿਸ ਵੇਲੇ ਵੀ ਨਿੱਚਲਾ ਹੁੰਦਾ, ਉਸੇ ਵੇਲੇ ਹੀ ਸ਼ੇਰ ਖ਼ਾਨ ਮੇਰੇ ਖ਼ਿਆਲਾਂ ਵਿਚ ਆ ਜਾਂਦਾ । ਮੈਂ ਚਾਹੁੰਦਾ ਸਾਂ ਕਿ ਕਾਸ਼ ਮੈਂ ਸ਼ੇਰ ਖ਼ਾਨ ਦੇ ਠੇਡੇ ਹੁੰਦਾ ਜਾਂ ਉਂਜ ਹਠੇਰਾ ਨਾ ਪੈ ਗਿਆ ਹੁੰਦਾ । ਮੈਂ ਸ਼ੇਰੂ ਨੂੰ ਕਦੀ ਮਰਨ ਨਾ ਦੇਂਦਾ । ਮੈਂ ਉਹਨੂੰ ਕਿਵੇਂ ਨਾ ਕਿਵੇਂ ਬਚਾ ਲੈਂਦਾ । ਪਿਆਰਾ ਸਿੰਘ ਨੇ ਮੈਨੂੰ ਝਿੜਕਿਆ ਤੇ ਆਖਿਆ ਕਿ ਮੈਂ ਸ਼ੇਰ ਖ਼ਾਨ ਨੂੰ ਭੁਲ ਜਾਵਾਂ । ਇਸ ਲੜਾਈ ਵਿਚ ਇਕ ਨਹੀਂ ਅਨੇਕ ਸ਼ੇਰ ਖ਼ਾਨ ਸ਼ਹੀਦ ਹੋਏ ਹਨ । ਬੇਬੇ ! ਮੈਂ ਪਿਆਰਾ ਸਿੰਘ ਨੂੰ ਕਿਹਾ ਹੈ ਕਿ ਕਦੀ ਉਹ ਸਾਡੇ ਪਿੰਡ ਆਵੇ । ਕੋਈ ਹਰਜ ਤਾਂ ਨਹੀਂ ।"

"ਹਰਜ ਕਾਹਦਾ ਹੈ, ਅਜੀਤ ! ਜੰਮ ਜੰਮ ਆਵੇ ਉਹ ! ਤੇ ਫਿਰ ?"

"ਹੌਲੀ ਹੌਲੀ ਤੋਪਖ਼ਾਨੇ ਦੇ ਹੋਰ ਸਿਪਾਹੀ ਵੀ ਆਪਣੀਆਂ ਤੋਪਾਂ ਕੋਲ ਜੁੜਦੇ ਗਏ । ਸਭਨਾਂ ਦੀਆਂ ਗੱਲਾਂ ਤੋਂ ਪਤਾ ਲਗਦਾ ਸੀ ਕਿ ਫੇਰੂ ਸ਼ਹਿਰ ਉੱਤੇ ਪਿਆਦਾ ਸੈਨਾ ਦਾ ਹੱਲਾ ਸਫਲ ਰਿਹਾ ਹੈ । ਕੋਈ ਕਹਿੰਦਾ ਸੀ ਕਿ ਗੋਰੇ ਭੱਜ ਗਏ ਹਨ ਤੇ ਕੋਈ ਕਹਿੰਦਾ ਸੀ ਕਿ ਅਜੇ ਨਹੀਂ । ਏਨੇ ਵਿਚ ਸਾਡਾ ਜ਼ਰਨੈਲ ਉਮਰ ਦੀਨ ਉੱਥੇ ਪੁਜ ਗਿਆ । 'ਵਾਹ ਬਾਈ ਵਾਹ ਕਿੰਨੇ ਦੂਲੇ ਜੁੜ ਆਏ ਨੇ ਤੋਪਾਂ ਕੋਲ ਮੇਰੇ ਪਿਛੋਂ । ਲਓ ਹੁਣ ਦਿਨ ਹੁੰਦੇ ਹੀ ਗੋਰਿਆਂ ਨੂੰ ਥਾਂ ਲਵਾਂਗੇ ।' ਫਿਰ ਉਹ ਮੇਰੀ ਤੋਪ ਕੋਲ ਆ ਕੇ ਬਹਿ ਗਿਆ । ਸਾਡੇ ਸਾਰੇ ਕੈਂਪ ਵਿਚ ਅੱਗਾਂ ਬਲ ਰਹੀਆਂ ਸਨ । ਪਰ ਗੋਰਿਆਂ ਦੀ ਹਿੰਮਤ ਨਹੀਂ ਸੀ ਕਿ ਸਾਨੂੰ ਛੇੜਨ ਜਾਂ ਸ਼ਾਇਦ ਉਹਨਾਂ ਦਾ ਬਾਰੂਦ ਹੀ ਮੁਕ ਚੁਕਾ ਸੀ । ਖ਼ੈਰ ! ਜਰਨੈਲ ਉਮਰ ਦੀਨ ਮੇਰੀ ਤੋਪ ਕੋਲ ਬਹਿ ਗਿਆ ਤੇ ਆਸੇ ਪਾਸੇ ਦੇ ਸਿਪਾਹੀ ਤੇ ਅਹੁਦੇਦਾਰ ਓੱਥੇ ਜੁੜ ਗਏ । ਉਹਨਾਂ ਨੇ ਉਮਰ ਦੀਨ ਕੋਲੋਂ ਸਵਾਲ ਪੁਛਣੇ ਸ਼ੁਰੂ ਕੀਤੇ । ਉਸ ਦਸਿਆ ਕਿ ਸਦਰ ਵਿਚ ਕਲੂ ਦੀ ਲੜਾਈ ਬਾਰੇ ਕੋਈ ਫ਼ੈਸਲੇ ਨਹੀਂ ਹੋਏ । ਸਰਦਾਰ ਲਾਲ ਸਿੰਘ ਤਾਂ ਇਹ ਕਹਿ ਰਿਹਾ ਹੈ ਕਿ ਗੋਰਿਆਂ ਨਾਲ ਸੁਲ੍ਹਾ ਕਰ ਲਈਏ । ਆਪਣੇ ਜ਼ਖ਼ਮੀਆਂ ਦਾ ਦਵਾ ਦਾਰੂ ਕਰੀਏ । ਕੁਝ ਤੋਪਾਂ ਵੀ ਵਾਪਸ ਖੜ ਸਕਾਂਗੇ ਤੇ ਥੋੜੇ ਦਿਨ ਠਹਿਰ ਕੇ ਫਿਰ ਲੜਾਈ ਕਰਾਂਗੇ । ਪਰ ਬਾਕੀ ਦੇ ਜਰਨੈਲਾਂ ਤੇ ਸਰਦਾਰਾਂ ਦਾ ਖ਼ਿਆਲ ਹੈ ਕਿ ਲੜਾਈ ਜਿੱਤੀ ਹੀ ਪਈ ਹੈ । ਸਿਰਫ ਸਵੇਰੇ ਹਮਲਾ ਕਰਨ ਦੀ ਢਿਲ ਹੈ ਕਿ ਗੋਰੇ ਲੁਧਿਆਣੇ ਤੋਂ ਉਰੇ ਕਿਤੇ ਖਲੋਣ ਨਹੀਂ ਲਗੇ । ਇਹ ਸਰਦਾਰ ਇਹ ਵੀ ਆਖਦੇ ਕਿ ਦਿਨ ਚੜ੍ਹਨ ਤੋਂ ਪਹਿਲੇ ਪਹਿਲੇ ਸਰਦਾਰ ਤੇਜ ਸਿੰਘ ਥੱਲੇ ਇਕੱਤਰ ਸੈਨਾ ਨੂੰ ਫੇਰੂ ਸ਼ਹਿਰ ਬੁਲਾ ਲਿਆ ਜਾਏ ਤੇ ਇਸ ਤਾਜ਼ਾ ਦਮ ਸੈਨਾ ਦੀ ਮਦਦ ਨਾਲ ਥੱਕੇ ਹਾਰੇ ਗੋਰਿਆਂ ਨੂੰ ਸਾਹ ਨਾ ਲੈਣ ਦੇਈਏ । ਆਪ ਉਮਰ ਦੀਨ ਕਹਿੰਦਾ ਸੀ ਕਿ ਗੋਰਿਆਂ ਕੋਲ ਤੋਪਾਂ ਦਾ ਬਾਰੂਦ ਉੱਕਾ ਨਹੀਂ ਬਚਿਆ । ਉਹ ਕਹਿੰਦਾ ਕਿ ਬੇਸ਼ਕ ਉਹਦੇ ਨਾਲ ਇਸ ਗੱਲ ਉੱਤੇ ਕੋਈ ਸ਼ਰਤ ਲਾ ਲਏ ।

"ਪਰ ਇਹਨਾਂ ਸਰਦਾਰਾਂ ਦੀਆਂ ਦਲੀਲਾਂ ਵਿਰੁਧ, ਸਾਨੂੰ ਉਮਰ ਦੀਨ ਨੇ ਦਸਿਆ, ਸਰਦਾਰ ਲਾਲ ਸਿੰਘ ਇਹੋ ਹੀ ਆਖੀ ਜਾਏ ਕਿ ਅੰਗਰੇਜ਼ ਐਨੀ ਬੁਰੀ ਹਾਲਤ ਵਿਚ ਨਹੀਂ ਜਿੰਨਾ ਅਸੀਂ ਸਮਝਦੇ ਹਾਂ । ਉਹ ਆਖੇ ਕਿ ਤੇਜ ਸਿੰਘ ਨੂੰ

Scanned by CamScanner

ਕਦੀ ਫੇਰੂ ਸ਼ਹਿਰ ਨਹੀਂ ਬੁਲਾਣਾ ਚਾਹੀਦਾ। ਉਹਦੇ ਖ਼ਿਆਲ ਵਿਚ ਇਸ ਤਰ੍ਹਾਂ ਅੱਠ ਦਸ ਹਜ਼ਾਰ ਤਾਜ਼ਾ ਦੰਮ ਖ਼ਾਲਸਾ ਫ਼ੌਜ ਮਾਹ-ਮਮਾਹ ਮਾਰੀ ਜਾਏਗੀ। ਉਹ ਤੇਜ ਸਿੰਘ ਦੀ ਸੈਨਾ ਨੂੰ ਅਗਲੀ ਲੜਾਈ ਵਾਸਤੇ ਬਚਾਅ ਕੇ ਰਖਣਾ ਚਾਹੁੰਦਾ ਸੀ। ਪਰ ਬੇਬੇ ਇਹ ਵੀ ਕੋਈ ਸਿਆਣਪ ਹੈ। ਮੈਨੂੰ ਇਹਦੀ ਸਮਝ ਨਾ ਆਵੇ। ਉਮਰ ਦੀਨ ਦੀ ਵੀ ਇਹੋ ਰਾਏ ਸੀ। ਕੋਕੇ! ਜੇ ਤੇਜ ਸਿੰਘ ਤੇ ਲਾਲ ਸਿੰਘ ਖ਼ਾਲਸੇ ਦੇ ਪੈਰ ਮਾਹ ਨਹੀਂ ਤਾਂ ਉਹ ਅਜੇ ਤਕ ਸਾਡੇ ਲੀਡਰ ਕਿਵੇਂ ਹਨ? ਕੀ ਅਸੀਂ ਉਹਨਾਂ ਨੂੰ ਕਿਸੇ ਤਰ੍ਹਾਂ ਅਲਗ ਨਹੀਂ ਕਰ ਸਕਦੇ?"

"ਮੈਂ ਕੀ ਆਖਾਂ, ਅਜੀਤ! ਮੈਂ ਕੀ ਕਰਨ ਯੋਗ ਹਾਂ। ਪਰ ਮੈਨੂੰ ਵਿਸ਼ਵਾਸ ਹੈ ਕਿ ਤੇਜ ਸਿੰਘ ਤੇ ਲਾਲ ਸਿੰਘ ਦੇ ਬਾਵਜੂਦ ਵੀ ਅਗਲੀ ਲੜਾਈ ਵਿਚ ਜਿੱਤ ਖ਼ਾਲਸੇ ਦੀ ਹੋਵੇਗੀ। ਤਾਂ ਕੀ ਸਵੇਰੇ ਲੜਾਈ ਬਿਲਕੁਲ ਹੀ ਨਹੀਂ ਹੋਈ?"

"ਨਾ ਹੋਣ ਵਰਗੀ, ਬੇਬੇ! ਸਾਡੇ ਵੈਂਹਦਿਆਂ ਵੈਂਹਦਿਆਂ ਗੋਰੇ ਸਾਡੇ ਉੱਤੇ ਹਮਲੇ ਲਈ ਤਿਆਰ ਹੋਏ। ਸਾਡੇ ਵੈਂਹਦਿਆਂ ਵੈਂਹਦਿਆਂ ਫੇਰੂ ਸ਼ਹਿਰ ਤੋਂ ਉਹਨਾਂ ਦੀ ਬਚੀ ਖੁਚੀ ਫ਼ੌਜ ਵਾਪਸ ਉਹਨਾਂ ਨਾਲ ਜਾ ਰਲੀ। ਅਸੀਂ ਗੌਲੇ ਦਾਗਦੇ ਰਹੇ ਤੇ ਸੋਚਦੇ ਰਹੇ ਕਿ ਹੁਣੇ ਸਾਡੀ ਪਿਆਦਾ ਫ਼ੌਜ ਤੇ ਸਾਡਾ ਰਸਾਲਾ ਦੁਸ਼ਮਣ ਉੱਤੇ ਪਏਗਾ, ਪਰ ਸਾਡੀ ਸੈਨਾ ਆਪਣੇ ਮੋਰਚਿਆਂ ਵਿਚੋਂ ਬਾਹਰ ਨਹੀਂ ਨਿਕਲੀ। ਪਲ ਪਲ ਪਿਛੋਂ ਸਾਡੇ ਜਰਨੈਲ ਉਮਰ ਦੀਨ ਦੀਆਂ ਅੱਖਾਂ ਫ਼ੀਰੋਜ਼ਪੁਰ ਵਲ ਵੇਖਦੀਆਂ ਪਰ ਸਰਦਾਰ ਤੇਜ ਸਿੰਘ ਦੀ ਫ਼ੌਜ ਕਿਤੇ ਨਾ ਦਿਸਦੀ। ਅਸੀਂ ਸਾਰੇ ਬੜੇ ਉਤਾਵਲੇ ਹੋ ਰਹੇ ਸਾਂ, ਪਰ ਸਭ ਤੋਂ ਵਧ ਉਤਾਵਲਾ ਹੋ ਰਿਹਾ ਸੀ ਉਮਰ ਦੀਨ। ਕਿਸੇ ਕਿਸੇ ਵੇਲੇ ਤਾਂ ਉਹ ਆਪਣੇ ਵਡ ਅਫ਼ਸਰਾਂ ਨੂੰ ਗਾਲ੍ਹਾਂ ਕੱਢਦਾ ਤੇ ਆਪਣੀ ਦਾੜ੍ਹੀ ਨੂੰ ਖੋਤਰਦਾ ਆਖਦਾ: 'ਇਹਨਾਂ ਨੂੰ ਰੱਬ ਲਵੇ। ਇਹਨਾਂ ਅੱਜ ਦੀ ਫ਼ਤਹਿ ਹਾਰ ਵਿਚ ਬਦਲ ਦੇਣੀ ਹੈ। ਇਹ ਨਿਕਰਮੇ, ਦੁਸ਼ਟ, ਪਾਪੀ। ਇਹਨਾਂ ਨੇ ਸਰਕਾਰ ਦਾ ਖਾਧਾ ਲੂਣ ਹਰਾਮ ਕੀਤਾ ਹੈ। ਜੇ ਅੱਜ ਸਰਕਾਰ ਜੇਊਂਦੇ ਹੁੰਦੇ...।'

ਬੇਬੇ! ਸਰਕਾਰ ਕਿਹੋ ਜਿਹੇ ਦੇਵਤੇ ਹੰਣਗੇ?"

"ਦੁਨੀਆਂ ਵਿਚ ਨਾ ਹੀ ਕੋਈ ਦੈਂਤ ਹੈ ਤੇ ਨਾ ਹੀ ਕੋਈ ਦੇਵਤਾ। ਬਸ ਜਿਹੜਾ ਚੰਗੇ ਕਰਮ ਕਰੇ ਉਹ ਦੇਵਤਾ ਤੇ ਜਿਹੜਾ ਬਦ ਕਰਮ ਕਰੇ ਉਹ ਦੈਂਤ। ਸਰਕਾਰ ਇਕ ਮਨੁੱਖ ਸਨ, ਪਰ ਉੱਚ ਕਰਨੀ ਤੇ ਕਹਿਣੀ ਵਾਲੇ ਮਨੁੱਖ। ਸਾਡੇ ਘਰਾਣੇ ਉੱਤੇ ਸ਼ੇਰੇ-ਪੰਜਾਬ ਨੇ ਬੜੇ ਅਹਿਸਾਨ ਕੀਤੇ ਹਨ।"

"ਪਰ ਬੇਬੇ, ਕੋਈ ਘਰਾਣਾ ਜਾਂ ਕੋਈ ਆਦਮੀ ਅਜਿਹਾ ਵੀ ਹੈ ਜਿਦੇ ਉੱਤੇ ਸਰਕਾਰ ਨੇ ਅਹਿਸਾਨ ਨਹੀਂ ਕੀਤੇ। ਤੂੰ ਮੰਨੇਗੀ ਨਹੀਂ, ਪਰ ਜਿਹੜਾ ਜਿਹੜਾ ਵੀ ਹਿੰਦੂ ਸਿੱਖ ਜਾਂ ਮੁਸਲਮਾਨ ਮੈਨੂੰ ਮਿਲਿਆ ਹੈ ਉਹੋ ਉਹੋ ਹੀ ਸਰਕਾਰ ਦੇ ਗੁਣ ਗਾਉਂਦਾ ਰਿਹਾ ਹੈ। ਹਰ ਕੋਈ ਇਹੋ ਆਖਦਾ ਹੈ ਕਿ ਉਹਨੇ ਸਰਕਾਰ ਦਾ ਬੜਾ ਕੁਝ ਦੇਣਾ ਹੈ। ਕੀ ਇਹ ਕਰਾਮਾਤ ਨਹੀਂ?"

"ਇਕ ਤਰ੍ਹਾਂ ਦੀ ਕਰਾਮਾਤ ਹੀ ਹੈ ਅਜੀਤ, ਪਰ ਕਰਾਮਾਤ ਤਾਂ ਕਰਨ ਵਾਸਤੇ ਰੱਬ ਆਪ ਧਰਤੀ ਉੱਤੇ ਨਹੀਂ ਆਉਂਦਾ। ਮੇਰੇ ਤੇ ਤੇਰੇ ਜਿਹੇ ਮਨੁੱਖ ਹੀ ਕਰਾਮਾਤਾਂ ਕਰਦੇ ਹਨ। ਤੂੰ ਜਾਣਦਾ ਹੈਂ ਕਿ ਸ਼ੇਰੇ-ਪੰਜਾਬ ਵਿਚ ਰਤਾ ਹਉਮੈਂ ਨਹੀਂ ਸੀ। ਉਹ ਬੜੇ ਉਦਾਰ ਚਿਤ ਸਨ। ਪਰਉਪਕਾਰੀ ਸਨ। ਆਪਣੇ ਆਪ ਨੂੰ ਗੁਰੂ ਘਰ ਦਾ ਕੂਕਰ ਸਮਝਦੇ ਸਨ। ਹੈ ਸਨ ਮਹਾਰਾਜੇ, ਪਰ ਗਿਣਦੇ ਸਨ ਆਪਣੇ ਆਪ ਨੂੰ ਸਭ ਤੋਂ ਨੀਵਾਂ। ਇਹੋ ਉਹਨਾਂ ਦੀ ਵਡਿਆਈ ਸੀ ਅਜੀਤ!"

"ਬੇਬੇ! ਮੇਰਾ ਜੀ ਕਰਦਾ ਹੈ ਮੈਂ ਸ਼ੇਰੇ-ਪੰਜਾਬ ਨੂੰ ਢੇਰ ਵਾਰੀ ਮਿਲਿਆ ਹੁੰਦਾ। ਹੁਣ ਮੈਂ ਬੜਾ ਸੱਖਣਾ ਸੱਖਣਾ ਮਹਿਸੂਸ ਕਰਦਾ ਹਾਂ।"

ਗੁਰਮੀਤ ਨੇ ਅਜੀਤ ਨੂੰ ਘੁਟਿਆ, "ਸੱਖਣਾ ਕਿਉਂ ਪੁੱਤਰ! ਉਹ ਵੀ ਤਾਂ ਹਨ ਜਿਨ੍ਹਾਂ ਨੂੰ ਕਿ ਇਕ ਵਾਰ ਵੀ ਉਸ ਮਹਾਂਪੁਰਸ਼ ਦੇ ਦਰਸ਼ਨ ਨਸੀਬ ਨਹੀਂ ਹੋਏ। ਤੇ ਮੈਂ ਕਿਹੜਾ ਬਾਬਾ ਬੰਦਾ ਜਾਂ ਗੁਰੂ ਸਾਹਿਬਾਨਾਂ ਨੂੰ ਵੇਖਿਆ ਹੈ, ਪਰ ਇਹਦਾ ਇਹ ਮਤਲਬ ਨਹੀਂ ਕਿ ਸਿੱਖੀ ਦੀ ਰੂਹ ਮੇਰੇ ਵਿਚ ਰਵ ਨਹੀਂ ਰਹੀ।"

"ਬੇਬੇ! ਮੈਂ ਤੈਨੂੰ ਦਸਦਾ ਹਾਂ ਜੇ ਕਦੀ ਸਰਕਾਰ ਜ਼ਿੰਦਾ ਹੁੰਦੇ ਤਾਂ ਅਸੀਂ ਇਹ ਲੜਾਈ ਕਦੀ ਨਾ ਹਾਰਦੇ। ਅਸੀਂ ਹੁਣ ਦਿੱਲੀ ਹੋਣਾ ਸੀ।"

"ਜੇ ਸਰਕਾਰ ਜ਼ਿੰਦਾ ਹੁੰਦੇ ਤਾਂ ਏਥੇ ਤਕ ਨੌਬਤ ਹੀ ਨਾ ਆਉਂਦੀ। ਪਰ ਹੁਣ ਕੀ ਹੋ ਸਕਦਾ ਹੈ। ਹੁਣ ਸਾਨੂੰ ਹਾਲਾਤ ਦੇ ਅਨੁਸਾਰ ਹੀ ਆਪਣਾ ਤਾਣ ਲਾਉਣਾ ਚਾਹੀਦਾ ਹੈ।"

Scanned by CamScanner

"ਪਰ ਬਿਨਾਂ ਸਰਕਾਰ ਦੇ ਤਾਣ ਲੱਗਦਾ ਹੀ ਨਹੀਂ ਜਾਪਦਾ। ਤੂੰ ਉਮਰ ਦੀਨ ਦੀਆਂ ਗਾਲ੍ਹਾਂ ਸੁਣੀਆਂ ਹੁੰਦੀਆਂ। ਜਦੋਂ ਸਾਡੀਆਂ ਤੋਪਾਂ ਦੇ ਗੋਲਿਆਂ ਦੀ ਪਰਵਾਹ ਨਾ ਕਰਦਿਆਂ ਗੋਰਿਆਂ ਨੇ ਸਾਡੇ ਸਜੇ ਮੋਰਚਿਆਂ ਉੱਤੇ ਹੱਲਾ ਕੀਤਾ ਤੇ ਮੋਰਚੇ ਪਿਛੋਂ ਮੋਰਚਾ ਸਰ ਹੋਣ ਲਗਾ ਤਾਂ ਉਮਰ ਦੀਨ ਜਿਵੇਂ ਪਾਗਲ ਹੀ ਹੋ ਗਿਆ। ਉਸ ਏਨੀਆਂ ਗਾਲ੍ਹਾਂ ਕੱਢੀਆਂ ਕਿ ਮੈਂ ਤੈਨੂੰ ਕੀ ਦੱਸਾਂ। ਉਸ ਬੇਸ਼ਕ ਨਾਂ ਨਹੀਂ ਗਿਣਾਏ, ਪਰ ਮੈਂ ਜਾਣਦਾ ਹਾਂ ਕਿ ਉਹਦਾ ਮਤਲਬ ਕਿਨ੍ਹਾਂ ਆਦਮੀਆਂ ਤੋਂ ਸੀ। ਅਖੀਰ ਜਦੋਂ ਦੁਸ਼ਮਣ ਦੀ ਤੇ ਸਾਡੀ ਫ਼ੌਜ ਅਸਲੋਂ ਗੱਡ ਵੱਡ ਹੋ ਗਈ ਤਾਂ ਅਸੀਂ ਆਪਣੇ ਗੋਲੇ ਬੰਦ ਕੀਤੇ ਤੇ ਉਮਰ ਦੀਨ ਦੇ ਹੁਕਮ ਅਨੁਸਾਰ ਤਲਵਾਰਾਂ ਸੂਤ ਕੇ ਪਿਆਦਾ ਫ਼ੌਜ ਦੀ ਮਦਦ ਲਈ ਟੁਰ ਪਏ।

"ਜਾਣਦੀ ਹੈਂ ਬੇਬੇ, ਰਾਹ ਵਿਚ ਮੈਂ ਕਿਹਦੀ ਲਾਸ਼ ਵੇਖੀ ? ਸ਼ੇਰੂ ਦੀ। ਉਹ ਚੁਫਾਲ ਜ਼ਮੀਨ ਉੱਤੇ ਪਿਆ ਸੀ। ਛਾਤੀ ਉਹਦੀ ਲਹੂ ਨਾਲ ਭਿੱਜੀ ਹੋਈ। ਕੁੜਤਾ ਬਿਲਕੁਲ ਗੜੁਚ। ਪਰ ਮੂੰਹ ਉੱਤੇ ਕੋਈ ਜ਼ਖਮ ਨਹੀਂ ਸੀ। ਮੋਇਆ ਹੋਇਆ ਆਦਮੀ ਠੰਡਾ ਹੋ ਜਾਂਦਾ ਹੈ ਨਾ ਤੇ ਸਰੀਰ ਉਹਦਾ ਆਕੜ ਜਾਂਦਾ ਹੈ ?'

ਗੁਰਮੀਤ ਨੇ ਭੋਲੇ ਭਾਅ ਇਹ ਗੱਲ ਕਹਿੰਦੇ ਹੋਏ ਅਜੀਤ ਵਲ ਵੇਖਿਆ, "ਆਹੋ, ਅਜੀਤ !"

"ਪਰ ਬੇਬੇ, ਸ਼ੇਰੂ ਦਾ ਪਿੰਡਾ ਠੰਡਾ ਨਹੀਂ ਸੀ। ਨਾ ਹੀ ਉਹਦਾ ਸਰੀਰ ਆਕੜਿਆ ਹੋਇਆ ਸੀ। ਉਹਨੂੰ ਸ਼ਹੀਦ ਹੋਏ ਨੂੰ ਸ਼ਾਇਦ ਬਹੁਤਾ ਚਿਰ ਨਹੀਂ ਹੋਇਆ ਹੋਣਾ। ਪਿਆਰਾ ਸਿੰਘ ਝੂਠ ਬੋਲਦਾ ਸੀ ਕਿ ਉਸ ਸ਼ੇਰੂ ਨੂੰ ਮਰਦਿਆਂ ਵੇਖਿਆ ਹੈ ਤੇ ਇਹ ਕਿ ਉਹਦੇ ਸਰੀਰ ਉੱਤੇ ਪੂਰੀ ਦੀ ਪੂਰੀ ਬਰਿਗੇਡ ਲੰਘ ਗਈ ਹੋਵੇਗੀ। ਮੈਂ ਜਦੋਂ ਪਿਛੋਂ ਉਹਦੇ ਨਾਲ ਗੱਲ ਕੀਤੀ ਤਾਂ ਉਹ ਮੰਨ ਗਿਆ ਕਿ ਉਸ ਝੂਠ ਬੋਲਿਆ ਸੀ, ਪਰ ਝੂਠ ਬੋਲਦਾ ਪਿਆਰਾ ਸਿੰਘ ਵੀ ਮੈਨੂੰ ਭੈੜਾ ਨਹੀਂ ਲਗਦਾ। ਖ਼ੈਰ ! ਮੈਂ ਸ਼ੇਰੂ ਦੀ ਲਾਸ਼ ਉੱਤੇ ਕਲਮਾ ਪੜ੍ਹਿਆ। ਤੂੰ ਸ਼ਾਇਦ ਨਹੀਂ ਜਾਣਦੀ ਕਿ ਸ਼ੇਰੂ ਨੇ ਮੈਨੂੰ ਕਲਮਾ ਸਿਖਾਇਆ ਸੀ ਤੇ ਮੈਂ ਉਹਨੂੰ ਜਪੁਜੀ ਦੀ ਪਹਿਲੀ ਪਉੜੀ। ਬੇਬੇ ! ਧਰਮ ਕੀ ਸ਼ੈ ਹੈ ? ਕੀ ਸਾਰੇ ਧਰਮ ਇਕੋ ਜਿਹੇ ਹੰਨ ? ਜੇ ਹੰਨ ਤਾਂ ਫਿਰ ਸਾਡੇ ਵਿਚ ਐਨਾ ਫ਼ਰਕ ਕਿਵੇਂ ਹੈ ? ਅਸੀਂ ਧਰਮ ਨੂੰ ..."

"ਇਹ ਗੱਲਾਂ ਪਿਛੋਂ ਕਰਾਂਗੇ, ਅਜੀਤ। ਪਹਿਲੇ ਤੂੰ ਲੜਾਈ ਦੀ ਵਾਰਤਾ ਦਸ ?"

"ਮੇਰਾ ਸ਼ੇਰੂ ਦੀ ਲੋਥ ਕੋਲੋਂ ਅਗੇ ਵਧਣ ਉੱਤੇ ਜੀ ਨਾ ਕਰੇ। ਪਰ ਮੇਰੇ ਸਾਥੀ ਵਧਦੇ ਜਾ ਰਹੇ ਸਨ ਤੇ ਮੈਂ ਉੱਥੇ ਰੁਕ ਨਹੀਂ ਸੀ ਸਕਦਾ। ਸ਼ੇਰੂ ਦੀ ਲੋਥ ਦੇ ਕੋਲ ਹੀ ਇਕ ਗੋਰੇ ਦੀ ਲੋਥ ਪਈ ਸੀ। ਉਹਦਾ ਅੱਧਾ ਗਲਾ ਕੱਟਿਆ ਹੋਇਆ ਸੀ ਤੇ ਉਹਦਾ ਬਾਕੀ ਦਾ ਸਰੀਰ ਵੀ ਲਹੂ ਨਾਲ ਲੱਥ ਪੱਥ ਸੀ। ਉਹਦਾ ਟੋਪ ਮਿੱਟੀ ਵਿਚ ਰੁਲ ਰਿਹਾ ਸੀ। ਮੈਨੂੰ ਲਗਿਆ ਕਿ ਸ਼ੇਰੂ ਤੇ ਇਹ ਗੋਰਾ ਇਕ ਦੂਜੇ ਨੂੰ ਮਾਰ ਕੇ ਮੋਏ ਹਨ। ਇਹਨਾਂ ਲਾਸ਼ਾਂ ਦੇ ਨੇੜੇ ਹੋਰ ਕੋਈ ਲਾਸ਼ ਵੀ ਨਹੀਂ ਸੀ ਪਈ। ਜਾਣਦੀ ਹੈਂ ਮੈਂ ਇਹਨਾਂ ਲਾਸ਼ਾਂ ਵਿਚੋਂ ਕੀ ਕਢਿਆ ?"

ਅਜੀਤ ਨੇ ਇਕ ਲਾਟੂ ਤੇ ਇਕ ਲੰਡਨ ਸ਼ਹਿਰ ਦੀਆਂ ਵੱਖ ਵੱਖ ਝਾਕੀਆਂ ਵਿਖਾਂਦੀ ਸੋਨੇ ਜਾਂ ਮੁਲੱਮਾ ਚੜ੍ਹੇ ਪਿੱਤਲ ਦੀ ਇਕ ਨਿੱਕੀ ਜਿਹੀ ਐਲਬਮ ਗੁਰਮੀਤ ਨੂੰ ਵਿਖਾਈ, "ਸ਼ੇਰੂ ਨੂੰ ਇਹ ਲਾਟੂ ਬੜਾ ਪਿਆਰਾ ਸੀ। ਜਦੋਂ ਅਸੀਂ ਜੰਗ ਨੂੰ ਗਏ ਤਾਂ ਉਹ ਇਹ ਲਾਟੂ ਨਾਲ ਲੈ ਗਿਆ। ਉਹ ਕਿਸੇ ਹੋਰ ਦੇ ਸਾਹਮਣੇ ਲਾਟੂ ਖੇਡਣ ਤੋਂ ਬੜਾ ਡਰਦਾ, ਪਰ ਜਦੋਂ ਵੀ ਅਸੀਂ ਸਵੇਰੇ ਜਾਂ ਸ਼ਾਮ ਇਕੱਲੇ ਹੁੰਦੇ ਤਾਂ ਉਹ ਲਾਟੂ ਕਢਦਾ ਤੇ ਖੇਡਣ ਲਗ ਜਾਂਦਾ। ਉਸ ਮੇਰੇ ਕੋਲੋਂ ਗੁਰੂ ਨਾਨਕ ਦੇਵ ਜੀ ਦੀ ਕਸਮ ਚੁਕਾਈ ਕਿ ਮੈਂ ਉਹਦੇ ਇਸ ਭੇਤ ਬਾਰੇ ਕਿਸੇ ਨੂੰ ਨਹੀਂ ਦੱਸਾਂਗਾ। ਹੁਣ ਮੈਂ ਤੈਨੂੰ ਦਸ ਰਿਹਾ ਹਾਂ। ਗੁਰੂ ਸਾਹਿਬ ਮੇਰੇ ਨਾਲ ਨਾਰਾਜ਼ ਤਾਂ ਨਹੀਂ ਹੋਣਗੇ ? ਹੁਣ ਸ਼ੇਰੂ ਮਰ ਚੁਕਾ ਹੈ।"

"ਨਹੀਂ ! ਕੋਈ ਹਰਜ ਨਹੀਂ ਅਜੀਤ !"

"ਇਹ ਲਾਟੂ ਸ਼ੇਰੂ ਦੀ ਪਤਲੂਨ ਵਿਚ ਸੀ। ਤੂੰ ਜਾਣਦੀ ਹੈਂ ਮੈਂ ਤਾਂ ਆਪਣਾ ਪਜਾਮਾ ਭਾਵੇਂ ਸਾਰੀ ਲੜਾਈ ਵਿਚ ਨਹੀਂ ਬਦਲਿਆ, ਪਰ ਸ਼ੇਰੂ ਨੇ ਜਾਂਦਿਆਂ ਹੀ ਵਰਦੀ ਦੀ ਪਤਲੂਨ ਤੇ ਕੁੜਤੀ ਲੈ ਲਈ ਤੇ ਆਪਣੇ ਅੱਬੇ ਨੂੰ ਛੋਟੀ ਕਰ ਕੇ ਮੇਚ ਕਰਨ ਵਾਸਤੇ ਕਿਹਾ। ਚੌਧਰੀ ਮੁਹੰਮਦ ਅਸਮਤ ਬੜਾ ਹੱਸਿਆ ਤੇ ਉਸ ਆਖਿਆ, 'ਤੇਰੀ ਮਾਂ ਨੂੰ ਵੀ ਨਾਲ ਲੈ ਆਉਂਦੇ ਸ਼ੇਰੂ ਤਾਂ ਚੰਗਾ ਹੁੰਦਾ।' ਪਰ ਉਸ ਪਤਲੂਨ ਤੇ ਕੁੜਤੀ ਸ਼ੇਰੂ ਦੇ ਮੇਚ ਦੀ ਕਰ ਹੀ ਦਿਤੀ। ਇਹ ਲਾਟੂ ਉਹਦੀ ਪਤਲੂਨ ਦੀ ਜੇਬ ਵਿਚ ਸੀ।"

"ਤੇ ਇਹ ਐਲਬਮ ਲੰਡਨ ਦਾ ਹੈ। ਇਹ ਮੈਂ ਗੋਰੇ ਦੀ ਕੁੜਤੀ ਦੀ ਉਪਰਲੀ ਜੇਬ ਵਿਚੋਂ ਕਢਿਆ। ਇਹ ਸ਼ੈ ਹੀ

Scanned by CamScanner

ਸਭ ਤੋਂ ਪਹਿਲੇ ਹੱਥ ਮੇਰੇ ਆਈ। ਬੇਬੇ ! ਤੈਨੂੰ ਵਿਖਾਵਾਂ ਲੰਡਨ ਦੀ ਚਿੱਤਰ ?"

"ਵਿਖਾ, ਪੁੱਤਰ...।"

"ਅਹਿ ਵੇਖ, ਵੈੱਸਟ ਮਨਿਸਟਰ ਐਬੇ ਹੈ। ਵੈੱਸਟ ਮਨਿਸਟਰ ਦੀ ਮੈਨੂੰ ਸਮਝ ਨਹੀਂ ਕੀ ਹੁੰਦਾ ਹੈ, ਪਰ ਐਬੇ ਦਾ ਮਤਲਬ ਹੈ ਗਿਰਜਾ। ਇਹ ਤਸਵੀਰ ਦਰਿਆ ਟੇਮਜ਼ ਦੀ ਹੈ। ਇਹ ਵਾਟਰਲੂ ਸਟਰੀਟ ਹੈ। ਇਹ ਕਰਿਟਸ਼ ਮੀਊਜ਼ੀਅਮ ਹੈ। ਮੀਊਜ਼ੀਅਮ ਦਾ ਅਰਥ ਹੈ ਅਜਾਇਬਘਰ। ਮੈਂ ਅੰਗਰੇਜ਼ੀ ਚੰਗੀ ਪੜ੍ਹ ਲੈਂਦਾ ਹਾਂ ਨਾ ਬੇਬੇ ?

"ਕਿਉਂ ਨਹੀਂ, ਪੁੱਤਰ ! ਤੂੰ ਤਾਂ ਮੈਨੂੰ ਜਾਪਦਾ ਹੈ ਆਪਣੇ ਉਸਤਾਦ ਨਾਲੋਂ ਵੀ ਚੰਗਾ ਹੋ ਗਿਆ ਹੈਂ।"

"ਬੇਬੇ ! ਤੇਰਾ ਜੀ ਕਰਦਾ ਹੈ ਲੰਡਨ ਵੇਖਣ ਨੂੰ। ਭਾਵੇਂ ਮੈਂ ਗੋਰਿਆਂ ਨੂੰ ਨਫ਼ਰਤ ਕਰਦਾ ਹਾਂ, ਪਰ ਮੇਰਾ ਜੀ ਕਰਦਾ ਹੈ ਕਿ ਮੈਂ ਲੰਡਨ ਵੇਖਾਂ। ਲੰਡਨ ਵੀ ਤੇ ਪੈਰਸ ਵੀ। ਉਹ ਕਿਹੋ ਜਿਹੇ ਸ਼ਹਿਰ ਹੋਣਗੇ ? ਕੀ ਗੋਰੇ ਸਾਡੇ ਨਾਲੋਂ ਬੜੇ ਕਾਬਿਲ ਹਨ ?"

"ਐਵੇਂ ਕਹਿਣ ਦੀ ਗੱਲ ਹੈ, ਅਜੀਤ ! ਉਂਜ ਸਾਡਾ ਲਾਹੌਰ ਕਿਸ ਸ਼ਹਿਰ ਨਾਲੋਂ ਘਟ ਹੈ। ਹਰਪਾਲ ਕਹਿੰਦਾ ਹੁੰਦਾ ਸੀ ਕਿ ਦਿੱਲੀ ਤੇ ਆਗਰਾ ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਸ਼ਹਿਰਾਂ ਵਿਚੋਂ ਹਨ।"

"ਪਰ ਮੈਂ ਕਿਹੜਾ ਦਿੱਲੀ ਤੇ ਆਗਰਾ ਵੇਖੇ ਹਨ।"

"ਅਜੇ ਤੇਰੀ ਉਮਰ ਹੀ ਕੀ ਹੈ, ਅਜੀਤ ! ਹਾਂ ਤੇ ਇਹ ਅਲਬੀ — ਕੀ ਕਿਹਾ ਸੀ ਤੂੰ ਐਲਬ...।"

ਪਲ ਦੀ ਪਲ ਲਈ ਅਜੀਤ ਮੁਸਕਰਾਇਆ :

"ਐਲਬਮ ਬੇਬੇ ! ਐਲਬਮ। ਮੈਂ ਇਹ ਐਲਬਮ ਸ਼ੇਰੂ ਦੀ ਮਾਂ ਵਾਸਤੇ ਲਿਆਂਦਾ ਹੈ। ਇਹ ਸੁਗਾਤ ਉਹਨਾਂ ਨੂੰ ਯਾਦ ਦਿਵਾਂਦੀ ਰਹੇਗੀ ਕਿ ਉਹਨਾਂ ਦਾ ਸ਼ੇਰੂ ਘਟੋ ਘਟ ਇਕ ਗੋਰਾ ਮਾਰ ਕੇ ਮਰਿਆ ਹੈ।

"ਸ਼ੇਰੂ ਦੀ ਲੋਥ ਤੋਂ ਥੋੜੀ ਦੂਰ ਅਗੇ ਆ ਕੇ ਮੈਂ ਵੇਖਿਆ ਕਿ ਬਹੁਤ ਸਾਰੇ ਗੋਰਿਆਂ, ਪੂਰਬੀਆਂ ਤੇ ਸਾਡੇ ਆਦਮੀਆਂ ਦੀਆਂ ਲਾਸ਼ਾਂ ਇਕੋ ਥਾਂ ਪਈਆਂ ਹਨ। ਏਥੇ ਜ਼ਰੂਰ ਬੜੀ ਸਖ਼ਤ ਲੜਾਈ ਹੋਈ ਹੋਵੇਗੀ। ਇਹਨਾਂ ਲਾਸ਼ਾਂ ਵਿਚੋਂ ਮੈਂ ਚੌਧਰੀ ਮੁਹੰਮਦ ਅਸਮਤ ਦੀ ਲਾਸ਼ ਲਭਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਿਤੇ ਨਜ਼ਰ ਨਾ ਪਈ। ਭਾਵੇਂ ਮੈਨੂੰ ਪੱਕਾ ਪਤਾ ਨਹੀਂ ਸੀ, ਪਰ ਮੇਰੇ ਦਿਲ ਦੀ ਆਵਾਜ਼ ਕਹਿੰਦੀ ਸੀ ਕਿ ਚੌਧਰੀ ਸ਼ਹੀਦ ਹੋ ਗਿਆ ਹੈ। ਇਹੋ ਗੱਲ ਪਿਛੋਂ ਸੱਚ ਨਿਕਲੀ।

"ਮੈਂ ਗੋਰਿਆਂ ਦੀਆਂ ਲਾਸ਼ਾਂ ਨੂੰ ਪੈਰਾਂ ਥੱਲੇ ਕੁਚਲਦਾ ਹੋਇਆ ਲੰਘਦਾ ਗਿਆ। ਕਿਤੇ ਕਿਸੇ ਦਾ ਟੱਪ ਪਿਆ ਸੀ ਤੇ ਕਿਤੇ ਕਿਸੇ ਦਾ ਸਿਰ ਧੜ ਨਾਲੋਂ ਵਖਰਾ ਹੋਇਆ ਹੋਇਆ। ਤਿੰਨ ਚਾਰ ਗੋਰੇ ਅਸਲੋਂ ਦੋ ਦੋ ਟੁਕੜੇ ਹੋਏ ਪਏ ਸਨ। ਮੈਂ ਇਕ ਗੋਰੇ ਦੇ ਸਿਰ ਨੂੰ ਠੁੱਡਾ ਮਾਰਿਆ, ਪਰ ਮੈਨੂੰ ਉਸ ਵੇਲੇ ਆਪਣੇ ਆਪ ਉੱਤੇ ਸ਼ਰਮ ਆਈ। ਕਿਉਂ ? ਮੈਨੂੰ ਪਤਾ ਨਹੀਂ। ਮੈਨੂੰ ਸ਼ਰ ਰਾਬਰਟ ਦੀ ਯਾਦ ਆ ਗਈ। ਮੈਨੂੰ ਲਗਾ ਮੈਂ ਇਉਂ ਚੰਗਾ ਨਹੀਂ ਕੀਤਾ। ਆਖ਼ਰ ਗੋਰਿਆਂ ਦੀ ਕੌਮ ਵਿਚ ਰਾਬਰਟ ਵਰਗੇ ਆਦਮੀ ਵੀ ਤਾਂ ਹਨ। ਮੈਂ ਕੋਈ ਪਾਪ ਤਾਂ ਨਹੀਂ ਕੀਤਾ ਬੇਬੇ ?

"ਨਹੀਂ, ਪਾਪ ਕਿਉਂ, ਅਜੀਤ। ਤੈਨੂੰ ਇਹੋ ਜਿਹਿਆਂ ਗੂਹੜ ਗਿਆਨ ਦੇ ਮਸਲਿਆਂ ਬਾਰੇ ਨਹੀਂ ਸੋਚਣਾ ਚਾਹੀਦਾ। ਪਾਪ ਤੇ ਪੁੰਨ ਤੋਂ ਤੂੰ ਉੱਪਰ ਹੈਂ ਅਜੀਤ।"

"ਦੌੜਦਾ ਦੌੜਦਾ ਮੈਂ ਆਪ ਜਰਨੈਲ ਉਮਰ ਦੀਨ ਦੇ ਨਿਕਟ ਜਾ ਪਹੁੰਚਿਆ। ਉਸ ਮੈਨੂੰ ਵੇਖਦਿਆਂ ਹੀ ਕਿਹਾ ਕਿ ਮੈਂ ਭੱਜ ਜਾਵਾਂ ਤੇ ਇਹ ਵੀ ਕਿ ਸਾਡੀ ਸੈਨਾ ਦੇ ਕਈ ਹੋਰ ਲੀਡਰ ਤੇ ਸਿਪਾਹੀ ਭੱਜ ਗਏ ਹਨ। ਮੈਂ ਉਹਨੂੰ ਕਿਹਾ ਕਿ ਮੈਂ ਮਾਹਿਲਾਂ ਦਾ ਪੁੱਤਰ ਹਾਂ ਤੇ ਭੱਜ ਕੇ ਜਾਣ ਵਾਲਾ ਨਹੀਂ। ਉਸ ਮੈਨੂੰ ਸ਼ਾਬਾਸ਼ ਦਿਤੀ ਤੇ ਕਿਹਾ : 'ਪਰ ਪੁੱਤਰ ਤੁਹਾਡੇ ਘਰਾਣੇ ਵਰਗੇ ਕਿੰਨੇ ਕੁ ਘਰਾਣੇ ਹੋਰ ਹਨ ਅਜ ਕਲ੍ਹ।' ਉਸ ਤਲਵਾਰ ਘੁਮਾਈ ਤੇ ਗੋਰਿਆਂ ਉੱਤੇ ਜਾ ਪਿਆ। ਬੇਬੇ ! ਸਾਡਾ ਹਰ ਸਿਪਾਹੀ ਸਿਰਫ਼ ਗੋਰਿਆਂ ਨਾਲ ਹੀ ਲੜਨਾ ਚਾਹੁੰਦਾ ਸੀ, ਪੂਰਬੀਆਂ ਨਾਲ ਅਸੀਂ ਤਲਵਾਰ ਖੜਕਾਣੀ ਆਪਣੀ ਹੱਤਕ ਸਮਝਦੇ ਸਾਂ। ਮੈਂ ਵੀ ਉਮਰ ਦੀਨ ਦੇ ਪਿਛੇ ਪਿਛੇ। ਉਮਰ ਦੀਨ ਉੱਤੇ ਇਕਾ ਇਕ ਤਿੰਨ ਗੋਰੇ ਆ ਪਏ, ਪਰ ਵਾਹ ਵਾਹ ਜਰਨੈਲ ਦੇ ! ਉਸ ਇਕ ਦੀ ਬਾਂਹ ਵਢ ਦਿਤੀ ਤੇ ਇਕ ਦਾ ਗਲਾ ਤੇ ਤੀਜੇ ਨੂੰ ਪਿਛੋਂ ਹੋ ਕੇ ਮੈਂ ਮਾਰ ਕਢਿਆ। ਉਮਰ ਦੀਨ ਨੇ ਮੈਨੂੰ ਫਿਰ ਸ਼ਾਬਾਸ਼ ਦਿਤੀ ਤੇ ਕਿਹਾ ਕਿ ਮੈਂ ਆਪਣੇ ਘਰਾਣੇ ਦਾ ਨਾਂ ਰੋਸ਼ਨ ਕਰਾਂਗਾ। ਫਿਰ ਜਲਦੀ ਹੀ ਉਮਰ ਦੀਨ ਮੇਰੀਆਂ ਅੱਖਾਂ ਤੋਂ ਓਝਲ ਹੋ ਗਿਆ।

Scanned by CamScanner

"ਹੁਣ ਅਸੀਂ ਆਪਣੇ ਸਜੇ ਪਾਸਿਉਂ ਇਕ ਸੈਨਾ ਆਉਂਦੀ ਵੇਖੀ। ਇਹ ਸਰਦਾਰ ਤੇਜ ਸਿੰਘ ਦੀ ਸੈਨਾ ਸੀ। ਇਹਨੂੰ ਵੇਖਦਿਆਂ ਹੀ ਸਾਰੇ ਪਾਸਿਉਂ ਬੋਲੇ ਸੋ ਨਿਹਾਲ ਤੇ ਸਤਿ ਸ੍ਰੀ ਅਕਾਲ ਦੇ ਜੈ ਕਾਰੇ ਸ਼ੁਰੂ ਹੋ ਗਏ। ਮੈਂ ਵੇਖਿਆ ਕਿ ਦੁਸ਼ਮਣ ਦੀ ਖਾਨਿਓਂ ਗਈ। ਉਹਨਾਂ ਦੇ ਹੌਸਲੇ ਢਹਿ ਗਏ ਤੇ ਸਾਡੇ ਹੌਸਲੇ ਵਧ ਗਏ। ਕਈ ਨੱਸਦੇ ਜਾਂਦੇ ਭੱਜਗਏ ਸਿਪਾਹੀ ਵੀ ਰੁਕ ਗਏ।"

"ਪਰ ਤੂੰ ਜਾਣਦੀ ਹੈਂ, ਬੇਬੇ ਕਿ ਹੋਇਆ ਕੀ ?"

"ਕੀ ?"

"ਬੇਬੇ ! ਇਸ ਫ਼ੌਜ ਨੇ ਸਾਨੂੰ ਦਗਾ ਦਿਤਾ। ਇਹਨਾਂ ਦੇ ਹੱਥ ਹਿਲਾਉਣ ਦੀ ਲੋੜ ਸੀ ਤੇ ਗੋਰਿਆਂ ਨੇ ਹਿਰਨਾਂ ਵਾਂਗ ਭਜ ਜਾਣਾ ਸੀ, ਪਰ ਇਹ ਤਾਂ ਮਾਨੋਂ ਜਾਣ ਕੇ ਨਹੀਂ ਲੜੇ। ਇਕ ਦੋ ਹੱਲੇ ਕੀਤੇ ਨੇ ਤੇ ਫਿਰ ਭਜ ਪਏ। ਇਹਨਾਂ ਨੂੰ ਭਜਦਿਆਂ ਵੇਖ ਕੇ ਸਾਡੀ ਸੈਨਾ ਵੀ ਉਖੜ ਗਈ।

"ਪਰ ਜੇ ਸੱਚ ਪੁੱਛੇ ਤਾਂ, ਬੇਬੇ ! ਤੇਜ ਸਿੰਘ ਦੀ ਸੈਨਾ ਦਾ ਕਸੂਰ ਕੋਈ ਨਹੀਂ। ਸਤਲੁਜੋਂ ਪਾਰ ਆ ਕੇ ਮੈਂ ਇਸ ਸੈਨਾ ਦੇ ਸਿਪਾਹੀਆਂ ਮੂੰਹੋਂ ਸੁਣਿਆ ਕਿ ਤੇਜ ਸਿੰਘ ਨੇ ਉਹਨਾਂ ਨੂੰ ਲੜਨ ਹੀ ਨਹੀਂ ਦਿਤਾ। ਇਕ ਇਕ ਸਿਪਾਹੀ ਨੇ ਮੰਗ ਕੀਤੀ ਕਿ ਉਹ ਇਕ ਰਾਤ ਪਹਿਲੇ ਸਾਡੀ ਸੈਨਾ ਨਾਲ ਆ ਮਿਲਣ, ਪਰ ਉੱਤੋਂ ਹੁਕਮ ਹੋਵੇ ਕਿ ਗੋਰਿਆਂ ਤੇ ਬਾਕੀ ਦੀ ਸਿੰਘ ਸੈਨਾ ਨੂੰ ਭਿੜ ਲੈਣ ਦਿਓ। ਜਦੋਂ ਗੋਰੇ ਥੱਕ ਜਾਣਗੇ ਤਾਂ ਅਡੋਪਲੇ ਉਹਨਾਂ ਉੱਤੇ ਜਾ ਪਵਾਂਗੇ ਤੇ ਮੈਦਾਨ ਮਾਰ ਲਵਾਂਗੇ। ਪਰ ਸਾਰੀ ਰਾਤ ਫ਼ੌਜ ਨੂੰ ਟੁਰਨ ਦਾ ਹੁਕਮ ਨਾ ਮਿਲਿਆ। ਸਵੇਰੇ ਵੀ ਸਿਪਾਹੀ ਉਤਾਵਲੇ ਸਨ, ਪਰ ਕੋਈ ਟੁਰਨ ਦਾ ਹੁਕਮ ਨਾ ਦੇਵੇ। ਹਾਂ ਜਦੋਂ ਉਹ ਮੈਦਾਨ ਵਿਚ ਪੁੱਜੇ ਤਾਂ ਵੀ ਜ਼ੋਰ ਦਾ ਹੱਲਾ ਨਾ ਹੋਇਆ। ਇਹ, ਕਿਉਂ ?"

"ਤੇਰੇ ਬਾਬੇ ਨੂੰ ਕਿਸੇ ਨੇ ਦਸਿਆ ਹੈ ਕਿ ਇਹ ਵੀ ਤੇਜ ਸਿੰਘ ਦੀ ਹੀ ਕਰਨੀ ਸੀ। ਉਹ ਆਪ ਜਲਦੀ ਹੀ ਭਜ ਪਿਆ।"

"ਇਹੋ ਹੀ ਬਾਕੀ ਸਿਪਾਹੀ ਕਹਿੰਦੇ ਸਨ, ਪਰ ਮੈਨੂੰ ਇਤਬਾਰ ਨਹੀਂ ਆਉਂਦਾ ਬੇਬੇ ! ਤੁਸੀਂ ਤੇ ਸਾਡੇ ਵਡੇਰੇ ਆਖਦੇ ਹਨ ਕਿ ਇਕ ਵਾਰੀ ਜੂਝ ਕੇ ਖ਼ਾਲਸੇ ਨੂੰ ਕੰਡ ਨਹੀਂ ਵਿਖਾਣੀ ਚਾਹੀਦੀ ਤੇ ਫਿਰ ਭਾਵੇਂ ਇਕ ਨੱਸੇ ਭਾਵੇਂ ਦੋ, ਖ਼ਾਲਸਾ ਕਿਉਂ ਨੱਸੇ। ਸਾਨੂੰ ਤਾਂ ਅੜੇ ਰਹਿਣਾ ਚਾਹੀਦਾ ਸੀ। ਜਿੱਤ ਤੇ ਹਾਰ ਬੇਸ਼ਕ ਰੱਬ ਦੇ ਹੱਥ ਹੈ, ਪਰ ਮਰਨਾ ਤਾਂ ਆਪਣੇ ਹੱਥ ਹੈ ਨਾ ?"

"ਠੀਕ ਹੈ, ਪੁੱਤਰ, ਪਰ ਕਿਸੇ ਕਿਸੇ ਵੇਲੇ ਆਦਮੀ ਮਜਬੂਰ ਹੋ ਜਾਂਦਾ ਹੈ।"

"ਮੈਂ ਵੀ ਬੇਬੇ ਮਜਬੂਰ ਹੀ ਹੋ ਗਿਆ ਸਾਂ। ਨਹੀਂ ਤਾਂ ਮੇਰੀ ਕੋਈ ਮਨਸ਼ਾ ਨਹੀਂ ਸੀ ਰਣਭੂਮੀ ਵਿਚੋਂ ਜੀਉ ਦਿਆਂ ਮੁੜਨ ਦੀ। ਮੁਦਕੀ ਵਿਚ ਵੀ ਤੇ ਫੇਰੂ ਸ਼ਹਿਰ ਵਿਚ ਵੀ ਮੈਨੂੰ ਯਾਦ ਨਹੀਂ ਕਿ ਮੈਂ ਜਾਣ ਕੇ ਲੜਨਾ ਬੰਦ ਕੀਤਾ ਹੋਵੇ। ਆਪਣੇ ਵਲੋਂ ਮੈਂ ਲੜਦਾ ਹੀ ਗਿਆ, ਪਰ ਪਤਾ ਨਹੀਂ ਕਿਵੇਂ ਕੁਝ ਚਿਰ ਪਿਛੋਂ ਮੈਂ ਆਪਣੇ ਆਪ ਨੂੰ ਉਹਨਾਂ ਸਿਪਾਹੀਆਂ ਵਿਚ ਵੇਖਿਆ ਜਿਹੜੇ ਕਿ ਪਿਛਾਂਹ ਮੁੜਦੇ ਜਾ ਰਹੇ ਸਨ। ਮੈਂ ਬੜਾ ਰੁਕਣਾ ਚਾਹਵਾਂ, ਪਰ ਮੇਰਾ ਰੁਕਣਾ ਮੁਮਕਿਨ ਨਹੀਂ ਸੀ ਹੁੰਦਾ। ਮੈਂ ਕੁਝ ਕਹਿਣੋਂ ਵੀ ਡਰਦਾ ਸਾਂ। ਮੈਂ ਬੜਾ ਨਿੱਕਾ ਹਾਂ, ਬੇਬੇ ! ਮੈਂ ਝੱਕ ਜਾਂਦਾ ਸਾਂ।"

"ਮੇਰੇ ਲਾਲ", ਗੁਰਮੀਤ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਪਏ, "ਤੂੰ ਬਾਲ ਨਹੀਂ, ਮਹਾਂ ਪੁਰਸ਼ ਹੈਂ। ਜੇ ਖ਼ਾਲਸੇ ਦੀ ਕਦੀ ਗਤੀ ਹੋਈ ਤਾਂ ਉਹ ਕਿਸੇ ਤੇਰੇ ਜਿਹੇ ਮਹਾਂ ਪੁਰਸ਼ ਦੇ ਹੱਥੋਂ ਹੀ ਹੋਏਗੀ।

"ਕੀ ਬੇਬੇ ?"

"ਕੁਝ ਨਹੀਂ ! ਕੁਝ ਨਹੀਂ !!"

"ਬੇਬੇ ! ਗੁਰੂ ਗੋਬਿੰਦ ਸਿੰਘ ਜੀ ਮੈਨੂੰ ਫਿਟਕਾਰਾਂ ਤਾਂ ਨਹੀਂ ਪਾਣਗੇ ਕਿ ਮੈਂ ਰਣਭੂਮੀ ਵਿਚੋਂ ਜੀਂਦਾ ਮੁੜ ਆਇਆ ਹਾਂ। ਉਹਨਾਂ ਦੇ ਸਾਹਿਬਜ਼ਾਦੇ ਜੁਝਾਰ ਸਿੰਘ ਤੇ ਅਜੀਤ ਸਿੰਘ ਰਣਭੂਮੀ ਵਿਚ ਹੀ ਸ਼ਹੀਦ ਹੋਏ ਸਨ। ਮੇਰੇ ਬਾਬੇ ਤੇ ਸਾਡੇ ਘਰਾਣੇ ਦੇ ਮੋਢੀ ਸਰਦਾਰਾਂ ਉੱਤੇ ਕੋਈ ਹਰਫ਼ ਤਾਂ ਨਹੀਂ ਆਇਆ ?"

"ਨਹੀਂ ਲਾਲ !" ਰੁਕਦੀ ਰੁਕਦੀ ਗੁਰਮੀਤ ਫਿਰ ਫੁਟ ਪਈ। ਉਸ ਅਜੀਤ ਨੂੰ ਆਪਣ ਗਲ ਨਾਲ ਲਾਇਆ।

'ਨਹੀਂ ਮੇਰੇ ਲਾਲ ਤੂੰ ਉਹਨਾਂ ਦੇ ਨਾਂ ਉੱਤੇ ਹਰਫ ਨਹੀਂ ਲਿਆਂਦਾ ਸਗੋਂ ਉਹਨਾਂ ਦੇ ਨਾਂ ਨੂੰ ਚਾਰ ਚੰਨ ਲਾਏ

Scanned by CamScanner

ਹਨ । ਤੂੰ ਕਿਹੋ ਜਿਹੀਆਂ ਗੱਲਾਂ ਕਰ ਰਿਹਾ ਹੈਂ ਮੇਰੇ ਸੰਹਣੇ ?"

ਉਸ ਅਜੀਤ ਨੂੰ ਚੁਮਿਆ ।

"ਬੇਬੇ ਤੂੰ ਰੋਈ ਕਿਉਂ ਹੈਂ ?"

'ਮੈਂ ਖ਼ੁਸ਼ੀ ਦੇ ਅੱਥਰੂ ਕੇਰ ਰਹੀ ਹਾਂ ਮੇਰੇ ਲਾਲ । ਤੇਰੀ ਬਹਾਦਰੀ ਤੇ ਵਡਿਆਈ ਉੱਤੇ ਮੈਂ ਐਨੀ ਖ਼ੁਸ਼ ਹਾਂ ।"

"ਹੁਣ ਕੀ ਹੋਵੇਗਾ ਬੇਬੇ ?"

"ਹੁਣ ਕੀ ਹੋਵੇਗਾ ? ਹੁਣ ਕੀ ਹੋਣਾ ਹੈ । ਲੜਾਈ ਜਾਰੀ ਰਹੇਗੀ ਮੇਰੇ ਚੰਨ ਪੁੱਤਰ । ਅਸੀਂ ਹਾਰ ਨਹੀਂ ਮੰਨਣੀ ਤੇ ਅੋਰਕੀ ਜੋ ਕੁਝ ਹੋਵੇ ਮੈਂ ਤੇਰੇ ਬਾਬੇ ਤੇ ਸ਼ਾਮ ਸਿੰਘ ਅਟਾਰੀ ਨੂੰ ਜ਼ਰੂਰ ਭੇਜਣਾ ਹੈ ਜੰਗ ਵਿਚ । ਫਿਰ ਵੇਖੀਂ...!"

"ਸੱਚ ਮਾਂ ! ਤੂੰ ਨਹੀਂ ਜਾਣਦੀ ਕਿਵੇਂ ਹਰ ਸਿਪਾਹੀ ਅਟਾਰੀ ਵਾਲੇ ਤੇ ਮਾਹਿਲ ਸਰਦਾਰਾਂ ਨੂੰ ਯਾਦ ਕਰਦਾ ਸੀ। ਉਹ ਹੈਰਾਨ ਸਨ ਕਿ ਇਹ ਦੋਵੇਂ ਸਰਦਾਰ ਕਿਉਂ ਜੰਗ ਵਿਚ ਸ਼ਾਮਲ ਨਹੀਂ ਹੋਏ । ਪੈਰ ਪੈਰ ਉਹ ਇਹਨਾਂ ਨੂੰ ਯਾਦ ਕਰਦੇ ਤੇ ਕੁਰਲਾਂਦੇ । ਕਿਸੇ ਕਿਸੇ ਨੇ ਤਾਂ ਏਥੋਂ ਤਕ ਵੀ ਕਿਹਾ ਕਿ ਇਹਨਾਂ ਦੋ ਸਰਦਾਰਾਂ ਦੇ ਆਉਣ ਤੋਂ ਪਹਿਲੇ ਪਹਿਲੇ ਤੇਜ ਸਿੰਘ ਤੇ ਲਾਲ ਸਿੰਘ ਖ਼ਾਲਸਾ ਫ਼ੌਜ ਨੂੰ ਮਰਵਾ ਦੇਣਾ ਚਾਹੁੰਦੇ ਹਨ ।"

'ਤੈਨੂੰ ਕੀ ਇਹਨਾਂ ਗੱਲਾਂ ਨਾਲ, ਅਜੀਤ ! ਤੂੰ ਆਪਣਾ ਸਿਦਕ ਨਾ ਤੋੜੀਂ ਗੁਰੂ ਬਾਜਾਂ ਵਾਲਾ ਤੇਰਾ ਸਾਂਝੀ ਹੋਏਗਾ ।"

"ਮੈਂ ਜ਼ਰੂਰ ਲੜਾਂਗਾ ਅਗਲੀ ਲੜਾਈ ਵੀ ਬੇਬੇ । ਮੈਨੂੰ ਲੜਨਾਂ ਚੰਗਾ ਲਗਦਾ ਹੈ ।"

"ਕਿਉਂ ਨਹੀਂ, ਪੁੱਤਰ । ਤੇਰਾ ਘਰਾਣਾ ਸਦਾ ਸਚਾਈ ਦੀ ਜਿੱਤ ਵਾਸਤੇ ਲੜਿਆ ਹੈ । ਮਾਹਿਲਾਂ ਦੇ ਪੁੱਤਰ ਜੰਮਦੇ ਹੀ ਸ਼ੇਰ ਹੁੰਦੇ ਹਨ ।"

"ਤੇ ਬੇਬੇ, ਮੈਨੂੰ ਮੇਰੀ ਤੋਪ ਨਹੀਂ ਭੁਲਦੀ । ਤੂੰ ਜਾਣਦੀ ਹੈਂ ਅਸੀਂ ਆਪਣੇ ਨਾਲ ਇਕ ਤੋਪ ਵੀ ਬਚਾਅ ਕੇ ਨਹੀਂ ਲਿਆ ਸਕੇ । ਸਾਰੀਆਂ ਦੀਆਂ ਸਾਰੀਆਂ ਅੰਗਰੇਜ਼ਾਂ ਹੱਥ ਲਗ ਗਈਆਂ ਹਨ ਤੇ ਉਹ ਹੁਣ ਉਹਨਾਂ ਨੂੰ ਸਾਡੇ ਵਿਰੁਧ ਵਰਤਣਗੇ । ਹੁਣ ਜਿੱਤ ਹੋਰ ਵੀ ਕਠਨ ਨਹੀਂ ਹੋ ਗਈ ਕੀ ?"

"ਨਹੀਂ, ਪੁੱਤਰ", ਗੁਰਮੀਤ ਨੇ ਆਪਣੇ ਅੱਥਰੂ ਪੂੰਝੇ । "ਹੁਣ ਬਸ ਕਰ ਬਾਕੀ ਗੱਲਾਂ ਫਿਰ ਕਰਾਂਗੇ ।"

"ਤੂੰ ਮੰਨੇਂਗੀ ਨਹੀਂ, ਪਰ ਪਿਛਲੀਆਂ ਦੋ ਰਾਤਾਂ ਤੋਂ ਮੈਨੂੰ ਨੂਰ ਅਹਿਮਦ ਤੇ ਆਪਣੀ ਤੋਪ ਦੇ ਸੁਪਨੇ ਆਉਂਦੇ ਰਹੇ ਹਨ । ਨੂਰ ਅਹਿਮਦ ਬੜਾ ਚੰਗਾ ਸੀ, ਬੇਬੇ । ਉਹ ਮੈਨੂੰ ਬੜਾ ਪਿਆਰ ਕਰਦਾ ਸੀ । ਉਸੇ ਹੀ ਮੈਨੂੰ ਤੋਪ ਦੀ ਸਿਖਲਾਈ ਦਿਤੀ । ਉਸ ਹੀ ਮੈਨੂੰ ਤੋਪਾਂ ਵਿਚ ਮਾਹਿਰ ਕੀਤਾ । ਬੇਬੇ ! ਚੰਗੇ ਤੇ ਬਹਾਦਰ ਆਦਮੀ ਜਲਦੀ ਕਿਉਂ ਮਰ ਜਾਂਦੇ ਹਨ ?"

ਗੁਰਮੀਤ ਦੇ ਸੀਨੇ ਵਿਚ ਇਕ ਚੀਸ ਪਈ, "ਬਸ ! ਬਸ !! ਹੁਣ ਇਹਨਾਂ ਗੱਲਾਂ ਨੂੰ ਬਸ ਕਰ । ਜਾ ਵੇਖ ਤੇਰਾ ਬਾਬਾ ਆਇਆ ਹੈ ਅਟਾਰੀਉਂ ਕਿ ਨਹੀਂ ?"

Scanned by CamScanner

ਫ਼ੌਜੀ ਨੇਤਾ ਦਾ ਇਕ ਸਭ ਤੋਂ ਵਡਾ ਗੁਣ ਇਹ ਹੈ ਕਿ ਉਹ ਵੱਡਾ ਵੱਡਾ ਸੋਚੇ । ਉਹਦੀ ਭਗੋਲਕ ਦਰਿਸ਼ਟੀ ਵਿੱਚ ਆਪਣਾ ਸਾਰਾ ਦੇਸ਼ ਤੇ ਦੁਸ਼ਮਣ ਦਾ ਵੀ ਸਮੁੱਚਾ ਦੇਸ਼ ਸਮਾਵੇ । ਉਹਨੂੰ ਉਹਨਾਂ ਹੱਦਾਂ ਤਕ ਸੋਚਣਾ ਚਾਹੀਦਾ ਹੈ ਜਿਨ੍ਹਾਂ ਹੱਦਾਂ ਤਕ ਕਿ ਦੁਸ਼ਮਣ ਦੀ ਸੈਨਾ ਆਪਣੀ ਜਿੱਤ ਜਾਂ ਹਾਰ ਵਿਚ ਪਹੁੰਚ ਸਕਦੀ ਹੈ । ਜੇ ਦੁਸ਼ਮਣ ਦੀ ਸੈਨਾ ਜਿੱਤ ਗਈ ਤੇ ਜਿੱਤਦੀ ਗਈ ਤਾਂ ਉਹ ਸੋਚਦਾ ਹੈ ਕਿ ਕਿਥੇ ਕਿਥੇ ਉਹ ਉਹਨੂੰ ਰੋਕ ਪਾ ਸਕਦਾ ਹੈ ਤੇ ਆਖ਼ਰੀ ਮੋਰਚਾ ਕਿਥੇ ਲਗੇਗਾ ? ਜੇ ਉਹਦੀ ਹਾਰ ਹੋਈ ਤਾਂ ਕਿਥੇ ਕਿਥੇ ਦਸ਼ਮਣ ਵਿਜਈ ਸੈਨਾ ਨੂੰ ਠਲ੍ਹ ਸਕਦਾ ਹੈ ਤੇ ਉਹਦਾ ਆਖ਼ਰੀ ਮੋਰਚਾ ਕਿਥੇ ਹੋਵੇਗਾ ।

ਮਹਾਨ ਫ਼ੌਜੀ ਨੇਤਾ ਨਦੀਆਂ, ਨਾਲ਼ਿਆਂ, ਆਡਾਂ ਦੀ ਮੇਚਾ ਮਾਚੀ ਵਿਚ ਨਹੀਂ ਪੈਂਦਾ । ਉਹ ਦੇਸ਼ ਦੀਆਂ ਸਮੁੱਚੀਆਂ ਭੂਗੋਲਕ ਸਚਿਆਈਆਂ ਵਲ ਵੇਖਦਾ, ਆਪਣੇ ਇਰਾਦੇ ਘੜਦਾ ਹੈ । ਦੋ ਚਾਰ ਸੌ ਜਾਂ ਇਸ ਤੋਂ ਵੀ ਵਧ ਮੀਲ ਆਸੇ ਪਾਸੇ ਵੇਖਣਾ ਕੋਈ ਵਡੀ ਗੱਲ ਨਹੀਂ ।

ਜੇ ਇਉਂ ਵੱਡਾ ਵੱਡਾ ਕੋਈ ਨੇਤਾ ਸੋਚ ਸਕਦਾ ਤਾਂ ਸਿੱਖ ਸੈਨਾ ਸਤਲੁਜ ਪਾਰ ਕਰ ਕੇ ਸਤਲੁਜ ਦੇ ਕਿਨਾਰੇ ਹੀ ਨਾ ਸੁਕਦੀ ਰਹਿੰਦੀ । ਫੇਰੂ ਸ਼ਹਿਰ ਦੀ ਲੜਾਈ ਦੇ ਸਮੇਂ ਤਕ ਉਸ ਘਟੋ ਘਟ ਦਿੱਲੀ ਪੁੱਜਿਆ ਹੋਣਾ ਸੀ ।

ਜੇ ਸਰਦਾਰ ਤੇਜ ਸਿੰਘ ਤੇ ਸਰਦਾਰ ਲਾਲ ਸਿੰਘ ਦੇ ਥੱਲੇ ਦੀ ਸੈਨਾ ਸਤਲੁਜ ਪਾਰ ਕਰਦਿਆਂ ਹੀ ਫ਼ੀਰੋਜ਼ਪੁਰ ਨੂੰ ਫ਼ਤਿਹ ਕਰ ਲੈਂਦੀ ਤਾਂ ਇਕ ਤਾਂ ਦੁਸ਼ਮਣ ਦੇ ਅਠ ਦਸ ਹਜ਼ਾਰ ਆਦਮੀ ਮਾਰੇ ਜਾਂਦੇ ਜਾਂ ਗ੍ਰਿਫ਼ਤਾਰ ਕਰ ਲਏ ਜਾਂਦੇ ਤੇ ਦੂਜਾ ਫ਼ੀਰੋਜ਼ਪੁਰ ਵਿਚਲੇ ਸਾਮਾਨ, ਬਾਰੂਦ ਤੇ ਖ਼ੁਰਾਕ ਦਾ ਜ਼ਖ਼ੀਰਾ ਉਹਨਾਂ ਹੱਥ ਲਗ ਜਾਂਦਾ । ਜਿੰਨੇ ਚਿਰ ਵਿਚ ਇਸ ਫ਼ੌਜ ਨੇ ਫ਼ੀਰੋਜ਼ਪੁਰ ਫ਼ਤਿਹ ਕਰਨਾ ਸੀ ਉਨੇ ਚਿਰ ਵਿਚ ਹੀ ਸਰਦਾਰ ਰਣਜੋਧ ਸਿੰਘ ਜਾਂ ਕਿਸੇ ਹੋਰ ਸਰਦਾਰ ਥੱਲੇ ਦੂਜੀ ਸੈਨਾ ਨੇ ਲੁਧਿਆਣੇ ਉੱਤੇ ਕਬਜ਼ਾ ਕਰ ਲੈਣਾ ਸੀ । ਲੁਧਿਆਣੇ ਵਿਚ ਵੀ ਉਸ ਵੇਲੇ ਦੁਸ਼ਮਣ ਦੀ ਗਿਣਤੀ ਥੋੜ੍ਹੀ ਸੀ ਤੇ ਨਾ ਹੀ ਅੰਡ੍ਹੀ ਕਾਹਲੀ ਵਿਚ ਅੰਗਰੇਜ਼ ਲੁਧਿਆਣੇ ਦੇ ਬਚਾਅ ਨੂੰ ਪੱਕਾ ਕਰ ਸਕਦੇ ਸਨ ।

ਫ਼ੀਰੋਜ਼ਪੁਰ ਫ਼ਤਿਹ ਕਰ ਕੇ ਸੱਜੇ ਹੱਥ ਵਾਲੀ ਫ਼ੌਜ ਫ਼ਰੀਦਕੋਟ ਤੋਂ ਹੁੰਦੀ ਹੋਈ ਜਾਂ ਤਾਂ ਪਟਿਆਲੇ ਰਾਹੀਂ ਅੰਬਾਲੇ ਜਾ ਪੁਜਦੀ, ਜਾਂ ਬਠਿੰਡੇ ਤੇ ਜਾਖਲ ਰਾਹੀਂ ਕਰਨਾਲ ਤੇ ਜਾਂ ਜੀਂਦ ਤੇ ਰੋਹਤਕ ਰਾਹੀਂ ਸਿੱਧੀ ਦਿੱਲੀ । ਲੁਧਿਆਣੇ ਨੂੰ ਸਰ ਕਰਨ ਵਾਲੀ ਖੱਬੇ ਹੱਥ ਦੀ ਫੌਜ ਨੂੰ ਏਧਰ ਉਧਰ ਦੀਆਂ ਸੋਚਣ ਦੀ ਲੋੜ ਹੀ ਨਹੀਂ ਸੀ । ਉਹਦੇ ਸਾਹਮਣੇ ਜਰਨੈਲੀ ਸੜਕ ਖੁਲ੍ਹੀ ਸੀ । ਲੁਧਿਆਣਾ, ਸਰਹਿੰਦ, ਅੰਬਾਲਾ, ਕਰਨਾਲ, ਪਾਨੀਪਤ ਤੇ ਦਿੱਲੀ ।

ਜੇ ਕੋਈ ਵੱਡਾ ਵੱਡਾ ਸੋਚਣ ਵਾਲਾ ਨੇਤਾ ਚੁੰਦਾ ਤੇ ਵਡੇ ਵਡੇ ਹੱਥਾਂ ਨਾਲ ਪਲੈਨ ਨੂੰ ਨੇਪਰੇ ਚਾੜ੍ਹਨ ਵਾਲੇ ਦੇ ਤਿੰਨ ਸੈਨਾਪਤੀਆਂ ਦਾ ਤਾਂ ਇਉਂ ਕੁਝ ਦਿਨਾਂ ਵਿਚ ਹੀ ਦਿੱਲੀ ਪਹੁੰਚਣਾ ਅਨਹੋਣਾ ਨਹੀਂ ਸੀ । ਅੰਗਰੇਜ਼ਾਂ ਨੇ ਬੇਸ਼ਕ ਲੜਾਈ ਦੀ ਤਿਆਰੀ ਕੀਤੀ ਹੋਈ ਸੀ, ਪਰ ਉਹਨਾਂ ਲੜਾਈ ਦੀ ਤਿਆਰੀ ਕੀਤੀ ਸੀ ਇਕ ਕਮਜ਼ੋਰ ਫ਼ੌਜ ਦੇ ਸਾਹਮੁਖ । ਉਸ ਵੇਲੇ ਤਕ ਹਿੰਦੁਸਤਾਨ ਵਿਚ ਆਏ ਅੰਗਰੇਜ਼ਾਂ ਦੇ ਦਿਮਾਗ਼ ਤੇ ਸਰੀਰ ਫਿੱਟ ਚੁਕੇ ਸਨ । ਉਹ ਕਿਸੇ ਨੂੰ ਆਪਣੇ ਪਾਏ ਦਾ ਨਹੀਂ ਸਨ ਸਮਝਦੇ । ਬੇਸ਼ਕ ਸੈਨਾਪਤੀ ਸਰ ਹੈਨਰੀ ਫ਼ੇਨ ਨੇ ਪੰਜਾਬ ਨੂੰ ਜਿੱਤਣ ਵਾਸਤੇ ਦੋ ਵਰ੍ਹੇ ਤੋਂ ਵਧ ਸਮੇਂ ਦਾ ਤੇ ਸੱਠ ਹਜ਼ਾਰ ਤੋਂ ਵਧ ਫ਼ੌਜ ਦਾ ਅੰਦਾਜ਼ਾ ਲਾਇਆ ਸੀ, ਪਰ ਹੁਣ ਤਕ ਭਾਰਤ ਵਾਸੀਆਂ ਦੀਆਂ ਅਤਿ ਮਾੜੀਆਂ ਭੁਜਾਂ ਵੇਖ ਕੇ ਪਿਛੋਂ ਆਉਂਦੇ ਅੰਗਰੇਜ਼ ਸੈਨਾਪਤੀ ਤੇ ਅਫ਼ਸਰ ਸਮਝਣ ਲਗ ਪਏ ਸਨ ਕਿ ਸਰ ਹੈਨਰੀ ਫ਼ੇਨ ਦੇ ਅੰਦਾਜ਼ੇ ਗ਼ਲਤ ਹਨ । ਉਹ ਅਨੇਕ ਵਰ੍ਹੇ ਪਹਿਲੇ ਵਖਰੇ ਹਾਲਾਤਾਂ ਥੱਲੇ ਲਾਏ ਗਏ ਅੰਦਾਜ਼ੇ ਸਨ । ਹੁਣ ਹਾਲਾਤ ਹੋਰ ਸਨ । ਹੁਣ ਪੰਜਾਬ ਨੂੰ ਛਡ ਕੇ ਅੰਗਰੇਜ਼ ਸਾਰੇ ਹਿੰਦੁਸਤਾਨ ਉੱਤੇ ਕਾਬਿਜ਼ ਹੋ ਚੁਕੇ ਸਨ ਤੇ ਅਫ਼ਗਾਨਿਸਤਾਨ ਵਿਚ ਵੀ ਉਹਨਾਂ ਦੇ ਪੈਰ ਲਗ ਗਏ ਸਨ । ਹੁਣ ਪੰਜਾਬ ਨੂੰ

Scanned by CamScanner

ਜਿੱਤਣਾ ਔਡਾ ਮੁਸ਼ਕਲ ਨਹੀਂ। ਉਹਨਾਂ ਨੇ ਜੰਗ ਦੀ ਤਿਆਰੀ ਕੀਤੀ, ਪਰ ਆਪਣਿਆਂ ਅੰਦਾਜ਼ਿਆਂ ਨਾਲ। ਗਵਰਨਰ ਜਨਰਲ ਸਰਹੱਦ ਵਲ ਟੁਰ ਵੀ ਪਿਆ ਕਿਉਂਕਿ ਉਹਦਾ ਖ਼ਿਆਲ ਸੀ ਕਿ ਇਸ ਆਖ਼ਰੀ ਕਦਮ ਵਾਸਤੇ ਕੋਈ ਗੱਲ ਨੈਤ ਉੱਤੇ ਛੜਣੀ ਨਹੀਂ ਚਾਹੀਦੀ। ਉਹਨਾਂ ਬੜੀਆਂ ਤੋਪਾਂ ਇਕੱਠੀਆਂ ਕੀਤੀਆਂ, ਪਰ ਭਾਰੀ ਤੋਪਾਂ ਨਾ ਮੰਗਵਾਈਆਂ। ਉਹਨਾਂ ਨੇ ਚਾਲੀ ਹਜ਼ਾਰ ਤੋਂ ਵੀ ਵਧ ਸੈਨਾ ਇਕੱਠੀ ਕੀਤੀ, ਪਰ ਉਹਨਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਸਿੰਘ ਕਿਸ ਤੇਜ਼ੀ ਨਾਲ ਅਗੇ ਵਧ ਸਕਦੇ ਹਨ ਤੇ ਹਿੰਦੁਸਤਾਨ ਦੀਆਂ ਬਾਕੀਆਂ ਕੌਮਾਂ ਦੇ ਮੁਕਾਬਲੇ ਵਿਚ ਇਹ ਕਿੰਨਾ ਚੰਗੇਰਾ ਲੜ ਸਕਦੇ ਹਨ। ਬੇਸ਼ਕ ਉਨ੍ਹਾਂ ਲਾਲ ਸਿੰਘ ਤੇ ਤੇਜ ਸਿੰਘ ਨੂੰ ਅਗੇ ਵਧਣ ਵਾਸਤੇ ਕਿਹਾ ਸੀ ਪਰ ਕੀ ਖ਼ਾਲਸਾ ਐਡੀ ਜਲਦੀ ਸਤਲੁਜ ਪਾਰ ਕਰ ਲਵੇਗਾ ? ਉਹਨਾਂ ਨੂੰ ਕਿਆਸ ਤਕ ਵੀ ਨਹੀਂ ਸੀ।

ਉਹਨਾਂ ਦੀ ਕੁਝ ਫ਼ੌਜ ਫ਼ੀਰੋਜ਼ਪੁਰ ਸੀ, ਕੁਝ ਲੁਧਿਆਣੇ, ਕੁਝ ਅੰਬਾਲੇ, ਪਰ ਬਹੁਤਾ ਸਾਮਾਨ ਆਦਿ ਅਜੇ ਤਕ ਮੇਰਠ ਹੀ ਸੀ। ਏਸੇ ਲਈ ਜੇ ਦੋਹਾਂ ਹੱਥੀਂ ਖ਼ਾਲਸਈ ਸੈਨਾ ਦਿੱਲੀ ਨੂੰ ਆਪਣਾ ਨਿਸ਼ਾਨਾ ਮਿੱਥ ਕੇ ਇਸ ਇਤਿਹਾਸਕ ਸ਼ਹਿਰ ਉੱਤੇ ਦਸਤ ਪੰਜਾ ਕਰਨਾ ਲੋੜਦੀ ਤਾਂ ਇਹਨਾਂ ਸਾਹਮਣੇ ਕੋਈ ਅਟਕ ਨਹੀਂ ਸੀ ਸਕਦਾ।

ਸਿੱਖ ਸੈਨਾ ਕੋਲ ਸਾਮਾਨ ਦੀ ਘਾਟ ਨਹੀਂ ਸੀ। ਗੋਲਾ ਬਾਰੂਦ ਬੜਾ ਸੀ। ਕੁਲ ਪੰਜਾਬ ਵਿਚ ਚਾਰ ਸੌ ਚੁਰਾਸੀ ਤੋਪਾਂ ਸਨ। ਇਹਨਾਂ ਵਿਚੋਂ ਘਟੋ ਘਟ ਤਿੰਨ ਸਾਢੇ ਤਿੰਨ ਸੌ ਤੋਪਾਂ ਪੂਰਬੀ ਮੋਰਚਿਆਂ ਉੱਤੇ ਵਰਤੀਆਂ ਜਾ ਸਕਦੀਆਂ ਸਨ। ਰਸਾਲੇ ਤੇ ਪਿਆਦੇ ਦੀ ਵੀ ਘਾਟ ਨਹੀਂ ਸੀ। ਹਜ਼ਾਰਾਂ ਵਾਲੰਟੀਅਰ ਬਸ ਇਕ ਸੱਦ ਦੀ ਉਡੀਕ ਵਿਚ ਤਿਆਰ ਬੈਠੇ ਸਨ। ਗੁੱਲਾ ਤੇ ਅਨਾਜ ਦੀ ਤੋਟ ਨਹੀਂ ਸੀ। ਲਾਮ ਡੋਰੀ ਦਾ ਪ੍ਰਬੰਧ ਵੀ ਸਿੱਕੇਬੰਦ ਸੀ।

ਤੇ ਫਿਰ ਫ਼ੀਰੋਜ਼ਪੁਰ ਵਿਚੋਂ ਫ਼ੀਰੋਜ਼ਪੁਰ ਦਾ ਮਾਲ ਤੇ ਲੁਧਿਆਣੇ ਵਿਚੋਂ ਲੁਧਿਆਣੇ ਦਾ ਮਾਲ ਇਹਨਾਂ ਦੋ ਦਲਾਂ ਦੇ ਹੱਥ ਲਗਣਾ ਸੀ ਤੇ ਅੰਤ ਅੰਬਾਲੇ ਦਾ ਮਾਲ ਵੀ। ਅੰਬਾਲੇ ਵਿਚ ਉਸ ਵੇਲੇ ਕਾਫ਼ੀ ਕੁਝ ਜੁੜਿਆ ਪਿਆ ਸੀ। ਬੰਦੂਕਾਂ, ਤੋਪਾਂ ਤੇ ਖ਼ੁਰਾਕ। ਫ਼ੀਰੋਜ਼ਪੁਰ, ਲੁਧਿਆਣੇ ਤੇ ਅੰਬਾਲੇ ਦੇ ਸਾਮਾਨ ਤੇ ਆਪਣੇ ਸਾਮਾਨ ਨਾਲ ਖ਼ਾਲਸੇ ਨੂੰ ਨਾ ਹੀ ਕੋਈ ਦਿੱਲੀ ਠਲ੍ਹ ਸਕਦੀ ਸੀ ਤੇ ਨਾ ਹੀ ਮੇਰਠ।

ਦਿੱਲੀ ਤੇ ਮੇਰਠ ਦੀ ਜਿੱਤ ਇਕ ਇਸ਼ਾਰਾ ਹੋਣਾ ਸੀ ਬਾਕੀ ਹਿੰਦੁਸਤਾਨ ਦੀ ਜਨਤਾ ਨੂੰ ਤੇ ਹੁਣੇ ਹੁਣੇ ਗੱਦੀਆਂ ਤੋਂ ਲਾਹੇ ਗਏ ਨਵਾਬਾਂ ਤੇ ਰਾਜਿਆਂ ਨੂੰ। ਭਾਰਤ ਦੀ ਜਨਤਾ ਤਾਂ ਅੰਗਰੇਜ਼ਾਂ ਨੂੰ ਸਤਲੁਜ ਉੱਤੇ ਅਟਕਿਆ ਵੇਖ ਕੇ ਹੀ ਉੱਸਲਵੱਟੇ ਖਾਣ ਲਗ ਪਈ ਸੀ ਤੇ ਜੇ ਖ਼ਾਲਸਾ ਦਿੱਲੀ ਤਕ ਆ ਪਹੁੰਚਦਾ ਤਾਂ ਕੋਈ ਤਾਕਤ ਕੋਈ ਚਿੰਤਾ, ਕੋਈ ਲਿਹਾਜ਼ ਜਾਂ ਕੋਈ ਵਿਚਾਰ ਇਸ ਜਨਤਾ ਨੂੰ ਅੰਗਰੇਜ਼ਾਂ ਦੇ ਬਰਖ਼ਿਲਾਫ਼ ਉਠਣ ਤੋਂ ਨਹੀਂ ਸੀ ਰੋਕ ਸਕਦਾ। ਤੇ ਜਦੋਂ ਇਕੇ ਵਾਰ ਸਾਰਾ ਭਾਰਤ ਅੰਗਰੇਜ਼ਾਂ ਦੇ ਬਰਖ਼ਿਲਾਫ਼ ਉਠ ਬਹਿੰਦਾ ਤਾਂ ਅੰਗਰੇਜ਼ੀ ਰਾਜ ਦਾ ਅੰਤ ਆਵਸ਼ਕ ਹੋ ਜਾਣਾ ਸੀ।

ਇਹ ਪ੍ਰਸਤਾਵ ਬੇਸ਼ਕ ਅਨਹੋਣਾ ਲਗੇ, ਪਰ ਅਨਹੋਣੀ ਉਹਨਾਂ ਹਾਲਤਾਂ ਵਿਚ ਇਹ ਸੀ ਨਹੀਂ। ਖ਼ਾਲਸੇ ਦੇ ਸਾਹਮਣੇ ਅੰਗਰੇਜ਼ਾਂ ਦੀ ਹਾਲਤ ਬਿਲਕੁਲ ਹੀ ਨਾਜ਼ਕ ਸੀ। ਐਵੇਂ ਤਾਂ ਮਹਾਰਾਜਾ ਰਣਜੀਤ ਸਿੰਘ ਆਪਣੇ ਚਾਰ ਦਹਾਕਿਆਂ ਦੇ ਰਾਜ ਵਿਚ ਪੰਜਾਬ ਨੂੰ ਹਰ ਪਹਿਲੂ ਤੋਂ ਮਜ਼ਬੂਤ ਨਹੀਂ ਸੀ ਕਰਦਾ ਆਇਆ ? ਰਣਜੀਤ ਸਿੰਘ ਆਪਣੀ ਨੀਤੀ ਤੇ ਆਪਣੇ ਇਰਾਦਿਆਂ ਵਿਚ ਬਿਲਕੁਲ ਸਫਲ ਹੋਇਆ ਸੀ, ਇਹਦੇ ਵਿਚ ਸ਼ੱਕ ਨਹੀਂ।

ਸਿਰਫ਼ ਅਫ਼ਸੋਸ ! ਕਿ ਜਦੋਂ ਆਪਣੀ ਨੀਤੀ ਤੇ ਆਪਣੇ ਇਰਾਦਿਆਂ ਨੂੰ ਅਮਲੀ ਜਾਮਾ ਪਹਿਨਾਣ ਦਾ ਵਕਤ ਆਇਆ ਤਾਂ ਆਪ ਰਣਜੀਤ ਸਿੰਘ ਰੰਗ ਮੰਚ ਉੱਤੇ ਨਹੀਂ ਸੀ। ਆਪ ਨਹੀਂ ਸੀ ਤੇ ਨਾ ਹੀ ਸਨ ਰੰਗ ਮੰਚ ਉੱਤੇ ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ, ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਸਰਦਾਰ ਹਰਪਾਲ ਸਿੰਘ ਮਾਹਿਲ। ਰੰਗ ਮੰਚ ਉੱਤੇ ਸਨ ਉਹ ਸਰਦਾਰ ਤੇ ਵਜ਼ੀਰ ਜਿਹੜੇ ਪੰਜਾਬੀ ਨਹੀਂ ਸਨ। ਜਿਨ੍ਹਾਂ ਦੀ ਆਪਣੀ ਕੋਈ ਜ਼ਮੀਰ ਨਹੀਂ ਸੀ। ਜਿਨ੍ਹਾਂ ਦੇ ਦਿਲ, ਦਿਮਾਗ਼ ਤੇ ਸਰੀਰ ਵਿਕ ਚੁਕੇ ਸਨ।

ਜੇ ਪੰਜਾਬੀ ਸੈਨਾ ਦਾ ਇਕ ਵੀ ਬੇਦਾਰ-ਮਗਜ ਨੇਤਾ ਹੁੰਦਾ ਤਾਂ ਇਸ ਜੰਗ ਦੀ ਕਹਾਣੀ ਹੋਰ ਹੁੰਦੀ। ਸਤਲੁਜ ਪਾਰ ਦੀ ਪੰਜਾਬੀ ਜਨਤਾ ਨਹੀਂ ਸੀ ਜਾਣਦੀ ਕਿ ਉਸ ਵੇਲੇ ਪਲੜਾ ਬਰਤਾਨੀਆਂ ਦਾ ਭਾਰੀ ਹੈ ਜਾਂ ਪੰਜਾਬ ਦਾ। ਪਰ ਇਸ ਜਨਤਾ ਵਿਚ ਦੇਸ਼ ਪਿਆਰ ਦੀ ਚਿੰਗਾਰੀ ਸੀ। ਇਸ ਜਨਤਾ ਨੇ ਆਪਣੀ ਜ਼ਮੀਰ ਵੇਚ ਨਹੀਂ ਸੀ ਖਾਧੀ। ਇਹ ਜਨਤਾ ਦਿਲੋਂ ਪੰਜਾਬ ਦੀ ਜਿੱਤ ਤੇ ਬਰਤਾਨੀਆਂ ਦੀ ਹਾਰ ਚਾਹੁੰਦੀ ਸੀ। ਐਵੇਂ ਤਾਂ ਅੰਗਰੇਜ਼ਾਂ ਨੂੰ ਦਾਣਾ ਪੱਠਾ ਇਕੱਠਾ ਕਰਨ

Scanned by CamScanner

ਵਿਚ ਤਕਲੀਫ਼ਾਂ ਪੇਸ਼ ਨਹੀਂ ਸਨ ਆ ਰਹੀਆਂ। ਐਵੇਂ ਤਾਂ ਮੁਦਕੀ ਤੇ ਹੋਰਨਾਂ ਗਰਾਵਾਂ ਤੋਂ ਲੋਕ ਸਿੱਖਾਂ ਵਲੋਂ ਲੜਨ ਲਈ ਉਹਨਾਂ ਦੀ ਸੈਨਾ ਵਿਚ ਸ਼ਾਮਲ ਨਹੀਂ ਸਨ ਹੋ ਰਹੇ ? ਐਵੇਂ ਤਾਂ ਪੰਜਾਬੀ ਸੈਨਾ ਨੂੰ ਸਤਲੁਜ ਪਾਰ ਆ ਕੇ ਹਰ ਤਰ੍ਹਾਂ ਦੀ ਸਹੂਲਤ ਨਹੀਂ ਮਿਲੀ ? ਪਰ ਕਾਸ਼ ! ਜੇ ਇਸ ਜਨਤਾ ਨੂੰ ਜਥੇਬੰਦ ਕਰਨ ਜਾਂ ਇਸ ਜਨਤਾ ਦੇ ਜਜ਼ਬਾਤਾਂ ਨੂੰ ਵਰਤਣ ਵਾਲਾ ਕੋਈ ਨੇਤਾ ਹੁੰਦਾ ?

ਮੁਦਕੀ ਦੀ ਲੜਾਈ ਹੋਈ। ਹਾਰੇ ਪੰਜਾਬੀ ਤੇ ਜਿੱਤੇ ਅੰਗਰੇਜ਼। ਪਰ ਹੌਸਲੇ ਤਾਂ ਵੀ ਵਧੇ ਪੰਜਾਬੀਆਂ ਦੇ ਤੇ ਡਿੱਗੇ ਅੰਗਰੇਜ਼ਾਂ ਦੇ। ਫੇਰੂ ਸ਼ਹਿਰ ਦੀ ਲੜਾਈ ਹੋਈ ਹਾਰੇ ਪੰਜਾਬੀ ਤੇ ਜਿੱਤੇ ਅੰਗਰੇਜ਼, ਪਰ ਹੌਸਲੇ ਵਧੇ ਤਾਂ ਵੀ ਪੰਜਾਬੀਆਂ ਦੇ ਤੇ ਢੱਠੇ ਅੰਗਰੇਜ਼ਾਂ ਦੇ। ਇਸ ਤਰ੍ਹਾਂ ਅਗੇ ਕਦੀ ਯੁਧ ਦੇ ਇਤਿਹਾਸ ਵਿਚ ਨਹੀਂ ਹੋਇਆ। ਇਸ ਤਰ੍ਹਾਂ ਕਦੀ ਕਹੀਂ ਜਿੱਤ ਕੇ ਵੀ ਜੇਤੂ ਨਹੀਂ ਜਿੱਤਿਆ ਤੇ ਹਾਰ ਕੇ ਵੀ ਹਾਰੂ ਨਹੀਂ ਹਾਰਿਆ। ਹਾਰ ਵਿਚੋਂ ਵੀ ਜਿੱਤ ਦੀ ਵਾਸ਼ਨਾ ਲੈਣ ਵਾਲੀ ਸਪਿਰਟ ਤੋਰਨ ਵਾਲੇ ਸਨ ਗੁਰੂ ਗੋਬਿੰਦ ਸਿੰਘ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਤੇ ਉਨ੍ਹਾਂ ਦੀ ਬੀਰਤਾ ਦਾ ਚਮਤਕਾਰ ਸੀ। ਇਹ ਉਨ੍ਹਾਂ ਦੀ ਮਿਸਾਲ ਸੀ; ਉਨ੍ਹਾਂ ਦੀ ਵਡਿਆਈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜ਼ਿੰਦਗੀ ਵਿਚ ਦਰਸਾਇਆ ਸੀ ਕਿ ਜਦੋਂ ਤਕ ਆਪਣੀ ਸਪਿਰਟ ਅਜਿੱਤ ਹੈ ਦੁਸ਼ਮਣ ਕਿਸੇ ਨੂੰ ਹਰਾ ਨਹੀਂ ਸਕਦਾ। ਹਾਰ ਤੇ ਜਿੱਤ ਕੋਈ ਮਾਦਾ ਅਵਸਥਾ ਨਹੀਂ। ਇਹ ਇਕ ਦਿਮਾਗੀ ਜਾਂ ਮਨੋਵਿਗਿਆਨਕ ਅਸਥਿਤੀ ਹੈ। ਜੇ ਮਨੁੱਖ ਆਪਣੀ ਹਾਰ ਮੰਨੇਗਾ ਹੀ ਨਹੀਂ ਤਾਂ ਉਹਨੂੰ ਹਾਰਿਆ ਹੋਇਆ ਕੌਣ ਮਿਥ ਸਕਦਾ ਹੈ ? ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਆਦਮੀ ਸੱਚ ਦੀ ਵਿਜੈ ਵਾਸਤੇ ਤੇ ਆਪਣੇ ਨੇਮਾਂ ਤੇ ਅਸੂਲਾਂ ਦੀ ਸੁਰੱਖਿਆ ਵਾਸਤੇ ਆਪਣੀ ਜਾਨ ਦੇ ਦੇਵੇ, ਪਰ ਆਪਣੀ ਹਾਰ ਨਾ ਮੰਨੇ। ਗੁਰੂ ਅਰਜਨ ਦੇਵ ਜੀ ਵਾਂਗ ਆਪਣੇ ਅਸੂਲਾਂ ਵਾਸਤੇ ਤਸੀਹੇ ਝੱਲੇ, ਤੱਤੇ ਤਵਿਆਂ ਉੱਤੇ ਬੈਠੇ, ਸਿਰ ਵਿਚ ਸੜਦੀ ਰੇਤ ਦੇ ਕੜਛੇ ਪਵਾਏ, ਉਬਲਦੀ ਦੇਗ ਵਿਚ ਬਿਨਾਂ ਸੀ ਕੀਤਿਆਂ ਬੈਠ ਜਾਵੇ, ਪਰ ਆਪਣੇ ਸਿਦਕ ਵਿਚ ਅਟਲ ਰਹੇ। ਭਾਈ ਮਤੀ ਦਾਸ ਵਾਂਗ, ਭਾਈ ਤਾਰੂ ਸਿੰਘ ਵਾਂਗ, ਭਾਈ ਮਨੀ ਸਿੰਘ ਵਾਂਗ ਜਾਂ ਹਕੀਕਤ ਰਾਏ ਵਾਂਗ ਸਭ ਕਸ਼ਟ ਜਰ ਲਵੇ, ਪਰ ਜਾਬਰ ਅਗੇ ਸਿਰ ਨੀਵਾਂ ਨਾ ਕਰੇ।

ਇਹ ਸਪਿਰਟ ਸੀ ਜਿਹੜੀ ਕਿ ਉਸ ਵੇਲੇ ਮਾਲਸੇ ਵਿਚ ਤੇ ਪੰਜਾਬ ਦੇ ਜੀਅ ਜੀਅ ਵਿਚ ਰਵ ਰਹੀ ਸੀ। ਅੰਗਰੇਜ਼ ਵਿਚਾਰੇ ਕੀ ਸਨ ? ਇਹ ਸਪਿਰਟ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਤੇ ਮੀਰ ਮੰਨੂੰ ਤੇ ਜ਼ਕਰੀਆ ਖ਼ਾਨ ਵੇਲੇ ਵੀ ਸਰ ਨਹੀਂ ਸੀ ਕੀਤੀ ਜਾ ਸਕੀ। ਹੁਣ ਤਾਂ ਇਹ ਕੌਮ ਜਵਾਨੀ ਚੜ੍ਹ ਚੁਕੀ ਸੀ। ਹੁਣ ਉਹਨੂੰ ਜਿੱਤਣਾ ਕਿਵੇਂ ਸੌਖਾ ਹੋ ਸਕਦਾ ਸੀ।

ਮੁਦਕੀ ਵਿਚ ਹਾਰ ਹੋਈ, ਫੇਰੂ ਸ਼ਹਿਰ ਵਿਚ ਹਾਰ ਹੋਈ, ਰਣਜੋਧ ਸਿੰਘ ਨੇ ਬੱਦੋਵਾਲ ਤੇ ਅਲੀਵਾਲ ਵਿਚ ਹਾਰ ਖਾਧੀ, ਪਰ ਮਾਲਸੇ ਦੀ ਸਪਿਰਟ ਅਜਿੱਤ ਰਹੀ। ਇਹ ਜਿੱਤਾਂ ਪਾ ਕੇ ਵੀ ਅੰਗਰੇਜ਼ੀ ਸਿਪਾਹੀ ਤੇ ਉਹਨਾਂ ਦਾ ਲਾਟ ਸਾਹਿਬ ਕੰਬਿਆ ਤੇ ਜੇ ਕਦੀ ਸੱਜੇ ਤੇ ਖੱਬਿਉਂ ਦੋ ਲਸ਼ਕਰ ਦਿੱਲੀ ਵਿਚ ਦਸਤ ਪੰਜਾ ਕਰਨ ਦਾ ਨਿਸ਼ਾਨਾ ਸਾਹਮਣੇ ਰਖ ਕੇ ਟੁਰਦੇ ਤਾਂ ਲਾਟ ਸਾਹਿਬ ਦੀ ਕੀ ਹਾਲਤ ਹੁੰਦੀ, ਇਹਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਜਦੋਂ ਫੇਰੂ ਸ਼ਹਿਰ ਵਿਖੇ ਲੜਾਈ ਹੋ ਰਹੀ ਸੀ ਤਾਂ ਸਰਦਾਰ ਰਣਜੋਧ ਸਿੰਘ ਲਗ ਭਗ ਦਸ ਹਜ਼ਾਰ ਸੈਨਾ ਤੇ ਲਗ ਭਗ ਸੱਠ ਤੋਪਾਂ ਨਾਲ ਫਿਲੌਰ ਦੇ ਕਿਲ੍ਹੇ ਵਿਚ ਬੈਠਾ ਸੀ। ਕਿਉਂ ? ਕੋਈ ਨਹੀਂ ਦਸ ਸਕਦਾ। ਕਿਉਂ ਉਹ ਕਿਲ੍ਹੇ ਵਿਚ ਬੈਠਾ ਦਿਨ ਜ਼ਾਇਆ ਕਰਦਾ ਰਿਹਾ ਤੇ ਕਿਉਂ ਉਸ ਰਹਿੰਦੀ ਪੰਜਾਬੀ ਫ਼ੌਜ ਨਾਲ ਯਾਰਾਂ ਦਸੰਬਰ ੧੮੪੫ ਨੂੰ ਹੀ ਸਤਲੁਜ ਪਾਰ ਨਾ ਕੀਤਾ, ਕੋਈ ਨਹੀਂ ਕਹਿ ਸਕਦਾ ? ਕਿਉਂ ਮੁਦਕੀ ਦੀ ਲੜਾਈ ਪਿਛੋਂ ਉਹ ਅੰਗਰੇਜ਼ਾਂ ਦੀ ਲਾਮਭੋਗੀ ਵਾਸਤੇ ਅਗੇ ਨਾ ਵਧਿਆ, ਕੋਈ ਨਹੀਂ ਕਹਿ ਸਕਦਾ ? ਕਿਉਂ ਫ਼ੇਰੂ ਸ਼ਹਿਰ ਦੀ ਲੜਾਈ ਵੇਲੇ ਵੀ ਉਹ ਕਿਲ੍ਹੇ ਵਿਚ ਲੁਕਿਆ ਰਿਹਾ ? ਤੇ ਫਿਰ ਫੇਰੂ ਸ਼ਹਿਰ ਦੀ ਜੰਗ ਤੋਂ ਪੰਦਰਾਂ, ਵੀਹ ਦਿਨ ਪਿਛੋਂ ਕਿਉਂ ਉਸ ਸਤਲੁਜ ਪਾਰ ਕੀਤਾ ਤੇ ਲੁਧਿਆਣੇ ਦੇ ਲਾਗੇ ਆ ਪਹੁੰਚਿਆ ਇਹਦੇ ਬਾਰੇ ਵੀ ਕੋਈ ਕੁਝ ਨਹੀਂ ਕਹਿ ਸਕਦਾ ? ਇਹ ਸਵਾਲ ਕੁਝ ਉਹ ਸਵਾਲ ਹਨ ਜਿਹੜੇ ਇਤਿਹਾਸ ਵਿਚ ਮੱਸ ਰਖਣ ਵਾਲੇ ਮਨੁੱਖ ਸਦਾ ਪੁਛਦੇ ਰਹਿਣਗੇ, ਪਰ ਜਿਨ੍ਹਾਂ ਦੇ ਜੁਆਬ ਮਿਲ ਨਹੀਂ ਸਕਣਗੇ। ਆਦਮੀ ਸਿਰਫ ਅੰਦਾਜ਼ੇ ਹੀ ਲਾ ਸਕਦਾ ਹੈ ਤੇ ਇਹ ਅੰਦਾਜ਼ੇ ਹਰ ਆਦਮੀ ਦੀਆਂ ਆਪਣੀਆਂ ਸੋਚਾਂ ਜਾਂ ਨਿੱਜੀ ਰੀਝਾਂ ਅਨੁਸਾਰ ਹੁੰਦੇ ਹੋਣਗੇ।

Scanned by CamScanner

ਉਹਨਾਂ ਅਣਪੀਲ ਸਰਦਾਰਾ ਵਿਚ ਇਕ ਸੀ ਜਿਹੜੇ ਕਿਸੇ ਦੇ ਟੱਬਰ ਸਕੇ। ਚੁਪ ਚਾਣਚੱਕ ਸਰਦਾਰ ਜਿਹੜੇ ਇਕ
ਮਿੱਤਰਾਂ ਦੇ ਮਿੱਤਰ ਤੇ ਦੁਸ਼ਮਣਾਂ ਦੇ ਦੁਸ਼ਮਣ ਹੁੰਦੇ ਹਨ। ਅਜੀਤ ਸਿੰਘ ਲੜਵਾ ਦੇਸ਼ ਭਗਤ ਸੀ ਤੇ ਬਹਾਦਰ। ਉਹਨੂੰ
ਅੰਗਰੇਜ਼ਾਂ ਦੀ ਕਾਣ ਨਹੀਂ ਸੀ। ਉਸਦੇ ਕੋਲ ਥਾਨੇਸਰ ਤੇ ਕਰਨਾਲ ਵਿਚ ਬੜੀ ਸਾਰੀ ਭੋਇੰ ਸੀ, ਪਰ ਜਾਇਦਾਦ ਤੇ
ਮਲਕੀਅਤ ਉਹਦੀ ਰੂਹ ਨੂੰ ਸੰਤੁਸ਼ਟਤਾ ਨਾ ਦੇ'ਦੀਆਂ। ਜਦੋਂ ਉਸ ਵੇਖਿਆ ਕਿ ਅੰਗਰੇਜ਼ਾਂ ਤੇ ਪੰਜਾਬੀਆਂ ਵਿਚ ਖੜਕ ਪਈ
ਹੈ ਤਾਂ ਉਹ ਆਪਣੇ ਜਥੇ ਨਾਲ ਸਿੱਖਾਂ ਦੀ ਮਦਦ ਲਈ ਜਾਂ ਕਿ ਬਦੇਸ਼ੀ ਗੋਰਿਆਂ ਤੋਂ ਬਦਲੇ ਚੁਕਾਣ ਲਈ ਤੁਰ ਆਇਆ।
ਉਹ ਰਣਜੋਧ ਸਿੰਘ ਨੂੰ ਮਿਲਿਆ ਤੇ ਸ਼ਾਇਦ ਉਸ ਹੀ ਰਣਜੋਧ ਸਿੰਘ ਨੂੰ ਨਿਕੰਮੇ ਬੈਠੇ ਰਹਿਣ ਤੇ ਫਿਟਕਾਰਿਆ।

ਜਦੋਂ ਦਸ ਹਜ਼ਾਰ ਸਿੱਖ ਸੈਨਾ ਲੁਧਿਆਣੇ ਕੋਲ ਆ ਧਮਕੀ ਤਾਂ ਗਵਰਨਰ ਜਨਰਲ ਨੂੰ ਧੜਕੂ ਲਗਾ। ਏਧਰ
ਫੇਰੂ ਸ਼ਹਿਰੋਂ ਹਾਰ ਖਾ ਕੇ ਸਿੰਘ ਸੈਨਾ ਸਭਰਾਵਾਂ ਵਿਚ ਆ ਜੁੜੀ ਸੀ ਤੇ ਖਿੰਡਰਨ ਦਾ ਨਾਂ ਨਹੀਂ ਸੀ ਲੈਂਦੀ ਤੇ ਉਧਰ ਹੁਣ
ਇਕ ਹੋਰ ਸੈਨਾ ਲੁਧਿਆਣੇ ਨੂੰ ਫੂਕਣ ਲਗੀ। ਹਾਲਤ ਖ਼ਰਾਬ ਸੀ। ਗਵਰਨਰ ਜਨਰਲ ਨੇ ਹਾਰ ਕੇ ਫੈਸਲਾ ਕੀਤਾ ਕਿ
ਲੁਧਿਆਣੇ ਨੂੰ ਤਬਾਹ ਹੋਣ ਤੋਂ ਬਚਾਉਣਾ ਆਵੱਸ਼ਕ ਹੈ। ਤੇ ਦੂਜਾ ਮੇਰਠ ਤੇ ਅੰਬਾਲੇ ਤੋਂ ਆ ਰਹੀਆਂ ਭਾਰੀਆਂ ਤੋਪਾਂ ਤੇ
ਬਾਕੀ ਖ਼ੁਰਾਕ ਦਾ ਬਚਾਅ ਵੀ ਜ਼ਰੂਰੀ ਹੈ। ਜੇ ਕਿਤੇ ਇਹ ਸਾਮਾਨ ਖ਼ਾਲਸੇ ਦੇ ਹੱਥ ਲਗ ਗਿਆ ਤਾਂ ਅਗਲੀ ਲੜਾਈ ਵਿਚ
ਅੰਗਰੇਜ਼ਾਂ ਦੀ ਸਿੱਧਾਂ ਉੱਤੇ ਜਿੱਤ ਅਨਹੋਣੀ ਹੋ ਜਾਵੇਗੀ।

ਗਵਰਨਰ ਜਨਰਲ ਨੇ ਸਰ ਹੈਰੀ ਸਮਿੱਥ ਨੂੰ ਲੁਧਿਆਣੇ ਦੀ ਰਖਿਆ ਤੇ ਅੰਗਰੇਜ਼ੀ ਲਾਮ ਡੇਰੀ ਦੇ ਬਚਾਅ
ਵਾਸਤੇ ਭੇਜਿਆ। ਫੀਹ ਜਨਵਰੀ, ੧੮੪੬ ਵਾਲੇ ਦਿਨ ਆਪਣੇ ਡਵੀਯਨ ਨਾਲ ਸਮਿੱਥ ਜਗਰਾਉਂ ਪਹੁੰਚਿਆ ਤੇ ਉਧਰ
ਲੁਧਿਆਣੇ ਕੋਲੋਂ ਹਟ ਕੇ ਰਣਜੋਧ ਸਿੰਘ ਬਦੋਵਾਲ ਆ ਪੁਜਾ। ਸਮਿੱਥ ਸਭ ਤੋਂ ਪਹਿਲੇ ਲੁਧਿਆਣੇ ਪਹੁੰਚਣਾ ਚਾਹੁੰਦਾ ਸੀ
ਤਾਂ ਜੋ ਉਹ ਬਿਨਾਂ ਕਿਸੇ ਖ਼ੂਨ ਖ਼ਰਾਬੇ ਦੇ ਲੁਧਿਆਣਾ ਬਰਿਗੇਡ ਨਾਲ ਮਿਲਾਪ ਕਰ ਸਕੇ। ਪਰ ਲੁਧਿਆਣੇ ਪਹੁੰਚਣ ਤੋਂ
ਪਹਿਲੇ ਇਹ ਡਵੀਯਨ ਬੱਦੋਵਾਲ ਦੇ ਕੋਲੋਂ ਲੰਘਿਆ। ਪਤਾ ਨਹੀਂ ਰਣਜੋਧ ਸਿੰਘ ਲੜਨਾ ਚਾਹੁੰਦਾ ਸੀ ਕਿ ਨਹੀਂ, ਪਰ
ਗੋਰਿਆਂ ਨੂੰ ਆਪਣੇ ਐਨੇ ਨੇੜੇ ਵੇਖ ਕੇ ਸ਼ਾਇਦ ਜਵਾਨਾਂ ਕੋਲੋਂ ਰਹਿ ਨਹੀਂ ਹੋਇਆ। ਉਹ ਹੈਰੀ ਸਮਿੱਥ ਉੱਤੇ ਜਾ ਪਏ।
ਅੰਗਰੇਜ਼ ਪਹਿਲੇ ਹੀ ਅਠਾਰ੍ਹਾਂ ਮੀਲ ਦੇ ਸਫਰ ਪਿਛੋਂ ਥੱਕੇ ਹੋਏ ਸਨ। ਉਹ ਨੱਠ ਉੱਠੇ।

ਅੰਗਰੇਜ ਨੱਠ ਉੱਠੇ, ਤੇ ਰਣਜੋਧ ਸਿੰਘ ਨੇ ਉਹਨਾਂ ਦਾ ਪਿੱਛਾ ਨਹੀਂ ਕੀਤਾ। ਕਿਉਂ ? ਕੋਈ ਕੀ ਦਸੇ। ਬਿਨਾਂ
ਹੁਕਮ ਜਿਨੇ ਕੁ ਸਿੱਖ ਅੱਗੇ ਵਧੇ ਉਹਨਾਂ ਨੇ ਜਰਨੈਲ ਸਮਿੱਥ ਦੇ ਡਵੀਯਨ ਦੀ ਸਾਰੀ ਲਾਮ ਡੇਰੀ ਉੱਤੇ ਕਬਜ਼ਾ ਕਰ ਲਿਆ।
ਕੁਝ ਤੋਪਾਂ ਵੀ ਫੜ ਲਈਆਂ। ਸਿਪਾਹੀਆਂ ਦੇ ਹੌਸਲੇ ਵਧ ਗਏ, ਪਰ ਸ਼ਾਇਦ ਸਿੱਖ ਸਰਦਾਰਾਂ ਦੇ ਹੌਸਲੇ ਢਹਿ ਗਏ।

ਬੱਦੋਵਾਲ ਤੋਂ ਸਰਦਾਰ ਰਣਜੋਧ ਸਿੰਘ ਅਲੀਵਾਲ ਪੁਜਾ। ਅਲੀਵਾਲ ਸਤਲੁਜ ਦਰਿਆ ਦੇ ਕਿਨਾਰੇ ਉੱਤੇ
ਲੁਧਿਆਣੇ ਤੋਂ ਲਗ ਭਗ ਪੰਦਰਾਂ ਮੀਲ ਦੇ ਫਾਸਲੇ ਉੱਤੇ ਸਥਾਪਤ ਹੈ। ਉਹ ਇਥੇ ਕਿਉਂ ਆਇਆ ਤੇ ਏਥੇ ਆ ਕੇ ਉਸ
ਬੰਦੀਆਂ ਇਕੱਠੀਆਂ ਕਰਨੀਆਂ ਕਿਉਂ ਸ਼ੁਰੂ ਕੀਤੀਆਂ, ਇਹਦੇ ਬਾਰੇ ਵੀ ਉਹਦੇ ਸਹੀ ਇਰਾਦਿਆਂ ਦਾ ਪਤਾ ਨਹੀਂ
ਲਗ ਸਕਦਾ।

ਬੱਦੋਵਾਲ ਦੀ ਹਾਰ ਪਿਛੋਂ ਗਵਰਨਰ ਜਨਰਲ ਤੇ ਸੈਨਾਪਤੀ ਹੀਊ ਗਫ ਦਾ ਰਹਿੰਦਾ ਖੂੰਹਦਾ ਵਿਸ਼ਵਾਸ ਵੀ
ਡੋਲ ਗਿਆ ਤੇ ਉਹਨਾਂ ਬਿਨਾਂ ਕਿਸੇ ਦੇਰੀ ਦੇ ਇਕ ਹੋਰ ਬਰਿਗੇਡ ਹੈਰੀ ਸਮਿੱਥ ਦੀ ਮਦਦ ਲਈ ਭੇਜ ਦਿਤੀ। ਜਰਨੈਲ
ਸਮਿੱਥ ਆਪਣਾ ਡਵੀਯਨ ਤੇ ਇਹ ਫ਼ਾਲਤੂ ਬਰਿਗੇਡ ਲੈ ਕੇ ਰਣਜੋਧ ਸਿੰਘ ਦੇ ਪਿਛੇ ਪਿਛੇ ਟੁਰ ਪਿਆ। ੨੮ ਜਨਵਰੀ,
੧੮੪੬ ਵਾਲੇ ਦਿਨ ਅਲੀਵਾਲ ਦੀ ਲੜਾਈ ਹੋਈ।

ਸਰ ਹੈਰੀ ਸਮਿੱਥ ਨੇ ਹੱਲਾ ਬੋਲਿਆ, ਪਰ ਉਹਦੀ ਕਿਸਮਤ ਹੀ ਸ਼ਾਇਦ ਭੈੜੀ ਸੀ। ਉਸ ਹੱਲਾ ਬੋਲਿਆ ਤੇ
ਉਹਦੇ ਦੁਸ਼ਮਣ ਦੀਆਂ ਤੋਪਾਂ ਨੇ ਵਧਦੇ ਗੋਰਿਆਂ ਦੇ ਆਹੂ ਲਾਹ ਦਿਤੇ। ਜਰਨੈਲ ਸਮਿੱਥ ਘਬਰਾ ਗਿਆ। ਉਸ ਨੂੰ ਡਰ
ਲਗਦਾ ਸੀ ਕਿ ਜੇ ਉਹ ਇਹ ਲੜਾਈ ਵੀ ਹਾਰ ਗਿਆ, ਤਾਂ ਸ਼ਾਇਦ ਉਹਨੂੰ ਆਪਣੇ ਅਹੁਦੇ ਤੋਂ ਹੱਥ ਧੋਣਾ ਪਵੇ। ਖ਼ਾਲਸੇ
ਦੀਆਂ ਤੋਪਾਂ ਦੀ ਮਾਰ ਮਾਹਵੇਂ ਉਹਦਾ ਰਸਾਲਾ ਤੇ ਪਿਆਦਾ ਜਿਵੇਂ ਜੰਮ ਹੀ ਗਏ।

ਪਰ ਐਨ ਉਸ ਵੇਲੇ ਰਣਜੋਧ ਸਿੰਘ ਤੇ ਕਈ ਪੰਹਾੜੀਏ ਸਿਪਾਹੀ ਨੱਠ ਉੱਠੇ ਤੇ ਦਰਿਆ ਪਾਰ ਕਰਨ ਲਗੇ।

Scanned by CamScanner

ਸਿੱਖ ਤੋਪਚੀ ਹੈਰਾਨ ਸਨ ਕਿ ਕੀ ਹੋਇਆ ? ਉਹਨਾ ਨੂ ਕਦਾ ਸਮਝ ਨਹੀਂ ਆਈ। ਉਹਨਾਂ ਦੇ ਦਿਲ ਤੇ ਦਿਮਾਗ ਦੋ ਪਾਸਿਆਂ ਵਿਚ ਵੰਡੇ ਗਏ। ਉਸ ਵੇਲੇ ਜਰਨੈਲ ਹੈਰੀ ਸਮਿੱਥ ਨੇ ਅੱਗੇ ਵਧ ਕੇ ਆਪਣੇ ਸਿਪਾਹੀਆਂ ਨੂੰ ਉਭਾਰਿਆ ਤੇ ਫਿਰ ਉਹਨਾਂ ਨੇ ਇਕ ਇਕ ਕਰ ਕੇ ਇਕ ਇਕ ਤੋਪਚੀ ਕੱਟ ਦਿਤਾ ਤੇ ਇਕ ਇਕ ਤੋਪ ਆਪਣੇ ਕਬਜ਼ੇ ਵਿਚ ਕਰ ਲਈ। ਇਕ ਵਾਰੀ ਫਿਰ ਪੰਜਾਬੀ ਹਾਰ ਗਏ ਤੇ ਜਰਨੈਲ ਹੈਰੀ ਸਮਿੱਥ ਦੀ ਇੱਜ਼ਤ ਤੇ ਉਹਦਾ ਅਹੁਦਾ ਬਚ ਗਿਆ।

ਹੁਣ ਇਕ ਬਰਿਗੇਡ ਲੁਧਿਆਣੇ ਭੇਜ ਕੇ ਜਰਨੈਲ ਸਮਿੱਥ ਫ਼ੀਰੋਜ਼ਪੁਰ ਆ ਗਿਆ। ਪਰ ਇਸ ਜਰਨੈਲ ਦੀ ਸਪਿਰਟ ਹਾਰ ਚੁਕੀ ਸੀ। ਉਹ ਦੋ ਤਿੰਨ ਵਾਰ ਪੰਜਾਬੀਆਂ ਨਾਲ ਲੜਿਆ ਸੀ ਤੇ ਹਰ ਵਾਰ ਉਹਦੀ ਸਪਿਰਟ ਪਹਿਲੇ ਨਾਲੋਂ ਵਧ ਡੋਲਦੀ ਗਈ ਸੀ। ਐਤਕੀਂ ਉਹ ਜਿੱਤ ਤਾਂ ਗਿਆ, ਪਰ ਆਪਣੀ ਸੈਨਾ ਦਾ ਘਾਣ ਕਰਵਾ ਕੇ। ਉਹ ਜਿੱਤ ਗਿਆ ਕਿਉਂਕਿ ਪਹਾੜੀਏ ਤੇ ਦੁਸ਼ਮਣ ਦਾ ਨੇਤਾ ਨੱਸ ਗਿਆ। ਜੇ ਇਉਂ ਨਾ ਹੁੰਦਾ ਤਾਂ ਇਸ ਵਿਚ ਸ਼ਕ ਨਹੀਂ ਸੀ ਕਿ ਸਮਿੱਥ ਨੂੰ ਅਵੱਸ਼ ਹਾਰ ਹੁੰਦੀ। ਪੰਜਾਬੀਆਂ ਦਾ ਬੀਰ ਰਸ ਉਹਦੇ ਵਾਸਤੇ ਬੜਾ ਭਾਰੂ ਸਾਬਤ ਹੋਇਆ ਤੇ ਉਹਨੇ ਅੱਗੋਂ ਲੜਨ ਤੋਂ ਇਨਕਾਰ ਕਰ ਦਿਤਾ।

੧੩੯

ਪੰਝੀ ਦਸਬਰ, ੧੮੪੫ ਨੂੰ ਯਸੂਹ ਮਸੀਹ ਦੇ ਜਨਮ ਦਿਨ ਉੱਤੇ ਅੰਗਰੇਜ਼ੀ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਨੇ ਇਹ ਐਲਾਨ ਪ੍ਰਕਾਸ਼ਤ ਕੀਤਾ :

"ਅੰਗਰੇਜ਼ੀ ਸਰਕਾਰ ਪੂਰਬੀਆਂ ਦੀ ਬਹਾਦਰੀ ਤੇ ਵਫ਼ਾਦਾਰੀ ਦਾ ਬਦਲਾ ਚੁਕਾਣ ਵਾਸਤੇ ਕਾਹਲੀ ਹੈ ਤੇ ਜਲਦੀ ਹੀ ਉਹਨਾਂ ਦੀ ਇਕ ਰਜਮੈਂਟ ਖੜੀ ਕਰ ਦਿਤੀ ਜਾਵੇਗੀ, ਪਰ ਨਾਲ ਦੀ ਨਾਲ ਅੰਗਰੇਜ਼ੀ ਸਰਕਾਰ ਇਹ ਵੀ ਐਲਾਨ ਕਰ ਦੇਣਾ ਚਾਹੁੰਦੀ ਹੈ ਕਿ ਲਾਹੌਰ ਦਰਬਾਰ ਦਾ ਜਿਹੜਾ ਸਿਪਾਹੀ ਜਾਂ ਅਹੁਦੇਦਾਰ ਜਨਾਬ ਗਵਰਨਰ ਜਨਰਲ ਦੇ ਸਾਹਮਣੇ ਆ ਹਾਜ਼ਰ ਹੋਵੇਗਾ, ਉਹਦੇ ਨਾਲ ਬੜੀ ਖੁਲ੍ਹਦਿਲੀ ਦਾ ਵਰਤਾਉ ਕੀਤਾ ਜਾਵੇਗਾ। ਉਹਨੂੰ ਪੈਨਸ਼ਨ ਦਿਤੀ ਜਾਵੇਗੀ ਤੇ ਜੇ ਅੰਗਰੇਜ਼ੀ ਇਲਾਕੇ ਵਿਚ ਉਹਦਾ ਕੋਈ ਮੁਕੱਦਮਾ ਅੜਿਆ ਹੋਵੇਗਾ, ਉਹਦਾ ਫ਼ੈਸਲਾ ਬਾਕੀ ਸਭ ਮੁਕੱਦਮਿਆਂ ਤੋਂ ਪਹਿਲੇ ਕਰ ਦਿਤਾ ਜਾਵੇਗਾ। ਅੰਗਰੇਜ਼ੀ ਸਰਕਾਰ ਇਹੋ ਜਿਹੇ ਆਦਮੀ ਦਾ ਹਰ ਪਹਿਲੂ ਤੋਂ ਖ਼ਿਆਲ ਰਖੇਗੀ। ਤੇਜ ਸਿੰਘ ਦੀ ਚਲਾਈ ਇਹ ਅਫ਼ਵਾਹ ਸੁਣੀ ਗਈ ਹੈ ਕਿ ਜਿਹੜਾ ਆਦਮੀ ਵੀ ਅੰਗਰੇਜ਼ੀ ਸੈਨਾ ਵਿਚ ਮਿਲੇਗਾ, ਉਹਦੇ ਅਸੀਂ ਨੱਕ ਤੇ ਕੰਨ ਕਟ ਦਿਆਂਗੇ ਤੇ ਉਹਨਾਂ ਨੂੰ ਕਤਲ ਕਰ ਦਿਆਂਗੇ, ਪਰ ਇਹ ਸਰਾਸਰ ਝੂਠ ਹੈ। ਅੰਗਰੇਜ਼ੀ ਸਰਕਾਰ ਨੇ ਕਦੇ ਇਹੋ ਜਿਹੀ ਗੱਲ ਨਹੀਂ ਕੀਤੀ ਤੇ ਨਾ ਹੀ ਕਰੇਗੀ। ਏਸੇ ਲਈ ਅਸੀਂ ਕਹਿੰਦੇ ਹਾਂ ਕਿ ਇਹੋ ਜਿਹੀਆਂ ਤੋਹਮਤਾਂ ਉੱਤੇ ਕੋਈ ਇਤਬਾਰ ਨਾ ਕਰੇ। ਅਸੀਂ ਫਿਰ ਵਿਸ਼ਵਾਸ ਦਿਵਾਣਾ ਚਾਹੁੰਦੇ ਹਾਂ ਕਿ ਜਿਹੜਾ ਆਦਮੀ ਵੀ ਸਾਡੇ ਨਾਲ ਮਿਲੇਗਾ, ਉਹਨੂੰ ਉਹਦਾ ਮੁਆਵਜ਼ਾ ਦਿਤਾ ਜਾਵੇਗਾ।"

ਕੋਈ ਕਹਿ ਨਹੀਂ ਸਕਦਾ ਕਿ ਇਸ ਐਲਾਨ ਦੇ ਕਾਰਨ ਕਿੰਨੇ ਕੁ ਸਿਪਾਹੀ ਤੇ ਅਹੁਦੇਦਾਰ ਅੰਗਰੇਜ਼ਾਂ ਨਾਲ ਜਾ ਮਿਲੇ, ਪਰ ਘੋਖਣ ਵਾਲੀ ਚੀਜ਼ ਇਹ ਐਲਾਨ ਹੈ, ਇਹਦੇ ਨਤੀਜੇ ਨਹੀਂ। ਇਹ ਐਲਾਨ ਗਵਰਨਰ ਜਨਰਲ ਨੇ ਫੇਰੂ ਸ਼ਹਿਰ

Scanned by CamScanner

ਦੀ ਜਿੱਤ ਪਿਛੋਂ ਜਾਰੀ ਕੀਤਾ । ਇਸ ਐਲਾਨ ਤੋਂ ਪ੍ਰਤੱਖ ਹੈ ਕਿ ਅੰਗਰੇਜ਼ਾਂ ਨੂੰ ਫੇਰੂ ਸ਼ਹਿਰ ਦੀ ਜਿੱਤ ਪੂਰਨ ਨਹੀਂ ਸੀ ਜਾਪੀ, ਤੇ ਉਹਨਾਂ ਨੂੰ ਖ਼ਤਰਾ ਸੀ ਕਿ ਕਿਤੇ ਅਗਲੀ ਲੜਾਈ ਵਿਚ ਉਹਨਾਂ ਨੂੰ ਹਾਰ ਹੀ ਨਾ ਹੋ ਜਾਏ । ਇਸ ਤੋਂ ਵੀ ਵਡੀ ਗੱਲ ਕਿ ਇਹ ਐਲਾਨ ਹਾਰਡਿੰਗ ਵਰਗੇ ਬਹਾਦਰ ਸਿਪਾਹੀ ਨੇ ਜਾਰੀ ਕੀਤਾ । ਇਸ ਸਿਪਾਹੀ ਨੂੰ ਆਪਣੀ ਪ੍ਰਤਿਭਾ ਉੱਤੇ ਮਾਣ ਸੀ । ਇਸ ਸਿਪਾਹੀ ਦੀ ਪਿੱਠ ਪਿਛੇ ਸੀ ਡੀਲਡ ਮਾਰਸ਼ਲ ਡੀਊਕ ਆਫ਼ ਵੈਲਿੰਗਟਨ, ਜਿਹੜਾ ਅਜੇ ਤਕ ਵੀ ਅੰਗਰੇਜ਼ੀ ਰਾਜ ਸਭਾ ਵਿਚ ਨੈਪੋਲੀਅਨ ਉੱਤੇ ਪਾਈ ਜਿੱਤ ਦੇ ਬਲ ਬੂਤੇ ਉੱਤੇ, ਬੱਬਰ ਸ਼ੇਰ ਵਾਂਗ ਗੱਜ ਸਕਦਾ ਸੀ । ਜਦੋਂ ਫੇਰੂ ਸ਼ਹਿਰ ਦੀ ਜਿੱਤ ਦੀ ਖ਼ਬਰ ਲੰਡਨ ਪੁਜੀ ਸੀ, ਤਾਂ ਸਾਰੇ ਪਾਸੇ ਹਾਹਾਕਾਰ ਮੱਚ ਗਈ ਸੀ । ਵਜ਼ੀਰੇ-ਆਜ਼ਮ ਆਪ ਬੜਾ ਘਬਰਾਇਆ ਤੇ ਇਕ ਸਮੇਂ ਉਸ ਇਹੋ ਜਿਹੀ ਝੂਠੀ ਜਿੱਤ ਉੱਤੇ ਸਭਨਾਂ ਨੂੰ ਖ਼ੁਸ਼ੀ ਮਨਾਉਣ ਤੋਂ ਵਰਜਿਆ । ਉਸ ਕਿਹਾ ਕਿ ਇਹ ਜਿੱਤ ਨਹੀਂ, ਇਕ ਤਰ੍ਹਾਂ ਦੀ ਹਾਰ ਹੈ । ਇਹ ਸ਼ਬਦ ਸੁਣ ਕੇ ਬੁੱਢਾ ਡੀਊਕ ਆਫ਼ ਵੈਲਿੰਗਟਨ ਗਰਜਿਆ, "ਜੇ ਇਹ ਹਾਰ ਹੈ ਤਾਂ ਇਹਨੂੰ ਜਿੱਤ ਵਿਚ ਤਬਦੀਲ ਕਰ ਦਿਓ । ਤੋਪਾਂ ਨਾਲ ਸਲਾਮੀ ਉਤਾਰੋ । ਗਿਰਜਿਆਂ ਵਿਚ ਘੰਟੇ ਖੜਕਾਉ । ਗਫ਼ ਦੇ ਬੜੇ ਆਦਮੀ ਮਾਰੇ ਗਏ ਹਨ, ਪਰ ਤਾਂ ਕੀ ? ਜੇ ਇਕ ਮਹਾਨ ਲੜਾਈ ਜਿੱਤਣੀ ਹੋਵੇ, ਤਾਂ ਸਿਪਾਹੀ ਤੇ ਅਫ਼ਸਰ ਗੁਆਣੇ ਹੀ ਪੈਂਦੇ ਹਨ । ਅਸਈ ਵਿਚ ਮੇਰੀ ਇਕ ਤਿਹਾਈ ਸੈਨਾ ਮਾਰੀ ਗਈ ਸੀ...।"

ਡੀਊਕ ਆਫ਼ ਵੈਲਿੰਗਟਨ ਦੀ ਇਹੋ ਜਿਹੀ ਗਰਜ ਸਾਹਮਣੇ ਕੌਣ ਨਾ ਦੁਬਕਦਾ ? ਇਹਦੇ ਵਿਚ ਸ਼ਕ ਨਹੀਂ ਸੀ ਕਿ ਅਸਈ ਵਿਚ ਡੀਊਕ ਦੇ ਇਕ ਤਿਹਾਈ ਆਦਮੀ ਮਾਰੇ ਗਏ ਸਨ, ਪਰ ਤਾਂ ਵੀ ਸਾਰੇ ਇੰਗਲਿਸਤਾਨ ਵਿਚ ਡੀਊਕ ਨੂੰ ਇਸ ਲੜਾਈ ਉੱਤੇ ਵਧਾਈਆਂ ਦਿਤੀਆਂ ਗਈਆਂ ਸਨ । ਡੀਊਕ ਉਸ ਵੇਲੇ ਸਾਰੇ ਇੰਗਲਿਸਤਾਨ ਦਾ ਨਾਇਕ ਸੀ ਤੇ ਇਹੋ ਜਿਹੇ ਮਹਾਨ ਨਾਇਕ ਦੀ ਸਰ ਹੈਨਰੀ ਹਾਰਡਿੰਗ ਨੂੰ ਸ਼ਹਿ ਸੀ । ਗਵਰਨਰ ਜਨਰਲ ਨੂੰ ਇਹ ਵੀ ਵਿਸ਼ਵਾਸ ਸੀ ਕਿ ਤੇਜ ਸਿੰਘ ਤੇ ਲਾਲ ਸਿੰਘ ਉਹਦੇ ਵਲ ਹਨ, ਪਰ ਫਿਰ ਵੀ ਸਿੱਖ ਜਵਾਂਮਰਦੀ ਤੇ ਸੂਰਮਗਤੀ ਸਾਹਮਣੇ ਉਹ ਇਕ ਨਾਜ਼ਕ ਬੂਟੇ ਵਾਂਗ ਕੰਬ ਗਿਆ ਤੇ ਉਸ ਉਪਰੋਕਤ ਐਲਾਨ ਜਾਰੀ ਕੀਤਾ ।

ਇਹ ਐਲਾਨ ਲਾਰਡ ਹਾਰਡਿੰਗ ਦੇ ਹਾਰੇ ਹੋਏ ਹੌਸਲੇ ਦਾ ਲਖਾਇਕ ਹੈ ਤੇ ਇਸ ਗੱਲ ਦਾ ਕਿ ਉਹਨੇ ਫੇਰੂ ਸ਼ਹਿਰ ਦੀ ਜਿੱਤ ਨੂੰ ਜਿੱਤ ਨਹੀਂ, ਇਕ ਤਰ੍ਹਾਂ ਦੀ ਹਾਰ ਹੀ ਮਿਥਿਆ ।

ਲਾਰਡ ਹਾਰਡਿੰਗ ਨੇ ਸ਼ਾਇਦ ਸਮਝਿਆ ਸੀ ਕਿ ਇਸ ਐਲਾਨ ਦਾ ਅਸਰ ਗੋਰਵਮਈ ਹੋਵੇਗਾ । ਉਸ ਵੇਲੇ ਮਾਲਵੇ ਤੇ ਦੁਆਬੇ ਵਿਚ ਟੱਬਰ ਵੰਡੇ ਹੋਏ ਸਨ । ਇਕ ਦੂਜੇ ਦੇ ਰਿਸ਼ਤੇਦਾਰ ਖੁਲ੍ਹ ਨਾਲ ਏਧਰ ਉਧਰ ਆਉਂਦੇ ਜਾਂਦੇ ਸਨ । ਸਤਲੁਜ ਪਾਰ ਦੀਆਂ ਰਿਆਸਤਾਂ ਉੱਤੇ ਅੰਗਰੇਜ਼ਾਂ ਨੇ ਆਪਣੀ ਪਕੜ ਮਜ਼ਬੂਤ ਕਰ ਲਈ ਸੀ ਤੇ ਉਹ ਆਪਣੇ ਹਿਤ ਪੂਰੇ ਕਰਨ ਵਾਸਤੇ ਇਹਨਾਂ ਰਿਆਸਤਾਂ ਦੇ ਕਰਮਚਾਰੀਆਂ ਨੂੰ ਤਰੋੜ ਮਰੋੜ ਸਕਦੇ ਸਨ । ਅੰਗਰੇਜ਼ਾਂ ਦੇ ਹਿੰਦ ਵਿਚ ਆਉਣ ਨਾਲ ਆਈ ਸੀ, ਮੁਕੱਦਮੇਬਾਜ਼ੀ ਜਿਸ ਖ਼ਰਾਬੀ ਨੇ ਕਿ ਕਈ ਹਿੰਦੁਸਤਾਨੀਆਂ ਦੇ ਘਰ ਤਬਾਹ ਕੀਤੇ । ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚ ਆਉਣ ਤੋਂ ਪਹਿਲੇ ਵੀ ਏਥੇ ਕੋਈ ਕਾਨੂੰਨ ਲਾਗੂ ਸੀ, ਕਚਹਿਰੀਆਂ ਵੀ ਸਨ ਤੇ ਝਗੜੇ ਵੀ ਸਨ । ਝਗੜੇ ਵੀ ਹੁੰਦਿਆ ਕਰਦੇ ਸਨ ਤੇ ਫ਼ੈਸਲੇ ਵੀ । ਬੇਸ਼ਕ ਅੰਗਰੇਜ਼ੀ ਸ਼ਰ੍ਹਾ ਕਈਆਂ ਪੱਹਿਲੂਆਂ ਤੋਂ ਭਾਰਤ ਵਿਚ ਉਸ ਵੇਲੇ ਪ੍ਰਚੱਲਤ ਸ਼ਰ੍ਹਾ ਨਾਲੋਂ ਚੰਗੀ ਸੀ, ਪਰ ਕਈ ਹਾਲਤਾਂ ਵਿਚ ਇਹ ਇਕ ਤਰ੍ਹਾਂ ਦੀ ਬਿੱਜ ਵੀ ਸੀ ਤੇ ਸਾਡੇ ਲੋਕਾਂ ਦੇ ਮਨੋ-ਵਿਗਿਆਨਕ ਝੁਕਾਵਾਂ ਦੇ ਵਿਰੁਧ । ਇਹਦਾ ਸਭ ਤੋਂ ਵੱਡਾ ਔਗੁਣ ਇਹ ਸੀ ਕਿ ਇਸ ਕਾਨੂੰਨ ਅਨੁਸਾਰ ਫੈਸਲਾ ਹੁੰਦਿਆਂ ਹੁੰਦਿਆਂ ਦਿਨ ਬੀਤਦੇ ਮਹੀਨੇ ਬਣ ਜਾਂਦੇ ਤੇ ਮਹੀਨੇ ਸਾਲਾਂ ਵਿਚ ਵਟ ਜਾਂਦੇ । ੧੮੪੫ ਤਕ ਇਸ ਕਾਨੂੰਨ ਹੇਠ ਆਏ ਮੁਕੱਦਮੇ ਹਜ਼ਾਰਾਂ ਦੀ ਗਿਣਤੀ ਤਕ ਪਹੁੰਚ ਗਏ ਤੇ ਜਿਵੇਂ ਇਹਨਾਂ ਮੁਕੱਦਮਿਆਂ ਦੀ ਗਿਣਤੀ ਵਧਦੀ ਗਈ, ਉਵੇਂ ਹੀ ਇਹਨਾਂ ਦੇ ਫੈਸਲੇ ਲਮਕਦੇ ਗਏ । ਬੇਸ਼ਕ ਇਸ ਸ਼ਰ੍ਹਾ ਦੇ ਵਿਰੁਧ ਜ਼ਰੂਰ ਆਵਾਜ਼ ਉਠਾਈ ਗਈ ਹੋਵੇਗੀ ਤੇ ਇਹ ਆਵਾਜ਼ ਧੁਰ ਗਵਰਨਰ ਜਨਰਲ ਤਕ ਪੁਜੀ ਹੋਵੇਗੀ, ਨਹੀਂ ਤਾਂ ਕਿਵੇਂ ਗਵਰਨਰ ਜਨਰਲ ਨੂੰ ਲੋਕਾ ਦੀ ਇਸ ਅਵਾਜ਼ਾਰੀ ਦੀ ਸੋਅ ਹੁੰਦੀ ? ਬੇਸ਼ਕ ਉਹਨੂੰ ਪਤਾ ਸੀ ਕਿ ਮੁਕੱਦਮੇ ਦਾ ਸ਼ੀਘਰ ਫੈਸਲਾ ਇਕ ਉਹ ਲਾਲਚ ਹੈ, ਜਿਹੜਾ ਕਿ ਚਾਂਦੀ ਸੋਨੇ ਦੇ ਲਾਲਚਾਂ ਨਾਲੋਂ ਵਧ ਕਾਰਗਰ ਸਾਬਤ ਹੋਵੇਗਾ ।

ਇਸ ਐਲਾਨ ਰਾਹੀਂ ਗਵਰਨਰ ਜਨਰਲ ਨੇ ਭਾਰਤੀ ਸਦਾਚਾਰ ਉੱਤੇ ਭਾਰੀ ਸੱਟ ਮਾਰਨੀ ਚਾਹੀ । ਉਸ ਦੁਸ਼ਮਣ ਦੇ ਸਿਪਾਹੀਆਂ ਤੇ ਹੋਰਨਾਂ ਕਰਮਚਾਰੀਆਂ ਨੂੰ ਵਰਗਲਾਇਆ ਤੇ ਲਾਲਚ ਦੇ ਕੇ ਉਹਨਾਂ ਨੂੰ ਸਦਾਚਾਰ ਦੇ ਅਸੂਲਾਂ

Scanned by CamScanner

ਤੋਂ ਭੇਗਣਾ ਚਾਹਿਆ । ਇਹੋ ਜਿਹੇ ਢੰਗ ਅੰਗਰੇਜ਼ ਪਹਿਲੇ ਵੀ ਭਾਰਤ ਵਿਚ ਵਰਤਦੇ ਆ ਰਹੇ ਸਨ ਤੇ ਨਿਰਸੰਦੇਹ ਉਹਨਾਂ ਨੂੰ ਕਾਫ਼ੀ ਸਫ਼ਲਤਾ ਹੋਈ ਸੀ । ਦੇਸੀ ਹੁਕਮਰਾਨਾਂ ਨਾਲ ਹੋਈ ਹਰ ਲੜਾਈ ਵਿਚ ਉਹਨਾਂ ਨੂੰ ਕੋਈ ਨਾ ਕੋਈ ਤੇਜ ਸਿੰਘ ਜਾਂ ਲਾਲ ਸਿੰਘ ਮਿਲਦਾ ਰਿਹਾ ਤੇ ਇਹਨਾਂ ਤੋਂ ਇਲਾਵਾ ਕਈ ਹੋਰ ਛੋਟੇ ਮੋਟੇ ਸਿਪਾਹੀ ਵੀ ਜਿਹੜੇ ਲੋੜ ਵੇਲੇ ਬੜਾ ਕੰਮ ਆਉਂਦੇ । ਸਿੱਖਾਂ ਨਾਲ ਹੋਈ ਮੁਠ ਭੇੜ ਵੇਲੇ ਉਹਨਾਂ ਨੂੰ ਤੇਜ ਸਿੰਘ ਤੇ ਲਾਲ ਸਿੰਘ ਤਾਂ ਬੇਸ਼ਕ ਮਿਲ ਗਏ, ਪਰ ਆਮ ਸਿਪਾਹੀਆਂ ਤੇ ਜਨਤਾ ਦਾ ਸਹਿਯੋਗ ਪ੍ਰਾਪਤ ਨਾ ਹੋਇਆ । ਸਤਲੁਜ ਪਾਰ ਦੀਆਂ ਰਿਆਸਤਾਂ ਵਿਚੋਂ ਤੇ ਆਪਣੇ ਇਲਾਕੇ ਵਿਚੋਂ ਵੀ ਉਹਨਾਂ ਨੂੰ ਓਨੀ ਸਹਾਇਤਾ ਨਾ ਮਿਲੀ, ਜਿੰਨੀ ਸਹਾਇਤਾ ਦੇ ਕਿ ਉਹ ਬੰਗਾਲ, ਅਵੱਧ, ਮਧ ਭਾਰਤ ਤੇ ਦੱਖਣੀ ਭਾਰਤ ਵਿਚ ਆਦੀ ਹੋ ਚੁਕੇ ਸਨ । ਇਸ ਐਲਾਨ ਰਾਹੀਂ ਗਵਰਨਰ ਜਨਰਲ ਨੇ ਥੱਲਵੀਂ ਪੌੜੀ ਤਕ ਪੁਜਣਾ ਚਾਹਿਆ, ਜਿਥੋਂ ਕਿ ਉਹਨੂੰ ਆਪਣੇ ਇਰਾਦਿਆਂ ਦੀ ਸਫ਼ਲਤਾ ਵਾਸਤੇ ਸਹਾਇਤਾ ਮਿਲ ਸਕੇ ।

ਇਹ ਐਲਾਨ ਗਵਰਨਰ ਜਨਰਲ, ਸਮੁਚੇ ਅੰਗਰੇਜ਼ੀ ਕਰਮਚਾਰੀਆਂ ਤੇ ਸਮੁਚੀ ਗੋਰਾ ਕੌਮ ਦੇ ਸਦਾਚਾਰ ਦਾ ਵੀ ਲਖਾਇਕ ਹੈ । ਆਪਣੇ ਇਰਾਦਿਆਂ ਦੀ ਪ੍ਰਾਪਤੀ ਵਾਸਤੇ ਇਹ ਸਦਾਚਾਰ ਕਿਥੋਂ ਤਕ ਡਿਗ ਸਕਦਾ ਸੀ, ਇਸ ਐਲਾਨ ਤੋਂ ਇਹ ਜਾਣਿਆ ਜਾ ਸਕਦਾ ਹੈ ।

ਇਸ ਐਲਾਨ ਰਾਹੀਂ ਸਰਦਾਰ ਤੇਜ ਸਿੰਘ ਦੀ ਅਸਥਿਤੀ ਵੀ ਸਾਫ਼ ਕਰ ਦਿਤੀ ਗਈ । ਇਹ ਮਸ਼ਹੂਰ ਕਰਨ ਦੀ ਕੋਸਿਸ਼ ਕੀਤੀ ਗਈ ਕਿ ਤੇਜ ਸਿੰਘ, ਸਿੱਖ ਸੈਨਾ ਦਾ ਕਰਤਾ ਧਰਤਾ, ਲਾਹੌਰ ਦਰਬਾਰ ਦਾ ਖ਼ੈਰ ਖ਼ਾਹ ਹੈ ਤੇ ਇਹ ਕਿ ਅੰਗਰੇਜ਼ਾਂ ਦੇ ਬਰਖ਼ਿਲਾਫ਼ ਉਹ ਹਰ ਤਰਾਂ ਦੇ ਯਤਨ ਕਰ ਰਿਹਾ ਹੈ ।

ਇਸ ਐਲਾਨ ਤੋਂ ਇਲਾਵਾ ਯਸੂਹ ਮਸੀਹ ਦੇ ਜਨਮ ਦਿਨ ਉੱਤੇ ਗਵਰਨਰ ਜਨਰਲ ਨੇ ਇਕ ਨੋਟੀਫ਼ੀਕੇਸ਼ਨ ਵੀ ਜਾਰੀ ਕੀਤਾ, ਜਿਸ ਰਾਹੀਂ ਫ਼ੌਜ ਦੇ ਹਰ ਸਿਪਾਹੀ ਨੂੰ ਸਰਬ ਸ਼ਕਤੀਮਾਨ ਪ੍ਰਮਾਤਮਾ ਦਾ ਧੰਨਵਾਦ ਕਰਨ ਦੀ ਪਰੇਰਨਾ ਕੀਤੀ ਗਈ । ਇਕ ਹੋਰ ਹੁਕਮ ਅਨੁਸਾਰ ਕਲਕੱਤੇ ਦੇ ਗਿਰਜੇਘਰਾਂ ਦੇ ਕਰਮਚਾਰੀਆਂ ਨੇ ਧੰਨਵਾਦ ਦੇ ਫ਼ਾਰਮ ਵੀ ਛਾਪ ਕੇ ਵੰਡੇ । ਗਲੈਡਸਟੋਨ ਆਫ਼ ਵੈਲਿੰਗਟਨ ਤੇ ਉਹਦਾ ਚੇਲਾ ਹੈਨਰੀ ਹਾਰਡਿੰਗ ਬਿਲਕੁਲ ਇਕੋ ਜਿਹਾ ਸੋਚਦੇ ਸਨ । ਗਲੈਡਸਟੋਨ ਨੇ ਵੀ ਤਾਂ ਫੇਰ ਸ਼ਹਿਰ ਦੀ ਹਾਰ ਜਾਂ ਫ਼ਤਹਿ ਨੂੰ ਏਸੇ ਤਰ੍ਹਾਂ ਹੀ ਗਿਰਜੇ ਘਰਾਂ ਵਿਚ ਮਨਾਣ ਵਾਸਤੇ ਕਿਹਾ ਸੀ ਨਾ ?

ਫੇਰੂ ਸ਼ਹਿਰ ਦੀ ਲੜਾਈ ਪਿਛੋਂ ਪੰਜਾਬੀ ਸੈਨਾ ਦੇ ਕਈ ਆਦਮੀ ਆਪੋ ਆਪਣੇ ਘਰੀਂ ਟੁਰ ਗਏ । ਇਹਨਾਂ ਆਦਮੀਆਂ ਵਿਚ ਵਾਲੰਟੀਅਰ ਵੀ ਸ਼ਾਮਲ ਸਨ ਤੇ ਪੱਕੇ ਸਿਪਾਹੀ ਵੀ । ਫ਼ੌਜ ਵਿਚ ਹੁਣ ਪਹਿਲੇ ਜਿਹਾ ਜ਼ੇਬੱਤ ਨਹੀਂ ਸੀ ਰਿਹਾ ਤੇ ਸਿਪਾਹੀਆਂ ਦਾ ਆਪਣੇ ਅਫ਼ਸਰਾਂ ਤੇ ਲੀਡਰਾਂ ਉੱਤੇ ਵਿਸ਼ਵਾਸ ਚੁਕਿਆ ਜਾ ਰਿਹਾ ਸੀ । ਅਫ਼ਸਰ ਵੀ ਸੱਚੇ-ਵਿਸ਼ਵਾਸ ਗੁਆ ਰਹੇ ਸਨ ।

ਪਰ ਇਹੋ ਜਿਹੇ ਸਿਪਾਹੀਆਂ ਦੀ ਗਿਣਤੀ ਬਹੁਤੀ ਨਹੀਂ ਸੀ । ਜਿਹੜੇ ਅਜੀਤ ਵਰਗੇ ਆਦਮੀ ਗਏ ਵੀ ਸਨ, ਉਹ ਵੀ ਜਲਦੀ ਹੀ ਮੁੜ ਆਉਣ ਵਾਸਤੇ ਗਏ । ਉਹਨਾਂ ਨੂੰ ਅੰਗਰੇਜ਼ਾਂ ਕੋਲੋਂ ਡਰ ਨਹੀਂ ਸੀ ਲਗਾ ਤੇ ਨਾ ਹੀ ਉਹਨਾਂ ਦਾ ਆਪਣੀ ਜਿੱਤ ਵਿਚ ਯਕੀਨ ਮੱਠਾ ਹੋਇਆ ਸੀ । ਹਾਂ, ਉਹ ਆਪਣੀ ਲੀਡਰਸ਼ਿਪ ਤੋਂ ਨਿਰਾਸ਼ ਜ਼ਰੂਰ ਹੋਏ ਸਨ ਤੇ ਆਪਣੀ ਇਸ ਨਿਰਾਸ਼ਾ ਨੂੰ ਧੋਣ ਵਾਸਤੇ ਕੁਝ ਦਿਨਾਂ ਵਾਸਤੇ ਉਹ ਘਰੋ ਘਰੀ ਟੁਰ ਗਏ ਸਨ ।

ਬਹੁਤ ਸਾਰੇ, ਲਗ ਭਗ ਅਠਾਨਵੇਂ ਫ਼ੀ ਸਦੀ ਸਿਪਾਹੀ ਸਭਰਾਵਾਂ ਕੋਲ ਡਟ ਗਏ ਤੇ ਪਹਿਲੇ ਵਾਂਗ ਫਿਰ ਆਪਣੇ ਲੀਡਰਾਂ ਉੱਤੇ ਲਗੇ ਜੰਗ ਲਈ ਜ਼ੋਰ ਪਾਉਣ । ਸਿੱਖ ਸਿਪਾਹੀ ਵਾਸਤੇ ਸਭ ਤੋਂ ਮੁਸ਼ਕਲ ਗੱਲ ਨਿੱਚਲੇ ਬੈਠਣਾ ਹੈ ਤੇ ਹੁਣ ਵੀ ਉਹ ਨਿੱਦਲੇ ਨਹੀਂ ਸਨ ਬਹਿਣਾ ਚਾਹੁੰਦੇ । ਉਹ ਨਹੀਂ ਸਨ ਜਾਣਦੇ ਕਿ ਐਸ ਵੇਲੇ ਅੰਗਰੇਜ਼ੀ ਸੈਨਾ ਉੱਤੇ ਹੱਲਾ ਕਿੰਨਾ ਲਾਭਵੰਦ ਹੋਵੇਗਾ । ਉਹ ਇਹ ਵੀ ਨਹੀਂ ਸਨ ਜਾਣਦੇ ਕਿ ਜਲਦੀ ਹੀ ਫ਼ੀਰੋਜ਼ਪੁਰ ਦੇ ਲਾਗੇ ਇਕੱਠੀ ਹੋਈ ਅੰਗਰੇਜ਼ੀ ਸੈਨਾ ਨੂੰ ਜਿੱਤ ਕੇ ਉਹਨਾਂ ਸਾਹਮਣੇ ਦਿੱਲੀ ਦਾ ਰਾਹ ਖ਼ਾਲੀ ਪਿਆ ਹੋਵੇਗਾ, ਪਰ ਉਹ ਸਿਰਫ਼ ਲੜਨਾ ਚਾਹੁੰਦੇ ਸਨ । ਉਹ ਸਿਰਫ਼ ਗੋਰਿਆਂ ਦੇ ਸਿਰ ਲਾਹੁਣੇ ਚਾਹੁੰਦੇ ਸਨ । ਉਹ ਆਪਣੇ ਦਿਲ ਦਾ ਗੁਬਾਰ ਕਢਣਾ ਚਾਹੁੰਦੇ ਸਨ । ਉਹ ਨਹੀਂ ਸਨ ਜਾਣਦੇ ਕਿ ਇਸ ਵੇਲੇ ਅੰਗਰੇਜ਼ਾਂ ਦੀ ਹਾਲਤ ਕੇਡੀ ਨਾਜ਼ਕ ਹੈ; ਕਿ ਉਹ ਕਿਸ ਤੀਬਰਤਾ ਨਾਲ ਆਪਣਾ ਰਸਦ ਪਾਣੀ ਤੇ ਆਪਣੀਆਂ ਭਾਰੀਆਂ ਤੋਪਾਂ ਉਡੀਕ ਰਹੇ ਸਨ । ਉਹਨਾਂ ਦੇ ਹੌਸਲੇ ਕੇਡੇ ਢੱਠੇ ਹੋਏ ਹਨ; ਕਿ ਉਹ ਕਿਸ ਤਰ੍ਹਾਂ ਗਿਰਜੇ ਘਰਾਂ ਵਿਚ ਦੁਆਵਾਂ ਕਰ ਰਹੇ ਹਨ, ਕਿ ਉਹ ਕਿਸ ਤਰ੍ਹਾਂ ਕੁਝ ਦਿਨਾਂ ਦੀ ਮੋਹਲਤ ਲਈ ਯਸੂਹ ਮਸੀਹ ਦੇ ਤਰਲੇ ਕੱਢ ਰਹੇ ਹਨ । ਹਾਂ, ਇਹਨਾਂ

Scanned by CamScanner

ਬੀਰ ਸਿਪਾਹੀਆਂ ਨੂੰ ਕਿਸੇ ਇਹੋ ਜਿਹੀ ਗੱਲ ਦਾ ਨਹੀਂ ਸੀ ਪਤਾ, ਪਰ ਉਹ ਤਾਂ ਵੀ ਸਤਲੁਜ ਪਾਰ ਕਰ ਕੇ ਗੋਰਿਆਂ ਉੱਤੇ ਜਾ ਚੜ੍ਹਨਾ ਲੋਚਦੇ ਸਨ ਕਿਉਂਕਿ ਉਹਨਾਂ ਦੇ ਹੌਸਲੇ ਅਜਿੱਤ ਹਨ, ਕਿਉਂਕਿ ਉਹਨਾਂ ਦੀ ਸੁਪਿਰਟ ਅਜਿੱਤ ਹੈ, ਕਿਉਂਕਿ ਉਹ ਨਿੱਚਲੇ ਨਹੀਂ ਰਹਿ ਸਕਦੇ ।

ਦਿਨ ਪਰ ਦਿਨ ਬੀਤਦਾ ਗਿਆ, ਪਰ ਉਹਨਾਂ ਨੂੰ ਸਤਲੁਜ ਪਾਰ ਕਰਨ ਦੇ ਹੁਕਮ ਨਹੀਂ ਮਿਲੇ । ਉਹ ਤਰਲੇ ਮੱਛੀ ਹੋ ਰਹੇ ਸਨ, ਪਰ ਜਾਣਨ ਵਾਲੇ ਜਾਣਦੇ ਸਨ ਕਿ ਜੇ ਐਸ ਵੇਲੇ ਅੰਗਰੇਜ਼ੀ ਸੈਨਾ ਉੱਤੇ ਹੱਲਾ ਬੋਲਿਆ ਗਿਆ ਤਾਂ ਬਣਿਆ ਬਣਾਇਆ ਸਭ ਤਮਾਸ਼ਾ ਵਿਗੜ ਜਾਏਗਾ । ਤੇਜ ਸਿੰਘ ਤੇ ਲਾਲ ਸਿੰਘ ਸਿੱਖਾਂ ਨੂੰ ਅੱਗੇ ਵਧਣ ਤੋਂ ਰੋਕਦੇ ਸਨ । ਬੜੇ ਬਹਾਨੇ ਘੜਦੇ ਸਨ । ਹੁਣ ਉਹਨਾਂ ਨੇ ਇਹ ਵੀ ਹੁਲਾਣਾ ਸ਼ੁਰੂ ਕਰ ਦਿਤਾ ਕਿ ਰਾਜ ਮਾਤਾ ਜਿੰਦਾਂ ਖ਼ਾਲਸਈ ਸੈਨਾ ਨੂੰ ਮਰਵਾਣਾ ਚਾਹੁੰਦੀ ਹੈ ਤੇ ਇਹ ਕਿ ਏਸ ਤਰ੍ਹਾਂ ਹੀ ਉਹ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਚੁਕਾਣਾ ਚਾਹੁੰਦੀ ਹੈ । ਉਹਨਾਂ ਨੇ ਰਸਦ ਪਾਣੀ ਤੇ ਜੰਗੀ ਮਾਲ ਅਸਬਾਬ ਦੀ ਵਧ ਰਹੀ ਕਮੀ ਵੀ ਸੈਨਾ ਵਿਚ ਧੁਮਾਣੀ ਸ਼ੁਰੂ ਕਰ ਦਿਤੀ, ਪਰ ਸਿੱਖ ਸੈਨਾ ਨੂੰ ਕਿਸੇ ਗੱਲ ਦੀ ਕੋਈ ਪਰਵਾਹ ਨਹੀਂ । ਜੋ ਕੁਝ ਵੀ ਹੋਵੇ ਉਹ ਗੋਰਿਆਂ ਨਾਲ ਲੜਨਗੇ ਤੇ ਉਹਨਾਂ ਨੂੰ ਭਜਾ ਕੱਢਣਗੇ । ਇਹ ਸੈਨਾ ਦੁਸ਼ਮਣ ਨੂੰ ਸਾਹਮਣੇ ਵੇਖਦਿਆਂ, ਨਿੱਚਲੀ ਨਹੀਂ ਬੈਠ ਸਕਦੀ ।

ਮਜਬੂਰਨ ਤੇਜ ਸਿੰਘ ਤੇ ਲਾਲ ਸਿੰਘ ਨੂੰ ਦਰਿਆ ਪਾਰ ਕਰਨਾ ਪਿਆ ਤੇ ਸ਼ੁਰੂ ਜਨਵਰੀ ਵਿਚ ਉਹ ਸਭਰਾਵਾਂ ਦੇ ਨਵੇਂ ਉਸਾਰੇ ਗਏ ਕਿਲ੍ਹੇ ਵਿਚ ਆ ਗਏ । ਪਰ ਉਹਨਾਂ ਦੇ ਦਿਲ ਬੇਈਮਾਨ, ਉਹ ਕਿਵੇਂ ਨਾ ਕਿਵੇਂ ਲੜਾਈ ਦੀ ਮਿਤੀ ਨੂੰ ਲਮਕਾਉਣਾ ਚਾਹੁੰਦੇ, ਪਰ ਕਿਵੇਂ ? ਅੰਤ ਉਹਨਾਂ ਨੂੰ ਰਾਜਾ ਗੁਲਾਬ ਸਿੰਘ ਦਾ ਖ਼ਿਆਲ ਆਇਆ । ਰਾਜਾ ਗੁਲਾਬ ਸਿੰਘ; ਔਖੀਆਂ ਵਿਚ ਪੱਕਰਨ ਵਾਲਾ, ਹਰ ਮੁਸ਼ਕਲ ਵੇਲੇ ਬਹੁੜਨ ਵਾਲਾ । ਉਹੋ ਹੀ ਹੁਣ ਸਹਾਇਤਾ ਕਰ ਸਕਦਾ ਸੀ । ਲਾਲ ਸਿੰਘ ਨੇ ਆਪਣੀ ਗੱਦੀ ਉੱਤੇ ਉਹਨੂੰ ਬਿਠਾਣਾ ਚਾਹਿਆ ਤਾਂ ਜੋ ਇਸ ਤਰ੍ਹਾਂ ਅੰਗਰੇਜ਼ਾਂ ਨੂੰ ਕੁਝ ਦਿਨ ਤਿਆਰੀ ਦੇ ਹੋਰ ਮਿਲ ਜਾਣ ਤੇ ਸਿੱਖ ਸੈਨਾ ਅਗੇ ਵੀ ਕੋਈ ਬਹਾਨਾ ਪੇਸ਼ ਕੀਤਾ ਜਾ ਸਕੇ ।

ਰਾਜਾ ਗੁਲਾਬ ਸਿੰਘ ਦੇ ਵਜ਼ੀਰੇ-ਆਜ਼ਮ ਬਣਨ ਦੀ ਖ਼ਬਰ ਹੁਲਾਈ ਗਈ ਤੇ ਉਹਦੀ ਆਮਦ ਦੀ ਉਡੀਕ ਹੋਣ ਲਗੀ । ਸਤਾਈ ਜਨਵਰੀ, ੧੮੪੬ ਨੂੰ ਉਹ ਤਿੰਨ ਹਜ਼ਾਰ ਡੋਗਰਾ ਫ਼ੌਜ ਨਾਲ ਲਾਹੌਰ ਪੁਜਾ । ਇਕ ਅਤਿ ਕੀਮਤੀ ਮਹੀਨਾ ਹੁਣ ਤਕ ਬੇਅਰਥ ਜਾ ਚੁਕਾ ਸੀ । ਇਕ ਕੀਮਤੀ ਮਹੀਨਾ ਜਿਹੜਾ ਕਿ ਹਿੰਦੁਸਤਾਨ ਵਿਚ ਅੰਗਰੇਜ਼ੀ ਸਾਮਰਾਜ ਦੀਆਂ ਨੀਹਾਂ ਤਕ ਪੁੱਟ ਕੇ ਰਖ ਸਕਦਾ ਸੀ ।

ਰਾਜਾ ਗੁਲਾਬ ਸਿੰਘ ਲਾਹੌਰ ਆਇਆ ਤੇ ਉਸ ਆਪਣਾ ਅਹੁਦਾ ਸੰਭਾਲਿਆ ਪਰ ਉਹਨੂੰ ਕਿਸੇ ਗੱਲ ਦੀ ਜਲਦੀ ਨਹੀਂ ਸੀ । ਉਹਦੀ ਰਾਏ ਸੀ ਕਿ ਸਹਿਜ ਪੱਕੇ ਸੋ ਮੀਠਾ ਹੋਏ । ਉਸ ਲਾਹੌਰ ਵਿਚ ਆਪਣੀ ਕੂਟ ਨੀਤੀ ਅਨੁਸਾਰ ਸਾਰੇ ਪ੍ਰਬੰਧ ਕਰਨੇ ਸਨ । ਉਸ ਵੇਖਣਾ ਸੀ ਕਿ ਇਹ ਸਲਤਨੱਤ ਕਿਵੇਂ ਜਲਦੀ ਤੋਂ ਜਲਦੀ ਚੂਰਾ ਚੂਰਾ ਕੀਤੀ ਜਾ ਸਕਦੀ ਹੈ । ਉਸ ਮਹਾਰਾਜਾ ਰਣਜੀਤ ਸਿੰਘ ਦੀਆਂ ਮਿਹਰਬਾਨੀਆ ਦੇ ਬਦਲੇ ਚੁਕਾਣੇ ਸਨ । ਉਸ ਆਪਣੇ ਭਰਾਵਾਂ ਦੇ ਖ਼ੂਨਾਂ ਦੇ ਵੀ ਬਦਲੇ ਚੁਕਾਣੇ ਸਨ ਤੇ ਉਸ ਜੰਮੂ ਤੇ ਕਸ਼ਮੀਰ ਦੇ ਭਵਿੱਖ ਬਾਰੇ ਵੀ ਤਸੱਲੀ ਕਰਨੀ ਸੀ । ਡੋਗਰਾ ਸੈਨਾ ਨੇ ਸਿੱਖ ਸਲਤਨੱਤ ਦੀ ਤਬਾਹੀ ਵਿਚ ਬੜਾ ਸੁਨਹਿਰੀ ਹਿੱਸਾ ਲਿਆ ਤੇ ਜਿਵੇਂ ਕਿ ਇਸ ਸੈਨਾ ਦੀ ਪਹਿਲੇ ਕੋਈ ਘਾਟ ਹੋਵੇ; ਉਹ ਤਿੰਨ ਹਜ਼ਾਰ ਸਿਪਾਹੀ ਆਪ ਹੋਰ ਲੈ ਆਇਆ ।

ਸਹਿਜੇ ਸਹਿਜੇ ਲਾਹੌਰ ਵਿਚ ਸਭ ਪ੍ਰਬੰਧ ਕਰ ਕੇ ਉਹ ਸਭਰਾਵਾਂ ਆਇਆ ਤੇ ਪੰਜਾਬੀ ਸੈਨਾ ਦੀ ਅਗਵਾਈ ਕਰਨ ਦੀ ਬਜਾਏ ਉਸ ਗਵਰਨਰ ਜਨਰਲ ਨਾਲ ਗੱਲ ਬਾਤ ਸ਼ੁਰੂ ਕਰ ਦਿਤੀ । ਪੰਜਾਬੀ ਸੈਨਾ ਨੂੰ ਫਿਰ ਗੱਲਾਂ ਹੀ ਗੱਲਾਂ ਵਿਚ ਟਰਕਾ ਦਿਤਾ ਗਿਆ ।

ਗਵਰਨਰ ਜਨਰਲ ਸਰ ਹਾਰਡਿੰਗ ਲਾਹੌਰ ਦਰਬਾਰ ਨਾਲ ਸੁਲ੍ਹਾ ਦਾ ਚਾਹਵਾਨ ਸੀ । ਇਹਦਾ ਪ੍ਰਤੱਖ ਪ੍ਰਮਾਣ ਉਹਦੇ ਉਪਰੋਕਤ ਐਲਾਨ ਤੇ ਉਹਦੇ ਗਿਟਜੇ ਘਰਾਂ ਵਿਚ ਪ੍ਰਾਰਥਨਾਂ ਦੇ ਵੰਡੇ ਗਏ ਫ਼ਾਰਮ ਹਨ । ਗਵਰਨਰ ਜਨਰਲ ਸੁਲ੍ਹਾ ਚਾਹੁੰਦਾ ਸੀ ਕਿਉਂਕਿ ਉਹ ਭਵਿੱਖ ਕੋਲੋਂ ਡਰਦਾ ਸੀ । ਉਹ ਡਰਦਾ ਸੀ ਕਿ ਲੰਡਨ ਵਿਚ ਬੈਠੀ ਅਗਰੇਜ਼ੀ ਹਕੂਮਤ ਦੇ ਚਾਰ ਮੁਦਕੀਆਂ ਤੇ ਫੇਰੂ ਸ਼ਹਿਰਾਂ ਤੋਂ ਬਿਨਾਂ ਕਿਸੇ ਸ਼ਕ ਦੇ, ਤੰਗ ਆ ਜਾਵੇਗੀ ਤੇ ਇਹ ਲੜਾਈ ਬੰਦ ਕਰਨ ਦੇ ਹੁਕਮ ਘਲੇਗੀ । ਉਹ ਡਰਦਾ ਸੀ ਕਿ ਉਸ ਹਾਲਤ ਵਿਚ ਬੱਬਰ ਸ਼ੇਰ ਡੀਊਕ ਆਫ਼ ਵੈਲਿੰਗਟਨ ਦੀ ਭੱਬਕ ਵੀ ਕਿਸੇ ਨੂੰ ਚੁਪ ਨਹੀਂ ਕਰਾ

Scanned by CamScanner

ਸਕੇਗੀ। ਗਵਰਨਰ ਜਨਰਲ ਨੂੰ ਆਪਣੇ ਸਾਹਮਣੇ ਕਈ ਮੁਦਕੀਆਂ ਤੇ ਫੇਰੂ ਸ਼ਹਿਰਾਂ ਦਾ ਝਉਲਾ ਪੈਂਦਾ। ਗਵਰਨਰ ਜਨਰਲ ਸੁਲ੍ਹਾ ਮੰਗਦਾ ਤਾਂ ਜੋ ਕੁਝ ਸਾਲ ਅਟਕਿਆ ਜਾਏ, ਹੋਰ ਤਿਆਰੀ ਕੀਤੀ ਜਾਏ ਤੇ ਫਿਰ ਵੇਖਿਆ ਜਾਏ।

ਪਰ ਜੇ ਕੋਈ ਅਟਕ ਨਹੀਂ ਸੀ ਸਕਦਾ ਤਾਂ ਉਹ ਸਿੱਖ ਸੈਨਾ ਦੇ ਲੀਡਰ ਸਨ ; ਰਾਜਾ ਗੁਲਾਬ ਸਿੰਘ, ਸਰਦਾਰ ਤੇਜ ਸਿੰਘ, ਸਰਦਾਰ ਲਾਲ ਸਿੰਘ। ਇਹ ਲੀਡਰ ਸੁਲ੍ਹਾ ਨਹੀਂ ਸਨ ਚਾਹੁੰਦੇ। ਇਹ ਆਪੋ ਆਪਣੀਆਂ ਰਿਆਸਤਾਂ ਵਾਸਤੇ ਸਾਲ ਦੋ ਸਾਲ ਉਡੀਕ ਨਹੀਂ ਸਨ ਸਕਦੇ। ਇਹ ਜਲਦੀ ਤੋਂ ਜਲਦੀ ਸਿੱਖ ਸੈਨਾ ਨੂੰ ਮਰਵਾਣਾ ਚਾਹੁੰਦੇ ਸਨ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਲਤਨੱਤ ਨੂੰ ਖ਼ਤਮ ਕਰਨਾ ਚਾਹੁੰਦੇ ਸਨ।

ਇਹਨਾਂ ਨੇ ਅੰਗਰੇਜ਼ਾਂ ਵਲੋਂ ਸੁਲ੍ਹਾ ਦੀ ਮੰਗ ਠੁਕਰਾ ਦਿਤੀ, ਪਰ ਅੰਗਰੇਜ਼ਾਂ ਨੂੰ ਯਕੀਨ ਦਿਵਾਇਆ ਕਿ ਜਦੋਂ ਤਕ ਉਹ ਜੰਗ ਲਈ ਬਿਲਕੁਲ ਤਿਆਰ ਨਹੀਂ ਹੋਣਗੇ, ਉਹ ਸਿੱਖ ਸੈਨਾ ਨੂੰ ਉਹਨਾਂ ਉੱਤੇ ਹਮਲਾ ਨਹੀਂ ਕਰਨ ਦੇਣਗੇ। ਉਹਨਾਂ ਇਹ ਵੀ ਯਕੀਨ ਦਿਵਾਇਆ ਕਿ ਮੁਦਕੀ ਤੇ ਫੇਰੂ ਸ਼ਹਿਰ ਵਾਂਗ ਉਹ ਅਗਲੀ ਜੰਗ ਸ਼ੁਰੂ ਹੋਣ ਤੋਂ ਥੋੜ੍ਹਾ ਚਿਰ ਪਿਛੋਂ ਫਿਰ ਮੈਦਾਨ ਛੱਡ ਜਾਣਗੇ ਤੇ ਪਹਿਲਾਂ ਵਾਂਗ ਅੰਤਕੀ ਵੀ ਸਿੱਖ ਸੈਨਾ ਅੰਗਰੇਜ਼ਾਂ ਦੇ ਰਹਿਮ ਉੱਤੇ ਹੋਵੇਗੀ। ਪਰ ਅੰਤਕੀ, ਉਹਨਾਂ ਨੇ ਕਿਹਾ, ਅੰਗਰੇਜ਼ਾਂ ਨੂੰ ਹੌਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਡਰਨਾ ਨਹੀਂ ਚਾਹੀਦਾ। ਆਖ਼ਰ ਬੇਮੁਹਾਰ ਸੈਨਾ ਕੇਡੀ ਕੁ ਦੇਰ ਤਕ ਲੜਦੀ ਰਹਿ ਸਕਦੀ ਹੈ ? ਉਹਨਾਂ ਨੇ ਅੰਗਰੇਜ਼ਾਂ ਦੀ ਬਹਾਦਰੀ ਉੱਤੇ ਸ਼ੱਕ ਪ੍ਰਗਟ ਕੀਤੇ ਤੇ ਅੰਤਕੀ ਉਹਨਾਂ ਨੂੰ ਆਪਣੀ ਬਹਾਦਰੀ ਦਾ ਅਸਲੀ ਮੁਜ਼ਾਹਿਰਾ ਪੇਸ਼ ਕਰਨ ਵਾਸਤੇ ਕਿਹਾ।

ਤੇ ਸਭ ਤੋਂ ਵਡੀ ਗੱਲ — ਇਹਨਾਂ ਤਿੰਨ ਮਹਾਨ ਸਰਦਾਰਾਂ ਨੇ ਗਵਰਨਰ ਜਨਰਲ ਨੂੰ ਯਕੀਨ ਦਿਵਾਇਆ ਕਿ ਅਗਲੀ — ਸਭਰਾਵਾਂ ਦੀ — ਜੰਗ ਪਿਛੋਂ ਲਾਹੌਰ ਦਰਬਾਰ ਐਲਾਨੀਆਂ ਹਾਰੀ ਹੋਈ ਫ਼ੌਜ ਅਗੇ ਲਾਹੌਰ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਦੇਵੇਗਾ ਤੇ ਸਿਪਾਹੀਆਂ ਨੂੰ ਨੌਕਰੀਆਂ ਤੋਂ ਜੁਆਬ ਦੇ ਦੇਵੇਗਾ। ਭਾਵ ਕਿ ਸਭਰਾਵਾਂ ਦੀ ਜੰਗ ਪਿਛੋਂ ਲਾਹੌਰ ਦੀ ਸੜਕ ਜੇਤੂ ਅੰਗਰੇਜ਼ਾਂ ਵਾਸਤੇ ਖੁਲ੍ਹੀ ਹੋਵੇਗੀ ਤੇ ਉਹਨਾਂ ਸਾਹਮਣੇ ਕਿਸੇ ਕਿਸਮ ਦਾ ਅਟਕਾਅ ਨਹੀਂ ਹੋਵੇਗਾ।

ਗਵਰਨਰ ਜਨਰਲ ਨਾਲ ਇਹ ਗੁਪਤ ਫ਼ੈਸਲੇ ਕਰ ਕੇ ਰਾਜਾ ਗੁਲਾਬ ਸਿੰਘ ਵਾਪਸ ਲਾਹੌਰ ਪੁਜ ਗਿਆ ਤਾਂ ਜੋ ਉਹ ਸਭਰਾਵਾਂ ਦੀ ਜੰਗ ਨੂੰ ਸਿਖਾਂ ਤੇ ਅੰਗਰੇਜ਼ਾਂ ਵਿਚਕਾਰ ਹੋਈ ਆਖ਼ਰੀ ਜੰਗ ਬਣਾਉਣ ਬਾਰੇ ਹੋਰ ਮਨਸੂਬੇ ਵੀ ਘੜ ਸਕੇ।

ਹਾਂ, ਲਾਹੌਰ ਅੰਦਰ ਬੈਠਾ ਗੁਲਾਬ ਸਿੰਘ ਸਭਰਾਵਾਂ ਵਿਚ ਸਿੱਖ ਸੈਨਾ ਨੂੰ ਹਰਾਣ ਵਾਸਤੇ ਉੱਨਾਂ ਹੀ ਲਾਭਵੰਦ ਸਾਬਤ ਹੋ ਸਕਦਾ ਸੀ ਜਿੰਨੇ ਕਿ ਤੇਜ ਸਿੰਘ ਤੇ ਲਾਲ ਸਿੰਘ ਰਣਭੂਮੀ ਵਿਚ।

੧੪੦

ਸੱਤ ਫਰਵਰੀ, ੧੮੪੬ ਨੂੰ ਦੁਪਹਿਰ ਦੇ ਡੇਢ ਕੁ ਵਜੇ, ਫ਼ੀਰੋਜ਼ਪੁਰ ਵਿਚ ਇਕੱਤਰ ਗੋਰਾ ਫ਼ੌਜ ਨੂੰ ਕੁਮਕ ਪਹੁੰਚ ਗਈ। ਕੁਝ ਸੱਜਰ-ਸਾਹ ਸਿਪਾਹੀ, ਤੇ ਅਨੇਕ ਵੱਡੀਆਂ ਤੋਪਾਂ ਤੇ ਬਾਰੂਦ। ਗਵਰਨਰ ਜਨਰਲ ਤੇ ਹੀਊ ਗਫ਼ ਆਪ ਸ਼ਹਿਰ ਤੋਂ ਬਾਹਰ ਇਸ ਲਸ਼ਕਰ ਨੂੰ ਜੀ ਆਇਆਂ ਕਹਿਣ ਗਏ।

ਗਫ਼ ਨੇ ਆਈਆਂ ਵੱਡੀਆਂ ਤੋਪਾਂ ਨੂੰ ਹੱਥ ਲਾ ਲਾ ਕੇ ਟੋਹਿਆ। ਗਵਰਨਰ ਨੇ ਪੁੱਛਿਆ: "ਕਿਉਂ ਸੈਨਾਪਤੀ! ਕੀ ਤੁਹਾਨੂੰ ਅਜੇ ਵੀ ਇਤਬਾਰ ਨਹੀਂ ਆਉਂਦਾ ਕਿ ਇਹ ਤੋਪਾਂ ਸੱਚੀਂ ਮੁੱਚੀਂ ਏਥੇ ਪਹੁੰਚ ਗਈਆਂ ਹਨ ?"

Scanned by CamScanner

ਸੈਨਾਪਤੀ ਨੇ ਮੁਸਕਰਾ ਕੇ ਉੱਤਰ ਦਿਤਾ :

"ਇਹੋ ਪੱਕ ਕਰ ਰਿਹਾ ਹਾਂ ਸਰ ਹਾਰਡਿੰਗ। ਸਿੱਖਾਂ ਨਾਲ ਲੜਾਈ ਦੀ ਤਿਆਰੀ ਵੇਲੇ ਅਸਾਂ ਕਦੀ ਇਹ ਨਹੀਂ ਸੀ ਸੋਚਿਆ ਕਿ ਸਾਨੂੰ ਭਾਰੀਆਂ ਤੋਪਾਂ ਦੀ ਉਜ਼ੀਕ ਵਿਚ ਜੰਗ ਬੰਦ ਕਰਨੀ ਪਵੇਗੀ। ਹਿੰਦੁਸਤਾਨ ਵਿਚ ਲੜੀਆਂ ਸਾਰੀਆਂ ਲੜਾਈਆਂ ਨਾਲੋਂ ਇਹ ਲੜਾਈ ਅਨੋਖੀ ਨਿਕਲੀ ਹੈ।"

"ਹਾਂ ਸਰ ਗਫ਼ ! ਤੁਸੀਂ ਠੀਕ ਕਹਿੰਦੇ ਹੋ। ਸਾਡੇ ਨਾਲ ਅਨਹੋਣੀ ਹੋਈ ਹੈ। ਅਸਲ ਵਿਚ ਕਸੂਰ ਤੁਹਾਡਾ ਜਾਂ ਮੇਰਾ ਨਹੀਂ। ਕਸੂਰ ਉਹਨਾਂ ਅਫ਼ਸਰਾਂ ਦਾ ਹੈ ਜਿਨ੍ਹਾਂ ਕਿ ਸਿੱਖਾਂ ਦੀ ਤਾਕਤ ਨੂੰ ਪੂਰੀ ਅਹਿਮੀਅਤ ਨਹੀਂ ਦਿਤੀ। ਮੈਨੂੰ ਸ਼ੱਕ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਕਈ ਅਫ਼ਸਰ ਮਾਲਸੇ ਨੂੰ ਬੀਰ ਰਸੀ ਗੁਣਾਂ ਵਿਚ ਹਿੰਦ ਦੀਆਂ ਬਾਕੀ ਕੌਮਾਂ ਨਾਲੋਂ ਘਟੀਆ ਗਿਣਦੇ ਆਏ ਹਨ। ਜੇ ਸੱਚ ਪੁੱਛਿਆ ਜਾਏ ਤਾਂ ਨੈਪੋਲੀਅਨ ਦੀ ਸੈਨਾ ਤੋਂ ਸਿਵਾਏ ਅੰਗਰੇਜ਼ੀ ਸੈਨਾ ਨੂੰ ਕਿਤੇ ਹੋਰ ਇਹੋ ਜਿਹੀ ਫ਼ੌਜ ਨਾਲ ਸਾਹਮਣਾ ਨਹੀਂ ਕਰਨਾ ਪਿਆ। ਤੇ ਅਜੇ ਇਸ ਸੈਨਾ ਦਾ ਨੇਤਾ ਕੋਈ ਨਹੀਂ। ਇਹ ਗੱਲ ਕਹਿਣੀ ਬਣਦੀ ਤਾਂ ਨਹੀਂ, ਪਰ ਫਿਰ ਵੀ ਸ਼ੱਕ ਕੋਈ ਨਹੀਂ ਕਿ ਜੇ ਅੱਜ ਰਣਜੀਤ ਸਿੰਘ ਜਿੰਦਾ ਹੁੰਦਾ ਤਾਂ ਪਹਿਲੇ ਸੱਟੇ ਹੀ ਸਾਨੂੰ ਜਮਨਾ ਪਾਰ ਕਰਨ ਉੱਤੇ ਮਜਬੂਰ ਕਰ ਦਿਤਾ ਜਾਂਦਾ।"

"ਪ੍ਰਮਾਤਮਾ ਤੇ ਯਸੂਹ ਮਸੀਹ ਦਾ ਲੱਖ ਲੱਖ ਸ਼ੁਕਰ ਹੈ ਕਿ ਅਸੀਂ ਇਕ ਵਡੀ ਵੱਡੀ ਦੁਰਗਤੀ ਤੋਂ ਬਚ ਗਏ ਹਾਂ। ਸਰ ਹਾਰਡਿੰਗ ! ਸ਼ਾਇਦ ਤੁਸੀਂ ਨਹੀਂ ਜਾਣਦੇ ਅੱਜ..." ਤੇ ਉਸ ਆਪਣੇ ਆਸੇ ਪਾਸੇ ਵੇਖਿਆ। ਸਿਰਫ਼ ਗਵਰਨਰ ਜਨਰਲ ਦਾ ਏਡੀਕਾਂ ਕਨਿੰਘਮ ਹਾਜ਼ਰ ਸੀ। "ਲਾਲ ਸਿੰਘ ਜਾਂ ਤੇਜ ਸਿੰਘ ਵਲੋਂ ਦੁਸ਼ਮਣ ਦੇ ਮੋਰਚਿਆਂ ਦਾ ਨਕਸ਼ਾ ਤੇ ਬਾਕੀ ਖ਼ਬਰ ਆਦਿ ਪੁੱਜਣ ਵਾਲੀ ਹੈ।"

ਹਾਰਡਿੰਗ ਨੇ ਠਰ੍ਹੰਮੇ ਨਾਲ ਪੁੱਛਿਆ, "ਕੌਣ ਲਿਆਏਗਾ ਇਹ ਖ਼ਬਰ ?"

"ਇਕ ਨੂਰ ਦੀਨ ਕਸੂਰ ਦਾ ਰਹਿਣ ਵਾਲਾ ਪਠਾਣ ਹੈ। ਉਹ ਲਾਲ ਸਿੰਘ, ਤੇਜ ਸਿੰਘ ਤੇ ਨਿਕਲਸਨ ਦੇ ਵਿਚਕਾਰ ਹਰਕਾਰੇ ਦਾ ਕੰਮ ਕਰਦਾ ਹੈ।"

"ਹਾਂ, ਇਹ ਤਰੀਕਾ ਯੋਗ ਹੈ, ਪਰ ਮੈਂ ਸਿਰਫ਼ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਹਨਾਂ ਦੋ ਸਰਦਾਰਾਂ ਨੂੰ ਬਹੁਤ ਸਿਰੇ ਨਹੀਂ ਚੜ੍ਹਾਣਾ ਚਾਹੀਦਾ। ਇਹ ਜੋ ਕੁਝ ਕਰ ਰਹੇ ਹਨ ਆਪਣੇ ਹਿੱਤ ਵਾਸਤੇ ਕਰ ਰਹੇ ਹਨ ਤੇ ਇਹਨਾਂ ਦੋ ਗ਼ਦਾਰਾਂ ਵਿਚ ਗ਼ਦਾਰ ਗੁਲਾਬ ਸਿੰਘ ਵਰਗੀ ਸਿਆਣਪ ਤੇ ਸੂਝ ਨਹੀਂ। ਜੇ ਇਹ ਡੂਬੇ ਚੜ੍ਹ ਗਏ ਤਾਂ ਲਾਹੌਰ ਦੀ ਜਿੱਤ ਪਿਛੋਂ ਇਹ ਕੋਈ ਉਪੱਦਰ ਹੀ ਖੜਾ ਨਾ ਕਰ ਦੇਣ।"

"ਮੈਂ ਵੀ ਇਹੋ ਕੁਝ ਸੋਚਦਾ ਹਾਂ ਸਰ ਹਾਰਡਿੰਗ ! ਇਹੋ ਜਿਹੇ ਕਮੀਨੇ ਆਦਮੀ ਕਿਸੇ ਦੇ ਵਫ਼ਾਦਾਰ ਨਹੀਂ ਹੋ ਸਕਦੇ। ਪਰ ਅਸੀਂ ਕਰੀਏ ਵੀ ਕੀ ? ਸਾਨੂੰ ਐਸ ਵੇਲੇ ਇਹਨਾਂ ਦੀ ਲੋੜ ਹੈ। ਇਹਨਾਂ ਦੀ ਸਹਾਇਤਾ ਤੋਂ ਬਗ਼ੈਰ ਅਸੀਂ, ਜਿਵੇਂ ਤੁਸੀਂ ਆਪੇ ਹੀ ਕਿਹਾ ਹੈ, ਹੁਣ ਤਕ ਜਮਨਾ ਤੋਂ ਪਾਰ ਪਹੁੰਚ ਚੁਕੇ ਹੁੰਦੇ।"

"ਠੀਕ ਹੈ, ਪਰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਗੁਲਾਬ ਸਿੰਘ ਦੀ, ਅਜੇ ਤਕ ਲਾਹੌਰ ਦਰਬਾਰ ਨਾਲ, ਨਾ-ਮਿਲਵਰਤਨ ਨੇ ਵੀ ਸਾਡੀ ਉਨੀਂ ਹੀ ਸਹਾਇਤਾ ਕੀਤੀ ਹੈ ਜਿੰਨੀ ਇਹਨਾਂ ਦੋ ਸਰਦਾਰਾਂ ਦੀ ਗ਼ਦਾਰੀ ਨੇ। ਜੇ ਗੁਲਾਬ ਸਿੰਘ ਪਹਿਲੇ ਮੁੱਖ ਮੰਤਰੀ ਆ ਬਣਦਾ ਜਾਂ ਉਂਜ ਫ਼ੌਜ ਨੂੰ ਆਪਣੇ ਮਗਰ ਲਾ ਕੇ ਸਾਡੇ ਸਨਮੁਖ ਆ ਜਾਂਦਾ ਤਾਂ ਸਾਡੀ ਹਾਲਤ ਬਿਲਕੁਲ ਖ਼ਰਾਬ ਹੋ ਜਾਣੀ ਸੀ। ਹੁਣ ਵਜ਼ੀਰੇ-ਆਜ਼ਮ ਬਣਨ ਪਿਛੋਂ ਵੀ ਉਸ ਸਾਡੀ ਬੜੀ ਸਹਾਇਤਾ ਕੀਤੀ ਹੈ। ਉਸ ਬਚਨ ਦਿਤਾ ਹੈ ਕਿ ਅਗਲੀ ਲੜਾਈ ਵਾਸਤੇ ਉਹ ਗੋਲੇ ਬਾਰੂਦ ਦੀ ਥਾਂ ਰੇਤ ਤੇ ਮਿੱਟੀ ਦੀਆਂ ਬੋਰੀਆਂ ਭੇਜੇਗਾ। ਉਸ ਇਹ ਵੀ ਬਚਨ ਦਿਤਾ ਹੈ ਕਿ ਸਾਡੀ ਜਿੱਤ ਹੁੰਦਿਆਂ ਸਾਰ ਹੀ ਉਹ ਲਾਹੌਰ ਦੀ ਸੜਕ ਸਾਡੇ ਵਾਸਤੇ ਖੁਲ੍ਹੀ ਛੱਡ ਦੇਵੇਗਾ ਤੇ ਸੈਨਾ ਨੂੰ ਬੇ-ਹਥਿਆਰ ਕਰ ਦੇਵੇਗਾ। ਮੈਨੂੰ ਗੁਲਾਬ ਸਿੰਘ ਦੀਆਂ ਗੱਲਾਂ ਉੱਤੇ ਵਿਸ਼ਵਾਸ ਹੈ। ਬੇਸ਼ਕ ਉਹ ਵੀ ਤੇਜ ਸਿੰਘ ਤੇ ਲਾਲ ਸਿੰਘ ਵਰਗਾ ਹੀ ਗ਼ਦਾਰ, ਲਾਲਚੀ ਤੇ ਕਮੀਨਾ ਹੈ, ਪਰ ਫਿਰ ਵੀ ਉਸ ਵਿਚ ਇਕ ਚੀਜ਼ ਹੈ ਜਿਹੜੀ ਇਹਨਾਂ ਦੋ ਸਰਦਾਰਾਂ ਵਿਚ ਨਹੀਂ। ਉਹ ਲਾਇਕ ਹੈ, ਇਕ ਚੰਗਾ ਸਿਪਾਹੀ ਤੇ ਪਾਰਦਰਸ਼ਕ।"

"ਕੀ ਤੁਸੀਂ ਉਹਦੇ ਨਾਲ ਜੰਮੂ ਕਸ਼ਮੀਰ ਦੀ ਗੱਲ ਪੱਕੀ ਕਰ ਲਈ ਹੈ ?"

"ਨਹੀਂ ਅਜੇ ਤਕ ਨਹੀਂ ! ਪਰ ਮੈਨੂੰ ਜਾਪਦਾ ਹੈ ਕਿ ਕੁਝ ਨਾ ਕੁਝ ਉਹਨੂੰ ਦੇਣਾ ਹੀ ਪਵੇਗਾ। ਨਾਲੇ ਕਸ਼ਮੀਰ

Scanned by CamScanner

ਦਾ ਇਲਾਕਾ ਅੱਸ ਵੇਲੇ ਸਾਨੂੰ ਪੁਗ ਨਹੀਂ ਸਕਦਾ । ਮੇਰੀ ਜਾਚੇ ਪੰਜਾਬ ਨੂੰ ਹੀ ਕਾਬੂ ਕਰਦਿਆਂ ਸਾਨੂੰ ਦੋ ਤਿੰਨ ਵਰ੍ਹੇ ਲਗ ਜਾਣਗੇ ਤੇ ਜੇ ਅਸੀਂ ਕਸ਼ਮੀਰ ਨੂੰ ਪੰਜਾਬ ਨਾਲੋਂ ਵਖ ਨਾ ਕੀਤਾ ਤਾਂ ਹੋ ਸਕਦਾ ਹੈ ਕੁਝ ਸਿੱਖ ਸਰਦਾਰ ਉੱਥੇ ਜਾ ਪਹੁੰਚਣ ਤੇ ਸਾਡੇ ਨਾਲ ਜੰਗ ਜਾਰੀ ਰਖਣ । ਤੇ ਕਸ਼ਮੀਰ ਨੂੰ ਪੰਜਾਬ ਨਾਲੋਂ ਵੇਖ ਕਰਨ ਦਾ ਸਭ ਤੋਂ ਚੰਗਾ ਤਰੀਕਾ ਇਹੋ ਹੈ ਕਿ ਗੁਲਾਬ ਸਿੰਘ ਨੂੰ ਉੱਥੇ ਖ਼ੁਦਮੁਖਤਾਰ ਕਰ ਦਿਤਾ ਜਾਏ । ਆਖ਼ਰ, ਗੁਲਾਬ ਸਿੰਘ ਨਾਲ ਇਹੋ ਜਿਹੀ ਗੱਲ ਬਾਤ ਪਿਛਲੇ ਅਠੇਕ ਵਰ੍ਹਿਆਂ ਤੋਂ ਹੀ ਹੋ ਰਹੀ ਹੈ ?"

ਸਰ ਹੀਊ ਗਫ਼ ਸੋਚਣ ਲਗ ਪਿਆ ।

"ਤੁਹਾਡਾ ਕੀ ਖ਼ਿਆਲ ਹੈ ?" ਹਾਰਡਿੰਗ ਨੇ ਪੁੱਛਿਆ ।

"ਮੇਰਾ ਕਹਿਣਾ ਹੈ ਕਿ ਸਾਨੂੰ ਸਾਰੇ ਹਿੰਦੁਸਤਾਨ ਉੱਤੇ ਪੂਰਾ ਕਬਜ਼ਾ ਕਰਨ ਦਾ ਨਿਸ਼ਾਨਾ ਸਦਾ ਸਾਹਮਣੇ ਰਖਣਾ ਚਾਹੀਦਾ ਹੈ । ਅੱਸ ਵੇਲੇ ਬੇਸ਼ਕ ਅਸੀਂ ਕਸ਼ਮੀਰ ਉੱਤੇ ਕਬਜ਼ਾ ਕਰਨੇ ਜੋਗੇ ਨਹੀਂ, ਪਰ ਇਹ ਹਾਲਤ ਸਦਾ ਨਹੀਂ ਰਹਿਣੀ । ਕਸ਼ਮੀਰ ਦਾ ਇਲਾਕਾ ਮਹੱਤਵ ਇਲਾਕਾ ਹੈ । ਇਸ ਦੀਆਂ ਹੱਦਾਂ ਅਫ਼ਗਾਨਿਸਤਾਨ, ਤਿੱਬਤ ਤੇ ਚੀਨ ਨਾਲ ਮਿਲਦੀਆਂ ਹਨ । ਰੂਸੀ ਰਿੱਛ ਵੀ ਏਥੋਂ ਦੂਰ ਨਹੀਂ । ਜੇ ਅਜ ਕਲ੍ਹ ਨਹੀਂ ਤਾਂ ਆਉਣ ਵਾਲੇ ਵਰ੍ਹਿਆਂ ਵਿਚ ਜੰਮੂ ਤੇ ਕਸ਼ਮੀਰ ਦੀ ਮਹੱਤਤਾ ਵਧ ਜ਼ਰੂਰ ਜਾਵੇਗੀ । ਬਿਨਾਂ ਕਿਸੇ ਸ਼ੱਕ ਸ਼ੁਭਾ ਦੇ ਇਸ ਇਲਾਕੇ ਨੂੰ ਹਿੰਦੁਸਤਾਨ ਦਾ ਸਥਾਈ ਭਾਗ ਹੋਣਾ ਚਾਹੀਦਾ ਹੈ ।

"ਮੈਂ ਤੁਹਾਡੇ ਨਾਲ ਸਹਿਮਤ ਹਾਂ, ਹੀਊ ਗਫ਼ ਤੇ ਤੁਸੀਂ ਵੀ ਇਸ ਗੱਲ ਉੱਤੇ ਸਹਿਮਤ ਹੋਵੋਗੇ ਕਿ ਜੇ ਅੱਜ ਅਸੀਂ ਗੁਲਾਬ ਸਿੰਘ ਨੂੰ ਕਸ਼ਮੀਰ ਦੇ ਦਿਤਾ ਤਾਂ ਇਹਦਾ ਮਤਲਬ ਇਹ ਨਹੀਂ ਕਿ ਅਸੀਂ ਉੱਥੇ ਮੁੜ ਕੇ ਕੋਈ ਦਖ਼ਲ ਅੰਦਾਜ਼ੀ ਨਹੀਂ ਕਰ ਸਕਦੇ । ਪਹਿਲੀ ਚੀਜ਼ ਤਾਂ ਇਹ ਕਿ ਅਸੀਂ ਸੰਧੀ ਦੀਆਂ ਸ਼ਰਤਾਂ ਹੀ ਕੁਝ ਇਸ ਤਰ੍ਹਾਂ ਦੀਆਂ ਘੜਾਂਗੇ ਤੇ ਦੂਜਾ, ਪੰਜਾਬ ਤੋਂ ਵਿਹਲੇ ਹੁੰਦਿਆਂ ਹੀ ਅਸੀਂ ਆਪਣੇ ਰੈਜ਼ੀਡੈਂਟ ਰਾਹੀਂ ਕਸ਼ਮੀਰ ਨੂੰ ਉਸੇ ਤਰ੍ਹਾਂ ਆਪਣੇ ਅਸਰ ਥੱਲੇ ਲੈ ਆਵਾਂਗੇ ਜਿਵੇਂ ਕਿ ਅਸੀਂ ਬਾਕੀ ਦੇਸੀ ਰਿਆਸਤਾਂ ਵਿਚ ਕੀਤਾ ਹੈ ।"

"ਇਹ ਕਹਿਣਾ ਤੁਹਾਡਾ ਸਹੀ ਹੈ ਸਰ ਹਾਰਡਿੰਗ ! ਹਾਂ, ਪਰ ਆਉਣ ਵਾਲੀ ਲੜਾਈ ਬਾਰੇ ਤੁਹਾਡਾ ਕੀ ਖ਼ਿਆਲ ਹੈ ? ਸੈਨਾ, ਮੇਰੀ ਜਾਚੇ ਪਰਸੋਂ ਤਕ ਪੂਰੀ ਤਿਆਰ ਹੋਵੇਗੀ ।"

"ਤਾਂ ਠੀਕ ਹੈ 1 ਪਰਸੋਂ ਦੀ ਥਾਂ ਚੌਥੇ ਲੜਾਈ ਦਾ ਦਿਨ ਨਿਯਤ ਕਰੀਏ । ਡੀਊਕ ਕਿਹਾ ਕਰਦੇ ਸਨ ਕਿ ਤਿਆਰੀ ਕਰਨ ਵੇਲੇ ਚੌਵੀ ਘੰਟੇ ਸਦਾ ਆਪਣੇ 'ਕੋਟ ਦੀ ਬਾਂਹ ਵਿਚ ਬੱਚਾ' ਕੋ ਰੱਖੋ ।"

"ਸ਼ੁ ਦਸ ਫ਼ਰਵਰੀ ਲੜਾਈ ਲਈ ਨਿਯਤ ਕਰਦੇ ਹਾਂ । ਤੇ ਕੀ ਇਹਦੀ ਖ਼ਬਰ ਸਰਦਾਰ ਤੇਜ ਸਿੰਘ ਤੇ ਲਾਲ ਸਿੰਘ ਨੂੰ ਭੇਜਣੀ ਚਾਹੀਦੀ ਹੈ ?"

"ਇਹਦੇ ਬਾਰੇ ਫਿਰ ਸੋਚ ਲਵਾਂਗੇ । ਹੁਣ ਕੈਂਪ ਵਿਚ ਚਲਣਾ ਚਾਹੀਦਾ ਹੈ । ਗਰਦਾ ਬੈਠ ਗਿਆ ਹੈ ।"

ਤਿੰਨੇ ਆਦਮੀ ਆਪਣਿਆਂ ਘੋੜਿਆਂ ਉੱਤੇ ਤੁਰ ਪਏ । ਮੇਰਠ ਤੋਂ ਆਈ ਕੁਮਕ ਤੇ ਭਾਰੀਆਂ ਤੋਪਾਂ ਹੁਣ ਸ਼ਹਿਰ ਵਿਚ ਦਾਖ਼ਲ ਹੋਣ ਵਾਲੀਆਂ ਸਨ ।

ਕੁਝ ਮਿੰਟ ਪਿਛੋਂ ਗਵਰਨਰ ਜਨਰਲ ਨੇ ਕਨਿੰਘਮ ਨੂੰ ਕਿਹਾ, "ਕਨਿੰਘਮ ! ਤੂੰ ਅੱਗੇ ਅੱਗੇ ਚਲ ਤੇ ਪਤਾ ਕਰ ਜੇ ਤੇਜ ਸਿੰਘ ਜਾਂ ਲਾਲ ਸਿੰਘ ਦੀ ਕੋਈ ਚਿੱਠੀ ਆਈ ਹੈ । ਜਲਦੀ ਤੋਂ ਜਲਦੀ ਹੁਣ ਸਾਨੂੰ ਜੰਗ ਦੀ ਪਲੈਨ ਬਣਾਣੀ ਚਾਹੀਦੀ ਹੈ ।"

ਕਨਿੰਘਮ ਘੋੜਾ ਦੁੜਾ ਕੇ ਅਗੇ ਵਧ ਗਿਆ । ਸੈਨਾਪਤੀ ਤੇ ਗਵਰਨਰ ਜਨਰਲ ਦੀਆਂ ਨਜ਼ਰਾਂ ਤੋਂ ਓਝਲ ਹੁੰਦਿਆਂ ਹੀ ਉਸ ਆਪਣੇ ਘੋੜੇ ਨੂੰ ਮੱਠਾ ਕੀਤਾ ਤੇ ਉਹ ਸੋਚਣ ਲਗ ਪਿਆ । ਉਹਨੂੰ ਲਗਦਾ ਕਿ ਉਹਦੇ ਅੰਤਹਕਰਨ ਵਿਚ ਕੋਈ ਚੀਜ਼ ਚੁਭ ਰਹੀ ਹੈ । ਇਸ ਅਫ਼ਸਰ ਨੂੰ ਪੰਜਾਬ ਵਿਚ ਕੰਮ ਕਰਦਿਆਂ ਲਗ ਭਗ ਸੱਤ ਸਾਲ ਹੋਣ ਲਗੇ ਸਨ । ਸੰਨ ੧੮੩੭ ਵਿਚ ਲਾਰਡ ਆਕਲੈਂਡ ਨੇ ਇਹਨੂੰ ਕਰਨੈਲ ਵੈੱਡ ਦਾ ਸਹਾਇਕ ਥਾਪਿਆ । ਕਰਨੈਲ ਵੈੱਡ ਉਸ ਵੇਲੇ ਲੁਧਿਆਣੇ ਵਿਚ ਪੁਲੀਟੀਕਲ ਅਫਸਰ ਸੀ ਤੇ ਅਫ਼ਗਾਨਿਸਤਾਨ ਤੇ ਪੰਜਾਬ ਅਤੇ ਬਰਤਾਨਵੀ ਸੰਬੰਧਾਂ ਦਾ ਰੱਖਵਾਲਾ । ੧੮੩੮ ਵਿਚ ਆਕਲੈਂਡ ਤੇ ਰਣਜੀਤ ਸਿੰਘ ਦੀ ਮੁਲਾਕਾਤ ਵੇਲੇ ਕਨਿੰਘਮ ਹਾਜ਼ਰ ਸੀ । ੧੮੩੯ ਵਿਚ ਇਹ ਸ਼ਹਿਜ਼ਾਦਾ ਤੈਮੂਰ ਤੇ

Scanned by CamScanner

ਕਰਨੈਲ ਵੈੱਡ ਨਾਲੋਂ ਪਿਸ਼ਾਵਰ ਗਿਆ। ੧੯੪੦ ਵਿਚ ਇਹਨੂੰ ਲੁਧਿਆਣੇ ਦਾ ਮੁੱਖ ਪ੍ਰਬੰਧਕ ਥਾਪਿਆ ਗਿਆ। ਏਸੇ ਸਾਲ ਦੇ ਅੰਤ ਵਿਚ ਕਰਨੈਲ ਕਲਾਰਕ ਨੇ, ਜਿਹੜਾ ਕਿ ਕਰਨੈਲ ਵੈੱਡ ਦੀ ਥਾਂ ਆਇਆ ਸੀ, ਇਹਨੂੰ ਫਿਰ ਪਿਸ਼ਾਵਰ ਭੇਜਿਆ। ੧੯੪੧ ਵਿਚ ਇਹ ਫ਼ੀਰੋਜ਼ਪੁਰ ਜ਼ਿਲੇ ਵਿਚ ਮੈਜਿਸਟਰੇਟ ਬਣਿਆ। ੧੯੪੨ ਵਿਚ ਐਲਨਬਰੋ ਤੇ ਸਿੱਖ ਹੁਕਮਰਾਨਾਂ ਦੀ ਮੁਲਾਕਾਤ ਵੇਲੇ ਕਨਿੰਘਮ ਹਾਜ਼ਰ ਸੀ। ਕਰਨੈਲ ਕਲਾਰਕ ਤੋਂ ਪਿਛੋਂ ਇਹਨੇ ਰਿਚਮੰਡ ਨਾਲ ਕੰਮ ਕੀਤਾ। ਫਿਰ ਥੋੜਾ ਚਿਰ ਬਹਾਵਲਪੁਰ ਰਹਿਣ ਪਿਛੋਂ ਇਹ ਮੁੜ ਫ਼ੀਰੋਜ਼ਪੁਰ ਆ ਗਿਆ। ਉਸ ਸਰ ਹੀਊ ਗਫ਼ ਦੇ ਸਦਰ ਵਿਚ ਕੰਮ ਕੀਤਾ ਤੇ ਹੁਣ ਉਹ ਗਵਰਨਰ ਜਨਰਲ ਦਾ ਏਡੀਕਾਂ ਸੀ।

ਕਈ ਆਦਮੀ ਹੁੰਦੇ ਹਨ ਜਿਨ੍ਹਾਂ ਵਿਚ ਮਾਨਵਤਾ ਦਾ ਜਜ਼ਬਾ ਹੋਰਨਾਂ ਨਾਲੋਂ ਵਧ ਹੁੰਦਾ ਹੈ। ਕਈ ਮਨੁੱਖ ਦੂਜਿਆਂ ਨਾਲੋਂ ਵਧ ਸੱਚੇ ਤੇ ਸਦਾਚਾਰਕ ਹੁੰਦੇ ਹਨ। ਇਹਨਾ ਮਨੁੱਖਾਂ ਵਿਚੋਂ ਕਈ ਮਨੁੱਖ ਅਜਿਹੇ ਵੀ ਹੁੰਦੇ ਹਨ ਜਿਹੜੇ ਆਪਣੇ ਆਲੇ ਦੁਆਲੇ ਵਿਚ ਹੋ ਰਹੀਆਂ ਕੁਰੀਤੀਆਂ ਤੇ ਅਨਉਚਿਤ ਘਟਨਾਵਾਂ ਨੂੰ ਠੰਢੇ ਦਿਲ ਨਾਲ ਸਵੀਕਾਰ ਨਹੀਂ ਕਰ ਸਕਦੇ। ਅਨਉਚਿਤਾ ਇਹਨਾਂ ਨੂੰ ਉਪਰਾਮ ਕਰਦੀ ਹੈ। ਇਹਨਾਂ ਦੀਆਂ ਸਦਾਚਾਰਕ ਬਿਰਤੀਆਂ ਇਹਨਾਂ ਦੇ ਅੰਤਹਕਰਣ ਵਿਚ ਸਦਾ ਮਚਲਦੀਆਂ ਰਹਿੰਦੀਆਂ ਹਨ! ਕਨਿੰਘਮ ਇਹਨਾਂ ਮਨੁੱਖਾਂ ਵਿਚੋਂ ਇਕ ਸੀ।

ਕਨਿੰਘਮ ਹਿੰਦੁਸਤਾਨ ਆਇਆ ਤੇ ਹਿੰਦੁਸਤਾਨੀਆਂ ਨਾਲ ਇਹਨੂੰ ਮੱਸ ਹੋ ਗਿਆ। ਇਹ ਪੰਜਾਬ ਆਇਆ ਤੇ ਸਿੱਖਾਂ ਨਾਲ ਕਾਰ ਵਿਹਾਰ ਕਰਦਿਆਂ ਇਹਨੂੰ ਇਸ ਕੌਮ ਨਾਲ ਪਿਆਰ ਹੋ ਗਿਆ। ਉਹ ਸਿੱਖਾਂ ਦੇ ਉੱਚ ਸਦਾਚਾਰਕ ਗੁਣ ਵੇਖਦਾ। ਉਹ ਇਹਨਾਂ ਦੀ ਸਪਿਰਟ ਪਛਾਣਦਾ, ਇਹਨਾਂ ਦੀ ਘਰੇਗੀ ਰਹਿਣੀ ਬਹਿਣੀ ਨੂੰ ਵਾਚਦਾ, ਇਹਨਾਂ ਦੀ ਸਿਦਕ ਸਿਵਾਣਦਾ ਤੇ ਇਹਨੂੰ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਉੱਮਤ ਚੰਗੀ ਚੰਗੀ ਲਗਦੀ। ਇਸ ਕੌਮ ਦੀ ਦ੍ਰਿੜ੍ਹਤਾ ਤੇ ਦੂਜੇ ਹੱਥ ਇਹਨਾਂ ਦਾ ਦੈਵੀ ਆਚਰਨ ਉਹਨੂੰ ਸੁੱਚੇ ਤੇ ਉੱਚੇ ਈਸਾਈਆਂ ਵਾਂਗ ਲਗਦਾ। ਕਦੀ ਕਦੀ ਉਹ ਸੋਚਦਾ ਕਿ ਕੀ ਸਿੱਖ ਲੋਕ ਹੀ ਈਸਾਈਆਂ ਦੇ ਅਸਲੀ ਪ੍ਰਤੀਨਿਧ ਨਹੀਂ?

ਕਨਿੰਘਮ ਇਹੋ ਜਿਹੀਆਂ ਗੱਲਾਂ ਸੋਚਦਾ, ਪਰ ਇਹ ਸੋਚਾਂ ਉਹਦੇ ਕਰਮਾਂ ਦੇ ਰਾਹ ਵਿਚ ਨਾ ਖਲੋਂਦੀਆਂ। ਉਹਦੀ ਤਰਬੀਅਤ ਇਕ ਸਿਪਾਹੀ ਦੀ ਤਰਬੀਅਤ ਸੀ ਤੇ ਉਹ ਇਕ ਦੇਸ਼ ਭਗਤ ਅੰਗਰੇਜ਼ ਸੀ। ਅੱਜ ਵੀ ਉਹਦੀਆਂ ਸੋਚਾਂ ਫ਼ੀਰੋਜ਼ਪੁਰ ਛਾਉਣੀ ਵਿਚ ਪਹੁੰਚਦਿਆਂ ਹੀ ਕੱਚੇ ਧਾਗੇ ਵਾਂਗ ਟੁਟ ਗਈਆਂ ਤੇ ਉਹ ਸਿੱਧਾ ਨਿਕਲਸਨ ਦੇ ਘਰ ਵਲ ਤੁਰ ਪਿਆ।

ਲਾਲ ਸਿੰਘ ਦੀ ਚਿੱਠੀ ਪੁਜ ਚੁਕੀ ਸੀ। ਉਸ ਖ਼ਾਲਸਾ ਕੈਂਪ ਤੇ ਉਹਨਾਂ ਦੀਆਂ ਖ਼ੁੰਦਕਾਂ ਤੇ ਮੋਰਚਿਆਂ ਦਾ ਇਕ ਕੁਢੱਬਾ ਜਿਹਾ ਨਕਸ਼ਾ ਭੇਜਿਆ ਸੀ। ਬੇਸ਼ਕ ਨਕਸ਼ਾ ਕੁਢੱਬਾ ਸੀ, ਪਰ ਉਹਨੂੰ ਘੋਖਣ ਪਿਛੋਂ ਸਿੱਖਾਂ ਦੇ ਮੋਰਚਿਆਂ ਬਾਰੇ ਕੋਈ ਸ਼ਕ ਨਹੀਂ ਸੀ ਰਹਿ ਜਾਂਦਾ। ਲਾਲ ਸਿੰਘ ਨੇ ਇਹ ਵੀ ਲਿਖਿਆ ਸੀ ਕਿ ਆਉਂਦੀ ਲੜਾਈ ਦਾ ਅਸਲੀ ਪ੍ਰਬੰਧਕ ਤੇਜ ਸਿੰਘ ਹੋਵੇਗਾ, ਪਰ ਯਕੀਨ ਦਿਵਾਇਆ ਕਿ ਤੇਜ ਸਿੰਘ ਆਪਣੇ ਬਚਨਾਂ ਉੱਤੇ ਪੱਕਾ ਰਹੇਗਾ। ਲਾਲ ਸਿੰਘ ਨੇ ਆਪਣੀ ਸੈਨਾ ਦੀ ਕਮਜ਼ੋਰ ਬਾਹੀ ਵਲ ਵੀ ਇਸ਼ਾਰਾ ਕੀਤਾ ਤੇ ਕਿਹਾ ਕਿ ਉਹ ਆਪਣੀ ਕਮਾਨ ਹੇਠ ਆਏ ਰਸਾਲੇ ਨੂੰ ਐਵੇਂ ਹੀ ਏਧਰ-ਓਧਰ ਖਿਲਾਰ ਛਡੇਗਾ।

ਕਨਿੰਘਮ ਸਾਰੀ ਖ਼ਬਰ ਲੈ ਕੇ ਆਪਣੇ ਮਾਲਕ ਕੋਲ ਪਹੁੰਚਿਆ ਤੇ ਗਵਰਨਰ ਜਨਰਲ ਤੇ ਸੈਨਾਪਤੀ ਗਦੀ ਸ਼ਾਮ ਤਕ ਆਉਣ ਵਾਲੀ ਲੜਾਈ ਦੀ ਪਲੈਨ ਬਾਰੇ ਸੋਚਦੇ ਰਹੇ। ਕਨਿੰਘਮ ਕੋਲ ਖੜਾ ਸਭ ਕੁਝ ਸੁਣਦਾ ਰਿਹਾ, ਸਭ ਕਝ ਵਾਚਦਾ ਰਿਹਾ।

ਇਕੱਤਰਤਾ ਪਿਛੋਂ, ਜਿਹੜੇ ਜਿਹੜੇ ਕੰਮ ਉਹਦੇ ਜ਼ਿਮੇ ਲਾਏ ਗਏ ਸਨ, ਉਸ ਉਹ ਭੁਗਤਾਏ ਤੇ ਗਵਰਨਰ ਜਨਰਲ ਨੂੰ ਆਪਣੇ ਸੋਣ ਕਮਰੇ ਤਕ ਪਹੁੰਚਾ ਕੇ ਉਹ ਆਪਣੇ ਕਮਰੇ ਵਿਚ ਆਇਆ। ਉਸ ਵੇਖਿਆ ਕਿ ਉਹਦਾ ਇਕ ਪੁਰਾਣਾ ਮਿੱਤਰ, ਮੇਜਰ ਥਾਂਪਸਨ, ਉੱਥੇ ਬੈਠਾ ਉਹਦੀ ਉਡੀਕ ਕਰ ਰਿਹਾ ਹੈ। ਕਨਿੰਘਮ ਹੈਰਾਨ ਹੋਇਆ। ਉਹ ਅੱਜ ਉਪਰਾਮ ਸੀ ਤੇ ਉਹ ਆਪਣੇ ਕਮਰੇ ਵਿਚ ਪਹੁੰਚ ਕੇ ਸੋਚਣਾ ਚਾਹੁੰਦਾ ਸੀ, ਪਰ ਫਿਰ ਵੀ ਥਾਂਪਸਨ ਦੀ ਮੌਜੂਦਗੀ ਨੇ ਉਹਨੂੰ ਬਹੁਤ ਔਖਾ ਨਹੀਂ ਕੀਤਾ। ਥਾਂਪਸਨ ਉਹਦਾ ਦੋਸਤ ਸੀ ਤੇ ਉਹਦੇ ਅੱਗੇ ਉਹ ਆਪਣੇ ਸ਼ੰਕੇ ਬੇਖਟਕ ਪ੍ਰਗਟ ਕਰ ਸਕਦਾ ਸੀ।

Scanned by CamScanner

ਕੋਈ ਹੋਰ ਗੱਲ ਕਹਿਣ ਤੋਂ ਪਹਿਲੇ ਕਨਿੰਘਮ ਨੇ ਸਿੱਧਾ ਇਹੋ ਆਖਿਆ, "ਫ਼ਿਲ ! ਕੀ ਤੂੰ ਇਤਿਹਾਸ ਦਾ ਵਿਦਿਆਰਥੀ ਰਿਹਾਂ ਹੈਂ ਜਾਂ ਕੀ ਤੈਨੂੰ ਇਤਿਹਾਸ ਨਾਲ ਮੱਸ ਹੈ ?"

ਥਾਂਪਸਨ ਨੂੰ ਲੱਗਾ ਕਿ ਜਿਵੇਂ ਕਨਿੰਘਮ ਦੀ ਮਾਨਸਕ ਹਾਲਤ ਖ਼ਰਾਬ ਹੋਵੇ । ਉਹ ਉਠਿਆ । ਉਸ ਕਨਿੰਘਮ ਨੂੰ ਕੁਰਸੀ ਉੱਤੇ ਬਿਠਾਇਆ । ਸੋਡਾ ਪਾ ਕੇ ਵਿਸਕੀ ਦਾ ਇਕ ਪੈੱਗ ਬਣਾ ਕੇ ਦਿਤਾ, ਤੇ ਪੁਛਿਆ : "ਕੀ ਗੱਲ ਹੈ ਡੇਵਡ ? ਤੇਰੀ ਤਬੀਅਤ ਤਾਂ ਠੀਕ ਹੈ ?"

"ਵਿਸਕੀ ਲਈ ਸ਼ੁਕਰੀਆ । ਫ਼ਿਲ ! ਮੇਰੇ ਦਿਲ ਉਤੇ ਇਕ ਮਾਨਸਕ ਭਾਰ ਹੈ । ਤੂੰ ਜਾਣਦਾ ਹੈਂ ਕਿ ਮੈਨੂੰ ਇਤਿਹਾਸ ਨਾਲ ਮੱਸ ਹੈ ਤੇ ਇਕ ਦੋ ਸੌ ਸਾਲ ਭਵਿੱਖਤ ਵਿਚ ਪਹੁੰਚ ਕੇ ਜਦੋਂ ਮੈਂ ਅੱਜ ਦੇ ਹਾਲਾਤ ਵਲ ਤੱਕਦਾ ਹਾਂ, ਤਾਂ ਮੈਂ ਸ਼ਰਮਿੰਦਾ ਹੁੰਦਾ ਹਾਂ ਅਸੀਂ ਬੜਾ ਕੁਝ ਅਣਸੋਂਹਦਾ ਤੇ ਈਸਾਈਅੱਤ ਦੇ ਉਲਟ ਕਰ ਰਹੇ ਹਾਂ ।"

"ਤੇਰਾ ਇਸ਼ਾਰਾ ਕਿਦ੍ਹੇ ਵਲ ਹੈ ?"

"ਕਿਸੇ ਖ਼ਾਸ ਗੱਲ ਵਲ ਨਹੀਂ । ਪਿਛਲੇ ਪੰਜਾਂ ਸਤਾਂ ਸਾਲਾਂ ਤੋਂ ਹੀ ਇਕ ਪਿਛੋਂ ਦੂਜੀ ਕੋਈ ਇਹੋ ਜਿਹੀ ਘਟਨਾ ਵਾਪਰ ਰਹੀ ਹੈ ਕਿ ਮੈਂ ਅਸ਼ਾਂਤ ਹੋ ਜਾਂਦਾ ਹਾਂ । ਮੇਰਾ ਸਾਵਾਂ ਤੋਲ ਭੰਗ ਹੋ ਜਾਂਦਾ ਹੈ ।"

"ਮੈਨੂੰ ਤੇਰੇ ਆਮ ਖ਼ਿਆਲਾਂ ਦਾ ਤਾਂ ਪਤਾ ਹੈ ਡੇਵਡ ! ਪਰ ਅੱਜ ਕਿਹੜੀ ਖ਼ਾਸ ਗੱਲ ਹੋਈ ਹੈ ?"

ਕਨਿੰਘਮ ਉਠਿਆ । ਉਸ ਇਕੋ ਡਾਕ ਨਾਲ ਆਪਣੀ ਰਹਿੰਦੀ ਵਿਸਕੀ ਖ਼ਤਮ ਕੀਤੀ ਤੇ ਕਿਹਾ, "ਮੈਨੂੰ ਇਕ ਵੱਡਾ ਪੈੱਗ ਦੇ, ਫ਼ਿਲ ! ਮੈਂ ਅੱਜ ਮਾਨਸਕ ਪਾਲੇ ਵਿਚ ਕੰਬ ਰਿਹਾ ਹਾਂ ।"

ਕਨਿੰਘਮ ਨੇ ਹੌਲੀ ਹੌਲੀ ਆਪਣੇ ਕਪੜੇ ਲਾਹੁਣੇ ਸ਼ੁਰੂ ਕੀਤੇ । ਮੇਜਰ ਫ਼ਿਲ ਥਾਂਪਸਨ ਨੇ ਓਹਨੂੰ ਵਿਸਕੀ ਦਾ ਇਕ ਵਡਾ ਪੈੱਗ ਦਿਤਾ ਤੇ ਕਨਿੰਘਮ ਨੇ ਉਹ ਫੜ ਕੇ ਛੋਟੀ ਤਿਪਾਈ ਉੱਤੇ ਰਖਿਆ । ਇਹ ਤਿਪਾਈ ਉਸ ਆਪਣੇ ਪਲੰਘ ਦੇ ਸਿਰਹਾਣੇ ਖਿਸਕਾਈ ਤੇ ਬਿਸਤਰੇ ਵਿਚ ਵੜਦਿਆਂ ਕਿਹਾ : 'ਅੱਜ ਬੜਾ ਕੁਝ ਹੋਇਆ ਹੈ ਫ਼ਿਲ । ਮੈਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਇਤਿਹਾਸਕਾਰਾਂ ਨੇ ਸੌ ਸਾਲ ਪਿਛੋਂ ਅੱਜ ਤੋਂ ਕੁਝ ਦਿਨ ਪਹਿਲੇ ਦੀਆਂ ਘਟਨਾਵਾਂ ਬਾਰੇ ਲਿਖਿਆ, ਤਾਂ ਉਹ ਸਾਡੀ ਕੌਮ ਤੇ ਸਾਡੀ ਈਸਾਈਅਤ ਉੱਤੇ ਕਿਸ ਤਰ੍ਹਾਂ ਦੇ ਫ਼ਤਵੇ ਲਾਉਣਗੇ ।"

"ਪਰ ਤੂੰ ਹਰ ਵਕਤ ਇਹ ਸੌ ਸਾਲ ਪਿਛੋਂ ਦੀਆਂ ਕਿਉਂ ਸੋਚਦਾ ਰਹਿੰਦਾ ਹੈਂ ?"

"ਕਿਉਂਕਿ ਮੇਰੇ ਅੰਦਰ ਇਕ ਇਤਿਹਾਸਕਾਰ ਸਦਾ ਸੁਆਲ ਪੁੱਛਦਾ ਰਹਿੰਦਾ ਹੈ । ਮੈਂ ਇਸ ਇਤਿਹਾਸਕਾਰ ਦੇ ਸੁਆਲਾਂ ਦੇ ਉੱਤਰ ਦਿਤੇ ਬਗ਼ੈਰ ਰਹਿ ਨਹੀਂ ਸਕਦਾ, ਇਹ ਮੇਰੀ ਕਮਜ਼ੋਰੀ ਹੈ । ਮੈਂ ਦਸ ਕੀ ਕਰ ਸਕਦਾ ਹਾਂ ।"

"ਤੂੰ ? ਸੱਚ ਪੁੱਛਦਾ ਹੈਂ ?"

"ਹਾਂ ?"

"ਤੂੰ ਜਾਂ ਤਾਂ ਇਹ ਸਭ ਫੋਕੀਆਂ ਗੱਲਾਂ ਭੁੱਲ ਸਕਦਾ ਹੈਂ ਤੇ ਜਾਂ ਸਰ ਰਾਬਰਟ ਸੇਲ ਵਾਂਗ ਆ ਰਹੀ ਲੜਾਈ ਵਿਚ ਜਾਨ ਦੇ ਸਕਦਾ ਹੈਂ ।"

ਕਨਿੰਘਮ ਨੇ ਵਿਸਕੀ ਦਾ ਗਿਲਾਸ ਤਿਪਾਈ ਉੱਤੇ ਰਖ ਦਿਤਾ ਤੇ ਇਕ ਟੱਕ ਆਪਣੇ ਮਿੱਤਰ ਥਾਂਪਸਨ ਵਲ ਤੱਕਣ ਲਗਾ । "ਕਿਉਂ ਕੀ ਮੈਂ ਝੂਠ ਕਿਹਾ ਹੈ ਡੇਵਡ ?" ਕਨਿੰਘਮ ਨੇ ਫਿਰ ਵੀ ਕੋਈ ਉੱਤਰ ਨਾ ਦਿਤਾ । "ਕਿਉਂ ਡੇਵਡ ?"

"ਨਹੀਂ ਫ਼ਿਲ ! ਮੈਂ ਮਰ ਨਹੀਂ ਸਕਦਾ । ਮੈਂ ਜਦੋਂ ਰਾਬਰਟ ਸੇਲ ਦੀ ਬੋਲਟਨ ਨਾਲ ਗੱਲ ਬਾਤ ਬਾਰੇ ਤੇ ਫਿਰ ਉਹਦੀ ਮੌਤ ਬਾਰੇ ਸੁਣਿਆਂ, ਤਾਂ ਮੈਂ ਦਿਲ ਹੀ ਦਿਲ ਉਹਨੂੰ ਲਾਅਨਤ ਪਾਈ ਸੀ । ਇਹ ਕੁਰਬਾਨੀ ਇਕ ਚੰਗੇ ਈਸਾਈ ਦੀ ਕੁਰਬਾਨੀ ਨਹੀਂ ।"

"ਤਾਂ ਫਿਰ ?"

"ਇਹੋ ਮੈਂ ਸੋਚਦਾ ਰਹਿੰਦਾ ਹਾਂ ਕਿ ਮੈਂ ਕੀ ਕਰਾਂ । ਮੈਨੂੰ ਆਪਣੀ ਕੌਮ ਦੀ ਇਹ ਚਾਲਬਾਜ਼ੀ, ਇਹ ਧੋਖੇਬਾਜ਼ੀ, ਇਹ ਜਾਅਲਸਾਜ਼ੀ, ਇਹੋ ਇਹ...ਕੀ ਕਹਾਂ ਮੈਂ...ਇਹ ਹੈ ਸਿਆਰਤਾ ਚੰਗੀ ਨਹੀਂ ਲਗਦੀ । ਜੋ ਗੱਲ ਬਾਤ ਅਸੀਂ ਕਰ ਰਹੇ ਹਾਂ, ਜੋ ਚਿੱਠੀਆਂ ਅਸੀਂ ਲਿਖ ਰਹੇ ਹਾਂ, ਜੋ ਝੂਠ ਅਸੀਂ ਬੋਲ ਰਹੇ ਹਾਂ, ਜੋ ਪਾਖੰਡ ਅਸੀਂ ਰਚ ਰਹੇ ਹਾਂ, ਕੀ ਇਹ ਸਭ ਕੁਝ ਆਉਣ ਵਾਲਾ ਇਤਿਹਾਸਕਾਰ ਜਾਣ ਨਹੀਂ ਸਕੇਗਾ ? ਨਹੀਂ, ਉਹ ਜ਼ਰੂਰ ਜਾਣੇਗਾ ਫ਼ਿਲ ! ਮੈਨੂੰ ਇਕ ਵਿਸਕੀ ਹੋਰ

Scanned by CamScanner

ਦੇ...ਤੇ ਓਦੋਂ ਸਾਡੀ ਕੀ ਕਦਰ ਹੋਵੇਗੀ, ਦੁਨੀਆਂ ਦੀਆਂ ਨਜ਼ਰਾਂ ਵਿਚ ? ਹਿੰਦੁਸਤਾਨੀ ਤੇ ਖ਼ਾਸ ਕਰ ਕੇ ਸਿੱਖ ਹੀਰੇ ਹਨ । ਇਹ ਸਦਾਚਾਰ ਦੇ ਮੁਜੱਸਮੇ ਹਨ । ਜੇ ਅੰਗਰੇਜ਼ੀ ਸਰਕਾਰ ਚਾਹੇ, ਤਾਂ ਇਹਨਾਂ ਨਾਲ ਅਜਿਹੀ ਦੋਸਤੀ ਪਾ ਸਕਦੀ ਹੈ, ਜਿਹੜੀ ਕਿ ਦੁਨੀਆਂ ਸਾਹਮਣੇ ਅੰਤਰਰਾਸ਼ਟਰੀ ਮਿੱਤਰਤਾ ਦਾ ਪ੍ਰਮਾਣ ਬਣ ਜਾਏ । ਪਰ ਨਹੀਂ । ਅਸੀਂ ਵਲ ਛਲ ਕਰ ਕੇ ਤੇ ਹੇਰ ਫੇਰ ਪਾ ਕੇ ਇਸ ਦੇਸ਼ ਤੇ ਇਸ ਕੌਮ ਨੂੰ ਗ਼ੁਲਾਮ ਬਣਾ ਰਹੇ ਹਾਂ । ਅਸੀਂ..."

"ਬਸ ! ਬਸ !! ਡੇਵਡ, ਐਨੀਆਂ ਗੱਲਾਂ ਦੀ ਲੋੜ ਨਹੀਂ । ਤੂੰ ਜਾਣਦਾ ਹੈਂ ਕਿ ਤੂੰ ਗਵਰਨਰ ਜਨਰਲ ਸਾਹਿਬ ਦਾ ਏਡੀਕਾਂ ਹੈਂ ਤੇ ਤੈਨੂੰ ਇਹ ਗੱਲਾਂ ਕਰਨੀਆਂ ਨਹੀਂ ਸ਼ੋਭਦੀਆਂ । ਜੇ ਤੂੰ ਰਾਬਰਟ ਸੇਲ ਵਾਂਗ ਮਰ ਨਹੀਂ ਸਕਦਾ, ਤਾਂ ਤੈਨੂੰ ਜੀਣ ਦਾ ਤੇ ਇਸ ਤਰਾਂ ਅਬਾ ਤਬਾ ਬੋਲਣ ਦਾ ਵੀ ਕੋਈ ਹੱਕ ਨਹੀਂ । ਅਹਿ ਲੈ ਇਕ ਹੋਰ ਵਿਸਕੀ, ਹੁਣ ਤੈਨੂੰ ਯਸੂਹ ਮਸੀਹ ਦਾ ਵਾਸਤਾ ਹੈ ਤੂੰ ਸੌਂ ਜਾ । ਮੈਂ ਸਵੇਰੇ ਤੇਰੇ ਕੋਲ ਫਿਰ ਆਵਾਂਗਾ ।"

ਥਾਂਪਸਨ ਚਲਾ ਗਿਆ ਤੇ ਕਨਿੰਘਮ ਸੋਚਣ ਲੱਗ ਪਿਆ ।

"ਮੈਂ ਕੀ ਕਰ ਸਕਦਾ ਹਾਂ ? ਸਰ ਰਾਬਰਟ ਵਾਂਗ ਜਾਨ ਦੇਣੀ ਯੋਗ ਗੱਲ ਨਹੀਂ । ਇਹ ਈਸਾਈਅੱਤ ਦਾ ਨਿਰਾਦਰ ਹੈ । ਤਾਂ ਕੀ ਕਰਾਂ..."

ਕਨਿੰਘਮ ਬੜਾ ਚਿਰ ਸੋਚਦਾ ਰਿਹਾ ਤੇ ਫਿਰ ਉਸ ਆਪਣੇ ਮਨ ਵਿਚ ਕਿਹਾ, "ਮੈਂ ਇਹਨਾਂ ਲੜਾਈਆਂ ਦਾ ਇਤਿਹਾਸ ਲਿਖਾਂਗਾ । ਮੈਂ ਸਿੱਖ ਜਾਤੀ ਦਾ ਇਤਿਹਾਸ ਲਿਖਾਂਗਾ ਤੇ ਉਸ ਇਤਿਹਾਸ ਵਿਚ ਮੈਂ ਸਿਰਫ ਸੱਚ ਬੋਲਾਂਗਾ । ਉਸ ਇਤਿਹਾਸ ਵਿਚ ਮੈਂ ਤੇਜ ਸਿੰਘ, ਗੁਲਾਬ ਸਿੰਘ, ਲਾਲ ਸਿੰਘ ਦੀ ਗਦਾਰੀ ਸਹੀ ਕਰਾਂਗਾ — ਜਿਥੋਂ ਤਕ ਕਿ ਮੈਨੂੰ ਪਤਾ ਹੈ — ਤੇ ਇਹ ਵੀ ਦੱਸਾਂਗਾ ਕਿ ਕਿਸ ਤਰ੍ਹਾਂ ਅੰਗਰੇਜ਼ੀ ਨੀਤੀ ਸਦਾਚਾਰਕ ਪੱਧਰ ਤੋਂ ਨੀਵੀਂ ਸੀ । ਮੈਂ ਸਿੱਖਾਂ ਨਾਲ ਤੇ ਉਹਨਾਂ ਦੀ ਬੇਮਿਸਾਲ ਸੂਰਮਗਤੀ ਨਾਲ ਇਨਸਾਫ਼ ਕਰਾਂਗਾ ।

"ਬੇਸ਼ਕ ਮੈਂ ਅੰਗਰੇਜ਼ ਹਾਂ ਤੇ ਆਪਣੀ ਕੌਮ ਤੇ ਆਪਣੇ ਦੇਸ਼ ਦਾ ਪਿਆਰ ਮੇਰਾ ਜੀਵਨ ਆਧਾਰ ਹੈ, ਪਰ ਮੈਂ ਹਿੰਦੁਸਤਾਨੀਆਂ ਨਾਲ ਤੇ ਖ਼ਾਲਸੇ ਨਾਲ ਵੀ ਦਗ਼ਾ ਨਹੀਂ ਕਰਾਂਗਾ । ਜੋ ਕੁਝ ਸਹੀ ਹੈ, ਮੈਂ ਉਹੋ ਕਹਾਂਗਾ । ਮੈਂ ਹਿੰਦੁਸਤਾਨੀਆਂ ਤੇ ਸਿੱਖਾਂ ਦੀਆਂ ਕਮਜ਼ੋਰੀਆਂ ਵੀ ਦਸਾਂਗਾ ਤੇ ਆਪਣੀ ਕੌਮ ਦੀਆਂ ਕਮਜ਼ੋਰੀਆਂ ਵੀ ।

"ਅੱਜ ਤੋਂ ਸੌ ਸਾਲ ਪਿਛੋਂ ਜਦੋਂ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦਾ ਸਹੀ ਇਤਿਹਾਸ ਲਿਖਿਆ ਜਾਏਗਾ, ਤਾਂ ਦੁਨੀਆਂ ਇਹ ਨਹੀਂ ਕਹੇਗੀ ਕਿ ਅਸੀਂ ਸਾਰੇ ਦੇ ਸਾਰੇ ਹੀ ਕਿਸੇ ਨਾ ਕਿਸੇ ਪੱਖੋਂ ਗਿਰੇ ਹੋਏ ਆਦਮੀ ਸਾਂ । ਉਸ ਵੇਲੇ ਦੁਨੀਆਂ ਦੇ ਸਾਹਮਣੇ ਮੇਰਾ ਲਿਖਿਆ ਹੋਇਆ ਸਿੱਖ ਇਤਿਹਾਸ ਹੋਏਗਾ । ਤੇ ਇਹ ਇਤਿਹਾਸ ਸਾਬਤ ਕਰੇਗਾ ਕਿ ਅੰਗਰੇਜ਼ ਕੌਮ ਵਿਚ ਉੱਚ ਸਦਾਚਾਰਕ ਆਦਮੀਆਂ ਦੀ ਕਦੀ ਘਾਟ ਨਹੀਂ ਹੋਈ; ਕਿ ਮੇਰੀ ਕੌਮ ਸੱਚੀ ਕੌਮ ਹੈ, ਕਿ ਮੇਰਾ ਮਜ਼ਹਬ ਸੱਚਾ ਮਜ਼ਹਬ ਹੈ; ਕਿ ਜਦੋਂ ਸਮਾਂ ਬਣੇ ਅਸੀਂ ਸੱਚੀ ਗੱਲ ਕਰਨ ਤੋਂ ਨਹੀਂ ਉਕਦੇ । ਯਸੂਹ ਮਸੀਹ ਦਾ ਮੇਰੀ ਪਿੱਠ ਉੱਤੇ ਹੱਥ ਹੋਵੇ...!"

Scanned by CamScanner

ਅਜੀਤ ਤੇ ਅਜੀਤ ਵਰਗੇ ਹੋਰ ਕਈ ਆਦਮੀਆਂ ਦੀਆਂ, ਮੁਦਕੀ ਅਤੇ ਫੇਰੂ ਸ਼ਹਿਰ ਬਾਰੇ ਵਾਰਤਾਵਾਂ ਸੁਣ ਕੇ ਸਾਰੇ ਪੰਜਾਬ ਉੱਤੇ ਉਦਾਸੀ ਛਾ ਗਈ। ਪਹਿਲੇ ਕੁਝ ਦਿਨਾਂ ਲਈ ਜਨਤਾ ਦੇ ਚਿਹਰੇ ਉਤਰ ਗਏ। ਉਹਨਾਂ ਦਾ ਵਿਸ਼ਵਾਸ ਡੋਲਦਾ ਜਾਪਿਆ।

ਅਜੇ ਤਕ ਪੰਜਾਬ ਵਿਚ ਕਿਸੇ ਜੀਅ ਨੇ ਨਹੀਂ ਸੀ ਸੋਚਿਆ ਕਿ ਅੰਗਰੇਜ਼ਾਂ ਨਾਲ ਲੜੀ ਜਾਣ ਵਾਲੀ ਲੜਾਈ ਵਿਚ ਉਹਨਾਂ ਦੀ ਹਾਰ ਵੀ ਹੋ ਸਕਦੀ ਹੈ। ਇਕ ਤਾਂ ਖ਼ਾਲਸੇ ਦਾ ਕੁਝ ਆਚਰਣ ਹੀ ਇਹੋ ਜਿਹਾ ਹੈ ਤੇ ਇਕ ਕਾਰਨ ਸੀ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਤਿਭਾ ਬੱਲੇ ਉਹਨਾਂ ਵਿਚ ਉਘੜਿਆ ਸਵੈ-ਵਿਸ਼ਵਾਸ।

ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਸਪਿਰਟ ਸੀ ਕਿ ਆਪਣੇ ਆਪ ਤੇ ਆਪਣੇ ਭਵਿੱਖਤ ਉੱਤੇ ਸਦਾ ਵਿਸ਼ਵਾਸ ਕਰਨਾ ਹੈ। ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਜਨਤਾ ਨੂੰ ਉਹ ਸੁਖ ਬਖ਼ਸ਼ਿਆ ਤੇ ਮੈਦਾਨੇ ਜੰਗ ਵਿਚ ਇਹੋ ਜਿਹੀ ਫ਼ਤਿਹ ਕਿ ਪੰਜਾਬੀ ਜਨਤਾ ਹਾਰਨਾ ਜਾਂ ਹਾਰ ਦਾ ਕਿਆਸ ਕਰਨਾ ਵੀ ਭੁੱਲ ਗਈ।

ਤੇ ਅੱਜ ਤੋਰਿਆਂ ਦੇ ਸਨਮੁਖ ਪੰਜਾਬੀ ਫ਼ੌਜ ਨੂੰ ਦੋ ਵਾਰ ਹਾਰ ਹੋਈ। ਬੇਸ਼ਕ ਅਜੀਤ ਵਾਂਗ ਹਰ ਵਾਰਤਾ ਦੱਸਣ ਵਾਲੇ ਆਦਮੀ ਨੇ ਨਾਲ ਨਾਲ ਆਪੋ ਆਪਣੀ ਦ੍ਰਿਸ਼ਟੀਕੋਨ ਤੋਂ ਘੜੇ ਗਏ ਕਾਰਨ ਦਸੇ, ਪਰ ਫਿਰ ਵੀ ਅਸਲ ਗੱਲ ਤਾਂ ਇਹੋ ਹੀ ਸੀ ਨਾ ਕਿ ਉਹਨਾਂ ਨੂੰ ਗੋਰਿਆਂ ਦੇ ਸਨਮੁਖ ਹਾਰ ਹੋਈ ਹੈ ?

ਪਿੰਡ ਦੇ ਪਿੰਡ ਇਹਨਾਂ ਸੋਆਂ ਦੇ ਧੱਕੇ ਨਾਲ ਸੁੰਨ ਹੋ ਗਏ। ਸਰਦਾਰ ਚੂਹੜ ਸਿੰਘ ਨੇ ਅਨੇਕ ਦਿਨ ਮੂੰਹ ਨਹੀਂ ਖੋਲ੍ਹਿਆ। ਗੁਰਪਾਲ ਵੀ ਆਪਣੇ ਪੁੱਤਰ ਨਾਲ ਬਹੁਤ ਨਹੀਂ ਬੋਲਿਆ। ਅਜੀਤ ਦੀ ਮਾਂ ਆਪਣੇ ਪੁੱਤਰ ਦੇ ਸੁਖ ਦੁਖ ਬਾਰੇ ਮੁੜ ਮੁੜ ਪੁੱਛਦੀ, ਪਰ ਜੰਗ ਦੀ ਹਾਰ ਦੀ ਅਸਲੀਅਤ ਉਹ ਵੀ ਸਵੀਕਾਰ ਨਾ ਕਰਦਾ। ਕਰਤਾਰ ਸਿੰਘ ਵਰਗਾ ਆਦਮੀ ਵੀ ਕੁਝ ਦਿਨ ਚੁੱਪ ਰਿਹਾ। ਅਜੀਤ ਹੈਰਾਨ ਸੀ। ਉਹ ਮੁੜ ਮੁੜ ਬੇਬੇ ਗੁਰਮੀਤ ਦੀ ਝੋਲੀ ਵਿਚ ਜਾ ਵੜਦਾ ਤੇ ਪੁੱਛਦਾ : "ਬੇਬੇ ਕੀ ਗੱਲ ਹੈ। ਬਾਪੂ, ਮਾਂ, ਬਾਬਾ ਕੋਈ ਬੋਲਦਾ ਕਿਉਂ ਨਹੀਂ ?"

"ਕੀ ਕਹਾਂ ਪੁੱਤਰ ? ਸਾਡੇ ਨਾਲ ਅਨਹੋਣੀ ਹੋਈ ਹੈ।"

"ਪਰ, ਬੇਬੇ। ਸਾਨੂੰ ਤਾਂ ਵੀ ਹਿੰਮਤ ਨਹੀਂ ਹਾਰਨੀ ਚਾਹੀਦੀ। ਇਹਦਾ ਮਤਲਬ ਕੀ ਇਹ ਹੈ ਕਿ ਅਸੀਂ ਗੋਰਿਆਂ ਨਾਲ ਅੱਗੋਂ ਨਹੀਂ ਲੜਨਾ ?"

"ਨਹੀਂ ! ਇਹਦਾ ਮਤਲਬ ਇਹ ਨਹੀਂ, ਅਜੀਤ ! ਅਸੀਂ ਗੋਰਿਆਂ ਨਾਲ ਜ਼ਰੂਰ ਲੜਨਾ ਹੈ। ਅਸੀਂ ਆਪਣੀ ਆਜ਼ਾਦੀ ਜ਼ਰੂਰ ਬਚਾਣੀ ਹੈ। ਅਸੀਂ ਅੰਗਰੇਜ਼ਾਂ ਦੇ ਗ਼ੁਲਾਮ ਬਣ ਕੇ ਨਹੀਂ ਰਹਿ ਸਕਦੇ।"

"ਤੇ ਫਿਰ..."

"ਤੇ ਫਿਰ ਤੂੰ ਫ਼ਿਕਰ ਨਾ ਕਰ। ਅਗਲੀ ਲੜਾਈ ਵਿਚ ਤੇਰਾ ਬਾਬਾ ਵੀ ਜਾਏਗਾ। ਤੇਰਾ ਪਿਤਾ ਵੀ। ਤੇਰੇ ਚਾਚੇ ਵੀ।"

"ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ?"

"ਹਾਂ ਉਹ ਵੀ।"

"ਸੱਚ ਬੇਬੇ। ਫਿਰ ਤਾਂ ਸਾਡੀ ਜਿੱਤ ਅਵੱਸ਼ ਹੋਵੇਗੀ।"

Scanned by CamScanner

"ਹਾਂ ਪੁੱਤਰ ! ਸਾਡੀ ਜਿੱਤ ਅਵੱਸ਼ ਹੋਵੇਗੀ।"

ਇਹਨਾਂ ਕੁਝ ਦਿਨਾਂ ਵਿਚ ਪੰਜਾਬ ਵਿਚ ਆਦਮੀ ਇਕ ਦੂਜੇ ਨਾਲ ਸਿਵਾਏ ਜ਼ਰੂਰੀ ਕਾਰ ਵਿਹਾਰੀ ਗੱਲਾਂ ਦੇ ਹੋਰ ਕੋਈ ਕਿੱਸੇ ਨਹੀਂ ਸਨ ਛੋਂਹਦੇ। ਲੜਾਈ ਤੋਂ ਪਹਿਲੇ ਪੰਜਾਬ ਦੇ ਲੋਕ ਸਦਾ ਗੋਰਿਆਂ ਨੂੰ ਭਜਾ ਕਢਣ ਦੀਆਂ ਵਾਰਤਾਵਾਂ ਕਰਦੇ ਸਨ। ਉਹਨਾਂ ਦਾ ਉਤਸ਼ਾਹ ਨਹੀਂ ਸੀ ਮਿਉਂਦਾ। ਉਹਨਾਂ ਦਾ ਚਾਅ ਉੱਛਲ ਉੱਛਲ ਪੈਂਦਾ ਸੀ, ਪਰ ਹੁਣ ਜਿਵੇਂ ਉਹ ਬੇਹਿਸ ਜਾ ਮੁਰਦਾ ਹੋ ਗਏ ਹੋਣ।

ਦਸ ਪੰਦਰਾਂ ਦਿਨ ਏਸ ਤਰ੍ਹਾਂ ਚੁੱਪ ਤੇ ਸੁੰਨ ਰਹਿਣ ਪਿਛੋਂ ਪੰਜਾਬ ਦੇ ਗਭਰੂਆਂ ਨੇ ਫਿਰ ਆਕੜ ਲਈ ਤੇ ਉਹ ਆਪਣੀ ਹਾਰ ਬਾਰੇ ਗੱਲਾਂ ਕਰਨ ਲਗੇ। ਉਹ ਇਸ ਅਨਹੋਣੀ ਹਾਰ ਦੇ ਪਿਛੋਕੜ ਬਾਰੇ ਵਿਚਾਰ ਕਰਨ ਲਗੇ ਤੇ ਆ ਰਹੀ ਜੰਗ ਵਿਚ ਜਿੱਤ ਪਾਣ ਦੇ ਸੁਪਨੇ ਘੜਨ ਲਗੇ। ਪੰਜਾਬ ਦਾ ਅਣਖੀਲਾਪਨ ਮੁੜ ਕੇ ਜਾਗ ਪਿਆ।

ਹਰ ਕੋਈ ਧਾਰਨ ਲਗਾ ਕਿ ਆਉਂਦੀ ਲੜਾਈ ਵਿਚ ਗੋਰਿਆਂ ਦੀ ਭੋਂਦਿ ਲੱਤ ਨਹੀਂ ਲਗਣ ਦੇਣੀ। ਹੁਣ ਇਕ ਦਿਨ ਸਰਦਾਰ ਚੂਹੜ ਸਿੰਘ ਵੀ ਬੋਲਿਆ ਤੇ ਉਸ ਆਪਣੇ ਨਿਕਟਵਰਤੀਆਂ ਨੂੰ ਕਿਹਾ : "ਜੋ ਕੁਝ ਹੋਇਆ ਸੋ ਹੋਇਆ, ਅੱਤਕੀ ਗੋਰਿਆਂ ਨੂੰ ਭਾਂਜ ਪਾ ਕੇ ਹੀ ਛਡਾਂਗੇ।"

ਗੁਰਮੀਤ ਨੇ ਮੌਕਾ ਤਾੜ ਕੇ ਚੂਹੜ ਸਿੰਘ ਨਾਲ ਗੱਲ ਛੇੜੀ—

"ਵੀਰ ! ਅਗਲੀ ਲੜਾਈ ਬਾਰੇ ਤੇਰਾ ਕੀ ਖ਼ਿਆਲ ਹੈ ?"

"ਮੈਂ ਕੀ ਕਹਾਂ ਗੁਰਮੀਤ, ਜੀ ਉਦਾਸ ਹੈ। ਜਾਪਦਾ ਹੈ ਕਿ ਹੁਣ ਮੈਂ ਪਿੰਡ ਨਹੀਂ ਅਟਕ ਸਕਦਾ।"

"ਇਹੋ ਕੁਝ ਤੈਨੂੰ ਮੈਂ ਕਹਿਣਾ ਚਾਹੁੰਦੀ ਸਾਂ ਵੀਰ। ਹੁਣ ਸਮਾਂ ਆ ਗਿਆ ਹੈ ਕਿ ਮਾਹਿਲ ਘਰਾਣਾ ਤਨੋਂ ਮਨੋਂ ਇਸ, ਆਪਣੇ ਹੱਥੀਂ ਉਗਾਈ ਫੁਲਵਾੜੀ ਦੀ ਰਖਿਆ ਲਈ, ਮੈਦਾਨ ਵਿਚ ਉਤਰੇ। ਪਿਛਲੀ ਵਾਰ ਮਹਾਰਾਣੀ ਜਿੰਦਾਂ ਦਾ ਸੁਨੇਹਾ ਆਇਆ ਸੀ, ਪਰ ਅਸੀਂ ਤੇ ਅਟਾਰੀਵਾਲੇ ਨਹੀਂ ਮੰਨੇ। ਮੈਂ ਤੁਹਾਡੀਆਂ ਦਲੀਲਾਂ ਸਮਝਦੀ ਹਾਂ। ਸਾਡੀ ਅਸਥਿਤੀ ਮੁਸ਼ਕਲ ਸੀ, ਪਰ ਕੀ ਅਸੀਂ ਹੁਣ ਵੀ ਅਲਗ ਬੈਠੇ ਰਹਾਂਗੇ ਤੇ ਅੰਗਰੇਜ਼ਾਂ ਨੂੰ ਲਾਹੌਰ ਉੱਤੇ ਚੜ੍ਹ ਆਉਣ ਦਿਆਂਗੇ ?"

"ਮੈਂ ਸਮਝਦਾ ਹਾਂ ਗੁਰਮੀਤ, ਕਿ ਸਿਰ ਧੜ ਦੀ ਬਾਜ਼ੀ ਲਗ ਚੁਕੀ ਹੈ। ਜੇ ਹੁਣ ਅਸੀਂ ਤੋਂ ਅਟਾਰੀਵਾਲੇ ਲੜਾਈ ਵਿਚ ਸ਼ਾਮਲ ਨਾ ਹੋਏ ਤਾਂ ਫਿਰ ਅਸੀਂ ਕਦੀ ਵੀ ਕੁਝ ਨਹੀਂ ਕਰ ਸਕਾਂਗੇ। ਪਰ ਅਸੀਂ ਕਿਸ ਤਰ੍ਹਾਂ ਫ਼ੌਜ ਵਿਚ ਜਾਈਦੇ। ਕਿਹਨੂੰ ਆਖੀਏ ਕਿ ਅਸੀਂ ਆਏ ਹਾਂ। ਕੌਣ ਰਜਮੈਂਟਾਂ ਤੇ ਬਰਿਗੇਡਾਂ ਸਾਡੀ ਆਖੀ ਉੱਤੇ ਤੋਰੇਗਾ ?"

ਵੀਰ ! ਜਦੋਂ ਤੂੰ ਤੇ ਅਟਾਰੀਵਾਲਾ ਸਰਦਾਰ ਰਣਭੂਮੀ ਵਿਚ ਗੱਜੇ ਤਾਂ ਆਪਣੇ ਆਪ ਰਜਮੈਂਟਾਂ ਤੇ ਬਰਿਗੇਡਾਂ ਤੁਹਾਡੇ ਮਗਰ ਉਠ ਆਉਣਗੀਆਂ। ਤੂੰ ਨਹੀਂ ਜਾਣਦਾ ਕਿ ਕਿਵੇਂ ਮੁਦਕੀ ਤੇ ਫਿਰ ਫੇਰੂ ਸ਼ਹਿਰ ਵਿਚ ਸਿਪਾਹੀ ਤੁਹਾਡੇ ਬਾਰੇ ਗੱਲਾਂ ਕਰਦੇ ਰਹੇ ਹਨ ਤੇ ਤੁਹਾਡੇ ਨੇੜੇ ਨਾ ਹੋਣ ਉੱਤੇ ਕਿੰਨੇ ਨਿਰਾਸ਼ ਰਹੇ ਹਨ।"

"ਹਾਂ, ਮੈਂ ਸੁਣਿਆ ਹੈ।"

"ਤੇ ਇਕ ਗੱਲ ਮੈਂ ਹੋਰ ਕਹਿੰਦੀ ਹਾਂ। ਗੁੱਸਾ ਨਾ ਕਰੀਂ ਤੇ ਇਹਦੇ ਉੱਤੇ ਵਿਚਾਰ ਕਰੀਂ। ਮੈਂ ਕਹਿੰਦੀ ਹਾਂ ਕਿ ਜੇ ਅਗਲੀ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਨਾ ਵੀ ਜਾ ਸਕੇ ਤਾਂ ਵੀ ਮਾਹਿਲਾਂ ਨੂੰ ਪਿਛੇ ਨਹੀਂ ਰਹਿਣਾ ਚਾਹੀਦਾ। ਤੂੰ ਜਾਣਦਾ ਹੈਂ ਸਾਡੇ ਘਰਾਣੇ ਦੀ ਪਹਿਲੇ ਜਿਹੀ ਹਾਲਤ ਨਹੀਂ ਰਹੀ। ਜਾਗੀਰਾਂ ਦੇ ਖੁਸ ਜਾਣ ਕਰ ਕੇ ਤੇ ਉੱਜ ਚੰਗੀਆਂ ਫ਼ਸਲਾਂ ਦੀ ਅਣਹੋਂਦ ਕਰ ਕੇ ਅਸੀਂ ਪਹਿਲੇ ਵਾਂਗ ਰੱਜੇ ਪੁੱਜੇ ਨਹੀਂ ਰਹੇ। ਸਾਡੇ ਘਰਾਣੇ ਵਿਚੋਂ ਅਨੇਕ ਜੀਅ ਸਿੱਖ ਰਵਾਇਤਾਂ ਤੋਂ ਉਲਟ ਟੁਰਦੇ ਰਹੇ ਹਨ ਤੇ ਹਰਪਾਲ ਦੀ ਮੌਤ ਤੋਂ ਪਿਛੋਂ ਦਿਨੋ ਦਿਨ ਪੰਜਾਬ ਸਾਨੂੰ ਭੁੱਲਦਾ ਗਿਆ ਹੈ। ਇਹਦੇ ਜੋ ਵੀ ਕਾਰਨ ਹੋਣ ਉਹਨਾਂ ਨਾਲ ਸਾਡਾ ਸੰਬੰਧ ਨਹੀਂ ਕਿ ਤੁਹਾਨੂੰ ਇਸ ਲੜਾਈ ਉੱਤੇ ਤੋਰ ਕੇ ਜਾਂ ਇਸ ਲੜਾਈ ਵਿਚ ਹੋਈ ਤੁਹਾਡੀ ਜਿੱਤ ਕਰ ਕੇ ਮੈਂ ਮਾਹਿਲ ਘਰਾਣੇ ਦਾ ਭਵਿੱਖਤ ਉੱਜਲਾ ਵੇਖਦੀ ਹਾਂ। ਪਰ ਅਸੀਂ ਵੀਰ ! ਆਪਣੇ ਫ਼ਰਜ਼ਾਂ ਦੀ ਪਾਲਣਾ ਕਰਨੀ ਹੈ, ਕਿਸੇ ਉੱਤੇ ਅਹਿਸਾਨ ਨਹੀਂ ਕਰਨਾ। ਜੇ ਇਕ ਜਰਨੈਲ ਵਾਂਗ ਨਹੀਂ ਤਾਂ ਤੈਨੂੰ ਇਕ ਸਿਪਾਹੀ ਵਾਂਗ ਇਸ ਜੰਗ ਵਿਚ ਸ਼ਰੀਕ ਹੋਣਾ ਚਾਹੀਦਾ ਹੈ। ਜੇ ਤੂੰ ਜਾਏਂਗਾ ਤਾਂ ਬਾਕੀ ਮਾਹਿਲਾਂ ਵਿਚ ਵੀ ਜਾਗ੍ਰਿਤੀ ਆਵੇਗੀ। ਹਰਪਾਲ ਪਿਛੋਂ ਤੂੰ ਹੀ ਸਾਡੇ ਪਰਵਾਰ ਦਾ ਮੋਢੀ ਹੈਂ।"

Scanned by CamScanner

"ਗੁਰਮੀਤ !" ਅੱਜ ਫਿਰ ਚੂਹੜ ਸਿੰਘ ਨੇ ਆਪਣੀ ਭੈਣ ਦੇ ਮੋਢੇ ਉੱਤੇ ਹੱਥ ਰਖਿਆ, "ਜੋ ਕੁਝ ਤੂੰ ਕਹਿ ਟਹੀਂ ਹੈਂ ਉਹ ਬੜਾ ਦਰਦਨਾਕ ਹੈ, ਪਰ ਹੈ ਸਚ। ਤੂੰ ਜਾਣਦੀ ਹੈਂ ਮੈਂ ਪਿਛਲੇ ਦਸ ਪੰਦਰਾਂ ਦਿਨ ਇਹੋ ਜਿਹੀਆਂ ਸਮੱਸਿਆਵਾਂ ਉੱਤੇ ਹੀ ਵਿਚਾਰ ਕਰਦਾ ਆਇਆ ਹਾਂ।"

"ਮੈਂ ਤੇਰੀ ਚੁੱਪ ਨੂੰ ਵਾਚਦੀ ਆਈ ਹਾਂ ਤੇ ਮੈਂ ਇਹ ਵੀ ਸਮਝਦੀ ਹਾਂ ਕਿ ਜੇ ਪਹਿਲੇ ਨਹੀਂ ਤਾਂ ਅਜ ਕਲ੍ਹ ਅਸੀਂ ਅਟਾਰੀ ਵਾਲਿਆਂ ਦਾ ਮੋਲ ਨਹੀਂ ਖਾ ਸਕਦੇ। ਉਹ ਸਾਡੇ ਨਾਲੋਂ ਅਮੀਰ ਹਨ ਤੇ ਉਹਨਾਂ ਦੀ ਭੋਇੰ ਦਾ ਅੰਤ ਨਹੀਂ। ਸ਼ਾਮ ਸਿੰਘ ਤੋਂ ਇਲਾਵਾ ਚਤਰ ਸਿੰਘ ਤੇ ਸ਼ੇਰ ਸਿੰਘ ਵੀ ਆਪੋ ਆਪਣੀ ਥਾਂ ਤੇ ਚੜ੍ਹੇ ਪਿੜੇ ਹਨ। ਉਹਨਾਂ ਦੇ ਸ਼ਾਹੀ ਘਰਾਣੇ ਨਾਲ ਸੰਬੰਧ ਹਨ। ਸਰਦਾਰ ਫ਼ਤਿਹ ਸਿੰਘ ਦੀ ਧੀ ਤੇ ਸ਼ਹਿਜ਼ਾਦਾ ਦਲੀਪ ਸਿੰਘ ਦਾ ਨਾਤਾ ਪੱਕਾ ਹੋ ਚੁਕਾ ਹੈ। ਅਟਾਰੀ ਵਾਲਿਆਂ ਦੀ ਅਸਥਿਤੀ ਹੋਰ ਹੈ ਤੇ ਸਾਡੀ ਹੋਰ। ਸਾਨੂੰ ਉਹਨਾਂ ਨਾਲ ਮੁਕਾਬਲਾ ਨਹੀਂ ਸ਼ੋਭਦਾ ਤੇ ਨਾ ਹੀ ਅਸੀਂ ਉਹਨਾਂ ਵਾਂਗ ਕਿਸੇ ਨਾਲ ਰੁੱਸ ਸਕਦੇ ਹਾਂ। ਸਾਡੇ ਨਾਲ ਜੋ ਲਾਹੌਰ ਦਰਬਾਰ ਨੇ ਕੀਤੀ ਹੈ ਉਹਦੇ ਬਾਰੇ ਸਾਨੂੰ ਭੁੱਲ ਜਾਣਾ ਚਾਹੀਦਾ ਹੈ ਤੇ ਆਪਣੇ ਵਡੇ ਵਡੇਰਿਆਂ ਦਾ ਖ਼ਿਆਲ ਕਰ ਕੇ ਤੇ ਉਹਨਾਂ ਦੇ ਨਾਵਾਂ ਦੇ ਆਦਰ ਵਿਚ ਰਣਭੂਮੀ ਨੂੰ ਟੁਰ ਪੈਣਾ ਚਾਹੀਦਾ ਹੈ।"

"ਬੇਸ਼ਕ ਗੁਰਮੀਤ ! ਜੋ ਕੁਝ ਤੂੰ ਕਹਿੰਦੀ ਹੈਂ ਉਸੇ ਤਰ੍ਹਾਂ ਹੀ ਹੋਵੇਗਾ। ਪਰ ਵੇਖੀਂ ਕਿ ਮੇਰੀ ਆਖੀ ਸ਼ਾਮ ਸਿੰਘ ਨੇ ਨਹੀਂ ਮੋੜਨੀ। ਸ਼ਾਮ ਸਿੰਘ ਹੀਰਾ ਹੈ ਹੀਰਾ। ਉਹਦੇ ਵਿਚ ਸਿੱਖੀ ਤੇ ਸਿੱਖੀ ਸਲਤਨੱਤ ਵਾਸਤੇ ਉਨਾਂ ਹੀ ਪਿਆਰ ਹੈ ਜਿੰਨਾ ਤੇਰੇ ਵਿਚ ਜਾਂ ਮੇਰੇ ਵਿਚ। ਉਹ ਵੀ ਕੁਕਿਆ ਰਿਹਾ ਹੈ, ਪਰ ਆਪਣੇ ਆਪ ਉੱਤੇ ਬੜਾ ਜਬਰ ਕਰ ਕੇ। ਤੂੰ ਨਹੀਂ ਜਾਣਦੀ ਉਹ ਜੰਗ ਦੀਆਂ ਸੋਆਂ ਸੁਣ ਕੇ ਕਿਵੇਂ ਵਿਲਕਦਾ ਰਿਹਾ ਹੈ। ਨਹੀਂ, ਨਹੀਂ, ਜੇ ਮਾਹਿਲ ਟੁਰੇ ਤਾਂ ਅਟਾਰੀ ਵਾਲੇ ਪਿਛੇ ਨਹੀਂ ਰਹਿਣ ਲਗੇ। ਮੈਂ ਸ਼ਾਮ ਸਿੰਘ ਨਾਲ ਅਜੋ ਹੀ ਗੱਲ ਕਰਾਂਗਾ।"

ਥੋੜ੍ਹੀ ਦੇਰ ਰੁਕ ਕੇ ਚੂਹੜ ਸਿੰਘ ਕਹਿੰਦਾ ਗਿਆ : "ਪਰ ਮੈਨੂੰ ਡਰ ਹੈ ਗੁਰਮੀਤ ਕਿ ਆਉਣ ਵਾਲੀ ਜੰਗ ਸੌਖੀ ਨਹੀਂ ਹੋਣ ਲਗੀ।"

"ਕਿਉਂ ?"

"ਕਈ ਕਾਰਨ ਹਨ। ਪਰ ਇਨਾਂ ਕਾਰਨਾਂ ਵਿਚ ਜਾਣ ਦੀ ਲੋੜ ਨਹੀਂ। ਤੂੰ ਮੇਰੇ ਨਾਲੋਂ ਕਈ ਗੱਲਾਂ ਵਧ ਸਮਝਦੀ ਹੈਂ। ਤੇਰੇ ਵਿਚ ਸਾਡੇ ਕਈਆਂ ਨਾਲੋਂ ਵਧ, ਮਾਹਿਲ ਘਰਾਣੇ ਦੀਆਂ ਰਵਾਇਤਾਂ ਦਾ ਅਹਿਸਾਸ ਵੀ ਹੈ ਤੇ ਪਿਆਰ ਵੀ ਤੇ ਜੋ ਕੁਝ ਤੂੰ ਇਸ ਘਰਾਣੇ ਵਾਸਤੇ ਕੀਤਾ ਹੈ ਉਹ ਮਾਂ ਗੁਰਦਈ ਤੇ ਸ਼ਾਇਦ ਸ਼ੁਭਵੰਤ ਨੇ ਵੀ ਨਹੀਂ ਕੀਤਾ ਹੋਣਾ। ਪਰ ਮੈਂ ਤੈਨੂੰ ਕਹਿਣਾ ਚਾਹੁੰਦਾ ਹਾਂ ਗੁਰਮੀਤ ਕਿ ਹੋ ਸਕਦਾ ਹੈ ਮੈਂ ਇਸ ਜੰਗ ਵਿਚੋਂ ਜੀਉਂਦਾ ਵਾਪਸ ਨਾ ਮੁੜਾਂ...।"

ਗੁਰਮੀਤ ਨੇ ਚੂਹੜ ਸਿੰਘ ਦੇ ਮੂੰਹ ਉੱਤੇ ਹੱਥ ਰਖਿਆ। ਵੀਰ ਦਾ ਪਿਆਰ ਜਾਗਿਆ। ਵੀਰ ਦਾ ਪਿਆਰ ਜਿਹੜਾ ਘਰਾਣੇ ਦੀ ਇੱਜ਼ਤ ਆਬਰੂ ਨੂੰ ਵੀ ਪਲ ਦੀ ਪਲ ਲਈ ਪਛਾੜ ਸਕਦਾ ਹੈ, ਜਿਹੜਾ ਕਿ ਦਿਲ ਵਿਚ ਇਕ ਅਨੰਤ ਥੂ ਪਾ ਜਾਂਦਾ ਹੈ।

"ਇਹੋ ਜਿਹੀਆਂ ਗੱਲਾਂ ਕਰੀ ਦੀਆਂ ਨੇ ਕੀ ਵੀਰਾ ? ਰੱਬ ਸੁੱਖ ਕਰੇਗਾ। ਗੁਰੂ ਚਿੱਟਿਆਂ ਬਾਜਾਂ ਵਾਲਾ ਤੇਰੇ ਨਾਲ ਹੋਵੇਗਾ।"

"ਪਰ ਗੁਰਮੀਤ ਸਾਨੂੰ ਭਵਿੱਖਤ ਬਾਰੇ ਸੋਚਣਾ ਚਾਹੀਦਾ ਹੈ। ਮਾਹਿਲ ਘਰਾਣੇ ਦੀ ਹਾਲਤ, ਜਿਵੇਂ ਤੂੰ ਕਿਹਾ ਹੈ, ਚੰਗੀ ਨਹੀਂ। ਸੋ ਜੇ ਮੈਂ ਨਾ ਹੋਇਆ ਤਾਂ ਮੈਨੂੰ...।"

"ਬਸ ਬਸ ਵੀਰ। ਤੈਨੂੰ ਮੈਂ ਇਸ ਤਰ੍ਹਾਂ ਦਾ ਕੋਈ ਸ਼ਬਦ ਨਹੀਂ ਕਹਿਣ ਦਿਆਂਗੀ ਤੂੰ ਨਹੀਂ ਜਾਣਦਾ ਮੇਰੇ ਕਲੇਜੇ ਵਿਚ ਕਿੰਨੇ ਸਲ ਲਗੇ ਹਨ। ਮੈਂ ਕਿਸ ਤਰ੍ਹਾਂ ਜੀ ਰਹੀ ਹਾਂ ਤੇ ਕੇਡਾ ਹੌਸਲਾ ਕਰ ਰਹੀ ਹਾਂ, ਤੂੰ ਨਹੀਂ ਜਾਣਦਾ। ਤੂੰ ਸੁਖੀ ਸੁਖੀ ਜੰਗ ਵਿਚ ਜਾਹ ਤੇ ਜੰਗ ਵਿਚ ਧੂੰਮਾਂ ਪਾ ਕੇ ਗੌਰਿਆਂ ਨੂੰ ਦਿੱਲੀ ਤਕ ਭਜਾ ਕੇ ਘਰ ਆ...।" ਗੁਰਮੀਤ ਰੋ ਪਈ।

ਗੁਰਮੀਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਦੇ ਹੋਏ ਚੂਹੜ ਸਿੰਘ ਨੇ ਕਿਹਾ : "ਤੂੰ ਅਜ ਬਿਲਕੁਲ ਮਾਂ

Scanned by CamScanner

ਗੁਰਦਈ ਵਾਂਗ ਗੱਲਾਂ ਕਰ ਰਹੀ ਸੀ। ਉਹਦੀਆਂ ਅਸੀਸਾਂ ਅਸਾਂ ਭਰਾਵਾਂ ਨੂੰ ਲਗੀਆਂ। ਨਹੀਂ ਤਾਂ ਅਸੀਂ ਕਿਸ ਜੋਗੇ ਸਾਂ ? ਬਾਪੂ ਵੀ ਸਾਡਾ ਬੜਾ ਅਣਖੀਲਾ ਸੀ। ਉਸ ਸਾਨੂੰ ਜੰਗ ਤੋਂ ਕਦੀ ਨਹੀਂ ਰੋਕਿਆ। ਉਸ ਸਦਾ ਸਾਨੂੰ ਜੰਗ ਵਿਚ ਧੁੰਮਾਂ ਪਾਣ ਵਾਸਤੇ ਕਿਹਾ। ਪਰ ਗੁਰਮੀਤ ਉਦੋਂ ਦਿਨ ਹੋਰ ਸਨ, ਹੁਣ ਦਿਨ ਹੋਰ। ਉਦੋਂ ਸਰਕਾਰ ਦਾ ਹੱਥ ਸਾਡੇ ਸਿਰ ਤੇ ਸੀ ਅਜ ਆਪ ਪ੍ਰਮਾਤਮਾ ਸਾਨੂੰ ਕੰਡ ਦੇ ਰਿਹਾ ਲਗਦਾ ਹੈ।"

"ਨਹੀਂ, ਵੀਰਾ ਨਹੀਂ", ਗੁਰਮੀਤ ਨੇ ਰੋਂਦਿਆਂ ਰੋਂਦਿਆਂ ਕਿਹਾ, "ਪ੍ਰਮਾਤਮਾ ਸਾਡੇ ਅੰਗ ਸੰਗ ਹੈ। ਸਰਕਾਰ ਬਾਝੋਂ ਸਾਡੇ ਮੰਦੇ ਦਿਨ ਆ ਚੁਕੇ ਹਨ, ਪਰ ਮੁਸ਼ਕਲਾਂ ਕਿਸ ਉੱਤੇ ਨਹੀਂ ਪੈਂਦੀਆਂ। ਗੁਰੂ ਨਾਨਕ ਮਿਹਰ ਕਰੇਗਾ। ਮੈਂ ਅੱਜ ਕਲ੍ਹ ਰੋਜ ਸੁਖਮਨੀ ਸਾਹਿਬ ਦੇ ਪੰਜ ਪਾਠ ਕਰਦੀ ਹਾਂ ਤੇ ਪ੍ਰਾਰਥਨਾ ਕਰਦੀ ਹਾਂ ਕਿ ਇਸ ਔਖੀ ਘੜੀ ਵਿਚ ਗੁਰੂ ਸਾਹਿਬ ਸਾਡੇ ਸਹਾਈ ਹੋਣ। ਜੇ ਔਤਕੀ ਆਈ ਟਲ ਗਈ ਤਾਂ ਖ਼ਾਲਸਾ ਫਿਰ ਚੜ੍ਹਦੀਆਂ ਕਲਾਂ ਵਿਚ ਹੋਵੇਗਾ।" "ਪਰ ਜੇ ਇਹ ਆਈ ਟੱਲ ਗਈ ਤਾਂ...।" 'ਸਾਨੂੰ ਸਦਾ ਆਸ਼ਾ ਜਨਕ ਹੋਣਾ ਚਾਹੀਦਾ ਹੈ, ਵੀਰਾ ? ਤੂੰ ਵੇਖੀਂ ਜਿੱਤ ਸਾਡੀ ਹੋਵੇਗੀ।"

'ਗੁਰਮੀਤ ! ਸਾਨੂੰ ਆਪੋ ਵਿਚ ਤਾਂ ਇਕ ਦੂਜੇ ਸਾਹਮਣੇ ਦਿਲ ਦੀ ਗੱਲ ਖੋਲ੍ਹ ਲੈਣੀ ਚਾਹੀਦੀ ਹੈ। ਕੀ ਤੂੰ ਦਿਲੋਂ ਸਮਝਦੀ ਹੈਂ ਕਿ ਇਹ ਆਈ ਟਲ ਜਾਵੇਗੀ ਤੇ ਮੈਂ ਜੀਂਦਾ ਜਾਗਦਾ ਵਾਪਸ ਮੁੜਾਂਗਾ। ਤੂੰ...।"

"ਫਿਰ ਉਹੋ ਗੱਲ। ਨਹੀਂ ਮੈਂ ਇਹ ਨਹੀਂ ਸੁਣ ਸਕਦੀ।"

ਇਕ ਦਿਨ ਠਹਿਰ ਕੇ ਚੂਹੜ ਸਿੰਘ ਅਟਾਰੀ ਗਿਆ ਤੇ ਸ਼ਾਮ ਸਿੰਘ ਉਹਨੂੰ ਜੱਫੀ ਪਾ ਕੇ ਮਿਲਿਆ, "ਲੈ ਚੂਹੜ ਸਿੰਘ ! ਹੁਣ ਸਾਡੀਆਂ ਸ਼ਹੀਦੀਆਂ ਦਾ ਵੀ ਵਕਤ ਆ ਗਿਆ ਹੈ। ਹੁਣ ਤੂੰ ਤੇ ਮੈਂ ਰੁਕ ਨਹੀਂ ਸਕਦੇ।"

ਚੂਹੜ ਸਿੰਘ ਹੈਰਾਨਗੀ ਵਿਚ ਸ਼ਾਮ ਸਿੰਘ ਵਲ ਤੱਕਣ ਲਗਾ। ਉਹ ਦਿਲੋਂ ਖ਼ੁਸ਼ ਸੀ ਕਿ ਉਹਨੂੰ ਆਪਣੇ ਵਲੋਂ ਸ਼ਾਮ ਸਿੰਘ ਨੂੰ ਲੜਾਈ ਉੱਤੇ ਜਾਣ ਦਾ ਨਿਉਤਾ ਦੇਣਾ ਨਹੀਂ ਪਿਆ। ਸ਼ਾਮ ਸਿੰਘ ਕਹਿੰਦਾ ਗਿਆ :

"ਰਾਜ ਮਾਤਾ ਜਿੰਦ ਕੌਰ ਦਾ ਇਕ ਹੋਰ ਤੇ ਸ਼ਾਇਦ ਆਖ਼ਰੀ ਸੁਨੇਹਾ ਆਇਆ ਹੈ। ਉਸ ਸਾਨੂੰ ਸ਼ੇਰੇ-ਪੰਜਾਬ ਦੀ ਇੱਜ਼ਤ ਨੂੰ ਬਚਾਣ ਵਾਸਤੇ ਕਿਹਾ ਹੈ ਤੇ ਉਸ ਇਹ ਵੀ ਕਿਹਾ ਹੈ ਕਿ ਹੁਣ ਸ਼ੇਰੇ-ਪੰਜਾਬ ਸਿਵਿਆਂ ਵਿਚੋਂ ਮੁੜ ਕੇ ਨਹੀਂ ਆਉਣ ਲਗੇ। ਹੁਣ ਇਸ ਰਾਜ ਤੇ ਇਸ ਕੌਮ ਦੀ ਆਬਰੂ ਸਾਡੇ ਹੱਥ ਹੈ।"

"ਠੀਕ ਹੈ ਸ਼ਾਮ ਸਿੰਘ ! ਇਸ ਦੇਸ਼ ਤੇ ਇਸ ਕੌਮ ਦੀ ਇੱਜ਼ਤ ਤੇ ਆਬਰੂ ਸਾਡੇ ਹੱਥ ਹੈ। ਹੁਣ ਅਸੀਂ ਪਿਛੇ ਨਹੀਂ ਰਹਿ ਸਕਦੇ। ਅਸੀਂ ਮਾਹਿਲ ਸਿੱਖ ਪੰਥ ਦੇ ਸੇਵਾਦਾਰ ਹਾਂ। ਸਾਨੂੰ ਮਾਨ ਸਨਮਾਨ ਦੀ ਕਦੇ ਪਰਵਾਹ ਨਹੀਂ ਹੋਈ ਤੇ ਅੱਜ ਵੀ ਨਹੀਂ। ਤੂੰ ਹੈਰਾਨ ਹੋਵੇਂਗਾ ਕਿ ਭੈਣ ਗੁਰਮੀਤ ਨੇ ਮੈਨੂੰ ਏਸੇ ਹੀ ਮਤਲਬ ਲਈ ਤੇਰੇ ਕੋਲ ਭੇਜਿਆ ਹੈ।"

"ਗੁਰਮੀਤ ਦੇਵੀ ਹੈ ਚੂਹੜ ਸਿੰਘ। ਇਕ ਪੂਰਨ ਦੇਵੀ। ਜੋ ਮਰਯਾਦਾ ਦਾ ਆਦਰ ਗੁਰਮੀਤ ਦੇ ਦਿਲ ਵਿਚ ਹੈ ਉਹ ਹੋਰ ਕਿਸੇ ਵਿਚ ਨਹੀਂ। ਗੁਰਮੀਤ ਦੀ ਸਿੱਖੀ ਅਸਾਂ ਸਾਰਿਆਂ ਦੀ ਸਿੱਖੀ ਤੋਂ ਉੱਚੀ ਸੁੱਚੀ ਹੈ। ਕਾਸ਼ ਗੁਰਮੀਤ ਵਰਗੀਆ ਦੇਵੀਆਂ ਸਾਡੇ ਪੰਥ ਵਿਚ ਹੋਰ ਹੁੰਦੀਆਂ।"

"ਅਲੀਵਾਲ ਦੀ ਲੜਾਈ ਬਾਰੇ ਤੂੰ ਸੁਣ ਚੁਕਾ ਹੈਂ ?"

"ਹਾਂ ਚੂਹੜ ਸਿੰਘ ! ਅਲੀਵਾਲ ਦੀ ਹਾਰ ਬਾਰੇ ਤੇ ਸਭ ਤੋਪਾਂ ਦੇ ਖੁਸਣ ਬਾਰੇ ਮੈਂ ਹੁਣੇ ਹੁਣੇ ਹੀ ਇਕ ਆਦਮੀ ਤੋਂ ਸੁਣਿਆ ਹੈ। ਰਾਜਾ ਗੁਲਾਬ ਸਿੰਘ ਵਜ਼ੀਰੇ-ਆਜ਼ਮ ਹੈ ਤੇ ਮੈਂ ਇਹ ਵੀ ਸੁਣਿਆ ਹੈ ਕਿ ਉਹ ਲੜਾਈ ਨੂੰ ਹੋਰ ਲਮਕਾਣਾ ਚਾਹੁੰਦਾ ਹੈ, ਪਰ ਤੂੰ ਤੇ ਮੈਂ ਇਹ ਲੜਾਈ ਲਮਕਣ ਨਹੀਂ ਦੇਣੀ।"

"ਹਾਂ ਸ਼ਾਮ ਸਿੰਘ ! ਇਕ ਇਕ ਦਿਨ ਅੰਗਰੇਜ਼ਾਂ ਦੀ ਸੰਗਠਨਤਾ ਵਾਸਤੇ ਸਹਾਈ ਹੋ ਰਿਹਾ ਹੈ। ਮੈਂ ਸੁਣਿਆ ਹੈ ਕਿ ਉਹਨਾਂ ਦਾ ਮਾਲ ਅਸਬਾਬ ਤੇ ਭਾਰੀਆਂ ਤੋਪਾਂ ਫ਼ੀਰੋਜ਼ਪੁਰ ਪਹੁੰਚਣ ਵਾਲੀਆਂ ਹਨ।"

"ਤੇ ਉਹਨਾਂ ਦੀਆਂ ਭਾਰੀਆਂ ਤੋਪਾਂ ਦੇ ਪੁਜਣ ਤੋਂ ਪਹਿਲੇ ਅਸੀਂ ਉਹਨਾਂ ਉੱਤੇ ਜਾ ਪੈਣਾ ਹੈ। ਅਜ ਸਵੇਰੇ ਰਾਜ ਮਾਤਾ ਦੀ ਚਿੱਠੀ ਆਈ ਤੇ ਮੈਂ ਉਸੇ ਵੇਲੇ ਜਾਣ ਦਾ ਇਰਾਦਾ ਪੱਕਾ ਕਰ ਲਿਆ। ਜੇ ਤੂੰ ਹੁਣੇ ਏਥੇ ਨਾ ਆਉਂਦੋਂ ਤਾਂ ਮੈਂ ਤੇਰੇ ਵਲ ਤੁਰਨ ਹੀ ਵਾਲਾ ਸਾਂ। ਮੇਰੀ ਸਲਾਹ ਹੈ ਕਿ ਕਲ੍ਹ ਪਰਸੋਂ ਤਿਆਰੀ ਕਰ ਕੇ ਤੇ ਇਕ ਬਹੁਤ ਵੱਡਾ ਸਾਰਾ ਜਥਾ ਤਿਆਰ ਕਰ ਕੇ ਅਸੀਂ ਚੌਥੇ ਟੂਰ ਪਈਏ।" "ਮੈਂ ਤਿਆਰ ਹਾਂ, ਸ਼ਾਮ ਸਿੰਘ !"

Scanned by CamScanner

ਜਦੋਂ ਆਦਮੀ ਲੜਾਈ ਲਈ ਟੁਰਦਾ ਹੈ ਤਾਂ ਭਵਿੱਖਤ ਸਦਾ ਅਨਿਸਚਤ ਹੁੰਦਾ ਹੈ। ਉਹ ਨਹੀਂ ਜਾਣਦਾ ਕਿ ਲੜਾਈ ਵਿਚੋਂ ਜੀਂਦਿਆਂ ਮੁੜਨਾ ਹੈ ਕਿ ਨਹੀਂ। ਉਹਦੇ ਸਾਕ ਸੰਬੰਧੀਆਂ ਤੇ ਮਿੱਤ੍ਰਾਂ ਦੇ ਮਨਾਂ ਵਿਚ ਵੀ ਇਹੋ ਵਿਚਾਰ ਹੁੰਦੇ ਹਨ। ਪਰ ਜਿਤ ਪਾਣ ਦੇ ਤੇ ਜੀਂਦਿਆਂ ਘਰ ਮੁੜਨ ਦੇ ਅਚੇਤ ਮਨੋਭਾਵ ਜ਼ਰੂਰ ਅੰਤਹਕਰਨ ਵਿਚ ਕਿਤੇ ਥਿਖਰੇ ਹੁੰਦੇ ਹਨ। ਮੌਤ ਸੌ ਵਿਸਵੇ ਸਾਹਮਣੇ ਨਹੀਂ ਹੁੰਦੀ। ਅਨੇਕਾਂ ਉਦਾਹਰਣ ਸਾਹਮਣੇ ਹੁੰਦੇ ਹਨ। ਉਹਨਾਂ ਦੇ ਜਿਹੜੇ ਕਿ ਅਨੇਕਾਂ ਲੜਾਈਆਂ ਵਿਚ ਸ਼ਰੀਕ ਹੋਏ ਤੇ ਜਿਨ੍ਹਾਂ ਨੂੰ ਅਜ਼ਾ ਤਕ ਨਹੀਂ ਆਈ। ਮਰ ਚੁਕੇ ਬੰਦੇ ਸਾਹਮਣੇ ਨਹੀਂ ਹੁੰਦੇ ਉਹਨਾਂ ਦੇ ਉਦਾਹਰਣ ਅੱਠੇ ਭਾਰੂ ਨਹੀਂ ਹੁੰਦੇ।

ਲੜਾਈ ਉੱਤੇ ਚੜ੍ਹਦਾ ਬੰਦਾ ਏਸੇ ਲਈ ਨਿਰਾਸ਼ਾ ਜਨਕ ਨਹੀਂ ਹੁੰਦਾ। ਇਕ ਤਰ੍ਹਾਂ ਦਾ ਉਤਸ਼ਾਹ ਹੁੰਦਾ ਹੈ ਮਨ ਵਿਚ। ਸਾਥੀਆਂ ਦੀ ਮਿੱਤ੍ਰਤਾ ਦਾ ਨਿੱਘ ਹੁੰਦਾ ਹੈ। ਆਪਣੇ ਦੇਸ਼ ਤੇ ਆਪਣੀ ਕੌਮ ਵਾਸਤੇ ਕੁਝ ਕਰ ਸਕਣ ਦੀ ਖ਼ਿੱਚ ਹੁੰਦੀ ਹੈ।

ਪਰ ਜਿਸ ਆਦਮੀ ਦੇ ਦਿਲ ਵਿਚ ਪੱਕ ਹੋਵੇ ਕਿ ਉਸ ਲੜਾਈ ਤੋਂ ਜੀਂਦਿਆਂ ਨਹੀਂ ਮੁੜਨਾ ਉਹਦੇ ਵਿਚਾਰ ਤੇ ਮਨੋਭਾਵ ਜ਼ਰੂਰ ਵੱਖਰੀ ਭਾਂਤ ਦੇ ਹੋਣਗੇ। ਉਹ ਘਰੋਂ ਟੁਰਨ ਲੱਗਿਆਂ ਆਪਣੀ ਪਤਨੀ, ਆਪਣੇ ਬੱਚਿਆਂ ਤੇ ਆਪਣੇ ਮਿੱਤ੍ਰਾਂ ਨੂੰ ਹੋਰ ਤਰ੍ਹਾਂ ਮਿਲੇਗਾ। ਉਹ ਹੋਰ ਤਰ੍ਹਾਂ ਉਹਨਾਂ ਦਹਿਲੀਜ਼ਾਂ ਵਲ ਵੇਖੇਗਾ, ਜਿਹੜੀਆਂ ਦਹਿਲੀਜ਼ਾਂ ਕਿ ਉਸ ਮੁੜ ਨਹੀਂ ਟਪਣੀਆਂ। ਉਹ ਹੋਰ ਤਰ੍ਹਾਂ ਉਹਨਾਂ ਮਕਾਨਾਂ ਵਲ ਤੱਕੇਗਾ, ਜਿਹੜੇ ਮਕਾਨ ਕਿ ਹੁਣ ਸਦਾ ਉਹਦੀ ਮੌਜੂਦਗੀ ਤੋਂ ਖ਼ਾਲੀ ਰਹਿਣਗੇ। ਉਸ ਆਦਮੀ ਨੂੰ ਘਰ ਦੀਆਂ ਬਾਰੀਆਂ ਤੇ ਬੂਹੇ ਕੁਝ ਕਹਿੰਦੇ ਲਗਦੇ ਹਨ। ਉਹ ਆਦਮੀ ਹੋਰ ਤਰ੍ਹਾਂ ਦੇ ਭਾਵਾਂ ਨਾਲ ਆਪਣੀ ਭੌਇੰ ਤੇ ਅੱਧ ਉਗੀਆਂ ਫ਼ਸਲਾਂ ਵਲ ਤੱਕਦਾ ਹੈ। ਇਹ ਫ਼ਸਲਾਂ ਉਸ ਪੁਗਦੀਆਂ ਨਹੀਂ ਤੱਕਣੀਆਂ। ਇਸ ਭੌਇੰ ਉੱਤੇ ਉਸ ਮੁੜ ਕੇ ਪੈਰ ਨਹੀਂ ਰਖਣਾ। ਇਸ ਆਦਮੀ ਨੂੰ ਆਪਣੀ ਭੌਇੰ ਦਾ ਬੰਨਾ ਬੰਨਾ, ਤੀਲਾ ਤੀਲਾ, ਬ੍ਰਿਛ ਬ੍ਰਿਛ ਆਪਣੇ ਵਲ ਵੇਖਦਾ ਤੇ ਕੁਝ ਕੂਣ ਦੀ ਚਾਹ ਕਰਦਾ ਲਗਦਾ ਹੈ।

ਜਿਸ ਆਦਮੀ ਦੇ ਦਿਲ ਵਿਚ ਹੋਵੇ ਕਿ ਉਸ ਲੜਾਈ ਤੋਂ ਜੀਂਦਿਆਂ ਨਹੀਂ ਮੁੜਨਾ, ਉਹ ਆਦਮੀ ਲੜਾਈ ਦੇ ਨਤੀਜੇ ਬਾਰੇ ਐਡਾ ਉਤਸ਼ਾਹ ਜਨਕ ਵੀ ਨਹੀਂ ਹੁੰਦਾ। ਉਹਦੇ ਇਹਨਾਂ ਮਨੋਭਾਵਾਂ ਦਾ ਇਹੋ ਸ਼ਾਇਦ ਸਭ ਤੋਂ ਵੱਡਾ ਕਾਰਨ ਹੁੰਦਾ ਹੈ। ਉਂਜ ਵੀ ਆ ਰਹੀ ਮੌਤ ਦੀਆਂ ਕਨਸੋਆਂ ਮਨ ਵਿਚ ਪਹੁੰਚ ਹੀ ਜਾਂਦੀਆਂ ਹਨ।

ਸਰਦਾਰ ਸ਼ਾਮ ਸਿੰਘ ਅਟਾਰੀ ਤੇ ਸਰਦਾਰ ਚੂਹੜ ਸਿੰਘ ਮਾਹਿਲ ਉਹ ਆਦਮੀ ਸਨ, ਜਿਨ੍ਹਾਂ ਨੂੰ ਪਤਾ ਸੀ ਕਿ ਉਹਨਾਂ ਮੁੜ ਕੇ ਮਾਹਿਲ ਜਾਂ ਅਟਾਰੀ ਨਹੀਂ ਮੁੜਨਾ। ਉਹ ਜਾਣਦੇ ਸਨ ਕਿ ਉਹ ਆ ਰਹੀ ਲੜਾਈ ਵਿਚ ਸ਼ਹੀਦ ਹੋਣ ਜਾ ਰਹੇ ਹਨ। ਸ਼ਹੀਦ ਹੋਣ ਜਾ ਰਹੇ ਸਨ ਕਿਉਂਕਿ ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਉਹਨਾਂ ਦਾ ਸ਼ਹੀਦ ਹੋਣਾ ਜ਼ਰੂਰੀ ਹੈ; ਕਿਉਂਕਿ ਉਹਨਾਂ ਦੇ ਧਰਮ ਦੀ ਇਹੋ ਹੀ ਸਿਖਿਆ ਹੈ। ਇਸ ਧਰਮ ਦੀ ਸਿਖਿਆ ਹੈ ਕਿ ਪ੍ਰਾਣ ਜਾਣ, ਪਰ ਫ਼ਰਜ਼ ਦੀ ਪਾਲਣਾ ਵਿਚ ਉਕਾਈ ਨਾ ਹੋਵੇ।

ਦੋ ਦਿਨਾਂ ਵਿਚ ਇਹਨਾਂ ਦੋ ਸਰਦਾਰਾਂ ਨੇ ਮਾਝੇ ਦੇ ਇਲਾਕੇ ਵਿਚ ਉਤਸ਼ਾਹ ਦੀ ਅੱਗ ਮਚਾ ਦਿਤੀ। ਇਹਨਾਂ ਸਰਦਾਰਾਂ ਦੇ ਲੜਾਈ ਉੱਤੇ ਜਾਣ ਦੇ ਫ਼ੈਸਲੇ ਦੀ ਖ਼ਬਰ ਸੁਣ ਕੇ ਸੈਂਕੜੇ ਸਿੱਖ, ਹਿੰਦੂ ਤੇ ਮੁਸਲਮਾਨ ਨੌਜਵਾਨ ਪਰ੍ਹੇ ਵਿਚ ਆ ਨਿਕਲੇ। ਇਹਨਾਂ ਸਰਦਾਰਾਂ ਦੇ ਆਦਮੀਆਂ ਨੇ ਪਿੰਡ ਪਿੰਡ ਵਿਚੋਂ ਅੰਨ ਦਾਣਾ ਇਕੱਠਾ ਕੀਤਾ ਤੇ ਜਿਹੜਾ ਆਦਮੀ

Scanned by CamScanner

ਦੁੱ-ਚਿਤਗੀ ਵਿਚ ਸਨ, ਉਹਨਾਂ ਦੇ ਦਿਲ ਵਾ ਇਹਨਾ ਦ ਸਰਦਾਰਾਂ ਦੇ ਇਰਾਦਿਆਂ ਦੀ ਸੰਅ ਸੁਣ ਕੇ, ਪੱਕੇ ਹੋ ਗਏ। ਉਹਨਾਂ ਨੇ ਫਿਰ ਆਪਣੇ ਪੁੱਤਰਾਂ ਜਾਂ ਭਰਾਵਾਂ ਜਾਂ ਪਤੀਆਂ ਨੂੰ ਨਹੀਂ ਰੋਕਿਆ। ਇਹ ਦੇਸ਼ ਤੇ ਕੌਮ ਦੀ ਇੱਜ਼ਤ ਬਚਾਣ ਦਾ ਸਮਾਂ ਸੀ ਤੇ ਹਰ ਇਕ ਨੂੰ ਬਣਦੀ ਕੁਰਬਾਨੀ ਦੇਣੀ ਚਾਹੀਦੀ ਸੀ।

ਚਾਲੇ ਪਾਉਣ ਦਾ ਦਿਨ ਆ ਪੁਜਾ। ਅੰਮ੍ਰਿਤ ਵੇਲੇ ਅਟਾਰੀ ਸ਼ਹਿਰ ਵਿਚ ਦੀਵਾਨ ਸਜਿਆ। ਅਖੰਡ ਪਾਠ ਦਾ ਭੋਗ ਪਿਆ। ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਭਾਈ ਸੰਤ ਸਿੰਘ ਨੇ ਕਥਾ ਕੀਤੀ ਤੇ ਸਰਦਾਰ ਸ਼ਾਮ ਸਿੰਘ ਨੇ ਤਕਰੀਰ। ਸਰਦਾਰ ਸ਼ਾਮ ਸਿੰਘ ਨੇ ਹਰ ਇਕ ਮਾਈ ਭਾਈ ਨੂੰ ਆਪਣਾ ਫ਼ਰਜ਼ ਪਹਿਚਾਨਣ ਵਾਸਤੇ ਕਿਹਾ। ਭਰੇ ਦੀਵਾਨ ਵਿਚ ਉਹਨੇ ਆਪਣਾ ਖੰਡਾ ਖਿੱਚਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪ੍ਰਣ ਕੀਤਾ ਕਿ ਜੇ ਸ਼ਾਮ ਸਿੰਘ ਵਾਪਸ ਅਟਾਰੀ ਮੁੜਿਆ, ਤਾਂ ਜਿੱਤ ਕੇ ਮੁੜੇਗਾ ਨਹੀਂ ਤਾਂ ਨਹੀਂ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਦੇ ਜੈਕਾਰਿਆਂ ਨਾਲ ਸਰਦਾਰ ਸ਼ਾਮ ਸਿੰਘ ਨੇ ਗੋਰਾ-ਸਿੱਖ ਸੰਬੰਧਾਂ ਦਾ ਇਤਿਹਾਸ ਦਸਿਆ ਤੇ ਕਿਹਾ ਕਿ ਕਿਵੇਂ ਅਜ ਗੋਰਾਸ਼ਾਹੀ ਪੰਜਾਬ ਨੂੰ ਗ਼ੁਲਾਮ ਬਣਾਉਣ ਵਾਸਤੇ ਭੂਤ ਪਈ ਹੈ। ਸਾਰੀ ਅਟਾਰੀ ਦੀ ਪੱਤੀ ਗੂੰਜ ਗਈ, ਅੰਤ ਅਰਦਾਸਾ ਵੀ ਸਰਦਾਰ ਸ਼ਾਮ ਸਿੰਘ ਨੇ ਆਪ ਹੀ ਸੰਧਿਆ।

ਕਹਿਣ ਨੂੰ ਤਾਂ ਸ਼ਾਇਦ ਕਈ ਆਦਮੀ ਕਹਿ ਦਣ ਕਿ ਜੇ ਉਹ ਲੜਾਈ ਵਿਚੋਂ ਮੁੜੇ, ਤਾਂ ਜਿੱਤ ਕੇ ਹੀ ਮੁੜਨਗੇ, ਨਹੀਂ ਤਾਂ ਨਹੀਂ, ਪਰ ਇਹਨਾਂ ਬਚਨਾਂ ਦੇ ਪੂਰੇ ਭਾਵਾਂ ਦਾ ਉਸ ਵੇਲੇ ਬਹੁਤਿਆਂ ਨੂੰ ਪਤਾ ਨਹੀਂ ਹੁੰਦਾ। ਅਸੀਂ ਕਈ ਵਾਰ ਅਜਿਹੀਆਂ ਗੱਲਾਂ ਕਹਿ ਜਾਂਦੇ ਹਾਂ, ਜਿਨ੍ਹਾਂ ਦੇ ਮਤਲਬ ਤੇ ਜਿਨ੍ਹਾਂ ਦੇ ਨਤੀਜੇ ਅਸੀਂ ਚੰਗੀ ਤਰ੍ਹਾਂ ਨਹੀਂ ਸਮਝਦੇ। ਜੰਗ ਉੱਤੇ ਰੁਜ਼ਨ ਲੱਗਿਆਂ ਇਸ ਤਰ੍ਹਾਂ ਦੀਆਂ ਗੱਲਾਂ ਆਮ ਕਹੀਆਂ ਜਾਂਦੀਆਂ ਹਨ ਤੇ ਕਹਿਣ ਵਾਲੇ ਤੇ ਸੁਣਨ ਵਾਲੇ ਇਹਨਾਂ ਨੂੰ ਪੂਰੀ ਸੰਜੀਦਗੀ ਨਾਲ ਨਹੀਂ ਮਿਣਦੇ।

ਪਰ ਕਈ ਆਦਮੀ ਹੁੰਦੇ ਹਨ, ਜਿਹੜੇ ਜੋ ਕੁਝ ਕਹਿੰਦੇ ਹਨ, ਸੋਚ ਸਮਝ ਕੇ ਤੇ ਆ ਰਹੇ ਨਤੀਜਿਆਂ ਤੋਂ ਚੇਤੰਨ ਤੌਰ ਉੱਤੇ ਜਾਣੂ ਹੋ ਕੇ ਕਹਿੰਦੇ ਹਨ। ਇਹ ਆਦਮੀ ਬਹੁਤਾ ਕਰ ਕੇ ਨੇਤੇ ਤੇ ਜਰਨੈਲ ਹੁੰਦੇ ਹਨ, ਜਿਨ੍ਹਾਂ ਨੂੰ ਕਿ ਆ ਰਹੇ ਹਾਲਾਤ ਦੀ ਆਮ ਸਿਪਾਹੀਆਂ ਤੇ ਵਾਲੰਟੀਅਰਾਂ ਨਾਲੋਂ ਵਧੇਰੇ ਸੋਝੀ ਹੁੰਦੀ ਹੈ। ਇਹ ਆਦਮੀ ਜਦੋਂ ਕੋਈ ਇਰਾਦੇ ਬਣਾਂਦੇ ਹਨ, ਤਾਂ ਉਹ ਇਰਾਦੇ ਵਾਸਤਵਿਕ ਹੁੰਦੇ ਹਨ। ਪਰ ਲੀਡਰ ਤੇ ਨੇਤਾ ਹੋਣ ਦੀ ਜ਼ਿਮੇਵਾਰੀ ਵੀ ਇਹਨਾਂ ਉੱਤੇ ਨਾਲ ਹੀ ਲਾਗੂ ਹੁੰਦੀ ਹੈ। ਇਹ ਆਪਣੇ ਸ਼ੱਕਾਂ ਕਰ ਕੇ ਜਾਂ ਆਪਣੇ ਗਿਆਨ ਤੇ ਹਾਲਾਤ ਦੀ ਜਾਣਕਾਰੀ ਨਾਲ ਆਪਣੇ ਸਿਪਾਹੀਆਂ ਦਾ ਦਿਲ ਨਹੀਂ ਢਾਹ ਸਕਦੇ। ਇਹ ਕੋਈ ਅਜਿਹੀ ਗੱਲ ਨਹੀਂ ਕਰ ਸਕਦੇ ਜਿਸ ਨਾਲ ਕਿ ਇਹਨਾਂ ਦੇ ਆਦਮੀਆਂ ਦਾ ਛਰਹਿ ਵਿਚ ਵਿਸ਼ਵਾਸ ਮਾਂਦ ਪੈ ਜਾਏ। ਜਿਸ ਸ਼ੈ ਵਿਚ ਇਹਨਾਂ ਦਾ ਆਪਣਾ ਵਿਸ਼ਵਾਸ ਨਾ ਹੋਵੇ, ਉਸ ਸ਼ੈ ਵਿਚ ਆਪਣੇ ਸਿਪਾਹੀਆਂ ਦਾ ਵਿਸ਼ਵਾਸ ਪੱਕਾ ਕਰਨਾ ਇਹਨਾਂ ਦਾ ਫ਼ਰਜ਼ ਹੁੰਦਾ ਹੈ। ਏਸੇ ਲਈ ਨੇਤਾ ਜਾਂ ਲੀਡਰ ਉੱਤੇ ਮਾਨਸਕ ਭਾਰ ਆਮ ਸਿਪਾਹੀਆਂ ਨਾਲੋਂ ਕਿਤੇ ਵਧ ਪੈਂਦਾ ਹੈ।

ਅੱਜ ਸਵੇਰ ਤੋਂ ਸ਼ਾਮ ਸਿੰਘ ਨੂੰ ਕਈ ਵਾਰ ਇਹੋ ਜਿਹੇ ਖ਼ਿਆਲ ਆਏ ਸਨ। ਉਸ ਆਪਣੇ ਸਾਹਮਣੇ ਤਿਆਰ ਬਰ ਤਿਆਰ ਸਿਪਾਹੀਆਂ ਨੂੰ ਵੇਖਿਆ ਸੀ ਤੇ ਉਸ ਮਨ ਵਿਚ ਸੋਚਿਆ ਸੀ ਕਿ ਇਹਨਾਂ ਵਿਚੋਂ ਬੜੇ ਥੋੜ੍ਹੇ ਸਿਪਾਹੀ ਜੀਂਦਿਆਂ ਵਾਪਸ ਮੁੜਨਗੇ। ਉਸ ਹਰ ਇਕ ਦੇ ਮੂੰਹੋਂ ਖ਼ਾਲਸੇ ਦੀ ਆ ਰਹੀ ਵਿਜੈ ਬਾਰੇ ਸੁਣਿਆਂ ਸੀ ਤੇ ਉਸ ਆਪ ਵੀ ਸਭ ਨੂੰ ਇਹੋ ਯਕੀਨ ਦਿਵਾਇਆ, ਪਰ ਦਿਲੋਂ ਉਹਨੂੰ ਖ਼ਾਲਸੇ ਦੀ ਵਿਜੈ ਦਾ ਭਰੋਸਾ ਨਹੀਂ ਸੀ। ਸ਼ਾਮ ਸਿੰਘ ਬੇਸ਼ਕ ਇਕ ਚੰਗਾ ਸਿੱਖ ਸੀ, ਪਰ ਉਹ ਇਕ ਚੰਗਾ ਲੀਡਰ ਵੀ ਸੀ। ਉਹ ਆਦਰਸ਼ਕ ਜ਼ਰੂਰ ਸੀ, ਪਰ ਇਕ ਵਾਸਤਵਿਕ ਨੇਤਾ ਵਾਂਗ ਉਹ ਆ ਰਹੇ ਮਸਲਿਆਂ ਬਾਰੇ ਨਿਰਪਖ ਵਿਚਾਰ ਵੀ ਕਰ ਸਕਦਾ ਸੀ। ਉਹ ਮੁਦਕੀ, ਫੇਰੂ ਸ਼ਹਿਰ ਬੱਦੋਵਾਲ ਤੇ ਅਲੀਵਾਲ ਦੀਆਂ ਲੜਾਈਆਂ, ਬਾਬਤ ਸਾਰੇ ਹਾਲਾਤ ਸੁਣ ਚੁਕਾ ਸੀ। ਉਹ ਜਾਣਦਾ ਸੀ ਕਿ ਸਿੱਖ ਲੀਡਰਸ਼ਿਪ ਵਿਚ ਏਸ ਵੇਲੇ ਕੀ ਕੀ ਨੁਕਸ ਹਨ ਤੇ ਇਹ ਵੀ ਕਿ ਉਹ ਕਿਸੇ ਤਰ੍ਹਾਂ ਵੀ ਦੂਰ ਨਹੀਂ ਕੀਤੇ ਜਾ ਸਕਦੇ। ਉਹ ਰਾਜਾ ਗੁਲਾਬ ਸਿੰਘ ਨੂੰ, ਸਰਦਾਰ ਤੇਜ ਸਿੰਘ ਤੇ ਲਾਲ ਸਿੰਘ ਨੂੰ ਨੇੜਿਉਂ ਜਾਣਦਾ ਸੀ। ਉਹਨੂੰ ਪਤਾ ਸੀ ਕਿ ਇਹ ਆਈ ਉੱਤੇ ਤੁਲੇ ਹੋਏ ਹਨ। ਸ਼ਾਮ ਸਿੰਘ ਇਹ ਵੀ ਸਮਝਦਾ ਸੀ ਕਿ ਮੁਆਮਲਾ ਉਹਦੀ ਪਕੜ ਤੋਂ ਬਾਹਰ ਜਾ ਚੁਕਾ ਹੈ। ਉਹਨੂੰ ਅੰਗਰੇਜ਼ਾਂ ਦੀ ਵਧ ਰਹੀ

Scanned by CamScanner

ਤਾਕਤ ਦਾ ਗਿਆਨ ਸੀ ਤੇ ਉਸ ਮਹਿਸੂਸ ਕੀਤਾ ਸੀ, ਉਹਦੇ ਸਾਹਮਣੇ ਬਸ ਇਕੋ ਹੀ ਰਾਹ ਰਹਿ ਗਿਆ ਹੈ। ਸ਼ਹੀਦੀ ਦਾ ਰਾਹ। ਉਹ ਸਰਦਾਰ ਲਹਿਣਾ ਸਿੰਘ ਮਜੀਠੀਏ ਵਾਂਗ ਪੰਜਾਬ ਛਡ ਕੇ ਨਹੀਂ ਸੀ ਜਾ ਸਕਦਾ। ਉਹਦੇ ਦਿਲ ਵਿਚ ਵਤਨ ਦਾ ਪਿਆਰ ਅਥਾਹ ਸੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਘਰਾਣੇ ਵਾਸਤੇ ਐਨਾ ਸਨਮਾਨ ਕਿ ਉਹ ਆਪਣੀਆਂ ਅੱਖਾਂ ਸਾਹਮਣੇ ਆਪਣੇ ਵਤਨ ਨੂੰ ਬਰਬਾਦ ਹੁੰਦਿਆਂ ਤੇ ਰਣਜੀਤ ਸਿੰਘ ਦੇ ਘਰਾਣੇ ਨੂੰ ਬੇਪੱਤ ਹੁੰਦਿਆਂ ਨਹੀਂ ਸੀ ਸਹਾਰ ਸਕਦਾ। ਰਾਜ ਮਾਤਾ ਜਿੰਦ ਕੌਰ ਦੀਆਂ ਚਿੱਠੀਆਂ ਇਸ ਗੱਲ ਦੀਆਂ ਗਵਾਹ ਸਨ ਕਿ ਲਾਹੌਰ ਵਿਚ ਉਹਦੀ ਤਾਕਤ, ਜੇ ਸੀ ਵੀ, ਤਾਂ ਉਹ ਖ਼ਤਮ ਹੋ ਚੁਕੀ ਹੈ ਤੇ ਉਹ ਰਾਜਾ ਗੁਲਾਬ ਸਿੰਘ ਦੇ ਹੱਥਾਂ ਵਿਚ ਇਕ ਤਰ੍ਹਾਂ ਦੀ ਕੈਦਣ ਹੈ।

ਸ਼ਾਮ ਸਿੰਘ ਨੇ ਤਕਰੀਰ ਕੀਤੀ, ਅਰਦਾਸਾ ਸੋਧਿਆ, ਸਾਰੀ ਖ਼ਲਕਤ ਨੂੰ ਉਭਾਰਿਆ, ਪਰ ਅੰਦਰੋਂ ਉਹ ਜਾਣਦਾ ਸੀ ਕਿ ਦਰਅਸਲ ਹੋਣਾ ਕੀ ਹੈ। ਤੇ ਸ਼ਾਮ ਸਿੰਘ ਤੋਂ ਇਲਾਵਾ ਜੇ ਕੋਈ ਹੋਰ ਆ ਰਹੀ ਬਿਪਤਾ ਵਲ ਵੇਖ ਸਕਦਾ ਸੀ ਤਾਂ ਉਹ ਸੀ ਸ਼ਾਮ ਸਿੰਘ ਦੀ ਪਤਨੀ। ਪਤੀ ਤੇ ਪਤਨੀ ਦਾ ਰਿਸ਼ਤਾ ਐਨਾ ਨਜ਼ਦੀਕੀ ਹੁੰਦਾ ਹੈ ਕਿ ਇਕ ਦੂਜੇ ਦੇ ਮਨੋਭਾਵ ਸਹਿਜੇ ਹੀ ਜਾਣ ਜਾਂਦੇ ਹਨ।

ਸ਼ਾਮ ਸਿੰਘ ਨੇ ਆਪਣੀ ਪਤਨੀ ਨੂੰ ਸ਼ੁਭ ਵਿਦਾਇਗੀ ਕਹੀ। ਦੋਵੇਂ ਹੀ ਜਾਣਦੇ ਸਨ ਕਿ ਇਹ ਉਹਨਾਂ ਦੀ ਆਖ਼ਰੀ ਮਿਲਣੀ ਹੈ, ਪਰ ਦੋਹਾਂ ਵਿਚੋਂ ਕਿਸੇ ਨੇ ਵੀ ਇਸ ਦਾ ਜ਼ਿਕਰ ਨਹੀਂ ਕੀਤਾ। ਸਿੱਖੀ ਖੰਨਿਉਂ ਤਿੱਖੀ, ਵਾਲਹੁ ਨਿੱਕੀ, ਏਤਿ ਮਾਰਗ ਜਾਣਾ।

ਅਟਾਰੀ ਤੋਂ ਸਰਦਾਰ ਸ਼ਾਮ ਸਿੰਘ ਆਪਣੇ ਸਾਥੀਆਂ ਨਾਲ ਮਾਹਿਲ ਆਇਆ। ਮਾਹਿਲ ਵੀ ਅੱਜ ਸਵੇਰੇ ਦੀਵਾਨ ਸਜਿਆ ਸੀ। ਓਥੇ ਵੀ ਅਜ ਅਖੰਡ ਪਾਠ ਦਾ ਭੋਗ ਪਿਆ ਸੀ। ਦੀਵਾਨ ਵਿਚ ਸਰਦਾਰ ਚੂਹੜ ਸਿੰਘ ਮਾਹਿਲ ਨੇ ਤਕਰੀਰ ਕੀਤੀ ਸੀ ਤੇ ਆ ਰਹੀ ਜਿੱਤ ਵਿਚ ਸਭਨਾਂ ਦਾ ਯਕੀਨ ਬੰਨ੍ਹਾਇਆ ਸੀ। ਦੀਵਾਨ ਸਮਾਪਤ ਹੋਣ ਉੱਤੇ ਚੂਹੜ ਸਿੰਘ ਨੇ ਗੁਰਮੀਤ ਨੂੰ ਇਕੱਲਿਆਂ ਕਰ ਕੇ ਕਿਹਾ ਸੀ : "ਗੁਰਮੀਤ ! ਤੂੰ ਮੇਰੇ ਮਨੋਭਾਵ ਜਾਣਦੀ ਹੈਂ ਨਾ ?"

ਗੁਰਮੀਤ ਤੇ ਚੂਹੜ ਸਿੰਘ ਦਾ ਰਿਸ਼ਤਾ ਅੰਡਰੀ ਭਾਂਤ ਦਾ ਸੀ ਤੇ ਇਹਨਾਂ ਦੋਹਾਂ ਵਿਚਕਾਰ ਆਤਮਕ ਤੇ ਸੰਬੰਧਕ ਸਾਂਝ ਤੋਂ ਇਲਾਵਾ ਵਪਾਰਕ ਸਾਂਝ ਵੀ ਸੀ। ਇਹ ਦੋ ਭੈਣ ਭਰਾ ਮਾਹਿਲ ਘਰਾਣੇ ਦੀ ਇੱਜ਼ਤ ਦੇ ਰਾਖੇ ਸਨ। ਇਸ ਘਰਾਣੇ ਦੇ ਮੋਹਰੀ ਸਨ। ਜੇ ਚੂਹੜ ਸਿੰਘ ਨੇ ਮੁੜ ਕੇ ਵਾਪਸ ਨਹੀਂ ਸੀ ਆਉਣਾ ਤਾਂ ਉਸ ਗੁਰਮੀਤ ਨੂੰ ਕੁਝ ਵਿਹਾਰਕ ਗੱਲਾਂ ਜ਼ਰੂਰ ਦਸਣੀਆਂ ਸਨ।

ਗੁਰਮੀਤ ਨੇ ਚੂਹੜ ਸਿੰਘ ਦੀ ਗੱਲ ਤਾੜਦਿਆਂ ਹੋਇਆਂ, ਇਕ ਦੋ ਦਿਨ ਪਹਿਲੇ ਵਾਂਗ, ਕਿਹਾ : "ਮੈਂ ਸਭ ਜਾਣਦੀ ਹਾਂ ਵੀਰ, ਪਰ ਤੈਨੂੰ ਮੈਂ ਕੁਝ ਮੂੰਹ ਉੱਤੇ ਨਹੀਂ ਲਿਆਣ ਦਿਆਂਗੀ..."

"ਇਹ ਜਜ਼ਬਾਤੀ ਹੋਣ ਦਾ ਸਮਾਂ ਨਹੀਂ ਗੁਰਮੀਤ। ਮੈਂ ਤੈਨੂੰ ਦੋ ਚਾਰ ਅਤਿ ਜ਼ਰੂਰੀ ਗੱਲਾਂ ਦਸਣੀਆਂ ਹਨ। ਵੇਖ...।"

"ਵੀਰ !"

ਗੁਰਮੀਤ ਨੇ ਚੂਹੜ ਸਿੰਘ ਵਲ ਵੇਖਿਆ ਤੇ ਜਿਵੇਂ ਉਹਨੇ ਵੀ ਮਹਿਸੂਸ ਕੀਤਾ ਕਿ ਸੱਚ ਹੀ ਇਹ ਜਜ਼ਬਾਤੀ ਹੋਣ ਦਾ ਸਮਾਂ ਨਹੀਂ। ਉਹਨੂੰ ਮੌਕੇ ਦਾ ਪਾਸ ਹੋਇਆ। ਉਸ ਆਪਣੇ ਦਿਲ ਉੱਤੇ ਪੱਥਰ ਰਖਿਆ ਤੇ ਚੂਹੜ ਸਿੰਘ ਕੋਲੋਂ ਮਾਹਿਲਾਂ ਦੀ ਸੰਪੂਰਨ ਜਾਗੀਰ ਬਾਰੇ ਸੁਣਿਆ। ਇਹ ਵੀ ਸੁਣਿਆ ਕਿ ਚਾਚੇ ਤਾਇਆਂ ਵਿਚ ਲੜਾਈਆਂ ਕਿਥੋਂ ਤਕ ਪਹੁੰਚ ਚੁਕੀਆਂ ਹਨ। ਉਸ ਇਹ ਵੀ ਸੁਣਿਆ ਕਿ ਚਾਰੇ ਪਾਸੇ ਉਹਨਾਂ ਦੇ ਘਰਾਣੇ ਉੱਤੇ ਜਿਵੇਂ ਕਾਲੀ ਰਾਤ ਪੈ ਰਹੀ ਹੈ। ਚੂਹੜ ਸਿੰਘ ਨੇ ਕਿਹਾ : "ਭੈਣ ! ਮੈਨੂੰ ਅਫ਼ਸੋਸ ਹੈ ਕਿ ਮੈਂ ਸਿਰਫ਼ ਇਹੋ ਕੁਝ ਹੀ ਤੈਨੂੰ ਵਿਰਸੇ ਵਿਚ ਦੇ ਚਲਿਆ ਹਾਂ। ਮੈਂ ਆਪਣੇ ਪਿਤਾ ਪਿਤਾਮਿਆਂ ਕੋਲੋਂ ਕੀ ਕੁਝ ਪਾਇਆ ਤੇ ਅੱਜ ਕੀ ਕੁਝ ਛਡ ਰਿਹਾ ਹਾਂ ਇਹਦਾ ਅਹਿਸਾਸ ਮੈਨੂੰ ਉਦਾਸ ਕਰ ਰਿਹਾ ਹੈ। ਮੈਂ ਪਹਿਲੇ ਆਪਣੇ ਘਰਾਣੇ ਵਿਚ ਬਹੁਤੀ ਦਿਲਚਸਪੀ ਨਾ ਲਈ। ਪਰ ਜੇ ਲੈਂਦਾ ਵੀ ਤਾਂ ਕੀ ਕਰਦਾ ? ਹਾਲਾਤ ਜੋ ਕੁਝ ਅੱਜ ਹਨ ਇਸ ਨਾਲੋਂ ਚੰਗੇਰੇ ਨਹੀਂ ਸੰਨ ਹੋ ਸਕਦੇ ਮੈਨੂੰ ਜਾਪਦਾ ਹੈ ਕਿ ਹਰਪਾਲ ਸਿੰਘ ਦੀ ਪ੍ਰਤਿਭਾ ਤੇ ਉਹਦਾ ਜੱਸ ਇਸ ਘਰਾਣੇ ਦਾ ਆਖ਼ਰੀ ਚੜ੍ਹਾ ਸੀ।

"ਧੀਆਂ ਪਰਾਇਆ ਧਨ ਹੁੰਦੀਆਂ ਰੰਨ। ਧੀਆਂ ਵਿਆਹੀਆਂ ਜਾਣ ਤਾਂ ਉਹ ਦੂਜੇ ਟੱਬਰਾਂ ਦੀਆਂ ਹੋ ਜਾਂਦੀਆਂ

Scanned by CamScanner

ਹਨ, ਪਰ ਇਸ ਘਰਾਣੇ ਵਿਚ ਅਨੋਖੀ ਗੱਲ ਹੋਈ ਹੈ ਕਿ ਅੱਜ ਮੈਂ ਤੇਰੇ ਹੱਥ ਇਸ ਘਰਾਣੇ ਦੀ ਆਬਰੂ ਸੌਂਪ ਰਿਹਾ ਹਾਂ। ਪਰ ਮਾਹਿਲ ਘਰਾਣੇ ਵਿਚ ਸਦਾ ਹੀ ਅਨੋਖੀਆਂ ਗੱਲਾਂ ਹੁੰਦੀਆਂ ਆਈਆਂ ਹਨ ਸੋ ਇਹ ਵੀ ਉਹਨਾਂ ਅਨੋਖੀਆਂ ਵਿਚੋਂ ਇਕ ਸਹੀ।

"ਮੈਂ ਜਾਣਦਾ ਹਾਂ ਕਿ ਤੂੰ ਬਹੁਤ ਕੁਝ ਕਰ ਨਹੀਂ ਸਕੇਂਗੀ, ਪਰ ਫਿਰ ਵੀ ਘਟੋ ਘਟ ਗੁਰਪਾਲ ਤੇ ਪ੍ਰੀਤਮ ਨੂੰ ਇਕੱਠਿਆਂ ਰਖਣ ਦੀ ਕੋਸ਼ਿਸ ਕਰਨੀ। ਤੇ ਜੇ ਸ਼ਰੀਕ ਬਹੁਤੇ ਹੀ ਕੂਦੇ ਚੜ੍ਹ ਜਾਣ ਤਾਂ ਜਿਵੇਂ ਮੈਂ ਕਿਹਾ ਹੈ ਗੁਜਰਾਤ ਵਿਚਲੀ ਆਪਣੀ ਜਾਗੀਰ ਨਾ ਭੁਲਣੀ।

"ਵੇਖੀਂ, ਗੁਰਮੀਤ ਕਿ ਇਸ ਆ ਰਹੇ ਘਲੂਘਾਰੇ ਵਿਚ ਮਾਹਿਲਾਂ ਦੇ ਮਾਨਦਾਨ ਦੀ ਇਕ ਨਾ ਇਕ ਲਾਟ ਜ਼ਰੂਰ ਜਗਦੀ ਰਹੇ। ਜਿਹੜੀ ਮਸ਼ਾਲ ਬੁੱਢਾ ਮੱਲ ਤੇ ਸ਼ਾਹਬਾਜ਼ ਸਿੰਘ ਨੇ ਬਾਲੀ, ਉਹ ਬੁਝਣੀ ਨਹੀਂ ਚਾਹੀਦੀ। ਇਸ ਆ ਰਹੇ ਰਾਤ ਦੇ ਹਨੇਰੇ ਵਿਚ ਇਕ ਮਸ਼ਾਲ ਦੀ ਲੋਅ ਅਜਿਹੀ ਹੋਵੇ ਕਿ ਜਿਹਨੂੰ ਹਨੇਰਾ ਤੇ ਤੂਫ਼ਾਨ ਸਰ ਨਾ ਕਰ ਸਕਣ। ਇਕ ਸਮਾਂ ਆਵੇਗਾ ਜਦੋਂ ਦੇਸ਼ ਦੀ ਆਜ਼ਾਦੀ ਵਾਸਤੇ ਇਕ ਅੰਦੋਲਨ ਫਿਰ ਸ਼ੁਰੂ ਹੋਵੇਗਾ ਤੇ ਉਦੋਂ ਮਾਹਿਲ ਫਿਰ ਆਪਣੇ ਆਪ ਵਿਚ ਆਉਣਗੇ, ਸਾਡਾ ਘਰਾਣਾ ਮੁੜ ਕੇ ਮਹਾਨ ਬਣੇਗਾ।" ਇਹ ਸ਼ਬਦ ਕਹਿੰਦਿਆਂ ਕਹਿੰਦਿਆਂ ਚੂਹੜ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ।

ਜਦੋਂ ਇਕ ਬੱਚਾ ਜਾਂ ਜਵਾਨ ਆਦਮੀ ਰੋਵੇ ਤਾਂ ਗੱਲ ਹੋਰ ਹੁੰਦੀ ਹੈ। ਜ਼ਿੰਦਗੀ ਤੇ ਜਜ਼ਬਾਤ ਅਜੇ ਤਕ ਸਹਿੰਦੜੇ ਨਹੀਂ ਹੋਏ ਹੁੰਦੇ। ਆਮ ਸ਼ੈਆਂ ਵੀ ਚੁਭ ਚੁਭ ਜਾਂਦੀਆਂ ਹਨ ਤੇ ਲਗਦਾ ਹੈ ਕਿ ਇਹਨਾਂ ਚੋਭਾਂ ਦੀ ਰੜਕ, ਸੋਖਾ ਕੀਤਿਆਂ, ਜਾਵੇਗੀ ਨਹੀਂ। ਪਰ ਜਦੋਂ ਆਦਮੀ ਦੇ ਵਾਲ ਧੌਲੇ ਹੋ ਜਾਣ ਤਾਂ ਗੱਲਾਂ ਅਣੀਆਂ ਨਹੀਂ ਚੁਭਦੀਆਂ। ਮਨੁੱਖ ਨੇ ਇਸ ਉਮਰ ਤਕ ਬਹੁਤ ਕੁਝ ਵੇਖ ਲਿਆ ਹੁੰਦਾ ਹੈ। ਸੋ ਜਦੋਂ ਧੌਲੇ ਕੇਸਾਂ ਵਾਲੇ ਆਦਮੀ ਦੀਆਂ ਅੱਖਾਂ ਵਿਚ ਹੰਝੂ ਆਉਣ ਤਾਂ ਹਾਲਾਤ ਸੱਚ ਮੁੱਚ ਹੀ ਸਿਆਹ ਹੋਣਗੇ।

ਚੂਹੜ ਸਿੰਘ ਰੋ ਪਿਆ ਤੇ ਗੁਰਮੀਤ ਨੇ ਝਟਾ ਪਟ ਆਪਣੇ ਅੱਥਰੂ ਪੀ ਕੇ ਭਰਾ ਦੇ ਹੰਝੂ ਪੂੰਝੇ।

"ਤੁਰਨ ਵੇਲੇ ਇਹ ਬਦਸ਼ਗਨੀ ਨਹੀਂ ਕਰਨੀ, ਵੀਰਾ। ਜੋ ਕੁਝ ਹੋ ਗਿਆ ਸੋ ਹੋ ਗਿਆ। ਮੈਨੂੰ ਜਾਪਦਾ ਹੈ ਕਿ ਸਾਡੇ ਘਰਾਣੇ ਨਾਲ ਹੋਣੀ ਨੇ ਮਖ਼ੌਲ ਕੀਤਾ ਹੈ। ਪਰ ਕੋਈ ਗੱਲ ਨਹੀਂ। ਜੋ ਸਦਾ ਦਿਨ ਚੰਗੇ ਨਹੀਂ ਰਹੇ ਤਾਂ ਮੰਦੇ ਵੀ ਨਹੀਂ ਰਹਿਣਗੇ। ਤੇ ਜਿਵੇਂ ਤੂੰ ਕਹਿੰਦਾ ਹੈਂ ਜਦੋਂ ਸਮਾਂ ਪਾ ਕੇ ਆਜ਼ਾਦੀ ਦਾ ਘੋਲ ਸ਼ੁਰੂ ਹੋਇਆ ਤਾਂ ਸਾਡਾ ਘਰਾਣਾ ਫਿਰ ਆਪਣੇ ਆਪ ਵਿਚ ਆਵੇਗਾ। ਅਸੀਂ ਕਸ਼ਮਕਸ਼ ਵਾਸਤੇ ਬਣੇ ਹਾਂ। ਛਤਿਹ ਪਿਛੋਂ ਸੁਖ ਦੇ ਬੁੱਲ੍ਹੇ ਲੁੱਟਣ ਵਾਸਤੇ ਨਹੀਂ।

"ਜਿਹੜਾ ਅਜ ਤੂੰ ਦਾਈਆ ਮੇਰੇ ਸਿਰ ਲਾ ਚਲਿਆ ਹੈਂ, ਇਹ ਸੱਚ ਮੁਚ ਹੀ ਅਨੋਖਾ ਹੈ। ਪਰ ਮੈਂ ਤੇਰੀ ਮੁਸ਼ਕਲ ਸਮਝਦੀ ਹਾਂ। ਇਸ ਘਤਾਣੇ ਦੀ ਅਗਲੀ ਮਸ਼ਾਲ ਅਜੀਤ ਸਿੰਘ ਹੈ — ਜੇ ਰੱਬ ਨੇ ਉਹਨੂੰ ਉਮਰ ਦਿਤੀ ਤੇ ਜੇ ਰੱਬ ਨੇ ਮੈਨੂੰ ਉਮਰ ਦਿਤੀ ਤਾਂ ਮੈਂ ਤੇਰੀ ਦੇਣ ਨੂੰ ਉਹਦੇ ਹੱਥ ਸੌਂਪ ਕੇ ਮਰਾਂਗੀ। ਜੇ ਅਜੀਤ ਨੇ ਸਭਰਾਵਾਂ ਵਿਚ ਸ਼ਹੀਦੀ ਪਾ ਲਈ ਤਾਂ ਇਹ ਦੇਣੇ ਮੈਂ ਸਰੂਪ ਸਿੰਘ ਦੀ ਝੋਲੀ ਪਾ ਜਾਵਾਂਗੀ ਵੀਰ! ਤੂੰ ਵੀ ਤਾਂ ਜਾਣਦਾ ਹੈਂ ਕਿ ਮੇਰੀ ਉਮਰ ਵਡੀ ਹੋ ਗਈ ਹੈ ਤੇ ਹੁਣ ਬਹੁਤਾ ਚਿਰ ਜੀਣ ਦਾ ਮੇਰੇ ਵਿਚ ਬਲ ਨਹੀਂ!"

"ਨਹੀਂ, ਗੁਰਮੀਤ! ਤੈਨੂੰ ਉੱਨਾਂ ਚਿਰ ਜੀਣਾ ਪਵੇਗਾ ਜਿੰਨਾ ਚਿਰ ਹੋਰ ਕੋਈ ਇਹ ਭਾਰਾ ਨਹੀਂ ਚੁਕ ਸਕਦਾ। ਪਹਿਲੇ ਮੇਰਾ ਖ਼ਿਆਲ ਸੀ ਕਿ ਪ੍ਰੀਤਮ ਸਿੰਘ ਜਾਂ ਗੁਰਪਾਲ ਸਿੰਘ ਇਸ ਘਰਾਣੇ ਦੀਆਂ ਰਵਾਇਤਾਂ ਨੂੰ ਕਾਇਮ ਰਖਣਗੇ, ਪਰ ਜੋ ਕੁਝ ਅਸੀਂ ਇਕ ਯੁਵਕ ਬਾਰੇ ਸੋਚਦੇ ਹਾਂ ਉਹ ਹਮੇਸ਼ਾਂ ਪੁਗ ਨਹੀਂ ਸਕਦਾ। ਮੈਂ ਨਹੀਂ ਚਾਹੁੰਦਾ ਕਿ ਟੱਬਰ ਦੀ ਸਰਦਾਰੀ ਮੇਰੇ ਹੀ ਪੁਤਰਾਂ ਪੰਤਰਿਆਂ ਵਿਚ ਰਹੇ, ਪਰ ਮੈਂ ਇਹ ਜ਼ਰੂਰ ਚਾਹੁੰਦਾ ਹਾਂ ਕਿ ਮਸ਼ਾਲ ਬੁਝ ਨਾ ਜਏ। ਅਜੀਤ ਉੱਤੇ ਮੈਨੂੰ ਵੀ ਬੜੀਆਂ ਆਸਾਂ ਹਨ। ਗੁਰੂ ਮਹਾਰਾਜ ਕਰੇ ਉਹ ਪੁਗਣ, ਪਰ ਤੇਰੀ ਜ਼ਿਮੇਂਦਾਰੀ ਕਿਸੇ ਤਰ੍ਹਾਂ ਵੀ ਘਟ ਨਹੀਂ ਹੁੰਦੀ। ਮੈਨੂੰ ਵਿਸ਼ਵਾਸ ਹੈ ਸਮਾਂ ਆਉਣ ਉੱਤੇ ਸਾਡੇ ਵਿਚੋਂ ਆਪਣੇ ਆਪ ਹੀ ਕੋਈ ਉਭਰੇਗਾ ਤੇ ਸਾਡੀ ਤੇ ਦੇਸ਼ ਦੀ ਅਭਾ ਮੁੜ ਕੇ ਕਾਇਮ ਕਰੇਗਾ...।"

ਚੂਹੜ ਸਿੰਘ ਤੇ ਗੁਰਮੀਤ ਵਿਛੜੇ। ਸਿਵਾਏ ਗੁਰਮੀਤ ਤੇ ਚੂਹੜ ਸਿੰਘ ਦੇ ਹੋਰ ਕਿਸੇ ਨੇ ਆ ਰਹੀਆਂ ਘਟਨਾਵਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਪਤਵੰਤ ਕੌਰ ਜੋ ਜਾਣਦੀ ਵੀ ਸੀ ਤਾਂ ਵੀ ਉਸ ਚਹੜ ਸਿੰਘ ਨਾਲ ਕੋਈ ਗੱਲ ਨਹੀਂ ਕੀਤੀ।

Scanned by CamScanner

ਚੂਹੜ ਸਿੰਘ ਤੇ ਸ਼ਾਮ ਸਿੰਘ ਨੇ ਜੁੜੀ ਖ਼ਲਕਤ ਦੇ ਸਾਹਮਣੇ ਜੱਫੀ ਪਾਈ। ਇਕ ਵਾਰੀ ਫਿਰ ਅਰਦਾਸਾ ਸੋਧਿਆ ਤੇ ਇਹ ਲਸ਼ਕਰ ਰਣਭੂਮੀ ਨੂੰ ਟੁਰ ਪਿਆ। ਚਿੱਟੇ ਬਸਤਰ ਪਹਿਨੀ, ਚਿੱਟੇ ਦਾੜ੍ਹਿਆਂ ਨਾਲ ਤੇ ਚਿੱਟੇ ਘੋੜਿਆਂ ਉੱਤੇ ਸਵਾਰ ਸ਼ਾਮ ਸਿੰਘ ਤੇ ਚੂਹੜ ਸਿੰਘ ਮੋਹਰੇ ਜਾ ਰਹੇ ਸਨ। ਸਾਰੇ ਮਾਹਿਲ ਦੀਆਂ ਤੀਵੀਆਂ ਆਪਣੇ ਘਰਾਂ ਦੇ ਕੋਠਿਆਂ ਉੱਤੇ ਚੜ੍ਹ ਕੇ ਇਹਨਾਂ ਨੂੰ ਜਾਦਿਆਂ ਵੇਖਦੀਆਂ ਰਹੀਆਂ।

ਸ਼ਾਮ ਸਿੰਘ ਤੇ ਚੂਹੜ ਸਿੰਘ ਨੇ ਵੀ ਆਪੋ ਵਿਚ ਆਪਣੇ ਸ਼ੱਕਾਂ ਦੀ ਗੱਲ ਨਹੀਂ ਕੀਤੀ। ਹਾਂ ਸਿਰਫ਼ ਸ਼ਾਮ ਸਿੰਘ ਗੱਲਾਂ ਕਰਦਾ ਕਰਦਾ ਭਾਵਕ ਚਰੂਰ ਹੋ ਗਿਆ ਤੇ ਉਸ ਆਪਣੇ ਤੇ ਸ਼ੇਰੇ-ਪੰਜਾਬ ਦੇ ਸੰਬੰਧਾਂ ਦੀ ਵਾਰਤਾ ਛੇੜ ਦਿਤੀ। ਇਹੋ ਜਿਹੇ ਸਮਿਆਂ ਉੱਤੇ ਸ਼ਾਇਦ ਬੀਤੇ ਦਿਨਾਂ ਬਾਰੇ ਸੋਚਣਾ ਕੁਦਰਤੀ ਹੁੰਦਾ ਹੈ।

"ਚੂਹੜ ਸਿੰਘ ! ਜਾਣਦਾ ਹੈਂ ਇਹ ਤਲਵਾਰ ਸ਼ੇਰੇ-ਪੰਜਾਬ ਨੇ ਮੈਨੂੰ ਕਦੋਂ ਦਿਤੀ ਸੀ ?" "ਕਦੋਂ ?"

"ਜਦੋਂ ਮੈਂ ਸੱਯਦ ਅਹਿਮਦ ਸ਼ਾਹ ਬਰੇਲਵੀ ਨੂੰ ਭਾਂਜ ਪਾ ਕੇ ਕਤਲ ਕੀਤਾ। ਸ਼ਾਇਦ ਤੈਨੂੰ ਯਾਦ ਨਾ ਹੋਵੇ ਕਿ ਤੇਰਾ ਭਰਾ ਹਰਪਾਲ ਵੀ ਉਦੋਂ ਸਾਡੇ ਲਸ਼ਕਰ ਵਿਚ ਸੀ।"

ਕੁਝ ਚਿਰ ਪਿਛੋਂ ਸ਼ਾਮ ਸਿੰਘ ਨੇ ਫਿਰ ਗੱਲ ਤੋਰੀ ਤੇ ਪੁਛਿਆ: "ਤੂੰ ਜਾਣਦਾ ਹੈਂ ਕਿ ਇਕ ਵਾਰੀ ਸ਼ੇਰੇ-ਪੰਜਾਬ ਮੇਰੇ ਨਾਲ ਨਾਰਾਜ਼ ਹੋ ਗਏ ਸਨ ਤੇ ਉਹਨਾਂ ਪਸਰੂਰ ਦੇ ਕੋਲ ਮੇਰੇ ਇਕ ਕਿਲ੍ਹੇ ਨੂੰ ਤੋੜਨ ਦਾ ਹੁਕਮ ਦੇ ਦਿਤਾ ਸੀ। ਤੇ ਜਾਣਦਾ ਹੈਂ ਕਿ ਇਹ ਹੁਕਮ ਕਿਹਨੂੰ ਮਿਲਿਆ ਸੀ ?"

"ਮੈਨੂੰ ਸ਼ੇਰੇ-ਪੰਜਾਬ ਦੇ ਨਾਰਾਜ਼ ਹੋਣ ਬਾਰੇ ਤਾਂ ਪਤਾ ਹੈ, ਪਰ ਕਿਲ੍ਹਾ ਤੋੜਨ ਦਾ ਹੁਕਮ ਉਹਨਾਂ ਕਿਹਨੂੰ ਦਿਤਾ, ਮੈਂ ਨਹੀਂ ਜਾਣਦਾ।"

ਸ਼ਾਮ ਸਿੰਘ ਹੱਸਿਆ : "ਤੇਜ ਸਿੰਘ ਨੂੰ !"

ਚੂਹੜ ਸਿੰਘ ਵੀ ਹੱਸਿਆ, ਪਰ ਫਿਰ ਇਕਾ ਦਿਕ ਸੰਜੀਦਾ ਹੋ ਕੇ ਉਸ ਕਿਹਾ, "ਇਹ ਕਮੀ ਮੈਂ ਸ਼ੇਰੇ-ਪੰਜਾਬ ਵਿਚ ਚਰੂਰ ਵਖੀ ਹੈ ਕਿ ਉਹਨਾਂ ਜਿਨ੍ਹਾਂ ਜਿਨ੍ਹਾਂ ਉੱਤੇ ਵੀ ਇਤਬਾਰ ਕੀਤਾ ਉਹਨਾਂ ਉਹਨਾਂ ਨੇ ਹੀ ਉਹਨਾਂ ਨੂੰ ਤੇ ਪੰਥ ਨੂੰ ਧੋਖਾ ਦਿਤਾ ਹੈ। ਸ਼ੇਰੇ-ਪੰਜਾਬ ਸਹਿਜੇ ਹੀ ਹੋਰਨਾਂ ਦੀਆਂ ਗੱਲਾਂ ਵਿਚ ਆ ਜਾਂਦੇ ਸਨ। ਉਹ ਲੋਕਾਂ ਦੀ ਆਖੀ ਝਟ ਮੰਨ ਲੈਂਦੇ। ਤੁਹਾਡੇ ਜਾਂ ਕਿਸੇ ਹੋਰ ਸਿਰਕੱਢ ਘਰਾਣੇ ਵਿਚੋਂ ਉਹਨਾਂ ਨੇ ਚੁਣ ਕੇ ਸੈਨਾਪਤੀ ਤੇ ਵਜ਼ੀਰ ਨਹੀਂ ਬਣਾਏ ਸਗੋਂ ਉਹਨਾਂ ਨੇ ਇਹ ਪਦਵੀਆਂ ਦਿਤੀਆਂ ਉਹਨਾਂ ਨੂੰ ਜਿਹੜੇ ਕਿ ਪੰਜਾਬੀ ਨਹੀਂ ਸਨ, ਦੇਸ਼ ਹਿਤੂ ਨਹੀਂ ਸਨ। ਜਿਨ੍ਹਾਂ ਦੇ ਟੱਬਰ ਤੇ ਘਰ ਘਾਟ ਨਹੀਂ ਸਨ।"

"ਤੇਰਾ ਕਹਿਣਾ ਠੀਕ ਹੈ ਚੂਹੜ ਸਿੰਘ, ਪਰ ਸ਼ੇਰੇ-ਪੰਜਾਬ ਦੀਆਂ ਕੀ ਬਾਤਾਂ ? ਉਹ ਸਮੁੰਦਰ ਸਨ। ਠਾਠਾਂ ਮਾਰਦੇ ਸਮੁੰਦਰ। ਉਹ ਜਦੋਂ ਤੁੱਠਦੇ, ਤਾਂ ਨਹੀਂ ਸਨ ਪਛਾਣਦੇ ਕਿ ਸਾਹਮਣੇ ਕੌਣ ਹੈ ਤੇ ਕੀ ਉਹ ਹਰ ਪਹਿਲੂ ਤੋਂ ਅਧਿਕਾਰੀ ਹੈ ਕਿ ਨਹੀਂ। ਪਰ ਤੂੰ ਇਹ ਸੋਚ ਕਿ ਤੇਜ ਸਿੰਘ ਜਾਂ ਲਾਲ ਸਿੰਘ ਜਾਂ ਡੋਗਰੇ ਭਰਾਵਾਂ ਵਾਂਗ ਕੋਈ ਆਦਮੀ ਗਿਰ ਵੀ ਸਕਦਾ ਹੈ ?"

"ਉਦਾਹਰਣ ਤੇਰੇ ਤੇ ਮੇਰੇ ਸਾਹਮਣੇ ਹਨ।"

"ਮੈਂ ਤਾਂ ਸਦਾ ਇਹੋ ਹੀ ਸੋਚਦਾ ਰਹਿੰਦਾ ਹਾਂ...।"

ਏਨੇ ਵਿਚ ਅਜੀਤ ਘੋੜਾ ਦੁੜਾ ਕੇ ਦੋਹਾਂ ਸਰਦਾਰਾਂ ਦੇ ਕੋਲ ਆ ਗਿਆ। "ਬਾਬਾ ਆਉਂਦੀ ਵਾਰੀ ਅਸੀਂ ਏਥੇ ਰਾਤ ਕਟੀ ਸੀ। ਅੰਹ ਵੇਖੋ ਅਜੇ ਤਕ ਵੀ ਸਾਡੇ ਕੈਂਪ ਦੇ ਨਿਸ਼ਾਨ ਬਾਕੀ ਹਨ।"

ਸ਼ਾਮ ਸਿੰਘ ਤੇ ਚੂਹੜ ਸਿੰਘ ਦੋਹਾਂ ਨੇ ਅਜੀਤ ਵਲ ਵੇਖਿਆ ਤੇ ਫਿਰ ਟਿਕ ਦੂਜੇ ਵਲ। ਉਹ ਮੁਸਕਰਾਏ। ਸ਼ਾਮ ਸਿੰਘ ਨੇ ਅਜੀਤ ਨੂੰ ਆਪਣੇ ਕੋਲ ਬੁਲਾਇਆ। ਅਜੀਤ ਨੇ ਘੋੜਾ ਸ਼ਾਮ ਸਿੰਘ ਦੇ ਘੋੜੇ ਦੇ ਲਾਗੇ ਕੀਤਾ।

"ਵੱਡਾ ਹੋ ਕੇ ਇਹ ਨਾ ਭੁਲੀਂ ਅਜੀਤ, ਕਿ ਤੇਰੇ ਬਜ਼ੁਰਗਾਂ ਨੇ ਪੰਥ ਵਾਸਤੇ ਵੀ ਘਾਲਣਾ ਘਾਲੀ ਹੈ। ਅਸੀਂ ਹੁਣ ਬੁੱਢੇ ਹੋ ਰਹੇ ਹਾਂ। ਭਵਿੱਖਤ ਤੇਰੇ ਜਿਹੇ ਯੁਵਕਾਂ ਦੇ ਹੱਥ ਹੈ।"

ਅਜੀਤ ਨੂੰ ਸਮਝ ਨਾ ਆਈ ਕਿ ਉਹ ਕੀ ਕਹੇ।

Scanned by CamScanner

ਜਿਸ ਦਿਨ ਸ਼ਾਮ ਸਿੰਘ ਅਟਾਰੀ ਤੇ ਚੂਹੜ ਸਿੰਘ ਮਾਹਿਲ ਆਪਣੇ ਲਸ਼ਕਰ ਸਮੇਤ ਸਭਰਾਵਾਂ ਪੁਜੇ ਉਸ ਤੋਂ ਅਗਲੇ ਹੀ ਦਿਨ ਸਿੰਘਾਂ ਨੂੰ ਪਤਾ ਲਗਾ ਕਿ ਅਗਰੇਜ਼ਾਂ ਦੀਆਂ ਭਾਰੀਆਂ ਤੋਪਾਂ ਤੇ ਬਾਕੀ ਸਾਜ਼-ਸਾਮਾਨ ਫ਼ੀਰੋਜ਼ਪੁਰ ਪਹੁੰਚ ਗਿਆ ਹੈ।

ਅੱਠ ਫ਼ਰਵਰੀ, ੧੮੪੬ ਨੂੰ ਦੁਪਹਿਰ ਤਕ ਦੁਸ਼ਮਣ ਨੇ ਆਪਣੀਆਂ ਭਾਰੀਆਂ ਤੋਪਾਂ ਮੋਰਚਿਆਂ ਵਿਚ ਲੈ ਆਂਦੀਆਂ। ਪੰਜਾਬੀ ਸੈਨਾਂ ਦੇ ਅਠੇਕ ਸਿਪਾਹੀ ਤੇ ਜਰਨੈਲ ਇਹਨਾਂ ਤੋਪਾਂ ਅਗੇ ਜੁੱਪੇ ਹਾਥੀਆਂ ਨੂੰ ਵੇਖ ਸਕਦੇ ਸਨ। ਜਦੋਂ ਇਹ ਤੋਪਾਂ ਮੋਰਚਿਆਂ ਵਿਚ ਆਈਆਂ ਤਾਂ ਅੰਗਰੇਜ਼ੀ ਸੈਨਾਂ ਵਿਚ ਹਿੱਪ ਹਿੱਪ ਹੁਰੇ ਦੇ ਨਾਅਰੇ ਬੁਲੰਦ ਹੋਏ। ਜਿਵੇਂ ਸਿਪਾਹੀਆਂ ਦੀ ਜਾਨ ਵਿਚ ਜਾਨ ਆ ਗਈ ਹੋਵੇ। ਅਲੀਵਾਲ ਦੀ ਜਿੱਤ ਨੇ ਵੀ ਇਹਨਾਂ ਸਿਪਾਹੀਆਂ ਦੇ ਹੌਸਲੇ ਨਹੀਂ ਸਨ ਵਧਾਏ। ਸਿੱਖਾਂ ਕੋਲੋਂ ਮੁਦਕੀ; ਫੇਰੂ ਸ਼ਹਿਰ ਤੇ ਅਲੀਵਾਲ ਵਿਚ ਜਿੱਤੀਆਂ ਫ਼ੂਫ਼ ਕੁ ਸੌ ਤੋਪਾਂ ਨਾਲ ਵੀ ਇਹਨਾਂ ਦੇ ਜਿਗਰੇ ਨਹੀਂ ਸਨ ਵਧੇ। ਇਹ ਅਜੇ ਤਕ ਸਿੱਖਾਂ ਦੀਆਂ ਭੁਜਾਂ ਕੋਲੋਂ ਡਰਦੇ ਸਨ। ਇਹਨਾਂ ਦੇ ਮਨ ਸੀ ਕਿ ਕਿਵੇਂ ਨਾ ਕਿਵੇਂ ਅਗਲੀ ਲੜਾਈ ਤੋਪਾਂ ਨਾਲ ਹੀ ਜਿੱਤੀ ਜਾ ਸਕੇ। ਏਸੇ ਲਈ ਭਾਰੀਆ ਤੋਪਾਂ ਦੀ ਦੀਦ ਨੇ ਇਹਨਾਂ ਦਾ ਹੌਸਲਾ ਵਧਾਇਆ।

ਸਰ ਹਾਰਡਿੰਗ ਤੇ ਸਰ ਗਫ਼ ਆਪਣੀ ਸੈਨਾ ਦੇ ਢਹਿ ਚੁਕੇ ਹੌਸਲੇ ਤੋਂ ਜਾਣੂ ਸਨ। ਉਹ ਆਪ ਵੀ ਦਿਲੋਂ ਡਰਦੇ ਸਨ। ਉਹਨਾਂ ਦੀ ਪਲੈਨ ਵੀ ਆਪਣੇ ਡਰਾਂ ਤੇ ਸੈਨਾ ਦੇ ਢਹਿ ਚੁਕੇ ਹੌਸਲੇ ਨੂੰ ਮੁਖ ਰਖ ਕੇ ਘੜੀ ਗਈ। ਪਲੈਨ ਇਹ ਸੀ : ਸਭ ਤੋਂ ਪਹਿਲੇ ਸਿੱਖਾਂ ਉੱਤੇ ਆਪਣੀਆਂ ਸਭ ਤੋਪਾਂ ਨਾਲ ਹਮਲਾ ਕੀਤਾ ਜਾਏ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿੱਖਾਂ ਤੋਂ ਪਕੜੀਆਂ ਗਈਆਂ ਫ਼ੂਫ਼ ਕੁ ਸੌ ਤੋਪਾਂ ਮਿਲਾ ਕੇ ਉਸ ਵੇਲੇ ਅੰਗਰੇਜ਼ਾਂ ਕੋਲ ਢਾਈ ਤਿੰਨ ਸੌ ਤੋਪ ਹੋਵੇਗੀ। ਏਸ ਦੇ ਸਨਮੁਖ ਸਿੱਖਾਂ ਕੋਲ ਸਤਾਠ ਤੋਂ ਵਧ ਤੋਪਾਂ ਨਹੀਂ ਸਨ। ਗਵਰਨਰ ਜਨਰਲ ਤੇ ਉਹਦੇ ਸੈਨਾਪਤੀ ਦਾ ਖ਼ਿਆਲ ਸੀ ਕਿ ਤੋਪਾਂ ਦੇ ਐਡੇ ਅਸਾਵੇਂ ਮੁਕਾਬਲੇ ਵਿਚ ਦੁਸ਼ਮਣ ਨੂੰ ਹਰਾਣਾ ਮੁਸ਼ਕਲ ਨਹੀਂ ਹੋਵੇਗਾ। ਆਖ਼ਰ ਤੋਪਾਂ ਦੀ ਲੜਾਈ ਰਸਾਲੇ ਜਾਂ ਪਿਆਦਾ ਫ਼ੌਜ ਦੀ ਲੜਾਈ ਵਾਂਗ ਐਡੀ ਮਨੁੱਖਾਂ ਦੇ ਭੁਜਾਂ ਦੇ ਜ਼ੋਰ ਉੱਤੇ ਨਿਰਭਰ ਨਹੀਂ ਹੁੰਦੀ। ਤੋਪਚੀਆਂ ਨੇ ਤੋਪਾਂ ਚਲਾਣੀਆਂ ਹੁੰਦੀਆਂ ਹਨ ਤੇ ਜੇ ਗੋਲਾ ਬਾਰੂਦ ਨਾ ਮੁਕੇ ਤਾਂ ਦੁਸ਼ਮਣ ਦੀਆਂ ਇਕ ਚੌਥਾਈ ਤੋਪਾਂ ਨੂੰ ਆਸਾਨੀ ਨਾਲ ਚੁਪ ਕਰਾਇਆ ਜਾ ਸਕਦਾ ਹੈ। ਹਾਰਡਿੰਗ ਤੇ ਗਫ਼ ਸਮਝਦੇ ਸਨ ਕਿ ਜਦੋਂ ਤੋਪਖ਼ਾਨੇ ਦੀ ਲੜਾਈ ਜਿੱਤੀ ਗਈ ਤਾਂ ਸਿੱਖ ਸੈਨਾ ਦੇ ਹੌਸਲੇ ਢਹਿ ਜਾਣਗੇ ਤੇ ਉਹਨਾਂ ਨੂੰ ਸਰ ਕਰਨਾ ਸੋਖਾ ਹੋ ਜਾਵੇਗਾ।

ਭੁਲਣਾਂ ਨਹੀਂ ਚਾਹੀਦਾ ਕਿ ਗਵਰਨਰ ਜਨਰਲ ਤੇ ਸੈਨਾਪਤੀ ਨੇ ਆਪਣੇ ਸਾਹਮਣੇ ਸਿੱਖ ਫ਼ੌਜ ਨੂੰ ਤਬਾਹ ਤੇ ਬਰਬਾਦ ਕਰਨ ਦਾ ਨਿਸ਼ਾਨਾ ਨਹੀਂ ਰਖਿਆ; ਜਿਹੜਾ ਨਿਸ਼ਾਨਾ ਕਿ ਉਸ ਵੇਲੇ ਤਕ ਸਭ ਫ਼ੌਜੀ ਨੇਤਾ ਆਪਣੀਆਂ ਸੈਨਾਵਾਂ ਸਾਹਮਣੇ ਰਖਦੇ ਆਏ ਸਨ। ਆਪ ਸਰ ਹਾਰਡਿੰਗ ਤੇ ਸਰ ਗਫ਼ ਨੇ ਯੂਰਪ ਦੀਆਂ ਲੜਾਈਆਂ ਵਿਚ ਵੇਖਿਆ ਸੀ ਕਿ ਡੀਊਕ ਆਫ਼ ਵੈਲਿੰਗਟਨ ਜਾਂ ਨੈਪੋਲੀਅਨ ਜਾਂ ਹੋਰ ਪੁਰਾਤਨ ਸੈਨਿਕ ਨੇਤਾ, ਜਿਵੇਂ ਕਿ ਮਾਰਲਬਰੋ, ਹੈਨੀਬਾਲ ਤੇ ਸੀਜ਼ਰ ਆਪਣੇ ਦੁਸ਼ਮਣਾਂ ਦੀ ਅੰਤਲੀ ਤਬਾਹੀ ਨੂੰ ਪ੍ਰਥਮ ਗਿਣਦੇ ਆਏ ਸਨ ਤੇ ਸਮਝਦੇ ਆਏ ਸਨ ਕਿ ਜਦੋਂ ਤਕ ਦੁਸ਼ਮਣ ਦੀ ਸੈਨਾ ਦਾ ਘਨੇਰਾ ਭਾਗ ਤਬਾਹ ਨਹੀਂ ਹੁੰਦਾ ਉਦੋਂ ਤਕ ਜਿੱਤ ਸੰਪੂਰਨ ਜਿੱਤ ਨਹੀਂ ਗਿਣੀ ਜਾ ਸਕਦੀ। ਅੰਤਕੀ ਵੀ ਜੇ ਸਿੱਖ ਨੇਤਾਵਾਂ ਨੇ ਨਹੀਂ ਤਾਂ ਘਟੋ ਘਟ ਸਿੱਖ ਸੈਨਾ ਤੇ ਪੰਜਾਬ ਦੀ ਸਮੂਹ ਜਨਤਾ ਨੇ ਵੀ ਆਪਣੇ ਸਾਹਮਣੇ ਅੰਗਰੇਜ਼ੀ ਸੈਨਾਂ ਦੀ ਪੂਰਨ ਤਬਾਹੀ ਦਾ ਨਿਸ਼ਾਨਾ ਰਖਿਆ ਸੀ।

Scanned by CamScanner

ਪਰ ਅੰਗਰੇਜ਼ੀ ਨੇਤਾਵਾਂ ਨੇ ਇਹ ਨਿਸ਼ਾਨਾ ਆਪਣੇ ਸਾਹਮਣੇ ਨਹੀਂ ਰਖਿਆ । ਇਹ ਗੱਲ ਉਹਨਾਂ ਦੇ ਸ਼ਕਾਂ ਤੇ ਦਿਲੀ ਡਰਾਂ ਦੀ ਸੂਚਕ ਹੈ । ਐਸ ਵੇਲੇ ਅੰਗਰੇਜ਼ੀ ਨੇਤਾ ਸਿਰਫ਼ ਇਕ ਨਾਂ ਦੀ ਜਿੱਤ ਮੰਗਦੇ ਸਨ । ਨਾਂ ਦੀ ਜਿੱਤ ਜਿਸ ਵਿਚ ਕਿ ਸਿੱਖ ਸੈਨਾ ਭਾਂਜ ਖਾ ਜਾਏ ਤੇ ਉਹਨਾਂ ਦੀ ਆਪਣੀ ਸੈਨਾ ਦੀ ਢਾਰਸ ਬੱਝ ਜਾਏ । ਮੁਦਕੀ ਵਿਚ, ਫੇਰੂ ਸ਼ਹਿਰ ਵਿਚ ਤੇ ਅਲੀਵਾਲ ਵਿਚ ਵੀ ਉਹਨਾਂ ਦਾ ਦੁਸ਼ਮਣ ਉਹਨਾਂ ਅਗੇ ਖਲੋ ਨਹੀਂ ਸੀ ਸਕਿਆ, ਪਰ ਤਾਂ ਵੀ ਉਹਨਾਂ ਦਾ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਸੀ ਬੱਝਾ ਤੇ ਨਾ ਹੀ ਉਹਨਾਂ ਦੇ ਸਿਪਾਹੀਆਂ ਦੀ ਧੀਰ ਬੱਝੀ । ਫੇਰੂ ਸ਼ਹਿਰ ਤੇ ਮੁਦਕੀ ਦੀਆਂ ਜਿੱਤਾਂ ਤਾਂ ਉਹਨਾਂ ਨੂੰ ਜਿੱਤਾਂ ਹੀ ਨਹੀਂ ਸਨ ਗਿਣੀਆਂ ਤੇ ਅਲੀਵਾਲ ਦੀ ਜਿੱਤ ਵੀ ਨਾ ਹੋਈ ਜਿੱਤ ਦੇ ਬਰਾਬਰ ਸੀ ਕਿਉਂਕਿ ਸਿਵਾਏ ਸਿੱਖਾਂ ਦੀਆਂ ਤੋਪਾਂ ਹੱਥ ਲਗਣ ਦੇ ਇਸ ਲੜਾਈ ਵਿਚੋਂ ਅੰਗਰੇਜ਼ਾਂ ਦੇ ਹੱਥ ਹੋਰ ਕੁਝ ਨਹੀਂ ਸੀ ਲਗਾ ।

ਗਵਰਨਰ ਜਨਰਲ ਤੇ ਸੈਨਾਪਤੀ ਨੇ ਇਹ ਵੀ ਸਮਝਿਆ ਕਿ ਮੁਦਕੀ ਤੇ ਫੇਰੂ ਸ਼ਹਿਰ ਵਿਚ ਜਿਥੇ ਰਾਤ ਦੇ ਹਨੇਰੇ ਨੇ ਉਹਨਾਂ ਦੀ ਸਹਾਇਤਾ ਕੀਤੀ ਹੈ ਉੱਥੇ ਇਸ ਹਨੇਰੇ ਉਹਨਾਂ ਦੀ ਆਪਣੀ ਸੈਨਾ ਉੱਤੇ ਵੀ ਇਕ ਤਰ੍ਹਾਂ ਦਾ ਹਨੇਰਾ ਪਾ ਦਿਤਾ ਹੈ । ਇਸ ਹਨੇਰੇ ਨੇ ਨਾ ਹੀ ਉਹਨਾਂ ਦੀਆਂ ਜਿੱਤਾਂ ਸੰਪੂਰਨ ਹੋਣ ਦਿਤੀਆਂ ਤੇ ਨਾ ਹੀ ਅੰਗਰੇਜ਼ੀ ਸੈਨਾ ਨੂੰ ਆਪਣੀ ਛਤਿਹ ਦਾ ਨਜ਼ਾਰਾ ਵੇਖਣ ਦਿਤਾ । ਏਸੇ ਲਈ ਅੰਤਰੀ ਦੀ ਪਲੈਨ ਵਿਚ ਉਹਨਾਂ ਨੇ ਜੰਗ ਦਿਨ ਚੜ੍ਹਦੇ ਨੂੰ ਹੀ ਛੇੜਨ ਦੀ ਸੋਚੀ ਤਾਂ ਜੋ ਫੌਕੀ ਜਿੱਤ ਵੀ ਘਟੋ ਘਟ ਉਹਨਾਂ ਦੀ ਸੈਨਾ ਦੇ ਦਿਲ ਉਭਾਰ ਸਕੇ ।

ਇਕ ਹੋਰ ਵਡਾ ਕਾਰਨ ਜਿਸ ਕਰ ਕੇ ਹਾਰਡਿੰਗ ਤੇ ਗਫ਼ ਨੇ ਫੌਕੀ ਜਿੱਤ ਉੱਤੇ ਹੀ ਕੰਫ਼ਾਇਤ ਕਰਨ ਦੀ ਸੋਚੀ ਉਹ ਗੁਲਾਬ ਸਿੰਘ ਦੇ ਬਚਨ ਤੇ ਤੇਜ ਸਿੰਘ ਤੇ ਲਾਲ ਸਿੰਘ ਦੀ ਗ਼ਦਾਰੀ ਸੀ । ਉਹਨਾਂ ਨੂੰ ਯਕੀਨ ਆ ਚੁਕਾ ਸੀ ਕਿ ਇਹ ਤਿੰਨੇ ਨੇਤਾ ਆਪਣੇ ਆਪ ਹੀ, ਜਿੰਨਾਂ ਕਿ ਇਹਨਾਂ ਤੋਂ ਹੋ ਸਕਿਆ, ਸਿੱਖ ਫ਼ੌਜ ਦੀ ਤਬਾਹੀ ਕਰਾਉਣਗੇ ਤੇ ਸਭਰਾਵਾਂ ਤੋਂ ਬਚੀ ਖੁਚੀ ਸਿੱਖ ਸੈਨਾ ਨੂੰ ਪਾਰਖਤੀ ਦੇ ਦੇਣਗੇ, ਫਿਰ ਉਹ ਕਿਉਂ ਖਾਹਮਖਾਹ ਆਪਣੇ ਸਾਹਮਣੇ ਇਕ ਮੁਸ਼ਕਲ ਨਿਸ਼ਾਨਾ ਰਖ ਕੇ ਆਪਣੀ ਹੋਸਲਾ ਢੱਠੀ ਫ਼ੌਜ ਦਾ ਘਾਣ ਕਰਵਾਣ ?

ਸੋ ਉਹਨਾਂ ਨੇ ਤੋਪਖ਼ਾਨੇ ਦੀ ਲੜਾਈ ਨਾਲ ਹੀ ਸਿੱਖਾਂ ਨੂੰ ਜਿੱਤਣਾ ਚਾਹਿਆ, ਪਰ ਜੇ ਇਹਦੇ ਵਿਚ ਸਫ਼ਲਤਾ ਨਾ ਹੋਈ ਤਾਂ ਉਹਨਾਂ ਨੇ ਧਾਰਿਆ ਕਿ ਸਰ ਰਾਬਰਟ ਡਿਕ ਦਾ ਡਵੀਯਨ ਸਿੱਖਾਂ ਦੇ ਸੱਜੇ ਮੋਰਚੇ ਉੱਤੇ ਹੱਲਾ ਕਰੇਗਾ । ਇਹੋ ਮੋਰਚਾ ਹੀ ਸਰਦਾਰ ਲਾਲ ਸਿੰਘ ਦੀ ਦਸ ਅਨੁਸਾਰ ਦੁਸ਼ਮਣ ਦਾ ਕਮਜ਼ੋਰ ਮੋਰਚਾ ਸੀ । ਮਧ ਵਿਚ ਉਹਨਾਂ ਜਰਨੈਲ ਗਿਲਬਰਟ ਨੂੰ ਰਖਿਆ ਤੇ ਸੱਜੇ ਹੱਥ ਸਰ ਹੈਰੀ ਸਮਿੱਥ ਨੂੰ ।

ਸਿੱਖਾਂ ਦੇ ਮੋਰਚੇ ਸੈਨਾ ਨੇ ਆਪੇ ਚਿਤਵੇ ਤੇ ਆਪੇ ਬਣਾਏ । ਕੋਈ ਅਜਿਹਾ ਨੇਤਾ ਨਹੀਂ ਸੀ ਕਿ ਜਿਹੜਾ ਸਮੁੱਚੀ ਲੜਾਈ ਦੀ ਪਲੈਨ ਘੜਦਾ । ਕੋਈ ਅਜਿਹਾ ਲੀਡਰ ਨਹੀਂ ਸੀ ਜਿਹੜਾ ਕਿ ਅੰਗਰੇਜ਼ਾਂ ਦੇ ਪਸਤ ਹੌਸਲਿਆਂ ਵਲ ਨਿਗਾਹ ਰਖ ਕੇ ਵਧਾ ਨੀਤੀ ਨੂੰ ਅਪਨਾਉਂਦਾ ਤੇ ਫ਼ੀਰੋਜ਼ਪੁਰ ਉੱਤੇ ਜਾ ਪੈਂਦਾ । ਸਿੱਖ ਸੈਨਾ ਦੀ ਲੀਡਰਸ਼ਿਪ ਨਾਮਰਦ ਲੀਡਰਸ਼ਿਪ ਸੀ । ਤੇਜ ਸਿੰਘ ਤੇ ਲਾਲ ਸਿੰਘ ਨੂੰ ਛਡ ਕੇ ਵੀ ਬਹੁਤੇ ਜਰਨੈਲ ਬੇਵੱਸ ਹੋ ਚੁਕੇ ਜਾਪਦੇ ਸਨ । ਕੋਈ ਜਰਨੈਲ ਵਡਾ ਵਡਾ ਸੋਚਦਾ ਨਹੀਂ ਸੀ ਲਗਦਾ । ਕੋਈ ਠੋਤਾ ਹਾਲਾਤ ਨੂੰ ਆਪਣੇ ਹੱਥਾਂ ਵਿਚ ਨਹੀਂ ਸੀ ਲੈਂਦਾ । ਠੀਕ, ਬਹੁਤੇ ਜਰਨੈਲ ਤੇਜ ਸਿੰਘ, ਲਾਲ ਸਿੰਘ ਤੇ ਗੁਲਾਬ ਸਿੰਘ ਦੀ ਤਾਕਤ ਤੋਂ ਡਰਦੇ ਸਨ, ਪਰ ਆਪਣੇ ਹਿੱਤਾਂ ਵਾਸਤੇ ਅਜਿਹਾ ਡਰ ਸੱਚੇ ਜਰਨੈਲ ਨੂੰ ਨਹੀਂ ਸੋਭਦਾ । ਜਰਨੈਲ ਉਹ ਜਿਹੜਾ ਆਪਣੇ ਸਿਪਾਹੀਆਂ ਨਾਲ ਸੱਚਾ ਹੋਵੇ ਤੇ ਉਹਨਾਂ ਦੇ ਹਿੱਤਾਂ ਵਾਸਤੇ ਆਪਣੀ ਨੌਕਰੀ ਤੇ ਆਪਣ ਹਿਤ ਵਾਰ ਦੇਵੇ । ਜਰਨੈਲ ਉਹ ਨਹੀਂ ਜਿਹੜਾ ਹਾਲਾਤ ਦੇ ਸਾਹਮਣੇ ਮਜਬੂਰ ਹੋ ਕੇ ਆਪਣੇ ਹਥਿਆਰ ਸੁੱਟ ਦਏ । ਪੰਜਾਬੀ ਸੈਨਾ ਦੀ ਸਾਰੀ ਦੀ ਸਾਰੀ ਲੀਡਰਸ਼ਿਪ ਦੇ ਮੋਹਰੀ ਸਨ ਜ਼ਮੀਰ ਵੇਚੂ ਗੁਲਾਬ ਸਿੰਘ, ਤੇਜ ਸਿੰਘ ਤੇ ਲਾਲ ਸਿੰਘ ।

ਜੇ ਇਹਨਾਂ ਵਿਚੋਂ ਕੋਈ ਸਭਰਾਵਾਂ ਦੇ ਮੋਰਚਿਆਂ ਦੀ ਪਲੈਨ ਬਣਾਉਣ ਜੋਗਾ ਹੁੰਦਾ ਤਾਂ ਉਹ ਨੇਤਾ ਹੁਣ ਤਕ ਜ਼ਮਨਾ ਵੀ ਪਾਰ ਕਰ ਚੁਕਾ ਹੁੰਦਾ । ਅੱਜ ਸਿੱਖਾਂ ਦਾ ਕੋਈ ਖੱਬਾ ਨਹੀਂ ਸੀ, ਕੋਈ ਮੱਧ ਨਹੀਂ ਸੀ ਤੇ ਨਾ ਹੀ ਕੋਈ ਸੱਜਾ । ਉਹਨਾਂ ਕੋਲ ਕੋਈ ਰਾਖਵੀਂ ਫ਼ੌਜ ਨਹੀਂ ਸੀ । ਦਰਿਆਂ ਤੋਂ ਪਾਰ ਆ ਕੇ ਆਪਣੇ ਆਪ ਹੀ ਸਿਪਾਹੀਆਂ ਤੇ ਅਹੁਦੇਦਾਰਾਂ ਨੇ ਮੋਰਚੇ ਖੰਦਣ ਸ਼ੁਰੂ ਕੀਤੇ । ਇਹਨਾਂ ਵਿਚੋਂ ਅਨੇਕ ਸਿਪਾਹੀਆਂ ਨੇ ਸਰਦਾਰ ਹਰੀ ਸਿੰਘ ਨਲੂਏ ਵਰਗੇ ਮਹਾਨ ਜਰਨੈਲ ਦੇ ਥੱਲੇ ਕੰਮ ਕੀਤਾ ਸੀ । ਉਹ ਲੜਾਈ ਦੇ ਕੁਝ ਗੁਰ ਜ਼ਰੂਰ ਸਮਝਦੇ ਸਨ । ਅਜ ਇਹ ਸਿਪਾਹੀ ਹੀ ਜਰਨੈਲ ਬਣੇ

Scanned by CamScanner

ਤੇ ਜਿਸ ਵੇਲੇ ਜਰਨੈਲ ਸ਼ਰਾਬਾਂ ਪੀ ਰਹੇ ਸਨ ਤੇ ਇਹਨਾਂ ਸਿਪਾਹੀਆਂ ਨੂੰ ਮਰਵਾਉਣ ਦੀਆਂ ਵਿਉਂਤਾਂ ਸੋਚ ਰਹੇ ਸਨ, ਇਹਨਾਂ ਸਿਪਾਹੀਆਂ ਨੇ ਮੋਰਚੇ ਚਿਤਵੇ ਤੇ ਖੋਦੇ। ਸਭਰਾਵਾਂ ਦੇ ਕੱਚੇ ਤੇ ਛੋਟੇ ਜਿਹੇ ਕਿਲ੍ਹੇ ਦੇ ਅਗੇ ਇਹ ਮੋਰਚੇ ਅੱਧੇ ਚੰਦ ਵਾਂਙ ਪੁੱਟੇ ਗਏ। ਦੱਖਣ ਵਲ ਇਹਨਾਂ ਦਾ ਪਾਸਾ ਉਭਰਵਾਂ ਸੀ ਤੇ ਬਹੁਤੀਆਂ ਥਾਵਾਂ ਉੱਤੇ ਮੋਰਚੇ ਐਨੇ ਚੌੜੇ ਸਨ ਕਿ ਸਹਿਜੇ ਕੀਤਿਆਂ ਟੱਪੇ ਨਹੀਂ ਸਨ ਜਾ ਸਕਦੇ। ਜੰਬੂਰਕੇ ਤੇ ਕੁਝ ਛੋਟੀਆਂ ਤੋਪਾਂ ਇਹਨਾਂ ਮੋਰਚਿਆਂ ਵਿਚ ਗੱਡੀਆਂ ਗਈਆਂ ਤੇ ਭਾਰੀਆਂ ਤੋਪਾਂ ਸਤਲੁਜ ਦੇ ਪਾਰ ਹੀ ਰਹੀਆਂ। ਸਭਰਾਵਾਂ ਪਿੰਡ ਦੇ ਵਾਸੀ ਤੇ ਆਲੇ ਦੁਆਲੇ ਦੀ ਜਨਤਾ ਇਹਨਾਂ ਸਿਪਾਹੀਆਂ ਦੀ ਯਥਾ ਯੁਕਤ ਸਹਾਇਤਾ ਕਰਦੀ ਤੇ ਅੰਤ ਆਪਣੇ ਵਲੋਂ ਤਿਆਰ ਹੋ ਕੇ ਇਹ ਸਿਪਾਹੀ ਦੁਸ਼ਮਣ ਦੇ ਹੱਲੇ ਦੀ ਉਡੀਕ ਕਰਨ ਲਗੇ। ਇਹਨਾਂ ਦੀ ਸੱਜੀ ਬਾਹੀ ਸੱਚ ਮੁਚ ਹੀ ਕਮਜ਼ੋਰ ਸੀ ਜ਼ਮੀਨ ਰੇਤਲੀ ਹੋਣ ਕਰ ਕੇ ਮੋਰਚੇ ਖੁਦ ਨਹੀਂ ਸਨ ਸਕਦੇ ਤੇ ਨਾ ਹੀ ਤੋਪਾਂ ਵਾਸਤੇ ਪਟੜੀਆਂ ਬਣ ਸਕਦੀਆਂ ਸੰਨ। ਲਾਲ ਸਿੰਘ ਤੇ ਤੇਜ ਸਿੰਘ ਇਸ ਕਮਜ਼ੋਰੀ ਤੋਂ ਜਾਣੂ ਸਨ ਤੇ ਸਭਰਾਵਾਂ ਦੀ ਜੰਗ ਸ਼ੁਰੂ ਹੋਣ ਤਕ ਜਿਹੜਾ ਕੰਮ ਉਹਨਾਂ ਨੇ ਕੀਤਾ ਉਹ ਇਹੋ ਸੀ ਕਿ ਇਸ ਕਮਜ਼ੋਰੀ ਦੀ ਖ਼ਬਰ ਉਹਨਾਂ ਨੂਰ ਦੀਨ ਦੇ ਹੱਥ ਅੰਗਰੇਜ਼ਾਂ ਤਕ ਪਹੁੰਚਾਈ।

ਇਹੋ ਜਿਹੇ ਹਾਲਾਤਾਂ ਵਿਚ ਸਰਦਾਰ ਸ਼ਾਮ ਸਿੰਘ ਸਭਰਾਵਾਂ ਪੁਜਿਆ। ਉਹਦੇ ਆਉਣ ਦੀ ਖ਼ਬਰ ਸੁਣ ਕੇ ਸਾਰੀ ਸੈਨਾ ਨੂੰ ਚਾਅ ਚੜ੍ਹ ਗਿਆ। ਪਲੋ ਪਲ ਇਹ ਖ਼ਬਰ ਚਾਰੇ ਪਾਸੇ ਧੂੰਮ ਗਈ ਤੇ ਸਿਪਾਹੀ ਧਾ ਕੇ ਆਪਣੇ ਦਿਲੀ ਨਾਇਕ ਨੂੰ ਮਿਲਣ ਵਾਸਤੇ ਕਿਲ੍ਹੇ ਦੇ ਬਾਹਰ ਇਕੱਠੇ ਹੋ ਗਏ। ਸਰਦਾਰ ਸ਼ਾਮ ਸਿੰਘ, ਆਪਣੇ ਸੱਜੇ ਹੱਥ ਨਾਲ ਚੂਹੜ ਸਿੰਘ ਮਾਹਿਲ ਨੂੰ ਗਲਵਕੜੀ ਪਾਈ, ਇਹਨਾਂ ਨੂੰ ਮਿਲਿਆ ਤੇ ਉਸ ਕਿਹਾ : "ਸ਼ੇਰੇ-ਪੰਜਾਬ ਦੇ ਬਹਾਦਰੋ ! ਮੈਂ ਅਜ ਤੁਹਾਡਾ ਆਗੂ ਬਣਨ ਵਾਸਤੇ ਨਹੀਂ ਆਇਆ। ਮੈਂ ਅਜ ਤੁਹਾਡੇ ਨਾਲ ਤੁਹਾਡੇ ਵਾਂਗ ਹੀ ਇਕ ਸਿਪਾਹੀ ਬਣ ਕੇ ਆਪਣੀ ਜਾਨ ਵਾਰਨ ਆਇਆ ਹਾਂ। ਹਾਲਾਤ ਬਹੁਤ ਵਿਗੜ ਚੁਕੇ ਹਨ। ਹੁਣ ਸਾਡੇ ਸਾਹਮਣੇ ਜਾਂ ਤਾਂ ਦਿੱਲੀ ਦਾ ਰਾਹ ਖੁਲ੍ਹਾ ਹੈ ਤੇ ਜਾਂ ਸਵਰਗਾਂ ਦਾ। ਗੁਰੂ ਗੋਬਿੰਦ ਸਿੰਘ ਜੀ, ਆਪਣੇ ਚਾਰ ਸਾਹਿਬਜ਼ਾਦਿਆਂ ਨਾਲ ਤੇ ਮਾਤਾ ਗੁਜਰੀ ਤੇ ਮਾਤਾ ਸੁੰਦਰੀ ਨਾਲ ਸਾਨੂੰ ਉੱਚੇ ਉਡੀਕ ਰਹੇ ਹਨ। ਜੇ ਅਸੀਂ ਅੱਜ ਆਪਣੀ ਜਾਨ ਵਾਰਾਂਗੇ ਤਾਂ ਕਲ੍ਹ ਸਾਡੀ ਮਿਸਾਲ ਨੂੰ ਸਾਹਮਣੇ ਰਖ ਕੇ ਆਪਣੀ ਆਜ਼ਾਦੀ ਤੇ ਆਪਣੇ ਧਰਮ ਦੀਆਂ ਰਵਾਇਤਾਂ ਨੂੰ ਬਰਕਰਾਰ ਰਖਣ ਵਾਸਤੇ ਆਪਣੀ ਜਾਨ ਦੇਣ ਵਾਲੇ ਹੋਰ ਵੀ ਕਈ ਸੂਰੇ ਪੈਦਾ ਹੋਣਗੇ ਤੇ ਜੇ ਅੱਜ ਅਸੀਂ ਕੰਡ ਵਿਖਾ ਗਏ ਤਾਂ ਸਾਡੀ ਕੀਤੀ ਸਦਾ ਸਦਾ ਲਈ ਇਸ ਕੌਮ ਤੇ ਇਸ ਦੇਸ਼ ਨੂੰ ਸਵਾਂ ਦੇਵੇਗੀ। ਆਓ! ਅੱਜ ਅਸੀਂ ਆਪਣੇ ਧਰਮ ਤੇ ਆਪਣੇ ਸਿਦਕ ਵਾਸਤੇ ਜਾਨਾਂ ਵਾਰ ਦੇਈਏ ਤੇ ਦੁਨੀਆਂ ਨੂੰ ਦਸ ਦੇਈਏ ਕਿ ਹਿੰਦੁਸਤਾਨ ਦੇ ਇਕ ਭਾਗ ਵਿਚ ਇਕ ਕੌਮ ਅਜਿਹੀ ਵੀ ਹੈ ਜਿਹੜੀ ਗੁਲਾਮੀ ਦੇ ਜੀਣ ਨਾਲੋਂ ਬਹਾਦਰੀ ਦੀ ਮੌਤ ਨੂੰ ਵਧ ਪਸੰਦ ਕਰਦੀ ਹੈ।"

ਜਿਸ ਵੇਲੇ ਸ਼ਾਮ ਸਿੰਘ ਅਟਾਰੀ ਨੇ ਸਿਪਾਹੀਆਂ ਨਾਲ ਇਹ ਗੱਲ ਬਾਤ ਕੀਤੀ, ਉਸ ਵੇਲੇ ਤੇਜ ਸਿੰਘ ਤੇ ਲਾਲ ਸਿੰਘ ਦਰਿਆਓਂ ਪਾਰ ਤਸ਼ਵੀਸ਼ ਵਿਚ ਸਨ ਕਿ ਹੁਣ ਕੀ ਬਣੇਗਾ।

"ਪ੍ਰਮਾਤਮਾ ਮਿਹਰ ਕਰੇ। ਕਿਤੇ ਅੱਜ ਅਸੀਂ ਬਰਬਾਦ ਹੀ ਨਾ ਹੋ ਜਾਈਏ।" ਲਾਲ ਸਿੰਘ ਕਹਿ ਰਿਹਾ ਸੀ।

"ਨਹੀਂ, ਲਾਲ ਸਿੰਘ ! ਰੱਬ ਭਲੀ ਕਰੇਗਾ। ਸ਼ਾਮ ਸਿੰਘ ਤੇ ਚੂਹੜ ਸਿੰਘ ਮਿਲ ਕੇ ਵੀ ਐਤਕੀ ਅੰਗਰੇਜ਼ਾਂ ਨੂੰ ਹਾਰ ਨਹੀਂ ਦੇ ਸਕਦੇ। ਇਕ ਅੰਗਰੇਜ਼ ਤਕੜੇ ਹੋ ਗਏ ਹਨ ਤੇ ਦੂਜਾ, ਜਿੱਤ ਦੀਆਂ ਸਭ ਕੁੰਜੀਆਂ ਸਾਡੇ ਹੱਥ ਹਨ। ਗੋਲਾ ਬਾਰੂਦ ਦਰਿਆ ਦੇ ਪਾਰ ਹੈ। ਪੁੱਲ ਵੀ ਬੇੜੀਆਂ ਦਾ ਹੈ ਤੇ ਇਹਦੀ ਸਲਾਮਤੀ ਮੇਰੇ ਹੱਥ। ਤੇ ਸਾਡੇ ਆਪਣੇ ਆਦਮੀ ਦਰਿਆਓਂ ਪਾਰ ਸਾਡੇ ਇਸ਼ਾਰਿਆਂ ਦੀ ਉਡੀਕ ਵਿਚ ਹੋਣਗੇ।"

"ਮੈਨੂੰ ਉਮੀਦ ਹੈ ਕਿ ਗੁਲਾਬ ਸਿੰਘ ਵੀ ਆਪਣੀ ਆਖੀ ਤੋਂ ਉਕਿਆ ਨਹੀਂ ਹੋਣਾ। ਜੇ ਲੜਾਈ ਦੇ ਦੌਰਾਨ ਵਿਚ ਸਿੱਖਾਂ ਦਾ ਗੋਲਾ ਬਾਰੂਦ ਮੁਕ ਗਿਆ ਤੇ ਉਹਦੀ ਥਾਂ ਉਹਨਾਂ ਨੂੰ ਇੱਟੇ, ਵੱਟੇ, ਸਰ੍ਹੋਂ ਤੇ ਮਿੱਟੀ ਮਿਲੀ ਤਾਂ ਜਿੱਤਣ ਦੀ ਕਿਹੜੀ ਸੂਰਤ ਰਹਿ ਜਾਵੇਗੀ ?"

"ਪਰ, ਲਾਲ ਸਿੰਘ ! ਸਾਨੂੰ ਰਾਣੀ ਜਿੰਦਾਂ ਦੇ ਵਿਰੁਧ ਹੁਣ ਤੋਂ ਹੀ ਇਸ ਬਾਰੇ ਘੁਸਰ ਮੁਸਰ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਤੇ ਜਿਵੇਂ ਅਸਾਂ ਪਹਿਲੇ ਸੋਚਿਆ ਸੀ ਸਾਨੂੰ ਕਹਿਣਾ ਚਾਹੀਦਾ ਹੈ ਕਿ ਰਾਣੀ ਜਿੰਦਾਂ ਇਸ ਤਰੀਕੇ ਨਾਲ ਆਪਣੇ ਭਰਾ ਜਵਾਹਰ ਸਿੰਘ ਦੀ ਮੌਤ ਦਾ ਬਦਲਾ ਲੈਣਾ ਚਾਹੁੰਦੀ ਹੈ।"

"ਤੂੰ ਇਸ ਬਾਬਤ ਫ਼ਿਕਰ ਨਾ ਕਰ। ਮੈਂ ਪਹਿਲੇ ਹੀ ਬਹੁਤੇ ਜਰਨੈਲਾਂ ਦੇ ਕੰਨੀ ਇਸ ਤਰ੍ਹਾਂ ਦੇ ਖ਼ੱਕ ਪਾ ਦਿਤੇ

Scanned by CamScanner

ਹਨ ਤੇ ਉਹਨਾਂ ਦੇ ਪ੍ਰਤਿਕਰਮਾਂ ਤੋਂ ਸਾਨੂੰ ਇਹ ਯਕੀਨ ਜਾਪਦਾ ਹੈ ਕਿ ਸਾਡੀ ਇਹ ਅਫ਼ਵਾਹ ਇਕ ਇਤਿਹਾਸਕ ਸਚਾਈ ਮੰਨੀ ਜਾਣ ਲਗੇਗੀ।"

"ਫਿਰ ਵੀ ਮੈਨੂੰ ਸ਼ਾਮ ਸਿੰਘ ਤੇ ਚੂਹੜ ਸਿੰਘ ਦੀ ਮੌਜੂਦਗੀ ਤੋਂ ਡਰ ਲਗਦਾ ਹੈ। ਕੀ ਅਸੀਂ ਉਹਨਾਂ ਨੂੰ ਵਰਗਲਾ ਨਹੀਂ ਸਕਦੇ ?"

"ਕਿਸ ਤਰ੍ਹਾਂ ?"

"ਇਹੋ ਤਾਂ ਮੈਂ ਸੋਚ ਰਿਹਾ ਹਾਂ।"

"ਤੂੰ ਵੀ ਸੋਚ ਤੇ ਮੈਂ ਵੀ ਸੋਚਦਾ ਹਾਂ। ਵੇਖੀਏ ! ਜੇ ਸਾਡਾ ਇਹ ਦਾਅ ਵੀ ਸਿਧਾ ਪਏ...।"

ਦੋ ਦਿਨ ਇਹ ਦੋ ਸਰਦਾਰ ਪੰਜਾਬੀ ਸੈਨਾ ਨੂੰ ਕਿਵੇਂ ਨਾ ਕਿਵੇਂ ਤਬਾਹ ਕਰਾਉਣ ਦੀਆਂ ਗੋਂਦਾਂ ਗੁੰਦਦੇ ਰਹੇ ਤੇ ਸ਼ਾਮ ਸਿੰਘ ਤੇ ਚੂਹੜ ਸਿੰਘ ਕਿਵੇਂ ਨਾ ਕਿਵੇਂ ਗੋਰਿਆਂ ਉੱਤੇ ਜਿੱਤ ਪਾਣ ਦੀਆਂ ਵਿਉਂਤਾਂ ਸੋਚਦੇ ਰਹੇ। ਉਹਨਾਂ ਨੇ ਸਾਰੇ ਮੋਰਚਿਆਂ ਦਾ ਨਰੀਖਣ ਕੀਤਾ। ਉਹਨਾਂ ਨੇ ਤੋਪਾਂ ਦੇ ਕੋਲ ਗੋਲੇ ਤੇ ਬਾਰੂਦ ਜੋੜਨ ਦਾ ਪ੍ਰਬੰਧ ਕੀਤਾ। ਉਹਨਾਂ ਨੇ ਪਲਟਨਾਂ ਤੇ ਬਰਿਗੇਡਾਂ ਵਿਚ ਮੇਲ ਮਿਲਾਪ ਵਧਾਇਆ। ਉਹਨਾਂ ਨੇ ਹਰ ਸਿਪਾਹੀ ਨੂੰ ਹੱਲਾ ਸ਼ੇਰੀ ਦਿਤੀ ਤੇ ਸ਼ਾਮ ਸਿੰਘ ਨੇ ਕਿਹਾ : "ਹੋ ਸਕਦਾ ਹੈ ਚੂਹੜ ਸਿੰਘ ਕਿ ਕੋਈ ਰੇਖ ਵਿਚ ਮੇਖ ਵੱਜ ਜਾਏ ਤੇ ਐਤਕੀ ਅਸੀਂ ਫਤਿਹਯਾਬ ਹੋ ਜਾਈਏ। ਜੇ ਐਤਕੀਂ ਅਸੀਂ ਜਿੱਤ ਗਏ ਤਾਂ ਮੈਂ ਸੋਚ ਰਿਹਾ ਹਾਂ ਕਿ ਮੈਂ ਗੁਲਾਬ ਸਿੰਘ ਨਾਲ ਚਰੂਰ ਮੱਥਾ ਲਾਵਾਂਗਾ। ਤੇਜ ਸਿੰਘ ਤੇ ਲਾਲ ਸਿੰਘ ਤਾਂ ਮੇਰੇ ਸਾਹਮਣੇ ਬੱਚਿਆਂ ਸਮਾਨ ਹਨ। ਜੇ ਇਹਨਾਂ ਗ਼ਦਾਰਾਂ ਵਿਚੋਂ ਕੋਈ ਖਿਡਕਾਰ ਹੈ ਤਾਂ ਸਿਰਫ਼ ਗੁਲਾਬ ਸਿੰਘ।"

"ਗੁਲਾਬ ਸਿੰਘ ਤੇ ਧਿਆਨ ਸਿੰਘ ! ਕਾਸ਼ ਇਹ ਦੋ ਪ੍ਰਤਿਭਾਵਾਂ ਸ਼ੇਰੇ-ਪੰਜਾਬ ਦਾ ਲੂਣ ਹਰਾਮ ਨਾ ਕਰਦੀਆਂ। ਇਹਨਾਂ ਦੋਹਾਂ ਦੇ ਹੱਥ ਸਾਡਾ ਪੰਜਾਬ ਬਿਲਕੁਲ ਮਹਿਫ਼ੂਜ਼ ਹੁੰਦਾ। ਜਾਂ ਕਾਸ਼ ! ਸ਼ੇਰੇ-ਪੰਜਾਬ ਇਹਨਾਂ ਦੇ ਮਰਦਾਂ ਨੂੰ ਆਪਣੇ ਮੂੰਹ ਨਾ ਲਾਂਦੇ। ਸ਼ਾਮ ਸਿੰਘ ! ਸ਼ਾਇਦ ਤੈਨੂੰ ਯਾਦ ਹੋਵੇਗਾ, ਹਰਪਾਲ ਵੀ ਸਦਾ ਇਸੇ ਤਰ੍ਹਾਂ ਦੀਆਂ ਹੀ ਗੱਲਾਂ ਕਰਿਆ ਕਰਦਾ ਸੀ।"

"ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਹਰਪਾਲ ਸਿੰਘ ਦਾ ਇਕ ਇਕ ਬਚਨ ਸੋਨੇ ਨਾਲ ਲਿਖਣ ਵਾਲਾ ਹੈ। ਹਰਪਾਲ ਸਿੰਘ ਦੀ ਪ੍ਰਤਿਭਾ ਤੇ ਪਾਰਦਰਸ਼ਤਾ ਆਪਣੇ ਆਪ ਵਿਚ ਇਕ ਮਿਸਾਲ ਹੈ, ਚੂਹੜ ਸਿੰਘ ! ਪਰ ਧਿਆਨ ਸਿੰਘ ਦਾ ਵਾਰ ਸਫ਼ਲ ਹੋਇਆ ਹੈ।"

"ਖ਼ੈਰ ! ਜਿਵੇਂ ਤੂੰ ਕਹਿੰਦਾ ਹੈਂ, ਜੇ ਐਤਕੀਂ ਆਈ ਬਲਾ ਟਲ ਗਈ ਤਾਂ ਮੈਂ ਵੀ ਤੇਰੇ ਨਾਲ ਲਾਹੌਰ ਚਲਾਂਗਾ ਤੇ ਅਸੀਂ ਵੇਖਾਂਗੇ ਕਿ ਅਸੀਂ ਰਾਜ ਤੇ ਕੌਮ ਵਾਸਤੇ ਕੀ ਕਰ ਸਕਦੇ ਹਾਂ। ਮੈਨੂੰ ਰਾਜ ਮਾਤਾ ਇਕ ਅਤਿ ਸੂਝਵਾਨ ਇਸਤਰੀ ਦਿਸਦੀ ਹੈ।"

"ਸੂਝਵਾਨ, ਪਰ ਮਜਬੂਰ ਤੇ ਸ਼ਾਇਦ ਉਹਦੀ ਮਜਬੂਰੀ ਵਿਚ ਬਹੁਤਾ ਕਸੂਰ ਸਾਡਾ ਹੀ ਹੈ। ਸਾਨੂੰ ਰਾਜ ਨਾਲੋਂ ਵਖਰਿਆਂ ਨਹੀਂ ਸੀ ਹੋਣਾ ਚਾਹੀਦਾ। ਜਿਵੇਂ ਹਰਪਾਲ ਨੇ ਕੁਰਬਾਨੀ ਦਿਤੀ ਉਵੇਂ, ਲੋੜ ਅਨੁਸਾਰ, ਸਾਨੂੰ ਵੀ ਸ਼ਹੀਦੀ ਪਾ ਜਾਣੀ ਚਾਹੀਦੀ ਸੀ। ਸ਼ਾਇਦ ਤੋਰ ਸੰਵਰ ਜਾਂਦੇ। ਅਸੀਂ ਕੁਝ ਕਰ ਸਕਦੇ।"

"ਜਦੋਂ ਮੁੜ ਕੇ ਸੋਚਦਾ ਹਾਂ ਸ਼ਾਮ ਸਿੰਘ ! ਤਾਂ ਲਗਦਾ ਹੈ ਕਿ ਤੂੰ ਸੱਚ ਹੀ ਆਖ ਰਿਹਾ ਹੈਂ ਤੈਨੂੰ ਇਕ ਗੱਲ ਦੱਸਾਂ; ਤੂੰ ਮੈਨੂੰ ਸ਼ਾਇਦ ਵਹਿਮੀ ਕਹੇਂ, ਪਰ ਗੱਲ ਮੈਨੂੰ ਇਹ ਸੱਚ ਹੀ ਦਿਸਦੀ ਹੈ। ਹਰਪਾਲ, ਗੁਰਮੀਤ ਤੇ ਮਾਂ ਗੁਰਦਈ ਕਿਹਾ ਕਰਦੀਆਂ ਸਨ ਕਿ ਲਾਹੌਰ ਵਿਚ ਸਾਡੀ ਹਵੇਲੀ ਖ਼ਾਲਸਾ ਰਾਜ ਦੀ ਉੱਨਤੀ ਦਾ ਨਾਪ ਹੈ। ਲਾਹੌਰ ਵਿਚ ਖ਼ਾਲਸਾ ਰਾਜ ਕਾਇਮ ਹੁੰਦਿਆਂ ਹੀ ਸਾਡੀ ਹਵੇਲੀ ਉੱਥੇ ਕਾਇਮ ਹੋਈ। ਲਾਹੌਰ ਵਿਚ ਆਪਣੀ ਭਾਂਤ ਦੀ ਉਸ ਵੇਲੇ ਇਹ ਪਹਿਲੀ ਹਵੇਲੀ ਸੀ। ਬਾਕੀ ਦੀਆਂ ਸਭ ਹਵੇਲੀਆਂ ਪਿਛੋਂ ਬਣੀਆਂ ਹਨ। ਜਿਉਂ ਜਿਉਂ ਲਾਹੌਰ ਦਰਬਾਰ ਦੀ ਸ਼ੋਭਾ ਵਧਦੀ ਗਈ ਸਾਡੀ ਹਵੇਲੀ ਦੀ ਸ਼ੋਭਾ ਵੀ ਵਧਦੀ ਗਈ। ਤੇ ਫਿਰ ਪਿਤਾ ਦਲੇਰ ਸਿੰਘ ਦੀ ਮ੍ਰਿਤੂ ਪਿਛੋਂ ਜਿਉਂ ਜਿਉਂ ਸਾਡੀ ਹਵੇਲੀ ਦੀ ਮਹੱਤਤਾ ਘਟੀ ਲਾਹੌਰ ਦਰਬਾਰ ਨੂੰ ਵੀ ਗ੍ਰਹਿਣ ਲਗਦਾ ਗਿਆ। ਤੇ ਅੰਤ ਜਦੋਂ ਹਰਪਾਲ ਦੇ ਕਤਲ ਪਿਛੋਂ ਅਸੀਂ ਉਸ ਹਵੇਲੀ ਨੂੰ ਜੰਦਰਾ ਮਾਰਿਆ ਤਾਂ ਗੁਰਮੀਤ ਨੇ ਕਿਹਾ, ਕਿ ਲਾਹੌਰ ਰਾਜ ਦੀ ਕਿਸਮਤ ਨੂੰ ਵੀ ਜੰਦਰਾ ਵੱਜ ਗਿਆ ਹੈ। ਇਹ ਵਹਿਮ ਜਾਂ ਜੋ ਕੁਝ ਵੀ ਤੂੰ ਕਹੇਂ, ਇਕ ਕਾਰਨ ਸੀ ਜਿਸ ਕਰ ਕੇ ਮਾਹਿਲ ਰਾਜ ਕਾਜ ਤੋਂ ਅਲੱਗ ਹੋ ਗਏ। ਪਰ...ਪਰ

Scanned by CamScanner

ਅੱਜ ਮੈਨੂੰ ਜਾਪਦਾ ਹੈ ਕਿ ਇਹ ਸ਼ੈ ਨਿਰਾ ਵਹਿਮ ਹੈ ਤੇ ਸਾਨੂੰ ਆਪਣੇ ਫ਼ਰਜ਼ਾਂ ਤੋਂ ਨਹੀਂ ਸੀ ਉਕਣਾ ਚਾਹੀਦਾ।"

"ਸ਼ਾਇਦ ਤੂੰ ਠੀਕ ਆਖਦਾ ਹੈਂ ਪਰ ...ਪਰ...।"

ਇਸ ਤਰ੍ਹਾਂ ਇਹ ਦੋ ਸਰਦਾਰ ਆਪਣੇ ਭੂਤ ਬਾਰੇ ਗੱਲਾਂ ਕਰਦੇ ਤੇ ਭਵਿਖਤ ਦੇ ਨਕਸ਼ ਘੜਦੇ। ਬੇਸ਼ਕ ਜਦੋਂ ਇਹ ਦੋ ਸਰਦਾਰ ਆਪੋ ਆਪਣੇ ਘਰੋਂ ਟੁਰੇ ਸਨ ਤਾਂ ਆਲਾਦੁਆਲਾ ਇਹਨਾਂ ਨੂੰ ਸਿਆਹ ਲਗਾ ਸੀ, ਪਰ ਹੁਣ, ਏਥੇ ਆ ਕੇ ਇਹ ਪਹਿਲੇ ਨਾਲੋਂ ਕਿਤੇ ਆਸ਼ਾ ਜਨਕ ਹੋ ਗਏ। ਸਿਪਾਹੀਆਂ ਦਾ ਉਤਸ਼ਾਹ ਤੇ ਉਹਨਾਂ ਦੇ ਪੱਕੇ ਇਰਾਦੇ ਨੇਤਾਵਾਂ ਨੂੰ ਸਦਾ ਆਸ਼ਾ ਜਨਕ ਬਣਾ ਦੇਂਦੇ ਹਨ। ਇਕ ਉਤਸ਼ਾਹ ਭਰੇ ਸਿਪਾਹੀ ਨਾਲ ਗੱਲ ਕਰ ਕੇ ਜਰਨੈਲਾਂ ਦਾ ਆਪਣਾ ਉੱਦਾ ਉਤਸ਼ਾਹ ਵੀ ਲਬਾਲਬ ਭਰ ਜਾਂਦਾ ਹੈ। ਜੇ ਸਿਪਾਹੀ ਆਪਣੇ ਸਰਦਾਰ ਦੇ ਇਰਾਦਿਆਂ ਤੇ ਵਿਸ਼ਵਾਸਾਂ ਤੋਂ ਸੁਝਾਅ ਲੈਂਦਾ ਹੈ ਤਾਂ ਸਰਦਾਰ ਵੀ ਆਪਣੇ ਸਿਪਾਹੀਆਂ ਦਾ ਇਸ ਪੱਖੋਂ ਘੱਟ ਰਿਣੀ ਨਹੀਂ ਹੁੰਦਾ। ਸ਼ਾਮ ਸਿੰਘ ਤੇ ਚੂਹੜ ਸਿੰਘ ਸੈਨਾ ਨੂੰ ਚੜ੍ਹਦੀਆਂ ਕਲਾਂ ਵਿਚ ਵੇਖ ਕੇ ਅੰਦਰ ਬਾਹਰ ਭਰ ਗਏ ਤੇ ਉਹ ਭੁਲ ਗਏ ਕਿ ਘਰੋਂ ਸਿਰਫ਼ ਉਹ ਸ਼ਹੀਦੀ ਪਾਣ ਲਈ ਹੀ ਜੰਗ ਨੂੰ ਟੁਰੇ ਸਨ। ਏਥੋਂ ਤਕ ਕਿ ਅੱਜ ਉਹ ਭਵਿੱਖਤ ਵਿਚ ਨਜਿੱਠਣ ਵਾਲੇ ਮੁਆਮਲਿਆਂ ਬਾਰੇ ਵੀ ਵਿਚਾਰ ਕਰਨ ਲਗੇ। ਭਵਿੱਖਤ ਉੱਜਲਾ ਜਾਪਣ ਲਗਾ। ਚੁਫੇਰੇ ਖਿਲਰੀ ਸਿਆਹੀ ਦਾ ਅਹਿਸਾਸ ਘਟਣ ਲਗਾ।

ਚੂਹੜ ਸਿੰਘ, ਅਜੀਤ ਨੂੰ ਆਪਣੇ ਨੇੜੇ ਨਹੀਂ ਸੀ ਰਖਣਾ ਚਾਹੁੰਦਾ। ਉਸ ਸ਼ਾਮ ਸਿੰਘ ਨੂੰ ਕਿਹਾ : "ਮੈਂ ਨਹੀਂ ਚਾਹੁੰਦਾ ਕਿ ਅਜੀਤ ਵੀ ਮੇਰੇ ਨਾਲ ਸ਼ਹੀਦੀ ਪਾਏ। ਮੈਂ ਉਹਨੂੰ ਮਾਹਿਲਾਂ ਦੇ ਸਾਰੇ ਘਰਾਣੇ ਵਿਚੋਂ ਸਭ ਤੋਂ ਵਧ ਹੋਣਹਾਰ ਸਮਝਦਾ ਹਾਂ। ਤੇ ਜੇ ਉਹ ਮੇਰੇ ਨਾਲ ਹੋਇਆ ਤਾਂ ਉਸ ਆਪਣੀ ਜਾਨ ਦੇਣ ਤੋਂ ਨਹੀਂ ਰੁਕਣਾ। ਉਹ ਅਗੇ ਹੀ ਸਮਝਦਾ ਹੈ ਕਿ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਵਿਚੋਂ ਬਚ ਕੇ ਉਹ ਗੁਰੂ ਗੋਬਿੰਦ ਸਿੰਘ ਜੀ ਅਗੇ ਝੂਠਾ ਪਿਆ ਹੈ।"

"ਪਰ ਤੇਰਾ ਆਪਣਾ ਪੁੱਤਰ ਪ੍ਰੀਤਮ ਵੀ ਤੇ ਘਟ ਬਹਾਦਰ ਤੇ ਨਿਡਰ ਨਹੀਂ।"

"ਪ੍ਰੀਤਮ ਮੇਰਾ ਪੁੱਤਰ ਹੈ ਤੇ ਮੈਨੂੰ ਆਪਣੇ ਸਾਰੇ ਪੁਤਰਾਂ ਵਿਚੋਂ ਉਹਦੇ ਉੱਤੇ ਮਾਣ ਹੈ, ਪਰ ਅਜੀਤ ਵਿਚ ਉਹ ਸ਼ੈ ਹੈ ਜਿਹੜੀ ਪ੍ਰੀਤਮ ਵਿਚ ਨਹੀਂ। ਸੂਰਮਗਤੀ ਤੇ ਬਹਾਦਰੀ ਵਿਚ ਪ੍ਰੀਤਮ ਸ਼ਾਇਦ ਅਜੀਤ ਨਾਲੋਂ ਅਗੇ ਹੋਵੇ, ਪਰ ਬੋਧਕਤਾ ਤੇ ਆਮ ਸਿਆਣਪ ਦੇ ਪੱਖੋਂ ਅਜੀਤ ਦੇ ਲੱਛਣ ਹੈਰਾਨੀ ਜਨਕ ਹਨ। ਅਜੀਤ ਵਿਚ ਹਰਪਾਲ ਦੇ ਸਾਰੇ ਗੁਣ ਹਨ ਤੇ ਮੈਨੂੰ ਜਾਪਦਾ ਹੈ ਸ਼ਾਮ ਸਿੰਘ ਕਿ ਜਿਉਂ ਜਿਉਂ ਦਿਨ ਬੀਤਦੇ ਜਾਣਗੇ ਭੁਜਾਂ ਦੇ ਨਾਲ ਨਾਲ ਸਾਨੂੰ ਦਿਮਾਗ਼ ਦੀ ਵੀ ਵਧੇਰੇ ਲੋੜ ਪਵੇਗੀ। ਮੈਂ ਸਮਝਦਾ ਹਾਂ ਕਿ ਆਉਂਦੇ ਵਰ੍ਹਿਆਂ ਵਿਚ ਲੀਡਰਾਂ ਨੂੰ ਬੋਧਕ ਤੌਰ ਤੇ ਅੱਜ ਨਾਲੋਂ ਢੇਰ ਬੁਲੰਦ ਹੋਣਾ ਪਵੇਗਾ। ਬਦੇਸ਼ੀ ਜ਼ਬਾਨਾਂ ਤੇ ਆਪਣੇ ਦੇਸ਼ ਦੀਆਂ ਭਿੰਨ ਭਿੰਨ ਜ਼ਬਾਨਾਂ ਸਿਖਣੀਆਂ ਪੈਣਗੀਆਂ। ਭੂਗੋਲ ਤੇ ਇਤਿਹਾਸ ਦਾ ਅਧਿਐਨ ਕਰਨਾ ਪਵੇਗਾ। ਸਾਰੇ ਭਾਰਤ ਜਾਂ ਸਾਰੀ ਦੁਨੀਆਂ ਦੇ ਚੇਖਟੇ ਦੇ ਪਿਛੋਕੜ ਸਾਹਵੇਂ ਮਸਲਿਆਂ ਨੂੰ ਘੋਖਣਾ ਪਵੇਗਾ। ਹਰਪਾਲ ਸਾਡੇ ਟੱਬਰ ਤੇ ਸਾਡੇ ਆਲੇ ਦੁਆਲੇ ਵਿਚ ਇਕ ਅਜਿਹੀ ਪ੍ਰਤਿਭਾ ਸੀ ਤੇ ਹੁਣ ਮੈਨੂੰ ਲਗਦਾ ਹੈ ਕਿ ਅਜੀਤ ਵਿਚ ਇਹ ਸਭ ਗੁਣ ਉਤਪੰਨ ਹੋ ਸਕਦੇ ਹਨ। ਫਿਰ ਵੀ ਮੈਂ ਖ਼ੁਸ਼ ਹਾਂ ਕਿ ਤਾਪ ਨੇ ਪ੍ਰੀਤਮ ਨੂੰ ਸਾਡੇ ਨਾਲ ਨਹੀਂ ਆਉਣ ਦਿਤਾ। ਜੇ ਅਜੀਤ ਨੂੰ ਕੁਝ ਹੋ ਗਿਆ ਤਾਂ ਘਟੋ ਘਟ ਪ੍ਰੀਤਮ ਤਾਂ ਹੋਏਗਾ ਹੀ ?"

ਇਹਨਾਂ ਮਨੋਭਾਵਾਂ ਕਰ ਕੇ ਚੂਹੜ ਸਿੰਘ ਨੇ ਅਜੀਤ ਨੂੰ ਦਰਿਆਉਂ ਉਰਾਰ ਵਾਲੀ ਭਾਰੀਆਂ ਤੋਪਾਂ ਦੀ ਇਕ ਬੈਟਰੀ ਵਿਚ ਲਵਾ ਦਿਤਾ। ਅਜੀਤ ਨੇ ਜ਼ਿੱਦ ਕੀਤੀ :

"ਬਾਬਾ ! ਬੇਸ਼ਕ ਰਹਿਣਾ ਤਾਂ ਮੈਂ ਤੋਪਖ਼ਾਨੇ ਵਿਚ ਹੀ ਚਾਹੁੰਦਾ ਹਾਂ, ਪਰ ਮੈਨੂੰ ਦਰਿਆਉਂ ਪਾਰ ਲੈ ਚਲ। ਮੁਦਕੀ ਤੇ ਫੇਰੂ ਸ਼ਹਿਰ ਤੋਪਾਂ ਦੀ ਲੜਾਈ ਪਿਛੋਂ ਸਾਨੂੰ ਸਾਰਿਆਂ ਨੂੰ ਡੰਡਾ ਖੜਕਾਉਣਾ ਪਿਆ ਸੀ ਤੇ ਐਤਕੀਂ ਵੀ ਮੈਂ ਉਕਣਾ ਨਹੀਂ ਚਾਹੁੰਦਾ।"

ਪਰ ਚੂਹੜ ਸਿੰਘ ਨੇ ਉਹਦੀ ਜ਼ਿੱਦ ਨਹੀਂ ਮੰਨੀ।

"ਅਜੀਤ ! ਸਿਪਾਹੀ ਸੁਆਲ ਨਹੀਂ ਪੁੱਛਦਾ ਤੇ ਜ਼ਿੱਦ ਨਹੀਂ ਕਰਦਾ। ਜਿਥੇ ਵੀ ਉਹਨੂੰ ਰਹਿਣ ਦਾ ਹੁਕਮ ਮਿਲਦਾ ਹੈ ਉਹ ਉੱਥੇ ਹੀ ਆਪਣਾ ਫ਼ਰਜ਼ ਚੁਕਾਂਦਾ ਹੈ।"

ਫਿਰ ਵੀ ਇਕ ਦੋ ਵਾਰ ਅਜੀਤ ਦਰਿਆਉਂ ਪਾਰ ਆਇਆ। ਨੌਂ ਤਾਰੀਖ਼ ਸ਼ਾਮੀਂ ਵੀ ਉਹ ਆਇਆ ਤੇ ਉਸ ਚੂਹੜ ਸਿੰਘ ਤੇ ਸ਼ਾਮ ਸਿੰਘ ਨੂੰ ਕਿਹਾ : "ਬਾਬਾ ! ਸੈਨਾ ਦਾ ਇਕ ਇਕ ਸਿਪਾਹੀ ਸ਼ੁਕਰ ਕਰ ਰਿਹਾ ਹੈ ਕਿ ਤੁਸੀਂ ਆ

Scanned by CamScanner

ਗਏ ਹੋ। ਜੇ ਤੁਸੀਂ ਨਾ ਆਉਂਦੇ ਤਾਂ ਸਿਪਾਹੀਆਂ ਦਾ ਦਿਲ ਡੋਲ ਰਿਹਾ ਸੀ।"

"ਅਸੀਂ ਕੀ ਸ਼ੈ ਹਾਂ ਪੁੱਤਰ!" ਸ਼ਾਮ ਸਿੰਘ ਨੇ ਉੱਤਰ ਦਿਤਾ, "ਕਰਨ ਕਰਾਉਣ ਵਾਲਾ ਤਾਂ ਆਪ ਸਭਿ ਕਰਤਾਰ ਹੈ। ਪਰ ਮੈਨੂੰ ਖ਼ੁਸ਼ੀ ਹੈ ਕਿ ਸੈਨਾ ਦਾ ਵਿਸ਼ਵਾਸ ਬੱਝ ਗਿਆ ਹੈ।"

"ਬਾਬਾ ਜੀ!" ਅਜੀਤ ਨੇ ਸ਼ਾਮ ਸਿੰਘ ਤੋਂ ਪੁਛਿਆ, "ਤੁਹਾਡੇ ਵਿਚ ਕੀ ਖਿੱਚ ਹੈ। ਤੁਸੀਂ ਕਿਵੇਂ ਇਹਨਾ ਸਿਪਾਹੀਆਂ ਦੇ ਦਿਲ ਵਿਚ ਇਹ ਭਾਵ ਉਤਪੰਨ ਕੀਤੇ ਹਨ ?"

ਸ਼ਾਮ ਸਿੰਘ ਹੱਸਿਆ ਤੇ ਉਸ ਅਜੀਤ ਦੀ ਕੰਡ ਉੱਤੇ ਥਾਪੜੀ ਦਿਤੀ, "ਪੁੱਤਰ ! ਇਹ ਮੇਰੀ ਖਿੱਚ ਨਹੀਂ। ਇਹ ਖਿੱਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਪਿਰਟ ਦੀ ਹੈ। ਇਹ ਉਹ ਆਪ ਆਕਾਲ ਪੁਰਖ ਪ੍ਰਮਾਤਮਾ ਸਾਨੂੰ ਉਭਾਰ ਰਿਹਾ ਹੈ।"

"ਪਰ ਫਿਰ ਵੀ ਕੀ ਮਨੁੱਖ ਅਕਾਲ ਪੁਰਖ ਦੀ ਮਰਜ਼ੀ ਦਾ ਸਾਧਨ ਨਹੀਂ ਹੈ ?"

"ਹਾਂ ਹੈ ਤੇ ਬੱਸ ਮੈਂ ਵੀ ਇਕ ਤਰ੍ਹਾਂ ਦਾ ਸਾਧਨ ਹੀ ਹਾਂ।"

"ਫਿਰ ਵੀ ਬਾਬਾ ਜੀ ਸਾਧਨ ਨਿਰਜਿੰਦ ਤੇ ਸੁੰਨ ਨਹੀਂ ਹੋ ਸਕਦੇ। ਸਾਧਨਾਂ ਸਾਧਨਾਂ ਵਿਚ ਵੀ ਫ਼ਰਕ ਹੋ ਸਕਦਾ ਹੈ। ਤੇ ਮਨੁੱਖ-ਸਾਧਨ ਦੀ ਆਪਣੀ ਨਿੱਜੀ ਸਿਆਣਪ ਤੇ ਕਾਬਲੀਅਤ ਉਹਦੇ ਅੰਦਰੋਂ ਉਗਮਦੀ ਹੈ ਬਾਹਰੋਂ ਨਹੀਂ। ਨਾਲੇ ਬਾਬਾ ਜੀ ਜਦੋਂ ਮਨੁੱਖ ਜੰਮਦਾ ਹੈ ਤਾਂ ਉਹਦੀਆਂ ਬਿਰਤੀਆਂ ਇਕ ਦੂਜੇ ਨਾਲੋਂ ਭਿੰਨ ਨਹੀਂ ਹੁੰਦੀਆਂ ਇਹ ਤਰਬੀਅਤ ਤੇ...।"

"ਅਜੀਤ ! ਤੇਰੀ ਉਮਰ ਛੋਟੀ ਹੈ। ਤੈਨੂੰ ਇਸ ਤਰ੍ਹਾਂ ਦਾ ਗੂੜ੍ਹ ਗਿਆਨ ਸ਼ੋਭਾ ਨਹੀਂ ਦੇਂਦਾ। ਚਲ ਜਾਹ ਬਾਹਰ ਖੇਡਦੇ ਸਿਪਾਹੀਆਂ ਨਾਲ ਕੋਝੀ ਖੇਡ।"

ਅਜੀਤ ਚਲਾ ਗਿਆ ਤੇ ਸ਼ਾਮ ਸਿੰਘ ਬੋਲਿਆ, "ਤੂੰ ਸੱਚ ਕਹਿੰਦਾ ਹੈਂ, ਚੂਹੜ ਸਿੰਘ। ਅਜੀਤ ਸਿੰਘ ਵਿਚ ਉਹ ਸ਼ੈਅ ਹੈ ਜਿਹੜੀ ਮੈਂ ਹੋਰ ਕਿਸੇ ਯੁਵਕ ਵਿਚ ਨਹੀਂ ਵੇਖੀ। ਤੇ ਮੈਂ ਵੀ ਇਹ ਮਹਿਸੂਸ ਕਰਦਾ ਹਾਂ ਕਿ ਆਉਂਦੇ ਵਰ੍ਹਿਆਂ ਵਿਚ ਸਾਡੇ ਦੇਸ਼ ਤੇ ਕੌਮ ਨੂੰ ਅਜਿਹੇ ਨੌਜਵਾਨਾਂ ਦੀ ਵਧ ਲੋੜ ਹੋਵੇਗੀ...।"

੧੪੪

ਦਸ ਫ਼ਰਵਰੀ, ੧੮੪੬ ਦਾ ਦਿਨ ਸੀ। ਅਜੇ ਸੂਰਜ ਨਿਕਲਣ ਵਿਚ ਤਿੰਨ ਚਾਰ ਘੰਟੇ ਬਾਕੀ ਸਨ ਕਿ ਅੰਗਰੇਜ਼ੀ ਸੈਨਾ ਦੇ ਸਿਪਾਹੀਆਂ ਨੂੰ ਸਾਵਧਾਨ ਕਰ ਦਿਤਾ ਗਿਆ। ਕਲ੍ਹ ਰਾਤੀਂ ਅਫ਼ਸਰਾਂ ਨੇ ਸਿਪਾਹੀਆਂ ਨੂੰ ਜਲਦੀ ਹੀ ਸੌਂ ਜਾਣ ਦੀ ਹਦਾਇਤ ਕੀਤੀ ਸੀ — ਭਾਵੇਂ ਉਹ ਆਪ ਦੋ ਤਿੰਨ ਵਜੇ ਤਕ ਆਪੋ ਆਪਣੇ ਮੋਰਚਾ ਵਿਚ ਬੈਠੇ ਸ਼ਰਾਬ ਪੀਂਦੇ ਰਹੇ ਸਨ ਤੇ ਸਵੇਰੇ ਹੋਣ ਵਾਲੀ ਲੜਾਈ ਬਾਰੇ ਗੱਲਾਂ ਕਰਦੇ ਰਹੇ ਸਨ। ਬੇਸ਼ਕ ਉਹਨਾਂ ਦਾ ਆਪਣੀ ਫ਼ਤਿਹ ਵਿਚ ਵਿਸ਼ਵਾਸ਼ ਅਟੱਲ ਸੀ, ਪਰ ਫਿਰ ਵੀ ਖ਼ਾਲਸੇ ਦੀ ਬਹਾਦਰੀ ਦੀ ਚਰਚਾ ਕੀਤੇ ਬਗ਼ੈਰ ਉਹ ਰਹਿ ਨਾ ਸਕਦੇ। ਮੁੜ ਮੁੜ ਕੇ ਗੱਲ ਮੁਦਕੀ ਤੇ ਫੇਰੂ ਸ਼ਹਿਰ ਉੱਤੇ ਰੁਕਦੀ ਤੇ ਅਫ਼ਸਰ ਇਕ ਦੂਜੇ ਤੋਂ ਪੁਛਦੇ : "ਕਿਹੜੀ ਚੀਜ਼ ਹੈ ਇਹਨਾਂ ਸਿੱਖਾਂ ਵਿਚ ? ਕਿਹੜੀ ਸਪਿਰਟ ਇਹਨਾਂ ਨੂੰ ਆਪਣੀ ਜਾਨ ਦੀ ਸਲਾਮਤੀ ਤੇ ਆਪਣੇ ਬਚਾਅ ਵਲੋਂ ਐਨਾ ਵਿਮੁਕਤ ਕਰ ਦੇਂਦੀ ਹੈ ? ਅਸੀਂ ਅਜੇ ਤਕ ਦੁਨੀਆਂ ਵਿਚ ਜਾਂ ਹਿੰਦੁਸਤਾਨ ਵਿਚ ਅਜਿਹੇ ਆਦਮੀ ਨਹੀਂ ਤੱਕੇ ਕਿ ਜਿਹੜੇ ਹਾਰਦੇ ਹੋਏ ਵੀ ਲੜਦੇ ਜਾਣ ਤੇ ਆਪਣੀ ਹਾਰ ਨੂੰ ਸਵੀਕਾਰ ਹੀ ਨਾ ਕਰਨ।"

Scanned by CamScanner

ਕੋਈ ਕਹਿੰਦਾ, "ਸਿੱਖਾਂ ਬਾਰੇ ਜਿੰਨਾ ਕਨਿੰਘਮ ਜਾਣਦਾ ਹੈ ਉਨਾਂ ਹੋਰ ਕੋਈ ਨਹੀਂ ਜਾਣਦਾ ਤੇ ਉਹਦੀ ਰਾਏ ਅਨੁਸਾਰ ਇਹ ਸਿੱਖਾਂ ਦਾ ਧਰਮ ਹੈ। ਉਹਨਾਂ ਦਾ ਆਖ਼ਰੀ ਗੁਰੂ, ਗੁਰੂ ਗੋਬਿੰਦ ਸਿੰਘ, ਕਨਿੰਘਮ ਆਖਦਾ ਹੈ, ਕਿ ਇਕ ਅਦੁੱਭੀ ਜਰਨੈਲ ਤੇ ਮਹਾਨ ਨੇਤਾ ਸੀ। ਉਸ ਹਿੰਦੂਆਂ ਤੇ ਮੁਸਲਮਾਨਾਂ ਵਿਚ ਇਕ ਨਵੀਂ ਲਹਿਰ ਛੇੜੀ ਜਿਸ ਦੇ ਕਾਰਨ ਇਹ ਸਿੱਖ ਹੋਂਦ ਵਿਚ ਆਏ। ਤੇ ਸਿੱਖਾਂ ਨੂੰ ਉਸ ਕੇਸਾਂ ਤੇ ਚਾਰ ਹੋਰ ਕੱਕਿਆਂ ਦੇ ਨਾਲ ਨਾਲ ਇਕ ਅਜਿੱਤ ਸਪਿਰਟ ਵੀ ਦਿਤੀ। ਇਸ ਸਪਿਰਟ ਸਦਕਾ ਸਿੱਖ ਜਾਨ ਦੇ ਦੇਵੇਗਾ, ਪਰ ਆਪਣੀ ਹਾਰ ਨਹੀਂ ਮੰਨੇਗਾ।

"ਇਹ ਮੂੜ੍ਹ ਮੱਤ ਨਹੀਂ ?" ਕੋਈ ਪੁੱਛਦਾ।

ਤੇ ਕੋਈ ਉੱਤਰ ਦੇਂਦਾ, "ਹੈ ਵੀ ਤੇ ਨਹੀਂ ਵੀ। ਪਰ ਜੇ ਇਹ ਮੂੜ੍ਹ ਮੱਤ ਹੈ ਤਾਂ ਇਸ ਮੂੜ੍ਹ ਮੱਤ ਨੇ ਹੀ ਹਿੰਦੁਸਤਾਨ ਵਿਚ ਸਥਾਪਤ ਸਾਡੀ ਸਲਤਨੱਤ ਦੀਆਂ ਨੀਹਾਂ ਨੂੰ ਹਿਲਾ ਦਿਤਾ ਹੈ। ਪਹਿਲੀ ਵਾਰ ਸ਼ਾਇਦ ਗਵਰਨਰ ਜਨਰਲ ਸਰ ਹਾਰਡਿੰਗ ਨੂੰ ਕਿਸੇ ਨੇ ਇਉਂ ਡਰਦਿਆਂ ਤੇ ਯਰਕਦਿਆਂ ਤੱਕਿਆ ਹੈ। ਕੀ ਤੁਹਾਨੂੰ ਪਤਾ ਨਹੀਂ ਕਿ ਫੇਰੂ ਸ਼ਹਿਰ, ਸਰ ਹਾਰਡਿੰਗ ਨੇ ਸਭ ਜ਼ਰੂਰੀ ਸਰਕਾਰੀ ਕਾਗ਼ਜ਼ ਸਾੜ ਦੇਣ ਦਾ ਹੁਕਮ ਸਾਦਰ ਕਰ ਦਿਤਾ ਸੀ ਤੇ ਆਪਣੇ ਪੁੱਤਰ ਨੂੰ ਆਖ਼ਰੀ ਨਮੱ ਬੁਲਾ ਕੇ ਤੇ ਨੈਪੋਲੀਅਨ ਬੋਨਾਪਾਰਟ ਦੀ ਤਲਵਾਰ ਦੇ ਕੇ ਮੈਦਾਨੇ ਜੰਗ ਤੋਂ ਵਿਦਾ ਕਰ ਦਿਤਾ ਸੀ ? ਹਿੰਦੁਸਤਾਨ ਵਿਚ ਕਿਥੇ ਹੋਰ ਸਾਡੀ ਅਜਿਹੀ ਬਾਬ ਹੋਈ ਹੈ ?"

"ਪਰ ਕਲ੍ਹ ਅਸੀਂ ਇਹਨਾਂ ਨੂੰ ਮਾਰ ਹੀ ਲੈਣਾ ਹੈ।"

ਕੋਈ, ਜਿਹੜਾ ਵਡੇ ਵਡੇ ਜਰਨੈਲਾਂ ਦਾ ਵਾਕਿਫ਼ ਸੀ, ਆਖਦਾ : "ਪਰ ਕਿਨ੍ਹਾਂ ਹਾਲਾਤਾਂ ਵਿਚ। ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਸਿੱਖਾਂ ਦਾ ਇਕ ਤਾਂ ਕੋਈ ਲੀਡਰ ਹੀ ਨਹੀਂ ਤੇ ਜਿਹੜੇ ਤਿੰਨ ਆਦਮੀ ਹਨ ਉਹ ਵੀ ਗ਼ਦਾਰ। ਉਹ...।"

ਫਿਰ ਇਹੋ ਜਿਹਾ ਅਫ਼ਸਰ ਆਪਣੇ ਉੱਤੇ ਆਇਦ ਹੋਈ ਜ਼ਿਮੇਂਵਾਰੀ ਸਮਝ ਕੇ ਇਸ ਖ਼ੁਫ਼ੀਆ ਮੁਆਮਲੇ ਬਾਬਤ ਹੋਰ ਕੁਝ ਨਾ ਆਖਦਾ।

ਇਉਂ ਸਾਰੀ ਰਾਤ ਅਫ਼ਸਰਾਂ ਦੇ ਮੈੱਸ ਵਿਚ ਗੱਲਾਂ ਹੁੰਦੀਆਂ ਰਹੀਆਂ ਤੇ ਇਉਂ ਹੀ ਸ਼ਾਇਦ ਸੈਨਾ ਦੇ ਬਾਕੀ ਗੋਰੇ ਤੇ ਦੇਸੀ ਸਿਪਾਹੀ ਵੀ ਗੱਲਾਂ ਕਰਦੇ ਰਹੇ। ਭਲਕੇ ਹੋਣ ਵਾਲੀ ਜੰਗ ਦੀ ਰਾਤ ਸਿਪਾਹੀ ਘਟ ਵਧ ਹੀ ਸੌਂਦੇ ਹਨ। ਜਦੋਂ ਅਫ਼ਸਰ ਸਮਝਦੇ ਸਨ ਕਿ ਸਿਪਾਹੀ ਸ਼ਾਇਦ ਥੱਕ ਟੁੱਟ ਕੇ ਤੇ ਕਲ੍ਹ ਹੋਣ ਵਾਲੀ ਥਕਾਵਟ ਦਾ ਖ਼ਿਆਲ ਕਰ ਕੇ ਘੁਰਾੜੇ ਮਾਰ ਰਹੇ ਹੋਣਗੇ ਉਸ ਵੇਲੇ ਸਿਪਾਹੀ ਬਿਲਕੁਲ ਚੇਤੰਨ ਬੀਤੇ ਦਿਨਾਂ ਦੀਆਂ ਯਾਦਾਂ ਫੋਲ ਰਹੇ ਹੁੰਦੇ ਹਨ।

ਜਦੋਂ ਸਵੇਰੇ ਤਿੰਨ ਕੁ ਵਜੇ ਸੈਨਾ ਨੂੰ ਸਾਵਧਾਨ ਕੀਤਾ ਗਿਆ ਤਾਂ ਕਈ ਸਿਪਾਹੀ ਏਸ ਸਮੇਂ ਦੀ ਉਡੀਕ ਵਿਚ ਪਹਿਲੇ ਹੀ ਤਿਆਰ ਸਨ। ਅੰਗਰੇਜ਼ੀ ਨੇਤਾਵਾਂ ਦੀ ਇਹ ਸਭ ਤੋਂ ਵਡੀ ਇੱਛਾ ਸੀ ਕਿ ਸਿੰਘਾਂ ਉੱਤੇ ਹਮਲਾ ਅਚੇਤ ਹਮਲਾ ਹੋਵੇ। ਉਹਨਾਂ ਉੱਤੇ ਇਸ ਤਰ੍ਹਾਂ ਛਾਪੇਮਾਰ ਗੋਲਾਬਾਰੀ ਸ਼ੁਰੂ ਕਰ ਦਿਤੀ ਜਾਏ ਕਿ ਉਹਨਾਂ ਦੇ ਕੈਂਪ ਵਿਚ ਹਫੜਾ ਦਫੜੀ ਮੱਚ ਜਾਏ। ਤੇ ਇਸ ਹਫੜਾ ਦਫੜੀ ਵਿਚ ਸਭ ਤੋਂ ਪਹਿਲੇ ਉਹਨਾਂ ਦੀ ਸੱਜੀ ਬਾਹੀ ਉੱਤੇ ਕਬਜ਼ਾ ਕਰ ਲਿਆ ਜਾਏ। ਫਿਰ ਲੜਾਈ ਦਾ ਅੰਤਲਾ ਫ਼ੈਸਲਾ ਆਸਾਨ ਹੋ ਜਾਏਗਾ।

ਇਸ ਨਿਸ਼ਾਨੇ ਨੂੰ ਸਾਹਮਣੇ ਰੱਖ ਕੇ ਉਹ ਪਿਛਲੀਆਂ ਦੋ ਤਿੰਨ ਰਾਤਾਂ ਤੋਂ ਤੋਪਾਂ ਦੇ ਨੇੜੇ ਗੋਲਾ ਬਾਰੂਦ ਇਕੱਠਾ ਕਰਦੇ ਆ ਰਹੇ ਸਨ। ਦੁਸ਼ਮਣ ਦੀਆਂ ਚੌਕੀਆਂ ਤੇ ਮੋਰਚਿਆਂ ਦੀ ਦੇਖ ਭਾਲ ਵੀ ਉਹਨਾਂ ਨੇ ਰਾਤਾਂ ਦੇ ਹਨੇਰੇ ਵਿਚ ਹੀ ਕੀਤੀ ਸੀ। ਸਤ ਫ਼ਰਵਰੀ ਦੀ ਰਾਤ ਹਾਰਡਿੰਗ ਤੇ ਗਫ਼ ਆਪਣੇ ਜਰਨੈਲਾਂ ਨੂੰ ਨਾਲ ਲਿਆਏ ਤੇ ਫਿਰ ਅੱਠ ਫਰਵਰੀ ਦੀ ਰਾਤ ਜਰਨੈਲ ਬਰਿਗੇਡਾਂ ਦੇ ਕਮਾਨ ਅਫ਼ਸਰਾਂ ਤੇ ਪਲਟਨਾਂ ਦੇ ਕਮਾਨ ਅਫ਼ਸਰਾਂ ਨੂੰ। ਨੌਂ ਤਾਰੀਖ਼ ਹਨੇਰਾ ਪੈਣ ਪਿਛੋਂ ਕਮਾਨ ਅਫ਼ਸਰ ਆਪਣੇ ਅੰਗਰੇਜ਼ੀ ਤੇ ਦੇਸੀ ਅਫ਼ਸਰਾਂ ਨੂੰ ਦੁਸ਼ਮਣ ਦੇ ਇਲਾਕੇ ਦੀ ਦੇਖ ਭਾਲ ਕਰਨ ਲਈ ਅਗਾਂਹ ਲਿਆਏ ਤੇ ਅੱਜ ਦਸ ਫ਼ਰਵਰੀ ਦੀ ਸਵੇਰੇ ਅੰਗਰੇਜ਼ੀ ਸੈਨਾ, ਹਾਰਡਿੰਗ ਤੇ ਗਫ਼ ਦੀ ਕਮਾਨ ਥੱਲੇ, ਇਸ ਤਰ੍ਹਾਂ ਲੜਾਈ ਲਈ ਤਿਆਰ ਸੀ ਜਿਵੇਂ ਕਿ ਉਹ ਹਿੰਦੁਸਤਾਨ ਵਿਚ ਪਹਿਲੇ ਕਦੀ ਤਿਆਰ ਨਹੀਂ ਸੀ ਹੋਈ।

ਤਿੰਨ ਵਜੇ ਸਵੇਰੇ ਅਫ਼ਸਰਾਂ ਨੇ ਆਪੋ ਆਪਣੀਆਂ ਪਲਟਨਾਂ ਚੁਣੀਆਂ ਤੇ ਮਹਿਫ਼ੂਜ਼ ਥਾਵਾਂ ਉੱਤੇ ਇਕੱਤਰ ਕਰਨ ਲਈ ਅਗੇ ਤੋਰਿਆ। ਏਥੋਂ ਉਹਨਾਂ ਨੇ ਲੋੜ ਅਨੁਸਾਰ ਪਾਲਾਂ ਬੰਨ੍ਹ ਕੇ ਜਾਂ ਕਾਲਮਾਂ ਵਿਚ ਦੁਸ਼ਮਣ ਉੱਤੇ ਹਮਲਾ ਕਰਨ ਲਈ ਅਗੇ ਵਧਣਾ ਸੀ।

ਪਰ ਸਿੱਖ ਸੂਹਿਆਂ ਤੇ ਸੰਤਰੀਆਂ ਕੋਲੋਂ ਅੰਗਰੇਜ਼ੀ ਸੈਨਾ ਦੀ ਹਰਕਤ ਗੁੱਝੀ ਨਹੀਂ ਰਹੀ। ਰਾਤ ਦੇ ਸੱਨਾਟੇ

Scanned by CamScanner

ਵਿਚ ਮਾੜਾ ਮੋਟਾ ਖੜਾਕ ਵੀ ਦੂਰ ਤਕ ਸੁਣਦਾ ਹੈ ਤੇ ਫਿਰ ਅੱਜ ਲਗ ਭਗ ਵੀਹ ਹਜ਼ਾਰ ਆਦਮੀ ਅਗੇ ਪਿਛੇ ਆ ਜਾ ਰਹੇ ਸਨ। ਸਵੇਰੇ ਤਿੰਨ ਚਾਰ ਵਜੇ ਹੈਸੀ ਵੀ ਸਰਦੀ ਜਿਸ ਕਰ ਕੇ ਆਦਮੀ ਨਾਂਹ ਨਾਂਹ ਕਰਦਾ ਵੀ ਅਵੇਸਲੇ ਜਾਂ ਸਰਦੀ ਤੋਂ ਮਜਬੂਰ ਕੋਈ ਨਾ ਕੋਈ ਖੜਾਕ ਕਰ ਹੀ ਬਹਿੰਦਾ। ਸੰਤਰੀਆਂ ਤੇ ਸੂਹਿਆਂ ਨੇ ਰਪੋਟਾਂ ਭੇਜੀਆਂ। ਅਹੁਦੇਦਾਰ ਉਠ ਬੈਠੇ। ਉਹਨਾਂ ਵੀ ਕੰਨ ਲਾ ਕੇ ਸੁਣਿਆ। ਹਾਂ, ਅੰਗਰੇਜ਼ੀ ਸੈਨਾ ਵਿਚ ਹਰਕਤ ਜਾਰੀ ਸੀ। ਜਰਨੈਲਾਂ ਨੂੰ ਉਠਾਇਆ ਗਿਆ। ਸਰਦਾਰ ਸ਼ਾਮ ਸਿੰਘ ਨੂੰ ਉਠਾਇਆ ਗਿਆ। ਤੇ ਕੁਝ ਹੀ ਮਿੰਟਾਂ ਵਿਚ ਨਗਾਰਿਆਂ ਉੱਤੇ ਵਜਦਿਆਂ ਧੌਂਸਿਆਂ ਨੇ ਸਾਰੀ ਪੰਜਾਬੀ ਸੈਨਾ ਨੂੰ ਬੇਦਾਰ ਕਰ ਦਿਤਾ। ਤਿਆਰੀ ਦੇ ਹੁਕਮ ਮਿਲ ਗਏ।

ਸਿਪਾਹੀ ਆਪਣੇ ਮੋਰਚਿਆਂ ਵਿਚ ਬੰਦੂਕਾਂ ਲੈ ਕੇ ਬਹਿ ਗਏ। ਜ਼ੂੰਬਰਚੇ ਤਿਆਰ ਹੋਏ। ਤੋਪਚੀਆਂ ਨੇ ਆਪਣੀਆਂ ਤੋਪਾਂ ਸੰਵਾਰੀਆਂ। ਕਾਸਦ ਖ਼ਬਰਾਂ ਲੈ ਕੇ ਏਧਰ ਉਧਰ ਫਿਰਨ ਲਗੇ। ਦਿਨ ਚੜ੍ਹਨ ਤੋਂ ਪਹਿਲੇ ਹੀ ਇਹ ਸੈਨਾ ਵੀ ਲੜਾਈ ਲਈ ਤਿਆਰ ਹੋ ਗਈ ਤੇ ਅੰਗਰੇਜ਼, ਇਸ ਹਮਲੇ ਨੂੰ ਅਚੇਤ ਹਮਲਾ ਬਣਾਨ ਦੇ ਨਿਸ਼ਾਨੇ ਵਿਚ ਅਸਫਲ ਹੋਏ।

ਦੁਸ਼ਮਣ ਵਲੋਂ ਹੁੰਦੀ ਤਿਆਰੀ ਦਾ ਅੰਗਰੇਜ਼ਾਂ ਨੂੰ ਪਤਾ ਚਲ ਗਿਆ। ਇਹ ਸੋਅ ਧੁਰ ਹਾਰਡਿੰਗ ਤੇ ਗਫ਼ ਤਕ ਪੁੱਜੀ।

"ਜੋ ਕੁਝ ਵੀ ਹੋਵੇ ਹੁਣ ਹਮਲਾ ਮੁਲਤਵੀ ਨਹੀਂ ਕੀਤਾ ਜਾ ਸਕਦਾ।"

ਗਫ਼ ਨੇ ਕਿਹਾ, "ਬਿਲਕੁਲ ਨਹੀਂ। ਅੱਜ ਇਕ ਵਾਰ ਫਿਰ ਬਾਜ਼ੀ ਲਗ ਚੁੱਕੀ ਹੈ।"

ਗਵਰਨਰ ਜਨਰਲ ਤੇ ਸੈਨਾਪਤੀ ਦੇ ਹੁਕਮ ਇਕ ਵਾਰ ਫਿਰ ਸਭ ਅਫ਼ਸਰਾਂ ਤਕ ਪੁੱਜੇ। ਲੜਾਈ ਪਲੈਨ ਦੇ ਮੁਤਾਬਕ ਸ਼ੁਰੂ ਕੀਤੀ ਜਾਏਗੀ।

ਸੱਤ ਕੁ ਵਜੇ, ਜਦੋਂ ਤੋਪਾਂ ਵਾਸਤੇ ਚੰਗਾ ਚਾਨਣਾ ਹੋ ਗਿਆ, ਅੰਗਰੇਜ਼ੀ ਤੋਪਖ਼ਾਨੇ ਨੇ ਆਪਣਾ ਪਹਿਲਾ ਗੋਲਾ ਦਾਗਿਆ। ਅੰਗਰੇਜ਼ੀ ਤੋਪਖ਼ਾਨੇ ਦਾ ਸਿਪਾਹ-ਸਾਲਾਰ ਆਪ ਮੇਜਰ ਜਨਰਲ ਸਰ ਜੋਜ਼ਫ ਮੈਕਵੈਲ ਸੀ ਜਿਨ੍ਹੇ ਕਿ ਵਾਟਰਲੂ ਵਿਚ ਨੈਪੋਲੀਅਨ ਬੋਨਾਪਾਰਟ ਦੇ ਵਿਰੁਧ ਇਕ ਤੋਪੀ ਡਵੀਯਨ ਦੀ ਕਮਾਨ ਕੀਤੀ ਸੀ, ਪਰ ਇਸ ਤੋਂ ਪਹਿਲੇ ਕਿ ਅੰਗਰੇਜ਼ੀ ਤੋਪਖ਼ਾਨਾ ਆਪਣੇ ਪੂਰੇ ਜ਼ੋਰ ਉੱਤੇ ਆਉਂਦਾ ਦੁਸ਼ਮਣ ਵਲੋਂ ਵੀ ਫ਼ੁਰਤੀ ਨਾਲ ਗੋਲੇ ਵਰ੍ਹਨੇ ਸ਼ੁਰੂ ਹੋ ਗਏ। ਦਸ ਮਿੰਟ, ਵੀਹ ਮਿੰਟ, ਅੱਧਾ ਘੰਟਾ, ਤੇ ਇਕ ਪੂਰਾ ਘੰਟਾ ਵੀ ਬੀਤ ਗਿਆ, ਪਰ ਦੋਹਾਂ ਧਿਰਾਂ ਤੋਂ ਗੋਲੇ ਇਉਂ ਵਰ੍ਹਦੇ ਰਹੇ ਜਿਵੇਂ ਕਿ ਇਸ ਝੜੀ ਦਾ ਅੰਤ ਨਹੀਂ ਹੋਣਾ। ਅੰਗਰੇਜ਼ੀ ਜਰਨੈਲ ਤੇ ਬਾਕੀ ਦੇ ਅਫਸਰ ਇਹ ਮੋਹਲੇਧਾਰ ਵਸਦਾ ਮੀਂਹ ਵੇਖ ਕੇ ਹੈਰਾਨ ਹੋ ਰਹੇ ਸਨ। ਉਹਨਾਂ ਸਾਰਿਆਂ ਨੂੰ ਹਮਲੇ ਦੀ ਪਲੈਨ ਦਾ ਪਤਾ ਸੀ। ਪਹਿਲੇ ਅੰਧਾ ਧੁੰਦ ਗੋਲਾ ਬਾਰੀ ਨਾਲ ਸਿੱਖਾਂ ਦੇ ਕੈਂਪ ਵਿਚ ਹਫੜਾ ਦਫੜੀ ਪਾਣੀ ਤੇ ਫਿਰ ਉਹਨਾਂ ਦੀ ਸੱਜੀ ਬਾਹੀ ਉੱਤੇ ਇਕਾ ਇਕ ਕਬਜ਼ਾ ਕਰ ਲੈਣਾ।

ਪਰ ਇਹ ਸਿੱਖਾਂ ਦੇ ਕੈਂਪ ਵਿਚ ਹਫੜਾ ਦਫੜੀ ਪੈ ਰਹੀ ਸੀ ਕਿ ਅੰਗਰੇਜ਼ਾਂ ਦੇ ਕੈਂਪ ਵਿਚ ਇਸ ਹਫੜਾ ਦਫੜੀ ਦੇ ਆਸਾਰ ਪ੍ਰਗਟ ਹੋ ਰਹੇ ਸਨ। ਸਿੱਖ ਤੋਪਾਂ ਦੇ ਗੋਲੇ ਅੰਨੇ ਸਹੀ ਇਹਨਾਂ ਦੀਆਂ ਤੋਪਾਂ ਉੱਤੇ ਡਿਗਦੇ ਕਿ ਹਰ ਦੂਜੇ ਚੌਥੇ ਗੋਲੇ ਨਾਲ ਕੋਈ ਨਾ ਕੋਈ ਤੋਪ ਨਕਾਰਾ ਹੋ ਜਾਂਦੀ ਜਾਂ ਦੋ ਚਾਰ ਆਦਮੀ ਜ਼ਖਮੀ ਹੋ ਜਾਂਦੇ। ਨੁਕਸਾਨ ਬੇਸ਼ਕ ਸਿੱਖ ਕੈਂਪ ਵਿਚ ਵੀ ਹੋ ਰਿਹਾ ਹੋਵੇਗਾ, ਪਰ ਅੰਗਰੇਜ਼ ਸਿਪਾਹੀ ਉਹ ਨੁਕਸਾਨ ਵੇਖ ਨਹੀਂ ਸਨ ਸਕਦੇ। ਉਹਨਾਂ ਨੂੰ ਜਾਪਦਾ ਕਿ ਉਹਨਾਂ ਦੇ ਆਲੇ ਦੁਆਲੇ ਹੀ ਤੋਪਾਂ ਨਾਕਾਰਾ ਹੋ ਰਹੀਆਂ ਹਨ ਤੇ ਜ਼ਖਮੀ ਸਿਪਾਹੀ ਵਿਲਕ ਤੇ ਕੁਰਲਾ ਰਹੇ ਹਨ।

ਇਸ ਲੜਾਈ ਵਾਸਤੇ ਗਵਰਨਰ ਜਨਰਲ ਦਾ ਖ਼ਾਸ ਹੁਕਮ ਸੀ ਕਿ ਜ਼ਖਮੀਆਂ ਦੀ ਦੇਖ ਭਾਲ ਦਾ ਕੰਮ ਪੂਰੀ ਚੇਤੰਨਤਾ ਨਾਲ ਕੀਤਾ ਜਾਏ। ਮੁਰਦਿਆਂ ਨੂੰ ਵੀ ਤੋਪਾਂ ਦੇ ਨੇੜਿਉਂ ਤੇੜਿਉਂ ਧੂ ਕੇ ਪਿਛੇ ਲੈ ਆਂਦਾ ਜਾਏ। ਹਰ ਇਕ ਪਲਟਨ ਦੇ ਨਾਲ ਇਕ ਉਚੇਚਾ ਡਾਕਟਰ ਤੋਰਿਆ ਗਿਆ ਜਿਸ ਨੂੰ ਦਵਾਈਆਂ ਦਾ ਇਕ ਭਰਿਆ ਝੋਲਾ ਦਿਤਾ ਗਿਆ। ਗਵਰਨਰ ਜਨਰਲ ਨਹੀਂ ਸੀ ਚਾਹੁੰਦਾ ਕਿ ਅੰਤਕੀਂ ਫਿਰ ਫੇਰੂ ਸ਼ਹਿਰ ਵਰਗਾ ਸਾਕਾ ਉਹਨਾਂ ਸਾਹਮਣੇ ਪੇਸ਼ ਆਵੇ।

ਬੇਸ਼ਕ ਡਾਕਟਰੀ ਪ੍ਰਬੰਧ ਅਤਿ ਚੰਗਾ ਸੀ, ਪਰ ਫਿਰ ਵੀ ਆਸੇ ਪਾਸੇ ਮੁਰਦੇ ਤੇ ਜ਼ਖਮੀ ਹੁੰਦੇ ਆਦਮੀ ਸਿਪਾਹੀਆਂ ਉੱਤੇ ਅਜੀਬ ਤਰ੍ਹਾਂ ਦਾ ਅਸਰ ਪਾਂਦੇ। ਇਹਨਾਂ ਮੁਰਦਿਆਂ ਤੇ ਜ਼ਖਮੀਆਂ ਦਾ ਲਹੂ, ਲੱਥਾਂ ਤੇ ਜ਼ਖਮੀਆਂ ਦੇ ਧੂਹੇ ਜਾਣ ਪਿਛੋਂ ਵੀ, ਤੋਪਾਂ ਉੱਤੇ ਜਾਂ ਧਰਤੀ ਉੱਤੇ ਖਿਲਰ ਰਿਹਾ ਹੁੰਦਾ ਤੇ ਇਹ ਲਹੂ ਉਹਨਾਂ ਨੂੰ ਦਹਿਲਾਂਦਾ ਲਗਦਾ।

ਓਧਰੋਂ ਸਿੱਖਾਂ ਦੇ ਕੈਂਪ ਵਿਚ ਕੋਈ ਹਿੱਲ ਜੁੱਲ ਜਾਂ ਦੌੜ ਭੱਜ ਹੁੰਦੀ ਨਜ਼ਰ ਨਾ ਆਉਂਦੀ। ਅੰਗਰੇਜ਼ੀ ਅਫ਼ਸਰਾਂ

Scanned by CamScanner

ਤੇ ਸਿਪਾਹੀਆਂ ਵਿਚ ਫਿਰ ਆਪਣੇ ਨੇਤਾਵਾਂ ਦੀ ਸਿਆਣਪ ਤੇ ਉਹਨਾਂ ਦੇ ਲਾਏ ਅੰਦਾਜ਼ਿਆਂ ਉੱਤੇ ਸ਼ਕ ਉਤਪੰਨ ਹੋਣ ਲਗੇ। ਸਿਪਾਹੀ ਨੂੰ ਜੇ ਦਸਿਆ ਜਾਏ ਕਿ ਫ਼ਲਾਣੇ ਵਕਤ ਉੱਤੇ ਫ਼ਲਾਣੀ ਗੱਲ ਹੋਵੇਗੀ ਤੇ ਜੇ ਉਹ ਗੱਲ ਨਾ ਹੋਵੇ ਤਾਂ ਉਹਦਾ ਹੌਸਲਾ ਸਹਿਜੇ ਹੀ ਢਹਿ ਜਾਂਦਾ ਹੈ। ਏਸੇ ਲਈ ਚੰਗੇ ਲੀਡਰ ਆਪਣੇ ਸਿਪਾਹੀਆਂ ਅਗੇ ਝੂਠੇ ਜਾਂ ਸੱਚੇ ਬਹੁਤੇ ਲਾਰੇ ਨਹੀਂ ਲਾਉਂਦੇ। ਜੇ ਚਾਰ ਲਾਰੇ ਪੁਗ ਜਾਣ ਤਾਂ ਐਨਾ ਫ਼ਰਿਦਾ ਨਹੀਂ ਹੁੰਦਾ ਜਿੰਨਾ ਕਿ ਇਕ ਲਾਰੇ ਦੇ ਨਾ ਪੁੱਗਣ ਨਾਲ ਨੁਕਸਾਨ ਹੋ ਸਕਦਾ ਹੈ। ਹਾਰਡਿੰਗ ਤੇ ਗਫ਼ ਇਸ ਭੇਤ ਨੂੰ ਸਮਝਦੇ ਸਨ, ਪਰ ਉਹਨਾਂ ਅਗੇ ਸਭ ਤੋਂ ਪਹਿਲੀ ਸਮੱਸਿਆ ਤਾਂ, ਕਿਵੇਂ ਨਾ ਕਿਵੇਂ, ਆਪਣੀ ਸੈਨਾ ਦਾ ਪ੍ਰਿਥਮ ਹੌਸਲਾ ਬੰਨ੍ਹਾਣਾ ਸੀ। ਜੇ ਉਹ ਇਹ ਲਾਰਾ ਨਾ ਲਾਂਦੇ ਤਾਂ ਫ਼ੌਜ ਲੜਾਈ ਵਾਸਤੇ ਪੂਰਨ ਤੌਰ ਉੱਤੇ ਤਿਆਰ ਹੀ ਨਹੀਂ ਸੀ ਹੋਣੀ।

"ਲੜਾਈ ਲਮਕਦੀ ਜਾ ਰਹੀ ਹੈ", ਗਫ਼ ਨੇ ਲਗ ਭਗ ਨੌਂ ਵਜੇ, ਹਾਰਡਿੰਗ ਤੋਂ ਪੁੱਛਿਆ। "ਦੋ ਘੰਟੇ ਲਗਾਤਾਰ ਮਾਰਾ ਮਾਰੀ ਨਾਲ ਸਿੱਖਾਂ ਦੇ ਕੈਂਪ ਨੂੰ ਅਜ਼ਾਂ ਵੀ ਨਹੀਂ ਆਈ।"

"ਯਸੂਹ ਮਸੀਹ ਦਾ ਸਰਾਪ ਇਹਨਾਂ ਸਿੱਖਾਂ ਉੱਤੇ! ਇਹਨਾਂ ਕੋਲ ਐਨਾ ਗੋਲਾ ਬਾਰੂਦ ਆ ਕਿਵੇਂ ਗਿਆ। ਰਣਜੀਤ ਸਿੰਘ ਕਿਹੋ ਜਿਹੀ ਸ਼ਖਸੀਅਤ ਹੋਵੇਗੀ। ਉਸ ਕਿਵੇਂ ਇਸ ਨਿੱਕੇ ਜਿੰਨੇ ਦੇਸ਼ ਨੂੰ ਐਨੀ ਵਡੀ ਫ਼ੌਜੀ ਤਾਕਤ ਬਣਾ ਦਿਤਾ ਤੇ ਕਿਵੇਂ ਸੈਨਾ ਦੇ ਹਥਿਆਰਾਂ ਨੂੰ ਪੂਰਨਤਾ ਦੇ ਪਦ ਤਕ ਪਹੁੰਚਾਇਆ। ਅਸੀਂ ਜਿਹੜੇ ਆਪਣੇ ਆਪ ਨੂੰ ਐਨੇ ਮਹਾਨ ਤੇ ਲਾਇਕ ਸਮਝਦੇ ਹਾਂ ਤੋਪਖਾਨੇ ਦੀ ਘਾਟ ਤੇ ਇਹਦੀ ਵਰਤੋਂ ਵਿਚ ਇਹਨਾਂ ਤੋਂ ਚਕੂਰ ਪਿਛੇ ਹਾਂ।"

"ਲਾਹੌਰ ਪਹੁੰਚਣ ਤੇ ਸਭ ਤੋਂ ਪਹਿਲੇ ਮੈਂ ਤੋਪਾਂ ਦੇ ਕਾਰਖ਼ਾਨੇ ਵੇਖਣ ਦੀ ਲੋਚਨਾ ਰਖਦਾ ਹਾਂ। ਮੈਂ ਵੇਖਣਾ ਚਾਹੁੰਦਾ ਹਾਂ ਕਿ ਇਹ ਕਿਸ ਤਰ੍ਹਾਂ ਲੋਹਾ ਢਾਲਦੇ, ਨਾਲੀਆਂ ਘੜਦੇ ਤੇ ਤੋਪਾਂ ਨੂੰ ਸੰਪੂਰਨ ਕਰਦੇ ਹਨ। ਤੇ ਦੂਜੀ ਸ਼ੈ ਇਹਨਾਂ ਦੀ ਵੇਖਣ ਵਾਲੀ ਹੋਵੇਗੀ ਇਹਨਾਂ ਦੇ ਗੋਲਿਆਂ ਤੇ ਬਾਰੂਦ ਦੇ ਕਾਰਖ਼ਾਨੇ। ਕਿਵੇਂ ਇਹ ਲੋਕ ਅਠੇਕ ਯੂਰਪੀਨ ਕੌਮਾਂ ਨਾਲੋਂ ਵੀ ਚੰਗੇਰੇ ਗੋਲੇ ਤਿਆਰ ਕਰਨ ਵਿਚ ਸਫਲ ਹੋਏ? ਕੁਝ ਸਮਝ ਨਹੀਂ ਲਗਦੀ।"

"ਬਸ! ਜੇ ਅੱਜ ਇਹਨਾਂ ਵਿਚ ਕਿਸੇ ਸ਼ੈ ਦੀ ਘਾਟ ਹੈ ਤਾਂ ਉਹ ਆਪ ਰਣਜੀਤ ਸਿੰਘ ਹੈ। ਇਕ ਰਣਜੀਤ ਸਿੰਘ ਬਾਝੋਂ ਅਸੀਂ ਅਜ ਇਸ ਚੰਗੀ ਅਸਥਿਤੀ ਵਿਚ ਹਾਂ।"

"ਤੁਸੀਂ ਇਕ ਹਰਪਾਲ ਸਿੰਘ ਮਾਹਿਲ ਬਾਰੇ ਸੁਣਿਆ ਹੈ?"

"ਨਹੀਂ ਤੇ।"

"ਮੈਨੂੰ ਹੈਨਰੀ ਫ਼ੇਨ, ਰਿਚਮੰਡ ਤੇ ਬਰਾਡਫੁਟ ਨੇ ਦਸਿਆ ਹੈ ਕਿ ਹਰਪਾਲ ਸਿੰਘ ਮਾਹਿਲ ਤੇ ਲਹਿਣਾ ਸਿੰਘ ਮਜੀਠੀਆ ਉਹ ਦੋ ਪ੍ਰਤਿਭਾਵਾਂ ਸਨ ਜਿਨ੍ਹਾਂ ਨੇ ਕਿ ਸਿੱਖ ਫ਼ੌਜ ਦਾ ਤੋਪਖਾਨਾ ਇਸ ਹਾਲਤ ਵਿਚ ਲਿਆਂਦਾ।"

"ਨਿਰਸੰਦੇਹ ਸਿੱਖਾਂ ਨੇ ਥੋੜੇ ਜਿਹੇ ਸਮੇਂ ਵਿਚ ਹੀ ਅਠੇਕ ਪ੍ਰਤਿਭਾਵਾਂ ਪੈਦਾ ਕੀਤੀਆਂ ਹਨ..."

ਦੋਵੇਂ ਨੇਤਾ ਪੰਜ ਸੱਤ ਮਿੰਟ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਰਹੇ। ਓਧਰ ਜਦ ਗੋਲੇ ਉੱਤੇ ਗੋਲਾ ਪੈ ਰਿਹਾ ਹੋਵੇ ਤੇ ਬੰਦੇ ਉੱਤੇ ਬੰਦਾ ਮਰ ਰਿਹਾ ਹੋਵੇ ਤਾਂ ਜੰਗੀ ਨੇਤਾਵਾਂ ਵਿਚਕਾਰ ਇਸ ਭਾਂਤ ਦੀਆਂ ਵਿਹਲੀਆਂ ਗੱਲਾਂ ਅਜੀਬ ਲਗਦੀਆਂ ਹਨ, ਪਰ ਨਵੀਨ ਲੜਾਈ ਵਿਚ ਇਸ ਤਰ੍ਹਾਂ ਦੀ ਵਿਹਲ ਜੰਗੀ ਨੇਤਾ ਵਾਸਤੇ ਕੁਦਰਤੀ ਹੋ ਗਈ ਹੈ। ਲੜਾਈ ਇਉਂ ਪੇਚੀਦਾ ਹੋ ਰਹੀ ਹੈ ਕਿ ਹਰ ਵਾਰ ਜਰਨੈਲ ਦਾ, ਤਲਵਾਰ ਹੱਥ ਲੈ ਕੇ, ਆਪਣੀ ਸੈਨਾ ਦੇ ਮੂਹਰੇ ਮੂਹਰੇ ਤੁਰਨਾ ਮੌਹਮਲ ਤੇ ਬਚਗਾਨਾ ਲਗਦਾ ਹੈ। ਤੋਪਖਾਨੇ ਤੇ ਹੋਰਨਾਂ ਹਥਿਆਰਾਂ ਦੀ ਕਾਢ ਤੇ ਵਰਤੋਂ ਨੇ ਪਿਛਲੇ ਜ਼ਮਾਨੇ ਦੀ ਲੜਾਈ-ਢੰਗਾਂ ਵਿਚ ਅਨੇਕ ਤਬਦੀਲੀਆਂ ਲੈ ਆਂਦੀਆਂ ਹਨ। ਇਕ ਪਖੋਂ ਫ਼ੌਜੀ ਨੇਤਾਵਾਂ ਵਾਸਤੇ ਇਹ ਵਿਹਲ ਜ਼ਰੂਰੀ ਹੋ ਗਈ ਹੈ। ਲੜਾਈ ਦੇ ਦੌਰਾਨ ਵਿਚ ਨਵੀਆਂ ਤਜਵੀਜ਼ਾਂ ਸੋਚਣ ਵਾਸਤੇ ਤੇ ਬਦਲਦੇ ਹਾਲਾਤ ਅਨੁਸਾਰ ਪੈਂਤੜੇ ਬਦਲਣ ਵਾਸਤੇ ਨਵੇਕਲਾਪਨ ਤੇ ਵਿਹਲ ਆਵਸ਼ਕ ਹੈ। ਤੇ ਇਹ ਨਵੇਕਲਾਪਨ ਤੇ ਵਿਹਲ ਤਾਂ ਹੀ ਮਿਲ ਸਕਦੀ ਹੈ ਜੇ ਲੜਾਈ ਸ਼ੁਰੂ ਹੋਣ ਤੋਂ ਪਿਛੋਂ ਨੇਤਾ ਅਸਲੀ ਘੋਲ ਤੋਂ ਦੁਰਾਡੇ ਰਹਿਣ।

ਗਵਰਨਰ ਜਨਰਲ ਤੇ ਸੈਨਾਪਤੀ ਇਸ ਤਰ੍ਹਾਂ ਦੁਰਾਡੇ ਰਹਿ ਕੇ ਆਪਣੀ ਪਲੈਨ ਦੀ ਪੂਰਤੀ ਵੇਖਣ ਦਾ ਮਾਣ ਲੈਣਾ ਚਾਹੁੰਦੇ ਸਨ, ਪਰ ਹਾਲਾਤ ਪਲੋ ਪਲ ਵਿਗੜਦੇ ਗਏ ਸਨ। ਹੁਣੇ ਹੁਣੇ ਤੋਪਖਾਨੇ ਦੇ ਜਰਨੈਲ ਵਲੋਂ ਖ਼ਬਰ ਆਈ ਕਿ ਤੋਪਾਂ ਦੀ ਲੜਾਈ ਜਿੱਤੀ ਨਹੀਂ ਜਾ ਸਕੇਗੀ। ਇਹ ਖ਼ਬਰ ਕਨਿੰਘਮ ਨੇ ਸੁਣਾਈ।

Scanned by CamScanner

ਗਫ਼ ਨੇ ਕਿਹਾ, "ਇਹੋ ਮੈਨੂੰ ਭੰਖਲਾ ਸੀ ਸਰ ਹਾਰਡਿੰਗ ! ਸਾਨੂੰ ਜਲਦੀ ਹੀ ਹੱਲੇ ਦੇ ਹੁਕਮ ਘਲਣੇ ਪੈਣਗੇ ।"

"ਹਾਂ । ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ", ਹੌਲੀ ਹੌਲੀ ਹਾਰਡਿੰਗ ਨੇ ਇਹ ਸ਼ਬਦ ਕਹੇ ਜਿਵੇਂ ਕਿ ਉਹ ਆਪਣੀ ਮਰਜ਼ੀ ਦੇ ਉਲਟ ਇਹ ਹੁਕਮ ਦੇ ਰਿਹਾ ਹੋਵੇ, "ਸਰ ਰਾਬਰਟ ਡਿਕ ਨੂੰ ਇਤਲਾਹ ਦਿਤੀ ਜਾਵੇ ਕਿ ਪਹਿਲੇ ਦਿਤੇ ਹੁਕਮਾਂ ਮੁਜਬ ਆਪਣਾ ਹਮਲਾ ਸ਼ੁਰੂ ਕਰੇ । ਗਿਲਬਰਟ ਤੇ ਹੈਰੀ ਸਮਿੱਥ ਨੂੰ ਤਿਆਰ ਰਹਿਣ ਵਾਸਤੇ ਕਿਹਾ ਜਾਏ ।"

ਹੁਕਮ ਚਲੇ ਗਏ ਤੇ ਹਾਰਡਿੰਗ ਤੇ ਗਫ਼ ਫਿਰ ਵਿਹਲੇ ਹੋ ਗਏ । ਸਵਾ ਨੌ ਵਜੇ ਰਾਬਰਟ ਡਿਕ ਨੇ ਹਮਲਾ ਸ਼ੁਰੂ ਕੀਤਾ । ਹਾਰਡਿੰਗ ਤੇ ਗਫ਼ ਨੇ ਵੇਖਿਆ । ਹਾਰਡਿੰਗ ਨੇ ਕਾਹਲੇ ਪੈਂਦਿਆਂ ਕਿਹਾ, "ਸਰ ਗਫ਼ ! ਮੈਨੂੰ ਜਾਪਦਾ ਹੈ ਕਿ ਫੇਰੂ ਸ਼ਹਿਰ ਵਾਂਙ ਅੱਜ ਵੀ ਮੈਨੂੰ ਸੈਨਾ ਦੇ ਮੂਹਰੇ ਹੋ ਕੇ ਲੜਨਾ ਪਵੇਗਾ ।"

"ਨਹੀਂ ਸਰ ਹਾਰਡਿੰਗ ਜੇ ਰੱਬ ਨੇ ਚਾਹਿਆ ਤਾਂ ਇਹੋ ਜਿਹੀ ਕਿਸੇ ਖੇਚਲ ਦੀ ਲੋੜ ਨਹੀਂ ਪਏਗੀ । ਮੈਨੂੰ ਜਾਪਦਾ ਹੈ ਕਿ ਹੁਣ ਜਲਦੀ ਹੀ ਤੇਜ ਸਿੰਘ ਤੇ ਲਾਲ ਸਿੰਘ ਆਪਣੇ ਬਚਨ ਪੂਰੇ ਕਰਨਗੇ । ਅਜੇ ਤਕ ਸ਼ਾਇਦ ਉਹ ਕੁੱਝ ਕਰ ਨਹੀਂ ਸਕੇ ।"

"ਹੋ ਸਕਦਾ ਹੈ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਆਮਦ ਨੇ ਉਹਨਾਂ ਦੇ ਮਨਸੂਬੇ ਗਾਲ ਦਿਤੇ ਹੋਣ ।"

"ਹੋ ਸਕਦਾ ਹੈ ਸਰ ਹਾਰਡਿੰਗ ! ਸ਼ਾਮ ਸਿੰਘ ਅਟਾਰੀਵਾਲੇ ਦੀ ਸਿੱਖ ਪੰਥ ਤੇ ਸਿੱਖ ਫ਼ੌਜਾਂ ਵਿਚ ਬੜੀ ਧਾਂਕ ਹੈ । ਮੈਨੂੰ ਕਿਸੇ ਨੇ ਦਸਿਆ ਹੈ ਕਿ ਉਹ ਅੰਤਕੀਂ ਜਿੱਤਣ ਜਾਂ ਮਰ ਮਿਟਣ ਦਾ ਪ੍ਰਣ ਕਰ ਕੇ ਆਇਆ ਹੈ ।"

"ਮੈਂ ਫਿਰ ਇਹਨਾਂ ਸਿੱਖਾਂ ਦੀ ਸਪਿਰਟ ਉੱਤੇ ਹੈਰਾਨ ਹੁੰਦਾ ਹਾਂ । ਤੁਸੀਂ ਜਾਣਦੇ ਹੋ ਸਾਡੇ ਦੇਸ਼ ਵਿਚ ਵੀ ਕਈ ਮਜ਼ਬੀ ਲਹਿਰਾਂ ਚਲੀਆਂ ਹਨ ਤੇ ਕਈ ਖ਼ੂਨ ਖ਼ਰਾਬੇ ਹੋਏ ਹਨ, ਪਰ ਕੋਈ ਲਹਿਰ ਪੰਜਾਹ ਸਠ ਸਾਲ ਤੋਂ ਵਧ ਨਹੀਂ ਤਗੀ । ਖ਼ਾਲਸੇ ਵਿਚ, ਦੂਜੇ ਹੱਥ, ਪਿਛਲੇ ਡੇਢ ਸੌ ਸਾਲ ਵਿਚ ਕੁਰਬਾਨੀ, ਅਲਗ਼ਰਜ਼ੀ ਤੇ ਸ਼ਹੀਦੀਆਂ ਪਾਣ ਦੀ ਸਪਿਰਟ ਨਹੀਂ ਮੁਕੀ ।"

"ਵੇਖੋ, ਸਰ ਹਾਰਡਿੰਗ ! ਸਰ ਰਾਬਰਟ ਨੂੰ ਮੈਂ ਨਵੀਆਂ ਪਲਟਨਾਂ ਦਿਤੀਆਂ ਹਨ ਜਿਵੇਂ ਕਿ ਦਸਵੀਂ ਪੈਦਲ ਤੇ ਮਲਕਾ ਦੀ ਤਿਰਵੰਜਵੀਂ ਪੈਦਲ ਇਹ ਪਲਟਨਾਂ ਪਹਿਲੇ ਸਿੱਖਾ ਸਾਹਮਣੇ ਨਹੀਂ ਆਈਆਂ । ਸੋ ਉਹਨਾਂ ਵਿਚ ਸਿੱਖਾਂ ਦੀ ਸੂਰਮਗਤੀ ਦਾ ਡਰ ਨਹੀਂ ਹੋਵੇਗਾ । ਸਰ ਰਾਬਰਟ ਆਪ ਵੀ ਇਕ ਨਿਡੱਰ ਜਰਨੈਲ ਹੈ । ਲੋੜ ਪੈਣ ਸਮੇਂ ਉਹ ਆਪ ਡਵੀਯਨ ਦੇ ਅਗੇ ਟੁਰਨ ਤੋਂ ਨਹੀਂ ਝਕੇਗਾ ।"

"ਚਲੋ ਥੋੜੀ ਦੂਰ ਅਗਾਂਹ ਚਲੀਏ । ਇਸ ਥਾਂ ਤੋਂ ਲੜਾਈ ਦਾ ਮੈਦਾਨ ਪੂਰੀ ਤਰ੍ਹਾਂ ਨਜ਼ਰ ਨਹੀਂ ਆ ਰਿਹਾ । ਕਨਿੰਘਮ ! ਕੋਈ ਚੰਗੀ ਥਾਂ ਸਾਹਮਣੇ ਵੇਖੀ ਹੈ ?"

"ਜੀ ਹਜ਼ੂਰ ! ਤੁਹਾਡੇ ਕਹੇ ਅਨੁਸਾਰ ਮੈਂ ਇਕ ਟੇਕਰੀ ਚੁਣ ਰਖੀ ਹੈ ਤੇ ਸਭ ਹਰਕਾਰਿਆਂ ਨੂੰ ਇਹਦੀ ਖ਼ਬਰ ਵੀ ਦੇ ਦਿਤੀ ਹੈ ।"

ਹਾਰਡਿੰਗ, ਗਫ਼, ਕਨਿੰਘਮ ਗਰੇਡੀ ਤੇ ਬਾਕੀ ਅਮਲਾ ਆਪਣੀ ਪਹਿਲੀ ਰੇਤਲੀ ਟੇਕਰੀ ਤੋਂ ਟੁਰ ਕੇ ਦੂਜੀ ਟੇਕਰੀ ਤਕ ਆਇਆ । ਏਥੋਂ ਡਿਕ ਦਾ ਡਵੀਯਨ ਹਮਲਾ ਕਰਦਾ ਵੇਖਿਆ ਜਾ ਸਕਦਾ ਸੀ ।

ਡਵੀਯਨ ਵਧ ਰਿਹਾ ਸੀ, ਪਰ ਬੜੇ ਨੁਕਸਾਨ ਨਾਲ । ਅਨੇਕ ਆਦਮੀ ਦੁਸ਼ਮਣ ਦਿਆਂ ਗੋਲਿਆਂ ਤੇ ਗੋਲੀਆਂ ਨਾਲ ਡਿਗਦੇ ਨਜ਼ਰ ਆ ਰਹੇ ਸਨ ।

"ਕਾਲਮਾਂ ਵਿਚ ਵੰਡਣ ਦੀ ਬਜਾਏ ਸ਼ਾਇਦ ਪਾਲਾ ਬਣਾ ਕੇ ਅਸੀਂ ਗ਼ਲਤੀ ਕੀਤੀ ਹੈ," ਗਵਰਨਰ ਜਨਰਲ ਨੇ ਕਿਹਾ ।

ਸ਼ਾਇਦ !" ਗਫ਼ ਨੇ ਪੁੱਜ਼ਤਾ ਕੀਤੀ, "ਨੁਕਸਾਨ ਬੇਸ਼ਕ ਕਾਫ਼ੀ ਹੋ ਰਿਹਾ ਹੈ ।"

ਲੂੰਣ ਜਰਨੈਲ ਗਿਲਬਰਟ ਨੂੰ ਵੀ ਹਮਲਾ ਕਰਨ ਦਾ ਹੁਕਮ ਮਿਲਿਆ...ਇਕ ਹੋਰ ਡਵੀਯਨ ਦੁਸ਼ਮਣ ਦੇ ਮਧ ਵਲ ਵਧ ਰਿਹਾ ਸੀ ।

ਐਨੇ ਵਿਚ ਖ਼ਬਰ ਆਈ ਕਿ ਸਰ ਰਾਬਰਟ ਡਿਕ ਡਵੀਯਨ ਦੀ ਕਮਾਣ ਕਰਦਿਆਂ ਜ਼ਖ਼ਮੀ ਹੋ ਗਿਆ ਹੈ, ਪਰ ਫਿਰ ਵੀ ਦੁਸ਼ਮਣ ਦਿਆਂ ਕੁਝ ਜ਼ੰਬੂਰਚਿਆਂ ਤੇ ਉਹਦੇ ਮੋਰਚਿਆਂ ਉੱਤੇ ਕਬਜ਼ਾ ਕਰ ਲਿਆ ਗਿਆ ਹੈ ।

Scanned by CamScanner

"ਹੈਰਾਨੀ ਦਾ ਸਥਾਨ ਹੈ। ਏਥੋਂ ਤਾਂ ਸਾਨੂੰ ਕੁਝ ਵੀ ਨਹੀਂ ਸੀ ਦਿਸਦਾ," ਗਫ਼ ਨੇ ਕਿਹਾ।

"ਤੋਪਾਂ ਦੇ ਫਟਦੇ ਗੋਲਿਆਂ ਤੇ ਨੱਸਦੇ ਭੱਜਦੇ ਸਿਪਾਹੀਆਂ ਨਾਲ ਉਡੀ ਗਰਦ ਨੇ ਦੁਪਹਿਰਾਂ ਵੇਲੇ ਹੀ ਰਾਤ ਪਾ ਦਿਤੀ ਹੈ," ਗਵਰਨਰ ਜਨਰਲ ਬੋਲਿਆ।

ਪਰ ਡਿਕ ਦੇ ਡਵੀਯਨ ਵਿਚੋਂ ਆਏ ਖ਼ਬਰ ਰਸਾਣ ਨੇ ਇਹ ਵੀ ਸੱਅ ਪਹੁੰਚਾਈ ਕਿ ਜੇ ਡਵੀਯਨ ਨੂੰ ਜਲਦੀ ਕੁਮਕ ਨਾ ਪੁਜੀ ਤਾਂ ਹੋ ਸਕਦਾ ਹੈ ਡਵੀਯਨ ਪਸਪਾ ਹੋਣਾ ਸ਼ੁਰੂ ਹੋ ਜਾਏ।

"ਇਸ ਹਾਲਤ ਵਿਚ ਗਿਲਬਰਟ ਦੇ ਡਵੀਯਨ ਨੂੰ ਹੌਲੀ ਹੌਲੀ ਆਪਣੇ ਖੱਬੇ ਵਧਣ ਦਾ ਹੁਕਮ ਹੋਣਾ ਚਾਹੀਦਾ ਹੈ। ਪਰ ਇਸ ਤਰ੍ਹਾਂ ਕਿ ਦੁਸ਼ਮਣ ਨੂੰ ਗਿਲਬਰਟ ਦੇ ਪਿਛੇ ਹਟਣ ਤੇ ਡਿਕ ਦੀ ਮਦਦ ਵਾਸਤੇ ਜਾਣ ਦਾ, ਅਹਿਸਾਸ ਨਾ ਹੋਵੇ। ਦੁਸ਼ਮਣ ਇਉਂ ਹੀ ਸਮਝੇ ਕਿ ਇਹੋ ਹੀ ਸਾਡੀ ਸ਼ੁਰੂ ਦੀ ਪਲੈਨ ਹੈ। ਇਸ ਦੇ ਨਾਲ ਨਾਲ ਹੈਰੀ ਸਮਿੱਥ ਆਪਣਾ ਡਵੀਯਨ ਲੈ ਕੇ ਦੁਸ਼ਮਣ ਦੇ ਖੱਬੇ ਹੱਥ ਉੱਤੇ ਚੜ੍ਹਾਈ ਕਰਨ ਦੀ ਬਜਾਏ ਦੁਸ਼ਮਣ ਦੇ ਥੋੜਾ ਮੱਧ ਵਲ ਵਧੇ ਤਾਂ ਜੋ ਗਿਲਬਰਟ ਦੇ ਡਵੀਯਨ ਵਲੋਂ ਖ਼ਾਲੀ ਕੀਤੀ ਜਾ ਰਹੀ ਥਾਂ ਪੂਰ ਹੋ ਸਕੇ।" ਗਵਰਨਰ ਜਨਰਲ ਨੇ ਆਪਣਾ ਹੁਕਮ ਸੁਣਾਇਆ ਤੇ ਫਿਰ ਉਸ ਕਨਿੰਘਮ ਨੂੰ ਕਿਹਾ :

"ਇਹ ਹੁਕਮ ਬੜੇ ਜ਼ਰੂਰੀ ਹਨ। ਇਹਨਾਂ ਦੇ ਸੁਣਾਨ ਜਾਂ ਸਮਝਣ ਵਿਚ ਥੋੜੀ ਜਿੰਨੀ ਗ਼ਲਤੀ ਵੀ ਲੜਾਈ ਦੇ ਨਤੀਜਿਆਂ ਵਾਸਤੇ ਹਾਨੀਕਾਰਕ ਹੋ ਸਕਦੀ ਹੈ। ਤੂੰ ਆਪ ਜਾ ਕੇ ਜਰਨੈਲ ਗਿਲਬਰਟ ਤੇ ਹੈਰੀ ਸਮਿੱਥ ਨੂੰ ਇਹ ਹੁਕਮ ਸੁਣਾ।"

"ਜਿਵੇਂ ਆਗਿਆ ਹਜ਼ੂਰ।"

ਕਨਿੰਘਮ ਚਲਾ ਗਿਆ ਤੇ ਗਵਰਨਰ ਜਨਰਲ ਨੇ ਗਫ਼ ਨੂੰ ਕਿਹਾ : "ਮੇਰੇ ਮਨ ਵਿਚ ਫਿਰ ਸ਼ਕ ਉਠ ਰਹੇ ਹਨ। ਰੱਬ ਖ਼ੈਰ ਕਰੇ।"

"ਯਸੂਹ ਮਸੀਹ ਅੱਜ ਸਾਡੀ ਮਦਦ ਜ਼ਰੂਰ ਕਰੇਗਾ, ਸਰ ਹਾਰਡਿੰਗ। ਮੈਨੂੰ ਤੇਜ ਸਿੰਘ ਤੇ ਲਾਲ ਸਿੰਘ ਦੀ ਗੱਦਾਰੀ ਉੱਤੇ ਵਿਸ਼ਵਾਸ ਹੈ।"

"ਜੇ ਹਾਲਾਤ ਖ਼ਰਾਬ ਹੋ ਗਏ ਸਰ ਗਫ਼ ਤਾਂ ਮੈਂ ਜੀਂਦਿਆਂ ਰਣਭੂਮੀ ਵਿਚੋਂ ਨਹੀਂ ਮੁੜਨਾ...।"

੧੪੫

ਡਿੱਕ ਦੇ ਡਵੀਯਨ ਨੂੰ ਪਿਛੇ ਹਟੇਦਿਆਂ ਵੇਖ ਕੇ ਸ਼ਾਮ ਸਿੰਘ ਨੇ ਆਪਣੇ ਮਿੱਤਰੇ ਚੂਹੜ ਸਿੰਘ ਨੂੰ ਕਿਹਾ, "ਔਹ ਵੇਖ ਜਿਵੇਂ ਮੈਂ ਕਿਹਾ ਸੀ ਉਵੇਂ ਹੀ ਹੋ ਰਿਹਾ ਹੈ। ਅੰਗਰੇਜ਼ਾਂ ਦਾ ਖੱਬਾ ਡਵੀਯਨ ਪਿਛੇ ਹਟਣਾ ਸ਼ੁਰੂ ਹੋ ਗਿਆ ਹੈ। ਜੇ ਇਕ ਘੰਟਾ ਲੜਾਈ ਦਾ ਇਹੋ ਹਾਲ ਰਿਹਾ ਤਾਂ ਅਵੱਸ਼ ਸਾਡੀ ਜਿੱਤ ਹੋਵੇਗੀ।"

"ਸਾਡੇ ਜਵਾਨ ਕਿਸ ਤਰ੍ਹਾਂ ਲੜ ਰਹੇ ਹਨ ? ਗੁਰੂ ਬਾਜਾਂ ਵਾਲੇ ਨੇ ਕਿਹਾ ਸੀ, 'ਸਵਾ ਲਾਖ ਸੇ ਏਕ ਲੜਾਊਂ' ਤੇ ਉਹਨਾਂ ਇਹ ਕਰਾਮਾਤ ਸੱਚ ਕਰ ਕੇ ਵਿਖਾਈ, ਪਰ ਅੱਜ ਵੀ ਖ਼ਾਲਸੇ ਵਿਚ ਸਪਿਰਟ ਉਹੋ ਹੈ।"

"ਕਾਸ਼ ! ਚੂਹੜ ਸਿੰਘ ਅੱਜ ਸ਼ੇਰੇ-ਪੰਜਾਬ ਸਾਡੇ ਵਿਚਕਾਰ ਹੁੰਦੇ। ਪਹਿਲਾਂ ਤਾਂ ਏਥੇ ਤਕ ਨੌਬਤ ਹੀ ਨਹੀਂ ਆਉਣੀ ਸੀ ਤੇ ਜੇ ਗੋਰਿਆਂ ਤੇ ਸਿੱਖਾਂ ਦੀ ਆਪੋ ਵਿਚ ਖੜਕ ਵੀ ਪੈਂਦੀ ਤਾਂ ਵੀ ਸ਼ੇਰੇ-ਪੰਜਾਬ ਨਾਲ ਅਸਾਂ ਦਿੱਲੀ ਤੋਂ ਉਰੇ

Scanned by CamScanner

ਕਿਤੇ ਨਹੀਂ ਸੀ ਰੁਕਣਾ। ਜਿਸ ਸੈਨਾ ਨੂੰ ਉਹਨਾਂ ਨੇ ਜਿਸ ਮਤਲਬ ਵਾਸਤੇ ਤਿਆਰ ਕੀਤਾ ਤੇ ਸਿਖਾਇਆ, ਉਹ ਸੈਨਾ ਅੱਜ ਉਸ ਮਤਲਬ ਦੀ ਪੂਰਤੀ ਵਾਸਤੇ ਜੁੜੀ ਤਾਂ ਹੈ, ਪਰ ਉਹਨਾਂ ਤੋਂ ਬਗ਼ੈਰ ਇਹ ਰਾਹ ਭੁਲੇ ਮਨੁੱਖ ਵਾਂਗ ਪਰੇਸ਼ਾਨ ਹੋ ਰਹੀ ਹੈ।"

"ਕਾਸ਼ ! ਸ਼ਾਮ ਸਿੰਘ ਇਉਂ ਹੋ ਸਕਦਾ। ਅੱਜ ਤੂੰ ਤੇ ਮੈਂ ਹੀ ਕੀਰਨੇ ਨਹੀਂ ਪਾ ਰਹੇ, ਦੇਸ਼ ਦਾ ਇਕ ਇਕ ਜੀਅ ਤੇ ਸੈਨਾ ਦਾ ਇਕ ਇਕ ਸਿਪਾਹੀ ਇਹੋ ਵੈਣ ਪਾ ਰਿਹਾ ਹੈ। ਇਕ ਸਰਕਾਰ ਬਾਝੋਂ ਜਿੱਤਾਂ ਹਾਰਾਂ ਵਿਚ ਵਟਦੀਆਂ ਗਈਆਂ ਹਨ। ਪਰ ਸ਼ਾਮ ਸਿੰਘ ਅੱਜ ਨਿਰਾਸ ਹੋਣ ਦਾ ਦਿਨ ਨਹੀਂ। ਮੈਨੂੰ ਜਾਪਦਾ ਹੈ ਸਭਰਾਵਾਂ ਦੀ ਲੜਾਈ ਸਾਡੇ ਹੱਥ ਰਹੇਗੀ। ਅੱਜ ਅਸੀਂ ਬੇਰੇ-ਪੰਜਾਬ ਦੀਆਂ ਕੀਤੀਆਂ ਦਾ ਬਦਲਾ ਚੁੜਾ ਸਕਾਂਗੇ। ਤੇ ਜੇ ਅੱਜ ਅਸੀਂ ਸਫ਼ਲ ਹੋਏ, ਤਾਂ ਜਿਵੇਂ ਤੂੰ ਤੇ ਮੈਂ ਫ਼ੈਸਲਾ ਕੀਤਾ ਹੈ, ਅਸੀਂ ਪੰਜਾਬ ਦਾ ਭਵਿੱਖਤ ਆਪਣੇ ਹੱਥ ਲਵਾਂਗੇ।"

"ਅਜੇ ਤਕ ਤਾਂ ਗੋਰਿਆਂ ਨੂੰ ਕਿਤੇ ਸਫ਼ਲਤਾ ਨਹੀਂ ਹੋਈ। ਮੇਰਾ ਖ਼ਿਆਲ ਹੈ ਕਿ ਅਸੀਂ ਅੱਗੇ ਚਲੀਏ...।"

"ਅਜੇ ਨਹੀਂ ਸ਼ਾਮ ਸਿੰਘ ! ਜੇ ਅਸੀਂ ਇਹ ਗੜ੍ਹੀ ਛੱਡ ਦਿਤੀ, ਤਾਂ ਤੇਜ ਸਿੰਘ ਜ਼ਰੂਰ ਕੋਈ ਨਾ ਕੋਈ ਉਸ਼ਟੰਡ ਖੜਾ ਕਰ ਕੇ ਤੇ ਡੋਗਰੇ ਸਿਪਾਹੀ ਨਾਲ ਲੈ ਕੇ ਭਜ ਜਾਏਗਾ ; ਪਹਿਲੀਆਂ ਦੋ ਲੜਾਈਆਂ ਵਿਚ ਉਸ ਇਉਂ ਹੀ ਕੀਤਾ ਸੀ। ਜੇ ਅੱਜ ਉਹ ਅਜੇ ਤਕ ਨਸਿਆ ਨਹੀਂ ਤਾਂ ਸਾਡੇ ਮੂੰਹ ਨੂੰ।"

"ਸ਼ਾਇਦ ਤੂੰ ਠੀਕ ਹੀ ਆਖਦਾ ਹੈਂ। ਪਰ ਚੂਹੜ ਸਿੰਘ ਸਰਦਾਰ ਦਾ ਸੈਨਾ ਤੋਂ ਪਿਛੇ ਰਹਿਣਾ ਯੋਗ ਨਹੀਂ।"

"ਠੀਕ ਹੈ ਪਰ...।"

ਅਜੇ ਗੱਲ ਚੂਹੜ ਸਿੰਘ ਦੇ ਮੂੰਹ ਵਿਚ ਹੀ ਸੀ ਕਿ ਇਕ ਸਿੱਖ ਦੌੜਦਾ ਹੋਇਆ ਆਇਆ, "ਸਰਦਾਰ ਜੀ ! ਤੇਜ ਸਿੰਘ ਨੇ ਹਜ਼ਾਰ ਕੁ ਡੋਗਰਿਆਂ ਨਾਲ ਦਰਿਆ ਤੋਂ ਪਾਰ ਜਾਣਾ ਸ਼ੁਰੂ ਕਰ ਦਿਤਾ ਹੈ।"

"ਹੈਂ ?" ਸ਼ਾਮ ਸਿੰਘ ਹੈਰਾਨ ਹੋਇਆ।

"ਗਿਆ ਕਿਥੇ ਉਹ ?" ਚੂਹੜ ਸਿੰਘ ਨੇ ਪੁਛਿਆ, "ਅਜੇ ਦਸ ਪੰਦਰਾਂ ਮਿੰਟ ਪਹਿਲੇ ਤਾਂ ਉਹ ਏਥੇ ਸੀ।"

"ਉਹ ਗੜ੍ਹੀ ਦੀ ਪਿਛਲੀ ਬਾਹੀ ਵਲੋਂ ਟੁਰ ਗਿਆ ਹੈ। ਕਿਸੇ ਨੇ ਉਹਦੇ ਮੂੰਹੋਂ ਇਹ ਸ਼ਬਦ ਸੁਣੇ ਸਨ। ਹੁਣ ਸ਼ਾਮ ਸਿੰਘ ਚੌਧਰੀ ਬਣ ਬੈਠਾ ਹੈ। ਸੋ ਉਹਨੂੰ ਹੀ ਜੱਸ ਖਟਣ ਦਿਉ। ਸਾਡੀ ਪਹਿਲੀ ਕੀਤੀ ਕੱਤਰੀ ਉਸ ਆ ਕੇ ਖੂਹੇ ਪਾ ਸੁਟੀ ਹੈ ਤੇ ਫਿਰ ਅਸੀਂ ਕਿਉਂ ਭੂਤੇ ਹੋਏ ਸਿੱਖਾਂ ਵਾਸਤੇ ਜਾਨ ਦੇਈਏ...।"

"ਵਾਹ ਤੇਜ ਸਿੰਘਾ !" ਸ਼ਾਮ ਸਿੰਘ ਬੋਲਿਆ।

"ਗੱਦਾਰੀ, ਨਿਮਕ ਹਰਾਮੀ, ਬੇਹਯਾਈ ਦੀ ਹੱਦ ਹੋ ਗਈ ਸ਼ਾਮ ਸਿੰਘ। ਆਪਣੀ ਬੁੱਕਲ ਵਿਚ ਅਸੀਂ ਇਹ ਸੱਪ ਕਿਡੇ ਪਿਆਰ ਨਾਲ ਪਾਲੇ...?"

ਏਨੇ ਵਿਚ ਇਕ ਹੋਰ ਹਰਕਾਰਾ ਆਇਆ। ਇਹ ਡਿੱਕ ਦੇ ਸਾਹਮਣੇ ਲੜ ਰਹੀ ਸੈਨਾ ਦਾ ਇਕ ਆਦਮੀ ਸੀ, "ਸਰਦਾਰ ਜੀ ! ਸਾਡੇ ਨਾਲ ਦਗਾ ਹੋਇਆ। ਅਸੀਂ ਲੁੱਟੇ ਗਏ। ਸਾਡਾ ਗੋਲਾ ਬਾਰੂਦ ਮੁਕ ਗਿਆ ਹੈ। ਹੁਣ ਬੰਦ ਬਕਸਿਆਂ ਤੇ ਬੋਰੀਆਂ ਵਿਚੋਂ ਇੱਟਾਂ ਪੱਥਰ ਤੇ ਸਰ੍ਹੋਂ ਨਿਕਲ ਰਹੀ ਹੈ।"

ਸ਼ਾਮ ਸਿੰਘ ਤੇ ਚੂਹੜ ਸਿੰਘ ਇਹ ਖ਼ਬਰ ਸੁਣ ਕੇ ਹੱਕੇ ਬੱਕੇ ਰਹਿ ਗਏ।

"ਕੀ ਇਹ ਸੱਚ ਹੋ ਸਕਦਾ ਹੈ ?" ਚੂਹੜ ਸਿੰਘ ਨੇ ਜਿਵੇਂ ਆਪਣੇ ਆਪ ਕੋਲੋਂ ਪੁਛਿਆ ?

ਏਨੇ ਵਿਚ ਗੜ੍ਹੀ ਦੇ ਸੱਜੇ ਬੁਰਜ ਵਿਚੋਂ ਸਿੰਘ ਆਇਆ ਤੇ ਉਸ ਵੀ ਇਹੋ ਸੋਅ ਸੁਣਾਈ, ਸਾਡੇ ਨਾਲ ਕਿਸੇ ਨੇ ਧੋਖਾ ਕੀਤਾ ਹੈ ਸਰਦਾਰ ਜੀ ! ਬਾਰੂਦ ਦੀ ਥਾਂ ਸਰ੍ਹੋਂ ਨਿਕਲ ਰਹੀ ਹੈ।"

ਦੰਦ ਪੀਸ ਕੇ ਸ਼ਾਮ ਸਿੰਘ ਨੇ ਕਿਹਾ : "ਧੰਨ ਹੈਂ ਤੂੰ ਗੁਲਾਬ ਸਿੰਘ। ਧੰਨ ਹੋ ਤੁਸੀਂ ਦੋ ਡੋਗਰਾ ਭਰਾ।"

ਇਕ ਦੋ ਮਿੰਟਾਂ ਲਈ ਸ਼ਾਮ ਸਿੰਘ ਚੁੱਪ ਖਲੋਤਾ ਆਪਣੇ ਸਾਹਮਣੇ ਤੱਕਦਾ ਰਿਹਾ, ਤੇ ਅੰਤ ਉਹ ਬੋਲਿਆ : "ਹੁਣ ਇਹ ਦੋ ਨਹੀਂ ਚੁਕ ਸਕਦਾ, ਚੂਹੜ ਸਿੰਘ। ਫਿਰ ਵੀ ਮੈਂ ਆਖ਼ਰੀ ਤਾਣ ਲਾਉਣ ਲਈ ਤੇਜ ਸਿੰਘ ਵਲ ਜਾਂਦਾ ਹਾਂ ਤੇ ਤੂੰ ਜਨਮ ਭੂਮੀ ਵਿਚ ਜਾ। ਖ਼ਾਲਸੇ ਨੂੰ ਹੌਸਲਾ ਦੇ। ਸਾਰੇ ਮੋਰਚਿਆਂ ਦਾ ਚੱਕਰ ਲਾ ਕੇ ਸ਼ੀਘਰ ਆਉਣ ਦੀ ਕਰੀਂ। ਮੈਂ ਤੈਨੂੰ ਉਡੀਕਾਂਗਾ।"

ਸ਼ਾਮ ਸਿਘ ਲੰਮੇ ਲੰਮੇ ਡਗ ਭਰਦਾ ਤੇਜ ਸਿੰਘ ਦੀ ਫ਼ਰਾਰੀ ਦੀ ਖ਼ਬਰ ਲਿਆਉਣ ਵਾਲੇ ਆਦਮੀ ਨਾਲ ਟੁਰ

Scanned by CamScanner

ਪਿਆ। ਉਹ ਗੜ੍ਹੀ ਦੀ ਪਿਛਲੀ ਬਾਹੀ ਵਲ ਗਿਆ ਤੇ ਉਸ ਵੇਖਿਆ ਕਿ ਉਹ ਹਜ਼ਾਰ ਡੂਢ ਹਜ਼ਾਰ ਆਦਮੀਆਂ ਨਾਲ ਬੇੜੀਆਂ ਦੇ ਪੁਲ ਤੋਂ ਪਾਰ ਹੋ ਰਿਹਾ ਹੈ। ਸ਼ਾਮ ਸਿੰਘ ਉੱਥੇ ਹੀ ਰੁਕ ਗਿਆ। ਨਹੀਂ, ਉਸ ਸੋਚਿਆ, ਤੇਜ ਸਿੰਘ ਵਰਗੇ ਆਦਮੀ ਦੇ ਪਿਛੇ ਜਾਣ ਦਾ ਕੋਈ ਫ਼ਾਇਦਾ ਨਹੀਂ। ਤੇ ਫੇਰ ਉਹਦੇ ਵੇਂਹਦਿਆਂ ਵੇਂਹਦਿਆਂ ਇਹ ਡੰਗਰੇ ਦਰਿਆ ਤੋਂ ਪਾਰ ਹੋ ਗਏ, ਤੇ ਉੱਥੇ ਖਲੋਤਿਆਂ ਸ਼ਾਮ ਸਿੰਘ ਨੇ ਉਹਨਾਂ ਦਾ ਇਕ ਹੋਰ ਕਾਰਾ ਵੀ ਤੱਕਿਆ। ਬੇੜੀਆਂ ਦੇ ਪੁਲ ਦੀ ਵਿਚਕਾਰਲੀ ਕਿਸ਼ਤੀ ਤੋੜ ਦਿਤੀ ਗਈ ਲਗਦੀ ਸੀ। ਬਾਕੀ ਦੀਆਂ ਬੇੜੀਆਂ ਨਾਲੋਂ ਵੱਖਰੀ ਹੋ ਕੇ ਉਹ ਦਰਿਆ ਵਿਚ ਰੁੜ੍ਹ ਰਹੀ ਸੀ। ਦਰਿਆ ਦੇ ਆਰ ਪਾਰ ਸੰਬੰਧ ਟੁੱਟ ਗਿਆ। ਹੁਣ ਪਾਰੋਂ ਕੋਈ ਸਹਾਇਤਾ ਨਹੀਂ ਸੀ ਪਹੁੰਚ ਸਕਦੀ ਤੇ ਏਧਰੋਂ ਕੋਈ ਆਦਮੀ ਪਾਰ ਨਹੀਂ ਸੀ ਜਾ ਸਕਦਾ।

ਸ਼ਾਮ ਸਿੰਘ ਮੁੜ ਆਇਆ।

ਉਹ ਗੜ੍ਹੀ ਵਿਚ ਘੁੰਮਿਆ। ਉਸ ਬੁਰਜਾਂ ਵਿਚ ਬੈਠੇ ਤੇ ਮੋਰਿਆ ਨੂੰ ਚੁਣ ਚੁਣ ਮਾਰਦੇ ਸਿਪਾਹੀਆਂ ਨੂੰ ਇਕੱਠਾ ਕੀਤਾ ਤੇ ਆਖਿਆ : "ਬਹਾਦਰੋ ! ਗੱਦਾਰ ਨੱਸ ਗਏ ਹਨ। ਗੋਰੇ ਸਾਡੇ ਦੇਸ਼ ਦੀ ਆਜ਼ਾਦੀ ਲੁੱਟਣ ਵਾਸਤੇ ਵਧਦੇ ਆ ਰਹੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਿਖਾਇਆ ਹੈ ਕਿ ਗ਼ੁਲਾਮੀ ਦੇ ਜੀਣ ਨਾਲੋਂ ਅਜ਼ਾਦੀ ਦੀ ਮੌਤ ਚੰਗੀ ਹੈ ਤੇ ਅੱਜ ਅਸੀਂ ਆਪਣੀ ਅਜ਼ਾਦੀ ਲਈ ਸ਼ਹੀਦੀਆਂ ਪਾਣੀਆਂ ਹਨ ਤੇ ਇਹੋ ਇਸ ਲੜਾਈ ਦਾ ਫ਼ੈਸਲਾ ਹੈ।"

"ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੂੰਜੇ। ਮੋਰਚਿਆਂ ਵਿਚ ਲੜਦੇ ਸਿਪਾਹੀਆਂ ਨੇ ਸਮਝਿਆ ਕਿ ਕੋਈ ਤਾਜ਼ਾ ਦਮ ਕੁਮਕ ਪਹੁੰਚ ਗਈ ਹੈ। ਜਾਂ ਜਿਵੇਂ ਇੱਟਾਂ, ਪੱਥਰਾਂ ਤੇ ਮਿੱਟੀ ਤੇ ਸਰ੍ਹੋਂ ਦੀ ਥਾਂ ਤੇ ਅਸਲੀ ਗੋਲੇ ਬਾਰੂਦ ਦਾ ਜਹਾਜ਼ ਪਹੁੰਚ ਗਿਆ ਹੈ।

ਪੈਰ ਪੈਰ ਪਿਛਾਂਹ ਹਟਦੀ ਸੈਨਾ ਥੰਮ ਗਈ, ਤੇ ਸਰਦਾਰ ਸ਼ਾਮ ਸਿੰਘ ਬਾਕੀ ਆਦਮੀਆਂ ਨਾਲ ਗੜ੍ਹੀ ਵਿਚੋਂ ਬਾਹਰ ਆਇਆ। ਉਸ ਸਾਰੇ ਮੋਰਚਿਆਂ ਦਾ ਜਾਇਜ਼ਾ ਲਿਆ। ਸੱਜੇ ਪਾਸੇ ਸਿੱਖ ਪਸਪਾ ਹੋ ਰਹੇ ਸਨ, ਪਰ ਮੱਧ ਵਿਚ ਉਹ ਅਜੇ ਤਕ ਵੀ ਅੜੇ ਹੋਏ ਸਨ। ਉਸ ਇਹ ਵੀ ਵੇਖਿਆ ਕਿ ਕਈ ਆਦਮੀਆਂ ਨੇ ਸ੍ਰੀ ਸਾਹਿਬ ਸੂਤ ਲਈ ਹੈ। ਬੇਸ਼ਕ ਇਹ ਉਹ ਆਦਮੀ ਸਨ, ਜਿਨ੍ਹਾਂ ਦਾ ਬਾਰੂਦ ਮੁਕ ਚੁਕਾ ਸੀ ਤੇ ਜਿਨ੍ਹਾਂ ਨੇ ਹੋਰ ਕੋਈ ਚਾਰਾ ਨਹੀਂ ਸੀ ਵੇਖਿਆ।

ਹੁਣ ਸ਼ਾਮ ਸਿੰਘ ਨੇ ਦਰਿਆਉਂ ਪਾਰ ਨਜ਼ਰ ਮਾਰੀ। ਉਹਨੂੰ ਲੱਗਾ ਕਿ ਉਹ ਸਰਦਾਰ ਲਾਲ ਸਿੰਘ ਨੂੰ ਵੇਖ ਸਕਦਾ ਹੈ। ਉਹ ਘੋੜੇ ਤੇ ਚੜ੍ਹਿਆ ਟਹਿਲ ਰਿਹਾ ਸੀ। ਉਸ ਖ਼ਾਲਸਾ ਫ਼ੌਜ ਦਾ ਰਸਾਲਾ ਵੀ ਵੇਖਿਆ। ਇਸ ਰਸਾਲੇ ਨੇ ਜੰਗ ਵਿਚ ਕੋਈ ਭਾਗ ਨਹੀਂ ਸੀ ਲਿਆ। ਇਹ ਸ਼ਾਮ ਸਿੰਘ ਨੇ ਸੋਚਿਆ, ਸਰਦਾਰ ਲਾਲ ਸਿੰਘ ਦੀ ਮਿਹਰਬਾਨੀ ਹੈ। ਸ਼ਾਮ ਸਿੰਘ ਦੇ ਇਕ ਨਿਕਟਵਰਤੀ ਤੇਜਾ ਸਿੰਘ ਨੇ ਕਿਹਾ : "ਸਰਦਾਰ ਜੀ ! ਹੁਣ ਤਾਂ ਦਰਿਆਉਂ ਪਾਰੋਂ ਗੋਲੇ ਆਉਣੇ ਵੀ ਬੰਦ ਹੋ ਗਏ ਹਨ।"

"ਹਾਂ, ਤੇਜਾ ਸਿੰਘ ! ਹੁਣ ਹੌਲੀ ਹੌਲੀ ਮੈਨੂੰ ਲਗਦਾ ਹੈ, ਡੰਗਰੇ ਦਰਿਆਉਂ ਪਾਰੋਂ ਵੀ ਨਸਣਾ ਸ਼ੁਰੂ ਕਰ ਦੇਣਗੇ। ਇਹਨਾਂ ਨੇ ਸਾਡੀ ਸੈਨਾ ਨੂੰ ਮਰਵਾਣ ਦੀ ਪੱਕੀ ਠਾਣ ਲਈ ਹੈ।"

"ਸਰਦਾਰ ਜੀ ! ਜਿੱਤ ਕਿਵੇਂ ਸਾਡੇ ਹੱਥਾਂ ਵਿਚੋਂ ਤਿਲਕ ਗਈ ਹੈ। ਅੰਗਰੇਜ਼ ਸੱਜੇ ਮੋਰਚੇ ਤੋਂ ਪਿਛੇ ਹਟਦੇ ਹਟਦੇ ਅੱਗੇ ਵਧਣ ਲਗ ਪਏ ਸਨ। ਤੁਸੀਂ ਜਾਣਦੇ ਹੋ ਕਿ ਸਾਰੀ ਸੈਨਾ ਵਿਚ ਤੇਜ ਸਿੰਘ ਦੀ ਗ਼ਦਾਰੀ ਦੀ ਖ਼ਬਰ ਧੂੰਮ ਗਈ ਹੈ।"

"ਜ਼ਰੂਰ ਧੂੰਮ ਗਈ ਹੋਵੇਗੀ, ਤੇਜਾ ਸਿੰਘ, ਪਰ ਇਹ ਤੇਜ ਸਿੰਘ ਦੀ ਗ਼ਦਾਰੀ ਨੇ ਨਹੀਂ, ਗੋਲੇ ਬਾਰੂਦ ਦੀ ਕਮੀ ਨੇ ਸੈਨਾ ਦੇ ਹੌਸਲਿਆਂ ਵਿਚ ਫ਼ਰਕ ਪਾਇਆ ਹੈ। ਜਿਨ੍ਹਾਂ ਨੇ ਭੱਜਣਾ ਹੁੰਦਾ ਹੈ, ਉਹ ਭੱਜੇ ਹੀ ਜਾਂਦੇ ਹਨ, ਤੇ ਜਿਨ੍ਹਾਂ ਨੇ ਲੜਨਾ ਹੁੰਦਾ ਹੈ, ਉਹ ਹਰ ਹੀਲੇ ਲੜਦੇ ਰਹਿੰਦੇ ਹਨ। ਤੂੰ ਵੇਖੀਂ ਅਸੀਂ ਅਜ ਸ਼ਹੀਦ ਹੋ ਕੇ ਕਿਵੇਂ ਦੁਨੀਆਂ ਦੇ ਸਾਹਮਣੇ ਇਕ ਮਿਸਾਲ ਕਾਇਮ ਕਰ ਜਾਵਾਂਗੇ।"

"ਬੁਰਾ ਨਾ ਮੰਨਣਾ ਸਰਦਾਰ ਜੀ, ਮੈਂ ਇਕ ਗੱਲ ਕਹਿੰਦਾ ਹਾਂ। ਤੁਹਾਡੇ ਨਾਲ ਅਨੇਕ ਵਰ੍ਹੇ ਕੱਟੇ ਹਨ ਤੇ ਤੁਹਾਡੇ ਮੇਰੇ ਉੱਤੇ ਬੜੇ ਅਹਿਸਾਨ ਹਨ, ਏਸੇ ਲਈ ਹਿੰਮਤ ਕਰ ਰਿਹਾ ਹਾਂ।"

"ਆਖ ਤੇਜਾ ਸਿੰਘ ! ਤੈਨੂੰ ਕਿਸ ਗੱਲ ਦੀ ਝਿਜਕ ਹੈ ?"

Scanned by CamScanner

' ਸਰਦਾਰ ਜੀ ! ਜੇ ਤੁਸੀਂ ਸ਼ਹੀਦ ਹੋ ਗਏ, ਤਾਂ ਪੰਥ ਦਾ ਕੀ ਬਣੇਗਾ। ਸਾਡਾ ਰਾਜ ਗੋਰਿਆਂ ਹੱਥ ਵਿੱਕ ਜਾਏਗਾ।"

"ਹਾਂ, ਤੇਗਾ ਸਿੰਘ ! ਇਹੋ ਜ਼ੋ ਮੈਨੂੰ ਉਦਾਸ ਕਰ ਰਹੀ ਹੈ, ਪਰ ਹੁਣ ਕੋਈ ਵਿਚਾਰ ਮੈਨੂੰ ਸ਼ਹੀਦੀ ਤੋਂ ਰੋਕ ਨਹੀਂ ਸਕਦੇ। ਦਰਅਸਲ ਅਟਾਰੀਉਂ ਤਾਂ ਮੈਂ ਇਹੋ ਧਾਰ ਕੇ ਤੁਰਿਆ ਸਾਂ, ਸਿਰਫ਼ ਏਥੇ ਆ ਕੇ ਹੀ ਮੈਂ ਸੈਨਾ ਦਾ ਉਤਸ਼ਾਹ ਵੇਖ ਕੇ ਆਸ਼ਾ-ਜਨਕ ਹੋ ਗਿਆ। ਮੈਨੂੰ ਲੱਗਾ ਕਿ ਸ਼ਾਇਦ ਗੁਰੂ ਮਹਾਰਾਜ ਸਾਨੂੰ ਸਫ਼ਲਤਾ ਬਖ਼ਸ਼ੇ। ਪਰ ਨਹੀਂ।"

"ਸਰਦਾਰ ਜੀ ! ਮੈਂ ਤੁਹਾਡਾ ਦੇਣਦਾਰ ਹਾਂ। ਮੈਂ ਕੀ ਆਖਾਂ।"

"ਬਸ ਤੇਗਾ ਸਿੰਘ ! ਤੂੰ ਅਟਾਰੀ ਜਾ ਕੇ ਸਾਰਿਆਂ ਨੂੰ ਸਾਡੀ ਫਤਹਿ ਗਜਾਈਂ। ਆਖਣਾ ਕਿ ਕੋਈ ਸਿਦਕ ਤੋਂ ਨਾ ਡੋਲੇ ! ਕੋਈ ਉਦਾਸ ਤੇ ਨਿਰਾਸ਼ ਨਾ ਹੋਵੇ। ਰੋਏ ਨਾ। ਅੰਗਰੇਜ਼ਾਂ ਨਾਲ ਮਿਲਵਰਤਨ ਨਹੀਂ ਕਰਨੀ। ਆਪਣੇ ਹੱਕਾਂ ਵਾਸਤੇ ਡਟੇ ਰਹਿਣਾ ਹੈ।"

ਏਨੇ ਵਿਚ ਸ਼ਾਮ ਸਿੰਘ ਤੇ ਉਹਦੇ ਆਲੇ ਦੁਆਲੇ ਜੁੜੇ ਜੱਥੇ ਨੂੰ ਚੂਹੜ ਸਿੰਘ ਇਕ ਦੋ ਸਾਥੀਆਂ ਨਾਲ ਆਪਣੇ ਵਲ ਆਉਂਦਾ ਦਿਸਿਆ। ਚੂਹੜ ਸਿੰਘ ਠੇਡੇ ਆਇਆਂ। ਉਹਦੀ ਚਿੱਟੀ ਦਾੜ੍ਹੀ ਲਹੂ ਨਾਲ ਰੱਤੀ ਹੋ ਚੁਕੀ ਸੀ। ਉਹਦਾ ਚੋਲਾ ਵੀ ਲਾਲ ਸੀ। ਉਹ ਆਇਆ ਤੇ ਜੁੜੇ ਬੰਦਿਆਂ ਨੇ ' ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ'' ਦਾ ਜੈਕਾਰਾ ਛੱਡਿਆ। "ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ" ਚੂਹੜ ਸਿੰਘ ਨੇ ਵੀ ਜੈਕਾਰਾ ਗਜ ਇਆ ਤੇ ਉਸ ਕਿਹਾ : "ਮਿੱਤਰ ਸ਼ਾਮ ਸਿੰਘ ! ਖ਼ਾਲਸਾ ਰਾਜ ਨਾਲ ਧਰੋਹ ਹੋਇਆ ਹੈ। ਅਜਿਹੀ ਗੱਦਾਰੀ ਹੋਈ ਹੈ ਜਿਹੋ ਜਿਹੀ ਗੱਦਾਰੀ ਕਿ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਹੋਈ ਹੋਣੀ ਤੇ ਨਾ ਹੀ ਹੋਵੇਗੀ। ਅਸੀਂ ਜਿੱਤ ਰਹੇ ਸੀ ਸ਼ਾਮ ਸਿੰਘ ! ਖ਼ਾਲਸਾ ਹਰ ਮੋਰਚੇ ਤੇ ਫ਼ਤਿਹ ਪਾ ਰਿਹਾ ਸੀ। ਗੋਰੇ ਤੇ ਪੂਰਬੀਏ ਸਾਡੇ ਨਿਸ਼ਾਨੇ ਵੇਖ ਕੇ ਦੰਗ ਹੋ ਗਏ ਸਨ। ਸਜੇ ਮੋਰਚਿਆਂ ਵਿਚ, ਜਿਥੇ ਕਿ ਕੁਝ ਗੋਰੇ ਤੇ ਪੂਰਬੀਏ ਸਾਡੇ ਮੋਰਚਿਆਂ ਤੇ ਚੜਿਆਂ ਉੱਤੇ ਕਾਬਜ਼ ਹੋ ਗਏ, ਸਾਡੇ ਸੂਰਿਆਂ ਨੇ ਤਲਵਾਰਾਂ ਨਾਲ ਉਹਨਾਂ ਦੀ ਬੋਟੀ ਬੋਟੀ ਕਰ ਸੁੱਟੀ। ਪਰ ਐਸ ਵਲੇ, ਸ਼ਾਮ ਸਿੰਘਾ, ਗੋਲਾ ਬਾਰੂਦ ਮੁਕ ਗਿਆ। ਐਸ ਵੇਲੇ, ਇੱਟੇ, ਪੱਥਰ, ਕੰਕਰ ਤੇ ਸਰੋਂ ਉਹਨਾਂ ਨੂੰ ਮਿਲੀ। ਸ਼ਾਮ ਸਿੰਘ ਮਿੱਤਰਾ ! ਖ਼ਾਲਸਾ ਰਾਜ ਗੱਦਾਰਾਂ ਨੇ ਲੁਟਾ ਦਿਤਾ।" ਚੂਹੜ ਸਿੰਘ ਨੇ ਰੁਮਾਲ ਨਾਲ ਆਪਣੀ ਗਲ੍ਹ ਉੱਤੇ ਆਏ ਜ਼ਖ਼ਮ ਤੋਂ ਲਹੂ ਪੂੰਝਿਆ।

"ਮਾਹਿਲ ਸਰਦਾਰਾ ! ਅਸੀਂ ਕਿਹਨੂੰ ਦੋਸ਼ ਦੇਈਏ। ਜੋ ਹੋ ਗਿਆ ਸੋ ਹੋ ਗਿਆ। ਹੁਣ ਸਾਡੇ ਸਾਹਮਣੇ ਬਸ ਇਕ ਸ਼ਹੀਦੀ ਦਾ ਹੀ ਰਾਹ ਖੁਲ੍ਹਾ ਹੈ। ਸਾਡੇ ਪਿਛੋਂ ਸ਼ਾਇਦ ਕੋਈ ਸੂਰਾ ਜਾਂ ਆਪਾ ਵਾਰੂ ਪ੍ਰਤਿਭਾ ਹੋਰ ਉਠੇ...ਪਰ ਉਦੋਂ ਤਕ ...।"

"ਮੈਂ ਸਾਰੇ ਮੋਰਚਿਆਂ ਉੱਤੇ ਚੱਕਰ ਲਾ ਕੇ ਆਇਆ ਹਾਂ। ਮੈਨੂੰ ਵੇਖਦਿਆਂ ਹੀ ਸਾਡੇ ਬਹਾਦਰ ਬਸ ਇਹੋ ਹੀ ਆਖਦੇ ਨੇ ਕਿ ਉਹਨਾਂ ਨਾਲ ਧੱਖਾ ਹੋਇਆ ਹੈ। ਸ਼ਾਮ ਸਿੰਘ ! ਸੱਜੇ ਮੋਰਚੇ ਹਾਰੇ ਜਾ ਚੁਕੇ ਹਨ ਤੇ ਮੱਧ ਵਿਚ ਗੋਰਿਆਂ ਦਾ ਜ਼ੋਰ ਵਧ ਰਿਹਾ ਹੈ।"

"ਤੇ ਮੱਧ ਵਿਚ ਹੀ ਅਸੀਂ ਗੋਰਿਆਂ ਉੱਤੇ ਹੱਲਾ ਕਰਾਂਗੇ..."

"ਅੱਜ ਤੋਂ ਕੋਈ ਡੂਢ ਸੌ ਵਰ੍ਹਾ ਪਹਿਲੇ, ਚਪੜਚੇੜੀ ਦੇ ਮੈਦਾਨ ਵਿਚ, ਸ਼ਾਹਬਾਜ਼ ਸਿੰਘ ਨੇ ਇਸ ਰਾਜ ਦੀ ਨੀਂਹ ਰਖੀ ਤੇ ਅੱਜ ਸਤਲੁਜ ਦੇ ਕਿਨਾਰੇ ਸਭਰਾਵਾਂ ਦੇ ਮੈਦਾਨ ਵਿਚ, ਚੂਹੜ ਸਿੰਘ ਇਸ ਰਾਜ ਦਾ ਸੋਹਿਲਾ ਪੜ੍ਹ ਰਿਹਾ ਹੈ। ਇਉਂ ਹੋਣੀ ਸੀ ਸਾਡੇ ਨਾਲ, ਮੈਂ ਨਹੀਂ ਸੀ ਜਾਣਦਾ।" ਚੂਹੜ ਸਿੰਘ ਦੀ ਆਵਾਜ਼ ਭਰ ਆਈ।

"ਚੂਹੜ ਸਿੰਘ ! ਰੰਜ ਹੋਣ ਦਾ ਸਮਾਂ ਨਹੀਂ, ਅਜੇ ਸਾਡਾ ਰਾਜ ਨਹੀਂ ਖੁਸਾ। ਅਜੇ ਵੀ ਸ਼ਾਇਦ ਕੋਈ ਨਾ ਕੋਈ ਇਹਨੂੰ ਬਚਾਅ ਸਕੇ। ਤੇਗਾ ਸਿੰਘ ! ਘੋੜੇ ਤਿਆਰ ਹਨ ਕੀ ?"

"ਤਿਆਰ ਹਨ, ਸਰਦਾਰ ਜੀ।"

ਸ਼ਾਮ ਸਿੰਘ ਨੇ ਇਕ ਵਾਰ ਫਿਰ ਆਪਣੇ ਆਲੇ ਦੁਆਲੇ ਵੇਖਿਆ ਤੇ ਉਸ ਕਿਹਾ : "ਚਲੋ ਸੂਰਿਓ ! ਅੱਜ ਗੋਰਿਆਂ ਨੂੰ ਸਾਬਤ ਕਰ ਦਿਓ ਕਿ ਪੰਜਾਬੀਆਂ ਵਰਗੀ ਬਹਾਦਰ ਕੌਮ ਦੁਨੀਆਂ ਵਿਚ ਹੋਰ ਕੋਈ ਨਹੀਂ...।"

ਇਸ ਤੋਂ ਅਗੋਂ ਜੋ ਕੁਝ ਸ਼ਾਮ ਸਿੰਘ ਨੇ ਕਿਹਾ ਉਹ ਚੂਹੜ ਸਿੰਘ ਨੇ ਨਹੀਂ ਸੁਣਿਆ। ਉਹਦਾ ਖ਼ਿਆਲ ਇਕਾ

Scanned by CamScanner

ਇਕ ਅਜੀਤ ਵਲ ਚਲਾ ਗਿਆ । ਐਸ ਵੇਲੇ ਅਜੀਤ ਕੀ ਕਰ ਰਿਹਾ ਹੋਵੇਗਾ ? ਉਸ ਗੋਲਿਆਂ ਦੇ ਮੁਕ ਜਾਣ ਬਾਰੇ ਕਿਸ ਤਰ੍ਹਾਂ ਮਹਿਸੂਸ ਕੀਤਾ ਹੋਵੇਗਾ ? ਜਦੋਂ ਉਹ ਵੇਖੇਗਾ ਕਿ ਦਰਿਆ ਦੇ ਪਾਰੋਂ ਇਕ ਵੀ ਆਦਮੀ ਜੀਂਦਾ ਨਹੀਂ ਮੁੜ ਰਿਹਾ ਤਾਂ ਉਹ ਕੀ ਸੋਚੇਗਾ ? ਚੂਹੜ ਸਿੰਘ ਨੇ ਦਿਲ ਹੀ ਦਿਲ ਵਿਚ ਕਿਹਾ, "ਅਜੀਤ ਨੂੰ ਖੁਟਕ ਗਈ ਸੀ ਕਿ ਮੈਂ ਉਹਨੂੰ ਜਾਣ ਕੇ ਦਰਿਆ ਦੇ ਉਸ ਪਾਸੇ ਛਡ ਰਿਹਾ ਹਾਂ । ਉਹਨੂੰ ਖੁਟਕ ਗਈ ਸੀ ਕਿ ਮੈਂ ਇਸ ਲੜਾਈ ਵਿਚੋਂ ਜ਼ਿੰਦਾ ਨਹੀਂ ਮੁੜਨਾ । ਏਸੇ ਲਈ ਹੀ ਸ਼ਾਇਦ ਉਹ ਬਹੁਤ ਕਾਹਲਾ ਪੈ ਰਿਹਾ ਸੀ । ਪਰ ਕਿਵੇਂ ਚੁੱਪ ਕਰ ਗਿਆ ਜਦੋਂ ਮੈਂ ਉਹਨੂੰ ਕਿਹਾ ਕਿ ਸਿਪਾਹੀ ਸਵਾਲ ਨਹੀਂ ਪੁੱਛਦਾ । ਜੋ ਹੁਕਮ ਉਹਨੂੰ ਮਿਲਦਾ ਹੈ ਉਹ ਚਾਈਂ ਚਾਈਂ ਉਹੋ ਹੀ ਕਰਦਾ ਹੈ । ਸ਼ਾਇਦ ਮੈਨੂੰ ਅਜੀਤ ਨੂੰ ਨਾਲ ਲੈ ਆਉਣਾ ਚਾਹੀਦਾ ਸੀ । ਜਿਥੇ ਐਨੇ ਸਪੁੱਤਰ ਸ਼ਹੀਦ ਹੋ ਰਹੇ ਹਨ ਉੱਥੇ ਉਹ ਵੀ ਸ਼ਹੀਦ ਹੋ ਜਾਂਦਾ ਤਾਂ ਕੀ ਫ਼ਰਕ ਪੈਂਦਾ । ਪਰ..."

ਚੂਹੜ ਸਿੰਘ ਇਉਂ ਸੋਚ ਹੀ ਰਿਹਾ ਸੀ ਕਿ ਸ਼ਾਮ ਸਿੰਘ ਨੇ ਘੋੜੇ ਉੱਤੇ ਚੜ੍ਹ ਕੇ ਆਪ ਇਕ ਜੈਕਾਰਾ ਗਜਾਇਆ "ਬੋਲੇ ਸੋ ਨਿਹਾਲ — ਸਤਿ ਸ੍ਰੀ ਅਕਾਲ ।"

ਚੂਹੜ ਸਿੰਘ ਵੀ ਆਪਣੇ ਆਪ ਵਿਚ ਆਇਆ । ਉਹ ਸਤਿ ਸ੍ਰੀ ਅਕਾਲ ਗਜਾ ਕੇ ਸ਼ਾਮ ਸਿੰਘ ਨਾਲ ਹੋ ਤੁਰਿਆ ।

੧੪੬

"ਬਾਬਾ ਤੇ ਪਿਤਾ ਮੈਨੂੰ ਦਰਿਆ ਦੇ ਉਰਾਰ ਛਡ ਗਏ । ਉਹਨਾਂ ਮੇਰਾ ਤਰਲਾ ਨਾ ਮੰਨਿਆ । ਬਾਬਾ ਕਹਿਣ ਲਗਾ ਕਿ ਚੰਗੇ ਸਿਪਾਹੀ ਦਲੀਲਬਾਜ਼ੀ ਨਹੀਂ ਕਰਦੇ । ਉਹ ਚਲੇ ਗਏ ਤੇ ਮੈਂ ਉਦਾਸ ਹੋ ਗਿਆ । ਮੈਂ ਕਿਸੇ ਨਾਲ ਬੋਲਾਂ ਨਾ । ਇਕ ਮੈਨੂੰ ਨੂਰ ਅਹਿਮਦ ਮੁੜ ਮੁੜ ਕੇ ਯਾਦ ਆਵੇ ਤੇ ਇਕ ਮੈਨੂੰ ਯਾਦ ਆਉਣ ਮੁਦਕੀ ਤੇ ਫੇਰੂ ਸ਼ਹਿਰ ਵਿਚ ਮੇਰੇ ਨਾਲ ਲੜਨ ਵਾਲੇ ਸਾਥੀ । ਏਥੇ ਮੈਂ ਵਡੀਆਂ ਤੋਪਾਂ ਵਿਚ ਵੰਡਿਆ ਗਿਆ ਤੇ ਉਸ ਲਈ ਕੋਈ ਤੋਪ ਮੇਰੇ ਹਵਾਲੇ ਨਹੀਂ ਸੀ ਕੀਤੀ ਜਾ ਸਕਦੀ । ਇਸ ਗੱਲੋਂ ਵੀ ਮੈਂ ਉਦਾਸ ਸਾਂ । ਫਿਰ ਮੈਂ ਲੜਾਈ ਦੀ ਉਡੀਕ ਕਰਨ ਲਗਾ । ਸੋਚਦਾ ਸਾਂ ਕਿ ਜੇ ਲੜਾਈ ਸ਼ੁਰੂ ਹੋ ਗਈ ਤਾਂ ਸ਼ਾਇਦ ਮੈਂ ਕਿਵੇਂ ਨਾ ਕਿਵੇਂ ਦਰਿਆਓਂ ਪਾਰ ਜਾ ਸਕਾਂ ।" ਅਜੀਤ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਦੀ ਵਾਰਤਾ ਵਾਂਗ, ਅਜ ਆਪਣੀ ਬੇਬੇ ਗੁਰਮੀਤ ਨੂੰ ਸਭਰਾਵਾਂ ਦੀ ਲੜਾਈ ਦੀ ਵਾਰਤਾ ਸੁਣਾ ਰਿਹਾ ਸੀ ।

"ਕੀ ਫ਼ੌਜਾਂ ਵਿਚ ਪਹਿਲੇ ਜਿਹਾ ਉਤਸ਼ਾਹ ਨਹੀਂ ਸੀ ?"

"ਸੀ ਕਿਉਂ ਨਹੀਂ, ਬੇਬੇ ! ਹਰ ਸਿਪਾਹੀ ਦੇ ਮੂੰਹ ਇਹੋ ਸੀ ਕਿ ਐਤਕੀਂ ਅਸੀਂ ਗੋਰਿਆਂ ਦੀ ਬੁਰੀ ਬਾਂਹ ਕਰਨੀ ਹੈ । ਸ਼ਾਮ ਸਿੰਘ ਤੇ ਬਾਬੇ ਦੇ ਆਉਣ ਨਾਲ ਉਂਜ ਵੀ ਲੰਕ ਖੁਸ਼ ਸਨ । ਪਰ ਕੋਈ ਕੋਈ ਆਦਮੀ ਵਿਚੋਂ ਜ਼ਰੂਰ ਸ਼ਕ ਕਰਦਾ ਤੇ ਆਖਦਾ ਕਿ ਇਹ ਲੜਾਈ ਪੰਥ ਤੇ ਚੇਸ ਵਾਸਤੇ ਨਹੀਂ, ਰਾਣੀ ਜਿੰਦਾਂ ਆਪਣੀ ਖੁਦਗਰਜ਼ੀ ਵਾਸਤੇ ਕਰਵਾ ਰਹੀ ਹੈ । ਉਹ ਘੁਸਰ ਮੁਸਰ ਕਰਦੇ ਕਿ ਖ਼ਾਲਸਾ ਫ਼ੌਜ ਨੂੰ ਮਰਵਾ ਕੇ ਰਾਜ ਮਾਤਾ ਫ਼ੌਜ ਹੋਥੋਂ ਹੋਏ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣਾ ਚਾਹੁੰਦੀ ਹੈ । ਕਿਸੇ ਆਦਮੀ ਨੇ ਇਹ ਵੀ ਕਿਹਾ ਕਿ ਹੋ ਸਕਦਾ ਹੈ ਐਤਕੀਂ ਸਾਨੂੰ

Scanned by CamScanner

ਲੜਾਈ ਲਈ ਪੂਰਾ ਗੋਲਾ ਬਾਰੂਦ ਵੀ ਨਾ ਮਿਲ ਸਕੇ। ਰਾਣੀ ਜਿੰਦਾਂ ਕੋਈ ਗੋਂਦਾਂ ਗੁੰਦ ਰਹੀ ਹੈ। ਬੇਬੇ! ਕੀ ਰਾਜ ਮਾਤਾ ਨੇ ਹੀ ਸਚ ਮੁਚ ਖ਼ਾਲਸਈ ਸੈਨਾ ਨੂੰ ਮਰਵਾਇਆ ਹੈ?"

"ਇਹ ਕਿਸ ਤਰ੍ਹਾਂ ਹੋ ਸਕਦਾ ਹੈ ਅਜੀਤ?" ਗੁਰਮੀਤ ਨੇ ਬੜੀ ਮੁਸ਼ਕਲ ਨਾਲ ਆਪਣੇ ਅੱਥਰੂ ਰੋਕੇ, "ਰਾਜ ਮਾਤਾ ਕੀ ਸਾਡੇ ਨਾਲ ਇਹ ਧਰੋਹ ਕਮਾ ਸਕਦੀ ਹੈ? ਇਹ ਤਾਂ ਸਭ ਉਹਨਾਂ ਦੇ ਕਾਰੇ ਹਨ ਜਿਹੜੇ ਕਿ ਲਾਹੌਰ ਦਰਬਾਰ ਵਿਚ ਸਿਆਹੀ ਸੁਫ਼ੈਦੀ ਦੇ ਮਾਲਕ ਬਣੇ ਬੈਠੇ ਹਨ।

"ਪਰ ਜੰਗ ਦੇ ਪਹਿਲੋਂ ਵੀ ਤੇ ਪਿਛੋਂ ਵੀ ਸਿਪਾਹੀ ਲੋਕ ਗੱਲਾਂ ਤਾਂ ਇਸੇ ਤਰ੍ਹਾਂ ਦੀਆਂ ਕਰਦੇ ਸਨ।"

"ਇਹ ਸਭ ਝੂਠ ਹੈ ਅਜੀਤ ਤੇ ਅਫ਼ਸੋਸ ਇਸ ਗੱਲ ਦਾ ਹੈ ਕਿ ਇਹ ਮਹਾਂ ਕਾਲਾ ਝੂਠ ਇਕ ਸਚਾਈ ਬਣ ਕੇ ਇਤਿਹਾਸ ਵਿਚ ਰਚ ਜਾਏਗਾ। ਸਾਡੀ ਬਦਕਿਸਮਤੀ ਅਜੀਤ, ਹੋਰ ਕੀ।"

"ਬੇਬੇ! ਲੋਕੀ ਰਾਜ ਮਾਤਾ ਵਿਰੁਧ ਹੋਰ ਵੀ ਕਈ ਗੱਲਾਂ ਕਰਦੇ ਸਨ। ਪਰ ਮੈਂ ਤੈਨੂੰ ਉਹ ਨਹੀਂ ਦਸਾਂਗਾ। ਲੜਾਈ ਤੋਂ ਇਕ ਦਿਨ ਪਹਿਲੇ ਸਤਲੁਜ ਵਿਚ ਪਾਣੀ ਵਧ ਗਿਆ। ਪਹਾੜਾਂ ਵਿਚ ਮੀਂਹ ਵਸਿਆ ਹੋਣਾ ਹੈ ਕਿਉਂਕਿ ਨਵੇਂ ਆਏ ਪਾਣੀ ਦਾ ਰੰਗ ਗੰਧਲਾ ਸੀ। ਸਾਡੀ ਸੈਨਾ ਨੂੰ ਫ਼ਿਕਰ ਲਗ ਗਿਆ ਕਿ ਕਿਤੇ ਸਾਡਾ ਬੇੜੀਆਂ ਦਾ ਪੁਲ ਨਾ ਟੁਟ ਜਾਏ। ਉਹਦੀ ਹਿਫ਼ਾਜ਼ਤ ਵਾਸਤੇ ਕੁਝ ਆਦਮੀ ਵਖਰੇ ਨਿਯਤ ਕੀਤੇ ਗਏ। ਉਸ ਰਾਤ ਅਸੀਂ ਚਿਰਾਕੇ ਸੁੱਤੇ। ਸਾਡੀ ਬੈਟਰੀ ਵਿਚ ਇਕ ਸੁਰਜੀਤ ਸਿੰਘ ਬੜਾ ਗਲਾਧੜ ਸੀ। ਉਹ ਕਿਸੇ ਨੂੰ ਵੀ ਸੋਣ ਨਾ ਦੇਵੇ। ਜਦੋਂ ਅੰਤ ਸੁੱਤਾ ਤਾਂ ਸੁਪਨੇ ਵਿਚ ਮੈਂ ਫੇਰੂ ਸ਼ਹਿਰ ਦੀ ਲੜਾਈ ਦਾ ਨਜ਼ਾਰਾ ਤੱਕਿਆ ਤੇ ਸ਼ੇਰੂ ਨਾਲ ਗੱਲਾਂ ਕੀਤੀਆਂ। ਉਹ ਕਹਿ ਰਿਹਾ ਸੀ ਕਿ ਉਸ ਮੁਸਲਮਾਨ ਹੋ ਕੇ ਵੀ ਸਿੱਖ ਪੰਥ ਵਾਸਤੇ ਕੁਰਬਾਨੀ ਦਿਤੀ ਹੈ ਤੇ ਉਹ..."

"ਤੂੰ ਜਾਣਦਾ ਹੈਂ, ਅਜੀਤ ਕਿ ਸ਼ੇਰੂ ਦੀ ਭੈਣ ਤੇਰੇ ਵਾਸਤੇ ਇਕ ਪੱਗ ਦਾ ਸੂਤਰ ਕੱਤ ਕੇ ਦੇ ਗਈ ਹੈ। ਉਹ ਕਹਿੰਦੀ ਸੀ ਕਿ ਇਹ ਪੱਗ ਤੂੰ ਸ਼ੇਰੂ ਦੀ ਨਿਸ਼ਾਨੀ ਸਮਝੀਂ।"

ਅਜੀਤ ਦੀਆਂ ਅੱਖਾਂ ਭਰ ਆਈਆਂ :

"ਬੇਬੇ! ਸ਼ੇਰੂ ਬੜਾ ਚੰਗਾ ਸੀ। ਉਸ ਸਾਡੇ ਪੰਥ ਤੇ ਰਾਜ ਵਾਸਤੇ ਜਾਨ ਦਿਤੀ। ਉਹਨੇ..."

"ਪੁੱਤਰ ਇਹ ਦੇਸ਼ ਤੇ ਇਹ ਰਾਜ ਮੁਸਲਮਾਨਾਂ ਤੇ ਹਿੰਦੂਆਂ ਦਾ ਵੀ ਓਨਾ ਹੀ ਹੈ ਜਿੰਨਾਂ ਕਿ ਸਿੱਖਾਂ ਦਾ। ਤੂੰ ਜਾਣਦਾ ਹੈਂ ਕਿ ਬੇਰੇ-ਪੰਜਾਬ ਨੇ ਮਜ਼ਹਬ ਉੱਤੋਂ ਕਿਸੇ ਨਾਲ ਵਿਤਕਰਾ ਨਹੀਂ ਕੀਤਾ। ਤੇ ਕੀ ਸਾਡੇ ਗੁਰੂ ਸਾਹਿਬਾਨ ਵੀ ਸਾਨੂੰ ਇਹ ਨਹੀਂ ਕਹਿ ਗਏ?"

"ਤੇ ਫਿਰ, ਬੇਬੇ ਅਸੀਂ ਮੁਸਲਮਾਨਾਂ ਨਾਲ ਲੜਦੇ ਕਿਉਂ ਰਹੇ ਹਾਂ।"

"ਅਸੀਂ ਮੁਸਲਮਾਨਾਂ ਨਾਲ ਨਹੀਂ ਜ਼ੁਲਮ ਤੇ ਜਬਰ ਨਾਲ ਲੜਦੇ ਰਹੇ ਹਾਂ। ਪਰ ਇਹ ਪੁਰਾਣੀਆਂ ਗੱਲਾਂ ਹਨ, ਅਜੀਤ। ਪਿਛਲੇ ਸੱਠ ਸੱਤਰ ਸਾਲ ਤੋਂ ਪੰਜਾਬ ਵਿਚ ਮਜ਼ਹਬ ਦੇ ਨਾਂ ਉੱਤੇ ਕਿਤੇ ਕੋਈ ਝਗੜਾ ਨਹੀਂ ਹੋਇਆ। ਪੰਜਾਬ ਸਭ ਜਾਤੀਆਂ ਦਾ ਸਾਂਝਾ ਪੰਜਾਬ ਹੈ। ਤੂੰ ਲੜਾਈ ਦੀ ਗੱਲ ਸੁਣਾ...।"

"ਅਗਲੀ ਭਲਕ ਮੂੰਹ ਹਨੇਰੇ ਹੀ ਨਗਾਰੇ ਖੜਕ ਪਏ। ਪਹਿਲੇ ਸਾਨੂੰ ਵਿਸ਼ਵਾਸ ਨਾ ਆਵੇ ਕਿ ਅੰਗਰੇਜ਼ਾਂ ਨੇ ਹੱਲਾ ਬੋਲ ਦਿਤਾ ਹੈ ਤੇ ਸੁਰਜੀਤ ਸਿੰਘ ਮਖ਼ੌਲ ਕਰਨ ਲਗ ਪਿਆ, ਪਰ ਹੌਲੀ ਹੌਲੀ ਸਾਨੂੰ ਪਤਾ ਲਗ ਗਿਆ ਕਿ ਗੋਰੇ ਸੱਚ ਮੁੱਚ ਹੀ ਹਮਲਾ ਕਰਨ ਵਾਲੇ ਹਨ ਤੇ ਅਸੀਂ ਬਿਨਾਂ ਰੋਟੀ ਪਾਣੀ ਤਿਆਰ ਹੋ ਗਏ।

"ਦਿਨ ਚੜ੍ਹਦੇ ਨਾਲ ਗੋਰਿਆਂ ਨੇ ਆਪਣੀਆਂ ਤੋਪਾਂ ਚਲਾਣੀਆਂ ਸ਼ੁਰੂ ਕਰ ਦਿਤੀਆਂ। ਏਧਰੋਂ ਤੋਪਾਂ ਦਾ ਜਵਾਬ ਤੋਪਾਂ ਵਿਚ ਮਿਣਣ ਲਗਾ। ਪਰ ਬੇਬੇ, ਅੰਤਕੀਂ ਮੈਨੂੰ ਪਹਿਲੇ ਵਾਂਗ ਸਵਾਦ ਨਹੀਂ ਆਇਆ। ਇਕ ਤਾਂ ਤੋਪਾਂ ਵਡੀਆਂ ਸਨ ਤੇ ਇਕ ਪਿਛੋਂ ਦੂਜਾ ਗੋਲਾ ਤਿਆਰ ਕਰਨ ਵਿਚ ਕਾਫ਼ੀ ਦੇਰ ਲਗ ਜਾਂਦੀ ਸੀ ਤੇ ਦੂਜਾ, ਮੇਰਾ ਹੌਲਦਾਰ ਨੂਰ ਅਹਿਮਦ ਵਰਗਾ ਹੌਲਦਾਰ ਨਹੀਂ ਸੀ। ਤੇ ਨਾ ਹੀ ਅਜ ਸੀ ਕੋਈ ਧਰਮ ਸਿੰਘ ਜਾਂ ਉਮਰ ਦੀਨ ਵਰਗਾ ਜਰਨੈਲ। ਬਿਨਾਂ ਜਰਨੈਲ ਦੇ ਫ਼ੌਜ ਨਹੀਂ ਲੜ ਸਕਦੀ। ਫਿਰ ਲੋਕ ਕਿਉਂ ਕਹਿੰਦੇ ਹਨ ਕਿ ਲੜੇ ਫ਼ੌਜ ਨਾਂ ਸਰਦਾਰ ਦਾ।"

"ਪਰ ਅਜੀਤ ਜੇ ਜਰਨੈਲ ਬਾਝ ਫ਼ੌਜ ਨਹੀਂ ਲੜ ਸਕਦੀ ਤਾਂ ਫ਼ੌਜ ਬਿਨਾਂ ਜਰਨੈਲ ਵੀ ਨਹੀਂ ਲੜ ਸਕਦਾ। ਲੜਾਈ ਵਿਚ ਸਾਰਿਆਂ ਦਾ ਜੇ ਸਾਂਝਾ ਤਾਣ ਨਾ ਲਗੇ ਤਾਂ ਕੁਝ ਪੁਗ ਨਹੀਂ ਸਕਦਾ।"

Scanned by CamScanner

"ਲੜਾਈ ਸ਼ੁਰੂ ਹੋ ਗਈ। ਤੇ ਬੇਬੇ ਤੂੰ ਹੈਰਾਨ ਹੋਏਂਗੀ, ਕਿ ਧਰਮ ਸਿੰਘ ਤੇ ਉਮਰ ਦੀਨ ਵਰਗੇ ਜਰਨੈਲ ਤੋਂ ਬਿਨਾਂ ਵੀ ਅਸਾਂ ਅੰਗਰੇਜ਼ਾਂ ਦੀਆਂ ਚਾਰ ਗੁਣਾਂ ਵਧ ਤੋਪਾਂ ਨੂੰ ਮਾਨੋਂ ਹਰਾ ਦਿਤਾ। ਸਾਡੀਆਂ ਸਠ ਸੱਤਰ ਤੋਪਾਂ ਤੇ ਉਹਨਾਂ ਦੀਆਂ ਢਾਈ ਤਿੰਨ ਸੌ। ਫਿਰ ਵੀ ਬਹੁਤੀਆਂ ਤੋਪਾਂ ਉਹਨਾਂ ਦੀਆਂ ਹੀ ਨਾਕਾਰਾ ਹੋਈਆਂ ਤੇ ਉਹਨਾਂ ਦੇ ਹੀ ਬਹੁਤੇ ਆਦਮੀ ਮਰੇ। ਅਸੀਂ ਤੋਪਾਂ ਦੀ ਲੜਾਈ ਵਿਚ ਅੰਗਰੇਜ਼ਾਂ ਨਾਲੋਂ ਕਿਤੇ ਚੰਗੇ ਹਾਂ।

"ਦੋਹਾਂ ਪਾਸਿਓਂ ਗੋਲੇ ਵਰ੍ਹਦੇ ਰਹੇ, ਪਰ ਮੇਰਾ ਜੀ ਦਰਿਆ ਦੇ ਉਰਾਰ ਨਾ ਲਗੇ। ਮੈਂ ਸਬੀਲਾਂ ਸੋਚਾਂ, ਪਰ ਕੋਈ ਸਬੀਲ ਨੇਪਰੇ ਨਾ ਚੜ੍ਹੇ। ਚੋਰੀ ਛਪੀ ਮੈਂ ਪਾਰ ਕਿਵੇਂ ਜਾ ਸਕਦਾ ਸਾਂ ? ਪੁਲ ਇਕੋ ਇਕ ਸੀ ਤੇ ਦਰਿਆ ਵਿਚ ਪਾਣੀ ਤੇਜ਼। ਦਸ ਬਾਰਾਂ ਵਜੇ ਗੋਰਿਆਂ ਨੇ ਤੋਪਖਾਨਾ ਬੰਦ ਕਰ ਦਿਤਾ ਤੇ ਉਹਨਾਂ ਦੇ ਇਕ ਡਵੀਯਨ ਨੇ ਸਾਡੇ ਮੋਰਚਿਆਂ ਉੱਤੇ ਹਮਲਾ ਕੀਤਾ। ਸਾਡੇ ਵਲੋਂ ਵੀ ਹੁਣ ਗੋਲਿਆਂ ਦੀ ਰਫ਼ਤਾਰ ਹੌਲੀ ਹੋ ਗਈ। ਮੈਨੂੰ ਦਰਿਆਓਂ ਪਾਰ ਹੋ ਰਹੀ ਲੜਾਈ ਪੂਰੀ ਤਰ੍ਹਾਂ ਨਾ ਦਿਸੇ। ਗੋਲਿਆਂ ਦੇ ਫਟਣ ਨਾਲ ਐਨਾ ਅੰਧ ਗ਼ੁਬਾਰ ਛਾਇਆ ਕਿ ਕਿਸੇ ਕਿਸੇ ਵੇਲੇ ਤਾਂ ਸਭਰਾਵਾਂ ਦੀ ਗੜ੍ਹੀ ਵੀ ਛੁਪ ਜਾਏ। ਫਿਰ ਮੇਰਾ ਕੱਦ ਵੀ ਛੋਟਾ ਹੈ। ਮੈਂ ਬਾਕੀ ਦਿਆਂ ਮਰਦਾਂ ਵਾਂਗ ਦੂਰ ਨਹੀਂ ਵੇਖ ਸਕਦਾ...।"

ਗੁਰਮੀਤ ਨੇ ਪਿਆਰ ਨਾਲ ਅਜੀਤ ਨੂੰ ਘੂਟਿਆ।

"ਤੂੰ ਤਾਂ ਮੇਰੇ ਪੁੱਤਰ ਆਪਣੀ ਉਮਰ ਦੇ ਸਾਰੇ ਮੁੰਡਿਆਂ ਨਾਲੋਂ ਲੰਮਾ ਹੈਂ। ਤੂੰ ਕਿਸੇ ਸ਼ੈ ਉੱਤੇ ਕਿਉਂ ਨਾ ਖਲੋ ਗਿਓਂ ?"

"ਕਿਵੇਂ ਖਲੋਂਦਾ ? ਤੋਪਾਂ ਗਰਮ ਸਨ ਤੇ ਹੋਰ ਕੋਈ ਬ੍ਰਿਛ ਆਦਿ ਨੇੜੇ ਨਹੀਂ ਸੀ। ਅਜੇ ਤਲਵਾਰਾਂ ਤੇ ਬੰਦੂਕਾਂ ਦੀ ਲੜਾਈ ਨੂੰ ਸ਼ੁਰੂ ਹੋਇਆਂ ਘੰਟਾ ਹੀ ਹੋਇਆ ਸੀ ਕਿ ਅਸੀਂ ਕੁਝ ਸਿਪਾਹੀ ਦਰਿਆਉਂ ਉਰਾਰ ਆਉਂਦੇ ਹੋਏ ਤੱਕੇ। ਸਾਰੇ ਆਦਮੀ ਕਹਿਣ ਲਗੇ ਕਿ ਸਾਨੂੰ ਹਾਰ ਹੋ ਗਈ ਹੈ। ਫਿਰ ਅਸਾਂ ਸਿਞਾਣਿਆਂ ਕਿ ਆਪ ਸਰਦਾਰ ਤੇਜ ਸਿੰਘ ਹੀ ਵਾਪਸ ਆ ਰਿਹਾ ਹੈ। ਉਹਦੇ ਆਉਣ ਪਿਛੋਂ ਅਸਾਂ ਇਹ ਵੀ ਵੇਖਿਆ ਕਿ ਬੇੜੀਆਂ ਦੇ ਪੁਲ ਦੀ ਇਕ ਬੇੜੀ ਟੁੱਟ ਕੇ ਦਰਿਆ ਵਿਚ ਰੁੜ੍ਹ ਰਹੀ ਹੈ। ਤੇਜ ਸਿੰਘ ਨੇ ਦਸਿਆ ਕਿ ਬੇੜੀ ਰੱਥੋਂ ਟੁੱਟ ਗਈ ਹੈ, ਪਰ ਬੇਬੇ, ਜੇ ਇਹ ਰੱਥੋਂ ਟੁੱਟੀ ਹੁੰਦੀ ਤਾਂ ਕੀ ਅਸੀਂ ਦੂਜੀ ਬੇੜੀ ਉੱਥੇ ਜੋੜ ਨਹੀਂ ਸਾਂ ਸਕਦੇ ਆਖ਼ਰ ਇਹ ਕਿਹੜੀ ਵਡੀ ਮੁਸ਼ਕਲ ਸੀ ? ਪਰ ਉੱਥੇ ਬੇੜੀ ਜੋੜਨ ਦਾ ਕਿਨੂੰ ਖ਼ਿਆਲ ? ਤੇਜ ਸਿੰਘ ਨੇ ਆਉਂਦਿਆਂ ਹੀ ਲਾਲ ਸਿੰਘ ਨਾਲ ਗੱਲ ਕੀਤੀ ਤੇ ਕੁਝ ਮਿੰਟਾਂ ਪਿਛੋਂ ਉਹਨਾਂ ਨੇ ਕਿਹਾ ਕਿ ਲੜਾਈ ਹਾਰੀ ਜਾ ਚੁਕੀ ਹੈ। ਅੰਗਰੇਜ਼ ਬਿਲਕੁਲ ਗੜ੍ਹੀ ਦੇ ਵਿਚ ਪਹੁੰਚ ਗਏ ਹਨ ਤੇ ਹੁਣ ਸਾਨੂੰ ਸਭ ਨੂੰ ਆਪੋ ਆਪਣੀ ਜਾਨ ਬਚਾਣੀ ਚਾਹੀਦੀ ਹੈ। ਉਹਨਾਂ ਇਹ ਵੀ ਕਿਹਾ ਕਿ ਜਿਹੜੀਆਂ ਤੋਪਾਂ ਦਰਿਆ ਦੇ ਉਰਾਰ ਹਨ ਉਹ ਹੀ ਸਾਂਭ ਕੇ ਮੋੜ ਲੈ ਚਲੀਏ।

"ਬੇਬੇ ਜੀ ! ਇਹ ਸ਼ਬਦ ਸੁਣ ਕੇ ਮੇਰੀਆਂ ਤੇ ਕਈ ਹੋਰ ਸਿਪਾਹੀਆਂ ਦੀਆਂ ਅੱਖਾਂ ਵਿਚ ਅਥਰੂ ਆ ਗਏ। ਅਸਾਂ ਸੋਚਿਆ ਕਿ ਕੀ ਬਸ ਸਾਡੇ ਜਿੱਤਣ ਦੇ ਸੁਪਨਿਆਂ ਦਾ ਇਹੋ ਹੀ ਅੰਤ ਸੀ ? ਅਸ਼ਕੇ ਸੁਰਜੀਤ ਦੇ। ਭਾਵੇਂ ਸੀ ਗਲਾਪੜ, ਪਰ ਤਾਂ ਵੀ ਕਮਾਲ ਦਾ ਬੰਦਾ ਸੀ। ਉਸ ਗਰਮ ਗਰਮ ਤੋਪ ਉੱਤੇ ਚੜ੍ਹ ਕੇ ਜੈਕਾਰਾ ਛਡਿਆ ਤੇ ਕਿਹਾ ਕਿ ਸਾਡੇ ਲੀਡਰ ਝੂਠ ਬੋਲ ਰਹੇ ਹਨ। ਇਹ ਜਾਣ ਕੇ ਸਿੱਖ ਸੈਨਾ ਨੂੰ ਮਰਵਾਣਾ ਚਾਹੁੰਦੇ ਹਨ। ਉਸ ਇਹ ਵੀ ਕਿਹਾ ਕਿ ਪਾਰੋਂ ਮੁੜਨ ਵਾਲ ਸਿਪਾਹੀ ਗੁਲਾਬ ਸਿੰਘ ਦੇ ਹੱਥ ਚੜ੍ਹੇ ਡੋਗਰੇ ਹਨ ਤੇ ਕੋਈ ਸੱਚਾ ਹਿੰਦੂ, ਸਿੱਖ ਜਾਂ ਮੁਸਲਮਾਨ ਵਾਪਸ ਨਹੀਂ ਆਇਆ। ਉਹਦੀਆਂ ਇਹ ਗੱਲਾਂ ਸੁਣਦਿਆਂ ਹੀ ਇਕ ਪਾਸੋਂ ਬੰਦੂਕ ਦੀ ਗੋਲੀ ਆਈ ਤੇ ਸੁਰਜੀਤ ਸਿੰਘ ਲਹੂ ਲੁਹਾਨ ਹੋ ਕੇ ਤੋਪ ਤੋਂ ਡਿੱਗ ਪਿਆ। ਡੋਗਰੇ ਤੇ ਕਈ ਹੋਰ ਸਿਪਾਹੀ ਨੱਸ ਗਏ।"

"ਆਪਣੀ ਵਾੜ ਹੀ ਖੇਤ ਨੂੰ ਹੜੱਪ ਕਰ ਗਈ ਅਜੀਤ। ਸਾਡੇ ਨਾਲ ਅਜਿਹੀ ਹੋਈ ਜਿਹੋ ਜਿਹੀ ਕਿ ਦੁਨੀਆਂ ਵਿਚ ਹੋਰ ਕਿਸੇ ਨਾਲ ਨਹੀਂ ਹੋਣੀ। ਅਸਾਂ ਇਸ ਦੇਸ਼ ਦੀ ਆਜ਼ਾਦੀ ਵਾਸਤੇ ਕੀ ਕੀ ਕੁਰਬਾਨੀਆਂ ਦਿਤੀਆਂ ਤੇ ਅਜ ਦੋ ਚਾਰ ਗ਼ੱਦਾਰਾਂ ਨੇ ਰਲ ਕੇ ਭੋਹ ਦੇ ਭਾੜੇ ਰਾਜਧਾਨੀ ਵੇਚ ਦਿਤੀ। ਕਾਸ਼ ! ਅਜ ਸਰਕਾਰ ਜੀਉਂਦੇ ਹੁੰਦੇ !"

"ਕਾਸ਼, ਬੇਬੇ ! ਅੱਜ ਸਰਕਾਰ ਜੀਂਦੇ ਹੁੰਦੇ। ਸਭ ਦੇ ਮੂੰਹ ਇਹੋ ਹੀ ਸ਼ਬਦ ਸਨ ਕਿ ਇਕ ਸਰਕਾਰ ਬਾਝੋਂ ਅਸੀਂ ਲੜਾਈਆਂ ਜਿੱਤ ਕੇ ਹਾਰ ਗਏ। ਜਿਸ ਵੇਲੇ ਗ਼ੱਦਾਰ ਨਸ ਗਏ ਤਾਂ ਸਾਡੇ ਵਿਚੋਂ ਕਈ ਦਰਿਆਓਂ ਪਾਰ ਜਾਣ ਨੂੰ ਤਿਆਰ

Scanned by CamScanner

ਹੋ ਪਏ, ਪਰ ਪੁਲ ਟੁੱਟ ਚੁੱਕਾ ਸੀ। ਫਿਰ ਵੀ, ਤੂੰ ਮੰਨੇਂਗੀ ਨਹੀਂ, ਪੰਜਾਹ ਸੱਠ ਆਦਮੀਆਂ ਨੇ ਤਲਵਾਰਾਂ ਲੈ ਕੇ ਦਰਿਆ ਵਿਚ ਛਾਲਾਂ ਮਾਰ ਦਿਤੀਆਂ। ਉਹਨਾਂ ਕਿਹਾ ਕਿ ਉਹ ਘਰੋਂ ਜਿੱਤਣ ਜਾਂ ਸ਼ਹੀਦੀ ਪਾਣ ਦਾ ਪ੍ਰਣ ਕਰ ਕੇ ਟੁਰੇ ਸਨ। ਸੋ ਜੇ ਉਹ ਪਾਰ ਨਾ ਵੀ ਪਹੁੰਚ ਸਕੇ ਤਾਂ ਜੀਂਦੇ ਘਰ ਤਾਂ ਨਹੀਂ ਮੁੜਨਗੇ। ਬੇਬੇ ! ਮੈਂ ਵੀ ਛਾਲ ਮਾਰ ਕੇ ਉਹਨਾਂ ਨਾਲ ਹੀ ਜਾਣਾ ਚਾਹੁੰਦਾ ਸਾਂ, ਪਰ ਮੇਰਾ ਹੌਸਲਾ ਨਾ ਪਿਆ। ਦਰਿਆ ਦਾ ਪਾਟ ਚੌੜਾ ਸੀ ਤੇ ਪਾਣੀ ਦਾ ਵਹਾ ਤੇਜ਼। ਮੇਰਾ ਯਕੀਨ ਨਾ ਬੱਝਦਾ ਕਿ ਮੈਂ ਸਾਰਾ ਦਰਿਆ ਤਰ ਸਕਾਂਗਾ। ਬੇਬੇ ! ਮੈਂ ਦਰਿਆਓਂ ਉਰਾਰ ਰਹਿ ਕੇ ਕੋਈ ਗੁਨਾਹ ਤਾਂ ਨਹੀਂ ਕੀਤਾ ? ਗੁਰੂ ਗੋਬਿੰਦ ਸਿੰਘ ਜੀ ਮੈਨੂੰ ਲਾਅਨਤ ਤਾਂ ਨਹੀਂ ਪਾਣਗੇ ?"

"ਨਹੀਂ ਪੁੱਤਰ। ਤੂੰ ਜਿਹੜੀ ਸੂਰਬੀਰਤਾ ਵਿਖਾਈ ਹੈ ਉਹ ਬੇਮਿਸਾਲ ਹੈ। ਤੇ ਅਜੇ ਕਿਹੜਾ ਲੜਾਈ ਦਾ ਅੰਤ ਹੋ ਗਿਆ ਏ। ਅਜੇ ਤਾਂ ਘੋਲ ਜਾਰੀ ਹੈ।"

"ਪਤਾ ਨਹੀਂ ਕਿਉਂ ਮੈਨੂੰ ਲਗਦਾ ਹੈ ਕਿ ਮੈਨੂੰ ਇਸ ਲੜਾਈ ਵਿਚ ਸ਼ਹੀਦ ਹੋ ਜਾਣਾ ਚਾਹੀਦਾ ਸੀ। ਜਿਥੇ ਚੌਧਰੀ ਅਸਮਤ ਤੇ ਬੇਰੂ ਨੇ ਕੁਰਬਾਨੀਆਂ ਦਿਤੀਆਂ ਉੱਥੇ ਮੈਨੂੰ ਪਿਛੇ ਨਹੀਂ ਸੀ ਰਹਿਣਾ ਚਾਹੀਦਾ। ਪਰ ਮਾਂ ਜੀ ! ਮੈਂ ਜਾਣ ਬੁਝ ਕੇ ਕਿਤੇ ਨਹੀਂ ਨਸਿਆ। ਮੈਂ ਆਪਣੀ ਜਾਨ ਦੀ ਕਿਸੇ ਵੇਲੇ ਵੀ ਪ੍ਰਵਾਹ ਨਹੀਂ ਕੀਤੀ। ਰੱਬੋਂ ਹੀ ਮੈਂ ਬਚ ਜਾਂਦਾ ਰਿਹਾ ਹਾਂ।"

"ਤੈਨੂੰ ਅਜਿਹੇ ਖ਼ਿਆਲ ਕਿਉਂ ਆਉਂਦੇ ਹਨ, ਮੈਨੂੰ ਸਮਝ ਨਹੀਂ ਆਉਂਦੀ। ਜੋ ਕੁਝ ਤੂੰ ਕੀਤਾ ਹੈ ਉਹ ਮਾਹਿਲ ਘਰਾਣੇ ਦੀ ਵਡਿਆਈ ਦਾ ਸੂਚਕ ਹੈ। ਮੈਂ ਜਦੋਂ ਵੀ ਤੈਨੂੰ ਵੇਖਦੀ ਹਾਂ ਤਾਂ ਤੂੰ ਮੈਨੂੰ ਸਗਵਾਂ ਹਰਪਾਲ ਲਗਦਾ ਹੈਂ। ਤੇਰੇ ਸਪੱਰਸ਼ ਵਿਚ ਉਹੋ ਖਿਚ ਹੈ। ਤੂੰ ਬੁਜ਼ਦਿਲ ਨਹੀਂ। ਤੂੰ ਬੇਰ ਹੈਂ। ਫਿਰ ਤੈਨੂੰ ਇਹ ਸ਼ੰਕੇ ਕਿਉਂ ?"

"ਪਤਾ ਨਹੀਂ ਕਿਉਂ ? ਪਿਤਾ ਵੀ ਕਹਿੰਦਾ ਹੈ ਕਿ ਉਹ ਜਾਣ ਬੁਝ ਕੇ ਜੰਗ ਵਿਚੋਂ ਪਿਛੇ ਨਹੀਂ ਹਟਿਆ। ਬੜੀ ਦੇਰ ਤਕ ਉਹ ਬਾਬੇ ਦੇ ਨਾਲ ਸੀ। ਜਦੋਂ ਬਾਬੇ ਦਾ ਸੀਨਾ ਚਾਹੁੰਆਂ ਪੰਜਾਂ ਗੋਲੀਆਂ ਨਾਲ ਛਾਣਨੀ ਹੋ ਗਿਆ ਤੇ ਉਹ ਘੋੜੇ ਉੱਤੋਂ ਡਿੱਗ ਪਿਆ ਤਾਂ ਵੀ ਉਹ ਉਹਦੇ ਨੇੜੇ ਸੀ। ਬਾਬੇ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਬਾਪੂ ਨੂੰ ਅਜਿਹਾ ਰੋਹ ਚੜ੍ਹਿਆ ਤੇ ਉਹ ਅਜਿਹੇ ਜੋਸ਼ ਨਾਲ ਲੜਿਆ ਜਿਵੇਂ ਕਿ ਉਸ ਇਕ ਇਕੱਲੇ ਨੇ ਹੀ ਸਾਰੀ ਗੋਰਾ ਸੈਨਾ ਨੂੰ ਚਰਾ ਦੇਣਾ ਹੋਵੇ। ਲੜਦਿਆਂ ਲੜਦਿਆਂ ਉਹ ਤੇ ਸ਼ਾਮ ਸਿੰਘ ਇਕ ਵਾਰ ਇਕ ਦੂਜੇ ਦੇ ਨੇੜੇ ਆਏ। ਕਹਿੰਦੇ ਹਨ ਕਿ ਉਸ ਵੇਲੇ ਤਕ ਅਟਾਰੀ ਦੇ ਸਰਦਾਰ ਨੂੰ ਨੌ ਦਸ ਜ਼ਖ਼ਮ ਆ ਚੁਕੇ ਸਨ ਤੇ ਉਹਦਾ ਦਾੜ੍ਹਾ ਤੇ ਉਹਦਾ ਜਾਮਾ ਲਹੂ ਨਾਲ ਤਰ-ਬਤਰ ਸੀ। ਬਾਪੂ ਨੂੰ ਲੜਦਿਆਂ ਵੇਖ ਕੇ ਸਰਦਾਰ ਨੇ ਉਹਨੂੰ ਸ਼ਾਬਾਸ਼ ਦਿਤੀ, ਜੀਂਦਾ ਰਹੋ 'ਮਾਹਿਲ ਪੁੱਤਰਾ' ਉਸ ਕਿਹਾ ! ਬਾਪੂ ਨੇ ਉੱਤਰ ਦਿਤਾ, 'ਸਰਦਾਰ ਜੀ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਅਸਲੀ ਸਪੁੱਤਰ ਹੋ। ਸਵਾ ਲਖ ਨਾਲ ਇਕ ਇਕੱਲੇ ਲੜ ਰਹੇ ਹੋ।' ਫਿਰ ਬਾਪੂ ਤੇ ਸ਼ਾਮ ਸਿੰਘ ਇਕ ਦੂਜੇ ਤੋਂ ਵਖਰੇ ਹੋ ਗਏ। ਤੇ ਬਾਪੂ ਕਹਿੰਦਾ ਹੈ ਕਿ ਉਹਨੂੰ ਉਦੋਂ ਹੀ ਹੋਸ਼ ਆਈ ਜਦੋਂ ਉਹਦੇ ਪੈਰਾਂ ਥੱਲੇ ਪਾਣੀ ਵਗ ਰਿਹਾ ਸੀ : ਬਾਪੂ ਨੇ ਮੁੜ ਕੇ ਵੇਖਿਆ। ਇਹ ਤਾਂ ਦਰਿਆ ਸਤਲੁਜ ਸੀ। ਬਾਪੂ ਹੈਰਾਨ ਸੀ ਕਿ ਉਹ ਉੱਥੇ ਕਿਵੇਂ ਪਹੁੰਚ ਗਿਆ। ਉਸਨੇ ਆਪਣੇ ਵਲੋਂ ਇਕ ਕਦਮ ਵੀ ਤਾਂ ਪਿਛਾਂਹ ਨਹੀਂ ਪੁਟਿਆ। ਫਿਰ, ਬਾਪੂ ਕਹਿੰਦਾ ਹੈ, ਕਿ ਲੜਦਿਆਂ ਹੀ ਉਹ ਚਰਾ ਡੂੰਘੇ ਪਾਣੀ ਵਿਚ ਪਹੁੰਚ ਗਿਆ ਤੇ ਫਿਰ ਉਹਨੂੰ ਉਦੋਂ ਹੀ ਸੁਰਤ ਆਈ ਜਦੋਂ ਉਹ ਦਰਿਆ ਦੇ ਉਰਾਰ ਪਹੁੰਚ ਚੁਕਾ ਸੀ। ਮੈਨੂੰ ਵਿਸ਼ਵਾਸ ਹੈ ਕਿ ਬਾਪੂ ਕਾਇਰਾਂ ਵਾਂਗ ਭਜਿਆ ਨਹੀਂ। ਜੋ ਕੁਝ ਉਹ ਕਹਿੰਦਾ ਹੈ ਅਸਲੋਂ ਸਚ ਹੈ। ਤੇ ਬਿਲਕੁਲ ਏਸੇ ਤਰ੍ਹਾਂ ਹੀ ਮੇਰੇ ਨਾਲ ਦੱਵੇਂ ਵਾਰੀ ਹੋਇਆ ਹੈ। ਮੁਦਕੀ ਵਿਚ ਵੀ ਤੇ ਫੇਰੂ ਸ਼ਹਿਰ ਵਿਚ ਵੀ ਮੈਨੂੰ ਹਾਰ ਦਾ ਅਹਿਸਾਸ ਹੀ ਨਹੀਂ ਹੋਇਆ। ਮੈਂ ਡਰਦਾ ਨਹੀਂ ਨਠਿਆ। ਮੈਂ ਜਾਨ ਬਚਾਣ ਦੀ ਰਤਾ ਕੋਸ਼ਿਸ਼ ਨਹੀਂ ਕੀਤੀ। ਬਾਪੂ ਤੇ ਉਹ ਸਿਪਾਹੀ ਜਿਹੜੇ ਦਰਿਆ ਪਾਰ ਕਰਨ ਵਾਸਤੇ ਸਤਲੁਜ ਵਿਚ ਠਿਲ੍ਹੇ, ਕਾਇਰ ਨਹੀਂ। ਉਹ ਜਾਣ ਬੁੱਝ ਕੇ ਨਹੀਂ ਭੱਜੇ। ਲੜਾਈ ਵਿਚ ਇੰਜ ਤਰ੍ਹਾਂ ਹੀ ਹੁੰਦਾ ਹੈ।"

ਗੁਰਮੀਤ ਨੇ ਅਜੀਤ ਨੂੰ ਆਪਣੀ ਗਲਵਕੜੀ ਵਿਚ ਲਿਆ। ਉਹਨੂੰ ਚੁੰਮਿਆ :

"ਐਸ ਉਮਰ ਵਿਚ ਤੂੰ ਕੇਡੀਆਂ ਸਿਆਣੀਆਂ ਤੇ ਦਾਨੀਆਂ ਗੱਲਾਂ ਕਰਦਾ ਹੈਂ। ਬੇਸ਼ਕ ! ਜਿਵੇਂ ਤੂੰ ਕਹਿੰਦਾ ਹੈਂ ਲੜਾਈ ਵਿਚ ਉਸੇ ਤਰ੍ਹਾਂ ਹੀ ਹੁੰਦਾ ਹੈ। ਕੋਈ ਸਿੱਖ ਤੇ ਸ਼ੇਰੇ-ਪੰਜਾਬ ਦੀ ਸੈਨਾ ਦਾ ਕੋਈ ਸਿਪਾਹੀ ਕਾਇਰ ਨਹੀਂ।" ਤੇ ਫਿਰ ਗੁਰਮੀਤ ਨੇ ਆਪਣੇ ਮਨ ਵਿਚ ਕਿਹਾ, 'ਰੱਬ ਸੁਖ ਕਰੇ। ਅਹਿ ਉਮਰ ਤੇ ਅਹਿ ਗੱਲਾਂ। ਰੱਬ ਸੁਖ ਕਰੇ।"

Scanned by CamScanner

"ਕਿਹਾ ਨਜ਼ਾਰਾ ਸੀ ਜਦੋਂ ਸਾਡੇ ਸਿਪਾਹੀ ਸਤਲੁਜ ਵਿਚ ਗੋਤੇ ਖਾ ਰਹੇ ਸਨ ਤੇ ਗੋਰੇ ਤੇ ਪੂਰਬੀਏ ਪਾਰਲੇ ਕੰਢੇ ਉੱਤੇ ਖਲੋਤੇ ਚੁਣ ਚੁਣ ਕੇ ਨਿਸ਼ਾਨੇ ਮਾਰ ਰਹੇ ਸਨ। ਬੇਬੇ ! ਉਸ ਵੇਲੇ ਮੇਰਾ ਲਹੂ ਖੌਲ ਰਿਹਾ ਸੀ। ਮੈਂ ਆਖਦਾ ਕਿ ਕਾਸ਼ ! ਮੈਂ ਦਰਿਆਉ' ਪਾਰ ਹੁੰਦਾ। ਮੈਂ ਇਕ ਨਹੀਂ ਅਨੇਕ ਗੋਰਿਆਂ ਦੇ ਸਿਰ ਪੈਰਾਂ ਥੱਲੇ ਰੋਲਦਾ। ਬੇਬੇ ! ਜੇ ਤੂੰ ਉੱਥੇ ਹੁੰਦੀ ਤਾਂ ਇਹ ਨਜ਼ਾਰਾ ਵੇਖ ਕੇ ਜ਼ਿੰਦਾ ਨਾ ਰਹਿ ਸਕਦੀ। ਇਹ ਮੇਰਾ ਜਿਗਰਾ ਸੀ। ਭਾਵੇਂ ਮੈਂ ਅਜੇ ਬਾਲ ਹਾਂ, ਪਰ ਫਿਰ ਵੀ ਮੈਂ ਉਸ ਦਿਨ ਬੜਾ ਸਬਰ ਕੀਤਾ।"

"ਹਾਂ ਸਬਰ ! ਮੇਰੇ ਲਾਲ ਸਬਰ," ਗੁਰਮੀਤ ਨੇ ਗੁੱਸੇ ਨਾਲ ਕੰਬਦੇ ਅਜੀਤ ਨੂੰ ਦਿਲਾਸਾ ਦਿਤਾ। "ਸਬਰ ਤੇ ਜਿਗਰਾ ਬਹਾਦਰੀ ਤੇ ਸਿਆਣਪ ਦੀ ਨਿਸ਼ਾਨੀ ਹੈ। ਅਜੇ ਬੜੇ ਸਮੇਂ ਮਿਲਣਗੇ ਤੈਨੂੰ ਗੋਰਿਆਂ ਨਾਲ ਦੋ ਚਾਰ ਹੋਣ ਦੇ।"

"ਕਈ ਸਿੰਘ ਦਰਿਆ ਵਿਚ ਰੁੜ ਗਏ। ਹੁਣ ਤਕ ਉੱਜ ਵੀ ਫ਼ਿਜ਼ਾ ਗਰਦ ਤੋਂ ਪਾਕ ਹੋ ਚੁਕੀ ਸੀ ਤੇ ਸਿਖਰ ਪਹੁੰਚੇ ਸੂਰਜ ਦੀ ਧੁੱਪ ਵਿਚ ਅਸੀਂ ਸਭ ਕੁਝ ਵੇਖ ਸਕਦੇ ਸਾਂ। ਸਤਲੁਜ ਦਾ ਪਾਣੀ ਸਾਡੇ ਸ਼ਹੀਦਾਂ ਦੇ ਲਹੂ ਨਾਲ ਲਾਲ ਹੋ ਗਿਆ। ਸਭਰਾਵਾਂ ਦੇ ਲਾਗੇ ਤਾਗੇ ਦੇ ਪਿੰਡਾ ਦੇ ਆਦਮੀਆਂ ਨੇ ਕਈਆਂ ਜ਼ਖ਼ਮੀਆਂ ਨੂੰ ਡੁਬਣ ਤੋਂ ਬਚਾਇਆ।

"ਬਹੁਤੇ ਆਦਮੀ ਦਰਿਆਉਂ ਉਰਾਰ ਬੇਹੋਸ਼ੀ ਦੀ ਹਾਲਤ ਵਿਚ ਪਹੁੰਚੇ। ਤੇ ਜਿਨ੍ਹਾਂ ਨੂੰ ਹੋਸ਼ ਸੀ ਉਹਨਾਂ ਵਿਚੋਂ ਇਕ ਇਕ ਨੇ ਅ ਪਣੇ ਆਪ ਨੂੰ ਜ਼ਿੰਦਾ ਬਚ ਕੇ ਆਉਣ ਲਈ ਗੁਨਾਹਗਾਰ ਠਹਿਰਾਇਆ। ਹਰ ਇਕ ਨੇ ਸਰਦਾਰ ਸ਼ਾਮ ਸਿੰਘ ਦੀ ਬਹਾਦਰੀ ਦੇ ਗੁਣ ਗਾਏ। ਜੇ ਇਸ ਲੜਾਈ ਵਿਚ ਸ਼ਾਮ ਸਿੰਘ ਨਾ ਜਾਂਦਾ ਤੇ ਕੀ ਹੁੰਦਾ ?"

"ਤਾਂ ਇਤਿਹਾਸ ਵਿਚ ਸਾਡੀ ਸੂਰਮਗਤੀ ਤੇ ਬਹਾਦਰੀ ਦੀਆਂ ਰਵਾਇਤਾਂ ਤੇ ਕਲੰਕ ਲਗ ਜਾਂਦਾ। ਜੇ ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਨਾ ਹੁੰਦਾ ਤਾਂ ਦੁਨੀਆਂ ਦੇ ਸਾਹਮਣੇ ਸਾਨੂੰ ਮੂੰਹ ਨੀਵਾਂ ਕਰਨਾ ਪੈਂਦਾ। ਪਰ ਅੱਜ ਸਾਨੂੰ ਕੋਈ ਨਮੋਸ਼ੀ ਨਹੀਂ। ਅੱਜ ਅਸੀਂ ਬੇਸ਼ਕ ਹਾਰ ਗਏ ਹਾਂ ਪਰ ਇਤਿਹਾਸ ਵਿਚ ਆਪਣੀ ਸੂਰਬੀਰਤਾ ਅਮਰ ਕਰ ਗਏ ਹਾਂ। ਸ਼ਾਮ ਸਿੰਘ ਅਟਾਰੀਵਾਲੇ ਦੀ ਮਿਸਾਲ, ਆਉਂਦੀਆਂ ਲੜਾਈਆਂ ਵਿਚ, ਸਾਡੇ ਵਾਸਤੇ ਇਕ ਚਾਨਣ ਮੁਨਾਰਾ ਹੋਵੇਗੀ।"

"ਬਾਬਾ ਸ਼ਾਮ ਸਿੰਘ ਕਮਾਲ ਦਾ ਮਨੁੱਖ ਸੀ, ਬੇਬੇ। ਜਾਂਦੀ ਵਾਰੀ ਰਾਹ ਵਿਚ ਉਸ ਮੈਨੂੰ ਬੜਾ ਪਿਆਰ ਕੀਤਾ। ਸਭਰਾਵਾਂ ਪਹੁੰਚ ਕੇ ਵੀ ਉਸ ਮੇਰੇ ਵਲ ਕਈ ਵਾਰ ਅਤਿ ਨਿਘੀਆਂ ਨਜ਼ਰਾਂ ਨਾਲ ਤੱਕਿਆ। ਤੂੰ ਜਾਣਦੀ ਹੈਂ ਇਕ ਵਾਰੀ ਉਹਨੇ ਮੈਨੂੰ ਕੀ ਕਿਹਾ ? ਕਿਹਾ ਕਿ ਉਹ ਤੇ ਬਾਬਾ ਚੂਹੜ ਸਿੰਘ ਹੁਣ ਬੁਢੇ ਹੋ ਰਹੇ ਹਨ ਤੇ ਭਵਿਖ ਮੇਰੇ ਜਿਹੇ ਯੁਵਕਾਂ ਦੇ ਹੱਥ ਹੈ। ਪਰ, ਬੇਬੇ ਜਿਥੇ ਸਰਦਾਰ ਸ਼ਾਮ ਸਿੰਘ ਜੀ ਵਰਗੇ ਆਦਮੀ ਸਫਲ ਨਹੀਂ ਹੋਏ ਉੱਥੇ ਅਸੀਂ ਕਿਹੜੇ ਬਾਗ਼ ਦੀ ਮੂਲੀ ਹਾਂ।"

"ਕੌਣ ਕਹਿੰਦਾ ਹੈ ਕਿ ਸਰਦਾਰ ਸ਼ਾਮ ਸਿੰਘ ਸਫ਼ਲ ਨਹੀਂ ਹੋਇਆ ? ਸ਼ਾਮ ਸਿੰਘ ਆਪਣੀ ਸੂਰਬੀਰਤਾ ਤੇ ਸ਼ਹੀਦੀ ਨਾਲ ਤੁਹਾਡੇ ਜਿਹੇ ਯੁਵਕਾਂ ਸਾਹਮਣੇ ਇਕ ਆਦਰਸ਼ ਛੱਡ ਗਿਆ ਹੈ। ਤੁਸੀਂ ਯੁਵਕਾਂ ਨੇ ਉਸ ਆਦਰਸ਼ ਨੂੰ ਢੋਹਣਾ ਹੈ। ਮਹਾਨ ਆਦਮੀ ਕਈ ਤਰ੍ਹਾਂ ਨਾਲ ਦੁਨੀਆਂ ਵਿਚ ਸਫ਼ਲ ਹੁੰਦਾ ਹੈ।"

"ਸ਼ਾਇਦ ਤੂੰ ਠੀਕ ਹੀ ਕਹਿੰਦੀ ਹੈਂ, ਬੇਬੇ ! ਸਰਦਾਰ ਸ਼ਾਮ ਸਿੰਘ ਸਫ਼ਲ ਹੀ ਹੋਇਆ ਹੈ। ਉਹ ਆਪਣੀ ਸ਼ਹੀਦੀ ਨਾਲ ਸਾਡੇ ਸਾਹਮਣੇ ਇਕ ਰਾਹ ਖੋਲ੍ਹ ਗਿਆ ਹੈ। ਉਹਨੇ ਆਪਣੀ ਜਵਾਂਮਰਦੀ ਨਾਲ ਗੋਰਿਆਂ ਵਿਚ ਅਜਿਹੀ ਧਾਂਕ ਪਾਈ ਹੈ ਜਿਹੜੀ ਕਿ ਸਦੀਆਂ ਤਕ ਉਹਨਾਂ ਦੇ ਦਿਲਾਂ ਵਿਚੋਂ ਨਹੀਂ ਨਿਕਲੇਗੀ। ਕਹਿੰਦੇ ਹਨ ਕਿ ਟੁੰਡੀ ਲਾਟ, ਸੈਨਾਪਤੀ ਗਫ਼ ਤੇ ਸਾਰੀ ਗੋਰਾ ਸੈਨਾ ਨੇ ਸਰਦਾਰ ਨੂੰ ਲੜਦਿਆਂ ਵੇਖ ਕੇ ਮੂੰਹ ਵਿਚ ਉਂਗਲਾਂ ਪਾਈਆਂ। ਕੋਈ ਮੰਨ ਨਹੀਂ ਸੀ ਸਕਦਾ ਕਿ ਇਕ ਆਦਮੀ ਐਡਾ ਤਕੜਾ ਤੇ ਐਡਾ ਮਹਾਨ ਪਲੱਥੇਬਾਜ਼ ਹੋ ਸਕਦਾ ਹੈ। ਕਹਿੰਦੇ ਹਨ ਕਿ ਜਿਧਰ ਵੀ ਉਹਦੀ ਤਲਵਾਰ ਝੁਕੀ ਕੋਈ ਨਾ ਕੋਈ ਗੋਰਾ ਜਾਂ ਪੂਰਬੀਆ ਜ਼ਮੀਨ ਉੱਤੇ ਤੜਪ ਗਿਆ। ਸਰਦਾਰ ਦਾ ਕੋਈ ਵਾਰ ਖ਼ਾਲੀ ਨਹੀ ਗਿਆ ਹੋਣਾ। ਮੈਂ ਇਹ ਵੀ ਸੁਣਿਆ ਹੈ ਇਕ ਤਲਵਾਰ ਟੁੱਟ ਜਾਣ ਕਰ ਕੇ ਸਰਦਾਰ ਨੂੰ ਉਹ ਬਦਲਣ ਦੀ ਲੋੜ ਪਈ, ਪਰ ਉਹਦੀਆਂ ਉਂਗਲਾਂ ਤਲਵਾਰ ਉੱਤੇ ਜੰਮ ਗਈਆਂ ਸਨ। ਮਾਲਸ਼ ਕਰ ਕੇ ਉਹਦੀਆਂ ਉਂਗਲਾਂ ਢਿੱਲੀਆਂ ਕੀਤੀਆਂ ਗਈਆਂ।"

"ਬਾਪੂ ਤੇਰਾ ਤੈਨੂੰ ਕਿਸ ਵੇਲੇ ਮਿਲਿਆ ?"

"ਬਾਪੂ ਜਦੋਂ ਦਰਿਆਉਂ ਪਾਰ ਆਇਆ ਤਾਂ ਮੈਂ ਉਹਨੂੰ ਪਛਾਣ ਲਿਆ। ਬੇਸ਼ਕ ਉਹਦੀ ਪਗ ਲਥ ਚੁਕੀ ਸੀ ਤੇ ਉਹਦੇ ਵਾਲ ਖੁਲ੍ਹੇ ਸਨ ਤੇ ਉਹਦਾ ਸ਼ਰੀਰ ਫੁਲਿਆ ਹੋਇਆ ਸੀ, ਪਰ ਫਿਰ ਵੀ ਕੀ ਕੋਈ ਪੁੱਤਰ ਆਪਣੇ ਪਿਤਾ ਨੂੰ

Scanned by CamScanner

ਪਵਾਣਨ ਤੋਂ ਉੱਕ ਸਕਦਾ ਹੈ ? ਰੁੜ੍ਹਦੇ ਜਾਂਦੇ ਬਾਪੂ ਨੂੰ ਸਭਰਾਵਾਂ ਦਾ ਇਕ ਸਾਵਨ ਮੱਲ ਮੋਢੇ ਉੱਤੇ ਬਚਾ ਕੇ ਲਿਆਇਆ। ਸਾਵਨ ਮੱਲ ਨੇ ਦਸਿਆ ਕਿ ਜਦੋਂ ਉਸ ਬਾਪੂ ਨੂੰ ਫੜਿਆ ਤੇ ਕੰਧਾੜੇ ਪਾਇਆ ਤਾਂ ਉਹਦੀਆਂ ਦੋਵੇਂ ਲੱਤਾਂ ਸਰੀਰ ਦੇ ਨਾਲ ਸਨ। ਪਰ ਕਿਨਾਰੇ ਆਉਂਦਿਆਂ ਤਕ ਵੱਢੀ ਹੋਈ ਇਕ ਲੱਤ ਸਰੀਰ ਨਾਲੋਂ ਜੁਦਾ ਹੋ ਗਈ। ਸ਼ਾਇਦ ਪਾਣੀ ਦਾ ਵੇਗ ਸਹਾਰ ਨਹੀਂ ਸਕੀ ਹੋਣੀ। ਕਿਨਾਰੇ ਉੱਤੇ ਆਉਣ ਤੋਂ ਝੱਟ ਪਿਛੋਂ ਹੀ ਬਾਪੂ ਦੇ ਪੇਟ ਵਿਚੋਂ ਲਹੂ ਦਾ ਸਤਲੁਜ ਵਗਣਾ ਸ਼ੁਰੂ ਹੋ ਗਿਆ। ਦਿੱਤ ਸਿੰਘ ਭੱਲੇ ਨੇ ਮਸੇ ਮਸੇ ਖ਼ੂਨ ਬੰਦ ਕੀਤਾ। ਬਾਪੂ ਤੋਂ ਇਲਾਵਾ ਹੋਰ ਵੀ ਕਈ ਆਦਮੀ ਅਜਿਹੇ ਸਨ ਜਿਨ੍ਹਾਂ ਦੀਆਂ ਬਾਹਾਂ ਜਾਂ ਲੱਤਾਂ ਵੱਢੀਆਂ ਗਈਆਂ ਸਨ। ਉਹ ਨਜ਼ਾਰਾ ਬੜਾ ਭਿਆਨਕ ਸੀ ਬੇਬੇ।"

"ਕਹਿੰਦੇ ਹਨ ਅੰਗਰੇਜ਼ਾਂ ਨੇ ਦਰਿਆਉਂ ਪਾਰ ਬਚ ਰਹੇ ਸਾਡੇ ਜ਼ਖ਼ਮੀਆਂ ਨਾਲ ਚੰਗਾ ਵਰਤਾ ਕੀਤਾ ਹੈ।"

"ਹਾਂ, ਪਰ ਜਦੋਂ ਟੁੰਡੀ ਲਾਟ ਆਪ ਮੈਦਾਨ ਵਿਚ ਆ ਗਿਆ ਤਾਂ। ਉਹਦੇ ਆਉਣ ਤੋਂ ਪਹਿਲੇ ਗੋਰਿਆਂ ਤੇ ਪੂਰਬੀਆਂ ਨੇ ਸਿਸਕਦੇ ਸਿਪਾਹੀਆਂ ਨੂੰ ਸੰਗੀਨਾਂ ਤੇ ਬੂਟਾਂ ਦੇ ਠੁੱਡ ਮਾਰ ਕੇ ਮਾਰਿਆ। ਪਰ ਜਦੋਂ ਟੁੰਡੀ ਲਾਟ ਆਇਆ ਤਾਂ ਉਸ ਕਹਿੰਦੇ ਹਨ, ਸਾਡੇ ਜ਼ਖ਼ਮੀਆਂ ਨਾਲ ਚੰਗੇਰਾ ਸਲੂਕ ਕਰਨ ਦਾ ਹੁਕਮ ਦਿਤਾ।

"ਟੁੰਡੀ ਲਾਟ ਇਕ ਅਣਖੀਲਾ ਸਿਪਾਹੀ ਹੈ। ਹਾਂ, ਤੇ ਮੈਂ ਤੈਨੂੰ ਮੁਦਕੀ ਦੀ ਲੜਾਈ ਵੇਲੇ ਦਾ ਇਕ ਕਿੱਸਾ ਦਸਣਾ ਤਾਂ ਭੁਲ ਹੀ ਗਿਆ ਸਾਂ। ਸਤਲੁਜ ਪਾਰ ਕਰਨ ਪਿਛੋਂ ਸਾਡੇ ਕੁਝ ਸਿਪਾਹੀਆਂ ਨੇ ਇਕ ਅੰਗਰੇਜ਼ ਫ਼ੌਜੀ ਅਫ਼ਸਰ, ਲੈਫ਼ਟੀਨੈਂਟ ਬਿਡਲਫ਼ ਨੂੰ ਕੈਦ ਕਰ ਲਿਆ। ਉਹ ਆਪਣੀ ਰਜਮੈਂਟ ਵਲ, ਜਿਹੜੀ ਫ਼ੀਰੋਜ਼ਪੁਰ ਵਿਚ ਮੁਕੀਮ ਸੀ, ਜਾ ਰਿਹਾ ਸੀ। ਅਸੀਂ ਦੁਸ਼ਮਣ ਦੇ ਇਕ ਅਫ਼ਸਰ ਨੂੰ ਕੈਦੀ ਬਣਾ ਲਿਆ, ਪਰ ਅਸੀਂ ਉਹਨੂੰ ਅਜ਼ਾਂ ਨਾ ਆਉਣ ਦਿਤੀ, ਕਤਲ ਕਰਨਾ ਤਾਂ ਕਿਤੇ ਰਿਹਾ। ਅਸੀਂ ਉਹਦੀ ਖ਼ਾਤਰ ਕੀਤੀ ਤੇ ਮੁਦਕੀ ਦੀ ਲੜਾਈ ਤੋਂ ਅਗਲੇ ਦਿਨ ਅਸੀਂ ਉਹਨੂੰ ਆਪਣੀਆਂ ਸ਼ੁਭ ਇੱਛਾਵਾਂ ਨਾਲ ਵਾਪਸ ਭੇਜ ਦਿਤਾ।

"ਪਿਛੋਂ ਮੈਨੂੰ ਇਕ ਪੂਰਬੀਏ ਕੈਦੀ ਨੇ ਦਸਿਆ ਕਿ ਲੈਫ਼ਟੀਨੈਂਟ ਬਿਡਲਫ਼ ਨੇ ਗਵਰਨਰ ਜਨਰਲ ਅਗੇ ਸਿੱਖਾਂ ਦੀ ਅਤਿਅੰਤ ਸ਼ਲਾਘਾ ਕੀਤੀ। ਗਵਰਨਰ ਜਨਰਲ ਦੰਗ ਰਹਿ ਗਿਆ ਤੇ ਸੁਣਿਆ ਹੈ ਕਿ ਉਹਦੇ ਮੂੰਹੋਂ ਅਵਸਿਉਂ ਨਿਕਲ ਗਿਆ, ਧੰਨ ਸਿੱਖ ਤੇ ਧੰਨ ਸਿੱਖੀ। ਦੁਨੀਆਂ ਦੇ ਤਖ਼ਤੇ ਉੱਤੇ ਕਿਤੇ ਹੋਰ ਅਜਿਹੀ ਬਹਾਦਰੀ ਤੇ ਅਣਖ ਦੀ ਮਿਸਾਲ ਨਹੀਂ ਮਿਲੇਗੀ।" ਤੇ ਇਹ ਵੀ ਕਹਿੰਦੇ ਹਨ ਕਿ ਫਿਰ ਟੁੰਡੀ ਲਾਟ ਨੇ ਉਸ ਅਫ਼ਸਰ ਨੂੰ ਫੇਰੂ ਸ਼ਹਿਰ ਦੀ ਲੜਾਈ ਵਿਚ ਭਾਗ ਨਹੀਂ ਲੈਣ ਦਿਤਾ। ਉਸ ਆਖਿਆ : "ਬਿਡਲਫ਼ ਘਟੋ ਘਟ ਤੇਰਾ ਤਾਂ ਅਜਿਹੇ ਸੁਹਿਰਦ ਦੁਸ਼ਮਣ ਦੇ ਬਰਖ਼ਿਲਾਫ਼ ਲੜਨਾ ਅਯੋਗ ਹੋਵੇਗਾ।"

"ਤੇ ਤੂੰ ਜਾਣਦੀ ਹੈਂ ਕਿ ਸਾਡੇ ਜ਼ਖ਼ਮੀਆਂ ਵਿਚੋਂ ਇਕ ਆਦਮੀ ਨੇ ਵੀ ਹਾਰ ਕਬੂਲ ਨਹੀਂ ਕੀਤੀ। ਕਿਸੇ ਨੇ ਹਾਏ ਕਰ ਕੇ ਗੋਰਿਆਂ ਦੀ ਮਿੰਨਤ ਨਹੀਂ ਕੀਤੀ ਕਿ ਉਹਨਾਂ ਦੀ ਜਾਨ ਬਖ਼ਸ਼ੀ ਕੀਤੀ ਜਾਏ। ਇਹੋ ਸਾਡੀ ਸਪਿਰਟ ਹੈ ਤੇ ਏਸੇ ਸਪਿਰਟ ਦਾ ਹੀ ਟੁੰਡੀ ਲਾਟ ਉੱਤੇ ਅਸਰ ਹੋਇਆ। ਉਸ ਕਿਹਾ ਕਿ ਦੁਨੀਆਂ ਵਿਚ ਕਿਤੇ ਹੋਰ ਉਸ ਇਹੋ ਜਿਹੀ ਸਪਿਰਟ ਨਹੀਂ ਵੇਖੀ। ਥੋੜ ਵੇਲੇ ਅੰਗਰੇਜ਼, ਫ਼ਰਾਂਸੀਸੀ, ਜਰਮਨ ਤੇ ਬਾਕੀ ਸਭ ਕੌਮਾਂ ਹਾਰ ਕਬੂਲ ਕਰ ਲੈਂਦੀਆਂ ਹਨ, ਪਰ ਸਿੱਖ ਤੇ ਸ਼ੇਰੇ ਪੰਜਾਬ ਦੇ ਸਿਪਾਹੀ ਕਦੀ ਹਾਰ ਨਹੀਂ ਕਬੂਲਦੇ। ਜ਼ਖ਼ਮੀ ਹੋ ਕੇ ਵੀ ਜਾਨ ਬਖ਼ਸ਼ੀ ਵਾਸਤੇ ਮਿੰਨਤ ਨਹੀਂ ਕਰਦੇ।"

"ਰੱਬ ਕਰੇ, ਅਜੀਤ ! ਸਦਾ ਲਈ ਇਹ ਸਪਿਰਟ ਸਾਡੇ ਵਿਚ ਸਮਾਂਦੀ ਰਹੇ। ਅਸੀਂ ਕਦੇ ਕਿਸੇ ਦੀ ਮਿੰਨਤ ਨਾ ਕਰੀਏ ਤੇ ਕਦੀ ਕਿਸੇ ਦੀ ਈਨ ਨਾ ਮੰਨੀਏ।"

Scanned by CamScanner

ਦਸ ਯਾਰਾਂ ਫ਼ਰਵਰੀ, ੧੮੪੬ ਦੀ ਰਾਤ ਫ਼ੀਰੋਜ਼ਪੁਰ ਵਿਚ ਇਕੱਤਰ, ਅੰਗਰੇਜ਼ਾਂ ਦੀ ਰਾਖਵੀਂ ਫ਼ੌਜ ਨੇ, ਸਤਲੁਜ ਪਾਰ ਕਰ ਲਿਆ ਤੇ ਬਾਰਾਂ ਫ਼ਰਵਰੀ ਨੂੰ ਉਹ ਕਸੂਰ ਪੁੱਜ ਗਈ ।

ਚੌਦਾਂ ਫ਼ਰਵਰੀ ਵਾਲੇ ਦਿਨ ਗਵਰਨਰ ਜਨਰਲ ਹਾਰਡਿੰਗ ਨੇ ਇਕ ਐਲਾਨ ਜਾਰੀ ਕੀਤਾ । ਉਸ ਯੁੱਧ ਦਾ ਕਸੂਰਵਾਰ ਸਿੱਖਾਂ ਨੂੰ ਠਹਿਰਾਇਆ ਤੇ ਕਿਹਾ ਕਿ ਬਰਤਾਨਵੀ ਹਕੂਮਤ ਉਦੋਂ ਤਕ ਸੰਤੁਸ਼ਟ ਨਹੀਂ ਹੋਵੇਗੀ ਜਦੋਂ ਤਕ ਕਿ ਖ਼ਾਲਸੇ ਨੂੰ ਗੋਰਿਆਂ ਦੀ ਹਤਕ ਕਰਨ ਤੇ ੧੮੦੯ ਦੀ ਸੁਲ੍ਹਾ ਤੋੜਨ, ਦਾ ਬਦਲਾ ਨਹੀਂ ਦਿਤਾ ਜਾਂਦਾ । ਇਸ ਤੋਂ ਇਲਾਵਾ ਐਲਾਨ ਵਿਚ ਚੇਤਾਵਨੀ ਦਿਤੀ ਗਈ, ਕਿ ਲੜਾਈ ਦਾ ਸਾਰਾ ਖ਼ਰਚ ਵੀ ਸਿੱਖਾਂ ਕੋਲੋਂ ਲਿਆ ਜਾਏਗਾ ਤੇ ਅਮਨ ਦੀ ਜ਼ਮਾਨਤ ਵਜੋਂ ਸਰਕਾਰ ਲਾਹੌਰ ਦਾ ਕੁਝ ਇਲਾਕਾ ਵੀ ਅੰਗਰੇਜ਼ਾਂ ਨੂੰ ਆਪਣੇ ਕਬਜ਼ੇ ਵਿਚ ਕਰਨਾ ਪਵੇਗਾ ।

ਇਸ ਐਲਾਨ ਵਿਚ ਗਵਰਨਰ ਜਨਰਲ ਨੇ ਆਪਣੀ ਸਰਕਾਰ ਦੀ ਮਾਸੂਮੀਅਤ ਪ੍ਰਗਟ ਕੀਤੀ ਤੇ ਕਿਹਾ ਕਿ ਉਹਨਾਂ ਵਲੋਂ ਲਾਹੌਰ ਦਰਬਾਰ ਦੇ ਵਿਰੁਧ ਲੜਾਈ ਕਰਨ ਵਾਸਤੇ ਕਦੀ ਕੋਈ ਤਿਆਰੀ ਨਹੀਂ ਕੀਤੀ ਗਈ । ਇਕ ਵਾਰ ਫਿਰ ਹਾਰਡਿੰਗ ਨੇ ਸਿੱਖ ਸਰਦਾਰਾਂ ਤੇ ਸਿਪਾਹੀਆਂ ਨੂੰ ਵਰਗਲਾਇਆ, ਜਾਗੀਰਾਂ ਤੇ ਚੰਗੇ ਸਲੂਕ ਦਾ ਲਾਰਾ ਦਿਤਾ ਤੇ ਆਖਿਆ ਕਿ ਮਹਾਰਾਜਾ ਰਣਜੀਤ ਸਿੰਘ ਤੇ ਉਹਦੀ ਔਲਾਦ ਦੇ ਸ਼ੁਭ-ਚਿੰਤਕਾਂ ਨੂੰ ਉਹਦੇ ਨਾਲ ਮਿਲ ਬੈਠ ਕੇ ਭਵਿੱਖਤ ਬਾਰੇ ਵਿਚਾਰ ਕਰਨੀ ਚਾਹੀਦੀ ਹੈ ।

ਸਿੱਖ ਰਾਜ, ਮਹਾਰਾਜਾ ਰਣਜੀਤ ਸਿੰਘ ਤੇ ਉਹਦੀ ਔਲਾਦ ਦਾ ਸਭ ਤੋਂ ਵਡਾ "ਸ਼ੁਭ-ਚਿੰਤਕ" ਰਾਜਾ ਗੁਲਾਬ ਸਿੰਘ, ਕੁਝ ਹੋਰ ਸ਼ੁਭ-ਚਿੰਤਕਾਂ ਨੂੰ ਨਾਲ ਲੈ ਕੇ ਪੰਦਰਾਂ ਫਰਵਰੀ ਵਾਲੇ ਦਿਨ ਕਸੂਰ ਪੁਜਾ ਤੇ ਉਸ ਗਵਰਨਰ ਜਨਰਲ ਨਾਲ ਮੁਲਾਕਾਤ ਕੀਤੀ । ਇਸ ਮੁਲਾਕਾਤ ਵਿਚ ਪੰਜਾਬ ਤੇ ਕਸ਼ਮੀਰ ਦੇ ਭਵਿੱਖਤ ਬਾਰੇ ਫ਼ੈਸਲੇ ਕੀਤੇ ਗਏ ਤੇ ਫਿਰ ਹਾਰਡਿੰਗ ਦੀ ਆਗਿਆ ਅਨੁਸਾਰ ਗੁਲਾਬ ਸਿੰਘ, ਬਾਲਕ ਮਹਾਰਾਜਾ ਦਲੀਪ ਸਿੰਘ ਨੂੰ, ਆਪਣੇ ਨਾਲ ਗਵਰਨਰ ਜਨਰਲ ਦੀ ਹਜ਼ੂਰੀ ਵਿਚ ਪੇਸ਼ ਕਰਨ ਵਾਸਤੇ, ਵਾਪਸ ਮੁੜ ਆਇਆ ।

ਅਠਾਰਾਂ ਫ਼ਰਵਰੀ ਨੂੰ ਗੁਲਾਬ ਸਿੰਘ ਸਣੇ ਦਲੀਪ ਸਿੰਘ ਦੇ ਲਖਿਆਣੀ ਪੁਜਾ, ਜਥੇ ਕਿ ਉਸ ਦਿਨ ਹਾਰਡਿੰਗ ਦਾ ਕੈਂਪ ਸੀ । ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਦੇ "ਸ਼ੁਭ-ਚਿੰਤਕ" ਨੇ ਦਲੀਪ ਸਿੰਘ ਨੂੰ, ਇਕ ਗੁਲਾਬ ਵਾਂਗ ਗਵਰਨਰ ਜਨਰਲ ਦੇ ਪੇਸ਼ ਕੀਤਾ ।

ਵੀਹ ਫ਼ਰਵਰੀ ਨੂੰ ਅੰਗਰੇਜ਼ ਲਾਹੌਰ ਪੁਜੇ ਤੇ ਉਸ ਤੋਂ ਦੋ ਦਿਨ ਪਿਛੋਂ ਗੋਰਾ ਸਿਪਾਹੀਆਂ ਨੇ ਸ਼ਾਹੀ ਕਿਲ੍ਹੇ ਦੇ ਇਕ ਹਿੱਸੇ ਵਿਚ ਡੇਰਾ ਲਾ ਲਿਆ ।

ਛੱਬੀ ਫਰਵਰੀ ਨੂੰ ਗਵਰਨਰ ਜਨਰਲ ਨੇ ਇਕ ਆਮ ਦਰਬਾਰ ਕੀਤਾ ਜਿਸ ਵਿਚ ਲਾਲ ਸਿੰਘ ਨੂੰ ਮੁਖ ਮੰਤਰੀ ਤੇ ਤੇਜ ਸਿੰਘ ਨੂੰ ਸੈਨਾਪਤੀ ਥਾਪਿਆ ਤੇ ਹੋਣ ਵਾਲੀ ਸੁਲ੍ਹਾ ਦੀਆਂ ਮੋਟੀਆਂ ਮੋਟੀਆਂ ਸ਼ਰਤਾਂ ਦਾ ਐਲਾਨ ਕੀਤਾ ।

ਅੰਗਰੇਜ਼ਾਂ ਨੇ ਮੁਦਕੀ, ਫੇਰੂ ਸ਼ਹਿਰ ਤੇ ਅਲੀਵਾਲ ਵਿਚ ਖੋਹੀਆਂ ਸਭ ਤੋਪਾਂ ਉੱਤੇ ਮਲਕੀਅਤ ਜਮਾ ਲਈ ਸੀ । ਸਭਰਾਵਾਂ ਦੇ ਮੈਦਾਨ ਵਿਚ, ਸਭ ਉਹ ਤੋਪਾਂ ਵੀ, ਜਿਹੜੀਆਂ ਦਰਿਆ ਦੇ ਪਾਰ ਸਨ, ਉਹਨਾਂ ਦੇ ਹੱਥ ਆਈਆਂ ਸਨ । ਪਰ ਸਭਰਾਵਾਂ ਦੀ ਲੜਾਈ ਵੇਲੇ ਜਿਹੜੀਆਂ ਛੱਤੀ ਤੋਪਾਂ ਦਰਿਆ ਦੇ ਉਰਾਰ ਸਨ, ਉਹ ਅਜੇ ਤਕ ਅੰਗਰੇਜ਼ਾਂ ਦੇ ਹੱਥਾਂ ਨਹੀਂ ਸਨ ਲਗੀਆਂ । ਇਸ ਸੰਧੀ ਅਨੁਸਾਰ ਉਹ ਤੋਪਾਂ ਅੰਗਰੇਜ਼ਾਂ ਨੂੰ ਦੇਣੀਆਂ ਮਨਜ਼ੂਰ ਕੀਤੀਆਂ ਗਈਆਂ । ਸਿੱਖ ਤੋਪਖ਼ਾਨਾ ਜਿਹੜਾ ਦੁਨੀਆਂ ਵਿਚ ਉਸ ਵੇਲੇ ਆਪਣੀ ਮਿਸਾਲ ਆਪ ਸੀ, ਖ਼ਤਮ ਹੋ ਗਿਆ ।

Scanned by CamScanner

ਤੈਅ ਹੋਇਆ ਕਿ ਦਰਿਆ ਸਤਲੁਜ ਤੇ ਬਿਆਸ, ਮਿਠਨਕੋਟ ਤਕ, ਤੇ ਦਰਿਆ ਸਿੰਧ ਮਿਠਨਕੋਟ ਤੋਂ ਬਲੋਚਿਸਤਾਨ ਦੀ ਸਰਹੱਦ ਤਕ, ਅੰਗਰੇਜ਼ੀ ਸਰਕਾਰ ਦੀ ਸਰਦਾਰੀ ਥੱਲੇ ਰਹਿਣਗੇ। ਜਹਾਜ਼ਰਾਨੀ ਤੇ ਚੁੰਗੀ ਮਸੂਲ ਉੱਤੇ ਵੀ ਬਰਤਾਨਵੀ ਸਰਕਾਰ ਦਾ ਅਧਿਕਾਰ ਹੋਵੇਗਾ। ਇਉਂ ਮਹਾਰਾਜਾ ਰਣਜੀਤ ਸਿੰਘ ਦੀ, ਆਪਣੇ ਹੱਕਾਂ ਦੀ ਬਰਕਰਾਰ ਰਖਣ ਦੀ ਸਾਰੀ ਉਮਰ ਦੀ ਕਮਾਈ ਖੋਹ ਲਈ ਗਈ।

ਹਾਂ, ਤੇ ਇਕ ਹੋਰ ਜ਼ਰੂਰੀ ਸ਼ਰਤ ਇਹ ਸੀ : ਲਾਹੌਰ ਤੇ ਅੰਗਰੇਜ਼ਾਂ ਵਿਚਕਾਰ ਸੁਲ੍ਹਾ ਕਰਾਣ ਦੀ ਸੇਵਾ ਵਾਸਤੇ, ਮਹਾਰਾਜਾ ਦਲੀਪ ਸਿੰਘ, ਰਾਜਾ ਗੁਲਾਬ ਸਿੰਘ ਨੂੰ ਉਹਨਾਂ ਇਲਾਕਿਆਂ ਤੇ ਪਹਾੜੀ ਜ਼ਿਲਿਆਂ ਦਾ ਮਹਾਰਾਜਾ ਮੰਨ ਲਵੇਗਾ, ਜਿਹੜੇ ਇਲਾਕੇ ਕਿ ਸਰਕਾਰ ਅੰਗਰੇਜ਼ੀ ਉਹਨੂੰ ਇਕ ਵਖਰੀ ਸੰਧੀ ਅਨੁਸਾਰ ਦੇਵੇਗੀ। ਇਸ ਇਲਾਕੇ ਵਿਚ ਉਹ ਇਲਾਕਾ ਵੀ ਸ਼ਾਮਲ ਹੋਵੇਗਾ ਜਿਹੜਾ ਮਹਾਰਾਜਾ ਖੜਗ ਸਿੰਘ ਦੇ ਸਮੇਂ ਤੋਂ ਰਾਜਾ ਗੁਲਾਬ ਸਿੰਘ ਦੇ ਹੱਥਾਂ ਵਿਚ ਚਲਿਆ ਆਉਂਦਾ ਹੈ। ਗੁਲਾਬ ਸਿੰਘ ਦੀ ਨੇਕ ਚਲਨੀ ਦੇ ਕਾਰਨ ਸਰਕਾਰ ਅੰਗਰੇਜ਼ੀ ਨੇ ਵੀ ਇਹਨਾਂ ਇਲਾਕਿਆਂ ਉੱਤੇ ਉਹਦੀ ਆਜ਼ਾਦੀ ਪਰਵਾਨ ਕੀਤੀ ਤੇ ਆਪਣੇ ਨਾਲ ਉਹਨੂੰ ਵਖਰਾ ਅਹਿਦਨਾਮਾ ਕਰਨ ਦੀ ਆਗਿਆ ਦਿਤੀ। ਅੰਗਰੇਜ਼ਾਂ ਨੇ ਇਹ ਵੀ ਮੰਨਵਾ ਲਿਆ ਕਿ ਜੇ ਲਾਹੌਰ ਦਰਬਾਰ ਤੇ ਮਹਾਰਾਜਾ ਗੁਲਾਬ ਸਿੰਘ ਵਿਚਕਾਰ ਕਦੀ ਕੋਈ ਝਗੜਾ ਹੋਇਆ ਤਾਂ ਸਰਕਾਰ ਅੰਗਰੇਜ਼ੀ ਸਾਲਸ ਬਣੇਗੀ ਤੇ ਉਹਦਾ ਦਿਤਾ ਫ਼ੈਸਲਾ ਦਲੀਪ ਸਿੰਘ ਜਾਂ ਉਹਦੇ ਵਾਰਸਾਂ ਨੂੰ ਮੰਨਣਾ ਪਵੇਗਾ। ਪ੍ਰਤੱਖ ਸੀ ਕਿ ਜੇ ਕਦੀ ਕੋਈ ਝਗੜਾ ਹੋਇਆ ਤੇ ਸਰਕਾਰ ਅੰਗਰੇਜ਼ੀ ਨੂੰ ਉਹਦਾ ਫ਼ੈਸਲਾ ਕਰਨਾ ਪਿਆ ਤਾਂ ਉਹ ਫ਼ੈਸਲਾ ਜ਼ਰੂਰ ਗੁਲਾਬ ਸਿੰਘ ਦੇ ਹੱਕ ਵਿਚ ਹੀ ਹੋਏਗਾ ਕਿਉਂਕਿ ਇਸ ਫ਼ੈਸਲੇ ਨੂੰ ਗੁਲਾਬ ਸਿੰਘ ਵਲੋਂ ਵੀ ਅਵੱਸ਼ ਮੰਨਣ ਦੀ ਕੋਈ ਸ਼ਰਤ ਸੰਧੀ ਵਿਚ ਨਹੀਂ।

ਅੰਗਰੇਜ਼ਾਂ ਵਲੋਂ ਫ਼ਰੈਡਰੱਕ ਕਰੀ ਤੇ ਹੈਨਰੀ ਲਾਰੰਸ ਤੇ ਲਾਹੌਰ ਵਲੋਂ, ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸਰਦਾਰ ਤੇਜ ਸਿੰਘ, ਸਰਦਾਰ ਚਤਰ ਸਿੰਘ ਅਟਾਰੀਵਾਲੇ, ਸਰਦਾਰ ਰਣਜੋਧ ਸਿੰਘ ਮਜੀਠੀਏ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ ਨੇ ਇਸ ਸੰਧੀ ਉੱਤੇ ਦਸਤਖ਼ਤ ਕੀਤੇ।

ਦੋ ਦਿਨਾਂ ਪਿਛੋਂ ਇਕ ਹੋਰ ਸੰਧੀ ਲਾਹੌਰ ਦਰਬਾਰ ਉੱਤੇ ਠੋਸੀ ਗਈ। ਕੁਝ ਇਕ ਗੱਲਾਂ ਦਾ ਸੂਝਵਾਨ ਤੇ ਚਾਤਰ ਦੇਸੀ ਤੇ ਬਦੇਸੀ ਸਲਾਹਕਾਰਾਂ ਨੂੰ ਪਿਛੋਂ ਖ਼ਿਆਲ ਆਇਆ। ਇਸ ਸੰਧੀ ਦੀ ਲੋੜ ਲਈ ਦਰਸਾਇਆ ਗਿਆ ਕਿ ਲਾਹੌਰ ਦਰਬਾਰ ਨੇ ਗਵਰਨਰ ਜਨਰਲ ਅਗੇ, ਲਾਹੌਰ ਵਿਚ ਅੰਗਰੇਜ਼ੀ ਫ਼ੌਜ ਰਖਣ ਦੀ ਪ੍ਰਾਰਥਨਾ ਕੀਤੀ ਹੈ, ਜੋ ਮਹਾਰਾਜਾ ਦਲੀਪ ਸਿੰਘ ਤੇ ਲਾਹੌਰ ਸ਼ਹਿਰ ਦੀ ਉਦੋਂ ਤਕ ਰਖਿਆ ਕਰੇ, ਜਦੋਂ ਤਕ ਕਿ ਨਵੀਂ ਫ਼ੌਜ ਭਰਤੀ ਨਹੀਂ ਕੀਤੀ ਜਾਂਦੀ ਤੇ ਉਹ ਇਹ ਬੀੜਾ ਚੁਕਣ ਲਈ ਤਿਆਰ ਨਹੀਂ ਹੋ ਜਾਂਦੀ। ਦਲੀਪ ਸਿੰਘ ਤੇ ਲਾਹੌਰ ਸ਼ਹਿਰ ਨੂੰ ਆਪਣੀ ਹੀ ਵਫ਼ਾਦਾਰ ਫ਼ੌਜ ਕੋਲੋਂ ਬਚਾਣ ਵਾਸਤੇ ਕਿੰਨੀ ਫ਼ੌਜ ਚਾਹੀਦੀ ਹੈ, ਇਹਦਾ ਫ਼ੈਸਲਾ ਗਵਰਨਰ ਜਨਰਲ ਉੱਤੇ ਛਡਿਆ ਗਿਆ। ਜਦੋਂ ਤਕ ਗੋਰਾ ਫ਼ੌਜ ਲਾਹੌਰ ਰਹੇ ਉਦੋਂ ਤਕ ਉਹਨੂੰ ਕਿਲ੍ਹੇ ਤੇ ਸ਼ਹਿਰ ਦਾ ਪੂਰਾ ਕਬਜ਼ਾ ਦਿਤਾ ਗਿਆ ਤੇ ਬਾਕੀ ਫ਼ੌਜ ਨੂੰ ਸ਼ਹਿਰੋਂ ਬਾਹਰ ਕੱਢ ਦਿਤਾ ਗਿਆ। ਲਾਹੌਰ ਸਰਕਾਰ ਨੇ ਗੋਰਾ ਫ਼ੌਜ ਦੇ ਅਫ਼ਸਰਾਂ ਤੇ ਸਿਪਾਹੀਆਂ ਦੇ ਰਹਿਣ ਵਾਸਤੇ ਮਕਾਨ ਦੇਣੇ ਪਰਵਾਨ ਕੀਤ ਤੇ ਸਾਰੇ ਫ਼ਾਲਤੂ ਖ਼ਰਚ ਵੀ ਜੋ ਅੰਗਰੇਜ਼ੀ ਫ਼ੌਜ ਨੂੰ ਆਪਣੀਆਂ ਛਾਉਣੀਆਂ ਤੋਂ ਦੂਰ ਬਿਗਾਨੇ ਦੇਸ਼ ਵਿਚ ਰਹਿਣ ਕਰ ਕੇ, ਝੱਲਣੇ ਪੈਣੇ ਸਨ।

ਇਹ ਵੀ ਤੈਅ ਹੋਇਆ ਕਿ ਲਾਹੌਰ ਸਰਕਾਰ ਨਵੀਂ ਫ਼ੌਜ ਦੀ ਭਰਤੀ ਤੇ ਉਸ ਦਾ ਬੰਦੋਬਸਤ ਲਾਹੌਰ ਵਿਚ ਮੁਕੀਮ ਅੰਗਰੇਜ਼ੀ ਅਫ਼ਸਰਾਂ ਦੀ ਸਲਾਹ ਨਾਲ ਕਰੇ। ਮਾਮਲਾ ਉਗਰਾਹਣ ਵਿਚ ਅੰਗਰੇਜ਼ੀ ਸਰਕਾਰ ਨੇ ਮਦਦ ਦੇਣ ਦਾ ਬਚਨ ਦਿਤਾ। ਭਾਵ ਸੀ ਕਿ ਕਿਵੇਂ ਨਾ ਕਿਵੇਂ ਸਰਕਾਰੀ ਮਸ਼ੀਨ ਦੇ ਹਰ ਭਾਗ ਵਿਚ ਟੰਗ ਅੜਾਈ ਜਾਏ।

ਇਕ ਹੋਰ ਜ਼ਰੂਰੀ ਸ਼ਰਤ ! ਸਰਕਾਰ ਅੰਗਰੇਜ਼ੀ ਨੇ ਜ਼ਬਤ ਕੀਤੇ ਇਲਾਕਿਆਂ ਵਿਚ ਸਥਾਪਤ ਕਿਲ੍ਹਿਆਂ ਦਾ ਮੁਆਇਨਾ ਕਰਨ ਤੇ ਜਿਹੜੀ ਚੀਜ਼ ਉਹਨੂੰ ਪਸੰਦ ਆਵੇ, ਮੁੱਲ ਤਾਰ ਕੇ, ਉਹਦੇ ਉੱਤੇ ਆਪਣੀ ਮਲਕੀਅਤ ਜਮਾਣ ਦਾ ਹੱਕ ਲੈ ਲਿਆ। ਇਹ ਮੁੱਲ ਕੌਣ ਨਿਯਤ ਕਰੇਗਾ ਤੇ ਇਹ ਮੁੱਲ ਕਿਦ੍ਹੇ ਹੱਥ ਲਗੇਗਾ ਇਹ ਪ੍ਰਤੱਖ ਸੀ।

ਪੰਦਰਾਂ ਮਾਰਚ ਨੂੰ ਰਾਜਾ ਗੁਲਾਬ ਸਿੰਘ ਮਹਾਰਾਜਾ ਗੁਲਾਬ ਸਿੰਘ ਬਣਿਆ ਤੇ ਜੰਮੂ ਕਸ਼ਮੀਰ ਦਾ ਇਲਾਕਾ ਉਹਨੂੰ ਸੌਂਪ ਦਿਤਾ ਗਿਆ। ਸ਼ੇਰੇ-ਪੰਜਾਬ ਰਣਜੀਤ ਸਿੰਘ ਨੇ ਗੁਲਾਬ ਸਿੰਘ ਨੂੰ ਰਾਜੇ ਦਾ ਖ਼ਿਤਾਬ ਦਿਤਾ ਸੀ। ਅੱਜ ਸਰਕਾਰ ਬਰਤਾਨੀਆਂ ਨੇ ਉਹਨੂੰ ਮਹਾਰਾਜਾ ਬਣਾਇਆ। ਅੱਜ ਗੁਲਾਬ ਸਿੰਘ ਦੀਆਂ ਸਭ ਖ਼ਾਹਸ਼ਾਂ ਤੇ ਇੱਛਿਆਵਾਂ ਪੂਰਨ

Scanned by CamScanner

ਹੋਈਆਂ। ਜਿਥੇ ਉਹਦਾ ਭਰਾ ਧਿਆਨ ਸਿੰਘ, ਅਸਫਲ ਰਿਹਾ ਉੱਥੇ ਗੁਲਾਬ ਸਿੰਘ ਸਫਲ ਹੋਇਆ। ਇਹ ਗੁਲਾਬ ਸਿੰਘ ਦੀ ਪਾਰਦਰਸ਼ਤਾ ਤੇ ਸਿਆਣਪ ਦਾ ਪ੍ਰਮਾਣ ਹੈ।

ਸੋਲ੍ਹਾਂ ਮਾਰਚ ਨੂੰ ਮਹਾਰਾਜਾ ਗੁਲਾਬ ਸਿੰਘ ਤੇ ਬਰਤਾਨਵੀ ਹਕੂਮਤ ਵਿਚਕਾਰ ਇਕ ਸੰਧੀ ਹੋਈ ਜਿਸ ਅਨੁਸਾਰ ਅੰਗਰੇਜ਼ਾਂ ਨੇ ਗਲਾਬ ਸਿੰਘ ਨੂੰ ਖੁਦ-ਮੁਖਤਾਰ ਮਹਾਰਾਜਾ ਮੰਨਿਆ ਤੇ ਗੁਲਾਬ ਸਿੰਘ ਨੇ ਇਹਦੇ ਬਦਲੇ ਪਝੰਤਰ ਲੱਖ ਰੁਪਿਆ ਅੰਗਰੇਜ਼ਾਂ ਨੂੰ ਦਿਤਾ। ਇਸ ਰਕਮ ਵਿਚ ਅਠਾਠ ਲੱਖ ਰੁਪਏ ਦੀ ਰਕਮ ਉਹ ਸੀ ਜਿਹੜੀ ਕਿ ਗਲਾਬ ਸਿੰਘ ਨੇ ਜੁਰਮਾਨੇ ਵਜੋਂ ਅੰਗਰੇਜ਼ਾਂ ਨਾਲ ਜੰਗ ਸ਼ੁਰੂ ਹੋਣ ਤੋਂ ਪਹਿਲੇ, ਲਾਹੌਰ ਦਰਬਾਰ ਨੂੰ ਦੇਣੀ ਮੰਨੀ ਸੀ। ਇਹੋ ਬਰਤਾਨਵੀ ਸਰਕਾਰ ਦਾ ਇਨਸਾਫ ਸੀ।। ਜੁਰਮਾਨਾ ਲਾਹੌਰ ਦਰਬਾਰ ਨੂੰ ਅਦਾ ਹੋਣਾ ਸੀ, ਪਰ ਪੇਟੇ ਉਹਨਾਂ ਆਪਣੇ ਪਾ ਲਿਆ। ਜੇ ਇਉਂ ਨਾ ਕਰਦੇ ਤਾਂ ਹੋ ਸਕਦਾ ਸੀ ਲਾਹੌਰ ਦਰਬਾਰ ਅੰਗਰੇਜ਼ਾਂ ਵਲੋਂ ਲਾਇਆ ਜੰਗੀ ਤਾਵਾਨ ਦੇਣ ਵਿਚ ਸਫਲ ਹੋ ਜਾਂਦਾ ? ਫਿਰ ਕੀ ਹੁੰਦਾ, ਇਸ ਪਝੰਤਰ ਲੱਖ ਦੀ ਰਕਮ ਵਿਚ ਅਠਾਰਾਂ ਲੱਖ ਰੁਪਏ ਦੀ ਉਹ ਰਕਮ ਵੀ ਸ਼ਾਮਲ ਸੀ ਜਿਹੜੀ ਕਿ ਦਰਅਸਲ ਰਾਜਾ ਸੁਚੇਤ ਸਿੰਘ ਦੀ ਮਲਕੀਅਤ ਸੀ ਤੇ ਜਿਸ ਉੱਤੇ ਕਿ ਲਾਹੌਰ ਸਰਕਾਰ ਦਾ ਸੋ ਫ਼ੀ ਸਦੀ ਹੱਕ ਸੀ। ਲਾਹੌਰ ਸਰਕਾਰ ਦੇ ਅੰਗਰੇਜ਼ਾਂ ਵਲੋਂ ਬਦਗੁਮਾਨ ਹੋਣ ਦਾ ਇਕ ਵਡਾ ਕਾਰਨ ਇਹ ਰਕਮ ਸੀ। ਰਾਜਾ ਸੁਚਤ ਸਿੰਘ ਦੀ ਬਗ਼ਾਵਤ ਪਿੱਛੋਂ ਲਾਹੌਰ ਸਰਕਾਰ ਨੇ ਉਹਦੀਆਂ ਜਾਗੀਰਾਂ ਤੇ ਇਹ ਰਕਮ ਜ਼ਬਤ ਕਰ ਲਈ, ਪਰ ਫ਼ੀਰੋਜ਼ਪੁਰ ਵਿਚ ਪਈ ਹੋਣ ਕਰ ਕੇ ਅੰਗਰੇਜ਼ਾਂ ਨੇ ਇਹ ਰਕਮ ਤਾਰਨ ਤੋਂ ਇਨਕਾਰ ਕਰ ਦਿਤਾ। ਹੁਣ ਲੜਾਈ ਹੋਈ ਤੇ ਅੰਗਰੇਜ਼ ਜਿੱਤ ਗਏ। ਜੇਤੂ ਹੋ ਕੇ ਕਿਵੇਂ ਉਹ ਰਕਮ ਮੋੜਦੇ ? ਤੇ ਕਿਉਂ ਮੋੜਦੇ ? ਆਖ਼ਰ ਜੇਤੂ ਦਾ ਅਖ਼ਤਿਆਰ ਹੈ ਕਿ ਉਹ ਹਾਰੀ ਹੋਈ ਹਕੂਮਤ ਤੇ ਹਾਰੇ ਹੋਏ ਦੇਸ਼ ਕੋਲੋਂ ਜ ਚਾਹੇ ਮੰਨਵਾਏ ? ਅੱਜ ਇਹ ਰਕਮ ਮਹਾਰਾਜਾ ਗੁਲਾਬ ਸਿੰਘ ਦੀ ਰਕਮ ਮਿਥੀ ਗਈ। ਕੌਣ ਪ੍ਰਸ਼ਨ ਪੁਛ ਸਕਦਾ ਸੀ ? ਕੌਣ ਨਵਾਂ ਉੱਪਦਰ ਖੜਾ ਕਰਨ ਦੀ ਸ਼ਕਤੀ ਰਖਦਾ ਸੀ ? ਮਤਲਬ ਸੀ ਗੁਲਾਬ ਸਿੰਘ ਨੂੰ ਆਜ਼ਾਦ ਹੁਕਮਰਾਨ ਬਣਾਣਾ।

ਰਾਜਾ ਗੁਲਾਬ ਸਿੰਘ, ਮਹਾਰਾਜਾ ਗੁਲਾਬ ਸਿੰਘ ਬਣ ਕੇ ਕਸ਼ਮੀਰ ਪਹੁੰਚਿਆ। ਅੱਜ ਤੋਂ ਸਿਰਫ ਤੀਹ ਕੁ ਵਰ੍ਹੇ ਪਹਿਲੇ ਹੀ ਇਹ ਮਹਾਰਾਜਾ ਸ਼ੇਰੇ-ਪੰਜਾਬ ਰਣਜੀਤ ਸਿੰਘ ਦੀ ਸੈਨਾ ਵਿਚ, ਆਪਣੇ ਭਰਾ ਧਿਆਨ ਸਿੰਘ ਰਾਹੀਂ, ਪੰਜ ਰੁਪਏ ਮਹੀਨੇ ਉੱਤੇ ਹਰਕਾਰਾ ਭਰਤੀ ਹੋਇਆ ਸੀ। ਗੁਲਾਬ ਸਿੰਘ, ਰਣਜੀਤ ਸਿੰਘ ਥੱਲੇ ਕਈ ਲੜਾਈਆਂ ਵਿਚ ਲੜਿਆ ਜਿਸ ਵਿਚ ਕਿ ਜੰਮੂ ਤੇ ਕਸ਼ਮੀਰ ਵਿਚ ਹੋਈਆਂ ਲੜਾਈਆਂ ਵੀ ਸ਼ਾਮਲ ਹਨ। ਇਹ ਸ਼ਾਹਸਵਾਰ ਤੇ ਪਲੱਥੇਬਾਜ਼ ਉੱਨਤੀ ਕਰਦਾ ਗਿਆ। ਇਹ ਰਣਜੀਤ ਸਿੰਘ ਦੇ ਮੂੰਹ ਚੜ੍ਹਦਾ ਗਿਆ। ਇਕ ਦਿਨ ਇਹਨੂੰ ਜੰਮੂ ਦਾ ਗਵਰਨਰ ਬਣਾ ਦਿਤਾ ਗਿਆ। ਇਕ ਦਿਨ ਉਹਨੂੰ ਰਾਜੇ ਦਾ ਖ਼ਿਤਾਬ ਮਿਲਿਆ। ਇਕ ਦਿਨ ਇਹਨੇ ਤੇ ਇਹਦੇ ਭਰਾ ਧਿਆਨ ਸਿੰਘ ਨੇ ਆਪੋ ਵਿਚ ਸਾਰੇ ਪੰਜਾਬ ਦੀ ਵੰਡ ਕਰ ਲਈ ਤੇ ਫਿਰ ਇਸ ਨਿਸ਼ਾਨੇ ਨੂੰ ਸਾਹਮਣੇ ਰਖ ਕੇ ਇਹ ਦੋਵੇਂ ਭਰਾ ਗੋਂਦਾਂ ਗੁੰਦਣ ਲਗੇ ਤੇ ਇਕ ਪਿਛੋਂ ਦੂਜੀ ਗੋਂਦ ਉੱਤੇ ਅਮਲ ਕਰਨ ਲਗੇ। ਫਿਰ ਇਕ ਦਿਨ ਰਣਜੀਤ ਸਿੰਘ ਮਰ ਗਿਆ ਤੇ ਦੋਵੇਂ ਭਰਾਵਾਂ ਨੂੰ ਖੁਲ੍ਹੀ ਛੁਟੀ ਮਿਲ ਗਈ। ਦੋਵਾਂ ਭਰਾ ਆਪਣੇ ਨਿਸ਼ਾਨਿਆਂ ਵਿਚ ਪਰਪੱਕ ਰਹੇ ਤੇ ਅੱਜ ਗੁਲਾਬ ਸਿੰਘ ਮਹਾਰਾਜਾ ਬਣ ਗਿਆ।

ਅੱਜ ਉਹਨਾਂ ਸਭ ਸਿਪਾਹੀਆਂ ਦੇ ਨੈਣਾਂ ਵਿਚ ਅੱਥਰੂ ਸਨ ਜਿਹੜੇ ਰਣਜੀਤ ਸਿੰਘ ਤੇ ਹਰੀ ਸਿੰਘ ਨਲੂਏ ਥੱਲੇ ਕਸ਼ਮੀਰ ਦੀਆਂ ਪਹਾੜੀਆ ਤੇ ਬਰਫ਼ਾਂ ਵਿਚ ਲੜੇ ਸਨ। ਇਹਨਾਂ ਸਿਪਾਹੀਆਂ ਨੇ ਸਮਝਿਆ ਸੀ ਕਿ ਉਹਨਾਂ ਨੇ ਕਸ਼ਮੀਰ ਨੂੰ ਸਥਾਈ ਤੌਰ ਉੱਤੇ ਖ਼ਾਲਸਾ ਸਲਤਨੱਤ ਨਾਲ ਮਿਲਾ ਲਿਆ ਹੈ। ਉਹਨਾਂ ਸਮਝਿਆ ਸੀ ਕਿ ਕਸ਼ਮੀਰ ਨੂੰ ਬਦੇਸ਼ੀ ਹੁਕਮਰਾਨਾਂ ਤੋਂ ਸਦਾ ਸਦਾ ਲਈ ਆਜ਼ਾਦ ਕਰਾ ਲਿਆ ਗਿਆ ਹੈ। ਰਣਜੀਤ ਸਿੰਘ ਕਸ਼ਮੀਰ ਨੂੰ ਹਿੰਦੁਸਤਾਨ ਦਾ ਇਕ ਕੁਦਰਤੀ ਭਾਗ ਸਮਝਦਾ ਸੀ। ਭੂਗੋਲਕ ਤੇ ਇਤਿਹਾਸਕ ਤੌਰ ਤੇ ਇਹ ਇਲਾਕਾ ਕਿਸੇ ਬਦਸ਼ੀ ਦੀ ਮਲਕੀਅਤ ਨਹੀਂ ਬਣ ਸਕਦਾ। ਐਵੇਂ ਤਾਂ ਰਣਜੀਤ ਸਿੰਘ ਤੇ ਹਰੀ ਸਿੰਘ ਨਲੂਏ ਦੇ ਸਿਪਾਹੀ ਬਰਫ਼ਾਂ ਵਿਚ ਯਖ਼ ਨਹੀਂ ਸਨ ਹੋਏ।

ਪਰ ਅੱਜ ਕੌਣੀ ਕੀ ਕਰ ਸਕਦਾ ਸੀ ? ਅੱਜ ਗੁਲਾਬ ਸਿੰਘ ਡੋਗਰਾ ਇਸ ਅਤਿ ਖ਼ੂਬਸੂਰਤ, ਪਰ ਹਿੰਦੁਸਤਾਨ ਦੀ ਰਖਿਆ ਲਈ ਅਤਿ ਮਹੱਤਵਸ਼ਾਲੀ ਦੇਸ਼ ਦਾ ਮਹਾਰਾਜਾ ਸੀ ਤੇ ਮਾਨਸਕ ਤੌਰ ਤੇ ਅੰਗਰੇਜ਼ਾਂ ਦਾ ਗ਼ੁਲਾਮ।

ਪਰ ਪੰਜਾਬ ਦੇ ਬਹੁਤੇ ਵਸਨੀਕ ਅਜੇ ਤਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗ਼ੁਲਾਮ ਨਹੀਂ ਸਨ ਸਮਝਦੇ। ਉਹ ਇਹ ਜ਼ਰੂਰ ਸਮਝਦੇ ਸਨ ਕਿ ਉਹ ਹਾਰ ਗਏ ਹਨ ਤੇ ਅੰਗਰੇਜ਼ ਜਿੱਤ ਗਏ ਹਨ, ਪਰ ਫਿਰ ਵੀ ਅਜੇ ਤਕ ਦਲੀਪ ਸਿੰਘ

Scanned by CamScanner

ਉਹਨਾਂ ਦਾ ਮਹਾਰਾਜਾ ਸੀ ਤੇ ਉਹਨਾਂ ਨੂੰ ਸਦਾ ਲਈ ਆਪਣੀ ਆਜ਼ਾਦੀ ਖੁਸਣ ਦਾ ਅਹਿਸਾਸ ਨਹੀਂ ਸੀ ਹੋਇਆ। ਇਹ ਪੰਜਾਬੀ, ਅੰਗਰੇਜ਼ਾਂ ਤੇ ਕੁਲਾਬ ਸਿੰਘ ਵਿਚਕਾਰ ਹੋਏ ਸੌਦੇ ਵਲ ਹਿਕਾਰਤ ਦੀ ਨਜ਼ਰਾਂ ਨਾਲ ਵੇਖਦੇ ਤੇ ਇਹਨਾਂ ਵਿਚੋਂ ਕਈ ਬੁੱਢੇ, ਪਰ ਅਜੇ ਤਕ ਵੀ ਮਨਦਲੇ ਸਿਪਾਹੀ ਰੋ ਪੈਂਦੇ, ਆਪਣੀਆਂ ਦਿਤੀਆਂ ਕੁਰਬਾਨੀਆਂ ਦਾ ਚੇਤਾ ਕਰਕੇ ਰੋ ਪੈਂਦੇ।

ਗਵਰਨਰ ਜਨਰਲ ਹੈਨਰੀ ਹਾਰਡਿੰਗ ਨੇ ਐਸ ਵੇਲੇ ਪੰਜਾਬ ਨੂੰ ਅੰਗਰੇਜ਼ੀ ਰਾਜ ਨਾਲ ਨਹੀਂ ਮਿਲਾਇਆ। ਇਕ ਵਾਰ ਫਿਰ ਉਹ, ਤੇ ਭਾਰਤ ਵਿਚ ਬਰਤਾਨਵੀ ਸਾਮਰਾਜ ਦੇ ਉਸਰੱਈਏ, ਆਪਣੇ ਨਿਸ਼ਾਨੇ ਵਿਚ ਅਸਫ਼ਲ ਰਹੇ। ਜਿਸ ਥੈ ਵਾਸਤੇ ਅੰਗਰੇਜ਼ ਕਰਮਚਾਰੀ ਪਿਛਲੇ ਦਸ ਸਾਲ ਤੋਂ ਸੋਚਦੇ ਰਹੇ ਸਨ ਚੰਗੇ ਮੌਕਿਆਂ ਦੀ ਭਾਲ ਕਰਦੇ ਆ ਰਹੇ ਸਨ ਤੇ ਤਿਆਰੀ ਕਰਦੇ ਰਹੇ ਸਨ, ਉਹ ਥੈ, ਉਹ ਨਿਸ਼ਾਨਾ, ਅੱਜ ਲਾਹੌਰ ਪੁਜ ਕੇ ਵੀ ਪੂਰਾ ਨਾ ਹੋਇਆ। ਮੁਦਕੀ ਵਿਚ ਅੰਗਰੇਜ਼ ਜਿੱਤੇ, ਪਰ ਦਿਲ ਵਿਚ ਉਹਨਾਂ ਦੇ ਸੀ ਕਿ ਦਰਅਸਲ ਉਹ ਹਾਰ ਗਏ ਹਨ। ਫੇਰੂ ਸ਼ਹਿਰ ਵਿਚ ਸਿੱਖ ਹਾਰੇ, ਪਰ ਦਿਲ ਵਿਚ ਉਹਨਾਂ ਦੇ ਕਿ ਦਰਅਸਲ ਉਹ ਜਿੱਤ ਗਏ ਹਨ। ਸਭਰਾਵਾਂ ਵਿਚ ਅੰਗਰੇਜ਼ ਫਿਰ ਜਿੱਤੇ ਤੇ ਸਿੱਖ ਫਿਰ ਹਾਰੇ ਤੇ ਅੰਗਰੇਜ਼ ਲਾਹੌਰ ਪਹੁੰਚ ਗਏ, ਸ਼ਾਹੀ ਕਿਲ੍ਹੇ ਵਿਚ ਜ਼ਰਨੈਲ ਲਿਟਲਰ ਦੀ ਫ਼ੌਜ ਬਿਰਾਜਮਾਨ ਹੋਈ; ਗਵਰਨਰ ਜਨਰਲ ਤੇ ਸੈਨਾਪਤੀ ਨੇ ਜੇਤੂਆਂ ਵਾਂਗ ਆਪਣੀ ਵਡਿਆਈ ਦਰਸਾਈ ਤੇ ਮਹਾਰਾਜਾ ਦਲੀਪ ਸਿੰਘ ਤੇ ਹੋਰਨਾਂ ਕੋਲੋਂ ਜਬਰਨ ਸੰਧੀਆਂ ਉੱਤੇ ਦਸਖ਼ਤ ਕਰਾਏ, ਪਰ ਫਿਰ ਵੀ ਦਿਲੋਂ ਹਾਰਡਿੰਗ ਤੇ ਗਫ਼ ਨੂੰ ਵਿਸ਼ਵਾਸ ਨਾ ਹੋਇਆ ਕਿ ਉਹ ਸਚ ਮੁਚ ਹੀ ਜਿੱਤ ਗਏ ਹਨ।

ਉਹਨਾਂ ਨੂੰ ਨਹੀਂ ਸੀ ਭੁਲਦੇ, ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ। ਉਹਨਾਂ ਨੂੰ ਨਹੀਂ ਸੀ ਭੁਲਦੀ ਫੇਰੂ ਸ਼ਹਿਰ ਦੇ ਲਾਗੇ ਬਿਤਾਈ ਉਹ ਕਕਰਾਲੀ ਰਾਤ ਜਦੋਂ ਸਮੁੱਚਾ ਬਰਤਾਨਵੀ ਸਾਮਰਾਜ ਕੰਬ ਗਿਆ ਤੇ ਜਦੋਂ ਹਾਰਡਿੰਗ ਨੇ ਸਭ ਜ਼ਰੂਰੀ ਕਾਗ਼ਜ਼ ਸਾੜ ਦੇਣ ਦਾ ਹੁਕਮ ਦਿਤਾ। ਉਸ ਰਾਤ ਅੰਗਰੇਜ਼ ਆਪਣੀ ਤਬਾਹੀ ਤੇ ਬਰਬਾਦੀ ਦੇ ਕਿੰਨਾ ਨੇੜੇ ਪਹੁੰਚ ਚੁਕੇ ਸਨ? ਉਹ ਨਹੀਂ ਸਨ ਚਾਹੁੰਦੇ ਕਿ ਉਹਨਾਂ ਨੂੰ ਜਾਂ ਕਿਸੇ ਹੋਰ ਅੰਗਰੇਜ਼ੀ ਕਰਮਚਾਰੀ ਨੂੰ ਉਹੋ ਜਿਹੀ ਰਾਤ ਮੁੜ ਕੇ ਵੇਖਣੀ ਨਸੀਬ ਹੋਵੇ। ਉਹ ਦਿਲੋਂ ਡਰਦੇ ਸਨ।

ਸੁਣਿਆ ਗਿਆ ਸੀ ਕਿ ਲਗ ਭਗ ਵੀਹ ਹਜ਼ਾਰ ਸਿੱਖ ਸੂਹੀ ਅੰਮ੍ਰਿਤਸਰ ਕੋਲ ਜੁੜ ਰਹੇ ਹਨ। ਸੁਣਿਆ ਗਿਆ ਕਿ ਇਹ ਸਿਪਾਹੀ ਮੁਤ ਕੇ ਮਰ ਮਿਟਣ ਲਈ ਤਿਆਰ ਹਨ। ਇਹਨਾਂ ਆਪਾ ਵਾਰੂ ਮਨੁੱਖਾਂ ਨੇ ਸੂਹੀ ਦਰਬਾਰ ਸਾਹਿਬ ਦੀਵਾਨ ਸਜਾਏ ਹਨ ਤੇ ਗੋਬਿੰਦ ਗੜ੍ਹ ਵਿਚ ਪਏ ਹਥਿਆਰ ਤੇ ਗੋਲਾ ਬਾਰੂਦ ਇਹਨਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਹੈ। ਲਗ ਭਗ ਦਸ ਹਜ਼ਾਰ ਸਿੱਖ ਸੈਨਾ ਅਜੇ ਪਿਸ਼ਾਵਰ ਵੀ ਸਥ ਪਤ ਹੈ, ਤੇ ਫਿਰ ਪੰਜਾਂ ਪਾਣੀਆਂ ਦੇ ਆਰ ਪਾਰ, ਉੱਪਰ ਥੱਲੇ ਸਨ ਨਿੱਕੇ ਵਡੇ ਅਠੇਕ ਕਿਲ੍ਹੇ ਤੇ ਗੜ੍ਹੀਆਂ। ਇਹਨਾਂ ਵਿਚੋਂ ਇਕ ਇਕ ਕਿਲ੍ਹਾ ਤੇ ਇਕ ਇਕ ਗੜ੍ਹੀ ਸਭਰਾਵਾਂ ਬਣ ਸਕਣ ਦੇ ਯੋਗ ਸੀ। ਇਸ ਹਾਲਤ ਵਿਚ ਕੀ ਅੰਗਰੇਜ਼ ਸਾਰੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਸਕਦੇ ਸਨ?

ਪਿਛਲੇ ਦੋਹਾਂ ਤਿੰਨਾਂ ਮਹੀਨਿਆਂ ਵਿਚ ਉਹ ਥਕ ਚੁਕੇ ਸਨ। ਉਹਨਾਂ ਦੇ ਸਭ ਮਨਸੂਬੇ ਗ਼ਲਤ ਨਿਕਲੇ ਤੇ ਮਹਾਨ ਜੰਗੀ ਠੇਤਾਵਾਂ ਦੀਆਂ ਮਹਾਨ ਜੰਗੀ ਚਾਲਾਂ ਚੇਫ਼ਾਲ ਡਿਗ ਪਈਆਂ। ਉਹਨਾਂ ਦੇ ਦਿਲਾਂ ਉੱਤੇ ਮਾਨਸਕ ਭਾਰ ਸੀ। ਉਹਨਾਂ ਦੇ ਦਿਮਾਗ਼ ਚੰਗੀ ਤਰ੍ਹਾਂ ਸੋਚ ਨਹੀਂ ਸਨ ਸਕਦੇ ' ਜੇ ਸੋਚ ਸਕਦੇ ਹੁੰਦੇ ਤਾਂ ਨੌਂ ਮਾਰਚ ਦੀ ਕੀਤੀ ਸੰਧੀ ਵੇਲੇ ਉਹ ਦੋ ਚਾਰ ਅਤਿ ਜ਼ਰੂਰੀ ਸ਼ਰਤਾਂ ਭੁਲ ਨਾ ਜਾਂਦੇ।

ਐਸ ਵੇਲੇ ਇਹੋ ਹੀ ਕਾਫ਼ੀ ਸਮਝਿਆ ਗਿਆ ਕਿ ਲਾਹੌਰ ਦੀ ਹਕੂਮਤ ਨੂੰ ਖੇਰੂੰ ਖੇਰੂੰ ਕਰ ਦਿਤਾ ਜਾਏ ਤੇ ਉਹਨਾਂ ਉੱਤੇ ਕਰੜੀਆਂ ਸ਼ਰਤਾਂ ਲਾਗੂ ਕਰ ਕੇ ਜਲਦੀ ਤੋਂ ਜਲਦੀ ਪੰਜਾਬ ਤੋਂ ਵਿਦਾ ਹੋਇਆ ਜਾਏ। ਹੌਲੀ ਹੌਲੀ ਫਿਰ ਉਹ ਪੰਜਾਬ ਦੇ ਆਜ਼ਾਦ ਸੂਬੇ ਨੂੰ ਗ਼ੁਲਾਮ ਕਰਨ ਦੀ ਕੋਸ਼ਿਸ਼ ਕਰਨਗੇ। ਹੌਲੀ ਹੌਲੀ ਉਹ ਇਸ ਦੇਸ਼ ਦੇ ਦਿਆਨਤਦਾਰ ਆਦਮੀਆਂ ਦੀ ਦਿਆਨਤਦਾਰੀ ਭੰਗ ਕਰਨਗੇ। ਉਹ ਇਹਨਾਂ ਸ਼ੇਰਾਂ ਦੇ ਮੂੰਹ ਦੁੱਧ ਲਾਣਗੇ। ਇਹਨਾਂ ਨੂੰ ਮਜ਼ੂਬ ਦੀ ਅਫ਼ੀਮ ਖੁਆਣਗੇ। ਮਜ਼ੂਬ ਦੀ ਅਫ਼ੀਮ ਅੰਗਰੇਜ਼ਾਂ ਹੱਥ ਇਕ ਕਰਾਮਾਤੀ ਦਵਾ ਬਣ ਕੇ ਆਈ। ਇਹ ਅਫ਼ੀਮ ਸਾਰੇ ਹਿੰਦੁਸਤਾਨ ਵਿਚ ਬੜੀ ਕਾਰਗਰ ਸਾਬਤ ਹੋਈ ਸੀ। ਇਸ ਅਫ਼ੀਮ ਨੇ ਬੜੀਆਂ ਤਾਂਘਾਂ ਸੁਆ ਦਿਤੀਆਂ। ਇਸ ਤਰ੍ਹਾਂ ਸਵਾਈਆਂ ਇਹ ਤਾਂਘਾਂ ਕਿ ਇਹਨਾਂ ਵਿਚ ਮੁੜ ਕੇ ਸੁਪਨੇ ਵੀ ਸੁਰਜੀਤ ਨਹੀਂ ਹੋਏ। ਅੱਜ ਪੰਜਾਬ ਵਿਚ ਵੀ ਇਹੋ ਦਾਰੂ ਵਰਤਣ ਦੀ ਵਿਉਂਤ ਸੋਚੀ ਗਈ।

ਇਹ ਵੀ ਸੋਚਿਆ ਗਿਆ ਕਿ ਜਾਗੀਰਦਾਰੀ ਨਿਜ਼ਾਮ ਚਾਲੂ ਰਖਿਆ ਜਾਏ ਤੇ ਜ਼ਮੀਨਾ ਨੂੰ ਵਾਹਣ ਵਾਸਤੇ

Scanned by CamScanner

ਸਹੂਲਤਾਂ ਉਪਜਾਈਆਂ ਜਾਣ ਤਾਂ ਜੋ ਕਿਵੇਂ ਨਾ ਕਿਵੇਂ ਖ਼ਾਲਸੇ ਦੀ ਅਗਾਂਹ ਵਧੂ ਤੇ ਮਰਦਊ ਸਪਿਰਟ ਮੱਠੀ ਪੈ ਜਾਏ ਤੇ ਇਹਨਾਂ ਨੂੰ ਕਾਬੂ ਕਰਨਾ ਆਸਾਨ ਹੋ ਜਾਏ।

ਹਾਰਡਿੰਗ ਤੇ ਗਫ਼ ਪੰਜਾਬ ਛਡ ਗਏ। ਸਰ ਲਿਟਲਰ ਦੀ ਕਮਾਨ ਹੇਠਾਂ ਅੰਗਰੇਜ਼ੀ ਫ਼ੌਜ ਲਾਹੌਰ ਵਿਚ ਅੰਗਰੇਜ਼ੀ ਰਾਜ ਦੀ ਰਖਿਆ ਕਰਨ ਲਗੀ ਤੇ ਹੈਨਰੀ ਲਾਰੰਸ ਥੱਲੇ ਇਕ ਕੌਂਸਲ ਰਾਜ ਪ੍ਰਬੰਧ ਚਲਾਣ ਲਗੀ। ਮਹਾਰਾਣੀ ਜ਼ਿੰਦ ਕੌਰ, ਮਹਾਰਾਜਾ ਦਲੀਪ ਸਿੰਘ ਦੀ ਮੁਖ਼ਤਾਰ ਮੰਨੀ ਗਈ ਤੇ ਮਾਂ ਪੁੱਤਰ ਦੇ ਖ਼ਰਚ ਵਾਸਤੇ ਇਕ ਲੱਖ ਰੁਪਿਆ ਮਾਹਵਾਰ ਨਿਯਤ ਹੋਇਆ।

ਮਹਾਰਾਜਾ ਰਣਜੀਤ ਸਿੰਘ ਤੇ ਉਹਦੀ ਔਲਾਦ ਦੇ ਸ਼ੁਭ ਚਿੰਤਕਾਂ ਨੇ ਰਾਜ ਮਾਤਾ ਤੇ ਮਹਾਰਾਜਾ ਦਲੀਪ ਸਿੰਘ ਵਾਸਤੇ ਕੀ ਨਾ ਕੀਤਾ ?

ਹੁਣ ਹੌਲੇ ਹੌਲੀ ਪੁਰਾਣੇ ਸਿਪਾਹੀ ਲਾਹੌਰ ਆਉਣ ਲਗੇ। ਉਹ ਆਪਣੇ ਹਥਿਆਰ ਦੇਂਦੇ, ਆਪਣੀ ਤਨਖ਼ਾਹ ਲੈਂਦੇ ਤੇ ਨੀਵੀਂ ਪਾਈ ਟੁਰ ਜਾਂਦੇ।

ਇਹ ਮਹਾਰਾਜਾ ਰਣਜੀਤ ਸਿੰਘ ਦੀ ਮਹਾਨ ਸੈਨਾ ਦੇ ਮਹਾਨ ਸਿਪਾਹੀ ਸਨ। ਇਹਨਾਂ ਸਿਪਾਹੀਆਂ ਵਿਚੋਂ ਕਈ ਸਿਪਾਹੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਥੱਲੇ ਛਿਤਾਲੀ ਸੰਤਾਲੀ ਵਰ੍ਹੇ ਪਹਿਲੇ ਲਾਹੌਰ ਫ਼ਤਿਹ ਕੀਤਾ ਸੀ। ਇਹਨਾਂ ਸਿਪਾਹੀਆਂ ਵਿਚੋਂ ਕਈਆਂ ਸਿਪਾਹੀਆਂ ਨੇ ਰਣਜੀਤ ਸਿੰਘ ਥੱਲੇ ਪਹਾੜੀ ਇਲਾਕਿਆਂ ਵਿਚ ਕਠਨ, ਪਰ ਮਹਾਨ ਜਿੱਤਾਂ ਪਾਈਆਂ ਸਨ। ਇਹਨਾਂ ਸਿਪਾਹੀਆਂ ਵਿਚੋਂ ਕਈ ਸਿਪਾਹੀ ਇਕ ਵਾਰ, ਦੋ ਵਾਰ, ਚਾਰ ਵਾਰ, ਪੰਜ ਵਾਰ ਮੁਲਤਾਨ ਦੀ ਫ਼ਤਿਹ ਲਈ ਚੜ੍ਹੇ ਸਨ। ਕਈ ਸਿਪਾਹੀ ਕਸ਼ਮੀਰ ਦੀਆਂ ਬਰਫ਼ਾਨੀ ਚੋਟੀਆਂ ਉੱਤੇ ਲੜੇ ਸਨ। ਕਈ ਸਿਪਾਹੀਆਂ ਨੇ ਸਰਦਾਰ ਹਰੀ ਸਿੰਘ ਨਲੂਏ ਨਾਲ ਹਜ਼ਾਰੇ ਤੇ ਪਿਸ਼ਾਵਰ ਵਿਚ ਖ਼ਾਲਸੇ ਦੀਆਂ ਧਾਂਕਾਂ ਪਾਈਆਂ ਸਨ। ਇਹ ਉਹ ਸਿਪਾਹੀ ਸਨ ਜਿਨ੍ਹਾਂ ਕੋਲੋਂ ਸਰਕਾਰ ਅੰਗਰੇਜ਼ੀ ਕੰਬਦੀ ਰਹੀ ਤੇ ਕੰਬਦੀ ਹੋਈ ਨੇ ਸਤਲੁਜ ਤੋਂ ਉਰਾਰ ਉੱਚੀ ਨਿਗਾਹ ਨਾ ਕੀਤੀ।

ਇਹ ਉਹ ਸਿਪਾਹੀ ਸਨ ਜਿਨ੍ਹਾਂ ਦਾ ਜੱਸ ਇੰਗਲਸਤਾਨ, ਫ਼ਰਾਂਸ, ਰੂਸ ਤੇ ਦੁਨੀਆਂ ਦੇ ਕਈ ਹੋਰ ਮੁਲਕਾਂ ਵਿਚ ਪੁਜਾ ਸੀ। ਵਡੇ ਵਡੇ ਰਾਜੇ, ਬਾਦਸ਼ਾਹ, ਸ਼ਹਿਨਸ਼ਾਹ ਇਹਨਾਂ ਸਿਪਾਹੀਆਂ ਦੇ ਨਾਇਕ, ਰਣਜੀਤ ਸਿੰਘ ਦੀ ਮਿੱਤਰਤਾ ਦੀ ਮੰਗ ਕਰ ਕੇ ਪਤਰ ਘਲਦੇ, ਤੋਹਫ਼ੇ ਭੇਜਦੇ। ਇਹਨਾਂ ਸਿਪਾਹੀਆਂ ਨੂੰ ਰਣਜੀਤ ਨੇ ਪੁੱਤਰਾਂ ਵਾਂਗ ਪਿਆਰ ਕੀਤਾ ਤੇ ਇਕ ਇਕ ਸਿਪਾਹੀ ਆਪਣੇ ਆਪ ਨੂੰ ਵਤਨ ਤੇ ਪੰਥ ਦਾ ਸਿਤਾਰਾ ਸਮਝਦਾ ਰਿਹਾ। ਇਹਨਾਂ ਸਿਪਾਹੀਆਂ ਵਿਚੋਂ ਕਈ ਸਿਪਾਹੀ ਖ਼ੈਬਰ ਦੀਆਂ ਪਹਾੜੀਆਂ ਵਿਚ ਲੜੇ, ਜਲਾਲਾਬਾਦ, ਗ਼ਜ਼ਨੀ, ਕੰਧਾਰ ਤੇ ਕਾਬਲ ਵਿਚ ਪੁਜੇ। ਇਹਨਾਂ ਸਿਪਾਹੀਆਂ ਦੀ ਸੂਰਬੀਤਤਾ ਦੀ ਧਰਕੱਲ ਕਾਬਲ ਤੋਂ ਵੀ ਪਰ੍ਹੇ ਹੈਰਾਤ, ਬਲਖ਼, ਬੁਖ਼ਾਰੇ, ਬਗ਼ਦਾਦ ਤੇ ਤਹਿਰਾਨ ਵਿਚ ਸੁਣੀ ਗਈ ਸੀ। ਇਹਨਾਂ ਸਿਪਾਹੀਆਂ ਦੀ ਜਵਾਂਮਰਦੀ ਨੇ ਪੰਜਾਬ ਨੂੰ ਸਦੀਆ ਪਿਛੋਂ ਆਜ਼ਾਦੀ ਦਿਤੀ, ਸੁਖ ਵਿਚ ਜੀਣ ਦਾ ਮੌਕਾ ਦਿਤਾ, ਹੱਸ ਖੇਡ ਸਕਣ ਦੀ ਮੁਹਲਤ ਦਿਤੀ, ਆਪਣੀਆਂ ਭੈਣਾ ਤੇ ਨੂਹਾਂ ਦੇ ਸੁਰੱਖਿਅਤ ਰਹਿਣ ਦੀ ਜ਼ਮਾਨਤ ਦਿਤੀ। ਇਹਨਾਂ ਸਿਪਾਹੀਆਂ ਦੀ ਹੋਂਦ ਕਰ ਕੇ ਕੋਈ ਪੰਜਾਬ ਵਲ ਭੈਤੀ ਨਜ਼ਰ ਕਰਨ ਦੀ ਹਿੰਮਤ ਨਾ ਕਰਦਾ। ਇਹਨਾਂ ਸਿਪਾਹੀਆਂ ਦੇ ਉਚ ਆਚਰਨ ਨੇ, ਕੁਰਬਾਨੀ ਤੇ ਆਪਾਵਾਰੂ ਸਪਿਰਟ ਨੇ, ਹਰ ਪਰਾਈ ਇਸਤਰੀ ਨੂੰ ਧੀ ਭੈਣ ਸਮਝਣ ਦੀ ਵਡਿਆਈ ਨੇ, ਨਾਮ ਜਪਣ ਤੇ ਵੰਡ ਛਕਣ ਦੇ ਸੁਭਾ ਨੇ, ਰਣਜੀਤ ਸਿੰਘ ਦੀ ਲੀਡਰੀ ਥੱਲੇ, ਪੰਜਾਬ ਨੂੰ ਉਸ ਜ਼ਮਾਨੇ ਦਾ ਇਕ ਸਭ ਤੋਂ ਅਗਾਂਹ ਵਧੂ, ਸੂਰਬੀਰ, ਸਹਿਨਸ਼ੀਲ, ਫ਼ਿਰਕੂ ਬਿਰਤੀ ਤੋਂ ਬਾਲਾ ਤਰ ਤੇ ਨਵੀਨ ਸ਼ਹਿਰੀ ਅਸੂਲਾਂ ਉੱਤੇ ਨਿਰਭਰ ਦੇਸ਼ ਬਣਾਇਆ।

ਪਰ ਅੱਜ ਇਹਨਾਂ ਦੇ ਜ਼ਵਾਲ ਦਾ ਸਮਾਂ ਸੀ। ਅੱਜ ਇਹਨਾਂ ਸਿਪਾਹੀਆਂ ਵਿਚੋਂ ਕਈ ਸਿਪਾਹੀ ਲਾਹੌਰ ਆਉਂਦੇ, ਆਪਣੇ ਹਥਿਆਰ ਦੇਂਦੇ, ਆਪਣੀ ਤਨਖ਼ਾਹ ਲੈਂਦੇ ਤੇ ਨੀਵੀਂ ਪਾਈ ਟੁਰ ਜਾਂਦੇ।

ਪੰਜਾਬ ਦੇ ਇਤਿਹਾਸ ਦੇ ਇਕ ਅਤਿ ਸ਼ਾਨਦਾਰ ਤੇ ਉੱਜਲ ਕਾਂਡ ਦੀ ਅੰਤਕਾ ਵਾਪਰ ਰਹੀ ਸੀ...।

Scanned by CamScanner

ਅੱਜ ਸੋ ਕੁ ਵਰ੍ਹਿਆਂ ਪਿਛੋਂ ਪੰਜਾਬ ਫਿਰ ਗ਼ੁਲਾਮ ਹੋ ਗਿਆ। ਪੰਜਾਬ ਦੀ ਭੋਇੰ ਉੱਤੇ ਕਿਸ ਦਾ ਰਾਜ ਤੁੱਰ ਗਿਆ ਹੈ ? ਇਸ ਭੋਇੰ ਉੱਤੇ ਕਿਸ ਦੀ ਪਾਤਸ਼ਾਹੀ, ਕਿਸ ਦੇ ਮੰਡਪ ਤੇ ਮਾੜੀਆਂ, ਚਿਰੰਜੀਵੀ ਹੋਈਆਂ ਹਨ। ਇਸ ਭੋਇੰ ਦੀ ਮਿੱਟੀ ਨੇ ਕਿਸ ਰਾਜ ਤੇ ਕਿਸ ਖ਼ਾਨਦਾਨ ਦੀਆਂ ਨੀਹਾਂ ਪੱਕੀਆਂ ਹੋਣ ਦਿਤੀਆਂ ਹਨ ? ਇਸ ਦੇਸ਼ ਦੀ ਮਿੱਟੀ ਨੇ ਕਿਸ ਦਾ ਸਾਥ ਦਿਤਾ ਹੈ ?

ਪੰਜਾਬ ਗ਼ੁਲਾਮ ਹੋਇਆ ਤੇ ਆਜ਼ਾਦ ਹੋਇਆ। ਫਿਰ ਗ਼ੁਲਾਮ ਤੇ ਆਜ਼ਾਦ, ਪਰ ਜਿਹੜੀ ਗ਼ੁਲਾਮੀ ਅੱਜ ਇਸ ਦੇਸ਼ ਦੇ ਗਲੇ ਪਈ, ਉਹੋ ਜਿਹੀ ਗ਼ੁਲਾਮੀ ਇਸ ਦੇਸ਼ ਨੇ ਅੱਗੇ ਕਦੀ ਨਹੀਂ ਵੇਖੀ। ਨਾ ਹੀ ਕਦੀ ਪੰਜਾਬ ਨੂੰ ਇਸ ਤਰਾਂ ਆਪਣੀ ਪਰਾਧੀਨਤਾ ਦਾ ਅਜ ਵਾਂਗ ਅਹਿਸਾਸ ਹੋਇਆ।

ਲਗ ਭਗ ਦੋ ਹਜ਼ਾਰ ਸਾਲ ਪਹਿਲੇ ਏਥੇ ਸਕੰਦਰ ਆਇਆ। ਬੜੀਆਂ ਜਿੱਤਾਂ ਜਿੱਤ ਕੇ, ਬੜੀਆਂ ਮੱਲਾਂ ਮਾਰ ਕੇ, ਅਠੇਕ ਹਕੂਮਤਾਂ ਨੂੰ ਹਰਾ ਕੇ, ਅਠੇਕ ਕੌਮਾਂ ਨੂੰ ਗ਼ੁਲਾਮ ਬਣਾ ਕੇ। ਸ਼ਾਇਦ ਏਥੇ ਪਹੁੰਚਦਿਆਂ ਤਕ ਮਹਾਨ ਸਕੰਦਰ ਥੱਕ ਚੁਕਾ ਸੀ ! ਇਹੋ ਹੀ ਯੂਰਪੀਨ ਇਤਿਹਾਸਕਾਰ ਆਖਦੇ ਹਨ। ਪਰ ਮਹਾਨ ਸਕੰਦਰ ਥੱਕਣ ਵਾਲਾ ਆਦਮੀ ਨਹੀਂ ਸੀ। ਪੰਜਾਬ ਤੋਂ ਅੱਗੇ ਨਾ ਵਧਣ ਦੀ ਬਣਦੀ ਫਬਦੀ ਦਲੀਲ ਇਹੋ ਜਾਪਦੀ ਹੈ ਕਿ ਸਕੰਦਰ ਨੂੰ ਇਸ ਧਰਤੀ ਦੇ ਵਾਸੀਆਂ ਦੀ ਬਿਰਤੀ, ਪਹਿਲੇ ਜਿੱਤੇ ਲੋਕਾਂ ਦੀ ਬਿਰਤੀ ਨਾਲੋਂ ਵਖਰੀ ਜਾਪੀ। ਭਾਰਤ ਦੇ ਸਪੁੱਤਰ ਪੋਰਸ ਦੀ ਨਿਡਰਤਾ, ਉਹਦੀ ਬਹਾਦਰੀ ਤੇ ਉਹਦੇ ਅਣਖੀਲੇ ਸੁਭਾ ਨੇ ਸਕੰਦਰ ਨੂੰ ਮਹਿਸੂਸ ਕਰਾਇਆ ਕਿ ਸ਼ਾਇਦ ਇਹ ਮਨੁੱਖ ਸੌਖੀ ਤਰ੍ਹਾਂ ਗ਼ੁਲਾਮ ਬਣਾਏ ਨਾ ਜਾ ਸਕਣ। ਮਹਾਨ ਸਕੰਦਰ ਮੁਤ ਗਿਆ।

ਸਕੰਦਰ ਤੋਂ ਲੈ ਕੇ ਅੱਜ ਤਕ ਹੋਰ ਵੀ ਕਈ ਬਦੇਸ਼ੀ ਇਸ ਦੇਸ਼ ਵਿਚ ਆਏ। ਉਹਨਾਂ ਨੇ ਇਸ ਦੇਸ਼ ਨੂੰ ਗ਼ੁਲਾਮ ਬਣਾਇਆ, ਏਥੇ ਰਾਜ ਕੀਤਾ, ਪਰ ਸਮੇਂ ਦੀ ਲਪੇਟ ਨੇ, ਤੇ ਪੰਜਾਬ ਦੀ ਜ਼ੋਰਾਵਰ ਮਿੱਟੀ ਨੇ ਉਹਨਾਂ ਨੂੰ ਆਪਣੇ ਵਿਚ ਸਮੋ ਲਿਆ। ਵਿਚੋਂ ਵਿਚੋਂ ਨਿੱਜੀ ਹਕੂਮਤ ਵੀ ਹੋਂਦ ਵਿਚ ਆਉਂਦੀ ਰਹੀ ਤੇ ਇਸ ਦੇਸ਼ ਦੇ ਜੂਹਾਂ ਤੇ ਬੇਲੇ, ਉਹਨਾਂ ਸਮਿਆਂ ਵਿਚ ਮੁੜ ਕੇ ਵਜੂਦ ਵਿਚ ਆ ਜਾਂਦੇ ਰਹੇ। ਗ਼ੁਲਾਮੀ ਦੇ ਦਿਨਾਂ ਵਿਚ ਜਿਹੜਾ ਕੱਕਰ, ਇਸ ਦੇਸ਼ ਦੇ ਵਾਸੀਆਂ ਦੀਆਂ ਰੂਹਾਂ ਨੂੰ ਕੱਕਰਾ ਜਾਂਦਾ ਸੀ, ਨਿੱਜੀ ਹਕੂਮਤ ਦੇ ਦਿਨਾਂ ਵਿਚ, ਉਹ ਪਿਘਲ ਜਾਂਦਾ ਤੇ ਪੰਜਾਬ ਦੀ ਧਰਤੀ ਖਿੜ ਜਾਂਦੀ। ਮਹਿਕਦੀਆਂ ਫ਼ਸਲਾਂ ਉਗਦੀਆਂ, ਮਹਿਕਦੀਆਂ ਮਹਿਫ਼ਲਾਂ ਜੰਮਦੀਆਂ, ਮਹਿਕਦੇ ਮਨੁੱਖੀ ਸੰਬੰਧ ਰੂਹਾਂ ਰੁਸ਼ਨਾ ਦੇਂਦੇ।

ਇਸ ਦੇਸ਼ ਵਿਚ ਮੁਗ਼ਲਾਂ ਤੇ ਅਫ਼ਗਾਨਾਂ ਨੇ ਵੀ ਰਾਜ ਕੀਤਾ। ਉਹਨਾਂ ਵੀ ਕਈ ਜ਼ੁਲਮ ਕਮਾਏ ਤੇ ਉਹਨਾਂ ਦੇ ਰਾਜ ਵਿਚ ਵੀ ਇਹ ਧਰਤੀ ਉਜੜੀ, ਪਰ ਇਹਨਾਂ ਦੇ ਰਾਜ ਦੀ ਵਨਗੀ ਸਮਾਂ ਪਾ ਕੇ ਬਦਲ ਗਈ। ਮੁਗ਼ਲ ਹੁਕਮਰਾਨਾਂ ਵਾਂਗ ਏਥੇ ਆਏ, ਪਰ ਕੁਝ ਸਦੀਆਂ ਵਿਚ ਉਹ ਏਥੋਂ ਦੇ ਹੀ ਹੋ ਗਏ ; ਭਾਵੇਂ, ਉਹਨਾਂ ਨੂੰ, ਆਪਣੀ ਇਸ ਬਦਲਦੀ ਦਸ਼ਾ ਤੇ ਰਵੱਈਏ ਦਾ ਚੇਤੰਨ ਅਹਿਸਾਸ ਨਹੀਂ ਹੋਇਆ। ਏਸੇ ਲਈ ਹਿੰਦੂਆਂ, ਤੇ ਪਿਛੋਂ ਜਾ ਕੇ ਸਿੱਖਾਂ ਉੱਤੇ ਵੀ ਜ਼ੁਲਮ ਹੁੰਦੇ ਰਹੇ। ਅਕਬਰ ਤੋਂ ਸਿਵਾਏ ਕੋਈ ਹੋਰ ਮੁਗ਼ਲ ਹੁਕਮਰਾਨ ਅੰਨਾ ਸੂਝਵਾਨ ਤੇ ਨਵੇਕਲੀ ਚੇਤੰਨਤਾ ਦਾ ਮਾਲਕ ਨਹੀਂ ਸੀ ਕਿ ਆਪਣੀ ਕੌਮ ਦੇ ਬਦਲੇ ਹੋਏ ਰਵੈਂ ਨੂੰ ਸਮਝਦਾ। ਪਰ ਸਮਾਂ ਪਾ ਕੇ ਹਿੰਦੂ, ਸਿੱਖ ਤੇ ਮੁਸਲਮਾਨ ਸਕੇ ਭਰਾਵਾਂ ਵਾਂਗ ਵਧਣ ਲਗੇ।

ਅਫ਼ਗਾਨਾਂ ਨੇ ਵੀ ਇਸ ਦੇਸ਼ ਦੇ ਵਾਸੀਆਂ ਨਾਲ ਜ਼ੁਲਮ ਕਮਾਏ, ਪਰ ਅਫ਼ਗਾਨਾਂ ਨੂੰ ਭਾਰਤ ਵਾਸੀ ਚੰਗੀ ਤਰ੍ਹਾਂ ਸਮਝਦੇ ਸਨ। ਈਰਾਨ ਤੇ ਅਫ਼ਗਾਨਿਸਤਾਨ ਦੇ ਲੋਕ ਸਾਡੇ ਨਾਲੋਂ ਬਹੁਤੇ ਵਖਰੇ ਨਹੀਂ। ਸਾਰੇ ਦੇ ਸਾਰੇ ਅਫ਼ਗਾਨਿਸਤਾਨ

Scanned by CamScanner

ਵਿਚ ਤੇ ਈਰਾਨ ਦੇ ਚੰਗੇ ਮਾਸੇ ਭਾਗ ਵਿਚ ਕਈ ਸਦੀਆਂ ਪਹਿਲੇਂ ਬੁਧ ਮੱਤ ਸਥਾਪਤ ਰਿਹਾ ਹੈ। ਉਦੋਂ ਤੋਂ ਲੈ ਕੇ ਹੁਣ ਤਕ ਭਾਰਤ ਤੇ ਇਹਨਾਂ ਦੇਸ਼ਾਂ ਵਿਚਕਾਰ ਕਾਫ਼ੀ ਪੀੜੇ — ਭੈੜੇ ਜਾਂ ਚੰਗੇ ਸੰਬੰਧ ਰਹੇ ਹਨ। ਇਹਨਾਂ ਲੋਕਾਂ ਦੀ ਤੇ ਸਾਡੇ ਲੋਕਾਂ ਦੀ ਨਸਲ ਵਿਚ ਵੀ ਬਹੁਤੀ ਭਿੰਨਤਾ ਨਹੀਂ।

ਇਹ ਆਏ ਤੇ ਇਹਨਾਂ ਤੇ ਹਿੰਦੀਆਂ ਵਿਚਕਾਰ ਲੜਾਈਆਂ ਹੋਈਆਂ! ਬਹੁਤੀ ਵਾਰੀ ਇਹ ਜਿੱਤ ਗਏ, ਪਰ ਫਿਰ ਵੀ ਰਾਜਪੂਤਾਂ ਦੇ ਹੱਥ ਇਹਨਾਂ ਨੇ ਜ਼ਰੂਰ ਵੇਖੇ। ਰਾਜਪੂਤਾਂ ਦੇ ਅਣਖੀਲੇ ਸੁਭਾਅ ਤੇ ਉਹਨਾਂ ਦੀ ਸੰਸਕ੍ਰਿਤੀ ਨੂੰ ਮਹਿਮੂਦ ਆਪਣੇ ਦਰਜਨ ਤੋਂ ਵਧ ਹੱਲਿਆਂ ਨਾਲ ਵੀ ਭੰਗ ਨਾ ਕਰ ਸਕਿਆ। ਅਫ਼ਗਾਨਾਂ ਨੇ ਮਰਹੱਟਿਆਂ ਨੂੰ ਵੀ ਜਾਣਿਆਂ। ਇਹਨਾਂ ਲੋਕਾਂ ਦੇ ਸੁਭਾਅ ਵਿਚ ਇਕ ਅਜੀਬ ਆਜ਼ਾਦਾਨਾ ਸਪਿਰਟ ਸੀ। ਤੇ ਫਿਰ ਅਫ਼ਗਾਨਾਂ ਦੇ ਸਨਮੁਖ ਆਏ ਸਿੱਖ। ਬੇਸ਼ਕ ਪਿਛੋਕੜ, ਪਰੇਰਨਾ ਤੇ ਮੂਲ ਸੰਸਕ੍ਰਿਤੀ ਹਿੰਦੂ ਹੀ ਸੀ, ਪਰ ਗੁਰੂ ਨਾਨਕ ਦੀ ਅਮਲੀ, ਵਿਹਾਰਕ ਤੇ ਵਿਗਿਆਨਕ ਸੂਝ ਗੁਰੂ ਅਰਜਨ ਦੇਵ ਦੀ ਬੌਧਕ ਸਿਆਣਪ ਤੇ ਸਿਦਕੀ ਸਪਿਰਟ ਅਤੇ ਗੁਰੂ ਹਰਿ ਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਦੇ ਵੀਰਰਸ ਨੇ ਇਸ ਧਰਮ ਦੇ ਪੈਰੋਕਾਰਾਂ ਵਿਚ ਇਕ ਵਚਿਤਰ ਰੂਹ ਸੰਚੀ ਤੇ ਇਹ ਲੋਕ ਜਬਰ ਨਾਲ ਟਾਕਰਾ ਕਰਨ ਲਈ, ਨਿਹੱਥੇ, ਮੈਦਾਨ ਵਿਚ ਆ ਉਤਰੇ। ਇਹਨਾਂ ਨੇ ਹੁਕਮਰਾਨਾਂ ਨਾਲ ਟੱਕਰ ਲਈ। ਬੰਦਾ ਸਿੰਘ ਬਹਾਦਰ ਨੇ ਇਹਨਾਂ ਨੂੰ ਜਥੇਬੰਦ ਕੀਤਾ ਤੇ ਚਹੁੰਆਂ ਪੰਜਾਂ ਦਹਾਕਿਆਂ ਵਿਚ ਹੀ ਜਾਬਰ ਹਕੂਮਤ ਖੇਰੂੰ ਖੇਰੂੰ ਹੋ ਗਈ। ਹੁਣ ਸਿੱਖ ਨਿਹੱਥੇ ਨਾ ਰਹੇ। ਹੁਣ ਇਹਨਾਂ ਦੇ ਹੱਥ ਵਿਚ ਤਾਕਤ ਆ ਗਈ। ਹੁਣ ਇਹ ਪੰਜਾਬ ਦੇ ਮਾਲਕ ਬਣ ਗਏ।

ਸਿੱਖ ਪੰਜਾਬ ਦੇ ਮਾਲਕ ਬਣੇ ਤੇ ਇਹਨਾਂ ਦੇ ਸੋ ਵਰ੍ਹੇ ਦੇ ਰਾਜ ਵਿਚ, ਪੰਜਾਬ ਸਰਬ ਪੰਜਾਬ ਬਣਿਆ। ਇਹਨਾਂ ਨੇ ਆਪਣੇ ਰਾਜ ਵਿਚ ਧਰਮ ਨੂੰ ਮਨੁੱਖੀ ਸੰਬੰਧਾਂ ਦਾ ਮੂਲ ਨਹੀਂ ਬਣਾਇਆ। ਗੁਰੂ ਨਾਨਕ ਨੇ ਤੰਗਦਿਲ ਮਜ਼ਹਬ ਤੋਂ ਉਪਰ ਉੱਠ ਕੇ ਹਰ ਇਕ ਨਾਲ ਪਿਆਰ ਕਰਨਾ ਸਿਖਾਇਆ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨ ਤੇ ਹਿੰਦੂ ਮਹਾਂਪੁਰਖਾਂ ਦੀਆਂ ਰਚਨਾਵਾਂ ਧਰੀਆਂ ਤੇ ਸਿੱਖ ਮੱਤ ਨੂੰ ਸੰਪਰਦਾਇਕ ਜਜ਼ਬਾਤਾਂ ਤੋਂ ਉੱਚਾ ਚੁਕਿਆ। ਗੁਰੂ ਗੋਬਿੰਦ ਸਿੰਘ ਮੁਸਲਮਾਨਾਂ ਨਾਲ ਲੜੇ, ਪਰ ਕਦਮ ਕਦਮ ਉੱਤੇ ਉਨ੍ਹਾਂ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦੀ ਲੜਾਈ ਧਰਮ ਦੀ ਬਿਨਾ ਉੱਤੇ ਨਹੀਂ ਲੜੀ ਜਾ ਰਹੀ। ਉਹ ਮੁਸਲਮਾਨਾਂ ਨਾਲ ਇਸ ਲਈ ਨਹੀਂ ਲੜ ਰਹੇ ਕਿ ਉਹ ਮੁਸਲਮਾਨ ਹਨ, ਪਰ ਉਹ ਜਬਰ ਨਾਲ ਲੜ ਰਹੇ ਹਨ। ਇਹ ਗੱਲ ਵਖਰੀ ਹੈ ਕਿ ਇਹ ਜਬਰ ਮੁਸਲਮਾਨ ਹੁਕਮਰਾਨਾਂ ਦੇ ਹੱਥੀਂ ਹੋ ਰਿਹਾ ਹੈ। ਗੁਰੂ ਗੋਬਿੰਦ ਸਿੰਘ ਹਿੰਦੂ ਹੁਕਮਰਾਨਾਂ ਨਾਲ ਵੀ ਲੜਦੇ ਜੇ ਇਹ ਹਿੰਦੂ ਹੁਕਮਰਾਨ ਜਾਤੀ ਉੱਤੇ ਜ਼ੁਲਮ ਕਰਦੇ ਤੇ ਮਨੁੱਖ ਦੀ ਨਿੱਜੀ ਆਜ਼ਾਦੀ ਉੱਤੇ ਹਮਲੇ ਕਰਦੇ। ਬੇਸ਼ਕ ਉਹ ਹਿੰਦੂ ਰਾਜਿਆਂ ਨਾਲ ਵੀ ਲੜੇ ਸਨ। ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਤੇ ਬਾਕੀ ਦੇ ਗੁਰੂਆਂ ਦੀ ਅੰਦਰੂਨੀ ਸਪਿਰਟ ਦੇ ਸਹੀ ਪ੍ਰਤੀਬਿੰਬ ਸਨ। ਉਹ ਮਹਾਨ ਭਾਰਤੀ ਬੌਧਿਕ ਚੇਤੰਨਤਾ ਦੇ ਵੀ ਇਕ ਅਛੋਤਾ ਪ੍ਰਤੀਨਿਧ ਸਨ! ਉਹ ਸਮੁਚੀ ਪੂਰਬੀ ਸੱਭਿਅਤਾ ਦੇ ਵੀ ਅਨੋਖਾ ਨਮੂਨਾ ਸਨ। ਆਪਣੇ ਜ਼ਫ਼ਰਨਾਮੇ ਵਿਚ ਉਨ੍ਹਾਂ ਔਰੰਗਜ਼ੇਬ ਨੂੰ ਇਹੋ ਕੁਝ ਆਖਿਆ। ਉਹ ਜਾਣਦੇ ਸਨ ਕਿ ਹਿੰਦੁਸਤਾਨ ਮੁਸਲਮਾਨਾਂ ਦਾ ਵੀ ਉੱਨਾ ਹੀ ਹੈ ਜਿੰਨਾ ਕਿ ਹਿੰਦੂਆਂ ਦਾ। ਉਹ ਜਾਣਦੇ ਸਨ ਕਿ ਮੁਸਲਮਾਨਾਂ ਨੂੰ ਭਾਰਤ ਵਿਚੋਂ ਕਢਣ ਬਾਰੇ ਸੋਚਣਾ ਅਹਿਮਕਾਨਾ ਗੱਲ ਹੈ। ਸਿੱਖ ਇਹਨਾਂ ਵਿਚਕਾਰ ਇਕ ਪੁਲ ਦੀ ਨਿਆਈਂ ਬਣੇ। ਦੋਹਾਂ ਧਰਮਾਂ ਦੇ ਪੈਰੋਕਾਰ ਇਸ ਪੁਲ ਉੱਤੇ ਮਿਲ ਸਕਦੇ ਹਨ ਤੇ ਅਮਲ ਨਾਲ ਆਪਣੇ ਮੁਆਮਲੇ ਨਜਿੱਠ ਸਕਦੇ ਸਨ। ਇਸ ਨਵੇਂ ਧਰਮ ਵਿਚ ਦੋਹਾਂ ਵਡੇ ਮਜ਼ਹਬਾਂ ਲਈ ਥਾਂ ਸੀ ਤੇ ਹਰ ਹੋਰ ਮਜ਼ਹਬ, ਫ਼ਿਰਕੇ, ਫ਼ਲਸਫ਼ੇ ਸੰਪਰਦਾਇ ਲਈ ਵੀ।

ਜਦੋਂ ਪੰਜਾਬ ਵਿਚ ਸਿੱਖਾਂ ਦੀ ਹਕੂਮਤ ਹੋਈ, ਤਾਂ ਪਿਛਲੇ ਤਿੰਨ ਸੌ ਸਾਲਾਂ ਤੋਂ ਇਹਨਾਂ ਵਿਚ ਰਚ ਰਹੇ ਅਜਿਹੇ ਵਿਚਾਰਾਂ ਉੱਤੇ ਅਮਲ ਕਰਨ ਦਾ ਸਮਾਂ ਆਇਆ, ਤਾਂ ਸਿੱਖਾਂ ਨੇ ਆਪਣੇ ਵਿਚਾਰਾਂ ਨੂੰ ਸੱਚ ਕਰ ਵਿਖਾਇਆ। ਸਿੱਖ ਆਪਣੇ ਆਦਰਸ਼ਾਂ ਤਕ ਪਹੁੰਚੇ। ਇਹਨਾਂ ਦੀ ਚੜ੍ਹਤ ਦੇ ਸਮੇਂ ਵਿਚ ਕਿਸੇ ਮਨੁੱਖ ਉੱਤੇ, ਜਾਤੀ ਤੇ ਮਜ਼ਹਬ ਕਰ ਕੇ, ਜ਼ੁਲਮ ਨਹੀਂ ਹੋਇਆ। ਹਿੰਦੂ ਆਪਣੀ ਥਾਂ ਉੱਤੇ ਰਹੇ, ਮੁਸਲਮਾਨ ਆਪਣੀ ਥਾਂ ਉੱਤੇ, ਤੇ ਸਿੱਖ ਇਹਨਾਂ ਵਿਚਕਾਰ ਇਕ ਪੁਲ ਦੀ ਨਿਆਈਂ। ਰਣਜੀਤ ਸਿੰਘ ਦੇ ਸਮੇਂ ਵਿਚ ਪਰਸਪਰ, ਮੇਲਜੋਲ ਤੇ ਭਾਰਤਰੀ ਭਾਵ ਇਸ ਹੱਦ ਤਕ ਪਹੁੰਚੇ ਕਿ ਸਿੱਖ, ਹਿੰਦੂ ਤੇ ਮੁਸਲਮਾਨੀ ਸਪਿਰਟਾਂ ਦੀ ਏਂ ਇਕ ਪੰਜਾਬੀ ਸਪਿਰਟ ਹੋਂਦ ਵਿਚ ਆਈ। ਜਦੋਂ ਦੁਨੀਆਂ ਅਜੇ ਮਜ਼ਹਬ ਦੇ ਨਾਂ ਉੱਤੇ ਲੜ ਰਹੀ ਸੀ, ਪੰਜਾਬ ਵਿਚ ਇਕ ਲਾ-ਮਜ਼ਹਬ ਹਕੂਮਤ ਕਾਇਮ ਹੋਈ। ਬੇਸ਼ਕ ਰਣਜੀਤ ਸਿੰਘ ਦੀਆਂ ਆਪਣੀਆਂ

Scanned by CamScanner

ਕੁਝ ਸਨਕਾਂ ਸਨ, ਪਰ ਉਹ ਹਰ ਆਦਮੀ ਵਿਚ ਹੁੰਦੀਆਂ ਹਨ। ਬੇਸ਼ਕ ਉਹਨੇ ਯੂਰਪੀਨ ਅਫਸਰਾਂ ਦੀਆਂ ਦਾੜ੍ਹੀਆਂ ਰਖਵਾ ਦਿਤੀਆਂ ਤੇ ਉਹਨਾਂ ਦਾ ਤੰਮਾਕੂ ਪੀਣਾ ਮਨ੍ਹਾ ਕਰ ਦਿਤਾ, ਪਰ ਉਸ ਆਪਣੇ ਮੁਸਲਮਾਨ ਅਫ਼ਸਰਾਂ ਤੇ ਮੁਸਲਮਾਨ ਰਿਆਇਆ ਉੱਤੇ ਇਹੋ ਜਿਹੀਆਂ ਸ਼ਰਤਾਂ ਲਾਗੂ ਨਹੀਂ ਸਨ ਕੀਤੀਆਂ। ਇਹ ਰਣਜੀਤ ਸਿੰਘ ਦੀ ਸਨਕ ਜਾਣੋਂ ਜਾਂ ਉਹਦੀ ਸਿਆਣਪ ? ਸ਼ਾਇਦ ਉਹ ਇਹਨਾਂ ਸ਼ਰਤਾਂ ਤੇ ਪਾਬੰਦੀਆਂ ਨਾਲ ਯੂਰਪੀਨਾਂ ਦੀ ਆਕੜ ਭੰਨਣਾ ਚਾਹੁੰਦਾ ਸੀ ਤੇ ਉਹਨਾਂ ਨੂੰ ਦਰਸਾਣਾ ਚਾਹੁੰਦਾ ਸੀ ਕਿ ਪੰਜਾਬ ਵਿਚ ਉਹ ਉਹਦੇ ਨੌਕਰ ਬਣ ਕੇ ਰਹਿ ਰਹੇ ਹਨ, ਹੁਕਮਰਾਨ ਬਣ ਕੇ ਨਹੀਂ। ਇਹਦੇ ਵਿਚ ਸ਼ਕ ਨਹੀਂ ਕਿ ਰਣਜੀਤ ਸਿੰਘ ਯੂਰਪੀਨਾਂ ਦੀਆਂ ਉਸ ਵੇਲੇ ਉਠ ਰਹੀਆਂ ਤੇ ਕਈ ਥਾਵਾਂ ਉੱਤੇ ਸਫ਼ਲ ਹੋ ਚੁੱਕੀਆਂ ਸਾਮਰਾਜੀ ਰੁਚੀਆਂ ਤੋਂ ਜਾਣੂੰ ਸੀ। ਉਹ ਇਹਨਾਂ ਯੂਰਪੀਨਾਂ ਨੂੰ ਸਿੱਖ ਨਹੀਂ ਸੀ ਬਣਾਉਣਾ ਚਾਹੁੰਦਾ, ਪਰ ਉਹ ਇਹਨਾਂ ਤੋਂ ਆਪਣੇ ਦੇਸ਼ ਦੀ ਵਡਿਆਈ ਤੇ ਸੰਸਕ੍ਰਿਤਕ ਮਹਾਨਤਾ ਲਈ ਆਦਰ ਜ਼ਰੂਰ ਮੰਗਦਾ ਸੀ। ਇਸ ਤੋਂ ਉਪਰੰਤ ਬੇਸ਼ਕ ਉਹ ਇਹਨਾਂ ਯੂਰਪੀਨ ਅਫ਼ਸਰਾਂ ਦੇ ਤਜਰਬੇ ਤੇ ਸਿਆਣਪ ਤੋਂ ਲਾਭ ਉਠਾਣਾ ਚਾਹੁੰਦਾ ਸੀ। ਆਪਣੀ ਸੈਨਾ ਤੇ ਆਪਣੇ ਦੇਸ਼ ਨੂੰ ਨਵੀਨ ਸਿਆਣਪ ਤੋਂ ਲਾਭ ਉਠਾਉਣਾ ਚਾਹੁੰਦਾ ਸੀ। ਆਪਣੀ ਸੈਨਾ ਤੇ ਆਪਣੇ ਦੇਸ਼ ਨੂੰ ਨਵੀਨ ਬਣਾਉਣਾ ਚਾਹੁੰਦਾ ਸੀ। ਇਸ ਸ਼ਕਲ ਸੂਰਤ ਤੇ ਇਹਨਾਂ ਰਹਿਤਾਂ ਨਾਲ ਉਹ ਯੂਰਪੀਨ ਪੰਜਾਬੀ ਸੈਨਾ ਵਿਚ ਸੋਖੀ ਤਰ੍ਹਾਂ ਲਿਆਂਦੇ ਜਾ ਸਕਦੇ ਹਨ। ਇਸ ਸ਼ਕਲ ਸੂਰਤ ਵਿਚ ਉਹ ਜਨ ਸਾਧਾਰਣ ਦੀ ਵਿਰੋਧਤਾ ਨਹੀਂ ਸਨ ਉਕਸਾਂਦੇ ਤੇ ਅਠੇਕ ਵਾਰ ਗ਼ੁਲਾਮ ਰਹਿ ਚੁਕੀ ਜਨ ਸਾਧਾਰਨ ਵਿਚ ਇਹੋ ਜਿਹਾ ਸਵੈ-ਵਿਸ਼ਵਾਸ ਉਪਜਾਉਣਾ ਬੜਾ ਜ਼ਰੂਰੀ ਸੀ।

ਤੇ ਇਸ ਤਰ੍ਹਾਂ ਕਈ ਹੋਰ ਗੱਲਾਂ ਵਿਚ ਵੀ। ਜੇ ਗਊ ਕੁਸ਼ੀ ਬੰਦ ਸੀ ਤਾਂ ਚੌਰਾਹੇ ਵਿਚ ਸੂਰ ਵੀ ਮਾਰਿਆ ਨਹਾ ਸੀ ਜਾ ਸਕਦਾ। ਮਤਲਬ, ਵਖ ਵਖ ਜਾਤੀਆਂ ਵਿਚ ਸਹਿਯੋਗ ਉਪਜਾਣਾ। ਜੇ ਹਰਿਮੰਦਰ ਚੜ੍ਹਾਵੇ ਚੜ੍ਹ ਏ ਜਾਂਦੇ ਸਨ ਤਾਂ ਈਦਗਾਹਾਂ ਤੇ ਮਸੀਤਾਂ ਤੇ ਮਚਾਰ ਵੀ ਭੇਟਾਵਾਂ ਤੋਂ ਵਿਹੂਣੇ ਨਹੀਂ ਸਨ ਰਹਿੰਦੇ। ਬਿਨਾਂ ਸ਼ਕ ਰਣਜੀਤ ਸਿੰਘ ਨੇ ਚੰਗੇ ਸ਼ਹਿਰੀਅਤ ਦੇ ਅਸੂਲਾਂ ਉੱਤੇ ਆਪੇਣੀ ਹਕੂਮਤ ਦੇ ਨਿਯਮਾਂ ਨੂੰ ਢਾਲਿਆ ਤੇ ਉਹ ਪੂਰਨ ਤੌਰ ਤੇ ਸਫ਼ਲ ਹੋਇਆ। ਜਦੋਂ ਰਣਜੀਤ ਸਿੰਘ ਮਰਿਆ ਤਾਂ ਕਿਹੜੀ ਅੱਖ ਸੀ ਜਿਸ ਵਿਚ ਅੱਥਰੂ ਨਹੀਂ ਆਏ ਹੋਣੇ ਕਿਹੜਾ ਹਿੰਦੂ ਸਿੱਖ ਜਾਂ ਮੁਸਲਮਾਨ ਅਜਿਹਾ ਸੀ ਜਿਨੂੰ ਇਹ ਨਾ ਲਗਾ ਹੋਵੇ ਕਿ ਉਹਦਾ ਆਪਣਾ ਪਿਤਾ ਮਰ ਗਿਆ ਹੈ ?

ਰਣਜੀਤ ਸਿੰਘ ਮਰਿਆ ਤੇ ਸਿੱਖਾਂ ਤੇ ਹਿੰਦੂਆਂ ਤੋਂ ਵਧ ਸ਼ਾਇਦ ਮੁਸਲਮਾਨਾਂ ਨੂੰ ਪੀੜ ਹੋਈ, ਵੱਧ ਦਰਦ ਹੋਇਆ। ਪਤਾ ਨਹੀਂ ਕਿਉਂ ਰਣਜੀਤ ਸਿੰਘ ਤੇ ਮੁਸਲਮਾਨਾਂ ਦੀ ਬੜੀ ਬਣਦੀ। ਉਹਨਾਂ ਦਾ ਆਪਸ ਵਿਚ ਬੜਾ ਪਿਆਰ। ਇਕ ਅਜਿਹੀ ਪੀਡੀ ਸਾਂਝ ਜਿਹੜੀ ਕਿ ਇਕ ਦੂਜੇ ਵਾਸਤੇ ਬੜਾ ਕੁਝ ਕੁਰਬਾਨ ਕਰਵਾ ਸਕਦੀ ਹੈ। ਕਈ ਸ਼ਾਇਦ ਇਹਨੂੰ ਘਟ ਸੰਮਤੀ ਵਾਲੀ ਕੌਮ ਦਾ ਆਪਣੇ ਪਾਸਬਾਨ ਵਾਸਤੇ ਆਦਰ ਤੇ ਪਿਆਰ ਕਹਿਣਗੇ। ਪਰ ਗੱਲ ਦਰ ਅੱਸਲ ਇਉਂ ਨਹੀਂ। ਜਿਸ ਤੀਬਰਤਾ ਨਾਲ ਰਣਜੀਤ ਸਿੰਘ ਦੀ ਮੌਤ ਵਾਸਤੇ ਮੁਸਲਮਾਨ ਰੋਏ ਉਹ ਤੀਬਰਤਾ, ਸਪਿਰਟ ਦਾ ਅਜਿਹਾ ਸਵਾਰਥਕ ਹੌਛਾਪਨ ਨਹੀਂ ਦਰਸਾਂਦੀ।

ਰਣਜੀਤ ਸਿੰਘ ਗਿਆ। ਪੰਜਾਬ ਤੇ ਬਰਤਾਨਵੀ ਸਾਮਰਾਜ ਲੜਿਆ ਤੇ ਸਾਮਰਾਜ ਦੀ ਫ਼ਤਹ ਹੋਈ। ਪੰਜਾਬ ਮੁੜ ਕੇ ਗ਼ੁਲਾਮ ਬਣ ਗਿਆ। ਪਰ ਇਹ ਗ਼ੁਲਾਮੀ, ਮੁਗ਼ਲਾਂ ਤੇ ਅਫ਼ਗਾਨਾਂ ਦੀ ਗ਼ੁਲਾਮੀ ਵਰਗੀ ਗ਼ੁਲਾਮੀ ਨਹੀਂ ਸੀ।

ਸਿਆਣੇ ਆਦਮੀਆਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ। ਸਿਆਣੇ ਆਦਮੀ ਜਾਣਦੇ ਸਨ ਕਿ ਮੁਗ਼ਲ, ਭਾਵੇਂ ਉਹਨਾਂ ਨੇ ਬੜਾ ਚਿਰ ਮੰਨਿਆਂ ਨਹੀਂ, ਕਈ ਪਹਿਲੂਆਂ ਤੋਂ ਸਨ ਹਿੰਦੁਸਤਾਨੀ ਹੀ ਤੇ ਅਫ਼ਗਾਨਾਂ ਨਾਲ ਸਾਂਝ ਕਈ ਹੋਰ ਪੱਖੋਂ ਪੀਡੀ ਸੀ। ਪਰ ਅੰਗਰੇਜ਼ਾਂ ਨਾਲ ਸਾਡੀ ਕਿਸੇ ਤਰ੍ਹਾਂ ਦੀ ਕੋਈ ਸਾਂਝ ਨਹੀਂ ਸੀ। ਜਿਹੜੇ ਮੁਸਲਮਾਨ ਔਰੰਗਜ਼ੇਬ ਤੇ ਬਹਾਦਰ ਸ਼ਾਹ ਦੇ ਰਾਜ ਤਕ ਵੀ ਨਿਰਲੇਪ ਰਹੇ ਸਨ ਉਹ ਹੁਣ ਨਿਰਲੇਪ ਨਹੀਂ ਸਨ। ਇਕ ਹੱਥ ਅੰਗਰੇਜ਼ੀ ਸਾਮਰਾਜ ਦੀ ਪਕੜ ਨੇ ਤੇ ਦੂਜੇ ਹੱਥ ਸਿੱਖਾਂ ਤੇ ਰਣਜੀਤ ਸਿੰਘ ਵਰਗੇ ਆਦਮੀ ਦੀ ਪਾਰਦਰਸ਼ਤਾ, ਪਿਆਰ ਤੇ ਆਦਰਸ਼ਾਂ ਨੇ ਉਹਨਾਂ ਨੂੰ ਹਿੰਦੁਸਤਾਨ ਜੋਗਾ ਹੀ ਬਣਾ ਛਡਿਆ ਸੀ। ਹੁਣ ਇਹ ਬਗ਼ਦਾਦ ਤੇ ਬਲਖ਼ ਤੋਂ ਬੁਖ਼ਾਰੇ ਪਰਤ ਨਹੀਂ ਸਨ ਸਕਦੇ। ਹੁਣ ਇਹੋ ਉਹਨਾਂ ਦੀ ਮਾਤਰੀ ਭੂਮੀ ਸੀ। ਹੁਣ ਉਹਨਾਂ ਨੇ ਏਸੇ ਮਾਤਰ ਭੂਮੀ ਵਾਸਤੇ ਜੀਉਣਾ ਤੇ ਮਰਨਾ ਸੀ।

ਬਾਕੀ ਹਿੰਦੁਸਤਾਨ ਦੇ ਮੁਸਲਮਾਨਾਂ ਤੋਂ ਕਿਤੇ ਵੱਧ, ਪੰਜਾਬ ਦੇ ਮੁਸਲਮਾਨ ਇਸ ਨਵੀਂ ਸਪਿਰਟ ਦੇ ਮੋਹਰੀ ਸਨ। ਏਥੇ ਉਹਨਾਂ ਨੇ ਹਿੰਦੂਆਂ ਤੇ ਸਿੱਖਾਂ ਨਾਲ ਮਿਲ ਕੇ ਰਹਿਣ ਦਾ ਸਵਾਦ ਚੁਖਿਆ ਸੀ ਇਥ ਉਹਨਾਂ ਨੇ ਭਰਾਤਰੀ ਭਾਵ

Scanned by CamScanner

ਤੇ ਸ਼ਹਿਰੀਅੱਤ ਦੇ ਅਸੂਲਾਂ ਉੱਤੇ ਸਥਾਪਤ ਹਕੂਮਤ ਦੇ ਲਾਭ ਤੱਕੇ ਸਨ। ਏਥੇ ਇਕ ਸੌ ਸਾਲ ਵਿਚ ਇਹ ਮੁਸਲਮਾਨ, ਏਥੋਂ ਦੀ ਜ਼ਿੰਦਗੀ ਵਿਚ ਇੰਜ ਰਚ ਭਿਜ ਗਏ ਸਨ ਜਿਵੇਂ ਕਿ ਉਹ ਕਿਤੋਂ ਬਾਹਰੋਂ ਨਾ ਆਏ ਹੋਣ।

ਸੋ ਅਜ ਜਦੋਂ ਪੰਜਾਬ — ਉਹਨਾਂ ਦਾ ਆਪਣਾ ਪੰਜਾਬ — ਗ਼ੁਲਾਮ ਹੋਇਆ ਤਾਂ ਉਹਨਾਂ ਨੇ ਫਰੰਗੀਆਂ ਵਲ ਉਸੇ ਕੌੜੀ ਅੱਖ ਨਾਲ ਤੱਕਿਆ ਜਿਸ ਅੱਖ ਨਾਲ ਕਿ ਹਰ ਦੇਸ਼ ਪਿਆਰੇ ਨੂੰ ਵੇਖਣਾ ਸੰਭਦਾ ਹੈ। ਉਹਨਾਂ ਨੇ ਸਗੋਂ ਸਿੱਖ ਸਰਦਾਰਾਂ ਨੂੰ ਮਲਾਮਤਾਂ ਪਾਈਆਂ ਤੇ ਆਖਿਆ ਕਿ ਇਹਨਾਂ ਦੀ ਫਰੰਗੀ ਲੜਾਈ ਨੇ ਦੇਸ਼ ਨੂੰ ਮੁੜ ਕੇ ਗ਼ੁਲਾਮ ਬਣਾ ਦਿਤਾ ਹੈ। ਜਿਵੇਂ ਉਹਨਾਂ ਦਿਨਾਂ ਵਿਚ ਮਸ਼ਹੂਰ ਸੀ। ਉਹਨਾਂ ਨੇ ਮਹਾਰਾਣੀ ਜਿੰਦਾਂ ਨੂੰ ਕੋਸਿਆ ਕਿ ਉਸ ਪੰਜਾਬ ਦੀਆਂ ਫ਼ੌਜਾਂ ਨਾਲ ਧਰੋਹ ਕਮਾਇਆ ਹੈ। ਉਹਨਾਂ ਦੇ ਪ੍ਰਤਿਕਰਮ ਦਰਸਾਂਦੇ ਸਨ ਕਿ ਅੰਗਰੇਜ਼ਾਂ ਦੀ ਗ਼ੁਲਾਮੀ ਨੂੰ ਉਹ ਹਰ ਪਹਿਲੂ ਤੋਂ ਹਾਨੀਕਾਰਕ ਤੇ ਘਿਰਨਤ ਗਿਣਦੇ ਹਨ। ਸ਼ਾਹ ਮੁਹੰਮਦ ਦਾ ਜੰਗਨਾਮਾ ਇਸ ਸਪਿਰਟ ਦਾ ਇਕ ਪ੍ਰਤੀਨਿਧ ਹੈ।

ਹਿੰਦੂ ਤੇ ਸਿੱਖ, ਆਪਣੇ ਵਲੋਂ, ਇੰਜ ਮਹਿਸੂਸ ਕਰਦੇ ਲਗਦੇ ਕਿ ਫ਼ਰੰਗੀਆਂ ਦੀ ਹਕੂਮਤ ਨਾਲੋਂ ਜੇ ਅੱਜ ਅਮੀਰ ਦੋਸਤ ਮੁਹੰਮਦ ਉਹਨਾਂ ਦੇ ਦੇਸ਼ ਉੱਤੇ ਆ ਕਬਜ਼ਾ ਕਰਦਾ ਤਾਂ ਕਿਤੇ ਚੰਗਾ ਹੁੰਦਾ। ਅਫ਼ਗਾਨ ਬੇਸ਼ਕ ਬੇਅੰਤ ਜ਼ੁਲਮ ਕਮਾਂਦੇ ਹੋਣ, ਪਰ ਉਹ ਫ਼ਰੰਗੀਆਂ ਜਿੰਨੇ ਭੈੜੇ ਨਹੀਂ ਹੋ ਸਕਦੇ। ਅਫ਼ਗਾਨਾਂ ਨਾਲ ਫਿਰ ਵੀ ਇਕ ਤਰ੍ਹਾਂ ਦੀ ਅਪਣੱਤ ਸੀ, ਇਕ ਤਰ੍ਹਾਂ ਦੀ ਸਾਂਝ।

ਜਾਣਨ ਵਾਲੇ ਹਿੰਦੂ, ਸਿੱਖ ਤੇ ਮੁਸਲਮਾਨ ਸਮਝਦੇ ਕਿ ਉਹਨਾਂ ਦੇ ਪ੍ਰਾਂਤ ਦੀ ਆਜ਼ਾਦੀ ਦਾ ਅੰਤ ਸਮੁੱਚੇ ਹਿੰਦੁਸਤਾਨ ਦੀ ਆਜ਼ਾਦੀ ਦੇ ਸੁਪਨਿਆਂ ਦਾ ਅੰਤ ਹੈ। ਅਜੇ ਤਕ ਉਹਨਾਂ ਵਿਚੋਂ ਕੁਝ ਆਦਮੀ ਆਸ਼ਾ ਜਨਕ ਰਹੇ ਸਨ। ਜਦੋਂ ਤਕ ਇਹ ਰਾਜ ਆਜ਼ਾਦ ਹੈ ਹਿੰਦੁਸਤਾਨ ਗ਼ੁਲਾਮ ਨਹੀਂ ਅਖਵਾ ਸਕਦਾ। ਹੋ ਸਕਦਾ ਹੈ, ਸਮਾਂ ਬਣਨ ਤੇ, ਗੋਰਿਆਂ ਨੂੰ ਸਮੁੰਦਰ ਵਿਚ ਰੋੜ੍ਹ ਦਿਤਾ ਜਾਏ। ਜਦ ਤਕ ਪੰਜਾਬ ਆਜ਼ਾਦ ਸੀ, ਅੰਗਰੇਜ਼ੀ ਸਾਮਰਾਜ ਥੱਲੇ ਰਹਿੰਦੇ ਬਾਕੀ ਸੂਝਵਾਨ ਭਾਰਤ ਵਾਸੀਆਂ ਵਿਚ ਵੀ ਕਿਸੇ ਨਾ ਕਿਸੇ ਆਸ਼ਾ ਦੀ ਲੋਅ ਚਮਕਦੀ। ਉਹਨਾਂ ਨੂੰ ਕਿਸੇ ਸ਼ੈ ਦਾ ਸਹਾਰਾ ਲਗਦਾ। ਇਸ ਸਹਾਰੇ ਦਾ ਚੇਤੰਨ ਅਹਿਸਾਸ ਭਾਵੇਂ ਉਹਨਾਂ ਨੂੰ ਨਾ ਹੋਵੇ, ਪਰ ਇਸ ਆਜ਼ਾਦ ਹਕੂਮਤ ਦੀ ਕਾਇਮੀ ਉਹਨਾਂ ਵਾਸਤੇ ਇਕ ਪ੍ਰੇਰਨਾ ਜ਼ਰੂਰ ਸੀ ਤੇ ਇਹ ਪ੍ਰੇਰਨਾ ਉਹਨਾਂ ਦੇ ਫ਼ਰੰਗੀਆਂ ਵਿਰੁਧ ਵਧ ਰਹੇ ਜਜ਼ਬਾਤਾਂ ਦਾ ਸਹਾਰਾ ਬਣਦੀ।

ਪਰ ਸ਼ੋਕ ! ਕਿ ਅੱਜ ਇਹ ਲੋਅ ਬੁੱਝ ਗਈ। ਸ਼ੋਕ ! ਕਿ ਅੱਜ ਇਹ ਸਹਾਰਾ ਭਿਜ ਪਿਆ। ਅੱਜ ਹਿੰਦੁਸਤਾਨ ਦੇ ਉੱਤਰ ਦੱਖਣ ਵਿਚ ਕਾਇਮ ਆਖਰੀ ਆਜ਼ਾਦ ਹਕੂਮਤ ਵੀ ਗ਼ੁਲਾਮ ਬਣ ਗਈ। ਹੁਣ ਸਮੁਚੇ ਭਾਰਤ ਨੂੰ ਸਮੁਚੇ ਤੌਰ ਉੱਤੇ ਗ਼ੁਲਾਮ ਬਣਨ ਤੋਂ ਕੌਣ ਰੋਕ ਸਕਦਾ ਸੀ ? ਜਿਸ ਦਿਨ ਲਾਹੌਰ ਦੀ ਸੰਧੀ ਉੱਤੇ ਬਾਲਕ ਮਹਾਰਾਜੇ ਦਲੀਪ ਸਿੰਘ ਦੀ ਮੋਹਰ ਲਾਈ ਗਈ-ਉਸ ਦਿਨ ਭਾਰਤ ਦੇ ਇਤਿਹਾਸ ਦਾ ਵੀ ਇਕ ਕਾਂਡ ਮੁਕਿਆ। ਇਕ ਨਵੀਂ ਗ਼ੁਲਾਮੀ ਦਾ ਕਾਂਡ ਸ਼ੁਰੂ ਹੋਇਆ।

ਪਰ ਜਿਸ ਦਿਨ ਇਸ ਸੰਧੀ ਉੱਤੇ ਦਸਖ਼ਤ ਹੋਏ ਉਸੇ ਦਿਨ ਅੰਗਰੇਜ਼ੀ ਸਾਮਰਾਜ ਵਿਰੁਧ ਇਕ ਨਵਾਂ ਅੰਦੋਲਨ ਵੀ ਸ਼ੁਰੂ ਹੋਇਆ ਤੇ ਸਭ ਤੋਂ ਪਹਿਲੇ ਇਹ ਅੰਦੋਲਨ ਪੰਜਾਬ ਦੀ ਭੋਇੰ ਉੱਤੇ ਨਿਮ੍ਹਿਆ।

Scanned by CamScanner

ਕਵੀ ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਪ੍ਰਤੀਨਿਧ ਉਪਜ ਹੈ। ਸ਼ਾਹ ਮੁਹੰਮਦ ਪ੍ਰਤੀਨਿਧ ਹੈ ਉਸ ਭਰਾਤਰੀ ਭਾਵਨਾ ਦਾ ਜਿਹੜੀ ਇਸ ਕਾਲ ਵਿਚ ਸਾਰੇ ਪੰਜਾਬ ਅੰਦਰ ਪ੍ਰਫੁਲਤ ਹੋਈ। ਸ਼ਾਹ ਮੁਹੰਮਦ ਪ੍ਰਤੀਨਿਧ ਹੈ, ਉਸ ਮਜ਼ਬ ਤੋਂ ਉੱਪਰ ਉਠੇ ਪੰਜਾਬੀ ਸੰਗਠਨ ਦਾ ਜਿਹੜਾ ਸੰਗਠਨ ਕਿ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਭ ਗੁਰੂਆਂ ਨੇ ਚਿਤਵਿਆ ਤੇ ਜੋ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਵਿਚ ਪੂਰਨ ਕੀਤਾ। ਸ਼ਾਹ ਮੁਹੰਮਦ ਪ੍ਰਤੀਨਿਧ ਹੈ ਉਸ ਪੰਜਾਬੀਅੱਤ ਦਾ ਜਿਹੜੀ ਸਣੇ ਸਣੇ ਵਾਰਸ ਸ਼ਾਹ, ਕਾਦਰ ਯਾਰ, ਮੌਲਵੀ ਅਹਿਮਦ ਯਾਰ, ਤੇ ਹਾਸ਼ਮ ਸ਼ਾਹ ਵਰਗੇ ਕਵੀਆਂ ਵਿਚ ਰਚਦੀ ਰਚਦੀ ਗਈ। ਸ਼ਾਹ ਮੁਹੰਮਦ ਪ੍ਰਤੀਨਿਧ ਹੈ ਉਸ ਸ਼ਹਿਰੀਅੱਤ ਦਾ ਸਿਹੜੀ ਰਣਜੀਤ ਸਿੰਘ ਨੇ ਇਸ ਦੇਸ਼ ਵਿਚ ਉਪਜਾਈ।

ਸ਼ਾਹ ਮੁਹੰਮਦ ਨੇ ਅੰਗਰੇਜ਼ਾ ਤੇ ਸਿੱਖਾਂ ਵਿਚਜ਼ਾਰ ਹੋਈ ਪਹਿਲੀ ਲੜਾਈ ਨੂੰ ਕਿੱਸੇ ਵਿਚ ਅੰਕਿਤ ਕੀਤਾ। ਇਸ ਕਿੱਸੇ ਦੀ ਪਰੇਰਨਾ ਪੰਜਾਬੀ ਸੀ, ਇਹਦਾ ਨਿਭਾਅ ਪੰਜਾਬੀ ਹੈ ਤੇ ਇਹਦਾ ਨਿਸ਼ਾਨਾ ਪੰਜਾਬ ਹੈ। ਸ਼ਾਹ ਮੁਹੰਮਦ ਦਾ ਮਜ਼ਬ ਭਾਵੇਂ ਮੁਸਲਮਾਨ ਹੋਵੇ, ਪਰ ਉਹਦੀ ਕੌਮੀਅਤ ਪੰਜਾਬੀ ਸੀ। ਸ਼ਾਹ ਮੁਹੰਮਦ ਉਸ ਵੇਲੇ ਦਾ ਪ੍ਰਤੀਨਿਧ ਹੈ ਜਦੋਂ ਰਣਜੀਤ ਸਿੰਘ ਦੀ ਅਗਵਾਈ ਥੱਲੇ, ਹਿੰਦੂ, ਸਿੱਖ ਤੇ ਮੁਸਲਮਾਨ ਆਪਣੇ ਆਪ ਨੂੰ ਹਿੰਦੂ, ਸਿੱਖ ਤੇ ਮੁਸਲਮਾਨ ਸਮਝਣ ਤੋਂ ਪਹਿਲੇ ਪੰਜਾਬੀ ਸਮਝਦੇ ਸਨ।

ਸ਼ਾਹ ਮੁਹੰਮਦ ਵਡਾਲਾ ਵੀਰਮ ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ। ਸੰਨ ੧੭੨੦ ਵਿਚ ਇਹਦਾ ਜਨਮ ਹੋਇਆ ਤੇ ਅੰਗਰੇਜ਼ਾਂ ਨਾਲ ਲੜਾਈ ਵੇਲੇ ਤਕ ਇਹ ਕਾਫ਼ੀ ਬਿਰਧ ਹੋ ਚੁਕਾ ਸੀ। ਹੁਣ ਤਕ ਇਹ ਸੱਸੀ ਪੁੰਨੂੰ ਦਾ ਕਿੱਸਾ ਤੇ ਹੋਰ ਕਈ ਕੁਝ ਲਿਖ ਚੁਕਾ ਸੀ, ਪਰ ਜਿਹੜੀ ਸ਼ੁਹਰਤ ਕਾਦਰ ਯਾਰ, ਹਾਸ਼ਮ ਤੇ ਅਹਿਮਦ ਯਾਰ ਨੂੰ ਮਿਲੀ ਉਹ ਅਜੇ ਤਕ ਸ਼ਾਹ ਮੁਹੰਮਦ ਨੂੰ ਨਸੀਬ ਨਹੀਂ ਸੀ ਹੋਈ। ਪਰ ਸ਼ਾਹ ਮੁਹੰਮਦ ਉਹਨਾਂ ਕਵੀਆਂ ਵਿਚੋਂ ਇਕ ਸੀ ਜਿਹੜੇ ਸਿਰਫ਼ ਸ਼ੁਹਰਤ ਵਾਸਤੇ ਨਹੀਂ ਲਿਖਦੇ। ਉਹ ਆਖਦਾ ਕਿ ਉਹ ਸ਼ੇਅਰ ਲਿਖਦਾ ਹੈ ਕਿਉਂਕਿ ਉਹਦੇ ਅੰਦਰੋਂ ਕੋਈ ਚੀਜ਼ ਫੁਟਦੀ ਹੈ। ਉਂਜ ਖਾਣ ਪੀਣ ਵਾਸਤੇ ਭੱਠਿੰ ਸੀ ਤੇ ਬਹੁਤੇ ਰਿਸ਼ਤੇਦਾਰ ਰਣਜੀਤ ਸਿੰਘ ਦੇ ਤੋਪਖ਼ਾਨੇ ਵਿਚ ਨੌਕਰ ਸਨ।

ਮੁਦਕੀ, ਫੇਰੂ ਸ਼ਹਿਰ, ਅਲੀਵਾਲ ਤੇ ਸਭਰਾਵਾਂ ਦੀਆਂ ਲੜਾਈਆਂ ਹੋਈਆਂ ਤੇ ਇਹਨਾਂ ਲੜਾਈਆਂ ਦੀ ਵਾਰਤਾ ਪੰਜਾਬ ਦੇ ਕੋਨੇ ਕੋਨੇ ਵਿਚ ਪਹੁੰਚੀ। ਜਲਦੀ ਹੀ ਫ਼ਰੰਗੀ ਲਾਹੌਰ ਆ ਪੁਜੇ ਤੇ ਟੁੰਡੀ ਲਾਟ ਨੇ ਪੰਜਾਬ ਦੀ ਆਜ਼ਾਦੀ ਦਾ ਅੰਤ ਕਰ ਦਿਤਾ। ਬਿਆਸ ਤਕ ਇਲਾਕਾ ਉਹਨਾਂ ਉਂਜ ਸਾਂਭ ਲਿਆ। ਜੰਮੂ ਕਸ਼ਮੀਰ ਉਂਜ ਗੁਲਾਬ ਸਿੰਘ ਦੇ ਹਵਾਲੇ ਕਰ ਦਿਤਾ ਤੇ ਲਾਹੌਰ ਵਿਚ ਗੋਰਾ ਫੌਜ ਵਖਰੀ ਮੁਕੀਮ ਕਰ ਦਿਤੀ। ਚਿੱਟ ਦਾੜ੍ਹੀਏ ਪੰਜਾਬੀਆਂ ਦੇ ਮਨਾਂ ਨੂੰ ਸ਼ਾਂਤੀ ਨਾ ਆਵੇ। ਉਹ ਰੋਵਣ, ਉਹ ਵਿਲਕਣ। ਉਹ ਆਪਣੇ ਘਰਾਂ ਵਿਚ ਘੁੰਮਣ, ਪਰਿਆਂ ਵਿਚ ਬੈਠ ਕੇ ਗੱਲਾਂ ਕਰਨ ਤੇ ਪਿੰਡ ਪਿੰਡ ਫਿਰਨ। ਕਿਵੇਂ ਮਨ ਨੂੰ ਧਰਵਾਸ ਆਵੇ ? ਕਿਵੇਂ ਗਲੇ ਪਏ ਗ਼ੁਲਾਮੀ ਦੇ ਤੋਕ ਦਾ ਅਹਿਸਾਸ ਮੁਕੇ। ਪਰ ਕਿਵੇਂ ? ਆਜ਼ਾਦੀ ਦਾ ਖੁੱਸਣਾ ਜਾਇਦਾਦ ਜਾਂ ਕਿਸੇ ਹੋਰ ਮਾਦਾ ਸ਼ੈ ਦੇ ਖੁਸਣ ਵਾਂਗ ਨਹੀਂ। ਇਹ ਸਵੈ-ਵਿਸ਼ਵਾਸ ਦਾ ਖੁਸਣਾ ਹੈ। ਇਹ ਕੌਮੀ ਸਪਿਰਟ ਉੱਤੇ ਡਾਕਾ ਹੈ, ਇਹ ਰੂਹਾਂ ਤੇ ਸੁਪਨਿਆਂ ਦੀ ਬਰਬਾਦੀ ਹੈ।

ਇਹੋ ਜਿਹੇ ਹਾਲਾਤ ਵਿਚ ਸ਼ਾਹ ਮੁਹੰਮਦ ਨੇ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਦਾ ਹਾਲ ਲਿਖਿਆ। ਇਕ ਇਕ ਸ਼ਬਦ ਲਹੂ ਨਾਲ ਲਿਬੜਿਆ ਹੈ। ਸ਼ਾਹ ਮੁਹੰਮਦ ਨੇ ਇਹ ਕਿੱਸਾ ਲਿਖਿਆ ਤੇ ਵਡਾਲੇ ਵੀਰਮ ਦੇ ਵਾਸੀ ਢਾਹੀਂ ਮਾਰ ਮਾਰ ਰੋਏ। ਦਿਨਾਂ ਵਿਚ ਕਿੱਸੇ ਦੀ ਚਰਚਾ ਸਾਰੇ ਪੰਜਾਬ ਵਿਚ ਪੱਸਰ ਗਈ। ਬੰਦ ਦੇ ਬੰਦ ਲੋਕਾਂ ਦੇ ਮੂੰਹ ਚੜ੍ਹ ਗਏ। ਕੌਣ ਅਜਿਹਾ ਪੰਜਾਬੀ ਸੀ ਜਿਦ੍ਹੇ ਬੁੱਲ੍ਹਾਂ ਉੱਤੇ ਇਹ ਸਤਰਾਂ ਨਹੀਂ ਸਨ :

Scanned by CamScanner

"ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ।" ਜਾਂ

"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਚੋੜ ਦਿਤੇ।"

ਇਹਨਾਂ ਦਿਨਾਂ ਵਿਚ ਸ਼ਾਹ ਮੁਹੰਮਦ ਮਾਹਿਲ ਆਇਆ। ਵਡਾਲੇ ਤੋਂ ਉਹ ਪਿੰਡ ਭਟੀਆਂ ਜੋ ਕਸੂਰ ਦੇ ਕੋਲ ਹੈ, ਜਾ ਰਿਹਾ ਸੀ। ਰਾਹ ਵਿਚ ਉਹ ਮਾਹਿਲ ਰੁਕਿਆ ਕਿ ਮਾਹਿਲਾਂ ਨੂੰ ਮਿਲ ਸਕੇ ਤੇ ਆਪਣੀ ਰਚਨਾ ਸੁਣਾ ਸਕੇ। ਉਹਦੇ ਇਕ ਰਿਸ਼ਤੇਦਾਰ, ਸੁਲਤਾਨ ਮਹਿਮੂਦ ਨੇ, ਹਰਪਾਲ ਸਿੰਘ ਮਾਹਿਲ ਥੱਲੇ ਨੌਕਰੀ ਕੀਤੀ ਸੀ।

ਸ਼ਾਹ ਮੁਹੰਮਦ ਮਾਹਿਲ ਆਇਆ ਤੇ ਸਾਰੇ ਪਿੰਡ ਤੇ ਆਸੇ ਪਾਸੇ ਦੇ ਅਨੇਕ ਆਦਮੀ ਉੱਥੇ ਜੁੜ ਗਏ। ਪਹਿਲੇ ਵਿਚਾਰ ਸੀ ਪਿੰਡੋਂ ਬਾਹਰ ਖੂਹ ਉੱਤੇ ਮਜਲਸ ਜੁੜੇ, ਪਰ ਫਿਰ ਗੁਰਮੀਤ ਨੇ ਕਿਹਾ, "ਨਹੀਂ ਇਹ ਬੈਠਕ ਹਵੇਲੀ ਵਿਚ ਹੀ ਹੋਣੀ ਚਾਹੀਦੀ ਹੈ। ਅਸੀਂ ਤ੍ਰੀਮਤਾਂ ਵੀ ਇਹ ਕਿੱਸਾ ਸ਼ਾਹ ਮੁਹੰਮਦ ਦੇ ਮੂੰਹੋਂ ਸੁਣਨਾ ਚਾਹੁੰਦੀਆਂ ਹਾਂ।"

ਸ਼ਾਹ ਮੁਹੰਮਦ ਮਾਹਿਲਾਂ ਦੀ ਹਵੇਲੀ ਵਿਚ ਉੱਗੇ ਪਿਪਲ ਦੀ ਛਾਵੇਂ ਚੌਂਤਰੇ ਉੱਤੇ ਬੈਠ ਗਿਆ। ਪੱਗ ਉਹਦੀ ਬੀਬੀ, ਦਾੜ੍ਹੀ ਉਹਦੀ ਲੰਮੀ, ਜਿਸਮ ਉਹਦਾ ਕਮਜ਼ੋਰ, ਹੱਥ ਉਹਦੇ ਕੰਬਦੇ। ਉਹਦੇ ਸੱਜੇ ਹੱਥ ਬੈਠਾ ਸੀ ਗੁਰਦਿਆਲ ਸਿੰਘ ਤੇ ਖੱਬੇ ਹੱਥ ਗੁਰਪਾਲ। ਗੁਰਪਾਲ ਦੇ ਨਾਲ ਉਹਦਾ ਪੁੱਤਰ ਅਜੀਤ ਸੀ ਤੇ ਗੁਰਮੀਤ ਅਤੇ ਟੱਬਰ ਦੀਆਂ ਹੋਰ ਇਸਤਰੀਆਂ ਸ਼ਾਹ ਮੁਹੰਮਦ ਦੇ ਪਿਛੇ ਬੈਠੀਆਂ ਸਨ। ਚੌਂਤਰੇ ਤੋਂ ਥੱਲੇ, ਭੋਇੰ ਉੱਤੇ, ਮਾਹਿਲ ਤੇ ਆਲ ਦੁਆਲੇ ਦੇ ਵਾਸੀ ਸਨ।

"ਸ਼ੁਰੂ ਕਰੋ ਬਾਬਾ ਜੀ!" ਗੁਰਦਿਆਲ ਸਿੰਘ ਨੇ ਕਿਹਾ।

"ਸ਼ੁਰੂ ਕਰਨ ਤੋਂ ਪਹਿਲੇ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ, ਮਿੱਤਰੋ! ਮੈਂ ਆਦਮੀ ਬੁੱਢਾ ਹਾਂ ਤੇ ਜਿਵੇਂ ਮੈਂ ਗੱਲਾਂ ਸੁਣੀਆਂ ਹਨ ਓਵੇਂ ਹੀ ਲਿਖ ਦਿਤੀਆਂ ਹਨ: ਕਈਆਂ ਆਦਮੀਆਂ ਨੇ ਕਈ ਗੱਲਾਂ ਗ਼ਲਤ ਦਸੀਆਂ ਹਨ। ਗ਼ਲਤ ਹੋ ਸਕਦੀਆਂ ਹਨ ਪਰ ਮੈਂ ਕਿੱਸੇ ਵਿਚ ਕੁਝ ਅਦਲਾ ਬਦਲੀ ਨਹੀਂ ਕੀਤੀ। ਤੁਸੀਂ ਵੇਖਦੇ ਹੋ ਮੇਰੇ ਕੋਲੋਂ ਚੰਗੀ ਤਰ੍ਹਾਂ ਲਿਖਿਆ ਵੀ ਨਹੀਂ ਜਾਂਦਾ।"

ਜਿਉਂ ਉਹ ਕਾਗ਼ਜ਼ਾਂ ਨੂੰ ਜੋੜ ਰਿਹਾ ਸੀ ਇਕ ਕਾਗ਼ਜ ਹਵਾ ਦੇ ਅਚਣਚੇਤ ਆਏ ਬੁਲ੍ਹੇ ਨਾਲ ਉਡ ਗਿਆ, ਜਲਦੀ ਨਾਲ ਅਜੀਤ ਨੇ ਚੁਕ ਕੇ ਉਹ ਸ਼ਾਹ ਮੁਹੰਮਦ ਨੂੰ ਫੜਾਇਆ ਤੇ ਉਹ ਕਹਿੰਦਾ ਗਿਆ:

"ਮੈਂ ਇਸ ਦੁਨੀਆਂ ਵਿਚ ਹੁਣ ਕੁਝ ਦਿਨਾਂ ਦਾ ਪ੍ਰਾਹੁਣਾ ਹਾਂ। ਆਪਣੀ ਹਾਰ ਬਾਬਤ ਸੁਣ ਕੇ ਜੋ ਉਬਾਲ ਮੇਰੇ ਦਿਲੋਂ ਉਠਿਆ ਮੈਂ ਉਹ ਝਰੀਟ ਸੁਟਿਆ। ਹੁਣ ਤੁਸੀਂ ਜਾਣੋਂ ਤੇ ਇਹ ਕਿੱਸਾ...," ਫਿਰ ਉਸ ਆਪਣੇ ਪੁੱਤਰ ਹਾਸ਼ਮ ਸ਼ਾਹ ਮੁਖਲਸ ਵਲ ਤੱਕਿਆ: "ਹੋ ਸਕਦਾ ਹੈ ਮੇਰਾ ਇਹ ਨੈ ਨਿਹਾਲ ਇਸ ਬਾਬਤ ਕੁਝ ਹੋਰ ਲਿਖੇ...।"

ਸ਼ਾਹ ਮੁਹੰਮਦ ਨੇ ਗਾ ਕੇ ਪੜ੍ਹਨਾ ਸ਼ੁਰੂ ਕੀਤਾ:

"ਅੱਵਲ ਹਮਦ ਜਨਾਬ ਅਲਾਹ ਦੀ ਨੂੰ, ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ੋ-ਨਗਾਰ ਕਰ ਕੇ, ਰੰਗ ਰੰਗ ਦੇ ਬਾਗ਼ ਲਗਾਂਵਦਾ ਈ।
ਸਫ਼ਾਂ ਪਿਛਲੀਆਂ ਸਭ ਲਪੇਟ ਲੈਂਦਾ, ਅਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ, ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ, ਦਗ਼ੇਬਾਜ਼ੀ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਛੋਲ ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।"

ਹੱਥ ਬੇਸ਼ਕ ਸ਼ਾਹ ਮੁਹੰਮਦ ਦੇ ਕੰਬ ਰਹੇ ਸਨ, ਪਰ ਆਵਾਜ਼ ਉਹਦੀ ਗਭਰੂਆਂ ਵਰਗੀ ਤਕੜੀ ਤੇ ਰਸੀਲੀ। ਹਰ ਬੰਦ ਦੀ ਆਖ਼ਰੀ ਸੱਤਰ ਉਹ ਸਰੋਤਿਆਂ ਨੂੰ ਆਪਣੇ ਨਾਲ ਪੜ੍ਹਨ ਵਾਸਤੇ ਕਹਿੰਦਾ ਤੇ ਇਉਂ ਇਸ ਬੈਠਕ ਵਿਚ ਰੰਗ ਹੋਰ ਵੀ ਬੱਝ ਜਾਂਦਾ। "ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।" ...ਸਭ ਸਰੋਤਿਆਂ ਨੇ ਆਖਿਆ ਤੇ ਨਾਲ ਹੀ ਉਹਨਾਂ ਕਵੀ ਨੂੰ ਦਾਦ ਦਿਤੀ।

Scanned by CamScanner



"ਇਕ ਰੋਜ਼ ਵਡਾਲੇ ਦੇ ਵਿਚ ਬੈਠੇ, ਚਲੀ ਆਣ ਅੰਗਰੇਜ਼ ਦੀ ਬਾਤ ਆਈ ।
ਸਾਨੂੰ ਆਖਿਆ ਹੀਰੇ ਤੇ ਨੂਰ ਖ਼ਾਨ ਨੇ, ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ ।
ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰਾਂ ਦੋਹਾਂ ਦੇ ਉੱਤੇ ਆਫ਼ਾਤ ਆਈ ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜ਼ਾਤ ਆਈ ।

ਇਹ ਹੈ ਜੱਗ ਸਰਾਏ ਮੁਸਾਫ਼ਰਾਂ ਦੀ, ਏਥੇ ਜ਼ੋਰ ਵਾਲੇ ਕਈ ਆਏ ਗਏ ।
ਕਈ ਸ਼ੱਦਾਦ, ਨਾਮਰੂਦ, ਫ਼ਰਔਨ ਜਿਹੇ, ਦਾਵਾ ਬੰਨ੍ਹ ਖ਼ੁਦਾਇ ਕਹਾਇ ਗਏ ।
ਅਕਬਰ ਸ਼ਾਹ ਜਿਹੇ ਵਿਚ ਦਿੱਲੀ ਦੇ ਜੀ, ਫੇਰੀ ਵਾਂਗ ਵਣਜਾਰਿਆਂ ਪਾਇ ਗਏ ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ, ਵਾਜੇ ਝੂਠ ਦੇ ਕਈ ਵਜਾਇ ਗਏ ।

ਮਹਾਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ ।
ਕਸ਼ਮੀਰ, ਪਿਸ਼ੌਰ, ਮੁਲਤਾਨ, ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ ।
ਹੋਰ ਦੇਸ ਲੱਦਾਖ਼ ਤੇ ਚੀਨ ਤੋੜੀਂ, ਸਿੱਕਾ ਆਪਣਾ ਨਾਮ ਚਲਾਇ ਗਿਆ ।
ਸ਼ਾਹ ਮੁਹੰਮਦਾ ਜਾਨ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ ।

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ, ਜਮ੍ਹਾਂ ਹੋਏ ਨੀਂ ਸਭ ਸਰਦਾਰ ਮੀਆਂ ।
ਚੇਤ ਸਿੰਘ ਨੂੰ ਮਾਰਿਆ ਕੰਵਰ ਸਾਹਿਬ, ਸ਼ੁਰੂ ਹੋਈ ਦਰਬਾਰ ਤੱਲਵਾਰ ਮੀਆਂ ।
ਖੜਗ ਸਿੰਘ ਮਹਾਰਾਜ ਨੇ ਆਹ ਮਾਰੀ, ਮੋਇਆ ਮੁੱਢ ਕਦੀਮ ਦਾ ਯਾਰ ਮੀਆਂ ।
ਸ਼ਾਹ ਮੁਹੰਮਦਾ ਅਸਾਂ ਵੀ ਨਾਲ ਮਰਨਾ, ਸਾਡਾ ਇਹੋ ਸੀ ਕੌਲ ਕਰਾਰ ਮੀਆਂ ।

ਮੇਰੇ ਬੈਠਿਆਂ ਇਹਨਾਂ ਨੇ ਖ਼ੂਨ ਕੀਤਾ, ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ ।
ਪਿਛੇ ਸਾਡੇ ਭੀ ਕੰਵਰ ਨਾ ਰਾਜ ਕਰਸੀ, ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ ।
ਨਾਹੱਕ ਦਾ ਇਹਨਾਂ ਨੇ ਖ਼ੂਨ ਕੀਤਾ, ਇਹ ਤਾਂ ਮਰਨਗੇ ਸਭ ਮੁਰਦਾਰ ਮੀਆਂ ।
ਸ਼ਾਹ ਮੁਹੰਮਦਾ ਹੁਣ ਜੇ ਮੌਤ ਸਸਤੀ, ਖ਼ਾਲੀ ਨਹੀਂ ਜਾਣਾ ਇਕ ਵਾਰ ਮੀਆਂ ।

ਖੜਗ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ, ਬਰਸ ਇਕ ਪਿਛੋਂ ਵੱਸ ਕਾਲ ਹੋਇਆ ।
ਆਈ ਮੌਤ ਨਾ ਅਟਕਿਆ ਇਕ ਘੜੀ, ਚੇਤ ਸਿੰਘ ਦੇ ਗ਼ਮਾਂ ਦੇ ਨਾਲ ਮੋਇਆ ।
ਕੰਵਰ ਸਾਹਿਬ, ਮਹਾਰਾਜ ਦੀ ਗੱਲ ਸੁਣ ਕੇ, ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ ।
ਸ਼ਾਹ ਮੁਹੰਮਦਾ ਕਥੀਆਂ ਦੇ ਮਾਰਨੇ ਨੂੰ, ਵਿਚ ਕੌਂਸਲੇ ਕੰਵਰ ਨੂੰ ਫ਼ਿਕਰ ਹੋਇਆ ।

ਖੜਗ ਸਿੰਘ ਮਹਾਰਾਜ ਨੂੰ ਚੁੱਕ ਲਿਆ, ਦੇਖੋ ਸਾੜਨੇ ਨੂੰ ਹੁਣ ਲੈ ਚਲੇ ।
ਧਰਮ ਰਾਜ ਨੂੰ ਜਦੋਂ ਇਹ ਖ਼ਬਰ ਹੋਈ, ਕੰਵਰ ਮਾਰਨੇ ਨੂੰ ਉਸ ਦੂਤ ਘੱਲੇ ।
ਮਾਰੋ ਮਾਰ ਕਰਦੇ ਦੂਤ ਆਣ ਵੜੇ, ਜਦੋਂ ਮੌਤ ਦੇ ਹੋਏ ਨੀ ਆਣ ਹੱਲੇ ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਉਸ ਦੀ, ਊਧਮ ਸਿੰਘ ਤੇ ਕੰਵਰ ਦੇ ਸਾਸ ਚੱਲੇ ।

ਇਕ ਦੂਤ ਨੇ ਦੇਖ ਕੇ ਫਿਕਰ ਕੀਤਾ, ਪਲਕ ਵਿਚ ਦਰਵਾਜ਼ੇ ਦੇ ਆਇਆ ਈ ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ, ਦੇਖੋ ਉਸ ਨੂੰ ਖ਼ੂਬ ਵਜਾਇਆ ਈ ।
ਅੰਦਰ ਤਰਫ਼ ਹਵੇਲੀ ਦੇ ਜੁੜ ਜਾਂਦੇ, ਛੱਜਾ ਢਾਹ ਦੋਹਾਂ ਉੱਤੇ ਪਾਇਆ ਈ ।
ਸ਼ਾਹਮੁਹੰਮਦਾ ਊਧਮਸਿੰਘ ਥਾਉਂ ਮਰਿਆ,ਕੰਵਰ ਸਾਹਿਬ ਭੀ ਸਹਿਕਦਾ ਆਇਆ ਈ ।

ਅਠ ਪਹਿਰ ਲੁਕਾਏ ਕੇ ਰਖਿਓ ਨੂੰ, ਦਿਨ ਦੂਜੇ ਰਾਣੀ ਚੰਦ ਕੌਰ ਆਈ ।
ਖੜਗ ਸਿੰਘ ਦਾ ਮੂਲ ਦਰੇਗ ਨਾਹੀਂ, ਕੌਰ ਸਾਹਿਬ ਤਾਈਂ ਉੱਥੇ ਰੋਣ ਆਈ ।

ਹੁਣ ਮੋਇਆਂ ਤੇ ਕਰੋ ਸਸਕਾਰ ਇਸ ਦਾ, ਭਲਾ ਰੁਸਾਂ ਕਿਉਂ ਇਤਨੀ ਦੇਰ ਲਾਈ।
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ, ਜਿਸ ਦਾ ਮੋਇਆ ਪੁੱਤਰ, ਸੋਹਣਾ ਸ਼ੇਰ ਸਾਈਂ।

ਸ਼ੇਰ ਸਿੰਘ ਨੂੰ ਕਿਸੇ ਜਾ ਖ਼ਬਰ ਦਿਤੀ, ਜਿਸ ਦਾ ਮੋਇਆ ਭਤੀਜਾ ਤੇ ਵੀਰ ਯਾਰੋ।
ਉਸ ਨੇ ਤੁਰਤ ਵਟਾਲਿਉਂ ਕੂਚ ਕੀਤਾ, ਰਾਤੀਂ ਆਂਵਦਾ ਘਤ ਵਹੀਰ ਯਾਰੋ।
ਜਦੋਂ ਆਣ ਕੇ ਹੋਇਆ ਲਾਹੌਰ ਦਾਖ਼ਲ, ਅੱਖੀਂ ਰੋਏ ਪਲੱਟਦਾ ਨੀਰ ਯਾਰੋ।
ਸ਼ਾਹ ਮੁਹੰਮਦਾ ਲੋਕ ਦਿਲਬਰੀ ਕਰਦੇ, ਚੰਦ ਕੌਰ ਹੋਈ ਦਿਲਗੀਰ ਯਾਰੋ।"

ਬਾਬਾ ਸ਼ਾਹ ਮੁਹੰਮਦ ਸਾਹ ਲੈਣ ਲਈ ਰੁਕਿਆ। ਪਿਛੋਂ ਗੁਰਮੀਤ ਨੇ ਕਿਹਾ, "ਬਾਬਾ ਜੀ ! ਜਿਨ੍ਹਾਂ ਨੇ ਇਹ ਕਾਰੇ ਕਰਾਏ ਉਹਨਾਂ ਦਾ ਤਾਂ ਤੁਸੀਂ ਨਾਂ ਹੀ ਨਹੀਂ ਲਿਆ।"

"ਹੋਰਾਂ ਵੀ ਮੈਨੂੰ ਆਖਿਆ ਹੈ, ਪਰ ਜਿਵੇਂ ਮੈਂ ਪਹਿਲੇ ਹੀ ਭੁੱਲ ਬਖ਼ਸ਼ਾਈ ਹੈ, ਮੈਂ ਸਿਧੀਆਂ ਸਾਦੀਆਂ ਗੱਲਾਂ ਲਿਖੀਆਂ ਹਨ। ਤਫ਼ਸੀਲ ਵਿਚ ਨਹੀਂ ਪਿਆ।"

"ਕਾਸ਼ ! ਬਾਬਾ ਜੀ ਤੁਸੀਂ ਸਾਡੇ ਵਿਚੋਂ ਕਿਸੇ ਨਾਲ ਗੱਲ ਕੀਤੀ ਹੁੰਦੀ !"

"ਮੇਰਾ ਹਾਸ਼ਮ ਸ਼ਾਹ ਮੁਖ਼ਲਸ ਮੇਰੀਆਂ ਊਣਤਾਈਆਂ ਪੂਰੀਆਂ ਕਰੇਗਾ। ਲੈ ਪੁੱਤਰਾ ਹੁਣ ਤੂੰ ਪੜ੍ਹ ਥੋੜ੍ਹੀ ਦੇਰ ਲਈ। ਅਸਲੀ ਜੰਗ ਦੇ ਸਮੇਂ ਦੇ ਬੰਦ ਮੈਂ ਆਪ ਪੜ੍ਹਾਂਗਾ।"

ਹਾਸ਼ਮ ਸ਼ਾਹ ਨੇ ਕਾਗ਼ਜ਼ ਲਏ ਤੇ ਉਹ ਲੰਮੀ ਤੇ ਉੱਚੀ ਹੋਕ ਵਿਚ ਪੜ੍ਹਨ ਲੱਗਾ :

"ਦਿਤੇ ਸੰਤਰੀ ਚਾਰ ਖਲ੍ਹਾਰ ਚੋਰੀ, ਸ਼ੇਰ ਸਿੰਘ ਅੰਦਰ ਅਜ ਆਵਨਾ ਜੇ।
ਤੁਰਤ ਫੂਕ ਦਿਉ ਤੁਸੀਂ ਕਾਰਬੀਨਾਂ, ਇਕ ਘੜੀ ਵਿਚ ਮਾਰ ਮੁਕਾਵਨਾ ਜੇ।
ਸ਼ੇਰ ਸਿੰਘ ਨੂੰ ਰਾਜੇ ਨੇ ਖ਼ਬਰ ਦਿਤੀ... ।"

"ਰਾਜੇ ਤੋਂ ਮੁਰਾਦ ਰਾਜਾ ਧਿਆਨ ਸਿੰਘ ਹੈ," ਸ਼ਾਹ ਮੁਹੰਮਦ ਨੇ ਟੋਕਿਆ, "ਹਾਂ ਬਈ..."

"ਸ਼ੇਰ ਸਿੰਘ ਨੂੰ ਰਾਜੇ ਨੇ ਖ਼ਬਰ ਦਿਤੀ, ਅੰਦਰ ਅੱਜ ਜ਼ਰੂਰ ਨਹੀਂ ਜਾਵਨਾ ਜੇ।
ਸ਼ਾਹ ਮੁਹੰਮਦਾ ਅਜੇ ਨਹੀਂ ਜ਼ੋਰ ਤੇਰਾ, ਤੈਨੂੰ ਅਸਾਂ ਹੀ ਅੰਤ ਸਜਾਵਣਾ ਜੇ।
ਚੰਦ ਕੌਰ ਦੀ ਮੰਦੀ ਜੋ ਨਜ਼ਰ ਵੇਖੀ, ਦਗੇਬਾਜ਼ੀਆਂ ਹੋਰ ਬਥੇਰੀਆਂ ਨੀਂ।
ਉਸ ਨੇ ਤੁਰਤ ਲਾਹੌਰ ਥੀਂ ਕੂਚ ਕੀਤਾ, ਬੈਠਾ ਜਾਏ ਕੇ ਵਿਚ ਮੁਕੇਰੀਆਂ ਨੀਂ।
ਪਿਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ, ਦੇਂਦੇ ਆਣ ਮੁਸਾਹਿਬ ਦਲੇਰੀਆ ਨੀਂ।
ਸ਼ਾਹ ਮੁਹੰਮਦਾ ਕੰਵਰ ਨਾ ਜੰਮਣਾ ਏ, ਕਿਲ੍ਹੇ ਕੋਟ ਤੇ ਰਈਅੱਤਾ ਤੇਰੀਆਂ ਨੀਂ।

ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ, ਸ਼ੇਰ ਸਿੰਘ ਨੂੰ ਕਿਵੇਂ ਸਦਾਈਏ ਜੀ।
ਉਹ ਤਾਂ ਪੁੱਤਰ ਸਰਕਾਰ ਦਾ ਫ਼ਤੇ ਜੰਗੀ, ਗੱਦੀ ਉਸ ਨੂੰ ਚਾਅ ਬਹਾਈਏ ਜੀ।
ਸਿੰਘਾਂ ਆਖਿਆ ਰਾਜਾ ਜੀ ਹੁਕਮ ਤੇਰਾ, ਜਿਸ ਨੂੰ ਕਹੀਏ ਸੋ ਫਤੇ ਬੁਲਾਈਏ ਜੀ।
ਸ਼ਾਹ ਮੁਹੰਮਦਾ ਗੱਲ ਜੇ ਮੂੰਹੋਂ ਕੱਢੋ, ਏਸੇ ਵਕਤ ਹੀ ਜਾ ਮੰਗਾਈਏ ਜੀ।

ਬਾਈ ਦਿਨਾਂ ਦੀ ਰਾਜੇ ਨੇ ਲਈ ਰੁਖ਼ਸਤ, ਤੁਰਤ ਜੰਮੂ ਨੂੰ ਹੋਏ ਨੀਂ ਤੁਰਤ ਡੇਰੇ।
ਸ਼ੇਰ ਸਿੰਘ ਭਾਈਂ ਇਕ ਘਲੀ ਚਿੱਠੀ, ਮੈਂ ਤਾਂ ਰਹੂ ਕਰ ਛਡੇ ਨੀਂ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ, ਅੱਗੋਂ ਆਏ ਮਿਲਸਣ ਤੈਨੂੰ ਸਭ ਡੇਰੇ।
ਸ਼ਾਹ ਮੁਹੰਮਦਾ ਮਿਲਣਗੇ ਫੇਰ ਅਫ਼ਸਰ, ਜਿਸ ਵੇਲੜੇ ਸ਼ਹਿਰ ਦੇ ਗਿਉਂ ਨੇੜੇ।

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ, ਫ਼ੌਜਾਂ ਤੁਰਤ ਲਾਹੌਰ ਨੂੰ ਘਲੀਆਂ ਨੀਂ।
ਘੋੜੇ ਹਿਣਕਦੇ ਤੇ ਮਾਰੂ ਵਜਦੇ ਨੀਂ, ਧੂੜਾਂ ਉੱਡ ਕੇ ਘਟਾਂ ਹੋ ਚੱਲੀਆਂ ਨੀਂ।

Scanned by CamScanner



ਆਵੇ ਬੁਧੂ ਦੇ ਲਾਏ ਨੀਂ ਪਾਸ ਡੇਰੇ, ਫ਼ੌਜਾਂ ਲੱਥੀਆਂ ਆਣ ਇਕੱਲੀਆਂ ਨੀਂ।
ਸ਼ਾਹ ਮੁਹੰਮਦਾ ਆਣ ਜਾਂ ਮਿਲੇ ਅਫ਼ਸਰ, ਗੱਲਾਂ ਵਿਚ ਲਾਹੌਰ ਦੇ ਚੱਲੀਆਂ ਨੀਂ।
ਸ਼ੇਰ ਸਿੰਘ ਤਾਂ ਬੁਧੂ ਦੇ ਆਵਿਓਂ ਜੀ, ਕਰ ਤੁਰਮ ਲਾਹੌਰ ਵਲ ਧਾਇਆ ਜੀ।"

"ਤੁਰਮ ਤੋਂ ਭਾਵ ਹੈ, ਫ਼ੌਜੀ ਵਾਜਿਆਂ ਨਾਲ," ਸ਼ਾਹ ਮੁਹੰਮਦ ਵਿਚੋਂ ਬੋਲਿਆ, "ਚਲ ਫ਼ਰਜ਼ੰਦਾ...।"

ਆਪ ਸ਼ਾਹ ਮੁਹੰਮਦ ਵੀ ਹੋਰਨਾਂ ਸਰੋਤਿਆਂ ਵਾਂਗ ਆਪਣੇ ਕਿੱਸੇ ਦਾ ਰੱਸ ਮਾਣ ਰਿਹਾ ਸੀ। ਪਤਾ ਨਹੀਂ ਕਿੰਨੀ ਵਾਰੀ ਉਹ ਆਪਣੇ ਪੁੱਤਰ ਦੇ ਮੂੰਹੋਂ ਇਹ ਬੰਦ ਸੁਣ ਚੁਕਾ ਸੀ, ਪਰ ਉਹਦਾ ਚਾਅ ਅਜੇ ਤਕ ਨਹੀਂ ਸੀ ਉਤਰਿਆ। ਹਾਸ਼ਮ ਸ਼ਾਹ ਪੜ੍ਹਦਾ ਗਿਆ।

"ਸ਼ੇਰ ਸਿੰਘ ਤਾਂ ਬੁਧੂ ਦੇ ਆਵਿਓਂ ਜੀ, ਕਰ ਤੁਰਮ ਲਾਹੌਰ ਵਲ ਧਾਇਆ ਈ।
ਵਲ੍ਹੇ ਪੜਤਲਾਂ ਦੇ ਅੱਗੋਂ ਪਾੜ ਕੇ ਜੀ, ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ।
ਉਸ ਬਲੀ ਬਹਿਜ਼ਾਦੇ ਦਾ ਤੇਜ ਭਾਰੀ, ਜਿਸ ਕਿਲ੍ਹੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆ ਨੇ, ਸ਼ੇਰ ਸਿੰਘ ਨੂੰ ਗੱਦੀ ਬਹਾਇਆ ਈ।
ਸ਼ੇਰ ਸਿੰਘ ਗੱਦੀ ਉੱਤੇ ਬੈਠ ਕੇ ਜੀ, ਰਾਣੀ ਕੈਦ ਕਰ ਕੇ ਕਿਲ੍ਹੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿਤਾ, ਦੇਖੋ ਮੱਲ ਬੈਠਾ ਸਾਰੀ ਪਾਤਸ਼ਾਹੀ।
ਬਰਸ ਹੋਇਆ ਜਾਂ ਉਸ ਨੂੰ ਕੈਦ ਅੰਦਰ, ਰਾਣੀ ਦਿਲ ਦੇ ਵਿਚ ਜੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ, ਸ਼ੇਰ ਸਿੰਘ ਨੇ ਗਲੋਂ ਬਲਾਅ ਲਾਹੀ।"

ਅਜੀਤ ਸਾਰਾ ਕਿੱਸਾ ਲਿਖਦਾ ਜਾ ਰਿਹਾ ਸੀ। ਏਥੇ ਪੁਜ ਕੇ ਉਹ ਰੁਕ ਗਿਆ। ਖ਼ਿਸਕ ਕੇ ਉਹ ਆਪਣੀ ਬੇਬੇ ਦੇ ਕੋਲ ਗਿਆ ਤੇ ਉਸ ਹੌਲੀ ਹੌਲੀ ਉਹਨੂੰ ਆਖਿਆ :

"ਬੇਬੇ ਇਹ ਠੀਕ ਨਹੀਂ।"

"ਪਰ ਬਾਬੇ ਨੂੰ ਅਸਲੀਅਤ ਦਾ ਪਤਾ ਨਹੀਂ, ਅਜੀਤ ! ਹੋਰ ਵੀ ਕਈ ਆਦਮੀ ਅਜਿਹੇ ਹਨ।"

"ਇਹਦੇ ਲਿਖਣ ਦਾ ਕੋਈ ਲਾਭ ਹੈ। ਸਭ ਝੂਠ ਜਾਪਦਾ ਹੈ।"

"ਚੁਪ ਕਰ ਕੇ ਲਿਖੀ ਜਾ। ਬਾਕੀ ਗੱਲਾਂ ਪਿਛੋਂ ਕਰਾਂਗੇ।"

"ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿਤਾ, ਲਿਆ ਖੋਹ ਲਾਹੌਰ ਜੋ ਰਾਣੀਆਂ ਥੀਂ।
ਸੰਧਾਵਾਲੀਆਂ ਦੇ ਦੇਸੋਂ ਪੈਰ ਖ਼ਿਸਕੇ, ਜਾ ਕੇ ਪੁਛ ਲੈ ਰਾਹ ਪਧਾਣੀਆਂ ਥੀਂ।
ਮੁੜ ਕੇ ਫੇਰ ਅਜੀਤ ਸਿੰਘ ਲਾਈ ਬਾਜ਼ੀ, ਪੈਦਾ ਹੋਇਆ ਈ ਅਸਲ ਸਵਾਣੀਆਂ ਥੀਂ।"

"ਇਥੇ ਇਸ਼ਾਰਾ ਅਮੀਰ ਦੋਸਤ ਮੁਹੰਮਦ ਦੇ ਪੁੱਤਰ ਅਕਬਰ ਖ਼ਾਨ ਵਲ ਹੈ, ਜਿਸ ਅੰਗਰੇਜ਼ਾਂ ਨੂੰ ਮਜਬੂਰ ਕਰ ਕੇ ਆਪਣਾ ਪਿਤਾ ਛਡਵਾ ਲਿਆ।" ਸ਼ਾਹ ਮੁਹੰਮਦ ਬੋਲਿਆ।

"ਜਿਨ੍ਹਾਂ ਗੋਲੀਆਂ ਨੇ ਮਾਰੀ ਚੰਦ ਕੌਰਾਂ, ਉਹਨਾਂ ਤਾਈਂ ਹਜ਼ੂਰ ਚਾ ਸੱਦਿਆ ਈ।
ਰਾਜੇ ਸਿੰਘਾ ਦਾ ਗਿਲਾ ਮਿਟਾਵਨੇ ਨੂੰ, ਨੱਕ ਕੰਨ ਚਾ ਉਹਨਾਂ ਦਾ ਵਢਿਆ ਈ।
ਰਾਜੇ ਸਿੰਘਾਂ ਨੂੰ ਅੰਦਰੋਂ ਹੁਕਮ ਕੀਤਾ, ਉਹਨਾਂ ਅੰਦਰੋਂ ਬਾਹਰ ਚਾ ਕਢਿਆ ਈ।
ਸ਼ਾਹ ਮੁਹੰਮਦਾ ਲਾਹ ਕੇ ਸਭ ਜ਼ੇਵਰ, ਕਾਲਾ ਮੂੰਹ ਕਰ ਕੇ ਫੇਰ ਛਡਿਆ ਈ।
ਬਰਸ ਹੋਇਆ ਜਾਂ ਹਾਜ਼ਰੀ ਲੈਣ ਬਦਲੇ, ਡੇਰਾ ਸ਼ਾਹ ਬਲਾਵਲ ਲਗਾਂਵਦਾ ਈ।
ਅਜੀਤ ਸਿੰਘ ਗੁੱਝੀ ਕਾਰਬੀਨ ਲੈ ਕੇ, ਸ਼ੇਰ ਸਿੰਘ ਨੂੰ ਆਣ ਦਿਖਾਂਵਦਾ ਈ।
ਸਿੱਧੀ ਜਦੋਂ ਸ਼ਹਿਜ਼ਾਦੇ ਨੇ ਨਜ਼ਰ ਕੀਤੀ, ਜਲਦੀ ਨਾਲ ਚਾ ਕਲਾਂ ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿੰਮੀ ਤੇ ਪਿਆ ਤੜਫੇ, ਤੇਗ਼ ਮਾਰ ਕੇ ਸੀਸ ਉਡਾਂਵਦਾ ਈ।

Scanned by CamScanner

ਲਹਿਣਾ ਸਿੰਘ ਜੋ ਬਾਗ਼ ਦੀ ਤਰਫ਼ ਆਇਆ, ਅਗੇ ਕੰਵਰ ਜੋ ਹੁੰਮ ਕਰਾਂਵਦਾ ਈ।"

"ਮੁਰਾਦ ਕੰਵਰ ਪ੍ਰਤਾਪ ਸਿੰਘ ਤੋਂ ਹੈ।" ਸ਼ਾਹ ਮੁਹੰਮਦ ਨੇ ਟੋਕਿਆ।

"ਲਹਿਣਾ ਸਿੰਘ ਜੋ ਬਾਗ਼ ਦੀ ਤਰਫ਼ ਆਇਆ, ਅਗੇ ਕੰਵਰ ਜੋ ਹੁੰਮ ਕਰਾਂਵਦਾ ਈ।
ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਵੇਖੀ, ਅਗੋਂ ਰੱਬ ਦਾ ਵਾਸਤਾ ਪਾਂਵਦਾ ਈ।
ਮੈਂ ਤਾਂ ਕਰਾਂਗਾ ਬਾਬਾ ਜੀ ਟਹਿਲ ਤੇਰੀ, ਹੱਥ ਜੋੜ ਕੇ ਸੀਸ ਨਿਵਾਂਵਦਾ ਈ।
ਸ਼ਾਹ ਮੁਹੰਮਦਾ ਉਸ ਨਾ ਇਕ ਮੰਨੀ, ਤੇਗ਼ ਮਾਰ ਕੇ ਸੀਸ ਉਡਾਂਵਦਾ ਈ।

ਸ਼ੇਰ ਸਿੰਘ ਪ੍ਰਤਾਪ ਸਿੰਘ ਮਾਰ ਕੇ ਜੀ, ਸੰਧਾਵਾਲੀਏ ਸ਼ਹਿਰ ਨੂੰ ਉਠ ਧਾਏ।
ਰਾਜਾ ਮਿਲਿਆ ਤਾਂ ਕਿਹਾ ਅਜੀਤ ਸਿੰਘ ਨੇ, ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।
ਗਲੀਂ ਲਾਏ ਕੇ ਕਿਲ੍ਹੇ ਦੇ ਵਿਚ ਆਂਦਾ, ਕੈਸੇ ਅਕਲ ਦੇ ਉਹਨਾਂ ਨੇ ਪੇਚ ਪਾਏ।
ਜਿਨ੍ਹਾਂ ਮਾਰੀ ਸੀ ਰਾਣੀ ਚੰਦ ਕੌਰਾਂ, ਸ਼ਾਹ ਮਹੰਮਦਾ ਉਹਨਾਂ ਦੇ ਸੀਸ ਲਾਏ।

ਸ਼ਾਹ ਮੁਹੰਮਦ ਨੇ ਗੁਰਮੀਤ ਵਲ ਵੇਖਿਆ :
"ਵੇਖੋ ! ਕੁਝ ਕੁਝ ਅਸਲੀ ਗੱਲਾਂ ਦਾ ਮੈਨੂੰ ਵੀ ਪਤਾ ਹੈ।"
"ਠੀਕ ਹੈ, ਬਾਬਾ ਜੀ, ਪਰ ਦਬਾਅ ਠੀਕ ਨਹੀਂ ਪਾਇਆ।"
ਹਾਸ਼ਮ ਸ਼ਾਹ ਪੜ੍ਹਦਾ ਗਿਆ :

"ਗੁਰਮੁਖ ਸਿੰਘ ਗਿਆਨੀ ਨੇ ਮੱਤ ਦਿਤੀ, ਤੁਸਾਂ ਇਹ ਕਿਉਂ ਜੀਂਵਦਾ ਛਡਿਆ ਜੇ।
ਮਗਰੋਂ ਮਜ਼ਿਰ ਘਸੀਟਾ ਤਾਂ ਬੋਲਿਆ ਈ, ਇਹ ਸੁਖਨ ਸਲਾਹ ਦਾ ਕਢਿਆ ਜੇ।
ਇਕ ਅਰਦਲੀ ਨੇ ਕਾਰਬੀਨ ਮਾਰੀ, ਰੱਸਾ ਆਸ ਉਮੀਦ ਦਾ ਵੱਢਿਆ ਜੇ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ, ਦਲੀਪ ਸਿੰਘ ਤਾਈਂ ਤੁਰਤ ਸੱਦਿਆ ਜੇ।

ਪਹਿਲੇ ਰਾਜੇ ਦੇ ਮੂੰਹ ਦਾ ਲਾਇ ਟਿੱਕਾ, ਪਿਛੋਂ ਦਿਤੀਆਂ ਚਾਰ ਪਰਦੱਖਣਾ ਈਂ।
ਤੇਰੇ ਵਾਸਤੇ ਹੋਏ ਨੀਂ ਸਭ ਕਾਰੇ, ਅਗੇ ਸਾਹਿਬ ਸੱਚੇ ਤੈਨੂੰ ਰਖਣਾ ਈਂ।
ਸਾਨੂੰ ਘੜੀ ਦੀ ਕੁਝ ਉਮੈਦ ਨਹੀਂ, ਅਜ ਰਾਤ ਪ੍ਰਸਾਦ ਦਿਨ ਚਖਣਾ ਈਂ।
ਤੇਰੇ ਵਲ ਜੇ ਕਰੇਗਾ ਨਜ਼ਰ ਮੰਦੀ, ਸ਼ਾਹ ਮੁਹੰਮਦਾ ਕਰਾਂਗੇ ਸਖਣਾ ਈਂ।

ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ, ਸੂਬੇਦਾਰਾਂ ਨੂੰ ਸੱਦ ਕੇ ਤੁਰਤ ਚੜ੍ਹਿਆ।
ਧੌਂਸਾ ਮਾਰ ਕੇ ਫ਼ੌਜ ਲੈ ਨਾਲ ਸਾਰੀ, ਗੁੱਸੇ ਨਾਲ ਉਹ ਸ਼ਹਿਰ ਦੇ ਵਿਚ ਵੜਿਆ।
ਰਾਜਪੂਤ ਸੀ ਡੰਗਰਾ ਬਹੁਤ ਚੰਗਾ, ਸੰਧਾਵਾਲੀਆਂ ਦੇ ਨਾਲ ਖ਼ੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੋਇਆ ਲੱਧਾ,ਲਹਿਣਾ ਸਿੰਘ ਜੋ ਜੀਂਵਦਾ ਆਣ ਫੜਿਆ।

ਦੋਹਾਂ ਧਿਰਾਂ ਤੋਂ ਬਹੁਤ ਸੂਰਮਤ ਹੋਈ, ਖੰਡਾ ਵਿਚ ਮੈਦਾਨ ਵਜਾਏ ਗਏ।
ਸ਼ੇਰ ਸਿੰਘ ਨਾ ਕਿਸੇ ਨੂੰ ਵਧਣ ਦੇਂਦਾ, ਸਾਰੇ ਮੁਲਖ਼ ਦੀ ਕਲਾ ਬਿਟਾਏ ਗਏ।
ਰਾਜਾ ਕਰਦਾ ਸੀ ਮੁਲਖ਼ ਦੀ ਪਾਤਸ਼ਾਹੀ, ਪਿਛੇ ਰਈਅੱਤਾਂ ਨੂੰ ਵਖ਼ਤ ਪਾਏ ਗਏ।
ਸ਼ਾਹ ਮੁਹੰਮਦਾ ਮਾਰ ਕੇ ਮੋਏ ਦੋਵੇਂ, ਚੰਗੇ ਸੂਰਮੇ ਹੱਥ ਵਿਖਾਏ ਗਏ।

ਦੁੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ, ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀਂ।
ਮੀਰਦਾਦ ਚੁਹਾਨ ਦੇ ਸਤਰ ਅੰਦਰ, ਮੋਈਆਂ ਰਾਣੀਆਂ ਮਾਰ ਕਟਾਰੀਆਂ ਨੀਂ।
ਸੰਧਾਵਾਲੀਏ ਜਿਹੀ ਨਾ ਕਿਸੇ ਕੀਤੀ, ਤੇਗ਼ਾਂ ਵਿਚ ਦਰਬਾਰ ਦੇ ਮਾਰੀਆਂ ਨੀਂ।
ਸ਼ਾਹ ਮੁਹੰਮਦਾ ਮੋਏ ਨੀਂ ਬੀਰ ਹੋ ਕੇ, ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀਂ।

Scanned by CamScanner

ਪਿਛੇ ਆ ਕੇ ਸਭਨਾਂ ਨੂੰ ਫ਼ਿਕਰ ਹੋਇਆ, ਸੋਚੀਂ ਪਏ ਨੀਂ ਸਭ ਸਰਦਾਰ ਮੀਆਂ ।
ਅਗੇ ਰਾਜ ਆਇਆ ਹੱਥ ਬੁਰਛਿਆਂ ਦੇ, ਪਈ ਖੜਕਦੀ ਨਿੱਤ ਤਲਵਾਰ ਮੀਆਂ ।
ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ, ਹੋਰ ਕਹੋ ਕਿਸ ਦੇ ਪਾਣੀਹਾਰ ਮੀਆਂ ।
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵਗਦੀ, ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ ।
ਮਹਾਂਬਲੀ ਸਰਦਾਰ ਸੀ ਪੰਥ ਵਿਚੋਂ, ਡਿਠੀ ਬਣੀ ਕੁਚਲੱਣੀ ਚਾਲ ਮੀਆਂ ।"

"ਇਹ ਸਰਦਾਰ ਲਹਿਣਾ ਸਿੰਘ ਮਜੀਠੀਆ ਹੈ ।" ਸ਼ਾਹ ਮੁਹੰਮਦ ਨੇ ਕਿਹਾ ।

"ਮਹਾਂਬਲੀ ਸਰਦਾਰ ਸੀ ਪੰਥ ਵਿਚੋਂ, ਡਿੱਠੀ ਬਣੀ ਕੁਚੱਲਣੀ ਚਾਲ ਮੀਆਂ ।
ਦਿਲ ਆਪਣੇ ਬੈਠ ਵਿਚਾਰ ਕਰਦਾ, ਏਥੇ ਕਈਆਂ ਦੇ ਹੋਣਗੇ ਕਾਲ ਮੀਆਂ ।
ਲਹਿਣਾ ਸਿੰਘ ਸਰਦਾਰ ਮਜੀਠੀਆ ਸੀ, ਵਡਾ ਅਕਲ ਦਾ ਕੋਟ ਕਮਾਲ ਮੀਆਂ ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ, ਸਭ ਛਡ ਕੇ ਦੇਗ ਦਵਾਲ ਮੀਆਂ ।

"ਵਾਹ ਵਾਹ !" ਗੁਰਦਿਆਲ ਸਿੰਘ ਨੇ ਕਿਹਾ, "ਬੇਬੇ ! ਇਹ ਉਹੋ ਸਰਦਾਰ ਹੈ ਜਿਹੜਾ ਬਾਬੇ ਹਰਪਾਲ ਦਾ ਡੂੰਘਾ ਮਿੱਤਰ ਸੀ ?"

"ਹਾਂ ਪੁੱਤਰ...।"

ਪ੍ਰਤੱਖ ਸੀ ਕਿ ਸਾਰੇ ਮਾਹਿਲਾਂ ਦਾ ਖ਼ਿਆਲ ਲਹਿਣਾ ਸਿੰਘ ਤੇ ਹਰਪਾਲ ਸਿੰਘ ਦੀ ਦੋਸਤੀ ਵਲ ਚਲਾ ਗਿਆ ਸੀ ।

"ਦਲੀਪ ਸਿੰਘ ਗੱਦੀ ਉੱਤੇ ਰਿਹਾ ਬੈਠਾ, ਹੀਰਾ ਸਿੰਘ ਜੋ ਰਾਜ ਕਮਾਂਵਦਾ ਈ ।
ਜੱਲ੍ਹਾ ਉਸ ਦਾ ਖ਼ਾਸ ਵਜ਼ੀਰ ਹੈ ਸੀ, ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ ...।"

"ਸ਼ਰਕਾਰ ਏਥੇ ਮਹਾਰਾਣੀ ਜਿੰਦ ਕੌਰ ਹੈ ।" ਸ਼ਾਹ ਮੁਹੰਮਦ ਨੇ ਦਸਿਆ :

"ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ ਕਹੇ ਕੁਝ ਤੇ ਕੁਝ ਕਮਾਂਵਦਾ ਈ ।
ਸ਼ਾਹ ਮੁਹੰਮਦਾ ਪੰਥ ਨੂੰ ਦੁੱਖ ਦੇਂਦਾ, ਹੀਰਾ ਸਿੰਘ ਦਾ ਨਾਸ ਕਰਾਂਵਦਾ ਈ ।
ਸਿੰਘਾਂ ਲਿਖਿਆ ਖ਼ਤ ਸੁਚੇਤ ਸਿੰਘ ਨੂੰ, ਬੁਰਾ ਕਰਨ ਹਾਰਾ ਜੱਲ੍ਹਾ ਠੀਕ ਦਾ ਈ ।
ਜਲਦੀ ਪਹੁੰਚ ਵਜ਼ੀਰ ਬਣਾ ਲਈਏ, ਤੈਨੂੰ ਖ਼ਾਲਸਾ ਪਿਆ ਉਡੀਕਦਾ ਈ ।
ਅਕਸਰ ਰਾਜ ਪਿਆਰੇ ਨੇ ਰਾਜਿਆਂ ਨੂੰ, ਹੀਰਾ ਸਿੰਘ ਤਾਂ ਪੁੱਤ ਸ਼ਰੀਕ ਦਾ ਈ ।
ਸ਼ਾਹ ਮੁਹੰਮਦਾ ਜੱਲ੍ਹੇ ਦਾ ਨੱਕ ਵੱਢੇ, ਭੱਜ ਜਾਏਗਾ ਮਾਰਿਆ ਲੀਕ ਦਾ ਈ ।
ਜਿਸ ਵੇਲੜੇ ਰਾਜੇ ਨੇ ਖ਼ਤ ਪੜ੍ਹਿਆ, ਜਾਮੇਂ ਵਿਚ ਨਾ ਮੂਲ ਸਮਾਂਵਦਾ ਈ ।
ਵੱਗਾ-ਤੱਗ ਲਾਹੌਰ ਨੂੰ ਅਸਾਂ ਜਾਣਾ, ਡੇਰੇ ਕਾਠੀਆਂ ਚਾ ਪਵਾਂਵਦਾ ਈ ।
ਮੰਜੀ ਕਾਕੜੀ ਫ਼ੌਜ ਉਤਾਰ ਕੇ ਜੀ, ਬਾਈ ਆਦਮੀ ਨਾਲ ਲੈ ਆਂਵਦਾ ਈ ।
ਸ਼ਾਹ ਮੁਹੰਮਦਾ ਆਣ ਲਾਹੌਰ ਪਹੁੰਚਾ, ਮੀਆਂ ਮੀਰ ਡੇਰਾ ਆਣ ਲਾਂਵਦਾ ਈ ।
ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ, ਤੁਰਤ ਪੜਤਲਾਂ ਸਭ ਲਪੇਟੀਆਂ ਨੀਂ ।
ਸਿੰਘਾਂ ਆਖਿਆ ਰਾਜਾ ਜੀ ਜਾਓ ਮੁੜ ਕੇ, ਫੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀਂ ।
ਸਿਖੋ ! ਜੀਂਵਦਾ ਜਾਣ ਮੁਹਾਲ ਜੰਮੂ ਤਾਨੇ ਦੇਣ ਰਾਜਪੂਤਾਂ ਦੀਆਂ ਬੇਟੀਆਂ ਨੀਂ ।
ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ, ਆਖਣ ਸਭ ਪਹਾੜ ਭੁਮੇਟੀਆਂ ਨੀਂ ।
ਤੋਪਾਂ ਜੋੜ ਕੇ ਪੜਤਲਾਂ ਨਾਲ ਲੈ ਕੇ, ਚਾਚੇ ਸਕੇ ਉੱਤੇ ਹੀਰਾ ਸਿੰਘ ਚੜ੍ਹਦਾ ।
ਜਦੋਂ ਫ਼ੌਜਾਂ ਨੇ ਘੱਤਿਆ ਆਣ ਘੇਰਾ, ਖੰਡਾ ਖਿੱਚ ਕੇ ਸਾਰ ਦਾ ਹੱਥ ਫੜਦਾ ।

Scanned by CamScanner

ਭੀਮ ਸਿੰਘ ਤੇ ਕੇਸਰੀ ਸਿੰਘ ਸਾਰੇ, ਲੈ ਕੇ ਦੋਹਾਂ ਨੂੰ ਕਟਕ ਦੇ ਵਿਚ ਵੜਦਾ।
ਸ਼ਾਹ ਮੁਹੰਮਦਾ ਟਿੱਕੇ ਦੀ ਲਾਜ ਰੱਖੀਂ, ਮੱਥੇ ਸਾਹਮਣੇ ਹੋਏ ਕੇ ਮੂਹ ਲੜਦਾ।

ਸਿੰਘ ਜੱਲ੍ਹੇ ਦੇ ਹੱਥੋਂ ਜੋ ਤੰਗ ਆਏ, ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀਂ।
ਅਗੇ ਸੱਤ ਤੇ ਅੱਠ ਸੀ ਤਲਬ ਸਾਰੀ, ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀਂ।
ਕਈ ਆਖਦੇ ਦੇ ਇਨਾਮ ਸਾਨੂੰ, ਲੈ ਕੇ ਬੁਧਕੀਆਂ ਗਲੇ ਚਾ ਪਾਂਵਦੇ ਨੀਂ।
ਸ਼ਾਹ ਮੁਹੰਮਦਾ ਜੱਲੇ ਦੇ ਮਾਰਨੇ ਨੂੰ, ਪੰਜ ਕੌਂਸਲੀ ਚਾ ਬਣਾਂਵਦੇ ਨੀਂ।

ਹੋਇਆ ਹੁਕਮ ਜਾਂ ਬਹੁਤ ਮਹਾਵਤਾਂ ਨੂੰ, ਹੌਦੇ ਸੋਨੇ ਦੇ ਚਾਏ ਕਸਾਂਵਦੇ ਨੀਂ।
ਤਰਫ਼ ਜੰਮੂ ਦੀ ਮੂੰਹ ਮਰੋੜ ਚਲੇ, ਸਾਨੂੰ ਆਏ ਕੇ ਸਿੰਘ ਮਨਾਂਵਦੇ ਨੀਂ।
ਘੇਰੇ ਅਜ਼ਲ ਦੇ ਅਕਲ ਨਾ ਮੂਲ ਆਈ, ਬੁਰਾ ਆਪਣਾ ਆਪ ਕਰਾਂਵਦੇ ਨੀਂ।
ਸ਼ਾਹ ਮੁਹੰਮਦਾ ਸਿੰਘ ਲੈ ਕੇ ਮਿਲੇ ਤੋਪਾਂ, ਅਗੋਂ ਗੋਲਿਆਂ ਨਾਲ ਉਡਾਂਵਦੇ ਨੀਂ।

ਹੀਰਾ ਸਿੰਘ ਤੇ ਜੱਲੇ ਨੂੰ ਮਾਰ ਕੇ ਜੀ, ਜਵਾਹਰ ਸਿੰਘ ਵਜ਼ੀਰ ਬਣਾਂਵਦੇ ਨੀਂ।
ਤਰਫ਼ ਜੰਮੂ ਪਹਾੜ ਦੀ ਹੋ ਟੁਰੇ, ਰਾਹੀਂ ਸ਼ੋਰ ਖ਼ਰੂਦ ਮਚਾਂਵਦੇ ਨੀਂ।
ਓਥੋਂ ਰਾਜਾ ਗੁਲਾਬ ਸਿੰਘ ਬੰਨ੍ਹ ਆਂਦਾ, ਕੈਂਠੇ ਫੇਰ ਲੈ ਕੇ ਗਲੀਂ ਪਾਂਵਦੇ ਨੀਂ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੋਣੇ, ਜਵਾਹਰ ਸਿੰਘ ਨੂੰ ਆਖ ਸੁਣਾਂਵਦੇ ਨੀਂ।

ਕਿਹਾ ਬੁਰਛਿਆਂ ਆਣ ਹੰਧੇਰ ਪਾਇਆ, ਜਿਹੜਾ ਬਹੇ ਗੱਦੀ ਓਹਨੂੰ ਮਾਰ ਲੈਂਦੇ।
ਕੜੇ, ਕੈਂਠੇ, ਇਨਾਮ ਰੁਪਏ ਬਾਰਾਂ, ਕਦੇ ਪੰਜ ਤੇ ਸੱਤ, ਨਾ ਚਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭੱਈਏ, ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ।

ਪਿਛੇ ਇਕ ਸਰਕਾਰ ਦੇ ਖੇਡ ਵਿਚਲੀ, ਪਈ ਨਿਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁੱਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।

ਜਵਾਹਰ ਸਿੰਘ ਦੋ ਉੱਤੋਂ ਨੀਂ ਚੜ੍ਹੇ ਸਾਰੇ, ਮੱਥਾ ਮੂਨੀਆਂ ਵਾਂਗ ਚਾ ਵੱਟਿਓ ਨੇ।
ਡਰਦਾ ਭਾਂਜੇ ਨੂੰ ਲੈ ਕੇ ਮਿਲਣ ਆਇਆ, ਅਗੋਂ ਨਾਲ ਸੰਗੀਨਾਂ ਦੇ ਫੱਟਿਓ ਨੇ।
ਸੀਖਾਂ ਨਾਲ ਉੜੰਬ ਕੇ ਫੀਲ ਉੱਤੋਂ, ਕਢ ਹੌਦਿਓਂ ਜ਼ਿਮੀਂ ਤੇ ਸੱਟਿਓ ਨੇ।
ਸ਼ਾਹ ਮੁਹੰਮਦਾ ਵਾਸਤੇ ਪਾਏ ਰਿਹਾ, ਸਿਰ ਨਾਲ ਤਲਵਾਰ ਦੇ ਕੱਟਿਓ ਨੇ।

ਮਾਈ ਕੈਦ ਕਨਾਤ ਦੇ ਵਿਚ ਕੀਤੀ, ਕਿਸ ਨੂੰ ਰੋਏ ਕਿ ਪਈ ਸੁਣਾਵਨੀ ਹੈਂ।
ਤੇਰਾ ਕੌਣ ਹਮਾਇਤੀ ਸੁਣਨ ਵਾਲਾ, ਜਿਸ ਨੂੰ ਪਾਏ ਕੇ ਵੈਣ ਸੁਣਾਵਨੀ ਹੈਂ।
ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ, ਜਿਹੜੇ ਡੂੰਘੜੇ ਵੈਣ ਤੂੰ ਪਾਵਨੀ ਹੈਂ।
ਸ਼ਾਹ ਮੁਹੰਮਦਾ ਦੇਹ ਇਨਾਮ ਸਾਨੂੰ, ਸਾਡੇ ਜ਼ੋਰ ਤੇ ਰਾਜ ਕਮਾਵਨੀ ਹੈਂ।

ਪਈ ਝੂਰਦੀ ਏ ਰਾਣੀ ਜਿੰਦ ਕੌਰਾਂ, ਕਿਥੋਂ ਕੱਢਾਂ ਮੈਂ ਕਲਗੀਆਂ ਨਿਤ ਤੋੜੇ।
ਮੇਰੇ ਸਾਹਮਣੇ ਕੋਹਿਆ ਹੈ ਵੀਰ ਮੇਰਾ, ਜਿਸ ਦੀ ਤਾਬਿਆ ਲੱਖ ਹਜ਼ਾਰ ਘੋੜੇ।
ਕਿਥੋਂ ਕੱਢਾਂ ਮੈਂ ਦੇਸ ਫ਼ਰੰਗੀਆਂ ਦਾ, ਕੋਈ ਮਿਲੇ ਜੇ ਇਹਨਾਂ ਦਾ ਗਰਬ ਤੋੜੇ।
ਸ਼ਾਹ ਮੁਹੰਮਦਾ ਉਸ ਥੀਂ ਜਾਨ ਵਾਰਾਂ, ਜਵਾਹਰ ਸਿੰਘ ਦਾ ਵੈਰ ਜੇ ਕੋਈ ਮੋੜੇ।
ਮੈਨੂੰ ਆਣ ਚੁਫੇਰਿਓਂ ਘੂਰਦੇ ਨੀ, ਲੈਂਦੇ ਮੁਫ਼ਤ ਇਨਾਮ ਰੁਪਏ ਬਾਰਾਂ।

Scanned by CamScanner

ਜੱਟੋ ਹੋਵਾਂ ਤਾਂ ਕਰਾਂ ਪੰਜਾਬ ਰੰਡੀ, ਸਾਰੇ ਦੇਸ ਦੇ ਵਿਚ ਚਾ ਰੁਰਨ ਵਾਰਾਂ ।
ਛੜਾ ਨਹੀਂ ਲਾਹੌਰ ਦੇ ਵੜਨ ਜੋਗੇ, ਸਣੇ ਵਡਿਆਂ ਅਫ਼ਸਰਾਂ ਜਮਾਦਾਰਾਂ ।
ਪਏ ਰੁੱਲਣ ਇਹ ਵਿਚ ਪਰਦੇਸ ਮੁਰਦੇ, ਸ਼ਾਹ ਮੁਹੰਮਦਾ ਮਾਰਨੀਂ ਏਸ ਮਾਰਾਂ ।
ਜਿਨਾਂ ਮਾਰਿਆ ਕੌਹ ਕੇ ਵੀਰ ਮੇਰਾ, ਮੈਂ ਤਾਂ ਕਰਾਂਗੀ ਉਹਨਾਂ ਦੀਆਂ ਜੇਡੀਆਂ ਨੀਂ ।
ਧਾਕਾਂ ਜਾਣ ਵਲਾਇਤੀਂ ਦੇਸ ਸਾਰੇ, ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀਂ ।
ਚੂੜ ਲਹਿਣਗੇ ਬਹੁਤ ਸੁਹਾਗਣਾ ਦੇ, ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀਂ ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ, ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀਂ ।

ਹਾਸ਼ਮ ਸ਼ਾਹ ਨੇ ਲੰਮੀ ਹੇਕ ਲਾ ਕੇ ਆਖ਼ਰੀ ਮਿਸਰਾ ਪੜ੍ਹਿਆ ਜਿਵੇਂ ਉਹ ਹੁਣ ਥਕ ਗਿਆ ਹੋਵੇ । ਸ਼ਾਇਦ ਉਹਦਾ ਪਿਤਾ ਹਮੇਸ਼ਾ ਏਥੋਂ ਕਿੱਸਾ ਆਪ ਪੜ੍ਹਨਾ ਸ਼ੁਰੂ ਕਰਦਾ ਸੀ । ਹਾਸ਼ਮ ਸ਼ਾਹ ਨੇ ਪੜ੍ਹਨਾ ਬੰਦ ਕੀਤਾ ਤੇ ਜੁੜੇ ਮਜਮੇ ਨੂੰ ਵੀ ਸਾਹ ਲੈਣ ਦਾ ਸਮਾਂ ਮਿਲਿਆ । ਇਕ ਟਕ ਉਹ ਸਾਰੇ ਕਾਵਿ ਸੁਣਦੇ ਰਹੇ ਸਨ । ਥੋੜੇ ਜਿਹੇ ਪੰਨਿਆਂ ਵਿਚ ਸ਼ਾਹ ਮੁਹੰਮਦ ਨੇ, ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਅੰਗਰੇਜਾਂ ਨਾਲ ਹੋਈ ਲੜਾਈ ਤਕ ਦੇ, ਹਾਲਾਤ ਕਹਿ ਸੁਣਾਏ ਸਨ । ਵਿਚੋਂ ਵਿਚੋਂ ਬੜੀਆਂ ਉਕਾਈਆਂ ਸੰਨ ਤੇ ਕਈ ਜਣੇ ਸਮੱਝਦੇ ਵੀ ਸਨ, ਪਰ ਬਹਿਸ ਦਾ ਕੋਈ ਫ਼ਾਇਦਾ ਨਹੀਂ ਸੀ । ਸ਼ਾਹ ਮੁਹੰਮਦ ਨੇ ਤਾਂ ਆਪੇ ਹੀ ਪਹਿਲੇ ਇਹੋ ਜਿਹੀਆਂ ਉਕਾਈਆਂ ਲਈ ਮੁਆਫ਼ੀ ਮੰਗ ਲਈ ਸੀ ।

ਉਪਰੰਤ, ਕਿੰਨੇ ਕੁ ਅੱਜਹੇ ਆਦਮੀ ਸਨ ਜਿਹੜੇ ਸਚਾਈਆਂ ਜਾਣਦੇ ਸਨ ? ਆਪਣੇ ਵੇਲੇ ਡੋਗਰੇ ਭਰਾਵਾਂ ਨੇ ਸੱਚ ਉਘੜਨ ਨਾ ਦਿਤਾ ਤੇ ਪਿਛੋਂ ਅਜਿਹੀ ਆਪਾ ਧਾਪੀ ਪਈ ਕਿ ਕਿਸੇ ਨੂੰ ਸੱਚ ਜਾਣਨ ਦੀ ਵਿਹਲ ਨਾ ਮਿਲੀ । ਜਿਸ ਤਰ੍ਹਾਂ ਦੀਆਂ ਖ਼ਬਰਾਂ ਡੋਗਰੇ ਭਰਾਵਾਂ ਨੇ ਪ੍ਰਚੱਲਤ ਕੀਤੀਆਂ ਉਹੋ ਜਨਤਾ ਨੇ ਸੱਚ ਮੰਨ ਲਈਆਂ । ਮਾਹਿਲ ਘਰਾਣੇ ਨੂੰ ਇਹਨਾਂ ਅਫ਼ਵਾਹਾਂ ਦਾ ਤਲਖ਼ ਤਜਰਬਾ ਸੀ । ਅਜੇ ਤਕ ਕੋਈ ਨਹੀਂ ਸੀ ਮੰਨਦਾ ਜਾਪਦਾ ਕਿ ਚੇਤ ਸਿੰਘ, ਖੜਗ ਸਿੰਘ, ਚੰਦ ਕੌਰ, ਨੌਨਿਹਾਲ ਸਿੰਘ ਦੇ ਕਤਲ ਡੋਗਰੇ ਭਰਾਵਾਂ ਨੇ ਕਰਾਏ ਹਨ । ਕੋਈ ਨਹੀਂ ਸੀ ਮੰਨਦਾ ਕਿ ਉਹਨਾਂ ਨੇ ਪੌੜੀ ਬਾ ਪੌੜੀ ਰਾਜ ,ਦਾ ਨਾਸ਼ ਕੀਤਾ ਹੈ । ਰਣਜੀਤ ਸਿੰਘ ਵਿਚ ਜਨਤਾ ਦਾ ਅਜਿਹਾ ਅੰਧ ਵਿਸ਼ਵਾਸ ਸੀ ਕਿ ਕਿਸੇ ਪਾਸਿਉਂ ਵੀ ਉਹ ਉਹਦੇ ਉੱਤੇ ਕੋਈ ਇਲਜ਼ਾਮ ਨਾ ਲਾਂਦੇ । ਉਹਨਾਂ ਦੀ ਦਲੀਲ ਸਾਦੀ ਸੀ । ਜਿਸ ਆਦਮੀ ਉੱਤੇ ਸਰਕਾਰ ਨੇ ਆਪ ਵਿਸ਼ਵਾਸ ਕੀਤਾ ਉਹ ਆਦਮੀ ਰਾਜ ਦੀ ਤਬਾਹੀ ਦਾ ਕਾਰਨ ਕਿਵੇਂ ਬਣ ਸਕਦਾ ਹੈ ?

ਅਜੇ ਧਿਆਨ ਸਿੰਘ ਦੇ ਚਲਾਏ ਕੂੜ ਦਾ ਚੱਕਰ ਮੱਠਾ ਨਹੀਂ ਸੀ ਹੋਇਆ ਕਿ ਲਾਲ ਸਿੰਘ, ਤੇ ਤੇਜ ਸਿੰਘ ਨੇ, ਗੁਲਾਬ ਸਿੰਘ ਦੀ ਅਗਵਾਈ ਬੱਲੇ, ਇਤਿਹਾਸ ਨੂੰ ਫਿਰ ਝੁਠਲਾ ਦਿਤਾ । ਲੜਾਈ ਦਾ ਕਾਰਨ ਤੇ ਖ਼ਾਲਸਈ ਸੈਨਾ ਦੀ ਬਰਬਾਦੀ ਦਾ ਕਾਰਨ ਮਹਾਰਾਣੀ ਜਿੰਦ ਕੌਰ ਨੂੰ ਦਰਸਾਇਆ । ਇਸ ਤਰ੍ਹਾਂ ਗੱਲਾਂ ਉਡਾਈਆਂ, ਇਸ ਤਰ੍ਹਾਂ ਸਬੂਤ ਘੜੇ ਤੇ ਇਸ ਤਰ੍ਹਾਂ ਲੋਕਾਂ ਨੂੰ ਯਕੀਨ ਦਿਵਾਇਆ ਕਿ ਸਾਰੇ ਮੰਨ ਗਏ । ਭਰਾ ਦੇ ਕਤਲ ਦਾ ਬਦਲਾ ਇਕ ਬਾਦਲੀਲ ਕਾਰਨ ਬਣ ਸਕਦਾ ਸੀ ਤੇ ਡੋਗਰਾ-ਬ੍ਰਾਹਮਣ ਜੁੰਡੀ ਨੇ ਇਸ ਹਥਿਆਰ ਨੂੰ ਚੰਗੀ ਤਰ੍ਹਾਂ ਵਰਤਿਆ । ਸ਼ਾਹ ਮੁਹੰਮਦ ਨੇ ਵੀ, ਬਾਕੀਆਂ ਵਾਂਗ ਇਸ ਸ਼ੈ ਉੱਤੇ ਇਤਬਾਰ ਕੀਤਾ ਤੇ ਇਹੋ ਕੁਝ ਉਹਨੇ ਆਪਣੀ ਕਵਿਤਾ ਵਿਚ ਲਿਖਿਆ ।

ਸਿਵਾਏ ਅਟਾਰੀਵਾਲੇ ਤੇ ਮਾਹਿਲ ਸਰਦਾਰਾਂ ਦੇ ਤੇ ਕੁਝ ਇਕ ਹੋਰ ਘਰਾਣਿਆਂ ਦੇ ਸਚਾਈ ਕੌਣ ਜਾਣਦਾ ਸੀ ?

ਹਾਸ਼ਮ ਸ਼ਾਹ ਦੇ ਮੂੰਹੋਂ ਰਾਜ ਮਾਤਾ ਉੱਤੇ ਹਰਫ਼ ਆਉਂਦਾ ਸੁਣ ਕੇ ਅਜੀਤ ਨੇ ਪੁੱਛਿਆ, "ਬੇਬੇ ! ਇਹ ਉਜ ਸੱਚੀ ਨਹੀਂ ।"

ਸ਼ਾਹ ਮੁਹੰਮਦ ਨੇ ਇਹ ਬਚਨ ਸੁਣ ਲਏ । ਤੇ ਇਸ ਤੋਂ ਪਹਿਲੇ ਕਿ ਗੁਰਮੀਤ ਕੁਝ ਆਖਦੀ ਉਸ ਅਜੀਤ ਦੇ ਸੱਦੇ ਉੱਤੇ ਹੱਥ ਰਖ ਕੇ ਕਿਹਾ, "ਪੁੱਤਰ ! ਇਹੋ ਇਕ ਦੋ ਹੋਰ ਆਦਮੀਆਂ ਨੇ ਮੈਨੂੰ ਕਿਹਾ ਹੈ, ਪਰ ਮੈਂ ਉਹੋ ਕੁਝ ਲਿਖਿਆ ਹੈ ਜੋ ਖ਼ਲਕਤ ਦੇ ਮੂੰਹ ਉੱਤੇ ਹੈ ।"

ਫਿਰ ਉਸ ਬਾਕੀ ਸਰੋਤਿਆਂ ਨੂੰ ਵੀ ਇਹੋ ਚੀਜ਼ ਦਸੀ ਤੇ ਕਿਹਾ: "ਹੁਣ ਅਸੀਂ ਅਤਿ ਦਰਦੀਲੇ ਪੜਾਅ ਉੱਤੇ ਪਹੁੰਚਦੇ ਹਾਂ..." ਇਉਂ ਜਾਪਦਾ ਸੀ ਜਿਵੇਂ ਪੜ੍ਹਨ ਤੋਂ ਪਹਿਲੇ ਹੀ ਉਹਦਾ ਗੱਚ ਭਰ ਗਿਆ ਹੋਵੇ ।

ਲੋਕ ਨਿੱਸਲ ਹੋ ਕੇ ਬੈਠੇ । ਜਿਥੇ ਜਿਥੇ ਸੂਰਜ ਦੀ ਅਸਥਿਤੀ ਬਦਲਣ ਨਾਲ ਧੁੱਪ ਆ ਗਈ ਸੀ ਉੱਚੇ ਉੱਚੇ

Scanned by CamScanner

ਲੋਕ ਉਠ ਕੇ ਛਾਵੇਂ ਚਲੇ ਗਏ। ਐਨਾ ਚਿਰ ਹੋ ਗਿਆ ਸੀ ਮਜਲਸ ਨੂੰ ਸ਼ੁਰੂ ਹੋਇਆ, ਪਰ ਗਰਮੀ ਅਜੇ ਵੀ ਘਟ ਨਹੀਂ ਸੀ ਹੋਈ। ਲਗਦਾ ਸੀ ਅਜੇ ਸ਼ਾਮ ਬੜੀ ਦੂਰ ਹੈ।

ਸ਼ਾਹ ਮੁਹੰਮਦ ਨੇ ਸ਼ੁਰੂ ਕੀਤਾ :

"ਅਰਜ਼ੀ ਲਿਖੀ ਫ਼ਰੰਗੀ ਨੂੰ ਕੂੰਜ ਗੋਸ਼ੇ, ਪਹਿਲੇ ਆਪਣਾ ਸੁਖ ਆਨੰਦ ਵਾਰੀ।
ਤੇਰੀ ਵਲ ਮੈਂ ਫ਼ੌਜ ਨੂੰ ਭੇਜਨੀ ਆਂ, ਖੱਟੇ ਕਰੀਂ ਤੂੰ ਇਹਨਾਂ ਦੇ ਦੰਦ ਵਾਰੀ।
ਜਿਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ, ਪਿਛੋਂ ਖ਼ਰਚ ਮੈਂ ਕਰਾਂਗੀ ਬੰਦ ਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ, ਮੈਨੂੰ ਏਤਨੀ ਬਾਤ ਪਸੰਦ ਵਾਰੀ।

ਪਹਿਲੇ ਪਾਰ ਦਾ ਮੁਲਖ ਤੂੰ ਮੱਲ ਸਾਡਾ, ਆਪ ਖਾ ਗ਼ੁੱਸਾ ਤੈਥੀਂ ਆਵਣੀਗੇ।
ਸੋਦੀ ਲੜਨਗੇ ਹੋਣ ਬੇਖ਼ਬਰ ਜਿਹੜੇ, ਮੱਥਾ ਕਦੀ ਸਰਦਾਰ ਨਾ ਡਾਹੁਣੀਗੇ।
ਏਸੇ ਵਾਸਤੇ ਫ਼ੌਜ ਮੈਂ ਪਾੜ ਛੱਡੀ, ਕਈ ਭਾਂਜ ਅਚਾਨਕੀ ਪਾਵਣੀਗੇ।
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ, ਮੇਰੇ ਗਲੋਂ ਤਗਾਦੜਾ ਲਾਹੁਣੀਗੇ।

ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ, ਇਹਨਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ ਨੇ ਚੁਕਿਆ ਆਣ ਬੀੜਾ, ਹਮੀ ਸੀਖ ਸਿਉਂ ਜਾਏ ਕੇ ਲੜੇਗਾ ਜੀ।
ਘੰਟੇ ਤੀਕ ਮੈਂ ਜਾ ਲਾਹੌਰ ਮਾਰਾਂ, ਇਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰ੍ਹਵੀਂ ਨੂੰ, ਸਾਹਿਬ ਸ਼ਹਿਰ ਲਾਹੌਰ ਵਿਚ ਵੜੇਗਾ ਜੀ।

ਵੱਜੀ ਤੁਰਮ ਤੰਬੂਰ ਕਰਨਾਏ ਬੂਤਰੀ, ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ।
ਕੋਤਲ, ਬਘੀਆਂ, ਪਾਲਕੀ, ਤੋਪਖਾਨੇ, ਦੂਰਬੀਨ ਚੰਗੀ ਸਾਇਬਾਨ ਮੀਆਂ।
ਚੜ੍ਹਿਆ ਲੰਦਨੋਂ ਲਾਟ ਉਠਾਏ ਬੀੜਾ, ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ, ਮੁਲਖ ਪਾਰ ਦਾ ਮੱਲਿਆ ਆਣ ਮੀਆਂ।

ਫ਼ਰਾਂਸੀਸਾਂ ਨੂੰ ਅੰਦਰੋਂ ਹੁਕਮ ਹੋਇਆ, ਤੁਸੀਂ ਜਾਓ ਖਾਂ ਤਰਫ਼ ਕਸ਼ਮੀਰ ਨੂੰ ਜੀ।
ਉਹਨਾਂ ਰੱਬ ਦਾ ਵਾਸਤਾ ਪਾਇਆ ਈ, ਮਾਈ ਫੜੀ ਨਾ ਕੁਝ ਤਕਸੀਰ ਨੂੰ ਜੀ।
ਪਾਰੋਂ ਮੁਲਖ ਫ਼ਰੰਗੀਆਂ ਮਲ ਲਿਆ, ਅਸੀਂ ਮਾਰਾਂਗੇ ਓਸ ਬੇਪੀਰ ਨੂੰ ਜੀ।
ਸ਼ਾਹ ਮੁਹੰਮਦਾ ਆਏ ਨੀ ਹੋਰ ਪਰਿਉਂ, ਅਸਾਂ ਡਕਣਾ ਓਸ ਵਹੀਰ ਨੂੰ ਜੀ।

ਮਾਈ ਆਖਿਆ ਸਭ ਚੜ੍ਹ ਜਾਣ ਫ਼ੌਜਾਂ, ਬੂਹੇ ਸ਼ਹਿਰ ਦੇ ਰਹਿਣ ਨਾ ਸੱਖਣੇ ਜੀ।
ਮੁਸਲਮਾਨੀਆਂ ਪੜਤਾਲਾਂ ਰਹਿਣ ਏਥੇ, ਘੋੜ ਚੜ੍ਹੇ ਨਾਹੀਂ ਪਾਸ ਰਖਣੇ ਜੀ।
ਕੰਠੇ ਕਲਗ਼ੀਆਂ ਵਾਲੜੇ ਹੋਣ ਮੋਹਰੇ, ਅਗੇ ਹੋਰ ਗ਼ਰੀਬ ਨਾ ਧੱਕਣੇ ਜੀ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ, ਮਜ਼ ਤਿੰਨ੍ਹਾਂ ਲੜਾਈ ਦੇ ਚੱਖਣੇ ਜੀ।

ਸਾਰੇ ਪੰਥ ਨੂੰ ਸੱਦ ਕੇ ਕੰਹਿਣ ਲਗੀ, ਮੈਥੋਂ ਗਏ ਖ਼ਜ਼ਾਨੇ ਨਿਖੁੱਟ ਵਾਰੀ।
ਜਮਨਾ ਤੀਕਰਾਂ ਪਿਆ ਹੈ ਦੇਸ ਸੁੰਞਾ, ਖਾਉ ਦੇਸ ਫ਼ਰੰਗੀ ਦਾ ਲੁੱਟ ਵਾਰੀ।
ਮਾਰੋ ਸ਼ਹਿਰ ਫ਼ੀਰੋਜ਼ਪੁਰ ਲੁਧਿਆਣਾ, ਸੁੱਟੋ ਛਾਵਣੀ ਓਸ ਦੀ ਪੁੱਟ ਵਾਰੀ।
ਸ਼ਾਹ ਮੁਹੰਮਦਾ ਲਵੋ ਇਨਾਮ ਮੈਥੋਂ, ਕੜੇ, ਕੰਠੇ ਮੈਂ ਦਿਆਂਗੀ ਸੁੱਟ ਵਾਰੀ।

ਸਿੰਘਾਂ ਆਖਿਆ ਲੜਾਂਗੇ ਹੋ ਟੋਟੇ, ਸਾਨੂੰ ਖ਼ਬਰ ਘੱਲੀਂ ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫ਼ਰਕ ਕਰਸਾਂ, ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ।
ਸਿੰਘ ਭੋਲਿਆਂ ਮੂਲ ਨਾ ਸਹੀ ਕੀਤਾ, ਗੁੱਝਾ ਕਰਨ ਲਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਉ ਨੇ, ਖ਼ਾਲੀ ਪਈ ਏ ਚੋਪੜੀ ਪ੍ਰਾਤ ਮਾਈ।



ਦਿਤੀ ਮਾਈ ਨੇ ਜਦੋਂ ਦਿਲਬਰੀ ਭਾਰੀ, ਸਿੰਘ ਬੈਠੇ ਨੀ ਹੋਏ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀਂ ਸਭ ਗੱਲਾਂ, ਕਿਸੇ ਹਾਰ ਦੇਵੇ ਕਿਸੇ ਜੇਤ ਮੀਆਂ।
ਇਕ ਲੱਖ ਬੇਟਾ, ਸਵਾ ਲੱਖ ਪੋਤਾ, ਰਾਵਨ ਮਰਿਆ ਘਰ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜੱਗ ਸਾਰਾ, ਕਈ ਸੂਰਮੇ ਆਉਣਗੇ ਖੇਤ ਮੀਆਂ।

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ, ਚਲੋ ਜਾਏ ਫ਼ਰੰਗੀ ਨੂੰ ਮਾਰੀਏ ਜੀ।
ਇਕ ਵਾਰੀ ਜੇ ਸਾਹਮਣੇ ਹੋਏ ਸਾਡੇ, ਇਕ ਘੜੀ ਵਿਚ ਪਾਰ ਉਤਾਰੀਏ ਜੀ।
ਭਾਈ ਵੀਰ ਸਿੰਘ ਜਿਹੇ ਅਸਾਂ ਨਹੀਂ ਛਡੇ, ਅਸੀਂ ਕਦੀ ਨਾ ਓਸ ਤੋਂ ਹਾਰੀਏ ਜੀ।
ਬਾਂਹ ਮੁਹੰਮਦਾ ਮਾਰ ਕੇ ਲੁਧਿਆਣਾ, ਫ਼ੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ।

ਚਬਤ ਕਰਾਂਗੇ ਮਾਲ ਫ਼ਰੰਗੀਆਂ ਦੇ, ਉੱਥੋਂ ਲਿਆਵਾਂਗੇ ਦੌਲਤਾਂ ਬੋਰੀਆਂ ਨੀਂ।
ਪਿਛੋਂ ਵੜਾਂਗੇ ਉਹਨਾਂ ਦੇ ਸਤਰਖ਼ਾਨੇ, ਬੰਨ੍ਹ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀਂ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ, ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀਂ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੈਂਠੇ, ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀਂ।

ਝੰਡੇ ਨਿਕਲੇ, ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ, ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜ਼ਮੂਰ ਖ਼ਾਠੇ, ਹੋਇਆ ਹੁਕਮ ਨਾ ਲਾਉਂਦੇ ਦੇਰ ਮੀਆਂ।

ਸ਼ਾਮ ਸਿੰਘ ਸਰਦਾਰ ਨੇ ਕੂਚ ਕੀਤਾ, ਜੱਲੇਵਾਲੀਏ ਬਣਤ ਬਣਾਂਵਦੇ ਨੀਂ।
ਆਏ ਹੋਰ ਪਹਾੜ ਦੇ ਸਭ ਰਾਜੇ, ਜਿਹੜੇ ਤੇਗ ਦੇ ਧਨੀ ਕਹਾਂਵਦੇ ਨੀਂ।
ਆਏ ਸਭ ਮਝੈਲ ਦੁਆਬੀਏ ਜੀ, ਸੰਧਾਵਾਲੀਏ ਕਾਠੀਆਂ ਪਾਂਵਦੇ ਨੀਂ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮੈਂਟ, ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀਂ।

ਮਚਹਰ ਅਲੀ ਤੇ ਸਾਥੇ ਖਾਂ ਕੂਚ ਕੀਤਾ, ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀਂ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ, ਤੋਪਾਂ ਨਾਲ ਅਮਾਮ ਸ਼ਾਹ ਵਾਲੀਆਂ ਨੀਂ।
ਇਲਾਹੀ ਬਖ਼ਸ਼ ਪਟੌਲੀ ਨੇ ਮਾਂਜ ਕੇ ਜੀ, ਧੂਮ ਦੇ ਕੇ ਤਖ਼ਤ ਬਹਾਲੀਆਂ ਨੀਂ।
ਸ਼ਾਹ ਮੁਹੰਮਦਾ ਅੱਸੀਆਂ ਲੈਸ ਹੋਈਆਂ, ਬਿਜਲੀ ਵਾਂਗ ਜਿਉਂ ਦੇਣ ਦਿਖਾਲੀਆਂ ਨੀਂ।

ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹੇ ਸਭੇ, ਫ਼ੌਜਾਂ ਬੇ-ਮੁਹਾਰੀਆਂ ਹੋਏ ਤੁਰੀਆਂ।
ਅਗੇ ਵਾਰ ਕੁਵਾਰ ਨਾ ਕਿਸੇ ਡਿੱਠਾ, ਇਕ ਦੂਸਰੇ ਦੇ ਅਗੇ ਲਗ ਟੁਰੀਆਂ।
ਅਗੇ ਤੋਪਾਂ ਦੇ ਧਨੀ ਭੀ ਹੈਣ ਗੋਰੇ, ਵੰਗਾਂ ਪਹਿਣ ਖਲੋਤੀਆਂ ਨਹੀਂ ਕੁੜੀਆਂ।
ਸ਼ਾਹ ਮੁਹੰਮਦਾ ਵਰਜਦੇ ਜਾਂਦਿਆਂ ਨੂੰ, ਫ਼ੌਜਾਂ ਹੋ ਮੁਹਾਣੀਆਂ ਕਦੋਂ ਟੁਰੀਆਂ।

ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸੇ, ਸਭੇ ਗਰਬ ਹੰਕਾਰ ਦੇ ਨਾਲ ਤੁਰਦੇ।
ਉਰੇ ਦੋਹਾਂ ਦਰਿਆਵਾਂ ਤੇ ਨਹੀਂ ਅਟਕੇ, ਪਤਨ ਲੰਘੇ ਨੀ ਜਾ ਫ਼ੀਰੋਜ਼ਪੁਰ ਦੇ।
ਅਗੇ ਛੇੜਿਆ ਨਹੀਂ ਫ਼ਰੰਗੀਆਂ ਨੇ, ਦੋਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ, ਜੁਟੇ ਸੂਰਮੇ ਆਖ ਤੂੰ ਕਦੋਂ ਮੁੜਦੇ।

ਲਗੀ ਧਮਕ ਸਾਰੇ ਹਿੰਦੁਸਤਾਨ ਅੰਦਰ, ਦਿੱਲੀ, ਆਗਰੇ, ਹਾਂਸੀ, ਹਸਾਰ ਮੀਆਂ।
ਬੀਕਾਨੇਰ, ਲਖਨਊ, ਅਜਮੇਰ, ਜੈਪੁਰ, ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।

Scanned by CamScanner

ਚੱਲੀ ਸਭ ਪੰਜਾਬ ਦੀ ਪਾਰਸ਼ਾਹੀ, ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈਂ, ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।

"ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ" ਜੁੜੇ ਮਜਮੇ ਨੇ ਵੀ ਗਾਇਆ ਤੇ ਸ਼ਾਹ ਮੁਹੰਮਦ ਨੇ ਸਾਹ ਲਿਆ। ਉਸ ਪਾਣੀ ਦਾ ਇਕ ਛਨਾ ਪੀਤਾ, ਗਲ ਨੂੰ ਸਾਫ਼ ਕੀਤਾ, ਕੰਬਦੇ ਹੱਥਾਂ ਨਾਲ ਵਰਕਾ ਪਰੜਿਆ ਤੇ ਉਸ ਪੜ੍ਹਿਆ :

"ਅਰਜ਼ੀ ਲਿਖੀ ਫ਼ਰੰਗੀਆਂ ਖ਼ਾਲਸੇ ਨੂੰ, ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ।
ਮਹਾਰਾਜ ਦੇ ਨਾਲ ਸੀ ਨੇਮ ਸਾਡਾ, ਤੁਸੀਂ ਸੁੱਤੀਆਂ ਕਲਾ ਜਗਾਂਵਦੇ ਹੋ।
ਕਈ ਲੱਖ ਰੁਪਿਆ ਲੈ ਜਾਓ ਸਾਥੋਂ, ਦਿਆਂ ਹੋਰ ਜੋ ਤੁਸੀਂ ਫ਼ਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ, ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ।"

"ਇਹ ਠੀਕ ਨਹੀਂ।" ਅਜੀਤ ਨੇ ਗੁਰਮੀਤ ਨੂੰ ਕਿਹਾ।
"ਸੁਣੀ ਜਾਂ ਚੁੱਪ ਕਰ ਕੇ, ਪੁੱਤਰਾ।"

"ਸਿੰਘਾਂ ਲਿਖਿਆ ਖ਼ਤ ਫ਼ਰੰਗੀਆਂ ਨੂੰ, ਤੈਨੂੰ ਮਾਰਾਂਗੇ ਅਸੀਂ ਵੰਗਾਰ ਕੇ ਜੀ।
ਸਾਨੂੰ ਨਹੀਂ ਰੁਪਿਆਂ ਦੀ ਲੱਤ ਕਾਈ, ਭਾਵੇਂ ਦੇਹ ਤੂੰ ਢੇਰ ਉਸਾਰ ਕੇ ਜੀ।
ਉਹੋ ਪੰਥ ਤੇਰੇ ਉੱਤੇ ਆਣ ਚੜ੍ਹਿਆ, ਜਿਹੜਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ।
ਸ਼ਾਹ ਮੁਹੰਮਦਾ ਸਾਹਮਣੇ ਡਾਹ ਤੋਪਾਂ, ਸੂਰੇ ਕਢ ਮੈਦਾਨ ਨਿਤਾਰ ਕੇ ਜੀ।

ਪੈਂਚ ਲਿਖਦੇ ਸਾਰੀਆਂ ਪੜਤਲਾਂ ਦੇ, ਸਾਡੀ ਅਜ ਹੈ ਵਡੀ ਚਲੰਤ ਮੀਆਂ।
ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ, ਨਹੀਂ ਛਡਿਆ ਸਾਧ ਤੇ ਸੰਤ ਮੀਆਂ।
ਅਸਾਂ ਮਾਰੇ ਚੌਫੇਰੇ ਦੇ ਕਿਲ੍ਹੇ ਭਾਰੇ, ਅਸਾਂ ਮਾਰਿਆ ਕੁੱਲ ਭੁਟੰਤ ਮੀਆਂ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜਿਹੜੀ ਕਰੇਗਾ ਖ਼ਾਲਸਾ ਪੰਥ ਮੀਆਂ।

ਦੂਰਬੀਨ ਅੰਗਰੇਜ਼ ਨੇ ਹੱਥ ਲੈ ਕੇ, ਕੀਤਾ ਫ਼ੌਜ ਦਾ ਸਭ ਸ਼ੁਮਾਰ ਮੀਆਂ।
ਜਿਨ੍ਹੀਂ ਥਾਈਂ ਸੀ ਜਮ੍ਹਾਂ ਜਮੂਰਖ਼ਾਨੇ, ਕੀਤੇ ਸਾਹਿਬ ਮਲ੍ਹੂਮ ਹਜ਼ਾਰ ਮੀਆਂ।
ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ, ਦੋ ਦੋ ਬੋਤਲਾਂ ਕੈਫ਼ ਖ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ, ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।

ਇਕ ਪਿੰਡ ਦਾ ਨਾਮ ਜੋ ਮੁਦਕੀ ਸੀ, ਉੱਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ, ਝੰਡੇ ਦਿਤੇ ਨੀ ਜਾਇ ਕੇ ਗੱਡ ਮੀਆਂ।
ਤੋਪਾਂ ਚਲੀਆਂ ਕਟਕ ਫ਼ਰੰਗੀਆਂ ਦੇ, ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿੰਡਾਂ ਨੂੰ ਉੱਠ ਨੱਠੇ, ਤੋਪਾਂ ਸਭ ਆਏ ਉੱਥੇ ਛਡ ਮੀਆਂ।"

ਅੰਤਕੀਂ ਦੀ ਆਖ਼ਰੀ ਸਤਰ ਸਰੋਤਿਆਂ ਨੇ ਬੜੀ ਹੌਲੀ ਪੜ੍ਹੀ। ਸ਼ਾਹ ਮੁਹੰਮਦ ਨੇ ਵੀ ਕੁਝ ਨਹੀਂ ਆਖਿਆ, ਉਹ ਸਰੋਤਿਆਂ ਦੀ ਮਨੋਵਿਗਿਆਨਕ ਹਾਲਤ ਸਮਝਦਾ ਸੀ।

"ਡੇਰੇ ਆਣ ਕੇ ਬੈਠ ਸਲਾਹ ਕਰਦੇ, ਅੰਤਵਾਰ ਅਸੀਂ ਖੰਡਾ ਫੜਾਂਗੇ ਜੀ।
ਤੇਜਾ ਸਿੰਘ ਦੀ ਵਡੀ ਉਡੀਕ ਸਾਨੂੰ, ਉਸ ਦੇ ਆਏ ਬਗੈਰ ਨਾ ਲੜਾਂਗੇ ਜੀ।
ਸਰਫ਼ਾ ਜਾਨ ਦਾ ਨਹੀਂ ਜੇ ਤਦੋਂ ਕਰਨਾ, ਜਦੋਂ ਵਿਚ ਮੈਦਾਨ ਦੇ ਵੜਾਂਗੇ ਜੀ।
ਸ਼ਾਹ ਮੁਹੰਮਦਾ ਅੰਦਰੋਂ ਇਕ ਹੋ ਕੇ, ਡੇਰੇ ਚਲ ਫ਼ਰੰਗੀ ਦੇ ਵੜਾਂਗੇ ਜੀ।

ਤੇਜਾ ਸਿੰਘ ਭੀ ਲਸ਼ਕਰੀਂ ਆਣ ਵੜਿਆ, ਹੁੱਦੇਦਾਰ ਸਭੇ ਉੱਥੇ ਆਂਵਦੇ ਨੀਂ।
ਕਰੋ ਹੁਕਮ ਤੇ ਤੇਗ਼ ਉਠਾਈਏ ਜੀ, ਪਏ ਸਿੰਘ ਕਚੀਚੀਆਂ ਖਾਂਵਦੇ ਨੀਂ।

Scanned by CamScanner



ਕੂੰਜਾਂ ਨਜ਼ਰ ਆਈਆਂ ਬਾਜਾਂ ਭੁੱਖਿਆਂ ਨੂੰ, ਅੱਖੀਂ ਵੇਖਿਆਂ ਚੋਟ ਚਲਾਂਵਦੇ ਨੀਂ।
ਸ਼ਾਹ ਮੁਹੰਮਦਾ ਉਸ ਥੀਂ ਹੁਕਮ ਲੈ ਕੇ, ਹੱਲਾ ਕਰਨ ਦੀ ਡੌਲ ਬਣਾਂਵਦੇ ਨੀਂ।

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਗੁਧੇ, ਤੋਪਾਂ ਚਲੀਆਂ ਨੀ ਵਾਂਗ ਤੋਰਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ, ਗੰਜ ਲਾਹ ਸੁਟੇ ਉਹਨਾਂ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਨੂੰ ਖਾਏ ਗੁੱਸਾ, ਫੇਰ ਦਿਤੇ ਨੀ ਮੁਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬੈਠਾਏ ਲੰਦਨ, ਸਿੰਘ ਜਾਣ ਨਾਹੀਂ ਨਾਲ ਜੋਰਿਆਂ ਦੇ।

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸਾਂ ਲਾਜ ਫ਼ਰੰਗੀ ਦੀ ਰਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾ ਦਿਤੇ, ਹਿੰਦੁਸਤਾਨੀ ਤੇ ਪੂਰਬੀ ਦਖਣੀ ਜੀ।
ਲੰਦਨ ਟਾਪੂਆਂ ਵਿਚ ਕੁਰਲਾਟ ਪਿਆ, ਕੁਰਸੀ ਚਾਰ ਹਜ਼ਾਰ ਹੈ ਸਖਣੀ ਜੀ।
ਸ਼ਾਹ ਮੁਹੰਮਦਾ ਲਾਟ ਅਜ ਕਹਿਣ ਲੱਗਾ, ਰੱਤ ਸਿੰਘ ਸਿਪਾਹੀ ਦੀ ਚਖਣੀ ਜੀ।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ, ਤੋਪਾਂ ਮਾਰੀਆਂ ਨੀਰ ਦੇ ਆਏ ਪੱਲੇ।
ਫੂਕ ਸੱਟੀਆਂ ਸਾਰੀਆਂ ਮੇਖਜ਼ੀਨਾਂ, ਸਿੰਘ ਉੱਠ ਕੇ ਪੱਤਰਾ ਹੋਏ ਚੱਲੇ।
ਡੇਲਦਾਰੀਆਂ ਤੰਬੂਆਂ ਛਡ ਦੌੜੇ, ਕੋਈ ਚੀਜ਼ ਨਹੀਂ ਲਈ ਨੇ ਮੂਲ ਪੱਲੇ।
ਉੜਕ ਲਿਆ ਮੈਦਾਨ ਫ਼ਰੰਗੀਆਂ ਨੇ, ਸ਼ਾਹ ਮੁਹੰਮਦਾ ਰਣੀਂ ਨਹੀਂ ਮੂਲ ਹੱਲੇ।"

"ਇਹ ਦਰਅਸਲ ਫੇਰੂ ਸ਼ਹਿਰ ਦੀ ਲੜਾਈ ਦਾ ਹਾਲ ਹੈ।" ਸ਼ਾਹ ਮੁਹੰਮਦ ਨੇ ਇਸ਼ਾਰਾ ਸਾਫ਼ ਕਰਦਿਆਂ ਕਿਹਾ।

"ਉਧਰ ਆਪ ਫ਼ਰੰਗੀ ਨੂੰ ਭਾਂਜ ਆਈ, ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।
ਚਲੇ ਤੋਪਖਾਨੇ ਸਾਰੇ ਗੋਰਿਆਂ ਦੇ, ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨੇ ਜਾਏ ਕੇ ਲਿਆਏ ਕੇ ਖ਼ਬਰ ਦਿਤੀ, ਲੰਦਨ ਹੋਈ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।"

ਇਸ ਬੰਦ ਦੀ ਆਖ਼ਰੀ ਸਤਰ ਨੂੰ ਸਰੋਤਿਆਂ ਨੇ ਬੜੇ ਜ਼ੋਰ ਤੇ ਚਾਅ ਨਾਲ ਪੜ੍ਹਿਆ।

"ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ, ਸਿੰਘਾਂ ਨਾਲ ਸੀ ਓਸ ਦੀ ਗੌਰ ਸਾਲੀ।
ਉਹ ਤਾਂ ਭੱਜ ਕੇ ਲਾਟ ਨੂੰ ਜਾਏ ਮਿਲਿਆ, ਗੱਲ ਜਾਏ ਦੱਸੀ ਸਾਰੀ ਭੇਤ ਵਾਲੀ।
ਉੱਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ, ਚੋਦਾਂ ਹੱਥ ਦੀ ਮਾਰ ਕੇ ਜਾਣ ਛਾਲੀ।
ਸ਼ਾਹ ਮੁਹੰਮਦਾ ਸਾਥ ਲੈ ਨਿਲ੍ਹੇਖ਼ਾਨੇ, ਛਡ ਗਏ ਨੀਂ ਸਿੰਘ ਮੈਦਾਨ ਖ਼ਾਲੀ।

ਮੁੜ ਕੇ ਫੇਰ ਫ਼ਰੰਗੀਆਂ ਜ਼ੋਰ ਕੀਤਾ, ਲਾਟਾਂਦਾਰ ਗਲ ਜਦੋਂ ਆਣ ਫੁੱਟੇ।
ਉੱਡੀ ਰਾਲ ਤੇ ਚਾਦਰਾਂ ਕੜਕੀਆਂ ਨੀਂ, ਕੌਰਵ ਪਾਂਡਵਾਂ ਦੇ ਜੈਸੇ ਬਾਣ ਫੁੱਟੇ।
ਜਦੋਂ ਡਿਠੇ ਨੀਂ ਹੱਥ ਫ਼ਰੰਗੀਆਂ ਦੇ, ਉੱਥੇ ਕਈਆਂ ਦੇ ਆਣ ਪ੍ਰਾਣ ਫੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ, ਤੋਸ਼ੇਖ਼ਾਨੇ ਫ਼ਰੰਗੀਆਂ ਆਣ ਲੁੱਟੇ।

ਜਦੋਂ ਪਿਆ ਹਰਾਸ ਤੇ ਕਰਨ ਗੱਲਾਂ, ਮੁੰਡੇ ਘੋੜ ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਉਠ ਕੇ ਖਿਸਕ ਤੁਰੀਏ, ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖ਼ੂਬ ਖਾਂਦੇ, ਅਸੀਂ ਜਿਨ੍ਹਾਂ ਦੇ ਪੁੱਤ ਹਾਂ ਪੱਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ਼ ਵਾਲੇ, ਅਸੀਂ ਦੱਬ ਕੇ ਲਵਾਂਗੇ ਜੋਤਰੇ ਜੀ।

Scanned by CamScanner

ਜਿਹੜੇ ਜੀਂਵਦੇ ਰਹੇ ਸੋ ਪਏ ਸੋਚੀਂ, ਹੋਏ ਭੁੱਖ ਦੇ ਨਾਲ ਜ਼ਹੀਰ ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ, ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾਂ ਸ਼ਹਿਦ ਦੇ ਵਾਸਤੇ ਹੱਥ ਪਾਇਆ, ਅੱਗੋਂ ਡੂਮਣਾ ਛਿੜੇ ਮਖ਼ੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭੇ, ਜਿਥੇ ਚੱਲੀਏ ਘੱਤ ਵਹੀਰ ਮੀਆਂ।

ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ, ਬੇੜੇ ਤੋਪਾਂ ਦੇ ਸਭ ਖੁਹਾ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ, ਸਗੋਂ ਆਪਣਾ ਆਪ ਗੁਆ ਆਏ।
ਮੁਸ਼ੀ ਵਸਦਾ ਸ਼ਹਿਰ ਲਾਹੌਰ ਸਾਡਾ ਸਗੋਂ ਕੁੰਜੀਆਂ ਹੱਥ ਫੜਾ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੀਂ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾ ਆਏ।

ਘਰੀਂ ਜਾਏ ਕੇ ਕਿਸੇ ਆਰਾਮ ਕੀਤਾ, ਕਿਸੇ ਰਾਤ ਕਿਸੇ ਦੋ ਰਾਤ ਮੀਆਂ।
ਪਿਛੋਂ ਫੇਰ ਸਰਦਾਰਾਂ ਨੇ ਸੱਦ ਭੇਜੇ, ਜੋ ਕੋਈ ਸਿੰਘ ਸਿਪਾਹੀ ਦੀ ਜ਼ਾਤ ਮੀਆਂ।
ਕਿਥੇ ਲੁਕੋਗੇ ਜਾਏ ਕੇ ਖ਼ਾਲਸਾ ਜੀ, ਦਸੋ ਖੋਲ੍ਹ ਕੇ ਅਸਲ ਦੀ ਬਾਤ ਮੀਆਂ।
ਸ਼ਾਹ ਮੁਹੰਮਦਾ ਫੇਰ ਇਕੱਠ ਹੋਇਆ, ਲੱਗੀ ਚਾਨਣੀ ਹੋਰ ਕਨਾਤ ਮੀਆਂ।

ਕੰਢੇ ਪਾਰ ਦੇ ਜਮ੍ਹਾਂ ਜਾਂ ਹੋਏ ਡੇਰੇ, ਇਹ ਤਾਂ ਨੌਕਰੀ, ਘਰੀਂ ਨਾ ਮਿਲਣ ਜਾਣੇ।
ਡੇਰੀਂ ਆਣ ਕੇ ਬਹੁਤ ਵਿਚਾਰ ਹੋਇਆ, ਹੋਈਆਂ ਭਰਤੀਆਂ ਬੰਦ ਤੇ ਵਿਕਣ ਦਾਣੇ।
ਛਵ੍ਹੀ ਕਢ ਕੇ ਮੋਰਚੀਂ ਆਏ ਬਹਿੰਦੇ, ਡੇਰੀਂ ਆਏ ਕੇ ਫੇਰ ਪ੍ਰਸਾਦਿ ਖਾਣੇ।
ਸ਼ਾਹ ਮੁਹੰਮਦਾ ਸਭ ਮਾਲੂਮ ਕੀਤੀ, ਕੀਕੂੰ ਹੋਈ ਸੀ ਦਸ ਖਾਂ ਲੁੱਧੇਹਾਣੇ।

ਸਰਦਾਰ ਰਣਜੋਧ ਸਿੰਘ ਆਪਣੀ ਫ਼ੌਜ ਲੈ ਕੇ, ਤਰਫ਼ ਲਾਡੂਏ ਵਾਲੇ ਦੀ ਚਲਿਆ ਈ।
ਉੱਥੇ ਸਭ ਕਬੀਲੇ ਸੀ ਕੈਦ ਹੋਏ, ਕੋਈ ਲਾਟ ਫ਼ਰੰਗੀ ਨੇ ਘਲਿਆ ਈ।
ਉਹਨਾਂ ਜਾਏ ਖੋਹੀਆਂ ਬਾਦਸ਼ਾਹੀਆਂ ਨੀਂ, ਜ਼ੋਰ ਉਸ ਦਾ ਕਿਸੇ ਨਾ ਝਲਿਆ ਈ।
ਸ਼ਾਹ ਮੁਹੰਮਦਾ ਛਾਵਣੀ ਫੂਕ ਦਿਤੀ, ਵਿਚੋਂ ਜੀਉ ਫ਼ਰੰਗੀ ਦਾ ਹਲਿਆ ਈ।

ਚਾਰ ਪੜਤਲਾਂ ਲੈ ਮੋਵਾ ਸਿੰਘ ਆਇਆ, ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਹਨਾਂ ਬਹੁਤ ਫ਼ਰੰਗੀ ਦੀ ਫ਼ੌਜ ਮਾਰੀ, ਲੁੱਟਾਂ ਭਾਰੀਆਂ ਬਾਝ ਸ਼ੁਮਾਰ ਲੈਂਦੇ।
ਤੋਪਾਂ, ਊਠ, ਹਾਥੀ, ਨਾਲ ਲੱਖ ਘੋੜੇ, ਡੇਰੇ ਆਪਣੇ ਸਿੰਘ ਉਤਾਰ ਲੈਂਦੇ।
ਸ਼ਾਹ ਮੁਹੰਮਦਾ ਸਿੰਘ ਜੋ ਜ਼ੋਰ ਕਰਦੇ, ਭਾਵੇਂ ਲੁਧਿਆਣੇ ਤਦੋਂ ਮਾਰ ਲੈਂਦੇ।"

ਭਰੇ ਮਜਮੇ ਵਿਚੋਂ ਇਕ ਆਹ ਉਠੀ ਤੇ ਬਹੁਤੇ ਲੋਕਾਂ ਦੇ ਦਿਲ ਭਰ ਆਏ। ਉਹ ਜਾਣਦੇ ਸਨ ਕਿ ਹੁਣ ਕਿੱਸਾ ਅੰਤ ਦੇ ਨੇੜੇ ਪਹੁੰਚ ਰਿਹਾ ਹੈ। ਸ਼ਾਹ ਮੁਹੰਮਦ ਨੇ ਵੀ ਕੁਝ ਮਿੰਟ ਆਰਾਮ ਕੀਤਾ। ਉਹਦੀ ਆਵਾਜ਼ ਹੁਣ ਪਹਿਲੇ ਨਾਲੋਂ ਹੌਲੀ ਸੀ। ਪ੍ਰਤੱਖ ਸੀ ਕਿ ਉਹ ਥੱਕ ਗਿਆ ਹੈ। ਉਹਦੇ ਪੁੱਤਰ ਨੇ ਅੱਗੋਂ ਕਿੱਸਾ ਪੜ੍ਹਨ ਲਈ ਕਿਹਾ, ਪਰ ਸ਼ਾਹ ਮੁਹੰਮਦ ਮੰਨਿਆ ਨਹੀਂ।

"ਮੋਹਕਮ ਦੀਨ ਸਰਦਾਰ ਨੂੰ ਲਿਖੀ ਅਰਜ਼ੀ, ਤੁਸਾਂ ਤਰਫ਼ ਲੁੱਟੇ ਚੰਗੇ ਥਾਨ ਦੇ ਜੀ।
ਦੇਹੋ ਭੇਜ ਉਰਾਰ ਸਭ ਕਾਰਖ਼ਾਨੇ, ਪਏ ਗੱਜਿਓ ਵਿਚ ਮੈਦਾਨ ਦੇ ਜੀ।
ਤੈਨੂੰ ਅੱਜ ਹਜ਼ੂਰ ਥੀਂ ਫ਼ਤੇ ਆਈ, ਮਬਰਾਂ ਉੱਡੀਆਂ ਵਿਚ ਜਹਾਨ ਦੇ ਜੀ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ, ਸਦਾ ਰੱਖੀਏ ਵਿਚ ਧਿਆਨ ਦੇ ਜੀ।

ਸੱਠ ਕੋਹਾਂ ਦਾ ਪੰਧ ਸੀ ਲੁਧਿਆਣਾ, ਰਾਤੋ ਰਾਤ ਕੀਤੀ ਟੁੰਡੇ ਦੌੜ ਮੀਆਂ।
ਉਹ ਵੀ ਲੁੱਟਿਆ ਲਾਟ ਨੇ ਆਣ ਡੇਰਾ, ਤੁਪਾਂ ਸਭ ਖੋਹੀਆਂ ਕੀਤੀ ਚੌੜ ਮੀਆਂ।

Scanned by CamScanner

ਵੱਲੀਂ ਅਬੂਰਏਲੇ ਦੀਆਂ ਪਤਲੀਆਂ ਨੇ, ਅੱਧ ਘੜੀ ਲੜਾਈ ਦੀ ਸੋਜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਏ ਡੇਰੇ, ਕਰ ਆਏ ਨੀਂ ਤਰਟੀਆਂ ਚੋਜ ਮੀਆਂ।

ਪਹਿਲੇ ਹੌਲਿਓਂ ਸਿੰਘ ਜੋ ਨਿਕਲ ਸਾਰੇ, ਪਏ ਅੱਝੜੇ ਅੱਝੜੇ ਜਾਂਵਦੇ ਨੀਂ।
ਲੁੱਟੇ ਗਏ ਸਾਰੇ ਰਹੀ ਇਕ ਕੁੜਤੀ, ਬਾਂਹਾਂ ਹਿੱਕ ਦੇ ਨਾਲ ਲਗਾਂਵਦੇ ਨੀਂ।
ਅੱਗੋਂ ਲੱਕ ਲੜਾਈ ਦੀ ਗੱਲ ਪੁੱਛਣ, ਜੋਭਾਂ ਹੋਠਾਂ ਥੀਂ ਖੋਲ੍ਹ ਦਿਖਾਂਵਦੇ ਨੀਂ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਥੋਂ, ਨਵੇਂ ਕਪੜੇ ਹੋਰ ਸਿਵਾਂਵਦੇ ਨੀਂ।

ਕਹਿੰਦੇ ਜੋਉਂਦੇ ਫੇਰ ਨਾ ਕਦੀ ਜਾਣਾ, ਮੂੰਹ ਨਾ ਲੱਗਣਾ ਉਸ ਚੰਡਾਲ ਦੇ ਜੀ।
ਕਿਤੇ ਜਾਏ ਕੇ ਚਾਰ ਦਿਨ ਕੱਟ ਆਈਏ, ਢੂੰਡਣ ਆਉਣਗੇ ਸਾਡੜੇ ਨਾਲ ਦੇ ਜੀ।
ਰੁਸਾਂ ਆਖਣਾ ਮਰ ਗਿਆ ਲੁਧਿਆਣੇ, ਅਸੀਂ ਫਿਰਦੇ ਹਾਂ ਢੂੰਡਦੇ ਭਾਲਦੇ ਜੀ।
ਸ਼ਾਹ ਮੁਹੰਮਦਾ ਰਹੇ ਹਥਿਆਰ ਉੱਥੇ, ਲੀੜੇ ਨਹੀਂ ਆਏ ਸਾਡੇ ਨਾਲ ਦੇ ਜੀ।

ਪਿਛੇ ਬੈਠ ਸਰਦਾਰਾਂ ਗੁਰਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਪੱਗ ਦਾੜ੍ਹੀਆਂ ਦੀ ਰਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ, ਇੰਹਨਾਂ ਖੋਲ੍ਹ ਦਿਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੀ ਰਾਜ ਨਾ ਹੋਏ ਮੁਹਤਾਜ ਯਾਰੋ।

ਤੀਜੀ ਵਾਰ ਠਲਕਾਰ ਕੇ ਪਏ ਗੋਰੇ, ਵੇਲੇ ਗਜ਼ਬ ਦੇ ਹੋਏ ਤੰਬੂਰ ਮੀਆਂ।
ਕੱਸ ਲਈਆਂ ਨੀਂ ਸਿੰਘਾਂ ਨੇ ਤੁਰਤ ਕਮਰਾਂ, ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ।
ਪਹਿਲਾ ਬਾਂਵਿਓਂ ਆਣ ਕੇ ਚੋਰ ਦਿਤਾ, ਪਿਆ ਦਲਾਂ ਦੇ ਵਿਚ ਫ਼ਤੂਰ ਮੀਆਂ।
ਸ਼ਾਹ ਮੁਹੰਮਦਾ ਠੱਸ ਕੇ ਜਾਣ ਕਿਥੇ, ਏਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ।

ਆਦੀਆਂ ਪਤਲਾਂ ਬੀੜ ਕੇ ਤੋਪਖ਼ਾਨੇ, ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿਧੇ, ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਪਏ ਬਾਂਵਿਉਂ ਹੋਏ ਕੇ ਫੇਰ ਧਾਵਾ, ਫ਼ਰਾਂਸੀਸ ਤੇ ਜਿਥੇ ਸੀ ਚਾਰ ਯਾਰੀ।
ਕੁੰਡਲ ਘੱਤਿਆ ਵਾਂਗ ਕਮਾਨ ਗੋਸ਼ੇ, ਬਣੀ ਆਣ ਸਰਦਾਰਾਂ ਨੂੰ ਬਹੁਤ ਖ਼ੁਆਰੀ।
ਤੇਜ਼ ਸਿੰਘ ਸਰਦਾਰ ਪੁਲ ਵੱਢ ਦਿਤਾ, ਘਰੀਂ ਨੱਸ ਨਾ ਜਾਏ ਇਹ ਫ਼ੌਜ ਸਾਰੀ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ, ਅਤੇ ਜਾਨ ਨਾ ਕਰਨਗੇ ਫੇਰ ਪਿਆਰੀ।"

ਸ਼ਾਹ ਮੁਹੰਮਦ ਨੇ ਗੁਰਦਿਆਲ ਸਿੰਘ ਵਲ ਮੂੰਹ ਕਰ ਕੇ ਕਿਹਾ, "ਖਿਮਾ ਕਰਨੀ ਬਦੀ ਮੈਂ ਮਾਹਿਲਾਂ ਦਾ ਨਾਂ ਉਚੇਚਾ ਨਹੀਂ ਪਾਇਆ। ਭੁੱਲ ਹੋ ਗਈ।"

"ਕੋਈ ਗੱਲ ਨਹੀਂ, ਕਵੀ ਜੀ। ਅਸੀਂ ਵਿਖਾਵੇ ਲਈ ਰਾਜ ਦੀ ਸੇਵਾ ਨਹੀਂ ਕੀਤੀ।"

"ਲਓ ਹੁਣ ਮੇਰਾ ਸਭ ਤੋਂ ਕੀਮਤੀ ਬੰਦ ਸੁਣੋ", ਸ਼ਾਹ ਮੁਹੰਮਦ ਨੇ ਕਿਹਾ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀਂ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀਂ।
ਸਣੇ ਆਦਮੀਆਂ ਗੋਲੀਆਂ ਨਾਲ ਉੱਡਣ, ਹਾਥੀ ਡਿਗਦੇ ਸਣੇ ਅੰਬਾਰੀਆਂ ਨੀਂ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ।

Scanned by CamScanner

ਇਸ ਬੰਦ ਦਾ ਆਖ਼ਰੀ ਮਿਸਰਾ ਲੋਕਾਂ ਨੇ ਤਿੰਨ ਚਾਰ ਵਾਰੀ ਪੜ੍ਹਿਆ ਤੇ ਫਿਰ ਲਗ ਭਗ ਸਭਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਆਪ ਸ਼ਾਹ ਮੁਹੰਮਦ ਦਾ ਜਿਵੇਂ ਗੱਚ ਭਰ ਗਿਆ ਤੇ ਕੁਝ ਮਿੰਟਾਂ ਲਈ ਉਹ ਪੜ੍ਹ ਨਾ ਸਕਿਆ।

"ਹੁਣ ਥੱਤੇ ਬੰਦ ਹੀ ਰਹਿ ਗਏ ਹਨ।"

ਉਸ ਪਤਲੀ ਆਵਾਜ਼ ਵਿਚ ਸ਼ੁਰੂ ਕੀਤਾ :

"ਕਈ ਸੂਰਮੇ ਮਾਰ ਕੇ ਮੋਏ ਉੱਥੇ, ਜਿਨ੍ਹਾਂ ਹੱਥ ਕੀਤੇ ਤੇਗ਼ਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਓ ਡੋਬੇ, ਛੱਰੇ ਮਾਰਿਓ ਨੇ ਤੋਪਾਂ ਚੰਗੀਆਂ ਦੇ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ, ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨਾ ਰੱਬ ਲਿਆਵੇ, ਫਿਰ ਜੰਗ ਦੇ ਨਾਲ ਫ਼ਰੰਗੀਆਂ ਦੇ।

"ਇਸ ਤਰ੍ਹਾਂ ਕਿਸੇ ਨਹੀਂ ਸੋਚਿਆ, ਬੇਬੇ।" ਅਜੀਤ ਕੂਹਿਆ।

"ਮੈਨੂੰ ਵਿਸ਼ਵਾਸ ਹੈ, ਅਜੀਤ।" ਗੁਰਮੀਤ ਨੇ ਕਿਹਾ।

"ਕਈ ਮਾਵਾਂ ਦੇ ਪੁੱਤ ਨੀਂ ਮੋਏ ਉੱਥੇ, ਸੀਨੇ ਲਗੀਆਂ ਤੇਜ਼ ਕਟਾਰੀਆਂ ਨੀਂ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ, ਪਈਆਂ ਰੋਂਦੀਆਂ ਫਿਰਨ ਬਿਚਾਰੀਆਂ ਨੀਂ।
ਚੰਜ਼ੇ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ, ਖੁਲ੍ਹੇ ਵਾਲ ਤੇ ਫਿਰਨ ਵਿਚਾਰੀਆਂ ਨੀਂ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮੋਏ, ਪਈਆਂ ਰਾਜ ਦੇ ਵਿਚ ਖੁਆਰੀਆਂ ਨੀਂ।

ਲਿਖਿਆ ਤੁਰਤ ਪੈਗਾਮ ਰਾਣੀ ਜਿੰਦ ਕੌਰਾਂ, ਕੋਈ ਤੁਸਾਂ ਨੇ ਦੇਰ ਨਹੀਂ ਲਾਵਣੀ ਜੀ।
ਰਹਿੰਦੀ ਫ਼ੌਜ ਦਾ ਕਰੋ ਇਲਾਜ ਕੋਈ, ਕਾਬੂ ਤੁਸਾਂ ਬਗ਼ੈਰ ਨਾ ਆਵਣੀ ਜੀ।
ਮੇਰੀ ਜਾਨ ਦੇ ਰੱਬ ਜਾਂ ਤੁਸੀਂ ਰਾਖੇ, ਪਾਓ ਵਿਚ ਲਾਹੌਰ ਦੇ ਛਾਵਣੀ ਜੀ।
ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ, ਅੱਗੇ ਹੋਰ ਕੀ ਰੱਬ ਨੂੰ ਭਾਵਣੀ ਜੀ।"

"ਜਿਵੇਂ ਮੈਂ ਕਿਹਾ ਹੈ, ਕਈ ਇਸ ਗੱਲ ਨੂੰ ਠੀਕ ਨਹੀਂ ਮੰਨਦੇ, ਪਰ ਮੈਂ ਉਹੋ ਲਿਖਿਆ ਹੈ, ਜੋ ਲੋਕਾਂ ਦੇ ਮੂੰਹਾਂ ਉੱਤੇ ਹੈ।" ਸ਼ਾਹ ਮੁਹੰਮਦ ਨੇ ਆਖਿਆ।

"ਪੁਲ ਬੱਧਾ ਫ਼ਰੰਗੀ ਨੇ ਖ਼ਬਰ ਸੁਣ ਕੇ, ਲਾਂਘੇ ਪਾਏ ਨੀਂ ਵਿਚ ਪਲਕਾਰਿਆਂ ਦੇ।
ਆਏ ਸ਼ਹਿਰ ਲਾਹੌਰ ਨੂੰ ਖ਼ੁਸ਼ੀ ਕਰਦੇ, ਵਾਜੇ ਵੱਜਦੇ ਨਾਲ ਨਗਾਰਿਆਂ ਦੇ।
ਅੱਗੋਂ ਸਭ ਪਠਾਣ ਲੈ ਮਿਲੇ ਨਜ਼ਰਾਂ, ਪਿਛੋਂ ਪੈਂਚ ਆਏ ਮੁਲਖ਼ਾਂ ਸਾਰਿਆਂ ਦੇ।
ਸ਼ਾਹ ਮੁਹੰਮਦਾ ਆਣ ਲਹਾਣ ਲੱਥੇ, ਹੱਭੇ ਦੇਸ਼ ਤੇ ਥਾਉਂ ਟਿਕਾਣਿਆਂ ਦੇ।

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ, ਬਾਂਹੋਂ ਪਕੜ ਲਾਹੌਰ ਲਿਆਂਵਦਾ ਈ।
ਸਾਹਬ ਲੋਕ ਜੀ ਅਸਾਂ ਪਰ ਦਇਆ ਕਰਨੀ, ਉਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿਤੇ ਕੱਢ ਮਲਵੱਈ ਦੁਆਬੀਏ ਜੀ, ਵਿਚੋਂ ਸਿੰਘਾਂ ਦੀ ਫ਼ੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ਼ ਪਹਾੜ ਲੈ ਕੇ, ਤੁਰਤ ਜੰਮੂ ਨੂੰ ਕੂਚ ਕਰਾਂਵਦਾ ਈ।

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ, ਪਾਈ ਛਾਉਣੀ ਵਿਚ ਲਾਹੌਰ ਦੇ ਜੀ।
ਰਹੀ ਮਾਲਵਾ ਪਾਰ ਦਾ ਮੁਲਖ਼ ਸਾਰਾ, ਠਾਣਾ ਘੱਤਿਆ ਵਿਚ ਫ਼ਲੌਰ ਦੇ ਜੀ।
ਲਿਆ ਸ਼ਹਿਰ ਲਾਹੌਰ ਫ਼ੀਰੋਜ਼ਪੁਰਾ, ਜਿਹੜੇ ਟਕੇ ਆਵਣ ਨੰਦ ਚੋਰ ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮੱਲ ਲੀਤਾ, ਉਹਦੇ ਕੰਮ ਗਏ ਸਾਰੇ ਸੋਰਦੇ ਜੀ।

ਰਹਿੰਦਾ ਮੁਲਕ ਫ਼ਰੰਗੀ ਦੇ ਪਿਆ ਪੇਟੇ, ਕੀਤਾ ਹੁਕਮ ਫ਼ਰੰਗੀਆਂ ਸਾਰਿਆਂ ਨੇ।
ਸਾਰੀ ਫ਼ੌਜ ਨੂੰ ਚਾ ਜੁਆਬ ਦਿਤਾ, ਦਿਤੀ ਨੌਕਰੀ ਛੱਡ ਵਿਚਾਰਿਆਂ ਨੇ।

Scanned by CamScanner

ਪਿਛੋਂ ਸਾਂਭ ਲੀਤਾ ਮੁਲਕ ਕਾਮਦਾਰਾਂ, ਬਖਤਾਵਰਾਂ ਤੇ ਨੇਕ ਸਤਾਰਿਆਂ ਨੇ।
ਸ਼ਾਹ ਮੁਹੰਮਦਾ ਲੱਕ ਵਿਰਾਨ ਹੋਏ, ਤੋੜ ਸੁੱਟਿਆ ਮੁਲਕ ਇਜਾਰਿਆਂ ਨੇ।

ਕੀਤਾ ਅਕਲ ਦਾ ਪੋਚ ਰਾਣੀ ਜਿੰਦ ਕੌਰਾਂ, ਮੱਥਾ ਦੋਹਾਂ ਪਾਤਸ਼ਾਹੀਆਂ ਦਾ ਜੋੜਿਆ ਈ।
ਗੁੱਝੀ ਰਮਜ਼ ਕਰ ਕੇ ਰਹੀ ਆਪ ਸੱਚੀ, ਬਦਲਾ ਤੁਰਤ ਛਿਰਾਉ ਦਾ ਮੋੜਿਆ ਈ।
ਲਏ ਤੁਰਤ ਮੁਸਾਹਿਬ ਲਪੇਟ ਰਾਣੀ, ਲਸ਼ਕਰ ਵਿਚ ਦਰਿਆਓ ਦੇ ਰੋੜ੍ਹਿਆ ਈ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ, ਉਸ ਕੁਫਰ ਮੁਦੱਈ ਦਾ ਤੋੜਿਆਂ ਈ।

ਪਿਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ, ਕਹੀ ਚੜ੍ਹੀ ਹੈ ਚਹਿਰ ਦੀ ਘਾਣ ਮਾਈ।
ਬਿਛਾਂ ਖੁੰਦਰਾਂ ਵਿਚ ਫਸਾਏ ਕੇ ਜੀ, ਸਾਡੇ ਲਾਹ ਸੁਟੇ ਤੂੰ ਤਾਂ ਘਾਣ ਮਾਈ।
ਚੱਥ ਧੋ ਕੇ ਮਗਰ ਕਿਉਂ ਪਈ ਸਾਡੇ, ਘਰੀਂ ਅਜੇ ਨਾ ਦੇਨੀ ਹੈਂ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ ਹਥਿਆਰ ਕੈਂਠੇ, ਨਾਲ ਕੁੜਤੀਆਂ ਲਏ ਪਛਾਣ ਮਾਈ।

ਹੁੰਦੇ ਆਏ ਨੀਂ ਰੰਨਾਂ ਦੇ ਧੁਰੋਂ ਕਾਰੇ, ।"

ਪਿਛੇ ਬੈਠੀਆਂ ਇਸਤਰੀਆਂ ਵਲ ਮੂੰਹ ਕਰ ਕੇ ਉਸ ਕਿਹਾ : "ਮੈਨੂੰ ਮੁਆਫ਼ ਕਰਨਾ ਬਈ ਜੇ ਤੁਹਾਨੂੰ ਬੁਰਾ ਲਗੇ। ਮੇਰੀ ਚਿੱਟੀ ਦਾੜ੍ਹੀ ਵਾਸਤੇ ਹੀ।"

"ਹੁੰਦੇ ਆਏ ਨੀਂ ਰੰਨਾਂ ਦੇ ਧੁਰੋਂ ਕਾਰੇ, ਲੰਕਾ ਵਿਚ ਤਾਂ ਰਾਵਣ ਕੁਹਾਏ ਦਿਤਾ।
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ, ਠਾਰ੍ਹਾਂ ਖੂਹਣੀਆਂ ਕਟਕ ਮੁਕਾਏ ਦਿਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ, ਮਾਰ ਅੱਡੀਆਂ ਹੋਸ਼ ਭੁਲਾਏ ਦਿਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ, ਸਾਰੇ ਦੇਸ਼ ਦਾ ਫ਼ਰਸ਼ ਉਠਾਏ ਦਿਤਾ।

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ, ਹੋਇਆ ਸਿੰਘਾਂ ਦਾ ਕੰਮ ਆਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆ ਮੁਸਲਮਾਨਾਂ, ਉਹਨਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ, ਖ਼ੁਦੀ ਆਪਣੀ ਵਿਚ ਮਹਾਸਤਾ ਈ।
ਸ਼ਾਹ ਮੁਹੰਮਦਾਂ ਦੌਲਤਾਂ ਜਮਾਂ ਕਰਦਾ, ਸ਼ਾਹੂਕਾਰ ਦਾ ਪੁੱਤ ਗੁਮਾਸ਼ਤਾ ਈ।

ਜਿਹੜੀ ਹੋਣੀ ਸੋ ਲਈ ਹੈ ਵੇਖ ਅਖੀਂ, ਅਗੇ ਹੋਰ ਕੀ ਬਣਤ ਬਣਾਂਵਦੀ ਜੀ।
ਇਕ ਘੜੀ ਦੀ ਕੁਝ ਉਮੈਦ ਨਾਹੀਂ, ਕਿਸੇ ਲਈ ਹਾੜੀ ਕਿਸੇ ਸਾਵਣੀ ਜੀ।
ਨਿਕੇ ਪੋਚ ਹੁਣ ਬੈਠ ਕੇ ਕਰਨ ਗੱਲਾਂ, ਅਸੀਂ ਡਿਠੀ ਫ਼ਰੰਗੀ ਦੀ ਛਾਵਣੀ ਜੀ।
ਸ਼ਾਹ ਮੁਹੰਮਦਾ ਨਹੀਂ ਮਲੂਮ ਸਾਨੂੰ ਅਗੇ ਹੋਰ ਕੀ ਖੇਡ ਵਖਾਵਣੀ ਜੀ।

ਸੰਮਤ ਉਨੀ ਸੌ ਦੂਸਰਾ ਵਰਤਿਆ ਸੀ, ਜਦੋਂ ਹੋਇਆ ਫ਼ਰੰਗੀ ਦਾ ਜੰਗ ਮੀਆਂ।
ਹੈਸੀ ਖ਼ੂਨ ਦੀ ਉਹ ਜ਼ਮੀਨ ਪਿਆਸੀ, ਹੋਈ ਸੁਰਖ਼ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ, ਜੈਸੇ ਚੜ੍ਹੇ ਆਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਏ ਬਾਜੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ।"

ਕਿੱਸਾ ਖ਼ਤਮ ਹੋਇਆ। ਕਵੀ ਨੇ ਆਪਣੇ ਪੱਤਰੇ ਸਾਂਭੇ। ਲੋਕਾਂ ਨੇ ਆਪਣੀਆਂ ਅੱਖਾਂ ਪੂੰਝੀਆਂ। ਕਵੀ ਨੂੰ ਦਾਦ ਦਿਤੀ ਤੇ ਬਹੁਤੇ ਆਦਮੀ ਉਹਦੇ ਦਵਾਲੇ ਜੁੜ ਗਏ। ਪਰਛਾਵੇਂ ਢਲਣ ਲੱਗੇ।

Scanned by CamScanner

ਗੁਰਦਿਆਲ ਸਿੰਘ ਮਾਹਿਲ ਨੇ, ਮਾਹਿਲ ਘਰਾਣੇ ਵਲੋਂ, ਕਵੀ ਸ਼ਾਹ ਮੁਹੰਮਦ ਨੂੰ ਇਕ ਮੱਝ ਤੇ ਪੰਜ ਜੋੜੇ ਕਪੜਿਆਂ ਦੇ ਦਿਤੇ ਤੇ ਉਹਨੇ ਕਿਹਾ : "ਕਵੀਸ਼ਰ ਜੀ ! ਅੱਜ ਅਸੀਂ ਮਾਹਿਲ ਇਸ ਤੋਂ ਵੱਧ ਕੁਝ ਦੇਣ ਜੋਗੇ ਨਹੀਂ। ਜਿਵੇਂ ਤੁਸੀਂ ਆਪ ਹੀ ਆਪਣੇ ਜੰਗ ਨਾਮੇ ਵਿਚ ਕਿਹਾ ਹੈ; 'ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।' ਸਾਡੀ ਵਡਿਆਈ ਜੇ ਸਰਕਾਰ ਨਾਲ ਨਹੀਂ ਤਾਂ ਹਰਪਾਲ ਨਾਲ ਜ਼ਰੂਰ ਮੁਕ ਗਈ ਹੈ।"

"ਮਾਹਿਲ ਸਰਦਾਰ ਸਾਹਿਬ ! ਖ਼ੁਦਾ ਕਰੇ ਕਿ ਤੁਹਾਡੀ ਵਡਿਆਈ ਕਦੀ ਨਾ ਘਟੇ। ਘਰਾਣੇ ਦੀ ਵਡਿਆਈ ਜ਼ਮੀਨ, ਫੀਲਾਂ ਤੇ ਘੋੜਿਆਂ ਨਾਲ ਨਾਪੀ ਨਹੀਂ ਜਾਂਦੀ। ਘਰਾਣਾ ਉਹ ਵੱਡਾ ਜਿਹਦੇ ਵਿਚ ਕਿ ਸੱਚੇ ਨਿਸ਼ਕਾਮ ਤੇ ਉੱਚੇ ਆਦਰਸ਼ਾਂ ਵਾਲੇ ਮਨੁਖ ਹੋਣ ਤੇ ਮੈਨੂੰ ਸ਼ਕ ਨਹੀਂ ਕਿ ਮਾਹਿਲਾਂ ਵਿਚ ਅਜਿਹੇ ਲੋਕਾਂ ਦੀ ਕਦੀ ਘਾਟ ਨਹੀਂ ਹੋਵੇਗੀ।"

"ਮੇਰੀ ਵੀ ਇਹੋ ਪ੍ਰਾਰਥਨਾ ਹੈ, ਸ਼ਾਹ ਮੁਹੰਮਦਾ !"

"ਕਾਸ਼ ! ਮੈਂ ਐਨਾ ਕਮਜ਼ੋਰ ਨਾ ਹੋ ਗਿਆ ਹੁੰਦਾ। ਮੇਰਾ ਜੀ ਕਰਦਾ ਹੈ ਕਿ ਮੈਂ ਮਾਹਿਲ ਘਰਾਣੇ ਦੀ ਵਾਰ ਲਿਖਾਂ। ਪਰ ਵੇਖੋ ਕਿਸਮਤ ਕਿਥੋਂ ਤਕ ਯਾਵਰੀ ਕਰਦੀ ਹੈ।"

ਸ਼ਾਹ ਮੁਹੰਮਦ ਚਲਾ ਗਿਆ, ਪਰ ਉਹਦੇ ਜੰਗ ਨਾਮੇ ਦੀਆਂ ਤੁਕਾਂ ਮਾਹਿਲ ਦੀ ਪੱਤੀ/ ਦੇ ਬੇਲਿਆਂ ਵਿਚ ਗੂੰਜਦੀਆਂ ਰਹੀਆਂ। ਗੋਡੀ ਵਾਢੀ ਕਰਦੇ ਲੋਕ ਇਸ ਜੰਗ ਨਾਮੇ ਨੂੰ ਧਿਆਉਂਦੇ, ਘਰ ਮੁੜਦਿਆਂ ਜਾਂ ਵਾਂਢੇ ਜਾਂਦਿਆ ਲੋਕ ਇਸ ਜੰਗ ਨਾਮੇ ਨੂੰ ਗਾਉਂਦੇ। ਖੇਤਾਂ ਵਿਚ ਕੰਮ ਕਰਦੇ ਜਦੋਂ ਆਦਮੀ ਥੱਕ ਜਾਂਦੇ ਤਾਂ ਜੰਡ ਦੀ ਛਾਵੇਂ ਬੈਠ ਕੇ ਕੋਈ "ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ," ਵਾਲਾ ਬੰਦ ਸ਼ੁਰੂ ਕਰ ਦੇਂਦਾ। ਪਿੰਡ ਵਿਚ ਜਦੋਂ ਖ਼ੂਹ ਉੱਤੇ ਕੋਈ ਪਰ੍ਹਾ ਜੁੜਦਾ ਤਾਂ ਵੀ ਕੋਈ, "ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ" ਦੀ ਸੁਰ ਉੱਚੀ ਕਰਦਾ।

ਪਰ ਹੈਰਾਨੀ ਦੀ ਗੱਲ ਇਹ ਸੀ ਕਿ ਅਜੀਤ, ਜਿਹੜਾ ਸ਼ਾਹ ਮੁਹੰਮਦ ਦੇ ਮਾਹਿਲ ਆਉਣ ਤੋਂ ਪਹਿਲੇ, ਉਹਦੇ ਜੰਗ ਨਾਮੇ ਦੀਆਂ ਅਨੇਕ ਤੁਕਾਂ ਗਾਉਂਦਾ ਫਿਰਦਾ ਸੀ, ਹੁਣ ਕਦੀ ਇਹਦਾ ਜ਼ਿਕਰ ਨਾ ਕਰਦਾ। ਸ਼ਾਹ ਮੁਹੰਮਦ ਦੇ ਜਾਣ ਤੋਂ ਕੁਝ ਦਿਨ ਪਿਛੋਂ ਉਸ ਗੁਰਮੀਤ ਨਾਲ ਗੱਲ ਕੀਤੀ :

"ਬੇਬੇ ! ਲੋਕ ਤਾਂ ਸ਼ਾਹ ਮੁਹੰਮਦ ਨੂੰ ਮਹਾਨ ਕਵੀ ਸਮਝਦੇ ਹਨ ਤੇ ਉਹਦੇ ਜੰਗ ਨਾਮੇ ਦੀਆਂ ਤੁਕਾਂ ਘਰ ਘਰ ਗਾਈਆਂ ਜਾ ਰਹੀਆਂ ਹਨ, ਪਰ ਮੈਨੂੰ ਇਹ ਜੰਗ ਨਾਮਾ ਚੰਗਾ ਨਹੀਂ ਲਗਾ। ਵਿਚੋਂ ਵਿਚੋਂ ਟਾਵੀਆਂ ਸਤਰਾਂ ਦੀ ਗੱਲ ਹੋਰ ਹੈ, ਪਰ ਸਮੁੱਚਾ ਕਿੱਸਾ ਐਡੇ ਉੱਚ ਪਾਏ ਦਾ ਨਹੀਂ।"

"ਕਿਉਂ ?"

"ਇਸ ਲਈ ਕਿ ਲਗ ਭਗ ਅੱਧਾ ਕਿੱਸਾ ਤਾਂ ਉਹਨੇ ਜੰਗ ਤੋਂ ਪਹਿਲੇ ਦੇ ਹਾਲਾਤਾਂ ਨਾਲ ਭਰ ਦਿਤਾ ਹੈ ਤੇ ਬਾਕੀ ਦੇ ਅੱਧੇ ਕਿੱਸੇ ਵਿਚ ਵੀ ਜੰਗ ਨਾਲ ਸੰਬੰਧਤ ਬੰਦ ਥੋੜੇ ਹੀ ਹਨ।"

"ਇਸ ਵਿਚ ਤਾ ਕੋਈ ਸ਼ੱਕ ਨਹੀਂ।"

"ਤੇ ਫਿਰ ਬੇਬੇ ! ਸਾਰੇ ਕਿੱਸੇ ਵਿਚ ਐਨੀਆਂ ਇਤਿਹਾਸਕ ਭੁਲਾਂ ਹਨ। ਤੇਜ ਸਿੰਘ ਤੇ ਲਾਲ ਸਿੰਘ ਦੀ ਗ਼ੱਦਾਰੀ ਦਾ ਕਿਤੇ ਜ਼ਿਕਰ ਨਹੀਂ। ਗੁਲਾਬ ਸਿੰਘ ਦੀਆਂ ਕਰਤੂਤਾਂ ਕਿਤੇ ਨਹੀਂ ਫੋਲੀਆਂ। ਤੇਜ ਸਿੰਘ ਦੇ ਪੁੱਲ ਤੋੜਨ ਦਾ ਨਿਰਣੇ ਪੂਰਵਕ ਹਾਲ ਨਹੀਂ ਦਿਤਾ ਤੇ ਸਭ ਤੋਂ ਵੱਡੀ ਗੱਲ ਕਿ ਰਾਜ ਮਾਤਾ ਉੱਤੇ ਅਜਿਹੇ ਇਲਜ਼ਾਮ ਥੋਪੇ ਹਨ ਕਿ ਸਦੀਆਂ ਤਕ ਪਾਕ ਨਹੀਂ ਹੋਣਗੇ।"

Scanned by CamScanner

"ਜਦੋਂ ਮੈਂ ਜੰਗ ਨਾਮਾ ਸੁਣ ਰਹੀ ਸਾਂ ਤਾਂ ਮੇਰੇ ਦਿਲ ਵਿਚ ਵੀ ਰਹਿ ਰਹਿ ਕੇ ਉਬਾਲ ਉਠਦੇ। ਇਸ ਕਿੱਸੇ ਦੀ ਹਰ ਮਨ ਪਿਆਰੜਾ ਇਹਨਾਂ ਇਤਿਹਾਸਕ ਭੁੱਲਾਂ ਨੂੰ ਪੱਕਿਆਂ ਕਰ ਦਏਗੀ। ਕੋਈ ਸਚਾਈ ਨਹੀਂ ਵੇਖੇਗਾ। ਪਰ ਦਸ ਕੀ ਕੀਤਾ ਜਾ ਸਕਦਾ ਹੈ ?"

"ਸਾਨੂੰ ਇਹ ਜੰਗ ਨਾਮਾ ਹਰ-ਮਨ ਪਿਆਰਾ ਨਹੀਂ ਹੋਣ ਦੇਣਾ ਚਾਹੀਦਾ।"

"ਪਰ ਪੁੱਤਰ ਜਿਸ ਜੰਗਨਾਮੇ ਵਿਚ ਇਹ ਰੂਕ ਹੋਵੇ, 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ।' ਉਹ ਜੰਗਨਾਮਾ ਕਿਵੇਂ ਹਰਮਨ ਪਿਆਰਾ ਨਾ ਹੋਵੇਗਾ ? ਬੇਸ਼ਕ ਇਸ ਭਾਂਤ ਦੇ ਬੰਦ ਥੋੜੇ ਹਨ, ਪਰ ਇਹਦੇ ਵਿਚ ਸ਼ੱਕ ਨਹੀਂ ਕਿ ਇਹ ਪੰਜਾਬੀਆਂ ਦੇ ਮਨਾਂ ਨੂੰ ਟੁੰਬ ਗਏ ਹਨ। ਇਹਨਾਂ ਬੰਦਾਂ ਵਿਚ ਸ਼ਾਹ ਮੁਹੰਮਦ ਨੇ ਸਾਡੇ ਦਿਲਾਂ ਦੀ ਅਸਲੀ ਤਰਜਮਾਨੀ ਕੀਤੀ ਹੈ।"

"ਇਹ ਤਾਂ ਠੀਕ ਹੈ। ਪਰ ਬੇਬੇ ਉਹਨੇ ਮਾਹਿਲਾਂ ਬਾਰੇ ਇਕ ਹਰਫ਼ ਵੀ ਨਹੀਂ ਲਿਖਿਆ।"

"ਤੇ ਫਿਰ ਕੀ ਹੋਇਆ। ਝੱਲਾ ਨਾ ਹੋਵੇ ਤਾਂ। ਐਨੇ ਤੰਗ ਦਿਲ ਨਹੀਂ ਹੋਈਦਾ। ਤੇ ਸੁਣ ਇਸ ਜੰਗ ਨਾਮੇ ਵਿਚ ਸ਼ਾਹ ਮੁਹੰਮਦ ਦੀ ਸਭ ਤੋਂ ਵਡੀ ਦੇਣ ਉਹਦੀ ਅਜੋਕੇ ਪੰਜਾਬ ਦੇ ਵਾਸਤਵਿਕ ਹਾਲਾਤਾਂ ਬਾਰੇ ਟੀਕਾ ਟਿਪਣੀ ਹੈ। ਸ਼ਾਹ ਮੁਹੰਮਦ ਨੇ ਦਸਿਆ ਹੈ ਕਿ ਕਿਵੇਂ ਹਿੰਦੂ, ਸਿੱਖ ਤੇ ਮੁਸਲਮਾਨ, ਮਹਾਰਾਜਾ ਰਣਜੀਤ ਸਿੰਘ ਦੀ ਨੇਤਰਵਤਾ ਥੱਲੇ, ਇਕ ਕੌਮ ਬਣ ਕੇ ਵਸੇ ਤੇ ਕਿਵੇਂ ਪੰਜਾਬ ਦੀ ਆਜ਼ਾਦੀ ਖੁਸਣ ਉੱਤੇ ਤਿੰਨੇ ਕੌਮਾਂ ਨੇ ਲਹੂ ਦੇ ਅੱਥਰੂ ਵਹਾਏ। ਉਹ ਕਹਿੰਦਾ ਹੈ ਕਿ ਵੱਡੀ ਸਾਂਝ ਹੈ ਹਿੰਦੂਆਂ, ਮੁਸਲਮਾਨਾਂ, ਉਹਨਾਂ ਨਾਲ ਨਾ ਕਿਸੇ ਦਾ ਵਾਸਤਾ ਈ। ਉਹਨਾਂ ਤੋਂ ਮਤਲਬ ਹੈ ਤੀਸਰੀ ਜ਼ਾਤ ਵਾਲੇ ਅੰਗਰੇਜ਼। ਅਜੀਤ, ਤੂੰ ਯਾਦ ਰੱਖੀਂ ਕਿ ਹਿੰਦੂਆਂ ਮੁਸਲਮਾਨਾਂ ਵਿਚ ਸਦਾ ਅੱਜ ਜਿਹੀ ਸਾਂਝ ਨਹੀਂ ਰਹਿਣੀ। ਫ਼ਰੰਗੀਆਂ ਨੇ ਸਾਡੇ ਵਿਚ ਚਕੂਰ ਫੁਟ ਪੁਆ ਦੇਣੀ ਹੈ, ਪਰ ਸਦੀਆਂ ਦੇ ਬੀਤਣ ਪਿਛੋਂ ਵੀ ਕੋਈ ਸਿੱਖਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਆਦਰਸ਼ਾਂ ਤੇ ਉਹਨਾਂ ਦੀਆਂ ਮਹਾਨ ਕੀਤੀਆਂ ਨੂੰ ਝੁਟਲਾ ਨਹੀਂ ਸਕੇਗਾ। ਸ਼ਾਹ ਮੁਹੰਮਦ ਦਾ ਜੰਗ ਨਾਮਾ ਇਸ ਗੱਲ ਦਾ ਸ਼ਾਹਦੀ ਹੈ।"

"ਸ਼ਾਇਦ ਤੂੰ ਠੀਕ ਕਹਿੰਦੀ ਹੈਂ ਬੇਬੇ। ਮੇਰੀ ਉਮਰ ਨਿੱਕੀ ਹੈ। ਮੈਂ ਗੁਹੜੀਆਂ ਗੱਲਾਂ ਨਹੀਂ ਜਾਣਦਾ।"

ਗੁਰਮੀਤ ਨੇ ਅਜੀਤ ਨੂੰ ਘੁਟਿਆ :

"ਤੂੰ ਸਭ ਕੁਝ ਸਮਝਦਾ ਹੈਂ ਮੇਰੇ ਅਜੀਤ ! ਤੇਰੇ ਵਰਗਾ ਸਿਆਣਾ ਮਾਹਿਲ ਮੈਂ ਹੋਰ ਕੋਈ ਨਹੀਂ ਤੱਕਿਆ। ਵਡਾ ਹੋ ਕੇ ਤੂੰ ਕਿਸੇ ਕੋਲੋਂ ਇਤਿਹਾਸਕ ਪੱਖੋਂ ਵੀ ਸੱਚਾ ਇਕ ਅਜਿਹਾ ਜੰਗ ਨਾਮਾ ਲਿਖਵਾਈਂ...।"

ਉਹ ਅਜੇ ਗੱਲਾਂ ਕਰ ਹੀ ਰਹੇ ਸਨ ਕਿ ਹਰਦੀਪ ਉਹਨਾਂ ਕੋਲ ਆਇਆ।

ਹਰਦੀਪ ਸਿੰਘ ਦਾ ਕੱਦ ਲੰਮਾ ਸੀ, ਪਰ ਜੁੱਸਾ ਕਮਜ਼ੋਰ। ਉਮਰ ਤੀਹਾਂ ਕੁ ਸਾਲਾਂ ਦੀ, ਪਰ ਦਾੜ੍ਹੀ ਵਰ੍ਹਿਆਂ ਦੇ ਮੁਕਾਬਲੇ ਵਿਚ ਨਿੱਕੀ ਤੇ ਪਤਲੀ ਪਤਲੀ। ਪੱਗ ਵੀ ਨਿੱਕੀ ਤੇ ਨਵੇਂ ਤਰੀਕੇ ਨਾਲ ਘੱਟ ਘੱਟ ਬੰਨ੍ਹੀ ਹੋਈ। ਹਰਦੀਪ ਸਿੰਘ, ਗੁਰਮੀਤ ਦਾ ਸਭ ਤੋਂ ਵਡਾ ਪੁੱਤਰ ਸੀ। ਦਸ ਪੰਦਰਾਂ ਦਿਨ ਪਹਿਲੇ ਉਹ ਆਪਣੀ ਮਾਂ ਨੂੰ ਲੈਣ ਵਾਸਤੇ ਮਾਹਿਲ ਆਇਆ ਸੀ।

ਹਰਪਾਲ ਦੀ ਮੌਤ ਪਿਛੋਂ ਸਿਰਫ਼ ਇਕ ਵਾਰ ਗੁਰਮੀਤ ਆਪਣੇ ਪੁੱਤਰ ਕੋਲ ਚਿਮਣੀਵਾਲੇ ਗਈ ਸੀ ਤੇ ਓਦੋਂ ਵੀ ਜ਼ਿੰਨ ਮਹੀਨੇ ਤੋਂ ਵਧ ਨਹੀਂ ਸੀ ਰਹੀ। ਉਹਨੂੰ ਮਹਿਸੂਸ ਹੁੰਦਾ ਸੀ ਕਿ ਉਹਦੇ ਪੁੱਤਰ ਨਾਲੋਂ ਵਧ ਮਾਹਿਲ ਘਰਾਣੇ ਨੂੰ ਉਹਦੀ ਲੋੜ ਹੈ। ਉਹਨੂੰ ਲਗਦਾ ਸੀ ਕਿ ਜੇ ਉਹ ਮਾਹਿਲ ਨਾ ਹੁੰਦੀ ਤਾਂ ਮਾਹਿਲ ਟੱਬਰ ਸਮੇਂ ਨਾਲੋਂ ਪਹਿਲੋਂ ਖੇਰੂੰ ਖੇਰੂੰ ਹੋ ਜਾਏਗਾ। ਤੇ ਬੜੀ ਹੱਦ ਤਕ ਇਹ ਗੱਲ ਠੀਕ ਸੀ।

ਦਲੇਰ ਸਿੰਘ, ਹਰਪਾਲ ਤੇ ਗੁਰਦਈ ਦੀਆਂ ਮੌਤਾਂ ਪਿਛੋਂ ਮਾਹਿਲਾਂ ਦੇ ਸਿਰ ਕੋਈ ਕੁੰਡਾ ਨਹੀਂ ਸੀ ਰਿਹਾ। ਹਰਪਾਲ ਦੇ ਨਾਂ ਲਗੀ ਜਾਇਦਾਦ ਦੇ ਖੁੱਸਣ ਪਿਛੋਂ ਹਾਲਾਤ ਹੋਰ ਵੀ ਮੰਦੇ ਹੋ ਗਏ। ਸਭ ਤੋਂ ਸਿਆਣਾ ਪ੍ਰਤਾਪ ਸਿੰਘ ਵੀਹ ਵਰ੍ਹੇ ਹੋਏ ਮਰ ਚੁਕਾ ਸੀ ਤੇ ਗੁਰਦਿਆਲ ਸਿੰਘ ਦੇ ਸਾਧੂ ਸੁਭਾ ਦੀ ਇੱਚਤ ਹੁਣ ਪਹਿਲੇ ਜਿਹੀ ਨਹੀਂ ਸੀ ਰਹੀ। ਚੂਹੜ ਸਿੰਘ ਨੂੰ ਉਂਜ ਘਰਾਣੇ ਦੀ ਜ਼ਿਮੇਵਾਰੀ ਚੁੱਕਣ ਦਾ ਅਹਿਸਾਸ ਨਹੀਂ ਸੀ। ਸੋ ਜੇ ਗੁਰਮੀਤ ਅਜਿਹੇ ਵੇਲੇ ਮਾਹਿਲ ਨਾ ਰਹਿੰਦੀ ਤਾਂ ਹੋ ਸਕਦਾ ਸੀ ਕਿ ਆਪੋ ਵਿਚ ਦੀਆਂ ਨਾਚਾਕੀਆਂ ਕਾਰਨ ਘਰਾਣੇ ਦੀ ਜਥੇਬੰਦ ਅਸਥਿਤੀ ਮੁਕ ਜਾਂਦੀ। ਗੁਰਮੀਤ ਦੇ ਸਾਹਮਣੇ ਟੱਬਰਾਂ ਦੇ ਇਸ ਤਰ੍ਹਾਂ ਬਰਬਾਦ ਹੋਣ ਦੇ ਕਈ ਉਦਾਹਰਣ ਸਨ।

Scanned by CamScanner

ਉਹ ਮਾਹਿਲ ਰਹੀ ਤੇ ਉਸ ਆਪਣੀ ਦਾਨਸ਼ਮੰਦੀ, ਠਰੰਮੇ, ਸ਼ਖ਼ਸੀਅਤ ਤੇ ਦੂਰਿਆਂਦੀ ਸੂਝ ਨਾਲ ਇਸ ਟੱਬਰ ਨੂੰ ਬਚਾ ਲਿਆ । ਉਸ ਵੇਖਿਆ ਕਿ ਗੁਰਦਿਆਲ ਸਿੰਘ ਤੋਂ ਵਧ ਚੂਹੜ ਸਿੰਘ ਨੂੰ ਘਰਾਣੇ ਦੀ ਸਮੁਚੀ ਜ਼ਿਮੇਵਾਰੀ ਚੁੱਕਣੀ ਚਾਹੀਦੀ ਹੈ ਤੇ ਉਸ ਉਹਨੂੰ ਗੱਲਾਂ ਕਰ ਕਰ ਕੇ ਤੇ ਵਲਾ ਵਲਾ ਕੇ ਆਪਣੇ ਚੁਣੇ ਰਾਹ ਉੱਤੇ ਲਿਆਂਦਾ । ਅੰਤ ਚੂਹੜ ਸਿੰਘ ਨੇ ਜ਼ਿਮੇਵਾਰੀ ਚੁਕੀ ਤੇ ਇਸ ਜ਼ਿਮਵਾਰੀ ਨੂੰ ਸੋਹਣੀ ਤਰ੍ਹਾਂ ਨਿਭਾਇਆ । ਫਿਰ ਵੀ ਚੂਹੜ ਸਿੰਘ ਦੇ ਬਹੁਤੇ ਕਰਮਾਂ ਪਿਛੇ ਪਰੇਰਨਾ ਗੁਰਮੀਤ ਹੀ ਰਹੀ ।

ਪਹਿਲੇ ਪਹਿਲੇ ਕਈ ਅਖੜਖਾਂਦ ਮੁੰਡਿਆਂ ਤੇ ਹੋਰਨਾਂ ਇਸਤਰੀਆਂ ਨੇ ਗੁਰਮੀਤ ਦੇ ਚੌਧਰਮੇਂ ਨੂੰ ਨਾ ਪਸੰਦ ਕੀਤਾ, ਪਰ ਹੌਲੀ ਹੌਲੀ ਸਾਰੇ ਉਹਦੀ ਸਿਆਣਪ ਤੇ ਉਹਦੇ ਨਿਆਂਕਾਰੀ ਸੁਭਾਅ ਉੱਤੇ ਵਿਸ਼ਵਾਸ ਕਰਨ ਲਗ ਪਏ । ਉਹਨਾਂ ਵੇਖਿਆ ਕਿ ਗੁਰਮੀਤ ਵਿਚ ਸਵਾਰਥ ਉੱਕਾ ਹੀ ਨਹੀਂ । ਉਹਨਾਂ ਨੂੰ ਪੱਕ ਹੋ ਗਿਆ ਕਿ ਜੇ ਉਹ ਓੱਥੇ ਰਹਿ ਰਹੀ ਹੈ ਤਾਂ ਵੀ ਉਹਨਾਂ ਦੀ ਭਲਾਈ ਵਾਸਤੇ ਤੇ ਜੇ ਉਹ ਕਿਸੇ ਨਾਲ ਵਧ ਘਟ ਕਰਦੀ ਹੈ ਤਾਂ ਵੀ ਉਹਨਾਂ ਦੇ ਘਰਾਣੇ ਦੀ ਇੱਜ਼ਤ ਲਈ ਹੀ ।

ਮਾਹਿਲ ਟੱਬਰ ਦੀ ਵਡਿਆਈ ਵਿਚ ਇਸਤਰੀਆਂ ਦਾ ਹਿੱਸਾ ਬੜਾ ਵਡਾ ਹੈ । ਜੇ ਜਾਂਬਾਜ਼, ਸ਼ਾਹਬਾਜ਼ ਤੇ ਦਲੇਰ ਸਿੰਘ ਦੀ ਸੇਵਾ ਅਥਾਹ ਹੈ ਤਾਂ ਸ਼ੁਭਵੰਤ ਕੌਰ ਤੇ ਗੁਰਦਈ ਦੀ ਦ੍ਰਿੜ੍ਹਤਾ ਤੇ ਸਿਆਣਪ ਤੋਂ ਬਿਨਾਂ ਵੀ ਮਾਹਿਲ ਉਸ ਟੀਸੀ ਉੱਤੇ ਨਾ ਪਹੁੰਚਦੇ ਜਿਥੇ ਕਿ ਸਾਰੇ ਪੰਜਾਬ ਵਿਚ ਉਹਨਾਂ ਦੀ ਇੱਜ਼ਤ ਤੇ ਸਤਿਕਾਰ ਹੋਇਆ । ਅਜ ਗੁਰਦਈ ਤੋਂ ਪਿਛੋਂ ਗੁਰਮੀਤ ਨੇ ਉਹਦੀ ਥਾਂ ਲਈ। ਮਾਹਿਲ ਘਰਾਣੇ ਦੇ ਸਭ ਸਿਆਣੇ ਮੈਂਬਰ ਜਾਣਦੇ ਸਨ ਕਿ ਗੁਰਮੀਤ ਤੋਂ ਸਿਵਾਏ ਕੋਈ ਹੋਰ ਇਸਤਰੀ ਆਪਣੀ ਸ਼ਖ਼ਸੀਅਤ ਜਾਂ ਮਰਿਆਦਾ ਦੇ ਡੂੰਘੇ ਅਹਿਸਾਸ ਨਾਲ ਘਰਾਣੇ ਦੀ ਪਰੇਰਨਾ ਨਹੀਂ ਬਣ ਸਕਦੀ ।

ਪਰ ਅੱਜ ਗੁਰਮੀਤ ਨੂੰ ਲਗਦਾ ਸੀ ਕਿ ਉਹਦਾ ਮਿਸ਼ਨ ਮੁੱਕ ਚੁੱਕਾ ਹੈ । ਅੱਜ ਉਹਨੂੰ ਜਾਪਦਾ ਕਿ ਉਹ ਜਾਂ ਕੋਈ ਹੋਰ ਸ਼ਕਤੀ, ਇਸ ਘਰਾਣੇ ਵਿਚ ਵਧ ਰਹੀਆਂ ਖਿੰਡਾਰੂ ਭਾਵਨਾਵਾਂ ਉੱਤੇ ਗਲਬਾ ਨਹੀਂ ਪਾ ਸਕਦੀ । ਹੁਰ ਕਮਾਲੇ ਰਾਜ਼ਵਾਲੇ ਦੇ ਅਖਾਣ ਅਨੁਸਾਰ ਹੁਣ ਮਾਹਿਲਾਂ ਦੇ ਜ਼ਵਾਲ ਦਾ ਸਮਾਂ ਸੀ । ਆਰਥਕ ਘਾਟੇ ਨਹੀਂ, ਸਿਦਕ ਤੇ ਅਸੂਲਾਂ ਦੇ ਘਾਟੇ ਖ਼ਾਨਦਾਨਾਂ ਨੂੰ ਬਰਬਾਦ ਕਰਦੇ ਹਨ ।

ਖ਼ਾਨਦਾਨ ਦੀ ਇੱਜ਼ਤ ਉੱਤੇ ਸਭ ਤੋਂ ਵਡੀ ਲੀਕ ਚੂਹੜ ਸਿੰਘ ਦੇ ਪੁੱਤਰਾਂ ਹੱਥੋਂ ਲਗ ਰਹੀ ਸੀ । ਵਿਜੈ ਸਿੰਘ, ਬਾਜ ਸਿੰਘ ਤੇ ਕਰਤਾਰ ਸਿੰਘ ਵਿਚੋਂ ਇਕ ਵੀ ਆਦਮੀ ਅਜਿਹਾ ਨਹੀਂ ਸੀ ਜਿਦ੍ਹੇ ਵਿਚ ਘਰਾਣੇ ਵਾਸਤੇ ਤੇ ਸਿੱਖ ਰਾਜ ਵਾਸਤੇ ਪਿਆਰ ਹੁੰਦਾ । ਸਭਰਾਵਾਂ ਦੀ ਲੜਾਈ ਵੇਲੇ ਵੀ ਇਹਨਾਂ ਵਿਚੋਂ ਕੋਈ ਆਦਮੀ ਆਪਣੇ ਪਿਤਾ ਨਾਲ ਨਹੀਂ ਗਿਆ ਤੇ ਫਿਰ ਚੂਹੜ ਸਿੰਘ ਦੀ ਸ਼ਹੀਦੀ ਪਿਛੋਂ ਇਹਨਾਂ ਨੇ ਆਪਹੁੱਦਰੀ ਮਚਾ ਦਿਤੀ । ਇਹ ਗੁਰਦਿਆਲ ਸਿੰਘ ਤੇ ਉਹਦੇ ਪੁੱਤਰਾਂ ਨੂੰ ਦਬਾਣ ਲਗੇ । ਸਮਝਣ ਲਗੇ ਕਿ ਆਪਣੇ ਪਿਤਾ ਦੀ ਸ਼ਹੀਦੀ ਕਰ ਕੇ ਜਾਇਦਾਦ ਉੱਤੇ ਇਹਨਾਂ ਦਾ ਹੱਕ ਬਾਕੀਆਂ ਨਾਲੋਂ ਢੇਰ ਹੈ । ਸਭ ਤੋਂ ਛੋਟੇ, ਪਰ ਸਭ ਤੋਂ ਖੱਟੇ ਕਰਤਾਰ ਸਿੰਘ ਦੀ ਭਰਿਸ਼ਟ ਬਿਰਤੀ ਬਾਕੀ ਦੋਹਾਂ ਭਰਾਵਾਂ ਵਿਚ ਇਸ ਤਰ੍ਹਾਂ ਰਵ ਗਈ ਕਿ ਉਹ ਮਿਰਤਕ ਪ੍ਰਤਾਪ ਸਿੰਘ ਦੇ ਪੁੱਤਰਾਂ, ਗੁਰਪਾਲ ਤੇ ਚੋਰਾਵਰ ਨੂੰ, ਮਾਹਿਲ ਛਡਣ ਉੱਤੇ ਮਜਬੂਰ ਕਰਨ ਲਗੇ । ਉਹਨਾਂ ਦੀ ਰਾਏ ਵਿਚ ਇਹਨਾਂ ਦੋ ਭਰਾਵਾਂ ਦਾ ਪਿੰਡ ਮਾਹਿਲ ਤੇ ਆਸੇ ਪਾਸੇ ਦੀ ਜਾਇਦਾਦ ਉੱਤੇ ਕੋਈ ਹੱਕ ਨਹੀਂ ।

ਕਿਸੇ ਹੱਦ ਤਕ ਇਹ ਸੱਚ ਸੀ । ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਸਰਦਾਰ ਦਲੇਰ ਸਿੰਘ ਨੂੰ ਚਿਲ੍ਹਾ ਗੁਜਰਾਤ ਵਿਚ, ਪਿੰਡ ਨਾਹਰਪੁਰ ਕੋਲ, ਕੁਝ ਜਾਗੀਰ ਮਿਲੀ ਸੀ । ਇਸ ਜਾਗੀਰ ਦੀ ਦੇਖ ਭਾਲ ਵਾਸਤੇ ਦਲੇਰ ਸਿੰਘ ਨੇ ਆਪਣੇ ਵਡੇ ਪੁੱਤਰ ਪ੍ਰਤਾਪ ਸਿੰਘ ਨੂੰ ਭੇਜਿਆ ਤੇ ਇਹ ਵੀ ਆਖਿਆ ਕਿ ਇਹ ਜਾਗੀਰ ਉਹ ਆਪਣੇ ਨਾਂ ਲਗੀ ਸਮਝੇ । ਪ੍ਰਤਾਪ ਸਿੰਘ ਓੱਥੇ ਸਾਲ ਭਰ ਰਿਹਾ ਤੇ ਫਿਰ ਸਿਪਾਹੀਗੀਰੀ ਦੇ ਸ਼ੌਕ ਨੇ ਉਹਨੂੰ ਲੜਾਈਆਂ ਦੇ ਮੱਧ ਵਿਚ ਲੈ ਆਂਦਾ । ਜਾਗੀਰ ਦਾ ਪ੍ਰਬੰਧ ਆਪਣੇ ਇਕ ਸਾਲੇ ਹੱਥ ਛਡ ਕੇ ਉਹ ਪਹਿਲੇ ਮੁਲਤਾਨ ਤੇ ਫਿਰ ਕਸ਼ਮੀਰ ਵਿਚ ਲੜਿਆ ਤੇ ਏਥੇ ਹੀ ਉਹਦੀ ਮੌਤ ਹੋ ਗਈ ।

ਪਰ ਉਹਨਾਂ ਦਿਨਾਂ ਵਿਚ ਅਜੇ ਦਲੇਰ ਸਿੰਘ ਜੀਂਦਾ ਸੀ । ਹਰਪਾਲ ਸਿੰਘ ਜੀਂਦਾ ਸੀ । ਮਹਾਰਾਜਾ ਰਣਜੀਤ ਸਿੰਘ ਜੀਂਦਾ ਸੀ । ਉਹਨਾਂ ਦਿਨਾਂ ਵਿਚ ਮਾਹਿਲ ਖ਼ਾਲਸਾ ਰਾਜ ਦੇ ਸਭ ਤੋਂ ਜ਼ਰੂਰੀ ਥੰਮਾਂ ਵਿਚੋਂ ਸਨ । ਆਪ ਸ਼ੇਰੇ-ਪੰਜਾਬ ਉਹਨਾਂ ਦੀ ਹਵੇਲੀ ਵਿਚ ਸ਼ਰਦਾਈ ਪੀਣ ਆਇਆ ਕਰਦਾ ਸੀ । ਉਹਨਾਂ ਦੀ ਹਵੇਲੀ ਪਿਸ਼ਾਵਰ ਤੋਂ ਲੈ ਕੇ ਦਿੱਲੀ ਤਕ ਮਸ਼ਹੂਰ ਸੀ। ਉਸ ਵੇਲੇ ਗੁਰਪਾਲ ਨੂੰ ਕੌਣ ਕਹਿੰਦਾ ਕਿ ਉਹਦੀ ਅਸਲੀ ਜਾਇਦਾਦ ਗੁਜਰਾਤ ਵਿਚ ਹੈ; ਮਾਹਿਲ ਵਿਚ ਨਹੀਂ ।

Scanned by CamScanner

ਪਰ ਅੱਜ ਸਮਾਂ ਬਦਲ ਚੁੱਕਾ ਸੀ। ਅੱਜ ਦਲੇਰ ਸਿੰਘ ਨਹੀਂ ਸੀ, ਹਰਪਾਲ ਸਿੰਘ ਨਹੀਂ ਸੀ ਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਹੀਂ ਸੀ। ਅੱਜ ਚੂਹੜ ਸਿੰਘ ਵੀ ਮਰ ਚੁਕਾ ਸੀ ਤੇ ਗੁਰਮੀਤ ਨੂੰ ਜੇ ਕਿਸੇ ਦਾ ਆਸਰਾ ਸੀ ਤਾਂ ਉਹ ਗੁਰਦਿਆਲ ਸਿੰਘ ਦਾ ਜਾਂ ਗੁਰਪਾਲ ਸਿੰਘ ਜਾਂ ਅਜੀਤ ਸਿੰਘ ਦਾ। ਪਰ ਗੁਰਦਿਆਲ ਸਿੰਘ ਦਾ ਆਸਰਾ ਅੰਤਿ ਹੀਣਾ ਸੀ। ਉਹਦੇ ਆਚਰਨ ਵਿਚ ਚੂਹੜ ਸਿੰਘ ਵਰਗੀ ਕੋਈ ਚਿੰਗਾਰੀ ਨਹੀਂ ਸੀ। ਉਹ ਅਜਿਹੇ ਆੜੇ ਵੇਲੇ ਘਰਾਣੇ ਦੀ ਜ਼ਿਮੇਂਵਾਰੀ ਚੁਕਣ ਤੋਂ ਅਸਮਰਥ ਸੀ। ਗੁਰਪਾਲ ਤੇ ਅਜੀਤ ਵਿਚ ਚਿੰਗਾਰੀਆਂ ਸਨ, ਪਰ ਉਹਨਾਂ ਨੂੰ ਹੀ ਤਾਂ ਸ਼ਰੀਕ ਏਦਮ ਖ਼ਲ ਕਰ ਰਹੇ ਸਨ। ਬਾਕੀ ਰਹੇ ਪ੍ਰੀਤਮ ਸਿੰਘ, ਦਲੀਪ ਸਿੰਘ, ਤੇ ਗੁਰਦਾਸ ਸਿੰਘ ਤੇ ਉਹਨਾਂ ਦੇ ਟੱਬਰ। ਪਰ ਇਹਨਾਂ ਵਿਚੋਂ ਵੀ ਸਿਵਾਏ ਪ੍ਰੀਤਮ ਸਿੰਘ ਦੇ ਕਿਸੇ ਵਿਚ ਉਚ ਆਚਰਨ ਦੀ ਚਾਸ਼ਨੀ ਨਹੀਂ ਸੀ, ਕਿਸੇ ਨੂੰ ਆਪਣੇ ਘਰਾਣੇ ਦੀਆਂ ਬੀਤੀਆਂ ਵਡਿਆਈਆਂ ਦਾ ਮਾਣ ਨਹੀਂ ਸੀ। ਤੇ ਪ੍ਰੀਤਮ ਸਿੰਘ ! ਉਹਨੂੰ ਪਿਛਲੇ ਅੱਠਾਂ ਨੌਆਂ ਮਹੀਨਿਆਂ ਵਿਚ ਦੋ ਤਿੰਨ ਵਾਰੀ ਮੋਹਰਕਾ ਤਾਪ ਹੋ ਚੁਕਾ ਸੀ।

ਗੁਰਮੀਤ ਸੋਚਦੀ : "ਸ਼ਾਇਦ ਹਰ ਘਰਾਣੇ ਨਾਲ ਇਸੇ ਤਰ੍ਹਾਂ ਹੀ ਹੁੰਦਾ ਹੈ। ਕਿਸ ਤਰ੍ਹਾਂ ਸਣੇ ਸਣੇ ਕਰ ਕੇ ਮਾਹਿਲਾਂ ਦੀ ਇੱਜ਼ਤ ਬਣੀ ਤੇ ਕਿਸ ਤਰ੍ਹਾਂ ਸਣੇ ਸਣੇ ਅਸੀਂ ਟੀਸੀ ਤੋਂ ਥੱਲੇ ਉਤਰਨੇ ਸ਼ੁਰੂ ਹੋਏ। ਪਿਤਾ ਜੀ ਦੀ ਮੌਤ ਨਹੀਂ, ਪਰ ਹਰਪਾਲ ਦੀ ਮੌਤ ਸਾਡੇ ਘਰਾਣੇ ਦੀ ਮੌਤ ਸਾਬਤ ਹੋਈ। ਜਿਥੇ ਰਾਜਾ ਧਿਆਨ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਤਬਾਹ ਕੀਤਾ ਉੱਥੇ ਉਸ ਸਾਡੇ ਘਰਾਣੇ ਨੂੰ ਵੀ ਬਰਬਾਦ ਕੀਤਾ ' ਮੈਨੂੰ ਵਿਸ਼ਵਾਸ ਹੈ ਕਿ ਜੇ ਹਰਪਾਲ ਜੀਂਦਾ ਰਹਿੰਦਾ ਤਾਂ ਸਾਡੇ ਤੇ ਜ਼ਵਾਲ ਨਹੀਂ ਸੀ ਆਉਣਾ।"

ਕਦੀ ਕਦੀ ਉਹ ਸੋਚਦੀ : "ਸ਼ਾਇਦ ਮਾਹਿਲ ਘਰਾਣੇ ਉੱਤੇ ਜ਼ਵਾਲ ਆਉਣਾ ਅਵੱਸ਼ਕ ਸੀ ? ਮਾਹਿਲ ਘਰਾਣਾ ਖ਼ਾਲਸਾ ਰਾਜ ਦੀ ਵਡਿਆਈ ਦਾ ਪੈਮਾਨਾ ਰਿਹਾ ਹੈ। ਜਿਉਂ ਜਿਉਂ ਸਾਡੀ ਇੱਜ਼ਤ ਵਧੀ, ਖ਼ਾਲਸਾ ਰਾਜ ਦੀ ਵੀ ਇੱਜ਼ਤ ਵਧੀ ਜਾਂ ਇਉਂ ਕਿ ਖ਼ਾਲਸਾ ਰਾਜ ਦੀ ਸਥਾਪਤੀ ਦੇ ਨਾਲ ਨਾਲ ਮਾਹਿਲਾਂ ਦਾ ਵੀ ਇਸ ਦੇਸ਼ ਦੀ ਧਰਤੀ ਵਿਚ ਮਾਣ ਵਧਦਾ ਗਿਆ। ਪਰ ਜਿਉਂ ਹੀ ਖ਼ਾਲਸਾ ਰਾਜ ਉੱਤੇ ਗ੍ਰਹਿਣ ਲਗਿਆ ਸਾਡੇ ਟੱਬਰ ਨੂੰ ਵੀ ਗ੍ਰਹਿਣ ਲੱਗ ਗਿਆ। ਜਿਉਂ ਜਿਉਂ ਇਹ ਰਾਜ ਆਪਣੇ ਅੰਤ ਵਲ ਵਧਦਾ ਗਿਆ ਅਸੀਂ ਵੀ ਆਪਣੇ ਅੰਤ ਵਲ ਵਧਦੇ ਗਏ, ਤੇ ਅੱਜ ਜਦੋਂ ਇਸ ਰਾਜ ਦਾ ਅੰਤ ਹੈ ਸਾਡੇ ਘਰਾਣੇ ਦਾ ਵੀ ਅੰਤ ਹੋ ਗਿਆ ਹੈ।

"ਮੈਨੂੰ ਕਰਤਾਰ ਸਿੰਘ ਜਾਂ ਵਿਜੈ ਸਿੰਘ ਜਾਂ ਬਾਜ ਸਿੰਘ ਨੂੰ ਦੋਸ਼ ਦੇਣ ਦਾ ਕੋਈ ਹੱਕ ਨਹੀਂ। ਉਹ ਆਪਣੇ ਆਪ ਵਿਚ ਕੁਝ ਨਹੀਂ। ਉਹ ਹੋਣੀ ਦੇ ਪੁਰਜ਼ੇ ਹਨ। ਜੋ ਕੁਝ ਉਹ ਕਰ ਰਹੇ ਹਨ, ਹੋਣੀ ਉਹਨਾਂ ਕੋਲੋਂ ਕਰਵਾ ਰਹੀ ਹੈ।

ਕਦੀ ਕਦੀ ਉਹ ਸੋਚਦੀ : "ਇਹ ਹੋਣੀ ਹੋ ਰਹੀ ਹੈ ਤੇ ਮੈਨੂੰ ਹੋਣੀ ਦੇ ਰਾਹ ਵਿਚ ਖਲੋਣ ਦਾ ਕੋਈ ਹੱਕ ਨਹੀਂ। ਹੁਣ ਮੈਨੂੰ ਆਪਣੀ ਗੱਦੀ ਛਡ ਦੇਣੀ ਚਾਹੀਦੀ ਹੈ। ਮੇਰੇ ਕੋਲੋਂ ਜੋ ਕੁਝ ਹੋ ਸਕਿਆ ਹੈ, ਮੈਂ ਕੀਤਾ ਹੈ, ਹੁਣ ਦਾਲ ਗਲਦੀ ਨਹੀਂ ਜਾਪਦੀ। ਤੇ ਫਿਰ ਹੁਣ ਭਵਿੱਖ ਵੀ ਤੇ ਕਾਲਾ ਹੈ। ਸਾਹਮਣੇ ਕੋਈ ਨਿਸ਼ਾਨਾ ਵੀ ਤਾਂ ਨਹੀਂ ਰਹਿ ਗਿਆ। ਮੈਂ ਕਿਸ ਆਦਰਸ਼ ਨੂੰ ਸਾਹਮਣੇ ਰਖ ਕੇ ਟੱਬਰ ਦੇ ਜੀਆਂ ਨੂੰ ਉਭਾਰਾਂ। ਸਭਰਾਵਾਂ ਦੀ ਲੜਾਈ ਤਕ ਸਾਡਾ ਰਾਜ ਕਾਇਮ ਸੀ। ਸਭਰਾਵਾਂ ਤਕ ਸਾਡੇ ਵਿਚ ਸਹਿ-ਵਿਸ਼ਵਾਸ ਸੀ। ਸਭਰਾਵਾਂ ਤਕ ਸਿੱਖ ਰਾਜ ਨੂੰ ਦੁਸ਼ਮਣਾਂ ਕੋਲੋਂ ਬਚਾਉਣ ਦਾ ਸਵਾਲ ਸੀ, ਪਰ ਹੁਣ.. ਹੁਣ ਕੀ ਬਚ ਰਿਹਾ ਹੈ ? ਹੁਣ ਕਿਸ ਸ਼ੈ ਨੂੰ ਕਿਸ ਕੋਲੋਂ ਬਚਾਈਏ ?...ਹੁਣ ਤਾਂ ਗ਼ੁਲਾਮੀ ਦਾ ਤੌਕ ਸਾਡੇ ਗ਼ਲੇ ਪੈ ਚੁਕਾ ਹੈ ਤੇ ਇਹ ਤੌਕ ਸਹਿਜੇ ਕੀਤੇ ਉਤਰਨ ਨਹੀਂ ਲੱਗਾ। ਫ਼ਰੰਗੀਆਂ ਹੱਥ ਸਾਰਾ ਹਿੰਦੁਸਤਾਨ ਹੈ ਤੇ ਦੁਨੀਆਂ ਦੇ ਹੋਰ ਕਈ ਦੇਸ਼ ਵੀ। ਉਹ ਸਾਡੀ ਆਜ਼ਾਦੀ ਸਾਨੂੰ ਮੋੜਨ ਨਹੀਂ ਲਗੇ। ਹੁਣ..."

ਇਉਂ ਗੁਰਮੀਤ ਸੋਚਦੀ ਤੇ ਉਦਾਸ ਹੋ ਜਾਂਦੀ।

ਇਹਨਾਂ ਫ਼ਿਕਰਾਂ ਵਿਚ ਹੀ ਇਕ ਦਿਨ ਉਸ ਕਿਸੇ ਹੱਥ ਆਪਣੇ ਪੁੱਤਰ ਨੂੰ ਆਖ ਘਲਿਆ ਕਿ ਉਹ ਮਾਹਿਲ ਆਵੇ। ਉਹ ਉਹਦੇ ਨਾਲ ਘਰ ਜਾਵੇਗੀ। ਸੁਨੇਹਾ ਮਿਲਦੇ ਹੀ ਹਰਦੀਪ ਆ ਗਿਆ, ਪਰ ਹੁਣ ਗੁਰਮੀਤ ਦਾ ਦਿਲ ਨਾ ਕਰੇ ਜਾਣ ਨੂੰ।

ਮਾਹਿਲ ਨੂੰ ਕਿਵੇਂ ਛਡਿਆ ਜਾਏ ? ਮਾਹਿਲ...। ਪਿਛਲੀ ਡੂਢ ਸਦੀ ਦਾ ਇਤਿਹਾਸ ਵਾਰ ਵਾਰ ਉਹਦੀਆਂ ਨਜ਼ਰਾਂ ਅੱਗੋਂ ਲੰਘ ਜਾਂਦਾ ਤੇ ਕਦੀ ਕਦੀ ਉਹਦਾ ਜੀਅ ਕਰਦਾ ਕਿ ਉਹ ਏਥੇ ਹੀ ਪ੍ਰਾਣ ਤਿਆਗ ਦਵੇ। ਉਹਨੂੰ ਲੱਗਦਾ

Scanned by CamScanner

ਕਿ ਹੁਣ ਇਕ ਵਾਰ ਦੀ ਗਈ ਉਹ ਮੁੜ ਕੇ ਮਾਹਿਲ ਆਉਣ ਨਹੀਂ ਲਗੀ ਤੇ ਉਹ ਦਿਨ ਪਰ ਦਿਨ ਆਪਣੀ ਰਵਾਨਗੀ ਨੂੰ ਲਮਕਾਂਦੀ ਜਾਂਦੀ।

ਉਹ ਰੋਜ਼ ਕਰਤਾਰ ਸਿੰਘ, ਵਿਜੈ ਸਿੰਘ ਤੇ ਬਾਜ ਸਿੰਘ ਨੂੰ ਵਾਚਦੀ। ਉਹ ਵਾਚਦੀ ਕਿ ਅੱਜ ਵੀ ਇਹਨਾਂ ਦੇ ਵਰਤਾਅ ਵਿਚ ਕੁਝ ਫਰਕ ਪਿਆ, ਅੱਜ ਵੀ ਕੋਈ ਤਬਦੀਲੀ ਆਈ, ਪਰ ਨਹੀਂ, ਹਾਲਤ ਦਿਨੋਂ ਦਿਨ ਨਿਘਰਦੀ ਗਈ।

ਹਰਦੀਪ ਸਿੰਘ ਦੇ ਮਾਹਿਲ ਹੁੰਦਿਆਂ ਹੀ ਸ਼ਾਹ ਮੁਹੰਮਦ ਮਾਹਿਲ ਆਇਆ ਤੇ ਇਸ ਜੰਗਨਾਮੇ ਨੇ ਗੁਰਮੀਤ ਨੂੰ ਪੰਜਾਬ ਦੀ ਗ਼ੁਲਾਮੀ ਦਾ ਯਕੀਨ ਦਵਾ ਦਿਤਾ। ਸ਼ਾਹ ਮੁਹੰਮਦ ਨੇ ਜੋ ਕੁਝ ਕਹਿਣ ਦਾ ਜੇਰਾ ਕੀਤਾ ਸੀ ਉਹ ਹੋਰਨਾਂ ਹਾਲਤਾਂ ਵਿਚ ਕਿਹਾ ਨਹੀਂ ਸੀ ਜਾ ਸਕਦਾ। ਗੋਰਿਆਂ ਨੇ ਲਾਹੌਰ ਦਰਬਾਰ ਉੱਤੇ ਪੂਰੀ ਤਰ੍ਹਾਂ ਗ਼ਲਬਾ ਪਾ ਲਿਆ ਸੀ। ਫ਼ਰੰਗੀ ਸਿਪਾਹੀ ਹਰ ਆਏ ਦਿਨ ਦਗੜ ਦਗੜ ਕਰਦੇ ਲਾਹੌਰ ਤੋਂ ਅੰਮ੍ਰਿਤਸਰ ਤੇ ਅੰਮ੍ਰਿਤਸਰ ਤੋਂ ਜਲੰਧਰ ਆਉਂਦੇ ਜਾਂਦੇ। ਉਹਨਾਂ ਦੀਆਂ ਵਧੀਕੀਆਂ ਦੀਆਂ ਖ਼ਬਰਾਂ ਵੀ ਨਿੱਤ ਸੁਣਨ ਵਿਚ ਆਉਂਦੀਆਂ। ਅਟਾਰੀ ਦੇ ਨੇੜਿਉਂ ਲੰਘਦੇ ਇਹਨਾਂ ਗੋਰਾ ਸਿਪਾਹੀਆਂ ਦੀ ਦਗੜ ਦਗੜ ਗੁਰਮੀਤ ਦੇ ਦਿਮਾਗ਼ ਵਿਚ ਵੱਜਦੀ ਤੇ ਉਹਦੀ ਸ਼ਾਂਤੀ ਭੰਗ ਹੋ ਜਾਂਦੀ। ਲਗਾਣਾਂ ਦਾ ਉਗਰਾਹੁਣਾ ਸਖ਼ਤ ਹੋ ਗਿਆ। 'ਗੁਮਾਸ਼ਤਿਆਂ ਦੇ ਪੁੱਤਰ' ਮੁੜ ਕੇ ਜਬਰ ਕਰਨ ਲਗੇ। ਦਿਉਂ ਲਗਦਾ ਕਿ ਆਪਣੀ ਭੋਇੰ ਹੁਣ ਆਪਣੀ ਨਹੀਂ ਰਹੀ, ਕਿ ਆਪਣੀ ਉਪਜ ਹੁਣ ਪਰਾਈ ਹੋ ਗਈ ਹੈ।

ਗੁਰਮੀਤ ਸੋਚਦੀ ਤੇ ਆਖਦੀ ਕਿ ਕੀ ਮਾਹਿਲ ਟਿਕੇ ਰਹਿਣ ਦਾ ਕੋਈ ਫ਼ਾਇਦਾ ਹੈ ? ਪਰ ਮਾਹਿਲ ਉਹਦੇ ਕੋਲੋਂ ਛਡ ਨਾ ਹੁੰਦਾ...।

੧੫੧

ਇਕ ਦਿਨ ਵਿਜੈ ਸਿੰਘ ਨੇ ਗੁਰਪਾਲ ਨੂੰ ਮਾਰਿਆ। ਗੁਰਪਾਲ ਆਪਣੇ ਪੁੱਤਰ ਅਜੀਤ ਨਾਲ ਕਲਸੀਆਂ ਵਾਲਿਉਂ ਆ ਰਿਹਾ ਸੀ।' ਰਾਹ ਵਿਚ ਵਿਜੈ ਸਿੰਘ, ਬਾਜ ਸਿੰਘ ਤੇ ਕਰਤਾਰ ਸਿੰਘ, ਤਿੰਨੇ ਭਰਾ ਖੂਹ ਉੱਤੇ ਬੈਠੇ ਸਨ। ਗੁਰਪਾਲ ਰੁਕ ਗਿਆ। ਉਸ ਆਪਣੀ ਜੁੱਤੀ ਝਾੜੀ ਤੇ ਦੁਸਾਂਘੀ ਨੂੰ ਚੌਤਰੇ ਦੀ ਟੇਕ ਨਾਲ ਰਖ ਕੇ ਕੁਝ ਚਿਰ ਸਾਹ ਲੈਣ ਲਈ ਬਹਿ ਗਿਆ। ਤਰੇਹ ਵੀ ਲਗੀ ਸੀ ਤੇ ਉਸ ਪਾਣੀ ਪੀਤਾ।

ਤਿੰਨਾਂ ਭਰਾਵਾਂ ਵਿਚੋਂ ਕਿਸੇ ਨੇ ਵੀ ਉਹਦੇ ਨਾਲ ਗੱਲ ਨਹੀਂ ਕੀਤੀ। ਫਿਰ ਇਕਾ ਇਕ ਕਰਤਾਰ ਸਿੰਘ ਬੋਲਿਆ : "ਕਿਉਂ ਲੰਡੇ ਭਰਾਵਾ, ਕਦੋਂ ਛੱਡ ਰਿਹਾ ਹੈਂ ਤੂੰ ਮਾਹਿਲ ?"

ਗੁਰਪਾਲ ਨੇ ਕੋਈ ਜਆਬ ਨਾ ਦਿਤਾ। ਸ਼ੁਰੂ ਤੋਂ ਹੀ ਉਹਦੇ ਸੁਭਾਅ ਵਿਚ ਠਰ੍ਹੰਮਾ ਸੀ, ਪਰ ਸਭਰਾਵਾਂ ਦੀ ਲੜਾਈ ਵਿਚ ਲੱਤ ਵੱਢੇ ਜਾਣ ਪਿਛੋਂ ਤਾਂ ਉਹਦਾ ਸੁਭਾਅ ਪਹਿਲੇ ਨਾਲੋਂ ਵੀ ਸੰਜਮੀ ਹੋ ਗਿਆ। ਉਹ ਘਟ ਬੋਲਦਾ ਤੇ ਘਟ ਬਾਹਰ ਆਉਂਦਾ ਜਾਂਦਾ। ਕਰਤਾਰ ਸਿੰਘ ਨਾਲ ਉਹਦੀ ਕਦੀ ਵੀ ਨਹੀਂ ਸੀ ਬਣੀ, ਪਰ ਉਹਦੇ ਦੂਜੇ ਭਰਾਵਾਂ ਨਾਲ ਉਹਦੀ ਗੱਲ ਬਾਤ ਕਦੀ ਐਨੀ ਖਰ੍ਹਵੀ ਨਹੀਂ ਸੀ ਹੋਈ ਕਿ ਉਹ ਉਹਨਾਂ ਤੋਂ ਦੂਰ ਰਹਿਣਾ ਲੋਚੇ। ਅੱਜ ਕਰਤਾਰ ਸਿੰਘ ਨੂੰ ਖੂਹ ਉੱਤੇ ਵੇਖ ਕੇ ਉਹਨੇ ਰੁਕਣਾ ਤਾਂ ਨਹੀਂ ਸੀ, ਪਰ ਥੱਕ ਗਿਆ ਸੀ ਤੇ ਝਟ ਆਰਾਮ ਕੀਤੇ ਬਗੈਰ ਉਹਦੇ ਕੋਲੋਂ ਟੁਰਨਾ ਮੁਹਾਲ ਸੀ। ਇਕ ਲੱਤ ਨਾਲ ਆਦਮੀ ਕਿੰਨੀ ਕੁ ਦੇਰ ਇਕ ਸਾਹ ਟੁਰ ਸਕਦਾ ਹੈ ?

Scanned by CamScanner

ਹੁਣ ਕਰਤਾਰ ਸਿੰਘ ਨੇ ਇਹ ਸ਼ਬਦ ਕਹੇ ਤਾਂ ਉਹ ਚੁੱਪ ਕਰ ਰਿਹਾ। ਉਹ ਕਰਤਾਰ ਨਾਲ ਲੜਨਾ ਨਹੀਂ ਸੀ ਚਾਹੁੰਦਾ। ਕਰਤਾਰ ਉਹਦੇ ਅਜੀਤ ਨਾਲੋਂ ਥੋੜਾ ਹੀ ਵਡਾ ਸੀ। ਉਹ ਉਹਦੇ ਨਾਲ ਬਹਿਸ ਨਹੀਂ ਸੀ ਕਰਨਾ ਚਾਹੁੰਦਾ। ਜਦੋਂ ਚੂਹੜ ਸਿੰਘ ਦੇ ਪੁੱਤਰਾਂ ਨੇ ਉਹਨੂੰ ਮਾਹਿਲ ਛੱਡ ਜਾਣ ਵਾਸਤੇ ਕਿਹਾ ਸੀ ਤਾਂ ਵੀ ਉਹਨੇ ਆਪਣਾ ਸਾਂਵਾਂ ਤੋਲ ਨਹੀਂ ਸੀ ਗਵਾਇਆ। ਉਸ ਗੱਲ ਗੁਰਦਿਆਲ ਸਿੰਘ ਉੱਤੇ ਛਡ ਦਿਤੀ ਤੇ ਕਿਹਾ: "ਚਾਚਾ ! ਜੇ ਤੂੰ ਸਮਝੇਂ ਕਿ ਮੇਰਾ ਇਥੋਂ ਦੀ ਜਾਇਦਾਦ ਉੱਤੇ ਕੋਈ ਹੱਕ ਨਹੀਂ ਤਾਂ ਮੈਂ ਚਲਾ ਜਾਵਾਂਗਾ। ਪਰ ਜੇ ਸੱਚ ਪੁਛੇਂ ਤਾਂ ਮੇਰਾ ਮਾਹਿਲ ਨੂੰ ਛਡ ਕੇ ਜਾਣ ਤੇ ਰੂਹ ਨਹੀਂ ਕਰਦਾ।"

ਚਾਚੇ ਗੁਰਦਿਆਲ ਨੇ ਕੋਈ ਫੈਸਲਾ ਨਾ ਦਿਤਾ। ਉਹਨੇ ਵਿਜੈ ਸਿੰਘ ਤੇ ਬਾਜ ਸਿੰਘ ਨੂੰ ਸਮਝਾਇਆ ਕਿ ਉਹ ਕਰਤਾਰ ਸਿੰਘ ਦੇ ਆਖੇ ਲਗ ਕੇ ਉਪੱਦਰ ਨਾ ਚੁਕਣ, ਪਰ ਕੋਈ ਫ਼ਾਇਦਾ ਨਾ ਹੋਇਆ। ਕਲ ਖ਼ਲਕਤ ਕਰਤਾਰ ਦੀ ਚਾਲਾਕੀ ਉੱਤੇ ਉਸ ਅਜਿਹਾ ਮਾਨਸਕ ਗ਼ਲਬਾ ਪਾਇਆ ਕਿ ਉਹ ਉਹਦੇ ਕੋਲੋਂ ਪੁਛੇ ਬਿਨਾ ਕੋਈ ਕਦਮ ਨਾ ਚੁਕਣ। ਰੋਜ਼ ਇਕ ਨਾ ਇਕ ਭਰਾ ਗੁਰਦਿਆਲ ਸਿੰਘ ਨੂੰ ਆਖੇ: "ਚਾਚਾ ! ਜੇ ਮਾਹਿਲ ਵਿਚ ਸੁਖ ਚਾਹੁੰਦਾ ਹੈਂ ਤਾਂ ਗੁਰਪਾਲ ਨੂੰ ਏਥੋਂ ਕੱਢ ਦੇ ਨਹੀਂ ਤਾਂ ਵੇਖੀਂ ਇਕ ਦਿਨ ਗੱਲ ਐਨੀਂ ਵਧ ਜਾਵੇਗੀ ਕਿ ਤੇਰੀ ਮਿੱਟੀ ਵੀ ਖ਼ਾਹ ਮਖ਼ਾਹ ਪਲੀਤ ਹੋਵੇਗੀ।"

ਪਰ ਗੁਰਦਿਆਲ ਸਿੰਘ, ਗੁਰਪਾਲ ਨੂੰ ਮਾਹਿਲ ਛਡ ਜਾਣ ਵਾਸਤੇ ਕਿਵੇਂ ਆਖੇ ? ਉਹ ਕਹਿੰਦਾ, "ਤੁਸੀਂ ਤਿੰਨੇ ਮੈਨੂੰ ਆਪਣੇ ਪੁੱਤਰਾਂ ਤੋਂ ਵੀ ਵਧ ਪਿਆਰੇ ਹੋ। ਠੀਕ ਸਾਡੇ ਕੋਲ ਪਹਿਲੇ ਜਿੰਨਾ ਰਜਵਾਂ ਨਹੀਂ, ਪਰ ਪੁਤਰੋ ਰੋਟੀ ਟੁਕ ਤੋਂ ਕੋਣ ਬੁੜਿਆ ਰਹਿੰਦਾ ਹੈ। ਅਜੇ ਸਾਡੇ ਘਰਾਣੇ ਨੂੰ ਭੁਖ ਨੇ ਨਹੀਂ ਮਾਰਿਆ। ਇਸ ਤਰ੍ਹਾਂ ਸਾਡੂਸਤੀ ਲਿਆ ਕੇ ਖ਼ਾਨਦਾਨ ਨੂੰ ਤਬਾਹ ਨਾ ਕਰੋ।"

ਹੁਣ ਕਰਤਾਰ ਨੇ ਆਪਣੇ ਭਰਾਵਾਂ ਨੂੰ ਸਿਖਾਇਆ ਕਿ ਉਹ ਦੂਜੇ ਢੰਗ ਵਰਤਣੇ ਸ਼ੁਰੂ ਕਰਨ। ਇਕ ਦਿਨ ਗੁਰਪਾਲ ਨੂੰ ਕੁੱਟ ਕਢਿਆ ਜਾਏ ਤੇ ਜੇ ਫਿਰ ਵੀ ਕੁਝ ਨਾ ਬਣੇ ਤਾਂ ਉਹਨੂੰ ਜਾਨੋਂ ਹੀ ਮਾਰ ਦਿਤਾ ਜਾਏ। ਅੱਜ ਜਦੋਂ ਗੁਰਪਾਲ ਖ਼ੂਹ ਉੱਤੇ ਇਕੱਲਾ ਉਹਨਾਂ ਨੂੰ ਮਿਲਿਆ ਤਾਂ ਕਰਤਾਰ ਨੇ ਇਸ਼ਾਰਾ ਕੀਤਾ ਕਿ ਅੱਜ ਦਾ ਮੌਕਾ ਖੁੰਝਿਆ ਨਾ ਜਾਏ।

ਗੱਲ ਸ਼ੁਰੂ ਕਰਦਿਆਂ ਕਰਤਾਰ ਨੇ ਡੂੰਘੀ ਟੋਕ ਮਾਰੀ, ਪਰ ਗੁਰਪਾਲ ਨੇ ਮੌਕਾ ਤਾੜਦਿਆਂ ਕੋਈ ਜੁਆਬ ਨਾ ਦਿਤਾ।

ਕੁਝ ਚਿਰ ਠਹਿਰ ਕੇ ਕਰਤਾਰ ਨੇ ਪੁਛਿਆ, "ਕਿਉਂ, ਭਰਾਵਾ ਬੋਲਦਾ ਕਿਉਂ ਨਹੀਂ ?"

"ਕੀ ਬੋਲਾਂ, ਕਰਤਾਰ ਸਿੰਘ। ਤੂੰ ਬੋਲਣ ਜੋਗਾ ਛਡਿਆ ਹੋਵੇ ਤਾਂ ਬੋਲਾਂ।"

"ਲਓ ਸੁਣੋ ਬਈ। ਮੈਂ ਤੇਰੀ ਸੰਘੀ ਉੱਤੇ ਕੀ ਨਹੁੰ ਦੇ ਰਖਿਆ ਹੈ ?"

"ਕੁਝ ਨਹੀਂ ਕਰਤਾਰ ਸਿੰਘ। ਢੱਕੀ ਹੀ ਰਿੱਝਣ ਦੇ।"

"ਤੈਨੂੰ ਤਾਂ ਢੱਕੀ ਰਿੱਝਣ ਵਿਚ ਹੀ ਫ਼ਾਇਦਾ ਹੈ। ਤੂੰ ਏਥੇ ਰਹਿ ਕੇ ਜੋ ਸਾਡੀ ਜਾਇਦਾਦ ਸੰਭਾਲਣਾ ਚਾਹੁੰਦਾ ਹੈਂ। ਆਪ ਤੂੰ ਕੋਈ ਕੰਮ ਨਹੀਂ ਕਰ ਸਕਦਾ ਤੇ ਪੁੱਤਰ ਤੇਰਾ ਆਪਣੇ ਆਪ ਨੂੰ ਉਂਜ ਕੋਈ ਜਰਨੈਲ ਸਮਝਦਾ ਹੈ। ਕਿਉਂ ਨਾ ਤੂੰ ਚਾਹੇਂ ਕਿ ਢੱਕੀ ਰਿੱਝਣ ਦੇਈਏ ?"

"ਮੈਂ ਤੁਹਾਡੇ ਨਾਲ ਲੜਨਾ ਨਹੀਂ ਚਾਹੁੰਦਾ।"

"ਸਤਿ ਨਾਮ ਸ੍ਰੀ ਵਾਹਿਗੁਰੂ," ਆਖ ਕੇ ਉਸ ਆਪਣੀ ਦੁਸਾਂਘੀ ਨੂੰ ਹੱਥ ਪਾਇਆ ਤੇ ਟੁਰਨ ਲਈ ਤਿਆਰ ਹੋ ਪਿਆ। ਪਰ ਵਿਜੈ ਤੇ ਬਾਜ ਸਿੰਘ ਨੇ ਉਹਨੂੰ ਰੋਕਿਆ। ਵਿਜੈ ਸਿੰਘ ਬੋਲਿਆ, "ਜਦੋਂ ਤਕ ਤੂੰ ਮਾਹਿਲ ਛਡਣ ਦੀ ਗੱਲ ਪਕੀ ਨਹੀਂ ਕਰਦਾ ਅਸੀਂ ਤੈਨੂੰ ਏਥੋਂ ਜਾਣ ਨਹੀਂ ਦੇਣਾ...।"

"ਜੇਰਾ ਕਰੋ। ਤੁਹਾਨੂੰ ਹੋ ਕੀ ਗਿਆ ਹੈ। ਘਰਾਣੇ ਦੀ ਇੱਜ਼ਤ ਦਾ ਖ਼ਿਆਲ ਕਰੋ।"

"ਘਰਾਣੇ ਦੀ ਇੱਜ਼ਤ ਕੀ ਤੇਰੇ ਸਿਰ ਉੱਤੇ ਹੀ ਕਾਇਮ ਹੈ ? ਜੇ ਐਡੀ ਹੀ ਇੱਜ਼ਤ ਲੋੜੀਂਦੀ ਹੈ ਤਾਂ ਜਾ ਕੇ ਕਾਇਮ ਕਰ ਲੈ ਇੱਜ਼ਤ ਨਾਹਰ ਪੁਰ। ਅਸੀਂ ਬੇਇੱਜ਼ਤ ਹੀ ਚੰਗੇ ਹਾਂ।"

ਅਜੀਤ ਹੈਰਾਨ। ਹੱਕਾ ਬੱਕਾ ਉਹ ਆਪਣੇ ਚਾਚਿਆਂ ਵਲ ਤੱਕੇ ਕਿ ਇਹ ਕਰ ਕੀ ਰਹੇ ਹਨ। ਅਜੀਤ ਨੂੰ ਲਗਿਆ ਕਿ ਜੋਰ ਤੇ ਤਕੜਾਈ ਵਿਚ ਉਹ ਇਹਨਾਂ ਤਿੰਨਾਂ ਆਦਮੀਆਂ ਵਾਸਤੇ ਇਕੱਲਾ ਹੀ ਕਾਫ਼ੀ ਹੈ ਪਰ ਉਹਦੇ ਮਨ

Scanned by CamScanner

ਵਿਚ ਸ਼ੰਕੇ ਉਪਜਣ ਕਿ ਕੀ ਇਹਨਾਂ ਨਾਲ ਲੜਨਾ ਯੋਗ ਹੈ ? ਉਹ ਸੋਚਦਾ ਕਿ ਜਦੋਂ ਬਾਕੀ ਲੋਕ ਸੁਣਨਗੇ ਤਾਂ ਉਹ ਕੀ ਕਹਿਣਗੇ।

"ਮੈਨੂੰ ਜਾਣ ਦਿਉ ਭਰਾਵੋ। ਮੈਂ ਤੁਹਾਡੇ ਨਾਲ ਕੋਈ ਬਹਿਸ ਨਹੀਂ ਕਰਨਾ ਚਾਹੁੰਦਾ। ਪਿੰਡ ਜਾ ਕੇ ਫ਼ੈਸਲਾ ਹੋਏਗਾ।"

"ਫ਼ੈਸਲਾ ਅੱਜ ਅਸੀਂ ਏਥੇ ਹੀ ਕਰਾਂਗੇ," ਵਿਜੈ ਸਿੰਘ ਬੋਲਿਆ, "ਗੱਲ ਕਰ ਛਡਣਾ ਈ ਮਾਹਿਲ ਕਿ ਤੇਰੀਆਂ ਬੱਟੀਆਂ ਬੋਟੀਆਂ ਕਰ ਕੇ ਕੁੱਤਿਆਂ ਨੂੰ ਪਾਈਏ।"

ਅਸਹਿ ਪੀੜ ਵਿਚ ਕੁਰਲਾਂਦਿਆਂ ਗੁਰਪਾਲ ਨੇ ਕਿਹਾ, "ਮੈਂ ਮਾਹਿਲ ਨਹੀਂ ਛਡ ਸਕਦਾ ਭਰਾਵੋ। ਮੇਰੇ ਉੱਤੇ ਰਹਿਮ ਕਰੋ। ਮੈਂ ਤੁਹਾਡੇ ਦਰ ਉੱਤੇ ਬਹਿ ਕੇ ਤੁਹਾਡਾ ਜੂਠਾ ਖਾ ਲਵਾਂਗਾ : ਮਾਹਿਲ...!"

ਤਾਅੜ ਕਰਦੀਆਂ ਦੋ ਚਪੇੜਾਂ ਵਿਜੈ ਸਿੰਘ ਨੇ ਗੁਰਪਾਲ ਨੂੰ ਜੜੀਆਂ ਤੇ ਉਹ ਲੜਖੜਾ ਕੇ ਭੁੰਜੇ ਡਿਗ ਪਿਆ। ਦੁਸਾਂਝੀ ਉਹਦੇ ਆਪਣੇ ਮੂੰਹ ਉੱਤੇ ਵਜੀ।

"ਬਾਪੂ !" ਅਜੀਤ ਚੀਕਿਆ ਤੇ ਉਹ ਉਹਨੂੰ ਚੁਕਣ ਵਾਸਤੇ ਅਗੇ ਵਧਿਆ।

"ਵੇਲਾ ਹੈ ਸੰਭਲ ਜਾ। ਜੇ ਤੂੰ ਬਹੁਤੀ ਨਾਂਹ ਨੁਕਰ ਕੀਤੀ ਤਾਂ ਇਕ ਦਿਨ ਮੁਕਾ ਛਡਾਂਗੇ ਤੈਨੂੰ !" ਕਰਤਾਰ ਨੇ ਆਖਿਆ ਤੇ ਆਪਣੇ ਦੋਹਾਂ ਵਡੇ ਭਰਾਵਾਂ ਨੂੰ ਲੈ ਕੇ ਉਹ ਉਥੋਂ ਟੁਰ ਗਿਆ।

ਗੁਰਪਾਲ ਉਠਿਆ। ਉਸ ਆਪਣੇ ਕਪੜੇ ਛੰਡੇ, ਦੁਸਾਂਝੀ ਲਈ ਤੇ ਕਿਹਾ, "ਚਲ ਅਜੀਤ ! ਸਾਡੇ ਘਰਾਣੇ ਉੱਤੇ ਇਹ ਦਿਨ ਵੀ ਆਉਣੇ ਸਨ।"

"ਬਾਪੂ..." ਪਤਾ ਨਹੀਂ ਕੀ ਤੇ ਕਿੰਨਾ ਕੁਝ ਕਹਿਣਾ ਚਾਹੁੰਦਾ ਸੀ ਅਜੀਤ, ਪਰ ਉਹਦੇ ਮੂੰਹ ਵਿਚੋਂ ਕੋਈ ਸ਼ਬਦ ਨਾ ਨਿਕਲਿਆ।

ਪਿੰਡ ਦੇ ਨੇੜੇ ਪਹੁੰਚੇ ਤਾਂ ਗੁਰਪਾਲ ਨੇ ਕਿਹਾ, "ਪੁੱਤਰ ! ਇਹ ਭਾਣਾ ਕਿਸੇ ਨੂੰ ਨਾ ਦਸੀਂ। ਆਪਣੇ ਹੀ ਖ਼ਾਨਦਾਨ ਦੀ ਇੱਜ਼ਤ ਉੱਤੇ ਹਰਫ਼ ਆਉਂਦਾ ਹੈ...।"

ਪਰ ਘਰ ਪਹੁੰਚਦਿਆਂ ਹੀ ਅਜੀਤ ਆਪਣੀ ਮਾਂ ਦੇ ਕੋਲ ਜਾ ਕੇ ਰੋਣ ਲਗਾ।

"ਕਿਉਂ ਕੀ ਗੱਲ ਹੈ ?" ਹਰਦਿਤ ਨੇ ਪੁਛਿਆ।

ਅਜੀਤ ਦੇ ਅੱਥਰੂ ਵਹਿੰਦੇ ਜਾਣ, ਪਰ ਮੂੰਹੋਂ ਉਹ ਕੁਝ ਨਾ ਬੋਲੇ।

ਹਰਦਿਤ ਕੌਰ ਗੁਰਪਾਲ ਕੋਲ ਗਈ। ਉਹ ਘਰ ਆਉਂਦਿਆਂ ਹੀ ਸਿੱਧਾ ਅੰਦਰ ਕਮਰੇ ਵਿਚ ਚਲਾ ਗਿਆ ਸੀ।

ਹਰਦਿਤ ਨੇ ਪੁਛਿਆ, "ਮੁੰਡੇ ਨੂੰ ਕੀ ਹੋਇਆ ਹੈ। ਰੋਂਦਿਆਂ ਘਿਘੀ ਬੱਝ ਗਈ ਹੈ।"

"ਮੈਨੂੰ ਤਾਂ ਪਤਾ ਨਹੀਂ।"

"ਤੇ ਪਤਾ ਕਿਹਨੂੰ ਹੈ। ਤੁਸੀਂ ਇਕੱਠੇ ਤਾਂ ਘਰ ਮੁੜੇ ਹੋ।"

"ਮੈਨੂੰ ਨਹੀਂ ਪਤਾ...।"

"ਹਾਏ ਖਿੱਝ ਖਿੱਝ ਕਿਉਂ ਪੈਂਦੇ ਹੋ...।"

ਮਾਂ ਫਿਰ ਅਜੀਤ ਕੋਲ ਗਈ। ਉਹ ਅਜੇ ਵੀ ਰੋ ਰਿਹਾ ਸੀ। ਇਕ ਦਿਲ ਉਹਦਾ ਕਰੇ ਕਿ ਉਹ ਸਾਰਾ ਕੁਝ ਮਾਂ ਨੂੰ ਦਸ ਦੇਵੇ, ਪਰ ਇਕ ਦਿਲ ਕਿ ਉਹ ਗੱਲ ਲੁਕਾਈ ਰਖੇ। ਹਰਦਿਤ ਕੌਰ ਇਕ ਉਹ ਇਸਤਰੀ ਸੀ ਜਿਹੜੀ ਚਿਰਾਂ ਤੋਂ ਮਾਹਿਲ ਛਡਣ ਨੂੰ ਤਿਆਰ ਸੀ। ਹਰਦਿਤ ਕੌਰ ਦੀ ਮਾਹਿਲ ਵਿਚ, ਸਿਵਾਏ ਗੁਰਮੀਤ ਦੇ, ਹੋਰ ਕਿਸੇ ਇਸਤਰੀ ਨਾਲ ਨਹੀਂ ਸੀ ਬਣਦੀ। ਉਹਦਾ ਸੁਭਾਅ ਤਿੱਖਾ ਸੀ ਤੇ ਉਹ ਗੱਲ ਗੱਲ ਉੱਤੇ ਖਿਝਦੀ। ਆਪ ਹੀ ਖਿਝਦੀ ਤੇ ਫਿਰ ਆਪ ਹੀ ਲੰਕਾਂ ਉੱਤੇ ਦੂਸ਼ਨ ਲਾਉਂਦੀ ਕਿ ਉਹ ਖਿਝ ਰਹੇ ਹਨ। ਗੁਰਮੀਤ ਨਾਲ ਉਹਦੀ ਕਿਵੇਂ ਬਣੀ ਕੋਈ ਨਹੀਂ ਸੀ ਜਾਣਦਾ ? ਉਹ ਗੁਰਮੀਤ ਦੀ ਇਜ਼ਤ ਕਰਦੀ, ਉਹਦੇ ਸਾਹਮਣੇ ਉੱਚਾ ਨਾ ਬੋਲਦੀ, ਉਹਦੇ ਕੋਲੋਂ ਪੁੱਛੇ ਬਿਨਾਂ ਕੋਈ ਗੱਲ ਨਾ ਕਰਦੀ ਤੇ ਏਥੋਂ ਤਕ ਕਿ ਗੁਰਮੀਤ ਤੇ ਅਜੀਤ ਦੇ ਅੰਨੇ ਡੂੰਘੇ ਪਿਆਰ ਨੂੰ ਵੀ ਉਹ ਬੁਰਾ ਨਾ ਮੰਨਦੀ। ਸਗੋਂ ਉਹ ਆਪ ਅਜੀਤ ਤੇ ਬਾਕੀ ਪੁਤਰਾਂ ਉੱਤੇ ਜਦੋਂ ਖਿੱਝਦੀ, ਤਾਂ ਉਹਨਾਂ ਨੂੰ ਗੁਰਮੀਤ ਕੋਲ ਭੇਜਦੀ।

Scanned by CamScanner



"ਜਾਉ ਜਾ ਕੇ ਸਿਰ ਖਾਓ ਬੇਬੇ ਦਾ। ਮੇਰੀ ਖ਼ਲਾਸੀ ਕਰੋ।" ਉਹ ਆਖਦੀ।

ਮਨੁੱਖੀ ਸੁਭਾਵਾਂ ਦਾ ਵਿਸ਼ਲੇਸ਼ਣ ਬੜੀ ਕਠਨ ਸ਼ੈ ਹੈ। ਬਨਸਪਤੀ ਦੇ ਰਾਜ ਆਸਾਨੀ ਨਾਲ ਨਹੀਂ ਫੋਲੇ ਜਾ ਸਕਦੇ ਹਨ ਤੇ ਵਿਗਿਆਨਕ ਕਾਢਾਂ ਵੀ ਐਡੀਆਂ ਅਲੰਕਾਰ ਨਹੀਂ ਲੱਗਦੀਆਂ, ਪਰ ਮਨੁੱਖੀ ਸੁਭਾਵਾਂ ਦਾ ਉਤਾਰ ਚੜ੍ਹਾ ਤੇ ਇਹਨਾਂ ਦੇ ਆਪਾ-ਵਿਰੋਧੀ ਗੁਣ ਔਗਣ ਅਲੋਕਾਰਤਾ ਦੀ ਇਨਤਹਾ ਹਨ।

ਸਭਰਾਵਾਂ ਦੀ ਲੜਾਈ ਦੇ ਪਿਛੋਂ ਜਦੋਂ ਲਾਹੌਰ ਰਾਜ ਦਾ ਕੋਈ ਭਵਿੱਖ ਨਾ ਰਹਿ ਗਿਆ, ਤੇ ਜਦੋਂ ਚੂਹੜ ਸਿੰਘ ਦੇ ਪੁੱਤਰਾਂ ਨੇ ਆਪਾ ਧਾਪੀ ਮਚਾ ਕੇ ਗੁਰਪਾਲ ਨੂੰ ਮਾਹਿਲ ਛਡਣ ਵਾਸਤੇ ਕਿਹਾ ਤਾਂ ਸਭ ਤੋਂ ਪਹਿਲੇ ਹਰਦਿਤ ਕੌਰ ਹੀ ਇਸ ਗੱਲ ਉੱਤੇ ਰਾਜ਼ੀ ਹੋਈ। ਉਸ ਆਖਿਆ: "ਮਾਹਿਲ ਕੀ ਧਰਿਆ ਪਿਆ ਹੈ ? ਚਲੋ ਟੁਰ ਚਲੀਏ। ਭੁੱਖੇ ਨਹੀਂ ਮਰਨ ਲਗੇ। ਜਿਸ ਰੱਬ ਨੇ ਪੈਦਾ ਕੀਤਾ ਹੈ, ਉਹ ਖਾਣ ਨੂੰ ਵੀ ਦੇਵੇਗਾ।"

ਇਕ ਦਿਨ ਉਸ ਕਿਹਾ: "ਮੈਂ ਤਾਂ ਮਾਹਿਲ ਆ ਕੇ ਕੋਈ ਸੁਖ ਨਹੀਂ ਮਾਣਿਆਂ। ਏਥੋਂ ਦੀਆਂ ਚਨਾਨੀਆਂ ਤੋਂ ਰੱਬ ਬਚਾਏ ! ਗੁਜਰਾਤ ਦੀਆਂ ਗੱਲਾਂ ਹੋਰ ਸਨ।"

ਨਾਹਰਪੁਰ ਦੇ ਲਾਗੇ ਹੀ ਪਿੰਡ ਮੰਡੇਰੇ ਵਿਚ ਉਹਦੇ ਪੇਕੇ ਸਨ ਤੇ ਵਿਆਹ ਪਿਛੋਂ ਬਾਕੀ ਵਿਆਹੀਆਂ ਕੁੜੀਆਂ ਦੇ ਮੁਕਾਬਲੇ ਵਿਚ ਉਹ ਇਕ ਲੰਮਾਂ ਸਮਾਂ ਪੇਕੇ ਰਹੀ ਸੀ। ਉਹਦੇ ਟੱਬਰ ਦੀ ਮਾਹਿਲਾਂ ਨਾਲ ਡੂੰਘੀ ਜਾਣ ਪਛਾਣ ਵੀ ਪ੍ਰਤਾਪ ਸਿੰਘ ਦੇ ਸਹੁਰਿਆਂ ਦੇ ਰਾਹੀਂ ਹੋਈ ਸੀ।

ਗੁਰਪਾਲ ਤੇ ਅਜੀਤ ਮਾਹਿਲ ਛਡਣਾ ਨਹੀਂ ਸਨ ਚਾਹੁੰਦੇ। ਏਸੇ ਲਈ ਉਹ ਹਰਦਿਤ ਕੌਰ ਨਾਲ ਇਸ ਬਾਰੇ ਸਲਾਹ ਨਾ ਕਰਦੇ। ਹਰਦਿਤ ਦੀ ਸਲਾਹ ਦਾ ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਸੀ।

ਅੱਜ ਵੀ ਏਸੇ ਲਈ ਅਜੀਤ ਨੇ ਮਾਂ ਨੂੰ ਗੱਲ ਨਹੀਂ ਦੱਸੀ। ਹਰਦਿਤ ਕੌਰ ਨੇ ਇਹ ਕਿੱਸਾ ਸੁਣਿਆ ਨਹੀਂ ਤੇ ਉਸ ਸਿਰ ਉੱਤੇ ਕੋਠਾ ਚੁਕਿਆ ਨਹੀਂ। ਉਸ ਕਹਿਣਾ ਸੀ, "ਮੈਂ ਨਹੀਂ ਸਾਂ ਕਹਿੰਦੀ ਕਿ ਮਾਹਿਲੋਂ ਟੁਰ ਚਲੀਏ। ਹੁਣ ਕਿਹਤਾ ਮੂੰਹ ਰਿਹਾ ਜੇ ?"

ਓਧਰ ਅਜੀਤ ਆਪਣੇ ਦਿਲ ਵਿਚ ਵੀ ਇਹੋ ਸੋਚ ਰਿਹਾ ਸੀ। "ਇੰਹੋ ਜਿਹੇ ਵਾਤਾਵਰਣ ਵਿਚ ਮਾਹਿਲ ਰਹਿਣ ਦਾ ਕੀ ਫ਼ਾਇਦਾ ? ਮੇਰੇ ਚਾਚੇ ਬਦਲਣ ਵਾਲੇ ਨਹੀਂ। ਕਰਤਾਰ ਦੀ ਨੀਤ ਸੱਚ ਮੁਚ ਹੀ ਭੈੜੀ ਹੈ। ਮਾਹਿਲਾਂ ਦੇ ਸਾਰੇ ਟੱਬਰ ਵਿਚ ਉਸ ਤੋਂ ਵਧ ਭੈੜਾ ਆਦਮੀ ਕੋਈ ਨਹੀਂ ਹੋਣਾ। ਜਿਸ ਗੱਲ ਉੱਤੇ ਉਹ ਤੁਲਿਆ ਹੈ, ਉਹ ਹੋ ਕੇ ਹੀ ਰਹੇਗੀ। ਅੱਜ ਉਹਨਾਂ ਬਾਪੂ ਨੂੰ ਚਪੇੜ ਮਾਰੀ ਹੈ, ਕਲ੍ਹ ਜੇ ਉਹ ਛਵ੍ਹੀ ਕੱਢ ਮਾਰਨ। ਉਹਨਾਂ ਦਾ ਹੱਥ ਕੌਣ ਫੜ ਸਕਦਾ ਹੈ ? ਜੇ ਗਲ ਦਰਬਾਰੇ ਗਈ, ਤਾਂ ਇਸ ਘਰਾਣੇ ਦੀ ਕੇਡੀ ਬੇਇੱਜ਼ਤੀ ਹੋਵੇਗੀ। ਅਜੇ ਤਕ ਉਹਨਾਂ ਬੇਬੇ ਦੇ ਆਦਰ ਉੱਤੇ ਹੱਥ ਨਹੀਂ ਪਾਇਆ। ਕਲ੍ਹ, ਜੇ ਉਹਨਾਂ ਨੇ, ਉਹਦੀ ਇੱਜ਼ਤ ਵੀ ਰੋਲਣੀ ਚਾਹੀ ਤਾਂ ਕੀ ਹੋਵੇਗਾ। ਪਰ..." ਪਰ ਉਹ ਸੋਚਦਾ, "ਮਾਹਿਲ ਨੂੰ ਛੱਡਣਾ ਆਸਾਨ ਨਹੀਂ। ਇਹ ਪਿੰਡ, ਇਸ ਪਿੰਡ ਦਾ ਆਲਾ ਦੁਆਲਾ, ਪਿੰਡ ਦੀ ਹਵਾ, ਇਸ ਪਿੰਡ ਦਾ ਪਾਣੀ...ਉਫ਼ ! ਇਹਨੂੰ ਕਿਵੇਂ ਛਡਿਆ ਜਾਏ। ਰੋਟੀ ਪਾਣੀ ਦੀ ਗੱਲ ਨਹੀਂ, ਪਰ ਕੀ ਮੈਂ ਮਾਹਿਲ ਤੋਂ ਵਿਛੜ ਕੇ ਜ਼ਿੰਦਾ ਵੀ ਰਹਿ ਸਕਾਂਗਾ ?"

ਅੰਦਰ ਇਕੱਲਾ ਬੈਠਾ ਗੁਰਪਾਲ ਸੋਚ ਰਿਹਾ ਸੀ, "ਜਾਪਦਾ ਹੈ ਮਾਹਿਲ ਤੋਂ ਸਾਡਾ ਦਾਣਾ ਪਾਣੀ ਨਿਖੁਟ ਗਿਆ ਹੈ। ਹੁਣ ਕਿਸੇ ਸੂਰਤ ਵਿਚ ਵੀ ਅਸੀਂ ਏਥੇ ਰਹਿ ਨਹੀਂ ਸਕਾਂਗੇ। ਮੇਰੇ ਸਾਹਮਣੇ ਸਿਰਫ ਦੋ ਹੀ ਰਾਹ ਹਨ। ਜਾਂ ਤਾਂ ਏਥੇ ਸ਼ਹੀਦ ਹੋ ਜਾਵਾਂ ਤੇ ਜਾਂ ਏਥੋਂ ਟੁਰ ਜਾਵਾਂ।...ਪਰ ਇਹਨਾਂ ਭਰਾਵਾਂ ਹੱਥੋਂ ਮਰਨਾ ਸ਼ਹੀਦੀ ਨਹੀਂ ਅਖਵਾ ਸਕਦੀ। ਇਹਨਾਂ ਹੱਥੋਂ ਮੇਰਾ ਕਤਲ ਸਾਡੇ ਘਰਾਣੇ ਦੀ ਇੱਜ਼ਤ ਉੱਤੇ ਸਿਆਹੀ ਫੇਰ ਦੇਵੇਗਾ। ਜੋ ਕੁਝ ਬਚ ਵੀ ਰਿਹਾ ਹੈ, ਉਹ ਵੀ ਇਕ ਵਾਰਗੀ ਤਬਾਹ ਹੋ ਜਾਏਗਾ। ਤੇ ਫੇਰ ਮੇਰੇ ਨਿੱਕੇ ਨਿੱਕੇ ਬਾਲ ਹਨ। ਮੇਰੀ ਮੌਤ ਪਿਛੋਂ ਸ਼ਰੀਕ ਇਹਨਾਂ ਦਾ ਜੋ ਹਾਲ ਕਰਨਗੇ, ਉਹ ਮੈਂ ਸਮਝ ਸਕਦਾ ਹਾਂ।"

"ਤੇ ਜੇ ਅਸੀਂ ਗੁਜਰਾਤ ਉਠ ਜਾਈਏ, ਤਾਂ ਸ਼ਾਇਦ ਇਸ ਖ਼ਾਨਦਾਨ ਦਾ ਕੁਝ ਬਚ ਰਹੇ। ਸ਼ਾਇਦ ਮੇਰਾ ਅਜੀਤ ਜਾਂ ਮੇਰਾ ਪਰਦੀਪ ਤੇ ਪੁਨੀਤ ਵਡੇ ਹੋ ਕੇ ਆਪਣੇ ਖ਼ਾਨਦਾਨ ਦੀ ਗੁੰਮਦੀ ਸ਼ਾਖ਼ ਨੂੰ ਬਚਾਅ ਸਕਣ। ਆਖਰ ਇਹ ਪਹਿਲੀ ਵਾਰੀ ਤਾਂ ਸਾਨੂੰ ਮਾਹਿਲ ਛਡਣਾ ਨਹੀਂ ਪੈ ਰਿਹਾ। ਇਕ ਵਾਰ ਅੱਗੇ ਵੀ ਅਸੀਂ ਏਥੋਂ ਚੁੱਕੇ ਗਏ ਸਾਂ। ਗੁਰੂ ਬਾਜਾਂ

Scanned by CamScanner

ਵਾਲਾ ਆਪਣੀ ਮਿਹਰ ਨਾਲ ਦੂਜੀ ਵਾਰ ਸਾਨੂੰ ਏਥੇ ਲਿਆਇਆ ਤੇ ਜੇ ਉਹਦੀ ਮਿਹਰ ਰਹੀ ਤਾਂ ਸ਼ਾਇਦ ਇਕ ਵਾਰ ਫਿਰ ਅਸੀਂ ਏਥੇ ਆਈਏ ਤੇ ਮਾਹਿਲ ਪਿੰਡ, ਮਾਹਿਲ ਪੱਤੀ ਤੇ ਮਾਹਿਲ ਘਰਾਣੇ ਨੂੰ ਭਾਗ ਲੱਗੇ..."

ਫਿਰ ਇਕਾ ਇਕ ਉਹਦੇ ਖ਼ਿਆਲ ਹਰਪਾਲ ਦੀ ਮੌਤ ਵਾਲੇ ਦਿਨ ਉੱਤੇ ਜਾ ਅਟਕੇ। ਉਹ ਕਿਹੀ ਰਾਤ ਸੀ ? ਉਹ ਕਿਵੇਂ ਲਾਹੌਰ ਤੋਂ ਮਾਹਿਲ ਆਇਆ ਤੇ ਕਿਵੇਂ ਵਾਪਸ ਗਿਆ। ਉਹਨੂੰ ਰਹਿ ਰਹਿ ਕੇ ਯਾਦ ਆਉਂਦੀ ਰਹੀ ਸੀ। ਉਹ ਰਾਤ, ਪਰ ਅੱਜ ਵਾਂਗ ਇਸ ਰਾਤ ਦੀ ਯਾਦ ਪਹਿਲੇ ਨਹੀਂ ਸੀ ਚਿਲਕੀ। ਹੂ-ਬ-ਹੂ ਉਹਨੂੰ ਹਰਪਾਲ ਸਿੰਘ ਉੱਤੇ ਲੰਟਿਆ ਦਿਸਿਆ। ਉਹ ਵੀਵੇ ਦੀ ਨਿੰਮੀ ਨਿੰਮੀ ਲੋ ਮ ਸੀ। ਉਸੇ ਤਰ੍ਹਾਂ ਖੜੇ ਸਨ, ਉਹਦੇ ਆਲੇ ਦੁਆਲੇ, ਮਾਂ, ਭੈਣ, ਭਣੇਵਾਂ, ਭਣਵੀ, ਹਵੇਲੀ ਵਿਚ ਰਹਿਣ ਵਾਲੇ ਹੋਰ ਆਦਮੀ, ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਸ਼ਾਮ ਸਿੰਘ ਅਟਾਰੀ ਵਾਲਾ। ਹਾਂ, ਗੁਰਪਾਲ ਨੂੰ ਸਾਮਰਤੱਖ ਸਭ ਕੁਝ ਯਾਦ ਸੀ। ਉਹਨਾਂ ਦਿਨਾਂ ਵਿਚ ਉਹਦੀ ਆਪਣੀ ਕੋਡੀ ਚੜ੍ਹਤ ਸੀ।

ਉਹਨੂੰ ਯਾਦ ਆਇਆ ਕਿ ਉਦੋਂ ਸਾਰੇ ਉਹਨੂੰ ਮ ਹਿਲਾਂ ਦਾ ਚੜ੍ਹਦਾ ਸਿਤਾਰਾ ਆਖ ਕੇ ਬੁਲਾਂਦੇ ਸਨ...ਪਰ ਫਿਰ...ਫਿਰ ਉਹਨੂੰ ਕੀ ਹੋ ਗਿਆ ? ਉਹਦੀ ਚੜ੍ਹਤ ਨੂੰ ਕੀ ਹੋਇਆ ? ਉਹਦੀ ਫ਼ਬਤ ਨੂੰ ਕੀ ਹੋਇਆ ? ਉਹਦੇ ਸੁਭਾਅ ਵਿਚ ਕਿਵੇਂ ਤਬਦੀਲੀ ਆਈ ?

ਗੁਰਮੀਤ ਤੇ ਅਜੀਤ ਨੇ ਉਹਨੂੰ ਇਸ ਸੋਚ ਪਰਣਾਲੀ ਤੋਂ ਅਲੱਗ ਕੀਤਾ। ਉਹ ਦੋਵੇਂ ਅੰਦਰ ਆਏ। ਹੌਲੇ ਹੌਲੇ। ਪੌਲੇ ਪੌਲੇ ਹੌਲੀ ਹੌਲੀ ਗੁਰਪਾਲ ਨੇ ਉਹਨਾਂ ਵਲ ਦੇਖਿਆ ਤੇ ਸ਼ਾਇਦ ਅੱਜ ਪਹਿਲੀ ਵਾਰ ਉਹ ਗੁਰਮੀਤ ਦੇ ਸਾਹਮਣੇ ਉਠ ਕੇ ਨਹੀਂ ਖਲੋਤਾ। ਗੁਰਪਾਲ, ਗੁਰਮੀਤ ਦਾ ਸ਼ੁਰੂ ਤੋਂ ਆਗਿਆਕਾਰ ਰਿਹਾ ਸੀ।

ਹੌਲੀ ਹੌਲੀ ਗੁਰਮੀਤ ਅੱਗੇ ਆਈ ਤੇ ਉਸ ਗੁਰਪਾਲ ਦੇ ਮੌਢੇ ਉੱਤੇ ਹੱਥ ਰਖਿਆ।

"ਗੁਰਪਾਲ ! ਹੁਣ ਮਾਹਿਲ ਤੋਂ ਸਾਡਾ ਦਾਣਾ ਪਾਣੀ ਨਿਖੁਟ ਗਿਆ ਹੈ...।"

ਗੁਰਪਾਲ ਝੁਭਕਿਆ। ਕਿਵੇਂ ਕੁਝ ਮਿੰਟ ਪਹਿਲੇ ਉਹਦੇ ਮਨ ਵਿਚ ਵੀ ਬਿਲਕੁਲ ਇਹੋ ਸ਼ਬਦ ਆਏ ਸਨ। ਉਸ ਗੁਰਮੀਤ ਵਲ ਵੇਖਿਆ ਤੇ ਇਕਾ ਇਕ ਉਹਦੇ ਨੈਣ ਸੱਜਲ ਹੋ ਗਏ।

"ਇਹ ਤੇਰੇ ਮੂੰਹ ਉੱਤੇ ਵਿਜੈ ਸਿੰਘ ਨੇ ਚਪੇੜ ਨਹੀਂ ਮਾਰੀ। ਇਹ ਹੋਣੀ ਦੀ ਮਾਹਿਲਾਂ ਦੇ ਮੂੰਹ ਉੱਤੇ ਚਪੇੜ ਹੈ ਗੁਰਪਾਲ। ਸ਼ਾਇਦ ਸਾਡਾ ਘਰਾਣਾ ਸਿਖੀ ਸਿਦਕ ਤੇ ਧਰਮ ਦੇ ਉੱਚ ਅਸੂਲਾਂ ਤੋਂ ਕਿਸੇ ਵੇਲੇ ਡੋਲ ਗਿਆ ਹੈ। ਸਾਨੂੰ, ਜਿਨ੍ਹਾਂ ਵਿਚ ਅਜੇ ਵੀ ਇਸ ਖ਼ਾਨਦਾਨ ਦੀ ਇੱਜ਼ਤ ਦਾ ਪਾਸ ਹੈ, ਅੱਗੋਂ ਤੋਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ ਤੋਂ ਔਝੜੇ ਨਹੀਂ ਜਾਂਦੇ। ਤੂੰ ਫ਼ਿਕਰ ਨਾ ਕਰ ਮੇਰੇ ਲਾਲ ; ਮੈਂ ਤੁਹਾਡੇ ਨਾਲ ਜਾਵਾਂਗੀ।"

"ਸੱਚ, ਬੇਬੇ ?" "ਹਾਂ ਪੁੱਤਰ !"

"ਪਰ ਬੇਬੇ। ਜੇ ਤੂੰ ਵੀ ਮਾਹਿਲ ਛਡ ਗਈ, ਤਾਂ ਇਸ ਪਿੰਡ ਤੇ ਇਸ ਘਰਾਣੇ ਦਾ ਕੀ ਬਣੇਗਾ ?" ਗੁਰਪਾਲ ਨੇ ਕਿਹਾ, "ਮੈਨੂੰ ਡਰ ਲੱਗਦਾ ਹੈ। ਨਹੀਂ ਬੇਬੇ, ਤੂੰ ਏਥੇ ਰਹੋ। ਮੈਂ ਜਾਂਦਾ ਹਾਂ। ਸ਼ਾਇਦ ਤੂੰ ਵਿਗੜੀ ਸਵਾਰ ਸਕੇਂ। ਸ਼ਾਇਦ ਤੂੰ ਕੋਈ ਉਪਾਅ ਸੋਚ ਸਕੇਂ। ਤੈਨੂੰ ਅਜੇ ਤਕ ਕਿਸੇ ਨੇ ਉੱਚਾ ਸ਼ਬਦ ਨਹੀਂ ਬੋਲਿਆ।"

"ਠੀਕ ਮੈਨੂੰ ਕਿਸੇ ਨੇ ਅਜੇ ਤਕ ਉੱਚਾ ਨਹੀਂ ਬੋਲਿਆ, ਪਰ ਕੁਝ ਦਿਲਾਂ ਵਿਚ ਉਠਦੇ ਭਾਵ ਤੇ ਬੁੱਲ੍ਹਾਂ ਤਕ ਆਉਂਦੇ ਬਚਨ ਮੈਂ ਸੁਣ ਸਕਦੀ ਹਾਂ। ਇਸ ਤੋਂ ਪਹਿਲੇ ਕਿ ਕੋਈ ਕੁਝ ਕਹਿਣ ਦੀ ਹਿੰਮਤ ਕਰੇ, ਮੈਂ ਏਥੋਂ ਟੁਰ ਜਾਣਾ ਚਾਹੁੰਦੀ ਹਾਂ। ਜੇ ਮੈਂ ਅਜੇ ਤਕ ਏਥੇ ਰਹੀ ਹਾਂ ਤਾਂ ਤੇਰੇ ਤੇ ਅਜੀਤ ਦੇ ਮੂੰਹ ਨੂੰ। ਮੈਂ ਸਮਝਦੀ ਹਾਂ ਕਿ ਜੇ ਕਿਸੇ ਨੂੰ ਇਸ ਪਿੰਡ ਤੇ ਇਸ ਜਾਗੀਰ ਉੱਤੇ ਹੱਕ ਹੈ, ਤਾਂ ਉਹ ਤੈਨੂੰ ਤੇ ਅਜੀਤ ਨੂੰ ਹੈ। ਪਰ...।"

"ਜਾਗੀਰਾਂ ਕੀ ਕਰਨੀਆਂ ਹਨ, ਅਸੀਂ ਬੇਬੇ ! ਮਾਹਿਲਾਂ ਨੂੰ ਕਦੀ ਜਾਗੀਰਾਂ ਦੇ ਲਾਲਚ ਨੇ ਨਹੀਂ ਡੁਲਾਇਆ, ਪਰ...।"

"ਹਾਂ ਸੱਚ ਮਾਹਿਲਾਂ ਨੂੰ ਜਾਗੀਰਾਂ ਨੇ ਕਦੀ ਨਹੀਂ ਡੁਲਾਇਆ, ਪਰ ਇਸ ਘਰਾਣੇ ਵਿਚ ਹੁਣ ਖੋਟ ਵੀ ਭਰ ਗਿਆ ਹੈ। ਹੁਣ .." ਗੁਰਮੀਤ ਚੁੱਪ ਕਰ ਗਈ ਤੇ ਫਿਰ ਉਹ ਗੁਰਪਾਲ ਦੇ ਨਾਲ ਹੀ ਮੰਜੀ ਉੱਤੇ ਬੈਠ ਗਈ। ਕਾਫ਼ੀ ਚਿਰ ਚੁੱਪ ਵਰਤੀ ਰਹੀ ਤੇ ਫਿਰ ਅਜੀਤ ਨੇ ਕਿਹਾ: "ਬੇਬੇ ! ਹੁਣ ਜਲਦੀ ਟੁਰ ਚਲੀਏ ਏਥੋਂ !"

"ਹਾਂ ! ਹੁਣ ਜਲਦੀ ਹੀ ਟੁਰ ਚਲਾਂਗੇ ਪੁੱਤਰ।"

Scanned by CamScanner



੧੫੨

ਕਲ੍ਹ ਸਵੇਰੇ ਗੁਰਪਾਲ ਆਪਣੇ ਟੱਬਰ ਨਾਲ ਮਾਹਿਲ ਛੜ ਰਿਹਾ ਸੀ । ਗੁਰਮੀਤ ਵੀ ਉਹਨਾਂ ਨਾਲ ਜਾ ਰਹੀ ਸੀ ।

ਅੱਜ ਦਿਠੇ ਕਿੰਨਾ ਚਿਰ ਗੁਰਮੀਤ ਕੋਠੇ ਉੱਤੇ ਬੈਠੀ ਰਹੀ । ਮੌਸਮ ਬਦਲ ਗਿਆ ਸੀ ਤੇ ਧੁੱਪ ਹੁਣ ਮੁਖਾਵੀਂ ਲੱਗਦੀ । ਕਬੀਲੇ ਦੀਆਂ ਤੇ ਆਲੇ ਦੁਆਲੇ ਦੀਆਂ ਕਈ ਇਸਤਰੀਆਂ ਤੇ ਮਰਦ ਗੁਰਮੀਤ ਨੂੰ ਮਿਲਣ ਆਏ । ਉਹਦੇ ਟੁਰ ਜਾਣ ਬਾਰੇ ਕਿਹਨੂੰ ਪਤਾ ਨਹੀਂ ਸੀ ਲੱਗਾ ? ਅਜੇ ਤਕ ਵੀ ਜਿਹੜਾ ਆਉਂਦਾ । ਉਹਨੂੰ ਜਾਣ ਤੋਂ ਰੋਕਦਾ । ਲੋਕੀਂ ਆਖਦੇ: "ਤੇਰੇ ਬਿਨਾਂ ਬੇਬੇ, ਇਹ ਪਤੀ ਸੁੰਞੀ ਸੁੰਞੀ ਜਾਪੇਗੀ । ਤੇਰੇ ਬਿਨਾਂ ਬੇਬੇ ਅਸੀਂ ਕਿਹਦੇ ਅੱਗੇ ਆਪਣੇ ਦੁਖ ਫੋਲਾਂਗੇ । ਤੇਰੇ ਬਿਨਾਂ ਕੌਣ ਸਾਡੇ ਮੁਆਮਲੇ ਨਜਿੱਠੇਗਾ । ਔਖੇ ਵੇਲੇ ਸਾਨੂੰ ਕੌਣ ਪੁੱਕਰੇਗਾ ।"

ਗੁਰਮੀਤ ਹੱਸਦੀ ਹੋਈ ਉੱਤਰ ਦੇਂਦੀ: "ਮੈਂ ਸਦਾ ਲਈ ਨਹੀਂ ਜਾ ਰਹੀ । ਜੇ ਸਮਾਂ ਬਣਿਆ ਤਾਂ ਮੈਂ ਜ਼ਰੂਰ ਮੁੜ ਆਵਾਂਗੀ ਏਥੇ । ਮੇਰਾ ਆਪਣਾ ਦਿਲ ਮਾਹਿਲ ਬਗ਼ੈਰ ਨਹੀਂ ਲੱਗਣਾ ।"

ਗੁਰਮੀਤ ਬੇਸ਼ਕ ਆਖਦੀ ਕਿ ਉਹ ਸਦਾ ਲਈ ਨਹੀਂ ਜਾ ਰਹੀ, ਪਰ ਖ਼ਲਕਤ ਜਾਣਦੀ ਸੀ ਕਿ ਉਸ ਮੁੜ ਕੇ ਮਾਹਿਲ ਨਹੀਂ ਆਉਣਾ । ਸ਼ਰੀਕਿਆਂ ਵਿਚ ਵਧ ਰਹੀ ਨਾਚਾਕੀ ਬਾਰੇ ਹੁਣ ਹਰ ਕੋਈ ਜਾਣ ਗਿਆ ਸੀ । ਲੋਕ ਇਹ ਵੀ ਜਾਣਦੇ ਸਨ ਕਿ ਉਚੇਚਾ ਸੁਨੇਹਾ ਭੇਜ ਕੇ ਗੁਰਮੀਤ ਨੇ ਆਪਣੇ ਪੁੱਤਰ ਹਰਦੀਪ ਨੂੰ ਮੰਗਵਾਇਆ ਹੈ ।

ਮਿਲਣ ਆਇਆਂ ਸਾਹਮਣੇ ਗੁਰਮੀਤ ਹੱਸਦੀ ਤੇ ਹੌਲੇ ਭਾਵ ਗੱਲਾਂ ਕਰਨ ਦੀ ਕੋਸ਼ਿਸ਼ ਕਰਦੀ, ਪਰ ਅੰਦਰ ਉਹਦੇ ਅੱਜ ਤੂਫ਼ਾਨ ਉਠ ਰਹੇ ਸਨ ਤੇ ਉਹਦਾ ਮਨ ਮਸੋਸਿਆ ਹੋਇਆ ਸੀ ।

ਅਜੇ ਕੁਝ ਸਮਾਂ ਪਹਿਲੇ ਏਸੇ ਕੋਠੇ ਉੱਤੇ ਖਲੋ ਉਸ ਚੂਹੜ ਸਿੰਘ ਸ਼ਾਮ ਸਿੰਘ ਅਟਾਰੀ ਵਾਲੇ ਤੇ ਆਪਣੇ ਕੁੰਬੇ ਦੇ ਕਈ ਹੋਰ ਸਪੁੱਤਰਾਂ ਨੂੰ ਸਭਰਾਵਾਂ ਵਲ ਚਾਲੇ ਪਾਂਦੇ ਵੇਖਿਆ ਸੀ । ਉਦੋਂ ਅੱਜ ਨਾਲੋਂ ਢੇਰ ਸਰਦੀ ਸੀ । ਪਰ ਸਮੇਂ ਦੀ ਨੁਹਾਰ ਇਹੋ ਜਿਹੀ ਹੀ ਸੀ । ਤੇ ਸਮੇਂ ਦੀ ਨੁਹਾਰ ਉਦੋਂ ਵੀ ਇਹੋ ਜਿਹੀ ਸੀ, ਜਦੋਂ ਲੋਕ ਅੰਗਰੇਜ਼ ਨਾਲ ਹੋਣ ਵਾਲੀ ਜੰਗ ਬਾਰੇ ਗੱਲਾਂ ਕਰਿਆ ਕਰਦੇ । ਗੁਰਮੀਤ ਸੋਚਦੀ ਜ਼ਮਾਨੇ ਦੇ ਉਤਾਰ ਚੜ੍ਹਾਵਾਂ ਬਾਰੇ, ਖ਼ਾਲਸਾ ਰਾਜ ਦੇ ਅਰੂਜ ਤੇ ਜ਼ਵਾਲ ਬਾਰੇ ਤੇ ਸਭ ਉਹਨਾਂ ਦਿਨਾਂ ਬਾਰੇ, ਜਿਹੜੇ ਹੁਣ ਬੀਤ ਚੁਕੇ ਸਨ ਤੇ ਜਿਹੜੇ ਹੁਣ ਮੁੜ ਕੇ ਵਾਪਸ ਨਹੀਂ ਸਨ ਆਣੇ ।

ਜਦੋਂ ਸੂਰਜ ਢਲਣ ਲੱਗਾ ਤੇ ਮਿਲਣ ਗਿਲਣ ਆਏ ਲੋਕ ਚਲੇ ਗਏ, ਤਾਂ ਗੁਰਮੀਤ ਨੇ ਅਜੀਤ ਨੂੰ ਕਿਹਾ: "ਅਜੀਤ ! ਤੈਨੂੰ ਅੱਜ ਕੀ ਕੁਝ ਯਾਦ ਆ ਰਿਹਾ ਹੈ ?"

'ਮੈਨੂੰ ਯਾਦ ਆ ਰਿਹਾ ਹੈ, ਉਹ ਦਿਨ ਜਦੋਂ ਮੈਂ ਸਰਦਾਰ ਸ਼ਾਮ ਸਿੰਘ, ਬਾਬੇ ਤੇ ਬਾਪੂ ਨਾਲ ਸਭਰਾਵਾਂ ਲਈ ਟੁਰਿਆਂ ਸਾਂ ਤੇ ਤੂੰ ਏਸੇ ਕੋਠੇ ਉੱਤੇ ਖਲੋ ਕੇ ਸਾਨੂੰ ਸ਼ੁਭ ਵਿਦਾਇਗੀ ਆਖ ਰਹੀ ਸੈਂ ।"

ਗੁਰਮੀਤ ਨੇ ਮਨ ਹੀ ਮਨ ਕਿਹਾ: "ਅਜੀਤ ਕਿਵੇਂ ਅਸਲੋਂ ਮੇਰੇ ਵਾਂਗ ਹੀ ਸੋਚਦਾ ਹੈ । ਰੱਬ ਸੁਖ ਕਰੇ..." ਤੇ ਫਿਰ ਉਸੇ ਸਵੱਰ ਵਿਚ ਉਸ ਪੁਛਿਆ: "ਤੇ ਹੋਰ ਕੀ ?"

"ਹੋਰ ਬੇਬੇ ਮੇਰੇ ਮਨ ਵਿਚ ਸਭ ਉਹ ਬੀਤੇ ਦਿਨ ਆ ਰਹੇ ਹਨ, ਜਿਹੜੇ ਹੁਣ ਮੁੜ ਕੇ ਕਦੀ ਨਹੀਂ ਆਉਣੇ...।"

ਗੁਰਮੀਤ ਦੇ ਦਿਲ ਵਿਚ ਫਿਰ ਇਕ ਚੀਸ ਉਠੀ । ਕਿਵੇਂ ਅਜੀਤ ਦੇ ਮਨ ਵਿਚ ਬਿਲਕੁਲ ਉਹੀ ਭਾਵ ਉਤਪੰਨ ਹੋ ਰਹੇ ਹਨ ? ਸ਼ਬਦ ਵੀ ਉਹ ਬਿਲਕੁਲ ਉਹਦੇ ਜਿਹੇ ਹੀ ਵਰਤ ਰਿਹਾ ਹੈ । ਉਹ ਬੋਲੀ :

Scanned by CamScanner

"ਤੂੰ ਠੀਕ ਕਹਿੰਦਾ ਹੈਂ, ਅਜੀਤ। ਮੈਂ ਵੀ ਉਹਨਾਂ ਦਿਨਾਂ ਬਾਰੇ ਹੀ ਸੋਚ ਰਹੀ ਹਾਂ। ਤੈਨੂੰ ਸ਼ਾਇਦ ਪਤਾ ਨਾ ਹੋਵੇ ਕਿ ਇਸ ਪਿੰਡ ਨਾਲ ਸਾਡੇ ਟੱਬਰ ਦੇ ਕੇਡੇ ਡੂੰਘੇ ਸੰਬੰਧ ਹਨ ਅਜੀਤ! ਉੱਥੇ..." ਤੇ ਉਸ ਲਹਿਦੇ ਵਲ ਇਸ਼ਾਰਾ ਕੀਤਾ, "ਕਰ ਕੇ ਅੱਜ ਤੋਂ ਕੋਈ ਡੂਢ ਕੁ ਸੌ ਵਰ੍ਹੇ ਪਹਿਲੇ ਸਾਡੇ ਮਾਨਦਾਨ ਦਾ ਇਕ ਮੱਢੀ ਸਹਿਕਦਿਆਂ ਸਹਿਕਦਿਆਂ ਸ਼ਹੀਦ ਹੋਇਆ। ਜੋਰਾਵਰ ਜਰਵਾਣੇ ਉਹਨੂੰ ਘਸੀਟਦੇ ਘਸੀਟਦੇ ਸਰਮੋਰ ਕਿ ਲਾਹੌਰ ਲੈ ਜਾਣਾ ਚਾਹੁੰਦੇ ਸਨ। ਉਹਨਾਂ ਦਿਨਾਂ ਵਿਚ ਅਜੋੜੇ ਅਟਾਰੀ ਦੀ ਥਾਂ ਉੱਤੇ ਸਰਮੋਰ ਦਾ ਪਿੰਡ ਸੀ। ਸਾਡੇ ਇਸ ਪਿਤਾਮੇ ਦਾ ਨਾਂ ਬੁਢਾ ਮੱਲ ਸੀ। ਤੇ ਫਿਰ ਏਥੇ .." ਉਸ ਚੜ੍ਹਦੇ ਪਾਸੇ ਇਕ ਘਰ ਵਲ ਇਸ਼ਾਰਾ ਕੀਤਾ, "ਏਥੇ ਜ਼ਾਲਮਾਂ ਨੇ ਸਾਡੇ ਘਰਾਣੇ ਦੇ ਇਕ ਸਿਰ ਕੱਢ ਸਰਦਾਰ ਸ਼ਾਹਬਾਜ਼ ਸਿੰਘ ਦੇ ਦੁੱਧ ਪੀਂਦੇ ਬੱਚੇ ਨੂੰ ਦੀਵਾਰ ਨਾਲ ਪਟਕਾ ਕੇ ਕਤਲ ਕੀਤਾ। ਉਹਨਾਂ ਦਿਨਾਂ ਵਿਚ ਸਾਡੀ ਹਵੇਲੀ ਉੱਥੇ ਹੋਇਆ ਕਰਦੀ ਸੀ। ਇਹ ਹੀ ਨਹੀਂ ਇਸ ਪਿੰਡ ਵਿਚ ਖ਼ਾਲਸਾ ਪੰਥ ਦੀ ਵਡਿਆਈ ਵਾਸਤੇ ਬੜਾ ਅੰਮ੍ਰਿਤ ਪਰਚਾਰ ਹੋਇਆ। ਅਨੇਕ ਤੇ ਮਹਾਨ ਦੀਵਾਨ ਸਜੇ। ਕਹਿੰਦੇ ਹਨ ਕਿ ਜਿੰਨੇ ਅੰਮ੍ਰਿਤ ਸ਼ਾਹਬਾਜ਼ ਦੀ ਪਤਨੀ ਸ਼ੁਭਵੰਤ ਕੌਰ ਨੇ ਆਪਣੇ ਸਮੇਂ ਵਿਚ ਛਕਾਏ ਉੱਨੇ ਸ਼ਾਇਦ ਹੋਰ ਕਿਸੇ ਨਾ ਛਕਾਏ ਹੋਣ। ਇਸ ਪਿੰਡ ਦੇ ਦਖਣ ਪੱਛਮ ਵਲ, ਕਹਿੰਦੇ ਹਨ, ਉਸ ਵੇਲੇ ਇਕ ਸੰਘਣਾ ਜੰਗਲ ਹੋਇਆ ਕਰਦਾ ਸੀ। ਏਥੇ ਤੇਰੇ ਵਡੇ ਵਡੇਰੇ ਤੇ ਆਸੇ ਪਾਸੇ ਦੇ ਹੋਰ ਦੇਸ਼ ਸੇਵਕ ਭੀੜ ਪਟੀ ਜਾ ਜੁੜਦੇ ਤੇ ਜ਼ਾਲਮ ਸਲਤਨੱਤ ਨਾਲ ਘੋਲ ਜਾਰੀ ਰਖਦੇ। ਤੇਰੇ ਘਰਾਣੇ ਦੇ ਕਿਸੇ ਮਨੁੱਖ ਨੇ ਅੱਜ ਤਕ ਆਪਣਾ ਸਿਦਕ ਨਹੀਂ ਹਾਰਿਆ।"

ਅਜੀਤ ਭਾਵੁਕ ਹੋ ਗਿਆ।

"ਤੇ ਨਾ ਹੀ ਕੋਈ ਕਦੀ ਹਾਰੇਗਾ ਬੇਬੇ! ਮੇਰੀ ਤਾਂ ਇਹੋ ਹੀ ਪ੍ਰਾਰਥਨਾ ਹੈ, ਪਰ ਮੈਂ ਸੁਣਿਆ ਹੈ ਕਿ ਅਸੀਂ ਏਥੋਂ ਕਿਤੇ ਟੁਰ ਵੀ ਗਏ ਸਾਂ ..।"

"ਹਾਂ, ਅਜੀਤ! ਉਹ ਵੀ ਕੋਈ ਸੌ ਵਰ੍ਹੇ ਪਹਿਲੇ ਦੀ ਗੱਲ ਹੈ। ਸਰਦਾਰ ਜਾਂਬਾਜ਼ ਸਿੰਘ ਨੇ ਵੇਖਿਆ ਕਿ ਮਾਹਿਲਾਂ ਦਾ ਏਥੇ ਰਹਿਣਾ ਅਨਹੋਣਾ ਹੋ ਗਿਆ ਹੈ। ਸੋ ਉਸ ਡੇਰਾ ਬਾਬਾ ਨਾਨਕ ਤੋਂ ਬਾਰਾਂ ਕੁ ਮੀਲ ਦੂਰ ਇਕ ਪਿੰਡ ਵਸਾਇਆ, ਜਿਦ੍ਹਾ ਨਾਂ ਉਸ ਫ਼ਤਿਹ ਗੜ੍ਹ ਰਖਿਆ। ਏਥੋਂ ਪਹਿਲੇ ਇਕ ਥੇਹ ਟਿੰਗਰੀ ਨਾਮ ਕਰ ਕੇ ਸੀ। ਫ਼ਤਿਹ ਗੜ੍ਹ ਉਸ ਵੇਲੇ ਇਸ ਲਾਂਘੇ ਤੋਂ ਦੂਰ ਹੋਣ ਕਰ ਕੇ ਰਾਜਸੀ ਜ਼ੁਲਮਾਂ ਤੋਂ ਕਿਸੇ ਹਦ ਤਕ ਬਚਿਆ ਰਹਿੰਦਾ। ਕਹਿੰਦੇ ਹਨ ਕਿ ਵੇਖਦਿਆਂ ਹੀ ਵੇਖਦਿਆਂ ਫ਼ਤਿਹ ਗੜ੍ਹ ਵਿਚ ਹੈਰਾਨ ਕਰਨ ਵਾਲੀ ਉੱਨਤੀ ਹੋਈ ਤੇ ਇਹ ਖ਼ਾਲਸਾ ਰਾਜ ਸਥਾਪਤ ਕਰਨ ਵਾਸਤੇ ਹੋ ਰਹੀਆਂ ਕੋਸ਼ਿਸ਼ਾਂ ਦਾ ਮਧ ਬਣ ਗਿਆ। ਪੰਥ ਦੇ ਸਾਰੇ ਸਿਰ ਕਢ ਸਰਦਾਰ ਜਿਵੇਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਮਹਾਂ ਸਿੰਘ, ਸਾਰੇ ਜਾਂਬਾਜ਼ ਦੀ ਇੱਜ਼ਤ ਕਰਦੇ ਤੇ ਆਖਦੇ ਹਨ ਕਿ ਜਦੋਂ ਆਹਲੂਵਾਲੀਏ ਸਰਦਾਰ ਦੀ ਅਗਵਾਈ ਥੱਲੇ ਪਹਿਲੀ ਵਾਰ ਲਾਹੌਰ ਸਿੰਘਾਂ ਦੇ ਕਬਜ਼ੇ ਵਿਚ ਆਇਆ ਤਾਂ ਸਭ ਤੋਂ ਪਹਿਲੇ ਇਸ ਮਹਾਨ ਸ਼ਹਿਰ ਵਿਚ ਕਦਮ ਰਖਣ ਦਾ ਮਹਾਨ ਮਾਨ ਸਰਦਾਰ ਜਾਬਾਜ਼ ਸਿੰਘ ਨੂੰ ਹੀ ਦਿਤਾ ਗਿਆ।"

"ਪਰ ਬੇਬੇ ਅੱਜ ਉਸ ਲਾਹੌਰ ਦੀ ਕੀ ਬਾਬ ਹੋ ਰਹੀ ਹੈ।"

"ਅੱਜ ਜੋ ਕੁਝ ਲਾਹੌਰ ਹੋ ਰਿਹਾ ਹੈ ਅਜੀਤ, ਉਹਦੀ ਬਾਬਤ ਜਿੰਨਾ ਘਟ ਸੋਚੀਏ ਓਨਾਂ ਹੀ ਚੰਗਾ ਹੈ। ਸੁਣਿਆ ਹੈ ਕਿ ਗੋਰੇ ਸਿਪਾਹੀ ਲਾਹੌਰ ਦਿਆਂ ਬਾਜ਼ਾਰਾਂ ਵਿਚ ਇੰਜ ਫਿਰਦੇ ਹਨ ਜਿਵੇਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੇ ਸਿਪਾਹੀ ਵੀ ਨਹੀਂ ਸਨ ਫਿਰਦੇ। ਕੁਝ ਦਿਨ ਪਹਿਲੇ ਇਕ ਗੋਰਾ ਸਿਪਾਹੀ ਨੇ ਸਰੇ ਰਾਹ ਤਲਵਾਰ ਨਾਲ ਇਕ ਗਾਂ ਦੇ ਟੁਕੜੇ ਟੁਕੜੇ ਕਰ ਦਿਤੇ। ਕਸੂਰ ਇਸ ਗਾਂ ਦਾ ਸਿਰਫ ਇਹ ਸੀ ਕਿ ਉਹ ਗੋਰੇ ਸਿਪਾਹੀ ਦੇ ਰਾਹ ਵਿਚ ਆ ਖਲੋਤੀ ਸੀ।"

"ਸੱਚ, ਬੇਬੇ!"

"ਸੱਚ ਹੀ ਹੋਵੇਗੀ, ਅਜੀਤ! ਕਿਸੇ ਨੇ ਝੂਠ ਕਿਉਂ ਆਖਣਾ ਹੈ। ਸੁਣਿਆ ਨਹੀਂ ਤੂੰ ਸ਼ਾਮ ਸਿੰਘ ਅਟਾਰੀਵਾਲੇ ਦਾ ਇਕ ਦੋਹਤਰਾ ਇਕ ਫ਼ਰੰਗੀ ਸਿਪਾਹੀ ਦੇ ਘੋੜੇ ਥੱਲੇ ਆ ਕੇ ਮਰ ਗਿਆ ਤੇ ਇਲਜ਼ਾਮ ਫਿਰ ਵੀ ਬੱਚੇ ਦੇ ਮਾਪਿਆਂ ਉੱਤੇ ਧਰਿਆ ਗਿਆ। ਆਖਿਉ ਨੇ ਕਿ ਮਾਪਿਆਂ ਤਾਈਂ ਮੂਰਖ ਬੱਚਿਆਂ ਨੂੰ ਇਕੱਲੇ ਸੜਕ ਉੱਤੇ ਜਾਣ ਦੀ ਆਗਿਆ ਨਹੀਂ ਦੇਣੀ ਚਾਹੀਦੀ...।"

"ਇਕ ਗੱਲੋਂ ਤਾਂ ਚੰਗਾ ਹੈ, ਬੇਬੇ, ਕਿ ਅਸੀਂ ਏਥੋਂ ਜਾ ਰਹੇ ਹਾਂ। ਫ਼ਰੰਗੀਆਂ ਦੀਆਂ ਵਧੀਕੀਆਂ ਬਾਰੇ ਸੁਣ ਕੇ

Scanned by CamScanner

ਮੇਰਾ ਖ਼ੂਨ ਖੌਲਣ ਲਗਦਾ ਹੈ। ਗੁਜਰਾਤ ਤਕ ਫ਼ਰੰਗੀ ਅਜੇ ਨਹੀਂ ਪਹੁੰਚੇ, ਨਾ ਅਜਿਹੀਆਂ ਗੱਲਾਂ ਸੁਣਾਂਗੇ ਨਾ ਮਨ ਕਲਪੇਗਾ।"

"ਕਾਸ਼, ਪੁੱਤਰ! ਇਹ ਸੱਚ ਹੋ ਸਕੇ, ਪਰ ਜਾਪਦਾ ਹੈ ਕਿ ਜਲਦੀ ਹੀ ਗੱਲ ਗੁਜਰਾਤ ਤੇ ਗੁਜਰਾਤ ਤੋਂ ਅਗੇ ਜਿਹਲਮ ਤੇ ਫਿਰ ਪਿੰਡੀ ਤੇ ਪਿਸ਼ਾਵਰ ਤੇ ਅੰਤ ਕਾਬਲ ਤਕ ਜਾ ਪਹੁੰਚਣਗੇ। ਤੇਰਾ ਬਾਬਾ ਹਰਪਾਲ ਮੈਨੂੰ ਦਸਿਆ ਕਰਦਾ ਸੀ ਕਿ ਅੰਗਰੇਜ਼ ਆਪਣੀ ਸਲਤਨੱਤ ਦੀ ਹੱਦ ਰੂਸ ਨਾਲ ਮਿਲਾਣਾ ਚਾਹੁੰਦੇ ਹਨ, ਉਸ ਤੋਂ ਉਰੇ ਇਹ ਕਿਤੇ ਰੁਕਣ ਨਹੀਂ ਲਗੇ।"

"ਹਾਂ, ਬੇਬੇ, ਪੰਡਤ ਸ਼ੰਕਰ ਵੀ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕਰਿਆ ਕਰਦਾ ਸੀ। ਕਹਿੰਦਾ ਸੀ ਕਿ ਲੁਧਿਆਣੇ ਉਸ ਵਡੇ ਵਡੇ ਅੰਗਰੇਜ਼ੀ ਅਫ਼ਸਰਾਂ ਦੀ ਜ਼ਬਾਨੀ ਕਈ ਖ਼ੁਫ਼ੀਆ ਰਾਜ਼ ਸੁਣੇ ਹਨ। ਪਤਾ ਨਹੀਂ ਸ਼ੰਕਰ ਹੁਣ ਕਿਥੇ ਹੈ। ਮੈਂ ਅੰਗਰੇਜ਼ੀ ਭੁਲਣਾ ਨਹੀਂ ਚਾਹੁੰਦਾ।"

"ਹਾਂ, ਜੋ ਕੁਝ ਸਿਖੀਏ ਉਹ ਭੁਲਣਾ ਨਹੀਂ ਚਾਹੀਦਾ। ਲਾਹੌਰੋਂ ਜਾਂਦੀ ਵਾਰੀ ਤੂੰ ਅੰਗਰੇਜ਼ੀ ਦੀਆਂ ਕੁਝ ਪੁਸਤਕਾਂ ਜ਼ਰੂਰ ਖ਼ਰੀਦ ਲਈਂ। ਨਾਹਰਪੁਰ ਜਾ ਕੇ ਪੜ੍ਹੀਂ।"

"ਕੀ ਤੂੰ ਨਾਹਰਪੁਰ ਸਾਡੇ ਨਾਲ ਨਹੀਂ ਚਲੇਂਗੀ?"

"ਪਹਿਲੇ ਤਾਂ ਮੈਂ ਹਰਦੀਪ ਨਾਲ ਚਿਮਣੀਵਾਲੇ ਜਾਣਾ ਹੈ। ਪਿਛੋਂ ਵੇਖੀ ਜਾਏਗੀ।"

"ਤਾਂ ਫਿਰ ਮੈਂ ਵੀ ਤੇਰੇ ਚਿਮਣੀਵਾਲੇ ਜਾਵਾਂਗਾ। ਮੈਂ ਇਕਲਿਆਂ ਨਹੀਂ ਰਹਿਣਾ।"

ਏਨੇ ਵਿਚ ਗੁਰਪਾਲ ਸਿੰਘ ਨੇ ਬਲਿਓਂ ਆਵਾਜ਼ ਦਿਤੀ :

"ਆ, ਬੇਬੇ ਬੱਲੇ ਆ ਜਾ ਹੁਣ ਠੰਡ ਹੋ ਗਈ ਹੈ।"

ਗੁਰਮੀਤ ਤੇ ਅਜੀਤ ਬੱਲੇ ਆਏ ਤੇ ਗੁਰਪਾਲ ਨੇ ਪੁਛਿਆ :

"ਬੇਬੇ! ਮੈਂ ਸੁਣਿਆ ਹੈ ਕਿ ਸਰਕਾਰ ਦੇ ਇਕ ਦਰਬਾਰੀ ਕਵੀ ਨੇ ਸਾਡੇ ਘਰਾਣੇ ਦੀ ਵਾਰ ਲਿਖੀ ਸੀ। ਉਹ ਵਾਰ ਕਿਥੇ ਹੈ? ਮੈਂ ਚਾਚੇ ਗੁਰਦਿਆਲ ਕੋਲੋਂ ਪੁਛਿਆ ਹੈ, ਪਰ ਉਹਨੂੰ ਕੋਈ ਪਤਾ ਨਹੀਂ।"

"ਉਹ ਵਾਰ ਮੇਰੇ ਸੰਦੂਕ ਵਿਚ ਹੈ, ਗੁਰਪਾਲ! ਤੇ ਉਹ ਮੈਂ ਤੇਰੇ ਤੇ ਅਜੀਤ ਵਾਸਤੇ ਨਾਲ ਲੈ ਜਾ ਰਹੀ ਹਾਂ। ਇਸ ਤੋਂ ਇਲਾਵਾ ਘਰਾਣੇ ਦੀਆਂ ਕੁਝ ਇਕ ਹੋਰ ਜ਼ਰੂਰੀ ਚੀਜ਼ਾਂ ਵੀ ਮੇਰੇ ਕੋਲ ਹਨ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੀਆਂ ਹਰਪਾਲ ਨੂੰ ਸੌਂਪੀਆਂ ਸੁਗ਼ਾਤਾਂ। ਕਾਸ਼! ਅਸੀਂ ਬੁੱਢਾ ਮੱਲ, ਸ਼ਾਹਬਾਜ਼ ਤੇ ਜਾਂਬਾਜ਼ ਦੇ ਵੇਲੇ ਦੀਆਂ ਵੀ ਕੁਝ ਸ਼ੈਆਂ ਸੰਭਾਲ ਲੈਂਦੇ, ਪਰ ਸ਼ਾਇਦ ਹਰ ਟੱਬਰ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ।"

"ਬੇਬੇ! ਤੇਗੀਆਂ ਦੇਣੀਆਂ ਅਸੀਂ ਪਤਾ ਨਹੀਂ ਕਦੋਂ ਲਾਹਵਾਂਗੇ। ਜੇ ਤੂੰ ਨਾ ਹੁੰਦੀ ਤਾਂ ਸਾਡਾ ਘਰਾਣਾ ਹਰਪਾਲ ਦੀ ਮੌਤ ਪਿਛੋਂ ਜਿਹੜੇ ਸਾਲ ਤਗਿਆ ਹੈ ਉਹ ਵੀ ਨਾ ਤਗਦਾ।"

"ਮੈਂ ਕੀ ਵਿਚਾਰੀ ਹਾਂ, ਗੁਰਪਾਲ, ਕਰਨ ਕਰਾਉਣ ਵਾਲਾ ਉਹ ਆਪ ਗ਼ਰੀਬ ਨਿਵਾਜ਼ ਹੈ।"

ਗਈ ਰਾਤ ਤਕ ਟੱਬਰ ਦੇ ਜੀਅ ਗੁਰਮੀਤ ਦਵਾਲੇ ਜੁੜੇ ਬੈਠੇ ਰਹੇ। ਦੋ ਗੱਡੇ ਸ਼ਾਮੀਂ ਹੀ ਤਿਆਰ ਕਰ ਛਡੇ ਗਏ ਸਨ। ਇਕ ਸਾਮਾਨ ਨਾਲ ਭਰਿਆ ਗਿਆ ਸੀ ਤੇ ਦੂਜੇ ਵਿਚ ਬੈਠਣ ਦਾ ਪ੍ਰਬੰਧ ਕੀਤਾ ਗਿਆ ਸੀ। ਅਜੀਤ ਤੇ ਉਹਦੇ ਭਰਾ ਉਜਾਗਰ ਸਿੰਘ ਵਾਸਤੇ ਬੜੀ ਮੁਸ਼ਕਲ ਨਾਲ ਦੋ ਘੋੜੇ ਤੋਰਨ ਦਾ ਫ਼ੈਸਲਾ ਹੋਇਆ। ਕਰਤਾਰ ਸਿੰਘ ਇਹ ਵੀ ਨਹੀਂ ਸੀ ਮੰਨਦਾ।

ਹਾਂ, ਇਕ ਕਰਤਾਰ ਸਿੰਘ ਹੀ ਅਜਿਹਾ ਆਦਮੀ ਸੀ ਜਿਹੜਾ ਗੁਰਮੀਤ, ਗੁਰਪਾਲ ਤੇ ਉਹਦੇ ਟੱਬਰ ਦੇ ਕਲ੍ਹ ਸਵੇਰੇ ਟੁਰ ਜਾਣ ਬਾਰੇ ,ਜ਼ਰਾ ਉਦਾਸ ਨਹੀਂ ਸੀ ਹੋਇਆ। ਬੇਸ਼ਕ, ਉਹਦੀ ਆਖੀ ਜਾਂ ਉਹਦੀ ਸ਼ਹਿ ਉੱਤੇ ਉਹਦੇ ਭਰਾਵਾਂ ਨੇ ਗੁਰਮੀਤ ਜਾਂ ਗੁਰਪਾਲ, ਕਿਸੇ ਨੂੰ ਨਹੀਂ ਸੀ ਰੋਕਿਆ, ਪਰ ਉਹਨਾਂ ਦੋਹਾਂ ਨੇ ਕਿਸ ਸ਼ੈ ਉੱਤੇ ਬੰਦਸ਼ ਵੀ ਨਹੀਂ ਸੀ ਲਾਈ। ਬਾਜ਼ ਸਿੰਘ ਨੇ ਤਾਂ ਏਥੋਂ ਤਕ ਕਿਹਾ ਸੀ—

"ਅੱਜ ਤਕ ਮਾਹਿਲ ਘਰਾਣੇ ਵਿਚ ਕਿਸੇ ਨਾਲ ਇਸ ਤਰ੍ਹਾਂ ਨਹੀਂ ਹੋਈ। ਸਾਨੂੰ ਹੋਰ ਗੱਲ ਵਧਾਣੀ ਨਹੀਂ ਚਾਹੀਦੀ। ਜੋ ਕੁਝ ਲੈ ਜਾਣਾ ਚਾਹੁੰਦੇ ਹਨ ਲੈ ਜਾਣ। ਆਖ਼ਰ ਉਹ..."

Scanned by CamScanner

ਪਰ ਕਰਤਾਰ ਸਿੰਘ ਨੇ ਉਹਨੂੰ ਟੋਕਿਆ, "ਬਾਜ ਸਿੰਘ ! ਪਾਗ਼ਲ ਹੋ ਗਿਆ ਹੈਂ ਤੂੰ ! ਜੇ ਇਸ ਤਰ੍ਹਾਂ ਟੋਰੇਂਗਾ ਤਾਂ ਵੰਖੀ ਕਲ੍ਹ ਨੂੰ ਅਜੀਤ ਜਾਂ ਉਜਾਗਰ ਏਥੇ ਆ ਭਟਕਣਗੇ ਤੇ ਫਿਰ ਪੂਰਾ ਪੂਰਾ ਹਿੱਸਾ ਵੰਡਾ ਲੈਣਗੇ। ਇਸ ਤਰ੍ਹਾਂ ਜਿਚ ਕਰ ਕੇ ਭੇਜੋ ਕਿ ਪੀਹੜੀਆਂ ਤਕ ਕੋਈ ਏਧਰ ਮੂੰਹ ਕਰਨ ਦਾ ਜੇਰਾ ਨਾ ਕਰੇ।"

ਕਰਤਾਰ ਸਿੰਘ ਨੇ ਪਹਿਲੇ ਤਾਂ ਦੋ ਗੱਡਿਆਂ ਬਾਰੇ ਵੀ ਇਤਰਾਜ਼ ਕੀਤਾ।

"ਇਕ ਗੱਡਾ ਕਾਫ਼ੀ ਹੈ। ਪਹਿਲੇ ਤਾਂ, ਦੋ ਗੱਡਿਆਂ ਦੀ ਲੋੜ ਨਹੀਂ ਤੇ ਫਿਰ ਬਲਦਾਂ ਦੀ ਸਾਨੂੰ ਬੜੀ ਘਾਟ ਹੈ। ਨਾਹਰਪੁਰ ਜ਼ਮੀਨ ਘਟ ਨਹੀਂ ਤੇ ਨਾ ਬਲਦ ਘਟ ਹੋਣਗੇ...।

ਜਦੋਂ ਉਹ ਦੋ ਗੱਡਿਆਂ ਉੱਤੇ ਮੰਨਿਆਂ ਤਾਂ ਫਿਰ ਘੋੜੇ ਦੇਣ ਤੋਂ ਇਨਕਾਰ ਕਰੇ। ਗੱਲ ਗੁਰਦਿਆਲ ਸਿੰਘ ਕੋਲ ਪਹੁੰਚੀ, ਪਰ ਉਹ ਕੁਝ ਕਹਿ ਨਾ ਸਕਿਆ। ਅੰਤ ਗੁਰਮੀਤ ਨੇ ਕਰਤਾਰ ਸਿੰਘ ਨੂੰ ਬੁਲਾ ਕੇ ਆਖਿਆ :

"ਮੈਂ ਤੈਨੂੰ ਘਰਾਣੇ ਦੀ ਇੱਜ਼ਤ ਦਾ ਵਾਸਤਾ ਪਾ ਕੇ ਕੁਝ ਨਹੀਂ ਕਹਿੰਦੀ, ਪਰ ਤੇਰੀ ਬੇਬੇ ਹੋਣ ਦੇ ਨਾਤੇ ਮੈਂ ਤੈਨੂੰ ਕਹਿੰਦੀ ਹਾਂ ਕਿ ਤੂੰ ਇਸ ਛੋਟੀ ਚੀਜ਼ ਉੱਤੇ ਭੰਡੀ ਨਾ ਪਾ। ਤੂੰ ਮੇਰੀ ਆਖੀ ਕਦੀ ਨਹੀਂ ਮੋੜੀ, ਮੈਂ ਜਾਣਦੀ ਹਾਂ ਤੇ ਅੱਜ ਵੀ ਮੈਂ ਤੇਰੇ ਕੋਲੋਂ ਅਨਹੋਣੀ ਨਹੀਂ ਮੰਗ ਰਹੀ।"

ਬੜੀ ਮੁਸ਼ਕਲ ਨਾਲ ਕਰਤਾਰ ਮੰਨਿਆਂ।

"ਜੇ ਤੂੰ ਇਉਂ ਆਖੇਂ, ਬੇਬੇ, ਤਾਂ ਮੈਂ ਕੁਝ ਨਹੀਂ ਕਹਿੰਦਾ। ਚਲੋ ਇਉਂ ਹੀ ਸਹੀ।"

ਜਿਹੜਾ ਜਿਹੜਾ ਆਦਮੀ ਜਾਂ ਇਸਤਰੀ ਗੁਰਮੀਤ ਜਾਂ ਗੁਰਪਾਲ ਨੂੰ ਮਿਲਣ ਆਉਂਦੇ, ਉਹ ਉਹਨਾਂ ਵਾਸਤੇ ਕੋਈ ਨਾ ਕੋਈ ਸੁਗਾਤ ਲਿਆਉਂਦੇ। ਮਿੱਠੀਆਂ ਰੋਟੀਆਂ, ਸਾਗ, ਦੁੱਧ, ਅਚਾਰ, ਲੱਡੂ ਤੇ ਅਨੇਕਾਂ ਹੋਰ ਚੀਜ਼ਾਂ ਨਾਲ ਮਾਹਿਲਾਂ ਦੀ ਹਵੇਲੀ ਭਰ ਗਈ। ਅਜੀਤ ਨੇ ਹੱਸ ਕੇ ਕਿਹਾ : "ਜੇ ਅਸੀਂ ਇਹ ਸਾਰੀਆਂ ਸੁਗਾਤਾਂ ਲੈ ਜਾਣ ਉੱਤੇ ਆਈਏ ਤਾਂ ਇਕ ਗਡਾ ਹੋਰ ਚਾਹੀਦਾ ਹੋਵੇਗਾ।"

ਕਈ ਮਿੱਤਰ ਤੇ ਸੰਬੰਧੀ ਪੱਗਾਂ, ਜੋੜੇ ਤੇ ਹੋਰ ਕਪੜੇ ਲਿਆਏ। ਕਈ ਸ਼ੀਸ਼ੇ, ਮੁੰਦਰੀਆਂ ਤੇ ਗਹਿਣੇ। ਚੌਧਰੀ ਮੁਹੰਮਦ ਅਸਮਤ ਦੀ ਧੀ ਅਜੀਤ ਵਾਸਤੇ ਇਕ ਪੱਗ ਦਾ ਕਪੜਾ ਹੋਰ ਲਿਆਈ।

ਸ਼ਾਮੀਂ ਗੁਰਪਾਲ ਆਪਣੀ ਦੁਸਾਂਝੀ ਨਾਲ ਮਾਹਿਲ ਦੇ ਲਗ ਭਗ ਸਾਰੇ ਘਰਾਂ ਵਿਚ ਘੁੰਮਿਆਂ।

"ਮੈਂ, ਬੇਬੇ ਗੁਰਮੀਤ ਤੇ ਆਪਣੇ ਟੱਬਰ ਵਲੋਂ ਤੁਹਾਨੂੰ ਸ਼ੁਭ ਵਿਦਾਇਗੀ ਕਹਿਣ ਆਇਆ ਹਾਂ," ਉਹ ਹਰ ਪਿੰਡ ਵਾਸੀ ਨੂੰ ਆਖਦਾ : "ਮਾਹਿਲ ਦੀ ਲਾਜ ਤੁਹਾਡੇ ਹੱਥ ਹੈ। ਵੇਖਣਾ ਇਹਦੀ ਆਭਾ ਬਰਬਾਦ ਨਾ ਹੋ ਜਾਏ।"

ਬਹੁਤ ਜਣੇ ਉਹਦੇ ਨਾਲ ਗੱਲ ਕਰਦੇ ਰੋ ਪੈਂਦੇ।

"ਸਰਦਾਰ ਗੁਰਪਾਲ ਸਿੰਘ ! ਅਨਹੋਣੀ ਹੋਈ ਹੈ ਤੇਰੇ ਨਾਲ। ਰੱਬ ਤੇਰੇ ਅੰਗ ਸੰਗ ਹੋਵੇ। ਅਸੀਂ ਤੈਨੂੰ ਭੁੱਲਣ ਨਹੀਂ ਲਗੇ।"

"ਇਹੋ ਮੇਰੀ ਬੇਨਤੀ ਹੈ, ਸਾਨੂੰ ਭੁਲਣਾ ਨਾ। ਅਸੀਂ ਤੁਹਾਨੂੰ ਤੇ ਮਾਹਿਲ ਨੂੰ ਕਦੀ ਨਹੀਂ ਭੁਲਾਂਗੇ। ਮਾਹਿਲ ਸਾਡਾ ਖ਼ੂਨ ਹੈ, ਮਾਹਿਲ ਸਾਡੇ ਪ੍ਰਾਣ। ਇਸ ਪਿੰਡ ਦੀ ਇੱਟ ਇੱਟ ਨਾਲ ਸਾਨੂੰ ਪਿਆਰ ਹੈ। ਇਸ ਪਿੰਡ ਦੀ ਭੋਇੰ ਦਾ ਚੱਪਾ ਚੱਪਾ ਸਾਡੀ ਜਿੰਦ ਹੈ। ਅਸੀਂ ਟੁਰ ਚਲੇ ਹਾਂ, ਪਰ ਸਾਡੀਆਂ ਸ਼ੁਭ ਇੱਛਾਵਾਂ ਤੁਹਾਡੇ ਨਾਲ ਹਨ, ਅਸੀਂ ਟੁਰ ਚਲੇ ਹਾਂ, ਪਰ ਜੂਹ ਸਾਡੀ ਏਥੇ ਹੀ ਰਹੇਗੀ।"

ਇਸ ਤਰ੍ਹਾਂ ਗੱਲਾਂ ਕਰਦਾ ਕਰਦਾ ਗੁਰਪਾਲ ਆਪ ਵੀ ਰੋ ਪੈਂਦਾ। ਜਦੋਂ ਉਹਦੇ ਮੱਥੋਂ ਹੋਰ ਸ਼ਬਦ ਨਾ ਨਿਕਲਦਾ, ਤਾਂ ਉਹ ਰਾਮ ਰਾਮ ਜਾਂ ਸਤਿ ਸ੍ਰੀ ਅਕਾਲ ਜਾਂ ਅਸਲਾਮਾ ਅਲੇਕਮ ਆਖ ਕੇ ਦੂਜੇ ਘਰ ਟੁਰ ਜਾਂਦਾ।

ਪਹੁ ਫੁਟਦਿਆਂ ਮਾਹਿਲਾਂ ਦੀ ਹਵੇਲੀ ਦੇ ਲਾਗਲੇ ਗੁਰਦੁਆਰੇ ਵਿਚ ਸਾਰਾ ਮਾਹਿਲ ਜੁੜਿਆ। ਗੁਰਦਿਆਲ ਸਿੰਘ ਨੇ ਅਰਦਾਸ ਕੀਤੀ, ਪਰ "ਬੋਲੇ ਸੋ ਨਿਹਾਲ" ਦਾ ਜੈਕਾਰਾ ਉਹ ਉੱਚਾ ਨਾ ਕਰ ਸਕਿਆ।

ਮਾਹਿਲਾਂ ਦੀ ਪੱਤੀ ਤੇ ਅਟਾਰੀ ਦੀ ਪੱਤੀ ਦੇ ਹਿੰਦੂ, ਸਿੱਖ, ਮੁਸਲਮਾਨ ਗੁਰਮੀਤ, ਗੁਰਪਾਲ ਤੇ ਬਾਕੀਆਂ ਨੂੰ ਛੱਡਣ ਵਾਸਤੇ ਜੁੜੇ ਹੋਏ ਸਨ।

ਕਾਫ਼ਲਾ ਤੁਰ ਪਿਆ, ਬੱਚਾ ਬਚਾ ਨਾਲ ਸੀ।

Scanned by CamScanner



ਪੱਤੀ ਦੀ ਹੱਦ ਉੱਤੇ ਪਹੁੰਚ ਕੇ ਗੁਰਮੀਤ ਨੇ ਗੱਡਿਆਂ ਨੂੰ ਰੋਕਿਆ ਤੇ ਫੱਫੜ ਆਈ ਮਲਕਤ ਨੂੰ ਵਾਪਸ ਮੁੜਨ ਵਾਸਤੇ ਕਿਹਾ : "ਰੱਬ ਇਸ ਪੱਤੀ ਤੇ ਇਸ ਭੋਇੰ ਦੇ ਅੰਗ ਸੰਗ ਹੋਵੇ। ਇਹ ਭੋਇੰ ਕਦੀ ਗ਼ੁਲਾਮ ਨਾ ਹੋਵੇ।"

ਉਸ ਮਾਹਿਲ ਦੀ ਮਿੱਟੀ ਨੂੰ ਮਸਤਕ ਉੱਤੇ ਲਾਇਆ। ਗੁਰਪਾਲ ਨੇ ਦੂਸਾਂਝੀ ਇਕ ਪਾਸੇ ਰਖੀ ਤੇ ਧਰਤੀ ਉੱਤੇ ਉਭ ਕੇ ਮਾਹਿਲ ਦੀ ਮਿੱਟੀ ਨੂੰ ਚੁੰਮਿਆ।

ਕਿਹੜੀ ਅੱਖ ਸੀ ਜਿਹੜੀ ਉਸ ਵੇਲੇ ਨਾ ਰੋਈ...

ਅਜੀਤ ਨੇ ਗੁਰਮੀਤ ਕੋਲ ਜਾ ਕੇ ਹੌਲੀ ਜਿਹੀ ਕਿਹਾ : "ਬੇਬੇ ! ਮੇਰਾ ਰੂਹ ਨਹੀਂ ਕਰਦਾ ਜਾਣ ਨੂੰ। ਮੈਂ ਚਾਦਿਆਂ ਦੀਆਂ ਝਿੜਕਾਂ ਸਹਿ ਲਵਾਂਗਾ, ਪਰ ਮਾਹਿਲ ਤੋਂ ਜੁਦਾਈ ਸਹਾਰੀ ਨਹੀਂ ਜਾਂਦੀ।"

ਤੇ ਅੱਜ ਵੇਲੇ ਹਰਦਿਤ ਕੌਰ ਦੇ ਵੀ ਅੱਥਰੂ ਨਹੀਂ ਸਨ ਰੁਕਦੇ। ਉਹ ਸਦਾ ਮਾਹਿਲ ਛਡਣਾ ਚਾਹੁੰਦੀ ਸੀ, ਪਰ ਅੱਜ ? ਅੱਜ ਇਸ ਨਜ਼ਾਰੇ ਨੇ ਅਠੇਕ ਵਰ੍ਹਿਆਂ ਪਿਛੋਂ ਉਹਦੀਆਂ ਅੱਖਾਂ ਵਿਚ ਅੱਥਰੂ ਲੈ ਆਂਦੇ।

ਗੁਰਪਾਲ ਸਿੰਘ ਗੱਡੇ ਉੱਤੇ ਚੜ੍ਹਿਆ। ਕੁਝ ਕਹਿਣ ਵਾਸਤੇ ਉਸ ਮੂੰਹ ਖੋਲ੍ਹਿਆ, ਪਰ ਸ਼ਬਦ ਉਹਦੇ ਸੰਘ ਵਿਚ ਰੁਕ ਗਿਆ। ਫਿਰ ਉਸ ਆਪਣੇ ਹੱਥ ਜੋੜੇ ਤੇ ਉਹਦੇ ਅਸਲੋਂ ਨੇੜੇ ਖਲੋਤੇ ਆਦਮੀ ਬਸ ਇਹੋ ਹੀ ਸੁਣ ਸਕੇ।

"ਸਾਡੇ ਮਾਹਿਲ ਦੀ ਲਾਜ ਰੱਖਣੀ।"

੧੫੨

ਲਗ ਭਗ ਛੇ ਵਰ੍ਹੇ ਪਹਿਲੇ ਗੁਰਮੀਤ ਨੇ ਲਾਹੌਰ ਵਿਚ ਸਥਾਪਤ ਮਾਹਿਲਾਂ ਦੀ ਹਵੇਲੀ ਨੂੰ ਜੰਦਰਾ ਮਾਰਿਆ ਸੀ ਤੇ ਅੱਜ ਉਸ ਆਪ ਹੀ ਇਹ ਜੰਦਰਾ ਖੋਲ੍ਹਣ ਲਈ ਕੁੰਜੀ ਲਭੀ। ਛੇ ਵਰ੍ਹੇ ਇਹ ਹਵੇਲੀ ਬੰਦ ਰਹੀ। ਛੇ ਵਰ੍ਹੇ ਇਸ ਮਹਾਨ ਹਵੇਲੀ ਅਗੋਂ ਲੰਘਦੇ ਲੋਕ ਠਹਿਰ ਜਾਂਦੇ ਰਹੇ ਤੇ ਕੁਝ ਇਹੋ ਜਿਹੇ ਭਾਵ ਉਹਨਾਂ ਦੇ ਮਨ ਵਿਚ ਆਉਂਦੇ, "ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।"

ਲੋਕ ਇਹ ਬੰਦ ਹਵੇਲੀ ਤੱਕਦੇ ਤੇ ਸੋਚਦੇ ਕਿ ਮਾਹਿਲਾਂ ਦੇ ਉੱਚ ਘਰਾਣੇ ਨਾਲ ਕੀ ਬਣੀਆ ? ਕੀ ਬਣਿਆ ਉਹਨਾਂ ਦੀ ਅਜ਼ਮਤ ਤੇ ਉਹਨਾਂ ਦੀ ਦੇਸ਼ ਸੇਵਾ ਦੀਆਂ ਰਵਾਇਤਾਂ ਨਾਲ ? ਕਿਥੇ ਗਏ ਉਹ ਸ਼ਰਦਾਈ ਦੇ ਛੰਨੇ ਤੇ ਉਹ ਆਏ ਗਏ ਦੀ ਆਓ ਭਗਤ ?

ਛੇ ਵਰ੍ਹੇ ਇਸ ਹਵੇਲੀ ਨੂੰ ਜੰਦਰਾ ਲੱਗਾ ਰਿਹਾ ਤੇ ਅੱਜ ਗੁਰਮੀਤ ਇਸ ਜੰਦਰੇ ਨੂੰ ਖੋਲ੍ਹਣ ਲੱਗੀ। ਮਾਹਿਲ, ਤੁੱ ਲਾਹੌਰ ਸਾਰੇ ਰਾਹ ਬਹਿਸ ਹੁੰਦੀ ਆਈ ਸੀ ਕਿ ਲਾਹੌਰ ਠਹਿਰਿਆ ਜਾਏ ਜਾਂ ਨਾ। ਅਜੀਤ ਤੇ ਉਜਾਗਰ ਸਿੰਘ ਆਖਦੇ ਕਿ ਉਹ ਜ਼ਰੂਰ ਉੱਥੇ ਰੁਕਣਾ ਚਾਹੁੰਦੇ ਹਨ। ਅਜੀਤ ਨੇ ਅੰਗਰੇਜ਼ੀ ਜ਼ਬਾਨ ਦੀਆਂ ਕਿਤਾਬਾਂ ਖ਼ਰੀਦਣੀਆਂ ਸਨ ਤੇ ਉਂਜ ਵੀ ਬਾਜ਼ਾਰਾਂ ਵਿਚ ਘੁੰਮਣਾ ਸੀ। ਤੇ ਉਹਦੀ ਇਕ ਖ਼ਾਸ ਤਮੰਨਾ ਸੀ ਰਾਜ ਮਾਤਾ ਜਿੰਦ ਕੌਰ ਨੂੰ ਮਿਲਣ ਦੀ। ਕਿਉਂ ? ਉਹ ਨਹੀਂ ਸੀ ਜਾਣਦਾ।

"ਮੈਨੂੰ ਨਹੀਂ ਪਤਾ ਮੈਂ ਕਿਉਂ ਰਾਜ ਮਾਤਾ ਨੂੰ ਮਿਲਣਾ ਚਾਹੁੰਦਾ ਹਾਂ, ਪਰ ਮੈਨੂੰ ਜਾਪਦਾ ਹੈ ਕਿ ਜੇ ਮੈਂ ਉਹਦੇ ਦਰਸ਼ਨ ਨਾ ਕੀਤੇ ਤਾਂ ਮੇਰੀ ਜ਼ਿੰਦਗੀ ਬਿਰਥੀ ਜਾਏਗੀ। ਮੈਨੂੰ ਇਹ ਵੀ ਜਾਪਦਾ ਹੈ ਕਿ ਜੇ ਮੈਂ ਹੁਣ ਉਹਨੂੰ ਨਾ ਮਿਲਿਆ ਤਾਂ ਮੁੜ ਕੇ ਕਦੀ ਮੇਲ ਨਹੀਂ ਬਣਨਾ।"

Scanned by CamScanner

ਗੁਰਪਾਲ ਕਹਿੰਦਾ ਸੀ ਕਿ ਲਾਹੌਰ ਉੱਕਾ ਹੀ ਨਾ ਰੁਕੀਏ। ਜਾਂ ਲਾਹੌਰ ਤੋਂ ਉਰੇ ਜਾਂ ਪਾਰ ਜਾ ਕੇ ਰਾਤ ਕੱਢੀ ਜਾਏ।

"ਮੇਰੇ ਕੋਲੋਂ ਲਾਹੌਰ ਦੀ ਹਾਲਤ ਵੇਖੀ ਨਹੀਂ ਜਾਣੀ। ਮੈਨੂੰ ਆਪਣੀ ਹਵੇਲੀ ਵਿਚ ਨੀਂਦਰ ਨਹੀਂ ਆਉਣੀ। ਮੇਰਾ ਮਨ ਕਮਜ਼ੋਰ ਹੈ। ਨਹੀਂ, ਮੈਂ ਤਾਂ ਆਖਦਾ ਹਾਂ, ਲਾਹੌਰ ਇਕ ਪਲ ਨਾ ਰੁਕੀਏ। ਵਲਾ ਮਾਰ ਕੇ ਲੰਘ ਜਾਈਏ।" ਗੁਰਦਿਆਲ ਸਿੰਘ ਦੀ ਰਾਏ ਸੀ।

"ਮੇਰਾ ਰੂਹ ਨਹੀਂ ਕਰਦਾ ਤੁਹਾਥੋਂ ਵਿਛੜਨ ਤੇ। ਲਾਹੌਰ ਇਕ ਦੋ ਦਿਨ ਤੁਸੀਂ ਮੇਰੇ ਕੋਲ ਹੋਰ ਰਹੋਗੇ। ਉਮਰ ਮੇਰੀ ਹੁਣ ਵਡੀ ਹੋ ਚੁਕੀ ਹੈ ਤੇ ਪਤਾ ਨਹੀਂ ਮੈਂ ਜੁਹਾਡੇ ਵਿਚੋਂ ਕਿਸੇ ਨੂੰ ਮੁੜ ਕੇ ਮਿਲਣਾ ਹੈ ਕਿ ਨਹੀਂ। ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਬਿਨਾਂ ਮੈਂ ਮਾਹਿਲ ਵਿਚ ਕਿਵੇਂ ਇਕੱਲਾ ਰਹਿ ਜਾਵਾਂਗਾ।"

ਗੁਰਮੀਤ ਚੁੱਪ! ਗੁਰਮੀਤ ਚੁੱਪ ਕਿਉਂਕਿ ਉਹ ਆਪਣੇ ਮਨੋ ਭਾਵਾਂ ਦਾ ਠੀਕ ਤਰ੍ਹਾਂ ਵਿਸ਼ਲੇਸ਼ਣ ਨਹੀਂ ਸੀ ਕਰ ਸਕਦੀ। ਜਿਸ ਵੇਲੇ ਤੋਂ ਉਹ ਮਾਹਿਲੋਂ ਟੁਰੀ ਉਸੇ ਵੇਲੇ ਤੋਂ ਹੀ ਉਹਦੀਆਂ ਅੱਖਾਂ ਅਗੇ ਵੈਰਾਨੀ ਛਾਈ ਹੋਈ ਸੀ ਤੇ ਉਹਦੇ ਦਿਮਾਗ਼ ਵਿਚ ਇਕ ਤਰ੍ਹਾਂ ਦਾ ਧੂੰ ਉਠ ਰਿਹਾ ਸੀ।

"ਪਤਾ ਨਹੀਂ ਮੈਨੂੰ ਕੀ ਹੋ ਗਿਆ ਹੈ। ਸਾਰੀ ਜ਼ਿੰਦਗੀ ਵਿਚ ਮੇਰੇ ਨਾਲ ਇਸ ਤਰ੍ਹਾਂ ਨਹੀਂ ਹੋਇਆ। ਚਾਰੇ ਪਾਸੇ ਤੇ ਅੰਦਰ ਬਾਹਰ ਧੁੰਦ ਹੈ। ਕੁਝ ਸਹੀ ਨਹੀਂ ਹੁੰਦਾ।"

ਗੁਰਮੀਤ ਨਹੀਂ ਸੀ ਜਾਣਦੀ ਕਿ ਲਾਹੌਰ ਰੁਕਿਆ ਜਾਏ ਕਿ ਨਾ।

"ਮੈਂ ਆਪਣੀ ਜ਼ਿੰਦਗੀ ਭੋਗ ਚੁਕੀ ਹਾਂ। ਮੇਰੀ ਵਡੱਤਣ ਦੇ ਦਿਨ ਮਾਹਿਲ ਛੱਡਣ ਦੇ ਨਾਲ ਮੁਕ ਚੁਕੇ ਹਨ। ਹੁਣ ਮੈਂ ਕੋਈ ਫ਼ੈਸਲਾ ਨਹੀਂ ਦੇ ਸਕਦੀ। ਮੈਂ ਤੁਹਾਡੇ ਸਾਰਿਆਂ ਦੇ ਹੱਥਾਂ ਵਿਚ ਹਾਂ। ਜਿਵੇਂ ਚਾਹੋ ਕਰੋ...।"

ਅੰਤ ਕੁਝ ਦਿਨ ਵਾਸਤੇ ਲਾਹੌਰ ਰੁਕਣ ਦਾ ਫ਼ੈਸਲਾ ਹੋਇਆ। ਗੁਰਪਾਲ ਸਿੰਘ ਮੰਨ ਗਿਆ।

"ਤੁਸੀਂ ਜਿਵੇਂ ਚਾਹੋ ਮੇਰੇ ਲਾਡਲਿਓ", ਉਸ ਆਪਣੇ ਪੁੱਤਰਾਂ ਤੇ ਹਰਦੀਪ ਸਿੰਘ ਨੂੰ ਕਿਹਾ, "ਭਵਿੱਖ ਤੁਹਾਡਾ ਹੈ। ਮਰਜ਼ੀ ਤੁਹਾਡੀ। ਮੈਂ ਤੁਹਾਡੀ ਖ਼ੁਸ਼ੀ ਵਾਸਤੇ ਹੀ ਜੀਂਦਾ ਹਾਂ।"

ਛੇ ਵਰ੍ਹਿਆਂ ਪਿਛੋਂ ਮਾਹਿਲਾਂ ਦੀ ਹਵੇਲੀ ਦੇ ਦਰਵਾਜ਼ੇ ਅਗੇ ਆ ਕੇ ਦੋ ਗੱਡੇ ਤੇ ਤਿੰਨ ਘੋੜੇ ਰੁਕੇ। ਇਹ ਉਹ ਦਰਵਾਜ਼ਾ ਸੀ ਜਿਸ ਵਿਚੋਂ ਹਰ ਰੋਜ਼ ਅਨੇਕ ਗੱਡੇ, ਰੱਥ, ਡੰਗਰ ਤੇ ਘੋੜੇ ਲੰਘਿਆ ਕਰਦੇ ਸਨ। ਇਹ ਉਹ ਦਰਵਾਜ਼ਾ ਸੀ ਜਿਸ ਵਿਚੋਂ ਮਹਾਰਾਜਾ ਰਣਜੀਤ ਸਿੰਘ ਆਪਣੇ ਹਾਥੀ ਉੱਤੇ ਬਿਰਾਜਮਾਨ ਹਰ ਹਫ਼ਤੇ ਦੇ ਪਿਛੋਂ ਲੰਘਿਆ ਕਰਦਾ ਸੀ।

ਗੁਰਮੀਤ ਨੇ ਆਪਣਾ ਟਰੰਕ ਫੋਲਿਆ ਤੇ ਕੁੰਜੀ ਕੱਢੀ। ਅਜੀਤ ਨੇ ਕੁੰਜੀ ਹੱਥੋਂ ਫੜ ਕੇ ਜੰਦਰਾ ਖੋਲ੍ਹਣਾ ਚਾਹਿਆ, ਪਰ ਗੁਰਮੀਤ ਨੇ ਕੁੰਜੀ ਨਹੀਂ ਦਿਤੀ। ਲਗਾ ਕਿ ਇਕਾ ਇਕ ਉਹਦਾ ਦਿਮਾਗ਼ ਸਾਫ਼ ਹੋ ਗਿਆ ਹੈ ਤੇ ਉਹ ਪਹਿਲੀਆਂ ਵਾਂਗ ਹੀ ਮਾਹਿਲਾਂ ਦੀ ਇੱਜ਼ਤ ਦੀ ਕੁੰਜੀ ਬਰਦਾਰ ਹੈ।

ਗੁਰਮੀਤ ਨੇ ਜੰਦਰਾ ਖੋਲ੍ਹਣਾ ਚਾਹਿਆ, ਪਰ ਜੰਦਰਾ ਖੁਲ੍ਹੇ ਨਾ। ਛੇ ਵਰ੍ਹੇ ਇਸ ਜੰਦਰੇ ਉੱਤੇ ਮੀਂਹ ਵੱਸੇ ਸਨ ਤੇ ਹਨੇਰੀਆਂ ਝੁੱਲੀਆਂ ਸਨ। ਜੰਦਰਾ ਜੰਗਾਲ ਨਾਲ ਭਰਿਆ ਪਿਆ ਸੀ। ਹਰਦਿਤ ਕੌਰ ਨੇ ਤੇਲ ਦੀ ਕੁੱਪੀ ਕੱਢੀ। ਜੰਦਰੇ ਵਿਚ ਤੇਲ ਪਾਇਆ ਗਿਆ ਤੇ ਬੜੀ ਮੁਸ਼ਕਲ ਨਾਲ ਇਹ ਜੰਦਰਾ ਖੁਲ੍ਹਿਆ।

ਸਭ ਤੋਂ ਪਹਿਲੇ ਗੁਰਮੀਤ ਦੀ ਨਜ਼ਰ ਉਸ ਥਾਂ ਵਲ ਗਈ ਜਿਥੇ ਉਹਦਾ ਪਿਤਾ ਦਲੇਰ ਸਿੰਘ, ਆਪਣੇ ਚਿੱਟੇ ਦਾੜ੍ਹੀ ਤੇ ਚਿੱਟੇ ਕੇਸਾਂ ਨਾਲ, ਤਖ਼ਤ ਪੋਸ਼ ਵਿਛਾ ਕੇ ਸ਼ਾਮ ਦੀ ਬੈਠਕ ਲਾਇਆ ਕਰਦਾ ਸੀ। ਇਹ ਤਖ਼ਤ ਪੋਸ਼ ਅਜੇ ਤਕ ਵੀ ਉੱਥੇ ਪਿਆ ਸੀ। ਇਹ ਅੰਨਾ ਭਾਰ ਸੀ ਕਿ ਕਿਸੇ ਨੇ ਇਹਨੂੰ ਕਮਰੇ ਅੰਦਰ ਜਾਂ ਕਿਸੇ ਢਾਰੇ ਥੱਲੇ ਰੱਖਣ ਬਾਰੇ ਨਹੀਂ ਸੀ ਸੋਚਿਆ। ਛੇ ਵਰ੍ਹੇ ਇਹ ਤਖ਼ਤ ਪੋਸ਼ ਜਿਉਂ ਦਾ ਤਿਉਂ ਏਥੇ ਹੀ ਪਿਆ ਰਿਹਾ ਤੇ ਹਵੇਲੀ ਦੇ ਦਲਾਣ ਦੀ ਛਿਜ਼ਾ ਵਿਚ ਆਪਣਾ ਅਚੰਭਕ ਅਸਰ ਖਿਲਰਦਾ ਰਿਹਾ।

ਗੁਰਮੀਤ ਨੇ ਇਹ ਤਖ਼ਤ ਪੋਸ਼ ਵੇਖਿਆ ਤੇ ਉਹ ਜਿਵੇਂ ਪੱਥਰ ਦੀ ਮੂਰਤੀ ਬਣ ਗਈ। ਉਹਦੀਆਂ ਅੱਖਾਂ ਅਗੇ ਇਕ ਵਾਰ ਫਿਰ ਹਨੇਰਾ ਆ ਗਿਆ ਤੇ ਉਹਦਾ ਦਿਮਾਗ਼ ਸੁੰਞਾ ਹੋ ਗਿਆ। ਉਹ ਲੜਖੜਾ ਗਈ ਤੇ ਇਸ ਤੋਂ ਪਹਿਲੇ ਕਿ ਕੋਈ ਉਹਨੂੰ ਸੰਭਾਲਦਾ ਉਹ ਭੋਇੰ ਉੱਤੇ ਡਿਗ ਪਈ!

Scanned by CamScanner

ਜਦੋਂ ਗੁਰਮੀਤ ਨੇ ਨੈਣ ਖੋਲ੍ਹੇ ਤਾਂ ਉਸ ਵੇਖਿਆ ਕਿ ਉਹ ਉਸੇ ਮੰਜੇ ਉੱਤੇ ਪਈ ਹੈ ਜਿਸ ਮੰਜੇ ਉੱਤੇ, ਅੱਜ ਤੋਂ ਛੇ ਵਰ੍ਹੇ ਪਹਿਲੇ, ਉਹਦਾ ਪਿਆਰ ਭਰਾ ਹਰਪਾਲ ਆਖ਼ਰੀ ਵਾਰ ਲੇਟਿਆ ਸੀ। ਹਾਂ, ਉਹਨੂੰ ਸਾਮਰਤਖ ਯਾਦ ਸੀ ਉਹ ਰਾਤ। ਇਹੋ ਹੀ ਕਮਰਾ ਸੀ। ਇਹੋ ਹੀ ਪਲੰਘ। ਇਹੋ ਜਿਹਾ ਹੀ ਮੌਸਮ ਤੇ ਹੋਰ ਵਾਤਾਵਰਨ। "ਹਰਪਾਲ", ਗੁਰਮੀਤ ਨੇ ਆਖਿਆ ਤੇ ਉਹ ਫਿਰ ਬੇਹੋਸ਼ ਹੋ ਗਈ।

ਹਕੀਮ ਆਇਆ। ਇਲਾਜ ਸ਼ੁਰੂ ਹੋਇਆ ਤੇ ਸ਼ਾਮਾਂ ਵੇਲੇ ਤਕ ਗੁਰਮੀਤ ਦੀ ਤਬੀਅਤ ਕੁਝ ਠੀਕ ਹੋਈ। ਉਸ ਗੁਰਦਿਆਲ ਸਿੰਘ ਨੂੰ ਕਿਹਾ :

"ਮੇਰਾ ਖ਼ਿਆਲ ਹੈ, ਵੀਰ ! ਰਾਜ ਮਾਤਾ ਨਾਲ ਮੁਲਾਕਾਤ ਦਾ ਪ੍ਰਬੰਧ ਜ਼ਰੂਰ ਕੀਤਾ ਜਾਏ। ਸੁਪਨੇ ਵਿਚ ਮੈਂ ਉਹਨੂੰ ਮਿਲੀ ਹਾਂ ਤੇ ਉਸ ਮੈਨੂੰ ਕਿਹਾ ਹੈ ਕਿ ਮੈਂ ਉਹਨੂੰ ਇਕ ਵਾਰੀ ਜ਼ਰੂਰ ਮਿਲਣ ਆਵਾਂ। ਮੇਰਾ ਖ਼ਿਆਲ ਹੈ ਅਜੀਤ, ਉਜਾਗਰ, ਹਰਦੀਪ ਤੇ ਸੁਰਜੀਤ ਨੂੰ ਵੀ ਰਾਜ ਮਾਤਾ ਨਾਲ ਮਿਲਾ ਲੈਣਾ ਚਾਹੀਦਾ ਹੈ। ਜੇ ਪੰਜਾਬ ਦਾ ਕੋਈ ਭਵਿੱਖ ਹੈ ਤਾਂ ਮਹਾਰਾਣੀ ਦੇ ਸਿਰ ਉੱਤੇ ਹੀ ਹੈ।"

"ਜਾਂ ਸਰਦਾਰ ਚਤਰ ਸਿੰਘ ਤੇ ਸ਼ੇਰ ਸਿੰਘ ਦੇ ਸਿਰ ਉੱਤੇ। ਭਾਵੇਂ ਮੈਂ ਕੁਝ ਮਿੰਟ ਲਈ ਹੀ ਉਹਨਾਂ ਨੂੰ ਮਿਲਿਆ ਹਾਂ, ਪਰ ਮੈਨੂੰ ਜਾਪਦਾ ਹੈ ਕਿ ਉਹ ਆਪਣੇ ਉੱਤੇ ਪਈ ਜ਼ਿਮੇਵਾਰੀ ਤੋਂ ਜਾਣੂੰ ਹਨ। ਐਸ ਵੇਲੇ ਉਹ ਭਾਵੇਂ ਕੁਝ ਕਰਨ ਜੋਗੇ ਨਹੀਂ ਤੇ ਫ਼ਰੰਗੀਆਂ ਨੂੰ ਆਪਣਾ ਸਹਿਯੋਗ ਦੇ ਰਹੇ ਹਨ, ਪਰ ਸਮੇਂ ਸਿਰ ਉਹ ਮੈਦਾਨ ਵਿਚ ਜ਼ਰੂਰ ਆਉਣਗੇ।"

ਗੁਰਮੀਤ ਨੇ ਪ੍ਰਸੰਸਕ ਨਜ਼ਰਾਂ ਨਾਲ ਗੁਰਦਿਆਲ ਵਲ ਤੱਕਿਆ। ਉਹ ਸੋਚ ਰਹੀ ਸੀ : "ਗੁਰਦਿਆਲ ਸਿੰਘ ਨੂੰ ਕੀ ਹੋ ਗਿਆ ਹੈ ? ਅੱਜ ਇਹ ਕਿਵੇਂ ਆਪਣੀ ਜ਼ਿਮੇਵਾਰੀ ਮਹਿਸੂਸ ਕਰਨ ਲਗ ਪਿਆ ਹੈ। ਅੱਜ ਇਹਦੇ ਬਚਨਾਂ ਵਿਚ ਮੈਨੂੰ ਹਰਪਾਲ ਤੇ ਚੂਹੜ ਸਿੰਘ ਦੀ ਆਵਾਜ਼ ਸੁਣਾਈ ਦੇਂਦੀ ਹੈ। ਬੇਸ਼ਕ ਮਾਹਿਲਾਂ ਦਾ ਘਰਾਣਾ ਮਹਾਨ ਘਰਾਣਾ ਹੈ। ਹਰਪਾਲ ਤੋਂ ਪਿਛੋਂ ਚੂਹੜ ਸਿੰਘ ਵਿਚ ਦ੍ਰਿੜ੍ਹਤਾ ਆਈ ਤੇ ਅੱਜ ਚੂਹੜ ਸਿੰਘ ਪਿਛੋਂ ਤੇ ਸ਼ਾਇਦ ਮੇਰੇ ਪਿਛੋਂ ਗੁਰਦਿਆਲ ਵਿਚ ਕੋਈ ਪ੍ਰਤਿਭਾ ਜਾਗ ਰਹੀ ਹੈ। ਪਰ ਕਦੋਂ ਤਕ...?"

ਉੱਚੇ ਸੁਰ ਵਿਚ ਉਸ ਕਿਹਾ, "ਤੂੰ ਕਦੋਂ ਗਿਆ ਸੈਂ ਉਹਨਾਂ ਨੂੰ ਮਿਲਣ ?"

"ਹਕੀਮ ਦੀ ਦਵਾਈ ਪਿਛੋਂ ਜਦੋਂ ਤੂੰ ਸੌਂ ਗਈ, ਤਾਂ ਮੈਂ ਸੋਚਿਆ ਜ਼ਰਾ ਕਿਲ੍ਹੇ ਦਾ ਚੱਕਰ ਲਾ ਆਵਾਂ। ਆਖ਼ਰ ਗੁਰਮੀਤ ਅਸੀਂ ਇਸ ਰਾਜ ਨੂੰ ਉਸਾਰਿਆ ਹੈ। ਅੱਜ ਇਹਦੀਆਂ ਢਹਿੰਦੀਆਂ ਕਲਾਂ ਵਿਚ ਵੀ ਅਸੀਂ ਇਹਦਾ ਸਾਥ ਦਿਤੇ ਬਗ਼ੈਰ ਨਹੀਂ ਰਹਿ ਸਕਦੇ।"

ਗੁਰਮੀਤ ਇਤਬਾਰ ਨਾ ਕਰ ਸਕੀ। ਉਹਦੇ ਮੂੰਹੋਂ ਨਿਕਲ ਗਿਆ : "ਤੈਨੂੰ ਹੋ ਕੀ ਗਿਆ ਹੈ, ਗੁਰਦਿਆਲ ?"

"ਕਿਉਂ ?" ਅਚੰਭਤ ਗੁਰਦਿਆਲ ਨੇ ਪੁੱਛਿਆ ?

ਗੁਰਮੀਤ ਨੇ ਗੱਲ ਵਲਾ ਦਿਤੀ, "ਕੁਝ ਨਹੀਂ ਗੁਰਦਿਆਲ, ਐਵੇਂ ਹੀ..."

ਅਗਲੇ ਦਿਨ ਦੁਪਹਿਰ ਤਕ ਗੁਰਮੀਤ ਬਿਸਤਰੇ ਵਿਚ ਹੀ ਪਈ ਰਹੀ। ਉਸ ਵੇਲੇ ਅਜੀਤ ਤੇ ਹਰਦੀਪ ਉਹਦੇ ਕੋਲ ਆਏ ਤੇ ਇਕ ਮੰਜੀ ਦੇ ਇਕ ਪਾਸੇ ਤੇ ਦੂਜਾ ਦੂਜੇ ਪਾਸੇ ਬੈਠ ਗਿਆ, ਗੁਰਮੀਤ ਮੁਸਕਰਾਈ, "ਕਿਉਂ ਵੇਖ ਆਏ ਹੋ ਲਾਹੌਰ ?"

"ਹਾਂ ਬੇਬੇ..." ਦੋਹਾਂ ਨੇ ਆਖਿਆ, ਪਰ ਦੋਹਾਂ ਵਿਚੋਂ ਕਿਸੇ ਦੇ ਮੂੰਹ ਉੱਤੇ ਵੀ ਮੁਸਕਰਾਹਟ ਨਹੀਂ ਆਈ।

"ਕਿਉਂ ਤੁਸੀਂ ਉਦਾਸ ਕਿਉਂ ਹੋ ?"

"ਬੇਬੇ ! ਜਿਹੜੀ ਗਊ ਨੂੰ ਵੱਢ ਦੇਣ ਵਾਲੀ ਗੱਲ ਅਸੀਂ ਮਾਹਿਲ ਸੁਣੀ ਸੀ, ਉਹ ਸੱਚੀ ਹੀ ਹੈ", ਅਜੀਤ ਨੇ ਆਖਿਆ।

"ਮੈਂ ਵੀ ਤਾਂ ਤੈਨੂੰ ਇਹੋ ਹੀ ਕਿਹਾ ਸੀ।"

"ਬੇਬੇ ! ਅੱਜ ਮੈਂ ਉਹ ਥਾਂ ਵੇਖੀ ਹੈ, ਜਿਥੇ ਇਹ ਘਟਨਾ ਹੋਈ। ਚੰਦ ਸਿੰਘ ਦੁਲੱਟ ਦਾ ਘਰ ਬਿਲਕੁਲ ਉੱਚੇ ਹੀ ਹੈ। ਉਹਦੇ ਪੁੱਤਰ ਸਰਨ ਸਿੰਘ ਨੇ ਇਹ ਕੌਤਕ ਅੱਖੀਂ ਡਿੱਠਾ। ਉਸ ਮੈਨੂੰ ਦਸਿਆ ਹੈ ਕਿ ਤਰਕਾਲਾਂ ਦਾ ਵੇਲਾ ਸੀ ਤੇ ਵਾਗੀ ਗਾਵਾਂ ਮੱਝਾਂ ਵਾਪਸ ਲਿਆ ਰਹੇ ਸਨ। ਰਾਹ ਵਿਚ ਤਿੰਨ ਗੋਰੇ ਸਿਪਾਹੀ ਕਿਲ੍ਹੇ ਵਲ ਜਾਂਦੇ ਪਏ ਸਨ। ਗਲੀਆਂ

ਤਾਂ ਲਾਹੌਰ ਦੀਆਂ ਭੀੜੀਆਂ ਹਨ ਹੀ, ਜਿਵੇਂ ਤੂੰ ਜਾਣਦੀ ਹੈਂ, ਸੌ ਡੰਗਰਾਂ ਦੇ ਅੱਗੋਂ ਆਉਣ ਕਰ ਕੇ ਉਹਨਾਂ ਨੂੰ ਰੁਕਣਾ ਪਿਆ। ਇਕ ਗਾਂ ਲੰਘਦੀ ਲੰਘਦੀ ਇਕ ਗੋਰੇ ਸਿਪਾਹੀ ਨਾਲ ਖਹਿਸਰੀ ਤੇ ਉਸ ਉਸੇ ਵੇਲੇ ਆਪਣੀ ਤਲਵਾਰ ਕੱਢ ਕੇ ਉਹਦੇ ਟੁਕੜੇ ਟੁਕੜੇ ਕਰ ਦਿਤੇ।

"ਸਾਰਾ ਬਾਜ਼ਾਰ ਉਸ ਵੇਲੇ ਬੰਦ ਹੋ ਗਿਆ। ਫਿਰ ਸਾਰੇ ਸ਼ਹਿਰ ਵਿਚ ਗੱਲ ਹੁਲ ਗਈ। ਲੋਕਾਂ ਨੇ ਕੌਂਸਲ ਦੇ ਮੈਂਬਰਾਂ ਕੋਲ ਫ਼ਰਿਆਦ ਕੀਤੀ। ਰੈਜ਼ੀਡੈਂਟ ਨੇ ਸਿਪਾਹੀ ਨੂੰ ਦੰਡ ਦੇਣ ਤੋਂ ਇਨਕਾਰ ਕਰ ਦਿਤਾ ਤੇ ਸਿਰਫ਼ ਇਹੋ ਤਾੜਨਾ ਕੀਤੀ ਕਿ ਅਗੋਂ ਤੋਂ ਉਹ ਆਪਣੀ ਤਲਵਾਰ ਨੂੰ ਸੰਭਾਲ ਕੇ ਵਰਤੇ। ਬੇਬੇ, ਇਹ ਠੀਕ ਨਹੀਂ।"

"ਇਹ ਹੀ ਨਹੀਂ", ਹਰਦੀਪ ਨੇ ਕਿਹਾ, "ਰੈਜ਼ੀਡੈਂਟ ਨੇ ਉਸੇ ਵੇਲੇ ਇਕ ਪੂਰੀ ਗੋਰਾ ਪਲਟਨ ਲਾਹੌਰ ਦੇ ਬਾਜ਼ਾਰਾਂ ਵਿਚ ਗਸ਼ਤ ਕਰਨ ਵਾਸਤੇ ਭੇਜ ਦਿਤੀ, ਤਾਂ ਜੋ ਜ ਜ਼ਰਾ ਵੀ ਕੋਈ ਕੁਸਕੇ, ਤਾਂ ਉਹਨੂੰ ਗੋਲੀ ਦਾ ਨਿਸ਼ਾਨਾ ਬਣਾ ਛੱਡਿਆ ਜਾਏ।

ਫਿਰ ਅਜੀਤ ਬੋਲਿਆ : "ਬੇਬੇ ! ਗੋਰੇ ਬੜੇ ਉਪੱਦਰ ਕਰ ਰਹੇ ਹਨ, ਸ਼ਹਿਰ ਵਿਚ। ਸਰਨ ਸਿੰਘ ਨੇ ਸਾਨੂੰ ਹੋਰ ਵੀ ਕਈ ਗੱਲਾਂ ਦਸੀਆਂ ਹਨ। ਗੋਰੇ ਸਮਝਦੇ ਹਨ ਕਿ ਪੰਜਾਬ ਉੱਤ ਉਹਨਾਂ ਦਾ ਹੀ ਰਾਜ ਹੈ। ਜਿਵੇਂ ਉਹਨਾਂ ਨੇ ਸਾਨੂੰ ਜਿੱਤਿਆ ਹੋਵੇ। ਪਰ ਬੇਬੇ ਅਸੀਂ ਫ਼ਰੰਗੀਆਂ ਕੋਲੋਂ ਹਾਰੇ ਨਹੀਂ। ਗ਼ੱਦਾਰਾਂ ਤੇ ਰਾਜ ਧਰੋਹੀਆਂ ਨੇ ਸਾਨੂੰ ਹਰਵਾਇਆ ਹੈ।"

ਗੁਰਮੀਤ ਚੁੱਪ।

"ਬੇਬੇ ਤੂੰ ਬੋਲਦੀ ਕਿਉਂ ਨਹੀਂ ?"

"ਕੀ ਬੋਲਾਂ ਅਜੀਤ। ਹਾਲਾਤਾਂ ਨੇ ਕੁਝ ਬੋਲਣ ਜੋਗਾ ਛਡਿਆ ਹੋਵੇ ਤਾਂ ਬੋਲਾਂ ?"

ਉਦਾਸ ਚਿਤ ਤੇ ਉਦਾਸ ਸਵੱਰ ਵਿਚ ਹਰਦੀਪ ਨੇ ਕਿਹਾ, "ਅੱਜ ਸਾਨੂੰ ਵੀ ਰਾਹ ਵਿਚ ਚਾਰ ਗੋਰੇ ਸਿਪਾਹੀ ਮਿਲੇ। ਮਜਾਲ ਹੈ, ਜੇ ਉਹਨਾਂ ਵਿਚ ਕੋਈ ਇਨਸਾਨੀਅਤ ਹੋਵੇ। ਇਸ ਤਰ੍ਹਾਂ ਮੱਚੇ ਮਾਰ ਕੇ ਉੱਚੀ ਉੱਚੀ ਗਿਟ ਮਿਟ ਕਰਦੇ ਟੁਰੇ ਜਾਂਦੇ ਸਨ, ਜਿਵੇਂ ਅਸੀਂ ਉਹਨਾਂ ਦੇ ਬੇਦਾਮੇਂ ਗੁਲਾਮ ਹੋਈਏ। ਇਕ ਗੋਰਾ ਤਾਂ ਅਜੀਤ ਨੂੰ ਮਾਰਨ ਹੀ ਲੱਗਾ ਸੀ।"

"ਕਿਉਂ ?"

"ਕਿਉਂਕਿ ਅਸਾਂ ਉਹਨਾਂ ਵਾਸਤੇ ਰਾਹ ਖ਼ਾਲੀ ਨਹੀਂ ਕੀਤਾ ਤੇ ਅਜੀਤ ਨੇ ਅੰਗਰੇਜ਼ੀ ਵਿਚ ਉਹਨਾਂ ਨੂੰ ਕਿਹਾ ਕਿ ਉਹਨਾਂ ਨੇ ਸਾਰੀ ਸੜਕ ਮੁੱਲ ਨਹੀਂ ਲਈ ਹੋਈ।"

"ਕਿਉਂ, ਅਜੀਤ ?"

"ਹਾਂ, ਬੇਬੇ, ਇਹ ਸੱਚ ਹੈ। ਜੇ ਤੂੰ ਉਹਨਾਂ ਦੀ ਚਾਲ ਵਿਚਲੀ ਹੈਂਕੜ ਤੇ ਰੋਅਬ ਵੇਖਿਆ ਹੁੰਦਾ, ਤਾਂ ਤੂੰ ਵੀ ਇਹੋ ਕੁਝ ਹੀ ਕਰਦੀ। ਪਰ ਬੇਬੇ ਤੂੰ ਜਾਣਦੀ ਹੈਂ ਉਹਨਾਂ ਨੇ ਮੈਨੂੰ ਕੀ ਆਖਿਆ ?"

"ਕੀ ?"

"ਉਹਨਾਂ ਵਿਚੋਂ ਇਕ ਨੇ ਮੈਨੂੰ ਅੰਗਰੇਜ਼ੀ ਵਿਚ 'ਹਰਾਮਜ਼ਾਦੇ' ਦੀ ਗਾਲ੍ਹ ਕੱਢੀ ਤੇ ਦੂਜੇ ਨੇ ਮੈਨੂੰ 'ਨੀਚ ਹਿੰਦੁਸਤਾਨੀ ਕੁੱਤਾ ਆਖਿਆ।"

ਅਜੀਤ ਰੋ ਪਿਆ।

"ਰੋ ਨਹੀਂ, ਅਜੀਤ". ਗੁਰਮੀਤ ਨੇ ਉਹਦਾ ਸਿਰ ਆਪਣੀ ਛਾਤੀ ਉੱਤੇ ਰਖਿਆ।

ਸਿਸਕਦਿਆਂ ਅਜੀਤ ਨੇ ਕਿਹਾ, "ਬੇਬੇ ਇਹ ਉਹ ਗੋਰੇ ਹਨ, ਜਿਨ੍ਹਾਂ ਤੋਂ ਅਸੀਂ ਫੇਰੂ ਸ਼ਹਿਰ ਵਿਚ ਤੋਬਾ ਕਰਾਈ ਸੀ। ਮੈਂ ਆਪ ਪਤਾ ਨਹੀਂ ਕਿੰਨੇ ਗੋਰੇ ਆਪਣੀ ਤਲਵਾਰ ਨਾਲ ਮਾਰੇ ਹੋਣੇ ਹਨ। ਇਹ ਗੋਰੇ...ਬੇਬੇ ਮੈਂ ਨਹੀਂ ਜਾਣਾ ਨਾਹਰ ਪੁਰ। ਮੈਂ ਏਥੇ ਹੀ ਘਾਤ ਲਾ ਕੇ ਬੈਠਾਂਗਾ ਤੇ ਜਦੋਂ ਮੈਨੂੰ ਕੁਝ ਗੋਰੇ ਇਕੱਲ ਮਿਲੇ, ਮੈਂ ਉਹਨਾਂ ਨੂੰ ਮਾਰ ਕੇ ਜਾਵਾਂਗਾ। ਮੈਂ ਨਹੀਂ ਸਹਿ ਸਕਦਾ ਇਹ ਅਨਿਆਂ।"

"ਪੁੱਤਰੋ ! ਇਸ ਦੇਸ ਤੇ ਇਸ ਪੰਥ ਉੱਤੇ ਅੱਜ ਤੋਂ ਪਹਿਲੇ ਵੀ ਅਨੇਕ ਅਨਿਆਂ ਹੋ ਚੁਕੇ ਹਨ ਤੇ ਅਸੀਂ ਇਹਨਾਂ ਅਨਿਆਵਾਂ ਦਾ ਸਾਹਮਣਾ ਕੀਤਾ ਹੈ। ਖ਼ਾਲਸੇ ਦੀ ਕਿਸਮਤ ਵਿਚ ਸਦਾ ਸਦਾ ਲਈ ਲੜਨਾ ਲਿਖਿਆ ਹੈ। ਪਰ ਇਹ ਤਰੀਕਾ

Scanned by CamScanner

ਠੀਕ ਨਹੀਂ ਅਨਿਆਂ ਨਾਲ ਭਿੜਨ ਦਾ। ਸਮਾਂ ਆਵੇਗਾ, ਜਦੋਂ ਤੁਹਾਨੂੰ ਆਪਣੀ ਬਹਾਦਰੀ ਵਿਖਾਣ ਦਾ ਫਿਰ ਮੌਕਾ ਮਿਲੇਗਾ।''

ਫਿਰ ਗੱਲ ਵਲਾਣ ਲਈ ਗੁਰਮੀਤ ਨੇ ਪੁੱਛਿਆ : ''ਕਿਤਾਬਾਂ ਲੈ ਆਏ ਹੋ ਅੰਗਰੇਜ਼ੀ ਦੀਆਂ ?''

''ਨਹੀਂ, ਬੇਬੇ ਹੁਣ ਮੈਂ ਅੰਗਰੇਜ਼ੀ ਨਹੀਂ ਪੜ੍ਹਨੀ। ਹੁਣ...ਹੁਣ ਜੀਣ ਨੂੰ ਚਿਤ ਹੀ ਨਹੀਂ ਮੰਨਦਾ...''

''ਹਾਏ...'' ਗੁਰਮੀਤ ਦੇ ਮੂੰਹੋਂ ਨਿਕਲਿਆ ਤੇ ਉਹ ਬੇਹੋਸ਼ ਹੋ ਗਈ।

ਰਾਤੀਂ ਸਰਦਾਰ ਚਤਰ ਸਿੰਘ ਅਟਾਰੀ ਵਾਲਾ ਮਾਹਿਲਾਂ ਦੀ ਹਵੇਲੀ ਆਇਆ। ਗੁਰਮੀਤ ਪਲੰਘ ਉੱਤੇ ਲੇਟੀ ਸੀ। ਉਹਦੇ ਸਿਰ ਪਿਆਰ ਦੇ ਕੇ ਚਤਰ ਸਿੰਘ ਇਕ ਉਚਾਵੇ ਮੂਹੜੇ ਉੱਤੇ ਉਹਦੇ ਕੋਲ ਬੈਠ ਗਿਆ : ''ਮੈਨੂੰ ਯਾਦ ਹੈ, ਜਦੋਂ ਮੈਂ ਤੈਨੂੰ ਆਖ਼ਰੀ ਵਾਰ ਵੇਖਿਆ ਸੀ, ਦਲੇਰ ਸਿੰਘ ਉਦੋਂ ਜੀਂਦਾ ਸੀ। ਤੂੰ ਕੇਡੀ ਗੋਭਲੀ ਗੋਭਲੀ ਸੈਂ ਤੇ ਤੇਰਾ ਮੂੰਹ ਕਿਸ ਤਰ੍ਹਾਂ ਹਸੂੰ ਹਸੂੰ ਕਰਦਾ ਰਹਿੰਦਾ ਸੀ ?''

''ਉਹ ਬੜੇ ਦੂਰ ਦੀਆਂ ਗੱਲਾਂ ਹਨ ਪਿਤਾ ਜੀ। ਹੁਣ ਇਸ ਮੂੰਹ ਉੱਤੇ ਹਾਸੇ ਨਹੀਂ ਆਉਂਦੇ !''

''ਪੁੱਤਰੀ ! ਜੋ ਕੁਝ ਤੂੰ ਤੇ ਤੁਹਾਡੇ ਘਰਾਣੇ ਦੇ ਬਾਕੀ ਆਦਮੀਆਂ ਨੇ ਸਿੱਖ ਪੰਥ ਵਾਸਤੇ ਕੀਤਾ ਹੈ, ਉਹ ਬੇਮਿਸਾਲ ਹੈ। ਅੱਜ ਮੈਨੂੰ ਤੇਰੇ ਸਾਹਮਣੇ ਸਗੋਂ ਸ਼ਰਮ ਆ ਰਹੀ ਹੈ। ਮੈਂ ਇਸ ਰਾਜ ਨਾਲ ਉਦੋਂ ਸੰਬੰਧਤ ਹੋਇਆ ਹਾਂ, ਜਦੋਂ ਇਹਦੇ ਜ਼ਵਾਲ ਦਾ ਵਕਤ ਹੈ।''

''ਪਿਤਾ ਜੀ ! ਦ੍ਰਿੜ੍ਹ ਇਰਾਦਿਆਂ ਵਾਲੇ ਮਨੁੱਖਾਂ ਸਾਹਮਣੇ ਉਂਜ ਤੇ ਜ਼ਵਾਲ ਦਾ ਸਵਾਲ ਪੈਦਾ ਨਹੀਂ ਹੁੰਦਾ। ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਇਹ ਪੰਥ ਦੇ ਧੰਨ ਭਾਗ ਹਨ ਕਿ ਤੁਸੀਂ ਔਖੇ ਵੇਲੇ ਪਕੜੇ ਹੋ। ਤੁਹਾਡੇ ਤੇ ਰਾਜਾ ਸ਼ੇਰ ਸਿੰਘ ਬਗ਼ੈਰ ਹੋਰ ਕਿਹੜਾ ਹੈ, ਜਿਹੜਾ ਐਸ ਵੇਲੇ ਢੁਕਦਾ ?''

ਚਤਰ ਸਿੰਘ ਨੇ ਅਗਾਂਹ ਵਧ ਕੇ ਗੁਰਮੀਤ ਦੇ ਸਿਰ ਫਿਰ ਪਿਆਰ ਦਿਤਾ, ''ਅੱਜ ਜੋ ਮਾਹਿਲ ਘਰਾਣੇ ਦੀ ਬੱਚੀ ਮੈਨੂੰ ਆਖ ਰਹੀ ਹੈ, ਮੈਂ ਉਸ ਵਾਸਤੇ ਉਹਦਾ ਰਿਣੀ ਹਾਂ। ਮੈਂ ਕੋਸ਼ਿਸ਼ ਕਰਾਂਗਾ ਕਿ ਜਿਹੜਾ ਵਿਸ਼ਵਾਸ, ਪੰਜਾਬੀ ਕੌਮ ਨੇ ਮੈਨੂੰ ਤੇ ਮੇਰੇ ਪੁੱਤਰ ਨੂੰ ਦਿਤਾ ਹੈ, ਅਸੀਂ ਉਸ ਤੇ ਪੂਰੇ ਉਤਰ ਸਕੀਏ। ਸਾਡੀ ਲਾਜ ਕਰਤਾਰ ਦੇ ਹੱਥ ਹੈ।''

''ਤੇ ਤੁਹਾਡੇ ਹੱਥ ਵੀ ਪਿਤਾ ਜੀ !''

''ਮੈਂ ਤੁਹਾਡੇ ਘਰਾਣੇ ਦੇ ਤੇ ਸ਼ਾਮ ਸਿੰਘ ਦੇ ਸਭਰਾਵਾਂ ਵਿਚ ਵਿਖਾਏ ਕਾਰਨਾਮਿਆਂ ਦੀਆਂ ਗੱਲਾਂ ਸੁਣੀਆਂ ਹਨ। ਮੈਨੂੰ ਉਮੀਦ ਹੈ ਕਿ ਤੁਸੀਂ ਮੇਰੇ ਤੇ ਮੇਰੇ ਟੱਬਰ ਦੀਆਂ ਉਕਾਈਆਂ ਨੂੰ ਮੁਆਫ਼ ਕਰੋਗੇ। ਅੱਜ ਜਦੋਂ ਸ਼ਾਮ ਸਿੰਘ ਸ਼ਹੀਦ ਹੋ ਚੁੱਕਾ ਹੈ, ਤਾਂ ਮੇਰੇ ਅੰਦਰ ਇਕ ਅਜੀਬ ਤਰ੍ਹਾਂ ਦਾ ਪਿਆਰ ਉਹਦੇ ਵਾਸਤੇ ਫੁਟ ਫੁਟ ਪੈਂਦਾ ਹੈ।''

''ਕੋਈ ਹਰਜ ਨਹੀਂ ਪਿਤਾ ਜੀ ! ਆਪਸ ਵਿਚ ਭੁਲੇਖੇ ਪੈ ਜਾਣੇ ਅਲੋਕਾਰ ਨਹੀਂ। ਸਾਡੇ ਘਰਾਣੇ ਵਲ ਹੀ ਤੱਕੋ, ਅਜ ਸ਼ਰੀਕੇ ਨੇ ਸਾਡੇ ਅਧੇ ਟੱਬਰ ਨੂੰ ਘਰੋਂ-ਬੇ-ਘਰ ਕਰ ਦਿਤਾ ਹੈ।''

''ਗੁਰਦਿਆਲ ਸਿੰਘ ਨੇ ਮੈਨੂੰ ਮਾੜੀ ਵਾਰਤਾ ਦਸੀ ਹੈ। ਚਲੋ ਜੋ ਹੋਇਆ ਸੋ ਹੋਇਆ। ਅਜ ਕਲ੍ਹ ਕਿਹੜਾ ਟੱਬਰ ਪੂਰੀ ਤਰ੍ਹਾਂ ਆਪਣੇ ਆਪ ਵਿਚ ਰਿਹਾ ਹੈ ?'

''ਆਪਣੀ ਪੁੱਤਰੀ ਦੇ ਮਹਾਰਾਜਾ ਦਲੀਪ ਸਿੰਘ ਨਾਲ ਕਾਰਜ ਰਚਾਨ ਦਾ ਕਦੋਂ ਕੁ ਵਿਚਾਰ ਜੇ ?''

''ਮੈਥੋਂ ਕੁਝ ਨਾ ਪੁੱਛੋ ਪੁੱਤਰੀ। ਸਾਡੇ ਉੱਤੇ ਪੁੱਠੇ ਦਿਨ ਆਏ ਹਨ। ਮੈਂ ਤੁਹਾਡੇ ਨਾਲ ਇਸ ਤੋਂ ਵਧ ਕੋਈ ਗੱਲ ਨਹੀਂ ਕਰਨਾ ਚਾਹੁੰਦਾ। ਕਹਿੰਦੇ ਹਨ ਦੀਵਾਰਾਂ ਨੂੰ ਵੀ ਕੰਨ ਹੁੰਦੇ ਹਨ। ਕਾਸ਼ ! ਦਲੇਰ ਸਿੰਘ ਜ਼ਿੰਦਾ ਹੁੰਦੇ...ਅਸੀਂ...''

ਸਰਦਾਰ ਚਤਰ ਸਿੰਘ ਅਟਾਰੀ ਵਾਲਾ ਚੁੱਪ ਕਰ ਗਿਆ। ਉੱਥੇ ਇਕੱਤਰ ਸਾਰੇ ਬੰਦਿਆਂ ਨੂੰ ਲਗਾ ਕਿ ਇਹ ਗੱਲਾਂ ਕਰਦੇ ਕਰਦੇ ਉਹਦੀ ਆਵਾਜ਼ ਭਰ ਗਈ ਹੈ ਤੇ ਸ਼ਾਇਦ ਉਹਦੀਆਂ ਅੱਖਾਂ ਵਿਚ ਅੱਥਰੂ ਆ ਚੁਕੇ ਹਨ।

ਚਤਰ ਸਿੰਘ ਚਲਾ ਗਿਆ ਤੇ ਗੁਰਮੀਤ ਨੂੰ ਲਗਾ ਕਿ ਅੱਜ ਤੋਂ ਛੇ ਸੱਤ ਵਰ੍ਹੇ ਪਹਿਲੇ ਵੀ ਲਾਹੌਰ ਵਿਚ ਵਾਤਾਵਰਨ ਇਹੋ ਜਿਹਾ ਸੀ। ਲੱਕ ਭਰਦੇ ਇਕ ਦੂਜੇ ਨਾਲ ਦਿਲਾਂ ਦੀਆਂ ਨਹੀਂ ਸਨ ਕਰਦੇ। ਸ਼ੱਕ ਤੇ ਸ਼ੰਕੇ ਵਾਯੂ ਮੰਡਲ ਵਿਚ ਪੱਸਰੇ ਹੋਏ ਸਨ। ਓਦੋਂ ਰਾਜਾ ਧਿਆਨ ਸਿੰਘ ਸੀ ਤੇ ਅਜ ਫ਼ਰੰਗੀ ਰੈਜ਼ੀਡੈਂਟ। ਗੁਰਮੀਤ ਇਉਂ ਸੋਚਦੀ ਗਈ ਤੇ ਉਹਦੀਆਂ ਅੱਖਾਂ ਅੱਗੇ ਫਿਰ ਇਕ ਗ਼ੁਬਾਰ ਛਾਂਦਾ ਗਿਆ ਤੇ ਉਹਦਾ ਦਿਮਾਗ਼ ਚਕਰਾਂਦਾ ਗਿਆ...।

Scanned by CamScanner

ਗੁਰਮੀਤ ਨੇ ਮਹਾਰਾਣੀ ਜਿੰਦ ਕੌਰ ਨੂੰ ਵੇਖਿਆ ਤੇ ਉਹਨੂੰ ਆਪਣਾ ਬਚਪਨ ਯਾਦ ਆ ਗਿਆ । ਉਹ ਵੀ ਏਸੇ ਤਰ੍ਹਾਂ ਹੀ ਗੋਭਲੀ ਗੋਭਲੀ, ਨਾ ਬਹੁਤੀ ਮੋਟੀ, ਨਾ ਬਹੁਤੀ ਪਤਲੀ ਤੇ ਕੱਦ ਸਪੱਧਰ ਸੀ । ਸਾਰੇ ਉਹਨੂੰ ਮੱਖਣ ਦੀ ਪਿੰਨੀ ਕਹਿ ਕੇ ਸੱਦਿਆ ਕਰਦੇ ਸਨ ਤੇ ਅੱਜ ਗੁਰਮੀਤ ਨੂੰ ਜਾਪਿਆ ਕਿ ਮਹਾਰਾਣੀ ਜਿੰਦ ਕੌਰ ਵੀ ਬਸ ਮੱਖਣ ਦੀ ਇਕ ਪਿੰਨੀ ਹੀ ਹੈ ।

ਮੱਖਣ ਵਰਗਾ ਉਹਦਾ ਰੰਗ ਚਿੱਟਾ ਤੇ ਮੱਖਣ ਵਰਗੀ ਮੁਲਾਇਮ ਤੇ ਲੁਭਾਇਮਾਨ ਉਸ ਦੇ ਸਰੀਰ ਦੀ ਚਮੜੀ । ਕੱਦ ਸਮੱਧਰ ਤੇ ਹਰ ਅੰਗ, ਸਵਾਏ ਅੱਖਾਂ ਤੋਂ, ਗੋਲਾਈ ਮਾਇਲ । ਬਾਹਾਂ ਗੋਲ, ਮੂੰਹ ਗੋਲ, ਬੁੱਲ੍ਹ ਲੰਬਾਈ ਨਾਲੋਂ ਵਧ ਗੁਲਾਈ ਵਿਚ ਜਿੰਦ ਕੌਰ ਦੇ ਗਲੇ ਵਿਚ ਮੋਟੇ ਮੋਟੇ ਮੋਤੀਆਂ ਦਾ ਇਕ ਚੋੜਾ ਹਾਰ ਸੀ ਤੇ ਮੱਥੇ ਤੇ ਵਾਲਾਂ ਨਾਲੋਂ ਵੀ ਇਹਨਾਂ ਹੀ ਮੋਤੀਆਂ ਦੀਆਂ ਬਣੀਆਂ ਚਮਕਦੀਆਂ ਲੜੀਆਂ ਪਲਮਦੀਆਂ ।

ਅਜੀਤ ਨੂੰ ਮਹਾਰਾਣੀ ਜਿੰਦ ਕੌਰ ਬੜੀ ਸੋਹਣੀ ਲਗੀ । ਇਹੋ ਜਿਹੀ ਸੋਹਣੀ ਇਸਤਰੀ ਉਸ ਅਗੇ ਨਹੀਂ ਸੀ ਤੱਕੀ । ਅਜੀਤ ਦੇ ਦਿਲ ਵਿਚ ਮਹਾਰਾਣੀ ਵਾਸਤੇ ਅਤਿਅੰਤ ਪਿਆਰ ਉਪਜਿਆ ਤੇ ਉਹਦਾ ਜੀ ਕੀਤਾ ਕਿ ਉਹ ਉਹਦੇ ਪੈਰਾਂ ਤੇ ਉਹਦੇ ਹੱਥਾਂ ਤੇ ਉਹਦੀ ਝੋਲੀ ਵਿਚ ਉਸੇ ਤਰ੍ਹਾਂ ਹੀ ਆਪਣਾ ਸਿਰ ਰਖ ਦੇਵੇ ਜਿਵੇਂ ਉਹ ਕਦੀ ਕਦੀ ਗੁਰਮੀਤ ਨਾਲ ਕਰਦਾ ਹੈ ।

ਮਹਾਰਾਣੀ ਨੇ ਮਾਹਿਲ ਘਰਾਣੇ ਦੇ ਮੈਂਬਰਾਂ ਨਾਲ ਦਰਬਾਰ ਵਿਚ ਨਹੀਂ, ਆਪਣੇ ਅੱਧੇ ਸਰਕਾਰੀ ਤੇ ਅੱਧੇ ਚਾਤੀ ਕਮਰੇ ਵਿਚ ਮੁਲਾਕਾਤ ਕੀਤੀ । ਸਰਦਾਰ ਸ਼ੇਰ ਸਿੰਘ ਅਟਾਰੀ ਵਾਲਾ ਨਾਲ ਸੀ । ਬੜੀ ਮੁਸ਼ਕਲ ਨਾਲ ਇਸ ਮੁਲਾਕਾਤ ਦੀ ਇਜਾਜ਼ਤ ਮਿਲੀ ਸੀ । ਸਰ ਹੈਨਰੀ ਲਾਰੰਸ, ਅੰਗਰੇਜ਼ੀ ਰੈਜ਼ੀਡੈਂਟ, ਇਸ ਮੁਲਾਕਾਤ ਦਾ ਅਸਲੀ ਮੰਤਵ ਜਾਣਨਾ ਚਾਹੁੰਦਾ ਸੀ । ਸ਼ੇਰ ਸਿੰਘ ਨੇ ਦਸਿਆ :

"ਮੰਤਵ ਕੋਈ ਨਹੀਂ ਸਰ ਹੈਨਰੀ । ਮਾਹਿਲ ਘਰਾਣੇ ਨੇ ਮਹਾਰਾਜਾ ਰਣਜੀਤ ਸਿੰਘ ਦੀ ਤੇ ਖ਼ਾਲਸਾ ਰਾਜ ਦੀ ਬੜੀ ਸੇਵਾ ਕੀਤੀ ਹੈ । ਅਜ ਇਸ ਘਰਾਣੇ ਦੇ ਕੁਝ ਮੈਂਬਰ ਗੁਜਰਾਤ ਵਿਚਲੀ ਆਪਣੀ ਜਾਗੀਰ ਉੱਤੇ ਜਾ ਰਹੇ ਹਨ । ਰਾਹ ਵਿਚ ਉਹ ਮਹਾਰਾਣੀ ਨੂੰ ਪਰਣਾਮ ਕਰਨਾ ਚਾਹੁੰਦੇ ਹਨ ਤੇ ਬਸ !"

"ਕੌਣ ਹਨ ਇਹ ਮਾਹਿਲ ਸਰਦਾਰ ?"

"ਇਹ ਅੱਜ ਕਲ੍ਹ ਕੋਈ ਸ਼ੈ ਨਹੀਂ, ਪਰ ਕਿਸੇ ਜ਼ਮਾਨੇ ਵਿਚ ਇਹ ਇਸ ਸਲਤਨੱਤ ਦੇ ਸਭ ਤੋਂ ਜ਼ਰੂਰੀ ਥੰਮ ਗਿਣੇ ਜਾਂਦੇ ਸਨ । ਇਹਨਾਂ ਦੇ ਵਡੇ ਵਡੇਰੇ ਤੇ ਮਹਾਰਾਜਾ ਰਣਜੀਤ ਸਿੰਘ ਦੇ ਵਡੇ ਵਡੇਰੇ ਜਾਣੂ ਸਿੰਵਾਣੂ ਸਨ । ਗੁਰਦਿਆਲ ਸਿੰਘ ਦਾ ਜਿਹੜਾ ਅਜ ਕਲ੍ਹ ਲਾਹੌਰ ਆਇਆ ਹੈ, ਪਿਤਾ ਤੇ ਸ਼ੇਰੇ-ਪੰਜਾਬ ਮਿੱਤਰ ਸਨ । ਇਹਦਾ ਨਿੱਕਾ ਭਰਾ ਹਰਪਾਲ ਸਿੰਘ ਪੰਜਾਬ ਦਾ ਸਭ ਤੋਂ ਵੱਡਾ ਤੋਪਚੀ ਹੋ ਗੁਜ਼ਰਿਆ ਹੈ ਤੇ ਇਹਨਾਂ ਦਾ ਦਰਬਾਰ ਵਿਚ ਆਉਣ ਜਾਣ ਆਮ ਰਿਹਾ ਹੈ ।"

"ਪਰ ਹੁਣ ਮੁਲਾਕਾਤ ਦੀ ਕੀ ਲੋੜ ਹੈ, ਸਰਦਾਰ ਸਾਹਿਬ !"

ਇਸ ਦੇ ਉੱਤਰ ਵਿਚ ਸ਼ੇਰ ਸਿੰਘ ਨੇ, ਗੁਰਮੀਤ ਨੂੰ ਦਸਿਆ, ਕਿ ਉਸ ਖਿੱਝ ਕੇ ਕਿਹਾ, "ਸ਼ੱਕ ਕਰਨ ਦੀ ਵੀ ਕੋਈ ਖ਼ਾਸ ਲੋੜ ਨਹੀਂ, ਰੈਜ਼ੀਡੈਂਟ ਸਾਹਿਬ । ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਉਹਨਾਂ ਨੂੰ ਇਨਕਾਰ ਕਰ ਦੇਂਦਾ ਹਾਂ ।"

ਲਾਰੰਸ ਨੇ ਉਸ ਵੇਲੇ ਕੋਈ ਫ਼ੈਸਲਾ ਨਾ ਦਿਤਾ ।

ਤੀਜੇ ਦਿਨ ਉਸ ਆਪ ਹੀ ਸ਼ੇਰ ਸਿੰਘ ਨੂੰ ਇਸ ਮੁਲਾਕਾਤ ਦੀ ਇਜਾਜ਼ਤ ਦੇ ਦਿਤੀ :

Scanned by CamScanner

"ਤੁਸੀਂ ਬੁਰਾ ਨਾ ਮਨਾਣਾ। ਇਸ ਰਾਜ ਦੇ ਸਰਪਰਸਤ ਹੁੰਦਿਆਂ ਸਰਕਾਰ ਅੰਗਰੇਜ਼ੀ ਦੀ ਇਹ ਮਾਹਿਸ਼ ਹੈ ਕਿ ਕੋਈ ਖ਼ਾਹ ਮਖ਼ਾਹ ਦਾ ਉਪੱਦਰ ਖੜਾ ਨਾ ਹੋ ਜਾਏ। ਏਸੇ ਲਈ ਮੈਨੂੰ ਤਸ਼ਵੀਸ਼ ਸੀ। ਹੁਣ ਮੈਂ ਮਾਹਿਲਾਂ ਬਾਰੇ ਸਭ ਕੁਹ ਪਤਾ ਕਰ ਲਿਆ ਹੈ ਤੇ ਮੇਰੇ ਸ਼ੱਕ ਨਵਿਰਤ ਹੋ ਗਏ ਹਨ। ਤੁਸੀਂ ਜਾਣਦੇ ਹੋ ਅਗੇ ਹੀ ਸਰਕਾਰ ਅੰਗਰੇਜ਼ੀ ਨੂੰ ਮਹਾਰਾਣੀ ਦੀ ਦਿਆਨਤਦਾਰੀ ਬਾਰੇ ਕਈ ਸੰਸੇ ਉਤਪੰਨ ਹੋਏ ਹਨ।"

ਰਾਜਾ ਸ਼ੇਰ ਸਿੰਘ ਨੇ ਇਹਦਾ ਕੋਈ ਉੱਤਰ ਨਾ ਦਿਤਾ, ਪਰ ਗੱਲ ਬਾਤ ਨੂੰ ਲੁਕਵੀਂ ਰੱਖਣ ਦੀ ਰਾਏ ਦੇਂਦਿਆਂ ਉਸ ਇਹ ਗੁਰਮੀਤ ਨੂੰ ਸਭ ਕੁਝ ਦਸ ਦਿਤਾ ਤੇ ਨਾਲੇ ਕਿਹਾ : "ਤੁਸੀਂ ਵੀ ਕੋਈ ਖ਼ਾਸ ਗੱਲ ਮਹਾਰਾਣੀ ਨਾਲ ਨਹੀਂ ਕਰਨੀ। ਮੈਨੂੰ ਜਾਪਦਾ ਹੈ ਕਿ ਰੈਜੀਡੈਂਟ ਦੇ ਇਸ਼ਾਰੇ ਉੱਤੇ ਨੱਚਦਾ ਕੋਈ ਨਾ ਕੋਈ ਹੋਰ ਸਰਦਾਰ ਵੀ ਮੁਲਾਕਾਤ ਵੇਲੇ ਉੱਥੇ ਹੋਏਗਾ।"

ਤੇ ਇਹ ਕੁਝ ਹੀ ਹੋਇਆ। ਸ਼ੇਰ ਸਿੰਘ ਤੋਂ ਇਲਾਵਾ ਸੀ ਉੱਥੇ ਭਾਈ ਨਿਧਾਨ ਸਿੰਘ। ਗੁਰਮੀਤ, ਨਿਧਾਨ ਸਿੰਘ ਨੂੰ ਮਿਲੀ। ਗੁਰਮੀਤ ਸਲਤਨੱਤ ਦੇ ਕਿਹੜੇ ਮੁਖੀ ਸਰਦਾਰ ਨੂੰ ਨਹੀਂ ਸੀ ਜਾਣਦੀ ? ਸਾਰੇ ਦੇ ਸਾਰੇ ਇਹ ਕਿਸੇ ਨਾ ਕਿਸੇ ਸਮੇਂ ਮਾਹਿਲਾਂ ਦੀ ਹਵੇਲੀ ਵਿਚ ਆਉਂਦੇ ਜਾਂਦੇ ਰਹੇ ਸਨ। ਗੁਰਮੀਤ ਨੇ ਨਿਧਾਨ ਸਿੰਘ ਦਾ ਬਾਕੀ ਪਰਵਾਰ ਨਾਲ ਵੀ ਮੇਲ ਕਰਾਇਆ। ਪਰ ਏਨੇ ਵਿਚ ਮਹਾਰਾਣੀ ਨੇ, ਆਪ ਬਾਹਰ ਆਉਣ ਦੀ ਬਜਾਏ, ਆਪਣੇ ਇਕ ਅਹਿਲਕਾਰ ਹੱਥ ਮਾਹਿਲ ਟੱਬਰ ਨੂੰ ਖ਼ਾਸ ਕਮਰੇ ਵਿਚ ਆਉਣ ਲਈ ਕਿਹਾ ਤੇ ਗੁਰਮੀਤ, ਨਿਧਾਨ ਸਿੰਘ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਤੇ ਰਾਜਾ ਸ਼ੇਰ ਸਿੰਘ ਨੂੰ ਨਾਲ ਲੈ ਕੇ, ਅੰਦਰ ਚਲੀ ਗਈ। ਨਿਧਾਨ ਸਿੰਘ ਦੀ ਹਿੰਮਤ ਨਾ ਪਈ ਕਿ ਨਾਲ ਜਾਏ। ਉਹਦੇ ਦਿਲ ਵਿਚ ਚੋਰ ਸੀ।

ਤੇ ਗੁਰਮੀਤ ਨੂੰ ਯਾਦ ਆਏ ਉਹ ਦਿਨ ਜਦੋਂ ਧਿਆਨ ਸਿੰਘ ਡਿਓੜ੍ਹੀਦਾਰ ਜਾਂ ਵਜ਼ੀਰੇ-ਆਜ਼ਮ ਹੁੰਦਾ ਸੀ। ਉਦੋਂ ਵੀ ਏਸੇ ਤਰ੍ਹਾਂ ਦੇ ਹੀ ਸ਼ੱਕ ਤੇ ਸ਼ੱਕੇ ਦਰਬਾਰ ਵਿਚ ਤੇ ਮਾਹਿਲਾਂ ਵਿਚ ਪਸਰੇ ਹੁੰਦੇ ਸਨ। ਓਦੋਂ ਵੀ ਮੁਲਾਕਾਤਾਂ ਅਜੀਬ ਢੰਗ ਨਾਲ ਕਰਾਈਆਂ ਜਾਂਦੀਆਂ ਸਨ। ਸਵਾਏ ਹਰਪਾਲ ਦੇ ਹੋਰ ਕਿਸੇ ਦਾ ਜੇਰਾ ਨਹੀਂ ਸੀ ਹੁੰਦਾ ਕਿ ਸਿੱਧਾ ਮਹਾਰਾਜੇ ਜਾਂ ਕੰਵਰ ਨੌਨਿਹਾਲ ਸਿੰਘ ਨਾਲ ਮੁਲਾਕਾਤ ਕਰ ਸਕੇ...।

ਗੁਰਮੀਤ ਦਾ ਦਿਲ ਖੱਟਾ ਹੋ ਗਿਆ। ਉਹਨੂੰ ਲਗ ਰਿਹਾ ਸੀ ਕਿ ਹੁਣ ਇਸ ਰਾਜ ਦੀ ਕੋਈ ਢੋਈ ਨਹੀਂ, ਪਰ ਮਹਾਰਾਣੀ ਨੂੰ ਵੇਖਦਿਆਂ ਹੀ ਉਹਦੇ ਮੁਖ ਉੱਤੇ ਖੇੜਾ ਆ ਗਿਆ ਤੇ ਉਹ ਬੜੇ ਤਪਾਕ ਨਾਲ ਜਿੰਦ ਕੌਰ ਨੂੰ ਮਿਲੀ।

"ਸਾਨੂੰ ਅਫ਼ਸੋਸ ਹੈ ਕਿ ਸਾਡਾ ਘਰਾਣਾ ਹੁਣ ਤੁਹਾਡੀ ਸੇਵਾ ਕਰਨ ਦੇ ਯੋਗ ਨਹੀਂ ਰਿਹਾ, ਪਰ ਸਾਡੇ ਹਰ ਇਕ ਜੀਅ ਦੇ ਦਿਲ ਵਿਚ ਤੁਹਾਡੇ ਵਾਸਤੇ ਅਥਾਹ ਇੱਜ਼ਤ ਹੈ ਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਥ ਤੇ ਦੇਸ਼ ਦਾ ਭਵਿੱਖ ਤੁਹਾਡੇ ਉੱਤੇ ਹੀ ਨਿਰਭਰ ਹੈ।"

ਅੱਜ ਮਹਾਰਾਣੀ ਜਿੰਦ ਕੌਰ ਵੀ ਖ਼ੁਸ਼ ਸੀ, ਅਜੇ ਤਕ ਕਿਸੇ ਹੋਰ ਘਰਾਣੇ ਦਾ ਮੈਂਬਰ ਉਹਨੂੰ ਇਸ ਤਰ੍ਹਾਂ ਮਿਲਣ ਨਹੀਂ ਸੀ ਆਇਆ। ਕਿਸੇ ਨੇ ਉਹਦੇ ਨਾਲ ਇਉਂ ਮੁਹੱਬਤ, ਹਮਦਰਦੀ ਤੇ ਵਫ਼ਾਦਾਰੀ ਨਹੀਂ ਸੀ ਵਿਖਾਈ। ਮਹਾਰਾਣੀ ਜਿੰਦ ਕੌਰ ਦਿਨੋਂ ਦਿਨ ਜਨਤਾ ਨਾਲੋਂ ਟੁੱਟਦੀ ਗਈ ਸੀ। ਉਹਦੇ ਦੁਆਲੇ ਜੁੜੇ ਸਰਦਾਰਾਂ ਵਿਚੋਂ ਇਕ ਤੋਂ ਵਧ ਦੂਜਾ ਤੇ ਦੂਜੇ ਤੋਂ ਵਧ ਤੀਜਾ ਨਿਮਕ ਹਰਾਮ ਨਿਕਲਿਆ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲੁੱਟਿਆ ਜਾ ਰਿਹਾ ਸੀ ਤੇ ਲੁਟਾਣ ਵਾਲੇ ਸੁਨ ਇਸ ਰਾਜ ਦੇ ਹੀ ਕਰਤੇ ਧਰਤੇ। ਇਹੋ ਕਰਤੇ ਧਰਤੇ ਹੀ ਮਹਾਰਾਣੀ ਜਿੰਦ ਕੌਰ ਦੇ ਵਿਰੁਧ ਗ਼ਲਤ ਫ਼ਹਿਮੀਆਂ ਉਡਾ ਰਹੇ ਸਨ। ਜਿੰਦ ਕੌਰ ਸਭ ਕੁਝ ਜਾਣਦੀ ਸੀ ਤੇ ਆਪਣੇ ਵਲੋਂ ਉਹ ਇਹਨਾਂ ਗ਼ਲਤ ਫ਼ਹਿਮੀਆਂ ਨੂੰ ਦੂਰ ਕਰਨ ਦੀ ਤੇ ਇਸ ਰਾਜ ਨੂੰ ਕਾਇਮ ਰਖਣ ਦੀ ਸਿਰ ਤੋੜ ਕੋਸ਼ਿਸ਼ ਕਰ ਰਹੀ ਸੀ, ਪਰ ਕੁਝ ਸਿਰੇ ਚੜ੍ਹਦਾ ਨਹੀਂ ਸੀ ਜਾਪਦਾ। ਜਿੰਦ ਕੌਰ ਉਦਾਸ ਸੀ। ਬੜੇ ਚਿਰਾਂ ਤੋਂ ਉਦਾਸ ਸੀ। ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਵਿਚ ਹੋਈਆਂ ਹਾਰਾਂ ਨੇ ਉਹਨੂੰ ਹੋਰ ਵੀ ਉਦਾਸ ਕਰ ਦਿਤਾ। ਆਪਣੇ ਉੱਤੇ ਲਗੀਆਂ ਤੋਹਮਤਾਂ ਨੇ ਉਹਦਾ ਖ਼ੂਨ ਚੂਸ ਲਿਆ। ਸ਼ਾਹ ਮੁਹੰਮਦ ਦੇ ਜੰਗ ਨਾਮੇ ਦੇ ਅਨੇਕ ਬੈਂਤ ਉਹਦੇ ਸੀਨੇ ਵਿਚ ਪਲ ਪਲ ਖੱਟਕਦੇ। ਪਰ ਉਹਨੇ ਹਿੰਮਤ ਨਹੀਂ ਹਾਰੀ। ਉਹਨੇ ਆਪਣਾ ਸਿਦਕ ਡੋਲਣ ਨਹੀਂ ਦਿਤਾ, ਉਹ ਆਪਣੇ ਨਿਸ਼ਾਨੇ ਵਿਚ ਪ੍ਰਪੱਕ ਰਹੀ।

ਸਭਰਾਵਾਂ ਪਿਛੋਂ ਅੰਗਰੇਜ਼ ਲਾਹੌਰ ਆਏ। ਉਹਨਾਂ ਨੇ ਰਾਜ ਦਾ ਪ੍ਰਬੰਧ ਆਪਣੇ ਹੱਥੀਂ ਲੈ ਲਿਆ। ਸ਼ਰਮਨਾਕ

Scanned by CamScanner

ਸੁਲ੍ਹਾ ਉਹਦੇ ਉੱਤੇ ਠੋਂਸੀ ਗਈ । ਦੇਸ਼ ਦੀ ਏਕਤਾ ਨੂੰ ਖੇਰੂੰ ਖੇਰੂੰ ਕਰ ਦਿਤਾ ਗਿਆ । ਸਾਰੇ ਸੂਬਿਆਂ ਤੇ ਰਿਆਸਤਾਂ ਵਿਚ ਅੰਗਰੇਜ਼ਾਂ ਨੇ ਆਪਣੇ ਅਫ਼ਸਰ ਭੇਜ ਦਿਤੇ । ਜੁਫ਼ੇਰੇ ਤੱਕਦਿਆਂ ਜਾਪਦਾ ਸੀ ਕਿ ਹੁਣ ਕੁਝ ਬਣ ਨਹੀਂ ਸਕਦਾ, ਪਰ ਮਹਾਰਾਣੀ ਜਿੰਦ ਕੌਰ ਨੇ ਵੀ ਹਾਰ ਨਹੀਂ ਮੰਨੀ ।

ਮਹਾਰਾਣੀ ਜਿੰਦ ਕੌਰ ਪੰਜਾਬੀ ਕੌਮ ਦੀ ਪ੍ਰਤੀਨਿਧ ਸੀ । ਉਹ ਸਮਝਦੀ ਸੀ ਕਿ ਪੰਜਾਬੀਆਂ ਨੂੰ ਅੰਗਰੇਜ਼ਾਂ ਨੇ ਰਣਭੂਮੀ ਵਿਚ ਨਹੀਂ ਹਰਾਇਆ । ਇਸ ਹਾਰ ਦੇ ਕਾਰਨ ਘਰ ਦੇ ਗ਼ਦਾਰ ਸਨ । ਉਹ ਸਮਝਦੀ ਸੀ ਕਿ ਅਜੇ ਵੀ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕਢਿਆ ਜਾ ਸਕਦਾ ਹੈ । ਉਹਨੂੰ ਆਪਣੇ ਆਪ ਉੱਤੇ, ਆਪਣੀ ਕੌਮ ਉੱਤੇ, ਆਪਣੇ ਸਿਪਾਹੀਆਂ ਉੱਤੇ ਅਟੱਲ ਵਿਸ਼ਵਾਸ ਸੀ । ਬੇਸ਼ਕ ਉਹਦੇ ਅੱਗੇ ਔਕੜਾਂ ਅਨੇਕ ਸਨ ਪਰ ਪੰਜਾਬੀ ਆਚਰਨ ਦਾ ਖ਼ਾਸਾ ਹੈ ਔਕੜਾਂ ਨੂੰ ਬੇਦਰੇਗ ਫਾਂਦਣਾ, ਡਰਨਾ ਤੇ ਡੋਲਣਾ ਨਾ । ਮਹਾਰਾਣੀ ਜਿੰਦ ਕੌਰ ਨਾ ਹੀ ਡਰੀ ਤੇ ਨਾ ਹੀ ਡੋਲੀ ।

ਫਿਰ ਵੀ ਕਈ ਵਰ੍ਹਿਆਂ ਦੀ ਖਿਚੋਤਾਣ ਉਹਦੇ ਮਾਨਸਕ ਭਾਵਾਂ ਉੱਤੇ ਲਕੀਰਾਂ ਜ਼ਰੂਰ ਛਡ ਗਈ । ਅੱਜ ਮਾਹਿਲ ਟੱਬਰ ਨਾਲ ਮੁਲਾਕਾਤ ਵੇਲੇ ਇਕ ਮੁੱਦਤ ਪਿਛੋਂ ਇਹ ਲਕੀਰਾਂ ਉਡੀਆਂ । ਅਜ ਇਕ ਮੁਦਤ ਪਿਛੋਂ ਮਹਾਰਾਣੀ ਜਿੰਦ ਕੌਰ ਆਪਣੀ ਰਿਆਇਆ ਦੇ ਇਕ ਪ੍ਰਤੀਨਿਧ ਟੱਬਰ ਨੂੰ ਮਿਲੀ ਜਿਨ੍ਹਾਂ ਦਾ ਵਿਸ਼ਵਾਸ ਵੀ ਉਹਦੇ ਆਪਣੇ ਵਿਸ਼ਵਾਸ ਵਾਂਗ ਅਟੱਲ ਸੀ ਤੇ ਇਰਾਦੇ ਦ੍ਰਿੜ੍ਹ ।

"ਬੇ ਜੀ !" ਮਹਾਰਾਣੀ ਜਿੰਦ ਕੌਰ ਨੇ ਕਿਹਾ ਤੇ ਗੁਰਮੀਤ ਤੇ ਸਾਰਾ ਟੱਬਰ ਹੈਰਾਨ ਪਰੇਸ਼ਾਨ ਰਾਜ ਮਾਤਾ ਵਲ ਤੱਕਣ ਲਗਾ । ਉਹ ਕਿਵੇਂ ਜਾਣਦੀ ਸੀ ਕਿ ਦੁਨੀਆਂ ਗੁਰਮੀਤ ਨੂੰ 'ਬੇਬੇ' ਹੀ ਬੁਲਾਂਦੀ ਹੈ, ਤੇ ਫਿਰ ਐਨੀ ਨੇੜਤਾ ? ਐਡੀ ਬੇ ਤਕੱਲੁਫ਼ੀ ? ਐਡਾ ਮਿੱਠਾ ਸੁਰ ?

"ਬੇ ਜੀ ! ਤੁਹਾਡੀਆਂ ਕੀਤੀਆਂ ਕੁਰਬਾਨੀਆਂ ਦੀ ਸ਼ਲਾਘਾ ਵਾਸਤੇ ਮੇਰੇ ਕੋਲ ਸ਼ਬਦ ਨਹੀਂ । ਅੰਗਰੇਜ਼ ਆਖਦੇ ਹਨ ਕਿ ਮੇਰੀ, ਜ਼ੁਬਾਨ ਤੇ ਸ਼ਬਦਾਂ ਉੱਤੇ, ਬੜੀ ਮੁਹਾਰਤ ਹੈ, ਪਰ ਤੁਸੀਂ ਵੇਖੋਗੇ ਕਿ ਇਹ ਗੱਲ ਵੀ, ਉਹਨਾਂ ਦੀਆਂ ਬਾਕੀਆਂ ਕਈ ਗੱਲਾਂ ਵਾਂਗ ਗ਼ਲਤ ਹੈ । ਸੱਚ ਹੀ ਮੇਰੇ ਕੋਲ ਤੁਹਾਡੇ ਘਰਾਣੇ ਦੀ ਸ਼ਲਾਘਾ ਵਾਸਤੇ ਸ਼ਬਦ ਨਹੀਂ ।"

"ਵਾਹਿਗੁਰੂ ਵਾਹਿਗੁਰੂ", 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ" ਗੁਰਮੀਤ ਤੇ ਗੁਰਦਿਆਲ ਦੇ ਮੂੰਹ ਵਿਚੋਂ ਨਿਕਲਿਆ ।

"ਧੰਨ ਗੁਰੂ ਨਾਨਕ", ਜਿੰਦ ਕੌਰ ਨੇ ਵੀ ਉਚਾਰਿਆ, "ਧੰਨ ਉਹ ਬਾਬਾ ਨਾਨਕ ਜਿਸ ਸਿੱਖੀ ਆਚਰਨ ਵਿਚ ਅਜਿਹੀ ਨਿਮਰਤਾ ਲਿਆਂਦੀ ਤੇ ਧੰਨ ਗੁਰੂ ਬਾਜਾਂ ਵਾਲਾ ਜਿਸ ਸਾਨੂੰ ਲਾਸਾਨੀ ਸਿਦਕ ਦਿਤਾ ।"

ਗੱਲਾਂ ਗੱਲਾਂ ਵਿਚ ਮਹਾਰਾਣੀ ਨੇ ਗੁਰਪਾਲ ਕੋਲੋਂ ਪੁੱਛਿਆ :

"ਇਹ ਲੱਤ ਫੇਰੂ ਸ਼ਹਿਰ ਵਿਚ..."

"ਸਭਰਾਵਾਂ ਵਿਚ ਰਾਜ ਮਾਤਾ, ਮੈਨੂੰ ਅਫ਼ਸੋਸ ਹੈ ਕਿ ਮੈਂ ਹੁਣ ਦੇਸ਼ ਦੀ ਸੇਵਾ ਨਹੀਂ ਕਰ ਸਕਾਂਗਾ ।"

"ਕਿਉਂ ਨਹੀਂ ਕਰ ਸਕੋਗੇ ਮਾਹਿਲ ਸਰਦਾਰ...! ਆਉਣ ਵਾਲੇ ਸਮੇਂ ਵਿਚ ਸੇਵਾ ਸਿਰਫ਼ ਰਣਭੂਮੀ ਵਿਚ ਨਹੀਂ, ਹੋਰਨਾਂ ਥਾਵਾਂ ਤੇ ਹੋਰਨਾਂ ਲੀਹਾਂ ਵਿਚ ਵੀ ਹੋ ਸਕੇਗੀ । "ਹੋਰ ਕੌਣ ਕੌਣ ਸੀ ਸਭਰਾਵਾਂ ਵਿਚ ?"

ਅਜੀਤ ਨੂੰ ਕੁਝ ਕਹਿਣ ਦਾ ਮੌਕਾ ਮਿਲਿਆ ਤੇ ਉਹ ਉਤਸ਼ਾਹ ਪੂਰਵਕ ਬੋਲਿਆ :

"ਮੈਂ ਸਾਂ ਰਾਜ ਮਾਤਾ...।"

ਰਾਜ ਮਾਤਾ ਜਿੰਦ ਕੌਰ ਟਿਕਟਿਕੀ ਲਾ ਕੇ ਅਜੀਤ ਵਲ ਵੇਖਣ ਲਗੀ ਤੇ ਕਿੰਨਾ ਚਿਰ ਤੱਕਦੀ ਰਹੀ...। ਅਜੀਤ ਨੂੰ ਲਗਾ ਕਿ ਮਹਾਰਾਣੀ ਨੇ ਉਹਦੇ ਦਿਲ ਵਿਚ ਉਠਿਆ ਪਿਆਰ ਮੋੜਿਆ ਹੈ ਤੇ ਉਹਦਾ ਵੀ ਜੀ ਕੀਤਾ ਹੈ ਕਿ ਉਹ ਉਹਨੂੰ ਆਪਣੀ ਗੋਦੀ ਵਿਚ ਲੈ ਲਏ ।

"ਸਭਰਾਵਾਂ ਵਿਚ ਅਸੀਂ ਹਾਰੇ ਨਹੀਂ, ਇਹ ਯਾਦ ਰਖਣਾ ।" ਜਿੰਦ ਕੌਰ ਨੇ ਦ੍ਰਿੜ੍ਹ ਸਵੱਰ ਕਿਹਾ ।

"ਨਹੀਂ ਬਿਲਕੁਲ ਨਹੀਂ ਰਾਜ ਮਾਤਾ...।"

ਸ਼ੇਰ ਸਿੰਘ ਨੇ ਮੁਲਾਕਾਤ ਨੂੰ ਹੋਰ ਲੰਮਾ ਕਰਨਾ ਯੋਗ ਨਹੀਂ ਸਮਝਿਆ । ਮਹਾਰਾਣੀ ਨੇ ਹਰ ਇਕ ਜੀਅ ਨੂੰ ਸੁਗਾਤਾਂ ਦੇਂਦਿਆਂ ਕਿਹਾ, "ਮੈਂ ਇਸ ਤਿਲ ਫੁੱਲ ਤੋਂ ਵਧ ਕੁਝ ਦੇਣ ਜੋਗੀ ਨਹੀਂ ।"

Scanned by CamScanner

ਜਦੋਂ ਉਹ ਸਾਰੇ ਬਾਹਰ ਆਏ ਤਾਂ ਭਾਈ ਨਿਧਾਨ ਸਿੰਘ ਤੋਂ ਉਪਰੰਤ ਦੀਵਾਨ ਦੀਨਾ ਨਾਥ ਵੀ ਉੱਥੇ ਮੌਜੂਦ ਸੀ। ਗੁਰਮੀਤ ਨੂੰ ਵੇਖਦਿਆਂ ਹੀ ਉਹ ਉਹਦੇ ਕੋਲ ਆਇਆ।

"ਧੰਨ ਭਾਗ ਤੁਹਾਡੇ ਦਰਸ਼ਨ ਹੋਏ।"

"ਧੰਨ ਭਾਗ ਸਾਡੇ ਹਨ, ਦੀਵਾਨ ਸਾਹਿਬ। ਹੁਣ ਪਹਿਲੇ ਜਿਹੇ ਮੇਲ ਮਿਲਾਪ ਕਿਥੇ?"

ਦੀਨਾ ਨਾਥ ਦਾ ਮੂੰਹ ਇਕੋ ਵਾਰ ਮਸੋਸਿਆ ਗਿਆ : "ਹਾਂ ਗੁਰਮੀਤ! ਹੁਣ ਪਹਿਲੇ ਜਿਹੇ ਮੇਲ ਮਿਲਾਪ ਕਿਥੇ। ਜਦੋਂ ਕਦੀ ਮਾਹਿਲਾਂ ਦੀ ਹਵੇਲੀ ਅਗੋਂ ਲੰਘਦਾ ਹਾਂ ਦਿਲ ਵਿਚ ਇਕ ਰੁੱਗ ਭਰਿਆ ਜਾਂਦਾ ਹੈ...।"

ਗੁਰਦਿਆਲ ਨੇ ਗੱਲ ਵਦਲਾਈ। ਗੁਰਦਿਆਲ ਤੇ ਬਾਕੀ ਦੇ ਜੀਆਂ ਨੇ ਵੇਖਿਆ ਸੀ ਕਿ ਗੁਰਮੀਤ ਕੋਲੋਂ ਆਪਣੀ ਹਵੇਲੀ ਬਾਰੇ ਕੁਝ ਸੁਣਨ ਨਹੀਂ ਹੁੰਦਾ। ਜਦੋਂ ਵੀ ਕੋਈ ਹਵੇਲੀ ਵਲ ਇਸ਼ਾਰਾ ਕਰਦਾ ਹੈ ਤਾਂ ਗੁਰਮੀਤ ਉੱਤੇ ਜੇ ਸੱਚੀ ਮੁਚੀਂ ਗਸ਼ੀ ਨਹੀਂ ਪੈਂਦੀ ਤਾਂ ਇੰਜ ਜ਼ਰੂਰ ਲਗਦਾ ਹੈ ਕਿ ਉਹਦੇ ਦਿਮਾਗ਼ ਤੇ ਅੱਖਾਂ ਅਗੇ ਹਨੇਰਾ ਛਾ ਜਾਂਦਾ ਹੈ। ਉਹ ਨਹੀਂ ਸਨ ਚਾਹੁੰਦੇ ਕਿ ਮਹੱਲਾਂ ਵਿਚ ਗੁਰਮੀਤ ਨੂੰ ਕੁਝ ਹੋ ਜਾਏ।

ਉਹ ਮਹੱਲਾਂ ਤੋਂ ਬਾਹਰ ਆਏ, ਕਿਲ੍ਹੇ ਤੋਂ ਬਾਹਰ ਆਏ। ਪੈਰ ਪੈਰ ਉੱਤੇ ਗੁਰਮੀਤ ਆਖੇ : "ਹੁਣ ਉਹ ਗੱਲਾਂ ਨਹੀਂ ਰਹੀਆਂ। ਇਕ ਸਰਕਾਰ ਬਾਝੋਂ ਲਾਹੌਰ ਹੀ ਨਹੀਂ ਸਾਰਾ ਪੰਜਾਬ ਖ਼ਾਲੀ ਖ਼ਾਲੀ ਲਗਦਾ ਹੈ।"

ਕਿਲ੍ਹੇ ਦੇ ਦਰਵਾਜ਼ੇ ਕੋਲ ਉਹਨਾਂ ਨੂੰ ਕੁਝ ਗੋਰੇ ਸਿਪਾਹੀ ਮਿਲੇ। ਅਜੀਤ ਉਹਨਾਂ ਵਲ ਘੂਰ ਘੂਰ ਕੇ ਵੇਖਣ ਲਗਾ। ਗੁਰਮੀਤ ਤੇ ਹਰਦੀਪ ਨੂੰ ਖੁਟਕੀ ਤੇ ਉਹਨਾਂ ਅਜੀਤ ਨੂੰ ਸਿਧੇ ਮੂੰਹ ਟੁਰ ਜਾਣ ਵਾਸਤੇ ਕਿਹਾ, ਪਰ ਅਜੀਤ ਨੇ ਕਚੀਚੀਆਂ ਵਟੀਆਂ।

"ਮੈਂ ਇਹਨਾਂ ਨੂੰ ਮਾਰ ਕੇ ਮਰ ਜਾਣਾ ਚਾਹੁੰਦਾ ਹਾਂ। ਇਹਨਾਂ ਨੇ ਸਾਡੇ ਦੇਸ਼ ਨੂੰ ਗੁਲਾਮ ਬਣਾ ਲਿਆ ਹੈ, ਰਾਜ ਮਾਤਾ ਨਾਲ ਅਨਿਆਂ ਹੋ ਰਹੇ ਹਨ।"

"ਅਹਿ ਵੇਲਾ ਨਹੀਂ, ਅਜੀਤ।" ਗੁਰਮੀਤ ਨੇ ਆਖਿਆ।

ਦੁਸਾਂਝੀ ਦੇ ਆਸਰੇ ਜਲਦੀ ਜਲਦੀ ਕਦਮ ਪੁਟਦਿਆਂ ਗੁਰਪਾਲ ਨੇ ਅਜੀਤ ਦੇ ਮੋਢੇ ਤੇ ਹੱਥ ਰਖਿਆ।

"ਇਹਨਾਂ ਨਾਲ ਸਿੱਝਣ ਦਾ ਵਕਤ ਆਏਗਾ, ਪੁੱਤਰ। ਤੂੰ ਸੁਣਿਆ ਨਹੀਂ ਰਾਜ ਮਾਤਾ ਨੇ ਹੁਣ ਹੁਣੇ ਕੀ ਕਿਹਾ ਸੀ?"

ਇਹ ਟੱਬਰ ਕਿਲ੍ਹੇ ਦੇ ਉੱਤਰ ਵਲੋਂ ਆਪਣੀ ਹਵੇਲੀ ਵਲ ਟੁਰਿਆ। ਜਿਥੋਂ ਉਹ ਹੁਣ ਲੰਘ ਰਹੇ ਸਨ ਏਥੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਫ਼ੌਜਾਂ ਦੀ ਕਵਾਇਦ ਹੋਇਆ ਕਰਦੀ ਸੀ। ਦਸ ਦਸ ਬਾਰਾਂ ਬਾਰਾਂ ਹਜ਼ਾਰ ਸੈਨਾ ਇਕੋ ਵਾਰ ਮਾਰਚ ਕਰਦੀ। ਪੰਜਾਹ ਪੰਜਾਹ, ਸਠ ਸਠ ਤੋਪਾਂ ਇਕੋ ਵਾਰ ਚਾਂਦ ਮਾਰੀ ਕਰਦੀਆਂ। ਮਹਾਰਾਜਾ ਰਣਜੀਤ ਸਿੰਘ ਆਪ ਕਦੀ ਘੋੜੇ ਉੱਤੇ ਤੇ ਕਦੀ ਹਾਥੀ ਉੱਤੇ, ਕਵਾਇਦ ਵੇਖਣ ਆਉਂਦਾ, ਕਿਸੇ ਨੂੰ ਢਿੱਲੀ ਵਰਦੀ ਜਾਂ ਢਿੱਲੀ ਕਵਾਇਦ ਵਾਸਤੇ ਟੋਕਦਾ। ਕਿਸੇ ਨੂੰ ਚੁਸਤ ਮਾਰਚ ਵਾਸਤੇ ਵਧਾਈ ਦੇਂਦਾ।

ਏਸੇ ਮੈਦਾਨ ਵਿਚ ਹੀ, ਅੰਗਰੇਜ਼ਾਂ ਵਲੋਂ ਆਏ ਮੈਕਨਾਟਨ ਮਿਸ਼ਨ ਵੇਲੇ, ਹਰਪਾਲ ਸਿੰਘ ਨੇ ਤੋਪਖ਼ਾਨੇ ਦੀ ਚਾਂਦਮਾਰੀ ਕਰਾਈ ਸੀ। ਗੁਰਮੀਤ ਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਸੀ। ਉਸ ਦਿਨ ਹਰਪਾਲ ਆਪਣੇ ਘੋੜੇ ਉੱਤੇ ਚੜ੍ਹਿਆ, ਜਦੋਂ ਹਵੇਲੀ ਵਿਚੋਂ ਨਿਕਲਿਆ ਸੀ ਤਾਂ ਉਹਦੀ ਝਾਲ ਝੱਲੀ ਨਹੀਂ ਸੀ ਜਾਂਦੀ। ਗੁਰਮੀਤ ਕਿੰਨਾ ਚਿਰ ਬਾਹਰਲੇ ਦਰਵਾਜ਼ੇ ਉੱਤੇ ਖਲੱਤੀ ਉਹਦੇ ਵਲ ਵੇਖਦੀ ਰਹੀ ਸੀ। ਇਕਾ ਇਕ ਗੁਰਮੀਤ ਦਾ ਜੀ ਕੀਤਾ ਕਿ ਉਹ ਇਸ ਹਵੇਲੀ ਦਾ ਦਰਵਾਜ਼ਾ ਮੁੜ ਕੇ ਕਦੀ ਨਾ ਵੇਖੇ। ਫਿਰ ਉਹਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਤੇ ਫਿਰ ਉਹ ਲੜਖੜਾ ਗਈ। ਪਰ ਹਰਦੀਪ ਤੇ ਗੁਰਦਿਆਲ ਨੇ ਉਹਨੂੰ ਸੰਭਾਲਿਆ। ਉਹ ਗੁਰਮੀਤ ਦੀ ਹਾਲਤ ਤੋਂ ਚੰਗੀ ਤਰ੍ਹਾਂ ਜਾਣੂ ਸਨ। ਪਿਛਲੇ ਪੰਜ ਦਿਨ ਉਹਨਾਂ ਨੇ ਬੜੇ ਔਖ ਵਿਚ ਕਟੇ ਸਨ। ਪਰ ਹੁਣ ਉਹ ਲਾਹੌਰ ਛਡ ਵੀ ਨਹੀਂ ਸਨ ਸਕਦੇ। ਮਹਾਰਾਣੀ ਨਾਲ ਮੁਲਾਕਾਤ ਦੀ ਮੰਗ ਪੇਸ਼ ਕੀਤੀ ਜਾ ਚੁਕੀ ਸੀ ਤੇ ਰੈਜ਼ੀਡੈਂਟ ਨਾਲ ਗੱਲ ਬਾਤ ਹੋ ਰਹੀ ਸੀ, ਉਹ ਕਿਸ ਮੂੰਹ ਨਾਲ ਆਪਣੀ ਮੰਗ ਤੋਂ ਫਿਰਦੇ। ਪਰ ਉਹਨਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਮੁਲਾਕਾਤ ਤੋਂ ਅਗਲੇ ਹੀ ਦਿਨ ਲਾਹੌਰੋਂ ਚਲਿਆ ਜਾਣਾ ਹੈ। ਗੁਰਮੀਤ ਉੱਤੇ ਏਥੇ ਪਲ ਪਲ ਭਾਰੂ ਗੁਜ਼ਰ ਰਿਹਾ ਹੈ।

Scanned by CamScanner

ਹੁਣ ਗੁਰਮੀਤ ਨੂੰ ਉਹਨਾਂ ਨੇ ਸੰਭਾਲਿਆ ਤੇ ਗੁਰਪਾਲ ਨੇ ਕਿਹਾ, "ਜੇਰਾ ਕਰ ਬੇਬੇ, ਤੂੰ ਸਾਡੀ ਠਾਹਰ ਹੈਂ, ਜੇ ਤੂੰ ਹੀ ਹੌਸਲਾ ਢਾਹ ਦਿਤਾ ਤਾਂ ਸਾਡੀ ਕੀ ਹਾਲਤ ਹੋਵੇਗੀ ?"

ਇਹ ਸੁਣ ਕੇ ਗੁਰਮੀਤ ਆਪਣੇ ਆਪ ਵਿਚ ਆਈ। ਹਾਂ, ਉਹਨੂੰ ਹੌਸਲਾ ਹਾਰਨਾ ਨਹੀਂ ਚਾਹੀਦਾ, ਉਸ ਸੋਚਿਆ, ਉਹ ਵਰ੍ਹਿਆਂ ਤੋਂ ਇਸ ਘਰ ਦੀ ਠਾਹਰ ਹੈ। ਅੱਜ ਉਹ ਕਿਸ ਤਰਾਂ ਇਹਨਾਂ ਦੇ ਸਾਹਮਣੇ ਹੌਸਲਾ ਹਾਰ ਸਕਦੀ ਹੈ ? ਗੁਰਮੀਤ ਧੌਣ ਉੱਚੀ ਕਰ ਕੇ ਟੁਰਨ ਲਗੀ, ਪਰ ਉਹ ਕੂਦੀ ਨਹੀਂ।

ਹੁਣ ਉਹ ਆਪਣੀ ਹਵੇਲੀ ਵਿਚ ਪੁਜਣ ਤੋਂ ਪਹਿਲੇ ਇਕ ਬਸਤੀ ਦੇ ਬਾਜ਼ਾਰ ਵਿਚੋਂ ਲੰਘ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਜਦੋਂ ਉਹਨਾਂ ਦੀ ਹਵੇਲੀ ਵਿਚ ਆਉਂਦਾ ਤਾਂ ਬਹੁਤਾ ਕਰ ਕੇ ਇਸੇ ਰਸਤੇ ਹੀ ਆਇਆ ਕਰਦਾ ਸੀ। ਉਦੋਂ ਇਸ ਬਾਜ਼ਾਰ ਵਿਚ, ਉਹਨਾਂ ਦਿਨਾਂ ਅੰਦਰ ਕੇਡੀ ਭੀੜ ਜੁੜ ਜਾਂਦੀ ਸੀ ? ਕਿੰਜ ਖ਼ਲਕਤ ਆਪਣੇ ਮਹਾਰਾਜੇ ਦਾ ਰਾਹ ਰੋਕ ਖਲੋਂਦੀ ਸੀ ? ਮਹਾਰਾਜਾ ਰਣਜੀਤ ਸਿੰਘ ਇਥੇ-ਉੱਥੇ ਰੁਕਦਾ। ਆਪਣੇ ਦੁਆਲੇ ਜੁੜੇ ਆਪਣੇ ਸ਼ਰਧਾਲੂਆਂ ਨਾਲ ਗੱਲਾਂ ਕਰਦਾ, ਕਿਸੇ ਦਾ ਦੁੱਖ ਸੁਣਦਾ, ਕਿਸੇ ਦੀ ਖ਼ੁਸ਼ੀ। ਲੋੜਵੰਦਾਂ ਨੂੰ ਪੈਸਾ ਦੇਂਦਾ, ਗਹਿਣਾ ਜਾਂ ਕਪੜਾ ਦੇਂਦਾ। ਸੁਗਾਤਾਂ ਤੇ ਰੁਪਿਆਂ ਦੇ ਸੰਦੂਕ ਸਦਾ ਉਹਦੇ ਨਾਲ ਹੁੰਦੇ ਸਨ। ਕਿਸੇ ਦੀ ਦਾਦ ਫ਼ਰਿਆਦ ਸੁਣਕੇ ਉੱਥੇ ਹੀ ਸਰੇ ਰਾਹ ਫ਼ੈਸਲਾ ਦੇਂਦਾ ਤੇ ਰਾਜਾ ਧਿਆਨ ਸਿੰਘ ਉਹ ਫੈਸਲਾ ਲਿਖ ਲੈਂਦਾ। ਕਿਸੇ ਦੇ ਘਰ ਮੁੰਡਾ ਜੰਮਿਆਂ ਹੁੰਦਾ ਜਾਂ ਵਿਆਹ ਰਚਿਆ ਹੁੰਦਾ ਉਹ ਮਿਠਾਈ ਦੇ ਭਰੇ ਥਾਲ ਮਹਾਰਾਜੇ ਦੇ ਪੇਸ਼ ਕਰਦਾ, ਮਹਾਰਾਜਾ ਇਕ ਖ਼ੁਰਮਾਂ, ਜਾਂ ਇਕ ਲੱਡੂ ਚੁਕਦਾ ਆਖਦਾ : "ਬਈ ਮੈਨੂੰ ਬਹੁਤਾ ਨਾ ਰਜਾਓ। ਮੈਂ ਅੱਜ ਮਾਹਿਲਾਂ ਦੀ ਹਵੇਲੀ ਚਾਰ ਛੰਨੇ ਸ਼ਰਦਾਈ ਦੇ ਪੀਣੇ ਹਨ।"

ਕਦੀ ਕਦੀ ਕੋਈ ਮਰਾਸੀ ਨੇੜੇ ਆ ਕੇ ਮਹਾਰਾਜੇ ਨੂੰ ਮਖ਼ੌਲ ਕਰਦਾ ਤੇ ਮਹਾਰਾਜਾ ਰਣਜੀਤ ਸਿੰਘ ਖਿੜ ਖਿੜ ਕੇ ਹੱਸ ਪੈਂਦਾ...ਤੇ ਉੱਤਰ ਵਿਚ ਤੋਸ਼ੇਦਾਰ ਨੂੰ ਹੁਕਮ ਦੇਂਦਾ ਕਿ ਮਰਾਸੀ ਨੂੰ ਮੂੰਹ ਮੰਗਿਆ ਇਨਾਮ ਮਿਲੇ...।

ਗੁਰਮੀਤ ਇਸ ਬਾਜ਼ਾਰ ਵਿਚੋਂ ਲੰਘਦੀ ਗਈ ਤੇ ਨਾਲੋ-ਨਾਲ ਉਹ ਦਿਨ, ਬੀਤੇ ਦਿਨ, ਉਹਦੀਆਂ ਅੱਖਾਂ ਅਗੋਂ ਲੰਘਦੇ ਗਏ। ਇਕਾ ਇਕ ਉਹਦੀਆਂ ਅੱਖਾਂ ਅਗੇ ਫਿਰ ਹਨੇਰਾ ਆ ਗਿਆ ਤੇ ਉਹ ਲੜਖੜਾ ਗਈ...।

੧੫੫

ਜਦੋਂ ਗੁਰਮੀਤ ਨੂੰ ਹੋਸ਼ ਆਈ ਤਾਂ ਰਾਤ ਦਾ ਹਨੇਰਾ ਪੱਸਰ ਚੁਕਾ ਸੀ। ਉਹ ਪਲੰਘ ਉੱਤੇ ਲੇਟੀ ਹੋਈ ਸੀ। ਉਸੇ ਪਲੰਘ ਉੱਤੇ ਜਿਥੇ ਅੱਜ ਤੋਂ ਛੇ ਵਰ੍ਹੇ ਪਹਿਲੇ ਹਰਪਾਲ ਦੀ ਲਾਸ਼ ਪਈ ਸੀ। ਆਲੇ ਵਿਚ ਦੀਵਾ ਜਗ ਰਿਹਾ ਸੀ। ਏਸੇ ਤਰ੍ਹਾਂ ਹੀ ਛੇ ਵਰ੍ਹੇ ਪਹਿਲੇ ਇਸੇ ਆਲੇ ਵਿਚ ਦੀਵਾ ਜਗ ਰਿਹਾ ਸੀ। ਗੁਰਮੀਤ ਦੀ ਮੰਜੀ ਦੇ ਆਲੇ ਦੁਆਲੇ ਟੱਬਰ ਦੇ ਜੀਅ ਖੜੇ ਸਨ। ਏਸੇ ਤਰ੍ਹਾਂ ਹੀ ਅੱਜ ਤੋਂ ਛੇ ਵਰ੍ਹੇ ਪਹਿਲੇ ਹਰਪਾਲ ਦੀ ਲਾਸ਼ ਦੁਆਲੇ ਘਰ ਦੇ ਜੀਅ ਖਲੋਤੇ ਸਨ।

ਗੁਰਮੀਤ ਉੱਠੀ। ਪਲੰਘ ਦੀ ਢੋਹ ਨਾਲ ਉਸ ਢੋਹ ਲਾਈ। ਉਹ ਮੁਸਕਰਾਈ।

"ਕੀ ਗੱਲ ਹੈ ? ਤੁਸੀਂ ਸਾਰੇ ਇਸ ਤਰ੍ਹਾਂ ਕਿਉਂ ਖੜੇ ਹੋ। ਕੀ ਮੈਂ ਬੜੀ ਜਲਦੀ ਸੌਂ ਗਈ ਸਾਂ।"

Scanned by CamScanner

ਉਹਨੂੰ ਕੋਈ ਵੀ ਉੱਤਰ ਨਾ ਮਿਲਿਆ, ਗੁਰਮੀਤ ਹੱਸੀ :

"ਮੈਨੂੰ ਕੁਝ ਨਹੀਂ ਹੋਇਆ, ਕੁਝ ਨਹੀਂ ਹੋਇਆ, ਬੀਤੇ ਦਿਨਾਂ ਦੀ ਯਾਦ ਨੇ ਜੀ ਉਦਾਸ ਕਰ ਦਿਤਾ ਹੈ ਤੇ ਬਸ ! ਪਰ ਤੁਸੀਂ ਫ਼ਿਕਰ ਨਾ ਕਰੋ, ਮੈਂ ਤੁਹਾਨੂੰ ਛੜ ਕੇ ਜਾਣ ਨਹੀਂ ਲਗੀ।"

"ਹਰਦੀਪ ! ਏਵੇ ਵਾਸਤੇ ਮੁਰੱਬਾ ਲਿਆ।" ਗੁਰਦਿਆਲ ਨੇ ਕਿਹਾ।

"ਨਹੀਂ ! ਮੈਨੂੰ ਮੁਰੱਬੇ ਦੀ ਲੋੜ ਨਹੀਂ। ਮੈਂ ਰੋਟੀ ਖਾਵਾਂਗੀ, ਮੈਨੂੰ ਭੁੱਖ ਲੱਗੀ ਹੈ। ਅੱਜ ਮਹਾਂ ਪ੍ਰਸ਼ਾਦ ਰਿੰਨ੍ਹਿਆ ਹੈ ਨਾ ? ਹਰਦਿਤ ਨੂੰ ਜੇ ਤਕਲੀਫ਼ ਨਾ ਹੋਵੇ ਤਾਂ ਅੱਜ ਮੇਰੇ ਵਾਸਤੇ ਉਹ ਫੁਲਾਵੇਂ ਫੁਲਕੇ ਪਕਾਵੇਗੀ। ਹਰਦਿਤ ਕਿੰਨੇ ਪਤਲੇ ਪਤਲੇ ਤੇ ਸੋਹਣੇ ਫੁਲਕੇ ਬਣਾਂਦੀ ਹੈ। ਪਤਾ ਨਹੀਂ ਚਿਮਣੀ ਵਾਲ ਜਾ ਕੇ ਮੈਨੂੰ ਅਜਿਹੇ ਫੁਲਕੇ ਮਿਲਣਗੇ ਕਿ ਨਹੀਂ।"

"ਕਿਉਂ ਨਹੀਂ ਬੇਬੇ।" ਹਰਦੀਪ ਨੇ ਕਿਹਾ, "ਜੇ ਕੋਰ ਬੜੇ ਵਧੀਆ ਫੁਲਕੇ ਬਣਾਂਦੀ ਹੈ, ਤੇ ਹੁਣ ਤਾਂ ਵਡੀ ਧੰਨ ਵੀ ਰਸੋਈ ਦਾ ਸਾਰਾ ਕੰਮ ਕਰ ਲੈਂਦੀ ਹੈ। ਤੰਦੂਰ ਵਿਚ ਵੀ ਰੋਟੀਆਂ ਲਾ ਲੈਂਦੀ ਹੈ।"

"ਜਦੋਂ ਮੈਂ ਧੰਨੋ ਨੂੰ ਪਿਛਲੀ ਵਾਰ ਵੇਖਿਆ ਸੀ ਤਾਂ ਸਾਰੇ ਘਰ ਵਿਚ ਰਾਲਾਂ ਸੁਟਦੀ ਫਿਰਦੀ ਸੀ।"

ਸਾਰੇ ਜਣੇ ਹੱਸ ਪਏ।

ਅਜੀਤ ਬੋਲਿਆ: "ਪਰ ਬੇਬੇ ਅਸੀਂ ਤੈਨੂੰ ਚਿਮਣੀਵਾਲੇ ਨਹੀਂ ਜਾਣ ਦੇਣਾ, ਪਹਿਲੇ ਨਾਹਰਪੁਰ ਚੱਲਾਂਗੇ।"

"ਆਹੋ ਬੇਬੇ," ਗੁਰਪਾਲ ਨੇ ਕਿਹਾ, "ਤੇਰੇ ਬਗ਼ੈਰ ਸਾਡਾ ਜੀ ਨਹੀਂ ਲਗਣਾ।"

"ਪਰ ਪਹਿਲੇ ਤਾਂ ਬੇਬੇ ਮੇਰੇ ਨਾਲ ਹੀ ਜਾਏਗੀ।" ਹਰਦੀਪ ਨੇ ਜ਼ਿੱਦ ਕੀਤੀ, "ਤੁਸੀਂ ਨਹੀਂ ਜਾਣਦੇ ਕਿਵੇਂ ਸਾਰਾ ਟੱਬਰ ਇਹਦੀ ਦੀਦ ਲਈ ਸਹਿਕ ਰਿਹਾ ਹੈ। ਮਾਹਿਲਾਂ ਨੇ ਬੇਬੇ ਕੋਲੋਂ ਬੜੀ ਸੇਵਾ ਕਰਾ ਲਈ ਹੈ। ਹੁਣ ਚਿਮਣੀ ਵਾਲਿਆਂ ਨੂੰ ਬੇਬੇ ਦੀ ਸੇਵਾ ਦੀ ਲੋੜ ਹੈ।"

ਸਾਰੇ ਜਣੇ ਫਿਰ ਹੱਸ ਪਏ, ਪਰ ਗੁਰਦਿਆਲ ਦੇ ਸ਼ਬਦ ਉਦਾਸੇ ਸਨ : "ਕਾਸ਼ ! ਅੱਜ ਮੈਂ ਵੀ ਭੈਣ ਗੁਰਮੀਤ ਨੂੰ ਮਾਹਿਲ ਮੁੜਨ ਦਾ ਨਿਓਤਾ ਦੇ ਸਕਦਾ। ਪਰ ਸਾਡੇ ਮਾਹਿਲ ਦੇ ਭਾਗ ਨਿਖੁਟ ਗਏ ਹਨ।"

ਸਾਰੇ ਜਣੇ ਇਕ ਦਮ ਉਦਾਸ ਹੋ ਗਏ, ਪਰ ਗੁਰਮੀਤ ਨੇ ਹਸਦਿਆਂ ਹਸਦਿਆਂ ਕਿਹਾ : "ਵੀਰ ! ਮੈਂ ਮਾਹਿਲ ਕੋਈ ਘਟ ਨਹੀਂ ਰਹੀ ਤੇ ਮਾਹਿਲ ਕਿਤੇ ਟੁਰਿਆ ਨਹੀਂ ਜਾਂਦਾ। ਤੂੰ ਵੇਖੀਂ ਮੇਰਾ ਵੀ ਦਿਲ ਮਾਹਿਲ ਬਿਨਾਂ ਨਹੀਂ ਲਗਣਾ। ਮੈਂ ਮਹੀਨਿਆਂ ਵਿਚ ਹੀ ਮੁੜੀ ਕਿ ਮੁੜੀ।"

'ਕੂੜੀਆਂ ਗੱਲਾਂ ਨਾ ਕਰ ਭੈਣ !"

"ਭੈਣ," ਅਜ਼ੇ ਤਕ ਕਦੀ ਗੁਰਦਿਆਲ ਨੇ ਗੁਰਮੀਤ ਨੂੰ ਭੈਣ ਕਹਿ ਕੇ ਨਹੀਂ ਸੀ ਬੁਲਾਇਆ। ਸਦਾ ਉਹ ਉਹਨੂੰ ਗੁਰਮੀਤ ਆਖਦਾ ਤੇ ਗੁਰਮੀਤ ਉਹਨੂੰ ਗੁਰਦਿਆਲ, ਪਰ ਅੱਜ ਗੁਰਦਿਆਲ, ਗੁਰਮੀਤ ਵਾਸਤੇ ਆਪਣਾ ਸਾਰਾ ਪਿਆਰ ਤੇ ਸਾਰਾ ਆਦਰ ਜਤਾਣਾ ਚਾਹੁੰਦਾ ਸੀ। ਅੱਜ ਉਹਦਾ ਜੀ ਉਦਾਸ ਸੀ। ਗੁਰਮੀਤ ਦਾ ਵਿਛੋੜਾ ਉਹਦੇ ਉੱਤੇ ਭਾਰੂ ਹੋ ਰਿਹਾ ਸੀ। ਗੁਰਮੀਤ ਉਹਦੇ ਨਾਲ ਉਮਰ ਵਿਚੋਂ ਕਾਫ਼ੀ ਛੋਟੀ ਸੀ, ਪਰ ਫਿਰ ਵੀ, ਉਹਨੂੰ ਸਦਾ ਲਗਦਾ ਰਿਹਾ ਸੀ ਕਿ ਉਹ ਉਹਦੇ ਨਾਲੋਂ ਸਿਆਣਪ ਤੇ ਸ਼ਖ਼ਸੀਅਤ ਵਿਚ ਕਿਤੇ ਵੱਡੀ ਹੈ। ਪਰ ਜਿੰਨਾ ਅੱਜ ਉਸ ਮਹਿਸੂਸ ਕੀਤਾ, ਉੱਨਾ ਉਸ ਅਗੇ ਕਦੀ ਮਹਿਸੂਸ ਨਹੀਂ ਸੀ ਕੀਤਾ, ਕਿ ਸਿਰਫ਼ ਗੁਰਮੀਤ ਦੇ ਸਿਰ ਉੱਤੇ ਹੀ ਮਾਹਿਲਾਂ ਦਾ ਘਰਾਣਾ ਅਜੇ ਤਕ ਜੀਂਦਾ ਰਿਹਾ ਹੈ। ਅੱਜ ਉਹਨੂੰ ਮਹਿਸੂਸ ਹੋਇਆ ਕਿ ਨਿਰੋਲ ਸਾਧੂ ਸੁਭਾ ਵੀ ਚੰਗਾ ਨਹੀਂ ਹੁੰਦਾ। ਨਾਮ ਜਪਣ ਦੇ ਨਾਲ ਦੁਨਿਆਵੀ ਕੰਮਾਂ ਵਿਚ ਵੀ ਹਿੱਸਾ ਲੈਣਾ ਚਾਹੀਦਾ ਹੈ। ਅੱਜ ਉਹਨੂੰ ਆਪਣੀ ਪਹਿਲੀ ਜ਼ਿੰਦਗੀ ਅਕਾਰਥ ਗਈ ਲਗੀ। ਪਰ ਫਿਰ ਉਹਨੂੰ ਜਾਪਿਆ ਕਿ ਹੁਣ ਕੁਝ ਹੋ ਵੀ ਨਹੀਂ ਸਕਦਾ। ਬਹੁਤੀ ਬੀਤ ਚੁਕੀ ਹੈ। ਥੋੜੀ ਰਹਿ ਗਈ ਹੈ। ਹੁਣ ਉਸ ਦੇ ਵਾਸਤੇ ਮਾਹਿਲਾਂ ਦਾ ਮੋਢੀ ਬਣਨਾ ਕਠਨ ਹੈ। ਹੁਣ ਸਾਰਾ ਟੱਬਰ ਆਪੋ ਵਿਚ ਪਾਟ ਚੁਕਾ ਹੈ। ਹੁਣ ਮੇਲ ਨਹੀਂ ਹੋ ਸਕਦੇ। ਇਹਨਾਂ ਵਿਚਾਰਾਂ ਨਾਲ ਉਹਦੇ ਮਨ ਵਿਚ ਗੁਰਮੀਤ ਵਾਸਤੇ ਹੋਰ ਵੀ ਪਿਆਰ ਜਾਗਿਆ ਤੇ ਉਸ ਉਹਨੂੰ "ਗੁਰਮੀਤ" ਦੀ ਥਾਂ "ਭੈਣ" ਆਖਿਆ।

ਤੇ ਸ਼ਾਇਦ ਗੁਰਮੀਤ ਨੇ ਵੀ ਕੁਝ ਏਸੇ ਤਰ੍ਹਾਂ ਦੇ ਭਾਵ ਹੀ ਮਹਿਸੂਸ ਕੀਤੇ। ਉਸ ਵੀ ਅੱਜ ਗੁਰਦਿਆਲ ਨੂੰ 'ਵੀਰ' ਆਖਿਆ। ਉਹਨੂੰ ਵੀ ਲੱਗਾ ਕਿ ਅੱਜ ਗੁਰਦਿਆਲ ਆਪਣੀ ਜ਼ਿੰਦਗੀ ਬਿਰਥਾ ਬੀਤੀ ਸਮਝਦਾ ਹੈ। ਅੱਜ

Scanned by CamScanner

ਗੁਰਦਿਆਲ ਨੂੰ ਮਹਿਸੂਸ ਹੋਇਆ ਹੈ ਕਿ ਉਸ ਮਾਹਿਲਾਂ ਵਾਸਤੇ ਤੇ ਦੇਸ਼ ਵਾਸਤੇ ਪੂਰੀ ਘਾਲਣਾ ਨਹੀਂ ਘਾਲੀ। ਪਰ ਹੁਣ ਕੀ ਹੋ ਸਕਦਾ ਸੀ ? ਗੁਰਮੀਤ ਉਹਨੂੰ 'ਵੀਰ' ਆਖ ਕੇ ਤੇ ਆਪਣਾ ਸੰਪੂਰਨ ਭੈਣ-ਪਿਆਰ ਦੇ ਕੇ ਸਹੀ ਕਰਾਉਣਾ ਚਾਹੁੰਦੀ ਸੀ ਕਿ ਜੋ ਕੁਝ ਹੋਇਆ ਹੋ ਗਿਆ, ਇਹਦੇ ਵਿਚ ਕਿਸੇ ਦਾ ਦੋਸ਼ ਨਹੀਂ। ਬਹੁਤੇ ਘਰਾਣਿਆਂ ਨਾਲ ਏਸੇ ਤਰ੍ਹਾਂ ਹੀ ਹੁੰਦਾ ਹੈ।

ਚੁਲ੍ਹੇ ਕੋਲ ਬੈਠੀ ਹਰਦਿਤ ਨੇ ਆਵਾਜ਼ਾ ਦਿਤੀ "ਆ, ਬੇਬੇ ਰੋਟੀ ਖਾ ਲੈ।"

ਗੁਰਮੀਤ ਉਠੀ। ਬਾਕੀ ਵੀ ਸਾਰੇ ਮੂਹੜਿਆਂ ਉੱਤੇ ਚੁਲ੍ਹੇ ਦੇ ਦਵਾਲੇ ਬੈਠ ਗਏ। ਵਾਰੋ ਵਾਰੀ ਹਰਦਿਤ ਨੇ ਗੁਰਮੀਤ ਤੇ ਗੁਰਦਿਆਲ ਨੂੰ ਥਾਲੀਆਂ ਦਿਤੀਆਂ। ਫਿਰ ਗੁਰਪਾਲ ਤੇ ਹਰਦੀਪ ਨੂੰ ਤੇ ਉਸ ਆਪਣੇ ਪੁੱਤਰਾਂ ਨੂੰ ਕਿਹਾ, "ਤੁਸੀਂ ਰਤਾ ਸਬਰ ਕਰੋ। ਸਾਰਿਆਂ ਵਾਸਤੇ ਜਲਦੀ ਜਲਦੀ ਫੁਲਕੇ ਪੱਕੇ ਨਹੀਂ ਹੁੰਣੇ।"

"ਨਹੀਂ ਬੜੇ ਫੁਲਕੇ ਪੱਕ ਗਏ ਹਨ। ਅੱਜ ਅਜੀਤ ਮੇਰੇ ਨਾਲ ਰੋਟੀ ਖਾਏਗਾ ਤੇ ਉਜਾਗਰ, ਗੁਰਦਿਆਲ ਨਾਲ। ਹਰਦੀਪ ਤੇ ਸੁਰਜੀਤ ਇਕੱਠੇ ਖਾਣਗੇ। ਫਿਰ ਪਤਾ ਨਹੀਂ ਅਸੀਂ ਮੁੜ ਕੇ ਇਸ ਤਰ੍ਹਾਂ ਇਕੱਠੇ ਹੋਣਾ ਹੈ ਕਿ ਨਹੀਂ।"

ਗਰਾਹੀ ਗਰਾਹੀ ਕਰ ਕੇ ਉਹਨਾਂ ਨੇ ਰੋਟੀ ਖਾਧੀ। ਗੁਰਮੀਤ ਵਾਸਤੇ ਫੁਲਕਾ ਹੋਲਾ ਪੱਕਦਾ। ਬਾਕੀਆਂ ਵਾਸਤੇ ਭਾਰਾ।

"ਅੱਜ ਮੇਰੀ ਬੜੀ ਖ਼ਾਤਰ ਹੋ ਰਹੀ ਹੈ," ਗੁਰਮੀਤ ਹੱਸੀ।

"ਤੂੰ ਖ਼ਾਤਰਾਂ ਦੇ ਯੋਗ ਹੈਂ ਭੈਣ !" ਗੁਰਦਿਆਲ ਨੇ ਕਿਹਾ।

ਰੋਟੀ ਮੁਕੀ ! ਭਾਡਾ ਟਿੰਡਾ ਸਾਂਭਿਆ ਗਿਆ। ਏਨੇ ਵਿਚ ਗੁਰਮੀਤ ਆਪਣੇ ਦੋ ਟਰੰਕਾਂ ਦੀ ਫੋਲਾ ਫਾਲੀ ਕਰਦੀ ਰਹੀ। ਕਿਸੇ ਵਿਚੋਂ ਕੋਈ ਚੀਜ਼ ਕੱਢ, ਕਿਸੇ ਵਿਚੋਂ ਕੋਈ ਤੇ ਅੰਤ ਜਦੋਂ ਸਭੇ ਵਿਹਲੇ ਹੋ ਗਏ ਤਾਂ ਉਸ ਕਿਹਾ : "ਤੁਸੀਂ ਸਾਰੇ ਜ਼ਰਾ ਮੇਰੇ ਦੁਆਲੇ ਆਓ। ਮੈਂ ਆਪਣਾ ਭਾਰਾ ਲਾਹੁਣਾ ਚਾਹੁੰਦੀ ਹਾਂ ਅੱਜ ਰਾਤ !"

"ਤੂੰ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੀ ਹੈਂ ਭੈਣ।"

"ਵੀਰ ! ਐਸ ਵੇਲੇ ਮੈਨੂੰ ਪੂਰੀ ਸੋਝੀ ਹੈ। ਮੈਂ ਜੋ ਕੁਝ ਕਰ ਰਹੀ ਹਾਂ ਠੀਕ ਕਰ ਰਹੀ ਹਾਂ। ਮੈਂ ਖ਼ੁਸ਼ ਹਾਂ ਕਿ ਤੂੰ ਵੀ ਅੱਜ ਰਾਤ ਏਥੇ ਹੈਂ। ਜੋ ਸੋਚਾਂ ਮੈਂ ਘਰੋਂ ਸੋਚ ਕੇ ਟੁਰੀ ਸਾਂ ਉਹ ਸਭ ਗ਼ਲਤ ਨਿਕਲੀਆਂ ਹਨ।"

"ਬੇਬੇ..." ਗੁਰਪਾਲ ਨੇ ਕਿਹਾ, ਪਰ ਅਗੋਂ ਉਹ ਕੁਝ ਕਹਿ ਨਾ ਸਕਿਆ।

ਗੁਰਪਾਲ ਆਪਣੀ ਬੇਬੇ ਵਾਸਤੇ ਬੜਾ ਉਦਾਸ ਸੀ। ਗੁਰਪਾਲ ਤੇ ਗੁਰਮੀਤ ਦੀ ਸਾਂਝ ਪੀਡੀ ਸੀ, ਬੜੀ ਪੀਡੀ। ਉਹ ਗੁਰਮੀਤ ਦੇ ਹੱਥਾਂ ਵਿਚ ਹੀ ਪਲਿਆ ਤੇ ਵਡਾ ਹੋਇਆ। ਗੁਰਮੀਤ ਦੇ ਹੀ ਆਸਰੇ ਉਹ ਅਜ ਤਕ ਮਾਹਿਲ ਵਿਚ ਰਿਹਾ। ਉਹ ਜਾਣਦਾ ਸੀ ਕਿ ਜੇ ਗੁਰਮੀਤ ਨਾ ਹੁੰਦੀ ਤਾਂ ਸ਼ਰੀਕ ਉਹਨੂੰ ਵਰ੍ਹਿਆਂ ਵਰ੍ਹੇ ਪਹਿਲੇ ਚੁਕ ਚੁਕੇ ਹੁੰਦੇ।

ਜਿਉਂ ਜਿਉਂ ਗੁਰਪਾਲ ਘਟ ਬੋਲਦਾ ਤਿਉਂ ਤਿਉਂ ਉਹਦੇ ਹਾਵ ਭਾਵ ਗੰਭੀਰ ਹੁੰਦੇ ਜਾਂਦੇ। ਤਿਉਂ ਤਿਉਂ ਉਹਦੀਆਂ ਅੱਖਾਂ ਢੇਰ ਪ੍ਰਗਟਾਊ ਹੋਈ ਜਾਂਦੀਆਂ। ਹਰ ਗੱਲ ਉਹਦੇ ਅੰਤਹਕਰਨ ਦੀਆਂ ਡੂੰਘਾਈਆਂ ਤਕ ਪਹੁੰਚਦੀ ਲਗਦੀ। ਭਵਿੱਖ ਉਹਦੇ ਸਾਹਮਣੇ ਵਧੇਰੇ ਸਾਫ਼ ਤੇ ਪ੍ਰਤੱਖ ਤੌਰ ਉੱਤੇ ਖੁਲ੍ਹਦਾ ਜਾਪਦਾ।

ਗੁਰਪਾਲ ਲਾਹੌਰ ਅਸਲੋਂ ਨਹੀਂ ਸੀ ਆਉਣਾ ਚਾਹੁੰਦਾ। ਉਹ ਕਹਿੰਦਾ ਸੀ ਕਿ ਵਲਾ ਮਾਰ ਕੇ ਲੰਘ ਜਾਇਆ ਜਾਏ। ਹੁਣ ਉਹਨੂੰ ਸੋਝੀ ਹੋ ਰਹੀ ਸੀ ਕਿ ਉਹਦੇ ਅੰਤਰੀਵ ਭਾਵ ਕੀ ਸਨ। ਬੇਸ਼ਕ ਉਹ ਆਪਣੇ ਵਾਸਤੇ ਵੀ ਲਾਹੌਰ ਨੂੰ ਬਦਲੀ ਹੋਈ ਅਸਥਿਤੀ ਵਿਚ ਵੇਖਣਾ ਨਹੀਂ ਸੀ ਚਾਹੁੰਦਾ, ਪਰ ਉਹਦੀ ਜ਼ਿੱਦ ਦਾ ਵੱਡਾ ਕਾਰਨ ਸ਼ਾਇਦ ਗੁਰਮੀਤ ਹੀ ਸੀ। ਉਹਨੂੰ ਉਦੋਂ ਨਹੀਂ, ਪਰ ਹੁਣ ਪ੍ਰਤੱਖ ਦਿਸਿਆ ਕਿ ਗੁਰਮੀਤ ਵਾਸਤੇ ਲਾਹੌਰ ਆਉਣਾ ਖ਼ਤਰਨਾਕ ਸਾਬਤ ਹੋਇਆ ਹੈ। ਉਹ ਡਰ ਰਿਹਾ ਸੀ ਕਿ ਗੁਰਮੀਤ ਸ਼ਾਇਦ ਇਸ ਸ਼ਹਿਰ ਵਿਚੋਂ ਜੀਊਂਦੀ ਨਾ ਨਿਕਲੇ ..।

ਉਹਨੇ ਕੁਝ ਕਹਿਣ ਵਾਸਤੇ ਮੂੰਹ ਖੋਲ੍ਹਿਆ, ਪਰ ਉਹ ਕੁਝ ਕਹਿ ਨਾ ਸਕਿਆ। ਕੀ ਆਖਦਾ ? ਹੋਣੀ ਟਲ ਨਹੀਂ ਸੀ ਸਕਦੀ। ਆ ਰਹੀ ਮੌਤ ਰੁਕ ਨਹੀਂ ਸੀ ਸਕਦੀ।

ਗੁਰਮੀਤ ਨੇ ਉਹਦੀ ਘਬਰਾਹਟ ਜਾਣਦਿਆਂ ਕਿਹਾ : "ਗੁਰਪਾਲ ! ਬੜਾ ਜ਼ਰੂਰੀ ਹੈ ਕਿ ਮੈਂ ਅੱਜ ਆਪਣਾ ਭਾਰਾ ਲਾਹਵਾਂ। ਕੌਣ ਜਾਣਦਾ ਹੈ ਕਿਸ ਵੇਲੇ ਕੀ ਹੋ ਜਾਏ। ਤੇ ਫਿਰ...ਫਿਰ ਸ਼ਾਇਦ ਅਸੀਂ ਮੁੜ ਕੇ ਇਕੱਠੇ ਨਾ ਹੋਈਏ...।"

Scanned by CamScanner

ਸਭ ਮੁਆਮਲੇ ਦੀ ਨਜ਼ਾਕਤ ਨੂੰ ਸਮਝ ਗਏ ਤੇ ਗੁਰਮੀਤ ਨੂੰ ਆਪਣੇ ਇਰਾਦਿਆਂ ਤੋਂ ਬਿਜ਼ਕਦੇ ਨਾ ਦੇਖ ਕੇ ਉਹਦੇ ਦਵਾਲੇ ਚੁਪ ਗਏ...।

"ਮਾਹਿਲ ਘਰਾਣੇ ਦੇ ਪੜੋਤਿਓ ! ਅਜ ਮੈਂ ਇਸ ਘਰਾਣੇ ਦੀ ਇੱਜ਼ਤ ਨੂੰ ਆਡਾ ਵਾਸਤੇ ਚੁਕਿਆ ਬੀੜਾ ਉਠਾਰਨ ਲਗੀ ਹਾਂ । ਤੁਸੀਂ ਦੇਖ ਰਹੇ ਹੋ ਕਿ ਏਧਰ ਮੇਰੀ ਉਮਰ ਵਡੀ ਹੋ ਗਈ ਹੈ ਤੇ ਉਧਰ ਸਾਡਾ ਜੱਦੀ ਪਿੜ ਚੁਣ ਹੋਲੀ ਹੋਲੀ ਵੀਰਾਨ ਹੋ ਗਿਆ ਹੈ ! — ਹਰਦਿਤ ਕੌਰ ! ਤੂੰ ਜ਼ਰਾ ਮੇਰੇ ਕੋਲ ਆ ਕੇ ਬਹਿ ਜਾ...।"

ਹਰਦਿਤ ਕੌਰ ਉਠੀ ਤੇ ਉਹਦੇ ਕੋਲ ਆ ਕੇ ਬਹਿ ਗਈ । ਗੁਰਮੀਤ ਕਹਿੰਦੀ ਗਈ : "ਮੇਰੇ ਵਿਆਹ ਤੋਂ ਪਿਛੋਂ ਤੇ ਆਪਣੇ ਪੁੱਤਰਾਂ ਧੀਆਂ ਦੇ ਜੰਮਿਆਂ ਮੈਨੂੰ ਕੋਈ ਹੱਕ ਨਹੀਂ ਸੀ ਕਿ ਮੈਂ ਮਾਹਿਲ ਰਹਿੰਦੀ ਤੇ ਕੁਝ ਉਹ ਜ਼ਿਮੇਂਵਾਰੀਆਂ ਚੁਕਦੀ ਜਿਹੜੀਆਂ ਮੇਰੀਆਂ ਨਹੀਂ ਸਨ, ਪਰ ਇਹ ਹਰਪਾਲ ਦੀ ਕਰਨੀ ਹੈ । ਵੀਰ ਹਰਪਾਲ ਨਾਲ ਮੇਰਾ ਐਨਾ ਪਿਆਰ ਸੀ ਕਿ ਮੈਂ ਉਹਨੂੰ ਛਡ ਨਾ ਸੀ ਸਕਦੀ । ਉਹਦੀ ਬਹੀਦੀ ਪਿਛੋਂ ਮੈਂ ਦੇਖਿਆ ਕਿ ਮੇਰੇ ਬਜ਼ੋਰ ਮਾਤਾ ਜੀ ਇਕੱਲੇ ਰਹਿ ਜਾਣਗੇ ਤੇ ਵਡੇਰੀ ਉਮਰ ਕਰ ਕੇ ਆਪਣੇ ਉੱਤੇ ਪਈਆਂ ਜ਼ਿਮੇਂਵਾਰੀਆਂ ਚੁਕ ਨਹੀਂ ਸਕਣਗੇ । ਤੇ ਮੈਂ ਇਹ ਵੀ ਵੇਖਿਆ ਕਿ ਸਾਰੇ ਘਰਾਣੇ ਵਿਚ ਉਸ ਵੇਲੇ ਮੈਂ ਹੀ ਇਕ ਅਜਿਹੀ ਇਸਤਰੀ ਸਾਂ ਜਿਹਨੂੰ ਰਿਵਾਇਤਾਂ ਦਾ ਅਹਿਸਾਸ ਸੀ । ਇਹ ਆਪਣੇ ਆਪ ਨੂੰ ਵਡਿਆਣ ਵਾਸਤੇ ਨਹੀਂ, ਪਰ ਪਸਰੇ ਹਾਲਾਤ ਦਾ ਸਹਈ ਅਨੁਮਾਨ ਹੈ । ਸੋ ਮੈਂ ਮਾਤਾ ਜੀ ਨਾਲ ਮਾਹਿਲ ਚਲੀ ਆਈ ਤੇ ਮਾਹਿਲ ਆ ਕੇ ਮੈਂ ਬਸ ਮਾਹਿਲ ਜੋਗੀ ਹੋ ਗਈ । ਹਰ ਚੜ੍ਹਦੇ ਸੂਰਜ ਨਾਲ ਮੈਂ ਮਾਹਿਲ ਦੇ ਵਾਤਾਵਰਨ ਵਿਚ ਖੁੱਭਦੀ ਗਈ । ਮੇਰਾ ਮਾਹਿਲ ਤੋਂ ਨਿਕਲਣਾ ਨਾ-ਮੁਮਕਿਨ ਹੋ ਗਿਆ ।

"ਪਰ ਅੱਜ ਮੈਂ ਮਾਹਿਲ ਨੂੰ ਛੱਡ ਆਈ ਹਾਂ । ਹੁਣ ਮੈਂ ਮਾਹਿਲ ਰਹਿ ਕੇ ਵੀ ਕੁਝ ਨਹੀਂ ਸੀ ਕਰ ਸਕਦੀ । ਵਤਨ ਬਰਬਾਦ ਹੋ ਗਿਆ ਹੈ । ਪੰਜਾਬ ਹਾਰ ਗਿਆ ਹੈ । ਸਭਰਾਵਾਂ ਨੇ ਸਾਡੀ ਤਕਦੀਰ ਮੇਟ ਦਿਤੀ ਹੈ । ਹੁਣ ਕਦੋਂ ਅਸੀਂ ਮੁੜ ਕੇ ਆਪਣੇ ਆਪ ਵਿਚ ਆਵਾਂਗੇ ਆਜ਼ਾਦੀ ਪਾਵਾਂਗੇ, ਮੈਂ ਨਹੀਂ ਕਹਿ ਸਕਦੀ । ਪਰ ਮੈਨੂੰ ਜਾਪਦਾ ਹੈ ਕਿ ਮੇਰੀ ਜ਼ਿੰਦਗੀ ਦੇ ਸਮੇਂ ਵਿਚ ਕੋਈ ਕਰਾਮਾਤ ਨਹੀਂ ਵਰਤਨ ਲਗੀ । ਫਰੰਗੀ ਸਾਡੇ ਰਾਜ ਉੱਤੇ ਪੂਰੀ ਤਰ੍ਹਾਂ ਕਾਬਜ਼ ਹੋ ਚੁਕੇ ਹਨ ।

"ਅੱਜ ਮੈਂ ਤੁਹਾਨੂੰ ਕੀ ਦੇ ਚਲੀ ਹਾਂ ? ਅਫ਼ਸੋਸ ਕਿ ਕੁਝ ਵੀ ਨਹੀਂ । ਜਦੋਂ ਮਾਤਾ ਸ਼ੁਭਵੰਤ ਨੇ ਮਾਂ ਜੀਵਨ ਕੌਰ ਰਾਹੀਂ ਮਾਂ ਗੁਰਦਈ ਤਕ ਭਾਰਾ ਦਿਤਾ ਤਾਂ ਭਵਿਖ ਉੱਜਲਾ ਸੀ । ਜ਼ਿੰਦਗੀ ਮੇਲ ਰਹੀ ਸੀ । ਸਾਡਾ ਰਾਜ ਸਥਾਪਤ ਹੋ ਰਿਹਾ ਸੀ । ਚੁਲਮ ਮੁੱਕ ਰਿਹਾ ਸੀ । ਪੰਥ ਚੜ੍ਹਦੀਆਂ ਕਲਾਂ ਵਿਚ ਸੀ । ਮਾਇਕ ਹਾਲਾਤ ਦਿਨੋਂ ਦਿਨ ਚੰਗੇਰੇ ਹੋ ਰਹੇ ਸਨ ।

"ਜਦੋਂ ਮਾਂ ਗੁਰਦਈ ਨੇ ਮੈਨੂੰ ਭਾਰਾ ਸੋਂਪਿਆ ਤਾਂ ਵੀ ਆਸਾਂ ਤੇ ਉਮੀਦਾਂ ਕਾਇਮ ਸਨ । ਸ਼ੇਰੇ-ਪੰਜਾਬ ਮਰ ਚੁਕਾ ਸੀ, ਹਰਪਾਲ ਮਰ ਚੁਕਾ ਸੀ, ਦੇਸ਼ ਦੇ ਹਾਲਾਤ ਦਿਨੋਂ ਦਿਨ ਵਿਗੜ ਰਹੇ ਸਨ, ਆਰਥਕ ਔਕੜਾਂ ਵਧ ਰਹੀਆਂ ਸਨ, ਪਰ ਫਿਰ ਵੀ ਆਸ਼ਾ ਸੀ ਕਿ ਸ਼ਾਇਦ ਫ਼ੌਦੀ ਬਾਨੂੰਣੂ ਬੰਨ੍ਹਿਆ ਜਾ ਸਕੇ । ਸ਼ਾਇਦ ਕੋਈ ਚਾਰਾ ਹੋ ਸਕੇ ।

"ਪਰ ਅੱਜ ਜੋ ਹਾਲਤ ਹੈ ਉਹ ਤੁਸੀਂ ਜਾਣਦੇ ਹੋ । ਸਿਖਰ ਸੱਚੀਂ ਮੁੱਚੀਂ ਹੀ ਢਲ ਰਹੀ ਹੈ ਤੇ ਸਾਡਾ ਘਰਾਣਾ, ਸਾਡਾ ਪੰਥ ਤੇ ਸਾਡਾ ਦੇਸ ਰਾਤ ਦੇ ਧੁੰਧਲਕੇ ਵਲ ਵਧ ਰਿਹਾ ਹੈ । ਕੁਝ ਹੀ ਸਮੇਂ ਵਿਚ ਘੁਪ ਹਨੇਰਾ ਛਾ ਜਾਵੇਗਾ ।"

"ਸੋ ਅੱਜ ਮੈਂ ਤੁਹਾਨੂੰ ਕੀ ਦੇ ਸਕਦੀ ਹਾਂ ? ਕੁਝ ਵੀ ਨਹੀਂ । ਤੁਹਾਡੇ ਨਾਲੋਂ ਵਧ ਇਹ ਮੇਰੀ ਬਦਕਿਸਮਤੀ ਹੈ । ਹਾਂ, ਜੇ ਮੈਂ ਕੁਝ ਦੇ ਸਕਦੀ ਹਾਂ ਤਾਂ ਉਹ ਭਵਿਖ ਦੇ ਲਾਰੇ ਹੀ ਹਨ । ਮੈਂ ਸਿਰਫ਼ ਇਹੋ ਕਹਿ ਸਕਦੀ ਹਾਂ ਮੇਰੇ ਪਿਆਰਿਓ, ਕੀ ਇਹ ਰਾਤ ਸਦੀਵੀ ਨਹੀਂ ਹੋਣੀ ਕਿ ਮੰਦਵਾੜਾ ਸਦਾ ਨਹੀਂ ਰਹਿਣਾ । ਸਮਾਂ ਪੈਣ ਉੱਤੇ ਸੂਰਜ ਫਿਰ ਉਦਯ ਹੋਵੇਗਾ ਤੇ ਸਾਰਾ ਚੌਗਿਰਦਾ ਰੁਸ਼ਨਾਇਆ ਜਾਵੇਗਾ ।"

ਸਿੱਖ ਉਹ ਜਿਹੜਾ ਔਖੇ ਵੇਲੇ ਸਿਦਕ ਨਾ ਹਾਰੇ । ਸਿੱਖ ਉਹ ਜਿਹੜਾ ਤੱਤਿਆਂ ਤਵਿਆਂ ਉੱਤੇ ਚੌਕੜੀ ਮਾਰ ਕੇ ਬਹਿ ਜਾਏ ਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਉਚਾਰਨ ਕਰੇ । ਸਿੱਖ ਉਹ ਜਿਹੜਾ ਆਪਣਾ ਸਰਬੰਸ, ਆਪਣੀ ਜਾਇਦਾਦ ਤੇ ਆਪਣਾ ਦੇਸ਼ ਲੁਟਵਾ ਕੇ ਆਪਣਾ ਵਿਸ਼ਵਾਸ ਦ੍ਰਿੜ੍ਹ ਰਖੇ । ਸਿੱਖ ਉਹ ਨਹੀਂ ਜਿਹੜਾ ਔਕੜਾਂ ਸਾਹਮਣੇ ਹਾਰ ਮੰਨ ਲਏ । ਸਿੱਖੀ ਖਨਿਉਂ ਤਿੱਖੀ ਹੈ ਤੇ ਵਾਲਹੁ ਨਿੱਕੀ । ਪਰ ਸਿੱਖ ਉਹ ਜਿਹੜਾ ਬਿਨਾਂ ਸ਼ੰਕਿਆਂ ਤੇ ਸੰਸਿਆਂ ਦੇ ਏਸ ਮਾਰਗ ਨੂੰ ਅਪਣਾਵੇ ।

Scanned by CamScanner

"ਤੁਹਾਡੇ ਘਰਾਣੇ ਦੇ ਸਪੁੱਤਰ ਅਜੇ ਤਕ ਏਸ ਮਾਰਗ ਉੱਤੇ ਪਰਪੱਕ ਰਹੇ ਹਨ । ਅੱਜ ਮੈਂ ਤੁਹਾਨੂੰ ਫਿਰ ਚਿਤਾਵਨੀ ਦਿਵਾਂਦੀ ਹਾਂ ਕਿ ਤੁਸੀਂ ਡੋਲਣਾ ਨਹੀਂ । ਆਪਣੇ ਘਰਾਣੇ ਤੇ ਆਪਣੇ ਪੰਥ ਦੀਆਂ ਮਹਾਨ ਰਵਾਇਤਾਂ ਨੂੰ ਲੀਕ ਨਹੀਂ ਲਾਉਣੀ । ਜਿਹੜੇ ਚਾਰ ਆਦਮੀ ਤੁਸੀਂ ਐਸ ਵੇਲੇ ਹਾਜ਼ਰ ਹੋ ਉਹੋ ਹੀ ਐਸ ਸਮੇਂ ਇਸ ਦੇ ਟੱਬਰ ਦੇ ਸਿਦਕੀ ਆਦਮੀ ਹਨ ਤੇ ਤੁਹਾਡੇ ਉੱਤੇ ਹੀ ਹੈ ਸਾਰਾ ਭਵਿਖ ।"

"ਹਰਦਿਤ ਕੌਰ ! ਤੇਰੇ ਅਜੀਤ ਕਰ ਕੇ ਤੇਰੇ ਉੱਤੇ ਅੱਜ ਵਡੀ ਜ਼ਿੰਮੇਵਾਰੀ ਆਇਦ ਹੁੰਦੀ ਹੈ । ਮਾਹਿਲ ਘਰਾਣੇ ਤੇ ਸਿੱਖ ਪੰਥ ਦੀ ਉਸਾਰੀ ਇਸਤਰੀਆਂ ਨੇ ਮਰਦਾਂ ਨਾਲੋਂ ਘਟ ਨਹੀਂ ਕੀਤੀ । ਸਾਡੇ ਮਜ਼ਹਬ ਵਿਚ ਪਰਦਾ ਵਿਵਰਜਤ ਹੈ । ਸਾਡੇ ਧਰਮ ਵਿਚ ਉਚ ਨੀਚ ਵਿਵਰਜਤ ਹੈ । ਸਾਡਾ ਧਰਮ ਨਵੀਨ ਤੋਂ ਨਵੀਨ ਹੈ । ਤੇ ਤੂੰ ਵੇਖਣਾ ਹੈ ਕਿ ਤੇਰਾ ਅਜੀਤ ਤੇ ਤੇਰੇ ਬਾਕੀ ਬੱਚੇ ਇਸ ਧਰਮ ਦੀ ਮਹਾਨਤਾ ਤੇ ਨਵੀਨਤਾ ਨੂੰ ਕਾਇਮ ਰਖਦੇ ਹਨ । ਤੂੰ ਅੱਜ ਤਕ ਇਕ ਆਮ ਜੀਵਨ ਜੀਵਿਆ ਹੈ । ਤੈਨੂੰ ਰਵਾਇਤਾਂ ਦਾ ਅਹਿਸਾਸ ਨਹੀਂ । ਤੂੰ ਟੱਬਰ ਦੀ ਅਜੇ ਤਕ ਕੋਈ ਜ਼ਿਮੇਵਾਰੀ ਨਹੀਂ ਚੁਕੀ । ਪਰ ਅੱਜ ਤੋਂ ਤੈਨੂੰ ਆਪਣਾ ਵਤੀਰਾ ਬਦਲਣਾ ਪਵੇਗਾ । ਤੈਨੂੰ ਮਾਤਾ ਸੁਭਵੰਤ ਤੇ ਮਾਤਾ ਗੁਰਦਈ ਬਣਨਾ ਪਵੇਗਾ । ਤੈਨੂੰ ਉਹਨਾਂ ਜਿੰਨਾਂ ਹੀ ਮਹਾਨ ਹੋਣਾ ਪਵੇਗਾ । ਭੁੱਲੀਂ ਨਾ ਕਿ ਧਰਮ ਤੇ ਦੇਸ਼ ਪਹਿਲਾਂ ਆਉਂਦਾ ਹੈ ਤੇ ਮਮਤਾ ਪਿਛੋਂ । ਤੂੰ ਆਪਣੇ ਪੁੱਤਰਾਂ ਨੂੰ ਸ਼ਹੀਦੀਆਂ ਤੋਂ ਨਹੀਂ ਰੋਕਣਾ । ਲੋੜ ਪੈਣ ਤੇ ਪਤੀ ਨੂੰ ਵੀ ਵਾਰਨਾ ਪਵੇ, ਪਰ ਧਰਮ ਤੇ ਸਿਦਕ ਉੱਤੇ ਕਦੀ ਲਾਜ ਨਹੀਂ ਆਉਣ ਦੇਣੀ । ਅਹਿ ਲੈ..."

ਗੁਰਮੀਤ ਨੇ ਗੁਲਾਬੀ ਰੰਗ ਦੇ ਸੁੱਚੇ ਕੱਪੜੇ ਦੀਆਂ ਕਈ ਤਹਿਆਂ ਖੋਲ੍ਹਣ ਪਿਛੋਂ ਇਕ ਕੰਘਾ ਕਢਿਆ :

"ਇਹ ਚਿੱਟੇ ਬਾਜਾਂ ਵਾਲੇ ਗੁਰੂ ਗੋਬਿੰਦ ਸਿੰਘ ਦੀ ਦਾਤ ਹੈ । ਨੀਲੇ ਘੋੜੇ ਵਾਲੇ ਸਾਈਂ ਨੇ ਇਹ ਦਾਤ ਬਾਬਾ ਬੰਦੇ ਨੂੰ ਦਿਤੀ ਤੇ ਬਾਬੇ ਬੰਦੇ ਨੇ ਅੰਮ੍ਰਿਤਸਰ ਹੋਏ ਇਕ ਮੇਲੇ ਵੇਲੇ ਸੁਭਵੰਤ ਕੌਰ ਨੂੰ । ਮਾਂ ਗੁਰਦਈ ਨੇ ਇਹ ਮੈਨੂੰ ਸੌਂਪੀ ਤੇ ਅੱਜ ਮੈਂ ਇਹ ਤੇਰੇ ਹੱਥ ਦੇਂਦੀ ਹਾਂ । ਮੈਨੂੰ ਉਮੀਦ ਹੈ ਕਿ ਤੂੰ ਇਸ ਦਾਤ ਦੀ ਵਡਿਆਈ ਨੂੰ ਸਮਝੇਂਗੀ । ਇਹ ਪੀਹੜੀ ਦਰ ਪੀਹੜੀ ਮਾਹਿਲ ਘਰਾਣੇ ਦੀਆਂ ਇਸਤ੍ਰੀਆਂ ਕੋਲ ਜਾਣੀ ਚਾਹੀਦੀ ਹੈ ।"

ਹਰਦਿਤ ਕੌਰ ਨੇ ਇਹ ਸੁਗਾਤ ਲਈ ਤੇ ਇਹਨੂੰ ਮੱਥਾ ਟੇਕਿਆ । ਬਾਕੀਆਂ ਨੇ ਵੀ ਸਿਰ ਨਿਵਾਇਆ ।

"ਇਹ ਤਲਵਾਰ ਮਹਾਰਾਜਾ ਰਣਜੀਤ ਸਿੰਘ ਦੀ ਹਰਪਾਲ ਨੂੰ ਬਖ਼ਸ਼ਸ਼ ਹੈ । ਇਹ ਮੈਂ ਅਜੀਤ ਨੂੰ ਸੌਂਪਦੀ ਹਾਂ । ਹਰਪਾਲ ਨੇ ਕਿਹਾ ਸੀ ਕਿ ਜੇ ਅਜੀਤ ਉਹਦੇ ਨਕਸ਼ੇ ਕਦਮ ਉੱਤੇ ਚਲਣ ਵਾਲਾ ਨਿਕਲਿਆ ਤਾਂ ਇਹ ਤਲਵਾਰ ਉਹਨੂੰ ਦਿਤੀ ਜਾਏ । ਮੈਂ ਖ਼ੁਸ਼ ਹਾਂ ਅਜੀਤ ਕਿ ਤੂੰ ਮੇਰੇ ਸਵਰਗਵਾਸੀ ਹਰਪਾਲ ਦੀ ਚਾਹ ਪੂਰੀ ਕੀਤੀ ਹੈ । ਮੈਨੂੰ ਵਿਸ਼ਵਾਸ ਹੈ ਕਿ ਇਕ ਦਿਨ ਤੂੰ ਮਾਹਿਲ ਘਰਾਣੇ ਦਾ ਮਹਾਨ ਸਪੁੱਤਰ ਬਣੇਂਗਾ...।

"ਇਹ ਪੰਡਿਤ ਹਰੀ ਰਾਮ ਦੀ ਲਿਖੀ ਸਾਡੇ ਘਰਾਣੇ ਬਾਰੇ ਇਕ ਵਾਰ ਹੈ । ਇਹ ਗੁਰਪਾਲ ਮੈਂ ਤੈਨੂੰ ਸੌਂਪਦੀ ਹਾਂ ਮਾਹਿਲ ਵਿਚ ਇਹ ਵਾਰ ਸ਼ਾਇਦ ਕਿਤੇ ਗੁੰਮ ਜਾਏ...।

"ਵੀਰ ਗੁਰਦਿਆਲ ਸਿੰਘ ਮੈਨੂੰ ਵਿਸ਼ਵਾਸ ਹੈ ਕਿ ਤੂੰ, ਜੋ ਕੁਝ ਮੈਂ ਕੀਤਾ ਹੈ, ਉਸ ਨਾਲ ਸਹਿਮਤ ਹੋਵੇਂਗਾ । ਤੂੰ ਸਹਿਮਤ ਹੋਵੇਂਗਾ ਕਿ ਇਹ ਸੁਗਾਤਾਂ ਸਾਡੇ ਮਾਹਿਲ ਪਿੰਡ ਵਿਚ ਸੁਰੱਖਿਅਤ ਨਹੀਂ ਹੋਣ ਲਗੀਆਂ । ਮਾਹਿਲ ਘਰਾਣੇ ਦੀ ਆਭਾ ਸਾਡੀ ਨਿੱਜੀ ਨਹੀਂ । ਇਹ ਸਮੁੱਚੀ ਤੇ ਸਰਬ ਸਾਂਝੀ ਹੈ । ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਆਪਣੇ ਪੁੱਤਰਾਂ ਨੂੰ ਨਹੀਂ, ਉਹਨੂੰ ਦਿਤੀ ਜਿਹੜਾ ਇਹਦੇ ਸਭ ਤੋਂ ਵਧ ਯੋਗ ਸੀ, ਪਰ ਮੈਂ ਤੈਨੂੰ ਇਕ ਬੜੀ ਜ਼ਰੂਰੀ ਸੁਗਾਤ ਦੇਣੀ ਹੈ ।"

ਉਸ ਇਕ ਕਾਗ਼ਜ਼ ਕੱਢਿਆ । ਗੁਰਦਿਆਲ ਨੇ ਆਦਰ ਨਾਲ ਲਿਆ, ਪਰ ਖੋਲ੍ਹਿਆ ਨਹੀਂ ।

"ਵੀਰ ! ਇਹਦੇ ਵਿਚ ਮਿੱਟੀ ਹੈ । ਮਾਹਿਲ ਦੀ ਮਿੱਟੀ । ਇਹ ਸਰਦਾਰ ਜਾਂਬਾਜ਼ ਸਿੰਘ ਨੇ ਉਸ ਵੇਲੇ ਸਾਂਭੀ ਜਦੋਂ ਉਹਨੂੰ ਸਵਾ ਸੌ ਵਰ੍ਹੇ ਪਹਿਲੇ ਮਾਹਿਲ ਛੱਡਣ ਤੇ ਮਜਬੂਰ ਹੋਣਾ ਪਿਆ । ਇਹ ਉਸ ਥਾਂ ਦੀ ਮਿੱਟੀ ਹੈ ਜਿਥੇ ਕਿ ਸਰਦਾਰ ਸ਼ਾਹਬਾਜ਼ ਸਿੰਘ ਦਾ ਦੁੱਧ ਪੀਂਦਾ ਪੁੱਤਰ ਦੀਵਾਰ ਨਾਲ ਪਟਕਾ ਕੇ ਮਾਰਿਆ ਗਿਆ ਸੀ...। ਇਹ ਮਿੱਟੀ ਮੈਂ ਤੈਨੂੰ ਦੇਂਦੀ ਹਾਂ...ਮੈਂ...।"

ਇਕਾ ਇਕ ਗੁਰਮੀਤ ਦਾ ਗਲਾ ਭਰ ਗਿਆ — ਉਹ ਰੁਕ ਗਈ । ਕੁਝ ਮਿੰਟਾਂ ਦੀ ਚੁੱਪ ਪਿਛੋਂ ਉਸ ਕਿਹਾ :

"ਹਰਦੀਪ ! ਤੇਰੇ ਜੋਗਾ ਮੇਰੇ ਕੋਲ ਇਕ ਇਹ ਹੱਸ ਹੈ ਤੇ ਇਕ ਇਹ ਕ੍ਰਿਪਾਨ । ਹੱਸ ਮੈਨੂੰ ਸ਼ੇਰੇ [illegible] ਦਿਤਾ ਸੀ ਤੇ



ਇਹ ਕ੍ਰਿਪਾਨ ਤੇਰੇ ਦਾਦੇ ਦੀ ਹੈ। ਇਸ ਕ੍ਰਿਪਾਨ ਨਾਲ ਉਸ ਪੰਜਾਂ ਛੇਆਂ ਲੜਾਈਆਂ ਵਿਚ ਭਾਗ ਲਿਆ ਤੇ ਮਰਨ ਵੇਲੇ ਉਹ ਤੇਰੇ ਪਿਤਾ ਨੂੰ ਸੌਂਪ ਗਿਆ। ਉਸ ਆਖਿਆ ਕਿ ਜਦੋਂ ਤਕ ਇਸ ਕ੍ਰਿਪਾਨ ਨੂੰ ਜੰਗ ਨਹੀਂ ਲਗਦਾ ਚਿਮਣੀ ਵਾਲਿਆਂ ਦੀ ਇੱਜ਼ਤ ਵੀ ਬੇਦਾਗ਼ ਰਹੇਗੀ। ਵੇਖੀਂ ਇਸ ਸੁਗਾਤ ਨੂੰ ਕਦੀ ਜੰਗਾਲ ਨਾ ਲਗੇ। ਏਸੇ ਤਰ੍ਹਾਂ ਹੀ ਚਮਕਦੀ ਰਹੇ ਜਿਵੇਂ ਇਹ ਅੱਜ ਚਮਕ ਰਹੀ ਹੈ।"

ਫਿਰ ਗੁਰਮੀਤ ਮੁਸਕਰਾਈ :

"ਮੈਂ ਖ਼ੁਸ਼ ਹਾਂ ਕਿ ਮੈਂ ਅੱਜ ਆਪਣੀ ਜ਼ਿਮੇਵਾਰੀ ਲਾਹੀ ਹੈ। ਚਲ ਹਰਦੀਪ, ਜ਼ਰਾ ਦੀਵੇ ਵਿਚ ਥੋੜਾ ਤੇਲ ਹੋਰ ਪਾ।...ਤੇ ਹੁਣ ਸਾਡੇ ਸਾਰਿਆਂ ਦੇ ਸੋਣ ਦਾ ਸਮਾਂ ਹੈ। ਸਵੇਰੇ ਅਸੀਂ ਜਲਦੀ ਟੁਰਨਾ ਹੈ ਨਾ। ਭੁੱਲਣਾ ਨਹੀਂ।"

ਵਾਰੀ ਵਾਰੀ ਸਾਰੇ ਜਣੇ ਬਿਸਤਰਿਆਂ ਵਿਚ ਵੜ ਗਏ ਜਾਂ ਗੁਰਮੀਤ ਨੇ ਸਭ ਨੂੰ ਇਉਂ ਕਰਨ ਤੇ ਮਜਬੂਰ ਕੀਤਾ। ਹੌਲੀ ਹੌਲੀ ਸਭ ਸੌਂ ਗਏ। ਸਿਰਫ਼ ਇਕ ਗੁਰਪਾਲ ਦੀ ਹੀ ਅੱਖ ਨਹੀਂ ਲਗੀ। ਉਹ ਉਡੀਕ ਰਿਹਾ ਸੀ ਕਿ ਕਦੋਂ ਸਾਰੇ ਸੌਂਣ ਤੇ ਉਹ ਗੁਰਮੀਤ ਦੇ ਸਿਰਹਾਣੇ ਜਾਵੇ। ਉਹਨੂੰ ਗੁਰਮੀਤ ਬਾਰੇ ਅਤਿਅੰਤ ਚਿੰਤਾ ਸੀ। ਉਹ ਗੁਰਮੀਤ ਕੋਲ ਬਹਿਣਾ ਚਾਹੁੰਦਾ ਸੀ। ਉਹਦੇ ਸਿਰਹਾਣੇ ਬਹਿ ਕੇ ਹੀ ਉਹ ਸਾਰੀ ਰਾਤ ਕਟਣਾ ਚਾਹੁੰਦਾ ਸੀ।

ਜਦੋਂ ਉਹਨੂੰ ਲਗਾ ਕਿ ਸਾਰੇ ਜਣੇ ਸੌਂ ਗਏ ਹਨ ਤਾਂ ਉਹ ਅਛੋਪਲੇ ਉਠਿਆ ਤੇ ਦੁਸਾਂਝੀ ਦੇ ਆਸਰੇ ਗੁਰਮੀਤ ਦੇ ਸਿਰਹਾਣੇ ਪੁੱਜਾ। ਪਰ ਗੁਰਮੀਤ ਸੌਂ ਚੁਕੀ ਸੀ, ਗੂਹੜੀ ਤਰ੍ਹਾਂ ਸੌਂ ਚੁਕੀ ਸੀ, ਸਦੀਵੀ ਨੀਂਦਰ ਵਿਚ।



੧੫੬

ਲਾਹੌਰ ਨੂੰ ਜਿੱਤ ਕੇ ਟੁੰਡੀ ਲਾਟ ਨੇ ਸਰ ਹੈਨਰੀ ਲਾਰੰਸ ਨੂੰ ਉੱਥੋਂ ਦਾ ਮੁਖਤਾਰ ਥਾਪਿਆ। ਹੈਨਰੀ ਲਾਰੰਸ, ਹਾਰਡਿੰਗ ਨੂੰ ਛਡ ਕੇ ਉਸ ਵੇਲੇ ਸਾਰੇ ਹਿੰਦੁਸਤਾਨ ਵਿਚ, ਸਭ ਤੋਂ ਮੁਦੱਬਰ ਤੇ ਕਾਬਿਲ ਆਦਮੀ ਸੀ। ਪ੍ਰਬੰਧਕ ਮੁਆਮਲਿਆਂ ਵਿਚ ਚਤਰ, ਰਾਜਨੀਤਕ ਪਿੜ ਵਿਚ ਮਰਾਂਟ, ਮਨੁੱਖਾਂ ਤੇ ਹਾਲਾਤ ਦਾ ਪਰਖਵਾਨ ਤੇ ਅੰਗਰੇਜ਼ੀ ਸਲਤਨੱਤ ਨੂੰ ਹਰ ਨੁੱਕਰੇ ਫੈਲਾਣ ਦਾ ਚਾਹਵਾਨ। ਹੈਨਰੀ ਲਾਰੰਸ ਇਕ ਵਰ੍ਹੇ ਦੇ ਅੰਦਰ ਅੰਦਰ ਲਾਹੌਰ ਦਰਬਾਰ ਤੇ ਫਿਰ ਸਾਰੇ ਪੰਜਾਬ ਨੂੰ ਆਪਣੇ ਦਵਾਲੇ ਘੁਮਾਉਣ ਵਿਚ ਸਫ਼ਲ ਹੋ ਗਿਆ। ਹੈਨਰੀ ਲਾਰੰਸ ਪੰਜਾਬ ਦੀ ਜ਼ਿੰਦਗੀ ਦਾ ਮਧ ਬਣ ਗਿਆ। ਉਹਦੇ ਇਸ਼ਾਰਿਆਂ ਉੱਤੇ ਪੰਜਾਬ ਨੱਚਣ ਲਗਾ। ਉਸ ਸਭ ਯੋਗ ਅਯੋਗ ਤਰੀਕੇ ਵਰਤ ਕੇ ਪੰਜਾਬ ਨੂੰ ਮਾਨੋਂ ਅੰਗਰੇਜ਼ੀ ਸਲਤਨੱਤ ਦਾ ਭਾਗ ਹੀ ਬਣਾ ਲਿਆ।

ਬਾਰਾਂ ਮਾਰਚ, ੧੮੪੯ ਦੀ ਸੰਧੀ ਰਾਹੀਂ ਇਹ ਫ਼ੈਸਲਾ ਹੋਇਆ ਸੀ ਕਿ ਲਾਹੌਰ ਵਿਚ ਮੁਕੀਮ ਅੰਗਰੇਜ਼ੀ ਸੈਨਾ ਸਿਰਫ਼ ਉਸ ਸਾਲ ਦੇ ਅਖ਼ੀਰ ਤਕ ਹੀ ਉੱਥੇ ਰਹੇ। ਜਦੋਂ ਲਾਹੌਰ ਦਰਬਾਰ ਕਰਮਚਾਰੀਆਂ ਨੇ ਇਸ ਮਿਤੀ ਤੋਂ ਪਹਿਲੇ ਪਹਿਲੇ ਅੰਗਰੇਜ਼ੀ ਸੈਨਾ ਦੀ ਥਾਂ ਲੈਣ ਵਾਸਤੇ ਔੜ ਤੋੜ ਕਰਨੀ ਸ਼ੁਰੂ ਕੀਤੀ ਤਾਂ ਹੈਨਰੀ ਲਾਰੰਸ ਨੇ ਆਪਣੀ ਤੇ ਅੰਗਰੇਜ਼ੀ ਹਕੂਮਤ ਦੀ ਬਰਤਰੀ ਤੇ ਮਲਕੀਅਤ ਖੁਸਦੀ ਵੇਖੀ। ਕਿਸੇ ਨਾ ਕਿਸੇ ਤਰੀਕੇ ਅੰਗਰੇਜ਼ੀ ਸੈਨਾ ਦਾ ਲਾਹੌਰ ਰਹਿਣਾ ਆਵੱਸ਼ਕ ਸੀ। ਜੇ ਇਹ ਸੈਨਾ ਕੂਚ ਕਰ ਗਈ ਤਾਂ ਸਮਝੋ ਅੰਗਰੇਜ਼ਾਂ ਦੀ ਵਡਿਆਈ ਮੁਕ ਗਈ। ਕੁਝ ਹੀ ਸਾਲਾਂ ਵਿਚ ਪੰਜਾਬ ਫਿਰ ਐਨਾ ਤਕੜਾ ਹੋ ਜਾਏਗਾ ਕਿ ਅੰਗਰੇਜ਼ੀ ਸਾਮਰਾਜ ਨੂੰ ਚੁਨੌਤੀ ਦੇ ਸਕੇ।

Scanned by CamScanner

ਲਾਹੌਰ ਵਿਚ ਕਿੱਲੇ ਗੱਡਣ ਦਾ ਇਕ ਹੋਰ ਵੱਡਾ ਕਾਰਨ ਅਫ਼ਗਾਨਿਸਤਾਨ ਸੀ। ਅੰਗਰੇਜ਼ਾਂ ਨੇ ਇਸ ਥੋੜ੍ਹੇ ਸਮੇਂ ਵਿਚ ਵੇਖਿਆ ਕਿ ਪੈਥਰ ਤੇ ਕੌਇਟੇ ਵਿਚ ਬੈਠ ਕੇ ਅਫ਼ਗਾਨਿਸਤਾਨ ਕੋਲੋਂ ਆਪਣੀਆਂ ਮਨ ਮੰਨੀਆਂ ਕਰਾਈਆਂ ਜਾ ਸਕਦੀਆਂ ਹਨ। ਜੇ ਇਹ ਦੱਰੇ ਅੰਗਰੇਜ਼ਾਂ ਦੇ ਹੱਥ ਹਨ ਤਾਂ ਅਫ਼ਗਾਨਿਸਤਾਨ ਦੀ ਕੁੰਜੀ ਉਹਨਾਂ ਦੇ ਹੱਥ ਹੈ। ਜਦੋਂ ਵੀ ਉਹ ਚਾਹੁਣ ਕਾਬਲ ਪਹੁੰਚ ਸਕਦੇ ਹਨ। ਉਹਨਾਂ ਸੋਚਿਆ, ਜੇ, ਹੁਣ ਲਾਹੌਰ ਵਿਚੋਂ ਆਪਣੀ ਸੈਨਾ ਹਟਾ ਲਈ ਤਾਂ ਇਕ ਹੱਥ ਕੁਝ ਚਿਰ ਪਿਛੋਂ ਲਾਹੌਰ ਨਾਲ ਫਿਰ ਜੰਗ ਕਰਨੀ ਪਏਗੀ ਤੇ ਦੂਜੇ ਹੱਥ ਅਫ਼ਗਾਨਿਸਤਾਨ ਉੱਤੇ ਰਾਜਨੀਤਕ ਅਸਰ ਘਟ ਜਾਵੇਗਾ।

ਇਸ ਤੋਂ ਉਪਰੰਤ ਅੰਗਰੇਜ਼ਾਂ ਨੂੰ ਹੁਣ ਤਕ ਰਾਜ ਦਾ ਝੱਸ ਪੈ ਗਿਆ ਸੀ। ਤਾਕਤ ਦਾ ਨਸ਼ਾ ਤੇ ਤਾਕਤ ਦਾ ਸੁਆਦ ਬੜੀ ਚੀਜ਼ ਹੈ। ਦੁਨੀਆਂ ਦੇ ਕਈ ਹਿੱਸਿਆਂ ਵਿਚ ਹੁਣ ਅੰਗਰੇਜ਼ੀ ਸਾਮਰਾਜ ਕਾਇਮ ਹੋ ਚੁਕਾ ਸੀ। ਇਸ ਮਹਾਨ ਸਲਤਨੱਤ ਉੱਤੇ ਹੁਣ ਕਦੀ ਸੂਰਜ ਨਹੀਂ ਸੀ ਛੁਪਦਾ। ਸਾਰਾ ਹਿੰਦੁਸਤਾਨ ਇਹਨਾਂ ਦੀ ਪਕੜ ਵਿਚ ਸੀ। ਹੁਣ ਪੰਜਾਬ ਕਿਵੇਂ ਛਡਿਆ ਜਾਵੇ ਤੇ ਆਖ਼ਿਰ ਕਿਉਂ ਛਡਿਆ ਜਾਵੇ ?

ਅੰਗਰੇਜ਼ਾਂ ਨੇ ਇਹ ਵੀ ਵੇਖਿਆ ਕਿ ਪੰਜਾਬ ਉੱਤੇ ਪਕੜ ਮਜ਼ਬੂਤ ਕਰਨੀ ਹੁਣ ਕਠਨ ਨਹੀਂ ਜਿੰਨੀ ਸਭਰਾਵਾਂ ਦੀ ਜੰਗ ਪਿਛੋਂ ਸੀ। ਹੁਣ ਉਹਨਾਂ ਨੂੰ 'ਪਾੜੋ ਤੇ ਰਾਜ ਕਰੋ' ਦੇ ਅਸੂਲ ਉੱਤੇ ਅਮਲ ਕਰਨ ਦਾ ਮੌਕਾ ਮਿਲ ਚੁਕਾ ਸੀ ਤੇ ਉਹਨਾਂ ਨੇ ਬ-ਖ਼ੁਸ਼ੀ ਇਸ ਗੁਰ ਦੇ ਨਤੀਜੇ ਵਾਚੇ ਸਨ। ਸਾਰੇ ਹਿੰਦੁਸਤਾਨ ਤੋਂ ਵਧ ਉਹਨਾਂ ਨੂੰ ਇਹ ਗੁਰ ਪੰਜਾਬ ਉੱਤੇ ਲਾਗੂ ਹੁੰਦਾ ਜਾਪਿਆ। ਉਹਨਾਂ ਦੇ ਕਹਿਣ ਦੀ ਦਿਲ ਸੀ ਕਿ ਮੁਸਲਮਾਨ, ਖ਼ਾਸ ਕਰ ਕੇ ਸਰਹੱਦ ਦੇ ਮੁਸਲਮਾਨ, ਉਹਨਾਂ ਦੀ ਆਖੀ ਨੂੰ ਪਾਰਸ ਸਮਝਣ ਲਗੇ। ਉਹਨਾਂ ਕਿਹਾ ਉਹ, ਉਹਨਾਂ ਨੂੰ, ਸਿੱਖਾਂ ਤੇ ਹਿੰਦੂਆਂ ਦੀ ਪ੍ਰਮੁਖਤਾ ਤੇ ਸਰਵ-ਉੱਚਤਾ ਤੋਂ ਖ਼ਲਾਸੀ ਦਵਾਣਗੇ। "ਆਖ਼ਿਰ ਤੁਸੀਂ ਹੋ ਤਾਂ ਇਸ ਦੇਸ਼ ਦੀ ਅਸਲੀ ਕੌਮ ਹੋ," ਲਾਰੰਸ ਦੇ ਨੁਮਾਇੰਦਿਆਂ ਨੇ ਕਿਹਾ: "ਤੁਸੀਂ ਹੀ ਤਾਂ ਇਸ ਦੇਸ਼ ਉੱਤੇ ਦਸੀਆਂ ਤੋੜੀਂ ਰਾਜ ਕੀਤਾ ਹੈ। ਇਹ ਸਿੱਖੜੇ ਕੀ ਹਨ ? ਪਤਾ ਨਹੀਂ ਕਿਥੋਂ ਆਏ ਤੇ ਕਿਥੇ ਜਾਣਗੇ। ਇਹ ਇਕ ਵਹਿਣ ਵਾਂਗ ਸਨ। ਆਏ ਤੇ ਵਗ ਗਏ। ਤੁਸੀਂ ਆਪਣੇ ਆਪ ਵਿਚ ਆਉ। ਸਾਡੇ ਨਾਲ ਮਿਲੋ। ਅਸੀਂ ਤੁਹਾਡਾ ਸਾਥ ਦਿਆਂਗੇ। ਅਸੀਂ ਤੁਹਾਨੂੰ ਮਾਨ ਦਿਆਂਗੇ।"

ਸੁਣਨ ਵਾਲੇ ਹਿੰਦੂਆਂ ਤੇ ਸਿੱਖਾਂ ਨੂੰ ਵੀ ਉਹਨਾਂ ਨੇ ਇਸ ਤਰ੍ਹਾਂ ਦੇ ਹੀ ਬਚਨ ਕਹੇ :

"ਸਰਹੱਦ ਦੇ ਇਲਾਕਿਆਂ ਉੱਤੇ ਤੁਹਾਡੀ ਪਕੜ ਕਮਜ਼ੋਰ ਹੋ ਰਹੀ ਹੈ। ਜੇ ਤੁਸੀਂ ਆਪਣਾ ਅੱਗਾ ਪਿੱਛਾ ਨਾ ਸੋਚਿਆ ਤਾਂ ਜਿਵੇਂ ਪਿਛਲੀਆਂ ਸਦੀਆਂ ਵਿਚ ਹੁੰਦਾ ਰਿਹਾ ਹੈ, ਉਵੇਂ ਹੀ ਹੁਣ ਹੋਵੇਗਾ। ਮੁਸਲਮਾਨ ਜਰਵਾਣੇ ਤੁਹਾਡੇ ਉੱਤੇ ਚੜ੍ਹ ਆਉਣਗੇ, ਫਿਰ ਤੁਸੀਂ ਕੀ ਕਰੋਗੇ ? ਇਹ ਰਾਜ ਖ਼ਤਮ ਹੋ ਜਾਵੇਗਾ। ਤੁਸੀਂ ਫਿਰ ਨੀਹਾਂ ਵਿਚ ਚਿਣੇ ਜਾਓਗੇ, ਆਰਿਆਂ ਨਾਲ ਚੀਰੇ ਜਾਓਗੇ, ਤੁਹਾਡੇ ਬੱਚੇ ਟੋਟੇ ਟੋਟੇ ਹੋ ਕੇ ਤੁਹਾਡੀਆਂ ਝੋਲੀਆਂ ਵਿਚ ਪੈਣਗੇ...। ਤੁਸੀਂ ਸਾਡੇ ਨਾਲ ਮਿਲੋ। ਅਸੀਂ ਆਪਣੇ ਸਾਮਰਾਜ ਦੇ ਵਸੀਲਿਆਂ ਨਾਲ ਤੁਹਾਨੂੰ ਇਸ ਦੁਰਗਤੀ ਤੋਂ ਬਚਾਵਾਂਗੇ।"

ਸਿੱਖਾਂ ਤੇ ਹਿੰਦੂਆਂ ਵਿਚ ਇਹੋ ਜਿਹੀਆਂ ਬੇਥਵੀਆਂ ਸੁਣਨ ਵਾਲੇ ਅਨੇਕ ਪਿੱਠੂ ਸਨ। ਹਾਂ ਪਿੱਠੂ ਤੇ ਪਿੱਠੂ ਹੀ ਅੰਗਰੇਜ਼ਾਂ ਨੇ ਚੁਣਨੇ ਸ਼ੁਰੂ ਕੀਤੇ। ਜਿਥੇ ਵੀ ਕੋਈ ਪਿੱਠੂ ਮਿਲਿਆ ਉਹਨਾਂ ਉਸ ਨੂੰ ਤਾਕਤ ਦਿਤੀ। ਜਿਥੇ ਵੀ ਕੋਈ ਪਿੱਠੂ ਦਿਸਿਆ ਉਹਨਾਂ ਉਸ ਦੀ ਪਿੱਠ ਠੋਕੀ ਤੇ ਪਹਿਲਵਾਨ ਬਣਾ ਕੇ ਅਖਾੜੇ ਵਿਚ ਘਲਿਆ। ਬੇਸ਼ਕ ਉਹ ਕਮਜ਼ੋਰ ਸੀ, ਕਦੀ ਅਖਾੜੇ ਵਿਚ ਨਹੀਂ ਸੀ ਉਤਰਿਆ ਤੇ ਜੇ ਉਤਰਿਆ ਸੀ ਤਾਂ ਸਦਾ ਉਹਦੀ ਪਿੱਠ ਲਗੀ ਸੀ, ਪਰ ਫਿਰ ਵੀ ਅੰਗਰੇਜ਼ਾਂ ਨੇ ਉਹਨੂੰ ਆਪਣੀ ਵਾਹ ਵਾਹ ਨਾਲ ਮਹਾਨ ਪਹਿਲਵਾਨ ਬਣਾਇਆ। ਇਹਨਾਂ ਪਿੱਠੂ ਪਹਿਲਵਾਨਾਂ ਰਾਹੀਂ ਉਹਨਾਂ ਕਦੀ ਗਿੱਝੇ ਹੋਏ ਖਿਡਕਾਰਾਂ ਦੀਆਂ ਪਿੱਠਾਂ ਲਵਾ ਦਿਤੀਆਂ।

ਜੇ ਇਸ ਸਾਰੇ ਮਾਹੌਲ ਵਿਚ ਕੋਈ ਅੰਗਰੇਜ਼ਾਂ ਦੇ ਸਨਮੁਖ ਡੱਟ ਰਿਹਾ ਸੀ ਤਾਂ ਉਹ ਸੀ ਮਹਾਰਾਣੀ ਜਿੰਦ ਕੌਰ। ਜਿੰਦ ਕੌਰ ਦੇਸ਼ ਭਗਤ ਸੀ। ਇਹ ਪੰਜਾਬ ਜਿੰਦ ਕੌਰ ਦਾ ਦੇਸ ਸੀ। ਇਸ ਦੇਸ ਦੇ ਲੋਕ ਉਹਦੀ ਰਿਆਇਆ ਸਨ। ਇਸ ਮਹਾਨ ਦੇਸ਼ ਦੇ ਸਪੁੱਤਰ ਉਹਦੇ ਆਪਣੇ ਪੁੱਤਰ ਸਨ। ਉਹ ਇਸ ਦੇਸ਼ ਦੇ ਗਲ ਚਵਾਲੇ ਗ਼ੁਲਾਮੀ ਦਾ ਤੌਕ ਪਿਆ ਨਹੀਂ ਸੀ ਵੇਖ ਸਕਦੀ। ਉਹ ਨਹੀਂ ਸੀ ਸਹਿ ਸਕਦੀ ਅੰਗਰੇਜ਼ਾਂ ਦਾ ਅਨਿਆਂ। ਉਹ ਆਜ਼ਾਦ ਜੰਮੀ ਸੀ ਤੇ ਆਜ਼ਾਦ ਹੀ ਮਰੇਗੀ। ਉਹ ਅੰਗਰੇਜ਼ਾਂ ਨਾਲ ਲੜੇਗੀ। ਉਹ ਜਦੋਂ ਜਹਿਦ ਜਾਰੀ ਰਖੇਗੀ। ਸਭ ਨਾਲੋਂ ਵਧ ਉਹ ਜਾਣਦੀ ਸੀ ਕਿ ਸਭਰਾਵਾਂ ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਹਰਾਇਆ ਨਹੀਂ।

Scanned by CamScanner

ਰਾਣੀ ਜਿੰਦ ਕੌਰ ਤੋਂ ਉਤਰ ਕੇ ਦੂਜਾ ਅਜਿਹਾ ਆਦਮੀ ਦੀਵਾਨ ਦੀਨਾ ਨਾਥ ਸੀ। ਮਨ ਨੀਵਾਂ, ਮਤਿ ਉੱਚੀ ਬੋਲ ਨਿਮਰਤਾ ਭਰਪੂਰ, ਪਰ ਇਰਾਦੇ ਦ੍ਰਿੜ੍ਹ। ਵਫ਼ਾਦਾਰੀ ਦਾ ਜਜ਼ਬਾ ਬੇਇਨਤਹਾ। "ਮੈਂ ਮੈਂ ਸ਼ੇਰੇ-ਪੰਜਾਬ ਦਾ ਲੂਣ ਖਾਧਾ ਹੈ। ਮੈਂ ਇਸ ਦੇਸ਼ ਦਾ ਜੰਮ ਪਲ ਹਾਂ। ਮੈਨੂੰ ਇਸ ਦੇਸ਼ ਵਿਚ ਇੱਜ਼ਤ ਤੇ ਆਦਰ ਮਿਲਿਆ ਹੈ। ਮੈਂ ਬੇ-ਵਫ਼ਾਈ ਨਹੀਂ ਕਰਾਂਗਾ। ਸੂਲੀ ਉੱਤੇ ਬੇਸ਼ਕ ਟੰਗਿਆ ਜਾਵਾਂ, ਪਰ ਮੈਂ ਦੇਸ਼ ਤੇ ਜਨਤਾ ਤੇ ਸ਼ੇਰੇ-ਪੰਜਾਬ ਦੀ ਯਾਦ ਨਾਲ ਇਨਸਾਫ਼ ਕਰਾਂਗਾ।" ਇਸ ਤਰ੍ਹਾਂ ਦੀਆਂ ਸੋਚਣ ਵਾਲਾ ਤੇ ਆਖਣ ਵਾਲਾ ਸੀ ਦੀਵਾਨ ਦੀਨਾ ਨਾਥ।

ਇਸ ਲੜੀ ਦੀ ਤੀਜੀ ਕੜੀ ਸੀ ਅਟਾਰੀ ਵਾਲੇ ਸਰਦਾਰ। ਚਤਰ ਸਿੰਘ ਆਪਣੀ ਸਫ਼ੈਦ ਦਾੜ੍ਹੀ ਨਾਲ ਕਿਸੇ ਅਗੇ ਝੁਠਾ ਪੈਣਾ ਨਹੀਂ ਸੀ ਚਾਹੁੰਦਾ। ਉਸ ਆਪਣੇ ਪੁੱਤਰ ਨੂੰ ਆਖਿਆ : "ਪੁੱਤਰਾ ! ਇਹ ਸਰਦਾਰੀਆਂ ਤੇ ਜਾਗੀਰਾਂ ਮੋਹ ਮਾਇਆ ਦਾ ਪਸਾਰਾ ਹਨ। ਸੱਚੀ ਤੇ ਅੱਟਲ ਥੈ ਸਿਦਕ ਹੈ। ਛਡ ਦੇ ਇਹ ਝੂਠੇ ਮਾਨ ਦੀ ਚਾਹ...।"

ਸ਼ੇਰ ਸਿੰਘ ਕਹਿੰਦਾ : "ਪਿਤਾ ਜੀ ! ਤੁਸੀਂ ਵੇਖਣਾ ਮੈਂ ਕਿਵੇਂ ਮੌਕਾ ਬਣੇ ਅੰਗਰੇਜ਼ਾਂ ਨੂੰ ਵਾਲ ਵਾਂਗ ਆਪਣੇ ਮੱਖਣ ਪੰਜਾਬ ਵਿਚੋਂ ਕੱਢ ਦੇਵਾਂਗਾ। ਮੈਂ ਤੁਹਾਨੂੰ ਵਿਸ਼ਵਾਸ ਦਿਵਾਂਦਾ ਹਾਂ ਕਿ ਮੈਂ ਕਿਸੇ ਕਦਮ ਉੱਤੇ ਵੀ ਦੇਸ਼ ਨਾਲ ਧਰੋਹ ਨਹੀਂ ਕਰਾਂਗਾ। ਜੇ ਅਸੀਂ ਐਸ ਵੇਲੇ ਬੀੜਾ ਨਾ ਚੁਕਿਆ ਤਾਂ ਹੋਰ ਕੌਣ ਚੁਕੇਗਾ। ਪਿਤਾ ਜੀ ! ਅੰਗਰੇਜ਼ਾਂ ਨਾਲ ਰਚਾਏ ਮੇਰੇ ਮਿਲਾਪ ਵਿਚ ਵੀ ਇਕ ਰਾਜ਼ ਹੈ ਤੁਸੀਂ ਵੇਖੋ...।"

ਸਰਦਾਰ ਚਤਰ ਸਿੰਘ ਮੰਨ ਗਿਆ। ਵੇਖੀਏ ਕੀ ਹੁੰਦਾ ਹੈ, ਉਸ ਸੋਚਿਆ। ਉਸ ਹਜ਼ਾਰੇ ਦੀ ਗਵਰਨਰੀ ਕਬੂਲ ਕਰ ਲਈ। ਪੁੱਤਰ ਨੇ ਕਿਹਾ : "ਤੁਸੀਂ ਹਜ਼ਾਰੇ ਜਾਓ। ਅੰਗਰੇਜ਼ ਮੁਸਲਮਾਨਾਂ ਨੂੰ ਸਾਡੇ ਤੋਂ ਬਦਗੁਮਾਨ ਕਰ ਰਹੇ ਹੰਨ। ਤੁਸੀਂ ਇਹ ਬਦਗੁਮਾਨੀ ਵਧਣ ਨਹੀਂ ਦੇਣੀ। ਤੁਸਾਂ ਮੁਸਲਮਾਨਾਂ ਨੂੰ ਦਸਣਾ ਕਿ ਹਰ ਇਕ ਸਿੱਖ ਦੇ ਦਿਲ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਿਲ ਹੈ। ਅਸੀਂ ਉਹਨਾਂ ਨੂੰ ਕਦੀ ਨੀਵਾਂ ਨਹੀਂ ਵਿਖਾਵਾਂਗੇ। ਤੁਸੀਂ ਹਜ਼ਾਰੇ ਜਾਓ ਤੇ ਅਫ਼ਗਾਨਿਸਤਾਨ ਦੇ ਅਮੀਰ ਦੋਸਤ ਮੁਹੰਮਦ ਨਾਲ ਵੀ ਗੰਢ ਤੁਪ ਕਰੋ। ਸਮਾਂ ਆ ਗਿਆ ਹੈ ਕਿ ਅਫ਼ਗਾਨ ਤੇ ਪੰਜਾਬੀ ਰਲ ਬੈਠਣ। ਮੈਂ ਲਾਹੌਰ ਵਿਚ ਰਹਿ ਕੇ ਕਿਸੇ ਨਾ ਕਿਸੇ ਤਰ੍ਹਾਂ ਜਦੋਂ ਜਹਿਦ ਜਾਰੀ ਰਖਾਂਗਾ।"

ਸਰਦਾਰ ਚਤਰ ਸਿੰਘ ਹਜ਼ਾਰੇ ਚਲਾ ਗਿਆ। ਰਾਜਾ ਸ਼ੇਰ ਸਿੰਘ ਹੈਨਰੀ ਲਾਰੰਸ ਦਾ ਸੱਜਾ ਹੱਥ ਬਣ ਕੇ ਕੰਮ ਕਰਨ ਲਗਾ।

ਹੈਨਰੀ ਲਾਰੰਸ ਖਿਡਕਾਰ ਸੀ। ਉਹ ਸ਼ੇਰ ਸਿੰਘ ਦੀਆਂ ਗੱਲਾਂ ਨੂੰ ਸਮਝਦਾ ਜਾਪਦਾ ਸੀ। ਹੈਨਰੀ ਲਾਰੰਸ, ਦੀਵਾਨ ਦੀਨਾ ਨਾਥ ਦੀਆਂ ਕਾਰਵਾਈਆਂ ਉੱਤੇ ਵੀ ਨਿਗਾਹ ਰਖਦਾ ਸੀ, ਪਰ ਉਹਦੀ ਜਾਚੇ ਅੰਗਰੇਜ਼ਾਂ ਦੇ ਭਵਿਖ ਵਾਸਤੇ ਸਭ ਤੋਂ ਖ਼ਤਰਨਾਕ ਮਨੁੱਖ ਸੀ, ਰਾਣੀ ਜਿੰਦ ਕੌਰ। ਇਸ ਜਿੰਦ ਕੌਰ ਨੂੰ ਹੀ ਸਭ ਤੋਂ ਪਹਿਲੇ ਰਾਜ ਨਾਲੋਂ ਅਲੱਗ ਕਰਨਾ ਉਹਦਾ ਨਿਸ਼ਾਨਾ ਬਣ ਗਿਆ ਤੇ ਅੰਤ ਇਹੋ ਹੀ ਨਿਸ਼ਾਨਾ ਬਣਿਆ ਲਾਰਡ ਹਾਰਡਿੰਗ ਦਾ।

ਹਾਰਡਿੰਗ ਨੇ ਸਰਕਾਰ ਅੰਗਰੇਜ਼ੀ ਦੇ ਮੁੱਖ ਸਕੱਤਰ ਸਰ ਫ਼ਰੈਡਰਕ ਕਰੀ ਨੂੰ ਲਾਹੌਰ ਭੇਜਿਆ। ਉਹਦੇ ਹੱਥ ਉਸ ਕਈ ਹਦਾਇਤਾਂ ਘਲੀਆਂ ਤੇ ਇਹ ਵੀ ਕਿਹਾ: "ਮੈਂ ਨਹੀਂ ਜਾਣਦਾ ਕਿ ਕਿਹੜੀ ਨੇਮ ਬੰਦ ਰਸਮ ਅਨੁਸਾਰ ਰਾਣੀ ਮਹਾਰਾਜਾ ਦਲੀਪ ਸਿੰਘ ਦੀ ਸਰਪਰਸਤ ਬਣੀ ਹੈ। ਠੀਕ ਉਹ ਮਹਾਰਾਜੇ ਦੀ ਮਾਂ ਹੈ, ਪਰ ਕੀ ਇਸ ਬਿਨਾਅ ਉੱਤੇ ਉਹ ਉਹਦੀ ਸਰਪਰਸਤ ਵੀ ਬਣ ਸਕਦੀ ਹੈ ? ਪਰ ਜੇ ਸਰਦਾਰ ਤੇ ਬਾਰਸੂਖ਼ ਮੋਢੀ ਖ਼ਾਸ ਕਰ ਕੇ ਅਟਾਰੀਵਾਲੇ ਸਰਦਾਰ, ਮਹਾਰਾਜੇ ਦੀ ਨਾਬਾਲਗ਼ੀ ਦੇ ਵਰ੍ਹਿਆਂ ਵਿਚ, ਸਰਕਾਰ ਅੰਗਰੇਜ਼ੀ ਨੂੰ ਉਹਦੇ ਸਰਪਰਸਤ ਬਣਨ ਦੀ ਅਰਜ਼ੋਈ ਕਰਨ ਤਾਂ ਬਿਨਾਂ ਕਿਸੇ ਬੋਲ ਬੁਲਾਰੇ ਦੇ ਮਹਾਰਾਣੀ ਦੀ ਤਾਕਤ ਖ਼ਤਮ ਹੋ ਜਾਵੇਗੀ। ਸਾਫ਼ ਤੌਰ ਉੱਤੇ ਇਹ ਗੱਲ ਲਿਖਤ ਵਿਚ ਲਿਆਈ ਜਾਏ ਕਿ ਨਾਬਾਲਗ਼ ਮਹਾਰਾਜੇ ਦੀ ਸਰਪਰਸਤ ਹੋਣ ਦੀ ਹੈਸੀਅਤ ਵਿਚ ਰਾਜ-ਪ੍ਰਬੰਧ ਦੇ ਸਾਰੇ ਅਖਤਿਆਰ ਸਰਕਾਰ ਅੰਗਰੇਜ਼ੀ ਦੇ ਹੱਥਾਂ ਵਿਚ ਰਹਿਣਗੇ।"

ਲਾਰੰਸ, ਕਰੀ ਦੀ ਮਦਦ ਨਾਲ ਇਸ ਕੰਮ ਵਿਚ ਜੁੱਟ ਗਿਆ ਤੇ ਅੰਤ ਸਫ਼ਲਤਾ ਉਹਨਾਂ ਦੀ ਹੋਈ। ਸਾਰੇ ਸਰਦਾਰ ਇਕਠੇ ਕੀਤੇ ਗਏ ਤੇ ਗਵਰਨਰ ਜਨਰਲ ਦੀ ਤਜਵੀਜ਼ ਦਾ ਜ਼ਿਕਰ ਕੀਤਾ ਗਿਆ। ਸਰਕਾਰ ਅੰਗਰੇਜ਼ੀ ਦੀ ਪੰਜਾਬ ਦੀ ਬਿਹਤਰੀ ਤੇ ਬਹਿਬੂਦੀ ਵਾਸਤੇ ਚਾਹ ਦਰਸਾਈ ਗਈ। ਹਰ ਯੋਗ ਸਹਾਇਤਾ ਦੇਣ ਦਾ ਇਕਰਾਰ ਕੀਤਾ ਗਿਆ, ਤੇ ਗੱਲਾਂ ਹੀ ਗੱਲਾਂ ਵਿਚ ਅੰਗਰੇਜ਼ਾਂ ਨੇ ਭਰੋਵਾਲ ਦੀ ਸੰਧੀ ਦੀਆਂ ਸ਼ਰਤਾਂ ਮੰਨਵਾ ਲਈਆਂ।

Scanned by CamScanner

ਇਕ ਦੀਵਾਨ ਦੀਨਾ ਨਾਥ ਨੇ ਹੀ ਟੋਕਿਆ ਤੇ ਕਿਹਾ ਕਿ ਇਹ ਸ਼ਰਤਾਂ ਮੰਨਣ ਜਾਂ ਰੱਦਣ ਵਾਸਤੇ ਮਹਾਰਾਣੀ ਦੀ ਸਲਾਹ ਜ਼ਰੂਰੀ ਹੈ, ਪਰ ਲਾਰੰਸ ਨੇ ਉਹਨੂੰ ਝਾੜ ਦਿਤਾ, "ਅਸੀਂ ਮਹਾਰਾਣੀ ਦੀ ਸਲਾਹ ਨਹੀਂ ਪੁੱਛ ਰਹੇ। ਦਰਬਾਰ ਦੇ ਥੰਮ-ਸਰਦਾਰਾਂ ਦੀ ਸਲਾਹ ਪੁੱਛ ਰਹੇ ਹਾਂ।" ਉਹਨਾਂ ਕਿਹਾ ਤੇ ਜੁੜੀ ਮਜਲਸ ਕੋਲੋਂ ਪੁਛਿਆ :

"ਕੋਈ ਜੋ ਇਹ ਸ਼ਰਤਾਂ ਕਬੂਲ ਨਾ ਕਰਦਾ ਹੋਵੇ ?

ਨਹੀਂ, ਉੱਥੇ ਕੋਈ ਵੀ ਅਜਿਹਾ ਆਦਮੀ ਨਹੀਂ ਸੀ। ਸਾਰੇ ਬਿਟਰ ਬਿਟਰ ਲਾਰੰਸ ਵਲ ਤੱਕਦੇ ਰਜ਼ਾਮੰਦੀ ਵਿਚ ਆਪਣੇ ਸਿਰ ਹਿਲਾ ਰਹੇ ਸਨ। ਸਰਕਾਰ ਅੰਗਰੇਜ਼ੀ ਨੇ ਇਹਨਾਂ ਸ਼ਰਤਾਂ ਵਿਚੋਂ ਇਕ ਸ਼ਰਤ ਏਥੇ ਇਕੱਤਰ ਸਰਦਾਰਾਂ ਦੀਆਂ ਜਾਗੀਰਾਂ ਨੂੰ ਜਿਉਂ ਦਾ ਤਿਉਂ ਬਰਕਰਾਰ ਰਖਣ ਬਾਰੇ ਵੀ ਦੱਸੀ ਸੀ। ਪ੍ਰਤੱਖ ਸੀ ਕਿ ਇਹ ਸਰਦਾਰ ਆਪਣੀਆਂ ਜਾਗੀਰਾਂ ਦੀਆਂ ਹੀ ਸ਼ਰਤਾਂ ਬਾਰੇ ਸੋਚ ਰਹੇ ਸਨ।

ਅਜੇ ਕੁਝ ਦਿਨ ਪਹਿਲੇ ਹੀ ਰਾਜਾ ਲਾਲ ਸਿੰਘ ਜਲਾਵਤਨ ਕੀਤਾ ਗਿਆ ਸੀ। ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਦੀਆਂ ਲੜਾਈਆਂ ਜਿੱਤਣ ਪਿਛੋਂ ਤੇ ਸਾਰੀ ਸਿੱਖ ਸੈਨਾ ਨੂੰ ਬੇ-ਹਥਿਆਰ ਕਰਨ ਦੇ ਇਵਜ਼ਾਨੇ ਵਿਚ ਰਾਜਾ ਲਾਲ ਸਿੰਘ ਨੂੰ ਕੁਝ ਨਹੀਂ ਸੀ ਮਿਲਿਆ। ਗੁਲਾਬ ਸਿੰਘ ਰਾਜੇ ਤੋਂ ਮਹਾਰਾਜਾ ਬਣਿਆ, ਪਤ ਉਹਦੇ ਹੱਥ ਵਿਚ ਕੀ ਆਇਆ ਉਹ ਸੋਚਦਾ ? ਉਹਦੇ ਕੋਲ ਵੀ ਕਾਫ਼ੀ ਰੁਪਿਆ ਸੀ। ਉਹ ਵੀ ਇਸ ਰੁਪਏ ਨਾਲ ਪਹਾੜੀ ਇਲਾਕੇ ਵਿਚੋਂ ਇਕ ਟੁਕੜਾ ਆਪਣੇ ਨਾਂ ਲਵਾ ਕੇ ਮਹਾਰਾਜਾ ਬਣਨਾ ਚਾਹੁੰਦਾ ਸੀ, ਪਰ ਅੰਗਰੇਜ਼ ਜਾਣਦੇ ਸਨ ਕਿ ਕਿਹੜੇ ਪਿੱਠੂ ਨੂੰ ਹੱਥ ਵਿਚ ਰਖਣਾ ਹੈ ਤੇ ਕਿਹੜੇ ਪਿੱਠੂ ਨੂੰ ਆਪਣਾ ਕੰਮ ਸਾਰ ਕੇ ਲੱਤ ਮਾਰ ਦੇਣੀ ਹੈ। ਰਾਜਾ ਲਾਲ ਸਿੰਘ ਦੂਜੀ ਭਾਂਤ ਦੇ ਪਿੱਠੂਆਂ ਵਿਚੋਂ ਸੀ।

ਰਾਜਾ ਲਾਲ ਸਿੰਘ ਨੇ ਵਜ਼ੀਰੇ-ਆਜ਼ਮ ਬਣਨ ਪਿਛੋਂ, ਚੋਰੀ ਛੱਪੀਂ ਕਸ਼ਮੀਰ ਦੇ ਗਵਰਨਰ, ਸ਼ੇਖ ਇਮਾਮਦੀਨ ਨੂੰ, ਮਹਾਰਾਜੇ ਗੁਲਾਬ ਸਿੰਘ ਹੱਥ ਪ੍ਰਬੰਧ ਸੌਂਪਣ ਤੋਂ ਰੋਕਿਆ। ਜਦੋਂ ਇਹ ਸੋਅ ਹੁੱਲੀ ਤਾਂ ਲਾਰੰਸ ਨੇ ਭਰੇ ਦਰਬਾਰ ਵਿਚ ਲਾਲ ਸਿੰਘ ਦੀਆਂ ਸਭ ਜਾਗੀਰਾਂ ਜ਼ਬੱਤ ਕਰ ਕੇ ਉਹਨੂੰ ਪੰਜਾਬ ਵਿਚੋਂ ਨਿਕਲ ਜਾਣ ਦਾ ਹੁਕਮ ਦਿਤਾ।

ਅੱਜ ਲਾਰੰਸ ਤੇ ਕਰੀ ਦੇ ਦੁਆਲੇ ਜੁੜੇ ਸਿੱਖ ਸਅਤਨੱਤ ਦੇ ਥੰਮ, ਲਾਲ ਸਿੰਘ ਨਾਲ ਵਰਤੇ ਭਾਣੇ ਨੂੰ ਮੁਖ ਰਖ ਕੇ, ਬਿਤਰ ਬਿਤਰ ਏਧਰ ਉਧਰ ਤੱਕ ਰਹੇ ਸਨ। ਉਹਨਾਂ ਦੇ ਦਿਲ ਧੜਕ ਰਹੇ ਸਨ। ਜਿਦਮ ਜਿੱਦੀ ਉਹ ਅੰਗਰੇਜ਼ਾਂ ਸਾਹਮਣੇ ਆਪਣੀ ਵਫ਼ਾਦਾਰੀ ਦਾ ਪੱਕ ਕਰਨਾ ਚਾਹੁੰਦੇ ਸਨ।

ਦੀਵਾਨ ਦੀਨਾ ਨਾਥ ਨੂੰ ਜਦੋਂ ਝਾੜ ਪਈ ਤਾਂ ਉਹ ਆਪਣੀ ਵਫ਼ਾਦਾਰ ਗ਼ਦਾਰੀ ਵਿਚ ਹੋਰ ਵੀ ਪੱਕੇ ਹੋ ਗਏ। ਦੀਵਾਨ ਦੀਨਾ ਨਾਥ ਨੇ ਵਾਰੋ ਵਾਰ ਸਭ ਸਰਦਾਰਾਂ ਵਲ ਤੱਕਿਆ। ਕਿਸੇ ਨੇ ਉਹਦੇ ਨਾਲ ਅੱਖ ਨਹੀਂ ਮਿਲਾਈ। ਦੀਨਾ ਨਾਥ ਨੀਵੀਂ ਪਾ ਲਈ ਤੇ ਉਹਦੇ ਸੀਨੇ ਵਿਚ ਕਈ ਖੰਜਰ ਖੁਭ ਗਏ।

ਸੋਲਾਂ ਦਸੰਬਰ (੧੮੪੬) ਵਾਲੇ ਦਿਨ ਭਰੋਵਾਲ ਦੀ ਸੁਲਹ ਉੱਤੇ ਦਸਖ਼ਤ ਹੋ ਗਏ।

ਇਸ ਸੁਲਾਹ ਅਨੁਸਾਰ ਗਵਰਨਰ ਜਨਰਲ ਵਲੋਂ ਥਾਪੇ ਗਏ ਇਕ ਅੰਗਰੇਜ਼ ਅਫ਼ਸਰ ਨੂੰ ਲਾਹੌਰ ਦਰਬਾਰ ਦੇ ਸਭ ਕੰਮ ਚਲਾਣ ਦੇ ਇਖ਼ਤਿਆਰ ਦਿਤੇ ਤੇ ਉਹਦੀ ਸਹਾਇਤਾ ਵਾਸਤੇ ਇਕ ਸਲਾਹਕਾਰੀ ਕੌਂਸਲ ਥਾਪੀ ਗਈ। ਇਸ ਕੌਂਸਲ ਦੇ ਮੈਂਬਰ ਬਣੇ, ਸਰਦਾਰ ਤੇਜ ਸਿੰਘ, ਸਰਦਾਰ ਸ਼ੇਰ ਸਿੰਘ ਅਟਾਰੀਵਾਲਾ, ਫ਼ਕੀਰ ਨੂਰ ਦੀਨ, ਦੀਵਾਨ ਦੀਨਾ ਨਾਥ, ਸਰਦਾਰ ਰਣਜੋਧ ਸਿੰਘ, ਭਾਈ ਨਿਧਾਨ ਸਿੰਘ, ਸਰਦਾਰ ਅਤਰ ਸਿੰਘ ਕਾਲਿਆਂ ਵਾਲੀਆ ਤੇ ਸਰਦਾਰ ਸ਼ਮਸ਼ੇਰ ਸਿੰਘ ਸੰਧਾਵਾਲੀਆ।

ਮਹਾਰਾਜਾ ਦਲੀਪ ਸਿੰਘ ਤੇ ਉਹਦੇ ਮੁਲਕ ਦੀ ਰੱਖਿਆ ਲਈ ਅੰਗਰੇਜ਼ੀ ਫ਼ੌਜ ਲਾਹੌਰ ਵਿਚ ਰਖਣੀ ਵੀ ਤੈਅ ਹੋਈ। ਕਿੰਨੀ ? ਇਹ ਗਵਰਨਰ ਜਨਰਲ ਦੀ ਮਰਜ਼ੀ ਉੱਤੇ ਨਿਰਭਰ ਸੀ। ਤੇ ਇਸ ਫ਼ੌਜ ਦਾ ਖ਼ਰਚ ਕੌਣ ਤਾਰੇਗਾ ? ਲਾਹੌਰ ਸਰਕਾਰ। ਬਾਈ ਲੱਖ ਰੁਪਏ ਸਾਲਾਨਾ।

ਤੇ ਸਭ ਤੋਂ ਵੱਡੀ ਸ਼ਰਤ; ਮਹਾਰਾਣੀ ਜਿੰਦ ਕੌਰ ਨੂੰ ਰਾਜ ਕਾਜ ਤੋਂ ਅਲੱਗ ਕਰ ਦਿਤਾ ਗਿਆ। ਉਹਦੇ ਅਤੇ ਉਹਦੇ ਨੌਕਰਾਂ ਚਾਕਰਾਂ ਦੇ ਗੁਜ਼ਾਰੇ ਵਾਸਤੇ ਡੂਢ ਲੱਖ ਰੁਰਿਆ ਸਾਲਾਨਾ ਨਿਯਤ ਹੋਇਆ।

ਸਾਮਰਾਜ ਦੀ ਸੂਝ ਤੇ ਸਿਆਣਪ ! ਸਾਮਰਾਜ ਦੀ ਵਡਿਆਈ। ਆਪੇ ਹੀ ਪਾਣੀਆਂ ਤੇ ਆਪੇ ਹੀ ਖੋਹਲਣੀਆਂ। ਇਹ ਸੁਲਹ ਪ੍ਰਤਖ ਤੌਰ ਉੱਤੇ ਸਿੱਖ ਸਰਦਾਰਾਂ ਦੀ ਬੇਨਤੀ ਉੱਤੇ ਹੋਈ। ਉਹਨਾਂ ਦੀ ਬੇਨਤੀ ਉੱਤੇ ਹੀ ਅੰਗਰੇਜ਼ੀ ਸੈਨਾ

Scanned by CamScanner

ਲਾਹੌਰ ਵਿਚ ਰਖੀ ਗਈ ਤੇ ਉਹਨਾਂ ਦੀ ਹੀ ਅਰਜ਼ੋਈ ਸੀ ਕਿ ਇਹ ਸੈਨਾ ਮਹਾਰਾਜੇ ਦੀ ਅਤੇ ਉਹਦੇ ਮੁਲਕ ਦੀ ਰਖਿਆ ਕਰੇ ? ਕਿਹਦੇ ਕੋਲੋਂ ਸੀ ਇਹ ਰਖਿਆ ? ਕੀ ਮਹਾਰਾਜੇ ਦੀ ਆਪਣੀ ਹੀ ਰਿਆਇਆ ਕੋਲੋਂ ? ਕੀ ਉਸ ਰਿਆਇਆ ਕੋਲੋਂ ਜਿਸ ਦਾ ਇਕ ਇਕ ਜੀਅ ਮਹਾਰਾਜੇ ਵਾਸਤੇ ਜਾਨ ਦੇਣ ਨੂੰ ਤਿਆਰ ਸੀ ?

ਸਾਮਰਾਜ ਅੰਨ੍ਹਾਂ ਤੇ ਬੋਲਾ ਹੈ। ਸਾਮਰਾਜ ਐਨਾ ਮਾਨ ਮੱਤਾ ਹੈ ਕਿ ਇਹ ਆਪਣੇ ਕਰਮਾਂ ਦੇ ਆਤਮ ਵਿਰੋਧੀ ਨੁਕਤਿਆਂ ਵਲ ਰਤਾ ਧਿਆਨ ਨਹੀਂ' ਦੇਂਦਾ। ਇਉਂ ਸਮਝਦਾ ਹੈ ਕਿ ਇਹਦੇ ਮੰਤਵਾਂ ਨੂੰ ਹੋਰ ਕੋਈ ਸਮਝ ਨਹੀਂ ਸਕਦਾ, ਕਿ ਇਹਦੇ ਭਾਵ ਸਭਨਾਂ ਲਈ ਗੂੜ੍ਹ ਤੇ ਅਪਹੁੰਚ ਹਨ।

ਹੈਨਰੀ ਲਾਰੰਸ ਨੇ ਛਟਾ ਛਟ ਕਈ ਅੰਗਰੇਜ਼ ਅਫ਼ਸਰ ਆਪਣੀ ਸਹਾਇਤਾ ਲਈ ਬੁਲਾ ਲਏ। ਸਭ ਤੋਂ ਸਿਆਣੇ ਹਰਬਰਟ ਐਡਵਰਡ ਨੂੰ ਬੰਨੂੰ ਭੇਜਿਆ। ਆਪਣੇ ਭਰਾ ਜਾਰਜ ਲਾਰੰਸ ਨੂੰ ਪਿਸ਼ਾਵਰ ਭੇਜਿਆ ਤੇ ਲੈਫਟੀਨੈਂਟ ਬੋਵੀ ਉਹਦੇ ਨਾਲ ਗਿਆ। ਹਜ਼ਾਰੇ ਵਿਚ ਤੋਪਖ਼ਾਨੇ ਦਾ ਇਕ ਅਫ਼ਸਰ, ਐਬਟ, ਘਲਿਆ। ਜਾਨ੍ਹ ਨਿਕਲਸਨ, ਲੇਕ, ਟੇਲਰ ਬੇਰਿੰਗ ਤੇ ਕਾਕਸ ਬਾਕੀ ਚਿਲਿਆਂ ਵਿਚ ਗਏ।

ਇਹਨਾਂ ਅਫ਼ਸਰਾਂ ਨੂੰ ਹੁਕਮ ਦਿਤੇ ਗਏ ਕਿ ਇਹ ਸਭ ਜ਼ਰੂਰੀ ਹਾਲਾਤ ਦੀਆਂ ਖ਼ਬਰਾਂ ਸਰ ਲਾਰੰਸ ਨੂੰ ਭੇਜਣ। ਮਜ਼ਬੂਤ ਨੂੰ ਆਪੋ ਵਿਚ ਪਾੜਨ। ਲਾਹੌਰ ਦਰਬਾਰ ਵਲੋਂ ਥਾਪੇ ਗਵਰਨਰਾਂ ਉੱਤੇ ਨਜ਼ਰ ਰੱਖਣ। ਉਹਨਾਂ ਨੂੰ ਹਰ ਦਿਲ ਅਜ਼ੀਜ਼ ਨਾ ਹੋਣ ਦੇਣ। ਉਹਨਾਂ ਨੂੰ ਕੋਈ ਖ਼ਰੂਦ ਨਾ ਛੇੜਨ ਦੇਣ। ਵੇਖਣ ਕਿ ਕਦਮ ਕਦਮ ਉੱਤੇ ਲੋਕਾਂ ਦੇ ਦਿਲਾਂ ਵਿਚ ਸਰਕਾਰ ਅੰਗਰੇਜ਼ੀ ਵਾਸਤੇ ਪਿਆਰ ਵਧਦਾ ਹੈ, ਕਿ ਉਹ ਸਰਕਾਰ ਅੰਗਰੇਜ਼ੀ ਵਲ, ਆਪਣੇ ਦੁਖਾਂ ਤੇ ਮੁਸੀਬਤਾਂ ਦੀ ਸੁਣਵਾਈ ਵਾਸਤੇ ਤੱਕਦੇ ਹਨ। ਇਹਨਾਂ ਅਫ਼ਸਰਾਂ ਨੂੰ ਬੇ-ਉੜਕ ਅਖ਼ਤਿਆਰ ਦਿਤੇ ਗਏ। ਬੜੇ ਪੈਸੇ ਦਿਤੇ ਗਏ। ਜਿੰਨਾ ਮਰਜ਼ੀ ਹੈ ਖ਼ਰਚ ਕਰਨ, ਕੁਝ ਪੁੱਛ ਪੜਤਾਲ ਨਹੀਂ ਹੋਵੇਗੀ।

ਕੀ ਇਹ ਸਭ ਕੁਝ ਇਸ ਲਈ ਨਹੀਂ ਸੀ ਕਿ ਗਵਰਨਰ ਜਨਰਲ ਤੇ ਹੈਨਰੀ ਲਾਰੰਸ ਦਿਲੋਂ ਡਰ ਰਹੇ ਸਨ ? ਉਹਨਾਂ ਨੂੰ ਕੀ ਇਹ ਲਗ ਨਹੀਂ ਸੀ ਰਿਹਾ ਕਿ ਪੰਜਾਬ ਦੀ ਸਪਿਰਟ ਅਜੇ ਤਕ ਮਰੀ ਨਹੀਂ ? ਕਿ ਸਿੰਘਾਂ ਨੇ ਅਜੇ ਤਕ ਦਿਲੋਂ ਹਾਰ ਨਹੀਂ ਮੰਨੀ ? ਕਿ ਕਈ ਆਦਮੀ ਬਸ ਕਿਸੇ ਮੌਕੇ ਦੀ ਭਾਲ ਵਿਚ ਹਨ ? ਜਦੋਂ ਇਹ ਮੌਕਾ ਬਣਿਆ ਕਿਸੇ ਨੇ ਘਰ ਨਹੀਂ ਬਹਿਣਾ, ਕਿਸੇ ਨੇ ਆਪਣੀ ਜਾਨ ਤੇ ਆਪਣੇ ਮਾਲ ਦੀ ਪ੍ਰਵਾਹ ਨਹੀਂ ਕਰਨੀ ?

ਕੀ ਅੰਗਰੇਜ਼ ਡਰ ਨਹੀਂ ਸਨ ਰਹੇ ਉਸ ਅਣ-ਦਿਸਦੇ ਤੇ ਅਣ-ਪਛਾਤੇ ਲੀਡਰ ਕੋਲੋਂ, ਜਿਹੜਾ ਮੈਦਾਨ ਵਿਚ ਨਿੱਤਰਦਿਆਂ ਹੀ, ਉਹਨਾਂ ਦੇ ਸਥਾਪਤ ਸਭ ਪਿੱਠੂਆਂ ਨੂੰ ਪਛਾੜ ਦੇਵੇਗਾ ਤੇ ਜਿਸ ਲੀਡਰ ਪਿਛੇ ਸਾਰਾ ਪੰਜਾਬ ਵਾਹ ਵਾਹ ਕਰਦਾ ਉਠ ਟੁਰੇਗਾ। ਇਹ ਲੀਡਰ ਤੇ ਇਹ ਨੇਤਾ ਕੁਣ ਸੀ ? ਉਹ ਨਹੀਂ ਸਨ ਜਾਣਦੇ। ਇਹ ਕਦੋਂ ਤੇ ਕਿਵੇਂ ਮੈਦਾਨ ਵਿਚ ਆਵੇਗਾ। ਉਹ ਇਹ ਵੀ ਨਹੀਂ ਸਨ ਜਾਣਦੇ। ਪਰ ਉਹਨਾਂ ਨੂੰ ਵਿਸ਼ਵਾਸ ਸੀ ਕਿ ਇਹੋ ਜਿਹਾ ਕੋਈ ਨੇਤਾ ਨਿੱਤਰੇਗਾ ਜ਼ਰੂਰ।

ਕਿਸੇ ਹੋਰ ਸ਼ਖ਼ਸੀਅਤ ਦੀ ਅਣਹੋਂਦ ਸਾਹਵੇਂ ਉਹਨਾਂ ਦੇ ਸ਼ੱਕ ਮਹਾਰਾਣੀ ਜਿੰਦ ਕੌਰ ਵਲ ਉੱਠਦੇ। ਮਹਾਰਾਣੀ ਜਿੰਦ ਕੌਰ ਉਹਨਾਂ ਨੂੰ ਚੈਨ ਨਾ ਲੈਣ ਦੇਂਦੀ।

Scanned by CamScanner

ਭੱਰੋਵਾਲ ਦੀ ਸੰਧੀ ਹੋ ਗਈ। ਅੰਗਰੇਜ਼ੀ ਨੀਤੀਵਾਨਾਂ ਨੇ ਜਿੰਦ ਕੌਰ ਨੂੰ ਹਕੂਮਤ ਨਾਲੋਂ ਬੇਦਖਲ ਕਰ ਦਿਤਾ। ਉਹਨਾਂ ਦੇ ਹੱਥ ਚੜ੍ਹੇ ਸਰਦਾਰ ਹੈਨਰੀ ਲਾਰੰਸ ਦੇ ਅਗੇ ਪਿਛੇ ਫਿਰਨ ਲਗੇ। ਤਾਕਤ ਲਾਰੰਸ ਦੇ ਹੱਥ ਸੀ ਤੇ ਇਹ ਸਰਦਾਰ ਮਿੱਟੀ ਦੇ ਖਿਡਾਉਣੇ ਸਨ ਜਿਨ੍ਹਾਂ ਦੀ ਜਨਤਾ ਨੂੰ ਗੁਮਰਾਹ ਕਰਨ ਵਾਸਤੇ, ਦੁਨੀਆਂ ਅਗੇ ਪ੍ਰਦਰਸ਼ਨੀ ਕੀਤੀ ਜਾਂਦੀ ਸੀ। ਹੈਨਰੀ ਲਾਰੰਸ ਨੇ ਹੌਲੀ ਹੌਲੀ ਬੜਿਆਂ ਨੂੰ ਸੋਧ ਲਿਆ, ਪਰ ਰਾਣੀ ਜਿੰਦ ਕੌਰ ਉਸ ਦੇ ਹੱਥੋਂ ਤਿਲ੍ਹਕਦੀ ਜਾਏ।

ਭੱਰੋਵਾਲ ਦੀ ਸੁਲਹ ਪਿਛੋਂ ਵੀ ਰਾਣੀ ਰਾਜ-ਪ੍ਰਬੰਧ ਵਿਚ ਦਖਲ ਦੇਂਦੀ। ਕਈ ਸਰਦਾਰਾਂ ਨੂੰ ਆਪਣੇ ਮਹੱਲਾਂ ਵਿਚ ਬੁਲਾਂਦੀ। ਚਿੱਠੀਆਂ ਲਿਖਦੀ। ਪੰਜਾਬ ਉੱਤੇ ਆਪਣਾ ਹੱਕ ਸਮਝਦੀ ਤੇ ਪੰਜਾਬੀ ਜਨਤਾ ਨੂੰ ਆਪਣੀ ਜਨਤਾ ਸਮਝ ਕੇ ਭਵਿੱਖ ਦੇ ਦਾਈਏ ਲਾਂਦੀ।

ਲਾਰੰਸ ਇਸ ਗੱਲ ਉੱਤੇ ਖਿੱਝਦਾ। ਰਾਣੀ ਨੂੰ ਰਾਜ ਤੋਂ ਅਲਗ ਕਰਨ ਤੇ ਜੇ ਲੋੜ ਪਵੇ ਤਾਂ ਦੇਸ਼ ਵਿਚੋਂ ਕੱਢ ਦੇਣਾ, ਇਹ ਉਹਦਾ ਨਿਸ਼ਾਨਾ ਹੋ ਗਿਆ। ਉਸ ਰਾਣੀ ਨੂੰ ਇਕ ਖ਼ਤ ਵਿਚ ਲਿਖਿਆ :

"ਭੱਰੋਵਾਲ ਦੀ ਸੰਧੀ ਅਨੁਸਾਰ ਰਾਣੀ ਰਾਜ ਕਾਜ ਵਿਚ ਦਖ਼ਲ ਨਹੀਂ ਦੇ ਸਕਦੀ। ਸੁਖ ਤੇ ਸ਼ਾਂਤੀ ਨਾਲ ਜ਼ਿੰਦਗੀ ਬਿਤਾਣ ਵਾਸਤੇ ਉਹਨੂੰ ਡੂਢ ਲੱਖ ਰੁਪਏ ਦੀ ਪੈਨਸ਼ਨ ਦਿਤੀ ਗਈ ਹੈ। ਫਿਸ ਦੇ ਬਾਵਜੂਦ ਵੀ ਅਸਾਂ ਸੁਣਿਆ ਹੈ ਕਿ ਮਹਾਰਾਣੀ ਕਦੀ ਪੰਦਰਾਂ ਪੰਦਰਾਂ ਤੇ ਕਦੀ ਵੀਹ ਵੀਹ ਸਰਦਾਰਾਂ ਨੂੰ ਘਰ ਬੁਲਾ ਕੇ ਉਹਨਾਂ ਨਾਲ ਸਲਾਹ ਕਰਦੀ ਹੈ। ਕਈ ਸਰਦਾਰ ਤੇ ਕਰਮਚਾਰੀ ਉਹਦੇ ਨਾਲ ਲੁੱਕ ਛਿਪ ਕੇ ਗੱਲਾਂ ਕਰਦੇ ਹਨ। ਇਹ ਵੀ ਸੁਣਨ ਵਿਚ ਆਇਆ ਹੈ ਕਿ ਰਾਣੀ ਪੰਜਾਹ ਪੰਜਾਹ ਬ੍ਰਾਹਮਣਾਂ ਨੂੰ ਰਾਜ ਮਹਿਲਾਂ ਵਿਚ ਭੋਜਨ ਛਕਾਉਂਦੀ ਹੈ। ਪਰਮ ਮੰਡਲ ਵਿਚ ਸੋ ਬ੍ਰਾਹਮਣਾਂ ਦੇ ਭੋਜਨ ਦੀ ਖਬਰ ਸੁਣੀ ਗਈ।"

ਹੈਨਰੀ ਲਾਰੰਸ ਨੇ ਕਿਹਾ : "ਮਹਾਰਾਜਾ ਰਣਜੀਤ ਸਿੰਘ ਦੇ ਟੱਬਰ ਦੀ ਇੱਜ਼ਤ ਦਾ ਭਾਰ ਮੇਰੇ ਸਿਰ ਉੱਤੇ ਹੈ ਤੇ ਮੈਨੂੰ ਕਹਿਣਾ ਪੈਂਦਾ ਹੈ ਕਿ ਇਹ ਸਾਰੇ ਕੰਮ ਮਹਾਰਾਣੀ ਦੀ ਪਦਵੀ ਅਨੁਕੂਲ ਨਹੀਂ। ਹੁਣ ਤੋਂ ਮਹਾਰਾਣੀ ਆਪਣੀਆਂ ਸਹੇਲੀਆਂ ਤੇ ਦਾਸੀਆਂ ਤੋਂ ਸਿਵਾਏ ਹੋਰ ਕਿਸੇ ਨੂੰ ਨਾ ਮਿਲਿਆ ਕਰੇ। ਇਸ ਵਿਚ ਉਸ ਦੀ ਹੁਣ ਵੀ ਤੇ ਅਗੋਂ ਲਈ ਵੀ ਭਲਾਈ ਹੈ। ਜੇ ਮਹਾਰਾਣੀ ਅਵੱਸ਼ ਹੀ ਲੋੜਵੰਦਾਂ ਤੇ ਧਾਰਮਕ ਪੁਰਸ਼ਾਂ ਨੂੰ ਭੋਜਨ ਛਕਾਣਾ ਚਾਹਵੇ ਤਾਂ ਹਰ ਮਹੀਨੇ ਦੀ ਪਹਿਲੀ ਤਾਰੀਖ਼ ਜਾਂ ਕਿਸੇ ਹੋਰ ਨਿਯਤ ਦਿਨ ਇਹ ਕੰਮ ਕਰੇ। ਮਤਲਬ ਕਿ ਮਹਾਰਾਣੀ ਮਹਾਰਾਜਾ ਰਣਜੀਤ ਸਿੰਘ ਦੇ ਪੂਰਨਿਆਂ ਉੱਤੇ ਟੁਰੇ।"

ਅਗੇ ਜਾ ਕੇ ਲਾਰੰਸ ਨੇ ਜਿੰਦ ਕੌਰ ਨੂੰ ਲਿਖਿਆ :—

"ਜੇ ਕਿਸੇ ਸਰਦਾਰ ਨੂੰ ਮਹਾਰਾਣੀ ਦੇ ਬਣਦੇ ਫਬਦੇ ਸਨਮਾਨ ਲਈ ਜਾਂ ਕਿਸੇ ਵਿਚਾਰ ਲਈ, ਉਹਦੇ ਨਾਲ ਮੁਲਾਕਾਤ ਦੀ ਲੋੜ ਪਵੇ ਤਾਂ ਮਹਾਰਾਣੀ ਨੂੰ ਉਹਦੇ ਨਾਲ ਇਸਤਰੀਆਂ ਵਾਂਗ ਨਿਮਰਤਾ ਤੇ ਸਹਿਣਸ਼ੀਲਤਾ ਨਾਲ ਮਿਲਣਾ ਚਾਹੀਦਾ ਹੈ। ਕਿਸੇ ਇਕ ਮਹੀਨੇ ਵਿਚ ਪੰਜ ਜਾਂ ਛੇ ਸਰਦਾਰ ਇਕੱਠਿਆਂ ਮਹਾਰਾਣੀ ਨੂੰ ਨਾ ਮਿਲਣ। ਇਹਨਾਂ ਸਰਦਾਰਾਂ ਨੂੰ ਮਿਲਣ ਵੇਲੇ ਮਹਾਰਾਣੀ ਨੂੰ ਜੋਧਪੁਰ, ਜੈਪੁਰ ਤੇ ਨੈਪਾਲ ਦੀਆਂ ਰਾਜਕੁਮਾਰੀਆਂ ਵਾਂਗ ਪਰਦੇ ਵਿਚ ਜਾ ਕੇ ਮਿਲਣਾ ਚਾਹੀਦਾ ਹੈ।"

ਮਹਾਰਾਣੀ ਨੇ ਉੱਤਰ ਵਿਚ ਲਿਖਿਆ :

"ਮੈਂ ਤੁਹਾਡਾ ਖ਼ਤ ਸ਼ੁਰੂ ਤੋਂ ਅਖ਼ੀਰ ਤਕ ਪੜ੍ਹਿਆ। ਆਪ ਨੇ ਲਿਖਿਆ ਹੈ ਕਿ ਮੈਨੂੰ ਰਾਜ ਕਾਜ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਸਰਕਾਰ ਅੰਗਰੇਜ਼ੀ ਤੇ ਸਿੱਖ ਰਾਜ ਵਿਚ ਪੁਰਾਣੀ ਮਿੱਤਰਤਾ ਨੂੰ ਸਾਹਮਣੇ ਰਖਦਿਆਂ ਤੇਅ

ਹੋਇਆ ਸੀ, ਕਿ ਰਾਜ ਧਰੋਹੀ ਕਰਮਚਾਰੀਆਂ ਨੂੰ ਦਬਾਣ ਬਦਲੇ ਤੇ ਮਹਾਰਾਜੇ ਦੀ, ਮੇਰੀ ਤੇ ਜਨਤਾ ਦੀ ਰੱਖਿਆ ਲਈ, ਕੁਝ ਅੰਗਰੇਜ਼ੀ ਸੈਨਾ ਤੇ ਕਰਮਚਾਰੀ ਲਾਹੌਰ ਵਿਚ ਰਹਿਣ। ਪਰ ਉਸ ਵੇਲੇ ਇਹ ਗੱਲ ਤੈਅ ਨਹੀਂ ਸੀ ਹੋਈ ਕਿ ਰਾਜ ਕਾਜ ਨਾਲ ਮੇਰਾ ਕਿਸੇ ਤਰ੍ਹਾਂ ਦਾ ਵੀ ਸੰਬੰਧ ਨਹੀਂ ਹੋਵੇਗਾ। ਸਗੋਂ ਇਹ ਗੱਲ ਪੱਕੀ ਹੋਈ ਸੀ ਕਿ ਰਾਜ ਪ੍ਰਬੰਧ ਵਿਚ ਮੇਰੇ ਕਰਮਚਾਰੀਆਂ ਦੀ ਸਲਾਹ ਲਈ ਜਾਵੇ। ਜਦੋਂ ਤਕ ਦਲੀਪ ਸਿੰਘ ਪੰਜਾਬ ਦਾ ਮਹਾਰਾਜਾ ਹੈ ਮੈਂ ਪੰਜਾਬ ਦੀ ਸਰਪਰੱਸਤ ਮਹਾਰਾਣੀ ਹਾਂ। ਫੇਰ ਵੀ ਜੇ ਰਾਜ ਦੀ ਭਲਾਈ ਲਈ ਨਵੀਂ ਸੰਧੀ ਅਨੁਸਾਰ ਕੋਈ ਪ੍ਰਬੰਧ ਕੀਤਾ ਗਿਆ ਤਾਂ ਮੈਂ ਉਸ ਵਿਚ ਵੀ ਰਾਜ਼ੀ ਹੋਵਾਂਗੀ।

"ਆਪਣੀ ਡੂਢ ਲੱਖ ਦੀ ਪੈਨਸ਼ਨ ਬਾਰੇ ਮੈਂ ਸਿਰਫ਼ ਇਨਾਂ ਹੀ ਕਹਿਣਾ ਚਾਹੁੰਦੀ ਹਾਂ ਕਿ ਹੁਣ ਇਸ ਮਸਲੇ ਉੱਤੇ ਬਹਿਸ ਬੇਅਰਥ ਹੈ। ਕਾਰਨ ਕਿ ਮਨੁੱਖ ਉੱਤੇ ਜਿਵੇਂ ਪਵੇ ਉਸੇ ਤਰ੍ਹਾਂ ਸਹਿ ਲੈਂਦਾ ਹੈ ਤੇ ਆਪਣੇ ਦਿਨ ਕੱਟ ਲੈਂਦਾ ਹੈ...।

"ਸਰਦਾਰਾਂ ਨੂੰ ਇਕਾਂਤ ਵਿਚ ਮਿਲਣ ਬਾਰੇ ਦਿਤੀ ਸਲਾਹ ਦੇ ਉੱਤਰ ਵਿਚ ਮੈਂ ਦਸਣਾ ਚਾਹੁੰਦੀ ਹਾਂ ਕਿ ਦਰ ਅਸਲ ਮੈਂ ਸਿਰਫ਼ ਇਕ ਦੋ ਵਾਰ ਦੋ ਚਾਰ ਸਰਦਾਰਾਂ ਨੂੰ ਬੁਲਾਇਆ ਹੈ। ਇਕ ਵਾਰ ਮੈਂ ਉਹਨਾਂ ਨੂੰ ਸਲਾਹ ਦਿਤੀ ਸੀ ਕਿ ਪਰਮੇਂ ਦੇ ਲਾਹੌਰ ਆਉਣ ਵਿਚ ਕੋਈ ਭਲਾਈ ਨਹੀਂ ਤੇ ਦੂਜੀ ਵਾਰ ਮੈਂ ਉਹਨਾਂ ਨਾਲ ਮਹਾਰਾਜੇ ਦੇ ਖ਼ਰਚ ਬਾਰੇ ਵਿਚਾਰ ਕੀਤੀ ਸੀ। ਇਸ ਤੋਂ ਬਿਨਾਂ ਕਦੀ ਕਦੀ ਸਰਦਾਰ ਤੇਜ ਸਿੰਘ ਜਾਂ ਦੀਵਾਨ ਦੀਨਾ ਨਾਥ ਨੂੰ ਸੱਦ ਲੈਂਦੀ ਹਾਂ। ਅਗੋਂ ਆਪ ਦੀ ਸਲਾਹ ਅਨੁਸਾਰ ਪੰਜ ਛੇ ਸਰਦਾਰ ਹੀ ਸਦਿਆ ਕਰਾਂਗੀ।

"ਆਪ ਨੇ ਪੰਜਾਹ ਬ੍ਰਾਹਮਣਾਂ ਨੂੰ ਭੋਜਨ ਛਕਾਉਣ ਬਾਰੇ ਲਿਖਿਆ ਹੈ। ਇਸ ਬਾਬਤ ਮੈਂ ਐਨਾ ਹੀ ਆਖਣਾ ਹੈ ਕਿ ਧਰਮ ਰੀਤੀ ਅਨੁਸਾਰ ਇਹ ਇਕ ਮਾਮੂਲੀ ਕੰਮ ਹੈ। ਜਿਸ ਦਿਨ ਤੋਂ ਆਪ ਦੀ ਚਿੱਠੀ ਮਿਲੀ ਹੈ ਮੈਂ ਇਹ ਰੀਤੀ ਛਡ ਦਿਤੀ ਹੈ। ਅਗੋਂ ਲਈ ਮੈਂ ਆਪ ਦੇ ਨਿਯਤ ਕੀਤੇ ਸਮਿਆਂ ਉੱਤੇ ਹੀ ਪੁੰਨ ਦਾਨ ਕਰਿਆ ਕਰਾਂਗੀ।

"ਪਰਮ-ਮੰਡਲ ਦੇ ਭੋਜਨ ਬਾਰੇ ਵੀ ਮੈਂ ਇਹੋ ਆਖਣਾ ਹੈ ਕਿ ਉਹ ਬੜਾ ਪਵਿੱਤਰ ਮੰਨਿਆ ਜਾਂਦਾ ਹੈ। ਤੇ ਇਹ ਭੋਜਨ ਸ਼ੁਰੂ ਤੋਂ ਸਾਡੀ ਰੀਤੀ ਰਹੀ ਹੈ।

"ਤੁਸੀਂ ਕਹਿੰਦੇ ਹੋ ਕਿ ਤੁਸੀਂ ਪੰਜਾਬ ਵਿਚ ਸੁਖ ਵਰਤਾਣ ਤੇ ਮਹਾਰਾਜਾ ਰਣਜੀਤ ਸਿੰਘ ਦੇ ਮਾਨ ਦੀ ਰੱਖਿਆ ਦੇ ਜ਼ਿਮੇਵਾਰ ਹੋ। ਸਾਡੇ ਆਦਰ ਸਤਿਕਾਰ ਲਈ ਅੰਗਰੇਜ਼ੀ ਸਰਕਾਰ ਜੋ ਕੁਝ ਵੀ ਉਪਾਅ ਕਰੇ, ਉਸ ਲਈ, ਅਸੀਂ ਉਹਨਾਂ ਦੇ ਧੰਨਵਾਦੀ ਹੋਵਾਂਗੇ।

"ਆਪ ਨੇ ਜੋਧਪੁਰ, ਜੈਪੁਰ ਤੇ ਨੈਪਾਲ ਦੀਆਂ ਰਾਜਕੁਮਾਰੀਆਂ ਵਾਂਗ ਮੈਨੂੰ ਵੀ ਪਰਦੇ ਵਿਚ ਰਹਿਣ ਲਈ ਕਿਹਾ ਹੈ। ਇਸ ਸੰਬੰਧ ਵਿਚ ਮੈਂ ਆਖਣਾ ਚਾਹੁੰਦੀ ਹਾਂ ਕਿ ਉਹ ਰਾਜਕੁਮਾਰੀਆਂ ਰਾਜ ਪ੍ਰਬੰਧ ਵਿਚ ਕੋਈ ਹਿੱਸਾ ਨਹੀਂ ਲੈਂਦੀਆਂ ਤੇ ਇਸ ਲਈ ਉਹਨਾਂ ਦਾ ਪਰਦੇ ਵਿਚ ਰਹਿਣਾ ਆਸਾਨ ਹੈ। ਉਹਨਾਂ ਦੇ ਰਾਜਾਂ ਵਿਚ ਦੇਸ਼ੋ-ਸੇਵਕ, ਬੁੱਧੀਮਾਨ ਤੇ ਇਤਬਾਰੀ ਕਰਮਚਾਰੀ ਆਪਣੀ ਜਾਨ ਤੋਂ ਪਹਿਲੇ ਆਪਣੇ ਰਾਜ ਦੀ ਭਲਿਆਈ ਨੂੰ ਰਖਦੇ ਹਨ। ਪਰ ਏਥੇ", ਮਹਾਰਾਣੀ ਨੇ ਲਾਰੰਸ ਨੂੰ ਸੁਣਾਇਆ, "ਜਿਸ ਦੇਸ਼-ਪਿਆਰ ਨਾਲ ਕਰਮਚਾਰੀ ਕੰਮ ਕਰ ਰਹੇ ਹਨ, ਉਹ ਤੁਹਾਡੇ ਕੋਲੋਂ ਗੁੱਝਾ ਨਹੀਂ।"

"ਆਪ ਇਸ ਗੱਲ ਉੱਤੇ ਭਰੋਸਾ ਰਖੋ ਕੇ ਕੋਈ ਓਪਰਾ ਆਦਮੀ ਮੇਰੇ ਮਹੱਲਾਂ ਵਿਚ ਨਹੀਂ ਆਉਂਦਾ ਤੇ ਨਾ ਹੀ ਕਦੀ ਆਵੇਗਾ। ਤਾਂ ਵੀ, ਮੇਰੀ ਤੁਹਾਡੇ ਅਗੇ ਪ੍ਰਾਰਥਨਾ ਹੈ ਕਿ ਤੁਸੀਂ ਕੁਝ ਅਜਿਹੇ ਇਤਬਾਰੀ ਸਰਦਾਰ ਨਿਯਤ ਕਰ ਦੇਵੋ ਜੋ ਤੁਹਾਨੂੰ ਇਸ ਸੰਬੰਧ ਵਿਚ ਖ਼ਬਰਾਂ ਪਹੁੰਚਾਂਦੇ ਰਹਿਣ...।

"ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਮਿੱਤਰਤਾ ਪਾ ਗਏ ਹਨ। ਇਸ ਦਾ ਫਲ ਮੈਂ ਤੇ ਬਾਲਕ ਮਹਾਰਾਜਾ, ਦੋਵੇਂ ਭੁਗਤ ਰਹੇ ਹਾਂ। ਜਦੋਂ ਕਦੀ ਲੋੜ ਸਮਝੋ ਤਾਂ ਮੈਨੂੰ ਸਿਖਿਆ ਦੇਣ ਤੋਂ ਨਾ ਉਕਣਾ।"

ਇਸ ਚਿੱਠੀ ਤੋਂ ਪ੍ਰਤੱਖ ਸੀ ਕਿ ਰਾਣੀ ਜਿੰਦ ਕੌਰ ਆਪਣੇ ਇਰਾਦਿਆਂ ਨੂੰ ਨਹੀਂ ਛਡੇਗੀ। ਉਹ ਆਪਣੇ ਹੱਕਾਂ ਨੂੰ ਤਿਲਾਂਜਲੀ ਨਹੀਂ ਦੇਵੇਗੀ। ਉਹ ਆਪਣੇ ਦੇਸ਼ ਤੇ ਆਪਣੀ ਪਰਜਾ ਨਾਲ ਧੋਖਾ ਨਹੀਂ ਕਰੇਗੀ। ਉਹ ਆਪਣੇ ਤੇ ਆਪਣੀ ਪਰਜਾ ਦੇ ਹਿੱਤਾਂ ਵਾਸਤੇ ਲੜੇਗੀ। ਉਹ ਆਪਣਾ ਸਿਰ ਉੱਚਾ ਰਖੇਗੀ।

Scanned by CamScanner

ਇਕ ਹੋਰ ਚਿੱਠੀ ਵਿਚ ਉਸ ਲਾਰੰਸ ਨੂੰ ਲਿਖਿਆ : "ਸਿਰਫ਼ ਤਿੰਨ ਜਾਂ ਚੌਰ ਰਾਜ ਧੜੇਬੰਦੀਆਂ ਨੂੰ ਆਪਣੀ ਬੁੱਕਲ ਵਿਚ ਪਾਲੇ ਤੇ ਬਾਕੀ ਸਾਰੇ ਪੰਜਾਬ ਨੂੰ, ਉਹਨਾਂ ਦੀ ਆਖੀ ਉੱਤੇ, ਤਲਵਾਰ ਦੇ ਘਾਟ ਉਤਾਰ ਦਿਓ।"

ਇਕ ਦਿਨ ਉਸ ਲਾਰੰਸ ਨੂੰ ਕਿਹਾ : "ਤੁਸੀਂ ਸਿੱਖ ਰਾਜ ਨੂੰ ਚੋਰੀ ਛੁੱਪੀਂ ਤੇ ਅਣ-ਸੋਂਹਦੇ ਤਰੀਕਿਆਂ ਰਾਹੀਂ ਕਿਉਂ ਆਪਣੇ ਪੇਟੇ ਪਾ ਰਹੇ ਹੋ। ਸਿੱਧੀ ਤਰ੍ਹਾਂ ਇਹ ਗੱਲ ਕਿਉਂ ਨਹੀਂ ਕਰਦੇ ?"

ਇਹਨਾਂ ਚਿੱਠੀਆਂ ਤੇ ਮਹਾਰਾਣੀ ਦੇ ਮਹਾਰਾਣੀਆਂ ਵਰਗੇ ਵਰਤਾ ਤੋਂ ਪ੍ਰਤੱਖ ਸੀ ਕਿ ਅੰਗਰੇਜ਼ ਉਹਦੇ ਨਾਲ ਜਲਦੀ ਹੀ ਕੋਈ ਅਨਿਆਂ ਕਰਨਗੇ। ਇਸ ਤੋਂ ਪਹਿਲੇ ਕਿ ਰਾਣੀ ਕਿਸੇ ਲਹਿਰ ਦੀ ਮੋਢੀ ਬਣੇ ਉਹ ਉਹਨੂੰ ਬਿੱਲੇ ਲਾਉਣ ਦੀਆਂ ਸੋਚਾਂ ਸੋਚਣ ਲਗੇ।

ਇਹ ਮੌਕਾ ਉਹਨਾਂ ਨੂੰ ਜਲਦੀ ਹੀ ਮਿਲ ਗਿਆ। ਇਕ ਪਰਮੇ ਨੇ ਸਰਦਾਰ ਤੇਜ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਕੀਤੀ। ਸਾਜ਼ਿਸ਼ ਫੜੀ ਗਈ ਤੇ ਰੈਜ਼ੀਡੈਂਟ ਨੇ ਜਿੰਦ ਕੌਰ ਨੂੰ ਵੀ ਇਸ ਸਾਜ਼ਿਸ਼ ਦਾ ਭਾਗ ਦਰਸਾਇਆ। ਫਿਰ ਅੰਗਰੇਜ਼ਾਂ ਨੇ ਸਰਦਾਰ ਤੇਜ ਸਿੰਘ ਨੂੰ "ਰਾਜੇ" ਦਾ ਖ਼ਿਤਾਬ ਦੇਣ ਦਾ ਫ਼ੈਸਲਾ ਕੀਤਾ। ਭਰੇ ਦਰਬਾਰ ਵਿਚ ਮਹਾਰਾਜੇ ਦਲੀਪ ਸਿੰਘ ਹੱਥੀਂ ਉਹਦੇ ਮੱਥੇ ਉੱਤੇ ਤਿਲਕ ਲਗਣਾ ਸੀ। ਜਿੰਦ ਕੌਰ ਨੇ, ਪੁੱਤਰ ਨੂੰ, ਇਸ ਦੇਸ਼ ਧਰੋਹੀ ਦੇ ਮੱਥੇ ਉੱਤੇ ਟਿੱਕਾ ਲਾਣ ਤੋਂ ਵਰਜਿਆ :

"ਇਹ ਟਿੱਕਾ ਮੇਰੇ ਪੁੱਤਰ ! ਸਿਰਫ਼ ਉਹਨਾਂ ਦੇ ਮਸਤਕਾਂ ਉੱਤੇ ਸੋਭਿਆ ਹੈ ਜਿਨ੍ਹਾਂ ਨੇ ਪੰਥ ਤੇ ਦੇਸ਼ ਦੀ ਬੇ-ਓੜਕ ਸੇਵਾ ਕੀਤੀ ਹੈ। ਗ਼ੱਦਾਰਾਂ ਤੇ ਵਿਸ਼ਵਾਸ ਘਾਤੀਆਂ ਦੇ ਮਸਤਕਾਂ ਉੱਤੇ ਨਹੀਂ। ਤੇਜ ਸਿੰਘ ਦੇ ਮੱਥੇ ਉੱਤੇ ਤਾਂ ਕਲੰਕ ਦਾ ਟਿੱਕਾ ਲਗਣਾ ਚਾਹੀਦਾ ਹੈ।

ਦਲੀਪ ਸਿੰਘ ਮਾਂ ਦੀ ਗੱਲ ਕਿਵੇਂ ਮੋੜਦਾ ?

ਲਾਰਡ ਡਲਹੌਜ਼ੀ ਨੂੰ ਪਤਾ ਲਗਾ ਤਾਂ ਉਸ ਇਕ ਪੱਤਰ ਵਿਚ ਲਿਖਿਆ : "...ਮੁਕਦੀ ਗੱਲ ਕਿ ਰਾਣੀ ਮਹਾਰਾਜੇ ਨੂੰ ਅੰਗਰੇਜ਼ਾਂ ਦੀ ਵਿਰੋਧਤਾ ਵਿਚ ਪੱਕਿਆਂ ਕਰਦੀ ਜਾਂਦੀ ਹੈ। ਮੈਂ ਲਾਰੰਸ ਨਾਲ ਗੁਪਤ ਚਿੱਠੀ ਪੱਤਰ ਕਰ ਰਿਹਾ ਹਾਂ ਤੇ ਮੈਨੂੰ ਹੋਰ ਕੋਈ ਰਾਹ ਨਹੀਂ ਲਭਦਾ ਸਿਵਾਏ ਇਸ ਦੇ ਕਿ ਮਹਾਰਾਣੀ ਨੂੰ ਲਾਹੌਰੋਂ ਕੱਢ ਦਿਤਾ ਜਾਏ। ਜਿਉਂ ਜਿਉਂ ਦਲੀਪ ਸਿੰਘ ਵਡਾ ਹੁੰਦਾ ਜਾਂਦਾ ਹੈ ਸਾਡਾ ਫ਼ਰਜ਼ ਬਣਦਾ ਜਾਂਦਾ ਹੈ ਕਿ ਅਸੀਂ ਉਹਨੂੰ ਮਹਾਰਾਣੀ ਦੀਆਂ ਖੋਟੀਆਂ ਸਲਾਹਾਂ ਤੋਂ ਬਚਾਈਏ...।"

ਅੰਗਰੇਜ਼ ਕਰਮਚਾਰੀਆਂ ਦਾ ਦਿਲ ਸੀ ਕਿ ਮਹਾਰਾਣੀ, ਦਲੀਪ ਸਿੰਘ ਨੂੰ, ਅੰਗਰੇਜ਼ਾਂ ਤਾਈਂ ਆਪਣਾ ਅੰਨ ਦਾਤਾ ਸਮਝਣ ਦੀਆਂ ਮੱਤਾਂ ਦੇਵੇ। ਕਿ ਮਹਾਰਾਣੀ ਦਲੀਪ ਸਿੰਘ ਦੀ ਜ਼ਹਿਨੀਅਤ ਗ਼ੁਲਾਮਾਨਾ ਬਣਾਵੇ। ਇਹ ਜਿੰਦ ਕੌਰ ਕਰ ਨਹੀਂ ਸੀ ਸਕਦੀ। ਉਹ ਤਾਂ ਸਗੋਂ ਆਖਦੀ :

"ਦਲੀਪ ! ਤੂੰ ਉਸ ਲਾਸਾਨੀ ਪਿਤਾ ਦਾ ਪੁੱਤਰ ਹੈਂ ਜਿਹਨੇ ਆਪਣੀ ਜ਼ਿੰਦਗੀ ਵਿਚ ਵਡਿਆਂ ਵਡਿਆਂ ਦੇ ਸਿਰ ਨਿਵਾਏ। ਤੇਰੇ ਲਾਸਾਨੀ ਪਿਤਾ ਵਰਗਾ ਕਿਥੇ ਸੀ ਕੋਈ ਪਲੱਥੇਬਾਜ਼। ਕਿਥੇ ਜੰਮਿਆਂ ਸੀ ਕੋਈ ਬਾਹਸਵਾਰ। ਕਿਸ ਤੱਕਿਆ ਸੀ ਉਹਦੇ ਜਿਹਾ ਤੇਜ ਤੇ ਜਲਾਲ ? ਪੁੱਤਰ ਤੇਰੇ ਪਿਤਾ ਨੂੰ ਵੇਖਦਿਆਂ ਭੁੱਖਾਂ ਲਹਿੰਦੀਆਂ ਸਨ। ਉਹਦੀ ਇਕ ਦੀਦ ਤੋਂ ਪਰਜਾ ਆਪਣਾ ਤਨ ਮਨ ਧਨ ਵਾਰਦੀ ਸੀ।"

ਨੌਂ ਕੁ ਸਾਲਾਂ ਦਾ ਯੁਵਕ ਦਲੀਪ ਮਾਂ ਦੀਆਂ ਗੱਲਾਂ ਸੁਣਦਾ, ਉਹਦੇ ਵਲ ਵੇਖਦਾ। ਉਹਦੇ ਵਲ ਵੇਖਦਾ ਕਿ ਆਪਣੇ ਪਿਤਾ ਵਲ ਵੇਖਦਾ ? ਉਹ ਆਪਣੀ ਮਾਂ ਦੇ ਚਿਹਰੇ ਮੋਹਰੇ ਵਿਚੋਂ ਆਪਣੇ ਪਿਤਾ ਦਾ ਆਕਾਰ ਢੂੰਡਦਾ ਲਗਦਾ। ਸਿਰਫ਼ ਮਾਂ ਹੀ ਨਹੀਂ ਕੁਲ ਦੁਨੀਆਂ ਉਹਦੇ ਪਿਓ ਦੀਆਂ ਗੱਲਾਂ ਕਰਦੀ ਸੀ। ਕੁਲ ਦੁਨੀਆਂ ਸਵਾਸ ਸਵਾਸ ਉਹਦੇ ਪਿਓ ਨੂੰ ਯਾਦ ਕਰਦੀ। ਉਹਦੇ ਵਲ ਅਜਬ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦੀ ਸੀ। ਬਾਲਕ ਦਲੀਪ ਸੋਚਦਾ...ਪਰ ਉਹਦੀਆਂ ਸੋਚਾਂ ਦਾ ਕੋਈ ਕਿਨਾਰਾ ਨਾ ਹੁੰਦਾ।

ਦਲੀਪ ਸੋਹਣਾ ਸੀ। ਰੰਗ ਚਿੱਟਾ, ਸਰੀਰ ਪਤਲਾ, ਧਰ ਲੰਮਾ, ਮੂਹ ਗੋਲ, ਨੱਕ ਤਿੱਖਾ, ਬੁੱਲ੍ਹ ਮਹੀਨ। ਜਿਹੜਾ ਸੇਵਕ ਵੀ ਉਹਦੇ ਸਿਰ ਉੱਤੇ ਪੱਗ ਬੰਨ੍ਹਦਾ, ਕਲਗੀ ਸਜਾਂਦਾ, ਕਪੜੇ ਪਹਿਨਾਂਦਾ ਉਹੋ ਹੀ ਉਹਦੇ ਵਲ ਚਕ੍ਰਿਤ ਨਜ਼ਰਾਂ ਨਾਲ ਤੱਕਦਾ। ਕਦੀ ਕਦੀ ਦਲੀਪ ਖਿੱਝ ਪੈਂਦਾ ਤੇ ਉਹਨਾਂ ਕੋਲੋਂ ਪੁੱਛਦਾ ਕਿ ਉਹ ਕਿਉਂ ਸਦਾ ਉਹਦੇ ਵਲ ਘੂਰਦੇ

Scanned by CamScanner

ਹੰਏ ਤੱਕਦੇ ਹਨ ? ਕਦੀ ਕਦੀ ਉਹ ਸੇਵਕਾਂ ਕੋਲੋਂ ਆਪਣੇ ਪਿਤਾ ਬਾਰੇ ਵੀ ਪੁੱਛਦਾ । ਕਦੀ ਕਦੀ ਉਹ ਚਿੰਤਾਤੁਰ ਹੋ ਕੇ ਆਖਦਾ : "ਹੁਣ ਕੀ ਹੋਵੇਗਾ ?" ਕਦੀ ਕਦੀ ਉਹ ਮਾਂ ਤੋਂ ਇਲਾਵਾ ਇਹਨਾਂ ਸੇਵਕਾਂ ਅਗੇ ਵੀ ਅੰਗਰੇਜ਼ਾਂ ਦੇ ਵਿਰੁਧ ਆਪਣੇ ਦਿਲ-ਵਿਚ ਉੱਠਦੀ ਨਫ਼ਰਤ ਦਾ ਪ੍ਰਗਟਾ ਕਰਦਾ ।

ਕਦੀ ਕਦੀ ਸੇਵਕ ਰੋ ਪੈਂਦੇ । ਜਦੋਂ ਦਲੀਪ ਪੁੱਛਦਾ ਤਾਂ ਉਹ ਕੁਝ ਨਾ ਬੋਲਦੇ । ਉਹਦੇ ਗੁੱਸੇ ਹੋਣ ਉੱਤੇ ਉਹ ਆਖਦੇ : "ਮਹਾਰਾਜਾ ਸਾਹਿਬ ! ਕਾਸ਼ ਕਦੀ ਸਰਕਾਰ ਅਜ ਜੀਉਂਦੇ ਹੁੰਦੇ ।"

ਦਲੀਪ ਆਪਣੀ ਮਾਂ ਕੋਲੋਂ ਪੁੱਛਦਾ ਕਿ ਕੁਲ ਦੁਨੀਆਂ ਉਹਦੇ ਪਿਤਾ ਨੂੰ ਸਰਕਾਰ ਕਿਉਂ ਬੁਲਾਂਦੀ ਹੈ ? ਨਾਂ ਕਿਉਂ ਨਹੀਂ ਲੈਂਦੀ ? ਜਿੰਦ ਕੌਰ ਦੀਆਂ ਅੱਖਾਂ ਵਿਚ ਅੱਥਰੂ ਭਰ ਆਉਂਦੇ ਤੇ ਉਹ ਕੁਝ ਉੱਤਰ ਨਾ ਦੇਂਦੀ । ਉਹ ਇਸ ਗੱਲ ਦਾ ਕੀ ਕਾਰਨ ਦੱਸਦੀ ? ਕੁਲ ਪੰਜਾਬ, ਸਣੇ ਪਿਸ਼ਾਵਰ ਤੇ ਖ਼ੈਬਰ, ਹਜ਼ਾਰੇ ਤੇ ਕਾਬਲ ਦੇ ਪਠਾਣਾਂ ਦੇ ਰਣਜੀਤ ਸਿੰਘ ਨੂੰ ਸਰਕਾਰ ਕਹਿ ਕੇ ਬੁਲਾਂਦੇ ਤੇ ਸਰਕਾਰ ਕਹਿ ਕੇ ਉਹਦੇ ਬਾਰੇ ਗੱਲਾਂ ਕਰਦੇ । ਜਿੰਦ ਕੌਰ ਸ਼ਾਇਦ ਜਾਣਦੀ ਸੀ ਇਸ ਰਾਜ਼ ਨੂੰ, ਪਰ ਉਹ ਦਲੀਪ ਨੂੰ ਕਿਵੇਂ ਸਮਝਾਂਦੀ ।

ਸਮੇਂ ਸਮੇਂ ਦਲੀਪ ਆਪਣੀ ਮਾਂ ਨਾਲ ਕੋਹਨੂਰ ਬਾਬਤ ਗੱਲ ਕਰਦਾ : "ਇਸ ਹੀਰੇ ਵਿਚ ਕੀ ਹੈ ਮਾਂ ? ਅੰਗਰੇਜ਼ ਇਹਦੇ ਪਿਛੇ ਕਿਉਂ ਪਾਗਲ ਹੋਏ ਫਿਰਦੇ ਹਨ ?"

ਦਲੀਪ ਨੂੰ ਉਹ ਦਿਨ ਯਾਦ ਆਉਂਦਾ ਜਦੋਂ ਅਜ ਤੋਂ ਕੋਈ ਡੇਢ ਵਰ੍ਹਾ ਪਹਿਲੇ ਅੰਗਰੇਜ਼ ਲਾਹੌਰ ਆਏ ਸਨ । ਦਰਬਾਰ ਸਜਿਆ ਹੋਇਆ ਸੀ । ਉਹ ਆਪਣੀ ਸ਼ਾਹੀ ਪੋਸ਼ਾਕ ਵਿਚ ਸਿੰਘਾਸਨ ਉੱਤੇ ਬੈਠਾ ਸੀ । ਉਹਦੇ ਇਕ ਪਾਸੇ ਉਹਦੇ ਆਪਣੇ ਸਰਦਾਰ ਸਨ ਤੇ ਦੂਜੇ ਪਾਸੇ ਅੰਗਰੇਜ਼ ਕਰਮਚਾਰੀ । ਉਸ ਵੇਲੇ ਟੂੰਡੇ ਲਾਟ ਨੇ ਕੋਹੇਨੂਰ ਵੇਖਣ ਦੀ ਚਾਹ ਪ੍ਰਗਟ ਕੀਤੀ ਸੀ । ਗੁਲਾਬ ਸਿੰਘ ਇਹ ਹੀਰਾ ਲਿਆਇਆ । ਟੂੰਡੇ ਲਾਟ ਨੇ ਅਤਿ ਗਹੁ ਨਾਲ ਵੇਖਿਆ । ਫਿਰ ਆਪਣੇ ਸਾਥੀਆਂ ਨੂੰ ਵਿਖਾਇਆ ਤੇ ਫਿਰ ਮੁਸਕਰਾਂਦਿਆਂ ਦਲੀਪ ਦੇ ਭੋਲੇ ਨਾਲ ਬੰਨ੍ਹ ਦਿਤਾ ।

ਜਿੰਦ ਕੌਰ ਕਹਿੰਦੀ, "ਦਲੀਪ ! ਇਸ ਹੀਰੇ ਦਾ ਮੋਲ ਦੁਨੀਆਂ ਵਿਚ ਹੋਰ ਕੋਈ ਨਹੀਂ । ਬੜੇ ਚਿਰਾਂ ਤੋਂ ਅੰਗਰੇਜ਼ਾਂ ਦੀ ਇਸ ਉੱਤੇ ਨਜ਼ਰ ਹੈ । ਇਹ ਹੀਰਾ ਉਹ ਆਪਣੀ ਮਲਕਾ ਦੇ ਤਾਜ ਵਿਚ ਟੁੰਗਣਾ ਚਾਹੁੰਦੇ ਹਨ, ਪਰ ਨਹੀਂ ! ਇਉਂ ਨਹੀਂ ਹੋਵੇਗਾ । ਕਦੀ ਨਹੀਂ ਹੋਵੇਗਾ । ਜਦੋਂ ਤਕ ਮੈਂ ਜ਼ਿੰਦਾ ਹਾਂ ਇਉਂ ਨਹੀਂ ਹੋਵੇਗਾ । ਤੇ ਜਦੋਂ ਮੈਂ ਨਾ ਰਹੀ ਜ਼ਿਮੇਂਵਾਰੀ ਤੇਰੀ ਹੋਵੇਗੀ ।"

ਕਦੀ ਕਦੀ ਦਲੀਪ ਆਪਣੀ ਮਾਂ ਦੀ ਚੁੱਪ ਤੇ ਉਹਦੇ ਉਦਾਸ ਰਹਿਣ ਦਾ ਕਾਰਨ ਪੁੱਛਦਾ । ਮਾਂ ਆਖਦੀ : "ਇਹ ਰਾਜ ਤੇਰੇ ਪਿਤਾ ਨੇ ਬੜੀਆਂ ਮੁਸ਼ਕਲਾਂ ਨਾਲ ਬਣਾਇਆ ਸੀ । ਇਸ ਰਾਜ ਵਿਚ ਅਨੇਕਾਂ ਨੇ ਸ਼ਹੀਦੀਆਂ ਪਾਈਆਂ । ਅਨੇਕਾਂ ਨੇ ਅਨੇਕ ਤਸੀਹੇ ਜਰੇ । ਅਜ ਚਾਰ ਵਿਸ਼ਵਾਸ ਘਾਤੀ ਇਸ ਮਹਾਨ ਰਾਜ ਨੂੰ ਅੰਗਰੇਜ਼ਾਂ ਹੱਥ ਵੇਚਣ ਵਿਚ ਸਫ਼ਲ ਹੋ ਗਏ ਹਨ । ਤੂੰ ਹੀ ਦਸ ਕੀ ਮੈਂ ਉਦਾਸ ਨਾ ਹੋਵਾਂ ?"

ਕਦੀ ਕਦੀ ਉਹ ਆਖਦੀ, "ਦਲੀਪ ! ਮੇਰਾ ਕੋਈ ਵਿਸਾਹ ਨਹੀਂ । ਮੇਰੀਆਂ ਕੋਸ਼ਿਸ਼ਾਂ ਅਸਫ਼ਲ ਜਾ ਰਹੀਆਂ ਹਨ । ਜਿਹੜੇ ਮਨੁੱਖ ਸਰਕਾਰ ਦੇ ਜੀਂਦਿਆਂ ਸਾਡੇ ਪੈਰ ਧੋ ਧੋ ਪੀਂਦੇ ਸਨ ਉਹ ਅੱਜ ਅੱਖ ਨਹੀਂ ਮਿਲਾਂਦੇ । ਆਪਣੀਆਂ ਜਾਗੀਰਾਂ ਦੀ ਬਰਕਰਾਰੀ ਦੇ ਲਾਲਚ ਨੇ ਇਹਨਾਂ ਨੂੰ ਅੰਨ੍ਹਾ ਕਰ ਦਿਤਾ ਹੈ । ਮੈਨੂੰ ਸਮਝ ਨਹੀਂ ਆਉਂਦੀ ਮੈਂ ਕੀ ਕਰਾਂ । ਪਰ ਹਰ ਹਾਲਤ ਵਿਚ ਮੇਰੇ ਦਲੀਪ, ਤੂੰ ਆਪਣੇ ਫ਼ਰਜ਼ ਨਹੀਂ ਭੁੱਲਣੇ । ਜਦੋਂ ਮੈਂ ਤੇਰੇ ਕੋਲ ਨਾ ਵੀ ਹੋਵਾਂ ਤਾਂ ਵੀ ਤੂੰ ਫ਼ਰੰਗੀਆਂ ਅਗੇ ਆਪਣੀ ਹਾਰ ਨਹੀਂ ਮੰਨਣੀ । ਉਹਨਾਂ ਅਗੇ ਆਪਣਾ ਸਿਰ ਨਹੀਂ ਨਿਵਾਣਾ । ਇਕ ਸਿੱਖ ਦਾ ਸਿਰ ਸਿਰਫ਼ ਗੁਰੂ ਗ੍ਰੰਥ ਸਾਹਿਬ ਅਗੇ ਝੁਕਦਾ ਹੈ । ਇਹ ਦੇਸ਼ ਸਾਡਾ ਹੈ ਫ਼ਰੰਗੀਆਂ ਦਾ ਨਹੀਂ । ਇਸ ਦੇਸ਼ ਵਾਸਤੇ ਅਸੀਂ ਆਪਣੀਆਂ ਜਾਨਾਂ ਵਾਰ ਦਿਆਂਗੇ ਪਰ ਇਹਨੂੰ ਬਦੇਸ਼ੀਆਂ ਹੱਥ ਆਉਣ ਨਹੀਂ ਦੇਣਾ...।"

ਇਸ ਤਰ੍ਹਾਂ ਦੇ ਮਾਹੌਲ ਵਿਚ ਦਲੀਪ ਵਡਾ ਹੋ ਰਿਹਾ ਸੀ । ਕਦੀ ਕਦੀ ਉਹ ਆਪਣੀ ਸ਼ਾਹਾਨਾ ਆਣ ਬਾਣ ਵਿਚ ਆਪਣੇ ਆਪ ਨੂੰ ਮਹਾਰਾਜਾ ਸਮਝਦਾ । ਉਦੋਂ ਉਹਦਾ ਚਿਹਰਾ ਖਿੜਿਆ ਹੁੰਦਾ । ਉਹ ਆਪਣੇ ਕੱਦ ਨਾਲੋਂ ਦੋ ਗਿੱਠਾਂ ਵਡਾ ਲਗਦਾ । ਕਦੀ ਦਲੀਪ ਦਾ ਚਿਹਰਾ ਮੁਰਝਾਇਆ ਹੁੰਦਾ । ਉਦੋਂ ਉਹਨੂੰ ਆਪਣਾ ਅਣਵੇਖਿਆ ਪਿਤਾ ਯਾਦ ਆ ਰਿਹਾ ਹੁੰਦਾ । ਕੁਲ ਪੰਜਾਬ ਵਾਂਗ ਉਹ ਵੀ ਮਹਿਸੂਸ ਕਰਦਾ ਜਾਪਦਾ ਕਿ ਕੀ ਸੀ ਤੇ ਕੀ ਹੋ ਗਿਆ । ਇਕ ਸਰਕਾਰ ਬਾਝੋਂ

Scanned by CamScanner

ਫੁੱਲਵਾੜੀ ਕਿਵੇਂ ਉਜੜ ਗਈ।

ਕਦੀ ਕਦੀ ਦਲੀਪ ਸੁੱਤਾ ਸੁੱਤਾ ਤ੍ਰਭਕ ਪੈਂਦਾ। ਉਹਦੀ ਨੀਂਦਰ ਖੁਲ੍ਹ ਜਾਂਦੀ। ਉਹ ਆਪਣੀ ਮਾਂ ਦੇ ਪਲੰਘ ਕੋਲ ਜਾਂਦਾ। ਉਹਨੂੰ ਉਠਾਂਦਾ। ਜਿੰਦ ਕੌਰ ਚੌਂਕ ਕੇ ਉੱਠਦੀ।

"ਮਾਂ ਜੀ! ਮੈਨੂੰ ਇੰਜ ਲਗਾ ਸੀ ਜਿਵੇਂ ਤੁਸੀਂ ਮੈਨੂੰ ਛਡ ਕੇ ਚਲੇ ਗਏ ਹੋ ਤੇ ਮੈਂ ਫ਼ਰੰਗੀਆਂ ਤੇ ਵਿਸ਼ਵਾਸਘਾਤੀ ਸਰਦਾਰਾਂ ਦੇ ਮੱਧ ਵਿਚ ਇਕੱਲਾ ਰਹਿ ਗਿਆ ਹਾਂ। ਮਾਤਾ ਜੀ! ਤੁਸੀਂ ਮੈਨੂੰ ਇਕੱਲਿਆਂ ਨਾ ਛਡ ਜਾਣਾ। ਅਗੇ ਪਿਤਾ ਜੀ ਟੁਰ ਗਏ ਹਨ ਤੇ ਹੁਣ ਤੁਸੀਂ ਵੀ...।"

ਜਿੰਦ ਕੌਰ ਵੀ ਦਲੀਪ ਨੂੰ ਘੁਟ ਕੇ ਆਪਣੀ ਛਾਤੀ ਨਾਲ ਲਾ ਲੈਂਦੀ, "ਤੂੰ ਮੇਰੀ ਜਾਨ ਹੈਂ ਦਲੀਪ! ਤੂੰ ਮੇਰੇ ਪ੍ਰਾਣ ਹੈਂ ਮੇਰੇ ਪੁੱਤਰਾ, ਮੈਂ ਤੈਨੂੰ ਛਡ ਕੇ ਕਿਥੇ ਜਾ ਸਕਦੀ ਹਾਂ। ਇਹ ਦੇਸ਼ ਸਾਡਾ ਹੈ। ਫ਼ਰੰਗੀਆਂ ਦਾ ਨਹੀਂ। ਰਾਜ ਧਰੋਹੀਆਂ ਨੂੰ ਰੱਬ ਲਵੇਗਾ। ਤੂੰ ਵੇਖੀਂ...।"

ਤੇ ਫਿਰ ਜਿੰਦਾਂ ਚੁੱਪ ਕਰ ਜਾਂਦੀ। ਆਪਣੇ ਮਨ ਦੀਆਂ ਗੱਲਾਂ ਤੇ ਆਪਣੇ ਇਰਾਦੇ ਉਹ ਦਲੀਪ ਅਗੇ ਵੀ ਨਾ ਉਘਾੜਦੀ।

ਦਿਨ ਬੀਤਦੇ ਗਏ ਤੇ ਅੰਤ ਇਕ ਦਿਨ ਅਠਾਰਾਂ ਅਗਸਤ, ੧੮੪੭ ਨੂੰ ਦਰਬਾਰ ਸਜਿਆ। ਸਮਾਪਤੀ ਪਿਛੋਂ ਹੈਨਰੀ ਲਾਰੰਸ ਨੇ ਦਲੀਪ ਸਿੰਘ ਨੂੰ ਘੋੜੇ ਉੱਤੇ ਹਵਾਖ਼ੋਰੀ ਕਰਨ ਦੀ ਸਲਾਹ ਦਿਤੀ। ਗੁਲਾਬ ਸਿੰਘ ਅਟਾਰੀਵਾਲੇ ਨੂੰ ਨਾਲ ਭੇਜਿਆ।

ਦਲੀਪ ਹਵਾਖ਼ੋਰੀ ਲਈ ਟੁਰ ਪਿਆ। ਮਾਹਿਲਾਂ ਦੀ ਹਵੇਲੀ ਅਗੋਂ ਹੁੰਦੇ ਉਹ ਅੰਮ੍ਰਿਤਸਰ ਜਾਂਦੀ ਸੜਕ ਉੱਤੇ ਪੈ ਗਏ। ਵਲਾ ਛਲਾ ਕੇ ਦਲੀਪ ਨੂੰ ਸ਼ਾਲਾ ਮਾਰ ਬਾਗ਼ ਲੈ ਆਂਦਾ ਗਿਆ। ਅਗੇ ਤੰਬੂ ਸੱਜੇ ਹੋਏ ਸਨ ਤੇ ਲਾਂਗਰੀ ਪ੍ਰਸ਼ਾਦ ਤਿਆਰ ਕਰ ਰਹੇ ਸਨ।

"ਕਿਉਂ?" ਮਹਾਰਾਜੇ ਨੇ ਪੁੱਛਿਆ।

"ਅੱਜ ਰਾਤ ਏਥੇ ਹੀ ਵਿਸ਼ਰਾਮ ਕਰਾਂਗੇ..।"

ਦਲੀਪ ਦੇ ਦਿਲ ਖੁੜਕੀ। ਹੋਵੇ ਨਾ ਹੋਵੇ ਇਹ ਮਾਤਾ ਜਿੰਦ ਕੌਰ ਨਾਲੋਂ ਵਖ ਕਰਨ ਦੀਆਂ ਸਬੀਲਾਂ ਹਨ।

ਅਗਲੇ ਦਿਨ ਜਦੋਂ ਉਹ ਮਹੱਲਾਂ ਵਿਚ ਮੁੜਿਆ ਤਾਂ ਜਿੰਦ ਕੌਰ ਉੱਥੇ ਨਹੀਂ ਸੀ। ਉਹਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ ਸੀ।

ਅੰਗਰੇਜ਼ੀ ਰੈਜ਼ੀਡੈਂਟ, ਸਰ ਹੈਨਰੀ ਲਾਰੰਸ ਨੇ ਇਹ ਐਲਾਨ ਪ੍ਰਕਾਸ਼ਤ ਕੀਤਾ :

"ਲਾਹੌਰ ਦਰਬਾਰ ਦੇ ਸਰਦਾਰਾਂ, ਧਾਰਮਕ ਆਗੂਆਂ, ਬਜ਼ੁਰਗਾਂ ਤੇ ਮਹਾਰਾਜਾ ਦਲੀਪ ਸਿੰਘ ਦੀ ਪਰਜਾ ਦੇ ਗਿਆਨ ਵਾਸਤੇ ਆਮ ਐਲਾਨ :

"ਲਾਹੌਰ। ਵੀਹ ਅਗਸਤ, ੧੮੪੭। ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਵਿਚਕਾਰ ਮਿੱਤਰਤਾ ਹੋਣ ਦੇ ਕਾਰਨ, ਮਹਾਰਾਜਾ ਦਲੀਪ ਸਿੰਘ ਦੀ ਛੋਟੀ ਉਮਰ ਸਮੇਂ ਉਸ ਨੂੰ ਵਿਦਿਆ ਦੇਣ ਤੇ ਉਸ ਦੀ ਪਾਲਣਾ ਤੇ ਰੱਖਿਆ ਕਰਨ ਵਿਚ, ਗਵਰਨਰ ਜਨਰਲ ਇਕ ਪਿਤਾ ਵਰਗਾ ਸ਼ੌਕ ਰਖਦਾ ਹੈ।

"ਇਸ ਨਿਸ਼ਾਨੇ ਨੂੰ ਮੁਖ ਰਖਦਿਆਂ ਗਵਰਨਰ ਜਨਰਲ ਅਤੀ ਜ਼ਰੂਰੀ ਸਮਝਦਾ ਹੈ ਕਿ ਮਹਾਰਾਜੇ ਨੂੰ ਉਸ ਦੀ ਮਾਤਾ ਤੋਂ ਵੱਖਰਾ ਕਰ ਦਿਤਾ ਜਾਏ। ਇਸ ਸਲਾਹ ਵਿਚ ਦਰਬਾਰ ਨੇ ਸਰਬ ਸੰਮਤੀ ਪ੍ਰਗਟ ਕੀਤੀ ਹੈ। ਸੋ ਉਨ੍ਹੀ ਅਗਸਤ, ੧੮੪੭ ਨੂੰ ਮਹਾਰਾਣੀ ਨੇ ਲਾਹੌਰ ਛਡ ਦਿਤਾ ਤੇ ਉਹਨੂੰ ਸ਼ੇਖੂਪੁਰੇ ਪਹੁੰਚਾਇਆ ਗਿਆ।"

"ਇਹ ਕਦਮ ਚੁਕਣ ਦੇ ਹੇਠ ਲਿਖੇ ਕਾਰਨ ਹਨ। ਪਹਿਲਾ ਭਰੋਵਾਲ ਦੀ ਸੁਲ੍ਹਾ ਵੇਲੇ ਇਹ ਜ਼ਰੂਰੀ ਸਮਝਿਆ ਗਿਆ ਸੀ ਕਿ ਪਰਜਾ ਦੀ ਭਲਾਈ ਵਾਸਤੇ ਮਹਾਰਾਣੀ ਨੂੰ ਰਾਜਸੀ ਕੰਮਾਂ ਤੋਂ ਵਖਰਾ ਰਖਿਆ ਜਾਵੇ। ਉਸ ਨੂੰ ਵਖਰੀ ਪੈਨਸ਼ਨ ਦਿਤੀ ਗਈ ਤਾਂ ਜੋ ਉਹ ਆਪਣੀ ਰਹਿੰਦੀ ਜ਼ਿੰਦਗੀ ਇੱਜ਼ਤ ਨਾਲ ਗੁਜ਼ਾਰ ਸਕੇ। ਇਸ ਸਭ ਕੁਝ ਦੇ ਬਾਵਜੂਦ ਵੀ ਮਹਾਰਾਣੀ ਸਰਕਾਰ ਨੂੰ ਉਲਟਣ ਦੀਆਂ ਗੋਂਦਾਂ ਗੁੰਦਦੀ ਰਹੀ ਤੇ ਕਰਮਚਾਰੀਆਂ ਦੀ ਐਨੀ ਵਿਰੋਧਤਾ ਕਰਦੀ ਰਹੀ ਕਿ ਸਰਕਾਰੀ ਕੰਮਾਂ ਵਿਚ ਰੁਕਾਵਟਾਂ ਤੇ ਔਕੜਾਂ ਪੈਦਾ ਹੁੰਦੀਆਂ ਰਹੀਆਂ।

Scanned by CamScanner

"ਦੂਜਾ : ਮਹਾਰਾਜਾ ਅਜੇ ਬਾਲਕ ਹੈ ਤੇ ਉਹ ਵਡਾ ਹੋ ਕੇ ਉਹੋ ਹੀ ਬਣੇਗਾ ਜਿਹੋ ਜਿਹਾ ਕਿ ਉਸ ਨੂੰ ਬਣਾਇਆ ਜਾਵੇਗਾ । ਇਹ ਸੰਭਵ ਹੈ ਕਿ ਆਪਣੇ ਜ਼ਾਤੀ ਵਿਰੋਧ ਦੇ ਕਾਰਨ ਮਹਾਰਾਣੀ ਉਹਦੇ ਮਨ ਵਿਚ ਸੁਰਦਾਰਾਂ ਦੇ ਵਿਰੁਧ ਜ਼ਹਿਰ ਭਰਦੀ ਰਹੇ ਤੇ ਅਜਿਹੀ ਸਿਖਿਆ ਦੀ ਆਗਿਆ ਕਦਾਚਿਤ ਦਿਤੀ ਨਹੀਂ ਜਾ ਸਕਦੀ । ਮਹਾਰਾਜੇ ਦੀ ਸਿਖਿਆ, ਮਨ ਦੀ ਉਚਾਈ, ਕੁਦਰਤੀ ਵਿਗਿਆਨ ਤੇ ਮਨੁੱਖੀ ਗੁਣਾਂ ਦੇ ਆਧਾਰ ਉੱਤੇ ਹੋਣੀ ਚਾਹੀਦੀ ਹੈ ਤਾਂ ਜੋ ਇਸ ਸੰਧੀ ਦੇ ਖ਼ਤਮ ਹੋਣ ਤੇ ਮਹਾਰਾਜੇ ਤੇ ਪਰਜਾ ਦੀ ਹਰ ਸ਼ਰੇਣੀ ਵਿਚ ਅਮਨ ਕਾਇਮ ਰਹਿ ਸਕੇ । ਅਮਨ ਇਕ ਰੱਬੀ ਦਾਤ ਹੈ, ਪਰ ਜੇ ਮਹਾਰਾਜਾ ਆਪਣੀ ਮਾਂ ਕੋਲ ਰਿਹਾ ਤਾਂ ਉਹਦੇ ਕੋਲੋਂ ਅਜਿਹੀ ਆਸ ਰਖੀ ਨਹੀਂ ਜਾ ਸਕਦੀ ।

"ਤੀਜਾ : ਜਦੋਂ ਤਕ ਮਹਾਰਾਣੀ ਲਾਹੌਰ ਦੇ ਰਾਜ ਮਹੱਲ ਵਿਚ ਹੈ ਓਪਰੇ ਆਦਮੀ ਬਿਨਾਂ ਰੁਕਾਵਟ ਉਹਨੂੰ ਮਿਲ ਸਕਦੇ ਹਨ ਤੇ ਹਰ ਇਕ ਨਾਖ਼ੁਸ਼ ਬੰਦਾ — ਜਿਹੜਾ ਸਥਾਪਿਤ ਪ੍ਰਬੰਧ ਨਾਲ ਕਿਸੇ ਗਲੋਂ ਨਰਾਜ਼ ਹੈ — ਮਹਾਰਾਣੀ ਨੂੰ ਰਾਜ ਦਾ ਸਰਪਰਸਤ ਸਮਝਦਾ ਹੈ । ਇਹਨਾਂ ਆਦਮੀਆਂ ਵਿਚੋਂ ਕਈਆਂ ਨੇ ਤਾਂ ਖ਼ਾਲਸਾ ਰਾਜ ਨੂੰ ਉਲਟਣ ਦੇ ਯਤਨ ਵੀ ਕੀਤੇ ਹਨ ।

"ਪੰਜਾਬ ਰਾਜ ਦੇ ਹਰ ਮਿੱਤਰ ਨੂੰ ਖ਼ੁਸ਼ ਹੋਣਾ ਚਾਹੀਦਾ ਹੈ ਕਿ ਹਿੰਦੁਸਤਾਨ ਦਾ ਗਵਰਨਰ ਜਨਰਲ ਅਮਨ, ਦੇਸ਼ ਦੀ ਰੱਖਿਆ, ਸਰਕਾਰ ਦੀ ਸਥਿਰਤਾ ਤੇ ਮਹਾਰਾਜੇ ਤੇ ਉਸ ਦੇ ਅਹਿਲਕਾਰਾਂ ਦੀ ਇੱਜ਼ਤ ਰਖਣ ਦਾ ਦਿਲੋਂ ਚਾਹਵਾਨ ਹੈ ।"



੧੫੯

ਜਦੋਂ ਮਹਾਰਾਣੀ ਜਿੰਦ ਕੌਰ ਦੀ ਕੈਦ ਦੀ ਖ਼ਬਰ ਹਰੀਪੁਰ ਪਹੁੰਚੀ ਤਾਂ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੇ ਨੈਣ ਅੱਥਰੂਆਂ ਨਾਲ ਭਰ ਆਏ । ਆਪਣੇ ਨਿਕਟਵਰਤੀਆਂ ਨੂੰ ਉਸ ਕਿਹਾ, 'ਇਕ ਹੋਰ ਸਤਾਰਾ ਡੁੱਬ ਗਿਆ । ਇਕ ਹੋਰ ਆਸਰਾ ਖੁਸ ਗਿਆ । ਇਕ ਹੋਰ ਬਾਂਹ ਟੁੱਟ ਗਈ । ਹੁਣ...ਹੁਣ ਇਸ ਰਾਜ ਦਾ ਕੀ ਬਣੇਗਾ ?"

ਸਰਦਾਰ ਚਤਰ ਸਿੰਘ ਦੇ ਨਿਕਟਵਰਤੀਆਂ ਵਿਚ ਸ਼ਾਮਲ ਸਨ ਕਰਨੈਲ ਵਿਸਾਖਾ ਸਿੰਘ, ਸਰਦਾਰ ਅਤਰ ਸਿੰਘ, ਸਰਦਾਰ ਜੋਗਿੰਦਰ ਸਿੰਘ, ਮੀਆਂ ਮਜੀਦਖਾਨ ਭਗਤ ਦੁਨੀ ਚੰਦ ਤੇ ਅਜੀਤ ਸਿੰਘ ਮਾਹਿਲ ।

ਅਜੀਤ ਸਿੰਘ ਆਪਣੇ ਆਪ ਨੂੰ ਮਾਹਿਲ ਅਖਵਾ ਕੇ ਦਿਲ ਹੀ ਦਿਲ ਵਿਚ ਬੜਾ ਖ਼ੁਸ਼ ਹੁੰਦਾ । ਉਹਨੂੰ ਇਹ ਸ਼ਬਦ ਉਤਸ਼ਾਹ ਦੇਂਦਾ ਲਗਦਾ । ਜਦੋਂ ਕਿਸੇ ਦੇ ਮੂੰਹੋਂ ਆਪਣੇ ਵਾਸਤੇ ਉਹ ਇਹ ਸੰਬੋਧਨ ਸੁਣਦਾ ਤਾਂ ਉਹਦੇ ਸਰੀਰ ਵਿਚ ਇਕ ਖਿਰਨ ਛਿੜ ਜਾਂਦੀ ਤੇ ਪਿਛਲੀ ਡੂਢ ਸਦੀ ਦਾ ਇਤਿਹਾਸ ਉਹਦੇ ਰੋਮ ਰੋਮ ਵਿਚ ਵੱਸ ਗਿਆ ਲਗਦਾ ।

ਅਜੀਤ ਦਾ ਦਿਲ ਨਾਹਰਪੁਰ ਨਹੀਂ ਸੀ ਲਗਾ । ਹਲ ਵਾਹੁਣ ਤੋਂ ਉਹ ਰਿਹਾ ਤੇ ਹੋਰ ਕੋਈ ਆਹਰ ਨਹੀਂ ਸੀ । ਜਦੋਂ ਚਤਰ ਸਿੰਘ ਹਰੀਪੁਰ ਜਾਂਦਾ ਗੁਜਰਾਤੋਂ ਲੰਘਿਆ ਤਾਂ ਅਜੀਤ ਉਹਨੂੰ ਜਾ ਮਿਲਿਆ । ਸਰਦਾਰ ਦਲੇਰ ਸਿੰਘ ਦੇ ਪੜਪੋਤਰੇ ਨੂੰ ਵੇਖ ਕੇ ਚਤਰ ਸਿੰਘ ਨੇ ਕਿਹਾ, "ਅਜੀਤ, ਤੂੰ ਮੰਨੇਂਗਾ ਨਹੀਂ, ਪਰ ਤੈਨੂੰ ਵੇਖਦਿਆਂ ਹੀ ਮੈਨੂੰ ਦਲੇਰ ਸਿੰਘ ਯਾਦ ਆ ਜਾਂਦਾ ਹੈ । ਉਹੋ ਜਿਹੇ ਆਦਮੀ ਹੁਣ ਕਿਥੇ ਲੱਦ ਗਏ ? ਕਿਥੇ ਗਏ ਉਹ ਸਮੇਂ । ਹੁਣ ਤਾਂ ਜਿਧਰ ਵੇਖੋ ਦੇਸ਼ ਧਰੋਹੀ ਤੇ ਗ਼ੱਦਾਰ ਹੀ ਦਿਸਦੇ ਹਨ ।"

ਅਜੀਤ ਨੇ ਚਤਰ ਸਿੰਘ ਨਾਲ ਰਹਿ ਕੇ ਉਹਦੀ ਸੇਵਾ ਕਰਨ ਦੀ ਆਗਿਆ ਮੰਗੀ । ਚਤਰ ਸਿੰਘ ਹੱਸਿਆ :

Scanned by CamScanner

''ਪੁੱਤਰਾ ਇਹ ਮੇਰੀ ਇੱਜ਼ਤ ਤੇ ਹੌਸਲਾ ਅਫ਼ਜ਼ਾਈ ਹੈ। ਮਾਹਿਲ ਘਰਾਣੇ ਦਾ ਕੋਈ ਸਪੁੱਤਰ ਮੇਰੀ ਸੇਵਾ ਕਰਨਾ ਲੋੜੇ ? ਮੈਂ ਕੀ ਨਾਂਹ ਕਰ ਸਕਦਾ ਹਾਂ। ਤੁਹਾਡੇ ਤੇ ਸਾਡੇ ਘਰਾਣਿਆਂ ਦੇ ਸੰਬੰਧ ਅੱਡੇ ਪੀੜੇ ਨਹੀਂ ਸਨ ਜੋੜੇ ਤੁਹਾਡੇ ਤੇ ਨਿਹਾਲ ਸਿੰਘ ਅਟਾਰੀ ਦੇ ਸਬੰਧ, ਪਰ ਸਾਡੇ ਦਿਲ ਵਿਚ ਤੁਹਾਡੇ ਟੱਬਰ ਦੇ ਇਕ ਇਕ ਜੀਅ ਵਾਸਤੇ ਸਦਾ ਇੱਜ਼ਤ ਦੀ ਭਾਵਨਾ ਰਹੀ ਹੈ। ਹੁਣ ਸਮੇਂ ਬਦਲ ਗਏ ਹਨ। ਤੂੰ ਮੇਰੇ ਕੋਲ ਆਇਆ ਹੈਂ। ਮੈਨੂੰ ਇਸ ਵਿਚ ਆਪਣੀ ਖ਼ੁਸ਼ਕਿਸਮਤੀ ਜਾਪਦੀ ਹੈ। ਪਰ ਕੀ ਤੂੰ ਪਿਤਾ ਕੋਲੋਂ ਪੁੱਛ ਲਿਆ ਹੈ ?''

''ਕਿਉਂ ਨਹੀਂ'', ਅਜੀਤ ਨੇ ਕਿਹਾ, ''ਉਹ ਤੁਹਾਡੇ ਦਰਸ਼ਨਾਂ ਵਾਸਤੇ ਆਉਣਾ ਚਾਹੁੰਦੇ ਸਨ, ਪਰ ਗੱਡਾ ਕੋਈ ਨਹੀਂ ਸੀ ਤੇ ਬਾਪੂ ਜੀ ਕੋਲੋਂ ਪੰਧ ਕੱਟੇ ਨਹੀਂ ਜਾਂਦੇ। ਉਹ ਕਹਿੰਦੇ ਸਨ ਕਿ ਕੀ ਤੁਸੀਂ ਨਾਹਰਪੁਰ ਵਲੋਂ ਗੇੜਾ ਮਾਰ ਕੇ ਨਹੀਂ ਜਾ ਸਕਦੇ...।''

''ਕਿਉਂ ਨਹੀਂ ! ਬੇਸ਼ਕ। ਅੱਜ ਕਲ੍ਹ ਬੀਤੇ ਸਮਿਆਂ ਦੀ ਯਾਦ ਦਿਵਾਣ ਵਾਲਾ ਜਿਹੜਾ ਆਦਮੀ ਵੀ ਦਿਸੇ ਮੈਂ ਤਾਂ ਉਹਨੂੰ ਸੌ ਵਲੇ ਪਾ ਕੇ ਮਿਲਦਾ ਹਾਂ।''

ਸਰਦਾਰ ਚਤਰ ਸਿੰਘ ਨਾਹਰਪੁਰ ਹੋ ਕੇ ਹਜ਼ਾਰੇ ਆਇਆ ਤੇ ਹੌਲੀ ਹੌਲੀ ਉਹਦੇ ਤੇ ਅਜੀਤ ਵਿਚਕਾਰ ਨੇੜਤਾ ਵਧਦੀ ਗਈ। ਕਿਹੜਾ ਆਦਮੀ ਬੱਚਿਆਂ ਤੇ ਨੌਜਵਾਨਾਂ ਦਾ ਸਾਥ ਨਹੀਂ ਮੰਗਦਾ ? ਖ਼ਾਸ ਕਰ ਕੇ ਉਹ ਬਿਰਧ ਜਿਸ ਦਾ ਜੀ ਉਦਾਸ ਹੋਵੇ, ਜਿਨੂੰ ਆਪਣੀ ਜ਼ਿੰਦਗੀ ਅਕਾਰਥ ਗਈ ਦਿਸਦੀ ਹੋਵੇ। ਚਤਰ ਸਿੰਘ ਦੇ ਦਿਲ ਵਿਚ ਇਕ ਚੋਰ ਸੀ। ਉਹਨੂੰ ਲਗਦਾ ਸੀ ਕਿ ਉਹਨੇ ਸਿੱਖ ਪੰਥ ਤੇ ਮਹਾਰਾਜਾ ਰਣਜੀਤ ਸਿੰਘ ਦੇ ਟੱਬਰ ਨਾਲ ਨਿਆਂ ਨਹੀਂ ਕੀਤਾ। ਉਹਨੂੰ ਪੰਥ ਤੇ ਸਰਕਾਰ ਵਲੋਂ ਇੱਜ਼ਤ ਮਿਲੀ, ਪਰ ਉਹਨੇ ਇਹਦੇ ਬਦਲੇ ਪੰਥ ਤੇ ਸਰਕਾਰ ਨੂੰ ਕੀ ਦਿਤਾ ? ਉਹਨੇ ਤੇ ਉਹਦੇ ਘਰਾਣੇ ਨੇ ਪੰਥ ਤੇ ਰਾਜ ਵਾਸਤੇ ਕੋਈ ਖ਼ਾਸ ਕੁਰਬਾਨੀਆਂ ਨਹੀਂ ਕੀਤੀਆਂ। ਅੱਜ ਜਦੋਂ ਪੰਜਾਬ ਉੱਤੇ ਅੰਗਰੇਜ਼ ਕਾਬਜ਼ ਹੋ ਰਹੇ ਸਨ ਤਾਂ ਵੀ ਖੁਲ੍ਹਮ ਖੁਲ੍ਹਾ ਰਾਣੀ ਜਿੰਦਾਂ ਨਾਲ ਮਿਲ ਕੇ ਅੰਗਰੇਜ਼ਾਂ ਨੂੰ ਘਰੋਂ ਕੱਢਣ ਦੀ ਬਜਾਏ ਉਹਦੇ ਪੁੱਤਰ ਲਾਰੰਸ ਨੂੰ ਸਹਿਯੋਗ ਦੇ ਰਹੇ ਸਨ ਤੇ ਉਸ ਆਪ ਹਜ਼ਾਰੇ ਦੀ ਗਵਰਨਰੀ ਕਬੂਲ ਕਰ ਲਈ ਸੀ। ਕਿਉਂ ?

ਵਾਰ ਵਾਰ ਉਹਨੂੰ ਆਪਣੇ ਅੰਦਰੋਂ ਕੋਈ ਆਵਾਜ਼ ਇਹ ਆਖਦੀ ਸੁਣਦੀ, ''ਚਤਰ ਸਿੰਘ ! ਅਜੇ ਵੀ ਸੰਭਲ ਜਾ। ਅਜੇ ਵੀ ਵਕਤ ਹੈ ਅੱਗਾ ਸਵਾਰਨ ਦਾ। ਜਿਸ ਪੰਥ ਨੇ ਤੈਨੂੰ ਇੱਜ਼ਤ ਬਖ਼ਸ਼ੀ ਹੈ ਉਹਦੇ ਵਾਸਤੇ ਕੋਈ ਕੁਰਬਾਨੀ ਕਰ। ਗੁਰੂ ਬਾਜਾਂ ਵਾਲੇ ਦੀਆਂ ਕਰਨੀਆਂ ਨੂੰ ਲੀਕ ਨਾ ਲਾ।''

ਕਦੀ ਕਦੀ ਚਤਰ ਸਿੰਘ ਦਾ ਜੀ ਕਰਦਾ ਕਿ ਉਹ ਸਰਦਾਰ ਲਹਿਣਾ ਸਿੰਘ ਮਜੀਠੀਏ ਵਾਂਗ ਬਨਾਰਸ ਜਾਂ ਪੰਜਾਬੋਂ ਬਾਹਰ ਕਿਸੇ ਹੋਰ ਤੀਰਥ ਅਸਥਾਨ ਉੱਤੇ ਜਾ ਰਹੇ। ''ਨਾ ਕੁਝ ਦਿਸੇਗਾ ਤੇ ਨਾ ਜੀ ਕਲਪੇਗਾ। ਨਾ ਕੋਈ ਮਿਲੇਗਾ ਤੇ ਨਾ ਸੁਣਾਂਗਾ ਪੰਜਾਬ ਦੇ ਨਿਘਰਨ ਦੀਆਂ ਸੋਅਂ। ਪਾਠ ਤੇ ਪੂਜਾ ਵਿਚ ਰਹਿੰਦੇ ਦਿਨ ਬਿਤਾ ਦਿਆਂਗਾ। ਬੜਾ ਸਵਾਦ ਲੈ ਲਿਆ ਹੈ ਜ਼ਿੰਦਗੀ ਤੇ ਦੁਨੀਆਂ ਵਿਚੋਂ...।''

ਅਜੀਤ ਉਹਦੇ ਨਿਕਟ ਆਇਆ ਤਾਂ ਉਸ ਉਹਦੇ ਨਾਲ ਆਪਣੇ ਮਨ ਦੀਆਂ ਭੜਾਸਾਂ ਕੱਢਣੀਆਂ ਆਰੰਭ ਕੀਤੀਆਂ। ਅਜੀਤ ਉਹਨੂੰ ਉਹਦੀ ਉਮਰ ਨਾਲੋਂ ਵੀ ਨਿੱਕਾ ਲਗਦਾ। ਐਨਾ ਨਿੱਕਾ ਕਿ ਜਿਵੇਂ ਉਹਦੇ ਮਨ ਦੀ ਵਿਆਕੁਲਤਾ ਸਮਝਣ ਤੋਂ ਅਸਮਰਥ ਹੋਵੇ।

ਅਜੀਤ ਤੇ ਚਤਰ ਸਿੰਘ ਦੇ ਸੰਬੰਧ ਗੂਹੜੇ ਹੋਣ ਦਾ ਇਕ ਹੋਰ ਵਡਾ ਕਾਰਨ ਅਜੀਤ ਦੇ ਆਚਰਨ ਦੀ ਦ੍ਰਿੜ੍ਹਤਾ ਸੀ। ਜਦੋਂ ਕਦੀ ਵੀ ਘੋਰ ਉਦਾਸੀ ਦੇ ਖੂਹ ਵਿਚ ਢੱਠਾ ਚਤਰ ਸਿੰਘ ਉਹਦੇ ਨਾਲ ਨਿਰਾਸ਼ਾ ਜਨਕ ਗੱਲਾਂ ਕਰਦਾ ਤਾਂ ਅਜੀਤ ਕਦੀ ਉਹਦੀ ਹਾਂ ਵਿਚ ਹਾਂ ਨਾ ਮਿਲਾਂਦਾ। ਹੋਰਨਾਂ ਵਾਂਗ ਕਦੀ ਗੱਲ ਨੂੰ ਘੁਸਾਂਦਾ ਜਾਂ ਵਲਾਂਦਾ ਵੀ ਨਾ। ਇਸ ਦੇ ਉਲਟ ਉਹ ਸਦਾ ਵਿਸ਼ਵਾਸ ਪੂਰਵਕ ਸ਼ਬਦਾਂ ਵਿਚ ਉਹਨੂੰ ਆਖਦਾ :

''ਬਾਬਾ ਜੀ ! ਮਰਨ ਤੋਂ ਪਹਿਲੇ ਬੇਬੇ ਗੁਰਮੀਤ ਨੇ ਕਿਹਾ ਸੀ ਕਿ ਰਾਤ ਸਦੀਵੀ ਨਹੀਂ ਨੌਣ ਲਗੀ। ਇਸ ਦੇਸ਼ ਵਿਚ ਅਣਗਿਣਤ ਆਪਾ ਵਾਰੂ ਨੌਜਵਾਨ ਹਨ। ਲੋੜ ਵੇਲੇ ਉਹ ਪਿਛੇ ਨਹੀਂ ਰਹਿਣ ਲਗੇ।''

ਚਤਰ ਸਿੰਘ, ਅਜੀਤ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣਦਾ ਤੇ ਫਿਰ ਜਾਣ ਕੇ, ਏਸੇ ਪਰਕਾਰ ਦੇ ਹੋਰ ਸ਼ਬਦ ਸੁਣਨ ਵਾਸਤੇ ਉਹਨੂੰ ਉਕਸਾਂਦਾ।

Scanned by CamScanner

"ਨਹੀਂ, ਪੁੱਤਰਾ ! ਮੈਨੂੰ ਤਾਂ ਚੁਫੇਰਾ ਖ਼ਾਲੀ ਦਿਸਦਾ ਹੈ। ਇਕ ਇਕ ਕਰ ਕੇ ਸਭ ਥੰਮ੍ਹ ਡਿਗਦੇ ਜਾ ਰਹੇ ਹਨ। ਹੁਣ ਵਿਸ਼ਵਾਸ ਘਾਤੀਆਂ ਤੇ ਧਾੜਵੀਆਂ ਦੇ ਦਿਨ ਹਨ।"

ਪਰ ਅਜੀਤ ਕਦੀ ਚਤਰ ਸਿੰਘ ਦੀਆਂ ਢਾਹੂ ਭਾਵਾਂ ਨਾਲ ਸਹਿਮਤ ਨਾ ਹੁੰਦਾ।

"ਨਹੀਂ, ਬਾਬਾ ਜੀ ! ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖ਼ਾਲਸੇ ਵਿਚ ਕਿੰਨੀਆਂ ਵੀ ਊਣਤਾਈਆਂ ਹੋਣ ਉਹ ਐਨਾ ਨੀਵਾਂ ਨਹੀਂ ਹੋ ਸਕਦਾ। ਬਹੁਤੇ ਗ਼ੱਦਾਰ ਪੰਜਾਬੀ ਨਹੀਂ। ਉਹ ਇਸ ਦੇਸ਼ ਨੂੰ ਆਪਣਾ ਦੇਸ਼ ਨਹੀਂ ਸਮਝਦੇ।"

ਕਦੀ ਕਦੀ ਅਜੀਤ ਸਿੰਘ ਆਖਦਾ :

"ਬਾਬਾ ਜੀ, ਤੁਹਾਨੂੰ ਇਹ ਨਿਰਾਬਾ ਸ਼ੋਭਾ ਨਹੀਂ ਦੇਂਦੀ। ਜੇ ਖ਼ੁਸੀਂ ਇਸ ਤਰ੍ਹਾਂ ਸੋਚੋਗੇ ਤਾਂ ਬਾਕੀਆਂ ਦਾ ਕੀ ਬਣੇਗਾ। ਸਾਰੇ ਪੰਥ ਦੀਆਂ ਅੱਖਾਂ ਤੁਹਾਡੇ ਵਲ ਗੱਡੀਆਂ ਹੋਈਆਂ ਹਨ।"

ਹਾਂ, ਇਹੋ ਤਾਂ ਚਿੰਤਾ ਸੀ ਚਤਰ ਸਿੰਘ ਨੂੰ। ਉਹ ਜਾਣਦਾ ਸੀ ਕਿ ਸਾਰੇ ਪੰਥ ਦੀਆਂ ਅੱਖਾਂ ਉਹਦੇ ਵਲ ਗੱਡੀਆਂ ਹੋਈਆਂ ਹਨ। ਇਸ ਪੰਥ ਵਲੋਂ ਮਿਲੇ ਵਿਸ਼ਵਾਸ ਵਾਸਤੇ ਹੀ ਤਾਂ ਉਹ ਸ਼ਰਮਿੰਦਾ ਸੀ। ਸਾਰੇ ਪੰਥ ਦੀਆਂ ਅੱਖਾਂ ਉਹਦੇ ਵਲ ਗੱਡੀਆਂ ਹੋਈਆਂ ਸਨ ਤੇ ਉਹ ਕੀ ਕਰ ਰਿਹਾ ਸੀ ਉਹਨਾਂ ਦੀਆਂ ਆਸ਼ਾਵਾਂ ਪ੍ਰਜਵੱਲਤ ਰਖਣ ਵਾਸਤੇ ?

ਅਜੀਤ ਚਤਰ ਸਿੰਘ ਦੇ ਮਨ ਵਿਚ ਵਿਚਰਦੇ ਫ਼ਰਜ਼ਾਂ ਦਾ ਸਰੀਰਕ ਰੂਪ ਸੀ। ਅਜੀਤ ਜੇ ਚਤਰ ਸਿੰਘ ਦੇ ਸਾਹਮਣੇ ਸੀ ਤਾਂ ਉਹ ਆਪਣੇ ਦਿੱਲੀ ਆਦਰਸ਼ ਭੁੱਲ ਨਹੀਂ ਸੀ ਸਕਦਾ।

ਇਉਂ ਦਿਨੋ ਦਿਨ ਬਿਰਧ ਚਤਰ ਸਿੰਘ ਤੇ ਜਵਾਨੀ ਚੜ੍ਹਦਾ ਅਜੀਤ ਇਕ ਦੂਜੇ ਦੇ ਨੇੜੇ ਆਉਂਦੇ ਗਏ। ਅਜੀਤ ਹੁਣ ਅਠਾਰਾਂ ਵਰ੍ਹਿਆਂ ਦਾ ਹੋਣ ਲਗਾ ਸੀ। ਉਹਦੀ ਮੱਸ ਫੁਟ ਆਈ ਸੀ। ਉਹਦੇ ਭਰਵੱਟਿਆਂ ਦੇ ਵਾਲ ਕਾਲੇ ਹੋ ਗਏ ਸਨ। ਉਹ ਹੁਣ ਪੱਗ ਵੀ ਅਗੇ ਨਾਲੋਂ ਵਡੀ ਬੰਨ੍ਹਣ ਲਗ ਪਿਆ, ਪਰ ਫਿਰ ਵੀ ਉਹਦੇ ਦਵਾਲੇ ਕੋਈ ਮਾਸੂਮਤਾ ਭਰਿਆ ਸੁਹਜ ਸੀ। ਇਸ ਸੁਹਜ ਨੂੰ ਹੀ ਵੇਖ ਵੇਖ ਚਤਰ ਸਿੰਘ ਰਜਦਾ ਨਾ। ਇਸ ਸੁਹਜ ਨੂੰ ਤੱਕ ਤੱਕ ਕੇ ਕਦੀ ਉਹ ਅਜੀਤ ਨੂੰ ਆਪਣੇ ਪੁੱਤਰ ਵਾਂਗ ਪਿਆਰ ਕਰਦਾ ਤੇ ਕਦੀ ਉਹਨੂੰ ਦੇਵਤਿਆਂ ਸਮਾਨ ਸਮਝ ਕੇ ਮਨ ਹੀ ਮਨ ਵਿਚ ਆਖਦਾ :

"ਇਹਨੂੰ ਆਪ ਗੁਰੂ ਨੀਲੇ ਵਾਲੇ ਨੇ ਮੇਰੇ ਕੋਲ ਪਠਾਇਆ ਹੈ। ਇਹਦੇ ਬਗ਼ੈਰ ਮੈਂ ਸ਼ਾਇਦ ਡੋਲ ਜਾਂਦਾ। ਇਹਦੇ ਬਗ਼ੈਰ ਸ਼ਾਇਦ ਮੈਂ ਵੀ ਲਹਿਣਾ ਸਿੰਘ ਮਜੀਠੀਏ ਵਾਂਗ ਪੰਜਾਬ ਨੂੰ ਛਡ ਜਾਂਦਾ। ਇਹ ਦੇਵਤਾ ਸਰੂਪ ਯੁਵਕ ਮੈਨੂੰ ਆਪਣੇ ਫ਼ਰਜ਼ਾਂ, ਆਦਰਸ਼ਾਂ, ਦੇਸ਼ ਤੇ ਪੰਥ ਨਾਲ ਬੰਨ੍ਹਦਾ ਹੈ। ਇਹ ਮੇਰੀ ਮਾਨਸਕ ਠਾਹਰ ਹੈ। ਇਹਦੇ ਬਗ਼ੈਰ ਮੈਂ ਇਕੱਲਾ ਰਹਿ ਜਾਂਦਾ ! ਵੇਖੋ ਨਾ ਕਿਵੇਂ ਇਹਦੀ ਸੁਹਜ ਭਰੀ ਨੁਹਾਰ ਇਹਨਾਂ ਬਾਕੀ ਯੁਵਕਾਂ ਤੇ ਨੌਜਵਾਨਾਂ ਨਾਲੋਂ ਨਖੇੜਦੀ ਹੈ। ਜ਼ਰੂਰ ਕੋਈ ਰਾਜ਼ ਹੈ।"

ਕਈ ਗੱਲਾਂ ਵਿਚ ਹੁਣ ਚਤਰ ਸਿੰਘ ਅਜੀਤ ਦੀ ਸਲਾਹ ਲੈਂਦਾ। ਕਈ ਗੱਲਾਂ ਚਤਰ ਸਿੰਘ ਸਿਰਫ ਅਜੀਤ ਨੂੰ ਖ਼ੁਸ਼ ਕਰਨ ਵਾਸਤੇ ਕਰਦਾ। ਉਹ ਅਜੀਤ ਦੀਆਂ ਨਜ਼ਰਾਂ ਵਿਚ ਡਿਗਣਾ ਨਾ ਚਾਹੁੰਦਾ। ਬਿਰਧ ਚਤਰ ਸਿੰਘ ਨੇ ਯੁਵਕ ਅਜੀਤ ਨੂੰ ਆਪਣਾ ਆਦਰਸ਼ ਬਣਾ ਲਿਆ। ਉਹ ਇਉਂ ਉਹਦੀ ਠਾਹਰ ਬਾਂਣਆ ਕਿ ਜਦੋਂ ਅਜੀਤ ਨੇ ਘਰ ਜਾਣ ਦੀ ਛੁੱਟੀ ਮੰਗੀ ਤਾਂ ਚਤਰ ਸਿੰਘ ਦਾ ਦਿਲ ਨਾ ਮੰਨੇ। ਉਹ ਮਨ ਵਿਚ ਸੋਚੇ ਕਿ ਉਹਦੇ ਬਗ਼ੈਰ ਉਹ ਕੀ ਕਰੇਗਾ।

ਉਹ ਉਹਨੂੰ ਰੋਕਦਾ ਵੀ ਕਿੰਜ ? ਚਤਰ ਸਿੰਘ ਬਿਰਧ ਸੀ ਤੇ ਮਾਨਸਕ ਖਿਚੋਤਾਣ ਨੇ ਉਹਨੂੰ ਔਖਾ ਕੀਤਾ ਹੋਇਆ ਸੀ, ਪਰ ਫਿਰ ਵੀ ਉਹ ਐਨਾ ਜ਼ਰੂਰ ਸਮਝਦਾ ਸੀ ਕਿ ਬੁਢਾਪੇ ਨੂੰ ਬਾਲ ਵਰੇਸ ਉੱਤੇ ਬਹੁਤਾ ਹੀ ਨਿਰਭਰ ਨਹੀਂ ਹੋਣਾ ਚਾਹੀਦਾ। ਬਿਰਧ ਅਵਸਥਾ ਤੇ ਬਚਪਨ ਦੀ ਨੇੜਤਾ ਕਿਸੇ ਹੱਦ ਤਕ ਹੀ ਵਧ ਸਕਦੀ ਹੈ। ਉਸ ਤੋਂ ਅਗੇ ਬਚਪਨ ਤੇ ਨੌਜਵਾਨੀ ਬਿਰਧ ਅਵਸਥਾ ਤੋਂ ਉਪਰਾਮ ਹੋ ਜਾਂਦੇ ਹਨ। ਅੰਤ ਚਤਰ ਸਿੰਘ ਨੇ ਅਜੀਤ ਨੂੰ ਘਰ ਜਾਣ ਦੀ ਇਜਾਜ਼ਤ ਦੇ ਦਿਤੀ, ਪਰ ਉਸ ਤੋਂ ਅਗਲੇ ਹੀ ਦਿਨ ਰਾਣੀ ਜਿੰਦਾਂ ਦੀ ਕੈਦ ਦੀ ਸੋਅ ਆਈ।

ਚਤਰ ਸਿੰਘ ਤੇ ਉਹਦੇ ਨਿਕਟਵਰਤੀਆਂ ਉੱਤੇ ਉਦਾਸੀ ਛਾ ਗਈ !

"ਏਥੇ ਵੀ ਹਾਲਾਤ ਵਿਗੜਦੇ ਜਾਂਦੇ ਹਨ ਸਰਦਾਰ ਸਾਹਿਬ", ਮੀਆਂ ਮਜੀਦ ਖ਼ਾਨ ਨੇ ਕਿਹਾ, "ਮੁਸਲਮਾਨ ਗੁਮਰਾਹ ਕੀਤੇ ਜਾ ਰਹੇ ਹਨ। ਇਸ ਖ਼ਬਰ ਨੂੰ ਕੈਪਟਨ ਐਬਟ ਤੇ ਉਹਦੇ ਪਿੱਠੂ ਲੋਕਾਂ ਨੂੰ ਸਗੋਂ ਹੋਰ ਗੁਮਰਾਹ ਕਰਨ ਵਾਸਤੇ ਵਰਤਣਗੇ।"

Scanned by CamScanner

"ਮਾਂ ਕੋਲੋਂ ਪੁੱਤਰ ਨੂੰ ਇਓਂ ਵਿਛੋੜ ਕੇ ਫ਼ਰੰਗੀਆਂ ਨੇ ਚੰਗਾ ਨਹੀਂ ਕੀਤਾ । ਇਹਦੇ ਨਤੀਜੇ ਖ਼ਤਰਨਾਕ ਨਿਕਲਣਗੇ । ਪੰਜਾਬੀ ਕੌਮ ਵਿਚ ਅਜੇ ਤਕ ਦੰਮ ਹੈ" ਕਰਨੈਲ ਵਿਸਾਖਾ ਸਿੰਘ ਨੇ ਕਿਹਾ ।

"ਕੀ ਅੰਗਰੇਜ਼ ਚਾਹੁੰਦੇ ਹਨ ਕਿ ਰਾਜ ਮਾਤਾ ਮਹਾਰਾਜੇ ਨੂੰ ਗ਼ੁਲਾਮ ਰਹਿਣ ਦੀ ਤਾਲੀਮ ਦੇਵੇ ? ਕੀ ਰਾਣੀ ਆਪਣੇ ਫ਼ਰਜ਼ਾਂ ਤੋਂ ਉੱਕ ਜਾਵੇ ? ਕੀ ਉਹ ਖੁਲ੍ਹੀ ਤਰ੍ਹਾਂ ਲੰਕਾਂ ਨੂੰ ਮਿਲੇ ਵੀ ਨਾ ? ਫ਼ਰੰਗੀ ਤਾਂ ਉਹਨੂੰ ਬੁਰਕਾ ਪਹਿਨ ਕੇ ਰਹਿਣ ਲਈ ਆਖਦੇ ਹਨ । ਕੋਈ ਕੀ ਕਰੇ ।" ਅਤਰ ਸਿੰਘ ਨੇ ਕਿਹਾ ।

"ਸਾਫ਼ ਦਿਸਦਾ ਹੈ ਕਿ ਰਾਜ ਮਾਤਾ ਨੇ ਰੈਜ਼ੀਡੈਂਟ ਦੀ ਪਹਿਲੀ ਚਿੱਠੀ ਵਿਚ ਦਿਤੀਆਂ ਸਲਾਹਾਂ ਉੱਤੇ ਅਮਲ ਨਹੀਂ ਕੀਤਾ ਹੋਣਾ !" ਸਰਦਾਰ ਜੋਗਿੰਦਰ ਸਿੰਘ ਬੋਲਿਆ ।

"ਤੇ ਕਿਉਂ ਕਰੇ ?" ਚਤਰ ਸਿੰਘ ਨੇ ਰੋਸ ਭਰੇ ਲਹਿਜੇ ਵਿਚ ਕਿਹਾ : "ਉਹ ਰੈਜ਼ੀਡੈਂਟ ਜਾਂ ਗਵਰਨਰ ਜਨਰਲ ਦੀ ਗ਼ੁਲਾਮ ਨਹੀਂ । ਉਹ ਇਸ ਦੇਸ਼ ਦੀ ਮਹਾਰਾਣੀ ਹੈ ਤੇ ਬੁਰਕਾ ਉਹਦੇ ਧਰਮ ਵਿਚ ਵਿਵਰਜਤ ਹੈ । ਉਹ ਜਿਹਨੂੰ ਚਾਹੇ ਮਿਲ ਸਕਦੀ ਹੈ । ਮੈਨੂੰ ਦਿਸ ਰਿਹਾ ਹੈ ਕਿ ਫ਼ਰੰਗੀ ਨਿਤਾ ਪ੍ਰਤੀ ਸੁਲ੍ਹਾ ਦੀਆਂ ਸ਼ਰਤਾਂ ਤੋਂ ਅਗੇ ਹੀ ਅਗੇ ਵਧਦੇ ਜਾਂਦੇ ਹਨ ।"

"ਏਥੇ ਹੀ ਵੇਖੋ !" ਭਗਤ ਦੁਨੀ ਚੰਦ ਨੇ ਕਿਹਾ ।

"ਏਥੇ ਹੀ ਨਹੀਂ ਤੁਸੀਂ ਸ਼ਾਇਦ ਬੰਨ੍ਹੂ ਦੀ ਵਾਰਤਾ ਨਹੀਂ ਸੁਣੀ", ਮੀਆਂ ਮਜੀਦ ਖ਼ਾਨ ਬੋਲਿਆ, "ਉੱਥੇ ਐਡਵਰਡ ਨੇ ਕਬਾਇਲੀਆਂ ਨੂੰ ਸਲਾਹ ਦਿਤੀ ਹੈ ਕਿ ਜੇ ਉਹ ਅੰਗਰੇਜ਼ਾਂ ਦੇ ਮਿੱਤਰ ਬਣ ਕੇ ਰਹਿਣਗੇ ਤਾਂ ਹੌਲੀ ਹੌਲੀ ਸਿੱਖਾਂ ਨੂੰ ਏਸ ਇਲਾਕੇ ਵਿਚੋਂ ਬੇਦਖ਼ਲ ਕਰ ਦਿਤਾ ਜਾਵੇਗਾ ।"

"ਇਹੋ ਅਫ਼ਵਾਹ ਮੈਂ ਐਬਟ ਬਾਰੇ ਸੁਣੀ ਹੈ । ਉਹਨੇ ਆਖਿਆ ਹੈ ਕਿ ਜੇ ਤੁਸੀਂ ਸਰਦਾਰ ਚਤਰ ਸਿੰਘ ਦਾ ਸਾਥ ਨਹੀਂ ਦਿਓਗੇ ਤਾਂ ਉਹ ਸਰਕਾਰ ਅੰਗਰੇਜ਼ੀ ਕੋਲੋਂ ਦੋ ਸਾਲਾਂ ਦਾ ਮੁਆਮਲਾ ਮੁਆਫ਼ ਕਰਵਾ ਦੇਵੇਗਾ ।" ਸਰਦਾਰ ਅਤਰ ਸਿੰਘ ਨੇ ਦਸਿਆ ।

"ਸੱਚ !" ਚਤਰ ਸਿੰਘ ਨੇ ਪੁੱਛਿਆ ।

"ਏਸੇ ਤਰ੍ਹਾਂ ਹੀ ਸੁਣਿਆ ਹੈ, ਸਰਦਾਰੇ ਸਾਹਿਬ, ਪਰ ਕੋਈ ਕਾਰਵਾਈ ਕਰਨ ਤੋਂ ਪਹਿਲੇ ਗੱਲ ਪੱਕੀ ਕਰ ਲੈਣੀ ਚੰਗੀ ਹੋਵੇਗੀ ।" ਅਤਰ ਸਿੰਘ ਨੇ ਉੱਤਰ ਦਿਤਾ ।"

"ਮੀਆਂ ਸਾਹਿਬ ! ਤੁਸੀਂ ਇਸ ਦਾ ਪੱਕਾ ਪਤਾ ਕਰੋ । ਇਹ ਗੱਲ ਸੱਚੀ ਨਿਕਲੀ ਤਾਂ ਮੈਂ ਐਬਟ ਵਿਰੁਧ ਸਖ਼ਤ ਕਾਰਵਾਈ ਕਰਾਂਗਾ । ਮੈਂ ਇਸ ਇਲਾਕੇ ਦਾ ਗਵਰਨਰ ਹਾਂ, ਐਬਟ ਨਹੀਂ । ਮੇਰੇ ਏਥੇ ਹੁੰਦਿਆਂ ਉਹ ਇਸ ਤਰ੍ਹਾਂ ਆਪਣੀਆਂ ਨਹੀਂ ਮੰਨਵਾ ਸਕਦਾ । ਅਗੇ ਹੀ ਉਸ ਜਾਤੀਆਂ ਨੂੰ ਆਪੋ ਵਿਚ ਪਾੜਨ ਵਾਸਤੇ ਕਈ ਚਾਲਾਂ ਚਲੀਆਂ ਹਨ...।"

ਅਜੀਤ ਸਿੰਘ ਸਾਰੇ ਸਰਦਾਰਾਂ ਵਲ ਵਾਰੋ ਵਾਰ ਵੇਖਦਾ ਤੇ ਉਹਨੂੰ ਲਗਦਾ ਕਿ ਇਹ ਹਾਲਾਤ ਬਹੁਤਾ ਚਿਰ ਤੱਗਣ ਨਹੀਂ ਲਗੇ । ਅੰਗਰੇਜ਼ ਅਣਗਿਣਤ ਵਧੀਕੀਆਂ ਕਰ ਰਹੇ ਹਨ ।

ਰਾਣੀ ਜਿੰਦਾਂ ਦੀ ਕੈਦ ਦੀ ਖ਼ਬਰ ਸੁਣ ਕੇ ਅਜੀਤ ਨੂੰ ਉਹ ਦਿਨ ਯਾਦ ਆਇਆ ਜਦੋਂ ਉਹ ਮਹਾਰਾਣੀ ਨੂੰ ਮਿਲਿਆ ਸੀ । ਦਰਅਸਲ ਉਹਦੀ ਹੀ ਜ਼ਿੱਦ ਉੱਤੇ ਇਹ ਮੁਲਾਕਾਤ ਹੋਈ ਸੀ । ਜਿੰਦ ਕੌਰ ਕੇਡੀ ਸੋਹਣੀ ਤੇ ਕੇਡੀ ਦਾਨੀ ਸੀ । ਉਹਦੀ ਝਾਲ ਝੱਲੀ ਨਹੀਂ ਸੀ ਜਾਂਦੀ । ਉਦੋਂ ਵੀ ਉਹਨੂੰ ਖ਼ਿਆਲ ਆਇਆ ਸੀ ਕਿ ਜੇ ਹੁਣ ਮਹਾਰਾਣੀ ਨੂੰ ਨਾ ਮਿਲਿਆ ਤਾਂ ਸ਼ਾਇਦ ਫਿਰ ਕਦੀ ਨਾ ਮਿਲ ਸਕੇ । ਅੱਜ ਇਹ ਗੱਲ ਸੱਚ ਨਿਕਲੀ ਹੈ ਤੇ ਅੱਜ ਉਹਨੂੰ ਲੱਗਾ ਕਿ ਹੁਣ ਉਹ ਸ਼ਾਇਦ ਕਦੀ ਮਹਾਰਾਜਾ ਦਲੀਪ ਸਿੰਘ ਨੂੰ ਵੀ ਨਾ ਮਿਲ ਸਕੇ । ਉਹਦੀ ਇਕ ਹਸਰਤ ਪੂੱਗੀ ਸੀ, ਪਰ ਇਕ ਉਹਦੇ ਦਿਲ ਵਿਚ ਅਜੇ ਤਕ ਮਚਲ ਰਹੀ ਸੀ ।

ਦਲੀਪ ਸਿੰਘ ਦਾ ਖ਼ਿਆਲ ਆਉ ਦਿਆਂ ਉਹਦਾ ਮਨ ਉਹਦੇ ਪਿਆਰ ਤੇ ਆਦਰ ਵਿਚ ਉਛਲ ਪਿਆ । ਆਪਣੀ ਮਾਤਾ ਤੋਂ ਬਿਨਾਂ ਬਾਲਕ ਮਹਾਰਾਜੇ ਦੀ ਕੀ ਹਾਲਤ ਹੋਵੇਗੀ ? ਉਹਨੂੰ ਅੰਗਰੇਜ਼ ਕੀ ਸਿਖਾਣਗੇ ਤੇ ਕੀ ਪੱਟੀਆਂ ਪੜ੍ਹਾਣਗੇ ? ਉਹ ਇਕਾ ਇਕ ਡਰਿਆ । ਕਿਤੇ ਅੰਗਰੇਜ਼ ਉਹਨੂੰ ਪਤਿਤ ਹੀ ਨਾ ਕਰ ਦੇਣ । ਈਸਾਈ ਨਾ ਬਣਾ ਲੈਣ ? ਉਹਦਾ ਜੀ ਕੀਤਾ ਕਿ ਕਾਸ਼ ਉਹ ਦਲੀਪ ਸਿੰਘ ਕੋਲ ਹੁੰਦਾ । ਜੇ ਹੋਰ ਕੁਝ ਨਹੀਂ ਤਾਂ ਇਕ ਸੇਵਕ ਦੀ ਤਰ੍ਹਾਂ ਹੀ। ਉਹ

Scanned by CamScanner

ਮਹਾਰਾਜੇ ਨੂੰ ਕੋਈ ਤਕਲੀਫ ਨਾ ਪੋਹਣ ਦੇਂਦਾ। ਉਹ ਦਲੀਪ ਸਿੰਘ ਦਾ ਸਿਦਕ ਸਦਾ ਕਾਇਮ ਰਖਦਾ। ਉਹ ਉਹਨੂੰ ਕਦੀ ਡੋਲਣ ਨਾ ਦੇਂਦਾ।

ਜਾਂ ਕਾਸ਼, ਉਸ ਸੋਚਿਆ, ਉਹਦੀ ਬੇਬੇ ਗੁਰਮੀਤ, ਐਸ ਵੇਲੇ ਮਹਾਰਾਜਾ ਦਲੀਪ ਸਿੰਘ ਕੋਲ ਹੁੰਦੀ। ਉਹਨੂੰ ਮਹਿਸੂਸ ਹੋਇਆ ਕਿ ਸਾਰੇ ਪੰਜਾਬ ਵਿਚ, ਰਾਜ ਮਾਤਾ ਤੋਂ ਪਿਛੋਂ, ਜੇ ਕੋਈ ਇਸਤਰੀ ਦਲੀਪ ਸਿੰਘ ਦੀ ਸਰਪਰਸਤ ਬਣਨ ਦੇ ਯੋਗ ਸੀ, ਤਾਂ ਉਹ ਉਹਦੀ ਬੇਬੇ ਗੁਰਮੀਤ ਹੀ ਸੀ।

ਪਰ ਗੁਰਮੀਤ ਹੁਣ ਕਿਥੇ ਸੀ? ਗੁਰਮੀਤ ਤੋਂ ਬਗ਼ੈਰ ਮਾਹਿਲ ਘਰਾਣਾ ਫਿਰ ਕਦੀ ਆਪਣੇ ਆਪ ਵਿਚ ਨਹੀਂ ਆ ਸਕੇਗਾ, ਉਸ ਸੋਚਿਆ। ਫਿਰ ਉਹਦਾ ਖ਼ਿਆਲ ਹਰਪਾਲ ਸਿੰਘ ਵਲ ਗਿਆ ਤੇ ਉੱਥੋਂ ਦਲੇਰ ਸਿੰਘ ਤੇ ਜਾਂਬਾਜ਼ ਸਿੰਘ ਵਲ...। ਕੀ ਸੀ ਤੇ ਕੀ ਹੋ ਗਿਆ, ਉਸ ਸੋਚਿਆ...।

੧੫੯

ਨਾਹਰਪੁਰ, ਗੁਜਰਾਤ ਦੇ ਲਹਿੰਦੇ ਵਲ, ਇਕ ਨਿੱਕਾ ਪਰ ਪੁਰਾਣਾ ਪਿੰਡ ਸੀ। ਏਥੋਂ ਦੇ ਸੌ ਕੁ ਵਰ੍ਹਿਆਂ ਦੇ ਇਕ ਬਿਰਧ ਵਸਨੀਕ ਨੂੰ ਉਹ ਸਮਾਂ ਯਾਦ ਸੀ ਜਦੋਂ ਲਾਹੌਰ ਤੋਂ ਪਿਸ਼ਾਵਰ ਜਾਂਦੀ ਜਰਨੈਲੀ ਸੜਕ ਇਸ ਪਿੰਡ ਵਿਚੋਂ ਲੰਘਿਆ ਕਰਦੀ ਸੀ। ਉਹ ਦਸਦਾ ਕਿ ਇਹ ਕੋਈ ਸੱਤਰ ਅੱਸੀ ਵਰ੍ਹੇ ਦੀ ਗੱਲ ਹੈ। ਉਹ ਇਹ ਵੀ ਦਸਦਾ ਕਿ ਨਾਹਰਪੁਰ ਕਈ ਹੋਰ ਪਿੰਡਾਂ ਦੇ ਸਨਮੁਖ ਅਨੇਕ ਵਾਰ ਵੱਸਿਆ ਤੇ ਅਨੇਕ ਵਾਰ ਉਜੜਿਆ। ਪਿੰਡ ਦੇ ਕਈ ਵਾਸੀ ਇਸ ਬੁੱਢੇ ਜਵਾਹਰ ਸਿੰਘ ਨੂੰ ਸਿਰ ਫਿਰਿਆ ਗਿਣਦੇ ਤੇ ਕਈ ਇਹਦੀਆਂ ਗੱਲਾਂ ਉੱਤੇ ਇਤਬਾਰ ਕਰਦੇ। ਪਰ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਇਹ ਪਿੰਡ ਕਦੀਮੀ ਸੀ। ਇਹਦੇ ਆਲੇ ਦੁਆਲੇ ਖਿਲਰੇ ਅਨੇਕ ਟੋਇਆਂ ਟਿੱਬਿਆਂ ਤੋਂ, ਜਿਥੇ ਕਿ ਕਦਮ ਕਦਮ ਉੱਤੇ ਅਨਗਿਣਤ ਇੱਟਾਂ, ਪੱਥਰ, ਠੀਕਰੀਆਂ ਤੇ ਰੰਗ ਬਰੰਗੇ ਮਿੱਟੀ ਦੇ ਟੁਕੜੇ ਪੈਰਾਂ ਨਾਲ ਠਿਕਦੇ, ਇਹੋ ਹੀ ਪਤਾ ਲਗਦਾ।

ਐਸ ਵੇਲੇ ਇਸ ਪਿੰਡ ਵਿਚ ਕੁਲ ਡੇਢ ਸੌ ਘਰ ਸਨ। ਪਿੰਡ ਦੇ ਆਲੇ ਦੁਆਲੇ ਲਗ ਭਗ ਅੱਧ ਗਜ਼ ਚੌੜੀ ਇਕ ਦੀਵਾਰ ਸੀ ਜਿਹੜੀ ਹੁਣ ਤਰਸਯੋਗ ਹਾਲਤ ਵਿਚ ਸੀ। ਇਸ ਦੀਵਾਰ ਵਿਚ ਅਨੇਕ ਬੁਰਜ ਸਨ ਤੇ ਇਹਨਾਂ ਬੁਰਜਾਂ ਵਿਚੋਂ ਗੋਲੀਆਂ ਚਲਾਣ ਵਾਸਤੇ ਮਘੋਰੇ। ਇਹ ਕੰਧ ਤੇ ਇਹ ਮਘੋਰੇ ਉਹਨਾਂ ਦਿਨਾਂ ਦੀ ਯਾਦ ਦਿਵਾਂਦੇ ਜਦੋਂ ਮੁਗ਼ਲਾਂ ਤੇ ਅਫ਼ਗਾਨਾਂ ਦੇ ਜ਼ੁਲਮਾਂ ਤੇ ਅਤਿਆਚਾਰਾਂ ਨੇ ਜਨਤਾ ਦਾ ਵਿਸ਼ਵਾਸ ਚੂਸ ਲਿਆ ਸੀ। ਉਹਨਾਂ ਸਮਿਆਂ ਵਿਚ ਜਿਸ ਦੀ ਲਾਠੀ ਹੁੰਦੀ ਸੀ ਉਹਦੀ ਹੀ ਭੈਂਸ। ਕਾਨੂੰਨ ਤੇ ਹੱਕ ਅਣਸੁਣੀਆ ਚੀਜ਼ਾਂ ਸਨ।

ਸਿੱਖ ਧਰਮ ਦੇ ਜਵਾਨੀ ਚੜ੍ਹਦੇ ਸਮੇਂ ਤਕ ਵੀ ਇਹੋ ਹਾਲਤ ਰਹੀ। ਜਨਤਾ ਨੂੰ ਪਤਾ ਨਾ ਲਗਦਾ ਕਿ ਉਹ ਸਿੰਘਾਂ ਦਾ ਸਾਥ ਦੇਣ ਕਿ ਅਫ਼ਗਾਨਾਂ ਜਾਂ ਦੂਜੇ ਹਾਕਮਾਂ ਦਾ। ਜੇ ਉਹ ਸਿੰਘਾਂ ਨੂੰ ਪਨਾਹ ਦੇਂਦੇ ਤਾਂ ਹਾਕਮ ਉਹਨਾਂ ਦੇ ਘਰ ਆ ਲੁਟਦੇ ਤੇ ਜੇ ਉਹ ਹਾਕਮਾਂ ਦਾ ਸਾਥ ਦੇਂਦੇ ਤਾਂ ਸਿੰਘ ਦਿਨ ਦੀਵੀਂ ਉਹਨਾਂ ਦੇ ਪਿੰਡ ਆ ਹੱਲੇ ਬੋਲਦੇ। ਪਿੰਡਾਂ ਦਵਾਲੇ ਇਹ ਬੁਰਜ ਤੇ ਇਹ ਦੀਵਾਰਾਂ ਐਨੀ ਪਨਾਹ ਨਹੀਂ ਸਨ ਦੇਂਦੀਆਂ ਜਿੰਨੀ ਕਿ ਇਹ ਪਿੰਡ ਵਾਸੀਆਂ ਨੂੰ ਕਿਸੇ ਬਚਾਅ ਦਾ ਅਹਿਸਾਸ ਦਿਵਾਂਦੀਆਂ ਸਨ। ਬਹੁਤੀਆਂ ਹਾਲਤਾਂ ਵਿਚ ਇਸ ਬਚਾਅ ਦਾ ਅਹਿਸਾਸ ਝੂਠਾ ਹੀ ਹੁੰਦਾ। ਸਿਵਾਏ ਇਕੇ ਦੁਕੇ ਡਾਕੂਆਂ ਤੇ ਧਾੜਵੀਆਂ ਦੇ ਲੋੜ ਵੇਲੇ ਕਿਸੇ ਨੂੰ ਰੋਕਿਆ ਨਾ ਜਾ ਸਕਦਾ।

Scanned by CamScanner

ਇਹ ਹੀ ਨਹੀਂ ਪੰਜਾਬ ਦੇ ਪਿੰਡਾਂ ਵਿਚ ਉੱਸਰੇ ਘਰਾਂ ਦੀਆਂ ਦੀਵਾਰਾਂ ਵੀ ਉਨ੍ਹੀਂ ਦਿਨੀਂ ਉੱਚੀਆਂ ਉੱਚੀਆਂ ਹੁੰਦੀਆਂ। ਦਰਵਾਜ਼ੇ ਮਜ਼ਬੂਤ, ਜਿਹੜੇ ਸੌਖਾ ਕੀਤਿਆਂ ਤੋੜੇ ਨਾ ਜਾ ਸਕਣ। ਜੰਦਰੇ ਵੱਡੇ ਵੱਡੇ ਤੇ ਦੋ ਦੋ ਭਤਾਂ ਵਾਲੇ, ਜਿਹੜੇ ਕਿ ਸੌਖਾ ਕੀਤਿਆਂ ਟੁੱਟ ਨਾ ਸਕਣ। ਭਾਵ ਹੁੰਦਾ ਸੀ ਕਿ ਪਹਿਲਾਂ ਤਾਂ ਸਮੁੱਚਾ ਪਿੰਡ ਹੀ ਇਕ ਕਿਲ੍ਹੇ ਸਮਾਨ ਹੋਵੇ ਤੇ ਫਿਰ ਪਿੰਡ ਦਾ ਇਕ ਇਕ ਘਰ ਇਕ ਨਿੱਕੇ ਕਿਲ੍ਹੇ ਵਾਂਗ।

ਪੰਜਾਬ ਵਿਚੋਂ ਇਹੋ ਜਿਹੀਆਂ ਬਚਾਅ-ਭਾਵਨਾਵਾਂ, ਰਣਜੀਤ ਸਿੰਘ ਦਾ ਰਾਜ ਸਥਾਪਤ ਹੋਣ ਤੋਂ ਕਈ ਸਾਲ ਪਿਛੋਂ ਦੂਰ ਹੋਣੀਆਂ ਸ਼ੁਰੂ ਹੋਈਆਂ। ਰਣਜੀਤ ਸਿੰਘ ਨੇ ਆਪਣੇ ਸਮੇਂ ਵਿਚ ਅਜਿਹੀ ਸ਼ਾਂਤੀ ਵਰਤਾਈ ਤੇ ਜ਼ਿੰਦਗੀ ਐਨੀ ਨਿਯਮਕ ਤੇ ਹੱਕ-ਹਲਾਲੀ ਹੋ ਗਈ ਕਿ ਲੋਕਾਂ ਦਾ ਮਾਨਸਕ ਡਰ ਦੂਰ ਹੋ ਗਿਆ। ਮਨੋਵਿਗਿਆਨਕ ਪੱਧੋਂ ਉਹਨਾਂ ਦਾ ਹਕੂਮਤ ਦੇ ਆਪਣੇ ਭਾਈਚਾਰੇ ਵਿਚ ਵਿਸ਼ਵਾਸ ਬੱਝ ਗਿਆ।

ਨਾਹਰਪੁਰ ਵਿਚ ਉੱਸਰੇ ਪੁਰਾਣੇ ਤੇ ਨਵੇਂ ਘਰਾਂ ਵਿਚ ਫ਼ਰਕ ਵੇਖਣ ਵਾਲਾ ਸੀ। ਕਿਥੇ ਉਹ ਘਰ ਜਿਹੜੇ ਚਾਲ੍ਹੀ ਪੰਜਾਹ ਸਾਲ ਜਾਂ ਇਸ ਤੋਂ ਪਹਿਲੇ ਉੱਸਰੇ ਤੇ ਕਿਥੇ ਉਹ ਘਰ ਜਿਹੜੇ ਸਿਰਫ਼ ਪੰਦਰਾਂ ਜਾਂ ਵੀਹ ਸਾਲ ਪੁਰਾਣੇ ਸਨ। ਪਿਛਲੇ ਤੀਹ ਚਾਲ੍ਹੀ ਸਾਲਾਂ ਤੋਂ ਪਿੰਡ ਦੇ ਦਵਾਲੇ ਉੱਸਰੀ ਦੀਵਾਰ ਦੀ ਵੀ ਮੁਰੰਮਤ ਆਦਿ ਨਹੀਂ ਸੀ ਹੋਈ। ਇਹ ਖੁਰਦੀ ਰਹੀ, ਢਹਿੰਦੀ ਰਹੀ। ਇਹ ਹੀ ਨਹੀਂ, ਹੁਣ ਤਕ ਇਸ ਦੀਵਾਰ ਦੇ ਬਾਹਰ ਵੀ ਕਈ ਘਰ ਉੱਸਰ ਚੁਕੇ ਸਨ। ਕਈ ਨਾਹਰਪੁਰ ਵਾਸੀਆਂ ਨੇ ਆਪਣੀਆਂ ਜ਼ਮੀਨਾਂ ਦੇ ਲਾਗੇ ਨਿੱਕੇ ਨਿੱਕੇ ਪਿੰਡ ਵਸਾ ਲਏ। ਹੁਣ ਇਕ ਦੂਜੇ ਦੇ ਆਸਰੇ ਦੀ ਐਨੀ ਲੋੜ ਨਹੀਂ ਸੀ ਰਹੀ। ਏਸੇ ਲਈ ਹੀ ਸ਼ਾਇਦ ਹੁਣ ਨਾਹਰਪੁਰ ਦਿਨੋ ਦਿਨ ਛੋਟਾ ਹੋ ਰਿਹਾ ਸੀ।

ਨਾਹਰਪੁਰ ਦੇ ਨੇੜੇ ਪਹੁੰਚਦਿਆਂ ਹੀ ਹਰਦਿਤ ਕੌਰ ਨੇ ਕਿਹਾ ਸੀ :

"ਸਾਡਾ ਮਾਹਿਲ ਕੁਝ ਵਰ੍ਹੇ ਪਹਿਲੇ ਸਗਵਾਂ ਇਸ ਤਰ੍ਹਾਂ ਹੀ ਲਗਦਾ ਹੋਵੇਗਾ। ਕਹਿੰਦੇ ਹਨ ਕਿ ਇਸ ਸਦੀ ਦੇ ਸ਼ੁਰੂ ਤਕ ਉਹਦੇ ਦਵਾਲੇ ਉਸਾਰੀ ਕੰਧ ਦੀ ਮੁਰੰਮਤ ਹੁੰਦੀ ਰਹੀ। ਬੇਬੇ ਗੁਰਮੀਤ ਦਸਦੀ ਹੈ ਕਿ ਸਰਦਾਰ ਦਲੇਰ ਸਿੰਘ ਨੇ ਝਿੜਕਾਂ ਦੇ ਦੇ ਕੇ ਇਹ ਕਾਰ ਬੰਦ ਕਰਵਾਈ। 'ਹੁਣ ਆਪਣਾ ਰਾਜ ਹੈ, ਉਸ ਆਖਿਆ। ਹੁਣ ਕੀ ਲੋੜ ਹੈ ਇਹਨਾਂ ਕੰਧਾਂ ਤੇ ਬੁਰਜਾਂ ਦੀ।"

ਇਹ ਹਰਦਿਤ ਕੌਰ ਉਹੋ ਸੀ ਜਿਹੜੀ ਮਾਹਿਲ ਤਾਂ ਪੰਦਰਾਂ ਵਰ੍ਹੇ ਰਹਿ ਕੇ ਵੀ ਨਹੀਂ ਭਿੱਜੀ। ਇਹੋ ਹਰਦਿਤ ਕੌਰ ਸਭ ਤੋਂ ਪਹਿਲੇ ਮਾਹਿਲ ਛੱਡਣ ਨੂੰ ਤਿਆਰ ਹੋਈ। ਮਾਹਿਲ ਵਿਚ ਇਹਦੀ ਕਿਸੇ ਨਾਲ ਨਾ ਬਣੀ। ਪਰ ਗੁਰਮੀਤ ਇਹਦੇ ਉੱਤੇ ਮਾਨੋਂ ਜਾਦੂ ਕਰ ਗਈ। ਕੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਕੰਘੇ ਦਾ ਸਪਰਸ਼ ਸੀ? ਗੁਰਮੀਤ ਦੀ ਮ੍ਰਿਤੂ ਤੋਂ ਅਗਲੇ ਹੀ ਦਿਨ ਹਰਦਿਤ ਜਿਵੇਂ ਮਾਹਿਲ ਘਰਾਣੇ ਦੀ ਸਾਰੀ ਇੱਜ਼ਤ ਆਬਰੂ ਦੀ ਠੇਕੇਦਾਰ ਬਣ ਗਈ ਹੋਵੇ। ਉਸ ਦਿਨ ਤੋਂ ਪਿਛੋਂ, ਅੱਜ ਤਕ ਜਦੋਂ ਵੀ ਉਹ ਮਾਹਿਲ ਦਾ ਜ਼ਿਕਰ ਕਰਦੀ "ਸਾਡਾ" ਸ਼ਬਦ ਨਾਲ ਜ਼ਰੂਰ ਵਰਤਦੀ।

ਨਾਹਰਪੁਰ ਵਿਚ ਜ਼ਿੰਦਗੀ ਸ਼ੁਰੂ ਕਰਨ ਸਮੇਂ ਇਸ ਟੱਬਰ ਨੂੰ ਤਕਲੀਫ਼ ਤਾਂ ਹੋਈ, ਪਰ ਐਨੀਂ ਨਹੀਂ ਕਿ ਇਹਨਾਂ ਨੂੰ ਆਪਣੀ ਮਾਨ ਮਰਿਆਦਾ ਗਵਾਣੀ ਪੈਂਦੀ। ਸਰਦਾਰ ਪ੍ਰਤਾਪ ਸਿੰਘ ਦੇ ਨਾਂ ਲਗੀ ਜਾਗੀਰ ਉੱਤੇ ਬਹਾਦਰ ਸਿੰਘ, ਗੁਰਪਾਲ ਦਾ ਸਭ ਤੋਂ ਵਡਾ ਮਾਮਾ, ਕਾਬਜ਼ ਸੀ। ਪਿਛਲੇ ਪੰਝੀ ਸਾਲ ਤੋਂ ਹੀ ਇਹ ਭੋਇੰ ਪ੍ਰਤਾਪ ਸਿੰਘ ਦੇ ਸਹੁਰਿਆਂ ਹੱਥ ਰਹੀ ਸੀ। ਪਹਿਲੇ ਉਹਦਾ ਸਹੁਰਾ ਗ਼ਰੀਬ ਸਿੰਘ, ਉਹਦਾ ਪ੍ਰਬੰਧ ਕਰਦਾ ਤੇ ਉਹਦੀ ਮ੍ਰਿਤੂ ਪਿਛੋਂ ਇਹ ਪ੍ਰਬੰਧ ਬਹਾਦਰ ਸਿੰਘ ਨੇ ਆਪਣੇ ਹੱਥ ਲੈ ਲਿਆ।

ਜਦੋਂ ਤਕ ਦਲੇਰ ਸਿੰਘ ਜ਼ਿੰਦਾ ਰਿਹਾ ਜਾਂ ਇਉਂ ਕਹੋ ਕਿ ਜਦੋਂ ਤਕ ਲਾਹੌਰ ਵਿਚ ਮਾਹਿਲਾਂ ਦੀ ਹਵੇਲੀ ਕਾਇਮ ਰਹੀ ਗ਼ਰੀਬ ਸਿੰਘ ਤੇ ਪਿਛੋਂ ਬਹਾਦਰ ਸਿੰਘ ਸਾਲ ਵਿਚ ਇਕ ਵਾਰੀ ਜ਼ਰੂਰ ਲਾਹੌਰ ਆ ਕੇ ਜਾਗੀਰ ਦਾ ਹਿਸਾਬ ਦੇਂਦੇ ਰਹੇ। ਕਦੀ ਉਹ ਦਾਣਿਆਂ ਦੇ ਗੱਡੇ ਲਿਆਂਦੇ ਤੇ ਕਦੀ ਰੁਪਿਆਂ ਦੀਆਂ ਥੈਲ੍ਹੀਆਂ ਤੇ ਕਦੀ ਦੋਵੇਂ ਸ਼ੈਆਂ। ਦਾਣੇ ਆਉਂਦੇ ਤੇ ਮਾਹਿਲਾਂ ਦੀ ਹਵੇਲੀ ਦੇ ਭਰੇ ਭੰਡਾਰਿਆਂ ਨੂੰ ਹੋਰ ਭਰ ਦੇਂਦੇ। ਰੁਪਏ ਪੈਸੇ ਆਉਂਦੇ ਤਾਂ ਉਹ ਗੁਰਦਈ ਜਾਂ ਗੁਰਮੀਤ ਹਵੇਲੀ ਦੇ ਸਰਬ ਸਾਂਝੇ ਲੰਗਰ ਵਿਚ ਭੋਲ੍ਹ ਦੇਂਦੀਆਂ। ਦਲੇਰ ਸਿੰਘ ਤੇ ਗ਼ਰੀਬ ਸਿੰਘ ਮਿੱਤਰ ਸਨ। ਦਲੇਰ ਸਿੰਘ ਹਸਦਾ ਹਸਦਾ ਗ਼ਰੀਬ ਸਿੰਘ ਨੂੰ ਆਖਿਆ ਕਰਦਾ :

"ਨਾਂ ਤਾਂ ਮਿੱਤਰਾ ਤੇਰਾ ਗ਼ਰੀਬ ਸਿੰਘ ਹੈ, ਪਰ ਦਿਲ ਤੇਰਾ ਅਮੀਰਾਂ ਤੋਂ ਅਮੀਰ ਹੈ। ਮੈਂ ਤੈਨੂੰ ਕਿੰਨੀ ਵਾਰ

Scanned by CamScanner

ਕਿਹਾ ਹੈ ਕਿ ਤੂੰ ਇਹ ਤਕਲੀਫ਼ ਨਾ ਕਰਿਆ ਕਰ ! ਰੱਬ ਦਾ ਦਿਤਾ ਅਤਿਅੰਤ ਹੈ। ਜਦੋਂ ਲੋੜ ਪਈ ਮੈਂ ਖ਼ੁਦ ਅਖਾ ਘਲਾਂਗਾ।"

ਪਰ ਗ਼ਰੀਬ ਸਿੰਘ ਕਹਿੰਦਾ : "ਦਲੇਰ ਸਿੰਘ ! ਜਵਾਈਆਂ ਦੀ ਜਾਗੀਰ ਵਿਚੋਂ ਮੈਨੂੰ ਪੈਸਾ ਹਰਾਮ ਹੈ। ਮੈਂ ਇਹ ਭਾਰਾ ਚੁਕਿਆ ਹੈ ਕਿਉਂਕਿ ਤੂੰ ਮੈਨੂੰ ਹੁਕਮ ਕੀਤਾ ਹੈ। ਨਹੀਂ ਤਾਂ ਰੱਬ ਸੁਖ ਕਰੇ ਦੁੱਧ ਰੋਟੀ ਵਲੋਂ ਸਾਨੂੰ ਘਾਟ ਨਹੀਂ। ਵਾਹਕਾਂ ਨੂੰ ਦੇਣ ਦਵਾਣ ਪਿਛੋਂ ਜਿੰਨਾਂ ਕੁਝ ਬਚਦਾ ਹੈ ਮੈਂ ਤੈਨੂੰ ਭੇਜ ਦੇਂਦਾ ਹਾਂ।"

ਜਦੋਂ ਪ੍ਰਤਾਪ ਸਿੰਘ ਜ਼ਿੰਦਾ ਸੀ ਤਾਂ ਉਹ ਕਈ ਵਾਰ ਨਾਹਰਪੁਰ ਆਇਆ। ਦਰਅਸਲ ਉਹ ਏਥੇ ਹੀ ਵਸਣਾ ਚਾਹੁੰਦਾ ਸੀ। ਇਕ ਵਾਰ ਉਸ ਆਪਣੇ ਪਿਤਾ ਨੂੰ ਕਿਹਾ ਸੀ : "ਬਾਪੂ, ਜਿਹੜੀ ਜਾਗੀਰ ਤੂੰ ਮੇਰੇ ਨਾਂ ਲਾਈ ਹੈ ਮੈਂ ਅੰਤ ਉੱਥੇ ਹੀ ਰਹਾਂਗਾ। ਉੱਥੇ ਮੈਂ ਇਕ ਮਾਹਿਲ ਵਸਾਵਾਂਗਾ। ਇਕ ਹਵੇਲੀ ਉਸਾਰਾਂਗਾ ਜਿਹੜੀ ਮਾਹਿਲਾਂ ਦੀ ਹਵੇਲੀ ਅਖਵਾਵੇਗੀ। ਫਿਰ ਸਾਡਾ ਇਕ ਪਿੰਡ ਪੂਰਬੀ ਪੰਜਾਬ ਵਿਚ ਹੋਵੇਗਾ ਤੇ ਇਕ ਪੱਛਮੀ ਪੰਜਾਬ ਵਿਚ। ਵੇਖੀਂ, ਸਾਰੇ ਦੇਸ਼ ਵਿਚ ਸਾਡੇ ਘਰਾਣੇ ਦਾ ਜੱਸ ਗੂੰਜੇਗਾ।"

ਦਲੇਰ ਸਿੰਘ ਨੇ ਕਿਹਾ ਸੀ : "ਪੁੱਤਰ ! ਮਾਹਿਲਾਂ ਦਾ ਨਹੀਂ। ਸਾਰੇ ਪੰਜਾਬ ਵਿਚ ਜੱਸ ਖਿਲਰਨਾ ਚਾਹੀਦਾ ਹੈ ਬਾਬੇ ਨਾਨਕ ਦਾ ਤੇ ਸ਼ੇਰੇ-ਪੰਜਾਬ ਦਾ। ਅਸੀਂ ਕਿਸ ਬਾਗ਼ ਦੀ ਮੂਲੀ ਹਾਂ।"

ਫਿਰ ਪ੍ਰਤਾਪ ਸਿੰਘ ਮਰ ਗਿਆ। ਉਹਦੀ ਪਤਨੀ ਕੁਲਤਾਰ ਕੌਰ ਜਿਹੜੇ ਵਰ੍ਹੇ ਜੀਵੀ, ਮਾਹਿਲ ਹੀ ਰਹੀ, ਨਾਹਰਪੁਰ ਜਾ ਕੇ ਨਹੀਂ ਵਸੀ। ਉਸ ਕਿਹਾ : "ਇਸ ਜਾਗੀਰ ਉੱਤੇ ਮਾਹਿਲ ਉਸਾਰਨ ਵਾਲਾ ਲੱਦ ਗਿਆ। ਇਹ ਕੰਮ ਮੇਰੇ ਕੋਲੋਂ ਨਹੀਂ ਹੋ ਸਕਦਾ। ਜਦੋਂ ਗੁਰਪਾਲ ਵਡਾ ਹੋਵੇਗਾ ਤਾਂ ਵੇਖੀ ਜਾਏਗੀ।"

ਫਿਰ ਕੁਲਤਾਰ ਵੀ ਮਰ ਗਈ ਤੇ ਦਲੇਰ ਸਿੰਘ ਦਾ ਵੀ ਅੰਤ ਹੋ ਗਿਆ। ਹੌਲੀ ਹੌਲੀ ਪ੍ਰਤਾਪ ਸਿੰਘ ਦੇ ਨਾਂ ਲਗੀ ਇਸ ਜਾਗੀਰ ਨੂੰ ਮਾਹਿਲ ਭੁਲਣ ਲਗ ਪਏ। ਓਧਰ ਗ਼ਰੀਬ ਸਿੰਘ ਦੇ ਅੰਤ ਪਿਛੋਂ ਬਹਾਦਰ ਸਿੰਘ ਦਾ ਹੌਲੀ ਹੌਲੀ ਲਾਹੌਰ ਜਾਣਾ ਬੰਦ ਹੋ ਗਿਆ।

ਏਧਰ ਕੁਝ ਵਰ੍ਹੇ ਹੋਰ ਠਹਿਰ ਕੇ ਲਾਹੌਰ ਵਿਚੋਂ ਮਾਹਿਲਾਂ ਦੀ ਹਵੇਲੀ ਸਮੇਟੀ ਗਈ ਤੇ ਫਿਰ ਨਾਹਰਪੁਰ ਨਾਲ ਨਾਤਾ ਅਸਲੋਂ ਹੀ ਟੁੱਟ ਗਿਆ। ਗੁਰਪਾਲ, ਮਾਹਿਲ ਪਿੰਡ ਨਾਲ ਤੇ ਗੁਰਮੀਤ ਨਾਲ ਐਨਾ ਬੱਝਾ ਹੋਇਆ ਸੀ ਕਿ ਉਹਨੂੰ ਨਾਹਰਪੁਰ ਜਾਣ ਦਾ ਕਦੀ ਖ਼ਿਆਲ ਹੀ ਨਹੀਂ ਸੀ ਆ ਸਕਦਾ। ਇਕ ਮਾਹਿਲ ਲਾਹੌਰ ਦੇ ਨੇੜੇ ਸੀ, ਅੰਮ੍ਰਿਤਸਰ ਦੇ ਨੇੜੇ ਸੀ ਤੇ ਠੇੜੇ ਸੀ ਇਹ ਅੰਗਰੇਜ਼ੀ ਸਲਤਨੱਤ ਤੇ ਸਿੱਖ ਸਲਤਨੱਤ ਦੀ ਹੱਦ ਤੋਂ। ਇਹ ਹੱਦ ਦਿਨੋ ਦਿਨ ਮਹੱਤਵਸ਼ਾਲੀ ਹੋ ਰਹੀ ਸੀ ਤੇ ਗੁਰਪਾਲ ਸਿੰਘ ਵਰਗੇ ਮਾਹਿਲ ਘਰਾਣੇ ਦੇ ਜੀਅ ਲੋੜ ਪਿਆਂ ਇਸ ਹੱਦ ਤੋਂ ਦੂਰ ਨਹੀਂ ਸਨ ਹੋਣਾ ਚਾਹੁੰਦੇ।

ਵਰ੍ਹੇ ਬੀਤਦੇ ਗਏ ਤੇ ਅੰਗਰੇਜ਼ਾਂ ਤੇ ਸਿੰਘਾਂ ਦੀ ਤਲਵਾਰ ਠਹਿਕੀ। ਮੁਦਕੀ, ਫੇਰੂ ਸ਼ਹਿਰ ਤੇ ਅੰਤ ਸਭਰਾਂਵਾਂ ਨੇ ਫ਼ਰੰਗੀਆਂ ਨੂੰ ਲਾਹੌਰ ਪਹੁੰਚਾ ਦਿਤਾ। ਸਿੱਖ ਸਲਤਨੱਤ ਦਾ ਅੰਤ ਹੋ ਗਿਆ। ਪੰਜਾਬ ਦੇ ਸਮਾਜਕ ਤੇ ਆਰਥਕ ਹਾਲਾਤ ਵਿਚ ਤਬਦੀਲੀ ਆਉਣ ਲਗੀ। ਟੱਬਰ ਆਪੋ ਵਿਚ ਪਾਟਣ ਲਗੇ। ਭਰਾਤਰੀਭਾਵ ਤੇ ਮਿਤ੍ਰਤਾਵਾਂ ਖਿੰਡਰਨ ਲਗੀਆਂ। ਤੇ ਆਖ਼ਿਰ ਮਾਹਿਲ ਘਰਾਣਾ ਵੀ ਖੇਰੂੰ ਖੇਰੂੰ ਹੋ ਗਿਆ।

ਗੁਰਪਾਲ ਆਪਣੀ ਪਤਨੀ ਤੇ ਚਾਰ ਪੁੱਤਰਾਂ ਨਾਲ ਨਾਹਰਪੁਰ ਵਲ ਆਇਆ।

ਇਹ ਉਮੀਦ ਕਰਨੀ ਕਿ ਉਹਦੇ ਮਾਸੇ ਉਹਨੂੰ ਖੁਲ੍ਹੇ ਹੱਥੀਂ ਮਿਲਣ, ਜ਼ਿਆਦਤੀ ਹੋਵੇਗੀ। ਸ਼ਾਇਦ ਕੋਈ ਆਦਮੀ ਵੀ ਐਨਾ ਅਲਗ਼ਰਜ਼ ਤੇ ਆਪਾ ਵਾਰੂ ਨਹੀਂ ਹੋ ਸਕਦਾ। ਬਹਾਦਰ ਸਿੰਘ ਤੇ ਉਹਦੇ ਭਰਾਵਾਂ ਨੂੰ ਲਗਾ ਸੀ ਕਿ ਮਾਹਿਲ ਆਪਣੀ ਜਾਗੀਰ ਭੁਲ ਗਏ ਹਨ। ਉਹਨਾਂ ਨੂੰ ਲਗਾ ਸੀ ਕਿ ਇਹ ਭੋਇੰ ਵੀ ਉੱਨੀ ਹੀ ਉਹਨਾਂ ਦੀ ਹੈ ਜਿੰਨੀ ਕਿ ਉਹਨਾਂ ਦੀ ਆਪਣੀ ਜੱਦੀ ਜਾਇਦਾਦ, ਪਰ ਅੱਜ ਉਹਨਾਂ ਨੂੰ ਇਸ ਭੋਇੰ ਤੋਂ ਵਖਰਾ ਹੋਣਾ ਪਿਆ। ਇਹ ਆਸਾਨ ਨਹੀਂ ਸੀ ਤੇ ਗੁਰਪਾਲ ਵੀ ਇਹ ਮੁਸ਼ਕਲ ਸਮਝਦਾ ਸੀ। ਮਾਹਿਲੋਂ ਟੁਰਨ ਤੋਂ ਪਹਿਲੇ ਬਹਾਦਰ ਸਿੰਘ ਨੂੰ ਸੁਨੇਹੇ ਜ਼ਰੂਰ ਘਲੇ ਗਏ, ਪਰ ਉਹਨਾਂ ਸੁਨੇਹਿਆਂ ਦਾ ਕੀ ਲਾਭ ਹੋ ਸਕਦਾ ਸੀ ? ਗੱਲ ਦਾ ਫ਼ੈਸਲਾ ਤਾਂ ਮੂਹੋਂ ਮੂੰਹ ਹੀ ਹੋਣਾ ਸੀ।

ਇਹ ਯੋਗ ਸਮਝਿਆ ਗਿਆ ਕਿ ਸਿੱਧੇ ਨਾਹਰਪੁਰ ਜਾਣ ਦੀ ਬਜਾਏ ਪਹਿਲੇ ਚਿਮਣੀਵਾਲੇ ਜਾਇਆ ਜਾਏ। ਠਰ੍ਹੰਮੇ ਤੇ ਸਿਆਣਪ ਨਾਲ ਅਗੇ ਵਧਣਾ ਜ਼ਰੂਰੀ ਸੀ। ਇਸ ਤੋਂ ਇਲਾਵਾ ਹਰਦੀਪ ਦੀ ਵੀ ਜ਼ਿੱਦ ਸੀ ਕਿ ਉਹ ਸਾਰੇ ਪਹਿਲੇ

Scanned by CamScanner

ਚਿਮਣੀਵਾਲੇ ਚੱਲਣ ਸੀ। ਬੜੀ ਕਰੁਣਾਮਈ ਹਾਲਤ ਸੀ ਹਰਦੀਪ ਦੀ! ਮਾਂ ਨੂੰ ਲੈਣ ਗਿਆ ਉਹ ਉਹਨੂੰ ਰਾਹ ਵਿਚ ਹੀ ਗੁਆ ਬੈਠਾ। ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ, ਕਿਵੇਂ ਆਪਣੇ ਗਮ ਨੂੰ ਕਾਬੂ ਕਰੇ। ਗੁਰਪਾਲ ਤੇ ਹਰਦਿਤ ਦਾ ਜੀ ਵੀ ਪਹਿਲੇ ਉਹਦੇ ਨਾਲ ਚਿਮਣੀਵਾਲੇ ਚੱਲਣ ਵਾਸਤੇ ਹੀ ਕੀਤਾ। ਇਕ ਤਾਂ ਇਸ ਕਰਕੇ ਕਿ ਹਰਦੀਪ ਇਹ ਨਹੀਂ ਸਮਝੇਗਾ ਕਿ ਉਹਦੇ ਨਾਲ ਇਹਨਾਂ ਦਾ ਡੂੰਘਾ ਰਿਸ਼ਤਾ ਸਿਰਫ ਗੁਰਮੀਤ ਦੀ ਜ਼ਿੰਦਗੀ ਨਾਲ ਹੀ ਸੰਬੰਧਤ ਸੀ ਤੇ ਦੂਜਾ, ਉੱਥੇ ਬਹਾਦਰ ਸਿੰਘ ਨਾਲ ਗੱਲ ਸਹਿਜੇ ਸਹਿਜੇ ਹੋ ਸਕਦੀ ਸੀ।

ਬਹਾਦਰ ਸਿੰਘ, ਚਿਮਣੀਵਾਲੇ ਆਇਆ। ਸੁਲ੍ਹਾ ਹੋਈ ਬਹਾਦਰ ਸਿੰਘ ਨੇ ਕਿਹਾ: "ਕਾਨੂੰਨਨ ਜ਼ਮੀਨ ਤੁਹਾਡੀ ਹੈ ਇਹਦੇ ਵਿਚ ਸ਼ੱਕ ਨਹੀਂ, ਪਰ ਅਸਾਂ ਪੰਝੀ ਸਾਲ ਇਹਦੇ ਉੱਤੇ ਮਿਹਨਤ ਕੀਤੀ ਹੈ। ਜ਼ਮੀਨ ਤੇ ਇਕ ਵਰ੍ਹਾ ਕੰਮ ਕਰ ਕੇ ਇਹ ਆਪਣੀ ਲਗਣ ਲਗ ਪੈਂਦੀ ਹੈ; ਫਿਰ ਪੰਝੀ ਵਰ੍ਹੇ ਦੀ ਗੱਲ ਹੀ ਕੀ? ਦੂਜਾ ਜਦੋਂ ਇਹ ਜ਼ਮੀਨ ਅਸਾਂ ਵਾਹਣੀ ਸ਼ੁਰੂ ਕੀਤੀ ਤਾਂ ਏਥੇ ਹੈ ਕੀ ਸੀ, ਵਣ ਤੇ ਕਰੀਰ ਤੇ ਰੇਤ। ਸਾਡੀ ਮਿਹਨਤ ਦਾ ਨਤੀਜਾ ਤੁਸੀਂ ਆਪਣੀਆਂ ਅੱਖਾਂ ਨਾਲ ਵੇਖ ਲਵੋਗੇ। ਜਿਵੇਂ ਚਾਰ ਸਿਆਣੇ ਆਦਮੀ ਰਾਏ ਦੇਣ ਅਸੀਂ ਉਸ ਤਰ੍ਹਾਂ ਹੀ ਰਾਜ਼ੀ ਹੋਵਾਂਗੇ।"

ਅੰਨੇ ਦਿਨਾਂ ਵਿਚ ਹਰਦਿਤ ਕੌਰ ਦਾ ਪਿਤਾ, ਝੰਡਾ ਸਿੰਘ ਤੇ ਉਹਦੇ ਦੋ ਭਰਾ ਸ਼ਮਸ਼ੇਰ ਸਿੰਘ ਤੇ ਹਮੀਰ ਸਿੰਘ ਵੀ ਆ ਗਏ। ਲੰਮੀ ਵਿਚਾਰ ਪਿਛੋਂ ਇਹ ਫ਼ੈਸਲਾ ਹੋਇਆ ਕਿ ਕੁਲ ਤੀਹ ਮੁਰੱਬਿਆਂ ਵਿਚੋਂ ਦੱਸ ਮੁਰੱਬੇ ਬਹਾਦਰ ਸਿੰਘ ਤੇ ਉਹਦੇ ਭਰਾਵਾਂ ਦੇ ਹੱਥਾਂ ਵਿਚ ਰਹਿਣ। ਤੇ ਇਹ ਤੀਹ ਮੁਰੱਬਿਆਂ ਦੀ ਸਾਰੀ ਜਾਗੀਰ ਨੂੰ ਮਿਹਨਤ ਨਾਲ ਸੁਧਾਰਣ ਤੇ ਵਾਹੀ ਦੇ ਯੋਗ ਬਣਾਉਣ ਦਾ ਇਵਜ਼ਾਨਾ ਸਮਝਿਆ ਜਾਏ।

ਜਦੋਂ ਅਜੀਤ ਤੇ ਉਜਾਗਰ ਨੇ ਬੋਲ ਬੁਲਾਰਾ ਸ਼ੁਰੂ ਕੀਤਾ ਤਾਂ ਮਾਂ ਨੇ ਕਿਹਾ:

"ਪੁਤਰੋ! ਸਬਰ ਤੇ ਸੰਤੋਖ ਨਾਲ ਸਾਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਚਾਹੀਦੀ ਹੈ। ਇਹ ਮਾਹਿਲ ਨਹੀਂ। ਏਥੇ ਮੁੱਢੋਂ ਸੁੱਢੋਂ ਅਸੀਂ ਆਪਣੀ ਸਾਖ ਤੇ ਇੱਜ਼ਤ ਬਣਾਉਣੀ ਹੈ। ਇਸ ਤਰਾਂ ਜ਼ਿੰਦਗੀ ਸ਼ੁਰੂ ਕਰੀਏ ਕਿ ਕੋਈ ਸਾਡੇ ਵਲ ਉਂਗਲ ਨਾ ਕਰੇ। ਪਹਿਲੇ ਦਸ ਬਾਰ੍ਹਾਂ ਸਾਲ ਸਾਨੂੰ ਕਿਸੇ ਦੀ ਅੱਖ ਵਿਚ ਰੜਕਣਾ ਨਹੀਂ ਚਾਹੀਦਾ।"

ਪਿਤਾ ਨੇ ਵੀ ਕਿਹਾ: "ਅੰਨੀਂ, ਭੋਇੰ ਕਿਹੜੀ ਘਟ ਹੈ। ਖਾਣ ਪੀਣ ਜੋਗਾ ਬੇਅੰਤ ਹੋ ਜਾਏਗਾ। ਸਾਡਾ ਟੱਬਰ ਐਡਾ ਵਡਾ ਨਹੀਂ ਤੇ ਜੇ ਰੱਬ ਨੇ ਮਿਹਰ ਕੀਤੀ ਤਾਂ ਸਮਾਂ ਪਾ ਕੇ ਆਪਣੇ ਆਪ ਇਸ ਵਿਚ ਵਾਧਾ ਵੀ ਹੁੰਦਾ ਜਾਏਗਾ।"

ਤੇ ਮਾਹਿਲ, ਨਾਹਰਪੁਰ ਵਿਚ ਆ ਵੱਸੇ।

ਬੇਸ਼ਕ ਇਹ ਘਰਾਣਾ ਉਜੜ ਚੁਕਾ ਸੀ ਤੇ ਇਹਦੀ ਪਹਿਲੇ ਜਿਹੀ ਸ਼ਾਨ ਨਹੀਂ ਸੀ ਰਹੀ, ਪਰ ਫਿਰ ਵੀ ਪਿੰਡ ਦੇ ਵਸਨੀਕਾਂ ਨੇ ਗੁਰਪਾਲ ਤੇ ਉਹਦੇ ਟੱਬਰ ਦੀ ਬੇਓੜਕ ਖ਼ਾਤਿਰ ਕੀਤੀ। ਇਸ ਇਲਾਕੇ ਵਿਚ ਅਜੇ ਤਕ ਲੋਕ ਨਹੀਂ ਸਨ ਜਾਣਦੇ ਕਿ ਮਾਹਿਲਾਂ ਦੀ ਹਾਲਤ ਦਰ ਅਸਲ ਕੇਡੀ ਪਤਲੀ ਹੋ ਚੁਕੀ ਹੈ। ਇਸ ਇਲਾਕੇ ਦੇ ਮਨੁੱਖਾਂ ਵਾਸਤੇ ਮਾਹਿਲ ਅਜੇ ਤਕ ਵੀ ਇਕ ਮਹਾਨ ਘਰਾਣਾ ਸੀ। ਅਜੇ ਕਲ੍ਹ ਦੀ ਹੀ ਤਾਂ ਗੱਲ ਹੈ, ਉਹ ਯਾਦ ਕਰਦੇ, ਜਦੋਂ ਸਰਦਾਰ ਦਲੇਰ ਸਿੰਘ ਮਾਹਿਲ ਆਪਣੀ ਜਾਗੀਰ ਨੂੰ ਵੇਖਣ ਵਾਸਤੇ ਏਧਰ ਆਇਆ ਸੀ। ਕਿਹੀ ਚੜ੍ਹਤ ਸੀ ਉਸ ਸਰਦਾਰ ਦੀ? ਕਿਵੇਂ ਆਪਣ ਚਿੱਟੇ ਦਾੜ੍ਹੇ, ਚਿੱਟੇ ਕੇਸਾਂ ਤੇ ਮਿਠ ਬੋਲਤਾ ਨਾਲ ਉਸ ਇਲਾਕੇ ਨੂੰ ਆਪਣਾ ਬਣਾ ਲਿਆ? ਕਿਹਾ ਠਾਠ ਸੀ ਉਹਦਾ? ਕਿਸ ਤਰ੍ਹਾਂ ਗੱਲਾਂ ਕਰਦਾ ਸੀ ਉਹ ਸ਼ੇਰੇ-ਪੰਜਾਬ ਦੀਆਂ? ਇਸ ਇਲਾਕੇ ਦੇ ਲੋਕ ਸ਼ੇਰੇ-ਪੰਜਾਬ ਨਾਲ ਉਹਦੇ ਡੂੰਘੇ ਸੰਬੰਧਾਂ ਬਾਰੇ ਜਾਣ ਕੇ ਕੇਡੇ ਹੈਰਾਨ ਹੋਏ ਸਨ? ਦਲੇਰ ਸਿੰਘ ਏਥੇ ਆਇਆ ਤਾਂ ਮੰਦਰ ਮਸੀਤਾਂ ਤੇ ਗੁਰਦੁਆਰਿਆਂ ਨੂੰ ਕਿੰਨਾਂ ਕੁਝ ਦਾਨ ਕਰ ਗਿਆ?

ਦਲੇਰ ਸਿੰਘ ਤੋਂ ਇਲਾਵਾ ਪ੍ਰਤਾਪ ਸਿੰਘ ਮਾਹਿਲ ਤਾਂ ਕਿੰਨੀ ਵਾਰੀ ਆਇਆ। ਉਹ ਵੀ ਕੇਡਾ ਦਰਸ਼ਨੀ ਜੁਆਨ ਸੀ? ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿਚ ਉਹਦੀ ਵਡੀ ਇੱਜ਼ਤ ਸੀ ਤੇ ਵਡਾ ਰੁਤਬਾ। ਉਹਦੀ ਚੜ੍ਹਤ ਫ਼ਬਤ ਵੀ ਆਪਣੇ ਪਿਤਾ ਵਰਗੀ ਸੀ।

ਹਾਂ, ਤੇ ਸਭਨਾਂ ਨੂੰ ਯਾਦ ਸੀ ਪ੍ਰਤਾਪ ਸਿੰਘ ਦਾ ਵਿਆਹ। ਵਾਹ! ਵਾਹ! ਕਿਸ ਤੱਕੀ ਸੀ ਐਡੀ ਵਡੀ ਜੰਞ? ਦੋ ਹਾਥੀ ਆਏ ਸਨ ਜੰਞ ਨਾਲ? ਕਹਿੰਦੇ ਸਨ ਕਿ ਉਹਨਾਂ ਵਿਚੋਂ ਇਕ ਹਾਥੀ ਸ਼ੇਰੇ-ਪੰਜਾਬ ਦਾ ਰਾਖਵਾਂ ਸੀ। ਇਸ ਮੌਕੇ ਵਾਸਤੇ ਦਲੇਰ ਸਿੰਘ ਨੇ ਉਚੇਚਾ ਉਹ ਹਾਥੀ ਸ਼ੇਰੇ-ਪੰਜਾਬ ਕੋਲੋਂ ਮੰਗਿਆ ਸੀ।

Scanned by CamScanner

ਹਾਂ, ਲੋਕਾਂ ਨੂੰ ਬੜਾ ਕੁਝ ਯਾਦ ਆਇਆ ਤੇ ਉਹਨਾਂ ਯਾਦਾਂ ਕਰ ਕੇ ਉਹਨਾਂ ਨੇ ਗੁਰਪਾਲ ਦੀ ਇੱਜ਼ਤ ਕੀਤੀ। ਗੁਰਪਾਲ ਦੀ ਟੁਕੀ ਹੋਈ ਲੱਤ ਨੇ ਵੀ ਉਹਦਾ ਆਦਰ ਵਧਾਇਆ। ਸਭਰਾਵਾਂ ਦੀ ਲੜਾਈ ਵਿਚ ਮਾਹਿਲ ਘਰਾਣੇ ਦੇ ਪ੍ਰਤੀਨਿਧਾਂ ਦੀ ਵਿਖਾਈ ਬਹਾਦਰੀ ਗੁਜਰਾਤ ਤੇ ਜਿਹਲਮ ਤਕ ਧੂੰਮ ਚੁਕੀ ਸੀ।

ਅਜੇ ਮਾਹਿਲਾਂ ਨੂੰ ਏਥੇ ਆਇਆਂ ਕੁਝ ਮਹੀਨੇ ਹੀ ਹੋਏ ਸਨ ਕਿ ਆਪ ਸਰਦਾਰ ਚਤਰ ਸਿੰਘ ਅਟਾਰੀਵਾਲਾ ਗੁਰਪਾਲ ਨੂੰ ਮਿਲਣ ਆਇਆ। ਚਤਰ ਸਿੰਘ ਦਾ ਨਾਹਰਪੁਰ ਆਉਣਾ ਸਿਰਫ ਗੁਰਪਾਲ ਵਾਸਤੇ ਹੀ ਮਾਣ ਦਾ ਮੌਕਾ ਨਹੀਂ ਸੀ, ਸਗੋਂ ਸਾਰੇ ਨਾਹਰਪੁਰ ਲਈ ਇੱਜ਼ਤ ਦਾ ਸਮਾਂ ਸੀ।

ਮਾਹਿਲ ਟੱਬਰ ਨਾਹਰਪੁਰ ਵਿਚ ਜਲਦੀ ਹੀ ਰਚ ਮਿਚ ਗਿਆ।

ਥੋੜੇ ਦਿਨ ਹੋਰ ਬੀਤੇ ਤੇ ਅਜੀਤ ਤੇ ਬਹਾਦਰ ਸਿੰਘ ਦੀ ਸਾਲੀ, ਗੁਰਸ਼ਰਨ ਦੇ ਵਿਆਹ ਦੀ ਗੱਲ ਸ਼ੁਰੂ ਹੋਈ। ਪਰ ਇਸ ਤੋਂ ਪਹਿਲੇ ਕਿ ਕੁਝ ਨੇਪਰੇ ਚੜ੍ਹੇ ਅਜੀਤ ਅਟਾਰੀਵਾਲੇ ਸਰਦਾਰ ਨਾਲ ਹਰੀਪੁਰ ਚਲਾ ਗਿਆ ਤੇ ਜਾਂਦਾ ਹੋਇਆ ਮਾਂ ਨੂੰ ਪੱਕ ਕਰ ਗਿਆ ਕਿ ਉਹਦੇ ਮੁੜਨ ਤਕ ਵਿਆਹ ਦੀ ਗੱਲ ਨਾ ਛੇੜੀ ਜਾਏ।

"ਮੈਂ ਤੈਨੂੰ ਆ ਕੇ ਸਾਰੀ ਗੱਲ ਦਸਾਂਗਾ ਮਾਂ, ਤੂੰ ਮੇਰੀ ਉਡੀਕ ਕਰੀਂ।" ਤੇ ਅੱਜ ਅਜੀਤ ਘਰ ਫੁਟੀ ਆਇਆ।

੧੬੦

ਪਰੰਪਰਾ ਤੋਂ ਲੈ ਕੇ ਅੱਜ ਤਕ ਵਿਆਹ ਸਾਡੀਆਂ ਅਣਗਿਣਤ ਰੀਤੀਆਂ ਵਿਚੋਂ, ਇਕ ਬੜੀ ਮਹੱਤਵ-ਪੂਰਨ ਰੀਤੀ ਰਹੀ ਹੈ। ਸ਼ਾਇਦ ਇਸ ਲਈ ਕਿ ਇਹ ਰੀਤੀ ਉਤਪੱਤੀ ਦੇ ਪੱਖੋਂ ਅਵਸ਼ਕ ਹੈ। ਇਸਤਰੀ ਮਰਦ ਦੇ ਇਸ ਸੰਜੋਗ ਤੋਂ ਬਗ਼ੈਰ ਸੰਸਾਰ ਦੀ ਚਾਲ ਰੁਕ ਜਾਵੇਗੀ। ਅਨੇਕ ਅਜਿਹੀਆਂ ਰੀਤੀਆਂ ਹਨ, ਜਿਨ੍ਹਾਂ ਤੋਂ ਬਗ਼ੈਰ ਕੰਮ ਸਰ ਸਕਦਾ ਹੈ, ਪਰ ਧੀਆਂ ਪੁੱਤਰਾਂ ਦੇ ਵਿਆਹ ਸਾਜਣ ਬਿਨਾਂ ਗੱਲ ਨਹੀਂ ਬਣਦੀ। ਮਨੁੱਖ ਇਉਂ ਸਮਝਦਾ ਹੈ ਕਿ ਉਹਦੇ ਫ਼ਰਜ਼ ਨਹੀਂ ਮੁਕੇ। ਉਹਦੇ ਸਿਰ ਉੱਤੇ ਇਕ ਭਾਰ ਹੈ।

ਧੀ ਪੁੱਤਰ ਦੀ ਬਣਦੀ ਫ਼ਬਦੀ ਵਿੱਦਿਆ ਤੇ ਸਿਖਿਆ ਤੋਂ ਪਿਛੋਂ ਮਾਪਿਆਂ ਵਾਸਤੇ ਉਹਨਾਂ ਦਾ ਵਿਆਹ ਹੀ ਇਕੋ ਇਕ ਸਰੇਸ਼ਟ ਫ਼ਰਜ਼ ਬਾਕੀ ਰਹਿ ਜਾਂਦਾ ਹੈ। ਏਸੇ ਲਈ ਹੀ ਸ਼ਾਇਦ ਮਾਪੇ ਇਹ ਕਾਰਜ ਰਚਾਣ ਵੇਲੇ ਅਤਿਅੰਤ ਪ੍ਰਸੰਨ ਹੁੰਦੇ ਹਨ। ਐਨੇ ਪ੍ਰਸੰਨ ਕਿ ਆਪਣੀ ਪ੍ਰਸੰਨਤਾ ਦਾ ਜਗ-ਪ੍ਰਗਟਾਵਾ ਵੀ ਜ਼ਰੂਰੀ ਸਮਝਿਆ ਜਾਂਦਾ ਹੈ। ਮਾਪੇ ਖ਼ੁਸ਼ ਹੁੰਦੇ ਹਨ ਕਿਉਂਕਿ ਉਹਨਾਂ ਦਾ ਫ਼ਰਜ਼ ਮੁਕ ਰਿਹਾ ਹੁੰਦਾ ਹੈ, ਕਿ ਉਹਨਾਂ ਦੇ ਆਦਰਸ਼ ਪੂਰੇ ਹੋ ਰਹੇ ਹੁੰਦੇ ਹਨ। ਮਨੁੱਖ ਵਿਚ, ਆਪਣੇ ਫ਼ਰਜ਼ਾਂ ਦਾ ਅਹਿਸਾਸ ਕਿੰਨਾ ਪ੍ਰਬਲ ਹੈ ? ਉਹ ਬੇਸ਼ਕ ਚੇਤੰਨ ਤੌਰ ਉੱਤੇ ਨਾ ਸੋਚੇ, ਪਰ ਉਹਦੇ ਮਨ ਨੂੰ ਆਪਣੇ ਫ਼ਰਜ਼ ਭੁਗਤਾਣ ਬਿਨਾਂ ਸੰਤੁਸ਼ਟਤਾ ਨਹੀਂ ਮਿਲਦੀ।"

ਧੀ ਪੁੱਤਰ ਦਾ ਵਿਆਹ ਮਾਪਿਆਂ ਦੀ ਪ੍ਰਸੰਨਤਾ ਦਾ ਸਿਖਰ ਹੈ ਤੇ ਏਸੇ ਲਈ ਅਨੇਕ ਮਾਪੇ ਇਸ ਰਸਮ ਦੀ ਪੂਰਤੀ ਨੂੰ ਉਡੀਕਦੇ ਹਨ। ਖ਼ਾਸ ਕਰ ਕੇ ਮਾਵਾਂ। ਇਸ ਉਡੀਕ ਵਿਚੋਂ ਵਿਆਹ ਦੀ ਰਸਮ ਨੂੰ ਸੁੰਦਰ, ਪਿਆਰੀ ਪਿਆਰੀ ਤੇ ਦਿਲ ਖਿੱਚ ਬਣ ਉਣ ਦੀ ਚਾਹ ਜੰਮਦੀ ਹੈ। ਏਸੇ ਲਈ ਇਸ ਰਸਮ ਦੁਆਲੇ ਅਧਿਕ ਰੋਚਕਤਾ ਤੇ ਖੇੜਾ ਖਿਲਰਿਆ ਹੁੰਦਾ ਹੈ।

Scanned by CamScanner

ਇਸ ਖੇੜੇ ਦਾ ਇਕ ਕਾਰਨ ਦੋ ਜਵਾਨ ਦਿਲਾਂ ਤੇ ਸਰੀਰਾਂ ਦਾ ਮੇਲ ਵੀ ਹੈ। ਮਾਪਿਆਂ ਦੀ ਖੁਸ਼ੀ ਦੀ ਸਿਖਰ ਵਾਂਗ ਇਹ ਰਸਮ ਮਨੁੱਖੀ ਸੰਬੰਧਾਂ ਦੀ ਵੀ ਸਿਖਰ ਹੈ। ਦੋ ਜੀਅ, ਜਿਹੜੇ ਵਖੋ ਵਖ ਟੱਬਰਾਂ ਵਿਚ ਜੰਮੇ ਵਖ ਵਖ ਚੌਗਿਰਦਿਆਂ ਵਿਚ ਪਲੇ, ਵਖੋ ਵਖਰੀ ਤਰ੍ਹਾਂ ਪੜ੍ਹੇ ਤੇ ਸਿਖੇ, ਅੱਜ ਇਕ ਅਨਖਿੜਵੀਂ ਏਕਤਾ ਵਿਚ ਰਚਮਿਚ ਜਾਣਗੇ। ਦੋ ਵਿਅਕਤੀਆਂ ਦਾ ਮੇਲ ਐਨਾ ਅੰਤਰੀਵ ਹੋ ਜਾਏਗਾ ਕਿ ਸਭ ਹੋਰ ਰਿਸ਼ਤੇਦਾਰ ਤੇ ਸਭ ਹੋਰ ਵਾਧੇ ਘਾਟੇ ਪਿਛੇ ਰਹਿ ਜਾਣਗੇ। ਇਹ ਮੇਲ ਸਾਧਨ ਬਣੇਗਾ ਇਸ ਸੰਸਾਰ ਦੀ ਚਿਰੰਜੀਵਤਾ ਦਾ। ਇਹ ਮੇਲ ਜੱਗ ਸੰਚਾਲਕ ਮਲ ਹੈ।

ਮਾਪੇ ਇਸ ਦਿਨ ਨੂੰ ਉਡੀਕਦੇ ਹਨ। ਉਹਨਾਂ ਦੀ ਆਪਣੀ ਕੁੱਖੋਂ ਜੰਮੇ ਅੰਗ ਅੱਜ ਐਨੇ ਜਵਾਨ ਹੋ ਗਏ ਹਨ। ਜਿਉਂ ਜਿਉਂ ਬੱਚੇ ਵਡੇ ਹੁੰਦੇ ਜਾਂਦੇ ਹਨ, ਤਿਉਂ ਤਿਉਂ ਉਹਨਾਂ ਦੇ ਜਨਮ ਸਮੇਂ ਦਾ ਆਕਾਰ ਵਧੇਰੇ ਪ੍ਰਤੱਖ ਤਰੀਕੇ ਨਾਲ ਮਾਪਿਆਂ ਦੇ ਨੈਣਾਂ ਸਾਹਵੇਂ ਉਘੜਦਾ ਆਉਂਦਾ ਹੈ। ਉਹ ਨਿਤਾ ਪ੍ਰਤੀ ਸੋਚਦੇ ਹਨ ਕਿ ਇਹ ਬਾਲਕ ਕੀ ਸਨ ਤੇ ਅੱਜ ਕੀ ਬਣ ਗਏ ਹਨ ? ਉਹਨਾਂ ਦਾ ਵਿਆਹ ਮਾਪਿਆਂ ਦੀਆਂ ਅਜਿਹੀਆਂ ਰੋਚਕ ਸੋਚਾਂ ਦਾ ਅੰਤਲਾ ਪੜਾ ਹੈ ਕਿਉਂਕਿ ਇਸ ਰਸਮ ਪਿਛੋਂ ਉਹਨਾਂ ਨੇ ਇਸ ਕਰਾਮਾਤ ਬਾਰੇ ਘਟ ਸੋਚਣਾ ਹੈ। ਇਕ ਨਵੀਂ ਪੀਹੜੀ ਸ਼ੁਰੂ ਹੋ ਜਾਣੀ ਹੈ। ਜਲਦੀ ਹੀ ਨਵੀਂ ਜ਼ਿੰਦਗੀ ਹੋਂਦ ਵਿਚ ਆਵੇਗੀ ਤੇ ਨਵੇਂ ਸਿਰਿਉਂ ਇਹੋ ਜਿਹੀਆਂ ਸੋਚਾਂ ਤੇ ਪ੍ਰਤੀਕਰਮਾਂ ਦਾ ਆਦਿ ਹੋਵੇਗਾ।

ਹਰ ਮਾਂ ਵਾਂਗ ਅੱਜ ਹਰਦਿਤ ਵੀ ਉਡੀਕ ਰਹੀ ਸੀ, ਆਪਣੇ ਅਜੀਤ ਦੇ ਵਿਆਹ ਨੂੰ। ਅਜੀਤ ਪਲੇਠੀ ਦਾ ਪੁੱਤਰ ਸੀ। ਉਮਰ ਉਹਦੀ ਅਠਾਰ੍ਹਾਂ ਸਾਲ ਦੀ ਹੋ ਗਈ ਸੀ। ਦਾੜ੍ਹੀ ਉਹਦੀ ਲੰਮੀ ਹੋ ਰਹੀ ਸੀ। ਜਵਾਨ ਉਹ ਅਣਖੀਲਾ ਸੀ ! ਸੁੰਦਰ ਉਹ ਬੇਅੰਤ ਸੀ। ਉਹਦੀ ਬਹਾਦਰੀ ਤੇ ਸਿਆਣਪ ਦਾ ਜੱਸ ਚਾਰ ਚੁਫੇਰੇ ਸੀ। ਮਾਂ ਸੋਚਦੀ ਕਿ ਕੇਡੀ ਛਖ਼ਰ ਜੋਗ ਘੜੀ ਹੋਵੇਗੀ, ਜਦੋਂ ਉਹ ਉਹਦਾ ਅਨੰਦ ਕਾਰਜ ਰਚਾਏਗੀ। ਜਦੋਂ ਉਹ ਉਹਦੇ ਵਾਸਤੇ ਅੱਗੇ ਬਿਠਾਏਗੀ। ਜਦੋਂ ਉਹ ਘੋੜੀ ਚੜ੍ਹੇਗਾ, ਜਦੋਂ ਉਹ ਨੀਂਗਰ ਬਣੇਗਾ ਤੇ ਜਦੋਂ ਇਕ ਸੋਹਣੀ ਤੇ ਮੁਲਾਇਮ ਤੇ ਆਗਿਆਕਾਰ ਨੂੰਹ ਉਹਦੇ ਘਰ ਆਏਗੀ।

ਅਜੀਤ ਵਿਆਹੁਣ ਜੋਗ ਤਾਂ ਮਾਹਿਲ ਹੀ ਹੋ ਗਿਆ ਸੀ ਤੇ ਬੇਸ਼ਕ ਮਾਂ ਉਹਦੇ ਵਿਆਹ ਵਾਸਤੇ ਸਭ ਅੱਗੇ ਗੱਲਾਂ ਕਰਦੀ ਰਹਿੰਦੀ ਸੀ, ਪਰ ਇਹਨਾਂ ਗੱਲਾਂ ਵਿਚ ਤੇ ਵਿਆਹ ਦੀ ਉਡੀਕ ਵਿਚ ਉਹ ਰੋਚਕਤਾ ਨਹੀਂ ਸੀ, ਜਿਹੜੀ ਨਾਹਰਪੁਰ ਆ ਕੇ ਸ਼ੁਰੂ ਹੋਈ। ਆਪਣੇ ਧੀ ਪੁੱਤਰ ਦੇ ਵਿਆਹ ਦੇ ਸੁਪਨੇ ਹਰ ਮਾਂ ਦੇ ਰੋਚਕ ਹੋਣਗੇ, ਪਰ ਉਹ ਰੋਚਕਤਾ ਜਿਹੜੀ ਇਤਿਹਾਸਕ ਸੂਝ ਤੇ ਬੁਧੀਮਾਨ ਰੁਚੀਆਂ ਵਿਚੋਂ ਪ੍ਰਗਟ ਹੁੰਦੀ ਹੈ ਹੋਰ ਭਾਂਤ ਦੀ ਹੁੰਦੀ ਹੈ।

ਨਾਹਰਪੁਰ ਆ ਕੇ ਹਰਦਿਤ ਵਿਚ ਇਕ ਇਤਿਹਾਸਕ ਸੂਝ ਜਾਗੀ। ਏਥੇ ਆ ਕੇ ਉਹਦੇ ਵਿਚ ਮਾਹਿਲ ਘਰਾਣੇ ਦੀ ਵਡਿਆਈ ਵਾਸਤੇ ਆਦਰ ਤੇ ਪਿਆਰ ਜਾਗਿਆ। ਏਥੇ ਆ ਕੇ ਉਸ ਵੇਖਿਆ ਕਿ ਉਹਦੇ ਸਿਰ ਉੱਤੇ ਕੇਡੇ ਵਡੇ ਫ਼ਰਜ਼ ਆਇਦ ਹੋਏ ਹਨ। ਹੁਣ ਉਹਨੇ ਜਾਤਾ ਕਿ ਦਰਅਸਲ ਉਹ ਕੀ ਹੈ ਤੇ ਉਹਦੇ ਕੋਲੋਂ ਘਰਾਣੇ ਦੇ ਬਦਲਦੇ ਸਮੇਂ ਦੀ ਕੀ ਮੰਗ ਹੈ। ਸ਼ਾਇਦ ਇਹ ਗੁਰਮੀਤ ਦੀ ਸ਼ਖ਼ਸੀਅਤ ਸੀ, ਜਿਨ੍ਹੇ ਕਿ ਮਾਹਿਲ ਵਿਚ ਵਸਦੀ ਕਿਸੇ ਹੋਰ ਇਸਤਰੀ ਦੀ ਸ਼ਖ਼ਸੀਅਤ ਉਭਰਨ ਨਾ ਦਿਤੀ ਜਾਂ ਸ਼ਾਇਦ ਇਹ ਬਦਲਦੇ ਸਮਿਆਂ ਦਾ ਤਕਾਜ਼ਾ ਸੀ। ਪੰਜਾਬ ਪੱਛੜ ਰਿਹਾ ਸੀ ਤੇ ਮਾਹਿਲ ਘਰਾਣਾ ਵੀ ਪੰਜਾਬ ਦੇ ਨਾਲ ਇਕ ਆਮ ਘਰਾਣਾ ਬਣ ਰਿਹਾ ਸੀ।

ਪਰ, ਹਰ ਹਾਲਤ ਵਿਚ ਅੱਜ ਹਰਦਿਤ ਨੂੰ ਲਗਦਾ ਕਿ ਜੇ ਮਾਹਿਲ ਘਰਾਣੇ ਵਿਚ ਕੋਈ ਇਸਤਰੀ ਹੈ, ਜਿਹੜੀ ਮਾਤਾ ਗੁਰਦਈ ਤੇ ਬੇਬੇ ਗੁਰਮੀਤ ਦੀ ਥਾਂ ਲੈ ਸਕਦੀ ਹੈ, ਤਾਂ ਉਹ ਇਸਤਰੀ ਉਹ ਆਪ ਹੀ ਹੈ। ਉਹਨੂੰ ਯਾਦ ਆਈਆਂ ਉਹਦੀਆਂ ਦਿਰਾਣੀਆਂ, ਜਿਠਾਣੀਆਂ, ਭਤੀਜੀਆਂ, ਨੂੰਹਾਂ ਤੇ ਉਹਨੂੰ ਲਗਾ ਕਿ ਨਹੀਂ ਉਹਨਾਂ ਵਿਚੋਂ ਕੋਈ ਵੀ ਗੁਰਮੀਤ ਨਹੀਂ ਬਣ ਸਕਦੀ। ਮਾਹਿਲ ਪਿੰਡ ਦੀ ਹਵਾ ਹੀ ਬਦਲ ਚੁਕੀ ਸੀ। ਉਸ ਪਿੰਡ ਦੀ ਹੁਣ, ਜਾਪਦਾ ਸੀ, ਰਗ ਹੀ ਹੋਰ ਹੈ। ਹੁਣ, ਉਸ ਪਿੰਡ ਨੂੰ ਬਰਬਾਦ ਹੋਣ ਤੋਂ ਕੋਈ ਠੱਲ੍ਹ ਨਹੀਂ ਸਕਦਾ।

ਹੁਣ ਹਰਦਿਤ ਸੋਚਦੀ, ਕਿ ਘਰਾਣੇ ਦੀ ਵਡਿਆਈ ਨੂੰ ਕਾਇਮ ਰਖਣ ਵਾਸਤੇ ਨਵੇਂ ਚੌਗਿਰਦੇ ਤੇ ਨਵੇਂ ਆਲੇ ਦੁਆਲੇ ਦੀ ਲੋੜ ਹੈ। ਸ਼ਰੀਕਾਂ ਦੀ ਮਿਹਰਬਾਨੀ ਸਦਕਾ ਇਸ ਘਰਾਣੇ ਦੇ ਇਕ ਅੰਗ ਨੂੰ ਨਵਾਂ ਆਲਾ ਦੁਆਲਾ ਮਿਲਿਆ ਤੇ ਉਹਦੀ ਜ਼ਿਮੇਵਾਰੀ ਸੀ ਕਿ ਉਹ ਇਸ ਆਲੇ ਦੁਆਲੇ ਵਿਚ ਮਾਹਿਲਾਂ ਦੀ ਮਾਨ ਮਰਿਆਦਾ ਨੂੰ ਮਰਨ ਨਾ ਦੇਵੇ। ਉਹ ਉਸ ਦਿਨ ਦੇ ਸੁਪਨੇ ਲੈਣ ਲਗੀ, ਜਦੋਂ ਨਾਹਰਪੁਰ ਦੇ ਕੋਲ ਕਿਤੇ ਇਕ ਨਵਾਂ ਪਿੰਡ ਉੱਸਰੇਗਾ। ਉਸ ਪਿੰਡ ਵਿਚਕਾਰ ਇਕ ਖੂਹ ਹੋਵੇਗਾ। ਖੂਹ ਉਦਾਲੇ ਇਕ ਚੌਂਤਰਾ ਤੇ ਇਸ ਚੌਂਤਰੇ ਦੇ ਲਾਗੇ, ਕਿਸੇ ਸੰਘਣੇ ਪਿੱਪਲ ਜਾਂ ਬੋਹੜ ਦੀ ਛਾਵੇਂ ਪਰ੍ਹੇ ਦਾ

Scanned by CamScanner

ਸਰਦਾਰ ਬਣ ਕੇ ਬੈਠੇਗਾ, ਉਹਦਾ ਪੁੱਤਰ ਅਜੀਤ ਸਿੰਘ ਮਾਹਿਲ, ਹਾਂ ਅਜੀਤ ਸਿਘ ਮਾਹਿਲ। ਸਰਦਾਰ ਦਲੇਰ ਸਿੰਘ ਵਰਗੀ ਹੀ ਉਹਦੀ ਛਬੀ ਹੋਵੇਗੀ। ਸਰਦਾਰ ਜਾਂਬਾਜ਼ ਸਿੰਘ ਵਾਂਗ ਹੀ ਸਾਰੇ ਪੰਜਾਬ ਵਿਚ ਉਹਦੀ ਇੱਜ਼ਤ। ਉਹ ਦਿਨ ਵੇਖਣ ਵਾਸਤੇ ਹਰਦਿਤ ਕੌਰ ਲਾਲਸਕ ਸੀ। ਉਹ ਜ਼ਿੰਦਗੀ ਨਾਲ ਐਨੀ ਬੱਝ ਗਈ ਕਿ ਉਹਦਾ ਜੀਅ ਕਰੇ ਕਿ ਉਹਦੇ ਉੱਤੇ ਹੁਣ ਮੌਤ ਨਾ ਆਵੇ। ਉਹ ਮਾਹਿਲ ਘਰਾਣੇ ਨੂੰ ਇਕ ਵਾਰ ਫਿਰ ਪੰਜਾਬ ਦਾ ਸਭ ਤੋਂ ਮਹਾਨ ਘਰਾਣਾ ਬਣਿਆ ਵੇਖੇ ਤੇ ਆਪਣੇ ਪੁੱਤਰ ਨੂੰ ਪੰਜਾਬ ਦਾ ਸਭ ਤੋਂ ਮਹਾਨ ਆਗੂ।

ਹੌਲੀ ਹੌਲੀ ਪਤਨੀ ਦੇ ਸੁਪਨੇ ਆਪਣੇ ਪਤੀ ਦੀ ਮਹਾਨਤਾ ਵਲੋਂ ਟੁਟ ਕੇ ਪੁੱਤਰ ਦੀ ਮਹਾਨਤਾ ਨਾਲ ਜੁੜ ਜਾਂਦੇ ਹਨ। ਹੌਲੀ ਹੌਲੀ, ਜਿਉਂ ਜਿਉਂ ਸਮਾਂ ਬੀਤਦਾ ਜਾਏ, ਪਤਨੀ ਆਪਣੇ ਪਤੀ ਵਾਸਤੇ ਨਹੀਂ, ਆਪਣੇ ਪੁੱਤਰ ਵਾਸਤੇ ਰੁੱਚਕ ਤੇ ਲਾਲਸਕ ਹੋ ਜਾਂਦੀ ਹੈ। ਇਸਤਰੀ ਜਦੋਂ ਮਾਂ ਬਣਦੀ ਹੈ ਤਾਂ ਉਹ ਇਕ ਦੇਵੀ ਬਣਦੀ ਹੈ। ਮਾਂ ਦੇ ਦਿਲ ਵਿਚੋਂ ਸਵਾਰਥ ਮੁਕ ਜਾਂਦਾ ਹੈ। ਮਾਂ ਆਪ ਗਿੱਲੀ ਥਾਂ ਉੱਤੇ ਸੌਂ ਕੇ ਬੱਚੇ ਨੂੰ ਸੁਕਿਆਂ ਰਖਦੀ ਹੈ। ਮਾਂ ਆਪਣੇ ਬੱਚੇ ਤੋਂ ਆਪਣਾ ਤਨ, ਮਨ, ਧਨ ਵਾਰ ਦੇਂਦੀ ਹੈ; ਆਪਣਾ ਸੁਖ ਤੇ ਆਪਣੀਆਂ ਸਰੀਰਕ ਤੇ ਮਾਨਸਕ ਚਾਹਾਂ ਵੀ ਵਾਰ ਦੇਂਦੀ ਹੈ। ਕਿਸੇ ਮਰਦ ਦੇ ਪਿਆਰ ਵਿਚ ਇਸਤਰੀ ਉਦੋਂ ਤਕ ਹੀ ਅਲਮਸਤ ਹੈ ਜਦੋਂ ਤਕ ਉਹ ਮਾਂ ਨਹੀਂ ਬਣੀ। ਜਿਉਂ ਹੀ ਉਹ ਮਾਂ ਬਣੀ ਆਪਣੇ ਨਿੱਜੀ ਸੁਖ ਦੀ ਲਾਲਸਾ ਪੱਛੜ ਗਈ, ਈਰਖਾ ਖ਼ਤਮ ਹੋਈ, ਸਵਾਰਥ ਮੁਕਿਆ। ਸ਼ਾਇਦ ਏਸੇ ਲਈ ਹੀ ਇਸਤਰੀ ਮਰਦ ਤੋਂ ਵਧੇਰੇ ਮਹਾਨ ਹੈ।

ਹਰਦਿਤ ਕੌਰ ਦੀ ਤਮੰਨਾ ਸੀ ਕਿ ਅਜੀਤ ਵਾਸਤੇ ਉਹ ਕੁੜੀ ਲੱਭੇ ਜਿਹੜੀ ਇਕ ਦਿਨ ਉਹਦੀ ਥਾਂ ਲਵੇ। ਸ਼ਕਲੋਂ ਵੀ ਸੋਹਣੀ ਹੋਵੇ, ਪਰ ਅਕਲੋਂ ਵੀ ਘੱਟ ਨਾ ਹੋਏ। ਨਾਹਰਪੁਰ ਆ ਕੇ ਉਹਨੂੰ ਆਪਣੇ ਪੁੱਤਰ ਦੇ ਦਿਮਾਗੀ ਤੇ ਬੌਧਕ ਗੁਣਾਂ ਦਾ ਗਿਆਨ ਹੋਇਆ ਸੀ। ਅਜੇ ਤਕ ਉਹ ਉਹਨੂੰ ਦੁਨੀਆਂ ਦੇ ਬਾਕੀ ਮੁੰਡਿਆਂ ਵਾਂਗ ਤੇ ਆਪਣੇ ਉਜਾਗਰ ਤੇ ਸੁਰਜੀਤ ਤੇ ਛਤਿਹ ਵਾਂਗ ਇਕ ਆਮ ਮੁੰਡਾ ਹੀ ਸਮਝਦੀ ਆਈ ਸੀ। ਪੁੱਤਰ ਵਾਸਤੇ ਪਿਆਰ ਸੀ, ਪਰ ਉਹਦੇ ਗੁਣਾਂ ਦਾ ਕੋਈ ਨਵੇਕਲਾ ਗਿਆਨ ਨਹੀਂ ਸੀ। ਬਹੁਤੀਆਂ ਮਾਵਾਂ ਵਿਚ ਇਸ ਤਰਾਂ ਹੀ ਹੁੰਦਾ ਹੈ। ਬਹੁਤੀਆਂ ਮਾਵਾਂ, ਬਹੁਤੇ ਪੁੱਤਰਾਂ ਵਾਂਗ, ਬੌਧਕ ਪੱਖੋਂ ਸਾਧਾਰਨ ਹੁੰਦੀਆਂ ਹਨ। ਪਰ ਹੁਣ ਹਰਦਿਤ ਕੌਰ ਸਾਧਾਰਨ ਇਸਤ੍ਰੀ ਨਹੀਂ ਸੀ। ਹੁਣ ਉਹਨੂੰ ਅੰਦਰ ਬਾਹਰ ਤੇ ਸੰਸਾਰ ਦੀ ਸੋਝੀ ਸੀ। ਹੁਣ ਉਹਦੇ ਵਿਚ ਇਤਿਹਾਸ ਦੀ ਸੂਝ ਬੂਝ ਆ ਗਈ ਸੀ। ਉਹ ਹੁਣ ਭਵਿਖ ਦੇ ਸੁਪਨੇ ਲੈਂਦੀ। ਹੁਣ ਉਹ ਆਪਣੇ ਘਰਾਣੇ ਦੀ ਵਡਿਆਈ ਦੇ ਨਕਸ਼ ਘੜਦੀ। ਹੁਣ ਉਹਨੂੰ, ਏਸੇ ਲਈ, ਆਪਣੇ ਅਜੀਤ ਦੇ ਗੁਣਾਂ ਦੀ ਨਵੇਂ ਸਿਰਿਓਂ ਸੂਝ ਹੋਈ। ਮਾਹਿਲ ਘਰਾਣੇ ਦੇ ਉਸ ਵੇਲੇ ਜੀਂਦਿਆਂ ਜੀਆਂ ਵਿਚੋਂ ਜਾਂ ਕਿਸੇ ਹੋਰ ਨੇ ਸ਼ਾਇਦ ਦਲੇਰ ਸਿੰਘ ਜਾਂ ਸ਼ਾਹਬਾਜ਼ ਸਿੰਘ ਨੂੰ ਉਹਨਾਂ ਦੇ ਬਚਪਨ ਦੇ ਦਿਨਾਂ ਵਿਚ ਨਹੀਂ ਸੀ ਵੇਖਿਆ, ਪਰ ਫਿਰ ਵੀ ਸਾਰੇ ਇਹੋ ਹੀ ਕਹਿੰਦੇ ਸਨ ਕਿ ਮਾਹਿਲ ਘਰਾਣੇ ਦੇ ਉਹ ਮਹਾਨ ਸਪੁੱਤਰ ਆਪਣੇ ਬਚਪਨੇ ਵਿਚ ਸਗਵੇਂ ਅਜੀਤ ਵਰਗੇ ਸਨ। ਆਪ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਇਹ ਗੱਲ ਕਹੀ ਤੇ ਭਾਵੇਂ ਉਸ ਆਪ ਵੀ ਦਲੇਰ ਸਿੰਘ ਨੂੰ ਉਹਦੀ ਬਾਲ ਅਵਸਥਾ ਵਿਚ ਨਹੀਂ ਸੀ ਵੇਖਿਆ, ਪਰ ਉਹਦੇ ਅਗੇ ਸ਼ਾਇਦ ਕਿਸੇ ਹੋਰ ਨੇ ਇਹ ਤੁਲਨਾ ਕੀਤੀ ਹੋਵੇ। ਏਸੇ ਤਰ੍ਹਾਂ ਦੀਆਂ ਹੀ ਅਨੇਕ ਹਵਾ ਵਿਚ ਆਖੀਆਂ ਗੱਲਾਂ ਸਮਾਂ ਪਾ ਕੇ ਵਾਸਤਵਿਕ ਸਚਾਈਆਂ ਲੱਗਣ ਲਗ ਜਾਂਦੀਆਂ ਹਨ। ਇਹਨਾਂ ਦੇ ਸੱਚੇ ਨਾ ਹੋਣ ਦਾ ਕਿਸੇ ਨੂੰ ਖ਼ਿਆਲ ਵੀ ਨਹੀਂ ਆ ਸਕਦਾ।

ਅੱਜ ਹਰਦਿਤ ਆਪਣੇ ਪੁੱਤਰ ਨੂੰ ਇਕ ਦਿਨ ਸ਼ਾਹਬਾਜ਼ ਜਾਂ ਦਲੇਰ ਸਿੰਘ ਦਾ ਰੂਪ ਵੇਖਣਾ ਚਾਹੁੰਦੀ ਸੀ ਤੇ ਏਸੇ ਲਈ ਉਹ ਆਪਣੇ ਪੁੱਤਰ ਦੀ ਬਣਨ ਵਾਲੀ ਜੀਵਨ ਸਾਥਣ ਦੇ ਗੁਣਾਂ ਲਈ ਫ਼ਿਕਰਮੰਦ ਸੀ। ਇਲਾਕੇ ਦੀਆਂ ਅਨੇਕ ਤਰੀਮਤਾਂ ਜਦੋਂ ਉਹਨੂੰ ਪੁੱਤਰ ਦੇ ਵਿਆਹ ਵਾਸਤੇ ਆਖਦੀਆਂ ਤਾਂ ਉਹ ਇਹੋ ਹੀ ਉੱਤਰ ਦੇਂਦੀ :

"ਮੈਨੂੰ ਕੋਈ ਜਲਦੀ ਨਹੀਂ, ਪਰ ਮੈਂ ਅਜੀਤ ਵਾਸਤੇ ਕੁੜੀ ਉਹ ਲੈਣੀ ਹੈ ਜਿਹੜੀ ਹਰ ਪੱਖੋਂ ਉਹਦੇ ਹਾਣ ਦੀ ਹੋਵੇ।"

ਅਜੀਤ ਵਡਾ ਹੋ ਰਿਹਾ ਸੀ। ਉਹਨਾਂ ਦਿਨਾਂ ਵਿਚ ਦਸਾਂ ਦਸਾਂ ਤੇ ਬਾਰਾਂ ਬਾਰਾਂ ਸਾਲਾਂ ਦੇ ਮੁੰਡਿਆਂ ਦੇ ਵਿਆਹ ਹੋ ਜਾਂਦੇ ਸਨ। ਕੋਈ ਹੀ ਮੁੰਡਾ ਪੰਦਰਾਂ ਵਰ੍ਹੇ ਦੀ ਉਮਰ ਟੱਪਦਾ। ਜਦੋਂ ਲੋਕ ਇਸ ਸ਼ੈ ਵਲ ਉਹਦਾ ਧਿਆਨ ਦਿਵਾਂਦੇ ਤਾਂ ਹਰਦਿਤ ਕੌਰ ਆਖਦੀ :

Scanned by CamScanner

"ਕੋਈ ਗੱਲ ਨਹੀਂ, ਮਾਹਿਲ ਘਰਾਣੇ ਵਿਚ ਸ਼ੁਰੂ ਤੋਂ ਹੀ ਕਈ ਮੁੰਡਿਆਂ ਦੇ ਵਿਆਹ ਵੀਹ ਟੱਪ ਕੇ ਹੋਏ ਹਨ। ਅਜੀਤ ਵਾਸਤੇ ਕੁੜੀਆਂ ਬਥੇਰੀਆਂ।"

ਇਹਨਾਂ ਦਿਨਾਂ ਵਿਚ ਬਹਾਦਰ ਸਿੰਘ ਦੀ ਪਤਨੀ, ਚਰਨ ਕੌਰ ਦੀ ਇਕ ਭੈਣ ਗੁਰਸ਼ਰਨ ਕੌਰ, ਨਾਹਰਪੁਰ ਆਈ। ਗੁਰਸ਼ਰਨ ਕੌਰ, ਬਾਰਾਂ ਤੇਰਾਂ ਵਰ੍ਹਿਆਂ ਦੀ ਹੋ ਚੁਕੀ ਸੀ ਪਰ ਅਜੇ ਤਕ ਕੰਵਾਰੀ ਸੀ। ਇਸ ਲਈ ਨਹੀਂ ਕਿ ਮਾਪੇ ਆਦਰਸ਼ਕ ਸਨ ਤੇ ਬਾਲ ਵਿਆਹ ਦੇ ਵਿਰੁਧ, ਪਰ ਇਸ ਲਈ ਕਿ ਉਹਨਾਂ ਨੂੰ ਧੀ ਵਾਸਤੇ ਕੋਈ ਵਰ ਨਹੀਂ ਸੀ ਲਭ ਸਕਿਆ. ਯੋਗ ਜਾਂ ਅਯੋਗ। ਇਕ ਉਹ ਗ਼ਰੀਬ ਸਨ ਤੇ ਦੂਜੇ ਉਹਨਾਂ ਦੇ ਘਰ ਹੋਣੀਆਂ ਅੱਠ ਧੀਆਂ। ਪਹਿਲੀਆਂ ਛੇਆਂ ਦੇ ਵਿਆਹ ਕਰਦੇ ਕਰਦੇ ਹੀ ਉਹਨਾਂ ਦੀ ਨਿਸ਼ਾਂ ਹੋ ਗਈ। ਹੁਣ ਸਤਵੀਂ ਵਾਸਤੇ ਉਹਨਾਂ ਕੋਲ ਦੇਣ ਜੋਗਾ ਕੁਝ ਖ਼ਾਸ ਨਹੀਂ ਸੀ ਬਚਿਆ। ਬੜੇ ਯਤਨ ਕੀਤੇ, ਪਰ ਹਰ ਪਾਸਿਉਂ ਅਸਫ਼ਲਤਾ ਹੋਈ। ਗੁਰਸ਼ਰਨ ਵਾਸਤੇ ਮੁੰਡਾ ਨਾ ਮਿਲ ਸਕਿਆ। ਜਿਵੇਂ ਦੁਨੀਆਂ ਦੀ ਰੀਤੀ ਹੈ, ਲੋਕ ਗੱਲਾਂ ਕਰਨ ਲਗੇ। ਗੁਰਸ਼ਰਨ ਨੂੰ ਵੀ ਮਖ਼ੌਲ ਹੋਣੇ ਸ਼ੁਰੂ ਹੋਏ। ਉਹਦਾ ਮਨ, ਹੁਣ ਆਪਣੇ ਪਿੰਡ, ਪਰੋਹੀ ਵਿਚ ਨਾ ਲਗੇ। ਪਹਿਲੇ ਵਿਆਹੀਆਂ ਗਈਆਂ ਛੇ ਭੈਣਾਂ ਵਿਚੋਂ ਦੋ ਤਿੰਨਾਂ ਦੀ ਮਾਇਕ ਹਾਲਤ ਸੁਖਾਵੀਂ ਸੀ। ਚਰਨ ਕੌਰ ਉਹਨਾਂ ਵਿਚੋਂ ਇਕ ਸੀ। ਸੋ ਕੁਝ ਚਿਰ ਵਾਸਤੇ ਗੁਰਸ਼ਰਨ, ਚਰਨ ਕੌਰ ਕੋਲ ਆ ਗਈ।

ਉਹਦੇ ਆਉਣ ਤੋਂ ਦੂਜੇ ਹੀ ਦਿਨ ਹਰਦਿਤ, ਗੁਰਸ਼ਰਨ ਨੂੰ ਮਿਲੀ ਤੇ ਪਹਿਲੀ ਤੱਕਣੀ ਤੇ ਪਹਿਲੀ ਗੱਲ ਨੇ ਹੀ ਉਹਨੂੰ ਯਕੀਨ ਦਿਵਾ ਦਿਤਾ ਕਿ ਬਸ ਉਹਨੂੰ ਜਿਵੇਂ ਏਸੇ ਕੁੜੀ ਦੀ ਹੀ ਉਡੀਕ ਸੀ। ਜੇ ਦੁਨੀਆਂ ਵਿਚ ਅਜੀਤ ਵਾਸਤੇ ਕੋਈ ਯੋਗ ਕੁੜੀ ਸੀ ਤਾਂ ਉਹ ਗੁਰਸ਼ਰਨ ਹੀ ਸੀ। ਜੇ ਕੋਈ ਹਰਦਿਤ ਦੀ ਨੂੰਹ ਬਣਨ ਦੇ ਕਾਬਿਲ ਸੀ ਤਾਂ ਉਹ ਗੁਰਸ਼ਰਨ ਹੀ ਸੀ। ਹਰਦਿਤ ਨੂੰ ਲਗਾ ਕਿ ਇਸ ਕੁੜੀ ਦੇ ਹੱਥ ਉਹ ਮਾਹਿਲ ਘਰਾਣੇ ਦੀ ਇੱਜ਼ਤ ਆਬਰੂ ਸਹਿਜੇ ਹੀ ਸੌਂਪ ਸਕਦੀ ਹੈ।

ਠੀਕ, ਗੁਰਸ਼ਰਨ ਸੋਹਣੀ ਵੀ ਸੀ ਪਰ ਹਰਦਿਤ ਦੀ ਰਾਏ ਵਿਚ ਇਹੋ ਜਿਹੀ ਸਿਆਣੀ ਤੇ ਸੁਚੱਜੀ ਕੁੜੀ ਵੀ ਹੋਰ ਕਿਤੇ ਨਹੀਂ ਲਭਣੀ। ਗੁਰਸ਼ਰਨ ਦੇ ਹਾਵ ਭਾਵ ਵਿਚ ਹਲੀਮੀ ਸੀ, ਪਰ ਉਹਦੇ ਮੁਖ ਉੱਤੇ ਕਈ ਰੇਖਾਵਾਂ ਉਹਦੇ ਦ੍ਰਿੜ੍ਹ ਆਚਰਨ ਦੀਆਂ ਵੀ ਸੂਚਕ ਸਨ। ਹਰਦਿਤ ਨੂੰ ਲਗਾ ਕਿ ਗੁਰਸ਼ਰਨ ਦਾ ਮੁਹਾਂਦਰਾ ਗੁਰਮੀਤ ਨਾਲ ਮਿਲਦਾ ਹੈ। ਉਹਨੂੰ ਲਗਾ ਕਿ ਜੇ ਗੁਰਮੀਤ ਨੇ ਇਸ ਕੁੜੀ ਨੂੰ ਵੇਖਿਆ ਹੁੰਦਾ ਤਾਂ ਉਹ ਇਹਨੂੰ ਅਜੀਤ ਦੇ ਸਾਥ ਲਈ ਚੁਣਨ ਵਿਚ ਜ਼ਰਾ ਢਿਲ ਨਾ ਕਰਦੀ!

ਗੁਰਸ਼ਰਨ ਵਿਚ ਕਿਹੀ ਖਿੱਚ ਸੀ, ਉਹਦੀ ਸ਼ਖ਼ਸੀਅਤ ਵਿਚ ਕਿਸ ਤਰ੍ਹਾਂ ਦਾ ਉਭਾਰ ? ਦਿਲ ਹੀ ਦਿਲ ਹਰਦਿਤ ਨੇ ਸੋਚਿਆ, "ਇਹ ਖਿੱਚ ਤੇ ਸ਼ਖ਼ਸੀਅਤ ਦਾ ਇਹ ਉਭਾਰ ਉਮਰ ਦੇ ਨਾਲ ਹੀ ਆ ਸਕਦਾ ਹੈ। ਜਿਹੜੀ ਕੁੜੀ ਸੱਤਾਂ ਜਾਂ ਨੌਆਂ ਸਾਲਾਂ ਦੀ ਵਿਆਹੀ ਜਾਏ ਉਹਦੀ ਸ਼ਖ਼ਸੀਅਤ ਕਿਸ ਤਰ੍ਹਾਂ ਕਿਸੇ ਨੂੰ ਟੁੰਬ ਸਕਦੀ ਹੈ। ਸਾਡੇ ਵਿਚੋਂ ਬਹੁਤੀਆਂ ਦੇ ਘਰ ਤਾਂ ਤੇਰਾਂ ਚੌਦਾਂ ਸਾਲਾਂ ਦੀ ਉਮਰ ਤਕ ਇਕ ਇਕ ਦੋ ਦੋ ਬਾਲ ਹੋ ਜਾਂਦੇ ਹਨ। ਮਾਹਿਲਾਂ ਦੇ ਘਰਾਣੇ ਦੀ ਰੀਤੀ ਬਾਕੀ ਘਰਾਣਿਆਂ ਨਾਲੋਂ ਕੇਡੀ ਚੰਗੀ ਹੈ। ਇਸ ਟੱਬਰ ਵਿਚ ਬਹੁਤੇ ਵਿਆਹ ਬਾਲ ਅਵਸਥਾ ਵਿਚੋਂ ਲੰਘ ਕੇ ਹੀ ਹੁੰਦੇ ਰਹੇ ਹਨ। ਜੇ ਮੇਰੇ ਘਰ ਧੀ ਹੋਈ ਤਾਂ ਮੈਂ ਵੀ...।" ਪਰ ਫਿਰ ਹਰਦਿਤ ਨੂੰ ਆਪਣੇ ਮਨ ਵਿਚ ਆਏ ਇਸ ਖ਼ਿਆਲ ਤੋਂ ਸੰਗ ਆ ਗਈ। ਉਹ ਹੁਣ ਬਚੇ ਜਣਨ ਦੀ ਉਮਰ ਟੱਪ ਚੁਕੀ ਸੀ।

ਉਸ ਬਹਾਦਰ ਸਿੰਘ ਤੇ ਚਰਨ ਕੌਰ ਨਾਲ ਗੱਲ ਕੀਤੀ। ਅੰਨ੍ਹੇ ਨੂੰ ਦੋ ਅੱਖਾਂ ਮਿਲਣ, ਹੋਰ ਕੀ ਲੋੜ ? ਉਹਦੇ ਇਹ ਪ੍ਰਸਤਾਵ ਛੇੜਨ ਦੀ ਦੇਰ ਸੀ ਕਿ ਬਹਾਦਰ ਸਿੰਘ ਤੇ ਚਰਨ ਕੌਰ ਜਿਵੇਂ ਮੋਮ ਹੋ ਗਏ। ਉਹਨਾਂ ਦੇ ਦਿਲ ਵਿਚ ਮਾਹਿਲਾਂ ਦੇ ਵਿਰੁਧ ਜਿਹੜੇ ਭਾਵ ਉਤਪੰਨ ਹੋਏ ਵੀ ਸਨ, ਉਹ ਇਕ ਦਮ ਉਡ ਗਏ। ਉਹਨਾਂ ਨੂੰ ਆਪਣੀ ਕੀਤੀ ਤੇ ਸ਼ਰਮ ਆਈ। ਉਹਨਾਂ ਨੂੰ ਸ਼ਰਮ ਆਈ ਕਿ ਉਹਨਾਂ ਨੇ ਮਾਹਿਲਾਂ ਦੀ ਦਸ ਮੁਰੱਬੇ ਭੋਇੰ ਮਾਰ ਲਈ। ਪਤੀ ਪਤਨੀ ਹੈਰਾਨ ਹੋਏ ਤੇ ਉਹਨਾਂ ਇਕ ਦੂਜੇ ਕੋਲੋਂ ਪੁੱਛਿਆ : "ਕੀ ਦੁਨੀਆਂ ਵਿਚ ਐਨਾ ਉਦਾਰ ਵੀ ਕੋਈ ਹੋ ਸਕਦਾ ਹੈ ?"

ਹਰਦਿਤ ਨੇ ਆਪਣੇ ਪੁੱਤਰ ਨਾਲ ਗੱਲ ਕੀਤੀ, ਪਰ ਇਸ ਤੋਂ ਪਹਿਲੇ ਕਿ ਉਹ ਗੁਰਸ਼ਰਨ ਨੂੰ ਮਿਲਦਾ ਉਹ ਚਤਰ ਸਿੰਘ ਨਾਲ ਟੂਰ ਗਿਆ ਤੇ ਜਾਂਦੀ ਵਾਰੀ ਹਾਂ ਨਾਂਹ ਕਰ ਕੇ ਗਿਆ। ਉਸ ਮਾਂ ਨੂੰ ਉਡੀਕਣ ਵਾਸਤੇ ਕਿਹਾ ਤੇ ਮਾਂ ਨੇ ਉਡੀਕਣਾਂ ਹੀ ਮੁਨਾਸਿਬ ਸਮਝਿਆ। ਉਹਨੂੰ ਸੋਝੀ ਸੀ ਕਿ ਅਜੀਤ ਬਾਕੀ ਮੁੰਡਿਆਂ ਵਰਗਾ ਨਹੀਂ। ਉਹਦੀ ਸੂਝ ਤੇ ਚੇਤੰਨਤਾ ਭਿੰਨ ਮਾਨਵੀ ਸੰਬੰਧਾਂ ਦੀ ਮੰਗ ਕਰਦੀ ਹੈ।

Scanned by CamScanner

ਵਿਚ ਵੀ ਹੁਣ ਤਕ ਹਰਦਿਤ ਆਪਣੇ ਪੁੱਤਰ ਦੀਆਂ ਲੋੜਾਂ ਨੂੰ ਸਮਝਣ ਲਗ ਗਈ ਸੀ। ਉਹਨੂੰ ਆਪਣੇ ਦਿਲ ਵਿਚ ਇਹ ਵਿਸ਼ਵਾਸ ਸੀ ਕਿ ਅਜੀਤ ਉਹਦੀ ਚੋਣ ਨੂੰ ਪਸੰਦ ਕਰੇਗਾ, ਕਿ ਉਹ ਗੁਰਸ਼ਰਨ ਬਾਰੇ ਨਾਂਹ ਨਹੀਂ ਕਰੇਗਾ। ਉਸ ਬਹਾਦਰ ਸਿੰਘ ਨੂੰ ਆਖ ਦਿਤਾ :

"ਤੁਸੀਂ ਸਾਡੇ ਵਲੋਂ ਇਹ ਰਿਸ਼ਤਾ ਪੱਕਾ ਸਮਝੋ। ਅਜੀਤ ਦੇ ਮੁੜਨ ਤਕ ਬੇਸ਼ਕ ਮੈਂ ਇਹ ਗੱਲ ਬਾਹਰ ਨਹੀਂ ਕਢਣੀ ਤੇ ਨਾ ਹੀ ਕੋਈ ਰਸਮੀ ਕਾਰਵਾਈ ਕਰਨੀ ਚਾਹੁੰਦੀ ਹਾਂ, ਪਰ ਮੈਂ ਆਪਣੇ ਪੁੱਤਰ ਦੀਆਂ ਲੋੜਾਂ ਨੂੰ ਸਮਝਦੀ ਹਾਂ।"

ਇਕ ਗੱਲੋਂ ਹਰਦਿਤ ਨੂੰ ਇਹ ਸੋਝੀ ਵੀ ਸੀ ਕਿ ਦਰਅਸਲ ਉਹਦਾ ਪੁੱਤਰ ਕੀ ਮੰਗਦਾ ਹੈ। ਗੱਲਾਂ ਗੱਲਾਂ ਵਿਚ ਅਜੀਤ ਨੇ ਇਸ ਬਾਬਤ ਇਸ਼ਾਰੇ ਕੀਤੇ ਸਨ। ਉਹ ਆਪਣੀ ਹੋਣ ਵਾਲੀ ਪਤਨੀ ਨੂੰ ਵੇਖਣਾ ਚਾਹੁੰਦਾ ਸੀ ਤੇ ਹਰਦਿਤ ਆਪਣੀ ਚੋਣ ਅਜੀਤ ਨੂੰ ਵਿਖਾਣ ਵਾਸਤੇ ਤਿਆਰ ਸੀ।

ਹਰਦਿਤ, ਗੁਰਸ਼ਰਨ ਨੂੰ ਧੀਆਂ ਤੇ ਨੂੰਹਾਂ ਵਾਂਗ ਪਿਆਰ ਕਰਨ ਲਗੀ। ਗੁਰਸ਼ਰਨ ਵੀ ਆਪਣੇ ਆਪ ਨੂੰ ਇਕ ਮੰਗੀ ਗਈ ਕੁੜੀ ਸਮਝਦੀ ਤੇ ਉਹਦੇ ਮਾਪੇ ਆਪਣੀ ਅਠਵੀਂ ਤੇ ਆਖ਼ਰੀ ਧੀ ਦੇ ਵਰ ਬਾਰੇ ਸੋਚਣ ਲਗੇ।

ਹੁਣ ਹਰਦਿਤ, ਅਜੀਤ ਨੂੰ ਘਰ ਮੁੜ ਆਉਣ ਦੇ ਸੁਨੇਹੇ ਘਲਣ ਲਗੀ। ਅਖਾ ਘਲਦੀ ਕਿ ਉਹ ਭਾਵੇਂ ਮਹੀਨੇ ਦੋ ਮਹੀਨੇ ਲਈ ਘਰ ਆਵੇ, ਪਰ ਆਵੇ ਜ਼ਰੂਰ। ਕਈ ਖ਼ਾਸ ਖ਼ਾਸ ਸਲਾਹਾਂ ਕਰਨ ਵਾਲੀਆਂ ਹਨ। ਅੱਜ ਅਜੀਤ ਨਾਹਰਪੁਰ ਆਇਆ। ਉਹਦੇ ਆਉਣ ਦੀ ਖ਼ਬਰ ਸੁਣ ਕੇ ਤੇ ਉਹਦੇ ਆਉਣ ਤੋਂ ਪਹਿਲਾਂ ਹਰਦਿਤ ਨੇ ਗੁਰਸ਼ਰਨ ਨੂੰ ਨਾਹਰਪੁਰ ਸਦਾ ਲਿਆ।

੧੬੧

ਉਹ ਸਮਾਜ ਜਿਹੜੇ ਇਕ ਝੀਲ ਵਾਂਗ ਸੀਮਤ ਹੋ ਜਾਣ ਸਮਾਂ ਪਾ ਕੇ ਗੰਧਲੇ ਤੇ ਸਿਥਲ ਹੋ ਜਾਂਦੇ ਹਨ। ਜ਼ਿਦਗੀ ਦੀ ਚਾਲ ਰੁਕ ਜਾਂਦੀ ਹੈ। ਨਵੇਂ ਅਸਰ ਤੇ ਨਵੀਆਂ ਰੰਅਾਂ ਉਤਪੰਨ ਨਹੀਂ ਹੁੰਦੀਆਂ। ਸਰੀਰਾਂ ਵਿਚ ਨਵੀਆਂ ਝਰਨਾਟਾਂ ਨਹੀਂ ਛਿੜਦੀਆਂ। ਦਿਮਾਗ਼ਾਂ ਵਿਚ ਨਵੇਂ ਤੇ ਸਜੀਲੇ ਸੁਪਨੇ ਨਹੀਂ ਉਪਜਦੇ। ਦਿਲਾਂ ਵਿਚ ਉਮੰਗਾਂ ਤੇ ਲਗਨਾਂ ਪੈਦਾ ਨਹੀਂ ਹੁੰਦੀਆਂ। ਪੈਰਾਂ ਵਿਚ ਅਗੇ ਵਧਣ ਦੀ ਲੋਚਾ ਨਹੀਂ ਰਹਿੰਦੀ।

ਸਦੀਆਂ ਤੋਂ ਹਿੰਦੂ ਸਮਾਜ ਇਕ ਝੀਲ ਨਿਆਈਂ ਸੀ। ਸਦੀਆਂ ਤੋਂ ਇਸ ਸਮਾਜ ਨੇ ਸਮੁੱਚੇ ਜੱਗ ਨਾਲੋਂ ਸਬੰਧ ਤੋੜ ਲਏ ਸਨ। ਨਿੱਤ ਨਵੇਂ ਹੱਲਿਆਂ ਤੇ ਅੰਤ ਧੜੱਲੇਦਾਰ ਇਸਲਾਮ ਦੀ ਆਮਦ ਨਾਲ ਇਹ ਦਿਨੋਂ ਦਿਨ ਆਪਣੇ ਆਪ ਵਿਚ ਸੁਕੜਦਾ ਗਿਆ। ਕਈ ਹੋਰ ਮਜ਼ਹਬ, ਸੰਪਰਦਾਵਾਂ ਤੇ ਕੌਮਾਂ ਇਸ ਮੱਤ ਨੇ ਹੌਲੀ ਹੌਲੀ ਨਿਗਲ ਲਈਆਂ ਸਨ, ਪਰ ਇਸਲਾਮ ਸੌਖੀ ਤਰ੍ਹਾਂ ਨਿਗਲਿਆ ਜਾਣ ਵਾਲਾ ਧਰਮ ਨਹੀਂ ਸੀ। ਇਹਦੇ ਵਿਚ ਇਕ ਅਲੌਕਿਕ ਸ਼ਕਤੀ ਸੀ। ਸਮਤੁਲਤਾ ਤੇ ਇਕ ਖ਼ੁਦਾ ਦੇ ਬੁਨਿਆਦੀ ਅਸੂਲਾਂ ਵਿਚ ਇਕ ਅਦੁੱਤੀ ਉਭਾਰ ਸੀ। ਸਾਰੇ ਮਧ ਪੂਰਬ ਨੂੰ ਇਸ ਮਜ਼ਹਬ ਨੇ ਇਕ ਨਵਾਂ ਜੀਵਨ ਦਿਤਾ ਸੀ। ਇਹਦੇ ਸਨਮੁਖ ਹਿੰਦੂ ਮੱਤ ਆਪਣੇ ਆਪ ਵਿਚ ਸੀਮਤ ਹੋ ਗਿਆ ; ਆਪਣੇ ਆਪ ਨੂੰ ਨਿਆਰਾ ਤੇ ਅਲੱਗ ਰਖਣ ਵਾਸਤੇ ਤੇ ਸਮੇਂ ਸਿਰ ਮੁੜ ਆਪਣੇ ਆਪ ਵਿਚ ਆਉਣ ਵਾਸਤੇ। ਇਹ ਆਪਣੀਆਂ ਮਹਾਨ

Scanned by CamScanner

ਰਵਾਇਤਾਂ ਭੁੱਲ ਗਿਆ ਕਿ ਇਸ ਆਪਣੀ ਸੰਸਕ੍ਰਿਤਕ ਤੇ ਸਭਿਅਕ ਮਹਾਨਤਾ ਨਾਲ ਸਾਰੀ ਦੁਨੀਆਂ ਨੂੰ ਚੁੰਧਿਆਇਆ ਸੀ। ਭੁੱਲ ਗਿਆ ਕਿ ਕਦੀ ਵਿਗਿਆਨ ਤੇ ਉਦਯੋਗ ਦੇ ਮੈਦਾਨ ਵਿਚ ਇਹ ਦੁਨੀਆਂ ਦਾ ਮੋਹਰੀ ਸੀ।

ਝੀਲ ਵਿਚ ਤੂਫ਼ਾਨ ਨਹੀਂ ਆਉਂਦੇ। ਝੀਲਾਂ ਦੇ ਪਾਣੀਆਂ ਦੀ ਸਤਹ ਸ਼ਾਂਤ ਰਹਿੰਦੀ ਹੈ। ਇਸ ਸ਼ਾਂਤੀ ਪੂਰਵਕ ਉਤਲੇ ਮੁਲੰਮੇ ਥੱਲੇ ਕੋਈ ਉਭਾਰ ਨਹੀਂ ਉਠ ਰਹੇ ਹੁੰਦੇ। ਇਕੋ ਤਰ੍ਹਾਂ ਦੇ ਜੰਮਦੇ ਬੂਟੇ ਬੂਟੀਆਂ ਆਪੋ ਵਿਚ ਅਜਿਹੀਆਂ ਖਚਿੱਤ ਹੋ ਜਾਂਦੀਆਂ ਹਨ ਕਿ ਕਿਸੇ ਹੋਰ ਤਰ੍ਹਾਂ ਦੀ ਉਤਪਤੀ ਮੁਮਕਿਨ ਨਹੀਂ ਹੁੰਦੀ।

ਇਸ ਆਲੇ ਦੁਆਲੇ ਵਿਚ ਧਰਮ ਕਾਰਜਾਂ ਦੇ ਸਹੀ ਅਰਥ ਤੇ ਭਾਵ ਵਿਸਰ ਜਾਂਦੇ ਹਨ। ਮੁਲੰਮਾਂ ਸੋਹਣਾ ਲਗਦਾ ਹੈ। ਅੰਦਰ ਖੋਟ ਹੁੰਦਾ ਹੈ। ਕੱਟੜਪਨ ਧੁਰਾ ਬਣਦਾ ਹੈ। ਭਵਿੱਖ ਵਿਚ ਕੁਝ ਦਿਸਦਾ ਨਹੀਂ। ਨੇਮਾਂ ਦੀ ਪਾਬੰਦੀ ਵਿਚੋਂ ਮਨੁੱਖ ਮੁਕਤੀ ਲੋਚਦਾ ਹੈ। ਪਰ ਮੁਕਤੀ ਨੇਮਾਂ ਦੀ ਪਾਬੰਦੀ ਵਿਚੋਂ ਵੀ ਕਦੀ ਮਿਲੀ ?

ਇਸ ਆਲੇ ਦੁਆਲੇ ਵਿਚ ਘੱਸ ਘੱਸ ਪੀਪੂੰ ਹੋਏ ਸੰਸਕਾਰ, ਸੀਤ ਭਾਵ, ਰਸਮਾਂ ਤੇ ਰਵਾਇਤਾਂ ਮਨੁੱਖ ਦੀ ਨਸ ਨਸ ਵਿਚ ਰਚ ਜਾਂਦੀਆਂ ਹਨ। ਉਹਨੂੰ ਕਿਤੇ ਸਚਾਈ ਨਹੀਂ ਲਭਦੀ। ਝੂਠ ਵਿਚੋਂ ਹੀ ਉਹ ਆਪਣਾ ਛੁਟਕਾਰਾ ਮੰਗਦਾ ਹੈ। ਪਰ ਝੂਠ ਵਿਚੋਂ ਵੀ ਕਦੀ ਛੁਟਕਾਰੇ ਮਿਲੇ ?

ਹਿੰਦੂ ਮੱਤ ਜਦੋਂ ਇਸ ਦੌਰ ਵਿਚੋਂ ਲੰਘ ਰਿਹਾ ਸੀ ਤਾਂ ਕਈ ਸੂਝਵਾਨਾਂ ਨੂੰ ਫ਼ਿਕਰ ਹੋਇਆ ਕਿ ਇਹ ਹਾਲਾਤ ਸਦੀਵੀ ਨਹੀਂ ਹੋਣੇ ਚਾਹੀਦੇ। ਇਸ ਮੱਤ ਨੂੰ ਉੱਨਤੀ ਦੇ ਬਦਲਦੇ ਸਮੇਂ ਦੀ ਚਨੌਤੀ ਨੂੰ ਕਬੂਲਣਾ ਚਾਹੀਦਾ ਹੈ। ਇਹਨੂੰ ਆਪਣੇ ਆਪ ਵਿਚ ਆ ਕੇ ਆਪਣੀਆਂ ਵਡਿਆਈਆਂ ਤੇ ਉਕਾਈਆਂ ਨੂੰ ਪੜਤਾਲਣਾ ਚਾਹੀਦਾ ਹੈ। ਇਹਨੂੰ ਹੋਰ ਹਨੇਰੇ ਵਿਚ ਭਟਕਣਾ ਨਹੀਂ ਚਾਹੀਦਾ। ਚਾਨਣ ਵਲ ਮੂੰਹ ਕਰਨ ਦੀ ਲੋੜ ਹੈ। ਪਰਛਾਵੇਂ ਮੁਕ ਜਾਣਗੇ।

ਸਮੇਂ ਸਮੇਂ ਇਸ ਲਈ, ਦੇਸ਼ ਵਿਚ ਲਹਿਰਾਂ ਉਠਦੀਆਂ, ਪਰ ਸ਼ੋਕ ਕਿ ਇਹ ਲਹਿਰਾਂ ਝੀਲ ਦੀ ਅੰਨ੍ਹੀ ਬੋਲੀ ਅਗੰਮਤਾ ਨੂੰ ਪੂਰੀ ਤਰ੍ਹਾਂ ਝੂਣ ਨਾ ਸਕਦੀਆਂ। ਇਕ ਇਹ ਜਿਹੀ ਲਹਿਰ ਸਿੱਖੀ ਦੀ ਲਹਿਰ ਸੀ। ਸ਼ੋਕ ਕਿ ਇਹ ਲਹਿਰ ਵੀ ਕਈ ਹੋਰ ਲਹਿਰਾਂ ਵਾਂਗ ਸਰਬ ਵਿਆਪੀ ਨਾ ਹੋ ਸਕੀ, ਪਰ ਝੀਲ ਦੇ ਜਿਸ ਹਿੱਸੇ ਵਿਚ ਇਹ ਸ਼ੁਰੂ ਤੇ ਪ੍ਰਫੁੱਲਤ ਹੋਈ, ਘਟੋ ਘਟ ਉਸ ਹਿੱਸੇ ਵਿਚ ਗੰਧਲਾਪਨ ਮੁਕ ਗਿਆ। ਘਟੋ ਘਟ ਉਸ ਹਿੱਸੇ ਵਿਚ ਨਵੀਨਤਾ ਆਈ। ਉਸ ਹਿੱਸੇ ਵਿਚ ਪਾਣੀ ਨਿਰਮਲ ਹੋ ਗਿਆ। ਉਸ ਹਿੱਸੇ ਰਾਹੀਂ ਬਾਹਰਲੀ ਤੇ ਸਮੁੱਚੀ ਦੁਨੀਆਂ ਨਾਲ ਮੇਲ ਜੋਲ ਸ਼ੁਰੂ ਹੋਇਆ। ਭਾਰਤ ਦੇ ਇਸ ਹਿੱਸੇ ਨੇ ਦੁਨੀਆਂ ਵਿਚ ਹੋ ਰਹੀ ਉੱਨਤੀ ਤੇ ਬਦਲੀਆਂ ਕੀਮਤਾਂ ਦੀ ਚੁਨੌਤੀ ਕਬੂਲ ਕੀਤੀ।

ਇਸ ਹਿੱਸੇ ਵਿਚ ਗੁਰੂ ਨਾਨਕ ਦੇਵ ਜੀ ਨੇ ਅਨੇਕ ਅਜਿਹੀਆਂ ਰਵਾਇਤਾਂ ਨੂੰ ਸਰੇ ਬਾਜ਼ਾਰ ਭੰਡ ਦਿਤਾ ਜਿਹੜੀਆਂ ਰਵਾਇਤਾਂ ਕਿ ਹਿੰਦੂ ਸਮਾਜ ਆਪਣੀ ਜਿੰਦ ਜਾਨ ਸਮਝਦਾ ਸੀ। ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣਾਂ ਤੇ ਪਾਂਡਿਆਂ ਤੇ ਝੂਠੇ ਧਰਮ ਨੇਤਾਵਾਂ ਦਾ ਨਿਝੱਕ ਖੰਡਨ ਕੀਤਾ ਤੇ ਆਖਿਆ ਕਿ ਜੇ ਇਸ ਸਮਾਜ ਨੇ ਜੀਊਣਾ ਹੈ ਤਾਂ ਉਹਨੂੰ ਪਰੇ ਵਿਚ ਆਉਣਾ ਪਵੇਗਾ। ਉਹਨਾਂ ਦਿਨਾਂ ਦੀ ਗੁਰੂ ਨਾਨਕ ਇਕੋ ਇਕ ਵਿਕੋਲਿਤਰੀ ਸ਼ਖ਼ਸੀਅਤ ਹਨ, ਜੋ ਹਿੰਦੁਸਤਾਨ ਦੀਆਂ ਹੱਦਾਂ ਤੋਂ ਬਾਹਰ ਨਿਕਲੇ ਤੇ ਦੇਸ਼ ਦੇਸ਼ ਫਿਰੇ। ਗੁਰੂ ਨਾਨਕ ਵੇਖਣਾ ਚਾਹੁੰਦੇ ਸਨ ਕਿ ਉਹਨਾਂ ਦੇ ਦੇਸ਼ ਤੇ ਉਹਨਾਂ ਦੀ ਕੌਮ ਨੇ ਦੁਨੀਆਂ ਵਿਚ ਕਿਸ ਤਰ੍ਹਾਂ ਦੀ ਹੋ ਰਹੀ ਉੱਨਤੀ ਦਾ ਸਾਹਮਣਾ ਕਰਨਾ ਹੈ। ਜਿਸ ਵਿਰੋਧੀ ਦੀ ਚੁਨੌਤੀ ਕਬੂਲੀ ਜਾਏ ਉਸ ਵਿਰੋਧੀ ਬਾਰੇ ਕੁਝ ਸਮਝਣਾ ਤੇ ਉਹਦੇ ਗੁਣਾਂ ਔਗਣਾਂ ਨੂੰ ਜਾਚਣਾ ਇਕ ਚੰਗੇ ਜਰਨੈਲ ਤੇ ਆਗੂ ਦਾ ਲੱਛਣ ਹੈ।

ਗੁਰੂ ਨਾਨਕ ਦੇਵ ਜੀ ਇਸਲਾਮ ਨੂੰ ਤੇ ਦੁਨੀਆਂ ਨੂੰ ਸਮਝਣ ਲਈ ਭਾਰਤੋਂ ਬਾਹਰ ਗਏ। ਉਹਨਾਂ ਨੇ ਜਾਚਣਾ ਚਾਹਿਆ ਕਿ ਜਿਥੇ ਇਸਲਾਮ ਦਾ ਜਨਮ ਹੋਇਆ ਉੱਥੇ ਇਹ ਕਿਸ ਸ਼ਕਲ ਵਿਚ ਪ੍ਰਚੱਲਤ ਹੈ, ਲੋਕਾਂ ਨੇ ਇਹਨੂੰ ਕਿਸ ਤਰ੍ਹਾਂ ਕਬੂਲਿਆ ਹੈ ਤੇ ਅੱਜ ਕਲ੍ਹ ਦੁਨੀਆਂ ਦੇ ਇਸ ਭਾਗ ਵਿਚ ਕੀ ਹਾਲਤ ਹੈ ? ਗੁਰੂ ਨਾਨਕ ਨੇ ਆਪਣਾ ਅਧਿਅਨ ਮੁਕਾਇਆ ਤੇ ਉਹ ਵਾਪਸ ਆਏ।

ਆਪਣੇ ਅਧਿਅਨ ਦੀ ਬਿਨਾ ਉੱਤੇ ਉਹਨਾਂ ਨੇ ਆਪਣੇ ਸਮਾਜ ਵਿਚ ਨਵੀਆਂ ਲੀਹਾਂ ਦਾ ਪ੍ਰਚਾਰ ਕੀਤਾ ਤੇ ਦਸਿਆ ਕਿ ਸਮਾਜ ਨੂੰ ਕਿਸ ਕਿਸ ਪੱਖੋਂ ਬਦਲਣ ਦੀ ਲੋੜ ਹੈ। ਆਪਣੇ ਖ਼ਿਆਲਾਂ ਤੇ ਵਿਚਾਰਾਂ ਨੂੰ ਹਰ ਜੀਅ ਤਕ ਪਹੁੰਚਾਣ ਲਈ ਗੁਰੂ ਨਾਨਕ ਸਾਰੇ ਭਾਰਤ ਵਿਚ ਘੁੰਮੇ। ਗੁਰੂ ਨਾਨਕ ਦੇਵ ਜੀ ਦੀ ਵਡਿਆਈ, ਉਹਨਾਂ ਦੀ ਸੂਝ, ਉਹਨਾਂ ਦੀ ਦ੍ਰਿੜ੍ਹਤਾ ਤੇ ਉਹਨਾਂ ਦੀ ਨਿਸ਼ਕਾਮਤਾ ਬੇਮਿਸਾਲ ਬਣੀ।

Scanned by CamScanner

ਗੁਰੂ ਨਾਨਕ ਦੇ ਪਾਏ ਪੂਰਨੇ ਬਾਕੀ ਦਾ ਭਾਰਤ ਤਾਂ ਭੁੱਲ ਗਿਆ, ਪਰ ਪੰਜਾਬ ਦੀ ਸਾਰੀ ਸਰਜ਼ਮੀਨ ਉੱਤੇ ਉਹਨਾਂ ਦੀ ਸ਼ਖ਼ਸੀਅਤ ਤੇ ਉਹਨਾਂ ਦੀਆਂ ਕਰਾਂਤੀਕਾਰੀ ਰਾਵਾਂ ਦਾ ਅਸਰ ਸੁਰਜੀਤ ਰਿਹਾ। ਉਹਨਾਂ ਦੇ ਪਿਛੋਂ ਆਏ ਅੱਠਾਂ ਗੁਰੂਆਂ ਨੇ ਉਹਨਾਂ ਦੇ ਵਿਚਾਰਾਂ ਤੇ ਟੀਚਿਆਂ ਦਾ ਪ੍ਰਚਾਰ ਕੀਤਾ ਤੇ ਆਪਣੀ ਛਾਤ ਵਿਚ ਸਭ ਉਹਨਾਂ ਨਵੀਨ ਲੀਹਾਂ ਤੇ ਪੂਰਨਿਆਂ ਦੀ ਪਾਲਣਾ ਕੀਤੀ ਜਿਹੜੇ ਗੁਰੂ ਨਾਨਕ ਦੇਵ ਜੀ ਨੇ ਉਲੀਕੇ ਸਨ।

ਤੇ ਦਸਵੇਂ ਗੁਰੂ ਬਣੇ, ਗੋਬਿੰਦ ਸਿੰਘ ਜੀ। ਉਹਨਾਂ ਨੇ ਗੁਰੂ ਨਾਨਕ ਦੇ ਪਾਏ ਪੂਰਨਿਆਂ ਨੂੰ ਹਰ ਮਨ ਪਿਆਰਾ ਕਰਨ ਦਾ ਨਵਾਂ ਤਰੀਕਾ ਸੋਚਿਆ। ਉਹਨਾਂ ਇਕੋ ਬਾਟੇ ਵਿਚੋਂ ਉੱਚੀਆਂ ਤੇ ਨੀਵੀਆਂ ਜਾਤੀਆਂ ਨੂੰ ਅੰਮ੍ਰਿਤ ਛਕਾਇਆ ਤੇ ਐਲਾਨ ਕੀਤਾ ਕਿ ਅੱਜ ਤੋਂ ਛਾਤ ਪਾਤ ਮੁਕ ਗਈ ਹੈ। ਉਹਨਾਂ ਕਦੀਮੀ ਰਵਾਇਤਾਂ ਵਲੋਂ ਲਾਗੂ ਕੀਤੇ ਹੋਏ ਬੰਧਨ ਤੋੜ ਦਿਤੇ। ਉਹਨਾਂ ਆਖਿਆ ਕਿ ਸਾਡੇ ਸਮਾਜ ਨੂੰ ਨਵੇਂ ਚੌਗਿਰਦੇ ਦੀ ਲੋੜ ਹੈ, ਨਵੇਂ ਸੁਪਨਿਆਂ ਦੀ ਤੇ ਨਵੇਂ ਇਰਾਦਿਆਂ ਦੀ ਲੋੜ ਹੈ। ਉਹਨਾਂ ਵੇਦ, ਬਾਸਤਰ, ਸੁਰਤੀਆਂ ਤੇ ਸਮ੍ਰਿਤੀਆਂ ਨੂੰ ਪੜ੍ਹ ਕੇ ਤੇ ਕੁਰਾਨ ਤੇ ਬਾਕੀ ਦੁਨੀਆਂ ਦੀਆਂ ਕਿਤਾਬਾਂ ਦਾ ਅਧਿਅਨ ਕਰ ਕੇ ਕਿਹਾ ਕਿ ਹਿੰਦੂ ਜਾਤੀ ਨੂੰ ਕਿਸੇ ਕੋਲੋਂ ਡਰਨ ਦੀ ਲੋੜ ਨਹੀਂ, ਕਿਸੇ ਅਗੇ ਨੀਵਿਆਂ ਪੈਣ ਦੀ ਲੋੜ ਨਹੀਂ। ਜੇ ਕਿਸੇ ਦੀ ਲੋੜ ਹੈ ਤਾਂ ਇਸ ਭੀਲ ਦੇ ਕੰਦਿਆਂ ਨੂੰ ਤੋੜਨ ਦੀ, ਆਪਣੇ ਦਵਾਲੇ ਉਸਾਰੀਆਂ ਕੰਧਾਂ ਨੂੰ ਤੋੜਨ ਦੀ। ਗੁਰੂ ਨਾਨਕ ਨੇ ਇਕ ਲਹਿਰ, ਇਕ ਰੌਅ ਚਲਾਈ ਸੀ, ਅੱਜ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਤੂਫ਼ਾਨ ਬਰਪਾ ਕਰ ਦਿਤਾ; ਆਪਣੀ ਅਲੌਕਿਕ ਤੇ ਵੇਗੀ ਸ਼ਖ਼ਸੀਅਤ ਨਾਲ ਤੇ ਆਪਣੇ ਤੂਫ਼ਾਨੀ ਆਦੇਸ਼ਾਂ ਨਾਲ। ਉਹ ਵੀ ਸਮੁੱਚੇ ਭਾਰਤ ਵਿਚ ਕਰਾਂਤੀ ਮਚ੍ਹਾ ਟੁਰੇ, ਪਰ ਅਣਆਈ ਤੇ ਸਮੇਂ ਤੋਂ ਪਹਿਲੇ ਆਈ ਮੌਤ ਨੇ ਉਹਨਾਂ ਦੇ ਮਿਸ਼ਨ ਨੂੰ ਅਸਫਲ ਬਣਾ ਦਿਤਾ। ਦੂਜੀ ਵਾਰ ਇਕ ਤੂਫ਼ਾਨ ਉਠਿਆ ਜੋ ਭਾਰਤ ਦੇ ਇਕ ਹਿੱਸੇ ਤਕ ਹੀ ਸੀਮਤ ਰਹਿ ਗਿਆ।

ਹਾਂ ਪਰ, ਪੰਜਾਬ ਵਿਚ ਇਸ ਤੂਫ਼ਾਨ ਨੇ ਜੀਵਨ ਬਦਲ ਦਿਤਾ। ਸਿੱਖ ਮੱਤ ਇਸਲਾਮ ਤੇ ਈਸਾਈਅਤ ਸਨਮੁਖ ਆਇਆ ਤੇ ਉਸ ਆਪਣੇ ਆਪ ਨੂੰ, ਹਿੰਦੂ ਮੱਤ ਦੇ ਪੈਰੋਕਾਰਾਂ ਵਾਂਗ, ਨਾ ਹੀ ਘਟੀਆ ਸਮਝਿਆ ਤੇ ਨਾ ਹੀ ਝੂਠੇ ਵਧੀਆਪਨ ਦੇ ਅੰਧ-ਵਿਸ਼ਵਾਸ ਥੱਲੇ ਆਪਣੇ ਆਪ ਨੂੰ ਸਮੇਟਿਆ, ਸੁਕੇੜਿਆ। ਭਾਰਤ ਦੀ ਇਕ ਟੁਕੜੀ, ਪੰਜਾਬ ਨੇ, ਆਪਣੇ ਬੂਹੇ ਬਾਰੀਆਂ ਖੋਲ੍ਹ ਦਿਤੀਆਂ ਤੇ ਦੁਨੀਆਂ ਵਿਚ ਹੋ ਰਹੀ ਸਭਿਅਕ, ਸੰਸਕ੍ਰਿਤਕ ਤੇ ਉਦਯੋਗਿਕ ਉੱਨਤੀ ਦੀ ਚੁਨੌਤੀ ਨੂੰ ਕਬੂਲਿਆ। ਮਹਾਰਾਜਾ ਰਣਜੀਤ ਸਿੰਘ ਨੇ ਸੰਸਕ੍ਰਿਤ, ਫ਼ਾਰਸੀ, ਫ਼ਰਾਂਸੀਸੀ ਤੇ ਅੰਗਰੇਜ਼ੀ ਜ਼ਬਾਨਾਂ ਦੀ ਜਾਣਕਾਰੀ ਵਾਸਤੇ ਉਤਸ਼ਾਹ ਦਿਤਾ। ਉਸ ਰੂਸ ਤੇ ਫ਼ਰਾਂਸ ਦੇ ਬਾਦਸ਼ਾਹਾਂ ਨੂੰ ਚਿੱਠੀਆਂ ਲਿਖੀਆਂ ਤੇ ਤੋਹਫ਼ੇ ਭੇਜੇ। ਉਸ ਅਨੇਕ ਬਦੇਸ਼ੀ ਆਦਮੀਆਂ ਨੂੰ ਠੌਕਰ ਰਖਿਆ।

ਹਾਂ, ਰਣਜੀਤ ਸਿੰਘ ਨੂੰ ਕਿਸੇ ਘਟੀਆਪਨ ਦਾ ਅਹਿਸਾਸ ਨਹੀਂ ਸੀ। ਕਿਸੇ ਅੰਨ੍ਹੇ ਵਧੀਆਪਨ ਦਾ ਵੀ ਘੁਮੰਡ ਨਹੀਂ ਸੀ। ਰਣਜੀਤ ਸਿੰਘ ਤੇ ਉਸ ਵੇਲੇ ਦੇ ਪੰਜਾਬ ਵਿਚ ਇਕ ਸਵੈ-ਵਿਸ਼ਵਾਸ ਸੀ ਜਿਹੋ ਜਿਹਾ ਸਵੈ-ਵਿਸ਼ਵਾਸ ਕਿ ਸਦੀਆਂ ਤੋਂ ਹਿੰਦੁਸਤਾਨ ਦੇ ਕਿਸੇ ਭਾਗ ਵਿਚ ਉਤਪੰਨ ਨਹੀਂ ਸੀ ਹੋਇਆ।

ਇਸ ਸਮੇਂ ਅੰਦਰ ਪੰਜਾਬ ਵਿਚੋਂ ਪੁਰਾਣੀਆਂ ਤੇ ਨਵੀਨ ਸਮੇਂ ਦੀ ਸਪਿਰਟ ਦੇ ਵਿਰੁਧ ਸਥਾਪਤ ਰਵਾਇਤਾਂ ਤੇ ਮਰਿਆਦਾਂ ਖ਼ਤਮ ਹੋ ਗਈਆਂ ਤੇ ਇਕ ਨਵਾਂ ਤੇ ਸੈ-ਵਿਸ਼ਵਾਸਕ ਸਮਾਜ ਹੋਂਦ ਵਿਚ ਆਇਆ।

ਗੁਰੂ ਗੋਬਿੰਦ ਸਿੰਘ ਜੀ ਤੇ ਬਾਬੇ ਬੰਦੇ ਦੇ ਸਮੇਂ ਤੋਂ ਹੀ ਮਾਹਿਲਾਂ ਦਾ ਘਰਾਣਾ ਉਹ ਘਰਾਣਾ ਸੀ ਜਿਹੜਾ ਪੁਰਾਣੀਆਂ ਸਮਾਜਕ ਕੀਮਤਾਂ ਨੂੰ ਬੇਦਰੇਗ਼ ਤੋੜਦਾ ਆਇਆ ਸੀ ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਸਪਿਰਟ ਦੇ ਅਨੁਕੂਲ ਨਵੀਆਂ ਕੀਮਤਾਂ ਕਬੂਲਦਾ ਆਇਆ ਸੀ ਤੇ ਨਵੇਂ ਪੂਰਨੇ ਪਾਂਦਾ ਆਇਆ ਸੀ। ਅੱਜ ਤੋਂ ਡੇਢ ਸੌ ਵਰ੍ਹੇ ਪਹਿਲਾਂ ਇਸ ਘਰਾਣੇ ਦੇ ਇਕ ਮੋਢੀ, ਸ਼ਾਹਬਾਜ਼ ਸਿੰਘ ਦਾ ਵਿਆਹ ਉਸ ਵੇਲੇ ਦੇ ਹਾਲਾਤ ਅਨੁਸਾਰ, ਕਰਾਂਤੀਕਾਰੀ ਪਿਆਰ-ਵਿਆਹ ਗਿਣਿਆ ਜਾ ਸਕਦਾ ਹੈ। ਬਾਕੀ ਲੀਹਾਂ ਵਿਚ ਵੀ ਇਸ ਟੱਬਰ ਨੇ ਕਦੀ ਸਿਥਲ ਸਮਾਜਕ ਕਾਨੂੰਨਾਂ ਨੂੰ ਨਹੀਂ ਸੀ ਕਬੂਲਿਆ। ਇਹਨਾਂ ਨੇ ਵਰਤ ਤੇ ਸਰਾਧ ਬੰਦ ਕੀਤੇ, ਕੁਲ ਜਾਤੀਆਂ ਨੂੰ ਇਕ ਸਮਾਨ ਜਾਣਿਆ, ਨਵੀਨ ਵਿਦਿਆ ਦਾ ਪ੍ਰਚਾਰ ਕੀਤਾ, ਭਾਈਚਾਰੇ ਵਿਚ ਸਮਤੁਲਤਾ ਉਪਜਾਈ; ਗਣਰਾਜਕ ਨੀਹਾਂ ਉੱਤੇ ਸਮੁਚੀ ਜ਼ਿੰਦਗੀ ਨੂੰ ਉਸਾਰਿਆ।

ਹਰਪਾਲ ਇਸ ਘਰਾਣੇ ਦੀ ਇਕ ਹੋਰ ਉੱਜਲ ਸ਼ਖ਼ਸੀਅਤ ਸੀ। ਉਸ ਵਿਆਹ ਨਹੀਂ ਕਰਾਇਆ, ਉਹ ਫ਼ਾਰਸੀ ਤੇ ਅੰਗਰੇਜ਼ੀ ਦਾ ਵਿਦਵਾਨ ਬਣਿਆ, ਉਸ ਦੁਨੀਆਂ ਦੇ ਯੁਧ ਇਤਿਹਾਸ ਦਾ ਅਧਿਅਨ ਕੀਤਾ ਤੇ ਉਸ ਆਪਣੇ

Scanned by CamScanner

ਨਿਕਟਵਰਤੀਆਂ ਨੂੰ ਸਦਾ ਦੇਸ਼ ਬਦੇਸ ਘੁੰਮਣ ਦਾ ਉਤਸ਼ਾਹ ਦਿਤਾ। ਅੱਜ, ਅਜੀਤ ਇਸ ਘਰਾਣੇ ਦੀਆਂ ਅਗਾਂਹ-ਵਧੂ ਬਿਰਤੀਆਂ ਦਾ ਪ੍ਰਤੀਨਿਧ ਸੀ। ਇਸ ਬਿਰਤੀ ਦਾ ਇਕ ਰੂਪ ਉਹਦਾ ਅੰਗਰੇਜ਼ੀ ਦਾ ਮੁਤਾਲਿਆ ਸੀ। ਇਕ ਰੂਪ ਸਾਰਾ ਭਾਰਤ ਤੇ ਫਿਰ ਲੰਡਨ ਤੇ ਪੈਰਸ ਵੇਖਣ ਦੀ ਚਾਹ, ਇਕ ਰੂਪ ਬਾਲ-ਵਿਵਾਹ ਦੀ ਵਿਰੋਧਤਾ, ਇਕ ਰੂਪ ਆਪਣੀ ਸਾਥਣ ਨੂੰ ਵਿਆਹ ਤੋਂ ਪਹਿਲੇ ਵੇਖਣਾ, ਇਕ ਰੂਪ ਦੇਸ਼ ਦੀ ਆਜ਼ਾਦੀ ਲਈ ਲਾਲਸਾ, ਇਕ ਰੂਪ ਆਪਣੀ ਜਾਤੀ ਤੇ ਸਮਾਜ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣਾ...।

ਅਜੀਤ ਨਾਹਰਪੁਰ ਆਇਆ ਤੇ ਉਹਦੀ ਮਾਂ ਨੇ ਉਹਦੇ ਅਗੇ ਗੁਰਸ਼ਰਨ ਦੀ ਸ਼ਲਾਘਾ ਕੀਤੀ। ਭਾਵੇਂ ਆਪ ਵੀ ਉਹ ਇਸ ਰੀਤੀ ਦੇ ਵਿਰੁਧ ਸੀ, ਪਰ ਫਿਰ ਵੀ ਉਹਨੇ ਕਿਹਾ :

"ਪੁੱਤਰ ! ਤੂੰ ਵੇਖਦਾ ਨਹੀਂ ਕਿ ਤੇਰੇ ਹਾਣ ਦਾ ਕੋਈ ਵੀ ਅਜਿਹਾ ਮੁੰਡਾ ਨਹੀਂ ਜੋ ਅਜੇ ਤਕ ਕੁਆਰਾ ਹੋਵੇ। ਦੁਨੀਆਂ ਉਂਗਲਾਂ ਕਰਦੀ ਹੈ।"

"ਪਰ, ਮਾਂ, ਮਾਹਿਲਾਂ ਨੇ ਦੁਨੀਆਂ ਦੀਆਂ ਉਂਗਲਾਂ ਦੀ ਕਦੀ ਪ੍ਰਵਾਹ ਨਹੀਂ ਕੀਤੀ। ਮਾਹਿਲਾਂ ਨੇ ਤਾਂ ਸਗੋਂ ਦੁਨੀਆਂ ਵਾਸਤੇ ਪੂਰਨੇ ਪਾਏ ਹਨ।"

"ਇਹ ਠੀਕ ਹੈ, ਪੁੱਤਰ, ਪਰ ਫਿਰ ਵੀ ਹੁਣ ਤੇਰੀ ਵਿਆਹ ਦੀ ਉਮਰ ਹੈ। ਸਾਨੂੰ ਵੀ ਖ਼ੁਸ਼ੀ ਮਨਾਣ ਦਾ ਮੌਕਾ ਦੇ।"

ਅਜੀਤ ਚੁੱਪ ਕਰ ਗਿਆ। ਮਾਂ ਨੇ ਵਾਰ ਵਾਰ ਪੁੱਛਿਆ, ਪਰ ਉਸ ਕੋਈ ਉੱਤਰ ਨਾ ਦਿਤਾ। ਹਰਦਿਤ ਨੂੰ ਲਗਾ ਕਿ ਉਹ ਕੋਈ ਗੱਲ ਕਹਿਣ ਤੋਂ ਸ਼ਰਮਾ ਰਿਹਾ ਹੈ। ਉਸ ਉਹਨੂੰ ਆਪਣੇ ਨੇੜੇ ਕੀਤਾ ਤੇ ਪਿਆਰ ਨਾਲ ਕਿਹਾ :

"ਅਜੀਤ ! ਤੂੰ ਮੇਰੇ ਕੋਲੋਂ ਸੰਗਦਾ ਹੈਂ। ਕਿਉਂ ? ਤੂੰ ਦਸ ਕੀ ਤੂੰ ਕਦੀ ਬੇਬੇ ਗੁਰਮੀਤ ਕੋਲੋਂ ਸੰਗ ਖਾਧੀ ਸੀ। ਹੁਣ ਤੂੰ ਮੇਰੇ ਵਿਚ ਹੀ ਬੇਬੇ ਦਾ ਰੂਪ ਵੇਖ। ਤੈਨੂੰ ਧੋਖਾ ਨਹੀਂ ਹੋਵੇਗਾ...।"

ਅਜੀਤ ਨੇ ਮਾਂ ਦੀਆਂ ਅੱਖਾਂ ਵਿਚ ਵੇਖਿਆ। ਹਾਂ, ਬਿਲਕੁਲ ਉਹੋ ਹੀ ਝਲਕ ਸੀ ਉੱਥੇ ਜਿਹੋ ਜਿਹੀ ਕਿ ਗੁਰਮੀਤ ਦੇ ਨੈਣਾਂ ਵਿਚ ਹੋਇਆ ਕਰਦੀ ਸੀ। ਉਸੇ ਤਰ੍ਹਾਂ ਹੀ ਹਰਦਿਤ ਦੀਆਂ ਅੱਖਾਂ ਕੁਝ ਕਹਿੰਦੀਆਂ ਕੁਝ ਸੁਣਦੀਆਂ ਲਗਦੀਆਂ। ਉਸੇ ਤਰ੍ਹਾਂ ਦੀਆਂ ਹੀ ਡੂੰਘਾਣਾਂ ਸਨ ਉੱਥੇ ਜਿਨ੍ਹਾਂ ਵਿਚ ਉਹ ਆਪਣਾ ਆਪ ਗੁਆ ਦੇਣਾ ਲੋਚਦਾ। ਉਹੋ ਜਿਹੀ ਹੀ ਪਛਾਣ ਜਿਸ ਸਾਹਵੇਂ ਆਪਣੇ ਸਭ ਰਾਜ਼ ਤੇ ਸਭ ਸੁਪਨੇ ਨੰਗੇ ਕੀਤੇ ਜਾ ਸਕਦੇ ਸਨ। ਤੇ ਅਜੀਤ ਅੱਜ ਆਪਣੇ ਕੁਝ ਨਿੱਜੀ ਰਾਜ਼ ਤੇ ਸੁਪਨੇ ਕਹਿਣ ਤੋਂ ਹੀ ਸ਼ਰਮਾ ਰਿਹਾ ਸੀ। ਉਹਨੂੰ ਅਜੇ ਤਕ ਇਹ ਡਰ ਰਿਹਾ ਸੀ ਕਿ ਉਹਦੇ ਸੁਪਨਿਆਂ ਦੇ ਰਾਜ਼ਾਂ ਉੱਤੇ ਦੁਨੀਆਂ ਸ਼ਾਇਦ ਹੱਸਦੀ ਹੈ। ਆਪਣੀ ਮਾਂ ਦੇ ਸਾਹਮਣੇ ਵੀ ਉਹ ਆਪਣੇ ਅੰਤ੍ਰੀਵ ਜਜ਼ਬਾਤ ਨਹੀਂ ਸੀ ਖੋਲ੍ਹਦਾ। ਪਰ ਹਰਦਿਤ ਦੀਆਂ ਅੱਖਾਂ ਵਿਚ ਤੱਕਣ ਪਿਛੋਂ ਅੱਜ ਉਸ ਨੂੰ ਪਤਾ ਲਗਾ ਕਿ ਕਿਸੇ ਸੰਗਾ ਦੀ ਲੋੜ ਨਹੀਂ। ਉਹਦੀ ਮਾਂ ਵਿਚ ਉਹਦੀ ਬੇਬੇ ਦੀ ਰੂਹ ਸਮਾ ਗਈ ਹੈ।

ਚੜ੍ਹਦੀ ਜਵਾਨੀ ਵੇਲੇ ਮਨ ਵਿਚ ਉਪਜਦੀਆਂ ਉਮੰਗਾਂ ਤੇ ਸੁਪਨਿਆਂ ਤੋਂ ਹਰ ਇਕ ਮਨੁੱਖ ਨੂੰ ਸੰਗ ਲਗਦੀ ਹੈ। ਕਦੀ ਕਦੀ ਇਰਾਦੇ ਤੇ ਲਾਲਸਾਵਾਂ ਐਨੀਆਂ ਉੱਚੀਆਂ ਹੁੰਦੀਆਂ ਹਨ ਕਿ ਉਹਨਾਂ ਤਕ ਪਹੁੰਚ ਨਾਮੁਮਕਿਨ ਲਗਦੀ ਹੈ। ਅਜਿਹੇ ਇਰਾਦੇ ਤੇ ਲਾਲਸਾਵਾਂ ਕੋਈ ਕਿਸੇ ਨੂੰ ਕੀ ਦੱਸੇ ? ਕਦੀ ਕਦੀ ਸੁਪਨੇ ਤੇ ਅੰਤ੍ਰੀਵ ਜਜ਼ਬਾਤ ਐਡੇ ਰੋਮਾਂਚਕ ਤੇ ਰੋਚਕ ਹੁੰਦੇ ਹਨ ਕਿ ਮੂੰਹ ਨਹੀਂ ਖੁਲ੍ਹਦਾ। ਅਜੀਤ ਜਵਾਨੀ ਚੜ੍ਹ ਰਿਹਾ ਸੀ ਤੇ ਉਹਦੇ ਇਰਾਦੇ ਤੇ ਸੁਪਨੇ ਵੀ ਏਸੇ ਵੰਨਗੀ ਦੇ ਸਨ।

"ਦੱਸ, ਪੁੱਤਰ ! ਮੇਰੇ ਕੋਲੋਂ ਸੰਗ ਨਾ। ਮੈਂ ਉਵੇਂ ਹੀ ਕਰਾਂਗੀ ਜਿਵੇਂ ਤੇਰਾ ਦਿਲ ਹੋਵੇਗਾ। ਤੂੰ ਮੇਰੇ ਤੇ ਵਿਸ਼ਵਾਸ ਕਰ।"

"ਮਾਂ..." ਅਜੀਤ ਨੇ ਹਰਦਿਤ ਦੀਆਂ ਅੱਖਾਂ ਵਿਚ ਨੀਝ ਲਾ ਕੇ ਤੱਕਿਆ ਤੇ ਉਸ ਦਾ ਜੀ ਕੀਤਾ ਕਿ ਉਹ ਉਹਦੀ ਝੋਲੀ ਵਿਚ ਲੇਟ ਜਾਏ। ਫਿਰ ਉਹਨੂੰ ਖ਼ਿਆਲ ਆਇਆ ਕਿ ਉਹ ਕੇਡਾ ਵਡਾ ਹੋ ਗਿਆ ਹੈ, ਤੇ ਉਸ ਸੰਜਮ ਨਾਲ ਕਿਹਾ: "ਮਾਂ ਪਹਿਲੀ ਗੱਲ ਤਾਂ ਇਹ ਹੈ ਕਿ ਮੈਨੂੰ ਬਾਲ-ਵਿਵਾਹ ਚੰਗੀ ਰਸਮ ਨਹੀਂ ਲਗਦੀ।"

"ਤੇ ਤੂੰ ਹੁਣ ਬਾਲ ਨਹੀਂ। ਅਠਾਰਾਂ ਸਾਲ ਦੀ ਤੇਰੀ ਉਮਰ ਹੈ। ਤੂੰ ਤਾਂ ਬਾਰਾਂ, ਤੇਰ੍ਹਾਂ ਸਾਲਾਂ ਦਾ ਵੀ ਸ਼ੀਂਹ

Scanned by CamScanner

ਜਵਾਨ ਸੈਂ।"

ਅਜੀਤ ਨੇ ਜਿਵੇਂ ਮਾਂ ਦੇ ਬਚਨ ਨਾ ਸੁਣੇ ਹੋਣ।

"ਮਾਂ, ਮੇਰੇ ਉੱਤੇ ਹੱਸੀਂ ਨਾ। ਤੈਨੂੰ ਯਾਦ ਹੈ ਕਿ ਮੈਂ ਲਾਹੌਰੋਂ ਅੰਗਰੇਜ਼ੀ ਦੀਆਂ ਪੁਸਤਕਾਂ ਨਾ ਖ਼ਰੀਦਣ ਬਾਰੇ ਤੇਰੇ ਨਾਲ ਗੱਲ ਕੀਤੀ ਸੀ। ਮੈਂ ਕਿਹਾ ਸੀ ਮੈਂ ਬਦਕਾਰ ਫ਼ਰੰਗੀਆਂ ਦੀ ਜ਼ਬਾਨ ਨਹੀਂ ਪੜ੍ਹਨੀ ਪਰ...ਪਰ ਫਿਰ ਵੀ ਮੈਂ ਉਦੋਂ ਕਈ ਕਿਤਾਬਾਂ ਖ਼ਰੀਦ ਲਈਆਂ ਸਨ ਤੇ ਉਸ ਤੋਂ ਪਿਛੋਂ ਵੀ ਆਉਂਦੇ ਜਾਂਦੇ ਹੱਥ ਇਕ ਦੋ ਕਿਤਾਬਾਂ ਮੰਗਵਾਂਦਾ ਰਿਹਾ ਹਾਂ।"

ਹਰਦਿਤ ਦਾ ਦਿਲ ਆਪਣੇ ਪੁੱਤਰ ਦੀ ਵਡਿਆਈ ਦੇ ਆਦਰ ਵਿਚ ਉਛਲਿਆ। ਉਸ ਅੱਡੇ ਵੱਡੇ ਅਜੀਤ ਨੂੰ ਆਪਣੀ ਛਾਤੀ ਨਾਲ ਲਾ ਲਿਆ, "ਅਜੀਤ..." ਤੇ ਕਿੰਨਾ ਚਿਰ ਉਹਦੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ।

ਸੰਭਲਣ ਪਿਛੋਂ ਉਸ ਕਿਹਾ, "ਪੁੱਤਰ! ਧੰਨ ਹੈਂ ਤੂੰ, ਮੈਨੂੰ ਜਾਪਦਾ ਹੈ ਮੈਂ ਤੇਰੀ ਮਾਂ ਬਣਨ ਦੇ ਯੋਗ ਨਹੀਂ।"

"ਨਹੀਂ, ਮਾਂ ਇਸ ਤਰ੍ਹਾਂ ਨਾ ਕਹੋ।"

"ਅਜੀਤ, ਇਕ ਦਿਨ ਤੂੰ ਮਾਹਿਲ ਘਰਾਣੇ ਵਿਚੋਂ ਸਭ ਤੋਂ ਮਹਾਨ ਆਦਮੀ ਬਣੇਂਗਾ। ਤੂੰ ਧੰਨ ਹੈਂ। ਹਾਂ, ਪੁੱਤਰ ਹੁਣ ਸਾਨੂੰ ਅੰਗਰੇਜ਼ਾਂ ਦੇ ਪੱਛਮੀ ਸਭਿਅਤਾ ਵਾਸਤੇ ਆਪਣੇ ਵਿਚਾਰ ਬਦਲਣੇ ਚਾਹੀਦੇ ਹਨ। ਅੰਗਰੇਜ਼ੀ ਜ਼ਰੂਰ ਸਿਖਣੀ ਚਾਹੀਦੀ ਹੈ ਤੇ ਪੱਛਮ ਨਾਲ ਮੋਢਾ ਮੇਚ ਕੇ ਟੁਰਨਾ ਚਾਹੀਦਾ ਹੈ।"

"ਤੇ ਮਾਂ ਮੈਂ ਇਹਨਾਂ ਪੁਸਤਕਾਂ ਵਿਚ ਪੜ੍ਹਿਆ ਹੈ ਕਿ ਅਰੋਗ ਤੇ ਸਿਹਤਮੰਦ ਸੰਤਾਨ ਦਾ ਇਕ ਵਡਾ ਕਾਰਨ ਵੱਡੇਰੀ ਉਮਰ ਦੇ ਵਿਆਹ ਹਨ। ਪੱਛਮੀ ਦੇਸ਼ਾਂ ਵਿਚ ਵਿਆਹ ਛੋਟੀ ਉਮਰ ਵਿਚ ਨਹੀਂ ਹੁੰਦੇ।"

ਹਰਦਿਤ ਮੁਸਕਰਾਈ: "ਤੇ ਹੋਰ ਕੀ ਪੜ੍ਹਿਆ ਹੈ ਤੂੰ?"

"ਇਹ ਕਿ ਮਾਂ, ਉਥੇ ਵਿਆਹ ਮੁੰਡੇ ਕੁੜੀਆਂ ਆਪਣੀ ਮਰਜ਼ੀ ਨਾਲ ਕਰਦੇ ਹਨ।"

"ਤੇ ਮੈਂ ਵੀ ਤਾਂ ਤੇਰੀ ਮਰਜ਼ੀ ਬਗ਼ੈਰ ਕੁਝ ਨਹੀਂ ਕਰ ਰਹੀ, ਤੂੰ ਇਕ ਵਾਰੀ ਆਪਣੇ ਮੂੰਹੋਂ ਮੈਨੂੰ ਓਡੀਕਣ ਵਾਸਤੇ ਕਿਹਾ ਤੇ ਮੈਂ ਕੀ ਮੰਨ ਨਹੀਂ ਸਾਂ ਗਈ?"

"ਤੇ ਮਾਂ..." ਅਜੀਤ ਫਿਰ ਸੰਗ ਗਿਆ।

ਮਾਂ ਮੁਸਕਰਾਈ, "ਮੈਂ ਸਮਝਦੀ ਹਾਂ ਤੇਰੇ ਦਿਲ ਵਿਚ ਕੀ ਹੈ, ਮੈਂ ਅੰਗਰੇਜ਼ੀ ਨਹੀਂ ਜਾਣਦੀ, ਪਰ ਆਪਣੇ ਪੁੱਤਰ ਅਜੀਤ ਨੂੰ ਜ਼ਰੂਰ ਜਾਣਦੀ ਹਾਂ। ਵੇਖ ਮੈਂ ਕਿਸ ਤਰ੍ਹਾਂ ਤੇਰੀ ਬੇਬੇ ਗੁਰਮੀਤ ਵਾਂਗ ਅੰਤਰਯਾਮੀ ਬਣ ਗਈ ਹਾਂ। ਤੂੰ ਗੁਰਸ਼ਰਨ ਨੂੰ ਮਿਲਣਾ ਚਾਹੁੰਦਾ ਹੈਂ, ਉਹਦੇ ਨਾਲ ਗੱਲਾਂ ਕਰਨਾ ਚਾਹੁੰਦਾ ਹੈਂ, ਇਹੋ ਨਾ। ਤੇ ਇਹਦੇ ਵਿਚ ਕੀ ਹੈ, ਅਸੀਂ ਸਿੱਖ ਹਾਂ, ਸਾਡੀ ਹਰ ਮਰਿਆਦਾ ਸਮੇਂ ਦੇ ਅਨੁਕੂਲ ਹੋਣੀ ਚਾਹੀਦੀ ਹੈ। ਸਾਡੇ ਵਿਚ ਕੋਈ ਪਰਦਾ ਨਹੀਂ। ਤੂੰ ਜੰਮ ਜੰਮ ਗੁਰਸ਼ਰਨ ਨੂੰ ਮਿਲ, ਪਰ ਇਕ ਚੀਜ਼ ਦਾ ਖਿਆਲ ਰਖੀਂ...।"

"ਕੀ ਮਾਂ?"

"ਗੁਰਸ਼ਰਨ ਦੇ ਮਾਪਿਆਂ ਦੀ ਗ਼ਰੀਬੀ ਵਲ ਧਿਆਨ ਨਾ ਦਈਂ। ਦੁਨੀਆਂ ਮੈਨੂੰ ਆਖਦੀ ਹੈ ਕਿ ਮੈਂ ਆਪਣੇ ਅਜੀਤ ਵਾਸਤੇ ਆਖ਼ਰ ਕਿਹੋ ਜਿਹਾ ਵਰ ਢੂੰਡਿਆ: ਨਾ ਮਾਪਿਆਂ ਪਲੇ ਚਾਰ ਕੌਡੀਆਂ ਹਨ ਤੇ ਨਾ ਉਹਨਾਂ ਦੀ ਕੋਈ ਸਾਖ। ਮਾਹਿਲਾਂ ਦੇ ਘਰਾਣੇ ਨੂੰ ਇਹ ਸਾਕ ਨਹੀਂ ਸੁਭਦਾ ਤੇ ਦੂਜਾ ਉਹ ਕਹਿੰਦੇ ਹਨ ਕਿ ਗੁਰਸ਼ਰਨ ਉਹ ਕੁੜੀ ਹੈ ਜਿਸ ਨੂੰ ਕਿਸੇ ਨਹੀਂ ਕਬੂਲਿਆ। ਏਸੇ ਲਈ ਅੱਠੇ ਵਰ੍ਹਿਆਂ ਦੀ ਹੋ ਗਈ ਹੈ। ਪਰ ਅਜੀਤ ਇਹ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਹਨ। ਗੁਰਸ਼ਰਨ ਦਾ ਵਿਆਹ ਨਹੀਂ ਹੋਇਆ ਕਿਉਂਕਿ ਸਾਡੇ ਸਮਾਜ ਵਿਚ ਫਿਰ ਉਹੋ ਘਾਟਾਂ ਤੋਂ ਉਹੋ ਭੈੜਾਪਨ ਆ ਰਿਹਾ ਹੈ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਪਹਿਲੇ ਸੀ। ਅਸੀਂ ਫਿਰ ਉਚ ਨੀਚ ਦੀ ਦਲਦਲ ਵਿਚ ਫੱਸ ਰਹੇ ਹਾਂ। ਅਸੀਂ ਫਿਰ ਇਕ ਦੂਜੇ ਦੇ ਰਿਸ਼ਤੇ ਤੇ ਸਾਖ ਨਾਲ ਨਾਤੇ ਕਰਨ ਲਗ ਪਏ ਹਾਂ। ਪਰ ਇਹ ਕਸਵਟੀ ਮਾਹਿਲਾਂ ਦੇ ਸਪੁੱਤਰਾਂ ਨੂੰ ਨਹੀਂ ਸੋਂਹਦੀ। ਅਸੀਂ ਨਵੀਆਂ ਲੀਹਾਂ ਪਾਣੀਆਂ ਹਨ, ਨਵੀਆਂ ਕੀਮਤਾਂ ਕਾਇਮ ਕਰਨੀਆਂ ਹਨ।"

ਜੇ ਅਜੀਤ ਨੇ ਇਸ ਰਿਸ਼ਤੇ ਨੂੰ ਮਨਜ਼ੂਰ ਨਹੀਂ ਵੀ ਸੀ ਕਰਨਾ ਤਾਂ ਵੀ ਮਾਂ ਦੀਆਂ ਇਹ ਗੱਲਾਂ ਸੁਣ ਕੇ ਉਹ ਹਾਂ ਕੀਤੇ ਬਗ਼ੈਰ ਰਹਿ ਨਹੀਂ ਸੀ ਸਕਦਾ। ਉਸ ਨੂੰ ਖ਼ਿਆਲ ਆਇਆ ਕਿ ਜੇ ਹੁਣ ਇਹ ਗੱਲ ਰੁਕ ਗਈ ਤਾਂ ਦੁਨੀਆਂ

Scanned by CamScanner

ਇਹੋ ਹੀ ਸਮਝੇਗੀ ਕਿ ਅਜੀਤ ਸਿੰਘ ਮਾਹਿਲ ਧਨ ਤੇ ਘਰਾਣੇ ਦੇ ਪਿਛੇ ਗਿਆ। ਇਹ ਉਸ ਉਹ ਕਿਸੇ ਹਾਲਤ ਵਿਚ ਬਰਦਾਸ਼ਤ ਨਹੀਂ ਸੀ ਕਰ ਸਕਦਾ। ਉਸ ਮਾਂ ਦੇ ਬੁਲ੍ਹਾਂ ਉੱਤੇ ਹੱਥ ਰਖਿਆ :

"ਬਸ ਮਾਂ ! ਮੈਂ ਵੀ ਬਿਲਕੁਲ ਤੇਰੇ ਵਾਂਗ ਹੀ ਮਹਿਸੂਸ ਕਰਦਾ ਹਾਂ। ਸਿੱਖੀ ਵਿਚ ਧਨ ਤੇ ਉੱਚੇ ਘਰਾਣਿਆਂ ਦੀ ਨਹੀਂ, ਗਰੀਬੀ ਤੇ ਹਲੀਮੀ ਦੀ ਇੱਜ਼ਤ ਹੈ। ਨਹੀਂ ਮਾਂ ਜੇ ਤੂੰ ਇਸ ਤਰ੍ਹਾਂ ਹੀ ਕਹਿੰਦੀ ਹੈਂ ਤਾਂ ਮੈਂ ਤੇਰੀ ਗੱਲ ਹੁਣੇ ਹੀ ਮੰਨਦਾ ਹਾਂ, ਮੈਂ ਆਪਣੇ ਆਪ ਨੂੰ ਤੇਰੇ ਹੱਥੀਂ ਸੌਂਪਦਾ ਹਾਂ।"

"ਨਹੀਂ ਪੁੱਤਰ ! ਮੇਰਾ ਇਹ ਭਾਵ ਨਹੀਂ ਸੀ, ਮੈਂ ਤਾਂ ਸਿਰਫ਼ ਤੈਨੂੰ ਜੱਗ ਵਿਚ ਹੋ ਰਹੀਆਂ ਗੱਲਾਂ ਤੋਂ ਜਾਣੂੰ ਕਰਾਉਣਾ ਚਾਹੁੰਦੀ ਸੀ। ਮੈਂ ਜਾਣਦੀ ਹਾਂ ਕਿ ਤੇਰੇ ਦਿਲ ਵਿਚ ਸਿੱਖੀ ਤੇ ਮਾਹਿਲਾਂ ਦੀਆਂ ਉੱਚ ਕਰਨੀਆਂ ਦਾ ਕੀ ਰੁਤਬਾ ਹੈ।"

"ਮਾਂ...।" ਤੇ ਅਜੀਤ ਨੇ ਬਚਪਨ ਦੀ ਉਮਰ ਲੰਘਣ ਪਿਛੋਂ ਅੱਜ ਪਹਿਲੀ ਵਾਰ ਹਰਦਿਤ ਦੀ ਝੋਲੀ ਵਿਚ ਆਪਣਾ ਸਿਰ ਰਖਿਆ। ਇਸ ਤਰ੍ਹਾਂ ਪਹਿਲੇ ਉਹ ਸਦਾ ਬੇਬੇ ਗੁਰਮੀਤ ਦੀ ਝੋਲੀ ਵਿਚ ਲੇਟਿਆ ਕਰਦਾ ਸੀ।

ਕਿੰਨਾ ਚਿਰ ਹਰਦਿਤ ਇਸ ਸਿਰ ਨੂੰ ਪਲੋਸਦੀ ਰਹੀ ਤੇ ਉਹਨੂੰ ਲਗਾ ਕਿ ਇਹ ਸਿਰਫ਼ ਉਹਦਾ ਪੁੱਤਰ ਅਜੀਤ ਹੀ ਨਹੀਂ ਸਾਰਾ ਮਾਹਿਲ ਘਰਾਣਾ ਉਹਦੀ ਝੋਲੀ ਵਿਚ ਆ ਲੇਟਿਆ ਹੈ...।"

੧੬੨

ਰਾਜਮਾਤਾ ਮਹਾਰਾਣੀ ਜਿੰਦ ਕੌਰ ਦੀ ਕੈਦ ਨੇ ਸਾਰੇ ਪੰਜਾਬ ਨੂੰ ਝੂਣ ਦਿੱਤਾ ਸੀ। ਇਕ ਵਾਰੀ ਉਹਨਾਂ ਨੂੰ ਅਹਿਸਾਸ ਹੋਇਆ ਸੀ ਕਿ ਅੰਗਰੇਜ਼ ਦਰਅੱਸਲ ਪੰਜਾਬ ਨੂੰ ਆਪਣੀ ਸਲਤਨੱਤ ਦਾ ਭਾਗ ਬਣਾਉਣਾ ਚਾਹੁਦੇ ਹਨ ਤੇ ਉਹਨਾਂ ਦੇ ਦੋਸਤੀ ਦੇ ਦਾਅਵੇ ਫੋਕੇ ਹਨ। ਜ਼ਿਲ੍ਹੇ ਜ਼ਿਲ੍ਹੇ ਵਿਚ ਗੋਰੇ ਅਫ਼ਸਰਾਂ ਦੀ ਆਮਦ ਨੇ ਇਸ ਅਹਿਸਾਸ ਨੂੰ ਹੋਰ ਪੱਕਾ ਕਰ ਦਿੱਤਾ ਤੇ ਪੰਜਾਬ ਦੀ ਘਨੇਰੀ ਜਨਤਾ ਭਵਿਖਤ ਬਾਰੇ ਸੋਚਣ ਉੱਤੇ ਮਜਬੂਰ ਹੋ ਗਈ।

ਬੇਸ਼ਕ ਪੰਜਾਬੀ ਜਨਤਾ ਵਿਚ ਸਦਾ ਤੋਂ ਬਦੇਸ਼ੀ ਗੋਰਿਆਂ ਵਿਰੁਧ ਇਕ ਜਜ਼ਬਾ ਉਭਰਦਾ ਰਿਹਾ ਸੀ, ਪਰ ਇਸ ਜਜ਼ਬੇ ਦਾ ਪ੍ਰਗਟਾਅ ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਦੀਆਂ ਲੜਾਈਆਂ ਤੋਂ ਪਹਿਲੇ ਨਹੀਂ ਸੀ ਹੋਇਆ। ੧੮੦੪-੫ ਤੋਂ ਅੰਗਰੇਜ਼ਾਂ ਨਾਲ ਹੋ ਰਹੇ ਠੰਢੇ ਯੁੱਧ ਦਾ ਅਹਿਸਾਸ ਜਨ ਸਾਧਾਰਨ ਨੂੰ ਨਹੀਂ ਸੀ। ਰਾਜਨੀਤਕ ਲੜਾਈ ਦਾ ਅਹਿਸਾਸ ਰਾਜਨੀਤਕ ਹਲਕਿਆਂ ਤਕ ਹੀ ਮਹਿਦੂਦ ਸੀ ਉਂਜ ਵੀ ਉਸ ਵੇਲੇ ਦੀ ਜਨਤਾ ਰਣਜੀਤ ਸਿੰਘ ਦੇ ਰਾਜ ਵਿਚੋਂ ਮਿਲ ਰਹੇ ਸੁਖ ਵਿਚ ਐਨੀ ਮੁਧਦ ਹੋ ਗਈ ਸੀ ਕਿ ਉਹਨਾਂ ਨੂੰ ਅੰਗਰੇਜ਼ਾਂ ਦੀ ਵਡਿਆਈ ਤੇ ਵਧ ਰਹੀ ਤਾਕਤ ਪੋਹੀ ਤਕ ਨਹੀਂ। ਉਹਨਾਂ ਦੀ ਨਜ਼ਰ ਵਿਚ ਰਣਜੀਤ ਸਿੰਘ ਦੀ ਮਹਾਨਤਾ ਤੇ ਚੜ੍ਹਤ ਅੱਗੇ, ਅੰਗਰੇਜ਼ ਮਾਂਦ ਸਨ। ਪਰ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ ਹੌਲੀ ਹੌਲੀ ਪੰਜਾਬੀਆਂ ਨੂੰ ਅੰਗਰੇਜ਼ਾਂ ਦੀ ਤਾਕਤ ਨੂੰ ਮੰਨਣਾ ਪਿਆ। ਹੌਲੀ ਹੌਲੀ ਉਹ ਮਹਿਸੂਸ ਕਰਨ ਲਗੇ ਕਿ ਜੇ ਅੰਗਰੇਜ਼ ਉਹਨਾਂ ਨਾਲੋਂ ਤਕੜੇ ਨਹੀਂ ਤਾਂ ਕਿਸੇ ਤਰ੍ਹਾਂ ਉਹਨਾਂ ਤੋਂ ਕਮਜ਼ੋਰ ਵੀ ਨਹੀਂ। ਪਰ ਇਸ ਦੇ ਵਿਪ੍ਰੀਤ ਵੀ ਇਕ ਤਰ੍ਹਾਂ ਦਾ ਸਵੈ-ਵਿਸ਼ਵਾਸ ਲੋਕਾਂ ਦੇ ਦਿਲਾਂ ਵਿਚ ਅਟਕਿਆ ਰਿਹਾ।

ਸਭਰਾਵਾਂ ਦੀ ਹੋਈ ਹਾਰ ਨੇ ਜਨਤਾ ਨੂੰ ਹਲੂਣਿਆਂ, ਉਹਨਾਂ ਆਪਣੇ ਅੰਦਰ ਝਾਕਿਆ। ਲਗਾ ਕਿ ਅੰਗਰੇਜ਼ਾਂ ਦਾ ਮੁਕਾਬਲਾ ਸੌਖਾ ਨਹੀਂ। ਪਰ ਅੰਗਰੇਜ਼ ਮਿੱਠੀ ਛੁਰੀ ਸਨ। ਪੰਜਾਬ ਵਿਚ ਆਉਣ ਤੋਂ ਪਹਿਲੇ ਹੀ ਏਥੇ ਉਹਨਾਂ ਨੇ

Scanned by CamScanner

ਆਪਣੇ ਪਿੱਠੂ ਪੈਦਾ ਕਰ ਲਏ ਸਨ; ਤੇ ਹੁਣ ਤਾਂ ਇਹਨਾਂ ਪਿੱਠੂਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਣ ਲਗਾ। ਅੰਗਰੇਜ਼ ਤੋਲ ਮੋਲ ਕੇ ਸ਼ਰੀਨੀਆਂ ਵੰਡਣ ਲਗੇ। ਜਲਦੀ ਹੀ ਉਹਨਾਂ ਦੀ ਸ਼ਹਿ ਉੱਤੇ ਇਕ ਖ਼ਾਸ ਸ਼ਰੇਣੀ ਉਤਪੰਨ ਹੋ ਗਈ ਤੇ ਇਸ ਸ਼ਰੇਣੀ ਰਾਹੀਂ ਅੰਗਰੇਜ਼ਾਂ ਨੇ ਜਨ ਸਾਧਾਰਨ ਉੱਤੇ ਅਸਰ ਪਾਉਣਾ ਸ਼ੁਰੂ ਕੀਤਾ। ਗੋਰੇ ਦਰਸਾਉਣਾ ਚਾਹੁੰਦੇ ਸਨ ਕਿ ਪਿਛੇ ਹੋਈਆਂ ਲੜਾਈਆਂ ਸਿੱਖਾਂ ਨੇ ਖ਼ੁਦ ਛੇੜੀਆਂ ਤੇ ਇਹ ਸਿਰਫ ਮਜਬੂਰ ਹੋ ਕੇ ਹੀ ਲੜੇ। ਉਹ ਇਹ ਵੀ ਦਰਸਾਉਣਾ ਚਾਹੁੰਦੇ ਸਨ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਦੇ ਅਜੇ ਤਕ ਖ਼ੈਰਖ਼ਾਹ ਹਨ ਤੇ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਮੰਨਦੇ ਹਨ। ਉਹਨਾਂ ਵਿਸ਼ਵਾਸ ਦਿਵਾਣਾ ਚਾਹਿਆ ਕਿ ਪੰਜਾਬ ਉੱਤੇ ਕਬਜ਼ਾ ਕਰਨ ਦੀ ਉਹਨਾਂ ਦੀ ਕੋਈ ਆਰਜ਼ੂ ਨਹੀਂ। ਸੁਲ੍ਹਾ ਦੀਆਂ ਸ਼ਰਤਾਂ ਪੂਰੀਆਂ ਹੁੰਦਿਆਂ ਹੀ ਉਹ ਇਹ ਦੇਸ਼ ਛੱਡ ਜਾਣਗੇ।

ਗੋਰਾ ਸਾਮਰਾਜ ਅਜਿਹੇ ਪ੍ਰਾਪੇਗੰਡੇ ਵਿਚ ਹੁਣ ਤਕ ਨਿਪੁੰਨ ਹੋ ਚੁਕਾ ਸੀ। ਬਿਨਾਂ ਸ਼ਕ ਇਸ ਪ੍ਰਾਪੇਗੰਡੇ ਦਾ ਕਾਫ਼ੀ ਅਸਰ ਹੋਇਆ ਤੇ ਜਨਤਾ ਦੇ ਇਕ ਭਾਗ ਨੂੰ ਅੰਗਰੇਜ਼ਾਂ ਦੀ ਸਚਾਈ ਉੱਤੇ ਕਿਸੇ ਹੱਦ ਤਕ ਯਕੀਨ ਆਉਣ ਲਗਾ।

ਪਰ ਭਰੋਵਾਲ ਦੀ ਸੁਲ੍ਹਾ ਨੇ ਪੰਜਾਬੀ ਜਨਤਾ ਨੂੰ ਮਹਿਸੂਸ ਕਰਾਇਆ ਕਿ ਅੰਗਰੇਜ਼ ਕਹਿਣ ਭਾਵੇਂ ਕੁਝ ਪਰੰਤੂ ਉਹਨਾਂ ਦੇ ਇਰਾਦੇ ਹੋਰ ਹਨ। ਲਾਹੌਰ ਦੇ ਕਿਲ੍ਹੇ ਵਿਚ ਮੁਕੀਮ ਫ਼ਰੰਗੀ ਸੈਨਾ ਉਹਨਾਂ ਦੀਆਂ ਅੱਖਾਂ ਤੇ ਉਹਨਾਂ ਦੇ ਦਿਲਾਂ ਵਿਚ ਕੰਡੇ ਵਾਂਗ ਚੁੱਭਦੀ। ਇਹ ਹੀ ਨਹੀਂ, ਗੋਰੇ ਅਫ਼ਸਰ ਹਰ ਜ਼ਿਲ੍ਹੇ ਵਿਚ ਆਪਣੀ ਧੌਂਸ ਜਮਾ ਰਹੇ ਸਨ ਤੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਮੁਘ਼ਦ ਬੀਤਦੇ ਜੀਵਨ ਵਿਚ ਪ੍ਰੀਵਰਤਨ ਲਿਆ ਰਹੇ ਸਨ। ਹੁਣ ਰਾਜ ਮਾਤਾ ਨੂੰ ਰਾਜ ਨਾਲੋਂ ਅਲੱਗ ਕਰ ਕੇ ਕੈਦ ਕਰ ਦਿਤਾ ਗਿਆ। ਜਨਤਾ ਵਿਚ ਅੰਗਰੇਜ਼ਾਂ ਦੀ ਮਿਠਬੋਲਤਾ ਉੱਤੇ ਰਹਿੰਦਾ ਖੂੰਹਦਾ ਵਿਸ਼ਵਾਸ ਵੀ ਉੱਡ ਗਿਆ।

ਸੋ ਜੇ ਪਹਿਲੇ ਨਹੀਂ, ਤਾਂ ਹੁਣ ਆਜ਼ਾਦੀ ਦੇ ਕਈ ਭੌਂਰਿਆਂ ਨੇ ਵਧ ਰਹੀ ਗੋਰਾ-ਸ਼ਾਹੀ ਦੇ ਵਿਰੁਧ ਅੰਦੋਲਨ ਸ਼ੁਰੂ ਕਰ ਦਿਤਾ। ਇਹ ਭੌਰੇ ਗਠਗੁਠਾ ਰਹੇ ਸਨ ਕਿ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਚੰਗੇਰੀ ਹੈ। ਇਹ ਭੌਰੇ ਉਭਾਰ ਰਹੇ ਸਨ ਪੰਜਾਂ ਪਾਣੀਆਂ ਦੀ ਧਰਤੀ ਨੂੰ ਤੇ ਕਹਿ ਰਹੇ ਸਨ ਕਿ ਇਸ ਧਰਤੀ ਦੇ ਨੌਜਵਾਨ ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਵਿਚ ਹਾਰੇ ਨਹੀਂ, ਗੱਦਾਰਾਂ ਹੱਥੀਂ ਹਰਾਏ ਗਏ ਹਨ। ਇਹ ਦੇਸ਼ ਭਗਤ, ਲਾਲ ਸਿੰਘ, ਗੁਲਾਬ ਸਿੰਘ ਤੇ ਤੇਜ ਸਿੰਘ ਦੀਆਂ ਕੀਤੀਆਂ ਨੂੰ ਜਨਤਾ ਦੇ ਸਾਹਮਣੇ ਫੋਲ ਰਹੇ ਸਨ। ਇਹਨਾਂ ਦੇਸ਼ ਭਗਤਾਂ ਦਾ ਘਨੇਰਾ ਭਾਗ ਉਹ ਸਿਪਾਹੀ ਸਨ, ਜਿਹੜੇ ਅੰਗਰੇਜ਼ਾਂ ਵਿਰੁਧ ਹੋਈਆਂ ਲੜਾਈਆਂ ਵਿਚ ਲੜੇ ਤੇ ਜਿਨ੍ਹਾਂ ਗੋਰਿਆਂ ਦੇ ਆਹੂ ਲਾਹੇ। ਇਹਨਾਂ ਵਿਚੋਂ ਇਕ ਇਕ ਸਿਪਾਹੀ ਜਾਣਦਾ ਸੀ ਕਿ ਬਹਾਦਰੀ ਤੇ ਸੂਰਮਗਤੀ ਵਿਚ ਫ਼ਰੰਗੀ ਉਹਨਾਂ ਦੇ ਲਾਗੇ ਨਹੀਂ ਪਹੁੰਚਦੇ। ਅਜੇ ਤਕ ਵੀ ਇਹਨਾਂ ਨੂੰ ਆਪਣੇ ਤੋਪਖ਼ਾਨੇ ਉੱਤੇ ਮਾਣ ਸੀ। ਇਹ ਸਿਪਾਹੀ ਦਿਲੋਂ ਮਹਿਸੂਸ ਕਰਦੇ ਕਿ ਜੇ ਕਦੀ ਇਹਨਾਂ ਲੜਾਈਆਂ ਸਮੇਂ ਉਹਨਾਂ ਦਾ ਆਗੂ ਰਣਜੀਤ ਸਿੰਘ ਹੁੰਦਾ, ਤਾਂ ਉਹ ਦਿੱਲੀ ਤੋਂ ਉਰੇ ਨਾ ਰੁਕਦੇ।

ਜਨਤਾ ਵੀ ਅੰਗਰੇਜ਼ਾਂ ਦੇ ਕਾਰੇ ਵੇਖ ਰਹੀ ਸੀ। ਗੁਲਾਬ ਸਿੰਘ ਮਹਾਰਾਜਾ ਬਣਾ ਦਿਤਾ ਗਿਆ ਸੀ ਤੇ ਤੇਜ ਸਿੰਘ ਰਾਜਾ। ਸ਼ਾਹ ਮੁਹੰਮਦ ਦੇ ਰਚੇ ਜੰਗਨਾਮੇ ਦੇ ਬਾਵਜੂਦ ਵੀ ਹੁਣ ਰਾਣੀ ਜਿੰਦਾਂ ਜਨਤਾ ਦੀ ਵਿਸ਼ਵਾਸ ਪਾਤਰ ਬਣ ਚੁਕੀ ਸੀ। ਕਈ ਪਾਰਖੂ ਤੇ ਸਿਆਣੇ ਆਦਮੀਆਂ ਨੇ ਰਾਜ ਮਾਤਾ ਉੱਤੇ ਲਾਏ ਗਏ ਗੱਦਾਰੀ ਦੇ ਦੂਸ਼ਨਾਂ ਨੂੰ ਝੂਠਾ ਦਰਸਾਇਆ ਤੇ ਜਨਤਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਇਸ 'ਮਹਿਬੂਬਾ' ਨੂੰ ਮੁਆਫ਼ ਕਰ ਦਿਤਾ। ਮੁਆਫ਼ ਹੀ ਨਾ ਕੀਤਾ, ਸਗੋਂ ਹੁਣ ਉਹ ਇਸ ਸ਼ਖ਼ਸੀਅਤ ਨੂੰ ਅੰਗਰੇਜ਼ਾਂ ਵਿਰੁਧ ਜ਼ੋਰ ਪਕੜ ਰਹੇ ਅੰਦੋਲਨ ਦੀ ਨਾਇਕਾ ਸਮਝਣ ਲਗੇ। ਸਭਰਾਵਾਂ ਦੀ ਲੜਾਈ ਤੋਂ ਜਲਦੀ ਪਿਛੋਂ ਹੀ ਰਾਜ ਮਾਤਾ ਜਿੰਦ ਕੌਰ ਪੰਜਾਬ ਦੀ ਸਹਾਈ ਆਗੂ ਮਿੱਥੀ ਜਾਣ ਲਗੀ।

ਤੇ ਅੱਜ ਅੰਗਰੇਜ਼ਾਂ ਨੇ ਉਹਨੂੰ ਕੈਦ ਕਰ ਦਿਤਾ ਤੇ ਆਪਣੇ ਪੁੱਤਰ ਨਾਲੋਂ ਵਿਛੋੜ ਦਿਤਾ। ਇਸ ਕਾਰੇ ਨੇ ਸ਼ੈਬਰ ਤੋਂ ਲੈ ਕੇ ਜਮਨਾ ਤਕ ਇਸ ਸੋਹਣੇ ਪੰਜਾਬ ਦੀ ਵਸੋਂ ਵਿਚ ਗੋਰਿਆਂ ਦੇ ਵਿਰੁਧ ਰੋਸ ਭਰ ਦਿਤਾ।

ਪਿੱਠੂ, ਰਾਜ ਮਾਤਾ ਨੂੰ ਦੋਸ਼ ਦੇਂਦੇ। ਜਿਵੇਂ ਫ਼ਰੰਗੀਆਂ ਨੇ ਆਪਣੇ ਔਲਾਨ ਵਿਚ ਕਿਹਾ ਸੀ ਉਸੇ ਤਰ੍ਹਾਂ ਉਹ ਵੀ ਮਹਾਰਾਣੀ ਦੇ ਆਚਰਨ ਉੱਤੇ ਊਜਾਂ ਲਾਉਂਦੇ ਤੇ ਕਹਿੰਦੇ ਕਿ ਅਨੇਕ ਆਦਮੀ ਉਹਦੇ ਰਾਜ ਮਹਿਲ ਵਿਚ ਆਉਂਦੇ ਜਾਂਦੇ ਸਨ। ਦਸਦੇ ਕਿ ਰਾਣੀ ਸਰਦਾਰਾਂ ਦੇ ਵਿਰੁਧ ਦਲੀਪ ਸਿੰਘ ਨੂੰ ਚੁਕਦੀ ਸੀ ਤੇ ਰਾਜ ਕਾਜ ਵਿਚ ਵਿਘਨ ਪਾਉਂਦੀ ਸੀ। ਉਹਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਨੂੰ ਇਹ ਕਾਰ ਵਿਹਾਰ ਸ਼ੋਭਾ ਨਹੀਂ ਦੇਂਦੇ।

Scanned by CamScanner

ਨਾਹਰਪੁਰ ਵਿਚ ਅੰਗਰੇਜ਼ਾਂ ਦਾ ਪਿੱਠੂ ਭੀ ਬਾਬਾ ਸੋਭਾ ਸਿੰਘ। ਉਮਰ ਸੱਠਾਂ ਦੀ, ਪਰ ਕਾਲਸਾਕੀ ਤੀਹਾਂ ਵਰ੍ਹਿਆਂ ਦੇ ਜਵਾਨਾਂ ਵਰਗੀਆਂ। ਇਹ ਰਣਜੀਤ ਸਿੰਘ ਦੀ ਨੇਤਰਵਤਾ ਥੱਲੇ ਲੜਿਆ ਸੀ। ਕਈ ਹੋਰਨਾਂ ਵਾਂਙ ਰਣਜੀਤ ਸਿੰਘ ਨੇ ਇਹਨੂੰ ਵੀ ਨਿਵਾਜਿਆ। ਨਾਹਰਪੁਰ ਕੋਲ ਦਸ ਮੁਰੱਬੇ ਬਖਸ਼ੇ। ਦਰਬਾਰ ਵਿਚ ਵੀ ਇੱਜ਼ਤ ਦਿਤੀ। ਭਾਂਵੇਂ ਰੋਸਕ ਥੋੜੀ ਸੀ ਤੇ ਘਰਾਣਾ ਵੀ ਆਮ ਜਿਹਾ, ਪਰ ਫਿਰ ਵੀ ਰਣਜੀਤ ਸਿੰਘ ਦੀ ਨਿਗਾਹ ਸਵੱਲੀ ਹੰਣ ਕਰ ਕੇ ਇਹਦੇ ਸੰਬੰਧ ਉੱਚੇ ਉੱਚੇ ਘਰਾਣਿਆਂ ਨਾਲ ਪੈ ਗਏ। ਸਰਦਾਰ ਲਾਲ ਸਿੰਘ ਮੁਰਾਰੀਏ ਤੇ ਰਾਏ ਕਿਸ਼ਨ ਚੰਦ ਨਾਲ ਧੀਆਂ ਪੁੱਤਾਂ ਵਲੋਂ ਰਿਸ਼ਤੇਦਾਰੀਆਂ ਪਈਆਂ। ਇਹ ਦੋਵੇਂ ਆਦਮੀ ਅੱਜ ਕਲ੍ਹ ਲਾਰੰਸ ਦੀ ਪ੍ਰਬੰਧਕ ਕੌਂਸਲ ਦੇ ਮੈਂਬਰ ਸਨ, ਤੇ ਅੰਗਰੇਜ਼ਾਂ ਦੇ ਮੁੰਹਮਾਹ। ਇਹਨਾਂ ਰਾਹੀਂ ਸੋਭਾ ਸਿੰਘ ਅੰਗਰੇਜ਼ੀ ਸਾਮਰਾਜ ਦਾ ਪਿੱਠੂ ਬਣ ਕੇ ਨਾਮਣਾ ਖਟਣਾ ਚਾਹੁੰਦਾ ਸੀ ਤੇ ਆਪਣੀਆਂ ਜਾਗੀਰਾਂ ਵਿਚ ਵਾਧਾ ਕਰਨਾ ਚਾਹੁੰਦਾ ਸੀ।

ਗੁਰਪਾਲ ਦੇ ਨਾਹਰਪੁਰ ਆਉਣ ਨਾਲ ਮਾਹਿਲਾਂ ਦੀ ਇਹ ਵਡੀ ਜਾਗੀਰ ਲੋਕਾਂ ਦੀ ਨਜ਼ਰ ਵਿਚ ਆ ਗਈ ਸੀ। ਪਰ ਇਸ ਇਲਾਕੇ ਦੇ ਲੋਕਾਂ ਵਿਚੋਂ ਇਕ ਇਕੱਲਾ ਸੋਭਾ ਸਿੰਘ ਹੀ ਅਜਿਹਾ ਆਦਮੀ ਸੀ, ਜਿਹਦੇ ਦਿਲ ਵਿਚ ਮਾਹਿਲਾਂ ਵਿਰੁਧ ਈਰਖਾ ਉਪਜੀ। ਉਹ ਮਹਾਰਾਜਾ ਰਣਜੀਤ ਸਿੰਘ ਦੀਆਂ ਬਖਸ਼ਸ਼ਾਂ ਭੁਲ ਚੁੱਕਾ ਸੀ। ਉਹਦੇ ਦਿਲ ਵਿਚੋਂ ਆਜ਼ਾਦੀ ਦੀ ਚਾਹ ਮੁਕ ਚੁਕੀ ਸੀ। ਉਸ ਆਪਣੀ ਜ਼ਮੀਰ ਨੂੰ ਅੰਗਰੇਜ਼ਾਂ ਹੱਥ ਵੇਚ ਦਿਤਾ ਸੀ। ਗੋਰਿਆਂ ਦੇ ਲਾਹੌਰ ਆਉਣ ਪਿਛੋਂ ਉਹ ਉਹਨਾਂ ਦਾ ਪੱਖ ਲੈਂਦਾ ਆਇਆ ਸੀ ਤੇ ਅੱਜ ਉਹਦੀ ਚਾਹ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਮਾਹਿਲਾਂ ਨੂੰ ਦਰਬਾਰ ਦਾ ਬਾਗ਼ੀ ਸਾਬਤ ਕਰ ਕੇ ਉਹਨਾਂ ਦੀ ਜਾਗੀਰ ਜ਼ਬਤ ਕਰਵਾ ਦਿਤੀ ਜਾਏ ਤੇ ਫਿਰ ਆਪਣੇ ਆਪ ਨੂੰ ਦਰਬਾਰ ਦਾ ਵਫ਼ਾਦਾਰ ਬਰਦਾ ਸਾਬਤ ਕਰ ਕੇ ਉਹ ਜਾਗੀਰ ਆਪਣੇ ਨਾਂ ਲੁਆ ਲਈ ਜਾਏ।

ਅਜੇ ਤਕ ਉਸ ਆਪਣੇ ਇਰਾਦਿਆਂ ਦਾ ਕਿਸੇ ਅੱਗੇ ਪ੍ਰਗਟਾਅ ਨਹੀਂ ਸੀ ਕੀਤਾ, ਪਰ ਗੁਰਪਾਲ ਨੂੰ ਉਹਦਾ ਰਵੱਈਆ ਬੜਾ ਅਜੀਬ ਲਗਦਾ। ਜਦੋਂ ਵੀ ਉਹਨੂੰ ਮਿਲਦਾ ਸੋਭਾ ਸਿੰਘ ਕੁਝ ਇਸ ਤਰਾਂ ਦੀਆਂ ਹੀ ਗੱਲਾਂ ਕਰਦਾ।

"ਜੱਦੀ ਜਾਇਦਾਦਾਂ ਵਰਗਾ ਸੁਖ ਕਿਤੇ ਨਹੀਂ ਮਿਲਦਾ, ਗੁਰਪਾਲ ਸਿੰਘਾ! ਮੈਂ ਹੈਰਾਨ ਹਾਂ, ਤੁਸੀਂ ਲੰਮਾ ਲਾਵਾ ਚੱਕ ਕੇ ਕਿਵੇਂ ਏਥੇ ਉੱਠ ਆਏ। ਨਵੀਆਂ ਥਾਵਾਂ ਉੱਤੇ ਪੈਰ ਲਗਦੇ ਲਗਦੇ ਹੀ ਲਗਦੇ ਹਨ।"

ਗੁਰਪਾਲ ਸਿੰਘ ਆਪਣੇ ਰਉਂ ਵਿਚ ਆਖਦਾ, "ਬਾਬਾ ਸੋਭਾ ਸਿੰਘ ਜੀ! ਅੱਜ ਕਲ੍ਹ ਪੈਰ ਲਗਣ ਲਗਾਣ ਦੀਆਂ ਗੱਲਾਂ ਕਿਥੇ। ਇਹਨਾਂ ਸਮਿਆਂ ਵਿਚ ਤਾਂ ਜਿਹੜੇ ਚਾਰ ਦਿਨ ਲੰਘ ਜਾਣ ਉਹੋ ਹੀ ਲਾਹੇ ਦੇ ਹਨ।"

ਫਿਰ ਵੀ ਸੋਭਾ ਸਿੰਘ ਇਹੋ ਜਿਹੀਆਂ ਚੋਭਾਂ ਲਾਂਦਾ ਹੀ ਰਹਿੰਦਾ। ਕਦੀ ਆਖਦਾ: "ਭਾਵੇਂ ਕੋਈ ਕੁਝ ਵੀ ਕਹੇ; ਅੰਗਰੇਜ਼ਾਂ ਵਰਗੇ ਗੁਣ ਦੇਸੀਆਂ ਵਿਚ ਨਹੀਂ। ਇਹਨਾਂ ਚਿੱਟੀ ਚਮੜੀ ਵਾਲਿਆਂ ਨੂੰ ਰੱਬ ਨੇ ਅਕਲਾਂ ਵੀ ਆਫ਼ਰ ਦੀਆਂ ਦਿਤੀਆਂ ਹਨ। ਤੱਕੋ ਨਾ ਕਿਵੇਂ ਪੰਜਾਬ ਦੀ ਹਾਲਤ ਸੰਵਰ ਰਹੀ ਹੈ।"

ਗੁਰਪਾਲ ਦਰਦ ਭਰਪੂਰ ਅੱਖਾਂ ਨਾਲ ਸੋਭਾ ਸਿੰਘ ਵਲ ਵੇਖਦਾ, "ਬਾਬਾ ਜੀ! ਤੁਸੀਂ ਕਿਹੋਜਹੀਆਂ ਗੱਲਾਂ ਕਰਦੇ ਹੋ। ਮੈਨੂੰ ਤਾਂ ਸਮਝ ਨਹੀਂ ਲਗਦੀ। ਕਿਵੇਂ ਸੰਵਰ ਰਹੀ ਹੈ ਸਾਡੀ ਜ਼ਿੰਦਗੀ? ਕਿਵੇਂ ਅੰਗਰੇਜ਼ ਸਾਡੇ ਨਾਲੋਂ ਅਕਲਮੰਦ ਹਨ?"

ਬਾਬਾ ਸੋਭਾ ਸਿੰਘ ਆਪਣੀਆਂ ਦਲੀਲਾਂ ਦੇਂਦਾ। ਇਉਂ ਗੱਲਾਂ ਕਰਦਾ ਜਿਵੇਂ ਉਹ ਪੰਜਾਬੀ ਨਾ ਹੋਵੇ। ਉਹਨੂੰ ਰੱਤਾ ਖ਼ਿਆਲ ਨਾ ਆਉਂਦਾ ਕਿ ਉਹਦੇ ਸ਼ਬਦ ਸੁਣਨ ਵਾਲੇ ਉੱਤੇ ਕੈਂਡੇ ਵਾਰ ਹੋ ਰਹੇ ਹਨ। ਹਾਂ, ਗੁਰਪਾਲ ਨੇ ਇਹ ਵੀ ਵੇਖਿਆ ਕਿ ਸੋਭਾ ਸਿੰਘ ਦੀਆਂ ਚੋਭਾਂ ਬਹੁਤ ਕਰ ਕੇ ਉਹਨੂੰ ਹੀ ਨਵੇਕਲਤਾ ਵਿਚ ਸੰਬੋਧਨ ਕੀਤੀਆਂ ਜਾਂਦੀਆਂ ਨੇ। ਜਦੋਂ ਹੋਰ ਲੋਕ ਨੇੜੇ ਹੁੰਦੇ, ਉਹ ਅਜਿਹੀਆਂ ਟੋਕਾਂ ਨਹੀਂ ਸੀ ਮਾਰਦਾ।

ਗੁਰਪਾਲ ਨੇ ਹਰਦਿਤ ਨਾਲ ਗੱਲ ਕੀਤੀ। "ਮੈਨੂੰ ਸੋਭਾ ਸਿੰਘ ਦੀ ਨੀਅਤ ਸਾਫ਼ ਨਹੀਂ ਲਗਦੀ," ਉਸ ਕਿਹਾ: "ਉਹ ਸਦਾ ਟੋਕਾਂ ਹੀ ਮਾਰਦਾ ਰਹਿੰਦਾ ਹੈ।"

"ਕੀ ਆਖਦਾ ਹੈ?"

ਗੁਰਪਾਲ ਨੇ ਦਸਿਆ। ਹਰਦਿਤ ਨੂੰ ਖੁੜਕ ਗਈ। ਜਿਵੇਂ ਆਕਾਸ਼ ਬਾਣੀ ਹੋਈ ਹੋਵੇ। ਹਰਦਿਤ ਨੂੰ ਮਹਿਸੂਸ ਹੋਇਆ ਕਿ ਕਿਉਂ ਇਕ ਹੱਥ ਸੋਭਾ ਸਿੰਘ ਮਾਹਿਲਾਂ ਦੇ ਏਥੇ ਪੈਰ ਨਾ ਲਗਣ ਦੀਆਂ ਗੱਲਾਂ ਕਰਦਾ ਹੈ ਤੇ ਦੂਜੇ ਹੱਥ ਅੰਗਰੇਜ਼ਾਂ ਦੀ ਵਫ਼ਾਦਾਰੀ ਦੀਆਂ। ਪਿੰਡ ਜਸਰੌਟ ਜ਼ਿਲਾ ਗੁਜਰਾਂਵਾਲਾ ਵਿਚ ਵੀ ਅਜਿਹੀ ਘਟਨਾ ਹੋਈ ਸੁਣੀ ਗਈ ਸੀ।

Scanned by CamScanner

ਸਰਦਾਰ ਹਰੀ ਸਿੰਘ ਨਲੂਏ ਦੇ ਇਕ ਰਿਸ਼ਤੇਦਾਰ ਦੀ ਜਾਗੀਰ ਜ਼ਬਤ ਕਰ ਕੇ ਕਿਸੇ ਅੰਗਰੇਜ਼ੀ ਪਿੱਠੂ ਦੇ ਨਾਂ ਲਾ ਦਿਤੀ ਗਈ ਸੀ। ਚਿੰਤਾਤਰ ਹਰਦਿਤ ਕੌਰ ਨੇ ਆਪਣੇ ਮਨੋਭਾਵ ਦਸੇ। ਗੁਰਪਾਲ ਦੇ ਨੈਣਾਂ ਵਿਚ ਵੀ ਜਿਵੇਂ ਸੋਝੀ ਆਈ।

"ਅਜੀਬ ਗੱਲ ਹੈ, ਨਾ ਜਾਣੇਂ ਮੈਨੂੰ ਕਿਉਂ ਉਹਦੀਆਂ ਟੋਕਾਂ ਦੀ ਸਮਝ ਨਾ ਪਈ। ਹੁਣ ਜਦੋਂ ਸੋਚਦਾ ਹਾਂ ਤਾਂ ਤੇਰਾ ਅੰਦਾਜ਼ਾ ਬਿਲਕੁਲ ਸਹੀ ਲਗਦਾ ਹੈ। ਬੇਸ਼ਕ ਸੋਭਾ ਸਿੰਘ ਦੀ ਸਾਡੀ ਭੁੱਇਂ ਉੱਤੇ ਨਜ਼ਰ ਹੈ।"

"ਪਰ ਅਸੀਂ ਮੁਆਮਲੇ ਨੂੰ ਤੂਲ ਨਹੀਂ ਦੇਵਾਂਗੇ। ਅਸੀਂ ਆਪਣੇ ਵਲੋਂ ਏਥੇ ਆਪਣੇ ਪੈਰ ਗੱਡਣ ਦੀ ਸਿਰ ਤੋੜ ਕੋਸ਼ਿਸ਼ ਕਰਨੀ ਹੈ ! ਜੇ ਗੁਰੂ ਮਹਾਰਾਜ ਨੂੰ ਮਨਜ਼ੂਰ ਹੋਇਆ ਤਾਂ ਅਸੀਂ ਸਫ਼ਲ ਹੋਵਾਂਗੇ।"

"ਰੱਬ ਸੁਖ ਕਰੇ। ਮੈਂ ਤਾਂ ਕਈ ਵਾਰ ਡਾਰੋਂ ਘੁੱਥੇ ਪੰਛੀ ਵਾਂਗ ਬੇਕੱਸ ਤੇ ਮਾਯੂਸ ਮਹਿਸੂਸ ਕਰਦਾ ਹਾਂ।"

"ਇਸ ਤਰ੍ਹਾਂ ਅਸੀਂ ਕਿਉਂ ਮਹਿਸੂਸ ਕਰੀਏ। ਸਾਰਾ ਪੰਜਾਬ ਸਾਡਾ ਪੰਜਾਬ ਹੈ। ਗੁਰੂ ਦਾ ਸਿੱਖ ਹਰ ਥਾਂ ਹੀ ਡਾਰ ਵਿਚ ਹੈ। ਜਿਥੇ ਪੰਜ ਸਿੱਖ ਜੁੜ ਬੈਠੇ ਉਹੋ ਹੀ ਸੰਗਤ ਬਣ ਗਈ। ਨਹੀਂ, ਨਹੀਂ, ਇਹ ਮਾਯੂਸੀ ਯੋਗ ਨਹੀਂ।"

"ਹਰਦਿਤ ਕੌਰੇ ਤੂੰ ਤਾਂ ਬੀਤੇ ਸਮਿਆਂ ਦੀਆਂ ਗੱਲਾਂ ਕਰਦੀ ਹੈਂ। ਅੱਜ ਕੱਲ੍ਹ ਸਿੱਖੀ ਦੀ ਪਹਿਲੀ ਸਪਿਰਟ ਨਹੀਂ ਰਹੀ। ਸੋਭਾ ਸਿੰਘ ਵੀ ਤਾਂ ਸਿੱਖ ਹੀ ਹੈ ਨਾ ?"

"ਜੇ ਇਕ ਸਿੱਟਾ ਭੈੜਾ ਨਿਕਲੇ ਤਾਂ ਸਾਰੀ ਖੇਤੀ ਨੂੰ ਨਿੰਦਿਆ ਨਹੀਂ ਜਾ ਸਕਦਾ।"

"ਪਰ ਕਦੀ ਕਦੀ ਇਕ ਸਿੱਟੇ ਤੋਂ ਹੀ ਸਾਰੀ ਖੇਤੀ ਮਾਰੀ ਜਾਂਦੀ ਹੈ।"

'ਰੱਬ ਨਾ ਕਰੇ।"

ਭਵਿੱਖ ਵਲ ਵੇਖਦਾ ਗੁਰਪਾਲ ਆਖਦਾ: "ਜੇ ਕਿਸੇ ਦਾ ਆਸਰਾ ਹੈ ਤਾਂ ਉਹ ਅਜੀਤ ਦਾ। ਜੇ ਇਸ ਘਰਾਣੇ ਦੀ ਮੁੜ ਕੇ ਕੋਈ ਇੱਜ਼ਤ ਤੇ ਆਬਰੂ ਸੁਰਜੀਤ ਕਰ ਸਕਦਾ ਹੈ ਤਾਂ ਉਹ ਅਜੀਤ ਹੀ। ਪ੍ਰਭੂ ਕਰੇ ਉਹ ਜਲਦੀ ਜਲਦੀ ਵਡਾ ਹੋ ਜਾਏ।"

ਅੱਜ ਅਜੀਤ ਨਾਹਰਪੁਰ ਸੀ ਤੇ ਨਿਤਾ ਪ੍ਰਤੀ ਦੇ ਆਹਰਾਂ ਵਿਚ ਉਹਦਾ ਮੇਲ ਬਾਬਾ ਸੋਭਾ ਸਿੰਘ ਨਾਲ ਹੋਇਆ। ਬਾਬੇ ਨੇ ਅਜੀਤ ਨਾਲ ਵੀ ਚੁੰਝ ਪੌਂਚਾ ਲੜਾਉਣਾ ਸ਼ੁਰੂ ਕੀਤਾ। ਅਜੀਤ ਨੇ ਪਹਿਲੇ ਤਾਂ ਉਮਰ ਦਾ ਲਿਹਾਜ਼ ਕੀਤਾ, ਪਰ ਫਿਰ ਇਕ ਦਿਨ ਪੁੱਛਿਆ, "ਬਾਬਾ ਜੀ ! ਕੀ ਤੁਸੀਂ ਆਪਣੇ ਆਪ ਨੂੰ ਸਿੱਖ ਅਖਵਾਂਦੇ ਹੋ ?"

"ਕਿਉਂ ਨਹੀਂ। ਕੀ ਸਿੱਖੀ ਸਿਰਫ਼ ਮਾਹਿਲਾਂ ਦੀ ਹੀ ਜਾਇਦਾਦ ਹੈ ?"

"ਸਿੱਖੀ ਕਿਸੇ ਦੀ ਜਾਇਦਾਦ ਨਹੀਂ ਬਾਬਾ ਜੀ, ਪਰ ਜੇ ਤੁਸੀਂ ਸਿੱਖ ਹੋ ਤਾਂ ਤੁਹਾਨੂੰ, ਜੋ ਕੁਝ ਤੁਸੀਂ ਕਹਿੰਦੇ ਹੋ, ਆਖਣਾ ਸੋਭਾ ਨਹੀਂ ਦੇਂਦਾ।"

ਇਕ ਦਿਨ ਬਾਬਾ ਸੋਭਾ ਸਿੰਘ ਨੇ ਰਾਜ ਮਾਤਾ ਦੇ ਬਰਖਿਲਾਫ਼ ਜ਼ਹਿਰ ਉਗਲਿਆ, "ਜੇ ਰਾਣੀ ਜਿੰਦਾਂ ਆਪਣੀਆ ਆਈਆਂ ਤੋਂ ਬਾਜ਼ ਨਾ ਆਵੇ ਤਾਂ ਗੋਰੇ ਕੀ ਕਰਨ ? ਆਪਣੀ ਇੱਜ਼ਤ ਹਰ ਇਕ ਦੇ ਆਪਣੇ ਹੱਥ ਹੁੰਦੀ ਹੈ। ਰਾਣੀ ਜਿੰਦਾਂ ਆਪਣੀ ਇੱਜ਼ਤ ਕਰਵਾਣਾ ਨਹੀਂ ਜਾਣਦੀ।"

ਉਸ ਦਿਨ ਅਜੀਤ ਤੇ ਉਹਦਾ ਭਰਾ ਉਜਾਗਰ ਇਕੱਠੇ ਸਨ। ਇਹਨਾਂ ਸ਼ਬਦਾਂ ਦੇ ਉੱਤਰ ਵਿਚ ਕਿੰਨਾ ਚਿਰ ਅਜੀਤ ਦੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ ਤੇ ਫਿਰ ਉਸ ਕਿਹਾ: "ਬਾਬਾ ਜੀ ! ਤੁਹਾਡੀ ਇੱਜ਼ਤ ਵੀ ਤੁਹਾਡੇ ਆਪਣੇ ਹੱਥ ਹੈ। ਜੇ ਅਗੇ ਤੋਂ ਤੁਸੀਂ ਕੋਈ ਅਜਿਹੇ ਬਚਨ ਕਹੇ ਤਾਂ ਤੁਹਾਡੀ ਪੱਗ ਮੇਰੇ ਪੈਰਾਂ ਵਿਚ ਰੁਲੇਗੀ।"

"ਵੀਰਾ, ਜੇ ਕਹੇਂ ਤਾਂ ਕਰ ਦਿਆਂ ਉਲਟਾ ਹੁਣ ਏਸ ਨਕਲੀ ਬਾਬੇ ਨੂੰ ?"

ਉਜਾਗਰ ਨੇ ਤੈਸ਼ ਵਿਚ ਕਿਹਾ, ਤੇ ਉਹ ਸੋਭਾ ਸਿੰਘ ਵਲ ਵਧਿਆ।

ਅਜੀਤ ਨੇ ਉਜਾਗਰ ਦਾ ਹੱਥ ਫੜਿਆ; "ਨਹੀਂ ! ਉਜਾਗਰ ਅੱਜ ਇਹਨੂੰ ਇਹਦੀ ਧੌਲੀ ਦਾੜ੍ਹੀ ਵਾਸਤੇ ਮੁਆਫ਼ ਕਰਦੇ ਹਾਂ...।"

ਬਾਬਾ ਸੋਭਾ ਸਿੰਘ ਮੁਸਕਰਾਇਆ: "ਮੂੜ੍ਹ ਤਾਕਤ ਦੇ ਦਿਨ ਹੁਣ ਲੰਘ ਗਏ ਮਾਹਿਲ ਸਰਦਾਰ ਜੀ। ਕਦੀ ਤੱਕੋਗੇ ਸਾਡੇ ਹੱਥ ਵੀ।"

ਉਸ ਦਿਨ ਅਜੀਤ ਬੜਾ ਉਦਾਸ ਸੀ। ਹਰਦਿਤ ਨੂੰ ਉਸ ਘਟਨਾ ਦਾ ਸਾਰ ਦਸਿਆ: "ਮਾਂ ! ਰਾਜ ਮਾਤਾ ਨਾਲ ਧਰੋਹ ਹੋਇਆ ਹੈ। ਪਹਿਲੇ ਉਹਦੇ ਸਿਰ ਪੰਥ ਤੇ ਵਤਨ ਨਾਲੋ ਗੱਦਾਰੀ ਕਰਨ ਦਾ ਦੋਸ਼ ਥਪਿਆ ਗਿਆ ਤੇ ਅੱਜ

Scanned by CamScanner

ਉਹਦੇ ਆਚਰਨ ਉੱਤੇ ਹਮਲੇ ਹੋ ਰਹੇ ਹਨ। ਉਹਨੂੰ ਆਪਣੇ ਪੁੱਤਰ ਦੀ ਸਰਪ੍ਰਸਤੀ ਦੇ ਯੋਗ ਵੀ ਨਹੀਂ ਸਮਝਿਆ ਜਾ ਰਿਹਾ ਤੇ ਹੈਰਾਨੀ ਇਸ ਗੱਲ ਦੀ ਕਿ ਕਈ ਸਿੱਖ ਵੀ ਇਹੋ ਮਹਿਸੂਸ ਕਰਦੇ ਹਨ।"

"ਤੇਰਾ ਪਿਤਾ ਸੱਚ ਹੀ ਕਹਿੰਦਾ ਹੈ, ਅਜੀਤ, ਸਾਡੇ ਪੰਥ ਤੇ ਸਾਡੀ ਕੌਮ ਉੱਤੇ ਪੁੱਠੇ ਦਿਨ ਆ ਚੁਕੇ ਹਨ।"

"ਬੇਬੇ...।" ਅੱਜ ਪਹਿਲੀ ਵਾਰੀ ਮਾਂ ਦੀ ਥਾਂ ਅਜੀਤ ਨੇ ਬੇਬੇ ਕਿਹਾ।

"ਬੇਬੇ ! ਇਸ ਤਰ੍ਹਾਂ ਕਿੰਨਾ ਚਿਰ ਲੰਘੇਗੀ ? ਕੀ ਸੋਭਾ ਸਿੰਘ ਵਰਗੇ ਆਦਮੀਆਂ ਦੇ ਹੱਥ ਅਸੀਂ ਆਪਣਾ ਦੇਸ਼ ਵਿਕਦਾ ਵੇਖ ਕੇ ਚੁੱਪ ਰਹਾਂਗੇ ? ਬੇਬੇ ! ਮੈਂ ਵਾਪਸ ਜਾਵਾਂਗਾ। ਸਾਨੂੰ ਕੁਝ ਨਾ ਕੁਝ ਕਰਨਾ ਹੀ ਪਵੇਗਾ। ਮੈਂ ਸਰਦਾਰ ਚਤਰ ਸਿੰਘ ਨੂੰ ਸਹੀ ਹਾਲਾਤ ਤੋਂ ਜਾਣੂੰ ਕਰਾਵਾਂਗਾ। ਆਖਾਂਗਾ ਕਿ ਜੇ ਅਸੀਂ ਐਸ ਵੇਲੇ ਕੁਝ ਨਾ ਕੀਤਾ ਤਾਂ ਸੋਭਾ ਸਿੰਘ ਵਰਗੇ ਪਿੱਠੂ ਗਿਣਤੀ ਤੇ ਤਾਕਤ ਵਿਚ ਐਨੇ ਵਧ ਜਾਣਗੇ ਕਿ ਫਿਰ ਆਜ਼ਾਦੀ ਨਾ ਮੁਮਕਿਨ ਹੋ ਜਾਏਗੀ।"

ਹਰਦਿਤ ਚੁੱਪ ਕਰ ਗਈ। ਉਹ ਅਜੀਤ ਨੂੰ ਰੋਕਣਾ ਨਹੀਂ ਸੀ ਚਾਹੁੰਦੀ, ਪਰ ਉਹ ਇਹ ਵੀ ਸਮਝਦੀ ਸੀ ਕਿ ਜੇ ਅਜੀਤ ਨਾਹਰਪੁਰ ਨਾ ਹੋਇਆ ਤਾਂ ਸੋਭਾ ਸਿੰਘ ਨੇ ਸੱਚੀਂ ਹੀ ਉਹਨਾਂ ਦੇ ਪੈਰ ਨਹੀਂ ਲਗਣ ਦੇਣੇ। ਠਿਕ ਤਰੀਕਾ ਉਹਨੇ ਸੋਚਿਆ ਸੀ। ਅਜੀਤ ਦਾ ਗੁਰਸ਼ਰਨ ਨਾਲ ਵਿਆਹ ਤੇ ਏਸ ਰਿਸ਼ਤੇ ਵਿਚੋਂ ਚਰਨ ਕੌਰ ਤੇ ਬਹਾਦਰ ਸਿੰਘ, ਰਾਹੀਂ ਆਪਣੇ ਟੱਬਰ ਨੂੰ ਨਾਹਰਪੁਰ ਵਿਚ ਪੱਕਾ ਕਰਨਾ, ਪਰ ਅਜੀਤ ਸੀ ਕਿ ਵਿਆਹ ਨੂੰ ਹੋਰ ਲਮਕਾਉਣਾ ਚਾਹੁੰਦਾ ਸੀ।

"ਕਿਉਂ, ਮਾਂ ਚੁੱਪ ਕਰ ਗਈ ਹੈਂ ?"

"ਸੋਚ ਰਹੀਂ ਹਾਂ, ਪੁੱਤ।"

"ਕੀ ਸੋਚ ਰਹੀ ਹੈਂ, ਮਾਂ ?"

"ਜੋ ਕੁਝ ਤੂੰ ਕਿਹਾ ਹੈ।"

"ਕੀ ਤੂੰ ਸਹਿਮਤ ਨਹੀਂ ਮੇਰੇ ਨਾਲ ?"

"ਸਹਿਮਤ ਹਾਂ, ਪਰ...।"

"ਪਰ ਕੀ...?"

"ਪਰ ਕੀ। ਇਹੋ ਤਾਂ ਮੈਂ ਪੁੱਛਦੀ ਹਾਂ ਅਜੀਤ। ਪਰ ਕੀ ? ਜੇ ਤੂੰ ਚਲਾ ਗਿਆ ਤਾਂ ਘਰ ਦੀ ਕੀ ਹਾਲਤ ਹੋਵੇਗੀ। ਤੇਰਾ ਪਿਤਾ ਸੋਭਾ ਸਿੰਘ ਵਰਗੇ ਆਦਮੀਆਂ ਵਾਸਤੇ ਬਹੁਤਾ ਸਾਊ ਹੈ। ਉਹ ਕੁਝ ਕਹਿ ਸੁਣ ਨਹੀਂ ਸਕਦਾ। ਮਾਹਿਲ ਛਡਣ ਦੇ ਗ਼ਮ ਨੇ ਉਹਨੂੰ ਮਾਰ ਛਿਆ ਹੈ। ਤੂੰ ਨਹੀਂ ਵੇਖਦਾ ਕਿਵੇਂ ਦਿਨ ਰਾਤ ਉਹ ਮਾਹਿਲ ਦੇ ਹੀ ਸੁਪਨੇ ਲੈਂਦਾ ਰਹਿੰਦਾ ਹੈ, ਕਿਵੇਂ ਉਹਦਾ ਜੀ ਸਦਾ ਉਚਾਟ ਰਹਿੰਦਾ ਹੈ।"

"ਵੇਖਦਾ ਹਾਂ ਮਾਂ !"

"ਫਿਰ ?"

"ਫਿਰ ਕੀ...ਫਿਰ ਕੀ ? ਇਹੋ ਮੈਂ ਸੋਚਦਾ ਹਾਂ।" ਅਜੀਤ ਦੀਆਂ ਅੱਖਾਂ ਵਿਚ ਅੱਥਰੂ ਆ ਗਏ। "ਕੀ ਸੀ ਮਾਂ ਤੇ ਕੀ ਹੋ ਗਿਆ।"

"ਪਰ ਤੂੰ ਕਿਉਂ ਰੋਂਦਾ ਹੈਂ, ਮੇਰੇ ਲਾਲ ? ਸਿੱਖ ਤੇ ਉਹਦੀਆਂ ਅੱਖਾਂ ਵਿਚ ਅੱਥਰੂ ? ਕੀ ਹੋਇਆ ਹੈ ਜੇ ਪਹਿਲੇ ਦਿਨ ਨਹੀਂ ਰਹੇ, ਪਰ ਅਸੀਂ ਹਿੰਮਤ ਤਾਂ ਨਹੀਂ ਹਾਰ ਸਕਦੇ।"

ਅਜੀਤ ਨੇ ਆਪਣੀਆਂ ਅੱਖਾਂ ਪੂੰਝੀਆਂ। "ਹਾਂ, ਬੇਬੇ ਅਸੀਂ ਹਿੰਮਤ ਨਹੀਂ ਹਾਰ ਸਕਦੇ। ਅਸੀਂ ਸਿੱਖ ਹਾਂ ਤੇ ਮਾਹਿਲ। ਅਸੀਂ ਹਿੰਮਤ ਨਹੀਂ ਹਾਰ ਸਕਦੇ। ਤੂੰ ਜਾਣਦੀ ਹੈਂ ਮੈਨੂੰ ਕੀ ਫੁਰਨਾ ਫੁਰਿਆ ਹੈ ?"

"ਕੀ ?"

"ਬੇਬੇ ਅਸੀਂ ਏਥੇ ਵੀ ਇਕ ਮਾਹਿਲ ਉਸਾਰਾਂਗੇ। ਅਸੀਂ ਏਥੇ ਆਪਣੀ ਇਕ ਹਵੇਲੀ ਬਣਾਵਾਂਗੇ। ਨਾਹਰਪੁਰ ਤੋਂ ਬਾਹਰ, ਆਪਣੀ ਭੋਇੰ ਦੇ ਮਧ ਵਿਚ। ਤੂੰ ਜਾਣਦੀ ਹੈਂ ਨਾ ਭਰੋ ਵਾਲਾ ਮੁਰੱਬਾ। ਉਹਦੇ ਵਿਚਕਾਰ ਅਸੀਂ ਇਕ ਚੰਗੇ ਵਡੇ ਪਿੰਡ ਵਾਸਤੇ ਥਾਂ ਖ਼ਾਲੀ ਕਰਾਂਗੇ। ਅਸੀਂ ਆਪਣੀ ਹਵੇਲੀ ਉਸਾਰਾਂਗੇ ਤੇ ਮੈਨੂੰ ਉਮੀਦ ਹੈ ਹੌਲੀ ਹੌਲੀ ਦਸਾਂ ਵੀਹਾਂ ਸਾਲਾਂ ਵਿਚ ਕਈ ਲੋਕ ਸਾਡੇ ਆਲੇ ਦੁਆਲੇ ਆ ਵਸਣਗੇ। ਤੂੰ ਵੇਖੀਂ ਮੈਂ ਕਲ੍ਹ ਹੀ ਹਵੇਲੀ ਉਸਾਰਨ ਦਾ ਪ੍ਰਬੰਧ ਸ਼ੁਰੂ

Scanned by CamScanner

ਕਰਦਾ ਹਾਂ। ਬਾਪੂ ਨੂੰ ਵੀ ਆਹਰ ਮਿਲ ਜਾਵੇਗਾ। ਉਹ ਸੰਪੂਰਨ ਹਵੇਲੀ ਵੇਖਣ ਦੇ ਸੁਪਨਿਆਂ ਵਿਚ ਸਭ ਚਿੰਤਾ ਭੁੱਲ ਜਾਵੇਗਾ।"

ਇਕ ਸਮੇਂ ਤਕ ਹਰਦਿਤ ਆਪਣੇ ਪੁੱਤਰ ਵਲ ਵੇਖਦੀ ਰਹੀ। ਵਾਰਸਲ ਪਿਆਰ ਨਾਲ, ਮਮਤਾ ਨਾਲ ਤੇ ਇਕ ਸ਼ਰਧਾਲੂ ਦੀ ਤਰ੍ਹਾਂ। ਹਰਦਿਤ ਆਪਣੇ ਅਜੀਤ ਦੀ ਪ੍ਰਤਿਭਾ ਦੀ ਸ਼ਰਧਾਲੂ ਬਣ ਚੁਕੀ ਸੀ। ਉਹ ਆਪਣੇ ਪੁੱਤਰ ਨੂੰ ਹੁਣ ਤੋਂ ਹੀ ਸਿੱਖ ਕੌਮ ਦਾ ਇਕ ਮਹਾਨ ਆਗੂ ਗਿਣਦੀ ਤੇ ਉਹਦੀ ਇੱਜ਼ਤ ਕਰਦੀ।

"ਪੁੱਤਰ!" ਅਖ਼ੀਰ ਵਿਚ ਉਹਨੇ ਕਿਹਾ: "ਤੂੰ ਧੰਨ ਹੈਂ। ਧੰਨ ਹੈ ਤੇਰਾ ਜਿਗਰਾ ਤੇ ਧੰਨ ਤੇਰਾ ਦਿਮਾਗ਼। ਹੋਰ ਕੌਣ ਇਉਂ ਦੂਰ ਦੀ ਸੋਚ ਸਕਦਾ ਸੀ। ਖੇਹ ਸੋਭਾ ਸਿੰਘ ਵਰਗੇ ਆਦਮੀਆਂ ਦੇ ਸਿਰਾਂ ਵਿਚ। ਹਾਂ, ਮਾਹਿਲ ਕਦੀ ਹਿੰਮਤ ਨਹੀਂ ਹਾਰਦੇ।"

"ਤੂੰ ਵੇਖੀਂ ਮਾਂ, ਹਵੇਲੀ ਦੀ ਨੀਂਹ ਰਖੀ ਨਹੀਂ ਗਈ ਤੇ ਬਾਪੂ ਉੱਤੇ ਨਵੀਂ ਜ਼ਿੰਦਗੀ ਆਈ ਨਹੀਂ।"

ਅਜੀਤ ਕਹਿੰਦਾ ਗਿਆ, ਪਰ ਹਰਦਿਤ ਜਿਵੇਂ ਕੁਝ ਸੁਣ ਨਾ ਰਹੀ ਹੋਵੇ। ਜਦੋਂ ਅਜੀਤ ਨੂੰ ਇਹਦਾ ਅਹਿਸਾਸ ਹੋਇਆ ਤਾਂ ਉਸ ਪੁੱਛਿਆ :

"ਕਿਉਂ ਮਾਂ?"

"ਕੁਝ ਨਹੀਂ।"

"ਨਹੀਂ, ਕੁਝ ਤਾਂ ਜ਼ਰੂਰ ਹੈ।"

"ਜਦੋਂ ਤੂੰ ਨੀਂਹ ਰਖਣ ਦੀ ਗੱਲ ਕੀਤੀ ਤਾਂ ਐਵੇਂ ਖ਼ਿਆਲ ਆ ਗਿਆ ਸੀ ਕਿ...ਕਿ ਇਹ ਨੀਂਹ ਕੌਣ ਰਖੇਗਾ।"

ਅਜੀਤ ਦਾ ਉਤਸ਼ਾਹ ਵੀ ਜਿਵੇਂ ਪਲੋਪਲੀ ਰੁਕ ਗਿਆ। ਦੋਹਾਂ ਦਾ ਖ਼ਿਆਲ ਸ਼ਾਇਦ ਗੁਰਮੀਤ ਵਲ ਗਿਆ ਸੀ, ਪਰ ਫਿਰ ਹਰਦਿਤ ਨੇ ਆਪਣੀ ਉਦਾਸੀ ਛੰਡਦਿਆਂ ਹੋਇਆਂ ਕਿਹਾ :

"ਕੋਈ ਗੱਲ ਨਹੀਂ। ਤੂੰ ਰਖੀਂ ਇਸ ਹਵੇਲੀ ਦੀ ਨੀਂਹ। ਤੇਰੀ ਚਾਤ ਵਿਚ ਸਾਡਾ ਘਰਾਣਾ ਸਹੀ ਅਰਥਾਂ ਵਿਚ ਪ੍ਰਫੁੱਲਤ ਹੋਇਆ ਹੈ।"

"ਮੈਂ ਨਹੀਂ, ਮਾਂ! ਬਾਪੂ ਇਸ ਹਵੇਲੀ ਦੀ ਨੀਂਹ ਰਖੇਗਾ। ਬਾਪੂ...।"

"ਤੇ ਪੈਸਾ?"

ਕੁਝ ਚਿਰ ਸੋਚ ਕੇ ਅਜੀਤ ਨੇ ਕਿਹਾ : "ਜਿਹੜਾ ਘਰ ਟੂਮ ਛੱਲਾ ਹੈ ਉਹ ਵੇਚ ਦਿਆਂਗੇ। ਇਸ ਹਵੇਲੀ ਦੀ ਕਾਇਮੀ ਸਾਡੇ ਘਰ ਦਾ ਸਾਰਾ ਰਿਜ਼ਕ ਬਣੇਗੀ।"

ਪਰ ਫਿਰ ਕੁਝ ਚਿਰ ਹੋਰ ਰੁਕ ਕੇ ਉਸ ਕਿਹਾ : "ਨਹੀਂ! ਮੈਂ ਸਰਦਾਰ ਚਤਰ ਸਿੰਘ ਅਟਾਰੀ ਕੋਲੋਂ ਕੁਝ ਰੁਪਿਆ ਮੰਗਾਂਗਾ। ਉਹ ਮੈਨੂੰ ਕਦੀ ਨਾਂਹ ਨਹੀਂ ਕਰੇਗਾ ਤੇ ਅਸੀਂ ਇਹ ਰੁਪਿਆ ਜਲਦੀ ਹੀ ਮੋੜ ਦਿਆਂਗੇ। ਮੈਂ ਉਜਾਗਰ ਨੂੰ ਲੈ ਕੇ ਕਲ੍ਹ ਹੀ ਹਰੀਪੁਰ ਜਾਵਾਂਗਾ।"

"ਨਹੀਂ ਪੁੱਤਰ! ਤੇਰੀ ਪਹਿਲੀ ਰਾਏ ਠੀਕ ਹੈ। ਅਜੇ ਤਕ ਮਾਹਿਲਾਂ ਨੇ ਕਿਸੇ ਅਗੇ ਹੱਥ ਨਹੀਂ ਅੱਡਿਆ ਤੇ ਜੇ ਗੁਰੂ ਬਾਜਾਂ ਵਾਲੇ ਦੀ ਮਿਹਰ ਰਹੀ ਤਾਂ ਭਵਿੱਖ ਵਿਚ ਵੀ ਕਦੀ ਇਸ ਤਰ੍ਹਾਂ ਨਹੀਂ ਹੋਵੇਗਾ।"

Scanned by CamScanner

ਹਵੇਲੀ ਦੀ ਉਸਾਰੀ ਸ਼ੁਰੂ ਹੋ ਗਈ।

ਜਿਵੇਂ ਹਰਦਿਤ ਤੇ ਅਜੀਤ ਨੇ ਸੋਚਿਆ ਸੀ ਗੁਰਪਾਲ ਦੀ ਕਾਇਆ ਬਦਲ ਗਈ। ਵਰ੍ਹਿਆਂ ਦਾ ਉਦਾਸਿਆ ਚਿਹਰਾ ਖਿੜ ਪਿਆ। ਉਹ ਚਾਅ ਨਾਲ ਪਗ ਬੰਨ੍ਹਣ ਲਗਾ। ਜੀ ਨਾਲ ਰੋਟੀ ਟੁਕ ਖਾਣ ਲਗਾ। ਉਹ ਸਵਾਦ ਤੇ ਇਕਾਗਰ ਮਨ ਨਾਲ ਪਾਠ ਕਰਦਾ। ਸੁਨਹਿਰੇ ਭਵਿੱਖ ਦੀਆਂ ਆਸ਼ਾਵਾਂ ਮੁੜ ਕੇ ਸੁਰਜੀਤ ਹੋਣ ਲਗੀਆਂ। ਏਥੋਂ ਤਕ ਕੇ ਨੀਹਾਂ ਦੀ ਚਿਣਾਈ ਦੇ ਕੁਝ ਦਿਨ ਪਿਛੋਂ ਹੀ ਉਸ ਕਿਹਾ :

"ਮੈਂ ਹੁਣ ਨਿਤ ਨਾਹਰਪੁਰ ਆ ਜਾ ਨਹੀਂ ਸਕਦਾ। ਮੈਂ ਰਾਤੀਂ ਵੀ ਹਵੇਲੀ ਹੀ ਰਿਹਾ ਕਰਾਂਗਾ।"

"ਦੋ ਚਾਰ ਦਿਨ ਠਹਿਰ ਜਾ, ਬਾਪੂ। ਇਕ ਕੋਠਾ ਪੈਂਦਿਆਂ ਹੀ ਅਸੀਂ ਵੀ ਏਥੇ ਆ ਰਹਾਂਗੇ।" ਅਜੀਤ ਨੇ ਕਿਹਾ।

ਪਰ ਗੁਰਪਾਲ ਨਾ ਮੰਨਿਆ। "ਨਹੀਂ ਮੇਰਾ ਰੂਹ ਨਹੀਂ ਕਰਦਾ ਨਾਹਰਪੁਰ ਜਾਣ ਤੇ। ਮੈਂ ਏਥੇ ਖੁਸ਼ ਰਹਿੰਦਾ ਹਾਂ। ਏਥੇ ਰਹਿੰਦਿਆਂ ਮੇਰਾ ਚਿਤ ਭਟਕਦਾ ਨਹੀਂ। ਤੇ ਨਾਲੇ ਰੱਜ ਮੇਰੇ ਵਾਸਤੇ ਚਾਰ ਪੰਜ ਮੀਲ ਟੁਰਨਾ ਕਿਹੜਾ ਸੌਖਾ ਹੈ?"

ਆਲੇ ਦੁਆਲੇ ਵਿਚ ਇਸ ਉਸਾਰੀ ਬਾਰੇ ਬੜੀ ਚਰਚਾ ਹੋਈ, ਬਹੁਤੇ ਲੋਕਾਂ ਨੇ ਮਾਹਿਲਾਂ ਨੂੰ ਦਾਦ ਦਿਤੀ। ਆਖਣ : "ਬਈ ਇਸ ਘਰਾਣੇ ਦੀ ਰੀਸ ਨਹੀਂ। ਐਨੀ ਹਿੰਮਤ ? ਕੋਈ ਹੋਰ ਐਡਾ ਜੇਰਾ ਨਾ ਕਰਦਾ।"

ਕੋਈ ਆਖਦਾ : "ਇਨ੍ਹਾਂ ਦੀ ਇਹ ਹਿੰਮਤ ਵੇਖ ਕੇ ਕਿਨ੍ਹੂੰ ਸ਼ਕ ਰਹਿ ਸਕਦਾ ਹੈ ਕਿ ਇਕ ਦਿਨ ਇਹ ਸਾਡੇ ਇਲਾਕੇ ਦੇ ਆਗੂ ਬਣਨਗੇ। ਪੱਕੀ ਗੱਲ ਹੈ ਕਿ ਜਲਦੀ ਹੀ ਅਨੇਕ ਆਦਮੀ ਇਸ ਹਵੇਲੀ ਦੁਆਲੇ ਘਰ ਉਸਾਰਨੇ ਸ਼ੁਰੂ ਕਰ ਦੇਣਗੇ।'

ਜੇ ਕੋਈ ਨਾਖ਼ੁਸ਼ ਸਨ ਤਾਂ ਉਹ ਬਾਬਾ ਸੋਭਾ ਸਿੰਘ ਤੇ ਸਮੁੰਦ ਸਿੰਘ, ਬਹਾਦਰ ਸਿੰਘ ਦਾ ਭਰਾ। ਜਦੋਂ ਦੇ ਮਾਹਿਲ ਨਾਹਰਪੁਰ ਆਏ ਸਨ ਸਮੁੰਦ ਸਿੰਘ ਤੇ ਬਹਾਦਰ ਸਿੰਘ ਦੀ ਵਿਗੜ ਗਈ ਸੀ। ਸਮੁੰਦ ਸਿੰਘ ਸਮਝਦਾ ਕਿ ਬਹਾਦਰ ਸਿੰਘ ਨੇ ਸੌਦਾ ਸੰਸਤੇ ਭਾਅ ਕਰ ਲਿਆ ਹੈ। ਉਹਦੀ ਰਾਏ ਵਿਚ ਫ਼ੈਸਲਾ ਅਧੋ ਅੱਧ ਤੇ ਹੋਣਾ ਚਾਹੀਦਾ ਸੀ। ਫਿਰ ਜਦੋਂ ਗੁਰਸ਼ਰਨ ਤੇ ਅਜੀਤ ਦੇ ਨਾਤੇ ਦੀ ਪੱਕੀ ਹੋਈ ਤਾਂ ਉਹਨੂੰ ਸਗੋਂ ਚੇਰ ਹਰਖ ਹੋਇਆ। ਉਹਨੂੰ ਡਰ ਉਪਜਿਆ ਕਿ ਕਿਤੇ ਬਹਾਦਰ ਸਿੰਘ ਤੇ ਮਾਹਿਲਾਂ ਦੀ ਐਨੀ ਨਾ ਬਣ ਜਾਏ ਕਿ ਦੋਵੇਂ ਮਿਲ ਕੇ ਉਹਨੂੰ ਦਬਾ ਲੈਣ। ਉਹਦੀ ਆਪਣੀ ਭਰਜਾਈ ਚਰਨ ਕੌਰ ਨਾਲ ਵੀ ਨਹੀਂ ਸੀ ਬਣਦੀ ਤੇ ਚਰਨ ਕੌਰ ਹੈ ਸੀ ਵੀ ਬਹਾਦਰ ਸਿੰਘ ਨਾਲੋਂ ਤੇਜ਼। ਅੰਤ ਸਮੁੰਦ ਸਿੰਘ ਨੇ ਜ਼ਮੀਨ ਵੰਡਣ ਉੱਤੇ ਜ਼ੋਰ ਦਿਤਾ। ਬਹਾਦਰ ਸਿੰਘ ਤੇ ਪਿੰਡ ਦੇ ਹੋਰਨਾਂ ਬੰਦਿਆਂ ਨੇ ਸਮਝਾਇਆ, ਪਰ ਸਮੁੰਦ ਸਿੰਘ ਨਹੀਂ ਮੰਨਿਆ।

ਜ਼ਮੀਨ ਵੰਡੀ ਗਈ — ਜਸਵੰਤ ਸਿੰਘ, ਤੀਜੇ ਭਰਾ ਨੇ ਲੋਕ ਰਾਏ ਦੀ ਨਬਜ਼ ਭਾਂਪੀ ਤੇ ਬਹਾਦਰ ਸਿੰਘ ਨਾਲ ਰਹਿਣ ਦਾ ਫ਼ੈਸਲਾ ਕੀਤਾ। ਬਹੁਤੇ ਪਿੰਡ ਵਾਸੀਆਂ ਦੀ ਹਮਦਰਦੀ ਬਹਾਦਰ ਸਿੰਘ ਤੇ ਗੁਰਪਾਲ ਨਾਲ ਸੀ। ਸੋ ਸਮੁੰਦ ਸਿੰਘ ਦੇ ਨੰਢੇ ਹੁੰਦਿਆਂ ਹੋਇਆਂ ਵੀ ਅੱਜ ਉਸ ਉਹਦੇ ਨਾਲੋਂ ਸਾਥ ਤੋੜ ਲੈਣ ਵਿਚ ਹੀ ਸਿਆਣਪ ਸਮਝੀ।

ਅਜੀਤ ਨਾਲ ਗੁਰਸ਼ਰਨ ਦੀ ਮੰਗਣੀ ਕਰਾ ਕੇ ਚਰਨ ਕੌਰ ਖ਼ੁਸ਼ ਸੀ। ਇਸ ਵਿਚ ਉਹ ਆਪਣੀ ਇਕ ਵਡੀ ਜਿੱਤ ਮਹਿਸੂਸ ਕਰਦੀ। ਆਦਮੀ ਨੂੰ ਐਨੀ ਕੁ ਕਮਾਈ ਜੋ ਬੜੀ ਵਡੀ ਲਗਦੀ ਹੈ। ਇਕ ਉਹਨੂੰ ਉਂਜ ਵੀ ਫ਼ਖ਼ਰ ਸੀ

ਕਿ ਉਹ ਵਡੇ ਘਰਾਣੇ ਨਾਲ ਮੱਥਾ ਜੋੜਨ ਲਗੀ ਹੈ। ਉਹਨੂੰ ਲਗਦਾ ਕਿ ਜਿਵੇਂ ਲਾਹੌਰ ਤੇ ਅੰਮ੍ਰਿਤਸਰ ਵਿਚ ਇਸ ਘਰਾਣੇ ਦਾ ਜੱਸ ਹੈ, ਉਸੇ ਤਰ੍ਹਾਂ ਗੁਜਰਾਤ ਦੇ ਜ਼ਿਲੇ ਵਿਚ ਵੀ ਇਹ ਟੱਬਰ ਇਕ ਦਿਨ ਮੋਹਰੀ ਬਣੇਗਾ। ਸਰਦਾਰ ਚਤਰ ਸਿੰਘ ਅਟਾਰੀ ਦਾ ਗੁਰਪਾਲ ਸਿੰਘ ਨੂੰ ਮਿਲਣ ਆਉਣਾ ਇਸ ਵਡਿਆਈ ਦਾ ਚਿੰਨ੍ਹ ਸੀ। ਚਰਨ ਕੌਰ ਏਥੋਂ ਤਕ ਕਹਿਣ ਲੱਗੀ :

"ਤੁਸੀਂ ਆਪਣੀ ਹਵੇਲੀ ਪੂਰੀ ਕਰੋ ਫਿਰ ਅਸੀਂ ਵੀ ਏਥੇ ਆ ਵੱਸਾਂਗੇ। ਨਾਹਰਪੁਰ ਵਾਲਾ ਸਾਡਾ ਘਰ ਹੁਣ ਐਨਾ ਪੁਰਾਣਾ ਹੋ ਗਿਆ ਹੈ ਕਿ ਨਵਾਂ ਬਣਾਇਆਂ ਹੀ ਸਰੇਗੀ। ਬਰਸਾਤਾਂ ਵਿਚ ਅੰਦਰ ਬਾਹਰ ਘਾਣੀ ਮੱਚ ਜਾਂਦੀ ਹੈ। ਜਿੰਨੀ ਮਰਜ਼ੀ ਹੈ ਲਿਪਾਈ ਕਰੋ ਕੁਝ ਬਾਹਣ੍ਹੇ ਨਹੀਂ ਬਝਦਾ। ਤੇ ਜੇ ਅਸੀਂ ਏਥੇ ਨਵੀਂ ਛੱਤ ਪਾਣੀ ਹੈ ਤਾਂ ਨਵੀਂ ਥਾਂ ਉੱਤੇ ਕਿਉਂ ਨਾ ਨੀਹਾਂ ਰਖੀਏ।"

ਹਵੇਲੀ ਦੀ ਉਸਾਰੀ ਵਾਸਤੇ ਬਹਾਦਰ ਸਿੰਘ ਨੇ ਜੀ ਖੋਲ੍ਹ ਕੇ ਮਾਹਿਲਾਂ ਦੀ ਸਹਾਇਤਾ ਕੀਤੀ। ਅਜੇ ਤਕ ਗੁਰਪਾਲ ਦੇ ਆਪਣੇ ਐਨੇ ਕਾਮੇਂ ਨਹੀਂ ਸਨ ਕਿ ਸਾਰੀ ਉਸਾਰੀ ਅਸਾਨੀ ਨਾਲ ਕਰ ਸਕਦੇ। ਸੋ ਬਹਾਦਰ ਸਿੰਘ ਨੇ ਆਦਮੀ ਵੀ ਲਾਏ ਤੇ ਪੈਸਾ ਕਰਜ਼ ਦੇਣ ਵਾਸਤੇ ਵੀ ਕਿਹਾ :

"ਤੁਸੀਂ ਆਪਣੀਆਂ ਟੂੰਬਾਂ ਨਾ ਵੇਚੋ। ਗਹਿਣਾ ਨਿਤ ਨਿਤ ਨਹੀਂ ਬਣਦਾ। ਜਿੰਨਾਂ ਕੁਝ ਮੇਰੇ ਕੋਲ ਹੈ ਤੁਸੀਂ ਲੈ ਲਓ ਤੇ ਫਿਰ ਹੌਲੀ ਹੌਲੀ ਮੋੜ ਦੇਣਾ।"

ਪਰ ਗੁਰਪਾਲ ਨੇ ਇਹ ਨਿਉਤਾ ਮੋੜ ਦਿਤਾ। "ਮਿਹਰਬਾਨੀ, ਮਾਮਾ ! ਘਰ ਪਈਆਂ ਟੂੰਬਾਂ ਕੀ ਕ੍ਰਦੀਆਂ ਨੇ। ਗੁਰੂ ਬਾਜਾਂ ਵਾਲੇ ਦੀ ਮਿਹਰ ਹੋਈ ਤਾਂ ਫਿਰ ਬਣ ਜਾਣਗੀਆਂ। ਸਿਰਫ਼ ਅਜੀਤ ਦੇ ਵਿਆਹ ਵਾਸਤੇ ਕੁਝ ਪੈਸਾ ਤੇ ਟੂੰਬਾਂ ਮੈਂ ਬਚਾ ਕੇ ਰਖਣਾ ਚਾਹੁੰਦਾ ਹਾਂ।"

ਚਰਨ ਕੌਰ ਕਹਿੰਦੀ : "ਤੂੰ ਵੀ ਚੰਗਾ ਹੈਂ, ਗੁਰਪਾਲ ਸਿੰਘ ! ਅਜੀਤ ਦੇ ਵਿਆਹ ਦੀ ਤੈਨੂੰ ਕੀ ਫ਼ਿਕਰ। ਫ਼ਿਕਰ ਹੋਵੇ ਕੁੜੀ ਵਾਲਿਆਂ ਨੂੰ। ਮੇਰੇ ਮਾਪੇ ਗਰੀਬ ਹਨ, ਪਰ ਤੂੰ ਜਿਵੇਂ ਜਿਵੇਂ ਉਹਨਾਂ ਨਾਲ ਵਰਤੇਂਗਾ ਉਹਨੇਂ ਦਾ ਮੁੱਲ ਪਾਏਂਗਾ।"

"ਮੈਂ ਜਾਣਦਾ ਹਾਂ, ਮਾਮੀ, ਤੇਰੇ ਕਹਿਣ ਦੀ ਲੋੜ ਨਹੀਂ। ਅਮੀਰੀ ਧਨ ਦੀ ਨਹੀਂ ਹੁੰਦੀ ਮਨ ਦੀ ਹੁੰਦੀ ਹੈ। ਤੇ ਸਾਡਾ ਅਜੀਤ ਤਾਂ ਨਵੀਨਾਂ ਤੋਂ ਨਵੀਨ ਹੈ। ਉਹ ਤਾਂ ਕਹਿੰਦਾ ਹੈ ਕਿ ਉਸ ਦਾਜ ਉੱਕਾ ਨਹੀਂ ਪੁਆਣਾ।"

"ਅਜੀਤ ਦੀਆਂ ਕੀ ਰੀਸਾਂ। ਅਜਿਹੇ ਪੁੱਤਰ ਤਾਂ ਜੁਗਾਂ ਵਿਚ ਕਿਤੇ ਜੰਮਦੇ ਹਨ।"

"ਤੂੰ ਜਾਣਦੀ ਹੈਂ, ਮਾਮੀ ਕਿ ਅਜੀਤ ਨੇ ਦਾਜ ਨਾ ਪੁਆਣ ਦਾ ਕਾਰਨ ਕੀ ਦਸਿਆ ਹੈ ? ਕਹਿੰਦਾ ਹੈ ਵਲਾਇਤ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਉੱਥੇ ਮਾਪਿਆਂ ਨੂੰ ਆਪਣੀਆਂ ਕੁੜੀਆਂ ਦੇ ਵਿਆਹਾਂ ਦਾ ਏਸੇ ਕਰ ਕੇ ਫ਼ਿਕਰ ਨਹੀਂ ਕਰਨਾ ਪੈਂਦਾ। ਪੰਜਾਬ ਵਿਚ ਵੀ ਉਹ ਇਸ ਰਸਮ ਦਾ ਆਦਿ ਕਰਨਾ ਚਾਹੁੰਦਾ ਹੈ।"

"ਇਕ ਸਾਡੇ ਮਾਪਿਆਂ ਕੋਲ ਦੇਣ ਜੋਗਾ ਬਹੁਤ ਹੈ ਹੀ ਨਹੀਂ, ਪਰ ਜੋ ਕੁਝ ਸਰੇ ਪੁਜੇਗਾ ਉਹ ਅਰਪਣ ਕਰ ਦੇਣਗੇ। ਲੋਕ ਲਾਜ ਵੀ ਤਾਂ ਰਖਣੀ ਪੈਂਦੀ ਹੈ। ਅਜੀਤ ਨੂੰ ਕਹੋ ਕਿ ਉਹ ਆਪਣੇ ਧੀਆਂ ਪੁੱਤਰਾਂ ਵੇਲੇ ਵਲਾਇਤੀ ਰਸਮਾਂ ਨੂੰ ਸਾਹਮਣੇ ਰਖੇ।"

"ਨਹੀਂ ਮਾਮੀ, ਅਜੀਤ ਕਿਸੇ ਦੀ ਨਹੀਂ ਮੰਨਦਾ। ਜਦੋਂ ਕਿਸੇ ਗੱਲ ਉੱਤੇ ਉਹਦਾ ਜੀ ਆ ਜਾਏ ਉਹ ਕਰ ਕੇ ਹੀ ਰਹਿੰਦਾ ਹੈ। ਤੇ ਅਸੀਂ ਵੀ ਬਹੁਤਾ ਨਹੀਂ ਰੋਕਦੇ। ਉਹ ਕੋਈ ਭੈੜੀਆਂ ਗੱਲਾਂ ਥੋੜਾ ਹੀ ਕਰਦਾ ਹੈ। ਹਰ ਗੱਲ ਉਹਦੀ ਵਧੀਆ ਹੁੰਦੀ ਹੈ। ਆਖ਼ਿਰ ਮਾਮੀ, ਸਾਡੇ ਗੁਰੂ ਸਾਹਿਬਾਨ ਨੇ ਵੀ ਤਾਂ ਦਾਜ ਦਹੇਜ ਦੀ ਨਖੇਧੀ ਹੀ ਕੀਤੀ ਹੈ। ਅਜੀਤ ਕੋਈ ਅਸਲੋਂ ਨਵੀਆਂ ਹੀ ਤਾਂ ਨਹੀਂ ਘੜ ਰਿਹਾ।"

"ਅਛਾ ਜਦੋਂ ਸਮਾਂ ਆਵੇਗਾ ਵੇਖੀ ਜਾਵੇਗੀ, ਮੈਂ ਆਪ ਅਜੀਤ ਨੂੰ ਮਨਾ ਲਵਾਂਗੀ।"

ਨਾਹਰਪੁਰ ਤੇ ਆਸ ਪਾਸ ਘਰ ਘਰ ਅਜੀਤ ਦੀਆਂ ਬਾਤਾਂ ਪੈਂਦੀਆਂ। ਹਰ ਕੋਈ ਆਖਦਾ ਕਿ ਅਜੀਤ ਕੇਡਾ ਸਿਆਣਾ ਹੈ, ਕੇਡਾ ਹਿੰਮਤੀ ਹੈ, ਕੇਡਾ ਜਵਾਨ, ਕੇਡਾ ਆਦਰਸ਼ਕ ਹੈ। ਪੁੱਤਰ ਦੀ ਹਰ ਮੂੰਹੋਂ ਸ਼ਲਾਘਾ ਸੁਣ ਕੇ ਹਰਦਿਤ ਕਦੀ ਕਦੀ ਆਖਦੀ :

"ਰੱਬ ਸੁਖ ਕਰੇ। ਮੇਰੇ ਅਜੀਤ ਨੂੰ ਨਜ਼ਰ ਨਾ ਲਗ ਜਾਏ।"

Scanned by CamScanner

ਹਵੇਲੀ ਦੀ ਉਸਾਰੀ ਦੀ ਖ਼ਬਰ ਸੁਣ ਕੇ ਬਹਾਦਰ ਸਿੰਘ ਤੋਂ ਇਲਾਵਾ ਹਰਦੀਪ ਸਿੰਘ ਵੀ ਮਦਦ ਲਈ ਆਇਆ। ਪੰਜ ਸੌ ਰੁਪਏ ਦੀ ਥੈਲੀ ਪੇਸ਼ ਕਰ ਕੇ ਕਹਿਣ ਲਗਾ : "ਇਹ ਚਿਮਣੀ ਵਾਲਿਆਂ ਵਲੋਂ ਮਾਹਿਲਾਂ ਨੂੰ ਸਰਧਾਂਜਲੀ ਹੈ। ਸ਼ੌਕ ! ਕਿ ਅਸੀਂ ਅੱਜ ਇਸ ਤੋਂ ਵਧ ਕੁਝ ਦੇਣ ਜੋਗਾ ਨਹੀਂ ਰਖਦੇ। ਸਮੇਂ ਬਦਲ ਗਏ ਹਨ, ਪਹਿਲੀਆਂ ਗੱਲਾਂ ਨਹੀਂ ਰਹੀਆਂ।"

ਫਿਰ ਉਸ ਉਦਾਸ ਹੋ ਕੇ ਆਖਿਆ :

"ਜੇ ਅੱਜ ਬੇਬੇ ਜ਼ਿੰਦਾ ਹੁੰਦੀ ਤਾਂ ਉਹ ਕੇਡੀ ਖ਼ੁਸ਼ ਹੁੰਦੀ। ਮੈਨੂੰ ਲਗਦਾ ਹੈ ਇਸ ਹਵੇਲੀ ਦੀ ਨੀਂਹ ਧਰੇ ਜਾਣ ਪਿਛੋਂ ਉਹ ਚਿਮਣੀਵਾਲੇ ਕਦੀ ਨਾ ਟਿਕਦੀ। ਉਹਦਾ ਉੱਥੇ ਦਿਲ ਨਹੀਂ ਸੀ ਲਗਣਾ। ਮਾਹਿਲ ਘਰਾਣੇ ਦੀਆਂ ਹਵੇਲੀਆਂ ਉਹਦੀਆਂ ਜਿੰਦ ਜਾਨ ਸਨ।"

ਬੇਬੇ ਗੁਰਮੀਤ ਦੀ ਗੱਲ ਸ਼ੁਰੂ ਹੁੰਦਿਆਂ ਹੀ ਸਾਰੇ ਚਿਹਰੇ ਉਦਾਸ ਹੋ ਗਏ। ਗੁਰਪਾਲ ਦੀਆਂ ਅੱਖਾਂ ਭਰ ਆਈਆਂ। ਅਜੀਤ ਦੇ ਅੱਥਰੂ ਵਹਿਣ ਲਗੇ ਤੇ ਹਰਦਿਤ ਨੇ ਅੱਖਾਂ ਪੂੰਝਦਿਆਂ ਕਿਹਾ : "ਕਦਮ ਕਦਮ ਉੱਤੇ ਬੇਬੇ ਦੀ ਯਾਦ ਆਉਂਦੀ ਹੈ। ਜੋ ਕੁਝ ਉਹਨੇ ਸਾਡੇ ਘਰਾਣੇ ਵਾਸਤੇ ਕੀਤਾ ਹੈ ਹੋਰ ਕੌਣ ਕਰ ਸਕਦਾ ਹੈ। ਜੇ ਅੱਜ ਬੇਬੇ ਹੁੰਦੀ ਤਾਂ ਉਹਦੀ ਭੁੱਇਂ ਲੱਤ ਨਾ ਲਗਦੀ।"

ਗੁਰਪਾਲ ਨੇ ਵੀ ਭਰੀ ਆਵਾਜ਼ ਵਿਚ ਕਿਹਾ : "ਇੱਟ ਇੱਟ ਜੁਣਦਿਆਂ ਬੇਬੇ ਯਾਦ ਆਉਂਦੀ ਹੈ। ਅਜੀਤ ਤੇ ਮੈਂ ਸਲਾਹ ਕਰ ਕੇ ਇਸ ਹਵੇਲੀ ਦਾ ਨਕਸ਼ਾ ਬਿਲਕੁਲ ਲਾਹੌਰ ਦੀ ਹਵੇਲੀ ਵਰਗਾ ਬਣਾਇਆ ਹੈ। ਉਸੇ ਤਰ੍ਹਾਂ ਹੀ ਵਡਾ ਦਰਵਾਜ਼ਾ ਹੋਵੇਗਾ ਤੇ ਉਸੇ ਤਰ੍ਹਾਂ ਹੀ ਵਖੋ ਵਖ ਕਮਰੇ। ਹਾਂ, ਸਿਰਫ਼ ਇਕ ਗੁਰਦਵਾਰਾ ਲਾਹੌਰ ਦੀ ਹਵੇਲੀ ਵਿਚ ਨਹੀਂ ਸੀ। ਪਰ ਹੁਣ ਸਮੇਂ ਬਦਲ ਚੁਕੇ ਹਨ। ਅਸੀਂ ਏਥੇ ਇਕੱਲੇ ਵੀ ਹੋਵਾਂਗੇ, ਸੋ ਗੁਰਦੁਆਰਾ ਜ਼ਰੂਰੀ ਹੈ।"

"ਤੁਸੀਂ ਏਥੇ ਬਹੁਤਾ ਚਿਰ ਇਕੱਲੇ ਨਹੀਂ ਰਹਿਣ ਲਗੇ ਸਰਦਾਰ ਜੀ। ਪੰਜਾਂ ਦਸਾਂ ਵਰ੍ਹਿਆਂ ਅੰਦਰ ਹੀ ਵੇਖਣਾ ਮਾਹਿਲ ਵਿਚ ਗਹਿਮਾ ਗਹਿਮ ਹੋ ਜਾਵੇਗੀ।" ਹਰਦੀਪ ਨੇ ਕਿਹਾ।

ਹਰਦੀਪ ਦੇ ਪੈਸੇ ਕਬੂਲਣ ਵਾਸਤੇ ਬੜੀ ਤਕਰਾਰ ਹੋਈ। ਮਾਹਿਲ ਮੰਨਣ ਨਾ ਤੇ ਚਿਮਣੀਵਾਲੇ ਜ਼ੋਰ ਲਾਣ। ਅੰਤ ਹਰਦੀਪ ਨੇ ਕਿਹਾ : "ਜੇ ਤੁਸੀਂ ਇਹ ਤੁੱਛ ਭੇਟ ਨਾ ਕਬੂਲੀ ਤਾਂ ਮੈਂ ਇਹਦੇ ਵਿਚ ਬੇਬੇ ਦਾ ਨਿਰਾਦਰ ਸਮਝਾਂਗਾ। ਇਹ ਭੇਟ ਉਹਦੀ ਯਾਦ ਉੱਤੇ ਇਕ ਚੜ੍ਹਾਵਾ ਹੈ, ਹੋਰ ਕੁਝ ਨਹੀਂ।"

ਇਹਨਾਂ ਸ਼ਬਦਾਂ ਦੇ ਉੱਤਰ ਵਿਚ ਕੋਈ ਕੁਝ ਨਹੀਂ ਸੀ ਕਹਿ ਸਕਦਾ।

ਹਰਦੀਪ ਤੋਂ ਉਪਰੰਤ ਪੰਜ ਸੌ ਰੁਪਏ ਹਰਦਿਤ ਦਾ ਪਿਤਾ ਝੰਡਾ ਸਿੰਘ ਲਿਆਇਆ। ਉਸਾਰੀ ਦੇ ਕੰਮ ਵਾਸਤੇ ਦਸ ਬਾਰਾਂ ਆਦਮੀ ਵੀ ਉਸ ਲਿਆਂਦੇ। ਚਾਰੇ ਪਾਸੇਂ ਮਿਲੀਆਂ ਸ਼ੁਭ ਇੱਛਾਵਾਂ ਵਲ ਇਸ਼ਾਰਾ ਕਰਦਿਆਂ ਅਜੀਤ ਨੇ ਮਾਂ ਨੂੰ ਕਿਹਾ : "ਮੈਂ ਨਹੀਂ ਕਹਿੰਦਾ ਸਾਂ ਕਿ ਹਵੇਲੀ ਦੀ ਨੀਂਹ ਰਖਦਿਆਂ ਬਾਪੂ ਬਦਲ ਜਾਏਗਾ। ਅੱਜ ਨਿਰਾ ਪੂਰਾ ਬਾਪੂ ਹੀ ਨਹੀਂ ਸਾਰਾ ਆਲ ਦੁਆਲਾ ਬਦਲ ਗਿਆ ਲਗਦਾ ਹੈ। ਮੈਂ ਹੈਰਾਨ ਹਾਂ ਸਾਨੂੰ ਇਸ ਦਾ ਕਿਵੇਂ ਪਹਿਲੇ ਖ਼ਿਆਲ ਨਹੀਂ ਆਇਆ।"

"ਸਭ ਚੀਜ਼ਾਂ ਵੇਲੇ ਸਿਰ ਹੁੰਦੀਆਂ ਹਨ, ਅਜੀਤ। ਇਸ ਤੋਂ ਪਹਿਲਾਂ ਇਹ ਗੱਲ ਸਾਨੂੰ ਸੋਭਾ ਨਹੀਂ ਸੀ ਦੇਣੀ। ਇਲਾਕੇ ਦੇ ਬੰਦਿਆਂ ਨੇ ਸਮਝਣਾ ਸੀ ਕਿ ਅਸੀਂ ਉਹਨਾਂ ਨਾਲ ਮਿਲ ਕੇ ਰਹਿਣਾ ਨਹੀਂ ਚਾਹੁੰਦੇ। ਹੁਣ ਗੱਲ ਹੋਰ ਹੈ। ਹੁਣ ਸੋਭਾ ਸਿੰਘ ਵਰਗੇ ਚੋਰ ਆਦਮੀ ਛਡ ਕੇ ਬਾਕੀ ਸਾਰੇ ਸਾਡੀ ਇੱਜ਼ਤ ਕਰਦੇ ਹਨ।"

"ਇਕ ਗੱਲ ਆਖਾਂ ਮਾਂ ?"

"ਕਿਉਂ ਨਹੀਂ।"

"ਮੇਰਾ ਖ਼ਿਆਲ ਹੈ ਮੈਨੂੰ ਤੇ ਉਜਾਗਰ ਨੂੰ ਇਕ ਵਾਰ ਮਾਹਿਲ ਤੇ ਲਾਹੌਰ ਜਾਣਾ ਚਾਹੀਦਾ ਹੈ।"

"ਕਿਉਂ ?"

"ਮੇਰੀ ਚਾਹ ਹੈ-ਕਿ ਲਾਹੌਰ ਦੀ ਹਵੇਲੀ ਦੇ ਦਲਾਨ ਵਿਚ ਪਿਆ ਤਖ਼ਤ ਪੋਸ਼ ਏਥੇ ਲਿਆਂਦਾ ਜਾਏ।"

"ਸਭ ਸ਼ੈਆਂ ਵਿਚੋਂ ਤੈਨੂੰ ਉਹਦਾ ਹੀ ਕਿਉਂ ਖ਼ਿਆਲ ਆਇਆ ਹੈ ?"

Scanned by CamScanner

"ਮਾਂ ਮਿਲ ਜਾਣਾ ਬਹਤਰ ਹੈ।"

"ਪਰ, ਪੁੱਤ ਹਵੇਲੀ ਤਾਂ ਮੁਕ ਗੲੀ ਹੈ।"

"ਹਵੇਲੀ ਨੂੰ ਮੁਕਵਿਆ ਅਸੰ ਦੇ ਮਨੀਨ ਹੋਰ ਲਕਣਗੇ ਤੇ ਫੀ ਮਿਨੂੰ ਲੋਨੀ ਓਰ ਪ੍ਰੇਸ਼ੀਨ ਕਰਨੀ ਪੋਲ ਹੈ। ਸਰਦਾਰ ਮਿਨੂੰ ਬਹੁਤ ਪ੍ਰੇਸ਼ੀਕਦਾ ਹੋਏਗਾ। ਨੂੰ ਮੇਰੇ ਕਾਸਣੇ ਉਸਦੇ ਖਿਲਾਫ ਨੂੰ ਨਹੀਂ ਜਾਣਦੀ।"

"ਤੇ ਫਿਰਾਪ...?"

ਅਸੰ ਬੁਝ ਫੈਸਲਾ ਨਹੀਂ ਸੀ ਹੋਇਆ ਕਿ ਸਰਦਾਰ ਫਤਹ ਸਿੰਘ ਦਾ ਸਨੇਹਾ ਆਖਿਆ। ਉਸ ਆਪ ਅਖਿਆ ਸੀ, "ਪੁੱਤਰ ਅਜੀਤ ਨੇ ਫੀ ਸਾਨੂੰ ਬੁਲਾ ਛਡਿਆ ਹੈ। ਅਸੀਂ ਉਹਨੂੰ ਪ੍ਰੇਸ਼ੀਨ ਨਹੀ ਦਾ। ਸਹਲੀ ਪਹੁੰਚਣ ਦਾ ਸਥਾ ਹੈ।"

"ਮੈਂ ਜਾਣਦਾ ਹਾਂ ਸਹਲੀ ਪਹੁੰਚਣ ਦੇ ਸਥੰ ਤੋਂ ਫੀ ਮੁਸ਼ਕਲ ਹੈ", ਅਜੀਤ ਨੇ ਮਾਤਾ ਜਿਤਾ ਨੂੰ ਕਿਹਾ : "ਸਰਦਾਰ ਨੇ ਬਹੁਤ ਫੋਜੀ ਧਾਰ ਰਖੀ ਹੈ। ਮੈਂ ਉਹਨੂੰ ਸਮਝਦਾ ਹਾਂ। ਮੁਲਤਾਨ ਵਿਚ ਹੋ ਕਹੀ ਲੜਾਈ ਵਲੋਂ ਉਹ ਅਫੋਸਲਾ ਨਹੀਂ ਨਹੋਸਾ। ਹੋ ਸਕਦਾ ਹੈ ਉਸ ਆਪ ਫੀ ਇਹ ਸੋ ਸੁਨੂ ਬਨਾਈ ਹੋਵੇ।

ਮਾਂ ਨੇ ਨਾਹ ਨੁਕਰ ਫੀਤੀ, ਪਰ ਗੁਰਪਾਲ ਨੇ ਕਿਹਾ, "ਸੋ ਚਿਉਂ ਹੈ ਪੁੱਤਰ ਤਾ ਨੂੰ ਸਾਰ। ਮਹਿਲ ਲਮੁੱਕਣ ਨੂੰ ਪੰਥ ਤੇ ਵਤਨ ਵਾਸੀ ਲਤਨ ਜਾਣ ਲਗਿਆ ਮਹਿਲਾ ਨੇ ਕਹੀ ਨਹੀਂ ਰੋਕਿਆ। ਧੁਣ ਨਿੰ ਓਥੇ ਰਹੋ ਵਿਚ ਹਾ। ਧੁਣ ਮਿਨੂੰ ਕਿਸੇ ਸੋ ਦਾ ਫਿਕਰ ਨਹੀਂ। ਹਵੇਲੀ ਅਵੱਸ ਓਂਸਕੋਲੀ ਤੇ ਮਹਿਲ ਅਵੱਸ ਆਬਾਦ ਹੋਵੇਗਾ।"

ਅਜੀਤ ਮੁਸ ਸੀ। ਹਰਦਿਤ ਫੀ ਮੁਸ ਸੀ। ਅੱਜ ਪ੍ਰਥੰਮ ਫਿਸ ਪਿਆ ਸੀ ਕਿ ਗੁਰਪਾਲ ਧੁਣ ਡਾਹੰ ਪੱਕੇ ਪੰਫੀ ਛਾਲ ਮਹਿਸੂਸ ਨਹੀਂ ਕਰਦਾ। ਅੱਜ ਹਰਦਿਤ ਨੂੰ ਲਗਾ ਕਿ ਅਜੀਤ ਤੋਂ ਬਿਨਾ ਫੀ ਉਹ ਸਿਰ ਉੱਚਾ ਕਰ ਕੇ ਦੁਨੀਆ ਨਾਲ ਗੱਲਾ ਕਰ ਸਕਦੀ ਹੈ। ਧੁਣ ਗੁਰਪਾਲ, ਸੋਭਾ ਸਿੰਘ ਵਰਗੇ ਆਦਮੀਆ ਨਾਲ ਨਜਿੱਠ ਲਵੇਗਾ।

ਅਜੀਤ ਦੂਰ ਜਿਆ ਤੇ ਸਾਰੇ ਇਲਾਕੇ ਵਿਚ ਜੋਰਿਆ ਵਿਰੁਧ ਫੋਈ ਨਾ ਫੋਈ ਫੈਲੀ ਮਸੀ ਕਾਰਵਾਈ ਸੁਰੂ ਹੋਣ ਚੀਆ ਅਫਵਾਹਾ ਉੱਡਣ ਲਗੀਆ। ਲੋਕੀਂ ਆਖਦੇ ਕਿ ਕਈ ਮਸ ਗੱਲ ਨਾ ਹੋਈ, ਤਾ ਹਵੇਲੀ ਤੇ ਫਿਰਾਪ ਵਿਚੋ ਛੱਡ ਕੇ ਅਜੀਤ ਅਟਾਰੀ ਵਾਲੇ ਸਰਦਾਰ ਫੋਲ ਨਾ ਜਾਂਦਾ...।

੧੬੪

ਬਹੁਤੇ ਇਤਿਹਾਸਕਾਰਾਂ ਤੇ ਮਸ ਕਰ ਕੇ ਸਿੱਖ ਇਤਿਹਾਸਕਾਰਾਂ ਨੇ ਸਰਦਾਰ ਫਤਹ ਸਿੰਘ, ਸਰਦਾਰ ਸੋਭ ਸਿੰਘ, ਚੀਫਾਨ ਮੁੱਲ ਰਾਜ ਤੇ ਮਹਾਰਾਣੀ ਸਿੰਦ ਕੌਰ ਨਾਲ ਨਿਆ ਨਹੀਂ ਕੀਤਾ। ਕਿਉਂ ? ਸਥਲ ਨਹੀਂ ਆਉਂਦੀ। ਇਹਨਾ ਇਤਿਹਾਸਕਾਰਾਂ ਨੇ ਫਤਹ ਸਿੰਘ ਨੂੰ ਇਕ ਅਜਿਹਾ ਬੁੱਢਾ ਸਾਬਤ ਕਰਨ ਦੀ ਕੋਸਿਸ ਕੀਤੀ ਹੈ, ਜਿਹੜੇ ਮਨ ਵਿਚ ਕਿ ਸਭ ਤੋਂ ਵਡੀ ਅਪੂਰਨ ਲਾਲਸਾ, ਬੁੱਧ ਵਰੋਸ ਵੈਲੇ, ਗੀਰਥ ਯਾਤਰਾ ਉੱਤੇ ਜਾਣਾ ਸੀ। ਕਿਹਾ ਜਾਂਦਾ ਹੈ ਕਿ ਫਤਹ ਸਿੰਘ ਨੇ ਬਹਾਦਰੀ ਵਿਚ ਅਗਿਰੇਜ਼ਾਂ ਵਿਰੁਧ ਕੋਈ ਕਦਮ ਨਹੀਂ ਚੁਕਿਆ। ਨਾ ਹੀ ਉਸ ਰਾਜਾ ਸੁਲਾਖ ਸਿੰਘ ਨਾਲ ਤੇ ਨਾ ਹੀ ਅਮੀਰ ਚੋਸਤ ਮੁਹੰਮਦ ਨਾਲ ਗੱਲ ਬਾਤ ਕਰਨ ਦੀ ਕੋਸਿਸ ਕੀਤੀ। ਸਾਬਤ ਕੀਤਾ ਜਾਂਦਾ ਹੈ ਕਿ ਫਤਹ ਸਿੰਘ ਨੂੰ ਪੂਰਨ ਪੂਰਾ ਅਗਿਰੇਜ਼ਾਂ ਦੀ ਵਿਰੁਧ ਮੈਦਾਨ ਵਿਚ ਲਿਆਣ ਦਾ ਸਾਰਾ ਦੋਸ਼ ਆਪ ਅਗਿਰੇਜ਼ਾਂ ਦੇ ਸਿਰ ਹੈ।

ਸਰਦਾਰ ਸੋਭ ਸਿੰਘ ਬਾਰੇ ਇਹ ਪ੍ਰਚਲਤ ਹੈ ਕਿ ਉਹ ਅਗਿਰੇਜ਼ਾਂ ਦਾ ਦਿਲੋਂ ਸੋਭ ਸਾਹ ਸੀ ਕਿ ਉਹਨੇ ਆਪਣੀ ਰਿਹਾਈ ਵਿਚ ਆਪਣੀ ਮਰਜ਼ੀ ਨਾਲ ਜੋਰਿਆ ਦੇ ਬਰਖਿਲਾਫ ਕੋਈ ਹਰਕਤ ਨਹੀਂ ਕੀਤੀ, ਕਿ ਮੁਲਤਾਨ ਦੇ ਘੇਰੇ ਵਿਚ

"ਜੇ ਤੂੰ ਬੇਬੇ ਨੂੰ ਉਸ ਤਖ਼ਤ ਪੋਸ਼ ਵਲ ਲਲਚਾਈਆਂ ਨਜ਼ਰਾਂ ਨਾਲ ਵੇਖਦਿਆਂ ਵੇਖਿਆ ਹੁੰਦਾ ਤਾਂ ਤੂੰ ਇਹ ਨਾ ਪੁੱਛਦੀਉਂ । ਮਾਂ, ਤੂੰ ਨਹੀਂ ਜਾਣਦੀ ਕਿ ਬੇਬੇ ਹਵੇਲੀ ਵੜਦਿਆਂ ਉਸੇ ਤਖ਼ਤ ਪੋਸ਼ ਵਲ ਵੇਖ ਕੇ ਹੀ ਬੇਹੋਸ਼ ਹੋਈ ਸੀ । ਮੈਨੂੰ ਉਸ ਆਪ ਵੀ ਇਹ ਦਸਿਆ । ਕਹਿੰਦੀ ਸੀ ਕਿ ਜਦੋਂ ਉਹ ਉਸ ਤਖ਼ਤ ਪੋਸ਼ ਵਲ ਵੇਖਦੀ ਹੈ ਉਸ ਨੂੰ ਬਾਬਾ ਦਲੇਰ ਸਿੰਘ ਉੱਥੇ ਬੈਠਾ ਦਿਸਦਾ ਹੈ । ਕਦੀ ਉਹਦੇ ਹੱਥ ਵਿਚ ਸ਼ਰਦਾਈ ਦਾ ਛੰਨਾ ਹੁੰਦਾ ਹੈ ਤੇ ਕਦੀ ਉਹ ਬੀਤੇ ਸਮਿਆਂ ਦੀਆਂ ਕਹਾਣੀਆਂ ਸੁਣਾਂਦਾ ਹੱਸ ਰਿਹਾ ਹੁੰਦਾ ਹੈ । ਕਦੀ ਉਹਦੇ ਦਵਾਲੇ ਫ਼ਕੀਰ ਨੂਰ-ਉੱ-ਦੀਨ ਤੇ ਸੰਧਾਵਾਲੀਏ ਸਰਦਾਰ ਹੁੰਦੇ ਹਨ ਤੇ ਕਦੀ ਆਪ ਸ਼ੇਰੇ-ਪੰਜਾਬ, ਰਾਜਾ ਧਿਆਨ ਸਿੰਘ ਨੂੰ ਨਾਲ ਲਈ ਬਾਬੇ ਵਾਲਾ ਹਾਸਾ ਮਜ਼ਾਕ ਕਰ ਰਹੇ ਹੁੰਦੇ ਹਨ । ਰਾਜਾ ਮਾਤਾ ਨਾਲ ਮੁਲਾਕਾਤ ਕਰ ਕੇ ਆਉਣ ਪਿਛੋਂ ਵੀ ਬੇਬੇ ਏਸੇ ਤਖ਼ਤ ਪੋਸ਼ ਵਲ ਵੇਖਦਿਆਂ ਬੇਹੋਸ਼ ਹੋਈ ਸੀ...।"

ਹਰਦਿਤ ਦੇ ਹੰਝੂ ਵਹਿ ਰਹੇ ਸਨ ।

"ਮੈਨੂੰ ਨਹੀਂ ਸੀ ਪਤਾ, ਪੁੱਤਰ ! ਪਰ ਜੇ ਇਹ ਗੱਲ ਹੈ ਤਾਂ ਤੂੰ ਬੇਸ਼ਕ ਜਾਹ ਕੇ ਉਹ ਤਖ਼ਤ ਪੋਸ਼ ਲੈ ਆ ।"

ਤੇ ਹਰਦਿਤ ਨੂੰ ਉਹ ਸਮਾਂ ਯਾਦ ਆਇਆ ਜਦੋਂ ਉਹ ਇਸ ਟੱਬਰ ਵਿਚ ਇਕ ਤਰ੍ਹਾਂ ਦੀ ਪ੍ਰਾਹੁਣੀ ਸੀ ਤੇ ਜਦੋਂ ਉਹਨੂੰ ਇਸ ਘਰਾਣੇ ਦੀ ਬੀਤ ਚੁਕੀ ਵਡਿਆਈ ਨਾਲ ਕੋਈ ਲਗਾਓ ਨਹੀਂ ਸੀ । ਏਸ ਕਰ ਕੇ ਹੀ ਤਾਂ ਉਹਨੇ ਗੁਰਮੀਤ ਦੀ ਇਸ ਤਖ਼ਤ ਪੋਸ਼ ਵਾਸਤੇ ਲਾਲਸਾ ਨਹੀਂ ਸੀ ਤੱਕੀ । ਤੇ ਫਿਰ ਉਹਨੂੰ ਉਹ ਸਮਾਂ ਯਾਦ ਆਇਆ ਜਦੋਂ ਉਹਦੀ ਕਾਇਆ ਕਲਪ ਹੋਈ । ਗੁਰਮੀਤ ਨੇ ਇਕ ਕਰਾਮਾਤ ਕਰ ਵਿਖਾਈ ।

ਅਜੀਤ ਨੇ ਮਾਂ ਦੀ ਸੋਚ ਉਡਾਰੀਆਂ ਨੂੰ ਤੋੜਿਆ ।

"ਪਰ ਮਾਂ ਚਾਚੇ ਤਾਏ ਵਿਘਣ ਤਾਂ ਨਹੀਂ ਪਾਣਗੇ ।"

"ਮੇਰਾ ਖ਼ਿਆਲ ਹੈ ਨਹੀਂ ! ਉਹ ਸਾਨੂੰ ਸਿਰ ਫਿਰੇ ਸਮਝਣਗੇ ਤੇ ਬਸ ?" ਉਹ ਮੁਸਕਰਾਈ ।

"ਤੇ ਏਥੋਂ ਦੇ ਲੋਕ ਵੀ ਸਾਨੂੰ ਸਿਰ ਫਿਰੇ ਹੀ ਸਮਝਣਗੇ । ਪੁੱਛਣਗੇ ਕਿ ਉਸ ਤਖ਼ਤ ਪੋਸ਼ ਵਿਚ ਕੀ ਹੈ..."

"ਪਰ ਸਾਨੂੰ ਲੋਕਾਂ ਦੀਆਂ ਗੱਲਾਂ ਨਾਲ ਕੀ...।"

ਤੇ ਹਰਦਿਤ ਭਵਿਖ ਦੇ ਸੁਪਨੇ ਲੈਣ ਲਗੀ । ਉਹਦੇ ਸਾਹਮਣੇ ਉਹ ਦਰਿਸ਼ ਆਇਆ ਜਦੋਂ ਹਵੇਲੀ ਮੁਕੰਮਲ ਹੋ ਚੁਕੀ ਹੋਵੇਗੀ ਤੇ ਦਲਾਣ ਵਿਚ ਉਗੇ ਪਿੱਪਲ ਦੀ ਛਾਵੇਂ ਇਹ ਇਤਿਹਾਸਕ ਤਖ਼ਤ ਪੋਸ਼ ਪਿਆ ਹੋਵੇਗਾ । ਇਸ ਤਖ਼ਤ ਪੋਸ਼ ਦੀ ਢੋਹ ਲਾ ਕੇ ਬੈਠਾ ਹੋਵੇਗਾ ਉਹਦਾ ਪੁੱਤਰ ਅਜੀਤ ਤੇ ਆਲ-ਦੁਆਲੇ ਦੇ ਸਾਰੇ ਸਿਰ ਕੱਢ ਸਰਦਾਰ ਉਹਦੇ ਆਸੇ ਪਾਸੇ ਜੁੜੇ ਹੋਣਗੇ । ਉਹਨੂੰ ਖ਼ਿਆਲ ਆਇਆ ਕਿ ਹਵੇਲੀ ਦੀ ਚੱਠ ਵੇਲੇ ਉਹ ਸ਼ਰਦਾਈ ਵਰਤਾਏਗੀ ਤੇ ਫਿਰ ਲਾਹੌਰ ਦੀ ਹਵੇਲੀ ਵਾਂਗ ਏਥੇ ਵੀ ਹਰ ਸ਼ਾਮ ਸ਼ਰਦਾਈ ਬਣਿਆ ਕਰੇਗੀ ।

"ਪਰ ਇਸ ਤਖ਼ਤ ਪੋਸ਼ ਨੂੰ ਅਸੀਂ ਲਿਆਵਾਂਗੇ ਕਿਵੇਂ ? ਇਹ ਬਹੁਤ ਵਡਾ ਹੈ ।"

"ਵੇਖੀ ਜਾਏਗੀ ਅਜੀਤ ! ਪਹਿਲੇ ਹਵੇਲੀ ਤਾਂ ਤਿਆਰ ਹੋ ਲਏ...।"

ਦਿਨੋ ਦਿਨ ਮਾਹਿਲਾਂ ਦੀ ਹਵੇਲੀ ਉਸਰਦੀ ਗਈ । ਸਭ ਤੋਂ ਪਹਿਲੇ ਉਹਨਾਂ ਬਾਹਰ ਦਾ ਵਡਾ ਦਰਵਾਜ਼ਾ ਬਣਾਇਆ ਤੇ ਫਿਰ ਧਰਮਸਾਲਾ । ਇਸ ਦੇ ਬਾਹਰ ਉਹਨਾਂ ਨੇ ਨਿਸ਼ਾਨ ਸਾਹਿਬ ਗੱਡਿਆ ਜਿਹੜਾ ਦੋ ਮੀਲ ਦੂਰ ਨਾਹਰ ਪੁਰੋਂ ਵੀ ਵੇਖਿਆ ਜਾ ਸਕਦਾ ਸੀ ।

ਤੈਅ ਹੋ ਚੁਕਾ ਸੀ ਕਿ ਹਵੇਲੀ ਦੀ ਪੂਰਨਤਾ ਪਿਛੋਂ ਅਜੀਤ ਦਾ ਵਿਆਹ ਕੀਤਾ ਜਾਏ ਤੇ ਇਸ ਵਿਆਹ ਪਿਛੋਂ..."

ਪਰ ਹਵੇਲੀ ਅਜੇ ਪੂਰਨ ਨਹੀਂ ਸੀ ਹੋਈ ਕਿ ਮੁਲਤਾਨ ਵਿਚ ਮੂਲ ਰਾਜ ਵਲੋਂ ਚਲਾਈ ਗਈ ਅੰਗਰੇਜ਼ਾਂ ਨਾਲ ਲੜਾਈ ਦੀ ਸੋਅ ਆਈ । ਇਹ ਸੋਅ ਸੁਣਦਿਆਂ ਹੀ ਸਾਰਿਆਂ ਨੂੰ ਖੁੜਕ ਗਈ ਕਿ ਜਲਦੀ ਹੀ ਇਹ ਲੜਾਈ ਅੰਗਰੇਜ਼ੀ ਸਾਮਰਾਜ ਵਿਰੁਧ ਇਕ ਕੌਮੀ ਇਨਕਲਾਬ ਦੀ ਸ਼ਕਲ ਧਾਰਨ ਕਰ ਲਵੇਗੀ ।

ਇਹ ਖ਼ਬਰ ਸੁਣਦਿਆਂ ਹੀ ਅਜੀਤ ਨੂੰ ਆਪਣੇ ਨਾਇਕ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੀ ਯਾਦ ਆਈ । ਉਹ ਤਿੰਨਾਂ ਮਹੀਨਿਆਂ ਦੀ ਛੁੱਟੀ ਲੈ ਕੇ ਆਇਆ ਸੀ ਤੇ ਅੱਜ ਉਹਨੂੰ ਛੇ ਮਹੀਨੇ ਹੋਣ ਲਗੇ ਸਨ । ਉਹਨੂੰ ਜਾਪਿਆ ਕਿ ਉਹਨੇ ਚੰਗਾ ਨਹੀਂ ਕੀਤਾ । ਹਰ ਹਾਲਤ ਵਿਚ, ਉਸ ਮਹਿਸੂਸ ਕੀਤਾ, ਕਿ ਚਤਰ ਸਿੰਘ ਨੂੰ ਹੁਣ ਉਹਦੀ ਲੋੜ ਹੋਵੇਗੀ ।

Scanned by CamScanner

"ਮਾਂ ਮੇਰਾ ਜਾਣਾ ਬਣਦਾ ਹੈ।"

"ਪਰ, ਪੁੱਤ ਹਵੇਲੀ ਤਾਂ ਮੁਕ ਲੈਣ ਦੇ।"

"ਹਵੇਲੀ ਨੂੰ ਮੁਕਦਿਆਂ ਅਜੇ ਦੋ ਮਹੀਨੇ ਹੋਰ ਲਗਣਗੇ ਤੇ ਕੀ ਮੈਨੂੰ ਐਨੀ ਦੇਰ ਉਡੀਕ ਕਰਨੀ ਯੋਗ ਹੈ। ਸਰਦਾਰ ਮੈਨੂੰ ਜ਼ਰੂਰ ਉਡੀਕਦਾ ਹੋਏਗਾ। ਤੂੰ ਮੇਰੇ ਵਾਸਤੇ ਉਹਦੇ ਪਿਆਰ ਨੂੰ ਨਹੀਂ ਜਾਣਦੀ।"

"ਤੇ ਵਿਆਹ...?"

ਅਜੇ ਕੁਝ ਫ਼ੈਸਲਾ ਨਹੀਂ ਸੀ ਹੋਇਆ ਕਿ ਸਰਦਾਰ ਚਤਰ ਸਿੰਘ ਦਾ ਸਨੇਹਾ ਆਇਆ। ਉਸ ਆਖ ਘਲਿਆ ਸੀ, "ਪੁੱਤਰ ਅਜੀਤ ਨੇ ਕੀ ਸਾਨੂੰ ਭੁਲਾ ਛਡਿਆ ਹੈ। ਅਸੀਂ ਉਹਨੂੰ ਉਡੀਕ ਰਹੇ ਹਾਂ। ਜਲਦੀ ਪਹੁੰਚਣ ਦਾ ਸਮਾਂ ਹੈ।"

"ਮੈਂ ਜਾਣਦਾ ਹਾਂ ਜਲਦੀ ਪਹੁੰਚਣ ਦੇ ਸਮੇਂ ਤੋਂ ਕੀ ਮੁਰਾਦ ਹੈ", ਅਜੀਤ ਨੇ ਮਾਤਾ ਪਿਤਾ ਨੂੰ ਕਿਹਾ : "ਸਰਦਾਰ ਨੇ ਜ਼ਰੂਰ ਕੋਈ ਧਾਰ ਰਖੀ ਹੈ। ਮੈਂ ਉਹਨੂੰ ਸਮਝਦਾ ਹਾਂ। ਮੁਲਤਾਨ ਵਿਚ ਹੋ ਰਹੀ ਲੜਾਈ ਵਲੋਂ ਉਹ ਅਵੇਸਲਾ ਨਹੀਂ ਰਹੇਗਾ। ਹੋ ਸਕਦਾ ਹੈ ਉਸ ਆਪ ਹੀ ਇਹ ਸ਼ੈ ਸ਼ੁਰੂ ਕਰਾਈ ਹੋਵੇ।

ਮਾਂ ਨੇ ਨਾਂਹ ਨੁਕਰ ਕੀਤੀ, ਪਰ ਗੁਰਪਾਲ ਨੇ ਕਿਹਾ, "ਜੇ ਇਉਂ ਹੈ ਪੁੱਤਰ ਤਾਂ ਤੂੰ ਜਾਹ। ਮਾਹਿਲ ਸਪੁੱਤਰਾਂ ਨੂੰ ਪੰਥ ਤੇ ਵਤਨ ਵਾਸਤੇ ਲੜਣ ਜਾਣ ਲਗਿਆਂ ਮਾਪਿਆਂ ਨੇ ਕਦੀ ਨਹੀਂ ਰੋਕਿਆ। ਹੁਣ ਮੈਂ ਚੰਗੇ ਰਉਂ ਵਿਚ ਹਾਂ। ਹੁਣ ਮੈਨੂੰ ਕਿਸੇ ਸ਼ੈ ਦਾ ਫ਼ਿਕਰ ਨਹੀਂ। ਹਵੇਲੀ ਅਵੱਸ਼ ਉੱਸਰੇਗੀ ਤੇ ਮਾਹਿਲ ਅਵੱਸ਼ ਆਬਾਦ ਹੋਵੇਗਾ।"

ਅਜੀਤ ਖ਼ੁਸ਼ ਸੀ। ਹਰਦਿਤ ਵੀ ਖ਼ੁਸ਼ ਸੀ। ਅੱਜ ਪ੍ਰਤੱਖ ਦਿਸ ਪਿਆ ਸੀ ਕਿ ਗੁਰਪਾਲ ਹੁਣ ਡਾਰੋਂ ਘੁੱਥੇ ਪੰਛੀ ਵਾਂਗ ਮਹਿਸੂਸ ਨਹੀਂ ਕਰਦਾ। ਅੱਜ ਹਰਦਿਤ ਨੂੰ ਲਗਾ ਕਿ ਅਜੀਤ ਤੋਂ ਬਿਨਾਂ ਵੀ ਉਹ ਸਿਰ ਉੱਚਾ ਕਰ ਕੇ ਦੁਨੀਆਂ ਨਾਲ ਗੱਲਾਂ ਕਰ ਸਕਦਾ ਹੈ। ਹੁਣ ਗੁਰਪਾਲ, ਸੋਭਾ ਸਿੰਘ ਭਰਗੇ ਆਦਮੀਆਂ ਨਾਲ ਨਜ਼ਿੱਠ ਲਏਗਾ।

ਅਜੀਤ ਟੁਰ ਗਿਆ ਤੇ ਸਾਰੇ ਇਲਾਕੇ ਵਿਚ ਗੋਰਿਆਂ ਵਿਰੁਧ ਕੋਈ ਨਾ ਕੋਈ ਚੰਗੀ ਖ਼ਾਸੀ ਕਾਰਵਾਈ ਸ਼ੁਰੂ ਹੋਣ ਦੀਆਂ ਅਫ਼ਵਾਹਾਂ ਉੱਡਣ ਲਗੀਆਂ। ਲੋਕੀਂ ਆਖਦੇ ਕਿ ਕਦੀ ਖ਼ਾਸ ਗੱਲ ਨਾ ਹੁੰਦੀ, ਤਾਂ ਹਵੇਲੀ ਤੇ ਵਿਆਹ ਵਿਚੇ ਛੱਡ ਕੇ ਅਜੀਤ ਅਟਾਰੀ ਵਾਲੇ ਸਰਦਾਰ ਕੋਲ ਨਾ ਜਾਂਦਾ...।

੧੬੪

ਬਹੁਤੇ ਇਤਿਹਾਸਕਾਰਾਂ ਤੇ ਖ਼ਾਸ ਕਰ ਕੇ ਸਿੱਖ ਇਤਿਹਾਸਕਾਰਾਂ ਨੇ ਸਰਦਾਰ ਚਤਰ ਸਿੰਘ, ਸਰਦਾਰ ਸ਼ੇਰ ਸਿੰਘ, ਦੀਵਾਨ ਮੂਲ ਰਾਜ ਤੇ ਮਹਾਰਾਣੀ ਜਿੰਦ ਕੌਰ ਨਾਲ ਨਿਆਂ ਨਹੀਂ ਕੀਤਾ। ਕਿਉਂ ? ਸਮਝ ਨਹੀਂ ਆਉਂਦੀ। ਇਹਨਾਂ ਇਤਿਹਾਸਕਾਰਾਂ ਨੇ ਚਤਰ ਸਿੰਘ ਨੂੰ ਇਕ ਅਜਿਹਾ ਬੁੱਢਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਹਦੇ ਮਨ ਵਿਚ ਕਿ ਸਭ ਤੋਂ ਵਡੀ ਅਪੂਰਨ ਤਮੰਨਾ, ਬੁੱਢ ਵਰੇਸ ਵੇਲੇ, ਤੀਰਥ ਯਾਤਰਾ ਉੱਤੇ ਜਾਣਾ ਸੀ। ਕਿਹਾ ਜਾਂਦਾ ਹੈ ਕਿ ਚਤਰ ਸਿੰਘ ਨੇ ਹਜ਼ਾਰੇ ਵਿਚ ਅੰਗਰੇਜ਼ਾਂ ਵਿਰੁਧ ਕੋਈ ਕਦਮ ਨਹੀਂ ਚੁਕਿਆ। ਨਾ ਹੀ ਉਸ ਰਾਜਾ ਗੁਲਾਬ ਸਿੰਘ ਨਾਲ ਤੇ ਨਾ ਹੀ ਅਮੀਰ ਦੋਸਤ ਮੁਹੰਮਦ ਨਾਲ ਗੱਲ ਬਾਤ ਕਰਨ ਦੀ ਕੋਸ਼ਿਸ਼ ਕੀਤੀ। ਸਾਬਤ ਕੀਤਾ ਜਾਂਦਾ ਹੈ ਕਿ ਚਤਰ ਸਿੰਘ ਨੂੰ ਖੁਲ੍ਹਮ ਖੁਲ੍ਹਾ ਅੰਗਰੇਜ਼ਾਂ ਦੇ ਵਿਰੁਧ ਮੈਦਾਨ ਵਿਚ ਲਿਆਣ ਦਾ ਸਾਰਾ ਦੋਸ਼ ਆਪ ਅੰਗਰੇਜ਼ਾਂ ਦੇ ਸਿਰ ਹੈ।

ਸਰਦਾਰ ਸ਼ੇਰ ਸਿੰਘ ਬਾਰੇ ਇਹ ਪ੍ਰਚਲਤ ਹੈ ਕਿ ਉਹ ਅੰਗਰੇਜ਼ਾਂ ਦਾ ਦਿਲੋਂ ਖ਼ੈਰ ਖ਼ਾਹ ਸੀ ਕਿ ਉਹਨੇ ਆਪਣੀ ਜ਼ਿੰਦਗੀ ਵਿਚ ਆਪਣੀ ਮਰਜ਼ੀ ਨਾਲ ਗੋਰਿਆਂ ਦੇ ਬਰਖ਼ਿਲਾਫ਼ ਕੋਈ ਹਰਕਤ ਨਹੀਂ ਕੀਤੀ, ਕਿ ਮੁਲਤਾਨ ਦੇ ਘੇਰੇ ਵਿਚ

Scanned by CamScanner

ਉਹਨੂੰ ਅੰਗਰੇਜ਼ਾਂ ਦੇ ਵਿਰੁਧ ਹੋਣ ਉੱਤੇ ਮਜਬੂਰ ਕੀਤਾ ਗਿਆ, ਕਿ ਮਹਾਰਾਜਾ ਦਲੀਪ ਸਿੰਘ ਤੇ ਉਹਦੀ ਭੈਣ ਦੇ ਵਿਆਹ ਵਿਚ ਅੰਗਰੇਜ਼ਾਂ ਵਲੋਂ ਹੋਈ ਢਿਲ ਮੱਠ ਨੇ ਉਹਦੇ ਦਿਲ ਉੱਤੇ ਬਹੁਤ ਅਸਰ ਕੀਤਾ ਤੇ ਉਹ ਬਾਗ਼ੀ ਹੋਣ ਉੱਤੇ ਤੁਲਿਆ, ਇਤ ਆਦਿ। ਸਿੱਖ ਇਤਿਹਾਸਕਾਰ ਇਸ ਤਰ੍ਹਾਂ ਕਿਉਂ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ, ਕਿਹਾ ਨਹੀਂ ਜਾ ਸਕਦਾ।

ਮੂਲ ਰਾਜ ਬਾਬਤ ਉਹਨਾਂ ਦੀ ਰਾਏ ਹੈ ਕਿ ਉਹ ਇਕ ਘਟੀਆ ਤੇ ਬੁਜ਼ਦਿਲ ਆਦਮੀ ਸੀ, ਕਿ ਫ਼ਰੰਗੀਆਂ ਵਿਰੁਧ ਉਹਦੇ ਜ਼ੋਰੇ ਨਾਲ ਖਲੋਣ ਦੇ ਪਿਛੇ ਵੀ ਇਕ ਮਜਬੂਰੀ ਸੀ, ਕਿ ਜੇ ਉਹ ਇਉਂ ਨਾ ਕਰਦਾ, ਤਾਂ ਉਹਦੇ ਆਪਣੇ ਸਿਪਾਹੀਆਂ ਨੇ ਹੀ ਉਹਨੂੰ ਮਾਰ ਦੇਣਾ ਸੀ, ਕਿ ਉਹਦੀ ਮਾਂ ਨੇ ਉਹਨੂੰ ਫ਼ਿਟਕਾਰਾਂ ਤੇ ਲਾਅਨਤਾਂ ਪਾ ਕੇ ਅੰਗਰੇਜ਼ਾਂ ਦੇ ਸਨਮੁਖ ਉਭਾਰਿਆ।

ਮਹਾਰਾਣੀ ਜਿੰਦ ਕੌਰ ਨੂੰ ਇਹ ਇਤਿਹਾਸਕਾਰ ਨਿਰਦੋਸ਼ ਸਾਬਤ ਕਰਦੇ ਹਨ। ਕਹਿੰਦੇ ਹਨ ਕਿ ਉਹਨੇ ਅੰਗਰੇਜ਼ਾਂ ਦੇ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ, ਕਿ ਤੇਜ ਸਿੰਘ ਨੂੰ ਕਤਲ ਕਰਨ ਦੀ ਸਾਜ਼ਸ਼ ਵਿਚ ਉਹਦਾ ਕੋਈ ਹੱਥ ਨਹੀਂ ਸੀ, ਕਿ ਮੁਲਤਾਨ ਦੀ ਬਗ਼ਾਵਤ ਵਿਚ ਹਿੱਸਾ ਲੈਣ ਦੀ ਤੋਹਮਤ ਉਹਦੇ ਉੱਤੇ ਐਵੇਂ ਥੋਪੀ ਗਈ, ਇਤਿ ਆਦਿ।

ਦੂਜੇ ਸਿੱਖ-ਫ਼ਰੰਗੀ ਯੁੱਧ ਦੇ ਇਹਨਾਂ ਚਾਰ ਨੇਤਾਵਾਂ ਨੂੰ ਇਕ ਹੱਥ ਨਿਦੋਸਾ ਤੇ ਦੂਜੇ ਹੱਥ ਅੰਗਰੇਜ਼ਾਂ ਦਾ ਸ਼ੇਰਖ਼ਾਹ ਸਹੀ ਕਰ ਕੇ ਇਤਿਹਾਸਕਾਰ ਕੀ ਲੋੜਦੇ ਹਨ ? ਇਹ ਕਿ ਪਾਠਕਾਂ ਦੀ, ਲੋਕ ਰਾਏ ਦੀ ਤੇ ਇਤਿਹਾਸ ਦੀ ਹਮਦਰਦੀ ਉਕਸਾਈ ਜਾ ਸਕੇ ? ਕਿ ਅੰਗਰੇਜ਼ਾਂ ਨੂੰ ਜਾਬਰ ਤੇ ਜ਼ਾਲਮ ਆਖਿਆ ਜਾ ਸਕੇ ? ਕਿ ਫ਼ਰੰਗੀਆਂ ਦੀ ਮੁਲਕਗੀਰੀ ਦੀ ਹਵਸ ਨੂੰ ਪ੍ਰਤੱਖ ਤੌਰ ਉੱਤੇ ਸਹੀ ਕੀਤਾ ਜਾ ਸਕੇ ? ਇਹ ਇਤਿਹਾਸਕਾਰ ਕਹਿੰਦੇ ਹਨ ਕਿ ਮੁਲਤਾਨ ਵਿਚ ਹੋਈ ਬਗ਼ਾਵਤ ਨੂੰ ਅੰਗਰੇਜ਼ਾਂ ਨੇ ਜਾਣ ਕੇ ਨਹੀਂ ਦਬਾਇਆ, ਤਾਂ ਜੋ ਇਕ ਵਡੀ ਜੰਗ ਪੰਜਾਬੀਆਂ ਉੱਤੇ ਠੋਸ ਕੇ ਪੰਜਾਬ ਨੂੰ ਸਥਾਈ ਤੌਰ ਉੱਤੇ ਅੰਗਰੇਜ਼ੀ ਰਾਜ ਨਾਲ ਮਿਲਾ ਲੈਣ ਦਾ ਬਹਾਨਾ ਮਿਲ ਜਾਏ। ਪਰ ਹਾਲਾਤ ਦੇ ਸਨਮੁਖ ਇਹ ਦਲੀਲ ਜੱਚਦੀ ਨਹੀਂ।

ਅੰਗਰੇਜ਼ੀ ਸਾਮਰਾਜ, ਭਰੋਵਾਲ ਦੀ ਸੁਲ੍ਹਾ ਪਿਛੋਂ, ਪੰਜਾਬ ਨੂੰ ਅਵੱਸ਼ ਆਪਣੀ ਹਕੂਮਤ ਦਾ ਭਾਗ ਸਮਝਦਾ ਸੀ। ਅੰਗਰੇਜ਼ਾਂ ਨੂੰ ਪੱਕ ਹੋ ਗਿਆ ਸੀ ਕਿ ਹੁਣ ਸਿੱਖਾਂ ਦੀ ਜੰਗਜੂ ਸਪਿਰਟ ਸੋਧ ਲਈ ਗਈ ਹੈ ਤੇ ਵਖ ਵਖ ਜਾਤੀਆਂ ਵਿਚ ਅਜਿਹੀ ਫੁਟ ਪਾ ਦਿਤੀ ਗਈ ਹੈ ਕਿ ਇਹ ਕਦੀ ਵੀ ਇਕਮੁੱਠ ਹੋ ਕੇ ਹੁਣ ਉਹਨਾਂ ਨਾਲ ਨਹੀਂ ਲੜਨਗੀਆਂ। ਅੰਗਰੇਜ਼ ਇਹ ਵੀ ਸਮਝਦੇ ਸਨ ਕਿ ਖ਼ੈਬਰ ਤਕ ਸਾਰੇ ਇਲਾਕੇ ਨੂੰ ਸਮੁਚੇ ਅੰਗਰੇਜ਼ੀ ਪ੍ਰਬੰਧ ਥੱਲੇ ਲਿਆਉਣਾ ਸਿਰਫ਼ ਸਮੇਂ ਦਾ ਤਕਾਜ਼ਾ ਹੈ। ਹੈਨਰੀ ਲਾਰੰਸ ਨੇ ਐਵੇਂ ਤਾਂ ਚਿਲੇ ਚਿਲੇ ਵਿਚ ਅੰਗਰੇਜ਼ ਅਫ਼ਸਰ ਨਿਯਤ ਨਹੀਂ ਸਨ ਕੀਤੇ ? ਨਾ ਹੀ ਗਵਰਨਰ ਜਨਰਲ ਹੈਨਰੀ ਹਾਰਡਿੰਗ ਐਨਾ ਬੇਵਕੂਫ਼ ਸੀ ਕਿ ਉਹ ਸਰਕਾਰ ਬਰਤਾਨੀਆਂ ਨੂੰ ਹਿੰਦੁਸਤਾਨ ਵਿਚ ਆਉਂਦੇ ਦਸਾਂ ਸਾਲਾਂ ਅੰਦਰ ਇਕ ਵੀ ਗੋਲੀ ਨਾ ਚਲਣ ਦਾ ਵਿਸ਼ਵਾਸ ਦਿਵਾਉਂਦਾ।

ਹੈਨਰੀ ਲਾਰੰਸ ਤੇ ਹੈਨਰੀ ਹਾਰਡਿੰਗ ਅਤਿ ਸੂਝਵਾਨ ਤੇ ਸੁਘੜ ਅਫ਼ਸਰ ਸਨ। ਦੋਹਾਂ ਨੂੰ ਹੀ ਹਿੰਦੁਸਤਾਨ ਤੇ ਪੰਜਾਬ ਦਾ ਚੰਗਾ ਤਜਰਬਾ ਸੀ। ਆਪਣਿਆਂ ਅਨੁਮਾਨਾਂ ਤੇ ਹਿਸਾਬ ਵਿਚ ਉਹ ਇਸ ਲਈ ਨਹੀਂ ਉੱਕੇ ਕਿ ਉਹਨਾਂ ਵਿਚ ਸਿਆਣਪ ਦੀ ਘਾਟ ਸੀ, ਪਰ ਇਸ ਲਈ ਕਿ ਦੂਜੇ ਸਿੱਖ-ਫ਼ਰੰਗੀ ਯੁੱਧ ਦੇ ਉਪਰੋਕਤ ਚਾਰ ਲੀਡਰ ਉਹਨਾਂ ਨਾਲੋਂ ਵੀ ਵੇਰ ਸੁਘੜ ਤੇ ਚਾਲਾਕ ਨਿਕਲੇ।

ਜੇ ਹੈਨਰੀ ਲਾਰੰਸ ਨੂੰ ਪਤਾ ਹੁੰਦਾ ਕਿ ਜਲਦੀ ਹੀ ਪੰਜਾਬ ਵਿਚ ਇਕ ਕੌਮੀ ਅੰਦੋਲਨ ਸ਼ੁਰੂ ਹੋਣ ਵਾਲਾ ਹੈ, ਤਾਂ ਉਹ ਕਦੀ ੧੮੪੭ ਦੇ ਅਖ਼ੀਰ ਵਿਚ ਲਾਰਡ ਹਾਰਡਿੰਗ ਨਾਲ ਵਲਾਇਤ ਮੁੜਨ ਨੂੰ ਤਿਆਰ ਨਾ ਹੁੰਦਾ। ਬੇਸ਼ਕ ਉਹਦੀ ਸਿਹਤ ਖ਼ਰਾਬ ਹੋ ਚੁਕੀ ਸੀ, ਪਰ ਉਹਦੇ ਵਿਚ ਸਾਮਰਾਜ ਵਾਸਤੇ ਐਨਾ ਮੋਹ ਸੀ ਕਿ ਉਹ ਆਪਣੀ ਜਾਨ ਤਕ ਵਾਰ ਦੇਂਦਾ, ਪਰ ਪੰਜਾਬ ਵਿਚ ਅੰਗਰੇਜ਼ੀ ਰਾਜ ਨੂੰ ਡਾਵਾਂਡੋਲ ਹੁੰਦਾ ਨਾ ਵੇਖਦਾ। ਬੇਸ਼ਕ ਉਹਨੂੰ ਵਿਸ਼ਵਾਸ ਆ ਗਿਆ ਸੀ ਕਿ ਹੁਣ ਪੰਜਾਬ ਵਿਚ ਕੋਈ ਆਦਮੀ ਉਂਗਲ ਤਕ ਖੜੀ ਨਹੀਂ ਕਰ ਸਕਦਾ। ਜ਼ਿਲਿਆਂ ਵਿਚ ਨਿਯਤ ਉਹਦੇ ਅਫ਼ਸਰ ਉਹਨੂੰ ਨਿਤ ਚੰਗੀਆਂ ਤੇ ਆਸ਼ਾ ਪੂਰਵਕ ਸੋਆਂ ਪਹੁੰਚਾਉਂਦ। ਉਹਦੇ ਆਪਣੇ ਸੰਬੰਧ ਵੀ ਬਹੁਤਾ ਕਰ ਕੇ ਉਹਨਾਂ ਗ਼ੱਦਾਰ ਸਰਦਾਰਾਂ ਨਾਲ ਸਨ ਜਿਹੜੇ ਕਿ ਅੰਗਰੇਜ਼ੀ ਸਾਮਰਾਜ ਦੇ ਪਿੱਠੂ ਸਨ।

ਹੈਨਰੀ ਲਾਰੰਸ ਤੇ ਲਾਰਡ ਹਾਰਡਿੰਗ ਨੂੰ ਸਾਰੇ ਪੰਜਾਬ ਵਿਚ ਸੁਲਗਦੀ ਇਕ ਅੱਗ ਦਾ ਅਹਿਸਾਸ ਨਹੀਂ ਹੋਇਆ। ਉਹਨਾਂ ਨੇ ਇਥੇ ਉੱਥੇ ਉਠਦੇ ਧੂੰਏ ਵਲ ਵੀ ਨਿਗਾਹ ਨਹੀਂ ਕੀਤੀ। ਜਿੰਦ ਕੌਰ ਨੂੰ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਕੈਦ

Scanned by CamScanner

ਕਰ ਕੇ ਸਮਝਿਆ ਕਿ ਹੁਣ ਕੌਦੀ ਉਹਨਾਂ ਦੇ ਸਨਮੁਖ ਆਉਣ ਦੀ ਹਿੰਮਤ ਨਹੀਂ ਕਰੇਗਾ। ਉਹਨਾਂ ਦੀਆਂ ਨਜ਼ਰਾਂ ਵਿਚ ਜੇ ਕੌਦੀ ਖ਼ਤਰਨਾਕ ਮਨੁੱਖ ਸੀ, ਤਾਂ ਉਹ ਰਾਣੀ ਜਿੰਦਾਂ ਹੀ। ਇਹਦੇ ਵਿਚ ਸ਼ਕ ਨਹੀਂ ਕਿ ਰਾਣੀ ਜਿੰਦਾਂ ਉਸ ਵੇਲੇ ਅੰਗਰੇਜ਼ੀ ਸਾਮਰਾਜ ਵਿਰੁਧ ਉਠ ਰਹੇ ਜਜ਼ਬਾਤਾਂ ਦੀ ਆਗੂ ਸੀ, ਪਰ ਅੰਗਰੇਜ਼ਾਂ ਨੇ ਉਹਦੀ ਸ਼ਖ਼ਸੀਅਤ ਤੇ ਉਹਦੀ ਮਿਆਣਪ ਨੂੰ ਐਨਾ ਵਡਿਆਂਦਿਆਂ ਹੋਇਆਂ ਵੀ ਦਰਅਸਲ ਛੁਟਿਆਇਆ। ਉਹਨਾਂ ਨੇ ਵੇਖਿਆ ਨਾ ਕਿ ਸੇਖੂਪੁਰੇ ਵਿਚ ਕੈਦ ਕੀਤੇ ਜਾਣ ਤੋਂ ਪਹਿਲਾਂ ਉਹ ਇਨਕਲਾਬ ਦੀ ਨੀਂਹ ਰਖ ਚੁਕੀ ਸੀ। ਆਪਣੀ ਕੈਦ ਵਿਚੋਂ ਵੀ ਉਹ ਇਸ ਇਨਕਲਾਬੀ ਸਪਿਰਟ ਨੂੰ ਪਾਲਦੀ ਪੋਸਦੀ ਰਹੀ।

ਰਾਣੀ ਜਿੰਦ ਕੌਰ ਨੇ ਇਕ ਪਲ ਲਈ ਫ਼ਰੰਗੀ ਹਕੂਮਤ ਨੂੰ ਸਵੀਕਾਰ ਨਹੀਂ ਕੀਤਾ। ਉਹ ਮਹਾਰਾਜੇ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਤੇ ਆਪਣੇ ਆਪ ਨੂੰ ਹਕੂਮਤ ਦੀ ਰਾਜਮਾਤਾ ਸਮਝਦੀ ਰਹੀ। ਉਸ ਆਪਣੇ ਇਰਾਦਿਆਂ ਨੂੰ ਕਦੀ ਵੀ ਨਹੀਂ ਲੁਕਾਇਆ। ਉਸ ਆਪਣੀ ਆਜ਼ਾਦੀ ਨੂੰ ਕਦੀ ਨਾ ਵੇਚਿਆ। ਅੰਗਰੇਜ਼ ਚੋਰਾਵਰ ਸਨ। ਚੋਰ ਨਾਲ ਉਹ ਉਹਨਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦੀ, ਪਰ ਆਪਣੀ ਸਪਿਰਟ ਨੂੰ ਉਹ ਖ਼ੁਦਮੁਖ਼ਤਾਰ ਅਵੱਸ਼ ਰਖ ਸਕਦੀ ਸੀ। ਫ਼ਰਗੀ ਦੀ ਮੂੰ-ਚੋਰਤਾ ਨੂੰ ਅਸਵੀਕਾਰ ਜ਼ਰੂਰ ਕਰ ਸਕਦੀ ਸੀ।

ਜੇ ਅਸੀਂ ਕਹੀਏ ਕਿ ਉਸ ਅੰਗਰੇਜ਼ਾਂ ਨੂੰ ਪਛਾਤਨ ਤੇ ਉਹਨਾਂ ਦੇ ਬਰਖ਼ਿਲਾਫ਼ ਕੌਮੀ ਅੰਦੋਲਨ ਖੜਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ, ਸਾਜ਼ਸ਼ਾਂ ਕੀਤੀਆਂ, ਸਰਦਾਰਾਂ ਨੂੰ ਮਿਲਾਇਆ ਵਰਗਲ ਇਆ, ਤਾਂ ਇਸ ਨਾਲ ਰਾਣੀ ਜਿੰਦਾਂ ਦੀ ਵਡਿਆਈ ਤੇ ਪ੍ਰਤਿਭਾ ਵਿਚ ਵਾਧਾ ਹੁੰਦਾ ਹੈ, ਘਾਟਾ ਨਹੀਂ। ਇਹ ਕਹਿਣਾ ਕਿ ਉਹਨੇ ਫ਼ਰੰਗੀ ਰਾਜ ਨੂੰ ਤਨੋਂ ਮਨੋਂ ਕਬੂਲ ਲਿਆ ਤੇ ਉਹਨਾਂ ਦੀ ਵਫ਼ਾਦਾਰ ਨੌਂ ਕੇ ਰਹਿਣ ਲਗੀ ਤੇ ਫਿਰ ਵੀ ਫ਼ਰੰਗੀਆਂ ਨੇ ਉਹਨੂੰ ਦੇਸ਼ ਨਿਕਾਲਾ ਦਿਤਾ, ਇਕ ਗ਼ੁਲਾਮਾਨਾ ਜ਼ਹਿਨੀਅਤ ਦਾ ਸੂਚਕ ਹੈ, ਉਹ ਗ਼ੁਲਾਮਾਨਾ ਜ਼ਹਿਨੀਅਤ, ਜਿਹੜੀ ਕਿ ਅੰਗਰੇਜ਼ਾਂ ਨੇ ਭਾਰਤ ਵਾਸੀਆਂ ਵਿਚ ਪੈਦਾ ਕੀਤੀ।

ਇਹ ਹੈਰਾਨੀ ਦੀ ਗੱਲ ਹੈ ਕਿ ਇਤਿਹਾਸਕਾਰ ਰਾਣੀ ਜਿੰਦਾਂ, ਸਰਦਾਰ ਚਤਰ ਸਿੰਘ, ਰਾਜਾ ਸ਼ੇਰ ਸਿੰਘ ਤੇ ਦੀਵਾਨ ਮੂਲਰਾਜ ਦੇ ਕਰਮਾਂ ਵਿਚ ਕਿਸੇ ਤਰ੍ਹਾਂ ਦੀ ਇਕਸਾਰਤਾ ਨਹੀਂ ਵੇਖਦੇ। ਜਾਂ ਸ਼ਾਇਦ ਸਮਝਦੇ ਹੋਏ ਇਸ ਤੱਥ ਤੋਂ ਇਨਕਾਰੀ ਹਨ ? ਉਸ ਸਮੇਂ ਦੇ ਹਾਲਾਤ ਨੂੰ ਘੋਖਦਿਆਂ ਆਦਮੀ ਵਿਸ਼ਵਾਸ ਨਹੀਂ ਕਰ ਸਕਦਾ ਕਿ ਦੂਜੇ ਸਿੱਖ-ਫ਼ਰੰਗੀ ਯੁੱਧ ਦੀਆਂ ਇਹ ਚਾਰ ਵਿਅਕਤੀਆਂ, ਇਕ ਦੂਜੇ ਤੋਂ ਨਿਆਰੀਆਂ ਸਨ, ਕਿ ਇਸ ਜੰਗ ਦਾ ਅਸਲੀ ਕਾਰਨ ਜਨਤਾ ਦਾ ਕੌਮੀ ਜਜ਼ਬਾ ਨਹੀਂ, ਸਗੋਂ ਅੰਗਰੇਜ਼ਾਂ ਵਲੋਂ ਉਕਸਾਈ ਗਈ ਬਗ਼ਾਵਤ ਸੀ।

ਜੇ ਆਪ ਅੰਗਰੇਜ਼ ਹੀ ਦੂਜੇ ਯੁੱਧ ਦਾ ਸੋਮਾਂ ਤੇ ਪਰੇਰਨਾ ਸਨ, ਤਾਂ ਅਸੀਂ ਰਾਣੀ ਜਿੰਦਾਂ, ਸਰਦਾਰ ਚਤਰ ਸਿੰਘ, ਸਰਦਾਰ ਸ਼ੇਰ ਸਿੰਘ ਤੇ ਦੀਵਾਨ ਮੂਲ ਰਾਜ ਨੂੰ ਕੌਮੀ ਨਾਇਕ ਨਹੀਂ ਮੰਨ ਸਕਦੇ। ਅਸੀਂ ਨਹੀਂ ਮੰਨ ਸਕਦੇ ਕਿ ਇਹਨਾਂ ਚਹੁੰਆਂ ਸ਼ਖ਼ਸੀਅਤਾਂ ਵਿਚ ਕਿਸੇ ਤਰ੍ਹਾਂ ਦੀ ਵੀ ਆਜ਼ਾਦ ਸਪਿਰਟ ਰਵ ਰਹੀ ਸੀ ਤੇ ਇਹ ਪੰਜਾਬ ਵਿਚੋਂ ਅੰਗਰੇਜ਼ੀ ਸਾਮਰਾਜ ਨੂੰ ਕਢਣ ਦੇ ਹਾਮੀ ਸਨ। ਜੇ ਅਸੀਂ ਇਹ ਦਲੀਲ ਮੰਨੀਏ, ਤਾਂ ਦੂਜੇ ਸਿੱਖ-ਫ਼ਰੰਗੀ ਯੁੱਧ ਦੀ ਮਹਾਨਤਾ ਢਹਿ ਢਰੀ ਹੋ ਜਾਂਦੀ ਹੈ। ਫਿਰ ਯੁੱਧ ਇਕ ਪੁਤਲੀਆਂ ਦਾ ਤਮਾਸ਼ਾ ਲਗਦਾ ਹੈ, ਇਕ ਤਰ੍ਹਾਂ ਦਾ ਭੁਕਾਨਾ ਜਿਹਦੇ ਵਿਚ ਪੰਕਚਰ ਹੋਵੇ। ਇਹ ਇਤਿਹਾਸਕਾਰ ਮੁਲਤਾਨ ਤੇ ਚਿਲਿਆਂਵਾਲਾ ਦੀਆਂ ਲੜਾਈਆਂ ਨੂੰ ਸਿਰਫ਼ ਇਕ ਬਗ਼ਾਵਤ ਕਹਿੰਦੇ ਹਨ, ਕਿਸੇ ਇਨਕਲਾਬੀ ਸਪਿਰਟ ਦਾ ਚਮਤਕਾਰ ਨਹੀਂ।

ਬਗ਼ਾਵਤ ਕਿਉਂ ? ਕਿਸ ਦੇ ਵਿਰੁਧ ਇਹ ਬਗ਼ਾਵਤ ? ਜੇ ਇਹ ਕੌਮੀ ਤਾਕਤਾਂ ਮਹਾਰਾਜਾ ਦਲੀਪ ਸਿੰਘ ਦੇ ਵਿਰੁਧ, ਉਹਨੂੰ ਮਾਰਨ ਜਾਂ ਗੱਦੀਉਂ ਲਾਹੁਣ ਵਾਸਤੇ ਮੈਦਾਨ ਵਿਚ ਆਉਂਦੀਆਂ ਤਾਂ ਇਹਨਾਂ ਦੇ ਕਰਮਾਂ ਨੂੰ ਬਗ਼ਾਵਤ ਦਾ ਨਾਂ ਦੇਣਾ ਯੋਗ ਹੈ। ਪਰ ਇਹ ਕੌਮੀ ਤਾਕਤਾਂ ਉਠੀਆਂ ਸਨ, ਅੰਗਰੇਜ਼ੀ ਸਾਮਰਾਜ ਤੇ ਫ਼ਰੰਗੀ ਮੂੰਹ-ਚੋਰਤਾ ਦੇ ਵਿਰੁਧ। ਇਹ ਤਾਕਤਾਂ ਸਗੋਂ ਮਹਾਰਾਜਾ ਦਲੀਪ ਸਿੰਘ ਨੂੰ ਸਹੀ ਅਰਥਾਂ ਵਿਚ ਪੰਜਾਬ ਦਾ ਮਹਾਰਾਜਾ ਬਣਾਉਣਾ ਚਾਹੁੰਦੀਆਂ ਸਨ।

ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਸਭਰਾਵਾਂ ਦੀ ਜੰਗ ਪਿਛੋਂ ਅੰਗਰੇਜ਼ ਬੇਸ਼ਕ ਲਾਹੌਰ ਉੱਤੇ ਕਾਬਜ਼ ਹੋ ਗਏ ਸਨ ਤੇ ਟੁੰਡੀ ਲਾਟ ਤੇ ਹੈਨਰੀ ਲਾਰੰਸ ਦੀ ਆਗਿਆ ਬੱਲੇ ਚਿਲੇ ਚਿਲੇ ਵਿਚ ਧੌਂਸ ਜਮਾਈ ਜਾ ਰਹੀ ਸੀ, ਪਰ ਪੰਜਾਬ ਦੀ ਘਨੇਰੀ ਹਿੰਦੂ, ਸਿੱਖ ਤੇ ਮੁਸਲਮਾਨ ਜਨਤਾ ਨੇ ਅਜੇ ਤਕ ਅੰਗਰੇਜ਼ਾਂ ਨੂੰ ਆਪਣੇ ਮੁਲਕ ਦੇ ਰਾਜੇ ਨਹੀ ਸੀ ਸਮਝਿਆ। ਸਲਤਨੱਤ ਬਰਤਾਨੀਆਂ ਦੀ ਮਲਕਾ, ਰਹਿੰਦੇ ਹਿੰਦੁਸਤਾਨ ਦੀ ਮਾਲਕ ਤਾਂ ਬੇਸ਼ਕ ਹੋਵੇ, ਪਰ ਉਹ ਪੰਜਾਬ ਦੀ ਮਲਕਾ ਅਜੇ

Scanned by CamScanner

ਤਰਕ ਨਹੀਂ ਸੀ ਬਣੀ। ਕਵੀ ਸ਼ਾਹ ਮੁਹੰਮਦ ਦਾ ਜੰਗਨਾਮਾ ਇਸ ਦਲੀਲ ਦਾ ਗਵਾਹ ਹੈ ਤੇ ਦੂਜੀ ਸ਼ਾਹਦੀ ਹੈ, ਉਹ ਕੌਮੀ ਅੰਦੋਲਨ, ਜਿਹੜਾ ਮਹਾਰਾਣੀ ਜਿੰਦਾਂ ਦੀ ਲੀਡਰਸ਼ਿਪ ਥੱਲੇ ਸਭਰਾਵਾਂ ਦੀ ਹਾਰ ਤੋਂ ਜਲਦੀ ਪਿਛੋਂ ਹੀ ਸ਼ੁਰੂ ਹੋਇਆ ਤੇ ਜਿਹੜਾ ਅੰਤ ਦੂਜੇ ਸਿੱਖ ਫ਼ਰੰਗੀ ਯੁੱਧ ਦੀ ਸੂਰਤ ਵਿਚ ਪ੍ਰਫੁਲਤ ਹੋਇਆ। ਜੇ ਜਨਤਾ ਅੰਗਰੇਜ਼ ਨੂੰ ਆਪਣਾ ਰਾਜਾ ਨਹੀਂ ਸੀ ਮੰਨਦੀ, ਤਾਂ ਉਹਨਾਂ ਦੇ ਵਿਰੁਧ ਅੰਦੋਲਨ ਬਗ਼ਾਵਤ ਨਹੀਂ ਅਖਵਾ ਸਕਦਾ। ਨਾ ਹੀ ਕਾਨੂੰਨਨ ਅਗਰੇਜ਼ ਅਜੇ ਪੰਜਾਬ ਦਾ ਮਾਲਕ ਸਨ।

ਜੇ ਦੂਜੇ ਸਿੱਖ-ਫ਼ਰੰਗੀ ਯੁਧ ਦਾ ਅੰਦੋਲਨ ਸਿਰਫ਼ ਇਕ ਬਗ਼ਾਵਤ ਮੰਨੀ ਜਾਏ ਤਾਂ ਸਹਿਜੇ ਹੀ ਚਤਰ ਸਿੰਘ, ਸ਼ੇਰ ਸਿੰਘ, ਮੂਲ ਰਾਜ ਤੇ ਜਿੰਦ ਕੌਰ ਕੌਮੀ ਸ਼ਖ਼ਸੀਅਤਾਂ ਨਹੀਂ, ਬਾਗ਼ੀ ਵਿਅਕਤੀਆਂ ਹਨ। ਤੇ ਇਹੋ ਕੁਝ ਹੀ ਬਹੁਤੇ ਇਤਿਹਾਸਕਾਰ, ਭੁਲ ਭੁਲੇਖੇ ਵਿਚ, ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਆਏ ਹਨ।

ਪਰ ਖੁਸ਼ੀ ਦਾ ਅਸਥਾਨ ਹੈ ਕਿ ਇਹ ਰਾਵਾਂ ਤੇ ਦਾਅਵੇ ਝੂਠੇ ਹਨ ਤੇ ਜਿਨ੍ਹਾਂ ਇਤਿਹਾਸਕ ਸਚਾਈਆਂ ਨੂੰ ਇਹ ਇਤਿਹਾਸਕਾਰ ਗ਼ਲਤ ਮੰਨਦੇ ਹਨ ਉਹ ਦਰਅਸਲ ਸੱਚੀਆਂ ਹੀ ਹਨ। ਗੋਰਿਆਂ ਦੇ ਵਿਰੁਧ ਪੰਜਾਬ ਵਿਚ ਉੱਠੇ ਇਸ ਅੰਦੋਲਨ ਨਾਲ, ਇਤਿਹਾਸਕ ਪੱਖੋਂ, ਜੇ ਕਿਸੇ ਨੇ ਨਿਆਂ ਕੀਤਾ ਹੈ ਤਾਂ ਅੰਗਰੇਜ਼ ਇਤਿਹਾਸਕਾਰਾਂ ਨੇ। ਉਹਨਾਂ ਨੇ ਸਾਫ਼ ਦਰਸਾਇਆ ਹੈ ਕਿ ਰਾਣੀ ਜਿੰਦਾਂ ਨੇ ਅੰਗਰੇਜ਼ੀ ਸਾਮਰਾਜ ਨਾਲ ਕਦੀ ਸਮਝੌਤਾ ਨਹੀਂ ਕੀਤਾ ਤੇ ਉਹ ਹਰ ਆਏ ਦਿਨ ਅੰਗਰੇਜ਼ਾਂ ਦੇ ਵਿਰੁਧ ਮਨਸੂਬੇ ਘੜਦੀ ਰਹੀ ਤੇ ਸਰਦਾਰਾਂ ਨਾਲ ਗੱਲ ਬਾਤ ਕਰਦੀ ਰਹੀ ਸੀ। ਇਤਿਹਾਸਕਾਰਾਂ ਨੇ ਸਰਦਾਰ ਚਤਰ ਸਿੰਘ ਤੇ ਦੀਵਾਨ ਮੂਲ ਰਾਜ ਨੂੰ ਕੌਮੀ ਸਪਿਰਟ ਦੇ ਮੋਹਰੀ ਕਿਹਾ ਹੈ। ਇਹਨਾਂ ਨੇ ਮੰਨਿਆ ਹੈ ਕਿ ਦੂਜੇ ਸਿੱਖ-ਫ਼ਰੰਗੀ ਯੁਧ ਤਕ ਪੰਜਾਬ ਦੀ ਘਨੇਰੀ ਵੱਸੋਂ ਨੇ ਅੰਗਰੇਜ਼ੀ ਸਾਮਰਾਜ ਨੂੰ ਸਵੀਕਾਰ ਨਹੀਂ ਸੀ ਕੀਤਾ ਤੇ ਹਰ ਕਦਮ ਉੱਤੇ ਇਹੋ ਹੀ ਮਹਿਸੂਸ ਕੀਤਾ ਕਿ ਬਹਾਦਰੀ ਤੇ ਸੂਰਮਗਤੀ ਦੇ ਪੱਖੋਂ ਅੰਗਰੇਜ਼ ਸਿੰਘਾਂ ਦੇ ਪਾਣੀਹਾਰ ਵੀ ਨਹੀਂ। ਹਾਂ, ਇਹਨਾਂ ਵਿਚੋਂ ਬਹੁਤਿਆਂ ਨੇ ਸ਼ੇਰ ਸਿੰਘ ਨੂੰ ਮੁਲਤਾਨ ਦੀ ਲੜਾਈ ਤਕ ਆਪਣਾ ਵਫ਼ਾਦਾਰ ਗਿਣਿਆ ਹੈ ਤੇ ਉਹਦੇ ਖਿਆਲਾਂ ਤੇ ਕਰਤੱਵਾਂ ਵਿਚ ਆਈ ਤਬਦੀਲੀ ਦਾ ਜ਼ਿਮਾ ਅੰਗਰੇਜ਼ਾਂ ਉੱਤੇ ਲਾਇਆ ਹੈ। ਇਹ ਹੋ ਸਕਦਾ ਹੈ ਕਿ ਸ਼ੇਰ ਸਿੰਘ ਨੇ ਚਿਲ੍ਹਿਆਂ ਵਾਲੇ ਦੀ ਲੜਾਈ ਕਿਸੇ ਜਾਤੀ ਗ਼ਰਜ਼ ਵਾਸਤੇ ਲੜੀ ਜਾਂ ਕਿ ਉਸ ਨੇਤੇ ਵਿਚ ਕੌਮੀ ਜਜ਼ਬੇ ਦੀ ਘਾਟ ਸੀ। ਜੇ ਸ਼ੇਰ ਸਿੰਘ ਵਿਚ ਕੋਈ ਉਕਾਈ ਸੀ ਵੀ ਤਾਂ ਵੀ ਉਹ ਉਹਦੇ ਅਣਖੀਲੇ ਪਿਤਾ ਨੇ ਪੂਰੀ ਕੀਤੀ ਤੇ ਸ਼ੇਰ ਸਿੰਘ ਸਹੀ ਅਰਥਾਂ ਵਿਚ ਸਾਡੇ ੧੮੪੮-੪੯ ਦੇ ਕੌਮੀ ਅੰਦੋਲਨ ਦਾ ਇਕ ਨਾਇਕ ਬਣਿਆ।

ਇਹਨਾਂ ਅੰਗਰੇਜ਼ ਇਤਿਹਾਸਕਾਰਾਂ ਨੇ ਲਾਰੰਸ, ਹਾਰਡਿੰਗ ਤੇ ਫ਼ਰੈਡਰਿਕ ਕਰੀ ਨੂੰ ਕਸੂਰਵਾਰ ਠਹਿਰਾਇਆ ਹੈ ਇਸ ਗੱਲ ਦਾ ਕਿ ਉਹਨਾਂ ਪੰਜਾਬ ਦੀ ਨਬਜ਼ ਪਛਾਣਨ ਵਿਚ ਗ਼ਲਤੀ ਕੀਤੀ। ਜਦੋਂ ਸਾਰਾ ਪੰਜਾਬ ਧੁਖ ਰਿਹਾ ਸੀ ਉਹਨਾਂ ਨੇ ਅੱਖਾਂ ਤੇ ਕੰਨ ਮੁੰਦ ਕੇ ਕਿਹਾ ਕਿ ਅਗਲੇ ਦਸਾਂ ਸਾਲਾਂ ਤਕ ਹਿੰਦੁਸਤਾਨ ਵਿਚ ਕਿਤੇ ਇਕ ਗੋਲੀ ਵੀ ਨਹੀਂ ਚਲੇਗੀ।

ਬੇਸ਼ਕ ਅੰਗਰੇਜ਼ ਇਤਿਹਾਸਕਾਰਾਂ ਨੇ ਇਹ ਰਾਵਾਂ ਆਪਣੇ ਹਿਤ ਲਈ ਲਿਖੀਆਂ ਤੇ ਹੋ ਸਕਦਾ ਹੈ ਕਿ ਇਹਨਾਂ ਵਿਚ ਅਤਕਥਨੀਆਂ ਵੀ ਹੋਣ, ਪਰ ਇਨਕਾਰ ਕੀਤਾ ਨਹੀਂ ਜਾ ਸਕਦਾ ਕਿ ਇਹ ਰਾਵਾਂ ਸਚਾਈ ਦੇ ਬਹੁਤਾ ਨੇੜੇ ਹਨ। ਇਤਿਹਾਸਕਾਰਾਂ ਤੋਂ ਇਲਾਵਾ ਇਸ ਅੰਦੋਲਨ ਜਾਂ ਲੜਾਈ ਬਾਰੇ ਅੰਗਰੇਜ਼ ਫ਼ੌਜੀ ਅਫ਼ਸਰਾਂ ਨੇ ਵੀ ਬੜਾ ਕੁਝ ਲਿਖਿਆ ਹੈ ਤੇ ਸਾਨੂੰ ਇਹਨਾਂ ਫ਼ੌਜੀ ਅਫ਼ਸਰਾਂ ਦੀਆਂ ਲਿਖਤਾਂ ਦੀ ਅਤਿਅੰਤ ਕਦਰ ਕਰਨੀ ਚਾਹੀਦੀ ਹੈ। ਇਹ ਅਫ਼ਸਰ ਆਮ ਰਾਜਨੀਤਕ ਪੱਖ ਪਾਤਾਂ ਤੋਂ ਉੱਪਰ ਸਨ ਤੇ ਉਹਨਾਂ ਦੀਆਂ ਬਹੁਤੀਆਂ ਲਿਖਤਾਂ ਵਾਸਤਵਿਕ ਲੜਾਈਆਂ ਨੂੰ ਤੇ ਯੁਧ-ਕਲਾ ਨੂੰ ਮੁਖ ਰਖ ਕੇ ਲਿਖੀਆਂ ਗਈਆਂ ਸਨ। ਏਸੇ ਲਈ ਇਹਨਾਂ ਵਿਚ ਅਤਿਕਥਨੀਆਂ ਨਹੀਂ, ਪਰ ਯੁਧ ਦਾ ਇਤਿਹਾਸ ਲਿਖਦਿਆ ਇਹ ਜ਼ਰੂਰੀ ਹੁੰਦਾ ਹੈ ਕਿ ਹਾਜ਼ਰ ਹਾਲਾਤ ਬਾਰੇ ਵੀ ਟੀਕਾ ਟਿਪਣੀ ਕੀਤੀ ਜਾਏ ਤੇ ਇਹਨਾਂ ਫ਼ੌਜੀ ਅਫ਼ਸਰਾਂ ਦੀ ਇਸ ਟੀਕਾ ਟਿਪਣੀ ਵਿਚੋਂ ਅਸੀਂ, ਪੰਜਾਬੀ ਜਨਤਾ ਦੀ ਸਪਿਰਟ, ਸਾਫ਼ ਵੇਖ ਸਕਦੇ ਹਾਂ। ਇਹਨਾਂ ਲਿਖਾਰੀਆਂ ਵਿਚੋਂ ਹੈਨਰੀ ਡੀਊਰੈਂਡ, ਮੈਲੇਸਨ, ਐਡਵਰਡਜ਼, ਲਾਰੰਸ ਆਰਚਰ ਆਰਥਰ, ਚਾਰਲਸ ਆਦਿ ਦੇ ਨਾਂ ਖ਼ਾਸ ਤੌਰ ਉੱਤੇ ਵਰਨਣ-ਯੋਗ ਹਨ।

ਲਾਰਡ ਹਾਰਡਿੰਗ ਨੇ ੧੮੪੭ ਦੇ ਅਖੀਰ ਵਿਚ ਵਾਪਸ ਇੰਗਲਸਤਾਨ ਜਾਣਾ ਸੀ। ਹੈਨਰੀ ਲਾਰੰਸ ਨੇ ਪੰਜਾਬ ਵਿਚ ਐਨੀਂ ਮਿਹਨਤ ਨਾਲ ਕੰਮ ਕੀਤਾ ਸੀ ਕਿ ਉਹਦੀ ਸਿਹਤ ਖ਼ਰਾਬ ਹੋ ਗਈ ਸੀ। ਹਾਰਡਿੰਗ ਨੇ ਉਹਨੂੰ ਵੀ ਇੰਗਲਸਤਾਨ ਮੁੜਨ ਵਾਸਤੇ ਕਿਹਾ। ਪੰਜਾਬ ਵਿਚ ਹਾਲਾਤ ਬਿਲਕੁਲ ਸਥਾਈ ਤੇ ਸ਼ਾਂਤ ਸਮਝਦਾ, ਲਾਰੰਸ ਮੰਨ ਗਿਆ ਤੇ ਉਹ ੧੮੪੭ ਦੇ ਅਖ਼ੀਰ ਵਿਚ, ਲਾਹੌਰੋਂ ਚਲਾ ਗਿਆ।

Scanned by CamScanner

ਉਹਦੀ ਥਾਂ ਉੱਤੇ, ਸਰਕਾਰ ਅੰਗਰੇਜ਼ੀ ਦੇ ਬਦੇਸ਼ੀ ਮੁਆਮਲਿਆਂ ਦੇ ਸਕੱਤਰ, ਸਰ ਫ਼ਰੈਡਰਿਕ ਕਰੀ ਨੂੰ ਪੰਜਾਬ ਵਿਚ ਰੈਜ਼ੀਡੈਂਟ ਨਿਯਤ ਕੀਤਾ ਗਿਆ, ਪਰ ਉਹ ਵੀ ਕਈ ਕਾਰਨਾਂ ਕਰ ਕੇ ਜਲਦੀ ਲਾਹੌਰ ਨਾ ਪਹੁੰਚ ਸਕਿਆ। ਉਹਦੀ ਥਾਂ ਉੱਤੇ, ਹੈਨਰੀ ਲਾਰੰਸ ਦਾ ਭਰਾ, ਜਾਨ ਲਾਰੰਸ ਆਰਜ਼ੀ ਰੈਜ਼ੀਡੈਂਟ ਬਣਿਆ ਤੇ ਫ਼ਰੈਡਰਿਕ ਕਰੀ ਫੇ ਮਾਰਚ, ੧੮੪੮ ਤੋਂ ਪਹਿਲੇ ਆਪਣਾ ਅਹੁਦਾ ਸੰਭਾਲ ਨਾ ਸਕਿਆ।

ਏਸ ਦੌਰਾਨ ਵਿਚ ਮੁਲਤਾਨ ਅੰਦਰ ਹਾਲਾਤ ਨਾਜ਼ਕ ਹੋ ਗਏ ਤੇ ਦੀਵਾਨ ਮੂਲ ਰਾਜ ਨੇ ਲਾਹੌਰ ਆ ਕੇ ਆਪਣੀ ਗਵਰਨਰੀ ਤੋਂ ਅਸਤੀਫ਼ਾ ਦੇ ਦਿਤਾ।

ਹਾਲਾਤ ਇਸ ਸਮੇਂ ਹੀ ਕਿਉਂ ਨਾਜ਼ਕ ਹੋਏ, ਇਹਦੇ ਬਾਰੇ ਇਹ ਕਹਿਣਾ ਅਯੋਗ ਨਹੀਂ ਹੋਵੇਗਾ ਕਿ ਸ਼ਾਇਦ ਇਨਕਲਾਬ ਦੇ ਕੌਮੀ ਨਾਇਕਾਂ ਨੇ ਹੈਨਰੀ ਲਾਰੰਸ ਦੀ ਵਿਦਾਇਗੀ ਤੇ ਫ਼ਰੈਡਰਿਕ ਕਰੀ ਦੀ ਗ਼ੈਰ ਹਾਜ਼ਰੀ ਤੋਂ ਫ਼ਾਇਦਾ ਉਠਾਇਆ। ਹਰ ਹਾਲਤ ਵਿਚ ਫ਼ਰੈਡਰਿਕ ਕਰੀ ਦੀ ਲਿਆਕਤ ਮੂਲ ਰਾਜ ਤੇ ਚਤਰ ਸਿੰਘ ਵਰਗੇ ਆਦਮੀਆਂ ਤੋਂ ਗੁੱਝੀ ਨਹੀਂ ਸੀ। ਹਿੰਦੁਸਤਾਨ ਵਿਚ ਫ਼ਰੈਡਰਿਕ ਕਰੀ ਕੀ, ਕੋਈ ਹੋਰ ਛੋਟਾ ਵੱਡਾ ਅਫ਼ਸਰ ਵੀ, ਹੈਨਰੀ ਲਾਰੰਸ ਦੀ ਥਾਂ ਯੋਗਤਾ ਨਾਲ ਨਹੀਂ ਸੀ ਸੰਭਾਲ ਸਕਦਾ।

ਇਹ ਕਹਿਣਾ ਵੀ ਵਧੀਕੀ ਨਹੀਂ ਹੋਵੇਗੀ ਕਿ ਜੇ ਹੈਨਰੀ ਲਾਰੰਸ ਲਾਹੌਰ ਰਹਿੰਦਾ ਤਾਂ ੧੮੪੮-੧੮੪੯ ਦਾ ਕੌਮੀ ਅੰਦੋਲਨ ਕੁਝ ਮਹੀਨੇ ਜਾਂ ਕੁਝ ਸਾਲ ਪਛੜ ਜਾਂਦਾ। ਸਪਿਰਟ ਮਰ ਨਹੀਂ ਸੀ ਸਕਦੀ, ਉਤਸ਼ਾਹ ਮੁਕ ਨਹੀਂ ਸੀ ਸਕਦਾ, ਪਰ ਲਾਰੰਸ ਆਪਣੀ ਸ਼ਖ਼ਸੀਅਤ ਤੇ ਆਪਣੀ ਕਾਬਲੀਅਤ ਨਾਲ ਪੰਜਾਬ ਨੂੰ ਕੁਝ ਸਮਾਂ ਹੋਰ ਕਾਬੂ ਜ਼ਰੂਰ ਰਖ ਸਕਦਾ ਸੀ। ਉਹਦਾ ਪ੍ਰਭਾਵ ਦਰਬਾਰ ਦੇ ਸਾਰੇ ਸਰਦਾਰਾਂ ਤੇ ਅਫ਼ਸਰਾਂ ਉੱਤੇ ਬੇਅੰਤ ਸੀ।

ਹੈਨਰੀ ਲਾਰੰਸ ਗਿਆ ਤੇ ਹਾਰਡਿੰਗ ਵੀ ਗਿਆ। ਦੋ ਅਤਿ ਤਕੜੀਆਂ ਸ਼ਖ਼ਸੀਅਤਾਂ ਪੰਜਾਬ ਦੇ ਸੀਨ ਉੱਤੋਂ ਅਲੋਪ ਹੋ ਗਈਆਂ। ਨਵੇਂ ਗਵਰਨਰ ਜਨਰਲ ਲਾਰਡ ਡਲਹੌਜ਼ੀ ਬਾਰੇ ਕਿਸੇ ਨੂੰ ਬਹੁਤਾ ਪਤਾ ਨਹੀਂ ਸੀ ਤੇ ਫ਼ਰੈਡਰਿਕ ਕਰੀ ਮੁਕਾਬਲਤਨ ਇਕ ਕਮਜ਼ੋਰ ਤੇ ਡਰੂ ਆਦਮੀ ਸੀ।

ਸੋ ਏਸ ਤੋਂ ਚੰਗਾ ਮੌਕਾ ਕੌਮੀ ਤਾਕਤਾਂ ਨੂੰ ਹੋਰ ਕਿਹੜਾ ਮਿਲ ਸਕਦਾ ਸੀ ? ਪੰਜਾਬ ਦੀ ਧਰਤੀ ਦੇ ਚਾਰ ਸਪੂੱਤਰਾਂ ਦੀ ਲੀਡਰਸ਼ਿਪ ਥੱਲੇ ਇਕ ਕੌਮੀ ਅੰਦੋਲਨ ਦਾ ਆਦਿ ਹੋਇਆ। ਪੰਜਾਬੀਆਂ ਨੇ ਪਾਸਾ ਸੁੱਟ ਦਿੱਤਾ। ਜਿੱਤ ਜਾਂ ਹਾਰ ਪ੍ਰਭੂ ਦੇ ਹੱਥ ਸੀ, ਪਰ ਇਕ ਹੋਰ ਤਾਨ ਲਾਣ ਤੋਂ ਬਗ਼ੈਰ ਪੰਜਾਬੀ, ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਨਹੀਂ ਸਨ ਕਬੂਲ ਸਕਦੇ।

ਬੇਸ਼ਕ ਉਸ ਵੇਲੇ ਇਹਨਾਂ ਨੇਤਾਵਾਂ ਨੇ ਅੰਗਰੇਜ਼ੀ ਤਾਕਤ ਨੂੰ ਹਰਾ ਕੇ ਦਿੱਲੀ ਉੱਤੇ ਕਬਜ਼ਾ ਕਰਨ ਦੇ ਸੁਪਨੇ ਹੀ ਨਹੀਂ ਲਏ ਤੇ ਨਾ ਹੀ ਬੇਸ਼ਕ ਉਹਨਾਂ ਨੇ ਅੰਗਰੇਜ਼ਾਂ ਨੂੰ ਕਲਕੱਤੇ ਦੀ ਬੰਦਰਗਾਹ ਤੋਂ ਸਮੁੰਦਰ ਵਿਚ ਰੋੜ੍ਹਨ ਦੇ ਨਿਸ਼ਾਨੇ ਆਪਣੇ ਸਾਹਮਣੇ ਰਖੇ, ਜਿਵੇਂ ਕਿ ਸ਼ਾਇਦ ਪਹਿਲੇ ਸਿੱਖ-ਫ਼ਰੰਗੀ ਯੁਧ ਵੇਲੇ ਪੰਜਾਬੀਆਂ ਨੇ ਸੋਚਿਆ ਸੀ, ਪਰ ਮੰਨਣਾ ਪਵੇਗਾ ਕਿ ਪੰਜਾਬੀ ਜਨਤਾ ਨੇ ਆਜ਼ਾਦੀ ਨੂੰ ਸੁਰਜੀਤ ਰੱਖਣ ਦਾ ਸੁਪਨਾ ਜ਼ਰੂਰ ਲਿਆ ਤੇ ਅੰਗਰੇਜ਼ਾਂ ਨੂੰ ਪੰਜਾਬ ਦੀ ਪਾਵਨ ਧਰਤ ਤੋਂ ਦੂਰ ਕਰਨ ਦਾ ਨਿਸ਼ਾਨਾ ਆਪਣੇ ਸਾਹਮਣੇ ਰਖਿਆ।

ਇਹ ਹੋ ਸਕਦਾ ਹੈ ਕਿ ਸਰਦਾਰ ਚਤਰ ਸਿੰਘ, ਰਾਣੀ ਜਿੰਦ ਕੌਰ ਤੇ ਹੋਰਨਾਂ ਨੂੰ ਉਸ ਵੇਲੇ ਇਹ ਯਕੀਨ ਨਾ ਆਇਆ ਹੋਵੇ ਕਿ ਸਚੀ ਮੁੱਚੀ ਹੀ ਉਹ ਆਪਣੇ ਇਰਾਦਿਆਂ ਵਿਚ ਸਫ਼ਲ ਹੋਣਗੇ, ਪਰ ਜੇ ਇਉਂ ਸੀ ਤਾਂ ਵੀ ਇਹਨਾਂ ਚਾਰ ਨੇਤਾਵਾਂ ਨੂੰ ਸ਼ਰਧਾਂਜਲੀ ਅਰਪਨ ਕੀਤਿਆਂ ਹੀ ਬਣਦੀ ਹੈ। ਜਦੋਂ ਤਾਕਤ ਆਪਣੇ ਕੋਲ ਹੋਵੇ ਤੇ ਭਵਿੱਖ ਵਿਚ ਆਪਣੇ ਸਭ ਇਰਾਦੇ ਪੂਰੇ ਕਰ ਲੈਣ ਲਈ ਵਸੀਲੇ ਹੋਣ ਤਾਂ ਕਿਹੜਾ ਮੈਦਾਨ ਵਿਚ ਉਤਰਨ ਤੋਂ ਪੱਤਰਾ ਵਾਚੇਗਾ, ਪਰ ਅਸਲੀ ਸੂਰਮਾ ਤੇ ਬਹਾਦਰ ਉਹ ਹੈ ਜੋ ਆਪਣੀ ਹਾਲਤ ਨੂੰ ਤਰਸਯੋਗ ਸਮਝਦਾ ਹੋਇਆ ਵੀ ਮੈਦਾਨ ਵਿਚ ਉਤਰੇ ਤਾਂ ਜੋ ਉਹਦੀ ਇੱਜ਼ਤ ਉੱਤੇ ਹਰਫ਼ ਨਾ ਆਵੇ, ਤਾਂ ਜੋ ਉਹਦਾ ਸਿਦਕ ਨਾ ਡੋਲੇ।

ਅਜਿਹੀ ਕਾਵਿਮਈ ਦ੍ਰਿੜ੍ਹਤਾ ਹੀ ਕੌਮੀ ਪਰਵਾਨਿਆਂ ਦਾ ਖ਼ਾਸਾ ਹੈ। ਹਾਰ ਬੇਸ਼ਕ ਸਾਹਮਣੇ ਹੋਵੇ, ਪਰ ਫਿਰ ਵੀ ਡਰਨਾ ਨਹੀਂ, ਘਬਰਾਣਾ ਨਹੀਂ, ਪਿਛੇ ਨਹੀਂ ਹਟਣਾ।

Scanned by CamScanner

੧੬੫

ਦੀਵਾਨ ਸਾਵਨ ਮਲ, ਮਹਾਰਾਜਾ ਰਣਜੀਤ ਸਿੰਘ ਦੇ ਇਤਬਾਰ ਯੋਗ ਨਾਇਬ-ਉਲ-ਹਕੂਮਤਾਂ ਵਿਚੋਂ ਇਕ ਸੀ । ਉਹਦੇ ਵਿਚ ਇਕ ਚੰਗੇ ਤੇ ਯੋਗ ਦੀਵਾਨ ਦੀਆਂ ਬਹੁਤ ਖ਼ੂਬੀਆਂ ਮੌਜੂਦ ਸਨ । ਉਹ ਵਫ਼ਾਦਾਰ ਸੀ, ਲਾਇਕ ਪ੍ਰਬੰਧਕ ਸੀ, ਤੇ ਜ਼ਬਾਨ ਤੇ ਕਰਮਾਂ ਦਾ ਖਰਾ । ਮਹਾਰਾਜਾ ਰਣਜੀਤ ਸਿੰਘ ਵਾਸਤੇ ਉਸ ਦੇ ਵਿਚ ਪੂਜਯ ਭਾਵ ਸਨ । ਜਦੋਂ ਉਹ ਸ਼ੇਰੇ-ਪੰਜਾਬ ਦੇ ਨਿਕਟ ਹੁੰਦਾ ਤਾਂ ਬਿਲਕੁਲ ਉਸੇ ਤਰ੍ਹਾਂ ਹੀ ਮਹਿਸੂਸ ਕਰਦਾ ਜਿਵੇਂ ਕਿ ਪੰਜਾਬ ਦਾ ਇਕ ਸਾਧਾਰਨ ਆਦਮੀ । ਸ਼ੇਰੇ-ਪੰਜਾਬ ਇਹਨਾਂ ਸਾਧਾਰਨ ਆਦਮੀਆਂ ਵਾਸਤੇ ਬਿਕਰਮਾਜੀਤ ਦਾ ਰੂਪ ਜਾਂ ਕਿਸੇ ਦੈਵੀ ਸ਼ੈ ਦਾ ਪ੍ਰਤੀਬਿੰਬ ਸੀ । ਏਸੇ ਤਰ੍ਹਾਂ ਹੀ ਸਾਵਨ ਮੱਲ ਸਦਾ ਸਰਕਾਰ ਵਾਸਤੇ ਪਵਿੱਤ੍ ਭਾਵਨਾਵਾਂ ਰਖਦਾ ।

ਮੁਲਤਾਨ, ਪੰਜਾਬ ਹਕੂਮਤ ਦਾ ਇਕ ਗੌਰਵਮਈ ਸੂਬਾ ਸੀ । ਮੁਲਤਾਨ ਦਾ ਕਿਲ੍ਹਾ, ਉਸ ਵੇਲੇ ਦੇ ਕਿਲ੍ਹਿਆਂ ਵਿਚੋਂ ਸ਼ਾਇਦ ਸਭ ਤੋਂ ਮਜ਼ਬੂਤ ਕਿਲ੍ਹਾ ਸੀ । ਇਸ ਕਿਲ੍ਹੇ ਉੱਤੇ ਸਿੱਖ ਫ਼ੌਜਾਂ ਨੂੰ ਸਤ ਵਾਰ ਲੜਾਈ ਕਰਨੀ ਪਈ ਤਾਂ ਜਾ ਕੇ ਅੰਤ ਵਿਚ ਇਹ ਕਿਤੇ ਸਰ ਹੋਇਆ । ਇਸ ਕਿਲ੍ਹੇ ਦੀ ਜਿੱਤ ਵਾਸਤੇ ਪੰਜਾਬ ਦੀ ਹਕੂਮਤ ਦੇ ਸਭ ਸਿਰਕੱਢ ਸਰਦਾਰ ਤੇ ਜਰਨੈਲ ਕਦੀ ਨਾ ਕਦੀ ਲੜੇ । ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ, ਜਰਨੈਲ ਮੋਹਕਮ ਚੰਦ, ਕੰਵਰ ਨੌਨਿਹਾਲ ਸਿੰਘ ਤੇ ਸਰਦਾਰ ਹਰਪਾਲ ਸਿੰਘ ਮਾਹਿਲ । ਏਸੇ ਲਈ ਹੀ ਸ਼ਾਇਦ ਪੰਜਾਬੀਆਂ ਦੇ ਦਿਲਾਂ ਵਿਚ ਮੁਲਤਾਨ ਵਾਸਤੇ ਰੌਚਕ ਜਜ਼ਬਾਤ ਸਨ ।

ਸ਼ੇਰੇ-ਪੰਜਾਬ ਦੀ ਮ੍ਰਿਤੂ ਪਿਛੋਂ ਜਦੋਂ ਲਾਹੌਰ ਵਿਚ ਬੇਵਫ਼ਾਵਾਂ ਤੇ ਗ਼ੱਦਾਰਾਂ ਦੀ ਚੜ੍ਹ ਮੱਚੀ ਤਾਂ ਦੀਵਾਨ ਸਾਵਨ ਮੱਲ ਆਪਣੇ ਆਪ ਵਿਚ ਸੁੰਗੜ ਗਿਆ । ਬੇਸ਼ਕ ਉਹ ਲਾਹੌਰ ਦਰਬਾਰ ਦਾ ਦੰਮ ਭਰਦਾ ਰਿਹਾ ਤੇ ਮਾਲੀਆ ਤਾਰਦਾ ਰਿਹਾ, ਪਰ ਉਹਦਾ ਦਿਲ ਨਿੱਤ ਬਦਲਦੇ ਵਜ਼ੀਰੇ-ਆਜ਼ਮ ਤੇ ਬਾਕੀ ਲੀਡਰਾਂ ਤੋਂ, ਚੱਲ ਗਿਆ । ਸਾਵਨ ਮੱਲ ਵਿਚ ਸ਼ੇਰੇ-ਪੰਜਾਬ ਦੀ ਸਪਿਰਟ ਕੰਮ ਕਰਦੀ ਰਹੀ । ਉਹ ਆਪਣੇ ਵਤਨ ਨਾਲ ਧਰੋਹ ਨਹੀਂ ਸੀ ਕਰ ਸਕਦਾ । ਉਹ ਆਪਣੇ ਆਪ ਨੂੰ ਵੇਚ ਨਹੀਂ ਸੀ ਸਕਦਾ । ਉਹ ਉਦਾਸ ਸੀ, ਪਰ ਦ੍ਰਿੜ੍ਹ ।

ਤੇਈ ਸਾਲ ਦੀ ਗਵਰਨਰੀ ਪਿਛੋਂ ਸਾਵਨ ਮੱਲ, ੧੮੪੪ ਵਿਚ ਮਰ ਗਿਆ । ਉਹਦਾ ਸਭ ਤੋਂ ਵਡਾ ਲੜਕਾ, ਮੂਲ ਰਾਜ, ਉਹਦੀ ਥਾਂ ਉੱਤੇ ਦੀਵਾਨ ਬਣਿਆ । ਮੂਲ ਰਾਜ ਵਿਚ ਆਪਣੇ ਪਿਤਾ ਵਾਂਗ ਹੀ ਸ਼ੇਰੇ-ਪੰਜਾਬ ਦੀ ਇੱਜ਼ਤ ਤੇ ਵਤਨ ਦਾ ਪਿਆਰ ਸੀ । ਉਹ ਇਕ ਅਜਿਹਾ ਪੰਜਾਬੀ ਸੀ ਜਿਹੋ ਜਿਹੇ ਜ਼ਾਤ ਪਾਤ ਤੋਂ ਉਪਰ ਉਠੇ ਪੰਜਾਬੀਆਂ ਵਲ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਇਸ਼ਾਰੇ ਕੀਤੇ ਹਨ ।

ਲਾਹੌਰ ਦਰਬਾਰ ਨੇ ਦੀਵਾਨੀ ਦੀ ਤਬਦੀਲੀ ਪੱਕੀ ਮਿਥਣ ਵਾਸਤੇ ਤੀਹ ਲੱਖ ਰੁਪਿਆ ਮੰਗਿਆ । ਮੂਲ ਰਾਜ ਇਹ ਰਕਮ ਤਾਰਨ ਲਈ ਤਿਆਰ ਸੀ, ਪਰ ਏਨੇ ਵਿਚ ਤੇਜ ਸਿੰਘ ਤੇ ਲਾਲ ਸਿੰਘ ਨੇ ਸੈਨਾ ਨੂੰ ਉਕਸਾ ਕੇ, ਅੰਗਰੇਜ਼ਾਂ ਨਾਲ ਮੱਥਾ ਲਾ ਲਿਆ । ਸਿੱਖ ਸੈਨਾ ਹਾਰ ਗਈ ਤੇ ਅੰਗਰੇਜ਼ਾਂ ਦੀ ਸਰਪ੍ਰਸਤੀ ਥੱਲੇ ਸਰਦਾਰ ਲਾਲ ਸਿੰਘ ਮੁਖ ਮੰਤਰੀ ਬਣਿਆ । ਪੈਸੇ ਦੀ ਅਤਿ ਲੋੜ ਸੀ ਤੇ ਲਾਲ ਸਿੰਘ ਨੇ ਮੂਲ ਰਾਜ ਕੋਲੋਂ ਤੀਹ ਲੱਖ ਰੁਪਿਆ ਮੰਗਿਆ । ਪਰ ਇਸ ਤੋਂ ਪਹਿਲੇ ਕਿ ਮੂਲ ਰਾਜ ਇਹ ਰਕਮ ਲਾਹੌਰ ਪਹੁੰਚਾਵੇ, ਲਾਲ ਸਿੰਘ ਨੇ ਇਕ ਫ਼ੌਜੀ ਦਸਤਾ ਉਗਰਾਹੀ ਵਾਸਤੇ ਘਲ ਦਿਤਾ । ਮੂਲ ਰਾਜ ਇਹ ਸਹਾਰ ਨਾ ਸਕਿਆ ਤੇ ਝੰਗ ਦੇ ਕੋਲ ਹੋਈ ਇਕ ਮੁਠ ਭੇੜ ਵਿਚ ਉਹਨੇ ਇਸ ਦਸਤੇ ਨੂੰ ਹਰਾ ਦਿਤਾ ।

ਉਸ ਵੇਲੇ ਅੰਗਰੇਜ਼ ਵਿਚ ਆ ਪਏ ਤੇ ਮੂਲ ਰਾਜ ਨੂੰ ਝੰਗ ਦਾ ਇਲਾਕਾ ਲਾਹੌਰ ਦਰਬਾਰ ਦੇ ਅਧੀਨ ਕਰਨਾ ਪਿਆ । ਇਹ ਇਲਾਕਾ ਉਹਦੇ ਸੂਬੇ ਦਾ ਤੀਜਾ ਹਿੱਸਾ ਸੀ । ਇਸ ਤੋਂ ਇਲਾਵਾ ਵੀਹ ਲੱਖ ਰੁਪਿਆ ਹੋਰ ਮੰਗਿਆ ਗਿਆ

Scanned by CamScanner

ਤੇ ਸਾਲਾਨਾ ਮਾਲੀਆ ਪਹਿਲੇ ਨਾਲੋਂ ਵਧਾ ਦਿਤਾ ਗਿਆ। ਮੂਲ ਰਾਜ ਇਹ ਜ਼ਿਆਦਤੀਆਂ ਵੀ ਮੰਨ ਜਾਂਦਾ, ਪਰ ਲਾਲ ਸਿੰਘ ਤੇ ਪਿਛੋਂ ਤੇਜ ਸਿੰਘ ਸੰਤੁਸ਼ਟ ਨਹੀਂ ਹੋਏ। ਪੈਸਾ, ਪੈਸਾ, ਪੈਸਾ। ਪੈਸਾ ਹੀ ਇਹਨਾਂ ਨਿਮਕ ਹਰਾਮਾਂ ਦਾ ਪੀਰ ਸੀ, ਪੈਸਾ ਹੀ ਇਹਨਾਂ ਦਾ ਖ਼ੁਦਾ। ਇਹ ਪੈਸੇ ਲੋੜਦੇ ਸਨ ਕਿ ਕਿਵੇਂ ਨਾ ਕਿਵੇਂ ਇਹ ਵੀ ਰਾਜਾ ਗੁਲਾਬ ਸਿੰਘ ਵਾਂਗ ਪੈਸੇ ਦੇ ਕੇ ਕੋਈ ਸੂਬਾ ਖ਼ਰੀਦ ਸਕਣ। ਪੰਜਾਬ ਵਿਚ ਯੋਗ ਮਾਇਕ ਤੇ ਰਾਜਸੀ ਪ੍ਰਬੰਧ ਦੀ ਇਹਨਾਂ ਲੀਡਰਾਂ ਨੇ ਅਲਫ਼ ਹੀ ਮੁਕਾ ਦਿਤੀ ਸੀ।

ਏਧਰ ਰਾਜੇ'ਸੀ ਦੀ ਕੌਂਸਲ ਨੇ ਕਾਨੂੰਨ ਪਾਸ ਕੀਤਾ ਕਿ ਦੀਵਾਨ ਮੂਲ ਰਾਜ ਦੇ ਦਿਤੇ ਫ਼ੈਸਲਿਆਂ ਦੇ ਬਰਖ਼ਿਲਾਫ਼ ਲਾਹੌਰ ਵਿਚ ਅਪੀਲ ਕੀਤੀ ਜਾ ਸਕਦੀ ਹੈ। ਇਹ ਹੁਕਮ ਮੂਲ ਰਾਜ ਨੂੰ ਅਜੀਬ ਲਗਾ। ਇਕ ਹੱਥ, ਇਕ ਤਿਹਾਈ ਸੁੰਗੜੇ ਇਲਾਕੇ ਵਿਚੋਂ ਦੋ ਤਿਹਾਈ ਵਧ ਮਾਲੀਆ ਮੰਗਿਆ ਜਾ ਰਿਹਾ ਸੀ ਤੇ ਦੂਜੇ ਹੱਥ ਉਹਦੀਆਂ ਤਾਕਤਾਂ ਤੇ ਉਹਦੇ ਹੱਕ ਵਾਰੋ ਵਾਰੀ ਜ਼ਬੱਤ ਕੀਤੇ ਜਾ ਰਹੇ ਸਨ। ਮੂਲ ਰਾਜ ਨੂੰ ਇਹ ਮਨਜ਼ੂਰ ਨਹੀਂ ਸੀ।

ਮੂਲ ਰਾਜ ਨੂੰ ਮਨਜ਼ੂਰ ਨਹੀਂ ਸੀ ਤੇ ਨਾ ਹੀ ਇਹ ਗੱਲ ਮਨਜ਼ੂਰ ਸੀ ਰਾਣੀ ਜਿੰਦ ਕੌਰ ਨੂੰ। ਸਮੁੱਚੇ ਪੰਜਾਬ ਦੇ ਚਾਰ ਸੂਬਿਆਂ ਵਿਚੋਂ ਇਕ ਮੁਲਤਾਨ ਦਾ ਸੂਬਾ ਹੀ ਅਜੇ ਤਕ ਅੰਗਰੇਜ਼ਾਂ ਦੇ ਨਜ਼ਦੀਕੀ ਤੇ ਚਾਤੀ ਅਸਰ ਤੋਂ ਬਚਿਆ ਸੀ ਤੇ ਜੇ ਕੁਝ ਕੀਤਾ ਜਾ ਸਕਦਾ ਸੀ ਤਾਂ ਏਥੇ ਹੀ ਤੇ ਏਥੋਂ ਹੀ। ਕਸ਼ਮੀਰ ਹੁਣ ਪੰਜਾਬ ਤੋਂ ਅਲੱਗ ਹੋ ਚੁਕਾ ਸੀ ਤੇ ਗੁਲਾਬ ਸਿੰਘ ਉੱਥੋਂ ਦਾ ਮਹਾਰਾਜਾ ਸੀ। ਪਿਸ਼ਾਵਰ ਵਿਚ ਅੰਗਰੇਜ਼ੀ ਸਰਕਾਰ ਦੇ ਅਫ਼ਸਰਾਂ ਨੇ ਮੁਸਲਮਾਨ ਜਨਤਾ ਨੂੰ ਭੜਕਾ ਛਡਿਆ ਸੀ ਤੇ ਹਜ਼ਾਰੇ ਵਿਚ ਬੁੱਢਾ ਸਰਦਾਰ ਚਤਰ ਸਿੰਘ ਮਸੇ ਮਸੇ ਆਪਣ ਆਪ ਨੂੰ ਤੇ ਸਿੱਖ ਅਸਰ ਨੂੰ ਸੁਰਜੀਤ ਰੱਖ ਰਿਹਾ ਸੀ। ਲਾਹੌਰ ਵਿਚ ਅੰਗਰੇਜ਼ੀ ਸੈਨਾ ਸੀ, ਅੰਗਰੇਜ਼ੀ ਅਫ਼ਸਰ ਤੇ ਆਪ ਹੈਨਰੀ ਲਾਰੰਸ। ਮੁਲਤਾਨ ਹੀ ਇਕ ਅਜਿਹੀ ਥਾਂ ਸੀ ਜਿਥੇ ਅਜੇ ਤਕ ਅੰਗਰੇਜ਼ ਅਫ਼ਸਰ ਨਹੀਂ ਸਨ ਪਹੁੰਚੇ।

ਇਹ ਨਹੀਂ ਕਿਹਾ ਜਾ ਸਕਦਾ ਕਿ ਸ਼ੇਰ ਸਿੰਘ, ਮੂਲ ਰਾਜ ਤੇ ਰਾਣੀ ਜਿੰਦਾਂ ਨੇ ਪੂਰੀ ਪੂਰੀ ਕੋਈ ਵਿਉਂਤ ਘੜੀ, ਪਰ ਇਹਦੇ ਵਿਚ ਸ਼ਕ ਨਹੀਂ ਕਿ ਇਹਨਾਂ ਵਿਚਕਾਰ ਗੱਲ ਬਾਤ ਤੋਂ ਚਿੱਠੀ ਚਪੱਠੀ ਜ਼ਰੂਰ ਹੋਈ। ਇਹ ਵੀ ਯਾਦ ਰਹੇ ਕਿ ਰਾਣੀ ਜਿੰਦ ਕੌਰ ਹੁਣ ਤਕ ਸ਼ੇਖ਼ੂਪੁਰੇ ਵਿਚ ਕੈਦ ਕੀਤੀ ਜਾ ਚੁਕੀ ਸੀ ਤੇ ਕੋਈ ਸਾਂਝੀ ਪਾਰਦਰਸ਼ੀ ਵਿਉਂਤ ਘੜਨੀ ਸੌਖੀ ਨਹੀਂ ਸੀ। ਸਰਦਾਰ ਤੇਜ ਸਿੰਘ ਦੇ ਨੇਤਰਤਵ ਥੱਲੇ ਦੀਵਾਨ ਮੂਲ ਰਾਜ ਤੋਂ ਪੂੰਡ ਗਿੱਡ ਹੁੰਦੀ ਰਹੀ ਤੇ ਅੰਤ ਜਦੋਂ ਲਾਰੰਸ ਦੀ ਵਿਦਾਇਗੀ ਦੀ ਗੱਲ ਪੱਕੀ ਹੋ ਗਈ ਤਾਂ ਨਵੰਬਰ, ੧੮੪੭ ਵਿਚ ਮੂਲ ਰਾਜ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿਤਾ ਦੇ ਲਹੌਰ ਮੁਲਾਕਾਤ ਲਈ ਆਉਣ ਦੀ ਇਜਾਜ਼ਤ ਮੰਗੀ।

ਉਹਨੂੰ ਲਾਹੌਰ ਸਦਿਆ ਗਿਆ ਤੇ ਜਦੋਂ ਉਹ ਲਾਹੌਰ ਆਇਆ ਤਾਂ ਹੈਨਰੀ ਲਾਰੰਸ ਜਾ ਚੁਕਾ ਸੀ ਤੇ ਜਾਨ ਲਾਰੰਸ ਆਰਜ਼ੀ ਰੈਜ਼ੀਡੈਂਟ ਸੀ। ਰੈਜ਼ੀਡੈਂਟ ਤੇ ਮੂਲ ਰਾਜ ਵਿਚ ਬਹਿਸ ਮੁਬਾਹਿਸਾ ਹੋਇਆ। ਰੈਜ਼ੀਡੈਂਟ ਨੇ ਉਹਨੂੰ ਅਸਤੀਫ਼ਾ ਦੇਣ ਤੋਂ ਵਰਜਿਆ, ਪਰ ਮੂਲ ਰਾਜ ਨਾ ਮੰਨਿਆ। ਅੰਤ ਇਹ ਫ਼ੈਸਲਾ ਹੋਇਆ ਕਿ ਮੂਲ ਰਾਜ ਦਾ ਅਸਤੀਫ਼ਾ ਸਵੀਕਾਰ ਕਰ ਲਿਆ ਜਾਏ, ਪਰ ਇਸ ਤੱਥ ਨੂੰ ਅਸਲੋਂ ਖ਼ੁਫ਼ੀਆ ਰਖਿਆ ਜਾਏ। ਦੂਜੀ ਗੱਲ, ਕਿ ਅਪ੍ਰੈਲ ੧੮੪੮ ਵਿਚ ਮੂਲ ਰਾਜ ਆਪਣੇ ਅਹੁਦੇ ਤੋਂ ਅਲਗ ਹੋ ਜਾਵੇ ਤੇ ਤੀਜੀ ਗੱਲ, ਕਿ ਉਸ ਵੇਲੇ ਤਕ ਕੁਝ ਅੰਗਰੇਜ਼ੀ ਅਫ਼ਸਰ ਮੁਲਤਾਨ ਜਾਣ ਤੇ ਇਲਾਕੇ ਦੀਆਂ ਪੇਚੀਦਗੀਆਂ ਨੂੰ ਸਮਝਣ। ਇਹ ਫ਼ੈਸਲੇ ਕਰ ਕੇ ਦੀਵਾਨ ਮੂਲ ਰਾਜ ਵਾਪਸ ਚਲਾ ਗਿਆ।

ਏਥੇ ਪੁੱਜ ਕੇ ਅਸੀਂ ੧੮੪੮-੪੯ ਦੇ ਕੌਮੀ ਨੇਤਾਵਾਂ ਦਿਆਂ ਕਰਮਾਂ ਨੂੰ ਘੋਖ ਸਕਦੇ ਹਾਂ। ਏਥੇ ਪੁੱਜ ਕੇ ਸਾਨੂੰ ਸਹਈ ਹੋ ਜਾਂਦਾ ਹੈ ਕਿ ਇਹ ਨੇਤੇ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਉੱਤੇ ਤੁਲ ਗਏ ਸਨ, ਪਰ ਅਗੋਂ ਸਾਨੂੰ ਸਹਈ ਕਰਨਾ ਹੈ ਕਿ ਉਹਨਾਂ ਨੇ ਆਪਣੇ ਨਿਸ਼ਾਨੇ ਦੀ ਪੂਰਤੀ ਵਾਸਤੇ ਕਿਹੜੇ ਢੰਗ ਵਰਤੇ ਤੇ ਕਿਹੜੇ ਕਦਮ ਚੁਕੇ।

ਇਸ ਲੀਹ ਵਿਚ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ, ਕਿ ਉਹਨਾਂ ਵਿਚ ਰਾਜਨੀਤਕ ਤੇ ਸੈਨਿਕ ਪਾਰਦਰਸ਼ਤਾ ਦੀ ਘਾਟ ਦਿਸਦੀ ਹੈ। ਸੈਨਿਕ ਪੱਖੋਂ ਪੰਜਾਬ ਵਿਚ ਸਮੁੱਚ ਇਨਕਲਾਬ ਵਾਸਤੇ ਇਸ ਤੋਂ ਚੰਗਾ ਮੌਕਾ ਹੋਰ ਕੋਈ ਨਹੀਂ ਸੀ। ਲਾਰੰਸ ਤੇ ਹਾਰਡਿੰਗ ਜਾ ਚੁਕੇ ਸਨ ਤੇ ਨਵੇਂ ਅਫ਼ਸਰ ਅਜੇ ਤਕ ਪੂਰੀ ਤਰ੍ਹਾਂ ਬਿਰਜਮਾਨ ਨਹੀਂ ਸਨ ਹੋਏ। ਗਰਮੀਆਂ ਦਾ ਮੌਸਮ ਆ ਰਿਹਾ ਸੀ ਤੇ ਅੰਗਰੇਜ਼ਾਂ ਵਾਸਤੇ ਲੜਾਈਆਂ ਅਤਿ ਕਠਨ ਹੋਣੀਆਂ ਸਨ। ਮੁਲਤਾਨ ਵਿਚ ਉਂਜ ਵੀ ਗਰਮੀ ਬਹੁਤ ਪੈਂਦੀ ਹੈ ਤੇ ਪ੍ਰਤੱਖ ਸੀ ਕਿ ਅੰਗਰੇਜ਼ ਸਰਦੀਆਂ ਤਕ ਕੁਝ ਕਰ ਨਹੀਂ ਪਾਣਗੇ। ਰਾਜਨੀਤਕ ਪੱਖੋਂ ਵੀ ਇਹ ਮੌਕਾ

Scanned by CamScanner

ਖ਼ੂਬ ਜਚਦਾ ਸੀ । ਰਾਜ ਮਾਤਾ ਦੀ ਕੈਦ ਨੇ ਸਮੁੱਚੀ ਪੰਜਾਬੀ ਜਨਤਾ ਵਿਚ ਰੋਸ ਫੈਲਾਇਆ ਹੋਇਆ ਸੀ ਤੇ ਸਰਹੱਦ ਵਿਚ ਹਾਲਾਤ ਐਡ਼ੇ ਖ਼ਰਾਬ ਨਹੀਂ ਸਨ ਹੋਏ । ਅਜੇ ਤਕ ਵੀ ਕਈ ਪਠਾਣ ਤੇ ਪਠਾਣੀ ਕਬੀਲੇ ਸਿੰਘਾਂ ਦੇ ਪੱਖ ਵਿਚ ਸਨ । ਅਮੀਰ ਦੋਸਤ ਮੁਹੰਮਦ ਵਿਚ ਵੀ ਮਿੱਤਰਤਾ ਦੇ ਭਾਵ ਸਨ । ਅੰਮ੍ਰਿਤਸਰ ਦੇ ਗੋਬਿੰਦ ਗੜ੍ਹ ਵਿਚਲੇ ਹਥਿਆਰ ਤੇ ਖ਼ਜ਼ਾਨੇ ਵੀ ਸਿੱਖਾਂ ਦੇ ਹੱਥ ਸਨ ।

ਏਸੇ ਵੇਲੇ ਜੇ ਇਰਾਦੇ ਪੱਕੇ ਕਰ ਕੇ ਮੁਲਤਾਨ ਵਿਚ ਇਨਕਲਾਬ ਦੀ ਡੌਂਡੀ ਪਿੱਟੀ ਜਾਂਦੀ ਤੇ ਸ਼ੇਖੂਪੁਰੇ ਵਿਚੋਂ ਰਾਣੀ ਜਿੰਦਾਂ ਨੂੰ ਛੁਡਾ ਲਿਆ ਜਾਂਦਾ ਤਾਂ ਕਿਸੇ ਹਾਲਤ ਵਿਚ ਵੀ ਅੰਗਰੇਜ਼ ਪੰਜਾਬ ਵਿਚ ਰਹਿ ਨਹੀਂ ਸਨ ਸਕਦੇ । ਲਾਹੌਰ ਉੱਤੇ ਕਬਜ਼ਾ ਇਕ ਆਸਾਨ ਚੀਜ਼ ਹੋਣੀ ਸੀ ਤੇ ਇਸ ਕਬਜ਼ੇ ਪਿਛੋਂ ਰਾਣੀ ਜਿੰਦਾਂ ਤੇ ਬਾਕੀ ਤਿੰਨਾਂ ਸਰਦਾਰਾਂ ਦੀ ਅਗਵਾਈ ਥੱਲੇ, ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਪਿਛੋਂ, ਪਹਿਲੀ ਵਾਰ ਇਕ ਕੌਮੀ ਹਕੂਮਤ ਕਾਇਮ ਹੋ ਸਕਦੀ ਸੀ ।

ਪਰ ਅਫ਼ਸੋਸ ਕਿ ਇਉਂ ਹੋ ਨਾ ਸਕਿਆ । ਸਹਦੀ ਦਰਿਸ਼ਟੀਕੋਨਾਂ ਦੀ ਘਾਟ ਸੀ ਤੇ ਦ੍ਰਿੜ੍ਹਤਾ ਦੀ ਔੜ । ਕਾਸ਼ ਕਿ ਰਾਣੀ ਜਿੰਦਾਂ ਉਸ ਵੇਲੇ ਆਜ਼ਾਦ ਹੁੰਦੀ ! ਜਾਪਦਾ ਹੈ ਕਿ ਸ਼ੇਰ ਸਿੰਘ ਤੇ ਮੂਲ ਰਾਜ ਨੂੰ ਕੋਈ ਚੰਗਾ ਰਾਹ ਨਹੀਂ ਸੀ ਲਭ ਰਿਹਾ । ਉਹ ਸੋਚਾਂ ਸੋਚਦੇ ਰਹੇ ਤੇ ਸਮਾਂ ਗੁਆਂਦੇ ਰਹੇ । ਪਰ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ । ਮੌਕੇ ਕਿਸੇ ਨੂੰ ਮੁਆਫ਼ ਨਹੀਂ ਕਰਦੇ । ਇਕ ਵਾਰ ਦਾ ਖੁੰਝਾਇਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ । ਅਵਸਰ ਆਪਣੇ ਆਪ ਨੂੰ ਦੁਹਰਾਂਦੇ ਨਹੀ । ਪਾਸਾ ਸੁੱਟ ਦਿਤਾ ਗਿਆ ਸੀ ਤੇ ਡਾਲ ਖ਼ੂਬ ਪਈ ਸੀ, ਪਰ ਚੰਗੀ ਚਾਲ ਚੁੱਕਣ ਵਿਚ ਇਹ ਲੀਡਰ ਉੱਕ ਗਏ ।

ਏਸ ਵੇਲੇ ਤੋਂ ਉਹਨਾਂ ਵਿਚ ਉਪਜੀ ਦ੍ਰਿੜ੍ਹਤਾ ਦੀ ਘਾਟ, ਵਧਦੀ ਤੇ ਵਧਦੀ ਗਈ ਤੇ ਕੀਮਤੀ ਸਮਾਂ ਅਜਾਈਂ ਜਾਂਦਾ ਗਿਆ । ਇਕ ਵਾਰ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢ ਕੇ, ਕੀ ਉਹਨਾਂ ਤੋਂ ਸਦਾ ਲਈ ਮੁਕਤ ਰਹਿਣਾ ਸੰਭਵ ਸੀ, ਇਹ ਪੁੱਛਿਆ ਜਾ ਸਕਦਾ ਹੈ, ਪਰ ਸਵਾਲ ਦਰਅਸਲ ਇਹ ਨਹੀਂ । ਸਵਾਲ ਇਹ ਹੈ ਕਿ ਜਦੋਂ ਇਕ ਕਰਮ-ਲੀਹ ਬਾਰੇ ਫ਼ੈਸਲਾ ਕਰ ਲਿਆ ਜਾਏ ਤਾਂ ਨਿਸ਼ਾਨੇ ਦੀ ਪੂਰਤੀ ਵਾਸਤੇ ਚੁਕੇ ਗਏ ਕਦਮ ਸੁਚੱਜੇ ਹਨ ਜਾਂ ਨਹੀਂ ਤੇ ਇਸ ਹਾਲਤ ਵਿਚ ਇਹ ਕਦਮ ਸੁਚੱਜੇ ਨਹੀਂ ਸਨ ।

ਹੋ ਸਕਦਾ ਹੈ ਸਮਾਂ ਪਾ ਕੇ ਅੰਗਰੇਜ਼, ਆਪਣੀ ਤਾਕਤ ਦੇ ਜ਼ੋਰ ਨਾਲ ਪੰਜਾਬ ਉੱਤੇ ਹਮਲਾ ਕਰਦੇ ਤੇ ਉਹ ਸਫ਼ਲ ਹੁੰਦੇ, ਪਰ ਦੂਜੇ ਹੱਥ ਇਹ ਵੀ ਹੋ ਸਕਦਾ ਹੈ ਕਿ ਉਹ ਆਪਣੇ ਹਮਲੇ ਵਿਚ ਅਸਫ਼ਲ ਰਹਿੰਦੇ ਜਾਂ ਭਵਿਸ਼ ਵਲ ਵੇਖ ਕੇ ਹਮਲਾ ਕਰਨ ਦੀ ਥਾਂ ਲਾਹੌਰ ਸਰਕਾਰ ਨਾਲ ਉਂਜ ਸੁਲ੍ਹਾ ਕਰ ਲੈਂਦੇ । ਅੰਗਰੇਜ਼, ਪੰਜਾਬੀ ਸੈਨਾ ਦੀ ਵਡਿਆਈ ਤੋਂ ਭੁੱਲੇ ਨਹੀਂ ਸਨ ਹੋਏ । ਉਹ ਪੰਜਾਬੀ ਕੌਮ ਦੇ ਜਿਗਰੇ ਤੋਂ ਜਾਣੂੰ ਸਨ । ਬੇਸ਼ਕ ਪੰਜਾਬੀ ਸੈਨਾ ਖਿੰਡਰ ਚੁਕੀ ਸੀ, ਪਰ ਇਸ ਸੈਨਾ ਨੂੰ ਮੁੜ ਇਕੱਤਰ ਕਰਨ ਵਿਚ ਦੇਰ ਨਹੀਂ ਸੀ ਲਗਣੀ । ਜੇ ਰਾਣੀ ਜਿੰਦਾਂ ਤੇ ਰਾਜਾ ਸ਼ੇਰ ਸਿੰਘ ਦੇ ਹੱਥ ਹਕੂਮਤ ਆ ਜਾਂਦੀ ਤਾਂ ਘਰ ਘਰ ਵਿਚ ਭੱਠੀਆਂ ਬਲ ਪੈਣੀਆਂ ਸਨ ਤੇ ਰਾਈਫਲਾਂ, ਬੰਦੂਕਾਂ ਤੇ ਤਲਵਾਰਾਂ ਅਣਗਿਣਤ ਗਿਣਤੀ ਵਿਚ ਤਿਆਰ ਹੋ ਜਾਣੀਆਂ ਸਨ । ਸਰਦਾਰ ਲਹਿਣਾ ਸਿੰਘ ਮਜੀਠੀਏ ਤੇ ਸਰਦਾਰ ਹਰਪਾਲ ਸਿੰਘ ਮਾਹਿਲ ਦੇ ਸਿਖਰ ਤਕ ਪਹੁੰਚਾਏ ਤੋਪਾਂ ਤੇ ਹਥਿਆਰਾਂ ਦੇ ਕਾਰਖਾਨਿਆਂ ਨੇ ਦਿਨ ਰਾਤ ਇਕ ਕਰ ਕੇ ਮਹੀਨਿਆਂ ਵਿਚ ਹੀ ਸੈਂਕੜੇ ਤੋਪਾਂ ਢਾਲ ਲੈਣੀਆਂ ਸਨ । ਸਾਰੇ ਪੰਜਾਬ ਨੇ ਇਕ ਮੁੱਠ ਹੋ ਕੇ ਆਪਣੇ ਵਤਨ ਦੀ ਇੱਜ਼ਤ ਤੇ ਆਜ਼ਾਦੀ ਨੂੰ ਬਚਾਣ ਵਾਸਤੇ ਉਠ ਬਹਿਣਾ ਸੀ । ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੀ ਯਾਦ ਮੁੜ ਕੇ ਸੁਰਜੀਤ ਹੋ ਜਾਣੀ ਸੀ ਤੇ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਅਜਿਹੇ ਪੰਜਾਬ ਨੂੰ ਹੱਥ ਪਾਉਣਾ ਤੇ ਹਰਾਣਾ, ਅੰਗਰੇਜ਼ੀ ਸਾਮਰਾਜ ਵਾਸਤੇ ਆਸਾਨ ਨਹੀਂ ਸੀ ਹੋਣਾ ।

ਪਰ ਇਹ ਤਾਂ ਸਿਰਫ਼ ਕਿਆਸ ਅਰਾਈਆਂ ਹਨ, ਅਨੁਮਾਨ ਹਨ । ਪੱਕ ਨਾਲ ਤਾਂ ਸਿਰਫ਼ ਏਨਾਂ ਹੀ ਕਿਹਾ ਜਾ ਸਕਦਾ ਹੈ ਕਿ ਕੌਮੀ ਨੇਤਾਵਾਂ ਨੇ ਇਹ ਵੇਲਾ ਖੁੰਝਾ ਦਿਤਾ, ਇਕ ਸੁਨਹਿਰੀ ਅਵਸਰ ਗੁਆ ਦਿਤਾ । ਇਕ ਹੱਥ ਖ਼ੁਫ਼ੀਆ ਸੂਹੇ ਆ ਰਹੇ ਅੰਦੋਲਨ ਦੀਆਂ ਸੋਆਂ ਪਿੰਡ ਪਿੰਡ ਪਹੁੰਚਾ ਰਹੇ ਸਨ ਤੇ ਦੂਜੇ ਹੱਥ ਕੋਈ ਮਿਥੀ ਹੋਈ ਲੀਹ ਨਹੀਂ ਸੀ ਚੁਣੀ ਗਈ ।

ਦੀਵਾਨ ਮੂਲ ਰਾਜ ਵਾਪਸ ਚਲਾ ਗਿਆ ਤੇ ਸਰ ਫ਼ਰੈਡਰਿਕ ਕਰੀ ਲਾਹੌਰ ਆਇਆ । ਪਰ ਏਨੇ ਵਿਚ ਜਾਨ ਲਾਰੰਸ ਤੇ ਮੂਲ ਰਾਜ ਵਿਚਕਾਰ ਅਸਤੀਫ਼ੇ ਨੂੰ ਖੁਫ਼ੀਆ ਰਖਣ ਦਾ ਰਾਜ਼ ਫ਼ਾਸ਼ ਹੋ ਚੁਕਾ ਸੀ । ਸੋ ਕਰੀ ਨੇ ਅਹੁਦਾ

Scanned by CamScanner

ਸੰਭਾਲਦਿਆਂ ਹੀ ਲਾਹੌਰ ਦਰਬਾਰ ਦੇ ਸਰਕਰਦਾ ਸਰਦਾਰਾਂ ਤੇ ਖਾਸ ਕਰ ਕੇ ਸਰਦਾਰ ਤੇਜ ਸਿੰਘ ਨਾਲ ਗੱਲ ਬਾਤ ਕਰਨ ਦੀ ਸਲਾਹ ਕੀਤੀ । ਜਾਨ ਲਾਰੈਂਸ ਇਸ ਦੇ ਵਿਰੁਧ ਸੀ ਪਰ ਉਹ ਕਰ ਕੁਝ ਨਾ ਸਕਿਆ ।

ਤੇਜ ਸਿੰਘ ਤੇ ਕਰੀ ਨੇ ਮਿਲ ਕੇ ਹੁਣ ਵੈਨ ਐਗਨੀਊ ਤੇ ਲੈਫ਼ਟੀਨੈਂਟ ਐਂਡਰਸਨ ਨੂੰ ਸਣੇ ਸਰਦਾਰ ਕਾਹਨ ਸਿੰਘ ਤੇ ਚੌਦਾਂ ਸੌ ਸਿਪਾਹੀਆਂ ਦੇ ਮੁਲਤਾਨ ਭੇਜਿਆ ਤਾਂ ਜੋ ਕਾਹਨ ਸਿੰਘ ਉੱਥੋਂ ਦਾ ਦੀਵਾਨ ਬਣੇ ਤੇ ਦੋ ਅੰਗਰੇਜ਼ ਰਾਜ ਪ੍ਰਬੰਧ ਵਾਸਤੇ ਉਹਦੇ ਸਲਾਹਕਾਰ । ਚੌਦਾਂ ਸੌ ਫ਼ੌਜ ਵਿਚੋਂ ਛੇ ਸੌ ਪਹਾੜੀਏ ਸਿਪਾਹੀ ਸਨ ਜਿਹੜੇ ਕਿ ਰਾਜਾ ਧਿਆਨ ਸਿੰਘ ਤੇ ਗੁਲਾਬ ਸਿੰਘ ਦੀਆਂ ਚਲਾਈਆਂ ਰਵਾਇਤਾਂ ਦੇ ਅਨੁਸਾਰ ਸਰਕਾਰ ਬਰਤਾਨੀਆਂ ਦੇ ਖ਼ੈਰਖ਼ਾਹ ਸਨ । ਬਾਕੀਆਂ ਵਿਚੋਂ ਸੱਤ ਸੌ ਪਠਾਣ ਤੇ ਸਿੱਖ ਸਨ ਤੇ ਸੌ ਆਦਮੀ ਅਸਪੀ ਤੁੰਪਖ ਨੇ ਦੇ ਜਵਾਨ ।

ਅੰਗਰੇਜ਼ ਅਫ਼ਸਰਾਂ ਨੂੰ ਚਾਹੀਦਾ ਸੀ ਕਿ ਉਹ ਆਪ ਇਸ ਦਸਤੇ ਦੇ ਨਾਲ ਜਾਂਦੇ । ਅੱਧੇ ਤੋਂ ਵਧ ਪਹਾੜੀਆਂ ਤੇ ਪਠਾਣਾਂ ਦੇ ਸਨਮੁਖ ਉਹਨਾਂ ਨੂੰ ਸਿੱਖਾਂ ਕੋਲੋਂ ਕਿਸੇ ਕਿਸਮ ਦਾਂ ਖ਼ਤਰਾ ਨਹੀਂ ਸੀ, ਪਰ ਗਰਮੀ ਦੇ ਡਰ ਤੋਂ ਉਹਨਾਂ ਨੇ ਦਰਿਆ ਰਾਹੀਂ ਜਾਣਾ ਬਿਹਤਰ ਸਮਝਿਆ । ਸੋ ਕਾਹਨ ਸਿੰਘ ਤੇ ਦੋ ਅੰਗਰੇਜ਼ ਅਫ਼ਸਰ ਪਹਿਲੀ ਵਾਰ ਅਠਾਰਾਂ ਅਪਰੈਲ, ੧੮੪੮ ਵਾਲੇ ਦਿਨ ਆਪਣੇ ਸਿਪਾਹੀਆਂ ਨੂੰ ਮਿਲੇ । ਮੁਲਤਾਨ ਦੇ ਲਾਗੇ ਤੇ ਈਦਗਾਹ ਦੇ ਕੋਲ । ਏਥੋਂ ਦੀਵਾਨ ਮੂਲ ਰਾਜ ਦਾ ਘਰ ਕੋਈ ਮੀਲ ਭਰ ਦੂਰ ਸੀ ।

ਉਸੇ ਦਿਨ ਅੰਗਰੇਜ਼ ਅਫ਼ਸਰਾਂ ਦੀ ਤੇ ਮੂਲ ਰਾਜ ਦੀ ਮੁਲਾਕਾਤ ਹੋਈ । ਫ਼ੈਸਲਾ ਹੋਇਆ ਕਿ ਅਗਲੀ ਸਵੇਰ ਮੂਲ ਰਾਜ ਮੁਲਤਾਨ ਦਾ ਕਿਲ੍ਹਾ ਕਾਹਨ ਸਿੰਘ ਨੂੰ ਸੌਂਪ ਦੇਵੇ । ਫ਼ੈਸਲੇ ਅਨੁਸਾਰ ਉੱਨੀ ਅਪਰੈਲ ਨੂੰ ਆਪਣੇ ਸਿਪਾਹੀਆਂ ਨਾਲ ਕਾਹਨ ਸਿੰਘ ਤੇ ਗੋਰੇ ਅਫ਼ਸਰ ਕਿਲ੍ਹੇ ਵਿਚ ਪੁਜੇ, ਉਹਨਾਂ ਕੁੰਜੀਆਂ ਸੰਭਾਲੀਆਂ, ਕਿਲ੍ਹੇ ਦਾ ਮੁਲਾਹਜਾ ਕੀਤਾ, ਆਪਣੇ ਨਾਲ ਆਈ ਸੈਨਾ ਵਿਚੋਂ ਸੰਤਰੀ ਨਿਯਤ ਕੀਤੇ ਤੇ ਮੂਲ ਰਾਜ ਦੇ ਸਿਪਾਹੀਆਂ ਨੂੰ ਅੰਗਰੇਜ਼ੀ ਰਾਜ ਤੇ ਲਾਹੌਰ ਦਰਬਾਰ ਦਾ ਵਫ਼ਾਦਾਰ ਰਹਿਣ ਵਾਸਤੇ ਕਿਹਾ ।

ਵਾਪਸ ਆਉਂਦੀ ਵਾਰ ਕਿਲ੍ਹੇ ਦਵਾਲੇ ਬਣਾਈ ਗਈ ਖਾਲ ਦੇ ਪੁਲ ਉੱਤੇ ਇਕ ਮੁਸਲਮਾਨ ਸਿਪਾਹੀ ਨੇ ਐਗਨੀਊ ਉੱਤੇ ਨੇਜ਼ੇ ਨਾਲ ਵਾਰ ਕੀਤਾ । ਕਿਉਂ ਤੇ ਕਿਨ੍ਹਾਂ ਹਾਲਤਾਂ ਵਿਚ, ਕਿਹਾ ਨਹੀਂ ਜਾ ਸਕਦਾ ? ਕੀ ਇਹਦੇ ਵਿਚ ਮੂਲ ਰਾਜ ਦਾ ਹੱਥ ਸੀ ਜਾਂ ਨਹੀਂ, ਕੀ ਏਸੇ ਤਰ੍ਹਾਂ ਹੀ ਇਨਕਲਾਬ ਸ਼ੁਰੂ ਕਰਨ ਦੀ ਵਿਉਂਤ ਨਜ਼ਿੱਠੀ ਗਲਟੀ ਸੀ ਜਾਂ ਨਹੀਂ, ਇਸ ਬਾਰੇ ਵੀ ਕੁਝ ਕਿਹਾ ਨਹੀਂ ਜਾ ਸਕਦਾ । ਸੰਭਵ ਹੈ ਕਿ ਐਗਨੀਊ ਉੱਤੇ ਹਮਲਾ ਕਰਨ ਵਾਲੇ ਆਦਮੀ ਨੇ ਤੱਤੇ ਤਾਅ ਇਹ ਕਰਮ ਕੀਤਾ ਹੋਵੇ ਤੇ ਇਹ ਵੀ ਹੋ ਸਕਦਾ ਹੈ ਕਿ ਮੂਲ ਰਾਜ ਦੇ ਸਿਪਾਹੀਆਂ ਦੀ ਇਕ ਟੋਲੀ ਨੇ ਇਹ ਕਦਮ ਚੁਕਣ ਵਾਸਤੇ ਪਹਿਲੇ ਹੀ ਠਾਨੀ ਹੋਵੇ । ਇਸ ਬਾਰੇ ਸਿਰਫ ਹਾਲਤਾਂ ਨੂੰ ਸਾਹਮਣੇ ਰਖ ਕੇ ਹੀ ਅੰਦਾਜ਼ੇ ਲਾਏ ਜਾ ਸਕਦੇ ਹਨ ਕਿਉਂਕਿ ਇਤਿਹਾਸਕ ਗਵਾਹੀ ਕੋਈ ਵੀ ਪੁਖ਼ਤਾ ਨਹੀਂ ।

ਇਹਦੇ ਵਿਚ ਸ਼ਕ ਨਹੀਂ ਕਿ ਐਗਨੀਊ ਉੱਤੇ ਇਹ ਹਮਲਾ ਉਸ ਰੋਸ ਦਾ ਸੂਚਕ ਸੀ ਜੋ ਉਸ ਵੇਲੇ ਅੰਗਰੇਜ਼ਾਂ ਦੇ ਵਿਰੁਧ ਸਾਰੇ ਪੰਜਾਬ ਵਿਚ ਖਿਲਰਿਆ ਹੋਇਆ ਸੀ । ਇਹ ਸਿਪਾਹੀ ਨਹੀਂ ਸੀ ਸਹਾਰ ਸਕਦਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਅਮਾਨਤ, ਮੁਲਤਾਨ ਦਾ ਇਹ ਕਿਲ੍ਹਾ, ਬਿਨਾ ਲਹੂ ਦੀ ਅਹੂਤੀ ਦੇ ਬਦੇਸ਼ੀ ਹਕੂਮਤ ਦੇ ਹੱਥਾਂ ਵਿਚ ਆ ਜਾਏ । ਇਹ ਹਮਲਾਵਰ ਪ੍ਰਤੀਨਿਧ ਸੀ ਉਸ ਕੌਮੀ ਜਜ਼ਬੇ ਦਾ ਜਿਹੜਾ ਕੌਮੀ ਜਜ਼ਬਾ ਕਿ ਅੰਗਰੇਜ਼ ਦੀਆਂ ਵਧੀਕੀਆਂ ਨੂੰ ਹੁਣ ਹੋਰ ਸਹਿ ਨਹੀਂ ਸੀ ਸਕਦਾ । ਹੈਰਾਨੀ ਦੀ ਗੱਲ ਕਿ ਜਿਸ ਕਿਲ੍ਹੇ ਨੂੰ ਫ਼ਤਿਹ ਕਰਨ ਵਾਸਤੇ ਮਹਾਰਾਜਾ ਰਣਜੀਤ ਸਿੰਘ ਨੇ ਸੱਤ ਵਾਰ ਚੜ੍ਹਾਈਆਂ ਕੀਤੀਆਂ ਅੱਜ ਉਹ ਕਿਲ੍ਹਾ ਇਹਨਾਂ ਦੋ ਗੋਰਿਆਂ ਦੇ ਹੱਥੀਂ ਬਿਨਾਂ ਕਿਸੇ ਕੁਰਬਾਨੀ ਦੇ ਸੌਂਪਿਆ ਜਾ ਰਿਹਾ ਸੀ । ਇਸ ਤਰ੍ਹਾਂ ਸੋਚ ਕੇ ਮਿਰਤਕ ਰਣਜੀਤ ਸਿੰਘ ਦਾ ਕਿਹੜਾ ਸਿਪਾਹੀ ਸੀ ਜਿਦ੍ਹਾ ਖ਼ੂਨ ਨਾ ਖ਼ੌਲਦਾ ।

ਜਿਹੜੇ ਮੂਲ ਰਾਜ ਨੂੰ ਇਸ ਘਟਨਾ ਦੀ ਪਰੇਰਨਾ ਨਹੀਂ ਦਸਦੇ ਉਹਨਾਂ ਦੀ ਗੱਲ ਬੇਹਕ ਮੰਨੀ ਜਾਏ, ਪਰ ਉਹ ਵੀ ਇਨਕਾਰ ਨਹੀਂ ਕਰ ਸਕਣਗੇ ਕਿ ਸਿਰਫ਼ ਦੋ ਗੋਰਿਆਂ ਨੂੰ ਮੁਲਤਾਨ ਦੇ ਮਹਾਨ ਕਿਲ੍ਹੇ ਦੀਆਂ ਕੁੰਜੀਆਂ ਬਿਨਾਂ ਕੁਰਬਾਨੀ ਦੇ ਸੌਂਪ ਦੇਣੀਆਂ ਕੌਮੀ ਆਬਰੋ ਵਾਲੇ ਲੋਕਾਂ ਤੇ ਸਿਪਾਹੀਆਂ ਨੂੰ ਮਨਜ਼ੂਰ ਨਹੀਂ ਸਨ ਹੋ ਸਕਦੀਆਂ । ਤੇ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਕੌਮੀ ਆਬਰੋ ਨੂੰ ਸੁਰਜੀਤ ਰਖਣ ਵਾਲੇ ਅਨੇਕ ਸੂਰਮੇ ਉਸ ਵੇਲੇ ਮੁਲਤਾਨ ਤੇ ਪੰਜਾਬ ਵਿਚ ਹਾਜ਼ਰ ਸਨ ।

Scanned by CamScanner

ਕੋਈ ਨਹੀਂ ਕਹਿ ਸਕਦਾ ਕਿ ਮੂਲ ਰਾਜ ਤੇ ਸ਼ੇਰ ਸਿੰਘ ਤੇ ਰਾਣੀ ਜਿੰਦਾਂ ਵਿਚ ਕੀ ਤੈਅ ਹੋਇਆ ਸੀ, ਪਰ ਇਕ ਵਾਰ ਜਦੋਂ ਤਲਵਾਰ ਠਹਿਕ ਪਈ ਤਾਂ ਮੂਲ ਰਾਜ ਨੇ ਆਪਣੇ ਸਿਪਾਹੀਆਂ ਦੀ ਜਵਾਂਮਰਦੀ ਨਾਲ ਅਗਵਾਈ ਕੀਤੀ ਤੇ ਇਸ ਤਰ੍ਹਾਂ ਉਹ ਖੁਲ੍ਹਮ ਖੁਲ੍ਹਾ ਅੰਗਰੇਜ਼ਾਂ ਦੀ ਵਿਰੋਧਤਾ ਕਰਨ ਵਿਚ ਰਾਣੀ ਜਿੰਦ ਕੌਰ ਤੋਂ ਪਿਛੋਂ, ਦੂਜਾ ਨੇਤਾ ਬਣਿਆ।

ਕਾਹਨ ਸਿੰਘ ਤੇ ਅੰਗਰੇਜ਼ ਅਫ਼ਸਰਾਂ ਨਾਲ ਆਏ ਸਿਪਾਹੀਆਂ ਤੇ ਮੂਲ ਰਾਜ ਦੇ ਸਿਪਾਹੀਆਂ ਵਿਚ ਕੁਝ ਲੜਾਈ ਹੋਈ. ਤੇ ਅੰਤ ਐਂਗਨੀਊ ਨੂੰ ਮੋਇਆ ਸਮਝ ਕੇ ਉਹਦੇ ਪਹਾੜੀਏ ਵਫ਼ਾਦਾਰ ਉਹਨੂੰ ਈਦਗਾਹ ਵਿਚ ਲੈ ਆਏ। ਐਂਡਰਸਨ ਮਾਰਿਆ ਗਿਆ।

ਐਂਗਨੀਊ ਨੇ ਕੁਝ ਪਹਾੜੀਏ ਸਿਪਾਹੀਆਂ ਦੀ ਮਦਦ ਨਾਲ ਈਦਗਾਹ ਵਿਚ ਮੋਰਚੇ ਗੱਡ ਲਏ ਤੇ ਤੋਪਾਂ ਬੀੜ ਲਈਆਂ। ਸਰਦਾਰ ਕਾਹਨ ਸਿੰਘ ਰਾਹੀਂ ਐਂਗਨੀਊ ਨੇ ਮੂਲ ਰਾਜ ਦੇ ਸਰਦਾਰਾਂ ਨੂੰ ਵਰਗਲਾਣ ਦੀ ਕੋਸ਼ਿਸ਼ ਕੀਤੀ। ਕਿਹਾ ਕਿ ਉਹਨਾਂ ਨੂੰ ਲਾਹੌਰ ਦਰਬਾਰ ਦੇ ਵਫ਼ਾਦਾਰ ਰਹਿਣਾ ਚਾਹੀਦਾ ਹੈ। ਪਰ ਜਿਥੇ ਇਹ ਸਰਦਾਰ ਮਹਾਰਾਜਾ ਦਲੀਪ ਸਿੰਘ ਦੀ ਵਫ਼ਾਦਾਰੀ ਵਿਚ ਸਭ ਕੁਰਬਾਨੀ ਕਰ ਸਕਦੇ ਸਨ ਉੱਥੇ ਇਹ ਸਰਦਾਰ ਫ਼ਿਜ ਸਿੰਘ ਤੇ ਬਰਿਟਸ਼ ਸਾਮਰਾਜ ਦੇ ਵਫ਼ਾਦਾਰ ਨਹੀਂ ਸਨ ਹੋ ਸਕਦੇ। ਸ਼ਾਮ ਤੋਂ ਪਹਿਲੇ ਪਹਿਲੇ ਕਾਹਨ ਸਿੰਘ ਤੇ ਗੋਰੇ ਅਫ਼ਸਰਾਂ ਨਾਲ ਆਈ ਬਹੁਤੀ ਸੈਨਾ ਮੂਲ ਰਾਜ ਨਾਲ ਜਾ ਮਿਲੀ ! ਅੰਦੋਲਨ ਦਾ ਆਦਿ ਹੋ ਚੁਕਾ ਸੀ।

ਉਸ ਰਾਤ ਮੂਲ ਰਾਜ ਦੇ ਹੁਕਮ ਨਾਲ ਕਾਹਨ ਸਿੰਘ ਕੋਲ ਬਚਦੇ ਖੁਚਦੇ ਮਾਲ ਅਸਬਾਬ ਉੱਤੇ ਵੀ ਕਬਜ਼ਾ ਕਰ ਲਿਆ ਗਿਆ ਪਰ ਏਨੇ ਚਿਰ ਵਿਚ ਅੰਗਰੇਜ਼ੀ ਸਲਤਨੱਤ ਦੇ ਖ਼ੈਰ ਖ਼ਾਹ ਪਹਾੜੀਏ ਸੂਹੇ ਐਂਗਨੀਊ ਦੀਆਂ ਚਿੱਠੀਆਂ ਲੈ ਕੇ ਬੰਨੂ ਵਿਚ ਹਰਬਰਟ ਐਡਵਰਡ ਤੇ ਡੇਰਾ ਇਸਮਾਈਲ ਖਾਨ ਵਿਚ ਜਰਨੈਲ ਵਾਨ ਕੋਰਟਲੈਂਡ ਵਲ ਜਾ ਚੁਕੇ ਸਨ।

ਅੱਧੀ ਕੁ ਰਾਤ ਤਕ ਮੁਲਤਾਨ ਵਿਚ ਆਲ ਦੁਆਲਿਉਂ ਅਨੇਕ ਆਦਮੀ ਜੁੜ ਗਏ। ਅੱਜ ਜਨਤਾ ਨੂੰ ਮੀਂਹ ਕਿਥੇ ? ਅੱਜ ਜਿਸ ਜਿਸ ਵੀ ਇਸ ਕੌਮੀ ਅੰਦੋਲਨ ਦੀ ਖ਼ਬਰ ਸੁਣੀ ਉਸੇ ਉਸੇ ਦਾ ਦਿਲ ਭਵਿੱਖ ਦੇ ਸੁਪਨਿਆਂ ਨਾਲ ਲਿਸ਼ਕ ਪਿਆ। ਅੱਜ ਜਨਤਾ ਦੀਆਂ ਚਿਰ-ਵਿਛੁੰਨੀਆਂ ਆਸ਼ਾਵਾਂ ਜਾਗੀਆਂ। ਅੱਜ ਜਨਤਾ ਦੇ ਸਾਹਮਣੇ ਸ਼ੇਰੇ-ਪੰਜਾਬ ਦੀ ਮੂਰਤ ਰਹਿ ਰਹਿ ਕੇ ਰੂਪਮਾਨ ਹੋਵੇ। ਉਹਨਾਂ ਨੂੰ ਯਾਦ ਆਉਣ ਸਰਕਾਰ ਦੀ ਹਕੂਮਤ ਦੇ ਦਿਨ। ਉਹ ਆਜ਼ਾਦ ਜੀਵਨ, ਉਹ ਘੁਘ ਚਿੰਦਗੀ, ਉਹ ਲੱਥੀ ਚੜ੍ਹੀ ਦਾ ਨਾ ਫ਼ਿਕਰ ਨਾ ਫ਼ਾਕਾ, ਉਹ ਖੁਲ੍ਹਾਂ, ਉਹ ਆਜ਼ਾਦ ਫ਼ਿਜ਼ਾਵਾਂ, ਉਹ ਦਿਨ ਹਿੰਦੂ, ਸਿੱਖ ਤੇ ਮੁਸਲਮਾਨਾਂ ਦੀ ਮਿੱਤਰਤਾ ਦੇ, ਉਹ ਆਪੋ ਵਿਚ ਪਿਆਰ ਤੇ ਸਾਂਝਾਂ, ਉਹ ਵੰਡ ਖਾਣਾ, ਹਕੂਮਤ ਨਾਲ ਉਹ ਅਪਣੱਤ।

ਜਿਉਂ ਜਿਉਂ ਅੰਦੋਲਨ ਦੀ ਖ਼ਬਰ ਘੁੰਮਦੀ ਗਈ ਤਿਉਂ ਤਿਉਂ ਵਜੂਦ ਵਿਚ ਆ ਕੇ ਘੁੰਮਦੇ ਲੋਕਾਂ ਦੇ ਸੁਪਨੇ ਤੇ ਉਹਨਾਂ ਦੀਆਂ ਯਾਦਾਂ। ਅੱਜ ਲੋਅ ਮੁੜ ਕੇ ਪੱਸਰੀ। ਅੱਜ ਮੁੜ ਕੇ ਚੌਗਿਰਦੇ ਵਿਚ ਨੂਰ ਖਿਲਰਿਆ। ਅੱਜ ਖ਼ਲਕਤ ਨੂੰ ਉਮੀਦ ਹੋਈ ਕਿ ਸ਼ਾਇਦ ਉਹ ਦਿਨ ਮੁੜ ਕੇ ਆ ਜਾਣ, ਸ਼ਾਇਦ ਉਹ ਜ਼ਿੰਦਗੀ ਮੁੜ ਕੇ ਜੀਵੀ ਜਾ ਸਕੇ।

ਅੱਜ ਰਾਤ ਮੁਲਤਾਨ ਵਿਚ ਕਿਨ੍ਹੇ ਕੀਹਨੂੰ ਸੌਣ ਦੇਣਾ ਸੀ। ਅੱਜ ਮੁਲਤਾਨ ਆਲੇ ਦੁਆਲੇ ਦੀ ਜਨਤਾ ਪ੍ਰਸੰਨਤਾ ਵਿਚ ਬੌਰੀ ਹੋ ਗਈ।

ਮੂਲ ਰਾਜ ਨੇ ਆਪਣੇ ਸਰਦਾਰਾਂ ਨੂੰ ਤੇ ਸਰਦਾਰਾਂ ਰਾਹੀਂ ਮੁਲਤਾਨ ਦੀ ਖ਼ਲਕਤ ਨੂੰ ਕਿਹਾ :

"ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਇਸ ਕੌਮੀ ਅੰਦੋਲਨ ਦਾ ਮੋਹਰੀ ਬਣਿਆ ਹਾਂ। ਮੈਂ ਖ਼ੁਸ਼ ਹਾਂ ਕਿ ਤੁਹਾਡੇ ਵਿਚੋਂ ਇਕ ਇਕ ਆਪਣੀ ਜਾਨ ਵਾਰਨ ਲਈ ਤਿਆਰ ਹੈ। ਸਾਥੀਓ ! ਜਿਸ ਪੰਜਾਬੀ ਨੇ ਸ਼ੇਰੇ-ਪੰਜਾਬ ਦੇ ਰਾਜ ਦਾ ਸੁਪ ਮਾਣਿਆ ਹੋਵੇ ਉਹ ਕਿਸੇ ਸੂਰਤ ਗੋਰਿਆਂ ਦੀ ਗ਼ੁਲਾਮੀ ਸਵੀਕਾਰ ਨਹੀਂ ਕਰ ਸਕਦਾ। ਲਗ ਭਗ ਦੋ ਸਾਲ ਇਹਨਾਂ ਨੇ ਸਾਡੇ ਉੱਤੇ ਰਾਜ ਕੀਤਾ ਹੈ, ਪਰ ਅਸੀਂ ਇਹ ਰਾਜ ਸਥਾਈ ਨਹੀਂ ਹੰਣ ਦੇਣਾ। ਅਸੀਂ ਸ਼ੇਰੇ-ਪੰਜਾਬ ਦੇ ਨਾਂ ਉੱਤੇ ਕੁਰਬਾਨੀਆਂ ਦੇ ਕੇ ਆਪਣੇ ਵਤਨ ਦੀ ਆਜ਼ਾਦੀ ਨੂੰ ਕਾਇਮ ਰਖਣਾ ਹੈ। ਸਾਥੀਓ ! ਹੁਣ ਸਭਨਾਂ ਨੂੰ ਇਕ ਮੁਠ ਹੋ ਕੇ ਇਸ ਮਹਾਨ ਅੰਦੋਲਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ।"

ਇਹ ਐਲਾਨ ਤੇ ਅਜਿਹੇ ਕਈ ਹੋਰ ਸੰਦੇਸ਼, ਮੂਲ ਰਾਜ ਨੇ ਸਾਰੇ ਪੰਜਾਬ ਵਿਚ ਭੇਜੇ। ਭਾਈ ਮਹਾਰਾਜ ਸਿੰਘ ਇਕ ਹਜ਼ਾਰ ਵਲੰਟੀਅਰਾਂ ਨਾਲ ਆਇਆ ਸੋਢੀ ਲੱਧਾ ਸਿੰਘ ਨੇ ਕਰਤਾਰ ਪੁਰ ਵਿਚ ਭਰਤੀ ਸ਼ੁਰੂ ਕੀਤੀ। ਮਹਾਰਾਜਾ

Scanned by CamScanner

ਪਟਿਆਲਾ ਤੇ ਮਹਾਰਾਜਾ ਨਾਭਾ ਨੂੰ ਮੂਲ ਰਾਜ ਨੇ ਉਚੇਚੇ ਸੁਨੇਹੇ ਘੱਲੇ। ਸਰਦਾਰ ਚਤਰ ਸਿੰਘ ਨੇ, ਅਮੀਰ ਚੋਸਤ ਮੁਹੰਮਦ ਦੀ ਇਕ ਚਿੱਠੀ, ਮੂਲ ਰਾਜ ਨੂੰ ਉਹਦੀ ਜਾਣਕਾਰੀ ਵਾਸਤੇ ਘੱਲੀ ਸੀ। ਇਹਦੇ ਉੱਤਰ ਵਿਚ ਮੂਲ ਰਾਜ ਨੇ ਚਤਰ ਸਿੰਘ ਨੂੰ ਲਿਖਿਆ : "ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਹੈ ਕਿ ਤੁਸੀਂ ਇਹਨਾਂ ਮਰਦੂਦ ਫ਼ਰੰਗੀਆਂ ਨੂੰ ਕਾਬੂ ਕਰ ਰਹੇ ਹੋ। ਪ੍ਰਮਾਤਮਾ ਅਟਕ ਵਿਚ ਤੁਹਾਨੂੰ ਪੂਰਨ ਸਫ਼ਲਤਾ ਬਖ਼ਸ਼ੇ। ਅਮੀਰ ਚੋਸਤ ਮੁਹੰਮਦ ਖਾਂ ਨੂੰ ਆਪਣੀ ਸਰਕਾਰ ਨਾਲ ਰਲਾ ਕੇ ਉਹਦੇ ਕੋਲੋਂ ਅੰਗਰੇਜ਼ਾਂ ਨੂੰ ਬਰਬਾਦ ਕਰਨ ਦਾ ਬੀੜਾ ਚੁਕ ਕੇ ਤੁਸਾਂ ਅਰਸਤੂ ਵਰਗੀ ਸੂਝ ਦੀ ਪਰਦਰਸ਼ਨੀ ਦਿਤੀ ਹੈ। ਮੇਰੀ ਕਲਮ ਤੁਹਾਡੇ ਹੌਸਲੇ ਦੀ ਸ਼ਲਾਘਾ ਕਰਨ ਤੋਂ ਅਸਮਰੱਥ ਹੈ। ਮੇਰਾ ਤੁਸੀਂ ਫ਼ਿਕਰ ਨਾ ਕਰੋ। ਮੇਰੇ ਸਿਪਾਹੀ ਤੇ ਮੈਂ ਨਿੰਡਰ ਅੜੇ ਹੋਏ ਹਾਂ।"

੧੬੬

ਮੁਲਤਾਨ ਵਿਚ ਕੌਮੀ ਅੰਦੋਲਨ ਦੀ ਖ਼ਬਰ ਇੱਕੀ ਅਪਰੈਲ ਨੂੰ ਲਾਹੌਰ ਪੁਜੀ। ਸਰ ਫ਼ਰੈਡਰਿਕ ਕਰੀ ਦੇ ਖ਼ਿਆਲ ਵਿਚ ਇਹ ਅੰਦੋਲਨ ਕੌਮੀ ਅੰਦੋਲਨ ਨਹੀਂ ਸੀ, ਸਗੋਂ ਇਕ ਨਿੱਕੀ ਜਿਹੀ ਬਗ਼ਾਵਤ। ਉਹ ਸਮਝਦਾ ਸੀ ਕਿ ਮੂਲ ਰਾਜ ਦੇ ਦੁਸ਼ਮਣਾਂ ਨੇ ਉਹਨੂੰ ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਭੇਗਣ ਵਾਸਤੇ ਕੋਈ ਉਸ਼ਟੰਡ ਖੜਾ ਕੀਤਾ ਹੈ। ਸੋ ਉਸ ਫ਼ੈਸਲਾ ਕੀਤਾ ਕਿ ਸੱਤ ਪਲਟਣਾਂ ਪਿਆਦਾ, ਦੋ ਪਲਟਣਾਂ ਰਸਾਲਾ ਤੇ ਤਿੰਨ ਚਾਰ ਬੈਟਰੀਆਂ ਤਪਖ਼ਾਨੇ ਦੀਆਂ ਭੇਜਣ ਨਾਲ ਸਾਰਾ ਕੰਮ ਰਾਸ ਹੋ ਜਾਵੇਗਾ।

ਉਹਦੇ ਖ਼ਿਆਲ ਵਿਚ ਤਾਂ ਇਹ ਫ਼ੌਜ ਵੀ ਰਾਹ ਵਿਚੋਂ ਹੀ ਮੁੜ ਆਏਗੀ। ਚੜ੍ਹਾਈ ਦੀ ਖ਼ਬਰ ਸੁਣਦਿਆਂ ਹੀ ਬਾਗ਼ੀਆਂ ਦਾ ਖ਼ੁਮਾਰ ਲੱਥ ਜਾਏਗਾ ਤੇ ਮੁਆਮਲਾ ਰਫ਼ਾ ਦਫ਼ਾ ਹੋ ਜਾਏਗਾ।

ਤੇਈ ਅਪਰੈਲ ਨੂੰ ਉਹਨੂੰ ਖ਼ਬਰ ਪੁਜੀ ਕਿ ਮੁਲਤਾਨ ਦੀ ਬਗ਼ਾਵਤ ਇਕ ਆਮ ਬਗ਼ਾਵਤ ਨਹੀਂ। ਦੋਵੇਂ ਅੰਗਰੇਜ਼ ਅਫ਼ਸਰ ਮਾਰ ਦਿਤੇ ਗਏ ਹਨ ਤੇ ਲਗ ਭਗ ਸਾਰੀ ਦੀ ਸਾਰੀ ਫ਼ੌਜ ਮੂਲ ਰਾਜ ਨਾਲ ਜਾ ਮਿਲੀ ਹੈ। ਅਜ ਪਹਿਲੀ ਵਾਰ ਕਰੀ ਨੂੰ ਸੰਭਵ ਜਾਪਿਆ ਕਿ ਜਿਹੜੀ ਸੈਨਾ ਉਹ ਭੇਜ ਰਿਹਾ ਹੈ ਕਿਤੇ ਉਹ ਵੀ ਬਾਗ਼ੀਆਂ ਨਾਲ ਨਾ ਮਿਲ ਜਾਏ ? ਅਜ ਤਕ ਕਰੀ ਦੇ ਦਿਮਾਗ਼ ਵਿਚ ਹੈਨਰੀ ਲਾਰੰਸ ਤੇ ਹਾਰਡਿੰਗ ਦੇ ਅਨੁਮਾਨ ਕਿ ਪੰਜਾਬ ਵਿਚ ਅਗਲੇ ਦਸਾਂ ਸਾਲਾਂ ਵਿਚ ਇਕ ਗੋਲੀ ਚਲਾਣ ਦੀ ਵੀ ਆਸ ਨਹੀਂ, ਇਉਂ ਸਮਾਏ ਹੋਏ ਸਨ ਕਿ ਉਹਦੇ ਵਾਸਤੇ ਸਵਤੰਤਰ ਸੋਚ ਵਿਚਾਰ ਮੁਮਕਿਨ ਹੀ ਨਹੀਂ ਸੀ।

ਹੁਣ ਜਦੋਂ ਪਹਿਲੀ ਵਾਰ ਉਹਦੇ ਦਿਮਾਗ਼ ਵਿਚ ਸ਼ਕ ਆਏ ਤਾਂ ਉਹਨੇ ਲਾਹੌਰ ਵਿਚ ਮੁਕੀਮ ਗੋਰਾ ਫ਼ਿਰਤੂ ਦਸਤਾ ਬਾਕੀ ਸੈਨਾ ਦੇ ਨਾਲ ਭੇਜਣ ਦਾ ਫ਼ੈਸਲਾ ਕੀਤਾ। ਉਸ ਸੋਚਿਆ ਕਿ ਜੇ ਇਹ ਗੋਰਾ ਦਸਤਾ ਸਿੱਖ ਸਰਦਾਰਾਂ ਨਾਲ ਹੋਇਆ ਤਾਂ ਫਿਰ ਦੇਸੀ ਸਿਪਾਹੀਆਂ ਦਾ ਮੂਲ ਰਾਜ ਨਾਲ ਜਾ ਮਿਲਣਾ ਕਠਨ ਹੋਵੇਗਾ।

ਪਰ ਰਾਤੀਂ ਸੁੱਤਿਆਂ ਉਹਨੂੰ ਇਕ ਹੋਰ ਫ਼ੁਰਨਾ ਫੁਰਿਆ। ਕਮਜ਼ੋਰ ਚਿਤ ਤੇ ਨਾ-ਤਜਰਬੇਕਾਰ ਪ੍ਰਬੰਧਕਾਂ ਤੇ ਅਫ਼ਸਰਾਂ ਨਾਲ ਸਦਾ ਏਸੇ ਤਰ੍ਹਾਂ ਹੀ ਹੁੰਦਾ ਹੈ। ਹੁਣ ਉਹਨੂੰ ਖ਼ਿਆਲ ਆਇਆ ਕਿ ਇਕ ਗੋਰਾ ਫਿਰਤੂ ਦਸਤਾ ਬਾਕੀ ਸਿੱਖ ਸੈਨਾ ਦੇ ਸਨਮੁਖ ਹੀਣ ਹੋਵੇਗਾ ਤੇ ਜੇ ਸਾਰੀ ਦੀ ਸਾਰੀ ਸਿੱਖ ਸੈਨਾ ਹੀ ਉਹਨਾਂ ਦੇ ਵਿਰੁਧ ਹੋ ਗਈ, ਤਾਂ ਇਸ ਦਸਤੇ ਦਾ ਹਾਲ ਵੀ ਕਿਤੇ ਐਗਨੀਊ ਤੇ ਐਂਡਰਸਨ ਵਰਗਾ ਹੀ ਨਾ ਹੋਵੇ।

Scanned by CamScanner

ਸੋ ਅਗਲੇ ਦਿਨ ਸਵੇਰੇ ਉੱਠ ਕੇ ਉਸ ਆਪਣਾ ਹੁਕਮ ਵਾਪਸ ਲੈ ਲਿਆ ਤੇ ਸਿੱਖ ਸਰਦਾਰਾਂ ਨੂੰ ਕਿਹਾ : "ਇਹ ਬਗ਼ਾਵਤ ਲਾਹੌਰ ਦਰਬਾਰ ਦੇ ਬਰਖ਼ਿਲਾਫ਼ ਹੋਈ ਹੈ, ਸੋ ਇਸ ਲਈ ਤੁਸੀਂ ਆਪ ਹੀ ਇਹਨੂੰ ਦਬਾਉਣ ਦਾ ਬੀੜਾ ਚੁਕੋ।" ਕਈ ਸਰਦਾਰਾਂ ਨੇ ਸਾਰੇ ਦੇਸ਼ ਵਿਚ ਕੌਮੀ ਜਦਬਾਤਾਂ ਦੇ ਉਭਰਨ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਉਹ ਤਾਂ ਸਗੋਂ ਸਿਰਫ਼ ਅੰਗਰੇਜ਼ੀ ਫ਼ੌਜ ਭੇਜਣ ਦੀ ਤਾਕੀਦ ਕਰਦੇ ਹਨ।

ਸਰ ਫ਼ਰੈਡਰਿਕ ਕਰੀ ਨੂੰ ਇਹ ਗੱਲ ਜਚ ਗਈ ਤੇ ਉਸ ਉਸੇ ਪਲ ਗਵਰਨਰ ਜਨਰਲ ਤੇ ਮਹਾਂ ਸੈਨਾਪਤੀ ਨੂੰ ਇਕ ਵਡੀ ਗੋਰਾ ਫ਼ੌਜ, ਸ਼ੀਘਰ ਮੁਲਤਾਨ ਭੇਜਣ ਦੀ ਮੰਗ ਕੀਤੀ ਜਿਹੜੀ ਫ਼ੌਜ ਕਿ ਮੁਲਤਾਨ ਦੇ ਕਿਲ੍ਹੇ ਨੂੰ ਸਰ ਕਰ ਸਕੇ।

ਮਹਾਂ ਸੈਨਾਪਤੀ ਲਾਰਡ ਗਫ਼ ਉਸ ਵੇਲੇ ਸ਼ਿਮਲੇ ਸੀ। ਉਹਨੇ ਗਰਮੀਆਂ ਦੇ ਆਦਿ ਵਿਚ ਔਂਡੀ ਵਡੀ ਮੁਹਿੰਮ ਸ਼ੁਰੂ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ ਤੇ ਕਿਹਾ ਕਿ ਮੁਲਤਾਨ ਵਿਚ ਖ਼ਾਸ ਕਰ ਕੇ, ਅੰਗਰੇਜ਼ਾਂ ਵਲੋਂ ਸ਼ੁਰੂ ਕੀਤੀ ਕੋਈ ਲੜਾਈ ਵੀ ਸਫ਼ਲ ਨਹੀਂ ਹੋ ਸਕੇਗੀ। ਨਾਲ ਉਸ ਯੁੱਧ ਦੀ ਪੂਰੀ ਤਿਆਰੀ ਕਰਨ ਵਾਸਤੇ ਮੋਹਲਤ ਮੰਗੀ। ਗਵਰਨਰ ਜਨਰਲ ਲਾਰਡ ਡਲਹੌਜ਼ੀ, ਗਫ਼ ਦੀ ਇਸ ਰਾਏ ਨਾਲ ਸਹਿਮਤ ਹੋਇਆ।

ਸਿੱਖਾਂ ਵਿਰੁਧ ਦੂਜਾ ਵੱਡਾ ਯੁੱਧ ਇਸ ਲਈ ਸਰਦੀਆਂ ਤਕ ਮੁਲਤਵੀ ਹੋ ਗਿਆ। ਕੌਮੀ ਨੇਤੇ ਆਪਣੀ ਪਹਿਲੀ ਚਾਲ ਤੇ ਪਹਿਲੇ ਅਨੁਮਾਨਾਂ ਵਿਚ ਅਸਫ਼ਲ ਰਹੇ। ਭਰ ਗਰਮੀਆਂ ਵਿਚ ਅੰਗਰੇਜ਼ ਮੁਲਤਾਨ ਦੇ ਸਨਮੁਖ ਆਉਣ ਉੱਤੇ ਰਾਜ਼ੀ ਨਾ ਹੋਏ। ਪੰਜਾਬੀ ਕੌਮ ਦਾ ਅੰਦੋਲਨ ਵੀ ਏਸੇ ਲਈ ਕੁਝ ਮਹੀਨਿਆਂ ਵਾਸਤੇ ਮੁਲਤਵੀ ਹੋ ਗਿਆ।

ਏਨੇ ਵਿਚ ਔਗਲੀਊ ਦੀ ਭੇਜੀ ਚਿੱਠੀ ਉੱਤੇ ਅਮਲ ਕਰਦਿਆਂ ਬਨੂੰ ਤੋਂ ਐਡਵਰਡ ਨੇ ਮਾਰਚ ਸ਼ੁਰੂ ਕਰ ਦਿਤਾ। ਉਸ ਪਠਾਣਾਂ ਵਿਚ ਸਿੱਖਾਂ ਤੇ ਹਿੰਦੂਆਂ ਦੇ ਬਰਖ਼ਿਲਾਫ਼ ਪ੍ਰਚਾਰ ਕੀਤਾ ਤੇ ਦੋ ਢਾਈ ਹਜ਼ਾਰ ਪਠਾਣ ਲੜਨ ਵਾਸਤੇ ਤਿਆਰ ਹੋ ਗਏ। ਹੌਲੀ ਹੌਲੀ ਹੋਰ ਪਠਾਣ ਵੀ ਉਹਦੇ ਨਾਲ ਮਿਲਦੇ ਗਏ।

ਲਗ ਭਗ ਸੌ ਸਾਲਾਂ ਪਿਛੋਂ ਅੱਜ ਪਠਾਣਾਂ ਨੂੰ ਸਿੱਖਾਂ ਤੇ ਹਿੰਦੂਆਂ ਦੇ ਸਨਮੁਖ ਲੜਨ ਦਾ ਫਿਰ ਮੌਕਾ ਮਿਲਿਆ ਸੀ। ਉਹ ਖ਼ੁਸ਼ ਸਨ। ਉਹਨਾਂ ਦੇ ਸੀਨਿਆਂ ਵਿਚ ਪੁਰਾਣੇ ਸਮਿਆਂ ਦੀਆਂ ਯਾਦਾਂ ਮਚਲਣ ਲਗੀਆਂ। ਕਿਵੇਂ ਉਹ ਪੱਛਮ ਉੱਤਰੀ ਪਹਾੜਾਂ ਵਿਚੋਂ ਉਤਰਦੇ ਸਨ ਤੇ ਲਹਿ ਲਹਿ ਕਰਦੇ ਖੇਤਾਂ ਨੂੰ ਬਰਬਾਦ ਕਰ ਦੇਂਦੇ ਸਨ। ਕਿਵੇਂ ਉਹਨਾਂ ਦੇ ਘੋੜਿਆਂ ਦੀ ਧੂੜ ਵਿਚ ਹਿੰਦੂ ਤੇ ਸਿੱਖ ਜਾਤੀਆਂ ਦੀ ਇੱਜ਼ਤ ਤੇ ਆਬਰੋ ਗੁੰਮ ਜਾਂਦੀ ਸੀ। ਕਿਵੇਂ ਉਹ ਜਵਾਨ ਜਹਾਨ ਧੀਆਂ ਨੂੰਹਾਂ ਨਾਲ ਅੱਸ਼ਾਂ ਕਰਦੇ ਸਨ : ਉਹ ਦਿਨ...। ਹਾਂ, ਉਹਨਾਂ ਨੂੰ ਯਾਦ ਆਏ ਉਹ ਦਿਨ। ਉਹ ਦਿਨ ਕੇਡੇ ਸੋਹਣੇ ਤੇ ਰੰਗੀਲੇ ਸਨ। ਫਿਰ ਇਹਨਾਂ ਨਿਕਰਮੇਂ ਸਿੱਖਾਂ ਨੇ ਜ਼ੋਰ ਫੜ ਲਿਆ ਤੇ ਲਗੇ ਉਹਨਾਂ ਨੂੰ ਦਬਾਣ। ਸਾਰਾ ਪਿਸ਼ਾਵਰ, ਸਾਰਾ ਬਨੂੰ, ਸਾਰਾ ਮਰਦਾਨ, ਸਾਰਾ ਹਜ਼ਾਰਾ ਇਹਨਾਂ ਨੇ ਮਲ ਲਿਆ। ਇਹਨਾਂ ਖ਼ੈਬਰ ਵਿਚ ਵੀ ਸਾਨੂੰ ਗ਼ੁਲਾਮ ਬਣਾ ਲਿਆ। ਇਹ ਅੰਗਰੇਜ਼ੀ ਲਸ਼ਕਰਾਂ ਨਾਲ ਜਲਾਲਾਬਾਦ, ਕਾਬਲ ਤੇ ਗ਼ਜ਼ਨੀ ਤਕ ਪਹੁੰਚੇ। ਇਹਨਾਂ ਕਾਫ਼ਰਾਂ ਨੇ ਸਾਡਾ ਵਤਨ ਨਾਪਾਕ ਕਰ ਦਿਤਾ। ਪਰ ਅੱਜ ਸਮੇਂ ਬਦਲ ਗਏ ਸਨ। ਪਰ ਇਹ ਅੰਗਰੇਜ਼ਾਂ ਦੇ ਨਾਲ ਸਨ ਤੇ ਅੰਗਰੇਜ਼ ਸਿੱਖਾਂ ਦੇ ਵਿਰੁਧ। ਅੱਜ ਗਿਣ ਗਿਣ ਕੇ ਬਦਲੇ ਲਏ ਜਾਣਗੇ। ਅੱਜ ਬੀਤੇ ਸਮੇਂ ਮੁੜ ਕੇ ਸੁਰਜੀਤ ਹੋਣਗੇ।

ਇਸ ਤਰ੍ਹਾਂ ਸੋਚਣ ਵਾਲੇ ਪਠਾਣ ਅਨੇਕ ਸਨ, ਪਰ ਅਨੇਕ ਪਠਾਣ ਉਹ ਵੀ ਸਨ, ਇਸ ਦੇ ਬਿਲਕੁਲ ਉਲਟ ਸੋਚਦੇ। ਇਹਨਾਂ ਪਠਾਣਾਂ ਨੇ ਪਿਛਲੇ ਸੌ ਸਾਲਾਂ ਵਿਚ ਸਿੱਖਾਂ ਦੀ ਸੂਰਮਗਤੀ ਤੇ ਉਹਨਾਂ ਦੇ ਉੱਚ ਆਚਰਣ ਨੂੰ ਸਿੰਞਾਤਾ ਸੀ। ਇਹਨਾ ਪਠਾਣਾਂ ਨੇ ਸਿੱਖ ਮਜ਼ਹੱਬ ਦ ਮਹਾਨ ਗੁਣ ਜਾਚੇ ਸਨ। ਕਿਹੜੇ ਪਠਾਣ ਕੋਲੋਂ ਭੁੱਲੀ ਹੋਈ ਸੀ, ਸ਼ੇਰੇ-ਪੰਜਾਬ ਦੀ ਸਖ਼ਾਵਤ। ਉਹਦੀ ਪਾਰਸਾਈ ਉਹਦੀ ਦਰਿਆ ਦਿੱਲੀ। ਉਹਦਾ ਹਿੰਦੂ ਮੁਸਲਮਾਨ ਨੂੰ ਇਕ ਅੱਖ ਨਾਲ ਵੇਖਣਾ ? ਇਹਨਾਂ ਸੌ ਸਾਲਾਂ ਵਿਚ ਪਠਾਣਾਂ ਨੇ ਹਿੰਦੂਆਂ ਦੀ ਹਲੀਮੀ, ਉਹਨਾਂ ਦੀ ਪਵਿੱਤਰਤਾ, ਉਹਨਾਂ ਦੀ ਗਣਿਤ ਵਿਦਵਤਾ, ਵਿਗਿਆਨਕ ਤੇ ਦਾਰਸ਼ਨਿਕਤਾ, ਸੂਝ ਤੇ ਉਹਨਾਂ ਦੇ ਭਰਾਤਰੀ ਭਾਵ ਦੀ ਸਪਿਰਟ ਵੇਖੀ ਸੀ। ਇਹਨਾਂ ਸੌ ਸਾਲਾਂ ਵਿਚ ਜੋਤੂਆਂ ਵ ਗ ਨਹੀਂ, ਪਰ ਸ਼ਹਿਰੀ ਮਿੱਤਰਾਂ ਵਾਂਗ ਉਹ ਸਿੱਖਾਂ ਤੇ ਹਿੰਦੂਆਂ ਨਾਲ ਰਲੇ ਮਿਲੇ ਸਨ ਤੇ ਇਉਂ ਦੂਜੀਆਂ ਜਾਤੀਆਂ ਵਾਸਤੇ ਆਦਰ ਤੇ ਇੱਜ਼ਤ ਤੇ ਪਿਆਰ ਉਤਪੰਨ ਹੋਇਆ ਸੀ।

ਕਈ ਪਠਾਣ ਅੰਗਰੇਜ਼ਾਂ ਦੀ ਸਾਮਰਾਜੀ ਨੀਤੀ ਨੂੰ ਵੀ ਸਮਝਦੇ ਸਨ। ਉਹ ਵੇਖ ਰਹੇ ਸਨ ਕਿ ਕਿਵੇਂ ਆਪਣਾ ਉੱਲੂ ਸਿੱਧਾ ਕਰਨ ਵਾਸਤੇ ਇਹ ਕਦੀ ਅਫ਼ਗਾਨਾਂ ਦੇ ਵਿਰੁਧ ਹਨ ਤੇ ਕਦੀ ਸਿੱਖਾਂ ਦੇ। ਅੱਜ ਕਲ੍ਹ ਇਹ ਮਜ਼ਹੱਬ ਦੀ

Scanned by CamScanner

ਬਿਨਾ ਉੱਤੇ ਭਿੰਨ ਜਾਤੀਆਂ ਨੂੰ ਪਾੜ ਰਹੇ ਸਨ। ਇਹ ਆਦਮੀ ਭਵਿੱਖਤ ਫਲ ਵੇਖਦੇ ਸੋਚਦੇ ਕਿ ਅੰਤ ਸਾਡੀ ਨਿਜਾਤ ਇਕਮੁੱਠ ਰਹਿਣ ਵਿਚ ਹੀ ਹੈ।

ਇਹਨਾਂ ਪਠਾਣਾਂ ਨੇ ਆਪਣੇ ਹਮਜੋਲੀਆਂ ਨੂੰ ਐਡਵਰਡ ਤੇ ਕੌਰਟਲੈਂਡ ਵਰਗੇ ਆਦਮੀਆਂ ਦਾ ਸਾਥ ਦੇਣ ਤੋਂ ਰੋਕਿਆ, ਪਰ ਕਈ ਤੇਜ਼ ਦਿਮਾਗ ਆਦਮੀ ਰੁਕੇ ਨਾ ਰਹੇ ਤੇ ਅੰਤ ਐਡਵਰਡ ਤੇ ਕੌਰਟਲੈਂਡ ਕੋਲ ਮੁਲਤਾਨ ਦੇ ਸਾਹਮਣੇ ਪੰਦਰਾਂ ਸੌਲਾਂ ਹਜ਼ਾਰ ਫ਼ੌਜ ਹੋ ਗਈ।

ਐਡਵਰਡ ਏਸ ਦੌਰਾਨ ਵਿਚ ਕਰੀ ਨੂੰ ਚਿੱਠੀਆਂ ਲਿਖ ਰਿਹਾ ਸੀ ਕਿ ਉਹ ਉਹਦੀ ਮਦਦ ਵਾਸਤੇ ਫ਼ੌਜ ਭੇਜੇ। ਉਹਦਾ ਦਾਅਵਾ ਸੀ ਥੋੜੀ ਜਿਹੀ ਹੋਰ ਫ਼ੌਜ ਦੀ ਮਦਦ ਨਾਲ ਉਹ ਮੁਲਤਾਨ ਨੂੰ ਸਰ ਕਰ ਸਕਦਾ ਹੈ। ਕਰੀ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ। ਇਕ ਹੱਥ ਗਫ਼ ਤੇ ਡਲਹੌਜ਼ੀ ਸਰਦੀਆਂ ਤਕ ਲੜਾਈ ਮੁਲਤਵੀ ਕਰਨਾ ਚਾਹੁੰਦੇ ਸਨ ਤੇ ਦੂਜੇ ਹੱਥ ਐਡਵਰਡ ਸਿਰਫ਼ ਥੋੜੀ ਜਿਹੀ ਕੁਮਕ ਮਿਲਣ ਨਾਲ ਮੁਲਤਾਨ ਨੂੰ ਸਰ ਕਰਨ ਦਾ ਦਾਅਵਾ ਕਰ ਰਿਹਾ ਸੀ।

ਜਿਉਂ ਜਿਉਂ ਦਿਨ ਗੁਜ਼ਰਦੇ ਗਏ ਕਰੀ ਨੂੰ ਮਹਿਸੂਸ ਹੁੰਦਾ ਗਿਆ ਕਿ ਉਹ ਬਗ਼ਾਵਤ, ਬਗ਼ਾਵਤ ਨਹੀਂ ਇਕ ਤਰ੍ਹਾਂ ਦਾ ਕੌਮੀ ਅੰਦੋਲਨ ਹੈ। ਉਹਨੇ ਵੇਖਿਆ ਕਿ ਉਹਦੇ ਦਵਾਲੇ ਜੁੜੇ ਸਰਦਾਰਾਂ ਤੇ ਖ਼ਾਸ ਕਰ ਕੇ ਰਾਜਾ ਸ਼ੇਰ ਸਿੰਘ ਦਾ ਵਰਤਾ ਕੁਝ ਬਦਲ ਗਿਆ ਹੈ। ਉਹਨੇ ਵੇਖਿਆ ਕਿ ਸਾਰੇ ਲਾਹੌਰ ਤੇ ਸਾਰੇ ਪੰਜਾਬ ਵਿਚ ਇਕ ਤਰ੍ਹਾਂ ਦਾ ਜੋਸ਼ ਖਿਲਰ ਰਿਹਾ ਹੈ ਤੇ ਉਹਦੇ ਕੋਲੋਂ ਇਹ ਵੀ ਗੁੱਝਾ ਨਾ ਰਿਹਾ ਕਿ ਇਸ ਜੋਸ਼ ਦਾ ਕੇਂਦਰ ਮਹਾਰਾਣੀ ਜਿੰਦ ਕੌਰ ਹੈ। ਹਰ ਛੋਟਾ ਮੋਟਾ ਆਦਮੀ ਮਹਾਰਾਣੀ ਜਿੰਦ ਕੌਰ ਨੂੰ ਆਪਣਾ ਅਸਲੀ ਆਗੂ ਤੇ ਨੇਤਾ ਸਮਝਦਾ। ਉਸ ਵੇਖਿਆ ਕਿ ਜਿੰਦ ਕੌਰ ਕੌਮ ਦੀਆਂ ਆਜ਼ਾਦ ਰੁਚੀਆਂ ਦੀ ਪਰੇਰਨਾ ਹੈ। ਜਿੰਦ ਕੌਰ ਬਹਾਦਰ ਪੰਜਾਬ ਦੀ ਨਿੱਜੀ ਸਵਤੰਤਰਤਾ ਦੀਆਂ ਚਾਹਾਂ ਦਾ ਕੇਂਦਰ ਹੈ। ਜਿੰਦ ਕੌਰ, ਆਪਣੀ ਅਜਿੱਤ ਸਪਿਰਟ ਤੇ ਮਜ਼ਬੂਤ ਆਚਰਨ ਨਾਲ, ਸਭ ਹਿੰਦੂਆਂ ਮੁਸਲਮਾਨਾਂ ਤੇ ਸਿੱਖਾਂ ਦਾ ਚਾਨਣ ਮੁਨਾਰਾ ਹੈ।

ਕੁਝ ਹੋਰ ਕਰਨ ਤੋਂ ਪਹਿਲਾਂ ਉਸ ਮਹਾਰਾਣੀ ਜਿੰਦ ਕੌਰ ਨੂੰ ਦੇਸ ਨਿਕਾਲਾ ਦੇਣਾ ਮੁਨਾਸਬ ਸਮਝਿਆ। ਗਵਰਨਰ ਜਨਰਲ ਨਾਲ ਸਲਾਹ ਹੋਈ ਤੇ ਪੰਦਰਾਂ ਮਈ, ੧੮੪੮ ਵਾਲੇ ਦਿਨ ਜਿੰਦ ਕੌਰ ਨੂੰ ਦੇਸ ਨਿਕਾਲਾ ਦਿਤਾ ਗਿਆ।

ਕਰੀ ਤੇ ਗਵਰਨਰ ਜਨਰਲ ਦਾ ਖ਼ਿਆਲ ਸੀ ਕਿ ਮਹਾਰਾਣੀ ਦਾ ਦੇਸ ਨਿਕਾਲਾ ਪੰਜਾਬ ਉੱਤੇ ਸੁਖਾਵਾਂ ਅਸਰ ਪਾਏਗਾ। ਜੇ ਇਹ ਚਾਨਣ-ਮੁਨਾਰਾ ਸਾਹਮਣ ਨਾ ਹੋਇਆ ਤਾਂ ਲੋਕਾਂ ਦੇ ਸੁਪਨੇ ਤੇ ਉਹਨਾਂ ਦੀਆਂ ਚਾਹਾਂ ਸ਼ਾਇਦ ਮਾਂਦ ਪੈ ਜਾਣ। ਜੇ ਮੱਧ ਹੀ ਨਾ ਰਿਹਾ ਤਾਂ ਕਿਸ ਦੇ ਦਵਾਲੇ ਆਜ਼ਾਦੀ ਦਾ ਅੰਦੋਲਨ ਘੁੰਮੇਗਾ ?

ਪਰ ਪੰਜਾਬੀ ਕੌਮ ਦੀ ਆਜ਼ਾਦੀ ਵਾਸਤੇ ਲਾਲਸਾ ਅੰਨੀ ਕੱਚੀ ਨਹੀਂ ਸੀ। ਮਹਾਰਾਣੀ ਜਿੰਦ ਕੌਰ ਦੇ ਦੇਸ਼ ਨਿਕਾਲੇ ਨੇ ਕੌਮੀ ਤਾਕਤਾਂ ਨੂੰ ਸਗੋਂ ਹੋਰ ਮਜ਼ਬੂਤ ਤੇ ਸੰਗਠਿੱਤ ਕਰ ਦਿਤਾ। ਇਸ ਦੇਸ਼ ਨਿਕਾਲੇ ਨੇ ਜਨਤਾ ਨੂੰ ਸਗੋਂ ਹੋਰ ਭੜਕਾ ਦਿਤਾ। ਉਧਰ ਜੂਨ, ੧੮੪੮ ਵਿਚ ਐਡਵਰਡ ਮੁਲਤਾਨ ਦੇ ਲਾਗੇ ਪਹੁੰਚ ਗਿਆ। ਬਹਿਰ ਦੇ ਬਾਹਰ ਮੂਲ ਰਾਜ ਨਾਲ ਉਹਦੀ ਲੜਾਈ ਹੋਈ ਤੇ ਮੂਲ ਰਾਜ ਹਾਰ ਗਿਆ। ਹੁਣ ਐਡਵਰਡ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ।

ਇਹ ਖ਼ਬਰ ਸੁਣ ਕੇ ਕਰੀ ਦਾ ਹੌਸਲਾ ਵਧ ਗਿਆ। ਉਹ ਖ਼ੁਸ਼ ਹੋਇਆ ਤੇ ਉਹਨੂੰ ਸੁਝੀ ਕਿ ਅੰਤ ਐਡਵਰਡ ਦੀ ਸਲਾਹ ਮੰਨਣ ਦਾ ਸਮਾਂ ਆ ਗਿਆ ਹੈ। ਹੁਣ ਉਹ ਬਿਨਾਂ ਕਿਸੇ ਡਰ ਤੇ ਝੱਕੇ ਦੇ ਐਡਵਰਡ ਦੀ ਫ਼ੌਜ ਵਾਸਤੇ ਮਦਦ ਭੇਜ ਸਕਦਾ ਹੈ। ਬਗ਼ਾਵਤ ਦੇ ਖਿਲਰਨ ਦਾ ਡਰ ਘਟ ਗਿਆ ਹੈ।

ਉਸ ਉਸੇ ਦਿਨ ਆਪਣੀ ਜ਼ਿਮੇਵਾਰੀ ਉੱਤੇ ਲਾਹੌਰ ਵਿਚ ਮੁਕੀਮ, ਗੋਰਾ ਬਰੀਗੇਡ ਨੂੰ ਮੁਲਤਾਨ ਵਲ ਮਾਰਚ ਕਰਨ ਦਾ ਹੁਕਮ ਦਿਤਾ। ਜਦੋਂ ਇਹ ਸੋਅ ਗਵਰਨਰ ਜਨਰਲ ਤੇ ਗਫ਼ ਤਕ ਪਹੁੰਚੀ ਤਾਂ ਉਹਨਾਂ ਨੇ ਕਰੀ ਨੂੰ, ਉਹਦੇ ਕਦਮ ਤੋਂ ਨਿਕਲਦੇ ਨਤੀਜਿਆਂ ਦਾ ਜ਼ਿਮੇਵਾਰ ਠਹਿਰਾਇਆ। ਉਹਨਾਂ ਨੂੰ ਡਰ ਸੀ ਕਿਤੇ ਇਹ ਸਾਰੀ ਗੋਰਾ ਸੈਨਾ, ਹੋਰ ਹੋਰ ਕੌਮੀ ਅੰਦੋਲਨ ਨਾਲ ਮਿਲਦੇ ਸਰਦਾਰਾਂ ਤੇ ਸਿਪਾਹੀਆਂ ਦੇ ਸਨਮੁਖ, ਮਾਰੀ ਨਾ ਜਾਏ।

ਬੇਸ਼ਕ ਸੈਨਾਪਤੀ ਤੇ ਗਵਰਨਰ ਜਨਰਲ ਨੇ ਰੈਜ਼ੀਡੈਂਟ ਨੂੰ ਖ਼ਤਰਨਾਕ ਨਤੀਜਿਆਂ ਦਾ ਜ਼ਿਮੇਵਾਰ ਠਹਿਰਾਇਆ ਸੀ ਪਰ ਫਿਰ ਵੀ ਚੁੱਪ ਕਰ ਕੇ ਬੈਠ ਨਹੀਂ ਸਨ ਸਕਦੇ। ਆਪਣੇ ਮਾਤਹਿਤਾਂ ਦੇ ਫ਼ੈਸਲਿਆਂ ਦੀ ਕੁਝ ਨਾ ਕੁਝ ਜ਼ਿਮੇਵਾਰੀ ਆਲ੍ਹਾ ਅਫ਼ਸਰਾਂ ਨੂੰ ਸਵੀਕਾਰ ਕਰਨੀ ਹੀ ਪੈਂਦੀ ਹੈ। ਉਹਨਾਂ ਨੇ ਫ਼ੈਸਲਾ ਕੀਤਾ ਕਿ ਫ਼ੀਰੋਜ਼ਪੁਰ ਦੀ ਬਰੀਗੇਡ ਵੀ ਲਾਹੌਰ ਦੇ ਬਰੀਗੇਡ ਦੀ ਮਦਦ ਵਾਸਤੇ ਨੀਯਤ ਕੀਤੀ ਜਾਏ। ਇਸ ਤਰ੍ਹਾਂ ਲਾਹੌਰ ਬਰੀਗੇਡ ਦੇ ਕਮਾਨ ਅਫ਼ਸਰ, ਜਰਨੈਲ ਵਿੰਡ

Scanned by CamScanner

ਦੇ ਬੱਲੇ, ਸਾਢੇ ਸੱਤ ਹਜ਼ਾਰ ਪੈਦਲ ਸਿਪਾਹੀ, ਜਿਨ੍ਹਾਂ ਵਿਚ ਦੋ ਗੋਰਾ ਪਲਟਣਾਂ ਵੀ ਸ਼ਾਮਲ ਸਨ ਤੇ ਬਣਦਾ ਫਥਦਾ ਤੋਪਖ਼ਾਨਾ, ਸਫ਼ਰਮੈਨਾ ਰਸਦ ਪਾਣੀ ਦੇ ਤੇ ਬਾਕੀ ਦੇ ਸਹਾਇਕ ਦਸਤੇ ਹੋ ਗਏ ।

ਇਸ ਤੋਂ ਇਲਾਵਾ ਕਰੀ ਨੇ ਇਹ ਵੀ ਫ਼ੈਸਲਾ ਕੀਤਾ ਕਿ ਸਰਦਾਰ ਸ਼ੇਰ ਸਿੰਘ ਦੇ ਬੱਲੇ ਕੁਝ ਹੋਰ ਸੈਨਾ ਵੀ ਮੁਲਤਾਨ ਭੇਜੀ ਜਾਏ । ਪਰ ਮੁਲਤਾਨ ਪਹੁੰਚਣ ਤੋਂ ਪਹਿਲੇ ਸ਼ੇਰ ਸਿੰਘ ਨੂੰ ਕਿਹਾ ਗਿਆ, ਕਿ ਉਹ ਤੋਲੰਬੇ ਕਿਆਮ ਕਰੇ ਤੇ ਅਗਲੇ ਹੁਕਮਾਂ ਨੂੰ ਉਡੀਕੇ । ਸਿਰਫ਼ ਲੋੜ ਪੈਣ ਉੱਤੇ ਹੀ ਉਹਨੂੰ ਮੁਲਤਾਨ ਸੱਦਿਆ ਜਾਏਗਾ । ਪਰ ਸ਼ੇਰ ਸਿੰਘ ਇਹਨਾਂ ਹੁਕਮਾਂ ਦੀ ਪ੍ਰਵਾਹ ਨਾ ਕਰਦਾ ਹੋਇਆ ਜੁਲਾਈ ਵਿਚ ਮੁਲਤਾਨ ਪੁਜ ਗਿਆ । ਜਰਨੈਲ ਵਿੱਸ਼ ਅਠਾਰਾਂ ਅਗਸਤ ਨੂੰ ਉੱਥੇ ਪੁਜਾ ਤੇ ਬਰੀਗੇਡੀਅਰ ਸਾਲਟਰ, ਡੀਰੇਚਪੁਰ ਦੀ ਬਰੀਗੇਡ ਨਾਲ, ਉਨੀਂ ਅਗਸਤ ਨੂੰ ।

ਜਰਨੈਲ ਵਿੱਸ਼ ਨੇ ਹਾਲਾਤ ਦਾ ਜਾਇਜ਼ਾ ਲਿਆ ਤੇ ਕਿਲ੍ਹੇ ਦਾ ਮੁਆਇਨਾ ਕੀਤਾ । ਉਹਦੇ ਖ਼ਿਆਲ ਅਨੁਸਾਰ, ਐਡਵਰਡ ਤੇ ਉਹਦੀ ਆਪਣੀ ਸੈਨਾ ਮਿਲ ਕੇ ਵੀ, ਕਿਲ੍ਹੇ ਉੱਤੇ ਆਸਾਨੀ ਨਾਲ ਕਬਜ਼ਾ ਨਹੀਂ ਸੀ ਕਰ ਸਕਦੀ । ਹਰ ਹਾਲਤ ਵਿਚ ਅਜੇ ਤਕ ਭਾਰੀਆਂ ਤੋਪਾਂ ਨਹੀਂ ਸਨ ਪੁਜੀਆਂ ਤੇ ਉਸ ਸਮੇਂ ਝਕ ਉਡੀਕ ਅਵੱਸ਼ਕ ਸੀ । ਚਾਰ ਸਤੰਬਰ ਨੂੰ ਇਹ ਤੋਪਾਂ ਉੱਥੇ ਪੁਜੀਆਂ ।

ਏਨੇ ਵਿਚ ਸਰਦਾਰ ਚਤਰ ਸਿਘ ਦੇ ਹਰੀਪੁਰ ਵਿਚ ਕੌਮੀ ਅੰਦੋਲਨ ਦੇ ਮੋਹਰੀ ਬਣਨ ਦੀ ਖ਼ਬਰ ਪੁਜੀ ਤੇ ਸਰਦਾਰ ਸ਼ੇਰ ਸਿੰਘ ਸੋਚਣ ਲਗਾ । ਉਹ ਸੋਚਣ ਲਗਾ ਕਿ ਹੁਣ ਕੀ ਕੀਤਾ ਜਾਵੇ ?

ਸ਼ੇਰ ਸਿੰਘ ਦੇ ਆਚਰਣ ਵਿਚ ਜੇ ਇਰਾਦੇ ਬਣਾਨ ਦੀ ਘਾਟ ਨਹੀਂ ਸੀ ਤਾਂ ਉਹਨਾਂ ਉੱਤੇ ਦ੍ਰਿੜ੍ਹਤਾ ਨਾਲ ਅਮਲ ਕਰਨ ਦੀ ਘਾਟ ਜ਼ਰੂਰ ਸੀ । ਜੇ ਇਹ ਕਹੀਏ ਕਿ ਮੁਲਤਾਨ ਵਿਚ ਸ਼ੁਰੂ ਹੋਇਆ ਕੌਮੀ ਅੰਦੋਲਨ ਉਹਦੀ ਜਾਣਕਾਰੀ, ਜਾਂ ਇਉਂ ਕਿ ਉਹਦੀ ਸਲਾਹ ਤੇ ਅਗਵਾਈ ਬੱਲੇ ਸਰ ਹੋਇਆ ਸੀ, ਤਾਂ ਅਤਿਕਥਨੀ ਨਹੀਂ ਹੋਵੇਗੀ । ਇਹਦੇ ਵਿਚ ਵੀ ਸ਼ਕ ਨਹੀਂ ਕਿ ਉਹਦਾ ਦਿਲ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਖ਼ਲਾਸੀ ਪਾਣ ਲਈ ਤੜਪ ਰਿਹਾ ਸੀ । ਉਹਨੂੰ ਮਹਾਰਾਣੀ ਜਿੰਦ ਕੌਰ ਦੇ ਦੇਸ਼-ਨਿਕਾਲੇ ਨੇ ਝੜਕਾ ਦਿਤਾ ਸੀ ਤੇ ਉਹ ਇਹ ਵੀ ਵੇਖ ਰਿਹਾ ਸੀ ਕਿ ਉਹਦੇ ਆਪਣੇ ਸਿਪਾਹੀ ਵੀ ਕਾਬੂ ਤੋਂ ਬਾਹਰ ਹੋ ਰਹੇ ਹਨ, ਪਰ ਅੱਜ ਉਹ ਫਿਰ ਵੀ ਝਿਜੱਕ ਰਿਹਾ ਸੀ ।

ਸ਼ਾਇਦ ਇਹ ਝਿਜੱਕ ਕੁਦਰਤੀ ਹੈ । ਇਹੋ ਜਿਹੀ ਝਿਜੱਕ ਹੀ ਪਹਿਲੇ ਮੂਲ ਰਾਜ ਵਿਚ ਸੀ । ਇਹ ਝਿਜੱਕ ਅੰਤਰ-ਆਤਮੇ ਮੌਜੂਦ ਉਨ੍ਹਾਂ ਸ਼ੰਕਿਆਂ ਦੀ ਸੂਚਕ ਹੈ, ਜਿਹੜੇ ਸ਼ੰਕੇ ਕਿ ਭਵਿੱਖਤ ਨੂੰ ਅਨਿਸਚਿਤ ਬਣਾਉਂਦੇ ਸਨ । ਮਨੁੱਖ ਸੋਚਦਾ ਹੈ ਕਿ ਕੀ ਸੋਚ ਰਹੇ ਹਾਂ ਤੇ ਕੀ ਹੋ ਜਾਵੇ । ਉਹਨੂੰ ਡਰ ਲਗਦਾ ਹੈ ਕਿ ਕਿਤੇ ਹਾਲਾਤ ਅੱਗੇ ਨਾਲੋਂ ਵੀ ਖ਼ਰਾਬ ਨਾ ਹੋ ਜਾਣ ।

ਪਰ ਜਿਥੇ ਇਹ ਝਿਜੱਕ ਆਮ ਆਦਮੀ ਨੂੰ ਮੁਆਫ਼ ਕੀਤੀ ਜਾ ਸਕਦੀ ਹੈ, ਉੱਥੇ ਇਕ ਨੇਤਾ ਤੇ ਕੌਮੀ ਲੀਡਰ ਨੂੰ ਇਹ ਝਿਜੱਕ ਸ਼ੋਭਾ ਨਹੀਂ ਦੇਂਦੀ ! ਇਕ ਕੌਮੀ ਨੇਤਾ ਸਾਹਮਣੇ ਆਪਣੇ ਆਦਰਸ਼ ਹੋਣੇ ਚਾਹੀਦੇ ਹਨ ਤੇ ਉਹਨਾਂ ਆਦਰਸ਼ਾਂ ਤਕ ਪਹੁੰਚਣ ਦੀ ਦ੍ਰਿੜ੍ਹਤਾ । ਜੇ ਰਾਹ ਵਿਚ ਔਕੜਾਂ ਹਨ ਤਾਂ ਕੀ ? ਜੇ ਭਵਿੱਖ ਅਨਿਸਚਿਤ ਹੈ ਤਾਂ ਕੀ ?

ਇਕ ਫ਼ੌਜੀ ਨੇਤਾ ਵਾਸਤੇ ਵੀ ਇਹ ਝਿਜੱਕ ਯੋਗ ਨਹੀਂ । ਫ਼ੌਜੀ ਨੇਤਾ ਨੇ ਜਾਂ ਤਾਂ ਕੰਮ ਨੂੰ ਹੱਥ ਪਾਉਣਾ ਹੈ ਜਾਂ ਨਹੀਂ । ਜਦੋਂ ਇਕ ਵਾਰੀ ਤਲਵਾਰ ਠਹਿਕ ਪਈ, ਤਾਂ ਫਿਰ ਝਿਜੱਕ ਕਿਹੀ, ਸ਼ੱਕ ਕਹੇ ?

ਮੂਲ ਰਾਜ ਨੇ ਆਪਣੀ ਪਹਿਲੀ ਝਿਜੱਕ ਤੋਂ ਆਪਣੇ ਆਪ ਨੂੰ ਜਲਦੀ ਹੀ ਸੁਰੱਖਿਅਤ ਕਰ ਲਿਆ ਸੀ । ਉਹਦੇ ਸਿਰ ਉੱਤੇ ਅੰਦੋਲਨ ਦੇ ਮੋਹਰੀ ਹੋਣ ਦਾ ਸਿਹਰਾ ਹੈ ਤੇ ਅੱਜ ਸ਼ੇਰ ਸਿੰਘ ਦੇ ਸੁਰੱਖਿਅਤ ਹੋਣ ਦਾ ਸਮਾਂ ਸੀ ।

ਪਰ ਸ਼ੇਰ ਸਿੰਘ ਨੂੰ ਸੁਰੱਖਿਅਤ ਕੀਤਾ, ਉਹਦੇ ਪਿਤਾ ਚਤਰ ਸਿੰਘ ਨੇ । ਚਤਰ ਸਿੰਘ ਉਹਨਾਂ ਆਦਰਸ਼ਕ ਨੇਤਾਵਾਂ ਵਿਚੋਂ ਸੀ, ਜਿਨ੍ਹਾਂ ਨੂੰ ਸ਼ੱਕ ਤੇ ਸ਼ੰਕੇ ਤੇ ਝਿਜੱਕਾਂ ਨਹੀਂ ਖਾਂਦੀਆਂ । ਚਤਰ ਸਿੰਘ ਉਹ ਆਦਮੀ ਸੀ, ਜਿਹਦੇ ਮਨ ਵਿਚ ਜਦੋਂ ਕੋਈ ਗੱਲ ਆ ਜਾਵੇ, ਉਹ ਕਰ ਕੇ ਹੀ ਰਹਿੰਦਾ । ਚਤਰ ਸਿੰਘ ਤੇ ਮਹਾਰਾਣੀ ਜਿੰਦ ਕੌਰ, ਸ਼ੇਰੇ-ਪੰਜਾਬ ਦੇ ਸਕੂਲ ਦੇ ਪੜ੍ਹੇ ਹੋਏ ਮਨੁੱਖ ਸਨ । ਇਹਨਾਂ ਸ਼ਖ਼ਸੀਅਤਾਂ ਵਿਚ ਉਹ ਦ੍ਰਿੜ੍ਹਤਾ ਸੀ, ਜਿਹੜੀ ਮੁਸ਼ਕਲਾਂ ਤੇ ਭਵਿੱਖ ਦੀ ਅਨਿਸਚਤਤਾ ਸਾਹਮਣੇ ਡੋਲਦੀ ਨਹੀਂ ।

ਅੱਜ ਮਹਾਰਾਣੀ ਜਿੰਦ ਕੌਰ ਪੰਜਾਬ ਵਿਚ ਨਹੀਂ ਸੀ ਤੇ ਚਤਰ ਸਿੰਘ ਨੇ ਮਹਿਸੂਸ ਕੀਤਾ ਕਿ ਕੌਮੀ ਅੰਦੋਲਨ

Scanned by CamScanner

ਦੀ ਲੀਡਰੀ ਹੁਣ ਉਹਦੇ ਉੱਤੇ ਲਾਗੂ ਹੁੰਦੀ ਹੈ। ਉਸ ਵੇਖਿਆ ਕਿ ਜੇ ਹੁਣ ਪੰਜਾਬ ਨਾ ਉਠਿਆ, ਤਾਂ ਫਿਰ ਉਹ ਕਦੀ ਨਹੀਂ ਜਾਗੇਗਾ। ਉਸ ਸੋਚਿਆ ਕਿ ਜੇ ਕੌਮੀ ਅੰਦੋਲਨ ਦੇ ਸ਼ੁਰੂ ਕਰਨ ਦਾ ਕੋਈ ਯੱਗ ਸਮਾਂ ਹੈ ਤਾਂ ਇਹੋ ਹੀ।

ਉਹ ਕੌਮੀ ਤਾਕਤਾਂ ਦਾ ਮੰਹਰੀ ਬਣ ਕੇ ਹਰੀਪੁਰ ਤੋਂ ਟੁਰ ਪਿਆ ਤੇ ਉਸ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਵੀ ਇਕ ਚਿੱਠੀ ਰਾਹੀਂ, ਅੰਦੋਲਨ ਦਾ ਝੰਡਾ ਝੁਲਾਣ ਵਾਸਤੇ ਕਿਹਾ।

ਇਹ ਚਿੱਠੀ ਅਜੀਤ ਸਿੰਘ ਮਾਹਿਲ ਹਰੀਪੁਰ ਤੋਂ, ਸ਼ੇਰ ਸਿੰਘ ਵਾਸਤੇ, ਮੁਲਤਾਨ ਲਿਖਾਇਆ।

੧੬੭

ਸਰਦਾਰ ਚਤਰ ਸਿੰਘ ਨੂੰ ਕਈਆਂ ਨੇ ਹੌੜਿਆ ਤੇ ਸਲਾਹ ਦਿਤੀ ਕਿ ਹੁਣ ਗੋਰਿਆਂ ਵਿਰੁਧ ਅਡਨ ਦਾ ਕੋਈ ਫ਼ਾਇਦਾ ਨਹੀਂ। ਦਿਨੋਂ ਦਿਨ ਬਦਲਦੇ ਹਾਲਾਤ ਨੂੰ ਵੇਖ ਕੇ ਉਹਦੇ ਆਪਣੇ ਨਿਕਟਵਰਤੀ ਵੀ ਨਿਰਾਸ ਹੋ ਗਏ ਲਗਦੇ ਸਨ। ਕਰਨੈਲ ਵਿਸਾਖਾ ਸਿੰਘ ਤੇ ਮੀਆਂ ਮਜੀਦ ਖ਼ਾਨ ਵਰਗੇ ਆਦਮੀ ਵੀ ਕਹਿੰਦੇ ਸਨ :

"ਹੁਣ ਬਾਜ਼ੀ ਹਾਰੀ ਗਈ। ਹੁਣ ਸੱਪ ਨਿਕਲ ਗਿਆ ਹੈ ਤੇ ਲਕੀਰ ਰਹਿ ਗਈ ਹੈ। ਹੁਣ ਕੋਈ ਅੰਦੋਲਨ ਸਫ਼ਲ ਨਹੀਂ ਹੋ ਸਕਦਾ।"

ਪਰ ਬੁੱਢਾ ਚਤਰ ਸਿੰਘ ਉਹਨਾਂ ਨੂੰ ਆਖਦਾ :

"ਨਹੀਂ ਮਿੱਤਰੋ ! ਇਕ ਹੋਰ ਅੰਦੋਲਨ ਆਵੱਸ਼ਕ ਹੈ। ਮੇਰਾ ਅੰਤਹਕਰਨ ਮੈਨੂੰ ਚੈਨ ਨਹੀਂ ਲੈਣ ਦੇਂਦਾ। ਮੈਨੂੰ ਜਾਪਦਾ ਹੈ ਕਿ ਮੈਂ ਆਪਣਾ ਦੇਣਾ ਨਹੀਂ ਚੁਕਾਇਆ। ਜੇ ਮੈਂ ਗੋਰਿਆਂ ਦੇ ਵਿਰੁਧ ਕਦਮ ਨਹੀਂ ਚੁਕਦਾ ਤਾਂ ਮੈਂ ਸਿਰਫ਼ ਆਪਣੇ ਆਪ ਅਗੇ ਹੀ ਝੂਠਾ ਨਹੀਂ ਪੈ ਰਿਹਾ ਸਗੋਂ ਸ਼ੇਰੇ-ਪੰਜਾਬ ਦੀ ਯਾਦ, ਆਪਣੀ ਪਿਆਰੀ ਪੰਜਾਬੀ ਕੌਮ ਤੇ ਆਪਣੇ ਧਰਮ ਅਗੇ ਝੂਠਾ ਪੈ ਰਿਹਾ ਹਾਂ। ਇਤਿਹਾਸ ਵਿਚ ਮੈਨੂੰ ਗ਼ੱਦਾਰ ਤੇ ਕੌਮ ਧਰੋਹੀ ਦੇ ਨਾਵਾਂ ਨਾਲ ਯਾਦ ਕੀਤਾ ਜਾਏਗਾ। ਨਹੀਂ ਸਾਥੀਓ, ਮੈਂ ਇੰਜ ਨਹੀਂ ਕਰ ਸਕਦਾ।"

ਇਕ ਦਿਨ ਮੀਆਂ ਮਜੀਦ ਖ਼ਾਨ ਨੇ ਨੈਣਾਂ ਵਿਚ ਅੱਥਰੂ ਭਰ ਕੇ ਕਿਹਾ : "ਸਰਦਾਰ ਜੀ ! ਮੈਂ ਨਹੀਂ ਸੀ ਜਾਣਦਾ ਕਿ ਫ਼ਰੰਗੀ ਐਨੇ ਚਾਲਾਕ ਨਿਕਲਣਗੇ। ਮੈਂ ਜਾਤਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਥੱਲੇ ਹੋਇਆ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਦਾ ਮੇਲ ਸਦੀਵੀ ਹੋਵੇਗਾ। ਆਖ਼ਰ ਸਾਡੀ ਨਸਲ ਤੇ ਸਾਡੀ ਸਭਿਅਤਾ ਵਿਚ ਹੁਣ ਕੀ ਫ਼ਰਕ ਹੈ। ਅਸੀਂ ਇਕੋ ਤਰ੍ਹਾਂ ਪਹਿਨਦੇ ਹਾਂ, ਇਕੋ ਜਿਹਾ ਖਾਂਦੇ ਹਾਂ, ਸਾਡੀ ਰਹਿਣੀ ਬਹਿਣੀ ਇਕ ਸਮਾਨ ਹੈ। ਸਾਡਾ ਲਹੂ ਇਕ ਹੈ। ਸਾਡਾ ਭਵਿੱਖ ਸਾਂਝਾ ਹੈ। ਪਰ ਗੋਰੇ ਹਨ ਕਿ ਇਹਨਾਂ ਮਜ਼ਹਬ ਦੇ ਨਾਂ ਉੱਤੇ ਸਾਨੂੰ ਆਪਣਾ ਅਸਲਾ ਤੇ ਆਪਣੀ ਮੰਜ਼ਲ ਭੁਲਾ ਦਿਤੀ ਹੈ।"

"ਪਰ ਮੇਰਾ ਅਜੇ ਵੀ ਵਿਸ਼ਵਾਸ ਹੈ ਕਿ ਇਹ ਮਜ਼ਹਬ ਦੀ ਬਿਨਾ ਉੱਤੇ ਸਾਡਾ ਆਪੇ ਵਿਚ ਪਿਆ ਪਾੜ ਦੂਰ ਹੋ ਸਕਦਾ ਹੈ ਜੇ.. ।"

"ਜੇ ਸ਼ੇਰੇ-ਪੰਜਾਬ ਮੁੜ ਕੇ ਲਾਹੌਰ ਦੇ ਤਖ਼ਤ ਉੱਤੇ ਬਿਰਾਜਮਾਨ ਹੋਣ। ਤੁਸੀਂ ਨਹੀਂ ਜਾਣਦੇ ਸਰਦਾਰ ਜੀ ਕਿ ਕਿਵੇਂ ਬੰਨੂੰ ਤੇ ਡੇਰਾ ਇਸਮਾਈਲ ਖ਼ਾਨ ਦੇ ਪਠਾਣ ਅੰਗਰੇਜ਼ਾਂ ਦੀਆਂ ਉਂਗਲਾਂ ਉੱਤੇ ਨੱਚ ਰਹੇ ਹਨ। ਮੈਨੂੰ ਤਾਂ ਇਉਂ

Scanned by CamScanner

ਲਗਦਾ ਹੈ ਸਰਦਾਰ ਸਾਹਿਬ ਕਿ ਜੇ ਫ਼ਰੰਗੀ ਅਸਥਾਈ ਤੌਰ ਉੱਤੇ ਸਾਡੇ ਦੇਸ਼ ਤੇ ਕਾਬਜ਼ ਹੋ ਗਏ ਤਾਂ ਇਹਨਾਂ ਮਜ਼ਹਬੀ ਲੀਹਾਂ ਤੋਂ ਸਾਡੇ ਵਿਚਕਾਰ ਅਜਿਹੀਆਂ ਦੀਵਾਰਾਂ ਖੜੀਆਂ ਕਰ ਦੇਣੀਆਂ ਹਨ ਕਿ ਇਕ ਦਿਨ ਅਸੀਂ ਸਦਾ ਲਈ ਇਕ ਦੂਜੇ ਤੋਂ ਅੱਡਰੇ ਹੋ ਜਾਵਾਂਗੇ।"

'ਏਸੇ ਲਈ ਤਾਂ ਮੈਂ ਕਹਿੰਦਾ ਹਾਂ ਮੀਆਂ ਸਾਹਿਬ ਕਿ ਅਸੀਂ ਫ਼ਰੰਗੀਆਂ ਦੇ ਪੈਰ ਨਾ ਲਗਣ ਦੇਈਏ । ਇਕ ਸਾਂਝਾ ਤਾਣ ਐਸਾ ਲਾਈਏ ਕਿ ਸਾਡੀਆਂ ਜਾਤੀਆਂ ਵਿਚ ਹੁਣ ਤਕ ਪਿਆ ਪਾੜ ਮਿਟ ਜਾਏ।"

"ਮੈਂ ਤੁਹਾਡੇ ਨਾਲ ਹਾਂ, ਸਰਦਾਰ ਸਾਹਿਬ, ਪਰ ਕਿਸ ਤਰ੍ਹਾਂ ? ਕੀ ਚਾਲ ਚਲੀਏ ? ਕਿਵੇਂ ਕੁਝ ਕਰੀਏ ? ਲਾਹੌਰ ਵਿਚ ਤਾਂ ਅੰਗਰੇਜ਼ਾਂ ਦੀ ਹਕੂਮਤ ਸਮਝੋ ਤੇ ਬਾਹਰ ਸੂਬਿਆਂ ਤੇ ਜ਼ਿਲਿਆਂ ਵਿਚ ਵੀ ਉਹ ਸਾਹ ਨਹੀਂ ਲੈਣ ਦੇ'ਦੇ।"

ਚਿੰਤਾਤੁਰ ਚਤਰ ਸਿੰਘ ਬੋਲਿਆ : "ਮੈਨੂੰ ਸਮਝ ਨਹੀਂ ਆਉਂਦੀ ਕਿ ਸ਼ੇਰ ਸਿੰਘ ਕੀ ਕਰ ਰਿਹਾ ਹੈ। ਉਹਦੀਆਂ ਚਿੱਠੀਆਂ ਵੀ ਅਗੇ ਨਾਲੋਂ ਛੋਟੀਆਂ ਤੇ ਕਿਸੇ ਹਦ ਤਕ ਬੇਮੋਹੀਆਂ ਹੁੰਦੀਆਂ ਜਾ ਰਹੀਆਂ ਹਨ। ਕਿਤੇ ਉਹ ਵੀ ਤੁਹਾਡੇ ਜਿਹੇ ਖ਼ਿਆਲ ਤਾਂ ਨਹੀਂ ਅਪਣਾ ਰਿਹਾ ?"

ਮੀਆਂ ਮਜੀਦ ਖ਼ਾਨ ਚੁੱਪ ਰਿਹਾ।

ਇਸ ਤਰ੍ਹਾਂ ਦੇ ਹਾਲਾਤ ਵਿਚ ਚਤਰ ਸਿੰਘ ਨੇ ਅਜੀਤ ਨੂੰ ਹਰੀਪੁਰ ਮੁੜ ਆਉਣ ਦੇ ਉਤੱਜ਼ਿਤੀ ਦੋ ਤਿੰਨ ਸੁਨੇਹੇ ਘੱਲੇ । ਚਤਰ ਸਿੰਘ ਨੂੰ ਜਾਪਦਾ ਕਿ ਜਦੋਂ ਦਾ ਅਜੀਤ ਗਿਆ ਹੈ ਨਿਰਾਸ਼ਾ ਜਨਕ ਤਾਕਤਾਂ ਜ਼ੋਰ ਫੜਦੀਆਂ ਗਈਆਂ ਹਨ। ਅਗੇ ਕਦੀ ਕਰਨੈਲ ਵਿਸਾਖਾ ਸਿੰਘ ਤੇ ਮੀਆਂ ਮਜੀਦ ਖ਼ਾਨ ਇਸ ਤਰ੍ਹਾਂ ਨਹੀਂ ਸਨ ਡੋਲੇ । ਹੁਣ ਤਾਂ ਉਹ ਜਿਵੇਂ ਢੇਰੀ ਢਾਹ ਬੈਠੇ ਹੋਣ । ਜਦੋਂ ਦਾ ਅਜੀਤ ਗਿਆ ਸੀ ਉਹਨੂੰ ਬਾਕੀ ਮੁਆਮਲਿਆਂ ਵਿਚ ਵੀ ਸਫ਼ਲਤਾ ਨਹੀਂ ਸੀ ਹੋ ਰਹੀ। ਗੁਲਾਬ ਸਿੰਘ, ਹੁਣ ਮਹਾਰਾਜਾ ਗੁਲਾਬ ਸਿੰਘ ਵਾਲੀਏ ਰਿਆਸਤ ਜੰਮੂ ਤੇ ਕਸ਼ਮੀਰ, ਨਾਲ਼ ਗੱਲ ਬਾਤ ਦਾ ਕੁਝ ਨਹੀਂ ਸ਼ੀ ਬਣਿਆ। ਚਤਰ ਸਿੰਘ ਸੋਚਦਾ ਕਿ ਗੁਲਾਬ ਸਿੰਘ ਕੋਡਾ ਨੀਚ ਤੇ ਸਵੈ-ਹਿਤੂ ਆਦਮੀ ਹੋਵੇਗਾ । ਸ਼ਾਇਦ ਗੁਲਾਬ ਸਿੰਘ ਤੋਂ ਸਿਵਾਏ ਹੋਰ ਕਿਸੇ ਮਨੁੱਖ ਨੇ ਰਣਜੀਤ ਸਿੰਘ ਦੀਆਂ ਕੀਤੀਆਂ ਨੂੰ ਇਉਂ ਭੁਲਾਇਆ ਨਹੀਂ ਹੋਣਾ। ਉਹਨੂੰ ਲਗਦਾ ਕਿ ਸ਼ਾਇਦ ਧਿਆਨ ਸਿੰਘ ਵੀ ਗੁਲਾਬ ਸਿੰਘ ਜਿੰਨਾ ਮਾੜਾ ਆਦਮੀ ਨਹੀਂ ਸੀ। ਕਿਸੇ ਨਾ ਕਿਸੇ ਹਦ ਤਕ ਉਹਦੇ ਵਿਚ ਰਣਜੀਤ ਸਿੰਘ ਦੀ ਜਾਤ ਵਾਸਤੇ ਆਦਰ ਸੀ । ਘਟੋ ਘਟ ਜਦੋਂ ਤਕ ਰਣਜੀਤ ਸਿੰਘ ਜੀਵਤ ਰਿਹਾ ਤਾਂ ਉਸ ਉਹਦੇ ਅਗੇ ਹਰ ਸਮੇਂ ਸਿਰ ਨਿਵਾਇਆ ਤੇ ਬਿਨਾਂ ਸ਼ੱਕ ਰਾਜ ਪ੍ਰਬੰਧ ਦੇ ਮੁਆਮਲਿਆਂ ਵਿਚ ਆਪਣੇ ਮਾਲਕ ਦੀ ਸੱਚੇ ਦਿਲੋਂ ਤੇ ਓੜਕ ਦੀ ਸਹਾਇਤਾ ਕੀਤੀ। ਪਰ ਇਹ ਗੁਲਾਬ ਸਿੰਘ ਤਾਂ ਮਹਾਰਾਜਾ ਸਾਹਿਬ ਦੇ ਜੀਂਦੇ ਜੀ ਵੀ ਕੁਝ ਨਾ ਕੁਝ ਭੰਨਦਾ ਰਿਹਾ। ਉਹ ਕਦੀ ਰਣਜੀਤ ਸਿੰਘ ਦਾ ਕ੍ਰਿਤਗਯ ਨਾ ਹੋਇਆ।

ਇਕ ਗੱਲੋਂ ਉਹ ਸੋਚਦਾ ਕਿ ਗੁਲਾਬ ਸਿੰਘ ਨਾਲ ਦਿਲ ਫੋਲਣ ਦਾ ਕੋਈ ਲਾਭ ਹੀ ਨਹੀਂ ਸ਼ੀ । ਇਹੋ ਜਿਹੇ ਨੀਚ ਆਦਮੀਆਂ ਵਿਚ ਕੁਰਬਾਨੀ ਦਾ ਜਜ਼ਬਾ ਨਹੀਂ ਹੁੰਦਾ। ਇਹ ਸਿਰਫ਼ ਆਪਣੇ ਨਿੱਜੀ ਲਾਭ ਦੀ ਹੀ ਸੋਚ ਸਕਦੇ ਹਨ।

ਅਮੀਰ ਦੋਸਤ ਮੁਹੰਮਦ, ਗੁਲਾਬ ਸਿੰਘ ਨਾਲੋਂ ਕਿਤੇ ਨਰ ਨਿਕਲਿਆ ਸੀ। ਬੇਸ਼ਕ ਅੰਗਰੇਜ਼ ਉਹਦੇ ਮੁਲਕ ਨੂੰ ਦਬਾ ਰਹੇ ਸਨ, ਪਰ ਉਸ ਪਠਾਣ ਮਰਦ ਨੇ ਮਹਾਰਾਣੀ ਜਿੰਦਾਂ ਨਾਲ ਕੀਤੇ ਵਰਤਾਉ ਬਾਰੇ ਅੰਗਰੇਜ਼ਾਂ ਨੂੰ ਕਿਸੇ ਸ਼ਕ ਵਿਚ ਨਹੀ ਰਖਿਆ। ਉਸ ਸਾਫ਼ ਕਹਿ ਦਿਤਾ ਕਿ ਮਹਾਰਾਣੀ ਜਿੰਦ ਕੌਰ ਨਾਲ ਕੀਤਾ ਗਿਆ ਸਲੂਕ ਨਿਆਂਪੂਰਵਕ ਨਹੀਂ । ਚਤਰ ਸਿੰਘ ਸੋਚਦਾ ਕਿ ਜੇ ਦੋਸਤ ਮੁਹੰਮਦ ਨੂੰ ਮਜਬੂਰੀਆਂ ਨਾ ਹੁੰਦੀਆਂ ਤਾਂ ਉਹ ਐਸ ਸਮੇਂ ਜ਼ਰੂਰ ਖ਼ਾਲਸੇ ਦੀ ਮਦਦ ਕਰਦਾ। ਬੇਸ਼ਕ ਹੁਣ ਤਕ ਦੋਸਤ ਮੁਹੰਮਦ ਨੇ ਨੀਤੀ ਨੂੰ ਜਾਚ ਲਿਆ ਸੀ ਤੇ ਉਹ ਸਮਝਦਾ ਸੀ ਕਿ ਹਿੰਦੂ, ਸਿੱਖ ਤੇ ਮੁਸਲਮਾਨ ਦੀ ਸਾਂਝ ਹੀ ਇਸ ਨੀਤੀ ਨੂੰ ਝੁਟਲਾ ਸਕਦੀ ਹੈ ਪਰ...ਪਰ ਦੋਸਤ ਮੁਹੰਮਦ ਤੇ ਜੇ ਸੱਚ ਜਾਣੋਂ ਤਾਂ ਸਮੁੱਚੀ ਅਫ਼ਗਾਨ ਕੌਮ ਦੇ ਪਰ ਹੀ ਹੁਣ ਤਕ ਕੱਟ ਚੁਕੇ ਸਨ। ਇਹ ਕੌਮ ਵੀ ਹੁਣ ਪਹਿਲੇ ਜਿਹੀ ਨਹੀਂ ਸੀ ਰਹੀ । ਅੰਗਰੇਜ਼ੀ ਸਾਮਰਾਜ ਇਕ ਜ਼ਹਿਰ ਬਣ ਕੇ ਇਹਨਾਂ ਦੀਆਂ ਨਾੜਾਂ ਵਿਚ ਰਚ ਰਿਹਾ ਸੀ।

ਇਹਨਾਂ ਹੀ ਦਿਨਾਂ ਵਿੱਚ ਚਤਰ ਸਿੰਘ ਨੂੰ ਪਤਾ ਲੱਗਾ ਕਿ ਅੰਤ ਸ਼ੇਰ ਸਿੰਘ ਪਾਸਾ ਪਰਤ ਰਿਹਾ ਹੈ। ਮੂਲ ਰਾਜ ਜਲਦੀ ਹੀ ਮੁਲਤਾਨ ਵਿਚ ਕੁਝ ਨਾ ਕੁਝ ਸ਼ੁਰੂ ਕਰੇਗਾ। ਚਤਰ ਸਿੰਘ ਦੀਆਂ ਅੱਖਾਂ ਵਿਚ ਚਮਕ ਆ ਗਈ ਤੇ ਆਪਣੇ ਆਲੇ ਦੁਆਲੇ ਖਿਲਰੇ ਸ਼ੱਕ ਉਹਨੂੰ ਖਿੰਡਦੇ ਲਗੇ।

Scanned by CamScanner

ਹੁਣ ਅਜੀਤ ਸਿੰਘ ਵੀ ਹਰੀਪੁਰ ਆ ਪਹੁੰਚਿਆ ਤੇ ਉਹਨੂੰ ਆਪਣੀ ਛਾਤੀ ਨਾਲ ਲਾਂਦਿਆਂ ਚਤਰ ਸਿੰਘ ਬੋਲਿਆ :

"ਤੂੰ ਆ ਗਿਆ ਅਜੀਤ ਕਿ ਗੁਰੂ ਨੀਲੇ ਘੋੜੇ ਵਾਲੇ ਦਾ ਸਿੱਖੀ ਆਤਮਾ ਨੂੰ ਪ੍ਰਦਾਨ ਕੀਤਾ ਸਿਦਕ ਤੇ ਵਿਸ਼ਵਾਸ ਮੇਰੀ ਰਗ ਰਗ ਵਿਚ ਰਵ ਗਿਆ। ਤੂੰ ਆਇਆ ਹੈਂ ਤਾਂ ਮਾਲਸੇ ਦੀਆਂ ਚੜ੍ਹਦੀਆਂ ਕਲਾਂ ਦੀ ਸਪਿਰਟ ਚੱਪੇ ਚੱਪੇ ਵਿਚ ਪੱਸਰ ਗਈ ਹੈ। ਮੈਨੂੰ ਪਤਾ ਸੀ ਕਿ ਤੇਰੇ ਆਉਂਦਿਆਂ ਹੀ ਮੈਂ ਮਾਨਸਕ ਤੌਰ ਉੱਤੇ ਮਜ਼ਬੂਤ ਤੇ ਦਿੜ੍ਹ ਹੋ ਜਾਵਾਂਗਾ। ਏਸੇ ਲਈ ਮੈਂ ਤੈਨੂੰ ਐਨੇ ਸੁਨੇਹੇ ਘੱਲੇ...।"

"ਬਾਬਾ ਜੀ! ਤੁਸੀਂ ਮੈਂ ਨਾ ਚੀਜ਼ ਨੂੰ ਅਜਾਈਂ ਵਡਿਆ ਰਹੇ ਹੋ। ਮੈਂ ਕੀ ਹਾਂ? ਮੇਰਾ ਕੀ ਮੁੱਲ ਹੈ?"

"ਤੂੰ ਆਪਣਾ ਮੁੱਲ ਨਹੀਂ ਜਾਣਦਾ ਪੁੱਤਰ। ਮੈਂ ਤੇਰੀ ਦਿੜ੍ਹਤਾ ਤੇ ਤੇਰੇ ਸਿਦਕ ਦਾ ਮੁੱਲ ਪਾਂਦਾ ਹਾਂ। ਤੂੰ ਉਸ ਸਿੱਖੀ ਸਪਿਰਟ ਦਾ ਜੀਂਦਾ ਜਾਗਦਾ ਪ੍ਰਤੀਨਿਧ ਹੈਂ ਜਿਹੜੀ ਸਿੱਖੀ ਸਪਿਰਟ ਕਿ ਅਜ ਸਾਡੇ ਵਿਚੋਂ ਘਟਦੀ ਜਾ ਰਹੀ ਹੈ। ਤੂੰ ਅਸਲੀ ਸਿੱਖੀ ਸਪਿਰਟ ਦਾ ਜੋਬਨ ਹੈਂ। ਸਾਡੇ ਵਿਚ ਹੁਣ ਇਹ ਸਪਿਰਟ ਸੋਕਾ ਮਾਰ ਰਹੀ ਹੈ।"

"ਪਿਤਾ ਜੀ।"

"ਹਾਂ ਪੁੱਤਰ...।"

ਇਕ ਬਿਰਧ ਤੇ ਨੌਜਵਾਨ ਦੀ ਅਜਿਹੀ ਆਤਮਕ ਸਾਂਝ ਕੇਡੀ ਰੌਚਕ ਸ਼ੈ ਹੈ?

ਮੁਲਤਾਨ ਵਿਚ ਸ਼ੁਰੂ ਹੋਏ ਕੌਮੀ ਅੰਦੋਲਨ ਦੀ ਸੋਅ ਤੇ ਫਿਰ ਰਾਣੀ ਜ਼ਿੰਦਾਂ ਦੇ ਦੇਸ਼-ਨਿਕਾਲੇ ਨੇ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਮੁੜ ਤਾਜ਼ਾ ਕੀਤੀ ਤੇ ਦੇਸ਼ ਦੇ ਵਫ਼ਾਦਾਰ ਬੰਦਿਆਂ ਵਿਚ ਰੋਸੇ ਤੇ ਘਿਰਨਾਂ ਦੀਆਂ ਝਰਨਾਟਾਂ ਛਿੜ ਗਈਆਂ। ਇਸ ਦੇ ਉਲਟ ਅੰਗਰੇਜ਼ ਤੇ ਉਹਨਾਂ ਦੇ ਪਿਛ ਲਗਾਂ ਨੂੰ ਵੀ ਪਿੱਸੂ ਪਏ ਕਿ ਹੁਣ ਕੀ ਹੋਵੇਗਾ। ਕੌਮੀ ਤੇ ਕਾਗੀ ਜਾਂ ਬਦੇਸ਼ੀ ਤਾਕਤਾਂ ਵਿਚ ਤਣਾਓ ਵਧਣ ਲਗਾ ਤੇ ਅੰਤ ਇਕ ਦਿਨ ਹਰੀ ਪੁਰ ਵਿਚ ਇਸ ਤਣਾਓ ਨੇ ਹੇਠ ਦਿਤੀ ਸ਼ਕਲ ਇਖ਼ਤਿਆਰ ਕੀਤੀ।

ਕੈਰਟਨ ਐਬਕ, ਰੈਜ਼ੀਡੈਂਟ ਵਲੋਂ, ਹਜ਼ਾਰੇ ਵਿਚ ਨਾਮਜ਼ਦ ਕੀਤਾ ਗਿਆ ਅਫ਼ਸਰ ਸੀ। ਇਹਦਾ ਕੰਮ, ਇਸ ਤਰ੍ਹਾਂ ਨਿਯਤ ਕੀਤੇ ਗਏ ਬਾਕੀ ਅਫ਼ਸਰਾਂ ਵਰਗਾ ਹੀ ਸੀ। ਇਹ ਦੇਸੀ ਗਵਰਨਰ ਉੱਤੇ ਥਾਪਿਆ ਇਕ ਜਾਸੂਸ ਸੀ। ਸਿੱਖਾਂ ਤੇ ਮੁਸਲਮਾਨਾਂ ਵਿਚ ਪਾੜ ਪਾਣਾ ਇਹਦੀ ਇਕ ਖ਼ਾਸ ਡੀਊਟੀ ਸੀ। ਅੰਗਰੇਜ਼ੀ ਰਾਜ ਦੇ ਗੁਣ ਗਾਉਣੇ ਤੇ ਇਸ ਸਾਮਰਾਜ ਵਾਸਤੇ ਪਿੱਠੂ ਪੈਦਾ ਕਰਨੇ ਇਹਦੀ ਇਕ ਹੋਰ ਡੀਊਟੀ ਸੀ। ਕੈਪਟਨ ਐਬਟ ਉਸ ਵੇਲੇ ਦੇ ਕਈ ਹੋਰ ਅੰਗਰੇਜ਼ ਅਫ਼ਸਰਾਂ ਵਾਂਗ ਚਾਲਾਕ ਤੇ ਸਮਝਦਾਰ ਸੀ। ਬਾਕੀ ਅਫ਼ਸਰਾਂ ਵਾਂਗ, ਇਹ ਵੀ ਹਿੰਦੁਸਤਾਨ ਨੂੰ ਇਕ ਗੰਵਾਰ ਮੁਲਕ ਤੇ ਹਰ ਹਿੰਦੁਸਤਾਨੀ ਨੂੰ ਇਕ ਤਰ੍ਹਾਂ ਦਾ ਪਸ਼ੂ ਸਮਝਦਾ ਸੀ। ਬਾਕੀ ਅੰਗਰੇਜ਼ ਅਫ਼ਸਰਾਂ ਵਾਂਗ ਇਹਦੇ ਵਿਚ ਵੀ ਸਾਮਰਾਜੀ ਰੁਚੀਆਂ ਸਨ। ਇਹ ਅੰਗਰੇਜ਼ੀ ਹਕੂਮਤ ਨੂੰ ਦੁਨੀਆਂ ਦੀ ਹਰ ਨੁੱਕਰ ਵਿਚ ਕਾਇਮ ਵੇਖਣਾ ਚਾਹੁੰਦਾ ਸੀ।

ਇਹ ਬੜੇ ਇਰਾਦਿਆਂ ਤੇ ਮਹਾਨ ਸਾਮਰਾਜੀ ਆਦਰਸ਼ਾਂ ਨਾਲ ਹਰੀ ਪੁਰ ਆਇਆ, ਪਰ ਅਫ਼ਸੋਸ ਕਿ ਇਹਨੂੰ ਬਾਕੀ ਜ਼ਿਲਿਆਂ ਤੇ ਸੂਬਿਆਂ ਵਿਚ ਗਏ ਬਾਕੀ ਅੰਗਰੇਜ਼ ਅਫ਼ਸਰਾਂ ਵਾਂਗ ਸਫ਼ਲਤਾ ਨਾ ਹੋਈ। ਸਰਦਾਰ ਚਤਰ ਸਿੰਘ ਅਟਾਰੀਵਾਲੇ ਅਗੇ ਇਹਦਾ ਜ਼ੋਰ ਨਾ ਚਲਦਾ। ਚਤਰ ਸਿੰਘ ਹਿੰਦੂਆਂ ਤੇ ਸਿੱਖਾਂ ਤੋਂ ਇਲਾਵਾ ਮੁਸਲਮਾਨਾਂ ਵਿਚ ਵੀ ਕਾਫ਼ੀ ਹਰ ਦਿਲ ਅਜ਼ੀਜ਼ ਸੀ। ਚਤਰ ਸਿੰਘ ਦੇ ਸੁਫ਼ੈਦ ਚਿੱਟੇ ਦਾੜ੍ਹੇ, ਉਹਦੀ ਵੱਡੀ ਦਸਤਾਰ ਤੇ ਉਹਦੇ ਸਮੱਧਰ ਕੱਦ ਵਿਚ ਮਹਾਰਾਜਾ ਰਣਜੀਤ ਸਿੰਘ ਵਰਗੀ ਹੀ ਕੋਈ ਸ਼ੈ ਸੀ। ਅਨੇਕ ਲੋਕਾਂ ਨੂੰ, ਉਹਨੂੰ ਵੇਖਦਿਆਂ ਹੀ ਰਣਜੀਤ ਸਿੰਘ ਦੀ ਯਾਦ ਆ ਜਾਂਦੀ। ਵਡੇਰੀ ਉਮਰ ਦੇ ਸਿੱਖ ਤੇ ਮੁਸਲਮਾਨ ਤੇ ਹਿੰਦੂ ਇਸ ਸਮਤੁਲਤਾ ਨੂੰ ਬੜਾ ਪਿਆਰਦੇ ਤੇ ਸਤਿਕਾਰਦੇ।

ਉਪ੍ਰੰਤ, ਚਤਰ ਸਿੰਘ ਦਾ ਸ਼ਖ਼ਸੀ ਆਚਰਨ ਉੱਚ ਪਾਏ ਦਾ ਸੀ। ਹਰ ਇਕ ਨਾਲ ਮਿੱਠਾ ਬੋਲ ਤੇ ਹਰ ਇਕ ਨੂੰ ਬਣਦਾ ਸੋਹਣਾ ਆਦਰ ਤੇ ਉਹਦੇ ਵਿਚ ਫੋਕੀ ਆਕੜ ਤੇ ਮਜ਼ਾਜ ਨਹੀਂ ਸੀ। ਉਹ ਆਪਣੇ ਆਪ ਨੂੰ ਆਮ ਜਨਤਾ ਨਾਲੋਂ ਉੱਚਾ ਤੇ ਵਿਕੱਲਿਤਰਾ ਨਹੀਂ ਸੀ ਸਮਝਦਾ, ਉਹ ਸਗੋਂ ਲੋੜ ਨਾਲੋਂ ਵਧ ਹਲੀਮ ਸੀ। ਇਹ ਸਮਝਦਿਆਂ ਹੋਇਆਂ ਕਿ ਉਹਨੇ ਪੰਥ ਤੇ ਦੇਸ਼ ਦੀ ਅਜੇ ਤਕ ਕੋਈ ਖ਼ਾਸ ਸੇਵਾ ਨਹੀਂ ਕੀਤੀ ਉਹ ਅੱਜ ਆਪਣੀ ਬਿਰਧ ਅਵਸਥਾ ਵਿਚ ਕੁਝ ਨਾ ਕੁਝ ਕਰ ਕੇ ਵਿਖਾਉਣਾ ਚਾਹੁੰਦਾ ਸੀ। ਚਤਰ ਸਿੰਘ ਨੂੰ ਲੋਕੀਂ ਮਿਲਦੇ ਤੇ ਉਹਨੂੰ ਪਿਆਰ ਕਰਦੇ, ਉਹਦਾ ਆਦਰ ਕਰਦੇ।

ਹਜ਼ਾਰੇ ਵਿਚ ਮੁਸਲਮਾਨਾਂ ਨੂੰ ਵੀ ਉਸ ਆਪਣਾ ਚਹੇਤਾ ਬਣਾ ਲਿਆ ਤੇ ਏਸੇ ਲਈ ਐਬਟ ਨੂੰ ਬਾਕੀ ਅੰਗਰੇਜ਼

Scanned by CamScanner

ਅਫ਼ਸਰਾਂ ਜਿੰਨੀ ਸਫ਼ਲਤਾ ਨਹੀਂ ਹੋਈ । ਪਰ ਉਹਨੂੰ ਸਫ਼ਲਤਾ ਹੋਈ ਜ਼ਰੂਰ । ਘਟੋ ਘਟ ਸੇਰਵਾਂ ਦੇ ਇਲਾਕੇ ਵਿਚ ਉਹ ਅਨੇਕ ਮੁਸਲਮਾਨਾਂ ਨੂੰ ਆਪਣੇ ਹੱਥ ਕਰਨ ਵਿਚ ਸਫ਼ਲ ਹੋ ਗਿਆ । ਜਦੋਂ ਮੁਲਤਾਨ ਦੇ ਅਦੋਲਨ ਦੀ ਖ਼ਬਰ ਹਜ਼ਾਰੇ ਪਹੁੰਚੀ ਤਾਂ ਐਬਟ ਨੇ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਤੇ ਅੰਤ ਛੇ ਅਗਸਤ ੧੮੪੮ ਈ: ਨੂੰ ਉਹ ਹਰੀ ਪੁਰ ਵਿਚ ਸਥਾਪਤ ਸਰਦਾਰ ਚਤਰ ਸਿੰਘ ਦੀ ਹਵੇਲੀ ਉੱਤੇ ਮੁਸਲਮਾਨਾਂ ਵਲੋਂ ਇਕ ਹਮਲਾ ਕਰਵਾਣ ਵਿਚ ਸਫਲ ਹੋ ਗਿਆ । ਖ਼ਾਲਸਾ ਫ਼ੌਜ ਦਾ ਘਨੇਰਾ ਭਾਗ ਪੁਕਲੀ ਵਿਚ ਸੀ ਤੇ ਆਪ ਐਬਟ ਸੇਰਵਾ ਵਿਚ ਬੈਠਾ ਇਸ ਫ਼ੌਜ ਦਾ ਰਾਹ ਰੋਕੀ ਖੜਾ ਸੀ । ਪਰ ਆਪਣੀ ਥੋੜੀ ਬਹੁਤੀ ਫ਼ੌਜ ਨਾਲ ਚਤਰ ਸਿੰਘ ਨੇ ਬਲਵੱਈਆਂ ਉੱਤੇ ਹਮਲਾ ਬੋਲਿਆ ਤੇ ਉਹਨਾਂ ਨੂੰ ਪਛਾੜਿਆ । ਹਮਲੇ ਦੇ ਦੌਰਾਨ ਵਿਚ ਇਕ ਅਮਰੀਕਨ ਅਫ਼ਸਰ ਕਨੌਰਾ ਨੇ ਆਪਣਾ ਤੋਪਖ਼ਾਨਾ ਵਰਤਣ ਤੋਂ ਇਨਕਾਰ ਕਰ ਦਿਤਾ । ਆਖਿਆ ਕਿ ਉਹ ਐਬਟ ਦੇ ਹੁਕਮ ਤੋਂ ਬਗ਼ੈਰ ਕੋਈ ਕਾਰਵਾਈ ਨਹੀਂ ਕਰੇਗਾ ।

ਕਨੇਰਾ, ਉਹਨਾਂ ਅਨੇਕ ਬਦੇਸ਼ੀ ਅਫ਼ਸਰਾਂ ਵਿਚੋਂ ਇਕ ਸੀ, ਜਿਹੜੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਖ਼ਾਲਸਾ ਫ਼ੌਜ ਵਿਚ ਨੌਕਰ ਹੋਣੇ ਸ਼ੁਰੂ ਹੋਏ ਸਨ । ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨਾਂ ਬਦੇਸ਼ੀ ਅਫ਼ਸਰਾਂ ਨੇ ਸ਼ਮੋਂ ਸਿਰ ਰਣਜੀਤ ਸਿੰਘ ਦੀ ਅਧਿਕ ਸਹਾਇਤਾ ਕੀਤੀ, ਇਹਨਾਂ ਨੇ ਖ਼ਾਲਸਾ ਫ਼ੌਜ ਨੂੰ ਯੁੱਧ ਕਲਾ ਦੇ ਨਵੀਨ ਗੁਰ ਸਿਖਾਏ ਤੇ ਹਥਿਆਰਾਂ ਤੇ ਤੋਪਾਂ ਦੀ ਢਲਾਈ ਤੇ ਬਣਾਈ ਵਿਚ ਵੀ ਯੋਗ ਸਲਾਹਕਾਰੀ ਕੀਤੀ. ਪਰ ਬਹੁਤੇ ਅਫ਼ਸਰਾਂ ਦੀਆਂ ਪਿਛਲੇਰੀਆਂ ਜ਼ਿੰਦਗੀਆਂ ਦੀ ਘੋਖ ਕੀਤਿਆਂ ਪਤਾ ਲਗਦਾ ਹੈ ਕਿ ਇਹਨਾਂ ਵਿਚੋਂ ਸ਼ਾਇਦ ਹੀ ਕੋਈ ਖ਼ਾਲਸਾ ਰਾਜ ਦਾ ਦਿਲੋਂ ਸ਼ੁਭ ਇੱਛਕ ਹੋਵੇ । ਇਹ ਲੋਕ ਪੈਸੇ ਤੇ ਜਾਗੀਰਾਂ ਦੇ ਭੁੱਖੇ ਸਨ । ਇਹਨਾਂ ਦੀਆਂ ਲਾਲਸੀ ਨਜ਼ਰਾਂ ਸਦਾ ਆਪਣੇ ਵਤਨਾਂ ਵਲ ਸਨ । ਆਪਣੇ ਵਤਨ ਦਾ ਪਿਆਰ ਜੰਮ ਜੰਮ, ਪਰ ਜਿਸ ਦਾ ਲੂਣ ਖਾਧਾ ਜਾਏ ਉਹਦੀ ਵਫ਼ਾਦਾਰੀ ਵੀ ਕੋਈ ਸ਼ੈ ਹੈ ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਉਸ ਵੇਲੇ ਬਹੁਤੀਆਂ ਯੂਰਪੀਨ ਕੌਮਾਂ ਵਿਚ ਸਾਮਰਾਜੀ ਰੁਚੀਆਂ ਉਜਾਗਰ ਹੋ ਰਹੀਆਂ ਸਨ ਤੇ ਇਹ ਅਫ਼ਸਰ ਹਰ ਪਖੋਂ ਇਹਨਾਂ ਰੁਚੀਆਂ ਦੇ ਪ੍ਰਤੀਨਿਧ ਸਨ । ਇਹ ਖ਼ਾਲਸਾ ਰਾਜ ਦਾ ਕੰਮ ਕਰਦੇ ਸਨ ਤੇ ਵੱਡੀਆਂ ਵੱਡੀਆਂ ਰਕਮਾਂ ਤਨਖ਼ਾਹਾਂ ਤੇ ਇਨਾਮਾਂ ਵਜੋਂ ਲੈਂਦੇ ਸਨ, ਪਰ ਫਿਰ ਵੀ ਇਹ ਭਾਰਤ ਵਾਸੀਆਂ ਨੂੰ, ਅਨੇਕ ਸਾਮਰਾਜੀ ਅੰਗਰੇਜ਼ਾਂ ਵਾਂਗ, ਪਸ਼ੂ ਹੀ ਸਮਝਦੇ ਸਨ । ਜਦੋਂ ਅੰਗਰੇਜ਼ਾਂ ਦਾ ਹਿੰਦੁਸਤਾਨ ਵਿਚ ਖੜਕਾ ਦੜਕਾ ਹੋਇਆ ਤਾਂ ਇਹਨਾਂ ਨਿਮਕ ਹਰਾਮਾਂ ਨੇ ਬੇਦਰੇਗ ਉਹਨਾਂ ਦਾ ਸਾਥ ਦਿਤਾ ।

ਜੇ ਅੱਜ ਕਨੌਰਾ ਨੇ ਆਪਣੇ ਆਪ ਨੂੰ ਐਬਟ ਦਾ ਨੌਕਰ ਦਸਿਆ ਤਾਂ ਉਸ ਕੋਈ ਅਲੋਕਾਰ ਗੱਲ ਨਹੀਂ ਕੀਤੀ, ਪਰ ਜਿਥੇ ਅਨੇਕ ਹੋਰ ਬਦੇਸ਼ੀ ਅਫ਼ਸਰ ਅਜਿਹੀਆਂ ਗੱਲਾਂ ਕਹਿ ਕੇ ਬਚ ਗਏ ਸਨ ਉੱਥੇ ਕਨੌਰਾ ਆਪਣੀ ਹੁਕਮ ਅਦੂਲੀ ਤੇ ਨਾਜਾਇਜ਼ ਚੜ੍ਹ ਦੇ ਨਤੀਜਿਆਂ ਤੋਂ ਬਚ ਨਹੀਂ ਸੀ ਸਕਦਾ । ਹਜ਼ਾਰੇ ਦਾ ਗਵਰਨਰ ਚਤਰ ਸਿੰਘ ਅਟਾਰੀ ਵਾਲਾ ਸੀ ਕੋਈ ਭਾੜੇ ਦਾ ਟੱਟੂ ਨਹੀਂ ।

ਕਨੌਰਾ ਨੇ ਸਿਰਫ਼ ਹੁਕਮ ਮੰਨਣ ਤੋਂ ਹੀ ਇਨਕਾਰ ਨਹੀਂ ਕੀਤਾ ਸਗੋਂ ਏਥੋਂ ਤਕ ਕਿਹਾ ਕਿ ਜੇ ਚਤਰ ਸਿੰਘ ਆਪਣੇ ਇਰਾਦਿਆਂ ਵਿਚ ਪ੍ਰਪੱਕ ਰਿਹਾ ਤਾਂ ਉਹ ਆਪਣੀਆਂ ਤੋਪਾਂ ਸਗੋਂ ਖ਼ਾਲਸੇ ਦੇ ਵਿਰੁਧ ਵਰਤੇਗਾ ਤੇ ਏਸੇ ਤਰ੍ਹਾਂ ਹੀ ਇਕ ਤੋਪ ਵਰਤਣ ਵਾਸਤੇ ਉਸ ਆਪਣਾ ਇਕ ਸਿੱਖ ਹੌਲਦਾਰ ਨੂੰ ਹੁਕਮ ਦਿਤਾ । ਪਰ ਇਸ ਹੌਲਦਾਰ ਨੇ ਸਾਰੀ ਵਾਰਤਾ ਭਾਂਪਦਿਆਂ ਤੋਪ ਚਲਾਉਣ ਤੋਂ ਇਨਕਾਰ ਕਰ ਦਿਤਾ ਤੇ ਕਿਹਾ, "ਅਸੀਂ ਹੁਣ ਗ਼ਦਾਰਾਂ ਨੂੰ ਪਛਾਣਨ ਦੇ ਯੋਗ ਹੋ ਗਏ ਹਾਂ ।"

ਤੱਤੇ ਤਾਅ ਕਨੌਰਾ ਨੇ ਇਸ ਹੌਲਦਾਰ ਉੱਤੇ ਤਲਵਾਰ ਨਾਲ ਹਮਲਾ ਕਰ ਕੇ ਉਹਨੂੰ ਕਤਲ ਕਰ ਦਿਤਾ, ਪਰ ਇਸ ਤੋਂ ਪਹਿਲੇ ਕਿ ਉਹ ਆਪ ਤੋਪ ਚਲਾਉਂਦਾ ਖ਼ਾਲਸਾ ਫ਼ੌਜ ਦੇ ਕੁਝ ਸਿਪਾਹੀਆਂ ਨੇ ਉਹਨੂੰ ਗੋਲੀਆਂ ਨਾਲ ਛਾਨਣੀ ਕਰ ਦਿਤਾ ।

ਸਰਦਾਰ ਚਤਰ ਸਿੰਘ ਨੇ ਕਨੌਰੇ ਨੂੰ ਕਤਲ ਕਰਨ ਵਾਲੇ ਸਿਪਾਹੀਆਂ ਨੂੰ ਇਨਾਮ ਦਿਤੇ, ਉਸ ਆਖਿਆ, "ਕਨੌਰਾ ਬਾਕੀ ਅਫ਼ਸਰਾਂ ਵਾਂਗ ਹੀ ਖ਼ਾਲਸਾ ਫ਼ੌਜ ਦਾ ਇਕ ਅਫ਼ਸਰ ਹੈ । ਉਹਦੀ ਚਿੱਟੀ ਚਮੜੀ ਉਹਨੂੰ ਫ਼ਰਿਸ਼ਤਾ ਜਾਂ ਕੋਈ ਖ਼ਾਸ ਆਦਮੀ ਨਹੀਂ ਬਣਾਂਦੀ, ਸਗੋਂ ਚਿੱਟੀ ਚਮੜੀ ਨਾਲ ਉਹਨੂੰ ਤਾਬਿਆਦਾਰ ਰਹਿਣ ਦੀ ਢੇਰ ਕੋਸ਼ਿਸ਼ ਕਰਨੀ ਚਾਹੀਦੀ ਹੈ । ਮੈਂ ਇਸ ਸੂਬੇ ਦਾ ਗਵਰਨਰ ਹਾਂ, ਕਨੌਰਾ ਨਹੀਂ, ਤੇ ਨਾ ਹੀ ਐਬਟ ।"

ਕੈਪਟਨ ਐਬਟ ਨੇ ਕਨੌਰਾ ਦੇ ਕਾਤਿਲ ਨੂੰ ਮੰਗਿਆ ਤੇ ਕਿਹਾ ਕਿ ਸਿਰਫ਼ ਇਸ ਸ਼ਰਤ ਉੱਤੇ ਹੀ ਮੁਆਮਲਾ ਰਫ਼ਾ ਦਫ਼ਾ ਹੋ ਸਕਦਾ ਹੈ, ਪਰ ਚਤਰ ਸਿੰਘ ਇਹ ਮੰਗ ਸੁਣ ਕੇ ਹੱਸਿਆ ।

Scanned by CamScanner

"ਵਾਹ ਵਾਹ ਅੰਗਰੇਜ਼ ਤੇ ਵਾਹ ਉਹਨਾਂ ਦਾ ਇਨਸਾਫ਼ ਤੇ ਉਹਨਾਂ ਦੀ ਨੀਤੀ। ਉਹ ਸਾਨੂੰ ਕੀ ਸਮਝਦੇ ਹਨ ? ਕੀ ਸਾਡੇ ਵਿਚ ਐਨੀ ਵੀ ਲਿਆਕਤ ਨਹੀਂ ਕਿ ਅਸੀਂ ਆਪਣੇ ਹੱਕਾਂ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਿਞਾਣ ਸਕੀਏ।"

ਇਕ ਸਵੇਰ ਉਸ ਅਜੀਤ ਨੂੰ ਕਿਹਾ, ਪੁੱਤਰ ! ਉਹ ਸਮਾਂ ਆ ਗਿਆ ਹੈ ਜਿਸ ਦੀ ਮੈਨੂੰ ਚਰ੍ਹਿਆਂ ਤੋਂ ਉਡੀਕ ਸੀ ਅੱਜ ਮੈਨੂੰ ਖ਼ਬਰ ਪੁੱਜੀ ਹੈ ਕਿ ਸ਼ੇਰ ਸਿੰਘ ਮੁਲਤਾਨ ਪਹੁੰਚ ਗਿਆ, ਪਰ ਅਫ਼ਸੋਸ ਕਿ ਉਹ ਅਜੇ ਤਕ ਤਾਕਤਾਂ ਡੋਲ ਹੈ। ਦੇਖੇ ਹੁਣ ਹਾਲਾਤ ਬਹੁਤ ਵਿਗੜ ਗਏ ਹਨ ਤੇ ਸਿਰ ਧੜ ਦੀ ਬਾਜ਼ੀ ਲਾਉਣ ਤੋਂ ਬਿਨਾਂ ਹੁਣ ਕੋਈ ਚਾਰਾ ਨਹੀਂ ਰਿਹਾ।"

ਅਜੀਤ ਨੂੰ ਖ਼ੁਸ਼ੀ ਦਾ ਹੁਲਾਰਾ ਆਇਆ।

"ਧੰਨ ਹੋ ਤੁਸੀਂ, ਪਿਤਾ ਜੀ ਤੇ ਧੰਨ ਤੁਹਾਡੀ ਹਿੰਮਤ। ਮੇਰੀ ਖ਼ੁਸ਼ਕਿਸਮਤੀ ਹੈ ਕਿ ਮੇਰਾ ਤੁਹਾਡੇ ਜਿਹੇ ਮਹਾਨ ਆਦਮੀ ਨਾਲ ਮੇਲ ਹੋਇਆ। ਤੁਹਾਡੇ ਵਿਚੋਂ ਮੈਨੂੰ ਆਪ ਸ਼ੇਰੇ-ਪੰਜਾਬ ਦਾ ਮੁਹਾਂਦਰਾ ਝਲਕਾਂ ਮਾਰਦਾ ਦਿਸਦਾ ਹੈ।"

"ਮੈਂ ਇਸ ਵਡਿਆਈ ਦੇ ਯੋਗ ਨਹੀਂ, ਪੁੱਤਰ : ਮੈਂ ਪੰਥ ਤੇ ਦੇਸ਼ ਦਾ ਇਕ ਅਦਨਾ ਖ਼ਾਦਮ ਹਾਂ। ਜੋ ਕੁਝ ਮੈਂ ਕਰ ਰਿਹਾ ਹਾਂ ਜਾਂ ਕਰਨ ਲਗਾ ਹਾਂ ਇਹਦੇ ਨਾਲ ਮੇਰੇ ਅੰਤਹਕਰਨ ਤੋਂ ਪੂਰਾ ਭਾਰ ਨਹੀਂ ਉਤਰਦਾ, ਪਰ ਫਿਰ ਵੀ ਮੈਂ ਕਿਸੇ ਹੱਦ ਤਕ ਸੁਰਖ਼ਰੂ ਚਰੂਰ ਹੁੰਦਾ ਹਾਂ।"

"ਮੈਂ ਵੀ ਇਹੋ ਸਮਝਦਾ ਹਾਂ ਪਿਤਾ ਜੀ ਕਿ ਹੁਣ ਦੇਰ ਕਰਨ ਦਾ ਕੋਈ ਲਾਭ ਨਹੀਂ। ਐਸ ਵੇਲੇ ਸਾਰੇ ਪੰਜਾਬ ਵਿਚ ਰੋਸ ਫੈਲਿਆ ਹੋਇਆ ਹੈ ਤੇ ਸਾਨੂੰ ਕੋਤਾਹੀ ਨਹੀਂ ਕਰਨੀ ਚਾਹੀਦੀ। ਜੇ ਇਹ ਮੌਕਾ ਖੁੰਝ ਲਿਆ ਤਾਂ ਫਿਰ ਸ਼ਾਇਦ ਕੋਈ ਹੋਰ ਮੌਕਾ ਸਾਡੇ ਹੱਥ ਨਾ ਆਵੇ।"

"ਤੇ ਉਸ ਵੇਲੇ ਮੈਂ ਵੀ ਸ਼ਾਇਦ ਹੋਵਾਂ ਜਾਂ ਨਾ। ਤੂੰ ਜਾਣਦਾ ਹੈਂ ਅਜੀਤ ਕਿ ਮੈਂ ਬਿਰਧ ਹੋ ਚੁਕਾ ਹਾਂ ਤੇ ਮੈਨੂੰ ਯਕੀਨ ਨਹੀਂ ਕਿ ਮੈਂ ਹੁਣ ਬਹੁਤੇ ਸਾਲ ਤਗਾਂ। ਦੂਜਾ ਜਿਵੇਂ ਤੂੰ ਕਹਿੰਦਾ ਹੈਂ ਇਹੋ ਸਭ ਤੋਂ ਯੋਗ ਹੈ। ਮੈਂ ਆਸ਼ਾ ਕਰਦਾ ਹਾਂ ਕਿ ਸ਼ੇਰ ਸਿੰਘ ਹੁਣ ਦ੍ਰਿੜ੍ਹਤਾ ਨਾਲ ਵਧੇਗਾ ਪਰ...।"

"ਪਰ ਕੀ ?"

"ਮੈਂ ਸੋਚ ਰਿਹਾ ਹਾਂ ਕਿ ਮੈਂ ਸ਼ੇਰ ਸਿੰਘ ਨੂੰ ਚਿੱਠੀ ਲਿਖਾਂ...?"

"ਕਿਉਂ ਨਹੀਂ ?"

"ਪਰ..."

ਅਜੀਤ ਨੇ ਕਈ ਵਾਰ ਇਸ ਪਰ ਦਾ ਕਾਰਨ ਪੁੱਛਿਆ, ਪਰ ਚਤਰ ਸਿੰਘ ਨੇ ਕੋਈ ਜੁਆਬ ਨਾ ਦਿਤਾ।

ਦੋ ਦਿਨ ਗੁਜ਼ਰਨ ਪਿਛੋਂ ਚਤਰ ਸਿੰਘ ਨੇ ਕਿਹਾ, "ਅਜੀਤ ! ਮੈਨੂੰ ਲਗਦਾ ਹੈ ਕਿ ਮੇਰੀ ਕਿਸਮਤ ਵਿਚ ਤੇਰਾ ਵਧੀਕ ਸਾਥ ਨਹੀਂ ਲਿਖਿਆ।"

"ਕਿਉਂ, ਪਿਤਾ ਜੀ ?"

"ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਸ਼ੇਰ ਸਿੰਘ ਕੋਲ ਸਿਰਫ਼ ਤੈਨੂੰ ਹੀ ਚਿੱਠੀ ਲੈ ਕੇ ਜਾਣਾ ਚਾਹੀਦਾ ਹੈ, ਹੋਰ ਕਿਸੇ ਨੂੰ ਨਹੀਂ। ਇਹਦਾ ਕਾਰਨ ਮੇਰਾ ਤੇਰੇ ਉਤਸ਼ਾਹ ਤੇ ਸਿਦਕ ਵਿਚ ਅਟੱਲ ਵਿਸ਼ਵਾਸ਼ ਹੈ। ਮੈਂ ਸੋਚਦਾ ਹਾਂ ਕਿ ਜੇ ਸ਼ੇਰ ਸਿੰਘ ਨੂੰ ਮੇਰੀ ਚਿੱਠੀ ਨੇ ਵੀ ਉਤਸ਼ਾਹਤ ਨਾ ਕੀਤਾ ਤਾਂ ਤੇਰੀ ਸ਼ਖ਼ਸੀਅਤ ਤੇ ਉਛਲਦਾ ਉਮਾਹ ਉਹਦੇ ਉੱਤੇ ਅਸਰ ਅਵੱਸ਼ ਕਰੇਗਾ। ਤੇਰੇ ਉਤਸ਼ਾਹ ਵਿਚ ਇਕ ਮਿਕਨਾਤੀਸੀ ਕਸ਼ਸ਼ ਹੈ। ਇਹ ਅਗਲੇ ਦੇ ਦਿਲ ਅੰਦਰ ਧੱਸ ਕੇ ਸਭ ਅਗਾਂਹ ਵਧੂ ਬਿਰਤੀਆਂ ਖਿਚ ਲਿਆਉਂਦੀ ਹੈ। ਤੈਨੂੰ ਮਿਲ ਕੇ ਕਿਸੇ ਵਾਸਤੇ ਸੰਭਵ ਨਹੀਂ ਕਿ ਉਹ ਨਿਰਾਸ਼ ਰਹੇ।"

"ਪਿਤਾ ਜੀ...।"

"ਤੇਰੀ ਜੁਦਾਈ ਮੇਰੇ ਵਾਸਤੇ ਔਖੀ ਹੋਵੇਗੀ, ਪਰ ਕੋਈ ਨਹੀਂ। ਮੈਂ ਹੁਣ ਇਰਾਦਾ ਕਰ ਲਿਆ ਹੈ ਤੇ ਮੈਂ ਨਹੀਂ ਟਲਾਂਗਾ। ਸਾਰਾ ਪ੍ਰਬੰਧ ਕਰ ਕੇ ਮੈਂ ਆਉਂਦੇ ਬੁਧਵਾਰ ਏਥੋਂ ਚਾਲੇ ਪਾ ਦਿਆਂਗਾ ਤੇ ਮੇਰਾ ਰੁਖ਼ ਲਾਹੌਰ ਵਲ ਹੋਵੇਗਾ। ਤੂੰ ਸ਼ੇਰ ਸਿੰਘ ਨੂੰ ਕਹੀਂ ਕਿ ਰਸਤੇ ਵਿਚ ਕਿਤੇ ਮੈਨੂੰ ਆ ਮਿਲੇ। ਜੇ ਪ੍ਰਮਾਤਮਾ ਨੇ ਸਾਡੀ ਸਹਾਇਤਾ ਕੀਤੀ ਤਾਂ ਸਰਦੀਆਂ ਤੋਂ ਪਹਿਲੇ ਪਹਿਲੇ ਅਸੀਂ ਲਾਹੌਰ ਹੋਵਾਂਗੇ ਤੇ ਪੰਜਾਬ ਇਕ ਵਾਰ ਫਿਰ ਆਜ਼ਾਦ ਹੋਵੇਗਾ।"

ਅਜੀਤ ਇਕ ਗੱਲੋਂ ਖ਼ੁਸ਼ ਸੀ ਕਿ ਉਹਨੂੰ ਇਸ ਮਹੱਤਵ ਮਿਸ਼ਨ ਲਈ ਚੁਣਿਆ ਗਿਆ ਹੈ ਤੇ ਦੂਜੇ ਹੱਥ ਉਦਾਸ ਕਿ

Scanned by CamScanner

ਆਪਣੇ ਨਾਇਕ ਨੂੰ ਹੁਣੇ ਮਿਲ ਕੇ ਹੁਣੇ ਹੀ ਉਸ ਤੋਂ ਵਿਛੜ ਰਿਹਾ ਹੈ। ਕਮਰ ਕੱਸੇ ਜੀਵਨ ਦੀ ਸੰਭਾਵਨਾ ਸੀ, ਪਰ ਨਾਲ ਹੀ ਭਵਿੱਖ ਦੀ ਅਨਿਸ਼ਚਿਤਤਾ ਵੀ। ਚਤਰ ਸਿੰਘ ਦੇ ਨਾਲ ਰਹਿੰਦਿਆਂ ਇਹ ਗੱਲ ਪੱਕੀ ਸੀ ਕਿ ਅੰਗਰੇਜ਼ਾਂ ਨਾਲ ਦੋ ਦੋ ਹੱਥ ਹੋਣਗੇ। ਸ਼ੇਰ ਸਿੰਘ ਦੇ ਸਾਥ ਵਿਚ ਇਸ ਖ਼ਾਹਿਸ਼ ਦੀ ਗੱਲ ਪੂਰਤੀ ਕਿਥੋਂ ਤਕ ਮੁਮਕਿਨ ਹੋਵੇਗੀ ਉਹ ਨਹੀਂ ਸੀ ਜਾਣਦਾ।

ਉਹਦੀ ਝਿਝਕ ਵੇਖਦਿਆਂ ਚਤਰ ਸਿੰਘ ਨੇ ਕਿਹਾ, "ਮੈਂ ਤੇਰੀ ਦੁਚਿਤਗੀ ਦੇ ਕਾਰਨ ਸਮਝਦਾ ਹਾਂ ਅਜੀਤ, ਪਰ ਮੇਰੇ ਤੋਂ ਵਧ ਮੇਰੇ ਪੁੱਤਰ ਨੂੰ ਹੋਰ ਕੋਈ ਨਹੀਂ ਜਾਣਦਾ। ਸ਼ੇਰ ਸਿੰਘ ਦੀ ਬਣਤ ਵਿਚ ਸ਼ੁਰੂ ਤੋਂ ਹੀ ਇਰਾਦੇ ਬਣਾਨੇ ਦੀ ਘਾਟ ਰਹੀ ਹੈ। ਹਾਂ ਪਰ ਜਦੋਂ ਇਕ ਵਾਰ ਉਹਦੇ ਦਿਲ ਵਿਚ ਇਰਾਦਾ ਪੱਕਾ ਹੋ ਜਾਏ ਤਾਂ ਉਹ ਤਨੋਂ ਮਨੋਂ ਉਸ ਇਰਾਦੇ ਦੀ ਪੂਰਤੀ ਵਾਸਤੇ ਮਿਹਨਤ ਕਰਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਮੇਰੀ ਚਿੱਠੀ ਵੇਖਦਿਆਂ ਹੀ ਉਹ ਦ੍ਰਿੜ੍ਹ ਹੋ ਜਾਵੇਗਾ, ਪਰ ਮੈਂ ਤੈਨੂੰ ਭੇਜਣਾ ਚਾਹੁੰਦਾ ਹਾਂ ਕਿਉਂਕਿ ਮੈਂ ਇਸ ਮੁਆਮਲੇ ਵਿਚ ਸ਼ਕ ਦੀ ਗੁੰਜਾਇਸ਼ ਨਹੀਂ ਚਾਹੁੰਦਾ!"

"ਜੋ ਆਗਿਆ ਸਿੰਘ ਸਾਹਿਬ।"

"ਹਾਂ ਤੇ ਜੇ ਹੋ ਸਕੇ ਤਾਂ ਚਿੱਠੀ ਪਹੁੰਚਾ ਕੇ ਤੇ ਸ਼ੇਰ ਸਿੰਘ ਨੂੰ ਦ੍ਰਿੜ੍ਹ ਚਿਤ ਕਰ ਕੇ ਤੂੰ ਮੁੜ ਆਵੀਂ...।"

"ਜਿਵੇਂ ਆਗਿਆ...।"

੧੬੮

ਪੰਜਾਬੀਆਂ ਤੇ ਫ਼ਰੰਗੀਆਂ ਵਿਚਕਾਰ ਹੋਈ ਦੂਜੀ ਲੜਾਈ ਯੁਧ ਕਲਾ ਦੇ ਪੱਖੋਂ ਭੁੱਲਾਂ, ਗ਼ਲਤੀਆਂ, ਟਪਲਿਆਂ ਤੇ ਉਕਾਈਆਂ ਦਾ ਇਕ ਅਜੀਬ ਅਖਾੜਾ ਹੈ। ਦੋਹਾਂ ਧਿਰਾਂ ਦੇ ਸੈਨਾਪਤੀਆਂ ਨੇ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਹਾਸੋਹੀਣੇ ਦਾਅ ਖੇਡੇ ਤੇ ਦ੍ਰਿੜ੍ਹਤਾ ਦੇ ਸ਼ੁੱਧ ਕਲਾ ਦੀ ਸੂਝ ਦੀ ਘਾਟ ਦਰਸਾਈ। ਪਰ ਇਹ ਲੜਾਈ ਆਮ ਸਿਪਾਹੀਆਂ ਦੀ ਬੀਰਤਾ, ਸੂਰਮਗਤੀ, ਕੌਮੀ ਆਨ ਵਾਸਤੇ ਜੋਸ਼ ਤੇ ਫ਼ਰਿਹ ਪਾਉਣ ਦੀਆਂ ਅਤਿ ਤੀਬਰ ਉਮੰਗਾਂ ਦਾ ਵੀ ਇਕ ਸੋਹਣਾ ਦ੍ਰਿਸ਼ਟਾਂਤ ਹੈ। ਹੈ। ਖ਼ਾਸ ਕਰ ਕੇ ਸਿੱਖਾਂ ਤੇ ਗੋਰਿਆਂ ਦੀ ਵਿਖਾਈ ਬਹਾਦਰੀ ਤੇ ਨਿੱਜੀ ਖ਼ਤਰਿਆਂ ਵਲੋਂ ਬੇਪ੍ਰਵਾਹੀ ਬੇਮਿਸਾਲ ਹੈ।

ਚਾਰ ਸਤੰਬਰ, ੧੮੪੮ ਨੂੰ ਜਰਨੈਲ ਵਿੱਸ਼ ਦੀ ਸਹਾਇਤਾ ਵਾਸਤੇ ਭਾਰੀਆਂ ਤੋਪਾਂ ਤੇ ਦਾਣੇ ਪਾਣੀ ਦਾ ਜ਼ਖ਼ੀਰਾ ਪਹੁੰਚ ਗਿਆ। ਸੱਤ ਸਤੰਬਰ ਨੂੰ ਉਹਨੇ ਮੁਲਤਾਨ ਨੂੰ ਘੇਰਾ ਪਾਇਆ। ਪਰ ਇਸ ਤੋਂ ਪਹਿਲੇ ਹਜ਼ਾਰੇ ਵਿਚ ਸਰਦਾਰ ਚਤਰ ਸਿੰਘ ਕੌਮੀ ਅੰਦੋਲਨ ਦੀ ਨੀਂਹ ਰਖ ਚੁੱਕਾ ਸੀ ਤੇ ਅਜੀਤ ਸਿੰਘ ਉਹਦੀ ਚਿੱਠੀ ਲੈ ਕੇ ਮੁਲਤਾਨ ਵਲ ਆ ਰਿਹਾ ਸੀ। ਹਜ਼ਾਰੇ ਵਿਚ ਅੰਦੋਲਨ ਸ਼ੁਰੂ ਹੋਣ ਦੀ ਖ਼ਬਰ ਨੇ ਅੰਗਰੇਜ਼ ਅਫ਼ਸਰਾਂ ਨੂੰ ਭੁਲਾ ਦਿਤਾ। ਉਹ ਡਰੇ ਕਿ ਉਹਨਾਂ ਦੇ ਆਪਣੇ ਥੱਲੇ ਕੰਮ ਕਰਦੀ ਸਿੱਖ ਸੈਨਾ ਕਦੋਂ ਤਕ ਉਹਨਾਂ ਦਾ ਸਾਥ ਦੇਵੇਗੀ ? ਪਰ ਹੁਣ ਕੋਈ ਹੋਰ ਚਾਰਾ ਵੀ ਨਹੀਂ ਸੀ। ਸੋ ਵਿੱਸ਼ ਨੇ ਸੱਤ ਸਤੰਬਰ ਨੂੰ ਘੇਰਾ ਘੱਤ ਕੇ ਨੌਂ ਸਤੰਬਰ ਰਾਤੀਂ ਮੁਲਤਾਨ ਉੱਤੇ ਤਕੜਾ ਹੱਲਾ ਬੋਲ ਦਿਤਾ। ਬਾਰਾਂ ਸਤੰਬਰ ਤਕ ਲੜਾਈ ਹੁੰਦੀ ਰਹੀ ਤੇ ਅੰਤ ਇਸ ਮਿਤੀ ਨੂੰ ਸ਼ਾਮ ਵੇਲੇ ਵਿੱਸ਼ ਮੁਲਤਾਨ ਦੇ ਕਿਲ੍ਹੇ ਦੇ ਬਿਲਕੁਲ ਲਾਗੇ ਪਹੁੰਚ ਗਿਆ। ਮੂਲ ਰਾਜ ਦੀ ਸੈਨਾ ਕਦਮ ਕਦਮ ਪਿਛੇ ਹਟਦੀ ਗਈ ਸੀ। ਇਕ ਹੱਲਾ ਹੋਰ ਤੇ ਮੁਲਤਾਨ ਦਾ ਕਿਲ੍ਹਾ ਸਰ ਹੋ ਜਾਣਾ ਸੀ। ਪਰ ਇਸ ਆਖ਼ਰੀ ਹੱਲੇ ਵਾਸਤੇ ਉਸ ਵੇਲੇ ਨਾ ਹੀ ਵਿੱਸ਼ ਵਿਚ ਸਤਾ ਸੀ ਤੇ ਨਾ ਹੀ ਉਹਦੀ ਸੈਨਾ ਵਿਚ। ਤਿੰਨਾਂ ਦਿਨਾਂ ਦੀ ਲੜਾਈ ਨਾਲ ਉਹ ਅਸਲੋਂ ਥੱਕ ਚੁਕੇ ਸਨ। ਸੋ ਕਿਲ੍ਹੇ ਉੱਤੇ ਆਖ਼ਰੀ ਹਮਲਾ ਘਟੋ ਘਟ ਚੌਵੀ ਘੰਟਿਆਂ ਲਈ ਮੁਲਤਵੀ ਕਰ ਦਿਤਾ ਗਿਆ।

Scanned by CamScanner

ਪਰ ਬਾਰਾਂ ਸਤੰਬਰ ਦੀ ਰਾਤ ਅਜੀਤ ਸਿੰਘ ਮਾਹਿਲ ਰਾਜਾ ਸ਼ੇਰ ਸਿੰਘ ਪਾਸ ਪੁਜ ਗਿਆ ਤੇ ਉਸ ਉਹਨੂੰ ਸਰਦਾਰ ਚਤਰ ਸਿੰਘ ਦਾ ਖ਼ਤ ਦਿਤਾ। ਪੜ੍ਹਦਿਆਂ ਪੜ੍ਹਦਿਆਂ ਸੇਰ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਅਜੀਤ ਉਹਦੇ ਚਿਹਰੇ ਉੱਤੇ ਆਉ'ਦੇ ਤੇ ਜਾਂਦੇ ਮਨੱਭਾਵਾਂ ਦਾ ਵੇਰਵਾ ਪੜ੍ਹਦਾ ਗਿਆ। ਇਸ ਚਿਠੀ ਨੇ ਜਿਹੜਾ ਅੰਸਰ ਸ਼ੇਰ ਸਿੰਘ ਉੱਤੇ ਕੀਤਾ, ਉਹਨੂੰ ਘੋਖ ਕੇ ਅਜੀਤ ਨੂੰ ਜਾਪਿਆ ਕਿ ਸਰਦਾਰ ਚਤਰ ਸਿੰਘ ਦੇ ਸੈਕੇ ਨਿਰਮੂਲ ਹਨ। ਰਾਜਾ ਸ਼ੇਰ ਸਿੰਘ ਇਕ ਅਤੀ ਉੱਚੀ ਸ਼ਖ਼ਸੀਅਤ ਹੈ ਤੇ ਇਕ ਅਤੀ ਦਿਆਨਤਦਾਰ ਰੂਹ। ਉਹਨੂੰ ਮਹਿਸੂਸ ਹੋਇਆ ਕਿ ਅਜੇ ਤਕ ਸ਼ੇਰ ਸਿੰਘ ਨੇ ਜੇ ਕੋਈ ਨਿੱਗਰ ਕਦਮ ਨਹੀਂ ਚੁਕਿਆ, ਤਾਂ ਕਿਸੇ ਨਾ ਕਿਸੇ ਮਜਬੂਰੀ ਕਰ ਕੇ। ਅਜੀਤ ਨੂੰ ਲਗਾ ਕਿ ਸ਼ੇਰ ਸਿੰਘ ਤੇ ਚਤਰ ਸਿੰਘ ਵਿਚ ਕਈ ਹੋਰ ਪਿਤਾ ਪੁੱਤਰਾਂ ਵਾਂਗ ਬੜਾ ਕੁਝ ਸਾਂਝਾ ਹੈ!

ਪਰ ਭਾਵੇਂ ਅਜੀਤ ਨੂੰ ਆਪਣੇ ਉਤਸ਼ਾਹ ਤੇ ਆਪਣੇ ਜਵਾਨ ਇਰਾਦਿਆਂ ਭਰੇ ਦਿਲ ਨਾਲ ਇਹ ਕੁਝ ਲਗਾ, ਇਸ ਵਿਚ ਸ਼ਕ ਨਹੀਂ ਕਿ ਸ਼ੇਰ ਸਿੰਘ ਨੂੰ ਕਿਸੇ ਦ੍ਰਿੜ ਇਰਾਦੇ ਦੀ ਘਾਟ ਨੇ ਅਜੇ ਤਕ ਕੌਮੀ ਅੰਦੋਲਨ ਵਾਸਤੇ ਭਾਰ ਬਣਾਈ ਰਖਿਆ ਸੀ। ਇਕੱਲੇ ਹੱਥ ਮੂਲ ਰਾਜ ਨੂੰ, ਚੰਗ ਚੰਗੇ ਅੰਗਰੇਜ਼ ਜਰਨੈਲਾਂ ਹੇਠ ਲਤ ਰਹੀ ਆਪਣੇ ਤੋਂ ਵਧੀਕ ਫ਼ੌਜ ਨਾਲ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਸ਼ੇਰ ਸਿੰਘ ਚੁੱਪ ਤਮਾਸ਼ਾ ਵੇਖਦਾ ਰਿਹਾ ਸੀ। ਬੇਸ਼ਕ ਉਹ ਕੌਮੀ ਅੰਦੋਲਨ ਨਾਲ ਗੱਦਾਰੀ ਕਰਦਾ ਰਿਹਾ ਸੀ। ਆਪੇ ਹੀ ਅੰਦੋਲਨ ਦਾ ਮੋਹਰੀ ਬਣ ਕੇ ਉਹ ਆਪੇ ਹੀ ਲੋੜ ਸਮੇਂ ਕੁਝ ਕਰਨ ਤੋਂ ਯਰਕਦਾ ਆਇਆ ਸੀ।

ਪਰ ਪਿਤਾ ਦੀ ਚਿੱਠੀ ਨੇ ਉਹਨੂੰ ਦੁਚਿਤੀਆਂ ਵਿਚੋਂ ਕਢਿਆ। ਪਿਤਾ ਨੇ ਲਿਖਿਆ ਸੀ : "ਪੁੱਤਰ ਹੁਣ ਕਹੀਆਂ ਸੋਚਾਂ ਵਿਚ ਪਿਆ ਹੈਂ। ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਚੰਗੀ ਹੈ। ਬੇਟਾ ; ਇਹੋ ਸਾਡੇ ਗੁਰੂ ਸਾਹਿਬਾਨ ਦਾ ਉਦੇਸ਼ ਹੈ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਧਿਆਨ ਧਰ ਤੇ ਮੈਦਾਨ ਵਿਚ ਉਤਰ ਆ। ਜੇ ਅਸੀਂ ਐਸ ਵੇਲੇ ਕੁਝ ਨਾ ਕੀਤਾ, ਤਾਂ ਅਸੀਂ ਕੌਮ, ਇਤਿਹਾਸ, ਧਰਮ ਤੇ ਸ਼ੇਰੇ-ਪੰਜਾਬ ਦੇ ਦੇਣਦਾਰ ਹੋਵਾਂਗੇ। ਤੇ ਅੱਜ ਫ਼ਰੰਗੀਆਂ ਕੋਲੋਂ ਇਨਸਾਫ਼ ਤੇ ਚੰਗੇ ਵਰਤਾਉ ਦੀ ਆਸ ਰਖਣੀ ਭੁਲੇਖਾ ਹੈ...।"

ਜਿਉਂ ਜਿਉਂ ਸ਼ੇਰ ਸਿੰਘ ਚਿੱਠੀ ਪੜ੍ਹਦਾ ਗਿਆ, ਇਕ ਪਿਛੋਂ ਦੂਜੀ ਮਲਾਮਤ ਉਹ ਆਪਣੇ ਉੱਤੇ ਪਾਂਦਾ ਗਿਆ। ਇਕ ਇਕ ਸ਼ਬਦ ਉਹਦੇ ਕਾਲਜੇ ਵਿਚ ਰੜਕਦਾ। "ਉਫ਼!" ਉਹ ਸੋਚਦਾ, "ਮੈਂ ਕੀ ਕਰਦਾ ਰਿਹਾ ਹਾਂ। ਮੈਂ ਕਿਵੇਂ ਅੰਗਰੇਜ਼ਾਂ ਦੀ ਤਾਕਤ ਕੋਲੋਂ ਡਰਦਾ ਆਇਆ ਹਾਂ। ਏਸੇ ਡਰ ਤੋਂ ਵਿਮੁਕਤ ਰਹਿਣਾ ਹੀ ਤਾਂ ਗੁਰੂ ਕਲਗੀਆਂ ਵਾਲੇ ਨੇ ਸਿਖਾਇਆ ਸੀ..." ਉਹ ਚਿੱਠੀ ਪੜ੍ਹਦਾ ਗਿਆ ਤੇ ਉਹਦੀਆਂ ਅੱਖਾਂ ਵਿਚ ਅੱਥਰੂ ਸਿੰਮ ਆਏ ਤੇ ਅੰਤ ਉਹਦੇ ਚਿਹਰੇ ਉੱਤੇ ਤੇਣਕ ਅਤੇ ਦ੍ਰਿੜ ਲੀਹਾਂ ਉਤਪੰਨ ਹੋਈਆਂ। ਇਹਨਾਂ ਉਤਾਰ ਚੜ੍ਹਾਅ, ਇਹਨਾਂ ਅੱਥਰੂਆਂ ਤੇ ਇਹਨਾਂ ਦ੍ਰਿੜ ਲੀਹਾਂ ਨੂੰ ਹੀ ਵੇਖ ਕੇ ਸ਼ਾਇਦ ਅਜੀਤ ਨੂੰ ਸ਼ੇਰ ਸਿੰਘ ਇਕ ਚੁੰਭਕ ਸ਼ਖ਼ਸੀਅਤ ਲਗੀ। ਚਤਰ ਸਿੰਘ ਨੇ ਅਜੀਤ ਸਿੰਘ ਨੂੰ ਚੁੰਬਕ ਕਿਹਾ ਸੀ, ਪਰ ਅੱਜ ਅਜੀਤ ਸ਼ੇਰ ਸਿੰਘ ਦੀ ਚੁੰਬਕ ਸ਼ਕਤੀ ਨਾਲ ਖਿਚਿਆ ਗਿਆ ਤੇ ਦਿਲ ਹੀ ਦਿਲ ਉਸ ਉਹਨੂੰ ਆਪਣਾ ਨਾਇਕ ਸਵੀਕਾਰ ਕੀਤਾ : ਚਿੱਠੀ ਪੜ੍ਹ ਕੇ ਸ਼ੇਰ ਸਿੰਘ ਬੋਲਿਆ : "ਸਿੰਘ ਸਾਹਿਬ!" ਸ਼ੇਰ ਸਿੰਘ ਆਪਣੇ ਪਿਤਾ ਨੂੰ ਬੁਰੂ ਤੋਂ ਹੀ 'ਸਿੰਘ ਜੀ' ਜਾਂ 'ਸਿੰਘ ਸਾਹਿਬ' ਸਦਿਆ ਕਰਦਾ ਸੀ, "ਠੋ ਮੈਨੂੰ ਰਾਹੇ ਪਾਇਆ ਹੈ। ਮੈਂ ਕੁਆਚ ਰਿਹਾ ਸਾਂ। ਕੁਥਾਵੇਂ ਜਾ ਰਿਹਾ ਸਾਂ। ਧੰਨ ਭਾਗ ਮੇਰੇ ਕਿ ਅੱਜ ਮੈਂ ਸਹੀ ਰਾਹ ਤੇ ਸਹੀ ਨਿਸ਼ਾਨੇ ਵਲ ਮੁੜ ਆਇਆ ਹਾਂ।"

ਤੇ ਫਿਰ ਉਸ ਅਜੀਤ ਨੂੰ ਸੰਬੋਧਨ ਕਰ ਕੇ ਕਿਹਾ : "ਅਜੀਤ! ਸਿੰਘ ਸਾਹਿਬ ਨੇ ਤੇਰੇ ਬਾਰੇ ਅਤੀ ਮਿੱਠੇ ਸ਼ਬਦ ਲਿਖੇ ਹਨ। ਮੈਂ ਤੇਰਾ ਸ਼ੁਕਰ ਗੁਜ਼ਾਰ ਹਾਂ ਕਿ ਤੂੰ ਅੱਜ ਮੈਨੂੰ ਬਹੁੜਿਆ ਹੈਂ। ਜੇ ਇਹ ਚਿੱਠੀ ਇਕ ਦਿਨ ਵੀ ਹੋਰ ਪਛੜ ਜਾਂਦੀ, ਤਾਂ ਸ਼ਾਇਦ ਮੈਂ ਕੁਝ ਵੀ ਨਾ ਕਰ ਸਕਦਾ। ਪਰ ਅਜੇ ਆਸ ਬਾਕੀ ਹੈ।"

ਤੇ ਫਿਰ ਉਸ ਆਪਣੇ ਇਕ ਨਿਕਟਵਰਤੀ ਕਿਸ਼ਨ ਸਿੰਘ ਨੂੰ ਕਿਹਾ : 'ਹੁਣ ਹੋਰ ਦੇਰੀ ਤੇ ਸੋਚ ਤੇ ਸਲਾਹ ਮਸ਼ਵਰਾ ਫ਼ਜ਼ੂਲ ਹੈ। ਅਸੀਂ ਸਭ ਇਸੇ ਰਾਤ ਕੌਮੀ ਅੰਦੋਲਨ ਵਿਚ ਸ਼ਾਮਲ ਹੁੰਦੇ ਹਾਂ।"

ਉਸ ਵੇਲੇ ਉਸ ਆਪਣੇ ਛੋਟੇ ਭਰਾ ਗੁਲਾਬ ਸਿੰਘ ਨੂੰ ਵੀ, ਓਸੇ ਵੇਲੇ ਇਕ ਚਿੱਠੀ ਲਿਖੀ। ਲਿਖਿਆ : "ਮੈਂ ਅਜ ਸਿੰਘ ਸਾਹਿਬ ਦਾ ਹੁਕਮ ਮੰਨਣ ਦਾ ਫ਼ੈਸਲਾ ਕਰ ਲਿਆ ਹੈ ਤੇ ਪਿਆਰੇ ਧਰਮ ਦੀ ਸੇਵਾ ਮੇਰਾ ਆਦਰਸ਼ ਹੈ। ਜੇ ਪਿਤਾ ਦੀ ਇੱਚਤ ਮਨ ਵਿਚ ਹੈ ਤਾਂ ਤੂੰ ਵੀ ਅਜੋ ਹੀ ਸਿੰਘ ਸਾਹਿਬ ਨੂੰ ਮਿਲਣ ਵਾਸਤੇ ਟੂਰ ਪਉ। ਕਿਸੇ ਹੋਰ ਚਿੱਠੀ ਦੀ ਉਡੀਕ ਨਾ ਕਰੀਂ। ਪ੍ਰਮਾਤਮਾ ਉੱਤੇ ਭਰੋਸਾ ਰਖਣਾ। ਜੇ ਜੀਉਂਦੇ ਰਹੇ ਤਾਂ ਕਦੀ ਮੁੜ ਮਿਲਾਂਗੇ।"

Scanned by CamScanner

ਚੌਦਾਂ ਸਤੰਬਰ, ੧੮੪੮ ਦੀ ਸਵੇਰ ਤਕ ਰਾਜਾ ਸ਼ੇਰ ਸਿੰਘ ਦੀ ਸਾਰੀ ਤੇ ਅੰਗਰੇਜ਼ੀ ਅਫ਼ਸਰਾਂ ਥੱਲੇ ਕੰਮ ਕਰਦੀ ਘਨੇਰੀ ਪੰਜਾਬੀ ਸੈਨਾ ਮੂਲ ਰਾਜ ਨਾਲ ਜਾ ਮਿਲੀ।

ਇਕ ਖ਼ਤਰਨਾਕ ਘੜੀ ਟਲ ਗਈ।

ਜੇ ਚੌਵੀ ਘੰਟੇ ਵੀ ਸ਼ੇਰ ਸਿੰਘ ਪੱਛੜ ਜਾਂਦਾ, ਤਾਂ ਜਰਨੈਲ ਵਿਸ਼ ਨੇ ਮੁਲਤਾਨ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲੈਣਾ ਸੀ ਤੇ ਇਹ ਕੌਮੀ ਅੰਦੋਲਨ ਵੀ ਕਦੀ ਪ੍ਰਫੁਲਤ ਨਹੀਂ ਸੀ ਹੋ ਸਕਣਾ।

ਪੰਦਰਾਂ ਸਤੰਬਰ ਨੂੰ ਜਰਨੈਲ ਵਿਸ਼ ਨੇ ਆਪਣੀਆਂ ਫ਼ੌਜਾਂ ਨੂੰ ਪਿਛੇ ਹਟਾ ਲਿਆ।

ਏਸੇ ਦਿਨ ਸ਼ੇਰ ਸਿੰਘ ਨੇ ਹੇਠ ਲਿਖਿਆ ਹੁਕਮਨਾਮਾ ਅਨੇਕ ਹਰਕਾਰਿਆਂ ਹੱਥ ਦੁਆਬੇ ਤੇ ਮਾਲਵੇ ਦੇ ਸਿੰਘਾਂ ਨੂੰ ਭੇਜਿਆ :

"ਸਮੁਚੇ ਪੰਜਾਬ ਵਾਸੀਆਂ ਨੂੰ ਤੇ ਸਭ ਦੁਨੀਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਫ਼ਰੰਗੀਆਂ ਨੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮਹਿਬੂਬਾ, ਰਾਜ ਮਾਤਾ ਜਿੰਦ ਕੌਰ ਨਾਲ ਕੈਡਾ ਬੇਰਹਿਮ, ਜ਼ਾਲਮ ਤੇ ਧੱਕੇਸ਼ਾਹੀ ਭਰਿਆ ਸਲੂਕ ਕੀਤਾ ਹੈ। ਪੰਜਾਬ ਵਾਸੀਆਂ ਤੇ ਦੁਨੀਆਂ ਨੂੰ ਉਹ ਅਤਿਆਚਾਰ ਵੀ ਨਹੀਂ ਭੁਲੇ, ਜਿਨ੍ਹਾਂ ਅਤਿਆਚਾਰਾਂ ਨਾਲ ਕਿ ਫ਼ਰੰਗੀ ਸਾਡੇ ਦੇਸ਼ ਦੇ ਲੋਕਾਂ ਉੱਤੇ ਕਹਿਰ ਵਰਤਾਂਦੇ ਰਹੇ ਹਨ।

"ਫ਼ਰੰਗੀਆਂ ਨੇ ਰਾਜ ਮਾਤਾ ਨੂੰ ਕੈਦ ਕਰ ਕੇ ਤੇ ਉਹਨੂੰ ਦੇਸ਼-ਨਿਕਾਲਾ ਦੇ ਕੇ ਸਭ ਸੰਧੀਆਂ ਤੋੜ ਦਿਤੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੀ ਬੱਚਿਆਂ ਵਰਗੀ ਰਈਅਤ ਨੂੰ, ਉਹਨਾਂ ਕੋਹ ਛਡਿਆ ਹੈ। ਗੁਰੂ ਮਹਾਰਾਜ ਦੀ ਕਿਰਪਾ ਨਾਲ ਰਾਜਾ ਸ਼ੇਰ ਸਿੰਘ, ਉਹਦੇ ਸਿਪਾਹੀ ਤੇ ਕਈ ਹੋਰ ਮਹਾਰਾਜਾ ਦਲੀਪ ਸਿੰਘ ਵਲੋਂ ਦੀਵਾਨ ਮੂਲ ਰਾਜ ਨਾਲ ਮਿਲ ਕੇ ਕੌਮੀ ਅੰਦੋਲਨ ਸ਼ੁਰੂ ਕਰ ਰਹੇ ਹਨ। ਫ਼ਰੰਗੀਆਂ ਦਾ ਦਗ਼ਾ ਤੇ ਉਹਨਾਂ ਦਾ ਜ਼ੁਲਮ ਖ਼ਤਮ ਹੋ ਕੇ ਹੀ ਰਹੇਗਾ। ਆਓ ਖ਼ਾਲਸਾ ਜੀ, ਹੁਣ ਕਿਸੇ ਸਮੇਂ ਦੀ ਉਡੀਕ ਵਿਚ ਹੋ।"

ਉਧਰ ਕਲਕੱਤੇ ਵਿਚ, ਲਾਰਡ ਡਲਹੌਜ਼ੀ ਨੇ ਪੰਜਾਬ ਵਲ ਚਾਲੇ ਪਾਉਣ ਤੋਂ ਪਹਿਲੇ ਪੰਜ ਅਕਤੂਬਰ ਨੂੰ ਰਾਜ ਭੋਜਨ ਤੋਂ ਪਿਛੋਂ ਤਕਰੀਰ ਕਰਦੇ ਹੋਏ ਕਿਹਾ : "ਸਿੱਖ ਕੌਮ ਸਾਡੇ ਨਾਲ ਜੰਗ ਵਾਸਤੇ ਤੁਲ ਗਈ ਹੈ ਤੇ ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਜੇ ਇਉਂ ਹੈ ਤਾਂ ਉਹਨਾਂ ਨੂੰ ਇਹਦਾ ਰੜਕਦਾ ਜੁਆਬ ਮਿਲੇਗਾ।"

ਤੇ ਇਸ ਤੋਂ ਪਹਿਲੇ ਹੀ ਸੈਨਾਪਤੀ ਲਾਰਡ ਗਫ਼ ਇਹ ਐਲਾਨ ਕਰ ਚੁੱਕਾ ਸੀ ਕਿ ਪੰਜਾਬ ਉੱਤੇ ਹਮਲੇ ਵਾਸਤੇ ਇਕ ਮਹਾਨ ਸੈਨਾ ਫ਼ੀਰੋਜ਼ਪੁਰ ਵਿਚ ਇਕੱਠੀ ਹੋਏਗੀ। ਉਸ ਇਹ ਵੀ ਕਿਹਾ ਸੀ ਕਿ ਉਹ ਆਪ ਇਸ ਸੈਨਾ ਦੀ ਅਗਵਾਈ ਕਰੇਗਾ।

ਇਸ ਦੌਰਾਨ ਵਿਚ ਜਰਨੈਲ ਕਿਓਰੇਟਨ ਨੂੰ ਦਿਕ ਬਰੀਗੇਡ ਰਸਾਲੇ ਨਾਲ ਤੇ ਕਾਲਿਨ ਕੈਂਪਬਲ ਨੂੰ ਇਕ ਬਰੀਗੇਡ ਪਿਆਦਾ ਨਾਲ, ਹੁਕਮ ਹੋਇਆ ਕਿ ਉਹ ਗੁਜਰਾਂਵਾਲੇ ਵਲ ਵਧਣ।

ਏਧਰੋਂ ਨੌਂ ਅਕਤੂਬਰ ਨੂੰ ਰਾਜਾ ਸ਼ੇਰ ਸਿੰਘ ਆਪਣੀ ਸੈਨਾ ਨਾਲ ਉੱਤਰ ਵਿਚ ਕਿਸੇ ਥਾਂ ਉੱਤੇ ਆਪਣੇ ਪਿਤਾ ਨਾਲ ਮੇਲ ਕਰਨ ਵਾਸਤੇ ਮੁਲਤਾਨ ਤੋਂ ਤੁਰ ਪਿਆ।

ਕਿਉਂ ? ਇਹਦੇ ਕਾਰਨ ਸਮਝਣੇ ਮੁਸ਼ਕਲ ਹਨ। ਠੀਕ ਚਤਰ ਸਿੰਘ ਨੇ ਆਪਣੇ ਪੁੱਤਰ ਨੂੰ ਚਿਤੇ ਮਿਲਣ ਲਈ ਕਿਹਾ ਸੀ, ਪਰ ਚਤਰ ਸਿੰਘ ਨੂੰ ਉਸ ਵੇਲੇ ਮੁਲਤਾਨ ਦੇ ਕਿਲ੍ਹੇ ਦੁਆਲੇ ਵਿਚਰਦੇ ਹਾਲਾਤ ਦਾ ਪਤਾ ਨਹੀਂ ਸੀ। ਇਹਨਾਂ ਹਾਲਾਤਾਂ ਦਾ ਸਹਈ ਪਾਰਖੂ ਸਿਰਫ਼ ਰਾਜਾ ਸ਼ੇਰ ਸਿੰਘ ਸੀ ਤੇ ਉਹਦਾ ਮੂਲ ਰਾਜ ਨੂੰ ਇਕੱਲਿਆਂ ਇਕੱਲਿਆਂ ਛੱਡ ਕੇ ਜਾਣਾ ਕਈਆਂ ਪਹਿਲੂਆਂ ਤੋਂ ਯੋਗ ਗਿਣਿਆ ਨਹੀਂ ਜਾ ਸਕਦਾ।

ਏਸ ਵੇਲੇ, ਮੁਲਤਾਨ ਦੇ ਦੁਆਲੇ, ਅੰਗਰੇਜ਼ਾਂ ਦੀ ਕੁਲ ਸੈਨਾ ਕੋਈ ਚੌਦਾਂ ਪੰਦਰਾਂ ਹਜ਼ਾਰ ਸੀ। ਏਨੀ ਜਾਂ ਇਸ ਤੋਂ ਕੁਝ ਘੱਟ ਸੈਨਾ ਮੂਲ ਰਾਜ ਕੋਲ ਸੀ, ਸੋ ਜੇ ਸ਼ੇਰ ਸਿੰਘ ਤੇ ਮੂਲ ਰਾਜ ਮਿਲ ਕੇ ਅੰਗਰੇਜ਼ੀ ਸੈਨਾ ਉੱਤੇ ਹਮਲਾ ਕਰਦੇ ਤਾਂ ਇਹਦੇ ਵਿਚ ਸ਼ੱਕ ਨਹੀਂ ਕਿ ਉਹਨਾਂ ਨੂੰ ਸਫ਼ਲਤਾ ਹੁੰਦੀ।

ਆਖ਼ਰਕਾਰ ਕੌਮੀ ਅੰਦੋਲਨ ਨੂੰ ਇਸ ਸਮੇਂ ਸ਼ੁਰੂ ਕਰਨ ਦਾ ਇਕ ਵਡਾ ਕਾਰਨ ਗਰਮੀਆਂ ਦਾ ਮੌਸਮ ਸੀ। ਇਸ ਮੌਸਮ ਵਿਚ ਸੰਭਾਵਨਾ ਸੀ ਕਿ ਅੰਗਰੇਜ਼ਾਂ ਨੂੰ ਸਰਦੀਆਂ ਦੇ ਮੌਸਮ ਦੇ ਸ਼ੁਰੂਮੁਖ, ਸਹਿਜੇ ਹਰਾਇਆ ਜਾ ਸਕਦਾ ਹੈ।

Scanned by CamScanner

ਠੀਕ, ਅੰਗਰੇਜ਼ਾਂ ਦੀ ਸਾਮੁੱਚੀ ਸੈਨਾ ਮੁਲਤਾਨ ਦੇ ਦੁਆਲੇ ਨਹੀਂ ਸੀ ਜੁੜੀ ਪਰ ਫਿਰ ਵੀ ਜਿੰਨੀ ਕੁ ਸੈਨਾ ਉੱਥੇ ਸੀ ਉਹਦਾ ਤਾਂ ਖ਼ਾਤਮਾ ਕੀਤਾ ਜਾ ਸਕਦਾ ਸੀ।

ਜੇ ਇਕ ਫ਼ੌਜੀ ਆਗੂ ਨੂੰ ਆਪਣੇ ਦੁਸ਼ਮਣ ਤਾਈਂ, ਦੋ ਵੱਖ ਵੱਖ ਹਿੱਸਿਆਂ ਵਿਚ ਤਬਾਹ ਕਰਨ ਦਾ ਮੌਕਾ ਮਿਲੇ ਤਾਂ ਉਹਨੂੰ ਹੋਰ ਕੀ ਚਾਹੀਦਾ ਹੈ। ਇਹ ਉਹਦੀ ਖ਼ੁਸ਼ਕਿਸਮਤੀ ਹੈ। ਪਰ ਮੁਲਤਾਨ ਦੇ ਲਾਗੇ ਕੌਮੀ ਅੰਦੋਲਨ ਦੇ ਦੋ ਨੇਤਾਵਾਂ ਨੂੰ ਇਹ ਮੌਕਾ ਮਿਲਿਆ ਤੇ ਉਹਨਾਂ ਨੇ ਛਿਹ ਅੰਜਾਈਂ ਖੁੰਝਾ ਦਿਤਾ। ਕਈਆਂ ਦਾ ਖ਼ਿਆਲ ਹੈ ਕਿ ਮੂਲ ਰਾਜ ਨੇ ਸ਼ੇਰ ਸਿੰਘ ਨਾਲ ਮਿਲਵਰਤਣ ਕਰਨ ਤੋਂ ਇਨਕਾਰ ਕਰ ਦਿਤਾ। ਇਹਦਾ ਇਕ ਕਾਰਨ ਹਰਬਰਟ ਐਡਵਰਡ ਵਲੋਂ ਇਕ ਗੁਪਤ ਚਿੱਠੀ ਵੀ ਹੋ ਸਕਦਾ ਹੈ, ਜਿਸ ਚਿੱਠੀ ਰਾਹੀਂ ਕਿ ਰਾਜਾ ਸ਼ੇਰ ਸਿੰਘ ਨੂੰ ਨਿਯਤ ਨੀਤੀ ਅਨੁਸਾਰ ਤੇ ਹੁਸ਼ਿਆਰੀ ਨਾਲ ਦੀਵਾਨ ਮੂਲ ਰਾਜ ਦਾ ਓਪਰਾ ਸਾਥ ਦੇਣ ਵਾਸਤੇ ਕਿਹਾ ਗਿਆ ਤੇ ਜਿਹੜੀ ਚਿੱਠੀ ਕਿ ਚਾਲਾਕੀ ਨਾਲ ਦੀਵਾਨ ਮੂਲ ਰਾਜ ਦੇ ਹੱਥੀਂ ਪਹੁੰਚਾਈ ਗਈ।

ਮੂਲ ਰਾਜ ਦੇ ਸ਼ੱਕਾਂ ਦਾ ਦੂਜਾ ਕਾਰਨ ਰਾਜਾ ਸ਼ੇਰ ਸਿੰਘ ਦੀ ਪਹਿਲੀ ਦੁਚਿੱਤਗੀ ਵੀ ਗਿਣਿਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਸੀ ਕਿ ਅੰਦੋਲਨ ਬਾਰੇ ਕਿੰਨਾ ਕੁਝ ਤੈਅ ਕਰ ਕੇ ਤੇ ਹੁਣ ਉਹ ਮੁਲਤਾਨ ਦੇ ਨੇੜੇ ਪਹੁੰਚ ਕੇ ਵੀ ਅੰਗਰੇਜ਼ਾਂ ਦਾ ਸਾਥ ਦੇਈ ਜਾ ਰਿਹਾ ਸੀ। ਮੂਲ ਰਾਜ ਉੱਤੇ, ਹੱਲੇ ਪਿਛੋਂ ਹੱਲਾ ਹੋ ਰਿਹਾ ਸੀ, ਪਰ ਰਾਜਾ ਸ਼ੇਰ ਸਿੰਘ ਅਸਲੋਂ ਬੇਧਿਆਨਾ ਸੀ।

ਤੀਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੂਲ ਰਾਜ ਨੇ ਅੰਤ ਰਾਜਾ ਸ਼ੇਰ ਸਿੰਘ ਦੇ ਮਨ ਦੀ ਤਬਦੀਲੀ ਨੂੰ ਸਿਰਫ਼ ਇਕ ਖ਼ੁਦਗਰਜ਼ੀ ਦਾ ਪ੍ਰਗਟਾਅ ਸਮਝਿਆ ਹੋਵੇ। ਉਸ ਵੇਲੇ ਇਹ ਮਸ਼ਹੂਰ ਸੀ ਕਿ ਅੰਗਰੇਜ਼ ਰੈਜ਼ੀਡੈਂਟ ਨੇ ਸਰਦਾਰ ਚਤਰ ਸਿੰਘ ਦੀ ਧੀ ਦਾ ਮਹਾਰਾਜਾ ਦਲੀਪ ਸਿੰਘ ਨਾਲ ਵਿਆਹ ਮੁਲਤਵੀ ਕਰ ਦਿਤਾ ਹੈ ਤੇ ਇਸ ਤੋਂ ਚਿੜ ਕੇ ਚਤਰ ਸਿੰਘ ਤੇ ਸ਼ੇਰ ਸਿੰਘ ਅੰਗਰੇਜ਼ਾਂ ਵਿਰੁਧ ਹੋ ਗਏ ਹਨ। ਜੇ ਇਹ ਸੱਚ ਸੀ ਤਾਂ ਦੀਵਾਨ ਮੂਲ ਰਾਜ ਦੀ ਸ਼ੱਕੀ ਵਾਰਤਾ ਜਾਇਜ਼ ਸੀ। ਉਹ ਕੌਮੀ ਅੰਦੋਲਨ ਵਾਸਤੇ ਅਲਗਰਜ਼ ਤੇ ਦੇਸ਼ ਭਗਤਾਂ ਨਾਲ ਸਹਿਯੋਗ ਕਰ ਸਕਦਾ ਸੀ। ਸਵੈ-ਹਤੈਸ਼ੀਆਂ ਨਾਲ ਨਹੀਂ। ਦਰਅਸਲ ਚਤਰ ਸਿੰਘ ਤੇ ਸ਼ੇਰ ਸਿੰਘ ਦੇ ਬਾਰੇ ਇਹ ਉਜ ਸਚ ਨਹੀਂ ਸੀ ਤੇ ਜੇ ਇਹ ਸੱਚ ਨਹੀਂ ਤਾਂ ਇਹਦਾ ਪ੍ਰਮਾਣ ਰਾਜਾ ਸ਼ੇਰ ਸਿੰਘ ਨੂੰ ਅਵੱਸ਼ ਦੇਣਾ ਚਾਹੀਦਾ ਸੀ।

ਹਰ ਪੱਖੋਂ ਤੇ ਹਰ ਗੱਲੋਂ ਸ਼ੇਰ ਸਿੰਘ ਨੂੰ ਸ਼ੋਭਦਾ ਸੀ ਕਿ ਉਹ ਦੀਵਾਨ ਮੂਲ ਰਾਜ ਦੇ ਸ਼ਕ ਦੂਰ ਕਰਦਾ। ਜੇ ਇਹ ਐਡਵਰਡ ਦੀ ਚਿੱਠੀ ਦਾ ਨਤੀਜਾ ਸੀ ਤਾਂ ਵੀ, ਜੇ ਸ਼ੇਰ ਸਿੰਘ ਦੀ ਦੇਰੀ ਉੱਤੇ ਮੂਲ ਰਾਜ ਦੀ ਨਾਰਾਜ਼ਗੀ ਸੀ ਤਾਂ ਵੀ, ਤੇ ਜੇ ਮੂਲ ਰਾਜ ਉਹਦੇ ਉੱਤੇ ਖ਼ੁਦਗਰਜ਼ ਹੋਣ ਦੀ ਤੋਹਮਤ ਲਾਂਦਾ ਸੀ, ਤਾਂ ਵੀ ਸ਼ੇਰ ਸਿੰਘ ਨੂੰ ਚਾਹੀਦਾ ਸੀ ਕਿ ਉਹ ਆਪਣੀ ਸਦਾਕਤ ਤੇ ਸਾਫ਼ ਦਿੱਲੀ ਦਾ ਮੂਲ ਰਾਜ ਅੱਗੇ ਪ੍ਰਗਟਾ ਕਰਦਾ। ਮੂਲ ਰਾਜ ਵਿਚ ਜੇ ਸ਼ੱਕ ਉਪਜੇ ਸਨ ਤਾਂ ਉਹ ਬਾਦਲੀਲ ਸਨ।

ਜੇ ਮੂਲ ਰਾਜ ਤੇ ਰਾਜਾ ਸ਼ੇਰ ਸਿੰਘ ਮਿਲ ਕੇ ਜਰਨੈਲ ਵਿਸ਼ ਦੀ ਫ਼ੌਜ ਦਾ ਖ਼ਾਤਮਾ ਕਰ ਦੇਂਦੇ, ਜਿਹਤਾ ਕਿ ਉਹਨਾਂ ਦੇ ਵਿਤ ਵਿਚ ਸੀ, ਪੰਜਾਬ ਉਸ ਸਾਲ ਦੇ ਅਖ਼ੀਰ ਤੋਂ ਪਹਿਲੇ ਆਜ਼ਾਦ ਹੋ ਚੁਕਾ ਹੁੰਦਾ। ਮੁਲਤਾਨ ਵਿਚ ਜਰਨੈਲ ਵਿਸ਼ ਦੀ ਸੈਨਾ ਨੂੰ ਮਾਰ ਕੇ, ਉਹਨਾਂ ਨੂੰ ਲਾਹੌਰ ਦਾ ਰੁਖ਼ ਕਰਨਾ ਚਾਹੀਦਾ ਸੀ ਤੇ ਹਕੂਮਤ ਦੀ ਵਾਗਡੋਰ ਆਪਣੇ ਹੱਥ ਲੈ ਲੈਣੀ ਚਾਹੀਦੀ ਸੀ। ਇਹਨਾਂ ਹਾਲਾਤਾਂ ਵਿਚ ਸਰਦਾਰ ਚਤਰ ਸਿੰਘ ਦੀ ਉੱਤਰ ਵਲੋਂ ਪੇਸ਼-ਕਦਮੀ ਵੀ ਤੇਜ਼ ਹੋ ਜਾਂਦੀ।

ਪਰ ਨਹੀਂ, ਰਾਜਾ ਸ਼ੇਰ ਸਿੰਘ ਨੇਂ ਅਕਤੂਬਰ ਨੂੰ ਮੁਲਤਾਨ ਛਡ ਕੇ ਉੱਤਰ ਵਲ ਵਧਣ ਲਗਾ। ਇਕ ਅਤਿ ਕੀਮਤੀ ਮੌਕਾ ਹੱਥੋਂ ਗੁਆ ।ਦਤਾ ਗਿਆ। ਦੁਸ਼ਮਣ ਦੀਆਂ ਫ਼ੌਜਾਂ ਨੂੰ ਪਾੜ ਕੇ ਮੁਕਾਣ ਨਾਲੋਂ ਇਹਨਾਂ ਦੇ ਨੇਤਾਵਾਂ ਨੇ ਆਪਣੀਆਂ ਹੀ ਫ਼ੌਜਾਂ ਪਾੜ ਲਈਆਂ। ਹੁਣ ਅੰਗਰੇਜ਼ਾਂ ਵਾਸਤੇ ਵਖੋ ਵੱਖ ਦੋ ਵਿਰੋਧੀ ਫ਼ੌਜਾਂ ਨੂੰ ਘੇਰਨਾ ਤੇ ਮਾਰਨਾ ਆਸਾਨ ਹੋ ਗਿਆ।

ਤਿੰਨ ਨਵੰਬਰ, ੧੮੪੮ ਨੂੰ ਬਰਿਗੇਡੀਅਰ ਵੀਲਰ ਤੇ ਬਰਿਗੇਡੀਅਰ ਗਾਡਬੀ ਦੀਆਂ ਬਰਿਗੇਡਾਂ ਨੂੰ ਵੀ ਰਾਵੀ ਵਲ ਵਧਣ ਦਾ ਹੁਕਮ ਹੋਇਆ। ਇਹ ਬਾਰਗੇਡਾਂ ਉਸ ਵੇਲੇ ਤਕ ਜਲੰਧਰ ਦੁਆਬ ਵਿਚ ਅਮਨ ਕਾਇਮ ਰਖ ਰਹੀਆਂ ਸਨ।

ਆਪ ਸੈਨਾਪਤੀ ਗਫ਼ ਨੇਂ ਨਵੰਬਰ ਨੂੰ ਸਤਲੁਜ ਪਾਰ ਕਰ ਕੇ ਤੇਰਾਂ ਨਵੰਬਰ ਨੂੰ ਲਾਹੌਰ ਪੁਜਾ। ਤਿੰਨ ਦਿਨ ਏਥੇ ਰਹਿਣ ਪਿਛੋਂ, ਸੋਲਾਂ ਨਵੰਬਰ ਨੂੰ ਉਹ ਰਾਵੀ ਟੱਪਿਆ ਤੇ ਸ਼ੇਰ ਸਿੰਘ ਵਲ ਵਧਿਆ। ਉਹਦੀ ਫ਼ੌਜ ਦੀ ਕੁਲ ਗਿਣਤੀ

Scanned by CamScanner

ਉਸ ਵੇਲੇ ਕੋਈ ਤੇਰ੍ਹਾਂ ਹਜ਼ਾਰ ਪਿਆਦਾ ਹੋਵੇਗੀ ਜਿਸ ਵਿਚ ਕਿ ਚੌਥਾਈ ਹਿੱਸਾ ਗੋਰੇ ਸਿਪਾਹੀ ਸਨ । ਇਸ ਤੋਂ ਇਲਾਵਾ ਸਾਢੇ ਤਿੰਨ ਹਜ਼ਾਰ ਰਸਾਲਾ ਸੀ ਜਿਸ ਵਿਚ ਤਿੰਨੇ ਗੋਰਾ ਪਲਟਨਾਂ ਸ਼ਾਮਲ ਸਨ । ਉਪ੍ਰੰਤ ਇਕ ਭਾਰੀ ਤੋਪਖਾਨਾ ਵੀ ਸੀ ।

ਆਪਣੀ ਇਸ ਸੈਨਾ ਨਾਲ ਗਫ਼ ਵੀਹ ਨਵੰਬਰ ਨੂੰ ਨੌਦੀਵਾਲੇ ਪੁਜਿਆ । ਇਹ ਪਿੰਡ ਚਨਾਬ ਦਰਿਆ ਤੋਂ ਤੇਰ੍ਹਾਂ ਮੀਲ ਦੂਰ ਹੈ ।

ਉਧਰ ਖ਼ਾਲਸਈ ਸੈਨਾ ਝਨਾਂ ਦੇ ਦੋਵੇਂ ਕੰਢਿਆਂ ਉੱਤੇ ਮੋਰਚੇ ਗਡੀ ਬੈਠੀ ਸੀ । ਇਕ ਭਾਗ ਦਰਿਆਓਂ ਉਰਾਰ ਰਾਮ ਨਗਰ ਦੇ ਕੋਲ ਸੀ ਤੇ ਦੂਜਾ ਤੇ ਵੱਡਾ ਕੈਂਪ ਦਰਿਆ ਦੇ ਪਾਰ । ਇਸ ਸੈਨਾ ਦਾ ਕਮਾਂਡਰ ਸੀ ਰਾਜਾ ਸ਼ੇਰ ਸਿੰਘ ।

ਪਾਲਾ ਜੋਬਨੇ ਚੜ੍ਹ ਚੁਕਾ ਸੀ, ਪਰ ਅਜੇ ਤਕ ਪਿਤਾ ਪੁੱਤਰ ਦੇ ਵਿਚਕਾਰ ਮੇਲ ਨਹੀਂ ਸੀ ਹੋ ਸਕਿਆ । ਅੰਗਰੇਜ਼ੀ ਫ਼ੌਜਾਂ ਮੇਰਠ, ਅੰਬਾਲਾ ਤੇ ਫ਼ੀਰੋਜ਼ਪੁਰ ਤੋਂ ਵਧ ਆਈਆਂ ਸਨ, ਪਰ ਚਤਰ ਸਿੰਘ ਹਜ਼ਾਰੇ ਤੋਂ ਨਹੀਂ ਪੁਜ ਸਕਿਆ । ਕਾਰਨ ਪ੍ਰਤੱਖ ਹਨ । ਬੁਢੇ ਸਰਦਾਰ ਚਤਰ ਸਿੰਘ ਨੂੰ ਅਨੇਕ ਔਖਿਆਈਆਂ ਦਾ ਸਾਹਮਣਾ ਕਰਨਾ ਪਿਆ । ਕਈਆਂ ਥਾਵਾਂ ਉੱਤੇ ਉਹਨੂੰ ਲੜਨਾ ਵੀ ਪਿਆ । ਅੰਗਰੇਜ਼ ਸਾਮਰਾਜ ਦੀਆਂ ਮਿਹਰਬਾਨੀਆਂ ਸਦਕਾ ਸਰਹੱਦ ਦੇ ਮੁਸਲਮਾਨ ਹੌਲੀ ਹੌਲੀ ਸਿੱਖਾਂ ਦੇ ਵਿਰੁਧ ਉਠ ਰਹੇ ਸਨ ਤੇ ਦੂਜਾ ਕਾਰਨ ਮੁਲਤਾਨ ਵਿਚ ਮੂਲ ਰਾਜ ਦਾ ਘਿਰੇ ਹੋਣਾ ਸੀ । ਜੇ ਰਾਜਾ ਸ਼ੇਰ ਸਿੰਘ ਮੂਲ ਰਾਜ ਨਾਲ ਮਿਲ ਕੇ ਅੰਗਰੇਜ਼ੀ ਸੈਨਾ ਨੂੰ ਤਬਾਹ ਕਰ ਦੇਂਦਾ ਤਾਂ ਗੱਲ ਹੋਰ ਹੋਣੀ ਸੀ । ਸਰਹੱਦ ਦੇ ਮੁਸਲਮਾਨਾਂ ਨੇ ਅੰਗਰੇਜ਼ਾਂ ਦਾ ਸਾਥ ਦੇਣ ਤੋਂ ਪਹਿਲੇ ਕਈ ਵਾਰ ਸੋਚਣਾ ਸੀ ।

ਵੀਹ ਨਵੰਬਰ, ੧੮੪੮ ਤਕ ਰਾਜਾ ਸ਼ੇਰ ਸਿੰਘ ਮਸੇਂ ਰਾਮ ਨਗਰ ਤਕ ਪੁਜਿਆ ਤੇ ਇਸ ਥਾਂ ਨੂੰ ਕਈਆਂ ਪਹਿਲੂਆਂ ਤੋਂ ਚੰਗੀ ਸਮਝ ਕੇ ਉਸ ਏਥੇ ਹੀ ਮੋਰਚੇ ਗੱਡ ਲਏ ।

ਇਹਨਾਂ ਹਾਲਾਤਾਂ ਵਿਚ ਦੂਜੇ ਫ਼ਰੰਗੀ-ਪੰਜਾਬੀ ਯੁਧ ਦੀ ਪਹਿਲੀ ਲੜਾਈ ਹੋਈ ।

੧੬੯

ਸ਼ੇਰ ਸਿੰਘ ਦੀ ਸੈਨਾ ਵਿਚ ਅਜੀਤ, ਪ੍ਰੀਤਮ ਸਿੰਘ ਮਾਹਿਲ ਨੂੰ ਮਿਲਿਆ । ਪ੍ਰੀਤਮ ਸਿੰਘ, ਸਰਦਾਰ ਗੁਰਦਿਆਲ ਮਾਹਿਲ ਦਾ ਪਲੇਠੀ ਦਾ ਪੁੱਤਰ । ਚਾਲ੍ਹੀਆਂ ਕੁ ਸਾਲਾਂ ਦੀ ਉਹਦੀ ਉਮਰ ਸੀ ਤੇ ਅਜੀਤ ਨੂੰ ਲਗਾ ਕਿ ਪ੍ਰੀਤਮ ਵਿਚ ਮਾਹਿਲ ਘਰਾਣੇ ਦੇ ਜੱਦੀ ਗੁਣਾਂ ਵਿਚੋਂ ਕਈ ਗੁਣ ਜ਼ਰੂਰ ਮੌਜੂਦ ਹਨ ।

ਅਜੀਤ ਨੂੰ ਯਾਦ ਆਇਆ ਕਿ ਫੇਰੂ ਸ਼ਹਿਰ ਤੇ ਸਭਰਾਵਾਂ ਦੀ ਜੰਗ ਵੇਲੇ ਤੋਂ ਲੈ ਕੇ ਤੋੜ ਉਹਨਾਂ ਦੇ ਮਾਹਿਲੋਂ ਟੁਰਨ ਤਕ ਪ੍ਰੀਤਮ ਸਿਘ ਉੱਤੇ ਪਈ ਲੰਮੀ ਬਿਮਾਰੀ ਦਾ ਕੋਈ ਅਸਰ ਬਾਕੀ ਨਹੀਂ । ਉਹ ਰਿਸ਼ਟ ਪੁਸ਼ਟ ਸੀ ਤੇ ਉਤਸ਼ਾਹ ਪੂਰਵਕ ।

ਮਾਹਿਲ ਬਾਰੇ ਗੱਲਾਂ ਕਰਦਿਆਂ ਅਜੀਤ ਤੇ ਪ੍ਰੀਤਮ ਦੋਵੇਂ ਰੋ ਪਏ । ਅਜੀਤ ਆਪਣੇ ਪਿੰਡ ਬਾਬਤ ਇਕ ਗੱਲ ਜਾਣਨ ਦਾ ਚਾਹਵਾਨ ਸੀ । ਇਕ ਇਕ ਦਾ ਨਾਂ ਲੈ ਕੇ ਉਸ ਉਹਦੀ ਸੁਖ ਸਾਂਦ ਪੁੱਛੀ । ਮਾਹਿਲ ਦੇ ਆਲੇ ਦੁਆਲੇ ਵਸਦੇ ਮਨੁੱਖਾਂ ਦੀਆਂ ਸਭ ਸਰਗਰਮੀਆਂ ਤੋਂ ਉਸ ਜਾਣੂ ਹੋਣਾ ਚਾਹਿਆ । ਪਰ ਹਰ ਪੁੱਛ ਦਾ ਉੱਤਰ ਦੇਣ ਪਿਛੋਂ ਪ੍ਰੀਤਮ ਸਿੰਘ ਕਹਿੰਦਾ :

Scanned by CamScanner

"ਪਰ ਅਜੀਤ ! ਹੁਣ ਮਾਹਿਲ ਦੀਆਂ ਉਹ ਗੱਲਾਂ ਨਹੀਂ ਰਹੀਆਂ। ਹੁਣ ਸਾਰੇ ਇਲਾਕੇ ਨੂੰ ਬਿੱਜ ਪੈ ਗਈ ਜਾਪਦੀ ਹੈ।"

ਪ੍ਰੀਤਮ ਨੇ ਦਸਿਆ ਕਿ ਜਦੋਂ ਦੇ ਉਹ ਤੇ ਬੇਬੇ ਗੁਰਮੀਤ ਮਾਹਿਲੋਂ ਗਏ, ਆਏ ਦਿਨ ਉੱਥੇ ਕੋਈ ਨਾ ਕੋਈ ਅਨਹੋਣੀ ਵਾਪਰਦੀ ਹੀ ਰਹੀ। ਇਕ ਦਿਨ ਕਰਤਾਰ ਤੇ ਪ੍ਰੀਤਮ ਦੇ ਭਰਾ ਸਰੂਪ ਵਿਚ ਲੜਾਈ ਹੋ ਪਈ। ਕਰਤਾਰ ਨੇ ਇਸ ਬੇਰਹਿਮੀ ਨਾਲ ਛਵ੍ਹੀ ਮਾਰੀ ਕਿ ਸਰੂਪ ਮਰਦਾ ਮਰਦਾ ਮਸੋਂ ਬਚਿਆ। ਪੁਲੀਸ ਨੇ ਕਰਤਾਰ ਨੂੰ ਬੰਨ੍ਹ ਲਿਆ, ਪਰ ਫਿਰ ਆਪ ਗੁਰਦਿਆਲ ਸਿੰਘ ਨੇ ਹੀ ਕਰਤਾਰ ਨੂੰ ਛੁਡਾਇਆ। ਇਹ ਖ਼ਬਰ ਸੁਣਦਿਆਂ ਉਸ ਕਿਹਾ :

"ਅਜੀਤ ! ਭਲਾ ਅਜੇ ਤਕ ਕਿਸ ਵੇਖੀ ਸੀ ਸਾਡੇ ਪਿੰਡ ਵਿਚ ਪੁਲੀਸ ? ਕਰਤਾਰ ਨੇ ਸਾਡੀ ਇੱਜ਼ਤ ਮਿੱਟੀ ਵਿਚ ਰੋਲ ਛੱਤੀ। ਮਾਂ ਤਾਂ ਬੀਤੇ ਦਿਨਾਂ ਲਈ ਵੈਣ ਪਾ ਪਾ ਸੌਂਦੀ ਹੈ। ਇਹ ਹੀ ਨਹੀਂ ਸਾਡੇ ਪਿੰਡ ਵਿਚ ਵੀ ਹੁਣ ਆਮ ਪਿੰਡਾਂ ਵਾਂਗ ਚੋਰੀਆਂ ਤੇ ਡਾਕੇ ਪੈਣ ਲਗ ਪਏ ਹਨ। ਭੋਇੰ ਉੱਤੇ ਲੜਾਈਆਂ ਹੋਣ ਲਗ ਪਈਆਂ ਹਨ। ਤੇ ਤੂੰ ਹੈਰਾਨ ਹੋਵੇਂਗਾ ਕਿ ਇਕ ਦਿਨ ਬਿਜੈ ਸਿੰਘ ਨੇ ਮਜ਼ਬੀ ਸਿੰਘਾਂ ਨੂੰ ਪਿੰਡ ਦੇ ਖੂਹ ਉੱਤੋਂ ਪਾਣੀ ਭਰਨ ਤੋਂ ਵਰਜ ਦਿਤਾ।"

"ਸੱਚ, ਵੀਰਾ ?"

"ਹਾਂ, ਅਜੀਤ ! ਬਾਪੂ ਕੋਲੋਂ ਇਹ ਗੱਲ ਸਹਿਣ ਨਾ ਹੋਈ ਤੇ ਉਸ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਵਾਸਤਾ ਪਾ ਕੇ ਬਿਜੈ ਸਿੰਘ ਨੂੰ ਇਹ ਅਨਰਥ ਵਰਤਾਣ ਤੋਂ ਹੋੜਿਆ, 'ਉਏ ! ਸਿੱਖ ਧਰਮ ਦੀ ਕੁਝ ਤੇ ਲਾਜ ਰਖੋ।' ਉਸ ਕਿਹਾ 'ਉਏ ਮੇਰੇ ਜੀਂਦੇ ਜੀਅ ਸਿੱਖੀ ਦੀ ਸਪਿਰਟ ਨੂੰ ਪਲੀਤ ਨਾ ਕਰੋ। ਪਿਛਲੀ ਪੀਹੜੀ ਵਿਚੋਂ ਇਕੋ ਮੈਂ ਹੀ ਹੁਣ ਚਿੱਚਾ ਹਾਂ। ਜਦੋਂ ਮੈਂ ਮਰ ਗਿਆ ਤਾਂ ਜੋ ਮਰਜ਼ੀ ਕਹਿਰ ਪਏ ਕਮਾਣੇ।' ਬੜੀ ਮੁਸ਼ਕਲ ਨਾਲ ਮਜ਼ਹਬੀ ਸਿੰਘਾਂ ਨੂੰ ਖੂਹ ਉੱਤੇ ਮੁੜ ਕੇ ਲਿਆਂਦਾ ਗਿਆ। ਤੂੰ ਹੀ ਦਸ ਕਿ ਉਹਨਾਂ ਸਿੰਘਾਂ ਦੇ ਦਿਲ ਕਿੰਨੇ ਦੁਖੇ ਹੋਣੇ ਹਨ ?"

ਅਜੀਤ ਰੋ ਪਿਆ।

ਪ੍ਰੀਤਮ ਕਹਿੰਦਾ ਗਿਆ : "ਬਾਪੂ ਪਲ ਪਲ ਬੇਬੇ ਗੁਰਮੀਤ ਨੂੰ ਯਾਦ ਕਰਦਾ ਹੈ। ਕਹਿੰਦਾ ਹੈ ਕਿ ਜੇ ਉਹ ਮਾਹਿਲੋਂ ਨਾ ਜਾਂਦੀ ਤਾਂ ਸ਼ਾਇਦ ਘਰਾਣਾ ਬਚ ਰਹਿੰਦਾ। ਬਾਪੂ, ਚਾਚੇ ਗੁਰਪਾਲ ਨੂੰ ਤੇ ਤੈਨੂੰ ਵੀ ਬੜਾ ਯਾਦ ਕਰਦਾ ਹੈ। ਕਦੀ ਕਦੀ ਉਹ ਆਖਦਾ ਹੈ ਕਿ ਕਾਸ਼ ਉਹ ਵੀ ਤੁਹਾਡੇ ਨਾਲ ਉਠ ਟੁਰਦਾ। ਜੇ ਨਾਹਰਪੁਰ ਵਿਚ ਮਾਹਿਲ ਜਿਹੀ ਇੱਜ਼ਤ ਨਾ ਮਿਲਦੀ ਤਾਂ ਨਾ ਸਹੀ ਘਟੋ ਘਟ ਧਰਮ ਤੇ ਘਰਾਣੇ ਦਾ ਨਿਰਾਦਰ ਤਾਂ ਨਾ ਹੁੰਦਾ।"

ਅਜੀਤ ਨੇ ਗੁਰਦਿਆਲ ਸਿੰਘ ਨੂੰ ਮਿਲਣ ਦੀ ਚਾਹ ਪ੍ਰਗਟ ਕੀਤੀ, ਪਰ ਪ੍ਰੀਤਮ ਸਿੰਘ ਨੇ ਕਿਹਾ : "ਹੁਣ ਬਾਪੂ ਕੋਲੋਂ ਕਿਤੇ ਆ ਜਾ ਨਹੀਂ ਹੁੰਦਾ, ਉਹਦੀ ਨਜ਼ਰ ਬਹੁਤ ਹੀ ਕਮਜ਼ੋਰ ਹੋ ਗਈ ਹੈ। ਹੁਣ ਤਾਂ ਤੂੰ ਹੀ ਆ ਕੇ ਉਹਨੂੰ ਮਿਲ ਸਕਦਾ ਹੈਂ।"

"ਮੈਂ ?" ਅਜੀਤ ਵਿਅੰਗ ਨਾਲ ਮੁਸਕਰਾਇਆ, "ਮੈਂ ਕਿਵੇਂ ਆ ਸਕਦਾ ਹਾਂ ਮਾਹਿਲ ਵੀਰ ਜੀ ?"

ਪ੍ਰੀਤਮ ਸਿੰਘ ਤੋਂ ਇਲਾਵਾ ਇਸ ਲੜਾਈ ਵਿਚ ਸ਼ਾਮਲ ਹੋਣ ਵਾਸਤੇ ਆਏ ਸਨ ਜ਼ੋਰਾਵਰ ਸਿੰਘ, ਨਿਸ਼ਾਨ ਸਿੰਘ, ਅਧੀਰ ਸਿੰਘ, ਜਗਤਾਰ ਸਿੰਘ, ਫੌਜਾ ਸਿੰਘ ਤੇ ਬਖਸ਼ੀਸ਼ ਸਿੰਘ।

ਜ਼ੋਰਾਵਰ ਸਿੰਘ, ਸਬੇਗ ਸਿੰਘ ਦੇ ਪੁੱਤਰ ਮਿਹਰ ਸਿੰਘ ਦੀ ਔਲਾਦ ਵਿਚੋਂ ਸੀ ਤੇ ਬਖਸ਼ੀਸ਼ ਸਿੰਘ, ਹਰਨਾਮ ਸਿੰਘ ਦੀ ਔਲਾਦ ਵਿਚੋਂ। ਨਿਸ਼ਾਨ ਸਿੰਘ, ਦਲੇਰ ਸਿੰਘ ਦੀ ਧੀ ਬਸੰਤ ਕੌਰ ਦਾ ਪੁੱਤਰ ਸੀ ਤੇ ਜਗਤਾਰ ਸਿੰਘ ਤੇ ਫੌਜਾ ਸਿੰਘ, ਬਸੰਤ ਕੌਰ ਦੀ ਧੀ ਗੁਰਬਿੰਦਰ ਕੌਰ ਦੇ ਦੋ ਯੁਵਕ ਪੁੱਤਰ ਅਧੀਰ ਸਿੰਘ, ਸੁਬੇਗ ਸਿੰਘ ਦੀ ਧੀ ਦਲੀਪ ਕੌਰ. ਤੇ ਉਹਦੇ ਪਤੀ ਹਰਪਾਲ ਸਿੰਘ ਦੀ ਔਲਾਦ ਸੀ।

ਹੌਲੀ ਹੌਲੀ ਇਹ ਸਾਰੇ ਇਕ ਦੂਜੇ ਨੂੰ ਜਾਣਨ ਲਗੇ। ਹੌਲੀ ਹੌਲੀ ਘਰਾਣੇ ਦੀ ਰਹਿੰਦ ਖੂੰਹਦ ਵਿਚ ਆਪਣੇ ਖ਼ਾਨਦਾਨ ਬਾਰੇ ਖਰੋਚਣ ਦੀ ਆਦਤ ਵਧ ਜਾਂਦੀ ਹੈ। ਰਣਜੀਤ ਸਿੰਘ ਦੀ ਮੌਤ ਤਕ ਮਾਹਿਲ ਹਕੂਮਤ ਦੇ ਮੋਢੀ ਸਨ ਤੇ ਸਭਰਾਵਾਂ ਤਕ ਵੀ ਉਹਨਾਂ ਦੀ ਸਾਖ ਉੱਚੀ ਸੀ। ਉਦੋਂ ਅਜੀਤ ਵਰਗੇ ਆਦਮੀ ਨੂੰ ਆਰੋਂ ਪਾਰੋਂ ਰਿਸ਼ਤੇ ਜੋੜ ਕੇ ਵਾਕਫ਼ੀਅਤ ਪੈਦਾ ਕਰਨ ਦੀ ਲੋੜ ਮਹਿਸੂਸ ਨਹੀਂ ਸੀ ਹੁੰਦੀ, ਪਰ ਹੁਣ ਹਾਲਾਤ ਬਦਲ ਗਏ ਸਨ। ਅਜੀਤ ਤੇ ਪ੍ਰੀਤਮ ਨੇ ਉਚੇਚਾ ਯਤਨ ਕਰ ਕੇ ਸੈਨਾ ਵਿਚ ਆਪਣੇ ਟੱਬਰ ਨਾਲ ਸੰਬੰਧਤ ਆਦਮੀਆਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ।

Scanned by CamScanner

ਮੁਲਤਾਨ ਤੇ ਹਜ਼ਾਰੇ ਵਿਚ ਸ਼ੁਰੂ ਹੋਏ ਕੋਮੀ ਅੰਦੋਲਨ ਦੀਆਂ ਸੋਆਂ ਨੇ ਤੇ ਫਿਰ ਸ਼ੇਰ ਸਿੰਘ ਦੇ ਐਲਾਨ ਨੇ ਸਾਰੇ ਪੰਜਾਬ ਵਿਚ ਜੋਸ਼ ਦਾ ਇਕ ਹੜ ਲੈ ਆਂਦਾ। ਸਾਰੇ ਪੰਜਾਬ ਅੰਦਰ ਅੰਗਰੇਜ਼ਾਂ ਨੂੰ ਆਪਣੇ ਦੇਸ਼ ਦੀ ਪਵਿਤਰ ਧਰਤੀ ਵਿਚੋਂ ਕਢ ਦੇਣ ਵਾਸਤੇ ਉਮਾਹ ਜਾਗਿਆ ਤੇ ਜਿਵੇਂ ਫੋਰੂ ਸ਼ਹਿਰ ਤੇ ਸਭਰਾਵਾਂ ਵੇਲੇ ਵਹੀਰਾਂ ਘੱਤ ਕੇ ਲੋਕ ਆਪਣੇ ਵਤਨ ਨੂੰ ਗ਼ੁਲਾਮੀ ਤੋਂ ਬਚਾਉਣ ਉਠ ਟੁਰੇ ਸਨ ਉਸੇ ਤਰ੍ਹਾਂ ਅਜ ਵੀ ਉਹ ਮੈਦਾਨ ਵਿਚ ਆ ਨਿੱਤਰੇ। ਉਸੇ ਤਰ੍ਹਾਂ ਅਜ ਫੇਰ ਸ਼ੇਰੇ-ਪੰਜਾਬ ਰਣਜੀਤ ਸਿੰਘ ਦੀਆਂ ਬਾਤਾਂ ਪੈਣ ਲਗੀਆਂ।

ਜਦੋਂ ਸ਼ੇਰ ਸਿੰਘ ਦੀ ਸੈਨਾ ਰਾਮ ਨਗਰ ਪਹੁੰਚੀ ਤਾਂ ਅਜੀਤ ਦੀ ਅਮੀਰ ਸਿੰਘ ਨਾਲ ਭੇਂਟ ਹੋਈ। ਅਮੀਰ ਸਿੰਘ ਨੇ ਅਜੀਤ ਨੂੰ ਵੇਖਦਿਆਂ ਹੀ ਜੱਫੀ ਪਾ ਲਈ।

"ਉਏ ਜੀਤਿਆ ਤੂੰ ਏਥੇ ? ਮੈਨੂੰ ਕਦੀ ਚਿੱਤ ਹੀ ਨਹੀਂ ਸੀ ਆ ਸਕਦਾ ਕਿ ਮੈਂ ਤੈਨੂੰ ਏਥੇ ਮਿਲਾਂਗਾ।"

ਅਜੀਤ ਠੇ ਵੀ ਅਮੀਰ ਸਿੰਘ ਨੂੰ ਘੁੱਟਿਆ। "ਰੱਬ ਸੱਚੇ ਨੇ ਮੇਲ ਕਰਾਏ ਹਨ। ਤੇਰੀ ਹੀਰ ਕਿਥੇ ਹੈ ?" ਅਜੀਤ ਹੱਸਿਆ।

"ਹੀਰ ਅਜ ਤਕ ਮੇਰੇ ਅੰਗ ਸੰਗ ਰਹਿੰਦੀ ਹੈ, ਪਰ ਅਜੀਤ ਹੁਣ ਹੀਰ ਵਿਚੋਂ ਪਹਿਲੇ ਜਿਹਾ ਸਵਾਦ ਨਹੀਂ ਆਉਂਦਾ। ਜ਼ਿੰਦਗੀ ਬਦਲ ਗਈ ਹੈ।"

ਹਉਕਾ ਭਰ ਕੇ ਅਜੀਤ ਨੇ ਕਿਹਾ : "ਹਾਂ ਵੀਰਾ ! ਹੁਣ ਜ਼ਿੰਦਗੀ ਬਦਲ ਗਈ ਹੈ, ਸਰਕਾਰ ਬਾਝੋਂ ਪੰਜਾਬ ਵੀਰਾਨ ਹੋ ਗਿਆ ਹੈ।"

ਫਿਰ ਇਕਾ ਇਕ ਅਮੀਰ ਸਿੰਘ ਨੇ ਆਪਣੀ ਉਦਾਸੀ ਨੂੰ ਛੰਡਿਆ। "ਪਰ ਐਤਕੀਂ ਅਸੀਂ ਗੋਰਿਆਂ ਨੂੰ ਕੱਚਿਆਂ ਖਾ ਜਾਣਾ ਹੈ। ਐਤਕੀਂ ਸਾਡਾ ਲੀਡਰ ਹੈ ਸ਼ੇਰ ਸਿੰਘ ਤੇ ਆਪ ਚਤਰ ਸਿੰਘ ਇਸ ਸਾਰੇ ਅੰਦੋਲਨ ਦਾ ਮੋਹਰੀ ਹੈ। ਅਜ ਤੇਜਾ ਸਿੰਘ ਤੇ ਲਾਲ ਸਿੰਘ ਵਰਗੇ ਗੱਦਾਰ ਸਾਡੇ ਸਰਦਾਰ ਨਹੀਂ। ਹੁਣ ਗੋਰਿਆਂ ਨੂੰ ਅਸੀਂ ਥਾਂ ਲਵਾਂਗੇ।"

"ਜੇ ਗੁਰੂ ਕਲਗੀਆਂ ਵਾਲੇ ਦੀ ਕ੍ਰਿਪਾ ਹੋਈ ਤਾਂ ਏਸੇ ਤਰ੍ਹਾਂ ਹੀ ਹੋਏਗਾ ਅਮੀਰ ਸਿੰਘਾ।"

ਅਮੀਰ ਸਿੰਘ ਨੇ ਫਿਰ ਗੱਲ ਬਦਲੀ। "ਪਰ, ਅਜੀਤ ਤੂੰ ਵੇਖ ਤਾਂ ਸਹੀ ਆਪਣੇ ਆਪ ਨੂੰ !" ਤੇ ਅਮੀਰ ਸਿੰਘ ਨੇ ਅਜੀਤ ਦੇ ਮੋਢਿਆਂ ਉੱਤੇ ਤੇ ਉਹਦੀ ਛਾਤੀ ਉੱਤੇ ਹੱਥ ਫੇਰਿਆ, "ਬੱਲੇ ਬੱਲੇ ਕਿਹੋ ਜਿਹਾ ਜਵਾਨ ਨਿਕਲਿਆ ਹੈਂ ਤੂੰ। ਤੈਨੂੰ ਵੇਖਦਿਆਂ ਭੁੱਖ ਲਹਿੰਦੀ ਹੈ।"

"ਇਹ ਜਵਾਨੀ ਕਿਸ ਕੰਮ, ਅਮੀਰ ਸਿੰਘ ! ਜੇ ਅੰਗਰੇਜ਼ਾਂ ਦੀ ਗ਼ੁਲਾਮੀ ਵਿਚ ਗੁਆਣੀ ਪਈ ! ਕਾਸ਼...।"

ਅਮੀਰ ਸਿੰਘ ਤੇ ਅਜੀਤ ਸਿੰਘ ਗੱਲਾਂ ਕਰਦੇ ਰਹੇ, ਬੜੀ ਦੇਰ ਤਕ। ਉਹਨਾਂ ਦੀਆਂ ਗੱਲਾਂ ਮੁੱਕਣ ਵਿਚ ਨਾ ਆਉਣ। ਮੁੜ ਮੁੜ ਕੇ ਉਹਨਾਂ ਨੂੰ ਯਾਦ ਆਉਣ ਹਰਨਾਮ ਸਿੰਘ ਤੇ ਮਹਿੰਦਰ ਸਿੰਘ ਤੇ ਹੌਲਦਾਰ ਨੂਰ ਅਹਿਮਦ ਤੇ ਉਹਨਾਂ ਦੀ ਬੈਟਰੀ ਦਾ ਇਕ ਇਕ ਹੋਰ ਸਿਪਾਹੀ।

"ਤੂੰ ਮੰਨੇਗਾ ਨਹੀਂ ਅਜੀਤ", ਅਮੀਰ ਸਿੰਘ ਨੇ ਕਿਹਾ, "ਪਰ ਹਰਨਾਮਾਂ ਮੈਨੂੰ ਕਈ ਵਾਰ ਸੁਪਨਿਆਂ ਵਿਚ ਮਿਲਿਆ ਹੈ ਤੇ ਅਸੀਂ ਸੁਪਨਿਆਂ ਵਿਚ ਵੀ ਸਦਾ ਲੜਦੇ ਹੀ ਰਹੇ ਹਾਂ। ਮੈਂ ਕਹਿੰਦਾ ਹਾਂ ਉਏ ਘੁਰਾੜੇਮਾਰਾ ਤੂੰ ਕੀ ਲੜਨੀਆਂ ਹਨ ਜੰਗਾਂ ਤੇ ਉਹ ਹੂਰਾ ਉਲਾਰਦਾ ਮੇਰੀ ਹੀਰ ਫਾੜਨ ਨੂੰ ਲਪਕਦਾ ਹੈ। ਪਤਾ ਨਹੀਂ ਇਸ ਤਰ੍ਹਾਂ ਕਿਉਂ ਹੁੰਦਾ ਹੈ। ਜਦੋਂ ਜਾਗ ਖੁਲ੍ਹਦੀ ਹੈ ਤਾਂ ਵਾਹਿਗੁਰੂ ਵਾਹਿਗੁਰੂ ਕਰ ਕੇ ਗੁਰੂ ਮਹਾਰਾਜ ਦੇ ਦਰਬਾਰ ਵਿਚੋਂ ਹਰਨਾਮੇਂ ਨਾਲ ਵਧੀਕੀਆਂ ਕਰਨ ਦੇ ਗੁਨਾਹ ਦੀਆਂ ਭੁੱਲਾਂ ਬਖ਼ਸ਼ਾਂਦਾ ਹਾਂ।"

"ਭੁੱਲਾਂ ਬਖ਼ਸ਼ਾਣ ਦੀ ਲੋੜ ਨਹੀਂ, ਅਮੀਰ ਸਿੰਘ ! ਤੂੰ ਹਰਨਾਮ ਸਿੰਘ ਨਾਲ ਕੋਈ ਵਧੀਕੀ ਨਹੀਂ ਕੀਤੀ ਤੇ ਮੈਨੂੰ ਆਪ ਉਹਦੀ ਸ਼ਹੀਦੀ ਦਾ ਸਮਾਂ ਨਹੀਂ ਭੁੱਲਦਾ। ਹਰਨਾਮ ਨੇ...।"

"ਬਸ ਬਸ, ਅਜੀਤ ! ਹਰਨਾਮੇਂ ਦੀਆਂ ਗੱਲਾਂ ਨਾ ਕਰ ਹੋਰ। ਜੀਅ ਧੁਖਦਾ ਹੈ ਅੰਦਰੋਂ। ਹਾਂ ਤੇ ਮੈਂ ਤੈਨੂੰ ਦਸਾਂ ਕਿ ਪਿਛਲੇ ਸਾਲ ਪਿੰਡੀ ਮੈਨੂੰ ਮਹਿੰਦਰ ਸਿੰਘ ਮਿਲਿਆ ਸੀ।"

"ਕੀ ਕਰਨ ਗਿਆ ਸੈਂ ਪਿੰਡੀ ? ਤੂੰ ਜਾਣਦਾ ਹੈਂ ਕਿ ਮੈਂ ਪਿਛਲੇ ਸਾਲ ਹਰੀਪੁਰ ਸਾਂ, ਸਰਦਾਰ ਚਤਰ ਸਿੰਘ ਨਾਲ।"

Scanned by CamScanner

"ਹਾਂ, ਮੈਂ ਸੁਣਿਆ ਸੀ ਤੇ ਇਹ ਵੀ ਸੁਣਿਆ ਸੀ ਕਿ ਤੁਸੀਂ ਨਾਹਰਪੁਰ ਆ ਵਸੇ ਹੋ। ਮੈਂ ਪਿੰਡੀ ਜਿਆ ਸਾਂ ਆਪਣੀ ਇਕ ਇਕੱਲੀ ਭੈਣ ਨੂੰ ਮਿਲਣ। ਉਹਦੇ ਬਗ਼ੈਰ ਦਿਲ ਉਦਾਸ ਸੀ। ਤੇ ਉੱਥੇ ਮੈਨੂੰ ਬਾਜ਼ਾਰਾਂ ਵਿਚ ਮਿਲਿਆ ਮਹਿੰਦਰ ਸਿੰਘ। ਵਿਚਾਰਾ ਹੁਣ ਉੱਥੇ ਨਿੱਕ ਸੁਕ ਦੀ ਹੱਟੀ ਕਰਦਾ ਹੈ। ਇਕ ਟੰਗ ਨਾਲ ਹੋਰ ਆਦਮੀ ਕਰ ਵੀ ਕੀ ਸਕਦਾ ਹੈ।"

"ਮੈਨੂੰ ਵੀ ਯਾਦ ਕੀਤਾ ਸੀ ਤੁਸਾਂ ਕੀ ?"

"ਕਿਉਂ ਨਹੀਂ, ਅਜੀਤ ! ਤੇਰੀਆਂ ਤੇ ਸ਼ੇਰੂ ਦੀਆਂ ਅਸਾਂ ਕਈ ਗੱਲਾਂ ਕੀਤੀਆਂ, ਪਰ ਮੁਦਕੀ ਤੇ ਫੇਰੂ ਸ਼ਹਿਰ ਵੇਲੇ, ਤੂੰ ਅਜੇ ਬਾਲ ਸੈਂ। ਹੁਣ ਤੇਰੇ ਵਰਗਾ ਗੱਭਰੂ ਪੰਜਾਬ ਵਿਚ ਨਹੀਂ ਹਣਾ।"

ਅਮੀਰ ਸਿੰਘ ਤੋਂ ਇਲਾਵਾ ਦੋ ਹੋਰ ਪੁਰਾਣੇ ਸਾਥੀ ਵੀ ਅਜੀਤ ਸਿੰਘ ਨੂੰ ਮਿਲੇ। ਉਹ ਸਨ ਚਰਨ ਸਿੰਘ ਤੇ ਸਰਨ ਸਿੰਘ।

ਚਰਨ ਸਿੰਘ ਸਭਰਾਵਾਂ ਦੀ ਲੜਾਈ ਵੇਲੇ ਉਹਦੀ ਬੈਟਰੀ ਵਿਚ ਇਕ ਚਲਵੱਟੀਆ ਸੀ। ਉਦੋਂ ਚਰਨ ਸਿੰਘ ਤੇ ਅਜੀਤ ਦੀ ਬਹੁਤੀ ਨਹੀਂ ਸੀ ਬਣੀ, ਪਰ ਅੱਜ ਢਾਈ ਤਿੰਨ ਵਰ੍ਹੇ ਪਿਛੋਂ ਮਿਲਿਆਂ ਸਵਾਦੋ ਮਿੱਠੀਆਂ ਤੇ ਸੁੰਦਰ ਯਾਦਾਂ ਦੇ ਹੋਰ ਕੁਝ ਸਾਹਮਣੇ ਨਹੀਂ ਸੀ। ਸਭਰਾਵਾਂ ਦੀ ਲੜਾਈ ਵੇਲੇ ਅਜੀਤ ਦੀ ਮਿੱਤਰਤਾ ਇਕ ਪਿਆਰਾ ਸਿੰਘ ਨਾਲ ਸੀ। ਪਿਆਰਾ ਸਿੰਘ ਪਿਛੋਂ ਮਾਹਿਲ ਵੀ ਆਇਆ ਸੀ, ਅਜੀਤ ਨੂੰ ਮਿਲਣ ਲਈ। ਚਰਨ ਸਿੰਘ ਤੇ ਪਿਆਰਾ ਸਿੰਘ ਦੋਵੇਂ ਫ਼ੀਰੋਜ਼ਪੁਰ ਜ਼ਿਲੇ ਦੇ ਰਹਿਣ ਵਾਲੇ ਸਨ। ਅਜੀਤ ਨੇ ਏਸੇ ਲਈ ਉਹਦੇ ਕੋਲੋਂ ਪਿਆਰਾ ਸਿੰਘ ਬਾਰੇ ਪੁਛਿਆ, ਪਰ ਹਉਕਾ ਭਰ ਕੇ ਚਰਨ ਸਿੰਘ ਨੇ ਕਿਹਾ :

"ਵਿਚਾਰਾ ਪਿਆਰਾ ਸਿੰਘ ਤਿੰਨ ਮਹੀਨੇ ਹੋਏ ਚਲ ਵਸਿਆ। ਤਰ ਖਾ ਕੇ ਉਸ ਪਾਣੀ ਪੀ ਲਿਆ ਤੇ ਤਿੰਨਾਂ ਘੰਟਿਆਂ ਦੇ ਅੰਦਰ ਅੰਦਰ ਮੌਤ ਨੇ ਉਹਨੂੰ ਦਬੋਚ ਲਿਆ। ਨਹੀਂ ਤਾਂ ਕੀ ਅੱਜ ਤੂੰ ਪਿਆਰਾ ਸਿੰਘ ਨੂੰ ਏਥੇ ਨਾ ਵੇਖਦੋਂ ?"

ਸਰਨ ਸਿੰਘ ਨੂੰ ਅਜੀਤ ਮਾਹਿਲੋਂ ਆਉਂਦੀ ਵਾਰੀ ਲਾਹੌਰ ਮਿਲਿਆ ਸੀ। ਗੱਲਾ ਗੱਲਾਂ ਵਿਚ ਸਰਨ ਸਿੰਘ ਨੇ ਕਿਹਾ: "ਤੂੰ ਜਾਣਦਾ ਹੈਂ ਅਜੀਤ ! ਮੈਂ ਘਰੋਂ ਨੱਸ ਕੇ ਕਿਉਂ ਆਇਆ ਹਾਂ ?"

"ਕਿਉਂ ?"

"ਤੇਰੇ ਲਈ।"

'ਇਹ ਕਿਵੇਂ।"

"ਇਹ ਇਉਂ ਕਿ ਗੋਰਿਆਂ ਵਿਰੁਧ ਤੇਰੇ ਜ਼ਬਾਤਾਂ ਨੇ ਮੇਰੀ ਸਪਿਰਟ ਨੂੰ ਉਭਾਰਿਆ। ਬੇਸ਼ਕ ਲਾਹੌਰ ਵਿਚ ਬਦੇਸ਼ੀਆਂ ਵਿਰੁਧ ਕਾਫ਼ੀ ਰੋਸ ਸੀ, ਪਰ ਤੈਨੂੰ ਮਿਲਣ ਤੋਂ ਪਹਿਲੇ ਕਿਸੇ ਨੇ ਮੈਨੂੰ ਉਭਾਰਿਆ ਨਹੀਂ। ਕਿਸੇ ਨੇ ਮੈਨੂੰ ਕੁਝ ਕਰਨ ਉੱਤੇ ਮਜ਼ਬੂਰ ਨਹੀਂ ਕੀਤਾ। ਪਰ ਉਸ ਦਿਨ ਬਾਜ਼ਾਰ ਵਿਚ ਹੋਈ ਤੇਰੀ ਗੋਰਿਆਂ ਨਾਲ ਝੜਪ ਨੇ ਮੈਨੂੰ ਇੰਜ ਉਭਾਰਿਆ ਕਿ ਗੋਰਿਆਂ ਨੂੰ ਆਪਣੇ ਦੇਸ਼ ਵਿਚੋਂ ਕਢਣਾ ਮੇਰੀ ਜ਼ਿੰਦਗੀ ਦਾ ਨਿਸ਼ਾਨਾ ਬਣ ਗਿਆ !"

"ਸੱਚ, ਸਰਨ ਸਿੰਘ !" ਅਜੀਤ ਦੀਆਂ ਅੱਖਾਂ ਚਮਕ ਉਠੀਆਂ।

"ਸੱਚ, ਅਜੀਤ। ਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਕ ਦਿਨ ਤੂੰ ਸਾਡੇ ਦੇਸ਼ ਦਾ ਸਭ ਤੋਂ ਮਹਾਨ ਆਦਮੀ ਹੋਵੇਂਗਾ। ਜਿਵੇਂ ਤੂੰ ਲੋਕਾਂ ਨੂੰ ਉਭਾਰ ਸਕਦਾ ਹੈਂ ਉਂਜ ਹੋਰ ਕੋਈ ਨਹੀਂ ਕਰ ਸਕਦਾ।"

ਅਜੀਤ ਨੇ ਸਰਨ ਨੂੰ ਜੱਫੀ ਪਾ ਲਈ ਤੇ ਉਹਦੀਆਂ ਅੱਖਾਂ ਭਰ ਆਈਆਂ।

"ਕਾਸ਼ ! ਸਰਨ ਸਿੰਘ..." ਤੇ ਇਸ ਤੋਂ ਵਧ ਉਹ ਹੋਰ ਕੁਝ ਨਾ ਕਹਿ ਸਕਿਆ।

ਉਸ ਸਰਨ ਸਿੰਘ ਕੋਲੋਂ ਲਾਹੌਰ ਦੀ ਹਾਲਤ ਪੁਛੀ। ਸਰਨ ਸਿੰਘ ਨੇ ਦਸਿਆ :

"ਲਾਹੌਰ ਦੀ ਕੀ ਹਾਲਤ ਹੈ, ਅਜੀਤ, ਕੋਈ ਕੀ ਆਖੇ। ਮੈਨੂੰ ਸਰਕਾਰ ਦੇ ਸਮੇਂ ਦਾ ਪੂਰਾ ਸੰਭਾਲਾ ਨਹੀਂ, ਹਰ ਇਕ ਦੇ ਮੂੰਹੋਂ ਇਹੋ ਹੀ ਸੁਣੀਦਾ ਹੈ ਕਿ ਸਮੇਂ ਬਦਲ ਗਏ ਹਨ। ਲਾਹੌਰ ਦੀ ਚੜ੍ਹਤ ਸਰਕਾਰ ਦੇ ਵੇਲੇ ਸੀ। ਉਦੋਂ ਲਾਹੌਰ ਦੀ ਸ਼ਾਨ ਨਹੀਂ ਸੀ ਮਿਉਂਦੀ। ਅੱਜ ਅਜੀਤ ! ਅੱਜ ਲਾਹੌਰ ਦੀ ਰੂਹ ਮਰ ਚੁਕੀ ਹੈ। ਲੋਕ ਗੱਲਾਂ ਤਾਂ ਕਰਦੇ ਹਨ ਬੁੱਢੇ-ਪੰਜਾਬ ਦੀਆਂ, ਪਰ ਕੋਈ ਉਹਨਾਂ ਦੇ ਨਕਸ਼ੇ ਕਦਮ ਉੱਤੇ ਟੁਰਨ ਦੀ ਦਲੇਰੀ ਨਹੀਂ ਕਰਦਾ। ਬਹੁਤੀ ਹਿੰਦੂ, ਸਿੱਖ ਤੇ ਮੁਸਲਮਾਨ ਵੱਸੋ ਨੇ ਅੰਗਰੇਜ਼ਾਂ ਦਾ ਰਾਜ ਸਵੀਕਾਰ ਕਰ ਲਿਆ ਜਾਪਦਾ ਹੈ। ਤੂੰ ਆਪੇ ਹੀ ਨਿਆਂ ਕਰ ! ਮੁਲਤਾਨ ਤੇ ਫਿਰ ਹਜ਼ਾਰੇ

Scanned by CamScanner

ਵਿਚ ਇਸ ਅੰਦੋਲਨ ਦੀਆਂ ਖ਼ਬਰਾਂ ਨੇ ਲਾਹੌਰ ਵਾਸੀਆਂ ਨੂੰ ਉਭਾਰਿਆ ਨਹੀਂ। ਉੱਥੇ ਇਸ ਅੰਦੋਲਨ ਨੂੰ ਲੋਕ ਬਗ਼ਾਵਤ ਆਖਦੇ ਹਨ। ਉੱਥੇ..."

"ਬਗ਼ਾਵਤ," ਤੇਜ਼ ਵਿਚ ਆ ਕੇ ਅਜੀਤ ਬੋਲਿਆ : 'ਬਗ਼ਾਵਤ ਕਿਦ੍ਹੇ ਵਿਰੁਧ ? ਕੀ ਸਾਡੇ ਆਪਣੇ ਆਦਮੀ ਵੀ ਐਨੇ ਅੰਨ੍ਹੇ ਹੋ ਸਕਦੇ ਹਨ ? ਕੀ ਇਹ ਬਗ਼ਾਵਤ ਹੈ ?" ਤੇ ਅਜੀਤ ਨੇ ਝਨਾਂ ਦੇ ਦੋਹੀਂ ਪਾਸੀਂ ਖਿਲਰੀ ਸੈਨਾ ਵਲ ਇਸ਼ਾਰਾ ਕਰ ਕੇ ਕਿਹਾ : "ਕੀ ਇਹ ਬਗ਼ਾਵਤ ਹੈ ਕਿ ਕੌਮੀ ਜੋਸ਼ ਦੀ ਵਗਦੀ ਝਨਾਂ ? ਕਿਹਦੇ ਵਿਰੁਧ ਉਠੇ ਹਾਂ ਅਸੀਂ ਗੋਰਿਆਂ ਵਿਰੁਧ ਕਿ ਮਹਾਰਾਜਾ ਦਲੀਪ ਸਿੰਘ ਵਿਰੁਧ। ਬਗ਼ਾਵਤ ਤਾਂ ਹੁੰਦੀ ਜੇ ਅਸੀਂ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਉਂ ਲਾਹ ਰਹੇ ਹੁੰਦੇ..."

'ਇਹੋ ਤਾਂ ਮੈਂ ਕਹਿੰਦਾ ਹਾਂ, ਅਜੀਤ ! ਲਾਹੌਰ ਵਿਚ, ਸ਼ਾਇਦ ਗੋਰਿਆਂ ਦੀ ਆਖੇ ਆਖੀ, ਲੋਕ ਇਸ ਕੌਮੀ ਉਭਾਰ ਨੂੰ ਬਗ਼ਾਵਤ ਆਖਦੇ ਹਨ। ਸਾਡੇ ਲਾਹੌਰ ਵਿਚੋਂ ਮਸੇਂ ਇਕ ਦਰਜਨ ਆਦਮੀ ਆਏ ਹੋਣਗੇ ਏਥੇ ?"

"ਸਚ ?"

"ਹਾਂ ਤੇ ਹੋਰ ਕੀ ? ਤੂੰ ਨਹੀਂ ਜਾਣਦਾ ਲਾਹੌਰ ਵਿਚ ਕਿਵੇਂ ਜਾਗੀਰਾਂ ਤੇ ਨੌਕਰੀਆਂ ਵਾਸਤੇ ਆਪਾ ਧਾਪੀ ਪਈ ਹੋਈ ਹੈ। ਹਰ ਕੋਈ ਕਿਸੇ ਨਾ ਕਿਸੇ ਅਗੇ ਵਿਲ੍ਹਕਦਾ ਤੇ ਨੱਕ ਨਾਲ ਲਕੀਰਾਂ ਕਢਦਾ ਜਾਪਦਾ ਹੈ। ਹਰ ਕੋਈ ਗੋਰਿਆਂ ਦੀਆਂ ਬਖ਼ਸ਼ਸ਼ਾਂ ਦਾ ਭਾਗੀ ਬਣਨਾ ਚਾਹੁੰਦਾ ਹੈ। ਦਿਨੇ ਰਾਤੀਂ ਇਹ ਲੋਕ ਰੈਜ਼ੀਡੈਂਟ ਤਕ ਰਸਾਈ ਪਾਣ ਦੇ ਰਾਹ ਲਭਣ ਬਾਰੇ ਸੋਚਦੇ ਰਹਿੰਦੇ ਹਨ।"

"ਤੇ ਫਿਰ ਵੀ ਲੋਕ ਗੱਲਾਂ ਕਰਦੇ ਹਨ ਸਰਕਾਰ ਦੀਆਂ ਤੇ ਉਹਨਾਂ ਦੇ ਸਮੇਂ ਦੀਆਂ...।"

'ਇਹੋ ਤਾਂ ਦੁੱਖ ਹੈ, ਅਜੀਤ। ਪਰ ਮੈਨੂੰ ਵਿਸ਼ਵਾਸ ਹੈ ਕਿ ਔਤਕੀਂ ਸਾਡਾ ਹਾਲ ਫੇਰੂ ਸ਼ਹਿਰ ਤੇ ਸਭਰਾਵਾਂ ਵਰਗਾ ਨਹੀਂ ਹੋਵੇਗਾ। ਔਤਕੀਂ ਗੁਰੂ ਨੀਲੇ ਘੋੜੇ ਵਾਲਾ ਸਾਡੇ ਸਿਰ ਉੱਤੇ ਆਪਣੇ ਹੱਥ ਰਖੇਗਾ। ਤੇ ਮੈਂ ਤੈਨੂੰ ਇਹ ਵੀ ਦਸਦਾ ਹਾਂ ਕਿ ਅੰਗਰੇਜ਼ ਆਪਣੇ ਵਲੋਂ, ਘਾਬਰੇ ਹੋਏ ਹਨ। ਉਹ ਡਰ ਰਹੇ ਹਨ ਕਿਤੇ ਮੁੜ ਉਹਨਾਂ ਨੂੰ ਸਤਲੁਜ ਤੇ ਜਮਨਾ ਤੋਂ ਪਾਰ ਨਾ ਜਾਣਾ ਪਵੇ।"

ਸ਼ੇਰ ਸਿੰਘ ਦੀ ਸੈਨਾ ਦਾ ਕੈਂਪ ਝਨਾਂ ਦੇ ਦੋਹਾਂ ਕਿਨਾਰਿਆਂ ਉੱਤੇ ਸੀ। ਦਖਣ ਵਲ ਰਾਮ ਨਗਰ ਤੋਂ ਤਿੰਨ ਕੁ ਮੀਲ ਦੂਰ ਸੈਨਾ ਦੇ ਹਿਰਾਵਲ ਦਸਤੇ ਤੇ ਇਕ ਤਰ੍ਹਾਂ ਦੀ ਪਰਦਾ-ਦਾਰ ਫ਼ੌਜ ਸੀ ਤੇ ਉੱਤਰੀ ਕਿਨਾਰੇ ਵਲ ਸੈਨਾ ਦਾ ਸਮੁੱਚਾ ਹਿੱਸਾ। ਬੜੇ ਥੋੜੇ ਵਲੰਟੀਅਰ ਆਪਣੇ ਨਾਲ ਬਿਸਤਰੇ ਤੇ ਰਾਸ਼ਨ ਲਿਆਏ ਹਨ। ਘੋੜਿਆਂ ਦੀ ਵੀ ਘਾਟ ਸੀ ਤੇ ਪੈਸਿਆਂ ਤੇ ਤੰਬੂਆਂ ਦੀ ਵੀ। ਪਰ ਸ਼ੇਰ ਸਿੰਘ ਨੇ ਆਪਣੀ ਪ੍ਰਬੰਧਕ ਸਿਆਣਪ ਨਾਲ ਚੰਗਾ ਬੰਦੋਬਸਤ ਕਰ ਲਿਆ ਸੀ। ਸਾਰੇ ਇਲਾਕੇ ਵਿਚ ਬੰਦੇ ਭੇਜ ਕੇ ਦਾਣੇ ਪੱਠੇ ਦਾ ਇੰਤਜ਼ਾਮ ਕੀਤਾ। ਜਨਤਾ ਕੋਲੋਂ ਪੈਸੇ ਉਗਰਾਹੇ। ਤੋਪਾਂ ਵਾਸਤੇ ਬਾਰੂਦ ਜਮਾਂ ਕੀਤਾ। ਘੋੜੇ ਖ਼ਰੀਦੇ ਤੇ ਦਾਨ ਲਏ। ਪਿੰਡ ਪਿੰਡ ਵਿਚੋਂ ਸੀਤੇ ਸਿਤਾਏ ਤੰਬੂਆਂ ਦੀ ਮੰਗ ਕੀਤੀ ਤੇ ਅੱਜ ਸ਼ੇਰ ਸਿੰਘ ਦੀ ਸੈਨਾ ਜੋ ਸੰਪੂਰਨ ਆਈਨੀ ਸੈਨਾ ਵਾਂਗ ਨਹੀਂ ਸੀ ਤਾਂ ਇਸ ਨੂੰ ਕਿਸੇ ਤਰ੍ਹਾਂ ਭੀੜ ਜਾਂ ਇਕੱਠ ਵੀ ਨਹੀਂ ਸੀ ਕਿਹਾ ਜਾ ਸਕਦਾ।

ਅੱਜ ਇਸ ਸੈਨਾ ਵਿਚ ਹਰ ਇਕ ਆਦਮੀ ਕੋਲ ਹਥਿਆਰ ਸੀ। ਸਾਰੇ ਵਲੰਟੀਅਰ ਪਿਆਦਾ ਜਾਂ ਤੋਪਖ਼ਾਨੇ ਜਾਂ ਪ੍ਰਬੰਧਕ ਕਰਮਚਾਰੀਆਂ ਜਾਂ ਘੋੜ ਚੜ੍ਹਿਆਂ ਵਿਚ ਵੰਡੇ ਜਾ ਚੁਕੇ ਸਨ। ਪਲਟਣਾਂ ਬੰਨ੍ਹੀਆਂ ਜਾ ਚੁਕੀਆਂ ਸਨ। ਤੇ ਕੁਮੇਦਾਨ ਤੇ ਅਫਸਰ ਨਿਯਤ ਕੀਤੇ ਗਏ ਸਨ। ਹਰ ਇਕ ਆਦਮੀ ਕੋਲ ਘਟੋ ਘਟ ਦੋ ਕੰਬਲ ਸਨ। ਹਰ ਇਕ ਕੋਲ ਘਟੋ ਘਟ ਇਕ ਬੂਟਾਂ ਦਾ ਫਾਲਤੂ ਜੋੜਾ ਸੀ। ਸਵਾਏ ਥੋੜ੍ਹੀ ਜਿਹੀ ਗਿਣਤੀ ਦੇ ਬਹੁਤਿਆਂ ਦੇ ਸਿਰ ਉੱਤੇ ਤੰਬੂ ਸਨ। ਲਾਮਡੋਰੀ ਦੇ ਕਰਮਚਾਰੀਆਂ ਨੇ ਪਿੰਡ ਪਿੰਡ ਵਿਚੋਂ ਰਸਦ ਪਾਣੀ ਖ਼ਰੀਦਣ ਦਾ ਇਕ ਨਿਯਮਕ ਪ੍ਰਬੰਧ ਚਾਲੂ ਕਰ ਲਿਆ ਸੀ।

ਝਨਾਂ ਦੇ ਆਰ ਪਾਰ ਦੀ ਜਨਤਾ ਤੇ ਖ਼ਾਸ ਕਰ ਕੇ ਦਖਣੀ ਇਲਾਕੇ ਦੀ ਜਨਤਾ ਨੇ ਸ਼ੇਰ ਸਿੰਘ ਨੂੰ ਅਤਿ ਡੂੰਘਾ ਸਹਿਯੋਗ ਦਿਤਾ। ਜਿਹੜੀ ਚੀਜ਼ ਵੀ ਉਸ ਮੂੰਹੋਂ ਮੰਗੀ ਇਸ ਇਲਾਕੇ ਦੀ ਜਨਤਾ ਨੇ ਉਹੋ ਹੀ ਪੈਦਾ ਕੀਤੀ। ਇਸ ਤੋਂ ਇਲਾਵਾ ਦੂਰ ਦੂਰ ਤੋਂ ਇਸ ਸੈਨਾ ਵਾਸਤੇ ਕਣਕ ਆਈ, ਜਵਾਰ ਤੇ ਬਾਜਰਾ ਆਇਆ, ਮਕਈ ਆਈ। ਕਪੜੇ ਤੇ ਬੂਟ ਆਏ। ਰਫਲਾਂ ਤੇ ਬੰਦੂਕਾਂ ਆਈਆਂ, ਜੰਬੂਰਕੇ ਤੇ ਤੋਪਾਂ ਦੀ ਤਰਮੀਮ ਦਾ ਸਾਮਾਨ ਆਇਆ। ਇਸ ਸੈਨਾ ਦੀ ਸਫਲਤਾ ਵਾਸਤੇ ਜਨਤਾ ਦੇ ਇਰਾਦੇ ਪੱਕੇ ਸਨ। ਲੋਕ ਔਤਕੀਂ ਗੋਰਿਆਂ ਨੂੰ ਆਪਣੇ ਸੁੰਦਰ ਦੇਸ਼ ਵਿਚੋਂ ਕਢਣ ਉੱਤੇ ਤੁਲ ਗਏ ਸਨ।

Scanned by CamScanner

ਇਨਾਂ ਦੇ ਆਸੇ ਪਾਸੇ ਲਹਿਰ ਬਹਿਰ ਸੀ। ਗਮ ਨਗਰ ਦੀ ਵਸੋਂ ਨੇ ਇਸ ਸੈਨਾ ਦੀ ਆਉ ਭਗਤ ਵਾਸਤੇ ਆਪਣੇ ਘਰ ਖ਼ਾਲੀ ਕਰ ਦਿਤੇ। ਪੈਸੇ ਤੇ ਰਸਦ ਤੋਂ ਇਲਾਵਾ ਸੁਆਣੀਆਂ ਨੇ ਆਪਣੀਆਂ ਟੁੱਬਾਂ ਵੀ ਸ਼ੇਰ ਸਿੰਘ ਤੇ ਉਸ ਦੇ ਭੇਜੇ ਆਦਮੀਆਂ ਦੇ ਹਵਾਲੇ ਕਰ ਦਿਤੀਆਂ ਤੇ ਆਖਿਆ : "ਸਾਡੀ ਇਹ ਤੁੱਛ ਭੇਟਾ ਦੇਸ ਦੇ ਬੀਰ ਸਿਪਾਹੀਆਂ ਦੇ ਕੰਮ ਆ ਸਕੇ ; ਇਸ ਤੋਂ ਵਡੀ ਮੁਸ਼ਕਿਸਮਤੀ ਹੋਰ ਕੀ ਹੋ ਸਕਦੀ ਹੈ।"

ਇਨਾਂ ਦੇ ਕੰਦੇ ਉੱਤੇ ਸੈਨਾ ਜੁੜ ਗਈ। ਵਿਛੜੇ ਸਾਥੀ ਮੁੜ ਕੇ ਮਿਲੇ। ਤੇ ਜਦੋਂ ਵਿਛੜੇ ਸਾਥੀ ਮਿਲਣ ਤਾਂ ਉਹਨਾਂ ਦੀ ਗਲ ਬਾਤ ਦਾ ਪਿੜ ਹਾਸਾਂ ਭੂਤ ਦਾ ਚੌਖਟਾ ਹੁੰਦਾ ਹੈ। ਇਹ ਸਾਥੀ ਮਿਲੇ ਤੇ ਇਹਨਾਂ ਨੇ ਮੁਦਕੀ, ਫੇਰੂ ਸ਼ਹਿਰ ਬੱਦੋਵਾਲ, ਅਲੀਵਾਲ ਤੇ ਸਭਰਾਵਾਂ ਨੂੰ ਘੋਖਿਆ, ਆਪਣੇ ਤੋਂ ਗੋਰਿਆਂ ਦੇ ਗੁਣਾਂ ਔਗੁਣਾਂ ਉੱਤੇ ਵਿਚਾਰ ਕੀਤੀ, ਆਪਣੀਆਂ ਹਾਰਾਂ ਦੇ ਕਾਰਨ ਢੂੰਡੇ ਤੇ ਪ੍ਰਣ ਕੀਤਾ ਕਿ ਅੰਤਰੀਂ ਗੋਰਿਆਂ ਨੂੰ ਜਿੱਤਣ ਨਹੀਂ ਦੇਣਾ। ਜਿਥੇ ਵੀ ਚਾਰ ਆਦਮੀ ਮਿਲ ਬਹਿੰਦੇ ਹਨ ਅੰਤਰਾ ਇਹੋ ਹੀ ਹੁੰਦਾ ਹੈ, "ਫੇਰੂ ਸ਼ਹਿਰ ਤੇ ਸਭਰਾਵਾਂ ਦੁਹਰਾਏ ਨਹੀਂ ਜਾਣਗੇ।"

ਸ਼ਾਹ ਮੁਹੰਮਦ ਦਾ ਜੰਗ ਨਾਮਾ ਵੀ ਹਰ ਇਕ ਦੀ ਜ਼ਬਾਨ ਉੱਤੇ ਹੈ। ਲੋਕ ਸਿਰਫ ਉਹੋ ਤੁਕਾਂ ਹੀ ਉਚਾਰਦੇ ਤੇ ਗਾਉਂਦੇ ਹਨ ਜਿਹੜੀਆ ਕਿ ਉਹਨਾਂ ਨੂੰ ਚੰਗੀਆਂ ਲਗਦੀਆਂ ਹਨ ਉਹਨਾਂ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਦੀਆਂ ਹਨ। ਕੋਈ ਗਾਉਂਦਾ ਹੈ :

"ਸਿੰਘ ਸੂਰਮੇ ਆਣ ਮੈਦਾਨ ਲੱਥੇ, ਗੰਜ ਲਾਹ ਸੁੱਟੇ ਉਹਨਾਂ ਗੋਰਿਆਂ ਦੇ।"

ਤੇ ਕੋਈ :

"ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸਾਂ ਲਾਜ ਅੰਗਰੇਜ਼ ਦੀ ਰਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿਤੇ, ਹਿੰਦੁਸਤਾਨੀ ਤੇ ਪੂਰਬੀ ਦਖਣੀ ਜੀ।
ਲੰਦਨ ਟਾਪੂਆਂ ਵਿਚ ਕੁਰਲਾਟ ਪਿਆ, ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।"

ਕੋਈ ਕੋਈ ਸ਼ਾਮਾਂ ਵੇਲੇ ਜਾਂ ਸੌਂਣ ਲਗਿਆਂ ਆਪਣਾ ਦਿਲ ਹੌਲਾ ਕਰਨ ਵਾਸਤੇ ਉੱਚੀ ਹੇਕ ਵਿਚ ਗਾਉਂਦਾ :

"ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ ਦਗ਼ੇਬਾਜ਼ੀ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫ਼ੌਜ ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।"

ਹੁਣ ਤਕ ਲੋਕਾਂ ਨੂੰ ਮਹਾਰਾਣੀ ਜਿੰਦਾਂ ਬਾਰੇ ਸਚਾਈਆਂ ਦਾ ਪਤਾ ਲਗ ਚੁਕਾ ਹੈ। ਸੋ ਕੋਈ ਸ਼ਾਹ ਮੁਹੰਮਦ ਦੇ ਉਹਦੀ ਬਾਬਤ ਲਿਖੇ ਬੰਦ ਨਹੀਂ ਉਚਾਰਦਾ। ਜਿਹੜੇ ਜਿਹੜੇ ਵੀ ਬੀਰ ਰਸੀ ਟੱਕਰੇ ਹਨ ਉਹੋ ਹੀ ਸਿਪਾਹੀ ਗੁਣਗੁਣਾਂਦੇ ਹਨ।

ਉਹ ਗੁਣਗੁਣਾਂਦੇ ਹਨ :

"ਓਧਰੋਂ ਆਪ ਫ਼ਰੰਗੀ ਨੂੰ ਭਾਂਜ ਆਈ, ਦੌੜ ਜਾਣ ਗੋਰੇ ਦਿਤੀ ਕੰਡ ਮੀਆਂ।
ਚੱਲੇ ਤੋਪਖ਼ਾਨੇ ਸਾਰੇ ਗੋਰਿਆਂ ਦੇ, ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿੰਨੇ ਜਾਇਕੇ ਲਿਆਏ ਕੇ ਖ਼ਬਰ ਦਿਤੀ, ਲੰਦਨ ਹੋਏ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।"

ਤੇ ਹਰ ਇਕ ਦੀ ਜ਼ਬਾਨ ਉੱਤੇ ਹਨ ਇਹ ਹੇਠਲੇ ਦੋ ਬੰਦ :

"ਆਈਆਂ ਪੜਤਲਾਂ ਬੀੜ ਕੇ ਤੋਪਖ਼ਾਨੇ, ਅਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀਵਾਲੇ, ਬੰਨ੍ਹ ਸ਼ਸ਼ਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।"

ਤੇ

Scanned by CamScanner

"ਜੰਗ ਹਿੰਦ ਪੰਜਾਬ ਦਾ ਹੋਣ ਲਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ, ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।"

ਅੱਜ ਫਿਰ ਹਿੰਦ ਪੰਜਾਬ ਦਾ ਜੰਗ ਹੋਣ ਲਗਾ ਹੈ। ਅੱਜ ਫਿਰ ਦੋਹਾਂ ਪਾਸੇ ਭਾਰੀਆਂ ਫ਼ੌਜਾਂ ਹਨ। ਅੱਜ ਵੀ ਸਰਕਾਰ ਨਾਲ ਨਹੀਂ, ਪਰ ਹੌਸਲੇ ਖ਼ਾਲਸੇ ਦੇ ਚੜ੍ਹੇ ਹੋਏ ਹਨ। ਅੱਜ ਹਰ ਕੋਈ ਸ਼ਾਹ ਮੁਹੰਮਦ ਦੀਆਂ ਉਪ੍ਰੋਕਤ ਤੁਕਾਂ ਗਾ ਕੇ ਆਖਦਾ ਹੈ :

"ਫੇਰੂ ਸ਼ਹਿਰ ਤੇ ਸਭਰਾਵਾਂ ਦੁਹਰਾਏ ਨਹੀਂ ਜਾਣਗੇ।"

੧੭੦

ਬਾਈ ਨਵੰਬਰ, ੧੮੪੮ ਵਾਲੇ ਦਿਨ ਦੂਜੇ ਗੋਰਾ-ਪੰਜਾਬੀ ਯੁੱਧ ਦੀ ਪਹਿਲੀ ਗੋਲੀ ਚਲੀ।

ਵੀਹ ਨਵੰਬਰ ਨੂੰ ਨੱਈਵਾਲੇ ਪੁੱਜ ਕੇ ਲਾਰਡ ਗਫ਼ ਨੇ ਦੋ ਤਿੰਨ ਸਿਖਾਂ ਦੇ ਮੋਰਚਿਆਂ ਦੀ ਜਾਂਚ ਪੜਤਾਲ ਕੀਤੀ। ਮੁਖਬਰ ਭੇਜੇ ਤੇ ਆਪਣੇ ਨਿੱਜੀ ਅੰਦਾਜ਼ੇ ਵੀ ਲਾਏ ਤੇ ਇਹਨਾਂ ਅੰਦਾਜ਼ਿਆਂ ਵਿਚ ਉਸ ਇਸ ਜੰਗ ਵਿਚ ਪਹਿਲੀ ਭੁੱਲ ਕੀਤੀ। ਉਸ ਸਮਝਿਆ ਕਿ ਸ਼ੇਰ ਸਿੰਘ ਦੀ ਹਰਾਵਲ ਤੇ ਪਰਦਾਦਾਰ ਫ਼ੌਜ ਦਰ ਅਸਲ ਉਹਦੀ ਸਮੁੱਚੀ ਫ਼ੌਜ ਹੈ ਤੇ ਇਨਾਂ ਦੇ ਪਾਰਲੇ ਕੰਢੇ ਉੱਤੇ ਸਿਰਫ਼ ਰਹਿੰਦ ਖੂੰਹਦ ਤੇ ਲਾਮਡੋਰੀ ਹੈ।

ਅਜੇ ਗਫ਼ ਕੋਲ ਭਾਰੀਆਂ ਤੋਪਾਂ ਨਹੀਂ ਸਨ। ਪੰਝੀ ਤੀਹ ਨਵੰਬਰ ਤੋਂ ਪਹਿਲਾਂ ਉਹਨਾਂ ਦੇ ਨੱਈਵਾਲੇ ਤਕ ਪੁਜਣ ਦੀ ਆਸ ਨਹੀਂ ਸੀ, ਪਰ ਦੁਸ਼ਮਣ ਨੂੰ ਸਾਹਮਣੇ ਵੇਖ ਕੇ ਗਫ਼ ਕੋਲੋਂ ਸਬਰ ਨਾ ਹੋ ਸਕਿਆ ਤੇ ਬਾਈ ਨਵੰਬਰ ਸਵੇਰੇ ਉਸ ਦੁਸ਼ਮਣ ਨੂੰ ਟੋਹਣ ਤੇ ਉਹਦੇ ਪ੍ਰਤੀਕਰਮ ਜਾਣਨ ਵਾਸਤੇ ਇਕ ਚੰਗੀ ਖ਼ਾਸੀ ਸੈਨਾ ਤਿਆਰ ਕਰ ਕੇ ਅਗਾਂਹ ਤੋਰ ਦਿਤੀ।

ਸਬਰ ਇਕ ਬੜਾ ਵੱਡਾ ਗੁਣ ਹੈ, ਜਿਹੜਾ ਕਿ ਹਰ ਮਨੁੱਖ ਲਈ ਲਾਭਵੰਦ ਹੋ ਸਕਦਾ ਹੈ। ਪਰ ਜਿਉਂ ਜਿਉਂ ਮਨੁੱਖ, ਕਿਸੇ ਨਾ ਕਿਸੇ ਪਿੜ ਵਿਚ, ਮਹੱਤਵਸ਼ਾਲੀ ਜਾਂ ਮਹਾਨ ਹੁੰਦਾ ਜਾਏ, ਤਿਉਂ ਤਿਉਂ ਇਸ ਗੁਣ ਦੀ ਕੀਮਤ ਵਧਦੀ ਜਾਂਦੀ ਹੈ। ਫ਼ੌਜੀ ਨੇਤਾ ਵਾਸਤੇ ਖ਼ਾਸ ਕਰ ਕੇ ਇਹ ਗੁਣ ਅਤਿ ਜ਼ਰੂਰੀ ਹੈ। ਜਿਸ ਸੈਨਿਕ ਨੇਤਾ ਵਿਚ ਸਬਰ ਤੇ ਠਰੰਮਾ ਨਹੀਂ, ਉਹ ਬਹੁਤੀ ਦੇਰ ਤਕ ਮੁਹਿਮ ਵਿਚ ਸਫ਼ਲ ਨਹੀਂ ਹੋ ਸਕੇਗਾ। ਸਬਰ ਤੇ ਠਰੰਮੇ ਨਾਲ ਦੁਸ਼ਮਣ ਦੀ ਅਸਥਿਤੀ ਸਮਝਣਾ, ਸਬਰ ਤੇ ਠਰੰਮੇ ਨਾਲ ਦੁਸ਼ਮਣਾ ਬਾਰੇ ਸਾਰੀ ਖ਼ਬਰ ਹਾਸਲ ਕਰਨੀ, ਸਬਰ ਨਾਲ ਉਹਦੇ ਇਰਾਦਿਆਂ ਨੂੰ ਵਾਚਣਾ ਤੇ ਠਰੰਮੇ ਨਾਲ ਅੰਦਾਜ਼ੇ ਲਾਉਣੇ ; ਇਹਨਾਂ ਪ੍ਰਥਮ ਕਦਮਾਂ ਤੋਂ ਬਗ਼ੈਰ ਫ਼ੌਜੀ ਨੇਤਾ ਨੂੰ ਕੋਈ ਪੈਂਤੜਾ ਨਹੀਂ ਮਾਰਨਾ ਚਾਹੀਦਾ।

ਹਾਂ, ਪਰ ਪੂਰੀ ਜਾਂਚ ਪੜਤਾਲ ਨਾਲ ਇਕ ਵਾਰ ਫ਼ੈਸਲਾ ਲਿਆ, ਤਾਂ ਫਿਰ ਸੰਜਮ ਤੇ ਸਬਰ ਦੀ ਥਾਂ ਉੱਤੇ ਚਾਹੀਦੀ ਹੈ, ਦ੍ਰਿੜ੍ਹਤਾ, ਫ਼ੁਰਤੀਲਾ ਮਨ ਤੇ ਵਿਕਾਸਮਈ ਪ੍ਰਤਿਭਾ। ਜਦੋਂ ਇਕ ਵਾਰੀ ਫ਼ੈਸਲਾ ਕਰ ਲਿਆ, ਫਿਰ ਹਾਣ ਲਾਭ ਦੀ ਪ੍ਰਵਾਹ ਤੋਂ ਬਗ਼ੈਰ ਫ਼ਤਿਹ ਦਾ ਨਿਸ਼ਾਨਾ ਹੀ ਆਪਣੇ ਸਾਹਮਣੇ ਹੋਣਾ ਚਾਹੀਦਾ ਹੈ। ਫੁਰਤੀਲਾ ਮਨ ਚਾਹੀਦਾ ਹੈ ਬਦਲਦੀ ਜੰਗੀ ਸਥਿਤੀ ਨੂੰ ਪਛਾਣਨ ਵਾਸਤੇ। ਜੰਗ ਵਿਚ ਮੌਕੇ ਦੁਹਰਾਏ ਨਹੀਂ ਜਾਂਦੇ। ਜਿਹੜੇ ਨੇਤਾ ਆਪਣੇ ਸਾਹਮਣੇ ਆਏ ਮੌਕੇ

Scanned by CamScanner

ਤੁੱਪ ਤਰ ਫਟ ਛਾਇਦਾ ਨਹੀਂ ਉਠਾ ਸਕਦੇ, ਉਹਨਾਂ ਵਾਸਤੇ ਹੋਰ ਨਵੇਂ ਤੇ ਚੰਗੇ ਮੌਕਿਆਂ ਨੂੰ ਉਡੀਕਣਾ ਵੀ ਸੌਖਾ ਨਹੀਂ ਹੁੰਦਾ। ਜੰਗ ਵਿਚ ਹਾਲਾਤ ਪਲ ਪਲ ਬਦਲਦੇ ਰਹਿੰਦੇ ਹਨ ਤੇ ਇਕ ਚੰਗਾ ਨੇਤਾ ਆਪਣੇ ਫੁਰਤੀਲੇ ਮਨ ਤੇ ਵਿਕਾਸਮਈ ਪ੍ਰਤਿਭਾ ਨਾਲ, ਆਪਣੇ ਨਿਸ਼ਾਨੇ ਨੂੰ ਸਾਹਮਣੇ ਰਖਦਿਆਂ ਹੋਇਆਂ, ਇਹਨਾਂ ਬਦਲਦੇ ਹਾਲਾਤ ਨੂੰ ਆਪਣੇ ਹਿੱਤਾਂ ਵਾਸਤੇ ਵਰਤਦਾ ਹੈ। ਸਬਰ ਤੇ ਸੰਜਮ, ਤੇ ਫਿਰ ਦ੍ਰਿੜ੍ਹਤਾ, ਫੁਰਤੀਲਾ ਮਨ ਤੇ ਵਿਕਾਸਮਈ ਪ੍ਰਤਿਭਾ ਏਸੇ ਲਈ ਸੈਨਿਕ ਨੇਤਾ ਦੇ ਅਤੀ ਜ਼ਰੂਰੀ ਗੁਣ ਹਨ।

ਪਰ ਅਫ਼ਸੋਸ ਗਫ਼ ਵਿਚ ਇਹਨਾਂ ਸਾਰੇ ਗੁਣਾਂ ਦੀ ਘਾਟ ਸੀ। ਜਿਥੇ ਸ਼ੇਰ ਸਿੰਘ ਫ਼ੈਸਲੇ ਕਰਨ ਵਿਚ ਦੇਰ ਲਾਉਂਦਾ ਸੀ, ਉੱਥੇ ਗਫ਼ ਫ਼ੈਸਲੇ ਕਰਨ ਵਿਚ ਐਨੀ ਕਾਹਲੀ ਕਰਦਾ ਕਿ ਪਿਛੋਂ ਖ਼ਤਾ ਖਾਣੀ ਪੈਂਦੀ।

ਅੱਜ, ਬਾਈ ਨਵੰਬਰ ਨੂੰ, ਗਫ਼ ਨੇ ਜ਼ਲਦਬਾਜ਼ੀ ਵਿਚ, ਰਸਾਲੇ ਤੇ ਤੋਪਖ਼ਾਨੇ ਨੂੰ ਖ਼ਾਲਸੇ ਦੇ ਸਨਮੁਖ ਵਧਣ ਲਈ ਕਿਹਾ। ਉਹਦੇ ਦਿਮਾਗ਼ ਵਿਚ ਸੀ, ਦੁਸ਼ਮਣ ਨੂੰ ਟੋਹਣਾ, ਪਰ ਉਹਦੇ ਦਿਲ ਵਿਚ ਸੀ ਕਿ ਜੇ ਮੌਕਾ ਮਿਲੇ, ਤਾਂ ਦੁਸ਼ਮਣ ਨੂੰ ਹਰਾ ਦੇਣਾ। ਦਿਲ ਤੇ ਦਿਮਾਗ਼ ਵਿਚ ਸਹਿਯੋਗ ਨਾ ਹੋ ਸਕਿਆ ਤੇ ਦੋ ਬਰੀਗੇਡਾਂ ਰਾਮ ਨਗਰ ਵਲ ਵਧ ਪਈਆਂ।

ਜਦੋਂ ਸੈਨਾ ਨੂੰ ਦੋ ਜਾਂ ਬਹੁਤੇ ਹਿੱਸਿਆਂ ਵਿਚ ਲੰਡ ਅਨੁਸਾਰ ਵੰਡਿਆ ਜਾਵੇ, ਤਾਂ ਸੈਨਾਪਤੀ ਨੂੰ ਹਮੇਸ਼ਾ ਸਭ ਤੋਂ ਵੱਡੇ ਹਿੱਸੇ ਨਾਲ ਰਹਿਣਾ ਚਾਹੀਦਾ ਹੈ, ਪਰ ਸੈਨਾਪਤੀ ਗਫ਼ ਵੱਡੀ ਸੈਨਾ ਨੂੰ ਪਿਛੇ ਛਡ ਕੇ ਆਪ ਦੋਹਾਂ ਚੋਂ ਬਰੀਗੇਡਾਂ ਨਾਲ ਹੋ ਪਿਆ। ਕਿਉਂ ? ਕਿਉਂਕਿ ਭਾਵੇਂ ਦਿਮਾਗ਼ ਵਿਚ ਉਹਦਾ ਨਿਸ਼ਾਨਾ ਸਿਰਫ਼ ਦੁਸ਼ਮਣ ਨੂੰ ਟੋਹਣਾ ਸੀ, ਪਰ ਦਿਲ ਵਿਚ ਉਹਦਾ ਨਿਸ਼ਾਨਾ ਦੁਸ਼ਮਣ ਨੂੰ ਹਰਾਉਣਾ ਸੀ। ਗਫ਼ ਵਿਚ ਅੱਜ ਮਾਨਸਕ ਤਵਾਜ਼ਨ ਦੀ ਘਾਟ ਸੀ।

ਗਫ਼ ਅਗੇ ਵਧਿਆ ਤੇ ਸ਼ੇਰ ਸਿੰਘ ਨੇ ਆਪਣੀ ਪਰਦਾਦਾਰ ਹਰਾਵਲ ਸੈਨਾ ਨੂੰ ਹੌਲੀ ਹੌਲੀ ਪਿਛੇ ਮੁੜਨ ਦਾ ਹੁਕਮ ਦਿਤਾ।

ਹੌਲੀ ਹੌਲੀ ਪੰਜਾਬੀ ਸੈਨਾ ਪਿਛੇ ਹਟਦੀ ਗਈ ਤੇ ਅੰਗਰੇਜ਼ੀ ਸੈਨਾ ਹੌਲੀ ਹੌਲੀ ਅਗੇ ਵਧਦੀ ਆਈ। ਇਥੇ ਤਕ ਕਿ ਪੰਜਾਬੀ ਸੈਨਾ ਨੇ ਦਰਿਆ ਪਾਰ ਕਰਨਾ ਸ਼ੁਰੂ ਕਰ ਦਿਤਾ।

ਇਹ ਵੇਖ ਕੇ ਗਫ਼ ਦਾ ਦਿਲ ਧੜਕਣ ਲਗ ਪਿਆ। ਉਹਦੀਆਂ ਅੱਖਾਂ ਚਮਕ ਉਠੀਆਂ। ਸਬਰ ਤੇ ਸੰਜਮ ਨੂੰ ਉਸ ਛਿੱਕੇ ਉੱਤੇ ਟੰਗ ਕੇ ਆਪਣੇ ਨਿਕਟ ਵਰਤੀ ਮੇਜਰ ਪੈਨਚੀ ਨੂੰ ਕਿਹਾ, "ਮੈਂ ਨਹੀਂ ਸਾਂ ਜਾਣਦਾ ਕਿ ਜੰਗ ਦੇ ਪਹਿਲੇ ਦਿਨ ਹੀ ਮੈਨੂੰ ਇਹੋ ਜਿਹੀ ਸਫ਼ਲਤਾ ਮਿਲੇਗੀ।"

ਮੇਜਰ ਪੈਨਚੀ, ਏਡੀਕਾਂ ਤੇ ਜ਼ਾਤੀ ਮਦਦਗਾਰ, ਨੇ ਹੱਸ ਕੇ ਕਿਹਾ, "ਯਸੂਹ ਮਸੀਹ ਤੁਹਾਡੇ ਉੱਤੇ ਤੁੱਠਾ ਹੈ ਜਨਾਬ। ਅਸੀਂ ਐਵੇਂ ਹੀ ਡਰਦੇ ਰਹੇ। ਸਾਨੂੰ ਵੇਖਦਿਆਂ ਹੀ ਸਿਖੜੇ ਨੱਠ ਉਠੇ ਹਨ। ਸਚ, ਮੈਂ ਸਦਾ ਇਸ ਤਰ੍ਹਾਂ ਹੀ ਸੋਚਦਾ ਸਾਂ।"

"ਤੇ ਅੱਜ ਇਸ ਤਰ੍ਹਾਂ ਹੀ ਹੋਏਗਾ। ਪਹਿਲੀ ਸੱਟੇ ਸਿੱਖ ਸੈਨਾ ਤਬਾਹ ਕਰ ਦਿਤੀ ਜਾਏਗੀ।" ਤੇ ਫਿਰ ਉਸ ਆਪਣਾ ਹੁਕਮ ਸੁਣਾਇਆ :

"ਅਸਪੀ ਤੋਪਖ਼ਾਨੇ ਨੂੰ ਸਿੰਘਾਂ ਉੱਤੇ ਮਾਰੂ ਹੱਲਾ ਕਰਨ ਦਾ ਹੁਕਮ ਹੋਵੇ। ਰਸਾਲਾ, ਉਹਨਾਂ ਦੇ ਪਿਛੇ, ਪੂਰੀ ਸਫ਼ਲਤਾ ਪਾਉਣ ਵਾਸਤੇ ਤਿਆਰ ਰਹੇ।"

ਇਹ ਹੁਕਮ ਦੇ ਕੇ ਗਫ਼ ਨੇ ਯੁੱਧ ਕਲਾ ਦੀ ਹਰ ਸਿਖਿਆ ਨੂੰ ਝੁਠਲਾ ਦਿਤਾ। ਇਹੋ ਜਿਹਾ ਬੇਢਵਾ ਹੁਕਮ ਸ਼ਾਇਦ ਹੀ ਕਿਸੇ ਹੋਰ ਸੈਨਾਪਤੀ ਨੇ ਕਦੀ ਦਿਤਾ ਹੋਵੇ।

ਗਫ਼ ਨੂੰ ਭੁੱਲਣਾ ਨਹੀਂ ਸੀ ਚਾਹੀਦਾ ਕਿ ਅੱਜ ਦਰਅਸਲ ਉਹ ਦੁਸ਼ਮਣ ਦੀ ਟੋਹ-ਲੈਣ ਤੇ ਉਹਦੇ ਪ੍ਰਤੀਕਰਮ ਵਾਚਣ ਆਇਆ ਸੀ। ਉਹਦਾ ਆਪਣਾ ਇਸ ਦਸਤੇ ਨਾਲ ਹੋਣਾ ਜ਼ਰੂਰੀ ਨਹੀਂ ਸੀ। ਸਗੋਂ ਉਹਦਾ ਏਥੇ ਹੋਣਾ ਇਕ ਭੁੱਲ ਸੀ। ਤੇ ਜੇ ਉਹ ਅਗੇ ਆਇਆ ਹੀ ਸੀ, ਤਾਂ ਉਹਨੂੰ ਭੁੱਲਣਾ ਨਹੀਂ ਸੀ ਚਾਹੀਦਾ ਕਿ ਉਹਦੀ ਸੈਨਾ ਦਾ ਘਨੇੜਾ ਭਾਗ ਉਹਦੇ ਪਿਛੇ ਸੀ। ਉਸ ਘਨੇੜੇ ਭਾਗ ਨੂੰ ਉਸ ਕੋਈ ਹੁਕਮ ਨਹੀਂ ਸੀ ਦੇ ਰਖੇ।

ਹਰ ਹਾਲਤ ਵਿਚ ਗਫ਼ ਨੂੰ ਖ਼ੁਸ਼ ਹੋਣਾ ਚਾਹੀਦਾ ਸੀ ਕਿ ਦੁਸ਼ਮਣ ਦੀ ਹਰਾਵਲ ਸੈਨਾ, ਜਿਹਨੂੰ ਉਹ ਦੁਸ਼ਮਣ ਦੀ ਸਮੁਚੀ ਫ਼ੌਜ ਸਮਝਦਾ ਰਿਹਾ ਸੀ, ਬਿਨਾਂ ਲੜਾਈ ਕੀਤਿਆਂ ਦਰਿਆ ਦੇ ਪਾਰ ਚਲੀ ਗਈ ਹੈ ਤੇ ਉਹਦੇ ਹੱਥ ਇਕ

Scanned by CamScanner

ਬੜਾ ਕਾਰਆਮਦ ਇਲਾਕਾ ਆਇਆ ਹੈ। ਇਸ ਇਲਾਕੇ ਦੇ ਖ਼ਾਲੀ ਕਰਨ ਨਾਲ ਸ਼ੇਰ ਸਿੰਘ ਦੇ ਹੱਥੋਂ ਗਿਆ ਸੀ, ਇਸ ਇਲਾਕੇ ਦੀ ਵਸੋਂ ਦਾ ਸਹਿਯੋਗ । ਹਰ ਕੋਈ ਜਾਣਦਾ ਸੀ ਕਿ ਏਥੋਂ ਦੀ ਵਸੋਂ ਸਿੰਘਾਂ ਦੀ ਪੱਖੀ ਹੈ। ਦੂਜਾ, ਦਰਿਆ ਦੇ ਪਾਰ ਜਾਣ ਨਾਲ ਸ਼ੇਰ ਸਿੰਘ, ਮਹਾਰਾਜਾ ਗੁਲਾਬ ਸਿੰਘ ਵਲੋਂ ਹੋਈ ਦਖ਼ਲ ਅੰਦਾਜ਼ੀ ਨੂੰ ਚੰਗੀ ਤਰ੍ਹਾਂ ਰੋਕ ਨਹੀਂ ਸੀ ਸਕਦਾ। ਅਜੇ ਤਕ ਗੁਲਾਬ ਸਿੰਘ ਅੰਗਰੇਜ਼ਾਂ ਦੀ ਸਹਾਇਤਾ ਵਾਸਤੇ ਨਹੀਂ ਸੀ ਉਤਰਿਆ, ਪਰ ਇਸ ਗੱਲ ਦੀ ਸੰਭਾਵਨਾ ਹੋ ਸਕਦੀ ਸੀ ਤੇ ਸ਼ੇਰ ਸਿੰਘ ਨੂੰ ਇਹਦੀ ਸੰਭਾਵਨਾ ਸੀ। ਸੋ ਗਫ ਦੀ ਗਸ਼ਤੀ ਫ਼ੌਜ ਵਾਸਤੇ ਏਨੀ ਹੀ ਸਫ਼ਲਤਾ ਘਟ ਨਹੀਂ ਸੀ।

ਪਰ ਗਫ ਦੀ ਬੇਸਬਰੀ ਤਬੀਅਤ ਤੇ ਯੁੱਧ ਕਲਾ ਦੀ ਅਨਾੜੀ ਸੂਝ ਨੇ ਉਹਨੂੰ ਇਸ ਸਫਲਤਾ ਨੂੰ ਨਾਕਾਮੀ ਵਿਚ ਬਦਲ ਦੇਣ ਵਾਸਤੇ ਉਕਸਾਇਆ। ਉਹਨੂੰ ਖ਼ਿਆਲ ਨਾ ਆਇਆ ਕਿ ਦੁਸ਼ਮਣ ਦੀ ਸੈਨਾ, ਬਿਨਾਂ ਸ਼ਕ, ਤਿਆਰ ਮੋਰਚਿਆਂ ਵਿਚ ਹੀ, ਦਰਿਆ ਦੇ ਪਾਰ ਜਾ ਰਹੀ ਹੋਵੇਗੀ ਤੇ ਇਸ ਚਾਲ ਵਿਚ ਸ਼ਾਇਦ ਦੁਸ਼ਮਣ ਦੀ ਕੋਈ ਸਿਆਣਪ ਹੋਵੇ। ਉਹਨੂੰ ਇਹ ਵੀ ਖ਼ਿਆਲ ਨਾ ਆਇਆ ਕਿ ਉਹਦੀ ਆਪਣੀ ਸੈਨਾ ਦੀ ਗਿਣਤੀ ਥੋੜੀ ਹੈ।

ਉਸ ਅਸਪੀ ਤੋਪਖ਼ਾਨੇ ਨੂੰ ਵਧਣ ਦਾ ਹੁਕਮ ਦਿਤਾ ਅਤੇ ਅਸਪੀ ਤੋਪਖ਼ਾਨਾ ਫੁਰਤੀ ਨਾਲ ਵਧ ਕੇ ਦਰਿਆ ਦੇ ਕੰਢੇ ਤਕ ਪਹੁੰਚ ਗਿਆ। ਉੱਥੇ ਤੋਪਾਂ ਨੇ ਦਰਿਆ ਪਾਰ ਕਰਦੀ ਫ਼ੌਜ ਉੱਤੇ ਗੋਲੇ ਵਰਸਾਏ। ਕੁਝ ਮਿੰਟਾਂ ਲਈ ਬੇਸ਼ਕ ਇਸ ਸੈਨਾ ਦਾ ਕਾਫ਼ੀ ਨੁਕਸਾਨ ਹੋਇਆ। ਪਰ ਮਿੰਟਾਂ ਦੇ ਅੰਦਰ ਅੰਦਰ ਹੀ ਦਰਿਆ ਤੋਂ ਪਾਰ ਸ਼ੇਰ ਸਿੰਘ ਦੀਆਂ ਭਾਰੀਆਂ ਤੋਪਾਂ ਦੇ ਗੋਲੇ ਅੰਗਰੇਜ਼ੀ ਹੌਲੀਆਂ ਅਸਪੀ ਤੋਪਾਂ ਉੱਤੇ ਵਰ੍ਹਨ ਲਗੇ ਤੇ ਅਗਲੇ ਅੱਧੇ ਘੰਟੇ ਵਿਚ ਇਸ ਅਸਪੀ ਤੋਪਖ਼ਾਨੇ ਦੀ ਅਜਿਹੀ ਬਾਬ ਹੋਈ ਕਿ ਜਿਹਦੀ ਮਿਸਾਲ ਕਿਸੇ ਅਗੇ ਨਹੀਂ ਸੀ ਤੱਕੀ।

ਅੰਗਰੇਜ਼ਾਂ ਨੂੰ ਇਸ ਤਰ੍ਹਾਂ ਅਗੇ ਵਧਦਿਆਂ ਵੇਖ ਕੇ ਸ਼ੇਰ ਸਿੰਘ ਨੇ ਅਜੀਤ ਨੂੰ ਕਿਹਾ ਸੀ, "ਇਹੋ ਮੇਰੇ ਮਨ ਦੀ ਮੁਰਾਦ ਸੀ। ਤੇ ਇਹੋ ਕੁਝ ਲਾਰਡ ਗਫ ਨੇ ਕੀਤਾ ਹੈ। ਯਸੂਹ ਮਸੀਹ ਉਹਨੂੰ ਲੰਮੀ ਉਮਰ ਬਖ਼ਸੇ", ਤੇ ਸ਼ੇਰ ਸਿੰਘ ਹੱਸਿਆ।

ਅਜੀਤ ਵੀ ਹੱਸਿਆ। ਮੁਲਤਾਨ ਤੋਂ ਹੀ ਅਜੀਤ ਸ਼ੇਰ ਸਿੰਘ ਦੇ ਨਾਲ ਰਿਹਾ ਸੀ। ਜਦੋਂ ਉਹਨੇ ਵਾਪਸ ਚਤਰ ਸਿੰਘ ਕੋਲ ਜਾਣ ਦੀ ਇੱਛਾ ਪ੍ਰਗਟ ਕੀਤੀ ਸੀ ਤਾਂ ਸ਼ੇਰ ਸਿੰਘ ਨੇ ਕਿਹਾ ਸੀ, "ਅਸੀਂ ਵੀ ਸਿੰਘ ਸਾਹਿਬ ਵਲ ਹੀ ਜਾ ਰਹੇ ਹਾਂ। ਇਕੱਠੇ ਹੀ ਚਲਦੇ ਹਾਂ।"

ਤੇ ਅਜੀਤ, ਸ਼ੇਰ ਸਿੰਘ ਦੀ ਗੱਲ ਮੋੜ ਨਹੀਂ ਸੀ ਸਕਿਆ। ਮੋੜਨ ਦਾ ਲਾਭ ਕੀ ? ਆਖ਼ਰ ਤਾਂ ਸ਼ੇਰ ਸਿੰਘ ਵੀ ਆਪਣੇ ਪਿਤਾ ਵਲ ਹੀ ਜਾ ਰਿਹਾ ਸੀ ਤੇ ਦੂਜਾ ਹੁਣ ਹਾਲਾਤ ਬਦਲ ਗਏ ਸਨ। ਚਤਰ ਸਿੰਘ ਹਰੀਪੁਰ ਤੋਂ ਟੁਰ ਚੁਕਾ ਸੀ ਤੇ ਪਿਸ਼ਾਵਰ ਵਿਚ ਲੜਾਈ ਹੋਣ ਦੀਆਂ ਖ਼ਬਰਾਂ ਆਈਆਂ ਸਨ।

ਪਹਿਲੀ ਮਿਲਣੀ ਉੱਤੇ ਹੀ ਸ਼ੇਰ ਸਿੰਘ ਅਜੀਤ ਸਿੰਘ ਨੂੰ ਚੰਗਾ ਲਗਾ ਸੀ ਤੇ ਹੌਲੀ ਹੌਲੀ ਉਹ ਉਹਦੀ ਸ਼ਖ਼ਸੀਅਤ ਤੋਂ ਢੇਰ ਪ੍ਰਭਾਵਿਤ ਹੁੰਦਾ ਗਿਆ। ਸ਼ੇਰ ਸਿੰਘ ਦਾ ਸਭ ਤੋਂ ਵਡਾ ਗੁਣ ਉਹਦਾ ਪ੍ਰਗਟ ਸਵੈ-ਵਿਸ਼ਵਾਸ ਸੀ। ਪ੍ਰਗਟ ਸਵੈ-ਵਿਸ਼ਵਾਸ ਇਸ ਲਈ ਕਿ ਭਾਵੇਂ ਉਹਦੇ ਮਨ ਵਿਚ ਕੁਝ ਵੀ ਹੋਵੇ, ਕੋਝੀ ਵੀ ਦੁਚਿਤਗੀ ਤੇ ਕਿੰਨੇ ਵੀ ਸ਼ੰਕੇ ਹੋਣ, ਉਹਦੇ ਚਿਹਰੇ ਉੱਤੇ ਇਹਦਾ ਅਸਰ ਨਹੀਂ ਸੀ ਦਿਸਦਾ। ਉਹਦਾ ਚਿਹਰਾ ਸਦਾ ਗਹਿਰ ਗੰਭੀਰ ਹੁੰਦਾ। ਲਗਦਾ ਕਿ ਉਹਨੂੰ ਕੋਈ ਚਿੰਤਾ ਨਹੀਂ ਤੇ ਨਾ ਹੀ ਕਦੀ ਕੋਈ ਚਿੰਤਾ ਪੋਹ ਸਕਦੀ ਹੈ। ਅੱਜ ਵੀ ਅਜੀਤ ਨੂੰ ਸ਼ੇਰ ਸਿੰਘ ਦੇ ਸਵੈ-ਵਿਸ਼ਵਾਸ ਨੇ ਹਲੂਣਿਆਂ। ਕਿਸ ਭੋਲੇ ਭਾਅ ਉਸ ਉਪਰੋਕਤ ਸ਼ਬਦ ਕਹੇ ਸਨ ਤੇ ਇਹ ਕਹਿ ਕੇ ਸ਼ੇਰ ਸਿੰਘ ਨੇ ਆਪਣੇ ਤੋਪਖ਼ਾਨੇ ਨੂੰ ਅੰਗਰੇਜ਼ੀ ਤੋਪਖ਼ਾਨੇ ਦਾ "ਭੜਥਾ" ਬਣਾਉਣ ਦਾ ਹੁਕਮ ਦਿਤਾ ਤੇ ਕੁਝ ਸਮੇਂ ਪਿਛੋਂ ਹੀ ਬੇਸ਼ਕ ਅਜੀਤ ਨੇ ਵੇਖਿਆ, ਕਿ ਦੁਸ਼ਮਣ ਦਾ ਤੋਪਖ਼ਾਨਾ ਵਾਪਸ ਮੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਹੁਣ ਉਹਦਾ ਵਾਪਸ ਮੁੜਨਾ ਆਸਾਨ ਨਹੀਂ।

ਤੋਪਖ਼ਾਨੇ ਦੀ ਪਸਪਾਈ ਅਗੇ ਪਰਦਾ ਪਾਉਣ ਲਈ ਡਰੈਗੂਨ ਪਲਟਨ ਦੇ ਇਕ ਸੁਕਾਰਡਨ ਨੇ ਸਿੰਘਾਂ ਉੱਤੇ ਹਮਲਾ ਕੀਤਾ। ਇਹ ਸਿੰਘ ਦਰਿਆ ਦੇ ਵਿਚਕਾਰ ਇਕ ਉਚਾਈਂ ਥਾਂ ਉੱਤੇ ਮੋਰਚੇਬੰਦ ਸਨ। ਪਰ ਸਿੱਖ ਪਿਆਦਾ ਨੇ ਅੰਗਰੇਜ਼ੀ ਰਸਾਲੇ ਉੱਤੇ ਇਸ ਤਰ੍ਹਾਂ ਗੋਲੀ ਚਲਾਈ ਕਿ ਰਸਾਲਾ ਕੁਝ ਨਾ ਕਰ ਸਕਿਆ। ਉਧਰ ਅਸਪੀ ਤੋਪਾਂ ਦਰਿਆ ਦੇ ਕੰਢੇ ਦੀ ਰੇਤ ਵਿਚ ਧਸਦੀਆਂ ਜਾਣ। ਇਕ ਤੋਪ ਤਾਂ ਖ਼ਾਸ ਕਰ ਕੇ ਕਢਣੀ ਮੁਸ਼ਕਲ ਹੋ ਗਈ।

ਝਨਾਂ ਇਸ ਮੌਸਮ ਵਿਚ ਭਰਪੂਰ ਨਹੀਂ ਸੀ ਵਹਿ ਰਿਹਾ। ਜਿਥੇ ਸ਼ੇਰ ਸਿੰਘ ਨੇ ਆਪਣੀ ਥਾਂ ਚੁਣੀ ਸੀ, ਉੱਥੇ

Scanned by CamScanner

ਦਰਿਆ ਦਾ ਪਾਟ ਬਾਕੀ ਥਾਵਾਂ ਨਾਲੋਂ ਚੌੜਾ ਸੀ ਤੇ ਜਿਵੇਂ ਆਮ ਹੁੰਦਾ ਹੈ, ਜਿਥੇ ਸਰਦੀਆਂ ਵਿਚ ਦਰਿਆ ਦਾ ਪਾਟ ਚੌੜਾ ਹੋਵੇ, ਉੱਥੇ ਦਰਿਆ ਵਖ ਵਖ ਨਦੀਆਂ ਵਿਚ ਹੋ ਕੇ ਵਹਿੰਦਾ ਹੈ। ਇਹਨਾਂ ਨਦੀਆਂ ਵਿਚਕਾਰ ਰੇਤ ਦੀਆਂ ਉਚਾਈਆਂ ਢੇਰੀਆਂ ਹੁੰਦੀਆਂ ਹਨ। ਕਦੀ ਕਦੀ ਛੋਟੀਆਂ ਤੇ ਗੋਲ ਮੋਲ ਤੇ ਬਹੁਤੀ ਵਾਰੀ ਵੱਡੀਆਂ ਵੱਡੀਆਂ ਤੇ ਲੰਮੂਤਰੀਆਂ। ਇਹਨਾਂ ਥਾਵਾਂ ਉੱਤੇ ਬੜੀ ਚਤਰਾਈ ਨਾਲ ਸ਼ੇਰ ਸਿੰਘ ਨੇ ਪੰਜਾਬੀ ਸੈਨਾ ਦੇ ਦਸਤਿਆਂ ਨੂੰ ਨਿਯਤ ਕੀਤਾ। ਏਸ ਜਗ੍ਹਾ ਉੱਤੇ ਦਰਿਆ ਦੇ ਪਰਲੇ ਕੰਢੇ ਵੀ ਬੜੇ ਉੱਚੇ ਸਨ। ਜਿਸ ਪਾਸੇ ਦਰਿਆ ਮਣਾ ਮਾਰਦਾ ਹੈ, ਏਸੇ ਤਰ੍ਹਾਂ ਹੀ ਹੁੰਦਾ ਹੈ। ਦੱਖਣ ਵਿਚ ਇਸ ਦੇ ਉਲਟ ਕੰਢੇ ਪਧਰੇ ਤੇ ਰੇਤਲੇ ਸਨ ਤੇ ਏਸੇ ਲਈ ਗੋਰਾ ਅਸਪੀ ਤੋਪਾਂ ਖੁਭਦੀਆਂ ਜਾ ਰਹੀਆਂ ਸਨ।

ਹੌਲੀ ਹੌਲੀ ਗੋਰਿਆਂ ਨੇ, ਭਾਰੀ ਜਾਨੀ ਨੁਕਸਾਨ ਉਠਾਉਣ ਪਿਛੋਂ ਆਪਣੀਆਂ ਸਾਰੀਆਂ ਤੋਪਾਂ ਪਿਛਾਂਹ ਖਿਚ ਲਈਆਂ, ਪਰ ਇਕ ਤੋਪ ਅਤ ਗਈ। ਨਿਕਲੇ ਨਾ।

ਜਿਉਂ ਜਿਉਂ ਦੁਪਹਿਰ ਹੁੰਦੀ ਗਈ ਸੀ, ਲਾਰਡ ਗਫ਼ ਦਾ ਚਿਹਰਾ ਮੁਰਝਾਂਦਾ ਗਿਆ ਸੀ। ਸਵੇਰ ਵਾਲਾ ਚਾਅ ਤੇ ਜੋਸ਼ ਨਹੀਂ ਸੀ ਰਿਹਾ। ਹੌਲੀ ਹੌਲੀ ਸੈਨਾਪਤੀ ਨੂੰ ਆਪਣੀਆਂ ਭੁੱਲਾਂ ਦਾ ਅਹਿਸਾਸ ਹੋ ਰਿਹਾ ਸੀ। ਸ਼ਰਮ ਵੀ ਆ ਰਹੀ ਸੀ ਤੇ ਡਰ ਵੀ ਲਗ ਰਿਹਾ ਸੀ ਕਿ ਇਸ ਹਾਰ ਦਾ ਗਵਰਨਰ ਜਨਰਲ, ਅੰਗਰੇਜ਼ੀ ਜਨਤਾ, ਦੁਸ਼ਮਨ ਦੇ ਹੌਸਲਿਆਂ ਤੇ ਉਸ ਦੀ ਆਪਣੀ ਸੈਨਾ ਉੱਤੇ ਕੀ ਅਸਰ ਹੋਵੇਗਾ। ਮੇਜਰ ਪੈਨਜ਼ੀ ਵੀ ਆਪਣੇ ਸੈਨਾਪਤੀ ਦੀਆਂ ਅੱਖਾਂ ਤੋਂ ਬਚਦਾ ਏਧਰ ਉਧਰ ਰੁੱਝ ਰਹਿਣ ਦੀ ਪਰਦਰਸ਼ਨੀ ਕਰ ਰਿਹਾ ਸੀ। ਉਹਦੇ ਮਨ ਵਿਚ ਵੀ ਸ਼ੰਕੇ ਸਨ। ਉਹਨੂੰ ਖ਼ਿਆਲ ਆ ਰਿਹਾ ਸੀ ਕਿ ਯਸੂਹ ਮਸੀਹ ਗਫ਼ ਉੱਤੇ ਤੁੱਠਾ ਨਹੀਂ, ਸਗੋਂ ਕਰੋਪ ਹੋਇਆ ਹੈ।

ਗਫ਼ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਉਸ ਤੋਪ ਨੂੰ ਛੱਡੇ ਕਿ ਨਾ। ਜੇ ਤੋਪ ਛਡ ਦਿਤੀ, ਤਾਂ ਇਹਦੇ ਨਤੀਜੇ ਬੜੇ ਬੁਰੇ ਨਿਕਲਦੇ ਸਨ। ਸਿੰਘਾਂ ਦੇ ਹੌਸਲੇ ਅਸਮਾਨੀ ਚੜ੍ਹ ਜਾਣੇ ਸਨ। ਤੇ ਜੇ ਤੋਪ ਨੂੰ ਬਚਾਇਆ ਜਾਏ, ਤਾਂ ਬੜੀਆਂ ਜਾਨਾਂ ਦੇ ਘਾਣ ਹੋ ਜਾਣ ਦਾ ਡਰ ਸੀ। ਇਸ ਦੁਚਿਤਗੀ ਵਿਚੋਂ ਗਫ਼ ਨੂੰ ਕਰਨਲ ਹੈਵਾਕ ਨੇ ਕਢਿਆ।

ਕਰਨੈਲ ਹੈਵਲਾਕ, ਫ਼ੀਲਡ ਮਾਰਸ਼ਲ ਡੀਊਕ ਆਫ਼ ਵੈਲਿੰਗਟਨ ਥਲੇ, ਵਾਟਰਲੂ ਵਿਚ ਲੜਿਆ ਸੀ। ਵਾਟਰਲੂ ਵਿਚ ਉਹਨਾਂ ਨੇ ਮਹਾਨ ਨੈਪੋਲੀਅਨ ਬੋਨਾਪਾਰਟ ਨੂੰ ਹਰਾਇਆ ਸੀ। ਤੇ ਇਹ ਸਿਖੜੇ ਕੀ ਸਨ ? ਭਲਾ ਕੀ ਇਹ ਤੋਪ ਛੁਡਾਈ ਨਹੀਂ ਜਾ ਸਕਦੀ, ਉਹ ਗਫ਼ ਕੋਲ ਗਿਆ।

"ਜਨਾਬ ! ਮੇਰੀ ਚੌਧਵੀਂ ਡਰੈਗੂਨ ਨੂੰ ਹੁਕਮ ਹੋਵੇ ਕਿ ਉਹ ਤੋਪ ਨੂੰ ਬਚਾਅ ਕੇ ਲਿਆਵੇ।"

ਡੁਬਦੇ ਨੂੰ ਤਿਨਕੇ ਦਾ ਸਹਾਰਾ। ਗਫ਼ ਮੰਨ ਗਿਆ। "ਯਸੂਹ ਮਸੀਹ ਤੇਰੇ ਨਾਲ ਹੋਵੇ", ਉਸ ਕਿਹਾ "ਪੰਜਵਾਂ ਦੇਸੀ ਰਸਾਲਾ ਵੀ ਉਹਦੀ ਸਹਾਇਤਾ ਲਈ ਜਾਵੇ।"

ਬਹਾਦਰ ਕਰਨੈਲ ਹੈਵਲਾਕ ਦੋ ਰਸਾਲੇ ਦੀਆਂ ਪਲਟਨਾਂ ਨਾਲ ਸਰਪਟ ਦਰਿਆ ਵਿਚਕਾਰ ਸਥਾਪਤ ਪੰਜ ਬੀ ਸੈਨਾ ਉੱਤੇ ਟੁਟਿਆ, ਤੇ ਉਸ ਸੱਚਮੁੱਚ ਪੰਜਾਬੀ ਸੈਨਾ ਵਿਚ ਹਲਚਲ ਮਚਾ ਦਿਤੀ। ਆਖਰ ਨੈਪੋਲੀਅਨ ਨੂੰ ਜਿੱਤਿਆ ਸੀ ਨਾ ਉਸ ? ਏਥੇ ਕੁਝ ਸਫ਼ਲਤਾ ਪਾ ਕੇ ਉਹ ਤੋਪ ਵਲ ਵਧਿਆ, ਤਾਂ ਜੋ ਜਲਦੀ ਤੋਂ ਜਲਦੀ ਤੋਪ ਛੁਡਾ ਲਈ ਜਾਵੇ। ਪਰ ਕੋਲ ਪਹੁੰਚਦਿਆਂ ਹੀ ਉਹ ਇਕ ਵਾਰ ਫਿਰ ਸ਼ੇਰ ਸਿੰਘ ਦੀਆਂ ਭਾਰੀਆਂ ਤੋਪਾਂ ਦੀ ਜ਼ੱਦ ਵਿਚ ਆ ਗਿਆ ਤੇ ਉਹਦੇ ਸਿਪਾਹੀ ਇਸ ਮਾਰ ਹੇਠ ਕਿਰਨ ਲਗੇ।

ਏਨੇ ਵਿਚ ਸਿੱਖ ਪਿਆਦਾ ਸੈਨਾ ਵੀ ਆਪਣੇ ਆਪ ਵਿਚ ਆ ਗਈ ਤੇ ਉਹਨਾਂ ਨੇ ਆਪਣੀਆਂ ਸਫ਼ਾਂ ਨੂੰ ਸੂਤ ਕਰ ਕੇ ਕਰਨਲ ਹੈਵਲਾਕ ਦੀਆ ਪਲਟਨਾਂ ਉੱਤੇ ਹੱਲਾ ਬੋਲ ਦਿਤਾ। ਸਿੰਘਾਂ ਦੇ ਹਮਲੇ ਦੀ ਝਾਲ ਝਲੀ ਨਾ ਗਈ ਤੇ ਕਰਨਲ ਹੈਵਲਾਕ ਦੀ ਫ਼ੌਜ ਤਬਾਹ ਹੋਣ ਲਗੀ।

ਜਰਨਲ ਕਿਓਰੇਟਨ ਨੇ ਅਰਜ਼ ਕੀਤੀ, "ਲਾਰਡ ਗਫ਼ ! ਸਾਨੂੰ ਜਲਦੀ ਤੋਂ ਜਲਦੀ ਏਥੋਂ ਪਸਪਾ ਹੋ ਜਾਣਾ ਚਾਹੀਦਾ ਹੈ ਨਹੀਂ ਤਾਂ ਇਹਨਾਂ ਦੋਹਾਂ ਪਲਟਨਾਂ ਵਿਚੋਂ ਇਕ ਵੀ ਸਿਪਾਹੀ ਨਹੀਂ ਬਚਣਾ।"

"ਹਾਂ ਕਿਓਰੇਟਨ ! ਤੂੰ ਠੀਕ ਆਖਦਾ ਹੈਂ। ਪੈਨਜ਼ੀ, ਹੈਵਲਾਕ ਨੂੰ ਮੁੜਨ ਦਾ ਹੁਕਮ ਹੋਵੇ।"

"ਨਹੀਂ ਜਨਾਬ ਮੈਂ ਆਪ ਹੀ ਜਾਂਦਾ ਹਾਂ", ਜਰਨਲ ਕਿਓਰੇਟਨ ਬੋਲਿਆ, "ਮੁਆਮਲਾ ਨਾਜ਼ਕ ਹੈ ਤੇ ਹੈਵਲਾਕ ਕਿਸੇ ਹੋਰ ਦੀ ਗੱਲ ਸੁਣਨ ਵਾਲਾ ਨਹੀਂ।"

Scanned by CamScanner

ਇਹ ਕਹਿੰਦਿਆਂ ਕਿੰਓਰੇਟਨ ਨੇ ਆਪਣਾ ਘੋੜਾ ਦੁੜਾਇਆ । ਪਰ ਇਸ ਤੋਂ ਪਹਿਲੇ ਕਿ ਉਹ ਹੈਵਲਾਕ ਕੋਲ ਪਹੁੰਚਦਾ, ਇਹ ਮਾਣ ਮੱਤਾ, ਪਰ ਬਹਾਦਰ ਅੰਗਰੇਜ਼ ਅਫ਼ਸਰ ਟੁਕੜੇ ਟੁਕੜੇ ਹੋ ਚੁਕਾ ਸੀ । ਤੇ ਇਸ ਤੋਂ ਪਹਿਲੇ ਕਿ ਜਨਰਲ ਕਿਓਰੇਟਨ ਆਪ ਪਲਟਨਾਂ ਨੂੰ ਮੋੜ ਕੇ ਲਿਆਉਂਦਾ ਉਹਨੂੰ ਵੀ ਇਕ ਗੋਲੀ ਲਗੀ ਤੇ ਉਹਦੇ ਦਿਲ ਨੂੰ ਚੀਰ ਗਈ । ਦੋ ਅੰਗਰੇਜ਼ ਪਲਟਨਾਂ ਪਸ਼ੂਆਂ ਵਾਂਗ ਸਿਰ ਮੂੰਹ ਮਾਰਦੀਆਂ ਤੇ ਤਰਾਹ ਤਰਾਹ ਕਰਦੀਆਂ ਭੱਜ ਉਠੀਆਂ ।

ਅੰਗਰੇਜ਼ੀ ਤੋਪ ਅਜੇ ਵੀ ਰੇਤ ਵਿਚ ਖੁੱਭੀ ਪਈ ਸੀ ।

ਤੇ ਦੂਰੋਂ ਗਫ਼ ਤੇ ਸਾਰੀ ਅੰਗਰੇਜ਼ੀ ਸੈਨਾ ਇਸ ਤੋਪ ਨੂੰ ਵੇਖ ਰਹੀ ਸੀ । ਇਹ ਤੋਪ ਚਿੰਨ੍ਹ ਬਣ ਗਈ ਸੀ ਅੰਗਰੇਜ਼ਾਂ ਤੇ ਸਿੱਖਾਂ ਦੀ ਦ੍ਰਿੜ੍ਹਤਾ ਦਾ ਚਿੰਨ੍ਹ । ਇਹ ਤੋਪ ਚਿੰਨ੍ਹ ਬਣ ਗਈ ਸੀ ਅੱਜ ਦੀ ਜਿੱਤ ਜਾਂ ਫ਼ਤਿਹ ਦਾ । ਇਹ ਤੋਪ ਚਿੰਨ੍ਹ ਸੀ ਕਿ ਅੱਜ ਤੋਂ ਅਗੋਂ ਕੌਣ ਸਫ਼ਲ ਹੋਏਗਾ ਤੇ ਕੌਣ ਅਸਫ਼ਲ ।

ਅੰਗਰੇਜ਼-ਤੋਪ ਫੜ ਆਏ ਤੇ ਫ਼ਤਿਹ ਦੇ ਜੈਕਾਰੇ ਛਡਦਿਆਂ ਸਿੰਘਾਂ ਨੇ ਅੰਗਰੇਜ਼ਾਂ ਦੀਆਂ ਨਜ਼ਰਾਂ ਸਾਹਵੇਂ, ਇਸ ਨੂੰ ਰੇਤ ਵਿਚੋਂ ਕਢਿਆ, ਤੇ ਜੈਕਾਰੇ ਛਡਦੇ ਉਹ ਇਹਨੂੰ ਦਰਿਆ ਤੋਂ ਪਾਰ ਲੈ ਗਏ ।

ਸ਼ੇਰ ਸਿੰਘ ਮੁਸਕੜਾ ਰਿਹਾ ਸੀ, ਪਰ ਬਾਕੀ ਸੈਨਾ ਖ਼ੁਸ਼ੀ ਵਿਚ ਬਉਰੀ ਹੋ ਗਈ । ਕੋਈ ਗਾ ਰਿਹਾ ਸੀ : "ਸ਼ਾਹ ਮੁਹੰਮਦਾ ਸਿੰਘਾਂ ਠੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਚੋੜ ਦਿਤੇ", ਤੇ ਕੋਈ ਕਹਿ ਰਿਹਾ ਸੀ : "ਅਸਾਂ ਕਿਹਾ ਸੀ ਕਿ ਨਹੀਂ ਕਿ ਫੇਰੂ ਸ਼ਹਿਰ ਤੇ ਸਭਰਾਵਾਂ ਦੁਹਰਾਏ ਨਹੀਂ ਜਾਣਗੇ ।"

ਅਜੀਤ ਨੇ ਸਰਨ ਸਿੰਘ ਨੂੰ ਘੁਟਿਆ । "ਬੜੀ ਚੰਗੀ ਬੋਹਣੀ ਹੋਈ ਹੈ । ਰੱਬ ਕਰੇ ਅਗਲੀ ਲੜਾਈ ਵਿਚ ਵੀ ਅੰਗਰੇਜ਼ਾਂ ਦੀ ਇਹੀ ਹਾਲਤ ਹੋਏ ।"

"ਅਜੀਤ ! ਜਿਸ ਸੈਨਾ ਵਿਚ ਤੇਰੇ ਜਿਹੇ ਸਿਪਾਹੀ ਹੋਣ ਉੱਥੇ ਹਾਰ ਨਾ-ਮੁਮਕਿਨ ਹੈ ।"

ਕੁਝ ਹੀ ਦਿਨਾਂ ਵਿਚ ਅਜੀਤ ਤੇ ਸਰਨ ਦੀ ਮਿੱਤਰਤਾ ਪੱਕ ਗਈ ਸੀ । ਲੜਾਈ ਦੇ ਦਿਨਾਂ ਵਿਚ ਸਦਾ ਇਸ ਤਰ੍ਹਾਂ ਹੀ ਹੁੰਦਾ ਹੈ । ਮਿੱਤਰਤਾਵਾਂ ਪਲਾਂ ਵਿਚ ਹੀ ਰਸ ਜਾਂਦੀਆਂ ਹਨ ਤੇ ਇਕ ਦੂਜੇ ਵਾਸਤੇ ਜਾਨਾਂ ਕੁਰਬਾਨ ਹੋਣ ਲਗਦੀਆਂ ਹਨ । ਲੜਾਈ ਦੇ ਦਿਨਾਂ ਵਿਚ, ਮਨੁੱਖਾ ਮਨ ਅੰਦਰ ਉਪਜਦੀ ਮਾਨਸਕ ਖਿਚੋਤਾਣ, ਗੂਹੜੀ ਤੇ ਡੂੰਘੀ ਮਿੱਤਰਤਾ ਵਿਚੋਂ ਅਤਯੰਤ ਸੰਤੁਸ਼ਟਤਾ ਲਭ ਸਕਦੀ ਹੈ ।

ਇਸ ਤੋਂ ਉਪਰੰਤ ਸਰਨ ਦੇ ਦਿਲ ਵਿਚ ਸਚੀਂ ਹੀ ਅਜੀਤ ਦੀ ਬਹਾਦਰੀ ਤੇ ਸਿਆਣਪ ਵਾਸਤੇ ਬੜੀ ਇਜ਼ਤ ਸੀ । ਮਾਂਹੋ ਸ਼ਰਧਾ ਦੇ ਭਾਵ ਸਨ । ਤੇ ਇਹ ਭਾਵ ਉਹਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਣ ਵਿਚ ਸਹਾਈ ਹੋਏ ।

ਉਹ ਰਾਤ ਅਜੀਤ ਤੇ ਸਰਨ ਨੇ ਗੱਲਾਂ ਵਿਚ ਹੀ ਗੁਜ਼ਾਰ ਦਿਤੀ । ਇਸ ਤਰ੍ਹਾਂ ਹੀ ਸ਼ੇਰ ਸਿੰਘ ਦੀ ਸੈਨਾ ਦੇ ਬਾਕੀ ਸਿਪਾਹੀਆਂ ਨੇ ਕੀਤਾ । ਅੱਜ ਨੀਂਦ ਕਿਥੇ ? ਅਜ ਆਰਾਮ ਕਿਥੇ ? ਅੱਜ ਫ਼ਤਿਹ ਦਾ ਦਿਨ ਸੀ । ਹਰ ਇਕ ਸਿਪਾਹੀ ਅਫ਼ਸਰ ਤੇ ਜਰਨਲ ਦੇ ਨੈਣਾਂ ਦੇ ਸਾਹਮਣੇ ਅੰਗਰੇਜ਼ ਕੋਲੋਂ ਜਿੱਤੀ ਚਿੰਨ੍ਹਾਤਮਕ ਤੋਪ ਦਾ ਆਕਾਰ ਘੁੰਮ ਰਿਹਾ ਸੀ ਤੇ ਇਸ ਆਕਾਰ ਵਿਚ ਰੇਖਾਵਾਂ ਉਤਪੰਨ ਹੋ ਰਹੀਆਂ ਸਨ; ਅੰਤਲੀ ਵਿਜੈ ਦੀਆਂ, ਸੰਪੂਰਨ ਅਜ਼ਾਦੀ ਦੀਆਂ, ਫ਼ਰੰਗੀਆਂ ਦੀ ਤਬਾਹੀ ਦੀਆਂ, ਮਹਾਰਾਜਾ ਦਲੀਪ ਸਿੰਘ ਦੇ ਘੁਘ ਰਾਜ ਦੀਆਂ...।

Scanned by CamScanner

ਜਦੋਂ ਅਸੀਂ ਸਿੰਘਾਂ ਤੇ ਅੰਗਰੇਜ਼ਾਂ ਦੇ ਯੁਧਾਂ ਬਾਰੇ ਵਿਚਾਰ ਕਰਦੇ ਹਾਂ ਤਾਂ ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਅੰਗਰੇਜ਼ ਪਿਛਲੇ ਤਿੰਨ ਸੌ ਸਾਲਾਂ ਤੋਂ ਯੁੱਧ ਲੜਦੇ ਆਏ ਸਨ ਤੇ ਸਿਰਫ ਇਹ ਹੀ ਨਹੀਂ; ਬਹੁਤ ਕਰ ਕੇ ਉਹ ਇਹ ਯੁੱਧ ਜਿੱਤਦੇ ਵੀ ਆਏ ਸਨ। ਪੰਦਰ੍ਹਵੀਂ ਸਦੀ ਦੇ ਅਖ਼ੀਰ ਤੋਂ ਲੈ ਕੇ ਅੱਜ ਤਕ ਅੰਗਰੇਜ਼ੀ ਤਾਕਤ ਦੀ ਗੁੱਡੀ ਇਕ ਤਾਰ ਚੜ੍ਹਦੀ ਆਈ ਸੀ।

ਅੰਗਰੇਜ਼ਾਂ ਨੂੰ ਇਸ ਲਈ ਯੁੱਧ ਕਲਾ ਦਾ ਅਤਿ ਗੰਭੀਰ ਤਜਰਬਾ ਸੀ ਤੇ ਇਹਨਾਂ ਦਾ ਯੁੱਧ ਕਲਾ ਬਾਰੇ ਅਧਿਅਨ ਅਤਿ ਡੂੰਘਾ। ਪਿਛਲੇ ਤਿੰਨ ਸੌ ਸਾਲਾਂ ਵਿਚ ਇਹ ਯੂਰਪ ਦੀਆਂ ਸਭ ਸਭਿਅਕ ਕੌਮਾਂ ਨਾਲ ਲੜ ਚੁਕੇ ਸਨ ਜਿਵੇਂ ਸਪੇਨੀ, ਫ਼ਰਾਂਸੀਸੀ, ਪੁਰਤਗਾਲੀ, ਜਰਮਨ ਆਦਿ। ਇਹ ਅਮਰੀਕਨਾਂ ਨਾਲ ਵੀ ਲੜ ਚੁਕੇ ਸਨ। ਸੋ ਜਦੋਂ ਇਹ ਹਿੰਦੁਸਤਾਨ ਆਏ ਤਾਂ ਬੇਸ਼ਕ ਇਹ ਕਿਸੇ ਵੀ ਭਾਰਤੀ ਤਾਕਤ ਦੇ ਸਨਮੁਖ ਯੁੱਧ ਕਲਾ ਵਿਚ ਢੇਰ ਪ੍ਰਬੀਨ ਤੇ ਚਾਤਰ ਸਨ।

ਪਿਛਲੇ ਤਿੰਨ ਸੌ ਸਾਲਾਂ ਅੰਦਰ, ਇਸ ਦੇ ਉਲਟ, ਹਿੰਦੁਸਤਾਨ ਵਿਚ ਯੁੱਧ ਕਲਾ ਮਾਂਦ ਪੈਂਦੀ ਗਈ ਸੀ ਇਹਦੀ ਵਿਗਿਆਨਕ ਘੋਖ ਨਹੀਂ ਸੀ ਹੋਈ ਤੇ ਨਾ ਹੀ ਕਿਸੇ ਨੇ ਇਹਦਾ ਨਿਰਪਖ ਅਧਿਅਨ ਕੀਤਾ ਸੀ। ਹਿੰਦੁਸਤਾਨ ਦੇ ਮਰਹੱਟਿਆਂ, ਰਾਜਪੂਤਾਂ, ਗੋਰਖਿਆਂ ਤੇ ਕੁਝ ਹੋਰ ਬੀਰ ਰਸੀ ਕੌਮਾਂ ਵਿਚ, ਲੜਾਈ ਦੀ ਸੂਝ ਜ਼ਰੂਰ ਸੀ, ਪਰ ਬਹੁਤਾ ਕਰ ਕੇ ਉਹਨਾਂ ਦੇ ਸਾਧਨ ਤੇ ਪੈਂਤੜੇ ਪੁਰਾਣੇ ਸਨ ਤੇ ਅੰਗਰੇਜ਼ੀ ਦਾਅਂ ਤੇ ਪੈਂਤੜਿਆਂ ਦੇ ਸਨਮੁਖ ਹੀਨ। ਬੇਸ਼ਕ ਇਹ ਕੌਮਾਂ ਅਤਿ ਬਹਾਦਰ ਸਨ ਤੇ ਕਈਆਂ ਹਾਲਤਾਂ ਵਿਚ ਸ਼ਖ਼ਸੀ ਸੂਰਮਗਤੀ ਅੰਦਰ ਅੰਗਰੇਜ਼ ਇਹਨਾਂ ਦੇ ਸਨਮੁਖ ਨਹੀਂ ਸੀ ਪੁਜਦੇ, ਪਰ ਜੰਗ ਵਿਚ ਸਿਰਫ਼ ਸ਼ਖ਼ਸੀ ਸੂਰਮਗਤੀ ਹੀ ਕਾਫ਼ੀ ਨਹੀਂ ਹੁੰਦੀ, ਰਣਚਾਤੁਰਤਾ ਇਕ ਅਤਿ ਲੋੜੀਂਦੀ ਸ਼ੈ ਹੈ।

ਏਸੇ ਲਈ ਯੁੱਧ ਕਲਾ ਦੇ ਪੱਖੋਂ ਅਸੀਂ ਕਹਿ ਸਕਦੇ ਹਾਂ ਕਿ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚ ਕਿਤੇ ਆਪਣਾ ਹਮਪੱਲਾ ਨਹੀਂ ਮਿਲਿਆ।

ਤੇ ਹੁਣ ਉਹ ਪਹੁੰਚੇ ਪੰਜਾਬ ਵਿਚ। ਅੰਗਰੇਜ਼ਾਂ ਦਾ ਖ਼ਿਆਲ ਸੀ ਕਿ ਬਾਕੀ ਦੇਸੀ ਰਿਆਸਤਾਂ ਵਾਂਗ ਏਥੇ ਵੀ ਉਹ ਸਹਿਜੇ ਹੀ ਆਪਣੇ ਪੈਰ ਪਸਾਰ ਲੈਣਗੇ ਪਰ ਮੁਦਕੀ ਵਿਚ ਹੋਈ ਪਹਿਲੀ ਜੰਗ ਨੇ ਇਹਨਾਂ ਨੂੰ ਆਪਣੇ ਅੰਦਾਜ਼ੇ ਤੇ ਤਖ਼ਮੀਨੇ ਬਦਲਣ ਉੱਤੇ ਮਜਬੂਰ ਕਰ ਦਿਤਾ। ਨਹੀਂ, ਪੰਜਾਬੀ ਯੋਧੇ ਬਾਕੀ ਦੇਸੀ ਯੋਧਿਆਂ ਵਾਂਗ ਨਹੀਂ ਸਨ।

ਪੰਜਾਬ ਦੀ ਧਰਤੀ ਉੱਤੇ, ਕਿਸੇ ਵੀ ਪੂਰਬੀ ਮੁਲਕ ਅੰਦਰ, ਪਹਿਲੀ ਵਾਰ ਅੰਗਰੇਜ਼ਾਂ ਨੂੰ ਯੁੱਧ ਕਲਾ ਵਿਚ, ਆਪਣਾ ਹਮਪੱਲਾ ਮਿਲਿਆ। ਅੰਗਰੇਜ਼ ਅਤਿ ਮਸ਼ਹੂਰ ਤੇ ਸੁਚੱਜੇ ਤੋਪਚੀ ਸਨ। ਇਹਨਾਂ ਦੀਆਂ ਤੋਪਾਂ ਦੀ ਮਾਰ ਦੁਨੀਆਂ ਦਾ ਕੋਈ ਤੋਪਖ਼ਾਨਾ ਨਹੀਂ ਸੀ ਝੱਲ ਸਕਿਆ, ਪਰ ਅੱਜ ਰਣਜੀਤ ਸਿੰਘ ਦਾ ਸਾਜਿਆ ਤੋਪਖ਼ਾਨਾ ਇਹਨਾਂ ਦੇ ਤੋਪਖ਼ਾਨੇ ਤੋਂ ਬਿਹਤਰ ਨਿਕਲਿਆ। ਸਿੱਖਾਂ ਦੀਆਂ ਤੋਪਾਂ ਅੰਗਰੇਜ਼ੀ ਤੋਪਾਂ ਨਾਲੋਂ ਮਜ਼ਬੂਤ ਤੇ ਦੂਰਮਾਰ ਸਨ। ਸਿੱਖੀ ਤੋਪਾਂ ਦੇ ਗੋਲੇ ਢੇਰ ਵਜ਼ਨੀ ਤੇ ਬਣਤਰ ਵਿਚ ਢੇਰ ਨਿਪੁੰਨ ਸਨ। ਤੇ ਇਸ ਤੋਂ ਵੀ ਵਧ ਪੰਜਾਬੀ ਸੈਨਾ ਦੇ ਮੁਸਲਮਾਨ ਤੇ ਸਿੱਖ ਤੋਪਚੀ ਗੋਰੇ ਤੋਪਚੀਆਂ ਨਾਲੋਂ ਜੇ ਢੇਰ ਚਤਰ ਤੇ ਦ੍ਰਿੜ੍ਹ ਨਹੀਂ ਤਾਂ ਕਿਸੇ ਤਰ੍ਹਾਂ ਚਤੁਰਾਈ ਤੇ ਦ੍ਰਿੜ੍ਹਤਾ ਵਿਚ ਘਟ ਵੀ ਨਹੀਂ ਸਨ।

ਇਹੋ ਹਾਲ ਰਸਾਲੇ ਤੇ ਪਿਆਦਾ ਫ਼ੌਜਾਂ ਦਾ ਸੀ। ਅੱਜ ਤਕ ਕਿਥੇ, ਯੋਰਪ ਜਾਂ ਏਸ਼ੀਆ ਵਿਚ, ਕਿਸੇ ਨੇ ਅੰਗਰੇਜ਼ੀ ਰਸਾਲੇ ਤੇ ਪਿਆਦਾ ਫ਼ੌਜ ਦੇ ਸੰਗੀਨਾਂ ਨਾਲ ਕੀਤੇ ਹੱਲਿਆਂ ਦੀ ਝਾਲ ਝੱਲੀ ਸੀ ? ਪਰ ਸਿੱਖਾਂ ਨੇ ਨਾ ਸਿਰਫ਼ ਇਹਨਾਂ ਦੇ ਪਿਆਦਾ ਤੇ ਰਸਾਲੇ ਦੇ ਹੱਲਿਆਂ ਦੀ ਝਾਲ ਝੱਲੀ ਸਗੋਂ ਉਹਨਾਂ ਦਾ ਇਸ ਸੂਰਬੀਰਤਾ ਨਾਲ ਸਾਹਮਣਾ ਕੀਤਾ ਕਿ ਗੋਰਿਆਂ ਨੂੰ ਆਪਣੇ ਹੋਸ਼ ਭੁੱਲ ਗਏ, ਆਪਣੇ ਪਰਾਏ ਦੀ ਪਛਾਣ ਭੁੱਲ ਗਈ। ਇਸ ਦਾਅਵੇ ਦੀ ਸਭ ਤੋਂ ਚੰਗੀ ਪਰਦਰਸ਼ਨੀ

Scanned by CamScanner

ਫੇਰੂ ਸ਼ਹਿਰ ਦੀ ਲੜਾਈ ਵਿਚੋਂ ਮਿਲਦੀ ਹੈ। ਪੰਜਾਬੀਆਂ ਨੇ ਲਿਟਲਰ ਦੇ ਡਵੀਯਨ ਦੀ ਇਕ ਬਰਿਗੇਡ ਦਾ ਇਸ ਤਰ੍ਹਾਂ ਸਾਹਮਣਾ ਕੀਤਾ ਤੇ ਉਹਦੇ ਉੱਤੇ ਅਜਿਹੇ ਮੋੜਵੇਂ ਹੱਲੇ ਕੀਤੇ ਕਿ ਇਹ ਬਰਿਗੇਡ ਇਕ ਭੀੜ ਬਣ ਕੇ ਨੱਠ ਉਠੀ। ਅਜੇ ਤਕ ਕਿਤੇ ਪੂਰੀ ਦੀ ਪੂਰੀ ਬਰਿਗੇਡ ਇਕ ਤਰ੍ਹਾਂ ਸ਼ੁਤਰੇ ਬੇਮੁਹਾਰ ਹੋ ਕੇ ਨਹੀਂ ਸੀ ਨੱਠੀ। ਯੂਰਪ ਵਿਚ ਵੀ ਕਿਸੇ ਲੜਾਈ ਅੰਦਰ ਨਹੀਂ। ਨੈਪੋਲੀਅਨ ਦੇ ਸਨਮੁਖ ਵੀ ਨਹੀਂ। ਅੰਗਰੇਜ਼ਾਂ ਨੂੰ ਮਾਣ ਸੀ ਕਿ ਉਹਨਾਂ ਨੈਪੋਲੀਅਨ ਦੇ ਦੰਦ ਖੱਟੇ ਕੀਤੇ ਹਨ। ਨੈਪੋਲੀਅਨ, ਯੁੱਧ-ਕਲਾ ਦੇ ਪੱਖੋਂ, ਨਿਸ਼ਕ ਦੁਨੀਆਂ ਦਾ ਇਕ ਅਤਿ ਸੁਘੜ ਤੇ ਮਹਾਨ ਜਰਨੈਲ ਹੋ ਗੁਜ਼ਰਿਆ ਹੈ ਤੇ ਇਹਦੇ ਵਿਚ ਵੀ ਸ਼ਕ ਨਹੀਂ ਕਿ ਜੇ ਉਸ ਕਿਸੇ ਕੌਲੋਂ ਮਾਰ ਖਾਧੀ ਤਾਂ ਸਿਰਫ਼ ਅੰਗਰੇਜ਼ਾਂ ਕੌਲੋਂ। ਅੰਗਰੇਜ਼ਾ ਦਾ ਮਾਣ ਫ਼ਖ਼ਰ ਬਜਾ ਹੈ।

ਪਰ ਜੋ ਕੁਝ ਅੰਗਰੇਜ਼ੀ ਸੈਨਾ ਨੂੰ ਸਿੱਖਾਂ ਦੇ ਸਨਮੁਖ ਲੜਦਿਆਂ ਸਹਿਣਾ ਪਿਆ ਉਹ ਉਹਨਾਂ ਨੂੰ ਹੋਰ ਕਿਤੇ ਸਹਿਣਾ ਨਹੀਂ ਪਿਆ। ਤੇ ਇਹ ਉਦੋਂ ਕਿ ਜਦੋਂ ਸਿੱਖਾਂ ਦਾ ਯੁਧ-ਕਲਾ ਦਾ ਤਜਰਬਾ ਬੜਾ ਸੀਮਤ ਸੀ। ਮਸੇ ਤਿੰਨ ਦਹਾਕੇ ਪਹਿਲੇ ਉਹਨਾਂ ਨੇ, ਰਣਜੀਤ ਸਿੰਘ ਦੀ ਲੀਡਰਸ਼ਿਪ ਥੱਲੇ ਯੁਧ ਦੇ ਨਵੀਨ ਤਰੀਕਿਆਂ ਨੂੰ ਅਪਨਾਣਾ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲੇ ਉਹ ਵੀ ਮਰਹੱਟਿਆਂ ਰਾਜਪੂਤਾਂ ਤੇ ਗੋਰਖਿਆਂ ਵਾਂਗ ਜੱਦੀ ਤੇ ਪੁਰਾਣੇ ਤਰੀਕੇ ਹੀ ਵਰਤਦੇ ਸਨ। ਇਸ ਤੋਂ ਉਪਰੰਤ, ਅਜੇ ਤਕ ਸਿੱਖਾਂ ਨੂੰ ਇਹ ਨਵੀਨ ਦਾਅ ਤੇ ਪੈਂਤੜਿਆਂ ਦੇ ਵਰਤਣ ਦੀ ਮਸ਼ਕ ਨਹੀਂ ਸੀ ਹੋਈ। ਉਹ ਅਜੇ ਤਕ ਕਿਸੇ ਤਕੜੇ ਸ਼ਤਰੂ ਨਾਲ ਨਹੀਂ ਸਨ ਲੜੇ। ਉਹਨਾਂ ਨੂੰ ਤਜਰਬਾ ਹਾਸਲ ਨਹੀਂ ਸੀ ਹੋਇਆ। ਪਰ ਅਜਿਹੀ ਪਾਰਦਰਸ਼ੀ ਨਜ਼ਰ ਤੇ ਸੂਝ ਸੀ ਰਣਜੀਤ ਸਿੰਘ ਦੀ ਕਿ ਉਸ ਭਵਿੱਖ ਵਿਚ ਨਵੀਨ ਯੁਧਕਲਾ ਦੀਆਂ ਮੰਗਾਂ ਨੂੰ ਸਾਹਮਣੇ ਰਖ ਕੇ, ਆਪਣੀ ਸੈਨਾ ਦੀ ਬਿਲਕੁਲ ਯੋਗ ਤਰੀਕੇ ਨਾਲ ਸਿਖਲਾਈ ਕੀਤੀ।

ਠੀਕ ਸਿੱਖ, ਗੋਰਖਿਆਂ, ਮਰਹੱਟਿਆਂ ਤੇ ਰਾਜਪੂਤਾਂ ਨਾਲੋਂ ਯੁਧਕਲਾ ਵਿਚ ਨਵੀਨ ਸਨ, ਪਰ ਫਿਰ ਵੀ ਉਹਨਾਂ ਤੇ ਅੰਗਰੇਜ਼ਾਂ ਦਾ ਤਜਰਬੇ ਤੇ ਯੁਧਕਲਾ ਦੇ ਅਧਿਅਨ ਦੀ ਲੀਹ ਤੋਂ ਕੋਈ ਮੁਕਾਬਲਾ ਨਹੀਂ। ਕਿਥੇ ਤਿੰਨ ਸੌ ਸਾਲਾਂ ਦਾ ਤਜਰਬਾ ਤੇ ਅਧਿਅਨ ਤੇ ਕਿਥੇ ਤਿੰਨਾਂ ਦਹਾਕਿਆਂ ਦੀ ਝਠੀ ਮਸ਼ਕ ਤੇ ਕੱਚਾ ਪੱਕਾ ਅਧਿਅਨ। ਫਿਰ ੧੮੩੯ ਤੋਂ ਪਿਛੋਂ ਦੇਸ਼ ਦੀ ਹਾਲਤ ਦਿਨੋਂ ਦਿਨ ਖ਼ਰਾਬ ਹੁੰਦੀ ਗਈ। ਸਿਵਲ ਤੇ ਫ਼ੌਜੀ ਮੁਆਲਿਆਂ ਵਿਚ ਮਿਲਾਪ ਨਹੀਂ ਰਿਹਾ, ਹਕੂਮਤ ਦੀ ਮਸ਼ੀਨਰੀ ਢਿਲੀ ਹੋ ਗਈ, ਅਫ਼ਸਰ ਤੇ ਵਜ਼ੀਰ ਖ਼ੁਦਗਰਜ਼ ਤੇ ਕਮੀਨੇ ਬਣੇ ਤੇ ਆਰਥਕ ਤੋਟਾਂ ਵੀ ਪੇਸ਼ ਆਈਆਂ ਤੇ ਇਹਨਾਂ ਸਭ ਤੋਟਾਂ ਤੋਂ ਵਡੀ ਤੋਟ ਸੀ ਚੰਗੀ ਲੀਡਰਸ਼ਿਪ ਦੀ। ਕੋਈ ਦਿਆਨਤਦਾਰ ਤੇ ਸੱਚਾ ਨੇਤਾ ਮੋਹਰੇ ਨਹੀਂ ਸੀ ਆ ਰਿਹਾ। ਫੇਰੂ ਸ਼ਹਿਰ ਤੇ ਸਭਰਾਵਾਂ ਦੀਆਂ ਲੜਾਈਆਂ ਗ਼ਦਾਰ ਨੇਤਾਵਾਂ ਥੱਲੇ ਲੜੀਆਂ ਗਈਆਂ। ਜੇ ਇਹਨਾਂ ਲੜਾਈਆਂ ਵਿਚ ਕੋਈ ਦੇਸ ਭਗਤ ਸੈਨਾਪਤੀ ਹੁੰਦਾ ਤਾਂ ਇਹਦੇ ਵਿਚ ਕੀ ਸ਼ੱਕ ਹੈ ਕਿ ਅੰਗਰੇਜ਼ ਜਮਨਾ ਤੋਂ ਉਰੇ ਕਿਤੇ ਸਾਹ ਨਾ ਲੈਂਦੇ। ਹਰ ਪੱਖੋਂ ਸੱਚ ਹੈ ਸ਼ਾਹ ਮੁਹੰਮਦ ਦਾ ਕਥਨ "ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ!"

ਹੁਣ ਦੋ ਸਾਲ ਬੀਤ ਗਏ ਸਨ ਅੰਗਰੇਜ਼ਾਂ ਨੂੰ ਵਾਸਤਵ ਵਿਚ ਪੰਜਾਬ ਉੱਤੇ ਰਾਜ ਕਰਦਿਆਂ। ਉਹਨਾਂ ਨੇ ਆਪਣੇ ਆਪ ਨੂੰ ਸੰਗਠਿਤ ਕਰਨ ਦੇ ਸਭ ਸਾਧਨ ਵਰਤੇ ਸਨ। ਉਹਨਾਂ ਨੇ ਪੁਰਾਣੀ ਖ਼ਾਲਸਈ ਸੈਨਾ ਨੂੰ ਤੋੜ ਦਿਤਾ ਸੀ। ਉਹਨਾਂ ਨੇ ਹਕੂਮਤ ਦੀ ਵਾਗ ਡੋਰ ਆਪਣੇ ਹੱਥ ਲੈ ਕੇ ਆਪਣੇ ਉੱਲੂ ਸਿੱਧੇ ਕਰਨੇ ਸ਼ੁਰੂ ਕਰ ਦਿਤੇ ਸਨ। ਉਹਨਾਂ ਨੇ ਪੰਜਾਬ ਵਿਚ ਵਸਦੀਆਂ ਭਿੰਨ ਭਿੰਨ ਜਾਤੀਆਂ ਨੂੰ ਮਜ਼ਹਬ ਦੇ ਨਾਂ ਉੱਤੇ ਪਾੜਨਾ ਸ਼ੁਰੂ ਕਰ ਦਿਤਾ ਸੀ। ਉਹਨਾਂ ਨੇ ਜੀਵਨ ਤੇ ਹਕੂਮਤ ਦੀ ਹਰ ਲੀਹ ਵਿਚ ਆਪਣੇ ਪਿੱਠੂ ਪੈਦਾ ਕਰ ਲਏ ਸਨ, ਪਰ ਫਿਰ ਵੀ ਜਦੋਂ ਕਲੂ ਰਾਮ ਨਗਰ ਦੇ ਲਾਗੇ ਸਿੰਘ ਸੈਨਾ ਨਾਲ ਮੁਕਾਬਲਾ ਹੋਇਆ ਤਾਂ ਉਹਨਾਂ ਨੂੰ ਹਾਰ ਹੋਈ। ਉਹਨਾਂ ਨੂੰ ਅਹਿਸਾਸ ਹੋਇਆ ਕਿ ਏਸ਼ੀਆ ਦੀ ਇਕ ਨੁੱਕਰ ਵਿਚ ਇਕ ਕੌਮ ਅਜੇ ਤਕ ਵੀ ਅਜਿਹੀ ਹੈ ਜਿਹੜੀ ਕਿ ਪੁਰਤਗਾਲੀਆਂ, ਜਰਮਨਾਂ, ਸਪੇਨੀਆਂ, ਤੁਰਕਾਂ ਤੇ ਨੈਪੋਲੀਅਨ ਦੇ ਜੇਤੂਆਂ ਨੂੰ ਹੱਥ ਪੈਰ ਪਾ ਕੇ ਹਰਾ ਸਕਦੀ ਹੈ। ਬਿਨਾਂ ਸ਼ਕ ਦੁਨੀਆਂ ਦੀਆਂ ਸਭ ਰਣਭੂਮੀਆਂ ਵਿਚੋਂ ਪਹਿਲੀ ਵਾਰ ਅੰਗਰੇਜ਼ਾਂ ਨੂੰ ਪੰਜਾਬ ਦੀਆਂ ਰਣਭੂਮੀਆਂ ਵਿਚ ਆਪਣਾ ਹਮਪੱਲਾ ਦੁਸ਼ਮਣ ਮਿਲਿਆ ਸੀ।

ਅੱਜ ਗਫ਼ ਸ਼ੇਰ ਸਿੰਘ ਦੇ ਸਨਮੁਖ ਸੀ। ਜੇ ਕਦੀ ਅਜ ਮਾਰਲਬਰੋ ਜਾਂ ਡੀਊਕ ਆਫ਼ ਵੈਲਿੰਗਟਨ, ਹਰੀ ਸਿੰਘ ਨਲੂਏ ਜਾਂ ਰਣਜੀਤ ਸਿੰਘ ਜਾਂ ਬੰਦਾ ਬਹਾਦਰ ਦੇ ਸਨਮੁਖ ਹੁੰਦਾ ਤਾਂ ਇਹਨਾਂ ਲੜਾਈਆਂ ਦਾ ਅਸਲੀ ਮਜ਼ਾ ਆਉਂਦਾ।

Scanned by CamScanner

ਰਾ ਇਹ ਲੜਾਈਆਂ ਠੁੱਕ ਦੀਆਂ ਲੜਾਈਆਂ ਹੁੰਦੀਆਂ । ਅੱਜ ਲੀਡਰਾਂ ਦੀਆਂ ਭੁਲਾਂ ਨੇ ਯੁਧਕਲਾ ਨੂੰ ਛੁਟਿਆਇਆ, ਪਰ ਫਿਰ ਵੀ ਅੱਜ ਦੋਹਾਂ ਧਿਰਾਂ ਦੀ ਜ਼ਾਤੀ ਸੂਰਬੀਰਤਾ ਨੇ ਯੁਧ ਇਤਿਹਾਸ ਨੂੰ ਚਾਰ ਚੰਨ ਲਾਏ ।

ਕਲੂ ਰਾਮਨਗਰ ਦੇ ਲਾਗੇ, ਝਨਾਂ ਦੇ ਕੰਢੇ ਉੱਤੇ, ਅੰਗਰੇਜ਼ੀ ਚਿੰਨ੍ਹਾਤਮਕ ਰੂਪ ਵਾਸਤੇ, ਜਿਵੇਂ ਗੋਰੇ ਰਸਾਲੇ ਨੇ ਹੱਲਾ ਕੀਤਾ ਤੇ ਜਿਵੇਂ ਸਿੱਖ ਪਿਆਦਿਆਂ ਨੇ ਇਹ ਹੱਲਾ ਥੰਮਿਆ ਤੇ ਜਿਸ ਸਿਆਣਪ ਨਾਲ ਸਿੱਖ ਤੋਪਚੀਆਂ ਨੇ ਗੋਲੇ ਦਾਗ਼ੇ, ਯੁਧ ਇਤਿਹਾਸ ਵਿਚ ਇਕ ਅਤਿ ਸੂਰਬੀਰ ਕਾਰਨਾਮਾ ਮੰਨ ਕੇ ਸਤਿਕਾਰਿਆ ਜਾ ਸਕਦਾ ਹੈ ।

ਅਜੀਤ ਨੇ ਸ਼ੇਰ ਸਿੰਘ ਨੂੰ ਕਿਹਾ ਸੀ : "ਅਸੀਂ ਝਨਾਂ ਦੇ ਕੰਢੇ ਉੱਤੇ ਨਹੀਂ ਹਾਰਨਾ, ਰਾਜਾ ਸਾਹਿਬ ! ਝਨਾਂ ਪੰਜਾਬੀ ਜ਼ਿੰਦਗੀ ਦਾ ਸਭ ਤੋਂ ਸਨਮਾਨਿਆ ਪ੍ਰਤੀਨਿਧ ਹੈ । ਇਸ ਦਰਿਆ ਦੇ ਕੰਢਿਆਂ ਉੱਤੇ ਪੰਜਾਬੀ ਸਰਬ-ਸਾਂਝੀ ਜ਼ਿੰਦਗੀ ਭਰ ਜੋਬਨ ਵਿਚ ਪਰਫੁਲਤ ਹੋਈ ਹੈ ।

ਸ਼ੇਰ ਸਿੰਘ ਨੇ ਮੁਸਕਰਾ ਕੇ ਕਿਹਾ ਸੀ : "ਹਾਂ ਅਜੀਤ ! ਇਹ ਦਰਿਆ ਪੰਜਾਬ ਵਿਚ ਵੱਸਦੇ ਤਿੰਨੇ ਵਖਰੇ ਵਖਰੇ ਮਜ਼ਹਬਾਂ ਦੇ ਭਰਾਤਰੀਭਾਵ ਤੇ ਨੇਤਰਾ ਦਾ ਚਿੰਨ੍ਹ ਹੈ । ਸੋਹਣੀ ਮਹੀਂਵਾਲ ਤੇ ਹੀਰ ਰਾਂਝਾ ਪੰਜਾਬੀਆਂ ਦੇ ਸਾਂਝੇ ਪਾਤਰ ਹਨ । ਇਸ ਕੰਢੇ ਉੱਤੇ ਅਸੀਂ ਪ੍ਰਣ ਕਰਦੇ ਹਾਂ ਕਿ ਗੋਰਿਆਂ ਨੂੰ ਪਛਾੜ ਕੇ ਇਕ ਵਾਰ ਫਿਰ ਇਸ ਸਰ ਜ਼ਮੀਨ ਉੱਤੇ ਸਰਬ ਸਾਂਝਾ ਰਾਜ ਉਸਾਰਾਂਗੇ ।"

ਅੱਜ ਖ਼ਾਲਸੇ ਨੂੰ ਪਹਿਲੀ ਲੜਾਈ ਵਿਚ ਜਿੱਤ ਹੋਈ ਤੇ ਹੁਣ ਉਹਨਾਂ ਦੇ ਭਵਿੱਖ ਵਾਸਤੇ ਦਾਈਏ ਰੰਗੀਨ ਤੇ ਸੁੰਦਰ ਹੋ ਗਏ ।

ਉਧਰ ਉਦਾਸ ਗਫ਼ ਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਰੇ । ਡੂੰਘੀ ਸੋਚ ਵਿਚਾਰ ਪਿਛੋਂ ਉਸ ਫ਼ੈਸਲਾ ਕੀਤਾ ਕਿ ਉਹ ਦਰਿਆ ਪਾਰ ਕਰ ਕੇ ਸ਼ੇਰ ਸਿੰਘ ਉੱਤੇ ਹੱਲਾ ਕਰੇਗਾ । ਇਹ ਹੱਲਾ ਉਸ ਸ਼ੁਰੂ ਤਾਂ ਤੇਈ ਨਵੰਬਰ ਨੂੰ ਹੀ ਕਰ ਦੇਣਾ ਸੀ, ਪਰ ਕਿਸੇ ਸਿਆਣੇ ਨੇ ਸਲਾਹ ਦਿਤੀ ਕਿ ਘਟੋ ਘਟ ਭਾਰੀਆਂ ਤੋਪਾਂ ਦੀ ਉਡੀਕ ਕਰ ਲਈ ਜਾਏ ।

ਤੀਹ ਨਵੰਬਰ ਨੂੰ ਇਹ ਤੋਪਾਂ ਰਾਮਨਗਰ ਪੁੱਜੀਆਂ ਤੇ ਪਹਿਲੀ ਦਸੰਬਰ ਨੂੰ ਰਾਤੀਂ ਇਕ ਵਜੇ ਉਸ ਇਸ ਸੈਨਾ ਨੂੰ ਦਰਿਆ ਪਾਰ ਕਰਨ ਵਾਸਤੇ ਤੋਰ ਦਿਤਾ । ਇਹ ਸੈਨਾਪਤੀ ਗਫ਼ ਦੀ ਦੂਜੀ ਵੱਡੀ ਭੁਲ ਸੀ ।

ਗਫ਼ ਨੂੰ ਚਾਹੀਦਾ ਸੀ ਕਿ ਉਹ ਚਨਾਬ ਦੇ ਉਰਾਰਲੇ ਕੰਢੇ ਉੱਤੇ ਹੀ ਮੋਰਚੇ ਗੱਡ ਕੇ ਸ਼ੇਰ ਸਿੰਘ ਦੀ ਸੈਨਾ ਨੂੰ ਆਪਣੀਆਂ ਨਜ਼ਰਾਂ ਥੱਲੇ ਰਖਦਾ । ਆਖ਼ਰਕਾਰ ਉਹਨੂੰ ਐਨੀ ਸਫਲਤਾ ਤਾਂ ਜ਼ਰੂਰ ਹੋਈ ਸੀ ਕਿ ਸ਼ੇਰ ਸਿੰਘ ਦਰਿਆ ਦੇ ਪਾਰ ਚਲਾ ਗਿਆ ਸੀ, ਜਿਥੇ ਕਿ ਉਹਨੂੰ ਦੋ ਚਾਰ ਮੋਟੇ ਮੋਟੇ ਕੁਨਾਫ਼ੇ ਤੇ ਨੁਕਸਾਨ ਸਨ । ਝਨਾਂ ਦੇ ਇਸ ਕੰਢੇ ਉੱਤੇ ਬੈਠਾ ਗਫ਼ ਲਾਹੌਰ ਤੇ ਸ਼ੇਰ ਸਿੰਘ ਦੇ ਵਿਚਕਾਰ ਸੀ ਤੇ ਝਨਾਂ ਦੇ ਉਪਰਲੇ ਇੱਲਾਕੇ ਵਿਚੋਂ ਉਹ ਸ਼ੇਰ ਸਿੰਘ ਵਾਸਤੇ ਜਾਂਦੀ ਸਭ ਰਸਦ ਰੋਕ ਸਕਦਾ ਸੀ ।

ਤੇ ਸਭ ਤੋਂ ਵੱਡੀ ਗੱਲ ਇਹ ਕਿ ਗਫ਼ ਲਈ ਮੁਲਤਾਨ ਦਾ ਸਰ ਹੋਣ ਦੇ ਸਮੇਂ ਤਕ ਉਡੀਕਣਾ ਜ਼ਰੂਰੀ ਸੀ । ਮੁਲਤਾਨ ਦੇ ਕਿਲ੍ਹੇ ਤੇ ਫ਼ਤਿਹ ਹੋਣ ਪਿਛੋਂ ਉੱਥੋਂ ਦੀ ਲਗ ਭਗ ਸਾਰੀ ਸੈਨਾ ਉਹਦੀ ਸਹਾਇਤਾ ਵਾਸਤੇ ਪਹੁੰਚ ਸਕਦੀ ਸੀ, ਤੇ ਫਿਰ ਇਕ ਦੋ ਦਿਨਾਂ ਵਿਚ ਹੀ ਨਿਰਸੰਦੇਹ ਸ਼ੇਰ ਸਿੰਘ ਦਾ ਖ਼ਾਤਮਾ ਕੀਤਾ ਜਾ ਸਕਦਾ ਸੀ । ਜਦੋਂ ਇਕ ਫ਼ੌਜੀ ਠੇਤਾ ਦੁਸ਼ਮਣ ਤੋਂ ਤਿਗਣੀ ਚੌਗਣੀ ਫ਼ੌਜ ਨਾਲ ਉਸ ਉੱਤੇ ਹਮਲਾ ਕਰ ਸਕਣ ਦੀ ਸਮਰੱਥਾ ਰਖਦਾ ਹੋਵੇ ਤਾਂ ਉਸ ਨੂੰ ਇਹ ਮੌਕਾ ਗੁਆਣਾ ਨਹੀਂ ਚਾਹੀਦਾ । ਜੇ ਉਡੀਕਣਾ ਪਵੇ ਤਾਂ ਉਡੀਕਣਾ ਵੀ ਬਣਦਾ ਹੈ । ਜੰਗ ਵਿਚ ਜਿਥੇ ਸੂਰਬੀਰਤਾ ਤੇ ਬਹਾਦਰੀ ਕੰਮ ਆਉਂਦੀ ਹੈ ਉੱਥੇ ਗਿਣਤੀ ਵੀ ਕਿਸੇ ਘਟ ਲੇਖੇ ਦੀ ਨਹੀਂ ।

ਪਰ ਨਹੀਂ, ਗਫ਼ ਨੂੰ ਇਹਨਾਂ ਦਲੀਲਾਂ ਵਿਚੋਂ ਕਿਸੇ ਦਲੀਲ ਦਾ ਵੀ ਖ਼ਿਆਲ ਨਹੀਂ ਆਇਆ ਤੇ ਉਸ ਇਕ ਦਸੰਬਰ ੧੮੪੮ ਈ: ਨੂੰ ਰਾਤੀਂ ਇਕ ਵਜੇ ਸਰ ਜੋਜ਼ਫ਼ ਬੈਕਵੈੱਲ ਨੂੰ ਦਰਿਆ ਪਾਰ ਕਰਨ ਵਾਸਤੇ ਤੋਰ ਦਿਤਾ । ਗਫ਼ ਦੀ ਪਲੈਨ ਸੀ ਕਿ ਸਰ ਜੋਜ਼ਫ਼ ਬੈਕਵੈੱਲ ਕਿਸੇ ਹੋਰ ਥਾਉਂ ਦਰਿਆ ਪਾਰ ਕਰ ਕੇ ਸ਼ੇਰ ਸਿੰਘ ਦੀ ਵੱਖੀ ਉੱਤੇ ਹਮਲਾ ਕਰੇ ਤੇ ਫਿਰ ਉਹ ਆਪ ਦਰਿਆ ਪਾਰ ਕਰ ਕੇ ਏਧਰੋਂ ਸਿੱਧਾ ਹੱਲਾ ਬੋਲੇਗਾ ।

ਜੋਜ਼ਫ਼ ਬੈਕਵੈੱਲ ਨੂੰ ਇਹ ਸੈਨਾ ਦਿਤੀ ਗਈ; ਅਸਪੀ ਤੋਪਖ਼ਾਨੇ ਦੇ ਤਿੰਨ ਟਰੂੱਪ, ਚਾਰ ਜੰਗੀ ਤੋਪਖ਼ਾਨੇ ਦੀਆਂ ਬੈਟਰੀਆਂ, ਤਿੰਨ ਰਸਾਲੇ ਦੀਆਂ ਪਲਟਨਾਂ, ਚਾਰ ਪਿਆਦਾ ਪਲਟਨਾਂ । ਇਹ ਕੁਝ ਸੈਨਾ ਅੱਠ ਨੌਂ ਹਜ਼ਾਰ ਬਣਦੀ ਸੀ ।

Scanned by CamScanner

ਪਿਆਦਾ ਸੈਨਾ ਦਾ ਕਮਾਣ ਅਫ਼ਸਰ ਸਰ ਕਾਲਿਨ ਕੈਂਪਬੈਲ ਸੀ।

ਥੈਕਵੈੱਲ ਨੂੰ ਹੁਕਮ ਹੋਇਆ ਕਿ ਉਹ ਰਾਣੀਕਣ ਦੇ ਲਾਗਲੇ ਪੱਤਣ ਤੋਂ ਦਰਿਆ ਨੂੰ ਪਾਰ ਕਰੇ । ਗਫ਼ ਦਾ ਖ਼ਿਆਲ ਸੀ ਕਿ ਦੁਸ਼ਮਣ ਤੋਂ ਦੂਰ ਹੋਣ ਕਰ ਕੇ ਇਸ ਪੱਤਨ ਵਲ ਉਹਦਾ ਬਹੁਤਾ ਖ਼ਿਆਲ ਨਹੀਂ ਹੋਵੇਗਾ। ਥੈਕਵੈੱਲ ਨੂੰ ਮੂੰਹ ਹਨੇਰੇ ਇਸ ਪੱਤਣ ਤਕ ਪਹੁੰਚਣਾ ਸੀ। ਪਰ ਉਹ ਪਹੁੰਚਿਆ ਦਿਨ ਦੇ ਬਾਰਾਂ ਵਜੇ। ਜਦੋਂ ਇਕ ਵਜੇ ਸਵੇਰੇ ਇਹ ਸੈਨਾ ਆਪਣੇ ਕੈਂਪ ਤੋਂ ਟੁਰੀ ਸੀ ਤਾਂ ਦੋ ਪਿਆਦਾ ਪਲਟਨਾਂ ਆਪਣਾ ਰਾਹ ਭੁੱਲ ਗਈਆਂ ਸਨ। ਏਸ ਲਈ ਦੇਰ ਹੋ ਗਈ। ਪਰਤੱਖ ਹੈ ਕਿ ਰਾਤ ਵੇਲੇ ਆਮ ਹਰਕਤ ਵੀ ਕੇਡੀ ਮੁਸ਼ਕਲ ਹੋ ਸਕਦੀ ਹੈ, ਲੜਾਈ ਕਰਨੀ ਤਾਂ ਕਿਤੇ ਰਹੀ।

ਜਦੋਂ ਥੈਕਵੈੱਲ ਨੇ ਰਾਣੀਕਣ ਦਾ ਪੱਤਣ ਵੇਖਿਆ ਤਾਂ ਉਹ ਬੜਾ ਹੈਰਾਨ ਹੋਇਆ। ਏਥੇ ਤਾਂ ਦਰਿਆ ਦਾ ਪਾਟ ਰਾਮ ਨਗਰ ਨਾਲੋਂ ਵੀ ਚੌੜਾ ਸੀ ਤੇ ਇਹ ਚਾਰ ਵਖਰੀਆਂ ਵਖਰੀਆਂ ਨਦੀਆਂ ਵਿਚ ਵੰਡਿਆ ਹੋਇਆ ਸੀ। ਕੁਝ ਆਦਮੀਆਂ ਨੇ ਇਹ ਵੀ ਦਸਿਆ ਕਿ ਇਸ ਪੱਤਨ ਉੱਤੇ ਬੜੇ ਖੱਭੇ ਹਨ। ਉਪਰੰਤ ਏਥੇ ਦਰਿਆ ਦਾ ਵਹਾ ਵੀ ਤੇਜ਼ ਸੀ।

ਇਸ ਤੋਂ ਪ੍ਰਤੱਖ ਹੈ ਕਿ ਬਾਈ ਨਵੰਬਰ ਤੋਂ ਲੈ ਕੇ ਤੀਹ ਨਵੰਬਰ ਤਕ, ਜਦੋਂ ਅੰਗਰੇਜ਼ੀ ਸੈਨਾ ਨਿਚੱਲੀ ਬੈਠੀ ਰਹੀ, ਕਿਸੇ ਨੇ ਇਹ ਜ਼ਾਂ ਦੂਜੇ ਪੱਤੁਣ ਵੇਖਣ ਭਾਲਣ ਦੀ ਕੋਸ਼ਿਸ਼ ਨਹੀਂ ਕੀਤੀ। ਖੋਜ ਭਾਲ ਯੁਧ ਕਲਾ ਦਾ ਇਕ ਅਜਿਹਾ ਨਿਯਮ ਹੈ ਜਿਹੜਾ ਕਿਸੇ ਵੇਲੇ ਵੀ ਨਜ਼ਰੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਉੱਤੇ ਗੋਰਾ ਸੈਨਾਪਤੀ ਇਸ ਨਿਯਮ ਨੂੰ ਭੁੱਲ ਗਿਆ ਤੇ ਇਸ ਲਈ ਉਹਦੀ ਪਲੈਨ ਪਛੜਦੀ ਤੋਂ ਪਛੜਦੀ ਗਈ।

ਕੈਂਪਬੈਲ ਨੇ ਕਿਹਾ ਕਿ ਵਾਪਸ ਕੈਂਪ ਮੁੜ ਚਲੀਏ, ਪਰ ਥੈਕਵੈੱਲ ਨੇ ਹੁਕਮ ਦੀ ਸਪਿਰਟ ਮੰਨਦਿਆਂ ਵਜ਼ੀਰਾਬਾਦ ਦਾ ਪੱਤੁਣ ਵੇਖਣ ਵਾਸਤੇ ਜ਼ੋਰ ਲਾਇਆ। ਸ਼ਾਮ ਦੇ ਛੇ ਵਜੇ ਅੰਗਰੇਜ਼ੀ ਸੈਨਾ ਵਜ਼ੀਰਾਬਾਦ ਪਹੁੰਚੀ। ਦਰਿਆ ਪਾਰ ਕਰਨਾ ਏਥੇ ਵੀ ਮੁਸ਼ਕਲ ਸੀ, ਪਰ ਚੂੰਕਿ ਏਥੇ ਸਿਰਫ਼ ਇਹ ਦੋ ਵਖ ਵਖ ਨਦੀਆਂ ਵਿਚ ਵੰਡਿਆ ਹੋਇਆ ਸੀ। ਇਸ ਲਈ ਕਿਸ਼ਤੀਆਂ ਦੀ ਮਦਦ ਨਾਲ ਕੰਮ ਸਾਰ ਲੈਣਾ ਥੈਕਵੈੱਲ ਨੂੰ ਆਸਾਨ ਲਗਿਆ। ਸਤਾਰਾਂ ਕਿਸ਼ਤੀਆਂ ਕਿਰਾਏ ਉੱਤੇ ਲੈ ਕੇ ਦਰਿਆ ਪਾਰ ਕਰਨਾ ਸ਼ੁਰੂ ਕੀਤਾ ਗਿਆ। ਪਹਿਲੇ ਤੋਪਾਂ ਫਿਰ ਪਿਆਦਾ ਤੇ ਫਿਰ ਰਸਾਲਾ। ਸਭ ਸਹੂਲਤਾਂ ਦੇ ਹੁੰਦਿਆਂ ਵੀ ਦਰਿਆ ਪਾਰ ਕਰਦਿਆਂ ਕਈ ਆਦਮੀ ਡੁਬ ਗਏ ਤੇ ਪਿਆਦਾ ਫ਼ੌਜ ਦੀਆਂ ਦੋ ਪਲਟਨਾਂ ਨੂੰ ਦਰਿਆ ਦੇ ਵਿਚਕਾਰ ਹੀ ਇਕ ਰੇਤਲੇ ਟਿੱਬੇ ਉੱਤੇ ਰਾਤ ਕੱਟਣੀ ਪਈ।

ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਦਰਿਆ ਦੇ ਦੂਜੇ ਕੰਢੇ ਸਿੱਖਾਂ ਦੇ ਪੰਜਾਹ ਆਦਮੀ ਵੀ ਹੁੰਦੇ ਤਾਂ ਉਹਨਾਂ ਵਾਸਤੇ ਇਹਨਾਂ ਅੱਠਾਂ ਹਜ਼ਾਰਾਂ ਵਿਚ ਭੜਥੂ ਪਾ ਦੇਣਾ ਕੇਡਾ ਸੌਖਾ ਹੁੰਦਾ, ਪਰ ਖ਼ਬਰ-ਇਕੱਤਰਤਾ ਤੇ ਖ਼ਬਰ-ਰਸਾਨੀ ਸਿੱਖ ਸੈਨਾ ਦੀ ਸ਼ੁਰੂ ਤੋਂ ਹੀ ਕਮਜ਼ੋਰ ਰਹੀ ਹੈ। ਬੰਦਾ ਬਹਾਦਰ ਦੇ ਸਮੇਂ ਤੋਂ ਲੈ ਕੇ ਅੱਜ ਤਕ ਸਿੱਖ ਸੈਨਾ ਵਾਸਤੇ ਅਨੇਕ ਵਾਰ, ਖ਼ਬਰਾਂ ਇਕੱਠੀਆਂ ਕਰਨੀਆਂ ਤੇ ਸਮੇਂ ਸਿਰ ਉਹਨਾਂ ਨੂੰ ਲੋੜੀਂਦੇ ਬੰਦਿਆਂ ਕੋਲ ਪਹੁੰਚਾਣਾ ਤੇ ਉਹਨਾਂ ਉੱਤੇ ਅਮਲ ਕਰਨ ਦੀ ਅਣਗਹਿਲੀ ਨੇ ਕਈ ਜਿੱਤਾਂ ਹਾਰਾਂ ਵਿਚ ਬਦਲ ਦਿਤੀਆਂ ਹਨ। ਦੂਜਾ, ਸਿੱਖ ਸੈਨਾ ਸਦਾ ਰਾਤ ਵੇਲੇ ਅਵੇਸਲੀ ਹੋ ਜਾਂਦੀ ਰਹੀ ਹੈ। ਇਹ ਰਾਤ ਦੇ ਹਨੇਰੇ ਉੱਤੇ ਇਤਬਾਰ ਕਰਦੀ ਰਹੀ ਹੈ। ਸਮਝਦੀ ਰਹੀ ਹੈ ਕਿ ਜੇ ਅਸੀਂ ਕਿਸੇ ਨੂੰ ਵੇਖ ਨਹੀਂ ਸਕਦੇ ਤੇ ਜੇ ਅਸੀਂ ਕੁਝ ਨਹੀਂ ਕਰ ਰਹੇ ਤਾਂ ਦੁਸ਼ਮਣ ਵੀ ਸਾਨੂੰ ਵੇਖ ਨਹੀਂ ਸਕਦਾ ਤੇ ਉਹ ਵੀ ਕੁਝ ਕਰ ਨਹੀਂ ਰਿਹਾ।

ਇਸ ਅਣਗਹਿਲੀ ਤੇ ਅਵੇਸਲੇਪਨ ਨੇ ਅੱਜ ਇਕ ਬੜਾ ਚੰਗਾ ਮੌਕਾ ਹੱਥੋਂ ਖੁੰਝਾ ਦਿਤਾ। ਪੰਜਾਹ ਆਦਮੀਆਂ ਨੇ ਨੰਗੇ, ਭੁੱਖ ਠਰੂ ਠਰੂ ਕਰਦੇ ਤੇ ਰਾਤ ਦੇ ਹਨੇਰੇ ਵਿਚ ਅੱਧਮੋਏ ਹੋਏ ਗੋਰਿਆਂ ਦੀ ਬੁਰੀ ਹਾਲਤ ਕਰ ਦੇਣੀ ਸੀ। ਥੈਕਵੈੱਲ ਦੀ ਕਮਾਣ ਥੱਲੇ ਅੱਠ ਹਜ਼ਾਰ ਸੈਨਾ ਦੀ ਝਨਾਂ ਉੱਤੇ ਬਿਤਾਈ ਇਹ ਰਾਤ, ਅਤੇ ਟੁੰਡੀ ਲਾਟ ਤੇ ਗਫ਼ ਥੱਲੇ ਇਸ ਤੋਂ ਚੌਗੁਣੀ ਸੈਨਾ ਦੀ ਫੇਰੂ ਸ਼ਹਿਰ ਦੇ ਰਣਭੂਮੀ ਉੱਤੇ ਬਿਤਾਈ ਰਾਤ ਵਿਚ ਬੜੀ ਸਮਤੁਲਤਾ ਹੈ।

ਖ਼ੈਰ, ਯਸੂਹ ਮਸੀਹ ਦੀ ਕਿਰਪਾ ਨਾਲ ਜਿਵੇਂ ਗੋਰੇ ਅਫ਼ਸਰਾਂ ਤੇ ਸਿਪਾਹੀਆਂ ਨੇ ਸੋਚਿਆ ਰਾਤ ਮੁਕੀ। ਦਿਨ ਚੜ੍ਹਿਆ। ਧੁੱਪ ਨਿਕਲੀ। ਸਰਦੀ ਘਟੀ। ਅੱਗ ਬਾਲੀ ਗਈ ਤੇ ਰੋਟੀ ਪਕਾਣੀ ਸ਼ੁਰੂ ਕੀਤੀ ਗਈ। ਸੈਨਾ ਐਨੀ ਥੱਕ ਗਈ ਸੀ ਤੇ ਐਨੀ ਨਾਕਾਰਾ ਹੋ ਚੁਕੀ ਸੀ ਕਿ ਦੁਪਹਿਰ ਦੇ ਦੋ ਵਜੇ ਤਕ ਉਹ ਮਸੇ ਰੋਟੀ ਖਾ ਕੇ ਟੁਰਨ ਲਈ ਤਿਆਰ ਹੋਈ। ਥੈਲਵੈੱਲ ਨੇ ਇਹ ਇਲਾਕਾ ਕਦੀ ਨਹੀਂ ਸੀ ਵੇਖਿਆ। ਨਕਸ਼ਿਆਂ ਦੀ ਵੀ ਘਾਟ ਸੀ। ਉਹ ਜਾਏ ਕਿਧਰ ਨੂੰ ? ਪਰ ਦੁਸ਼ਮਣ ਦਾ ਅੱਟਾ ਸੱਟਾ ਲਾ ਕੇ ਉਹ ਸ਼ੇਰ ਸਿੰਘ ਵਲ ਵਧਿਆ।

Scanned by CamScanner

ਸ਼ਾਮੀਂ ਉਸ ਨੂੰ ਗਫ਼ ਦਾ ਹੁਕਮ ਪੁਜਾ ਕਿ ਉਹ ਅਗਲੇ ਦਿਨ, ਤਿੰਨ ਦਸੰਬਰ ਨੂੰ ਦੁਸ਼ਮਣ ਦੀ ਫ਼ਮੀ ਉੱਤੇ ਹਮਲਾ ਬੋਲੇ। ਤਿੰਨ ਦਸੰਬਰ ਨੂੰ ਇਹ ਹੁਕਮ ਰੱਦ ਕਰ ਦਿਤਾ ਗਿਆ ਤੇ ਬੈਕਵੈੱਲ ਨੂੰ ਹੁਕਮ ਹੋਇਆ ਕਿ ਹਮਲਾ ਕਰਨ ਤੋਂ ਪਹਿਲੇ ਉਹ ਗੋਡਬੀ ਦੀ ਬਰਿਗੇਡ ਦੀ ਉਡੀਕ ਕਰੇ ਜਿਹੜੀ ਕਿ ਜਲਦੀ ਹੀ ਦਰਿਆ ਪਾਰ ਕਰ ਕੇ ਉਹਨੂੰ ਆ ਮਿਲੇਗੀ। ਕਿਉਂ, ਕੋਈ ਨਹੀਂ ਜਾਣ ਸਕਦਾ। ਜੇ ਗਫ਼ ਆਪਣੀ ਚਿਤਵੀ ਪਲੈਨ ਉੱਤੇ ਪੱਕਾ ਰਹਿੰਦਾ ਤਾਂ ਇਸ ਡਾਲਤੂ ਬਰਿਗੇਡ ਦੀ ਕੋਈ ਖ਼ਾਸ ਲੋੜ ਨਹੀਂ ਸੀ। ਇਹ ਬਰਿਗੇਡ ਉਹਦੀ ਨੇਤਰਵਤਾ ਥੱਲੇ ਸਿਧੇ ਹਮਲੇ ਵਿਚ ਸ਼ਾਮਲ ਹੋ ਸਕਦੀ ਸੀ। ਵਖੀ ਹਮਲੇ ਵਾਸਤੇ ਬੈਕਵੈੱਲ ਕੋਲ ਅੱਠ ਹਜ਼ਾਰ ਆਦਮੀ ਘਟ ਨਹੀਂ ਸਨ।

ਖ਼ੈਰ ! ਗੋਡਬੀ ਦੀ ਬਰਿਗੇਡ ਨਾਲ ਮਿਲਾਪ ਕਰਨ ਵਾਸਤੇ ਬੈਕਵੈੱਲ ਘੋੜੀ ਪੱਤਣ ਵਲੇ ਵਧਿਆ, ਦੁਪਹਿਰ ਤਕ ਸੈਦੁਲਾਪੁਰ ਪੁਜਾ ਤੇ, ਇਸ ਪਿੰਡ ਦੇ ਲਾਗੇ ਦੱਖੇ ਮੈਦਾਨ ਵਿਚ ਉਸ ਗੋਡਬੀ ਵਾਸਤੇ ਖੈਮੇਂ ਗੱਡ ਦਿਤੇ।

ਉਧਰ ਬੈਕਵੈੱਲ ਨੂੰ ਭੇਜ ਕੇ ਗਫ਼ ਉਹਦੇ ਦਰਿਆ ਪਾਰ ਕਰਨ ਦੀ ਖ਼ਬਰ ਨੂੰ ਉਡੀਕਦਾ ਰਿਹਾ। ਦੋ ਦਸੰਬਰ ਦੁਪਹਿਰੀਂ ਉਹਨੂੰ ਬੈਕਵੈੱਲ ਦੀ ਸਫ਼ਲਤਾ ਦੀ ਖ਼ਬਰ ਪੁਜੀ, ਤਾਂ ਉਸ ਬਿਨਾਂ ਸੋਚੇ ਸਮਝੇ ਆਪਣੇ ਸਾਹਮਣੇ ਸਿੱਖ ਕੈਂਪ ਉੱਤੇ ਤੋਪਾਂ ਦੀ ਗੋਲਾਬਾਰੀ ਸ਼ੁਰੂ ਕਰ ਦਿਤੀ। ਬੇਇਨਤਹਾ ਗੋਲੇ ਵਰਸਾਏ ਗਏ। ਜੇ ਕੋਈ ਹੋਰ ਦੁਸ਼ਮਣ ਸਾਹਮਣੇ ਹੁੰਦਾ, ਤਾਂ ਉਹਨੂੰ ਇਸ ਗੋਲਾਬਾਰੀ ਨਾਲ ਅਤਿਅੰਤ ਹਾਣ ਹੁੰਦਾ, ਪਰ ਸਿੱਖ ਕੋਈ ਅਨਾੜੀ ਖਿਡਕਾਰ ਨਹੀਂ ਸਨ। ਉਹਨਾਂ ਨੇ ਆਪਣੀਆਂ ਤੋਪਾਂ ਅਤੀ ਪਰਬੀਨਤਾ ਨਾਲ ਲੁਕਾਈਆਂ ਹੋਈਆਂ ਸਨ ਤੇ ਉਂਜ ਵੀ ਉਹਨਾਂ ਦੀਆਂ ਤੋਪਾਂ ਦੀ ਮਾਰ ਲੰਮੀ ਸੀ। ਸੋ ਅੰਗਰੇਜ਼ਾਂ ਦੇ ਪੰਜ ਜਾਂ ਦਸ ਗੋਲਿਆਂ ਦੇ ਜੁਆਬ ਵਿਚ ਉਹ ਇਕ ਜਾਂ ਦੋ ਗੋਲੇ ਸੁੱਟਦੇ, ਪਰ ਇਹ ਇਕ ਜਾਂ ਦੋ ਗੋਲੇ ਅੰਗਰੇਜ਼ਾਂ ਦੇ ਪੰਜਾਂ ਦਸਾਂ ਗੋਲਿਆਂ ਨਾਲੋਂ ਵਧ ਨੁਕਸਾਨ ਕਰਦੇ। ਕੋਈ ਗੋਰਾ ਤੋਪ ਅਗੇ ਵਧਣ ਤੇ ਦਰਿਆ ਦੇ ਕੰਢੇ ਲਾਗੇ ਆਉਣ ਦਾ ਜੇਰਾ ਨਾ ਕਰਦੀ ਤੇ ਦੂਰੋਂ ਅੰਗਰੇਜ਼ੀ ਤੋਪਾਂ ਦੇ ਪੰਜਾਹ ਛੀ ਸਦੀ ਗੋਲੇ ਦਰਿਆ ਵਿਚ ਹੀ ਡਿਗਦੇ।

ਜਦੋਂ ਤੋਪਖ਼ਾਨੇ ਦੀ ਲੜਾਈ ਜਾਰੀ ਸੀ, ਤਾਂ ਸ਼ੇਰ ਸਿੰਘ ਨੂੰ ਪਤਾ ਲਗਾ ਕਿ ਬੈਕਵੈੱਲ ਅੱਠ ਕੁ ਹਜ਼ਾਰ ਫ਼ੌਜ ਨਾਲ ਦਰਿਆ ਪਾਰ ਕਰ ਆਇਆ ਹੈ।

ਸ਼ੇਰ ਸਿੰਘ ਨੂੰ ਕੀ ਕਰਨਾ ਚਾਹੀਦਾ ਸੀ ? ਉਹਨੂੰ ਆਪਣੀ ਇਕ ਦਮ ਘਨੇਰੀ ਫ਼ੌਜ ਲੈ ਕੇ ਬੈਕਵੈੱਲ ਉੱਤੇ ਜਾ ਪੈਣਾ ਚਾਹੀਦਾ ਸੀ ਤੇ ਉਹਨੂੰ ਤਬਾਹ ਕਰ ਕੇ ਪਿਛਲੇ ਪੈਰੀਂ ਗਫ਼ ਉੱਤੇ ਆ ਹਮਲਾ ਕਰਨਾ ਚਾਹੀਦਾ ਸੀ। ਇਕ ਦਿਨ ਜਾਂ ਹੱਦ ਦੋ ਦਿਨਾਂ ਦੇ ਅੰਦਰ ਅੰਦਰ ਇਹ ਮਹਾਨ ਅੰਗਰੇਜ਼ੀ ਸੈਨਾ ਖੇਰੂੰ ਖੇਰੂੰ ਹੋ ਜਾਂਦੀ।

ਤੇ ਬਿਨਾਂ ਸ਼ਕ ਸ਼ੇਰ ਸਿੰਘ ਨੂੰ ਇਹ ਸਬੀਲ ਸੁਝੀ। ਏਸੇ ਲਈ ਕਿਹਾ ਜਾਂ ਸਕਦਾ ਹੈ ਕਿ ਉਹਦੇ ਵਿਚ ਮਹਾਨ ਫ਼ੌਜੀ ਨੇਤਾ ਦੇ ਮਹਾਨ ਗੁਣ ਸਨ। ਉਹਦੇ ਵਿਚ ਪ੍ਰਤਿਭਾ ਸੀ। ਉਹਦੇ ਅੰਤਰ ਆਤਮੇ ਇਕ ਸੂਝ ਸੀ, ਪਰ ਇਸ ਪ੍ਰਤਿਭਾ ਤੇ ਸੂਝ ਨੂੰ ਤਜਰਬਾ ਨਹੀਂ ਸੀ। ਇਹ ਪ੍ਰਤਿਭਾ ਤੇ ਸੂਝ ਅਨਾੜੀ ਸੀ। ਤੇ ਸ਼ੇਰ ਸਿੰਘ ਦੀ ਫ਼ੈਸਲੇ ਕਰਨ ਦੀ ਪਕਿਆਈ ਵਿਚ ਕੱਚ ਦੀ ਢੇਰ ਮਿਲਾਵਟ ਸੀ।

ਬੇਸ਼ਕ ਇਹ ਸਬੀਲ ਸੋਚ ਕੇ ਸ਼ੇਰ ਸਿੰਘ ਨੇ ਹੌਲੀ ਹੌਲੀ ਆਪਣੇ ਤੋਪਖ਼ਾਨੇ ਨੂੰ ਗੋਲਾਬਾਰੀ ਬੰਦ ਕਰਨ ਵਾਸਤੇ ਕਿਹਾ, ਪਰ ਜਦੋਂ ਸਾਰੀ ਸੈਨਾ ਨੂੰ ਲੈ ਕੇ ਬੈਕਵੈੱਲ ਵੱਲ ਵਧਣ ਦਾ ਸਮਾਂ ਆਇਆ, ਤਾਂ ਸ਼ੇਰ ਸਿੰਘ ਰੁਕ ਗਿਆ। ਉਹਨੂੰ ਫੁਰਨਾ ਫੁਰਿਆ ਕਿ ਜੇ ਪਿਛੋਂ ਗਫ਼ ਨੇ ਦਰਿਆ ਪਾਰ ਕਰ ਕੇ ਉਹਦੀ ਕੰਡ ਉੱਤੇ ਹਮਲਾ ਬੋਲ ਦਿਤਾ ਤਾਂ ? ਸੋ ਇਸ ਡਰ ਜਾਂ ਸ਼ਕੇ ਜਾਂ ਖ਼ਿਆਲ ਦੇ ਸਨਮੁਖ ਉਹ ਸਿਰਫ਼ ਦਸ ਹਾਜ਼ਰ ਸੈਨਾ ਲੈ ਕੇ ਹੀ ਬੈਕਵੈੱਲ ਵਲ ਗਿਆ।

ਬੈਕਵੈੱਲ ਦੀ ਸੈਨਾ ਨੇ ਮਸੇਂ ਆਪਣੇ ਝੱਲੇ ਆਦਿ ਲਾਹ ਕੇ ਹਥਿਆਰ ਰਖੇ ਹੀ ਸਨ ਕਿ ਉੱਤਰ ਪੂਰਬ ਵਲੋਂ ਇਕ ਗੋਲੇ ਦੇ ਚਲਣ ਦੀ ਆਵਾਜ਼ ਆਈ। ਹੈਰਾਨੀ ਦੀ ਗੱਲ ਕਿ ਬੈਕਵੈੱਲ ਤੇ ਕੈਂਪਬੈਲ ਵਰਗੇ ਤਜਰਬੇਕਾਰ ਜਰਨੈਲ ਬਿਨਾਂ ਸੰਤਰੀਆਂ ਦੇ ਪਰਦੇਦਾਰ ਦਸਤਿਆਂ ਨੂੰ ਸਮੁਚੀ ਸੈਨਾ ਦੇ ਸਾਹਮਣੇ ਖਿਲਾਰਦਿਆਂ ਆਰਾਮ ਕਰਨ ਲਈ ਬਹਿ ਗਏ ਸਨ। ਪਰ ਯੁੱਧ ਨੀਤੀ ਕਿਸੇ ਨੂੰ ਆਪਣੀਆਂ ਭੁੱਲਾਂ ਵਾਸਤੇ ਮੁਆਫ਼ ਨਹੀਂ ਕਰਦੀ। ਆਰਾਮ ਕਰਦੇ ਬੈਕਵੈੱਲ ਤੇ ਕੈਂਪਬੈਲ ਉੱਤੇ ਸ਼ੇਰ ਸਿੰਘ ਆ ਗਰਜਿਆ।

ਸੈਦੁਲਾਪੁਰ ਦੇ ਸਾਹਮਣੇ ਤਿੰਨ ਹੋਰ ਪਿੰਡ ਸਨ ; ਤਰਵਾਲ੍ਹਹ, ਰਤਾਈ ਤੇ ਰਾਮੂਖੇਲ। ਸ਼ੇਰ ਸਿੰਘ ਨੇ ਇਹਨਾਂ ਤਿੰਨਾਂ ਪਿੰਡਾਂ ਦੀ ਪਾਲ ਨੂੰ ਕਬਜ਼ੇ ਵਿਚ ਕਰ ਕੇ ਬੈਕਵੈੱਲ ਉੱਤੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿਤੇ ਤੇ ਸ਼ਾਮ ਤਕ ਦੋਹਾਂ ਪਾਸਿਉਂ

Scanned by CamScanner

ਗੋਲੇ ਚਲਦੇ ਰਹੇ ।

ਸ਼ੇਰ ਸਿੰਘ ਆਪਣੇ ਕੈਂਪ ਤੋਂ ਬੈਕਵੈੱਲ ਦਾ ਨਾਸ਼ ਕਰਨ ਲਈ ਟੁਰਿਆ ਸੀ । ਪਰ ਸੈਦੁਲਾਪੁਰ ਪਹੁੰਚ ਕੇ ਨਾ ਜਾਣੇ ਕਿਉਂ ਉਹਨੇ ਆਪਣਾ ਇਰਾਦਾ ਬਦਲ ਲਿਆ ਤੇ ਸਿਰਫ਼ ਤੋਪਖ਼ਾਨੇ ਦੀ ਲੜਾਈ ਉੱਤੇ ਹੀ ਸ਼ਾਕਰ ਹੋ ਗਿਆ । ਆਪਣੀ ਦਸ ਹਜ਼ਾਰ ਸੈਨਾ ਨਾਲ ਵੀ ਉਹ ਬੈਕਵੈੱਲ ਦੀ ਹੰਭੀ ਟੁਟੀ ਸੈਨਾ ਨੂੰ ਭਾਜੜ ਪਾ ਸਕਦਾ ਸੀ, ਪਰ ਨਹੀਂ ਕਿਸੇ ਸ਼ੈ ਦੀ ਘਾਟ ਸੀ ਉਸ ਵਿਚ ?

ਸ਼ਾਮ ਦੇ ਘੁਮਸੁਮੇ ਤਕ ਗੋਲਾਬਾਰੀ ਹੁੰਦੀ ਰਹੀ ਤੇ ਰਾਤੀਂ ਉਧਰੋਂ ਗਫ਼ ਦੇ ਹਮਲੇ ਦੀ ਸ਼ੰਕਾ ਕਰਦਾ, ਸ਼ੇਰ ਸਿੰਘ ਵਾਪਸ ਦਰਿਆ ਦੇ ਕੰਢੇ, ਕੈਂਪ ਵਿਚ ਪਹੁੰਚ ਗਿਆ ।

ਉਧਰ ਗਫ਼ ਵੀ ਇਕ ਅਤੀ ਘਟੀਆ ਜਰਨੈਲ ਵਾਂਗ ਦਰਿਆ ਦੇ ਕਢੇ ਨਿੱਚਲਾ ਬੈਠਾ ਰਿਹਾ । ਜਿਹੜਾ ਇਕ ਹੁਕਮ ਉਸ ਏਸ ਦੌਰਾਨ ਵਿਚ ਦਿਤਾ, ਉਹ ਚਨਾਬ ਉੱਤੇ ਬੇੜੀਆਂ ਦਾ ਪੁਲ ਬਣਾਨ ਦਾ ਸੀ । ਇਕ ਅਤੀ ਹਾਸੋਹੀਣੀ ਹਿਮਾਕਤ । ਦਰਿਆ ਪਾਰ ਕਰਨ ਦਾ ਉਸ ਜੇਰਾ ਨਾ ਕੀਤਾ ।

ਤੇ ਇਹ ਸੀ ਤਿੰਨ ਦਸੰਬਰ, ੧੮੪੮ ਨੂੰ ਸੈਦੁਲਾਪੁਰ ਦੀ ਲੜੀ ਗਈ ਲੜਾਈ । ਦੋਹਾਂ ਪਾਸਿਆਂ ਵਲੋਂ ਲੀਡਰਾਂ ਦੇ ਮਨ ਦੀ ਕਮਜ਼ੋਰੀ ਤੇ ਸ਼ੰਕਿਆਂ ਦੀ ਸੀਨਾਜ਼ੋਰੀ ਨੇ ਇਸ ਮੁਠ ਭੇੜ ਨੂੰ ਅਤਿ ਸਸਤਾ ਬਣਾ ਦਿਤਾ ।

ਪਰ ਲਾਰਡ ਗਫ਼ ਨੇ ਸੈਦੁਲਾਪੁਰ ਦੀ ਮੁਠ ਭੇੜ ਵਾਸਤੇ ਜਿਹੜੀ ਰਿਪੋਰਟ ਭੇਜੀ ਉਹ ਵੀ ਵਾਚਣ ਯੋਗ ਹੈ । ਸ਼ੁਰੂ ਦੇ ਸ਼ਬਦ ਹਨ, "ਸਰਬ ਸ਼ਕਤੀਮਾਨ ਪ੍ਰਮਾਤਮਾ ਨੇ ਅੰਗਰੇਜ਼ੀ ਸਲਤਨੱਤ ਹੱਥ ਦਰਿਆ ਚਨਾਬ ਨੂੰ ਪਾਰ ਕਰ ਕੇ ਬਾਗ਼ੀ ਰਾਜਾ ਸ਼ੇਰ ਸਿੰਘ ਤੇ ਸਿੱਖ ਫ਼ੌਜਾਂ ਨੂੰ, ਤਬਾਹ ਕਰਨ ਦੀ ਵਡਿਆਈ ਬਖ਼ਸ਼ੀ ਹੈ ।" ਅਗੇ ਜਾ ਕੇ ਉਹ ਲਿਖਦਾ ਹੈ, "ਇਹ ਲੜਾਈ ਇਕ ਫ਼ੈਸਲਾਕੁਨ ਲੜਾਈ ਹੋਣੀ ਸੀ, ਪਰ ਅਫ਼ਸੋਸ ਕਿ ਅੰਗਰੇਜ਼ੀ ਪਿਆਦਾ ਤੇ ਘੋੜ ਅਸਵਾਰ ਅਤਿ ਥੱਕੇ ਹੋਏ ਸਨ । ਸਿੱਖ ਹਾਰ ਗਏ ਹਨ ਤੇ ਇਹ ਹਾਰ ਖਾ ਕੇ ਉਹ ਜਿਹਲਮ ਵਲ ਨੱਸੇ ਜਾ ਰਹੇ ਹਨ । ਇਹ ਹੀ ਨਹੀਂ ਖ਼ਾਲਸਾ ਫ਼ੌਜ ਦਾ ਇਕ ਭਾਗ ਖਿੰਡਰ ਪੁੰਡਰ ਗਿਆ ਹੈ...।"

ਲਾਰਡ ਗਫ਼ ਦੀ ਇਹ ਰਿਪੋਰਟ ਉਹਦੇ ਆਚਰਣ ਦੀ ਸੂਚਕ ਹੈ । ਸ਼ਾਇਦ ਇਹ ਮਹਾਂ ਝੂਠ ਬੋਲ ਕੇ ਉਹ ਆਪਣੇ ਮਨ ਨੂੰ ਧਰਵਾਸ ਦੇਣਾ ਚਾਹੁੰਦਾ ਸੀ ? ਸ਼ਾਇਦ ਅਜਿਹੇ ਝੂਠ ਬੋਲ ਕੇ ਉਹ ਆਪਣੀ ਨੌਕਰੀ ਤੇ ਆਪਣੀ ਅਸਥਿਤੀ ਮਜ਼ਬੂਤ ਕਰਨਾ ਚਾਹੁੰਦਾ ਸੀ ?

ਇਹ ਰਿਪੋਰਟ ਇਸ ਗੱਲ ਦੀ ਸ਼ਾਹਦੀ ਹੈ, ਕਿ ਜੇ ਉਸ ਦਿਨ ਸ਼ੇਰ ਸਿੰਘ ਇਕਾਗਰ ਚਿੱਤ ਪਹਿਲੇ ਬੈਕਵੈੱਲ ਤੇ ਫੇਰ ਗਫ਼ ਨੂੰ ਜਾ ਲੈਂਦਾ, ਤਾਂ ਪੰਜਾਬ ਵਿਚੋਂ ਗੋਰਾ ਰਾਜ ਦਾ ਅੰਤ ਹੋ ਜਾਂਦਾ । ਪਰ...ਪਰ ਇਉਂ ਨਹੀਂ ਸੀ ਹੋਣਾ । ਇਉਂ ਨਾ ਹੋ ਸਕਿਆ ।

Scanned by CamScanner

ਰਾਜਾ ਸ਼ੇਰ ਸਿੰਘ ਨੂੰ ਜਾਪਦਾ ਹੈ, ਆਪਣੇ ਪਿਤਾ ਨਾਲ ਮਿਲਾਪ ਕਰਨ ਦਾ ਕੋਈ ਮੌਕਾ ਸੀ। ਮੁਲਤਾਨ ਤੋਂ ਉਹ ਸਿੱਧਾ ਲਾਹੌਰ ਉੱਤੇ ਚੜ੍ਹਾਈ ਕਰਨ ਦੀ ਬਜਾਏ, ਉੱਤਰ ਵਲ ਟੁਰ ਪਿਆ। ਜੇ ਉਹਨੂੰ ਮੂਲ ਰਾਜ ਨਾਲ ਮਿਲ ਕੇ, ਮੁਲਤਾਨ ਦੁਆਲੇ ਜੁੜੀ ਅੰਗਰੇਜ਼ ਸੈਨਾ ਨੂੰ, ਪੈਂਦੀ ਸੱਟੇ, ਤਬਾਹ ਕਰਨ ਵਾਸਤੇ ਮੁਆਫ਼ ਵੀ ਕਰ ਦਿਤਾ ਜਾਏ, ਤਾਂ ਵੀ ਉਹਨੂੰ ਅਤਿ ਮੁਸ਼ਕਲ ਤੇ ਨਿਸਬਤਨ ਦੇਖੀ ਇਲਾਕੇ ਵਿਚੋਂ ਲੰਘ ਕੇ ਗੁਜਰਾਤ ਵਲ ਵਧਣ ਦੀ ਗ਼ਲਤੀ ਵਾਸਤੇ ਮੁਆਫ਼ ਨਹੀਂ ਕੀਤਾ ਜਾ ਸਕਦਾ।

ਆਖ਼ਰ ਕੀ ਸੀ ਏਸ ਇਲਾਕੇ ਵਿਚ ? ਜਿਉਂ ਜਿਉਂ ਉਹ ਉੱਤਰ ਵਲ ਵਧਦਾ ਗਿਆ, ਤਿਉਂ ਤਿਉਂ ਉਹਨੂੰ ਵਸੋਂ ਦੇ ਇਕ ਭਾਗ ਦੀ ਬੇਪਰਤੀਤੀ ਝੱਲਣੀ ਪਈ। ਇਹਦੇ ਵਿਚ ਸ਼ਕ ਨਹੀਂ ਕਿ ਹੁਣ ਤਕ ਅੰਗਰੇਜ਼ਾਂ ਦੀ ਚੁਕ ਵਿਚ ਆ ਕੇ ਕਈ ਮੁਸਲਮਾਨ ਘਰਾਣੇ ਸਿੱਖਾਂ ਦੇ ਵਿਰੁਧ ਹੋ ਚੁਕੇ ਸਨ। ਦੂਜਾ ਪੰਜਾਬ ਦਾ ਮਧ ਸੀ, ਉਸ ਵੇਲੇ ਲਾਹੌਰ। ਲਾਹੌਰ ਉੱਤੇ ਕਬਜ਼ਾ ਕੀਤੇ ਬਗੈਰ ਪੰਜਾਬ ਆਜ਼ਾਦ ਗਿਣਿਆ ਨਹੀਂ ਸੀ ਜਾ ਸਕਦਾ। ਜਦੋਂ ਤਕ ਲਾਹੌਰ ਸੁਰੱਖਿਅਤ ਅੰਗਰੇਜ਼ਾਂ ਦੇ ਹੱਥ ਵਿਚ ਸੀ, ਉਹ ਪੰਜਾਬ ਦੇ ਮਾਲਕ ਸਨ। ਜੇ ਇਕ ਵਾਰੀ ਸ਼ੇਰ ਸਿੰਘ ਲਾਹੌਰ ਪਹੁੰਚ ਜਾਂਦਾ, ਤਾਂ ਸਰਦਾਰ ਚਤਰ ਸਿੰਘ ਦਾ ਅੰਦੋਲਨ ਆਪਣੇ ਆਪ ਸਫਲ ਹੋ ਜਾਣਾ ਸੀ ਤੇ ਉਹਨੂੰ ਪੱਛਮੀ ਸਰਹੱਦ ਲਾਗੇ ਖ਼ਾਹਮਖ਼ਾਹ ਦੀਆਂ ਲੜਾਈਆਂ ਨਹੀਂ ਸਨ ਲੜਨੀਆਂ ਪੈਣੀਆਂ। ਤੇ ਦੋਹਾਂ ਧਿਰਾਂ ਦੀ ਤਾਕਤ ਦਾ ਅੰਦਾਜ਼ਾ ਲਾਇਆਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ੇਰ ਸਿੰਘ ਕੋਲ ਲਾਹੌਰ ਕਾਬੂ ਕਰਨ ਦੀ ਸਮਰੱਥਾ ਸੀ।

ਇਸ ਤੋਂ ਉਪਰੰਤ ਸ਼ੇਰ ਸਿੰਘ ਨੂੰ ਸੋਚਣਾ ਚਾਹੀਦਾ ਸੀ ਕਿ ਪੰਜਾਬੀ ਤਾਕਤ ਦੀ ਕਮਰੋੜ, ਮਾਝੇ, ਮਾਲਵੇ, ਦੁਆਬੇ ਦਾ ਇਲਾਕਾ ਹੈ। ਸਿੱਖ ਸੈਨਾ ਦੇ ਬਹੁਤੇ ਸਿਪਾਹੀ ਇਨ੍ਹਾਂ ਇਲਾਕਿਆਂ ਵਿਚੋਂ ਹੀ ਆਉਂਦੇ ਰਹੇ ਹਨ। ਇਹਨਾਂ ਇਲਾਕਿਆਂ ਵਿਚ ਹੀ ਸਿਖੀ ਪਰਚਾਰ ਵਧੇਰੇ ਹੋਇਆ ਤੇ ਅਜੇ ਤਕ ਸਿੱਖੀ ਦੀ ਸਪਿਰਟ ਸੁਰਖਰੂ ਸੀ। ਅੰਗਰੇਜ਼ਾਂ ਦੇ ਆਉਣ ਨਾਲ ਇਹਨਾਂ ਇਲਾਕਿਆਂ ਨੂੰ ਹੀ ਆਪਣੀ ਆਜ਼ਾਦੀ ਖੁਸਣ ਦਾ ਸਭ ਤੋਂ ਵਧ ਅਹਿਸਾਸ ਹੋਇਆ। ਪੰਜਾਬ ਦੀ ਹਕੂਮਤ ਦੇ ਬਹੁਤੇ ਆਦਰਯੋਗ ਘਰਾਣੇ ਇਹਨਾਂ ਇਲਾਕਿਆਂ ਵਿਚ ਸਥਾਪਤ ਸਨ। ਇਹਨਾਂ ਇਲਾਕਿਆਂ ਵਿਚ ਹੀ ਬਹੁਤੇ ਨਾਮਕਟੇ ਸਿਪਾਹੀ ਸਨ। ਇਹਨਾਂ ਇਲਾਕਿਆਂ ਵਿਚ ਹੀ ਹਥਿਆਰ ਬਣਾਉਣ ਦੀ ਯੋਗ ਸੂਝ ਸੀ। ਸਿੱਖ ਮਜ਼ਹਬ ਦੇ ਬਹੁਤੇ ਗੁਰੂਧਾਮ ਵੀ ਇਹਨਾਂ ਇਲਾਕਿਆਂ ਵਿਚ ਸਨ। ਉੱਜ ਵੀ ਇਲਾਕੇ ਉਪਜਾਊ ਸਨ। ਸੈਨਾ ਦੇ ਅਹਾਰ ਵਾਸਤੇ ਏਥੇ ਲੋਕਾਂ ਕੋਲ ਦੇਣ ਜੋਗਾ ਬਹੁਤ ਸੀ।

ਇਹਨਾਂ ਵਿਚਾਰਾਂ ਨੂੰ ਮੁਖ ਰਖ ਕੇ, ਸਮਝ ਨਹੀਂ ਆਉਂਦੀ, ਕਿ ਕਿਉਂ ਸ਼ੇਰ ਸਿੰਘ ਨੇ ਅੰਮ੍ਰਿਤਸਰ, ਜਲੰਧਰ ਜਾਂ ਫ਼ੀਰੋਜ਼ਪੁਰ ਦਾ ਰੁਖ ਨਾ ਕੀਤਾ। ਇਹਨਾਂ ਇਲਾਕਿਆਂ ਵਿਚ ਉਸ ਦੀ ਤਾਕਤ ਸੌ ਗੁਣਾਂ ਵਧ ਜਾਣੀ ਸੀ। ਉਹਨੇ ਇਕ ਤਰ੍ਹਾਂ ਨਾਲ ਅੰਗਰੇਜ਼ਾਂ ਦੀ ਕੈਂਡ ਉੱਤੇ ਆ ਬੈਠਣਾ ਸੀ। ਲਾਹੌਰ, ਬਾਕੀ ਹਿੰਦੁਸਤਾਨ ਵਿਚ ਸਥਾਪਤ ਹਕੂਮਤ ਨਾਲੋਂ ਟੁਟ ਜਾਣਾ ਸੀ।

ਤੇ ਫਿਰ ਸਿੱਖ ਸਤਲੁਜ ਦੇ ਕੰਢੇ ਉੱਤੇ ਕਿਸ ਚਾਅ ਤੇ ਉਮਾਹ ਨਾਲ ਲੜਦੇ ? ਸਤਲੁਜ ਦੇ ਕਿਨਾਰੇ ਉੱਤੇ, ਜਿਥੇ ਗੁਰੂ ਗੋਬਿੰਦ ਸਿੰਘ ਜੀ ਵਸੇ ਵੀ ਤੇ ਲੜੇ ਵੀ, ਜਿਥੇ ਬਾਬਾ ਬੰਦਾ ਭਬਕਿਆ, ਜਿਥੇ ਦੋ ਵਰ੍ਹੇ ਪਹਿਲੇ ਸਭਰਾਵਾਂ ਦੇ ਮੈਦਾਨ ਵਿਚ ਗ਼ਦਾਰਾਂ ਨੇ ਖ਼ਾਲਸੇ ਨਾਲ ਧਰੋਹ ਕਮਾ ਕੇ ਉਹਨੂੰ ਹਰਾਇਆ। ਹਾਂ, ਮਨੋਵਿਗਿਆਨਕ ਪੱਖੋਂ, ਸਤਲੁਜ ਦਰਿਆ ਉੱਤੇ ਲੜਨਾ ਅਤਿ ਲਾਭਵੰਦ ਹੋਣਾ ਸੀ।

Scanned by CamScanner

ਝਨਾਂ ਠੀਕ ਸੀ। ਪੰਜਾਬੀਆਂ ਦੇ ਦਿਲ ਵਿਚ ਇਹਦੀ ਇੱਜ਼ਤ ਸੀ ਤੇ ਇਹਦੇ ਵਾਸਤੇ ਪਿਆਰ ਸੀ। ਵਾਰਸ ਸ਼ਾਹ, ਤੇ ਕਾਦਰ ਯਾਰ ਤੇ ਅਨੇਕ ਹੋਰ ਕਵੀਆਂ ਨੇ ਝਨਾਂ ਦੇ ਕੰਢਿਆਂ ਉੱਤੇ ਵਾਪਰੀਆਂ ਪ੍ਰੀਤ-ਕਹਾਣੀਆਂ ਨੂੰ ਬੜੇ ਉਤਸ਼ਾਹ ਨਾਲ ਕਿੱਸਿਆਂ ਵਿਚ ਜੋੜਿਆ ਸੀ ਤੇ ਇਹ ਕਾਵਿ ਕਿੱਸੇ ਸਾਰੇ ਪੰਜਾਬ ਵਿਚ ਹਰਮਨ ਪਿਆਰੇ ਹੋਏ ਸਨ। ਝਨਾਂ ਪੰਜ ਆਬ ਦੀ ਖੁਲ੍ਹੀ ਡੁਲ੍ਹੀ ਠੁਲ੍ਹੀ, ਪ੍ਰੀਤਾਂ ਭਰੀ, ਸਰਬ ਸਾਂਝੀ ਜਿੰਦਗੀ ਦਾ ਚਿੰਨ੍ਹ ਸੀ। ਝਨਾਂ ਪੰਜਾਬ ਦੇ ਪ੍ਰੀਤ ਸੁਭਾ ਦਾ ਚਿੰਨ੍ਹ ਸੀ, ਪਰ ਸਤਲੁਜ ਚਿੰਨ੍ਹ ਸੀ ਪੰਜਾਬ ਦੇ ਬੀਰ ਰਸੀ ਉਭਾਰ ਦਾ। ਤੇ ਐਸ ਵੇਲੇ ਲੋੜ ਸੀ, ਬੀਰ ਰਸੀ ਉਭਾਰ ਦੀ। ਏਸੇ ਲਈ ਹੀ ਸ਼ਾਇਦ ਝਨਾ ਦੇ ਕੰਢੇ ਉੱਤੇ ਵੀ ਪੰਜਾਬੀ ਸੈਨਾ ਦੇ ਸਿਪਾਹੀ ਗਾ ਰਹੇ ਸਨ : ਸ਼ਾਹ ਮੁਹੰਮਦ; ਵਾਰਸ ਸ਼ਾਹ ਤੇ ਕਾਦਰ ਯਾਰ ਨਹੀਂ।

ਪਰ ਇਹਨਾਂ ਸਭ ਦਲੀਲਾਂ ਤੇ ਗੱਲਾ ਤੋਂ ਨਿਰਲੇਪ ਸ਼ੇਰ ਸਿੰਘ ਉੱਤਰ ਵਲ ਵਧਦਾ ਗਿਆ, ਜਿਥੇ ਮਾਝੇ, ਮਾਲਵੇ ਤੇ ਦੁਆਬੇ ਵਿਚੋਂ, ਉਹਦੇ ਕੋਲ ਰਸਦ ਪਾਣੀ ਤੇ ਸਾਂਝ ਸਾਮਾਨ ਪਹੁੰਚਣਾ ਦਿਨੋਂ ਦਿਨ ਮੁਸ਼ਕਲ ਹੁੰਦਾ ਗਿਆ। ਹੁਣ ਅੰਗਰੇਜ਼ਾਂ ਨੇ ਆਪਣੇ ਪਿੱਠੂ ਕਰਮਚਾਰੀਆਂ ਦੀ ਰਾਹੀਂ ਲੋਕਾਂ ਦਾ ਉੱਤਰ ਵਲ ਜਾਣਾ ਵੀ ਪੰਜ ਪਾ ਪਾ ਕੇ ਰੋਕ ਦਿਤਾ। ਸਾਰੇ ਇਲਾਕੇ ਵਿਚ ਉਹਨਾਂ ਨੇ ਆਪਣੇ ਗੁਮਾਸ਼ਤੇ, ਮੁਖਬਰ, ਹਮਾਇਤੀ ਖਿਲਾਰ ਦਿਤੇ ਤੇ ਲਾਲਚ ਨਾਲ ਜਾਂ ਡਰਾਵਿਆਂ ਨਾਲ ਲੋਕਾਂ ਨੂੰ ਬਾਗ਼ੀ ਸ਼ੇਰ ਸਿੰਘ ਤੇ ਪਾਗਲ ਮੂਲ ਰਾਜ ਦਾ ਸਾਥ ਦੇਣ ਤੋਂ ਹੱਤਿਆ। ਚੌਦਾਂ ਦਸੰਬਰ, ੧੮੪੮ ਨੂੰ ਲਾਹੌਰ ਰੈਜ਼ੀਡੈਂਟ ਨੇ ਇਕ ਐਲਾਨ ਛਾਪਿਆ, ਜਿਹੜਾ ਪਿਡ ਪਿੱਡ ਵੰਡਿਆ ਗਿਆ ਤੇ ਪੜ੍ਹ ਪੜ੍ਹ ਕੇ ਸੁਣਾਇਆ ਗਿਆ। ਇਹ ਐਲਾਨ, ਇਕ ਤਰ੍ਹਾਂ ਨਾਲ, ਸ਼ੇਰ ਸਿੰਘ ਦੇ, ਚੌਦਾਂ ਸਤੰਬਰ ੧੮੪੮ ਦੇ ਐਲਾਨ ਦੇ ਉੱਤਰ ਵਿਚ ਹੈ।

ਇਸ ਐਲਾਨ ਵਿਚ ਸਾਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਮੂਲ ਰਾਜ, ਸ਼ੇਰ ਸਿੰਘ ਤੇ ਚਤਰ ਸਿੰਘ ਲਾਹੌਰ ਦਰਬਾਰ ਤੇ ਮਹਾਰਾਜਾ ਦਲੀਪ ਸਿੰਘ ਦੇ ਵਿਰੁੱਧ ਆਕੀ ਹੋ ਗਏ ਹਨ ਤੇ ਸਰਕਾਰ ਅੰਗਰੇਜ਼ੀ ਬਾਲਕ ਮਹਾਰਾਜੇ ਦੀ ਸਹਾਇਤਾ ਵਾਸਤੇ ਆਈ ਹੈ। ਇਸ ਐਲਾਨ ਰਾਹੀਂ ਬਚਨ ਦਿਤਾ ਗਿਆ ਕਿ ਜਿਹੜੇ ਲੋਕ ਬਲਵਈਆਂ ਤੇ ਬਾਗ਼ੀਆਂ ਨਾਲ ਮਿਲਣ ਤੋਂ ਸੰਕੋਚ ਕਰਨਗੇ, ਉਹਨਾਂ ਨਾਲ ਸਰਕਾਰ ਅੰਗਰੇਜ਼ੀ ਵੱਡੇ ਇਖ਼ਲਾਕ ਤੇ ਖ਼ੁਲਮਦਿਲੀ ਨਾਲ ਪੇਸ਼ ਆਵੇਗੀ। ਇਹ ਹੀ ਨਹੀਂ, ਜਿਹੜੇ ਲੋਕ ਬਾਗ਼ੀ ਨੇਤਾਵਾਂ ਦੀ ਮਦਦ ਕਰਨ ਦੀ ਬਜਾਏ ਸਰਕਾਰ ਅੰਗਰੇਜ਼ੀ ਦੀ ਮਦਦ ਕਰਨਗੇ, ਉਹਨਾਂ ਨੂੰ ਇਨਾਮ ਤੇ ਜਾਗੀਰਾਂ ਦਿਤੀਆਂ ਜਾਣਗੀਆਂ। ਪਰ ਐਲਾਨ ਰਾਹੀਂ ਇਹ ਤਾੜਨਾ ਵੀ ਕੀਤੀ ਗਈ, ਕਿ ਜੋ ਲੋਕ ਬਾਗ਼ੀਆਂ ਦਾ ਸਾਥ ਦੇਣਗੇ, ਉਹਨਾਂ ਨੂੰ ਕਰੜੀ ਸਜ਼ਾ ਭੁਗਤਣੀ ਪਏਗੀ।

ਆਪਣੇ ਐਲਾਨ ਦੀ ਪੂੜ੍ਹਤਾ ਵਿਚ ਅੰਗਰੇਜ਼ੀ ਹਕੂਮਤ ਨੇ ਸਾਮਰਤੱਖ ਦੋਖੀਆਂ ਨੂੰ ਦੰਡ ਤੇ ਆਪਣੇ ਹਮਾਇਤੀਆਂ ਨੂੰ ਬਖ਼ਸ਼ਸ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਇਹ ਨਹੀਂ ਕਿ ਕੌਮੀ ਸਪਿਰਟ ਰਖਣ ਵਾਲੇ ਦੇਸ਼ ਭਗਤ ਇਸ ਐਲਾਨ ਤੋਂ ਡਰੇ ਜਾਂ ਉਹਨਾਂ ਉੱਤੇ ਇਸ ਐਲਾਨ ਦਾ ਅਸਰ ਹੋਇਆ, ਪਰ ਇਹ ਐਲਾਨ ਗੋਰਿਆਂ ਦੇ ਪਿੱਠੂਆਂ ਦੇ ਹੱਥਾਂ ਵਿਚ ਇਕ ਕਾਰਆਮਦ ਹਥਿਆਰ ਜ਼ਰੂਰ ਬਣ ਗਿਆ। ਉਹ ਆਪਣੀ ਮਨ ਮਰਜ਼ੀ ਨਾਲ ਜਨਤਾ ਦੇ ਇਕ ਹਿੱਸੇ ਵਿਚ ਇਨਾਮ ਵੰਡਣ ਲਗੇ ਤੇ ਦੂਜਿਆਂ ਨੂੰ ਸਜ਼ਾਵਾਂ ਦਿਵਾਉਣ ਲਗੇ।

ਇਸ ਤੋਂ ਦਿਲਾਵਾ ਸ਼ੇਰ ਸਿੰਘ ਦੂਰ ਸੀ। ਬੜਾ ਦੂਰ। ਉਹ ਲਾਹੌਰ ਤੋਂ ਪਰੇ ਸੀ। ਉਹ ਗੁਜਰਾਂਵਾਲੇ ਤੋਂ ਪਰੇ ਸੀ। ਕਿਉਂ, ਲੋਕਾਂ ਨੂੰ ਕੁਝ ਸਮਝ ਨਹੀਂ ਸੀ ਲਗਦੀ। ਉਹ ਵਜ਼ੀਰਾਬਾਦ, ਗੁਜਰਾਤ ਤੇ ਜਿਹਲਮ ਕੋਲ ਸੁਣੀਂਦਾ ਸੀ। ਇਹਨਾਂ ਜ਼ਿਲਿਆਂ ਦੇ ਨਾਂ ਸਤਲੁਜ ਦੇ ਕੰਢਿਆਂ ਉੱਤੇ ਵਸਣ ਵਾਲੇ ਬੰਦਿਆਂ ਵਿਚ ਪੂਰੀ ਤਰ੍ਹਾਂ ਨਹੀਂ ਸਨ ਖੜਕਦੇ। ਜੇ ਕਦੀ ਸ਼ੇਰ ਸਿੰਘ ਗੁਜਰਾਵਾਲੇ ਵੀ ਹੁੰਦਾ, ਤਾਂ ਵੀ ਉਹਨੂੰ ਜਨਤਾ ਦਾ ਢੇਰ ਸਹਿਯੋਗ ਮਿਲਦਾ।

ਹੁਣ ਸ਼ੇਰ ਸਿੰਘ ਚਨਾਬ ਪਾਰ ਕਰ ਚੁਕਾ ਸੀ ਤੇ ਤਿੰਨ ਦਸੰਬਰ ਨੂੰ ਬੈਕਵੈੱਲ ਨਾਲ ਹੋਈ ਮੁੱਠ ਭੇੜ ਪਿਛੋਂ ਉਹਨੂੰ ਅਹਿਸਾਸ ਹੋਇਆ ਕਿ ਉਹ ਅੰਗਰੇਜ਼ੀ ਫ਼ੌਜ ਦੇ ਦੋ ਜਥਾੜਿਆਂ ਵਿਚਕਾਰ ਫੱਸ ਰਿਹਾ ਹੈ। ਸ਼ਾਇਦ ਸ਼ੇਰ ਸਿੰਘ, ਗਫ਼ ਨੂੰ ਇਕ ਅੜਿ ਚੰਗਾ ਤੇ ਤਜਰਬੇਕਾਰ ਜਰਨੈਲ ਸਮਝਦਾ ਸੀ। ਸ਼ੇਰ ਸਿੰਘ ਨੇ ਜਿਵੇਂ ਹਰ ਜਰਨੈਲ ਨੂੰ ਕਰਨਾ ਚਾਹੀਦਾ ਹੈ, ਆਪਣੇ ਵਿਰੋਧੀ ਜਰਨੈਲ ਦੇ ਗੁਣਾਂ ਔਗੁਣਾਂ ਦੀ ਨਿਰਪਖ ਦ੍ਰਿਸ਼ਟੀਕੋਨ ਤੋਂ ਪੜਤਾਲ ਨਹੀਂ ਕੀਤੀ। ਜੇ ਉਹ ਗਫ਼ ਦੇ ਪਿਛਲੇ ਦਸਾਂ ਪੰਦਰਾਂ ਦਿਨਾਂ ਵਿਚ ਕੀਤੇ ਕਰਮਾ ਦੀ ਵੀ ਪੜਤਾਲ ਕਰਦਾ ਤਾਂ ਉਹਨੂੰ ਸਹੀ ਹੋ ਜਾਂਦਾ ਕਿ ਉਹਦੇ ਡਰ ਨਿਰਮੂਲ ਹਨ ਤੇ ਇਹ ਕਿ ਗਫ਼, ਬੇੜੀਆਂ ਦਾ ਪੁਲ ਤਿਆਰ ਹੋਣ ਤਕ, ਚਨਾਬ ਪਾਰ ਨਹੀਂ ਕਰੇਗਾ। ਗਫ਼ ਇਕ 'ਵਾਰਤਕ ਸੈਨਾਪਤੀ' ਸੀ। ਇਸ ਦੇ ਉਲਟ ਇਕ ਚੰਗੇ ਸੈਨਾਪਤੀ ਵਿਚ ਕਾਵਿਮਈ ਚਮਕ ਹੁੰਦੀ ਹੈ, ਕੱਲਪਨਾਤਮਕ ਉਡਾਰੀ ਤੇ ਅੰਬਰਾਂ

Scanned by CamScanner

ਨੂੰ ਚੁੰਮਣ ਵਾਲੀ ਪ੍ਰਤਿਭਾ।

ਸ਼ੇਰ ਸਿੰਘ ਆਪਣੇ ਨਿਰਮੂਲ ਡਰਾਂ ਦੇ ਕਾਰਨ ਤਿੰਨ ਤੇ ਚਾਰ ਦਸੰਬਰ ਦੀ ਰਾਤ ਨੂੰ ਝਨਾਂ ਦੇ ਕਿਨਾਰਿਉਂ ਆਪਣਾ ਲੀਹਾ ਲਾਂਝਾ ਸਾਂਭ ਜਿਹਲਮ ਵਲ ਟੁਰ ਗਿਆ।

ਇਸ ਪਸਪਾਈ ਦਾ ਇਕ ਹੋਰ ਕਾਰਨ ਜਿਵੇਂ ਕਿ ਪਹਿਲੇ ਕਿਹਾ ਗਿਆ ਹੈ, ਸ਼ੇਰ ਸਿੰਘ ਦੀ ਆਪਣੇ ਪਿਤਾ ਨੂੰ ਮਿਲਣ ਦੀ ਡੂੰਘੀ ਤੀਬਰਤਾ ਜਾਪਦੀ ਹੈ। ਲਗਦਾ ਹੈ ਕਿ ਓਹਦਾ ਪਿਤਾ, ਸ਼ੇਰ ਸਿੰਘ ਦੀ ਠਾਹਰ ਸੀ। ਜਾਪਦਾ ਹੈ ਕਿ ਮੁਲਤਾਨ ਵਿਚ ਕੌਮੀ ਅੰਦੋਲਨ ਸ਼ੁਰੂ ਕਰਨ ਤੋਂ ਪਿਛੋਂ ਵੀ ਕਦੀ ਕਦੀ ਸ਼ੇਰ ਸਿੰਘ ਦੇ ਮਨ ਵਿਚ ਭੰਬਾਂ ਪੈਂਦੀਆਂ। ਉਹ ਸੋਚਦਾ ਕਿ ਉਹ ਠੀਕ ਕਰ ਰਿਹਾ ਹੈ ਕਿ ਨਹੀਂ। ਉਹ ਆਪਣੇ ਪਿਤਾ ਦਾ ਆਸਰਾ ਤੇ ਉਹਦਾ ਉਤਸ਼ਾਹ ਢੂੰਡਦਾ ਲਗਦਾ। ਏਸੇ ਲਈ ਸਭ ਹੋਰ ਦਲੀਲਾਂ ਤੇ ਵਿਚਾਰਾਂ ਦੇ ਸਨਮੁਖ ਸਨ ਉਹਦੀਆਂ ਉੱਤਰ ਤੇ ਹੋਰ ਉੱਤਰ ਵਲ ਉਡਾਰੀਆਂ। ਅੱਜ ਮੁਤ ਆਪਣੇ ਪਿਤਾਨਾਲ ਜਲਦੀ ਤੋਂ ਜਲਦੀ ਮੇਲ ਕਰਨ ਵਾਸਤੇ ਉਹ ਚਨਾਬ ਨੂੰ ਛਡ ਕੇ ਜਿਹਲਮ ਦੇ ਕੰਢੇ ਆ ਪਹੁੰਚਿਆ। ਉਹ ਆਪਣੇ ਪਿਤਾ ਦੇ ਵੀਹ ਪੰਝੀ ਮੀਲ ਹੋਰ ਨੇੜੇ ਸੀ।

ਝਨਾਂ ਦੇ ਕੰਢੇ ਉੱਤੇ ਸ਼ੇਰ ਸਿੰਘ ਨੇ ਇਕ ਫ਼ਤਿਹ ਹਾਸਿਲ ਕੀਤੀ ਸੀ ਤੇ ਦੂਜਾ ਗਫ਼ ਤੇ ਬੈਕਵੈੱਲ ਨੂੰ ਆਪਣੀ ਚਤੁਰਤਾ ਤੇ ਦ੍ਰਿੜ੍ਹਤਾ ਨਾਲ ਹੈਰਾਨ ਕਰ ਦਿਤਾ ਸੀ। ਅੰਗਰੇਜ਼ੀ ਜਰਨੈਲ ਡਰੇ ਹੋਏ ਸਨ। ਉਹ ਸ਼ੇਰ ਸਿੰਘ ਦੀ ਪ੍ਰਤਿਭਾ ਤੋਂ ਡਰੇ ਹੋਏ ਸਨ ਤੇ ਸ਼ੇਰ ਸਿੰਘ ਵੀ ਇਸ ਮਨੋਵਿਗਿਆਨਕ ਹਾਲਤ ਤੋਂ ਲਾਭ ਉਠਾਉਣਾ ਚਾਹੁੰਦਾ ਸੀ।

ਉਪਰੰਤ, ਉਹਦੇ ਆਪਣੇ ਸਿਪਾਹੀਆਂ ਦੇ ਹੌਸਲੇ ਵੀ ਉੱਚੇ ਸਨ। ਚਿੰਨ੍ਹ-ਆਤਮਕ ਤੋਪ ਦੀ ਜਿੱਤ ਉਹਨਾਂ ਨੂੰ ਮਗਰੂਰ ਕਰ ਰਹੀ ਸੀ। ਹਰ ਇਕ ਸਿਪਾਹੀ ਨੂੰ ਇਹ ਪਹਿਲੀ ਵਿਜੈ ਇਸ ਗੱਲ ਦੀ ਲਖਾਇਕ ਲਗਦੀ ਸੀ ਕਿ ਹੁਣ ਫੇਰ ਸ਼ਹਿਰ ਤੇ ਸਭਰਾਵਾਂ ਦੁਹਰਾਏ ਨਹੀਂ ਜਾਣਗੇ। ਉਹ ਮਰ ਮਿਟਣ ਜਾਂ ਗੋਰਿਆਂ ਦਾ ਸਫ਼ਾਇਆ ਕਰਨ ਨੂੰ ਤਿਆਰ ਸਨ।

ਉਂਜ ਅਸੀਂ ਇਹ ਕਹਿ ਸਕਦੇ ਹਾਂ ਕਿ ਜੇ ਗਫ਼ ਦੀ ਥਾਂ ਕੋਈ ਹੋਰ ਸੈਨਪਤੀ ਸ਼ੇਰ ਸਿੰਘ ਦਾ ਵਿਰੋਧੀ ਹੁੰਦਾ ਤਾਂ ਸ਼ੇਰ ਸਿੰਘ ਦੀ ਚਨਾਬ ਤੋਂ ਜਿਹਲਮ ਵਲ ਦੀ ਉਡਾਰੀ ਕਿਸੇ ਹੱਦ ਤਕ ਜ਼ਿਦ ਸੀ ਤੇ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਜਿਸ ਚਤੁਰਤਾ ਤੇ ਸਿਆਣਪ ਨਾਲ ਉਸ ਆਪਣੀ ਪੰਦਰਾਂ ਵੀਹ ਹਜ਼ਾਰ ਸੈਨਾ ਨੂੰ ਮੋਰਚਿਆਂ ਵਿਚੋਂ ਖਿਸਕਾਇਆ ਉਹ ਨਿਰਸੰਦੇਹ ਇਕ ਮਹਾਨ ਸੈਨਾਪਤੀ ਦਾ ਕਮਾਲ ਹੈ।

ਪਸਪਾਈ, ਯੁੱਧ ਦੇ ਸਭ ਹੋਰ ਤਰ੍ਹਾਂ ਦੇ ਸੰਗਰਾਮ ਨਾਲੋਂ ਔਖਾ ਸੰਗਰਾਮ ਹੈ। ਹਮਲਾ, ਦਰਿਆ ਪਾਰ ਕਰਨਾ, ਬਚਾਅ ਨਾਲੋਂ ਵਧ ਪਸਪਾਈ ਵਿਚ ਕਮਾਨ-ਅਫ਼ਸਰ ਦੀ ਚਤਰਾਈ ਵੇਖੀ ਜਾਂਦੀ ਹੈ। ਦੁਨੀਆਂ ਵਿਚ ਬਹੁਤੇ ਸੈਨਾਪਤੀ ਸਫ਼ਲ ਹਮਲੇ ਵੀ ਕਰਦੇ ਆਏ ਹਨ ਤੇ ਸਫ਼ਲ ਬਚਾਅ ਵੀ, ਪਰ ਸਫ਼ਲ ਪਸਪਾਈ ਬੜੇ ਥੋੜੇ ਸੈਨਾਪਤੀਆਂ ਦੇ ਹਿੱਸੇ ਆਈ ਹੈ।

ਪਸਪਾਈ ਵਿਚ ਸਦਾ ਇਹ ਡਰ ਹੁੰਦਾ ਹੈ ਕਿ ਕਿਤੇ ਦੁਸ਼ਮਣ ਮੁੜਦੀ ਫ਼ੌਜ ਉੱਤੇ ਹਮਲਾ ਨਾ ਕਰ ਦੇਵੇ, ਇਸ ਲਈ ਚੁੱਪ ਚਾਂ ਤੇ ਖ਼ੁਫ਼ੀਆਪਨ ਅਤਿ ਜ਼ਰੂਰੀ ਹੁੰਦਾ ਹੈ। ਅਜੇ ਕੁਝ ਦਿਨ ਪਹਿਲਾਂ ਹੀ ਪਹਿਲੀ ਦਸੰਬਰ ਦੀ ਰਾਤ ਨੂੰ, ਬੈਕਵੈੱਲ ਦੀਆਂ ਦੋ ਪਿਆਦਾ ਪਲਟਨਾਂ ਆਪਣੇ ਕੈਂਪ ਵਿਚ ਹੀ ਰਾਹ ਭੁਲ ਗਈਆਂ ਤੇ ਜਦੋਂ ਇਹ ਹਰਕਤ ਇਕ ਥਾਂ ਤੋਂ ਪਸਪਾ ਹੋ ਕੇ ਦੂਜੀ ਥਾਂ ਵਲ ਜਾਣ ਵਾਸਤੇ ਹੋਏ ਤਾਂ ਕੇਡੀਆਂ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ।

ਇਸ ਤੋਂ ਇਲਾਵਾ ਹਮਲੇ ਵੇਲੇ ਜਿਥੇ ਸਿਪਾਹੀਆਂ ਵਿਚ ਚਾਅ ਹੁੰਦਾ ਹੈ ਉੱਥੇ ਪਸਪਾਈ ਵੇਲੇ ਉਹਨਾਂ ਦੇ ਹੌਸਲੇ ਕਿਸੇ ਹੱਦ ਤਕ ਪਸਤ ਹੁੰਦੇ ਹਨ। ਚੰਗਾ ਸਿਪਾਹੀ ਆਪਣੇ ਮੋਰਚਿਆਂ ਤੋਂ ਪਿਛੇ ਹਟਣਾ ਨਹੀਂ ਚਾਹੁੰਦਾ। ਉਹ ਆਪਣੀ ਜਾਨ ਭਾਵੇਂ ਦੇ ਦੇਵੇ, ਪਰ ਪਸਪਾ ਹੋਣਾ ਉਹਨੂੰ ਆਪਣਾ ਨਿਰਾਦਰ ਤੇ ਆਪਣੀ ਸੂਰਮਗਤੀ ਦੀ ਹਤਕ ਲਗਦਾ ਹੈ।

ਜਦੋਂ ਸ਼ੇਰ ਸਿੰਘ ਨੇ ਤਿੰਨ ਚਾਰ ਦਸੰਬਰ ਦੀ ਰਾਤ ਨੂੰ ਆਪਣੀ ਸੈਨਾ ਤਾਈਂ ਪਸਪਾਈ ਦਾ ਹੁਕਮ ਦਿਤਾ ਤਾਂ ਬੇਸ਼ਕ ਬਹੁਤੇ ਸਿਪਾਹੀਆਂ ਨੇ ਹੀ ਮਹਿਸੂਸ ਕੀਤਾ। ਉਹ ਹਾਰੇ ਨਹੀਂ ਸਨ। ਉਹਨਾਂ ਨੇ ਸਗੋਂ ਗੋਰਿਆ ਦੇ ਛੱਕੇ ਛੁੜਾ ਦਿਤੇ ਸਨ। ਉਹਨਾਂ ਨੇ ਸਗੋਂ ਗੋਰਿਆਂ ਨੂੰ ਹੱਥ ਪੈਰ ਪਾ ਦਿਤੇ ਸਨ। ਉਹ ਕਿਉਂ ਪਿਛੇ ਹੱਟਣ ? ਇਹ ਕਦਮ ਯੋਗ ਨਹੀਂ।

ਪਰ ਇਹਨਾ ਜਜ਼ਬਾਤਾਂ ਤੇ ਇਹਨਾਂ ਮੁਸ਼ਕਲਾਂ ਦੇ ਬਾਵਜੂਦ ਵੀ ਸ਼ੇਰ ਸਿੰਘ ਨੇ ਇਸ ਪਸਪਾਈ ਦਾ ਅਜਿਹਾ ਯੋਗ ਪ੍ਰਬੰਧ ਕੀਤਾ ਕਿ ਗੋਰਿਆਂ ਨੂੰ ਕੰਨੋਂ ਕੰਨ ਖ਼ਬਰ ਨਾ ਹੋਈ। ਤੋਪਾਂ ਨੂੰ ਉਹਨਾਂ ਦੀਆਂ ਪੱਕੀਆਂ ਗੜ੍ਹੀਆਂ ਵਿਚੋਂ ਕਢਿਆ ਗਿਆ। ਸਿਪਾਹੀਆਂ ਨੇ ਆਪਣੇ ਮੋਰਚਿਆਂ ਨੂੰ ਛਡਿਆ। ਰਸਾਲੇ ਨੇ ਵੀ ਪੈਰ ਮੋੜੇ, ਪਰ ਫਿਰ ਵੀ ਐਨਾ ਖੜਕ ਨਾ

Scanned by CamScanner

ਹੋਇਆ ਕਿ ਕੁਝ ਸੌ ਗਜ਼ ਪਰੇ ਨਿਯਤ ਗੋਰਾ ਸੰਤਰੀਆਂ ਨੂੰ ਕੋਈ ਸ਼ੱਕ ਉਪਜੇ।

ਜਦੋਂ ਸਵੇਰ ਹੋਈ ਤਾਂ ਗਫ਼ ਨੇ ਵੇਖਿਆ ਕਿ ਝਨਾਂ ਦੇ ਪਾਰਲੇ ਕੰਢੇ ਦੇ ਮੋਰਚੇ ਖ਼ਾਲੀ ਹਨ। ਸ਼ੇਰ ਸਿੰਘ ਜਾ ਚੁਕਾ ਹੈ। ਹੈਰਾਨੀ ਵੀ ਤੇ ਮਾਯੂਸੀ ਵੀ। ਮਾਯੂਸੀ ਕਿ ਹੁਣ ਕੀ ਹੋਵੇਗਾ। ਗਵਰਨਰ ਜਨਰਲ ਤੇ ਸਰਕਾਰ ਬਰਤਾਨੀਆਂ ਕੀ ਕਹੇਗੀ। ਮੈਂ ਪਿਛਲੇ ਦੋ ਤਿੰਨ ਹਫ਼ਤਿਆਂ ਵਿਚ ਕੀ ਕੀਤਾ ਹੈ ਤੇ ਮੈਨੂੰ ਕੀ ਸਫ਼ਲਤਾ ਮਿਲੀ ਹੈ।

ਇਹੋ ਜਿਹੇ ਮਾਯੂਸੀ ਦੇ ਪ੍ਰਭਾਵ ਥੱਲੇ ਉਹਨੇ ਸੈਦੁਲਾਪੁਰ ਦੀ ਮੁਠ ਭੇੜ ਬਾਰੇ ਆਪਣੀ ਰਿਪੋਟ ਲਿਖੀ ਤੇ ਕੋਰਾ ਝੂਠ ਮਾਰਿਆ ਕਿ ਸਿੱਖ ਸੈਨਾ ਹਾਰ ਖਾ ਕੇ ਜਿਹਲਮ ਵਲ ਨੱਠੀ ਜਾ ਰਹੀ ਹੈ ਤੇ ਸ਼ੇਰ ਸਿੰਘ ਦੇ ਕਈ ਸਿਪਾਹੀ ਭਗੌੜੇ ਹੋ ਗਏ ਹਨ।

ਪਰ ਅਜਿਹੀ ਕੋਈ ਗੱਲ ਨਹੀਂ ਵਾਪਰੀ। ਸ਼ੇਰ ਸਿੰਘ ਨੇ ਜੋ ਚਾਹਿਆ ਤੇ ਜਿਵੇਂ ਚਾਹਿਆ ਉਵੇਂ ਹੀ ਕੀਤਾ। ਸਗੋਂ ਅੰਗਰੇਜ਼ੀ ਸੈਨਾਪਤੀ ਨੂੰ ਭੰਬਲ ਭੂਸਿਆਂ ਵਿਚ ਪਾ ਦਿਤਾ।

ਝਨਾਂ ਦੇ ਕੰਢੇ ਤੋਂ ਸ਼ੇਰ ਸਿੰਘ ਜਿਹਲਮ ਦੇ ਕੰਢੇ ਉੱਤੇ ਪਹੁੰਚਿਆ ਤੇ ਉਸ ਚਿਲਿਆਂਵਾਲੇ ਪਿੰਡ ਦੇ ਕੋਲ ਆਪਣੀ ਨਵੀਂ ਮੋਰਚੇਬੰਦੀ ਕੀਤੀ। ਇਸ ਮੋਰਚੇ ਬੰਦੀ ਦਾ ਖੱਬਾ ਪਿੰਡ ਰਸੂਲ ਉੱਤੇ ਨਿਰਭਰ ਸੀ, ਮੱਧ ਲਾਲੀਆਂ ਵਾਲੇ ਉੱਤੇ ਤੇ ਸੱਜਾ ਚਕ ਫ਼ਤਿਹ ਸ਼ਾਹ ਉੱਤੇ। ਏਥੋਂ ਤਿੰਨ ਕੁ ਮੀਲ ਦੱਖਣ ਵਲ ਚਿਲਿਆਂਵਾਲਾ ਸੀ ਤੇ ਏਥੇ ਤੇਰਾਂ ਜਨਵਰੀ, ੧੮੪੯ ਨੂੰ ਪੰਜਾਬੀਆਂ ਤੇ ਅੰਗਰੇਜ਼ਾਂ ਵਿਚਕਾਰ ਇਤਿਹਾਸਕ ਮਹਾਂ ਯੁੱਧ ਹੋਇਆ...।

੧੭੩

ਫੇਰੂ ਸ਼ਹਿਰ ਤੇ ਚਿਲਿਆਂਵਾਲੇ ਦੇ ਸਿੱਖ ਮੋਰਚਿਆਂ ਵਿਚ ਕਾਫ਼ੀ ਸਮਰੂਪਤਾ ਹੈ। ਹੋ ਸਕਦਾ ਹੈ ਫੇਰੂ ਸ਼ਹਿਰ ਵਿਚ ਹੋਈ ਲੜਾਈ ਦੀ ਸਫਲਤਾ ਨੂੰ ਸਾਹਮਣੇ ਰਖਦਿਆਂ ਹੋਇਆਂ ਹੀ ਸ਼ੇਰ ਸਿੰਘ ਨੇ ਚਿਲਿਆਂਵਾਲੇ ਕੋਲ ਖੁਰੀਦਾਰ ਮੋਰਚੇ ਬਣਾਉਣ ਦੀ ਸੰਭਾਵਨਾ ਕੀਤੀ ਹੋਵੇ।

ਚਿਲਿਆਂਵਾਲੇ ਦੇ ਸਿੱਖ ਮੋਰਚੇ ਸ਼ੇਰ ਸਿੰਘ ਦੀ ਸੂਝਵਾਨ ਯੁਧ ਕਲਾ ਦੇ ਲਖਾਇਕ ਹਨ। ਕੁਝ ਮਹੀਨਿਆਂ ਦੇ ਅਦਰ ਅੰਦਰ ਹੀ ਸ਼ੇਰ ਸਿੰਘ, ਸਾਰੇ ਪੰਜਾਬ ਵਿਚੋਂ ਇਕੱਤਰ ਹੋਏ ਨਾਮ ਕਟੇ ਸਿਪਾਹੀਆਂ, ਨੌਜਵਾਨ ਮੁੰਡਿਆਂ ਤੇ ਅਢੇਰ ਉਮਰ ਦੇ ਵਲੰਟੀਅਰਾਂ ਨੂੰ ਇਕ ਬਾਕਾਬਤਾ ਸੈਨਾ ਵਿਚ ਗੁੰਦਣ ਅੰਦਰ ਸਫਲ ਹੋ ਗਿਆ ਸੀ ਤੇ ਇਹ ਉਹਦੀ ਪ੍ਰਬੰਧਕ ਸ਼ਕਤੀ ਦਾ ਚਮਤਕਾਰ ਹੈ। ਰਾਮ ਨਗਰ ਦੇ ਲਾਗੇ ਉਹਨੇ ਅੰਗਰੇਜ਼ੀ ਸੈਨਾ ਨੂੰ ਚਕ੍ਰਿਤ ਕੀਤਾ ਤੇ ਫਿਰ ਉੱਥੋਂ ਜਿਹਲਮ ਆਉਣ ਵੇਲੇ ਵੀ ਆਪਣੀ ਯੋਗਤਾ ਦਾ ਸਬੂਤ ਦਿਤਾ। ਅੱਜ ਚਿਲਿਆਂਵਾਲੇ ਦੇ ਮੋਰਚਿਆਂ ਨੇ ਉਹਦੇ ਸਿਰ ਯੋਗ ਸੈਨਾਪਤੀ ਹੋਣ ਦਾ ਇਕ ਹੋਰ ਸਿਹਰਾ ਬੰਨ੍ਹਿਆ।

ਜਿਹੜੀ ਬਚਾਅ-ਥਿਤ ਉਸ ਚੁਣੀ ਉਹ ਬਾਕੀ ਦੇ ਇਲਾਕੇ ਨਾਲੋਂ ਉਚਾਵੀਂ ਸੀ। ਜਿਹਲਮ ਦਰਿਆ ਦੇ ਨਾਲ ਨਾਲ ਇਸ ਥਾਂ ਉੱਤੇ ਕੁਝ ਟਿੱਬੇ ਸਨ ਤੇ ਇਹਨਾਂ ਟਿੱਬਿਆਂ ਦੇ ਨਾਲ ਨਾਲ ਹੀ ਉਸ ਸਿੱਖ ਸੈਨਾ ਦੇ ਮੋਰਚੇ ਖਿਲਾਰੇ। ਇਹਨਾਂ ਟਿੱਬਿਆਂ ਦੇ ਅਗੇ ਸਰ, ਕਾਨੇ ਤੇ ਕਿੱਕਰ ਦੀਆਂ ਝਾੜੀਆਂ ਸਨ। ਜੰਡ ਤੇ ਕਰੀਰ ਦੇ ਬੂਟ ਵੀ ਸਨ। ਭਾਵ ਕਿ ਦੁਸ਼ਮਨ ਦਾ ਇਹਨਾਂ ਟਿੱਬਿਆਂ ਤਕ ਪਹੁੰਚਣਾ ਆਸਾਨ ਨਹੀਂ ਸੀ।

Scanned by CamScanner

ਇਹਨਾਂ ਸਰਾਂ ਤੇ ਕਿੱਕਰ ਦੀਆਂ ਝਾੜੀਆਂ ਦੇ ਅਗੇ ਕੁਝ ਸਾਫ਼ ਤੇ ਮੈਦਾਨੀ ਇਲਾਕਾ ਸੀ ਤੇ ਉਸ ਤੋਂ ਪਿਛੋਂ ਫਿਰ ਅਜਿਹੀਆਂ ਹੀ ਝਾੜੀਆਂ ਸ਼ੁਰੂ ਹੋ ਜਾਂਦੀਆਂ ਸਨ। ਇਸ ਮੈਦਾਨੀ ਇਲਾਕੇ ਵਿਚ ਸ਼ੇਰ ਸਿੰਘ ਨੇ ਆਪਣੀਆਂ ਤੋਪਾਂ ਗੱਡੀਆਂ। ਸਿਵਾਏ ਅਸਪੀ ਤੋਪਾਂ ਦੇ, ਜਿਨ੍ਹਾਂ ਦਾ ਕੰਮ ਹੀ ਲੋੜ ਅਨੁਸਾਰ ਇਕ ਥਾਂ ਤੋਂ ਦੂਜੀ ਥਾਂ ਘੁੰਮਣਾ ਫਿਰਨਾ ਹੈ, ਕੋਈ ਹੋਰ ਤੋਪ ਅਜਿਹੀ ਨਹੀਂ ਸੀ ਜਿਹੜੀ ਆਸਾਨੀ ਨਾਲ ਰੇੜ੍ਹੀ ਜਾ ਸਕੇ। ਕਿੱਲਿਆਂ ਤੇ ਸੰਗਲਾਂ ਨਾਲ ਹਰ ਤੋਪ ਨੂੰ ਮਜ਼ਬੂਤੀ ਨਾਲ ਬੰਨ੍ਹਿਆਂ ਗਿਆ ਤਾਂ ਜੋ ਦੁਸ਼ਮਣ ਦੀ ਆਰਜ਼ੀ ਸਫ਼ਲਤਾ ਵੇਲੇ ਉਹ ਇਹਨਾਂ ਨੂੰ ਆਸਾਨੀ ਨਾਲ ਰੇੜ ਕੇ ਆਪਣੇ ਨਾਲ ਲਾ ਲੈ ਜਾ ਸਕੇ। ਦੂਜਾ, ਇਸ ਤਰ੍ਹਾਂ ਮਜ਼ਬੂਤੀ ਨਾਲ ਬੰਨ੍ਹੀਆਂ ਇਹ ਤੋਪਾਂ ਮਨੋਵਿਗਿਆਨਕ ਪੱਖੋਂ ਕਸ਼ਮਕਸ਼ ਦਾ ਚਿੰਨ੍ਹ ਬਣਦੀਆਂ ਹਨ। ਸਿਪਾਹੀ ਆਪਣੀ ਤੋਪ ਨੂੰ ਸਾਹਮਣੇ ਪਈ ਵੇਖ ਕੇ ਗ਼ਸ਼ ਖਾ ਮਰਦੇ ਹਨ। ਆਪਣੀ ਤੋਪ ਉਹ ਦੁਸ਼ਮਣ ਦੇ ਹੱਥ ਵੇਖ ਨਹੀਂ ਸਕਦੇ। ਇਹੋ ਕੁਝ ਹੀ ਸ਼ੇਰ ਸਿੰਘ ਨੇ ਆਪਣੀ ਸੈਨਾ ਵਿਚ ਪਰਚਾਰਿਆ ਸੀ।

"ਤੋਪਾਂ ਸਾਡੇ ਕੋਲ ਘਟ ਹਨ। ਅਸੀਂ ਇਕ ਤੋਪ ਵੀ ਖੋਹਣ ਦੇ ਯੋਗ ਨਹੀਂ। ਇਕ ਇਕ ਤੋਪ ਵਾਸਤੇ ਜੇ ਅਨੇਕਾਂ ਜਵਾਨਾਂ ਨੂੰ ਵੀ ਕੁਰਬਾਨੀਆਂ ਦੇਣੀਆਂ ਪੈਣ ਤਾਂ ਵੀ ਉਹ ਲਾਹੇ ਦੀਆਂ ਹੋਣਗੀਆਂ।"

ਤੋਪਾਂ ਦੇ ਪਿਛੇ ਪਿਆਦਾ ਫ਼ੌਜ ਸੀ। ਜੇ ਕਦੀ ਤੋਪਾਂ ਉੱਤੇ ਦੁਸ਼ਮਣ ਕਾਬਜ਼ ਹੋ ਜਾਏ ਤਾਂ ਪਿਆਦਾ ਸੈਨਾ ਦਾ ਕੰਮ ਸੀ ਦੁਸ਼ਮਣ ਨੂੰ ਸੰਗੀਨਾਂ ਤੇ ਤਲਵਾਰਾਂ ਨਾਲ ਭਜਾ ਕੱਢਣਾ। ਥਾਂ ਪਰ ਥਾਂ ਰਸਾਲਾ ਵੀ ਪਿਆਦਾ ਸੈਨਾ ਦੀ ਮਦਦ ਲਈ ਨਿਯਤ ਸੀ।

ਸ਼ੇਰ ਸਿੰਘ ਨੇ ਆਪਣੀ ਵੀਹ ਬਾਈ ਹਜ਼ਾਰ ਦੀ ਸੈਨਾ ਦੀ ਇਸ ਤਰ੍ਹਾਂ ਵੰਡ ਕੀਤੀ : ਜਰਨੈਲ ਰਾਮ ਸਿੰਘ ਦੇ ਥੱਲੇ ਲਖਣੀਵਾਲੇ ਵਿਚ ਇਕ ਰਸਾਲਾ ਪਲਟਨ, ਚਾਰ ਪਿਆਦਾ ਪਲਟਨਾਂ ਤੇ ਬਾਰਾਂ ਤੋਪਾਂ। ਚੱਕ ਫ਼ਤਿਹ ਸ਼ਾਹ ਵਿਚ ਜਰਨੈਲ ਅਤਰ ਸਿੰਘ ਥੱਲੇ ਦੋ ਰਸਾਲਾ ਪਲਟਨਾਂ, ਦਸ ਪਿਆਦਾ ਪਲਟਨਾਂ ਤੇ ਸਤਾਰਾਂ ਤੋਪਾਂ। ਜਰਨੈਲ ਰਾਮ ਸਿੰਘ ਤੇ ਅਤਰ ਸਿੰਘ ਖ਼ਾਲਸਈ ਸੈਨਾ ਦੇ ਸੱਜੇ ਮੋਰਚਿਆਂ ਦੇ ਜ਼ਿਮੇਂਵਾਰ ਸਨ। ਮਧ ਵਿਚ ਸ਼ੇਰ ਸਿੰਘ ਆਪ ਸੀ। ਉਹਦੇ ਕੋਲ ਇਕ ਰਸਾਲਾ ਪਲਟਨ, ਨੌਂ ਪਿਆਦਾ ਪਲਟਨਾਂ ਤੇ ਵੀਹ ਤੋਪਾਂ ਸਨ। ਇਸ ਤੋਂ ਇਲਾਵਾ ਚਾਰ ਸੌ ਘੋੜ ਚੜ੍ਹੇ ਸਨ। ਇਸ ਸੈਨਾਂ ਦੇ ਖੱਬੇ ਮੋਰਚਿਆਂ ਦਾ ਕਮਾਨ ਅਫ਼ਸਰ ਕਰਨੈਲ ਸੂਰਤ ਸਿੰਘ ਸੀ। ਉਹਦੇ ਕੋਲ ਦੋ ਰਸਾਲਾ ਪਲਟਨਾਂ ਤੇ ਦਸ ਤੋਪਾਂ ਸਨ ਤੇ ਉਹਦਾ ਸਦਰ ਰਸੂਲ ਦਾ ਪਿੰਡ ਸੀ।

ਇਸ ਵੰਡ ਤੋਂ ਪ੍ਰਗਟ ਹੈ ਕਿ ਸਿੱਖਾਂ ਦਾ ਖੱਬਾ ਬਾਕੀ ਮੋਰਚਿਆਂ ਨਾਲੋਂ ਕਮਜ਼ੋਰ ਸੀ, ਪਰ ਸ਼ੇਰ ਸਿੰਘ ਦਾ ਖ਼ਿਆਲ ਸੀ ਕਿ ਦੁਸ਼ਮਣ ਰਸੂਲ ਦੇ ਰਾਹ ਨੂੰ ਅੱਖਿਆਂ ਸਮਝਦਾ ਹੋਇਆ ਉਧਰ ਹੱਲਾ ਨਹੀਂ ਕਰੇਗਾ। ਸਿੱਖਾਂ ਦਾ ਮਧ ਸਭ ਤੋਂ ਵਧ ਤਕੜਾ ਸੀ ਤੇ ਇਸ ਵਿਚ ਸ਼ੇਰ ਸਿੰਘ ਦੀ ਇਕ ਚਾਲ ਸੀ। ਇਕ ਹੋਰ ਚਾਲ ਅਨੁਸਾਰ ਉਸ ਮਧ ਦੇ ਸੱਜੇ ਹੱਥ ਤੇ ਖਬੇ ਹੱਥ ਵਾਲੀ ਸੈਨਾ ਦੇ ਖੱਬੇ ਪਾਸੇ ਇਕ ਵਿਥ ਰਖ ਛਡੀ ਸੀ।

ਦੂਜੇ ਪੰਜਾਬੀ ਗੋਰਾ ਯੁੱਧ ਦੇ ਇਸ ਪੜਾਅ ਉੱਤੇ ਪਹੁੰਚ ਕੇ ਅਸੀਂ ਸ਼ੇਰ ਸਿੰਘ ਨੂੰ ਚਮਕਦੇ ਰੰਗਾਂ ਵਿਚ ਤੇ ਉਹਦੀ ਪ੍ਰਤਿਭਾ ਦੇ ਨਿਖਾਰ ਵਿਚ ਵੇਖਦੇ ਹਾਂ। ਚਿਲਿਆਂਵਾਲੇ ਪੁਜ ਕੇ, ਪਹਿਲੀ ਵਾਰ ਜਾਪਦਾ ਹੈ ਸ਼ੇਰ ਸਿੰਘ ਗਫ਼ ਦੇ ਆਚਰਨ ਤੇ ਉਹਦੇ ਗੁਣ ਆਉਗਣਾਂ ਨੂੰ ਸਮਝਣ ਲਗਾ ਹੈ। ਪਹਿਲੀ ਵਾਰ ਉਹ ਇਕ ਗਿੱਝੇ ਹੋਏ ਤੇ ਤਜਰਬਾਕਾਰ ਸੈਨਾਪਤੀ ਵਾਂਗ ਸੋਚ ਸੋਚ ਕੇ ਚਾਲਾਂ ਘੜ ਰਿਹਾ ਹੈ।

ਅੱਜ ਸ਼ੇਰ ਸਿੰਘ ਨੂੰ ਆਪਣੇ ਆਪ ਉੱਤੇ ਕਾਮਲ ਭਰੋਸਾ ਜਾਪਦਾ ਹੈ ਕਿ ਉਹ ਆਪਣੀਆਂ ਬਰਤਾਂ ਉੱਤੇ ਬਤਰੂ ਨਾਲ ਲੜਾਈ ਕਰ ਸਕੇਗਾ। ਅਜੇ ਤਕ ਉਹ ਆਪਣੇ ਆਪ ਨੂੰ, ਕਿਸੇ ਹੱਦ ਤਕ, ਸ਼ਤਰੂ ਦੇ ਰਹਿਮ ਉੱਤੇ ਛਡਦਾ ਆਇਆ ਹੈ। ਸ਼ਤਰੂ ਨੇ ਸ਼ਰਤਾਂ ਮਨਾਈਆਂ ਲਗਦੀਆਂ ਹਨ, ਉਹਨੇ ਨਹੀਂ। ਪਰ ਅੱਜ ਮਧ ਨੂੰ ਮਜ਼ਬੂਤ ਕਰ ਕੇ ਤੇ ਆਪਣੇ ਸੱਜੇ ਹੱਥ ਇਕ ਵਿਥ ਰਖ ਕੇ ਉਹਨੇ ਇਰਾਦਾ ਕਰ ਲਿਆ ਹੈ ਕਿ ਗਫ਼ ਨੂੰ ਇਹਨਾਂ ਦੋਹਾਂ ਚਾਲਾਂ ਸਦਕਾ ਨੀਵਾਂ ਵਿਖਾਣਾ ਹੈ। ਸ਼ੇਰ ਸਿੰਘ, ਗਫ ਨੂੰ ਨਾ ਹੀ ਸੱਜੇ ਤੇ ਨਾ ਹੀ ਖੱਬੇ, ਪਰ ਮਧ ਵਿਚ ਹਮਲਾ ਕਰਨ ਉੱਤੇ ਮਜਬੂਰ ਕਰੇਗਾ ਤੇ ਉਹਦੀ ਸੈਨਾ ਦੇ ਇਕ ਭਾਗ ਨੂੰ ਨਿਯਤ ਰਖੀ ਵਿਧੀ ਵਿਚ ਘੇਰ ਕੇ ਉਹਨਾਂ ਦਾ ਦਲੀਆ ਕਰੇਗਾ।

ਸ਼ੇਰ ਸਿੰਘ ਨੇ ਸੈਨਾ ਵੰਡ ਦਿਤੀ ਤੇ ਮੋਰਚੇ ਖੋਦਣੇ ਤੇ ਮਜ਼ਬੂਤ ਕਰਨੇ ਸ਼ੁਰੂ ਹੋ ਗਏ, ਪਰ ਸ਼ੇਰ ਸਿੰਘ ਤੇ ਉਹਦੇ ਜਰਨੈਲਾਂ ਨੂੰ ਚੈਨ ਨਹੀਂ। ਹਰ ਸਵੇਰੇ ਘੋੜੇ ਉੱਤੇ ਦੜ੍ਹ ਕੇ ਸ਼ੇਰ ਸਿੰਘ ਮੋਰਚਿਆਂ ਦੀ ਉਸਾਰੀ ਵੇਖਣ ਜਾਂਦਾ ਤੇ ਆਪਣੇ

Scanned by CamScanner

ਜਰਨੈਲਾਂ ਨੂੰ ਸੁਝਾਅ ਦੇਂਦਾ, ਸਲਾਹਾਂ ਦੇਂਦਾ, ਉਹਨਾਂ ਦੀਆਂ ਮੁਸ਼ਕਲਾਂ ਵਿਚ ਉਹਨਾਂ ਦੀ ਸਹਾਇਤਾ ਕਰਦਾ। ਉਹਨੂੰ ਵੇਖ ਕੇ ਸਿਪਾਹੀਆਂ ਦੇ ਦਿਲ ਵੀ ਪਹਿਲੇ ਨਾਲੋਂ ਦੁਗਣੇ ਹੋ ਜਾਂਦੇ। ਸ਼ੇਰ ਸਿੰਘ ਦੀ ਚੜ੍ਹਤ ਸ਼ਾਹਾਨਾ ਸੀ। ਘੋੜੇ ਉੱਤੇ ਬੈਠਾ ਉਹ ਕੋਈ ਸ਼ਹਿਜ਼ਾਦਾ ਲਗਦਾ। ਉਹਦਾ ਕੱਦ ਅੰਨਾ ਲੰਮਾ ਨਹੀਂ ਸੀ, ਪਰ ਜੁਸੇ ਦੀ ਬਣਤ ਅਤਿ ਢੁਕਵੀਂ ਸੀ। ਉਹ ਪਤਲੇ ਨਾਲੋਂ ਭਾਰਾ ਬਹੁਤਾ ਸੀ ਤੇ ਚਿਹਰਾ ਵੀ ਉਹਦਾ ਗੋਲ। ਦਾੜ੍ਹਾ ਅਜੇ ਤਕ ਕਾਲਾ। ਪੱਗ ਨੋਕਦਾਰ ਤੇ ਜਰਨੈਲੀ। ਗੋਤਰਾ ਮਖ਼ਮਲ ਦਾ ਤੇ ਸਿਲਮੇ ਸਤਾਰੇ ਨਾਲ ਕੱਢਿਆ ਹੋਇਆ। ਕਿਰਚ ਤਿੰਨ ਫੁਟੀ। ਨੇਜ਼ਾ ਸੱਤ ਫੁਟ ਲੰਮਾ। ਘੋੜੇ ਉਤਲੀ ਕਾਠੀ ਵੀ ਮਖ਼ਮਲ ਨਾਲ ਸੱਜੀ। ਸ਼ੇਰ ਸਿੰਘ ਦੇ ਬਲ੍ਹਾਂ ਵਿਚ ਸਦਾ ਮਿਠਾਸ਼ ਹੁੰਦੀ, ਇਕ ਰਸ। ਜਰਨੈਲ ਤੇ ਸਿਪਾਹੀ ਉਹਦੇ ਨਾਲ ਗੱਲਾਂ ਕਰ ਕੇ ਖ਼ੁਸ਼ ਹੁੰਦੇ। ਇਕ ਤਾਂ ਸ਼ੇਰ ਸਿੰਘ ਦੀ ਸ਼ਖ਼ਸੀਅਤ ਵਿਸ਼ਵਾਸ ਪੂਰਬਕ ਸੀ ਤੇ ਇਕ ਉਹਦੀ ਬੋਲ ਚਾਲ ਤੇ ਉਹਦੀ ਮੁਸਕਰਾਹਟ। ਉਹ ਗੱਲ ਕਰਦਾ ਤੇ ਸਿਪਾਹੀਆਂ ਨੂੰ ਲਗਦਾ ਕਿ ਅਜਿਹੇ ਨਾਇਕ ਥੱਲੇ ਹਾਰ ਨਾਮੁਮਕਿਨ ਹੈ। ਉਹ ਮੁਸਕਰਾਂਦਾ ਤੇ ਲੋਕਾਂ ਨੂੰ ਲਗਦਾ ਕਿ ਇਹ ਜਿੱਤ ਤੇ ਵਿਜ਼ੈ ਦੀ ਮੁਸਕਰਾਹਟ ਹੈ।

ਪਰ੍ਹਿਆਂ ਵਿਚ ਲੋਕ ਗੱਲਾਂ ਕਰਦੇ। ਇਕ ਆਖਦਾ: "ਕਾਸ਼! ਰਾਜਾ ਸ਼ੇਰ ਸਿੰਘ ਮੁਦਕੀ ਤੇ ਫੇਰੂ ਸ਼ਹਿਰ ਵਿਚ ਸਾਡਾ ਆਗੂ ਹੁੰਦਾ।"

ਦੂਜਾ ਆਖਦਾ: "ਜੇ ਸ਼ੇਰ ਸਿੰਘ ਸਭਰਾਵਾਂ ਵਿਚ ਸਾਡੇ ਨਾਲ ਹੁੰਦਾ ਤਾਂ ਕੀ ਅਸੀਂ ਅੰਗਰੇਜ਼ਾਂ ਕੋਲੋਂ ਹਾਰਦੇ।"

ਕੋਈ ਕਹਿੰਦਾ: "ਸਾਨੂੰ ਫ਼ਰੰਗੀਆਂ ਨੇ ਨਹੀਂ ਹਰਾਇਆ। ਸਾਨੂੰ ਤਾਂ ਹਰਾਇਆ ਹੈ ਕਮਬਖ਼ਤ ਤੇਜ ਸਿੰਘ ਤੇ ਲਾਲ ਸਿੰਘ ਤੇ ਗ਼ੱਦਾਰ ਗੁਲਾਬ ਸਿੰਘ ਨੇ। ਉਹਨਾਂ ਨੇ ਸਰਕਾਰ ਦਾ ਲੂਣ ਖਾ ਕੇ ਹਰਾਮ ਕੀਤਾ। ਉਹਨਾਂ ਨੇ ਰਾਜ ਮਾਤਾ ਦੀ ਇੱਜ਼ਤ ਪਲੀਤ ਕੀਤੀ। ਰੱਬ ਉਹਨਾਂ ਨੂੰ ਕਿਤੇ ਢੋਈ ਨਾ ਦਏ।"

ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਦੀਆਂ ਗੱਲਾਂ ਕਰਦੇ ਸਿਪਾਹੀ ਉਦਾਸ ਹੋ ਜਾਂਦੇ। ਕੋਈ ਆਖਦਾ: "ਸਰਦਾਰ ਸ਼ਾਮ ਸਿੰਘ ਅਟਾਰੀ ਤੇ ਸਰਦਾਰ ਚੂਹੜ ਸਿੰਘ ਮਾਹਿਲ ਸਾਨੂੰ ਬੜੇ ਚਿਰਾਕੇ ਬਹੁੜੇ। ਇਹਦੇ ਨਾਲੋਂ ਤਾਂ ਜੇ ਉਹ ਨਾ ਹੀ ਆਉਂਦੇ ਤਾਂ ਚੰਗਾ ਸੀ। ਉਹਨਾਂ ਦੀ ਮਹਾਨ ਅਗਵਾਈ ਦਾ ਮਾਣ ਸਾਨੂੰ ਅੱਜ ਪ੍ਰਾਪਤ ਹੁੰਦਾ।"

ਪਰ ਜਿਥੇ ਮੁਦਕੀ ਤੇ ਸਭਰਾਵਾਂ ਦੀ ਯਾਦ ਸਿਪਾਹੀਆਂ ਦੇ ਮਨਾਂ ਨੂੰ ਮੁਰਝਾ ਦੇਂਦੀ ਉੱਥੇ ਭਵਿੱਖਤ ਦੇ ਸੁਪਨੇ ਉਹਨਾਂ ਨੂੰ ਉਤਸ਼ਾਹਤ ਕਰਦੇ। ਉਹ ਰਾਮ ਨਗਰ ਵਿਚ ਅੰਗਰੇਜ਼ਾਂ ਉੱਤੇ ਪਾਈ ਆਪਣੀ ਜਿੱਤ ਦਾ ਧਿਆਨ ਧਰਦੇ ਤੇ ਆਪਣੇ ਮਧ ਵਿਚ ਸ਼ੇਰ ਸਿੰਘ ਨੂੰ ਘੋੜੇ ਉੱਤੇ ਫਿਰਦਾ ਵੇਖ ਕੇ ਆਖਦੇ: "ਪਰ ਹੁਣ ਸਾਡੀ ਜੂਨ ਕੱਟੀ ਗਈ ਹੈ। ਜਲਦੀ ਹੀ ਗੋਰਿਆਂ ਨੂੰ ਅਸੀਂ ਆਪਣੇ ਪਿਆਰੇ ਪੰਜਾਬ ਵਿਚੋਂ ਕੱਢ ਦੇਣਾ ਹੈ।"

ਕੋਈ ਕਹਿੰਦਾ: "ਇਕ ਵਾਰ ਫਿਰ ਇਸ ਪੰਜਾਂ ਪਾਣੀਆਂ ਦੀ ਧਰਤੀ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਰਗਾ ਸਤਜੁਗ ਰੂਪਮਾਨ ਹੋਵੇਗਾ। ਇਹ ਧਰਤੀ ਮਲੇਛ ਗੋਰਿਆਂ ਦੀ ਛੋਹ ਤੋਂ ਪਾਕ ਹੋਵੇਗੀ।"

ਜਿਹਲਮ ਦੇ ਕੰਢੇ ਇਕੱਤਰ ਅੱਜ ਵੀਹ ਬਾਈ ਹਜ਼ਾਰ ਸੈਨਾ ਵਿਚ ਬਹੁਤੇ ਸਿਪਾਹੀ ਸਿੱਖ ਹਨ। ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਵਾਂਗ ਹਿੰਦੂ ਤੇ ਮੁਸਲਮਾਨ ਉੱਨੇ ਨਹੀਂ ਰਲੇ। ਇਕ ਤਾਂ ਸਭਰਾਵਾਂ ਤਕ ਸਿੱਖ ਸੈਨਾ ਬਾਜ਼ਾਬਤਾ ਸੈਨਾ ਸੀ ਤੇ ਦੂਜਾ, ਅਜੇ ਉਦੋਂ ਅੰਗਰੇਜ਼ਾਂ ਨੇ ਇਸ ਸਰਜ਼ਮੀਨ ਦੇ ਪੰਜਾਂ ਦਰਿਆਵਾਂ ਵਿਚ ਵਿਤਕਰੇ ਤੇ ਵੰਡੀਆਂ ਦਾ ਜ਼ਹਿਰ ਨਹੀਂ ਸੀ ਘੋਲਿਆ। ਉਦੋਂ ਦੀ ਸੈਨਾ ਇਕ ਤਰ੍ਹਾਂ ਨਾਲ ਰਣਜੀਤ ਸਿੰਘ ਦੀ ਸੈਨਾ ਸੀ ਜਿਸ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਹਰ ਕੋਈ ਯੋਗਤਾ ਅਨੁਸਾਰ ਲਿਆ ਜਾਂਦਾ ਸੀ। ਫਿਰ ਪਹਿਲੇ ਯੁੱਧ ਦੀਆਂ ਲੜਾਈਆਂ ਵੇਲੇ ਆਏ ਵਾਲੰਟੀਅਰਾਂ ਵਿਚੋਂ ਵੀ ਕਈ ਹਿੰਦੂ ਤੇ ਮੁਸਲਮਾਨ ਸਨ। ਸ਼ੇਰੇ-ਪੰਜਾਬ ਦੀਆਂ ਯਾਦਾਂ ਅਜੇ ਤਕ ਜਨਤਾ ਵਿਚ ਤਾਜ਼ਾ ਸਨ। ਕਈ ਹਿੰਦੂਆਂ ਤੇ ਮੁਸਲਮਾਨਾਂ ਨੇ ਸ਼ੇਰੇ-ਪੰਜਾਬ ਦੀਆਂ ਕੀਤੀਆਂ ਦਾ ਬਦਲਾ ਚੁਕਾਣਾ ਸੀ। ਭੁਲਿਆ ਤਾਂ ਲੋਕਾਂ ਨੂੰ ਰਣਜੀਤ ਸਿੰਘ ਅਜੇ ਵੀ ਨਹੀਂ ਸੀ, ਪਰ ਗੋਰਾ ਨੀਤੀ, ਗੁਜਰਾਂਵਾਲੇ ਦੇ ਉੱਤਰੀ ਇਲਾਕੇ ਵਿਚ ਮੁਸਲਮਾਨਾਂ ਨੂੰ ਹਿੰਦੂਆਂ ਤੇ ਸਿੱਖਾਂ ਨਾਲੋਂ ਪਾੜਨ ਵਿਚ, ਕਿਸੇ ਹੱਦ ਤਕ, ਸਫ਼ਲ ਹੋ ਚੁਕੀ ਸੀ। ਦੂਜਾ, ਗੋਰਿਆਂ ਦੇ ਲਾਲਚਾਂ ਤੇ ਇਨਾਮਾਂ ਨੇ ਕਈ ਹਿੰਦੂਆਂ ਤੇ ਸਿੱਖਾਂ ਨੂੰ ਭਰਮਾ ਲਿਆ ਸੀ। ਮੁਸਲਮਾਨਾਂ ਤੇ ਹਿੰਦੂਆਂ ਨੂੰ, ਗੋਰਿਆਂ ਨੇ ਲੜਾਕੇ ਸਿੱਖਾਂ ਤੋਂ ਅਲਗ ਹੋਣ ਦੀ ਸਲਾਹ ਦਿਤੀ। "ਇਹਨਾਂ ਸਿੱਖੜਿਆਂ ਨੇ," ਉਹਨਾਂ ਆਖਿਆ: "ਤੁਹਾਨੂੰ ਵੀ ਆਪਣੇ ਨਾਲ ਲੈ ਡੁੱਬਣਾ ਹੈ। ਸਾਡੀ ਤਾਕਤ ਵੇਖੋ ਤੇ ਇਹਨਾਂ ਦੀ। ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ। ਅਸੀਂ ਦੁਨੀਆਂ ਦੇ ਜੇਤੂ ਹਾਂ। ਸਾਡੀ ਸਲਤਨੱਤ ਉੱਤੇ ਸੂਰਜ ਕਦੀ ਨਹੀਂ ਛੁਪਦਾ। ਇਹ

Scanned by CamScanner

ਚਾਰ ਸਿੱਖ ਬਾਗੀ ਕਿੰਨੀ ਕੁ ਦੇਰ ਤਕ ਸਾਡੇ ਸਾਹਮਣੇ ਤੱਕ ਸਕਦੇ ਹਨ ? ਤੁਸੀਂ ਆਪਣਾ ਅਗਾ ਸਵਾਰੋ। ਪੰਜਾਬ ਦੇ ਅਸਲੀ ਹਾਕਮ ਅਸੀਂ ਹਾਂ, ਸਿੱਖ ਨਹੀਂ। ਸਾਡੇ ਨਾਲ ਮਿਲੋ ਤੇ ਮੂੰਹ ਮੰਗੀਆਂ ਮੁਰਾਦਾਂ ਪਾਓ...।"

ਕਈ ਆਦਮੀ ਭਰਮ ਗਏ, ਪਰ ਫਿਰ ਵੀ ਜਿਹਲਮ ਦੇ ਕੰਢੇ ਉੱਤੇ ਇਕੱਤਰ ਹੋਈ ਸੈਨਾ ਵਿਚ ਬੀਤੇ ਸਮਿਆਂ ਦੀ ਯਾਦ ਤਾਜ਼ਾ ਕਰਨ ਵਾਸਤੇ ਕਾਫ਼ੀ ਮੁਸਲਮਾਨ ਤੇ ਹਿੰਦੂ ਹਾਜ਼ਰ ਸਨ। ਇਸ ਤੋਂ ਉਪਰੰਤ ਖ਼ਬਰ ਪੁਜੀ ਸੀ ਕਿ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਸੱਚੇ ਪੰਜਾਬੀਆਂ ਦੀ ਸਹਾਇਤਾ ਵਾਸਤੇ ਇਕ ਬੜਾ ਵੱਡਾ ਲਸ਼ਕਰ ਭੇਜਿਆ ਹੈ ਤੇ ਕੁਝ ਹੀ ਦਿਨਾਂ ਵਿਚ ਇਸ ਲਸ਼ਕਰ ਨੂੰ ਨਾਲ ਲੈ'ਦਾ ਬੁੱਢਾ ਸਰਦਾਰ ਚਤਰ ਸਿੰਘ ਇਸ ਸੈਨਾ ਨਾਲ ਆ ਮਿਲੇਗਾ।

ਪੰਜਾਬੀਆਂ ਦੇ ਦਿਲ, ਦੋਸਤ ਮੁਹੰਮਤ ਤੇ ਉਹਦੇ ਰਾਹੀਂ ਅਫ਼ਗਾਨ ਕੌਮ ਲਈ, ਆਦਰ ਤੇ ਸਤਿਕਾਰ ਨਾਲ ਭਰ ਗਏ। ਕਿੰਨੇ ਚੰਗੇ ਨਿਕਲੇ ਸਨ ਇਹ ਪਠਾਣ ? ਕਈ ਸਦੀਆਂ ਪੰਜਾਬੀਆਂ ਤੇ ਹਿੰਦੀਆਂ ਨਾਲ ਲੜਦਿਆਂ ਰਹਿ ਕੇ ਵੀ ਅੱਜ ਇਹ ਇਹਨਾਂ ਨਾਲ ਮਿਲ ਕੇ ਅੰਗਰੇਜ਼ਾਂ ਦੇ ਸਨਮੁਖ ਖਲੋਣ ਦੇ ਚਾਹਵਾਨ ਸਨ। ਇਹੋ ਹੀ ਪਠਾਣੀ ਆਚਰਨ ਹੈ। ਇਹਨਾਂ ਨੇ ਮਹਿਸੂਸ ਕਰ ਲਿਆ ਸੀ ਕਿ ਆਪਣੇ ਘਰ ਵਿਚ ਜੇ ਮਰਚੀ ਹੈ ਹੋਵੇ, ਜਦੋਂ ਕੋਈ ਬਾਹਰੋਂ ਆ ਕੇ ਚੌਧਰ ਮਲਣੀ ਚਾਹੇ, ਤਾਂ ਸਭਨਾਂ ਨੂੰ ਆਪੋ ਵਿਚ ਜੁੜ ਬਹਿਣਾ ਚਾਹੀਦਾ ਹੈ। ਅਸ਼ਕੇ ਦੋਸਤ ਮੁਹੰਮਦ ਦੇ। ਇਹਨੇ ਅੰਗਰੇਜ਼ਾਂ ਦੇ ਸਾਰੀ ਦੁਨੀਆਂ ਉੱਤੇ ਖਿਲਰੇ, ਮਹਾਨ ਸਾਮਰਾਜ ਦੀ ਪ੍ਰਵਾਹ ਨਾ ਕੀਤੀ ਤੇ ਸਿੱਖਾਂ ਦੀ ਮਦਦ ਵਾਸਤੇ ਮੈਦਾਨ ਵਿਚ ਉਤਰ ਆਇਆ। ਅਜੇ ਪੰਜਾਬ ਵਾਸੀਆਂ ਨੂੰ ਦੋਸਤ ਮੁਹੰਮਦ ਦੀ, ਰਾਜ ਮਾਤਾ ਜਿੰਦ ਕੌਰ ਦੀ ਕੈਦ ਵੇਲੇ ਕੀਤੀ ਗਈ ਹਿਮਾਇਤ, ਵੀ ਨਹੀਂ ਸੀ ਭੁੱਲੀ।

ਬੜੇ ਪਿਆਰ ਨਾਲ, ਜਿਹਲਮ ਦੇ ਕੰਢੇ ਇਕੱਤਰ ਹੋਈ ਸੈਨਾ ਦੇ ਸਿਪਾਹੀ, ਦੋਸਤ ਮੁਹੰਮਦ ਤੇ ਪਠਾਣਾਂ ਬਾਰੇ ਗਲਾਂ ਕਰਦੇ। ਚਾਲੀ ਪੰਜਾਹ ਪਠਾਣ ਸਿਪਾਹੀ ਪਹਿਲੇ ਵੀ ਇਹਨਾਂ ਨਾਲ ਸਨ ਤੇ ਇਹਨਾਂ ਵਿਚੋਂ ਇਕ ਯਾਰ ਖ਼ਾਨ, ਅਜੀਤ ਦਾ ਮਿੱਤਰ ਸੀ।

ਯਾਰ ਖ਼ਾਨ ਤੇ ਅਜੀਤ ਦੱਵੇਂ ਹੀ ਸ਼ੇਰ ਸਿੰਘ ਦੇ ਨਿਕਟਵਰਤੀ ਸਨ। ਯਾਰ ਖ਼ਾਨ ਇਕ ਬਾਡੀਗਾਰਡ ਦੇ ਤੌਰ ਤੇ ਅਤੇ ਅਜੀਤ ਸਿੰਘ ਇਕ ਤਰ੍ਹਾਂ ਦੇ ਚਾਤੀ ਸਹਾਇਕ ਵਾਂਗ। ਸ਼ੇਰ ਸਿੰਘ ਦੇ ਹੁਕਮਨਾਮੇ ਅਜੀਤ ਹੀ ਗੁਰਮੁਖੀ ਵਿਚ ਲਿਖਦਾ। ਅਜੀਤ ਹੀ, ਇਕ ਧੰਨਾ ਸਿੰਘ ਨਾਲ ਮਿਲ ਕੇ, ਗੋਰੇ ਕੈਦੀਆਂ ਨੂੰ ਸਵਾਲ ਪੁਛਦਾ। ਉਹੋ ਹੀ, ਅੰਗਰੇਜ਼ੀ ਕੈਂਪ ਵਿਚੋਂ ਹੱਥ ਆਏ, ਅੰਗਰੇਜ਼ੀ ਵਿਚ ਲਿਖੇ ਕਾਗ਼ਜ਼ ਪੱਤਰਾਂ ਨੂੰ, ਸ਼ੇਰ ਸਿੰਘ ਤਾਈਂ ਪੜ੍ਹ ਕੇ ਸੁਣਾਂਦਾ। ਜਦੋਂ ਸ਼ੇਰ ਸਿੰਘ ਸਵੇਰੇ ਸ਼ਾਮ ਘੋੜੇ ਉੱਤੇ ਮੁਆਇਨੇ ਲਈ ਜਾਂਦਾ ਤਾਂ ਅਜੀਤ ਸਿੰਘ ਤੇ ਯਾਰ ਖ਼ਾਨ, ਬਾਕੀ ਸਟਾਫ਼ ਨਾਲ, ਸਦਾ ਉਹਦੇ ਨਾਲ ਰਹੁੰਦੇ।

ਅਜੀਤ ਖ਼ੁਸ਼ ਸੀ ਕਿ ਉਹ ਸ਼ੇਰ ਸਿੰਘ ਦਾ ਨਿਕਟਵਰਤੀ ਹੈ, ਪਰ ਫਿਰ ਵੀ ਉਹ ਦਿਲੋਂ ਸੰਤੁਸ਼ਟ ਨਹੀਂ ਸੀ। ਉਹਨੇ ਰਾਮ ਨਗਰ ਦੀ ਲੜਾਈ ਵਿਚ ਕੋਈ ਭਾਗ ਨਹੀਂ ਸੀ ਲਿਆ ਤੇ ਨਾ ਹੀ ਸੈਦੁਲਾਪੁਰ ਵਿਚ ਉਸ ਤੋਪਾਂ ਨੂੰ ਡੱਹਿਆ। ਬੇਸ਼ਕ ਸ਼ੇਰ ਸਿੰਘ ਦੇ ਨਿਕਟਵਰਤੀ ਹੋਣ ਕਰ ਕੇ ਉਹਨੇ ਯੁੱਧ ਕਲਾ ਬਾਰੇ ਬੜਾ ਕੁਝ ਸਿਖਿਆ, ਪਰ ਉਹ ਦਿਲ ਹੀ ਦਿਲ ਵਿਚ ਕਹਿੰਦਾ :

' ਯੁੱਧ ਕਲਾ ਦੀਆਂ ਬਰੀਕ-ਬੀਨੀਆਂ ਸਿਖਣ ਤੇ ਪਛਾਣਨ ਵਾਸਤੇ ਅਜੇ ਬੜਾ ਸਮਾਂ ਪਿਆ ਹੈ। ਐਸ ਵੇਲੇ ਮੈਂ ਜੁਆਨ ਹਾਂ, ਐਸ ਵੇਲੇ ਮੇਰੇ ਅੰਦਰ ਬਸ ਇਕੋ ਹੀ ਖ਼ਾਹਿਸ਼ ਹੈ; ਲੜਨ ਦੀ, ਜੂਝਣ ਦੀ। ਮੇਰੇ ਕੋਲੋਂ ਸਬਰ ਨਹੀਂ ਹੋ ਸਕਦਾ। ਰਾਜਾ ਸ਼ੇਰ ਸਿੰਘ ਦੇ ਚਾਤੀ ਸਹਾਇਕ ਦਾ ਕੰਮ ਮੇਰੇ ਵਾਸਤੇ ਫੋਕਾ ਹੈ।"

ਜਦੋਂ ਉਹ ਸ਼ੇਰ ਸਿੰਘ ਦੇ ਸਦਰ ਤੋਂ ਆਪਣੇ ਚਲਵੱਦੀਆਂ ਨੂੰ ਤੋਪਾਂ ਚਲਾਉਂਦੇ ਵੇਖਦਾ ਤਾਂ ਉਹਦੇ ਭੌਂਏ ਫਰਕਦੇ। ਉਹਦਾ ਜੀ ਕਰਦਾ ਕਿ ਉਹ ਨਸ ਕੇ ਆਪਣੀਆਂ ਤੋਪਾਂ ਕੋਲ ਜਾ ਪਹੁੰਚੇ ਤੇ ਸੰਗਰਾਮ ਵਿਚ ਹਿੱਸਾ ਲਏ। ਜਦੋਂ ਕਦੀ ਦੁਸ਼ਮਣ ਤੋਪਾਂ ਉੱਤੇ ਚੜ੍ਹ ਆਉਂਦਾ, ਚਲਵੱਦੀਏ ਤਲਵਾਰਾਂ ਖਿੱਚ ਕੇ ਉਹਦੇ ਉੱਤੇ ਟੁੱਟ ਪੈਂਦੇ। ਅਜੀਤ ਦਾ ਜੀ ਕਰਦਾ ਕਿ ਕਾਸ਼ ਐਸ ਵੇਲੇ ਉਹ ਵੀ ਰਣ ਤੱਤੇ ਵਿਚ ਹੁੰਦਾ। ਮੁਦਕੀ ਤੇ ਫੇਰੂ ਸ਼ਹਿਰ ਵਿਚ ਲੜ ਕੇ ਉਹਦੀ ਰੀਝ ਨਹੀਂ ਸੀ ਲੱਥੀ। ਫਿਰ ਸਭਰਾਵਾਂ ਵਿਚ ਉਸ ਕੀਤਾ ਹੀ ਕੁਝ ਨਹੀਂ ਸੀ। ਉਹ ਡਰਦਾ ਕਿ ਕਿਤੇ ਐਤਕੀਂ ਵੀ ਸਭਰਾਵਾਂ ਵਾਂਗ, ਉਹ ਵਾਂਜਿਆ ਨਾ ਰਹੇ। ਇਕ ਲੰਮਾ ਸਮਾਂ ਇਉਂ ਮਨ ਵਿਚ ਰੋੜ ਭੋਰ ਕਰਦਿਆਂ ਉਸ ਰਾਜਾ ਸ਼ੇਰ ਸਿੰਘ ਨੂੰ ਪੁਛਿਆ :
"ਰਾਜਾ ਸਾਹਿਬ ! ਇਕ ਬੇਨਤੀ ਹੈ !"

Scanned by CamScanner

ਸ਼ੇਰ ਸਿੰਘ ਮੁਸਕਰਾਇਆ : "ਕੀ ?"

"ਆਉ'ਦੀ ਲੜਾਈ ਵਿਚ ਵੀ ਜੇ ਮੈਂ ਤੁਹਾਡੇ ਨਾਲ ਸਦਰ ਵਿਚ ਬੈਠਾ ਰਿਹਾ, ਤਾਂ ਮੈਂ ਧੁਖ ਧੁਖ ਕੇ ਮਰ ਜਾਵਾਂਗਾ। ਐਤਕੀਂ ਮੈਨੂੰ ਰਣ ਤੱਤੇ ਵਿਚ ਲੜਨ ਦੀ ਆਗਿਆ ਹੋਵੇ।"

ਸ਼ੇਰ ਸਿੰਘ ਨੇ ਅਜੀਤ ਦੀ ਕੰਡ ਉੱਤੇ ਹੱਥ ਰਖਿਆ। "ਮੈਂ ਤੇਰੇ ਅਰਮਾਨਾਂ ਨੂੰ ਸਮਝਦਾ ਹਾਂ ਅਜੀਤ, ਪਰ ਤੇਰੀ ਮੈਨੂੰ ਬੜੀ ਲੋੜ ਹੈ। ਜੇ ਤੂੰ ਮੇਰੇ ਕੋਲ ਨਾ ਹੋਇਉਂ ਤਾਂ ਤੇਰਾ ਕੰਮ ਕੌਣ ਕਰੇਗਾ ?"

"ਇਕ ਦਿਨ ਵਾਸਤੇ ਧੰਨਾ ਸਿੰਘ ਨੂੰ ਮੌਕਾ ਦਿਓ ਰਾਜਾ ਸਾਹਿਬ।" ਸਨਿਮਰ ਅਜੀਤ ਬੋਲਿਆ।

"ਤੇ ਹਾਂ", ਸ਼ੇਰ ਸਿੰਘ ਹੱਸਿਆ, "ਅਸੀਂ ਤੇਰੀ ਸਲਾਮਤੀ ਦੇ ਜ਼ਿਮੇਂਵਾਰ ਹਾਂ।" ਕੁਝ ਦਿਨਾਂ ਵਿਚ ਸਿੰਘ ਸਾਹਿਬ ਸਾਨੂੰ ਆ ਮਿਲਣਗੇ ਤੇ ਉਸ ਵੇਲੇ ਉਹਨਾਂ ਅਗੇ ਤੈਨੂੰ ਹਾਜ਼ਰ ਕਰਨਾ ਮੇਰੇ ਲਈ ਜ਼ਰੂਰੀ ਹੋਵੇਗਾ।"

"ਜਿਵੇਂ ਆਗਿਆ," ਅਜੀਤ ਨੇ ਉਦਾਸਿਆਂ ਕਿਹਾ।

ਇਕ ਵਾਰ ਫੇਰ ਸ਼ੇਰ ਸਿੰਘ ਨੇ ਅਜੀਤ ਦੀ ਕੰਡ ਉੱਤੇ ਥਾਪੜੀ ਮਾਰ ਕੇ ਕਿਹਾ : "ਅੱਛਾ ਆਉ'ਦੀ ਲੜਾਈ ਵਿਚ ਅਸੀਂ ਤੇਰੇ ਮਨ ਦੀ ਮੁਰਾਦ ਪੂਰੀ ਕਰਾਂਗੇ।

ਉਸ ਦਿਨ ਤੋਂ ਪਿਛੋਂ ਅਜੀਤ ਬੱਦਲਾਂ ਵਿਚ ਉੱਡਣ ਲਗਾ। ਤੇ ਅੱਜ ਉਹਦੀ ਖ਼ੁਸ਼ੀ ਦਾ ਇਕ ਹੋਰ ਕਾਰਨ ਵੀ ਸੀ। ਅੱਜ ਉਹਦਾ ਪਿਤਾ ਗੁਰਪਾਲ ਆਪਣੇ ਬਾਕੀ ਦੇ ਤਿੰਨ ਪੁੱਤਰਾਂ ਨਾਲ ਚਿਲਿਆਂਵਾਲੇ ਆਇਆ ਸੀ। ਉਹਨੇ, ਕੁਝ ਸਾਥੀਆਂ ਨਾਲ ਮਿਲ ਕੇ, ਦੱਸ ਗੱਡੇ ਅਨਾਜ ਦੇ ਤੇ ਦੋ ਹਜ਼ਾਰ ਰੁਪਿਆ ਰੋਕ ਲਿਆਂਦਾ ਸੀ। ਇਸ ਤਰ੍ਹਾਂ ਹੀ ਪਿਛਲੇ ਦਿਨਾਂ ਤੋਂ ਕਈ ਹੋਰ ਆਪਾਵਾਰੂ ਸਿੱਖ, ਹਿੰਦੂ ਤੇ ਮੁਸਲਮਾਨ ਕਰ ਰਹੇ ਸਨ। ਸ਼ੇਰ ਸਿੰਘ ਦੇ ਕੈਂਪ ਵਿਚ ਰਸਦ ਦੀ ਘਾਟ ਵਧਦੀ ਜਾਂਦੀ ਸੀ। ਸਿਪਾਹੀ ਬਹੁਤ ਹੋ ਗਏ ਸਨ ਤੇ ਇਕ ਇਹ ਇਲਾਕਾ ਬਹੁਤਾ ਅਮੀਰ ਨਹੀਂ ਸੀ ਤੇ ਦੂਜਾ, ਕਿਸੇ ਹਦ ਤਕ ਝਿਝਕਾਂ ਭਰਭੂਰ ਜਨਤਾ। ਸ਼ੇਰ ਸਿੰਘ ਨੇ ਆਪਣੇ ਬੰਦਿਆਂ ਹੱਥ ਸਭ ਥਾਈਂ ਰਸਦ ਵਾਸਤੇ ਅਪੀਲ ਕੀਤੀ ਤੇ ਜਨਤਾ ਨੇ ਇਸ ਅਪੀਲ ਦੀ ਲੱਜ ਰੱਖੀ। ਅੱਜ ਗੁਰਪਾਲ ਸਿੰਘ ਮਾਹਿਲ, ਨਾਹਰਪੁਰ, ਚਿਮਣੀਵਾਲੇ ਤੇ ਦੋ ਚਾਰ ਹੋਰ ਪਿੰਡਾਂ ਵਿਚੋਂ ਅਨਾਜ ਇਕੱਠਾ ਕਰ ਕੇ ਦਸ ਗੱਡੇ ਲਿਆਇਆ।

ਅਜੀਤ ਨੇ ਬਾਪੂ ਨੂੰ ਵੇਖਦਿਆਂ ਹੀ ਜੱਫੀ ਪਾ ਲਈ। "ਬਾਪੂ, ਤੂੰ ਏਥੇ ?"

"ਹਾਂ, ਪੁੱਤਰ ਮੈਂ ਏਥੇ !"

"ਬਾਪੂ, ਤੂੰ ਕਿੱਦਾਂ ਆਇਆ ? ਤੇਰਾ ਕੀ ਹਾਲ ਹੈ ? ਬੇਬੇ ਕਿੰਜ ਹੈ ? ਗੁਰ..." ਆਪਣੀ ਕਾਹਲ ਵਿਚ ਉਹ ਭੁੱਲ ਗਿਆ ਸੀ ਕਿ ਗੁਰਸ਼ਰਨ ਨਾਲ ਅਜੇ ਉਹਦਾ ਵਿਆਹ ਨਹੀਂ ਹੋਇਆ।

ਪਰ ਬਾਪੂ ਨੇ ਉਹਨੂੰ ਘੂੰਟਿਆ। "ਸਭ ਰਾਜ਼ੀ ਖ਼ੁਸ਼ੀ ਹਨ ਅਜੀਤ, ਤੇ ਇਕ ਇਕ ਬੰਦਾ ਤੈਨੂੰ ਯਾਦ ਕਰਦਾ ਹੈ।" ਬਾਪ ਵੀ ਪੁੱਤਰ ਵਾਂਗ ਕਾਹਲ ਵਿਚ ਸੀ। "ਤੇ ਪੁੱਤਰ ਮੈਂ ਤੈਨੂੰ ਦਸਾਂ ਕਿ ਸਾਡੀ ਹਵੇਲੀ ਪੂਰੀ ਹੋ ਗਈ ਹੈ। ਤੇ ਮਾਹਿਲ ਆਬਾਦ ਹੋ ਰਿਹਾ ਹੈ। ਬਹਾਦਰ ਸਿੰਘ ਨੇ ਵੀ ਆਪਣਾ ਘਰ ਉਸਾਰਨਾ ਸ਼ੁਰੂ ਕਰ ਦਿਤਾ ਹੈ। ਹੋਰ ਵੀ ਪੰਜ ਛੇ ਬੰਦੇ ਫ਼ੈਸਲਾ ਕਰ ਕੇ ਭੋਇੰ ਠੀਕ ਠਾਕ ਕਰ ਰਹੇ ਹਨ।"

"ਸੱਚ, ਬਾਪੂ !"

"ਸੱਚ, ਪੁੱਤਰ।"

ਇਕਾ ਇਕ ਅਜੀਤ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਇਹਨਾਂ ਅੱਥਰੂਆਂ ਵਿਚੋਂ ਉਸ ਪੁਰਾਣੇ ਮਾਹਿਲ ਨੂੰ ਵੇਖਿਆ ਤੇ ਪੁਰਾਣੇ ਮਾਹਿਲ ਦੇ ਆਕਾਰ ਵਿਚ ਨਵੇਂ ਮਾਹਿਲ ਨੂੰ ਤੇ ਫਿਰ ਉਸ ਭਵਿੱਖ ਵਿਚ ਵੇਂਹਦਿਆਂ ਨਵੇਂ ਮਾਹਿਲ ਨੂੰ ਪੁਰਾਣੇ ਮਾਹਿਲ ਵਾਂਗ ਜਵਾਨੀ ਚੜ੍ਹਦੇ ਤੱਕਿਆ...।

"ਤੂੰ ਰੋ ਰਿਹਾ ਹੈਂ, ਅਜੀਤ !" ਬਾਪੂ ਨੇ ਕਿਹਾ, ਪਰ ਇਹਨਾਂ ਸ਼ਬਦਾਂ ਨਾਲ ਉਹਦੀਆਂ ਆਪਣੀਆਂ ਅੱਖਾਂ ਵਿਚ ਵੀ ਅੱਥਰੂ ਛਲਕ ਪਏ।

ਫ਼ਿਕਰਮੰਦ ਅਜੀਤ ਨੇ ਕੁਝ ਚਿਰ ਪਿਛੋਂ ਕਿਹਾ : "ਬਾਪੂ ਤੂੰ ਨਹੀਂ ਸੀ ਆਉਣਾ। ਉਜਾਗਰ ਸਿੰਘ ਤੇ ਬਾਕੀ ਦੇ ਬੰਦੇ ਕੀ ਕਾਫ਼ੀ ਨਹੀਂ ਸਨ ? ਤੂੰ ਕਿਵੇਂ ਸਫ਼ਰ ਕੱਟਿਆ ਹੋਵੇਗਾ।"

Scanned by CamScanner

"ਕਿਉਂ ਨਹੀਂ ਸੀ ਆਉਣਾ ਮੈਂ, ਅਜੀਤ। ਗੁਰੂ ਮਹਾਰਾਜ ਦੀ ਮੇਰੇ ਉੱਤੇ ਮਿਹਰ ਹੈ। ਮੈਂ ਅਗੇ ਨਾਲੋਂ ਨਰੋਆ ਹਾਂ, ਤੇ ਉਜਾਗਰ ਨੇ ਮੈਨੂੰ ਟੂਰਨ ਹੀ ਕਦੋਂ ਦਿਤਾ ਹੈ। ਨਾਲੇ ਅਜੀਤ, ਮੇਰਾ ਤੇਰੇ ਵਾਸਤੇ ਜੀ ਉਦਾਸ ਹੋ ਗਿਆ ਸੀ ਮੈਂ ਕਹਿੰਦਾ ਸਾਂ ਕਿ ਹਵੇਲੀ ਦੇ ਪੂਰੇ ਹੋਣ ਦੀ ਖ਼ਬਰ ਤੂੰ ਸਭ ਤੋਂ ਪਹਿਲੇ ਮੇਰੇ ਮੂੰਹੋਂ ਹੀ ਸੁਣੇਂ।"

ਉਜਾਗਰ ਨੇ ਮਾਂ ਵਲੋਂ ਅਜੀਤ ਵਾਸਤੇ ਮਿੱਠੀ ਰੋਟੀ ਤੇ ਚੂਰੀ ਲਿਆਂਦੀ ਸੀ ਤੇ ਸਭ ਤੋਂ ਛੋਟੇ ਛਤਿਹ ਸਿੰਘ ਨੇ ਹੋਣ ਵਾਲੀ ਭਾਬੀ ਗੁਰਸ਼ਰਨ ਵਲੋਂ ਅਜੀਤ ਵਾਸਤੇ ਮੁਖਮਲੀ ਗਾਤਰਾ, ਇਕ ਕੜਾ ਤੇ ਗਾਜਰਾਂ ਦਾ ਕਤਾਹ। ਵਖੋ ਵਖ ਹਰ ਸੁਗਾਤ ਲੈਂਦਿਆਂ ਅਜੀਤ ਦੇ ਨੈਣ ਅੱਥਰੂਆਂ ਨਾਲ ਭਰ ਜਾਂਦੇ ਰਹੇ। ਸਭ ਤੋਂ ਛੋਟੇ ਛਤਿਹ ਸਿੰਘ ਹੱਥ ਹੀ ਗੁਰਸ਼ਰਨ ਨੇ ਅਜੀਤ ਨੂੰ ਆਪਣਾ ਪਿਆਰ ਤੇ ਨਜ਼ਦੀਕੀ ਸੁਨੇਹੇ ਘਲੇ ਸਨ :

"ਵੀਰਾ ਭਾਬੀ ਕਹਿੰਦੀ ਸੀ ਜਿੱਤ ਪਾ ਕੇ ਘਰ ਜਲਦੀ ਮੁੜੀਂ।"

ਅਜੀਤ ਦਾ ਜੀ ਇਕਾ ਇਕ ਜਿਵੇਂ ਗੁਰਸ਼ਰਨ ਦੇ ਪਿਆਰ ਵਿਚ ਫੱਟਣ ਲਗਾ। ਜੇ ਖੰਭ ਹੁੰਦੇ, ਉਸ ਸੋਚਿਆ, ਤਾਂ ਮੈਂ ਉੱਡ ਕੇ ਆਪਣੀ ਗੁਰਸ਼ਰਨ ਨੂੰ ਜਾ ਮਿਲਦਾ, ਪਰ ਫਿਰ ਉਸ ਸੋਚਿਆ, "ਗੁਰਸ਼ਰਨ ਨੇ ਆਪੇ ਹੀ ਤਾਂ ਕਿਹਾ ਹੈ ਕਿ ਮੈਂ ਛਤਿਹ ਪਾ ਕੇ ਘਰ ਮੁੜਾਂ।" ਹਾਂ, ਛਤਿਹ ਤੋਂ ਬਗ਼ੈਰ ਮੈਂ ਮਾਹਿਲ ਨਹੀਂ ਮੁੜਨਾ। ਮਾਹਿਲ ਘਰਾਣੇ ਦੇ ਬੀਰ ਐਵੇਂ ਘਰੀਂ ਨਹੀਂ ਮੁੜਦੇ।

ਛਤਿਹ ਸਿੰਘ ਕੋਲੋਂ ਅਜੀਤ ਨੇ ਕਿੰਨਾ ਹੀ ਕੁਝ ਗੁਰਸ਼ਰਨ ਬਾਰੇ ਪੁਛਿਆ। ਉਸ ਦਸਿਆ ਕਿ ਉਹਨੂੰ ਮਾਹਿਲ ਆਇਆਂ ਅਜੇ ਪੰਦਰਾਂ ਵੀਹ ਦਿਨ ਹੋਏ ਹਨ ਤੇ ਇਹ ਕਿ ਉਹ ਉਹਦੇ ਨਾਲ ਹਰ ਵਕਤ ਭਾਊ ਅਜੀਤ ਦੀਆਂ ਹੀ ਗੱਲਾਂ ਕਰਦੀ ਰਹਿੰਦੀ ਹੈ।

ਗੁਰਪਾਲ ਤੇ ਉਹਦੇ ਸਾਥੀ ਇਕ ਲੰਮਾ ਵਲਾ ਪਾ ਕੇ ਲਾਲੀਆਂ ਵਾਲੇ ਪੁੱਜੇ ਸਨ। ਬੜੇ ਬਹਾਨੇ ਘੜ ਕੇ ਤੇ ਬੜਾ ਲੁੱਕ ਛਿਪ ਕੇ। ਵੀਹ ਮੀਲ ਸਿੱਧੇ ਆਉਣ ਦੀ ਬਜਾਏ ਉਹ ਤੀਹ ਮੀਲ ਫ਼ਾਲਤੂ ਵਲਾ ਪਾ ਕੇ ਆਏ ਸਨ। ਉਜਾਗਰ ਨੇ ਅਤਿ ਘਿਰਣਤ ਲਹਿਜੇ ਵਿਚ ਕਿਹਾ : "ਉਸ ਸੜੇ ਸੋਭਾ ਸਿੰਘ ਨੇ ਮੁਖ਼ਬਰੀ ਦਿਤੀ ਤੇ ਅੰਗਰੇਜ਼ਾਂ ਦੇ ਸੂਹੇ ਲਗੇ ਸਾਡੇ ਮਗਰ ਪਰ ਗੁਰੂ ਬਾਬੇ ਦਾ ਸ਼ੁਕਰ ਹੈ ਕਿ ਅਸੀਂ ਪੱਲਾ ਬਚਾਣ ਵਿਚ ਸਫ਼ਲ ਹੋ ਗਏ। ਬਹੁਤਾ ਸਫ਼ਰ ਅਸੀਂ ਰਾਤਾਂ ਸਮੇਂ ਹੀ ਕੀਤਾ ਹੈ।"

ਵਖਰਿਆਂ ਅਜੀਤ ਨੇ ਉਜਾਗਰ ਨੂੰ ਕਿਹਾ : "ਤੂੰ ਬਾਪੂ ਨੂੰ ਨਹੀਂ ਸੀ ਲਿਆਉਣਾ, ਉਹ ਇਹੋ ਜਿਹੇ ਜ਼ਫ਼ਰ ਝਲਣ ਜੋਗਾ ਨਹੀਂ। ਉਸ ਪੰਥ ਦੀ ਬੜੀ ਸੇਵਾ ਕਰ ਲਈ ਹੈ।"

"ਠੀਕ ਹੈ ਵੀਰਾ, ਪਰ ਬਾਪੂ ਮੰਨੇ ਹੀ ਨਾ। ਉਹਨੇ ਅਜਿਹੀ ਜ਼ਿੱਦ ਫੜੀ ਕਿ ਅਸੀਂ ਕੁਝ ਕਰ ਨਾ ਸਕੇ।"

ਗੁਰਪਾਲ ਸ਼ੇਰ ਸਿੰਘ ਨੂੰ ਮਿਲਿਆ। "ਜੀ ਕਰਦਾ ਹੈ ਮਾਹਿਲ ਸਰਦਾਰ ਜੀ ਕਿ ਤੁਹਾਡੇ ਪੈਰ ਛੋਹ ਲਵਾਂ।" ਸ਼ੇਰ ਸਿੰਘ ਨੇ ਕਿਹਾ : "ਧੰਨ ਹੋ ਤੁਸੀਂ।"

ਪਰ ਗੁਰਪਾਲ ਬੋਲਿਆ : "ਧੰਨ ਤੁਸੀਂ ਹੋ ਰਾਜਾ ਸਾਹਿਬ ਤੇ ਧੰਨ ਹੈ ਅਟਾਰੀ ਵਾਲਿਆਂ ਦਾ ਇਕ ਇਕ ਜੀਅ। ਜੋ ਕੁਝ ਤੁਸੀਂ ਸਾਡੇ ਦੇਸ਼ ਵਾਸਤੇ ਕੀਤਾ ਹੈ ਉਹ ਹੋਰ ਕੌਣ ਕਰ ਸਕਦਾ ਹੈ।"

ਸ਼ੇਰ ਸਿੰਘ ਨੇ ਗੁਰਪਾਲ ਸਿੰਘ ਮਾਹਿਲ ਦੀ ਇੱਜ਼ਤ ਵਿਚ ਇਕ ਉਚੇਚਾ ਦੀਵਾਨ ਸਜਾਇਆ ਤੇ ਆਪ ਭਰੇ ਦੀਵਾਨ ਵਿਚ ਮਾਹਿਲਾਂ ਦੀ ਦੇਸ਼ ਤੇ ਪੰਥ ਸੇਵਾ ਦੀ ਵਿਆਖਿਆ ਕੀਤੀ। ਸਾਰੇ ਦੀਵਾਨ ਨੇ ਜੈਕਾਰੇ ਗਜਾ ਕੇ ਗੁਰਪਾਲ ਨੂੰ ਵਡਿਆਇਆ।

ਦੋ ਦਿਨ ਇਹ ਕਾਫ਼ਲਾ ਸ਼ੇਰ ਸਿੰਘ ਦਾ ਮਹਿਮਾਨ ਰਿਹਾ ਤੇ ਫਿਰ ਸ਼ੇਰ ਸਿੰਘ ਨੇ ਇਹਨਾਂ ਨੂੰ ਜਾਣ ਵਾਸਤੇ ਕਿਹਾ :

"ਹੁਣ ਦੁਸ਼ਮਣ ਦੀ ਸੈਨਾ ਬੜੀ ਨੇੜੇ ਆ ਗਈ ਹੈ ਤੇ ਕਿਸੇ ਵੇਲੇ ਵੀ ਲੜਾਈ ਹੋ ਸਕਦੀ ਹੈ। ਤੁਸੀਂ ਜਾਉ...।"

ਗੁਰਪਾਲ ਉਦਾਸ ਹੋ ਗਿਆ, ਇਹਨਾਂ ਦੋ ਦਿਨਾਂ ਵਿਚ ਉਹ ਭੁੱਲ ਗਿਆ ਸੀ ਕਿ ਉਹਦੀ ਇਕ ਲੱਤ ਵੱਢੀ ਹੋਈ ਹੈ ਤੇ ਉਹ ਟੂਰ ਫਿਰ ਨਹੀਂ ਸਕਦਾ। ਇਹ ਦੋ ਦਿਨ ਉਹਨੂੰ ਲਗਦਾ ਰਿਹਾ ਸੀ ਕਿ ਉਹ ਪਹਿਲੇ ਵਾਂਗ ਹੀ ਆਪਣੇ ਸਾਥੀਆਂ ਨਾਲ ਅੰਗਰੇਜ਼ਾਂ ਦੇ ਸਨਮੁੱਖ ਲੜਨ ਆਇਆ ਹੈ। ਬੜੀ ਮੁਸ਼ਕਲ ਨਾਲ ਉਹਨੂੰ ਜਾਣ ਵਾਸਤੇ ਤਿਆਰ ਕੀਤਾ ਗਿਆ, ਪਰ ਜਦੋਂ ਉਹ ਤਿਆਰ ਹੋਇਆ ਤਾਂ ਉਜਾਗਰ ਸਿੰਘ ਸੁਰਜੀਤ ਸਿੰਘ ਤੇ ਏਥੋਂ ਤਕ ਕਿ ਬਾਲਕ ਛਤਿਹ ਸਿੰਘ

Scanned by CamScanner

ਵਿਚੋਂ ਵੀ ਕੋਈ ਜਾਣ ਨੂੰ ਨਾ ਮੰਨੇ। ਅੰਤ ਸਿਰਫ਼ ਸੁਰਜੀਤ ਤੇ ਛਤਿਹ ਸਿੰਘ ਹੀ ਗਏ। ਉਹਨਾਂ ਦੀਆਂ ਉਮਰਾਂ ਲੜਾਈ ਵਾਸਤੇ ਬੜੀਆਂ ਨਿੱਕੀਆਂ ਸਨ।

ਛਤਿਹ ਸਿੰਘ ਹੱਥ ਅਜੀਤ ਨੇ ਗੁਰਸ਼ਰਨ ਨੂੰ ਇਕ ਚਿੱਠੀ ਭੇਜੀ। ਇਕ ਖ਼ਾਸ ਤਰੀਕੇ ਨਾਲ ਲਿਖੀਆਂ ਸਤਰਾਂ ਵੇਖ ਕੇ ਛਤਿਰ ਸਿੰਘ ਨੇ ਪੁੱਛਿਆ : "ਭਾਊ, ਇਹ ਕਿਵੇਂ ਲਿਖੀ ਆ ਚਿੱਠੀ ?"

"ਇਹ ਇਕ ਕਵਿਤਾ ਹੈ, ਛਤਿਹ ਸਿੰਘ। ਭਾਬੋ ਨੂੰ ਆਖੀਂ ਕਿ ਇਹ ਪੜ੍ਹ ਕੇ ਹੱਸੇ ਨਾ।"

ਮਾਂ ਵਾਸਤੇ, ਬਾਪੂ ਹੱਥ, ਉਸ ਇਕ ਸਲੀਪਰਾਂ ਦਾ ਜੋੜਾ ਭੇਜਿਆ। "ਇਹ ਵਲਾਇਤੀ ਸਲੀਪਰ ਮੈਂ ਮੁਲਤਾਨੋਂ ਖ਼ਰੀਦੇ ਸਨ ਬੇਬੇ ਵਾਸਤੇ।"

ਪਿਤਾ ਨੂੰ ਉਸ ਇਕ ਵਲਾਇਤੀ ਕਿਰਚ ਦਿਤੀ। ਇਹ ਰਾਮ ਨਗਰ ਵਿਚ ਬਾਕੀ ਅੰਗਰੇਜ਼ੀ ਸਾਜ਼ ਸਾਮਾਨ ਨਾਲ ਖ਼ਾਲਸੇ ਦੇ ਹੱਥ ਆਈ ਸੀ। "ਇਹ ਕਿਰਚ ਬਾਪੂ ਰਾਮ ਨਗਰ ਦੀ ਲੜਾਈ ਪਿਛੋਂ ਰਾਜਾ ਸਾਹਿਬ ਨੇ ਮੈਨੂੰ ਇਨਾਮ ਵਜੋਂ ਦਿਤੀ ਹੈ...।" ਉਸ ਦਸਿਆ।

ਗੁਰਪਾਲ ਚਲਾ ਗਿਆ ਤੇ ਬਚਨ ਦੇ ਗਿਆ ਕਿ ਉਹ ਹਰ ਤੀਜੇ ਚੌਥੇ ਦਿਨ ਤਿੰਨ ਚਾਰ ਗੱਡੇ ਅਨਾਜ ਦੇ ਕੈਂਪ ਵਿਚ ਭਿਜਵਾਣ ਦਾ ਪ੍ਰਬੰਧ ਕਰੇਗਾ।

"ਅਨਾਜ਼ ਦੀ ਬੁੜ ਸੈਨਾ ਉੱਤੇ ਭਾਰੂ ਹੋ ਰਹੀ ਹੈ", ਉਸ ਸ਼ੇਰ ਸਿੰਘ ਨੂੰ ਕਿਹਾ, "ਅਸੀਂ ਪਿੰਡਾਂ ਵਿਚ ਰੁੱਖੀ ਮਿੱਸੀ ਖਾ ਕੇ ਜਾਂ ਭੁੱਖੇ ਰਹਿ ਕੇ ਗੁਜ਼ਾਰਾ ਕਰ ਸਕਦੇ ਹਾਂ ਪਰ ਤੁਸੀਂ ਨਹੀਂ। ਮੈਂ ਆਪਣਾ ਸਾਰਾ ਤਾਣ ਲਾ ਕੇ ਅਨਾਜ ਦੇ ਪ੍ਰਬੰਧ ਵਾਸਤੇ ਇਕ ਅੰਦੋਲਨ ਸ਼ੁਰੂ ਕਰਾਂਗਾ। ਪਰ ਕਾਸ਼ ! ਜੇ ਇਹ ਲੜਾਈ ਕਦੀ ਮਾਝੇ ਜਾਂ ਦੁਆਬੇ ਵਿਚ ਲੜੀ ਜਾ ਰਹੀ ਹੁੰਦੀ...।"

"ਕਾਸ਼ !" ਸ਼ੇਰ ਸਿੰਘ ਸਹਿਮਤ ਸੀ।

੧੭੪

ਸੈਦੁਲਾਪੁਰ ਦੀ ਮੁਠ ਭੇੜ ਤੋਂ ਲੈ ਕੇ ਚਿਲਿਆਂਵਾਲੇ ਦੀ ਲੜਾਈ ਤਕ ਅੰਗਰੇਜ਼ੀ ਸਿਪਾਹੀਆਂ, ਅਫ਼ਸਰਾਂ, ਜਰਨੈਲਾਂ ਤੇ ਏਥੋਂ ਤਕ ਕਿ ਸੈਨਾਪਤੀ ਤੇ ਗਵਰਨਰ ਜਨਰਲ ਦੀ ਹਾਲਤ ਵੀ ਤਰਸ ਯੋਗ ਗਿਣੀ ਜਾ ਸਕਦੀ ਸੀ। ਇਹਨਾਂ ਦਿਨਾਂ ਵਿਚ ਹੀ ਉਹ ਨਹੀਂ ਸਨ ਜਾਣਦੇ ਕਿ ਉਹ ਕੀ ਕਰ ਰਹੇ ਹਨ ਜਾਂ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ। ਉਹਨਾਂ ਝਨਾਂ ਪਾਰ ਕਰ ਲਿਆ ਸੀ। ਗੌਡਬੀ ਦੀ ਬਰਿਗੇਡ ਨੂੰ ਨਾਲ ਲੈ ਕੇ ਜਰਨੈਲ ਥੈਕਵੈੱਲ ਸ਼ੇਰ ਸਿੰਘ ਦਾ ਪਿੱਛਾ ਵੀ ਕਰ ਰਿਹਾ ਸੀ, ਪਰ ਉਹ ਨਹੀਂ ਸੀ ਜਾਣਦਾ ਕਿ ਸ਼ੇਰ ਸਿੰਘ ਹੈ ਕਿਥੇ ? ਪੰਜ ਦਸੰਬਰ ੧੮੪੮ ਨੂੰ ਉਹ ਇਕ ਪਿੰਡ ਹੈਲੇ ਕੋਲ ਪਹੁੰਚਿਆ। ਉੱਥੋਂ, ਚਿਲਿਆਂ ਵਾਲੇ ਵਿਚ ਸ਼ੇਰ ਸਿੰਘ ਦਾ ਬਚਾਅ ਥਿਤ ਸਿਰਫ਼ ਦਸ ਮੀਲ ਦੂਰ ਸੀ, ਪਰ ਥੈਕਵੈੱਲ ਫਿਰ ਵੀ ਸ਼ੇਰ ਸਿੰਘ ਬਾਰੇ ਬਹੁਤਾ ਕੁਝ ਨਾ ਜਾਣ ਸਕਿਆ।

ਇਕ ਤਾਂ ਉਹਦੇ ਆਪਣੇ ਸੰਤਰੀ ਤੇ ਸਕਾਊਟ ਹੀ ਨਿਕੰਮੇ ਹੋਣਗੇ ਤੇ ਦੂਜਾ, ਅਜੇ ਤਕ ਵੀ ਏਸ ਇਲਾਕੇ ਵਿਚ ਸਿੱਖਾਂ ਦਾ ਐਨਾ ਆਦਰ ਤੇ ਅੰਗਰੇਜ਼ਾਂ ਵਿਰੁੱਧ ਐਨਾ ਜਜ਼ਬਾ ਸੀ ਕਿ ਗੋਰਿਆਂ ਨੂੰ ਸੱਚੀਆਂ ਖ਼ਬਰਾਂ ਨਹੀਂ ਸਨ ਮਿਲਦੀਆਂ। ਕਈਆਂ ਵਾਸੀਆਂ ਨੇ ਝੂਠੀਆਂ ਖ਼ਬਰਾਂ ਦੇਂਦੇ ਹੋਏ ਏਥੋਂ ਤਕ ਕਿਹਾ ਕਿ ਸ਼ੇਰ ਸਿੰਘ ਝਾਂ ਜਿਹਲਮ ਵੀ ਪਾਰ

Scanned by CamScanner

ਕਰ ਚੁੱਕਾ ਹੈ। ਇਹੋ ਖ਼ਬਰ ਬੈਕਵੈੱਲ ਨੇ ਗਫ਼ ਨੂੰ ਭੇਜੀ ਤੇ ਗਫ਼ ਨੇ, ਸੈਦੁਲਾਪੁਰ ਬਾਰੇ ਭੇਜੀ ਆਪਣੀ ਰਿਪੋਰਟ ਦੀ ਦ੍ਰਿੜ੍ਹਤਾ ਵਿਚ, ਡਲਹੌਜ਼ੀ ਨੂੰ।

ਅਠਾਰਾਂ ਦਸੰਬਰ ੧੮੪੮ ਨੂੰ ਚਨਾਬ ਉੱਤੇ, ਬੇੜੀਆਂ ਦਾ ਪੁਲ ਤਿਆਰ ਹੋ ਗਿਆ, ਤੇ ਗਫ਼ ਨੇ, ਰਹਿੰਦੀ ਸੈਨਾ ਨਾਲ, ਦਰਿਆ ਪਾਰ ਕੀਤਾ। ਸ਼ੇਰ ਸਿੰਘ ਨੂੰ, ਅੰਗਰੇਜ਼ੀ ਤੌਰ-ਫੇਰ ਦੀ ਚੰਗੀ ਖ਼ਬਰ ਸੀ ਤੇ ਉਸ ਵੇਲੇ ਆਪਣੀ ਸੈਨਾ ਦਾ ਇਕ ਦਸਤਾ ਵਜ਼ੀਰਾਬਾਦ ਪੱਤਣ ਉੱਤੇ ਕਬਜ਼ੇ ਦੇ ਭਰਾਵੇ ਲਈ ਭੇਜਿਆ। ਗਫ਼ ਐਨਾ ਡਰਿਆ ਕਿ ਉਸ ਉਸੇ ਵੇਲੇ ਗੁਜਰਾਤ ਵਲ ਪਸਪਾਈ ਦਾ ਇਰਾਦਾ ਕੀਤਾ ਤੇ ਜੇ ਕੁਝ ਅਫ਼ਸਰ ਇਸ ਦੇ ਉਲਟ ਸਲਾਹ ਨਾ ਦੇਂਦੇ ਤਾਂ ਉਹ ਜ਼ਰੂਰ ਪਿੱਛੇ ਹੱਟ ਜਾਂਦਾ।

ਅਸਲ ਵਿਚ ਹੁਣ ਗਫ਼ ਤੇ ਡਲਹੌਜ਼ੀ ਦਾ ਵਿਚਾਰ ਸੀ ਕਿ ਸ਼ੇਰ ਸਿੰਘ ਉੱਤੇ ਹੱਲਾ, ਮੁਲਤਾਨ ਦੀ ਫ਼ਤਿਹ ਤਕ, ਮੁਲਤਵੀ ਕਰ ਦਿੱਤਾ ਜਾਏ। ਯੁਧ ਕਲਾ ਦੇ ਪੱਖੋਂ, ਜੇ ਵੇਖਿਆ ਜਾਏ, ਤਾਂ ਇਹ ਹਾਲਾਤ ਖ਼ਤਰਨਾਕ ਸਨ। ਜੇ ਉਹਨਾਂ ਨੇ ਮੁਲਤਾਨ ਦੀ ਫ਼ਤਿਹ ਦੀ ਉਡੀਕ ਹੀ ਕਰਨੀ ਸੀ ਤਾਂ ਏਨਾਂ ਪਾਰ ਕਰਨਾ ਬੇਮਾਅਨੀ ਹੋ ਜਾਂਦਾ ਹੈ। ਹੁਣ ਉਹ ਏਨਾਂ ਤੇ ਜਿਹਲਮ ਦੇ ਵਿਚਕਾਰ ਸਨ। ਕੋਈ ਚੰਗੀ ਬਚਾਅ ਥਿਤ ਉਹਨਾਂ ਪਾਸ ਨਹੀਂ ਸੀ। ਜੇ ਸ਼ੇਰ ਸਿੰਘ ਉਸ ਵੇਲੇ ਉਹਨਾਂ ਉੱਤੇ ਹਮਲਾ ਬੋਲ ਦੇਂਦਾ ਤਾਂ ਲਾਚਾਰ ਉਹਨਾਂ ਨੂੰ ਭਜਣਾ ਪੈਣਾ ਸੀ। ਇਸ ਹਮਲੇ ਦੇ ਨਾਲ ਜੇ ਉਹ ਵਜ਼ੀਰਾਬਾਦ ਦੇ ਪੱਤਣ ਉੱਤੇ ਦ੍ਰਿੜ੍ਹਤਾ ਨਾਲ ਕਬਜ਼ਾ ਵੀ ਕਰ ਲੈਂਦਾ ਤਾਂ ਗਫ਼ ਤੇ ਉਹਦੀ ਸੈਨਾ ਉੱਤੇ ਬੜੀ ਮੁਸ਼ਕਲ ਪੈਂਦੀ। ਅੰਗਰੇਜ਼ੀ ਕਮਾਨ ਦੀ ਖ਼ੁਸ਼ਕਿਸਮਤੀ ਸੀ ਤੇ ਸ਼ੇਰ ਸਿੰਘ ਤੇ ਪੰਜਾਬੀ ਤਾਂਘਾਂ ਦੀ ਬਦਕਿਸਮਤੀ ਕਿ ਇਹਨਾਂ ਦਿਨਾਂ ਵਿਚ ਸ਼ੇਰ ਸਿੰਘ ਨੇ ਸਿਰਫ਼ ਆਪਣੀ ਬਚਾਅ-ਥਿਤ ਨੂੰ ਮਜ਼ਬੂਤ ਬਣਾਉਣ ਵਾਸਤੇ ਸੋਚਿਆ, ਅੱਗੇ ਵਧ ਕੇ ਜਿੱਤ ਨੂੰ ਖੱਸਣ ਬਾਰੇ ਨਹੀਂ। ਜਿੱਤ ਜਿਹੜੀ ਕਿ ਬਿਲਕੁਲ ਉਹਦੀ ਪਹੁੰਚ ਵਿਚ ਸੀ।

ਡਲਹੌਜ਼ੀ ਦੀ ਸ਼ਹਿ ਉੱਤੇ ਗਫ਼ ਨਿਚੱਲਾ ਬੈਠਾ ਰਿਹਾ, ਪਰ ਸ਼ੁਰੂ ਜਨਵਰੀ ੧੮੪੯ ਵਿਚ ਖ਼ਬਰ ਪੁੱਜੀ ਕਿ ਅਟਕ ਦਾ ਕਿਲ੍ਹਾ ਚਤਰ ਸਿੰਘ ਦੇ ਕਬਜ਼ੇ ਵਿਚ ਆ ਗਿਆ ਹੈ ਤੇ ਹੁਣ ਜਲਦੀ ਹੀ ਉਹ ਸ਼ੇਰ ਸਿੰਘ ਨਾਲ ਆ ਮਿਲੇਗਾ। ਇਸ ਤੋਂ ਇਲਾਵਾ ਇਹ ਵੀ ਖ਼ਬਰ ਪੁੱਜੀ ਕਿ ਦੋਸਤ ਮੁਹੰਮਦ ਖ਼ਾਨ ਦਾ ਭਰਾ, ਪਠਾਣਾਂ ਦਾ ਖ਼ਾਸਾ ਦਸਤਾ ਲੈ ਕੇ, ਚਤਰ ਸਿੰਘ ਨਾਲ ਆ ਮਿਲਿਆ ਹੈ। ਇਹ ਖ਼ਬਰ ਸੁਣ ਕੇ ਅੰਗਰੇਜ਼ੀ ਕਮਾਨ ਨੂੰ ਪਿੱਸੂ ਪਏ ਤੇ ਡਲਹੌਜ਼ੀ ਨੇ ਗਫ਼ ਨੂੰ ਜਲਦੀ ਤੋਂ ਜਲਦੀ ਸ਼ੇਰ ਸਿੰਘ ਉੱਤੇ ਹਮਲਾ ਕਰਨ ਦਾ ਹੁਕਮ ਦਿੱਤਾ। ਗਫ਼ ਵੀ ਸੋਚਣ ਲਗਾ ਕਿ ਜੇ ਚਤਰ ਸਿੰਘ ਆਪਣੀ ਸੈਨਾ ਤੇ ਪਠਾਣਾਂ ਨਾਲ ਸ਼ੇਰ ਸਿੰਘ ਨੂੰ ਆ ਮਿਲਿਆ ਤਾਂ ਉਹਦੀ ਜਿੱਤ ਨਾਮੁਮਕਿਨ ਹੋ ਜਾਏਗੀ। ਹੈਲੇ ਪਿੰਡ ਵਿਚੋਂ ਕੈਂਪ ਤੋੜ ਕੇ ਇਸ ਲਈ ਸੈਨਾਪਤੀ ਅੱਗੇ ਵਧਿਆ ਤੇ ਡਿੰਗੇ ਪਹੁੰਚਿਆ। ਤੇ ਏਥੇ ਆ ਕੇ ਹੀ ਉਹਨੂੰ ਅਸਲੀ ਸਿੱਖ ਬਚਾਅ-ਥਿਤ ਦਾ ਪਤਾ ਲੱਗਾ। ਇਹ ਦਸ ਜਨਵਰੀ ੧੮੪੯ ਦੀ ਗੱਲ ਹੈ।

ਉਸੇ ਦਿਨ ਉਸ ਸਿੱਖ ਬਚਾਅ-ਥਿਤ ਦਾ ਪੂਰਾ ਪਤਾ ਲਾਉਣ ਵਾਸਤੇ ਸੂਹੇ ਭੇਜੇ ਤੇ ਅੰਤ ਬਾਅ ਨੂੰ ਆਪਣੇ ਚੀਦਾ ਚੀਦਾ ਅਫ਼ਸਰਾਂ ਦੀ ਇਕੱਤਰਤਾ ਕੀਤੀ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਗਫ਼ ਵਾਂਗ ਉਹਦੇ ਬਹੁਤੇ ਜਰਨੈਲ ਵੀ ਕਿਸੇ ਖ਼ਾਸ ਯੋਗਤਾ ਦੇ ਮਾਲਿਕ ਨਹੀਂ ਸਨ। ਕਿਸੇ ਨੂੰ ਕੋਈ ਖ਼ਾਸ ਸੁਝਾਅ ਨਾ ਲੱਭੇ। ਅੰਤ ਇਕ ਮੇਜਰ ਡੀਓਰੈਂਡ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਆਉਂਦੀ ਲੜਾਈ ਦੀ ਸਭ ਤੋਂ ਚੰਗੀ ਪਲੈਨ ਰਸੂਲ ਉੱਤੇ ਭਾਰੀ ਫ਼ੌਜ ਨਾਲ ਹਮਲਾ ਕਰਨਾ ਹੋਵੇਗਾ। ਇਹਦੀ ਪੁੜਤਾ ਵਿਚ ਦੋ ਵੱਡੀਆਂ ਦਲੀਲਾਂ ਸਨ। ਇਕ, ਕਿ ਡਿੰਗੇ ਤੋਂ ਇਕ ਸਿੱਧੀ ਸੜਕ ਰਸੂਲ ਜਾਂਦੀ ਹੈ ਤੇ ਇਸ ਸੜਕ ਦੇ ਆਸੇ ਪਾਸੇ ਇਲਾਕਾ ਕਿਸੇ ਹੱਦ ਤਕ ਖੁਲ੍ਹਾ ਤੇ ਪੱਧਰਾ ਹੈ ਤੇ ਦੂਜੀ ਦਲੀਲ ਇਹ ਸੀ ਕਿ ਰਸੂਲ ਵਿਚ ਸਿੱਖਾਂ ਦੀ ਤਾਕਤ ਉਹਨਾਂ ਦੇ ਮੱਧ ਤੇ ਸੱਜੇ ਨਾਲੋਂ ਘੱਟ ਜਾਪਦੀ ਹੈ।

ਰਸੂਲ ਫ਼ਤਿਹ ਕਰਕੇ, ਉਸ ਕਿਹਾ, ਕਿ ਅੰਗਰੇਜ਼ੀ ਸੈਨਾ ਨੂੰ ਖੱਬੇ ਹੱਥ ਘੁੰਮਣਾ ਚਾਹੀਦਾ ਹੈ ਤੇ ਲਾਲੀਆਂ ਵਾਲਾ ਫ਼ਤਿਹ ਕਰਦਿਆਂ ਸਿੱਖ ਮਧ ਤੇ ਸੱਜੇ ਨੂੰ ਚੱਕ ਫ਼ਤਿਹ ਸ਼ਾਹ ਵੱਲ ਧੱਕ ਦੇਣਾ ਚਾਹੀਦਾ ਹੈ। ਏਥੇ ਪੁੱਜ ਕੇ ਸ਼ੇਰ ਸਿੰਘ ਦੀ ਹਾਲਤ ਖ਼ਤਰਨਾਕ ਹੋ ਜਾਏਗੀ ਕਿਉਂਕਿ ਜਿਹਲਮ ਪਾਰ ਕਰਨ ਵਾਸਤੇ ਇਸ ਇਲਾਕੇ ਵਿਚ ਕੋਈ ਪੱਤਣ ਨਹੀਂ ਤੇ ਜਿਹਲਮ ਦਰਿਆ ਨਾਲ ਮਿਲਦੀਆਂ ਛੋਟੀਆਂ ਨਦੀਆਂ ਉਹਦੀ ਕਿਸੇ ਹੋਰ ਥਾਂ ਵਲ ਕੀਤੀ ਪਸਪਾਈ ਵਿਚ ਵੀ ਔਕੜਾਂ ਖੜੀਆਂ ਕਰਨਗੀਆਂ।

Scanned by CamScanner

ਮੇਜਰ ਡੀਉਰੈਂਡ ਦੀ ਇਹ ਪਲੈਨ ਉਚ ਪਾਏ ਦੀ ਸੀ। ਯੁਧ ਇਤਿਹਾਸ ਵਿਚ, ਇਸ ਤੋਂ ਪਹਿਲੇ; ਸੀਜ਼ਰ, ਮਹਾਨ ਫ਼ਰੈਡਰੱਕ ਤੇ ਨੈਪੋਲੀਅਨ ਇਹੋ ਜਿਹੀਆਂ ਪਲੈਨਾਂ ਨਾਲ ਆਪਣੇ ਦੁਸ਼ਮਣਾਂ ਨੂੰ ਹਰਾਣ ਵਿਚ ਸਫ਼ਲ ਹੋਏ ਸਨ। ਅੱਜ ਗਫ਼ ਨੇ ਵੀ ਇਹ ਪਲੈਨ ਅਪਨਾ ਲਈ। ਫ਼ੈਸਲਾ ਹੋਇਆ ਕਿ ਜਰਨੈਲ ਗਿਲਬਰਟ, ਆਪਣੇ ਡਵੀਯਨ ਨਾਲ, ਰਸੂਲ ਕੋਲ ਦੁਸ਼ਮਣ ਉੱਤੇ ਜਾ ਪਏ ਤੇ ਸਾਰੇ ਦਾ ਸਾਰਾ ਤੋਪਖ਼ਾਨਾ ਉਹਦੀ ਸਹਾਇਤਾ ਵਜੋਂ ਸਿੱਖਾਂ ਦੇ ਮਧ ਨੂੰ ਰੁਝਾਈ ਰਖੇ। ਜਦੋਂ ਗਿਲਬਰਟ ਆਪਣੇ ਨਿਸ਼ਾਨੇ ਵਿਚ ਸਫ਼ਲ ਹੋ ਜਾਏ ਤਾਂ ਕੈਂਪਬੈਲ, ਆਪਣੇ ਡਵੀਯਨ ਨਾਲ, ਤੇ ਗਿਲਬਰਟ ਨਾਲ ਮਿਲ ਕੇ ਦੁਸ਼ਮਣ ਦੀ ਥਿਤ ਨੂੰ ਬਿਸਤਰੇ ਵਾਂਗ ਗੋਲ ਕਰ ਦੇਵੇ।

ਤੇਰਾਂ ਜਨਵਰੀ, ੧੮੪੯ ਦੀ ਸਵੇਰ, ਉਪ੍ਰੋਕਤ ਪਲੈਨ ਨੂੰ ਸਾਹਮਣੇ ਰਖਦਿਆਂ, ਗਫ਼ ਆਪਣੀ ਸੈਨਾ ਲੈ ਕੇ ਚਿਲਿਆਂਵਾਲੇ ਵਲ ਟੁਰ ਪਿਆ।

ਤੇਰਾਂ ਜਨਵਰੀ, ੧੮੪੯ ਦਾ ਇਹ ਦਿਨ ਭਾਰਤੀ ਇਤਿਹਾਸ ਵਿਚ ਇਕ ਅਤਿ ਮਾਨਨੀਯ ਤੇ ਆਦਰਯੋਗ ਦਿਨ ਹੈ। ਉਸ ਦਿਨ ਭਾਰਤ ਦੇ ਇਕ ਸਪੁੱਤਰ ਨੇ ਭਾਰਤ ਦੀ ਪੁਰਾਤਨ ਯੁਧ ਕਲਾ ਦੀ ਮਹਾਨਤਾ ਨੂੰ ਵਰਤਮਾਨ ਸਮੇਂ ਵਿਚ ਪ੍ਰਜਵਲਤ ਕਰ ਕੇ ਦੁਨੀਆਂ ਨੂੰ ਵਿਖਾਇਆ ਕਿ ਇਸ ਦੇਸ਼ ਵਿਚ ਅਜੇ ਤਕ ਪ੍ਰਤਿਭਾ, ਸੂਰਬੀਰਤਾ, ਸੂਝ ਤੇ ਮਹਾਨ ਬੀਰ ਰਸੀ ਗੁਣਾਂ ਦੀ ਘਾਟ ਨਹੀਂ। ਇਸ ਦਿਨ, ਆਪਣੇ ਯੁਧ-ਇਤਿਹਾਸ ਵਿਚ ਪਹਿਲੀ ਵਾਰ ਅੰਗਰੇਜ਼ਾਂ ਦਾ ਤੋਪਖ਼ਾਨਾ, ਰਸਾਲਾ ਤੇ ਸੰਗੀਨਾਂ ਨਾਲ ਮੁਸੱਲਾ ਪਿਆਦਾ, ਵਾਰੋ ਵਾਰ ਆਪਣੇ ਨਿਸ਼ਾਨਿਆਂ ਵਿਚ ਅਸਫ਼ਲ ਰਿਹਾ। ਅਜੇ ਤਕ ਕਦੀ ਅੰਗਰੇਜ਼ ਜਰਨੈਲਾਂ ਤੇ ਅੰਗਰੇਜ਼ ਸਿਪਾਹੀਆਂ ਦੀ ਐਡੀ ਦੁਰਗਤੀ ਨਹੀਂ ਸੀ ਹੋਈ।

ਗਫ਼ ਨਾਲ ਟੁਰਨ ਵਾਲੇ ਕਈ ਅਫ਼ਸਰ ਲਿਖਦੇ ਹਨ ਕਿ ਇਸ ਦਿਨ ਅਸਮਾਨ ਨਿਰਮਲ ਸੀ। ਰਾਤ ਦਾ ਪਾਲਾ ਧੁਪ ਦੇ ਨਿਕਲਣ ਨਾਲ ਹੌਲੀ ਹੌਲੀ ਘਟ ਰਿਹਾ ਸੀ। ਧੂੜ ਤੇ ਘੱਟਾ ਜ਼ਰੂਰ ਸੀ, ਪਰ ਬਹੁਤੀ ਨਹੀਂ। ਦੋ ਦਿਨ ਪਹਿਲੇ ਮੀਂਹ ਦੇ ਇਕ ਛੱਟੇ ਨੇ ਧੂੜ ਬਿਠਾ ਦਿੱਤੀ ਸੀ। ਗੋਰਾ ਸਿਪਾਹੀਆਂ ਵਾਸਤੇ ਸਰਦੀਆਂ ਦੇ ਦਿਨ ਦੀ, ਅਜਿਹੀ ਠੰਡ ਬੜੀ ਲੁਭਾਇਮਾਨ ਹੈ। ਠੰਡੇ ਮੁਲਕ ਦੇ ਰਹਿਣ ਵਾਲੇ ਇਹ ਸਿਪਾਹੀ, ਇਹੋ ਜਿਹੀ ਠੰਡ ਵਿਚ ਲੜਨਾ ਗ਼ਨੀਮਤ ਸਮਝਦੇ ਹਨ। ਜਿਸ ਤਰ੍ਹਾਂ ਦਾ ਇਹ ਦਿਨ ਚਾਹੁੰਦੇ ਸਨ ਉਸੇ ਤਰ੍ਹਾਂ ਦਾ ਹੀ ਇਹ ਦਿਨ ਸੀ।

ਵੀਹ ਬਾਈ ਹਜ਼ਾਰ ਦੀ ਗੋਰਾ ਸੈਨਾ ਅਗੇ ਵਧੀ। ਸਾਰੀ ਸੈਨਾ ਸਵੈ-ਵਿਸ਼ਵਾਸ ਤੇ ਜਿੱਤ ਦੀ ਲਾਲਸਾ ਨਾਲ ਖਿੜੀ ਹੋਈ ਸੀ, ਪਰ ਆਪ ਸੈਨਾਪਤੀ ਗਫ਼ ਐਡਾ ਆਸ਼ਾਜਨਕ ਨਹੀਂ ਸੀ। ਉਹ ਸਿੱਖਾਂ ਨੂੰ ਆਪਣੇ ਤੋਂ ਦੁਗਣੀ ਗਿਣਤੀ ਵਿਚ ਮਿਥਦਾ ਤੇ ਜਾਂ ਇਉਂ ਮਿਥਣ ਦਾ ਬਹਾਨਾ ਕਰਦਾ। ਵੇਖਿਆ ਗਿਆ ਹੈ ਕਿ ਅੰਗਰੇਜ਼ੀ ਅਫ਼ਸਰ ਦੁਸ਼ਮਣ ਦੀ ਗਿਣਤੀ ਨੂੰ ਵਧਾ ਕੇ ਦੱਸਣ ਦੇ ਬੜੇ ਸ਼ੌਕੀਨ ਹਨ। ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਵਿਚ ਵੀ, ਇਹਨਾਂ ਇਸ ਤਰ੍ਹਾਂ ਹੀ ਕੀਤਾ ਤੇ ਅੱਜ ਵੀ ਇਹ ਬਾਈ ਹਜ਼ਾਰ ਦੁਸ਼ਮਣ ਨੂੰ ਚਾਲ੍ਹੀ ਹਜ਼ਾਰ ਦੇ ਕਰੀਬ ਗਿਣ ਰਹੇ ਸਨ। ਸ਼ਾਇਦ ਗਫ਼ ਨੂੰ ਸਿੱਖਾਂ ਦੀ ਸਹੀ ਗਿਣਤੀ ਦਾ ਪਤਾ ਸੀ। ਸ਼ਾਇਦ ਉਹਦਾ ਭਾਵ ਆਪਣੇ ਅਫ਼ਸਰਾਂ, ਗਵਰਨਰ ਜਨਰਲ ਤੇ ਅੰਗਰੇਜ਼ੀ ਲੋਕ ਸਭਾ ਨੂੰ ਧੋਖਾ ਦੇਣ ਦਾ ਸੀ। ਜਾਂ ਸ਼ਾਇਦ ਉਹ ਸ਼ੇਰ ਸਿੰਘ ਦੀ ਉਚੇਰੀ ਸਿਆਣਪ ਤੇ ਪ੍ਰਤਿਭਾ ਤੋਂ ਡਰ ਰਿਹਾ ਸੀ।

ਦਸ ਵਜੇ ਗਫ਼ ਨੂੰ ਖ਼ਬਰ ਮਿਲੀ ਕਿ ਦੁਸ਼ਮਣ ਰਸੂਲ, ਲਾਲੀਆਂ ਵਾਲਾ ਤੇ ਚੱਕ ਫ਼ਤਿਹ ਸ਼ਾਹ ਤੇ ਲਖਨਾਵਾਲੇ ਵਲੋਂ ਉਤਰ ਕੇ ਚਿਲਿਆਂਵਾਲਾ ਤੋਂ ਥੋੜਾ ਉੱਤਰ ਵਲ ਮੋਰਚੇ ਮੱਲ ਰਿਹਾ ਹੈ। ਇਹ ਸ਼ੇਰ ਸਿੰਘ ਦੇ ਜੰਗੀ ਮੋਰਚੇ ਸਨ ਤੇ ਜਦੋਂ ਉਹਨੇ ਗਫ਼ ਦੇ ਆਉਣ ਦੀ ਖ਼ਬਰ ਸੁਣੀ ਤਾਂ ਉਹਨੇ ਆਪਣੀ ਸੈਨਾ ਨੂੰ ਇਹ ਮੋਰਚੇ ਮੱਲਣ ਦਾ ਹੁਕਮ ਦਿਤਾ।

ਗਫ਼ ਆਪਣੀਆਂ ਪਲੈਨਾਂ ਅਨੁਸਾਰ ਅਗੇ ਵਧਦਾ ਗਿਆ, ਪਰ ਥੋੜੀ ਦੂਰ ਵਧਣ ਪਿਛੋਂ ਉਹਨੂੰ ਖ਼ਿਆਲ ਆਇਆ ਕਿ ਜੇ, ਉਹਦੇ ਰਸੂਲ ਵਿਚ ਲੜਾਈ ਕਰਨ ਵਾਲੇ ਦੁਸ਼ਮਣ ਨੇ ਚਿਲਿਆਂਵਾਲੇ ਵਲੋਂ ਉਹਦੀ ਖੱਬੀ ਵੱਖੀ ਉੱਤੇ ਹਮਲਾ ਕਰ ਦਿਤਾ ਤਾਂ ਫਿਰ ਕੀ ਬਣੇਗਾ ? ਹਾਲਤ ਖ਼ਤਰਨਾਕ ਹੋ ਜਾਵੇਗੀ।

ਪਹਿਲੇ ਇਹ ਸ਼ੈ ਇਕ ਖ਼ਿਆਲ ਵਾਂਗ ਉਹਦੇ ਮਨ ਵਿਚ ਆਈ। ਫਿਰ ਖ਼ਿਆਲ ਸ਼ੰਕੇ ਦੀ ਸ਼ਕਲ ਵਿਚ ਸਾਹਮਣੇ ਆਇਆ। ਸ਼ੰਕਾ ਡਰ ਵਿਚ ਵਟਿਆ ਤੇ ਅੰਤ ਡਰ ਇਕ ਹਊਏ ਵਾਂਗ ਉਹਦੇ ਮਨ ਨੂੰ ਖਾਣ ਲਗਾ। ਉਹਦੀਆਂ ਅੱਖਾਂ ਸਾਹਮਣੇ ਉਹ ਸਮਾਂ, ਜਦੋਂ ਕਿ ਉਹਦੀ ਸੈਨਾ ਦੀ ਵੱਖੀ ਉੱਤੇ ਸਿੱਖ ਮਾਰੂ ਹੱਲਾ ਬੋਲ ਰਹੇ ਹੋਣਗੇ, ਇਕ ਭਿਆਨਕ ਹਊਏ ਦੇ ਆਕਾਰ ਵਾਂਗ ਹੀ ਵੱਡਾ ਹੁੰਦਾ ਗਿਆ।

Scanned by CamScanner

ਉਹ ਆਪਣੀ ਸੈਨਾ ਨੂੰ ਰੋਕਣ ਹੀ ਵਾਲਾ ਸੀ ਕਿ ਕਿਸੇ ਨੇ ਨਵੀਂ ਖ਼ਬਰ ਪਹੁੰਚਾਈ। ਗੱਫ਼ ਨੂੰ ਦੱਸਿਆ ਗਿਆ ਕਿ ਸਿੰਘਾਂ ਦੀ ਇਕ ਭਾਰੀ ਟੋਲੀ ਚਿਲਿਆਂਵਾਲੇ ਦੇ ਵੀ ਦੱਖਣ ਵਿਚ ਆ ਕੇ ਇਕ ਉੱਚੀ ਟੇਕਰੀ ਉੱਤੇ ਕਾਬਜ਼ ਹੋ ਗਈ ਹੈ। ਗਫ਼ ਨੂੰ ਰਸੂਲ ਵਲ ਮਾਰਚ ਰੋਕਣ ਦਾ ਬਹਾਨਾ ਮਿਲ ਗਿਆ ਤੇ ਉਸ ਸਭ ਤੋਂ ਪਹਿਲੇ ਇਹ ਟੇਕਰੀ ਖ਼ਾਲੀ ਕਰਾਣ ਦਾ ਹੁਕਮ ਦਿਤਾ।

ਜਦੋਂ ਵੀ ਕਦੀ ਸੈਨਾਪਤੀ ਆਪਣੀ ਪਲੈਨ ਬਦਲੇ ਤਾਂ ਉਹਨੂੰ ਖ਼ਿਆਲ ਕਰਨਾ ਚਾਹੀਦਾ ਹੈ ਕਿ ਕੁਝ ਪਿੱਛੇ ਛਾਲਣ ਜ਼ਾਇਆ ਚਲੇ ਜਾਣੇ ਆਵਸ਼ਕ ਹਨ। ਅਚਾਨਕ ਘਟਨਾਵਾਂ ਨਾਲ ਸਿਝਣ ਵਾਸਤੇ ਸੈਨਾਪਤੀ ਕੋਲ ਹਮੇਸ਼ਾ ਕੁਝ ਨਾ ਕੁਝ ਰਾਖਵੀਂ ਸੈਨਾ ਹੋਣੀ ਚਾਹੀਦੀ ਹੈ। ਅੱਜ ਗਫ਼ ਨੂੰ ਵੀ ਚਿਲਿਆਂਵਾਲੇ ਦੇ ਦੱਖਣ ਵਿਚ ਟੇਕਰੀ ਨੂੰ ਖ਼ਾਲੀ ਕਰਾਣ ਵਾਸਤੇ ਆਪਣੀ ਰਾਖਵੀਂ ਸੈਨਾ, ਜਿਹੜੀ ਕੈਂਪਬਲ ਥੱਲੇ ਪਹਿਲੇ ਹੀ ਨਿਯਤ ਸੀ, ਵਰਤਣੀ ਚਾਹੀਦੀ ਸੀ ਤੇ ਉਧਰ ਸਮੁੱਚੀ ਪਲੈਨ ਦੀ ਤਕਮੀਲ ਵਾਸਤੇ ਚਾਲੂ ਹਰਕਤਾਂ ਨੂੰ ਜਾਰੀ ਰਖਣਾ ਚਾਹੀਦਾ ਸੀ। ਪਰ ਨਹੀਂ, ਉਹਨੇ ਗਿਲਬਰਟ ਦੇ ਡਵੀਯਨ ਦੀ ਚਾਲ ਨੂੰ ਰੋਕ ਕੇ ਇਹ ਟੇਕਰੀ ਖ਼ਾਲੀ ਕਰਾਣੀ ਚਾਹੀ।

ਪਰ ਦੁਸ਼ਮਣ ਦੀ ਸੈਨਾ ਪਹੁੰਚਣ ਤੋਂ ਪਹਿਲੇ ਹੀ ਸਿੱਖਾਂ ਨੇ ਇਹ ਟੇਕਰੀ ਖ਼ਾਲੀ ਕਰ ਦਿਤੀ। ਅੰਗਰੇਜ਼ਾਂ ਨੇ ਜਲਦੀ ਨਾਲ ਟੇਕਰੀ ਉੱਤੇ ਕਬਜ਼ਾ ਕਰ ਲਿਆ ਤੇ ਇਸ ਤੋਂ ਬਾਅਦ ਫਟਾ ਫਟ ਆਪ ਗਫ਼ ਇਸ ਟੇਕਰੀ ਉੱਤੇ ਪਹੁੰਚਿਆ।

ਗਫ਼ ਉੱਥੇ ਪਹੁੰਚਿਆ ਤੋ ਉਧਰੋਂ ਸ਼ੇਰ ਸਿੰਘ ਨੇ ਕੁਝ ਗੋਲੇ ਇਸ ਟੇਕਰੀ ਉੱਤੇ ਛਡ ਦਿਤੇ। ਬਸ ਫਿਰ ਕੀ ਸੀ ? ਗਫ਼ ਆਪਣੀ ਸਾਰੀ ਪਲੈਨ ਭੁੱਲ ਗਿਆ। ਉਸ ਹੁਕਮ ਦਿਤਾ ਕਿ ਰਸੂਲ ਦੀ ਸੜਕ ਛਡ ਕੇ ਸਾਰੀ ਸੈਨਾ ਸਿੱਖਾਂ ਦੇ ਮਧ ਦੇ ਸਨਮੁਖ ਪਾਲਾਂ ਵਿਚ ਜੁੜ ਜਾਏ। ਇਸ ਹੁਕਮ ਅਨੁਸਾਰ ਗਿਲਬਰਟ ਦੇ ਡਵੀਯਨ ਨੂੰ ਉੱਤਰ-ਪੂਰਬ ਦੀ ਬਜਾਏ ਸਿੱਧਾ ਉੱਤਰ ਵਲ ਮੂੰਹ ਭੁਆਣਾ ਪੈਣਾ ਸੀ ਤੇ ਕੈਂਪਬਲ ਦੇ ਰਾਖਵੇਂ ਡਵੀਯਨ ਨੂੰ ਦੋ ਤਿੰਨ ਮੀਲ ਲੰਮਾ ਪੈਂਡਾ ਤੈਅ ਕਰ ਕੇ ਗਿਲਬਰਟ ਦੇ ਖੱਬੇ ਆਉਣਾ ਪੈਣਾ ਸੀ। ਇਸ ਤਰ੍ਹਾਂ ਕਰਦਿਆਂ ਦੋ ਵਜ ਗਏ ਤੇ ਗਫ਼ ਨੇ ਮਨ ਹੀ ਮਨ ਸੋਚਿਆ ਕਿ ਅੱਜ ਲੜਾਈ ਨਹੀਂ ਹੋ ਸਕਦੀ। ਸ਼ਾਮ ਆਉਣ ਵਾਲੀ ਹੈ ਤੇ ਸੂਰਜ ਛਿਪੇ ਸਰਦੀ ਵਧ ਜਾਂਦੀ ਹੈ। ਉਹਨੂੰ ਫੇਰੂ ਸ਼ਹਿਰ ਦੇ ਮੈਦਾਨ ਵਿਚ ਬਿਤਾਈ ਸੀਤ ਰਾਤ ਅਜੇ ਤਕ ਯਾਦ ਸੀ ਤੇ ਉਹ ਸ਼ਾਮ ਵੇਲੇ ਕਦਾਚਿੱਤ ਲੜਨਾ ਨਹੀਂ ਸੀ ਚਾਹੁੰਦਾ। ਸੋ ਆਪਣੀ ਸੈਨਾ ਨੂੰ ਤਿੰਨ ਕੁ ਮੀਲ ਪਿਛੇ ਮੁੜ ਕੇ ਰਾਤ-ਬਸੇਰਾ ਕਰਨ ਦਾ ਹੁਕਮ ਦਿਤਾ।

ਜਦੋਂ ਸ਼ੇਰ ਸਿੰਘ ਨੇ ਵੇਖਿਆ ਕਿ ਗਫ਼ ਲੜਾਈ ਦੇ ਰਉਂ ਵਿਚ ਨਹੀਂ ਤਾਂ ਉਸ ਦੋ ਚਾਰ ਗੋਲੇ ਹੋਰ ਗਫ਼ ਵਾਲੀ ਟੇਕਰੀ ਤੇ ਮਾਰੇ...।

ਅਜ ਸ਼ੇਰ ਸਿੰਘ ਨੇ ਇਕ ਖਿਡਕਾਰ ਵਾਂਗ ਗਫ਼ ਦੀਆਂ ਪਲੈਨਾਂ ਨੂੰ ਭੰਗ ਕੀਤਾ ਸੀ। ਅਜ ਉਸ ਗਫ਼ ਦੀਆਂ ਸਾਰੀਆਂ ਚਾਤੀ ਕਮਜ਼ੋਰੀਆਂ ਨੂੰ ਸਾਹਮਣੇ ਰਖ ਕੇ ਉਹਨੂੰ ਇਕ ਬਾਂਦਰ ਵਾਂਗ ਨਚਾਇਆ ਸੀ। ਪਹਿਲੇ ਕਿਸੇ ਨਾ ਕੰਮ ਆਉਣ ਵਾਲੀ ਟੇਕਰੀ ਉੱਤੇ ਕਬਜ਼ਾ ਕਰ ਕੇ ਤੇ ਗਫ਼ ਨੂੰ ਇਹ ਦਰਸਾ ਕੇ ਉਹਦੀ ਖੱਬੀ ਵੱਖੀ ਖ਼ਾਲੀ ਹੈ, ਉਸ ਉਹਨੂੰ ਆਪਣੀ ਪਲੈਨ ਬਦਲਣ ਤੇ ਮਜਬੂਰ ਕੀਤਾ ਤੇ ਹੁਣ ਉਹਦੇ ਅੱਜ ਨਾ ਲੜਨ ਦੇ ਇਰਾਦੇ ਨੂੰ ਵੀ ਚਹੁੰਆਂ ਗੋਲਿਆਂ ਦੇ ਚੱਗੇ ਨਾਲ ਤਬਦੀਲ ਕਰਵਾ ਦਿਤਾ।

ਸ਼ੇਰ ਸਿੰਘ ਦਾ ਰਸੂਲ ਪਿੰਡ ਵਾਲਾ ਪਾਸਾ ਅਤਿ ਕਮਜ਼ੋਰ ਸੀ ਤੇ ਉਹ ਕਦਾਚਿਤ ਗਫ਼ ਨੂੰ ਉੱਥੇ ਹਮਲਾ ਕਰਨ ਦੀ ਆਗਿਆ ਨਹੀਂ ਸੀ ਦੇ ਸਕਦਾ। ਜੇ ਗਫ਼ ਕਦੀ ਰਸੂਲ ਉੱਤੇ ਜਾ ਪੈਂਦਾ ਜਾਂ ਦੂਜੇ ਸ਼ਬਦਾਂ ਵਿਚ ਆਪਣੀ ਚਿਤਵੀ ਪਲੈਨ ਉੱਤੇ ਪਰ ਮੱਕ ਰਹਿੰਦਾ ਤਾਂ ਸ਼ੱਕ ਨਹੀਂ ਸੀ ਕਿ ਸ਼ੇਰ ਸਿੰਘ ਵਾਸਤੇ ਹਾਲਤ ਮੁਸ਼ਕਲ ਹੋ ਜਾਂਦੀ। ਸੋ ਟੇਕਰੀ ਦਾ ਲਾਲਚ ਦੇ ਕੇ ਉਸ ਗਫ਼ ਨੂੰ ਰਸੂਲ ਵਲੋਂ ਵਰਗਲਾ ਲਿਆ ਤੇ ਹੁਣ ਕੁਝ ਗੋਲਾਬਾਰੀ ਕਰ ਕੇ ਉਸ ਗਫ਼ ਦੇ ਆਇਰਲੈਂਡੀ ਖ਼ੂਨ ਨੂੰ ਗਰਮਾਇਆ ਤੇ ਅੱਜ ਸ਼ਾਮ ਹੀ ਗਫ਼ ਨੂੰ ਆਪਣੇ ਉੱਤੇ ਹੱਲਾ ਕਰਨ ਤੇ ਮਜਬੂਰ ਕੀਤਾ।

ਸ਼ੇਰ ਸਿੰਘ, ਅੱਜ ਤਕ ਜਾਣ ਗਿਆ ਸੀ, ਗੋਲਾਬਾਰੀ ਇਕ ਉਹ ਸੰਗੀਤ ਹੈ ਜਿਸ ਨੂੰ ਸੁਣਦਿਆਂ ਹੀ ਗਫ਼ ਨੱਚਣ ਲਗਦਾ ਹੈ। ਹੋਰ ਕਈ ਗੱਲਾਂ ਤੇ ਦਲੀਲਾਂ ਭੁੱਝ ਕੇ ਉਹ ਇਸ ਸੰਗੀਤ ਵਿਚ ਮਸਤ ਹੋ ਜਾਂਦਾ ਹੈ। ਗਫ਼ ਕੀ ਆਖ ਤੇ ਦੁਸ਼ਮਣ ਦੀ ਗੋਲਾਬਾਰੀ ਸਾਹਮਣੇ ਚੁੱਪ ਰਹੇ ?

ਇਕ ਦਮ ਗਫ਼ ਨੇ ਹੁਕਮ ਦਿਤਾ ਕਿ ਸਰਕਾਰ ਬਰਤਾਨੀਆਂ ਦੀ ਮਹਾਨ ਸੈਨਾ ਦੀਆਂ ਮਹਾਨ ਤੋਪਾਂ ਜੁਆਬ

Scanned by CamScanner

ਵਿਚ ਸਿੱਖਾਂ ਉੱਤੇ ਗੋਲੇ ਵਸਾਣ । ਇਸ ਨਿਗੂਣੇ ਸ਼ੇਰ ਸਿੰਘ ਦੀ ਨਿਗੂਣੀ ਫ਼ੌਜ ਸਰਕਾਰ ਬਰਤਾਨੀਆਂ ਦੀ ਮਹਾਨ ਸੈਨਾ ਉੱਤੇ ਪਹਿਲ ਕਰਨ ਦੀ ਕਿਵੇਂ ਵਧੀਕੀ ਕਰ ਸਕਦੀ ਹੈ । ਇਕ ਦਮ ਉਹਨਾਂ ਨੂੰ ਇਸ ਵਧੀਕੀ ਦੀ ਸਜ਼ਾ ਦਿਤੀ ਜਾਏ ।

ਸਾਰਾ ਅੰਗਰੇਜ਼ੀ ਤੋਪਖ਼ਾਨਾ ਸਾਹਮਣੇ ਆ ਕੇ ਸਿੱਖ ਮੋਰਚਿਆਂ ਉੱਤੇ ਗੋਲਾਬਾਰੀ ਕਰਨ ਲਗਾ । ਸਾਹਮਣੇ ਝਾੜੀਆਂ ਤੇ ਬ੍ਰਿਛ ਸਨ । ਸ਼ੇਰ ਸਿੰਘ ਦੇ ਮੋਰਚੇ ਸਾਫ਼ ਨਜ਼ਰ ਨਹੀਂ ਸਨ ਆਉਂਦੇ । ਨਾ ਹੀ ਉਹ ਆਪਣੇ ਤੇ ਦੁਸ਼ਮਣ ਵਿਚਕਾਰ ਵਿਚਰੇ ਫ਼ਾਸਲੇ ਦਾ ਸਹੀ ਅੰਦਾਜ਼ਾ ਲਾ ਸਕਦੇ ਸਨ । ਮਜਬੂਰਨ ਉਹਨਾਂ ਵਿਚੋਂ ਇਕ ਸਿਆਣੇ ਤੋਪਚੀ ਨੇ ਸਿੱਖਾਂ ਦੀਆਂ ਤੋਪਾਂ ਦੇ ਚਲਣ ਤੋਂ ਲੈ ਕੇ ਗੋਲੇ ਦੇ ਉਹਨਾਂ ਦੀਆਂ ਸਫ਼ਾਂ ਵਿਚ ਡਿੱਗਣ ਤਕ ਦਾ ਸਮਾਂ ਮਿੰਟਾਂ ਤੇ ਸਕਿੰਟਾਂ ਵਿਚ ਗਿਣਿਆ ਤੇ ਇਸ ਸਮੇਂ ਤੋਂ ਸਿੱਖਾਂ ਦੀ ਤੋਪਾਂ ਦੀ ਦੂਰੀ ਦਾ ਅੰਦਾਜ਼ਾ ਲਾਇਆ । ਹੁਣ ਕਿਤੇ ਅੰਗਰੇਜ਼ੀ ਤੋਪਾਂ ਦੇ ਗੋਲੇ ਸਿੱਖ ਕੈਂਪ ਦੇ ਨੇੜੇ ਤੇੜੇ ਪਹੁੰਚੇ ।

ਪਰ ਇਸ ਦੇ ਉਲਟ ਪੰਜਾਬੀ ਤੋਪਖ਼ਾਨੇ ਦੇ ਗੋਲੇ ਐਨ ਅੰਗਰੇਜ਼ੀ ਤੋਪਖ਼ਾਨੇ ਉੱਤੇ ਪੈਂਦੇ ਤੇ ਤੋਪਾਂ ਨੂੰ ਨਾਕਾਰਾ ਕਰਦੇ ਅਤੇ ਤੋਪਚੀਆਂ ਨੂੰ ਜ਼ਖ਼ਮੀ । ਸਿੱਖ ਤੇ ਮੁਸਲਮਾਨ ਤੋਪਚੀਆਂ ਨੇ ਪਿਛਲੇ ਮਹੀਨੇ ਭੂਦ ਵਿਚ ਇਸ ਇਲਾਕੇ ਨੂੰ ਚੰਗੀ ਤਰ੍ਹਾਂ ਗਾਹਿਆ ਹੋਇਆ ਸੀ ਤੇ ਰਾਜਾ ਸ਼ੇਰ ਸਿੰਘ ਨੇ, ਆਉਂਦੀ ਲੜਾਈ ਨੂੰ ਇਕ ਕਰਾਮਾਤੀ ਮਨੁੱਖ ਵਾਂਗ ਸਮਝਦਿਆਂ ਆਪਣੇ ਤੋਪਚੀਆਂ ਨੂੰ ਕਿਹਾ ਹੋਇਆ ਸੀ, "ਜਦੋਂ ਦੁਸ਼ਮਣ ਵਧਿਆ ਤਾਂ ਅਸੀਂ ਏਥੇ ਆ ਕੇ ਮੋਰਚੇ ਮੱਲਾਂਗੇ ਤੇ ਲਗ ਪਗ ਏਥੇ", ਉਹਨੇ ਮੀਲ ਭੂਦ ਆਪਣੇ ਤੋਪਚੀਆਂ ਨੂੰ ਅਗਾਂਹ ਲਿਆ ਕੇ ਦਸਿਆ, "ਗੋਰਿਆਂ ਦਾ ਤੋਪਖ਼ਾਨਾ ਨਿਯਤ ਹੋਵੇਗਾ । ਲਗ ਪਗ ਏਥੇ ਉਹਨਾਂ ਦੀ ਪਿਆਦਾ ਸੈਨਾ ਹੋਵੇਗੀ ਤੇ ਏਥੋਂ ਉਹਨਾਂ ਦਾ ਰਸਾਲਾ ਅਗੇ ਵਧੇਗਾ ।"

ਸਿੱਖ ਤੇ ਮੁਸਲਮਾਨ ਤੋਪਚੀਆਂ ਨੇ ਦੁਸ਼ਮਣ ਵਲੋਂ ਹੋ ਕੇ ਆਪਣੀਆਂ ਥਿੱਤੀਆਂ ਵੇਖੀਆਂ ਤੇ ਇਸੇ ਦ੍ਰਿਸ਼ਟੀਕੋਣ ਤੋਂ ਆਪਣੀਆਂ ਤੋਪਾਂ ਗੱਡੀਆਂ । ਐਸ ਵੇਲੇ ਉਹਨਾਂ ਦੀ ਗੋਲਾਬਾਰੀ ਏਸੇ ਲਈ ਬੜੀ ਸਫ਼ਲ ਸੀ । ਇਸ ਪਹਿਲੂ ਤੋਂ ਅਜੀਤ ਨੇ ਯੁੱਧ ਕਲਾ ਦਾ ਇਕ ਹੋਰ ਗੁਰ ਸਿਖਿਆ ਸੀ ।

ਦੁਸ਼ਮਣ ਦੀ ਨਜ਼ਰ ਤੋਂ ਸਦਾ ਆਪਣੀ ਥਿਤ ਨੂੰ ਵਾਚਣਾ । ਉਹਦੀ ਨਜ਼ਰ ਤੋਂ ਓਪਣੇ ਸਭ ਗੁਣਾਂ, ਔਗੁਣਾਂ ਤੇ ਗਿਣਤੀ ਤੇ ਹਥਿਆਰਾਂ ਨੂੰ ਵਾਚਣਾ । ਉਹਨੇ ਸ਼ੇਰ ਸਿੰਘ ਨੂੰ ਕਿਹਾ ਸੀ : "ਰਾਜਾ ਸਾਹਿਬ ! ਤੁਹਾਡੀ ਰਣ-ਚਾਤੁਰਤਾ ਹੈਰਾਨ ਕਰਨ ਵਾਲੀ ਹੈ । ਮੈਂ ਕਦੀ ਸੋਚ ਵੀ ਨਹੀਂ ਸਾਂ ਸਕਦਾ ਕਿ ਇਸ ਤਰ੍ਹਾਂ ਦੁਸ਼ਮਣ ਬਣ ਕੇ ਆਪਣੀਆਂ ਥਿਤਾਂ ਤੇ ਇਸਥਿਤੀਆਂ ਨੂੰ ਵਾਚਣਾ ਲਾਭਵੰਦ ਹੋ ਸਕਦਾ ਹੈ ।"

ਅੱਜ ਸ਼ੇਰ ਸਿੰਘ ਦੀ ਆਗਿਆ ਨਾਲ ਅਜੀਤ ਤੋਪਖ਼ਾਨੇ ਦੀ ਇਕ ਪੂਰੀ ਬੈਟਰੀ ਦੀ ਕਮਾਨ ਕਰ ਰਿਹਾ ਸੀ ।

ਜਦੋਂ ਗਫ਼ ਨੇ ਵੇਖਿਆ ਕਿ ਉਹ ਤੋਪਖ਼ਾਨੇ ਦੀ ਲੜਾਈ ਵਿਚ ਅਸਫ਼ਲ ਰਹਿ ਰਿਹਾ ਹੈ ਤਾਂ ਉਹਨੂੰ ਅੰਗਰੇਜ਼ੀ ਸੰਗੀਨਾਂ ਦੀ ਵਡਿਆਈ ਦਾ ਖ਼ਿਆਲ ਆਇਆ । ਅੰਗਰੇਜ਼ੀ ਸੰਗੀਨਾਂ ? ਜੇ ਸਿੱਖ ਅੰਗਰੇਜ਼ੀ ਤੋਪਖ਼ਾਨੇ ਨੂੰ ਫ਼ੁਟਿਆ ਸਕਦੇ ਹਨ, ਤਾਂ ਉਸ ਦਲੀਲ ਬਾਂਚੀ ਕੀਤੀ, ਉਹ ਗੋਰਾ ਸੰਗੀਨਾਂ ਸਾਹਮਣੇ ਅਟਕ ਨਹੀਂ ਸਕਣਗੇ, ਤੇ ਉਸ ਤਿੜਕ ਤੇ ਭੜਕ ਕੇ ਆਪਣੀ ਪਿਆਦਾ ਫ਼ੌਜ ਨੂੰ ਹਮਲਾ ਕਰਨ ਦਾ ਹੁਕਮ ਦਿਤਾ...।"

ਲੜਾਈ ਸ਼ੇਰ ਸਿੰਘ ਦੀ ਮਰਜ਼ੀ ਅਨੁਸਾਰ ਹੋ ਰਹੀ ਸੀ ।

Scanned by CamScanner

ਅੰਗਰੇਜ਼ੀ ਸੈਨਾ ਦੀ ਨਵੀਂ ਵੰਡ ਇਸ ਤਰ੍ਹਾਂ ਕੀਤੀ ਗਈ। ਸੱਜੇ ਹੱਥ ਸਰ ਵਾਲਟਰ ਗਿਲਬਰਟ ਦਾ ਪਿਆਦਾ ਡਵੀਯਨ ਤੇ ਉਹਦੇ ਸੱਜੇ ਬਰਿਗੇਡੀਅਰ ਪੌਪ ਦਾ ਰਸਾਲਾ ਬਰਿਗੇਡ, ਚੌਥਵੀਂ ਲਾਈਟ ਡਰੈਗੂਨ ਪਲਟਨ ਤੇ ਤੋਪਖਾਨੇ ਦੇ ਤਿੰਨ ਟਰੂੱਪ। ਵਿਚਕਾਰ ਮੇਜਰ ਹਾਰਸਫ਼ੋਰਡ ਥੱਲੇ ਭਾਰੀਆਂ ਤੋਪਾਂ। ਖੱਬੇ ਜਰਨੈਲ ਕਾਲਨ ਕੈਂਪਬੈਲ ਦਾ ਪਿਆਦਾ ਡਵੀਯਨ। ਉਹਦੇ ਖੱਬੇ ਬਰਿਗੇਡੀਅਰ ਵਾਈਟ ਦੀ ਰਸਾਲਾ ਬਰਿਗੇਡ ਤੇ ਤੋਪਖਾਨੇ ਦੇ ਤਿੰਨ ਟਰੂੱਪ। ਜੰਗੀ ਤੋਪਾਂ ਡਵੀਯਨਾਂ ਤੇ ਬਰਿਗੇਡਾਂ ਦੇ ਵਿਚਕਾਰ, ਰਾਖਵੀਂ ਫ਼ੌਜ ਬਰਿਗੇਡੀਅਰ ਪੈਨੀ ਥੱਲੇ।

ਗਫ਼ ਨੇ ਹੁਕਮ ਦਿਤਾ ਕਿ ਅੰਗਰੇਜ਼ੀ ਸੈਨਾ ਦੇ ਦੋ ਪਿਆਦਾ ਡਵੀਯਨ ਦੁਸ਼ਮਣ ਦੀਆਂ ਤੋਪਾਂ ਵਲ ਵਧਣ ਤੇ ਸੰਗੀਨਾਂ ਨਾਲ ਤੋਪਚੀਆਂ ਦੇ ਟੁਕੜੇ ਟੁਕੜੇ ਕਰ ਕੇ ਸਿੱਖ ਮੋਰਚਿਆਂ ਉੱਤੇ ਕਬਜ਼ਾ ਕਰ ਲੈਣ। ਇਸ ਹੁਕਮ ਦੀ ਪੂਰਤੀ ਆਸਾਨ ਨਹੀਂ ਸੀ। ਪਰ ਜਦੋਂ ਹੁਕਮ ਮਿਲ ਜਾਏ ਤਾਂ ਕੌਣ ਸਵਾਲ ਪੁੱਛੇ ਤੇ ਕੌਣ ਸ਼ੰਕੇ ਖੜੇ ਕਰੇ ? ਨਹੀਂ, ਗੋਰਾ ਸਿਪਾਹੀ ਇਉਂ ਹਰਗਿਜ਼ ਨਹੀਂ ਕਰ ਸਕਦੇ। ਪਿਛਲੇ ਤਿੰਨ ਸੌ ਸਾਲਾਂ ਵਿਚ ਗ੍ਰਹਿਣ ਕੀਤਾ ਉਚ ਚਬੱਤ ਇਸ ਸੈਨਾ ਦਾ ਇਕ ਖ਼ਾਸ ਗੁਣ ਸੀ।

ਜਰਨੈਲ ਕਾਲਨ ਕੈਂਪਬੈਲ ਆਪਣੀਆਂ ਦੋ ਬਰਿਗੇਡਾਂ ਨਾਲ ਅਗੇ ਵਧਿਆ। ਸੰਘਣੀਆਂ ਝਾੜੀਆਂ ਦੇ ਕਾਰਨ ਉਹ ਖ਼ੁਦ ਦੋਹਾਂ ਬਰਿਗੇਡਾਂ ਦੀ ਯੋਗਤਾ ਨਾਲ ਕਮਾਨ ਨਹੀਂ ਸੀ ਕਰ ਸਕਦਾ, ਸੋ ਉਸ ਆਪਣਾ ਸਦਰ ਆਪਣੇ ਖੱਬੇ ਹੱਥ ਵਾਲੀ, ਬਰਿਗੇਡੀਅਰ ਹਾਗਨ ਦੀ ਬਰਿਗੇਡ ਨਾਲ ਰਖਿਆ। ਸੈਨਾ ਜੰਗਲ ਵਿਚੋਂ ਵਧਦੀ ਗਈ ਤੇ ਸਿਆਣੇ ਪੰਜਾਬੀਆਂ ਨੇ ਇਹਨੂੰ ਵਧਣ ਦਿਤਾ। ਅਜੀਤ ਨੇ ਆਪਣੀ ਬੈਟਰੀ ਦੇ ਦੋ ਹੌਲਦਾਰਾਂ ਨੂੰ ਹੁਕਮ ਦਿਤਾ ਹੋਇਆ ਸੀ :

"ਜਿਸ ਵੇਲੇ ਵੀ ਗੋਰਾ ਸੈਨਾ ਜੰਗਲ 'ਚੋਂ ਨਿਕਲੇ ਇਕ ਦਮ ਸਾਰੇ ਪਲੀਤੇ ਦਾਗ਼ ਦਿਤੇ ਜਾਣ।"

ਅਜੀਤ ਦਾ ਮਿੱਤਰ ਸ਼ਰਨ ਸਿੰਘ ਅੱਜ ਇਕ ਚਲਵੱਈਏ ਵਾਂਗ ਉਹਦੇ ਥੱਲੇ ਕੰਮ ਕਰ ਰਿਹਾ ਸੀ।

ਅਜੀਤ ਦੀ ਬੈਟਰੀ, ਸ਼ੇਰ ਸਿੰਘ ਦੀ ਆਪਣੀ ਜ਼ਾਤੀ ਕਮਾਨ ਥੱਲੇ ਵੀਹ ਤੋਪਾਂ ਦੇ ਮਧ ਵਿਚ ਸੀ ਤੇ ਲਗ ਭਗ ਇਸ ਮਧ ਵਲ ਹੀ ਕੈਂਪਬੈਲ ਦੀ ਸੱਜੀ ਬਰਿਗੇਡ, ਬਰਿਗੇਡੀਅਰ ਪੈਨੀਕੁਇਕ ਥੱਲੇ ਵਧ ਰਹੀ ਸੀ। ਹਮਲੇ ਨੂੰ ਛੋਟੀ ਤੋਂ ਛੋਟੀ ਚੁੜਾਈ ਵਿਚ ਰਖਣ ਦੀ ਸੂਝ ਅੱਜ ਗਫ਼ ਨੇ ਜ਼ਰੂਰ ਵਿਖਾਈ। ਸਿੱਖਾਂ ਦੇ ਮੋਰਚੇ ਐਨੀ ਲੰਮਾਈ ਚੁੜਾਈ ਵਿਚ ਖਿਲਰੇ ਹੋਏ ਸਨ ਕਿ ਹਰ ਥਾਂ ਉੱਤੇ ਤਾਕਤ ਨਾਲ ਹਮਲਾ ਕਰਨਾ ਅਨਹੋਣਾ ਸੀ। ਬਹੁਤੀ ਸੈਨਾ ਨਾਲ ਛੋਟੇ ਜਿਹੇ ਘੇਰੇ ਵਿਚ ਫ਼ਤਿਹ ਪਾ ਕੇ ਹਮਲਾਆਵਰ ਇਕ ਤਾਂ ਦੁਸ਼ਮਣ ਦਾ ਹੌਸਲਾ ਢਾਹ ਸਕਦਾ ਹੈ ਤੇ ਦੂਜਾ ਉਹਦੀ ਬਚਾਅ ਬਿਤ ਨੂੰ ਤੋੜ ਸਕਦਾ ਹੈ। ਪਰ ਇਹ ਤਾਕਤਵਰ ਹਮਲਾ ਸਦਾ ਦੁਸ਼ਮਣ ਦੀ ਕਮਜ਼ੋਰ ਥਿਤ ਉੱਤੇ ਕਰਨਾ ਚਾਹੀਦਾ ਹੈ, ਤਕੜੀ ਥਿਤ ਉੱਤੇ ਨਹੀਂ।

ਗਫ਼ ਨੇ ਜਿਥੇ ਇਕ ਸਿਆਣਪ ਕੀਤੀ ਉੱਥੇ ਉਸ ਤੋਂ ਵਡੀ ਇਕ ਗ਼ਲਤੀ। ਉਹਦਾ ਇਹ ਤਾਕਤਵਰ ਹਮਲਾ ਸਿੱਖਾਂ ਦੇ ਮਧ ਉੱਤੇ ਹੋਇਆ ਤੇ ਸਿੱਖਾਂ ਦੀ ਇਹੋ ਥਿਤ ਸਭ ਤੋਂ ਜ਼ੋਰਦਾਰ ਸੀ।

ਪੈਨੀਕੁਇਕ ਤੇ ਹਾਗਨ ਦੀਆਂ ਬਰਿਗੇਡਾਂ ਜਦੋਂ ਜੰਗਲ ਵਿਚੋਂ ਨਿਕਲੀਆਂ ਤਾਂ ਪੰਜਾਬੀ ਤੋਪਚੀਆਂ ਨੇ ਉਹਨਾਂ ਉੱਤੇ ਤੇਜ਼ੀ ਨਾਲ ਗੋਲੇ ਵਰ੍ਹਾਉਣੇ ਸ਼ੁਰੂ ਕੀਤੇ।

"ਸਾਥੀਓ ! ਅੱਜ ਗਿਣ ਗਿਣ ਕੇ ਸਭਰਾਵਾਂ ਦੇ ਬਦਲੇ ਲੈ ਲਓ, ਅਜੀਤ ਨੇ ਉੱਚੀ ਆਵਾਜ਼ ਵਿਚ ਕਿਹਾ।"

ਤੇ ਤੋਪਚੀਆਂ ਨੇ ਅਜਿਹੀ ਕਰਾਮਾਤੀ ਤੇਜ਼ੀ ਨਾਲ ਗੋਲੇ ਵਰ੍ਹਾਏ ਕਿ ਗੋਰਾ ਸੈਨਾ ਦੀਆਂ ਪਾਲਾਂ ਟੁੱਟ ਗਈਆਂ। ਬੜੀ ਮੁਸ਼ਕਲ ਨਾਲ ਦੋਹਾਂ ਬਰਿਗਡ ਕਮਾਂਡਰਾਂ ਨੇ ਆਪਣੀਆਂ ਪਲਟਨਾਂ ਨੂੰ ਬਾਜ਼ਾਬਤਾ ਹੋ ਕੇ ਅਗੇ ਵਧਣ ਲਈ ਤਿਆਰ ਕੀਤਾ। ਅੰਤ ਗੋਰਾ ਸਿਪਾਹੀਆਂ ਦਾ ਖ਼ੂਨ ਖ਼ੌਲਿਆ ਤੇ ਉਹ ਭੂਤੇ ਹੋਏ ਸਾਂਢ ਵਾਂਗ ਅਗੇ ਵਧੇ। ਠਾਹ ਠਾਹ ਤੋਪਾਂ ਚਲਦੀਆਂ

Scanned by CamScanner

ਰਹੀਆਂ ਤੇ ਆਹ ਆਹ ਕਰਦੇ ਗੋਰੇ ਸਿਪਾਹੀ ਭੁੰਜੇ ਡਿਗਦੇ ਰਹੇ। ਜਦੋਂ ਦੁਸ਼ਮਣ ਬੈਦੂਕਾਂ ਤੇ ਰਾਈਫ਼ਲਾਂ ਦੀ ਜ਼ੱਦ ਵਿਚ ਆਇਆ ਤਾਂ ਸਿੱਖ ਪਿਆਦਾ ਸੈਨਾ ਨੇ ਵੀ ਅੱਗ ਵਰ੍ਹਾਉਣੀ ਸ਼ੁਰੂ ਕਰ ਦਿਤੀ, ਪਰ ਅਸ਼ਕੇ ਗੋਰਾ ਸਿਪਾਹੀਆਂ ਦੇ ਹੌਸਲੇ ਤੇ ਜ਼ਬੱਤ ਦੇ ਕਿ ਉਹ ਤਾਂ ਵੀ ਅਗੇ ਹੀ ਅੱਗੇ ਵਧਦੇ ਆਏ ਤੇ ਅੰਤ ਉਹ ਸਿੱਖ ਤੋਪਾਂ ਦੇ ਬਿਲਕੁਲ ਨੇੜੇ ਪਹੁੰਚ ਗਏ।

ਕੁਝ ਤੋਪਚੀ ਘਬਰਾ ਗਏ ਜਾਪਦੇ। ਹੁਣ ਕੀ ਹੋਵੇਗਾ, ਉਹਨਾਂ ਨੇ ਸੋਚਿਆ। ਪਰ ਅਜੀਤ ਨੇ ਆਪਣੀ ਬੈਟਰੀ ਦੇ ਤੋਪਚੀਆਂ ਦੇ ਸ਼ੰਕੇ ਨਵਿਰਤ ਕਰਦੇ ਹੋਏ ਕਿਹਾ :

"ਬਹਾਦਰ ਸਿਪਾਹੀਓ ! ਹੁਣ ਧੂ ਲਓ ਸ੍ਰੀ ਸਾਹਿਬ ਤੇ ਆਉਂਦੇ ਗੋਰਿਆਂ ਨੂੰ ਥਾਂ ਲਵੋ। ਏਸੇ ਤਰ੍ਹਾਂ ਹੀ ਅਸੀਂ ਫੇਰੂ ਸ਼ਹਿਰ ਵਿਚ ਕੀਤਾ ਸੀ।"

ਅਜੀਤ ਨੇ ਆਪਣੀ ਤਲਵਾਰ ਵੀ ਧੂ ਲਈ। ਸ਼ਰਨ ਸਿੰਘ ਆਪਣੀ ਤਲਵਾਰ ਸੂਤ ਅਜੀਤ ਕੋਲ ਆਇਆ। "ਅਜੀਤ ! ਅੱਜ ਮੈਂ ਤੇਰਾ ਬਾਡੀਗਾਰਡ ਬਣ ਕੇ ਤੇਰੇ ਨਾਲ ਰਹਾਂਗਾ। ਮੈਂ ਤੈਨੂੰ ਮਰਨ ਨਹੀਂ ਦੇਣਾ।"

"ਗੁਰੂ ਬਾਜਾਂ ਵਾਲੇ ਦਾ ਸਿਪਾਹੀ ਕਦੀ ਨਹੀਂ ਮਰਦਾ ਸ਼ਰਨ ! ਅੱਜ ਰੱਬ ਆਪ ਮੇਰਾ ਬਾਡੀਗਾਰਡ...।"

ਅਜੇ ਗੱਲ ਉਹਦੇ ਮੂੰਹ ਵਿਚ ਹੀ ਸੀ ਕਿ ਗੋਰੇ ਸਿਪਾਹੀ ਤੋਪਾਂ ਤਕ ਪਹੁੰਚ ਗਏ। ਅਜੀਤ, ਸ਼ਰਨ ਨੂੰ ਇਹ ਕਹਿੰਦਿਆਂ ਅੱਗੇ ਵਧਿਆ, "ਵੇਖ ਮੇਰੀ ਤਲਵਾਰ ਦੇ ਹੱਥ ?"

ਉਸ ਇਕ ਗੋਰੇ ਸਿਪਾਹੀ ਦੀ ਸੰਗੀਨ ਨੂੰ ਖੱਬੇ ਹੱਥ ਨਾਲ ਫੜ ਕੇ ਆਪਣੇ ਸੱਜੇ ਹੱਥ ਨਾਲ ਤਲਵਾਰ ਉਹਦੇ ਪੇਟ ਵਿਚ ਖੋਭ ਦਿਤੀ 'ਆਹ' ਕਰ ਕੇ ਗੋਰਾ ਸਿਪਾਹੀ ਥੱਲੇ ਡਿਗ ਪਿਆ। ਜਦੋਂ ਇਕ ਹੋਰ ਗੋਰਾ ਸਿਪਾਹੀ ਨੇ ਅਜੀਤ ਉੱਤੇ ਉਹਨੂੰ ਉਹਦੇ ਕੀਤੇ ਦੀ ਸਜ਼ਾ ਦੇਣ ਲਈ, ਵਾਰ ਕੀਤਾ ਤਾਂ ਸ਼ਰਨ ਨੇ ਪਿਛੋਂ ਉਹਦੇ ਉੱਤੇ ਹੱਲਾ ਕਰ ਕੇ ਉਹਦੀ ਟੰਗ ਵੱਢ ਦਿਤੀ। ਗੋਰਾ ਸਿਪਾਹੀ ਇਕ ਲੱਤ ਨਾਲ ਵਧਿਆ, ਪਰ ਕੁਝ ਕਦਮਾਂ ਪਿਛੋਂ ਹੀ ਲੜਖੜਾ ਗਿਆ। ਉਹਦਾ ਟੋਪ ਭੋਇੰ ਉੱਤੇ ਰਿੜ੍ਹਨ ਲਗਾ। ਅਜੀਤ ਨੇ ਇਸ ਸਿਪਾਹੀ ਵਲ ਵੇਖਿਆ ਤੇ ਉਹਨੂੰ ਲਗਾ ਇਹ ਸ਼ਕਲ ਜਾਣੀ ਪਛਾਣੀ ਹੈ। ਸ਼ਾਇਦ ਉਹ ਦੋਵੇਂ ਫੇਰੂ ਸ਼ਹਿਰ ਦੀ ਰਣਭੂਮੀ ਵਿਚ ਮਿਲੇ ਸਨ।

ਗੋਰਾ ਪਲਟਨਾਂ ਸਿੱਖ ਤੋਪਾਂ ਤੋਂ ਅਗੇ ਵਧ ਗਈਆਂ। ਕੁਝ ਅਫ਼ਸਰਾਂ ਨੇ ਤੋਪਾਂ ਨੂੰ ਚੇੜ੍ਹ ਕੇ ਵਾਪਸ ਲੈ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਫ਼ਲ ਨਾ ਹੋਏ। ਤੋਪਾਂ ਮਜ਼ਬੂਤੀ ਨਾਲ ਬੰਨ੍ਹੀਆਂ ਹੋਈਆਂ ਸਨ। ਏਨੇ ਵਿਚ ਸਿੱਖ ਪਿਆਦਾ ਸੈਨਾ ਮੈਦਾਨ ਵਿਚ ਉਤਰ ਆਈ ਤੇ ਫਿਰ ਹੌਲੀ ਹੌਲੀ ਗੋਰੇ ਪਿਆਦਾ ਪਿਛੇ ਹਟਣ ਲਗੇ।

ਆਪਣੀ ਸੱਜੀ ਬਰਿਗੇਡ ਨੂੰ ਕਾਹਲੀ ਵਿਚ ਪਿਛੇ ਹਟਦਿਆਂ ਵੇਖ ਕੇ ਜਰਨੈਲ ਕਾਲਨ ਕੈਂਪਬੈੱਲ ਨੇ ਗੁੱਸੇ ਵਿਚ ਹਾਗਨ ਦੀ ਬਰਿਗੇਡ ਨੂੰ ਤੇਜ਼ੀ ਨਾਲ ਸਿੱਖਾਂ ਦੀ ਜਾਣ ਕੇ ਛੱਡੀ ਵਿੱਥ ਵਿਚ ਵਧਣ ਲਈ ਕਿਹਾ। ਉਹਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਸਿੱਖ ਬਚਾਅ-ਥਿਤ ਵਿਚ ਧੁਰ ਤਕ ਵਧ ਕੇ ਉਹ ਦੁਸ਼ਮਣ ਵਿਚ ਹਫੜਾ ਦਫੜੀ ਪਾ ਸਕੇਗਾ। ਦੂਰ ਖਲੋਤੇ ਗਫ਼ ਤੇ ਥੈਕਵੈੱਲ ਦਾ ਵੀ ਇਹੋ ਖ਼ਿਆਲ ਸੀ। ਥੈਕਵੈੱਲ, ਅੰਗਰੇਜ਼ੀ ਸੈਨਾ ਦੇ ਧੁਰ ਖੱਬੇ ਨਿਯਤ, ਰਸਾਲੇ ਦਾ ਕਮਾਨ ਅਫ਼ਸਰ ਸੀ ਤੇ ਐਸ ਵੇਲੇ ਗਫ਼ ਦੇ ਨਾਲ ਸੀ। ਉਸ ਗਫ਼ ਨੂੰ ਪੁਛਿਆ :

"ਇਹ ਸਮਾਂ ਹੈ ਕਿ ਬਰਿਗੇਡੀਅਰ ਵਾਈਟ ਦਾ ਰਸਾਲਾ ਵੀ ਲੜਾਈ ਵਿਚ ਸ਼ਾਮਲ ਹੋਵੇ ਤੇ ਬਰਿਗੇਡੀਅਰ ਹਾਗਨ ਨਾਲ ਮਿਲ ਕੇ ਸਿੱਖ ਵਿਥ ਵਿਚ ਧੱਸ ਜਾਏ। ਏਸੇ ਇਕ ਤਰੀਕੇ ਨਾਲ ਹੀ ਅਸੀਂ ਪੈਨੀਕੁਇਕ ਦੀ ਹਾਰ ਨੂੰ ਮੋੜਾ ਪਾ ਸਕਦੇ ਹਾਂ।"

"ਹਾਂ, ਥੈਕਵੈੱਲ," ਗਫ਼ ਬੋਲਿਆ, "ਮੇਰਾ ਖ਼ਿਆਲ ਹੈ ਤੁਸੀਂ ਆਪ ਵਾਈਟ ਨਾਲ ਜਾਓ। ਤੁਹਾਡੇ ਹੱਲੇ ਉੱਤੇ ਹੀ ਅੱਜ ਦੀ ਲੜਾਈ ਦਾ ਨਤੀਜਾ ਨਿਰਭਰ ਹੈ।"

ਥੈਕਵੈੱਲ ਘੋੜਾ ਦੁੜਾ ਕੇ ਵਾਈਟ ਵਲ ਵਧਿਆ। ਪੈਨਜ਼ੀ ਨੇ ਕਿਹਾ :

"ਜਨਾਬ ! ਇਹ ਸਿੱਖ ਕਮਾਲ ਦੇ ਲੜਾਕੇ ਹਨ। ਮੇਰੀ ਜਾਚੇ ਮਹਾਨ ਅੰਗਰੇਜ਼ੀ ਸੈਨਾ ਨੂੰ ਕਿਤੇ ਹੋਰ ਅਜਿਹਾ ਔਖਾ ਨਹੀਂ ਹੋਇਆ ਹੋਣਾ।"

ਚਿੰਤਾਤੁਰ ਗਫ਼ ਨੇ ਉੱਤਰ ਦਿਤਾ : "ਤੂੰ ਮੇਰੇ ਨਾਲ ਫੇਰੂ ਸ਼ਹਿਰ ਤੇ ਸਭਰਾਵਾਂ ਵਿਚ ਨਹੀਂ ਸੈਂ। ਪਰ ਉਦੋਂ ਵੀ ਤੇ ਹੁਣ ਵੀ ਮੈਂ ਯਸੂਹ ਮਸੀਹ ਦਾ ਸ਼ੁਕਰ ਗੁਜ਼ਾਰਦਾ ਹਾਂ ਕਿ ਰਣਜੀਤ ਸਿੰਘ ਦਸ ਵਰ੍ਹੇ ਪਹਿਲੇ ਮਰ ਗਿਆ। ਜੇ ਅੱਜ

Scanned by CamScanner

ਉਹ ਜੀਉਂਦਾ ਹੁੰਦਾਂ ਤਾਂ ਹਿੰਦੁਸਤਾਨ ਵਿਚ ਸਾਡੀ ਸਲਤਨੱਤ ਦਾ ਭਵਿੱਖ ਧੁੰਦਲਾ ਹੁੰਦਾ ਤੇ ਸਾਡੀ ਸਲਤਨੱਤ ਦਾ ਭਵਿੱਖ ਤਾਂ ਵੀ ਧੁੰਦਲਾ ਹੁੰਦਾ ਜੇ ਰਣਜੀਤ ਸਿੰਘ ਦੇ ਪਿਛੋਂ ਲੱਦਾਰ ਲਾਹੌਰ ਦੀ ਹਕੂਮਤ ਨਾ ਮੱਲਦੇ।"

"ਰੂਸੀ' ਸੱਚ ਕਹਿੰਦੇ ਹੋ, ਜਨਾਬ ! ਤੇ ਜੇ ਇਹਨਾਂ ਦਾ ਹਰੀ ਸਿੰਘ ਨਲੂਆ ਜ਼ਿੰਦਾ ਹੁੰਦਾ..."

"ਪਰ ਅੱਜ ਤਾਂ ਰਾਜਾ ਸ਼ੇਰ ਸਿੰਘ ਵੀ ਕਮਾਲ ਕਰ ਰਿਹਾ ਹੈ। ਕਾਸ਼ ! ਸਿੱਖਾਂ ਦੇ ਕੈਂਪ ਵਿਚ ਅੱਜ ਫਿਰ ਤੇਜਾ ਸਿੰਘ ਜਾਂ ਲਾਲ ਸਿੰਘ ਵਰਗਾ ਸਾਡਾ ਹਿਮਾਇਤੀ ਹੁੰਦਾ ਅੱਜ...।"

ਇਹਨਾਂ ਦੋ ਗੱਲਾਂ ਕਰਦਿਆਂ ਕਰਦਿਆਂ ਵਾਈਟ ਤੇ ਹਾਰਡਿਜ ਦੀਆਂ ਬਰਿਗੇਡਾਂ ਸਿੱਖ ਵਿਚ ਵਿਚ ਵੜ ਗਈਆਂ, ਤੇ ਉਸ ਵੇਲੇ ਦੁਨੀਆਂ ਦਾ ਸਭ ਤੋਂ ਖੁਸ਼ ਆਦਮੀ ਰਾਜਾ ਸ਼ੇਰ ਸਿੰਘ ਸੀ। ਕਿਵੇਂ ਉਹਦੀ ਹਰ ਚਾਲ ਹਰ ਟੀਚੇ ਉੱਤੇ ਸਹੀ ਉਤਰ ਰਹੀ ਸੀ। ਆਪਣਾ ਘੋੜਾ ਦੁੜਾ ਕੇ ਸ਼ੇਰ ਸਿੰਘ ਆਪਣੀਆਂ ਪਿਆਦਾ ਪਲਟਨਾਂ ਵਿਚ ਆਇਆ ਤੇ ਅਜੀਤ ਨੇ ਉਹਦੇ ਮੂੰਹੋਂ ਆਪ ਇਹ ਸ਼ਬਦ ਸੁਣੇ : 'ਮੂੰਹ ਸੱਜੇ ਮੋੜ ਕੇ ਇਕ ਇਕ ਨੂੰ ਵੱਢ ਦਿਓ। ਸਭਰਾਵਾਂ ਦੀ ਹਾਰ ਦਾ ਬਦਲਾ ਲੈ ਲਓ...।"

ਏਧਰੋਂ ਸ਼ੇਰ ਸਿੰਘ ਦੀ ਕਮਾਨ ਥੱਲੇ ਲੜਨ ਵਾਲਾ ਸੱਧ ਸੱਜੇ ਘੁੰਮਿਆ ਤੇ ਉਧਰੋਂ ਜਰਨੈਲ ਰਾਮ ਸਿੰਘ ਨੇ ਆਪਣੇ ਰਸਾਲੇ ਦੇ ਇਕ ਹਿੱਸੇ ਨੂੰ ਅੰਗਰੇਜ਼ਾਂ ਦੇ ਰਸਾਲੇ ਦੇ ਮਗਰ ਪਾ ਦਿਤਾ ਤੇ ਦੂਜੇ ਹਿੱਸੇ ਨੇ ਆਪਣੀ ਪਿਆਦਾ ਸੈਨਾ ਨਾਲ ਵਿਚ ਮੇਲ ਦਿਤੀ। ਉੱਤਰ ਵਲੋਂ ਚੱਕ ਫ਼ਤਿਹ ਸ਼ਾਹ ਵਲੋਂ ਜਰਨੈਲ ਅਤਰ ਸਿੰਘ ਅਗੇ ਵਧ ਕੇ ਅੰਗਰੇਜ਼ਾਂ ਉੱਤੇ ਪਿਆ। ਦੋ ਗੱਰਾ ਬਰਿਗੇਡਾਂ ਸਿੱਖਾਂ ਦੇ ਪੂਰਨ ਘੇਰੇ ਵਿਚ ਆ ਗਈਆਂ। ਜਰਨੈਲ ਸ਼ੇਰ ਸਿੰਘ ਦੀ ਪ੍ਰਤਿਭਾ ਚਮਕੀ। ਪੰਜਾਬੀ ਸੂਰਮਗਤੀ ਪੂਰੇ ਜੋਬਨ ਤੇ ਫੁੱਟੀ ਤੇ ਅੰਗਰੇਜ਼ੀ ਸਿਪਾਹਗਿਰੀ ਨੂੰ ਅਜਿਹੀ ਲਾਜ ਆਈ ਕਿ ਜਿਸ ਨੂੰ ਇਤਿਹਾਸ ਸੁਰਖ਼ਰੂ ਕਰਨ ਦੇ ਨਾਕਾਬਿਲ ਹੈ। ਸਾਰੀ ਸਿੱਖ ਸੈਨਾ ਵਿਚੋਂ ਉਚੇ ਹੁੰਦੇ 'ਬੱਲੇ ਸੋ ਨਿਹਾਲ, ਸਤਿ ਸ੍ਰੀ ਆਕਾਲ' ਦੇ ਨਾਅਰਿਆਂ ਨੇ ਗੋਰਿਆਂ ਦੇ ਦਿਲ ਦਹਿਲਾ ਦਿਤੇ ਤੇ ਉਹਨਾਂ ਨੂੰ ਅਸਈ ਤੇ ਵਾਟਰਲੂ ਭੁੱਲ ਗਏ। ਬੜੀ ਮੁਸ਼ਕਲ ਨਾਲ ਇਕ ਹਜ਼ਾਰ ਤੋਂ ਵੀ ਵਧ ਆਦਮੀ ਮਰਵਾ ਕੇ ਥੈਕਵੈੱਲ, ਵਾਈਟ ਤੇ ਹਾਰਡਿਜ ਪਿਛੇ ਮੁੜੇ।

ਜਰਨੈਲ ਰਾਮ ਸਿੰਘ ਤੇ ਅਤਰ ਸਿੰਘ ਘੋੜੇ ਦੁੜਾ ਕੇ ਸ਼ੇਰ ਸਿੰਘ ਕੋਲ ਆਏ ਤੇ ਫ਼ਤਿਹ ਗਜ਼ਾ ਕੇ ਉਹਨਾਂ ਨੇ ਆਪਣੇ ਸੈਨਾਪਤੀ ਨੂੰ ਮੁਬਾਰਕ ਦਿਤੀ। ਸ਼ੇਰ ਸਿੰਘ ਨੇ ਕਿਹਾ :

"ਵਧਾਈ ਤੁਹਾਨੂੰ ਤੇ ਪੰਥ ਨੂੰ ਮੇਰੇ ਬਹਾਦਰ ਜਰਨੈਲੋ। ਜੁਗ ਜੁਗ ਵਧੋ ਇਹ ਮਹਾਨ ਕੌਮ ਤੇ ਦੇਸ਼ ਦਾ ਜੱਸ...।"

ਫਿਰ ਰਾਜਾ ਮੁਸਕਰਾਇਆ ਤੇ ਕਹਿੰਦਾ ਗਿਆ : "ਹੁਣ ਮੈਂ ਗਿਲਬਰਟ ਨੂੰ ਸੂਤ ਕਰਦਾ ਹਾਂ।"

ਗਿਲਬਰਟ ਆਪਣੀਆਂ ਦੋ ਬਰਿਗੇਡਾਂ ਨਾਲ ਸਿੱਖ ਮੱਧ ਦੇ ਖੱਬੇ ਵਲ ਵਧ ਰਿਹਾ ਸੀ ਕਿ ਇਤਨਾ ਇਕ ਕੈਂਪਬੈੱਲ ਦੇ ਥੱਲੇ ਵਾਲੀ ਪੈਨੀਕੁਇਕ ਦੀ ਬਰਿਗੇਡ ਦੀ ਹਾਰ ਨਾਲ ਉਹਦੀ ਖੱਬੀ ਵੱਖੀ ਨੰਗੀ ਹੋ ਗਈ। ਉਧਰੋਂ ਪੋਪ ਦੇ ਥੱਲੇ ਵਾਲੀ ਰਸਾਲਾ ਬਰਿਗੇਡ ਵੀ ਖਿੰਡਰਨ ਤੇ ਮਜਬੂਰ ਹੋ ਗਈ ਤੇ ਇਸ ਤਰ੍ਹਾਂ ਗਿਲਬਰਟ ਦੀ ਸੱਜੀ ਵੱਖੀ ਵੀ ਖ਼ਾਲੀ ਹੋ ਗਈ। ਹੁਣ ਵਿਚਾਰੇ ਉੱਤੇ ਇਕ ਹੋਰ ਮੁਸੀਬਤ ਟੁੱਟੀ। ਆਪਣੀਆਂ ਵੱਖੀਆਂ ਦੇ ਨੰਗੇ ਹੋ ਜਾਣ ਦੇ ਕਾਰਨ ਗਿਲਬਰਟ ਦੀਆਂ ਬਰਿਗੇਡਾਂ ਜ਼ਰਾ ਖੁਲ੍ਹ ਕੇ ਲੜਨ ਉੱਤੇ ਜਦੋਂ ਮਜਬੂਰ ਹੋਈਆਂ ਤਾਂ ਸ਼ੇਰ ਸਿੰਘ ਨੇ ਇਕ ਕਮਚੋਰ ਥਾਂ ਭਾਂਪ ਕੇ ਆਪਣੀਆਂ ਦੋ ਪਿਆਦਾ ਪਲਟਨਾਂ ਨੂੰ ਉਥੇ ਹਮਲਾ ਕਰਨ ਦਾ ਹੁਕਮ ਦਿਤਾ। ਇਹ ਕਮਚੋਰ ਥਾਂ ਗਿਲਬਰਟ ਦੀਆਂ ਦੋਹਾਂ ਬਰਿਗੇਡਾਂ ਦੇ ਵਿਚਕਾਰ ਸੀ ਤੇ ਇਉਂ ਇਹ ਦੋ ਬਰਿਗੇਡਾਂ ਵੀ ਤਿੰਨਾਂ ਪਾਸਿਆਂ ਤੋਂ ਸਿੱਖ ਸੈਨਾ ਨਾਲ ਘਿਰ ਗਈਆਂ।

ਇਸ ਤੋਂ ਵਧ ਬਰਿਗੇਡੀਅਰ ਪੋਪ ਦੀ ਰਸਾਲਾ ਬਰਿਗੇਡ ਦੀ ਬੇਹੁਰਮਤੀ ਹੋਈ। ਪਤਾ ਨਹੀਂ ਕਿਹਦੀ ਗ਼ਲਤੀ ਨਾਲ ਜਦੋਂ ਇਹ ਬਰਿਗੇਡ ਅਗੇ ਵਧੀ ਤਾਂ ਇਹ ਆਪਣੇ ਹੀ ਅਸਪੀ ਤੋਪਖ਼ਾਨੇ ਦੇ ਸਾਹਮਣੇ ਆ ਗਈ ਜਿਸ ਕਰ ਕੇ ਤੋਪਖ਼ਾਨਾ ਇਹਦੀ ਸਹਾਇਤਾ ਨਾ ਕਰ ਸਕਿਆ। ਕਰਨੈਲ ਸੁਰਤ ਸਿੰਘ ਨੇ ਇਹ ਤਮਾਸ਼ਾ ਵੇਖਿਆ ਤਾਂ ਉਹ ਆਪ ਪਲੋ ਪਲੀ ਰਾਜਾ ਸ਼ੇਰ ਸਿੰਘ ਕੋਲ ਆਇਆ। "ਇਸ ਬਰਿਗੇਡ ਨੂੰ ਤਿੱਤਰ ਬਿੱਤਰ ਕਰਨ ਦਾ ਅਨਮੋਲ ਮੌਕਾ ਹੈ ਰਾਜਾ ਸਾਹਿਬ !"

ਸ਼ੇਰ ਸਿੰਘ ਨੇ ਜਦੋਂ ਏਧਰ ਖ਼ਿਆਲ ਕੀਤਾ ਤਾਂ ਆਪਣੇ ਦੋ ਤਿੰਨ ਸੌ ਘੋੜ ਚੜ੍ਹਿਆਂ ਨੂੰ ਇਸ ਬਰਿਗੇਡ ਉੱਤੇ ਹਮਲਾ ਕਰਨ ਦੀ ਆਗਿਆ ਦਿਤੀ।

ਇਹਨਾਂ ਦੋ ਤਿੰਨ ਸੌ ਘੋੜ ਚੜ੍ਹਿਆਂ ਨੇ ਗਜਾਇਆ ਇਕ ਜੈਕਾਰਾ ਤੇ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਉਚਾਰਦੇ ਜਾ ਪਏ ਪੋਪ ਦੀ ਬਰਿਗੇਡ ਉੱਤੇ। ਸਾਰੀ ਦੀ ਸਾਰੀ ਬਰਿਗੇਡ ਪਿਛਾਂਹ ਵਲ ਮੂੰਹ ਕਰ ਕੇ ਉਠ ਨੱਠੀ।

Scanned by CamScanner

ਅੰਗਰੇਜ਼ੀ ਸੈਨਾ ਦੇ ਸਾਰੇ ਇਤਿਹਾਸ ਵਿਚ ਅੱਜ ਤਕ ਕਦੀ ਪੂਰੀ ਦੀ ਪੂਰੀ ਰਸਾਲਾ ਬਰਿਗੇਡ ਮੂੰਹ ਭੁਆ ਕੇ ਨਹੀਂ ਨੱਠੀ। ਅਜੇ ਤਕ ਇਕ ਪੂਰੀ ਦੀ ਪੂਰੀ ਬਰਿਗੇਡ ਤਿੰਨ ਸੌ ਘੋੜ ਚੜ੍ਹਿਆਂ ਅਗੇ, ਰੋ ਦੀ ਤੇ ਕੁਰਲਾਂਦੀ, ਆਪਣੇ ਹੀ ਪਿਆਦਾ ਸਿਪਾਹੀਆਂ ਤੇ ਆਪਣੇ ਹੀ ਸਾਜ਼ੋ-ਸਾਮਾਨ ਨੂੰ ਲਿਤਾੜਦੀ, ਕਦੇ ਇੰਜ ਨਹੀਂ ਸੀ ਦੌੜੀ। ਅੱਜ ਦਾ ਇਹ ਸਿੱਖ ਘੋੜ ਚੜ੍ਹਿਆਂ ਦਾ ਹੱਲਾ ਇਕ ਇਤਿਹਾਸਕ ਕਰਾਮਾਤ ਹੈ। ਇਹੋ ਜਿਹੀਆਂ ਕਰਾਮਾਤਾਂ ਨਿਤ ਵੇਖਣ ਵਿਚ ਨਹੀਂ ਆਉਂਦੀਆ। ਇਹੋ ਜਿਹੀਆਂ ਕਰਾਮਾਤਾਂ, ਕਦੀ ਕਦੀ, ਸਦੀਆਂ ਵਿਚ ਇਕ ਵਾਰੀ, ਸਹੀ ਹੁੰਦੀਆਂ ਹਨ।

ਅੰਗਰੇਜ਼ੀ ਰਸਾਲਾ ਮੂੰਹ ਭੁਆ ਕੇ ਨਠਿਆ ਜਾ ਰਿਹਾ ਸੀ ਤੇ ਆਪਣੇ ਹੀ ਸਿਪਾਹੀਆਂ ਨੂੰ ਪੈਰਾਂ ਥੱਲੇ ਮਿਧਦਾ ਜਾ ਰਿਹਾ ਸੀ। ਇਸ ਤਰ੍ਹਾਂ ਅੰਨ੍ਹੇ ਹੋਏ ਦੌੜੇ ਜਾ ਰਹੇ ਸਨ ਘੋੜੇ ਕਿ ਜਦੋਂ ਉਹਨਾਂ ਦੀਆਂ ਆਪਣੀਆਂ ਤੋਪਾਂ ਹੀ ਰਾਹ ਵਿਚ ਆਈਆਂ ਤਾਂ ਉਹ ਉਹਨਾਂ ਨਾਲ ਹੀ ਟਕਰਾ ਕੇ ਡਿੱਗ ਪਏ। ਕਈ ਘੋੜੇ ਤੇ ਸਵਾਰਾਂ ਨੂੰ ਇੰਜ ਮੌਤ ਮਿਲੀ। ਬਰਿਗੇਡਅਰ ਪੋਪ ਇਕ ਘੋੜ ਚੜ੍ਹੇ ਦੇ ਨੇਚੇ ਨਾਲ ਵਿੰਨ੍ਹਿਆ ਗਿਆ।

ਅੰਤ ਸਿੱਖ ਘੋੜ ਚੜ੍ਹੇ ਸੈਨਾਪਤੀ ਗਫ਼ ਦੇ ਸਦਰ ਕੋਲ ਜਾ ਪਹੁੰਚੇ ਤੇ ਗਫ਼ ਦੀ ਬਾਡੀਗਾਰਡ ਪਿਆਦਾ ਫ਼ੌਜ ਤੇ ਤੁੰਪਖ਼ਾਨੇ ਨੂੰ ਉਹਨਾਂ ਦੇ ਵਿਰੁਧ ਅਗੇ ਵਧਣਾ ਪਿਆ...।

ਹੁਣ ਗਫ਼ ਨੇ ਆਪਣੀ ਰਾਖਵੀਂ ਬਰਿਗੇਡ ਨੂੰ ਪੈਨੀਕੁਇਕ ਦੀ ਹਾਰੀ ਹੋਈ ਬਰਿਗੇਡ ਦੀ ਥਾਂ ਲੈਣ ਵਾਸਤੇ ਕਿਹਾ ਤੇ ਅੰਗਰੇਜ਼ੀ ਪਿਆਦਾ ਸੈਨਾ ਇਕ ਵਾਰ ਫਿਰ ਅਗੇ ਵਧੀ। ਪਰ ਹੁਣ ਤਕ ਗੋਰੇ ਤੇ ਉਹਨਾਂ ਦੇ ਬਾਕੀ ਦੇਸੀ ਸਿਪਾਹੀ ਥੱਕ ਚੁਕੇ ਸਨ। ਪਲਟਨਾਂ ਕਈ ਇਤਿਹਾਸਕ ਲੜਾਈਆਂ ਵਿਚ ਜਿੱਤੇ ਝੰਡੇ ਖੁਹਾ ਚੁਕੀਆਂ ਸਨ। ਸਿੱਖਾਂ ਦੀ ਕ੍ਰਿਪਾਨ ਤੇ ਉਹਨਾਂ ਦੇ ਰਸਾਲੇ ਨੇ ਉਹਨਾਂ ਦੇ ਹੌਸਲੇ ਪਸਤ ਕਰ ਦਿਤੇ ਸਨ। ਸਿੱਖ ਘੋੜ ਚੜ੍ਹੇ ਛੇ ਤੋਪਾਂ ਖੋਹ ਕੇ ਲੈ ਗਏ ਸਨ। ਘਟ ਤੋਂ ਘਟ ਸੌ ਕੁ ਅਫ਼ਸਰ ਤੇ ਤਿੰਨ ਕੁ ਹਜ਼ਾਰ ਸਿਪਾਹੀ ਮਾਰੇ ਜਾ ਚੁਕੇ ਸਨ। ਤੇ ਉਧਰੋਂ ਸ਼ਾਮ ਦੇ ਪੰਜ ਵਜੇ ਦਾ ਵਕਤ ਸੀ। ਹਨੇਰਾ ਪਲੋ ਪਲੀ ਵਧ ਰਿਹਾ ਸੀ। ਤੇ ਗਫ਼ ਡਰ ਰਿਹਾ ਸੀ ਕਿਤੇ ਫੇਰੂ ਸ਼ਹਿਰ ਵਾਲਾ ਹਾਲ ਨਾ ਹੋਵੇ। ਸਾਰੀ ਦੀ ਸਾਰੀ ਸੈਨਾ ਭੁਖੀ। ਰਸਦ ਪਾਣੀ ਦੀ ਕਿਸੇ ਨੂੰ ਉਘ ਸੁਘ ਨਾ। ਪੋਪ ਦੇ ਆਪਣੇ ਰਸਾਲੇ ਨੇ ਹੀ ਲਾਮਡੋਰੀ ਦੀਆਂ ਅੱਧੀਆਂ ਸ਼ੈਆਂ ਬਰਬਾਦ ਕਰ ਦਿਤੀਆਂ ਸਨ।

ਹੁਣ ਗਫ਼ ਨੇ ਫ਼ੈਸਲਾ ਕਰਨਾ ਸੀ ਕਿ ਕੀ ਉਹ ਜਿਥੇ ਹਨ ਉਥੇ ਹੀ ਰਾਤ ਕੱਟਣ ਕਿ ਪਿਛੇ ਹਟ ਕੇ...ਤੇ ਭਾਵੇਂ ਸ਼ਿਆਣਪ ਉਥੇ ਰਾਤ ਕਟਣ ਵਿਚ ਸੀ, ਪਰ ਫਿਰ ਵੀ ਗਫ਼ ਪਿਛੇ ਹੱਟ ਆਇਆ। ਚਿਲਿਆਂਵਾਲੇ ਦੇ ਦੱਖਣ ਵਿਚ ਉਸ ਆਪਣੀ ਸ਼ਮੁੱਚੀ ਸੈਨਾ ਨੂੰ ਜੁੜਨ ਵਾਸਤੇ ਕਿਹਾ। ਗਫ਼ ਹਾਰ ਗਿਆ ਸੀ ਅੰਗਰੇਜ਼ੀ ਸੈਨਾ ਹਾਰ ਗਈ ਸੀ।

੧੭੬

ਸ਼ੋਲ੍ਹਾ ਜਨਵਰੀ ੧੮੪੬ ਨੂੰ ਸਰਦਾਰ ਚਤਰ ਸਿੰਘ, ਦਸ ਕੁ ਹਜ਼ਾਰ ਸੈਨਾ ਨਾਲ, ਰਸੂਲ ਪੁਜ ਗਿਆ।

ਰਾਜਾ ਸ਼ੇਰ ਸਿੰਘ, ਸੋ ਜਵਾਨਾਂ ਨਾਲ, ਜਿਹਦੇ ਵਿਚ ਅਜੀਤ ਸਿੰਘ ਤੇ ਯਾਰ ਖ਼ਾਨ ਵੀ ਸ਼ਾਮਲ ਸਨ, ਪਿਤਾ ਨੂੰ ਣ ਵਾਸਤੇ ਜਿਹਲਮ ਦੇਰਿਆ ਦੇ ਪਾਰ ਆਇਆ।

ਚਤਰ ਸਿੰਘ ਨੇ ਚਿੱਟਾ ਬਾਣਾ ਪਹਿਨਿਆ ਹੋਇਆ ਸੀ ਤੇ ਐਨੇ ਲੰਮੇ ਤੇ ਔਖੇ ਸਫ਼ਰ ਤੇ ਐਨੀਆਂ ਸਖ਼ਤ ਲੜਾਈਆਂ ਲੜਨ ਦੇ ਬਾਵਜੂਦ ਵੀ ਉਹਦਾ ਚਿਹਰਾ ਖਿੜਿਆ ਹੋਇਆ ਸੀ। ਥਕਾਵਟ ਦਾ ਕੋਈ ਪ੍ਰਗਟ ਚਿੰਨ੍ਹ ਦਿਸ ਨਹੀਂ ਰਿਹਾ। ਉਹਦਾ ਘੋੜਾ ਵੀ ਉਹਦੇ ਬਸਤਰਾਂ ਵਾਂਗ ਦੁੱਧ ਚਿੱਟਾ ਸੀ।

Scanned by CamScanner

ਸਰਦਾਰ ਚਤਰ ਸਿੰਘ ਆਇਆ ਤੇ 'ਕੌਮੀ ਅੰਦੋਲਨ ਜ਼ਿੰਦਾਬਾਦ' ਦੇ ਨਾਅਰਿਆਂ ਤੇ ਜੈਕਾਰਿਆਂ ਨਾਲ ਉਹਦਾ ਸਵਾਗਤ ਹੋਇਆ। ਬੜੀ ਸੱਜ ਧੱਜ ਨਾਲ ਦਰਿਆ ਪਾਰ ਕੀਤਾ ਗਿਆ ਤੇ ਫਿਰ ਚਤਰ ਸਿੰਘ ਰਸੂਲ ਪੁਜਿਆ। ਏਥੇ ਉਹਦੀ ਇੱਜ਼ਤ ਵਿਚ ਸੈਨਾ ਦਾ ਇਕ ਵੱਡਾ ਭਾਗ ਸਲਾਮੀ ਦੇਣ ਲਈ ਤਿਆਰ ਖੜਾ ਸੀ। ਰਾਜਾ ਸ਼ੇਰ ਸਿੰਘ ਨੇ ਆਪ ਇਸ ਸਲਾਮੀ ਦੇਣ ਵਾਲੀ ਸੈਨਾ ਦੀ ਕਮਾਨ ਕੀਤੀ।

ਸਰਦਾਰ ਚਤਰ ਸਿੰਘ ਤੇ ਉਹਦੇ ਨਾਲ ਆਏ ਦਸ ਹਜ਼ਾਰ ਬੰਦਿਆਂ ਵਾਸਤੇ ਉਚੇਚਾ ਭੋਜਨ ਤਿਆਰ ਕੀਤਾ ਗਿਆ ਤੇ ਸ਼ੇਰ ਸਿੰਘ ਦੀ ਸੈਨਾ ਨੇ ਭੁੱਖੇ ਰਹਿ ਕੇ ਇਹਨਾਂ ਪ੍ਰਾਹੁਣਿਆਂ ਵਾਸਤੇ ਪਕਵਾਨ ਪਕਵਾਏ।

ਰੋਟੀ ਤੋਂ ਪਿਛੋਂ ਰਾਜਾ ਸ਼ੇਰ ਸਿੰਘ ਆਪਣੇ ਪਿਤਾ ਨੂੰ ਸਾਰੇ ਮੋਰਚਿਆਂ ਦੇ ਨਰੀਖ਼ਣ ਵਾਸਤੇ ਲੈ ਗਿਆ ਤੇ ਥਾਂ ਥਾਂ ਚਿਲਿਆਂਵਾਲੇ ਦੇ ਮਹਾਨ ਯੁੱਧ ਬਾਰੇ ਪੂਰਾ ਵੇਰਵਾ ਦੇਂਦਾ ਗਿਆ। ਰਸੂਲ ਤੋਂ ਥੋੜ੍ਹੀ ਦੂਰ ਅਗੇ ਆ ਕੇ ਉਸ ਕਿਹਾ :

"ਏਥੋਂ ਸਾਡੇ ਤਿੰਨ ਸੌ ਘੋੜ ਚੜ੍ਹਿਆਂ ਨੇ ਅਗੇ ਵਧ ਕੇ ਪੂਰੀ ਦੀ ਪੂਰੀ ਗੋਰਾ ਰਸਾਲਾ ਬਰਿਗੇਡ ਨੂੰ ਭਾਂਜ ਪਾ ਦਿਤੀ। ਇਕ ਵਾ ਵਰੋਲੇ ਵਾਂਗ ਸਾਡੇ ਘੋੜ ਚੜ੍ਹੇ ਗੋਰਿਆਂ ਉੱਤੇ ਢਾ ਗਏ ਤੇ ਉਹਨਾਂ ਦਾ ਸਾਜ਼ੋ-ਸਾਮਾਨ, ਉਹਨਾਂ ਦੀਆਂ ਤੁਪਾਂ, ਉਹਨਾਂ ਦੀ ਲਾਮਡੋਰੀ ਤੇ ਉਹਨਾਂ ਦਾ ਰਸਦ ਪਾਣੀ ਘੁੰਮਣ ਘੇਰੀਆਂ ਖਾਂਦਾ ਇਹਨਾਂ ਜਵਾਨਾਂ ਦੀ ਜੱਦ ਵਿਚ ਆ ਗਿਆ।"

"ਧੰਨ ਹੈ ਸਾਡੀ ਕੌਮ" ਚਤਰ ਸਿੰਘ ਨੇ ਆਖਿਆ।

ਜ਼ਰਾ ਅਗੇ ਵਧ ਕੇ ਸ਼ੇਰ ਸਿੰਘ ਨੇ ਦਸਿਆ, "ਏਥੇ, ਸਿੰਘ ਜੀ, ਮੈਂ ਗਿਲਬਰਟ ਦੇ ਡਵੀਯਨ ਦੀਆਂ ਦੋ ਬਰਿਗੇਡਾਂ ਵਿਚ ਪਾੜ ਪਾ ਕੇ ਆਪਣੀਆਂ ਪਿਆਦਾ ਪਲਟਨਾਂ ਧਸਾ ਦਿਤੀਆਂ : ਖ਼ਾਲਸੇ ਨੇ ਦਿਉ ਅੰਗਰੇਜ਼ਾਂ ਦੇ ਆਹੁ ਲਾਹੇ ਕਿ ਦੁਸ਼ਮਣ ਤਰਾਹ ਤਰਾਹ ਕਰ ਉਠਿਆ।"

ਚੱਕ ਫ਼ਤਿਹ ਸ਼ਾਹ ਕੋਲ ਪੁਜ ਕੇ ਸ਼ੇਰ ਸਿੰਘ ਨੇ ਜਰਨੈਲ ਅਤਰ ਸਿੰਘ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਲੜਾਈ ਦਾ ਵਿਸਥਾਰ ਦੇਣ ਵਾਸਤੇ ਕਿਹਾ। ਜਰਨੈਲ ਅਤਰ ਸਿੰਘ ਨੇ ਵੇਰਵਾ ਦੇਂਦਿਆਂ ਦਸਿਆ :

"ਸਰਦਾਰ ਚਤਰ ਸਿੰਘ, ਏਥੇ ਆਪਣੇ ਮੋਰਚਿਆਂ ਵਿਚ ਇਕ ਮਿਥੀ ਵਿਥ ਰਖ ਕੇ ਤੇ ਫਿਰ ਅੰਗਰੇਜ਼ਾਂ ਨੂੰ ਇਸ ਵਿਥ ਵਿਚ ਵੜਨ ਤੇ ਮਜਬੂਰ ਕਰ ਕੇ ਰਾਜਾ ਸ਼ੇਰ ਸਿੰਘ ਜੀ ਨੇ ਆਪਣੀ ਮਹਾਨ ਜੰਗੀ ਪ੍ਰਤਿਭਾ ਦਾ ਪਰਤੱਖ ਸਬੂਤ ਦਿਤਾ ਹੈ। ਕਾਸ਼, ਸਰਦਾਰ ਸਾਹਿਬ ਕਿ ਤੁਸੀਂ ਤੇ ਰਾਜਾ ਸ਼ੇਰ ਸਿੰਘ ਫੇਰੂ ਸ਼ਹਿਰ ਤੇ ਸਭਰਾਵਾਂ ਵਿਚ ਸਾਡੇ ਨਾਲ ਹੁੰਦੇ। ਇਸ ਵਿੱਥ ਵਿਚ ਗੋਰੇ ਘਿਰ ਕੇ ਇੰਜ ਤਿੜਕੇ ਜਿਵੇਂ ਭੱਠੀ ਵਿਚ ਪਏ ਛੋਲਿਆਂ ਦੇ ਦਾਣੇ ਤਿੜਕਦੇ ਹਨ।"

ਲਖਣੀ ਵਾਲੇ ਦੇ ਮੋਰਚਿਆਂ ਬਾਰੇ ਰਾਮ ਸਿੰਘ ਨੇ ਦਸਿਆ। ਜਿਥੇ ਜਿਥੇ ਸਰਦਾਰ ਚਤਰ ਸਿੰਘ ਗਿਆ ਸਿੱਖ ਤੇ ਹਿੰਦੂ ਸਿਪਾਹੀਆਂ ਨੇ "ਬੋਲੇ ਸੋ ਨਿਹਾਲ; ਸਤਿ ਸ੍ਰੀ ਅਕਾਲ" ਤੇ ਮੁਸਲਮਾਨਾਂ ਨੇ "ਨਾਅਰਾ-ਏ ਤਕਬੀਰ, ਅਲਾਹ ਹੂ ਅਕਬਰ," ਦੇ ਜੈਕਾਰਿਆਂ ਨਾਲ ਉਹਦਾ ਸਵਾਗਤ ਕੀਤਾ।

ਸ਼ਾਮੀਂ ਸਰਦਾਰ ਚਤਰ ਸਿੰਘ, ਰਾਜਾ ਸ਼ੇਰ ਸਿੰਘ, ਜਰਨੈਲ ਰਾਮ ਸਿੰਘ, ਜਰਨੈਲ ਅਤਰ ਸਿੰਘ, ਕਰਨੈਲ ਸੁਰਤ ਸਿੰਘ, ਮੀਆਂ ਦੀਨ ਇਲਾਹੀ, ਦੋਸਤ ਮੁਹੰਮਦ ਵਲੋਂ ਭੇਜੇ ਲਸ਼ਕਰ ਦਾ ਸਰਦਾਰ, ਸਾਰੇ ਭਵਿੱਖ ਬਾਰੇ ਫ਼ੈਸਲੇ ਕਰਨ ਵਾਸਤੇ ਰਲ ਬੈਠੇ। ਰਾਜਾ ਸ਼ੇਰ ਸਿੰਘ ਨੇ ਦਸਿਆ :

"ਚਿਲਿਆਂਵਾਲੇ ਵਿਚ ਹਾਰ ਖਾ ਕੇ ਗਫ਼ ਨੇ ਇਸ ਥਾਂ ਇਕ ਥਿੱਤ ਲਈ ਹੈ," ਤੇ ਉਸ ਇਕ ਲੰਮੇ ਪਤਲੇ ਬਾਂਸ ਨਾਲ ਇਸ ਥਿੱਤ ਵਲ ਇਸ਼ਾਰਾ ਕੀਤਾ। ਇਸ ਅੱਜ ਦੀ ਇਕੱਤਰਤਾ ਵਾਸਤੇ ਇਕ ਰੇਤ ਦਾ ਨਕਸ਼ਾ ਉਚੇਚਾ ਤਿਆਰ ਕੀਤਾ ਗਿਆ ਸੀ ਜਿਸ ਵਿਚ ਕਿ ਅੰਗਰੇਜ਼ਾਂ ਦੀਆਂ ਤੇ ਆਪਣੀਆਂ ਥਿੱਤਾਂ ਵੱਖਰੇ ਵੱਖਰੇ ਰੰਗਾਂ ਵਿਚ ਵਿਖਾਈਆਂ ਗਈਆਂ ਸਨ। ਇਹ ਨਕਸ਼ਾ ਵਾਸਤਵ ਜ਼ਮੀਨ ਦਾ ਹੂ-ਬ-ਹੂ ਖ਼ਾਕਾ ਸੀ ਤੇ ਉਚੀਆਂ ਟੇਕਰੀਆਂ ਤੇ ਟਿੱਬੇ ਵੀ ਇਕ ਪੈਮਾਨੇ ਰਾਹੀਂ ਇੰਨ ਬਿੰਨ ਵਿਖਾਏ ਗਏ ਸਨ। ਰਾਜਾ ਸ਼ੇਰ ਸਿੰਘ ਆਪਣੇ ਹੱਥ ਵਿਚ ਫੜੇ ਬਾਂਸ ਨਾਲ ਥਿੱਤਾਂ ਤੇ ਟੇਕਰੀਆਂ ਵਿਖਾਂਦਾ ਕਹਿੰਦਾ ਗਿਆ : "ਏਥੇ ਗਫ਼ ਨੇ ਥਿੱਤ ਸੰਭਾਲੀ ਤੇ ਇਹ ਟਿੱਬੇ ਤੇ ਟੇਕਰੀਆਂ ਅਸਾਂ ਅਗਲੇ ਦਿਨ ਆਪਣੇ ਵੁਸ਼ ਵਿਚ ਕਰ ਲਈਆਂ। ਅਸਾਂ ਗਫ ਦੀ ਗ਼ਲਤੀ ਤੋਂ ਲਾਭ ਉਠਾਇਆ ਤੇ ਮੈਨੂੰ ਵਿਸ਼ਵਾਸ ਹੈ ਕਿ ਹੁਣ ਉਹ ਆਪਣੀ ਅਣਗਹਿਲੀ ਉੱਤੇ ਪਛਤਾ ਰਿਹਾ ਹੋਏਗਾ।

Scanned by CamScanner

"ਹੁਣ ਮੇਰੀ ਸਲਾਹ ਹੈ ਕਿ ਅਸੀਂ ਕਿਵੇਂ ਨਾ ਕਿਵੇਂ ਗਫ਼ ਨੂੰ ਆਪਣੇ ਉੱਤੇ ਹੱਲੇ ਵਾਸਤੇ ਉਕਸਾਈਏ ਗਫ਼ ਦੀ ਚਟਕੀਲੇ ਸੁਭਾ ਤੋਂ ਅਸੀਂ ਸਭ ਜਾਣੂੰ ਹਾਂ। ਜੇ ਅਸੀਂ ਉਹਨੂੰ ਜ਼ਰਾ ਵੀ ਉਕਸਾ ਸਕੇ ਤਾਂ ਉਹ ਆਪੇ ਤੋਂ ਬਾਹਰ ਹੋ ਕੇ ਸਾਡੇ ਉੱਤੇ ਹੱਲਾ ਬੋਲ ਦਏਗਾ ਤੇ ਇਕ ਵਾਰ ਫਿਰ ਅਸੀਂ ਉਹਨੂੰ ਹਰਾਣ ਵਿਚ ਸਫਲ ਹੋ ਜਾਵਾਂਗੇ।

"ਇਸ ਵਾਸਤੇ ਇਕ ਚਾਲ ਜਿਹੜੀ ਮੈਨੂੰ ਸੁਝੀ ਹੈ ਉਹ ਇਹ ਹੈ ਕਿ ਅਸੀਂ ਏਥੋਂ," ਉਹ ਰੇਤ ਦੇ ਨਕਸ਼ੇ ਵਲ ਇਸ਼ਾਰੇ ਕਰਦਾ ਗਿਆ, "ਲੰਘ ਕੇ ਡਿੰਗੇ ਨੂੰ ਦਬਾਣ ਦਾ ਵਿਖਾਵਾ ਕਰੀਏ। ਗਫ਼ ਸਮਝੇਗਾ ਕਿ ਅਸੀਂ ਉਹਦੀ ਲਾਮਡੋਰੀ ਦੇ ਰਾਹ ਨੂੰ ਕੱਟਣ ਲਗੇ ਹਾਂ ਤੇ ਉਹ ਤਿੜਕ ਕੇ ਕੁਝ ਜ਼ਰੂਰ ਕਰੇਗਾ।

"ਜੇ ਇਹ ਚੋਗਾ ਕਾਮਯਾਬ ਨਾ ਹੋਇਆ ਤਾਂ ਅਸੀਂ ਸਚ ਮੁਚ ਹੀ ਡਿੰਗੇ ਉੱਤੇ ਕਬਜ਼ਾ ਕਰ ਲਵਾਂਗੇ ਤੇ ਪਿਛਲੇ ਇਲਾਕੇ ਨਾਲੋਂ ਉਹਦੇ ਸੰਬੰਧ ਤੋੜ ਦੇਵਾਂਗੇ।"

ਜਰਨੈਲ ਰਾਮ ਸਿੰਘ ਨੇ ਪੁਛਿਆ :

"ਪਰ ਰਾਜਾ ਸਾਹਿਬ ਐਤਕੀਂ ਅਸੀਂ ਹੀ ਗੋਰਿਆਂ ਉੱਤੇ ਹੱਲਾ ਕਿਉਂ ਨਾ ਬੋਲੀਏ। ਉਹਨਾਂ ਦੀ ਬਿੱਤ, ਮੇਰੀ ਜਾਚੇ, ਕਮਜ਼ੋਰ ਹੈ ਤੇ ਸਾਡੇ ਕੋਲ ਹੁਣ ਪ੍ਰਮਾਤਮਾ ਦੀ ਕ੍ਰਿਪਾ ਨਾਲ, ਸੋਨਾ ਵੀ ਕਾਫ਼ੀ ਹੈ!"

"ਇਹੋ ਕਝ ਮੈਂ ਚਾਹੁੰਦਾ ਹਾਂ, ਪਰ ..ਹਮਲੇ ਦੀਆਂ ਲੋੜਾਂ ਨੂੰ ਮੁਖ ਰਖਦਿਆਂ, ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਕੋਲ ਤੋਪਾਂ ਦੇ ਗੋਲੇ ਘਟ ਹਨ ਤੇ ਬਾਕੀ ਬਾਰੂਦ ਵੀ ਬਹੁਤ ਥੋੜ੍ਹਾ ਹੈ...।"

ਤੇ ਇਉਂ ਦੋ ਕੁ ਘੰਟੇ ਬਹਿਸ ਹੁੰਦੀ ਰਹੀ। ਸਰਦਾਰ ਚਤਰ ਸਿੰਘ ਇਸ ਦੌਰਾਨ ਵਿਚ ਨਹੀਂ ਬੋਲਿਆ। "ਤੁਸੀਂ ਆਪਣਾ ਫ਼ੈਸਲਾ ਦਿਓ ਸਿੰਘ ਸਾਹਿਬ," ਅੰਤ ਰਾਜਾ ਸ਼ੇਰ ਸਿੰਘ ਨੇ ਪੁਛਿਆ।

"ਅੱਜ ਨਹੀਂ ਕਲ੍ਹ ਇਸ ਮਸਲੇ ਬਾਰੇ ਫਿਰ ਵਿਚਾਰ ਕਰਾਂਗੇ," ਚਤਰ ਸਿੰਘ ਨੇ ਕਿਹਾ ਤੇ ਇਕੱਤਰਤਾ ਮੁਕ ਗਈ।

ਰਾਤੀਂ, ਅਜੀਤ, ਸਰਦਾਰ ਚਤਰ ਸਿੰਘ ਕੋਲ ਗਿਆ। ਚਤਰ ਸਿੰਘ, ਆਪਣੇ ਤੰਬੂ ਵਿਚ ਇਕ ਮੰਜੀ ਉੱਤੇ ਲੇਟਿਆ ਹੋਇਆ ਸੀ। ਅਜੀਤ ਦੇ ਆਉਣ ਉੱਤੇ ਉਹਨੇ ਬਾਕੀ ਸੇਵਾਦਾਰਾਂ ਤੇ ਹੋਰਨਾਂ ਆਦਮੀਆਂ ਨੂੰ ਬਾਹਰ ਜਾਣ ਲਈ ਕਿਹਾ ਤੇ ਅਜੀਤ ਉਹਦੇ ਕੋਲ ਪੁਆਂਦੀ ਵਲ ਬੈਠ ਗਿਆ।

ਅਜੀਤ ਹੈਰਾਨ ਸੀ ਇਸ ਮੰਜੀ ਉੱਤੇ ਲੇਟੇ ਚਤਰ ਸਿੰਘ ਨੂੰ ਵੇਖ ਕੇ। ਕਿਥੇ ਉਹ ਸਵੇਰ ਵਾਲਾ ਖਿੜਿਆ ਹੋਇਆ ਚਿਹਰਾ ? ਕਿਥੇ ਉਹ ਉਤਸ਼ਾਹ ਤੇ ਦ੍ਰਿੜ੍ਹਤਾ ਦੀਆਂ ਰੇਖਾਵਾਂ ? ਮੰਜੀ ਉੱਤੇ ਲੇਟਿਆ ਚਤਰ ਸਿੰਘ ਬਿਮਾਰ ਲਗਦਾ। ਆਪਦਾ ਕਿ ਉਹਦੀ ਸੱਤਾ ਮੁਕ ਚੁਕੀ ਹੈ ਤੇ ਇਹ ਕਿ ਉਹ ਕਿੰਨੇ ਹੀ ਹਫ਼ਤੇ ਮੰਜੀ ਉਤੋਂ ਉਠਣ ਦੇ ਯੋਗ ਨਹੀਂ ਹੋਵੇਗਾ।

"ਸਿੰਘ ਸਾਹਿਬ..." ਐਨੀ ਹੈਰਾਨੀ ਸੀ ਅਜੀਤ ਨੂੰ ਕਿ ਆਪਣੇ ਭਾਵ ਦਸਣ ਵਾਸਤ ਉਹਨੂੰ ਸ਼ਬਦ ਨਾ ਅਹੁੜਦੇ।

"ਮੇਰੇ ਨੇੜੇ ਹੋ ਕੇ ਬੈਠ, ਅਜੀਤ!"

ਅਜੀਤ ਉਠ ਕੇ ਚਰਾ ਨੇੜੇ ਹੋ ਗਿਆ।

"ਸਿੰਘ ਸਾਹਿਬ ..."

ਅਜੀਤ, ਚਤਰ ਸਿੰਘ ਵਾਸਤੇ ਐਨਾ ਚਿੰਤਾਤੁਰ ਹੋਇਆ ਕਿ ਉਹਨੂੰ ਆਪਣੀ ਪੀੜ ਤੇ ਉਦਾਸੀ ਭੁੱਲ ਗਈ। ਅਜੀਤ ਦੀ ਵੀ ਪੀੜ ਤੇ ਉਦਾਸੀ ਦਾ ਇਕ ਵਡਾ ਕਾਰਨ ਸੀ। ਚਿਲਿਆਂਵਾਲੇ ਦੀ ਲੜਾਈ ਵਿਚ ਉਹਦਾ ਛੋਟਾ ਭਰਾ ਗਰ ਸਿੰਘ ਮਾਰਿਆ ਗਿਆ ਸੀ। ਬੁਰੀ ਤਰ੍ਹਾਂ, ਇਉਂ ਉਹਦਾ ਸਿਰ ਫਿਸਿਆ ਕਿ ਕੋਈ ਉਹਨੂੰ ਪਛਾਣ ਨਾ ਸਕਦਾ। ਆਂਵਾਲੇ ਦੇ ਯੁੱਧ ਤੋਂ ਕੁਝ ਦਿਨ ਪਹਿਲੇ ਉਹ, ਆਪਣੇ ਪਿਤਾ ਤੇ ਦੋ ਛੋਟੇ ਭਰਾਵਾਂ ਨਾਲ ਰਸਦ ਦਾ ਜ਼ਖ਼ੀਰਾ ਰਸੂਲ ਇਆ ਸੀ ਤੇ ਫਿਰ ਜ਼ਿੱਦ ਕਰ ਕੇ ਉਥੇ ਹੀ ਰਹਿ ਗਿਆ ਸੀ। ਲੜਾਈ ਸਮੇਂ ਉਹਨੂੰ ਇਕ ਜੋਤ ਬਹਾਦਰ ਦੀ ਬੈਟਰੀ ਵੰਡਿਆ ਗਿਆ। ਇਹ ਬੈਟਰੀ ਦੇ ਸੱਜੇ ਹੱਥ ਸੀ। ਲੜਾਈ ਸ਼ੁਰੂ ਹੋਣ ਤੋਂ ਪਹਿਲੇ ਅਜੀਤ ਆਪਣੇ ਭਰਾ ਕੋਲ ਤੇ ਉਸ ਕਿਹਾ ਸੀ :

"ਉਜਾਗਰ! ਅਜੇ ਤੇਰੀ ਉਸਰ ਸਿਰਫ਼ ਚੌਦਾਂ ਵਰ੍ਹਿਆਂ ਦੀ ਹੋਈ ਹੈ, ਪਰ ਇਹ ਨਾ ਭੁੱਲੀਂ ਕਿ ਮਾਹਿਲ ਦੇ ਕਈ ਸਪੁੱਤਰ ਤੇਰੇ ਤੋਂ ਵੀ ਛੋਟੀ ਉਮਰ ਵਿਚ ਰਣ ਵਿਚ ਜੂਝਦੇ ਰਹੇ ਹਨ। ਦੁਸ਼ਮਣ ਦੀ ਅੱਗ ਤੋਂ ਡਰਨਾ ਨਹੀਂ। ਤੇ ਤੂੰ ਖਲੋਤਾ ਹੈਂ ਉਸ ਤੋਂ ਪਿਛੇ ਹਟਣਾ ਮਾਹਿਲ ਘਰਾਣੇ ਦੀ ਸ਼ਾਨ ਦੇ ਅਨੁਕੂਲ ਨਹੀਂ ਹੋਵੇਗਾ। ਬੇਟੀ ਬੇਟੀ

Scanned by CamScanner

ਕੱਟੀ ਜਾਏ, ਪਰ ਸਿਦਕ ਨਾ ਹਾਰੇ...। ਤੂੰ ਵੇਖੀਂ ਅੱਜ ਦੀ ਲੜਾਈ ਵਿਚ ਫ਼ਰੰਗੀਆਂ ਨੂੰ ਅਵੱਸ਼ ਹਾਰ ਹੋਏਗੀ।"

ਤੇ ਯੁਵਕ ਉਜਾਗਰ ਸਿੰਘ ਜਿਸ ਥਾਂ ਉੱਥੇ ਖਲੋਤਾ ਸੀ ਉਸ ਤੋਂ ਪਿਛੇ ਨਹੀਂ ਹਟਿਆ । ਲੜਾਈ ਮੁਕਣ ਤੋਂ ਪਿਛੋਂ ਉਜਾਗਰ ਅਜੀਤ ਨੂੰ ਨਹੀਂ ਮਿਲਿਆ । ਪਹਿਲੇ ਸ਼ਰਨ ਸਿੰਘ ਲਭਣ ਗਿਆ ਸੀ ਤੇ ਫਿਰ ਅਜੀਤ ਤੇ ਯਾਰ ਖਾਨ ।

ਜਿਥੇ ਜਿਥੇ ਵੀ ਜ਼ਖ਼ਮੀਆਂ ਦਾ ਦਵਾ ਦਾਰੂ ਹੋ ਰਿਹਾ ਸੀ ਉਹ ਉਹਨਾਂ ਥਾਵਾਂ ਉੱਤੇ ਗਏ, ਪਰ ਉਜਾਗਰ ਕਿਤੇ ਨਾ ਲਭਿਆ । ਅਗਲੀ ਸਵੇਰੇ ਉਹਨਾਂ ਨੇ ਫਿਰ ਢੂੰਡ ਸ਼ਰੂ ਕੀਤੀ ਤੇ ਅੰਤ ਅਜੀਤ ਨੇ ਲਹੂ ਨਾਲ ਲੱਥ ਪੱਥ ਹੋਏ ਆਪਣੇ ਭਰਾ ਨੂੰ ਉਹਦੇ ਕੜੇ ਤੋਂ ਪਛਾਣਿਆਂ । ਮਾਹਿਲੋਂ ਆਉ'ਦੀ ਵਾਰੀ ਉਹਨੇ ਤੇ ਉਹਦੇ ਭਰਾ ਨੇ ਦਰਬਾਰ ਸਾਹਿਬ ਅੰਮ੍ਰਿਤਸਰੋਂ ਆਪੋ ਆਪਣੇ ਵਾਸਤੇ ਨਵੇਂ ਕੜੇ ਖਰੀਦੇ ਸਨ । ਇਕੋ ਜਿਹੇ ਤੇ ਅੱਜ ਇਹੋ ਕੜਾ ਉਜਾਗਰ ਦੀ ਖੂਨ ਦੀ ਵੀਣੀ ਵਿਚ ਪਿਆ ਸੀ ਉਜਾਗਰ ਦਾ ਮੂੰਹ ਤੇ ਸਿਰ ਬਿਲਕੁਲ ਚਿੱਥੇ ਗਏ ਸਨ ।

ਜਦੋਂ ਚਤਰ ਸਿੰਘ ਆਇਆ ਤੇ ਉਹਨੂੰ ਮਿਲਿਆ, ਤਾਂ ਅਜੀਤ ਦਾ ਘਤਾ ਘਤੀ ਇਹੋ ਜੀ ਕਰਦਾ ਰਿਹਾ ਕਿ ਉਹ ਆਪਣੇ ਭਰਾ ਬਾਰੇ ਚਤਰ ਸਿੰਘ ਨੂੰ ਦਸੇ । ਉਹਨੂੰ ਜਾਪਦਾ ਸੀ, ਉਜਾਗਰ ਦੀ ਸ਼ਹੀਦੀ ਬਾਰੇ ਸੁਣ ਕੇ ਚਤਰ ਸਿੰਘ, ਗੁਰਪਾਲ ਸਿੰਘ ਵਾਂਗ ਹੀ, ਉਹਦੇ ਨਾਲ ਹਮਦਰਦੀ ਕਰੇਗਾ; ਪਰ ਸਾਰਾ ਦਿਨ ਉਹਨੂੰ ਇਹ ਗੱਲ ਦਸਣ ਦਾ ਮੌਕਾ ਨਾ ਮਿਲਿਆ । ਆਖ਼ਰ ਇਸ ਲੜਾਈ ਵਿਚ ਕਈ ਸੈਂਕੜੇ ਆਦਮੀ ਸ਼ਹੀਦ ਹੋਏ ਸਨ ! ਕੀ ਹਰ ਇਕ ਦਾ ਸਾਕ ਸੰਬੰਧੀ ਆਪ ਚਤਰ ਸਿੰਘ ਕੋਲ ਉਹਨਾਂ ਬਾਰੇ ਵੈਣ ਪਾਣ ਜਾਂਦਾ । ਇਸ ਤਰ੍ਹਾਂ ਸੋਚ ਕੇ ਕਦੀ ਕਦੀ ਅਜੀਤ ਫ਼ੈਸਲਾ ਕਰਦਾ ਕਿ ਉਹ ਚਤਰ ਸਿੰਘ ਨੂੰ ਇਸ ਮੌਤ ਬਾਰੇ ਕੁਝ ਨਹੀਂ ਕਹੇਗਾ, ਪਰ ਫਿਰ ਚਤਰ ਸਿੰਘ ਦੀ ਮਿੱਠੀ ਤੇ ਪਿਆਰੀ ਸ਼ਖ਼ਸੀਅਤ ਉਹਨੂੰ ਉਭਾਰਦੀ । ਨਿਰਸੰਦੇਹ ਉਹ ਤੇ ਚਤਰ ਸਿੰਘ ਇਕ ਦੂਜੇ ਦੇ ਬੜਾ ਨੇੜੇ ਸਨ । ਉਹਨਾਂ ਦੇ ਸੰਬੰਧ ਪਿਤਾ ਤੇ ਪੁੱਤਰ ਦੇ ਸੰਬੰਧ ਸਨ ।

ਪਰ ਐਸ ਵੇਲੇ ਉਹ ਚਤਰ ਸਿੰਘ ਨੂੰ ਉਦਾਸ ਵੇਖ ਕੇ ਇਸ ਗੱਲ ਬਾਬਤ ਇਕਾ ਇਕ ਸਭ ਕੁਝ ਭੁੱਲ ਗਿਆ ਤੇ ਜਦੋਂ ਉਹਨੂੰ ਸ਼ਬਦ ਅਹੁੜੇ, ਤਾਂ ਉਸ ਪੁੱਛਿਆ, "ਸਿੰਘ ਸਾਹਿਬ ! ਤੁਹਾਡੀ ਤਬੀਅਤ ਤਾਂ ਠੀਕ ਹੈ ?"

"ਤਬੀਅਤ ਠੀਕ ਹੈ ਵੀ ਤੇ ਨਹੀਂ ਵੀ । ਅਟਕ ਦੀ ਲੜਾਈ ਵਿਚ ਮੇਰੇ ਪੱਟ ਉੱਤੇ ਇਕ ਠਿੱਕਾ ਜਿਹਾ ਘਾਉ ਆਇਆ ਸੀ । ਇਹ ਐਨਾ ਨਿੱਕਾ ਸੀ ਕਿ ਮੈਂ ਹਕੀਮ ਤਕ ਨੂੰ ਨਾ ਵਿਖਾਇਆ, ਪਰ ਅੱਜ ਲਗਦਾ ਹੈ ਕਿ ਇਸ ਵਿਚ ਪਾਕ ਪੈ ਗਈ ਹੈ ਤੇ ਮੈਂ ਥੱਕਿਆ ਥੱਕਿਆ ਮਹਿਸੂਸ ਕਰਦਾ ਹਾਂ ।"

"ਮੈਂ ਹੁਣੇ ਲੈ ਕੇ ਆਂਦਾ ਹਾਂ ਹਕੀਮ ਨੂੰ...।" ਅਜੀਤ ਮੰਜੀ ਤੋਂ ਉੱਠਣ ਲਗਾ ।

ਚਤਰ ਸਿੰਘ ਨੇ ਉਹਨੂੰ ਫੜਿਆ, "ਇਹ ਘਾਓ ਤਾਂ ਅਵੱਸ਼ ਠੀਕ ਹੋ ਜਾਏਗਾ, ਅਜੀਤ ਪਰ ਜਿਹੜੇ ਘਾਓ ਮੇਰੇ ਮਨ ਉਤੇ ਪਏ ਹਨ, ਉਹ ਕਿਵੇਂ ਵੱਲ ਹੋਣਗੇ ? ਮੈਨੂੰ ਇਸ ਘਾਓ ਦੀ ਐਨੀ ਫ਼ਿਕਰ ਨਹੀਂ, ਭਾਵੇਂ ਥੋੜ੍ਹੀ ਜ਼ਿਸਮਾਨੀ ਥਕਾਣ ਜ਼ਰੂਰ ਹੋ ਗਈ ਹੈ । ਪਰ ਅਜੀਤ ! ਅੱਜ ਚਿਲਿਆਂਵਾਲੇ ਯੁੱਧ ਦੀ ਕਹਾਣੀ ਸੁਣ ਕੇ ਜਿਥੇ ਦਿਲ ਖਿੜਿਆ ਹੈ, ਉੱਥੇ ਇਕ ਮਾਯੂਸੀ ਵੀ ਜ਼ਰੂਰ ਹੋਈ ਹੈ ।"

'ਮਾਯੂਸੀ ? ਕਿਉਂ ?"

"ਕਿਉਂ ਕਿ ਅਸਾਂ ਇਕ ਮਹਾਨ ਮੌਕਾ ਹੱਥੋਂ ਖੁੰਝਾ ਦਿਤਾ ਹੈ । ਜਿਸ ਸ਼ਾਮ ਅੰਗਰੇਜ਼ ਹਾਰ ਖਾ ਕੇ ਪਿਛੇ ਹਟੇ ਸਨ, ਉਸੇ ਰਾਤ ਸਾਨੂੰ ਉਹਨਾਂ ਉੱਤੇ ਹੱਲਾ ਕਰ ਕੇ, ਉਹਨਾਂ ਨੂੰ ਤਬਾਹ ਕਰ ਦੇਣਾ ਚਾਹੀਦਾ ਸੀ । ਜਿਹੜੀ ਹਾਲਤ ਉਹਨਾਂ ਦੀ ਉਸ ਰਾਤ ਹੋਵੇਗੀ, ਉਹ ਸਾਡੇ ਤੋਂ ਗੁੱਝੀ ਨਹੀਂ । ਉਹਨਾਂ ਦਾ ਰਸਦ ਪਾਣੀ ਖਿੰਡਰ ਪੁੰਡਰ ਚੁੱਕਾ ਸੀ ਤੇ ਮਾਨਸਕ ਪੱਖੋਂ ਵੀ ਉਹ ਅਤੀ ਪਸਤ ਹਾਲਤ ਵਿਚ ਸਨ । ਜੇ ਉਸ ਰਾਤ ਅਸੀਂ ਉਹਨਾ ਨੂੰ ਭਜਾ ਕੱਢਦੇ, ਤਾਂ ਅੱਜ ਅਸੀਂ ਸੁਖੱਲੇ ਹੀ ਲਾਹੌਰ ਵਲ ਚਾਲੇ ਪਾ ਸਕਦੇ ਸਾਂ ।"

ਚਤਰ ਸਿੰਘ ਜਿਵੇਂ ਗੱਲ ਕਰਦਾ ਕਰਦਾ ਥੱਕ ਗਿਆ ਹੋਵੇ । ਉਸ ਆਪਣੀ ਨਿੱਕੀ ਪੱਗ ਲਾਹੀ ਤੇ ਵਾਲਾਂ ਨੂੰ ਕੰਘਾ ਕੀਤਾ । ਚਾਰ ਵਾਲ ਬਚ ਰਹੇ ਸਨ, ਉਹਦੇ ਸਿਰ ਉੱਤੇ, ਪਰ ਉਹ ਇਹਨਾਂ ਵਾਲਾਂ ਨੂੰ ਬੜਾ ਪਿਆਰ ਕਰਦਾ ਲਗਦਾ ਸੀ । ਕਈ ਵਾਰੀ, ਉਸ ਹੌਲੀ ਹੌਲੀ, ਕੰਘੇ ਨੂੰ ਇਹਨਾਂ ਵਾਲਾਂ ਵਿਚੋਂ ਫੇਰਿਆ । ਕੰਘਾ ਵਾਹ ਕੇ ਆਪਣੀ ਨਿੱਕੀ ਦਸਤਾਰ ਫਿਰ ਬੰਨ੍ਹ ਲਈ ਤੇ ਸਿਰਹਾਣਿਆਂ ਨੂੰ ਆਪਣੇ ਸੱਜੇ ਮੋਢੇ ਥਲੇ ਦਬਾਉ'ਦਾ ਉਹ ਬੋਲਿਆ: "ਅੱਜ ਸਾਡੀ ਸੈਨਾ ਦੀ ਹਾਲਤ

Scanned by CamScanner

ਖ਼ਰਾਬ ਹੈ। ਅੱਜ ਸਾਡੇ ਕੋਲ ਦੋ'ਹ ਚਹੁੰ ਦਿਨਾਂ ਜੋਗਾ ਵੀ ਪੂਰਾ ਰਾਸ਼ਨ ਨਹੀਂ। ਅਗੇ ਹੀ ਮੈਂ ਸੁਣਿਆ ਹੈ ਕਿ ਤੁਸੀਂ ਲੋੜ ਨਾਲੋਂ ਥੋੜੇ ਰਾਸ਼ਨ ਉੱਤੇ ਗੁਜ਼ਾਰਾ ਕਰਦੇ ਰਹੇ ਹੋ। ਸਰਦੀਆਂ ਵਿਚ ਇਸ ਤਰ੍ਹਾਂ ਬਹੁਤੀ ਦੇਰ ਤੱਗਣਾ ਮੁਸ਼ਕਲ ਹੁੰਦਾ ਹੈ।"

"ਪਰ ਸਿੰਘ ਸਾਹਿਬ" ਅਜੀਤ ਬੋਲਿਆ ਤੇ ਫਿਰ ਚੁੱਪ ਕਰ ਗਿਆ।

"ਕਹੋ, ਅਜੀਤ...ਰੁਕ ਕਿਉਂ ਗਿਆ ਹੈਂ ?"

"ਸਿੰਘ ਸਾਹਿਬ ! ਹਾਲਾਤ ਐਨੇ ਖ਼ਰਾਬ ਨਹੀਂ, ਜਿੰਨੇ ਤੁਸੀਂ ਸਮਝ ਰਹੇ ਹੋ। ਤੁਸੀਂ ਸੈਨਾ ਦਾ ਉਤਸ਼ਾਹ ਵੇਖੋ। ਤੁਸੀਂ ਇਸ ਸੈਨਾ ਦੇ ਇਰਾਦਿਆਂ ਵਲ ਤੱਕੋ। ਸਾਡੇ ਵਿਚੋਂ ਇਕ ਇਕ ਨੇ ਪੱਕਾ ਕਰ ਲਿਆ ਹੈ ਕਿ ਐਤਕੀਂ ਫੇਰ ਸ਼ਹਿਰ ਤੇ ਸਭਰਾਵਾਂ ਦੁਹਰਾਏ ਨਹੀਂ ਜਾਣਗੇ। ਰਾਜਾ ਸਾਹਿਬ ਦੀ ਮਹਾਨ ਸ਼ਖਸੀਅਤ ਤੇ ਪ੍ਰਤਿਭਾ ਨੇ ਹਰ ਸਿਪਾਹੀ ਨੂੰ ਆਪਣਾ ਬਣਾ ਲਿਆ ਹੈ। ਉਹਨਾਂ ਦਾ ਜੱਸ ਗੋਰਿਆਂ ਦੇ ਕੈਂਪ ਵਿਚ ਖਿਲਰ ਗਿਆ ਹੈ ਤੇ ਸੁਣਿਆ ਗਿਆ ਹੈ ਕਿ ਗਫ਼ੇ ਉਹਨਾਂ ਨਾਲ ਪੱਲਾ ਮੇਚਣ ਤੋਂ ਝਿਜਕਦਾ ਹੈ।"

ਚਤਰ ਸਿੰਘ ਆਪਣੀਆਂ ਅੱਖਾਂ ਬੰਦ ਕਰ ਕੇ ਹੀ ਇਹ ਗੱਲਾਂ ਸੁਣਦਾ ਗਿਆ। ਜਦੋਂ ਅਜੀਤ ਚੁੱਪ ਹੋਇਆ, ਤਾਂ ਉਸ ਅੱਖਾਂ ਖੋਲ੍ਹ ਕੇ ਕਿਹਾ : "ਹਾਂ, ਕਹੀ ਜਾ, ਅਜੀਤ ! ਮੈਂ ਤੇਰੇ ਮੂੰਹੋਂ ਇਹੋ ਕੁਝ ਹੀ ਸੁਣਨ ਦਾ ਚਾਹਵਾਨ ਹਾਂ।"

"ਮੈਂ ਕੀ ਚੀਜ਼ ਹਾਂ, ਸਿੰਘ ਸਾਹਿਬ ! ਪਰ ਮੈਨੂੰ ਵਿਸ਼ਵਾਸ ਹੈ ਕਿ ਐਤਕੀਂ ਅਸੀਂ ਹਾਰ ਨਹੀਂ ਖਾਵਾਂਗੇ ! ਐਤਕੀਂ ਸਾਨੂੰ ਕੋਈ ਤਾਕਤ ਠੋਵਾਂ ਨਹੀਂ ਵਿਖਾ ਸਕਦੀ।"

ਇਸ ਤਰ੍ਹਾਂ ਅਜੀਤ ਤੇ ਚਤਰ ਸਿੰਘ ਗੱਲਾਂ ਕਰਦੇ ਗਏ ਤੇ ਅਜੀਤ ਨੇ ਵੇਖਿਆ ਕਿ ਹੌਲੀ ਹੌਲੀ ਚਤਰ ਸਿੰਘ ਦੇ ਮੂੰਹ ਉੱਤੇ ਫਿਰ ਖੇੜਾ ਆਉਂਦਾ ਗਿਆ ਹੈ ਤੇ ਉਹ ਪਹਿਲੇ ਵਾਂਗ ਉਦਾਸ ਨਹੀਂ ਲਗਦਾ। ਅੰਤ ਚਤਰ ਸਿੰਘ ਨੇ ਕਿਹਾ : "ਜਿਹੜੀਆਂ ਗੱਲਾਂ ਅਸਾਂ ਕੀਤੀਆਂ ਹਨ, ਉਹ ਤੂੰ ਕਿਸੇ ਅੱਗੇ ਨਹੀਂ ਕਰਨੀਆਂ। ਹੁਣ ਤੂੰ ਜਾ ਕੇ ਹਕੀਮ ਦਾ ਪ੍ਰਬੰਧ ਕਰ। ਸੋਣ ਤੋਂ ਪਹਿਲੇ ਮੈਂ ਪੱਟੀ ਕਰਵਾ ਲਵਾਂ ਤਾਂ ਚੰਗਾ ਹੈ। ਮੈਂ ਆਉਂਦੇ ਸੰਗਰਾਮ ਲਈ ਤਿਆਰ ਬਰ ਤਿਆਰ ਹੋਣਾ ਚਾਹੁੰਦਾ ਹਾਂ।"

ਥੋੜੀ ਦੇਰ ਤਕ ਹਕੀਮ ਆਇਆ ਤੇ ਪੱਟੀ ਹੋਈ। ਚਤਰ ਸਿੰਘ ਨੇ ਕਿਹਾ : "ਹੁਣ ਤੂੰ ਜਾਹ ਅਜੀਤ ਤੇ ਆਰਾਮ ਕਰ। ਥੱਕ ਗਿਆ ਹੋਵੇਂਗਾ।"

"ਸਿੰਘ ਸਾਹਿਬ !"

"ਕਿਉਂ ਕੀ ਹੈ ਤੇਰੇ ਮਨ ਵਿਚ ? ਤੂੰ ਕੁਝ ਕਹਿੰਦਾ ਕਹਿੰਦਾ ਰੁਕ ਕਿਉਂ ਜਾਂਦਾ ਹੈਂ ?"

"ਸਿੰਘ ਸਾਹਿਬ ਮੈਂ ਤੁਹਾਨੂੰ ਇਕ ਗੱਲ ਦਸਣੀ ਚਾਹੁੰਦਾ ਹਾਂ, ਪਰ ਤੁਸੀਂ ਮੇਰੇ ਉੱਤੇ ਹੱਸਣਾ ਨਾ ਤੇ ਨਾ ਹੀ ਮੈਨੂੰ ਕਮਜ਼ੋਰ ਚਿਤ ਸਮਝਣਾ।"

ਚਤਰ ਸਿੰਘ ਨੇ ਉੱਠ ਕੇ ਅਜੀਤ ਦੀ ਕੰਡ ਉੱਤੇ ਹੱਥ ਰਖਿਆ: "ਤੂੰ ਕਮਜ਼ੋਰ ਚਿਤ, ਅਜੀਤ ? ਤੂੰ ਉਤਸ਼ਾਹ ਤੇ ਸ਼ਕਤੀ ਦਾ ਸੋਮਾਂ ਹੈਂ। ਤੈਨੂੰ ਕਮਜ਼ੋਰ ਚਿਤ ਕਹਿ ਕੇ ਕੌਣ ਬੀਰਤਾ ਨੂੰ ਲਾਜ ਲਾ ਸਕਦਾ ਹੈ।"

"ਸਿੰਘ ਸਾਹਿਬ ! ਮੈਂ ਤੁਹਾਨੂੰ ਦਸਿਆ ਹੈ ਕਿ ਪਿਤਾ ਜੀ ਕੁਝ ਦਿਨ ਪਹਿਲੇ ਏਥੇ ਆਏ ਸਨ।"

"ਹਾਂ।"

"ਉਹਨਾਂ ਨਾਲ ਮੇਰੇ ਤਿੰਨ ਨਿੱਕੇ ਭਰਾ ਵੀ ਆਏ ਸਨ ਤੇ ਉਹਨਾਂ ਵਿਚੋਂ, ਚੌਦਾਂ ਸਾਲਾਂ ਦਾ ਉਜਾਗਰ ਏਥੇ ਹੀ ਰਹਿ ਗਿਆ ਸੀ। ਚਿਲਿਆਂਵਾਲੇ ਯੁੱਧ ਵਿਚ ਉਹਦੀ ਸ਼ਹੀਦੀ ਹੋ ਗਈ ਹੈ। ਹੁਣ ਮੈਂ...।"

ਅਜੀਤ ਨੇ ਨੀਵੀਂ ਪਾ ਲਈ ! ਕੁਝ ਚਿਰ ਚੁੱਪ ਰਹਿਣ ਪਿਛੋਂ ਚਤਰ ਸਿੰਘ ਨੇ ਕਿਹਾ : "ਪੁੱਤਰ, ਅਜੀਤ ! ਜਿੰਨੀਆਂ ਸ਼ਹੀਦੀਆਂ ਮਾਹਿਲ ਘਰਾਣੇ ਦੇ ਸਪੁੱਤਰਾਂ ਨੇ ਪੰਥ ਤੇ ਦੇਸ਼ ਵਾਸਤੇ ਪਾਈਆਂ ਹਨ, ਉਹਨਾਂ ਦਾ ਧਿਆਨ ਕਰ ਕੇ ਮੇਰਾ ਸੀਸ ਝੁਕ ਜਾਂਦਾ ਹੈ। ਕਿਹੜਾ ਹੋਰ ਘਰਾਣਾ ਆਪਣੀਆਂ ਘਾਲੀਆਂ ਘਾਲਾਂ ਦਾ ਐਨਾ ਫ਼ਖ਼ਰਮੰਦ ਹੋ ਸਕਦਾ ਹੈ ? ਮੇਰੇ ਲਾਡਲੇ ਉਜਾਗਰ ਸਿੰਘ ਦੀ ਸ਼ਹੀਦੀ ਇਸ ਗੱਲ ਦੀ ਗਵਾਹ ਹੈ ਕਿ ਤੁਹਾਡਾ ਘਰਾਣਾ ਸਦਾ ਚੜ੍ਹਦੀਆਂ ਕਲਾਂ ਵਿਚ ਰਹੇਗਾ। ਜੇ ਸੱਚ ਪੁੱਛੋਂ ਤਾਂ ਮੈਂ ਸਮਝਦਾ ਹਾਂ ਕਿ ਇਸ ਅੰਦੋਲਨ ਦੇ ਮੋਹਰੀ ਤੁਹਾਨੂੰ ਹੋਣਾ ਚਾਹੀਦਾ ਸੀ, ਅਟਾਰੀ ਵਾਲਿਆਂ ਨੂੰ ਨਹੀਂ। ਅਸੀਂ ਅਟਾਰੀ ਵਾਲੇ ਮਾਹਿਲਾਂ ਦੇ ਪਾਣੀਹਾਰ ਵੀ ਨਹੀਂ। ਅਸੀਂ ਮਾਹਿਲਾਂ ਅਗੇ ਉਹਨਾਂ...।"

Scanned by CamScanner

"ਇਉਂ ਨਾ ਕਹੋ, ਸਿੰਘ ਸਾਹਿਬ ! ਐਸ ਵੇਲੇ ਸਾਰੇ ਦੇਸ਼ ਦੀਆਂ ਨਜ਼ਰਾਂ ਤੁਹਾਡੇ ਉੱਤੇ ਗੜੀਆਂ ਹੋਈਆਂ ਹਨ।" ਤੇ ਫਿਰ ਕੁਝ ਚਿਰ ਅਟਕ ਕੇ ਉਹ ਕਹਿੰਦਾ ਗਿਆ: "ਮੈਨੂੰ ਖਿਮਾ ਕਰਨਾ ਮੈਂ ਤੁਹਾਡੇ ਸਾਹਮਣੇ ਆਪਣੇ ਨਿੱਜੀ ਦੁਖ ਦੀ ਵਿਆਖਿਆ ਕੀਤੀ ਹੈ। ਇਕ ਸਿਦਕਵਾਨ ਸਿੰਘ ਨੂੰ ਇਹ ਸ਼ੋਭਾ ਨਹੀਂ ਦੇਂਦੀ। ਉਜਾਗਰ ਦੀ ਸ਼ਹੀਦੀ ਹੋਰ ਸੈਂਕੜਿਆਂ ਸ਼ਹੀਦੀਆਂ ਨਾਲੋਂ ਕਿਸੇ ਤਰ੍ਹਾਂ ਵੀ ਵੱਖਰੀ ਨਹੀਂ ਤੇ ਕਿਸੇ ਪੱਖੋਂ ਵੀ ਖ਼ਾਸ ਤੌਰ ਉੱਤੇ ਤੁਹਾਡੀ ਨਿਗਾਹ ਵਿਚ ਆਉਣ ਦਾ ਹੱਕ ਨਹੀਂ ਰਖਦੀ, ਪਰ ਮੈਂ ਤੁਹਾਨੂੰ ਆਪਣੇ ਪਿਤਾ ਵਾਂਗ ਪਿਆਰਦਾ ਤੇ ਸਤਿਕਾਰਦਾ ਹਾਂ ਸਿੰਘ ਸਾਹਿਬ ਤੇ ਜਦੋਂ ਤਕ ਮੈਂ ਇਹ ਸੋਅ ਤੁਹਾਨੂੰ ਸੁਣਾ ਨਾ ਲੈਂਦਾ, ਮੈਨੂੰ ਚੈਨ ਨਹੀਂ ਸੀ ਆਉਣਾ।"

ਅਜੀਤ ਦੀ ਕੰਡ ਉੱਤੇ ਹੱਥ ਫੇਰਦਿਆਂ ਚਤਰ ਸਿੰਘ ਨੇ ਕਿਹਾ: "ਧੰਨ ਤੂੰ ਹੈਂ, ਅਜੀਤ ਤੇ ਧੰਨ ਮਾਹਿਲ...।"

੧੭੭

ਸੈਨਾਪਤੀ ਗਫ਼ ਨੇ ਚਿਲਿਆਂਵਾਲੇ ਦੀ ਵਾਸਤਵਿਕ ਹਾਰ ਨੂੰ ਕਲਪਨਾਤਮਕ ਜਿੱਤ ਵਿਚ ਤਬਦੀਲ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਇਕ ਹੱਥ ਉਹਦੀਆਂ ਫ਼ੌਜਾਂ ਹਾਰ ਖਾ ਕੇ ਰਾਤ ਬਸੇਰੇ ਵਾਸਤੇ ਪਿਛੇ ਮੁੜ ਰਹੀਆਂ ਸਨ, ਤੇ ਉਹਦੇ ਡਵੀਯਨ ਕਮਾਂਡਰ ਤੇ ਬਰਿਗੇਡ ਕਮਾਂਡਰ ਆਪਣੇ ਹੋਰ ਅਫ਼ਸਰਾਂ ਤੇ ਸਿਪਾਹੀਆਂ ਨਾਲੋਂ ਵਖਰੇ ਹੋ ਚੁਕੇ ਸਨ ਤੇ ਦੂਜੇ ਹੱਥ ਗਫ਼ ਫ਼ਤਹਿ ਦੇ ਐਲਾਨ ਵਜੋਂ ਤੋਪਾਂ ਨੂੰ ਹਵਾ ਵਿਚ ਗੋਲੇ ਦਾਗਣ ਦਾ ਹੁਕਮ ਦੇ ਰਿਹਾ ਸੀ।

ਇਹ ਹੀ ਨਹੀਂ, ਉਸੇ ਰਾਤ ਚਿਲਿਆਂਵਾਲੇ ਯੁੱਧ ਦੀ ਰਿਪੋਟ ਲਿਖਦਿਆਂ ਹੋਇਆਂ ਵੀ ਉਸ ਆਪਣੀ ਉਸ ਜਿੱਤ ਦਾ ਵਿਸ਼ਵਾਸ ਦਿਵਾਇਆ ਤੇ ਕਿਹਾ ਕਿ ਸਿੱਖਾਂ ਦੀ ਆਪਣੇ ਨਾਲੋਂ ਦੁਗਣੀ ਫ਼ੌਜ ਨੂੰ ਉਸ ਬੁਰੀ ਤਰ੍ਹਾਂ ਮਾਰਿਆ ਹੈ। ਕਲਕੱਤੇ ਵਿਚ, ਲਾਰਡ ਡਲਹੌਜ਼ੀ ਨੇ ਵੀ ਇਹ ਖ਼ਬਰ ਸੁਣਦਿਆਂ ਹੀ, ਜਿੱਤ ਦੇ ਗੋਲੇ ਛੱਡਣ ਦਾ ਹੁਕਮ ਦਿਤਾ ਤੇ ਗਿਰਜਿਆਂ ਵਿਚ ਵੀ ਖ਼ੁਸ਼ੀ ਮਨਾਈ ਗਈ।

ਪਰ ਕੁਝ ਦਿਨਾਂ ਪਿਛੋਂ ਜਦੋਂ ਲਾਰਡ ਡਲਹੌਜ਼ੀ ਤੇ ਸਰਕਾਰ ਅੰਗਰੇਜ਼ੀ ਨੂੰ ਇਸ ਜੰਗ ਦੇ ਸਹੀ ਹਾਲਾਤ ਪਤਾ ਲਗੇ, ਤਾਂ ਚਾਰੇ ਪਾਸੇ, ਜਿਵੇਂ ਹਨੇਰਾ ਛਾ ਗਿਆ। ਜਦੋਂ ਅੰਗਰੇਜ਼ੀ ਲੋਕ ਸਭਾ ਨੇ ਸੁਣਿਆਂ ਕਿ ਨੈਪੋਲੀਅਨ ਵਿਰੁਧ ਲੜੇ ਯੁੱਧਾਂ ਵਿਚ ਤੇ ਹਿੰਦੁਸਤਾਨ ਦੀਆਂ ਅਨੇਕ ਹੋਰ ਲੜਾਈਆਂ ਵਿਚ ਕਬਜ਼ਾ ਕੀਤੇ ਗਏ ਝੰਡੇ ਸਿੱਖਾਂ ਦੇ ਹੱਥ ਆ ਗਏ ਹਨ, ਤਾਂ ਸਮੁਚੀ ਕੌਮ ਵਿਚ ਗ਼ੁਸੇ ਦੀ ਲਹਿਰ ਦੌੜ ਗਈ। ਜਦੋਂ ਇਸ ਕੌਮ ਨੇ ਸੁਣਿਆਂ ਕਿ ਤਿੰਨ ਕੁ ਸੌ ਘੋੜ ਚੜ੍ਹਿਆਂ ਅਗੇ ਇਕ ਪੂਰੀ ਗੋਰਾ ਰਸਾਲਾ ਬਰਿਗੇਡ ਨੱਠ ਉੱਠੀ ਹੈ, ਤਾਂ ਉਹਨਾਂ ਦਾ ਸਬਰ ਮੁਕ ਗਿਆ। ਇਹ ਕੀ ਹਨੇਰ, ਉਹਨਾਂ ਪੁਛਿਆ ? ਇਸ ਤਰ੍ਹਾਂ ਤਾਂ ਕਦੀ ਅਗੇ ਇਸ ਮਹਾਨ ਅੰਗਰੇਜ਼ੀ ਕੌਮ ਨਾਲ ਨਹੀਂ ਹੋਇਆ।

ਲੋਕ ਸਭਾ ਵਿਚ ਮੈਂਬਰਾਂ ਨੇ ਸਰਕਾਰ ਨੂੰ ਬੁਰਾ ਭਲਾ ਕਿਹਾ। ਲੰਡਨ ਦੇ ਮਸ਼ਹੂਰ ਟਾਈਮਜ਼ ਅਖ਼ਬਾਰ ਨੇ ਗਫ਼ ਉੱਤੇ ਇਸ ਹਾਰ ਦੀ ਜ਼ਿਮੇਵਾਰੀ ਸੁਟਦਿਆਂ ਕਿਹਾ ਕਿ ਇਹ ਸੈਨਾਪਤੀ ਸਾਡੇ ਸਿਪਾਹੀਆਂ ਦੀਆਂ ਜ਼ਿੰਦਗੀਆਂ ਤੇ ਸਾਡੀ ਕੌਮ ਦੀ ਇੱਜ਼ਤ ਨਾਲ ਖੇਡ ਰਿਹਾ ਹੈ।

ਕੁਝ ਵਰ੍ਹੇ ਪਹਿਲੇ ਅਫ਼ਗ਼ਾਨਿਸਤਾਨ ਵਿਚ ਹੋਇਆ ਗੋਰਿਆਂ ਦਾ ਕਤਲੇਆਮ ਮੁੜ ਕੇ ਸਭਨਾਂ ਦੀਆਂ ਅੱਖਾਂ ਸਾਹਮਣੇ ਆ ਗਿਆ। ਚਿਲਿਆਂਵਾਲੇ ਦੇ ਯੁੱਧ ਵਿਚ ਸਿੱਖਾਂ ਹੱਥੋਂ ਹੋਇਆ ਕਤਲੇਆਮ ਤੇ ਦੁਰਗਤੀ ਕੀ ਅਫ਼ਗਾਨਿਸਤਾਨ ਵਿਚ ਹੋਈ ਦੁਰਗਤੀ ਨਾਲੋਂ ਭਿੰਨ ਸੀ ? ਨਹੀਂ, ਬਹੁਤਿਆਂ ਦਾ ਖ਼ਿਆਲ ਸੀ। ਕਈ ਤਾਂ ਇਸ ਯੁੱਧ ਦੇ ਨਤੀਜਿਆਂ ਨੂੰ

Scanned by CamScanner

ਅਫ਼ਗਾਨਿਸਤਾਨ ਵਿਚ ਹੋਏ ਕਤਲੇਆਮ ਨਾਲੋਂ ਵੀ ਵਧ ਹਾਨੀਕਾਰਕ ਸਮਝਦੇ। ਅੰਗਰੇਜ਼ੀ ਸਾਮਰਾਜ ਕੰਬ ਗਿਆ। ਇਹ ਕੰਬ ਗਿਆ ਤੇ ਡਰਿਆ ਕਿ ਕਿਤੇ ਉਹ ਯੁੱਧ ਸਾਰੇ ਹਿਦੁਸਤਾਨ ਵਿਚ ਇਨਕਲਾਬ ਦੀ ਪਰੇਰਨਾ ਨਾ ਬਣ ਜਾਏ। ਲਾਰਡ ਡਲਹੌਜ਼ੀ ਨੇ ਆਪਣੇ ਇਕ ਮਿੱਤਰ ਨੂੰ ਕਿਹਾ, "ਜੇ ਸਿੱਖਾਂ ਨੇ ਸਾਡੇ ਮੂੰਹ ਉੱਤੇ ਇਕ ਇਹੋ ਜਿਹੀ ਚਪੇੜ ਹੋਰ ਮਾਰ ਦਿਤੀ, ਤਾਂ ਅਸੀਂ ਹਿੰਦੁਸਤਾਨ ਵਿਚ ਰਹਿ ਨਹੀਂ ਸਕਾਂਗੇ।"

ਗਫ਼ ਥੱਲੇ ਕੰਮ ਕਰਦੇ ਬਰੀਗੇਡੀਅਰ ਮੌਂਟਨੇਨ ਨੂੰ ਉਸ ਲਿਖਿਆ, "ਅੱਜ ਗਫ਼ ਦੀ ਇਕ ਹੋਰ ਚਿਠੀ ਮਿਲੀ। ਇਸ ਚਿੱਠੀ ਨੇ ਮੈਨੂੰ ਅਤਿ ਚਿੰਤਾਤੁਰ ਕਰ ਦਿਤਾ ਹੈ। ਜਾਪਦਾ ਹੈ ਕਿ ਗਫ਼ ਵਿਚ ਹੁਣ ਕੋਈ ਸਵੈ-ਵਿਸ਼ਵਾਸ ਨਹੀਂ ਰਿਹਾ। ਐਸ ਵੇਲੇ ਮੇਰਾ ਸਹਾਰਾ ਅੰਗਰੇਜ਼ੀ ਫ਼ੌਜ, ਤੂੰ ਤੇ ਤੇਰੇ ਵਰਗੇ ਹੋਰ ਅਫ਼ਸਰ ਹਨ। ਅਗਲੇ ਯੁੱਧ ਨੂੰ ਸਫਲ ਬਣਾਉਣਾ ਤੁਹਾਡੇ ਹੀ ਹੱਥ ਹੈ। ਅਜੇ ਤਕ ਕਿਸੇ ਅੰਗਰੇਜ਼ੀ ਫ਼ੌਜ ਨੇ, ਇਹੋ ਜਿਹੇ ਲਾਭਵੰਦ ਤੇ ਆਸਾਨ ਹਾਲਾਤ ਵਿਚ, ਕੋਈ ਮਹਾਨ ਲੜਾਈ ਨਹੀਂ ਹਾਰੀ।"

ਇਕ ਫ਼ਰਵਰੀ, ੧੮੪੯ ਨੂੰ ਡਲਹੌਜ਼ੀ ਨੇ ਈਸਟ ਇੰਡੀਆ ਕੰਪਨੀ ਦੇ ਪ੍ਰਧਾਨ ਨੂੰ ਲਿਖਿਆ, "ਜੇ ਅਗੇ ਵਾਂਗ ਗਫ਼ ਨੇ ਇਕ ਵਾਰ ਫਿਰ ਕੋਈ ਮੌਲਿਕ ਪ੍ਰਤਿਭਾ ਨਾ ਵਿਖਾਈ, ਦੇ ਇਕ ਵਾਰ ਫਿਰ ਉਸ ਚਿਲਿਆਂਵਾਲੇ ਵਾਂਗ ਆਪਣੀ ਸੈਨਾ ਦਾ ਕਤਲੇਆਮ ਕਰਵਾਇਆ, ਤਾਂ ਤੁਸੀਂ ਮੇਰੇ ਵਲੋਂ ਇਕ ਕਰੜਾ ਕਦਮ ਚੁਕੇ ਜਾਣ ਦੀ ਖ਼ਬਰ ਸੁਣਨ ਵਾਸਤੇ ਤਿਆਰ ਰਹਿਣਾ। ਰਣਭੂਮੀ ਵਿਚ ਉਹ ਸੈਨਾਪਤੀ ਨਹੀਂ ਰਹੇਗਾ।"

ਲੰਡਨ ਵਿਚ ਇਸ ਯੁੱਧ ਦੀ ਪੂਰੀ ਖ਼ਬਰ ਪੁੱਜਣ ਦੇ ਅਠਤਾਲੀ ਘੰਟਿਆਂ ਦੇ ਅੰਦਰ ਅੰਦਰ ਫ਼ੈਸਲਾ ਹੋਇਆ ਕਿ ਸਰ ਚਾਰਲਸ ਨੇਪੀਅਰ ਨੂੰ ਸਰ ਹੀਊ ਗਫ਼ ਦੀ ਥਾਂ ਹਿੰਦ ਸੈਨਾ ਦੀ ਕਮਾਨ ਕਰਨ ਲਈ ਭੇਜਿਆ ਜਾਏ। ਸਰ ਨੇਪੀਅਰ ਝਿਝਕਿਆ। ਇਸ ਉੱਤੇ ਚੁਰਾਸੀ ਸਾਲਾਂ ਦੇ ਬੁੱਢੇ ਫੀਲਡ ਮਾਰਸ਼ਲ ਡਊਕ ਆਫ਼ ਵਲਿੰਗਟਨ ਨੇ ਘੂਰਕ ਕੇ ਸਰ ਨੇਪੀਅਰ ਨੂੰ ਕਿਹਾ, "ਜੇ ਤੂੰ ਨਹੀਂ ਜਾਂਦਾ ; ਤਾਂ ਮੈਂ ਜਾਵਾਂਗਾ।"

ਜੇ ਫੇਰੂ ਸ਼ਹਿਰ ਤੇ ਸਭਰਾਵਾਂ ਵੇਲੇ ਨਹੀਂ ਤਾਂ ਘਟੋ ਘਟ ਹੁਣ ਤਾਂ ਸਚ ਨਿਕਲੇ ਸਨ ਸ਼ਾਹ ਮੁਹੰਮਦ ਦੇ ਇਹ ਸ਼ਬਦ, "ਲੰਦਨ ਟਾਪੂਆਂ ਵਿਚ ਕੁਰਲਾਟ ਪਿਆ, ਕੁਰਸੀ ਚਾਰ ਹਜ਼ਾਰ ਹੈ ਸਖਣੀ ਜੀ।"

ਅੰਗਰੇਜ਼ੀ ਸਰਕਾਰ ਦਾ ਸਭ ਅਮਲਾ ਫ਼ੈਲਾ ਘਬਰਾ ਗਿਆ ਸੀ ਕਿਉਂਕਿ ਉਹਨਾਂ ਨੂੰ ਇਸ ਜੰਗ ਪਿਛੋਂ, ਸਾਰੇ ਪੂਰਬ ਵਿਚ, ਆਪਣੀ ਸਾਮਰਾਜੀ ਸਲਤਨੱਤ ਖ਼ਤਰੇ ਵਿਚ ਪੈਂਦੀ ਦਿਸੀ ਸੀ। ਇਹ ਸਾਮਰਾਜ ਐਡਾ ਹੈਂਕੜੀ ਹੋ ਚੁਕਾ ਸੀ ਤੇ ਇਹਦੀ ਫ਼ੌਜੀ ਤਾਕਤ ਅਗੇ ਹਰ ਹੁਕਮਰਾਨ ਇਸ ਤਰ੍ਹਾਂ, ਹਵਾ ਦੇ ਬੁਲ੍ਹਿਆਂ ਵਿਚ ਉਡ ਚੁਕਾ ਸੀ ਕਿ ਅੱਜ ਸਿੱਖਾਂ ਦੀ ਸੂਰਮਗਤੀ ਤੇ ਜਿੱਤ ਦੀ ਕਹਾਣੀ ਇਹਨਾਂ ਦੀ ਇੱਜ਼ਤ ਤੇ ਇਹਨਾਂ ਦੇ ਅਜਿੱਤ ਹੋਣ ਦੇ ਸਰਬ-ਵਿਆਪਕ ਵਿਸ਼ਵਾਸ ਨੂੰ ਭੰਗ ਕਰਦੀ ਜਾਂਦੀ। ਇਹ ਨਹੀਂ ਸਨ ਚਾਹੁੰਦੇ ਕਿ ਹਿੰਦੁਸਤਾਨੀ ਜਨਤਾ ਤੇ ਰਹਿੰਦੇ ਹਿੰਦੁਸਤਾਨੀ ਰਾਜੇ ਮਹਾਰਾਜੇ ਤੇ ਸਮੂਚੇ ਪੂਰਬੀ ਦੇਸ਼ਾਂ ਦੇ ਵਾਸੀ ਇਹਨਾਂ ਨੂੰ 'ਅਜਿੱਤ' ਨਾ ਸਮਝਣ ਦਾ ਕਿਆਸ ਤਕ ਵੀ ਕਰਨ। ਇਹਨਾਂ ਨੂੰ ਲਗਦਾ ਸੀ ਕਿ ਜੇ ਇਹਨਾਂ ਦੇ ਅਜਿਹੇ ਹੌਣ ਦਾ ਮਕੜ ਜਾਲ ਇਕ ਵਾਰ ਟੁੱਟ ਗਿਆ ਤਾਂ ਫਿਰ ਹੌਲੀ ਹੌਲੀ ਇਹਨਾਂ ਦੇ ਪੈਰ ਉਖੜਦੇ ਜਾਣਗੇ ਤੇ ਇਸ ਮਹਾਨ ਸਾਮਰਾਜੀ ਸ਼ਲਤਨੱਤ ਉੱਤੇ ਮੁੜ ਕੇ ਸੂਰਜ ਛਿਪਣ ਲਗ ਜਾਏਗਾ।

ਇਹ ਸਨ ਚਿਲਿਆਂਵਾਲੇ ਵਿਚ ਪੰਜਾਬੀਆਂ ਦੀ ਵਿਖਾਈ ਮਹਾਨ ਸੂਰਬੀਰਤਾ ਦੇ ਪ੍ਰਤਿਕਰਮ।

ਇਕ ਹੱਥ ਜਦੋਂ ਸਾਰਾ ਅੰਗਰੇਜ਼ੀ ਸਾਮਰਾਜ ਕੰਬ ਗਿਆ ਤਾਂ ਦੂਜੇ ਹੱਥ ਅਫਸੋਸ ਕਿ ਪੰਜਾਬੀ ਕਮਾਨ ਨੇ ਇਸ ਮੌਕੇ ਤੋਂ ਫ਼ਾਇਦਾ ਨਾ ਉਠਾਇਆ।

ਜੇ ਤੇਰਾਂ ਜਨਵਰੀ ੧੮੪੯ ਦੀ ਰਾਤ ਜਾਂ ਚੌਦਾਂ ਜਨਵਰੀ ਦੀ ਸਵੇਰ ਰਾਜਾ ਸ਼ੇਰ ਸਿੰਘ ਅੰਗਰੇਜ਼ੀ ਸੈਨਾ ਉੱਤੇ ਹਮਲਾ ਕਰ ਦੇਂਦਾ ਤਾਂ ਭਾਰਤ ਦਾ ਇਤਿਹਾਸ ਹੋਰ ਹੁੰਦਾ।

ਜੇ ਇਸ ਸਮੇਂ ਤੋਂ ਲੈ ਕੇ ਗਫ਼ ਤੇ ਜਰਨੈਲ ਵਿਸ਼ ਦੀਆਂ ਫ਼ੌਜਾਂ ਦੇ ਮਿਲਣ ਤਕ, ਕਿਸੇ ਵੇਲੇ ਵੀ ਸਿੰਘ ਅੰਗਰੇਜ਼ਾਂ ਉੱਤੇ ਹਮਲਾ ਕਰ ਦੇਂਦਾ ਤਾਂ ਵੀ ਇਸ ਦੇਸ਼ ਦਾ ਇਤਿਹਾਸ ਹੋਰ ਹੁੰਦਾ।

ਪਰ ਨਹੀਂ ਸਿੱਖਾਂ ਨੇ ਅੰਗਰੇਜ਼ਾਂ ਉੱਤੇ ਹਮਲਾ ਨਾ ਕੀਤਾ। ਸੋਲਾਂ ਜਨਵਰੀ ਤੋਂ ਪਿਛੋਂ ਕੁਲ ਪੰਜਾਬੀ ਸੈਨਾ ਅੰਗਰੇਜ਼ਾਂ ਨਾਲੋਂ ਲਗ ਭਗ ਡਿਓਢੀ ਸੀ। ਜੇ ਤੋਪਾਂ ਵਾਸਤੇ ਗੋਲੇ ਨਹੀਂ ਸਨ ਤਾਂ ਕੀ ਹੋਇਆ ਤੇ ਜੇ ਬਾਕੀ ਦਾ ਗੋਲਾ

Scanned by CamScanner

ਬਾਰੂਦ ਵੀ ਘਟ ਸੀ ਤਾਂ ਵੀ ਕੀ ? ਮਹਾਨ ਪੰਜਾਬੀ ਯੋਧਿਆਂ ਦੀਆਂ ਕਿਰਪਾਨਾਂ, ਕਿਰਚਾਂ, ਸੰਗੀਨਾਂ ਤੇ ਨੇਜ਼ ਤਾਂ ਉਹਨਾਂ ਕੋਲ ਸਨ। ਇਹਨਾਂ ਕਿਰਪਾਨਾਂ, ਕਿਰਚਾਂ, ਸੰਗੀਨਾਂ ਤੇ ਨੇਜ਼ਿਆਂ ਵਿਚ ਉਹ ਸ਼ਕਤੀ ਸੀ ਤੇ ਇਹਨਾਂ ਹਥਿਆਰਾਂ ਦੇ ਮਾਲਕਾਂ ਵਿਚ ਉਹ ਜੋਸ਼ ਤੇ ਉਹ ਉਤਸ਼ਾਹ ਤੇ ਉਹ ਉਮੰਗ ਕਿ ਇਹਨਾਂ ਦੇ ਸਨਮੁਖ ਗੋਰਾ ਤੋਪਾਂ ਨਿਹਥੀਆਂ ਹੋ ਜਾਂਦੀਆਂ ਤੇ ਗੋਲਾ ਬਾਰੂਦ ਦੀ ਬਰਤਰੀ ਕਿਸੇ ਕੰਮ ਨਾ ਆਉਂਦੀ, ਪਰ ਨਹੀਂ।

ਇਕ ਜਨਵਰੀ, ੧੮੪੯ ਨੂੰ ਮੁਲਤਾਨ ਸਰ ਹੋ ਗਿਆ। ਜਰਨੈਲ ਵਿਸ਼ ਤੇ ਉਹਦੀ ਸੈਨਾ ਨੇ ਅੰਤ ਮੂਲ ਰਾਜ ਤੇ ਉਹਦੇ ਸਾਥੀਆਂ ਨੂੰ ਦਬਾ ਲਿਆ। ਕੌਮੀ ਅੰਦੋਲਨ ਦੀ ਇਕ ਬਾਂਹ ਮਾਰੀ ਗਈ। ਉਸ ਦਿਨ ਜਰਨੈਲ ਵਿਸ਼ ਨੇ ਹਜ਼ਾਰ ਸੈਨਾ ਲੈ ਕੇ, ਰਾਮ ਨਗਰ ਤੁਰ ਪਿਆ।

ਹਣ ਇਕ ਹੋਰ ਮੌਕਾ ਸੀ ਸਿੱਖ ਲੀਡਰਾਂ ਵਾਸਤੇ। ਜਰਨੈਲ ਵਿਸ਼ ਦੇ ਪਹੁੰਚਣ ਤੋਂ ਪਹਿਲਾਂ ਘਨੇਰੇ ਆਦਮੀਆਂ ਨਾਲ ਗਫ਼ ਉੱਤੇ ਹਮਲਾ ਕਰੇ ਕੇ ਉਹਨੂੰ ਹਰਾ ਦੇਣ ਤੇ ਫਿਰ ਜਰਨੈਲ ਵਿਸ਼ ਦੇ ਨੌਂ ਹਜ਼ਾਰ ਸਿਪਾਹੀਆਂ ਦਾ ਮਲੀਦਾ ਕਰ ਦੇਣ ਪਰ ਜਿਥੇ ਇਹਨਾਂ ਲੀਡਰਾਂ ਨੇ ਐਨੇ ਅਨਮੋਲ ਮੌਕੇ ਗਵਾਏ ਸਨ ਉੱਥੇ ਕਿਸ ਤਰ੍ਹਾਂ ਆਸ ਹੋ ਸਕਦੀ ਸੀ ਕਿ ਅੱਜ ਦਾ ਮੌਕਾ ਲਾਹੇ ਲਾਇਆ ਜਾਏਗਾ।

ਪੰਜਾਬੀਆਂ ਨੇ ਜਰਨੈਲ ਵਿਸ਼ ਨੂੰ ਆਰਾਮ ਨਾਲ ਅਗੇ ਵਧਣ ਦਿਤਾ ਤੇ ਗਫ਼ ਨੂੰ ਆਰਾਮ ਨਾਲ ਉਹਦੀ ਉਡੀਕ ਕਰਨ ਦਿਤੀ। ਠੀਕ ਛੇ ਫ਼ਰਵਰੀ ਨੂੰ ਸਿੱਖ ਘੋੜ ਚੜ੍ਹਿਆਂ ਨੇ ਡਿੰਗੇ ਕੋਲ ਅੰਗਰੇਜ਼ਾਂ ਦੀ ਲਾਮਡੋਰੀ ਨੂੰ ਦਬਕਾਇਆ ਤੇ ਠੀਕ ਯਾਰਾਂ ਫਰਵਰੀ ਨੂੰ ਡਿੰਗੇ ਉੱਤੇ ਕਬਜ਼ਾ ਕਰ ਕੇ ਉਹਨਾਂ ਨੇ ਫਿਰ ਗਫ਼ ਨੂੰ ਹਮਲੇ ਵਾਸਤੇ ਉਕਸਾਇਆ, ਪਰ ਇਹਨਾਂ ਸ਼ੈਆਂ ਦਾ ਕੋਈ ਫਾਇਦਾ ਨਾ ਹੋਇਆ।

ਜਾਪਦਾ ਹੈ ਕਿ ਚਿਲਿਆਂਵਾਲੇ ਦੇ ਯੁੱਧ ਨੇ ਗਫ਼ ਨੂੰ ਕਾਫੀ ਸਬਕ ਸਿਖਾਏ ਸਨ। ਅੰਤਕੀਂ ਪਹਿਲੀ ਵਾਰ ਉਹ ਸ਼ੇਰ ਸਿੰਘ ਦੀਆਂ ਉਕਸਾਹਟਾਂ ਦਾ ਉੱਤਰ ਦਿਤੇ ਬਗ਼ੈਰ ਬੈਠਾ ਰਿਹਾ। ਪਹਿਲੀ ਵਾਰ ਉਹਦਾ ਆਇਰਲੈਂਡੀ ਖ਼ੂਨ ਸਿੱਖਾਂ ਦੀਆਂ ਵਧੀਕੀਆਂ ਉੱਤੇ ਨਹੀਂ ਖ਼ੌਲਿਆ। ਪਹਿਲੀ ਵਾਰ ਉਹ ਇਕ ਸਿਆਣੇ ਤੇ ਸਾਵਾਂ ਤੋਲ ਰਖਣ ਵਾਲੇ ਨੇਤਾ ਵਾਂਗ ਜਰਨੈਲ ਵਿਸ਼ ਦੀ ਉਡੀਕ ਕਹਦਾ ਰਿਹਾ। ਦਲੀਲ ਬਿਲਕੁਲ ਸਾਦੀ ਤੇ ਠੁਲ੍ਹੀ ਸੀ। ਜਦੋਂ ਇਕ ਵਾਰੀ ਜਰਨੈਲ ਵਿਸ਼ ਆਪਣੇ ਨੌਂ ਹਜ਼ਾਰ ਆਦਮੀਆਂ ਨਾਲ ਉਹਨੂੰ ਆ ਮਿਲਿਆ ਤਾਂ ਉਹ ਦੁਸ਼ਮਣ ਦਾ ਗਿਣਤੀ ਵਿਚ ਹਮਪੱਲਾ ਹੋ ਜਾਏਗਾ ਤੇ ਉਸ ਵੇਲੇ ਫੇਰ ਤੋਪਾਂ ਤੇ ਫੇਰ ਗੋਲਾ ਬਰੂਦ ਨਾਲ ਉਹ ਨਿਰਸੰਦੇਹ ਪੰਜਾਬੀਆਂ ਉੱਤੇ ਜਿੱਤ ਪਾ ਸਕੇਗਾ।

ਗਫ਼ ਨੂੰ ਲੜਾਈ ਵਾਸਤੇ ਉਕਸਾਣ ਦੇ ਹੀਲਿਆਂ ਵਿਚ ਅਸਫਲ ਰਹਿ ਕੇ, ਚਿਲਿਆਂਵਾਲੇ ਯੁਧ ਦੇ ਪੂਰੇ ਇਕ ਮਹੀਨੇ ਬਾਅਦ, ਤੇਰਾਂ ਚੌਦਾਂ ਫ਼ਰਵਰੀ ਦੀ ਰਾਤ ਪੰਜਾਬੀ ਸੈਨਾ, ਰਸੂਲ ਤੇ ਲਾਲੀਆਂਵਾਲੇ ਵਿਚ ਆਪਣੇ ਮੋਰਚੇ ਛੱਡ ਕੇ ਗੁਜਰਾਤ ਵਲ ਟੁਰ ਪਈ। ਨਿਸ਼ਾਨਾਂ ਲਾਹੌਰ ਜਾਪਦਾ ਹੈ। ਇਹ ਕੰਮ ਇਹਨਾਂ ਲੀਡਰਾਂ ਨੇ ਪਹਿਲੇ ਕਿਉਂ ਨਾ ਕੀਤਾ, ਕੁਝ ਸਮਝ ਨਹੀਂ ਆਉਂਦੀ।

ਜੇ ਗਫ਼ ਉੱਤੇ ਹੱਲਾ ਨਾ ਕਰਨ ਵਾਸਤੇ ਪੰਜਾਬੀ ਲੀਡਰਸ਼ਿਪ ਨੂੰ ਮੁਆਫ਼ ਕੀਤਾ ਜਾਏ ਤਾਂ ਉਹਨਾਂ ਨੂੰ ਲਾਹੌਰ ਵਲ ਵਧਣ ਦੀ ਇਸ ਦੇਰੀ ਵਾਸਤੇ ਕਦਾਚਿਤ ਮੁਆਫ ਨਹੀਂ ਕੀਤਾ ਜਾ ਸਕਦਾ। ਜੇ ਸਤਾਰਾਂ ਜਨਵਰੀ ਨੂੰ ਇਹ ਸੈਨਾ ਰਸੂਲ ਤੋਂ ਚਾਲੇ ਪਾ ਦੇਂਦੀ ਤਾਂ ਗਫ਼ ਕੋਲ ਇਹਨਾਂ ਦਾ ਪਿੱਛਾ ਕਰਨ ਵਾਸਤੇ ਹਿੰਮਤ ਨਹੀਂ ਸੀ ਹੋਣੀ ਤੇ ਉਪਰੋਂ ਜਰਨੈਲ ਵਿਸ਼ ਦੇ ਕਿਤੇ ਨੇੜੇ ਪਹੁੰਚਣ ਤੋਂ ਪਹਿਲਾਂ ਇਹਨਾਂ ਨੇ ਲਾਹੌਰ ਹੋਣਾ ਸੀ।

ਪਰ ਅਫ਼ਸੋਸ...।

ਭਨਾਂ ਦੇ ਨੇੜੇ ਪਹੁੰਚ ਕੇ ਸਿੱਖ ਲੀਡਰਾਂ ਨੂੰ ਪਤਾ ਲਗਾ ਕਿ ਜਰਨੈਲ ਵਿਸ਼ ਦੀਆਂ ਤਿੰਨ ਬਰਿਗੇਡਾਂ ਇਸ ਦਰਿਆ ਦੇ ਪਾਰ ਪੁਜ ਚੁਕੀਆਂ ਹਨ ਤੇ ਉਹਨਾਂ ਨੇ ਸਾਰੇ ਪੱਤਣ ਮਲ ਲਏ ਹਨ।

ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ। ਯੁਧ ਦੇ ਮੈਦਾਨ ਵਿਚ ਖੁੰਝਏ ਮੌਕੇ ਦੂਜੀ ਵਾਰ ਹਥ ਨਹੀਂ ਆਉਂਦੇ।

ਭਨਾਂ ਦੇ ਪੱਤਣ ਮੱਲੇ ਹੋਏ ਵੇਖ ਕੇ ਪੰਜਾਬੀ ਸੈਨਾ ਨੇ ਗੁਜਰਾਤ ਦੇ ਦੱਖਣ ਵਿਚ ਇਕ ਬਚਾਅ ਥਿਤ ਚੁਣ ਲਈ ਤੇ ਰਸੂਲ ਵਾਂਗ ਫਿਰ ਲਗੀ ਗਫ਼ ਨੂੰ ਹਮਲੇ ਵਾਸਤੇ ਉਕਸਾਣ।

ਇਹ ਕੀ ਨੀਤੀ ਹੈ ਦੁਸ਼ਮਣ ਨੂੰ ਆਪਣੇ ਉੱਤੇ ਹਮਲਾ ਕਰਨ ਵਾਸਤੇ ਉਕਸਾਣਾ ? ਭਲਾ ਬਚਾਅ-ਥਿੱਤਾਂ

Scanned by CamScanner

ਸੰਭਾਲ ਕੇ ਤੇ ਬਚਾਅ ਸੰਗਰਾਮ ਲੜ ਕੇ ਵੀ ਕੋਈ ਸੈਨਾ ਅਜੇ ਤਕ ਕੋਈ ਯੁਧ ਜਿੱਤੀ ਹੈ ? ਯੁਧ ਜਿੱਤ ਜਾਂਦੇ ਹਨ ਦੁਸ਼ਮਣ ਉੱਤੇ ਹਮਲੇ ਕਰ ਕੇ । ਬੇਸ਼ਕ ਹਮਲਿਆ ਵਿਚ ਜਾਨੀ ਨੁਕਸਾਨ ਦੇਰ ਹੁੰਦਾ ਹੈ ਪਰ ਇਹ ਨਕਸਾਨ ਜਿੱਤ ਦੀ ਕੀਮਤ ਹੈ। ਜਿਹੜਾ ਕਮਾਂਡਰ ਇਹ ਕੀਮਤ ਦੇਣ ਲਈ ਤਿਆਰ ਨਹੀਂ ਉਹ ਯੁਧ ਵਿਚ ਜਿੱਤ ਪਾਣ ਦਾ ਹੱਕਦਾਰ ਵੀ ਨਹੀਂ ।

ਪੰਦਰਾਂ ਫਰਵਰੀ ਨੂੰ ਗਫ਼ ਵੀ ਪੰਜਾਬੀ ਸੈਨਾ ਦੇ ਮਗਰ ਟੁਰ ਪਿਆ । ਉਸ ਰਾਤ ਉਹ ਲਾਸੂਰੀ ਪੁਜਿਆ । ਸੋਲਾਂ ਤਾਰੀਖ ਨੂੰ ਉਹ ਸੈਦੁਲਾਪੁਰ ਪਹੁੰਚਿਆ । ਸਤਾਰਾਂ ਤਾਰੀਖ ਨੂੰ ਜਰਨੈਲ ਵਿਸ਼ ਦੀ ਇਕ ਬਰਿਗੇਡ ਉਹਨੂੰ ਆ ਮਿਲੀ । ਅਠਾਰਾਂ ਨੂੰ ਉਹ ਇਕ ਹੋਰ ਸਫਰ ਕੱਟ ਕੇ ਦੁਸ਼ਮਣ ਤੋਂ ਸਿਰਫ ਪੰਜ ਮੀਲ ਦੂਰ ਰਹਿ ਗਿਆ । ਉਨੀਂ ਤਾਰੀਖ ਨੂੰ ਵਿਸ਼ ਦੀ ਦੂਜੀ ਬਰਿਗੇਡ ਉਹਨੂੰ ਆ ਮਿਲੀ ਤੇ ਵੀਹ ਤਾਰੀਖ ਨੂੰ ਉਹ ਦੁਸ਼ਮਣ ਦੇ ਸਾਹਮਣੇ ਸ਼ਾਦੀਵਾਲੇ ਪਿੰਡ ਦੇ ਕੋਲ ਆ ਪਹੁੰਚਿਆ...।

ਤੇ ਸਿੱਖ ਲੀਡਰ ਇਹ ਸਭ ਕੁਝ ਵੇਖ ਕੇ ਚੁੱਪ ਰਹੇ । ਚੁਪ ਰਹੇ ਤੇ ਗਫ਼ ਦੇ ਹਮਲੇ ਨੂੰ ਉਡੀਕਦੇ ਰਹੇ । ਵਧ ਕੇ ਉਹਦੇ ਉੱਤੇ ਨਾ ਜਾ ਪਏ ਤੇ ਜਿੱਤ ਜਿਹੜੀ ਸਾਹਮਣੇ ਮੁਸਕਰਾ ਰਹੀ ਸੀ, ਉਹਨੂੰ ਦੰਦੀਆਂ ਚਿਘਾਂਦੇ ਉਹਦੇ ਤੋਂ ਮੂੰਹ ਮੋੜਦੇ ਰਹੇ ।

ਇਹਨਾਂ ਹਾਲਾਤਾਂ ਵਿਚ ਇੱਕ ਫਰਵਰੀ ੧੮੪੯ ਨੂੰ ਗੁਜਰਾਤ ਦੀ ਲੜਾਈ ਹੋਈ ।

੧੭੮

ਚਿਲਿਆਂਵਾਲੇ ਤੇ ਫੇਰੂ ਸ਼ਹਿਰ ਤੇ ਗੁਜਰਾਤ ਤੇ ਸਭਰਾਵਾਂ ਵਿਚ ਬੜੀ ਸਮਤੁਲਤਾ ਹੈ । ਚਿਲਿਆਂਵਾਲੇ ਵਾਂਗ ਫੇਰੂ ਸ਼ਹਿਰ ਵਿਚ ਵੀ ਅੰਗਰੇਜ਼ੀ ਸੈਨਾ ਆਪਣੇ ਹਮਲੇ ਵਿਚ ਹਾਰ ਗਈ । ਹਾਰਡਿੰਗ ਤੇ ਗਫ਼ ਨੇ ਆਪਣੀ ਮਹਾਨ ਸੈਨਾ ਦੇ ਮਧ ਵਿਚ ਰਣਭੂਮੀ ਅੰਦਰ ਹੀ ਰਾਤ ਕੱਟੀ । ਪਲਟਨਾਂ ਤੇ ਕੰਪਨੀਆਂ ਖੇਰੂ ਖੇਰੂੰ ਹੋ ਗਈਆਂ । ਬਰਿਗੇਡੀਅਰ ਰੀਡ ਦੀ ਇਕ ਪੂਰੀ ਬਰਿਗੇਡ ਖ਼ਾਲਸੇ ਦੀਆਂ ਕਿਰਪਾਨਾਂ ਦੀ ਤਾਬ ਨਾ ਸਹਾਰਦੀ ਨੱਠ ਉਠੀ । ਜਰਨੈਲ ਨੇ ਥੇਹੋਸਲਿਆਂ ਹੋ ਕੇ ਹਮਲਾ ਰੋਕ ਦਿਤਾ । ਅਤਿਅੰਤ ਸਰਦੀ ਵਿਚ ਭੁੱਖੇ ਤੇ ਪਿਆਸੇ ਤੇ ਬਿਨਾਂ ਗਰਮ ਕਪੜਿਆਂ ਤੇ ਕੰਬਲਾਂ ਦੇ ਫੇਰੂ ਸ਼ਹਿਰ ਦੇ ਮੈਦਾਨ ਵਿਚ ਬਿਤਾਈ ਗਈ ਉਸ ਰਾਤ ਵਰਗੀ ਰਾਤ ਪਹਿਲੇ ਕਦੀ ਹਾਰਡਿੰਗ, ਗਫ਼ ਤੇ ਗੋਰਾ ਸੈਨਾ ਨੂੰ ਵੇਖਣੀ ਨਸੀਬ ਨਹੀਂ ਸੀ ਹੋਈ ।

ਚਿਲਿਆਂਵਾਲੇ ਵਿਚ ਵੀ ਅੰਗਰੇਜ਼ੀ ਸੈਨਾ ਦੀ ਹਾਲਤ ਅਤਿ ਭੈੜੀ ਸੀ। ਪਹਿਲੇ ਖੱਬੇ ਹੱਥ ਲੜਦੀ ਸੈਨਾ ਦੁਸ਼ਮਣ ਦੀ ਛਡੀ ਵਿੱਥ ਵਿਚ ਵਧ ਕੇ ਘਿਰ ਗਈ ਤੇ ਫਿਰ ਸੱਜੇ ਹੱਥ ਗਿਲਬਰਟ ਦੇ ਡਵੀਯਨ ਵਿਚ ਪਾੜ ਪਾ ਕੇ ਸਿੱਖਾਂ ਨੇ ਉਹਨਾਂ ਦੇ ਆਹੂ ਲਾਹੇ । ਤੇ ਫਿਰ ਤਿੰਨ ਸੌ ਘੋੜ ਚੜ੍ਹਿਆਂ ਸਿੰਘਾਂ ਨੇ ਭੇਡਾਂ ਵਾਂਗ ਅੰਗਰੇਜ਼ੀ ਬਰਿਗੇਡ ਨੂੰ ਅਗੇ ਲਾ ਲਿਆ ਤੇ ਉਹਨਾਂ ਦੇ ਰਸਦ ਦੇ ਜ਼ਖ਼ੀਰੇ ਤੇ ਬਾਕੀ ਸਾਜ਼ ਸਾਮਾਨ ਤਬਾਹ ਕਰ ਦਿਤਾ । ਪਸਤ ਚਿਤ ਹੋ ਕੇ ਗੋਰਾ ਸੈਨਾ ਪਸਪਾ ਹੋ ਗਈ।

ਸਭਰਾਵਾਂ ਦੀ ਲੜਾਈ ਪੰਜਾਬੀ ਜਾਤੀ ਸੂਰਮਗਤੀ ਦੀ ਅਨੋਖੀ ਮਿਸਾਲ ਹੈ, ਪਰ ਏਥੇ ਅੰਗਰੇਜ਼ਾਂ ਨੂੰ ਨਿਸਬਤਨ ਜਿੱਤ ਸੋਖ ਨਾਲ ਮਿਲ ਗਈ । ਮਹੀਨੇ ਦੇ ਵਿਚ ਉਹਨਾਂ ਨੇ ਪੂਰੀ ਤਿਆਰੀ ਕਰ ਲਈ ਸੀ ਤੇ ਪੰਜਾਬੀ ਠੇਤਾਵਾਂ ਨੇ ਧਾਰ ਲਿਆ ਸੀ ਕਿ ਐਤਕੀਂ ਅੰਗਰੇਜ਼ਾਂ ਦੀ ਜਿੱਤ ਅਵਸ਼ ਕਰਾਣੀ ਹੈ ।

Scanned by CamScanner

ਏਸੇ ਤਰ੍ਹਾਂ ਅੱਜ ਗੁਜਰਾਤ ਵਿਚ ਅੰਗਰੇਜ਼ਾਂ ਨੂੰ ਸੌਖ ਨਾਲ ਹੀ ਜਿੱਤ ਮਿਲ ਗਈ। ਜਰਨੈਲ ਵਿਸ਼ ਦੇ ਨਾਲ ਆਈ ਸੈਨਾ ਤੇ ਤੋਪਾਂ ਨੇ ਗਫ਼ ਨੂੰ ਐਨਾਂ ਤਕੜਾ ਕਰ ਦਿਤਾ ਸੀ ਕਿ ਉਹਦੇ ਹੱਲੇ ਦੇ ਅਸਫਲ ਰਹਿਣ ਦੀ ਕੋਈ ਵਜ੍ਹਾ ਹੀ ਨਹੀਂ ਸੀ। ਇਸ ਦੇ ਉਲਟ ਸਿੱਖਾਂ ਕੋਲ ਗੋਲੇ ਬਾਰੂਦ ਦੀ ਐਨੀਂ ਘਾਟ ਸੀ ਕਿ ਉਹ ਕਿਸੇ ਸੂਰਤ ਵਿਚ ਵੀ ਬਹੁਤ ਚਿਰ ਰਗ ਨਹੀਂ ਸਨ ਸਕਦੇ। ਇਸ ਤੋਂ ਇਲਾਵਾ ਸਿੱਖ ਨੇਤਾਵਾਂ ਦੀ ਬਚਾਅ ਨੀਤੀ ਤੇ ਹੋਰ ਗ਼ਲਤੀਆਂ ਨੇ ਅੰਗਰੇਜ਼ਾਂ ਦੀ ਜਿੱਤ ਯਕੀਨੀ ਤੇ ਆਸਾਂਨ ਬਣਾ ਦਿਤੀ ਸੀ।

ਗੁਜਰਾਤ ਵਿਚ ਸਿੱਖਾਂ ਦੀ ਥਿਤ ਅਸੂਲਨ ਤਾਂ ਰਸੂਲ ਵਰਗੀ ਹੀ ਸੀ, ਪਰ ਵਾਸਤਵਕ ਤੌਰ ਉੱਤੇ ਬੜੀ ਕਮਜ਼ੋਰ। ਚਿਲਿਆਂਵਾਲੇ ਵਾਂਗ, ਨਾ ਹੀ ਇਹ ਮੋਰਚੇ ਬਾਕੀ ਦੀ ਪੱਧਰੀ ਜ਼ਮੀਨ ਨਾਲੋਂ ਉੱਚੀ ਥਾਂ ਤੇ ਸਨ ਤੇ ਨਾ ਹੀ ਇਹਨਾਂ ਦੇ ਸਾਹਮਣੇ ਜੰਗਲਾਂ ਜਾਂ ਕੋਈ ਹੋਰ ਬਚਾਅ ਦਾ ਕੁਦਰਤੀ ਅਟਕਾ ਸੀ। ਇਹ ਹੀ ਨਹੀਂ, ਇਸ ਬਚਾਅ ਥਿਤ ਦੀਆਂ ਵੱਖੀਆਂ ਖਾਲੀ ਸਨ। ਰਸੂਲ ਵਿਚ ਇਹ ਬਚਾ ਥਿਤ ਐਨੀਂ ਲੰਬਾਈ ਚੁੜਾਈ ਵਿਚ ਪੱਸਰੀ ਹਈ ਸੀ ਕਿ ਦੁਸ਼ਮਣ ਦਾ ਧੁਰ ਵਖੀਆਂ ਵਲੋਂ ਹਮਲਾ ਕਰਨਾ ਅਨਹੋਣਾ ਸੀ, ਪਰ ਏਥੇ ਲੰਬਾਈ ਚੁੜਾਈ ਐਨੀਂ ਘਟ ਕਿ ਦੁਸ਼ਮਣ ਆਸਾਨੀ ਨਾਲ ਨੰਗੀਆਂ ਵਖੀਆਂ ਤੋਂ ਲਾਭ ਉਠਾ ਸਕਦਾ। ਅਸਲ ਵਿਚ ਸਿੱਖ ਨੇਤਾਵਾਂ ਨੇ ਆਪਣੀ ਥਿਤ ਦੇ ਖੱਬੇ ਸੱਜੇ ਦੋ ਨਾਲਿਆਂ ਨੂੰ ਬੜੀ ਮਹੱਤਤਾ ਦਿਤੀ। ਉਹਨਾਂ ਜਾਤਾ ਕਿ ਇਹ ਨਾਲੇ ਉਹਨਾਂ ਦੀ ਵੱਖੀ ਨੂੰ ਢੱਕੀ ਰਖਣਗੇ, ਪਰ ਉਹਨਾਂ ਇਹ ਨਾ ਸਿੰਵਾਤਾ ਕਿ ਇਹ ਨਾਲੇ ਬੇਸ਼ਕ ਵਡੇਹਨ, ਪਤ ਫਿਰ ਵੀ ਨਾਲੇ ਹਨ। ਇਹ ਦਰਿਆ ਨਹੀਂ ਤੇ ਨਾ ਹੀ ਇਹਨਾਂ ਵਿਚ ਉਸ ਵੇਲੇ ਬਹੁਤਾ ਪਾਣੀ ਸੀ।

ਮਧ ਵਿਚ, ਚਿਲਿਆਂਵਾਲੇ ਵਾਂਗ ਆਪ ਸ਼ੇਰ ਸਿੰਘ ਸੀ। ਸੱਜੇ ਹੱਥ ਜਰਨੈਲ ਰਾਮ ਸਿੰਘ ਤੇ ਖੱਬੇ ਹੱਥ ਜਰਨੈਲ ਅਤਰ ਸਿੰਘ। ਕਰਨੈਲ ਸੂਰਤ ਸਿੰਘ ਰੀਜ਼ਰਵ ਵਿਚ। ਗਫ਼ ਨੇ ਆਪਣੇ ਅਫ਼ਸਰਾਂ ਦੀ ਸਲਾਹ ਨਾਲ, ਸੱਜੇ ਹੱਥ ਹਮਲੇ ਦਾ ਜ਼ੋਰ ਵਧੇਰੇ ਰਖਿਆ ਤੇ ਇਕ ਵਾਰ ਫਿਰ ਸਿੱਖ ਬਚਾਅ ਥਿਤ ਨੂੰ ਇਸ ਪਾਸਿਉਂ ਬਿਸਤਰੇ ਵਾਂਗ ਵਲ੍ਹੇਟਣ ਦੀ ਸੋਚੀ। ਗਿਲਬਰਟ ਤੇ ਵਿਸ਼ ਇਸ ਹੱਥ ਸਨ। ਭਾਰੀਆਂ ਤੋਪਾਂ ਮਧ ਵਿਚ। ਖੱਬੇ ਹੱਥ ਕੈਂਪਬੈਲ ਦੇ ਡੁੰਡਾਸ।

ਤੇਰਾਂ ਜਨਵਰੀ, ੧੮੪੯ ਵਾਂਗ ਇੱਕੀ ਫ਼ਰਵਰੀ ੧੮੪੯ ਦੀ ਸਵੇਰ ਵੀ ਨਿੰਮਲ ਤੇ ਸੁੰਦਰ ਸੀ। ਸਰਦੀ ਅਗੇ ਨਾਲੋਂ ਘਟ ਗਈ ਸੀ, ਪਰ ਫਿਰ ਵੀ ਲੜਾਈ ਵਾਸਤੇ ਮੌਸਮ ਅਤਿ ਸੁਖਾਵਾਂ। ਗੁਜਰਾਤ ਦੇ ਪਿਛੋਕੜ ਵਿਚ ਹਿਮਾਲੀਆਂ ਦੀਆਂ ਬਰਫ਼ ਲੱਦੀਆਂ ਚੋਟੀਆਂ ਸਨ। ਹਿਮਾਲਾ ਦੀਆਂ ਚੋਟੀਆਂ ਨੇ ਇਸ ਇਲਾਕੇ ਵਿਚ ਹੋਈਆਂ ਅਨੇਕ ਲੜਾਈਆਂ ਨੂੰ ਵਾਚਿਆ ਹੈ। ਇਸ ਪਰਬਤ ਨੇ ਇਸ ਦੇਸ਼ ਨੂੰ ਆਪਣੀ ਦੀਦ ਥੱਲੇ ਕਈ ਵਾਰ ਗ਼ੁਲਾਮ ਤੇ ਕਈ ਵਾਰ ਆਜ਼ਾਦ ਹੁੰਦਿਆਂ ਵੇਖਿਆ ਹੈ। ਅੱਜ ਹਿਮਾਲੀਆ ਇਸ ਦੇਸ਼ ਨੂੰ ਮੁੜ ਗ਼ੁਲਾਮ ਹੁੰਦੇ ਵੇਖ ਰਿਹਾ ਹੈ। ਮੁਤ ਕੇ ਆਜ਼ਾਦੀ ਕਦੋਂ ਆਏਗੀ, ਕੌਣ ਦਸ ਸਕਦਾ ਹੈ ?

ਪੂਰੇ ਸਾਢੇ ਸੱਤ ਵਜੇ ਅੰਗਰੇਜ਼ੀ ਸੈਨਾ ਨੇ ਪਾਲਾਂ ਬੰਨ੍ਹੀਆਂ ਤੇ ਉਹ ਹਮਲੇ ਵਾਸਤੇ ਤੁਰ ਪਈ। ਜਦੋਂ ਇਹਨਾਂ ਦਾ ਮਧ ਹਰੀਵਾਲੇ ਕੋਲ ਪੁੱਜਾ ਤਾਂ ਇਹ ਸੈਨਾ ਅਟਕੀ। ਏਥੋਂ ਸਿੱਖਾਂ ਦੀਆਂ ਤੋਪਾਂ ਮੀਲ ਡੂਢ ਤੋਂ ਵੀ ਦੂਰ ਸਨ, ਪਰ ਫਿਰ ਵੀ ਇਹਨਾਂ ਤੋਪਾਂ ਨੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿਤੇ। ਆਪਣੇ ਇਤਿਹਾਸ ਵਿਚ ਪਹਿਲੀ ਵਾਰ ਇਸ ਤੋਪਖ਼ਾਨੇ ਨੇ ਇਹ ਗ਼ਲਤੀ ਕੀਤੀ। ਜਿੰਨੇ ਥੋੜ੍ਹੇ ਬਹੁਤੇ ਗੋਲੇ ਸਨ ਉਹ ਅੰਜਾਈਂ ਬਰਬਾਦ ਕਰ ਦਿਤੇ ਗਏ। ਜਦੋਂ ਇਸ ਤੋਪਖ਼ਾਨੇ ਕੋਲ ਅੰਜਾਈਂ ਬਰਬਾਦ ਕਰਨ ਵਾਸਤੇ ਗੋਲੇ ਹੁੰਦੇ ਵੀ ਸਨ ਤਾਂ ਵੀ ਕਦੀ ਇਸ ਤੋਪਖ਼ਾਨੇ ਨੇ ਆਪਣੇ ਗੋਲੇ ਇੰਜ ਬਰਬਾਦ ਨਹੀਂ ਸਨ ਕੀਤੇ। ਜਦੋਂ ਕਿਸੇ ਉੱਤੇ ਸਾੜਸਤੀ ਆਉਂਦੀ ਹੈ ਤਾਂ ਖ਼ਾਹ ਮਖ਼ਾਹ ਹੀ ਗ਼ਲਤੀ ਪਿਛੋਂ ਗ਼ਲਤੀ ਹੁੰਦੀ ਜਾਂਦੀ ਹੈ।

ਦੁਸ਼ਮਣ ਦੀ ਗੋਲਾਬਾਰੀ ਦੇ ਬਾਵਜੂਦ ਵੀ ਅੰਗਰੇਜ਼ੀ ਤੋਪਖ਼ਾਨਾ ਅਗੇ ਵਧਿਆ। ਇਕ ਪਾਸਿਉਂ ਅਸਪੀ ਤੋਪਖ਼ਾਨੇ ਦੀਆਂ ਕੁਝ ਤੋਪਾਂ ਨੇ ਕੋਈ ਹਜ਼ਾਰ ਗਜ਼ ਅਗੇ ਵਧ ਕੇ ਤੇਜ਼ੀ ਨਾਲ ਸਿੱਖਾਂ ਉੱਤੇ ਗੋਲਾਬਾਰੀ ਅਰੰਭੀ। ਕੁਝ ਹੀ ਸਮੇਂ ਵਿਚ ਸਿੱਖਾਂ ਦੀਆਂ ਤੋਪਾਂ ਦੇ ਗੋਲੇ ਮੁਕ ਗਏ ਤੇ ਉਹ ਪਿੰਡ ਕਾਲਰਾ ਦੇ ਪਿਛੇ ਹਟ ਗਏ।

ਇਕ ਦਮ ਗਫ਼ ਨੇ ਵਿਸ਼ ਤੇ ਗਿਲਬਰਟ ਨੂੰ ਦੁਸ਼ਮਣ ਉੱਤੇ ਪਿਆਦਾ ਸੈਨਾ ਨਾਲ ਹਮਲਾ ਕਰਨ ਦਾ ਹੁਕਮ ਦਿਤਾ। ਗਫ਼ ਅਜੇ ਵੀ ਤੋਪਾਂ ਦੀ ਲੜਾਈ ਜਾਰੀ ਰਖ ਕੇ ਦੁਸ਼ਮਣ ਨੂੰ ਅਤਿਅੰਤ ਨੁਕਸਾਨ ਪਹੁੰਚਾ ਸਕਦਾ ਸੀ। ਪਰ ਹਰ ਸੰਗਰਾਮ ਵਿਚ ਪਿਆਦਾ ਸੈਨਾ ਨੂੰ ਜਲਦੀ ਤੋਂ ਜਲਦੀ ਵਰਤਨ ਦੀ ਕਾਹਲੀ ਤੇ ਕਮਜ਼ੋਰੀ ਨੇ ਉਹਨੂੰ ਸਬਰ ਨਾ ਕਰਨ

Scanned by CamScanner

ਦਿਤਾ । ਪਰ ਅੱਜ ਗਫ਼ ਦੀ ਕੋਈ ਗ਼ਲਤੀ ਵੀ ਉਹਨੂੰ ਜਾਂ ਉਹਦੀ ਸੈਨਾ ਨੂੰ ਨੁਕਸਾਨ ਨਹੀਂ ਸੀ ਪਹੁੰਚਾ ਸਕਦੀ । ਅੱਜ ਜਿਤ ਉਹਦੇ ਆਲੇ ਦੁਆਲੇ ਮੁਸਕਰਾ ਰਹੀ ਸੀ ।

ਖ਼ਾਲਸੇ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਵਿਸ਼ ਦੀ ਇਕ ਇਕੱਲੀ ਬਾਰਗੇਡ ਦ ।ਤਨ ਸੌ ਸੱਤਰ ਆਦਮੀ ਮਾਰ ਦਿਤੇ, ਪਰ ਅੱਜ ਅੰਗਰੇਜ਼ੀ ਹਮਲੇ ਅਗੇ ਦੇਰ ਤਕ ਡਟਣਾ ਮੁਹਾਲ ਸੀ । ਜਦੋਂ ਗਿਲਬਰਟ ਤੇ ਵਿਸ਼ ਨੂੰ ਕੁਝ ਸਫ਼ਲਤਾ ਹੋਈ ਤਾਂ ਕਾਲਨ ਕੈਂਪਬੈਲ ਵੀ ਅਗੇ ਵਧਿਆ । ਵਧੇਰੇ ਸਿਆਣਪ ਨਾਲ, ਆਪਣਾ ਤੋਪਖਾਨਾ ਤੇ ਰਸਾਲਾ ਨਾਲ ਲੈ ਕੇ । ਲੂਨਾਪੁਰ ਤੇ ਜਮਨਾ ਦੇ ਪਿੰਡ ਖ਼ਾਲੀ ਸਨ ਜਿਹੜੇ ਕਿ ਸਿੱਖਾਂ ਨੂੰ ਹਰ ਹਾਲਤ ਆਪਣੇ ਕਬਜ਼ੇ ਵਿਚ ਰਖਣੇ ਚਾਹੀਦੇ ਸਨ । ਜਲਦੀ ਹੀ ਕੈਂਪਬੈਲ ਨੇ ਇਹਨਾਂ ਪਿੰਡਾਂ ਤੋਂ ਅਗੇ ਵਧ ਕੇ ਸਿੱਖਾਂ ਉੱਤੇ ਗੋਲੇ ਦਾਗਣੇ ਸ਼ੁਰੂ ਕੀਤੇ । ਤੋਪਖ਼ਾਨੇ ਦੀ ਛਾਂ ਥੱਲੇ ਕੈਂਪਬੈਲ ਨੇ ਆਪਣੀ ਪਿਆਦਾ ਸੈਨਾ ਨੂੰ ਅਗੇ ਵਧਾਇਆ ਤੇ ਹੁਣ ਉਹ ਤਾਜ਼ਾ ਦਮ ਹਮਲੇ ਲਈ ਤਿਆਰ ਸਨ । ਸਿੱਖ ਬਚਾਅ-ਥਿਤ ਦੀ ਕਮਜ਼ੋਰੀ ਸਦਕਾ ਸੱਜੇ ਪਾਸਿਉਂ ਇਸ ਥਿਤ ਨੂੰ ਵਲ੍ਹੇਟਣ ਦੀ ਕੋਸ਼ਿਸ਼ ਕਰਨ ਦੀ ਅੰਗਰੇਜ਼ਾਂ ਨੂੰ ਅੱਜ ਲੋੜ ਹੀ ਨਾ ਪਈ ।

ਕੈਂਪਬੈਲ ਇਹਨਾਂ ਪਿੰਡਾਂ ਦੇ ਉੱਤਰ ਪੱਛਮ ਵਲ ਵਧਣ ਕਰ ਕੇ ਉਹਦੀਆਂ ਸੱਜੀਆਂ ਪਲਟਨਾਂ ਦਾ ਗਿਲਬਰਟ ਦੇ ਡਵੀਯਨ ਦੀਆਂ ਪਲਟਨਾਂ ਨਾਲੋਂ ਮਿਲਾਪ ਟੁੱਟ ਗਿਆ ਸੀ ਤੇ ਇਸ ਲਈ ਇਹਨਾਂ ਵਿਚਕਾਰ ਇਕ ਵਿਥ ਉਤਪੰਨ ਹੋ ਗਈ ਸੀ । ਇਹ ਵਿਥ ਬੇਰ ਸਿੰਘ ਦੀ ਨਜ਼ਰ ਪੈ ਗਈ ਤੇ ਉਸ ਸਿਵਾਂਤਾ ਕਿ ਇਸ ਲੜਾਈ ਨੂੰ ਕਿਸੇ ਹੱਦ ਤਕ ਸਫ਼ਲ ਬਣਾਉਣ ਦਾ ਇਹੋ ਹੀ ਮੌਕਾ ਹੈ । ਉਸ ਜਰਨੈਲ ਰਾਮ ਸਿੰਘ ਦੀ ਸੈਨਾ ਨੂੰ ਤੋੜ ਮੋੜ ਕੇ ਇਸ ਵਿਥ ਵਿਚ ਵਧਣ ਲਈ ਹੁਕਮ ਦਿਤਾ । ਜੇ ਸਿੱਖ ਸੈਨਾ ਇਸ ਵਿਥ ਵਿਚ ਦੂਰ ਤਕ ਵਧ ਜਾਂਦੀ ਤਾਂ ਅੰਗਰੇਜ਼ੀ ਸੈਨਾ ਦੇ ਢਿਡ ਮਾਨੋਂ ਖੰਜਰ ਖੁਭ ਜਾਣਾ ਸੀ । ਪਰ ਇਸ ਤੋਂ ਪਹਿਲੇ ਕਿ ਜਰਨੈਲ ਰਾਮ ਸਿੰਘ ਕਿਸੇ ਦੂਰੀ ਤਕ ਵਧਦਾ ਕੈਂਪਬੈਲ ਨੇ ਇਹ ਖ਼ਤਰਾ ਭਾਂਪ ਕੇ ਆਪਣੇ ਤੋਪਖ਼ਾਨੇ ਦਾ ਮੂੰਹ ਉਧਰ ਭੁਆ ਦਿਤਾ । ਤੋਪਖ਼ਾਨਾ, ਤੋਪਖ਼ਾਨਾ — ਅੱਜ ਆਪਣੇ ਤੋਪਖ਼ਾਨੇ ਦੇ ਗੋਲਿਆਂ ਦੀ ਅਣਹੋਂਦ ਨੇ ਖ਼ਾਲਸੇ ਨੂੰ ਬੁਰੀ ਤਰ੍ਹਾਂ ਮਰਵਾਇਆ । ਰਾਮ ਸਿੰਘ ਨੇ ਵੇਖਿਆ ਕਿ ਇਸ ਵਿਥ ਵਿਚ ਵਧਣ ਨਾਲ਼ ਉਹਦੀ ਸੱਜੀ ਵੱਖੀ ਦੁਸ਼ਮਣ ਦੀਆਂ ਤੋਪਾਂ ਦੀ ਜ਼ੱਦ ਵਿਚ ਆ ਰਹੀ ਹੈ ਤੇ ਇਸ ਲਈ ਅਤਿ ਨਿਮੋਝੂਣੇ ਤੇ ਉਦਾਸ ਹੋ ਕੇ ਉਹ ਵਾਪਸ ਮੁੜ ਆਇਆ ।

ਪਰ ਉਧਰੋਂ ਗਿਲਬਰਟ ਦਾ ਡਵੀਯਨ ਤੇਜ਼ੀ ਨਾਲ ਵਧ ਰਿਹਾ ਸੀ ਤੇ ਉਸ ਤੋਂ ਵੀ ਵਧ ਖ਼ਤਰਨਾਕ ਹਾਲਤ ਪੈਦਾ ਕਰ ਦਿਤੀ ਸੀ ਥੈਕਵੈੱਲ ਦੇ ਰਸਾਲੇ ਨੇ । ਇਹ ਰਸਾਲਾ ਸਿੱਖ ਪਸਪਾਈ ਦੇ ਰਾਹ ਨੂੰ ਰੋਕਣ ਵਾਸਤੇ ਗੁਜਰਾਤ ਦੇ ਉੱਤਰ ਵਲ ਵਧ ਰਿਹਾ ਸੀ ।

ਇਹ ਹਾਲਤ ਵੇਖ ਕੇ ਸਿੱਖ ਸੈਨਾ ਤੇਜ਼ੀ ਨਾਲ ਗੁਜਰਾਤ ਦੇ ਪੂਰਬ ਵਲੋਂ ਪਿਛੇ ਹਟਣ ਲਗੀ, ਇਹ ਸੋਚਦਿਆਂ ਕਿ ਸ਼ਾਇਦ ਗੁਜਰਾਤ ਦੇ ਉੱਤਰ ਵਿਚ ਕੋਈ ਚੰਗੀ ਬਚਾਅ ਥਿਤ ਮਿਲ ਸਕੇ । ਪਰ ਜਦੋਂ ਇਕ ਵਾਰੀ ਸੈਨਾ ਦੇ ਪੈਰ ਉਖੜ ਜਾਣ ਤੇ ਉਹ ਪਸਪਾ ਹੋਣੀ ਸ਼ੁਰੂ ਹੋ ਜਾਏ ਤਾਂ ਫਿਰ ਸੈਂਕੜਾ ਕੀਤਿਆਂ ਇਹ ਪਸਪਾਈ, ਭਾਜੜ ਬਣਨ ਤੋਂ ਰੋਕੀ ਨਹੀਂ ਜਾ ਸਕਦੀ ।

ਦੁਪਹਿਰ ਦੇ ਇਕ ਵਜੇ ਤਕ ਲੜਾਈ ਮੁਕ ਚੁਕੀ ਸੀ । ਅੰਗਰੇਜ਼ੀ ਰਸਾਲਾ ਭੱਜੀ ਜਾਂਦੀ ਪੰਜਾਬੀ ਸੈਨਾ ਦੇ ਮਗਰ ਮਗਰ ਵਧ ਰਿਹਾ ਸੀ ।

ਅੱਜ ਪੰਜਾਹ ਘੰਟਿਆਂ ਵਿਚ, ਮਹਾਰਾਜਾ ਰਣਜੀਤ ਸਿੰਘ ਦੀ ਸਾਜੀ ਹਕੂਮਤ ਦਾ ਫ਼ੈਸਲਾ ਹੋ ਗਿਆ । ਲਹਿਲਹਾਂਦਾ, ਗਾਉਂਦਾ, ਸੁਖੀ ਵਸਦਾ ਪੰਜਾਬ ਗ਼ੁਲਾਮ ਹੋ ਗਿਆ । ਅੱਜ ਪੰਜਾਹ ਘੰਟਿਆਂ ਵਿਚ ਸਮੁੱਚੇ ਭਾਰਤ ਦੀ ਕਿਸਮਤ ਦਾ ਵੀ ਫ਼ੈਸਲਾ ਹੋ ਗਿਆ । ਅਜ ਤੋਂ ਭਾਰਤਵਰਸ਼ ਦੀ ਜਨਤਾ ਕਿਸੇ ਅਜਿਹੇ ਸਿਤਾਰੇ ਵੱਲ ਨਹੀਂ ਸੀ ਵੇਖ ਸਕਦੀ ਜਿਹੜਾ ਸਿਤਾਰਾ ਕਿ ਭਵਿੱਖ ਵਿਚ ਕੌਮੀ ਆਜ਼ਾਦੀ ਦੀਆਂ ਤਾਂਘਾਂ ਦਾ ਚਾਨਣ ਮੁਨਾਰਾ ਬਣ ਸਕੇ । ਅੱਜ ਇਕ ਯੁਗ ਮੁਕ ਗਿਆ...ਹਿਮਾਲੀਆ ਦੀਆਂ ਬਰਫ਼ ਲੱਦੀਆਂ ਚੋਟੀਆਂ ਉੱਤੇ ਬੱਦਲ ਛਾ ਗਏ...।

Scanned by CamScanner

੧੭੯

ਚੌਦਾਂ ਮਾਰਚ, ੧੮੪੯, ਨੂੰ ਰਾਵਲਪਿੰਡੀ ਵਿਚ ਪੰਜਾਬੀ ਯੋਧਿਆਂ ਨੇ ਆਪਣੇ ਹਥਿਆਰ ਰਖ ਦਿਤੇ । ਵਾਰੋ ਵਾਰ ਸਿਪਾਹੀ ਆਉਂਦੇ, ਆਪਣੀ ਬੰਦੂਕ ਜਾਂ ਤਲਵਾਰ ਨੂੰ ਚੁੰਮਦੇ, ਰੱਬ ਨੂੰ ਯਾਦ ਕਰਦੇ, ਤੇ ਇਹ ਕਹਿੰਦਿਆਂ ਹੋਇਆਂ ਆਪਣਾ ਹਥਿਆਰ ਜ਼ਮੀਨ ਉੱਤੇ ਰਖ ਦੇਂਦੇ, "ਅੱਜ ਰਣਜੀਤ ਸਿੰਘ ਮਰ ਗਿਆ ।" ਜਦੋਂ ਉਹ ਅਗੇ ਵਧਦੇ ਤਾਂ ਉਹਨਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਹੁੰਦੇ ।

ਹਾਂ, ਅੱਜ ਰਣਜੀਤ ਸਿੰਘ ਮਰ ਗਿਆ ਸੀ । ਅੱਜ ਤਕ ਪੰਜਾਬ ਦੀ ਅਣਖੀਲੀ ਜਨਤਾ ਨੇ, ਸ਼ੇਰੇ-ਪੰਜਾਬ ਦੀ ਯਾਦ ਨੂੰ ਆਪਣੇ ਮਨਾਂ ਵਿਚ ਸੁਰਜੀਤ ਰਖਦਿਆਂ, ਆਪਣੀਆਂ ਤਾਂਘਾਂ ਤੇ ਭਵਿੱਖ ਵਿਚ ਮੁੜ ਬਲਵਾਨ ਹੋਣ ਦੀਆਂ ਆਸਾਂ ਨਹੀਂ ਸਨ ਗੰਵਾਈਆਂ । ਰਣਜੀਤ ਸਿੰਘ ਮਰ ਗਿਆ ਸੀ, ਪਰ ਅਜੇ ਤਕ ਰਣਜੀਤ ਸਿੰਘ ਦਾ ਪਰਦਾਨ ਕੀਤਾ ਹੋਇਆ ਸਵੈ-ਵਿਸ਼ਵਾਸ ਤੇ ਖ਼ੁਦ-ਦਾਰੀ ਦਾ ਜਜ਼ਬਾ ਨਹੀਂ ਸੀ ਮਰਿਆ । ਰਣਜੀਤ ਸਿੰਘ ਦੀ ਆਜ਼ਾਦਾਨਾ ਸਪਿਰਟ, ਉਚ ਸ਼ਖ਼ਸੀਅਤ, ਉਹਦੀ ਪੰਜਾਬ ਦੀ ਜ਼ਿੰਦਗੀ ਵਿਚ ਚਲਾਈ ਭਰਾਤਰੀ ਭਾਵ ਦੀ ਲਹਿਰ, ਜਨਤਾ ਦੇ ਇਕ ਇਕ ਜ਼ੀਅ ਨਾਲ ਮਾਨੋਂ ਉਹਦੇ ਨਿੱਜੀ ਮੇਲ ਜੋਲ ਦਾ ਅਹਿਸਾਸ ਅਜੇ ਤਕ ਨਹੀਂ ਸੀ ਮਰਿਆ । ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਥੱਲੇ ਪੰਜਾਬੀਆਂ ਨੇ ਆਪਣੇ ਆਪ ਨੂੰ ਅੰਗਰੇਜ਼ਾਂ, ਫ਼ਰਾਂਸੀਸੀਆਂ, ਅਮਰੀਕਨਾਂ ਤੇ ਹੋਰਨਾਂ ਬਦੇਸ਼ੀਆਂ ਦਾ ਸਿਰਫ਼ ਹਮਪੱਲਾ ਹੀ ਨਹੀਂ ਸਮਝਿਆ, ਸਗੋਂ ਅਨੇਕਾਂ ਲੀਹਾਂ ਵਿਚ ਆਪਣੇ ਆਪ ਨੂੰ ਉਹਨਾਂ ਤੋਂ ਉੱਚਾ ਸਮਝਿਆ । ਮਹਾਰਾਜਾ ਰਣਜੀਤ ਸਿੰਘ ਦੀ ਦੇਸ ਪ੍ਰਦੇਸ ਵਿਚ ਕੀਰਤੀ ਪੰਜਾਬੀ ਜਨਤਾ ਦੀ ਕੀਰਤੀ ਸੀ ।

ਫੇਰੂ ਸ਼ਹਿਰ ਤੇ ਸਭਰਾਵਾਂ ਵਿਚ ਪੰਜਾਬੀ ਹਾਰ ਗਏ, ਪਰ ਉਹਨਾਂ ਨੇ ਆਪਣੇ ਮਨੋਂ ਆਪਣੀ ਹਾਰ ਸਵੀਕਾਰ ਨਹੀਂ ਕੀਤੀ । ਉਹਨਾਂ ਮਿਥਿਆ ਕਿ ਗ਼ੱਦਾਰਾਂ ਨੇ ਉਹਨਾਂ ਦੀ ਸੂਰਮਗਤੀ ਨੂੰ ਕਿਸੇ ਲੇਖੇ ਨਹੀਂ ਲੱਗਣ ਦਿੱਤਾ । ਦੋ ਵਰ੍ਹੇ ਦੇ ਅੰਦਰ ਅੰਦਰ ਉਹਨਾਂ ਨੇ ਅੰਗਰੇਜ਼ੀ ਹਕੂਮਤ ਦੇ ਵਿਰੁਧ ਫੇਰ ਇਕ ਕੌਮੀ ਅੰਦੋਲਨ ਸ਼ੁਰੂ ਕੀਤਾ । ਕਈ ਗ਼ੱਦਾਰ ਅਜੇ ਤਕ ਵੀ ਲਾਹੌਰ ਵਿਚ ਅੰਗਰੇਜ਼ਾਂ ਦੀ ਪਿੱਠ ਉੱਤੇ ਸਨ । ਸੂਬਿਆਂ ਤੇ ਜ਼ਿਲਿਆਂ ਵਿਚ ਵੀ ਕਈ ਗ਼ੱਦਾਰ ਜੰਮ ਪਏ ਤੇ ਇਹਨਾਂ ਹਾਲਾਤਾਂ ਵਿਚ ਅੰਦੋਲਨ ਦੇ ਸਫਲ ਹੋਣ ਦੀ ਉਮੀਦ ਐਡੀ ਨਹੀਂ ਸੀ, ਪਰ ਇਕ ਹੋਰ ਲੜਾਈ ਤੋਂ ਬਗ਼ੈਰ ਪੰਜਾਬੀ ਆਚਰਨ ਗ਼ੁਲਾਮੀ ਕਬੂਲਣੀ ਮੰਨ ਨਹੀਂ ਸੀ ਸਕਦਾ । ਜਾਂ ਪੌਂ ਬਾਰਾਂ ਜਾਂ ਤਿੰਨ ਕਾਣੇ । ਜਾਂ ਸਭ ਕੁਝ, ਜਾਂ ਕੁਝ ਵੀ ਨਹੀਂ; ਇਹ ਪੰਜਾਬੀ ਸੁਭਾਅ ਹੈ । ਇਹ ਬੀਰ ਰਸੀ ਸੁਭਾਅ ਹੈ । ਇਹ ਉੱਚ ਫ਼ਕੀਰਾਨਾ ਅਦਾ ਹੈ । ਇਹ ਬਹਾਦਰਾਨਾ ਲਹਿਜਾ ਹੈ । ਕੌਮੀ ਤਾਕਤਾਂ ਨੇ ਪਾਸਾ ਸੁਟਿਆ ਤੇ ਅੱਜ ਇਹ ਪਾਸਾ ਪੁੱਠਾ ਪਿਆ । ਅੱਜ ਪੰਜਾਬੀਆਂ ਨੂੰ ਹਾਰ ਕਬੂਲ ਕਰਨੀ ਪਈ । ਹਾਰ ਨੂੰ ਇਉਂ ਕਬੂਲਣਾ ਵੀ ਬਹਾਦਰੀ ਤੇ ਵਡਿਆਈ ਦੀ ਨਿਸ਼ਾਨੀ ਹੈ । ਹਾਰ ਕਬੂਲੀ, ਅਗਲੀ ਕਸ਼ਮਕਸ਼ ਦੇ ਸ਼ੁਰੂ ਹੋਣ ਤਕ । ਹਾਰ ਕਬੂਲੀ ਬੜੇ ਠਾਠ ਤੇ ਮਜਾਜ਼ ਨਾਲ, ਪਰ ਫਿਰ ਵੀ ਕੀ ਦਿਲ ਦੀ ਉਦਾਸੀ ਨੂੰ ਝੁਠਲਾਇਆ ਜਾ ਸਕਦਾ ਹੈ ਇਹਨਾਂ ਹਾਲਤਾਂ ਵਿਚ ? ਨੈਣਾਂ ਵਿਚ ਅੱਥਰੂ ਸਨ ਤੇ ਸਿਪਾਹੀ ਕਹਿੰਦੇ ਜਾ ਰਹੇ ਸਨ, "ਅੱਜ ਰਣਜੀਤ ਸਿੰਘ ਮਰ ਗਿਆ ।"

ਅੱਜ ਸਿਰਫ਼ ਪੰਜਾਬੀਆਂ ਦਾ ਹੀ ਰਣਜੀਤ ਸਿੰਘ ਨਹੀਂ ਮਰਿਆ, ਅੱਜ ਸਾਰੇ ਭਾਰਤਵਰਸ਼ ਦਾ ਰਣਜੀਤ ਸਿੰਘ ਮਰ ਗਿਆ ਸੀ । ਰਣਜੀਤ ਸਿੰਘ ਉਨ੍ਹੀਵੀਂ ਸਦੀ ਦਾ, ਸਭ ਤੋਂ ਮਹਾਨ ਭਾਰਤੀ ਹੈ । ਰਣਜੀਤ ਸਿੰਘ, ਉਨ੍ਹੀਵੀਂ ਸਦੀ ਵਿਚ, ਭਾਰਤ ਦੀ ਸੂਰਮਗਤ ਪਰੰਪਰਾ ਤੇ ਬੀਰ ਰਸੀ ਪਰਣਾਲੀ ਦਾ ਆਖ਼ਰੀ ਪ੍ਰਤੀਨਿਧ ਹੈ । ਰਣਜੀਤ ਸਿੰਘ, ਉਨ੍ਹੀਵੀਂ ਸਦੀ ਦੇ ਅਧ ਤਕ; ਚਿੰਨ੍ਹ ਸੀ ਭਾਰਤ ਦੀ ਆਜ਼ਾਦੀ ਦੀਆਂ ਲਗਨਾਂ ਦਾ ਤੇ ਭਾਰਤੀ ਜਨਤਾ ਦੇ ਸਵਤੰਤਰ ਸਵੈ ਪ੍ਰਗਟਾਵੇ ਦਾ । ਜਦੋਂ ਤਕ ਭਾਰਤ ਦੇ ਉੱਤਰ ਪੱਛਮ ਵਿਚ ਪੰਜਾਬ ਦੀ ਹਕੂਮਤ ਆਜ਼ਾਦ ਸੀ, ਭਾਰਤ ਦੇ ਦਾਈਏ ਆਜ਼ਾਦ ਸਨ,

Scanned by CamScanner

ਭਾਰਤ ਦੀ ਰੂਹ ਆਜ਼ਾਦ ਸੀ। ਭਾਰਤੀ ਮਨਾਂ ਵਿਚ ਚੰਗੇ ਤੇ ਸਜੀਲੇ ਭਵਿੱਖ ਦੀਆਂ ਲਿਸ਼ਕਾਂ ਰੂਪਮਾਨ ਹੋ ਸਕਦੀਆਂ ਸਨ। ਪਰ ਅੱਜ ਜਦੋਂ ਇਹ ਉੱਤਰ-ਪੱਛਮੀ ਪੰਜਾਂ ਦਰਿਆਵਾਂ ਦੀ ਧਰਤੀ ਗ਼ੁਲਾਮ ਹੋ ਗਈ ਤਾਂ ਸਾਰਾ ਭਾਰਤਵਰਸ਼ ਗ਼ੁਲਾਮ ਹੋ ਗਿਆ।

ਇਹ ਦੇਸ਼ ਕਿਸ ਤਰ੍ਹਾਂ ਮੁੜ ਮੁੜ ਕੇ ਗ਼ੁਲਾਮ ਹੁੰਦਾ ਰਿਹਾ ਹੈ ? ਇਸ ਦੇਸ਼ ਦੀ ਕਹਾਣੀ ਜਿਥੇ ਇਕ ਹੱਥ ਔਨੀ ਮਹਾਨ ਤੇ ਕਮਾਲ ਹੈ, ਉੱਥੇ ਦੂਜੇ ਹੱਥ ਕੇਡੀ ਦਰਦ ਤੇ ਤਰਸ ਭਰਪੂਰ। ਕਿਥੇ ਸਾਡੀ ਸੰਸਕ੍ਰਿਤਕ ਪਿੜ, ਕਲਾ, ਸਾਹਿੱਤ, ਫ਼ਲਸਫ਼ੇ, ਭਗਤੀ ਤੇ ਉਦਯੋਗ ਵਿਚ ਵਡਿਆਈ ਤੇ ਕਿਥੇ ਗੁਪਤਿਆਂ ਤੋਂ ਪਿਛੋਂ ਯੁਧ ਕਲਾ ਵਿਚ ਸਾਡੀ ਗਿਰਾਵਟ ? ਜਦੋਂ ਹੀ ਮੁਗ਼ਲ ਮੁਸਲਮਾਨੀ ਕਾਲ ਸਹਈ ਅਰਥਾਂ ਵਿਚ ਕੌਮੀ ਬਣਨ ਲਗਾ ਤਿਉਂ ਹੀ ਇਕ ਹੋਰ ਬਦੇਸ਼ੀ ਤਾਕਤ ਸਾਡੇ ਉੱਤੇ ਛਾ ਗਈ।

ਯੁਧ-ਕਲਾ ਦੇ ਇਸ ਸਮੁਚੇ ਗਿਰਾਵਟ ਦੇ ਦੌਰ ਵਿਚ ਸਾਡੇ ਅਸਮਾਨ ਉੱਤੇ ਇਕ ਪ੍ਰਤਿਭਾ ਚਮਕੀ। ਇਕ ਚੰਨ ਚੜ੍ਹਿਆ, ਗੁਰੂ ਗੋਬਿੰਦ ਸਿੰਘ। ਭਾਰਤ ਦੇ ਸਦੀਆਂ ਦੇ ਇਤਿਹਾਸ ਨੂੰ ਸਾਹਮਣੇ ਰਖਦਿਆਂ ਇਸ ਪ੍ਰਤਿਭਾ ਨੇ ਇਹ ਮਹਿਸੂਸ ਕਰਦਿਆਂ ਬੀਰ-ਰਸ ਦੀਆਂ ਸੁੱਤੀਆਂ ਭਾਵਨਾਵਾਂ ਨੂੰ ਸੁਰਜੀਤ ਕੀਤਾ ਕਿ ਜਿਸ ਕੌਮ ਦੀਆਂ ਭੁੱਜਾਂ ਕਮਜ਼ੋਰ ਹਨ ਉਸ ਕੌਮ ਦੇ ਉੱਚੇ ਦਿਮਾਗ਼, ਪਵਿਤਰ ਭਾਵਨਾਵਾਂ ਤੇ ਉਚ ਆਤਮਕ ਜੀਵਨ ਦਾ ਕੋਈ ਮੁੱਲ ਨਹੀਂ ਪੈਂਦਾ। ਇਸ ਪ੍ਰਤਿਭਾ ਨੇ ਜ਼ਾਤ ਪਾਤ ਦੀਆਂ ਜ਼ੰਜੀਰਾਂ ਨੂੰ ਟੁਕੜੇ ਟੁਕੜੇ ਕਰਦਿਆਂ ਇਕੋ ਬਾਟੇ ਵਿਚੋਂ ਸਭ ਉੱਚੀਆਂ ਨੀਵੀਆਂ ਜਾਤੀਆਂ ਨੂੰ ਅੰਮ੍ਰਿਤ ਛਕਾਇਆ — ਅੰਮ੍ਰਿਤ — ਅਮਰ ਜ਼ਿੰਦਗੀ — ਅਮਰ ਹੌਸਲਾ। ਅਮਰ ਵਿਸ਼ਵਾਸ। ਭਾਰਤ ਵਰਸ਼ ਦੀ ਅਗੰਮ ਆਤਮਾ ਵਿਚੋਂ ਇਕ ਨਵਾਂ ਸਰੂਪ ਫੁਟਿਆ। ਪੰਜਾਂ ਪਾਣੀਆਂ ਦੀ ਧਰਤ ਉੱਤੇ ਸਿੱਖ ਸ਼ਕਤੀਮਾਨ ਹੋਏ।

ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਨਲੂਆ ਤੇ ਰਣਜੀਤ ਸਿੰਘ ਇਸ ਨਵਜੀਵਨੀ ਬੀਰ ਰਸੀ ਲਹਿਰ ਦੀਆਂ ਪ੍ਰਤਿਭਾਵਾਂ ਹਨ। ਇਹਨਾਂ ਪ੍ਰਤਿਭਾਵਾਂ ਉੱਤੇ ਭਾਰਤ ਨੂੰ ਨਾਜ਼ ਹੈ।

ਸਮਾਂ ਬੀਤਦਾ ਗਿਆ। ਆਪਣੀ ਪੰਜਾਹ ਸਾਲਾਂ ਦੀ ਜ਼ਿੰਦਗੀ ਵਿਚ ਸਿੱਖ ਸੂਰਮਗਤੀ ਨੇ ਭਾਰਤ ਦੇ ਇਕ ਹਿਸੇ ਨੂੰ ਆਜ਼ਾਦ ਕਰਾ ਲਿਆ। ਭਾਰਤ ਦਾ ਇਕ ਹਿੱਸਾ ਆਜ਼ਾਦ ਹੋਇਆ ਕਿ ਸਾਰਾ ਭਾਰਤ ਆਜ਼ਾਦ ਹੋਇਆ ? ਵਾਤਾਵਰਨ ਬਦਲ ਗਿਆ। ਸਮੁੱਚਾ ਜੀਵਨ ਬਦਲ ਗਿਆ।

ਪਰ ਇਸ ਤੋਂ ਪਹਿਲੇ ਕਿ ਕੌਮੀ ਜਜ਼ਬੇ, ਆਪਣੀ ਆਜ਼ਾਦੀ ਨੂੰ ਚਿਰੰਜੀਵੀ ਬਣਾਣ ਦਾ ਬਲ ਪੈਦਾ ਕਰਦੇ, ਸਾਮਰਾਜੀ ਅੰਗਰੇਜ਼ ਇਸ ਦੇਸ਼ ਉੱਤੇ ਕਾਬਜ਼ ਹੋ ਗਏ। ਇਕ ਇਕ ਕਰ ਕੇ ਸਭ ਜਾਤੀਆਂ ਗ਼ੁਲਾਮ ਹੋ ਜਾਂਦੀਆਂ ਰਹੀਆਂ, ਪਰ ਪੰਜਾਬ ਵਿਚ ਰਣਜੀਤ ਸਿੰਘ ਦੀ ਅਗਵਾਈ ਬੱਲੇ ਪੰਜਾਬੀ ਅੜੇ ਰਹੇ। ਲਗ ਭਗ ਪੰਜਾਹ ਸਾਲ। ਪੰਜਾਬੀਆਂ ਤੇ ਅੰਗਰੇਜ਼ਾਂ ਵਿਚਕਾਰ ਪੰਜਾਹ ਸਾਲ ਦੀ ਲੰਮੀ ਕਸ਼ਮਕਸ਼ ਇਕ ਇਤਿਹਾਸਕ ਘਟਨਾ ਹੈ। ਇਹ ਕਸ਼ਮਕਸ਼, ਗੁਰੂ ਗੋਬਿੰਦ ਸਿੰਘ ਦੀ ਪ੍ਰਤਿਭਾ ਨੂੰ ਚੜ੍ਹਾਵਾ ਹੈ ਜਿਸ ਸ਼ਖ਼ਸੀਅਤ ਨੇ ਕਿ ਸਦੀਆਂ ਵਿਚ ਪਹਿਲੀ ਵਾਰ ਬੀਰ ਰਸੀ ਗੁਣਾਂ ਨੂੰ ਵਡਿਆਇਆ ਤੇ ਭੁੱਜਾਂ ਦੇ ਜ਼ੋਰ ਦੀ ਮਹੱਤਤਾ ਦੱਸੀ।

ਪਰ ਅੰਤ ਜਦੋਂ ਪੰਜਾਬੀਆਂ ਤੇ ਉਸ ਵੇਲੇ ਦੀ ਦੁਨੀਆਂ ਵਿਚ ਸਭ ਤੋਂ ਤਾਕਤਵਰ ਤੇ ਨਾਮਵਰ ਕੌਮ ਦਾ ਖੰਡਾ ਖੜਕਿਆ ਤਾਂ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਸਨ ਮੈਦਾਨ ਵਿਚ ਨਾ ਬੰਦਾ ਬਹਾਦਰ, ਨਾ ਜੱਸਾ ਸਿੰਘ ਆਹਲੂਵਾਲੀਆ, ਨਾ ਹਰੀ ਸਿੰਘ ਨਲੂਆ ਤੇ ਨਾ ਹੀ ਰਣਜੀਤ ਸਿੰਘ। ਪਰ ਫਿਰ ਵੀ ਇਹਨਾਂ ਸੂਰਬੀਰ ਨੇਤਾਵਾਂ ਦੀਆਂ ਸੂਰਬੀਰ ਭਾਵਨਾਵਾਂ ਨਾਲ ਜੁੜੀ ਕੌਮ ਨੇ ਉਸ ਅੰਗਰੇਜ਼ੀ ਸਾਮਰਾਜ ਦਾ ਮੂੰਹ ਭੰਵਾ ਦਿਤਾ, ਜਿਸ ਅੰਗਰੇਜ਼ੀ ਸਾਮਰਾਜ ਉੱਤੇ ਸੂਰਜ ਕਦੀ ਨਹੀਂ ਸੀ ਡੁਬਦਾ। ਕਿਸੇ ਅਜੀਬ ਢੰਅ ਨਾਲ ੧੮੩੯ ਤੋਂ ੧੮੪੯ ਈ: ਦੇ ਵਿਚਕਾਰ ਦੇ ਦਸ ਵਰ੍ਹੇ ਕਿਸੇ ਮਹਾਨ ਜੰਗੀ ਪ੍ਰਤਿਭਾ ਤੋਂ ਵਿਹੂਣੇ ਹਨ।

ਪੰਜਾਬੀ ਕੌਮੀ ਅੰਦੋਲਨ ਦੀਆਂ ਚਾਰ ਉਘੀਆਂ ਸ਼ਖ਼ਸੀਅਤਾਂ, ਮਹਾਰਾਣੀ ਜਿੰਦ ਕੌਰ, ਦੀਵਾਨ ਮੂਲ ਰਾਜ, ਸਰਦਾਰ ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਕੋਈ ਸਾਵਾਂ ਤਾਣ ਲਾਣ ਤੋਂ ਅਸਫਲ ਰਹੀਆਂ। ਸ਼ੇਰ ਸਿੰਘ ਦੀ ਜੰਗੀ ਪ੍ਰਤਿਭਾ ਤੇ ਸਿਪਾਹਗਰੀ, ਗੁਆਏ ਤੇ ਖੁੰਝਾਏ ਮੌਕਿਆਂ ਦੀ ਪ੍ਰਤਿਭਾ ਹੈ। ਅਵਸਰ ਪਿਛੋਂ ਅਵਸਰ ਗਵਾਇਆ ਗਿਆ। ਮੌਕੇ ਪਿਛੋਂ ਹੱਥ ਆਉਂਦਾ ਮੌਕਾ ਦੁਰਕਾਰ ਦਿਤਾ ਗਿਆ।

Scanned by CamScanner

ਪਰ ਪੰਜਾਬੀਆਂ ਤੇ ਫਰੰਗੀਆਂ ਵਿਚਕਾਰ ਹੋਈਆਂ ਲੜਾਈਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਨਾਲ ਇਕ ਵਾਰ ਫੇਰ ਨਿਆਂ ਕੀਤਾ। ਪੰਜਾਬੀਆਂ ਤੇ ਫਰੰਗੀਆਂ ਦੀਆਂ ਇਹ ਲੜਾਈਆਂ ਭਾਰਤਵਰਸ਼ ਦਾ ਫਖ਼ਰ ਹਨ। ਇਹਨਾਂ ਲੜਾਈਆਂ ਤੋਂ ਬਿਨਾਂ ਅੰਗਰੇਜ਼ਾਂ ਦਾ ਭਾਰਤਵਰਸ਼ ਉੱਤੇ ਕਬਜ਼ਾ ਸਾਡੀ ਸਿਥਲਤਾ ਤੇ ਸਾਡੀ ਜਿਸਮਾਨੀ ਤੇ ਰੂਹਾਨੀ ਗਿਰਾਵਟ ਦਾ ਸੂਚਕ ਹੋਣਾ ਸੀ। ਇਹਨਾਂ ਲੜਾਈਆਂ ਨੂੰ ਸਾਹਮਣੇ ਰਖ ਕੇ ਹਰ ਭਾਰਤਵਾਸੀ ਮਾਣ ਨਾਲ ਕਹਿ ਸਕਦਾ ਹੈ : "ਅਸੀਂ ਸਾਰੇ ਮੈਦਾਨ ਹਾਰੇ ਹਾਂ। ਅਸੀਂ ਲੜ ਕੇ ਹਾਰੇ ਹਾਂ।"

ਹਰ ਭਾਰਤਵਾਸੀ ਵਾਸਤੇ ਇਹ ਲੜਾਈਆਂ ਉਚ ਮਾਣ ਦਾ ਅਸਥਾਨ ਹਨ ਕਿਉਂਕਿ ਇਹਨਾਂ ਲੜਾਈਆਂ ਵਿਚ ਪਹਿਲੀ ਵਾਰ ਦੁਨੀਆਂ ਦੀ ਸਭ ਤੋਂ ਤਾਕਤਵਰ ਤੇ ਨਾਮਵਰ ਕੌਮ ਇਸ ਦੇਸ਼ ਦੇ ਨਿੱਜੀ ਬਲ ਸਾਹਮਣੇ ਝੁਕੀ। ਪਹਿਲੀ ਵਾਰ ਇਸ ਤਾਕਤਵਰ ਤੇ ਨਾਮਵਰ ਕੌਮ ਦੀ ਸੈਨਾ ਫੇਰੂ ਸ਼ਹਿਰ ਦੀ ਰਣਭੂਮੀ ਵਿਚ ਖੇਰੂੰ ਖੇਰੂੰ ਹੋਈ। ਪਹਿਲੀ ਵਾਰ ਇਹਨਾਂ ਦਾ ਸੰਗੀਨਾਂ ਨਾਲ ਕੀਤਾ ਗਿਆ ਹਮਲਾ ਅਸਫਲ ਰਿਹਾ। ਸਾਰੀ ਦੁਨੀਆਂ ਵਿਚ ਲੜਾਈਆਂ ਲੜ ਕੇ ਤੇ ਜਿੱਤ ਕੇ ਜਦੋਂ ਇਹ ਤਾਕਤਵਰ ਤੇ ਨਾਮਵਰ ਕੌਮ ਭਾਰਤ ਦੇ ਉੱਤਰ-ਪੱਛਮ ਵਿਚ, ਸਤਲਜ ਦੇ ਕਿਨਾਰੇ ਉੱਤੇ ਪਹੁੰਚੀ ਤਾਂ ਇਸ ਵੇਖਿਆ ਕਿ ਇਸ ਨਿੱਕੇ ਜਿਹੇ ਤੇ ਗੁਮਨਾਮ ਪੰਜਾਬ ਦਾ ਤੋਪਖ਼ਾਨਾ, ਤੋਪਾਂ ਤੇ ਗੋਲੀਆਂ ਦੀ ਬਣਤਰ ਵਿਚ ਤੇ ਤੋਪਚੀਆਂ ਦੇ ਹੁਨਰ ਵਿਚ, ਇਹਨਾਂ ਨੂੰ ਮਾਤ ਕਰਦਾ ਹੈ। ਉਸ ਵੇਲੇ ਦੇ ਪੰਜਾਬੀ ਸਿੱਖ ਤੇ ਮੁਸਲਮਾਨ ਤੋਪਚੀਆਂ ਦਾ ਦੁਨੀਆਂ ਵਿਚ ਕੋਈ ਸਾਨੀ ਨਹੀਂ ਸੀ ਤੇ ਜਿਲਿਆਂਵਾਲੇ ਵਿਚ ਤਿੰਨ ਸੌ ਘੋੜ ਚੜ੍ਹਿਆਂ ਨੇ ਤਿੰਨ ਹਜ਼ਾਰ ਗੋਰੇ ਸਵਾਰਾਂ ਨੂੰ ਦੁੜਾ ਦਿਤਾ। ਇਉਂ ਵੀ ਅਗੇ ਕਦੇ ਇਸ ਨਾਮਵਰ ਕੌਮ ਨਾਲ ਨਹੀਂ ਸੀ ਹੋਇਆ। ਨੈਪੋਲੀਅਨ ਬੋਨਾਪਾਰਟ ਕੋਲੋਂ ਜਿੱਤੇ ਅਨੇਕ ਝੰਡੇ ਵੀ ਗੰਵਾ ਲਏ...।

ਚਿਲਿਆਂਵਾਲਾ ਸਿੱਖ ਸੂਰਮਗਤੀ ਦਾ ਆਖ਼ਰੀ ਚੜ੍ਹਾ ਸੀ। ਅੰਤ, ਦੁਨੀਆਂ ਦੀ ਇਹ ਤਾਕਤਵਰ ਤੇ ਨਾਮਵਰ ਕੌਮ ਪੰਜਾਬ ਉੱਤੇ ਕਾਬਜ਼ ਹੋ ਗਈ। ਪੰਜਾਬ ਦੇ ਕਬਜ਼ੇ ਨਾਲ ਸਮੁਚਾ ਹਿੰਦੁਸਤਾਨ ਇਹਨਾਂ ਦੇ ਕਬਜ਼ੇ ਵਿਚ ਆਇਆ ਤੇ ਅਸੀਂ ਮੁੜ ਕੇ ਗ਼ੁਲਾਮ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਬੀਰ ਰਸੀ ਜਜ਼ਬੇ ਦੇ ਸਰਬ ਵਿਆਪਕ ਹੋਣ ਤੋਂ ਪਹਿਲੇ ਅੰਗਰੇਜ਼ ਭਾਰਤ ਵਿਚ ਆਪਣੇ ਪੈਰ ਪਸਾਰ ਚੁਕੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਬੀਰ ਰਸੀ ਜਜ਼ਬੇ ਤੇ ਅੰਗਰੇਜ਼ਾਂ ਦੀ ਪੇਸ਼ਕਦਮੀ ਵਿਚ ਇਕ ਤਰ੍ਹਾਂ ਦੀ ਦੌੜ ਸੀ ਤੇ ਇਸ ਦੌੜ ਵਿਚ ਅੰਗਰੇਜ਼ ਅਤਿ ਤੇਜ਼ੀ ਨਾਲ ਜਮਨਾ ਦੇ ਕੰਢਿਆਂ ਤਕ ਪਹੁੰਚੇ। ਉਧਰ ਸਿੱਖ ਸੂਰਮਗਤੀ ਨੂੰ ਅਫਗਾਨਾਂ ਨਾਲ ਸਿੱਝਦਿਆਂ ਦੇਰ ਲਗ ਗਈ ਤੇ ਜਦੋਂ ਇਹ ਦੋ ਕੌਮਾਂ ਆਹਮੋਂ ਸਾਹਮਣੇ ਆਈਆਂ ਤਾਂ ਘੋਲ ਕਈ ਪੱਖਾਂ ਤੋਂ ਅਸਾਵਾਂ ਹੋ ਚੁਕਾ ਸੀ।

ਪੰਜਾਬ ਗ਼ੁਲਾਮ ਹੋ ਗਿਆ। ਭਾਰਤ ਗ਼ੁਲਾਮ ਹੋ ਗਿਆ। ਪਰ ਸਦਾ ਲਈ ਨਹੀਂ। ਪੰਜਾਬੀਆਂ ਦੀ ਅੰਗਰੇਜ਼ਾਂ ਵਿਰੁਧ ਆਖ਼ਰੀ ਲੜਾਈ ਬਣਾਂਦੇ ਹਨ ਅਜਿਹੇ ਚਿੰਨ੍ਹ ਹੀ ਭਾਰਤ ਦੇ ਬਾਕੀ ਹਿੱਸਿਆਂ ਵਿਚ ਗੁਪਤ ਜਾਂ ਪ੍ਰਗਟ ਰੂਪ ਵਿਚ, ਮੂਰਤੀਮਾਨ ਹੋ ਰਹੇ ਹਨ। ਕੌਮੀ ਤੇ ਬੀਰ ਰਸੀ ਜਜ਼ਬਿਆਂ ਦੇ ਪ੍ਰਤਿਨਿਧ ਕਹਿ ਰਹੇ ਹਨ : "ਨਹੀਂ, ਅਸੀਂ ਗ਼ੁਲਾਮ ਨਹੀਂ ਰਹਿ ਸਕਦੇ। ਗ਼ੁਲਾਮੀ ਦੀ ਜ਼ਿੰਦਗੀ ਮੌਤ ਤੋਂ ਵੀ ਵਧ ਭੈੜੀ ਹੈ। ਅਸੀਂ ਭਿੜਾਂਗੇ...ਜ਼ਰੂਰ ਭਿੜਾਂਗੇ।"

Scanned by CamScanner

ਸਾਲ ੧੮੪੯ ਵਿਚ, ਅੰਮ੍ਰਿਤਸਰ ਦੀ ਪਾਵਨ ਧਰਤ ਵਿਖੇ ਜੁੜਿਆ ਦੀਵਾਲੀ ਦਾ ਮੇਲਾ ਅਮਿਣਵਾ ਸੀ। ਦੂਰੋਂ ਪਾਰੋਂ ਸੰਗਤਾਂ ਇਸ ਵਰ੍ਹੇ ਅੰਮ੍ਰਿਤਸਰ ਜੁੜੀਆਂ।

ਪਿਛਲੇ ਡੂਢ ਸੌ ਵਰ੍ਹੇ ਤੋਂ ਹਰਿਮੰਦਰ ਵਿਖੇ ਦੀਵਾਲੀ ਤੇ ਵਿਸਾਖੀ ਸਮੇਂ ਦੇ ਜੋੜ ਮੇਲ ਪੰਜਾਬੀ ਆਤਮਾਂ ਦੀਆਂ ਮੰਗਾਂ ਤੇ ਅਭਿਲਾਖਾਵਾਂ ਦੇ ਪ੍ਰਤਿਬਿੰਬ ਰਹੇ ਹਨ। ਸਾਲ ਵਿਚ ਇਹਨਾਂ ਦੋ ਅਵਸਰਾਂ ਉੱਤੇ, ਅੰਮ੍ਰਿਤਸਰ ਵਿਚ, ਪੰਜਾਬੀ ਜਨਤਾ ਦੇ ਪ੍ਰਤਿਨਿੱਧ ਜੁੜਦੇ ਰਹੇ ਹਨ। ਇਹਨਾ ਜੋੜ ਮੇਲਿਆਂ ਵਿਚ ਹੀ ਧਰਮ ਤੇ ਦੇਸ਼ ਦੇ ਮੋਢੀਆਂ ਵਲੋਂ ਪੰਜਾਬ ਦੀ ਸਮੁੱਚੀ ਜਨਤਾ ਵਾਸਤੇ ਹੁਕਮ ਨਾਮੇ ਭੇਜੇ ਜਾਂਦੇ ਰਹੇ ਹਨ।

ਭੀੜ ਵੇਲੇ ਜਨਤਾ ਏਥੇ ਆਉਂਦੀ। ਖ਼ੁਸ਼ੀ ਵੇਲੇ ਜਨਤਾ ਏਥੇ ਆਉਂਦੀ। ਇਹ ਜੋੜ ਮੇਲੇ ਪੰਜਾਬੀ ਜੀਵਨ ਦਾ ਧੜਕਦਾ ਦਿਲ ਸਨ।

ਅੱਜ ੧੮੪੯ ਦੀ ਦੀਵਾਲੀ ਮਨਾਉਣ ਲਈ ਵੀ ਲੋਕ ਏਥੇ ਜੁੜੇ। ਦੀਵਾਲੀ ਮਨਾਣ ਲਈ ਕਿ ਅੰਗਰੇਜ਼ੀ ਰਾਜ ਦੇ ਠੋਸੇ ਜਾਣ ਕਰ ਕੇ ਪੰਜਾਬੀ ਜ਼ਿੰਦਗੀ ਵਿਚ ਪੈਦਾ ਹੋ ਗਈਆਂ ਸਮੱਸਿਆਵਾਂ ਦਾ ਹਲ ਲਭਣ ਲਈ। ਕਿ ਭਵਿੱਖ ਵਾਸਤੇ ਆਪਣੇ ਭਿੰਨ ਭਿੰਨ ਕਰਮਾਂ ਨੂੰ ਇਕ ਸਰੂਪ, ਇਕ ਨਿਸ਼ਾਨਾ ਕਰਨ ਲਈ, ਕਿ ਪਿਛਲੇ ਯੁੱਧ ਵਿਚ ਮੋਇਆਂ ਤੇ ਗੁਆਚਿਆਂ ਬਾਰੇ ਇਕ ਦੂਜੇ ਕੋਲੋਂ ਸਚਾਈਆਂ ਜਾਣਨ ਲਈ, ਕਿ ਪੰਜਾਬ ਦੀ ਬੀਤ ਚੁਕੀ ਆਜ਼ਾਦੀ ਉੱਤੇ ਇਕੱਠੇ ਹੋ ਕੇ ਦੋ ਅੱਥਰੂ ਵਗਾਣ ਲਈ ਤੇ ਸ਼ਹੀਦਾਂ ਦੀ ਸ਼ਹੀਦੀ ਨੂੰ ਵਡਿਆਣ ਤੇ ਉਚਿਆਣ ਲਈ।

ਹਾਂ, ਇਸ ਜੋੜ ਮੇਲ ਉੱਤੇ ਦੂਰੋਂ ਨੇੜਿਉਂ ਸੰਗਤਾਂ ਪੁਜੀਆਂ। ਮਾਹਿਲ ਵੀ ਆਏ। ਲਗ ਭਗ ਹਰ ਪੀਹੜੀ ਦੇ ਪ੍ਰਤੀਨਿਧ। ਸਬੇਗ ਸਿੰਘ ਦੇ ਪੰਜਾਂ ਬੱਚਿਆਂ ਦੇ ਪੜਪੋਤਿਆਂ, ਪੜਪੋਤੀਆਂ ਵਿਚੋਂ ਕੋਈ ਨਾ ਕੋਈ ਜ਼ਰੂਰ ਹਾਜ਼ਰ ਸੀ। ਗੁਰਦਿਆਲ ਸਿੰਘ ਤੇ ਸੁੰਦਰ ਕੌਰ ਆਏ, ਗੁਰਪਾਲ ਸਿੰਘ ਤੇ ਹਰਦਿਤ ਕੌਰ। ਅਜੀਤ ਸਿੰਘ ਤੇ ਗੁਰਸ਼ਰਨ ਵੀ। ਪ੍ਰੀਤਮ ਸਿੰਘ ਆਪਣੇ ਦੋ ਭਰਾਵਾਂ ਤੇ ਪੁੱਤਰ ਸਰੂਪ ਨਾਲ। ਮਾਹਿਲ ਘਰਾਣੇ ਦੇ ਇਹ ਬਹੁਤੇ ਜੀਅ, ਬਾਬਾ ਅਟੱਲ ਕੋਲ, ਇਕ ਬੁੰਗੇ ਵਿਚ ਇਕੱਠੇ ਠਹਿਰੇ।

ਗੁਰਦਿਆਲ ਸਿੰਘ ਦੀਆਂ ਅੱਖਾਂ ਦੀ ਜੋਤਨਾ ਬਿਲਕੁਲ ਮੁਕ ਚੁਕੀ ਸੀ। ਜੋੜ ਮੇਲ ਤੋਂ ਕੁਝ ਦਿਨ ਪਿਛੋਂ ਉਸ ਜਿੰਨੇ ਵੀ ਮਾਹਿਲ ਮਿਲ ਸਕਦੇ ਸਨ ਸਭ ਨੂੰ ਇਕੱਠਾ ਕਰ ਕੇ ਕਿਹਾ :

"ਮਹਾਨ ਮਾਹਿਲ ਘਰਾਣੇ ਦੇ ਪ੍ਰਤੀਨਿਧੋ, ਮੈਂ ਅਦਨਾ ਤੇ ਨਾਚੀਜ਼ ਗੁਰਦਿਆਲ ਸਿੰਘ ਸਿਰਫ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ ਪੰਥ ਤੇ ਦੇਸ਼ ਉੱਤੇ ਬਣੀ ਇਸ ਭੀੜ ਵੇਲੇ ਅਸਾਂ ਆਪਣਾ ਸਿਦਕ ਨਹੀਂ ਹਾਰਨਾ। ਬੇਸ਼ਕ ਅਸੀਂ ਨਿੱਖੜ ਗਏ ਹਾਂ, ਆਪੋ ਵਿਚ ਪਾਟ ਗਏ ਹਾਂ, ਪਰ ਫਿਰ ਵੀ ਸਾਡਾ ਘਰਾਣਾ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਸਿੰਚਿਆ ਘਰਾਣਾ ਹੈ। ਅਸੀਂ ਕਿੰਨੇ ਵੀ ਖਿੰਡੀਏ ਸਾਡਾ ਸੋਮਾਂ ਇਕ ਹੈ। ਅਸੀਂ ਮਹਾਨ ਸ਼ਾਹਬਾਜ਼ ਸਿੰਘ ਤੇ ਜਾਂਬਾਜ਼ ਸਿੰਘ ਦੀ ਔਲਾਦ ਹਾਂ। ਅਸੀਂ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਾਂ।"

ਹੁਣ ਗੁਰਦਿਆਲ ਸਿੰਘ ਦੀ ਆਵਾਜ਼ ਹੌਲੀ ਹੋ ਗਈ :

"ਮਹਾਨ ਮਾਹਿਲੋ ! ਜਿਹੜੀ ਭੀੜਾ ਅੱਜ ਸਾਡੇ ਦੇਸ਼ ਉੱਤੇ ਬਣੀ ਹੈ ਉਹੋ ਜਿਹੀ ਭੀੜਾ ਅਗੇ ਕਦੀ ਨਹੀਂ ਬਣੀ। ਸਾਡੇ ਅੱਜ ਦੇ ਨਵੇਂ ਹਾਕਮ, ਸਾਡੇ ਉੱਤੇ ਰਾਜ ਕਰ ਚੁਕੇ ਪਹਿਲੇ ਹਰ ਹਾਕਮ ਨਾਲੋਂ ਭਿੰਨ ਹਨ। ਸਤ ਸਮੁੰਦਰ ਪਾਰੋਂ ਆਈ ਇਹ ਕੌਮ ਪੂਰਬੀ ਸੂਰਬੀਰੀ ਤੇ ਬੀਰ ਰਸੀ ਗੁਣਾਂ ਨੂੰ ਨਹੀਂ ਅਪਣਾਂਦੀ। ਇਸ ਕੌਮ ਦੇ ਗੁੱਝੀਆਂ ਮਾਰਾਂ ਕਰਨ ਵਾਲੇ ਆਪਣੇ ਹੀ ਕੁਝ ਗੁਰ ਹਨ। ਇਹਨਾਂ ਦੇ ਬਹੁਤੇ ਹਥਿਆਰ ਗੁਜ਼-ਲਪੇਟੇ ਹਨ। ਇਹਨਾਂ ਦਾ ਚੰਗੀ ਤਰ੍ਹਾਂ ਸਾਹਮਣਾ ਕਰਨ

Scanned by CamScanner

ਵਾਸਤੇ ਸਾਨੂੰ ਵੀ ਆਪਣੇ ਹਥਿਆਰ ਬਦਲਣੇ ਪੈਣਗੇ। ਜੇ ਤਲਵਾਰ ਨਾਲ ਨਹੀਂ ਤਾਂ ਇਹਨਾਂ ਨੂੰ ਹਰਾਣ ਦੇ ਹੋਰ ਤਰੀਕੇ ਲਭਣੇ ਪੈਣਗੇ ।

"ਪਰ ਲੜਾਈ ਦਾ ਤਰੀਕਾ ਕੋਈ ਵੀ ਹੋਵੇ, ਗੱਲ ਅਸੂਲੀ ਹੈ ਭਾਵਾਂ ਤੇ ਇਰਾਦਿਆਂ ਦੀ ਤੇ ਤੁਹਾਡੇ ਭਾਵਾਂ ਤੇ ਇਰਾਦਿਆਂ ਨੂੰ ਹੀ ਮੈਂ ਪਰੇਰਦਾ ਹਾਂ। ਗੁਰ ਵਾਕ ਹੈ, "ਧੰਨਿਹੋ ਤਿਖੀ ਵਾਲਹੁ ਨਿੱਕੀ, ਏਤਿ ਮਾਰਗ ਜਾਣਾ।" ਇਹ ਮਹਾਂ ਗੁਰਵਾਕ ਇਸ ਘਰਾਣੇ ਦਾ ਆਧਾਰ ਰਿਹਾ ਹੈ ਤੇ ਮੈਂ ਚਾਹੁੰਦਾ ਹਾਂ ਕਿ ਅਗੋਂ ਤੋਂ ਵੀ ਇਹੋ ਗੁਰਵਾਕ ਸਾਡਾ ਚਾਨਣ ਮੁਨਾਰਾ ਰਹੇ।"

ਅਜੀਤ ਗੁਜਰਾਤ ਵਿਚ ਜ਼ਖਮੀ ਹੋ ਗਿਆ ਸੀ। ਬੇਹੋਸ਼ੀ ਦੀ ਹਾਲਤ ਵਿਚ ਪ੍ਰੀਤਮ ਸਿੰਘ ਉਹਨੂੰ ਘਰ ਲਿਆਇਆ ਸੀ। ਅੱਜ ਨੌਂ ਬਰ ਨੌਂ ਅਜੀਤ, ਪ੍ਰੀਤਮ ਨੂੰ ਕਹਿ ਰਿਹਾ ਸੀ : "ਵੀਰ, ਜੇ ਮੈਂ ਗੁਜਰਾਤ ਵਿਚ ਜ਼ਖਮੀ ਨਾ ਵੀ ਹੁੰਦਾ ਤਾਂ ਵੀ ਮੈਂ ਪਿੰਡੀ ਵਿਚ ਆਪਣੀ ਤਲਵਾਰ ਨਹੀਂ ਸੀ ਰਖਣੀ।"

ਪ੍ਰੀਤਮ ਨੂੰ ਇਸ ਗੱਲ ਦਾ ਵਿਸ਼ਵਾਸ ਸੀ। ਸਾਰੇ ਮਾਹਿਲ ਘਰਾਣੇ ਦੇ ਪ੍ਰਤੀਨਿਧਾਂ ਨੂੰ ਵਿਸ਼ਵਾਸ ਸੀ ਕਿ ਉਹਨਾਂ ਦੇ ਘਰਾਣੇ ਦਾ ਭਵਿੱਖ ਹੁਣ ਅਜੀਤ ਨਾਲ ਸੰਬੰਧਤ ਹੈ। ਉਹ ਇਸ ਯੁਵਕ ਵਿਚ ਆਪਣੇ ਘਰਾਣੇ ਦੀਆਂ ਸਭ ਉਚ ਰਵਾਇਤਾਂ ਨੂੰ ਰੂਪਮਾਨ ਹੁੰਦੇ ਵੇਖਦੇ ਸਨ। ਪ੍ਰੀਤਮ ਨੇ ਇਹਨਾਂ ਅਹਿਸਾਸਾਂ ਨੂੰ ਸ਼ਬਦਕ-ਰੂਪ ਦੇਂਦਿਆਂ ਕਿਹਾ ਸੀ :

"ਅਜੀਤ ! ਤੇਰੇ ਸਾਹਮਣੇ ਸਰਦਾਰ ਸ਼ਾਹਬਾਜ਼ ਸਿੰਘ ਤੇ ਜਾਂਬਾਜ਼ ਸਿਘ ਨਾਲੋਂ ਵੀ ਮੁਸ਼ਕਲ ਮੰਜ਼ਲ ਹੈ। ਉਦੋਂ ਸਾਡੇ ਧਰਮ ਦਾ ਚੜ੍ਹਾਅ ਸੀ। ਉਦੋਂ ਹਰ ਪਾਸੇ ਜੋਬਨ ਅੰਗੜਾਈਆਂ ਲੈ ਰਿਹਾ ਸੀ, ਪਰ ਅੱਜ ਭੂਚ ਸੇ ਵਰ੍ਹੇ ਪਿਛੋਂ ਮੌਤ ਤਾਰੀ ਹੋ ਰਹੀ ਹੈ। ਅੱਜ ਉਤਸ਼ਾਹ ਮੁਕ ਰਿਹਾ ਹੈ। ਅੱਜ ਵਲਵਲੇ ਸੌਂ ਰਹੇ ਹਨ। ਅੱਜ ਕੌਮੀ ਉਭਾਰ ਸਿਥਲ ਹੋ ਰਿਹਾ ਹੈ। ਅੱਜ ਉਮੰਗਾਂ ਤੇ ਅਭਿਲਾਖਾਵਾਂ ਮਚਲਣੋਂ ਬੰਦ ਹੋ ਗਈਆਂ ਹਨ...। ਤੂੰ ਇਸ ਮੌਤ ਵਿਚੋਂ ਇਕ ਨਵੀਂ ਜ਼ਿੰਦਗੀ ਪੈਦਾ ਕਰਨੀ ਹੈ। ਤੂੰ ਬੜਾ ਕੁਝ ਕਰਨਾ ਹੈ। ਇਹ ਬੜੀ ਔਖੀ ਅਵਸਥਾ ਹੈ, ਅਜੀਤ !"

ਅਜੀਤ ਨੇ ਹਰਿਮੰਦਰ ਨੂੰ ਮੱਥਾ ਟੇਕਦਿਆ ਤੇ ਫਿਰ ਦਿਸ-ਹੋਂਦੇ ਵਲ ਵੇਖਦਿਆਂ ਕਿਹਾ :

"ਮੈਂ ਕੀ ਚੀਜ ਹਾਂ, ਮੈਂ ਕੀ ਕਰਨ ਜੋਗਾ ਹਾਂ। ਕਰਨ ਕਰਾਉਣ ਵਾਲਾ ਉਹ ਜਜ਼ਬਾ ਤੇ ਉਹ ਵਲਵਲਾ ਹੈ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੌਮ ਦੇ ਦਿਲਾਂ ਵਿਚ ਰਖਿਆ ਹੈ। ਇਹ ਬੀਰ ਰਸੀ ਭਾਵ ਤੇ ਇਹ ਸਿਦਕ ਹੀ ਭਵਿੱਖ ਵਿਚ ਸਾਡਾ ਸਹਾਈ ਹੋਵੇਗਾ। ਅਸੀਂ ਅਵੱਸ਼ ਇਸ ਗ਼ੁਲਾਮੀ ਦੇ ਬੰਧਨ ਤੋੜਾਂਗੇ ਤੇ ਆਜ਼ਾਦ ਹੋਵਾਂਗੇ ! ਅਸੀਂ ਹਰ ਪਹਿਲੂ ਤੋਂ ਅੰਗਰੇਜ਼ੀ ਸਾਮਰਾਜ ਦਾ ਟਾਕਰਾ ਕਰਾਂਗੇ ਤੇ ਅਸੀਂ ਇਹਨੂੰ ਹਰਾਵਾਂਗੇ। ਇਹ ਮਹਾਨ ਦੇਸ਼ ਸਦਾ ਲਈ ਗ਼ੁਲਾਮ ਨਹੀਂ ਰਹੇਗਾ।"

Scanned by CamScanner

ਸੁਲਤਾਨ ਖਾਨ ਵਾਲਾ
ਛੰਭ ਮਸਜਿਦ
ਸਰਦਾਰ ਤੇਜ ਸਿੰਘ ਦੀ ਫਸਲੀ ਫੌਜ
22 ਦਿਸੰਬਰ
ਅੰਮ੍ਰਿਤਸਰੀ ਵਾਲਾ
ਸ਼ਹੀਦ
ਸਰਦਾਰ ਤੇਜ ਸਿੰਘ
ਸਾਥ ਸਿਟਲਰ ਦੀ ਫਸਲੀ ਫੌਜ

Scanned by CamScanner

Scanned by CamScanner

ਵਿਚਿਤ੍ਰਖਾਂਵਾਲਾ ਦਾ ਯੁਧ
ਸਨ ੧੮੪੮ ਈ.
ਸਿਖ ਪਿਆਦਾ
ਸਿਖ ਤੋਪਖਾਨਾ
ਅੰਗ੍ਰੇਜ਼ ਤੋਪਖਾਨਾ
ਅੰਗ੍ਰੇਜ਼ ਪਿਆਦਾ
ਰਾਵੀ
ਵਜ਼ੀਰਾਬਾਦ
ਸਿਆਲਕੋਟ
ਰਾਮਨਗਰ
ਚੇਨਾਬ
ਮੁਲਤਾਨ
ਝੰਗ
ਸਰਦਾਰ ਚੱਤਰ ਸਿੰਘ ਅਟਾਰੀਵਾਲਾ
ਸਰਦਾਰ ਸ਼ੇਰ ਸਿੰਘ ਰਾਣਾ
ਸਰਦਾਰ ਤਿਰ ਸਿੰਘ
ਸਰਦਾਰ ਰਤਨ ਸਿੰਘ ਮਾਨ
ਵਿਚਿਤ੍ਰਖਾਂਵਾਲਾ
ਚਿਲਿਆਂਵਾਲਾ
ਰਸੂਲ
ਫਤਹਬਹਾਦਰ
ਪੰਨਵਾ
ਸੰਨ ਨਦ
ਵਿਚਿਤ੍ਰਖਾਂਵਾਲਾ ਨਾਲਾ, ਵਗਦਾ
ਮੁਲਤਾਨ ਵਾਲਾ
ਪੰਨਵਾ
ਸੰਨ ਨਦ
ਵਿਚਿਤ੍ਰਖਾਂਵਾਲਾ ਨਾਲਾ, ਵਗਦਾ
ਮੁਲਤਾਨ ਵਾਲਾ
ਰਸੂਲ
ਫਤਹਬਹਾਦਰ
ਵਿਚਿਤ੍ਰਖਾਂਵਾਲਾ
ਚਿਲਿਆਂਵਾਲਾ
ਰਾਵੀ
ਵਜ਼ੀਰਾਬਾਦ
ਸਿਆਲਕੋਟ
ਰਾਮਨਗਰ
ਚੇਨਾਬ
ਮੁਲਤਾਨ
ਝੰਗ
ਸਰਦਾਰ ਚੱਤਰ ਸਿੰਘ ਅਟਾਰੀਵਾਲਾ
ਸਰਦਾਰ ਸ਼ੇਰ ਸਿੰਘ ਰਾਣਾ
ਸਰਦਾਰ ਤਿਰ ਸਿੰਘ
ਸਰਦਾਰ ਰਤਨ ਸਿੰਘ ਮਾਨ
ਵਿਚਿਤ੍ਰਖਾਂਵਾਲਾ
ਚਿਲਿਆਂਵਾਲਾ
ਰਸੂਲ
ਫਤਹਬਹਾਦਰ

ਰਣਜੀਤ ਸਿੰਘ
ਸ਼ੇਰ ਸਿੰਘ
ਦਲੀਪ ਸਿੰਘ
ਸ਼ਾਹ ਸੁਜਾ
ਸ਼ਾਹ ਸੁਜਾ
ਸ਼ੇਰ ਸਿੰਘ
ਰਣਜੀਤ ਸਿੰਘ

ਸਭਰਾਵਾਂ ਦਾ ਯੁੱਧ
੧੦ ਫਰਵਰੀ ੧੮੪੬ ਈ:
ਅੰਗਰੇਜ਼ ਪਿਆਦਾ
ਅੰਗਰੇਜ਼ ਤਿਰਾਕਾ
ਸਿੱਖ ਪਿਆਦਾ
ਸਿੱਖ ਤਿਰਾਕਾ
ਸਕੇਲ ੧ ਇੰਚ=੧੦੦੦ ਗਜ਼
ਸਤਲੁਜ ਦਰਿਆ
ਸਭਰਾਵਾਂ
ਤੋਪਖਾਨਾ
ਬੇਲਾ ਸਭਰਾਵਾਂ
ਤੋਪਖਾਨਾ
ਤੋਪਖਾਨਾ
ਤੋਪਖਾਨਾ

"ਸਿਰ ਦੀਜੈ ਕਾਣ ਨਾ ਕੀਜੈ" ਕਰਨਲ ਨਰਿੰਦਰਪਾਲ ਸਿੰਘ ਰਚਿਤ ਸਿੱਖ ਇਤਿਹਾਸ (1708-1849) ਨਾਲ ਸੰਬੰਧਿਤ ਚਾਰ ਨਾਵਲਾਂ "ਖੰਨਿਅਹੁ ਤਿਖੀ" "ਵਾਲਹੁ ਨਿਕੀ", "ਏਤੁ ਮਾਰਗਿ ਜਾਣਾ", "ਇਕ ਸਰਕਾਰ ਬਾਝੋਂ" ਦਾ ਸੰਯੁਕਤ ਰੂਪ ਹੈ।



ਆਰਸੀ ਪਬਲਿਸ਼ਰਜ਼
51 ਪਰਦਾ ਬਾਗ, ਦਰਿਆ ਗੰਜ,
ਨਵੀਂ ਦਿੱਲੀ-110002
ਫ਼ੋਨ: 011-23280657, 65966481
Email: arseepublishers@rediffmail.com

Scanned by CamScanner

"ਸਿਰ ਦੀਜੈ ਕਾਣ ਨਾ ਕੀਜੈ" ਕਰਨਲ ਨਰਿੰਦਰਪਾਲ ਸਿੰਘ ਰਚਿਤ ਸਿੱਖ ਇਤਿਹਾਸ (1708-1849) ਨਾਲ ਸੰਬੰਧਿਤ ਚਾਰ ਨਾਵਲਾਂ "ਖੰਨਿਅਹੁ ਤਿਖੀ" "ਵਾਲਹੁ ਨਿਕੀ", "ਏਤੁ ਮਾਰਗਿ ਜਾਣਾ", "ਇਕ ਸਰਕਾਰ ਬਾਝੋਂ" ਦਾ ਸੰਯੁਕਤ ਰੂਪ ਹੈ।



ਆਰਸੀ ਪਬਲਿਸ਼ਰਜ਼
51 ਪਰਦਾ ਬਾਗ, ਦਰਿਆ ਗੰਜ,
ਨਵੀਂ ਦਿੱਲੀ-110002
ਫ਼ੋਨ: 011-23280657, 65966481
Email: arseepublishers@rediffmail.com

Scanned by CamScanner